-2-93 to
-3-93

)bituary Referen

ѕtarred Question

Vritten Answers

Table of the Ho

Unstarred Quest

Announcement b
Address

Announcement b

Panel of Chairm

First Report of

Call Attention N

Walk-Out (s)

Papers laid/relai

Resolutions unde

Punja

ice : Rs......

-2-93 to
-3-93

PUNJAB VIDHAN SABHA

DEBATES

23rd February, 1993

Vol. IV—No. 1

OFFICIAL REPORT

CONTENTS

Tuesday, the 23rd February, 1993

Punjab Vidhan Sabha Secretariat, Chandigarh.

ice : Rs......

PUNJAB VIDHAN SABHA

Tuesday, the 23rd February, 1993

The Vidhan Sabha met in the Punjab Vidhan Sabha Hall, Vidhan Bhavan, Sector-I, Chandigarh, at 9-00 A.M. Mr. Speaker (Sardar Harcharn Singh Ajnala) in the Chair.

OBITUARY REFERENCES

Mr. Speaker : Obituary references.

ਮੁੱਖ ਮੰਤਰੀ (ਸਰਦਾਰ ਬੇਅੰਤ ਸਿੰਘ) : ਸਪੀਕਰ ਸਾਹਿਬ, ਬੜੇ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਸਾਡੇ ਭਾਰਤ ਦੇ ਮਹਾਨ ਸਪੂਤ ਪੰਡਤ ਭਗਵਤ ਦਿਆਲ ਸ਼ਰਮਾ ਸਾਡੇ ਕੋਲੋਂ ਕਲ੍ਹ ਜੁਦਾ ਹੋ ਗਏ । ਸ਼ਰਮਾ ਜੀ ਬੜੇ ਭਾਰੀ ਵੈਟਰਨ ਅਤੇ ਫਰੀਡਮ ਫਾਈਟਰ ਸਨ ਔਰ ਉਨ੍ਹਾਂ ਨੇ ਕਈ ਸਾਲ ਪੰਜਾਬ ਪ੍ਰਦੇਸ਼ ਕਾਂਗਰਸ ਵਿਚ ਕੰਮ ਕੀਤਾ ਔਰ ਬੜੇ ਮਹਾਨ ਅਹੁਦਿਆਂ ਤੇ ਰਹੇ ਔਰ ਉਹ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰੈਜ਼ੀਡੈਂਟ ਵੀ ਰਹੇ । ਸਰਦਾਰ ਪ੍ਰਤਾਪ ਸਿੰਘ ਕੈਰੋਂ ਦੇ ਨਜ਼ਦੀਕੀ ਕੁਲੀਗ ਸਨ । ਉਨ੍ਹਾਂ ਨੇ ਲੇਬਰ ਮੂਵਮੈਂਟ ਦੇ ਅੰਦਰ ਆਪਣਾ ਨਾਂ ਛੱਡਿਆ । ਉਨ੍ਹਾਂ ਨੇ ਲੇਬਰ ਲਈ ਬੜਾ ਭਾਰੀ ਕੰਮ ਕੀਤਾ ਔਰ ਉਹ ਬਤੌਰ ਲੀਡਰ ਆਫ਼ ਲੇਬਰ ਬਹੁਤ ਮਸ਼ਹੂਰ ਸਨ । ਜਦੋਂ ਪੰਜਾਬ ਦੀ ਤਕਸੀਮ ਹੋਈ ਔਰ ਹਰਿਆਣਾ ਬਣਿਆ ਉਨ੍ਹਾਂ ਨੂੰ ਇਸ ਗੱਲ ਦਾ ਬੜਾ ਦੁੱਖ ਸੀ ਕਿ ਕਿਉਂ ਪੰਜਾਬ ਦੀ ਤਕਸੀਮ ਹੋਈ । ਉਨ੍ਹਾਂ ਨੇ ਹਰਿਆਣਾ ਵਿਚ ਜਾ ਕੇ ਬਹੁਤ ਕੰਮ ਕੀਤਾ ਔਰ ਉਹ ਹਰਿਆਣਾ ਦੇ ਪਹਿਲੇ ਚੀਫ਼ ਮਨਿਸਟਰ ਬਣੇ । ਪੰਡਿਤ ਜੀ ਇਸ ਤੋਂ ਬਾਅਦ ਬੜੇ ਅਹਿਮ ਅਹੁਦਿਆਂ ਤੇ ਰਹੇ ਖਾਸ ਕਰਕੇ ਗਵਰਨਰ ਉੜੀਸਾ ਔਰ ਗਵਰਨਰ ਮੱਧ-ਪ੍ਰਦੇਸ਼ ਵੀ ਰਹੇ । ਅੱਜ ਉਨ੍ਹਾਂ ਦੇ ਅਕਾਲ ਚਲਾਣੇ ਤੇ ਜਿੱਥੇ ਹਰਿਆਣਾ ਨੂੰ ਦੁੱਖ ਹੈ ਉਥੇ ਪੰਜਾਬ ਨੂੰ ਵੀ ਦੁੱਖ ਹੈ ਕਿਉਂਕਿ ਉਨ੍ਹਾਂ ਨੇ ਬੜੀ ਮਿਹਨਤ ਨਾਲ ਅਤੇ ਆਪਣਾ ਖੂਨ-ਪਸੀਨਾ ਇਕ ਕਰਕੇ ਪੰਜਾਬ ਨੂੰ ਬਣਾਉਣ ਦਾ ਯਤਨ ਕੀਤਾ ਸੀ । ਸੋ ਮੈਂ ਸਮਝਦਾ ਹਾਂ ਕਿ ਸਾਨੂੰ ਉਨ੍ਹਾਂ ਦੇ ਪਰਿਵਾਰ ਨੂੰ ਆਪਣਾ ਮੈਸੇਜ ਭੇਜਣਾ ਚਾਹੀਦਾ ਹੈ ।

ਦੂਸਰੇ ਮਹਾਨ ਨੇਤਾ ਮੈਂ ਕਹਾਂਗਾ ਕੈਪਟਨ ਕਰਮ ਸਿੰਘ ਸਾਡੇ ਕੋਲੋਂ ਜੁਦਾ ਹੋ ਗਏ । ਇਹੋ ਜਿਹੇ ਯੋਧੇ ਸਾਡੇ ਪੰਜਾਬ ਦੇ ਅੰਦਰ ਔਰ ਭਾਰਤ ਦੇ ਅੰਦਰ ਬਹੁਤ ਘੱਟ ਪੈਦਾ ਹੁੰਦੇ ਹਨ । 1941 ਦੇ ਅੰਦਰ ਜਦੋਂ ਸਿੱਖ ਰੈਜਮੈਂਟ ਬਣੀ ਜਿਸ ਨੂੰ ਪਹਿਲੀ ਸਿੱਖ ਰੈਜਮੈਂਟ ਕਿਹਾ ਜਾਂਦਾ ਹੈ, ਉਸ ਵਿਚ ਸਿਪਾਹੀ ਦੇ ਤੌਰ ਤੇ ਉਹ ਭਰਤੀ ਹੋਏ । ਉਨ੍ਹਾਂ ਨੂੰ ਬੜੀ ਜਗ੍ਹਾ ਤੇ ਫਰੰਟ ਤੇ ਲੜਨ ਦਾ ਮੌਕਾ ਮਿਲਿਆ । 1948 ਅੰਦਰ ਜਦੋਂ ਪਾਕਿਸਤਾਨ ਨੇ ਹਮਲਾ ਕੀਤਾ ਜੰਮੂ-ਕਸ਼ਮੀਰ ਤੇ ਤਾਂ ਉਸ ਲੜਾਈ ਦੇ ਅੰਦਰ ਸਿੱਖ-ਰੈਜਮੈਂਟ ਬੜੀ ਬਹਾਦਰੀ ਨਾਲ ਲੜੀ ਸੀ । ਉਸ ਵਕਤ ਸਿੱਖ ਰੈਜਮੈਂਟ ਦੇ ਅੰਦਰ ਬੜੇ ਛੋਟੇ ਰੈਂਕ ਤੇ ਕੰਮ ਕਰ ਰਹੇ ਸਨ, ਸ਼ਾਇਦ ਉਹ ਲੈਂਸ-ਨਾਇਕ ਹੀ ਸਨ । ਉਨ੍ਹਾਂ ਨੇ ਉਥੇ ਬੜੀ ਬਹਾਦਰੀ ਵਿਖਾਈ ਔਰ ਉਸ ਬਹਾਦਰੀ ਨੂੰ ਦੇਖਦੇ ਹੋਏ ਉਨ੍ਹਾਂ

[ਮੁੱਖ ਮੰਤਰੀ]

ਨੂੰ ਪਰਮ ਵੀਰ ਚੱਕਰ ਦਿੱਤਾ ਗਿਆ । ਸਪੀਕਰ ਸਾਹਿਬ, ਮੈਂ ਉਨ੍ਹਾਂ ਨੂੰ ਪਰਸਨਲੀ ਜਾਣਦਾ ਹਾਂ । ਉਨ੍ਹਾਂ ਦਾ ਸਾਰਾ ਜਿਸਮ ਗੋਲੀਆਂ ਨਾਲ ਵਿਨ੍ਹਿਆ ਹੋਇਆ ਸੀ । ਹੁਣ ਮੌਤ ਹੋਣ ਤੋਂ ਪਹਿਲਾਂ ਜਦੋਂ ਉਹ ਹਸਪਤਾਲ ਦੇ ਵਿਚ ਦਾਖ਼ਲ ਹੋਏ ਸਾਡੀ ਸਰਕਾਰ ਨੇ ਉਨ੍ਹਾਂ ਦੇ ਇਲਾਜ ਲਈ 50 ਹਜ਼ਾਰ ਰੁਪਏ ਮਨਜ਼ੂਰ ਕੀਤੇ ਲੇਕਿਨ ਪਰਮਾਤਮਾ ਨੂੰ ਉਨ੍ਹਾਂ ਦਾ ਇਥੋਂ ਚਲੇ ਜਾਣਾ ਮਨਜ਼ੂਰ ਸੀ । ਉਹ ਅੱਜ ਪਰਮਾਤਮਾ ਕੋਲ ਜਾ ਬਿਰਾਜੇ ਹਨ ਲੇਕਿਨ ਉਹ ਆਪਣੀ ਛਾਪ ਇੱਥੇ ਛੱਡ ਗਏ ਹਨ । ਉਨ੍ਹਾਂ ਦੇ ਸੰਸਕਾਰ ਉਤੇ ਸਾਡੇ ਸੀਨੀਅਰ ਮਨਿਸਟਰ ਸਰਦਾਰ ਉਮਰਾਓ ਸਿੰਘ ਜੀ ਗਏ ਸਨ, ਉਨ੍ਹਾਂ ਨੂੰ ਡਿਪਿਊਟ ਕੀਤਾ ਸੀ ਕਿਉਂਕਿ ਇਹੋ ਜਿਹੇ ਯੋਧੇ ਜਦੋਂ ਸੰਸਾਰ ਵਿਚੋਂ ਚਲੇ ਜਾਂਦੇ ਹਨ ਤਾਂ ਉਨ੍ਹਾਂ ਦਾ ਸਨਮਾਨ ਹੋਣਾ ਚਾਹੀਦਾ ਹੈ । ਅਸੀਂ ਜੋ ਸੈਨਿਕ ਰੈਸਟ ਹਾਊਸ ਸੰਗਰੂਰ ਦੇ ਅੰਦਰ ਬਣ ਰਿਹਾ ਹੈ ਉਸ ਦਾ ਨਾਮ ਵੀ ਕੈਪਟਨ ਕਰਮ ਸਿੰਘ ਜੀ ਦੇ ਨਾਮ ਉਤੇ ਰੱਖਾਂਗੇ ਤਾਂਕਿ ਆਉਣ ਵਾਲੀਆਂ ਪੀੜ੍ਹੀਆਂ ਨੂੰ, ਨੌਜਵਾਨਾਂ ਨੂੰ, ਇਨਸਪੀਰੇਸ਼ਨ ਮਿਲੇ ਔਰ ਉਹ ਹਮੇਸ਼ਾਂ ਦੇਸ਼ ਵਾਸਤੇ, ਕੰਮ ਕਰਨ ਵਾਸਤੇ ਤਿਆਰ ਰਹਿਣ ਔਰ ਬਹਾਦਰੀ ਨਾਲ ਇਸ ਦੇਸ਼ ਦੀ ਸੇਵਾ ਕੈਪਟਨ ਕਰਮ ਸਿੰਘ ਮੱਲੀਆਂ ਦੀ ਬਹਾਦਰੀ ਨੂੰ ਵੇਖਦੇ ਹੋਏ ਕਰਨ ।

ਮੈਂ ਇਹ ਵੀ ਕਹਾਂਗਾ ਕਿ ਉਨ੍ਹਾਂ ਦੇ ਪਰਿਵਾਰ ਨੂੰ ਵੀ ਇਕ ਕੰਡੋਲੈਂਸ ਮੈਸਿਜ ਜਾਣਾ ਚਾਹੀਦਾ ਹੈ । ਇਨ੍ਹਾਂ ਸ਼ਬਦਾਂ ਨਾਲ ਮੈਂ ਫਿਰ ਸ੍ਰੀ ਭਗਵਤ ਦਿਆਲ ਸ਼ਰਮਾ ਔਰ ਕੈਪਟਨ ਕਰਮ ਸਿੰਘ ਮੱਲੀਆਂ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ।

ਸ੍ਰੀ ਸਤਨਾਮ ਸਿੰਘ ਕੈਂਥ (ਬੰਗਾ, ਐਸ. ਸੀ) : ਮਾਨਯੋਗ ਸਪੀਕਰ ਸਾਹਿਬ, ਬੜੇ ਦੁੱਖ ਦੀ ਗੱਲ ਹੈ ਕਿ ਸਾਡੇ ਦਰਮਿਆਨ ਸ੍ਰੀ ਭਗਵਤ ਦਿਆਲ ਸ਼ਰਮਾ ਜੀ ਨਹੀਂ ਰਹੇ, ਕਿਉਂਕਿ ਭਗਵਤ ਦਿਆਲ ਸ਼ਰਮਾ ਜੀ ਨੇ ਜਿੱਥੇ ਯੂਨਾਈਟਿਡ ਪੰਜਾਬ ਵਾਸਤੇ ਬੜੀ ਮਿਹਨਤ ਕੀਤੀ, ਉਹ ਪੰਜਾਬ ਮਨਿਸਟਰੀ ਦੇ ਅੰਦਰ ਮਨਿਸਟਰ ਰਹੇ ਔਰ ਇਸ ਤੋਂ ਇਲਾਵਾ ਜਦੋਂ ਪਾਰਟੀਸ਼ਨ ਹੋਈ ਤਾਂ ਉਹ ਹਰਿਆਣਾ ਦੇ ਪਹਿਲੇ ਚੀਫ਼ ਮਨਿਸਟਰ ਬਣੇ । ਉਹ ਉੜੀਸਾ ਦੇ ਗਵਰਨਰ ਰਹੇ, ਮੱਧ ਪ੍ਰਦੇਸ਼ ਦੇ ਗਵਰਨਰ ਰਹੇ ਔਰ ਲੋਕ ਸਭਾ ਦੇ ਮੈਂਬਰ ਰਹੇ, ਔਰ ਰਾਜ ਸਭਾ ਦੇ ਮੈਂਬਰ ਰਹੇ । ਇਸ ਕਰਕੇ ਜਿੱਥੇ ਉਨ੍ਹਾਂ ਦੇ ਵਿਛੋੜੇ ਦੇ ਨਾਲ ਕਾਂਗਰਸ ਪਾਰਟੀ ਨੂੰ ਢਾਹ ਲੱਗੀ ਹੈ, ਕਾਂਗਰਸ ਪਾਰਟੀ ਨੂੰ ਸੈਟਬੈਕ ਲੱਗੀ ਹੈ, ਉਥੇ ਉਨ੍ਹਾਂ ਦੇ ਵਿਛੋੜੇ ਦੇ ਨਾਲ ਦੇਸ਼ ਵਿਚੋਂ ਇਕ ਸੀਜ਼ੰਡ ਪਾਲੀਟੀਸ਼ਨ ਚਲਾ ਗਿਆ ਹੈ । ਉਨ੍ਹਾਂ ਦੀ ਮ੍ਰਿਤੂ ਉਤੇ ਮੈਂ ਆਪਣੇ ਵੱਲੋਂ ਔਰ ਆਪਣੀ ਪਾਰਟੀ ਵੱਲੋਂ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ।

ਦੂਸਰੇ, ਮਹਾਨ ਯੋਧਾ ਕੈਪਟਨ ਕਰਮ ਸਿੰਘ ਜੀ ਸਾਡੇ ਵਿਚ ਨਹੀਂ ਰਹੇ, ਜਿਨ੍ਹਾਂ ਦੀ ਪਿੱਛੇ ਜਿਹੇ ਮ੍ਰਿਤੂ ਹੋਈ ਹੈ, ਜਿਨ੍ਹਾਂ ਨੇ ਲੜਾਈ ਦੇ ਦੌਰਾਨ ਬੜਾ ਅਹਿਮ ਕਾਰਨਾਮਾ ਕੀਤਾ ਔਰ ਉਹ ਦੇਸ਼ ਦੇ ਨੌਜਵਾਨਾਂ ਲਈ ਬਹਾਦਰੀ ਦਾ ਸਰੋਤ ਸਨ । ਸਾਡੀ ਸਰਕਾਰ ਨੇ, ਜਿਸ ਤਰ੍ਹਾਂ ਕਿ ਚੀਫ਼ ਮਨਿਸਟਰ ਸਾਹਿਬ ਨੇ ਕਿਹਾ ਹੈ, ਇਕ ਸੀਨੀਅਰ ਮਨਿਸਟਰ ਪੰਜਾਬ ਦਾ ਉਨ੍ਹਾਂ ਦੇ ਸੰਸਕਾਰ ਉਤੇ ਭੇਜਿਆ ਸੀ ਪਰ ਦੁੱਖ ਔਰ ਅਫ਼ਸੋਸ ਦੀ ਗੱਲ ਹੈ ਕਿ ਇਹੋ ਜਿਹੇ ਮਹਾਨ ਮਹਾਂਪੁਰਸ਼ ਦੇ ਭੋਗ ਸਮੇਂ ਉਥੇ ਪੰਜਾਬ ਸਰਕਾਰ ਦੀ ਨੁਮਾਇੰਦਗੀ ਦੀ ਘਾਟ ਰੜਕਦੀ ਸੀ । ਕਿਉਂਕਿ ਮਹਾਨ ਯੋਧਿਆਂ ਦੇ ਭੋਗ ਉਤੇ ਜਦੋਂ ਸ਼ਰਧਾਂਜਲੀ ਭੇਂਟ ਕਰਾਂਗੇ ਤਾਂ ਨੌਜਵਾਨਾਂ ਨੂੰ ਅਸੀਂ ਦੱਸ ਸਕਦੇ ਹਾਂ ਕਿ ਕੈਪਟਨ ਕਰਮ ਸਿੰਘ ਜੀ ਵਰਗੇ ਯੋਧੇ ਸਾਰੇ ਭਾਰਤ ਵਿਚ ਘੱਟ ਪੈਦਾ ਹੁੰਦੇ ਹਨ ਜੋ ਬਹਾਦਰੀ ਨਾਲ ਦੇਸ਼ ਦੀ ਸੇਵਾ ਕਰਦੇ ਹਨ । ਇਸ ਨਾਲ ਨੌਜਵਾਨਾਂ ਨੂੰ ਉਤਸ਼ਾਹ ਮਿਲਦਾ ਹੈ ।

ਮੈਂ ਦੋਹਾਂ ਮਹਾਨ ਸਖਸ਼ੀਅਤਾਂ ਸ੍ਰੀ ਭਗਵਤ ਦਿਆਲ ਜੀ ਸ਼ਰਮਾ ਔਰ ਕੈਪਟਨ ਕਰਮ ਸਿੰਘ ਜੀ ਮੱਲੀਆਂ ਨੂੰ ਆਪਣੀ ਪਾਰਟੀ ਵੱਲੋਂ ਔਰ ਆਪਣੇ ਵੱਲੋਂ ਸ਼ਰਧਾਂ ਦੇ ਫੁੱਲ ਭੇਂਟ ਕਰਦਾ ਹਾਂ। ਜੈ ਭੀਮ, ਜੈ ਭਾਰਤ

ਸ੍ਰੀ ਮਦਨ ਮੋਹਨ ਮਿੱਤਲ (ਨੰਗਲ) : ਸਪੀਕਰ ਸਾਹਿਬ, ਅੱਜ ਬੜੇ ਦੁੱਖ ਦਾ ਦਿਨ ਹੈ ਕਿ ਸਾਡੇ ਵਿਚੋਂ ਸ੍ਰੀ ਭਗਵਤ ਦਿਆਲ ਜੀ ਸ਼ਰਮਾਂ ਜੁਦਾ ਹੋ ਗਏ ਹਨ। ਉਹ ਯੂਨਾਇਟਿਡ ਪੰਜਾਬ ਦੇ ਵਿਚ ਮੰਤਰੀ ਰਹੇ ਉਹ ਹਰਿਆਣੇ ਦੇ ਪਹਿਲੇ ਮੁੱਖ ਮੰਤਰੀ ਰਹੇ। ਉਹ ਕਾਂਗਰਸ ਪਾਰਟੀ ਦੀ ਸੇਵਾ ਵੀ ਕਰਦੇ ਰਹੇ। ਉਨ੍ਹਾਂ ਦਾ ਪਹਿਲੇ ਪੰਜਾਬ ਨੂੰ ਇਕੱਠਾ ਰੱਖਣ ਲਈ ਬੜਾ ਹੀ ਯੋਗਦਾਨ ਸੀ। ਇਹ ਬੜੇ ਅਫਸੋਸ ਦੀ ਗੱਲ ਹੈ ਕਿ ਉਹ ਸਾਡੇ ਤੋਂ ਵਿੱਛੜ ਗਏ ਹਨ। ਉਨ੍ਹਾਂ ਬੜੇ ਯੋਗ ਪਾਰਲੀਮੈਂਟੇਰੀਅਨ, ਯੋਗ ਐਡਮਨਿਸਟ੍ਰੇਟਰ ਦੇ ਤੌਰ ਤੇ ਪੰਜਾਬ ਦੀ ਔਰ ਦੇਸ਼ ਦੀ ਸੇਵਾ ਕੀਤੀ ਔਰ ਹਰਿਆਣਾ ਰਾਜ ਦੀ ਸੇਵਾ ਕੀਤੀ। ਉਨ੍ਹਾਂ ਦੇ ਵਿਛੋੜੇ ਨਾਲ ਰਾਜਨੀਤਕ ਔਰ ਸਮਾਜਕ ਘਾਟਾ ਪਿਆ ਹੈ ਔਰ ਮੈਂ ਉਨ੍ਹਾਂ ਦੀ ਜੁਦਾਈ ਉਤੇ ਬੜੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਾ ਹਾਂ। ਮੈਂ ਆਪਣੀ ਪਾਰਟੀ ਵੱਲੋਂ ਪ੍ਰਮਾਤਮਾ ਅੱਗੇ ਪ੍ਰਾਰਥਨਾ ਕਰਦਾ ਹਾਂ ਕਿ ਉਨ੍ਹਾਂ ਦੀ ਆਤਮਾ ਨੂੰ ਸ਼ਾਂਤੀ ਦੇਵੇ ਔਰ ਅਸੀਂ ਉਨ੍ਹਾਂ ਦੇ ਰਸਤਿਆਂ ਤੇ ਚਲਕੇ ਸਮਾਜ ਅਤੇ ਜਮਹੂਰੀਅਤ ਨੂੰ ਮਜ਼ਬੂਤ ਕਰ ਸਕੀਏ।

ਸਪੀਕਰ ਸਾਹਿਬ, ਇਸੇ ਤਰ੍ਹਾਂ ਕੈਪਟਨ ਕਰਮ ਸਿੰਘ ਮੱਲੀਆਂ ਇਕ ਯੋਗ ਸੈਨਾਨੀ ਸਨ। ਉਨ੍ਹਾਂ ਨੇ ਸਰਹੱਦ ਤੇ ਦੇਸ਼ ਦੀ ਆਜ਼ਾਦੀ ਨੂੰ ਕਾਇਮ ਰੱਖਣ ਵਾਸਤੇ ਬਹੁਤ ਵੱਡੀ ਕੁਰਬਾਨੀ ਦਿੱਤੀ ਉਸ ਦੇ ਕਾਰਨ ਹੀ ਉਨ੍ਹਾਂ ਨੂੰ ਪਰਮਵੀਰ ਚੱਕਰ ਪ੍ਰਾਪਤ ਹੋਇਆ। ਵੈਸੇ ਤਾਂ ਪੰਜਾਬ ਨੂੰ ਮਾਣ ਹੈ ਕਿ ਜਦੋਂ ਦੇਸ਼ ਤੇ ਕੋਈ ਮੁਸੀਬਤ ਆਈ ਤਾਂ ਪੰਜਾਬ ਨੇ ਹੀ ਉਸਦਾ ਮੁਕਾਬਲਾ ਕਰਨ ਵਾਸਤੇ ਵੱਡੇ ਵੱਡੇ ਯੋਧੇ ਪੈਦਾ ਕੀਤੇ ਹਨ ਔਰ ਦੇਸ਼ ਦੀ ਆਜ਼ਾਦੀ ਨੂੰ ਹਮੇਸ਼ਾਂ ਕਾਇਮ ਰੱਖਿਆ ਹੈ। ਇਸੇ ਤਰ੍ਹਾਂ ਇਨ੍ਹਾਂ ਨੇ ਵੀ ਜੋ ਕੁਰਬਾਨੀ ਦਿੱਤੀ ਉਹ ਬਹੁਤ ਵੱਡੀ ਕੁਰਬਾਨੀ ਹੈ ਔਰ ਅੱਜ ਮੈਂ ਆਪਣੀ ਪਾਰਟੀ ਵੱਲੋਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ਔਰ ਇਹ ਵੀ ਪ੍ਰਾਰਥਨਾ ਕਰਦਾ ਹਾਂ ਕਿ ਇਸੇ ਤਰ੍ਹਾਂ ਪੰਜਾਬ ਵਧੀਆ ਸੈਨਾਨੀ ਪੈਦਾ ਕਰਦਾ ਰਹੇ। ਜੈ ਹਿੰਦ!

ਸ਼੍ਰੀਮਤੀ ਵਿਮਲਾ ਡਾਂਗ (ਅੰਮ੍ਰਿਤਸਰ-ਪੱਛਮੀ) : ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਆਪਣੇ ਸੀ. ਪੀ. ਆਈ. ਅਸੈਂਬਲੀ ਗਰੁੱਪ ਵੱਲੋਂ ਸ੍ਰੀ ਬੀ. ਡੀ. ਸ਼ਰਮਾ ਦੇ ਅਕਾਲ ਚਲਾਣੇ ਤੇ ਦੁੱਖ ਪ੍ਰਗਟ ਕਰਦੀ ਹਾਂ ਔਰ ਸ਼ਰਧਾਂਜਲੀ ਅਰਪਿਤ ਕਰਦੀ ਹਾਂ। ਬੀ. ਡੀ. ਸ਼ਰਮਾ ਜੀ ਦਾ ਨਾਂ ਖ਼ਾਸ ਤੌਰ ਤੇ ਲੇਬਰ ਵਰਗ ਲਈ ਜੋ ਉਨ੍ਹਾਂ ਨੇ ਕੰਮ ਕੀਤਾ ਉਹ ਪਿਆਰ ਤੇ ਸਤਿਕਾਰ ਨਾਲ ਯਾਦ ਕੀਤਾ ਜਾਂਦਾ ਰਹੇਗਾ। ਸਾਡੀ ਉਨ੍ਹਾਂ ਨਾਲ ਲਗਾਤਾਰ ਐਸੋਸੀਏਸ਼ਨ ਰਹੀ ਸੀ। ਬਾਅਦ ਵਿਚ ਉਹ ਹਰਿਆਣੇ ਦੇ ਪਹਿਲੇ ਮੁੱਖ ਮੰਤਰੀ ਬਣੇ ਔਰ ਫਿਰ ਉਸ ਤੋਂ ਬਾਅਦ 1966 ਤੋਂ 1977 ਤੱਕ ਲੋਕ ਸਭਾ ਔਰ ਰਾਜ ਸਭਾ ਦੇ ਮੈਂਬਰ ਬਣਕੇ ਜੋ ਮਜ਼ਦੂਰ ਵਰਗ ਦੀ ਸੇਵਾ ਕੀਤੀ ਔਰ ਉਨ੍ਹਾਂ ਦੇ ਜਿਹੜੇ ਮਸਲੇ ਸਨ ਉਨ੍ਹਾਂ ਵਾਸਤੇ ਲੜਦੇ ਰਹੇ। ਅੱਜ ਮੈਂ ਉਨ੍ਹਾਂ ਨੂੰ ਸ਼ਰਧਾਂਜਲੀ ਅਰਪਿਤ ਕਰਦੀ ਹਾਂ ਔਰ ਉਨਾਂ ਦੇ ਪਰਿਵਾਰ ਨਾਲ ਦੁੱਖ ਦਾ ਸਾਂਝਾ ਪ੍ਰਗਟਾਵਾ ਕਰਦੀ ਹਾਂ।

[ਸ੍ਰੀਮਤੀ ਵਿਮਲਾ ਡਾਂਗ]

ਇਸੇ ਤਰ੍ਹਾਂ ਮਾਨਯੋਗ ਮੁੱਖ ਮੰਤਰੀ ਸਾਹਿਬ ਨੇ ਜੋ ਕੈਪਟਨ ਕਰਮ ਸਿੰਘ ਮੱਲ੍ਹੀਆਂ ਦੇ ਅਕਾਲ ਚਲਾਣਾ ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ ਉਸ ਦੇ ਨਾਲ ਸ਼ਾਮਲ ਹੁੰਦੀ ਹਾਂ। ਉਨ੍ਹਾਂ ਨੇ ਸਾਡੇ ਪੰਜਾਬ ਦੇ ਨੌਜਵਾਨਾਂ ਦਾ ਸਿਰ ਉਚਾ ਕੀਤਾ ਹੈ ਔਰ ਉਨ੍ਹਾਂ ਨੌਜਵਾਨਾਂ ਲਈ ਇਕ ਇਨਸਪੀਰੇਸ਼ਨ ਹੈ। ਜਿਸ ਬਹਾਦਰੀ ਨਾਲ ਉਨ੍ਹਾਂ ਨੇ ਕਸ਼ਮੀਰ ਵਿਚ ਸੰਘਰਸ਼ ਕੀਤਾ ਔਰ ਦੇਸ਼ ਦੇ ਲਈ ਅਜ਼ਾਦੀ ਦੀ ਲੜਾਈ ਲੜੀ ਔਰ ਇਕ ਲਾਂਸਨਾਇਕ ਤੋਂ ਕੈਪਟਨ ਬਣੇ ਔਰ ਫਿਰ ਪਰਮਵੀਰ ਚੱਕਰ ਪ੍ਰਾਪਤ ਕੀਤਾ ਉਹ ਹਮੇਸ਼ਾਂ ਯਾਦ ਰਹੇਗਾ। ਉਨ੍ਹਾਂ ਦੇ ਅਕਾਲ ਚਲਾਣੇ ਨਾਲ ਸਾਨੂੰ ਬਹੁਤ ਵੱਡਾ ਘਾਟਾ ਪਿਆ ਹੈ। ਮੈਂ ਆਪਣੀ ਪਾਰਟੀ ਵੱਲੋਂ ਉਨ੍ਹਾਂ ਦੇ ਪਰਿਵਾਰ ਨੂੰ ਸ਼ੋਕ ਭਾਵਨਾਵਾਂ ਭੇਜਦੀ ਹਾਂ ਔਰ ਸ਼ਰਧਾਂਜਲੀ ਅਰਪਿਤ ਕਰਦੀ ਹਾਂ।

ਸਰਦਾਰ ਰਣਜੀਤ ਸਿੰਘ ਛੱਜਲਵੱਡੀ (ਖਡੂਰ ਸਾਹਿਬ, ਐਸ.ਸੀ.) : **ਸਪੀਕਰ ਸਾਹਿਬ,** ਅੱਜ ਸ੍ਰੀ ਬੀ. ਡੀ. ਸ਼ਰਮਾ ਸਾਡੇ ਵਿਚ ਨਹੀਂ ਰਹੇ ਸਾਨੂੰ ਇਸ ਦਾ ਬੜਾ ਦੁਖ ਹੈ। ਉਹ ਬੜੇ ਤਕੜੇ ਸਿਆਸਤਦਾਨ ਸਨ ਔਰ ਉਨ੍ਹਾਂ ਨੇ ਲੋਕ ਸਭਾ ਔਰ ਰਾਜ ਸਭਾ ਵਿਚ ਰਹਿ ਕੇ ਜੋ ਲੋਕਾਂ ਦੀ ਪ੍ਰਤੀਨਿਧਤਾ ਕੀਤੀ ਔਰ ਦੇਸ਼ ਦੀ ਅਖੰਡਤਾ ਲਈ ਜਿਹੜੇ ਕੰਮ ਕੀਤੇ ਉਹ ਹਮੇਸ਼ਾ ਯਾਦ ਰਹਿਣਗੇ। ਅੱਜ ਉਨ੍ਹਾਂ ਦੇ ਵਿਛੋੜੇ ਨਾਲ ਬੜਾ ਦੁਖ ਹੋਇਆ ਹੈ ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਗਹਿਰੇ ਦੁਖ ਦਾ ਪ੍ਰਗਟਾਵਾ ਕਰਦਾ ਹਾਂ ਔਰ ਉਨ੍ਹਾਂ ਨੂੰ ਸ਼ਰਧਾਂਜਲੀ ਦੇ ਫੁਲ ਭੇਂਟ ਕਰਦਾ ਹਾਂ।

ਇਸੇ ਤਰ੍ਹਾਂ ਕੈਪਟਨ ਕਰਮ ਸਿੰਘ ਮੱਲੀਆਂ ਦੇ ਅਕਾਲ ਚਲਾਣੇ ਨਾਲ ਸਾਨੂੰ ਬਹੁਤ ਘਾਟਾ ਪਿਆ ਹੈ। ਉਨ੍ਹਾਂ ਨੇ ਦੇਸ਼ ਦੀ ਖਾਤਰ ਆਪਣੀ ਜਾਨ ਦੀ ਕੁਰਬਾਨੀ ਦਿੱਤੀ ਔਰ ਪਰਮਵੀਰ ਚੱਕਰ ਪ੍ਰਾਪਤ ਕੀਤਾ। ਇਹ ਪੰਜਾਬ ਦੇ ਵਿਰਸੇ ਵਿਚ ਹੈ ਕਿ ਜਦੋਂ ਵੀ ਦੇਸ਼ ਤੇ ਜਾਂ ਪੰਜਾਬ ਤੇ ਕੋਈ ਮੁਸੀਬਤ ਆਈ ਹੈ ਤਾਂ ਖਾਸ ਕਰਕੇ ਸਿੱਖਾਂ ਨੇ ਬਹੁਤ ਕੁਰਬਾਨੀਆਂ ਦਿੱਤੀਆਂ ਹਨ। ਅੱਜ ਉਨ੍ਹਾਂ ਦੇ ਅਕਾਲ ਚਲਾਣੇ ਨਾਲ ਸਾਨੂੰ ਬਹੁਤ ਘਾਟਾ ਪਿਆ ਹੈ। ਅਸੀਂ ਉਨ੍ਹਾਂ ਦੀ ਘਾਟ ਨੂੰ ਮਹਿਸੂਸ ਕਰਦੇ ਹਾਂ ਅਤੇ ਆਉਣ ਵਾਲੀ ਪੀੜ੍ਹੀ ਉਨ੍ਹਾਂ ਨੂੰ ਸਦਾ ਯਾਦ ਰੱਖੇਗੀ। ਮੈਂ ਆਪਣੇ ਵਲੋਂ ਇਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਕਾਮਰੇਡ ਤਰਸੇਮ ਜੋਧਾਂ (ਕਿਲ੍ਹਾ ਰਾਇਪੁਰ) : ਮਾਨਯੋਗ ਸਪੀਕਰ ਸਾਹਿਬ, ਭਗਵਤ ਦਿਆਲ ਸ਼ਰਮਾ ਦੇ ਨਿਧਨ ਕਰਕੇ ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਸ਼ੋਕ ਦਾ ਪ੍ਰਗਟਾਵਾ ਕਰਦਾ ਹਾਂ। ਸ਼ਰਮਾ ਜੀ ਨੇ ਦੇਸ਼ ਦੀ ਰਾਜਨੀਤੀ ਵਿਚ ਬੜਾ ਉੱਘਾ ਰੋਲ ਅਦਾ ਕੀਤਾ ਹੈ। ਸ਼ਰਮਾ ਜੀ ਨੇ ਹਰਿਆਣੇ ਦੇ ਮੁੱਖ ਮੰਤਰੀ ਅਤੇ ਉੜੀਸਾ ਅਤੇ ਮੱਧ ਪ੍ਰਦੇਸ਼ ਦੇ ਗਵਰਨਰ ਦੇ ਤੌਰ ਤੇ ਕੰਮ ਕੀਤਾ ਅਤੇ ਰਾਜ ਸਭਾ ਅਤੇ ਲੋਕ ਸਭਾ ਦੇ ਵੀ ਮੈਂਬਰ ਰਹੇ। ਸ਼ਰਮਾ ਜੀ ਇਕ ਮਹਾਨ ਸ਼ਖਸੀਅਤ ਦੇ ਵਿਅਕਤੀ ਸਨ। ਇਨ੍ਹਾਂ ਦੇ ਅਕਾਲ ਚਲਾਣੇ ਨਾਲ ਦੇਸ਼ ਨੂੰ ਅਤੇ ਸਮਾਜ ਨੂੰ ਬਹੁਤ ਘਾਟਾ ਪਿਆ ਹੈ। ਉਹ ਪੁਰਾਣੀ ਪੀੜ੍ਹੀ ਦੇ ਨਾਲ ਸਬੰਧਤ ਸਨ ਅਤੇ ਉਨ੍ਹਾਂ ਨੂੰ ਪਤਾ ਸੀ ਕਿ ਦੇਸ਼ ਦੀ ਆਜ਼ਾਦੀ ਕਿੰਨੀ ਮੁਸ਼ਕਲਾਂ ਦੇ ਨਾਲ ਲਈ ਸੀ ਪਰ ਹੁਣ ਪੁਰਾਣੀ ਜਿਹੜੀ ਕੜੀ ਸੀ ਉਹ ਟੁੱਟਦੀ ਜਾ ਰਹੀ ਹੈ। ਇਨ੍ਹਾਂ ਦੇ ਅਕਾਲ ਚਲਾਣੇ ਨਾਲ ਸਾਡੇ ਦੇਸ਼ ਦੀਆਂ ਪਰਮ ਸ਼ਖਸੀਅਤਾਂ ਅਤੇ ਸਿਆਸਤਦਾਨਾਂ ਵਿਚੋਂ ਉਘੇ ਸਿਆਸੀ ਲੀਡਰ ਦੀ ਕਮੀ ਰਹੇਗੀ। ਮੈਂ ਇਸ ਸਮੇਂ ਉਨ੍ਹਾਂ ਦੇ ਪਰਿਵਾਰ ਦੇ ਨਾਲ ਦੁੱਖ ਦਾ ਪ੍ਰਗਟਾਵਾ ਕਰਦਾ ਹਾਂ ਅਤੇ ਉਨ੍ਹਾਂ ਦੇ ਦੁੱਖ ਵਿਚ ਸ਼ਾਮਲ ਹੁੰਦਾ ਹਾਂ ਅਤੇ ਆਪਣੇ

ਵਲੋਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ । ਇਸੇ ਤਰ੍ਹਾਂ ਕੈਪਟਨ ਕਰਮ ਸਿੰਘ ਮੱਲੀਆਂ ਜਿਨ੍ਹਾਂ ਨੇ ਕਿ ਪਰਮਵੀਰ ਚੱਕਰ ਛੋਟੀ ਉਮਰ ਵਿਚ ਹੀ ਪ੍ਰਾਪਤ ਕਰ ਲਿਆ ਸੀ ਅਤੇ ਵੀਰਤਾ ਦੇ ਨਾਲ ਸਨਮਾਨ ਪ੍ਰਾਪਤ ਕੀਤਾ ਸੀ । ਇਨ੍ਹਾਂ ਦੇ ਅਕਾਲ ਚਲਾਣੇ ਤੇ ਸਮਾਜ ਲਈ ਅਤੇ ਦੇਸ਼ ਲਈ ਇਕ ਘਾਟ ਵਾਲੀ ਗੱਲ ਹੈ । ਇਹ ਨੌਜਵਾਨ ਪੀੜ੍ਹੀ ਨੂੰ ਪ੍ਰੇਰਣਾ ਦੇਣ ਦੇ ਸਰੋਤ ਰਹਿਣਗੇ । ਮੈਂ ਇਨ੍ਹਾਂ ਦੇ ਵਿਛੋੜੇ ਤੇ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ।

ਸ਼੍ਰੀ ਵਿਜੇ ਕੁਮਾਰ ਸ਼ਾਥੀ ਐਡਵੋਕੇਟ (ਬਾਘਾ ਪੁਰਾਣਾ) : ਸਪੀਕਰ ਸਾਹਿਬ, ਅਜ ਜਦੋਂ ਸਵੇਰੇ ਅਖਬਾਰ ਵਿਚ ਭਗਵਤ ਦਿਆਲ ਸ਼ਰਮਾ ਜੀ ਦੀ ਮੌਤ ਦੀ ਖ਼ਬਰ ਪੜ੍ਹੀ ਤਾਂ ਬੜਾ ਦੁਖ ਹੋਇਆ । ਉਹ ਪੁਰਾਣੇ ਸਿਆਸਤਦਾਨ ਅਤੇ ਪੁਰਾਣੇ ਆਜ਼ਾਦੀ ਦੇ ਘੁਲਾਟੀਏ ਰਹੇ ਹਨ । ਉਹ ਪਹਿਲੇ ਹਰਿਆਣੇ ਦੇ ਮੁੱਖ ਮੰਤਰੀ ਬਣੇ ਅਤੇ ਮੁੱਖ ਮੰਤਰੀ ਦੀ ਕੁਰਸੀ ਤੇ ਬਿਰਾਜਮਾਨ ਹੋਏ । ਇਨ੍ਹਾਂ ਦੇ ਅਕਾਲ ਚਲਾਣੇ ਦੇ ਨਾਲ ਦੇਸ਼ ਨੂੰ ਅਤੇ ਸਮਾਜ ਨੂੰ ਬਹੁਤ ਘਾਟਾ ਪਿਆ ਹੈ ਅਤੇ ਇਸ ਮਹਾਨ ਹਸਤੀ ਦਾ ਦੇਸ਼ ਵਿਚੋਂ ਇਸ ਸਮੇਂ ਚਲੇ ਜਾਣਾ, ਜਦੋਂਕਿ ਦੇਸ਼ ਬੜੇ ਗੰਭੀਰ ਹਾਲਾਤ ਵਿਚੋਂ ਜਾ ਰਿਹਾ ਹੋਵੇ, ਦੇਸ਼ ਨੂੰ ਬੜੀ ਘਾਟ ਮਹਿਸੂਸ ਹੋਵੇਗੀ । ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਸ਼ਰਮਾ ਜੀ ਦੇ ਸਪੁੱਤਰ ਜੋ ਹਰਿਆਣਾ ਕੈਬਨਿਟ ਵਿਚ ਮੰਤਰੀ ਹਨ ਅਤੇ ਉਨ੍ਹਾਂ ਦੇ ਪਰਿਵਾਰ ਦੇ ਨਾਲ ਦੁਖ ਦਾ ਪ੍ਰਗਟਾਵਾ ਕਰਦਾ ਹਾਂ ਅਤੇ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ।

ਇਸੇ ਤਰੀਕੇ ਨਾਲ ਕੈਪਟਨ ਕਰਮ ਸਿੰਘ ਪਰਮਵੀਰ ਚੱਕਰ ਵਿਜੇਤਾ ਸਨ । ਇਨ੍ਹਾਂ ਦੇ ਅਕਾਲ ਚਲਾਣੇ ਦੇ ਨਾਲ ਦੇਸ਼ ਵਿਚ ਸੈਕੂਲਰਿਜ਼ਮ ਅਤੇ ਸਮਾਜਵਾਦ ਨੂੰ ਅਤੇ ਦੇਸ਼ ਨੂੰ ਬਹੁਤ ਘਾਟਾ ਪਿਆ ਹੈ । ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਇਸ ਮਹਾਨ ਸਖਸ਼ੀਅਤ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ।

ਕਾਮਰੇਡ ਸੁਰਜਨ ਸਿੰਘ (ਜੋਗਾ) : ਮਾਨਯੋਗ ਸਪੀਕਰ ਸਾਹਿਬ, ਸ਼ਰਮਾ ਸਾਹਿਬ ਅਤੇ ਕੈਪਟਨ ਕਰਮ ਸਿੰਘ ਵਰਗੀਆਂ ਮਹਾਨ ਹਸਤੀਆਂ ਦਾ ਇਸ ਸਮੇਂ ਅਕਾਲ ਚਲਾਣਾ ਕਰ ਜਾਣਾ ਦੇਸ਼ ਦੇ ਲਈ ਬੜੀ ਘਾਟ ਦੀ ਗੱਲ ਹੈ ਅਤੇ ਦੁੱਖ ਦਾ ਪ੍ਰਗਟਾਵਾ ਕਰਦਾ ਹਾਂ । ਸ਼ਰਮਾ ਜੀ ਨੇ ਦੇਸ਼ ਦੀ ਆਜ਼ਾਦੀ ਲਈ ਬੜਾ ਉਘਾ ਰੋਲ ਅਦਾ ਕੀਤਾ ਅਤੇ ਬੜੇ ਚੰਗੇ ਕਦਮ ਚੁਕੇ ਜਿਸ ਨੂੰ ਦੇਸ਼ ਦੀ ਆਉਣ ਵਾਲੀ ਪੀੜ੍ਹੀ ਸਦਾ ਯਾਦ ਰੱਖੇਗੀ । ਅੱਜ ਕਾਂਗਰਸ ਪਾਰਟੀ ਨੂੰ ਇਨ੍ਹਾਂ ਦੇ ਅਕਾਲ ਚਲਾਣੇ ਨਾਲ ਘਾਟਾ ਪਿਆ ਹੈ । ਉਹ ਇਕ ਸਮਾਜ ਸੁਧਾਰਕ ਅਤੇ ਉਘੇ ਸਿਆਸਤਦਾਨ ਸਨ । ਇਨ੍ਹਾਂ ਦੇ ਅਕਾਲ ਚਲਾਣੇ ਨਾਲ ਬੜਾ ਦੁਖ ਹੋਇਆ ਹੈ । ਇਨ੍ਹਾਂ ਦੇ ਕਾਰਨਾਮਿਆਂ ਨੂੰ ਦੇਸ਼ ਸਦਾ ਯਾਦ ਰਖੇਗਾ ਅਤੇ ਇਨ੍ਹਾਂ ਦੇ ਕੰਮਾਂ ਨੂੰ ਸਦਾ ਯਾਦ ਰਖਿਆ ਜਾਵੇਗਾ ਅਤੇ ਜਿਹੜਾ ਅਧੂਰਾ ਕੰਮ ਉਹ ਛੱਡ ਗਏ ਹਨ ਉਸ ਨੂੰ ਅਸੀਂ ਪੂਰਾ ਕਰੀਏ ਤਾਂ ਹੀ ਸੱਚੀ ਸ਼ਰਧਾਂਜਲੀ ਹੋਵੇਗੀ । ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਉਨ੍ਹਾਂ ਮਹਾਨ ਸ਼ਖਸ਼ੀਅਤਾਂ ਨੂੰ, ਜੋ ਸਾਡੇ ਕੋਲੋਂ ਵਿੱਛੜ ਗਈਆਂ ਹਨ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ।

ਕਾਮਰੇਡ ਬਲਦੇਵ ਸਿੰਘ ਬਲਮਗੜ੍ਹ (ਮਲੋਟ, ਐਸ. ਸੀ.) : ਮੈਨੂੰ, ਸਪੀਕਰ ਸਾਹਿਬ, ਬੜਾ ਹੀ ਦੁਖ ਹੈ ਕਿ ਸਾਡੇ ਵਿਚੋਂ ਦੋ ਮਹਾਨ ਸ਼ਖਸੀਅਤਾਂ ਚਲੀਆਂ ਗਈਆਂ ਹਨ ।

[ਕਾਮਰੇਡ ਬਲਦੇਵ ਸਿੰਘ ਬਲਮਗੜ੍ਹ]

ਭਗਵਤ ਦਿਆਲ ਸ਼ਰਮਾ ਜੀ ਨੇ ਪਹਿਲਾਂ ਆਜ਼ਾਦੀ ਦੀ ਲੜਾਈ ਵਿਚ ਆਪਣਾ ਉਘਾ ਹਿੱਸਾ ਪਾਇਆ । ਉਸ ਤੋਂ ਬਾਅਦ ਦੇਸ਼ ਦੇ ਅੰਦਰ ਬੜੇ ਹੀ ਅਹਿਮ ਅਹੁਦਿਆਂ ਤੇ ਰਹੇ ਅਤੇ ਮੁੱਖ ਮੰਤਰੀ ਵੀ ਰਹੇ ਸਨ । ਉਨ੍ਹਾਂ ਨੇ ਲਗਾਤਾਰ ਮਿਹਨਤ ਕਸ਼ ਮਜ਼ਦੂਰਾਂ ਦਾ ਸਾਥ ਦਿੱਤਾ । ਉਨ੍ਹਾਂ ਨੇ ਬੜੀ ਹਿੰਮਤ ਨਾਲ ਗਰੀਬ ਲੋਕਾਂ ਦੀ ਸੇਵਾ ਕੀਤੀ । ਉਨ੍ਹਾਂ ਦੇ ਪਰਿਵਾਰ ਦੇ ਦੁੱਖ ਵਿਚ ਸਾਰੇ ਵਰਗਾਂ ਦੇ ਲੋਕ ਸ਼ਰੀਕ ਹੋਏ । ਉਹ ਇਹੋ ਜਿਹੇ ਮੌਕੇ ਤੇ ਸਾਡੇ ਕੋਲੋਂ ਵਿਛੜ ਗਏ ਹਨ ਜਦੋਂ ਕਿ ਉਨ੍ਹਾਂ ਦੀ ਅੱਜ ਬਹੁਤ ਲੋੜ ਸੀ । ਉਹ ਬੜੇ ਹੰਡੇ ਹੋਏ ਸਿਆਸਤਦਾਨ ਸਨ । ਉਹ ਬੜੇ ਹੀ ਸੈਕੂਲਰ ਸਨ । ਸਮਾਜ ਵਿਰੋਧੀ ਸ਼ਕਤੀਆਂ ਦਾ ਉਨ੍ਹਾਂ ਨੇ ਡਟ ਕੇ ਮੁਕਾਬਲਾ ਕੀਤਾ । ਉਨ੍ਹਾਂ ਦੇ ਚਲੇ ਜਾਣ ਨਾਲ ਦੇਸ਼ ਨੂੰ ਹੀ ਨਹੀਂ ਬਲਕਿ ਪੰਜਾਬ ਨੂੰ ਵੀ ਬਹੁਤ ਘਾਟਾ ਪਿਆ ਹੈ । ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਉਨ੍ਹਾਂ ਦੇ ਪਰਿਵਾਰ ਦੇ ਦੁੱਖ ਵਿਚ ਸ਼ਰੀਕ ਹੁੰਦਾ ਹੋਇਆ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ।

ਕੈਪਟਨ ਕਰਮ ਸਿੰਘ ਪਰਮ ਵੀਰ ਚੱਕਰ ਦੇ ਜੇਤੂ ਸਨ ਅਤੇ ਪੰਜਾਬ ਦੇ ਚੰਦ ਮਹਾਨ ਆਦਮੀਆਂ ਵਿਚੋਂ ਇਕ ਸਨ । ਉਨ੍ਹਾਂ ਦੇ ਚਲੇ ਜਾਣ ਨਾਲ ਵੀ ਬਹੁਤ ਘਾਟਾ ਪਿਆ ਹੈ । ਆਉਣ ਵਾਲੇ ਸਮੇਂ ਵਿਚ ਵੀ ਇਹ ਘਾਟਾ ਪੂਰਾ ਹੋਣਾ ਮੁਸ਼ਕਲ ਹੈ । ਜਦੋਂ ਇਤਿਹਾਸ ਵਿਚ ਮਹਾਨ ਯੋਧਿਆਂ ਦਾ ਨਾਂ ਲਿਖਿਆ ਜਾਵੇਗਾ ਤਾਂ ਕੈਪਟਨ ਕਰਮ ਸਿੰਘ ਦਾ ਨਾਂ ਸੁਨਹਿਰੀ ਅੱਖਰਾਂ ਵਿਚ ਲਿਖਿਆ ਜਾਵੇਗਾ । ਮੈਂ ਉਨ੍ਹਾਂ ਨੂੰ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ । ਮੈਂ ਉਨ੍ਹਾਂ ਦੇ ਪਰਿਵਾਰ ਦੇ ਗ਼ਮ ਵਿਚ ਸਰੀਕ ਹੁੰਦਾ ਹੋਇਆ ਆਪਣੀ ਥਾਂ ਲੈਂਦਾ ਹਾਂ ।

ਡਾਕਟਰ ਮਹਿੰਦਰ ਕੁਮਾਰ ਰਿਨਵਾਂ (ਫਾਜ਼ਿਲਕਾ) : ਸਪੀਕਰ ਸਾਹਿਬ, ਮੈਂ ਭਗਵਤ ਦਿਆਲ ਸ਼ਰਮਾਂ ਨੂੰ ਆਪਣੇ ਵਲੋਂ ਅਤੇ ਆਪਣੇ ਸਾਥੀਆਂ ਵਲੋਂ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ । ਉਨ੍ਹਾਂ ਦੇ ਚਲੇ ਜਾਣ ਨਾਲ ਕਾਂਗਰਸ ਪਾਰਟੀ ਨੂੰ ਹੀ ਨਹੀਂ ਬਲਕਿ ਸਾਰਿਆਂ ਨੂੰ ਹੀ ਬਹੁਤ ਜ਼ਿਆਦਾ ਨੁਕਸਾਨ ਹੋਇਆ ਹੈ । ਉਹ ਇਸ ਮਹਾਨ ਸਦਨ ਦੇ ਮੈਂਬਰ ਸਨ । ਉਨ੍ਹਾਂ ਨੂੰ ਪਾਰਲੀਮੈਂਟ ਵਿਚ ਰਾਜ ਸਭਾ ਵਿਚ ਵੀ ਮੈਂਬਰ ਰਹਿਣ ਦਾ ਮੌਕਾ ਮਿਲਿਆ ਹੈ । ਮੁੱਖ ਮੰਤਰੀ ਦੀ ਪਦਵੀ ਤੇ ਵੀ ਉਹ ਰਹੇ ਹਨ । ਉਨ੍ਹਾਂ ਨੇ ਮੁਲਕ ਦੀ ਧਰਮ ਨਿਰਪੱਖਤਾ ਲਈ ਆਪਣੀ ਜਾਨ ਲਾ ਦਿੱਤੀ । ਉਨ੍ਹਾਂ ਦੇ ਜਾਣ ਨਾਲ ਦੇਸ਼ ਨੂੰ ਬੜਾ ਵੱਡਾ ਘਾਟਾ ਪਿਆ ਹੈ । ਕੈਪਟਨ ਕਰਮ ਸਿੰਘ ਪਰਮਵੀਰ ਚੱਕਰ ਦੇ ਜੇਤੂ ਸਨ । ਦੇਸ਼ ਦੇ ਮਹਾਨ ਯੋਧਿਆਂ ਵਿਚੋਂ ਉਨ੍ਹਾਂ ਦੀ ਗਿਣਤੀ ਗਿਣੀ ਜਾਣੀ ਹੈ । ਸਪੀਕਰ ਸਾਹਿਬ, ਉਨ੍ਹਾਂ ਦੇ ਚਲੇ ਜਾਣ ਨਾਲ ਵੀ ਬੜਾ ਵੱਡਾ ਘਾਟਾ ਪਿਆ ਹੈ । ਮੈਂ ਉਨ੍ਹਾਂ ਨੂੰ ਵੀ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ' ।

ਪੰਡਿਤ ਸੋਮ ਦੱਤ ਸ਼ਰਮਾ (ਬਰਨਾਲਾ) : ਸਪੀਕਰ ਸਾਹਿਬ, ਕੈਪਟਨ ਕਰਮ ਸਿੰਘ ਜੀ ਜੋ ਮੇਰੇ ਸ਼ਹਿਰ ਬਰਨਾਲਾ ਤੋਂ ਕੇਵਲ 10-12 ਕਿਲੋਮੀਟਰ ਫਾਸਲੇ ਤੇ ਰਹਿੰਦੇ ਸਨ । ਮੈਨੂੰ ਉਹ ਦਿਨ ਯਾਦ ਹੈ ਜਦੋਂ ਉਨ੍ਹਾਂ ਦਾ ਜਲੂਸ ਪਹਿਲੀ ਵਾਰ ਸਟੇਸ਼ਨ ਤੇ ਆਇਆ ਸੀ । ਉਸ ਵੇਲੇ ਉਨ੍ਹਾਂ ਦੇ ਸਵਾਗਤ ਲਈ ਹਜ਼ਾਰਾਂ ਦੀ ਤਾਦਾਦ ਵਿਚ ਲੋਕ ਸਟੇਸ਼ਨ ਤੇ ਪਹੁੰਚੇ ਸਨ । ਉਨ੍ਹਾਂ ਦੀ ਯਾਦ ਸਾਡੇ ਦਿਲ ਵਿਚ ਹਮੇਸ਼ਾਂ ਹੀ ਰਹੇਗੀ । ਸਪੀਕਰ ਸਾਹਿਬ, ਸੀ. ਐਮ. ਸਾਹਿਬ ਨੇ ਠੀਕ ਹੀ ਕਿਹਾ ਹੈ ਕਿ ਉਹ ਬੜੇ ਹੀ ਬਹਾਦਰ ਵਿਅਕਤੀ ਅਤੇ

ਸੈਕੂਲੇਰਿਜ਼ਮ ਦੇ ਹਾਮੀ ਸਨ । ਉਨ੍ਹਾਂ ਦਾ ਜਨਮ ਇਕ ਛੋਟੇ ਜਹੇ ਪਿੰਡ ਵਿਚ ਹੋਇਆ । ਹਿੰਦੁਸਤਾਨ ਦੇ ਲੋਕ ਉਨ੍ਹਾਂ ਨੂੰ ਹਮੇਸ਼ਾਂ ਯਾਦ ਰੱਖਣਗੇ ਜਿਨ੍ਹਾਂ ਨੇ ਪਰਮਵੀਰ ਚੱਕਰ ਜਿੱਤਿਆ । ਉਨ੍ਹਾਂ ਨੂੰ ਕਾਂਗਰਸ ਪਾਰਟੀ ਵਲੋਂ ਅਤੇ ਹੋਰ ਸਾਰੀਆਂ ਪਾਰਟੀਆਂ ਵਲੋਂ ਸ਼ਰਧਾ ਦੇ ਫੁੱਲ ਭੇਂਟ ਹੋਏ ।

ਮੈਂ ਅੱਜ ਉਸ ਇਲਾਕੇ ਦੀ ਵੀ ਗੱਲ ਕਰਨਾ ਚਾਹੁੰਦਾ ਹਾਂ ਜਿੱਥੇ ਸੀ. ਐਮ. ਸਰਦਾਰ ਬੇਅੰਤ ਸਿੰਘ ਜੀ ਨੇ ਆਪਣੇ ਵੱਲੋਂ ਆਪਣੇ ਵਜ਼ੀਰ ਸਰਦਾਰ ਉਮਰਾਓ ਸਿੰਘ ਨੂੰ ਭੇਜਿਆ ਸੀ । ਉਥੋਂ ਦੇ ਲੋਕਾਂ ਦੀਆਂ ਜੋ ਖਾਹਸ਼ਾਂ ਹਨ, ਮੰਗਾਂ ਹਨ, ਉਨ੍ਹਾਂ ਵੱਲ ਅਗਰ ਅਸੀਂ ਆਪਣੀ ਤਵੱਜੋਂ ਦੇ ਸਕੀਏ ਤਾਂ ਉਸ ਮਹਾਨ ਯੋਧੇ ਨੂੰ ਇਸ ਤੋਂ ਵੱਡੀ ਸ਼ਰਧਾਂਜਲੀ ਹੋਰ ਕੋਈ ਨਹੀਂ ਹੋ ਸਕਦੀ । ਸਾਡੀ ਇਹ ਡਿਊਟੀ ਬਣਦੀ ਹੈ ਕਿ ਉਸ ਪਛੜੇ ਹੋਏ ਇਲਾਕੇ ਨੂੰ ਜਿੱਥੇ ਸਰਦਾਰ ਕਰਮ ਸਿੰਘ ਰਹਿੰਦੇ ਰਹੇ, ਉਸ ਨੂੰ ਦੇਖੀਏ । ਉਨ੍ਹਾਂ ਦੀ ਹਮੇਸ਼ਾਂ ਇਹ ਮੰਗ ਰਹੀ ਹੈ ਕਿ ਮੇਰੇ ਇਲਾਕੇ ਵਿਚ ਕੋਈ ਕਾਲਜ ਨਹੀਂ ਹੈ । ਸਾਡੀ ਸਰਕਾਰ ਨੂੰ ਹੁਣ ਉਸ ਮਹਾਨ ਯੋਧੇ ਦੇ ਨਾਂ ਤੇ ਸਾਇੰਸ ਦਾ ਕਾਲਜ ਬਣਾਉਣਾ ਚਾਹੀਦਾ ਹੈ । ਉਨ੍ਹਾਂ ਦੇ ਭੋਗ ਵਾਲੇ ਦਿਨ ਸਮੁੱਚੇ ਇਲਾਕੇ ਦੀਆਂ ਪੰਚਾਇਤਾਂ ਉਥੇ ਆਈਆਂ ਸਨ । ਉਹ ਸੀ. ਐਮ. ਸਾਹਿਬ ਦੀ ਸੇਵਾ ਵਿਚ ਬੇਨਤੀ ਕਰਨੀ ਚਾਹੁੰਦੇ ਸਨ ਕਿ ਬਰਨਾਲੇ ਤੋਂ 60 ਕਿਲੋਮੀਟਰ ਦੀ ਦੂਰੀ ਤੱਕ ਕੋਈ ਕਾਲਜ ਨਹੀਂ ਹੈ । ਇਹ ਸਾਇੰਸ ਕਾਲਜ ਅਸੀਂ ਖੋਲ੍ਹੀਏ, ਇਹੀ ਸੱਚੀ ਸ਼ਰਧਾਂਜਲੀ ਹੋਵੇਗੀ । ਉਥੋਂ ਦੇ ਇਲਾਕੇ ਦੇ ਲੋਕ ਕਾਲਜ ਲਈ ਜ਼ਮੀਨ ਦੇਣ ਨੂੰ ਤਿਆਰ ਹਨ । ਸਾਰੇ ਪਿੰਡ ਮਿਲ ਕੇ 42 ਏਕੜ ਜ਼ਮੀਨ ਦੇਣ ਨੂੰ ਤਿਆਰ ਹਨ । ਅਸੀਂ ਉਸ ਪਛੜੇ ਇਲਾਕੇ ਵਿਚ ਕਾਲਜ ਬਣਾ ਕੇ ਸੱਚੀ ਸ਼ਰਧਾ ਦੇ ਫੁੱਲ ਭੇਂਟ ਕਰ ਸਕਦੇ ਹਾਂ । ਕੈਪਟਨ ਕਰਮ ਸਿੰਘ ਡੈਮੋਕਰੈਸੀ ਬਾਰੇ ਕਿਹਾ ਕਰਦੇ ਸੀ ਕਿ :-

"ਸਰਦੀ ਸਹਿ ਕਰ, ਗਰਮੀ ਸਹਿ ਕਰ
ਭੁੱਖੇ ਰਹਿ ਕਰ, ਪਿਆਸੇ ਰਹਿ ਕਰ
ਮੈਨੇ ਜੋ ਦੀਵਾਰ ਬਣਾਈ,
ਉਸ ਪਰ ਨਾਮ ਤੁਮਾਰਾ ਕਿਉਂ ਹੈ ।"

ਉਹ ਸਾਰੀ ਜ਼ਿੰਦਗੀ ਦੇਸ਼ ਦੀ ਖਾਤਰ, ਆਪਣੇ ਇਲਾਕੇ ਦੇ ਲੋਕਾਂ ਦੀ ਖਾਤਰ ਜੱਦੋ-ਜਹਿਦ ਕਰਦੇ ਰਹੇ, ਲੜਾਈ ਲੜਦੇ ਰਹੇ । ਉਨ੍ਹਾਂ ਦੇ ਨਾਮ ਤੇ ਕੋਈ ਨਾ ਕੋਈ ਯਾਦਗਾਰ ਸਾਨੂੰ ਬਣਾਉਣੀ ਚਾਹੀਦੀ ਹੈ । ਮੈਂ ਸੀ. ਐਮ. ਸਾਹਿਬ ਨੂੰ ਮੁਬਾਰਕਬਾਦ ਦੇਂਦਾ ਹਾਂ ਕਿ ਇਨ੍ਹਾਂ ਨੇ ਉਨ੍ਹਾਂ ਦੇ ਨਾਂ ਤੇ ਰੈਸਟੋਰੈਂਟ ਬਣਾਇਆ ਹੈ । ਸੀ. ਐਮ. ਸਾਹਿਬ ਨੇ ਉਨ੍ਹਾਂ ਦੇ ਅਕਾਲ ਚਲਾਣਾ ਕਰਨ ਤੋਂ ਪਹਿਲਾਂ ਵੀ ਇਲਾਜ ਲਈ ਬਹੁਤ ਕੁਝ ਭੇਜਿਆ । ਉਦੋਂ ਵੀ ਉਨ੍ਹਾਂ ਦੀ ਜ਼ੁਬਾਨ ਤੇ ਇਹੀ ਗੱਲ ਰਹੀ ਕਿ ਮੇਰੇ ਇਲਾਕੇ ਦੀ ਮੰਗ ਨੂੰ ਪੂਰਾ ਕੀਤਾ ਜਾਵੇ । ਇਹ ਉਨ੍ਹਾਂ ਦੀ ਦਿਲੀ ਮੰਗ ਸੀ, ਜਿਸਨੂੰ ਸਾਨੂੰ ਜ਼ਰੂਰ ਪੂਰਾ ਕਰਨਾ ਚਾਹੀਦਾ ਹੈ ।

ਮੈਨੂੰ ਬਹਾਦਰ ਜਰਨੈਲ ਭਗਵਤ ਦਿਆਲ ਸ਼ਰਮਾ ਨਾਲ ਕੰਮ ਕਰਨ ਦਾ ਬਹੁਤ ਮੌਕਾ ਮਿਲਿਆ ਹੈ । ਉਹ ਬਹਾਦਰ ਸਿਪਾਹੀ ਕਾਂਗਰਸ ਦੇ ਵਿਚ ਇੰਟਕ ਨੂੰ ਅੱਗੇ ਲੈ ਕੇ ਗਏ । ਮੈਨੂੰ ਯਾਦ ਹੈ ਕਿ 1964 ਵਿਚ, ਮਈ ਦਾ ਮਹੀਨਾ ਸੀ ਉਦੋਂ ਮੈਂ ਉਨ੍ਹਾਂ ਨੂੰ ਬੋਲਦੇ ਸੁਣਿਆ ਸੀ । ਉਹ ਮਜ਼ਦੂਰਾਂ ਵਿਚੋਂ ਸਨ, ਜੋ ਉਨ੍ਹਾਂ ਦੇ ਬੋਲਣ ਦਾ ਢੰਗ ਸੀ, ਗੱਲ ਕਰਨ

[ਪੰਡਿਤ ਸੋਮ ਦੱਤ ਸ਼ਰਮਾ]

ਦਾ ਢੰਗ ਸੀ, ਉਸ ਬਾਰੇ ਕੁਝ ਕਹਿਣਾ ਸੰਭਵ ਹੀ ਨਹੀਂ ਹੈ। ਉਹ ਸ਼ਖਸੀਅਤ ਕਿਥੋਂ ਉਠ ਕੇ ਕਿਥੇ ਪਹੁੰਚੀ ਸੀ। ਮੈਂ ਅੱਜ ਆਪਣੇ ਵੱਲੋਂ ਅਤੇ ਆਪਣੇ ਇਲਾਕੇ ਦੇ ਲੋਕਾਂ ਵੱਲੋਂ ਕੈਪਟਨ ਕਰਮ ਸਿੰਘ ਨੂੰ ਔਰ ਪੰਡਤ ਭਗਵਤ ਦਿਆਲ ਸ਼ਰਮਾ ਨੂੰ ਸ਼ਰਧਾ ਦੇ ਫੁੱਲ ਅਰਪਿਤ ਕਰਦਾ ਹਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਦੁਖ ਦਾ ਪ੍ਰਗਟਾਵਾ ਕਰਦਾ ਹਾਂ ਅਤੇ ਆਪਣਾ ਸਥਾਨ ਲੈਂਦਾ ਹਾਂ। ਮੈਂ ਇਕ ਵਾਰ ਫੇਰ ਬੇਨਤੀ ਕਰਦਾ ਹਾਂ ਕਿ ਉਨ੍ਹਾਂ ਦੇ ਮੁਤੱਲਕ ਸਾਡੀ ਸੱਚੀ ਸ਼ਰਧਾ ਦੇ ਫੁੱਲ ਇਹੀ ਹੋਣਗੇ ਕਿ ਸੀ. ਐਮ. ਸਾਹਿਬ, ਕੈਪਟਨ ਕਰਮ ਸਿੰਘ ਦੇ ਨਾਂ ਤੇ, ਜੋ ਉਸ ਇਲਾਕੇ ਦੀ ਧੜਕਨ ਸੀ, ਉਸ ਇਲਾਕੇ ਨੂੰ ਕੁਝ ਨਾ ਕੁਝ ਦੇਣ। ਇਹੀ ਸੱਚੀ ਸ਼ਰਧਾਂਜਲੀ ਹੈ। ਜੈ ਹਿੰਦ।

ਸ਼੍ਰੀ ਸਪੀਕਰ : ਸਤਿਕਾਰਯੋਗ ਮੈਂਬਰ ਸਾਹਿਬਾਨ ਔਰ ਸਤਿਕਾਰਯੋਗ ਮੁੱਖ ਮੰਤਰੀ ਜੀ, ਅੱਜ ਸਾਡੇ ਵਿਚੋਂ ਦੋ ਐਸੀਆਂ ਸ਼ਖਸੀਅਤਾਂ ਹਮੇਸ਼ਾਂ ਹਮੇਸ਼ਾਂ ਲਈ ਚਲੀਆਂ ਗਈਆਂ ਹਨ ਇਨ੍ਹਾਂ ਦਾ ਬਦਲ ਪੈਦਾ ਹੋਣਾ ਬਹੁਤ ਮੁਸ਼ਕਿਲ ਹੈ। ਉਨ੍ਹਾਂ ਨੇ ਆਪਣੇ ਆਪਣੇ ਫੀਲਡ ਵਿਚ ਬੇਮਿਸਾਲ ਮੰਜ਼ਿਲਾਂ ਪ੍ਰਾਪਤ ਕੀਤੀਆਂ ਔਰ ਕੁਰਬਾਨੀਆਂ ਦਿੱਤੀਆਂ। ਉਸ ਦਾ ਨਤੀਜਾ ਹੀ ਹੈ ਕਿ ਅੱਜ ਅਸੀਂ ਸਾਰੇ ਉਨ੍ਹਾਂ ਨੂੰ ਏਨੇ ਸਤਿਕਾਰ ਅਤੇ ਪਿਆਰ ਨਾਲ ਜਾਣਦੇ ਹਾਂ ਅਤੇ ਉਨ੍ਹਾਂ ਦੇ ਨਮਿੱਤ ਸਾਰਿਆਂ ਨੇ ਜਜ਼ਬਾਤ ਨਾਲ ਭਰੇ ਹੋਏ ਸ਼ਬਦਾਂ ਵਿਚ ਸ਼ਰਧਾ ਦੇ ਫੁੱਲ ਭੇਂਟ ਕੀਤੇ ਹਨ। ਸ਼੍ਰੀ ਭਗਵਤ ਦਿਆਲ ਸ਼ਰਮਾ ਸਾਡੀ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਵੀ ਰਹੇ। 1962 ਵਿਚ ਉਨ੍ਹਾਂ ਨੇ ਪਹਿਲੀ ਇਲੈਕਸ਼ਨ ਲੜੀ ਔਰ ਕਾਮਯਾਬ ਹੋਏ। ਫੇਰ ਉਹ ਲੇਬਰ ਅਤੇ ਕੋਆਪਰੇਸ਼ਨ ਦੇ ਮਹਿਕਮੇ ਦੇ ਵਜ਼ੀਰ ਰਹੇ। ਉਹ ਰਾਜ ਸਭਾ ਦੇ ਮੈਂਬਰ ਵੀ ਰਹੇ ਔਰ ਲੋਕ ਸਭਾ ਦੇ ਮੈਂਬਰ ਵੀ ਰਹੇ। ਜਿਸ ਵੇਲੇ 1966 ਵਿਚ ਹਰਿਆਣਾ ਔਰ ਪੰਜਾਬ ਵੱਖਰੇ ਹੋਏ, ਉਨ੍ਹਾਂ ਨੂੰ ਹਰਿਆਣਾ ਦੇ ਪਹਿਲੇ ਮੁੱਖ ਮੰਤਰੀ ਬਨਣ ਦਾ ਫ਼ਖਰ ਹਾਸਿਲ ਹੋਇਆ। ਇਸ ਤੋਂ ਇਲਾਵਾ ਮੱਧ-ਪ੍ਰਦੇਸ਼ ਔਰ ਉੜੀਸਾ ਵਿਚ ਉਨ੍ਹਾਂ ਨੇ ਗਵਰਨਰ ਦਾ ਅਹੁਦਾ ਬਹੁਤ ਖੂਬਸੂਰਤੀ ਔਰ ਕਾਮਯਾਬੀ ਨਾਲ ਨਿਭਾਇਆ। ਉਨ੍ਹਾਂ ਨੇ ਲੇਬਰ ਮੂਵਮੈਂਟ ਵਿਚ ਏਨਾ ਕੰਮ ਕੀਤਾ ਕਿ ਸਾਰੀ ਦੁਨੀਆਂ ਉਨ੍ਹਾਂ ਨੂੰ ਜਾਣਦੀ ਹੈ। ਲੇਬਰ ਮੂਵਮੈਂਟ ਦੇ ਸਿਲਸਿਲੇ ਵਿਚ ਉਹ ਕਈ ਵਾਰ ਬਾਹਰਲੇ ਦੇਸ਼ਾਂ ਵਿਚ ਵੀ ਗਏ ਅਤੇ ਕਈ ਕਾਨਫਰੰਸਾਂ ਵਿਚ ਸ਼ਮੂਲੀਅਤ ਕੀਤੀ। ਇਸ ਸਿਲਸਿਲੇ ਵਿਚ ਉਨ੍ਹਾਂ ਦੀ ਕੰਟਰੀਬਿਊਸ਼ਨ ਬੜੀ ਉਚੀ ਸੀ

ਇਸੇ ਤਰ੍ਹਾਂ ਕੈਪਟਨ ਕਰਮ ਸਿੰਘ ਜੀ ਨੇ ਬਹਾਦਰੀ ਦੀ ਇਕ ਸ਼ਾਨਦਾਰ ਮਿਸਾਲ ਕਾਇਮ ਕੀਤੀ ਅਤੇ ਰੋਸ਼ਨੀ ਦਾ ਇਕ ਐਸਾ ਚਿਰਾਗ ਜਲਾਇਆ ਜਿਹੜਾ ਸਾਡੇ ਸਾਰਿਆਂ ਲਈ ਪ੍ਰੇਰਨਾ ਦਾ ਇਕ ਬਾਇਸ ਬਣਦਾ ਹੈ। ਕਾਸ਼ ਸਾਡੇ ਨੌਜਵਾਨ, ਉਨ੍ਹਾਂ ਦੇ ਨਕਸ਼ੇ-ਕਦਮ ਤੇ ਚਲ ਸਕਣ ਔਰ ਅਗਰ ਸਾਡੇ ਦੇਸ਼, ਸਾਡੇ ਮੁਲਕ ਨੂੰ ਕੋਈ ਔਕੜ ਪੇਸ਼ ਆਏ ਤਾਂ ਉਹ ਉਸੇ ਤਰ੍ਹਾਂ ਹੀ ਕੁਰਬਾਨੀ ਦੇ ਸਕਣ ਜਿਸ ਤਰ੍ਹਾਂ ਕੈਪਟਨ ਕਰਮ ਸਿੰਘ ਜੀ ਨੇ ਦਿੱਤੀ। ਬੇਸ਼ੱਕ ਉਹ ਜਖਮੀ ਵੀ ਹੋਏ ਪਰ ਉਨ੍ਹਾਂ ਨੇ ਕੋਈ ਪ੍ਰਵਾਹ ਨਾ ਕੀਤੀ। ਉਨ੍ਹਾਂ ਦੀ ਸਾਰੀ ਜ਼ਿੰਦਗੀ ਕੁਰਬਾਨੀ ਨਾਲ ਭਰੀ ਪਈ ਸੀ। ਅੱਜ ਉਹ ਸਾਡੇ ਵਿਚ ਨਹੀਂ ਹਨ। ਸਾਨੂੰ ਚਾਹੀਦਾ ਹੈ ਕਿ ਉਨ੍ਹਾਂ ਦੀ ਯਾਦ ਹਮੇਸ਼ਾਂ ਅਸੀਂ ਆਪਣੇ ਮਨਾਂ ਵਿਚ ਰੱਖੀਏ ਔਰ ਆਪਣੇ ਆਪਣੇ ਫੀਲਡ ਵਿਚ ਜਿਹੜੇ ਚੰਗੇ ਕੰਮ ਉਹ ਕਰਕੇ ਗਏ ਹਨ, ਉਨ੍ਹਾਂ ਨੂੰ ਵੀ ਹਮੇਸ਼ਾਂ ਯਾਦ ਰੱਖੀਏ।

ਹੁਣ ਮੈਂ ਸਾਰੇ ਹਾਊਸ ਨੂੰ ਬੇਨਤੀ ਕਰਾਂਗਾ ਕਿ ਅਸੀਂ ਸਾਰੇ ਆਪੋ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ 2 ਮਿੰਟ ਲਈ ਮੌਨ ਧਾਰਨ ਕਰਦੇ ਹੋਏ ਆਪਣੀ ਸ਼ਰਧਾ ਦਾ ਪ੍ਰਗਟਾਵਾ ਕਰੀਏ ਅੋਰ ਇਸ ਰੈਜ਼ੋਲੂਸ਼ਨ ਨੂੰ ਉਨ੍ਹਾਂ ਦੇ ਪਰਿਵਾਰਾਂ ਤੱਕ ਪਹੁੰਚਾਈਏ ।

(ਇਸ ਉਪਰੰਤ ਸਾਰੇ ਮਾਨਯੋਗ ਮੈਂਬਰ ਸਾਹਿਬਾਨ ਨੇ ਆਪੋ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ 2 ਮਿੰਟ ਲਈ ਮੌਨ ਧਾਰਨ ਕੀਤਾ ।)

Mr. Speaker: Please resume your seats. Now Questions.

STARRED QUESTIONS AND ANSWERS

ਅੱਤਵਾਦ ਦੇ ਸ਼ਿਕਾਰ ਹੋਏ ਵਿਅਕਤੀਆਂ ਦੇ ਆਸ਼ਿਤਾਂ ਨੂੰ ਨੌਕਰੀਆਂ ਦੇਣਾ

*636. **ਕਾਮਰੇਡ ਹਰਦੇਵ ਸਿੰਘ ਅਰਸ਼ੀ**: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਮਾਨਸਾ ਵਿਚ ਅੱਤਵਾਦੀਆਂ ਦੁਆਰਾ ਮਾਰੇ ਗਏ ਵਿਅੱਕਤੀਆਂ ਦੇ ਆਸ਼ਿਤਾਂ ਨੂੰ ਪਹਿਲ ਦੇ ਆਧਾਰ ਤੇ ਨੌਕਰੀਆਂ ਦੇਣ ਲਈ 31 ਦੰਸਬਰ, 1992 ਨੂੰ ਕਿੰਨੇ ਕੇਸ ਪੈਂਡਿੰਗ ਸਨ ਅਤੇ ਇਹ ਕੇਸ ਕਦੋਂ ਤੋਂ ਪੈਂਡਿੰਗ ਪਏ ਹਨ ਅਤੇ ਨੌਕਰੀਆਂ ਨਾ ਦੇਣ ਦੇ ਕਾਰਣ ਕੀ ਹਨ ?

Sardar Beant Singh: As on 31.12.1992, two cases of the dependents of the persons killed by the extremists in District Mansia have been lying pending for providing jobs on priority basis since 30.10. 1992, and 3.12.1992 respectively. In one case the verification report by Sub—Divisional Officer (Civil), Mansa regardina the dependency of the claimant on the deceased is awaited. The second case is being processed for giving appointment in the District Administration of Mansa.

ਕਾਮਰੇਡ ਹਰਦੇਵ ਸਿੰਘ ਅਰਸ਼ੀ: ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸੀ. ਐਮ. ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਉੱਤਰ ਇਨ੍ਹਾਂ ਵਲੋਂ ਦਿੱਤਾ ਗਿਆ ਹੈ, ਇਹ ਤੱਥਾਂ ਉਪਰ ਆਧਾਰਤ ਨਹੀਂ ਹੈ । ਇਨ੍ਹਾਂ ਨੇ ਆਪਣੇ ਉੱਤਰ ਵਿਚ ਦੱਸਿਆ ਹੈ ਕਿ ਜਿਹੜੇ ਕੇਸ ਪੈਂਡਿੰਗ ਹਨ ਅਤੇ ਜਿਨ੍ਹਾਂ ਬਾਰੇ ਪ੍ਰਾਸੈਸ ਚਲ ਰਿਹਾ ਹੈ, ਉਹ ਸਿਰਫ ਦੋ ਕੇਸ ਹ ਹਨ ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਅਜਿਹਾ ਇਕ ਹੋਰ ਕੇਸ ਵੀ ਹੈ । 30 ਮਾਰਚ, 1991 ਨੂੰ ਇਕ ਬਹੁਤ ਵੱਡਾ ਸਾਡਾ ਵਰਕਰ ਅੱਤਵਾਦੀਆਂ ਹੱਥੋਂ ਮਾਰਿਆ ਗਿਆ ਸੀ, ਉਸ ਦਾ ਕੇਸ ਵੀ ਜ਼ਿਲ੍ਹਾ ਮਾਨਸਾ ਵਿਚ ਪੈਂਡਿੰਗ ਹੈ । ਮੈਂ ਜਾਨਣਾ ਚਾਹੁੰਦਾ ਹਾਂ ਕਿ ਅਗਰ ਡਿਸਟ੍ਰਿਕਟ ਐਡਮਨਿਸਟ੍ਰੇਸ਼ਨ ਨੇ ਇਨ੍ਹਾਂ ਨੂੰ ਠੀਕ ਜਾਣਕਾਰੀ ਨਹੀਂ ਦਿੱਤੀ ਅਤੇ ਤੱਥਾਂ ਨੂੰ ਤੋੜ ਮਰੋੜ ਕੇ ਪੇਸ਼ ਕੀਤਾ ਹੈ ਤਾਂ ਕੀ ਇਹ ਉਨ੍ਹਾਂ ਦੇ ਖਿਲਾਫ ਕੋਈ ਕਾਰਵਾਈ ਕਰਨਗੇ ?

ਮੁੱਖ ਮੰਤਰੀ: ਸਪੀਕਰ ਸਾਹਿਬ, ਮਾਨਸਾ ਪਹਿਲਾਂ ਜ਼ਿਲ੍ਹਾਂ ਬਠਿੰਡਾ ਵਿਚ ਪੈਂਦਾ ਸੀ ਅਤੇ ਇਹ ਬਾਦ ਵਿਚ ਅਲੱਗ ਹੋਇਆ ਹੈ । ਰਿਕਾਰਡ ਦੇ ਮੁਤਾਬਿਕ ਤਾਂ ਸਿਰਫ 2 ਕੇਸ ਹੀ ਐਸੇ ਹਨ ਜਿਹੜੇ ਪੈਂਡਿੰਗ ਪਏ ਹਨ । ਇਨ੍ਹਾਂ ਤੋਂ ਇਲਾਵਾਂ ਅਗਰ ਕੋਈ ਹੋਰ ਕੇਸ ਇਨ੍ਹਾਂ ਦੇ ਕੋਲ ਹੈ ਤਾਂ ਇਹ ਮੈਨੂੰ ਦਸ ਦੇਣ, ਮੈਂ ਇਨਕੁਆਰੀ ਕਰਵਾ ਲਵਾਂਗਾ ।

ਕਾਮਰੇਡ ਹਰਦੇਵ ਸਿੰਘ ਅਰਸ਼ੀ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸੀ.ਐਮ. ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਕੇਸ ਇਨ੍ਹਾਂ ਨੇ ਦੱਸੇ ਹਨ ਕਿ ਪੈਂਡਿੰਗ ਹਨ, ਉਨ੍ਹਾਂ ਨੂੰ ਕੀ ਰਿਕਰੂਟਮੈਂਟ ਫਰੀਜ਼ ਕਰਨ ਤੋਂ ਪਹਿਲਾਂ ਪਹਿਲਾਂ ਨਿਯੁਕਤੀ ਦੇ ਦਿੱਤੀ ਜਾਵੇਗੀ ਅਤੇ ਕਦੋਂ ਤਕ ਇਹ ਨਿਯੁਕਤੀ ਦੇ ਦਿੱਤੀ ਜਾਵੇਗੀ ?

ਮੁੱਖ ਮੰਤਰੀ: ਸਪੀਕਰ ਸਾਹਿਬ, ਇਹ ਕੇਸ ਇਸ ਤਰ੍ਹਾਂ ਦਾ ਹੈ ਜਿਸ ਦੇ ਅੰਦਰ ਕਿ ਜੋ ਵਾਰਸ ਹੈ ਉਹ ਕੈਪਚਰ ਕੀਤਾ ਗਿਆ ਹੈ ਕਿਉਂਕਿ ਦਰਅਸਲ ਜੋ ਵਾਰਸ ਅਚਾਨਕ ਗੁਜ਼ਰ ਜਾਏ ਉਸ ਦਾ ਜੋ ਬੱਚਾ ਹੁੰਦਾ ਹੈ ਅਤੇ ਜੇ ਬੱਚਾ ਨਾ ਹੋਵੇ ਤਾਂ ਉਸ ਦੇ ਮਾਂ-ਬਾਪ ਹੁੰਦੇ ਹਨ ਪਰ ਇਸ ਕੇਸ ਦੇ ਵਿੱਚ ਉਸ ਦੀ ਭੈਣ ਵਾਰਸ ਕਹੀ ਗਈ ਹੈ, ਹਰਬੰਸ ਕੌਰ ਉਸ ਦਾ ਨਾਂ ਹੈ । ਅਸੀਂ ਰਿਪੋਰਟ ਮੰਗਵਾਈ ਹੈ ਅਤੇ ਜੇ ਉਸਦਾ ਕੋਈ ਹੋਰ ਵਾਰਸ ਨਹੀਂ ਹੈ ਤਾਂ ਅਸੀਂ ਉਸਦੀ ਭੈਣ ਬਾਰੇ ਹੀ ਸੋਚਿਆ ਹੈ । ਦੂਸਰਾ ਜੋ ਕੇਸ ਹੈ ਉਹ ਜਗਨ ਨਾਥ , ਗੋਰੇ ਪਿੰਡ ਦਾ ਮਾਰਿਆ ਗਿਆ ਸੀ ਉਸ ਦਾ ਲੜਕਾ ਰਾਕੇਸ਼ ਕੁਮਾਰ ਹੈ । ਮੈਂ ਅੱਗੇ ਵੀ ਦੱਸਿਆ ਹੈ ਕਿਉਂਕਿ ਮਾਨਸਾ ਹੁਣੇ ਹੀ ਜ਼ਿਲ੍ਹਾ ਬਣਿਆ ਹੈ ਔਰ ਉਥੇ ਕੋਈ ਪੋਸਟਾਂ ਹਾਲੇ ਖਾਲੀ ਪਈਆਂ ਹਨ । ਅਸੀਂ ਜਲਦੀ ਹੀ ਇਹ ਭਰ ਰਹੇ ਹਾਂ । ਮੈਂ ਮੈਂਬਰ ਸਾਹਿਬ ਨੂੰ ਯਕੀਨ ਦਿਵਾਉਂਦਾ ਹਾਂ ਕਿ ਉਸ ਨੂੰ ਉਨ੍ਹਾਂ ਵਿਚੋਂ ਪੋਸਟ ਦੇ ਦਿੱਤੀ ਜਾਵੇਗੀ ।

ਪਿੰਡਾਂ ਵਿਚ ਐਸ.ਪੀ.ਓਜ਼ ਦੀਆਂ ਚੌਕੀਆਂ ਸਥਾਪਤ ਕਰਨ ਲਈ ਮਕਾਨ ਪ੍ਰਾਪਤ ਕਰਨੇ

*654. **ਕਾਮਰੇਡ ਹਰਦੇਵ ਸਿੰਘ ਅਰਸ਼ੀ**: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਸਰਕਾਰ ਨੇ ਐਸ. ਪੀ. ਓਜ਼. ਦੀਆਂ ਚੌਕੀਆਂ ਸਥਾਪਤ ਕਰਨ ਲਈ ਰਾਜ ਵਿਚ ਗੜਬੜੀ ਵਾਲੇ ਪਿੰਡਾਂ ਵਿਚ ਕਿਰਾਏ ਤੇ ਜਾਂ ਹੋਰਵੇਂ ਮਕਾਨ ਪ੍ਰਾਪਤ ਕਰਨ ਲਈ ਕੋਈ ਨੀਤੀ ਅਪਣਾਈ ਹੈ;

(ਅ) ਜੇਕਰ ਅਜਿਹਾ ਹੋਵੇ ਤਾਂ ਅਜਿਹੀ ਨੀਤੀ ਦਾ ਵੇਰਵਾ ਸਦਨ ਦੀ ਮੇਜ਼ ਤੇ ਰੱਖਿਆ ਜਾਵੇ ?

Sardar Beant Singh : (a) No policy has been adopted by the State Government in this regard.

(b) Does not arise.

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸੀ. ਐਮ. ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਿਹੜੀਆਂ ਪਿੰਡਾਂ ਦੇ ਵਿਚ ਐਸ. ਪੀ. ਓਜ਼. ਦੀਆਂ ਚੌਕੀਆਂ ਸਥਾਪਤ ਕੀਤੀਆਂ ਜਾਂਦੀਆਂ ਹਨ ਉਹ ਦੋ ਤਰ੍ਹਾਂ ਦੀਆਂ ਹਨ । ਇਕ ਤਾਂ ਪਿੰਡ ਦੀ ਸਾਂਝੀ ਥਾਂ ਤੇ ਜਿਵੇਂ ਧਰਮਸ਼ਾਲਾਵਾਂ ਜਾਂ ਹੋਰ ਕੋਈ ਖਾਲੀ ਘਰ ਮਿਲ ਜਾਂਦਾ ਹੈ ਉਥੇ ਸਥਾਪਿਤ ਕੀਤੀਆਂ ਜਾਂਦੀਆਂ ਹਨ । ਪਰ ਬਹੁਤ ਸਾਰੇ ਪਿੰਡਾਂ ਦੇ ਵਿਚ ਪਾਰਟੀਸ਼ਨ ਕਰਕੇ ਮਕਾਨ ਆਮ ਪ੍ਰਾਈਵੇਟ ਲੋਕਾਂ ਤੋਂ ਲੈਣੇ ਪੈਂਦੇ ਹਨ । ਕਈ ਕੇਸਾਂ ਵਿਚ ਦੇਖਿਆ ਗਿਆ ਹੈ ਕਿ ਮਕਾਨ ਤਾਂ ਲੈ ਲਿਆ ਜਾਂਦਾ ਹੈ ਪਰ ਕਿਸੇ ਤਰਾਂ ਦਾ ਮਾਲਕ ਨੂੰ ਕੋਈ ਰੈਂਟ ਨਹੀਂ ਦਿੱਤਾ ਜਾਂਦਾ । ਜਿਸ ਤਰ੍ਹਾਂ ਜਵਾਬ ਦੇ ਵਿਚ ਕਿਹਾ ਗਿਆ ਹੈ ਕਿ ਸਰਕਾਰ ਦੀ ਕੋਈ ਪਾਲਿਸੀ ਨਹੀਂ ਹੈ । ਮੈਂ ਪੁੱਛਣਾ ਚਾਹੁੰਦਾ ਹਾਂ, ਸਪੀਕਰ ਸਾਹਿਬ, ਕਿ ਪਾਲਿਸੀ

ਕਿਉਂ ਨਹੀਂ ਹੈ ? ਸਪੀਕਰ ਸਾਹਿਬ, ਕੀ ਸੀ. ਐਮ. ਸਾਹਿਬ ਇਹ ਭਰਸਾ ਦਿਵਾਉਣਗੇ ਕਿ ਭਵਿੱਖ ਦੇ ਵਿਚ ਜੇਕਰ ਪ੍ਰਾਈਵੇਟ ਲੋਕਾਂ ਦਾ ਮਕਾਨ ਇਸ ਕੰਮ ਲਈ ਕਿਰਾਏ ਤੇ ਲਿਆ ਜਾਵੇ ਤਾਂ ਉਨ੍ਹਾਂ ਨੂੰ ਉਸਦਾ ਵਾਜ਼ਬ ਕਿਰਾਇਆ ਦਿੱਤਾ ਜਾਵੇਗਾ ?

ਮੁੱਖ ਮੰਤਰੀ : ਸਪੀਕਰ ਸਾਹਿਬ, ਐਸ. ਪੀ. ਓਜ਼. ਦੀ ਜੋ ਪੋਸਟ ਹੈ ਉਹ ਟੈਮ-ਪਰੇਰੀ ਜਿਹੀ ਹੈ । ਇਹ ਸਾਡੇ ਪੰਜਾਬ ਦੀ ਬਦਕਿਸਮਤੀ ਸੀ ਕਿ ਸਾਨੂੰ ਇਹ ਭਰਤੀ ਕਰਨੇ ਪਏ ਔਰ ਮੈਂ ਇਹ ਸਮਝਦਾ ਹਾਂ ਕਿ ਜੇ ਇਹ ਅੱਤਵਾਦ ਜਲਦੀ ਖਤਮ ਕੀਤਾ ਗਿਆ ਤਾਂ ਅਸੀਂ ਐਸ ਪੀ. ਓਜ਼. ਨਾ ਰੱਖੀਏ, ਇਨ੍ਹਾਂ ਨੂੰ ਰੇਗੂਲਰ ਭਰਤੀ ਕਰ ਲਈਏ । ਜਦੋਂ ਇਹ ਪੋਸਟਾਂ ਪਿਓਰਲੀ ਟੈਂਪਰੇਰੀ ਹਨ ਤਾਂ ਉਨ੍ਹਾਂ ਵਾਸਤੇ ਕੋਈ ਹੋਰ ਜਗ੍ਹਾ ਪਿੰਡ ਦੇ ਅੰਦਰ ਬਨਾਉਣੀ ਕੋਈ ਸੰਭਵ ਨਹੀਂ ਹੈ । ਲੇਕਿਨ ਹਾਲੇ ਉਨ੍ਹਾਂ ਨੂੰ ਜੋ ਸਾਂਝੀ ਜਗ੍ਹਾ ਹੈ ਉਹ ਦਿੱਤੀ ਗਈ ਹੈ, ਜਾਂ ਕੋਈ ਮਕਾਨ ਦਿੱਤੇ ਜਾਂਦੇ ਹਨ ਜਿਥੇ ਉਹ ਗੁਜ਼ਾਰਾ ਕਰਦੇ ਹਨ । ਪਰਮਾਨੈਂਟ ਚੌਕੀ ਪਿੰਡ ਦੇ ਵਿਚ ਬਨਾਉਣਾ ਕੋਈ ਚੰਗੀ ਗੱਲ ਨਹੀਂ ਹੈ ।

ਸਰਦਾਰ ਰਣਜੀਤ ਸਿੰਘ ਛੱਜਲਵੱਡੀ : ਸਪੀਕਰ ਸਾਹਿਬ ਮੈਂ ਸੀ. ਐਮ. ਸਾਹਿਬ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਜਿਹੜੀਆਂ ਪੋਸਟਾਂ/ਚੌਕੀਆਂ ਬਣਾਈਆਂ ਹਨ ਉਹ ਕਈ ਜਗ੍ਹਾ ਧਾਰਮਿਕ ਸਥਾਨ ਵਿਚ ਬਣਾ ਦਿੱਤੀਆਂ ਗਈਆਂ ਹਨ ਔਰ ਜਿਹੜੇ ਲੋਕ ਹਨ ਉਹ ਉਥੇ ਜਾਣ ਤੋਂ ਝਿਜਕਦੇ ਹਨ । ਤਰਨ-ਤਾਰਨ ਪੁਲਿਸ ਜ਼ਿਲ੍ਹੇ ਦੇ ਵਿਚ ਕਗ ਪਿੰਡ ਦੇ ਵਿਚ ਇਕ ਗੁਰਦੁਆਰੇ ਦੇ ਵਿਚ ਪੁਲਿਸ ਸਟੇਸ਼ਨ ਬਣਾ ਦਿੱਤਾ ਗਿਆ ਹੈ । ਉਥੇ ਲੋਕ ਮੱਥਾ ਟੇਕਣ ਜਾਣ ਤੋਂ ਵੀ ਝਿਜਕਦੇ ਹਨ ।

ਸ੍ਰੀ ਸਪੀਕਰ : ਛੱਜਲਵੱਡੀ ਜੀ, ਤੁਸੀਂ ਸਪਲੀਮੈਂਟਰੀ ਰਾਹੀਂ ਜੇ ਕੋਈ ਜਾਣਕਾਰੀ ਲੈਣੀ ਹੈ ਤਾਂ ਲੈ ਲਓ ।

श्रीमति लक्ष्मी कांता चावला : अध्यक्ष महोदय, मैं मुख्य मन्त्री जी से पूछना चाहती हूं कि एस. पी. ओज़. और सी. आर. पी. एफ. की चौकिएं जिन बिल्डिंग में बनाई गई है उन बिल्डिंगों के मालिकों को बिजली और पानी का बिल सरकार की तरफ से अदा क्यों नहीं किया जाता ?

Chief Minister : Speaker Sahib, Separate question is required.

ਸ੍ਰੀ ਸਪੀਕਰ : ਬੀਬੀ ਜੀ, ਤੁਸੀਂ ਇਸ ਬਾਰੇ ਸੈਪਰੇਟ ਕੁਐਸਚਨ ਦੇ ਸਕਦੇ ਹੋ । ਤੁਸੀਂ ਸੈਪਰੇਟ ਕੁਐਸ਼ਚਨ ਕਰ ਦਿਓ । Next question.

———

ਜ਼ਿਲ੍ਹਾ ਅੰਮ੍ਰਿਤਸਰ ਵਿਚ ਉਦਯੋਗਿਕ ਯੂਨਿਟਾਂ ਨੂੰ ਬਿਜਲੀ ਦੇ ਕੁਨੈਕਸ਼ਨ

*596. **ਸ੍ਰੀਮਤੀ ਵਿਮਲਾ ਡਾਂਗ** : ਕੀ ਸਿੰਜਾਈ ਅਤੇ ਬਿਜਲੀ ਮੰਤਰੀ ਕਿਰਪਾ ਕਰਕੇ

[ਸ਼੍ਰੀਮਤੀ ਵਿਮਲਾ ਡਾਂਗ]

ਦੱਸਣਗੇ ਕਿ—

(ੳ) ਪੰਜਾਬ ਰਾਜ ਬਿਜਲੀ ਬੋਰਡ ਨੂੰ ਅੰਮ੍ਰਿਤਸਰ ਜ਼ਿਲ੍ਹੇ ਵਿਚ ਨਵੇਂ ਉਦਯੋਗਿਕ ਕੁਨੈਕਸ਼ਨਾਂ ਲਈ ਵੱਖ-ਵੱਖ ਸਾਲਾਂ 1990 ਅਤੇ 1991 ਦੌਰਾਨ ਕਿੰਨੀਆਂ ਦਰਖਾਸਤਾਂ ਪ੍ਰਾਪਤ ਹੋਈਆਂ ਅਤੇ ਸਾਲਵਾਰ ਕਿੰਨੇ ਕੁਨੈਕਸ਼ਨ ਮਨਜ਼ੂਰ ਕੀਤੇ ਗਏ ਅਤੇ ਬਿਜਲੀ ਚਾਲੂ ਕੀਤੀ ਗਈ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਦਰਖਾਸਤਾਂ ਵਿਚੋਂ ਬਕਾਇਆ ਪਈਆਂ ਦਰਖਾਸਤਾਂ ਦੀ ਇਕ ਸੂਚੀ, ਦੇਰੀ ਦੇ ਕਾਰਨਾਂ ਸਹਿਤ ਸਦਨ ਦੀ ਮੇਜ਼ ਤੇ ਰੱਖੀ ਜਾਵੇ ?

Sardar Harcharan Singh Brar (a) No. of applications received by the Punjab State Electricity Board for new Industrial Connections received during the year 1990 and 1991 separately in Amritsar District together with yearwise number of connections sanctioned and released :—

		DURING 1990	DURING 1991
(i)	No. of applications received. ..	1,152	1,338
(ii)	No. of applications cancelled due to non-completion of formalities by the applicants. ..	73	296
(iii)	Balance ..	1,079	1,042
(iv)	Connection released ..	1,079	1,042

No application is pending for disposal.

ਸ਼੍ਰੀਮਤੀ ਵਿਮਲਾ ਡਾਂਗ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦੀ ਹਾਂ ਕਿ ਇਸ ਦੇ ਵਿਚ ਜਿਹੜਾ ਸਵਾਲ ਹੈ ਕਿ ਕੁਨੈਕਸ਼ਨ ਦੇਰ ਨਾਲ ਦਿੱਤੇ ਗਏ, ਇਸ ਦਾ ਜਵਾਬ ਨਹੀਂ ਹੈ। ਕੁੱਲ 369 ਐਪਲੀਕੈਂਟਸ ਦੀਆਂ ਐਪਲੀਕੇਸ਼ਨਾਂ ਕੈਂਸਲ ਹੋਈਆਂ ਹਨ। ਮੈਂ ਇਹ ਜਾਨਣਾ ਚਾਹਾਂਗੀ ਕਿ ਕੀ ਕੈਂਸਲੇਸ਼ਨ ਦਾ ਕਾਰਨ ਕੇਵਲ ਨਾਨ ਕੰਪਲੀਸ਼ਨ ਆਫ਼ ਫਾਰਮੈਲਟੀਜ਼ ਹੈ ਜਾਂ ਕਿ ਇਸ ਵਿਚ ਪੱਖ-ਪਾਤ ਜਾਂ ਅਫ਼ਸਰਾਂ ਨੂੰ ਖੁਸ਼ ਨਾ ਕਰਨਾ ਵਰਗੇ ਕਾਰਨ ਸ਼ਾਮਿਲ ਹਨ ?

ਮੰਤਰੀ . ਇਸ ਦਾ ਕਾਰਨ ਇਹ ਨਹੀਂ ਕਿ ਕੋਈ ਪੱਖਪਾਤ ਵਰਤਿਆ ਗਿਆ ਹੈ ਜਾਂ ਅਫ਼ਸਰਾਂ ਨੂੰ ਖੁਸ਼ ਨਹੀਂ ਕੀਤਾ ਗਿਆ। ਇਸ ਦੀ ਵਜ੍ਹਾ ਇਹ ਹੈ ਜਿਵੇਂ ਮੈਂ ਪਹਿਲਾਂ ਦੱਸਿਆ ਹੈ ਕਿ ਉਨ੍ਹਾਂ ਦੀਆਂ ਫਾਰਮੈਲਟੀਜ਼ ਕੰਪਲੀਟ ਨਹੀਂ ਹੁੰਦੀਆਂ। ਇਸ ਕਰਕੇ ਦੇਰ ਲੱਗ ਜਾਂਦੀ ਹੈ।

— — —

ਉਦਯੋਗਿਕ ਯੂਨਿਟਾਂ ਦੁਆਰਾ ਬਿਜਲੀ ਦੀ ਚੋਰੀ ਤੇ ਰੋਕ

*597. ਸ਼੍ਰੀਮਤੀ ਵਿਮਲਾ ਡਾਂਗ : ਕੀ ਸਿੰਜਾਈ ਅਤੇ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਪੰਜਾਬ ਰਾਜ ਬਿਜਲੀ ਬੋਰਡ ਨੇ, ਵੱਖ-ਵੱਖ ਸਾਲਾਂ 1990 ਅਤੇ 1991 ਦੌਰਾਨ ਜ਼ਿਲ੍ਹਾ ਅੰਮ੍ਰਿਤਸਰ ਵਿਚ ਉਦਯੋਗਿਕ ਯੂਨਿਟਾਂ ਦੁਆਰਾ ਬਿਜਲੀ ਦੀ ਚੋਰੀ ਨੂੰ ਰੋਕਣ ਲਈ ਕਿੰਨੀ ਵਾਰ ਛਾਪੇ ਮਾਰੇ ਅਤੇ ਉਨ੍ਹਾਂ ਯੂਨਿਟਾਂ ਦੀ ਸੂਚੀ ਦਿੱਤੀ ਜਾਵੇ ਜਿਨ੍ਹਾਂ ਤੋਂ ਜ਼ੁਰਮਾਨੇ ਵਜੋਂ ਵਸੂਲੀਆਂ ਕੀਤੀਆਂ ਗਈਆਂ ਅਤੇ ਹਰ ਇਕ ਕੇਸ ਵਿਚ ਕਿੰਨੀ ਰਕਮ ਪ੍ਰਾਪਤ ਕੀਤੀ ਗਈ;

(ਅ) ਕਿਹੜੀਆਂ ਕਿਹੜੀਆਂ ਉਦਯੋਗਿਕ ਯੂਨਿਟਾਂ ਦੇ ਮਾਲਕ ਅਦਾਲਤਾਂ ਵਿਚ ਗਏ ਅਤੇ ਉਨ੍ਹਾਂ ਕੇਸਾਂ ਦਾ ਵੇਰਵਾ ਕੀ ਹੈ, ਜਿਨ੍ਹਾਂ ਵਿਚ ਅਦਾਲਤਾਂ ਨੇ ਜ਼ੁਰਮਾਨੇ ਦੀ ਰਕਮ ਵਾਪਸ ਕਰਨ ਲਈ ਹੁਕਮ ਦਿੱਤੇ ?

Sardar Harcharan Singh Brar: (a) Punjab State Electricity Board conducted 916 raids in 1990 and 1029 raids in 1991 to check theft of power by industrial units in Amritsar District. A list of units from which recoveries were effected on account of fines and the amount received is placed at Annexure A & B.

(b) A list of industrial units which approached the courts is attached at Annexure/C. The cases are sub-judice and no refunds have been awarded as yet.

ANNEXURE A (Year 1990)

Sr. No.	Name of the consumer	Account No.	Amount recovered
1	2	3	4
1.	S. Jagdeep Singh	Direct	1,000
2.	M/s. Goindwal Steel Mill	K-606/BS-5	17,25,000
3.	Rajiv Cold Store	MS-54	73,811
4.	Jagbir Singh	MS-166	33,000
5.	Bhagwan Singh	MS-128	7,465
6.	Gurmukh Singh	SP-32	500
	Total		18,40,776

[Irrigation and Power Minister]

ANNEXURE 'B' (YEAR 1991)

Sr. No.	Name of the consumer		Account No.	Amount recovered
1	2		3	4
1.	M/s. Suraj Bansi Printer	..	MS-44	1,08,138
2.	Sh. Yesh Pal	..	KP-68	14,000
3.	Sh. Sohan Singh	..	KP-44	24,616
4.	M/s. L. K. Tyres	..	Direct 2	2,400
5.	Sh. Prem Singh	..	BR-196	1,000
6.	M/s. Sunrise Woolen Mill	..	LS-5	1,46,487
7.	M/s. Kartar Steel Pvt. Ltd.	..	LS-6	1,09,000
8.	M/s. Kapoor Silk Mill	..	MDI-19	1,00,370
9.	Sh. Harbans Lal	..	SP-I	3,600
10.	M/s. Sachdeva Oil & Chemical	..	LS-23	4,39,000
11.	M/s. Fency Nets.	..	LS-3	—
12.	M/s. Vardhman Oil & Ext. & Chemicals	..	LS-3	4,50,000
13.	M/s. Jahangir Spinning Mill	..	MS-12	94,475
14.	S. Sampuran Singh	..	—	2,300
15.	—	..	PR-8/1002	4,528
16.	Sh. Sunder Singh	..	SP-2/807	1,200
17.	Sh. Partap Singh	..	SP-2/2255	900
	Total	..		15,02,014

ANNEXURE 'C'

Sr. No.	Name of the consumer		Amount
1	2		3
1.	M/s. Goindwal Steel Pvt. Ltd.	..	K-606/LS-5
2.	S. Jasbir Singh	..	MS/166
3.	M/s. Vardhman Oil & Ext. Chemicals.	..	LS-3

ਸ੍ਰੀਮਤੀ ਵਿਮਲਾ ਡਾਂਗ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਮਹੋਦਯ ਤਾਂ ਪੁੱਛਣਾ ਚਾਹੁੰਦੀ ਹਾਂ ਕਿ ਜਿਹੜੇ ਰੇਡਜ਼ ਹੋਏ ਹਨ ਉਹ ਕੁਲ 1945 ਹਨ ਅਤੇ ਕੇਵਲ 23 ਫਰਮਾਂ ਨੂੰ ਜੁਰਮਾਨਾ ਕੀਤਾ ਗਿਆ ਹੈ ਅਤੇ ਉਨ੍ਹਾਂ ਪਾਸੋਂ ਰਕਮ ਵਸੂਲ ਕੀਤੀ ਗਈ ਹੈ। ਤਿੰਨ ਕੇਸ ਅਦਾਲਤਾਂ ਵਿਚ ਅਤੇ ਅਦਾਲਤਾਂ ਦੇ ਫੈਸਲੇ ਦਾ ਪਤਾ ਨਹੀਂ। ਮੈਂ ਇਹ ਜਾਨਣਾ ਚਾਹੁੰਦੀ ਹਾਂ ਕਿ ਜਿਹੜੇ ਰੇਡਜ਼ ਹੋਏ ਹਨ ਕੀ ਉਹ ਸਾਰੇ ਠੀਕ ਸਨ, ਉਨ੍ਹਾਂ ਦੇ ਕਾਗਜ਼ ਵਗੈਰਾ ਠੀਕ ਸਨ। ਇਤਨੇ ਥੋੜ੍ਹੇ ਉਦਯੋਗਿਕ ਯੂਨਿਟਾਂ ਪਾਸੋਂ ਵਸੂਲੀ ਕਿਉਂ ਹੋਈ ਹੈ।

ਮੰਤਰੀ : ਜਿਨ੍ਹਾਂ ਕੋਲੋਂ ਜੁਰਮਾਨਾ ਵਸੂਲ ਕੀਤਾ ਗਿਆ ਹੈ, ਉਨ੍ਹਾਂ ਦੀ ਲਿਸਟ ਹਾਊਸ ਦੀ ਮੇਜ਼ ਤੇ ਰੱਖ ਦਿੱਤੀ ਗਈ ਹੈ।

———

ਡਾਕਟਰ ਅੰਬੇਦਕਰ ਪਾਰਕ, ਗੜ੍ਹਸ਼ੰਕਰ ਦਾ ਨਾਂ ਬਦਲਣਾ

*649. **ਸਰਦਾਰ ਅਵਤਾਰ ਸਿੰਘ ਕਰੀਮਪੁਰੀ** : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਹੁਸ਼ਿਆਰਪੁਰ ਸੜਕ ਤੇ ਡਾਕਟਰ ਅੰਬੇਦਕਰ ਪਾਰਕ ਦਾ ਨਾਂ ਹਾਲ ਹੀ ਵਿਚ ਬਦਲ ਕੇ ਮਿਊਂਸਪਲ ਕਮੇਟੀ ਪਾਰਕ ਰੱਖ ਦਿੱਤਾ ਗਿਆ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਕਾਰਨ ਕੀ ਹਨ ?

ਡਾਕਟਰ ਕੇਵਲ ਕ੍ਰਿਸ਼ਨ : ਨਹੀਂ ਜੀ, ਗੜ੍ਹ ਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਹੁਸ਼ਿਆਰਪੁਰ ਸੜਕ ਤੇ "ਡਾਕਟਰ ਅੰਬੇਦਕਰ ਪਾਰਕ" ਨਾਂ ਦਾ ਕੋਈ ਪਾਰਕ ਨਹੀਂ ਸੀ।

ਸਰਦਾਰ ਅਵਤਾਰ ਸਿੰਘ ਕਰੀਮਪੁਰੀ : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਇਹ ਜਾਨਣਾ ਚਾਹੁੰਦਾ ਹਾਂ ਕਿ 14-4-1988 ਨੂੰ ਸਰਦਾਰ ਬਲਦੇਵ ਸਿੰਘ ਐਸ. ਡੀ. ਐਮ. ਦੀ ਪ੍ਰਧਾਨਗੀ ਹੇਠ ਮਿਊਂਸਪਲ ਕਮੇਟੀ ਨੇ ਇਕ ਰੇਜ਼ੋਲਿਊਸ਼ਨ ਪਾਇਆ ਕਿ ਗੜ੍ਹਸ਼ੰਕਰ ਦੇ ਵਿਚ ਹੁਸ਼ਿਆਰਪੁਰ ਰੋਡ ਤੇ ਇਕ ਡਾਕਟਰ ਅੰਬੇਦਕਰ ਪਾਰਕ ਬਣਾਉਣ ਲਈ ਰੇਜ਼ੋਲਿਊਸ਼ਨ ਪਾਸ ਹੋਇਆ ਹੈ ਅਤੇ ਉਥੇ ਬੋਰਡ ਵੀ ਲਗਾਇਆ ਗਿਆ ਅਤੇ ਬਾਅਦ ਵਿਚ ਉਸ ਨੂੰ ਪੁੱਟ ਕੇ ਮਿਊਂਸਪਲ ਪਾਰਕ ਦਾ ਨਾਮ ਰੱਖਿਆ ਗਿਆ। ਇਹ ਕਾਪੀ ਇਸ ਮਤੇ ਦੀ ਮੇਰੇ ਕੋਲ ਹੈ। ਕਮੇਟੀ ਦੇ ਬਾਕਾਇਦਾ ਦਸਤਖਤ ਹਨ ਅਤੇ ਮਤਾ ਪਾਸ ਹੋਇਆ ਹੈ। ਕੀ ਮੰਤਰੀ ਜੀ, ਜੋ ਇਨ੍ਹਾਂ ਨੂੰ ਮਿਊਂਸਪਲ ਕਮੇਟੀ ਵਲੋਂ ਗਲਤ ਜਵਾਬ ਜਾਂ ਤੋੜ ਮਰੋੜ ਕੇ ਦਿੱਤਾ ਗਿਆ ਹੈ, ਇਸ ਬਾਰੇ ਕੋਈ ਐਕਸ਼ਨ ਲੈਣਗੇ ?

ਮੰਤਰੀ : ਸਪੀਕਰ ਸਾਹਿਬ 1988 ਦੇ ਵਿਚ ਉਥੇ ਮਿਊਂਸਪਲ ਕਮੇਟੀ ਚੁਣੀ ਹੋਈ ਹੀ ਨਹੀਂ ਸੀ, ਉਥੇ ਪ੍ਰਸ਼ਾਸਕ ਸੀ ਔਰ ਉਨ੍ਹਾਂ ਨੇ ਆਰਡਰ ਨੰ: 27 ਤੇ ਜੋ ਇਸ ਜਗ੍ਹਾ ਨੂੰ ਪਾਰਕ ਬਣਾਉਣ ਲਈ ਕਿਹਾ ਸੀ, ਇਸ ਸਬੰਧੀ ਸਚਾਈ ਤਾਂ ਇਹ ਹੈ ਕਿ ਉਹ ਪਾਰਕ ਅਜੇ ਤੱਕ ਵੀ ਨਹੀਂ ਬਣਿਆ ਅਤੇ ਸੜਕ ਦੇ ਨਾਲ ਵੱਡੇ ਵੱਡੇ ਖੱਡੇ ਸੀ ਜਿਹੜੀ 128 ਕਨਾਲ ਜਗ੍ਹਾ ਹੈ ਔਰ ਇਸ ਪਾਰਕ ਨੂੰ ਮੁਕੰਮਲ ਕਰਨ ਲਈ, ਪੂਰਾ ਕਰਨ ਲਈ, 5 ਲੱਖ ਰੁਪਏ ਅਕਤੂਬਰ, 1992 ਵਿਚ ਸਰਦਾਰ ਦਿਲਬਾਗ ਸਿੰਘ, ਜਿਹੜੇ ਡਿਸਟਰਿਕਟ ਡਿਵੈਲਪਮੈਂਟ ਐਂਡ ਪਲਾਨਿੰਗ ਬੋਰਡ ਦੇ ਚੇਅਰਮੈਨ ਸਨ ਉਨ੍ਹਾਂ ਨੇ ਦਿਤੇ ਔਰ ਪਾਰਕ ਦੀ ਮਾਲਕੀ ਦਾ ਵੀ ਅਜੇ ਝਗੜਾ ਹੈ। ਇਕ ਪੁਜਾਰੀ ਆਪਣੀ ਮਾਲਕੀ ਦੱਸਦਾ ਹੈ ਅਤੇ ਪਿੰਡ ਵਾਲੇ ਆਪਣੀ ਮਾਲਕੀ ਦੱਸਦੇ ਹਨ। ਇਹ ਦੋਵੇਂ ਸਿਵਲ ਸੂਟ ਕੋਰਟ ਵਿਚ ਚਲਦੇ ਹਨ। ਅਗਰ ਮਿਊਂਸਪਲ ਕਮੇਟੀ ਇਸ ਪਾਰਕ ਦਾ ਨਾਮ ਡਾਕਟਰ ਅੰਬੇਦਕਰ ਪਾਰਕ ਰੱਖਣ ਸਬੰਧੀ ਰੇਜ਼ੋਲਿਊਸ਼ਨ ਪਾਸ ਕਰ ਦੇਵੇ ਤਾਂ ਅਸੀਂ ਪ੍ਰਸੰਨਤਾ ਪਰਗਟ ਕਰਾਂਗੇ।

(ਇਸ ਸਮੇਂ ਮਾਨਯੋਗ ਮੈਂਬਰ ਸਰਦਾਰ ਅਵਤਾਰ ਸਿੰਘ ਕਰੀਮਪੁਰੀ ਖੜ੍ਹੇ ਸਨ।)

ਸ਼੍ਰੀ ਸਪੀਕਰ : ਜਵਾਬ ਤਾਂ, ਕਰੀਮਪੁਰੀ ਜੀ, ਬੜੀ ਡੀਟੇਲ ਵਿਚ ਦਿੱਤਾ ਗਿਆ ਹੈ।

ਸਰਦਾਰ ਅਵਤਾਰ ਸਿੰਘ ਕਰੀਮਪੁਰੀ : ਮਾਨਯੋਗ ਸਪੀਕਰ ਸਾਹਿਬ, ਭਾਰਤ ਦੇਸ਼ ਦੇ ਸੰਵਿਧਾਨ ਨਿਰਮਾਤਾ ਡਾਕਟਰ ਅੰਬੇਦਕਰ ਦੇ ਨਾਮ ਤੇ ਪਾਰਕ ਦਾ ਮਤਾ ਪਾਸ ਹੋਇਆ ਔਰ ਉਥੇ ਬੋਰਡ ਲਗਾਇਆ ਗਿਆ ਔਰ ਅੱਜ ਵੀ ਉਹ ਬੋਰਡ ਮਿਊਂਸਪਲ ਕਮੇਟੀ ਦੇ ਦਫ਼ਤਰ ਦੀ ਬਿਲਡਿੰਗ ਦੇ ਉਤੇ ਪਿਆ ਹੈ। ਅਸੀਂ ਅੱਜ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਇਹ ਵਿਸ਼ਵਾਸ ਲੈਣਾ ਚਾਹੁੰਦੇ ਹਾਂ ਕਿ ਜੋ ਇਸ ਪਾਰਕ ਦਾ ਨਾਮ ਬਦਲ ਕੇ ਮਿਊਂਸਪਲ ਪਾਰਕ ਨਾ ਰੱਖਿਆ ਜਾਵੇ। ਜੇਕਰ ਬਦਲਿਆ ਗਿਆ ਤਾਂ ਇਹ ਸਾਡੇ ਭਾਰਤ ਦੇਸ਼ ਦੇ ਸੰਵਿਧਾਨ ਨਿਰਮਾਤਾ ਦਾ ਅਪਮਾਨ ਹੈ। ਅਸੀਂ ਮਹਿਸੂਸ ਕਰਦੇ ਹਾਂ ਕਿ ਜੇ ਕੋਰਟ ਕੇਸ ਚਲ ਰਹੇ ਹਨ ਤਾਂ ਉਥੇ ਪੈਸਾ ਤਾਂ ਪਾਰਕ ਬਣਾਉਣ ਲਈ ਦੇ ਹੀ ਦਿੱਤਾ ਗਿਆ ਹੈ, ਇਸ ਲਈ ਉਥੇ ਡਾਕਟਰ ਅੰਬੇਦਕਰ ਦੇ ਨਾਮ ਤੇ ਪਾਰਕ ਬਣਾਉਣਾ ਚਾਹੀਦਾ ਹੈ।

ਸ਼੍ਰੀ ਸਪੀਕਰ : ਡਾਕਟਰ ਸਾਹਿਬ ਨੇ ਬੜਾ ਕਲੀਅਰ ਜਵਾਬ ਦੇ ਦਿੱਤਾ ਹੈ ਕਰੀਮਪੁਰੀ ਜੀ ਕਿ ਕੋਰਟ ਵਿਚ ਦੋ ਸਿਵਲ ਸੂਟ ਚਲ ਰਹੇ ਹਨ ਔਰ ਅਗਰ ਮਿਊਂਸਪਲ ਕਮੇਟੀ ਰੇਜ਼ੋਲਿਊਸ਼ਨ "ਡਾਕਟਰ ਅੰਬੇਦਕਰ ਪਾਰਕ" ਨਾਮ ਰੱਖਣ ਲਈ ਪਾਸ ਕਰ ਦੇਵੇ ਤਾਂ ਉਹ ਪ੍ਰਸੰਨਤਾ ਪ੍ਰਗਟ ਕਰਨਗੇ। ਇਸ ਲਈ ਮੇਰੇ ਖਿਆਲ ਵਿਚ ਤਾਂ ਇਹ ਬਿਲਕੁਲ ਕਲੀਅਰ ਹੈ।

ਸਰਦਾਰ ਹਰਗੋਪਾਲ ਸਿੰਘ ਐਡਵੋਕੇਟ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਮੰਤਰੀ ਜੀ ਨੇ ਕਿਹਾ ਹੈ ਕਿ ਉਥੇ 1988 ਵਿਚ ਨਗਰਪਾਲਿਕਾ ਨਹੀਂ ਸੀ, ਕਿਉਂਕਿ ਨਗਰ ਪਾਲਿਕਾ ਦਾ ਆਪਣਾ ਰੇਜ਼ੋਲਿਊਸ਼ਨ ਹੈ ਜੋ ਇਹ ਸਾਬਤ ਕਰਦਾ ਹੈ ਕਿ ਜਿਹੜਾ ਆਰਡਰ ਐਡਮਨਿਸਟਰੇਟਰ ਵਲੋਂ ਪਾਸ ਕੀਤਾ ਗਿਆ ਹੈ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਉਸ ਵੇਲੇ ਗਵਰਨਰੀ ਰਾਜ ਸੀ ਅਤੇ ਐਸ. ਡੀ. ਐਮ. ਹਲਕੇ ਦਾ ਪੂਰਾ ਜ਼ਿੰਮੇਵਾਰ ਅਧਿਕਾਰੀ ਸੀ। ਸਰਦਾਰ ਬਲਦੇਵ ਸਿੰਘ ਉਸ ਸਮੇਂ ਦੇ ਐਸ. ਡੀ. ਐਮ. ਨੇ ਲੋਕਾਂ ਨੂੰ ਕਾਨਫ਼ੀਡੈਂਸ ਵਿਚ ਲੈ ਕੇ ਡਾਕਟਰ ਅੰਬੇਦਕਰ ਪਾਰਕ ਦਾ ਨੀਂਹ ਪੱਥਰ ਰੱਖਿਆ। ਕੀ ਮੰਤਰੀ ਜੀ ਇਹ ਸਾਬਤ ਕਰਨਗੇ

ਕਿ ਉਸ ਵੇਲੇ ਦੇ ਐਸ. ਡੀ. ਐਮ. ਜੋ ਨਗਰ ਪਾਲਿਕਾ ਦੇ ਪ੍ਰਸ਼ਾਸਕ ਸਨ, ਉਨ੍ਹਾਂ ਵਲੋਂ ਇਹ ਡਾ: ਅੰਬੇਦਕਰ ਪਾਰਕ ਬਣਾਉਣ ਲਈ ਆਰਡਰ ਪਾਸ ਨਹੀਂ ਸੀ ਕੀਤਾ ਗਿਆ ਔਰ ਨੀਂਹ ਪੱਥਰ ਨਹੀਂ ਸੀ ਰੱਖਿਆ ਗਿਆ ।

ਸ੍ਰੀ ਸਪੀਕਰ : ਸਰਦਾਰ ਹਰਗੋਪਾਲ ਸਿੰਘ ਜੀ, ਮੇਰੀ ਰਿਕਵੈਸਟ ਹੈ ਕਿ ਤੁਸੀਂ ਆਪਣਾ ਕੋਈ ਸਪੈਸੀਫਿਕ ਸਵਾਲ ਕਰੋ ।

ਸਰਦਾਰ ਹਰਗੋਪਾਲ ਸਿੰਘ ਐਡਵੋਕੇਟ : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਰੈਜ਼ੋਲਿਊਸ਼ਨ ਦੀ ਕਾਪੀ ਸਾਡੇ ਪਾਸ ਹੈ, ਸਰਦਾਰ ਬਲਦੇਵ ਸਿੰਘ ਐਸ. ਡੀ. ਐਮ. ਵਲੋਂ ਡਾ: ਅੰਬੇਦਕਰ ਦੇ ਨਾਮ ਤੇ ਪਾਰਕ ਬਣਾਉਣ ਲਈ ਨੀਂਹ ਪੱਥਰ ਰੱਖਿਆ ਗਿਆ ਔਰ ਉਥੇ ਬੋਰਡ ਵੀ ਲਗਾਇਆ ਗਿਆ, ਉਸ ਦੀ ਕਾਪੀ ਸਾਡੇ ਪਾਸ ਹੈ, ਹੁਣ ਉਸ ਬੋਰਡ ਨੂੰ ਹਟਾ ਕੇ ਇਸ ਦਾ ਨਾਮ ਮਿਊਂਸਪਲ ਪਾਰਕ ਰੱਖ ਦਿੱਤਾ ਹੈ ਤਾਂ ਕੀ "ਡਾਕਟਰ ਅੰਬੇਦਕਰ ਪਾਰਕ" ਦੀ ਥਾਂ ਮਿਊਂਸਪਲ ਪਾਰਕ ਬਣਾਉਣ ਲਈ ਸਰਕਾਰ ਸਾਡੇ ਨਾਲ ਵਿਤਕਰਾ ਨਹੀਂ ਕਰ ਰਹੀ ?

ਮੰਤਰੀ : ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਅਰਜ਼ ਕਰ ਚੁੱਕਾ ਹਾਂ ਕਿ ਮਿਊਂਸਪਲ ਕਮੇਟੀ ਚੁਣੀ ਹੋਈ ਨਹੀਂ ਸੀ, ਮੈਂਬਰ ਚੁਣੇ ਹੋਏ ਨਹੀਂ ਸਨ, ਕੇਵਲ ਪ੍ਰਸ਼ਾਸ਼ਕ ਹੀ ਸੀ । ਉਨ੍ਹਾਂ ਦੇ ਆਰਡਰ ਬਾਰੇ ਇਹ ਜ਼ਿਕਰ ਕੀਤਾ ਹੈ ਤਾਰੀਖ ਦਾ ਵੀ ਮੈਂ ਜ਼ਿਕਰ ਕੀਤਾ ਹੈ ਔਰ ਇਸ ਦੇ ਨਾਲ ਹੀ ਮੈਂ ਬੇਨਤੀ ਕੀਤੀ ਹੈ ਸਪੀਕਰ ਸਾਹਿਬ, ਕਿ ਮਿਊਂਸਪਲ ਪਾਰਕ ਤਾਂ ਹੈ ਲੇਕਿਨ ਜ਼ਮੀਨ ਲਈ ਝਗੜਾ ਹੈ ਅਤੇ ਅਸੀਂ ਚਾਹੁੰਦੇ ਹਾਂ ਕਿ 5 ਲੱਖ ਰੁਪਿਆ ਖਰਚ ਕੇ ਖੂਬਸੂਰਤ ਪਾਰਕ ਬਣੇ ਅਤੇ ਉਹ ਚੁਣੀ ਹੋਈ ਕਮੇਟੀ ਇਹ ਰੈਜ਼ੋਲਿਊਸ਼ਨ ਪਾਸ ਕਰੇ ਕਿ ਉਸ ਖੂਬਸੂਰਤ ਪਾਰਕ ਦਾ ਨਾਂ ਡਾਕਟਰ ਅੰਬੇਦਕਰ ਪਾਰਕ ਰੱਖਿਆ ਜਾਵੇ । ਇਕ ਨਹੀਂ ਬਲਕਿ ਕਈ ਪਾਰਕਾਂ ਦਾ ਰੱਖਿਆ ਜਾਵੇ । ਇਹ ਡਾਕਟਰ ਅੰਬੇਦਕਰ ਲਈ ਸ਼ਰਧਾ ਹੈ ਅਤੇ ਉਹ ਭਾਰਤ ਦਾ ਸੰਵਿਧਾਨ ਬਣਾਉਣ ਵਾਲੀ ਕਮੇਟੀ ਦੇ ਚੇਅਰਮੈਨ ਸਨ ।

ਸ੍ਰੀ ਮਦਨ ਮੋਹਨ ਮਿੱਤਲ : ਸਰ, ਮੇਰਾ ਸਪਲੀਮੈਂਟਰੀ ਇਹ ਹੈ ਕਿ ਬੇਸ਼ਕ ਮੰਤਰੀ ਜੀ ਰੈਜ਼ੋਲਿਊਸ਼ਨ ਦਾ ਬਾਰ-ਬਾਰ ਹਵਾਲਾ ਦੇ ਰਹੇ ਹਨ ਪਰ ਜਦੋਂ ਨੀਂਹ ਪੱਥਰ ਰੱਖਿਆ ਉਦੋਂ ਮਿਊਂਸਪਲ ਕਮੇਟੀ ਨਹੀਂ ਸੀ । But that was a validily constituted Committee, may be under the Administrator.

ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਭਰੋਸਾ ਦਿਵਾਉਂਦੇ ਹਨ ਕਿ ਆਪਣਾ ਅਸਰ ਰਸੂਖ ਵਰਤ ਕੇ ਇਸ ਨੂੰ ਇੰਪਲੀਮੈਂਟ ਕਰਵਾ ਕੇ ਡਾਕਟਰ ਅੰਬੇਦਕਰ ਪਾਰਕ ਨਾਂ ਹੀ ਰੱਖ ਦਿੱਤਾ ਜਾਵੇ ? I just want an Assurance.

ਮੰਤਰੀ : ਸਪੀਕਰ ਸਾਹਿਬ, 18-12-1992 ਨੂੰ ਉਥੋਂ ਦੀ ਚੁਣੀ ਹੋਈ ਮਿਊਂਸਪਲ ਕਮੇਟੀ ਨੇ ਰੈਜ਼ੋਲਿਊਸ਼ਨ ਪਾਸ ਕੀਤਾ ਹੈ ਜਿਹੜਾ ਇਹ ਮਿਊਂਸਪਲ ਪਾਰਕ ਰੱਖਿਆ ਹੈ, ਇਹ ਦੁਬਾਰਾ ਰੀ-ਨੇਮ ਕੀਤਾ ਜਾਵੇ ਅਤੇ ਅਸੀਂ ਚਾਹੁੰਦੇ ਹਾਂ ਕਿ ਲੋਕਾਂ ਦੀਆਂ ਭਾਵਨਾਵਾਂ ਉਸ ਜਗ੍ਹਾ ਨਾਲ ਜੁੜੀਆਂ ਹੁੰਦੀਆਂ ਹਨ । ਉਸ ਵੇਲੇ ਪਾਰਕ ਦਾ ਨਾਂ ਕੋਈ ਨਹੀਂ ਸੀ । 5 ਲੱਖ ਰੁਪਿਆ ਖਰਚ ਕਰਕੇ ਹੁਣ ਪਾਰਕ ਬਣੇਗਾ, ਅਸੀਂ ਖੁਸ਼ੀ ਨਾਲ ਸਵੀਕਾਰ ਕਰਾਂਗੇ ।

ਪਿੰਡ ਬਾਹੋਵਾਲ (ਮਾਹਿਲਪੁਰ) ਵਿਖੇ ਕ੍ਰਿਸ਼ੀ ਵਿਗਿਆਨ ਕੇਂਦਰ ਸਥਾਪਤ ਕਰਨਾ

*648. **ਸਰਦਾਰ ਅਵਤਾਰ ਸਿੰਘ ਕਰੀਮਪੁਰੀ:** ਕੀ ਖੇਤੀਬਾੜੀ ਅਤੇ ਜੰਗਲਾਤ ਮੰਤਰੀ ਕਿਰਪਾ ਕਰਕੇ ਦਸਣਗੇ ਕਿ ਕੀ ਉਨ੍ਹਾਂ ਨੇ 30-10-1992 ਨੂੰ ਪਿੰਡ ਬਾਹੋਵਾਲ, ਬਲਾਕ ਮਾਹਲਪੁਰ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਖੇਤੀਬਾੜੀ ਖੋਜ ਕੇਂਦਰ (ਕ੍ਰਿਸ਼ੀ ਵਿਗਿਆਨ ਕੇਂਦਰ) ਦਾ ਨੀਂਹ ਪੱਥਰ ਰੱਖਿਆ ਸੀ, ਜੇਕਰ ਰੱਖਿਆ ਸੀ, ਉਕਤ ਖੋਜ ਕੇਂਦਰ ਤੇ ਕੁੱਲ ਕਿੰਨਾ ਖਰਚਾ ਕੀਤੇ ਜਾਣ ਦੀ ਸੰਭਾਵਨਾ ਹੈ ਅਤੇ ਇਸ ਨੂੰ ਕਿੰਨੇ ਸਮੇਂ ਵਿਚ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਦਿਲਬਾਗ ਸਿੰਘ ਨਵਾਂ ਸ਼ਹਿਰ : ਨੀਂਹ ਪੱਥਰ 31-10-1992 ਨੂੰ ਰੱਖਿਆ ਗਿਆ । ਇਨ੍ਹਾਂ ਤੇ ਕੁਲ ਲਾਗਤ 97.37 ਲੱਖ ਰੁਪਏ ਆਵੇਗੀ ਅਤੇ ਇਹ ਅੱਠ ਮਹੀਨੇ ਦੇ ਅੰਦਰ ਮੁਕੰਮਲ ਹੋ ਜਾਵੇਗਾ ।

ਸਰਦਾਰ ਅਵਤਾਰ ਸਿੰਘ ਕਰੀਮਪੁਰੀ: ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਦੇ ਕ੍ਰਿਸ਼ੀ ਵਿਗਿਆਨ ਕੇਂਦਰ ਹੋਰ ਕਿੰਨੇ ਖੋਲ੍ਹੇ ਜਾ ਰਹੇ ਹਨ ਅਤੇ ਕਿੱਥੇ ਕਿਥੇ ਖੋਲ੍ਹੇ ਜਾ ਰਹੇ ਹਨ ?

ਮੰਤਰੀ: ਇਸ ਲਈ ਸੈਪੇਰੇਟ ਪ੍ਰਸ਼ਨ ਦਿਓ ।

ਸ਼੍ਰੀ ਸਪੀਕਰ: ਸ਼੍ਰੀ ਕਰੀਮਪੁਰੀ ਜੀ, ਇਸ ਲਈ ਤੁਸੀਂ ਸੈਪਰੇਟ ਪ੍ਰਸ਼ਨ ਦੇ ਦਿਓ ।

ਸਰਦਾਰ ਅਵਤਾਰ ਸਿੰਘ ਕਰੀਮਪੁਰੀ: ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਸਥਾਨ ਤੇ ਇਹ ਨੀਂਹ ਪੱਥਰ ਰੱਖਿਆ ਗਿਆ, ਕੀ ਉਸ ਦਾ ਕੇਸ ਕੋਰਟ ਵਿਚ ਪੈਂਡਿੰਗ ਪਿਆ ਹੈ ?

ਮੰਤਰੀ: ਸਪੀਕਰ ਸਾਹਿਬ, ਜਿਸ ਜਗ੍ਹਾ ਤੇ ਇਹ ਨੀਂਹ ਪੱਥਰ ਰੱਖਿਆ ਗਿਆ, 24 ਜੁਲਾਈ, 1991 ਨੂੰ ਇਸ ਦਾ ਰੇਜ਼ੋਲਿਊਸ਼ਨ ਹੋਇਆ ਹੈ । 31 ਮਾਰਚ, 1992 ਨੂੰ ਸਰਕਾਰ ਨੇ ਮਨਜ਼ੂਰੀ ਦਿੱਤੀ । 18 ਜੂਨ, 1992 ਨੂੰ ਇੰਤਕਾਲ ਮਨਜ਼ੂਰ ਹੋਇਆ ਔਰ 23 ਜੂਨ, 1992 ਨੂੰ ਰਾਮ ਕ੍ਰਿਸ਼ਨ, ਤਹਿਸੀਲਦਾਰ, ਨੇ ਇਸ ਦਾ ਕਬਜ਼ਾ ਦਿਵਾਇਆ । ਇਸ ਦੀ ਮੁਨਿਆਦੀ ਜੰਗੀ ਚੌਕੀਦਾਰ ਨੇ ਕੀਤੀ ਔਰ ਨੀਂਹ ਪੱਥਰ ਰਖਿਆ ਖੇਤੀਬਾੜੀ ਮੰਤਰੀ, ਦਿਲਬਾਗ ਸਿੰਘ ਨੇ ਮਿਤੀ 31 ਅਕਤੂਬਰ, 1992 ਨੂੰ ।

ਸਰਦਾਰ ਹਰਗੋਪਾਲ ਸਿੰਘ ਐਡਵੋਕੇਟ: ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਕ੍ਰਿਸ਼ੀ ਵਿਗਿਆਨ ਕੇਂਦਰ ਦਾ ਨੀਂਹ ਪੱਥਰ ਰਖਿਆ ਗਿਆ ਹੈ ਜਿਹੜੀ ਵਰਲਡ ਬੈਂਕ ਦੁਆਰਾ ਸਕੀਮ ਬਣਾਈ ਗਈ ਹੈ ਉਸ ਦੇ ਅਧੀਨ ਜੋ ਪੰਜਾਬ ਨੂੰ ਕ੍ਰਿਸ਼ੀ ਵਿਗਿਆਨ ਕੇਂਦਰ ਸੈਂਕਸ਼ਨ ਕੀਤੇ ਸਨ ਕੀ ਉਨ੍ਹਾਂ ਵਿਚੋਂ ਇਹ ਕੇਂਦਰ ਵੀ ਹੈ ਜਾਂ ਇਹ ਉਨ੍ਹਾਂ ਤੋਂ ਇਲਾਵਾ ਹੈ ?......

ਸ਼੍ਰੀ ਸਪੀਕਰ: ਤੁਸੀਂ ਸਪਲੀਮੈਂਟਰੀ ਪੁੱਛੋ ।

ਸਰਦਾਰ ਹਰਗੋਪਾਲ ਸਿੰਘ ਐਡਵੋਕੇਟ: ਮੈਂ ਇਹ ਕਲੀਅਰ ਕਰਾਉਣਾ ਚਾਹੁੰਦਾ ਹਾਂ। ਮੰਤਰੀ ਜੀ ਇਸ ਦਾ ਸਪੱਸ਼ਟੀਕਰਨ ਦੇਣ ਕਿ ਆਇਆ ਇਹ ਉਨ੍ਹਾਂ ਵਿਚੋਂ ਇਕ ਕੇਂਦਰ ਹੈ ਜਾਂ ਕੋਈ ਹੋਰ ਹੈ।

ਮੰਤਰੀ : ਸਪੀਕਰ ਸਾਹਿਬ, ਮੈਂ ਜਿਹੜੀ ਗੱਲ ਕਰ ਰਿਹਾ ਹਾਂ ਉਹ 31.10.92 ਨੂੰ ਜੋ ਨੀਂਹ ਪੱਥਰ ਰਖਿਆ ਹੈ ਉਸ ਦੀ ਗੱਲ ਕਰ ਰਿਹਾ ਹਾਂ। ਇਹ ਜਿਹੜੀ ਗੱਲ ਕਰ ਰਹੇ ਹਨ ਇਹ ਵੀ 30-10-92 ਵਾਲੇ ਦੀ ਗੱਲ ਕਰ ਰਹੇ ਹਨ। ਅਗਰ ਕੋਈ ਹੋਰ ਪੁੱਛਣਾ ਚਾਹੁੰਦੇ ਹਨ ਤਾਂ ਲਿਖ ਕੇ ਦੇ ਦੇਣ, ਮੈਂ ਦੱਸ ਦੇਵਾਂਗਾ।

ਸਰਦਾਰ ਅਵਤਾਰ ਸਿੰਘ ਕਰੀਮਪੁਰੀ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਉਹੀ ਕ੍ਰਿਸ਼ੀ ਵਿਗਿਆਨ ਕੇਂਦਰ ਹੈ ਜਿਸ ਦੇ ਬਾਰੇ ਕੋਰਟ ਵਿਚ ਕੇਸ ਚਲ ਰਿਹਾ ਹੈ ? ਜਿਸ ਕੇਂਦਰ ਦਾ ਨੀਂਹ ਪੱਥਰ ਰਖਿਆ ਹੈ ਉਸ ਦੇ ਲਈ ਕਨਟੈਂਪਟ ਆਫ਼ ਕੋਰਟ ਚਲ ਰਹੀ ਹੈ। ਕੀ ਮੰਤਰੀ ਜੀ ਇਸ ਗੱਲ ਦਾ ਭਰੋਸਾ ਦੁਆਉਣਗੇ ਕਿ ਜਿੰਨਾ ਸਮਾਂ ਇਹ ਕੇਸ ਕੋਰਟ ਤੋਂ ਕਲੀਅਰ ਨਹੀਂ ਹੁੰਦਾ ਉਤਨੀ ਦੇਰ ਇਸ ਨੂੰ ਪੈਂਡਿੰਗ ਰਖਿਆ ਜਾਵੇਗਾ ?

ਮੰਤਰੀ: ਸਪੀਕਰ ਸਾਹਿਬ, ਮੈਂ ਕਿੰਨਾ ਕਲੀਅਰ ਦੱਸਿਆ ਹੈ....

ਸ੍ਰੀ ਸਪੀਕਰ : ਸਰਦਾਰ ਦਿਲਬਾਗ ਸਿੰਘ ਜੀ, Please resume your seat : ਕਰੀਮਪੁਰੀ ਜੀ, ਮੰਤਰੀ ਜੀ ਨੇ ਸਵਾਲ ਦਾ ਜਵਾਬ ਬੜੀ ਤਫ਼ਸੀਲ ਨਾਲ ਦੇ ਦਿੱਤਾ ਹੈ ਕਿ ਕਿਸ ਦਿਨ ਇੰਤਕਾਲ ਹੋਇਆ, ਕਿਸ ਵੱਲੋਂ ਮੁਨਿਆਦੀ ਕਰਵਾਈ ਗਈ। ਕਿਸ ਦਿਨ ਇੰਤਕਾਲ ਮਨਜ਼ੂਰ ਹੋਇਆ ਅਤੇ ਕਿਸ ਦਿਨ ਕਬਜ਼ਾ ਦਿਵਾਇਆ। You can kindly give a separate question. I will not allow any more supplementaries on this question. Next question, please.

ਨਿਸ਼ਾਨਵਾਲਾ ਪ੍ਰਸ਼ਨ ਨੰਬਰ 643

(ਸਬੰਧਤ ਮਾਨਯੋਗ ਮੈਂਬਰ ਸਾਹਿਬ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਣ ਇਹ ਸਵਾਲ ਪੇਸ਼ ਨਹੀਂ ਹੋਇਆ)।

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ: ਸਪੀਕਰ ਸਾਹਿਬ, ਇਹ ਸਵਾਲ ਤਾਂ ਬਹੁਤ ਜ਼ਰੂਰੀ ਹੈ।

ਸ੍ਰੀ ਸਪੀਕਰ: ਇਹ ਤਾਂ ਠੀਕ ਹੈ, ਪਰ ਭੈਣ ਜੀ, ਤੁਹਾਡੇ ਕੋਲ ਅਥਾਰਟੀ ਨਹੀਂ ਹੈ।

Next question.

ਸਰਕਾਰੀ ਹਸਪਤਾਲਾਂ ਆਦਿ ਵਿਚ ਵਰਤੋਂ ਲਈ ਦਵਾਈਆਂ ਖ੍ਰੀਦਣ ਲਈ ਨੀਤੀ

*672. ਡਾਕਟਰ (ਸ੍ਰੀਮਤੀ) ਮਾਲਤੀ ਥਾਪਰ : ਕੀ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਪੰਜਾਬ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਹਸਪਤਾਲਾਂ, ਪ੍ਰਾਇਮਰੀ ਸਿਹਤ ਕੇਂਦਰਾਂ/ਡਿਸਪੈਂਸਰੀਆਂ ਆਦਿ ਵਿਚ ਵਰਤੋਂ ਲਈ ਦਵਾਈਆਂ ਖ੍ਰੀਦਣ ਲਈ ਵਰਤਮਾਨ ਨੀਤੀ ਕੀ ਹੈ ?

ਸਰਦਾਰ ਲਾਲ ਸਿੰਘ : ਸਰਕਾਰ ਦੀ ਮੌਜੂਦਾ ਨੀਤੀ ਅਨੁਸਾਰ ਰਾਜ ਦੇ ਹਸਪਤਾਲਾਂ ਅਤੇ ਡਿਸਪੈਂਸਰੀਆਂ ਲਈ ਦਵਾਈਆਂ ਦੀ ਖਰੀਦ ਪ੍ਰਵਾਨਿਤ ਅਦਾਰਿਆਂ ਤੋਂ ਪਹਿਲ ਦੇ ਆਧਾਰ ਤੇ ਕੀਤੀ ਜਾਂਦੀ ਹੈ । ਜੇਕਰ ਇਹਨਾਂ ਅਦਾਰਿਆਂ ਤੋਂ ਦਵਾਈਆਂ ਉਪਲਬਧ ਨਾ ਹੋਣ ਤਾਂ ਟੈਂਡਰਾਂ ਰਾਹੀਂ ਸਲਾਨਾ ਰੇਟ ਕਨਟਰੈਕਟ ਤੇ ਖਰੀਦੀਆਂ ਜਾਂਦੀਆਂ ਹਨ ਅਤੇ ਜੇਕਰ ਇਹਨਾਂ ਵਸੀਲਿਆਂ ਤੋਂ ਵੀ ਦਵਾਈਆਂ ਉਪਲਬਧ ਨਹੀਂ ਹੁੰਦੀਆਂ ਤਾਂ ਡੀ.ਜੀ.ਐਸ.ਐਂਡ.ਡੀ. ਰੇਟ ਕਨਟਰੈਕਟ ਤੇ ਖਰੀਦੀਆਂ ਜਾਂਦੀਆਂ ਹਨ ।

ਡਾਕਟਰ (ਸ੍ਰੀਮਤੀ) ਮਾਲਤੀ ਥਾਪਰ : ਰਿਸਪੈਕਟਿਡ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦੀ ਹਾਂ ਕਿ ਜੋ ਮੈਂ ਕੁਐਸਚਨ ਇਨ੍ਹਾਂ ਨੂੰ ਪੁੱਛਿਆ ਸੀ ਉਹ ਇਹ ਸੀ ਕਿ ਦਵਾਈਆਂ ਖਰੀਦਣ ਦੇ ਲਈ ਨੀਤੀ ਕੀ ਹੈ ਪਰ ਇਸ ਗੱਲ ਦੇ ਬਾਰੇ ਜੋ ਇਨ੍ਹਾਂ ਨੇ ਜਵਾਬ ਦਿੱਤਾ ਹੈ ਉਹ ਬਿਲਕੁਲ ਨਾ-ਤਸੱਲੀਬਖਸ਼ ਹੈ ਕਿਉਂਕਿ ਮੈਂ ਪੁਛਿਆ ਸੀ ਕਿ ਦਵਾਈਆਂ ਕਿਸ ਨੀਤੀ ਦੇ ਆਧਾਰ ਤੇ ਖਰੀਦੀਆਂ ਜਾਂਦੀਆਂ ਹਨ ਪਰ ਇਨ੍ਹਾਂ ਨੇ ਜਵਾਬ ਦਿੱਤਾ ਹੈ ਕਿ ਪ੍ਰਵਾਨਿਤ ਅਦਾਰਿਆਂ ਤੋਂ ਪਹਿਲ ਦੇ ਆਧਾਰ ਤੇ ਦਵਾਈਆਂ ਦੀ ਖਰੀਦ ਕੀਤੀ ਜਾਂਦੀ ਹੈ । ਮੈਂ ਇਹ ਪੁੱਛਣਾ ਚਾਹੁੰਦੀ ਹਾਂ ਕਿ ਪ੍ਰਵਾਨਿਤ ਅਦਾਰਿਆਂ ਤੋਂ ਜੋ ਦਵਾਈਆਂ ਖਰੀਦੀਆਂ ਜਾਂਦੀਆਂ ਹਨ, ਉਸ ਦੇ ਬਾਰੇ ਇਨ੍ਹਾਂ ਦੀ ਕੀ ਨੀਤੀ ਹੈ, ਕਿਸ ਨੀਤੀ ਦੇ ਆਧਾਰ ਤੇ ਅਸੀਂ ਅਦਾਰਿਆਂ ਨੂੰ ਪ੍ਰਵਾਨਗੀ ਦਿੰਦੇ ਹਾਂ ?

ਸ੍ਰੀ ਸਪੀਕਰ : ਹੁਣ ਸਵਾਲ ਤੁਸੀਂ ਬਿਲਕੁਲ ਚੇਂਜ ਕਰ ਲਿਆ ਹੈ । I think you are not clear about your question.

ਡਾਕਟਰ (ਸ੍ਰੀਮਤੀ) ਮਾਲਤੀ ਥਾਪਰ : ਸੇਮ ਹੀ ਹੈ ਜੀ ਕਿ ਨੀਤੀ ਕੀ ਹੈ । ਮੈਂ ਏਜੰਸੀ ਨਹੀਂ ਪੁੱਛੀ, ਮੈਂ ਇਹ ਪੁੱਛਿਆ ਸੀ ਕਿ ਦਵਾਈਆਂ ਖਰੀਦਣ ਲਈ ਵਰਤਮਾਨ ਨੀਤੀ ਕੀ ਹੈ ? ਜਦੋਂ ਕਿਸੇ ਅਦਾਰੇ ਤੋਂ ਦਵਾਈਆਂ ਖਰੀਦੀਆਂ ਜਾਂਦੀਆਂ ਹਨ ਤਾਂ ਕੀ ਉਸ ਦੇ ਲਈ ਕੋਈ ਨਿਯਮ ਲੇਅ ਡਾਊਨ ਕੀਤੇ ਹਨ ?

ਸ੍ਰੀ ਸਪੀਕਰ : ਉਹ ਤਾਂ ਮਨਿਸਟਰ ਸਾਹਿਬ ਨੇ ਦੱਸ ਦਿੱਤਾ ਹੈ ।

ਡਾਕਟਰ (ਸ੍ਰੀਮਤੀ) ਮਾਲਤੀ ਥਾਪਰ : ਨਹੀਂ, ਸਰ, ਉਸ ਦਾ ਕੋਈ ਜਵਾਬ ਨਹੀਂ ਆਇਆ ।

Mr. Speaker : Would you (Sardar Lal Singh) like to further clarify that ?

ਮੰਤਰੀ : ਸਪੀਕਰ ਸਾਹਿਬ, ਪੰਜਾਬ ਸਰਕਾਰ ਵਲੋਂ ਮਿਤੀ 2-7-1992 ਨੂੰ ਦਵਾਈਆਂ ਦੀ ਖਰੀਦ ਸਬੰਧੀ ਜਾਰੀ ਕੀਤੀ ਗਈ ਨੀਤੀ ਦੇ ਮੁਤਾਬਕ ਨੌ ਪ੍ਰਵਾਨਿਤ ਅਦਾਰਿਆਂ ਤੋਂ ਪਹਿਲ ਦੇ ਆਧਾਰ ਤੇ ਦਵਾਈਆਂ ਦੀ ਖਰੀਦ ਕੀਤੀ ਜਾਂਦੀ ਹੈ । ਇਨ੍ਹਾਂ ਅਦਾਰਿਆਂ ਵਿਚੋਂ

ਪੰਜ ਅਦਾਰੇ ਪੂਰੇ ਤੌਰ ਤੇ ਕੇਂਦਰ ਦੇ ਅਧੀਨ ਹਨ । ਇਨ੍ਹਾਂ ਅਦਾਰਿਆਂ ਤੋਂ ਦਵਾਈਆਂ ਦੀ ਖਰੀਦ ਇਸ ਸ਼ਰਤ ਤੇ ਕੀਤੀ ਜਾਂਦੀ ਹੈ ਕਿ ਇਹ ਕੰਪਨੀਆਂ ਇਹ ਸਰਟੀਫਿਕੇਟ ਦੇਣਗੀਆਂ ਕਿ ਉਨ੍ਹਾਂ ਵਲੋਂ ਦਰਸਾਏ ਰੇਟ ਡੀ.ਜੀ. ਐਸ.ਐਂਡ.ਡੀ, ਈ.ਐਸ.ਆਈ, ਜਾਂ ਕਿਸੇ ਹੋਰ ਰਾਜ ਸਰਕਾਰ ਨੂੰ ਦੱਸੇ ਗਏ ਰੇਟਾਂ ਨਾਲੋਂ ਵੱਧ ਨਹੀਂ ਹਨ । ਜੇਕਰ ਬਾਅਦ ਵਿਚ ਡੀ.ਜੀ.ਐਸ. ਐਂਡ.ਡੀ., ਈ.ਐਸ.ਆਈ. ਜਾਂ ਕਿਸੇ ਹੋਰ ਰਾਜ ਸਰਕਾਰ ਨੂੰ ਕੀਮਤਾਂ ਵਿਚ ਕੋਈ ਛੋਟ ਦਿੱਤੀ ਜਾਂਦੀ ਹੈ ਤਾਂ ਉਹ ਪੰਜਾਬ ਰਾਜ ਵਿਚ ਵੀ ਲਾਗੂ ਹੋਵੇਗੀ । ਪਬਲਿਕ ਸੈਕਟਰ ਦੀਆਂ ਉਨ੍ਹਾਂ ਫ਼ਰਮਾਂ ਪਾਸ ਆਰਡਰ ਪਲੇਸ ਕੀਤੇ ਜਾਂਦੇ ਹਨ ਜਿਨ੍ਹਾਂ ਦੇ ਰੇਟ ਘੱਟ ਹਨ ਅਤੇ ਜੇਕਰ ਇਕ ਤੋਂ ਵੱਧ ਫ਼ਰਮਾਂ ਇਕੋ ਜਿਹੇ ਰੇਟ ਦੱਸਦੀਆਂ ਹਨ ਤਾਂ ਆਰਡਰ ਬਰਾਬਰ ਮਾਤਰਾ ਵਿਚ ਬਰਾਬਰ ਦੇ ਰੇਟਾਂ ਦੀਆਂ ਫ਼ਰਮਾਂ ਨੂੰ ਪਲੇਸ ਕੀਤੇ ਜਾਣਗੇ । ਜੋ ਦਵਾਈਆਂ ਪ੍ਰਵਾਣਿਤ ਅਦਾਰਿਆਂ ਪਾਸੋਂ ਉਪਲੱਬਧ ਨਹੀਂ ਹੋਣਗੀਆਂ, ਉਹ ਟੈਂਡਰਾਂ ਰਾਹੀਂ ਸਾਲਾਨਾ ਰੇਟ ਕਨਟਰੇਕਟ ਤੇ ਖਰੀਦੀਆਂ ਜਾਣਗੀਆਂ । ਜੋ ਦਵਾਈਆਂ ਪ੍ਰਵਾਣਿਤ ਅਦਾਰਿਆਂ ਪਾਸੋਂ ਅਤੇ ਸਾਲਾਨਾ ਰੇਟ ਕੰਟਰੈਕਟ ਤੇ ਵੀ ਉਪਲੱਬਧ ਨਹੀਂ ਹੋਣਗੀਆਂ ਉਹ ਡੀ.ਜੀ.ਐਸ. ਐਂਡ.ਡੀ. ਤੋਂ ਰੇਟ ਕੰਟਰੈਕਟ ਤੇ ਖਰੀਦੀਆਂ ਜਾਣਗੀਆਂ ।

ਡਾਕਟਰ (ਸ਼੍ਰੀਮਤੀ) ਮਾਲਤੀ ਥਾਪਰ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਤੋਂ ਇਹ ਪੁੱਛਣਾ ਚਾਹੁੰਦੀ ਹਾਂ ਕਿ ਇਕ ਤਾਂ ਇਨ੍ਹਾਂ ਨੇ ਇਹ ਦਸਿਆ ਹੈ ਕਿ ਪ੍ਰਵਾਨਿਤ ਅਦਾਰਿਆਂ ਤੋਂ ਦਵਾਈਆਂ ਖਰੀਦੀਆਂ ਜਾਂਦੀਆਂ ਹਨ ਰੇਟ ਲਿਸਟ ਲੈ ਕੇ । ਮੈਂ ਇਹ ਪੁੱਛਣਾ ਚਾਹੁੰਦੀ ਹਾਂ ਕਿ ਰੇਟ ਤੋਂ ਇਲਾਵਾ ਕੁਆਲਿਟੀ ਨੂੰ ਪਰਮੁਖਤਾ ਦੇ ਕੇ ਉਨ੍ਹਾਂ ਨੂੰ ਪ੍ਰਮਾਣਿਤਾ ਦਿੰਦੇ ਹਨ ਜਾਂ ਕੋਈ ਹੋਰ ਕਰਾਈਟੇਰੀਆ ਰਖਿਆ ਹੈ ?

ਸ੍ਰੀ ਸਪੀਕਰ: ਇਹ ਸਬੰਧਤ ਸਪਲੀਮੈਂਟਰੀ ਨਹੀਂ ਹੈ ।

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸਰਕਾਰੀ ਅਦਾਰਿਆਂ ਦੀਆਂ ਦਵਾਈਆਂ ਖਰੀਦਣ ਦਾ ਇਨ੍ਹਾਂ ਨੇ ਕਰਾਈਟੇਰੀਆ ਦਸਿਆ ਹੈ । ਇਨ੍ਹਾਂ ਪ੍ਰਾਈਵੇਟ ਕੰਪਨੀਆਂ ਵਿਚੋਂ ਜਿਹੜੀਆਂ ਰੈਡ ਲਾਈਨ ਵਿਚ ਹਨ, ਲਾਲ ਲਕੀਰ ਦੇ ਥੱਲੇ ਆਉਂਦੀਆਂ ਹਨ, ਇਹ ਠੀਕ ਦਵਾਈਆਂ ਨਹੀਂ ਬਣਾਉਂਦੀਆਂ ਸਨ ਪਰ ਇਨ੍ਹਾਂ ਦੇ ਮਹਿਕਮੇ ਨੇ ਉਨ੍ਹਾਂ ਤੋਂ ਵੀ ਦਵਾਈਆਂ ਖਰੀਦੀਆਂ ਹਨ। ਮੈਂ ਸਬੂਤ ਦੇ ਸਕਦਾ ਹਾਂ..

ਸ੍ਰੀ ਸਪੀਕਰ: ਇਹ ਕੋਈ ਸਪਲੀਮੈਂਟਰੀ ਨਹੀਂ ਹੈ ।

ਕਾਮਰੇਡ ਹਰਦੇਵ ਸਿੰਘ ਅਰਸ਼ੀ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਆਪਣੇ ਉੱਤਰ ਵਿਚ ਦਸਿਆ ਹੈ ਕਿ 9 ਸਰਕਾਰੀ ਕੰਪਨੀਆਂ ਹਨ ਉਨ੍ਹਾਂ ਤੋਂ ਹੀ ਆਮ ਤੌਰ ਤੇ ਦਵਾਈਆਂ ਇਹ ਖਰੀਦਦੇ ਹਨ । ਜੇ ਕਰ ਦਵਾਈਆਂ ਇਨ੍ਹਾਂ ਕੰਪਨੀਆਂ ਕੋਲੋਂ ਅਵੇਲੇਬਲ ਨਾ ਹੋਣ ਤਾਂ ਟੈਂਡਰਜ਼ ਆਦਿ ਰਾਹੀਂ ਪਰਚੇਜ਼ ਕਰਦੇ ਹਨ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਸ ਸਾਰੇ ਸਮੇਂ ਵਿਚ ਉਨ੍ਹਾਂ 9 ਕੰਪਨੀਆਂ ਤੋਂ ਕੁਲ ਕਿੰਨੀ ਰਾਸ਼ੀ ਦੀ ਖਰੀਦ ਕੀਤੀ ਗਈ ਅਤੇ ਬਾਕੀਆਂ ਤੋਂ ਕਿੰਨੀ ਰਾਸ਼ੀ ਦੀਆਂ ਦਵਾਈਆਂ ਖਰੀਦੀਆਂ ਗਈਆਂ ?

ਸ੍ਰੀ ਸਪੀਕਰ: ਅਰਸ਼ੀ ਜੀ ਤੁਸੀਂ ਇਸ ਦੇ ਲਈ ਵੱਖਰਾ ਕੁਐਸਚਨ ਦੇ ਦਿਓ ।

ਡਾਕਟਰ ਰਮੇਸ਼ ਦੱਤ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਕੋਲੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਰੂਰਲ ਹਸਪਤਾਲ ਹਨ ਅੋਰ ਸਿਵਲ ਹਸਪਤਾਲ ਹਨ ਉਨ੍ਹਾਂ ਵਿਚ ਬਲਾਕ ਲੈਵਲ ਅਤੇ ਡਿਸਟ੍ਰਿਕਟ ਲੈਵਲ ਤੇ ਜਿਹੜੇ ਇੰਚਾਰਜ ਹਨ ਉਨ੍ਹਾਂ ਨੂੰ ਲੋਕਲੀ ਦਵਾਈਆਂ ਖਰੀਦਣ ਲਈ ਕਿੰਨੇ ਰੁਪਏ ਦੀ ਪਾਵਰ ਹੈ ?

ਸ਼੍ਰੀ ਸਪੀਕਰ: ਤੁਸੀਂ ਨਵਾਂ ਸੁਆਲ ਦੇ ਦਿਓ ਇਹ ਡਿਟੇਲ ਦੇ ਦੇਣਗੇ ।

श्रीमति लक्ष्मी कांता चावला : अध्यक्ष महोदय, मैं आपके द्वारा मन्त्री जी से यह पूछना चाहती हूं कि राज्यपाल के शासन में यानी पापुलर गवर्नमैंट के आने से पहले जिन संस्थाओं से दवाईयां खरीदी जाती थीं उनमें से कितनों का नाम काट दिया गया है ?

ਮੰਤਰੀ : ਸਪੀਕਰ ਸਾਹਿਬ, ਇਸ ਤੋਂ ਪਹਿਲਾਂ ਜਿਹੜੀ ਪਾਲਿਸੀ ਸੀ ਉਸ ਦੇ ਵਿਚ ਸਿਰਫ ਪੰਜ ਸਰਕਾਰੀ ਏਜੰਸੀਆਂ ਹਨ । ਹੁਣ ਉਹ ਘਟਾਈਆਂ ਨਹੀਂ ਹਨ ਬਲਕਿ ਚਾਰ ਹੋਰ ਐਡ ਕਰ ਦਿੱਤੀਆਂ ਹਨ ।

Mr. Speaker : Now we come to the next question.

ਡਾਕਟਰ (ਸ਼੍ਰੀਮਤੀ) ਮਾਲਤੀ ਥਾਪਰ : ਸਰ, ਮੇਰਾ ਤਾਂ ਮੇਨ ਕੁਐਸਚਨ ਹੀ ਰਹਿ ਗਿਆ ਹੈ ਜੀ ।

ਸ਼੍ਰੀ ਸਪੀਕਰ : ਤੁਸੀਂ ਦੋ ਸਪਲੀਮੈਂਟਰੀ ਪੁੱਛੇ ਸਨ which are not very clear ਹਾਂ, ਹੁਣ ਹੋਰ ਪੁੱਛੋ ।

ਡਾਕਟਰ (ਸ਼੍ਰੀਮਤੀ) ਮਾਲਤੀ ਥਾਪਰ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦੀ ਹਾਂ ਕਿ ਪੰਜਾਬ ਦੇ ਵਿਚ ਦਵਾਈਆਂ ਬਣਾਉਣ ਵਾਲੀਆਂ ਜੋ ਕੰਪਨੀਆਂ ਹਨ ਕੀ ਉਨ੍ਹਾਂ ਨੂੰ ਕੋਈ ਸਪੈਸ਼ਲ ਬੈਨੀਫਿਟ ਦਿੱਤਾ ਜਾਂਦਾ ਹੈ ? ਜੇ ਕਰ ਦਿੱਤਾ ਜਾਂਦਾ ਹੈ ਤਾਂ ਉਸ ਦਾ ਵੇਰਵਾ ਦਿੱਤਾ ਜਾਵੇ । ਜਿਸ ਤਰ੍ਹਾਂ ਅਸੀਂ ਕੁਝ ਦਵਾਈਆਂ ਪੰਜਾਬ ਤੋਂ ਬਾਹਰੋਂ ਪਰਚੇਜ਼ ਕਰਦੇ ਹਾਂ, ਸਾਡੀ ਪਾਲਿਸੀ ਹੈ ਕਿ ਜੇਕਰ ਪੰਜਾਬ ਦਾ ਮੈਨੂਫੈਕਚਰਰ ਉਹ ਹੀ ਦਵਾਈ ਬਣਾਉਂਦਾ ਹੈ ਤਾਂ ਅਸੀਂ ਉਸ ਨੂੰ ਬਾਹਰ ਵਾਲੇ ਮੈਨੂਫੈਕਚਰਰ ਨਾਲੋਂ ਪਰੈਫਰੈਂਸ ਦਿੰਦੇ ਹਾਂ ਕੀ ਕੋਈ ਹੋਰ ਬੈਨੀਫਿਟ ਦਿੱਤਾ ਜਾਂਦਾ ਹੈ ?

Mr. Speaker : It is altogether a new question. You can give a new question.

ਸਰਦਾਰ ਅਵਤਾਰ ਸਿੰਘ ਕਰੀਮਪੁਰੀ : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ 9 ਪਰਾਈਵੇਟ ਕੰਪਨੀਆਂ ਹਨ ਜਿਨ੍ਹਾਂ ਤੋਂ ਦਵਾਈਆਂ ਖਰੀਦੀਆਂ ਜਾਂਦੀਆਂ ਹਨ, ਉਨ੍ਹਾਂ ਕੰਪਨੀਆਂ ਦੇ ਨਾਮ ਕੀ ਕੀ ਹਨ ?

ਮੰਤਰੀ : ਸਪੀਕਰ ਸਾਹਿਬ, 9 ਕੰਪਨੀਆਂ ਹਨ ਜਿਨ੍ਹਾਂ ਤੋਂ ਦਵਾਈਆਂ ਸਰਕਾਰ ਖਰੀਦਦੀ ਹੈ ਪਰ ਉਨ੍ਹਾਂ ਦੇ ਨਾਉਂ ਬੜੇ ਲੰਬੇ ਚੌੜੇ ਹਨ । ਠੀਕ ਹੈ, ਮੈਂ ਦੱਸ ਦਿੰਦਾ ਹਾਂ ।

1. Medical Indian Drugs and Pharmaceutical Ltd.
2. M/s. Hindustan Antibiotic Ltd.
3. M/s. Bengal Immunity Ltd.
4. M/s. Bengal Chemicals & Pharmaceutical Ltd.
5. M/s. Smith Stanistreet & Pharmaceutical Ltd.

ਬਾਕੀ ਚਾਰ ਕੰਪਨੀਆਂ ਜਿਹੜੀਆਂ ਐਡ ਕੀਤੀਆਂ ਹਨ ਉਨ੍ਹਾਂ ਦੇ ਨਾਮ ਹਨ—

1. Karnataka Antibiotic & Pharmaceutical Ltd.
2. Maharashtra Antibiotic Ltd.
3. Uttar Pradesh Drug & Pharmaceutical Ltd.
4. Manipur State Drug & Pharmaceutical Ltd.

ਰਾਜ ਵਿਚ ਨੀਮ ਹਕੀਮਾਂ ਤੇ ਰੋਕ ਲਾਉਣੀ

*673. **ਡਾਕਟਰ (ਸ਼੍ਰੀਮਤੀ) ਮਾਲਤੀ ਥਾਪਰ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਰਾਜ ਵਿਚ ਰਜਿਸਟਰ ਕੀਤੇ ਗਏ ਯੋਗਤਾ ਪ੍ਰਾਪਤ ਅਤੇ ਅਯੋਗ ਮੈਡੀਕਲ ਪ੍ਰੈਕਟੀਸ਼ਨਰਜ਼ ਦੀ ਇਸ ਸਮੇਂ ਵੱਖ ਵੱਖ ਗਿਣਤੀ ਕਿੰਨੀ ਕਿੰਨੀ ਹੈ ;

(ਅ) ਕੀ ਸਰਕਾਰ ਨੀਮ-ਹਕੀਮਾਂ ਦੀ ਰਜਿਸਟਰੇਸ਼ਨ ਤੇ ਕੋਈ ਰੋਕ ਲਗਾਉਣ ਦਾ ਵਿਚਾਰ ਰੱਖਦੀ ਹੈ, ਜੇਕਰ ਅਜਿਹਾ ਹੋਵੇ, ਤਾਂ ਉਸ ਦਾ ਵੇਰਵਾ ਕੀ ਹੈ ?

ਸਰਦਾਰ ਲਾਲ ਸਿੰਘ : (ੳ) ਇਸ ਸਮੇਂ ਰਾਜ ਵਿਚ ਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰਜ਼ ਦੀ ਗਿਣਤੀ ਹੇਠ ਲਿਖੇ ਅਨੁਸਾਰ ਹੈ :—

			ਯੋਗਤਾ ਪ੍ਰਾਪਤ ਮੈਡੀਕਲ ਪ੍ਰੈਕਟੀਸ਼ਨਰਜ਼	ਅਯੋਗ ਮੈਡੀਕਲ ਪ੍ਰੈਕਟੀਸ਼ਨਰਜ਼ (ਤਜਰਬੇ ਦੇ ਅਧਾਰ ਤੇ)
1.	ਐਲੋਪੈਥੀ	..	27,294	—
2.	ਹੋਮਿਓਪੈਥੀ	..	1,311	5,257
3.	ਆਯੁਰਵੈਦਿਕ	..	4,142 (ਵੈਦ)	14,381
			421 (ਹਕੀਮ)	5,189

[ਸਿਹਤ ਅਤੇ ਪਰਿਵਾਰ ਭਲਾਈ ਮੰਤਰੀ]

(ਅ) ਰਾਜ ਮੈਡੀਕਲ ਕੌਂਸਲ ਵਲੋਂ ਨੀਮ ਹਕੀਮਾਂ ਦੀ ਮੈਡੀਕਲ ਪ੍ਰੈਕਟੀਸ਼ਨਰਾਂ ਦੇ ਤੌਰ ਤੇ ਰਜਿਸਟਰੇਸ਼ਨ ਦੀ ਇਜਾਜ਼ਤ ਨਹੀਂ ਹੈ । ਰਾਜ ਦੀ ਹੈਮਿਓਪੈਥਿਕ ਕੌਂਸਲ ਵਲੋਂ ਸਾਲ 1983 ਤੋਂ ਮੈਡੀਕਲ ਪ੍ਰੈਕਟੀਸ਼ਨਰਾਂ ਦੀ ਕੇਵਲ ਤਜਰਬੇ ਦੇ ਅਧਾਰ ਤੇ ਰਜਿਸਟਰੇਸ਼ਨ ਬੰਦ ਕਰ ਦਿੱਤੀ ਗਈ ਹੈ । ਇਸ ਤਰ੍ਹਾਂ ਰਾਜ ਬੋਰਡ ਵਲੋਂ ਆਯੂਰਵੈਦਿਕ ਅਤੇ ਯੂਨਾਨੀ ਸਾਈਡ ਤੇ ਕੇਵਲ ਤਜਰਬੇ ਦੇ ਅਧਾਰ ਤੇ ਮੈਡੀਕਲ ਪ੍ਰੈਕਟੀਸ਼ਨਰਾਂ ਦੀ ਰਜਿਸਟਰੇਸ਼ਨ ਨੂੰ ਸਾਲ 1965 ਤੋਂ ਬੰਦ ਕਰ ਦਿੱਤਾ ਹੈ ।

ਡਾਕਟਰ (ਸ਼੍ਰੀਮਤੀ) ਮਾਲਤੀ ਥਾਪਰ : ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦੀ ਹਾਂ ਕਿ ਜਿਵੇਂ ਕਿ ਇਨ੍ਹਾਂ ਨੇ ਦੱਸਿਆ ਹੈ ਕਿ ਜਿਹੜੀ ਰੋਕ ਹੈ ਉਹ 1983 ਤੋਂ ਅਤੇ 1965 ਤੋਂ ਲਗਾਈ ਗਈ ਹੈ, ਪਰ ਫਿਰ ਵੀ ਅਯੋਗ ਮੈਡੀਕਲ ਪ੍ਰੈਕਟੀਸ਼ਨਰਾਂ ਦੀ ਦਿਨ-ਬ-ਦਿਨ ਗਿਣਤੀ ਵੱਧਦੀ ਜਾਂਦੀ ਹੈ । ਕੀ ਇਹ ਰੋਕਥਾਮ ਰਜਿਸਟਰੇਸ਼ਨ ਬੰਦ ਕਰਨ ਤੋਂ ਇਲਾਵਾ, ਪ੍ਰੈਕਟੀਕਲੀ ਵੀ ਕੋਈ ਹੋਰ ਸਟੈਪ ਲੈਣ ਦਾ ਇਰਾਦਾ ਰਖਦੇ ਹਨ ?

ਮੰਤਰੀ : ਸਪੀਕਰ ਸਾਹਿਬ, ਜਿਹੜੀ ਵੀ ਸਰਕਾਰ ਦੇ ਧਿਆਨ ਵਿਚ ਗੱਲ ਆਈ ਹੈ ਕਿ ਅਯੋਗ ਹੈ ਉਸ ਤੇ ਡਰੱਗ ਐਕਟ 1940 ਦੇ ਤਹਿਤ ਕਾਰਵਾਈ ਕੀਤੀ ਜਾਂਦੀ ਹੈ ਔਰ ਇਹ ਵੀ ਵੇਖਿਆ ਜਾਂਦਾ ਹੈ ਕਿ ਇਸ ਕੋਲੋਂ ਪ੍ਰਵਾਨਿਤ ਡਿਗਰੀ ਹੈ, ਲਾਇਸੈਂਸ ਹੈ ਜੇ ਇਹ ਦੋਨੋਂ ਨਾ ਹੋਣ ਤਾਂ ਉਨ੍ਹਾਂ ਦੇ ਖਿਲਾਫ ਕਾਰਵਾਈ ਕੀਤੀ ਜਾਂਦੀ ਹੈ ।

ਡਾਕਟਰ (ਸ਼੍ਰੀਮਤੀ) ਮਾਲਤੀ ਥਾਪਰ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਪੁੱਛਣਾ ਚਾਹੁੰਦੀ ਹਾਂ ਕਿ ਹੁਣ ਤਕ ਜਿਹੜੀ ਕਾਰਵਾਈ ਕਰਦੇ ਰਹੇ ਹਨ ਉਸ ਦੇ ਬਾਵਜੂਦ ਜਿਹੜੀ ਇਸ ਦੀ ਗਿਣਤੀ ਹੈ ਉਹ ਬਹੁਤ ਵਧੀ ਹੈ । ਇਸ ਲਈ ਕੀ ਸਰਕਾਰ ਕੋਈ ਅਜਿਹੀ ਕਮੇਟੀ ਦਾ ਗਠਨ ਕਰਨ ਦਾ ਵਿਚਾਰ ਰਖਦੀ ਹੈ ਜਾਂ ਕੋਈ ਹੋਰ ਸਟੈਪ ਲੈਣ ਦਾ ਵਿਚਾਰ ਰਖਦੀ ਹੈ ਜਿਸ ਨਾਲ ਇਸ ਦੀ ਰੋਕਥਾਮ ਹੋ ਸਕੇ ?

ਮੰਤਰੀ : ਸਪੀਕਰ ਸਾਹਿਬ, ਬੀਬੀ ਜੀ ਨੂੰ ਪੰਜਾਬ ਸਰਕਾਰ ਵਲੋਂ ਸੀ. ਐਮ. ਸਾਹਿਬ ਨੇ ਮੈਡੀਕਲ ਕੌਂਸਲ ਦਾ ਮੈਂਬਰ ਬਣਾਇਆ ਹੈ ਹੁਣ ਜੋ ਵੀ ਉਸ ਵਿਚ ਤਜਵੀਜ਼ ਦੇਣਗੇ ਉਸ ਤੇ ਵਿਚਾਰ ਕਰਾਂਗੇ ।

ਰਾਜ ਵਿਚ ਸਕੂਲਾਂ ਨੂੰ ਅਪਗ੍ਰੇਡ ਕਰਨ ਲਈ ਕਸੌਟੀ

*638. **ਕਾਮਰੇਡ ਤਰਸੇਮ ਜੋਧਾਂ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਮਿਡਲ ਤੋਂ ਹਾਈ ਪੱਧਰ ਅਤੇ ਹਾਈ ਤੋਂ ਸੀਨੀਅਰ ਸੈਕੰਡਰੀ ਪੱਧਰ ਤੱਕ ਸਕੂਲਾਂ ਨੂੰ ਅਪਗ੍ਰੇਡ ਕਰਨ ਲਈ ਸਰਕਾਰ ਦੁਆਰਾ ਅਪਣਾਈ ਗਈ ਕਸੌਟੀ ਦੇ ਵੇਰਵੇ ਕੀ ਹਨ ਅਤੇ ਜਨਵਰੀ, 1990 ਤੋਂ ਹੁਣ ਤੱਕ ਦੇ ਸਮੇਂ ਦੇ ਦੌਰਾਨ ਜ਼ਿਲ੍ਹਾ ਲੁਧਿਆਣਾ ਵਿਚ ਉਕਤ ਅਪਗ੍ਰੇਡ ਕੀਤੇ ਗਏ ਸਕੂਲਾਂ ਦੀ ਗਿਣਤੀ ਕਿੰਨੀ ਹੈ ?

ਸ੍ਰੀ ਹਰਨਾਮ ਦਾਸ ਜੌਹਰ : ਰਾਜ ਸਰਕਾਰ ਵਿਚ ਸਕੂਲਾਂ ਦਾ ਦਰਜਾ ਵਧਾਉਣ ਲਈ ਕਰਾਈਟੇਰੀਆ ਅਨੁਲੱਗ ਏ ਅਤੇ ਬੀ ਵਿਚ ਸਦਨ ਦੇ ਮੁੱਖ ਪੇਸ਼ ਹੈ ।

ਜਨਵਰੀ 1990 ਤੋਂ ਹੁਣ ਤੱਕ ਜ਼ਿਲ੍ਹਾ ਲੁਧਿਆਣਾ ਵਿਚ ਕਿਸੇ ਵੀ ਸਕੂਲ ਦਾ ਪੱਧਰ ਮਿਡਲ ਤੋਂ ਹਾਈ ਨਹੀਂ ਕੀਤਾ ਗਿਆ । ਇਸ ਸਮੇਂ ਦੌਰਾਨ 19 ਸਰਕਾਰੀ ਹਾਈ ਸਕੂਲਾਂ ਦਾ ਪੱਧਰ ਉਚਾ ਕਰਕੇ ਸੀਨੀਅਰ ਸੈਕੰਡਰੀ ਸਕੂਲ ਬਣਾਏ ਗਏ ਹਨ ।

ਅਨੁਲੱਗ ਏ

ਨਕਲ ਕਾਪੀ ਪੱਤਰ ਨੰਬਰ 22/24/79-3 ਸਿ 5/3053, ਮਿਤੀ ਚੰਡੀਗੜ੍ਹ 17-9-80 ਵਲੋਂ ਪੰਜਾਬ ਸਰਕਾਰ, ਸਿੱਖਿਆ ਵਿਭਾਗ (ਸਿੱਖਿਆ 5 ਸ਼ਾਖਾ) ਵੱਲ ਡਾਇਰੈਕਟਰ ਸਿੱਖਿਆ ਵਿਭਾਗ (ਸ) ਪੰਜਾਬ, ਚੰਡੀਗੜ੍ਹ ।

ਵਿਸ਼ਾ : ਸਰਕਾਰੀ ਸਕੂਲਾਂ ਦਾ ਪੱਧਰ ਉਚਾ ਕਰਨ ਸਬੰਧੀ ਸ਼ਰਤਾਂ ।

ਉਪਰੋਕਤ ਵਿਸ਼ੇ ਦੇ ਹਵਾਲੇ ਵਿਚ ।

2. ਇਹ ਮਾਮਲਾ ਕਾਫ਼ੀ ਸਮੇਂ ਤੋਂ ਸਰਕਾਰ ਦੇ ਵਿਚਾਰ ਅਧੀਨ ਰਿਹਾ ਹੈ । ਸਿੱਟੇ ਵਜੋਂ ਇਹ ਫੈਸਲਾ ਕੀਤਾ ਗਿਆ ਹੈ ਕਿ ਸਕੂਲਾਂ ਨੂੰ ਅਪਗਰੇਡ ਕਰਨ ਲਈ ਨਿਮਨ-ਲਿਖਤ ਸ਼ਰਤਾਂ ਅਪਣਾਈਆਂ ਜਾਣ ਅਤੇ ਅਪਗਰੇਡ ਕਰਨ ਲਈ ਸਿਫਾਰਿਸ਼ਾਂ ਕਰਦੇ ਸਮੇਂ ਇਨ੍ਹਾਂ ਸ਼ਰਤਾਂ ਦੀ ਪੂਰੀ ਤਰ੍ਹਾਂ ਪਾਲਣਾ ਕੀਤੀ ਜਾਵੇ ।

	ਪ੍ਰਾਇਮਰੀ ਤੋਂ ਮਿਡਲ ਅਪਗਰੇਡ ਕਰਨ ਲਈ	**ਮਿਡਲ ਤੋਂ ਹਾਈ ਅਪਗਰੇਡ ਕਰਨ ਲਈ**
1.	ਵਿਦਿਆਰਥੀਆਂ ਦੀ ਗਿਣਤੀ ਘੱਟੋ-ਘੱਟ 150 ਪਹਿਲੀ ਤੋਂ ਪੰਜਵੀਂ ਤੱਕ ਅੱਧ ਪਹਾੜੀ/ਬਾਰਡਰ/ਬੇਟ/ਪਛੜੇ ਇਲਾਕੇ ਦੇ ਸਕੂਲਾਂ ਲਈ 120 ਭਾਵ 20% ਘੱਟ	ਵਿਦਿਆਰਥੀਆਂ ਦੀ ਗਿਣਤੀ ਘੱਟੋ-ਘੱਟ 250 ਪਹਿਲੀ ਤੋਂ ਅੱਠਵੀਂ ਤਕ ਅੱਧ ਪਹਾੜੀ/ਬਾਰਡਰ/ਬੇਟ/ਪਛੜੇ ਇਲਾਕੇ ਦੇ ਸਕੂਲ ਲਈ 200 ਭਾਵ 20% ਘੱਟ
2.	ਦਿਹਾਤੀ ਇਲਾਕੇ ਵਿਚ 3 ਕਿਲੋਮੀਟਰ ਦੇ ਘੇਰੇ ਵਿਚ ਕੋਈ ਮਿਡਲ ਸਕੂਲ ਪਹਿਲਾਂ ਨਾ ਚਲਦਾ ਹੋਵੇ ।	ਦਿਹਾਤੀ ਇਲਾਕੇ ਵਿਚ 5 ਕਿਲੋਮੀਟਰ ਦੇ ਘੇਰੇ ਵਿਚ ਕੋਈ ਹਾਈ/ਹਾਇਰ ਸੈਕੰਡਰੀ ਸਕੂਲ ਪਹਿਲਾਂ ਨਾਂ ਚਲਦਾ ਹੋਵੇ ।
3.	**ਖੇਡਾਂ ਦਾ ਮੈਦਾਨ**	
	ਦਿਹਾਤੀ ਇਲਾਕੇ ਵਿਚ ਪ੍ਰਾਇਮਰੀ ਤੋਂ ਮਿਡਲ ਲਈ ਦੋ ਏਕੜ ।	ਦਿਹਾਤੀ ਇਲਾਕੇ ਵਿਚ ਮਿਡਲ ਤੋਂ ਹਾਈ ਲਈ 4 ਏਕੜ ।
	ਸ਼ਹਿਰੀ ਇਲਾਕੇ ਵਿਚ ਪ੍ਰਾਇਮਰੀ ਤੋਂ ਮਿਡਲ ਲਈ ਇਕ ਏਕੜ ।	ਸ਼ਹਿਰੀ ਇਲਾਕੇ ਵਿਚ ਮਿਡਲ ਤੋਂ ਹਾਈ ਲਈ ਦੋ ਏਕੜ ।

[ਸਿੱਖਿਆ ਮੰਤਰੀ]

4. ਹੋਰ ਕਮਰਿਆਂ ਤੋਂ ਇਲਾਵਾ ਘੱਟੋ-ਘੱਟ ਅੱਠ ਕਲਾਸ ਰੂਮ ।	ਹੋਰ ਕਮਰਿਆਂ ਤੋਂ ਇਲਾਵਾ ਘੱਟੋ-ਘੱਟ 10 ਕਲਾਸ ਰੂਮ ।

ਇਹ ਵੀ ਤਸੱਲੀ ਕਰ ਲਈ ਜਾਵੇ ਕਿ ਸਬੰਧਤ ਵਸਨੀਕਾਂ ਨੇ ਆਪਣੇ ਖ਼ਰਚੇ ਤੇ ਸਕੂਲ ਦੀ ਯੋਗ ਇਮਾਰਤ ਦੀ ਉਸਾਰੀ ਕਰ ਲਈ ਹੈ ।

ਸਹੀ/-(ਐਨ. ਕੇ. ਜੈਨ.)
ਉਪ ਸਕੱਤਰ, ਸਿਖਿਆ ।

ਅਨੁਲੱਗ ਬੀ

ਹਾਈ ਤੋਂ ਸੀਨੀਅਰ ਸੈਕੰਡਰੀ ਕਰਨ ਲਈ ਸ਼ਰਤਾਂ

1. ਅਪਗਰੇਡੇਸ਼ਨ ਸਮੇਂ ਹਾਈ ਸਕੂਲ ਦੀਆਂ 9ਵੀਂ ਅਤੇ 10ਵੀਂ ਜਮਾਤ ਵਿਚ ਵਿਦਿਆਰਥੀਆਂ ਦੀ ਗਿਣਤੀ ਘੱਟੋ ਘੱਟ 100 ਹੋਣੀ ਚਾਹੀਦੀ ਹੈ । ਬਾਰਡਰ/ਬੇਟ/ ਪਹਾੜੀ ਇਲਾਕੇ ਵਿਚ ਇਹ ਗਿਣਤੀ 80 ਵਿਦਿਆਰਥੀ ਹੋਣੀ ਚਾਹੀਦੀ ਹੈ ਭਾਵ 20% ਘੱਟ ।

ਜਾਂ

10 ਕਿਲੋਮੀਟਰ ਦੇ ਘੇਰੇ ਵਿਚ ਘੱਟ ਤੋਂ ਘੱਟ 4 ਫੀਡਰ ਸਕੂਲ ਹੋਣੇ ਚਾਹੀਦੇ ਹਨ ।

2. ਤਜਵੀਜ਼ੇ ਸਕੂਲ ਦੇ 10 ਕਿਲੋਮੀਟਰ ਦੇ ਘੇਰੇ ਵਿਚ ਕੋਈ ਹੋਰ ਸੀਨੀਅਰ ਸੈਕੰਡਰੀ ਸਕੂਲ ਨਾ ਹੋਵੇ । ਇਹ ਸ਼ਰਤ ਉਨ੍ਹਾਂ ਥਾਵਾਂ ਤੇ ਲਾਗੂ ਨਹੀਂ ਹੋਵੇਗੀ ਜਿਨ੍ਹਾਂ ਥਾਵਾਂ ਤੇ ਕੇਵਲ ਲੜਕੀਆਂ ਦਾ ਸਕੂਲ ਅਪਗਰੇਡ ਕੀਤਾ ਜਾਂਦਾ ਹੈ ਅਤੇ ਲੜਕਿਆਂ ਲਈ ਸਕੂਲ ਅਪਗਰੇਡ ਕਰਨ ਲਈ ਵਿਚਾਰਿਆ ਜਾਣਾ ਹੈ ਜਾਂ ਵਾਈਸ ਵਰਸਾ ।

3. ਕਿਉਂ ਜੋ ਕਾਲਜਾਂ ਵਿਚੋਂ +2 ਦੀਆਂ ਜਮਾਤਾਂ ਫੇਜ਼ਡ ਮੈਨਰ ਵਿਚ ਕੱਢਕੇ ਸਕੂਲਾਂ ਵਿਚ ਲਿਜਾਣੀਆਂ ਹਨ, ਇਸ ਲਈ ਉਨ੍ਹਾਂ ਥਾਵਾਂ ਤੇ ਹਾਈ ਸਕੂਲਾਂ ਨੂੰ +2 ਪੱਧਰ ਤੇ ਅਪਗਰੇਡ ਕਰਨ ਲਈ ਪਹਿਲ ਦਿੱਤੀ ਜਾਣੀ ਹੈ ।

4. ਉਨ੍ਹਾਂ ਸਕੂਲਾਂ ਨੂੰ ਪਹਿਲ ਦਿੱਤੀ ਜਾਵੇ ਜਿੱਥੇ ਵਿਦਿਆਰਥੀ ਅਸਾਨੀ ਨਾਲ ਪਹੁੰਚ ਸਕਣ ।

5. ਉਨ੍ਹਾਂ ਥਾਵਾਂ ਨੂੰ ਵੀ ਪਹਿਲ ਦਿੱਤੀ ਜਾਣੀ ਹੈ ਜਿੱਥੋਂ ਦੀ ਲੋਕਲ ਵਸੋਂ ਸਕੂਲ ਲਈ ਜ਼ਮੀਨ, ਬਿਲਡਿੰਗ ਫ਼ੰਡਜ਼ ਆਦਿ ਦੇਣ ਲਈ ਤਿਆਰ ਹੋਵੇ ।

6. ਖੇਡਾਂ ਦੇ ਮੈਦਾਨ ਅਤੇ ਲਾਇਬਰੇਰੀ ਤੋਂ ਇਲਾਵਾ 14 ਕਲਾਸ ਰੂਮ ਬਨਾਉਣ ਲਈ ਕਾਫੀ ਜਗ੍ਹਾ ਉਪਲਬੰਧ ਹੋਵੇ ।

7. ਖੇਡ ਮੈਦਾਨਾਂ ਲਈ ਪੇਂਡੂ ਇਲਾਕੇ ਵਿਚ 4 ਤੋਂ 5 ਏਕੜ ਅਤੇ ਸ਼ਹਿਰੀ ਇਲਾਕੇ ਵਿਚ 2 ਤੋਂ 3 ਏਕੜ ਭੂਮੀ ਉਪਲਬਧ ਹੋਵੇ ।

8. ਅਪਗਰੇਡ ਹੋਣ ਵਾਲੇ ਸਕੂਲਾਂ ਵਿਚੋਂ ਘੱਟ ਤੋਂ ਘੱਟ 30% ਸਕੂਲ ਗਰਲਜ਼ ਦੇ ਹੋਣ।

9. ਜਿਨ੍ਹਾਂ ਸਕੂਲਾਂ ਵਿਚ ਦੋ ਸਾਇੰਸ ਪ੍ਰਯੋਗਸ਼ਾਲਾ ਉਪਲਬਧ ਹੋਣ, ਉਨ੍ਹਾਂ ਸਕੂਲਾਂ ਨੂੰ ਸਾਇੰਸ ਗਰੁੱਪ ਅਲਾਟ ਕਰਨ ਲਈ ਪਹਿਲ ਦਿੱਤੀ ਜਾਵੇਗੀ।

ਕਾਮਰੇਡ ਤਰਸੇਮ ਜੋਧਾਂ: ਮਾਨਯੋਗ ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੇ ਸਮੇਂ ਵਿਚ ਜੋ ਵੀ ਹਾਈ ਸਕੂਲ ਤੋਂ ਸੀਨੀਅਰ ਸੈਕੰਡਰੀ ਸਕੂਲ ਅੱਪਗਰੇਡ ਕੀਤੇ ਗਏ ਹਨ ਉਹ ਪਲਾਨਿੰਗ ਬੋਰਡ ਅਪਗਰੇਡ ਕਰਦਾ ਹੈ ਔਰ ਉਨ੍ਹਾਂ ਦੀਆਂ ਸਿਫਾਰਸ਼ਾਂ ਤੇ ਅਮਲ ਕੀਤਾ ਜਾਂਦਾ ਹੈ ਕੀ ਹੁਣ ਵੀ ਉਨ੍ਹਾਂ ਸਿਫਾਰਸ਼ਾਂ ਤੇ ਅਮਲ ਕੀਤਾ ਗਿਆ ਹੈ ?

ਮੰਤਰੀ: ਸਪੀਕਰ ਸਾਹਿਬ, ਇਹ ਸਕੂਲ ਜਿਹੜੇ ਪਿਛਲੇ ਸਮੇਂ ਵਿਚ ਅਪਗਰੇਡ ਹੋਏ ਹਨ ਜਾਂ ਜਿਹੜੇ ਇਸ ਸਾਲ ਹੋਣੇ ਹਨ ਉਸ ਸਬੰਧ ਵਿਚ ਸਾਡੇ ਕੋਲ ਕੋਈ ਸ਼ਿਫ਼ਾਰਸ਼ ਪ੍ਰਾਪਤ ਨਹੀਂ ਹੋਈ।

ਕਾਮਰੇਡ ਤਰਸੇਮ ਜੋਧਾਂ: ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜੋ ਵੀ ਸਕੂਲ ਅਪਗਰੇਡ ਕਰਨਾ ਹੁੰਦਾ ਹੈ ਉਸ ਤੋਂ ਪਹਿਲਾਂ ਪਲਾਨਿੰਗ ਬੋਰਡ ਦੀ ਸ਼ਿਫਾਰਸ਼ ਹੁੰਦੀ ਹੈ ਔਰ ਉਸ ਜ਼ਿਲ੍ਹੇ ਦੇ ਐਮ.ਐਲ. ਏ ਨੂੰ ਪੁਛਿਆ ਜਾਂਦਾ ਹੈ। ਪਰ ਮੇਰੇ ਜ਼ਿਲ੍ਹੇ ਵਿਚ ਕੋਈ ਵੀ ਸਕੂਲ ਅਪਗਰੇਡ ਨਹੀਂ ਕੀਤਾ ਗਿਆ ਔਰ ਨਾ ਹੀ ਸਿਫਾਰਸ਼ ਕੀਤੀ ਗਈ ਹੈ।

ਮੰਤਰੀ: ਸਤਿਕਾਰਯੋਗ ਸਪੀਕਰ ਸਾਹਿਬ, ਕੋਈ ਵੀ ਮੰਤਰੀ ਕਿਸੇ ਮੰਗ ਤੇ ਐਲਾਨ ਕਰ ਸਕਦਾ ਹੈ ਕਿ ਇਸ ਤਜਵੀਜ਼ ਤੇ ਵਿਚਾਰ ਕੀਤਾ ਜਾ ਸਕਦਾ ਹੈ ਔਰ ਜਦ ਵਿਚਾਰ ਹੋ ਜਾਂਦਾ ਹੈ ਤਾਂ ਸਕੂਲ ਅੱਪਗਰੇਡ ਕੀਤਾ ਜਾਂਦਾ ਹੈ।

ਕਾਮਰੇਡ ਹਰਦੇਵ ਸਿੰਘ ਅਰਸ਼ੀ: ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜੋ ਸਵਾਲ ਪੁਛਿਆ ਸੀ ਮੰਤਰੀ ਜੀ ਨੇ ਉਸ ਦਾ ਜਵਾਬ ਅਧੂਰਾ ਹੀ ਦਿੱਤਾ ਹੈ। ਪ੍ਰਸ਼ਨ ਇਹ ਸੀ ਕਿ ਅਪਗਰੇਡ ਕਰਨ ਦੀ ਕਸੌਟੀ ਕੀ ਹੈ ? ਹੁਣ ਤਕ ਜੋ ਕਸੌਟੀ ਰਹੀ ਹੈ ਉਹ ਇਹ ਹੈ ਕਿ ਜੋ ਵੀ ਸਕੂਲ ਅਪਗਰੇਡ ਕਰਨਾ ਹੁੰਦਾ ਹੈ ਉਸ ਦੀ ਪਹਿਲਾਂ ਜ਼ਿਲ੍ਹਾ ਪਲਾਨਿੰਗ ਬੋਰਡ ਤੋਂ ਸਿਫਾਰਸ਼ ਆਉਂਦੀ ਹੈ। ਕੀ ਹੁਣ ਵੀ ਉਸ ਪਾਲਿਸੀ ਨੂੰ ਕਾਇਮ ਰਖਿਆ ਹੈ ਜਾਂ ਬਦਲ ਦਿੱਤਾ ਗਿਆ ਹੈ ਜਾਂ ਭਵਿਖ ਵਿਚ ਗਰੰਟੀ ਕੀਤੀ ਜਾਵੇਗੀ ਕਿ ਸਕੂਲ ਅਪਗਰੇਡ ਕਰਨ ਤੋਂ ਪਹਿਲਾਂ ਜ਼ਿਲ੍ਹਾ ਪਲਾਨਿੰਗ ਬੋਰਡ ਦੀ ਸਿਫਾਰਸ਼ ਤੇ ਅਮਲ ਕੀਤਾ ਜਾਵੇਗਾ।

ਮੰਤਰੀ: ਸਪੀਕਰ ਸਾਹਿਬ, ਮੈਂ ਦਸਣਾ ਚਾਹੁੰਦਾ ਹਾਂ ਕਿ ਹਾਲੇ ਪਾਲਿਸੀ ਉਹੀ ਹੈ ਜਦ ਤੱਕ ਨਹੀਂ ਬਦਲਦੀ। (ਹਾਸਾ)

ਕਾਮਰੇਡ ਤਰਸੇਮ ਜੋਧਾਂ: ਸਪੀਕਰ ਸਾਹਿਬ, ਸਰਕਾਰ ਦੇ ਮਨਿਸਟਰ ਆਪਣੇ ਵਲੋਂ ਸਕੂਲ ਦੀ ਅਪਗਰੇਡੇਸ਼ਨ ਦਾ ਐਲਾਨ ਕਰ ਦਿੰਦੇ ਹਨ। ਪਲੈਨਿੰਗ ਬੋਰਡ ਦੀਆਂ ਸਿਫ਼ਾਰਸਾਂ ਵੱਲ ਧਿਆਨ ਨਹੀਂ ਦਿੱਤਾ ਜਾਂਦਾ। ਕੀ ਸਰਕਾਰ ਇਹ ਪੱਖਪਾਤੀ ਵਾਲਾ ਰੱਵਈਆ ਅਖਤਿਆਰ ਕਰ ਰਹੀ ਹੈ ?

ਮੰਤਰੀ: ਸਪੀਕਰ ਸਾਹਿਬ, ਜ਼ਿਲ੍ਹਾ ਪਲੈਨਿੰਗ ਬੋਰਡ ਦੀਆਂ ਸਿਫਾਰਸ਼ਾਂ ਤੇ ਹੁਣ ਤੱਕ ਸਕੂਲਾਂ ਨੂੰ ਅੱਪਗਰੇਡ ਕੀਤਾ ਗਿਆ ਹੈ। ਇਸ ਵਿਚ ਕੋਈ ਉਲੰਘਣਾ ਨਹੀਂ ਕੀਤੀ ਗਈ।

ਸਰਦਾਰ ਅਵਤਾਰ ਸਿੰਘ ਕਰੀਮਪੁਰੀ: ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਜ਼ਿਲ੍ਹਾ ਪਲੈਨਿੰਗ ਬੋਰਡ ਦੀਆਂ ਸਿਫਾਰਸ਼ਾਂ ਤੇ ਹੀ ਸਕੂਲ ਅੱਪਗਰੇਡ ਕੀਤੇ ਜਾਂਦੇ ਹਨ। ਕੀ ਮਨਿਸਟਰਾਂ ਦੀਆਂ ਸਿਫਾਰਸ਼ਾਂ ਜ਼ਿਲ੍ਹਾ ਪਲੈਨਿੰਗ ਬੋਰਡ ਤੋਂ ਅਪ੍ਰੂਵ ਕਰਵਾ ਲਈਆਂ ਜਾਂਦੀਆਂ ਹਨ ?

Mr. Speaker: This is no supplementary.

ਸ਼੍ਰੀ ਮਦਨ ਮੋਹਨ ਮਿੱਤਲ: ਸਪੀਕਰ ਸਾਹਿਬ, ਕੀ ਜ਼ਿਲ੍ਹਾ ਪਲੈਨਿੰਗ ਬੋਰਡ ਦੀਆਂ ਸਿਫਾਰਸ਼ਾਂ ਨੂੰ in letter and spirit ਵਿਚ ਮੰਨ ਲਿਆ ਜਾਂਦਾ ਹੈ ? ਕੀ ਐਮ.ਐਲ. ਏ. ਦੀ ਸਿਫਾਰਸ਼ ਨੂੰ ਤਰਜੀਹ ਦਿੱਤੀ ਜਾਂਦੀ ਹੈ ਜਾਂ ਫੇਰ ਮਨਿਸਟਰ ਦੀ ਰਿਕੁਮੈਂਡੇਸ਼ਨ ਕਰਵਾ ਕੇ ਕਨਸਿਡਰ ਕੀਤਾ ਜਾਂਦਾ ਹੈ ? ਕੀ ਸਰਕਾਰ ਨੇ ਜ਼ਿਲ੍ਹਾ ਪਲੈਨਿੰਗ ਬੋਰਡ ਦੀ ਸਿਫਾਰਸ਼ਾਂ ਦੀ ਉਲੰਘਣਾ ਕੀਤੀ ਹੈ? ਜੇਕਰ ਕੀਤੀ ਹੈ ਤਾਂ ਕੀ ਭਵਿੱਖ ਵਿਚ ਇਸ ਨੂੰ ਰੀਵਿਊ ਕਰਕੇ ਜ਼ਿਲ੍ਹਾ ਪਲੈਨਿੰਗ ਬੋਰਡ ਦੀਆਂ ਸਿਫਾਰਸ਼ਾਂ ਤੇ ਸਟਿੱਕ ਕਰਨਗੇ ?

ਮੰਤਰੀ: ਸਪੀਕਰ ਸਾਹਿਬ, ਮੈਂ ਬੜਾ ਹੀ ਸਾਫ ਤੌਰ ਤੇ ਕਿਹਾ ਸੀ ਕਿ ਜ਼ਿਲ੍ਹਾ ਪਲੈਨਿੰਗ ਬੋਰਡ ਦੀਆਂ ਸਿਫਾਰਸ਼ਾਂ ਆਉਂਦੀਆਂ ਹਨ। ਉਨ੍ਹਾਂ ਨੂੰ ਸਰਕਾਰ ਕੰਸਿਡਰ ਕਰਦੀ ਹੈ ਕਿ ਕਿੰਨੇ ਕਿੰਨੇ ਸਕੂਲ ਕਿਹੜੇ ਕਿਹੜੇ ਜ਼ਿਲ੍ਹੇ ਵਿਚ ਚਾਹੀਦੇ ਹਨ। ਅਸੀਂ ਲੋੜ ਦੇ ਮੁਤਾਬਕ ਹੀ ਸਕੂਲ ਅੱਪਗਰੇਡ ਕਰਦੇ ਹਾਂ ਅਸੀਂ ਆਪਣੀ ਮਰਜ਼ੀ ਦੇ ਨਾਲ ਨਹੀਂ ਕਰਦੇ।

ਸ਼੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ: ਸਪੀਕਰ ਸਾਹਿਬ, ਮਨਿਸਟਰ ਸਾਹਿਬ ਐਲਾਨ ਪਹਿਲੇ ਕਰ ਦਿੰਦੇ ਹਨ ਔਰ ਜ਼ਿਲ੍ਹਾ ਪਲੈਨਿੰਗ ਬੋਰਡ ਦੀ ਸਿਫਾਰਸ਼ ਬਾਦ ਵਿਚ ਆਉਂਦੀ ਹੈ। ਜਾਂ ਕੀ ਜ਼ਿਲ੍ਹਾ ਪਲੈਨਿੰਗ ਬੋਰਡ ਪਹਿਲੇ ਸਕੂਲ ਅੱਪਗਰੇਡ ਕਰਨ ਦੀ ਸਿਫਾਰਸ਼ ਕਰਦਾ ਹੈ ਫੇਰ ਮਨਿਸਟਰ ਸਾਹਿਬ ਐਲਾਨ ਬਾਦ ਵਿਚ ਕਰਦੇ ਹਨ ?

ਮੰਤਰੀ: ਸਪੀਕਰ ਸਾਹਿਬ, ਜ਼ਿਲ੍ਹਾ ਪਲੈਨਿੰਗ ਬੋਰਡ ਦੇ ਬਹੁਤ ਸਾਰੇ ਮੈਂਬਰ ਹੁੰਦੇ ਹਨ ਅਤੇ ਬਹੁਤ ਜ਼ਿਆਦਾ ਸਿਫਾਰਸ਼ਾਂ ਆਉਂਦੀਆਂ ਹਨ। ਸਕੂਲਾਂ ਨੂੰ ਅੱਪਗਰੇਡ ਕਰਨ ਵਾਸਤੇ ਬਜਟ ਵਿਚ ਪੈਸਾ ਰਖਿਆ ਜਾਂਦਾ ਹੈ। ਪਲੈਨਿੰਗ ਬੋਰਡ ਆਪਣੀਆਂ ਸਿਫਾਰਸ਼ਾਂ ਭੇਜਦੇ ਹਨ ਜਿਸ ਤਰ੍ਹਾਂ ਪਿਛਲੇ ਸਾਲ ਸਰਕਾਰ ਨੇ 10 ਪ੍ਰਾਇਮਰੀ ਨੂੰ ਮਿਡਲ ਸਕੂਲ ਅੱਪਗਰੇਡ ਕੀਤਾ ਅਤੇ 82 ਮਿਡਲ ਸਕੂਲਾਂ ਨੂੰ ਹਾਈ ਸਕੂਲ ਅੱਪਗਰੇਡ ਕੀਤਾ। ਇਸੇ ਤਰ੍ਹਾਂ ਹੀ ਜ਼ਿਲ੍ਹਾ ਪਲੈਨਿੰਗ ਬੋਰਡ ਤੋਂ ਸਕੂਲਾਂ ਨੂੰ ਅੱਪਗਰੇਡ ਕਰਨ ਦੀਆਂ ਸਿਫਾਰਸ਼ਾਂ ਸਰਕਾਰ ਕੋਲ ਆਉਂਦੀਆਂ ਹਨ। ਫੇਰ ਸਰਕਾਰ ਵੇਖਦੀ ਹੈ ਕਿ ਕਿਹੜੇ ਕਿਹੜੇ ਜ਼ਿਲ੍ਹੇ ਵਿਚ ਕਿੰਨੇ ਕਿੰਨੇ ਸਕੂਲਾਂ ਨੂੰ ਅਪਗਰੇਡ ਕਰਨਾ ਹੈ। ਪਲੈਨਿੰਗ ਬੋਰਡ ਦੀ ਸਿਫਾਰਸ਼ ਤੇ ਸਕੂਲ ਅੱਪਗਰੇਡ ਹੁੰਦੇ ਹਨ ਨਾ ਕਿ ਮਨਿਸਟਰ ਦੇ ਐਲਾਨ ਨਾਲ ਅੱਪਗਰੇਡ ਹੁੰਦੇ ਹਨ।

ਘੱਟੋ ਘੱਟ ਉਜਰਤਾਂ ਦੀ ਸੋਧ

*639. ਕਾਮਰੇਡ ਤਰਸੇਮ ਜੋਧਾਂ: ਕੀ ਕਿਰਤ ਅਤੇ ਰੁਜ਼ਗਾਰ ਦੇ ਰਾਜ ਮੰਤਰੀ

ਕ੍ਰਿਪਾ ਕਰਕੇ ਦੱਸਣਗੇ ਕਿ—

(ੳ) ਜਨਵਰੀ, 1990 ਤੋਂ ਲੈ ਕੇ ਹੁਣ ਤੱਕ ਰਾਜ ਵਿਚ ਘੱਟੋ ਘੱਟ ਉਜਰਤਾਂ ਨੂੰ ਕਿੰਨੀ ਵਾਰ ਸੋਧਿਆ ਗਿਆ ਹੈ ਅਤੇ ਅਜਿਹੀਆਂ ਸੋਧਾਂ ਕਿਸ ਕਿਸ ਤਰੀਕ ਨੂੰ ਕੀਤੀਆਂ ਗਈਆਂ;

(ਅ) 1 ਸਤੰਬਰ, 1989 ਤੋਂ ਲੈ ਕੇ ਹੁਣ ਤੱਕ ਕੀਮਤ ਸੂਚਕ ਅੰਕ ਕਿੰਨੇ ਅੰਕਾਂ ਵਿਚ ਵਧਿਆ ਹੈ ?

ਸਰਦਾਰ ਗੁਲਜ਼ਾਰ ਸਿੰਘ: (ੳ) ਜਨਵਰੀ, 1990 ਤੋਂ ਮਗਰੋਂ ਘੱਟੋ ਘੱਟ ਉਜ਼ਰਤਾਂ ਵਿੱਚ ਅਜੇ ਤੀਕ ਕੋਈ ਸੋਧ ਨਹੀਂ ਕੀਤੀ ਗਈ ।

(ਅ) ਸਤੰਬਰ, 1989 ਤੋਂ ਅਗਸਤ, 1992 ਤੀਕ ਉਪਭੋਗਤਾ ਮੂਲ ਸੂਚਕ ਅੰਕਾਂ ਵਿਚ 88 ਅੰਕਾਂ ਦਾ ਵਾਧਾ ਹੋਇਆ ਹੈ ।

ਕਾਮਰੇਡ ਤਰਸੇਮ ਜੋਧਾਂ: ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਮਿਨੀਮਮ ਵੇਜਿਜ਼ ਦੇ ਪ੍ਰਾਈਸ ਇੰਡੈਕਸ ਨੂੰ ਹਰ ਦੋ ਸਾਲ ਬਾਅਦ ਰਿਵਾਈਜ਼ ਕੀਤਾ ਜਾਂਦਾ ਹੈ, ਕੀ ਸਰਕਾਰ ਦੱਸੇਗੀ ਕਿ ਸਤੰਬਰ, 1990 ਤੋਂ ਕਿੰਨੀ ਵਾਰੀ ਰਿਵੀਜ਼ਨ ਪ੍ਰਾਈਸ ਇੰਡੈਕਸ ਦੀ ਕੀਤੀ ਗਈ ਹੈ ?

1 ਸਤੰਬਰ, 1989 ਤੋਂ ਲੈ ਕੇ ਹੁਣ ਤਕ ਤਿੰਨ ਸਾਲ ਦਾ ਸਮਾਂ ਬੀਤ ਚੁੱਕਾ ਹੈ ਪਰ ਮੰਤਰੀ ਜੀ ਦੇ ਜਵਾਬ ਵਿਚ ਸਤੰਬਰ 1989 ਤੋਂ ਅਗਸਤ, 1992 ਤੀਕ ਉਪਭੋਗਤਾ ਮੂਲ ਸੂਚਕ ਅੰਕਾਂ ਵਿਚ ਸਿਰਫ 88 ਅੰਕਾਂ ਦਾ ਵਾਧਾ ਹੋਇਆ ਹੈ । ਮੰਤਰੀ ਜੀ ਵੇਰਵੇ ਸਹਿਤ ਦੱਸਣ ਕਿ ਇਹ ਹੋਰ ਵਾਧਾ ਕਿਉਂ ਨਹੀਂ ਕਰ ਰਹੇ ਹਨ ? ਇਸ ਦੇ ਕੀ ਕੀ ਕਾਰਨ ਹਨ ?

ਰਾਜ ਮੰਤਰੀ: ਸਪੀਕਰ ਸਾਹਿਬ, ਮਿਨੀਮਮ ਵੇਜਿਜ਼ ਐਕਟ, 1940 ਦੀ ਧਾਰਾ 3(1) ਇਹ ਉਪਬੰਧ ਕਰਦੀ ਹੈ ਕਿ ਰਾਜ ਸਰਕਾਰ, ਐਕਟ ਦੇ ਨਾਲ ਨੱਥੀ ਸ਼ਡਿਊਲ 1 ਅਤੇ 2 ਅਤੇ ਧਾਰਾ 27 ਅਧੀਨ ਇਨ੍ਹਾਂ ਭਾਗਾਂ ਵਿਚ ਜੋੜੇ ਹੋਰ ਰੋਜ਼ਗਾਰਾਂ ਵਿਚ ਘੱਟੋ ਘੱਟ ਉਜ਼ਰਤਾਂ ਨਿਰਧਾਰਿਤ ਕਰ ਸਕਦੀ ਹੈ । ਇਸ ਤੋਂ ਇਲਾਵਾ ਇਹ ਧਾਰਾ ਇਹ ਵੀ ਉਪਬੰਧ ਕਰਦੀ ਹੈ ਕਿ ਅਜਿਹੀਆਂ ਨਿਰਧਾਰਤ ਕੀਤੀਆਂ ਉਜਰਤਾਂ ਨੂੰ ਸਰਕਾਰ ਸਮੇਂ ਸਮੇਂ ਸਿਰ ਦੁਹਰਾ ਸਕਦੀ ਹੈ ਅਤੇ ਅਜਿਹਾ ਵਕਫਾ 5 ਸਾਲ ਤੋਂ ਵੱਧ ਨਹੀਂ ਹੋਣਾ ਚਾਹੀਦਾ । ਪੰਜਾਬ ਸਰਕਾਰ ਨੇ ਪਹਿਲੀ ਵਾਰ ਸਾਲ 1951 ਵਿੱਚ ਘੱਟੋ ਘੱਟ ਉਜਰਤਾਂ ਨਿਰਧਾਰਤ ਕੀਤੀਆਂ ਸਨ । ਇਹ ਉਜਰਤਾਂ ਸਮੇਂ ਸਮੇਂ ਸਿਰ ਦੋਹਰਾਈਆਂ ਗਈਆਂ । ਆਖਰੀ ਵਾਰੀ ਇਹ 1-9-1989 ਨੂੰ ਦੋਹਰਾਈਆਂ ਗਈਆਂ । ਇਨ੍ਹਾਂ ਉਜਰਤਾਂ ਨੂੰ ਮੂਲ ਸੂਚਕ ਅੰਕ ਨਾਲ ਜੋੜਿਆ ਹੋਇਆ ਹੈ ਅਤੇ ਇਨ੍ਹਾਂ ਅੰਕਾਂ ਵਿਚ ਵਾਧਾ ਹੋਣ ਤੇ ਹਰ ਛੇ ਮਹੀਨੇ ਮਗਰੋਂ ਅਰਥਾਤ ਮਾਰਚ ਅਤੇ ਸਤੰਬਰ ਵਿੱਚ ਮਹਿੰਗਾਈ ਭੱਤੇ ਦੇ ਰੂਪ ਵਿਚ ਉਜਰਤਾਂ ਵਿੱਚ ਵਾਧਾ ਕੀਤਾ ਜਾਂਦਾ ਹੈ । ਇੰਝ ਕਰਨ ਨਾਲ ਮਿਤੀ 1-9-1989 ਨੂੰ ਨਿਰਧਾਰਤ ਕੀਤੀਆਂ ਘੱਟੋ ਘੱਟ ਉਜ਼ਰਤਾਂ ਜੋ ਕਿ 825/- ਰੁਪਏ ਪ੍ਰਤੀ ਮਹੀਨਾ ਜਾਂ 31.70 ਰੁਪਏ ਪ੍ਰਤੀ ਦਿਹਾੜੀ ਸਨ, ਵੱਧ ਕੇ ਹੁਣ

[ਰਾਜ ਮੰਤਰੀ, ਕਿਰਤ ਅਤੇ ਰੁਜ਼ਗਾਰ]

ਮਿਤੀ 1-9-1992 ਤੋਂ 1027.10 ਰੁਪਏ ਪ੍ਰਤੀ ਮਹੀਨਾ ਅਤੇ 39.62 ਰੁਪਏ ਪ੍ਰਤੀ ਦਿਹਾੜੀ ਹੋ ਗਈਆਂ ਹਨ । ਕਿਰਤ ਮੰਤਰੀਆਂ ਦੀ 31ਵੀਂ ਕਾਨਫਰੰਸ ਜੋ ਕਿ ਮਿਤੀ 19-20 ਜੁਲਾਈ, 1980 ਨੂੰ ਦਿੱਲੀ ਵਿਖੇ ਹੋਈ ਸੀ, ਉਸ ਵਿਚ ਫੈਸਲਾ ਲਿਆ ਗਿਆ ਸੀ ਕਿ ਘੱਟੋ-ਘੱਟ ਉਜਰਤਾਂ ਨੂੰ ਹਰ ਦੋ ਸਾਲ ਬਾਅਦ ਜਾਂ ਉਪਭੋਗਤਾ ਸੂਚਕ ਅੰਕਾਂ ਵਿੱਚ 50 ਪੁਆਇੰਟ ਵਾਧਾ ਹੋਣ ਤੇ ਜੋ ਵੀ ਪਹਿਲਾਂ ਹੋਵੇ, ਦੁਹਰਾਇਆ ਜਾਵੇ । ਇੱਥੇ ਇਹ ਦੱਸਣਾ ਯੋਗ ਹੈ ਕਿ ਜਦੋਂ ਮਿਤੀ 1-9-1989 ਨੂੰ ਉਜਰਤਾਂ ਨਿਰਧਾਰਿਤ ਕੀਤੀਆਂ ਗਈਆਂ ਸਨ ਉਸ ਸਮੇਂ ਉਪਭੋਗਤਾ ਮੂਲ ਸੂਚਕ ਅੰਕ 241 ਪੁਆਇੰਟ ਸੀ । ਹੁਣ ਮਿਤੀ 1-9-1992 ਨੂੰ ਇਹ ਵੱਧ ਕੇ 329 ਪੁਆਇੰਟ ਹੋ ਗਿਆ ਹੈ । ਇਸ ਤਰ੍ਹਾਂ ਉਪਭੋਗਤਾ ਸੂਚਕ ਅੰਕ ਵਿਚ 329 — 241 = 88 ਪੁਆਇੰਟ ਦਾ ਵਾਧਾ ਹੋਇਆ ਹੈ । ਵੱਖ ਵੱਖ ਟਰੇਡ ਯੂਨੀਅਨਾਂ ਦੇ ਪ੍ਰਤੀਨਿਧਾਂ ਵੱਲੋਂ 1600/- ਰੁਪਏ ਪ੍ਰਤੀ ਮਹੀਨਾ ਘੱਟੋ-ਘੱਟ ਉਜਰਤਾਂ ਨਿਰਧਾਰਤ ਕਰਨ ਦੀ ਮੰਗ ਕੀਤੀ ਜਾ ਰਹੀ ਹੈ । ਪਰੰਤੂ ਕਿਰਤੀਆਂ ਦੀ ਇਸ ਮੰਗ ਦਾ ਉਦਯੋਗਪਤੀਆਂ ਵਲੋਂ ਵਿਰੋਧ ਇਸ ਕਰਕੇ ਕੀਤਾ ਗਿਆ ਕਿ ਕਿਰਤੀਆਂ ਦੀਆਂ ਘੱਟੋ-ਘੱਟ ਉਜਰਤਾਂ ਪਹਿਲਾਂ ਹੀ ਉਪਭੋਗਤਾ ਸੂਚਕ ਅੰਕਾਂ ਨਾਲ ਜੋੜੀਆਂ ਹੋਈਆਂ ਹਨ ਜਿਸ ਕਰਕੇ ਇਨ੍ਹਾਂ ਉਜਰਤਾਂ ਵਿਚ ਵਾਧਾ ਪਹਿਲਾਂ ਹੀ ਹਰ ਛਿਮਾਹੀ ਮਗਰੋਂ ਕੀਤਾ ਜਾਂਦਾ ਹੈ ਅਤੇ ਇਹ ਉਜਰਤਾਂ ਭਾਰਤ ਦੇ ਲੱਗਭਗ ਸਾਰੇ ਰਾਜਾਂ ਨਾਲੋਂ ਵੱਧ ਹਨ । ਦੇਸ਼ ਦੇ ਵੱਖ-ਵੱਖ ਪ੍ਰਾਂਤਾਂ ਵਿੱਚ ਘੱਟੋ ਘੱਟ ਉਜਰਤਾਂ ਸਬੰਧੀ ਤੁਲਨਾਤਮਿਕ ਸੂਚੀ ਨਾਲ ਲਗਾਈ ਜਾਂਦੀ ਹੈ । ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ ਕਿਰਤੀਆਂ ਅਤੇ ਪ੍ਰਬੰਧਕਾਂ ਦੇ ਨੁਮਾਇੰਦਿਆਂ ਨਾਲ ਉਨ੍ਹਾਂ ਦੇ ਵਿਚਾਰ ਜਾਣਨ ਲਈ ਵੱਖ ਵੱਖ ਮੀਟਿੰਗਾਂ ਵੀ ਕੀਤੀਆਂ ਹਨ । ਘੱਟੋ ਘੱਟ ਉਜਰਤਾਂ ਨੂੰ ਦੁਹਰਾਉਣ ਬਾਰੇ ਮਾਮਲਾ ਹਾਲਾਂ ਸਰਕਾਰ ਦੇ ਵਿਚਾਰ ਅਧੀਨ ਹੈ । ਸਪੀਕਰ ਸਾਹਿਬ, ਅਜੇ ਅਸੀਂ ਕਿਸੇ ਸਿਟੇ ਤੇ ਨਹੀਂ ਪਹੁੰਚੇ, ਆਉਣ ਵਾਲੇ ਸਮੇਂ ਵਿਚ ਅਸੀਂ ਕੋਸ਼ਿਸ਼ ਕਰਾਂਗੇ ਕਿ ਇਸ ਨੂੰ ਕਿਸੇ ਤਰੀਕੇ ਨਾਲ ਮਿਲ ਕੇ ਵੱਧ ਕੀਤਾ ਜਾਵੇ ।

श्रीमती लक्ष्मी कांता चावला : अध्यक्ष महोदय, क्या मंत्री महोदय को यह भी पता है कि जब सभी राज्य की सरकारों का यह फैसला हुआ था उस समय आटे की कीमत 4/- रुपए और चीनी की कीमत $1\frac{1}{2}$ रुपए थी. . ...

ਸ੍ਰੀ ਸਪੀਕਰ : ਇਹ ਕੋਈ ਸਪਲੀਮੈਂਟਰੀ ਨਹੀਂ ਹੈ ।

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੇ ਬਜਟ ਸੈਸ਼ਨ ਵਿਚ ਮਾਨਯੋਗ ਮੰਤਰੀ ਜੀ ਨੇ ਭਰੋਸਾ ਦਿਵਾਇਆ ਸੀ ਕਿ ਮੈਂ ਛੇਤੀ ਹੀ ਇਸ ਗੱਲ ਵੱਲ ਧਿਆਨ ਦੇਵਾਂਗਾ । ਮਗਰ ਹੁਣ ਇਕ ਸਾਲ ਬੀਤਣ ਉਪਰੰਤ ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਕੀਮਤਾਂ ਏਨੀਆਂ ਸੂਚਕ ਅੰਕ ਦੇ ਮੁਤਾਬਿਕ ਵੱਧ ਗਈਆਂ ਹਨ, ਕੀ ਸਰਕਾਰ ਮਿਨੀਮਮ ਵੇਜਿਜ਼ ਦੀ ਰਿਵੀਜ਼ਨ ਨੂੰ ਟਾਈਮ-ਬਾਊਂਡ ਕਰੇਗੀ ?

ਰਾਜ ਮੰਤਰੀ : ਮੈਂ ਪਹਿਲਾਂ ਹੀ ਬੇਨਤੀ ਕਰ ਚੁੱਕਾ ਹਾਂ ਕਿ ਜਿਉਂ ਜਿਉਂ ਪ੍ਰਾਈਸ ਇੰਡੈਕਸ ਵਿੱਚ ਕੀਮਤਾਂ ਵਧਦੀਆਂ ਜਾਂਦੀਆਂ ਹਨ, ਉਨ੍ਹਾਂ ਦੀ ਆਏ 6 ਮਹੀਨੇ ਰਿਵੀਜ਼ਨ ਹੋ ਜਾਂਦੀ ਹੈ ।

ਸ੍ਰੀ ਮਦਨ ਮੋਹਨ ਮਿੱਤਲ: ਸਪੀਕਰ ਸਾਹਿਬ, ਮੇਰੀ ਸਪਲੀਮੈਂਟਰੀ ਹੈ ਕਿ ਜਿਵੇਂ ਹੁਣੇ ਮੰਤਰੀ ਜੀ ਨੇ ਬੜੇ ਵਿਸਥਾਰ ਨਾਲ ਜਵਾਬ ਦਿੱਤਾ ਹੈ ਕਿ ਇਸ ਮਸਲੇ ਨੂੰ ਹੱਲ ਕਰਨ ਵਾਸਤੇ ਪਾਲਿਸੀ ਨਿਰਧਾਰਤ ਕੀਤੀ ਜਾ ਰਹੀ ਹੈ। ਮੇਰੀ ਬੇਨਤੀ ਹੈ ਕਿ ਜ਼ਿਲ੍ਹਿਆਂ ਵਿੱਚ ਡੀ.ਸੀ. ਰੇਟ ਮੁਕੱਰਰ ਕਰਦਾ ਹੈ ਔਰ ਦੂਜਾ ਸੀ.ਐਸ.ਆਰ. ਦੁਆਰਾ ਵਰਕ ਆਊਟ ਕੀਤਾ ਜਾਂਦਾ ਹੈ। ਜਦੋਂ ਹੁਣ ਇਹ ਪਾਲਿਸੀ ਨਿਰਧਾਰਤ ਕਰ ਰਹੇ ਹਨ ਤਾਂ ਇਸ ਗੱਲ ਵੱਲ ਜ਼ਰੂਰ ਗੌਰ ਕੀਤਾ ਜਾਵੇ ਕਿ ਜ਼ਿਲ੍ਹਿਆਂ ਵਿਚ ਵੀ ਇਕ ਰੇਟ ਮੁਕੱਰਰ ਕੀਤਾ ਜਾਵੇ। ਮਜ਼ਦੂਰਾਂ ਵਿਚ ਇਸ ਬਾਰੇ ਬੜੀ ਹਲਚਲ ਪਾਈ ਜਾ ਰਹੀ ਹੈ। ਸਰਕਾਰ ਇਸ ਗੱਲ ਵੱਲ ਵੀ ਧਿਆਨ ਦੇਵੇ।

ਰਾਜ ਮੰਤਰੀ: ਮੈਂ ਬੇਨਤੀ ਕਰਦਾ ਹਾਂ ਕਿ ਆਨਰੇਬਲ ਮੈਂਬਰ ਨੇ ਬੜੀ ਚੰਗੀ ਸੁਜੈਸ਼ਨ ਦਿੱਤੀ ਹੈ। ਆਉਣ ਵਾਲੇ ਸਮੇਂ ਵਿਚ ਇਸ ਨੂੰ ਜ਼ਰੂਰ ਵਿਚਾਰਾਂਗੇ।

ਕਾਮਰੇਡ ਹਰਦੇਵ ਸਿੰਘ ਅਰਸ਼ੀ: ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਥੋੜ੍ਹਾ ਸਮਾਂ ਪਹਿਲਾਂ ਇਨ੍ਹਾਂ ਦੀ ਟ੍ਰੇਡ ਯੂਨੀਅਨ ਦੇ ਰਿਪਰੇਜ਼ੈਨਟੇਟਿਵਜ਼ ਨਾਲ ਮੀਟਿੰਗ ਹੋਈ ਸੀ। ਕੀ ਇਨ੍ਹਾਂ ਨੇ ਉਸ ਮੀਟਿੰਗ ਵਿਚ ਭਰੋਸਾ ਦਿੱਤਾ ਸੀ ਕਿ ਜਲਦੀ ਹੀ ਘੱਟੋ-ਘੱਟ ਉਜਰਤਾਂ ਵਿਚ ਸੋਧ ਕਰ ਦਿੱਤੀ ਜਾਵੇਗੀ ? ਜੇ ਭਰੋਸਾ ਦਿੱਤਾ ਸੀ ਤਾਂ ਹੁਣ ਤੱਕ ਇਹ ਸੋਧ ਕਿਉਂ ਨਹੀਂ ਕੀਤੀ ਗਈ ? ਕੀ ਪ੍ਰਾਈਵੇਟ ਇੰਡਸਟਰੀਅਲਿਸਟਸ ਦੀ ਲਾਬੀ ਦਾ ਦਬਾਓ ਤਾਂ ਜ਼ਿਆਦਾ ਭਾਰੂ ਨਹੀਂ ਹੋ ਗਿਆ ?

ਰਾਜ ਮੰਤਰੀ: ਅਸੀਂ 2 ਮੀਟਿੰਗਾਂ ਕਰ ਚੁੱਕੇ ਹਾਂ। ਇਕ ਵੈਲਫੇਅਰ ਬੋਰਡ ਦੀ ਅਤੇ ਇਕ ਲੇਬਰ ਐਡਵਾਈਜ਼ਰੀ ਬੋਰਡ ਦੀ। ਐਕਟ ਦੇ ਮੁਤਾਬਿਕ ਹਰੇਕ ਦੀ ਰਾਏ ਵੀ ਲੈਣੀ ਹੁੰਦੀ ਹੈ। ਕਈ ਅਦਾਰੇ ਇਸ ਵਿਚ ਇਨਵਾਲਵਡ ਹੁੰਦੇ ਹਨ। ਅਸੀਂ ਇਸ ਸਾਲ ਵਿਚ ਹੋਰ ਵੀ ਰਾਏ ਲੈਣੀ ਚਾਹੁੰਦੇ ਹਾਂ ਤਾਂਕਿ ਜਿਹੜਾ ਵੀ ਫੈਸਲਾ ਕਰੀਏ, ਉਸਦੀ ਇੰਪਲੀ-ਮੈਂਟੇਸ਼ਨ ਵਿਚ ਕਿਸੇ ਕਿਸਮ ਦੀ ਰੁਕਾਵਟ ਪੇਸ਼ ਨਾ ਆਵੇ।

ਕਾਮਰੇਡ ਤਰਸੇਮ ਜੋਧਾਂ: ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ 2 ਮੀਟਿੰਗਾਂ ਵਿਚ ਕੋਈ ਪਰੋਪੋਜ਼ਲ ਭੇਜੀ ਗਈ ? ਵਰਕਰਾਂ ਦੇ ਨੁਮਾਇੰਦਿਆਂ ਨੇ ਅਤੇ ਮਾਲਕਾਂ ਦੇ ਨੁਮਾਇੰਦਿਆਂ ਨੇ ਆਪਣੇ ਵਿਚਾਰ ਦੇਣੇ ਹੁੰਦੇ ਹਨ। ਇਹ ਹੁਣ ਤੱਕ ਇਸ ਮਾਮਲੇ ਨੂੰ ਲਮਕਾਈ ਜਾ ਰਹੇ ਹਨ। Justice delayed is justice denied ਇਹ ਮਜ਼ਦੂਰਾਂ ਨਾਲ ਧੱਕਾ ਹੋ ਰਿਹਾ ਹੈ। ਕੀ ਮੰਤਰੀ ਜੀ ਇਸ ਰਿਵੀਜ਼ਨ ਨੂੰ ਟਾਈਮ ਬਾਊਂਡ ਕਰਨਗੇ ਅਤੇ ਕਦੋਂ ਤੱਕ ਪਰੋਪੋਜ਼ਲ ਭੇਜਣਗੇ ਤਾਂਕਿ ਇਹ ਸੋਧ ਕੀਤੀ ਜਾਵੇ ?

ਰਾਜ ਮੰਤਰੀ: ਇਸ ਨੂੰ ਟਾਈਮ ਬਾਊਂਡ ਨਹੀਂ ਕੀਤਾ ਜਾ ਸਕਦਾ। ਅਸੀਂ ਜੋ ਫੈਸਲੇ ਕਰਨੇ ਹੁੰਦੇ ਹਨ, ਉਨ੍ਹਾਂ ਵਿਚ ਇੰਡਸਟਰੀਅਲਿਸਟਸ ਵੀ ਇਨਵਾਲਵਡ ਹੁੰਦੇ ਹਨ ਅਤੇ ਵਰਕਰ ਵੀ ਇਨਵਾਲਵਡ ਹੁੰਦੇ ਹਨ। ਬਾਕੀ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਵਾਸਤੇ ਅਸੀਂ ਮਹਿਸੂਸ ਕਰਦੇ ਹਾਂ ਕਿ ਜੋ ਵੀ ਫੈਸਲਾ ਹੋਵੇ ਉਹ ਯੂਨਾਨੀ-ਮਸਲੀ ਬਿਨਾਂ ਕਿਸੇ ਰੁਕਾਵਟ ਦੇ ਹੋਣਾ ਚਾਹੀਦਾ ਹੈ।

ਛਪਾਈ ਅਤੇ ਲਿਖਣ ਸਮੱਗਰੀ ਵਿਭਾਗ ਦੁਆਰਾ ਕਾਗਜ਼ ਦੀ ਖਰੀਦ

*716. **ਸਰਦਾਰ ਹਰਗੋਪਾਲ ਸਿੰਘ ਐਡਵੋਕੇਟ** : ਕੀ ਛਪਾਈ ਅਤੇ ਲਿਖਣ ਸਮਗਰੀ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਛਪਾਈ ਅਤੇ ਲਿਖਣ ਸਮੱਗਰੀ ਵਿਭਾਗ ਦੁਆਰਾ ਛਪਾਈ ਦੇ ਮੰਤਵਾਂ ਲਈ ਜਨਵਰੀ, 1991 ਤੋਂ ਲੈ ਕੇ ਹੁਣ ਤੱਕ ਦੇ ਸਮੇਂ ਦੇ ਦੌਰਾਨ ਖਰੀਦੇ ਗਏ ਕਾਗਜ਼ ਦੀ ਮਾਤਰਾ ਕਿੰਨੀ ਹੈ ਅਤੇ ਉਨ੍ਹਾਂ ਫ਼ਰਮਾਂ ਦੇ ਨਾਂ ਕੀ ਕੀ ਹਨ ਜਿਨ੍ਹਾਂ ਤੋਂ ਉਕਤ ਕਾਗਜ਼ ਖਰੀਦਿਆ ਗਿਆ;

(ਅ) ਉਨ੍ਹਾਂ ਫਰਮਾਂ ਦੇ ਨਾਂ ਕੀ ਕੀ ਹਨ ਜਿਨ੍ਹਾਂ ਬਿਲ ਚੁਕਾ ਦਿੱਤੇ ਹਨ ਅਤੇ ਉਨ੍ਹਾਂ ਫਰਮਾਂ ਦੇ ਨਾਂ ਕੀ ਕੀ ਹਨ ਜਿਨ੍ਹਾਂ ਦੀਆਂ ਅਦਾਇਗੀਆਂ ਅਜੇ ਕਰਨੀਆਂ ਰਹਿੰਦੀਆਂ ਹਨ ਅਤੇ ਉਸ ਦੇ ਕਾਰਨ ਕੀ ਹਨ ?

ਸ੍ਰੀ ਧਰਮਪਾਲ ਸੱਭਰਵਾਲ : (ੳ) ਜਨਵਰੀ, 1991 ਤੋਂ ਹੁਣ ਤਕ ਛਪਾਈ ਤੇ ਸਟੇਸ਼ਨਰੀ ਵਿਭਾਗ ਨੇ ਛਪਾਈ ਦੇ ਕੰਮਾਂ ਲਈ ਨੱਥੀ ਸੂਚੀ ਅਨੁਸਾਰ 2370.25 ਮੀਟਰਿਕ ਟਨ ਕਾਗਜ਼ ਦੀ ਖਰੀਦ ਕੀਤੀ । ਜਿਨ੍ਹਾਂ ਫਰਮਾਂ ਤੋਂ ਵੱਖ ਵੱਖ ਕਿਸਮ ਦਾ ਕਾਗਜ਼ ਖਰੀਦਿਆ ਗਿਆ ਉਨ੍ਹਾਂ ਦੇ ਨਾਂ ਸੂਚੀ ਦੇ ਕਾਲਮ ਨੰ. 5 ਵਿਚ ਦਰਜ ਹਨ ।

(ਅ) ਵੱਖ ਵੱਖ ਫਰਮਾਂ ਦੇ ਬਿਲਾਂ ਦੀ ਅਦਾਇਗੀ ਬਾਰੇ ਸਥਿਤੀ ਉਪਰ ਜ਼ਿਕਰ ਕੀਤੀ ਸੂਚੀ ਦੇ ਕਾਲਮ ਨੰ. 6 ਵਿਚ ਦਰਜ ਹੈ। ਜਿਨ੍ਹਾਂ ਕੇਸਾਂ ਵਿਚ ਅਦਾਇਗੀਆਂ ਹੋਣੀਆਂ ਰਹਿੰਦੀਆਂ ਹਨ ਉਨ੍ਹਾਂ ਦੇ ਕਾਰਨ ਸੂਚੀ ਦੇ ਕਾਲਮ ਨੰ. 7 ਵਿਚ ਦਰਜ ਹਨ ।

ਸੂਚੀ

ਲੜੀ ਨੰ	ਸਪਲਾਈ ਹੁਕਮ ਨੰ. ਤੇ ਮਿਤੀ	ਪੇਪਰ ਦੀ ਕਿਸਮ	ਜਿੰਨੀ ਮਾਤਰਾ ਖਰੀਦ ਕੀਤੀ ਗਈ (ਮੀਟਰਿਕ ਟਨ)	ਫਰਮ ਦਾ ਨਾਂ ਜਿਸ ਪਾਸੋਂ ਪੇਪਰ ਖਰੀਦ ਕੀਤਾ ਗਿਆ	ਅਦਾਇਗੀ ਹੋ ਚੁੱਕੀ ਹੈ ਜਾਂ ਨਹੀਂ	ਅਦਾਇਗੀ ਨਾ ਹੋਣ ਦੇ ਕਾਰਨ	ਵਿਸ਼ੇਸ਼ ਕਥਨ
1	2	3	3	5	6	7	8
1.	44/ਸਟੇਸ਼ਨਰੀ/ਪੰ/ 2394 ਮਿਤੀ 5-3-91	ਕਰੀਮ ਵੋਵ ਪੇਪਰ	119.757.2	ਮੈ/ਸ ਪਰਤਾਪ ਪੇਪਰ ਮਿਲਜ਼ ਲਿਮਟਿਡ, ਨਵੀਂ ਦਿੱਲੀ	ਹਾਂ ਜੀ	—	—
2.	46/ਸਟੇ/ਪੰ./ 2443 ਮਿਤੀ 13-3-91	ਐਮ ਐਫ ਕਲਰਡ ਵੋਵ ਮਾਟਲਡ ਪੇਪਰ	19.135.7	ਮੈ/ਸ ਸਿਰੀਆਨਜ਼ ਪੇਪਰ ਮਿਲਜ਼ ਲਿਮਟਿਡ, ਅਹਿਮਦਗੜ੍ਹ।	ਹਾਂ ਜੀ	—	—
3.	1/ਐਸ.ਏ/ਸਟੇ/ਪੰ./ 91-92 ਮਿਤੀ 23-4-91	ਵਾਈਟ ਆਫਸੈਟ ਪ੍ਰਿੰਟਿੰਗ ਪੇਪਰ	40	ਮੈ/ਸ ਡੈਲਟਾ ਪੇਪਰਜ਼ ਲਿਮਟਿਡ ਭੀਮਾਂ ਵਰਮ (ਡੀ.ਜੀ.ਐਸ.ਐਂਡ.ਡੀ. ਰਾਹੀਂ)	ਹਾਂ ਜੀ	—	—

1	2	3	4	5	6	7	8
4.	3/ਐਸ.ਏ./ਸਟੇ/ਪੰ: 91-92/156 ਮਿਤੀ 26-4-91	ਟਾਈਟ ਆਫਸੈਟ ਪ੍ਰਿੰਟਿਗ ਪੇਪਰ	30	ਮੈ/ਸ ਰਾਵਲ ਪੇਪਰਜ਼ ਲਿਮਟਿਡ ਰਾਏ ਬਰੇਲੀ (ਡੀ.ਜੀ.ਐਸ.ਐਂਡ ਡੀ ਨਵੀਂ ਦਿੱਲੀ ਰਾਹੀਂ)	ਹਾਂ ਜੀ	—	—
5.	4/ਐਸ.ਏ./ਸਟੇ/ਪੰ: 91-92/157 ਮਿਤੀ 26-4-91	ਮੇਪ ਲਿਥੋ ਪੇਪਰ	30	-ਉਕਤ-	ਹਾਂ ਜੀ	—	—
6.	5/ਐਸ.ਏ./ਸਟੇ/ਪੰ: 91-92/158 ਮਿਤੀ 26-4-91	ਮੇਪ ਲਿਥੋ ਪੇਪਰ	19.982.4	ਮੈ/ਸ ਰਾਵਲ ਪੇਪਰ, ਲਿਮਟਿਡ ਰਾਏ ਬਰੇਲੀ (ਡੀ.ਜੀ.ਐਸ. ਐਂਡ ਡੀ ਨਵੀਂ ਦਿੱਲੀ ਰਾਹੀਂ)	ਹਾਂ ਜੀ	—	—
7.	6/ਐਸ.ਏ./ਸਟੇ/ਪੰ: 91-92/159 ਮਿਤੀ 26-4-91	ਆਯੂਰਲੇਡ ਪਪਰ	26.3328	-ਉਕਤ-	ਹਾਂ ਜੀ	—	—
8.	7/ਐਸ.ਏ./ਸਟੇ/ਪੰ:	ਆਯੂਰਲੇਡ ਪੇਪਰ	19.9680	-ਉਕਤ-	ਹਾਂ ਜੀ	—	—

ਲੜੀ ਨੰ:	ਸਪਲਾਈ ਹੁਕਮ ਨ: ਤੇ ਮਿਤੀ	ਪੇਪਰ ਦੀ ਕਿਸਮ	ਕਿੰਨੀ ਮਾਤਰਾ ਖਰੀਦ ਕੀਤੀ ਗਈ (ਮੀਟਰਿਕ ਟਨ)	ਫਰਮ ਦਾ ਨਾਂ ਜਿਸ ਪਾਸ ਪੇਪਰ ਖਰੀਦ ਕੀਤਾ ਗਿਆ	ਅਦਾਇਗੀ ਹੋ ਚੁੱਕੀ ਹੈ ਜਾਂ ਨਹੀਂ	ਅਦਾਇਗੀ ਨਾ ਹੋਣ ਦੇ ਕਾਰਨ	ਵਿਸ਼ਸ਼ ਕਥਨ
1	2	3	4	5	6	7	8
	91-92/160 ਮਿਤੀ 26-4-91						
9.	8/ਸਟੇ/ਪੰ/226 ਮਿਤੀ 6-5-91	ਐਮ.ਐਫ. ਕਲਰਡ ਵੋਵ ਮਾਟਲਡ ਪੇਪਰ	40 ਐਮ.ਟੀ	ਮੈ/ਸ ਸਿਰੀਆਨਜ਼ ਪਪਰਜ਼ ਲਿਮ. ਅਹਿਮਦਗੜ੍ਹ	ਹਾਂ ਜੀ	—	—
10.	9/ਸਟੇ/ਪੰ./286 ਮਿਤੀ 13-5-91	ਕਰੀਮ ਵੋਵ ਪੇਪਰ	60 ਐਮ.ਟੀ.	ਮੈ/ਸ ਪ੍ਰਤਾਪ ਪੇਪਰ ਲਿਮਟਿਡ ਨਵੀਂ ਦਿੱਲੀ ।	ਹਾਂ ਜੀ	—	—
11.	10/ਸਟੇ/ਪੰ. 750 ਮਿਤੀ 28-6-91	ਐਮ.ਐਫ. ਕਲਰਡ ਵੋਵ ਮਾਟਲਡ ਪੇਪਰ	5.605 ਐਮ.ਟੀ	ਮੈ/ਸ ਸਿਰੀਆਨਜ਼ ਪੇਪਰ ਮਿਲਜ਼ ਅਹਿਮਦਗੜ੍ਹ	ਹਾਂ ਜੀ	—	—
12.	11/ਸਟੇ/ਪੰ/91-92/ 2534 ਮਿਤੀ 10-12-91	-ਉਕਤ-	55.944.5	ਮੈ/ਸ ਕ੍ਰਿਸ਼ਨਾ ਇੰਡਸਟ੍ਰੀਜ਼ ਲਖਨਊ	ਹਾਂ ਜੀ	—	—

1	2	3	4	5	6	7	8
13.	12/ਐਸ.ਈ./ਸਟੇ/ਪੰ/ 91-92/2539 ਮਿਤੀ 10-12-91	ਪ੍ਰਿੰਟਿੰਗ ਵਾਈਟ ਸੁਪਰ ਕਲੰਡਰ ਪੇਪਰ	21.979	-ਉਕਤ-	90% ਅਦਾਇਗੀ ਹੋ ਚੁਕੀ ਹੈ 10% ਬਾਕੀ ਹੈ ।	ਫਰਮ ਪਾਸੋਂ ਬਣਦੀ ਲੇਟ ਸਪਲਾਈ ਪਨ-ਲਟੀ ਆਦਿ ਕੱਟ ਕੇ ਬਾਕੀ ਅਦਾਇਗੀ ਕਰਨ ਲਈ ਕੇਸ ਕਾਰਵਾਈ ਅਧੀਨ ਹੈ	
14.	15/ਐਸ.ਈ./ਸਟੇ/ਪੰ/ 91-92 ਮਿਤੀ 13-12-91	ਕਰੀਮ ਵੋਵ ਪੇਪਰ	47.160.6	ਮੈ/ਸ ਪ੍ਰਤਾਬ ਪੇਪਰ ਮਿਲਜ਼ ਲਿਮ: ਨਵੀਂ ਦਿੱਲੀ	ਹਾਂ ਜੀ	—	—
15.	16/ਐਸ.ਈ/ਸਟੇ/ਪੰ/91-92 ਮਿਤੀ 13-12-91	ਆਰਟ ਪੇਪਰ	11.5	ਮੈ/ਸ ਕ੍ਰਿਸ਼ਨਾ ਇੰਡਸਟ੍ਰੀਜ਼ ਲਖਨਊ	90% ਅਦਾਇਗੀ ਹੋ ਚੁਕੀ ਹੈ 10% ਬਾਕੀ ਹੈ	ਫਰਮ ਪਾਸੋਂ ਬਣਦੀ ਲੇਟ ਸਪਲਾਈ ਪੈਨਲਟੀ ਆਦਿ ਕੱਟ ਕੇ ਬਾਕੀ ਅਦਾਇਗੀ ਕਰਨ ਲਈ ਕੇਸ ਕਾਰਵਾਈ ਅਧੀਨ ਹੈ	
16.	17/ਪੀ.ਈ./ਸਟੇ/ਪੰ/ 91-92/2629 ਮਿਤੀ 18-12-91	ਵਾਈਟ ਆਫਸੇਟ ਪ੍ਰਿੰਟਿੰਗ ਪੇਪਰ	99.964.8	ਮੈ/ਸ ਡੇਲਟਾ ਪੇਪਰ ਲਿਮ: ਭੀਮਾਂਵਰਮ (ਡੀ.ਜੀ.ਐਸ. ਐਂਡ ਡੀ ਨਵੀਂ ਦਿੱਲੀ ਰਾਹੀਂ)	ਹਾਂ ਜੀ	—	—
17.	18/ਧਸ/ਸਟੇ/ਪੰ./ 91-92/2704 ਮਿਤੀ 23-12-91	ਕਲਾਥ ਲਾਈਨਡ ਕਰਾਫਟ ਪੇਪਰ	9.25	ਮੈ/ਸ ਉਮਾ ਪੇਪਰ ਐਂਡ ਅਲਾਈਡ ਇੰਡਸਟ੍ਰੀਜ਼ ਲਖਨਊ	ਹਾਂ ਜੀ	—	—

ਲੜੀ ਨੰ:	ਸਪਲਾਈ ਹੁਕਮ ਨੰ: ਤੇ ਮਿਤੀ	ਪੇਪਰ ਦੀ ਕਿਸਮ	ਜਿੰਨੀ ਮਾਤਰਾ ਖਰੀਦ ਕੀਤੀ ਗਈ (ਮੀਟਰਿਕ ਟਨ)	ਫਰਮ ਦਾ ਨਾਂ ਜਿਸ ਪਾਸੋਂ ਪੇਪਰ ਖਰੀਦ ਕੀਤਾ ਗਿਆ	ਅਦਾਇਗੀ ਹੋ ਚੁੱਕੀ ਹੈ ਜਾਂ ਨਹੀਂ	ਅਦਾਇਗੀ ਨਾ ਹੋਣ ਦੇ ਕਾਰਨ	ਵਿਸ਼ੇਸ਼ ਕਥਨ
1	2	3	4	5	6	7	8
18.	20/ਪੀ.ਏ/ਸਟੇ/ਪੰ/ 9192/3201 ਮਿਤੀ 16-1-92	ਐਮ.ਐਫ. ਕਲਰਡ ਵੋਵ ਮਾਟਲਡ ਪੇਪਰ	224.821	ਮੈ/ਸ ਕ੍ਰਿਸ਼ਨਾ ਇੰਡਸਟ੍ਰੀਜ਼ ਲਖਨਊ	ਹਾਂ ਜੀ	—	—
19.	21/ਪੀਏ/ਸਟੇ/ਪੰ/91-92 3843 ਮਿਤੀ 17-1-91	ਆਰਟ ਬੋਰਡ	10.479.90	ਮੈ/ਸ ਲੱਕੀ ਇੰਟ੍ਰਪ੍ਰਾਈਜ਼ਿਜ਼ ਮੁਹਾਲੀ	ਹਾਂ ਜੀ	—	—
20.	22/ਪੀ.ਏ./ਸਟੇ/ਪੰ./ 91-92 3281 ਮਿਤੀ 20-1-92	ਕਰੀਮ ਵੋਵ ਪੇਪਰ	110.079	ਮੈ/ਸ ਪ੍ਰਤਾਪ ਪੇਪਰ ਮਿਲਜ਼ ਨਵੀਂ ਦਿਲੀ ।	ਹਾਂ ਜੀ	—	—
21.	23/ਪੀਏ/ਸਟੇ/ਪੰ: / 91-92/3322 ਮਿਤੀ 22-1-92	ਕਲਾਥ ਲਾਈਨਡ ਕਰਾਫਟ ਪੇਪਰ	15.69	ਮੈ/ਸ ਉਮਾਂ ਪੇਪਰ ਐਂਡ ਅਲਾਈਡ ਇੰਡਸਟਰੀਜ਼ ਲਖਨਊ	ਹਾਂ ਜੀ	—	—
22.	24/ਪੀਏ/ਸਟੇ/ਪੰ: / 91-92/3397 ਮਿਤੀ 27-1-92	ਬਫ ਮਨੀਲਾ	18.944	ਮੈ/ਸ ਕ੍ਰਿਸ਼ਨਾ ਇੰਡਸਟਰੀਜ਼ ਲਖਨਊ	ਹਾਂ ਜੀ	—	—

1	2	3	4	5	6	7	8
23.	25/ਪੀ.ਏ./ਸਟੇ/ਪੰ / 91-92/3389 ਮਿਤੀ 27-1-92	ਕਵਰ ਪੇਪਰ	30.945.75	-ਉਕਤ-	ਹਾਂ ਜੀ	—	—
24.	26/ਪੀ.ਏ./ਸਟੇ/ਪੰ:/ 91-92/3386 ਮਿਤੀ 27-1-92	ਸਟਰਾਅ ਬੋਰਡ ਗਰੇਡ-ਏ	56.725	-ਉਕਤ-	90% ਅਦਾਇਗੀ ਹੋ ਚੁੱਕੀ ਹੈ 10% ਬਾਕੀ ਹੈ	ਫਰਮ ਪਾਸੋਂ ਲੇਟ ਸਪਲਾਈ ਪੈਨਲਟੀ ਆਦਿ ਕਟ ਕੇ ਬਾਕੀ ਅਦਾਇਗੀ ਲਈ ਕੇਸ ਕਾਰਵਾਈ ਅਧੀਨ ਹੈ ।	—
25.	27/ਪੀ.ਏ./ਸਟੇ/ਪੰ: / 91-92 3393 ਮਿਤੀ 27-1-92	ਬਫ ਕਾਰਟਰੇਜ	32.495.4	-ਉਕਤ-	ਹਾਂ ਜੀ	—	—
26.	28/ਪੀ.ਏ./ਸਟੇ/ਪੰ: / 91-92/3400 ਮਿਤੀ 27-1-92	ਕਰੋਮੋ ਪੇਪਰ	21.8	-ਉਕਤ-	ਹਾਂ ਜੀ	—	—
27.	29/ਪੀ.ਏ./ਸਟੇ/ਪੰ / 91-92/3405 ਮਿਤੀ 27-1-92	ਕਰਾਫਟ ਪੇਪਰ	80.238.3	-ਉਕਤ-	90% ਅਦਾਇਗੀ ਹੋ ਚੁਕੀ ਹੈ 10% ਬਾਕੀ ਹੈ ।	ਫਰਮ ਪਾਸੋਂ ਲੇਟ ਸਪਲਾਈ ਪਨੈਲਟੀ ਆਦਿ ਕਟ ਕੇ ਬਾਕੀ ਅਦਾਇਗੀ ਕਰਨ ਲਈ ਕੇਸ ਕਾਰ-ਵਾਈ ਅਧੀਨ ਹੈ ।	

ਲੜੀ ਨੰ:	ਸਪਲਾਈ ਹੁਕਮ ਨੰ: ਤੇ ਮਿਤੀ	ਪੇਪਰ ਦੀ ਕਿਸਮ	ਜਿੰਨੀ ਮਾਤਰਾ ਖਰੀਦ ਕੀਤੀ ਗਈ (ਮੀਟਰਿਕ ਟਨ)	ਫਰਮ ਦਾ ਨਾਂ ਜਿਸ ਪਾਸੋਂ ਪੇਪਰ ਖਰੀਦ ਕੀਤਾ ਗਿਆ	ਅਦਾਇਗੀ ਹੋ ਚੁੱਕੀ ਹੈ ਜਾਂ ਨਹੀਂ	ਅਦਾਇਗੀ ਨਾ ਹੋਣ ਦੇ ਕਾਰਨ	ਵਿਸ਼ੇਸ਼ ਕਥਨ
1	2	3	4	5	6	7	8
28.	30/ਪੀ.ਏ./ਸਟੇ/ਪੰ: / 91-92/3409 ਮਿਤੀ 27-1-92	ਕਾਰਟਰੇਜ ਵਾਈਟ ਪੇਪਰ	28.702.5	ਮੈ/ਸ ਇੰਡਸਟਰੀਜ਼ ਲਖਨਊ।	ਹਾਂ ਜੀ	—	—
29.	31/ਪੀ.ਏ./ਸਟੇ/ਪੰ:/ 91-92 ਮਿਤੀ 29-1-92	ਵਾਈਟ ਆਫਸੈਟ ਪੇਪਰ	210.016.6	ਮੈ/ਸ ਡੈਲਟਾ ਪੇਪਰ ਮਿਲਜ਼ ਲਿ: ਭੀਮਾਵਰਮ (ਡੀ. ਜੀ. ਐਸ. ਐਂਡ. ਡੀ ਰਾਹੀਂ)	ਹਾਂ ਜੀ	..	..
30.	32/ਪੀ.ਏ./ਸਟੇ/ਪੰ:/ 91-92/ਮਿਤੀ 31-1-92	ਆਰਟ ਪੇਪਰ	42.	ਮੈ/ਸ ਕ੍ਰਿਸ਼ਨਾ ਇੰਡਸਟ੍ਰੀਜ਼ ਲਖਨਊ	90% ਅਦਾਇਗੀ ਹੋ ਚੁੱਕੀ ਹੈ 10% ਬਾਕੀ ਹੈ।	ਫਰਮ ਪਾਸੋਂ ਲੇਟ ਸਪਲਾਈ- ਪੈਨਲਟੀ ਆਦਿ ਕੱਟਕੇ ਬਾਕੀ	

1	2	3	4	5	6	7	8
						ਅਦਾਇਗੀ ਲਈ ਕੇਸ ਕਾਰਵਾਈ ਅਧੀਨ ਹੈ।	
31.	34/ਪੀ.ਏ./ਸਟੇ/ਪੰ:/ 91-92/1021 ਮਿਤੀ 27-2-92	ਪ੍ਰਿੰਟਿੰਗ ਵਾਈਟ ਸੁਪਰ ਕਲੰਡਰ ਪੇਪਰ	21.0312	—ਉਕਤ—	—ਉਕਤ—	—ਉਕਤ—	
32.	35/ਪੀ.ਏ.ਸਟੇ/ਪੰ:/ 91-92/1127 ਮਿਤੀ 5-3-92	ਵਾਈਟ ਆਫਸੈਟ ਪ੍ਰਿੰਟਿੰਗ ਪੇਪਰ	100	ਮੈ/ਸ ਡੈਲਟਾ ਪੇਪਰਜ਼ ਲਿਮ: ਭੀਮਾਵਰਮ ਡੀ. ਜੀ. ਐਸ.ਐਂਡ. ਡੀ. ਨਵੀਂ ਦਿੱਲੀ ਰਾਹੀਂ)	..	..	
33.	1/ਪੀ.ਏ./ਸਟੇ/ਪੰ:/ 92-93/3413 ਮਿਤੀ 22-9-92	ਪ੍ਰਿੰਟਿੰਗ ਆਫਸੈਟ ਪੇਪਰ	202-3481	ਮੈ/ਸ ਮੁਕੇਰੀਆਂ ਪੇਪਰ ਲਿਮ: ਲੁਧਿਆਣਾ	ਨਹੀਂ ਜੀ	ਮਿੱਲ ਵਲੋਂ ਪੇਪਰ ਸਪਲਾਈ ਕਰ ਦਿੱਤਾ ਗਿਆ ਹੈ ਜੋ ਕਿ	

ਲੜੀ ਨੰ.	ਸਪਲਾਈ ਹੁਕਮ ਨੰ: ਤੇ ਮਿਤੀ	ਪੇਪਰ ਦੀ ਕਿਸਮ	ਜਿੰਨੀ ਮਾਤਰਾ ਖਰੀਦ ਕੀਤੀ ਗਈ (ਮੀਟਰਿਕ ਟਨ)	ਫਰਮ ਦਾ ਨਾਂ ਜਿਸ ਪਾਸੋਂ ਪੇਪਰ ਖਰੀਦ ਕੀਤਾ ਗਿਆ	ਅਦਾਇਗੀ ਹੋ ਚੁੱਕੀ ਹੈ ਜਾਂ ਨਹੀਂ	ਅਦਾਇਗੀ ਨਾ ਹੋਣ ਦੇ ਕਾਰਨ	ਵਿਸ਼ੇਸ਼ ਕਥਨ
1	2	3	4	5	6	7	8
						ਮਿੱਲ ਦੇ ਗੋਦਾਮ ਤੋਂ ਸਬੰਧਤ ਪੇਪਰ ਦੇ ਵਿਭਾਗ ਦੀ ਕਮੇਟੀ ਵਲੋਂ ਡਰਾਅ ਕੀਤੇ ਨਮੂਨੇ ਸਰਕਾਰੀ ਪ੍ਰਯੋਗਸ਼ਾਲਾ ਤੋਂ ਆਈ. ਐਸ. ਆਈ. ਸਪੈਸੀ-ਫੀਕੇਸ਼ਨ ਮੁਤਾਬਕ ਟੈਸਟ ਰਿਪੋਰਟ ਪ੍ਰਾਪਤ ਹੋਣ ਉਪਰੰਤ ਪ੍ਰਾਪਤ ਕੀਤਾ ਗਿਆ ਹੈ ਪਰ ਵਿਭਾਗ ਵਲੋਂ ਉਧਰੋਕਤ ਕਾਗਜ਼ ਦੀ ਮੁੜ ਘੋਖ ਕਰਵਾਉਣ ਉਪਰੰਤ ਕਾਗਜ਼ ਦੀ ਕੁਆਲਿਟੀ	

1	2	3	4	5	6	7	8
						ਠੀਕ ਪਾਏ ਜਾਣ ਤੇ ਪੇਮੈਂਟ ਕੀਤੀ ਜਾਵੇ ਗੀ।	
34.	4/ਪੀ.ਏ./ਸਟੇ/ਪੰ:/ 92-93/3479 ਮਿਤੀ 1-10-92	ਕਰੀਮ ਵੋਵ ਪੇਪਰ	499.866.9	ਮੈ/ਸ ਡੈਲਟਾ ਪੇਪਰਜ਼ ਲਿਮ: ਭੀਮਾਵਰਮ	ਨਹੀਂ ਜੀ	—ਉਕਤ ਅਨੁਸਾਰ –	
35.	3961/ਪੀ.ਏ./ਸਟੇ/ਪੰ:/ 92-93/ਮਿਤੀ 11-12-91	ਸੁਪਰ ਡੀਲੈਕਸ ਮੈਪਲਿਥੋ ਪੇਪਰ	8.160 ਐਮ. ਟੀ	ਮੈ/ਸ ਡਾਇਮੰਡ ਕਾਪੀ ਹਾਊਸ ਚੰਡੀਗੜ੍ਹ।	ਨਹੀਂ ਜੀ	ਫਰਮ ਵਲੋਂ ਜੋ ਪੇਪਰ ਸਪਲਾਈ ਕੀਤਾ ਗਿਆ ਉਹ ਦੋ ਵੱਖ-ਵੱਖ ਸ਼ੇਡ ਦਾ ਸੀ ਇਸ ਕਰਕੇ ਪੈਨਲਟੀ ਲਗਾਉਣ ਉਪਰੰਤ ਪਮੇਂਟ ਕਰ ਦਿਤੀ ਜਾਵੇਗੀ।	

ਸਰਦਾਰ ਹਰਗੋਪਾਲ ਸਿੰਘ ਐਡਵੋਕੇਟ : ਮੈਂ ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿੱਥੇ ਇਨ੍ਹਾਂ ਨੇ ਕਾਗਜ਼ਾਂ ਦੀ ਖਰੀਦ ਦੇ ਬਾਰੇ ਦੱਸਿਆ ਹੈ, ਜਦੋਂ ਕਾਗਜ਼ਾਂ ਨੂੰ ਖਰੀਦਿਆ ਗਿਆ, ਕੀ ਕਾਗਜ਼ਾਂ ਦੇ ਮਿਆਰ ਨੂੰ ਕਿਸੇ ਲੈਬਾਰਟਰੀ ਤੋਂ ਟੈਸਟ ਕਰਾਇਆ ਗਿਆ ਅਤੇ ਕੀ ਸਰਕਾਰ ਵਾਇਦਾ ਕਰੇਗੀ ਕਿ ਘਟੀਆ ਕਾਗਜ਼ਾਂ ਦੀ ਪਰਖ ਕਰਵਾਈ ਜਾਵੇਗੀ ? ਦੇਖਿਆ ਜਾਂਦਾ ਹੈ ਕਿ ਕਾਗਜ਼ ਘਟੀਆ ਹੁੰਦਾ ਹੈ ਪਰ ਕੀਮਤਾਂ ਵਧੀਆ ਲਾਈਆਂ ਜਾਂਦੀਆ ਹਨ, ਕੀ ਸਰਕਾਰ ਇਸ ਗੱਲ ਦੀ ਵੀ ਚੌਕਸੀ ਵਿਭਾਗ ਤੋਂ ਪਰਖ ਕਰਵਾਏਗੀ ?

ਸ਼੍ਰੀ ਸਪੀਕਰ : ਤੁਸੀਂ ਸਵਾਲ ਕੁਆਂਟਿਟੀ ਦੇ ਮੁਤੱਲਿਕ ਕੀਤਾ ਹੈ, ਕੁਆਲਿਟੀ ਦੇ ਮੁਤੱਲਿਕ ਨਹੀਂ ਕੀਤਾ । ਤੁਹਾਡਾ ਸਵਾਲ ਕੁਆਂਟਿਟੀ ਦੇ ਨਾਲ ਤਾਅਲੁੱਕ ਰੱਖਦਾ ਹੈ ।

ਸਰਦਾਰ ਹਰਗੋਪਾਲ ਸਿੰਘ ਐਡਵੋਕੇਟ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕਾਗਜ਼ ਖਰੀਦਣ ਵਾਲੀ ਜਿਹੜੀ ਕਮੇਟੀ ਹੈ, ਕੀ ਉਹਦੇ ਵਿਚ ਉਹੀ ਪੁਰਾਣੇ ਅਧਿਕਾਰੀ ਹਨ ਅਤੇ ਕੀ ਉਸ ਕਮੇਟੀ ਦਾ ਪੁਨਰਗਠਨ ਕਰਨ ਦਾ ਕੋਈ ਵਿਚਾਰ ਹੈ ਜਿਸ ਵਿਚ ਕੋਈ ਨਵੇਂ ਅਧਿਕਾਰੀ ਵੀ ਲਏ ਜਾਣਗੇ ?

ਰਾਜ ਮੰਤਰੀ : ਉਸ ਕਮੇਟੀ ਦਾ ਇਹ ਕੋਈ ਨਾਂ ਦੱਸਣ, ਫਿਰ ਹੀ ਜ਼ਵਾਬ ਦਿੱਤਾ ਜਾ ਸਕਦਾ ਹੈ ।

ਸਰਦਾਰ ਹਰਗੋਪਾਲ ਸਿੰਘ ਐਡਵੋਕੇਟ : ਸਪੀਕਰ ਸਾਹਿਬ, ਉਸ ਕਮੇਟੀ ਵਿਚ ਕਈ ਵਿਭਾਗਾਂ ਦੇ ਨੁਮਾਇੰਦੇ ਸ਼ਾਮਲ ਹਨ । ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਵਿਚ ਕੋਈ ਨਵੇਂ ਨੁਮਾਇੰਦੇ, ਕੋਈ ਹੋਰ ਵਿਭਾਗਾਂ ਦੇ ਨੁਮਾਇੰਦੇ ਵੀ ਸ਼ਾਮਲ ਕੀਤੇ ਜਾਣਗੇ ?

ਸ਼੍ਰੀ ਸਪੀਕਰ : ਮੰਤਰੀ ਜੀ, ਕੀ ਕੋਈ ਐਸੀ ਕਮੇਟੀ ਬਣੀ ਹੋਈ ਹੈ ?

ਰਾਜ ਮੰਤਰੀ : ਸਪੀਕਰ ਸਾਹਿਬ, ਇਕ ਸਟੇਟ ਪੇਪਰ ਦੀ ਸਿਲੈਕਸ਼ਨ ਕਮੇਟੀ ਹੈ ਜਿਸ ਵਿਚ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਸ਼ਾਮਲ ਹਨ । ਜਿਹੜੇ ਵੀ ਕਾਗਜ਼ ਨੂੰ ਉਹ ਠੀਕ ਸਮਝਦੇ ਹਨ, ਜਿਹੜੇ ਵੀ ਕਾਗਜ਼ ਦੀ ਸਿਲੈਕਸ਼ਨ ਕਰਨ ਜਾਂ ਖਰੀਦਣ ਦਾ ਵਿਚਾਰ ਹੁੰਦਾ ਹੈ ਤਾਂ ਉਹ ਕਮੇਟੀ ਉਸ ਫਰਮ ਦੇ ਵਿਚ ਜਾ ਕੇ, ਉਸ ਮਿੱਲ ਦੇ ਵਿਚ ਜਾ ਕੇ ਉਸ ਕਾਗਜ਼ ਨੂੰ ਸੀਲ ਕਰ ਦਿੰਦੀ ਹੈ ਔਰ ਉਸ ਸੀਲ ਕੀਤੇ ਕਾਗਜ਼ ਵਿਚੋਂ ਸੈਂਪਲ ਲੈ ਕੇ ਗੌਰਮਿੰਟ ਲੈਬਾਰਟਰੀ ਵਿਚੋਂ ਉਸ ਨੂੰ ਟੈਸਟ ਕਰਵਾਉਂਦੀ ਹੈ । ਆਈ. ਐਸ. ਆਈ. ਸਪੈਸੀਫਿਕੇਸ਼ਨਜ਼ ਦੇ ਮੁਤਾਬਿਕ ਅਗਰ ਉਹ ਕਾਗਜ਼ ਠੀਕ ਨਿਕਲਦਾ ਹੈ ਤਾਂ ਹੀ ਉਸ ਨੂੰ ਖਰੀਦਿਆ ਜਾਂਦਾ ਹੈ ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਮੰਤਰੀ ਜੀ ਨੇ ਆਪਣੇ ਜਵਾਬ ਵਿਚ ਦਸਿਆ ਹੈ ਕਿ ਕੁਝ ਫਰਮਾਂ ਦੀ ਅਦਾਇਗੀ ਹੋ ਚੁਕੀ ਹੈ ਅਤੇ ਕੁਝ ਫ਼ਰਮਾਂ ਦੀ ਅਦਾਇਗੀ ਅਜੇ ਬਾਕੀ ਹੈ । ਜਿਨ੍ਹਾਂ ਫਰਮਾਂ ਦੀ ਅਦਾਇਗੀ ਅਜੇ ਬਾਕੀ ਹੈ, ਉਸ ਦਾ ਕਾਰਨ ਇਹ ਤਾਂ ਨਹੀਂ ਕਿ ਕਾਗਜ਼ ਦੀ ਖਰੀਦ ਕਰਨ ਵਾਸਤੇ ਜਿਹੜੇ ਰੂਲ ਬਣੇ ਹੋਏ ਹਨ, ਉਨ੍ਹਾਂ ਨੂੰ ਛੱਡ ਕੇ ਕੁਨਬਾਪਰਵਰੀ ਦਾ ਵਧੇਰੇ ਖਿਆਲ ਰੱਖਿਆ ਗਿਆ ਹੋਵੇ, ਭ੍ਰਿਸ਼ਟਾਚਾਰ ਕੀਤਾ ਗਿਆ ਹੋਵੇ ?

ਸ੍ਰੀ ਸਪੀਕਰ : ਇਹ ਕੋਈ ਸਪਲੀਮੈਂਟਰੀ ਨਹੀਂ ਹੈ ।

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕਾਗਜ਼ ਅਤੇ ਹੋਰ ਸਾਜ਼-ਸਮਾਨ, ਜਿਸ ਵਿਚ ਕੁਝ ਪ੍ਰਿੰਟਿੰਗ ਮਸ਼ੀਨਾਂ ਵੀ ਸ਼ਾਮਲ ਹਨ ਜੋ ਕਿ ਆਈਡਲ ਪਈਆਂ ਹੋਈਆਂ ਹਨ, ਖਰੀਦਣ ਵਿਚ ਕੀ ਕੋਈ ਘਪਲੇਬਾਜ਼ੀ ਹੋਈ ਹੈ ?

(ਕੋਈ ਜਵਾਬ ਨਹੀਂ ਆਇਆ)

Mr. Speaker : Question Hour is over. The remaining questions shall be deemed to have been answered under Rule 38 of the Rules of Procedure and Conduct of Business in the Punjab Vidhan Sabha (Punjab Legislative Assembly).

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

ਵਾਧੂ ਜ਼ਮੀਨ ਦੀ ਨਿਲਾਮੀ

*637. **ਸ੍ਰੀ ਸਜਵਾਰ ਸਿੰਘ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਜਨਵਰੀ, 1992 ਤੋਂ ਦਸੰਬਰ, 1992 ਤੱਕ ਦੇ ਸਮੇਂ ਦੇ ਦੌਰਾਨ ਪਿੰਡ ਪਰਜੀਆਂ ਕਲਾਂ, ਪਰਜੀਆਂ ਖੁਰਦ, ਬਾਹਮਣੀਆਂ ਅਤੇ ਬਾਜਵਾਂ ਕਲਾਂ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ ਵਿਚ ਸਰਕਾਰ ਦੁਆਰਾ ਸੀਮਿਤ ਅਤੇ ਖੁੱਲ੍ਹੀ ਬੋਲੀ ਰਾਹੀਂ ਅਲਾਟ ਕੀਤੀ ਗਈ ਦਿਹਾਤੀ ਵਾਧੂ ਨਿਕਾਮੀ ਜ਼ਮੀਨ ਦਾ ਕੁੱਲ ਰਕਬਾ ਕਿੰਨਾ ਹੈ ਅਤੇ ਇਸ ਤਰ੍ਹਾਂ ਵੇਚੀ ਗਈ ਜ਼ਮੀਨ ਦੀ ਪ੍ਰਤੀ ਏਕੜ ਕੀਮਤ ਕੀ ਹੈ;

(ਅ) ਕੀ ਉਕਤ ਜ਼ਮੀਨ ਦੀ ਅਲਾਟਮੈਂਟ ਵਿਚ ਰਿਸ਼ਵਤਖੋਰੀ ਦੇ ਲਗਾਏ ਗਏ ਦੋਸ਼ ਬਾਰੇ ਕੋਈ ਸ਼ਿਕਾਇਤ ਸਰਕਾਰ ਨੂੰ ਪ੍ਰਾਪਤ ਹੋਈ, ਜੇਕਰ ਅਜਿਹਾ ਹੋਵੇ ਤਾਂ ਇਸ ਮਾਮਲੇ ਵਿਚ ਹੁਣ ਤਕ ਕੀਤੀ ਗਈ ਕਾਰਵਾਈ, ਜੇਕਰ ਕੋਈ ਹੋਵੇ ਦੇ ਵੇਰਵੇ ਕੀ ਹਨ ?

ਸਰਦਾਰ ਬੇਅੰਤ ਸਿੰਘ : (ੳ) 12 ਏਕੜ 1 ਕਨਾਲ 16 ਮਰਲੇ ਔਸਤਨ ਕੀਮਤ 21,120/-ਰੁਪਏ ਪ੍ਰਤੀ ਏਕੜ ਨਾਲ ।

(ਅ) ਹਾਂ ਜੀ, ਕੇਵਲ ਪਰਜੀਆਂ ਕਲਾਂ ਅਤੇ ਪਰਜੀਆਂ ਖੁਰਦ ਪਿੰਡਾਂ ਵਿਚ ਵੇਚੀ ਗਈ ਭੋਂ ਵਿਰੁਧ ਹੀ ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ, ਜੋ ਕਿ ਸੇਲਜ਼ ਕਮਿਸ਼ਨਰ, ਨਕੋਦਰ ਵਲੋਂ ਮਿਤੀ 11 ਮਾਰਚ, 1993 ਨੂੰ ਸ਼ਹਾਦਤ ਲਈ ਨਿਯਤ ਕੀਤੀਆਂ ਹੋਈਆਂ ਹਨ ।

ਰਾਜ ਵਿਚ ਡਾਕਟਰਾਂ ਨੂੰ ਨਾਨ-ਪ੍ਰੈਕਟਿਸ ਭੱਤਾ ਦੇਣਾ

*677. ਡਾਕਟਰ ਰਮੇਸ਼ ਦੱਤ : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਸਰਕਾਰ ਨੇ ਰਾਜ ਵਿਚ ਡਾਕਟਰਾਂ ਨੂੰ ਨਾਨ-ਪ੍ਰੈਕਟਿਸ ਭੱਤਾ ਕਿਸ ਤਰੀਕ ਤੋਂ ਮਨਜ਼ੂਰ ਕੀਤਾ;

(ਅ) ਕੀ ਡਾਕਟਰਾਂ ਨੂੰ ਨਾਨ-ਪ੍ਰੈਕਟਿਸ ਭੱਤਾ ਦੇਣ ਲਈ ਕੋਈ ਨਿਯਮ ਬਣਾਏ ਗਏ ਸਨ/ਹਨ, ਜੇਕਰ ਅਜਿਹਾ ਹੋਵੇ ਤਾਂ ਕੀ ਇਨ੍ਹਾਂ ਨਿਯਮਾਂ ਵਿਚ ਕੋਈ ਉਪਬੰਧ ਹੈ, ਜਿਸ ਰਾਹੀਂ ਪ੍ਰਾਈਵੇਟ ਪ੍ਰੈਕਟਿਸ ਕਰਨ ਵਾਲੇ ਡਾਕਟਰਾਂ ਦੀਆਂ ਸੇਵਾਵਾਂ ਸਮਾਪਤ ਕੀਤੀਆਂ ਜਾ ਸਕਦੀਆਂ ਹੋਣ;

(ੲ) ਜੇਕਰ ਉਕਤ ਭਾਗ (ਅ) ਦਾ ਉੱਤਰ ਹਾਂ ਵਿਚ ਹੋਵੇ ਤਾਂ ਕੀ ਉਕਤ ਨਿਯਮਾਂ ਦੀ ਉਲੰਘਣਾ ਕਰਨ ਦਾ ਕੋਈ ਕੇਸ ਸਰਕਾਰ ਦੇ ਧਿਆਨ ਵਿਚ ਆਇਆ, ਜੇਕਰ ਅਜਿਹਾ ਹੋਵੇ, ਤਾਂ ਉਸ ਦੇ ਵੇਰਵੇ ਕੀ ਹਨ ਅਤੇ ਉਸ ਤੇ ਕੀ ਕਾਰਵਾਈ ਕੀਤੀ ਗਈ ?

ਸਰਦਾਰ ਲਾਲ ਸਿੰਘ : ਸਰਕਾਰ ਨੇ ਹੁਣ ਡਾਕਟਰਾਂ ਨੂੰ ਐਨ. ਪੀ. ਏ. ਦੀ ਅਦਾਇਗੀ ਵਿੱਤ ਵਿਭਾਗ ਦੇ ਪੱਤਰ ਨੰ: 9/242/88-ਐਫ. ਪੀ. 1/1034 ਮਿਤੀ 24 ਜਨਵਰੀ, 1989 ਨਾਲ ਕੀਤੀ ਹੈ ।

(ਅ) ਨਹੀਂ ਜੀ । ਪ੍ਰੰਤੂ ਪ੍ਰਾਈਵੇਟ ਪ੍ਰੈਕਟਿਸ ਕਰਨ ਵਾਲੇ ਡਾਕਟਰਾਂ ਵਿਰੁੱਧ ਅਨੁਸ਼ਾਸਨੀ ਕਾਰਵਾਈ ਪੰਜਾਬ ਸੀ. ਐਸ. ਆਰ. (ਦੰਡ ਅਤੇ ਅਪੀਲ) ਰੂਲਜ਼ 1970 ਅਧੀਨ ਰਚੀ ਜਾ ਸਕਦੀ ਹੈ ।

(ੲ) ਜਿਨ੍ਹਾਂ ਕੇਸਾਂ ਵਿਚ ਕਾਰਵਾਈ ਹੋ ਰਹੀ ਹੈ, ਉਨ੍ਹਾਂ ਦੀ ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

ਸੂਚੀ

ਲੜੀ ਨੰ:	ਡਾਕਟਰ ਦਾ ਨਾਂ	ਸੇਵਾ ਨੰ:	ਮੌਜੂਦਾ ਸਥਿਤੀ
1	2	3	4
1.	ਡਾ: ਸੁਰੇਸ਼ ਮਿੱਤਲ ..	1002	ਕਾਰਣ ਦੱਸੋ ਨੋਟਿਸ ਜਾਰੀ ਕੀਤਾ ਹੈ ।
2.	ਡਾ: ਬਲਜਿੰਦਰ ਸਿੰਘ ..	1904	ਚਾਰਜਸ਼ੀਟ ਜਾਰੀ ਕੀਤੀ ਹੈ ।
3.	ਡਾ: ਰਣਬੀਰ ਸਿੰਘ ..	2037	ਕਾਰਣ ਦੱਸੋ ਨੋਟਿਸ ਜਾਰੀ ਕੀਤਾ ।

[ਸਿਹਤ ਅਤੇ ਪਰਿਵਾਰ ਭਲਾਈ ਮੰਤਰੀ]

1	2	3	4
4.	ਡਾ: ਹਰਦੀਪ ਸਿੰਘ ਦੀਪ ..	1463	ਰਿਕਾਰਡਿਡ ਵਾਰਨਿੰਗ ਜਾਰੀ ਕੀਤੀ ਹੈ ।
5.	ਡਾ: ਨਰੇਸ਼ ਕੁਮਾਰ ਗੁਲਾਟੀ ..	1443	ਚਾਰਜਸ਼ੀਟ ਜ਼ਾਰੀ ਕੀਤੀ ਹੈ ।
6.	ਡਾ: ਅਜੈ ਕੁਮਾਰ ਜੈਨ ..	1434	ਪੜਤਾਲ ਕੀਤੀ ਜਾ ਰਹੀ ਹੈ ।
7.	ਡਾ: ਲਛਮਣ ਦਾਸ ..	3033	—ਉਹੀ—
8.	ਡਾ: ਕਮਿਨਦਰ ਨਾਥ ਸ਼ਰਮਾ ..	2776	ਚਾਰਜਸ਼ੀਟ ਜਾਰੀ ਕੀਤੀ ਹੈ ।
9.	ਡਾ: ਬਲਰਾਮ ਧਵਨ ..	3742	ਵਿਭਾਗੀ ਪੜਤਾਲ ਕੀਤੀ ਜਾ ਰਹੀ ਹੈ ।
10.	ਡਾ: ਨਰੇਸ਼ ਸਿੰਗਲਾ ..	2900	ਚਾਰਜਸ਼ੀਟ ਜਾਰੀ ਕੀਤੀ ਜਾ ਰਹੀ ਹੈ ।
11.	ਡਾ: ਕੁਲਜੀਤ ਸਿੰਘ ..	2270	—ਉਹੀ—
12.	ਡਾ: ਨੀਲਮ ਜੁਨੇਜਾ ..	4440	—ਉਹੀ—
13.	ਡਾ: ਹਨੂਮਾਨ ਸਹਾਏ ਗੁਪਤਾ ..	4472	—ਉਹੀ—
14.	ਡਾ: ਵਰਿੰਦਰ ਕੁਮਾਰ ਵਰਮਾ ..	255/88	ਪੜਤਾਲ ਹੋ ਗਈ ਹੈ । ਕੇਸ ਸਰਕਾਰ ਦੇ ਵਿਚਾਰ ਅਧੀਨ ਹੈ ।
15.	ਡਾ: ਸਤੀਸ਼ ਕੁਮਾਰ ਮਲਿਕ ..	151 ਜੀ. ਸੀ. 90	ਕਾਰਵਾਈ ਵਿਚਾਰ ਅਧੀਨ ਹੈ ।
16.	ਡਾ: ਨੈਨਾ ਸਲਾਬੀਆਂ ..	4662	ਕਾਰਨ ਦੱਸੋ ਨੋਟਿਸ ਜਾਰੀ ਕੀਤਾ ਹੋਇਆ ਹੈ ।
17.	ਡਾ: ਏ. ਐਸ. ਨਾਗਪਾਲ ..	4984	—ਉਹੀ—
18.	ਡਾ: ਰਣਬੀਰ ਸਿੰਘ ਪੰਨੂ ..	628	ਸ਼ਿਕਾਇਤ ਦੀ ਪੜਤਾਲ ਕੀਤੀ ਜਾ ਰਹੀ ਹੈ ।
19.	ਡਾ: ਬਲਦੇਵ ਸਿੰਘ ਢਿੱਲੋਂ ..	2969	ਸ਼ਿਕਾਇਤ ਵੇਖੀ ਜਾ ਰਹੀ ਹੈ ।
20.	ਡਾ: ਛੱਜੂ ਰਾਮ ..	2918	ਸ਼ਿਕਾਇਤ ਵੇਖੀ ਜਾ ਰਹੀ ਹੈ ।
21.	ਡਾ: ਅਨੁਰਾਗ ਵਸ਼ਿਸ਼ਟ ..	ਐਸ. ਟੀ.	ਪ੍ਰਾਈਵੇਟ ਪ੍ਰੈਕਟਿਸ ਬਾਰੇ ਸ਼ਿਕਾ-ਇਤ ਵਾਚੀ ਜਾ ਰਹੀ ਹੈ ।
22.	ਡਾ: ਅਲਕਾ ਗਰਗ ..	—ਉਹੀ—	—ਉਹੀ—

ਡੇਪੂਟੇਸ਼ਨ ਤੇ ਡਾਕਟਰ

*682. **ਡਾਕਟਰ ਰਮੇਸ਼ ਦੱਤ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਇਸ ਸਮੇਂ ਰੋਪੜ ਅਤੇ ਪਟਿਆਲਾ ਜ਼ਿਲ੍ਹਿਆਂ ਦੇ ਦਿਹਾਤੀ ਖੇਤਰਾਂ ਵਿਚ ਸਥਿਤ ਪ੍ਰਾਇਮਰੀ ਸਿਹਤ ਕੇਂਦਰਾਂ ਅਤੇ ਡਿਸਪੈਂਸਰੀਆਂ ਵਿਚ ਲਗਾਏ ਗਏ ਡਾਕਟਰਾਂ ਦੀ ਗਿਣਤੀ ਕਿੰਨੀ ਹੈ;

(ਅ) ਕੀ ਉਕਤ ਭਾਗ (ੳ) ਵਿਚ ਵਰਣਿਤ ਡਾਕਟਰਾਂ ਵਿਚੋਂ ਕੁਝ ਡਾਕਟਰ ਅਸਲ ਵਿਚ ਜਾਂ ਤਾਂ ਚੰਡੀਗੜ੍ਹ ਜਾਂ ਚੰਡੀਗੜ੍ਹ ਦੇ ਨੇੜੇ ਦੇ ਸਥਾਨਾਂ ਤੇ ਕੰਮ ਕਰ ਰਹੇ ਹਨ ਪਰੰਤੂ ਆਪਣੀਆਂ ਤਨਖਾਹਾਂ ਦਿਹਾਤੀ ਖੇਤਰਾਂ ਵਿਚ ਸਥਿਤ ਪ੍ਰਾਇਮਰੀ ਸਿਹਤ ਕੇਂਦਰਾਂ/ਡਿਸਪੈਂਸਰੀਆਂ ਤੋਂ ਜਿਨ੍ਹਾਂ ਵਿਚ ਉਹ ਪਹਿਲਾਂ ਲਗਾਏ ਗਏ ਸਨ, ਲੈ ਰਹੇ ਹਨ; ਜੇਕਰ ਅਜਿਹਾ ਹੋਵੇ ਤਾਂ ਉਹਨਾਂ ਦੇ ਨਾਂ ਕੀ ਹਨ ਅਤੇ ਅਜਿਹਾ ਕਰਨ ਦੇ ਕਾਰਨ ਕੀ ਹਨ ?

ਸਰਦਾਰ ਲਾਲ ਸਿੰਘ : (ੳ) ਜ਼ਿਲ੍ਹਾ ਰੋਪੜ ਅਤੇ ਪਟਿਆਲਾ ਦੇ ਦਿਹਾਤੀ ਇਲਾਕੇ ਵਿਚ ਸਥਿਤ ਮੁੱਢਲੇ ਸਿਹਤ ਕੇਂਦਰਾਂ/ਡਿਸਪੈਂਸਰੀਆਂ ਵਿਚ ਡਾਕਟਰਾਂ ਦੀ ਗਿਣਤੀ ਨਿਮਨ ਲਿਖਤ ਅਨੁਸਾਰ ਹੈ :—

(i)	ਜ਼ਿਲ੍ਹਾ ਰੋਪੜ ..	93
(ii)	ਜ਼ਿਲ੍ਹਾ ਪਟਿਆਲਾ ..	149

(ਅ) (i) ਨਹੀਂ ਜੀ ।

(ii) ਉਪਰੋਕਤ ਜਵਾਬ ਨਾ ਵਿਚ ਹੋਣ ਕਾਰਨ ਅਜਿਹੇ ਡਾਕਟਰਾਂ ਦੇ ਨਾਮ ਦੇਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਜੋ ਚੰਡੀਗੜ੍ਹ ਦੇ ਨੇੜੇ ਪੋਸਟਿਡ ਹੋਣ ਅਤੇ ਤਨਖਾਹ ਦਿਹਾਤੀ ਇਲਾਕਿਆਂ ਤੋਂ ਲੈਂਦੇ ਹੋਣ ।

ਰਾਜ ਵਿਚ ਉਦਯੋਗਿਕ ਕਸਬਿਆਂ ਵਿਚ ਪ੍ਰਦੂਸ਼ਣ ਦੀ ਰੋਕ

*642. **ਸ੍ਰੀ ਮਨਜੀਤ ਸਿੰਘ ਖਿਰਮੀ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਰਾਜ ਦੇ ਉਦਯੋਗਿਕ ਸ਼ਹਿਰਾਂ ਵਿਚ ਪਾਣੀ ਅਤੇ ਹਵਾ ਦੇ ਪ੍ਰਦੂਸ਼ਣ ਨੂੰ ਰੋਕਣ ਲਈ ਕੋਈ ਕਾਰਵਾਈ ਕਰਨ ਦੀ ਤਜ਼ਵੀਜ਼ ਰੱਖਦੀ ਹੈ, ਜੇਕਰ ਅਜਿਹਾ ਹੈ, ਤਾਂ ਉਸ ਦੇ ਵੇਰਵੇ ਕੀ ਹਨ; ਜੇਕਰ ਨਹੀਂ ਤਾਂ ਉਸ ਦੇ ਕਾਰਨ ਕੀ ਹਨ ?

ਸਰਦਾਰ ਬੇਅੰਤ ਸਿੰਘ : ਹਾਂ ਜੀ । ਪਾਣੀ ਅਤੇ ਹਵਾ ਦੇ ਪ੍ਰਦੂਸ਼ਣ ਨੂੰ ਰੋਕਣ ਲਈ ਰਾਜ ਸਰਕਾਰ "ਦੀ ਵਾਟਰ (ਪ੍ਰੀਵੈਨਸ਼ਨ ਐਂਡ ਕੰਟਰੋਲ ਆਫ਼ ਪੋਲਿਊਸ਼ਨ) ਐਕਟ 1974" ਅਤੇ "ਏਅਰ (ਪ੍ਰੀਵੈਨਸ਼ਨ ਐਂਡ ਕੰਟਰੋਲ ਆਫ਼ ਪੋਲਿਊਸ਼ਨ) ਐਕਟ 1981" ਦੀਆਂ ਧਾਰਾਵਾਂ ਨੂੰ ਇੰਨ ਬਿੰਨ ਲਾਗੂ ਕਰ ਰਹੀ ਹੈ । ਇਸ ਤੋਂ ਇਲਾਵਾ ਚੌਲਾਂ ਦੀ ਫੱਕ ਅਤੇ ਹੋਰ ਖਿੰਡਵੇਂ ਪਦਾਰਥਾਂ ਦੇ ਜਲਾਉਣ ਤੋਂ ਹੋ ਰਹੇ ਪ੍ਰਦੂਸ਼ਣ ਨੂੰ ਰੋਕਣ ਲਈ ਕਾਨੂੰਨੀ ਕਾਰਵਾਈ ਕਰ ਰਹੀ ਹੈ । ਸਤਲੁਜ ਐਕਸ਼ਨ ਪਲਾਨ ਅਧੀਨ ਬੁੱਢੇ ਨਾਲੇ ਦੇ ਪਾਣੀ ਨੂੰ ਸਾਫ਼ ਕਰਨ ਲਈ ਇੱਕ ਯੋਜਨਾ ਸਰਕਾਰ ਦੇ ਵਿਚਾਰ ਅਧੀਨ ਹੈ ।

ਜੇਲ੍ਹ ਵਾਰਡਰਾਂ ਦੀ ਆਸਾਮੀ ਲਈ ਯੋਗਤਾਵਾਂ ਵਿਚ ਛੋਟ

*647. **ਸ਼੍ਰੀ ਸਤਨਾਮ ਸਿੰਘ ਕੈਂਥ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਕੀ ਇਹ ਠੀਕ ਹੈ ਕਿ ਜੂਨ/ਜੁਲਾਈ, 1992 ਵਿਚ ਜੇਲ੍ਹ ਵਿਭਾਗ ਵਿਚ ਨਿਯੁਕਤੀਆਂ ਕਰਨ ਸਮੇਂ ਵਾਰਡਰਾਂ ਦੀਆਂ ਆਸਾਮੀਆਂ ਲਈ ਘੱਟੋ ਘੱਟ ਨਿਸ਼ਚਿਤ ਵਿਦਿਅਕ ਯੋਗਤਾਵਾਂ ਨੂੰ ਦੱਸਵੀਂ ਤੋਂ ਮਿਡਲ ਤੱਕ ਘੱਟ ਕੀਤਾ ਗਿਆ ਸੀ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਕੀ ਕਾਰਨ ਹਨ ;

(ਅ) ਕੀ ਇਹ ਵੀ ਠੀਕ ਹੈ ਕਿ ਮੈਟਰਨਜ਼ (ਲੇਡੀ ਵਾਰਡਰਾਂ) ਦੀ ਆਸਾਮੀ ਲਈ ਘੱਟੋ ਘੱਟ ਵਿਦਿਅਕ ਯੋਗਤਾ ਮੈਟ੍ਰਿਕ ਰੱਖੀ ਹੋਈ ਹੈ, ਜਦੋਂ ਕਿ ਵਾਰਡਰਾਂ ਅਤੇ ਮੈਟਰਨਜ਼ ਦੋਹਾਂ ਦੀਆਂ ਡਿਊਟੀਆਂ ਅਤੇ ਤਨਖਾਹ ਸਕੇਲ ਇੱਕੋ ਜਿਹੇ ਹੀ ਹਨ ?

ਸਰਦਾਰ ਬੇਅੰਤ ਸਿੰਘ : (ੳ) ਨਹੀਂ ਜੀ ।

(ਅ) ਜੀ ਹਾਂ ।

ਪੰਜਾਬ ਰੈਡ ਕਰਾਸ ਨੂੰ ਫੰਡਾਂ ਦੀ ਵੰਡ

*713. **ਸ਼੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਵਿੱਤੀ ਸਾਲ 1990-91 ਤੋਂ ਮਿਤੀ ਅੰਤ ਤੱਕ ਦੇ ਸਮੇਂ ਦੇ ਦੌਰਾਨ ਸਿਹਤ ਵਿਭਾਗ ਦੁਆਰਾ ਪੰਜਾਬ ਰੈਡ ਕਰਾਸ ਸੁਸਾਇਟੀ ਨੂੰ ਦਿੱਤੇ ਗਏ ਫੰਡਾਂ ਦਾ ਸਾਲ-ਵਾਰ ਵੇਰਵਾ ਕੀ ਹੈ ਅਤੇ ਇਹ ਫੰਡ ਕਿਸ ਮਕਸਦ ਲਈ ਦਿੱਤੇ ਗਏ ?

ਸਰਦਾਰ ਲਾਲ ਸਿੰਘ : ਪੰਜਾਬ ਰੈਡ ਕਰਾਸ ਸੋਸਾਇਟੀ ਚੰਡੀਗੜ੍ਹ ਨੂੰ ਸਾਲਵਾਰ ਹੇਠ ਲਿਖੇ ਅਨੁਸਾਰ ਗਰਾਂਟ-ਇਨ-ਏਡ ਮਨਜ਼ੂਰ ਕੀਤੀ ਗਈ ਸੀ :—

ਲੜੀ ਨੰ:	ਸਾਲ	ਰਕਮ	ਜਿਸ ਮੰਤਵ ਲਈ ਗਰਾਂਟ ਦਿੱਤੀ ਗਈ
1	2	3	4
1.	1990-91 ..	ਰੁਪਏ 15,00,000/-	ਮੈਡੀਕਲ ਰਿਲੀਫ ਸਬੰਧੀ ਗਤੀ-ਵਿਧੀਆਂ ਲਈ ਸਹਾਇਤਾ ।
2.	1991-92 ..	ਰੁਪਏ 60,00,000/-	ਦੂਰ ਦਰਾਡੇ ਰਹਿਣ ਵਾਲੇ ਪੇਂਡੂ ਇਲਾਕਿਆਂ ਵਿਚ ਲੋਕਾਂ ਨੂੰ ਸਿਹਤ ਅਤੇ ਮੈਡੀਕਲ ਸੁਵਿਧਾ ਦੇਣ ਲਈ ਸਹਾਇਤਾ ।
3.	1991-92 ..	ਰੁਪਏ 15,00,000/-	ਮੈਡੀਕਲ-ਰਿਲੀਫ ਸਬੰਧੀ ਗਤੀ-ਵਿਧੀਆਂ ਲਈ ਸਹਾਇਤਾ ।
4.	1992-93 ..	ਰੁਪਏ 40,00,000/-	ਪੇਂਡੂ ਇਲਾਕਿਆਂ ਵਿੱਚ ਮੈਡੀਕਲ ਕੈਂਪ ਲਗਾਉਣ ਲਈ ਸਹਾਇਤਾ ।

ਜੇਲ੍ਹ ਵਿਭਾਗ ਵਿਚ ਤਰੱਕੀ ਲਈ ਕਸੌਟੀ

*634. **ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਕੀ ਇਹ ਠੀਕ ਹੈ ਕਿ ਜੇਲ੍ਹ ਵਿਭਾਗ ਵਿਚ ਕੰਮ ਕਰ ਰਹੇ ਕਲਰਕਾਂ ਦੀ ਗਿਣਤੀ ਨਾਲੋਂ ਜੇਲ੍ਹ ਵਾਰਡਰਾਂ ਦੀ ਗਿਣਤੀ ਜ਼ਿਆਦਾ ਹੈ;

(ਅ) ਕੀ ਦੋਨੋਂ ਵਾਰਡਰਾਂ ਨੂੰ ਸਹਾਇਕ ਸੁਪਰਡੈਂਟ ਜੇਲ੍ਹਜ਼ ਵਜੋਂ ਤਰੱਕੀ ਦੇ ਮਾਮਲੇ ਵਿਚ ਬਰਾਬਰ ਦੀ ਪ੍ਰਤੀਨਿਧਤਾ ਦਿੱਤੀ ਜਾ ਰਹੀ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਜੇਲ੍ਹ ਵਾਰਡਰਾਂ ਦੀ ਗਿਣਤੀ ਜ਼ਿਆਦਾ ਹੋਣ ਦੇ ਮੱਦੇ-ਨਜ਼ਰ ਉਨ੍ਹਾਂ ਦੀ ਪ੍ਰਤੀਨਿਧਤਾ ਵਿਚ ਵਾਧਾ ਕਰਨ ਦਾ ਵਿਚਾਰ ਰੱਖਦੀ ਹੈ ?

ਸਰਦਾਰ ਬੇਅੰਤ ਸਿੰਘ : (ੳ) ਜੀ ਹਾਂ ।

(ਅ) ਕਿਉਂਕਿ ਕਲਰਕਾਂ ਦੀ ਗਿਣਤੀ ਵਾਰਡਰਾਂ ਨਾਲੋਂ ਘੱਟ ਹੈ, ਇਸ ਲਈ ਵਾਰਡਰਾਂ ਅਤੇ ਕਲਰਕਾਂ ਦੀ ਤਰੱਕੀ, ਬਤੌਰ ਸਹਾਇਕ ਸੁਪਰਡੰਟ ਜੇਲ੍ਹ ਪਹਿਲਾਂ ਹੀ 3 : 1 ਅਨੁਸਾਰ ਕੀਤੀ ਜਾਂਦੀ ਹੈ ।

ਵਾਰਡਰਾਂ ਅਤੇ ਮੁਖ ਵਾਰਡਰਾਂ ਦੀਆਂ ਤਨਖਾਹਾਂ ਦੇ ਮੁਢਲੇ ਸਕੇਲਾਂ ਨੂੰ ਵਧਾਉਣਾ

*693. **ਸ਼੍ਰੀ ਸਤਨਾਮ ਸਿੰਘ ਕੈਂਥ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦੀ ਜੇਲ੍ਹ ਵਿਭਾਗ ਵਿਚ ਸੇਵਾ ਕਰ ਰਹੇ ਵਾਰਡਰਾਂ ਅਤੇ ਮੁੱਖ ਵਾਰਡਰਾਂ ਦੀਆਂ ਤਨਖਾਹਾਂ ਦੇ ਮੁੱਢਲੇ ਸਕੇਲਾਂ ਨੂੰ ਵਧਾਉਣ ਦੀ ਤਜਵੀਜ਼ ਹੈ ਜਿਵੇਂ ਕਿ ਤੀਸਰੇ ਪੰਜਾਬ ਪੇ-ਕਮਿਸ਼ਨ ਦੀ ਰਿਪੋਰਟ ਵਿਚ ਸਿਫਾਰਸ਼ ਕੀਤੀ ਗਈ ਹੈ ; ਜੇਕਰ ਅਜਿਹਾ ਹੋਵੇ, ਤਾਂ ਤਨਖਾਹਾਂ ਦੇ ਮੁਢਲੇ ਸਕੇਲਾਂ ਨੂੰ ਕਿਸ ਤਰੀਕ ਤੋਂ ਵਧਾਉਣ ਦੀ ਆਗਿਆ ਦਿੱਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਬੇਅੰਤ ਸਿੰਘ : ਤੀਜੇ ਤਨਖਾਹ ਕਮਿਸ਼ਨ ਦੀਆਂ ਸਿਫਾਰਸਾਂ 10 ਅਕਤੂਬਰ, 1990 ਤੋਂ ਲਾਗੂ ਹੋ ਚੁੱਕੀਆਂ ਹਨ ।

UNSTARRED QUESTIONS AND ANSWERS

ਰਾਜ ਵਿੱਚ ਸਕੂਲ ਅਧਿਆਪਕਾਂ ਦੀ ਗਿਣਤੀ

91. **ਸ਼੍ਰੀਮਤੀ ਵਿਮਲਾ ਡਾਂਗ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) 1 ਅਗਸਤ, 1992 ਨੂੰ ਰਾਜ ਵਿੱਚ ਸਕੂਲ ਅਧਿਆਪਕਾਂ ਦੀ ਸ਼੍ਰੇਣੀ-ਵਾਰ, ਕੁਲ ਗਿਣਤੀ ਕਿੰਨੀ ਸੀ;

[ਸ਼੍ਰੀਮਤੀ ਵਿਮਲਾ ਡਾਂਗ]

(ਅ) 1 ਅਗਸਤ, 1992 ਨੂੰ ਉਪਰੋਕਤ ਭਾਗ (ੳ) ਵਿੱਚ ਵਰਣਿਤ ਅਧਿਆਪਕਾਂ ਵਿੱਚੋਂ ਇਸਤ੍ਰੀ ਅਧਿਆਪਕਾਂ ਦੀ ਸ਼੍ਰੇਣੀਵਾਰ ਕੁੱਲ ਗਿਣਤੀ ਕਿੰਨੀ ਸੀ;

(ੲ) ਉਪਰੋਕਤ ਭਾਗਾਂ (ੳ) ਅਤੇ (ਅ) ਵਿਚ ਵਰਣਿਤ ਅਧਿਆਪਕਾਂ ਵਿੱਚੋਂ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਅਧਿਆਪਕਾਂ ਦੀ ਕੁੱਲ ਗਿਣਤੀ ਕਿੰਨੀ ਹੈ ?

ਸ਼੍ਰੀ ਹਰਨਾਮ ਦਾਸ ਜੌਹਰ : (ੳ) ਮਿਤੀ 1 ਅਗਸਤ, 1992 ਨੂੰ ਰਾਜ ਸਰਕਾਰ ਦੇ ਪ੍ਰਾਇਮਰੀ, ਮਿਡਲ, ਹਾਈ ਅਤੇ ਹਾਇਰ ਸੈਕੰਡਰੀ ਸਕੂਲਾਂ ਵਿੱਚ ਕੰਮ ਕਰ ਰਹੇ ਸ਼੍ਰੇਣੀਵਾਰ ਅਧਿਆਪਕਾਂ ਦੀ ਕੁੱਲ ਗਿਣਤੀ :—

1.	ਪ੍ਰਿੰਸੀਪਲ	..	257
2.	ਹੈਡਮਾਸਟਰ/ਹੈਡਮਿਸਟ੍ਰੈਸ	..	1,300
3.	ਲੈਕਚਰਾਰ	..	3,169
4.	ਮਾਸਟਰ/ਮਿਸਟ੍ਰੈਸ	..	22,853
5.	ਕਲਾਸੀਕਲ ਤੇ ਵਰਨੈਕੂਲਰ	..	13,642
6.	ਜੇ. ਬੀ. ਟੀ. (ਸੈਕੰਡਰੀ ਸਾਈਡ)	..	159
7.	ਹੋਰ	..	1,015
8.	ਸੈਂਟਰ ਹੈਡ ਟੀਚਰ	..	1,500
9.	ਹੈਡ ਟੀਚਰ	..	828
10.	ਜੇ. ਬੀ. ਟੀ.	..	38,159

(ਅ) ਮਿਤੀ 1 ਅਗਸਤ, 1992 ਨੂੰ ਉਪਰੋਕਤ ਭਾਗ (ੳ) ਵਿੱਚ ਵਰਣਿਤ ਕੰਮ ਕਰ ਰਹੀਆਂ ਮਿਡਲ ਪ੍ਰਾਇਮਰੀ, ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਸ਼੍ਰੇਣੀਵਾਰ ਇਸਤਰੀ ਅਧਿਆਪਕਾਂ ਦੀ ਕੁੱਲ ਗਿਣਤੀ :—

(ੳ)	ਪ੍ਰਿੰਸੀਪਲ	..	87
(ਅ)	ਹੈਡਮਾਸਟਰ/ਹੈਡਮਿਸਟ੍ਰੈਸ	..	419
(ੲ)	ਲੈਕਚਰਾਰ	..	1,163
(ਸ)	ਮਾਸਟਰ/ਮਿਸਟ੍ਰੈਸ	..	8,918
(ਹ)	ਕਲਾਸੀਕਲ ਐਂਡ ਵਰਨੈਕੂਲਰ ਟੀਚਰ	..	5,983
(ਕ)	ਜੇ ਬੀ. ਟੀ. (ਸੈਕੰਡਰੀ ਸਾਈਡ)	..	77
(ਖ)	ਹੋਰ	..	165
(ਗ)	ਸੈਂਟਰ ਹੈਡ ਟੀਚਰ	..	515
(ਘ)	ਹੈਡ ਟੀਚਰ	..	3,005
(ਙ)	ਜੇ. ਬੀ. ਟੀ.	..	20,981

(ੲ) ਉਪਰੋਕਤ (ੳ) ਅਤੇ (ਅ) ਵਿੱਚ ਵਰਣਿਤ ਅਧਿਆਪਕਾਂ ਵਿੱਚ ਕੰਮ ਕਰ ਰਹੇ ਅਨੁਸੂਚਿਤ ਜਾਤੀਆਂ ਨਾਲ ਸਬੰਧ ਰਖਦੇ ਅਧਿਆਪਕਾਂ ਦੀ ਕੁੱਲ ਗਿਣਤੀ :—

				ਆਦਮੀ	ਔਰਤਾਂ
(ੳ)	ਪ੍ਰਿੰਸੀਪਲ	..	56	40	16
(ਅ)	ਹੈਡਮਾਸਟਰ/ਹੈਡਮਿਸਟਰੈਸ	..	480	345	137
(ੲ)	ਲੈਕਚਰਾਰ	..	467	327	137
(ਸ)	ਮਾਸਟਰ/ਮਿਸਟ੍ਰੈਸ	..	2,102	1,531	571
(ਹ)	ਕਲਾਸੀਕਲ ਐਂਡ ਵਰਨੈਕੂਲਰ ਟੀਚਰ	..	1,735	1,076	659
(ਕ)	ਜੇ. ਬੀ. ਟੀ. (ਸੈਕੰਡਰੀ ਸਾਈਡ)	..	18	11	7
(ਖ)	ਹੋਰ	..	124	113	11
(ਗ)	ਸੈਂਟਰ ਹੈਡ ਟੀਚਰ	..	297	180	117
(ਘ)	ਹੈਡ ਟੀਚਰ	..	1,571	964	607
(ਙ)	ਜੇ ਬੀ ਟੀ. ਟੀਚਰ	.	4,764	3,133	1,631

ਜੂਨੀਅਰ ਬੇਸਿਕ ਟੀਚਰਜ਼ ਕੰਡੈਂਸਡ ਕੋਰਸ ਸਰਟੀਫਿਕੇਟ ਨੂੰ ਮਾਨਤਾ ਦੇਣਾ

92. **ਸ਼੍ਰੀਮਤੀ ਵਿਮਲਾ ਡਾਂਗ** : ਕੀ ਸਿੱਖਿਆ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਜੂਨੀਅਰ ਬੇਸਿਕ ਟੀਚਰਜ਼ (6 ਮਹੀਨੇ) ਦੇ ਕੰਡੈਂਸਡ ਕੋਰਸ ਸਰਟੀਫਿਕੇਟ ਨੂੰ ਪੰਜਾਬ ਸਰਕਾਰ ਦੁਆਰਾ ਮਾਨਤਾ ਦਿੱਤੀ ਗਈ ਹੈ; ਜੇਕਰ ਨਹੀਂ ਤਾਂ ਕੀ ਸਰਕਾਰ ਇਸ ਨੂੰ ਮਾਨਤਾ ਦੇਣ ਦਾ ਵਿਚਾਰ ਰੱਖਦੀ ਹੈ ?

ਸ਼੍ਰੀ ਹਰਨਾਮ ਦਾਸ ਜੌਹਰ : ਇਸ ਦਾ ਉੱਤਰ ਹਾਂ ਜਾਂ ਨਾਂਹ ਵਿੱਚ ਨਹੀਂ ਦਿੱਤਾ ਜਾ ਸਕਦਾ ਕਿਉਂਕਿ ਮਾਨਯੋਗ ਮੈਂਬਰ ਸਾਹਿਬਾਨ ਵਲੋਂ ਪ੍ਰਸ਼ਨ ਵਿੱਚ ਅੰਕਿਤ ਕੰਡੈਂਸਡ ਕੋਰਸ ਬਾਰੇ ਇਹ ਸਪਸ਼ਟ ਨਹੀਂ ਕੀਤਾ ਗਿਆ ਕਿ ਇਹ ਕਿਸ ਰਾਜ ਨਾਲ ਸਬੰਧਤ ਹੈ ।

ਤਕਨੀਕੀ ਸਿੱਖਿਆ ਵਿਭਾਗ ਦੇ ਲੈਬਾਰਟਰੀ ਅਮਲੇ ਲਈ ਸਿਲੈਕਸ਼ਨ ਗਰੇਡ

93. **ਸ਼੍ਰੀਮਤੀ ਵਿਮਲਾ ਡਾਂਗ** : ਕੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦੁਆਰਾ ਤਕਨੀਕੀ ਸਿੱਖਿਆ ਵਿਭਾਗ ਦੇ ਲੈਬਾਰਟਰੀ ਅਮਲੇ ਲਈ ਸਿਲੈਕਸ਼ਨ ਗਰੇਡ ਮਨਜ਼ੂਰ ਕੀਤਾ ਗਿਆ ਹੈ, ਜੇਕਰ ਨਹੀਂ ਤਾਂ ਇਹ ਕਦੋਂ ਤੱਕ ਮਨਜ਼ੂਰ ਕਰ ਦਿੱਤੇ ਜਾਣ ਦੀ ਆਸ ਹੈ ?

ਸਰਦਾਰ ਲਖਮੀਰ ਸਿੰਘ ਰੰਧਾਵਾ : ਨਹੀਂ ਜੀ । ਸਰਕਾਰ ਵੱਲੋਂ ਤੀਜੇ ਪੇ-ਕਮਿਸ਼ਨ ਦੀਆਂ ਸਿਫ਼ਾਰਸ਼ਾਂ ਦੇ ਸਨਮੁੱਖ ਸਾਰੀਆਂ ਕੈਟੇਗਰੀਆਂ ਲਈ ਸਿਲੈਕਸ਼ਨ ਗਰੇਡ ਬੰਦ ਕਰ ਦਿੱਤੇ ਹਨ ਅਤੇ ਇਸ ਲਈ ਤਕਨੀਕੀ ਸਿੱਖਿਆ ਵਿਭਾਗ ਵਿੱਚ ਕੰਮ ਕਰਦੇ ਲੈਬਾਰਟਰੀ ਸਟਾਫ ਨੂੰ ਸਿਲੈਕਸ਼ਨ ਗਰੇਡ ਦੇਣ ਬਾਰੇ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ ।

ਸਰਕਾਰੀ ਨੌਕਰੀ ਵਿੱਚ ਦਾਖਲੇ ਲਈ ਉਪਰਲੀ ਉਮਰ ਹੱਦ ਨੂੰ ਵਧਾਉਣਾ

94. **ਸ਼੍ਰੀਮਤੀ ਵਿਮਲਾ ਡਾਂਗ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰੀ ਨੌਕਰੀ ਵਿੱਚ ਦਾਖਲੇ ਲਈ ਉਪਰਲੀ ਉਮਰ ਹੱਦ ਵਿੱਚ ਛੋਟ ਦੇਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ-ਅਧੀਨ ਹੈ; ਜੇਕਰ ਹੈ, ਤਾਂ ਉਸ ਦੇ ਵੇਰਵੇ ਕੀ ਹਨ ਅਤੇ ਉਕਤ ਤਜਵੀਜ਼ ਨੂੰ ਕਦੋਂ ਤੱਕ ਅੰਤਿਮ ਰੂਪ ਦਿੱਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਬੇਅੰਤ ਸਿੰਘ : ਰਾਜ ਵਿਚ ਅਣ-ਸੁਖਾਵੇਂ ਮਾਹੌਲ ਨੂੰ ਵੇਖਦੇ ਹੋਏ ਸਰਕਾਰ ਵੱਲੋਂ ਫੈਸਲਾ ਕੀਤਾ ਗਿਆ ਹੈ ਕਿ ਸਾਰੀਆਂ ਰਾਜ ਸੇਵਾਵਾਂ ਦੀ ਸਿੱਧੀ ਭਰਤੀ ਲਈ ਮਿੱਥੀ ਆਮ ਉਪਰਲੀ ਸੀਮਾ ਵਿਚ ਦੋ ਸਾਲ ਦਾ ਵਾਧਾ ਕੀਤਾ ਜਾਵੇ । ਅਰਥਾਤ ਕਲਾਸ-1, 2, 3 ਦੀਆਂ ਤਕਨੀਕੀ ਆਸਾਮੀਆਂ ਤੇ ਸਿੱਧੀ ਭਰਤੀ ਲਈ ਉਮਰ ਦੀ ਉਪਰਲੀ ਸੀਮਾ 33 ਸਾਲ ਤੋਂ 35 ਸਾਲ ਅਤੇ ਗੈਰ-ਤਕਨੀਕੀ ਆਸਾਮੀਆਂ ਲਈ 30 ਸਾਲ ਤੋਂ 32 ਸਾਲ, ਅਧਿਆਪਕਾਂ ਲਈ 34 ਸਾਲ ਤੋਂ 36 ਸਾਲ ਅਤੇ ਦਰਜਾ-4 ਆਸਾਮੀਆਂ ਲਈ 35 ਸਾਲ ਤੋਂ 37 ਸਾਲ ਕਰ ਦਿੱਤੀ ਜਾਵੇ । ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਲਈ ਸਰਕਾਰ ਦੀ ਆਮ ਨੀਤੀ ਅਨੁਸਾਰ ਉਮਰ ਦੀ ਉਪਰਲੀ ਸੀਮਾ ਉਪਰੋਕਤ ਦੱਸੀ ਵਧੀ ਸੀਮਾ ਤੋਂ ਹੋਰ ਪੰਜ (5) ਸਾਲ ਅੱਗੇ ਹੋਵੇਗੀ ।

ਲੋਕ ਨਿਰਮਾਣ ਵਿਭਾਗ ਦੇ ਕਰਮਚਾਰੀਆਂ ਦੀਆਂ ਮੰਗਾਂ

104. **ਕਾਮਰੇਡ ਹਰਦੇਵ ਸਿੰਘ ਅਰਸ਼ੀ**
ਸ਼੍ਰੀਮਤੀ ਵਿਮਲਾ ਡਾਂਗ } ਕੀ ਲੋਕ ਨਿਰਮਾਣ ਵਿਭਾਗ (ਭਵਨ ਤੇ ਸੜਕਾਂ) ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਤੰਬਰ, 1992, ਨਵੰਬਰ, 1992 ਅਤੇ ਦਸੰਬਰ, 1992 ਦੇ ਦੌਰਾਨ ਸਰਕਾਰ ਨੂੰ ਦਿਹਾੜੀਦਾਰਾਂ ਅਤੇ ਵਰਕ-ਚਾਰਜਡ ਕਰਮਚਾਰੀਆਂ ਦੀਆਂ ਸੇਵਾਵਾਂ ਨਿਯਮਤ ਕਰਨ ਲਈ, ਕਰਮਚਾਰੀਆਂ ਦੀ ਛਾਂਟੀ ਨੂੰ ਰੋਕਣ ਅਤੇ ਸਾਰੇ ਫੀਲਡ ਵਰਕਰਾਂ ਦੀ ਵਰਦੀ ਭੱਤਾ ਦੇਣ ਆਦਿ ਸਬੰਧੀ ਲਕ ਨਿਰਮਾਣ ਵਿਭਾਗ ਦੇ ਕਰਮਚਾਰੀਆਂ ਦੀ ਐਕਸ਼ਨ ਕਮੇਟੀ ਤੋਂ ਉਨ੍ਹਾਂ ਦੀਆਂ ਮੰਗਾਂ ਸਬੰਧੀ ਕੋਈ ਪ੍ਰਤੀ ਬੇਨਤੀ ਪ੍ਰਾਪਤ ਹੋਈ; ਜੇਕਰ ਅਜਿਹਾ ਹੋਵੇ, ਉਸ ਤੇ ਕੀਤੇ ਗਏ ਫੈਸਲੇ ਦੇ ਵੇਰਵੇ ਕੀ ਹਨ ?

ਸਰਦਾਰ ਜੋਗਿੰਦਰ ਸਿੰਘ ਮਾਨ : ਪੀ. ਡਬਲਯੂ. ਡੀ. ਕਰਮਚਾਰੀਆਂ ਦੀ ਐਕਸ਼ਨ ਕਮੇਟੀ ਵਲੋਂ ਡੇਲੀ ਵੇਜਿਜ਼ ਅਤੇ ਵਰਕਚਾਰਜਡ ਕਰਮਚਾਰੀਆਂ ਦੀਆਂ ਸੇਵਾਵਾਂ ਰੈਗੂਲਰ ਕਰਨ ਬਾਰੇ ਅਤੇ ਉਹਨਾਂ ਦੀਆਂ ਸੇਵਾਵਾਂ ਦੀ ਸਮਾਪਤੀ ਨਾ ਕੀਤੇ ਜਾਣ ਬਾਰੇ ਪ੍ਰਤੀ-ਬੇਨਤੀਆਂ ਪ੍ਰਾਪਤ ਹੋਈਆਂ ਸਨ । ਭਾਰਤ ਦੀ ਸੁਪਰੀਮ ਕੋਰਟ ਵੱਲੋਂ ਸ਼੍ਰੀ ਪਿਆਰਾ ਸਿੰਘ ਵਾਲੇ ਕੇਸ ਐਸ. ਐਲ. ਪੀ. ਨੰ: 16471 ਆਫ 1988, ਸਿਵਲ ਰਿੱਟ ਪਟੀਸ਼ਨ ਨੰ: 72/88, ਐਸ. ਐਲ ਪੀ. ਨੰ: 2181/89/3002-04/89 ਸਟੇਟ ਆਫ ਪੰਜਾਬ ਅਤੇ

ਹਰਿਆਣਾ ਦੇ ਫੈਸਲੇ ਅਨੁਸਾਰ ਸਰਕਾਰ ਵੱਲੋਂ ਕੇਜੂਅਲ/ਡੇਲੀ ਵੇਜਿਜ਼ ਵਰਕਰਾਂ/ ਕਰਮਚਾਰੀਆਂ ਦੀਆਂ ਸੇਵਾਵਾਂ ਰੈਗੂਲਰ ਕਰਨ ਬਾਰੇ ਛੇਤੀ ਹੀ ਪਾਲਿਸੀ ਬਣਾਈ ਜਾ ਰਹੀ ਹੈ । ਜਿੱਥੋਂ ਤੱਕ ਫੀਲਡ ਦੇ ਸਾਰੇ ਕਰਮਚਾਰੀਆਂ ਨੂੰ ਵਰਦੀ ਭੱਤਾ ਦੇਣ ਦਾ ਸਵਾਲ ਹੈ, ਇਹ ਮੰਗ ਵੀ ਸਰਕਾਰ ਦੇ ਵਿਚਾਰ ਅਧੀਨ ਹੈ ।

Uustarrcd Question No. 105

(Extension has been asked for in respect of Un-starred Question No. 105)

Subject :—**Unstarred question No. 105 by S. Hargopal Singh, M.L.A. regarding travelling allowance of Ministers**

The answer to Assembly question No. 105 appearing in the list of un-starred Questions on the 23rd February, 1993 in the name of Chief Minister, Punjab, is not ready.

The reply will be submitted as soon as the relevant information has been collected.

Sd/-

Chief Minister, Punjab.

To

The Secretary,
Punjab Vidhan Sabha.

U.O. No. 5/19/93/Accounts—I/1454 Dated : 22.2.1993

Mr. Speaker : Now, we come to announcements.

Shri Vijay Kumar Sathi Advocate : Point of order, Sir.

Mr. Speaker : No point of order.

ਸ਼੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਸਪੀਕਰ ਸਾਹਿਬ, ਬਹੁਤ ਅਹਿਮ ਮਸਲਾ ਹੈ ।

ਸ਼੍ਰੀ ਸਪੀਕਰ : ਪਹਿਲਾਂ ਮੈਨੂੰ ਅਨਾਊਂਸਮੈਂਟਸ ਕਰ ਲੈਣ ਦਿਓ ।

ANNOUNCEMENT BY THE SPEAKER RE. GOVERNOR'S ADDRESS

Mr. Speaker : In pursuance of Rule 18 of the Rules of Procedure and Conduct of Business in the Punjab Vidhan Sabha (Punjab Legislative Assembly), I have to report that the Governor was pleased to address the Punjab Vidhan Sabha on the 22nd February, 1993, at 2 P.M. under Article 176(1) of the Constitution. A copy of the address is laid on the Table of the House.

ਪੰਜਾਬ ਦੇ ਰਾਜਪਾਲ, ਸ਼੍ਰੀ ਸੁਰਿੰਦਰ ਨਾਥ ਜੀ ਦੁਆਰਾ ਸੋਮਵਾਰ 22 ਫ਼ਰਵਰੀ, 1993 ਨੂੰ ਪੰਜਾਬ ਵਿਧਾਨ ਸਭਾ ਦੇ ਮੈਂਬਰਾਂ ਸਾਹਮਣੇ ਦਿੱਤਾ ਗਿਆ ਭਾਸ਼ਣ

ਸਪੀਕਰ ਸਾਹਿਬ ਅਤੇ ਮਾਨਯੋਗ ਮੈਂਬਰ ਸਾਹਿਬਾਨ,

ਮੈਨੂੰ ਅੱਜ ਦੇ ਦਿਨ ਆਪ ਸਭ ਨੂੰ ਪੰਜਾਬ ਵਿਧਾਨ ਸਭਾ ਦੇ ਇਸ ਇਜਲਾਸ ਵਿਚ ਜੀ ਆਇਆਂ ਕਹਿਣ ਵਿਚ ਵਿਸ਼ੇਸ਼ ਖੁਸ਼ੀ ਮਹਿਸੂਸ ਹੋ ਰਹੀ ਹੈ । ਅੱਜ ਤੋਂ ਇਕ ਸਾਲ ਪਹਿਲਾਂ, ਇਸੇ ਹਫ਼ਤੇ ਬਹੁਤ ਅਹਿਮ ਅਤੇ ਮਹੱਤਵਪੂਰਨ ਘਟਨਾਵਾਂ ਵਾਪਰੀਆਂ ਸਨ । ਰਾਸ਼ਟਰਪਤੀ ਰਾਜ ਦੇ ਲੱਗਭੱਗ ਪੰਜ ਸਾਲਾਂ ਦੇ ਵਕਫ਼ੇ ਮਗਰੋਂ ਪੰਜਾਬ ਵਿਚ ਆਜ਼ਾਦ, ਨਿਰਪੱਖ ਅਤੇ ਸ਼ਾਂਤੀਪੂਰਨ ਚੋਣਾਂ ਹੋਈਆਂ ਸਨ । ਪੰਜਾਬ ਦੇ ਲੋਕਾਂ ਦੇ ਲੋਕਰਾਜੀ ਹੱਕਾਂ ਦੀ ਮੁੜ ਬਹਾਲੀ ਕਰਦੇ ਹੋਏ ਠੀਕ ਢੰਗ ਨਾਲ ਚੁਣੀ ਹੋਈ ਸਰਕਾਰ ਕਾਇਮ ਹੋਈ ਸੀ । ਸਮੂਹ ਪ੍ਰਾਪਤੀਆਂ ਦਾ ਸਿਹਰਾ ਮੁੱਖ ਤੌਰ ਤੇ ਪੰਜਾਬ ਦੇ ਬਹਾਦਰ ਅਤੇ ਦਲੇਰ ਲੋਕਾਂ ਦੇ ਸਿਰ ਜਾਂਦਾ ਹੈ (ਥੰਪਿੰਗ) ਜਿਨ੍ਹਾਂ ਨੇ ਸਪੱਸ਼ਟ ਤੌਰ ਤੇ ਲੋਕਤੰਤਰ ਦਾ ਰਾਹ ਚੁਣਿਆ ਅਤੇ ਹਿੰਸਾ ਦਾ ਮਾਰਗ ਨਕਾਰਿਆ । ਉਨ੍ਹਾਂ ਨੇ ਗੜ੍ਹਕਵੇਂ ਅਤੇ ਸਪੱਸ਼ਟ ਸ਼ਬਦਾਂ ਵਿਚ ਦੱਸਿਆ ਕਿ ਪੰਜਾਬੀ ਕਦੇ ਵੀ ਆਪਣੇ ਆਪ ਨੂੰ ਉਨ੍ਹਾਂ ਕੌਮ ਵਿਰੋਧੀ ਤਾਕਤਾਂ ਦੇ ਹੱਥਾਂ ਵਿਚ ਕਠਪੁਤਲੀ ਨਹੀਂ ਬਣਨ ਦੇਣਗੇ ਜਿਨ੍ਹਾਂ ਨੂੰ ਇਕ ਬਦੇਸ਼ੀ ਤਾਕਤ ਤੋਂ ਉਤੇਜਨਾ ਅਤੇ ਸ਼ਹਿ ਮਿਲ ਰਹੀ ਹੈ । ਪੰਜਾਬੀਆਂ ਨੇ ਦੇਸ਼ ਦੀ ਅਖੰਡਤਾ ਅਤੇ ਕੌਮ ਦੀ ਇਕ-ਜੁੱਟਤਾ ਪ੍ਰਤੀ ਆਪਣੀ ਪੂਰੀ ਵਫ਼ਾਦਾਰੀ ਅਤੇ ਪ੍ਰਤਿਬੱਧਤਾ ਦਾ ਵੀ ਪ੍ਰਦਰਸ਼ਨ ਕੀਤਾ ਹੈ । (ਥੰਪਿੰਗ)

ਇਹ ਵੀ ਬੇਹੱਦ ਪ੍ਰਸ਼ੰਸਾਯੋਗ ਗੱਲ ਹੈ ਕਿ ਪੰਜਾਬ ਵਿਚ ਰਹਿ ਰਹੇ ਵੱਖ-ਵੱਖ ਫ਼ਿਰ-ਕਿਆਂ ਦਰਮਿਆਨ ਪਾੜਾ ਪਾਉਣ ਲਈ ਸਰਹੱਦ ਪਾਰੋਂ ਉਤੇਜਨਾ ਦੇਣ ਵਾਲੇ ਯਤਨਾਂ ਦੇ ਬਾਵਜੂਦ, ਪੰਜਾਬ ਨੇ ਹਿੰਸਾ ਅਤੇ ਖੂਨ-ਖਰਾਬੇ ਦੇ ਕਾਲੇ ਅਤੇ ਪਰੇਸ਼ਾਨੀ ਵਾਲੇ ਸਮੇਂ ਦੌਰਾਨ ਮੁਕੰਮਲ ਫ਼ਿਰਕੂ ਸਦਵਾਵਨਾ ਬਣਾਈ ਰੱਖੀ ਹੈ । ਪੰਜਾਬੀਆਂ ਦੁਆਰਾ ਵੱਖਵਾਦ ਪੈਦਾ ਕਰਨ ਅਤੇ ਬਖੇੜਾ ਪਾਉਣ ਵਾਲੀਆਂ ਤਾਕਤਾਂ ਨੂੰ ਦਿਤੇ ਇਸ ਮੂੰਹ ਤੋੜ ਜਵਾਬ ਲਈ ਉਹ ਸਮੁੱਚੀ ਕੌਮ ਵਲੋਂ ਪ੍ਰਸ਼ੰਸਾ ਅਤੇ ਸ਼ੁਕਰਾਨੇ ਦੇ ਮੁਸਤਹਿਕ ਹਨ ।

25 ਫ਼ਰਵਰੀ, 1992 ਨੂੰ ਚੁਣੀ ਹੋਈ ਸਰਕਾਰ ਦੀ ਕਾਇਮੀ ਨਾਲ ਪੰਜਾਬ ਦੀ ਤਾਰੀਖ ਵਿਚ ਇਕ ਹੋਰ ਵਧੇਰੇ ਮਹੱਤਵਪੂਰਣ ਕਾਂਡ ਆਰੰਭ ਹੋਇਆ ਸੀ। ਮੇਰੀ ਸਰਕਾਰ ਨੇ ਪੂਰਣ ਸਮਰਪਣ ਅਤੇ ਵਚਨਬੱਧਤਾ ਨਾਲ ਦਹਿਸ਼ਤਗਰਦੀ ਅਤੇ ਹਿੰਸਾ ਨੂੰ ਨਜਿੱਠਣ ਦਾ ਕਾਰਜ ਹੱਥ ਵਿਚ ਲਿਆ ਸੀ। ਮੇਰੀ ਸਰਕਾਰ ਨੇ ਨਾ ਸਿਰਫ਼ ਇਸ ਕੰਮ ਵਿਚ ਸੁਰੱਖਿਆ ਬਲਾਂ ਨੂੰ ਮੁਨਾਸਿਬ ਸਹਿਯੋਗ ਹੀ ਦਿੱਤਾ ਸਗੋਂ ਦਹਿਸ਼ਤਗਰਦ ਸੰਗਠਨਾਂ ਦੇ ਖ਼ਿਲਾਫ ਖੁੱਲ੍ਹ ਕੇ ਅੱਗੇ ਆਉਣ ਲਈ ਜਨਸਾਧਾਰਣ ਪੱਧਰ ਉਤੇ ਲੋਕਾਂ ਨੂੰ ਲਾਮਬੰਦ ਵੀ ਕੀਤਾ। ਇਸ ਖੇਤਰ ਵਿਚ, ਮੇਰੀ ਸਰਕਾਰ ਦੁਆਰਾ ਪ੍ਰਾਪਤ ਕੀਤੇ ਟੀਚੇ ਸਚਮੁੱਚ ਹੀ ਚਮਤਕਾਰੀ ਹਨ। ਇਕ ਸਾਲ ਦੇ ਅੰਦਰ-ਅੰਦਰ ਪੰਜਾਬ ਵਿਚੋਂ ਦਹਿਸ਼ਤਗਰਦੀ ਦਾ ਤਕਰੀਬਨ ਸਫਾਇਆ ਕਰ ਦਿੱਤਾ ਗਿਆ ਹੈ। (ਥੰਪਿੰਗ) ਲੋਕਾਂ ਵਿਚ ਅਥਾਹ ਵਿਸ਼ਵਾਸ ਅਤੇ ਹੁਲਾਸ ਹੈ ਜਿਨ੍ਹਾਂ ਨੇ ਦਹਿਸ਼ਤ ਅਤੇ ਖੂਨ ਖਰਾਬੇ ਦੀਆਂ ਕਈ ਕਾਲੀਆਂ ਰਾਤਾਂ ਦੇ ਮਗਰੋਂ ਸਭਨਾਂ ਮੁਹਾਜਾਂ ਉਤੇ ਆਸ ਅਤੇ ਪ੍ਰਗਤੀ ਦਾ ਪਹੁ ਫੁਟਾਲਾ ਵੇਖਿਆ ਹੈ। ਮੇਰੀ ਸਰਕਾਰ ਅਤੇ ਵਿਸ਼ੇਸ਼ ਕਰਕੇ, ਮੁੱਖ ਮੰਤਰੀ ਜੀ ਇਨ੍ਹਾਂ ਪ੍ਰਾਪਤੀਆਂ ਲਈ ਸਿਹਰੇ ਦੇ ਮੁਸਤਹਿਕ ਹਨ। (ਥੰਪਿੰਗ) ਜਨਵਰੀ, 1992 ਦੇ ਮਹੀਨੇ ਜਿੱਥੇ ਦਹਿਸ਼ਤਗਰਦੀ ਹਿੰਸਾ ਦੇ ਕਾਰਨ 95 ਸ਼ਹਿਰੀ ਅਤੇ 15 ਪੁਲਿਸ ਕਰਮਚਾਰੀ ਮਾਰੇ ਗਏ ਸਨ, ਉਥੇ 1993 ਵਿਚ ਉਸੇ ਮਹੀਨੇ ਦੌਰਾਨ ਦਹਿਸ਼ਤਗਰਦੀ-ਜੁਰਮਾਂ ਕਾਰਨ ਕੇਵਲ 2 ਸ਼ਹਿਰੀਆਂ ਅਤੇ 6 ਪੁਲਿਸ ਮੁਲਾਜ਼ਮਾਂ ਨੂੰ ਆਪਣੀ ਜਾਨ ਤੋਂ ਹੱਥ ਧੋਣੇ ਪਏ ਹਨ। ਕਾਨੂੰਨ ਅਤੇ ਵਿਵਸਥਾ ਦੀ ਸਥਿਤੀ ਵਿਚਲੇ ਸੁਧਾਰ ਦਾ ਸ਼ਾਇਦ ਇਹ ਸੱਭ ਤੋਂ ਚੰਗਾ ਸੰਕੇਤ ਹੈ। ਸ਼ਾਇਦ ਹੋਰ ਵਧੇਰੇ ਮਹੱਤਵਪੂਰਣ ਸੰਕੇਤ ਲੋਕਾਂ ਦਾ ਵਿਸ਼ਵਾਸ ਅਤੇ ਪੰਜਾਬ ਦੇ ਨਗਰਾਂ ਅਤੇ ਪਿੰਡਾਂ ਵਿਚ ਆਮ ਵਰਗੇ ਜੀਵਨ ਦੀ ਮੁੜ ਬਹਾਲੀ ਹੈ। ਮੇਰੀ ਸਰਕਾਰ ਇਸ ਖੇਤਰ ਵਿਚ ਚੌਕਸ ਰਹਿਣਾ ਜਾਰੀ ਰਖੇਗੀ ਅਤੇ ਕਾਨੂੰਨ ਅਤੇ ਵਿਵਸਥਾ ਪੂਰੀ ਦ੍ਰਿੜ੍ਹਤਾ ਨਾਲ ਕਾਇਮ ਰੱਖੀ ਜਾਵੇਗੀ। ਮੈਂ ਸੁਰੱਖਿਆ ਬਲਾਂ ਨੂੰ ਇਸ ਬਹੁਤ ਔਖੀ ਲੜਾਈ ਵਿਚ ਉਨ੍ਹਾਂ ਦੁਆਰਾ ਪ੍ਰਾਪਤ ਕੀਤੀ ਮਾਅਰਕੇ ਦੀ ਕਾਮਯਾਬੀ ਲਈ ਅਤੇ ਨਾ ਕੇਵਲ ਉਨ੍ਹਾਂ ਦੁਆਰਾ ਬਲਕਿ ਉਨ੍ਹਾਂ ਦੇ ਪਰਿਵਾਰਾਂ ਦੇ ਮੈਂਬਰਾਂ ਦੁਆਰਾ ਦਿੱਤੀਆਂ ਗਈਆਂ ਕੁਰਬਾਨੀਆਂ ਲਈ ਉਨ੍ਹਾਂ ਦੀ ਸ਼ਲਾਘਾ ਕਰਨੀ ਚਾਹਾਂਗਾ। ਮੇਰੀ ਸਰਕਾਰ ਅਤੇ ਪੰਜਾਬ ਦੇ ਲੋਕ ਸਦਾ ਉਨ੍ਹਾਂ ਦੇ ਅੰਗ ਸੰਗ ਰਹਿਣਗੇ।

ਲੋਕਤੰਤਰ ਦੀ ਬੁਨਿਆਦੀ ਪੱਧਰ ਤੇ ਬਹਾਲੀ

ਤਕਰੀਬਨ ਪਿਛਲੇ ਦਹਾਕੇ ਤੋਂ ਰਾਜ ਵਿਚ ਗੜਬੜ ਵਾਲੇ ਹਾਲਾਤ ਹੋਣ ਕਾਰਨ ਹੇਠਲੇ ਪੱਧਰ ਤੇ ਲੋਕਤੰਤਰੀ ਸੰਸਥਾਵਾਂ ਦੀ ਹੋਂਦ ਵਾਸਤਵਿਕ ਤੌਰ ਤੇ ਖਤਮ ਹੀ ਹੋ ਚੁੱਕੀ ਸੀ। ਪਿਛਲੇ ਸਾਲ ਸੱਤਾ ਸੰਭਾਲਣ ਪਿੱਛੋਂ ਮੇਰੀ ਸਰਕਾਰ ਨੇ ਕਾਨੂੰਨ ਤੇ ਵਿਵਸਥਾ ਨੂੰ ਨਜਿੱਠਣ ਨੂੰ ਪਰਮ ਅਗੇਤ ਦਿੰਦੇ ਹੋਏ ਲੋਕਤੰਤਰੀ ਬੁਨਿਆਦ ਦੀ ਪੜਾਅਵਾਰ ਬਹਾਲੀ ਨੂੰ ਅਗਲੀ ਅਗੇਤ ਦਿੱਤੀ ਹੈ ਤਾਂ ਜੋ ਸਵੈ-ਸ਼ਾਸਨ ਵਿਚ ਲੋਕਾਂ ਦੀ ਸ਼ਮੂਲੀਅਤ ਯਕੀਨੀ ਬਣਾਈ ਜਾ ਸਕੇ। ਇਸ ਪ੍ਰਕਾਰ 13 ਸਾਲਾਂ ਦੇ ਵਕਫ਼ੇ ਮਗਰੋਂ ਰਾਜ ਵਿਚ 95 ਮਿਉਂਸਪਲ ਕਮੇਟੀਆਂ ਦੀਆਂ ਚੋਣਾਂ ਇਸੇ ਦਿਸ਼ਾ ਵੱਲ ਇਕ ਕਦਮ ਸੀ ਜੋ ਸ਼ਾਂਤੀ ਨਾਲ ਸੰਪੂਰਣ ਹੋਈਆਂ (ਥੰਪਿੰਗ) ਅਤੇ ਲੋਕਾਂ ਨੇ ਬਿਨਾਂ ਕਿਸੇ ਰੋਕ-ਟੋਕ ਤੇ ਡਰ-ਭੈਅ ਤੋਂ ਵੋਟਾਂ ਪਾਈਆਂ। ਜਨਵਰੀ, 1993 ਵਿਚ ਸਾਰੇ ਰਾਜ ਵਿਚ ਬੇਰੋਕ, ਖੁਸ਼ਗਵਾਰ ਢੰਗ ਨਾਲ ਤੇ ਸ਼ਾਂਤੀਪੂਰਣ

[ਸ਼੍ਰੀ ਸਪੀਕਰ]
ਮਹੌਲ ਵਿਚ 11,596 ਪੰਚਾਇਤਾਂ ਦੀਆਂ ਚੋਣਾਂ ਕਰਵਾਈਆਂ ਗਈਆਂ, (ਥੰਪਿੰਗ) ਸਮੁੱਚੇ ਰਾਜ ਵਿਚ ਤੇ ਖ਼ਾਸ ਕਰਕੇ ਨਾਜ਼ੁਕ ਇਲਾਕਿਆਂ ਵਿਚ ਭਾਰੀ ਮਤਦਾਨ ਹੋਇਆ। ਬੇਮਿਸਾਲ ਤੇ ਉਤਸ਼ਾਹਪੂਰਣ 82 ਪ੍ਰਤੀਸ਼ਤ ਵੋਟਾਂ ਪੈਣੀਆਂ, ਜੋ 1952 ਤੋਂ ਭਾਰਤ ਦੇ ਚੋਣਾਂ ਦਾ ਇਤਿਹਾਸ ਹੋਂਦ ਵਿਚ ਆਉਣ ਤੋਂ ਹੁਣ ਤੱਕ, ਰੀਕਾਰਡ ਮਾਤ ਕਰਨ ਵਾਲੀ ਨਿਵੇਕਲੀ ਤੇ ਅਨੂਠੀ ਘਟਨਾ ਸੀ, ਲੋਕਾਂ ਦੀ ਲੋਕਤੰਤਰੀ ਪਰੰਪਰਾਵਾਂ ਤੇ ਸੰਸਥਾਵਾਂ ਵਿਚ ਪੁਨਰ ਵਿਸ਼ਵਾਸ਼, ਦ੍ਰਿੜ੍ਹਤਾ ਤੇ ਵਚਨ-ਬੱਧਤਾ ਤੇ ਮੁਹਰ ਲਾਉਂਦੀ ਹੈ। ਸਿੱਟੇ ਵਜੋਂ, ਆਉਣ ਵਾਲੇ ਸਾਲ ਵਿਚ ਬਲਕਿ ਸੰਮਤੀਆਂ ਤੇ ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਚੋਣਾਂ ਕਰਵਾਏ ਜਾਣ ਦੀ ਤਜਵੀਜ਼ ਹੈ। (ਥੰਪਿੰਗ)

ਵਿੱਤ

ਪਿਛਲੇ ਲੱਗਭੱਗ ਦਸ ਸਾਲਾਂ ਦੌਰਾਨ ਨਿਰੰਤਰ ਚਲ ਰਹੇ ਗੜਬੜੀ ਵਾਲ ਹਾਲਾਤ ਨੇ ਰਾਜ ਦੇ ਵਿੱਤੀ ਸਾਧਨਾਂ ਤੇ ਦੋ ਤਰ੍ਹਾਂ ਨਾਲ ਮਾੜਾ ਪ੍ਰਭਾਵ ਪਾਇਆ ਹੈ। ਪਹਿਲੀ ਗੱਲ ਤਾਂ ਇਹ ਕਿ ਰਾਜ ਨੂੰ, ਰਾਜ ਦੇ ਵਿੱਤੀ ਸਾਧਨਾਂ ਦਾ ਅਨ-ਅਨੁਪਾਤਕ ਹਿੱਸਾ ਵਿਕਾਸ ਨੂੰ ਅੱਖੋਂ ਪਰੋਖੇ ਕਰਕੇ ਅੱਤਵਾਦ ਦਾ ਮੁਕਾਬਲਾ ਕਰਨ ਤੇ ਲਾਉਣਾ ਪਿਆ ਹੈ। ਦੂਜੀ ਇਹ ਕਿ ਪਿਛਲੇ ਦਹਾਕੇ ਦੇ ਵੱਡੇ ਹਿੱਸੇ ਵਿਚ ਚੁਣੀ ਹੋਈ ਸਰਕਾਰ ਦੀ ਅਣਹੋਂਦ ਕਰਕੇ, ਸਾਧਨਾਂ ਨੂੰ ਜੁਟਾਉਣ ਵੱਲ ਬਹੁਤ ਘੱਟ ਧਿਆਨ ਦਿੱਤਾ ਗਿਆ ਸੀ। ਜਦੋਂ ਮੌਜੂਦਾ ਚੁਣੀ ਹੋਈ ਸਰਕਾਰ ਨੇ ਫ਼ਰਵਰੀ, 1992 ਵਿਚ ਕਾਰਜਭਾਰ ਸੰਭਾਲਿਆ, ਉਦੋਂ ਰਾਜ ਵੱਡਾ ਵਿੱਤੀ ਘਾਟਾ ਸਹਿ ਰਿਹਾ ਸੀ। ਕਾਰਜਭਾਰ ਸੰਭਾਲਣ ਮਗਰੋਂ ਮੇਰੀ ਸਰਕਾਰ ਨੇ ਵਿੱਤੀ ਅਨੁ-ਸ਼ਾਸਨ ਲਿਆ ਕੇ ਅਤੇ ਅਧਿਕ ਸਾਧਨ ਜੁਟਾ ਕੇ ਵਿੱਤੀ ਘਾਟੇ ਨੂੰ ਘਟਾਉਣ ਲਈ ਗੰਭੀਰ ਕਦਮ ਚੁੱਕੇ ਹਨ ਅਤੇ ਆਰਥਿਕ ਵਿਕਾਸ ਦੀ ਗਤੀ ਵਿਚ ਤੇਜ਼ੀ ਲਿਆਉਣ ਲਈ ਭਾਰਤ ਸਰਕਾਰ ਤੋਂ ਵਿਸ਼ੇਸ਼ ਵਿੱਤੀ ਸਹਾਇਤਾ ਵੀ ਪ੍ਰਾਪਤ ਕੀਤੀ ਹੈ। ਸਰਕਾਰ ਨੇ ਸਫ਼ਲਤਾ-ਪੂਰਬਕ ਢੰਗ ਨਾਲ ਗ਼ੈਰ ਜ਼ਰੂਰੀ ਖ਼ਰਚਿਆਂ ਵਿਚ ਕਟੌਤੀ ਕੀਤੀ ਹੈ। ਇਸ ਦੇ ਨਾਲ ਇਹ ਵੀ ਯਕੀਨੀ ਬਣਾਇਆ ਗਿਆ ਹੈ ਕਿ ਲੋਕਾਂ ਦੀ ਹਾਲਤ ਨੂੰ ਬਿਹਤਰ ਬਣਾਉਣ ਅਤੇ ਆਰਥਿਕ ਪ੍ਰਗਤੀ ਲਈ ਮਹੱਤਵਪੂਰਨ ਸਕੀਮਾਂ ਤੇ ਪ੍ਰਾਜੈਕਟਾਂ ਵਾਸਤੇ ਸਾਧਨ ਉਪਲੱਬਧ ਹੋਣ। ਇਸ ਸਬੰਧ ਵਿਚ ਸਦਨ ਨੂੰ ਦੱਸਦਿਆਂ ਮੈਨੂੰ ਖੁਸ਼ੀ ਹੋ ਰਹੀ ਹੈ ਕਿ ਮੇਰੀ ਸਰਕਾਰ ਨੇ ਟਰਾਂਸਪੋਰਟ ਤੇ ਬਿਜਲੀ ਸੈਕਟਰ ਤੋਂ ਵਧੇਰੇ ਸਾਧਨ ਜੁਟਾਉਣ ਲਈ ਜ਼ਰੂਰੀ ਪਹਿਲ-ਕਦਮੀ ਕੀਤੀ ਹੈ। ਇਸੇ ਤਰ੍ਹਾਂ, ਆਬਕਾਰੀ ਤੇ ਕਰ ਵਿਭਾਗ ਦੀ ਚੰਗੇਰੀ ਐਨਫੋਰਸਮੈਂਟ ਕਾਰਨ ਪਿਛਲੇ ਸਾਲ ਨਾਲੋਂ ਰੈਵੀਨਿਊ ਦੀ ਵਸੂਲੀ ਵਿਚ 22% ਦਾ ਵਾਧਾ ਹੋਇਆ ਹੈ। (ਥੰਪਿੰਗ) ਰਾਜ ਸਰਕਾਰ ਸਾਲ 1992-93 ਵਿਚ ਦੇਣ ਯੋਗ ਵਿਸ਼ੇਸ਼ ਮਿਆਦੀ ਕਰਜ਼ੇ, ਮੂਲ-ਧਨ ਤੇ ਵਿਆਜ ਦੀ ਮੁੜ-ਅਦਾਇਗੀ ਸਥਗਨ ਕਰਨ ਵਿਚ ਸਫ਼ਲ ਹੋ ਸਕੀ ਹੈ। ਭਾਰਤ ਸਰਕਾਰ ਨੂੰ ਦੇਣ ਯੋਗ 611 ਕਰੋੜ ਰੁਪਏ ਦਾ ਇਹ ਅਦਾਇਗੀ-ਸਥਗਨ 1992-93 ਦੌਰਾਨ 600 ਕਰੋੜ ਰੁਪਏ ਦੇ ਹੋਰ ਵਧੀਕ ਵਿਸ਼ੇਸ਼ ਮਿਆਦੀ ਕਰਜ਼ੇ ਅਤੇ ਕੇਂਦਰ ਤੋਂ ਮਿਲਣ ਵਾਲੀ ਨਾਰਮਲ ਸਹਾਇਤਾ ਜਿਸ ਦੀ ਰਾਜ ਸਰਕਾਰ ਹੱਕਦਾਰ ਹੈ, ਤੋਂ ਵੱਖਰਾ ਹੈ।

ਖੇਤੀਬਾੜੀ

ਮੇਰੀ ਸਰਕਾਰ ਉਤਪਾਦਨ ਵਧਾਉਣ ਅਤੇ ਇਸ ਨਾਲ ਸਬੰਧਤ ਕਾਰਵਾਈਆਂ ਪਖੋਂ ਪੰਜਾਬ ਨੂੰ ਦੇਸ਼ ਵਿਚ ਮੂਹਰਲੀ ਸਫ਼ ਵਿਚ ਰੱਖਣ ਲਈ ਵੀ ਵਿਸ਼ੇਸ਼ ਜ਼ੋਰ ਦੇ ਰਹੀ ਹੈ। ਤਿੰਨ ਨਵੀਆਂ ਸਕੀਮਾਂ ਅਰੰਭ ਕੀਤੀਆਂ ਗਈਆਂ ਹਨ ਅਰਥਾਤ ਚੋਣਵੇਂ ਕਿਸਾਨਾਂ ਨੂੰ ਖੇਤੀਬਾੜੀ ਦੀਆਂ ਆਧੁਨਿਕ ਤਕਨੀਕਾਂ ਦੀ ਸਿਖਲਾਈ ਦੇਣ ਲਈ "ਸਾਥੀ ਕਿਸਾਨ ਸਕੀਮ", 4 ਸਾਲਾਂ ਦੇ ਵਿਚ-ਵਿਚ ਬੀਜਾਂ ਦੀ ਥਾਂ ਮੁਕੰਮਲ ਤੌਰ ਤੇ ਵਧੀਆ ਕਿਸਮ ਦੇ ਪ੍ਰਮਾਣਿਤ ਬੀਜ ਮੁਹੱਈਆ ਕਰਨ ਦੀ ਦੂਜੀ ਸਕੀਮ ਅਤੇ ਤੀਜੀ ਸਕੀਮ ਖੇਤੀ-ਜਲਵਾਯੂ ਸਬੰਧੀ ਸਥਿੱਤੀਆਂ ਨੂੰ ਧਿਆਨ ਵਿਚ ਰੱਖਦੇ ਹੋਏ, ਕੁੱਝ ਚੋਣਵੀਆਂ ਫ਼ਸਲਾਂ ਨੂੰ ਉਤਸ਼ਾਹ ਦੇਣ ਲਈ ਵਿਸ਼ੇਸ਼ ਖੇਤਰਾਂ ਦੀ ਚੋਣ ਕਰਨਾ, ਜਿਨ੍ਹਾਂ ਫ਼ਸਲਾਂ ਦੀ ਬਿਜਾਈ ਲਈ ਰਾਜ ਵਿਚ ਵਿਸ਼ੇਸ਼ ਬਲਾਕਾਂ ਦੀ ਸ਼ਨਾਖ਼ਤ ਕਰ ਲਈ ਗਈ ਹੈ। ਇਕ ਪੋਸਟ ਹਾਰਵੈਸਟਿੰਗ ਤਕਨਾਲੌਜੀ ਸੰਸਥਾ ਅਤੇ ਖੇਤੀ ਦੇ ਸਾਜ਼-ਸਮਾਨ ਦੇ ਸੁਧਾਰ ਲਈ ਇਕ ਹੋਰ ਖੋਜ ਅਤੇ ਵਿਕਾਸ ਕੇਂਦਰ ਸਥਾਪਿਤ ਕੀਤੇ ਜਾ ਰਹੇ ਹਨ। ਖੇਤੀ-ਉਦਯੋਗ ਕਾਰਪੋਰੇਸ਼ਨ ਦੇ ਖੇਤੀ ਅਤੇ ਖੁਰਾਕ ਪ੍ਰਾਸੈਸਿੰਗ ਉਦਯੋਗਾਂ ਨਾਲ ਸਬੰਧਤ 28 ਪ੍ਰਾਜੈਕਟ 788 ਕਰੋੜ ਰੁਪਏ ਦੀ ਲਾਗਤ ਨਾਲ ਸੰਪੂਰਣਤਾ ਦੇ ਵੱਖ-ਵੱਖ ਪੜਾਵਾਂ ਤੇ ਹਨ ਅਤੇ ਆਸ ਕੀਤੀ ਜਾਂਦੀ ਹੈ ਕਿ ਇਹ ਪ੍ਰਾਜੈਕਟ ਅਗਲੇ 3-4 ਸਾਲਾਂ ਦੌਰਾਨ 20,000 ਲੋਕਾਂ ਨੂੰ ਰੋਜ਼ਗਾਰ ਮੁਹੱਈਆ ਕਰਨਗੇ।

ਭਾਰਤ ਸਰਕਾਰ ਦੁਆਰਾ ਦਿੱਤੇ ਗਏ ਬੋਨਸ ਸਮੇਤ ਪਿਛਲੇ ਸਾਲ ਪ੍ਰਾਪਤੀ ਕੀਮਤ 275 ਰੁਪਏ ਪ੍ਰਤੀ ਕੁਇੰਟਲ ਸੀ ਅਤੇ ਇਸ ਸਾਲ ਇਹ 330 ਰੁਪਏ ਹੈ। (ਥੰਪਿੰਗ) ਇਸ ਵਾਧੇ ਨਾਲ ਪੰਜਾਬ ਦੇ ਕਿਸਾਨ ਨੂੰ ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ 65 ਲੱਖ ਕੁਇੰਟਲ ਅਨੁਮਾਨਤ ਪ੍ਰਾਪਤੀ ਮਾਤਰਾ ਤੋਂ 320 ਕਰੋੜ ਰੁਪਏ ਵਧੇਰੇ ਕਮਾਈ ਹੋਣ ਦੀ ਸੰਭਾਵਨਾ ਹੈ। (ਥੰਪਿੰਗ)

ਉਦਯੋਗ

ਮੇਰੀ ਸਰਕਾਰ, ਸਾਧਾਰਣ ਹਾਲਾਤ ਮੁੜ ਕਾਇਮ ਹੋਣ ਅਤੇ ਉਦਮੀਆਂ ਵਿਚ ਪੁਨਰ-ਵਿਸ਼ਵਾਸ ਪੈਦਾ ਹੋ ਜਾਣ ਦੇ ਸਿੱਟੇ ਵਜੋਂ ਉਦਯੋਗਿਕ ਸੈਕਟਰ ਦੇ ਵਿਕਾਸ ਵੱਲ ਉਚੇਚਾ ਧਿਆਨ ਦੇ ਰਹੀ ਹੈ। ਚਾਲੂ ਸਾਲ ਦੌਰਾਨ ਪੂੰਜੀ ਨਿਵੇਸ਼ ਅਤੇ ਉਦਯੋਗਿਕ ਉਤਪਾਦਨ ਦੀਆਂ ਵਾਧੇ ਦੀਆਂ ਦਰਾਂ ਉਪਰ ਵੱਲ ਜਾਂਦੀਆਂ ਨਜ਼ਰ ਆ ਰਹੀਆਂ ਹਨ। ਆਉਂਦੇ ਸਾਲ ਦੌਰਾਨ ਇਸ ਪ੍ਰਗਤੀਸ਼ੀਲ ਪ੍ਰਵਿਰਤੀ ਦੀ ਰਫ਼ਤਾਰ ਹੋਰ ਤੇਜ਼ ਕੀਤੀ ਜਾਵੇਗੀ। ਮੌਜੂਦਾ 1.75 ਲੱਖ ਛੋਟੇ ਪੈਮਾਨੇ ਦੇ ਉਦਯੋਗਿਕ ਯੂਨਿਟਾਂ ਵਿਚ ਇਸ ਸਾਲ ਦੌਰਾਨ 64.05 ਕਰੋੜ ਰੁਪਏ ਦੇ ਪੂੰਜੀ ਨਿਵੇਸ਼ ਨਾਲ 4,129 ਨਵੇਂ ਯੂਨਿਟ ਲਾਏ ਗਏ ਹਨ ਜਿਨ੍ਹਾਂ ਨਾਲ 14,981 ਵਿਅਕਤੀਆਂ ਨੂੰ ਰੋਜ਼ਗਾਰ ਮੁਹੱਈਆ ਹੋਇਆ ਹੈ। ਇਸੇ ਤਰ੍ਹਾਂ 326.06 ਕਰੋੜ ਰੁਪਏ ਦੀ ਪੂੰਜੀ ਲਾਗਤ ਨਾਲ 8 ਵੱਡੇ ਅਤੇ ਦਰਮਿਆਨੇ ਪੈਮਾਨੇ ਦੇ ਯੂਨਿਟ ਲਾਏ ਗਏ ਹਨ ਜਿਨ੍ਹਾਂ ਨਾਲ 1,850 ਵਿਅਕਤੀਆਂ ਨੂੰ ਰੋਜ਼ਗਾਰ ਮੁਹੱਈਆ ਹੋਇਆ ਹੈ। ਰਾਜ ਤੋਂ ਹੋਣ ਵਾਲੇ ਨਿਰਯਾਤ ਦੀ ਮਾਤਰਾ ਵਧੀ ਹੈ। ਪੜ੍ਹੇ-ਲਿਖੇ ਬੇ-ਰੋਜ਼ਗਾਰ ਨੌਜਵਾਨਾਂ ਲਈ

[ਸ੍ਰੀ ਸਪੀਕਰ]

ਵਿਸ਼ੇਸ਼ ਰੋਜ਼ਗਾਰ ਸਕੀਮਾਂ ਸ਼ੁਰੂ ਕੀਤੀਆਂ ਗਈਆਂ ਹਨ । ਜਿਨ੍ਹਾਂ ਅਧੀਨ ਸਰਹੱਦੀ ਜ਼ਿਲ੍ਹਿਆਂ ਅਨੁਸੂਚਿਤ ਜਾਤੀਆਂ ਲਈ 15 ਪ੍ਰਤਿਸ਼ਤ ਸਬਸਿਡੀ ਅਤੇ ਬਾਕੀ ਜ਼ਿਲ੍ਹਿਆਂ ਲਈ 10 ਪ੍ਰਤਿਸ਼ਤ ਸਬਸਿਡੀ ਦਿੱਤੀ ਜਾਂਦੀ ਹੈ । ਇਸ ਸਾਲ ਦੌਰਾਨ ਇਸ ਸਕੀਮ ਅਧੀਨ ਅਜਿਹੇ 500 ਯੂਨਿਟਾਂ ਦੀ ਸਹਾਇਤਾ ਲਈ 50 ਲੱਖ ਰੁਪਏ ਦਿੱਤੇ ਗਏ ਸਨ ਅਤੇ ਆਉਂਦੇ ਸਾਲ ਲਈ ਵੀ ਇਹੋ ਟੀਚਾ ਮਿੱਥਿਆ ਗਿਆ ਹੈ । ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ ਨੇ 288 ਕਰੋੜ ਰੁਪਏ ਦੀ ਲਾਗਤ ਨਾਲ 6 ਨਵੇਂ ਪ੍ਰਾਜੈਕਟ ਸ਼ੁਰੂ ਕੀਤੇ ਹਨ ਜਿਨ੍ਹਾਂ ਨੇ ਉਤਪਾਦਨ ਅਰੰਭ ਵੀ ਕਰ ਦਿੱਤਾ ਹੈ । ਇਸ ਸਾਲ ਦੌਰਾਨ ਪੰਜਾਬ ਵਿੱਤ ਕਾਰਪੋਰੇਸ਼ਨ ਉਦਯੋਗਿਕ ਯੂਨਿਟਾਂ ਨੂੰ 91 ਕਰੋੜ ਰੁਪਏ ਦੇ ਰਹੀ ਹੈ ਅਤੇ ਆਉਂਦੇ ਸਾਲ ਦੌਰਾਨ ਇਹ ਰਕਮ 100 ਕਰੋੜ ਰੁਪਏ ਤੱਕ ਵਧਾਉਣ ਦੀ ਯੋਜਨਾ ਹੈ । ਮੌਜੂਦਾ 16 ਫੋਕਲ ਪੁਆਇੰਟਾਂ ਤੋਂ ਇਲਾਵਾ, 170 ਕਰੋੜ ਰੁਪਏ ਦੀ ਅਨੁਮਾਨਤ ਲਾਗਤ ਨਾਲ 14 ਨਵੇਂ ਉਦਯੋਗਿਕ ਫੋਕਲ ਪੁਆਇੰਟ ਅੱਠਵੀਂ ਪੰਜ ਸਾਲਾ ਯੋਜਨਾ ਦੌਰਾਨ ਵਿਕਸਿਤ ਕਰਨ ਦੀ ਯੋਜਨਾ ਹੈ । ਮੇਰੀ ਸਰਕਾਰ ਨੇ ਇਕ "ਉਤਸ਼ਾਹ ਪੈਕੇਜ-1992" ਤਿਆਰ ਕੀਤਾ ਹੈ ਜਿਸ ਅਧੀਨ 50 ਲੱਖ ਰੁਪਏ ਤੱਕ ਪੂੰਜੀ ਲਾਗਤ ਉਤਸ਼ਾਹ ਅਤੇ 10 ਸਾਲ ਲਈ ਵਿਕਰੀ ਕਰ ਛੋਟ ਮਿਲ ਸਕਦੀ ਹੈ । ਵਿਕਾਸ ਕਾਰਜਾਂ ਵਿਚ ਤੇਜ਼-ਰਫਤਾਰੀ ਲਈ ਕਈ ਉਪਰਾਲੇ ਕੀਤੇ ਜਾ ਰਹੇ ਹਨ ਜਿਵੇਂ "ਇਕੋ ਥਾਂ ਕਲੀਅਰੈਂਸ ਸੇਵਾ" ਵਿਚ ਸੁਧਾਰ ਕਰਨਾ, ਮੁਹਾਲੀ ਵਿਖੇ ਪਾਇਲਟ ਪ੍ਰਾਜੈਕਟ ਵਜੋਂ "ਇਨਸਪੈਕਟਰ ਫ਼ਰੀ ਰਾਜ" ਲਾਗੂ ਕਰਨਾ, 'ਰੱਖਿਅਕ ਸੇਵਾ" ਮੁਹੱਈਆ ਕਰਨਾ ਅਤੇ ਉਦਯੋਗਿਕ ਪਲਾਂਟਾਂ ਲਈ ਨਵੀਂ ਅਲਾਟਮੈਂਟ ਨੀਤੀ ਦਾ ਐਲਾਨ । (ਥੰਪਿੰਗ)

ਸਿੰਜਾਈ ਅਤੇ ਬਿਜਲੀ

ਮੇਰੀ ਸਰਕਾਰ ਰਾਜ ਦੇ ਵਿਕਾਸ ਕਾਰਜਾਂ ਦੀ ਰਫ਼ਤਾਰ ਤੇਜ਼ ਕਰਨ ਦੇ ਮੰਤਵ ਲਈ ਉਚਿਤ ਸਿੰਜਾਈ ਸਹੂਲਤਾਂ ਅਤੇ ਬਿਜਲੀ ਦੀ ਉਚਿੱਤ ਸਪਲਾਈ ਮੁਹੱਈਆ ਕਰਨ ਲਈ ਚੇਤੰਨ ਰਹੀ ਹੈ । ਪੰਜਾਬ ਰਾਜ ਬਿਜਲੀ ਬੋਰਡ ਨੇ ਖ਼ਪਤਕਾਰ ਸੇਵਾ ਵਿਚ ਸੁਧਾਰ ਲਿਆਉਣ ਲਈ ਅਤੇ ਚੰਗੇਰੇ ਸਿਸਟਮ ਵੋਲਟੇਜ ਤੇ ਸਪਲਾਈ ਬਣਾਈ ਰਖਣ ਲਈ ਕਈ ਕਦਮ ਚੁੱਕੇ ਹਨ ਜਿਨ੍ਹਾਂ ਦੇ ਇਕ ਹਿੱਸੇ ਵਜੋਂ ਪਿੰਡਾਂ ਵਿਚ ਘਰੇਲੂ ਮੰਤਵਾਂ ਲਈ ਅਤੇ ਦਿਹਾਤੀ ਉਦਯੋਗ ਲਈ 24 ਘੰਟੇ ਬਿਜਲੀ ਸਪਲਾਈ ਦੇਣ ਦੀ ਇਕ ਸਕੀਮ ਹੈ ਜਿਸ ਨੂੰ ਪੜਾਅਵਾਰ ਲਾਗੂ ਕੀਤਾ ਜਾ ਰਿਹਾ ਹੈ ਅਤੇ ਇਸ ਦੇ ਚਾਰ ਸਾਲਾਂ ਵਿਚ ਮੁਕੰਮਲ ਹੋ ਜਾਣ ਦੀ ਸੰਭਾਵਨਾ ਹੈ । ਧਾਨ ਦੀ ਪਿਛਲੀ ਭਰਪੂਰ ਫ਼ਸਲ ਵਿਚ ਸੁਧਰੀ ਹੋਈ ਬਿਜਲੀ ਸਪਲਾਈ ਦਾ ਕਾਫ਼ੀ ਯੋਗਦਾਨ ਰਿਹਾ ਹੈ । ਗੁਰੂ ਗੋਬਿੰਦ ਸਿੰਘ ਥਰਮਲ ਪਲਾਂਟ, ਰੋਪੜ ਦੇ ਪੰਜਵੇਂ ਯੂਨਿਟ ਦਾ ਉਦਘਾਟਨ ਨਵੰਬਰ, 1992 ਵਿਚ ਮੁੱਖ ਮੰਤਰੀ ਜੀ ਦੁਆਰਾ ਕੀਤਾ ਗਿਆ ਸੀ ਅਤੇ 6ਵਾਂ ਯੂਨਿਟ ਅਗਲੇ ਤਿੰਨ ਮਹੀਨੇ ਵਿਚ ਚਾਲੂ ਕਰਨ ਦਾ ਪ੍ਰੋਗਰਾਮ ਹੈ । (ਥੰਪਿੰਗ)

ਚਾਲੂ ਸਾਲ ਦੌਰਾਨ ਸਿੰਜਾਈ ਅਤੇ ਹੜ੍ਹ-ਕੰਟਰੋਲ ਕਾਰਜਾਂ ਅਤੇ 57 ਕਿ. ਮੀ. ਰਜਵਾਹੇ ਅਤੇ 280 ਕਿ. ਮੀ. ਖਾਲੇ ਪੱਕੇ ਕਰਨ ਲਈ 89.20 ਕਰੋੜ ਰੁਪਏ ਖਰਚ ਕੀਤੇ ਜਾ ਰਹੇ ਹਨ । ਕੰਡੀ ਨਹਿਰ ਉਤੇ 33 ਕਿ. ਮੀ. ਤੱਕ ਦਾ ਕੰਮ ਮੁਕੰਮਲ ਕਰ ਲਿਆ ਗਿਆ ਹੈ । ਚਾਲੂ ਸਾਲ ਦੌਰਾਨ ਸੇਮ ਵਾਲੇ 0.25 ਲੱਖ ਹੈਕਟੇਅਰ ਇਲਾਕੇ ਨੂੰ

ਬਚਾਇਆ ਜਾ ਰਿਹਾ ਹੈ । ਆਉਂਦੇ ਸਾਲ ਦੌਰਾਨ 6,000 ਹੈਕਟੇਅਰ ਇਲਾਕੇ ਦੀਆਂ ਸਿੰਜਾਈ ਸੰਭਾਵਨਾਵਾਂ ਪੈਦਾ ਕਰਨ, 150 ਕਿ. ਮੀ. ਰਜਵਾਹੇ ਅਤੇ 640 ਕਿ. ਮੀ. ਖਾਲੇ ਪੱਕੇ ਕਰਨ ਅਤੇ ਕੰਡੀ ਖੇਤਰ ਵਿਚ 55 ਡੂੰਘੇ ਟਿਊਬਵੈੱਲ ਲਗਾਉਣ ਅਤੇ 50 ਕਿ. ਮੀ. ਤੱਕ ਕੰਡੀ ਨਹਿਰ ਮੁਕੰਮਲ ਕਰਨ ਦੀ ਤਜਵੀਜ਼ ਹੈ । ਮਿਰਜ਼ਾਪੁਰ ਅਤੇ ਸਲੇਰਾ ਡੈਮ ਮੁਕੰਮਲ ਕਰਨ ਦੇ ਨਾਲ ਨਾਲ ਸੀਸਵਾਂ ਡੈਮ ਦੀ ਉਸਾਰੀ ਦਾ ਕੰਮ ਵੀ ਆਰੰਭ ਹੋ ਜਾਵੇਗਾ । ਪੰਜਾਬ ਦੇ ਦੱਖਣ-ਪੱਛਮੀ ਜ਼ਿਲ੍ਹਿਆਂ ਵਿਚ 0.39 ਲੱਖ ਹੈਕਟੇਅਰ ਸੇਮ ਵਾਲੇ ਖੇਤਰ ਦੀ ਸੰਭਾਲ ਕੀਤੀ ਜਾਵੇਗੀ । ਇਹ ਸਾਰੇ ਪ੍ਰੋਗਰਾਮ 633.24 ਕਰੋੜ ਰੁਪਏ ਦੀ ਲਾਗਤ ਨਾਲ 2.50 ਲੱਖ ਰੁਪਏ ਹੈਕਟੇਅਰ ਦੀ ਵਧੀਕ ਸਿੰਜਾਈ ਸੰਭਵਤਾ ਕਾਇਮ ਕਰਨ ਦਾ ਇਕ ਹਿੱਸਾ ਹੋਣਗੇ ।

ਦਰਿਆਈ ਪਾਣੀਆਂ ਵਿਚ ਪੰਜਾਬ ਦਾ ਵਾਜਬ ਹਿੱਸਾ ਪ੍ਰਾਪਤ ਕਰਨ ਲਈ ਪੰਜਾਬ ਸਰਕਾਰ ਦੇ ਤੀਬਰ ਯਤਨ ਜਾਰੀ ਹਨ । ਪੰਜਾਬ ਅਤੇ ਹਰਿਆਣਾ ਵਿਚਕਾਰ ਵਾਫ਼ਰ ਦਰਿਆਈ ਪਾਣੀ ਦੀ ਹਿੱਸਾ ਵੰਡ ਸਮੇਂ ਜਮਨਾ ਦਰਿਆ ਦਾ ਪਾਣੀ ਹਿਸਾਬ ਵਿਚ ਸ਼ਾਮਲ ਨਹੀਂ ਕੀਤਾ ਗਿਆ ਸੀ । ਮੇਰੀ ਸਰਕਾਰ ਦ੍ਰਿੜ੍ਹਤਾ ਸਹਿਤ ਮਹਿਸੂਸ ਕਰਦੀ ਹੈ ਕਿ ਦੋ ਉਤਰਾਧਿਕਾਰੀ ਰਾਜਾਂ ਵਿਚਕਾਰ ਵੰਡ ਕਰਨ ਵੇਲੇ ਪਾਣੀ ਦੀ ਮਾਤਰਾ ਨਿਰਧਾਰਣ ਕਰਨ ਸਮੇਂ ਜਮਨਾ ਦੇ ਪਾਣੀ ਨੂੰ ਵੀ ਸ਼ਾਮਿਲ ਕੀਤਾ ਜਾਣਾ ਚਾਹੀਦਾ ਸੀ । (ਥੰਪਿੰਗ)

ਲੋਕ ਨਿਰਮਾਣ ਵਿਭਾਗ ਭ. ਤੇ ਮਾ ਅਤੇ ਜਨ ਸਿਹਤ

ਮੇਰੀ ਸਰਕਾਰ ਰਾਜ ਦੇ ਮਹਾਂ ਮਾਰਗ ਨੈੱਟਵਰਕ ਦੀ ਉਚਿੱਤ ਦੇਖ ਭਾਲ ਤੇ ਮੁਰੰਮਤ ਕਰਨ ਅਤੇ ਉਨ੍ਹਾਂ ਨੂੰ ਅਪਗ੍ਰੇਡ ਕਰਨ ਦੇ ਕੰਮ ਨੂੰ ਬਹੁਤ ਮਹੱਤਤਾ ਦਿੰਦੀ ਹੈ ਕਿਉਂਕਿ ਇਹ ਇਕ ਮਹੱਤਵਪੂਰਣ ਬੁਨਿਆਦੀ ਢਾਂਚਾ ਹੈ ਅਤੇ ਇਸ ਦੇ ਨਾਲ ਨਾਲ ਸਾਰੇ ਪਿੰਡਾਂ ਦੀਆਂ ਲਿੰਕ ਸੜਕਾਂ ਦੀ ਦਸੰਬਰ, 1993 ਤੱਕ ਘੱਟ ਤੋਂ ਘੱਟ ਇਕ ਵਾਰ ਮੁਰੰਮਤ ਕਰਨ ਦਾ ਉਤਸ਼ਾਹਪੂਰਣ ਟੀਚਾ ਮਿੱਥਿਆ ਹੈ । ਕੁਲ 30,430 ਕਿ. ਮੀ. ਪਹੁੰਚ ਸੜਕਾਂ ਵਿਚੋਂ 26,155 ਕਿ. ਮੀ. ਪਹਿਲਾਂ ਹੀ ਮੁਰੰਮਤ ਕੀਤੀਆਂ ਜਾ ਚੁੱਕੀਆਂ ਹਨ । ਰਾਸ਼ਟਰੀ ਮਹਾਂ ਮਾਰਗ ਨੰ: 1 ਨੂੰ ਚਾਰ-ਲੇਨਾ ਬਣਾਉਣ ਦਾ ਵੱਡਾ ਪ੍ਰਾਜੈਕਟ ਵਿਸ਼ਵ ਬੈਂਕ ਦੇ ਫੰਡ ਨਾਲ ਚਲ ਰਿਹਾ ਹੈ । ਹਾਟ ਮਿਕਸ ਪਲਾਂਟ ਅਤੇ ਪੇਵਰ-ਫਿਨਿਸ਼ਰ ਵਰਤ ਕੇ ਸੜਕਾਂ ਬਣਾਉਣ ਅਤੇ ਮਰੰਮਤ ਕਰਨ ਦੀ ਆਧੁਨਿਕ ਤਕਨਾਲੋਜੀ ਦੀ ਵਰਤੋਂ ਕੀਤੀ ਜਾ ਰਹੀ ਹੈ ਜੋ ਸੜਕ ਨਿਰਮਾਣ ਵਿਚ ਤਕਨਾਲੋਜੀ ਦੇ ਪੱਖੋਂ ਵੱਡਾ ਸੁਧਾਰ ਹੈ । ਲੁਧਿਆਣਾ ਵਿਖੇ ਢੋਲੇਵਾਲਾ ਰੇਲ-ਓਵਰ-ਬਰਿੱਜ ਆਵਾਜਾਈ ਲਈ ਖੋਲ੍ਹ ਦਿੱਤਾ ਗਿਆ ਹੈ ।

ਦਿਹਾਤੀ ਜਲ-ਸਪਲਾਈ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਨ ਦਾ ਕੰਮ ਤੇਜ਼ੀ ਨਾਲ ਚਲ ਰਿਹਾ ਹੈ । ਚਾਲੂ ਸਾਲ ਦੌਰਾਨ 33.55 ਕਰੋੜ ਰੁਪਏ ਦੀ ਲਾਗਤ ਨਾਲ ਇਸ ਪ੍ਰੋਗਰਾਮ ਅਧੀਨ 406 ਪਿੰਡ ਲੈ ਲਏ ਗਏ ਹਨ ਅਤੇ ਅਗਲੇ ਸਾਲ ਦੌਰਾਨ 575 ਹੋਰ ਪਿੰਡ ਇਸ ਸਕੀਮ ਅਧੀਨ ਲੈ ਲਏ ਜਾਣਗੇ । ਇਸ ਤਰ੍ਹਾਂ 5.75 ਲੱਖ ਦਿਹਾਤੀ ਆਬਾਦੀ ਨੂੰ ਇਹ ਸਹੂਲਤ ਮੁਹਈਆ ਹੋ ਜਾਵੇਗੀ ।

[ਸ਼੍ਰੀ ਸਪੀਕਰ]

ਜੰਗਲਾਤ

ਭਾਵੇਂ ਜੰਗਲ ਲਗਾਉਣ ਲਈ ਵਧੀਕ ਖੇਤਰ ਮਿਲਣ ਦੀ ਮਜ਼ਬੂਰੀ ਹੈ ਫਿਰ ਵੀ ਪ੍ਰਾਈਵੇਟ ਜ਼ਰਾਇਤੀ ਜ਼ਮੀਨਾਂ, ਪੰਚਾਇਤ ਦੀਆਂ ਜ਼ਮੀਨਾਂ ਉਤੇ ਅਤੇ ਰੇਲਵੇ ਲਾਈਨਾਂ, ਸੜਕਾਂ, ਨਹਿਰਾਂ ਖਾਲਾਂ ਆਦਿ ਦੇ ਨਾਲ-ਨਾਲ ਰੁੱਖ ਲਗਾਉਣਾ ਜਾਰੀ ਰੱਖਿਆ ਗਿਆ ਹੈ । ਭੂਮੀਗਤ ਜਲ ਦੀ ਰੀਚਾਰਜਿੰਗ ਵਿਚ ਸੁਧਾਰ ਲਿਆਉਣ ਲਈ, ਚਾਲੂ ਸਾਲ ਦੌਰਾਨ ਕੰਡੀ ਖੇਤਰ ਵਿਚ ਛੋਟੇ ਭੋਂ ਸੰਭਾਲ ਕਾਰਜ ਕੀਤੇ ਗਏ ਹਨ । ਸਾਲ 1992-93 ਦੌਰਾਨ 160.35 ਲੱਖ ਰੁੱਖ ਲਗਾਏ ਗਏ ਹਨ ਅਤੇ ਅਗਲੇ ਸਾਲ ਲਈ 171 ਲੱਖ ਰੁੱਖ ਲਗਾਉਣ ਦਾ ਟੀਚਾ ਰੱਖਿਆ ਗਿਆ ਹੈ ।

ਖੇਡਾਂ ਅਤੇ ਯੁਵਕ ਸੇਵਾਵਾਂ ਵਿਭਾਗ

ਮੇਰੀ ਸਰਕਾਰ ਯੁਵਕ ਸ਼ਕਤੀਆਂ ਨੂੰ ਵਧੇਰੇ ਉਦੇਸ਼ਪੂਰਣ ਅਤੇ ਰਚਨਾਤਮਕ ਮਾਰਗਾਂ ਵੱਲ ਲਿਜਾਣ ਅਤੇ ਉੱਨਤ ਕਰਨ ਦੇ ਕੰਮ ਨੂੰ ਸਭ ਤੋਂ ਵੱਧ ਮਹੱਤਤਾ ਦਿੰਦੀ ਹੈ । ਯੁਵਕਾਂ ਦੀਆਂ ਸਰਗਰਮੀਆਂ ਦੀ ਪ੍ਰਭਾਵਕਾਰੀ ਵਰਤੋਂ ਅਤੇ ਨਿਰੀਖਣ ਲਈ ਖੇਡਾਂ ਅਤੇ ਯੁਵਕ ਸੇਵਾਵਾਂ ਦਾ ਇਕ ਨਵਾਂ ਵਿਭਾਗ ਕਾਇਮ ਕੀਤਾ ਜਾ ਰਿਹਾ ਹੈ । ਰਾਜ ਸਰਕਾਰ ਨੇ ਪਿੰਡ, ਸਕੂਲ, ਬਲਾਕ, ਜ਼ਿਲ੍ਹਾ ਅਤੇ ਰਾਜ ਪੱਧਰ ਤੇ ਖੇਡਾਂ ਲਈ ਵਧੀਆ ਕਿਸਮ ਦਾ ਬੁਨਿਆਦੀ ਢਾਂਚਾ ਮੁਹੱਈਆ ਕਰਨ ਦੀ ਯੋਜਨਾ ਬਣਾਈ ਹੈ । ਇਸਦੇ ਨਾਲ ਨਾਲ ਅਸੀਂ ਰਾਜ ਵਿਚ ਖੇਡਾਂ ਦੇ ਸਮੁੱਚੇ ਮਿਆਰ ਨੂੰ ਸੁਧਾਰਨ ਲਈ ਅਤੇ ਆਦਿ ਕਾਲੀਨ ਸ਼ਾਨ, ਜੋ ਕਦੇ ਖੇਡ ਸੰਸਾਰ ਵਿਚ ਪੰਜਾਬ ਨੂੰ ਪ੍ਰਾਪਤ ਸੀ, ਬਹਾਲ ਕਰਨ ਲਈ ਵੱਖ-ਵੱਖ ਪੱਧਰਾਂ ਤੇ ਖੇਡ ਮੁਕਾਬਲੇ ਕਰਵਾਉਣ ਦੀ ਯੋਜਨਾ ਬਣਾ ਰਹੇ ਹਾਂ । ਰਾਜ ਪੱਧਰ ਦੇ ਮੁਕਾਬਲਿਆਂ ਤੋਂ ਇਲਾਵਾ ਮੇਰੀ ਸਰਕਾਰ ਖੇਡਾਂ ਦੇ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਈਵੈਂਟਸ (events) ਕਰਵਾਉਣ ਦੀ ਯੋਜਨਾ ਬਣਾ ਰਹੀ ਹੈ ।

ਯੁਵਕਾਂ ਨੂੰ ਸਿਖਲਾਈ ਦੇਣ ਵਾਲੇ ਕੇਂਦਰ ਦੀਆਂ ਕਾਰਵਾਈਆਂ ਦਾ ਰਾਜ ਦੇ ਸਾਰੇ ਜ਼ਿਲ੍ਹਿਆਂ ਵਿਚ ਪਸਾਰ ਕਰ ਦਿੱਤਾ ਗਿਆ ਹੈ ਅਤੇ ਅਗਲੇ ਸਾਲ ਦੌਰਾਨ, ਮੇਰੀ ਸਰਕਾਰ 10 ਹਜ਼ਾਰ ਤੋਂ ਵੱਧ ਯੁਵਕਾਂ ਨੂੰ ਪੈਰਾ ਮਿਲਟਰੀ ਫੋਰਸ ਵਿਚ ਭਰਤੀ ਕਰਨ ਲਈ, ਸਿਖਲਾਈ ਦੇਣ ਦੀ ਯੋਜਨਾ ਬਣਾ ਰਹੀ ਹੈ । (ਥੰਪਿੰਗ) ਯੁਵਕਾਂ ਨੂੰ ਵੱਖ-ਵੱਖ ਕਿੱਤਿਆਂ ਦੀ ਸਿਖਲਾਈ ਵੀ ਦਿੱਤੀ ਗਈ ਹੈ ਅਤੇ ਉਨ੍ਹਾਂ ਲਈ ਉੱਦਮੀ-ਵਿਕਾਸ ਕੋਰਸ ਚਲਾਏ ਜਾ ਰਹੇ ਹਨ ਤਾਂ ਜੋ ਉਨ੍ਹਾਂ ਦੇ ਸਵੈ-ਰੁਜ਼ਗਾਰ ਦਾ ਕੰਮ ਸੌਖਾ ਕੀਤਾ ਜਾ ਸਕੇ । ਰਾਜ ਸਰਕਾਰ ਇਸ ਮੰਤਵ ਲਈ ਯੋਗ ਸੰਸਥਾਨਕ ਵਿੱਤੀ ਸਹਾਇਤਾ ਦਾ ਪ੍ਰਬੰਧ ਕਰੇਗੀ ।

ਰਾਜ ਸਰਕਾਰ ਜਨਤਕ ਪੱਧਰ ਤੇ ਬੁਨਿਆਦੀ-ਢਾਂਚਾ ਕਾਇਮ ਕਰਨ ਤੇ ਮੁੱਖ ਜ਼ੋਰ ਦੇ ਰਹੀ ਹੈ ਅਤੇ ਇਸ ਮੰਤਵ ਲਈ, ਹਰ ਬਲਾਕ ਵਿਚ ਪਿੰਡ ਪੱਧਰ ਉਤੇ ਅਤੇ ਸਕੂਲਾਂ ਵਿਚ ਖੇਡਾਂ ਦੀਆਂ ਸਹੂਲਤਾਂ ਮੁਹੱਈਆ ਕੀਤੀਆਂ ਜਾਣਗੀਆਂ । ਇਸ ਤੋਂ ਇਲਾਵਾ ਸਾਰੇ ਮੁੱਖ ਡਸਿਪਲਨਾਂ ਵਿਚ ਬਲਾਕ ਪੱਧਰ ਬੁਨਿਆਦੀ ਢਾਂਚਾ ਅਤੇ ਜ਼ਿਲ੍ਹਾ ਪੱਧਰ ਬੁਨਿਆਦੀ-ਢਾਂਚਾ ਕਾਇਮ ਕੀਤਾ ਜਾਵੇਗਾ । ਇਸ ਤੋਂ ਇਲਾਵਾ, ਇਹ ਵੀ ਵਿਚਾਰ ਹੈ ਕਿ ਖੇਡਾਂ ਨੂੰ ਪਾਠਕ੍ਰਮ ਦਾ ਇੱਕ ਲਾਜ਼ਮੀ ਹਿੱਸਾ ਬਣਾਇਆ ਜਾਵੇ ਅਤੇ ਆਉਂਦੇ ਸਾਲ ਦੌਰਾਨ ਇਸ ਨੂੰ ਸਾਰੇ ਸਕੂਲਾਂ ਵਿਚ ਪ੍ਰਚਲਿਤ ਕੀਤਾ ਜਾਵੇ !

ਯੁਵਕਾਂ ਲਈ ਰੋਜ਼ਗਾਰ ਸਿਖਲਾਈ

ਬੇਰੋਜ਼ਗਾਰੀ, ਵਿਸ਼ੇਸ਼ ਕਰਕੇ ਸਰਹੱਦੀ ਜ਼ਿਲ੍ਹਿਆਂ ਵਿਚੋਂ, ਦੂਰ ਕਰਨ ਦੇ ਮੰਤਵ ਨਾਲ, ਮੇਰੀ ਸਰਕਾਰ ਨੇ 4,906 ਯੁਵਕਾਂ ਨੂੰ ਸਿਖਲਾਈ ਕੈਂਪਾਂ ਵਿਚ ਵੱਖ-ਵੱਖ ਕਿੱਤਿਆਂ ਦੀ ਸਿਖਲਾਈ ਦਿੱਤੀ ਹੈ। ਜਿਨ੍ਹਾਂ ਵਿਚੋਂ 3,024 ਯੁਵਕਾਂ ਨੂੰ ਵੱਖ-ਵੱਖ ਵਿਭਾਗਾਂ, ਸੰਗਠਨਾਂ ਫੌਜ ਅਤੇ ਪੈਰਾ ਮਿਲਟਰੀ ਫੋਰਸ ਵਿਚ ਲਗਾ ਦਿੱਤਾ ਗਿਆ ਹੈ ਅਤੇ ਹੋਰ 395 ਯੁਵਕਾਂ ਨੇ ਸਵੈ-ਰੋਜ਼ਗਾਰ ਅਰੰਭ ਕਰ ਲਿਆ ਹੈ। ਸਾਲ 1993-94 ਦੌਰਾਨ ਅਜਿਹੇ 10,000 ਯੁਵਕਾਂ ਨੂੰ ਨਾਲ ਤਰਾਉਣ ਦਾ ਟੀਚਾ ਹੈ।

ਲੋਕ ਸ਼ਿਕਾਇਤ ਨਵਿਰਤੀ

ਮੇਰੀ ਸਰਕਾਰ ਜ਼ਿਲ੍ਹਾ ਅਤੇ ਉਪ-ਮੰਡਲ ਪੱਧਰ ਤੇ ਲੋਕਾਂ ਦੀਆਂ ਦੁੱਖ-ਤਕਲੀਫ਼ਾਂ ਦੀ ਨਵਿਰਤੀ ਦੇ ਕਾਰਜ ਵਿਚ ਡੂੰਘੀ ਦਿਲਚਸਪੀ ਲੈ ਰਹੀ ਹੈ। ਇਸ ਕੰਮ ਲਈ ਕੈਬਨਿਟ ਮੰਤਰੀਆਂ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਦੁੱਖ ਨਿਵਾਰਨ ਕਮੇਟੀਆਂ ਸਥਾਪਿਤ ਕੀਤੀਆਂ ਗਈਆਂ ਹਨ ਅਤੇ ਉਹ ਸ਼ਿਕਾਇਤਾਂ ਦੇ ਤੁਰੰਤ ਨਿਪਟਾਰੇ ਲਈ ਤੱਤਪਰ ਰਹਿੰਦੀਆਂ ਹਨ। ਇਸੇ ਤਰ੍ਹਾਂ, ਉਪ-ਮੰਡਲ ਪੱਧਰਾਂ ਤੇ ਵੀ ਕਮੇਟੀਆਂ ਬਣਾਈਆਂ ਗਈਆਂ ਹਨ। ਸਮਾਜ ਦੇ ਅਤੇ ਸਿਆਸੀ ਪਾਰਟੀਆਂ ਦੇ ਉਘੇ ਮੈਂਬਰ ਅਤੇ ਵੱਖ-ਵੱਖ ਸਿਆਸੀ ਪਾਰਟੀਆਂ ਦੇ ਚੁਣੇ ਹੋਏ ਨੁਮਾਇੰਦੇ ਇਨ੍ਹਾਂ ਵਿਚ ਸ਼ਾਮਲ ਕੀਤੇ ਜਾਂਦੇ ਹਨ।

ਸਭਿਆਚਾਰ ਨੂੰ ਪੁਨਰ ਸੁਰਜੀਤ ਕਰਨਾ

ਮੇਰੀ ਸਰਕਾਰ ਅਭਿਨੈਸ਼ੀਲ ਕਲਾਵਾਂ ਅਤੇ ਸਭਿਆਚਾਰਕ ਸਰਗਰਮੀਆਂ ਦੇ ਪਰ-ਦਰਸ਼ਨ ਨੂੰ ਮੁੜ ਸੁਰਜੀਤ ਕਰਕੇ ਲੋਕਾਂ ਦੇ ਮਨਾਂ ਅੰਦਰ ਆਮ ਹਾਲਾਤ ਵਰਗੀ ਭਾਵਨਾ ਪੈਦਾ ਕਰਨ ਦੀ ਲੋੜ ਪ੍ਰਤੀ ਚੇਤੰਨ ਹੈ। ਇਸੇ ਆਸ਼ੇ ਨੂੰ ਮੁੱਖ ਰੱਖਦੇ ਹੋਏ ਇਸ ਸਾਲ ਦੇ ਦੌਰਾਨ ਸਮੁੱਚੇ ਰਾਜ ਵਿਚ ਬਹੁਤ ਸਾਰੇ ਪ੍ਰੋਗਰਾਮ, ਖਾਸ ਕਰਕੇ ਪੇਂਡੂ ਖੇਤਰਾਂ ਵਿਚ ਆਯੋਜਿਤ ਕੀਤੇ ਗਏ ਜਿਨ੍ਹਾਂ ਵਿਚ ਲੋਕ ਵਹੀਰਾਂ ਘੱਤ ਕੇ ਪੁੱਜੇ। ਸਭਿਆਚਾਰਕ ਮੁੜ ਬਹਾਲੀ ਦੀ ਲਹਿਰ ਸਾਫ਼ ਦਿਸਦੀ ਪ੍ਰਤੀਤ ਹੋਈ ਹੈ। ਸਭਿਆਚਾਰ ਦੇ ਹੋਰਨਾਂ ਪਹਿਲੂਆਂ ਜਿਵੇਂ ਅਜਾਇਬ ਘਰਾਂ ਦੀ ਸੰਭਾਲ, ਸੁਰੱਖਿਅਤ ਯਾਦਗਾਰਾਂ ਅਤੇ ਪੁਰਾਤਤਵੀ ਖੰਡਰਾਂ ਦੀ ਸੰਭਾਲ ਦੇ ਕੰਮ ਵਿਚ ਤੇਜ਼ੀ ਲਿਆਂਦੀ ਗਈ ਹੈ ਅਤੇ ਰਾਜ ਦੀਆਂ ਚੋਣਵੀਆਂ ਥਾਵਾਂ ਤੇ ਸਭਿਆ-ਚਾਰਕ ਕੇਂਦਰ ਸਥਾਪਤ ਕਰਨ ਦੀਆਂ ਤਜਵੀਜ਼ਾਂ ਉਲੀਕੀਆਂ ਗਈਆਂ ਹਨ।

ਕਾਨੂੰਨੀ ਸਹਾਇਤਾ

ਮੇਰੀ ਸਰਕਾਰ ਨੇ ਆਮ ਲੋਕਾਂ ਨੂੰ ਕਾਨੂੰਨੀ ਮਾਮਲਿਆਂ ਵਿਚ ਸਹਾਇਤਾ ਦੇਣ ਲਈ ਰਾਜ ਵਿਚ 37 ਲੋਕ ਅਦਾਲਤਾਂ ਲਾਈਆਂ, ਜਿਨ੍ਹਾਂ ਸਾਹਮਣੇ 15,788 ਕੇਸ ਪੇਸ਼ ਕੀਤੇ ਗਏ, ਜਿਨ੍ਹਾਂ ਵਿਚੋਂ 14,579 ਕੇਸਾਂ ਦਾ ਨਿਪਟਾਰਾ ਕਰ ਦਿੱਤਾ ਗਿਆ ਹੈ। ਦੁਰਘਟਨਾ ਦਾ ਸ਼ਿਕਾਰ ਹੋਏ ਲੱਗਭੱਗ 1,800 ਵਿਅੱਕਤੀਆਂ ਦੇ ਦੁਰਘਟਨਾ ਕਲੇਮ ਕੇਸਾਂ ਵਿਚ 7 ਕਰੋੜ ਰੁਪਏ ਦੀ ਰਕਮ ਅਦਾ ਕੀਤੀ ਗਈ। ਸਾਲ 1993 ਦੌਰਾਨ ਅਜਿਹੀਆਂ 72 ਅਦਾਲਤਾਂ ਲਾਉਣ ਦੀ ਤਜਵੀਜ਼ ਹੈ। ਇਸ ਸਾਲ ਦੌਰਾਨ 527 ਬਿਨੈਕਾਰਾਂ ਨੂੰ ਕਾਨੂੰਨੀ ਸਹਾਇਤਾ ਦੇਣ ਦਾ ਫੈਸਲਾ ਕੀਤਾ ਗਿਆ।

[ਸ੍ਰੀ ਸਪੀਕਰ]

ਸਹਿਕਾਰਤਾ

ਮੇਰੀ ਸਰਕਾਰ ਨੇ ਸਹਿਕਾਰੀ ਵਿਭਾਗ ਦੀਆਂ ਸਰਗਰਮੀਆਂ ਨੂੰ ਯੋਗ ਅਹਿਮੀਅਤ ਦਿੱਤੀ ਹੈ ਜਿਸਨੇ ਆਰਥਿਕ ਸਰਗਰਮੀ ਦੇ ਹਰੇਕ ਖੇਤਰ ਵਿਚ ਸਹਿਕਾਰੀ ਲਹਿਰ ਨੂੰ ਤੇਜ਼ ਕਰਕੇ ਪੰਜਾਬ ਦੇ ਵਿਕਾਸ ਵਿਚ ਇਕ ਅਹਿਮ ਭੂਮਿਕਾ ਨਿਭਾਈ ਹੈ । ਇਸ ਨੇ ਲੋਕਾਂ ਨੂੰ ਆਤਮ ਨਿਰਭਰ ਬਣਾਉਣ ਲਈ ਆਪਣੇ ਨਿੱਜੀ ਕਾਰੋਬਾਰ ਅਤੇ ਆਰਥਿਕ ਮਾਮਲਿਆਂ ਨੂੰ ਲੋਕਤੰਤਰੀ ਢੰਗ ਨਾਲ ਨਜਿਠਣ ਦੇ ਯੋਗ ਬਣਾਇਆ ਹੈ । 27,370 ਸਭਾਵਾਂ ਜਿਨ੍ਹਾਂ ਦੇ 38,43,106 ਮੈਂਬਰ ਹਨ ਅਤੇ ਜਿਨ੍ਹਾਂ ਦੀ ਸਾਲਾਨਾ ਕਾਰਜਕਾਰੀ ਪੂੰਜੀ 4040, ਕਰੋੜ ਰੁਪਏ ਦੀ ਹੈ, ਰਾਹੀਂ ਕੰਮ ਕਰਦਿਆਂ ਹੋਇਆਂ ਸਹਿਕਾਰੀ ਵਿਭਾਗ ਨੇ ਹਰਾ ਅਤੇ ਚਿੱਟਾ ਇਨਕਲਾਬ ਲਿਆਉਣ ਵਿਚ ਇਕ ਅਹਿਮ ਰੋਲ ਅਦਾ ਕੀਤਾ ਹੈ । ਖੇਤੀ ਕਰਨ ਵਾਲੇ 90 ਪ੍ਰਤੀਸ਼ਤ ਤੋਂ ਵੱਧ ਪਰਿਵਾਰਾਂ ਦੀ ਸੇਵਾ ਸਹਿਕਾਰੀ ਖੇਤਰ ਦੁਆਰਾ ਕੀਤੀ ਜਾਂਦੀ ਹੈ । ਰਾਜ ਸਹਿਕਾਰੀ ਬੈਂਕ, ਸੈਂਟਰਲ ਕੋਆਪਰੇਟਿਵ ਬੈਂਕਾਂ ਦੀਆਂ ਆਪਣੀਆਂ 664 ਸ਼ਾਖਾਵਾਂ ਅਤੇ 3,460 ਪ੍ਰਾਇ-ਮਰੀ ਸਹਿਕਾਰੀ ਜ਼ਰਾਇਤੀ ਸੇਵਾ ਸਭਾਵਾਂ ਰਾਹੀਂ ਕਿਸਾਨਾਂ ਨੂੰ ਦਰਮਿਆਨੇ ਸਮੇਂ ਦੇ ਕਰਜ਼ੇ ਦੇਣ ਲਈ 80 ਪ੍ਰਤੀਸ਼ਤ ਨੈੱਟਵਰਕ ਮੁਹੱਈਆ ਕਰਦਾ ਹੈ । ਉਹ ਚਾਲੂ ਸਾਲ ਦੌਰਾਨ 725 ਕਰੋੜ ਰੁਪਏ ਦੇ ਕਰਜ਼ੇ ਵੰਡਣ ਸਬੰਧੀ ਕਾਰਵਾਈ ਕਰ ਰਹੀਆਂ ਹਨ । ਇਸੇ ਤਰ੍ਹਾਂ ਰਾਜ ਸਹਿਕਾਰੀ ਜ਼ਰਾਇਤੀ ਵਿਕਾਸ ਬੈਂਕ ਦੇ ਬਨਿਆਦੀ ਢਾਂਚੇ ਰਾਹੀਂ ਦੀਰਘਕਾਲੀ ਕਰਜ਼ਿਆਂ ਦੀ 90.75 ਕਰੋੜ ਰੁਪਏ ਦੀ ਰਕਮ ਵੰਡੀ ਜਾ ਰਹੀ ਹੈ ।

ਚਾਲੂ ਸਾਲ ਦੌਰਾਨ ਹਾਊਸਫੈੱਡ ਨੇ 6,000 ਮਕਾਨਾਂ ਦੀ ਉਸਾਰੀ ਦਾ ਕੰਮ ਹੱਥ ਵਿੱਚ ਲਿਆ ਹੈ । ਮਾਰਕਫੈੱਡ ਜੋ ਕਿ ਏਸ਼ੀਆ ਦੀ ਇਕੋ ਇਕ ਸੱਭ ਤੋਂ ਵੱਡੀ ਮੰਡੀਕਰਣ ਸਹਿਕਾਰੀ ਫੈਡਰੇਸ਼ਨ ਹੈ ਅਤੇ ਜਿਸ ਦੀ ਸਾਲਾਨਾ ਵਪਾਰਕ ਵੱਟਕ 2,000 ਕਰੋੜ ਰੁਪਏ ਹੈ, ਆਪਣੇ 19 ਐਗਰੋ-ਸੇਵਾ ਕੇਂਦਰਾਂ ਅਤੇ 110 ਸ਼ਾਖਾਵਾਂ ਰਾਹੀ ਆਪਣੀਆਂ ਬਹੁਪੱਖੀ ਗਤੀ-ਵਿਧੀਆਂ ਸਦਕਾ ਲੋਕਾਂ ਦੀ ਸਰਗਰਮੀ ਨਾਲ ਸੇਵਾ ਕਰਦੀ ਰਹੀ ਹੈ । ਮਿਲਕਫੈੱਡ, ਗੁਜਰਾਤ ਰਾਜ ਦੇ ਆਨੰਦ ਪੈਟਰਨ ਤੇ, ਮੁੱਢਲੀਆਂ ਸਭਾਵਾਂ ਦੇ ਮੈਂਬਰਾਂ ਪਾਸੋਂ ਰੋਜ਼ਾਨਾ 9 ਲੱਖ ਲੀਟਰ ਦੁੱਧ ਇਕੱਤਰ ਕਰ ਰਹੀ ਹੈ । ਸ਼ੂਗਰਫੈੱਡ ਰਾਜ ਵਿਚ ਕਿਸਾਨਾਂ ਦੀ ਸਹਾਇਤਾ ਕਰਨ ਲਈ 15 ਸਹਿਕਾਰੀ ਖੰਡ ਮਿਲਾਂ ਚਲਾ ਰਹੀ ਹੈ । ਉਦਯੋਗ ਅਤੇ ਖੇਤੀਬਾੜੀ ਦੇ ਵਿਕਾਸ ਵਿਚ ਵਧੇਰੇ ਰੋਲ ਅਦਾ ਕਰਨ ਲਈ, ਰਾਸ਼ਟਰੀ ਸਹਿਕਾਰੀ ਵਿਕਾਸ ਕਾਰਪੋਰੇਸ਼ਨ ਦੀ ਸਹਾਇਤਾ ਨਾਲ ਸੰਗਠਿਤ ਸਹਿਕਾਰੀ ਵਿਕਾਸ ਪ੍ਰੋਗਰਾਮ ਸਕੀਮ ਅਧੀਨ ਪਹਿਲੇ ਪੜਾਅ ਵਿਚ ਫਿਰੋਜ਼ਪੁਰ ਅਤੇ ਹੁਸ਼ਿਆਰਪੁਰ ਦੇ ਦੋ ਜ਼ਿਲ੍ਹੇ ਸ਼ਾਮਲ ਕੀਤੇ ਜਾ ਰਹੇ ਹਨ ।

ਸਾਬਕਾ ਰੱਖਿਆ ਸੇਵਾਵਾਂ ਕਰਮਚਾਰੀਆਂ ਦੀ ਭਲਾਈ

ਮੇਰੀ ਸਰਕਾਰ ਇਸ ਗੱਲ ਲਈ ਤੱਤਪਰ ਹੈ ਕਿ ਸਾਬਕਾ ਫੌਜੀਆਂ, ਜਿਨ੍ਹਾਂ ਨੇ ਦੇਸ਼ ਦੀ ਬੜੀ ਉਪਯੋਗੀ ਸੇਵਾ ਕੀਤੀ ਹੈ, ਦੀ ਦੇਖ ਭਾਲ ਉਚਿਤ ਢੰਗ ਨਾਲ ਕੀਤੀ ਜਾਵ ਅਤੇ ਇਹ ਮੰਤਵ ਪਿਛਲੇ ਸਾਲ ਦੌਰਾਨ ਚੁੱਕੇ ਗਏ ਵੱਖ ਵੱਖ ਕਦਮਾਂ ਤੋਂ ਸਪੱਸ਼ਟ ਹੈ । ਚੰਡੀਗੜ੍ਹ ਵਿੱਚ ਸਨਿਕ ਭਵਨ ਅਤੇ ਲੁਧਿਆਣੇ ਵਿਚ ਜੰਗੀ ਅਜਾਇਬ ਘਰ ਦੀ ਉਸਾਰੀ ਆਰੰਭ ਕੀਤੀ ਜਾ ਚੁੱਕੀ ਹੈ । 65 ਸਾਲਾਂ ਤੋਂ ਵੱਧ ਉਮਰ ਦੇ ਸਾਬਕਾ ਫੌਜੀਆਂ ਨੂੰ ਵਿੱਤੀ ਸਹਾਇਤਾ ਦੀ

ਦਰ 100 ਰੁਪਏ ਪ੍ਰਤੀ ਮਹੀਨਾ ਤੋਂ ਵਧਾ ਕੇ 150 ਰੁਪਏ ਪ੍ਰਤੀ ਮਹੀਨਾ ਕਰ ਦਿਤੀ ਗਈ ਹੈ। ਵਧਾਈ ਗਈ ਇਸ ਸਹਾਇਤਾ ਲਈ ਜੰਗੀ ਵਿਧਵਾਵਾਂ ਵੀ ਪਾਤਰ ਹਨ। ਚਾਲੂ ਸਾਲ ਦੌਰਾਨ 13,000 ਵਿਅਕਤੀਆਂ ਨੂੰ 1.50 ਕਰੋੜ ਰੁਪਏ ਦੀ ਵਿਤੀ ਸਹਾਇਤਾ ਦਿੱਤੀ ਗਈ ਹੈ। ਜੰਗੀ ਜਗੀਰ ਦੀ ਦਰ ਵਧਾ ਕੇ 300 ਰੁਪਏ ਪ੍ਰਤੀ ਮਹੀਨਾ ਤੋਂ 500 ਰੁਪਏ ਪ੍ਰਤੀ ਮਹੀਨਾ ਕੀਤੀ ਗਈ ਹੈ। ਵੱਖ-ਵੱਖ ਸ਼੍ਰੇਣੀਆਂ ਦੇ ਸੂਰਮਗਤੀ ਪੁਰਸਕਾਰ ਜੇਤੂਆਂ ਨੂੰ ਦੇਣ ਯੋਗ ਵਾਰਸ਼ਿਕੀ ਦੀ ਰਕਮ ਦੁੱਗਣੀ ਕਰ ਦਿੱਤੀ ਗਈ ਹੈ। ਪੰਜਾਬ ਸਾਬਕਾ ਫੌਜੀ ਕਾਰਪੋਰੇਸ਼ਨ, ਸਾਬਕਾ ਫੌਜੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਵੱਡੇ ਪੈਮਾਨੇ ਤੇ ਰੋਜ਼ਗਾਰ ਮੁਹੱਈਆ ਕਰਨ ਵਿਚ ਸਰਗਰਮੀ ਨਾਲ ਲੱਗੀ ਹੋਈ ਹੈ। ਇਹ ਕਾਰਪੋਰੇਸ਼ਨ ਰੱਖਿਆ ਮੰਤਰਾਲੇ ਲਈ ਵਰਦੀਆਂ ਦੀ ਸਿਲਾਈ ਕਰਨ ਸਬੰਧੀ 1.41 ਕਰੋੜ ਰੁਪਏ ਦੇ ਆਰਡਰ ਨੇਪਰੇ ਚਾੜ੍ਹ ਰਹੀ ਹੈ। ਇਸ ਦੇ ਨਵੇਂ ਕਿਹੇ ਬਣੇ ਸੁਰੱਖਿਆ ਸੰਗਠਨ ਵਿਚ ਕਾਰਪੋਰੇਸ਼ਨ ਨੇ ਵੱਖ-ਵੱਖ ਰੈਂਕਾਂ ਵਿਚ 464 ਵਿਅਕਤੀਆਂ ਨੂੰ ਰੋਜ਼ਗਾਰ ਦਿੱਤਾ ਹੈ।

ਭ੍ਰਿਸ਼ਟਾਚਾਰ ਦੇ ਖਿਲਾਫ ਮੁਹਿੰਮ

ਭ੍ਰਿਸ਼ਟਾਚਾਰ ਨੂੰ ਖਤਮ ਕਰਨ ਦੇ ਵਿਚਾਰ ਨਾਲ, ਮੇਰੀ ਸਰਕਾਰ ਦਾ ਚੌਕਸੀ ਵਿਭਾਗ ਨਿਰੰਤਰ ਮੁਹਿੰਮ ਚਲਾ ਰਿਹਾ ਹੈ ਅਤੇ ਚਾਲੂ ਸਾਲ ਦੌਰਾਨ 116 ਛਾਪੇ ਮਾਰੇ ਗਏ ਜਿਸ ਵਿਚ 13 ਗਜ਼ਟਿਡ ਅਤੇ 111 ਨਾਨ-ਗਜ਼ਟਿਡ ਅਫਸਰ ਰੰਗੇ ਹੱਥੀਂ ਫੜੇ ਗਏ, ਭ੍ਰਿਸ਼ਟਾ-ਚਾਰ ਐਕਟ ਦੇ ਉਪਬੰਧਾਂ ਅਧੀਨ 6 ਫੌਜਦਾਰੀ ਕੇਸ, 165 ਬਕਾਇਦਾ ਇਨਕੁਆਇਰੀਆਂ ਅਤੇ 27 ਆਰੰਭਿਕ ਇਨਕੁਆਇਰੀਆਂ ਰਜਿਸਟਰ ਕੀਤੀਆਂ ਗਈਆਂ। 125 ਗਜ਼ਟਿਡ ਅਫਸਰਾਂ 117 ਨਾਨ-ਗਜ਼ਟਿਡ ਅਫਸਰਾਂ ਅਤੇ 14 ਪ੍ਰਾਈਵੇਟ ਵਿਅਕਤੀਆਂ ਦੇ ਖਿਲਾਫ 79 ਬਾਕਾਇਦਾ ਇਨਕੁਆਇਰੀਆਂ, 13 ਆਰਭਿਕ ਇਨਕੁਆਇਰੀਆਂ ਸਬੰਧੀ ਤਫਤੀਸ਼ ਮੁਕੰਮਲ ਕੀਤੀ ਗਈ ਸੀ। 9 ਗਜ਼ਟਿਡ ਅਤੇ 19 ਨਾਨ-ਗਜ਼ਟਿਡ ਅਫਸਰਾਂ ਦੇ ਖਿਲਾਫ ਉਨ੍ਹਾਂ ਦੇ ਸਬੰਧਤ ਵਿਭਾਗਾਂ ਦੁਆਰਾ ਵਿਭਾਗੀ ਕਾਰਵਾਈ ਕੀਤੀ ਗਈ ਅਤੇ ਯੋਗ ਸਜ਼ਾਵਾਂ ਦਿੱਤੀਆਂ ਗਈਆਂ। ਆਉਣ ਵਾਲੇ ਸਾਲ ਵਿਚ ਸਰਕਾਰ ਦੀ ਵਿਸ਼ੇਸ਼ ਯੋਜਨਾ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਚਲਾਉਣ ਦੀ ਹੈ। (ਥੰਪਿੰਗ)

ਰਾਹਤ ਤੇ ਮੁੜ ਸਥਾਪਣ

ਮੇਰੀ ਸਰਕਾਰ ਆਤੰਕਵਾਦੀ ਹਿੰਸਾ ਕਾਰਨ ਪੀੜਤ ਵਿਅਕਤੀਆਂ ਦੇ ਕਸ਼ਟ ਦੂਰ ਕਰਨ ਦੀ ਲੋੜ ਪ੍ਰਤੀ ਚੇਤੰਨ ਹੈ। ਇਸ ਲਈ ਕਾਰਜਵਿਧੀ ਸਰਲ ਅਤੇ ਸੁਚੱਜੀ ਬਣਾ ਕੇ ਅਤੇ ਅਖਤਿਆਰਾਂ ਨੂੰ ਉਪ-ਮੰਡਲ ਪੱਧਰ ਤਕ ਵਿਕੇਂਦ੍ਰਿਤ ਕਰਕੇ ਅਜਿਹੇ ਸਮੂਹ ਵਿਅਕਤੀਆਂ ਨੂੰ ਯੋਗ ਸਹਾਇਤਾ ਦੇਣੀ ਯਕੀਨੀ ਬਣਾਉਣ ਲਈ ਜ਼ੋਰਦਾਰ ਯਤਨ ਕੀਤੇ ਜਾ ਰਹੇ ਹਨ। ਚਾਲੂ ਸਾਲ ਦੌਰਾਨ ਅਜਿਹੀ ਰਾਹਤ ਉਤੇ ਖਰਚ ਕੀਤੇ ਜਾ ਰਹੇ 23.60 ਕਰੋੜ ਰੁਪਏ ਦੇ ਮੁਕਾਬਲੇ ਅਗਲੇ ਸਾਲ ਲਈ ਇਸ ਵਿਚ ਘੱਟੋ ਘੱਟ 6 ਕਰੋੜ ਰੁਪਏ ਦਾ ਹੋਰ ਵਾਧਾ ਕਰਨ ਦੀ ਤਜਵੀਜ਼ ਹੈ। ਮੇਰੀ ਸਰਕਾਰ ਨੇ ਅੱਤਵਾਦ ਦੇ ਸ਼ਿਕਾਰ ਵਿਅਕਤੀਆਂ ਲਈ ਕੁਝ ਹੋਰ ਅਹਿਮ ਉਪਾਅ ਕੀਤੇ ਹਨ, ਅਰਥਾਤ 9,550 ਪਰਿਵਾਰਾਂ ਨੂੰ 5105.92 ਲੱਖ ਰੁਪਏ ਐਕਸ-ਗ੍ਰੇਸ਼ੀਆ ਵਜੋਂ ਦਿੱਤੇ ਗਏ, 4675 ਵਿਧਵਾਵਾਂ ਨੂੰ 1,500 ਰੁਪਏ ਦੀ ਵਧੀ ਹੋਈ ਦਰ ਤੇ ਗੁਜ਼ਾਰਾ ਭੱਤਾ ਦਿੱਤਾ ਗਿਆ ਅਤੇ ਆਤੰਕਵਾਦ

[ਸ਼੍ਰੀ ਸਪੀਕਰ]

ਦੇ ਸ਼ਿਕਾਰ ਵਿਅਕਤੀਆਂ ਦੀਆਂ ਲੜਕੀਆਂ ਦੀ ਸ਼ਾਦੀ ਲਈ 62.25 ਲੱਖ ਰੁਪਏ ਦਿੱਤੇ ਗਏ। 16,355 ਪਰਿਵਾਰਾਂ, ਜੋ ਅਤੱਕਵਾਦ ਕਾਰਨ ਪਰਵਾਸ ਕਰ ਗਏ ਸਨ ਨੂੰ 1005.75 ਲੱਖ ਰੁਪਏ ਦਿੱਤੇ ਗਏ। ਪੀੜਤ ਵਿਅਕਤੀਆਂ ਦੇ ਬੱਚਿਆਂ ਲਈ ਸਰਕਾਰੀ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀ ਪੱਧਰ ਤੱਕ ਮੁਫ਼ਤ ਵਿਦਿਆ ਦਾ ਉਪਬੰਧ ਕੀਤਾ ਗਿਆ ਹੈ।

ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ

ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਡਾਇਰੈਕਟੋਰੇਟ ਦੇ ਮਕਾਨ ਉਸਾਰੀ ਬੋਰਡ ਵਿਚ ਪੂਰਨ ਤੌਰ ਤੇ ਵਿਲੀਨ ਹੋ ਜਾਣ ਨਾਲ, ਹੁਣ ਮਕਾਨ ਉਸਾਰੀ ਬੋਰਡ ਰਾਜ ਵਿਚ ਸ਼ਹਿਰੀ ਕੇਂਦਰਾਂ ਵਿਚ ਅਤੇ ਉਨ੍ਹਾਂ ਦੇ ਆਲੇ ਦੁਆਲੇ ਭਵਿੱਖ ਦੇ ਵਿਕਾਸ ਨੂੰ ਆਕਾਰ ਦੇਣ ਹਿੱਤ ਪ੍ਰਭਾਵਸ਼ਾਲੀ ਤੇ ਉਪਯੋਗੀ ਰੋਲ ਅਦਾ ਕਰਨ ਲਈ ਭਲੀ ਪ੍ਰਕਾਰ ਸਾਜ-ਸਾਮਾਨ ਨਾਲ ਲੈਸ ਹੈ ਅਤੇ ਪੂਰੀ ਤਰ੍ਹਾਂ ਦ੍ਰਿੜ ਸੰਕਲਪ ਹੈ। ਰਾਜ ਲਈ ਯੋਜਨਾਬੰਦੀ ਤੇ ਸ਼ਹਿਰੀ ਵਿਕਾਸ ਅਥਾਰਟੀ ਸਥਾਪਤ ਕਰਨ ਲਈ ਇਕ ਨਵਾਂ ਕਾਨੂੰਨ ਬਣਾਉਣ ਦਾ ਫੈਸਲਾ ਕੀਤਾ ਗਿਆ ਹੈ, ਜੋ ਸ਼ਹਿਰੀ ਖੇਤਰਾਂ ਵਿਚ ਯੋਜਨਾ ਅਤੇ ਵਿਕਾਸ ਕਾਰਜ-ਵਿਧੀ ਨੂੰ ਬਹੁਤ ਵੱਡਾ ਹੁਲਾਰਾ ਦੇਵੇਗਾ। ਰਾਸ਼ਟਰੀ ਹਾਊਸਿੰਗ ਪਾਲਿਸੀ ਵਿਚ ਨਿਰਧਾਰਤ ਮਤੱਵਾਂ ਅਤੇ ਸਿਧਾਂਤਾਂ ਨੂੰ ਧਿਆਨ ਵਿਚ ਰਖਦੇ ਹੋਏ, ਮਕਾਨ ਉਸਾਰੀ ਬੋਰਡ ਇਕ ਨਵੀਂ ਪਾਲਸੀ ਬਣਾ ਰਿਹਾ ਹੈ, ਜਿਸ ਵਿਚ ਪ੍ਰਾਈਵੇਟ ਸੈਕਟਰ ਨੂੰ ਬਹੁਤ ਵੱਡਾ ਅਤੇ ਲਾਹੇਵੰਦਾ ਰੋਲ ਅਦਾ ਕਰਨ ਦੇ ਯੋਗ ਬਣਾਇਆ ਜਾਵੇਗਾ। 1993-94 ਦੌਰਾਨ ਵਿਭਾਗ ਆਰਥਿਕ ਤੌਰ ਤੇ ਕਮਜ਼ੋਰ ਵਰਗਾਂ ਦੇ ਲਾਭ ਲਈ ਬਹੁਤ ਰਿਆਇਤੀ ਕੀਮਤਾਂ ਤੇ, ਵੱਡੇ ਪੈਮਾਨੇ ਤੇ ਪਲਾਟ ਅਤੇ ਮਕਾਨ ਮੁਹੱਈਆ ਕਰਨ ਸਬੰਧੀ ਆਪਣੀ ਪਾਲਸੀ ਦਾ ਅਨੁਸਰਣ ਕਰਨਾ ਜਾਰੀ ਰੱਖੇਗਾ। ਬੁਨਿਆਦੀ ਢਾਂਚੇ ਵਿਚ ਗੁਆਚੀਆਂ ਕੜੀਆਂ (ਮਿਸਿੰਗ ਲਿੰਕ) ਦਾ ਉਪਬੰਧ ਕਰਨ ਅਤੇ ਚਾਲੂ ਸਾਲ ਵਿਚ ਆਰੰਭ ਕੀਤੀਆਂ ਮੌਜੂਦਾ ਸੇਵਾਵਾਂ ਦੀ ਅਪਗ੍ਰੇਡਿੰਗ ਸਬੰਧੀ ਕਾਰਵਾਈ ਆਉਣ ਵਾਲੇ ਸਾਲ ਦੌਰਾਨ ਮੁਕੰਮਲ ਕਰ ਲਈ ਜਾਵੇਗੀ।

ਸਥਾਨਕ ਸਰਕਾਰ

ਮੇਰੀ ਸਰਕਾਰ ਨੇ, ਜਨ-ਸਾਧਾਰਨ ਪੱਧਰ ਤੇ ਲੋਕਰਾਜੀ ਸਵੈ-ਸ਼ਾਸਨ ਵੱਲ ਪਹਿਲੇ ਉਪਾਅ ਵਜੋਂ ਰਾਜ ਵਿਚ ਸਮੂਹ 95 ਨਗਰਪਾਲਕਾ ਕਮੇਟੀਆਂ ਦੀਆਂ ਚੋਣਾਂ, 13 ਸਾਲਾਂ ਦੇ ਵਕਫ਼ੇ ਤੋਂ ਬਾਅਦ ਸਤੰਬਰ, 1992 ਵਿਚ ਕਰਵਾਈਆਂ। ਇਨ੍ਹਾਂ ਚੋਣਾਂ ਨੇ ਲੋਕਾਂ ਵਿਚ ਬਹੁਤ ਜ਼ਿਆਦਾ ਉਤਸ਼ਾਹ ਪੈਦਾ ਕੀਤਾ ਕਿਉਂ ਜੋ 65 ਪ੍ਰਤੀਸ਼ਤ ਤੋਂ ਵਧ ਵੋਟਰਾਂ ਨੇ ਆਪਣੇ ਵੋਟ ਅਧਿਕਾਰ ਦੀ ਬਿਨਾਂ ਕਿਸੇ ਡਰ ਤੋਂ ਵਰਤੋਂ ਕੀਤੀ ਜਿਸ ਸਦਕਾ ਸ਼ਹਿਰੀ ਇਲਾਕਿਆਂ ਵਿਚ ਨਾ ਕੇਵਲ ਲੋਕਰਾਜੀ ਸ਼ਾਸਨ ਮੁੜ ਬਹਾਲ ਹੋਇਆ ਬਲਕਿ ਰਾਜ ਵਿਚ ਸਮੁੱਚੇ ਤੌਰ ਤੇ ਅਮਨ ਅਤੇ ਕਾਨੂੰਨ ਦੇ ਵਾਤਾਵਰਣ ਵਿਚ ਵੀ ਸੁਧਾਰ ਹੋਇਆ। (ਥੰਪਿੰਗ)।

ਨਾਗਰਿਕ ਸਹੂਲਤਾਂ ਜਿਵੇਂ ਪੀਣ ਦਾ ਪਾਣੀ, ਸੀਵਰੇਜ, ਬਿਹਤਰ ਸੜਕਾਂ, ਨਾਲੀਆਂ, ਸਟਰੀਟ ਰੋਸ਼ਨੀ ਆਦਿ ਮੁਹੱਈਆ ਕਰਨ ਦੀ ਲੋੜ ਤੋਂ ਜਾਣੂ, ਮੇਰੀ ਸਰਕਾਰ ਨੇ ਚਾਲੂ ਸਾਲ ਦੌਰਾਨ 35.38 ਕਰੋੜ ਰੁਪਏ ਦੀ ਸਹਾਇਤਾ-ਗ੍ਰਾਂਟ ਦੇ ਕੇ ਸ਼ਹਿਰੀ ਸਥਾਨਕ ਬਾਡੀਆਂ ਦੀ ਸਹਾਇਤਾ ਕੀਤੀ। "ਪੰਜਾਬ ਅਰਬਨ ਰੀਨਿਊਅਲ ਪ੍ਰਾਜੈਕਟ" ਜਿਸ ਦਾ ਨਿਸ਼ਾਨਾ

ਵਿਗੜ ਰਹੀਆਂ ਸਫ਼ਾਈ ਦੀਆਂ ਹਾਲਤਾਂ ਵਿਚ ਸੁਧਾਰ ਕਰਨਾ ਹੈ, ਨੂੰ ਪਰਮ ਅਗੇਤ ਦਿੱਤੀ ਜਾ ਰਹੀ ਹੈ । ਚਾਰ ਸਾਲਾਂ ਦੇ ਸਮੇਂ ਦੌਰਾਨ ਸਾਰੀ ਸ਼ਹਿਰੀ ਵੱਸੋਂ ਨੂੰ ਜਲ ਸਪਲਾਈ ਅਤੇ ਸੀਵਰੇਜ ਮੁਹੱਈਆ ਕੀਤੇ ਜਾਣ ਦੀ ਤਜਵੀਜ਼ ਹੈ । ਮੇਰੀ ਸਰਕਾਰ ਗੰਦਗੀ ਸਿਰ ਤੇ ਚੁੱਕਣ ਦੀ ਲਾਹਨਤ ਨੂੰ ਅਗਲੇ ਚਾਰ ਸਾਲਾਂ ਦੌਰਾਨ ਖਤਮ ਕਰਨ ਲਈ ਦ੍ਰਿੜ-ਸੰਕਲਪ ਹੈ । (ਥੰਪਿੰਗ) ਅਤੇ ਇਸ ਮੰਤਵ ਲਈ ਆਉਣ ਵਾਲੇ ਸਾਲ ਦੌਰਾਨ ਘੱਟ ਲਾਗਤ ਤੇ ਸਫ਼ਾਈ ਅਤੇ ਗੰਦਗੀ ਸਾਫ਼ ਕਰਨ ਨੂੰ ਖ਼ਤਮ ਕਰਨ ਲਈ ਉਪਬੰਧ ਸਬੰਧੀ ਸਕੀਮ ਨੂੰ ਜ਼ੋਰਦਾਰ ਢੰਗ ਨਾਲ ਲਾਗੂ ਕੀਤਾ ਜਾਵੇਗਾ । ਨਵੇਂ ਕਸਬਿਆਂ; ਜਿਨ੍ਹਾਂ ਨੇ ਸ਼ਹਿਰੀ ਬਸਤੀਆਂ ਦਾ ਰੂਪ ਧਾਰ ਲਿਆ ਹੈ, ਵਿਚ ਨਾਗਰਿਕ ਸਹੂਲਤਾਂ ਮੁਹੱਈਆ ਕਰਨ ਲਈ 22 ਨਵੀਆਂ ਨੋਟੀਫਾਈਡ ਏਰੀਆ ਕਮੇਟੀਆਂ ਬਣਾਈਆਂ ਗਈਆਂ ਹਨ ।

ਮੇਰੀ ਸਰਕਾਰ ਨੇ ਚਾਲੂ ਸਾਲ ਦੌਰਾਨ ਸ਼ਹਿਰੀ ਲੋਕਲ ਬਾਡੀਆਂ ਦੀ ਵਿੱਤੀ ਸਥਿਤੀ ਨੂੰ ਮਜ਼ਬੂਤ ਬਣਾਉਣ ਲਈ ਕਈ ਉਪਾਅ ਵੀ ਕੀਤੇ ਹਨ । ਉਨ੍ਹਾਂ ਦੀ ਆਮਦਨ ਵਿਚ ਅਗਲੇ ਵਿੱਤੀ ਸਾਲ ਦੌਰਾਨ ਲਗਭਗ 70 ਕਰੋੜ ਰੁਪਏ ਦਾ ਹੋਰ ਵਾਧਾ ਕੀਤੇ ਜਾਣ ਦੀ ਆਸ ਹੈ ।

ਸੈਲ-ਸਪਾਟਾ

ਪਿਛਲੇ ਸਾਲ ਸ਼ੱਤਾ ਸੰਭਾਲਣ ਤੋਂ ਪਿਛੋਂ ਚੁਣੀ ਹੋਈ ਸਰਕਾਰ ਨੇ ਰਾਜ ਦੀ ਸੈਲਾਨੀ-ਖਿੱਚ-ਸਮਰੱਥਾ ਜਿਸ ਨੂੰ ਅਮਨ ਤੇ ਕਾਨੂੰਨ ਦੀ ਭੈੜੀ ਦਸ਼ਾ ਕਾਰਨ ਧੱਕਾ ਲਗਾ ਸੀ, ਨੂੰ ਮੁੜ ਬਹਾਲ ਕਰਨ ਤੇ ਉਸ ਵਿਚ ਸੁਧਾਰ ਕਰਨ ਲਈ ਕਦਮ ਉਠਾਏ ਹਨ । ਚਾਲੂ ਸਾਲ ਦੌਰਾਨ 1.30 ਕਰੋੜ ਰੁਪਏ ਦੀ ਕੇਂਦਰੀ ਸਹਾਇਤਾ ਨਾਲ ਮੋਹਾਲੀ, ਰਾਜਪੁਰਾ ਕੀਰਤਪੁਰ ਸਾਹਿਬ, ਗੁਰਦਾਸਪੁਰ ਅਤੇ ਦੋਰਾਹਾ ਵਿਖੇ ਨਵੇਂ ਸੈਲਾਨੀ ਕੰਪਲੈਕਸ ਸਥਾਪਤ ਕਰਨ ਲਈ ਤਜਵੀਜ਼ਾਂ ਨੂੰ ਅੰਤਿਮ ਰੂਪ ਦਿੱਤਾ ਗਿਆ ਸੀ । ਨਦਾਮਪੁਰ ਵਿਖੇ 'ਚਾਂਦਨੀ ਟੂਰਿਸਟ ਕੰਪਲੈਕਸ' ਲੋਕਾਂ ਲਈ ਖੋਲ੍ਹ ਦਿੱਤਾ ਗਿਆ ਹੈ । ਯਾਤਰੀ ਨਿਵਾਸ, ਜਲੰਧਰ, ਲਾਜਵੰਤੀ ਸੈਲਾਨੀ ਕੰਪਲੈਕਸ, ਹੁਸ਼ਿਆਰਪੁਰ ਤੇ ਕਨੇਰ ਸੈਲਾਨੀ ਕੰਪਲੈਕਸ, ਮੋਗਾ, ਦੀ ਉਸਾਰੀ ਦਾ ਕੰਮ ਲਗਭਗ ਮੁਕੰਮਲ ਹੈ । ਆਉਣ ਵਾਲੇ ਸਾਲ ਲਈ ਮਾਧੋਪੁਰ, ਪਠਾਨਕੋਟ ਅਤੇ ਜਲੰਧਰ ਵਿਖੇ ਸੈਲਾਨੀ ਕੰਪਲੈਕਸ ਸਥਾਪਤ ਕਰਨ ਦੀ ਤਜਵੀਜ਼ ਹੈ ।

ਟਰਾਂਸਪੋਰਟ

ਮੇਰੀ ਸਰਕਾਰ ਨੇ ਲੋਕਾਂ ਨੂੰ ਸਹੂਲਤਾਂ ਦੇ ਕੇ ਟਰਾਂਸਪੋਰਟ ਵਿਭਾਗ ਦੇ ਕੰਮਾਂ ਵਿਚ ਸੁਧਾਰ ਲਿਆਂਦਾ ਹੈ ਅਤੇ ਵਿਭਾਗੀ ਕਾਰਗੁਜ਼ਾਰੀ ਨੂੰ ਹੋਰ ਕੱਸਿਆ ਹੈ । ਇਨ੍ਹਾਂ ਉਪਾਵਾਂ ਵਿਚ ਪੁਲਿਸ ਵਿਭਾਗ ਦੇ ਟ੍ਰੈਫਿਕ ਵਿੰਗ ਨੂੰ ਖਤਮ ਕਰਨਾ, ਨਿੱਜੀ ਗੱਡੀਆਂ ਲਈ ਜੀਵਨ ਵਿਚੋਂ ਇਕੋ ਵਾਰ ਇਕ-ਮੁਸ਼ਤ ਟੋਕਨ-ਕਰ ਦੀ ਅਦਾਇਗੀ ਸ਼ਾਮਲ ਹਨ । ਮੌਕੇ ਤੇ ਡਰਾਈਵਿੰਗ ਮੁਕਾਬਲਾ ਟੈਸਟ ਕੈਂਪ ਆਰੰਭਕ ਡਰਾਈਵਿੰਗ ਸਿਖਲਾਈ ਲਈ ਲਸੰਸ, ਇਕੋ ਥਾਂ ਤੇ, ਟੋਕਨ ਕਰ ਦੇ ਨਾਲ ਮਾਲ-ਕਰ ਤੇ ਸਵਾਰੀ-ਕਰ ਜਮ੍ਹਾਂ ਕਰਵਾਉਣ ਦੀ ਸਹੂਲਤ, ਹੋਰ ਰਾਜਾਂ ਦੀਆਂ ਗੱਡੀਆਂ ਪੰਜਾਬ ਵਿਚ ਦਾਖਲ ਹੋਣ ਤੇ ਰਾਹਦਾਰੀ ਕਰ, ਸੜਕ

[ਸ੍ਰੀ ਸਪੀਕਰ]

ਸੁਰੱਖਿਆ ਡਵੀਜ਼ਨ ਸਥਾਪਤ ਕਰਨ ਲਈ ਬਣਾਈਆਂ ਗਈਆਂ ਤਜਵੀਜ਼ਾਂ ਮਿਉਂਸਿਪਲ ਕਾਰਪੋਰੇਸ਼ਨ ਨਗਰਾਂ ਵਿਚ ਲੋਕਲ ਬੱਸ ਸੇਵਾ ਪ੍ਰਾਈਵੇਟ ਲੋਕਾਂ ਨੂੰ ਦੇਣ ਦੀਆਂ ਤਜਵੀਜ਼ਾਂ ਸ਼ਾਮਲ ਹਨ । ਟਰਾਂਸਪੋਰਟ ਭਾਗ ਨੂੰ ਹਰ ਸਾਲ 114.00 ਕਰੋੜ ਰੁਪਏ ਦੀ ਵਧੀਕ ਆਮਦਨ ਕਰਨ ਲਈ ਤੇਜ਼ ਕੀਤਾ ਗਿਆ ਹੈ ।

ਸਮੁੱਚੇ ਰਾਜ, ਜਿਸ ਵਿਚ ਖਾਸ ਕਰਕੇ ਅੰਮ੍ਰਿਤਸਰ, ਜਲੰਧਰ, ਲੁਧਿਆਣਾ ਦੇ ਕਾਰਪੋਰੇਸ਼ਨ ਸ਼ਹਿਰ ਸ਼ਾਮਲ ਹਨ, ਦੇ ਪ੍ਰਾਈਵੇਟ ਵਿਅਕਤੀਆਂ ਨੂੰ ਉਦਾਰਤਾਪੂਰਨ ਰੂਟ ਪਰਮਿਟ ਦੇਣ ਨਾਲ ਹਜ਼ਾਰਾਂ ਸ਼ਹਿਰੀਆਂ ਨੂੰ ਵਧੀਕ ਰੋਜ਼ਗਾਰ ਮਿਲੇਗਾ ।

ਖੁਰਾਕ ਤੇ ਸਪਲਾਈ

ਰਬੀ, 1992 ਦੌਰਾਨ 44.88 ਲੱਖ ਟਨ ਕਣਕ ਪ੍ਰਾਪਤ ਕੀਤੀ ਗਈ ਸੀ ਅਤੇ ਖਰੀਫ਼ 1992-93 ਲਈ ਪਹੁੰਚੇ 79.67 ਲੱਖ ਮੀਟ੍ਰਕ ਟਨ ਵਿਚੋਂ ਰਾਜ ਨੇ 35.21 ਲੱਖ ਮੀਟ੍ਰਕ ਟਨ ਚਾਵਲ ਕੇਂਦਰੀ ਪੂਲ ਲਈ ਦਿੱਤਾ ਹੈ । ਵਾਜਬ-ਮੁੱਲ-ਦੁਕਾਨਾਂ ਰਾਹੀਂ ਵੇਚਣ ਲਈ ਹੋਰ ਆਈਟਮਾਂ ਸ਼ਾਮਲ ਕੀਤੀਆਂ ਗਈਆਂ ਹਨ ਅਤੇ ਪੇਂਡੂ ਇਲਾਕਿਆਂ, ਗੰਦੀਆਂ ਬਸਤੀਆਂ ਤੇ ਫੈਕਟਰੀ ਅਹਾਤਿਆਂ ਵਿਚ 88 ਨਵੀਆਂ ਵਾਜਬ-ਮੁੱਲ-ਦੁਕਾਨਾਂ ਖੋਲ੍ਹੀਆਂ ਗਈਆਂ ਹਨ । ਅੰਮ੍ਰਿਤਸਰ ਅਤੇ ਸੰਗਰੂਰ ਜ਼ਿਲ੍ਹਿਆਂ ਵਿਚ ਮੋਬਾਈਲ ਵੈਨਾਂ ਚਲਾਈਆਂ ਗਈਆਂ ਹਨ । ਰਾਜ ਉਪਭੋਗਤਾ ਵਿਵਾਦ ਨਿਪਟਾਊ ਕਮਿਸ਼ਨ ਖੱਪਤਕਾਰਾਂ ਦੀਆਂ ਸ਼ਿਕਾਇਤਾਂ ਦੂਰ ਕਰਨ ਵਿਚ ਸਰਗਰਮ ਹੈ । ਕਾਰਜ ਪ੍ਰਣਾਲੀ ਨੂੰ ਸਰਲ ਬਣਾਉਣ ਤੇ ਲਸੰਸਾਂ, ਬਿਨੈ ਪੱਤਰਾਂ ਤੇ ਬਿਉਰਿਆਂ ਦੀ ਬਹੁਤਾਤ ਨੂੰ ਘੱਟ ਕਰਨ ਦੇ ਵਿਚਾਰ ਨਾਲ ਖੁਰਾਕ ਸਬੰਧੀ ਕਈ ਕੰਟਰੋਲ ਹੁਕਮਾਂ ਨੂੰ ਇਕ ਸੰਯੁਕਤ ਹੁਕਮ ਵਿਚ ਇਕੱਠੇ ਕੀਤਾ ਗਿਆ ਹੈ ।

ਮਾਲ

ਮੇਰੀ ਸਰਕਾਰ ਨੇ ਉਦਮ ਕੀਤੇ ਹਨ ਕਿ ਪ੍ਰਬੰਧ ਨੂੰ ਲੋਕਾਂ ਦੇ ਨੇੜੇ ਲਿਆਂਦਾ ਜਾਵੇ ਅਤੇ ਇਸ ਤਰ੍ਹਾਂ ਵਿਕਾਸ ਦੀ ਗਤੀ ਤੇਜ਼ ਕੀਤੀ ਜਾਵੇ । ਮਾਨਸਾ ਅਤੇ ਫਤਿਹਗੜ੍ਹ ਸਾਹਿਬ ਦੋ ਦੋ ਨਵੇਂ ਜ਼ਿਲ੍ਹੇ ਬਣਾਏ ਗਏ ਹਨ । ਦਸ ਨਵੇਂ ਸਬ-ਡਵੀਜ਼ਨ ਅਤੇ ਸੱਤ ਨਵੀਆਂ ਸਬ-ਤਹਿਸੀਲਾਂ ਵੀ ਬਣਾਈਆਂ ਗਈਆਂ ਹਨ । ਰਾਜ ਵਿਚ ਜ਼ਿਲ੍ਹਿਆਂ ਤਹਿਸੀਲਾਂ ਤੇ ਸਬ-ਤਹਿਸੀਲਾਂ ਦਾ ਮੈਰਿਟ ਦੇ ਆਧਾਰ ਤੇ ਪੁਨਰਗਠਨ ਕਰਨ ਦੀਆਂ ਮੰਗਾਂ ਤੇ ਵਿਚਾਰ ਕਰਨ ਲਈ ਇਕ ਪੁਨਰਗਠਨ ਕਮੇਟੀ ਬਣਾਈ ਗਈ ਹੈ । ਲੋਕਾਂ ਵਾਸਤੇ ਪਟਵਾਰੀਆਂ ਨੂੰ ਮਿਲਣ ਦੀਆਂ ਸੰਭਾਵਨਾਵਾਂ ਨੂੰ ਵਧਾਉਣਾ ਯਕੀਨੀ ਬਣਾਉਣ ਲਈ ਰਾਜ ਵਿਚ "ਕੇਂਦਰੀਕ੍ਰਿਤ ਪਟਵਾਰਖਾਨੇ" ਬਣਾਉਣ ਲਈ ਇਕ ਸਕੀਮ ਆਰੰਭ ਕੀਤੀ ਗਈ ਹੈ । ਕਿਸੇ ਵਿਸ਼ੇਸ਼ ਕਾਨੂੰਗੋ ਸਰਕਲ ਦੇ ਸਮੂਹ ਪਟਵਾਰੀ ਤੇ ਸਬੰਧਤ ਕਾਨੂੰਗੋ ਹਫ਼ਤੇ ਤੇ ਨਿਸਚਿਤ ਦਿਨਾਂ ਨੂੰ ਕੇਂਦਰੀ ਪਟਵਾਰਖਾਨੇ ਵਿਚ ਹਾਜ਼ਰ ਰਹਿਣਗੇ ।

ਸਮਾਜ ਭਲਾਈ

ਮੇਰੀ ਸਰਕਾਰ ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਬਹੁਤ ਜ਼ਿਆਦਾ ਉਤਸੁਕ ਹੈ ਜੋ ਕਿ ਰਾਜ ਦੀ ਵਸੋਂ ਦਾ 28.31% ਹਨ । ਰਾਜ ਸਰਕਾਰ ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਨੂੰ ਮੁਫ਼ਤ ਸਿੱਖਿਆ

ਦਿੰਦੀ ਰਹੀ ਹੈ ਅਤੇ ਰੋਟੀਨ ਖ਼ਰਚੇ ਪੂਰੇ ਕਰਨ ਲਈ ਵੀ ਸਟਾਈਪਿੰਡ/ਵਜ਼ੀਫ਼ੇ ਦੇ ਰਹੀ ਹੈ। ਅਨੁਸੂਚਿਤ ਜਾਤੀਆਂ ਦੀਆਂ ਲੜਕੀਆਂ ਲਈ ਪ੍ਰਾਇਮਰੀ ਸਕੂਲ ਸਟੇਜ ਤੇ ਹਾਜ਼ਰੀ-ਵਜ਼ੀਫ਼ੇ-ਸਕੀਮ ਆਰੰਭ ਕੀਤੀ ਗਈ ਹੈ। ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਨੂੰ ਦੱਸਵੀਂ ਪੱਧਰ ਤਕ ਮੁਫਤ ਕਿਤਾਬਾਂ ਵੰਡੀਆਂ ਜਾਂਦੀਆਂ ਹਨ। ਇਸੇ ਤਰ੍ਹਾਂ ਪੇਸ਼ਾਵਰਾਨਾ ਕਾਲਜਾਂ ਜਿਵੇਂ ਮੈਡੀਕਲ, ਇੰਜੀਨੀਅਰੀ, ਖੇਤੀਬਾੜੀ, ਪਾਲੀਟੈਕਨਿਕਸ ਤੇ ਪਸ਼ੂ-ਚਿਕਿਤਸਾ ਸਾਇੰਸ ਤੇ ਕਾਨੂੰਨ, ਵਿਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਕਿਤਾਬਾਂ ਦੇ ਸੈਟ ਸਪਲਾਈ ਕੀਤੇ ਜਾਂਦੇ ਹਨ। ਸਾਲ 1992-93 ਦੌਰਾਨ 1634.40 ਲੱਖ ਰੁਪਏ ਦੀ ਰਕਮ ਦਿੱਤੀ ਗਈ ਹੈ। ਅਨੁਸੂਚਿਤ ਜਾਤੀ ਭੌਂ ਵਿਕਾਸ ਤੇ ਵਿੱਤ ਕਾਰਪੋਰੇਸ਼ਨ ਅਤੇ ਪੰਜਾਬ ਪੱਛੜੀਆਂ ਸ਼੍ਰੇਣੀਆਂ ਭੌਂ ਵਿਕਾਸ ਤੇ ਵਿੱਤ ਕਾਰਪੋਰੇਸ਼ਨ ਆਮਦਨ ਪੈਦਾ ਕਰਨ ਵਾਲੇ ਭਿੰਨ-ਭਿੰਨ ਪ੍ਰੋਗਰਾਮਾਂ ਲਈ ਵਿਆਜ ਰਹਿਤ ਜਾਂ ਨਾਮ-ਮਾਤਰ ਵਿਆਜ ਦਰ ਨਾਲ ਕਰਜ਼ੇ ਮੁਹੱਈਆ ਕਰਦੀਆਂ ਹਨ। ਚਾਲੂ ਸਾਲ ਦੌਰਾਨ ਇਸ ਮੰਤਵ ਲਈ ਰਾਜ ਸਰਕਾਰ 1793.81 ਲੱਖ ਰੁਪਏ ਦੀ ਰਕਮ ਖਰਚ ਕਰ ਰਹੀ ਹੈ ਭੰਗੀਆਂ ਤੇ ਉਨ੍ਹਾਂ ਦੇ ਆਸਰਿਤਾਂ ਨੂੰ ਮੁਕਤ ਕਰਾਉਣ ਤੇ ਮੁੜ ਵਸਾਉਣ ਦੀ ਰਾਸ਼ਟਰੀ ਸਕੀਮ ਨੂੰ ਲਾਗੂ ਕਰਾਉਣ ਤੇ ਵਿਸ਼ੇਸ਼ ਜ਼ੋਰ ਦਿੱਤਾ ਜਾ ਰਿਹਾ ਹੈ ਤਾਂ ਜੋ ਮੁਕਤ ਹੋਏ ਭੰਗੀ ਤੇ ਉਨ੍ਹਾਂ ਦੇ ਆਸ਼ਰਿਤਾਂ ਨੂੰ ਕੋਈ ਤਕਨੀਕੀ ਜਾਣਕਾਰੀ ਦੇ ਕੇ ਉਨ੍ਹਾਂ ਨੂੰ ਦੇਸ਼ ਦੇ ਮਾਨਯੋਗ ਸ਼ਹਿਰੀਆਂ ਵਜੋਂ ਜੀਵਨ ਬਤੀਤ ਕਰਨ ਲਈ ਤਿਆਰ ਕੀਤਾ ਜਾ ਸਕੇ।

ਸਿਵਲ ਹਵਾਬਾਜ਼ੀ

ਸਿਵਲ ਹਵਾਬਾਜ਼ੀ ਦੇ ਖੇਤਰ ਵਿਚ ਰਾਜ ਸਰਕਾਰ ਹਵਾਬਾਜ਼ੀ ਉਦਯੋਗ ਵਿਚ ਲੋੜੀਂਦੀ ਜਨ-ਸ਼ਕਤੀ ਦੇ ਵਿਕਾਸ ਲਈ ਬੁਨਿਆਦੀ ਤਬਦੀਲੀਆਂ ਲਿਆਉਣਾ ਚਾਹੁੰਦੀ ਹੈ। ਹਵਾਬਾਜ਼ੀ ਕਲੱਬਾਂ ਦੇ ਸਾਧਨਾਂ ਨੂੰ ਕੇਂਦਰੀਕ੍ਰਿਤ ਕਰਕੇ ਪਟਿਆਲਾ ਕਲੱਬ ਨੂੰ ਅਕਾਦਮੀ ਪੱਧਰ ਤਕ ਅਪਗ੍ਰੇਡ ਕਰਕੇ, ਸਿਖਲਾਈ ਦੇ ਮਿਆਰ ਤੇ ਕੁਆਲਿਟੀ ਵਿਚ ਸੁਧਾਰ ਲਿਆਂਦਾ ਜਾਵੇਗਾ। ਲੁਧਿਆਣਾ ਤੇ ਜਲੰਧਰ ਵਿਚਕਾਰ ਉਚਿਤ ਵਪਾਰਕ ਉਡਾਣਾਂ ਚਾਲੂ ਕਰਨ ਅਤੇ ਇਨ੍ਹਾਂ ਸ਼ਹਿਰਾਂ ਦੇ ਉਦਯੋਗਿਕ ਵਿਕਾਸ ਦੀਆਂ ਲੋੜਾਂ ਪੂਰੀਆਂ ਕਰਨ ਲਈ ਇਕ ਨਵਾਂ ਹਵਾਈ ਅੱਡਾ ਬਣਾਉਣ ਦੀ ਵੀ ਯੋਜਨਾ ਬਣਾਈ ਜਾ ਰਹੀ ਹੈ।

ਸਾਇੰਸ ਤਕਨਾਲੋਜੀ ਤੇ ਵਾਤਾਵਰਣ

ਮੇਰੀ ਸਰਕਾਰ ਵਿਸ਼ਵ ਬੈਂਕ ਸਾਧਨਾਂ ਦੀ ਵਰਤੋਂ ਕਰਕੇ ਮਾਈਕਰੋਹਾਈਡਲ ਪਾਵਰ ਸਾਧਨਾਂ ਦੇ ਵਿਕਾਸ ਲਈ ਯਤਨ ਕਰੇਗੀ। ਪ੍ਰਦੂਸ਼ਣ ਘਟਾਉਣ ਤੇ ਊਰਜਾ ਕੁਸ਼ਲਤਾ ਵਧਾਉਣ ਲਈ, ਕਾਨੂੰਨੀ ਤੇ ਨਿਯੰਤ੍ਰਣ ਸਬੰਧੀ ਕਦਮ ਉਠਾਏ ਜਾਣਗੇ।

ਪਸ਼ੂ-ਪਾਲਣ

ਮੇਰੀ ਸਰਕਾਰ ਨੇ ਪਸ਼ੂਧਨ ਦੀ ਨਿਰਯਾਤ ਵਧਾਉਣ ਅਤੇ ਇਸ ਤਰ੍ਹਾਂ ਪਸ਼ੂਧਨ ਦੇ ਮਾਲਕਾਂ ਦੀ ਆਮਦਨ ਨੂੰ ਬਿਹਤਰ ਬਣਾਉਣ ਲਈ ਪੰਜਾਬ ਨੂੰ 'ਰੋਗ-ਰਹਿਤ-ਜ਼ੋਨ' ਐਲਾਨ ਕਰਨ ਦਾ ਫੈਸਲਾ ਕੀਤਾ ਹੈ। ਵਧੀਆ ਪਸ਼ੂ ਸਿਹਤ ਸੇਵਾਵਾਂ ਮੁਹੱਈਆ ਕਰਨ ਲਈ ਇਕ ਪਸ਼ੂ ਸਿਹਤ ਸੰਸਥਾਂ, ਸਥਾਪਤ ਕਰਨ ਦੀ ਤਜਵੀਜ਼ ਹੈ। ਨਿਪੁੰਨ ਪਸ਼ੂ ਸਿਹਤ ਸੇਵਾ ਮੁਹੱਈਆ ਕਰਨ ਲਈ ਸਾਰੇ ਰਾਜ ਵਿਚ 1955 ਪਸ਼ੂ ਚਿਕਿਤਸਾ ਸੰਸਥਾਵਾਂ ਕੰਮ ਕਰ

[ਸ੍ਰੀ ਸਪੀਕਰ]

ਰਹੀਆਂ ਹਨ । ਫਰੋਜ਼ਨ ਸੀਮਨ ਉਤਪਾਦਨ ਵਧਾ ਕੇ ਚਲ ਰਹੇ ਗਊਆਂ ਦੇ ਦੋਗਲਾਕਰਣ ਪ੍ਰੋਗਰਾਮ ਨੂੰ ਮਜ਼ਬੂਤ ਕਰਨ ਦਾ ਵੀ ਵਿਚਾਰ ਹੈ ਮੱਝ ਦੇ ਦੁੱਧ ਦਾ ਉਤਪਾਦਨ ਵਧਾਉਣ ਲਈ ਚੋਣਵੀਂ ਨਸਲ ਅਤੇ ਪ੍ਰਮਾਣਤ ਵੰਸ਼ ਦੇ ਢੱਟਿਆਂ ਦੀ ਵਰਤੋਂ ਵਧਾਈ ਜਾਵੇਗੀ । ਦੋਗਲੀ ਨਸਲ ਦੀਆਂ ਗਊਆਂ ਦੇ ਦੁੱਧ ਦਾ ਉਤਪਾਦਨ ਹੋਰ ਵਧਾਉਣ ਲਈ ਐਚ. ਐਫ. ਅਤੇ ਜਰਸੀ ਨਸਲ ਦੇ ਵਧੀਆ ਕਿਸਮ ਦੇ ਵੀਰਜ ਉਤਪਾਦਨ ਲਈ ਆਧੁਨਿਕ ਪ੍ਰਾਈਵੇਟ ਵੀਰਜ ਬੈਂਕ-ਕਮ-ਬੁਲ ਸਟੇਸ਼ਨ ਸਥਾਪਤ ਕਰਕੇ "ਪਸ਼ੂ ਵਿਕਾਸ ਪ੍ਰੋਗਰਾਮ" ਨੂੰ ਪ੍ਰਾਈਵੇਟ ਬਣਾਉਣ ਦੀ ਇਕ ਹੋਰ ਤਜਵੀਜ਼ ਹੈ ।

ਲੋਕ ਸੰਪਰਕ

ਗੜਬੜ ਵਾਲੇ ਹਾਲਾਤ ਹੋਣ ਦੇ ਬਾਵਜੂਦ, ਲੋਕ ਸੰਪਰਕ ਵਿਭਾਗ ਸਰਕਾਰ ਦੇ ਵੱਖ ਵੱਖ ਸਕੀਮਾਂ ਆਰੰਭ ਕਰਨ ਦੇ ਵਿਚਾਰ ਜਨਤਾ ਦੇ ਸਨਮੁੱਖ ਰੱਖਣ ਲਈ ਯਤਨ ਕਰਦਾ ਰਿਹਾ ਹੈ । ਵਿਭਾਗ ਦਾ ਕੰਪਿਊਟਰੀਕਰਣ ਕੀਤਾ ਜਾ ਰਿਹਾ ਹੈ । ਇਸ ਨੇ 12 ਜ਼ਿਲ੍ਹਿਆਂ ਨੂੰ ਯੂ. ਐਨ. ਆਈ. ਨੈਟਵਰਕ ਨਾਲ ਜੋੜ ਕੇ ਅਤੇ ਚੰਡੀਗੜ੍ਹ ਤੋਂ ਦਿੱਲੀ, ਜਲੰਧਰ, ਅੰਮ੍ਰਿਤਸਰ, ਬਠਿੰਡਾ ਤੇ ਫਿਰੋਜ਼ਪੁਰ ਨੂੰ ਫੈਕਸ ਸਹੂਲਤਾਂ ਸਥਾਪਤ ਕਰਕੇ, ਆਪਣੇ ਸੂਚਨਾ ਨੈਟਵਰਕ ਨੂੰ ਆਧੁਨਿਕ ਬਣਾ ਲਿਆ ਹੈ । ਪ੍ਰੈਸ-ਨੋਟ ਅਤੇ ਲੇਖ ਜਾਰੀ ਕਰਨ ਅਤੇ ਪ੍ਰੈਸ ਕਾਨਫਰੰਸਾਂ ਕਰਾਉਣ ਤੋਂ ਇਲਾਵਾ, ਸੰਪ੍ਰਦਾਇਕ ਸਦਭਾਵਨਾ ਰਾਸ਼ਟਰੀ ਏਕਤਾ ਤੇ ਅਖੰਡਤਾ ਨੂੰ ਉਤਸਾਹਿਤ ਕਰਨ ਲਈ ਵੱਖ ਵੱਖ ਹੋਰ ਵਿਸ਼ਿਆਂ ਬਾਰੇ ਕਈ ਡਿਸਪਲੇਅ-ਇਸ਼ਤਿਹਾਰ ਵੀ ਜਾਰੀ ਕੀਤੇ ਗਏ ਸਨ । ਅੰਮ੍ਰਿਤਸਰ ਵਿਚ ਸ਼ਹੀਦ ਮਦਨ ਲਾਲ ਢੀਂਗਰਾ ਦਾ ਬੁੱਤ ਸਥਾਪਤ ਕੀਤਾ ਗਿਆ ਸੀ । ਇਸ ਮੌਕੇ ਤੇ, 105, ਸਿਰਕੱਢ ਸੁਤੰਤਰਤਾ ਸੰਗਰਾਮੀ, ਜਿਨ੍ਹਾਂ ਨੇ "ਭਾਰਤ ਛੱਡੋ ਅੰਦੋਲਨ" ਵਿਚ ਹਿੱਸਾ ਲਿਆ ਸੀ, ਨੂੰ ਵੀ ਰਾਜ ਸਰਕਾਰ ਵਲੋਂ ਸਨਮਾਨਿਆ ਗਿਆ । ਸਰਕਾਰ ਨੇ ਮੁੱਖ ਮੰਤਰੀ, ਪੰਜਾਬ ਦੀ ਚੇਅਰਮੈਨਸ਼ਿਪ ਅਧੀਨ 'ਭਾਰਤ ਛੱਡੋ ਅੰਦੋਲਨ' ਕਮੇਟੀ ਵੀ ਸਥਾਪਤ ਕੀਤੀ ਹੈ ।

ਸਿੱਖਿਆ

ਮੇਰੀ ਸਰਕਾਰ ਨੇ ਸਿੱਖਿਆ ਦੀ ਕੁਆਲਿਟੀ ਵਿਚ ਸੁਧਾਰ ਲਿਆਉਣ ਲਈ ਸੰਗਠਿਤ ਯਤਨ ਕੀਤੇ ਹਨ । ਸੀਮਾਵਰਤੀ ਤੇ ਦੂਰ-ਦੁਰਾਡੇ ਇਲਾਕਿਆਂ ਵਿਚ ਅਧਿਆਪਕਾਂ ਦੀ ਹਾਜ਼ਰੀ ਯਕੀਨੀ ਬਣਾਉਣ, ਪੜ੍ਹਾਈ ਅੱਧਵਾਟੇ ਛੱਡਣ ਵਾਲਿਆਂ ਦੇ ਅਨੁਪਾਤ ਨੂੰ ਘਟਾਉਣ, ਵਿਗਿਆਨ ਤੇ ਕਾਮਰਸ ਤੇ ਜ਼ੋਰ ਦੇਣ ਅਤੇ ਰਾਸ਼ਟਰੀ ਤੇ ਧਰਮ ਨਿਰਪੇਖ ਸਿਧਾਂਤ ਦੇ ਆਧਾਰ ਤੇ ਸਿੱਖਿਆ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ । ਮੇਰੀ ਸਰਕਾਰ ਸਾਲ 1993-94 ਦੌਰਾਨ 200 ਪ੍ਰਾਇਮਰੀ ਸਕੂਲਾਂ ਨੂੰ ਮਿਡਲ, 100 ਮਿਡਲ ਸਕੂਲਾਂ ਨੂੰ ਹਾਈ ਤੇ 70 ਹਾਈ ਸਕੂਲਾਂ ਨੂੰ ਸੀਨੀਅਰ ਸੈਕੰਡਰੀ ਪੱਧਰ ਤੱਕ ਅਪਗ੍ਰੇਡ ਕਰੇਗੀ । (ਥੰਪਿੰਗ) ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਪੰਜਾਬੀ ਪਾਠ ਪੁਸਤਕਾਂ ਪ੍ਰਚਲਤ ਕਰਨ ਲਈ ਪੰਜਾਬ ਰਾਜ ਯੂਨੀਵਰਸਿਟੀ ਪਾਠ ਪੁਸਤਕ ਬੋਰਡ ਨੇ ਇਸ ਨੂੰ ਸਿੱਖਿਆ ਦਾ ਪ੍ਰਭਾਵਸ਼ਾਲੀ ਮਾਧਿਅਮ ਬਣਾਉਣ ਲਈ ਪਾਠ ਪੁਸਤਕਾਂ ਪੰਜਾਬੀ ਵਿਚ ਤਿਆਰ ਕਰਨ ਤੇ ਪ੍ਰਕਾਸ਼ਨ ਲਈ

ਸੰਗਠਿਤ ਯਤਨ ਕੀਤੇ ਹਨ । ਚਾਲੂ ਸਾਲ ਦੌਰਾਨ 300 ਇਮਾਰਤ-ਰਹਿਤ ਸਕੂਲਾਂ ਨੂੰ ਇਮਾਰਤਾਂ ਮੁਹੱਈਆ ਕਰਨ ਲਈ ਤੇ 100 ਇਕ ਕਮਰੇ ਵਾਲੇ ਸਕੂਲਾਂ ਨੂੰ ਹੋਰ ਕਮਰੇ ਮੁਹੱਈਆ ਕਰਨ ਲਈ ਜ਼ਿਲ੍ਹਾ ਯੋਜਨਾਬੰਦੀ ਵਿਕਾਸ ਬੋਰਡਾਂ ਰਾਹੀਂ 459 ਲੱਖ ਰੁਪਏ ਦਿੱਤੇ ਗਏ ਹਨ । ਸਾਲ 1993-94 ਦੌਰਾਨ 300 ਇਮਾਰਤ-ਰਹਿਤ ਸਕੂਲਾਂ ਨੂੰ ਪੂਰੀਆਂ ਇਮਾਰਤਾਂ ਮੁਹੱਈਆ ਕਰਨ ਦੀ ਤਜਵੀਜ਼ ਹੈ । 100-ਇਕ ਕਮਰੇ ਵਾਲੇ ਸਕੂਲਾਂ ਨੂੰ ਹੋਰ ਕਮਰੇ ਮੁਹੱਈਆ ਕੀਤੇ ਜਾਣਗੇ ਅਤੇ 500 ਸਰਕਾਰੀ ਪ੍ਰਾਇਮਰੀ ਸਕੂਲਾਂ ਨੂੰ ਹੋਰ ਫਰਨੀਚਰ ਸਪਲਾਈ ਕੀਤਾ ਜਾਵੇਗਾ । ਸਾਹਿਤਕਾਰਾਂ ਦੇ ਹਿੱਤਾਂ ਦੀ ਉਨੱਤੀ ਲਈ ਪਟਿਆਲਾ ਵਿਖੇ ਇਕ ਸਾਹਿਤ ਸਦਨ ਸਥਾਪਤ ਕੀਤਾ ਗਿਆ ਹੈ ਜਿਥੇ ਉਹ ਸਿਰਜਨਾਤਮਕ ਤੇ ਖੋਜ ਦਾ ਕੰਮ ਕਰ ਸਕਣਗੇ । ਇਹ ਉਤਰੀ ਭਾਰਤ ਵਿਚ ਆਪਣੀ ਕਿਸਮ ਦਾ ਪਹਿਲਾ ਕੇਂਦਰ ਹੈ । 1993-94 ਦੌਰਾਨ ਭਾਸ਼ਾਵਾਂ ਅਤੇ ਖ਼ਾਸ ਕਰਕੇ ਪੰਜਾਬੀ ਭਾਸ਼ਾ ਦੇ ਵਿਕਾਸ ਦੀ ਸਹਾਇਤਾ ਲਈ 6.5 ਕਰੋੜ ਰੁਪਏ ਦੀ ਲਾਗਤ ਨਾਲ ਭਾਸ਼ਾ ਭਵਨ ਸਥਾਪਤ ਕਰਨ ਦੀ ਤਜਵੀਜ਼ ਹੈ ।

ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ

ਰਾਜ ਵਿਚ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਚ ਗੁਣਾਤਮਕ ਸੁਧਾਰ ਅਤੇ ਗਿਣਨਾਤਮਕ ਵਾਧਾ ਕਰਨ ਸਬੰਧੀ ਮੇਰੀ ਸਰਕਾਰ ਦੀ ਵਚਨਬੱਧਤਾ ਦੇ ਅਨੁਸਰਣ ਵਿਚ ਅਸੀਂ ਆਪਣੀ ਪ੍ਰਤਿੱਗਿਆ ਨੂੰ ਪੂਰਾ ਕਰਨ ਲਈ ਅਹਿਮ ਪੁਲਾਂਘਾਂ ਪੁੱਟੀਆਂ ਤਾਂ ਜੋ ਸਾਡੇ ਨੌਜਵਾਨ ਰਾਜ ਵਿਚ ਉਦਯੋਗ ਲਾਉਣ ਸਬੰਧੀ ਵਧ ਰਹੀ ਮੰਗ ਪ੍ਰਤੀ ਹੁੰਗਾਰਾ ਭਰ ਸਕਣ । ਇਸ ਮਾਣਯੋਗ ਸਦਨ ਨੇ ਆਪਣੇ ਪਿਛਲੇ ਸੈਸ਼ਨ ਵਿਚ ਪੰਜਾਬ ਰਾਜ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਬਿੱਲ ਪਾਸ ਕੀਤਾ ਸੀ ਅਤੇ ਇਹ ਬਿੱਲ ਇਕ ਐਕਟ ਵਜੋਂ ਅਧਿਸੂਚਿਤ ਕਰ ਦਿੱਤਾ ਗਿਆ ਹੈ ਅਤੇ ਪਹਿਲੀ ਫਰਵਰੀ, 1993 ਤੋਂ ਲਾਗੂ ਹੋ ਗਿਆ ਹੈ । ਸਿੱਟੇ ਵਜੋਂ ਸਮੂਹ ਬਹੁ-ਤਕਨੀਕੀ ਸੰਸਥਾਵਾਂ ਵਿਚਲੇ ਪਾਠ-ਕ੍ਰਮ ਦੇ ਲਗਾਤਾਰ ਵਿਕਾਸ ਅਤੇ ਆਧੁਨਿਕੀਕਰਣ ਉਤੇ ਧਿਆਨ ਕੇਂਦਰਿਤ ਕੀਤਾ ਜਾਵੇਗਾ ਅਤੇ ਰਾਜ ਬੋਰਡ ਨਾਲ ਸੰਬੰਧ ਸੰਸਥਾਵਾਂ ਦੁਆਰਾ ਦਿੱਤੀ ਜਾਂਦੀ ਸਿਖਲਾਈ ਦੇ ਮਿਆਰ ਦਾ ਲਗਾਤਾਰ ਨਿਰੀਖਣ ਯਕੀਨੀ ਬਣਾਇਆ ਜਾਵੇਗਾ । ਸਮੂਹ ਕੁਰੀਤੀਆਂ ਨੂੰ ਖਤਮ ਕਰਨ ਲਈ ਸਮੁੱਚੀ ਪ੍ਰੀਖਿਆ ਪ੍ਰਣਾਲੀ ਸਿਲਸਿਲੇਵਾਰ ਹੋਰ ਵੀ ਮਜ਼ਬੂਤ ਕੀਤੀ ਜਾਵੇਗੀ । ਸਰਕਾਰ ਨੇ ਗੁਰਦਾਸਪੁਰ ਅਤੇ ਫਿਰੋਜ਼ਪੁਰ ਦੇ ਸਰਹੱਦੀ ਜ਼ਿਲ੍ਹਿਆਂ ਵਿਚ ਇਕ-ਇਕ ਨਵੇਂ ਇੰਜੀਨੀਅਰਿੰਗ ਕਾਲਜ ਖੋਲ੍ਹਣ ਦਾ ਵੀ ਫੈਸਲਾ ਕੀਤਾ ਹੈ । ਰਾਜ ਵਿਚ 6 ਨਵੀਆਂ ਸਰਕਾਰੀ ਬਹੁ-ਤਕਨੀਕੀ ਸੰਸਥਾਵਾਂ ਕਾਇਮ ਕੀਤੀਆਂ ਜਾ ਰਹੀਆਂ ਹਨ, ਜਿਨ੍ਹਾਂ ਵਿਚੋਂ 3 ਕੇਵਲ ਮਹਿਲਾਵਾਂ ਲਈ ਹੋਣਗੀਆਂ । 12 ਨਵੀਆਂ ਉਦਯੋਗਿਕ ਸਿਖਲਾਈ ਸੰਸਥਾਵਾਂ (ਆਈ. ਟੀ. ਆਈ.) ਸਥਾਪਿਤ ਕੀਤੀਆਂ ਜਾ ਰਹੀਆਂ ਹਨ, ਜਿਨ੍ਹਾਂ ਵਿਚੋਂ 8 ਕੇਵਲ ਮਹਿਲਾਵਾਂ ਵਾਸਤੇ ਹੋਣਗੀਆਂ ।

ਸਿਹਤ ਅਤੇ ਪਰਿਵਾਰ ਭਲਾਈ

ਮੇਰੀ ਸਰਕਾਰ ਨੇ ਚਾਲੂ ਸਾਲ ਦੌਰਾਨ ਸਿਹਤ ਸੇਵਾਵਾਂ ਮੁਹੱਈਆ ਕਰਨ ਲਈ ਵਿਸ਼ੇਸ਼ ਯਤਨ ਕੀਤੇ ਹਨ । ਇਮਾਰਤਾਂ ਦੇ ਬੁਨਿਆਦੀ ਢਾਂਚੇ ਅਤੇ ਸਾਜ-ਸਮਾਨ ਅਤੇ ਰੋਗਾਂ ਦੀ ਤਸ਼ਖੀਸ ਕਰਨ ਦੀਆਂ ਸੁਵਿਧਾਵਾਂ ਮੁਹੱਈਆ ਕਰਨ ਵਿਚ ਜ਼ਾਹਰਾ ਸੁਧਾਰ

[ਸ੍ਰੀ ਸਪੀਕਰ]

ਹੋਇਆ ਹੈ । ਵੱਖ ਵੱਖ ਸਿਹਤ ਪ੍ਰੋਗਰਾਮਾਂ ਅਤੇ ਸਕੀਮਾਂ ਪ੍ਰਤੀ ਲੋਕਾਂ ਦੀ ਸ਼ਮੂਲੀਅਤ ਨੂੰ ਯਕੀਨੀ ਬਨਾਉਣ ਲਈ ਜ਼ਿਲ੍ਹਾ ਅਤੇ ਉਪ-ਮੰਡਲ ਪੱਧਰ ਉਤੇ ਸਲਾਹਕਾਰ ਕਮੇਟੀਆਂ ਅਤੇ ਹਰੇਕ ਪਿੰਡ/ਝੁੱਗੀ-ਝੌਂਪੜੀ ਖੇਤਰ ਲਈ ਇਕ-ਇਕ ਇਸਤਰੀ ਸਭਾ ਬਣਾਈ ਗਈ ਹੈ । ਪਿਛਲੇ ਸਾਲ ਦੇ ਮੁਕਾਬਲੇ ਚਾਲੂ ਸਾਲ ਦੌਰਾਨ ਵਿਭਾਗ ਦੇ ਵਿਕਾਸ ਕਾਰਜਾਂ ਤੇ ਤਿੰਨ ਗੁਣਾ ਖ਼ਰਚ ਹੋਵੇਗਾ ।

ਪਰਿਵਾਰ ਭਲਾਈ ਸਰਬ ਵਿਆਪੀ ਟੀਕਾ-ਕਰਨ, ਅੰਨ੍ਹੇਪਣ ਦੀ ਰੋਕਥਾਮ, ਤਪਦਿਕ ਕੰਟਰੋਲ, ਕੋਹੜ ਅਤੇ ਮਲੇਰੀਏ ਨੂੰ ਜੜ੍ਹ ਤੋਂ ਖਤਮ ਕਰਨ ਵਰਗੇ ਪ੍ਰੋਗਰਾਮਾਂ ਨੂੰ ਅਮਲੀ ਰੂਪ ਦੇਣ ਲਈ ਰਾਜ ਦੀ ਕਾਰਗੁਜ਼ਾਰੀ ਸ਼ਲਾਘਾਯੋਗ ਰਹੀ ਹੈ । ਕਿਉਂ ਜੋ ਮਿਥੇ ਗਏ ਟੀਚਿਆਂ ਤੋਂ ਅਸੀਂ ਕਿਤੇ ਅੱਗੇ ਲੰਘ ਗਏ ਹਾਂ । ਰਾਜ ਵਿਚ ਜਨਮ-ਦਰ 27.3, ਮੌਤ-ਦਰ 7.8 ਪ੍ਰਤੀ ਹਜ਼ਾਰ ਅਤੇ ਜਿਉਂਦੇ ਪੈਦਾ ਹੋਏ ਬੱਚਿਆਂ ਦੀ ਬਾਲ ਮੌਤ-ਦਰ 51 ਪ੍ਰਤੀ ਹਜ਼ਾਰ ਤਕ ਲਿਆਂਦੀ ਗਈ ਹੈ ।

8ਵੀਂ ਪੰਜ ਸਾਲਾ ਯੋਜਨਾ 1992-97 ਦੌਰਾਨ ਹਰੇਕ ਜ਼ਿਲ੍ਹਾ ਸਦਰ ਮੁਕਾਮ ਵਿਖੇ 10 ਬਿਸਤਰਿਆਂ ਵਾਲੇ ਆਯੁਰਵੈਦਿਕ ਹਸਪਤਾਲ ਬਣਾਏ ਜਾਣੇ ਹਨ । ਪੰਜਾਬ ਰਾਜ ਵਿਚ ਆਯੁਰਵੈਦਿਕ ਸਿਹਤ ਕੇਂਦਰ ਵੀ ਪੜਾਅ-ਵਾਰ ਉਪ-ਮੰਡਲ ਪੱਧਰ ਉਤੇ ਕਾਇਮ ਕੀਤੇ ਜਾਣੇ ਹਨ । ਹੋਮੋਪੈਥੀ ਦੀਆਂ ਡਿਗਰੀ ਕਲਾਸਾਂ ਸਹਿਤ ਪਟਿਆਲਾ ਵਿਖੇ ਇਕ 100 ਬਿਸਤਰਿਆਂ ਵਾਲੇ ਹਸਪਤਾਲ ਸਹਿਤ ਰਾਜ ਹੋਮੋਪੈਥੀ ਤੇ ਖੋਜ ਸੰਸਥਾ ਕਾਇਮ ਕਰਨ ਦੀ ਤਜਵੀਜ਼ ਹੈ ।

ਪੰਚਾਇਤਾਂ

ਇਸ ਝਗੜਾ-ਗ੍ਰਸਤ ਸੰਵੇਦਨਸ਼ੀਲ ਸਰਹੱਦੀ ਰਾਜ ਜੋ ਕਿ ਇਕ ਦਹਾਕੇ ਤੋਂ ਖਾੜਕੂਪਨ, ਦਹਿਸ਼ਤ ਅਤੇ ਹਿੰਸਾ ਦਾ ਸੰਤਾਪ ਭੋਗਦਾ ਰਿਹਾ ਹੈ, ਵਿਚ ਸ਼ਾਂਤੀ ਅਤੇ ਆਮ ਵਰਗੇ ਹਾਲਾਤ ਵਾਲੇ ਬਦਲੇ ਦ੍ਰਿਸ਼ ਵਿਚ ਮੇਰੀ ਸਰਕਾਰ ਨੇ ਪਹਿਲਾਂ ਸਤੰਬਰ, 1992 ਵਿਚ ਮਿਉਂਸਪਲ ਚੋਣਾਂ ਕਰਵਾਈਆਂ ਅਤੇ ਮਗਰੋਂ ਜਨਵਰੀ 1993 ਵਿਚ 11,596 ਗ੍ਰਾਮ ਪੰਚਾਇਤਾਂ ਲਈ ਪੰਚਾਇਤ ਚੋਣਾਂ ਕਰਵਾਈਆਂ । ਇਨ੍ਹਾਂ ਪੰਚਾਇਤ ਚੋਣਾਂ ਦੀ ਅਹਿਮ ਵਿਸ਼ੇਸ਼ਤਾ ਇਹ ਹੈ ਕਿ ਪੇਂਡੂ ਲੋਕਾਂ ਦੁਆਰਾ 80 ਪ੍ਰਤੀਸ਼ਤ ਨਵੇਂ ਸਰਪੰਚ ਅਤੇ ਪੰਚ ਚੁਣੇ ਗਏ ਹਨ ਜੋ ਵਧੇਰੇ ਕਰਕੇ ਨੌਜਵਾਨ ਅਤੇ ਪੜ੍ਹੇ ਲਿਖੇ ਹਨ (ਥੰਪਿੰਗ) । ਇਹ ਪੰਚਾਇਤ ਚੋਣਾਂ ਬਹੁਤ ਮਹੱਤਤਾ ਅਤੇ ਅਹਿਮੀਅਤ ਰੱਖਦੀਆਂ ਹਨ ਕਿਉਂਕਿ ਇਹ ਲਗਭਗ 10 ਸਾਲਾਂ ਦੇ ਵਕਫ਼ੇ ਮਗਰੋਂ ਹੋਈਆਂ ਹਨ । 82 ਪ੍ਰਤੀਸ਼ਤ ਲੋਕਾਂ ਦੀ ਭਾਰੀ ਅਤੇ ਉਤਸ਼ਾਹਪੂਰਨ ਸ਼ਮੂਲੀਅਤ ਜੋ ਕਿ ਹੁਣ ਤਕ ਦਾ ਰਿਕਾਰਡ ਹੈ, ਭਾਰਤ ਦੇ ਚੋਣਾਂ ਸਬੰਧੀ ਇਤਿਹਾਸ, ਜੋ ਕਿ 1952 ਤੋਂ ਸ਼ੁਰੂ ਹੈ, ਵਿਚ ਇਕ ਨਵੇਕਲੀ ਅਤੇ ਅਨੂਠੀ ਘਟਨਾ ਹੈ । ਜਿਸ ਤੋਂ ਲੋਕ-ਰਾਜੀ ਪਰੰਪਰਾਵਾਂ ਅਤੇ ਸੰਸਥਾਵਾਂ ਪ੍ਰਤੀ ਲੋਕਾਂ ਦੇ ਵਿਸ਼ਵਾਸ ਨਿਸ਼ਚਾ ਅਤੇ ਪ੍ਰਤਿਬੱਧਤਾ ਦੀ ਮੁੜ-ਪੁਸ਼ਟੀ ਦਾ ਸੰਕੇਤ ਮਿਲਦਾ ਹੈ। (ਥੰਪਿੰਗ) ਚੋਣ ਪ੍ਰਚਾਰ ਅਤੇ ਚੋਣਾਂ ਦੌਰਾਨ ਪੰਚਾਇਤ ਚੋਣਾਂ ਸ਼ਾਂਤੀਪੂਰਵਕ ਹੋ ਗਈਆਂ ਅਤੇ ਕਿਸੇ ਖਾੜਕੂ ਅਤੇ ਚੋਣ ਸਬੰਧਤ ਮਾੜੀ ਘਟਨਾ ਤੋਂ ਪੂਰੀ ਤਰ੍ਹਾਂ ਰਹਿਤ ਰਹੀਆਂ । ਪੰਜਾਬ ਪੰਚਾਇਤ ਚੋਣਾਂ ਦਾ ਆਜ਼ਾਦ, ਨਿਰਪੱਖ ਅਤੇ ਬਿਨਾਂ ਰੋਕ-ਟੋਕ ਹੋਣਾ ਲੋਕ ਰਾਜੀ ਸਮਾਜ ਵਜੋਂ ਪੰਜਾਬ ਦੇ ਵਿਕਾਸ ਦਾ ਸਬੂਤ ਹੈ ।

2. 200 ਤੋਂ ਵੱਧ ਆਬਾਦੀ ਵਾਲੇ ਕਿਸੇ ਪਿੰਡ ਜਾਂ ਪਿੰਡਾਂ ਦੇ ਸਮੂਹ ਵਿਚ ਇਕ ਤੋਂ ਵੱਧ ਗਰਾਮ ਸਭਾਵਾਂ ਬਣਾਉਣ ਸਬੰਧੀ ਲੋਕਾਂ ਦੀ ਮੰਗ ਦੇ ਸਤਿਕਾਰ ਵਜੋਂ ਮੇਰੀ ਸਰਕਾਰ ਦੁਆਰਾ ਪੰਜਾਬ ਗਰਾਮ ਪੰਚਾਇਤ ਐਕਟ, 1952 ਦੀ ਧਾਰਾ 4(1) ਦੀ ਤਰਮੀਮ ਦੇ ਸਿੱਟੇ ਵਜੋਂ 643 ਨਵੀਆਂ ਪੰਚਾਇਤਾਂ ਬਣਾਈਆਂ ਗਈਆਂ ਸਨ । ਆਜ਼ਾਦਾਨਾ, ਬਿਨਾਂ ਰੋਕ ਟੋਕ ਅਤੇ ਨਿਰਪੱਖ ਪੰਚਾਇਤ ਚੋਣਾਂ ਯਕੀਨੀ ਬਣਾਉਣ ਲਈ ਮੇਰੀ ਸਰਕਾਰ ਨੇ ਪਹਿਲੀ ਵਾਰ ਪੰਜਾਬ ਗਰਾਮ ਪੰਚਾਇਤ ਚੋਣ ਨਿਯਮ 1960 ਦੀ ਸੋਧ ਕੀਤੀ ਹੈ । ਜਿਨ੍ਹਾਂ ਤਹਿਤ ਰਾਜ ਸਰਕਾਰ, ਡਿਪਟੀ ਕਮਿਸ਼ਨਰਾਂ ਅਤੇ ਰਿਟਰਨਿੰਗ/ਪ੍ਰੀਜ਼ਾਈਡਿੰਗ ਅਫ਼ਸਰਾਂ ਨੂੰ ਉਹ ਚੋਣ ਮੁਲਤਵੀ/ਰੱਦ ਕਰਨ ਦੇ ਅਖਤਿਆਰ ਮਿਲਦੇ ਹਨ ਜਿਨ੍ਹਾਂ ਬਾਰੇ ਉਨ੍ਹਾਂ ਨੂੰ ਤਸੱਲੀ ਹੋਵੇ ਕਿ ਧਮਕੀ, ਜ਼ਬਰਦਸਤੀ, ਡਰਾਵੇ, ਕੁਦਰਤੀ ਆਫ਼ਤ, ਦੰਗੇ ਜਾਂ ਹਿੰਸਾ ਕਾਰਣ ਬਲੱਟ ਪੇਪਰ ਖੋਹਣ ਜਾਂ ਨਸ਼ਟ ਕਰਨਬੂਥ ਉਤੇ ਕਬਜ਼ਾ ਕਰਨ ਅਤੇ ਵੋਟਰਾਂ ਨੂੰ ਆਪਣੇ ਵੋਟ ਪਾਉਣ ਦੇ ਅਧਿਕਾਰਦੀ ਵਰਤੋਂ ਕਰਨ ਤੋਂ ਰੋਕਣ ਅਤੇ ਉਮੀਦਵਾਰਾਂ ਨੂੰ ਚੋਣ ਲੜਨ ਤੋਂ ਰੋਕਣ ਆਦਿ ਤੋਂ ਪੈਦਾ ਹੋਣ ਵਾਲੇ ਸੰਕਟ ਦੇ ਕਾਰਨ ਆਜ਼ਾਦ ਅਤੇ ਨਿਰਪੱਖ ਚੋਣ ਸੰਭਵ ਨਹੀਂ ਹੋਵੇਗੀ ।

3. ਪੰਜਾਬ ਦੇ ਪੇਂਡੂ ਲੋਕ ਬਹੁਤ ਜ਼ਿਆਦਾ ਉਤਸ਼ਾਹ ਨਾਲ ਚੋਣ ਪ੍ਰਚਾਰ ਵਿਚ ਸ਼ਾਮਲ ਹੋਏ ਅਤੇ ਉਮੀਦਵਾਰਾਂ ਅਤੇ ਉਨ੍ਹਾਂ ਦੇ ਸਮਰਥਕਾਂ ਨੇ ਬਿਨਾਂ ਕਿਸੇ ਪੁਲਿਸ ਸੁਰੱਖਿਆ ਦੇ ਪ੍ਰਚਾਰ ਕੀਤਾ । ਜਿਸ ਤੋਂ ਇਹ ਪਤਾ ਲਗਦਾ ਹੈ ਕਿ ਕੋਈ ਡਰ ਅਤੇ ਦਹਿਸ਼ਤ ਨਹੀਂ ਸੀ । ਪੰਚਾਇਤ ਚੋਣਾਂ ਨੇ ਬੰਦੂਕ ਦੇ ਦਬਾਅ ਨਾਲੋਂ ਲੋਕਰਾਜੀ ਪ੍ਰਕਿਰਿਆ ਦੀ ਪ੍ਰਮੁੱਖਤਾ ਸਾਬਤ ਕੀਤੀ ਹੈ । ਚੋਣ ਨਤੀਜੇ ਇਸ ਗੱਲ ਦਾ ਸੰਕੇਤ ਦਿੰਦੇ ਹਨ ਕਿ ਪੰਜਾਬੀਆਂ ਨੇ ਇਹ ਗੱਲ ਮਹਿਸੂਸ ਕਰ ਲਈ ਹੈ ਕਿ ਆਖ਼ਰਕਾਰ ਹਿੰਸਾ ਕੁਝ ਨਹੀਂ ਸਵਾਰਦੀ ਅਤੇ ਲੋਕਰਾਜੀ ਪ੍ਰਕ੍ਰਿਆ ਹੀ ਲੋਕਾਂ ਪਾਸ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਅਤੇ ਅਨਿਆਂ ਦੇ ਖਿਲਾਫ਼ ਲੜਨ ਵਾਸਤੇ ਉਪਲੱਬਧ ਇਕੋ ਇਕ ਵਿਵਹਾਰਕ ਸਾਧਨ ਹੈ । (ਥੰਪਿੰਗ) ।

4. ਭਾਵੇਂ ਕਿ ਚੋਣਾਂ ਪਾਰਟੀ-ਨਿਸ਼ਾਨਾਂ ਉਤੇ ਨਹੀਂ ਲੜੀਆਂ ਗਈਆਂ ਸਨ ਤਾਂ ਵੀ ਨਾ ਸਿਰਫ ਸਾਰੀਆਂ ਮੁੱਖ ਸਿਆਸੀ ਪਾਰਟੀਆਂ ਅਤੇ ਗਰੁੱਪਾਂ ਨੇ ਪੂਰੇ ਦਿਲ ਨਾਲ ਇਨ੍ਹਾਂ ਵਿਚ ਹਿੱਸਾ ਹੀ ਲਿਆ ਸਗੋਂ ਆਪਣੇ ਉਮੀਦਵਾਰਾਂ ਦੇ ਸਮੱਰਥਨ ਵਿਚ ਆਪਣੀ ਤਾਕਤ ਅਤੇ ਸਾਧਨਾਂ ਦੀ ਵਰਤੋਂ ਵੀ ਕੀਤੀ । ਐਪਰ, ਚੋਣ ਦੀ ਕਾਮਯਾਬੀ ਕੇਵਲ ਇਸ ਗੱਲ ਵਿਚ ਨਹੀਂ ਹੁੰਦੀ ਕਿ ਕਿਹੜੀ ਪਾਰਟੀ ਜਿੱਤੀ ਜਾਂ ਹਾਰੀ ਸਗੋਂ ਇਸ ਗੱਲ ਵਿਚ ਹੁੰਦੀ ਹੈ ਕਿ ਚੋਣਾਂ ਦਾ ਬਿਨਾਂ ਰੋਕ ਟੋਕ ਸ਼ਾਂਤੀ ਪੂਰਬਕ ਅਤੇ ਨਿਰਪੱਖ ਹੋਣਾ ਅਤੇ ਸ਼ਾਂਤੀ ਲੋਕਤੰਤਰ ਅਤੇ ਵਿਕਾਸ ਵਾਸਤੇ ਅਤੇ ਦਹਿਸ਼ਤਗਰਦੀ, ਵਿਅੱਰਥ ਹਿੰਸਾ ਅਤੇ ਖਾੜਕੂਪੁਣੇ ਦੇ ਖਿਲਾਫ ਪੇਂਡੂ ਵੋਟਰਾਂ ਦਾ ਭਾਰੀ ਗਿਣਤੀ ਵਿਚ ਅਤੇ ਉਤਸ਼ਾਹਪੂਰਵਕ ਵੋਟ ਪਾਉਣ ਆਉਣਾ ਹੈ । (ਥੰਪਿੰਗ)

5. ਮੇਰੀ ਸਰਕਾਰ ਨੇ ਪੰਚਾਇਤੀ ਰਾਜ ਸੰਸਥਾਵਾਂ, ਵਿਸੇਸ਼ ਕਰਕੇ ਬੁਨਿਆਦੀ ਪੱਧਰ ਉਤੇ ਪੰਚਾਇਤਾਂ ਨੂੰ ਸਰਪੰਚਾਂ ਅਤੇ ਪੰਚਾਂ ਨੂੰ ਹੋਰ ਅਖ਼ਤਿਆਰ ਅਤੇ ਕਾਰਜ ਸੌਂਪ ਕੇ ਹੋਰ ਮਜ਼ਬੂਤ ਬਣਾਉਣ ਦਾ ਵੀ ਫੈਸਲਾ ਲਿਆ ਹੈ । ਆਪਣੇ ਪਿੰਡ ਪੱਧਰ ਉਤੇ, ਪਿੰਡਾਂ ਦੇ ਵਿਕਾਸ ਲਈ ਯੋਜਨਾ ਬਣਾਉਣ ਵਾਸਤੇ ਪੰਚਾਇਤਾਂ ਨੂੰ ਸਮਰੱਥ ਬਣਾਉਣ ਲਈ

[ਸ਼੍ਰੀ ਸਪੀਕਰ]

ਯੋਜਨਾਬੰਦੀ ਨੂੰ ਹੋਰ ਵੀ ਵਿਕੇਂਦਰਿਤ ਕੀਤਾ ਜਾਵੇਗਾ। ਲੈਮੀਨੇਟਿਡ ਸ਼ਨਾਖਤੀ ਕਾਰਡ ਵੀ ਸਰਪੰਚਾਂ ਅਤੇ ਪੰਚਾਂ ਨੂੰ ਜਾਰੀ ਕੀਤੇ ਜਾਣਗੇ। ਉਨ੍ਹਾਂ ਨੂੰ ਸਮੂਹ ਸਰਕਾਰੀ ਦਫ਼ਤਰਾਂ ਵਿਚ ਲੋਕਾਂ ਦੇ ਨੁਮਾਇੰਦਿਆਂ ਵਜੋਂ ਉਨ੍ਹਾਂ ਦੇ ਰੁਤਬੇ ਲਈ ਮੁਨਾਸਿਬ ਸਤਿਕਾਰ, ਸ਼ਾਨ ਅਤੇ ਆਦਰ ਦਿੱਤਾ ਜਾਵੇਗਾ। ਮੇਰੀ ਸਰਕਾਰ ਨੇ ਇਹ ਵੀ ਫੈਸਲਾ ਕੀਤਾ ਹੈ ਕਿ ਸਰਪੰਚਾਂ ਨੂੰ ਮਿਲਣਯੋਗ ਪੰਜ ਰੁਪਏ ਡੀ. ਏ. ਦੀ ਥਾਂ ਹੁਣ ਤੋਂ 20 ਰੁਪਏ ਦਿੱਤੇ ਜਾਣ (ਥੰਪਿਗ) ਸਰਪੰਚਾਂ ਨੂੰ ਪਿੰਡ ਪੱਧਰ ਦੇ ਸਰਕਾਰ ਦੇ ਕਾਰਜ-ਕਰਤਾਵਾਂ ਤੇ ਕੰਟਰੋਲ ਕਰਨ, ਉਨ੍ਹਾਂ ਦੀ ਨਿਗਰਾਨੀ ਅਤੇ ਉਨ੍ਹਾਂ ਦੀ ਚੌਕਸੀ ਰੱਖਣ ਲਈ ਵਰਤਣ ਵਾਸਤੇ ਮੁਨਾਸਿਬ ਅਖ਼ਤਿਆਰ ਦਿੱਤੇ ਜਾਣਗੇ। ਰਾਜ ਵਿਚ ਪੂਰੀ ਤਰ੍ਹਾਂ ਆਮ ਵਰਗੇ ਹਾਲਾਤ, ਸ਼ਾਂਤੀ ਬਹਾਲ ਕਰਨ ਅਤੇ ਖਾੜਕੂਪਣੇ ਦੇ ਮੁੜ ਉਭਰਨ ਉਤੇ ਠੱਲ੍ਹ ਪਾਉਣ ਲਈ ਮੇਰੀ ਸਰਕਾਰ ਦੁਆਰਾ ਉਨ੍ਹਾਂ ਪਾਸੋਂ ਸਰਗਰਮ ਸਹਿਯੋਗ ਦੀ ਮੰਗ ਕੀਤੀ ਜਾਵੇਗੀ। ਮੇਰੀ ਸਰਕਾਰ ਨੇ ਇਹ ਵੀ ਫੈਸਲਾ ਕੀਤਾ ਹੈ ਕਿ ਪੰਚਾਇਤਾਂ ਨੂੰ ਨਿਆਂ ਸਬੰਧੀ ਅਖ਼ਤਿਆਰਾਂ ਦੀ ਵਧੇਰੇ ਸਾਰਥਕ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਵਰਤੋਂ ਕਰਨ ਦੇ ਸਮਰੱਥ ਬਣਾਇਆ ਜਾਵੇ ਅਤੇ ਜੇਕਰ ਜ਼ਰੂਰਤ ਹੋਵੇ ਤਾਂ ਲੋਕਾਂ ਨੂੰ ਉਨ੍ਹਾਂ ਦੀ ਸਰਦਲ ਉਤੇ ਹੀ ਘੱਟ ਖਰਚੇ ਨਾਲ ਨਿਆਂ ਛੇਤੀ ਦਿੱਤੇ ਜਾਣ ਲਈ ਪੰਚਾਇਤਾਂ ਨੂੰ ਹੋਰ ਜੁਡੀਸ਼ਲ ਅਖ਼ਤਿਆਰ ਦਿੱਤੇ ਜਾਣ। ਪੰਚਾਇਤ ਚੋਣਾਂ ਦੇ ਫ਼ੈਸਲੇ ਪੜਾਅ ਵਜੋਂ ਮੇਰੀ ਸਰਕਾਰ ਨੇ ਇਹ ਵੀ ਨਿਰਣਾ ਲਿਆ ਹੈ ਕਿ ਰਾਜ ਵਿਚ ਪੰਚਾਇਤੀ ਰਾਜ ਸੰਸਥਾਵਾਂ ਦੇ ਸਮੂਹ ਤਿੰਨ ਪੜਾਵਾਂ ਦੀ ਬਹਾਲੀ ਦੀ ਪ੍ਰਕ੍ਰਿਆ ਮੁਕੰਮਲ ਕਰਨ ਲਈ ਛੇਤੀ ਹੀ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪਰਿਸ਼ਦਾਂ ਦਾ ਗਠਨ ਕੀਤਾ ਜਾਵੇਗਾ।

ਦਿਹਾਤੀ ਵਿਕਾਸ

ਮੇਰੀ ਸਰਕਾਰ ਪੇਂਡੂ ਜੀਵਨ ਨੂੰ ਸਮਾਜਿਕ, ਆਰਥਿਕ ਅਤੇ ਸਭਿਆਚਾਰਕ ਪੱਖਾਂ ਤੋਂ ਉਤਾਂਹ ਚੁੱਕਣ ਅਤੇ ਨਵੀਆਂ ਤਕਨੀਕਾਂ ਸ਼ੁਰੂ ਕਰਕੇ ਪੇਂਡੂ ਲੋਕਾਂ ਦੀ ਆਮਦਨ ਵਧਾਉਣ ਅਤੇ ਉਨ੍ਹਾਂ ਦਾ ਜੀਵਨ ਢੰਗ ਬਿਹਤਰ ਬਣਾਉਣ ਹਿੱਤ ਵੀ ਹੰਭਲਾ ਮਾਰ ਰਹੀ ਹੈ। ਇਹ ਵਿਭਾਗ ਪੰਚਾਇਤ ਘਰਾਂ ਦੀ ਉਸਾਰੀ ਅਤੇ ਇਤਿਹਾਸਿਕ ਅਤੇ ਧਾਰਮਕ ਮਹੱਤਤਾ ਵਾਲੇ ਪਿੰਡਾਂ ਨੂੰ ਵਿੱਤੀ ਸਹਾਇਤਾ ਵਰਗੀਆਂ ਵਿਕਾਸ ਸਕੀਮਾਂ ਚਲਾ ਰਿਹਾ ਹੈ। ਪੇਂਡੂ ਵਿਕਾਸ ਨੂੰ ਨਵਾਂ ਬਲ ਦੇਣ ਲਈ, ਮੇਰੀ ਸਰਕਾਰ ਨੇ '**ਪੇਂਡੂ ਵਾਤਾਵਰਣ ਅਤੇ ਬੁਨਿਆਦੀ-ਢਾਂਚੇ ਦਾ ਸੁਧਾਰ**' ਸਿਰਲੇਖ ਦੇ ਤਹਿਤ ਇਕ ਵੱਡਾ ਅਤੇ ਉਤਸ਼ਾਹਜਨਕ ਪ੍ਰੋਗਰਾਮ ਹੱਥ ਵਿਚ ਲੈਣ ਦਾ ਸੁਚੇਤ ਤੌਰ ਤੇ ਫੈਸਲਾ ਲਿਆ ਹੈ। ਜਿਸ ਦੇ ਮੁੱਖ ਹਿੱਸੇ ਹਨ :- (1) 'ਉੱਨਤ ਗਰਾਮ' ਪ੍ਰਾਜੈਕਟ ਅਧੀਨ ਗਲੀਆਂ ਪੱਕੀਆਂ ਕਰਨਾ, ਨਾਲੀਆਂ ਬਣਾਉਣਾ ਅਤੇ ਗੰਦੇ ਪਾਣੀ ਦਾ ਨਿਕਾਸ ਅਤੇ ਫਿਰਨੀਆਂ (ਪਿੰਡ ਦੀਆਂ ਬਾਹਰਵਾਰੀ ਸੜਕਾਂ) ਪੱਕੀਆਂ ਕਰਨਾ, (2) ਏਕੀਕ੍ਰਿਤ ਪੇਂਡੂ ਵਾਤਾਵਰਣ ਅਪਗ੍ਰੇਡੇਸ਼ਨ ਪ੍ਰੋਗਰਾਮ' ਅਤੇ 3 ਪਿੰਡਾਂ ਵਿਚ ਸਵਾਸਥਦਾਇਕ ਹਾਲਤਾਂ ਦਾ ਸੁਧਾਰ।

ਪਹਿਲੇ ਹਿੱਸੇ ਦੇ ਤਹਿਤ, 1991-92 ਤਕ ਵੱਖ-ਵੱਖ ਪ੍ਰੋਗਰਾਮਾਂ ਅਧੀਨ 112.28 ਕਰੋੜ ਰੁਪਏ ਦੀ ਰਕਮ ਨਾਲ ਥੋੜ੍ਹਾ ਥੋੜ੍ਹਾ ਕਰਕੇ ਕੰਮ ਸ਼ੁਰੂ ਕੀਤਾ ਗਿਆ ਸੀ। ਐਪਰ, ਮੇਰੀ ਸਰਕਾਰ ਨੇ ਚੁਣੇ ਹੋਏ ਸਰਪੰਚਾਂ (ਗਰਾਮ ਮੁਖੀਆਂ) ਅਤੇ ਪੰਚਾਇਤਾਂ ਦੇ ਮੈਂਬਰਾਂ ਦੁਆਰਾ ਸਮੇਂ ਸਮੇਂ ਜ਼ੋਰਦਾਰ ਆਵਾਜ਼ ਵਿਚ ਪ੍ਰਗਟਾਈਆਂ ਮੰਗਾਂ, ਤਾਂਘਾਂ ਤੇ ਆਰਜ਼ੂਆਂ

ਅਤੇ ਮਹਿਸੂਸ ਕੀਤੀਆਂ ਉਨ੍ਹਾਂ ਦੀਆਂ ਲੋੜਾਂ ਨਾਲ ਮੇਲ ਖਾਂਦੀ ਸਮੁੱਚੀ ਵਿਕਾਸ ਪ੍ਰਕ੍ਰਿਆ ਦੇ ਸਤਿਕਾਰ ਅਤੇ ਕਦਰ ਵਜੋਂ ਅਤੇ ਰਾਜ ਵਿਚ ਪੇਂਡੂ ਲੋਕਾਂ ਦੇ ਜੀਵਨ ਵਿਚ ਹੋਰ ਗੁਣਾਤਮਕ ਸੁਧਾਰ ਕਰਨ ਨੂੰ ਯਕੀਨੀ ਬਣਾਉਣ ਲਈ ਇਹ ਫੈਸਲਾ ਕੀਤਾ ਹੈ ਕਿ ਜੂਨ, 1994 ਤੱਕ ਇਸ ਨਾਲ ਸਬੰਧਤ ਕੰਮ ਮੁਕੰਮਲ ਕਰ ਲਿਆ ਜਾਵੇ । ਇਸ ਦੇ ਅਨੁਸਾਰ ਮੇਰੀ ਸਰਕਾਰ ਨੇ 1992-93 ਦੌਰਾਨ ਇਸ ਪ੍ਰੋਗਰਾਮ ਲਈ ਤਕਰੀਬਨ 120 ਕਰੋੜ ਰੁਪਏ ਮੁਹੱਈਆ ਕੀਤੇ ਹਨ । ਇਸ ਮੰਤਵ ਲਈ ਆਉਣ ਵਾਲੇ ਸਾਲ/ਸਾਲਾਂ ਵਿਚ ਲੋੜੀਂਦੇ ਫੰਡ ਮੁਹੱਈਆ ਕੀਤੇ ਜਾਣਗੇ । ਮੇਰੀ ਸਰਕਾਰ ਨੇ ਰਾਜ ਵਿਚ ਨਵੇਂ ਚੁਣੇ ਸਰਪੰਚਾਂ ਅਤੇ ਪੰਚਾਂ ਦੀ ਸਰਗਰਮ ਸ਼ਮੂਲੀਅਤ ਨਾਲ ਸਮੂਹ ਮੁੱਢਲੀਆਂ ਸਹੂਲਤਾਂ ਮੁਹੱਈਆ ਕਰਕੇ ਹਰੇਕ ਪਿੰਡ ਨੂੰ 'ਆਦਰਸ਼ ਪਿੰਡ' ਵਿਚ ਬਦਲਣ ਦਾ ਵਚਨ ਦਿੱਤਾ ਹੈ । ਇਸ ਨਾਲ ਪੰਚਾਇਤੀ ਰਾਜ ਸੰਸਥਾਵਾਂ ਪਿੰਡਾਂ ਵਿਚ ਸਮਾਜਿਕ-ਆਰਥਿਕ ਵਿਕਾਸ ਦੇ ਪ੍ਰਭਾਵੀ ਸਾਧਨ ਬਣਨ ਦੇ ਸਮਰੱਥ ਵੀ ਹੋ ਜਾਣਗੀਆਂ ।

ਮੇਰੀ ਸਰਕਾਰ ਅੱਠਵੀਂ ਪੰਜ ਸਾਲਾ ਯੋਜਨਾ ਦੌਰਾਨ ਸਮੂਹ ਗਰਾਮ ਪੰਚਾਇਤਾਂ ਨੂੰ ਟੈਲੀਫੋਨ ਕੁਨੈਕਸ਼ਨ ਮੁਹੱਈਆ ਕਰਨ ਲਈ ਵੀ ਹੰਭਲਾ ਮਾਰੇਗੀ । ਮੇਰੀ ਸਰਕਾਰ ਨੇ ਇਹ ਵੀ ਫੈਸਲਾ ਕੀਤਾ ਹੈ ਕਿ ਇਕ ਬਹੁਤ ਉਤਸ਼ਾਹਜਨਕ ਪ੍ਰੋਗਰਾਮ ਵਿਚ ਜੁਟਿਆ ਜਾਵੇ ਜਿਸ ਦੇ ਅਧੀਨ ਪੇਂਡੂ ਖੇਤਰਾਂ ਵਿਚਲੇ ਟਿਊਬਵੈੱਲਾਂ ਨੂੰ ਅਤੇ ਘਰੇਲੂ ਮੰਤਵਾਂ ਲਈ ਬਿਜਲੀ ਸਪਲਾਈ ਕਰਨ ਵਾਲੇ ਮੌਜੂਦਾ ਪੇਂਡੂ ਫੀਡਰਾਂ ਨੂੰ ਵੱਖਰੇ ਕੀਤਾ ਜਾਵੇਗਾ ਅਤੇ ਅਗਲੇ ਕੁਝ ਸਾਲਾਂ ਦੇ ਅੰਦਰ ਅੰਦਰ ਰਾਜ ਦੇ ਸਮੂਹ ਪਿੰਡ, 50 : 50 ਦੇ ਅਨੁਪਾਤ ਵਿਚ ਪੇਂਡੂ ਵਿਕਾਸ ਫੰਡ ਅਤੇ ਪੰਚਾਇਤਾਂ ਦੁਆਰਾ ਦਿੱਤੇ ਜਾਣ ਵਾਲੇ ਤਕਰੀਬਨ 350 ਕਰੋੜ ਰੁਪਏ ਦੇ ਖ਼ਰਚੇ ਨਾਲ ਦਿਨ ਰਾਤ ਬਿਜਲੀ ਪ੍ਰਾਪਤ ਕਰਨਗੇ । ਜਵਾਹਰ ਰੋਜ਼ਗਾਰ ਯੋਜਨਾ ਦੇ ਤਹਿਤ ਚਾਲੂ ਸਾਲ ਦੌਰਾਨ 17.72 ਕਰੋੜ ਰੁਪਏ ਖ਼ਰਚ ਹੋ ਚੁੱਕੇ ਹਨ ਅਤੇ 2942 ਮਕਾਨ ਅਤੇ 332 ਇਕ ਕਮਰੇ ਵਾਲੀਆਂ ਅਤੇ ਦੋ ਕਮਰੇ ਵਾਲੀਆਂ ਪ੍ਰਾਈਮਰੀ ਸਕੂਲਾਂ ਦੀਆਂ ਇਮਾਰਤਾਂ ਉਸਾਰੀਆਂ ਗਈਆਂ ਹਨ । ਆਉਣ ਵਾਲੇ ਸਾਲ ਲਈ ਇਸ ਸਕੀਮ ਵਾਸਤੇ 20.00 ਕਰੋੜ ਰੁਪਏ ਦਾ ਵਿੱਤੀ ਟੀਚਾ ਰੱਖਿਆ ਗਿਆ ਹੈ ।

1992-93 (ਜਨਵਰੀ, 1993 ਤਕ) ਦੌਰਾਨ ਮੇਰੀ ਸਰਕਾਰ ਨੇ ਏਕੀਕ੍ਰਿਤ ਪੇਂਡੂ ਵਿਕਾਸ ਪ੍ਰੋਗਰਾਮ (ਆਈ. ਆਰ ਡੀ. ਪੀ.) ਦੇ ਤਹਿਤ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ 11,980 ਪਰਿਵਾਰਾਂ ਦੀ ਸਹਾਇਤਾ ਕੀਤੀ ਹੈ ਜਦੋਂ ਕਿ ਸਮੁੱਚੇ ਚਾਲੂ ਵਿੱਤੀ ਸਾਲ ਦੌਰਾਨ 1,065.20 ਲੱਖ ਰੁਪਏ ਦੀ ਰਕਮ, ਜਿਸ ਵਿਚ 355.30 ਲੱਖ ਰੁਪਏ ਸਬਸਿਡੀ ਵਜੋਂ ਅਤੇ 709.90 ਲੱਖ ਰੁਪਏ ਵਿੱਤੀ ਸੰਸਥਾਵਾਂ ਪਾਸੇ ਕਰਜ਼ੇ ਵਜੋਂ ਸ਼ਾਮਲ ਹੈ, ਨਾਲ 11507 ਅਜਿਹੇ ਪਰਿਵਾਰਾਂ ਦੀ ਸਹਾਇਤਾ ਕਰਨ ਦਾ ਟੀਚਾ ਸੀ । ਮੇਰੀ ਸਰਕਾਰ ਨੇ ਇਸ ਮੰਤਵ ਲਈ 8ਵੀਂ ਪੰਜ ਸਾਲ ਯੋਜਨਾ ਦੌਰਾਨ 1.25 ਲੱਖ ਅਜਿਹੇ ਪਰਿਵਾਰਾਂ ਨੂੰ ਸਹਾਇਤਾ ਦੇਣ ਲਈ 2,800 ਲੱਖ ਰੁਪਏ ਦਾ ਉਪਬੰਧ ਕੀਤਾ ਹੈ ।

ਸਿੱਟਾ

ਅੰਤ ਵਿਚ ਮੈਂ ਰਾਜ ਨੂੰ ਦਰਪੇਸ਼ ਵੰਗਾਰਾਂ ਅਤੇ ਮੁਸ਼ਕਲਾਂ ਉਤੇ ਵਿਚਾਰ ਕਰਨ ਅਤੇ ਉਨ੍ਹਾਂ ਦਾ ਹੱਲ ਲੱਭਣ ਲਈ ਇਥੇ ਇਕੱਤਰ ਹੋਣ ਵਾਸਤੇ ਆਪ ਦਾ ਧੰਨਵਾਦ ਕਰਦਾ ਹਾਂ । ਮੈਂ ਇਸ ਮਹਾਨ ਸਦਨ ਦੇ ਸਤਿਕਾਰਯੋਗ ਮੈਂਬਰ ਸਾਹਿਬਾਨ ਨੂੰ ਇਸ ਗੱਲ ਦਾ ਭਰੋਸਾ

[ਸ਼੍ਰੀ ਸਪੀਕਰ]

ਦਿਵਾਉਣਾ ਚਾਹਾਂਗਾ ਕਿ ਮੇਰੀ ਸਰਕਾਰ ਜੋ ਪੰਜਾਬ ਦੇ ਬਹਾਦਰ ਲੋਕਾਂ ਦੁਆਰਾ ਚੁਣੀ ਗਈ ਹੈ, ਆਪਣੀ ਯੋਗਤਾ ਅਨੁਸਾਰ ਲੋਕਤੰਤਰ ਨੂੰ ਬਹਾਲ ਕਰਨ ਅਤੇ ਮਜ਼ਬੂਤ ਕਰਨ ਲਈ ਆਪਣੇ ਯਤਨ ਜਾਰੀ ਰੱਖੇਗੀ। ਇਹ ਸਰਕਾਰ ਜਨ-ਜੀਵਨ ਵਿਚ ਸ਼ਾਂਤੀ ਤੇ ਵਿਵਸਥਾ ਬਣਾਈ ਰੱਖਣ ਅਤੇ ਪ੍ਰਗਤੀ ਅਤੇ ਖੁਸ਼ਹਾਲੀ ਵੱਲ ਤੇਜ਼ੀ ਨਾਲ ਪੁਲਾਂਘਾਂ ਪੁੱਟਣ ਅਤੇ ਰਾਜ ਦੇ ਲੋਕਾਂ ਦੀ ਸੇਵਾ ਕਰਨੀ ਯਕੀਨੀ ਬਣਾਏਗੀ। ਮੈਨੂੰ ਵਿਸ਼ਵਾਸ ਹੈ ਕਿ ਆਪ ਸਾਰੇ ਪੰਜਾਬ ਦੇ ਲੋਕਾਂ ਦੀ ਬਿਹਤਰੀ ਵਾਸਤੇ ਕਾਰਜਸ਼ੀਲ ਹੋਣ ਲਈ ਸਰਕਾਰ ਨੂੰ ਵੱਡਮੁੱਲਾ ਯੋਗਦਾਨ ਦਿਓਗੇ। (ਥੰਪਿੰਗ)

ਅੰਤ ਵਿਚ ਮੈਂ ਇਸ ਮਹਾਨ ਸਦਨ ਦੇ ਮੈਂਬਰ ਸਹਿਬਾਨ ਦਾ ਨਿੱਜੀ ਤੌਰ ਤੇ ਧੰਨਵਾਦ ਕਰਨਾ ਚਾਹਾਂਗਾ ਜਿਨ੍ਹਾਂ ਨੇ ਬੜੇ ਸਬਰ, ਬੜੀ ਸ਼ਾਂਤੀ, ਬੜੇ ਪਿਆਰ ਨਾਲ ਇਹ ਭਾਸ਼ਣ ਸੁਣਿਆ ਔਰ ਇਹ ਅਰਦਾਸ ਕਰਾਂਗਾ ਕਿ ਇਸ ਸੈਸ਼ਨ ਦੇ ਦੌਰਾਨ ਤੁਹਾਡੇ ਵਿਚਾਰ-ਵਟਾਂਦਰੇ, ਤੁਹਾਡੇ ਫੈਸਲੇ ਸਹੀ ਹੋਣ, ਪੰਜਾਬ ਦੇ ਹਿੱਤ ਵਿਚ ਹੋਣ, ਦੇਸ਼ ਦੇ ਹਿੱਤ ਵਿਚ ਹੋਣ ਔਰ ਇਨ੍ਹਾਂ ਸਭ ਫੈਸਲਿਆਂ ਵਿਚ ਅਕਾਲ ਪੁਰਖ ਦੀ ਪ੍ਰਵਾਨਗੀ ਔਰ ਮਿਹਰ ਤੁਹਾਡੇ ਨਾਲ ਰਹੇ।

ਜੈ ਹਿੰਦ।

ANNOUNCEMENT BY THE SECRETARY

ਸ਼੍ਰੀ ਸਕੱਤਰ : ਮੈਂ ਦਸਵੀਂ ਪੰਜਾਬ ਵਿਧਾਨ ਸਭਾ ਦੁਆਰਾ ਆਪਣੇ ਤੀਜੇ ਸਮਾਗਮ ਦੇ ਦੌਰਾਨ ਪਾਸ ਕੀਤੇ ਗਏ ਬਿੱਲਾਂ ਜਿਨ੍ਹਾਂ ਤੇ ਰਾਜਪਾਲ ਨੇ ਆਪਣੀ ਸਹਿਮਤੀ ਦੇ ਦਿੱਤੀ ਹੈ, ਦਾ ਵੇਰਵਾ ਸਦਨ ਦੀ ਮੇਜ਼ ਤੇ ਰਖਦਾ ਹਾਂ।

ਦਸਵੀਂ ਪੰਜਾਬ ਵਿਧਾਨ ਸਭਾ ਦੁਆਰਾ ਇਸਦੇ ਤੀਜੇ ਸਮਾਗਮ ਦੌਰਾਨ ਪਾਸ ਕੀਤੇ ਗਏ ਬਿੱਲ ਅਤੇ ਜਿਨ੍ਹਾਂ ਨੂੰ ਰਾਜਪਾਲ ਦੁਆਰਾ ਪ੍ਰਵਾਨਗੀ ਦੇ ਦਿੱਤੀ ਗਈ ਹੈ ਦਰਸਾਉਂਦਾ ਵਿਵਰਣ :

1. ਕੁਸ਼ਟ ਰੋਗੀ (ਪੰਜਾਬ ਮਨਸੂਖੀ) ਬਿੱਲ, 1992.
2. ਪੰਜਾਬ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦ (ਆਰਜ਼ੀ ਅਧਿਲੰਘਣ) ਤੀਜੀ ਸੋਧਨਾ ਬਿੱਲ, 1992.
3. ਪੰਜਾਬ ਮਿਉਂਨਿਸਪਲ (ਦੂਜੀ ਸੋਧਨਾ) ਬਿੱਲ, 1992.
4. ਪੰਜਾਬ ਰਾਜ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ ਬਿੱਲ, 1992.
5. ਪੰਜਾਬ ਗ੍ਰਾਮ ਪੰਚਾਇਤ (ਦੂਜੀ ਸੋਧਨਾ) ਬਿੱਲ, 1992.
6. ਪੰਜਾਬ ਗ੍ਰਾਮ ਪੰਚਾਇਤ (ਸੋਧਨਾ) ਬਿੱਲ, 1992.
7. ਪੰਜਾਬ ਮਿਉਨਿਸਪਲ (ਸੋਧਨਾ) ਬਿੱਲ, 1992,

8. ਪੰਜਾਬ ਮੁਸਾਫ਼ਰ ਅਤੇ ਸਾਮਾਨ ਤੇ ਕਰ (ਸੋਧਨਾ) ਬਿੱਲ, 1992.

9. ਪੰਜਾਬ ਆਮ ਵਿਕਰੀ ਕਰ (ਸੋਧਨਾ) ਬਿੱਲ, 1992.

10. ਪੰਜਾਬ ਆਮ ਵਿਕਰੀ ਕਰ (ਦੂਜੀ ਸੋਧਨਾ) ਬਿੱਲ, 1992.

11. ਪੰਜਾਬ ਮੋਟਰ ਮੁਸਾਫ਼ਰ ਗੱਡੀਆਂ (ਟੋਲ) ਬਿੱਲ, 1992.

12. ਪੰਜਾਬ ਮੋਟਰ ਗੱਡੀਆਂ ਤੇ ਕਰ (ਸੋਧਨਾ) ਬਿੱਲ, 1992.

PANEL OF CHAIRMEN

Mr. Speaker : Under Rule 13(1) of the Rules of Procedure and Conduct of Business in the Punjab Vidhan Sabha (Punjab Legislative Assembly), I nominate the following members to serve on the Panel of Chairmen.

1. Sardar Jagtar Singh Multani.
2. Dr. (Mrs.) Malti Thapar.
3. Shri Madan Mohan Mittal.
4. Shri Satnam Singh Kainth.

FIRST REPORT OF THE BUSINESS ADVISORY COMMITTEE

Mr. Speaker : I have to present to the House the First Report of the Business Advisory Committee.

The Report reads as under:

After considering the Tentative Programme, the Committee decided that the following business be transacted at the sittings of the Vidhan Sabha from the 23rd February, 1993, to the 16th March 1993 :—

Tuesday, the 23rd February, 1993 (9.00 A.M.)	..	Legislative business.
Wednesday, the 24th February, 1993 (9.00 A.M.)	..	Discussion on Governor's Address.

[Mr. Speaker]

Thursday, the 25th February, 1993 (9.00 A.M.)	.. Non-official business.
Friday, the 26th February, 1993 (9.00 A.M.)	.. Discussion on Governor's Address.
Saturday, the 27th February, 1993	.. Off-day.
Sunday, the 28th February, 1993	.. Holiday.
Monday, the 1st March, 1993 (2.00 P.M.)	.. Discussion on Governor's Address.
Tuesday, the 2nd March, 1993 (9.00 A.M.)	.. Discussion on Governor's Address (To be concluded).
Wednesday, the 3rd March, 1993 (9.00 A.M.)	.. (i) Presentation of Supplementary Estimates for the year 1992-93. (ii) Discussion and Voting on Demands for Grants on Supplementary Estimates for the year 1992-93.
Thursday, the 4th March, 1993 (9.00 A.M.)	.. Non-official business.
Friday, the 5th March, 1993 (9.00 A.M.)	.. Appropriation Bill in respect of Supplementary Estimates for the year 1992-93.
Saturday, the 6th March, 1993	.. Off-day.
Sunday, the 7th March, 1993 Monday, the 8th March, 1993 Tuesday, the 9th March, 1993	} Holidays.
Wednesday, the 10th March, 1993 (2.00 P.M.)	.. Presentation of Budget Estimates for the year 1993-94.

Thursday, the 11th March, 1993 (9.00 A.M.)	..	Non-official business.
Friday, the 12th March, 1993 (9.00 A.M.)	..	General Discussion on the Budget Estimates for the year 1993-94.
Saturday, the 13th March, 1993	..	Off-day.
Sunday, the 14th March, 1993.	..	Holiday.
Monday, the 15th March, 1993 (2.00 P.M.)	..	General discussion on the Budget Estimates for the year 1993-94.
Tuesday, the 16th March, 1993 (9.00 A.M.)	..	General discussion on the Budget Estimates for the year 1993-94 (to be concluded).

If any rule/rules of the Rules of Procedure and Conduct of Business in the Punjab Vidhan Sabha (Punjab Legislative Assembly) is/are inconsistent with the above recommendations, that rule/rules will stand suspended to that extent.

Minister for Parliamentary Affairs (Sardar Umrao Singh) : Sir, I beg to move :—

> That this House agrees with the recommendations contained in the first Report of the Business Advisory Committee.

Mr. Speaker : Motion moved—

> That this House agrees with the recommendations contained in the First Report of the Business Advisory Committee.

ਸ਼੍ਰੀਮਤੀ ਵਿਮਲਾ ਡਾਂਗ : ਸਤਿਕਾਰਯੋਗ ਸਪੀਕਰ ਸਾਹਿਬ ਇਹ ਫੈਸਲਾ ਹੋਇਆ ਸੀ ਕਿ ਜਿਹੜੇ ਵਿਭਾਗਾਂ ਦੇ ਬਾਰੇ ਡਿਸਕਸ਼ਨ ਹੈ ਔਰ ਜਿਹੜੇ ਵਿਭਾਗ ਲੈਣੇ ਹਨ ਉਨ੍ਹਾਂ ਦੇ ਬਾਰੇ ਡਿਸਕਸ਼ਨ ਮੁੜ ਕੇ ਕੀਤੀ ਜਾਵੇਗੀ ਔਰ ਉਹ ਅਨਾਊਂਸਮੈਂਟ ਮੁੜ ਕੇ ਵਿਧਾਨ ਸਭਾ ਵਿੱਚ ਉਨ੍ਹਾਂ ਦੀ ਰੈਕਟੀਫਿਕੇਸ਼ਨ ਹੋਵੇਗੀ ।

ਸ਼੍ਰੀ ਸਪੀਕਰ : ਉਹ ਦੂਸਰੀ ਮੀਟਿੰਗ ਵਿੱਚ ਹੋਏਗਾ ।

ਸ਼੍ਰੀਮਤੀ ਵਿਮਲਾ ਡਾਂਗ : ਕੋਈ ਕਲੈਰੀਫਿਕੇਸ਼ਨ ਜਿਹੜੇ ਕਰਦੇ ਹੋ......

ਸ਼੍ਰੀ ਸਪੀਕਰ : ਨੋ ਮਿਊਚੂਅਲ ਡਿਸਕਸ਼ਨ ਪਲੀਜ਼ । ਕਈ ਮੇਨ ਇੰਪਾਰਟੈਂਟ ਆਈਟਮਜ਼ ਹਨ ਉਨ੍ਹਾਂ ਤੇ ਬਿਜ਼ਨਸ ਐਡਵਾਈਜ਼ਰੀ ਕਮੇਟੀ ਦੀ ਅਗਲੀ ਮੀਟਿੰਗ ਵਿੱਚ ਵਿਚਾਰ ਹੋਵੇਗੀ । ਉਨ੍ਹਾਂ ਵਿੱਚ ਇਨ੍ਹਾਂ ਚੀਜ਼ਾਂ ਦਾ ਫੈਸਲਾ ਹੋਵੇਗਾ ।

Mr. Speaker: Question is—

That this House agrees with the recommendations contained in the First Report of the Business Advisory Committee.

The motion was carried unanimously.

ਸ਼੍ਰੀ ਸਪੀਕਰ : ਹੁਣ ਧਿਆਨ ਦਿਵਾਊ ਨੋਟਿਸ ਲਏ ਜਾਣਗੇ ।

ਸ਼੍ਰੀਮਤੀ ਵਿਮਲਾ ਡਾਂਗ : ਮੇਰੀ ਪ੍ਰਿਵਿਲੇਜ ਮੋਸ਼ਨ ਹੈ । I want to raise my point of order.

ਸ਼੍ਰੀ ਸਪੀਕਰ : ਕਾਲ ਅਟੈਨਸ਼ਨਜ਼ ਤੋਂ ਬਾਅਦ ਤੁਹਾਡਾ ਪੁਆਇੰਟ ਆਫ਼ ਆਰਡਰ ਲੈ ਲਿਆ ਜਾਵੇਗਾ ।

CALL ATTENTION NOTICES UNDER RULE 66

(ਕ੍ਰਮ ਨੰ:1)

ਕਾਮਰੇਡ ਹਰਦੇਵ ਸਿੰਘ ਅਰਸ਼ੀ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ, ਕਿ ਪਿਛਲੇ ਸਾਲ ਦੇ ਮੁਕਾਬਲੇ ਤੇ ਨਰਮੇ ਦੀਆਂ ਕੀਮਤਾਂ ਘੱਟੋ-ਘੱਟ 500 ਰੁਪਏ ਪ੍ਰਤੀ ਕੁਇੰਟਲ ਤੋਂ ਵੀ ਵੱਧ ਥੱਲੇ ਡਿੱਗ ਗਈਆਂ । ਸਰਕਾਰੀ ਏਜੰਸੀਆਂ ਮੰਡੀ ਵਿਚ ਮੁਕਾਬਲੇ ਦੀ ਖਰੀਦ ਕਰਕੇ ਨਰਮਾ ਉਤਪਾਦਕਾਂ ਨੂੰ ਲਾਭਕਾਰੀ ਭਾਅ ਦਿਵਾਉਣ ਵਿਚ ਅਸਫਲ ਰਹੀਆਂ ਹਨ । ਜਿਸ ਦੇ ਸਿੱਟੇ ਵਜੋਂ ਨਰਮਾਂ ਉਤਪਾਦਕਾਂ ਵਿਚ ਔਰ ਪ੍ਰੇਸ਼ਾਨੀ ਤੇ ਨਿਰਾਸ਼ਤਾ ਪਾਈ ਜਾ ਰਹੀ ਹੈ । ਸਰਕਾਰ ਨਰਮਾ ਉਤਪਾਦਕਾਂ ਦੇ ਹਿੱਤਾਂ ਲਈ ਤੁਰੰਤ ਕੀ ਕਦਮ ਪੁਟ ਰਹੀ ਹੈ, ਇਸ ਸਬੰਧੀ ਕਿਰਪਾ ਕਰਕੇ ਸੰਬੰਧਿਤ ਮੰਤਰੀ ਜੀ ਹਾਊਸ ਨੂੰ ਜਾਣੂ ਕਰਵਾਉਣ ।

ਖੇਤੀ ਬਾੜੀ ਅਤੇ ਵਣ ਮੰਤਰੀ (ਸਰਦਾਰ ਦਿਲਬਾਗ ਸਿੰਘ ਨਵਾਂ ਸ਼ਹਿਰ) : ਸਪੀਕਰ ਸਾਹਿਬ, ਇਹ ਠੀਕ ਹੈ ਕਿ ਪਿਛਲੇ ਸਾਲ ਨਾਲੋਂ ਇਸ ਦਫਾ ਨਰਮੇ ਦੀਆਂ ਕੀਮਤਾਂ ਘੱਟ ਹਨ । ਇਸਦਾ ਕਾਰਨ ਇਹ ਕਿ ਇੰਟਰਨੈਸ਼ਨਲ ਮਾਰਕੀਟ ਅੱਗੇ ਨਾਲੋਂ ਬਹੁਤ ਥੱਲੇ ਆ ਗਈ ਹੈ ; ਮਹਾਂਰਾਸ਼ਟਰ, ਗੁਜਰਾਤ ਅਤੇ ਮੱਧਪ੍ਰਦੇਸ਼ ਵਿੱਚ ਇਸ ਵਾਰੀ ਬਹੁਤ ਅੱਛੀ ਫ਼ਸਲ ਹੋਈ ਹੈ । ਲੇਕਿਨ ਪੰਜਾਬ ਸਰਕਾਰ ਬਹੁਤ ਯਤਨ ਕਰ ਰਹੀ ਹੈ ਕਿ ਜਿਹੜੀ ਸੈਂਟਰ ਦੀ ਸਰਕਾਰ ਨੇ ਨਰਮੇ ਦੀ ਸਪੋਰਟ ਪ੍ਰਾਈਸ 800 ਰੁਪਏ ਪ੍ਰਤੀ ਕੁਇੰਟਲ ਮਿਥੀ ਹੈ, ਉਸ ਤੋਂ ਘੱਟ ਪ੍ਰਾਈਸ ਨਾ ਦਿੱਤੀ ਜਾਵੇ । ਇਸ ਤਰ੍ਹਾਂ ਹੋਰ ਵੀ ਕੋਸ਼ਿਸ਼ਾਂ ਜਾਰੀ ਹਨ ਕਿ ਸਾਨੂੰ ਇਸ ਤੋਂ ਵੀ ਵੱਧ ਪ੍ਰਾਈਸ ਮਿਲੇ । ਇਸ ਦੇ ਵਾਸਤੇ ਪਹਿਲਾਂ 20 ਹਜ਼ਾਰ ਗੰਢਾਂ ਐਕਸਪੋਰਟ ਕੀਤੀਆਂ ਗਈਆਂ ਸਨ । ਉਸ ਤੋਂ ਬਾਅਦ ਸਰਦਾਰ ਬੇਅੰਤ ਸਿੰਘ ਜੀ ਨੇ ਸੈਂਟਰ ਦੀ ਸਰਕਾਰ ਨੂੰ ਕਿਹਾ ਅਤੇ ਉਨ੍ਹਾਂ ਨੇ 10 ਹਜ਼ਾਰ ਹੋਰ ਗੰਢਾਂ ਐਕਸਪੋਰਟ ਕਰਨ ਦੀ ਪ੍ਰਵਾਨਗੀ ਦਿੱਤੀ ਹੈ । ਇਸ ਨਾਲ ਸਾਡੀਆਂ ਪ੍ਰਾਈਸਿਜ਼ ਹੋਰ ਵੀ ਵਧਣਗੀਆਂ । ਮੈਂ ਸਮਝਦਾ ਹਾਂ ਕਿ ਜਿਹੜੀ 800 ਰੁਪਏ ਦੀ ਸਪੋਰਟ ਪ੍ਰਾਈਸ ਹੈ ਨਰਮਾ ਉਸ ਨਾਲੋਂ ਜ਼ਿਆਦਾ ਵਿਕ

ਰਿਹਾ ਹੈ । ਇਹ ਕੋਈ 1,050 ਰੁਪਏ ਤੋਂ 1,100 ਰੁਪਏ ਤੱਕ ਵਿਕ ਰਿਹਾ ਹੈ । ਅਰਸ਼ੀ ਸਾਹਿਬ ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ ਕਿ ਜਦੋਂ ਪੰਜਾਬ ਵਿੱਚ ਜਨਤਾ ਸਰਕਾਰ ਬਣੀ ਸੀ ਤਾਂ ਤੁਸੀਂ ਵੀ ਨਾਲ ਸੀ । ਉਸ ਵੇਲੇ ਨਰਮੇ ਦਾ ਭਾਅ ਕੇਵਲ 260 ਰੁਪਏ ਪ੍ਰਤੀ ਕੁਇੰਟਲ ਸੀ । ਉਸ ਵੇਲੇ ਇਹ ਕਿਹਾ ਜਾਂਦਾ ਸੀ ਕਿ "ਉਪਰ ਜੱਟ ਥੱਲੇ ਜੱਟ, ਨਰਮਾ ਵਿਕੇ 260" । "ਹੁਣ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਸਮੇਂ ਨਰਮਾ ਵਿਕੇ 1060 ।"

ਕਾਮਰੇਡ ਹਰਦੇਵ ਸਿੰਘ ਅਰਸ਼ੀ :—ਸਪੀਕਰ ਸਾਹਿਬ, ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇੰਟਰਨੈਸ਼ਨਲ ਮਾਰਕੀਟ ਵਿੱਚ ਨਰਮੇ ਦੀ ਕੀਮਤ ਘੱਟ ਗਈ ਹੈ । ਪ੍ਰੰਤੂ ਇਹ ਸਰਕਾਰ ਦੀ ਆਪਣੀ ਜ਼ਿੰਮੇਂਵਾਰੀ ਬਣਦੀ ਹੈ ਕਿ ਉਹ ਕਪਾਹ ਉਤਪਾਦਕਾਂ ਨੂੰ ਘੱਟੋ ਘੱਟ ਲਾਭਕਾਰੀ ਭਾਅ ਦੇ ਕੇ ਉਤਪਾਦਕਾਂ ਦੇ ਹਿੱਤਾਂ ਦੀ ਗਰੰਟੀ ਕਰੇ । ਬਹੁਤ ਸਾਰੀ ਕਪਾਹ ਤਾਂ ਮੰਡੀਆਂ ਵਿਚ ਆ ਚੁੱਕੀ ਹੈ ਪ੍ਰੰਤੂ ਅਜੇ ਵੀ ਲੱਖਾਂ ਗੰਢਾਂ ਕਪਾਹ ਮੰਡੀਆਂ ਵਿੱਚ ਆਉਣ ਵਾਲੀ ਹੈ । ਜਨਤਾ ਸਰਕਾਰ ਵੇਲੇ ਸਾਡਾ ਉਸ ਨਾਲ ਕੋਈ ਲੱਲਾਂ ਖੱਖਾ ਨਹੀਂ ਸੀ । ਅਸੀਂ ਤਾਂ ਉਸ ਵੇਲੇ ਵੀ ਐਜੀਟੇਸ਼ਨਾਂ ਕਰਦੇ ਹੁੰਦੇ ਸੀ । ਮੈਂ ਵਜ਼ੀਰ ਸਾਹਿਬ ਨੂੰ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੀ ਘੱਟੋ ਘੱਟ ਪ੍ਰਾਈਸ ਸਰਕਾਰ ਵੱਲੋਂ ਫਿਕਸ ਕੀਤੀ ਗਈ ਹੈ, ਭਾਵੇਂ ਮਾਰਕੀਟ ਵਿੱਚ ਕਿਸਾਨ ਨੂੰ ਉਸ ਨਾਲੋਂ ਕੁਝ ਵੱਧ ਭਾਅ ਮਿਲ ਰਿਹਾ ਹੈ ਪ੍ਰੰਤੂ ਫਿਰ ਵੀ ਕਿਸਾਨਾਂ ਵਿਚ ਨਿਰਾਸ਼ਤਾ ਪਾਈ ਜਾ ਰਹੀ ਹੈ ਕਿਉਂਕਿ ਇਸ ਸਾਲ ਫ਼ਸਲ ਬਹੁਤ ਹੋਈ ਹੈ । ਸਰਕਾਰੀ ਏਜੰਸੀਆਂ ਨੂੰ ਜਿਵੇਂ ਸੀ.ਸੀ.ਆਈ. ਹੈ ਜਾਂ ਪੰਜਾਬ ਦੀ ਮਾਰਕਫੈਡ ਹੈ, ਉਨ੍ਹਾਂ ਨੂੰ ਮੰਡੀਆਂ ਵਿੱਚ ਖੁੱਲ ਕੇ ਆਉਣਾ ਚਾਹੀਦਾ ਹੈ ਤਾਂ ਜੋ ਕੰਪੀਟੀਸ਼ਨ ਹੋ ਸਕੇ । ਪ੍ਰੰਤੂ ਸਰਕਾਰ ਇਸ ਤਰ੍ਹਾਂ ਕਰਨ ਵਿੱਚ ਪੂਰੀ ਤਰ੍ਹਾਂ ਫੇਲ੍ਹ ਰਹੀ ਹੈ । ਮੈਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਭਾਵੇਂ ਬਹੁਤ ਸਾਰੀ ਕਪਾਹ ਮਾਰਕਿਟ ਵਿਚ ਆ ਚੁੱਕੀ ਹੈ ਪਰ ਫਿਰ ਵੀ ਲੱਖਾਂ ਗੰਢਾਂ ਅਜੇ ਆਉਣ ਵਾਲੀ ਹੈ । ਜਿਹੜੀ ਆਉਣ ਵਾਲੀ ਕਪਾਹ ਹੈ, ਉਸ ਨੂੰ ਲਾਭਕਾਰੀ ਭਾਅ ਤੇ ਖਰੀਦਣ ਲਈ ਸਰਕਾਰ ਕੋਈ ਕਦਮ ਉਠਾਏਗੀ ਤਾਂ ਜੋ ਕਿਸਾਨਾਂ ਵਿਚ ਨਿਰਾਸਤਾ ਨਾ ਵਧੇ ।

ਮੰਤਰੀ : ਮੈਂ ਪਹਿਲਾਂ ਹੀ ਦੱਸ ਚੁੱਕਿਆ ਹਾਂ ਕਿ ਪਹਿਲਾਂ 20 ਹਜ਼ਾਰ ਗੰਢਾਂ ਐਕਸਪੋਰਟ ਕੀਤੀਆਂ ਸਨ ਅਤੇ ਹੁਣ 10 ਹਜ਼ਾਰ ਗੰਢਾਂ ਹੋਰ ਐਕਸਪੋਰਟ ਕਰਨ ਦੀ ਇਜਾਜ਼ਤ ਮਿਲੀ ਹੈ । ਇਸ ਤਰ੍ਹਾਂ ਕੀਮਤਾਂ ਹੋਰ ਅੱਗੇ ਜਾਣਗੀਆਂ । ਪਰ ਜੇ ਕੋਈ ਅੱਗਿਉਂ ਮਾਲ ਨਾ ਚੁੱਕੇ । ਜਿਹੜੀ ਸਾਡੇ ਖਪਤ ਹੁੰਦੀ ਹੈ ਉਹ ਇਕ ਸੌ ਪੰਦਰਾਂ ਲੱਖ ਹੈ ਅਤੇ ਜਿਹੜੀ ਪੈਦਾਵਾਰ ਪਿਛਲੇ ਸਾਲ ਹੋਈ ਸੀ ਉਹ ਇਕ ਸੌ ਤੀਹ ਲੱਖ ਗੰਢਾਂ ਸੀ । ਚੰਗੀ ਫ਼ਸਲ ਹੋਣ ਦੇ ਨਾਲ ਇੰਟਰਨੈਸ਼ਨਲ ਮਾਰਕਿਟ ਵਿੱਚ ਭਾਅ ਥੱਲੇ ਆ ਗਏ ਹਨ ।

ਪਿਛਲਾ ਸਟਾਕ ਜ਼ਿਆਦਾ ਹੋਣ ਕਰਕੇ ਇੰਟਰਨੈਸ਼ਨਲ ਮਾਰਕੀਟ ਥੱਲੇ ਰਹੀ ਹੈ, ਇਸ ਦਾ ਭਾਅ ਘੱਟ ਰਿਹਾ ਹੈ, ਲੇਕਿਨ ਐਕਸਪੋਰਟ ਕੁਆਲਟੀ ਦੇ ਨਰਮੇ ਦਾ ਭਾਅ ਇਸ ਤਰ੍ਹਾਂ ਨਹੀਂ ਗਿਰਿਆ ਹੋਇਆ । ਸਾਰੀਆਂ ਏਜੰਸੀਆਂ ਪੰਜਾਬ ਐਂਰ ਸੈਂਟਰ ਦੀਆਂ ਨੇ ਵੱਧ ਤੋਂ ਵੱਧ ਖਰੀਦ ਕਰਕੇ ਐਸਾ ਨਹੀਂ ਹੋਣਾ ਦਿਤਾ । ਤੁਹਾਡੇ ਵੇਲੇ ਦੇ ਜਨਤਾ ਰਾਜ ਨੂੰ ਕਿਹੜਾ ਨਹੀਂ ਜਾਣਦਾ ।

ਸ਼੍ਰੀ ਸਪੀਕਰ : ਕਾਲ ਅਟੈਨਸ਼ਨ ਨੋਟਿਸ ਸ਼੍ਰੀਮਤੀ ਵਿਮਲਾ ਡਾਂਗ ਜੀ ।

ਸ਼੍ਰੀਮਤੀ ਵਿਮਲਾ ਡਾਂਗ : ਸਪੀਕਰ ਸਾਹਿਬ, ਪਹਿਲਾਂ ਮੇਰਾ ਪੁਆਇੰਟ ਆਫ਼ ਆਰਡਰ ਸਵੀਕਾਰ ਕਰਕੇ ਮੈਨੂੰ ਇਜਾਜ਼ਤ ਦੇਣੀ ਚਾਹੀਦੀ ਹੈ ।

ਸ਼੍ਰੀ ਸਪੀਕਰ : ਸ਼੍ਰੀਮਤੀ ਵਿਮਲਾ ਡਾਂਗ ਜੀ ਪਹਿਲਾਂ ਤੁਸੀਂ ਆਪਣੀ ਕਾਲ ਅਟੈਨਸ਼ਨ ਨੋਟਿਸ ਪੜ੍ਹੋ ।

ਸ਼੍ਰੀਮਤੀ ਵਿਮਲਾ ਡਾਂਗ : ਮੈਂ ਹੁਣ ਕਾਲ ਅਟੈਨਸ਼ਨ ਨੋਟਿਸ ਅੰਗਰੇਜ਼ੀ ਵਿੱਚ ਪੜ੍ਹਦੀ ਹਾਂ, ਮੈਨੂੰ ਪੰਜਾਬੀ ਵਿੱਚ ਇਸਦਾ ਤਰਜ਼ਮਾ ਪ੍ਰਾਪਤ ਨਹੀਂ ਹੋਇਆ ।

(*Serial No. 3*)

Shrimati Vimla Dang
Comrade Hardev Singh Arshi : Sir. I beg to draw the attention of the Government towards a matter of urgent public importance, namely that there is serious discontentment among the Christian Community because the culprits responsible for attack on the convent at Amloh (Fatehgarh district) towards theend of January resulting in serious injuries to two Nuns ransacking of rooms and damage to Holy sentiment have not been apprehended. Christian community has been agitating and is now planning directaction. In view of the obvious importance of the matter the Minister concerned may please make a statement in the House.

Chief Minister (Sardar Beant Singh) : I expres my deep concern over the recent attacks on churches by miscreants and I assure the House that Government will not spare any efforts to bring them to book. I reiterate here that it is my Government's firm resolve to maintain the secular ethos at all costs and the interest of the minorities shall be safeguarded.

I met members of the Christian Community including the Bishop of Chandigarh. Representations have been received from the Christian Community and their Organisations, which are being looked in to expeditiously and the action against the culprits will be taken vigorously. An F.I.R. No. 4, dated 2nd Jan. 1993 under Sections 458/380/148 IPC has been registered at Police Station, Amloh. I have deputed the Additional Director General of Police (Security) Punjab, to make further enquiry into the incident to expedite action on the F.I.R. so that the culprits are apprehended without any delay.

I assure to this august House that no acton will be spared and culprits, how soever high and mighty they may be shall be brought to book to provide a sense of security to all the citizens of the State.

ਸ਼੍ਰੀਮਤੀ ਵਿਮਲਾ ਡਾਂਗ: ਮੈਂ ਸਤਿਕਾਰਯੋਗ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਦੀ ਹਾਂ ਜਿਹੜਾ ਉਨ੍ਹਾਂ ਨੇ ਉੱਤਰ ਦਿਤਾ ਹੈ । ਪਰ ਮੈਂ ਬੇਨਤੀ ਕਰਨੀ ਚਾਹੁੰਦੀ ਹਾਂ ਕਿ ਪਹਿਲਾਂ ਅਜਨਾਲਾ ਵਿੱਚ, ਫਿਰ ਫਤਿਹਗੜ੍ਹ ਸਾਹਿਬ ਵਿੱਚ ਅਤੇ ਫਿਰ ਰਾਜਪੁਰਾ ਵਿਚ ਬਾਰ ਬਾਰ

ਕ੍ਰਿਸਚਿਨ ਕਮਿਊਨਿਟੀ ਤੇ ਹਮਲੇ ਹੋਏ ਔਰ ਇਸ ਦੇ ਨਾਲ ਉਨ੍ਹਾਂ ਵਿਚ ਬਹੁਤ ਜ਼ਿਆਦਾ ਅਸੰਤੁਸ਼ਟਤਾ ਹੈ। ਪੰਜਾਬ ਵਿੱਚ ਜਿਹੜੀਆਂ ਸ਼ਕਤੀਆਂ ਅਮਨ ਨਹੀਂ ਚਾਹੁੰਦੀਆਂ ਔਰ ਫਿਰਕੂ ਪਾੜਾ ਵਧਾਉਣਾ ਚਾਹੁੰਦੀਆਂ ਹਨ, ਸਰਕਾਰ ਨੂੰ ਉਨ੍ਹਾਂ ਦੇ ਖ਼ਿਲਾਫ਼ ਤੁਰੰਤ ਐਕਸ਼ਨ ਲੈਣਾ ਚਾਹੀਦਾ ਹੈ ਔਰ ਡੀਲੇਅ ਨਹੀਂ ਕਰਨੀ ਚਾਹੀਦੀ। ਕੀ ਇਹ ਹਕੀਕਤ ਨਹੀਂ ਕਿ ਇੱਕ ਕਾਂਗਰਸੀ ਲੀਡਰ ਦਾ ਲੜਕਾ ਵੀ ਇਸ ਸਬੰਧੀ ਗ੍ਰਿਫ਼ਤਾਰ ਹੋਇਆ ਹੈ ?

ਮੁੱਖ ਮੰਤਰੀ: ਸਪੀਕਰ ਸਾਹਿਬ, ਜਿਥੋਂ ਤੱਕ ਇਨ੍ਹਾਂ ਦੀ ਇਸ ਗੱਲ ਦਾ ਤਾਲੁਕ ਹੈ ਕਿ ਪੰਜਾਬ ਵਿੱਚ ਕੁਝ ਅਜਿਹੀਆਂ ਸ਼ਕਤੀਆਂ ਕੰਮ ਕਰ ਰਹੀਆਂ ਹਨ ਜੋ ਪੰਜਾਬ ਵਿੱਚ ਪੀਸ ਨੂੰ ਡਿਸਟਰਬ ਕਰਨਾ ਚਾਹੁੰਦੀਆਂ ਹਨ, ਇਸ ਤੋਂ ਇਨਕਾਰ ਨਹੀਂ ਹੈ, ਲੇਕਿਨ ਮੈਂ ਕਹਿੰਦਾ ਹਾਂ ਕਿ ਅਸੀਂ ਪਹਿਲਾਂ ਵੀ ਇਸ ਚੀਜ਼ ਦੀ ਇਜ਼ਾਜ਼ਤ ਨਹੀਂ ਦਿਤੀ ਅਤੇ ਅੱਗੇ ਨੂੰਵੀ ਇਸ ਦੀ ਬਿਲਕੁਲ ਇਜਾਜ਼ਤ ਨਹੀਂ ਦੇਵਾਂਗੇ (ਥੰਪਿੰਗ)। ਲੇਕਿਨ ਸਾਡੇ ਐਡੀਸ਼ਨਲ ਡੀ. ਜੀ. ਪੀ (ਸਿਕਿਉਰਿਟੀ) ਮੌਕੇ ਤੇ ਗਏ ਹਨ ਔਰ ਉਥੋਂ ਇਹ ਵੀ ਮਲੂਮ ਹੋਇਆ ਹੈ ਕਿ ਕੁਝ ਗੁੰਡਾ ਅਨਸਰ ਬਾਹਰ ਤੋਂ ਆਏ ਹਨ ਕਿਉਂ-ਕਿ ਰਾਜਪੁਰੇ ਵਿੱਚ ਤਾਂ ਚਰਚ ਦੇ ਮਜ਼ਦੂਰ ਸੁੱਤੇ ਪਏ ਸਨ ਅਤੇ ਉਨ੍ਹਾਂ ਤੋਂ ਘੜੀਆਂ ਖੋਹ ਲਈਆਂ, ਪੈਸੇ ਵੀ ਖ਼ੋਹ ਲਏ ਗਏ। ਪਰ ਜੋ ਉਥੇ ਬਿਲਡਿੰਗ ਸੀ ਜਾਂ ਸੇਕਰੇਡ ਚੀਜ਼ਾਂ ਸਨ, ਉਨ੍ਹਾਂ ਨੂੰ ਛੇੜਿਆ ਨਹੀਂ ਗਿਆ ਅਤੇ ਉਥੇ ਹੀ ਸਫੈਦੇ ਦੇ ਦਰੱਖਤ ਦੇ ਡੰਡੇ ਵੱਢ ਕੇ ਮਜ਼ਦੂਰਾਂ ਨੂੰ ਕੁੱਟਿਆ ਅਤੇ ਮੈਂ ਸਮਝਦਾ ਹਾਂ ਕਿ ਇਹ ਗੁੰਡਾ ਅਨਸਰ ਹੀ ਹਨ। ਅਸੀਂ ਇਸ ਬਾਰੇ ਇਨਕੁਆਰੀ ਕੀਤੀ ਹੈ। ਤਕਰੀਬਨ 50-60 ਬੰਦੇ ਇਨਟੈਰੋਗੇਟ ਵੀ ਕੀਤੇ ਹਨ। ਮੈਂ ਮਾਨਯੋਗ ਅਤੇ ਏਬਲ ਮੈਂਬਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਸਾਡੀ ਕਾਂਗਰਸ ਪਾਰਟੀ ਦਾ ਜੋ ਸ਼ੱਕ ਸੀ ਕਿ ਉਹ ਲੜਕਾ ਉਸ ਵਿਚ ਇਨਵਾਲਵਡ ਹੈ, ਉਸ ਲੜਕੇ ਨੂੰ ਇਨਟੈਰੋਗੇਟ ਕੀਤਾ ਗਿਆ ਹੈ ਪਰ ਉਹ ਗੱਲ ਗਲਤ ਪਾਈ ਗਈ ਹੈ। ਮੈਂ ਕਹਿੰਦਾ ਹਾਂ ਕਿ ਚਾਹੇ ਕਾਂਗਰਸ ਪਾਰਟੀ ਹੋਵੇ, ਚਾਹੇ ਅਕਾਲੀ ਪਾਰਟੀ ਹੋਵੇ, ਕੋਈ ਵੀ ਪਾਰਟੀ ਹੋਵੇ ਜਿਹੜੀ ਸ਼ਾਰਪ ਕਰਦੀ ਹੈ, ਉਸ ਨੂੰ ਸਰਕਾਰ ਸਪੇਅਰ ਨਹੀਂ ਕਰੇਗੀ।

ਕਾਮਰੇਡ ਹਰਦੇਵ ਸਿੰਘ ਅਰਸ਼ੀ: ਸਪੀਕਰ ਸਾਹਿਬ, ਮੈਨੂੰ ਇਸ ਗੱਲ ਦੀ ਤਸੱਲੀ ਹੈ ਕਿ ਗੌਰਮਿੰਟ ਇਸ ਨੂੰ ਗੰਭੀਰਤਾ ਨਾਲ ਲੈ ਰਹੀ ਹੈ ਔਰ ਇਹ ਗੱਲ ਵੀ ਪ੍ਰਵਾਨ ਕੀਤੀ ਹੈ ਕਿ ਲਗਾਤਾਰ ਹਮਲੇ ਹੋ ਰਹੇ ਹਨ। ਲੇਕਿਨ ਇਕੱਲੇ ਇਸ ਵਿਚ ਸਮਾਜ ਵਿਰੋਧੀ ਅਨਸਰ ਨਹੀਂ ਹੋ ਸਕਦੇ। ਕੁਦਰਤੀ ਤੌਰ ਤੇ ਸ਼ੱਕ ਉਨ੍ਹਾਂ ਫੋਰਸਿਜ਼ ਤੇ ਵੀ ਜਾਂਦਾ ਹੈ ਜਿਹੜੀਆਂ ਦੇਸ਼ ਦੀ, ਮੁਲਕ ਦੀ ਪੀਸ ਨਹੀਂ ਚਾਹੁੰਦੀਆਂ। ਕੀ ਮੁੱਖ ਮੰਤਰੀ ਜੀ ਇਸ ਗੱਲ ਦਾ ਭਰੋਸਾ ਦਿਵਾਉਂਦੇ ਹਨ ਕਿ ਉਚ ਪੱਧਰੀ ਜਾਂਚ ਕਰਕੇ ਸਾਰੇ ਤੱਥ ਪੰਜਾਬ ਦੇ ਲੋਕਾਂ ਦੇ ਸਾਹਮਣੇ ਲਿਆਂਦੇ ਜਾਣਗੇ ਔਰ ਦੂਸਰਾ, ਕੋਈ ਇਹੋ ਜਿਹੀ ਕਾਰਵਾਈ ਫੌਰੀ ਤੌਰ ਤੇ ਕਰਨਗੇ ਜਿਸ ਨਾਲ ਪਿਛਲੀਆਂ ਘਟਨਾਵਾਂ ਦੇ ਦੋਸ਼ੀ ਸਾਹਮਣੇ ਆਉਣ ਅਤੇ ਭਵਿਖ ਵਿਚ ਅਜਿਹੀ ਘਟਨਾ ਨਾ ਵਾਪਰੇ ਅਜਿਹੇ ਕਦਮ ਚੁੱਕ ਰਹੇ ਹਨ ?

ਮੁੱਖ ਮੰਤਰੀ: ਮੈਂ ਇਸ ਗੱਲ ਨਾਲ ਸਹਿਮਤ ਹਾਂ ਕਿ ਜਿਵੇਂ ਅਰਸ਼ੀ ਜੀ ਨੇ ਕਿਹਾ ਹੈ ਕਿ ਇਨਕੁਆਇਰੀ ਕਰਵਾਈਏ ਕਿ ਕੋਈ ਅਜਿਹੀਆਂ ਫੋਰਸਿਜ਼ ਤਾਂ ਨਹੀਂ ਜਿਸ ਨਾਲ ਦੁਬਾਰਾ ਪੰਜਾਬ ਦੀ ਸ਼ਾਂਤੀ ਭੰਗ ਹੋਵੇ। ਮੈਂ ਦੱਸਣਾ ਚਾਹੁੰਦਾ ਹਾਂ ਕਿ ਇਨਕੁਆਇਰੀ ਹੋ

[ਮੁੱਖ ਮੰਤਰੀ]

ਰਹੀ ਹੈ ਅਤੇ ਵਿਸ਼ਵਾਸ ਦਿਵਾਉਂਦਾ ਹਾਂ ਕਿ ਅਸੀਂ ਜਲਦੀ ਹੀ ਦੱਸ ਸਕਾਂਗੇ ਕਿ ਫੋਰਸਿਜ਼ ਕੌਣ ਹਨ । ਦੂਸਰੀ ਗੱਲ ਜੋ ਆਖੀ ਹੈ, ਚਰਚਿਜ਼ ਨੂੰ ਸੇਫ ਕਰਨ ਵਾਸਤੇ, ਅਸੀਂ ਗਾਰਡ ਲਾਏ ਹਨ ਅਤੇ ਸਿਕਿਉਰਟੀ ਫੋਰਸ ਨੂੰ ਵੀ ਚੌਕਸ ਕੀਤਾ ਹੈ ਔਰ ਉਥੇ ਬਕਾਇਦਾ ਤੌਰ ਤੇ ਸਿਕਿਉਰਟੀ ਲਾਈ ਹੈ ਅਤੇ ਮੈਂ ਯਕੀਨ ਦਿਵਾਉਂਦਾ ਹਾਂ ਕਿ ਇਸ ਨੂੰ ਰੋਕਣ ਵਾਸਤੇ ਫਰਦਰ ਡਿਸਕਸ਼ਨ ਹੋ ਰਹੀ ਹੈ ।

ਸ਼੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ** ** **

Mr. Speaker: It will not form part of the record. I have not allowed it. This is no Point of Order (Interruption). This should not form part of the record.

WALK-OUT (S)

ਸ਼੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਸਪੀਕਰ ਸਾਹਿਬ, ਇਹ ਤਾਂ ਬਹੁਤ ਅਹਿਮ ਮਸਲਾ ਹੈ । ਮੈਂ ਇਸ ਗੱਲ ਦੇ ਲਈ ਵਾਕ ਆਊਟ ਕਰਦਾ ਹਾਂ ।

(ਇਸ ਵਕਤ ਮਾਨਯੋਗ ਮੈਂਬਰ, ਸ਼੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ, ਸਦਨ ਵਿੱਚੋਂ ਵਾਕ ਆਊਟ ਕਰ ਗਏ।)

ਸ਼੍ਰੀਮਤੀ ਵਿਮਲਾ ਡਾਂਗ : ਮੈਂ ਇਸ ਮਸਲੇ ਦੇ ਬਾਰੇ ਕਹਿਣਾ ਚਾਹੁੰਦੀ ਹਾਂ ਕਿ ਇਸ ਦੀ ਜੁਡੀਸ਼ੀਅਲ ਇਨਕੁਆਇਰੀ ਜ਼ਰੂਰ ਕਰਵਾਉਣੀ ਚਾਹੀਦੀ ਹੈ । (ਵਿਘਨ) ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਮੈਂ ਰੂਲਜ਼ ਦੇ ਮੁਤਾਬਕ ਇਕ ਪ੍ਰਿਵਿਲੇਜ ਮੋਸ਼ਨ ਦਿੱਤੀ ਸੀ । ਸਾਧਾਰਨ ਜਨਤਾ ਦਾ ਜਿਹੜਾ ਆਦਮੀ ਹੈ ਉਸ ਨੂੰ ਵੀ ਵਿਧਾਨ ਦੇ ਹੇਠਾਂ ਕੁਝ ਅਧਿਕਾਰ ਹਨ ਪਰ ਮੈਨੂੰ ਇਸ ਗੱਲ ਦਾ ਅਫਸੋਸ ਹੈ ਕਿ ਇਕ ਐਮ. ਐਲ. ਏ. ਕਿਸੇ ਮਨਿਸਟਰ ਸਾਹਿਬ ਨੂੰ ਚਿਠੀਆਂ ਲਿਖ ਔਰ ਉਨ੍ਹਾਂ ਦਾ ਉਹ ਜਵਾਬ ਹੀ ਨਾ ਦੇਣ । ਮੈਂ ਸਰਦਾਰ ਹਰਬੰਸ ਸਿੰਘ ਸਿੱਧੂ ਜੋ ਐਨੀਮਲ ਹਸਬੈਂਡਰੀ ਦੇ ਰਾਜ ਮੰਤਰੀ ਹਨ, ਉਨ੍ਹਾਂ ਨੂੰ ਕਈ ਚਿੱਠੀਆਂ ਲਿਖੀਆਂ ਹਨ ਪਰ ਉਨ੍ਹਾਂ ਵਲੋਂ ਕੋਈ ਜਵਾਬ ਨਹੀਂ ਆਇਆ ।

Mr. Speaker : Mrs Vimla Dang. (Interruption). Mrs. Dang, please look to me also. I have not allowed your Privilege Motion. ਮਿਸਿਜ਼ ਡਾਂਗ, ਮੈਂ ਉਹ ਪ੍ਰਿਵਿਲੇਜ ਮੋਸ਼ਨ ਡਿਸਅਲਾਓ ਕਰ ਦਿੱਤੀ ਹੈ । If you want to know the reasons, you can come to my Chamber. We can discuss it there. (interruption) It is not to be moved. I have not allowed it, please listen to me. ਲੇਕਿਨ ਮੈਂ ਫਿਰ ਵੀ ਉਹ ਮੋਸ਼ਨ ਮੰਤਰੀ ਮਹੋਦਯ ਸਰਦਾਰ ਹਰਬੰਸ ਸਿੰਘ ਜੀ ਸਿੱਧੂ ਨੂੰ ਭੇਜ ਦਿੱਤੀ ਹੈ ਔਰ ਮੈਂ ਚੀਫ ਮਨਿਸਟਰ ਸਾਹਿਬ ਨਾਲ ਵੀ ਗੱਲ ਕਰ ਰਿਹਾ ਹਾਂ ਕਿ ਤੁਹਾਡੀਆਂ ਜਿਹੜੀਆਂ ਚਿੱਠੀਆਂ ਹਨ ਉਨ੍ਹਾਂ ਦਾ ਜਵਾਬ ਮਨਿਸਟਰ ਸਾਹਿਬ ਵਲੋਂ ਠੀਕ ਤੌਰ ਤੇ ਆਵੇ ।

**Not recorded as ordered by the Chair.

श्रीमति लक्ष्मी कांता चावला ** ** **

Mr. Speaker: This is no Point of Order. I have not allowed it. Please resume your seat.

श्रीमति लक्ष्मी कांता चावला: ** ** **

Mr. Speaker: This is no Point of Order. This is not going to form part of the record. I have disallowed it. Please resume your seat.

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ: ਇਸ ਤੇ ਅਸੀਂ ਵਾਕ ਆਊਟ ਕਰਦੇ ਹਾਂ।
(ਇਸ ਸਮੇਂ ਭਾਰਤੀ ਜਨਤਾ ਪਾਰਟੀ ਦੇ ਸਾਰੇ ਹਾਜ਼ਰ ਮਾਨਯੋਗ ਮੈਂਬਰ ਸਾਹਿਬਾਨ ਵਾਕ ਆਊਟ ਕਰ ਗਏ।)

PAPERS LAID/RE LAID ON THE TABLE

Minister for Parliamentary Affairs (Sardar Umrao Singh): Sir, I beg to lay/re-lay on the Table :—

1. The Punjab Ex-Servicemen Corporation (General) (Second Amendment) Rules, 1992, as required under section 32 (3) of the Punjab Ex-Servicmen Corporation Act, 1978.

 (i) The Punjab State Electricity Board Ministerial Services Class-III Regulations, 1985;

 and

 (ii) The Punjab State Electricity Board Stenographers Services Class-III Regulations, 1988.

2. The Punjab Ex-Servicemen Corporation (Expenditure and General) Regulations, 1992.

3. The Punjab Ex-Servicemen Corporation (Conduct of meetings) (Second Amendnent) Regulations, 1992.

4. The Punjab Ex-Servicemen Corporation (Service) Regulations, 1993.

5. The Constitution-(Seventy-second Amendment) Bill, 1991, and the Constitution (Seventy-third Amendment) Bill, 1991, as passed by the Houses of Parliament.

6. The Annual Report and Balance Sheet of the Punjab Ex-Servicemen Corporation for the year 1990-91, as required under Section 22(6) of the Punjab Ex-Servicemen Corporation Act, 1978.

** Expunged/Not recorded as ordered by the Chair.

[Minister for Parliamentary Affairs]

7. The Annual Report and Accounts of the Punjab Small Industries and Export Corporation Ltd., for the year 1990-91, as required under section 619-A of the Companies Act, 1956.

8. The 7th Annual Report of the Punjab State Electronics Development and Production Corporation Ltd. for the year 1982-83 as required under section 619-A of the Companies Act. 1956.

9. The 5th Annual Report of the Goindwal Industrial and Investment Corporation of Punjab Ltd., for the year 1985-86, as required under section 619-A of the Companies Act, 1956.

10. The Annual Reports of the Punjab Police Housing Corporation Ltd., for the years 1989-90 and 1990-91, as requird under section 619- A of the Companies Act, 1956.

11. The 3rd Annual Report of the Punjab State Forest Development Corporation Ltd., for the year 1985-86, as required under section 619-A of the Companies Act, 1956.

12. A Statement explaining the reasons for delay in laying the Annual Reports & Accounts of the Punjab State Forest Development Corporation Ltd., for the years 1985-86 to 1991-92.

13. The 16th and 17th Annual Reports of the Punjab State Tubewell Corporation Ltd., for the years 1986-87 and 1987-88 along with statement explaining the reasons for delay in laying the said Reports on the Table of the House, as required under Section 619-A of the Companies Act, 1956.

14. The Report of Sardar Harbans Singh, Commission of Inquiry, regarding collapse of building of D.A.V. School for Girls, Gurdaspur, resulting in death of some girl students and injuries to others, together with a memorandum of the action taken thereon, as required under section 3 (4) of Commission of Inquiry Act, 1952.

15. The Annual Accounts and Audit Report of the Pepsu Road Transport Corporation for the year 1989-90, alongwith statement explaining the reasons for delay in laying the said Report on the Table of the House as required under section 33(4) of the Road Transport Corporations Act, 1950.

16. A Statement explaining the reasons for delay in laying the Annual Administration Report of the Pepsu Road Transport Corporation for the year 1991-92.

17 .A Statement explaining the reasons for delay in laying the Annual Accounts and Audit Report of the Pepsu Road Transport Corporation for the year 1991-92.

Mr. Speaker : Now we take up Resolutions under Article 368 of the Constitution.

Minister For Parliamentary Affairs (Sardar Umrao Singh) : Sir, I beg to move.....

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਅਸੀਂ ਮੰਗ ਕੀਤੀ ਸੀ ਅਤੇ ਲਿਖ ਕੇ ਵੀ ਦਿਤਾ ਸੀ ਕਿ ਲੜੀ ਨੰ: 11 ਅਤੇ 15 ਆਦਿ ਤੇ ਦੱਸੀਆਂ ਰਿਪੋਰਟਾਂ ਉਤੇ ਹਾਊਸ ਵਿਚ ਡਿਸਕਸ਼ਨ ਹੋਣੀ ਚਾਹੀਦੀ ਹੈ, ਕਿਉਂਕਿ ਇਹ ਕਿਸੇ ਵੀ ਕਮੇਟੀ ਕੋਲ ਪੇਸ਼ ਨਹੀਂ ਹੁੰਦੇ.... ।

Mr. Speaker : We will see in the Business Advisory Committee.

RESOLUTIONS UNDER ARTICLE 368 OF THE CONSTITUTION

Minister For Parliamentary Affairs (Sardar Umrao Singh) : Sir, I beg to move :—

> "That this House ratifies the amendments to the Constitution of India falling within the purview of clauses (c) and (e) of the proviso to clause (2) of article 368 thereof proposed to be made by the Constitution (Seventy-second Amendment) Bill, 1991, as passed by the Houses of Parliament."

Mr. Speaker : Motion moved :—

> "That this House ratifies the amendments to the Constitution of India falling within the purview of clauses (c) and (e) of the proviso to clause (2) of article 368 thereof proposed to be made by the Constitution (Seventy-second Amendment) Bill, 1991, as passed by the House of Parliament".

ਸੰਸਦੀ ਮਾਮਲਿਆਂ ਦੇ ਮੰਤਰੀ (ਸਰਦਾਰ ਉਮਰਾਓ ਸਿੰਘ) : ਸਪੀਕਰ ਸਾਹਿਬ, ਇਹ ਜੋ ਕਾਂਸਟੀਚਿਊਸ਼ਨਲ ਅਮੈਂਡਮੈਂਟ ਬਿੱਲ ਹੈ....

ਸ਼੍ਰੀਮਤੀ ਵਿਮਲਾ ਡਾਂਗ : ਸਪੀਕਰ ਸਾਹਿਬ, ਇਸ ਉਤੇ ਡਿਸਕਸ਼ਨ ਬਾਰੇ ਲਿਖ ਕੇ ਵੀ ਦਿੱਤਾ ਹੋਇਆ ਹੈ....

ਸ਼੍ਰੀ ਸਪੀਕਰ : ਮਿਸਿਜ਼ ਡਾਂਗ, ਤੁਸੀਂ ਪਹਿਲਾਂ ਮੰਤਰੀ ਸਾਹਿਬ ਨੂੰ ਬੋਲ ਲੈਣ ਦਿਉ ।

ਸੰਸਦੀ ਮਾਮਲਿਆਂ ਦੇ ਮੰਤਰੀ : ਸਪੀਕਰ ਸਾਹਿਬ, ਮੈਂ ਪਹਿਲਾਂ ਇਸ ਬਾਰੇ ਐਕਸਪਲੇਨ ਕਰ ਦੇਵਾਂ ਜੀ ।

[ਸੰਸਦੀ ਮਾਮਲਿਆਂ ਦੇ ਮੰਤਰੀ]

ਸਪੀਕਰ ਸਾਹਿਬ, ਇਹ ਅਮੈਂਡਿੰਗ ਬਿੱਲ ਜਿਹੜਾ ਪਾਰਲੀਮੈਂਟ ਵਿਚ ਪਾਸ ਹੋਇਆ ਹੈ, ਬਹੁਤ ਹੀ ਮਹੱਤਵ-ਪੂਰਨ ਹੈ । ਮੈਂ ਇਸ ਕਰਕੇ ਇਸ ਦੀ ਵਿਆਖਿਆ ਕਰਨੀ ਚਾਹੁੰਦਾ ਹਾਂ ਇਹ ਇਕ ਲੋਕਲ ਸੈਲਫ ਗੌਰਮਿੰਟ ਦੇ ਵਾਸਤੇ, ਪੰਚਾਇਤਾਂ ਦੇ ਵਾਸਤੇ, ਮਾਈਲ-ਸਟੋਨ ਹੈ । ਇਹ ਜੋ ਅਮੈਂਡਮੈਂਟ ਪਾਰਲੀਮੈਂਟ ਵਿਚ ਆਈ ਹੈ, ਜਿਸ ਦੇ ਬਾਰੇ ਸਟੇਟ ਅਸੰਬਲੀਜ਼ ਨੇ ਰੈਟੀਫਿਕੇਸ਼ਨ ਕਰਨੀ ਹੈ, ਆਪਣੇ ਆਪਣੇ ਵਿਧਾਨ ਵਿਚ ਲਿਆਉਣਾ ਹੈ । ਇਹ ਠੀਕ ਹੈ ਕਿ ਪੰਚਾਇਤ ਐਕਟ, 1953 ਬੜਾ ਕੰਪਰੀਹੈਂਸਿਵ ਹੈ ਔਰ ਇਸ ਦੇ ਮੁਤਾਬਿਕ ਪੰਚਾਇਤਾਂ ਦੀਆਂ ਚੋਣਾਂ ਕਰਵਾਈਆਂ ਗਈਆਂ । ਪਹਿਲਾਂ ਵੀ ਚੋਣਾਂ ਹੁੰਦੀਆਂ ਰਹੀਆਂ ਹਨ । ਲੇਕਿਨ ਇਸ ਵਾਰੀ ਲੋਕਾਂ ਨੇ ਬੜਾ ਇੰਟਰੈਸਟ ਲਿਆ ਹੈ, ਬੜਾ ਚੋਣ ਦਾ ਸਵਾਗਤ ਕੀਤਾ ਹੈ । ਹੁਣ ਵਾਲੀਆਂ ਚੋਣਾਂ ਵਿਚ, ਸਪੀਕਰ ਸਾਹਿਬ, 82% ਕਿਤੇ 85% ਔਰ ਕਈ ਥਾਈਂ 100% ਵੋਟਾਂ ਪਈਆਂ ਹਨ । ਇਹ ਇਸ ਗੱਲ ਦਾ ਸਬੂਤ ਹੈ ਕਿ ਲੋਕਾਂ ਦਾ ਸਰਕਾਰ ਦੇ ਵਿਚ ਵਿਸ਼ਵਾਸ ਹੈ, ਜਮਹੂਰੀਅਤ ਵਿਚ ਵਿਸ਼ਵਾਸ ਹੈ, ਜ਼ਮਹੂਰੀ ਇਖ਼ਤਿਆਰਾਂ ਵਿਚ ਵਿਸ਼ਵਾਸ ਹੈ ।

ਇਹ ਬਿੱਲ ਸਾਡੇ ਮਰਹੂਮ ਪ੍ਰਧਾਨ ਮੰਤਰੀ ਸ਼੍ਰੀ ਰਾਜੀਵ ਗਾਂਧੀ ਜੀ ਨੇ ਆਪਣੇ ਵੇਲੇ ਪਾਰਲੀਮੈਂਟ ਵਿਚ ਪੇਸ਼ ਕੀਤਾ ਸੀ ਔਰ ਪਾਰਲੀਮੈਂਟ ਡਿਜ਼ਾਲਵ ਹੋਣ ਤੋਂ ਬਾਅਦ ਇਹ ਪਾਸ ਨਾ ਹੋ ਸਕਿਆ । ਫਿਰ ਜਨਤਾ ਪਾਰਟੀ ਦਾ ਰਾਜ ਆਇਆ ਔਰ ਇਸ ਬਿੱਲ ਉਤੇ ਧਿਆਨ ਨਾ ਦਿੱਤਾ ਗਿਆ । ਇਸ ਨੂੰ ਕੋਲਡ-ਸਟੋਰ ਵਿਚ ਰੱਖ ਦਿੱਤਾ ਗਿਆ ਕਿਉਂਕਿ ਇਸ ਵਿਚ ਅਜਿਹੀਆਂ ਤਰਮੀਮਾਂ ਕੀਤੀਆਂ ਗਈਆਂ ਹਨ ਜਿਹੜੀਆਂ ਪੰਚਾਇਤਾਂ ਨੂੰ ਮਜ਼ਬੂਤ ਕਰਦੀਆਂ ਹਨ । ਪਰ ਇਹ ਬਿੱਲ ਉਸ ਪਾਰਟੀ ਨੇ ਕੋਲਡ-ਸਟੋਰ ਵਿਚ ਰੱਖ ਦਿੱਤਾ, ਇਸ ਵੱਲ ਕੋਈ ਧਿਆਨ ਨਾ ਦਿੱਤਾ ਗਿਆ । ਹੁਣ ਜਦੋਂ ਸ਼੍ਰੀ ਨਰਸਿਮ੍ਹਾਂ ਰਾਓ ਜੀ ਦੀ ਸਰਕਾਰ ਆਈ ਉਸ ਨੇ ਇਹ ਬਿੱਲ ਪਾਰਲੀਮੈਂਟ ਵਿਚ ਲਿਆਂਦਾ ਔਰ ਡਿਸਕਸ਼ਨ ਕਰਕੇ ਪਾਸ ਕੀਤਾ ਗਿਆ । ਕਿਉਂਕਿ ਇਸ ਦਾ ਸਬੰਧ ਪੰਚਾਇਤਾਂ ਨਾਲ ਹੈ ਔਰ ਪੰਚਾਇਤਾਂ ਜਿਹੜੀਆਂ ਹਨ ਉਨ੍ਹਾਂ ਬਾਰੇ ਸੋਚਣਾ ਇਕ ਸਟੇਟ ਸਬਜੈਕਟ ਹੈ । ਪਰ ਯੂਨੀਫਾਰਮਿਟੀ ਲਿਆਉਣ ਵਾਸਤੇ ਇਹ ਬਿੱਲ ਪਾਰਲੀਮੈਂਟ ਵਿਚ ਲਿਆਂਦਾ ਗਿਆ ਹੈ । ਇਸ ਦੇ ਨਾਲ ਪੰਚਾਇਤਾਂ ਨੂੰ ਤਕੜਾ ਕਰਨ ਲਈ ਮੱਦਦ ਮਿਲੇਗੀ, ਪੰਚਾਇਤਾਂ ਚੰਗੇ ਢੰਗ ਨਾਲ ਚਲਣਗੀਆਂ ।

ਇਸ ਦੇ ਜਿਹੜੇ ਦੂਸਰੇ ਪ੍ਰੋਵੀਜ਼ਨਜ਼ ਹਨ, ਉਹ ਵੀ ਮੈਂ ਦੱਸਦਾ ਹਾਂ । ਸਪੀਕਰ ਸਾਹਿਬ, ਇਸ ਬਿੱਲ ਦੇ ਰਾਹੀਂ ਕਾਂਸਟੀਚਿਊਸ਼ਨ ਵਿਚ ਇਕ ਨਵੀਂ ਧਾਰਾ 243 ਲਿਆਂਦੀ ਗਈ ਹੈ । ਇਹ ਬਿੱਲ ਜਦੋਂ ਪ੍ਰੈਜ਼ੀਡੈਂਟ ਦੀ ਅਸੈਂਟ ਹੋਣ ਤੋਂ ਬਾਅਦ ਐਕਟ ਬਣ ਜਾਵੇਗਾ ਤਾਂ ਵਿਧਾਨ ਦੇ ਵਿਚ ਆ ਜਾਵੇਗਾ ਔਰ ਵਿਧਾਨ ਵਿਚ ਆਉਣ ਤੋਂ ਬਾਅਦ ਇਕ ਸਾਲ ਤੋਂ ਬਾਅਦ ਸਟੇਟ ਅਸੰਬਲੀਆਂ ਅਡਾਪਟ ਕਰਨਗੀਆਂ । ਖਾਸ ਤੌਰ ਤੇ ਜੋ ਧਾਰਾਵਾਂ ਹਨ ਉਨ੍ਹਾਂ ਵਿਚੋਂ ਕਈ ਇਨਕਨਸਿਸਟੈਂਟ ਹਨ, ਇਸ ਲਈ ਆਪਣੇ ਐਕਟ ਵਿਚ ਰੱਦੋਬਦਲ ਕਰਨਾ ਪਵੇਗਾ । ਕਈ ਜਗ੍ਹਾ ਤਾਂ ਕੰਪਲਸਰੀ ਹੈ ਪਰ ਕਈ ਜਗ੍ਹਾ ਕਿਹਾ ਗਿਆ ਹੈ ਕਿ ਸਟੇਟ ਅਸੰਬਲੀ ਵਿਚਾਰ ਕਰ ਲਵੇ। ਜੇਕਰ ਯੋਗ ਸਮਝੇ ਤਾਂ ਇਨਕਾਰਪੋਰੇਟ ਕਰ ਲਿਆ ਜਾਵੇ । ਜਿਹੜਾ 11 ਸ਼ਡਿਊਲਡ ਹੈ ਵਿਧਾਨ ਵਿਚ ਉਹ ਦਿੱਤਾ ਗਿਆ ਹੈ, ਜਿਸ ਦਾ ਜ਼ਿਕਰ ਮੈਂ ਬਾਅਦ ਵਿਚ ਕਰਾਂਗਾ । ਪੰਚਾਇਤ ਜਿਸ ਕੰਮ ਵਿਚ ਹੱਥ ਵਟਾ ਸਕੇਗੀ ਉਹ ਸਾਰੇ 11

ਸ਼ਡਿਊਲਡ ਵਿਚ ਦਿੱਤੇ ਹੋਏ ਹਨ । ਮੈਂ ਸਮਝਦਾ ਹਾਂ ਕਿ ਇਹ ਕਾਂਸਟੀਚਿਊਸ਼ਨ ਵਿਚ ਲਿਆਉਣ ਦੇ ਨਾਲ ਪੰਚਾਇਤਾਂ ਨੂੰ ਬਹੁਤ ਹੀ ਮਜ਼ਬੂਤ ਕਰਨ ਦਾ ਯਤਨ ਕੀਤਾ ਗਿਆ ਹੈ ਔਰ ਇਸ ਵਿਚ ਐਸੀ ਵਿਵਸਥਾ ਕੀਤੀ ਗਈ ਹੈ ਕਿ ਹੁਣ ਪੰਚਾਇਤਾਂ ਦੇ ਕੰਮਾਂ ਨੂੰ ਸਕੈਂਡਰੀ ਜਾਂ ਪਿਛੇ ਨਹੀਂ ਪਾਇਆ ਜਾ ਸਕਦਾ ਔਰ ਇਹ ਇਕ ਇਸ ਦਾ ਅਹਿਮ ਹਿੱਸਾ ਬਣ ਗਿਆ ਹੈ । ਇਸ ਨੂੰ ਵਿਧਾਨ ਵਿਚ ਲਿਆਉਣ ਦੀ ਪਰੋਵੀਜ਼ਨ ਹੈ । ਇਹ ਮੈਨੇਡੇਟਰੀ ਬਣਾ ਦਿੱਤਾ ਗਿਆ ਹੈ ਔਰ ਹੁਣ ਇਸ ਦੀ ਉਲੰਘਣਾ ਨਹੀਂ ਹੋ ਸਕੇਗੀ ।

ਸਪੀਕਰ ਸਾਹਿਬ, ਇਸ ਵਿਚ ਪੰਚਾਇਤਾਂ ਨੂੰ ਗਠਨ ਕਰਨ ਦਾ ਪ੍ਰਬੰਧ ਹੈ । ਇਹ ਪਰੋਵੀਜ਼ਨ ਕੀਤਾ ਗਿਆ ਹੈ ਕਿ ਜ਼ਿਲ੍ਹਾ ਔਰ ਪੰਚਾਇਤਾਂ ਦੇ ਦਰਮਿਆਨ ਇਕ ਕਮੇਟੀ ਹੋਵੇਗੀ ਜਿਸ ਵਿਚ ਬਲਾਕ ਸੰਮਤੀ ਦੇ ਮੈਂਬਰ ਹੋਣਗੇ । ਇਸ ਦਾ ਵੀ ਇਸ ਵਿਚ ਯਤਨ ਕੀਤਾ ਗਿਆ ਹੈ ਔਰ ਇਸ ਨੂੰ ਮਜ਼ਬੂਤ ਕੀਤਾ ਗਿਆ ਹੈ । ਜ਼ਿਲ੍ਹਾ ਲੈਵਲ ਤੇ ਇਹ ਵਿਵਸਥਾ ਕੀਤੀ ਗਈ ਹੈ ਕਿ ਜਿਹੜੀ ਜ਼ਿਲ੍ਹਾ ਲੈਵਲ ਦੀ ਪੰਚਾਇਤ ਹੋਵੇਗੀ ਉਸ ਵਿਚ ਪੰਚਾਇਤਾਂ ਦੇ ਚੁਣੇ ਹੋਏ ਨੁਮਾਇੰਦੇ ਹੋਣਗੇ ਤਾਂਕਿ ਜ਼ਿਲ੍ਹੇ ਵਿਚ ਜੋ ਪੰਚਾਇਤੀ ਰਾਜ ਹੈ ਉਸ ਨੂੰ ਠੀਕ ਤਰ੍ਹਾਂ ਚਲਾਇਆ ਜਾ ਸਕੇ ।

ਸਪੀਕਰ ਸਾਹਿਬ, ਇਸ ਵਿਚ ਬਹੁਤ ਇੰਪਾਰਟੈਂਟ ਗੱਲ ਇਹ ਹੈ ਕਿ ਰਿਜ਼ਰਵੇਸ਼ਨ ਕੀਤੀ ਗਈ ਹੈ । ਮੌਜੂਦਾ ਐਕਟ ਵਿਚ ਵੀ ਇਸ ਦੀ ਪਰੋਵੀਜ਼ਨ ਹੈ ਇਹ ਵਿਵਸਥਾ ਕੀਤੀ ਗਈ ਹੈ ਕਿ ਜਿਥੇ 5% ਤੋਂ ਵੱਧ ਦੀ ਪਾਪੂਲੇਸ਼ਨ ਹੋਵੇ ਉਥੇ ਅਨੁਸੂਚਿਤ ਜਾਤੀਆਂ ਲਈ ਇਕ ਸੀਟ ਅਤੇ ਜਿਥੇ 10% ਤੋਂ ਵੱਧ ਦੀ ਪਾਪੂਲੇਸ਼ਨ ਹੋਵੇ ਤਾਂ 2 ਸੀਟਾਂ ਅਨੁਸੂਚਿਤ ਜਾਤੀਆਂ ਲਈ ਰਿਜ਼ਰਵ ਹੋਣਗੀਆਂ । ਇਸ ਤੋਂ ਇਲਾਵਾ ਇਸ ਵਿਚ ਦੋ ਸੀਟਾਂ ਔਰਤਾਂ ਵਾਸਤੇ ਵੀ ਰਿਜ਼ਰਵ ਕੀਤੀਆਂ ਹਨ । ਇਸ ਗਲ ਦੀ ਵੀ ਵਿਵਸਥਾ ਹੈ ਕਿ ਹੁਣ ਪੰਚਾਇਤਾਂ ਦੀ ਇਲੈਕਸ਼ਨ ਵਾਸਤੇ ਕਾਂਸਟੀਚੁਐਂਸੀਜ਼ ਬਣਾਈਆਂ ਜਾਣ । ਹੁਣ ਜਿਹੜੀਆਂ ਨਵੀਆਂ ਚੋਣਾਂ ਕਦੇ ਹੋਣਗੀਆਂ ਉਹ ਸਾਂਝੀਆਂ ਹੋਣਗੀਆਂ ਔਰ ਕਾਂਸਟੀਚੁਐਂਸੀਜ਼ ਬਣ ਜਾਣਗੀਆਂ । ਇਸ ਦੀ ਇਸ ਵਿਚ ਵਿਵਸਥਾ ਕੀਤੀ ਗਈ ਹੈ ।

ਇਸ ਤੋਂ ਇਲਾਵਾ ਇਸ ਵਿਚ ਸ਼ਡਿਊਲਡ ਕਾਸਟਸ ਵਾਸਤੇ ਵੀ ਰਿਜ਼ਰਵੇਸ਼ਨ ਦਾ ਪ੍ਰਬੰਧ ਕੀਤਾ ਗਿਆ ਹੈ । ਇਹ ਵਿਵਸਥਾ ਕੀਤੀ ਗਈ ਹੈ ਕਿ ਤੀਜਾ ਹਿੱਸਾ ਜਿਹੜਾ ਹੈ ਉਹ ਸ਼ਡਿਊਲਡ ਕਾਸਟਸ ਵਾਸਤੇ ਰਿਜ਼ਰਵ ਕੀਤਾ ਜਾਏ ਔਰ ਜਿੰਨੀ ਮੈਂਬਰਸ਼ਿਪ ਪੰਚਾਇਤ ਦੀ ਹੈ ਉਸ ਦਾ ਤੀਜਾ ਹਿੱਸਾ ਔਰਤ ਮੈਂਬਰਾਂ ਵਾਸਤੇ ਵੀ ਰਿਜ਼ਰਵ ਕੀਤਾ ਜਾਏਗਾ ।

ਸਾਡੇ ਕਾਨੂੰਨ ਵਿਚ ਦੋ ਔਰਤ ਮੈਂਬਰਾਂ ਦੀ ਪਰੋਵੀਜ਼ਨ ਹੈ । ਸਪੀਕਰ ਸਾਹਿਬ, ਹੁਣ ਜਿਹੜੀਆਂ ਇਲੈਕਸ਼ਨਾਂ ਹੋਈਆਂ ਹਨ ਉਸ ਵਿਚ ਇਹ ਵੇਖਣ ਵਿਚ ਆਇਆ ਹੈ ਕਿ ਉਹ ਇਲੈਕਟ ਹੋਕੇ ਆਈਆਂ ਹਨ ਜਦੋਂ ਕਿ ਉਹ ਕੋਆਪਟ ਵੀ ਹੋ ਸਕਦੀਆਂ ਹਨ । ਹੁਣ ਜੋ ਰੁਝਾਨ ਵੇਖਿਆ ਗਿਆ ਹੈ ਉਹ ਹੈ ਕਿ ਸਿਰਫ ਪੰਚ ਹੀ ਨਹੀਂ ਸਰਪੰਚ ਵਾਸਤੇ ਵੀ ਔਰਤਾਂ ਇਲੈਕਟ ਹੋਈਆਂ ਹਨ । ਇਨ੍ਹਾਂ ਇਲੈਕਸ਼ਨਾਂ ਵਿਚ ਬੜਾ ਵੱਡਾ ਪਰਿਵਰਤਨ ਆਇਆ ਹੈ । ਸਾਡੇ ਅਨੁਸੂਚਿਤ ਜਾਤੀ ਦੇ ਭਰਾ ਵੀ ਇਲੈਕਟ ਹੋ ਕੇ ਆਏ ਹਨ । ਜਦ ਕਿ ਪਰੋਵੀਜ਼ਨ ਹੈ ਕੋਆਪਟ ਕਰਨ ਦਾ ਪਰ ਉਹ ਸਿਰਫ ਪੰਚ ਹੀ ਨਹੀਂ ਸਰਪੰਚ ਵੀ ਇਲੈਕਟ ਹੋਏ ਹਨ ਔਰ ਹੁਣ ਅੱਗੋਂ ਵਾਸਤੇ ਇਹ ਵਿਵਸਥਾ ਕੀਤੀ ਗਈ ਹੈ ਕਿ 1/3 ਹਿੱਸਾ ਔਰਤਾਂ ਦਾ ਜ਼ਰੂਰ ਹੋਵੇਗਾ । ਇਹ ਮੈਂ ਸਮਝਦਾ ਹਾਂ ਕਿ ਜੋ ਇਹ ਐਕਟ ਹੈ ਉਸ ਨੂੰ ਐਕਸਟੈਂਡ

[ਸੰਸਦੀ ਮਾਮਲਿਆਂ ਦੇ ਮੰਤਰੀ]

ਕੀਤਾ ਗਿਆ ਹੈ । ਜੇ ਇਹ 1/2 ਹੋ ਜਾਂਦਾ ਤਾਂ ਚੰਗਾ ਸੀ ਪਰ ਮੈਂ ਸਮਝਦਾ ਹਾਂ ਇਹ ਜਿਹੜਾ 1/3 ਦੀ ਪਰੋਵੀਜ਼ਨ ਕੀਤੀ ਹੈ ਇਹ ਵੀ ਇਕ ਹੈਲਦੀ ਡਸੀਜ਼ਨ ਹੈ ਔਰ ਇਸ ਨਾਲ ਚੰਗਾ ਐਟਮਾਸਫੀਅਰ ਹੋਵੇਗਾ । ਪੰਚਾਇਤਾਂ ਦੀ ਡਿਵੈਲਪਮੈਂਟ ਹੋਵੇਗੀ ਔਰ ਉਹ ਸਾਡੀਆਂ ਪੰਚਾਇਤਾਂ ਵਿਚ ਬੈਠਣਗੀਆਂ ।

ਇਸ ਤੋਂ ਇਲਾਵਾ ਇਹ ਵੀ ਵਿਵਸਥਾ ਕੀਤੀ ਗਈ ਹੈ ਕਿ ਜੇ ਸਾਡੀ ਲੈਜਿਸਲੇਚਰ ਚਾਹੇ ਤਾਂ ਜਿਹੜੀ ਹੁਣ ਤਕ ਬੈਕਵਰਡ ਕਲਾਸ ਦੀ ਕੋਈ ਪਰੋਵੀਜ਼ਨ ਨਹੀਂ ਹੈ ਉਹ ਵੀ ਹੋ ਸਕਦੀ ਹੈ ! ਮੇਰੇ ਕੋਲ ਮੈਮੋਰੰਡਮ ਵੀ ਆਇਆ ਹੈ ਔਰ ਹੁਣ ਜਿਥੇ ਬੈਕਵਰਡ ਕਲਾਸ ਦੀ ਲੋੜ ਹੋਵੇਗੀ ਉਹ ਵੀ ਪਰੋਵੀਜ਼ਨ ਕੀਤੀ ਜਾ ਸਕਦੀ ਹੈ ।

ਇਕ ਹੋਰ ਮਹੱਤਵਪੂਰਣ ਗੱਲ ਕੀਤੀ ਗਈ ਹੈ ਕਿ ਪੰਚਾਂ ਦੀਆਂ ਸੀਟਾਂ ਨੂੰ ਰਿਜ਼ਰਵ ਕਰਨ ਲਈ ਅਤੇ ਸਰਪੰਚਾਂ ਦੀਆਂ ਸੀਟਾਂ ਜਿੱਥੇ ਅਨੁਸੂਚਿਤ ਜਾਤੀਆਂ ਦੀ ਆਬਾਦੀ ਹੈ ਉਸ ਦੇ ਹਿਸਾਬ ਨਾਲ ਸਰਪੰਚਾਂ ਦੀਆਂ ਸੀਟਾਂ ਨੂੰ ਰਿਜ਼ਰਵ ਕੀਤਾ ਜਾਵੇਗਾ । ਇਹ ਕੇਵਲ ਅਨੁਸੂਚਿਤ ਜਾਤੀਆਂ ਦੇ ਉਮੀਦਵਾਰਾਂ ਲਈ ਹੀ ਨਹੀਂ ਬਲਕਿ ਲੇਡੀਜ਼ ਲਈ 1/3 ਸੀਟਾਂ ਰਿਜ਼ਰਵ ਕੀਤੀਆਂ ਗਈਆਂ ਹਨ ਅਤੇ ਹੁਣ ਲੇਡੀਜ਼ ਵੀ ਸਰਪੰਚ ਬਣ ਸਕਣਗੀਆਂ । ਇਸ ਤਰ੍ਹਾਂ ਇਹ ਇਕ ਵੱਡਾ ਰੈਡੀਕਲ ਬਿੱਲ ਹੈ ਅਤੇ ਸ਼ਲਾਘਾਯੋਗ ਬਿਲ ਹੈ । ਸਾਡੀ ਸੋਸਾਇਟੀ ਵਾਸਤੇ ਬੜਾ ਸ਼ਲਾਘਾ ਵਾਲਾ ਕੰਮ ਰਾਓ ਸਰਕਾਰ ਨੇ ਕੀਤਾ ਹੈ । ਇਹ ਸਾਡੇ ਲਈ ਬੜੀ ਵੱਡੀ ਦੇਣ ਹੈ । ਇਸ ਦੇ ਨਾਲ ਪੰਚਾਇਤਾਂ ਦੀ ਡਿਵੈਲਮੈਂਟ ਹੋ ਸਕੇਗੀ ਅਤੇ ਤਰੱਕੀ ਹੋਵੇਗੀ । ਇਸ ਬਿਲ ਨੂੰ ਅਡਾਪਟ ਕਰਨਾ ਬੜਾ ਜ਼ਰੂਰੀ ਸੀ। ਇਸ ਬਿਲ ਵਿਚ ਪ੍ਰੋਵੀਜ਼ਨ ਹੈ ਕਿ ਇਸ ਦਾ ਅਸਰ ਪਹਿਲੇ ਹੋ ਚੁੱਕੀਆਂ ਇਲੈਕਸ਼ਨਾਂ ਉੱਤੇ ਕੋਈ ਨਹੀਂ ਹੋਵੇਗਾ ਅਤੇ ਇਹ ਬਿਲ ਅਗਲੀ ਇਲੈਕਸ਼ਨ ਵਿਚ ਲਾਗੂ ਹੋਵੇਗਾ। ਇਸ ਵਿਚ ਪ੍ਰੋਵੀਜ਼ਨ ਕੀਤੀ ਗਈ ਹੈ ਕਿ ਇਸ ਦੀ ਇਲੈਕਸ਼ਨ ਲਈ ਇਕ ਇੰਡੀਪੈਂਡੈਂਟ ਮਸ਼ੀਨਰੀ ਹੋਵੇਗੀ ਜਿਹੜੀ ਪੰਚਾਇਤੀ ਰਾਜ ਸਿਸਟਮ ਨੂੰ ਲਾਗੂ ਕਰੇਗੀ । ਇਸ ਬਿਲ ਰਾਹੀਂ ਚੇਂਜਿਜ਼ ਲਿਆਂਦੀਆਂ ਗਈਆਂ ਹਨ । ਪੰਜਾਬ ਵਿਚ ਅਸੀਂ ਇਲੈਕਸ਼ਨਾਂ ਕਰਵਾਈਆਂ ਹਨ । ਇਹ ਅਸੀਂ ਬੜੇ ਹੀ ਫੇਅਰਮੀਨਜ਼ ਦੇ ਨਾਲ ਅਤੇ ਇੰਡੀਪੈਂਡੈਂਟ ਤਰੀਕੇ ਨਾਲ ਕਰਵਾਈਆਂ ਹਨ ਤਾਂਕਿ ਅਸੀਂ ਲੋਕਾਂ ਦਾ ਭਰੋਸਾ ਜਿੱਤ ਸਕੀਏ । ਇਨ੍ਹਾਂ ਦੀਆਂ ਇਲੈਕਸ਼ਨਾਂ ਕਰਵਾਉਣ ਲਈ ਸਟੇਟ ਦਾ ਗਵਰਨਰ ਸਟੇਟ ਇਲੈਕਸ਼ਨ ਕਮਿਸ਼ਨ ਐਪੁਆਇੰਟ ਕਰੇਗਾ । ਇਹ ਲੋਕਾਂ ਦਾ ਭਰੋਸਾ ਜਿੱਤਣ ਲਈ ਕੀਤਾ ਗਿਆ ਹੈ ਅਤੇ ਇਸ ਚੀਜ਼ ਦੀ ਵਿਵਸਥਾ ਕੀਤੀ ਗਈ ਹੈ । ਪਹਿਲੇ ਪੰਚ ਅਤੇ ਸਰਪੰਚ 25 ਸਾਲ ਦੀ ਉਮਰ ਵਾਲਾ ਹੀ ਬਣ ਸਕਦਾ ਸੀ ਪਰ ਹੁਣ ਇਸ ਬਿਲ ਰਾਹੀਂ 21 ਸਾਲ ਦੀ ਪ੍ਰੋਵੀਜ਼ਨ ਕੀਤੀ ਗਈ ਹੈ ਅਤੇ ਵੋਟ ਦੇਣ ਦਾ ਹੱਕ 18 ਸਾਲ ਵਾਲੇ ਨੂੰ ਦਿੱਤਾ ਗਿਆ ਹੈ । ਮੈਂ ਇਸ ਸਦਨ ਵਿਚ ਖੁਸ਼ੀ ਦੀ ਗੱਲ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਜਿਹੜੀਆਂ ਹੁਣ ਪੰਚਾਇਤਾਂ ਦੀਆਂ ਚੋਣਾਂ ਹੋਈਆਂ ਇਸ ਦੇ ਵਿਚ 60-70% ਨੌਜਵਾਨ ਪੰਚ ਅਤੇ ਸਰਪੰਚ ਬਣ ਕੇ ਆਏ ਹਨ । ਇਸ ਦੇ ਵਿਚ ਬਹੁਤ ਜ਼ਿਆਦਾ ਗਿਣਤੀ ਨੌਜਵਾਨਾਂ ਦੀ ਹੈ । ਪੰਜਾਬ ਵਿਚ ਪਿਛਲੇ 8-10 ਸਾਲਾਂ ਵਿਚ ਨੌਜਵਾਨਾਂ ਨੂੰ ਗਲਤ ਪਾਸੇ ਪਾਕੇ ਉਨ੍ਹਾਂ ਨੂੰ ਗਲਤ ਰਸਤੇ ਤੇ ਪਾਇਆ ਗਿਆ ਸੀ, ਉਨ੍ਹਾਂ ਦੀਆ ਪੜ੍ਹਾਈਆਂ ਛੁਡਵਾ ਕੇ ਉਨ੍ਹਾ ਦੇ ਹੱਥਾਂ ਵਿਚ ਏ.ਕੇ.-47, ਪਸਤੌਲਾਂ, ਬੰਬ ਵਗੈਰਾ ਦਿੱਤੇ ਗਏ ਸਨ ਪਰ ਸਾਡੇ ਚੀਫ ਮਨਿਸਟਰ ਸਾਹਿਬ ਨੇ ਨੌਜਵਾਨਾਂ ਨੂੰ ਤਰੱਕੀ ਦੇ ਰਸਤੇ

ਤੇ ਲਿਆਉਣ ਲਈ ਪੰਚਾਇਤੀ ਇਲੈਕਸ਼ਨਾਂ ਵਿਚ ਲਿਆਂਦਾ ਅਤੇ ਮਿਉਂਸਿਪਲ ਕਮੇਟੀ ਦੀਆਂ ਇਲੈਕਸ਼ਨਾਂ ਵਿਚ ਲਿਆਂਦਾ ਅਤੇ ਸਹੀ ਰਸਤਾ ਵਿਖਾਇਆ ਹੈ। ਸਰਦਾਰ ਬੇਅੰਤ ਸਿੰਘ ਨੇ ਆਪਣੀ ਲੀਡਰਸ਼ਿਪ ਵਿਚ ਨੌਜਵਾਨਾਂ ਨੂੰ ਫੇਰ ਤਰੱਕੀ ਦੇ ਰਸਤੇ ਤੇ ਲਿਆਂਦਾ ਹੈ, ਹੁਣ ਇਹ ਨੌਜਵਾਨ ਪੰਚਾਇਤਾਂ ਵਿਚ ਰੂਰਲ ਡਿਵੈਲਪਮੈਂਟ ਵਿਚ ਹਿੱਸਾ ਲੈਣਗੇ, ਪਿੰਡਾਂ ਦੀ ਪਲੈਨਿੰਗ ਕਰਨਗੇ। ਇਹ ਬੜਾ ਲਾਹੇਵੰਦ ਕੰਮ ਕੀਤਾ ਹੈ ਅਸੀਂ ਪੰਚ ਅਤੇ ਸਰਪੰਚਾਂ ਨੂੰ ਹੋਰ ਪਾਵਰਜ਼ ਦੇਣ ਦੀ ਪ੍ਰੋਵੀਜ਼ਨ ਕਰ ਰਹੇ ਹਾਂ ਤਾਂਕਿ ਉਹ ਆਪਣੇ ਪਿੰਡ ਦੀ ਇਕਨੌਮਿਕ ਡਿਵੈਲਪਮੈਂਟ ਅਤੇ ਸੋਸ਼ਲ ਜਸਟਿਸ ਦਾ ਜਿਹੜਾ ਢਾਂਚਾ ਹੈ ਉਸ ਵਿਚ ਤਬਦੀਲੀ ਕਰ ਸਕਣ। ਇਸ ਵਿਚ ਉਹ ਪਲਾਨ ਬਣਾ ਸਕਦੇ ਹਨ ਅਤੇ ਸਕੀਮਾਂ ਬਣਾ ਸਕਦੇ ਹਨ ਅਤੇ ਫੰਡਜ਼ ਦੇਣ ਦੀ ਪ੍ਰੋਵੀਜ਼ਨ ਕੀਤੀ ਜਾ ਰਹੀ ਹੈ ਕਿ ਸਟੇਟ ਦੇ ਟੈਕਸਿਜ਼ ਦਾ ਕਿੰਨਾ ਹਿੱਸਾ ਇਨ੍ਹਾਂ ਨੂੰ ਮਿਲਣਾ ਚਾਹੀਦਾ ਹੈ। ਇਸ ਦੀ ਵੀ ਪ੍ਰੋਵੀਜ਼ਨ ਕਰ ਰਹੇ ਹਾਂ ਕਿ ਹਰ 5 ਸਾਲ ਬਾਅਦ ਇਕ ਫਾਈਨੈਂਸ ਕਮਿਸ਼ਨ ਬਣਾਇਆ ਜਾਵੇ। ਇਹ ਇਸ ਗੱਲ ਦਾ ਫੈਸਲਾ ਕਰੇਗਾ ਕਿ ਪੰਚਾਇਤਾਂ ਨੂੰ ਕਿਹੜੇ-ਕਿਹੜੇ ਟੈਕਸਾਂ ਦਾ ਹਿੱਸਾ ਮਿਲੇਗਾ। ਇਸ ਦੇ ਨਾਲ ਸਾਡਾ ਪੰਚਾਇਤੀ ਰਾਜ ਸਿਸਟਮ ਮਜ਼ਬੂਤ ਹੋਵੇਗਾ। ਇਨ੍ਹਾਂ ਨੂੰ ਕੰਮ ਕਰਨ ਦਾ ਮੌਕਾ ਮਿਲੇਗਾ ਅਤੇ ਲੋਕਲ ਗੌਰਮਿੰਟ ਇੰਸਟੀਚਿਊਸ਼ਨ ਮਜ਼ਬੂਤ ਹੋਵੇਗਾ ਅਤੇ ਪਿੰਡਾਂ ਦੀ ਨੁਹਾਰ ਹੀ ਬਦਲ ਜਾਵੇਗੀ। ਇਸ ਦੇ ਨਾਲ ਪਿੰਡਾਂ ਦੀ ਤਰੱਕੀ ਹੋਵੇਗੀ। ਇਸ ਦੇ ਨਾਲ ਪੰਚਾਇਤਾਂ ਦੇ ਅਖਤਿਆਰ ਵਿਚ ਵਾਧਾ ਕੀਤਾ ਜਾਵੇਗਾ ਅਤੇ ਸਟੇਟ ਲੈਜਿਸਲੇਚਰ ਚਾਹੇਗੀ Land improvement, Implementation of Land Reforms, Land Conservation and Soil Conservation, Agriculture including Agriculture Extension, Minor Irrigation, Animal Husbandry, Fisheries, Social Forestry, Small Scale Industries, Khadi, Village and Cottage Industries, Rural Housing, Drinking Water, Roads, Culverts, Bridges, Forests, Waterways, Firnies Rural Electrification. ਪਿੰਡਾਂ ਦੀਆਂ ਪੰਚਾਇਤਾਂ ਇਸ ਵਿਚ ਕੰਮ ਕਰਨਗੀਆਂ। ਆਉਣ ਵਾਲੇ 4-5 ਸਾਲਾਂ ਵਿਚ ਪੰਜਾਬ ਦੇ ਹਰ ਪਿੰਡ ਵਿਚ ਘਰ ਘਪਤ ਕਰਨ ਵਾਲੀ ਬਿਜਲੀ ਦੇ ਦਿੱਤੀ ਜਾਵੇਗੀ।

ਸਪੀਕਰ ਸਾਹਿਬ, ਪਾਵਰ ਐਲੀਵੇਸ਼ਨ ਪਰੋਗਰਾਮ ਅਤੇ ਆਈ.ਆਰ. ਡੀ.ਪੀ. ਸਕੀਮਾਂ ਦੇ ਤਹਿਤ ਜਿਹੜੇ ਲੋਕ ਗਰੀਬੀ ਰੇਖਾ ਤੋਂ ਥੱਲੇ ਹਨ ਅਤੇ ਜਿਨ੍ਹਾਂ ਗਰੀਬ ਲੋਕਾਂ ਦੇ ਪੀਲੇ ਕਾਰਡ ਬਣੇ ਹੋਏ ਹਨ ਉਨ੍ਹਾਂ ਦੀ ਹਾਲਤ ਸੁਧਾਰੀ ਜਾ ਸਕਦੀ ਹੈ। ਇਹ ਪੰਚਾਇਤਾਂ ਦੀ ਜ਼ਿੰਮੇਵਾਰੀ ਹੋਵੇਗੀ। ਪਿੰਡਾਂ ਦੇ ਵਿਚ ਜੋ ਪ੍ਰਾਇਮਰੀ ਅਤੇ ਹਾਈ ਸਕੂਲ ਹਨ ਉਨ੍ਹਾਂ ਸਕੂਲਾਂ ਵਿਚ ਜੋ ਟੀਚਰਜ਼ ਪੜ੍ਹਾਉਂਦੇ ਹਨ 'ਉਨ੍ਹਾਂ ਦੀ ਦੇਖਭਾਲ ਪਿੰਡਾਂ ਦੀਆਂ ਪੰਚਾਇਤਾਂ ਕਰਨਗੀਆਂ। ਇਸੇ ਤਰ੍ਹਾਂ ਹੀ ਲਾਇਬ੍ਰੇਰੀਜ਼, ਕਲਚਰਲ ਐਕਟੀਵਿਟੀਜ਼, ਟੂਰਨਾਮੈਂਟਸ, ਹੈਲਥ, ਵੂਮੈਨ ਐਂਡ ਚਾਈਲਡ ਵੈਲਫੇਅਰ, ਵੈਲਫੇਅਰ ਆਫ ਵੀਕਰ ਸੈਕਸ਼ਨਜ਼ ਅਤੇ ਪਬਲਿਕ ਡਿਸਟ੍ਰੀਬਿਊਸ਼ਨ ਸਿਸਟਮ, ਮੈਨਟੀਨੈਂਸ ਆਦਿ ਦਾ ਪ੍ਰਬੰਧ ਪੰਚਾਇਤਾਂ ਕਰਨਗੀਆਂ। ਪਿਛਲੇ ਸਾਲ ਪੰਜਾਬ ਦੇ ਪਿੰਡਾਂ ਵਿਚ ਟੂਰਨਾਮੈਂਟ ਹੋਏ ਹਨ ਅਤੇ ਕਿਤਨੀ ਭਾਰੀ ਗਿਣਤੀ ਵਿਚ ਲੋਕ ਮੌਜੂਦ ਸਨ ਜਦੋਂ ਕਿ ਪਹਿਲਾਂ ਕੋਈ ਬੰਦਾ ਲੱਭਦਾ ਵੀ ਨਹੀਂ ਸੀ। ਅੱਜ ਹਜ਼ਾਰਾਂ ਦੀ ਤਾਦਾਦ ਵਿਚ ਲੋਕ ਖੇਡਾਂ ਵੇਖਣ ਲਈ ਜਾਂਦੇ ਹਨ। (ਥੰਪਿੰਗ)

[ਸੰਸਦੀ ਮਾਮਲਿਆਂ ਦੇ ਮੰਤਰੀ]

ਪੰਜਾਬ ਦੇ ਨੌਜਵਾਨ ਖੇਡਾਂ ਵਿਚ ਅੱਗੇ ਆ ਰਹੇ ਹਨ । ਪੰਜਾਬ ਦੇ ਲੋਕਾਂ ਵਿਚ ਹੁਣ ਨਵਾਂ ਰੁਝਾਨ ਪੈਦਾ ਹੋਇਆ ਹੈ । ਪਿੰਡਾਂ ਦੇ ਹਰ ਬਲਾਕ ਵਿਚ ਹੁਣ ਖੇਡਾਂ ਖੇਡੀਆਂ ਜਾ ਰਹੀਆਂ ਹਨ । ਨਵੇਂ-ਨਵੇਂ ਸਟੇਡੀਅਮ ਬਣਾਉਣ ਦੀ ਮੰਗ ਪਿੰਡਾਂ ਵਿਚੋਂ ਆ ਰਹੀ ਹੈ । ਇਸ ਤੋਂ ਇਲਾਵਾ ਅਸੀਂ ਹੈਲਥ ਬਾਰੇ ਵੀ ਪ੍ਰਬੰਧ ਕਰਨਾ ਹੈ । ਫੈਮਿਲੀ ਵੈਲਫੇਅਰ ਸਾਨੂੰ ਚੈਲੰਜ ਕਰ ਰਹੀ ਹੈ । ਫੈਮਿਲੀ ਵੈਲਫੇਅਰ ਦੀ ਜੋ ਸਕੀਮ ਹੈ ਉਸ ਦੇ ਫਿਊਚਰ ਨੂੰ ਵੀ ਵੇਖਣਾ ਹੈ । ਅਸੀਂ ਲੇਡੀਜ਼ ਦੀ ਵੈਲਫੇਅਰ ਵਾਸਤੇ ਵੀ ਕੰਮ ਕਰ ਰਹੇ ਹਾਂ । ਸਪੀਕਰ ਸਾਹਿਬ, ਪਿੰਡਾਂ ਵਿਚ ਲੋਕਾਂ ਨੂੰ ਪਹਿਲਾਂ ਖਾਣ ਨੂੰ ਚੀਜ਼ਾਂ ਨਹੀਂ ਸੀ ਮਿਲਦੀਆਂ ਜਿਵੇਂ ਕਿ ਚੀਨੀ ਨਹੀਂ ਸੀ ਮਿਲਦੀ । ਅੱਜ ਅਸੀਂ ਪਿੰਡਾਂ ਵਿਚ ਚੀਜ਼ਾਂ ਵੀ ਮੁਹੱਈਆ ਕਰ ਰਹੇ ਹਾਂ । ਸਪੀਕਰ ਸਾਹਿਬ, 29 ਨਵੀਆਂ ਆਈਟਮਜ਼ ਹਨ । ਉਨ੍ਹਾਂ ਨੂੰ ਇਸ ਬਿੱਲ ਰਾਹੀਂ ਅੱਗੇ ਵਧਾਉਣ ਦਾ ਯਤਨ ਕੀਤਾ ਹੈ । ਸਾਡੀ ਸਰਕਾਰ ਨੇ ਪੰਚਾਇਤਾਂ ਨੂੰ ਸਾਰਾ ਕੰਮ ਸਪੁਰਦ ਕਰਨਾ ਹੈ । ਪੰਚਾਂ ਅਤੇ ਸਰਪੰਚਾਂ ਨੂੰ ਵੱਧ ਅਧਿਕਾਰ ਦੇਣੇ ਹਨ । (ਥੰਪਿੰਗ) ਸਪੀਕਰ ਸਾਹਿਬ, ਇਸ ਨਾਲ ਪੰਜਾਬ ਦੀਆਂ ਪੰਚਾਇਤਾਂ ਮਜ਼ਬੂਤ ਹੋਣਗੀਆਂ । ਪਿੰਡਾਂ ਦੀ ਇਤਨੀ ਡਿਵੈਲਪਮੈਂਟ ਹੋਵੇਗੀ ਕਿ ਸ਼ਹਿਰਾਂ ਤੋਂ ਲੋਕ ਪਿੰਡਾਂ ਨੂੰ ਜਾਣਗੇ । ਮਹਾਤਮਾ ਗਾਂਧੀ ਜੀ ਦਾ ਸੁਪਨਾ ਅਸੀਂ ਪੂਰਾ ਕਰਾਂਗੇ । ਇਸ ਲਈ ਮੈਂ ਸਪੀਕਰ ਸਾਹਿਬ, ਹਾਊਸ ਦੇ ਸਾਰੇ ਮੈਂਬਰਾਂ ਨੂੰ ਕਹਾਂਗਾ ਕਿ ਅਸੀਂ ਯੂਨੈਨੀਮਸਲੀ ਇਸ ਬਿਲ ਨੂੰ ਅਡਾਪਟ ਕਰੀਏ । ਅਸੀਂ ਜੋ ਬਿਲ ਵਿਚ ਸੋਧ ਕਰ ਰਹੇ ਹਾਂ ਉਸ ਨਾਲ ਪਿੰਡਾਂ ਦੇ ਲੋਕਾਂ ਨੂੰ ਫਾਇਦਾ ਹੋਵੇਗਾ ਅਤੇ ਪਿੰਡਾਂ ਦੀਆਂ ਪੰਚਾਇਤਾਂ ਨੂੰ ਮਜ਼ਬੂਤ ਕਰ ਸਕਾਂਗੇ । ਪੰਚ ਅਤੇ ਸਰਪੰਚ ਲੋਕਾਂ ਦੀਆਂ ਆਸਾਂ ਦੇ ਮੁਤਾਬਿਕ ਵੱਧ ਚੜ੍ਹ ਕੇ ਕੰਮ ਕਰ ਸਕਣਗੇ । ਜੋ ਲੋਕਾਂ ਨੇ ਪੰਚਾਇਤਾਂ ਦੀਆਂ ਚੋਣਾਂ ਵਿਚ ਇਤਨੀ ਭਾਰੀ ਗਿਣਤੀ ਵਿਚ ਵੋਟਾਂ ਪਾਕੇ ਫਤਵਾ ਦਿੱਤਾ ਹੈ ਉਨ੍ਹਾ ਲੋਕਾਂ ਦੀ ਉਹ ਅਗਵਾਈ ਕਰ ਸਕਣਗੇ । ਸਪੀਕਰ ਸਾਹਿਬ, ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ (ਥੰਪਿੰਗ) ।

ਕਾਮਰੇਡ ਗੁਰਨਾਮ ਸਿੰਘ ਧੀਰੋਵਾਲ (ਸ੍ਰੀ ਹਰਗੋਬਿੰਦਪੁਰ) : ਸਪੀਕਰ ਸਾਹਿਬ, ਮੈਂ ਜੋ ਅੱਜ ਹਾਊਸ ਦੇ ਸਾਹਮਣੇ ਦੋ ਸੋਧਾਂ ਦਾ ਬਿੱਲ ਪੇਸ਼ ਹੋਇਆ ਹੈ, ਉਨ੍ਹਾਂ ਦਾ ਮੈਂ ਸਮਰਥਨ ਕਰਦਾ ਹਾਂ । ਮੈਂ ਆਪਣੀ ਸੀ.ਪੀ.ਆਈ. ਪਾਰਟੀ ਵਲੋਂ ਵੀ ਉਨ੍ਹਾਂ ਦਾ ਸਮਰਥਨ ਕਰਦਾ ਹਾਂ । ਇਹ ਬਿਲ ਹਾਊਸ ਵਿਚ ਲਿਆ ਕੇ ਜੋ ਸਹੀ ਮਾਇਨਿਆਂ ਵਿਚ ਡੈਮੋਕਰੇਸੀ ਕਹੀ ਜਾ ਸਕਦੀ ਹੈ, ਉਹ ਇਸ ਵਿਚ ਹੈ । ਇਸਤਰੀਆਂ ਨੂੰ ਇਸ ਵਿਚ ਇਕ ਤਿਹਾਈ ਦੀ ਪ੍ਰਤੀਨਿਧਤਾ ਦਿੱਤੀ ਗਈ ਹੈ । ਇਸ ਬਿੱਲ ਵਿਚ ਸ਼ਡਿਊਲਡ ਕਾਸਟ ਅਤੇ ਸ਼ਡਿਊਲਡ ਟਰਾਈਬਜ਼ ਦੀ ਵੀ ਪ੍ਰਤੀਨਿਧਤਾ ਹੈ । ਵਨ ਥਰਡ ਇਸਤਰੀਆਂ ਦੀ ਨੁਮਾਇੰਦਗੀ ਪੰਚਾਇਤਾਂ ਵਿਚ ਕਰਨੀ ਹੈ ।

ਹਕੀਕਤ ਵਿੱਚ ਇਸ ਗੱਲ ਨਾਲ ਇਸਤਰੀ ਜਾਤੀ ਦਾ ਦਰਜਾ ਉੱਚਾ ਚੁੱਕਣ ਲਈ ਖਾਸ ਧਿਆਨ ਰੱਖਿਆ ਗਿਆ ਹੈ । ਉਨ੍ਹਾਂ ਦੀ ਸ਼ਮੂਲੀਅਤ ਨਾਲ ਉਨ੍ਹਾਂ ਦੀ ਪਿੰਡ ਦੀ ਜ਼ਿੰਦਗੀ ਵਿੱਚ ਸਤਿਕਾਰ ਵਧੇਗਾ । ਜਿਹੜੀਆਂ ਇਸਤਰੀ ਬਾਰੇ ਦਰਜਾ ਦੋ ਦੀਆਂ ਸ਼ਹਿਰੀ ਗੱਲਾਂ ਕਰਦੇ ਹਾਂ, ਉਹ ਵੀ ਦੂਰ ਹੋਣਗੀਆਂ । ਇਹ ਇਕ ਚੰਗਾ ਅਤੇ ਨੇਕ ਸ਼ਗਨ ਹੈ ਕਿ ਇਕ ਤਿਹਾਈ ਦੀ ਗੱਲ ਕੀਤੀ ਗਈ ਹੈ । ਇਹ ਗੱਲ ਪੁਸ਼ਟੀ ਕਰਨ

ਵਾਲੀ ਹੈ । ਅੱਗੇ ਇਹ ਪ੍ਰੀਜ਼ਸ਼ਨ ਸੀ ਕਿ ਪੰਚਾਇਤ ਬਣ ਗਈ ਤਾਂ ਕਦੇ ਉਸ ਦੀਆਂ ਮੁੜ ਇਲੈਕਸ਼ਨਾਂ 5-5 ਸਾਲ, ਕਦੇ 10-10 ਸਾਲ ਅਤੇ ਕਦੇ 15-15 ਸਾਲ ਵੀ ਨਹੀਂ ਸਨ ਹੁੰਦੀਆਂ । ਹੁਣ 5 ਸਾਲ ਦਾ ਸਮਾਂ ਬੰਨ੍ਹ ਕੇ ਇਕ ਸ਼ਲਾਘਾ-ਯੋਗ ਕਦਮ ਚੁੱਕਿਆ ਗਿਆ ਹੈ : ਅੱਗੇ ਤਾਂ ਇਹੀ ਹੁੰਦਾ ਰਿਹਾ ਹੈ ਕਿ ਜੇ ਪੰਚਾਇਤ ਟੁੱਟ ਜਾਂਦੀ ਹੈ ਤਾਂ ਟੁੱਟੀ ਹੀ ਰਹਿੰਦੀ ਸੀ । ਪਟੀਸ਼ਨਾਂ ਦੇ ਕੇਸ ਕੋਰਟਾਂ ਵਿੱਚ ਲਟਕਦੇ ਹੀ ਰਹਿੰਦੇ ਸਨ । ਇਨ੍ਹਾਂ ਦੀ ਮਿਆਦ ਦੇ ਸਮਾਂ-ਬੱਧ ਕਰਨ ਨਾਲ ਜਮਹੂਰੀਅਤ ਦੀ ਬਣਤਰ ਨੂੰ ਤਕੜਾ ਕਰਨ ਵਾਲਾ ਇਹ ਇਕ ਚੰਗਾ ਕਦਮ ਹੈ ।

ਹੁਣ ਜੇ ਅਸੀਂ ਇਸ ਦੇ ਨਾਂਹ-ਪੱਖੀ ਪਹਿਲੂਆਂ ਤੇ ਗੌਰ ਕਰੀਏ ਤਾਂ ਸਭ ਤੋਂ ਪਹਿਲਾਂ ਇਮਪਲੀਮੈਂਟੇਸ਼ਨ ਦੀ ਗੱਲ ਕਰਨੀ ਪਵੇਗੀ । ਜੇ ਕਿਸੇ ਕਾਨੂੰਨ ਦੀ ਇਮਪਲੀ-ਮੈਂਟੇਸ਼ਨ ਦਰੁੱਸਤ ਤਰੀਕੇ ਨਾਲ ਨਹੀਂ ਹੁੰਦੀ, ਤਾਂ ਉਹ ਕਾਨੂੰਨ ਬਣਾਉਣ ਦਾ ਵੀ ਕੋਈ ਨਤੀਜਾ ਨਹੀਂ ਨਿਕਲਦਾ । ਉਹ ਕਾਨੂੰਨ ਹੀ ਬਣੇ ਰਹਿ ਜਾਂਦੇ ਹਨ । ਜਿਵੇਂ 5,000 ਰੁਪਏ ਤੱਕ ਦੇ ਕਰਜ਼ਿਆਂ ਵਾਲੀ ਗੱਲ ਲੈ ਲਓ, ਪੈਨਸ਼ਨਾਂ ਦੀ ਗੱਲ ਲੈ ਲਓ । ਹੋਰ ਵੀ ਕਈ ਅਨੇਕ ਸਟੇਟਾਂ ਵਿੱਚ ਕਈ ਤਰ੍ਹਾਂ ਦੇ ਕਾਨੂੰਨ ਬਣੇ ਹੋਣਗੇ, ਪਾਰਲੀਆਮੈਂਟ ਵਿੱਚ ਵੀ ਬਣੇ ਹੋਣਗੇ, ਪਰ ਉਨ੍ਹਾਂ ਦੀ ਜਦੋਂ ਇਮਪਲੀਮੈਂਟੇਸ਼ਨ ਹੀ ਨਹੀਂ ਹੋਣੀ ਤਾਂ ਲੋਕਾਂ ਨੂੰ ਕੀ ਰਾਹਤ ਮਿਲੇਗੀ । ਲੋਕ ਕੁਰਲਾਉਂਦੇ ਰਹਿੰਦੇ ਹਨ । ਇਹ ਤਾਂ ਉਨ੍ਹਾਂ ਦੀਆਂ ਅੱਖਾਂ ਵਿੱਚ ਘੱਟਾ ਪਾਉਣ ਵਾਲੀ ਗੱਲ ਹੋ ਜਾਂਦੀ ਹੈ । ਇਸ ਤਰ੍ਹਾਂ ਅਗਰ ਅਸੀਂ ਗਲਤ ਕੰਮ ਕਰਾਂਗੇ ਤਾਂ ਲੋਕਾਂ ਦਾ ਮੁੜ ਵਿਸ਼ਵਾਸ਼ ਪ੍ਰਾਪਤ ਨਹੀਂ ਕਰ ਸਕਾਂਗੇ । ਪਹਿਲਾਂ ਵੀ ਕੌਣ ਰੋਕਦਾ ਸੀ ਕਿ 15-15 ਸਾਲ ਪੰਚਾਇਤਾਂ ਦੀਆਂ ਇਲੈਕਸ਼ਨਾਂ ਨਾ ਹੋਣ, 6-6 ਸਾਲ ਪਟੀਸ਼ਨਾਂ ਕੋਰਟਾਂ ਵਿੱਚ ਹੀ ਪਈਆਂ ਰਹਿਣ । ਇਹ ਵੀ ਸਾਡੀ ਆਪਣੀ ਕਮਜ਼ੋਰੀ ਹੈ । ਹੁਣ ਦੀਆਂ ਪੰਚਾਇਤਾਂ ਦੀਆਂ ਇਲੈਕਸ਼ਨਾਂ ਵਿੱਚ ਦੇਖਿਆ ਗਿਆ ਹੈ ਕਿ ਕੀ ਘਾਲਾਮਾਲਾ ਹੋਇਆ ਹੈ । ਕਾਂਗਰਸ ਵਾਲਿਆਂ ਨੇ ਜ਼ਿਆਦਾ ਧਾਂਧਲੀਆਂ ਕੀਤੀਆਂ ਹਨ ਜਾਂ ਕਿਨ੍ਹਾਂ ਨੇ ਕੀਤੀਆਂ ਹਨ, ਇਸ ਗੱਲ ਵੱਲ ਮੈਂ ਨਹੀਂ ਜਾਂਦਾ । ਪਰ ਬੜੀਆਂ ਧਾਂਧਲੀਆਂ ਹੋਈਆਂ ਹਨ । ਪੁਲਿਸ ਦਾ ਬਹੁਤ ਦਖਲ ਪਾਇਆ ਗਿਆ । ਕਈ ਲੋਕ ਜਿਹੜੇ ਅਤਿਵਾਦੀਆਂ ਨਾਲ ਸਬੰਧਤ ਸਨ, ਜਿਹੜੇ ਮਿਲਟਰੀ ਦੇ ਭਗੌੜੇ ਸਨ, ਜਿਨ੍ਹਾਂ ਨੇ ਕਈ ਕਈ ਮਰਡਰ ਕੀਤੇ ਹੋਏ ਸਨ, ਜਿਨ੍ਹ ਦੇ ਨਾਂ ਟੈਰੋਰਿਸਟਾਂ ਦੇ ਤੌਰ ਤੇ ਲਿਸਟਾਂ ਵਿਚ ਮੌਜੂਦ ਹਨ, ਉਹ ਲੋਕ ਪੁਲਿਸ ਦੀ ਮਿਲੀਭੁਗਤ ਨਾਲ ਸਰਪੰਚ ਬਣ ਗਏ । ਪਰ ਜਿਹੜੇ ਡਿਜ਼ਰਵ ਕਰਦੇ ਸਨ, ਉਨ੍ਹਾਂ ਨੂੰ ਉਹ ਲੋਕ ਚੁੱਕ-ਚੁੱਕ ਕੇ ਲੈ ਗਏ, ਉਨ੍ਹਾਂ ਨੂੰ ਇਲੈਕਸ਼ਨਾਂ ਵਿੱਚ ਖੜ੍ਹੇ ਹੀ ਨਹੀਂ ਹੋਣ ਦਿੱਤਾ ਗਿਆ । ਮੇਰੇ ਇਲਾਕੇ ਵਿੱਚ ਮੈਨੂੰ ਪਤਾ ਹੈ ਕਿ ਕਈ ਥਾਵਾਂ ਤੇ ਅਜਿਹੇ ਕੇਸ 2-3 ਹੋਏ ਹਨ । ਜਿਹੜੇ ਡਿਕਲੇਅਰਡ ਨਾਮੀ ਅਤਿਵਾਦੀ ਹਨ, ਪੁਲਿਸ ਦੀ ਮਿਲੀ-ਭੁਗਤ ਨਾਲ ਉਹ ਪੰਚਾਇਤਾਂ ਦੇ ਸਰਪੰਚ ਬਣ ਗਏ ਹਨ । ਸਮਾਜਿਕ ਤੌਰ ਤੇ ਲੋਕਾਂ ਨੇ ਉਨ੍ਹਾਂ ਅਤਿਵਾਦੀਆਂ ਨੂੰ ਠਕਰਾਇਆ ਹੋਇਆ ਸੀ, ਲੋਕਾਂ ਨੇ ਉਨ੍ਹਾਂ ਨੂੰ ਨਹੀਂ ਸੀ ਬਣਨ ਦੇਣਾ । ਲੇਕਿਨ ਪੁਲਿਸ ਦੀ ਮਿਲੀਭੁਗਤ ਨਾਲ ਉਹ ਸਰਪੰਚ ਬਣ ਚੁੱਕੇ ਹਨ । ਇਮਪਲੀ-ਮੈਂਟੇਸ਼ਨ ਬਾਰੇ ਇਹ ਵੀ ਦੇਖਣ ਵਾਲੀ ਗੱਲ ਹੈ ਕਿ ਜਿਹੜਾ ਪੰਚਾਇਤੀ ਸਿਸਟਮ ਹੈ, ਉਹਨੂੰ ਵੀ ਸੁਧਾਰਿਆ ਜਾਵੇ । ਜਿਹੜਾ ਅਫਸਰ ਵੋਟਾਂ ਪੁਆਉਣ ਆਉਂਦਾ ਹੈ ਉਹ 3,000 ਬੈਲਟ ਪੇਪਰ ਕੋਲ ਹੀ ਰੱਖ ਲੈਂਦਾ ਹੈ ਅਤੇ ਬਾਅਦ ਵਿੱਚ 10-10, 20-20 ਹਜ਼ਾਰ

[ਕਾਮਰੇਡ ਗੁਰਨਾਮ ਸਿੰਘ ਧੀਰੋਵਾਲ]

ਰੁਪਏ ਲੈ-ਲੈ ਕੇ ਵੇਚਦਾ ਫਿਰਦਾ ਹੈ । ਇਹ ਇਕ ਭੈੜੀ ਵਿਵਸਥਾ ਬਣੀ ਹੋਈ ਹੈ ਜਿਸ ਕਰਕੇ ਇਹ ਘਾਲਾ ਮਾਲਾ ਹੋ ਜਾਂਦਾ ਹੈ । ਉਂਗਲਾਂ ਤੇ ਕੋਈ ਨਿਸ਼ਾਨ ਨਹੀਂ ਲੱਗਦਾ । ਪਾਉਣ ਵਾਸਤੇ ਵੋਟਾਂ ਪਹਿਲਾਂ ਅੰਦਰ ਲੈ ਜਾਓ, ਫਿਰ ਉਹੀ ਵੋਟਾਂ ਬਾਹਰ ਲੈ ਆਓ ਅਤੇ ਬਾਹਰ ਲਿਆ ਕੇ ਵੇਚੀ ਜਾਓ । ਇਸ ਤਰ੍ਹਾਂ ਦੀ ਜਿਹੜੀ ਨੁਕਸਦਾਰ ਵਿਵਸਥਾ ਹੈ, ਇਹ ਪੰਚਾਇਤੀ ਢਾਂਚੇ ਨੂੰ ਖਰਾਬ ਕਰਦੀ ਹੈ । ਜੇ ਅਸੀਂ ਇਸ ਢਾਂਚੇ ਦੀ, ਇਸ ਦੀ ਬੈਕਗਰਾਊਂਡ ਦੀ, ਇਸ ਦੀ ਸਪਿਰਿਟ ਦੀ ਪੂਰੀ ਤਰ੍ਹਾਂ ਅਤੇ ਠੀਕ ਤਰੀਕੇ ਨਾਲ ਸੋਧ ਕਰਕੇ ਇੰਪਲੀਮੈਂਨਟੇਸ਼ਨ ਨਹੀਂ ਕਰਦੇ ਤਾਂ ਇਸ ਦੇ ਨਤੀਜੇ ਉਹੀ ਨਿਕਲਣਗੇ ਜਿਹੜੇ ਹੁਣ ਤੱਕ ਨਿਕਲਦੇ ਆਏ ਹਨ । ਇਸ ਵਿਚ ਸ਼ਰਾਰਤੀ ਲੋਕ ਪੈਸਾ ਖਰਚ ਕਰਕੇ ਸ਼ਡਿਊਲਡ ਕਾਸਟ ਲੋਕਾਂ । ਨੂੰ ਨੁੱਕਰੇ ਲਾਉਣ ਦਾ ਬਾਇਸ ਬਣਨਗੇ । ਅਗਰ ਅਸੀਂ ਪੰਚਾਇਤੀ ਸਿਸਟਮ ਦੇ ਢਾਂਚੇ ਨੂੰ ਠੀਕ ਨਹੀਂ ਕਰਦੇ, ਇਸ ਦੀ ਇੰਪਲੀਮੈਂਨਟੇਸ਼ਨ ਠੀਕ ਢੰਗ ਨਾਲ ਨਹੀਂ ਕਰਦੇ ਤਾਂ ਇਹ ਸੋਧਾਂ ਹੋਣ ਦੇ ਬਾਵਜੂਦ ਇਸ ਦੇ ਨਤੀਜੇ ਠੀਕ ਨਹੀਂ ਨਿਕਲ ਸਕਦੇ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਨੀ ਚਾਹਾਂਗਾ ਕਿ ਇਸ ਦੀ ਠੀਕ ਇੰਪਲੀਮੈਂਨਟੇਸ਼ਨ ਕਰਵਾਉਣਾ, ਤਰਮੀਮਾਂ ਕਰਾਉਣ ਨਾਲੋਂ ਜ਼ਿਆਦਾ ਜ਼ਰੂਰੀ ਹੈ । ਅਗਰ ਇਸ ਤਰ੍ਹਾਂ ਨਹੀਂ ਹੁੰਦਾ ਤਾਂ ਇਸ ਦੇ ਭਿਆਨਕ ਸਿੱਟੇ ਨਿਕਲਣਗੇ । ਹੁਣ ਦੀਆਂ ਚੋਣਾਂ ਵਿਚ ਅਸੀਂ ਵੇਖਿਆ ਹੈ ਕਿ ਇਸ ਢਾਂਚੇ ਦੀ ਕਿਸ ਤਰ੍ਹਾਂ ਦੁਰ-ਵਰਤੋਂ ਹੋਈ, ਕਿਸ ਤਰ੍ਹਾਂ ਲੋਕਾਂ ਨੂੰ ਖਰੀਦਿਆ ਗਿਆ । ਬੈਲਟ ਪੇਪਰ ਅੰਦਰੋਂ ਬਾਹਰ ਮੰਗਵਾਏ ਗਏ........ ।

ਸ਼੍ਰੀ ਸਪੀਕਰ : ਤੁਸੀਂ ਟੂ ਦੀ ਪੁਆਇੰਟ ਬੋਲੋ, ਬਿੱਲ ਤੇ ਬੋਲੋ ।

ਕਾਮਰੇਡ ਗੁਰਨਾਮ ਸਿੰਘ ਧੀਰੋਵਾਲ : ਸਪੀਕਰ ਸਾਹਿਬ, ਇਹ ਜਿਹੜਾ ਤਰਮੀਮੀ ਬਿੱਲ ਹਾਊਸ ਵਿਚ ਪੇਸ਼ ਹੋਇਆ ਹੈ, ਮੈਂ ਆਪਣੀ ਪਾਰਟੀ ਵਲੋਂ ਇਸ ਦੀ ਪੁਸ਼ਟੀ ਕਰਦਾ ਹਾਂ । ਇਹ ਪੇਂਡੂ ਲੇਵਲ ਤੇ ਜਮਹੂਰੀਅਤ ਦੀ ਜੋ ਬੁਨਿਆਦ ਹੈ, ਉਸ ਨੂੰ ਪੱਕਿਆਂ ਕਰਨ ਵਾਲੀ ਗੱਲ ਹੈ । ਇਸ ਵਿਚ ਔਰਤਾਂ ਨੂੰ, ਸ਼ਡਿਊਲਡ ਕਾਸਟ ਲੋਕਾਂ ਨੂੰ 1/3 ਨੁਮਾਇੰਦਗੀ ਦੇ ਕੇ ਬੜਾ ਨੇਕ ਕੰਮ ਕੀਤਾ ਹੈ । ਮੈਂ ਸਮਝਦਾ ਹਾਂ ਕਿ ਇਹ ਠੀਕ ਕੰਮ ਕੀਤਾ ਹੈ (ਥੰਪਿੰਗ) ।

ਸ਼੍ਰੀ ਮਦਨ ਮੋਹਨ ਮਿੱਤਲ (ਨੰਗਲ) : ਸਪੀਕਰ ਸਾਹਿਬ, ਇਹ ਜੋ ਦ ਤਰਮੀਮੀ ਬਿੱਲ ਪੁਸ਼ਟੀ ਵਾਸਤੇ ਹਾਊਸ ਵਿਚ ਪੇਸ਼ ਕੀਤੇ ਗਏ ਹਨ......... ।

ਪੇਂਡੂ ਵਿਕਾਸ ਅਤੇ ਪੰਚਾਇਤਾਂ ਮੰਤਰੀ : 2 ਨਹੀਂ, ਇਕ ਹੀ ਬਿੱਲ ਹੈ ।

ਸ਼੍ਰੀ ਮਦਨ ਮੋਹਨ ਮਿੱਤਲ : ਚਲੋ, ਮੈਂ ਇਸੇ ਤੇ ਹੀ ਬੋਲਦਾ ਹਾਂ । ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਵਿਚ ਜਿਹੜੀ ਭਾਵਨਾ ਹੈ, ਇਹ ਉਹੀ ਭਾਵਨਾ ਹੈ ਜਿਹੜੀ ਕਿ ਸਾਡੇ ਹਿੰਦੁਸਤਾਨ ਵਿਚ ਪਹਿਲਾਂ ਬਣੇ ਹੋਏ ਵਿਧਾਨ ਵਿਚ ਹੈ । ਇਸ ਮੁਲਕ ਨੂੰ ਰਿਪਬਲਿਕ ਬਣਾਉਣ ਵਿਚ ਵੀ ਇਹੀ ਭਾਵਨਾ ਹੈ ਅਤੇ ਸਵਰਾਜ ਦੀ ਜਿਹੜੀ ਧਾਰਨਾ ਹੈ, ਉਸ ਵਿਚ ਵੀ ਇਹੀ ਭਾਵਨਾ ਹੈ........ ।

ਪੇਂਡੂ ਵਿਕਾਸ ਅਤੇ ਪੰਚਾਇਤਾਂ ਮੰਤਰੀ : ਸਪੀਕਰ ਸਾਹਿਬ, ਜੇ ਤੁਸੀਂ ਇਜ਼ਾਜ਼ਤ ਦਿਓ ਤਾਂ ਮਿਊਂਸਿਪਲ ਕਮੇਟੀ ਦਾ ਬਿੱਲ ਵੀ ਪੇਸ਼ ਕਰ ਦੇਈਏ, ਦੋਨਾਂ ਤੇ ਇਕੱਠੀ ਹੀ ਬਹਿਸ ਹੋ ਜਾਵੇਗੀ ।

ਸ਼੍ਰੀ ਮਦਨ ਮੋਹਨ ਮਿੱਤਲ : ਜੇ ਦੋਨਾਂ ਤੇ ਇਕੱਠੀ ਬਹਿਸ ਹੋ ਜਾਵੇ ਤਾਂ ਚੰਗੀ ਗੱਲ ਹੈ ਕਿਉਂਕਿ ਡਿਸਕਸ ਕਰਨ ਵਾਲੇ ਪੁਆਇੰਟ ਤਾਂ ਦੋਨਾਂ ਦੇ ਇਕੋ ਹੀ ਹਨ । ਏਮਜ਼ ਐਂਡ ਆਬਜੈਕਟਸ ਵੀ ਦੋਨਾਂ ਦੇ ਇਕੋ ਹੀ ਹਨ ।

ਸ਼੍ਰੀ ਸਪੀਕਰ : ਜੇ ਹਾਊਸ ਦੀ ਮਨਸ਼ਾ ਹੋਵੇ ਤਾਂ ਦੂਜਾ ਬਿੱਲ ਵੀ ਮੂਵ ਕਰ ਦਿੱਤਾ ਜਾਵੇ ?

If the House approves, we can take up both the Resolutions togcther for discussion ?

Voices : yes, yes.

Mr. Speaker · Doctor Sahib, please move the second Resolution.

Finance Minister (Doctor Kewal Krishan) : Sir, I beg to move—

> "That this House ratifies the amendments to the Constitution of India falling within the purview of clauses (c) and (e) of the provision to clause (2) of article 368 thereof proposed to be made by the Constitution (Seventy-third Amendment) Bill, 1991, as passed by the Houses of Parliament".

Mr. Speaker : Motion moved—

> "That this House ratifies the amendments to the Constitution of India falling within the purview of clauses (c) and (e) of the proviso to clause (2) of article 368 thereof proposed to be made by the Constitution (Seventy-third Amendment) Bill, 1991, as passed by the Houses of Parliament".

Mr. Speaker : Mr. Mittal, please carry on.

ਸ਼੍ਰੀ ਮਦਨ ਮੋਹਨ ਮਿੱਤਲ (ਨੰਗਲ) : ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਦੋਨੋਂ ਬਿਲਾਂ ਤੇ ਜੋ ਅਮੈਂਡਮੈਂਟ ਆਈ ਹੈ ਮੈਂ ਇਸ ਦੀਆਂ ਡੀਟੇਲਜ਼ ਪੜ੍ਹੀਆਂ ਹਨ । ਜਿੱਥੋਂ ਤੱਕ ਲੋਕ ਰਾਜ ਦਾ ਤਾਲੁੱਕ ਹੈ ਔਰ ਜਿੱਥੋਂ ਤੱਕ ਪਿੰਡਾਂ ਦੇ ਵਿੱਚ ਲੋਕ ਰਾਜ ਨੂੰ ਮਜ਼ਬੂਤ ਕਰਨ ਦਾ ਤਾਲੁੱਕ ਹੈ ਇਹ ਕੋਈ ਅਜਿਹੀ ਗੱਲ ਨਹੀਂ ਜਿਸ ਦੀ ਕਲਪਨਾ ਪਹਿਲੀ ਵਾਰੀ ਕੀਤੀ ਗਈ ਹੋਵੇ । ਜਦੋਂ ਤੋਂ ਹਿੰਦੁਸਤਾਨ ਦੇ ਵਿੱਚ ਸਮਾਜ ਦੀ ਰਚਨਾ ਹੋਈ ਹੈ ਪੰਚਾਇਤ ਨੂੰ ਹਰ ਵਕਤ ਬਲ ਦਿੱਤਾ ਗਿਆ ਹੈ । ਪੰਚਾਇਤ ਨੂੰ ਪਰਮੇਸ਼ਰ ਦਾ ਦਰਜਾ ਦਿੱਤਾ ਗਿਆ ਹੈ । ਜਿੱਥੇ ਕਿਤੇ ਪੰਜ ਬੰਦੇ ਇਕੱਠੇ ਹੋ ਕੇ ਫੈਸਲਾ ਕਰ ਦੇਣ ਉਹ ਪਿੰਡ ਦੇ ਲੋਕਾਂ ਨੂੰ ਮਨਜ਼ੂਰ ਹੁੰਦਾ ਹੈ । ਮੇਰਾ ਖਿਆਲ ਹੈ ਕਿ ਅਦਾਲਤ ਨਾਲੋਂ ਵੀ ਜ਼ਿਆਦਾ ਇਸ ਨੂੰ ਸੈਂਕਟਿਟੀ ਦਿੱਤੀ ਜਾਂਦੀ ਸੀ । ਲੋਕਾਂ ਨੂੰ ਹਮੇਸ਼ਾਂ ਇਹ ਠੀਕ ਲੱਗਦਾ ਸੀ । ਇਸ ਚੀਜ਼ ਬਾਰੇ ਕੋਈ ਬਿਲ ਨਹੀਂ ਸੀ, ਕੋਈ ਕਾਨੂੰਨ ਨਹੀਂ । That was not

[ਸ੍ਰੀ ਮਦਨ ਮੋਹਨ ਮਿੱਤਲ]
codified. ਰਾਜਾ ਅਸ਼ੋਕ ਦਾ ਰਾਜ ਸਪੀਕਰ ਸਾਹਿਬ ਸੱਭ ਤੋਂ ਅੱਛਾ ਮੰਨਿਆ ਗਿਆ ਹੈ। ਅਸ਼ੋਕ ਦੇ ਰਾਜ ਵਿੱਚ ਵੀ ਪੰਚਾਇਤ ਦੀ ਕਲਪਨਾ ਸੀ। ਉਸ ਤੋਂ ਪਹਿਲਾਂ ਵੀ ਸੀ। ਮੈਂ ਅਸ਼ੋਕ ਦੇ ਰਾਜ ਦੇ ਬਾਰੇ ਵਿੱਚ ਤੁਹਾਨੂੰ ਦੱਸਣ ਲੱਗਾ ਹਾਂ ਕਿ ਉਦੋਂ ਬਾਈ ਰੋਟੇਸ਼ਨ ਪਿੰਡ ਦੀ ਤਰੱਕੀ ਲਈ ਕਮੇਟੀਆਂ ਬਣਾਈਆਂ ਜਾਂਦੀਆਂ ਸਨ। ਬਾਈ ਰੋਟੇਸ਼ਨ ਉਨ੍ਹਾਂ ਦੇ ਮੁੱਖੀ ਚੁਣੇ ਜਾਂਦੇ ਸਨ, ਸਰਪੰਚ ਚੁਣੇ ਜਾਂਦੇ ਸਨ ਔਰ ਬਾਈ ਰੋਟੇਸ਼ਨ ਬਸਤੀ ਵਿੱਚ ਲੋਕਾਂ ਦੀਆਂ ਕਮੇਟੀਆਂ ਬਣਾ ਕਰ ਕੇ ਡਿਵੈਲਪਮੈਂਟ ਦਾ ਕੰਮ ਚਲਦਾ ਸੀ। ਅੱਜ ਵੀ ਬਹੁਤ ਸਾਰੇ ਟਰਾਈਬਜ਼ ਹਨ ਜਿਨ੍ਹਾਂ ਵਿੱਚ ਪੰਚਾਇਤਾਂ ਦੀ ਇਹ ਪਰੰਪਰਾ ਕਾਇਮ ਹੈ। Normally, they do not go to the Court of Law. ਪੰਚਾਇਤਾਂ ਜੋ ਫੈਸਲਾ ਕਰ ਦੇਣ, ਚਾਹੇ ਮਰਡਰ ਦੇ ਕੇਸ ਵਿੱਚ ਹੋਵੇ, ਜੋ ਫੈਸਲਾ ਪੰਚਾਇਤ ਕਰ ਦੇਵੇ ਉਸ ਨੂੰ ਉਹ ਮੰਨਦੇ ਹਨ। ਉਸੇ ਕਲਪਨਾ ਨੂੰ ਲੈ ਕਰ ਕੇ ਇਸ ਵਿਧਾਨ ਵਿਚ ਪੰਚਾਇਤਾਂ ਨੂੰ ਔਰ ਲੋਕਲ ਸੈਲਫ ਗੋਰਮਿੰਟ ਨੂੰ ਅਸੀਂ ਜ਼ਿਆਦਾ ਅਧਿਕਾਰ ਔਰ ਹੋਰ ਸੁਚਾਰੂ ਰੂਪ ਵਿੱਚ ਚਲਾਉਣ ਦੀ ਕਲਪਨਾ ਰੱਖੀ ਹੈ। ਮੈਂ ਸਮਝਦਾ ਹਾਂ ਕਿ ਇਹ ਇਕ ਬਹੁਤ ਹੀ ਅੱਛੀ ਗੱਲ ਹੈ ਲੇਕਿਨ ਗੱਲ ਇਹ ਹੈ ਕਿ ਕੀ ਅਸੀਂ ਇਸ ਨੂੰ ਓਨੈਸਟਲੀ ਲਾਗੂ ਕਰਾਂਗੇ। ਜਦੋਂ 1958 ਵਿੱਚ ਸੋਧ ਵਿਧਾਨ ਬਣਿਆ ਸੀ, ਸਾਰਿਆਂ ਨੇ ਇਸ ਦਾ ਬਹੁਤ ਸਵਾਗਤ ਕੀਤਾ ਸੀ। ਜਦੋਂ ਤੱਕ ਦੇਸ਼ ਦੇ ਵਿੱਚ ਕਾਂਗਰਸ ਪਾਰਟੀ ਰਹੀ ਔਰ ਜਦੋਂ ਤੋਂ ਕਾਂਗਰਸ ਦੇ ਵਿੱਚ 'ਆਈ' ਲੱਗ ਗਈ, ਇੰਡੀਆ ਨੂੰ ਵੀ ਆਈ ਲੱਗ ਗਈ ਔਰ ਵਿਧਾਨ ਦੀ ਵੀ ਆਈ ਬਣ ਗਈ। ਉਸ ਤੋਂ ਬਾਅਦ ਜਿਸ ਤਰੀਕੇ ਨਾਲ ਵਿਧਾਨ ਨੂੰ ਅਪਣੀ ਕੁਰਸੀ ਲਈ ਲਾਗੂ ਕੀਤਾ ਗਿਆ ਔਰ ਜ਼ਿਸ ਤਰੀਕੇ ਨਾਲ ਵਿਧਾਨ ਨੂੰ ਤਰੋੜਿਆ ਮਰੋੜਿਆ ਗਿਆ ਉਸ ਨਾਲ ਅੱਜ ਇਹ ਸਰੂਪ ਪੈਦਾ ਹੋ ਗਿਆ। ਲੋਕਾਂ ਨੂੰ ਲੱਗਣ ਗਿਆ ਹੈ ਕਿ ਕਿਆ ਵਿਧਾਨਕ ਤੌਰ ਤੇ ਅੱਜ ਅਸੈਂਬਲੀਆਂ ਦੀਆਂ ਚੋਣਾਂ ਹੋ ਰਹੀਆਂ ਹਨ ਜਾਂ ਨਹੀਂ। ਹਰ ਥਾਂ ਤੇ ਬੂਥ ਕੈਪਚਰਿੰਗ ਹੋ ਰਹੀ ਹੈ, ਰਿਗਿੰਗ ਹੋ ਰਹੀ ਹੈ। ਗਰੀਬ ਲੋਕਾਂ ਨੂੰ ਵੋਟ ਪਾਉਣ ਨਹੀਂ ਦਿੱਤਾ ਜਾ ਰਿਹਾ। ਉਨ੍ਹਾਂ ਦੀਆਂ ਵੋਟਾਂ ਡਰਾ ਧਮਕਾ ਕੇ ਉਨ੍ਹਾਂ ਤੋਂ ਪਹਿਲਾਂ ਕੋਈ ਹੋਰ ਉਨ੍ਹਾਂ ਦੀਆਂ ਵੋਟਾਂ ਪਾ ਜਾਂਦਾ ਹੈ। ਜੇਕਰ ਇਸ ਬਿਲ ਦੀ ਸਹੀ ਲੈਟਰ ਐਂਡ ਸਪਿਰਟ ਨੂੰ ਲਾਗੂ ਕੀਤਾ ਜਾਵੇ ਤਾਂ ਇਹ ਬਹੁਤ ਅੱਛਾ ਹੈ ਪਰ ਕੀ ਇਸ ਨੂੰ ਠੀਕ ਤਰੀਕੇ ਨਾਲ ਲਾਗੂ ਕਰਨ ਦੀ ਕੋਈ ਗਾਰੰਟੀ ਹੈ ? ਇਸ ਵਿੱਚ ਵੀ ਬਹੁਤ ਸਾਰੀਆਂ ਖਾਮੀਆਂ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜੋ ਅਸੀਂ ਹੁਣੇ ਜਿਹੇ ਪਿਛਲੀ ਵਾਰ ਮਿਉਂਸੀਪਲ ਕਮੇਟੀਆਂ ਦੀਆਂ ਚੋਣਾਂ ਦੇਖੀਆਂ ਹਨ, ਮੈਂ ਦੱਸਦਾ ਹਾਂ ਕਿ ਕੋਈ ਅਜਿਹਾ ਵਾਰਡ ਨਹੀਂ ਸੀ ਜਿੱਥੇ ਕਿ 200 ਤੋਂ ਲੈ ਕੇ 250 ਤੱਕ ਵੋਟਾਂ ਜਾਹਲੀ ਨਾ ਪਈਆਂ ਹੋਣ, ਨਾ ਬਣੀਆਂ ਹੋਣ। ਮੈਂ ਤੁਹਾਨੂੰ ਅਜਿਹੇ ਸ਼ਹਿਰ ਵੀ ਦੱਸ ਸਕਦਾ ਹਾਂ ਜਿੱਥੇ ਜਾਲ੍ਹੀ ਵੋਟਾਂ ਬਣਾਈਆਂ ਗਈਆਂ। ਨਾ ਉਥੇ ਬਾਪ ਦਾ ਨਾ, ਨਾਂ ਉਮਰ ਅਤੇ ਨਾ ਹੀ ਕੋਈ ਹਾਉਸ ਨੰਬਰ ਲਿਖਿਆ ਗਿਆ। ਅਸੀਂ ਅਜਿਹੀਆਂ ਸਾਰੀਆਂ ਵੋਟਾਂ ਇਕੱਠੀਆਂ ਕਰਕੇ ਚੀਫ ਇਲੈਕਸ਼ਨ ਕਮਿਸ਼ਨਰ ਕੋਲ ਗਏ ਅਤੇ ਅਸੀਂ ਜਾ ਕੇ ਦੱਸਿਆ ਕਿ ਪੰਜਾਬ ਦੇ ਵਿੱਚ ਕਿਸ ਤਰੀਕੇ ਨਾਲ ਮਿਉਂਸਿਪਲ ਕਮੇਟੀਆਂ ਦੀਆਂ ਵੋਟਾਂ ਬਣਾਈਆਂ ਗਈਆਂ ਅਤੇ ਪਾਈਆਂ ਗਈਆਂ। ਨਾ ਬਾਪ ਦਾ ਨਾਂ ਹੈ, ਔਰਤ ਦਾ ਇਹ ਪਤਾ ਨਹੀਂ ਲੱਗਦਾ ਕਿ ਇਹ ਕਿਸ ਦੀ ਪਤਨੀ ਹੈ ਜਾਂ ਕਿਸ ਦੀ ਬੇਟੀ ਹੈ ਔਰ ਉਨ੍ਹਾਂ ਲੋਕਾਂ ਦੀਆਂ ਵੋਟਾਂ ਕਿਸੇ ਹੋਰ ਦੁਆਰਾ ਪਾਈਆਂ ਗਈਆਂ। ਆਬਜੈਕਸ਼ਨ ਕਰਾਂਏ ਤਾਂ

ਉਹ ਕਹਿ ਦਿੰਦੇ ਹਨ ਕਿ ਵੋਟਾਂ ਬਣੀਆਂ ਹੋਈਆਂ ਹਨ। ਵੋਟਾਂ ਪੈਣ ਤੋਂ ਬਾਅਦ ਜਿਸ ਤਰੀਕੇ ਦੇ ਨਾਲ ਪ੍ਰਧਾਨ ਅਤੇ ਵਾਈਸ ਪ੍ਰਧਾਨ ਵਾਸਤੇ ਇਲੈਕਸ਼ਨ ਹੋਈ, ਜਿਸ ਤਰੀਕੇ ਦੇ ਨਾਲ ਕੋਆਪਸ਼ਨ ਹੋਣੀ ਸੀ, ਜੋ ਉਸ ਦੇ ਵਿੱਚ ਧਾਂਧਲੀ ਹੋਈ, ਮੈਂ ਸਮਝਦਾ ਹਾਂ ਕਿ ਫਿਰ ਤਾਂ ਪਹਿਲਾਂ ਹੀ ਮਿਉਂਸਿਪਲ ਐਕਟ ਬਣਿਆ ਹੋਇਆ ਹੈ, ਗ੍ਰਾਮ ਪੰਚਾਇਤ ਐਕਟ ਵੀ ਬਣਿਆ ਹੋਇਆ ਹੈ, ਫਿਰ ਤਾਂ ਇਸ ਨੂੰ ਲਾਗੂ ਕਰਨ ਦੀ ਲੋੜ ਨਹੀਂ। We can under the existing Act.

ਰੂਲਿੰਗ ਪਾਰਟੀ ਨੇ ਮਿਉਂਸਿਪਲ ਕਮੇਟੀ ਦੇ ਚੁਨਾਵ ਵਿੱਚ ਕੋ-ਆਪਸ਼ਨ ਵਿੱਚ ਪ੍ਰਧਾਨ ਦੇ ਚੁਨਾਵ ਨੂੰ ਅੱਗੇ ਚੱਲਣ ਨਹੀਂ ਦਿੱਤਾ ਜਦੋਂ ਤੱਕ ਕਿਸੇ ਮੈਂਬਰ ਨੇ ਇਹ ਨਹੀਂ ਕਹਿ ਦਿੱਤਾ ਕਿ ਮੈਂ ਤੁਹਾਡਾ ਫ਼ਾਰਮ ਭਰਦਾ ਹਾਂ, ਪਲੇਜ ਭਰਦਾ ਹਾਂ, ਭਾਵੇਂ ਕਿ 10 ਦਿਨਾਂ ਬਾਅਦ ਉਹ ਦੂਜੇ ਪਾਸੇ ਹੀ ਚੱਲੇ ਜਾਣ ਜਿਨ੍ਹਾਂ ਲੋਕਾਂ ਨੇ ਪਰੋਟੈਸਟ ਕਰਨ ਦੀ ਕੋਸ਼ਿਸ਼ ਕੀਤੀ, ਉਨ੍ਹਾਂ ਦੇ ਖ਼ਿਲਾਫ਼ ਕੇਸ ਦਰਜ ਕਰ ਦਿੱਤੇ ਗਏ ਔਰ ਇਹ ਕਿਹਾ ਗਿਆ ਕਿ ਇਨ੍ਹਾਂ ਨੇ ਸਾਡੇ 2-3 ਬੰਦੇ ਕਿਡਨੈਪ ਕਰ ਲਏ ਹਨ। ਮੈਂਬਰ ਉਥੇ ਖੜ੍ਹੇ ਸਨ ਔਰ ਜਦ ਤੱਕ ਉਹ ਮੈਂਬਰ ਤੋੜ ਨਹੀਂ ਲਏ ਗਏ, ਮੰਤਰੀ ਦੀ ਗੱਡੀ ਵਿੱਚ ਬਿਠਾ ਨਹੀਂ ਲਏ ਗਏ ਉਦੋਂ ਤੱਕ ਉਸ ਮਿਉਂਸਿਪਲ ਕਮੇਟੀ ਦੀ ਚੋਣ ਨਹੀਂ ਹੋਈ। ਮੈਂ ਸਦਨ ਵਿੱਚ ਕਹਿਣਾ ਚਾਹੁੰਦਾ ਹਾਂ ਕਿ ਜਦ ਤੱਕ ਅਸੀਂ ਇਮਾਨਦਾਰੀ ਨਾਲ ਕੇਵਲ ਇਸ ਕਰਕੇ ਨਹੀਂ ਕਿ ਸਾਨੂੰ ਪੁਲੀਟੀਕਲ ਐਕਸਪੀਡੀਐਂਸੀ ਹੈ ਆਫਟਰ ਆਲ ਜੇ ਅਸੀਂ ਜਮਹੂਰੀਅਤ ਨੂੰ ਮਜ਼ਬੂਤ ਕਰਨਾ ਹੈ ਤਾਂ we have to guarantee the freedom of association, freedom of speech, and the freedom of vote. ਤਦ ਤੱਕ ਅਸੀਂ ਐਸ਼ਿਓਰ ਨਹੀਂ ਕਰਾਂਗੇ ਇਸ ਨੂੰ ਲੈਟਰ ਐਂਡ ਸਪਿਰਿਟ ਵਿੱਚ ਲਾਗੂ ਨਹੀਂ ਕਰ ਸਕਦੇ। ਵਿਧਾਨ ਸਭਾ ਔਰ ਰਾਜ ਸਭਾ ਨੇ ਇਹ ਬਿੱਲ ਲਿਆ ਕੇ ਬੜੀ ਦੂਰ ਦੀ ਸੋਚੀ ਹੈ ਅਤੇ ਆਰਟੀਕਲ 40 ਦੇ ਆਧਾਰ ਤੇ ਨੀਚਲੀ ਪੱਧਰ ਤੇ ਸੰਪੂਰਨ ਰਾਜ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਹੈ। ਜੋ ਸੰਪੂਰਨ ਰਾਜ ਔਰ ਸੰਪੂਰਨ ਰਿਪਬਲਿਕ ਕੰਪਲੀਟ ਤੌਰ ਤੇ ਪੰਚਾਇਤ ਲੇਵਲ ਤੇ ਅਸੀਂ ਲਾਗੂ ਕਰ ਰਹੇ ਹਾਂ ਜਿਸ ਦੇ ਬਾਰੇ ਮਹਾਤਮਾ ਗਾਂਧੀ ਜੀ ਨੇ ਵੀ ਬੜੀ ਮਾਨਤਾ ਦਿੱਤੀ ਸੀ, ਕੀ ਉਸ ਨੂੰ ਅਸੀਂ ਪੂਰੀ ਤਰ੍ਹਾਂ ਲਾਗੂ ਕਰ ਰਹੇ ਹਾਂ ? ਅਸੀਂ ਉਸ ਤੇ ਪੂਰੇ ਉਤਰ ਰਹੇ ਹਾਂ ? ਪੰਚਾਇਤ ਇਲੈਕਸ਼ਨਾਂ ਵਿਚ ਬਹੁਤ ਸਾਰੀਆਂ ਥਾਵਾਂ ਤੇ ਧਾਂਦਲੀਆਂ ਹੋਈਆਂ ਹਨ। ਜਿਹੜੀਆਂ ਵੋਟਰ ਸੂਚੀਆਂ ਬਣੀਆਂ ਹੋਈਆਂ ਸਨ ਉਹ ਵਿਧਾਨ ਸਭਾ ਵਾਲੀਆਂ ਹੀ ਸਨ ਲੇਕਿਨ ਬਾਅਦ ਵਿੱਚ ਸਪਲੀਮੈਂਟਰੀ ਵੋਟਰ ਲਿਸਟਾਂ ਬਣ ਗਈਆਂ। ਜਿਹੜੇ ਬਕਸੇ ਰੱਖੇ ਗਏ ਸਨ, ਉਹ ਸੀਲ ਨਹੀਂ ਸਨ ਕੀਤੇ ਗਏ ਔਰ ਨਾ ਨਿਸ਼ਾਨ ਲੱਗੇ। ਇਕ-ਇਕ ਕੈਂਡੀਡੇਟ ਦਾ ਬੱਕਸਾ ਰੱਖਿਆ ਸੀ। ਇਹ ਸਭ ਬੜਾ ਸ਼ਾਰਟ ਨੋਟਿਸ ਤੇ ਕੀਤਾ ਗਿਆ। ਕਈ ਥਾਵਾਂ ਤੇ ਅਧਿਕਾਰੀਆਂ ਨੂੰ ਬਾਹਰ ਹੀ ਵੋਟਾਂ ਦੇ ਦਿੱਤੀਆਂ ਗਈਆਂ। ਔਰ ਉਹ ਪਕੜੇ ਵੀ ਗਏ। ਚੋਣਾਂ ਸ਼ੁਰੂ ਹੋਣ ਉਪਰੰਤ ਕੇਵਲ Election Petition ਹੀ ਹੋ ਸਕਦੀ ਹੈ ਜੋ ਬੜਾ ਲੰਬਾ ਪ੍ਰਾਸੈਸ ਹੈ। ਕੀ ਅਸੀਂ ਜਸਟਿਸ ਮਿਲਣ ਵਾਸਤੇ, ਇਲੈਕਸ਼ਨਾਂ ਦੇ ਪ੍ਰੋਸੈਸ ਨੂੰ ਫੇਅਰ ਬਣਾ ਰਹੇ ਹਾਂ ? ਇਸ ਵਿਚ ਇਕ ਪ੍ਰੋਵੀਜ਼ਨ ਹੈ ਜਿਸ ਦੇ ਬਾਰੇ ਮੇਰਾ ਵਿਸ਼ੇਸ਼ ਇਤਰਾਜ ਇਹ ਹੈ ਕਿ ਕਿਸੇ ਵੀ ਮਿਉਂਸਿਪਲ ਕਮੇਟੀ ਜਾਂ ਪੰਚਾਇਤ

[ਸ੍ਰੀ ਮਦਨ ਮੋਹਨ ਮਿੱਤਲ]

ਦੀ ਮਿਆਦ ਪੰਜ ਸਾਲ ਦੀ ਰੱਖੀ ਗਈ ਹੈ । ਇਸ ਵਿੱਚ ਜੇਕਰ ਕੋਈ ਮਿਊਂਸਿਪਲ ਕਮੇਟੀ ਜਾਂ ਪੰਚਾਇਤ 6 ਮਹੀਨੇ ਦੇ ਸਮੇਂ ਤੋਂ ਪਹਿਲਾਂ ਹੀ ਸੁਪਰਸੀਡ ਹੋ ਜਾਵੇ ਤਾਂ ਉਸ ਦੀ ਇਲੈਕਸ਼ਨ ਨਹੀਂ ਕਰਵਾਈ ਜਾਵੇਗੀ ਅਤੇ ਦੂਜੀਆਂ ਇਲੈਕਸ਼ਨਾਂ ਦੇ ਨਾਲ ਹੀ ਕਰਵਾਈ ਜਾਵੇਗੀ । ਜੇਕਰ ਕੋਈ ਮਿਊਂਸਿਪਲ ਕਮੇਟੀ ਜਾਂ ਪੰਚਾਇਤ 6 ਮਹੀਨੇ ਤੋਂ ਬਾਅਦ 2 ਸਾਲ ਦੇ ਵਿੱਚ ਸੁਪਰਸੀਡ ਹੋ ਜਾਵੇ ਤਾਂ ਉਸ ਦੀ ਚੋਣ ਹੋਵੇਗੀ ਲੇਕਿਨ ਚੁਣੇ ਜਾਣ ਉਪਰੰਤ ਉਸ ਨੂੰ ਪਹਿਲੇ ਸਮੇਂ ਵਿਚੋਂ ਘਟਾ ਕੇ ਬਾਕੀ ਦਾ ਪੀਰੀਅਡ ਦਿੱਤਾ ਜਾਵੇਗਾ । ਸਵਾਲ ਇਹ ਹੈ ਕਿ ਪਹਿਲੀ ਪੰਚਾਇਤ ਤਾਂ ਆਪਣੇ ਡਿਫਾਲਟ ਕਰਕੇ ਸੁਪਰਸੀਡ ਹੋਈ ਹੈ ਤਾਂ ਫਿਰ ਨਵੀਂ ਚੁਣੀ ਜਾਣ ਵਾਲੀ ਪੰਚਾਇਤ ਨੂੰ ਪੂਰੇ ਪੰਜ ਸਾਲ ਕਿਉਂ ਨਾ ਦਿੱਤੇ ਜਾਣ ਕਿਉਂਕਿ ਇਸ ਅਮੈਂਡਮੈਂਟ ਵਿੱਚ 5 ਸਾਲ ਦੀ ਚੋਣ ਦੀ ਪ੍ਰੋਵੀਜ਼ਨ ਹੈ । ਅਜਿਹੀਆਂ ਮਿਊਂਸਿਪਲ ਕਮੇਟੀਆਂ ਜਾਂ ਪੰਚਾਇਤਾਂ ਦਾ ਸਮਾਂ ਘਟਾਇਆ ਨਹੀਂ ਜਾਣਾ ਚਾਹੀਦਾ ਸਗੋਂ ਪੂਰੇ ਪੰਜ ਸਾਲ ਦਾ ਸਮਾਂ ਦਿੱਤਾ ਜਾਣਾ ਚਾਹੀਦਾ ਹੈ । ਇਹ ਵੀ ਬਹੁਤ ਅੱਛੀ ਪ੍ਰੋਵੀਜ਼ਨ ਹੈ ਕਿ ਜਦੋਂ ਕਿਸੇ ਕਮੇਟੀ ਦੀ ਟਰਮ ਖਤਮ ਹੁੰਦੀ ਹੈ ਤਾਂ ਉਸ ਤੋਂ ਪਹਿਲਾਂ ਚੋਣ ਕਰਵਾ ਦਿੱਤਾਂ ਜਾਵੇ । ਪਹਿਲਾਂ ਵਿਧਾਨ ਸਭਾ ਅਤੇ ਲੋਕ ਸਭਾ ਦੀਆਂ ਚੋਣਾਂ ਵੀ ਇਸੇ ਤਰੀਕੇ ਨਾਲ ਹੁੰਦੀਆਂ ਸਨ । ਮਿਸਾਲ ਵਜੋਂ ਜੇਕਰ ਵਿਧਾਨ ਸਭਾ ਦੀ ਮਿਆਦ ਮਾਰਚ ਵਿਚ ਖਤਮ ਹੋ ਰਹੀ ਹੈ ਤਾਂ ਫਰਵਰੀ ਵਿੱਚ ਉਸਦੀ ਚੋਣ ਕਰਵਾ ਦਿੱਤੀ ਜਾਂਦੀ ਸੀ so that by the time the term expires, the new Assembly or Lok Sabha takes over. ਪ੍ਰੰਤੂ ਇਹ ਪ੍ਰੋਸੈਸ ਖਤਮ ਓਦੋਂ ਹੋਇਆ ਜਦੋਂ ਵਿਧਾਨ ਦੀ ਉਲੰਘਣਾ ਹੋਣ ਲੱਗ ਪਈ । ਵਿਧਾਨ ਨੂੰ ਇਕ ਪਾਸੇ ਰੱਖ ਦਿੱਤਾ ਤਾਂ ਜੋ ਪਾਰਟੀ ਚੋਣ ਜਿੱਤ ਜਾਵੇ । ਫਿਰ ਇਹ ਸੋਚ ਪੈ ਗਈ ਕਿ ਕੁਰਸੀ ਨੂੰ ਕਿਸ ਤਰੀਕੇ ਨਾਲ ਸੁਰੱਖਿਅਤ ਰੱਖਿਆ ਜਾ ਸਕਦਾ ਹੈ । ਪੰਚਾਇਤਾਂ ਵਿਚ ਇੰਟਰਮੀਡੀਏਟ ਦੀ ਚੋਣ ਤਾਂ ਡਾਇਰੈਕਟ ਕਰ ਦਿੱਤੀ । ਇਸ ਤਰ੍ਹਾਂ ਜਿਹੜੀ ਸਰਪੰਚ ਦੀ ਚੋਣ ਹੈ ਉਹ ਤਾਂ ਡਾਇਰੈਕਟ ਕਰ ਦਿੱਤੀ ਪਰ ਡਿਸਟ੍ਰਿਕਟ ਲੇਵਲ ਤੇ ਇਹ ਚੋਣ ਇਨਡਾਇਰੈਕਟ ਕਰ ਦਿੱਤੀ । ਇਹ ਵੀ ਡਾਇਰੈਕਟ ਹੋਣੀ ਚਾਹੀਦੀ ਹੈ ।

ਇਥੇ ਮੈਂ ਇਕ ਰੋਪੜ ਸ਼ਹਿਰ ਦੀ ਮਿਸਾਲ ਦੇਣਾ ਚਾਹੁੰਦਾ ਹਾਂ ਕਿ ਰੋਪੜ ਮਿਊਂਸਿਪਲ ਕਮੇਟੀ ਵਿੱਚ 4 ਠੇਕੇਦਾਰ ਚੁਣ ਕੇ ਐਮ. ਸੀ. ਬਣ ਕੇ ਆਏ । ਇਹ ਸਰਕਾਰ ਦੀ ਬੜੀ ਮਿਹਰਬਾਨੀ ਹੈ ਕਿ ਉਸ ਮਿਊਂਸਿਪਲ ਕਮੇਟੀ ਨੂੰ ਡਿਵੈਲਮੈਂਟ ਦੇ ਕੰਮਾਂ ਵਾਸਤੇ ਕਾਫ਼ੀ ਫੰਡ ਦਿੱਤੇ ਜਾ ਰਹੇ ਹਨ ਪਰ ਉਥੇ ਸਾਰੇ ਠੇਕੇ ਬੇਨਾਮੀ ਲੈ ਲਏ ਗਏ । ਪੈਸਿਆਂ ਦੀ ਵੰਡ ਪੈ ਰਹੀ ਹੈ He is dependent upon these members. ਜੇਕਰ ਇਹ ਚੋਣ ਡਾਇਰੈਕਟ ਹੋ ਜਾਵੇ ਤਾਂ ਉਹ ਸਮੂਹਕ ਮੱਤ ਲੈ ਕੇ ਆਉਣਗੇ । ਇਨਡਾਇਰੈਕਟ ਚੋਣ ਕਰਕੇ ਇਹ ਜਿਹੜੀ ਜ਼ਿਆਦਾ ਕੁਰੱਪਸ਼ਨ ਹੈ, ਬੰਦੇ ਪਰਚੇਜ਼ ਕਰਨ ਦੀ ਗੱਲ ਹੈ ਇਹ ਬਹੁਤ ਘੱਟ ਜਾਵੇਗੀ । ਇਸ ਕਰਕੇ ਇਸ ਦੀ ਵੀ ਡਾਇਰੈਕਟ ਇਲੈਕਸ਼ਨ ਦੀ ਪ੍ਰੋਵੀਜ਼ਨ ਹੋਣੀ ਚਾਹੀਦੀ ਹੈ, ਇਸ ਦੇ ਨਾਲ ਪ੍ਰੋਸੈਸ ਆਫ਼ ਕੁਰੱਪਸ਼ਨ ਇਲੀਮੀਨੇਟ ਹੋਵੇਗਾ । ਐਸਾ ਕਰਕੇ ਇਸ ਦੇ ਵਿੱਚ ਫੇਅਰਨੈਸ ਆ ਸਕੇਗੀ । ਪੰਚਾਇਤ ਇਲੈਕਸ਼ਨ ਪ੍ਰੋਸੈਸ ਡੈਮੋਕਰੇਸੀ ਵਿੱਚ ਇਕ ਗਰਾਸ-ਰੂਟ ਦੀ ਦਰ ਹੈ ਇਸ ਲਈ ਇਸ ਡੈਮੋਕਰੇਸੀ ਨੂੰ ਮਜ਼ਬੂਤ

ਕਰਨ ਵਾਸਤੇ ਜਿੱਥੇ-ਜਿੱਥੇ ਵੀ ਕੁਰੱਪਸ਼ਨ ਦੀ ਪੋਸੀਬਿਲਟੀ ਹੈ, ਉਸ ਨੂੰ ਰਿਮੂਵ ਕਰਨਾ ਚਾਹੀਦਾ ਹੈ ਅਤੇ ਸਾਨੂੰ ਰੀਪਬਲਿਕ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ। ਇਸ ਵਿੱਚ ਫਾਈਨੈਂਸ਼ੀਅਲ ਰਿਸੋਰਸਿਜ਼ ਬਹੁਤ ਜ਼ਰੂਰੀ ਹਨ। ਕਈ ਕਮੇਟੀਆਂ ਐਸੀਆਂ ਹਨ ਜਿਹੜੀਆਂ ਕਿ ਆਪਣੇ ਬਿੱਲਜ਼ ਵੀ ਨਹੀਂ ਦੇ ਸਕਦੀਆਂ। ਸਰਕਾਰ ਪੰਜ ਸਾਲ ਬਾਅਦ ਫਾਈਨੈਂਸ਼ੀਅਲ ਪੋਜ਼ੀਸ਼ਨ ਨੂੰ ਰਿਵਿਊ ਕਰੇਗੀ। ਇਸ ਬਾਰੇ ਵੀ ਇਸ ਬਿੱਲ ਵਿਚ ਦਰਜ ਹੈ ਅਤੇ ਅੱਛੀ ਗੱਲ ਹੈ। ਜਦੋਂ ਉਨ੍ਹਾਂ ਨੂੰ ਡਿਵਲਪਮੈਂਟ ਬੋਰਡ ਵੱਲੋਂ ਗਰਾਂਟ ਜਾਂ ਪੈਸੇ ਮਿਲਦੇ ਹਨ ਤਾਂ ਉਹ ਕਹਿੰਦੇ ਹਨ ਕਿ ਤੁਸੀਂ ਆਪਣਾ ਹਿੱਸਾ ਕੰਟਰੀਬਿਊਟ ਕਰੋ। ਪਰ ਉਹ ਰਿਸੋਰਸਜ਼ ਨਾ ਹੋਣ ਕਾਰਨ ਆਪਣਾ ਹਿੱਸਾ ਵੀ ਕੰਟਰੀਬਿਊਟ ਨਹੀਂ ਕਰ ਸਕਦੇ ਤਾਂ ਡਿਵੈਲਪਮੈਂਟਬੋਰਡ ਵਾਲੇ ਕਹਿ ਦਿੰਦੇ ਹਨ ਕਿ In case the panchayat does not contribute its share the grant will not be released. ਇਹ ਠੀਕ ਹੈ ਕਿ ਇਨ੍ਹਾਂ ਅਮੈਂਡਮੈਂਟਸ ਦੇ ਨਾਲ ਪੰਚਾਇਤਾਂ ਵਿੱਚ ਸੁਧਾਰ ਆਵੇਗਾ ਅਤੇ ਪੰਚਾਇਤਾਂ ਸੁਦ੍ਰਿੜ ਹੋਣਗੀਆਂ ਪਰ ਕੁਐਸਚਨ ਇਹ ਹੈ ਕਿ ਕੀ ਅਸੀਂ ਇਸ ਨੂੰ ਆਨੈਸਟਲੀ ਲਾਗੂ ਕਰ ਸਕਾਂਗੇ ? ਔਰ ਜੋ ਬਹੁਤ ਸਾਰੀਆਂ ਪਾਵਰਜ਼ ਸਟੇਟ ਲੈਜਿਸਲੇਚਰ ਨੂੰ ਦਿੱਤੀਆਂ ਗਈਆਂ ਹਨ ਜਿਨ੍ਹਾਂ ਨੂੰ ਸਾਡੀ ਲੈਜਿਸਲੇਸ਼ਨ ਨੇ ਸਰ-ਅਨਜ਼ਾਮ ਦਿੱਤਾ ਹੈ, ਮੈਂ ਚਾਹੁੰਦਾ ਹਾਂ ਕਿ ਜੋ ਇਸ ਦੀ ਸਪਿਰਟ ਹੈ, ਉਸ ਦੇ ਨਾਲ ਇਸ ਨੂੰ ਲਾਗੂ ਕੀਤਾ ਜਾਵੇ ਤਾਂ ਕਿ ਪੰਚਾਇਤਾਂ ਜੋ ਹਨ ਉਹ ਪੂਰੀ ਸਪਿਰਟ ਨਾਲ ਕੰਮ ਕਰ ਸਕਣ ਔਰ ਇਸ ਦੇ ਵਿੱਚ ਜੋ ਅਨੁਸੂਚਿਤ ਜ਼ਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਔਰਤਾਂ ਨੂੰ ਰਿਪਰੈਜ਼ੈਂਟੇਸ਼ਨ ਦੇਣ ਬਾਰੇ ਕਿਹਾ ਗਿਆ ਹੈ, ਮੈਂ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਵੀ ਦੇਸ਼ ਦੀ ਉੱਨਤੀ ਵਿੱਚ ਇਨਵਾਲਵ ਕਰਨਾ ਚਾਹੀਦਾ ਹੈ, ਪੂਰੀ ਪ੍ਰਤੀਨਿਧਤਾ ਦੇਣੀ ਚਾਹੀਦੀ ਹੈ : This is a good step. ਮੇਰੀ ਪਾਰਟੀ ਇਸ ਦਾ ਸਮਰਥਨ ਕਰਦੀ ਹੈ। ਅਸੀਂ ਆਲ ਇੰਡੀਆ ਲੈਵਲ ਤੇ ਵੀ ਇਸ ਦਾ ਸਮਰਥਨ ਕੀਤਾ ਹੈ। ਮੈਂ ਇਨ੍ਹਾਂ ਦੋਹਾਂ ਅਮੈਂਡਮੈਂਟਸ ਨਾਲ ਆਪਣੀ ਪਾਰਟੀ ਵਲੋਂ ਸਹਿਮਤੀ ਪ੍ਰਗਟ ਕਰਦਾ ਹਾਂ। ਧੰਨਵਾਦ।

ਸ਼੍ਰੀਮਤੀ ਵਿਮਲਾ ਡਾਂਗ (ਅੰਮ੍ਰਿਤਸਰ ਪੱਛਮੀ) : ਸਪੀਕਰ ਸਾਹਿਬ, ਮੈਂ ਇਹ ਜਿਹੜਾ ਮਿਊਂਸਿਪਲ ਕਮੇਟੀਆਂ ਅਤੇ ਪੰਚਾਇਤਾਂ ਸਬੰਧੀ ਸਾਰਾ ਜਿਹੜਾ ਪ੍ਰਾਸੈਸ ਹੈ, ਮੈਂ ਇਹ ਚਾਹੁੰਦੀ ਸੀ ਕਿ ਲੋਕ ਸਭਾ ਔਰ ਰਾਜ ਸਭਾ ਦੇ ਵਿੱਚ ਜਿਹੜੀ ਡਿਸਕਸ਼ਨ ਜਾਂ ਬਹਿਸ ਹੋਈ ਹੈ, ਉਸ ਸਬੰਧੀ ਜਿਹੜੇ ਪੈਂਫਲੈਟ ਸਰਕੂਲੇਟ ਕੀਤੇ ਗਏ ਹਨ, ਮੇਰਾ ਖਿਆਲ ਹੈ ਕਿ ਇਹ ਸਾਰੇ ਮੈਂਬਰ ਸਾਹਿਬਾਨ ਨੇ ਨਹੀਂ ਪੜ੍ਹੇ। ਇਸ ਦੇ ਵਿੱਚ ਬਹੁਤ ਸਾਰੇ ਇਮਪਾਰਟੈਂਟ ਨੁਕਤੇ ਹਨ ਜਿਹੜੇ ਮੁਖਤਲਫ ਪਾਰਟੀਆਂ ਨੇ ਰੱਖੇ ਹਨ। ਸਾਡੀ ਪਾਰਟੀ ਸੀ.ਪੀ.ਆਈ, ਸੀ.ਪੀ.ਐਮ., ਔਰ ਕਾਂਗਰਸ ਪਾਰਟੀ ਔਰ ਦੂਸਰੀਆਂ ਪਾਰਟੀਆਂ ਹਨ, ਉਨ੍ਹਾਂ ਨੇ ਆਪਣੇ ਵਿਚਾਰ ਰੱਖੇ ਹਨ। ਇੱਕ ਗੱਲ ਜਿਹੜੀ ਹੈ ਉਹ ਇਹ ਕਿ ਭਾਵੇਂ ਸਾਡੇ ਰਾਜ ਵਿੱਚ ਪੰਚਾਇਤ ਰਾਜ ਔਰ ਸੈਲਫ ਗੌਰਮਿੰਟ ਦੀਆਂ ਰਵਾਇਤਾਂ ਪ੍ਰਚਲਤ ਹਨ ਔਰ

[ਸ਼੍ਰੀਮਤੀ ਵਿਮਲਾ ਡਾਂਗ]

ਪੰਚਾਇਤਾਂ ਦੇ ਇਲੈਕਸ਼ਨ ਵੀ ਹੁੰਦੇ ਹਨ ਪਰ ਜਮਹੂਰੀਅਤ ਦੀ ਉਲੰਘਣਾ ਵੀ ਹੋਈ ਤੇ ਕਈ ਥਾਵਾਂ ਤੇ ਸਾਲਾਂ ਬੱਧੀ ਚੋਣਾਂ ਨਹੀਂ ਕਰਵਾਈਆਂ ਗਈਆਂ ਔਰ ਹੁਣ 45 ਸਾਲ ਬਾਅਦ ਇਸ ਤਰ੍ਹਾਂ ਦੀਆਂ ਅਮੈਂਡਮੈਂਟਸ ਲਿਆਂਦੀਆਂ ਗਈਆਂ ਹਨ, ਅਸੀਂ ਇਨ੍ਹਾਂ ਨੂੰ ਵੈੱਲ-ਕਮ ਕਰਦੇ ਹਾਂ। ਮੇਰਾ ਵਿਚਾਰ ਹੈ ਕਿ ਸੁਸ਼ਮਾਂ ਸਵਰਾਜ ਨੇ ਇਹ ਪੁਆਇੰਟ ਲਿਆਂਦਾ ਹੈ ਕਿ ਨਿਰਧਾਰਤ ਸਮੇਂ ਦੇ ਵਿੱਚ ਇਲੈਕਸ਼ਨ ਹੋਣ। ਇਹ ਕਰਨਾਟਕਾ ਵਿੱਚ ਫੈਸਲਾ ਹੋ ਗਿਆ ਹੈ ਔਰ ਜਦੋਂ ਕਾਂਗਰਸ ਦੀ ਸਰਕਾਰ ਬਣੀ ਤਾਂ ਉਨ੍ਹਾਂ ਨੇ ਇਸ ਤੇ ਅਮਲ ਨਾ ਕੀਤਾ ਔਰ ਫਿਰ ਇਹ ਮਾਮਲਾ ਹਾਈਕੋਰਟ ਤੱਕ ਗਿਆ ਔਰ ਹਾਈਕੋਰਟ ਨੇ ਇਹ ਜੋ ਜਜਮੈਂਟ ਦਿੱਤੀ ਹੈ ਕਿ Local Government is the fabric of Democracy. Democracy functions in continuity. ਯਾਨੀ ਮਿਊਂਸਿਪਲ ਕਮੇਟੀਆਂ ਨੂੰ, ਲੋਕਲ ਬਾਡੀਜ਼ ਨੂੰ ਸੁਪਰਸੀਡ ਕਰਕੇ ਜੇ ਉਨ੍ਹਾਂ ਦੇ ਇਲੈਕਸ਼ਨ ਡਿਕਲੇਅਰ ਨਹੀਂ ਕਰਨੇ ਤਾਂ ਇਹ ਵੀ ਬਹੁਤ ਵੱਡੀ ਉਲੰਘਣਾ ਹੈ। ਇਸ ਲਈ ਜਿਹੜੀ ਇਹ ਗੱਲ ਸਰਦਾਰ ਉਮਰਾਓ ਸਿੰਘ ਜੀ ਨੇ ਇੱਥੇ ਲਿਆਂਦੀ ਹੈ ਕਿ ਇਹ ਜਿਹੜਾ ਬਿੱਲ ਹੈ ਪੰਚਾਇਤਾਂ ਲਈ ਅਤੇ ਮਿਊਂਸਿਪਲ ਕਮੇਟੀਆਂ ਲਈ, ਇਹ ਇੱਕ ਬੜਾ ਇਮਪਾਰਟੈਂਟ ਬਿੱਲ ਹੈ। ਇਹ ਠੀਕ ਹੈ ਅਤੇ ਅਸੀਂ ਇਨ੍ਹਾਂ ਦੋਵੇਂ ਅਮੈਂਡਿੰਗ ਬਿਲਜ਼ ਦਾ ਆਪਣੀ ਪਾਰਟੀ ਵੱਲੋਂ ਸਮਰਥਨ ਕਰਦੇ ਹਾਂ। ਮੈਂ ਇਹ ਗੱਲ ਰਪੀਟ ਕਰਨੀ ਚਾਹੁੰਦੀ ਹਾਂ ਅਤੇ ਜ਼ਿਆਦਾ ਗੱਲਾਂ ਮਿਊਂਸਿਪਲ ਕਮੇਟੀਆਂ ਬਾਰੇ ਕਹਾਂਗੀ ਕਿ ਲੋਕਲ ਬਾਡੀਜ਼ ਦੇ ਮਨਿਸਟਰ ਸਾਹਿਬ ਨੂੰ ਵੀ ਚਾਹੀਦਾ ਸੀ ਕਿ ਉਹ ਆਪਣੀ ਸਪੀਚ ਵਿੱਚ ਸਾਰੀਆਂ ਗੱਲਾਂ ਕਲੀਅਰ ਕਰਦੇ ਜਿਸ ਤਰ੍ਹਾਂ ਸਰਦਾਰ ਉਮਰਾਓ ਸਿੰਘ ਜੀ ਨੇ ਕੀਤੀ ਹੈ ਤਾਂ ਕਿ ਉਨ੍ਹਾਂ ਦੀਆਂ ਕਲੈਰੀਫਿਕੇਸ਼ਨਜ਼ ਵਿੱਚ ਹੀ ਆ ਜਾਂਦੀਆਂ। ਇਹ ਗੱਲ ਜਿਹੜੀ ਹੈ ਕਿ 5 ਸਾਲ ਬਾਅਦ ਚੋਣਾਂ ਜ਼ਰੂਰ ਹੋਣਗੀਆਂ ਪਰ ਮਿਊਂਸਿਪਲ ਕਮੇਟੀਆਂ 12-12, 15-15 ਸਾਲ ਸਸਪੈਂਡ ਰਹੀਆਂ ਹਨ ਪੰਜਾਬ ਦੇ ਵਿੱਚ, ਇਹ ਡੈਮੋਕਰੇਸੀ ਦੀ ਬਹੁਤ ਵੱਡੀ ਉਲੰਘਣਾ ਸੀ ਅਤੇ ਇਹ ਵੀ ਫੈਸਲਾ ਹੋ ਗਿਆ ਹੈ ਕਿ ਜੇ ਕਿਸੇ ਪੰਚਾਇਤ ਜਾਂ ਮਿਊਂਸਿਪਲ ਕਮੇਟੀ ਨੂੰ ਸੁਪਰਸੀਡ ਕਰੋ ਤਾਂ ਉਥੇ 6 ਮਹੀਨੇ ਦੇ ਅੰਦਰ-ਅੰਦਰ ਇਲੈਕਸ਼ਨ ਹੋਣੇ ਚਾਹੀਦੇ ਹਨ, ਇਹ ਬਹੁਤ ਜ਼ਰੂਰੀ ਗੱਲ ਹੈ। ਅਗਲੀ ਗੱਲ ਮੇਰੀ ਇਹ ਹੈ ਕਿ ਸ਼ਡਿਊਲਡ ਕਾਸਟਸ, ਸ਼ਡਿਊਲਡ ਟਰਾਈਬਜ਼ ਅਤੇ ਔਰਤਾਂ ਦੀ ਰਿਪਰੇਜ਼ੈਂਟੇਸ਼ਨ ਵੱਧ ਹੋਣੀ ਵੀ ਬੜੇ ਮਾਣ ਵਾਲੀ ਗੱਲ ਹੈ ਔਰ ਜਿੱਥੇ ਕਿ ਮਹਾਂਰਾਸ਼ਟਰ ਵਿੱਚ, ਗੁਜਰਾਤ ਵਿੱਚ ਅਤੇ ਬਿਹਾਰ ਵਿੱਚ ਇਹ ਜਿਹੜਾ ਐਕਟ ਹੈ, ਮੈਂ ਕਹਿਣਾ ਚਾਹੁੰਦੀ ਹਾਂ ਕਿ ਉਨ੍ਹਾਂ ਨੇ ਇਹ ਅਮੈਂਡਮੈਂਟ ਕਰਕੇ ਬਹੁਤ ਵੱਡੀ ਰਿਪਰੇਜ਼ੈਂਟੇਸ਼ਨ ਔਰਤਾਂ ਨੂੰ ਦਿੱਤੀ ਹੈ। ਔਰਤਾਂ ਦੇ ਬਾਰੇ ਮੈਂ ਜ਼ਰੂਰ ਕਹਿਣਾ ਚਾਹੁੰਦੀ ਹਾਂ ਕਿ ਮਹਾਂਰਾਸ਼ਟਰ ਦੀ ਗੌਰਮਿੰਟ ਵਿੱਚ ਜਦੋਂ ਅਸੀਂ ਗਹੁ ਨਾਲ ਵੇਖਦੇ ਹਾਂ ਕਿ ਉਥੇ ਔਰਤਾਂ ਨੂੰ ਏਡਾ ਵੱਡਾ ਸਨਮਾਨ ਦਿੱਤਾ ਗਿਆ ਹੈ, ਅਸੀਂ ਇੱਥੇ ਅਸੈਂਬਲੀ ਵਿੱਚ 6 ਔਰਤਾਂ ਹਾਂ ਜਦ ਕਿ ਉਨ੍ਹਾਂ ਦੇ 40-40, 50-50 ਔਰਤਾਂ ਜਿੱਤ ਕੇ ਆਉਂਦੀਆਂ ਹਨ। ਇਸ ਤਰ੍ਹਾਂ ਔਰਤਾਂ ਨੂੰ ਬਰਾਬਰੀ ਨਹੀਂ ਦਿੱਤੀ ਜਾਂਦੀ। ਇਹੀ ਗੱਲ ਹੈ ਸ਼ਡਿਊਲਡ ਕਾਸਟਸ ਔਰ ਸ਼ਡਿਊਲਡ ਟਰਾਈਬਜ਼ ਦੇ ਬਾਰੇ। ਗੁਰਨਾਮ ਸਿੰਘ ਜੀ ਨੇ ਇਸ ਗੱਲ ਤੇ ਜ਼ੋਰ ਦਿੱਤਾ ਹੈ ਅਤੇ ਸਰਦਾਰ ਉਮਰਾਓ ਸਿੰਘ ਜੀ ਨੂੰ ਇਹ ਗੱਲ ਨੋਟ ਕਰਨੀ ਚਾਹੀਦੀ ਹੈ। ਇਸ ਵਿੱਚ ਇੱਕ ਨਵਾਂ ਕਨਸੈਪਟ ਹੈ—ਸ਼ਡਿਊਲਡ ਕਾਸਟਸ ਅਤੇ ਸ਼ਡਿ-

ਊਲਡ ਟਰਾਈਬਜ਼ ਨੂੰ ਚੇਅਰ ਪਰਸਨ ਅਤੇ ਸਰਪੰਚਾਂ ਵਿੱਚ ਰਿਜ਼ਰਵੇਸ਼ਨ ਪ੍ਰੋਵਾਈਡਿਡ ਹੈ। ਇਹ ਇੱਕ ਨਵੀਂ ਗੱਲ ਹੈ, ਸਾਰੇ ਸਦਨ ਨੂੰ ਵੈਲਕੱਮ ਕਰਨਾ ਚਾਹੀਦਾ ਹੈ ਅਤੇ ਸਟੇਟਸ ਆਪਣੇ ਲੈਜਿਸਲੇਸ਼ਨ ਵਿੱਚ ਇਸ ਸਬੰਧ ਵਿੱਚ ਤਰਮੀਮਾਂ ਕਰਨ। ਸਾਡੇ ਰੇਪਰੇਜ਼ੈਨਟੇਟਿਵਜ਼ ਨੇ ਲੋਕ ਸਭਾ ਅਤੇ ਰਾਜ ਸਭਾ ਵਿਚ ਇਨ੍ਹਾਂ ਬਿੱਲਾਂ ਦਾ ਸਮਰਥਨ ਕੀਤਾ ਅਤੇ ਇੱਕ ਬਹੁਤ ਹੀ ਮਹੱਤਵਪੂਰਨ ਗੱਲ ਕਹੀ ਸੀ। These amendments need to be supported by a series of other measures.

ਇਹ ਗੱਲ ਮੈਂ ਕਹਿਣਾ ਚਾਹੁੰਦੀ ਹਾਂ ਕਿ ਅਸਲ ਪ੍ਰਤੀਨਿਧਤਾ ਔਰਤਾਂ ਨੂੰ ਪਿੰਡਾਂ ਵਿੱਚ ਮਿਲੇਗੀ। ਐਜੂਕੇਸ਼ਨ ਅਤੇ ਕਲਚਰਲ ਬੈਕਵਰਡਨੈਸ ਨੂੰ ਰਿਮੂਵ ਕਰਨ ਦੀ ਲੋੜ ਹੈ। ਪਿੰਡਾਂ ਵਿੱਚ ਮੁੱਖ ਮੰਤਰੀ ਜੀ ਅਤੇ ਹੋਰ ਮੰਤਰੀ ਸਾਹਿਬਾਨ ਸੰਬੋਧਨ ਕਰਦੇ ਹਨ ਪਰ ਸਾਨੂੰ ਐਜੂਕੇਸ਼ਨ ਅਤੇ ਕਲਚਰਲ ਬੈਕਵਰਡਨੈਸ ਨੂੰ ਹਟਾਉਣ ਲਈ, series of other measures are necessary. ਨਹੀਂ ਤਾਂ ਸਾਡਾ ਜੋ ਉਦੇਸ਼ ਹੈ, ਉਸ ਵਿੱਚ ਸਫ਼ਲ ਨਹੀਂ ਹੋਵਾਂਗੇ। ਮੈਂ ਦੱਸਣਾ ਚਾਹੁੰਦੀ ਹਾਂ ਕਿ ਫ਼ਿਰੋਜ਼ਪੁਰ ਅਤੇ ਫ਼ਰੀਦਕੋਟ ਦੇ ਜ਼ਿਲ੍ਹਿਆਂ ਵਿੱਚ ਪੰਚਾਇਤਾਂ ਦੀਆਂ ਮੀਟਿੰਗਾਂ ਵਿੱਚ ਉਨ੍ਹਾਂ ਦੇ ਹਸਬੈਂਡ ਬੈਠਦੇ ਹਨ। ਇਹ ਔਰਤਾਂ ਦੀ ਤੌਹੀਨ ਹੈ। Representation to women should be genuine.

ਇਸ ਦੇ ਨਾਲ ਹੀ ਸੀਰੀਜ਼ ਆਫ ਅਦਰ ਮਈਅਰਜ਼ ਵੀ ਬਹੁਤ ਜ਼ਰੂਰੀ ਹਨ। ਐਫੇਕਟਿਵ ਸਟੈਪਸ ਚੁੱਕਣੇ ਬਹੁਤ ਜ਼ਰੂਰੀ ਹਨ। ਮੈਂ ਬੇਨਤੀ ਕਰਦੀ ਹਾਂ ਕਿ ਮਿਉਂਸਿਪਲ ਅਤੇ ਪੰਚਾਇਤ ਐਕਟਸ ਦੀ ਸੋਧ ਵਿਚ ਜਿਹੜੇ ਸਾਡੇ ਪੰਜਾਬ ਦੇ ਕਾਨੂੰਨ ਬਣੇ ਹਨ, ਉਨ੍ਹਾਂ ਵਿਚ ਮੁਨਾਸਿਬ ਤੌਰ ਤੇ ਤਰਮੀਮਾਂ ਹੋਣੀਆਂ ਚਾਹੀਦੀਆਂ ਹਨ। ਹੁਣ ਜਿਹੜੀਆਂ ਪੰਚਾਇਤ ਦੀਆਂ ਇਲੈਕਸ਼ਨਾਂ ਹੋਈਆਂ ਹਨ, ਉਹ ਪੰਜ ਸਾਲ ਚਲਣਗੀਆਂ। ਮੈਂ ਕੁੱਝ ਨੁਕਤੇ ਉਠਾਉਣਾ ਚਾਹੁੰਦੀ ਹਾਂ। ਡਾਕਟਰ ਕੇਵਲ ਕ੍ਰਿਸ਼ਨ ਜੀ ਦੇ ਸਾਹਮਣੇ ਅੰਮ੍ਰਿਤਸਰ ਵਿਚ ਇਕ ਸੈਮੀਨਾਰ ਹੋਇਆ ਸੀ ਜਿਸ ਵਿਚ ਪਰਪੋਜ਼ਲ ਰੱਖੀ ਸੀ ਕਿ ਐਗਜ਼ੈਕਟਿਵ ਆਫੀਸਰ ਖਤਮ ਹੋਣੇ ਚਾਹੀਦੇ ਹਨ। ਇਹ ਪ੍ਰਪੋਜ਼ ਕੀਤਾ ਗਿਆ ਸੀ ਕਿ ਮਿਉਂਸਿਪਲ ਐਕਟ ਵਿਚ ਤਰਮੀਮਾਂ ਕਰਕੇ ਐਗਜ਼ੈਕਟਿਵ ਆਫੀਸਰ ਖਤਮ ਹੋਣੇ ਚਾਹੀਦੇ ਹਨ। ਮਿਉਂਸਿਪਲ ਕਾਰਪੋਰੇਸ਼ਨ ਕਮੇਟੀਆਂ ਦੇ ਪ੍ਰੈਜ਼ੀਡੈਂਟ ਨੂੰ ਹੀ ਚੀਫ ਐਗਜ਼ੈਕਟਿਵ ਹੈਡ ਹੋਣਾ ਚਾਹੀਦਾ ਹੈ। ਇਸ ਦੇ ਨਾਲ ਮਿਉਂਸਿਪਲ ਕਮਿਸ਼ਨਰ ਦਾ ਸਟੇਟਸ ਵਧਾਇਆ ਜਾਵੇ। ਫਾਈਨਾਂਸ ਕਮਿਸ਼ਨ ਦੀ ਤਜਵੀਜ਼ ਨੂੰ ਵੈਲਕਮ ਕਰਦੇ ਹਾਂ। ਹਰ ਪੰਜ ਸਾਲ ਬਾਅਦ ਉਸ ਨੂੰ ਰੀ-ਕਮੈਂਡ ਕਰਨਾ ਚਾਹੀਦਾ ਹੈ ਕਿ ਖਰਚੇ ਕਿਸ ਤਰ੍ਹਾਂ ਕੰਟਰੋਲ ਹੋਣੇ ਚਾਹੀਦੇ ਹਨ। ਮੈਂ ਇਸ ਗੱਲ ਤੇ ਜ਼ੋਰ ਦਿੰਦੀ ਹਾਂ ਕਿ ਦੁਨੀਆਂ ਭਰ ਵਿਚ ਇਹ ਪ੍ਰਿੰਸੀਪਲ ਹੈ ਕਿ ਜਿਹੜੇ ਲੋਕਲ ਟੈਕਸ ਹਨ ਜਿਵੇਂ ਮੋਟਰ ਵਹੀਕਲ ਟੈਕਸ, ਐਂਟਰਟੇਨਮੈਂਟ ਟੈਕਸ, ਮਿਉਂਸਿਪਲ ਕਮੇਟੀਆਂ ਅਤੇ ਕਾਰਪੋਰੇਸ਼ਨਾਂ ਨੂੰ ਜਾਣੇ ਚਾਹੀਦੇ ਹਨ ਪਰ ਇਥੇ ਸਟੇਟਸ ਇਹ ਟੈਕਸ ਨਹੀਂ ਦੇ ਰਹੀਆਂ। ਇਹ ਉਨ੍ਹਾਂ ਨੂੰ ਮਿਲਣੇ ਚਾਹੀਦੇ ਹਨ। ਇਹ ਕਾਨੂੰਨ ਦੀ ਉਲੰਘਣਾ ਹੋ ਰਹੀ ਹੈ। ਮਿਉਂਸਿਪਲ ਕਮੇਟੀਆਂ ਨੂੰ ਆਪਣਾ ਹਿੱਸਾ ਨਹੀਂ ਮਿਲਦਾ। ਅਖੀਰ ਵਿਚ ਮੈਂ ਇਹ ਬੇਨਤੀ ਕਰਨੀ ਚਾਹਾਂਗੀ ਕਿ ਨਗਰ ਪੰਚਾਇਤ ਦਾ ਇਕ ਨਵਾਂ ਕੰਸੈਪਟ ਹੈ। ਵੱਡੇ ਪਿੰਡ ਕਸਬੇ ਦਾ ਰੂਪ ਧਾਰਨ ਕਰਨ ਔਰ ਪਾਰਲੀਮੈਂਟਰੀ ਲੋਕ ਸਭਾ ਬਿਲ ਜੋ ਪੇਸ਼ ਕੀਤਾ ਹੈ, ਉਸ ਵਿਚ ਨੋਟੀਫਾਈਡ ਏਰੀਆ ਕਮੇਟੀ ਦਾ ਕੋਈ ਕਨਸੈਪਟ ਨਹੀਂ ਹੈ। ਉਸ ਦੇ ਵਿਚ ਨਗਰ ਪੰਚਾਇਤਾਂ ਦਾ ਜੋ ਕਨਸੈਪਟ ਹੈ ਉਸ ਨੂੰ ਲਾਗੂ ਕੀਤਾ ਜਾਵੇ। ਅਸੀਂ

[ਸ੍ਰੀਮਤੀ ਵਿਮਲਾ ਡਾਂਗ]

ਸਮਝਦੇ ਹਾਂ ਕਿ ਡੈਮੋਕਰੇਸੀ ਦੀ ਇਕ ਤਰੀਕੇ ਨਾਲ ਉਲੰਘਣਾ ਹੋਈ ਹੈ ਕਿ ਪੰਚਾਇਤਾਂ ਦੀਆਂ ਚੋਣਾਂ ਤੋਂ ਦੋ ਦਿਨ ਪਹਿਲਾਂ 22-23 ਨੋਟੀਫਾਈਡ ਏਰੀਆ ਕਮੇਟੀਆਂ ਬਣਾ ਦਿੱਤੀਆਂ ਗਈਆਂ। ਮੇਰੀ ਬੇਨਤੀ ਹੈ ਕਿ ਇਨ੍ਹਾਂ ਐਮੈਂਡਿੰਗ ਬਿਲਾਂ ਰਾਹੀਂ ਗਰਾਸ ਰੂਟ ਲੇਵਲ ਤੇ ਡੈਮੋਕਰੇਸੀ ਦਿੱਤੀ ਜਾਵੇ ਅਤੇ ਇਸ ਦੀ ਰੋਸ਼ਨੀ ਵਿਚ ਨਗਰ ਪੰਚਾਇਤਾਂ ਦਾ ਜੋ ਕਨਸੈਪਟ ਹੈ ਉਨ੍ਹਾਂ ਨੂੰ ਲਾਗੂ ਕਰਨਾ ਚਾਹੀਦਾ ਹੈ ਅਤੇ ਜਿਹੜੀਆਂ ਨੋਟੀਫਾਈਡ ਏਰੀਆ ਕਮੇਟੀਆਂ ਹਨ ਇਨ੍ਹਾਂ ਨੂੰ ਵੀ ਮਿਊਂਸਿਪਲ ਕਮੇਟੀਆਂ ਦੇ ਵਿਚ ਕਨਵਰਟ ਕਰਨ ਦੇ ਲਈ ਸਟੈਪਸ ਲਏ ਜਾਣ। ਆਖਿਰ ਵਿਚ ਮੈਂ ਆਪਣੀ ਪਾਰਟੀ ਦੇ ਵੱਲੋਂ ਇਹ ਜਿਹੜੇ ਬਿਲ ਆਏ ਹਨ ਪੰਚਾਇਤਾਂ ਦੇ ਸਬੰਧ ਵਿਚ, ਮਿਊਂਸਿਪਲ ਕਮੇਟੀਆਂ ਦੇ ਸਬੰਧ ਵਿਚ ਅਸੀਂ ਇਨ੍ਹਾਂ ਦਾ ਸਮਰਥਨ ਕਰਦੇ ਹਾਂ ਔਰ ਆਸ ਕਰਦੇ ਹਾਂ ਕਿ ਇਹ ਦੋਨੋਂ ਜਿਹੜੀਆਂ ਮੁਖਤਲਿਫ ਲੇਜਿਸਲੇਸ਼ਨਜ਼ ਹਨ ਇਨ੍ਹਾਂ ਦੀ ਸੇਧ ਵਿਚ ਆਪਣੇ ਪ੍ਰਾਂਤਾਂ ਵਿਚ ਤਰਮੀਮਾਂ ਲਿਆ ਕੇ ਜਿਹੜੀ ਡੈਮੋਕਰੇਸੀ ਹੈ ਇਹ ਗਰਾਸ ਰੂਟ ਵਿਚ ਡੈਮੋਕਰੇਸੀ ਨੂੰ ਅਗੇ ਲਿਜਾਈਏ ਔਰ ਸ਼ਡਿਊਲਡ ਕਾਸਟਸ ਐਂਡ ਬੈਕਵਰਡ ਕਲਾਸਿਜ਼ ਔਰ ਔਰਤਾਂ ਦੀ ਜੋ ਰਿਪ੍ਰੇਜ਼ੈਨਟੇਸ਼ਨ ਹੈ ਉਨ੍ਹਾਂ ਨੂੰ ਰੀਅਲਿਸਟਿਕ ਤੌਰ ਤੇ ਦੇ ਕੇ ਅਗੇ ਲਿਆਈਏ। ਇਨ੍ਹਾਂ ਸ਼ਬਦਾਂ ਨਾਲ ਮੈਂ ਆਪ ਜੀ ਦਾ ਧੰਨਵਾਦ ਕਰਦੀ ਹਾਂ।

ਸਰਦਾਰ ਸ਼ੇਰ ਸਿੰਘ ਗੱਗੋਵਾਲ (ਮਾਨਸਾ): ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਸਮਾਂ ਦਿੱਤਾ ਹੈ। ਸਪੀਕਰ ਸਾਹਿਬ, 10 ਸਾਲ ਦੇ ਅਰਸੇ ਤੋਂ ਬਾਅਦ ਮੁੱਖ ਮੰਤਰੀ ਸਾਹਿਬ ਨੇ ਪੰਚਾਇਤਾਂ ਦੀਆਂ ਇਲੈਕਸ਼ਨਾਂ ਕਰਵਾ ਕੇ ਇਕ ਮਿਸਾਲ ਪੈਦਾ ਕਰ ਦਿੱਤੀ ਹੈ ਅਤੇ ਲੋਕਾਂ ਦੇ ਦਿਲਾਂ ਦਾ ਭੈਅ ਦੂਰ ਕੀਤਾ ਹੈ ਔਰ ਨਿਚਲੀ ਸਤਾਅ ਤੋਂ ਡੈਮੋਕਰੇਸੀ ਬਹਾਲ ਕੀਤੀ ਹੈ। ਆਪੋਜ਼ੀਸ਼ਨ ਪਾਰਟੀਆਂ ਦੇ ਨੇਤਾਵਾਂ ਨੇ ਜੋ ਗੱਲਾਂ ਕੀਤੀਆਂ ਹਨ ਉਹ ਗੱਲਾਂ ਸੁਣ ਕੇ ਮੈਂ ਹੈਰਾਨ ਹੋਇਆਂ ਹਾਂ ਜਿਨ੍ਹਾਂ ਨੇ ਵਾਰ ਵਾਰ ਇਹ ਜ਼ਿਕਰ ਕੀਤਾ ਹੈ ਕਿ ਪੰਚਾਇਤਾਂ ਦੀਆਂ ਇਲੈਕਸ਼ਨਾਂ ਵਿਚ ਬੜੀ ਘੱਪਲੇਬਾਜ਼ੀ ਹੋਈ ਹੈ, ਬੜੀਆਂ ਬੇਨਿਯਮੀਆਂ ਹੋਈਆਂ ਹਨ। ਸਪੀਕਰ ਸਾਹਿਬ, ਅਣਗਿਣਤ ਮਿਸਾਲਾਂ ਹਨ ਜਿਥੇ ਵਜ਼ੀਰਾਂ ਦੇ ਐਮ.ਐਲ.ਏ. ਦੇ ਨਜ਼ਦੀਕੀ ਰਿਸ਼ਤੇਦਾਰ ਚੋਣਾਂ ਦੇ ਮੈਦਾਨ ਵਿਚ ਹਾਰ ਗਏ। ਜੇ ਚੋਣਾਂ ਦੇ ਵਿਚ ਘੱਪਲੇਬਾਜ਼ੀ ਹੁੰਦੀ ਤਾਂ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਮਨਿਸਟਰ ਸਾਹਿਬਾਨ ਦੇ, ਐਮ.ਐਲ.ਏ. ਸਾਹਿਬਾਨ ਦੇ ਨਜ਼ਦੀਕੀ ਰਿਸ਼ਤੇਦਾਰਾਂ ਦੀ ਇਨ੍ਹਾਂ ਚੋਣਾਂ ਵਿਚ ਹਾਰ ਨਾ ਹੁੰਦੀ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜੀਆਂ ਗੱਲਾਂ ਹਨ ਇਹ ਬੇਬੁਨਿਆਦ ਹਨ। ਪੰਚਾਇਤਾਂ ਦੀਆਂ ਇਲੈਕਸ਼ਨਾਂ ਕਰਵਾਉਣ ਲਈ ਭਰਪੂਰ ਸ਼ਲਾਘਾ ਕੀਤੀ ਜਾਵੇ, ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਦੀ ਜਿੰਨੀ ਵੀ ਭਰਪੂਰ ਸ਼ਲਾਘਾ ਕੀਤੀ ਜਾਵੇ, ਉਤਨੀ ਥੋੜ੍ਹੀ ਹੈ। ਜਿਹੜਾ ਸੋਧ ਬਿਲ ਲਿਆਂਦਾ ਗਿਆ ਹੈ ਉਸ ਦੇ ਲਈ ਮੇਰੇ ਤੋਂ ਪਹਿਲਾਂ ਬੋਲਣ ਵਾਲੇ ਬੁਲਾਰਿਆਂ ਨੇ ਪ੍ਰਸੰਸਾ ਕੀਤੀ ਹੈ ਭਾਵੇਂ ਉਹ ਆਪੋਜ਼ੀਸ਼ਨ ਪਾਰਟੀ ਦੇ ਬੁਲਾਰੇ ਹਨ ਅਤੇ ਭਾਵੇਂ ਟਰੇਜ਼ਰੀ ਜਾਂ ਰੂਲਿੰਗ ਪਾਰਟੀ ਦੇ ਬੁਲਾਰੇ ਹਨ ਸਭ ਨੇ ਇਸ ਦੀ ਪ੍ਰਸੰਸਾ ਕੀਤੀ ਹੈ ਅਤੇ ਸ਼ਲਾਘਾਯੋਗ ਕਦਮ ਦੱਸਿਆ ਹੈ। ਇਕ ਦੋ ਛੋਟੀਆਂ ਛੋਟੀਆਂ ਗੱਲਾਂ ਮੈਂ ਪੰਚਾਇਤ ਮੰਤਰੀ ਸਾਹਿਬ ਅਤੇ ਮੁੱਖ ਮੰਤਰੀ ਸਾਹਿਬ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ। ਜਿਹੜਾ ਪੰਚਾਇਤ ਸੈਕਟਰੀ ਹੈ ਉਸ ਦੀ ਸਰਪੰਚ ਦੇ ਨਾਲ ਜ਼ਿੰਮੇਦਾਰੀ ਜਿਹੜੀ ਹੈ ਉਹ ਜੋੜ ਦਿੱਤੀ ਜਾਵੇ ਤਾਂ ਇਸ ਦੇ ਨਾਲ ਫੰਡਜ਼ ਦੀ ਜੋ ਦੁਰਵਰਤੋਂ

ਹੈ ਉਹ ਘੱਟ ਸਕਦੀ ਹੈ । ਸਰਪੰਚ ਇਤਨਾ ਟਰੇਂਡ ਨਹੀਂ ਹੁੰਦਾ ਜਿੰਨਾ ਪੰਚਾਇਤ ਸੈਕਟਰੀ ਟਰੇਂਡ ਹੁੰਦਾ ਹੈ ਅਤੇ ਉਸ ਨੂੰ ਕਾਇਦੇ ਕਾਨੂੰਨ ਦੀ ਵੀ ਬੜੀ ਵਾਕਫੀਅਤ ਹੁੰਦੀ ਹੈ । ਕਦੇ ਵੀ ਸੈਕਟਰੀ ਤੋਂ ਬਿਨਾਂ ਕੋਈ ਸਰਪੰਚ ਹੇਰਾਫੇਰੀ ਨਹੀਂ ਕਰ ਸਕਦਾ ਜੇ ਕਰਨਾ ਵੀ ਚਾਹੇ । ਜੋ ਕੁਝ ਵੀ ਹੁੰਦਾ ਹੈ ਸੈਕਟਰੀ ਦੀ ਮਿਲੀਭੁਗਤ ਨਾਲ ਹੁੰਦਾ ਹੈ । ਮੈਂ ਕਹਿੰਦਾ ਹਾਂ ਕਿ ਜੇਕਰ ਪੰਚਾਇਤ ਵਿਚ ਕੋਈ ਫੰਡਾਂ ਦੀ ਦੁਰਵਰਤੋਂ ਪਾਈ ਜਾਵੇ ਤਾਂ ਉਸ ਪੰਚਾਇਤ ਦਾ ਸੈਕਟਰੀ ਵੀ ਨਾਲ ਜ਼ਿਮੇਵਾਰ ਠਹਿਰਾਇਆ ਜਾਵੇ ਤਾਂ ਹੀ ਇਸ ਦੀ ਦੁਰਵਰਤੋਂ ਘੱਟ ਸਕਦੀ ਹੈ ।

ਦੂਸਰੇ, ਸਪੀਕਰ ਸਾਹਿਬ, ਹੁਣ ਜਿਹੜਾ ਮੌਜੂਦਾ ਪੰਚਾਇਤਾਂ ਦਾ ਸਿਸਟਮ ਹੈ ਉਹ ਇਹ ਹੈ ਕਿ ਪੰਚਾਇਤ ਦਾ ਰਿਕਾਰਡ, ਕੈਸ਼ ਬੁੱਕਾਂ, ਰਸੀਦ ਬੁਕਾਂ ਅਤੇ ਕਾਰਵਾਈ ਆਦਿ ਸਭ ਸੈਕਟਰੀ ਦੇ ਪਾਸ ਹੁੰਦੀ ਹੈ । ਮੈਂ ਸਮਝਦਾ ਹਾਂ ਕਿ ਇਸ ਦਾ ਮਤਲਬ ਇਹ ਹੈ ਕਿ ਸੈਕਟਰੀ ਤੇ ਤਾਂ ਇਤਬਾਰ ਹੈ ਪਰ ਪੰਚਾਇਤ ਦੇ ਚੁਣੇ ਹੋਏ ਸਰਪੰਚ ਤੇ ਨਹੀਂ ਹੈ । ਇਸ ਤਰ੍ਹਾਂ ਸਰਪੰਚ ਤੇ ਨਾ ਤਸੱਲੀ ਸ਼ੋਅ ਕਰਕੇ ਸੈਕਟਰੀ ਨੂੰ ਅਹਿਮੀਅੱਤ ਦਿਤੀ ਗਈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਰਾ ਰਿਕਾਰਡ ਸਰਪੰਚ ਦੇ ਪਾਸ ਰਹਿਣਾ ਚਾਹੀਦਾ ਹੈ ।

ਇਕ ਬੇਨਤੀ ਹੋਰ ਹੈ ਕਿ ਪੰਚਾਇਤਾਂ ਕੋਲ ਪਹਿਲਾਂ ਹੀ ਬਹੁਤ ਜ਼ਿਆਦਾ ਅਧਿਕਾਰ ਸਨ ਅਤੇ ਹੁਣ ਜਿਹੜੇ ਦਿਤੇ ਗਏ ਹਨ ਇਨ੍ਹਾਂ ਦੇ ਬਾਰੇ ਸਰਦਾਰ ਉਮਰਾਓ ਸਿੰਘ ਜੀ ਨੇ ਵੀ ਕਿਹਾ ਹੈ ਕਿ ਇਕ ਸੈਮੀ ਗੌਰਮਿੰਟ ਬਣ ਚੁੱਕੀ ਹੈ । ਜੇ ਕਿਸੇ ਸਰਪੰਚ ਨੇ ਕੋਈ ਗੁਨਾਹ ਕੀਤਾ ਹੈ ਔਰ ਅਗਰ ਉਸ ਦੇ ਖਿਲਾਫ਼ ਕੋਈ ਕਾਰਵਾਈ ਕਰਨੀ ਹੈ ਤਾਂ ਉਸ ਕੇਸ ਦੀ ਪੜਤਾਲ ਘੱਟੋ ਘੱਟ ਗਜ਼ਟਿਡ ਅਫ਼ਸਰ ਤੋਂ ਕਰਵਾਕੇ ਫਿਰ ਉਸਦੇ ਖਿਲਾਫ਼ ਕਾਰਵਾਈ ਕੀਤੀ ਜਾਵੇ । ਕਈ ਵਾਰੀ ਸਰਪੰਚ ਆਪਣੇ ਪਿੰਡ ਦੇ ਚੰਗੇ ਕੰਮ ਕਰਨ ਵਿਚ ਰੁਝਿਆਂ ਹੋਇਆ ਹੁੰਦਾ ਹੈ, ਪਰ ਪਿੰਡਾਂ ਵਿਚ ਕੁਝ ਐਸਾ ਅਨਸਰ ਵੀ ਹੁੰਦਾ ਹੈ ਜਿਹੜਾ ਪਿੰਡਾਂ ਵਿਚ ਚੰਗੇ ਕੰਮ ਹੁੰਦੇ ਨਹੀਂ ਵੇਖ ਸਕਦਾ । ਉਹ ਜਾ ਕੇ ਥਾਣੇ ਵਿਚ ਗਲਤ ਦਰਖ਼ਾਸਤ ਦੇ ਦਿੰਦਾ ਹੈ ਅਤੇ ਥਾਣੇ ਵਾਲੇ ਸਰਪੰਚ ਨੂੰ ਲੈ ਕੇ ਚਲੇ ਜਾਂਦੇ ਹਨ । ਇਸ ਦੇ ਨਾਲ ਪੰਚਾਇਤੀ ਰਾਜ ਦਾ ਸ਼ੋਅ ਮੱਧਮ ਪੈ ਜਾਂਦਾ ਹੈ । ਮੈਂ ਇਹ ਵੀ ਨਹੀਂ ਕਹਿੰਦਾ ਕਿ ਪੰਚਾਇਤ ਜੋ ਮਰਜ਼ੀ ਆਏ ਕਰੀ ਜਾਵੇ । ਮੈਂ ਤਾਂ ਇਹ ਕਹਿੰਦਾ ਹਾਂ ਕਿ ਉਸ ਦੀ ਪੜਤਾਲ ਘੱਟੋ ਘੱਟ ਕਿਸੇ ਗਜ਼ਟਿਡ ਅਫ਼ਸਰ ਤੋਂ ਹੋਣੀ ਚਾਹੀਦੀ ਹੈ ।

ਇਸ ਤੋਂ ਅਗੇ ਮੇਰੀ ਚੌਥੀ ਗੱਲ ਇਹ ਹੈ ਕਿ ਪੰਚਾਇਤਾਂ ਦੀਆਂ ਜ਼ਮੀਨਾਂ ਤੇ ਕੁਝ ਲੋਕ ਨਾਜਾਇਜ਼ ਕਬਜ਼ੇ ਕਰੀ ਬੈਠੇ ਹਨ । ਜਿਹੜੇ ਅਦਾਲਤਾਂ ਦੇ ਫੈਸਲੇ ਹਨ ਇਹ ਬੜੇ ਲੰਮੇ ਹੋ ਜਾਂਦੇ ਹਨ । ਕਿਉਂਕਿ ਅਪੀਲਾਂ ਤੇ ਅਪੀਲਾਂ ਚਲਦੀਆਂ ਰਹਿੰਦੀਆਂ ਹਨ । ਪਹਿਲਾਂ ਡੀ.ਡੀ.ਪੀ.ਓ. ਕੋਲ ਫਿਰ ਡਾਇਰੈਕਟਰ ਕੋਲ ਫਿਰ ਹਾਈ ਕੋਰਟ ਵਿਚ ਕੇਸ ਚਲਾ ਜਾਂਦਾ ਹੈ । ਮੈਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਸ ਵਿਚ ਕੋਈ ਸੋਧ ਹੋਣੀ ਚਾਹੀਦੀ ਹੈ ਅਤੇ ਇਹ ਪ੍ਰੋਸੀਜਰ ਸੀਮਿਤ ਹੋਣਾ ਚਾਹੀਦਾ ਹੈ ਅਤੇ ਇਕ ਥਾਂ ਐਸੀ ਨਿਸ਼ਚਿਤ ਕੀਤੀ ਜਾਵੇ ਜਿਸ ਤੋਂ ਅੱਗੇ ਕੋਈ ਅਪੀਲ ਲਾਈ ਨਾ ਕਰੇ । ਤਾਂ ਕਿ ਉਨ੍ਹਾਂ ਜ਼ਮੀਨਾਂ ਦਾ ਫ਼ਾਇਦਾ ਜਿਹੜੇ ਨਾਜਾਇਜ਼ ਕਾਬਜ਼ ਹਨ ਉਨ੍ਹਾਂ ਦੀ ਬਜਾਏ ਸਮੁੱਚੇ ਪਿੰਡ ਨੂੰ, ਪੰਚਾਇਤ ਨੂੰ ਪਹੁੰਚਣਾ ਚਾਹੀਦਾ ਹੈ । ਇਸ ਵਕਤ ਕਾਨੂੰਨ ਦੀ ਆੜ ਵਿਚ ਕੇਸਿਜ਼ ਲੰਮੇ ਪਏ ਹੋਏ ਹਨ ।

[ਸਰਦਾਰ ਸ਼ੇਰ ਸਿੰਘ ਗੱਗੋਵਾਲ]

ਆਖਿਰ ਵਿਚ ਇਕ ਵਾਰੀ ਫਿਰ ਮੈਂ ਸਰਦਾਰ ਬੇਅੰਤ ਸਿੰਘ ਜੀ ਨੂੰ ਇਸ ਗੱਲ ਦੀ ਬਹੁਤ-2 ਵਧਾਈ ਦਿੰਦਾ ਹਾਂ ਕਿ ਇਨ੍ਹਾਂ ਨੇ ਪੰਚਾਇਤਾਂ ਦੀਆਂ ਚੋਣਾਂ ਕਰਾਕੇ ਅਤੇ ਪੰਚਾਇਤ ਐਕਟ ਵਿਚ ਸੋਧ ਕਰਕੇ ਨਾ ਇਕੱਲੇ ਪੰਜਾਬ ਵਿਚ ਬਲਕਿ ਸਾਰੀ ਦੁਨੀਆਂ ਵਿਚ ਨਾਮ ਪੈਦਾ ਕੀਤਾ ਹੈ।

ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ (ਅਟਾਰੀ, ਐਸ.ਸੀ.) : ਸਪੀਕਰ ਸਾਹਿਬ, ਮੈਂ ਸਭ ਤੋਂ ਪਹਿਲਾਂ ਮੁੱਖ ਮੰਤਰੀ ਸਾਹਿਬ ਨੂੰ, ਉਨ੍ਹਾਂ ਦੇ ਸ਼ਾਸਨ ਕਾਲ ਵਿਚ ਜੋ ਦਸ ਸਾਲਾਂ ਬਾਅਦ ਪੰਚਾਇਤ ਇਲੈਕਸ਼ਨਜ਼ ਹੋਏ ਹਨ ਉਨ੍ਹਾਂ ਤੇ ਹਾਰਦਿਕ ਵਧਾਈ ਦਿੰਦਾ ਹਾਂ ਕਿਉਂਕਿ ਪੰਜਾਬ ਇਕ ਐਸਾ ਗੜਬੜ ਗ੍ਰਸਤ ਸੂਬਾ ਕਰਾਰ ਦਿਤਾ ਗਿਆ ਸੀ ਅਤੇ ਇਸ ਸੂਬੇ ਦੇ ਪੰਚਾਇਤ ਇਲੈਕਸ਼ਨਾਂ ਤੇ ਬਾਹਰਲੇ ਪ੍ਰੈਸ ਬੜੀ ਆਤੁਰਦਾਈ ਨਾਲ ਵੇਖ ਰਹੇ ਸਨ। ਸੀ.ਐਮ. ਸਾਹਿਬ ਨੇ ਪੰਚਾਇਤੀ ਰਾਜ ਜਿਸਦਾ ਸਬੰਧ ਲੋਕਤੰਤਰ ਪ੍ਰਣਾਲੀ ਨਾਲ ਜੁੜਿਆ ਹੋਇਆ ਸੀ ਅਤੇ ਪੰਚਾਇਤੀ ਰਾਜ ਲੋਕਤਾਂਤਰਕ ਪ੍ਰਣਾਲੀ ਦਾ ਇਕ ਮੁਢਲਾ ਹਿੱਸਾ ਸੀ, ਉਹ ਲੋਕਤੰਤਰ ਪ੍ਰਣਾਲੀ ਬਹਾਲ ਕੀਤੀ ਹੈ। ਇਸ ਦੇ ਮੁਬਾਰਿਕਬਾਦ ਸਾਡੀ ਪੰਜਾਬ ਸਰਕਾਰ ਨੂੰ ਅਤੇ ਖਾਸ ਤੌਰ ਤੇ ਸਾਡੇ ਮੁੱਖ ਮੰਤਰੀ ਸਾਹਿਬ ਨੂੰ ਜਾਂਦੀ ਹੈ ਜਿਨ੍ਹਾਂ ਨੇ ਥੋੜੇ ਅਰਸੇ ਵਿਚ ਪੰਜਾਬ ਵਿਚ ਅਮਨ-ਸ਼ਾਂਤੀ ਨੂੰ ਬਹਾਲ ਕਰਕੇ ਪੰਚਾਇਤੀ ਰਾਜ ਸਥਾਪਤ ਕੀਤਾ ਹੈ। ਇਹ ਚੋਣਾਂ ਅੱਜ ਤੋਂ 10 ਸਾਲ ਪਹਿਲਾਂ ਹੋਈਆਂ ਸਨ। ਬਰਨਾਲਾ ਸਾਹਿਬ ਦੀ ਸਰਕਾਰ ਆਈ ਪਰ ਉਸਦਾ ਵੀ ਹੀਆ ਨਹੀਂ ਸੀ ਪਿਆ ਕਿ ਪੰਚਾਇਤਾਂ ਦੀਆਂ ਇਲੈਕਸ਼ਨਾਂ ਕਰਵਾਈਆਂ ਜਾਣ। ਜੋ ਇਹ ਅਮੈਂਡਮੈਂਟ ਕੀਤੀ ਹੈ, ਇਸ ਦਾ ਮੈਂ ਪੁਰਜ਼ੋਰ ਸਬਦਾਂ ਵਿਚ ਸਮਰਥਨ ਕਰਦਾ ਹਾਂ। ਪੰਚਾਇਤੀ ਰਾਜ ਸਾਡੇ ਪੇਂਡੂ ਖੇਤਰ ਨਾਲ ਜੁੜਿਆ ਹੋਇਆ ਹੈ। ਸਾਡੇ ਦੇਸ਼ ਵਿਚ 80% ਲੋਕ ਪਿੰਡਾਂ ਵਿਚ ਵਸਦੇ ਹਨ ਔਰ ਪੰਚਾਇਤੀ ਰਾਜ ਉਹ ਹੈ ਜਿਸ ਦਾ ਸੁਪਨਾ ਸਵਰਗੀਏ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਔਰ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਜੀ ਨੇ ਲਿਆ ਸੀ ਔਰ ਪੰਚਾਇਤ ਇਲੈਕਸ਼ਨਾਂ ਕਰਵਾ ਕੇ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਜੀ ਔਰ ਪੰਡਿਤ ਜਵਾਹਰ ਲਾਲ ਜੀ ਨੇ ਜੋ ਸੁਪਨਾ ਲਿਆ ਸੀ ਉਹ ਸਾਕਾਰ ਕੀਤਾ ਹੈ। ਸਰਦਾਰ ਬੇਅੰਤ ਸਿੰਘ ਜੀ ਨੂੰ ਇਸ ਦਾ ਕ੍ਰੈਡਿਟ ਜਾਂਦਾ ਹੈ। ਜਿਹੜੇ ਸ਼ਡਿਊਲ 11 ਨਾਲ ਅਧਿਕਾਰ ਦਿਤੇ ਹਨ ਪੰਚਾਇਤਾਂ ਨੂੰ ਉਸ ਦੀ ਵੀ ਮੈਂ ਸਰਾਹਣਾ ਕਰਦਾ ਹਾਂ। ਮੈਂ ਸਰਦਾਰ ਬੇਅੰਤ ਸਿੰਘ ਹੋਰਾਂ ਨੂੰ ਇਕ ਜ਼ਰੂਰ ਬੇਨਤੀ ਕਰਾਂਗਾ ਕਿ ਜੋ ਪੰਚਾਇਤ ਇਲੈਕਸ਼ਨਾਂ ਕਰਵਾਈਆਂ ਹਨ, ਉਸ ਦੇ ਸੰਦਰਭ ਵਿਚ ਕਹਾਂਗਾ, ਕਿ ਜੋ ਨਵੀਆਂ ਪੰਚਾਇਤਾਂ ਬਣੀਆਂ ਹਨ, ਪੰਚਾਇਤੀ ਰਾਜ ਹੈ, ਉਸ ਉਪਰ ਨਿਗਰਾਨੀ ਰੱਖੀ ਜਾਵੇ ਤਾਂ ਕਿ ਜੋ ਗਵਰਨਰ ਰੂਲ ਵਿਚ ਅਸਾਂ ਵੇਖਿਆ ਸੀ, ਜੋ ਤਰੁੱਟੀਆਂ ਰਹਿ ਗਈਆਂ ਸਨ, ਉਨ੍ਹਾਂ ਤੋਂ ਉਤੇਜਤ ਹੋ ਕੇ ਸਾਨੂੰ ਵੇਖਣਾ ਪਵੇਗਾ ਔਰ ਨਿਗਰਾਨੀ ਰਖਣੀ ਪਵੇਗੀ ਕਿ ਡਿਵੈਲਪਮੈਂਟ ਦੇ ਕੰਮ ਠੀਕ ਤਰੀਕੇ ਨਾਲ ਹੋਣ। ਜਿਹੜੇ ਪੰਚ ਜਾਂ ਸਰਪੰਚ ਬਣੇ ਹਨ ਉਨ੍ਹਾਂ ਨੂੰ ਐਮ.ਐਲ.ਏਜ਼ ਨੂੰ ਸਿਖਲਾਈ ਦੇਣ ਵਾਸਤੇ ਕੋਈ ਕੈਂਪ ਲਗਾਏ ਜਾਣ ਜਿਸ ਨਾਲ ਕਿ ਉਹ ਡਿਵੈਲਪਮੈਂਟ ਵਿਚ ਰੁਚੀ ਰੱਖਣ ਔਰ ਜ਼ਿਆਦਾ ਤੋਂ ਜ਼ਿਆਦਾ ਫੰਡ ਡਿਵੈਲਪਮੈਂਟ ਦੇ ਕੰਮਾਂ ਲਈ ਦਿਤੇ ਜਾਣ ਔਰ ਇਸ ਗੱਲ ਦੀ ਨਿਗਰਾਨੀ ਰਖਣੀ ਚਾਹੀਦੀ ਹੈ ਕਿ ਉਨ੍ਹਾਂ ਫੰਡਾਂ ਦੀ ਸਹੀ ਤਰੀਕੇ ਨਾਲ ਵਰਤੋਂ ਕੀਤੀ ਜਾਵੇ।

ਇਨ੍ਹਾਂ ਸ਼ਬਦਾਂ ਨਾਲ ਮੈਂ ਸੀ.ਐਮ. ਸਾਹਿਬ ਦਾ ਤਹਿ-ਦਿਲੋਂ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਆਪਣੇ ਪੰਜਾਬ ਦੇ ਵਿਚ ਪੰਚਾਇਤੀ ਰਾਜ ਕਾਇਮ ਕਰਕੇ, ਉਹ ਸੁਪਨਾ ਸਾਕਾਰ

ਕੀਤਾ ਹੈ ਜੋ ਸਾਡੇ ਨੇਤਾ ਸਾਹਿਬਾਨ ਪੰਡਿਤ ਨਹਿਰੂ ਜੀ ਅਤੇ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਜੀ ਨੇ ਲਿਆ ਸੀ। ਉਹ ਸੁਪਨਾ ਸਾਕਾਰ ਕੀਤਾ ਹੈ।

ਡਾਕਟਰ ਰਮੇਸ਼ ਦੱਤ (ਆਨੰਦਪੁਰ ਸਾਹਿਬ): ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਇਸ ਬਿੱਲ ਉਤੇ ਬੋਲਣ ਵਾਸਤੇ ਟਾਈਮ ਦਿਤਾ ਹੈ। ਇਹ ਜਿਹੜਾ ਅਮੇਂਡਮੈਂਟ ਬਿੱਲ 72ਵਾਂ ਔਰ 73ਵਾਂ ਹੈ, ਇਸ ਵਿਚ ਸਾਰਿਆਂ ਤੋਂ ਵੱਡੀ ਗੱਲ ਹੈ ਕਿ ਪੰਜ ਸਾਲਾਂ ਤੋਂ ਬਾਅਦ ਚੋਣਾਂ ਕੰਪਲਸਰੀ ਕੀਤੀਆਂ ਗਈਆਂ ਹਨ ਕਿਉਂਕਿ ਪੰਚਾਇਤਾਂ ਅਤੇ ਮਿਊਂਸਿਪਲ ਕਮੇਟੀਆਂ ਲੋਕਤੰਤਰ ਵਿਚ ਜੁੜੀਆਂ ਹੋਈਆਂ ਹਨ। ਸਪੀਕਰ ਸਾਹਿਬ, ਲੋਕ ਚਾਹੇ ਪੰਜਾਬ ਦੇ ਹਨ ਜਾਂ ਦੇਸ਼ ਦੇ ਹਨ, ਪੰਚਾਇਤਾਂ ਔਰ ਮਿਊਂਸਪਲ ਕਮੇਟੀਆਂ ਦੀਆਂ ਇਲੈਕਸ਼ਨਾਂ ਲੜਨ ਤੋਂ ਬਾਅਦ ਹੀ ਉਹ ਅੱਜ ਦੇ ਰਾਜਨੀਤਕ ਜੀਵਨ ਵਿਚ ਆਉਂਦੇ ਹਨ। ਪੰਚਾਇਤਾਂ ਦੀਆਂ ਇਲੈਕਸ਼ਨਾਂ ਕਰਵਾਈਆਂ ਗਈਆਂ, ਮਿਊਂਸਪਲ ਕਮੇਟੀਆਂ ਦੀਆਂ ਚੋਣਾਂ ਕਰਵਾਈਆਂ ਗਈਆਂ, ਮੈਨੂੰ ਕੋਈ ਇਤਰਾਜ਼ ਨਹੀਂ ਹੈ, ਔਰ ਮੈਂ ਕੋਈ ਝਿਜਕ ਮਹਿਸੂਸ ਨਹੀਂ ਕਰਦਾ, ਮੈਂ ਇਸ ਗੱਲ ਦੀ ਵਧਾਈ ਦਿੰਦਾ ਹਾਂ। (ਥੰਪਿੰਗ) ਕਿਉਂਕਿ ਇਸ ਨਾਲ ਲੋਕ-ਤੰਤਰ ਨੇ ਬੜਾ ਤਕੜਾ ਕੰਮ ਕੀਤਾ ਹੈ। ਮੇਰੇ ਤੋਂ ਪਹਿਲਾਂ ਬੋਲਣ ਵਾਲੇ ਮੈਂਬਰ ਸਾਹਿਬਾਨ ਨੇ, ਮਿੱਤਲ ਜੀ ਨੇ, ਜੋ ਗੱਲਾਂ ਕਹੀਆਂ ਹਨ ਮੈਂ ਉਨ੍ਹਾਂ ਨੂੰ ਰਿਪੀਟ ਨਹੀਂ ਕਰਾਂਗਾ, ਚਾਹੇ ਇਹ ਸਚਾਈ ਹੈ ਕਿ ਜੋ ਚੋਣਾਂ ਹੋਈਆਂ ਬੜੀ ਗੜਬੜੀ ਵਿਚ ਹੋਈਆਂ, ਪੁਲਿਸ ਨੇ ਦਖਲ-ਅੰਦਾਜ਼ੀ ਕੀਤੀ ਹੈ। ਨਵੀਆਂ ਪੰਚਾਇਤਾਂ ਬਾਰੇ ਮੇਰਾ ਪਿਛਲੀ ਅਸੰਬਲੀ ਵਿਚ ਸੁਝਾਓ ਸੀ ਕਿ ਕੁਝ ਕੰਡੀ ਏਰੀਆ ਦੀਆਂ ਆਬਾਦੀਆਂ ਹਨ, ਉਨ੍ਹਾਂ ਬਾਰੇ ਐਸ.ਡੀ.ਐਮ. ਹੈ, ਬੀ.ਡੀ.ਓ. ਹੈ, ਉਹ ਜਾ ਕੇ ਵੇਖਣ ਕਿ ਕਿਹੜੀ ਕਿਹੜੀ ਆਬਾਦੀ ਜਸਟੀਫਾਈਡ ਹੈ। ਪਰ ਹੁਣ ਕੀ ਹੋਇਆ ਕਿ ਸੈਕਟਰੀ ਔਰ ਸਰਪੰਚ ਜਿਹੜੇ ਹੁਸ਼ਿਆਰ ਸਨ ਉਨ੍ਹਾਂ ਨੇ ਆਪਣੇ ਤਰੀਕੇ ਨਾਲ ਕੰਮ ਕੀਤਾ ਹੈ, ਨਾ ਕੋਈ ਕੰਪਲੇਂਟ ਸੁਣੀ ਹੈ ਨਾ ਕੋਈ ਮੌਕਾ ਦਿੱਤਾ ਗਿਆ ਹੈ। ਇਸ ਲਈ ਮੈਂ ਇਕੋ ਹੀ ਗੱਲ ਕਹਿਣੀ ਚਾਹੁੰਦਾ ਹਾਂ ਕਿ ਪੰਚਾਇਤਾਂ ਨੂੰ ਜੋ ਪਾਵਰਜ਼ ਦਿੱਤੀਆਂ ਹਨ ਉਨ੍ਹਾਂ ਦਾ ਠੀਕ ਇਸਤੇਮਾਲ ਨਹੀਂ ਹੁੰਦਾ। ਮੈਂ ਕਈ ਸਾਲ ਪੰਚ ਵੀ ਰਿਹਾ ਹਾਂ ਔਰ ਸਰਪੰਚ ਵੀ ਰਿਹਾ ਹਾਂ। ਮੈਨੂੰ ਪਤਾ ਹੈ ਐਕਟ ਦੇ ਅੰਦਰ ਜੋ ਪੰਚਾਇਤਾਂ ਨੂੰ ਖਰਚੇ ਦੇ ਅਧਿਕਾਰ ਦਿੱਤੇ ਗਏ ਹਨ ਔਰ 5 ਸਾਲ ਬਾਅਦ ਚੁਣਾਵ ਕੰਪਲਸਰੀ ਕੀਤੇ ਹਨ, ਇਸ ਵਿਚ ਕਾਫੀ ਖਾਮੀਆਂ ਹਨ। ਪੰਚਾਇਤਾਂ ਨੂੰ 5 ਲੱਖ ਰੁਪਿਆ ਤਕ ਖਰਚਣ ਦਾ ਅਧਿਕਾਰ ਦਿੱਤਾ ਹੈ ਪਰ ਉਸ ਕੋਲ ਐਗਜ਼ਕਟਿਵ ਪਾਵਰਜ਼ ਨਹੀਂ ਹਨ। ਮੈਨੂੰ ਇਹ ਗੱਲ ਕਹਿਣ ਵਿਚ ਕੋਈ ਝਿਜਕ ਨਹੀਂ ਕਿ ਅੱਜ ਵੀ ਪੰਜਾਬ ਦੇ ਅੰਦਰ ਕੋਈ ਵੀ ਪੰਚ/ਸਰਪੰਚ ਬੈਂਕਾਂ ਵਿਚ ਫੰਡਜ਼ ਉਤਨੀ ਦੇਰ ਤਕ ਨਹੀਂ ਕਢਾ ਸਕਦਾ ਜਦੋਂ ਤਕ ਕਿ ਉਹ ਸੈਕਟਰੀ ਦੇ ਮਗਰ ਮਗਰ ਨਹੀਂ ਫਿਰਦਾ। ਸੈਕਟਰੀ ਨੂੰ ਸੁਪਰ ਪਾਵਰਜ਼ ਦਿੱਤੀਆਂ ਹਨ। ਪਹਿਲੇ ਇਹ ਪਾਵਰਜ਼ ਬੀ.ਡੀ.ਓਜ਼. ਨੂੰ ਦਿੱਤੀਆਂ ਸਨ ਪਰ ਹੁਣ ਇਹ ਪਾਵਰਜ਼ ਸੈਕਟਰੀ ਕੋਲ ਹਨ। ਮੈਂ ਸਮਝਦਾ ਹਾਂ ਕਿ ਇਹ ਠੀਕ ਨਹੀਂ ਹੈ। ਫਾਈਨਾਂਸੀਅਲ ਪਾਵਰਜ਼ ਵਿਚ ਸੈਕਟਰੀ ਨੂੰ ਪੰਚਾਇਤ ਨੂੰ ਸੁਪਰ ਨਹੀਂ ਬਣਾਉਣਾ ਚਾਹੀਦਾ। ਪੈਸਾ ਕਢਵਾਉਣ ਵਾਸਤੇ ਸੈਕਟਰੀ ਦੇ ਮਗਰ ਨਹੀਂ ਫਿਰਨਾ ਚਾਹੀਦਾ। ਉਸ ਕੋਲੋਂ ਤਾਂ ਸਿਰਫ਼ ਮਤਾ ਭੇਜਣ ਦਾ ਅਧਿਕਾਰ ਹੋਣਾ ਚਾਹੀਦਾ ਹੈ।

ਇਸੇ ਤਰੀਕੇ ਨਾਲ ਮੇਰੇ ਤੋਂ ਪਹਿਲਾਂ ਮੇਰੇ ਇਕ ਕਾਂਗਰਸ ਦੇ ਸਜਣ ਨੇ ਵੀ ਇਥੇ ਕਿਹਾ ਹੈ ਕਿ ਸਾਰੀਆਂ ਪਾਵਰਜ਼ ਸੈਕਟਰੀ ਕੋਲ ਹਨ। ਸਰਪੰਚ ਨੂੰ ਸੈਕਟਰੀ ਦੇ ਮਗਰ

[ਡਾਕਟਰ ਰਮੇਸ਼ ਦੱਤ]

ਮਗਰ ਘੁੰਮਣਾ ਪੈਂਦਾ ਹੈ। ਸਰਕਾਰ ਵਲੋਂ ਬਹੁਤ ਜ਼ਿਆਦਾ ਗਰਾਂਟਾਂ ਪੰਚਾਇਤਾਂ ਨੂੰ ਮਿਲਦੀਆਂ ਹਨ ਪਰ ਉਸ ਦੇ ਵਾਸਤੇ ਸਰਪੰਚਾਂ ਨੂੰ ਓਵਰਸੀਅਰ ਔਰ ਸੈਕਟਰੀ ਦੇ ਮਗਰ ਘੁੰਮਣਾ ਪੈਂਦਾ ਹੈ। ਓਵਰਸੀਅਰ ਐਸਟੀਮੇਟ ਪਾਸ ਕਰਦਾ ਹੈ। ਸੈਕਟਰੀ ਔਰ ਓਵਰਸੀਅਰ ਰਲਕੇ ਜੋ ਚਾਹੁਣ ਕਰ ਸਕਦੇ ਹਨ। ਜਿਥੇ ਉਹ ਚਾਹੁੰਦੇ ਹਨ ਉਹ ਤਾਂ ਪੈਸਾ ਮਿਲ ਜਾਂਦਾ ਹੈ ਬਾਕੀ ਨੂੰ ਨਹੀਂ ਮਿਲਦਾ। ਮੈਂ ਦਸਦਾ ਹਾਂ ਕਿ ਕੋਈ ਵੀ ਇਮਾਨਦਾਰ ਸਰਪੰਚ ਹੋਵੇ ਉਹ ਕੰਮ ਨਹੀਂ ਕਰ ਸਕਦਾ ਕਿਉਂਕਿ ਉਸ ਨੂੰ 10-20 ਹਜ਼ਾਰ ਰੁਪਏ ਵਾਸਤੇ ਵੀ ਇਨ੍ਹਾਂ ਦੇ ਮਗਰ ਮਗਰ ਘੁੰਮਣਾ ਪੈਂਦਾ ਹੈ। ਇਸ ਲਈ ਜੇ ਪੰਜਾਬ ਸਰਕਾਰ ਹਿੰਦੁਸਤਾਨ ਦੀ ਸਰਕਾਰ ਵਾਸਤਵ ਵਿਚ ਡੈਮੋਕਰੈਟਿਕ ਢਾਂਚਾ ਕਾਇਮ ਰਖਣਾ ਚਾਹੁੰਦੀ ਹੈ ਤਾਂ ਪੰਚਾਂ ਔਰ ਸਰਪੰਚਾਂ ਨੂੰ ਅਧਿਕਾਰ ਦੇਣੇ ਚਾਹੀਦੇ ਹਨ। ਜਿਹੜੇ ਕੰਮ ਸੈਕਟਰੀ ਨੇ ਕਰਨੇ ਹਨ ਉਹ ਕੰਮ ਇਕ ਪੰਚ ਨੂੰ ਕਰਨ ਦਾ ਅਧਿਕਾਰ ਹੋਣਾ ਚਾਹੀਦਾ ਹੈ।

ਇਸੇ ਤਰ੍ਹਾਂ ਨਾਲ ਇਕ ਗੱਲ ਮੈਂ ਇਲੈਕਸ਼ਨ ਸਿਸਟਮ ਦੇ ਬਾਰੇ ਵੀ ਕਹਿਣੀ ਚਾਹੁੰਦਾ ਹਾਂ। ਇਹ ਜਿਹੜਾ ਇਲੈਕਸ਼ਨ ਵਾਸਤੇ ਡਬਿਆਂ ਦਾ ਸਿਸਟਮ ਹੈ ਇਹ ਠੀਕ ਨਹੀਂ ਹੈ। ਇਕ ਦਿਨ ਪਹਿਲੇ ਡੱਬੇ ਹੀ ਬਦਲ ਜਾਂਦੇ ਹਨ (ਘੰਟੀ-ਘੰਟੀ) ਇਕ ਮਿੰਟ ਜੀ। ਇਹ ਜਿਹੜਾ ਡਬਿਆਂ ਦਾ ਸਿਸਟਮ ਹੈ ਇਸ ਦੇ ਬਜਾਏ ਮੋਹਰਾਂ ਵਾਲਾ ਸਿਸਟਮ ਲਾਗੂ ਕਰਨਾ ਚਾਹੀਦਾ ਹੈ ਤਾਂ ਹੀ ਲੋਕਾਂ ਦਾ ਡੈਮੋਕਰੇਸੀ ਵਿਚ ਵਿਸ਼ਵਾਸ ਹੋ ਸਕਦਾ ਹੈ।

ਅਗਲੀ ਗੱਲ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਜਿਥੇ ਪੰਚਾਇਤਾਂ ਨੂੰ ਵੱਧ ਅਧਿਕਾਰ ਦਿੱਤੇ ਗਏ ਹਨ, ਉਥੇ ਮੈਂ ਤਜਰਬੇ ਦੀ ਬਿਨ੍ਹਾਂ ਤੇ ਕਹਿ ਸਕਦਾ ਹਾਂ ਕਿ ਇਸ ਗਲ ਵਲ ਵੀ ਧਿਆਨ ਦੇਣਾ ਚਾਹੀਦਾ ਹੈ ਕਿ ਜ਼ਿਲ੍ਹਾ ਪਲਾਨਿੰਗ ਬੋਰਡ ਜਿਹੜੇ ਬਣਦੇ ਹਨ ਉਥੇ ਪਹਿਲੇ ਹਰ ਬਲਾਕ ਵਿਚੋਂ 4-4 ਸਰਪੰਚ ਡਿਵੈਲਪਮੈਂਟ ਬੋਰਡ ਦੇ ਮੈਂਬਰ ਬਣਦੇ ਸਨ ਪਰ ਹੁਣ ਇਕ ਮੈਂਬਰ ਸਬ-ਡਵੀਜ਼ਨ ਵਿਚੋਂ ਕਰ ਦਿੱਤਾ ਗਿਆ ਹੈ ਮੈਂ ਸਮਝਦਾ ਹਾਂ ਕਿ ਇਹ ਠੀਕ ਨਹੀਂ ਹੈ। ਇਹ ਹਰ ਬਲਾਕ ਵਿਚੋਂ 4 ਮੈਂਬਰ ਪਲਾਨਿੰਗ ਬੋਰਡ ਵਿਚ ਲਏ ਜਾਣੇ ਚਾਹੀਦੇ ਹਨ।

ਇਕ ਗਲ ਮੈਨੂੰ ਹੋਰ ਬੜੇ ਅਫਸੋਸ ਨਾਲ ਕਹਿਣੀ ਪੈਂਦੀ ਹੈ ਕਿ ਜਿਥੇ ਪੰਚਾਇਤਾਂ ਨੂੰ ਵੱਧ ਅਧਿਕਾਰ ਦੇਣ ਦੀ ਗਲ ਕੀਤੀ ਹੈ ਉਥੇ ਵੇਖਣ ਵਿਚ ਇਹ ਆਇਆ ਹੈ ਕਿ ਪੰਚਾਂ/ਸਰਪੰਚਾਂ ਨੂੰ ਰੋਜ਼ ਰੋਜ਼ ਥਾਣੇ ਭਜਣਾ ਪੈਂਦਾ ਹੈ। ਪੁਲਿਸ ਨੂੰ ਐਨੇ ਅਧਿਕਾਰ ਦਿੱਤੇ ਹਨ ਕਿ ਇਕ ਐਮ.ਐਲ. ਏ. ਨੂੰ ਵੀ ਜਦ ਮਰਜ਼ੀ ਥਾਣੇਦਾਰ ਫੜ ਲਵੇ, ਉਸ ਐਮ. ਐਲ. ਏ. ਦੀ ਕੋਈ ਸੁਣਵਾਈ ਨਹੀਂ ਹੁੰਦੀ। ਇਸ ਲਈ ਇਸ ਐਕਟ ਦੇ ਵਿਚ ਇਕ ਫੂਲ ਪਰੂਫ ਸਿਸਟਮ ਹੋਣਾ ਚਾਹੀਦਾ ਹੈ, ਜਿਸ ਦੇ ਨਾਲ ਕੁਰੱਪਸ਼ਨ ਅਤੇ ਹੇਰਾਫੇਰੀ ਨੂੰ ਚੈਕ ਕੀਤਾ ਜਾ ਸਕੇ। ਮਿਊਂਸਪਲ ਕਮੇਟੀ ਦੀਆਂ ਚੋਣਾਂ ਹੋਈਆਂ। ਇਸ ਦੇ ਵਿਚ ਬੋਗਸ ਵੋਟਾਂ ਪਈਆਂ। ਮਿਊਂਸਪਲ ਕਮੇਟੀ ਦਾ ਇਲੈਕਸ਼ਨ ਪੇਟੀਸ਼ਨ ਦਾ ਸਿਸਟਮ ਠੀਕ ਨਹੀਂ ਹੈ। ਇਸ ਦੀ ਪੇਟੀਸ਼ਨ ਡੀ.ਸੀ. ਕੋਲ ਪਾ ਸਕਦੇ ਹਾਂ ਅਤੇ ਉਸ ਦੀ ਮਰਜ਼ੀ ਹੈ ਉਹ ਉਸ ਨੂੰ ਲੋਕਲ ਗੌਰਮਿੰਟ ਦੇ ਦਫਤਰ ਭੇਜ ਦੇਵੇ। ਮਿਊਂਸਪਲ ਕਮੇਟੀ ਦੀ ਪੇਟੀਸ਼ਨ

ਐਸ. ਡੀ. ਐਮ. ਕੋਲ ਨਹੀਂ ਹੋ ਸਕਦੀ । ਇਸ ਵਿਚ ਪਟੀਸ਼ਨ ਕਰਨ ਦਾ ਅਧਿਕਾਰ ਜਿਸ ਤਰ੍ਹਾਂ ਪੰਜਾਬ ਐਸੰਬਲੀ ਦੇ ਮੈਂਬਰਾਂ ਨੂੰ ਹੈ ਉਸ ਤਰ੍ਹਾਂ ਹੋਣਾ ਚਾਹੀਦਾ ਹੈ । ਇਨ੍ਹਾਂ ਨੂੰ ਵੀ ਪਟੀਸ਼ਨ ਕਰਨ ਲਈ ਹਾਈ ਕੋਰਟ ਵਿਚ ਜਾਣ ਦੀ ਆਗਿਆ ਹੋਣੀ ਚਾਹੀਦੀ ਹੈ । ਇਹ ਜਿਹੜਾ ਬਿਲ ਸਰਕਾਰ ਨੇ ਲਿਆਂਦਾ ਹੈ ਇਹ ਬੜਾ ਅੱਛਾ ਬਿਲ ਹੈ ਇਸ ਦੀ ਅਸੀਂ ਸਪੋਰਟ ਕਰਦੇ ਹਾਂ ਅਤੇ ਹੱਕ ਵਿਚ ਹਾਂ । ਇਹ ਇਕ ਅੱਛੀ ਚੀਜ਼ ਹੈ ਇਸ ਦੇ ਨਾਲ ਡੈਮੋਕਰੇਸੀ ਬਹਾਲ ਹੋਵੇਗੀ ਅਤੇ ਆਉਣ ਵਾਲੀ ਲੀਡਰਸ਼ਿਪ ਨੂੰ ਕੰਮ ਕਰਨ ਦਾ ਮੌਕਾ ਮਿਲੇਗਾ । ਇਸ ਬਿਲ ਨੂੰ ਸਾਡੀ ਪਾਰਟੀ ਸਪੋਰਟ ਕਰਦੀ ਹੈ ।

ਸ੍ਰੀ ਹੰਸ ਰਾਜ ਜੋਸਨ (ਜਲਾਲਾਬਾਦ): ਸਪੀਕਰ ਸਾਹਿਬ, ਸਾਡੀ ਸਰਕਾਰ ਨੇ ਇਥੇ ਆ ਕੇ ਪਿਛਲੇ 10 ਸਾਲਾਂ ਤੋਂ ਜਿਹੜੀਆਂ ਪੰਚਾਇਤਾਂ ਦੀਆਂ ਚੋਣਾਂ ਨਹੀਂ ਹੋਈਆਂ ਸਨ, ਕਰਵਾਈਆਂ ਹਨ । ਇਸ ਦੇ ਲਈ ਸਾਡੀ ਸਰਕਾਰ ਵਧਾਈ ਦੀ ਪਾਤਰ ਹੈ ਅਤੇ ਪੰਜਾਬ ਵਿਚ ਗਰਾਸ ਲੇਵਲ ਤੇ ਡੈਮੋਕਰੇਸੀ ਨੂੰ ਬਹਾਲ ਕੀਤਾ ਹੈ । ਇਹ ਇਕ ਬਹੁਤ ਵੱਡਾ ਕੰਮ ਸੀ । ਸਪੀਕਰ ਸਾਹਿਬ, ਮੈਂ 10 ਸਾਲ ਆਪਣੇ ਪਿੰਡ ਦਾ ਸਰਪੰਚ ਰਿਹਾ ਹਾਂ ਅਤੇ ਮੈਨੂੰ ਪਤਾ ਹੈ ਕਿ ਅਗਰ ਕੋਈ ਪੰਚਾਇਤ ਦੀ ਜ਼ਮੀਨ ਤੇ ਕਬਜ਼ਾ ਕਰ ਲੈਂਦਾ ਹੈ ਤਾਂ ਉਸ ਕੋਲੋਂ ਛੁਡਵਾਉਣਾ ਬੜਾ ਮੁਸ਼ਕਲ ਹੁੰਦਾ ਹੈ । ਇਸ ਲਈ ਕੋਈ ਐਸੀ ਪ੍ਰੋਵੀਜ਼ਨ ਕੀਤੀ ਜਾਣੀ ਚਾਹੀਦੀ ਹੈ ਕਿ ਜਿਸ ਦੇ ਨਾਲ ਕੋਈ ਵੀ ਪੰਚਾਇਤ ਦਾ ਸਰਪੰਚ ਕਿਸੇ ਜ਼ਮੀਨ ਤੇ ਕਬਜ਼ਾ ਨਾ ਕਰ ਸਕੇ ਅਤੇ ਜਦੋਂ ਕਿਸੇ ਨੂੰ ਪੰਚਾਇਤ ਦੀ ਜ਼ਮੀਨ ਪੱਟੇ ਤੇ ਦਿੱਤੀ ਜਾਂਦੀ ਹੈ ਉਸ ਤੋਂ ਜ਼ਮੀਨ ਵਾਪਿਸ ਲੈਣੀ ਬੜੀ ਮੁਸ਼ਕਿਲ ਹੋ ਜਾਂਦੀ ਹੈ । ਇਸ ਲਈ ਜਿਹੜੀ ਪੰਚਾਇਤ ਦੀ ਜ਼ਮੀਨ ਦੀ ਗਿਰਦਾਵਰੀ ਹੈ ਉਹ ਪੰਚਾਇਤ ਦੇ ਨਾਂ ਉਤੇ ਹੀ ਰਹਿਣੀ ਚਾਹੀਦੀ ਹੈ ਚਾਹੇ ਜ਼ਮੀਨ ਪੱਟੇ ਤੇ ਕਿਤੇਂ ਨਾ ਦਿੱਤੀ ਹੋਵੇ ਜ਼ਮੀਨ ਉਤੇ ਗਿਰਦਾਵਰੀ ਪੰਚਾਇਤ ਦੀ ਹੋਣੀ ਚਾਹੀਦੀ ਹੈ । ਬਾਕੀ ਪੰਚਾਇਤ ਦਾ ਰਿਕਾਰਡ ਸੈਕਟਰੀ ਕੋਲ ਚਲਾ ਜਾਂਦਾ ਹੈ ਤਦ ਅਗਰ ਕੋਈ ਮਤਾ ਵੀ ਸਰਪੰਚ ਨੇ ਰਿਕਾਰਡ ਵਿਚ ਦਰਜ ਕਰਵਾਉਣਾ ਹੋਵੇ ਉਸ ਨੂੰ ਸੈਕਟਰੀ ਦੇ ਪਿੱਛੇ ਗੇੜੇ ਕੱਟਣੇ ਪੈਂਦੇ ਹਨ । ਇਸ ਲਈ ਇਹ ਰਿਕਾਰਡ ਸੈਕਟਰੀ ਦੀ ਬਜਾਏ ਪੰਚਾਇਤ ਦੇ ਸਰਪੰਚ ਕੋਲ ਹੋਣਾ ਚਾਹੀਦਾ ਹੈ । ਇਸ ਦੇ ਨਾਲ ਪਿੰਡਾਂ ਦਾ ਵਿਕਾਸ ਜ਼ਿਆਦਾ ਹੋਵੇਗਾ ਅਤੇ ਠੀਕ ਤਰੀਕੇ ਨਾਲ ਕੰਮ ਹੋਵੇਗਾ । ਇਸ ਦੇ ਨਾਲ ਹੀ, ਪੰਜਾਬ ਦੇ ਸਰਪੰਚਾਂ ਨੂੰ ਪਾਵਰਜ਼ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ ਉਹ ਪਿੰਡਾਂ ਦੇ ਲਈ ਕਾਨੂੰਨ ਬਣਾ ਸਕਣ ਅਤੇ ਸਕੀਮਾਂ ਬਣਾ ਸਕਣ ਪੰਚਾਇਤ ਦੇ ਚੁਣੇ ਹੋਏ ਪੰਚਾਂ ਅਤੇ ਸਰਪੰਚਾਂ ਨੂੰ ਪੁਲਿਸ ਥਾਣਿਆਂ ਦੇ ਵਿਚ ਮਾਨ ਸਨਮਾਨ ਮਿਲਣਾ ਚਾਹੀਦਾ ਹੈ ਅਤੇ ਦਫਤਰਾਂ ਵਿਚ ਸਨਮਾਨ ਮਿਲਣਾ ਚਾਹੀਦਾ ਹੈ । ਪਿੰਡਾਂ ਦੀ ਜ਼ਮੀਨ ਜਦੋਂ ਡੀ.ਡੀ.ਪੀ.ਓ. ਤੋਂ ਖਾਲੀ ਹੋ ਜਾਂਦੀ ਹੈ ਤਾਂ ਇਸ ਨੂੰ ਫਾਈਨਲ ਅਥਾਰਿਟੀ ਮੰਨ ਲਿਆ ਜਾਣਾ ਚਾਹੀਦਾ ਹੈ । ਇਸ ਦੇ ਉੱਤੇ ਹੋਰ ਕੋਈ ਅਥਾਰਿਟੀ ਨਹੀਂ ਹੋਣੀ ਚਾਹੀਦੀ ਡੀ.ਡੀ.ਪੀ.ਓ. ਨੂੰ ਹੀ ਫਾਈਨਲ ਅਥਾਰਿਟੀ ਸਮਝ ਲੈਣਾ ਚਾਹੀਦਾ ਹੈ । ਇਸ ਦੇ ਨਾਲ ਪਿੰਡਾਂ ਦੀਆਂ ਜ਼ਮੀਨਾਂ ਤੋਂ ਆਮਦਨੀ ਹੋ ਸਕੇਗੀ ਅਤੇ ਪਿੰਡਾਂ ਦਾ ਵਿਕਾਸ ਹੋ ਸਕੇਗਾ । ਮੁੱਖ ਮੰਤਰੀ ਜੀ ਨੇ ਪੰਜਾਬ ਵਿਚ ਪੰਚਾਇਤਾਂ ਦੀਆਂ ਇਲੈਕਸ਼ਨਾਂ 10 ਸਾਲਾਂ ਬਾਅਦ ਕਰਵਾਈਆਂ ਹਨ ਅਤੇ ਗਰਾਸ ਰੂਟ ਲੈਵਲ ਤੇ ਡੈਮੋਕਰੇਸੀ ਨੂੰ ਬਹਾਲ ਕੀਤਾ ਹੈ

[ਸ਼੍ਰੀ ਹੰਸ ਰਾਜ ਜੋਸਨ]

ਇਸ ਦੇ ਲਈ ਇਹ ਵਧਾਈ ਦੇ ਪਾਤਰ ਹਨ ਅਤੇ ਮਿਊਂਸਪਲ ਕਮੇਟੀ ਦੀਆਂ ਇਲੈਕਸ਼ਨ ਕਰਵਾਈਆਂ ਹਨ। ਇਹ ਬੜਾ ਵੱਡਾ ਕਦਮ ਮੇਰੀ ਸਰਕਾਰ ਨੇ ਚੁਕਿਆ ਹੈ। ਪੰਜਾਬ ਵਿਚ ਡੈਮੋਕਰੇਸੀ ਨੂੰ ਬਹਾਲ ਕੀਤਾ ਹੈ।

ਕਾਮਰੇਡ ਬਲਦੇਵ ਸਿੰਘ ਬਲਮਗੜ੍ਹ (ਮਲੋਟ, ਐਸ. ਸੀ.): ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਸ਼ੁਕਰਗੁਜ਼ਾਰ ਹਾਂ ਕਿ ਤੁਸੀਂ ਮੈਨੂੰ ਇਸ ਅਮੈਂਡਮੈਂਟ ਤੇ ਬੋਲਣ ਲਈ ਮੌਕਾ ਦਿਤਾ ਹੈ। ਇਹ ਦੋਨੋ ਅਮੈਂਡਮੈਂਟਾਂ ਜੋ ਆਈਆਂ ਹਨ ਇਨ੍ਹਾਂ ਨਾਲ ਜੋ ਸਾਡੀ ਡੈਮੋਕਰੇਸੀ ਹੈ ਉਹ ਥੱਲੇ ਦੇ ਲੋਕਾਂ ਤਕ ਪਹੁੰਚੇਗੀ। ਗਰਾਸ ਰੂਟਸ ਲੇਵਲ ਤਕ ਦੋਨੋਂ ਅਮੈਂਡਮੈਂਟਸ ਨਾਲ ਮਦਦ ਮਿਲੇਗੀ। ਇਸ ਕਰਕੇ ਮੈਂ ਇਨ੍ਹਾਂ ਦੋਨੋ ਅਮੈਂਡਮੈਂਟਾ ਦਾ ਸਮਰਥਨ ਕਰਦਾ ਹਾਂ। ਸਪੀਕਰ ਸਾਹਿਬ, ਨਾਲ ਦੀ ਨਾਲ ਜਿਹੜੀ ਗੱਲ ਹਾਊਸ ਵਿਚ ਪਹਿਲਾਂ ਵੀ ਆਈ ਹੈ ਕਿ ਔਰਤਾਂ ਅਤੇ ਸ਼ਡਿਊਲਡ ਕਾਸਟਾਂ ਨੂੰ ਇਕ ਤਿਹਾਈ ਨੁਮਾਇੰਦਗੀ ਦੇਣੀ ਹੈ। ਇਹ ਇਕ ਬਹੁਤ ਹੀ ਚੰਗੀ ਗੱਲ ਹੈ। ਸਰਪੰਚ ਦੇ ਤੌਰ ਤੇ ਇਕ ਤਿਹਾਈ ਔਰਤਾਂ ਹੋਣਗੀਆਂ। ਤਰਮੀਮ ਤਾਂ ਵਧੀਆ ਹੈ ਪਰ ਕੁਝ ਗਲਾਂ ਇਲੈਕਸ਼ਨਾਂ ਦੇ ਦੌਰਾਨ ਹੋਈਆਂ ਜੋ ਕਿ ਠੀਕ ਨਹੀਂ ਸਨ। ਇਸ ਲਈ ਪੰਜਾਬ ਸਰਕਾਰ ਨੂੰ ਇਸ ਗੱਲ ਵੱਲ ਧਿਆਨ ਦੇਣਾ ਪਵੇਗਾ। ਕਾਨੂੰਨ ਤਾਂ ਚੰਗੇ ਬਣੇ ਹੋਏ ਹਨ ਪਰ ਉਨ੍ਹਾਂ ਨੂੰ ਲਾਗੂ ਕਰਨ ਵਿਚ ਕਈ ਨੁਕਸ ਪੈ ਜਾਂਦੇ ਹਨ। ਜਿਸ ਸਪਿਰਟ ਰਾਹੀਂ ਕਾਨੂੰਨ ਵਿਚ ਸੋਧ ਕੀਤੀ ਜਾ ਰਹੀ ਹੈ। ਪਰ ਉਸੇ ਸਪਿਰਟ ਵਿਚ ਉਹ ਕਾਨੂੰਨ ਲਾਗੂ ਨਹੀਂ ਹੁੰਦਾ। ਜਿਥੋਂ ਤਕ ਇਕ ਤਿਹਾਈ ਨੁਮਾਇੰਦਗੀ ਸ਼ਡਿਊਲਡ ਕਾਸਟਸ ਅਤੇ ਔਰਤਾਂ ਨੂੰ ਦੇਣ ਦਾ ਸਵਾਲ ਹੈ ਇਹ ਤਾਂ ਚੰਗੀ ਗੱਲ ਹੈ ਪਰ ਪੰਚਾਇਤ ਦੀਆਂ ਇਲੈਕਸ਼ਨਾਂ ਵਿਚ ਪਿੰਡ ਮਤਾਂ ਬਸਰ ਥਾਣਾ ਮੁਕਤਸਰ ਦੇ ਸ਼ਡਿਊਲਡ ਕਾਸਟ ਭਰਾਵਾਂ ਨੂੰ ਜਿਸ ਤਰ੍ਹਾਂ ਪਿੰਡ ਝੀਡਵਾਲੇ ਦੇ ਇਕ ਬਦਮਾਸ਼ ਦੇ ਕਹਿਣ ਤੇ ਉਨ੍ਹਾਂ ਦਾ ਸ਼ਿਕਾਰ ਹੋਣਾ ਪਿਆ ਕਿ ਸ਼ਡਿਊਲਡ ਕਾਸਟਾਂ ਨੇ ਸਰਪੰਚ ਦੀ ਚੋਣ ਕਿਉਂ ਲੜੀ ਹੈ। ਉਥੇ ਸ਼ਡਿਊਲਡ ਕਾਸਟਾਂ ਨੂੰ ਇਹ ਬਦਮਾਸ਼ ਤੰਗ ਕਰਦੇ ਰਹੇ ਅਤੇ ਉਸ ਨੂੰ ਡਰਾਇਆ ਧਮਕਾਇਆ ਵੀ ਗਿਆ ਅਤੇ ਉਨ੍ਹਾ ਦੇ ਘਰਾਂ ਵਿਚ ਜਾ ਕੇ ਬਦਮਾਸ਼ 22, 23 ਅਤੇ 24 ਜਨਵਰੀ ਨੂੰ ਫਾਇਰਿੰਗ ਕਰਦੇ ਰਹੇ ਪ੍ਰੰਤੂ ਪੰਜਾਬ ਸਰਕਾਰ ਨੇ ਅੱਜ ਤਕ ਕੋਈ ਐਕਸ਼ਨ ਨਹੀਂ ਲਿਆ। ਇਸ ਤਰ੍ਹਾਂ ਦੀਆਂ ਘਟਨਾਵਾਂ ਨੂੰ ਰੋਕਣਾ ਚਾਹੀਦਾ ਹੈ। ਸਾਡੇ ਸਦਨ ਨੂੰ ਇਨ੍ਹਾਂ ਗਰੀਬ ਲੋਕਾਂ ਦਾ ਖਿਆਲ ਰਖਣਾ ਚਾਹੀਦਾ ਹੈ। ਸ਼ਡਿਊਟਡ ਕਾਸਟ ਲੋਕਾਂ ਨੂੰ ਪੂਰੀ ਨੁਮਾਇੰਦਗੀ ਮਿਲੇ। ਉਨ੍ਹਾਂ ਦੇ ਹੱਕਾਂ ਅਤੇ ਹਿਤਾਂ ਦੀ ਰਾਖੀ ਕੀਤੀ ਜਾਵੇ ਤਾਂ ਕਿ ਉਨ੍ਹਾਂ ਗਰੀਬਾਂ ਨੂੰ ਨਿਆਂ ਮਿਲ ਸਕੇ। ਸਵਿਧਾਨ ਵਿਚ ਜੋ ਵੀ ਅਮੈਂਡਮੈਂਟ ਆਉਂਦੀ ਹੈ ਉਹ ਤਾਂ ਠੀਕ ਹੀ ਹੁੰਦੀ ਹੈ। ਉਸ ਅਮੈਂਡਮੈਂਟ ਨੂੰ ਲਾਗੂ ਠੀਕ ਤਰੀਕੇ ਦੇ ਨਾਲ ਕਰਨਾ ਚਾਹੀਦਾ ਹੈ। ਸਪੀਕਰ ਸਾਹਿਬ, ਜੋ ਸਾਡੇ ਜਮਹੂਰੀਅਤ ਦੇ ਅੰਦਰ ਇਨ੍ਹਾਂ ਪੰਚਾਇਤਾਂ ਦੀਆਂ ਇਲੈਕਸ਼ਨਾਂ ਦੇ ਦੌਰਾਨ ਬਹੁਤ ਮਾੜਾ ਰੁਝਾਨ ਸਾਹਮਣੇ ਆਇਆ ਹੈ ਉਹ ਰੁਝਾਨ ਹੈ ਪੈਸੇ ਦੀ ਅੰਨੀਦੁਰ ਵਰਤੋਂ। ਉਸ ਨਾਲ ਜਮਹੂਰੀਅਤ ਨੂੰ ਸੱਟ ਵੱਜੀ ਹੈ। ਬਹੁਤ ਸਾਰੀਆਂ ਥਾਵਾਂ ਤੇ ਵੋਟਰਾਂ ਨੂੰ ਖਰੀਦਿਆ ਗਿਆ। ਸਰਪੰਚ ਬਨਣ ਦੀ ਖਾਤਰ ਕਈ ਥਾਵਾਂ ਤੇ ਬਹੁਤ ਜ਼ਿਆਦਾ ਪੈਸਾ ਖਰਚਿਆ ਗਿਆ। ਕਈ ਥਾਵਾਂ ਤੇ ਤਾਂ ਸਰਪੰਚ ਬਨਣ ਲਈ ਵੋਟਰਾਂ ਦੀਆਂ ਬੋਲੀਆਂ ਲਗੀਆਂ ਹਨ। ਇਸ ਗੱਲ ਵੱਲ ਸਰਕਾਰ ਨੂੰ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ। ਪੰਜਾਬ ਸਰਕਾਰ ਨੂੰ ਇਨ੍ਹਾਂ

ਗਲਤ ਰੁਝਾਨਾਂ ਨੂੰ ਰੋਕਣਾ ਚਾਹੀਦਾ ਹੈ । ਸਪੀਕਰ ਸਾਹਿਬ, ਜਿਸ ਤਰ੍ਹਾਂ ਮਿਊਂਪਲ ਕਮੇਟੀਆਂ ਦੀਆਂ ਚੋਣਾ ਹੁੰਦੀਆਂ ਹਨ । 15-20 ਦਿਨ ਪਹਿਲਾਂ ਚੋਣ ਨਿਸ਼ਾਨ ਅਲਾਟ ਹੋ ਜਾਂਦੇ ਹਨ । ਫਿਰ ਵੋਟਾਂ ਪੈਣ ਵੇਲੇ ਐਸੰਬਲੀ ਤੇ ਪਾਰਲੀਮੈਂਟ ਚੋਣਾਂ ਵਾਂਗ ਨਿਸ਼ਾਨਾਂ ਤੇ ਮੋਹਰਾਂ ਲਾ ਕੇ ਪਰਚੀਆਂ ਇਕੋ ਬਕਸੇ ਵਿੱਚ ਪੈਂਦੀਆਂ ਹਨ । ਇਹੀ ਸਿਸਟਮ ਪੰਚਾਇਤਾਂ ਦੀਆਂ ਇਲੈਕਸ਼ਨਾਂ ਵਿਚ ਹੋਣਾ ਚਾਹੀਦਾ ਹੈ । ਪੰਚਾਇਤਾਂ ਦੀਆਂ ਇਲੈਕਸ਼ਨਾਂ ਵਿਚ ਪਰਚੀਆਂ ਦਾ ਸਿਸਟਮ ਹੈ । ਪੋਲਿੰਗ ਅਫਸਰ 100-100, 150-150 ਪਰਚੀਆਂ ਆਪਣੀ ਮਰਜ਼ੀ ਨਾਲ ਦੇ ਦਿੰਦਾ ਹੈ । ਕਈ ਪਿੰਡਾਂ ਵਿਚ ਬੈਲਟ ਪੇਪਰਾਂ ਨੂੰ ਫੋਟੋ ਸਟੇਟ ਕਰਾਕੇ ਹੀ ਵੋਟਾਂ ਪਾਈਆਂ ਗਈਆਂ ਹਨ । ਇਸ ਗਲਤ ਸਿਸਟਮ ਨੂੰ ਰੋਕਣਾ ਬਹੁਤ ਜ਼ਰੂਰੀ ਹੈ । ਜੇਕਰ ਮਿਊਂਸਪਲ ਕਮੇਟੀ ਦੀਆਂ ਇਲੈਕਸ਼ਨਾਂ ਵਾਂਗ ਹੀ 15-20 ਦਿਨ ਪਹਿਲਾਂ ਹੀ ਨਿਸ਼ਾਨ ਅਲਾਟ ਹੋ ਜਾਣ ਤਾਂ ਜੋ ਹੇਰਾ ਫੇਰੀ ਹੋ ਰਹੀ ਹੈ ਇਹ ਬੰਦ ਹੋ ਜਾਵੇਗੀ । ਜਿਸ ਤਰ੍ਹਾਂ ਅਸੀਂ ਇਥੇ ਪੰਚਾਇਤਾਂ ਨੂੰ ਵੱਧ ਅਧਿਕਾਰ ਦੀ ਗੱਲ ਕਰਦੇ ਹਾਂ, ਪੰਚ ਅਤੇ ਸਰਪੰਚ ਦੇ ਵੱਧ ਅਧਿਕਾਰਾਂ ਦੀ ਗੱਲ ਕਰਦੇ ਹਾਂ, ਉਸ ਤਰੀਕੇ ਨਾਲ ਮਿਊਂਸਪਲ ਕਮਿਸ਼ਨਰ ਅਤੇ ਮਿਊਂਸਪਲ ਕਮੇਟੀਆਂ ਦੇ ਪ੍ਰਧਾਨ ਨੂੰ ਵੀ ਵੱਧ ਅਧਿਕਾਰ ਹੋਣੇ ਚਾਹੀਦੇ ਹਨ । ਮਿਊਂਸਪਲ ਕਮੇਟੀ ਵਿਚ ਜਿਹੜਾ ਈ.ਓ. ਹੁੰਦਾ ਹੈ ਉਹ ਅੜਚਨ ਪਾਉਂਦਾ ਹੈ । ਇਸ ਲਈ ਉਸ ਈ. ਓ. ਦੀ ਲੋੜ ਨਹੀਂ ਹੈ । ਈ.ਓ. ਦੀ ਪੋਸਟ ਖਤਮ ਕਰ ਦੇਣੀ ਚਾਹੀਦੀ ਹੈ ।

ਮਿਊਨਿਸਪਲ ਕਮਿਸ਼ਨਰਜ਼ ਦੇ ਅਧਿਕਾਰ ਵਧਾਉਣੇ ਚਾਹੀਦੇ ਹਨ । ਜਿਸ ਤਰੀਕੇ ਨਾਲ ਪੰਚਾਇਤਾਂ ਦੇ ਅਧਿਕਾਰ ਵਧਾਏ ਗਏ ਹਨ, ਇਹ ਬੜੀ ਚੰਗੀ ਗੱਲ ਹੈ । ਇਸੇ ਤਰੀਕੇ ਨਾਲ ਐਮ. ਸੀਜ਼ ਦੇ ਅਧਿਕਾਰ ਵਧਾਏ ਜਾਣ ਤਾਂ ਕਿ ਉਨ੍ਹਾਂ ਦਾ ਸਤਿਕਾਰ ਵਧੇ ਅਤੇ ਮਾਣ ਹੋਰ ਹੋਵੇ । ਬਾਕੀ ਮਿਊਨਿਸਪਲ ਕਮੇਟੀ ਦੇ ਪ੍ਰਧਾਨ ਦੀ ਚੋਣ ਸਿਧੀ ਹੋਣੀ ਚਾਹੀਦੀ ਹੈ । ਇਸ ਨਾਲ ਮੈਂਬਰਾਂ ਦੀ ਖਿਚੋਤਾਨ ਅਤੇ ਖਰੀਦੋ-ਫਰੋਖਤ ਵੀ ਘਟ ਜਾਵੇਗੀ । ਇਹ ਜਮਹੂਰੀਅਤ ਵਾਸਤੇ ਇਕ ਬੜਾ ਚੰਗਾ ਰੁਝਾਨ ਹੋਵੇਗਾ । ਇਸ ਨਾਲ ਦੂਜੇ ਪਾਸੇ ਜਿਹੜੇ ਗਲਤ ਰੁਝਾਨ ਹਨ ਉਹਨਾਂ ਤੇ ਵੀ ਕਾਬੂ ਪਾਇਆ ਜਾ ਸਕੇਗਾ । ਇਨ੍ਹਾਂ ਗੱਲਾਂ ਨਾਲ ਮੈਂ ਇਨ੍ਹਾਂ ਦੋਹਾਂ ਅਮੈਂਡਮੈਂਟਾਂ ਦਾ ਆਪਣੇ ਵਲੋਂ ਸਮਰਥਨ ਕਰਦਾ ਹਾਂ । ਧੰਨਵਾਦ ।

ਕਾਮਰੇਡ ਤਰਸੇਮ ਜੋਧਾਂ (ਕਿਲਾ ਰਾਏਪੁਰ): ਮਾਨਯੋਗ ਸਪੀਕਰ ਸਾਹਿਬ, ਜੋ ਸਰਦਾਰ ਉਮਰਾਓ ਸਿੰਘ ਜੀ ਨੇ ਸੰਵਿਧਾਨ ਦੀ 72ਵੀਂ ਅਤੇ 73ਵੀਂ ਅਮੈਂਡਮੈਂਟਸ ਦੇ ਰੈਟੀਫਿਕੇਸ਼ਨ ਵਾਸਤੇ ਪੇਸ਼ ਕੀਤੀਆਂ ਹੈ, ਮੈਂ ਉਸ ਦੀ ਪ੍ਰੋੜਤਾ ਕਰਦਾ ਹਾਂ । ਸਾਨੂੰ ਇਸ ਗੱਲ ਦੀ ਬੜੀ ਖੁਸ਼ੀ ਹੈ ਕਿ ਡੀਸੈਂਟ੍ਰੇਲਾਈਜ਼ੇਸ਼ਨ ਆਫ ਪਾਵਰਜ਼ ਕਰਕੇ ਜਿਹੜੀ ਡੈਮੋਕਰੇਸੀ ਹੈ, ਉਸਨੂੰ ਗ੍ਰਾਸ ਰੂਟ ਤੱਕ ਲਿਆਉਣ ਦੀ ਕੋਸ਼ਿਸ਼ ਕੀਤੀ ਗਈ ਹੈ । ਇਸ ਤੋਂ ਪਹਿਲਾਂ 15-15 ਸਾਲ 20-20 ਸਾਲ ਅਤੇ 25-25 ਸਾਲ ਵੀ ਪੰਚਾਇਤਾਂ ਦੀਆਂ ਅਤੇ ਮਿਊਨਿਸਪਲ ਕਮੇਟੀਆਂ ਦੀਆਂ ਚੋਣਾਂ ਨਹੀਂ ਸਨ ਹੁੰਦੀਆਂ । ਉਨ੍ਹਾਂ ਦੇ ਅਧਿਕਾਰ ਵੀ ਬੜੇ ਸੀਮਤ ਸਨ ਔਰ ਇਹ ਜਿਹੜੇ ਲੋਕਾਂ ਦੁਆਰਾ ਚੁਣੇ ਹੋਏ ਅਦਾਰੇ ਸਨ । ਇਹ ਬਿਊਰੋਕਰੇਸੀ ਦੇ ਰਹਿਮੋ-ਕਰਮ ਤੇ ਚਲਦੇ ਰਹਿੰਦੇ ਸਨ । ਸਾਨੂੰ ਇਸ ਗੱਲ ਦਾ ਮਾਣ ਹੈ ਕਿ 1977 ਤੋਂ

[ਕਾਮਰੇਡ ਤਰਸੇਮ ਜੋਧਾਂ]

ਬਾਅਦ ਪੱਛਮੀ-ਬੰਗਾਲ ਦੀ ਖੱਬੇ-ਪੱਖੀ ਸਰਕਾਰ ਨੇ ਲਗਾਤਾਰ 4 ਵਾਰੀ ਚੋਣਾਂ ਕਰਾ ਕੇ ਅਤੇ ਲੋਕਲ ਸੈਲਫ ਗੌਰਮਿੰਟ ਨੂੰ ਵੱਧ ਅਧਿਕਾਰ ਦੇ ਕੇ ਬਹੁਤ ਚੰਗੀ ਗੱਲ ਕੀਤੀ ਹੈ । ਕਿਉਂਕਿ ਇਹ ਅਮੈਂਡਮੈਂਟਾਂ ਵੀ ਇਸੇ ਸੇਧ ਵਿੱਚ ਜਾਂਦੀਆਂ ਹਨ, ਇਸਦੀ ਇਸ ਲਈ ਅਸੀਂ ਪ੍ਰੋੜਤਾ ਕਰਦੇ ਹਾਂ । ਸਪੀਕਰ ਸਾਹਿਬ, ਮੈਂ ਆਪਦੇ ਰਾਹੀਂ ਸਰਕਾਰ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜਿਹੜੇ ਕਾਨੂੰਨ ਬਣਦੇ ਹਨ, ਉਨ੍ਹਾਂ ਤੇ ਅਮਲ ਕਰਨਾ ਵੀ ਬਹੁਤ ਜ਼ਰੂਰੀ ਹੈ । ਜੇਕਰ ਉਹ ਵਿਚਲੀਆਂ ਸ਼ਰਤਾਂ ਨਾ ਪੂਰੀਆਂ ਕੀਤੀਆਂ ਜਾਣ ਤਾਂ ਉਹ ਕਾਗਜ਼ਾਂ ਵਿੱਚ ਹੀ ਧਰੇ ਧਰਾਏ ਰਹਿ ਜਾਂਦੇ ਹਨ । ਇਸ ਲਈ ਇਹ ਗੱਲ ਜ਼ਰੂਰੀ ਹੈ ਕਿ ਜੇਕਰ ਅਸੀਂ ਜਮਹੂਰੀਅਤ ਨੂੰ ਗ੍ਰਾਸ ਰੂਟ ਲੈਵਲ ਤੱਕ ਲਿਜਾਣਾ ਚਾਹੁੰਦੇ ਹਾਂ ਤਾਂ ਸਾਨੂੰ ਪਿੰਡਾਂ ਦੇ ਗਰੀਬ ਲੋਕਾਂ ਨੂੰ, ਖੇਤੀ ਹਰ ਮਜ਼ਦੂਰਾਂ ਦੇ ਸਟੈਂਡਰਡ ਆਫ ਲਿਵਿੰਗ ਨੂੰ ਵੀ ਉਪਰ ਚੁਕਣਾ ਪਵੇਗਾ । ਸਾਰੇ ਦੇਸ਼ ਵਿੱਚ ਲੈਂਡ ਰਿਫਾਰਮਜ਼ ਕੀਤੇ ਜਾਣ । ਪੱਛਮੀ ਬੰਗਾਲ ਦੀ ਸਰਕਾਰ ਨੇ ਲੈਂਡ ਰਿਫਾਰਮਜ਼ ਕਰਕੇ ਡਾਊਨ ਟਰੋਡਨ ਲੋਕਾ ਨੂੰ ਜਮਹੂਰੀਅਤ ਦੇ ਅੰਦਰ ਹਿੱਸਾ ਪਾਉਣ ਦੇ ਕਾਬਲ ਬਣਾ ਦਿੱਤਾ ਹੈ । ਉਹ ਡੈਮੋਕਰੇਸੀ ਦੀ ਹਰ ਰਵਾਇਤ ਵਿੱਚ ਹਿੱਸੇਦਾਰ ਬਣ ਚੁੱਕੇ ਹਨ । ਏਸੇ ਤਰ੍ਹਾਂ ਸਾਡੇ ਪੰਜਾਬ ਵਿੱਚ ਵੀ ਲੈਂਡ ਰਿਫਾਰਮਜ਼ ਪੂਰੇ ਕੀਤੇ ਜਾਣ । ਖੇਤੀਹਰ ਮਜ਼ਦੂਰਾਂ ਵਾਸਤੇ ਦੇਸ਼ ਵਿਆਪੀ ਕਾਨੂੰਨ ਹੋਂਦ ਵਿੱਚ ਲਿਆਂਦੇ ਜਾਣ । ਅਸੀਂ ਦੇਖਦੇ ਹਾਂ ਕਿ ਪਿੰਡਾਂ ਦੇ ਧਨੀ ਲੋਕ ਗਰੀਬ ਲੋਕਾਂ ਨੂੰ ਅੱਗੇ ਆਉਣ ਤੋਂ ਰੋਕਣ ਵਾਸਤੇ ਕਿੰਨਾਂ ਕਿੰਨਾਂ ਮੁੱਲ ਪਾਉਂਦੇ ਹਨ । ਇਨ੍ਹਾਂ ਪੋਸਟਾਂ ਵਾਸਤੇ ਲੱਖ ਲੱਖ, ਦੋ ਦੋ ਲੱਖ ਰੁਪਿਆ ਆਫਰ ਕਰਦੇ ਹਨ । ਇਸ ਤਰੀਕੇ ਨਾਲ ਗਰੀਬ ਲੋਕ ਅੱਗੇ ਆਉਣ ਤੋਂ ਰੋਕ ਲਏ ਜਾਂਦੇ ਹਨ । ਇਥੋਂ ਤੱਕ ਵੀ ਸਾਡਾ ਤਜਰਬਾ ਹੈ ਕਿ ਇਸ ਕੰਮ ਵਿੱਚ, ਜਮਹੂਰੀਅਤ ਦੀ ਗ੍ਰਾਸ ਰੂਟ ਤੱਕ ਬਹਾਲੀ ਵਿੱਚ ਬਿਊਰੋਕਰੇਸੀ ਅਤੇ ਅਫਸਰਸ਼ਾਹੀ ਇਕ ਵੱਡੀ ਹਰਡਲ ਹੈ । ਚਾਹੇ ਡੀ.ਡੀ.ਪੀ.ਓ ਹੈ ਅਤੇ ਚਾਹੇ ਕੋਈ ਹੋਰ ਅਫਸਰ ਲੋਕ ਹਨ, ਸਭ ਇਹੀ ਚਾਹੁੰਦੇ ਹਨ ਕਿ ਪਿੰਡਾਂ ਦੇ ਖਾਂਦੇ ਪੀਂਦੇ ਲੋਕ ਹੀ ਪੰਚ ਅਤੇ ਸਰਪੰਚ ਬਨਣ । ਉਨ੍ਹਾਂ ਨੂੰ ਉਨ੍ਹਾਂ ਕੋਲੋਂ ਚੰਗਾ ਖਾਣ-ਪੀਣ ਨੂੰ ਮਿਲ ਜਾਂਦਾ ਹੈ ਅਤੇ ਗਰੀਬ ਲੋਕਾਂ ਦੇ ਘਰਾਂ ਵਿੱਚ ਇਹ ਸਹੂਲਤਾਂ ਪ੍ਰਾਪਤ ਨਹੀਂ ਹੁੰਦੀਆਂ । ਉਹ ਸਮਝਦੇ ਹਨ ਕਿ ਪੰਚਾਇਤਾਂ ਦੇ ਪੰਚ ਜਾਂ ਸਰਪੰਚ ਖਾਂਦੇ ਪੀਂਦੇ ਬੰਦਿਆਂ ਦਾ ਕੰਮ ਹੈ । ਉਹ ਇਹ ਵੀ ਸਮਝਦੇ ਹਨ ਕਿ ਜਿਹੜਾ ਆਦਮੀ 5 ਬੰਦਿਆਂ ਨੂੰ ਰੋਟੀ ਨਹੀਂ ਖਵਾ ਸਕਦਾ, ਉਹ ਇਹ ਪੰਚੀ ਸਰਪੰਚੀ ਕਿਵੇਂ ਕਰੇਗਾ । ਇਸ ਕਰਕੇ ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਗਰੀਬ ਲੋਕਾਂ ਦੇ ਜੀਵਨ-ਪਧਰ ਨੂੰ ਉਪਰ ਚੁੱਕਣ ਲਈ ਉਪਰਾਲੇ ਕੀਤੇ ਜਾਣ । ਜੋ ਪਹਿਲਾ ਨਿਯਮ ਜਾਂ ਕਾਨੂੰਨ ਬਣੇ ਹੋਏ ਹਨ, ਉਨ੍ਹਾਂ ਦੀ ਸਹੀ ਤਰੀਕੇ ਨਾਲ ਇੰਪਲੀਮੈਂਨਟੇਸ਼ਨ ਕੀਤੀ ਜਾਵੇ । ਮੇਰਾ ਜਾਤੀ ਤਜਰਬਾ ਹੈ ਕਿ ਚੋਣਾਂ ਵਿਚ ਅਫਸਰਸ਼ਾਹੀ ਮਨਮਾਨੇ ਢੰਗ ਨਾਲ ਰਿਜ਼ਲਟ ਕਢਦੀ ਹੈ । ਬਹੁਤ ਸਾਰੇ ਰਿਜ਼ਲਟ ਕੈਂਸਲ ਕੀਤੇ ਗਏ ਹਨ । ਇਹ ਅਫਸਰਸ਼ਾਹੀ ਆਪਣੀ ਮਨਮਾਨੀ ਕਰਦੀ ਹੈ । ਸ਼ਡਿਊਲਡ ਕਾਸਟ ਲੋਕਾਂ ਨਾਲ ਕਿਸ ਤਰ੍ਹਾਂ ਧੱਕਾ ਕੀਤਾ ਜਾਂਦਾ ਹੈ, ਇਸ ਦੀ ਮੈਂ ਇਕ ਮਿਸਾਲ ਤੁਹਾਡੇ ਸਾਹਮਣੇ ਰੱਖਦਾ ਹਾਂ । ਪੱਖੋਵਾਲ ਪਿੰਡ ਵਿਚ ਜੋ ਇਕ ਬਲਾਕ ਵੀ ਹੈ ਵੋਟਾਂ ਪੈਣ ਤੋਂ ਬਾਅਦ ਜਦੋਂ ਰਿਜ਼ਲਟ ਅਨਾਊਂਸ ਕੀਤਾ ਗਿਆ ਤਾਂ 50 ਵੋਟਾਂ ਲੈਣ ਵਾਲਾ ਆਦਮੀ ਜਿੱਤਿਆ ਡਿਕਲੇਅਰ ਕੀਤਾ ਗਿਆ ਅਤੇ 224 ਵੋਟਾਂ ਲੈਣ ਵਾਲਾ ਆਦਮੀ ਹਾਰਿਆ ਡਿਕਲੇਅਰ

ਕੀਤਾ ਗਿਆ । ਅਫਸਰਸ਼ਾਹੀ ਕਿੰਨੀ ਮਨਮਾਨੀ ਕਰਦੀ ਹੈ ਕਿ ਉਨ੍ਹਾਂ ਹਾਰੇ ਡਿਕਲੇਅਰ ਕੀਤੇ ਆਦਮੀਆਂ ਦੀ ਕੋਈ ਸ਼ਿਕਾਇਤ ਵੀ ਨਹੀਂ ਸੁਣੀ । ਬਹੁਤ ਸਾਰੇ ਪੈਸੇ ਵਾਲੇ ਲੋਕ, ਜਿਨ੍ਹਾਂ ਦੀ ਉਪਰ ਤੱਕ ਪਹੁੰਚ ਹੈ, ਰਿਜ਼ਲਟ ਆਪਣੇ ਹੱਕ ਵਿਚ ਕਰਵਾ ਲੈਂਦੇ ਹਨ । ਗਰੀਬ ਲੋਕਾਂ ਨੂੰ ਅਦਾਲਤਾਂ ਵਿਚ ਧੱਕ ਦਿੱਤਾ ਜਾਂਦਾ ਹੈ । ਜਿਹੜੇ ਲੋਕ ਪੈਸਾ ਖਰਚ ਨਹੀਂ ਕਰ ਸਕੇ, ਅੱਜ ਉਹ ਲੋਕ ਹਾਰ ਗਏ ਹੋਏ ਹਨ । ਉਨ੍ਹਾਂ ਨੂੰ ਕੋਰਟਾਂ ਵਿਚ ਜਾਣ ਲਈ ਮਜਬੂਰ ਕਰ ਦਿੱਤਾ ਜਾਂਦਾ ਹੈ । ਜਿਥੋਂ ਤੱਕ ਪਿੰਡਾਂ ਦੀ ਡਿਵੈਲਪਮੈਂਟ ਦਾ ਸਬੰਧ ਹੈ, ਮੈਂ ਸਮਝਦਾ ਹਾਂ ਕਿ ਪੰਚਾਇਤਾਂ ਨੂੰ ਵਧ ਅਧਿਕਾਰ ਦਿੱਤੇ ਜਾਣੇ ਚਾਹੀਦੇ ਹਨ । ਉਨ੍ਹਾਂ ਨੂੰ ਇਹ ਅਧਿਕਾਰ ਹੋਣਾ ਚਾਹੀਦਾ ਹੈ ਕਿ ਉਹ ਆਪਣੀ ਡਿਵੈਲਪਮੈਂਟ ਵਾਸਤੇ ਆਪ ਫੰਡ ਇੱਕਠੇ ਕਰ ਸਕਣ । ਸਰਕਾਰ ਨੂੰ ਉਨ੍ਹਾਂ ਲਈ ਵਧ ਫੰਡ ਐਲੋਕੇਟ ਕਰਨੇ ਚਾਹੀਦੇ ਹਨ । ਇਸਦੇ ਨਾਲ ਹੀ ਕੁਰੱਪਸ਼ਨ ਨੂੰ ਵੀ ਰੋਕਣਾ ਵੀ ਬਹੁਤ ਜ਼ਰੂਰੀ ਹੈ । ਜੇ ਕੁਰੱਪਸ਼ਨ ਨੂੰ ਰੋਕਿਆ ਨਹੀਂ ਜਾਂਦਾ ਤਾਂ ਠੀਕ ਤਰੀਕੇ ਨਾਲ ਡਿਵੈਲਪਮੈਂਟ ਨਹੀਂ ਹੋ ਸਕਦੀ । ਇਹ ਬਹੁਤ ਜ਼ਰੂਰੀ ਹੈ । ਇਸ ਲਈ ਮੈਂ ਆਸ ਕਰਦਾ ਹਾਂ ਕਿ ਸਰਕਾਰ ਆਉਣ ਵਾਲੇ ਸਮੇਂ ਵਿਚ ਇਨ੍ਹਾਂ ਨਿਯਮਾਂ ਦੀ ਪੂਰੀ ਤਨਦੇਹੀ ਨਾਲ ਪਾਲਣਾ ਕਰੇਗੀ ਔਰ ਗਰੀਬ ਲੋਕਾਂ ਦੇ ਹੱਕ ਸੁਰੱਖਿਅਤ ਕਰਨ ਵੱਲ ਕਦਮ ਉਠਾਏਗੀ । ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਮਿਊਂਸਪਲ ਕਮੇਟੀਆਂ ਜਾਂ ਕਾਰਪੋਰੇਸ਼ਨਾਂ ਵਿਚ ਜਿਹੜੇ ਸੱਲਮ ਏਰੀਆਜ਼ ਹਨ, ਉਨ੍ਹਾਂ ਨੂੰ ਡਿਵੈਲਪਮੈਂਟ ਦੇ ਪੱਖੋਂ ਅੱਖੋਂ ਪਰੋਖੇ ਕੀਤਾ ਜਾਂਦਾ ਹੈ । ਇਨ੍ਹਾਂ ਇਲਾਕਿਆਂ ਵਿਚ ਕੋਈ ਸੜਕਾਂ ਨਹੀਂ ਹੁੰਦੀਆਂ, ਕੋਈ ਸਕੂਲ ਨਹੀਂ ਹੁੰਦੇ, ਲਾਈਟ ਦਾ ਜਾਂ ਪੀਣ ਵਾਲੇ ਪਾਣੀ ਦਾ ਕੋਈ ਪ੍ਰਬੰਧ ਨਹੀਂ ਹੁੰਦਾ । ਇਹ ਇਸ ਕਰਕੇ ਹੁੰਦਾ ਹੈ ਕਿਉਂਕਿ ਇਨ੍ਹਾਂ ਇਲਾਕਿਆਂ ਵਿਚ ਗਰੀਬ ਲੋਕ ਵਸਦੇ ਹਨ । ਇਥੋਂ ਗੰਦੇ ਪਾਣੀ ਦੇ ਨਿਕਾਸ ਦਾ ਕੋਈ ਇੰਤਜ਼ਾਮ ਨਹੀਂ ਹੁੰਦਾ । ਇਸ ਲਈ ਇਹ ਜਿਹੜੇ ਸਲੱਮ ਏਰੀਆਜ਼ ਹਨ, ਜਿਨ੍ਹਾਂ ਨੂੰ ਵਧ ਤੋਂ ਵਧ ਫੰਡ ਦਿੱਤੇ ਜਾਣੇ ਚਾਹੀਦੇ ਹਨ । ਇਹ ਸਾਡਾ ਜ਼ਾਤੀ ਤਜਰਬਾ ਹੈ ਕਿ ਜਿਨ੍ਹਾਂ ਏਰੀਆਜ਼ ਵਿਚ ਇਨ੍ਹਾਂ ਬੁਨਿਆਦੀ ਸਹੂਲਤਾਂ ਦੀ ਘਾਟ ਹੋਵੇਗੀ, ਉਹ ਸਲੱਮ ਏਰੀ-ਆਜ਼ ਹੀ ਹੋਣਗੇ- ਭਾਵੇਂ ਉਹ ਪਿੰਡਾਂ ਵਿਚ ਹੋਣ ਅਤੇ ਭਾਵੇਂ ਮਿਊਂਸਪਲ ਕਮੇਟੀਆਂ ਜਾਂ ਕਾਰਪੋਰੇਸ਼ਨਾਂ ਵਿਚ ਹੋਣ । ਸ਼ਹਿਰਾਂ ਵਿਚ ਇਨ੍ਹਾਂ ਇਲਾਕਿਆਂ ਵਿਚ ਸਕੂਲਾਂ ਦੀ ਕਮੀ ਹੁੰਦੀ ਹੈ, ਪਾਰਕ ਨਹੀਂ ਹੁੰਦੇ । ਇਸ ਲਈ ਸਰਕਾਰ ਦੀ ਡਿਊਟੀ ਬਣਦੀ ਹੈ ਕਿ ਇਨ੍ਹਾਂ ਇਲਾਕਿਆਂ ਦੀ ਡਿਵੈਲਪਮੈਂਟ ਵਾਸਤੇ ਉਹ ਜ਼ਿਆਦਾ ਕਦਮ ਚੁੱਕੇ । ਇਸ ਤੋਂ ਇਲਾਵਾ ਸਾਡੀ ਬਿਊਰੋਕਰੇਸੀ ਵਿਚ ਜਿਹੜੀ ਐਨੀ ਜ਼ਿਆਦਾ ਕੁਰੱਪਸ਼ਨ ਹੈ, ਉਸ ਕੁਰੱਪਸ਼ਨ ਨੂੰ ਦੂਰ ਕੀਤਾ ਜਾਵੇ । ਜਿਹੜੇ ਕਾਨੂੰਨ ਬਣੇ ਹੋਏ ਹਨ, ਉਨ੍ਹਾਂ ਦੀ ਸਹੀ ਢੰਗ ਨਾਲ ਪਾਲਣਾ ਕੀਤੀ ਜਾਵੇ । ਇਨ੍ਹਾਂ ਸ਼ਬਦਾਂ ਨਾਲ ਮੈਂ ਇਸ ਬਿੱਲ ਦੀ ਪ੍ਰੋੜਤਾ ਕਰਦਾ ਹਾਂ ।

ਸ੍ਰੀ ਸਪੀਕਰ : ਸਰਦਾਰ ਉਮਰਾਓ ਸਿੰਘ ਜੀ, ਡਿਸਕਸ਼ਨ ਕਾਫੀ ਹੋ ਚੁੱਕੀ ਹੈ, ਤੁਸੀਂ ਹੁਣ ਵਾਈਂਡ ਅੱਪ ਕਰਨਾ ਚਾਹੋਗੇ ?

ਪੇਂਡੂ ਵਿਕਾਸ ਅਤੇ ਪੰਚਾਇਤਾਂ ਮੰਤਰੀ : ਹਾਂ ਜੀ ।

(ਇਸ ਵਕਤ ਮਾਨਯੋਗ ਮੈਂਬਰ ਸਰਦਾਰ ਰਣਜੀਤ ਸਿੰਘ ਛੱਜਲਵੱਡੀ ਅਤੇ ਸਰਦਾਰ ਸ਼ਮਸ਼ੇਰ ਸਿੰਘ ਰਾਏ ਬੋਲਣ ਵਾਸਤੇ ਟਾਈਮ ਦੀ ਮੰਗ ਕਰ ਰਹੇ ਸਨ ।)

ਸ੍ਰੀ ਸਪੀਕਰ : ਚਲੋ, ਇਨ੍ਹਾਂ ਨੂੰ ਬੋਲ ਲੈਣ ਦਿੰਦੇ ਹਾਂ ਜੀ, ਛੱਜਲਵੱਡੀ ਜੀ, ਤੁਸੀਂ ਕ੍ਰਿਪਾ ਕਰਕੇ 5 ਮਿੰਟਾਂ ਦੇ ਵਿਚ ਖਤਮ ਕਰਨ ਦੀ ਕੋਸ਼ਿਸ਼ ਕਰੋ ।

ਸਰਦਾਰ ਰਣਜੀਤ ਸਿੰਘ ਛੱਜਲਵੱਡੀ (ਖਡੂਰ ਸਾਹਿਬ, ਐਸ. ਸੀ.): ਸਪੀਕਰ ਸਾਹਿਬ, ਇਹ ਜਿਹੜਾ ਪੰਚਾਇਤੀ (ਤਰਮੀਮੀ) ਬਿੱਲ ਹਾਊਸ ਵਿਚ ਲਿਆਂਦਾ ਗਿਆ ਹੈ, ਮੈਂ ਇਸ ਦੀ ਪ੍ਰੋੜਤਾ ਕਰਦਾ ਹਾਂ । ਇਸ ਤੋਂ ਇਲਾਵਾ ਏਥੇ ਜਿਹੜੇ ਸ਼ੈਡਿਊਲਡ ਕਾਸਟਾਂ ਬਾਰੇ ਰੀਜ਼ਰਵੇਸ਼ਨ ਇਸਤਰੀਆਂ ਵਾਸਤੇ ਵਧਾਉਣ ਦੀ ਕੋਸ਼ਿਸ਼ ਕੀਤੀ ਹੈ, ਮੈਂ ਇਸ ਦੀ ਪ੍ਰੋੜਤਾ ਕਰਦਾ ਹਾਂ ਅਤੇ ਮੈਂ ਸੁਝਾਅ ਦੇਣਾ ਚਾਹੁੰਦਾ ਹਾਂ ਕਿ ਕੁਝ ਪਿੰਡਾਂ ਵਿੱਚ ਪੰਚਾਇਤਾਂ ਦੀ ਜ਼ਮੀਨ ਤੇ ਲੋਕਾਂ ਨੇ ਨਜਾਇਜ਼ ਕਬਜ਼ੇ ਕੀਤੇ ਹੁੰਦੇ ਹਨ, ਸਰੀਕੇ, ਬਰਾਦਰੀ ਦੇ ਤੌਰ ਤੇ ਜਾਂ ਸਰਪੰਚ ਦੇ ਨਜ਼ਦੀਕੀ ਬੰਦਿਆਂ ਨੇ ਕਬਜ਼ੇ ਕੀਤੇ ਹੁੰਦੇ ਹਨ ਪਰ ਸਰਪੰਚ ਬੁਰਾ ਨਹੀਂ ਬਣਨਾ ਚਾਹੁੰਦਾ, ਇਸ ਕਰਕੇ ਉਸ ਵੱਲ ਕੋਈ ਧਿਆਨ ਨਹੀਂ ਦਿੰਦਾ । ਇਸ ਵਾਸਤੇ ਮੈਂ ਸੁਝਾਉ ਦਿੰਦਾ ਹਾਂ ਕਿ ਇਕ ਸਾਧਾਰਨ ਸ਼ਿਕਾਇਤ ਤੇ ਉਸਦੀ ਇੰਨਕੁਆਰੀ ਕਰਵਾ ਕੇ ਉਸ ਸਰਪੰਚ ਨੂੰ ਡਿਸਮਿਸ ਕਰਨ ਦਾ ਪ੍ਰਬੰਧ ਹੋਣਾ ਚਾਹੀਦਾ ਹੈ । ਪੰਚਾਇਤ ਦੀ ਜ਼ਮੀਨ ਜਾਇਦਾਦ ਨੂੰ ਖੁਰਦ-ਬੁਰਦ ਹੋਣ ਤੋਂ ਰੋਕੋ, ਜੇ ਇਸ ਤਰ੍ਹਾਂ ਦਾ ਕੋਈ ਕਾਨੂੰਨ ਹੋਵੇਗਾ ਤਾਂ ਉਸਨੂੰ ਡਰ ਹੋਵੇਗਾ ਕਿ ਉਸ ਦੀ ਸਰਪੰਚੀ ਜਾ ਸਕਦੀ ਹੈ ਅਤੇ ਉਹ ਇਸ ਤਰ੍ਹਾਂ ਜ਼ਮੀਨ ਤੇ ਨਜਾਇਜ਼ ਕਬਜ਼ੇ ਨਹੀਂ ਹੋਣ ਦੇਵੇਗਾ । ਦੂਸਰੀ ਗੱਲ ਇਹ ਹੈ ਕਿ ਜਿਹੜਾ ਪੰਚਾਇਤ ਦਾ ਸੈਕਟਰੀ ਹੈ ਸਰਪੰਚ ਸੈਕਟਰੀ ਦੇ ਕੰਮ ਤੇ ਹੀ ਡੀਪੈਂਡ ਹੋਣਾ ਸ਼ੁਰੂ ਕਰ ਦਿੰਦਾ ਹੈ ਅਤੇ ਉਹ ਉਸਦੇ ਮਗਰ ਮਗਰ ਫਿਰਦਾ ਰਹਿੰਦਾ ਹੈ ਅਤੇ ਹਰ ਵਕਤ ਉਸ ਤੋਂ ਡਰਦਾ ਰਹਿੰਦਾ ਹੈ । ਸੈਕਟਰੀ ਉਸ ਨੂੰ ਕਹਿੰਦਾ ਹੈ ਕਿ ਸਰਪੰਚਾ ਤੂੰ ਮੇਰੇ ਤੋਂ ਬਿਨਾਂ ਪੈਸੇ ਨਹੀਂ ਕਢਵਾ ਸਕਦਾ ਇਸ ਲਈ ਮੇਰੇ ਨਾਲ ਹਿੱਸਾ-ਪੱਤੀ ਕਰ । ਇਸ ਤਰ੍ਹਾਂ ਦਾ ਪ੍ਰਬੰਧ ਸਰਕਾਰ ਨੂੰ ਹਟਾਉਣਾ ਚਾਹੀਦਾ ਹੈ । ਕਈ ਪੰਚਾਇਤਾਂ ਕੋਲ ਆਪਣੇ ਪੰਚਾਇਤ ਘਰ ਬਣਾਉਣ ਲਈ ਜ਼ਮੀਨ ਨਹੀਂ ਹੈ ਅਤੇ ਨਾ ਹੀ ਉਨ੍ਹਾਂ ਕੋਲ ਕੋਈ ਵਸੀਲੇ ਹਨ । ਉਹ ਸਰਪੰਚ ਨੰਬਰਦਾਰ ਅਤੇ ਚੌਕੀਦਾਰ ਤੇ ਡੀਪੈਂਡ ਕਰਦਾ ਹੈ ਕਿਉਂਕਿ ਉਨ੍ਹਾਂ ਨੇ ਆਪਣੇ ਪੰਜੋਤਰੇ ਵਿੱਚੋਂ ਪੈਸੇ ਦੇਣੇ ਹੁੰਦੇ ਹਨ ਅਤੇ ਸਰਪੰਚ ਨੇ ਕੁਝ ਨਹੀਂ ਦੇਣਾ ਹੁੰਦਾ, ਸਰਕਾਰ ਨੂੰ ਪੰਚਾਇਤ ਘਰ ਬਣਾਉਣ ਲਈ ਉਨ੍ਹਾਂ ਦੀ ਮੱਦਦ ਕਰਨੀ ਚਾਹੀਦੀ ਹੈ ਕਿਉਂਕਿ ਉਨ੍ਹਾਂ ਦੇ ਆਪਣੇ ਕੋਈ ਸਾਧਨ ਨਹੀਂ ਹੁੰਦੇ ।

ਸਰਪੰਚ ਨੂੰ ਅਧਿਕਾਰ ਹੋਵੇ ਕਿ ਉਹ ਚੌਕੀਦਾਰ-ਕਮ-ਸੇਵਾਦਾਰ ਨੂੰ ਆਪ ਇਮਪ-ਲਾਏ ਕਰ ਸਕੇ ਜਾਂ ਸਰਕਾਰ ਕੋਈ ਅਜਿਹਾ ਸਾਧਨ ਬਣਾਵੇ । ਪਿੰਡਾਂ ਦੇ ਵਿੱਚ ਸਫਾਈ ਲਈ ਸਫ਼ਾਈ ਮਜ਼ਦੂਰ ਲਾਉਣੇ ਹੁੰਦੇ ਹਨ ਪਰ ਉਨ੍ਹਾਂ ਕੋਲ ਆਪਣੇ ਕੋਈ ਸਾਧਨ ਨਹੀਂ ਜੋ ਸਰਕਾਰ ਵਲੋਂ ਫੰਡਜ਼ ਆਉਂਦੇ ਹਨ ਉਹ ਨਿਯਮਬੱਧ ਤਰੀਕੇ ਨਾਲ ਆਉਂਦੇ ਹਨ ਜਿਵੇਂ ਗਲੀਆਂ ਵਾਸਤੇ, ਪੁਲੀਆਂ ਵਾਸਤੇ ਆਦਿ । ਸਰਕਾਰ ਨੂੰ ਸਫ਼ਾਈ ਵਾਸਤੇ ਕੋਈ ਸਪੈਸ਼ਲ ਗਰਾਂਟ ਦੇਣੀ ਚਾਹੀਦੀ ਹੈ ਕਿਉਂਕਿ ਕਈ ਪੰਚਾਇਤਾਂ ਕੋਲ ਆਪਣੇ ਕੋਈ ਪ੍ਰਬੰਧ

ਨਹੀਂ ਹੁੰਦੇ; ਜਿਸ ਵਿਚੋਂ ਕਿ ਉਹ ਪੈਸੇ ਖ਼ਰਚ ਕਰ ਸਕਣ । ਇਸ ਲਈ ਸਰਕਾਰ ਨੂੰ ਸਪੈਸ਼ਲ ਗਰਾਂਟਸ ਦੇਣੀਆਂ ਚਾਹੀਦੀਆਂ ਹਨ । ਸਰਪੰਚ ਕੋਲ ਇਹ ਵੀ ਅਧਿਕਾਰ ਹੋਵੇ ਕਿ ਉਹ ਸਫ਼ਾਈ ਮਜ਼ਦੂਰਾਂ ਨੂੰ ਆਪ ਨਿਯੁੱਕਤ ਕਰ ਸਕੇ ।

ਬਾਕੀ ਜਿਹੜੇ ਓਵਰਸੀਅਰ ਦੇ ਐਸਟੀਮੇਂਟ ਦੀ ਗਲ ਕਈ ਭਰਾਵਾਂ ਨੇ ਕੀਤੀ ਹੈ ਓਵਰਸੀਅਰ ਬਹੁਤ ਪਿੰਡਾਂ ਵਿੱਚ ਜਾਂਦੇ ਹੀ ਨਹੀਂ ਉਹ ਕੇਵਲ ਉਨ੍ਹਾਂ ਪਿੰਡਾਂ ਵਿੱਚ ਹੀ ਜਾਂਦੇ ਹਨ ਜਿੱਥੇ ਸਰਕਾਰ ਵਲੋਂ ਜ਼ਿਆਦਾ ਫੰਡਜ਼ ਦਿਤੇ ਗਏ ਹੋਣ ਜਾਂ ਉਨ੍ਹਾਂ ਦੇ ਆਪਣੇ ਫੰਡਜ਼ ਵਧੇਰੇ ਹੋਣ, ਜਿਸ ਪੰਚਾਇਤ ਕੋਲ ਫੰਡਜ਼ ਘੱਟ ਹੁੰਦੇ ਹਨ ਉਥੇ ਉਹ ਜਾਂਦੇ ਹੀ ਨਹੀਂ । ਸਰਕਾਰ ਨੂੰ ਚਾਹੀਦਾ ਹੈ ਕਿ ਜਾਂ ਤਾਂ ਓਵਰਸੀਅਰ ਦੀ ਗਿਣਤੀ ਵਧਾ ਦਿਤੀ ਜਾਵੇ ਜਾਂ ਉਨ੍ਹਾਂ ਦਾ ਜਾਣਾ ਕੰਪਲਸਰੀ ਕਰ ਦੇਣ ਅਤੇ ਉਨ੍ਹਾਂ ਨੂੰ ਕਿਹਾ ਜਾਵੇ ਕਿ ਉਹ ਸਰਪੰਚ ਤੋਂ ਲਿਖਵਾ ਕੇ ਲਿਆਉਣ ਕਿ ਉਸ ਨੇ ਪਿੰਡ ਵਿੱਚ ਹਾਜ਼ਰੀ ਪਾਈ ਹੈ ।

ਪੰਚਾਇਤਾਂ ਦੀ ਮੀਟਿੰਗ ਬਾਰੇ ਵੀ ਮੈਂ ਦੱਸਣਾ ਚਾਹੁੰਦਾ ਹਾਂ । ਸਪੀਕਰ ਸਾਹਿਬ, ਕਈ ਪਿੰਡਾਂ ਵਿੱਚ ਸਰਪੰਚ, ਪੰਚਾਂ ਨੂੰ ਘਰ ਬੁਲਾ ਕੇ ਕਹਿੰਦੇ ਹਨ ਕਿ ਇੱਥੇ ਅਗੂੰਠਾ ਲਾ ਦਿਓ ਜਾਂ ਫਿਰ ਸੈਕਟਰੀ ਖੁਦ ਮੈਂਬਰਾਂ ਦੇ ਘਰ ਜਾ ਕੇ ਅੰਗੂਠਾ ਲਵਾ ਲਿਆਉਂਦਾ ਹੈ । ਸਰਕਾਰੀ ਤੌਰ ਤੇ ਮੁਨਾਦੀ ਕਰਵਾ ਕੇ ਕਿਸੇ ਪਿੰਡ ਵਿੱਚ ਕੋਈ ਮੀਟਿੰਗ ਨਹੀਂ ਹੁੰਦੀ । ਇਸਦੇ ਬਾਰੇ ਵੀ ਕੋਈ ਪ੍ਰਬੰਧ ਹੋਣਾ ਚਾਹੀਦਾ ਹੈ । ਜਾਂ ਤਾਂ ਬਲਾਕ ਪੱਧਰ ਤੇ ਪੰਚਾਇਤ ਅਫ਼ਸਰਾਂ ਦੀਆਂ ਪੋਸਟਾਂ ਵਧਾਈਆਂ ਜਾਣੀਆਂ ਚਾਹੀਦੀਆਂ ਹਨ ਅਤੇ ਇਹ ਜ਼ਰੂਰੀ ਹੋਣਾ ਹੈ ਕਿ ਸਾਲ ਵਿੱਚ ਇੱਕ ਵਾਰ ਬੀ.ਡੀ.ਓ. ਜਾਂ ਪੰਚਾਇਤ ਅਫਸਰ ਪਿੰਡ ਵਿੱਚ ਜਾ ਕੇ ਮੁਨਾਦੀ ਕਰਵਾ ਕੇ ਪੰਚਾਇਤ ਦੀ ਇਕ ਮੀਟਿੰਗ ਜ਼ਰੂਰ ਕਰਾਂਉਣ । ਇਸ ਤੋਂ ਇਲਾਵਾ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਪੁਲਿਸ ਦੇ ਵਿੱਚ ਵੀ ਸਰਪੰਚਾਂ ਦੀ ਕੋਈ ਰਿਸਪੈਕਟ ਨਹੀਂ ਹੁੰਦੀ । ਪੁਲਿਸ ਵਾਲੇ ਸਰਪੰਚ ਨੂੰ 'ਓਏ ਸਰਪੰਚਾ' ਕਹਿ ਕੇ ਬੁਲਾਉਂਦੇ ਹਨ ਅਤੇ ਉਨ੍ਹਾਂ ਦੇ ਨਾਂ ਬੈਠਣ ਦਾ ਕੋਈ ਪ੍ਰਬੰਧ ਹੁੰਦਾ ਹੈ ਅਤੇ ਨਾ ਉਨ੍ਹਾਂ ਦੀ ਕੋਈ ਇਜ਼ਤ ਕੀਤੀ ਜਾਂਦੀ ਹੈ । ਚਾਹੇ ਸਰਪੰਚ ਐਜੂਕੇਟਿਡ ਹੋਵੇ ਅਤੇ ਭਾਵੇਂ ਉਹ ਪਿੰਡ ਦੇ ਭਲੇ ਲਈ ਜਾਂ ਅਮਨ-ਕਾਨੂੰਨ ਦੇ ਸਬੰਧ ਵਿੱਚ ਪੁਲਿਸ ਥਾਣੇ ਗਿਆ ਹੋਵੇ, ਉਨ੍ਹਾਂ ਦੀ ਕੋਈ ਰਿਸਪੈਕਟ ਨਹੀਂ ਹੁੰਦੀ ।

ਸ੍ਰੀ ਸਪੀਕਰ : ਛੱਜਲਵੱਡੀ ਜੀ, ਤੁਸੀਂ ਵਾਈਂਡ-ਅੱਪ ਕਰੋ ।

ਸਰਦਾਰ ਰਣਜੀਤ ਸਿੰਘ ਛੱਜਲਵੱਡੀ : ਸਪੀਕਰ ਸਾਹਿਬ, ਇੱਕ ਹੋਰ ਗੱਲ ਮੈਂ ਟੀਚਰਜ਼ ਬਾਰੇ ਕਹਿਣੀ ਚਾਹੁੰਦਾ ਹਾਂ । ਜਿਹੜਾ ਸਰਪੰਚਾਂ ਨੂੰ ਪ੍ਰਾਇਮਰੀ ਸਕੂਲਾਂ ਦੀ ਚੈਕਿੰਗ ਦਾ ਅਧਿਕਾਰ ਦਿਤਾ ਗਿਆ ਹੈ ਮੈਂ ਉਸਦੇ ਨਾਲ ਸਹਿਮਤ ਨਹੀਂ ਕਿਉਂਕਿ ਸਕੂਲਾਂ ਵਿੱਚ ਜੋ ਅਧਿਆਪਕ ਲੱਗੇ ਹੁੰਦੇ ਹਨ ਉਹ ਉਨ੍ਹਾਂ ਪਿੰਡਾਂ ਦੇ ਹੀ ਹੁੰਦੇ ਹਨ ਅਤੇ ਕਈ ਵੇਰ ਜ਼ਾਤੀ ਰੰਜਸ ਜਾਂ ਸਰਪੰਚ ਦੀ ਇਲੈਕਸ਼ਨ ਸਮੇਂ ਉਨ੍ਹਾਂ ਨੇ ਉਸਦੀ ਮੁਖ਼ਾਲਫ਼ਤ ਕੀਤੀ ਹੁੰਦੀ ਹੈ, ਜਿਸ ਕਾਰਨ ਸਰਪੰਚ ਉਸ ਨੂੰ ਜਾਣ ਬੁੱਝ ਕੇ ਤੰਗ ਕਰਦਾ ਹੈ । ਇਸ ਲਈ ਇਹ ਅਧਿਕਾਰ ਸਰਪੰਚ ਕੋਲ ਨਹੀਂ ਹੋਣਾ ਚਾਹੀਦਾ ।

ਸ੍ਰੀ ਸਪੀਕਰ : ਤੁਸੀਂ ਵਾਈਂਡ-ਅੱਪ ਕਰੋ, ਛੱਜਲਵੱਡੀ ਜੀ ।

ਸਰਦਾਰ ਰਣਜੀਤ ਸਿੰਘ ਛੱਜਲਵੱਡੀ : ਇੱਕ ਗੱਲ ਮੈਂ ਹੋਰ ਕਹਿਣੀ ਚਾਹੁੰਦਾ ਹਾਂ ਕਿ ਸਰਪੰਚਾਂ ਦੀ ਜੋ ਚੋਣ ਹੁੰਦੀ ਹੈ ਇਸ ਵਿੱਚ ਕਾਫੀ ਕੁਰਪਸ਼ਨ ਹੁੰਦੀ ਹੈ ਅਤੇ ਪਿੰਡਾਂ ਵਿਚ ਲੋਕ ਕਾਫੀ ਗਰੀਬ ਹੁੰਦੇ ਹਨ ਅਤੇ ਉਹ ਸਰਪੰਚ ਵਾਸਤੇ ਖੜ੍ਹੇ ਹੀ ਨਹੀਂ ਹੋ ਸਕਦੇ । ਇਸ ਲਈ ਸਰਪੰਚ ਦੀ ਚੋਣ ਪੰਚਾਂ ਵਿਚੋਂ ਹੋਣੀ ਚਾਹੀਦੀ ਹੈ । ਇਸ ਦੇ ਨਾਲ ਹੀ ਮੈਂ ਸਮਾਪਤ ਕਰਦਾ ਹਾਂ ।

ਸ਼੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ (ਬਾਘਾ ਪੁਰਾਣਾ): ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਨ੍ਹਾਂ ਦੋ ਅਮੈਂਡਮੈਂਟਾਂ 72 ਤੇ 73 ਜਿਹੜੀਆਂ ਕਿ ਸਰਦਾਰ ਓਮਰਾਓ ਸਿੰਘ ਜੀ ਨੇ ਪੇਸ਼ ਕੀਤੀਆ ਹਨ, ਤੇ ਬੋਲਣ ਲਈ ਸਮਾਂ ਦਿੱਤਾ ਹੈ ।

ਸ਼੍ਰੀ ਸਪੀਕਰ : ਸਾਥੀ ਜੀ, ਪੰਜ-ਸੱਤ ਮਿੰਟ ਵਿੱਚ ਵਾਈਂਡ-ਅੱਪ ਕਰ ਦੇਣਾ ।

ਸ਼੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਡਿਸੈਂਟਰਲਾਈਜ਼ੇਸ਼ਨ ਆਫ ਪਾਵਰ ਦੇ ਵਿਚ ਮੇਰੀ ਪਾਰਟੀ ਵਿਸ਼ਵਾਸ ਰੱਖਦੀ ਹੈ । ਇਹ ਬਹੁਤ ਅਹਿਮ ਕਦਮ ਹੈ । ਇਸ ਖੇਤਰ ਵਿੱਚ ਸਾਡੀ ਪਾਰਟੀ ਦੇ ਮੁੱਖ ਮੰਤਰੀ ਸ੍ਰੀ ਹੈਗੜੇ ਨੇ ਲਾਗੂ ਕੀਤਾ ਸੀ ਅਤੇ ਇਸ ਦੇ ਨਾਲ ਇਹ ਸਾਬਤ ਕੀਤਾ ਸੀ ਕਿ ਡਿਸੈਂਟਰਲਾਈਜ਼ੇਸ਼ਨ ਆਫ ਪਾਵਰ ਦਾ ਹੋਣਾ ਬਹੁਤ ਜ਼ਰੂਰੀ ਹੈ । ਸਪੀਕਰ ਸਾਹਿਬ, ਇਹ ਜੋ ਦੋ ਅਮੈਂਡਮੈਂਟਸ ਹਨ ਮੈਂ ਇਨ੍ਹਾਂ ਦੀ ਪ੍ਰੋੜਤਾ ਕਰਦਾ ਹਾਂ । ਡਿਸੈਂਟਰਲਾਈਜੇਸ਼ਨ ਆਫ ਪਾਵਰ ਦੀ ਪਾਲਿਸੀ ਜੋ ਹੈ ਇਹ ਪੂਰੀ ਤਰ੍ਹਾਂ ਇੰਪਲੀਮੈਂਟ ਹੋਣੀ ਚਾਹੀਦੀ ਹੈ । ਪਿੱਛੇ ਜਿਹੇ ਪੰਜਾਬ ਵਿੱਚ ਪੰਚਾ ਸਰਪੰਚਾਂ ਦੀਆਂ ਚੋਣਾਂ ਹੋਈਆਂ ਹਨ । ਉਨ੍ਹਾਂ ਵਿੱਚ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਜੋ ਕੁਝ ਹੋਇਆ ਹੈ, ਉਸ ਵਿੱਚ ਅਫਸਰਾਂ ਨੇ ਕੁਝ ਅਜਿਹੇ ਲੋਕਾਂ ਦੀਆਂ ਡਿਊਟੀਆਂ ਲਗਾਈਆਂ, ਕੁਝ ਅਜਿਹੇ ਟੀਚਰਾਂ ਦੀਆਂ ਡਿਊਟੀਆਂ ਲਗਾਈਆਂ, ਜਿਹੜੇ ਕਿ ਅਫਸਰਾਂ ਦੇ ਨਾਲ ਤਾਲਮੇਲ ਰਖਦੇ ਸਨ, ਉਨ੍ਹਾਂ ਦੀ ਮਰਜ਼ੀ ਦੇ ਮੁਤਾਬਿਕ ਕੰਮ ਕਰਦੇ ਸਨ । ਇਹ ਆਮ ਕਰਕੇ ਵੇਖਣ ਵਿਚ ਆਇਆ ਹੈ ਕਿ ਬੀ.ਡੀ. ਪੀ.ਓ. ਨੇ ਉਨ੍ਹਾਂ ਹੀ ਕਰਮਚਾਰੀਆਂ ਜਾਂ ਟੀਚਰਾਂ ਦੀਆਂ ਡਿਊਟੀਆਂ ਲਗਾਈਆਂ ਜਿਹੜੇ ਕਿ ਅਫ਼ਸਰਾਂ ਦੇ ਹੱਕ ਵਿਚ ਸਨ । ਉਨ੍ਹਾਂ ਨੂੰ ਕਿਹਾ ਗਿਆ ਕਿ ਜੇਕਰ ਤੁਸੀਂ ਡਿਊਟੀ ਤੋਂ ਜਵਾਬ ਦਿੱਤਾ ਤਾਂ ਤੁਹਾਨੂੰ 200-300 ਕਿਲੋਮੀਟਰ ਬਾਹਰ ਭੇਜ ਦਿਆਂਗੇ । ਮੈਂ ਸਮਝਦਾ ਹਾਂ ਕਿ ਇਲੈਕਸ਼ਨਾਂ ਦੇ ਵਿੱਚ ਖਾਸ ਕਰਕੇ ਉਹ ਇਲੈਕਸ਼ਨਾਂ ਜਿਹੜੀਆਂ ਗਰਾਸ-ਰੂਟ ਲੈਵਲ ਤੇ ਹਨ, ਵਿੱਚ ਇਹੋ ਜਿਹੀਆਂ ਗੱਲਾਂ ਸ਼ੋਭਾ ਨਹੀਂ ਦਿੰਦੀਆਂ । ਸਪੀਕਰ ਸਾਹਿਬ, ਪਿਛਲੀ ਵਿਧਾਨ ਸਭਾ ਦੀਆਂ ਚੋਣਾ ਦੇ ਸਮੇਂ ਵੀ ਇਹ ਗੱਲ ਆਈ ਸੀ ਕਿ ਪੰਚਾ ਸਰਪੰਚਾਂ ਦੀਆਂ ਪਗੜੀਆਂ ਉਛਾਲੀਆਂ ਗਈਆਂ ਹਨ ਚੀਫ ਮਨਿਸਟਰ ਸਾਹਿਬ ਨੇ ਇਹ ਵਿਸ਼ਵਾਸ ਦਿਵਾ-ਇਆ ਸੀ ਕਿ ਹੁਣ ਪੰਚਾਂ ਸਰਪੰਚਾਂ ਦੀਆਂ ਪਗੜੀਆਂ ਨਹੀਂ ਉਛਾਲੀਆਂ ਜਾਣਗੀਆਂ । ਮੈਂ ਸਮਝਦਾ ਹਾਂ ਕਿ ਸਰਕਾਰ ਨੂੰ ਇਸ ਗੱਲ ਤੇ ਪੂਰੇ ਉਤਰਨਾ ਚਾਹੀਦਾ ਹੈ । ਮੈਂ ਇਹ ਵੀ ਸਮਝਦਾ ਹਾਂ ਕਿ ਇਹ ਜਿਹੜੀਆਂ ਡੀਸੈਂਟਰਲਾਈਜੇਸ਼ਨ ਆਫ ਪਾਵਰਜ਼ ਦੀਆਂ ਅਮੈਂਡਮੈਂਟਸ ਹਨ, ਇਨ੍ਹਾਂ ਉਤੇ ਜਾਤੀ ਤੌਰ ਤੇ ਅਮਲ ਕਰਨਾ ਚਾਹੀਦਾ ਹੈ । ਮਗਰ ਜਿਹੜੀ ਗੱਲ ਇਸ ਵਿੱਚ ਬਣਨੀ ਚਾਹੀਦੀ ਸੀ ਉਹ ਅਜੇ ਤੱਕ ਨਹੀਂ ਬਣ ਸਕੀ । ਹੁਣ ਇਸ

ਤੇ ਪੂਰਾ ਅਮਲ ਕਰਨ ਦੀ ਕੋਸ਼ਿਸ਼ ਹੋਵੇਗੀ । ਸਪੀਕਰ ਸਾਹਿਬ, ਜਿਥੋਂ ਤੱਕ ਪੰਚਾਇਤਾਂ ਦੀਆਂ ਚੋਣਾਂ ਵਿੱਚ ਪੈਸੇ ਦਾ ਸਵਾਲ ਹੈ, ਇਸ ਦੇ ਵਿੱਚ ਸ਼ਰਾਬ ਨੇ ਬੜਾ ਅਹਿਮ ਰੋਲ ਅਦਾ ਕੀਤਾ ਹੈ । ਪਤਾ ਨਹੀਂ ਇਸ ਬਾਰੇ ਕੋਈ ਸਰਕਾਰ ਵੱਲੋਂ ਹਦਾਇਤਾਂ ਜਾਰੀ ਹੋਈਆ ਹਨ ਪੰਜਾਬ ਦੇ ਵਿੱਚ ਸ਼ਰਾਬ ਦੇ ਘਰ ਖੋਲ੍ਹ ਦਿੱਤੇ ਗਏ । ਇਸ ਤਰ੍ਹਾਂ ਪੰਚਾਂ ਸਰਪੰਚਾਂ ਦੇ ਕੋਈ 5 ਤੋਂ 10 ਲੱਖ ਰੁਪਏ ਤੱਕ ਚੋਣਾਂ ਵਿੱਚ ਖਰਚ ਕੀਤੇ । ਇਤਨੇ ਤਾਂ ਐਮ.ਐਲ.ਏ. ਦੀ ਇਲੈਕਸ਼ਨ ਤੇ ਵੀ ਪੈਸੇ ਖਰਚ ਨਹੀਂ ਹੋਏ ਹੋਣਗੇ ।

ਸ਼੍ਰੀ ਸਪੀਕਰ: ਵਾਈਂਡ ਅੱਪ ਕਰਨ ਦੀ ਕੋਸ਼ਿਸ਼ ਕਰੋ ।

ਸ਼੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ: ਇਸ 72 ਅਤੇ 73 ਅਮੈਂਡਮੈਂਟ ਵਿੱਚ ਜਿਹੜਾ ਸ਼ਡਿਊਲਡ ਕਾਸਟਾਂ ਦੇ ਲਈ 1/3 ਹਿੱਸਾ ਰੱਖਿਆ ਗਿਆ ਹੈ ਮੈਂ ਪੁਰਜ਼ੋਰ ਤਾਈਦ ਕਰਦਾ ਹਾਂ । ਇਸ ਨਾਲ ਇਹ ਚਾਹੀਦਾ ਹੈ ਕਿ ਸਾਰੇ ਹਿੰਦੁਸਤਾਨ ਦੀਆਂ ਔਰਤਾਂ ਨੂੰ ਬਰਾਬਰ ਦੇ ਹੱਕ ਦੇਣ ਲਈ ਪੰਚਾਂ ਸਰਪੰਚਾਂ ਵਿੱਚ ਰਾਖਵਾਂਕਰਨ ਬਹੁਤ ਜ਼ਰੂਰੀ ਹੋਣਾ ਚਾਹੀਦਾ ਹੈ । ਇਸ ਨੂੰ ਪੂਰੀ ਤਰ੍ਹਾਂ ਇੰਪਲੀਮੈਂਟ ਕਰਨ ਦੀ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ । ਮੈਂ ਸਰਪੰਚ ਦੀ ਸਿੱਧੀ ਚੋਣ ਦੇ ਹੱਕ ਵਿਚ ਹਾਂ । ਇਸ ਨਾਲ ਪੰਜਾਬ ਦੇ ਲੋਕ ਆਪਣੀ ਮਨਮਰਜ਼ੀ ਦੇ ਨਾਲ ਸਰਪੰਚ ਬਣਾ ਸਕਦੇ ਹਨ ।

ਸਪੀਕਰ ਸਾਹਿਬ, ਮੈਂ ਇੱਕ ਹੋਰ ਗੱਲ ਪਲੈਨਿੰਗ ਬੋਰਡ ਦੇ ਬਾਰੇ ਕਹਿਣੀ ਚਾਹੁੰਦਾ ਹਾਂ । ਪਲੈਨਿੰਗ ਬੋਰਡ ਵਾਲੇ ਕਹਿੰਦੇ ਹਨ ਕਿ 1/4 ਹਿੱਸਾ ਪਹਿਲਾਂ ਪੰਚਾਇਤ ਜਮ੍ਹਾਂ ਕਰਵਾਏ ਤਾਂ ਉਹ ਡੀਵੈਲਪਮੈਂਟ ਦੇ ਕੰਮ ਕਰਨਗੇ । ਮੈਂ ਚਾਹੁੰਦਾ ਹਾਂ ਕਿ ਜਿਨ੍ਹਾਂ ਪੰਚਾ-ਇਤਾਂ ਕੋਲ ਫੰਡਜ਼ ਨਹੀਂ ਹੁੰਦੇ, ਜਿਹੜੇ ਨਗਰ ਗਰੀਬ ਹਨ ਹਨ, ਜਿਨਾਂ ਕੋਲ ਕਮਾਈ ਦਾ ਕੋਈ ਸਾਧਨ ਨਹੀਂ, ਉਨ੍ਹਾਂ ਵੱਲ ਜ਼ਿਆਦਾ ਧਿਆਨ ਸਰਕਾਰ ਨੂੰ ਦੇਣਾ ਚਾਹੀਦਾ ਹੈ । ਉਨ੍ਹਾਂ ਦੀ ਡੀਵੈਲਪਮੈਂਟ ਪਹਿਲ ਦੇ ਆਧਾਰ ਤੇ ਸਰਕਾਰ ਨੂੰ ਕਰਨੀ ਚਾਹੀਦਾ ਹੈ । ਅਸੀਂ ਪੰਜਾਬ ਵਿੱਚ ਅਜਿਹੇ ਪਿੰਡਾਂ ਦੀ ਡੀਵੈਲਪਮੈਂਟ ਵਿੱਚ ਕੁਤਾਹੀ ਕਰਨ ਵਾਲੀ ਗੱਲ ਨਾਲ ਸਹਿਮਤ ਨਹੀਂ ।

ਸ਼੍ਰੀ ਸਪੀਕਰ: ਸਾਥੀ ਜੀ, ਹੁਣ ਵਾਈਂਡ-ਅੱਪ ਕਰੋ ।

ਸ਼੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ: ਸਪੀਕਰ ਸਾਹਿਬ, ਮੈਂ ਇੱਕ ਛੋਟੀ ਜਿਹੀ ਘਟਨਾ ਦਸਣੀ ਚਾਹੁੰਦਾ ਹਾਂ ਕਿ ਇਲੈਕਸ਼ਨਾਂ ਵਿੱਚ ਜਿਹੜੀਆਂ ਹੇਰਾ ਫੇਰੀਆ ਹੋਈਆਂ, ਉਹ ਇਸ ਹੱਦ ਤੱਕ ਹੋਈਆਂ ਕਿ ਇੱਕ ਨਗਰ ਵਿੱਚ, ਮੇਰੇ ਕੋਲ ਰੀਕਾਰਡ ਹੈ, 15 ਵੋਟਾਂ ਟੈਂਡਰ ਹੋਈਆਂ ਜਿਨ੍ਹਾਂ ਦਾ ਉਥੇ ਜ਼ਿਕਰ ਨਹੀਂ । ਫਿਰ ਉਥੋਂ ਦੇ ਸਰਪੰਚ ਨੂੰ ਪੁਲਿਸ ਨੇ ਵਾਇਰਲੈਂਸ ਰਾਹੀਂ ਇਤਲਾਹ ਦਿਤੀ ਕਿ ਫਲਾਣਾ ਆਦਮੀ ਸਰਪੰਚ ਚੁਣਿਆ ਗਿਆ ਹੈ ਮਗਰ ਉਸਦੇ ਬਾਦ ਜਦੋਂ ਰੀਜ਼ਲਟ ਡੀਕਲੇਅਰ ਕੀਤਾ ਗਿਆ ਤਾਂ ਉਚੀ ਜ਼ਾਤ ਦਾ ਸਰਪੰਚ ਡਿਕਲੇਅਰ ਕਰ ਦਿਤਾ ਗਿਆ । ਮੈਂ ਸਮਝਦਾ ਹਾਂ ਕਿ ਇਹੋ ਜਿਹਾ ਨਹੀਂ ਹੋਣਾ ਚਾਹੀਦਾ । ਮੈਂ ਇਨ੍ਹਾਂ ਦੋਹਾਂ ਅਮੈਂਡਮੈਂਟਸ ਨਾਲ ਸਹਿਮਤੀ ਪ੍ਰਗਟ ਕਰਦਾ ਹਾਂ, ਧੰਨਵਾਦ ।

ਸਰਦਾਰ ਮਲਕੀਅਤ ਸਿੰਘ ਜ਼ਿਰਮੀ (ਲੁਧਿਆਣਾ ਦਿਹਾਤੀ) : ਸਪੀਕਰ ਸਾਹਿਬ, ਮੈਂ ਬਹੁਤ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਨੇ ਮੈਨੂੰ ਇਸ ਹਾਊਸ ਵਿੱਚ ਬੋਲਣ ਦਾ ਸਮਾਂ ਬਖਸ਼ਿਆ ਹੈ । ਇਸ ਦੇ ਨਾਲ ਨਾਲ ਹੀ ਧੰਨਵਾਦੀ ਹਾਂ ਮੁੱਖ ਮੰਤਰੀ, ਪੰਜਾਬ ਦਾ ਅਤੇ ਸਰਦਾਰ ਉਮਰਾਓ ਸਿੰਘ ਜੀ ਦਾ, ਜਿਨ੍ਹਾਂ ਨੇ ਇਹ ਦੋ ਅਮੈਂਡਮੈਂਟਸ ਹਾਊਸ ਵਿੱਚ ਰੱਖੀਆਂ ਔਰ ਇਨ੍ਹਾਂ ਦੀ ਪੂਰੇ ਜ਼ੋਰ ਨਾਲ ਪ੍ਰੋੜ੍ਹਤਾ ਕਰਦਾ ਹਾਂ । ਮੁੱਖ ਮੰਤਰੀ, ਪੰਜਾਬ, ਜੀ ਨੇ ਪੰਜਾਬ ਦੇ ਅੰਦਰ ਇਹ ਪੰਚਾਇਤਾਂ ਦੀਆਂ ਚੋਣਾਂ ਕਰਵਾ ਕੇ ਜਮਹੂਰੀਅਤ ਨੂੰ ਪੱਕਾ ਕੀਤਾ ਹੈ ਅਤੇ ਇਸ ਦੇ ਨਾਲ ਨਾਲ ਪਾਵਰਜ਼ ਨੂੰ ਡੀਸੈਂਟਰੇਲਾਈਜ਼ ਕਰਕੇ ਪਿੰਡ ਪਿੰਡ ਵਿੱਚ ਅਲੱਗ ਇਨਸਾਨ ਦੇ ਹੱਥ ਵਿੱਚ ਪਾਵਰਜ਼ ਦਿੱਤੀਆਂ ਹਨ ਅਤੇ ਜਿੱਥੋਂ ਤੱਕ ਗੱਲ ਰਹੀ ਪੰਚਾਇਤਾਂ ਦੀਆਂ ਚੋਣਾਂ ਦੀ, ਪੰਚਾਇਤਾਂ ਦੀਆਂ ਚੋਣਾਂ ਬਹੁਤ ਲੰਮੇ ਅਰਸੇ ਤੋਂ ਬਾਅਦ ਬੜੇ ਹੀ ਇੱਕ ਅੱਛੇ ਤਰੀਕੇ ਨਾਲ ਪੰਜਾਬ ਵਿੱਚ ਹੋਈਆਂ ਹਨ ਅਤੇ ਲੋਕਾਂ ਨੇ ਬੜੇ ਉਤਸ਼ਾਹ ਦੇ ਨਾਲ ਉਭਰਕੇ ਇਨ੍ਹਾਂ ਚੋਣਾਂ ਦੇ ਵਿੱਚ ਹਿੱਸਾ ਲਿਆ ਹੈ । ਮੈਂ ਇਹ ਕਹਿਣਾ ਚਾਹਾਂਗਾ ਕਿ ਪੰਜਾਬ ਦੇ ਅੰਦਰ ਬਹੁਤ ਲੰਮੇ ਅਰਸੇ ਤੋਂ ਪੰਜਾਬ ਦੇ ਲੋਕ ਬਹੁਤ ਦੁਖੀ ਸਨ ਕੁਝ ਅੱਤਵਾਦ ਦੇ ਹੱਥੋਂ ਔਰ ਕੁਝ ਹੋਰ ਪਾਰਟੀਆਂ ਵੀ ਜੋ ਇੱਥੇ ਹਾਊਸ ਦੇ ਅੰਦਰ ਕਹਿ ਰਹੀਆਂ ਹਨ ਕਿ ਪੰਚਾਇਤ ਚੋਣਾਂ ਵਿੱਚ ਘਪਲੇਬਾਜ਼ੀ ਹੋਈ ਹੈ ਔਰ ਹੇਰਾਫੇਰੀ ਹੋਈ ਹੈ, ਮੈਂ ਉਨ੍ਹਾਂ ਦੇ ਨਾਲ ਸਹਿਮਤ ਨਹੀਂ । ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਲੋਕਾਂ ਨੇ ਪਿਛਲੇ ਇੱਕ ਸਾਲ ਦੇ ਦੌਰਾਨ ਕਾਂਗਰਸ ਦੀ ਸਰਕਾਰ ਨੇ ਜਿਹੜਾ ਬਹੁਤ ਹੀ ਅੱਛਾ ਰੋਲ ਅਦਾ ਕੀਤਾ ਉਸਨੂੰ ਦੇਖਦੇ ਹੋਏ ਲੋਕਾਂ ਨੇ ਕਾਂਗਰਸ ਨੂੰ ਅਪਣਾਇਆ ਔਰ ਵੋਟਾਂ ਪਾਈਆਂ ਹਨ ਔਰ ਬੜੇ ਪਿਆਰ ਦੇ ਨਾਲ ਆਪਣੇ ਆਪਣੇ ਨੁਮਾਇੰਦੇ ਚੁਣੇ ਹਨ । ਮੇਰੇ ਆਪਣੇ ਹਲਕੇ ਵਿੱਚ 62 ਪਿੰਡ ਆਉਂਦੇ ਹਨ । ਜਿਨ੍ਹਾਂ ਵਿੱਚ 57 ਸਰਪੰਚ ਸਾਡੀ ਆਪਣੀ ਪਾਰਟੀ ਦੇ ਚੁਣੇ ਗਏ ਹਨ । ਕੋਈ ਇੱਕ ਪਿੰਡ ਵਿੱਚ ਆ ਕੇ ਦੱਸੇ ਕਿ ਉਥੇ ਘਪਲੇਬਾਜ਼ੀ ਹੋਈ ਹੈ ਜਾਂ ਕੋਈ ਹੋਰ ਗੱਲ ਹੋਈ ਹੈ, ਬੜੇ ਪਿਆਰ ਨਾਲ ਵਟਾਂ ਪਈਆਂ ਹਨ । ਇਸ ਦੇ ਨਾਲ ਨਾਲ ਜਿੱਥੋਂ ਤੱਕ ਅਨੁਸੂਚਿਤ ਜ਼ਾਤੀਆਂ ਨੂੰ ਪ੍ਰਤੀਨਿਧਤਾ ਦੇਣ ਦਾ ਸਵਾਲ ਹੈ ਮੈਂ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਆਪਣੇ ਹਲਕੇ ਵਿੱਚ 11 ਅਨੁਸੂਚਿਤ ਜਾਤੀਆਂ ਨਾਲ ਸਬੰਧਤ ਸਰਪੰਚ ਬਣੇ ਹਨ ਔਰ ਜਿਹੜੇ ਵੱਧ ਤੋਂ ਵੱਧ ਵੋਟਾਂ ਲੈਕੇ ਚੁਣੇ ਗਏ ਹਨ । ਜਿੱਥੇ ਤੱਕ ਗੱਲ ਰਹੀ ਕਿ ਅੱਗੇ ਸਾਡੇ ਮੰਤਰੀ ਸਾਹਿਬ, ਸਾਡੇ ਐਮ.ਐਲ.ਏ. ਸਾਹਿਬ ਜਦੋਂ ਪਿੰਡਾਂ ਵਿੱਚ ਜਾਂਦੇ ਸਨ ਅਤੇ ਜਲਸਿਆਂ ਵਿੱਚ ਜਾਂਦੇ ਸਨ ਤਾਂ ਉਥੇ ਹੂਟਿੰਗ ਹੁੰਦੀ ਸੀ ਸਾਡੀ ਪਾਰਟੀ ਬਾਰੇ ਹੂਟਿੰਗ ਹੁੰਦੀ ਸੀ । ਪਿੰਡਾਂ ਵਿਚ ਰਾਤ-ਦਿਨ ਸਾਡੇ ਸਰਪੰਚ ਸਾਹਿਬਾਨ ਇਕੱਠੇ ਜਲਸਾ ਕਰਦੇ ਹਨ । ਸਾਡੇ ਜਿੰਨੇ ਵੀ ਮੈਂਬਰ ਸਾਹਿਬਾਨ ਜਾਂਦੇ ਹਨ, ਸਰਪੰਚ ਉਨ੍ਹਾਂ ਨੂੰ ਹਾਰ ਪਾ ਪਾ ਕੇ ਉਨ੍ਹਾਂ ਦਾ ਸਵਾਗਤ ਕਰਦੇ ਹਨ । ਪਿੰਡਾਂ ਵਿਚ ਜਿਹੜੀਆਂ ਸ਼ਿਕਾਇਤਾਂ ਰਹਿੰਦੀਆਂ ਸਨ, ਉਨ੍ਹਾਂ ਨੂੰ ਦੂਰ ਕਰਨ ਵਾਸਤੇ ਪੰਜਾਬ ਵਿਚ ਇਲੈਕਸ਼ਨਾਂ ਹੋਈਆਂ । ਮੈਂ ਇਸ ਗੱਲ ਨਾਲ ਬਿਲਕੁਲ ਸਹਿਮਤ ਨਹੀਂ ਹਾਂ ਕਿ ਦੂਸਰੀ ਪਾਰਟੀ ਨੂੰ ਵੋਟਾਂ ਨਹੀਂ ਮਿਲੀਆਂ ਅਤੇ ਸਰਕਾਰ ਨੇ ਆਪਣੇ ਅਨਸਰਾਂ ਦੇ ਰਾਹੀਂ, ਪੈਸੇ ਦੇ ਰਾਹੀਂ ਇਹ ਵੋਟਾਂ ਲਈਆਂ ਹਨ। ਇਹ ਬਿਲਕੁਲ ਗਲਤ ਹੈ,ਠੀਕ ਇਹ ਹੈ ਕਿ ਲੋਕਾਂ ਨੇ ਅੱਤਵਾਦ ਤੇ ਬਾਕੀ ਸਿਆਸੀ ਪਾਰਟੀਆਂ ਤੋਂ ਤੰਗ ਆ ਕੇ ਅਤੇ ਕਾਂਗਰਸ ਸਰਕਾਰ ਦੇ ਇਕ ਸਾਲ ਦੇ ਅੱਛੇ ਕੰਮ ਨੂੰ ਦੇਖ ਕੇ ਕਾਂਗਰਸ ਨੂੰ ਅਪਣਾਇਆ ਹੈ ।

ਬਾਕੀ ਰਹੀ ਗੱਲ ਪੰਚਾਂ ਸਰਪੰਚਾਂ ਕੇ ਸਨਮਾਨ ਦੀ ਮੈਂ, ਸਪੀਕਰ ਸਾਹਿਬ, ਹਾਊਸ ਵਿਚ ਦੱਸਣਾ ਚਾਹੁੰਦਾ ਹਾਂ ਕਿ ਅੱਜ ਇਲੈਕਸ਼ਨਾਂ ਨੂੰ ਕਿੰਨੀ ਦੇਰ ਹੋ ਗਈ ਹੈ, ਅੱਜ ਤੱਕ ਸਾਡੇ ਕੋਲ ਕਿਸੇ ਸਰਪੰਚ ਦੀ ਕੋਈ ਸ਼ਿਕਾਇਤ ਨਹੀਂ ਆਈ ਕਿ ਕਿਸੇ ਨੂੰ ਪੁਲਿਸ ਨੇ ਜਾਂ ਕਿਸੀ ਹੋਰ ਨੇ ਤੰਗ ਕੀਤਾ ਹੋਵੇ। ਮੈਂ ਕਹਿਣਾ ਚਾਹੁੰਦਾ ਹਾਂ ਕਿ ਅਗਰ ਕੋਈ ਛੋਟੀ ਮੋਟੀ ਗਲ ਹੋ ਜਾਂਦੀ ਹੈ ਜਿਥੇ ਪੁਲਿਸ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਉਥੇ ਹੋ ਸਕਦਾ ਹੈ ਕਿ ਇਲ-ਲੀਗਲ ਬੰਦੇ ਵੀ ਹੋਣ। ਇਸ ਵਾਸਤੇ ਮੈਂ ਹਾਊਸ ਵਿਚ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਗੱਲਾਂ ਨੂੰ ਛੱਡਣ, ਉਪਰ ਉਠਣ ਅਤੇ ਤਕੜੇ ਹੋਣ। ਸਰਦਾਰ ਬੇਅੰਤ ਸਿੰਘ ਜੀ ਨੇ ਜਮਹੂਰੀਅਤ ਨੂੰ ਕਾਇਮ ਕੀਤਾ ਹੈ ਅਤੇ ਅਸੀਂ ਉਸ ਨੂੰ ਹਮੇਸ਼ਾਂ ਕਾਇਮ ਰੱਖਣ ਦੀ ਕੋਸ਼ਿਸ਼ ਕਰੀਏ ਅਤੇ ਸਰਕਾਰ ਨਾਲ ਰਲ ਕੇ ਜਿੰਨਾ ਜਮਹੂਰੀਅਤ ਨੂੰ ਵੱਧ ਤੋਂ ਵੱਧ ਅੱਗੇ ਲਿਜਾ ਸਕਦੇ ਹਾਂ, ਲਿਜਾਈਏ। ਇਨ੍ਹਾਂ ਸ਼ਬਦਾਂ ਨਾਲ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

ਸਰਦਾਰ ਈਸ਼ਰ ਸਿੰਘ (ਕੁੰਮ ਕਲਾਂ, ਐਸ.ਸੀ.): ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦਾ ਬਹੁਤ ਧੰਨਵਾਦੀ ਹਾਂ ਕਿ ਕਾਂਸਟੀਚਿਊਸ਼ਨ ਦੀ 72-73ਵੀਂ ਅਮੈਂਡਮੈਂਟ ਤੇ ਕੁੱਝ ਚਾਰ ਸ਼ਬਦ ਬੋਲਣ ਦਾ ਮੌਕਾ ਪ੍ਰਦਾਨ ਕੀਤਾ। ਪੰਚਾਇਤੀ ਰਾਜ ਸਹੀ ਮਹੀ-ਨਿਆਂ ਵਿਚ ਸਾਡੇ ਹਿੰਦੁਸਤਾਨ ਦੀ ਡੈਮੋਕਰੇਟਿਕ ਸਟੇਟ ਦੀ ਜੜ੍ਹ ਹੈ, ਜਿੱਥੇ ਸਾਡੇ ਲੋਕ ਰਾਜ ਨੂੰ ਸਹੀ ਮਾਹਨਿਆਂ ਵਿਚ ਸਾਡੀ ਡਿਵੈਲਪਮੈਂਟ ਪੱਖੋਂ, ਸਿਆਸੀ ਪੱਖੋਂ ਪੂਰਾ ਹੱਕ ਮਿਲਦਾ ਹੈ। ਪੰਜਾਬ ਵਿਚ ਪਿਛਲੇ ਦਸ ਸਾਲਾਂ ਤੋਂ ਪੰਚਾਇਤੀ ਇਲੈਕਸ਼ਨਾਂ ਨਹੀਂ ਹੋਈਆਂ ਸਨ। ਡਿਵੈਲਪਮੈਂਟ ਦੇ ਕੰਮ ਬਹੁਤ ਪਿਛੇ ਰਹਿ ਗਏ ਸਨ। ਫਰਵਰੀ 1992 ਵਿਚ ਲੋਕਾਂ ਦੀ ਚੁਣੀ ਸਰਕਾਰ ਕਾਂਗਰਸ ਪਾਰਟੀ ਦੀ ਬਣੀ ਜਿਸ ਦੀ ਰਹਿਨੁਮਾਈ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਜੀ ਨੇ ਕੀਤੀ ਅਤੇ ਪੰਚਾਇਤਾਂ ਦੇ ਇਲੈਕਸ਼ਨ ਕਰਵਾਏ। ਇਨ੍ਹਾਂ ਇਲੈਕਸ਼ਨਾਂ ਵਿਚ ਪਿੰਡਾਂ ਦੇ ਲੋਕ ਬੜੇ ਹੁੰਮ-ਹੁੰਮਾ ਕੇ ਪੰਚਾਂ ਦੀ ਨੁਮਾਇੰਦਗੀ ਵਾਸਤੇ ਅੱਗੇ ਆਏ ਅਤੇ ਇਲੈਕਸ਼ਨਾਂ ਦੇ ਅੰਤ ਸਮੇਂ ਤੱਕ ਕਿਸੇ ਕਿਸਮ ਦੀ ਅਨੁਸ਼ਾਸਨਹੀਣਤਾ ਨਹੀਂ ਦੇਖਣ ਵਿਚ ਆਈ ਔਰ ਬੜੇ ਅਮਨ-ਅਮਾਨ ਨਾਲ ਔਰ ਸ਼ਾਂਤੀ ਨਾਲ ਇਲੈਕਸ਼ਨਾਂ ਹੋਈਆਂ ਹਨ। ਜੋ ਸਾਡੀ ਭਾਰਤ ਸਰਕਾਰ ਨੇ 72-73ਵੀਂ ਅਮੈਂਡਮੈਂਟ ਕੀਤੀ ਹੈ, ਉਸ ਵਿਚ 1/3 ਹਿੱਸਾ ਅਨੁਸੂਚਿਤ ਜਾਤੀਆਂ ਦੇ ਲੋਕਾਂ ਵਾਸਤੇ ਔਰ 1/3 ਹਿੱਸਾ ਵੂਮਨ ਪੰਚਾਂ ਵਾਸਤੇ ਦਿੱਤਾ ਗਿਆ। ਇਹ ਬਹੁਤ ਅੱਛਾ ਕਦਮ ਹੈ ਤਾਂ ਕਿ ਜੋ ਅਨੁਸੂਚਿਤ ਜਾਤੀ ਦੇ ਲੋਕ ਹਨ, ਉਹ ਆਪਣੀ ਦਿਲ ਦੀ ਹਵਾੜ ਜਾਂ ਸੁਧਾਰ ਜਾਂ ਡਿਵੈਲਪਮੈਂਟ ਵਾਸਤੇ ਆਪਣੇ ਵਿਚਾਰ ਪੇਸ਼ ਕਰ ਸਕਣ। ਇਸ ਦੇ ਨਾਲ ਨਾਲ ਮੈਂ ਕੁਝ ਪਿੰਡਾਂ ਦੀਆਂ ਜੋ ਪੰਚਾਇਤਾਂ ਨੂੰ ਮੁਸ਼ਕਲਾਂ ਆ ਰਹੀਆਂ ਹਨ, ਉਨ੍ਹਾਂ ਬਾਰ ਦੱਸਣਾ ਚਾਹੁੰਦਾ ਹਾਂ ਕਿ ਸਹੀ ਮਾਹਨਿਆਂ ਵਿਚ ਤਰਮੀਮ ਹੋਣੀ ਚਾਹੀਦੀ ਹੈ। ਸਾਡੇ ਕਈ ਪਿੰਡ ਇਸ ਤਰ੍ਹਾਂ ਦੇ ਹਨ ਜਿਨ੍ਹਾਂ ਕੋਲ ਆਮਦਨ ਦਾ ਕੋਈ ਜ਼ਰੀਆ ਨਹੀਂ ਹੈ। ਇਸ ਲਈ ਉਹ ਡਿਵੈਲਪ-ਮੈਂਟ ਲਈ ਪਿੱਛੇ ਰਹਿ ਜਾਂਦੇ ਹਨ। ਜੋ ਪਿੰਡ ਆਲਰੇਡੀ ਡਿਵੈਲਪਡ ਹਨ ਔਰ ਉਨ੍ਹਾਂ ਪਾਸ ਆਮਦਨ ਦਾ ਜ਼ਰੀਆ ਹੈ, ਉਨ੍ਹਾਂ ਨੂੰ ਗਰਾਂਟਸ ਮਿਲਦੀਆਂ ਹਨ। ਮੈਂ ਸਮਝਦਾ ਹਾਂ ਕਿ ਜਿਨ੍ਹਾਂ ਪੰਚਾਇਤਾਂ ਦੇ ਕੋਲ ਆਮਦਨ ਦੇ ਸਾਧਨ ਨਹੀਂ ਹਨ। ਉਨ੍ਹਾਂ ਦੇ ਨਾਲ ਬਹੁਤ ਬੇਇਨਸਾਫੀ ਹੈ। ਮੈਂ ਚਾਹੁੰਦਾ ਹਾਂ ਕਿ ਜਿਨ੍ਹਾਂ ਪੰਚਾਇਤਾਂ ਦੇ ਕੋਲ ਆਮਦਨ ਦੇ ਸਾਧਨ ਨਹੀਂ ਹਨ। ਉਨ੍ਹਾਂ ਨੂੰ ਇਹ 25% ਜੋ ਹੈ ਉਹ ਮੁਆਫ ਕੀਤੀ ਜਾਵੇ ਤਾਂਕਿ ਉਹ ਪੰਚਾਇਤਾਂ ਆਪਣੇ ਵਿਕਾਸ ਦੇ ਕੰਮ ਕਰ ਸਕਣ ਅਤੇ ਤਰੱਕੀ ਕਰ ਸਕਣ।

[ਸਰਦਾਰ ਈਸ਼ਰ ਸਿੰਘ]

ਦੂਸਰਾ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਰਪੰਚ ਨੂੰ ਜੋ 5 ਲੱਖ ਰੁਪਏ ਤਕ ਵਰਤਣ ਦੀ ਜੋ ਪਾਵਰ ਦਿੱਤੀ ਗਈ ਹੈ ਕਿ ਉਹ ਆਪਣੀ ਲੋੜ ਦੇ ਮੁਤਾਬਿਕ ਪਿੰਡ ਦੇ ਵਿਕਾਸ ਦੇ ਜੋ ਕੰਮ ਅਧੂਰੇ ਪਏ ਹਨ ਉਹ ਟਾਇਮ ਸਿਰ ਨੇਪਰੇ ਚਾੜ੍ਹ ਸਕਣ। ਉਸ ਦੇ ਲਈ ਉਸ ਨੂੰ ਇਹ ਰੁਪਿਆ ਵਰਤਣ ਦੀ ਤਾਕਤ ਦਿੱਤੀ ਗਈ ਹੈ ਪਰ ਉਸ ਦੇ ਲਈ ਜੋ ਚੈਕ ਤੇ ਸਾਈਨ ਹੋਣੇ ਹਨ ਉਹ ਦੋ ਬੰਦਿਆਂ ਦੇ ਸਾਈਨ ਹੋਣੇ ਹਨ, ਇਕ ਸਰਪੰਚ ਦੇ ਅਤੇ ਦੂਸਰੇ ਪੰਚਾਇਤ ਸੈਕਟਰੀ ਦੇ ਜਦ ਕਿ ਇਸ ਤੋਂ ਪਹਿਲਾਂ ਇਸ ਤਰ੍ਹਾਂ ਹੁੰਦਾ ਸੀ ਕਿ ਇਕ ਸਰਪੰਚ ਦੇ ਅਤੇ ਦੂਸਰੇ ਬੀ.ਡੀ.ਪੀ.ਓ. ਦੇ ਦੋਨੋਂ ਦੇ ਸਾਈਨ ਹੁੰਦੇ ਸਨ। ਮੈਂ ਸਮਝਦਾ ਹਾਂ ਕਿ ਇਹ ਤਰਮੀਮ ਮੁੜ ਕੇ ਫਿਰ ਹੋਵੇ ਕਿ ਬੀ.ਡੀ.ਪੀ.ਓ. ਅਤੇ ਸਰਪੰਚ ਦੋਨਾਂ ਦੇ ਸਾਈਨ ਹੋਣੇ ਚਾਹੀਦੇ ਹਨ ਕਿਉਂਕਿ ਬੀ.ਡੀ.ਪੀ.ਓ. ਗਜ਼ਟਿਡ ਅਫ਼ਸਰ ਹੈ ਅਤੇ ਗਜ਼ਟਿਡ ਅਫ਼ਸਰ ਜ਼ਿੰਮੇਵਾਰ ਹੈ, ਇਕ ਉਸ ਦੇ ਦਸਤਖਤ ਹੋਣ ਅਤੇ ਦੂਸਰੇ ਸਰਪੰਚ ਦੇ ਹੋਣ ਤਾਂਕਿ ਪੈਸੇ ਦੀ ਸਹੀ ਵਰਤੋਂ ਕੀਤੀ ਜਾ ਸਕੇ, ਪੈਸੇ ਦੀ ਦੁਰਵਰਤੋਂ ਨਾ ਹੋਵੇ।

ਇਸ ਤੋਂ ਇਲਾਵਾ, ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਕਈ ਪਿੰਡ ਹਨ ਜਿਨ੍ਹਾਂ ਵਿੱਚ ਪੰਚਾਇਤਾਂ ਦੀਆਂ ਜੋ ਸ਼ਾਮਲਾਤ ਜ਼ਮੀਨਾਂ ਹਨ ਉਹ ਵੰਡੀਆਂ ਜਾ ਰਹੀਆਂ ਹਨ, ਜੇ ਇਹ ਇਸੇ ਤਰ੍ਹਾਂ ਵੰਡੀਆਂ ਗਈਆਂ ਤਾਂ ਪਿੰਡਾਂ ਦੀ ਬੇਹਤਰੀ ਵਾਸਤੇ ਕਈ ਵਾਰੀ ਜੋ ਲੈਂਡ ਦੀ ਲੋੜ ਹੁੰਦੀ ਹੈ ਜਿਸ ਤਰ੍ਹਾਂ ਪਸ਼ੂ ਪਾਲਣ ਦੀ ਡਿਸਪੈਂਸਰੀ ਖੋਲ੍ਹਣ ਵਾਸਤੇ ਕੋਈ ਲੈਂਡ ਚਾਹੀਦੀ ਹੈ ਜਾਂ ਪਿੰਡ ਵਿਚ ਕੋਈ ਸਕੂਲ ਅੱਪਗਰੇਡ ਕਰਨ ਦੀ ਲੋੜ ਪੈ ਗਈ ਹੈ ਅਤੇ ਉਸ ਦੇ ਵਾਸਤੇ ਲੈਂਡ ਚਾਹੀਦੀ ਹੈ, ਜੇ ਇਸ ਤਰ੍ਹਾਂ ਲੈਂਡ ਵੰਡੀ ਗਈ ਤਾਂ ਇਨ੍ਹਾਂ ਤਰੱਕੀ ਦੇ ਕੰਮਾਂ ਵਾਸਤੇ ਲੈਂਡ ਨਾ ਹੋਈ ਤਾਂ ਪਿੰਡਾਂ ਦੇ ਵਿਕਾਸ ਦੇ ਕੰਮ ਪਿੱਛੇ ਰਹਿ ਜਾਣਗੇ। ਇਸ ਲਈ ਮੈਂ ਕਹਿਣਾਂ ਚਾਹੁੰਦਾ ਹਾਂ ਕਿ ਜਿਹੜੀਆਂ ਸ਼ਾਮਲਾਟ ਲੈਂਡਜ਼ ਹਨ ਉਹ ਨਾ ਵੰਡੀਆਂ ਜਾਣ ਅਤੇ ਇਸ ਦੇ ਵਾਸਤੇ ਜੇ ਕੋਈ ਕਾਨੂੰਨ ਵਿੱਚ ਵਿਵਸਥਾ ਕਰਨ ਦੀ ਲੋੜ ਹੈ ਤਾਂ ਉਹ ਵਿਵਸਥਾ ਵੀ ਕਰਕੇ ਇਸ ਤੇ ਰੋਕ ਲਾਈ ਜਾਵੇ। ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਲਕ ਨਾਜਾਇਜ਼ ਤੌਰ ਤੇ ਲੈਂਡ ਵਾਹੁੰਦੇ ਹਨ ਉਨ੍ਹਾਂ ਦੇ ਵਾਸਤੇ ਵੀ ਸਖਤ ਤੋਂ ਸਖ਼ਤ ਕਾਨੂੰਨ ਬਣਾ ਕੇ ਉਨ੍ਹਾਂ ਨੂੰ ਸਜ਼ਾਵਾਂ ਦਿੱਤੀਆਂ ਜਾਣ ਤਾਂ ਕਿ ਇਸ ਤਰ੍ਹਾਂ ਕੋਈ ਨਾਜਾਇਜ਼ ਕਬਜ਼ਾ ਨਾ ਹੋ ਸਕੇ। ਇਤਨਾ ਕਹਿੰਦਾ ਹੋਇਆ ਜੋ ਇਹ ਅਮੈਂਡਮੈਂਟਸ ਆਈਆਂ ਹਨ ਉਨ੍ਹਾਂ ਦੀ ਮੈਂ ਪੁਰਜ਼ੋਰ ਸ਼ਬਦਾਂ ਵਿੱਚ, ਪ੍ਰੋੜਤਾ ਕਰਦਾ ਹਾਂ, ਜੋ ਕੀਤਾ ਹੈ, ਬਹੁਤ ਅੱਛਾ ਕੀਤਾ ਹੈ। ਮੈਂ ਇਨ੍ਹਾਂ ਸ਼ਬਦਾਂ ਨਾਲ ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਰਦਾ ਹਾਂ।

ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ (ਸਰਦਾਰ ਉਮਰਾਓ ਸਿੰਘ) : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਦਾ ਬੜਾ ਧੰਨਵਾਦੀ ਹਾਂ, ਕੰਸਟੀਉਸ਼ਨ ਵਿੱਚ ਜੋ ਅਮੈਂਡਮੈਂਟਸ ਆਈਆਂ ਹਨ ਹਰ ਪਾਸੇ ਤੋਂ ਉਨ੍ਹਾਂ ਦੀ ਪ੍ਰਸ਼ੰਸਾ ਕੀਤੀ ਗਈ ਹੈ. ਖਾਸ ਤੌਰ ਤੇ ਵਿਰੋਧੀ ਧੜੇ ਦੇ ਮੈਂਬਰਾਂ ਨੇ ਬੜੀ ਜ਼ੋਰ ਨਾਲ ਇਸ ਦੀ ਪ੍ਰਸ਼ੰਸਾ ਕੀਤੀ ਹੈ, ਹਮਾਇਤ ਕੀਤੀ ਹੈ। ਮੈਂ ਸਮਝਦਾ ਹਾਂ ਕਿ ਇਹ ਇਸ ਗੱਲ ਦਾ ਸਬੂਤ ਹੈ, ਸੋਚ ਹੈ ਕਿ ਆਉਣ ਵਾਲੇ ਸਮੇਂ ਵਿੱਚ ਅਸੀਂ ਇਕ ਪਾਸੇ ਨੂੰ ਜਾ ਰਹੇ ਹਾਂ ਖਾਸ ਤੌਰ ਤੇ ਲੋਕਲ ਬਾਡੀਜ਼ ਅਤੇ ਪੰਚਾਇਤੀ ਰਾਜ ਦੀ ਸੈਟ ਅੱਪ ਕਿਸ ਤਰ੍ਹਾਂ ਦੀ ਹੋਣੀ ਚਾਹੀਦੀ ਹੈ ਉਸ ਦੇ ਲਈ ਯੂਨੈਨੀਮਿਟੀ ਹੈ। ਕੁਝ ਸ਼ੰਕੇ ਹਨ ਜਿਨ੍ਹਾਂ ਦਾ ਜ਼ਿਕਰ ਇਥੇ ਕੀਤਾ ਗਿਆ ਹੈ। ਇਸ ਦੀ ਇਮਪਲੀਮੈਂਟੇਸ਼ਨ

ਵਾਸਤੇ ਸਰਦਾਰ ਗੁਰਬਚਨ ਸਿੰਘ ਜੀ ਨੇ ਕਿਹਾ ਹੈ ਅੌਰ ਬਿੱਲ ਦੇ ਵਿੱਚ ਕੁਝ ਪ੍ਰੋਵੀਜ਼ਨ ਨੂੰ ਅਡਾਪਟ ਕਰਨ ਦੇ ਬਾਰੇ ਕਿਹਾ ਹੈ, ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਬਿੱਲ ਦੇ ਵਿੱਚ ਪ੍ਰੋਵੀਜ਼ਨ ਹੈ ਕਿ ਜੇ ਅਸੀਂ ਇਸ ਨੂੰ ਇਕ ਸਾਲ ਦੇ ਦੌਰਾਨ ਅਡਾਪਟ ਨਾ ਕੀਤਾ ਤਾਂ ਇਹ ਆਟੋਮੈਟੀਕਲੀ ਲਾਗੂ ਹੋ ਜਾਵੇਗਾ । ਮੈਂ ਯਕੀਨ ਦੁਆਉਂਦਾ ਹਾਂ ਕਿ ਜੇ ਕੋਈ ਪ੍ਰੋਵੀਜ਼ਨ ਬਿਲ ਵਿੱਚ ਇਨਕਾਰਪੋਰੇਟ ਕਰਨ ਵਾਲਾ ਹੋਵੇਗਾ ਉਹ ਕਰ ਦੇਵਾਂਗੇ, ਇਮੀਜੀਏਟਲੀ ਜਿਸ ਦਾ ਲਾਭ ਨਹੀਂ ਕਿਉਂਕਿ ਅਸੀਂ ਇਲੈਕਸ਼ਨਜ਼ ਕਰਵਾ ਚੁੱਕੇ ਹਾਂ । ਆਉਣ ਵਾਲੇ ਸਮੇਂ ਵਿੱਚ ਇਸ ਬਿੱਲ ਦਾ ਲਾਭ ਹੋਵੇਗਾ ।

ਇਸ ਤੋਂ ਇਲਾਵਾ ਕੁਝ ਇਲੈਕਸ਼ਨਜ਼ ਦੇ ਬਾਰੇ ਗੱਲ ਕੀਤੀ ਗਈ ਹੈ, ਸਪੀਕਰ ਸਾਹਿਬ, ਮੈਂ ਕਹਿ ਸਕਦਾ ਹਾਂ ਕਿ ਇਸ ਵਕਤ 11,600 ਤੋਂ ਉਪਰ ਪਿੰਡਾਂ ਦੀਆਂ ਪੰਚਾਇਤਾਂ ਦੀਆਂ ਇਲੈਕਸ਼ਨਜ਼ ਅਸੀਂ ਕਰਵਾਈਆਂ ਹਨ ਅੌਰ 11,600 ਪੰਚਾਇਤਾਂ ਦੀਆਂ ਇਲੈਕਸ਼ਨਾਂ ਵਿਚੋਂ ਕਿਧਰੇ 2,4 ਜਾਂ 5 ਕੇਸਾਂ ਵਿੱਚ ਹੋ ਸਕਦਾ ਹੈ ਕੋਈ ਗਿਲਾ ਸ਼ਿਕਵਾ ਰਹਿ ਗਿਆ ਹੋਵੇ, ਕਿਸੇ ਕਿਸਮ ਦਾ ਕੋਈ ਸ਼ੱਕ ਹੋਵੇ, ਦੇਖਣ ਵਿੱਚ ਇਹੀ ਆਉਂਦਾ ਹੈ ਜਦੋਂ ਕੋਈ ਹਾਰ ਜਾਂਦਾ ਹੈ ਤਾਂ ਉਹ ਇਹੀ ਕਹਿੰਦਾ ਹੈ ਕਿ ਮੈਂ ਤਾਂ ਜਿੱਤਣਾ ਸੀ ਪਰ ਮੈਨੂੰ ਹਰਾ ਦਿੱਤਾ ਹੈ ਪਰ ਮੋਰ ਆਰ ਲੈਸ ਇਹ ਇਲੈਕਸ਼ਨਾਂ ਜਿਸ ਤਰ੍ਹਾਂ ਚੀਫ ਮਨਿਸਟਰ ਸਾਹਿਬ ਨੇ ਆਦੇਸ਼ ਵੀ ਦਿੱਤਾ ਸੀ ਕਿ ਫੇਅਰ ਹੋਣੀਆਂ ਚਾਹੀਦੀਆਂ ਹਨ, ਅਸੀਂ ਯਤਨ ਕੀਤਾ ਹੈ ਕਿ ਫੇਅਰ ਹੋਣ, ਕਿਧਰੇ ਧੱਕੇਸਾਹੀ ਨਾ ਹੋਵੇ, ਕਿਤੇ ਬਰੇਟ ਨਾ ਹੋਵੇ, ਇੰਟੀਮੀਡੇਸ਼ਨ ਨਾ ਹੋਵੇ ਇਸ ਗਲ ਦਾ ਪ੍ਰਬੰਧ ਕੀਤਾ ਹੈ । ਅਫ਼ਸਰਾਂ ਨੂੰ ਹਦਾਇਤਾਂ ਦਿਤੀਆਂ ਹਨ । ਤਿੰਨ ਫ਼ਾਇਨਾਂਸ਼ਲ ਕਮਿਸ਼ਨਰ ਦੇ ਅੌਹਦੇ ਦੇ ਅਫ਼ਸਰਾਂ ਦੀ ਡਿਊਟੀ ਲਗਾਈ ਗਈ ਕਿ ਉਹ ਜਾ ਕੇ ਵੇਖਣ ਕਿ ਇਲੈਕਸ਼ਨਾਂ ਫਰੀ ਹੋ ਰਹੀਆਂ ਹਨ । ਇਸੇ ਤਰ੍ਹਾਂ ਪੁਲੀਸ ਵਿਚੋਂ ਤਿੰਨ ਡੀ.ਜੀ.ਪੀ. ਲੈਵਲ ਦੇ ਅਫ਼ਸਰਾਂ ਦੀ ਡਿਊਟੀ ਲਗਾਈ ਤਾਂ ਕਿ ਕਿਸੇ ਤੇ ਕੋਈ ਜ਼ਿਆਦਤੀ ਨਾ ਹੋਵੇ । ਇਸ ਤੋਂ ਇਲਾਵਾ ਇਲੈਕਸ਼ਨਜ਼ ਪੀਸ ਫੁਲ ਬਣਾਉਣ ਵਾਸਤੇ ਡੀ. ਆਈ. ਜੀ., ਆਈ. ਜੀ. ਲੈਵਲ ਦੇ ਬੰਦੇ ਲਗਾਏ ਗਏ ਤਾਂ ਕਿ ਉਮੀਦਵਾਰਾਂ ਨੂੰ ਪੂਰੀ ਸਿਕਿਊਰਟੀ ਮਿਲੇ । ਸਪੀਕਰ ਸਾਹਿਬ ਸਾਰੇ ਇਲੈਕਸ਼ਨਜ਼ ਇੰਸੀਡੈਂਟ ਫਰੀ ਹੋਏ ਹਨ ਕੋਈ ਇਕ ਵੀ ਇਨਿਸੀਡੈਂਟ ਨਹੀਂ ਹੋਇਆ (ਥਪਿੰਗ) । ਸਪੀਕਰ ਸਾਹਿਬ, ਇਸ ਗਲ ਤੇ ਜਿਥੇ ਮੈਂ ਪੰਜਾਬ ਦੇ ਲੋਕਾਂ ਨੂੰ ਵਧਾਈ ਦਿੰਦਾ ਹਾਂ ਉਥੇ ਮੈਂ ਆਪਣੇ ਮੁੱਖ ਮੰਤਰੀ ਸਾਹਿਬ ਨੂੰ ਵੀ ਵਧਾਈ ਦਿੰਦਾ ਹਾਂ ਕਿਉਂਕਿ ਉਨ੍ਹਾਂ ਦੇ ਆਦੇਸ਼ ਨਾਲ ਇਹ ਇਲੈਕਸ਼ਨਜ਼ ਹੋਏ । ਮੈਂ ਇਹ ਕਹਿ ਸਕਦਾ ਹਾਂ ਕਿ ਮੇਰੇ ਆਪਣੇ ਸਾਥੀ ਵੀ ਕਈ ਰਹਿ ਗਏ । ਸੀ. ਐਮ. ਸਾਹਿਬ ਕਹਿ ਰਹੇ ਸਨ ਕਿ ਇਕ ਆਦਮੀ ਉਨ੍ਹਾਂ ਦੇ ਬਹੁਤ ਨੇੜੇ ਸੀ, ਉਨ੍ਹਾਂ ਦਾ ਸਾਥੀ ਸੀ ਜਿਹੜਾ ਕਿ ਦੋ ਵੋਟਾਂ ਨਾਲ ਹਾਰ ਗਿਆ ਹੈ । ਠੀਕ ਹੈ ਇਹ ਲੋਕਾਂ ਦਾ ਫ਼ੈਸਲਾ ਹੈ ਜੋ ਫੈਸਲਾ ਦਿਤਾ ਸਿਰਮੱਥੇ ਤੇ ਮੰਨਣਾ ਚਾਹੀਦਾ ਹੈ, ਪਰ ਫਿਰ ਵੀ ਕਈ ਸਾਥੀ ਕਹਿ ਦਿੰਦੇ ਹਨ ਕਿ ਇਲੈਕਸ਼ਨਾਂ ਫ਼ੇਅਰ ਨਹੀਂ ਹੋਈਆਂ । ਦੂਸਰੇ ਪਾਸੇ ਕੋਈ ਕਲੇਮ ਕਰਦਾ ਹੈ ਕਿ ਉਨ੍ਹਾਂ ਦੇ 70% ਬੰਦੇ ਆਏ ਹਨ ਕੋਈ ਕਹਿੰਦਾ ਹੈ ਕਿ 75% ਅਤੇ ਕੋਈ 85% ਕਲੇਮ ਕਰਦਾ ਹੈ । ਪਤਾ ਨਹੀਂ ਇਹ ਪਰਸੈਂਟੇਜ 100% ਹੋ ਗਈ ਹੈ । ਇਸ ਤਰ੍ਹਾਂ ਦੇ ਕਲੇਮ ਹੋ ਰਹੇ ਹਨ । ਠੀਕ ਹੈ ਲੋਕਾਂ ਨੇ ਚੁਣ ਕੇ ਭੇਜੇ ਹਨ । ਇਸ ਇਲੈਕਸ਼ਨ ਵਿਚ 82 ਤੋਂ 85% ਵੋਟਾਂ ਪਈਆਂ । ਜਦੋਂ ਇਨੀਂ ਗਿਣਤੀ ਵਿਚ ਵੋਟਾਂ ਪਈਆਂ ਹੋਣ, ਜਿਥੇ

[ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ]

ਹਰ ਉਮੀਦਵਾਰ ਹਰ ਵੋਟਰ ਨੂੰ ਜਾਣਦਾ ਹੋਵੇ ਉਥੇ ਕਿਸੇ ਦੀ ਗਲਤ ਵੋਟ ਪਾਉਣ ਦੀ ਕੋਈ ਸੰਭਾਵਨਾ ਨਹੀਂ ਹੋ ਸਕਦੀ । ਇਥੇ ਮਿੱਤਲ ਸਾਹਿਬ ਨੇ ਕਿਹਾ ਹੈ ਕਿ ਨਿਸ਼ਾਨ ਲਾਉਣ ਦੀ ਕੋਈ ਵਿਵਸਥਾ ਨਹੀਂ ਸੀ । ਮੈਂ ਤਾਂ ਕਿਹਾ ਸੀ ਕਿ ਇਹ ਵਿਵਸਥਾ ਕੀਤੀ ਜਾਵੇ ਪਰ ਰੂਲ ਪਰਮਿਟ ਨਹੀਂ ਸੀ ਕਰਦੇ । ਰੂਲਾਂ ਵਿਚ ਅਜੇ ਤਕ ਇਸ ਦਾ ਕੋਈ ਪ੍ਰੋਵੀਜ਼ਨ ਨਹੀਂ ਕੀਤਾ ਗਿਆ, ਇਸ ਕਰਕੇ ਨਹੀਂ ਲਗਾਏ ਗਏ । ਕਿਤੇ ਐਸਾ ਨਾ ਹੁੰਦਾ ਕਿ ਸਾਰੇ ਇਲੈਕਸ਼ਨ ਹੀ ਰਦ ਹੋ ਜਾਂਦੇ । ਇਹ ਵੇਖਣ ਵਿਚ ਆਇਆ ਹੈ ਕਿ ਕਿਤੇ ਵੀ ਕੋਈ ਇੰਪਰਸੋਨੀਫਿਕੇਸ਼ਨ ਨਹੀਂ ਹੋਈ ਜਾਂ ਕੋਈ ਬੋਗਸ ਇਤਲਾਹ ਨਹੀਂ ਹੋਈ । ਜਿਥੇ ਕੁਝ ਕੇਸਾਂ ਵਿਚ ਕੋਈ ਹੋਈ ਹੈ ਉਥੇ ਪੋਲਿੰਗ ਪੋਸਟਪੋਨ ਕੀਤੀਆਂ ਗਈਆਂ, ਸਸਪੈਂਡ ਕੀਤੀਆਂ ਗਈਆਂ । ਔਨ ਦੀ ਹੋਲ ਮੈਂ ਕਹਾਂਗਾ ਕਿ ਪੋਲਿੰਗ ਠੀਕ ਹੋਈ ਹੈ । ਕੁਝ ਐਸੇ ਸੁਝਾਅ ਆਏ ਹਨ ਕਿ ਜਿਹੜੇ ਪੰਚ ਸਰਪੰਚ ਹਨ ਇਨ੍ਹਾਂ ਨੂੰ ਵੱਧ ਅਧਿਕਾਰ ਮਿਲਣੇ ਚਾਹੀਦੇ ਹਨ । ਸਪੀਕਰ ਸਾਹਿਬ, ਬੜੀ ਖੁਸ਼ੀ ਦੀ ਗੱਲ ਹੈ ਕਿ ਸਾਡੇ ਸੀ. ਐਮ ਸਾਹਿਬ ਵੀ ਸਰਪੰਚ ਰਹਿ ਚੁਕੇ ਹਨ ਅਤੇ ਹੋਰ ਵੀ ਇਸ ਸਦਨ ਦੇ ਬਹੁਤ ਸਾਰੇ ਮੈਂਬਰ ਸਾਹਿਬਾਨ ਵੀ ਪੰਚ ਸਰਪੰਚ ਰਹਿ ਚੁਕੇ ਹਨ, ਜਿਸ ਤਰ੍ਹਾਂ ਚੌਧਰੀ ਜਗਜੀਤ ਸਿੰਘ ਹੋਰੀਂ, ਸਰਦਾਰ ਸ਼ੇਰ ਸਿੰਘ ਹੋਰੀਂ । ਮੈਂ ਤਾਂ ਵਕਾਲਤ ਵਾਲੇ ਪਾਸੇ ਚਲਾ ਗਿਆ ਸੀ ਪਰ ਮੇਰੇ ਪਿਤਾ ਜੀ ਬਹੁਤ ਚਿਰ ਤੱਕ ਸਰਪੰਚ ਰਹੇ । ਇਸ ਕਾਰਨ ਮੈਂ ਅਰਜ਼ ਕੀਤੀ ਹੈ ਕਿ ਸਾਡੇ ਮੁੱਖ ਮੰਤਰੀ ਸਾਹਿਬ ਵੀ ਇਸ ਗਲ ਲਈ ਬੜੇ ਕੀਨ ਹਨ ਕਿ ਪੰਚਾਂ ਸਰਪੰਚਾਂ ਦਾ ਪੂਰਾ ਮਾਨ ਔਰ ਇੱਜ਼ਤ ਹੋਣੀ ਚਾਹੀਦੀ ਹੈ ਉਨ੍ਹਾਂ ਦੇ ਅਧਿਕਾਰ ਵਧਾਉਣੇ ਚਾਹੀਦੇ ਹਨ, ਉਨ੍ਹਾਂ ਨੂੰ ਆਪਣੇ ਕੰਮਾਂ ਵਿਚ ਪੂਰੀ ਫ਼ਰੀਡਮ ਹੋਣੀ ਚਾਹੀਦੀ ਹੈ ਤਾਂ ਕਿ ਉਹ ਪੰਚਾਇਤਾਂ ਦਾ ਕੰਮ ਅੱਛਾ ਕਰ ਸਕਣ । ਛੱਜਲਵੱਡੀ ਸਾਹਿਬ ਇਸ ਵਕਤ ਹਾਊਸ ਵਿਚ ਨਹੀਂ ਹਨ, ਉਹ ਕਹਿ ਗਏ ਕਿ ਅੰਗੂਠਾ ਲਾਉਣ ਵਾਲੇ ਹੀ ਚੁਣੇ ਗਏ । ਪਤਾ ਨਹੀਂ ਕਿਹੜੀ ਸਦੀ ਦੀ ਉਹ ਗੱਲ ਕਰਦੇ ਹਨ । ਮੈਨੂੰ ਨਹੀਂ ਦਿਸਿਆ ਕੋਈ ਇਸ ਵਕਤ ਐਸੀ ਗੱਲ ਹੋਵੇ । ਇਹ ਜੋ ਕਿਹਾ ਗਿਆ ਹੈ ਕਿ ਸੈਕਟਰੀ ਔਰ ਸਰਪੰਚ ਨੂੰ ਪੈਸੇ ਵਿਦਡਰਾਅ ਕਰਾਉਣ ਦਾ ਅਧਿਕਾਰ ਸੀ, ਮੈਂ ਵੇਖ ਰਿਹਾ ਹਾਂ ਕਿ ਇਨ੍ਹਾਂ ਦੇ ਨਾਲ ਇਕ ਪੰਚ ਵੀ ਲਾਇਆ ਜਾਵੇ ਜੋ ਪੰਚਾਇਤਾਂ ਦਾ ਪੈਸਾ ਹੈ, ਜੋ ਇਨਕਮ ਹੈ, ਜੋ ਖਰਚ ਹੋਣਾ ਹੈ, ਉਸ ਵਿਚ ਪੰਚਾਇਤ ਦੁਆਰਾ ਚੁਣਿਆ ਹੋਇਆ ਇਕ ਪੰਚ ਵੀ ਹਿਸੇਦਾਰ ਹੋਵੇ ਤਾਂ ਕਿ ਪੰਚਾਇਤਾਂ ਦਾ ਕੰਮ ਠੀਕ ਚਲ ਸਕੇ । ਇਸ ਲਈ ਉਸ ਫੰਡ ਦਾ ਜ਼ਿਕਰ ਕੀਤਾ ਗਿਆ ਹੈ । ਸਪੀਕਰ ਸਾਹਿਬ, ਮੈਂ ਤਾਂ ਕਹਾਂਗਾ ਕਿ ਬਜਟ ਪਾਸ ਕਰਨਾ ਹੈ ਮੈਂਬਰ ਸਾਹਿਬਾਨ ਨੇ, ਉਹ ਜਿਤਨੇ ਪੈਸੇ ਰੱਖ ਲੈਣਗੇ ਅਸੀਂ ਪੰਚਾਇਤਾਂ ਨੂੰ ਦੇ ਦੇਵਾਂਗੇ । ਪਿਛਲੇ ਸਾਲ 100 ਕਰੋੜ ਰੁਪਿਆ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਪਿੰਡਾਂ ਵਾਸਤੇ ਦਿੱਤਾ ਹੈ (ਥੰਪਿੰਗ) । ਇਸ ਤੋਂ ਪਹਿਲਾਂ, ਸਪੀਕਰ ਸਾਹਿਬ, ਕਦੇ ਇਤਨਾ ਪੈਸਾ ਪੰਚਾਇਤਾਂ ਨੂੰ ਨਹੀਂ ਸੀ ਦਿੱਤਾ ਗਿਆ ਬਲਕਿ ਇਸ ਤੋਂ ਚੌਥਾ ਹਿੱਸਾ ਵੀ ਨਹੀਂ ਦਿੱਤਾ ਗਿਆ । ਪਿੰਡਾਂ ਵਿਚ ਪੰਚਾਇਤੀ ਰਾਜ ਹੈ । ਪੰਚਾਇਤ ਜਿਹੜੀ ਹੈ ਉਹ ਪੰਜ ਲੱਖ ਤਕ ਪਿੰਡਾਂ ਦੀ ਡਿਵੈਲਪਮੈਂਟ ਵਾਸਤੇ ਖਰਚ ਕਰ ਸਕੇਗੀ ਇਹ ਇਖਤਿਆਰ ਪੰਚਾਇਤਾਂ ਨੂੰ ਦਿੱਤਾ ਗਿਆ ਹੈ । ਇਹ ਵੀ ਠੀਕ ਹੈ ਕਿ ਕਈ ਪੰਚਾਇਤਾਂ ਪਾਸ ਸਾਧਨ ਨਹੀਂ ਹਨ । ਉਨ੍ਹਾਂ ਵਾਸਤੇ ਵੀ ਸਰਦਾਰ ਬੇਅੰਤ ਸਿੰਘ ਜੀ ਹੋਰਾਂ ਨੇ ਸੋਚਿਆ ਹੈ ਔਰ ਪਲਾਨਿੰਗ ਬੋਰਡ ਨੂੰ ਇਹ ਇਖਤਿਆਰ ਦਿੱਤਾ ਹੈ ਕਿ ਉਹ

ਲੋਨ ਦਾ 25% ਮੁਆਫ ਕਰ ਦੇਣ । ਕਈ ਪੰਚਾਇਤਾਂ ਇਸ ਤਰ੍ਹਾਂ ਦੀਆਂ ਵੀ ਹਨ ਜਿਨ੍ਹਾਂ ਨੂੰ ਜੇਕਰ ਸਰਕਾਰ ਨੇ ਲੱਖ ਦੋ ਲੱਖ ਰੁਪਿਆ ਦਿੱਤਾ ਹੈ ਤਾਂ ਦੋ ਦੋ ਚਾਰ ਚਾਰ ਲੱਖ ਉਨ੍ਹਾਂ ਨੇ ਇਕੱਠਾ ਕਰਕੇ ਪਿੰਡਾਂ ਦੇ ਸਕੂਲਾਂ ਦੀਆਂ ਬਿਲਡਿੰਗਾਂ ਉਤੇ ਅਤੇ ਹਸਪਤਾਲਾਂ ਦੀਆਂ ਬਿਲਡਿੰਗਾਂ ਉਤੇ ਲਗਾ ਦਿੱਤਾ ਹੈ । ਪਿਛਲੇ ਸਾਲ ਸਾਨੂੰ ਪਤਾ ਹੈ ਕਿ ਜਿਤਨਾ ਪੈਸਾ ਸਰਕਾਰ ਨੇ ਪਿੰਡਾਂ ਨੂੰ ਦਿੱਤਾ ਹੈ ਉਸ ਤੋਂ ਵੱਧ ਕੇ ਹਿੱਸਾ ਪੰਚਾਇਤ ਨੇ ਆਪਣਾ ਪਾਇਆ ਹੈ । ਇਸ ਦੇ ਨਾਲ ਸਪੀਕਰ ਸਾਹਿਬ, ਮੈਂ ਆਖਿਰ ਵਿਚ ਇਹ ਕਹਾਂਗਾ ਕਿ ਡਿਵੈਲਪਮੈਂਟ ਦਾ ਕੰਮ ਜਿਹੜਾ ਹੈ ਪੰਚਾਇਤਾਂ ਨੇ ਜ਼ੋਰ ਨਾਲ ਕਰਨਾ ਹੈ ਔਰ ਕੋਈ ਕਸਰ ਨਹੀਂ ਛੱਡਣੀ । ਮੈਂ ਆਪਣੇ ਸਾਥੀਆਂ ਨੂੰ ਕਹਾਂਗਾ ਕਿ ਜਿਤਨਾ ਜੋਸ਼ ਪੰਚਾਂ ਸਰਪੰਚਾਂ ਵਿਚ ਹੈ ਜੇਕਰ ਅਸੀਂ ਉਨ੍ਹਾਂ ਦੀ ਆਸ਼ਾ ਦੇ ਮੁਤਾਬਿਕ ਕੰਮ ਨਹੀਂ ਕਰਾਂਗੇ ਤਾਂ ਜਿਹੜੇ ਲੋਕਾਂ ਨੇ ਉਹ ਚੁਣ ਕੇ ਭੇਜੇ ਹਨ ਉਨ੍ਹਾਂ ਵਿਚ ਨਿਰਾਸ਼ਤਾ ਪੈਦਾ ਹੋਵੇਗੀ, ਮਾਯੂਸੀ ਆ ਜਾਵੇਗੀ । ਇਸ ਲਈ ਅਸੀਂ ਇਸ ਗੱਲ ਤੋਂ ਕਾਂਸ਼ੀਅਸ ਹਾਂ, ਮੁੱਖ ਮੰਤਰੀ ਜੀ ਕਾਂਸ਼ੀਅਸ ਹਨ । ਫੰਡਜ਼ ਜਿਹੜੇ ਹਨ ਉਨ੍ਹਾਂ ਨੂੰ ਹੋਰ ਦੇਣ ਦਾ ਪ੍ਰਬੰਧ ਕੀਤਾ ਗਿਆ ਹੈ ਔਰ ਡਿਵੈਲਪਮੈਂਟ ਦਾ ਫੰਡ ਜਿਹੜਾ ਹੈ, ਜਿਹੜਾ ਕਿ ਅੱਗੇ ਵੀ ਪੰਜਾਬ ਸਰਕਾਰ ਨੇ ਬਣਾਇਆ ਹੋਇਆ ਹੈ, ਅਸੀਂ ਯਤਨ ਕਰਾਂਗੇ ਕਿ ਉਨ੍ਹਾਂ ਦੀ ਡਿਵੈਲਪਮੈਂਟ ਨਾ ਰੁਕੇ । ਇਸ ਲਈ ਫੈਸਲਾ ਕੀਤਾ ਹੈ ਕਿ ਆਉਣ ਵਾਲੇ ਤਿੰਨ ਚਾਰ ਸਾਲਾਂ ਵਿਚ ਹਰ ਪੰਚਾਇਤ ਜਿਹੜੀ ਹੈ, ਹਰ ਪਿੰਡ ਜਿਹੜਾ ਹੈ, ਉਥੇ 24 ਘੰਟੇ ਬਿਜਲੀ ਹੋਵੇਗੀ । ਮਾਸਟਰ ਜੀ ਬੈਠੇ ਹਨ, ਆਵਾਜਾਈ ਦੇ ਸਾਧਨ ਜਿਹੜੇ ਹਨ ਉਹ ਇਨ੍ਹਾਂ ਨੇ ਮੁਹੱਈਆ ਕਰਨੇ ਹਨ । ਕੋਈ ਪਿੰਡ ਐਸਾ ਨਹੀਂ ਰਹੇਗਾ ਜਿਥੇ ਬੱਸ ਨਾ ਜਾਵੇ । ਮਾਨ ਸਾਹਿਬ ਬੈਠੇ ਹਨ, ਕੋਈ ਪਿੰਡ ਐਸਾ ਨਹੀਂ ਹੋਵੇਗਾ ਜਿੱਥੇ ਸੜਕ ਨਹੀਂ ਹੋਵੇਗੀ ।

ਮੈਂ ਸਮਝਦਾ ਹਾਂ ਕਿ ਅੱਜ ਜੋ ਮੈਂਬਰ ਸਾਹਿਬਾਨ ਨੇ ਕੋਆਪ੍ਰੇਸ਼ਨ ਦਿੱਤੀ ਹੈ, ਜਿਸ ਤਰ੍ਹਾਂ ਆਰਗੂਮੈਂਟਸ ਦਿੱਤੇ ਹਨ, ਉਹ ਬਹੁਤ ਹੀ ਅੱਛੀ ਗੱਲ ਕੀਤੀ ਹੈ । ਜਿਸ ਤਰ੍ਹਾਂ ਬਾਣੀ ਵਿਚ ਵੀ ਹੈ—

"ਪੰਚ ਪਰਵਾਨ, ਪੰਚ ਪਰਧਾਨ"

ਪੰਚ ਪਰਵਾਨ ਤਾਂ ਗੁਰੂ ਮਹਾਰਾਜ ਜੀ ਨੇ ਕੀਤੇ ਹਨ, ਅਸੀਂ ਸਾਰਿਆਂ ਨੇ ਕੀਤੇ ਹਨ । ਮੈਂ ਅਰਜ਼ ਕਰਾਂਗਾ, ਸਪੀਕਰ ਸਾਹਿਬ, ਭਾਰਤ ਸਰਕਾਰ ਨੇ ਬਹੁਤ ਚੰਗਾ ਸੁਝਾਓ ਦਿੱਤਾ ਹੈ । ਇਹ ਬਿੱਲ ਪਾਸ ਕਰੀਏ । ਯਤਨ ਕਰਾਂਗੇ ਕਿ ਜਲਦੀ ਜਲਦੀ ਐਕਟ ਬਣ ਜਾਵੇ ਕਿਉਂਕਿ ਹੋਰ ਅਸੰਬਲੀਆਂ ਨੇ ਵੀ ਇਸ ਨੂੰ ਪਾਸ ਕਰਨਾ ਹੈ। ਫਿਰ ਪਾਸ ਹੋਣ ਤੋਂ ਬਾਅਦ ਇੰਪਲੀਮੈਂਟੇਸ਼ਨ ਦੀ ਗੱਲ ਹੈ. ਉਹ ਵੀ ਜਲਦੀ ਜਲਦੀ ਕਰੀਏ । ਫਿਰ ਪੰਚਾਇਤਾਂ ਦੇ ਨਾਲ ਨਾਲ ਸੰਮਿਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਨੂੰ ਤਕੜਾ ਕਰੀਏ, ਪਿੰਡਾਂ ਦੀ ਲੀਡਰਸ਼ਿਪ ਨੂੰ ਮਜ਼ਬੂਤ ਕਰੀਏ ਤਾਂਕਿ ਦੁਬਾਰਾ ਨੌਜਵਾਨਾਂ ਨੂੰ ਵਰਗਲਾਇਆ ਨਾ ਜਾਵੇ, ਉਨ੍ਹਾਂ ਨੂੰ ਫਿਰ ਪੁੱਠੇ ਪਾਸੇ ਨਾ ਲਾਇਆ ਜਾਵੇ, ਔਰ ਵਿਕਾਸ ਦੇ ਕੰਮ ਵਿਚ, ਡਿਵੈਲਪਮੈਂਟ ਦੇ ਕੰਮਾਂ ਵਿਚ ਤੱਤਪਰ ਰਹਿਣ । ਮੈਂ ਸਾਰੇ ਮੈਂਬਰ ਸਾਹਿਬਾਨ ਨੂੰ ਅਪੀਲ ਕਰਾਂਗਾ ਕਿ ਇਸ ਬਿੱਲ ਨੂੰ ਪਾਸ ਕੀਤਾ ਜਾਵੇ ।

Mr. Speaker : Question is :—

"That this House ratifies the amendments to the Constitution of India falling within the purview of clauses (c) and (e) of the proviso to clause (2) of article 368 thereof proposed to be made by the Constitution (Seventy second Amendment) Bill, 1991 as passed by the Houses of Parliament."

The Motion was carried unanimously.

Mr. Speaker : Doctor Sahib, would you like to wind-up the discussion on the Seventy-third Amendment.

ਵਿੱਤ ਮੰਤਰੀ (ਡਾਕਟਰ ਕੇਵਲ ਕ੍ਰਿਸ਼ਨ) : ਸਪੀਕਰ ਸਾਹਿਬ, ਜਿਹੜਾ ਹਿੰਦੁਸਤਾਨ ਦੀ ਪਾਰਲੀਮੈਂਟ ਨੇ ਸੰਵਿਧਾਨ ਵਿਚ 73ਵੀਂ ਅਮੈਂਡਮੈਂਟ ਕੀਤੀ ਹੈ ਜਿਸ ਦਾ ਸਬੰਧ ਮਿਊਂਸਿਪਲ ਕਮੇਟੀਆਂ ਨਾਲ ਵੀ ਹੈ ਅੌਰ ਉਸ ਦੀ ਰੈਟੀਫਿਕੇਸ਼ਨ ਵਾਸਤੇ ਇਸ ਸਦਨ ਵਿੱਚ ਅੱਜ ਇਥੇ ਬਹਿਸ ਹੋ ਰਹੀ ਹੈ, ਕਿਉਂਕਿ ਇਹ ਜ਼ਰੂਰੀ ਹੁੰਦਾ ਹੈ ਕਿ ਦੇਸ਼ ਦੀਆਂ 50% ਅਸੈਂਬਲੀਜ਼ ਰੈਟੀਫਿਕੇਸ਼ਨ ਕਰਕੇ ਉਤੇ ਭੇਜਣ । ਇਸ ਸਬੰਧ ਵਿਚ ਅੱਜ ਜੋ ਇਥੇ ਬਹਿਸ ਹੋਈ ਹੈ ਅੌਰ ਰਾਏ ਦਿੱਤੀ ਹੈ, ਮੈਂ ਸਮਝਦਾ ਹਾਂ ਕਿ ਉਸ ਨਾਲ ਰਾਜੀਵ ਗਾਂਧੀ ਦਾ ਸੁਪਨਾ ਜੋ ਉਹ ਲੈਕੇ ਆਏ ਸੀ ਕਿ ਉਹ ਡੈਮੋਕਰੇਸੀ ਨੂੰ ਗਰਾਸ ਰੂਟ ਲੈਵਲ ਤੇ ਸਾਕਾਰ ਕਰਨਗੇ ਅੌਰ ਭੈਣਾਂ ਬੇਟੀਆਂ ਦਾ ਇਸ ਵਿਚ 1/3 ਹਿੱਸਾ ਰਖਣਗੇ ਅੌਰ ਸ਼ਡਿਊਲਡ ਕਾਸਟਸ ਅੌਰ ਬੈਕਵਰਡ ਕਲਾਸਿਜ਼ ਦੇ ਲੋਕ ਵੀ ਸ਼ਾਮਲ ਹੋਣਗੇ ਸਪੀਕਰ ਸਾਹਿਬ, ਮੈਨੂੰ ਖੁਸ਼ੀ ਹੈ ਕਿ ਅੱਜ ਉਹ ਸੁਪਨਾ ਸਾਕਾਰ ਹੋਇਆ ਹੈ ਅੌਰ ਮੈਂ ਸਮਝਦਾ ਹਾਂ ਕਿ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਨੇ ਹਿੰਦੁਸਤਾਨ ਦੀਆਂ ਬਾਕੀ ਸਰਕਾਰਾਂ ਨਾਲੋਂ ਸਭ ਤੋਂ ਪਹਿਲੇ ਇਥੇ ਲਿਆਕੇ ਉਹ ਸੁਪਨਾ ਸਾਕਾਰ ਕੀਤਾ ਹੈ । ਮੈਨੂੰ ਖੁਸ਼ੀ ਹੈ ਕਿ ਮਾਨਯੋਗ ਮੈਂਬਰ ਸਾਹਿਬਾਨ ਨੇ ਵੀ ਇਸ ਦਾ ਸਮਰਥਨ ਕੀਤਾ ਹੈ । ਸਪੀਕਰ ਸਾਹਿਬ, ਮਿਉਨਸਿਪਲ ਕਮੇਟੀਆਂ ਅਰਬੇਨਾਈਜ਼ੇਸ਼ਨ ਦੀ ਸ਼ਕਲ ਵਿਚ ਹਨ । ਇਨ੍ਹਾਂ ਦੀ ਪੰਚਾਇਤਾਂ ਨਾਲੋਂ ਸ਼ਕਲ ਡਿਫਰੈਂਟ ਹੈ । ਇਸ ਲਈ ਇਹ ਜ਼ਰੂਰੀ ਹੈ ਕਿ ਮਿਉਂਸਿਪਲ ਕਮੇਟੀਆਂ ਦਾ ਕੰਮ ਲਗਾਤਾਰ ਚਲੇ ਅੌਰ ਅਸੰਬਲੀ ਵਾਂਗ ਅੌਰ ਪਾਰਲੀਆਮੈਂਟ ਵਾਂਗ ਇਸ ਵਿੱਚ ਬਰੇਕ ਨਾ ਆਵੇ ਅੌਰ ਜੇ ਕਦੇ ਆ ਵੀ ਜਾਵੇ ਤਾਂ ਵਿਦਇਨ 6 ਮੰਥਸ ਇਲੈਕਸ਼ਨ ਹੋ ਜਾਣ । ਲੇਕਿਨ ਬਦਕਿਸਮਤੀ ਹੈ ਕਿ ਪੰਚਾਇਤਾਂ ਦੇ ਪੰਚ ਅੌਰ ਸਰਪੰਚ ਤਾਂ ਫਿਰ ਵੀ ਪਿਛਲੇ 10-11 ਸਾਲ ਕਾਇਮ ਰਹੇ ਹਨ ਪਰ ਅਰਬਨ ਏਰੀਆਜ਼ ਵਿਚ ਮਿਊਨਸਿਪਲ ਕਮੇਟੀਆਂ ਦੀਆਂ ਚੋਣਾਂ 13 ਸਾਲ ਬਾਅਦ ਹੋਈਆਂ । ਇਹ ਇਲੈਕਸ਼ਨਾਂ ਵੀ ਸਾਡੀ ਸਰਕਾਰ, ਸਰਦਾਰ ਬੇਅੰਤ ਸਿੰਘ ਦੀ ਸਰਕਾਰ ਨੇ ਆ ਕੇ ਕਰਵਾਈਆਂ ਅੌਰ ਇਹ ਸਰਸੋਂ ਹਥੇਲੀ ਤੇ ਜਮਾ ਕੇ ਦੱਸੀ ਹੈ । ਜਿਸ ਤਰ੍ਹਾਂ ਕਿ ਗਵਰਨਰ ਸਾਹਿਬ ਨੇ ਪਿਛਲੇ ਸੈਸ਼ਨ ਵਿਚ ਕਿਹਾ ਸੀ ਕਿ ਪੰਜਾਬ ਸਰਕਾਰ ਸਭ ਤੋਂ ਪਹਿਲਾਂ ਮਿਊਨਸਿਪਲ ਕਮੇਟੀਆਂ ਦੀਆਂ ਇਲੈਕਸ਼ਨਾਂ ਕਰਵਾਏਗੀ ਅੌਰ ਫਿਰ ਪੰਚਾਇਤਾਂ ਦੀਆਂ ਚੋਣਾਂ ਕਰਵਾਏਗੀ ਅੌਰ ਇਕ ਸਾਲ ਬਾਅਦ ਗਰਾਸ ਰੂਟ ਤੇ ਡੈਮੋਕਰੇਸੀ ਨੂੰ ਮੁੜ ਸੁਰਜੀਤ ਕਰੇਗੀ ।

ਸਪੀਕਰ ਸਾਹਿਬ, ਸੁਰਜੀਤ ਦਾ ਲਫਜ਼ ਮੈਂ ਇਸ ਲਈ ਇਸਤੇਮਾਲ ਕੀਤਾ ਹੈ ਕਿਉਂਕਿ ਪਰਜਾਤੰਤਰ ਦੇ ਖਿਲਾਫ਼ ਬਹੁਤ ਵਡੀਆਂ ਸਾਜ਼ਸ਼ਾਂ ਸਨ, ਵਿਦੇਸ਼ੀ ਮੁਲਕਾਂ ਦਾ ਵੀ ਹੱਥ ਸੀ ਉਹ ਨਹੀਂ ਚਾਹੁੰਦੇ ਸਨ ਕਿ ਪੰਜਾਬ ਵਿਚ ਇਲੈਕਸ਼ਨ ਹੋਣ। ਲਗਾਤਾਰ 57 ਮਹੀਨੇ ਪ੍ਰੈਜ਼ੀਡੈਂਟ ਰੂਲ ਪੰਜਾਬ ਵਿਚ ਰਿਹਾ, ਸ਼ਾਇਦ ਇਤਨਾ ਅਰਸਾ ਕਦੇ ਵੀ ਹਿੰਦੁਸਤਾਨ ਦੇ ਕਿਸੇ ਸੂਬੇ ਵਿਚ ਨਾ ਰਿਹਾ ਹੋਵੇ। ਸਾਡੀ ਬਦਕਿਸਮਤੀ ਹੈ ਕਿ ਉਸ ਪਰਜਾਤੰਤਰ ਨੂੰ ਬਹਾਲ ਕਰਨ ਲਈ ਜਿਹੜੀ ਸੈਂਟਰ ਵਿਚ ਪਹਿਲੇ ਆਪੋਜ਼ੀਸ਼ਨ ਦੀ ਸਰਕਾਰ ਬਣੀ ਸੀ ਉਸ ਸਰਕਾਰ ਨੇ ਵੀ ਕੋਸ਼ਿਸ਼ ਕੀਤੀ। ਖਾਸ ਕਰਕੇ ਸ੍ਰੀ ਚੰਦਰ ਸ਼ੇਖਰ ਨੇ ਜੋ ਕੋਸ਼ਿਸ਼ ਕੀਤੀ, ਜਿਸ ਵੇਲੇ ਪੰਜਾਬ ਵਿਚ ਖੂਨ ਦੀ ਹੋਲੀ ਖੇਡੀ ਜਾ ਰਹੀ ਸੀ, ਉਸ ਵੇਲੇ ਉਹ ਇਲੈਕਸ਼ਨਾਂ ਕਰਵਾ ਕੇ ਪੰਜਾਬ ਨੂੰ ਖਤਮ ਕਰਨ ਤੇ ਤੁਲੀ ਹੋਈ ਸੀ, ਪੰਜਾਬ ਨੂੰ ਅਤਿਵਾਦੀਆਂ ਔਰ ਵੱਖਵਾਦੀਆਂ ਦੇ ਹਵਾਲੇ ਕਰਨਾ ਚਾਹੁੰਦੀ ਸੀ ਜਦ ਕਿ ਪਾਰਲੀਆਮੈਂਟ ਨੇ ਇਹ ਕਿਹਾ ਸੀ ਕਿ ਪੰਜਾਬ ਦੇ ਇਲੈਕਸ਼ਨ ਹਿੰਦੁਸਤਾਨ ਦੀਆਂ ਇਲੈਕਸ਼ਨਾਂ ਦੇ ਨਾਲ ਨਾ ਕਰਵਾਏ ਜਾਣ, ਲੇਕਿਨ ਉਸ ਵੇਲੇ ਦੇ ਜ਼ਿੱਦੀ ਪ੍ਰਾਈਮ ਮਨਿਸਟਰ ਕਾਂਗ੍ਰਸ ਤੋਂ ਬਗੈਰ ਇਲੈਕਸ਼ਨ ਕਰਾਉਣ ਲਈ ਡਟੇ ਰਹੇ। (ਵਿਘਨ) ਸਪੀਕਰ ਸਾਹਿਬ, ਮਿੱਤਲ ਸਾਹਿਬ, ਰੈਲੇਵੈਂਸੀ ਦਾ ਜ਼ਿਕਰ ਕਰਦੇ ਹਨ। ਮੈਂ ਦਸਦਾ ਹਾਂ ਕਿ ਜਦੋਂ ਇਨ੍ਹਾਂ ਨੇ ਬੋਲਦੇ ਹੋਏ ਕਿਹਾ ਕਿ ਕਾਂਗ੍ਰਸ ਨੇ ਕਾਂਸਟੀਚਿਊਸ਼ਨ ਨੂੰ ਖਤਮ ਕਰ ਦਿੱਤਾ ਹੈ, ਉਹ ਕੀ ਰੈਲੇਵੈਂਸੀ ਸੀ ? ਸਪੀਕਰ ਸਾਹਿਬ, ਇਹ ਕਾਂਗਰਸ ਪਾਰਟੀ ਦੀ ਹੀ ਸਰਕਾਰ ਸੀ ਜਿਸ ਨੇ ਸਰਦਾਰ ਬੇਅੰਤ ਸਿੰਘ ਵਰਗਾ ਡੈਮੋਕਰੇਟਿਕ ਲੀਡਰ ਦਿੱਤਾ। ਪੰਜਾਬ ਵਿੱਚ ਗਰਾਸਰੂਟ ਲੈਵਲ ਤੇ ਡੈਮੋਕਰੇਸੀ ਨੂੰ ਸਰਦਾਰ ਬੇਅੰਤ ਸਿੰਘ ਨੇ ਬਹਾਲ ਕੀਤਾ। ਕਾਂਗਰਸ ਪਾਰਟੀ ਦੀ ਸੈਂਟਰ ਸਰਕਾਰ ਨੇ ਸੁਰਖਿਆ ਦਾ ਮਾਹੌਲ ਪੈਦਾ ਕੀਤਾ ਅਤੇ ਪੰਜਾਬ ਵਿਚ ਅਸੰਬਲੀ ਦੀਆਂ ਇਲੈਕਸ਼ਨਾਂ ਕਰਵਾਈਆਂ ਜਦ ਕਿ ਪਹਿਲੇ ਇਲੈਕਸ਼ਨਾਂ ਦੇ ਦੌਰਾਨ 27 ਉਮੀਦਵਾਰਾਂ ਦੇ ਕਤਲ ਹੋ ਗਏ। ਸਾਡੀ ਪਾਰਟੀ ਦੀ ਸਰਕਾਰ ਨੇ ਇਲੈਕਸ਼ਨਾਂ ਕਰਵਾ ਕੇ ਪੰਜਾਬ ਵਿਚ ਸੁਰਖਿਆ ਦਾ ਮਾਹੌਲ ਸ਼ਾਂਤੀ ਦਾ ਮਾਹੌਲ ਪੈਦਾ ਕੀਤਾ। ਇਥੇ ਮੁਖਾਲਫਤ ਪਾਰਟੀ ਵਲੋਂ ਕਹਿਣਾ ਕਿ ਸਰਕਾਰ ਕਾਂਸਟੀਚਿਊਸ਼ਨ ਨੂੰ ਛੱਡ ਕੇ ਡਿਕਟੇਟਰਸ਼ਿਪ ਵੱਲ ਜਾ ਰਹੀ ਹੈ। ਜਦ ਕਿ ਮੁਖਾਲਫਤ ਪਾਰਟੀ ਦੇ ਲੀਡਰ ਕਾਤਲਾਂ ਦੇ ਨਾਲ ਮਿਲ ਕੇ ਪੰਜਾਬ ਵਿਚ ਡਿਪਟੀ ਚੀਫ਼ ਮਨਿਸਟਰ ਦੀ ਕੁਰਸੀ ਦੇ ਲਈ ਰੋਟੀਆਂ ਸੇਕ ਰਹੇ ਸਨ। ਹਿੰਦੁਸਤਾਨ ਦੀ ਸਰਕਾਰ ਨੇ ਪੰਜਾਬ ਵਿਚ ਇਲੈਕਸ਼ਨਾਂ ਕਰਵਾਈਆਂ ਅਤੇ ਕਿਸੇ ਨੂੰ ਝਰੀਟ ਤੱਕ ਨਹੀਂ ਆਉਣ ਦਿੱਤੀ। ਅਸੰਬਲੀ ਦੀਆਂ ਇਲੈਕਸ਼ਨਾਂ ਵਿਚ ਪੰਜਾਬ ਦੇ ਲੋਕਾਂ ਨੇ ਕਾਂਗਰਸ ਪਾਰਟੀ ਦਾ ਸਾਥ ਦਿੱਤਾ ਅਤੇ ਇਸ ਦੇ 87 ਮੈਂਬਰ ਚੁਣ ਕੇ ਇਥੇ ਆਏ ਅਤੇ ਪੰਜਾਬ ਵਿਚ ਫਿਰਕਾਪ੍ਰਸਤ ਪਾਰਟੀਆਂ ਬੀ.ਜੇ.ਪੀ, ਅਕਾਲੀ ਪਾਰਟੀ ਅਤੇ ਹੋਰ ਕਿਸੇ ਪਾਰਟੀ ਨੂੰ ਅਗੇ ਨਹੀਂ ਆਉਣ ਦਿੱਤਾ। ਮੈਂ ਆਪਣੀ ਸਪੀਚ ਨੂੰ ਪੁਲੀਟੀਕਲਾਈਜ਼ ਨਹੀਂ ਕਰਨਾ ਚਾਹੁੰਦਾ ਸੀ।

Mr. Speaker : Please be relevant. No interruption.

ਵਿੱਤ ਮੰਤਰੀ : ਸਪੀਕਰ ਸਾਹਿਬ, ਅਸੀਂ ਇਸ ਦੀ ਰੈਟੀਫ਼ੀਕੇਸ਼ਨ ਵਾਸਤੇ ਇਹ ਮਤਾ ਲਿਆਂਦਾ ਸੀ ਅਤੇ ਇਸ ਗੱਲ ਨੂੰ ਇਨਸ਼ੋਅਰ ਕੀਤਾ ਗਿਆ ਸੀ ਕਿ ਅਗਰ ਕੋਈ ਐਸਾ ਮੌਕਾ ਆ ਜਾਵੇ ਸਟੇਟ ਵਿਚ ਇਲੈਕਸ਼ਨ ਕਰਵਾਉਣ ਦਾ ਗੈਪ 5 ਸਾਲ ਤੋਂ ਵੱਧ ਨਾ ਹੋਵੇ ਅਤੇ ਅਗਰ ਕਿਸੇ ਕਾਰਣ ਨਹੀਂ ਕਰਵਾਈਆਂ ਜਾ ਸਕਦੀਆਂ ਤਦ 6 ਮਹੀਨਿਆਂ ਦੇ ਵਿਚ

[ਵਿੱਤ ਮੰਤਰੀ]

[illegible] ਜ਼ਰੂਰ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ ਤਾਂ ਕਿ ਪੁਲੀਟੀਕਲ ਪ੍ਰੋਸੈਸ ਚਲਦਾ ਰਹੇ । ਇਸ ਨੂੰ ਪਹਿਲੇ ਹੀ ਲੋਕ ਸਭਾ ਤੇ ਰਾਜ ਸਭਾ ਪਾਸ ਕਰ ਚੁੱਕੀ ਹੈ। ਇਸ ਵਿਚ ਲੇਡੀਜ਼ ਨੂੰ ਇਕ ਤਿਹਾਈ ਹਿੱਸਾ ਦਿੱਤਾ ਗਿਆ ਹੈ । ਪੰਚਾਇਤ ਇਲੈਕਸ਼ਨ ਵਿਚ ਅਤੇ ਮਿਊਂਸਪਲ ਕਮੇਟੀਆਂ ਦੀਆਂ ਇਲੈਕਸ਼ਨਾਂ ਵਿਚ ਹਿੱਸਾ ਮਿਲੇਗਾ ਇਸ ਗੱਲ ਦੀ ਪ੍ਰੋਵੀਜ਼ਨ ਕੀਤੀ ਗਈ ਹੈ । ਇਹ ਠੀਕ ਹੈ ਕਿ ਪਹਿਲੇ 2 ਲੇਡੀਜ਼ ਨੂੰ ਕੋਆਪਟ ਕੀਤਾ ਜਾਂਦਾ ਸੀ ਪਰ ਹੁਣ 1/3 ਹਿੱਸਾ ਦਿੱਤਾ ਜਾਵੇਗਾ । ਇਹ ਬਹੁਤ ਵੱਡੀ ਚੀਜ਼ ਕੀਤੀ ਹੈ ਅਤੇ ਪੁਰਸ਼ਾ ਦੇ ਬਰਾਬਰ ਲਿਆਂਦਾ ਗਿਆ ਹੈ । ਅਗਲੀ ਗੱਲ ਇਹ ਹੈ ਕਿ ਸਾਨੂੰ ਪਤਾ ਹੈ ਕਿ ਮਿਊਂਸਪਲ ਕਮੇਟੀਜ਼ ਅਤੇ ਲੋਕਲ ਗੌਰਮਿੰਟ ਡਿਪਾਰਟਮੈਂਟ ਕੋਲ ਫਾਈਨੈਂਸ ਦੀ ਬੜੀ ਕਮੀ ਹੁੰਦੀ ਹੈ ਅਤੇ ਪਤਲੀ ਹਾਲਤ ਹੁੰਦੀ ਹੈ । ਇਸਦੇ ਵਿਚ ਵਿਵਸਥਾ ਕੀਤੀ ਗਈ ਹੈ ਕਿ ਸਟੇਟ ਫਾਈਨੈਂਸ ਕਮਿਸ਼ਨ ਦਾ ਗਠਨ ਕੀਤਾ ਜਾਵੇਗਾ ਅਤੇ ਫਾਈਨੈਂਸ ਕਮਿਸ਼ਨ ਵੇਖੇਗਾ ਕਿ ਕਿਸ ਨਗਰ ਪਾਲਿਕਾ ਦੇ ਰੀਸੋਰਸਿਜ਼ ਨੂੰ ਕਿੱਦਾਂ ਵਧਾਇਆ ਜਾ ਸਕਦਾ ਹੈ । ਜਿਹੜੇ ਸਾਡੇ ਟੈਕਸਿਜ਼ ਸਟੇਟ ਟਰੇਜ਼ਰੀ ਕਨਸੋਲੀਡੇਟਡ ਫੰਡਜ਼ ਦੀ ਸ਼ਕਲ ਵਿਚ ਆਉਂਦੇ ਹਨ, ਮਾਰਕਿਟ ਕਮੇਟੀ ਦੀਆਂ ਫੀਸਾਂ ਰਜਿਸਟਰੀਆਂ ਹੁੰਦੀਆਂ ਹਨ ਅਤੇ ਬਹੁਤ ਸਾਰੀਆਂ ਚੀਜ਼ਾਂ ਮਿਊਂਸਪਲ ਏਰੀਆ ਵਿਚ ਹੁੰਦੀਆਂ ਹਨ ਇਸਦਾ ਕੁਝ ਹਿੱਸਾ ਮਿਊਂਸਪਲ ਕਮੇਟੀਜ਼ ਨੂੰ ਦੇ ਦਿੱਤਾ ਜਾਵੇ, ਇਸ ਗੱਲ ਦੀ ਵਿਵਸਥਤਾ ਕੀਤੀ ਗਈ ਹੈ । ਫਾਈਨੈਂਸ ਕਮਿਸ਼ਨ ਸੈਂਟਰ ਦਾ ਚਾਹੇ ਮੁਕਰਰ ਹੋਵੇ । ਉਹ ਆਪਣੀ ਰਿਕੁਮੈਂਡੇਸ਼ਨ ਭੇਜੇਗਾ । ਮਿਊਂਸਪਲ ਕਾਰਪੋਰੇਸ਼ਨ/ਮਿਊਂਸਪਲ ਕਮੇਟੀਜ਼ ਅਤੇ ਕਈ ਕਾਰਪੋਰੇਸ਼ਨਾਂ ਵਿਚ ਸੈਂਟਰ ਦੀ ਐਕਸਾਈਜ਼ ਡਿਊਟੀਜ਼ ਦਾ ਹਿੱਸਾ ਆਉਂਦਾ ਹੈ । ਸਟੇਟ ਫਾਈਨੈਂਸ ਕਮਿਸ਼ਨ ਇਸ ਫਾਈਨੈਂਸ਼ੀਅਲ ਪੁਜ਼ੀਸ਼ਨ ਵਿਚ ਸੁਧਾਰ ਲਿਆਉਣ ਲਈ ਮਦਦ ਕਰੇਗਾ । ਇਸ ਤਰੀਕੇ ਨਾਲ ਫਾਈਨੈਂਸ਼ੀਅਲ ਹਾਲਾਤ ਵਿਚ ਸੁਧਾਰ ਆਵੇਗਾ । ਇਥੇ ਇਕ ਮਾਨਯੋਗ ਮੈਂਬਰ ਨੇ ਵੋਟਰ ਲਿਸਟ ਠੀਕ ਨਹੀਂ ਸਨ, ਬਾਰੇ ਕਿਹਾ ਹੈ । ਸਪੀਕਰ ਸਾਹਿਬ, ਕੁਝ ਰੂਲਜ਼ ਔਰ ਕੁਝ ਐਕਟ ਦੇ ਵਿਚ ਅਮੈਂਡਮੈਂਟ ਕਰਨ ਦੀ ਲੋੜ ਹੈ । ਜਿਹੜੇ ਦੋਬਾਰਾ ਵੋਟਰ ਲਿਸਟਾਂ ਬਣਾਉਣ ਦੇ ਆਰਡਰ ਕੀਤੇ ਗਏ ਸੀ ਉਸ ਵਿਚ ਕੁਝ ਗਲਤੀਆਂ ਹੋ ਸਕਦੀਆਂ ਹਨ, ਉਨ੍ਹਾਂ ਦਾ ਸੰਸ਼ੋਧਨ ਕਰਾਂਗੇ ਤਾਂਕਿ ਉਸ ਦੀ ਠੀਕ ਦਰੁਸਤੀ ਹੋ ਸਕੇ ਕਈ ਸ਼ੰਕੇ ਵੀ ਕੀਤੇ ਗਏ ਹਨ ਕਿ ਪ੍ਰੈਜ਼ੀਡੈਂਟਾਂ ਦੇ ਇਲੈਕਸ਼ਨ ਵਿਚ ਹੋਏ ਹਨ । ਪੰਚਾਇਤਾਂ ਵਿਚ ਵੀ ਹੋਏ ਹਨ । ਸਪੀਕਰ ਸਾਹਿਬ, ਮਿਊਂਸਪਲ ਕਮੇਟੀਆਂ ਅਤੇ ਪੰਚਾਇਤਾਂ ਦੀਆਂ ਜਿਸ ਢੰਗ ਨਾਲ ਸਹੀ ਤਰੀਕੇ ਦੇ ਨਾਲ ਚੋਣਾਂ ਹੋਈਆਂ ਹਨ । ਉਹ ਮਿਸਾਲ ਪੰਜਾਬ ਦੀ ਤਾਰੀਖ ਵਿਚ ਪਹਿਲਾਂ ਕਦੇ ਨਹੀਂ ਮਿਲਦੀ । (ਥੰਪਿੰਗ) ਪਹਿਲੀ ਵਾਰ ਖਰਾਬ ਹਾਲਾਤ ਦੇ ਬਾਵਜੂਦ ਵੀ ਇਲੈਕਸ਼ਨਾਂ ਸੁਰਖਿਅਤ ਮਾਹੌਲ ਵਿਚ ਹੋਈਆਂ ਹਨ । ਕਿਸੇ ਵੀ ਕੈਂਡੀਡੇਟ ਨੂੰ ਅਤੇ ਕਿਸੇ ਵੀ ਵੋਟਰ ਨੂੰ ਕੋਈ ਤਕਲੀਫ ਨਹੀਂ ਹੋਈ । ਇਸ ਵਾਰ ਲੋਕਾਂ ਨੇ ਬਹੁਤ ਹੀ ਵੱਧ ਚੜ੍ਹਕੇ ਹਿਸਾ ਲਿਆ ਤਕਰੀਬਨ 80% ਤੋਂ 89% ਤਕ ਵੋਟਾਂ ਭੁਗਤੀਆਂ । (ਥੰਪਿੰਗ) ਇਹ ਗੱਲ ਸਾਫ ਜ਼ਾਹਰ ਕਰਦੀ ਹੈ ਕਿ ਪੰਜਾਬ ਦੇ ਲੋਕ ਡੈਮੋਕਰੇਸੀ ਨੂੰ ਅਪਣਾਉਣਾ ਚਾਹੁੰਦੇ ਹਨ, ਗਰਾਸ ਰੂਟ ਤਕ ਡੈਮੋਕਰੇਸੀ ਨੂੰ ਲੋਕ ਲਿਜਾਣਾ ਚਾਹੁੰਦੇ ਹਨ । ਸਪੀਕਰ ਸਾਹਿਬ, ਮਿਊਂਸਪਲ ਕਮੇਟੀਆਂ ਅਤੇ ਪੰਚਾਇਤਾਂ ਵਾਸਤੇ ਮੇਰੇ ਸਾਥੀ ਸਰਦਾਰ ਉਮਰਾਓ ਸਿੰਘ ਜੀ ਨੇ ਵੀ ਦੱਸਿਆ ਹੈ ਕਿ 100 ਕਰੋੜ ਰੁਪਿਆ ਪਿੰਡਾਂ ਦੀ ਡਿਵੈਲਪਮੈਂਟ ਵਾਸਤੇ ਖਰਚ ਕਰਾਂਗੇ । ਸ਼ਹਿਰਾਂ ਵਿਚ ਆਬਾਦੀ ਅਗੇ ਨਾਲੋਂ ਵਧੀ ਹੈ । 22 ਸਾਲ

ਹੋ ਗਏ ਹਨ ਔਰ ਪਹਿਲਾਂ 22% ਆਬਾਦੀ ਸ਼ਹਿਰਾਂ ਵਿਚ ਸੀ ਜੋ ਕਿ ਹੁਣ ਵੱਧ ਕੇ 29% ਹੋ ਗਈ ਹੈ । ਇਥੇ ਕਿਹਾ ਗਿਆ ਹੈ ਕਿ ਨੋਟੀਫਾਈਡ ਏਰੀਆ ਕਿਉਂ ਬਣਾਏ ਗਏ ਹਨ । ਅਗਰ 12,000 ਪਿੰਡਾਂ ਵਿਚੋਂ 20-22 ਨੋਟੀਫਾਈਡ-ਏਰੀਆਜ਼ ਕਮੇਟੀਆਂ ਬਣ ਗਈਆਂ ਹਨ ਤਾਂ ਇਹ ਪੰਜਾਬ ਸਰਕਾਰ ਨੇ ਠੀਕ ਗੱਲ ਕੀਤੀ ਹੈ । ਪੰਜਾਬ ਸਰਕਾਰ ਨੋਟੀਫਾਈਡ-ਏਰੀਆਜ਼ ਕਮੇਟੀਆਂ ਬਣਾ ਸਕਦੀ ਹੈ । ਇਸ ਬਾਰੇ ਐਕਟ ਵਿਚ ਜੋ ਪਰੋਵੀਜਨ ਹੈ ਉਹ ਪਾਸ ਹੋਣ ਤੋਂ ਬਾਅਦ ਗਜ਼ਟ ਨੋਟੀਫਿਕੇਸ਼ਨ ਹੋਵੇਗੀ । ਅਮੈਂਡਮੈਂਟ ਦੋਬਾਰਾ ਸਦਨ ਵਿਚ ਲਿਆਕੇ ਕੰਮ ਮੁਕੰਮਲ ਕੀਤਾ ਜਾਏਗਾ । ਸਪੀਕਰ ਸਾਹਿਬ, ਸਾਡੀ ਸੀ.ਪੀ.ਆਈ. ਦੀ ਮੈਂਬਰ ਸ੍ਰੀਮਤੀ ਵਿਮਲਾ ਡਾਂਗ ਨੇ ਹੁਣੇ ਕਿਹਾ ਹੈ ਕਿ ਈ.ਓ. ਦੀਆਂ ਜਿਹੜੀਆਂ ਤਾਕਤਾਂ ਹਨ ਉਨ੍ਹਾਂ ਨੂੰ ਖਤਮ ਕਰਨਾ ਚਾਹੀਦਾ ਹੈ । ਮੈਨੂੰ ਖੁਸ਼ੀ ਹੈ ਸਪੀਕਰ ਸਾਹਿਬ, ਇਹ ਕਹਿਣ ਵਿਚ ਕਿ ਸਰਦਾਰ ਬੇਅੰਤ ਸਿੰਘ ਜੀ ਦੀ ਰਹਿਨੁਮਾਈ ਥੱਲੇ ਅਸੀਂ ਫੈਸਲਾ ਕੀਤਾ ਹੈ ਕਿ ਜੋ ਪੁਰਾਣਾ 1911 ਦਾ ਮਿਉਂਸਪਲ ਕਮੇਟੀ ਬਾਰੇ ਐਕਟ ਹੈ ਉਸ ਨੂੰ ਅਸੀਂ ਤਬਦੀਲ ਕਰਨਾ ਚਾਹੁੰਦੇ ਹਾਂ । ਉਸ ਐਕਟ ਨੂੰ ਪੂਰੇ ਦਾ ਪੂਰਾ ਖਤਮ ਕਰਕੇ ਨਵਾਂ ਐਕਟ ਬਨਾਉਣਾ ਹੈ । ਸਪੀਕਰ ਸਾਹਿਬ, ਇਸ ਬਾਰੇ ਮੁੱਖ ਮੰਤਰੀ ਸਾਹਿਬ ਨੇ ਅਨਾਊਂਸਮੈਂਟ ਲੁਧਿਆਣੇ ਵਿਚ ਕੀਤੀ ਸੀ । ਜੋ ਅਸੀਂ ਲੋਕਾਂ ਦੇ ਨਾਲ ਵਾਅਦਾ ਕੀਤਾ ਸੀ । ਉਸ ਨੂੰ ਪੂਰਾ ਕੀਤਾ ਹੈ । (ਥੰਪਿੰਗ) ਅਸੀਂ ਅਨਾਊਂਸਮੈਂਟ ਕੀਤੀ ਸੀ ਕਿ ਮਿਉਂਸਪਲ ਕਮੇਟੀਆਂ ਨੂੰ ਵੀ ਵੱਧ ਅਧਿਕਾਰ ਦਿਤੇ ਜਾਣਗੇ । ਉਸ ਬਾਰੇ ਵੀ ਮੈਂ ਦੱਸ ਦੇਣਾ ਚਾਹੁੰਦਾ ਹਾਂ ਕਿ ਅਸੀਂ ਮਿਉਂਸਪਲ ਐਕਟ 1911 ਵਾਲੇ ਨੂੰ ਤਬਦੀਲ ਕਰਾਂਗੇ । ਇਸ ਬਾਰੇ ਅਮੈਂਡਮੈਂਟ ਲਿਆਵਾਂਗੇ । ਨਵਾਂ ਬਿੱਲ ਲਿਆਵਾਂਗੇ ਜਿਸ ਨਾਲ ਜੋ ਮਿਉਂਸਪਲ ਕਮੇਟੀ ਦੇ ਪ੍ਰੈਜ਼ੀਡੈਂਟ ਹਨ ਉਨ੍ਹਾਂ ਦੇ ਦਸਤਖਤਾਂ ਤੋਂ ਬਗੈਰ ਕੋਈ ਵੀ ਚੈਕ ਬੈਂਕ ਤੋਂ ਪਾਸ ਨਹੀਂ ਹੋਵੇਗਾ । ਪਹਿਲਾਂ ਸਿਰਫ ਈ.ਓ. ਕੋਲ ਅਧਿਕਾਰ ਸੀ । ਹੁਣ ਪ੍ਰੈਜ਼ੀਡੈਂਟ ਅਤੇ ਈ.ਓ. ਦੋਨਾਂ ਦੇ ਦਸਤਖਤ ਹੋਣਗੇ ਤਾਂ ਹੀ ਉਹ ਚੈਕ ਬੈਂਕ ਤੋਂ ਪਾਸ ਹੋਵੇਗਾ । ਕੋਈ ਵੀ ਪੈਸਾ ਹੋਵੇ ਉਸ ਵਿਚ ਪ੍ਰੈਜ਼ੀਡੈਂਟ ਸ਼ਾਮਿਲ ਹੋਵੇਗਾ । ਲੋਕਲ ਟਰਾਂਸਫਰਾਂ ਜੋ ਸਮੇਂ ਸਮੇਂ ਸਿਰ ਹੁੰਦੀਆਂ ਸਨ ਤਾਂ ਉਹ ਈ. ਓ. ਹੁਣ ਇਕੱਲਾ ਨਹੀਂ ਕਰ ਸਕੇਗਾ ਬਲਕਿ ਸਭ ਤੋਂ ਪਹਿਲਾਂ ਹੁਣ ਪ੍ਰੈਜ਼ੀਡੈਂਟ ਦੀ ਕਨਸੈਂਟ ਹੋਵੇਗੀ ਫਿਰ ਟਰਾਂਸਫਰ ਈ. ਓ. ਕਰ ਸਕੇਗਾ । ਪ੍ਰੈਜ਼ੀਡੈਂਟ ਤੋਂ ਬਿਨਾਂ ਹੁਣ ਈ. ਓ. ਕੋਈ ਫੈਸਲਾ ਨਹੀਂ ਕਰ ਸਕੇਗਾ । ਕਈ ਦਫਾ ਕਮੇਟੀਆਂ ਨੂੰ ਮੁਸ਼ਕਿਲ ਪੇਸ਼ ਆਉਂਦੀ ਸੀ ਕਿ ਉਨ੍ਹਾਂ ਦੇ ਪਾਸ ਕੀਤੇ ਰੈਜ਼ੋ-ਲਿਊਸ਼ਨ ਐਸ.ਡੀ.ਐਮ. ਸਾਹਿਬਾਨ ਹੀ ਸਟੇਅ ਕਰ ਦਿੰਦੇ ਸਨ । ਇਸ ਕਰਕੇ ਕਮੇਟੀਆਂ ਨੂੰ ਬੜੀ ਪ੍ਰੇਸ਼ਾਨੀ ਹੁੰਦੀ ਸੀ । ਹੁਣ ਇਸ ਤੇ ਡੀ. ਸੀ. ਸਾਹਿਬ ਹੀ ਗੌਰ ਕਰ ਸਕਣਗੇ । ਹੋਰ ਕੋਈ ਨਹੀਂ । ਉਹ ਹੀ ਅਗਰ ਚਾਹੁਣਗੇ ਤਾਂ ਸਟੇਅ ਕਰ ਸਕਣਗੇ । ਬਾਕੀ ਜਿਹੜੇ ਪੰਜਾਬ ਗੌਰਮਿੰਟ ਪਾਸ ਰਾਈਟਸ ਹਨ, ਉਨ੍ਹਾਂ ਦੇ ਮੁਤਾਬਿਕ ਡਾ. ਡੀ. ਆਰ. ਔਰ ਡਾਇਰੈਕਟਰ ਦੇ ਲੈਵੱਲ ਤੇ ਹੀ ਅਪ੍ਰੂਵ ਕਰਨ ਦਾ ਔਰ ਸਟੇਅ ਕਰਨ ਦਾ ਅਖਤਿਆਰ ਰਹੇਗਾ । ਸਪੀਕਰ ਸਾਹਿਬ, ਸਰਕਾਰ ਦਾ ਵਿਚਾਰ ਹੈ ਕਿ ਮਿਊਂਸਪਲ ਕਮੇਟੀਆਂ ਤੋਂ ਸ਼ੇਅਰ ਲੈ ਕੇ ਚੰਡੀਗੜ੍ਹ ਵਿਚ ਮਿਊਂਸਪਲ ਭਵਨ ਬਣਾਇਆ ਜਾਵੇ । ਆਨਰੇਰੀਅਮ ਦੇ ਤੌਰ ਤੇ 1,000/- ਰੁਪਿਆ ਏ ਸ਼੍ਰੇਣੀ ਦੀ ਮਿਉਂਸਪਲ ਕਮੇਟੀ ਦੇ ਪ੍ਰਧਾਨ ਨੂੰ 700/- ਰੁਪਿਆ ਬੀ ਸ਼੍ਰੇਣੀ ਦੀ ਮਿਊਂਸਪਲ ਕਮੇਟੀ ਦੇ ਪ੍ਰਧਾਨ ਨੂੰ ਅਤੇ 500/- ਰੁਪਿਆ ਸੀ ਸ਼੍ਰੇਣੀਆਂ ਦੀ ਮਿਊਂਸਪਲ ਕਮੇਟੀਆਂ ਦੇ ਪ੍ਰਧਾਨਾਂ ਨੂੰ ਦਿੱਤਾ ਜਾਵੇਗਾ । ਪ੍ਰੈਜ਼ੀਡੈਂਟ ਨੂੰ ਇਹ

[ਵਿੱਤ ਮੰਤਰੀ]

ਵੀ ਹੱਕ ਹਾਸਲ ਹੋਵੇਗਾ ਕਿ ਅਗਰ ਦਫ਼ਤਰ ਵਿਚ ਕੋਈ ਚਾਹ ਪਾਣੀ ਵਾਸਤੇ ਖ਼ਰਚ ਕਰਨਾ ਪੈਂਦਾ ਹੈ ਜਦੋਂ ਕੋਈ ਮਿਲਣ ਆ ਜਾਂਦਾ ਹੈ, ਤਾਂ ਉਸ ਵਾਸਤੇ ਉਨ੍ਹਾਂ ਨੂੰ ਅਖਤਿਆਰ ਹੋਵੇਗਾ ਕਿ 500/- ਰੁਪਿਆ ਏ ਕੈਟੇਗਰੀ, 400/- ਰੁਪਿਆ ਬੀ ਕੈਟੇਗਰੀ ਅਤੇ 300/- ਰੁਪਿਆ ਸੀ ਕੈਟੇਗਰੀ ਵਾਲੀਆਂ ਮਿਊਂਸਪਲ ਕਮੇਟੀਆਂ ਵਿਚ ਖਰਚਾ ਮਹੀਨੇ ਦਾ ਕਰ ਸਕਦੇ ਹਨ । ਜੇ ਕੋਈ ਮਿਊਂਸਪਲ ਕਮੇਟੀ ਆਪ ਇਹ ਰੈਜ਼ੋਲਿਊਸ਼ਨ ਪਾਸ ਕਰੇ ਕਿ ਪ੍ਰੈਜ਼ੀਡੈਂਟ ਨੂੰ ਨਾਨ ਐਸ. ਟੀ. ਡੀ. ਟੈਲੀਫੋਨ ਸਹੂਲਤ ਦੇ ਦਿੱਤੀ ਜਾਵੇ ਅਤੇ ਉਹ ਖਰਚਾ ਬਰਦਾਸ਼ਤ ਕਰ ਲਏਗੀ, ਤਾਂ ਇਹ ਸਹੂਲਤ ਵੀ ਦੇ ਦਿੱਤੀ ਜਾਵੇਗੀ । ਕਈ ਵਾਰ ਕਿਸੇ ਐਮਰਜੈਂਸੀ ਖਰਚੇ ਲਈ ਪੈਸੇ ਦੀ ਜ਼ਰੂਰਤ ਆ ਜਾਂਦੀ ਹੈ ਤਾਂ ਪ੍ਰੈਜ਼ੀਡੈਂਟਸ ਨੂੰ ਅਖਤਿਆਰ ਦਿੱਤੇ ਗਏ ਹਨ । ਏ ਕੈਟੇਗਰੀ ਲਈ 20,000/- ਰੁਪਏ ਦੀ, ਬੀ ਕੈਟੇਗਰੀ ਲਈ 10,000/- ਰੁਪਏ ਦੀ ਅਤੇ ਸੀ ਕੈਟੇਗਰੀ ਲਈ 5,000/- ਰੁਪਏ ਦੀ । ਕਿਧਰੇ ਕੋਈ ਮਕਾਨ ਆਦਿ ਡਿਗ ਪੈਂਦਾ ਹੈ, ਕਿਧਰੇ ਪਾਣੀ ਆ ਗਿਆ ਆਦਿ ਖਰਚ ਕਰਨ ਦੀ ਸਰਦਾਰ ਬੇਅੰਤ ਸਿੰਘ ਜੀ ਦੀ ਰਹਿਨੁਮਾਈ ਥੱਲੇ ਇਜਾਜ਼ਤ ਦਿੱਤੀ ਗਈ ਹੈ ।

ਸ਼੍ਰੀ ਸਪੀਕਰ : ਐਫ. ਐਮ. ਸਾਹਿਬ, ਤੁਸੀਂ ਹੋਰ ਕਿੰਨਾ ਟਾਈਮ ਲਓਗੇ ।

ਵਿੱਤ ਮੰਤਰੀ : ਬੱਸ ਜੀ, ਮੈਂ ਹੁਣੇ ਖਤਮ ਕਰਨ ਲੱਗਾ ਹਾਂ । ਇਹ ਵੀ ਪ੍ਰੋਵੀਜ਼ਨ ਕਰ ਦਿੱਤੀ ਗਈ ਹੈ ਕਿ ਇੰਪਲਾਈਜ਼ ਦੀ ਏ. ਸੀ. ਆਰ. ਵੀ ਪ੍ਰੈਜ਼ੀਡੈਂਟ ਲਿਖੇਗਾ । ਕਮੇਟੀਆਂ ਨੇ ਕਰੋੜਾਂ ਰੁਪਏ ਕਰਜ਼ਿਆਂ ਦੇ ਰੂਪ ਵਿਚ ਲਿਆ ਹੋਇਆ ਵਾਪਸ ਕਰਨਾ ਹੈ । ਗੌਰਮਿੰਟ ਨੇ ਹਾਲੇ ਫੈਸਲਾ ਕੀਤਾ ਹੈ ਕਿ ਉਸਨੂੰ ਸਟੇਅ ਕਰ ਦਿੱਤਾ ਜਾਵੇ । ਅਸੀਂ ਤਾਂ ਵੈਸੇ ਮੁਆਫ ਹੀ ਕਰਨੇ ਚਾਹੁੰਦੇ ਸੀ ਪਰ ਸਾਨੂੰ ਵੀ ਸੈਂਟਰ ਤੋਂ ਹਾਲੇ ਕੋਈ ਪੈਸਾ ਨਹੀਂ ਮਿਲਿਆ । ਸਪੀਕਰ ਸਾਹਿਬ, ਅਸੀਂ ਚਾਹੁੰਦੇ ਹਾਂ ਕਿ ਕਮੇਟੀਆਂ ਨੂੰ ਜ਼ਿਆਦਾ ਸਹੂਲਤਾਂ ਮਿਲ ਜਾਣ । ਇਸ ਲਈ ਅਸੀਂ ਬਕਾਇਦਾ ਅਮੈਂਡਮੈਂਟਾਂ ਲਿਆਵਾਂਗੇ, ਉਨ੍ਹਾਂ ਨੂੰ ਹੋਰ ਪਾਵਰਫੁੱਲ ਬਣਾਵਾਂਗੇ । ਸੀਵਰੇਜ ਦਾ ਸਿਸਟਮ ਸਭ ਜਗ੍ਹਾ ਜਿਸ ਤਰ੍ਹਾਂ ਕਿਹਾ ਗਿਆ ਹੈ, ਉਸਨੂੰ ਸਾਕਾਰ ਕਰਕੇ ਦੱਸਾਂਗੇ ਕਿ ਕਸਬਿਆਂ ਅਤੇ ਸ਼ਹਿਰਾਂ ਵਿਚ ਰਹਿਣ ਵਾਲੇ ਕਿਸੇ ਵੀ ਭੈਣ ਭਰਾ ਨੂੰ ਸਿਰ ਤੇ ਗੰਦਗੀ ਨਾ ਚੁੱਕਣੀ ਪਵੇ । ਅਸੀਂ ਪੀਣ ਦੇ ਪਾਣੀ ਦੀ ਅਤੇ ਸਾਫ਼ ਸੁਥਰੀਆਂ ਲੈਟਰਿਨਜ਼ ਦੀ ਸਹੂਲਤ ਦੇ ਸਕੀਏ, ਐਸਾ ਸਾਡਾ ਵਿਚਾਰ ਹੈ । ਸਪੀਕਰ ਸਾਹਿਬ, ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡਾ ਵੀ, ਅਤੇ ਮਾਨਯੋਗ ਮੈਂਬਰਾਂ ਦਾ ਵੀ ਆਭਾਰੀ ਹਾਂ ਕਿ ਉਨ੍ਹਾਂ ਨੇ ਜਿਹੜਾ ਏਥੇ ਇਕ ਹਿਸਟਾਰਿਕ ਰੈਟੀਫਿਕੇਸ਼ਨ ਵਾਸਤੇ ਬਿੱਲ ਆਇਆ ਸੀ, ਉਸਨੂੰ ਭਰਪੂਰ ਸਮਰਥਨ ਦੇਣਾ ਹੈ । ਧੰਨਵਾਦ ।

Mr. Speaker : Question is—

"That this House ratifies the amendments to the Constitution of India falling within the purview of clauses (c) and (e) of the proviso to clause (2) of article 368 thereof proposed to be made by the Constitution (Seventy-third Amendment) Bill, 1991 as passed by the Houses of Parliament.

The Motion was carried unanimously.

Mr. Speaker : The House stands adjourned till 9-00 A. M. on Wednesday, the 24th February, 1993,

*1.29 P.M. | *(The Sabha then *adjourned till 9.00 A.M. on Wednesday, the 24th February, 1993).*

Published under the authority of the Punjab Vidhan Sabha and printed by the Controller, Printing and Stationery, Punjab at Govt. Press, Patiala.

Punjab Vidhan Sabha

Debates

24th February, 1993

Vol. IV—No. 2

OFFICIAL REPORT

CONTENTS

Wednesday, the 24th February, 1993

Punjab Vidhan Sabha Secretariat, Chandigarh.

Price Rs. 13-70

PUNJAB VIDHAN SABHA

Wednesday, the 24th February, 1993

The Vidhan Sabha met in the Punjab Vidhan Sabha Hall, Vidhan Bhavan, Sector 1, Chandigarh, at 9-00 A.M. Mr. Speaker (Sardar Harcharn Singh Ajnali) in the Chair.

STARRED QUESTIONS AND ANSWERS

ਧੀਰੋਵਾਲ—ਸ੍ਰੀ ਹਰਗੋਬਿੰਦਪੁਰ ਡਰੇਨ ਦੀ ਖੁਦਾਈ

*736. **ਕਾਮਰੇਡ ਗੁਰਨਾਮ ਸਿਘ ਧੀਰੋਵਾਲ :** ਕੀ ਸਿੰਜਾਈ ਅਤੇ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਗੁਰਦਾਸਪੁਰ ਵਿਚ ਧੀਰੋਵਾਲ–ਸ੍ਰੀ ਹਰਗੋਬਿੰਦਪੁਰ ਡਰੇਨ ਦੀ ਖੁਦਾਈ ਲਈ ਖਰਚੇ ਦੇ ਕੋਈ ਅਨੁਮਾਨ ਤਿਆਰ ਕੀਤੇ ਗਏ ਸਨ, ਜੇਕਰ ਅਜਿਹਾ ਹੋਵੇ, ਤਾਂ ਉਕਤ ਕੰਮ ਦੇ ਕਦੋਂ ਤੱਕ ਸ਼ੁਰੂ ਕਰਨ ਅਤੇ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ ?

Sardar Harcharan Singh Brar : Yes Sir. Estimates amounting to Rs. 3.00 lacs for reconditioning and digging of Dhirowal Drain from R.D. 0-7500 and R.D. 7500—19000 were prepared by the Irrigation Department and submitted to Deputy Commissioner, Gurdaspur on 2nd December, 1992 for release of required funds. The work can be completed by 31st May, 1993 provided funds are released by the Deputy Commissioner and land given voluntarily by the concerned land owners.

ਕਾਮਰੇਡ ਗੁਰਨਾਮ ਸਿਘ ਧੀਰੋਵਾਲ : ਇਸ ਮਾਮਲੇ ਵਿਚ ਪੰਡਿਤ ਜੀ ਨੇ ਬੜੀ ਮਿਹਨਤ ਕੀਤੀ ਹੈ। ਉਨ੍ਹਾਂ ਨੇ ਨਿੱਜੀ ਧਿਆਨ ਦੇ ਕੇ ਛੰਭ ਵਿਚ ਜਾ ਕੇ ਇਸ ਕੰਮ ਦਾ ਸਰਵੇ ਕਰਵਾਇਆ ਹੈ। ਬਹੁਤ ਬਹੁਤ ਮਿਹਰਬਾਨੀ।

ਸ੍ਰੀ ਸਪੀਕਰ : ਕੋਈ ਹੋਰ ਸਪਲੀਮੈਂਟਰੀ। .... ਅਗਲਾ ਸਵਾਲ ।

ਜ਼ਿਲ੍ਹਾ ਅੰਮ੍ਰਿਤਸਰ ਵਿਚ ਰਾਈਸ ਸ਼ੈਲਰ ਯੂਨਿਟਾਂ ਨੂੰ ਬਿਜਲੀ ਦੇ ਨਵੇਂ ਕੁਨੈਕਸ਼ਨ। ਵਾਧੂ ਲੋਡ ਦੇਣਾ

*598. **ਸ੍ਰੀਮਤੀ ਵਿਮਲਾ ਡਾਂਗ :** ਕੀ ਸਿੰਜਾਈ ਅਤੇ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਅੰਮ੍ਰਿਤਸਰ ਜ਼ਿਲ੍ਹੇ ਵਿਚ ਉਨ੍ਹਾਂ ਰਾਈਸ ਸ਼ੈਲਰ ਯੂਨਿਟਾਂ ਦੇ ਨਾਂ ਅਤੇ ਪਤੇ ਕੀ ਕੀ ਹਨ ਜਿਨ੍ਹਾਂ ਨੇ 1 ਜਨਵਰੀ, 1990 ਤੋਂ ਲੈ ਕੇ 31 ਮਾਰਚ, 1992 ਤੱਕ ਬਿਜਲੀ ਦੀ ਵਾਧੂ ਲੋਡ ਜਾਰੀ ਕਰਨ ਜਾਂ/ਅਤੇ ਨਵੇਂ ਕੁਨੈਕਸ਼ਨ ਦੇਣ ਲਈ ਬੇਨਤੀ ਕੀਤੀ ;

[ਸ੍ਰੀਮਤੀ ਵਿਮਲਾ ਡਾਂਗ]

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਯੂਨਿਟਾਂ ਵਿਚੋਂ ਉਨ੍ਹਾਂ ਦੇ ਵੱਖ ਵੱਖ ਨਾਂ ਕ ਕੀ ਹਨ, ਜਿਨ੍ਹਾਂ ਨੂੰ ਕੁਨੈਕਸ਼ਨ ਦਿੱਤੇ ਗਏ/ਨਾਂਹ ਕੀਤੀ ਗਈ ਅਤੇ ਨਾਂਹ ਕਰਨ ਦੇ ਕਾਰਣ ਕੀ ਹਨ ?

Sardar Harcharan Singh Brar : (a) The names and addresses of Rice Shellers Units in Amritsar District which applied for release of additional load of power or grant of new connections is enclosed herewith.

(b) All the connections/extension in load to Rice Shellers applied between 1st January, 1990 to 31st March, 1992 have been released and no application is pending.

Statement showing the name of the UNIT which have been granted/refused connection in respect of Amritsar District from 1st January, 1990 to 31st March, 1992.

Serial No.	A. & A. No.	Date	Name and Address	A/C No.	Connected	New	Extension	D.C. Conn.
1	2	3	4	5	6	7	8	9
1	11050	25-4-90	Shri Mohinder Singh, son of Dalip Singh, Tarn Taran Road, Amritsar	M/S-108	37.490	..	Extension	10-6-90
2	19173	31-5-90	M/s. S.P. Rice Product T/T Road, Amritsar	MS-184	19.231	..	Extension	15-3-91
3	19579	16-8-90	M/s. Free India Gill Wali, Amritsar ..	MS-180	54.860	New	..	30-9-91
4	19929	11-3-91	M/s. B.J.S. Rice Mill, T/T Road, Amritsar	MS-190	96.650	New	..	26-8-91
5	11523	22-2-90	Avtar Singh, son of Sohan Singh, TT Road, Amritsar	MS-121	60.110	..	Extension	26-6-91
6	19173	6-9-91	S.P. Rice Mill, T/T Road, Amritsar	LS-28	173.918	..	Extension	28-10-90
7	6805	11-2-92	Ashok Kumar Sachdeva, T/T Road, Amritsar	LS-16	1024.372	..	Extension	20-3-92
8	20182	13-6-91	M/s. Bankey Bihari, T/T Road, Amritsar	MS-193	94·960	New	..	28-10-91

ਸ੍ਰੀਮਤੀ ਵਿਮਲਾ ਡਾਂਗ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁਛਣਾ ਚਾਹਾਂਗੀ ਕਿ ਐਪਲਾਈ ਕਰਨ ਵਿਚ ਅਤੇ ਕੁਨੈਕਸ਼ਨ ਦੇਣ ਵਿਚ ਨਾਰਮਲ ਟਾਈਮ ਕਿੰਨਾ ਹੁੰਦਾ ਹੈ ਅਤੇ ਉਹ ਕਿਹੜੇ ਕਿਹੜੇ ਕੇਸਿਜ਼ ਹਨ ਜਿਨ੍ਹਾਂ ਵਿਚ ਨਾਰਮਲ ਟਾਈਮ ਤੋਂ ਜ਼ਿਆਦਾ ਟਾਈਮ ਲਗਿਆ ਹੈ ?

ਮੰਤਰੀ : ਇਸ ਦੇ ਵਾਸਤੇ ਤਾਂ ਸੈਪਰੇਟ ਨੋਟਿਸ ਚਾਹੀਦਾ ਹੈ। ਇਸ ਸਵਾਲ ਦੇ ਵਿਚੋਂ ਇਹ ਚੀਜ਼ ਅਰਾਈਜ਼ ਨਹੀਂ ਹੁੰਦੀ।

ਸ੍ਰੀ ਸਪੀਕਰ : ਕੋਈ ਹੋਰ ਸਪਲੀਮੈਂਟਰੀ...........ਅਗਲਾ ਸਵਾਲ।

ਨਿਸ਼ਾਨਵਾਲਾ ਪ੍ਰਸ਼ਨ ਨੰ : 644

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਣ ਇਹ ਸਵਾਲ ਪੇਸ਼ ਨਹੀਂ ਹੋਇਆ)

ਨਿਸ਼ਾਨਵਾਲਾ ਪ੍ਰਸ਼ਨ ਨੰ : 719*

ਸ੍ਰੀ ਸਪੀਕਰ : ਇਸ ਸਵਾਲ ਵਿਚ ਐਕਸਟੈਨਸ਼ਨ ਮੰਗੀ ਗਈ ਹੈ।

ਨਿਸ਼ਾਨਵਾਲਾ ਪ੍ਰਸ਼ਨ ਨੰ : 720

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਣ ਇਹ ਸਵਾਲ ਪੇਸ਼ ਨਹੀਂ ਹੋਇਆ।)

ਉਪ-ਮੰਡਲ ਜ਼ੀਰਾ ਵਿਚ ਹਸਪਤਾਲਾਂ ਅਤੇ ਡਿਸਪੈਂਸਰੀਆਂ ਵਿਚ ਡਾਕਟਰਾਂ ਦੀਆਂ ਖਾਲੀ ਆਸਾਮੀਆਂ ਦੀ ਗਿਣਤੀ

*700. **ਸਰਦਾਰ ਇੰਦਰਜੀਤ ਸਿੰਘ ਜ਼ੀਰਾ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ——

(ੳ) ਉਪ-ਮੰਡਲ, ਜ਼ੀਰਾ ਵਿਚ ਇਸ ਸਮੇਂ ਹਸਪਤਾਲਾਂ ਅਤੇ ਡਿਸਪੈਂਸਰੀਆਂ ਦੀ ਵੱਖ ਵੱਖ ਗਿਣਤੀ ਕਿੰਨੀ ਹੈ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਹਰ ਇਕ ਹਸਪਤਾਲ ਅਤੇ ਡਿਸਪੈਂਸਰੀ ਵਿੱਚ ਡਾਕਟਰਾਂ ਦੀਆਂ ਆਸਾਮੀਆਂ ਦੀ ਕੁੱਲ ਗਿਣਤੀ ਕਿੰਨੀ ਹੈ ਅਤੇ ਡਾਕਟਰਾਂ ਦੀਆਂ ਕਿੰਨੀਆਂ ਆਸਾਮੀਆਂ ਭਰੀਆਂ ਹੋਈਆਂ ਹਨ ਅਤੇ ਕਿੰਨੀਆਂ ਆਸਾਮੀਆਂ ਖਾਲੀ ਪਈਆਂ ਹਨ ?

ਸਰਦਾਰ ਲਾਲ ਸਿੰਘ : (ੳ) ਸਬ-ਡਵੀਜ਼ਨ ਜ਼ੀਰਾ ਵਿਖੇ ਹਸਪਤਾਲਾਂ/ਡਿਸਪੈਂਸਰੀਆਂ ਦੀ ਗਿਣਤੀ ਹੇਠ ਲਿਖੇ ਅਨੁਸਾਰ ਹੈ :——

ਹਸਪਤਾਲ	ਡਿਸਪੈਂਸਰੀਜ਼
3	32

---

*For Starred Question No. 719 and reply thereto, please see P.V.S. Debate dated 16th March, 1993.

(ਬੀ) ਹਰ ਇੱਕ ਹਸਪਤਾਲ/ਡਿਸਪੈਂਸਰੀ ਵਿਚ ਮੰਜ਼ੂਰ-ਸ਼ੁਦਾ ਭਰੀਆਂ ਅਤੇ ਖਾਲੀ ਆਸਾਮੀਆਂ ਦੀ ਗਿਣਤੀ ਬਾਰੇ ਸਟੇਟਮੈਂਟ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

ਸਟੇਟਮੈਂਟ

ਹਸਪਤਾਲ/ਡਿਸਪੈਂਸਰੀ ਦਾ ਨਾਂ		ਮੰਜ਼ੂਰ-ਸ਼ੁਦਾ ਡਾਕਟਰਾਂ ਦੀਆਂ ਆਸਾਮੀਆਂ ਦੀ ਗਿਣਤੀ	ਭਰੀਆਂ ਆਸਾਮੀਆਂ ਦੀ ਗਿਣਤੀ	ਖਾਲੀ ਆਸਾਮੀਆਂ ਦੀ ਗਿਣਤੀ
ਸਿਵਲ ਹਸਪਤਾਲ, ਜ਼ੀਰਾ	...	6	3	3
ਰੂਰਲ ਹਸਪਤਾਲ, ਕਸੋਆਣਾ	...	2	..	2
ਰੂਰਲ ਹਸਪਤਾਲ, ਭਿੰਡਰਕਲਾਂ	...	2	...	2
ਪੀ. ਐਚ. ਸੀ. ਕਸੋਆਣਾ	...	2	...	2
ਐਸ. ਐਚ. ਸੀ. ਮੱਲਾਂਵਾਲਾ	...	1	1	...
ਐਸ. ਐਚ. ਸੀ. ਖੋਸਾ ਦੱਲ ਸਿੰਘ	...	1	...	1
ਐਸ. ਐਚ. ਸੀ. ਖੋਸਾ ਰਣਧੀਰ	...	1	1	...
ਐਸ. ਐਚ. ਸੀ. ਵਕੀਲਾਂ ਵਾਲਾ	...	1	...	1
ਐਸ. ਐਚ. ਸੀ. ਬਨਖੰਡੀ	...	1	...	1
ਐਸ. ਐਚ. ਸੀ. ਬਹਿਕ ਗੁਜਰਾਂ	...	1	...	1
ਐਸ. ਐਚ. ਸੀ. ਗੁੱਡੂ ਵਾਲਾ	...	1	...	1
ਐਸ. ਐਚ. ਸੀ. ਲੋਰੋ ਦੇਵਾ	...	1	...	1
ਐਸ. ਐਚ. ਸੀ. ਲਹਿਰਾਂ (ਰੋਹੀ)	...	1	...	1
ਐਸ. ਐਚ. ਸੀ. ਬਹਾਰਵਾਲੀ	...	1	...	1
ਐਸ. ਐਚ. ਸੀ. ਮੇਹਰ ਸਿੰਘ ਵਾਲਾ	...	1	...	1
ਐਸ. ਐਚ. ਸੀ. ਮੱਲਸੀਆਂ	...	1	...	1
ਐਸ. ਐਚ. ਸੀ. ਰੋਡੇ ਜੱਲਾਂ ਵਾਲਾ	...	1	...	1

[ਸਿਹਤ ਅਤੇ ਪਰਿਵਾਰ ਭਲਾਈ ਮੰਤਰੀ]

ਹਸਪਤਾਲ/ਡਿਸਪੈਂਸਰੀ ਦਾ ਨਾਂ		ਮੰਜ਼ੂਰ-ਸ਼ੁਦਾ ਡਾਕਟਰਾਂ ਦੀਆਂ ਆਸਾਮੀਆਂ ਦੀ ਗਿਣਤੀ	ਭਰੀਆਂ ਆਸਾਮੀਆਂ ਦੀ ਗਿਣਤੀ	ਖਾਲੀ ਆਸਾਮੀਆਂ ਦੀ ਗਿਣਤੀ
ਐਸ. ਐਚ. ਸੀ. ਠੱਠਾ ਕਿਸ਼ਨ ਸਿੰਘ	...	1	...	1
ਐਸ. ਐਚ. ਸੀ. ਤਲਵੰਡੀ ਮਾਂਗੇ ਖਾਨ	...	1	...	1
ਸੀ. ਐਚ. ਸੀ./ਪੀ. ਐਚ. ਸੀ. ਕੋਟ ਈਸੇ ਖਾਨ	...	6	2	4
ਮਿੰਨੀ ਪੀ. ਐਚ. ਸੀ. ਧਰਮਕੋਟ	...	1	1	...
ਐਸ. ਐਚ. ਸੀ. ਮੱਖੂ	...	1	1	...
ਐਸ. ਐਚ. ਸੀ. ਫਤਿਹਗੜ੍ਹ ਪੰਜਤੂਰ	...	1	...	1
ਐਸ. ਐਚ. ਸੀ. ਜਲਾਲਾਬਾਦ ਈਸਟ	...	1	...	1
ਐਸ. ਐਚ. ਸੀ. ਕਿਸ਼ਨਪੁਰਾ ਕਲਾਂ	...	1	1	...
ਐਸ. ਐਚ. ਸੀ. ਫਤੇਹਗੜ੍ਹ ਕਾਰਾ ਟੋਨਾ	...	1	...	1
ਐਸ. ਐਚ. ਸੀ. ਸੈਦ ਮੁਹੰਮਦ	...	1	...	1
ਐਸ. ਐਚ. ਸੀ. ਚੱਕ ਕਣੀਆਂ ਕਲਾਂ	...	1	...	1
ਐਸ. ਐਚ. ਸੀ. ਅਮੀਰ ਸ਼ਾਹ ਵਾਲਾ	...	1	...	1
ਐਸ. ਐਚ. ਸੀ. ਮੁਬਾਰਕਪੁਰ	...	1	...	1
ਐਸ. ਐਚ. ਸੀ. ਪੀਰ ਮੁਹੰਮਦ	...	1	...	1
ਐਸ. ਐਚ. ਸੀ. ਤਲਵੰਡੀ ਮਲੀਆਂ	...	1	...	1
ਐਸ. ਐਚ. ਸੀ. ਰੋਆਵਾਲਾ	...	1	...	1
ਐਸ. ਐਚ. ਸੀ. ਕਾਦਰਵਾਲ	...	1	...	1
ਕੈਨਾਲ ਡਿਸਪੈਂਸਰੀ, ਮੱਖੂ	...	1	...	1

ਸਰਦਾਰ ਇੰਦਰਜੀਤ ਸਿੰਘ ਜ਼ੀਰਾ: ਸਪੀਕਰ ਸਾਹਿਬ, ਪਹਿਲਾਂ ਤਾਂ ਮੈਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਮੈਨੂੰ ਮੇਰੇ ਸਵਾਲ ਦਾ ਲਿਖਤੀ ਜਵਾਬ ਹਾਲੇ ਤੱਕ ਨਹੀਂ ਮਿਲਿਆ ਜਦ ਕਿ ਰੂਲਾਂ ਅਨੁਸਾਰ ਇਹ ਜਵਾਬ 24 ਘੰਟੇ ਪਹਿਲਾਂ ਮਿਲਣਾ ਚਾਹੀਦਾ ਸੀ। ਆਪਣਾ ਸਵਾਲ ਪੇਸ਼ ਕਰਨ ਤੋਂ ਪਹਿਲਾਂ ਮੈਂ ਇਹ ਜਵਾਬ ਨਾ ਮਿਲਣ ਦੇ ਕਾਰਣ ਜਾਣਨਾ ਚਾਹੁੰਦਾ ਹਾਂ।

ਸ੍ਰੀ ਸਪੀਕਰ: ਤੁਸੀਂ ਸਪਲੀਮੈਂਟਰੀ ਪੁਛੋ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ: ਸਪਲੀਮੈਂਟਰੀ ਤਾਂ ਮੈਂ ਬਾਅਦ ਵਿਚ ਪੁਛਾਂਗਾ। ਪਹਿਲਾਂ ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਮੈਨੂੰ ਮੇਰੇ ਸਵਾਲ ਦਾ ਲਿਖਤੀ ਜਵਾਬ ਹਾਲੇ ਤੱਕ ਕਿਉਂ ਨਹੀਂ ਦਿੱਤਾ ਗਿਆ ਜਦ ਕਿ ਰੂਲਾਂ ਅਨੁਸਾਰ ਮੈਨੂੰ ਇਹ ਜਵਾਬ 24 ਘੰਟੇ ਪਹਿਲਾਂ ਮਿਲਣਾ ਚਾਹੀਦਾ ਸੀ।

ਸ੍ਰੀ ਸਪੀਕਰ: ਮੈਂ ਸਾਰੇ ਮਨਿਸਟਰ ਸਾਹਿਬਾਨ ਨੂੰ ਰਿਕੁਐਸਟ ਕਰਾਂਗਾ ਕਿ ਪ੍ਰਸ਼ਨਾਂ ਦੇ ਲਿਖਤੀ ਜਵਾਬ ਵੇਲੇ ਸਿਰ ਪਹੁੰਚਾਇਆ ਕਰਨ ਤਾਂਕਿ ਉਹ ਸਮੇਂ ਸਿਰ ਸਰਕੂਲੇਟ ਹੋ ਸਕਣ। ਜ਼ੀਰਾ ਜੀ, ਤੁਸੀਂ ਸਪਲੀਮੈਂਟਰੀ ਪੁੱਛੋ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ: ਮੈਂ ਸਪਲੀਮੈਂਟਰੀ ਪੁੱਛਣ ਤੋਂ ਪਹਿਲਾਂ ਜਾਣਨਾ ਚਾਹੁੰਦਾ ਹਾਂ ਕਿ ਪ੍ਰਸ਼ਨ ਦਾ ਜਵਾਬ 24 ਘੰਟੇ ਪਹਿਲਾਂ ਆਉਣਾ ਚਾਹੀਦਾ ਹੈ ਤਾਂਕਿ ਲਿਖਤੀ ਜਵਾਬ ਪੜ੍ਹ ਕੇ ਪਤਾ ਲੱਗ ਸਕੇ ਕਿ ਪੁਜ਼ੀਸ਼ਨ ਕੀ ਹੈ। ਹੁਣੇ ਹੀ ਮੇਰੇ ਕੋਲ ਇਹ ਜਵਾਬ ਪਹੁੰਚਿਆ ਹੈ ਹੁਣ ਮੈਂ ਇਸ ਨੂੰ ਪੜ੍ਹਾਂਗਾ। ਫਿਰ ਵੀ ਸਪੀਕਰ ਸਾਹਿਬ ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਕਿੰਨੀਆਂ ਪੋਸਟਾਂ ਖਾਲੀ ਹਨ ? ਡਿਸਪੈਂਸਰੀਆਂ ਅਤੇ ਹਸਪਤਾਲਾਂ ਦੇ ਵਿੱਚ ਡਾਕਟਰਾਂ ਦੀ ਬਹੁਤ ਜ਼ਰੂਰਤ ਹੈ। ਇਹ ਖਾਲੀ ਪੋਸਟਾਂ ਕਦੋਂ ਤੱਕ ਪੁਰ ਕਰ ਦਿੱਤੀਆਂ ਜਾਣਗੀਆਂ ?

ਮੰਤਰੀ: ਸਪੀਕਰ ਸਾਹਿਬ, ਜਿਥੋਂ ਤੱਕ ਡਿਸਪੈਂਸਰੀਆਂ ਦੇ ਵਿਚ ਖਾਲੀ ਥਾਵਾਂ ਦਾ ਸਵਾਲ ਹੈ, ਜ਼ੀਰੇ ਵਿਖੇ ਕਾਫੀ ਆਸਾਮੀਆਂ ਖਾਲੀ ਹਨ। ਉਸਦਾ ਕਾਰਨ ਇਹ ਹੈ ਕਿ ਪਿੱਛੇ ਜਦੋਂ ਹਾਲਾਤ ਮਾੜੇ ਸਨ ਡਿਸਟ੍ਰਿਕਟ ਫਿਰੋਜ਼ਪੁਰ ਵਿਚ, ਜ਼ੀਰਾ ਸਭ ਤੋਂ ਵੱਧ ਪ੍ਰਭਾਵਿਤ ਸੀ। ਇਸ ਕਰਕੇ ਡਾਕਟਰ ਉਥੇ ਜਾਣ ਤੋਂ ਕਤਰਾਉਂਦੇ ਸਨ ਅੌਰ ਇਸ ਪੁਜ਼ੀਸ਼ਨ ਨੂੰ ਠੀਕ ਕਰਨ ਵਾਸਤੇ ਪੰਜਾਬ ਸਰਕਾਰ ਨੇ 40 ਚਲਦੀਆਂ ਫਿਰਦੀਆਂ ਮੁਬਾਇਲ ਡਿਸਪੈਂਸਰੀਆਂ ਦਾ ਪ੍ਰਬੰਧ ਕੀਤਾ ਹੈ। ਇਹ ਮੋਬਾਈਲ ਡਿਸ-ਪੈਂਸਰੀਆਂ ਜਿਥੇ ਕਿਤੇ ਡਾਕਟਰਾਂ ਦੀ ਕਮੀ ਹੈ ਉਸ ਨੂੰ ਕਵਰ ਕਰਦੀਆਂ ਹਨ ਪਰ ਫਿਰ ਵੀ ਜਿਥੋਂ ਤੱਕ ਪੱਕੇ ਤੌਰ ਤੇ ਡਾਕਟਰਾਂ ਦਾ ਸਵਾਲ ਹੈ, ਅਸੀਂ 248 ਡਾਕਟਰ ਐਡਹਾਕ ਤੇ ਭਰਤੀ ਕੀਤੇ ਹਨ। ਉਨ੍ਹਾਂ ਵਿਚੋਂ ਕੁਝ ਬੰਦੇ ਅਸੀਂ ਉਥੇ ਡਾਕਟਰ ਲਾਏ ਹਨ। ਬਾਕੀ ਖਾਲੀ ਆਸਾਮੀਆਂ ਪਬਲਿਕ ਸਰਵਿਸ ਕਮਿਸ਼ਨ ਤੋਂ ਛੇਤੀ ਹੀ ਭਰੇ ਜਾਣ ਦੀ ਉਮੀਦ ਹੈ। ਡਾਕਟਰ ਭਰਤੀ ਕਰਕੇ ਅਸੀਂ ਜਲਦੀ ਤੋਂ ਜਲਦੀ ਖਾਲੀ ਆਸਾਮੀਆਂ ਪੁਰ ਕਰ ਦਿਆਂਗੇ।

ਡਾਕਟਰ ਰਮੇਸ਼ ਦੱਤ ਸ਼ਰਮਾ: ਸਪੀਕਰ ਸਾਹਿਬ, ਕੀ ਮਾਨਯੋਗ ਮੰਤਰੀ ਜੀ ਦੱਸਣਗੇ ਕਿ ਜ਼ੀਰੇ ਵਿੱਚ ਤਾਂ ਹਾਲਾਤ ਖਰਾਬ ਹਨ, ਪਿਛਲੀ ਵਾਰ ਸੈਸ਼ਨ ਵਿਚ ਇਹ ਗੱਲ ਹੋਈ ਸੀ। ਸਾਰੇ ਪੰਜਾਬ ਵਿੱਚ, ਸਾਰੇ ਬਲਾਕਾਂ ਦੇ ਅੰਦਰ ਬਹੁਤ ਸਾਰੀਆਂ ਡਿਸਪੈਂਸਰੀਆਂ ਅਤੇ ਹਸਪਤਾਲ ਅਜਿਹੇ ਹਨ ਜੋ ਕਿ ਬਿਨਾਂ ਡਾਕਟਰਾਂ ਦੇ ਹਨ। ਉਸ ਵੇਲੇ ਵੀ ਇਹੀ ਜਵਾਬ ਦਿੱਤਾ ਸੀ ਕਿ ਪੀ. ਪੀ. ਐਸ. ਸੀ.

[ਡਾਕਟਰ ਰਮੇਸ਼ ਦੱਤ ਸ਼ਰਮਾ]

ਨੂੰ ਆਸਾਮੀਆਂ ਦਿੱਤੀਆਂ ਹੋਈਆਂ ਹਨ, ਅਸੀਂ ਇਹ ਭਰ ਦਿਆਂਗੇ। ਸ਼ਪੀਕਰ ਸਾਹਿਬ, ਕੀ ਇਹ ਡੇਟ ਬਾਊਂਡ ਨਹੀਂ ਹੋ ਸਕਦਾ ? ਕਦੋਂ ਤੱਕ ਸਾਰੀਆਂ ਡਿਸਪੈਂਸਰੀਆਂ ਦੇ ਵਿੱਚ ਡਾਕਟਰ ਲਾ ਦਿੱਤੇ ਜਾਣਗੇ ? ਕਿਉਂਕਿ ਬਹੁਤ ਸਾਰੀਆਂ ਡਿਸਪੈਂਸਰੀਆਂ ਦੇ ਵਿੱਚ ਡਾਕਟਰ ਨਹੀਂ ਹਨ। ਮੈਂ ਇਸ ਸਬੰਧ ਵਿਚ ਮੰਤਰੀ ਜੀ ਤੋਂ ਐਸ਼ੋਰੈਂਸ਼ ਚਾਹੁੰਦਾ ਹਾਂ ਕਿ ਉਹ ਕਿੰਨੇ ਦਿਨਾਂ ਦੇ ਅੰਦਰ ਜਾਂ ਕਿੰਨੇ ਮਹੀ-ਨਿਆਂ ਦੇ ਅੰਦਰ ਅੰਦਰ ਇਨ੍ਹਾਂ ਡਿਸਪੈਂਸਰੀਆਂ/ਹਸਪਤਾਲਾਂ ਵਿੱਚ ਡਾਕਟਰ ਨਿਯੁਕਤ ਕਰ ਦੇਣਗੇ। ਇਕ ਸਾਲ ਤੋਂ ਬਾਅਦ ਵੀ ਉਹੀ ਜਵਾਬ ਦਿੱਤਾ ਗਿਆ ਹੈ।

ਮੰਤਰੀ: ਸਪੀਕਰ ਸਾਹਿਬ, ਪਿਛਲੀ ਵਾਰੀ ਜਦੋਂ ਇਹ ਸਵਾਲ ਆਇਆ ਸੀ ਉਸ ਵੇਲੇ 725 ਡਾਕਟਰਾਂ ਦੀਆਂ ਆਸਾਮੀਆਂ ਖਾਲੀ ਪਈਆਂ ਸਨ ਔਰ ਹੁਣ ਘੱਟ ਕੇ 450 ਰਹਿ ਗਈਆਂ ਹਨ। ਇਨ੍ਹਾਂ ਨੂੰ ਵੀ ਅਸੀਂ ਜਲਦੀ ਹੀ ਪੂਰ ਕਰ ਦਿਆਂਗੇ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ: ਸਪੀਕਰ ਸਾਹਿਬ, ਮੈਨੂੰ ਹੁਣੇ ਹੀ ਜਵਾਬ ਮਿਲਿਆ ਹੈ, ਮੈਂ ਇਸ ਵਿੱਚ ਦੇਖਿਆ ਹੈ ਕਿ ਇਸ ਵੇਲੇ ਜ਼ੀਰਾ ਹਸਪਤਾਲ ਵਿੱਚ 6 ਡਾਕਟਰਾਂ ਦੀਆਂ ਆਸਾਮੀਆਂ ਹਨ ਜਿਨ੍ਹਾਂ ਵਿਚੋਂ 3 ਪੋਸਟਾਂ ਖਾਲੀ ਹਨ ਔਰ ਤਿੰਨ ਭਰੀਆਂ ਹੋਈਆਂ ਹਨ। ਪਰ ਕਈ ਹਸਪਤਾਲ ਅਜਿਹੇ ਵੀ ਹਨ ਜਿਨ੍ਹਾਂ ਵਿਚ ਇਕ ਵੀ ਡਾਕਟਰ ਨਹੀਂ ਹੈ। ਉਨ੍ਹਾਂ ਡਿਸਪੈਂਸਰੀਆਂ ਨੂੰ ਤਾਲੇ ਲੱਗੇ ਹੋਏ ਹਨ। ਮਨਿਸਟਰ ਸਾਹਿਬ ਨੇ ਦੱਸਿਆ ਹੈ ਕਿ ਜ਼ੀਰੇ ਵਿੱਚ ਹਾਲਾਤ ਮਾੜੇ ਸਨ ਜੋ ਕਿ ਹੁਣ ਨਹੀਂ ਹਨ, ਪਰ ਫਿਰ ਵੀ ਮਾੜੇ ਹਾਲਤਾਂ ਵਿਚ ਤਾਂ ਡਾਕਟਰਾਂ ਦੀ ਬਹੁਤ ਜ਼ਰੂਰਤ ਸੀ। ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿੱਥੇ 6 ਪੋਸਟਾਂ ਸਨ ਉਥੇ ਤਿੰਨ ਲੱਗੇ ਹੋਏ ਹਨ ਅਤੇ ਜਿਥੇ ਦੋ ਪੋਸਟਾਂ ਹਨ ਉਥੇ ਇਕ ਵੀ ਡਾਕਟਰ ਨਹੀਂ ਹੈ, ਉਨ੍ਹਾਂ ਹਸਪਤਾਲਾਂ ਵਿੱਚ ਤਾਲੇ ਲੱਗੇ ਹੋਏ ਹਨ ਜਾਂ ਕੋਈ ਕੰਮ ਕਰਦਾ ਹੈ ?

ਮੰਤਰੀ: ਸਪੀਕਰ ਸਾਹਿਬ, ਕੋਈ ਵੀ ਡਿਸਪੈਂਸਰੀ ਅਜਿਹੀ ਨਹੀਂ ਜਿਸ ਵਿੱਚ ਤਾਲਾ ਲੱਗਣ ਦੀ ਕੋਈ ਰਿਪੋਰਟ ਆਈ ਹੋਵੇ। ਕਿਉਂਕਿ ਜੇ ਕਿਤੇ ਡਾਕਟਰ ਨਾ ਹੋਵੇ ਤਾਂ ਫਾਰਮਾਸਿਸਟ ਅਤੇ ਏ.ਐਨ.ਐਮ. ਅਟੈਂਡ ਕਰਦੇ ਹਨ। ਕੋਈ ਨਾ ਕੋਈ ਉਥੇ ਜ਼ਰੂਰ ਹਾਜ਼ਰ ਰਹਿੰਦਾ ਹੈ। ਡਾਕਟਰਾਂ ਦੀ ਜ਼ਰੂਰ ਘਾਟ ਹੈ ਪਰ ਉਥੇ ਮੋਬਾਇਲ ਡਿਸਪੈਂਸਰੀਆਂ ਦੇ ਡਾਕਟਰ ਜਾਂਦੇ ਹਨ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਸਾਡੇ ਕੋਲ 700 ਤੋਂ ਕੁਝ ਜ਼ਿਆਦਾ ਡਾਕਟਰਾਂ ਦੀਆਂ ਅਸਾਮੀਆਂ ਖਾਲੀ ਸਨ ਜਿਨ੍ਹਾਂ ਵਿਚੋਂ ਕੁਝ ਐਡਹਾਕ ਤੇ ਭਰੀਆਂ ਗਈਆਂ ਤੇ ਹੁਣ 400 ਤੋਂ ਕੁਝ ਘੱਟ ਰਹਿ ਗਈਆਂ ਹਨ। ਮੈਂ ਪੁਛਣਾ ਇਹ ਚਾਹੁੰਦਾ ਹਾਂ ਕਿ ਜਿਹੜੀਆਂ ਡਾਕਟਰਾਂ ਦੀਆਂ ਨਵੀਆਂ ਨਿਯੁਕਤੀਆਂ ਕੀਤੀਆਂ ਗਈਆਂ ਹਨ, ਉਨ੍ਹਾਂ ਵਿਚੋਂ ਕਿੰਨੀਆਂ ਨਿਯੁਕਤੀਆਂ ਕੈਂਸਲ ਕੀਤੀਆਂ ਗਈਆਂ ਹਨ। ਭਾਵ ਜੁਆਇਨ ਕਰਨ ਤੋਂ ਪਹਿਲਾਂ ਹੀ ਬਦਲੀਆਂ ਕਰ ਦਿਤੀਆਂ ਹਨ।

ਮੰਤਰੀ: ਸਪੀਕਰ ਸਾਹਿਬ, 248 ਡਾਕਟਰ ਐਡਹਾਕ ਤੇ ਭਰਤੀ ਕੀਤੇ ਗਏ ਹਨ ਅਤੇ ਉਨ੍ਹਾਂ ਵਿਚੋਂ ਕੋਈ ਵੀ ਨਿਯੁਕਤੀ ਕੈਂਸਲ ਨਹੀਂ ਕੀਤੀ ਗਈ। ਜੇਕਰ ਇਨ੍ਹਾਂ ਦੇ ਨੋਟਿਸ ਵਿੱਚ ਕੋਈ ਹੈ ਤਾਂ ਦੱਸ ਦੇਣ ਮੈਂ ਪੜਤਾਲ ਕਰਵਾ ਲਵਾਂਗਾ। ਜੇਕਰ ਪੀ.ਪੀ. ਐਸ. ਸੀ. ਤੋਂ ਸਿਲੈਕਸ਼ਨ ਹੋਣ ਵਿੱਚ ਦੇਰ ਲੱਗੀ ਤਾਂ ਅਸੀਂ ਇਕ ਵੇਟਿੰਗ ਲਿਸਟ ਬਣਾਈ ਹੋਈ ਹੈ, ਉਹ ਜਾਰੀ ਕਰ ਦੇਵਾਂਗੇ।

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ: ਅਧਿਅਕਸ਼ ਮਹੋਦਯ, ਮੰਤਰੀ ਜੀ ਇਹ ਦੱਸ ਦੇਣ ਕਿ ਜ਼ੀਰੇ ਵਿਚ ਤਾਂ ਹਾਲਾਤ ਜ਼ਿਆਦਾ ਖਰਾਬ ਸਨ ਪਰ ਅੰਮ੍ਰਿਤਸਰ ਹਸਪਤਾਲ ਵਿੱਚ ਇਨਟੈਂਸਿਵ ਕੇਅਰ

ਯੂਨਿਟ ਦੀ ਬਿਲਡਿੰਗ ਵੀ ਬਣ ਗਈ, ਮਸ਼ੀਨਰੀ ਵੀ ਕਰੋੜਾਂ ਰੁਪਏ ਦੀ ਆ ਗਈ ਉਥੇ ਵੀ ਡਾਕਟਰ ਦੀ ਵੇਟ ਹੋ ਰਹੀ ਹੈ। ਉਥੇ ਲਈ ਡਾਕਟਰ ਕਦੋਂ ਭਰਤੀ ਕਰ ਰਹੇ ਹਨ ?

ਸ੍ਰੀ ਸਪੀਕਰ: ਮੰਤਰੀ ਜੀ ਨੇ ਸਾਰੀ ਜਨਰਲ ਪੁਜੀਸ਼ਨ ਦੱਸ ਦਿੱਤੀ ਹੈ (ਇਸ ਸਮੇਂ ਟਰੈਜ਼ਰੀ ਬੈਂਚਾਂ ਅਤੇ ਵਿਰੋਧੀ ਬੈਂਚਾਂ ਦੇ ਕੁਝ ਮੈਂਬਰਾਂ ਨੇ ਆਪਸ ਵਿੱਚ ਨੋਕ ਝੋਕ ਕਰਨੀ ਸ਼ੁਰੂ ਕਰ ਦਿੱਤੀ) ਮੈਂ ਰਿਕੁਐਸਟ ਕਰਾਂਗਾ ਕਿ ਆਪਸ ਵਿੱਚ ਕੋਈ ਗੱਲ ਬਾਤ ਨਾ ਕੀਤੀ ਜਾਵੇ।

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ: ਤੁਸੀਂ ਉਨ੍ਹਾਂ ਨੂੰ ਵੀ ਰੋਕੋ (ਟਰੈਜ਼ਰੀ ਬੈਂਚਾਂ ਵੱਲ ਇਸ਼ਾਰਾ)

ਸ੍ਰੀ ਸਪੀਕਰ: ਮੈਂ ਉਨ੍ਹਾਂ ਨੂੰ ਵੀ ਕਿਹਾ ਹੈ, Chawla Ji, you kindly take care of your ownself.

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ: ਸਪੀਕਰ ਸਾਹਿਬ, ਮੇਰੀ ਸਪਲੀਮੈਂਟਰੀ ਦਾ ਜਵਾਬ ਨਹੀਂ ਆਇਆ।

ਸ੍ਰੀ ਸਪੀਕਰ: ਮੰਤਰੀ ਜੀ ਨੇ ਜਨਰਲ ਜਵਾਬ ਪਹਿਲਾਂ ਹੀ ਦੇ ਦਿੱਤਾ ਹੈ। ਇਹ ਵਕੈਂਸੀਆਂ ਪੀ. ਪੀ. ਐਸ. ਸੀ. ਨੇ ਭਰਨੀਆਂ ਹਨ and they are going to hold the interviews.

ਕਾਮਰੇਡ ਤਰਸੇਮ ਜੋਧਾਂ: ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਡਿਸਪੈਂਸਰੀਆਂ ਵਿਚ ਡਾਕਟਰ ਨਹੀਂ ਹਨ ਉਥੇ ਫਾਰਮਾਸਿਸਟ ਅਤੇ ਏ. ਐਨ. ਐਮ. ਜਿਹੜੇ ਹਨ ਉਹ ਅਟੈਂਡ ਕਰਦੇ ਹਨ। ਕੀ ਉਹ ਡਾਕਟਰ ਦੀਆਂ ਡਿਊਟੀਆਂ ਨਿਭਾਉਣ ਦੇ ਯੋਗ ਹੁੰਦੇ ਹਨ ? ਜਿਹੜੀਆਂ ਉਹ ਦਵਾਈਆਂ ਦਿੰਦੇ ਹਨ ਉਨ੍ਹਾਂ ਨਾਲ ਮਰੀਜ਼ ਠੀਕ ਨਹੀਂ ਹੁੰਦੇ ਸਗੋਂ ਉਨ੍ਹਾਂ ਦੀ ਹਾਲਤ ਹੋਰ ਖਰਾਬ ਹੁੰਦੀ ਹੈ।

ਮੰਤਰੀ: ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਜਵਾਬ ਦੇ ਚੁੱਕਾ ਹਾਂ ਕਿ ਜਿਥੇ ਡਾਕਟਰ ਨਹੀਂ ਹੁੰਦੇ ਉਥੇ ਫਾਰਮਾਸਿਸਟ ਅਤੇ ਏ. ਐਨ. ਐਮ. ਅਟੈਂਡ ਕਰਦੇ ਹਨ ਅਤੇ ਮੋਬਾਈਲ ਡਿਸਪੈਂਸਰੀਆਂ ਵਾਲੇ ਡਾਕਟਰ ਉਥੇ ਜਾਂਦੇ ਹਨ, ਮਰੀਜ਼ਾਂ ਨੂੰ ਡਾਕਟਰ ਹੀ ਦੇਖਦੇ ਹਨ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ: ਮੰਤਰੀ ਜੀ ਨੇ ਕਿਹਾ ਹੈ ਕਿ ਕਿਤੇ ਵੀ ਡਿਸਪੈਂਸਰੀਆਂ ਨੂੰ ਤਾਲੇ ਨਹੀਂ ਲੱਗੇ ਹੋਏ। ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਕਿਥੇ ਕਿਥੇ ਤਾਲੇ ਲੱਗੇ ਹੋਏ ਹਨ... (ਇਸ ਸਮੇਂ ਸ੍ਰੀ ਵਿਜੈ ਕੁਮਾਰ ਸਾਥੀ ਐਡਵੋਕੇਟ ਸਪਲੀਮੈਂਟਰੀ ਕਰਨ ਵਾਸਤੇ ਆਪਣੀ ਸੀਟ ਤੇ ਖੜੇ ਹੋਏ)

Mr. Speaker: Sathi Ji, I have allowed many supplementaries. I have also to take up your question now.

ਸਕਾਊਟ ਅਤੇ ਗਾਈਡ ਟਰੇਨਿੰਗ ਲਈ ਫੰਡਾਂ ਦੀ ਵੰਡ

*714. **ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ**: ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਵਿੱਤੀ ਸਾਲ 1990-91 ਤੋਂ ਮਿਤੀ ਅੰਤ ਤੱਕ ਦੇ ਸਮੇਂ ਦੇ ਦੌਰਾਨ ਸਕਾਊਟਸ ਅਤੇ ਗਾਈਡ ਟਰੇਨਿੰਗ ਦੇਣ ਲਈ ਵਿਦਿਆ ਵਿਭਾਗ ਨੂੰ ਦਿਤੇ ਗਏ ਫੰਡਾਂ ਦਾ ਜ਼ਿਲ੍ਹਾਵਾਰ ਵੇਰਵਾ ਕੀ ਹੈ ?

ਸ਼੍ਰੀ ਹਰਨਾਮ ਦਾਸ ਜੌਹਰ :

1990-91	83,000.00	ਨਾਨ-ਪਲਾਨ	1,83,000
	1,00,000.00	ਪਲਾਨ	
1991-92	83,000.00	ਨਾਨ-ਪਲਾਨ	2,83,000
	2,00,000.00	ਪਲਾਨ	
1992-93	4,54,000.00	ਨਾਨ-ਪਲਾਨ	6,54.000
	2,00,000.00	ਪਲਾਨ	

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਪਿੱਛੇ ਜਿਹੇ ਮੰਤਰੀ ਜੀ ਨੇ ਸਕਾਊਟ ਤੇ ਗਾਈਡ ਦਾ ਵਿਸ਼ ਹਾਈ ਸਕੂਲਾਂ ਵਿੱਚ ਲਾਗੂ ਕਰਨ ਬਾਰੇ ਬਿਆਨ ਦਿਤਾ ਸੀ। ਕੀ ਮੰਤਰੀ ਜੀ ਇਸ ਵਿਸ਼ੇ ਨੂੰ ਲਾਗੂ ਕਰਨ ਬਾਰੇ ਉਚਿਤ ਫੰਡਾਂ ਦਾ ਪ੍ਰਬੰਧ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਇਸ ਵਾਸਤੇ ਇਜਾਜ਼ਤ ਲੈਣੀ ਪੈਂਦੀ ਹੈ। ਸੈਂਟਰ ਦੀ ਇਕ ਐਸੋਸੀਏਸ਼ਨ ਬਣੀ ਹੋਈ ਹੈ ਸਕਾਊਟ ਅਤੇ ਗਾਈਡ ਦੀ। ਅਸੀਂ ਉਸਨੂੰ ਲਿਖਿਆ ਹੋਇਆ ਹੈ ਜਦੋਂ ਉਨ੍ਹਾਂ ਕੋਲੋਂ ਇਜਾਜ਼ਤ ਆ ਗਈ ਤਾਂ ਜਿਤਨੀ ਇਜਾਜ਼ਤ ਮਿਲੇਗੀ ਉਸਦੇ ਮੁਤਾਬਿਕ ਹੀ ਫੰਡਾਂ ਦਾ ਪ੍ਰਬੰਧ ਕਰ ਦਿਤਾ ਜਾਵੇਗਾ।

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਪੈਸਾ ਸਕਾਊਟਸ ਐਂਡ ਗਾਈਡ ਟਰੇਨਿੰਗ ਲਈ ਦਿਤਾ ਜਾਂਦਾ ਹੈ, ਉਸ ਨਾਲੋਂ ਜ਼ਿਆਦਾ ਪੈਸਾ ਖਰਚ ਹੁੰਦਾ ਹੈ ਪਰ ਸਟਾਫ ਦੀ ਬਹੁਤ ਘਾਟ ਹੈ। ਕੀ ਇਸ ਪੈਸੇ ਦੀ ਠੀਕ ਵਰਤੋਂ ਕਰਨ ਲਈ ਸਕੂਲਾਂ ਵਿਚ ਹਾਈ ਕਲਾਸਾਂ ਵਿੱਚ ਸਕਾਊਟਸ ਐਂਡ ਗਾਈਡ ਟਰੇਨਿਗ ਦਾ ਵਿਸ਼ਾ ਲਾਗੂ ਕਰਨ ਲਈ ਸਰਕਾਰ ਕੋਈ ਵਿਚਾਰ ਰੱਖਦੀ ਹੈ ?

ਮੰਤਰੀ : ਸਪੀਕਰ ਸਾਹਿਬ ਸਵਾਲ ਤਾਂ ਇਨ੍ਹਾਂ ਨੇ ਕੰਪਲੀਕੇਟਿਡ ਬਣਾ ਦਿੱਤਾ ਹੈ। ਪਹਿਲਾਂ ਤਾਂ ਇਨ੍ਹਾਂ ਨੇ ਵਿਸ਼ਾ ਲਾਗੂ ਕਰਨ ਬਾਰੇ ਪੁਛਿਆ ਹੈ ਅਤੇ ਨਾਲ ਹੀ ਸਟਾਫ ਦੀ ਘਾਟ ਬਾਰੇ ਵੀ ਕਿਹਾ ਹੈ, ਇਹ ਆਪਣਾ ਸਵਾਲ ਕਲੀਅਰ ਕਰ ਦੇਣ।

ਸ੍ਰੀ ਸਪੀਕਰ : ਸਾਥੀ ਜੀ, ਤੁਸੀਂ ਆਪਣੇ ਸਵਾਲ ਵਿਚ ਸਿਰਫ ਸਾਲਵਾਰ ਫੰਡਜ਼ ਬਾਰੇ ਪੁਛਿਆ ਹੈ।

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਸਪੀਕਰ ਸਾਹਿਬ ਪਹਿਲੀ ਗੱਲ ਮੈਂ ਦੱਸ ਦੇਵਾਂ ਕਿ ਮੇਰਾ ਸਵਾਲ ਅਧੂਰਾ ਲਗਾਇਆ ਗਿਆ ਹੈ ਪੂਰਾ ਨਹੀਂ ਲਗਾਇਆ ਗਿਆ। ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਮੇਰਾ ਸਵਾਲ ਪੂਰਾ ਕਿਉਂ ਨਹੀਂ ਲਗਾਇਆ ਗਿਆ।

ਸ੍ਰੀ ਸਪੀਕਰ : ਹੋ ਸਕਦਾ ਹੈ ਕਿ ਤੁਹਾਡੇ ਸਵਾਲ ਦਾ ਕੁਝ ਪਾਰਟ ਐਡਮੀਸੀਬਲ ਨਾ ਹੋਵੇ, ਤੁਸੀਂ ਸਪਲੀਮੈਂਟਰੀ ਪੁੱਛੋ।

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਸਪੀਕਰ ਸਾਹਿਬ, ਮੈਂ ਦੂਸਰਾ ਸਵਾਲ ਪੁੱਛ ਲੈਂਦਾ ਹਾਂ ਕਿ ਸਿਖਿਆ ਵਿਭਾਗ ਵੱਲੋਂ ਸਕਾਊਟਸ ਐਂਡ ਗਾਈਡਜ਼ ਦੀ ਸਿੱਖਿਆ ਪੂਰੀ ਨਹੀਂ ਦਿੱਤੀ ਜਾਂਦੀ। ਕੀ ਮੰਤਰੀ ਜੀ ਇਹ ਅੰਸ਼ੋਰੈਂਸ ਦੇਣਗੇ ਕਿ ਇਸ ਮੰਤਵ ਨੂੰ ਪੂਰਾ ਕਰਨ ਲਈ ਫੰਡਜ਼ ਸਿੱਧੇ ਹੀ ਦੂਜੀਆਂ ਸੰਸਥਾਵਾਂ ਨੂੰ ਦੇ ਦਿਆ ਕਰਨ ਤਾਂ ਕਿ ਬੱਚਿਆਂ ਨੂੰ ਇਸ ਸਕੀਮ ਦਾ ਲਾਭ ਹੋ ਸਕੇ ?

ਮੰਤਰੀ : ਸਪੀਕਰ ਸਾਹਿਬ ਸਾਡੇ ਸਕੂਲਾਂ ਦੇ ਟੀਚਰਜ਼ ਹੀ ਸਕਾਊਟਸ ਐਂਡ ਗਾਈਡ ਦੇ ਇੰਸਟਰੱਕਟਰਜ਼ ਹੁੰਦੇ ਹਨ, ਉਨ੍ਹਾਂ ਦੇ ਥਰੂ ਹੀ ਪੈਸਾ ਦਿੱਤਾ ਜਾਂਦਾ ਹੈ। ਹੋਰ ਕੋਈ ਅਜਿਹੀ ਸੰਸਥਾ ਨਹੀਂ ਹੈ ਜਿਸ ਨੂੰ ਡਾਇਰੈਕਟ ਪੈਸਾ ਦਿਤਾ ਜਾ ਸਕੇ। ਇਸ ਲਈ ਜਿਥੇ ਇਹ ਕੈਂਪ ਲਗਦੇ ਹਨ, ਜਾਂ ਲਗਾਏ ਜਾਂਦੇ ਹਨ, ਉਥੇ ਸਰਕਾਰ ਪੈਸਾ ਦਿੰਦੀ ਹੈ।

ਸੁਜਾਨਪੁਰ ਵਿਖੇ ਗੌਰਮਿੰਟ ਕਾਲਜ ਆਫ ਐਜੂਕੇਸ਼ਨ ਖੋਲ੍ਹਣਾ

*730. **ਸ੍ਰੀ ਰਘੂਨਾਥ ਸਹਾਏ ਪੁਰੀ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦੀ ਪਠਾਨਕੋਟ ਸਬ-ਡਵੀਜ਼ਨ ਵਿਚ ਸੁਜਾਨਪੁਰ ਵਿਖੇ ਗੌਰਮਿੰਟ ਕਾਲਜ ਆਫ ਐਜੂਕੇਸ਼ਨ ਖੋਲ੍ਹਣ ਦੀ ਤਜਵੀਜ਼ ਹੈ, ਜੇਕਰ ਹੈ, ਤਾਂ ਕਦੋਂ ਅਤੇ ਜੇਕਰ ਨਹੀਂ ਤਾਂ ਇਸ ਦੇ ਕਾਰਣ ਕੀ ਹਨ ?

ਸ੍ਰੀ ਹਰਨਾਮ ਦਾਸ ਜੌਹਰ : ਨਹੀਂ ਜੀ। ਉਥੇ ਲੋੜ ਨਹੀਂ ਹੈ, ਕਿਉਂਜੋ ਸਰਕਾਰੀ ਕਾਲਜ ਆਫ ਐਜੂਕੇਸ਼ਨ ਗੁਰਦਾਸਪੁਰ ਉਥੋਂ ਦੇ ਵਿਦਿਆਰਥੀਆਂ ਦੀਆਂ ਬੀ.ਐਡ. ਦੀਆਂ ਲੋੜਾਂ ਪੂਰੀਆਂ ਕਰ ਰਿਹਾ ਹੈ ।

ਸ੍ਰੀ ਰਘੂਨਾਥ ਸਹਾਏ ਪੁਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਮੈਂ ਬੀ. ਐਡ. ਕਾਲਿਜ ਤਾਂ ਮੰਗਿਆ ਹੀ ਨਹੀਂ ਅਤੇ ਮੈਂ ਤਾਂ ਸੁਜਾਨਪੁਰ ਵਿਖੇ ਦੂਜਾ ਪੜ੍ਹਾਈ ਲਈ ਕਾਲਿਜ ਖੋਲ੍ਹਣ ਲਈ ਮੰਗ ਕੀਤੀ ਹੈ, ਕਿਉਂਕਿ ਬੱਚਿਆਂ ਨੂੰ ਗੁਰਦਾਸਪੁਰ, ਪਠਾਨਕੋਟ ਤੋਂ 80 ਕਿਲੋਮੀਟਰ ਦੂਰ ਜਾਣਾ ਪੈਂਦਾ ਹੈ। ਇਸ ਲਈ ਕੀ ਮੰਤਰੀ ਜੀ ਹਾਊਸ ਵਿੱਚ ਇਹ ਇੰਸ਼ਯੋਰੈਂਸ ਦੇਣਗੇ ਕਿ ਉਥੇ ਕਾਲਿਜ ਕਦੋਂ ਤੱਕ ਖੋਲ੍ਹਿਆ ਜਾਵੇਗਾ ?

ਮੰਤਰੀ : ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਕਾਲਿਜ ਆਫ ਐਜੂਕੇਸ਼ਨ ਉਸਨੂੰ ਕਿਹਾ ਜਾਂਦਾ ਹੈ ਜਿਸ ਵਿੱਚ ਬੀ. ਐਡ. ਦੀ ਟਰੇਨਿੰਗ ਦਿੱਤੀ ਜਾਂਦੀ ਹੈ । ਆਮ ਕਾਲਿਜ ਦੀ ਜਦੋਂ ਕਦੇ ਮੰਗ ਹੋਵੇਗੀ ਤਾਂ ਖੋਲ੍ਹਣ ਲਈ ਵਿਚਾਰ ਕੀਤਾ ਜਾਵੇਗਾ (ਹਾਸਾ) ...... ਅਸੀਂ ਐਗਜ਼ਾਮਿਨ ਕਰ ਲਵਾਂਗੇ।

Mr. Speaker : Johar Sahib, I would request you to answer seriously.

ਸ੍ਰੀ ਰਘੂਨਾਥ ਸਹਾਏ ਪੁਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਇਹ ਪੁਛਿਆ ਹੈ ਕਿ ਕੀ ਮੰਤਰੀ ਜੀ ਇਹ ਇਸ਼ਯੋਰੈਂਸ ਦੇਣਗੇ ਕਿ ਸਬ-ਤਹਿਸੀਲ ਪਠਾਨਕੋਟ ਵਿੱਚ ਕੋਈ ਕਾਲਿਜ ਨਹੀਂ ਹੈ ਅਤੇ ਉਨ੍ਹਾਂ ਨੂੰ 80 ਕਿਲੋਮੀਟਰ ਦੂਰ ਜਾਣਾ ਪੈਂਦਾ ਹੈ ਅਤੇ ਦੂਜੀਆਂ ਥਾਵਾਂ ਤੇ ਪੈਸਾ ਦੇ ਕੇ ਦਾਖਲਾ ਮਿਲਦਾ ਹੈ। ਇਸ ਲਈ ਮੰਤਰੀ ਜੀ ਸੁਜਾਨਪੁਰ, ਸਬ-ਤਹਿਸੀਲ ਪਠਾਨਕੋਟ ਵਿਖੇ ਕਾਲਿਜ਼ ਖੋਲ੍ਹਣ ਲਈ ਇਸ ਹਾਊਸ ਵਿੱਚ ਇਸ਼ਯੋਰੈਂਸ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਸਟੇਟ ਵਿਚ ਇਤਨੇ ਜ਼ਿਆਦਾ ਕਾਲਿਜ ਹਨ ਕਿ ਬੇ-ਰੋਜ਼ਗਾਰੀ ਬਹੁਤ ਜ਼ਿਆਦਾ ਹੋ ਗਈ ਹੈ। ਇਸ ਲਈ ਕੋਈ ਇਸਯੋਰੈਂਸ ਨਹੀਂ ਦਿਤੀ ਜਾ ਸਕਦੀ ਕਿਉਂਕਿ ਹਾਲੇ ਕੋਈ ਨਵੇਂ ਕਾਲਿਜ ਖੋਲ੍ਹਣ ਦਾ ਸਰਕਾਰ ਦਾ ਵਿਚਾਰ ਨਹੀਂ ਹੈ ।

ਅਨੁਸੂਚਿਤ ਜਾਤੀਆਂ ਦੇ ਕਰਜ਼ੇ ਮੁਆਫ ਕਰਨ ਸਬੰਧੀ

*735. **ਕਾਮਰੇਡ ਗੁਰਨਾਮ ਸਿੰਘ ਧੀਰੋਵਾਲ** : ਕੀ ਸਮਾਜ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪਿਛਲੇ ਬਜਟ ਸੈਸ਼ਨ ਦੌਰਾਨ ਸਰਕਾਰ ਦੁਆਰਾ ਅਨੁਸੂਚਿਤ ਜਾਤੀਆਂ ਦੇ ਵਿਅਕਤੀਆਂ ਨੂੰ 5000 ਰੁਪਏ ਤੱਕ ਦੇ ਦਿੱਤੇ ਕਰਜ਼ੇ ਮੁਆਫ ਕਰਨ ਲਈ ਐਲਾਨ ਕੀਤਾ ਸੀ। ਜੇਕਰ ਹਾਂ, ਕੀ ਇਸ ਸਬੰਧ ਵਿੱਚ ਬੈਂਕਾਂ ਨੂੰ ਕੋਈ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ, ਜੇਕਰ ਨਹੀਂ, ਤਾਂ ਇਸ ਦੇ ਕਾਰਣ ਕੀ ਹਨ ?

ਸ੍ਰੀ ਬ੍ਰਹਮ ਮਹਿੰਦਰਾ : ਜੀ ਹਾਂ, ਸਰਕਾਰ ਨੇ ਅਨੁਸੂਚਿਤ ਜਾਤੀਆਂ ਦੇ ਲਾਭ ਪਾਤਰਾਂ ਦੇ 5,000 ਰੁਪਏ ਤੱਕ ਦੇ ਕਰਜ਼ੇ, ਜੋ ਕਿ ਉਨ੍ਹਾਂ ਨੇ ਸਮਾਜ ਭਲਾਈ ਵਿਭਾਗ, ਪੰਜਾਬ ਅਧੀਨ ਆਉਂਦੀਆਂ ਤਿੰਨ ਨਿਗਮਾਂ ਅਰਥਾਤ (1) ਪੰਜਾਬ ਅਨੁਸੂਚਿਤ ਜਾਤੀਆਂ ਭੋਂ ਵਿਕਾਸ ਅਤੇ ਵਿੱਤ ਨਿਗਮ, (2) ਬੈਕਫਿੰ ਅਤੇ (3) ਪਨਵੈਕ ਤੋਂ ਲਏ ਸਨ, ਨੂੰ ਮੁਆਫ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਸ ਫੈਸਲੇ ਨੂੰ ਲਾਗੂ ਕਰਨ ਹਿੱਤ ਵਿਧੀ ਬਣਾਈ ਜਾ ਰਹੀ ਹੈ। ਮੁਆਫ ਕੀਤੇ ਗਏ ਕਰਜ਼ਿਆਂ ਦੀ ਵਸੂਲੀ ਤੇ ਰੋਕ ਲਗਾ ਦਿਤੀ ਗਈ ਹੈ। ਇਸ ਤਰ੍ਹਾਂ ਬੈਂਕਾਂ ਨੂੰ ਕੋਈ ਹਦਾਇਤਾਂ ਜਾਰੀ ਕਰਨ ਦੀ ਜ਼ਰੂਰਤ ਨਹੀਂ ਹੈ।

ਕਾਮਰੇਡ ਗੁਰਨਾਮ ਸਿੰਘ ਧੀਰੋਵਾਲ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਮੰਤਰੀ ਜੀ ਨੇ ਕਰਜ਼ੇ ਤੇ ਤਾਂ ਰੋਕ ਲਗਾ ਦਿਤੀ ਹੈ ਪਰ ਬੈਂਕਾਂ ਨੂੰ ਹਦਾਇਤਾਂ ਅਜੇ ਤੱਕ ਜਾਰੀ ਨਹੀਂ ਕੀਤੀਆਂ ਗਈਆਂ। ਗਰੀਬ ਲੋਕ ਪੈਸੇ ਜਮ੍ਹਾਂ ਕਰਵਾ ਰਹੇ ਹਨ। ਮੈਨੂੰ ਲਗਦਾ ਹੈ ਕਿ ਅਜੇ ਤੱਕ ਰੋਕ ਨਹੀਂ ਲੱਗੀ। ਮੰਤਰੀ ਜੀ, ਕਿਰਪਾ ਕਰਕੇ ਰੋਕ ਲਗਾਉਣ ਲਈ ਟਾਈਮ-ਬਾਊਂਡ ਕਰਨ ਅਤੇ ਬੈਂਕਾਂ ਨੂੰ ਹਦਾਇਤ ਕਰਨ ਲਈ ਵੀ ਟਾਈਮ ਬਾਊਂਡ ਕਰਨ।

ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਰੋਕ ਲਗਾ ਦਿੱਤੀ ਗਈ ਹੈ ਅਤੇ ਤਿੰਨਾਂ ਕਾਰਪੋਰੇਸ਼ਨਾਂ ਦੇ ਫੀਲਡ ਅਫਸਰਾਂ ਨੂੰ ਹਦਾਇਤਾਂ ਵੀ ਚਲੀਆਂ ਗਈਆਂ ਹਨ। (ਵਿਘਨ)

ਸ੍ਰੀ ਸਪੀਕਰ : ਧੀਰੋਵਾਲ ਜੀ, ਜੇ ਤੁਹਾਡਾ ਕੋਈ ਸਪੈਸਫਿਕ ਕੇਸ ਹੋਵੇ ਤਾਂ ਮੰਤਰੀ ਜੀ ਦੇ ਧਿਆਨ ਵਿਚ ਲਿਆ ਦਿਓ।

ਸਰਦਾਰ ਈਸ਼ਰ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ 5,000 ਦੇ ਕਰਜ਼ਿਆਂ ਦੀ ਟੋਟਲ ਅਮਾਊਂਟ ਕਿੰਨੀ ਹੈ ਅਤੇ ਇਸ ਤੇ ਰੋਕ ਕਦੋਂ ਤੱਕ ਲਗਾ ਦਿੱਤੀ ਜਾਵੇਗੀ ?

ਮੰਤਰੀ : ਸਪੀਕਰ ਸਾਹਿਬ, ਮਿਤੀ 27 ਮਾਰਚ, 1992 ਨੂੰ ਅਨੁਸੂਚਿਤ ਜਾਤੀਆਂ ਦੀ ਭਲਾਈ ਬਾਰੇ ਜੋ ਮੁੱਖ ਮੰਤਰੀ ਜੀ ਦੀ ਕਨਵਿਕਸ਼ਨ ਹੈ ਉਸਨੂੰ ਮੁੱਖ ਰੱਖਦੇ ਹੋਏ ਉਨ੍ਹਾਂ ਨੇ ਇਸੀ ਹਾਊਸ ਵਿਚ ਕਰਜ਼ੇ ਮਾਫ ਕਰਨ ਸਬੰਧੀ ਅਨਾਊਂਸਮੈਂਟ ਕੀਤੀ ਸੀ। ਇਸ ਤੋਂ ਇਲਾਵਾ ਤਿੰਨੇ ਕਾਰਪੋਰੇਸ਼ਨਾਂ ਦੀ ਡੀਟੇਲ ਜੇ ਮੈਂਬਰ ਸਾਹਿਬ ਨੂੰ ਚਾਹੀਦੀ ਹੈ ਤਾਂ ਉਹ ਮੈਂ ਦੱਸ ਦਿੰਦਾ ਹਾਂ। ਪੰਜਾਬ ਸ਼ੈਡਿਊਲਡ ਕਾਸਟ ਲੈਂਡ ਡਿਵੈਲਪਮੈਂਟ ਐਂਡ ਫਾਈਨਾਂਸ ਕਾਰਪੋਰੇਸ਼ਨ ਦੀਆਂ 11,758 ਬੈਨੀਫਿਸ਼ਰੀਜ਼ ਸਨ ਅਤੇ ਰਕਮ 3.79 ਕਰੋੜ ਹੈ। ਪੰਜਾਬ ਬੈਕਵਰਡ ਕਲਾਸਿਜ਼ ਲੈਂਡ ਡਿਵੈਲਪਮੈਂਟ ਐਂਡ ਫਾਈਨਾਂਸ ਕਾਰਪੋਰੇਸ਼ਨ ਦੀਆਂ

ਬੈਨੀਫਿਸ਼ਰੀਜ਼ 113 ਅਤੇ ਅਮਾਊਂਟ 3.41 ਲੱਖ ਹੈ। ਇਸ ਤੋਂ ਇਲਾਵਾ ਪੀ. ਯੂ. ਐਨ. ਐਨ. ਏ. ਸੀ. ਦੀਆਂ ਬੈਨੀਫਿਸ਼ਰੀਜ਼ ਦੀ ਗਿਣਤੀ 85 ਅਤੇ ਅਮਾਊਂਟ 2.04 ਲੱਖ ਹੈ। ਇਸ ਪ੍ਰਕਾਰ ਟੋਟਲ ਗਿਣਤੀ 11,956 ਬਣਦੀ ਹੈ। ਇਹ ਸਾਰੇ ਕਰਜ਼ੇ ਮਾਫ ਕਰ ਦਿੱਤੇ ਗਏ ਹਨ।

ਕਾਮਰੇਡ ਗੁਰਨਾਮ ਸਿੰਘ ਧੀਰੋਵਾਲ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਿਸ ਕਿਸਮ ਦੇ ਕਰਜ਼ੇ ਹਨ, ਇਨ੍ਹਾਂ ਦੀ ਵਿਆਖਿਆ ਦਿਓ ?

ਮੰਤਰੀ : ਸਪੀਕਰ ਸਾਹਿਬ, ਕਰਜ਼ਾ ਤਾਂ ਕਰਜ਼ਾ ਹੀ ਹੁੰਦਾ ਹੈ। ਮੈਂਬਰ ਸਾਹਿਬ ਨੂੰ ਜੇ ਕਰਜ਼ੇ ਦੀ ਕੋਈ ਹੋਰ ਡੈਫੀਨੇਸ਼ਨ ਪਤਾ ਹੈ ਤਾਂ ਉਹ ਦੱਸ ਦੇਣ।

ਕਾਮਰੇਡ ਤਰਸੇਮ ਜੋਧਾਂ : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਲੋਕਾਂ ਨੇ ਪਹਿਲਾਂ ਕਰਜ਼ੇ ਲਏ ਸਨ, ਉਨ੍ਹਾਂ ਤੇ ਹੁਣ ਰੋਕ ਲਗਾ ਦਿਤੀ ਗਈ ਹੈ ਅਤੇ ਉਹ ਸਰਕਾਰ ਕੋਲੋਂ ਲੰਬੇ ਸਮੇਂ ਤੋਂ ਕਰਜ਼ੇ ਲੈਣ ਲਈ ਮੰਗ ਕਰ ਰਹੇ ਹਨ ਅਤੇ ਉਨ੍ਹਾਂ ਨੂੰ ਡੀਫਾਲਟਰ ਕਰਾਰ ਦਿੱਤਾ ਗਿਆ ਹੈ। ਕੀ ਸਰਕਾਰ ਦੀ ਕੋਈ ਵਿਧੀ ਹੈ ਜਿਸ ਨਾਲ ਉਹ ਦੁਬਾਰਾ ਕਰਜ਼ੇ ਲੈ ਸਕਣ ?

ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬ ਇਸ ਲਈ ਸੈਪਰੇਟ ਪ੍ਰਸ਼ਨ ਦੇ ਦੇਣ। ਤੁਸੀਂ ਇਸ ਬਾਰੇ ਰੂਲਿੰਗ ਦੇ ਦਿਓ।

ਸ੍ਰੀ ਸਪੀਕਰ : ਸ੍ਰੀ ਤਰਸੇਮ ਜੀ, ਤੁਸੀਂ ਇਸ ਲਈ ਸੈਪਰੇਟ ਪ੍ਰਸ਼ਨ ਦਿਓ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਵੇਂ ਇਨ੍ਹਾਂ ਨੇ ਆਪਣੇ ਜਵਾਬ ਵਿਚ ਕਿਹਾ ਹੈ ਕਿ ਇਹ ਇੱਕ ਪਾਲਿਸੀ ਬਣਾ ਰਹੇ ਹਨ ਪਰ ਇਹ ਨਿਯਮ ਤਾਂ ਅੱਜ ਤੱਕ ਨਹੀਂ ਬਣਾ ਸਕੇ। ਇਸ ਵਿਚ ਕੋਈ ਕਾਰਣ ਤਾਂ ਨਹੀਂ ।

ਮੰਤਰੀ : ਸਪੀਕਰ ਸਾਹਿਬ, ਸਰਕਾਰ ਦੀ ਨੀਅਤ ਸਾਫ ਹੈ। ਕਰਜ਼ੇ ਮਾਫ ਕਰਨ ਲਈ ਵਿਧੀ ਬਣਾਈ ਜਾ ਰਹੀ ਹੈ ਅਤੇ ਜਲਦੀ ਹੀ ਫਾਈਨਲ ਕਰ ਲਵਾਂਗੇ।

ਨਿਸ਼ਾਨ ਵਾਲਾ ਪ੍ਰਸ਼ਨ ਨੰ : 722

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਇਆ)।

ਰਾਜ ਵਿਚ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਲਈ ਉਦਯੋਗਿਕ ਸਿਖਲਾਈ ਸੰਸਥਾਵਾਂ

*711. **ਸਰਦਾਰ ਹਰਗੋਪਾਲ ਸਿੰਘ ਐਡਵੋਕੇਟ** : ਕੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਰਾਜ ਵਿਚ ਇਸ ਸਮੇਂ ਕੇਵਲ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਦੇ ਵਿਦਿਆਰਥੀਆਂ ਲਈ ਚਲਾਈਆਂ ਜਾ ਰਹੀਆਂ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਦੀ ਗਿਣਤੀ ਅਤੇ ਵੇਰਵੇ ਕੀ ਕੀ ਹਨ ;

[ਸਰਦਾਰ ਹਰਗੋਪਾਲ ਸਿੰਘ ਐਡਵੋਕੇਟ]

(ਅ) ਉਕਤ ਸੰਸਥਾਵਾਂ ਵਿਚੋਂ ਕਿੰਨੀਆਂ ਸੰਸਥਾਵਾਂ ਦੀਆਂ ਆਪਣੀਆਂ ਇਮਾਰਤਾਂ ਹਨ ਅਤੇ ਇਨ੍ਹਾਂ ਵਿਚ ਕਿੰਨੀਆਂ ਪ੍ਰਾਈਵੇਟ ਇਮਾਰਤਾਂ ਵਿਚ ਚਲਾਈਆਂ ਜਾ ਰਹੀਆਂ ਹਨ ਅਤੇ ਕਿਰਾਏ ਤੇ ਲਈਆਂ ਗਈਆਂ ਉਕਤ ਇਮਾਰਤਾਂ ਦਾ ਪ੍ਰਤੀ ਸਾਲ ਕਿੰਨਾ ਕਿਰਾਇਆ ਦਿੱਤਾ ਜਾ ਰਿਹਾ ਹੈ ?

ਸਰਦਾਰ ਲਖਮੀਰ ਸਿੰਘ ਰੰਧਾਵਾ: ਇਸ ਸਬੰਧ ਵਿਚ ਦੱਸਿਆ ਜਾਂਦਾ ਹੈ ਕਿ—

(ੳ) ਰਾਜ ਵਿਚ ਇਸ ਸਮੇਂ ਕੇਵਲ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਦੇ ਵਿਦਿਆਰਥੀਆਂ ਲਈ ਚਲਾਏ ਜਾ ਰਹੇ ਸਰਕਾਰੀ ਉਦਯੋਗਿਕ ਸਿਖਲਾਈ ਕੇਂਦਰ ਪੰਜ (5) ਹਨ। ਇਹ ਸੰਸਥਾਵਾਂ ਮਾਨਸਾ, ਫਰੀਦਕੋਟ, ਮੁਕਤਸਰ, ਫਤਿਹਗੜ੍ਹ ਚੂੜੀਆਂ ਅਤੇ ਗੜ੍ਹਸ਼ੰਕਰ ਵਿਖੇ ਸਥਿਤ ਹਨ;

(ਅ) ਉਕਤ ਪੰਜ ਸੰਸਥਾਵਾਂ ਵਿਚੋਂ ਕਿਸੇ ਵੀ ਸੰਸਥਾ ਕੋਲ ਆਪਣੀ ਇਮਾਰਤ ਨਹੀਂ ਹੈ ਇਹ ਸਾਰੇ ਕੇਂਦਰ ਪ੍ਰਾਈਵੇਟ ਕਿਰਾਏ ਦੀਆਂ ਇਮਾਰਤਾਂ ਵਿਚ ਹਨ। ਕਿਰਾਏ ਦੀਆਂ ਇਮਾਰਤਾਂ ਦਾ ਪ੍ਰਤਿਸਾਲ ਕਿਰਾਇਆ ਹੇਠ ਲਿਖੇ ਅਨੁਸਾਰ ਦਿੱਤਾ ਜਾ ਰਿਹਾ ਹੈ :—

1.	ਉਦਯੋਗਿਕ ਸਿਖਲਾਈ ਕੇਂਦਰ, ਮਾਨਸਾ	...	10,000.00
2.	ਉਦਯੋਗਿਕ ਸਿਖਲਾਈ ਕੇਂਦਰ, ਫਰੀਦਕੋਟ	...	9,144.00
3.	ਉਦਯੋਗਿਕ ਸਿਖਲਾਈ ਕੇਂਦਰ, ਮੁਕਤਸਰ	...	20,400.00
4.	ਉਦਯੋਗਿਕ ਸਿਖਲਾਈ ਕੇਂਦਰ, ਫਤਿਹਗੜ੍ਹ ਚੂੜੀਆਂ	...	11,004.00
5.	ਉਦਯੋਗਿਕ ਸਿਖਲਾਈ ਕੇਂਦਰ, ਗੜ੍ਹਸ਼ੰਕਰ	...	21,485.60
	ਕੁੱਲ	...	72,033.60

ਸਰਦਾਰ ਹਰਗੋਪਾਲ ਸਿੰਘ ਐਡਵੋਕੇਟ: ਸਪੀਕਰ ਸਾਹਿਬ, ਜਿਹੜਾ ਮਨਿਸਟਰ ਸਾਹਿਬ ਨੇ ਜ਼ਿਕਰ ਕੀਤਾ ਹੈ ਕਿ ਰਾਜ ਵਿੱਚ ਇਸ ਸਮੇਂ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਦੇ ਵਿਦਿਆਰਥੀਆਂ ਲਈ ਸਰਕਾਰੀ ਉਦਯੋਗਿਕ ਸਿਖਲਾਈ ਕੇਂਦਰ 5 ਹਨ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਵਿਚੋਂ ਚਾਰ ਸੰਸਥਾਵਾਂ ਦਾ ਜੋ ਇਨ੍ਹਾਂ ਨੇ ਜ਼ਿਕਰ ਕੀਤਾ ਹੈ ਉਨ੍ਹਾਂ ਵਿਚ ਸਰਕਾਰੀ ਤੌਰ ਤੇ ਆਪਣੀ ਜ਼ਮੀਨ ਖਰੀਦ ਕੇ ਸਰਕਾਰ ਨੇ ਉਹ ਸੰਸਥਾਵਾਂ ਨਿਯਤ ਕਰ ਦਿੱਤੀਆਂ ਹਨ ਸਿਰਫ ਇਕ ਸੰਸਥਾ ਗੜ੍ਹਸ਼ੰਕਰ ਵਿਖੇ ਹੀ ਪੰਜਾਬ ਵਿੱਚ ਐਸੀ ਸੰਸਥਾ ਹੈ ਜਿਹੜੀ ਕਿਰਾਏ ਦੀ ਬਿਲਡਿੰਗ ਵਿਚ ਆਈ. ਟੀ. ਆਈ. ਚਲ ਰਹੀ ਹੈ ਔਰ ਜਿਹੜੀ ਅੱਜ ਤਕ ਚਲ ਰਹੀ ਹੈ, ਕੀ ਇਸ ਦੇ ਲਈ ਜ਼ਮੀਨ ਐਕੁਆਇਰ ਕਰਕੇ ਕੋਈ ਉਥੇ ਬਿਲਡਿੰਗ ਬਣਾਉਣ ਦੀ ਸਰਕਾਰ ਦੀ ਇੱਛਾ ਹੈ; ਜੇ ਹੈ ਤਾਂ ਕਦੋਂ ਤਕ ?

ਮੰਤਰੀ : ਸਪੀਕਰ ਸਾਹਿਬ, ਗੜ੍ਹਸ਼ੰਕਰ ਵਿਖੇ ਬਿਲਡਿੰਗ ਬਣਾਉਣ ਲਈ ਜ਼ਮੀਨ ਪ੍ਰਾਪਤ ਕਰਨ ਦੀ ਕ੍ਰਿਆ ਚਲ ਰਹੀ ਹੈ ਔਰ ਇਹ ਜਲਦੀ ਹੀ ਪੂਰੀ ਕਰ ਦਿਤੀ ਜਾਵੇਗੀ।

ਸਰਦਾਰ ਹਰਗੋਪਾਲ ਸਿੰਘ ਐਡਵੋਕੇਟ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਕੋਈ ਸਮਾਂ ਨੀਯਤ ਕਰ ਸਕਦੇ ਹਨ ਕਿ ਕਿਹੜੇ ਸਾਲ ਤੱਕ, ਕਿੰਨੇ ਮਹੀਨਿਆਂ ਵਿੱਚ ਕਰ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਇਸ ਦੇ ਲਈ ਸਮਾਂ ਨੀਯਤ ਨਹੀਂ ਕੀਤਾ ਜਾ ਸਕਦਾ ਕਿਉਂਕਿ ਜ਼ਮੀਨ ਪ੍ਰਾਪਤ ਕਰਨ ਲਈ ਕਈ ਵਾਰੀ ਵੱਧ ਘੱਟ ਸਮਾਂ ਲੱਗ ਜਾਂਦਾ ਹੈ ।

ਸਰਦਾਰ ਅਵਤਾਰ ਸਿੰਘ ਕਰੀਮਪੁਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਦੱਸਣਗੇ ਕਿ ਇਸ ਸਰਕਾਰ ਦੇ ਬਾਕੀ ਦੇ ਚਾਰ ਸਾਲ ਦੇ ਪੀਰੀਅਡ ਵਿੱਚ ਇਹ ਕਰ ਸਕਦੇ ਹਨ ?

ਸ਼੍ਰੀ ਸਪੀਕਰ : ਇਹ ਕੋਈ ਸਪਲੀਮੈਂਟਰੀ ਨਹੀਂ ਹੈ। ਇਨ੍ਹਾਂ ਨੇ ਕਹਿ ਦਿਤਾ ਹੈ ਕਿ ਜਲਦੀ ਤੋਂ ਜਲਦੀ ਕਰ ਰਹੇ ਹਾਂ।

Registration of Veterinary Pharmacists

***699. Sardar Inderjit Singh Zira**: Will the Minister of State for Animal Husbandry and Fisheries be pleased to state whether any decision was taken by the Governor in Council in the year 1992 for the registration of 'B' class Veterinary Pharmacists under the Punjab Veterinary Council Act, 1981, if so, the reasons for which the said decision has not been implemented so far; together with the time by which the same is likely to be done ?

Sardar Harbans Singh Sidhu: No, Sir. Question does not arise.

ਸਰਦਾਰ ਇੰਦਰਜੀਤ ਸਿੰਘ ਜੀਰਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਦ ਕਿ ਪਿੰਡਾਂ ਦੇ ਵਿਚ ਹਜ਼ਾਰਾਂ ਦੀ ਤਾਦਾਦ ਵਿਚ ਐਸੀਆਂ ਡਿਸਪੈਂਸਰੀਆਂ ਹਨ, ਜਿਨ੍ਹਾਂ ਵਿੱਚ ਫਾਰਮਾਸਿਸਟ ਕੰਮ ਕਰ ਰਹੇ ਹਨ, ਔਰ ਡੰਗਰਾਂ ਨੂੰ ਐਸੀਆਂ ਖਤਰਨਾਕ ਬਿਮਾਰੀਆਂ, ਜਿਵੇਂ ਕਿ ਗਲ ਘੋਟੂ ਦੀ ਬਿਮਾਰੀ ਡੰਗਰਾਂ ਨੂੰ ਆਮ ਹੋ ਜਾਂਦੀ ਹੈ ਅਤੇ ਉਨ੍ਹਾਂ ਨੂੰ ਡਿਸਪੈਂਸਰੀਆਂ ਵਿੱਚ ਲਿਜਾਣਾ ਪੈਂਦਾ ਹੈ ਅਤੇ ਉਥੇ ਫਾਰਮਾਸਿਸਟ ਕੰਮ ਕਰਦੇ ਹਨ ਜਿਥੇ ਡਾਕਟਰ ਨਹੀਂ ਅਤੇ ਉਹ ਇਲਾਜ ਕਰ ਸਕਦੇ ਹਨ, ਜੇ ਉਹ ਇਲਾਜ ਕਰ ਸਕਦੇ ਹਨ ਤਾਂ ਹੀ ਉਹ ਲੱਗੇ ਹੋਏ ਹਨ ਜੇ ਨਾ ਕਰ ਸਕਦੇ ਹੋਣ ਤਾਂ ਫਿਰ ਤਾਂ ਉਨ੍ਹਾਂ ਦੀ ਲੋੜ ਹੀ ਨਾ ਹੋਵੇ, ਜੇ ਉਹ ਇਨ੍ਹਾਂ ਦਾ ਇਲਾਜ਼ ਕਰ ਸਕਦੇ ਹਨ ਤਾਂ ਫਿਰ ਜਿਵੇਂ ਮਹਾਂਰਾਸ਼ਟਰ ਵਿੱਚ ਫਾਰਮਾਸਿਸਟ ਦੀ ਕਲਾਸ 'ਬੀ' ਦੀ ਰਜਿਸਟਰੇਸ਼ਨ ਕੀਤੀ ਹੈ, ਕੀ ਇਥੇ ਵੀ ਉਸੇ ਤਰ੍ਹਾਂ ਦੀ ਕਰਨ ਦੀ ਕੋਈ ਜ਼ਰੂਰਤ ਹੈ ਜਾਂ ਨਹੀਂ ?

ਰਾਜ ਮੰਤਰੀ : ਸਪੀਕਰ ਸਾਹਿਬ,, ਮੈਂ ਮਾਨਯੋਗ ਮੈਂਬਰ ਸਾਹਿਬ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਸਾਡੇ ਪਿੰਡਾਂ ਵਿਚ ਜਿਹੜੀਆਂ ਡਿਸਪੈਂਸਰੀਆਂ ਹਨ, ਉਨ੍ਹਾਂ ਵਿਚ ਜਦੋਂ ਵੀ ਕੋਈ ਬੀਮਾਰ ਡੰਗਰ ਆ ਜਾਂਦਾ ਹੈ ਤਾਂ ਮੁਢਲੀ ਸਹਾਇਤਾ ਦਿੱਤੀ ਜਾਂਦੀ ਹੈ ।

ਕਾਮਰੇਡ ਤਰਸੇਮ ਜੋਧਾਂ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਵਿਚ 1200 ਡਿਸਪੈਂਸਰੀਆਂ ਹਨ ਅਤੇ 782 ਹਸਪਤਾਲ ਹਨ, ਉਨ੍ਹਾਂ ਵਿਚ ਲਗ ਭਗ 282 ਦੇ ਕਰੀਬ ਡਾਕਟਰਾਂ ਦੀਆਂ ਆਸਾਮੀਆਂ ਖਾਲੀ ਪਈਆਂ ਹਨ ਔਰ ਉਥੇ ਫਾਰਮਾਸਿਸਟਸ ਹੀ ਕੰਮ ਕਰਦੇ ਹਨ। ਜਦੋਂ ਇੰਨਾਂ ਸਾਰਾ ਕੰਮ ਉਨ੍ਹਾਂ ਨੂੰ ਸੌਂਪਿਆ ਹੋਇਆ ਹੈ ਅਤੇ ਉਹ ਬਖੂਬੀ ਕਰ ਰਹੇ ਹਨ, ਫਿਰ ਉਨ੍ਹਾਂ ਦੀ ਰਜਿਸਟਰੇਸ਼ਨ ਕਿਉਂ ਨਹੀਂ ਹੁੰਦੀ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਪਬਲਿਕ ਸਰਵਿਸ ਕਮਿਸ਼ਨ ਨੇ ਸਾਨੂੰ ਇਕ ਲਿਸਟ ਭੇਜੀ ਹੈ ਜਦੋਂ ਹੀ ਉਨ੍ਹਾਂ ਦੀ ਵੈਰੀਫਿਕੇਸ਼ਨ ਆ ਜਾਵੇਗੀ ਅਸੀਂ ਉਨ੍ਹਾਂ ਦੀ ਪੋਸਟਿੰਗ ਕਰਦੇ ਜਾਵਾਂਗੇ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਸਪੀਕਰ ਸਾਹਿਬ, ਮੰਤਰੀ ਜੀ ਨੇ ਕਿਹਾ ਹੈ ਕਿ ਉਨ੍ਹਾਂ ਪਾਸ ਕੋਈ ਲਿਸਟ ਆਈ ਹੈ, ਕੀ ਇਹ ਸਦਨ ਨੂੰ ਭਰੋਸਾ ਦਿਵਾਉਣਗੇ ਕਿ ਕੀ ਉਹ ਡੇਟ-ਬਾਊਂਡ ਕਰਨਗੇ ਕਿ ਕਦੋਂ ਤਕ ਉਨ੍ਹਾਂ ਨੂੰ 'ਬੀ' ਕਲਾਸ ਵਿਚ ਕਰ ਦੇਣਗੇ ?

ਰਾਜ ਮੰਤਰੀ : ਸਾਡੇ ਜਿਹੜੀ ਲਿਸਟ ਆਈ ਹੈ ਉਹ ਡਾਕਟਰਾਂ ਦੀ ਆਈ ਹੈ ਫਾਰਮਾਸਿਸਟਾਂ ਦੀ ਨਹੀਂ। ਜਦੋਂ ਜਦੋਂ ਉਨ੍ਹਾਂ ਦੀ ਲਿਸਟ ਆਉਂਦੀ ਹੈ ਅਸੀਂ ਉਨ੍ਹਾਂ ਨੂੰ ਪੋਸਟ ਕਰ ਦਿੰਦੇ ਹਾਂ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਵੀ ਪਤਾ ਹੈ ਕਿ ਇਹ ਵੈਟਰਨਰੀ ਫਾਰਮਾਸਿਸਟ ਕੋਈ ਢਾਈ ਸਾਲਾਂ ਤੋਂ ਜੱਦੋ ਜਹਿਦ ਕਰਦੇ ਆ ਰਹੇ ਹਨ ਕਿ ਉਨ੍ਹਾਂ ਨੂੰ ਕੌਂਸਲ ਵਿਚ ਰਜਿਸਟਰੇਸ਼ਨ ਦਿੱਤੀ ਜਾਵੇ ਔਰ ਕਈ ਸਟੇਟਾਂ ਵਿਚ ਦਿੱਤੀ ਵੀ ਹੋਈ ਹੈ। ਮੰਤਰੀ ਜੀ ਕਹਿੰਦੇ ਹਨ ਕਿ ਉਹ ਇਲਾਜ ਕਰ ਸਕਦੇ ਹਨ। ਹਕੀਕਤ ਇਹ ਹੈ ਕਿ ਡਾਕਟਰ ਦੀ ਪਰਚੀ ਬਿਨਾਂ ਉਹ ਦਵਾਈ ਮੰਗਵਾ ਨਹੀਂ ਸਕਦੇ, ਟੀਕਾ ਨਹੀਂ ਲਗਾ ਸਕਦੇ, ਕੋਈ ਮੱਝ ਮਰ ਜਾਏ ਤਾਂ ਪੋਸਟਮਾਰਟਮ ਨਹੀਂ ਕਰ ਸਕਦੇ। ਮੈਂ ਮੰਤਰੀ ਜੀ ਤੋਂ ਪੁੱਛਦਾ ਹਾਂ ਕਿ ਉਨ੍ਹਾਂ ਨੂੰ ਰਜਿਸਟਰੇਸ਼ਨ ਕਿਉਂ ਨਹੀਂ ਦਿਤੀ ਜਾ ਸਕਦੀ ਜਦ ਕਿ ਇਹ ਚੀਜ਼ ਬਾਕੀ ਸਟੇਟਾਂ ਵਿਚ ਹੈ ?

ਰਾਜ ਮੰਤਰੀ : ਸਪੀਕਰ ਸਾਹਿਬ, ਵੈਟਰਨਰੀ ਕੌਂਸਲ ਦੇ ਰੂਲਜ਼ ਵਿਚ ਹੈ ਕਿ ਬੈਚਲਰ ਆਫ ਸਾਇੰਸ ਨੂੰ ਰਜਿਸਟਰ ਕੀਤਾ ਜਾ ਸਕਦਾ ਹੈ। ਜਿਹੜਾ ਬਾਕੀ ਸਟੇਟਾਂ ਬਾਰੇ ਕਿਹਾ ਹੈ ਉਨ੍ਹਾਂ ਨੇ ਆਪਣੀਆਂ ਕੰਡੀਸ਼ਨਜ਼ ਅਲੱਗ ਡਿਫਾਈਨ ਕੀਤੀਆਂ ਹੋਈਆਂ ਹਨ। ਸਾਡੇ ਹਾਲੇ ਨਹੀਂ ਹਨ ।

ਕਾਮਰੇਡ ਬਲਦੇਵ ਸਿੰਘ ਬਲਮਗੜ੍ਹ : ਸਪੀਕਰ ਸਾਹਿਬ, ਅਰਸ਼ੀ ਸਾਹਿਬ ਨੇ ਵੀ ਕਿਹਾ ਹੈ ਕਿ ਫਾਰਮਾਸਿਸਟ ਕਾਫੀ ਸਮੇਂ ਤੋਂ ਜੱਦੋ ਜਹਿਦ ਕਰ ਰਹੇ ਹਨ। ਸਪੀਕਰ ਸਾਹਿਬ, ਪ੍ਰੈਕਟੀਕਲ ਸਾਰਾ ਕੰਮ ਇਹੀ ਫਾਰਮਾਸਿਸਟਸ ਹੀ ਕਰਦੇ ਹਨ। ਜੇ ਕੋਈ ਬੀਮਾਰ ਡੰਗਰ ਹਸਪਤਾਲ ਵਿਚ ਆ ਜਾਂਦਾ ਹੈ ਔਰ ਡਾਕਟਰ ਨਹੀਂ ਹੁੰਦਾ ਤਾਂ ਫਾਰਮਾਸਿਸਟ ਹੀ ਦਵਾਈ ਦਿੰਦਾ ਹੈ ਅਤੇ ਟੀਕਾ ਵੀ ਲਾਉਂਦਾ ਹੈ। ਐਸੀ ਹਾਲਤ ਵਿਚ ਅਗਰ ਫਾਰਮਾਸਿਸਟ ਕਹਿ ਦੇਵੇ ਕਿ ਡਾਕਟਰ ਤੋਂ ਪਰਚੀ ਲਿਆ, ਜਿਹੜਾ ਡਾਕਟਰ 15 ਕਿਲੋਮੀਟਰ ਤੇ ਬੈਠਾ ਹੈ, ਤਾਂ ਫਿਰ ਉਸ ਬੀਮਾਰ ਡੰਗਰ ਦੀ ਕੀ ਹਾਲਤ ਹੋਵੇਗੀ। ਇਸ ਲਈ ਉਨ੍ਹਾਂ ਨੂੰ ਰਜਿਸਟਰ ਕੀਤਾ ਜਾਵੇ । ਉਨ੍ਹਾਂ ਨੂੰ ਪਰਚੀ ਕੱਟਣ ਦਾ ਹੱਕ ਜੋ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ ਦਿਤਾ ਸੀ ਤੇ ਗਵਰਨਰੀ ਰਾਜ ਵਿਚ ਖੋਹਿਆ ਗਿਆ, ਉਹ ਦਿੱਤਾ ਜਾਵੇ ।

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਕਹਿ ਚੁਕਾ ਹਾਂ ਕਿ ਫਾਰਮਾਸਿਸਟ ਨੂੰ ਮੁਢਲੀ ਸਹਾਇਤਾ ਦੇਣ ਦਾ ਪੂਰਾ ਅਧਿਕਾਰ ਹੈ ।

ਕਲਾਨੌਰ ਵਿਖੇ ਰਾਵੀ ਦਰਿਆ ਤੇ ਪੁਲ ਬਣਾਉਣਾ

*731. **ਸ੍ਰੀ ਕਿਸ਼ਨ ਚੰਦ** : ਕੀ ਲੋਕ ਨਿਰਮਾਣ (ਭਵਨ ਅਤੇ ਸੜਕਾਂ) ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜ਼ਿਲ੍ਹਾ ਗੁਰਦਾਸਪੁਰ ਦੇ ਲਗਭਗ 100 ਪਿੰਡ ਬਰਸਾਤ ਦੇ ਮੌਸਮ ਦੇ ਦੌਰਾਨ ਕਲਾਨੌਰ ਵਿਖੇ ਰਾਵੀ ਦਰਿਆ ਤੇ ਪੁਲ ਦੇ ਨਾ ਹੋਣ ਕਾਰਣ ਬਾਕੀ ਦੇ ਪੰਜਾਬ ਤੋਂ ਅਲੱਗ ਥਲੱਗ ਹੋ ਜਾਂਦੇ ਹਨ ; ਜੇਕਰ ਅਜਿਹਾ ਹੋਵੇ, ਤਾਂ ਉਕਤ ਪੁਲ ਦੀ ਉਸਾਰੀ ਲਈ ਕੀ ਕਾਰਵਾਈ ਕੀਤੇ ਜਾਣ ਦੀ ਤਜਵੀਜ਼ ਹੈ ?

ਸਰਦਾਰ ਜੋਗਿੰਦਰ ਸਿੰਘ ਮਾਨ : ਬਰਸਾਤਾਂ ਦੇ ਦਿਨਾਂ ਵਿਚ ਕੁਝ ਪਿੰਡ ਕੱਟ ਜਾਂਦੇ ਹਨ। ਪੈਸੇ ਦੀ ਦਿੱਕਤ ਕਾਰਨ ਹਾਲ ਦੀ ਘੜੀ ਕੋਈ ਤਜਵੀਜ਼ ਨਹੀਂ।

ਸ੍ਰੀ ਕਿਸ਼ਨ ਚੰਦ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਜੋ ਮਸਲਾ ਹੈ ਇਹ 100 ਪਿੰਡਾਂ ਦਾ ਹੈ ਔਰ ਇਨ੍ਹਾਂ ਦੀ ਲਿਸਟ ਮੇਰੇ ਕੋਲ ਹੈ। ਰਾਵੀ ਦਰਿਆ ਦੋ ਹਿੱਸਿਆਂ ਵਿਚ ਵੰਡ ਜਾਂਦਾ ਹੈ, ਇਸ ਦੀ ਇਕ ਨੁਕਰ ਤੇ ਸਾਡੇ ਇਹ 100 ਪਿੰਡ ਹਨ ਅਤੇ ਇਸਦੀ ਦੂਜੀ ਨੁਕਰ ਪਾਕਿਸਤਾਨ ਬਾਰਡਰ ਨਾਲ ਜਾ ਲਗਦੀ ਹੈ। ਪਹਿਲਾਂ ਜੰਮੂ ਕਸ਼ਮੀਰ ਦੀਆਂ ਬੱਸਾਂ ਚਲਦੀਆਂ ਰਹੀਆਂ ਹਨ ਪਰ ਹੁਣ ਟਰਾਂਸਪੋਰਟ ਮਨਿਸਟਰ ਸਾਹਿਬ ਨੇ ਬੱਸਾਂ ਬੰਦ ਕਰ ਦਿੱਤੀਆਂ ਹਨ । ਇਨ੍ਹਾਂ ਪਿੰਡਾਂ ਵਿਚ ਕੋਈ ਸੌਦਾ ਪੱਤਾ ਲਿਜਾਣ ਲਈ ਕੋਈ ਪ੍ਰਬੰਧ ਨਹੀਂ ਕੋਈ ਟਰਾਂਸਪੋਰਟ ਦੀ ਫੈਸਿਲਟੀ ਨਹੀਂ। ਇਸ ਕਰਕੇ ਮੈਂ ਮਾਨਯੋਗ ਮੰਤਰੀ ਜੀ ਅੱਗੇ ਬੇਨਤੀ ਕਰਾਂਗਾ ਕਿ ਜੇਕਰ ਉਥੇ ਬ੍ਰਿਜ ਨਹੀਂ ਬਣ ਸਕਦਾ ਤਾਂ ਕੋਈ ਟੈਂਪਰੇਰੀ ਪੁਲ ਦਾ ਪ੍ਰਬੰਧ ਕਰ ਦਿੱਤਾ ਜਾਵੇ।

ਰਾਜ ਮੰਤਰੀ : ਸਰ, ਇਨ੍ਹਾਂ ਨੇ ਕਲਾਨੌਰ ਦੀ ਗੱਲ ਕੀਤੀ ਹੈ, ਉਹ ਇੰਡੋ-ਪਾਕ ਦੇ ਬਿਲਕੁਲ ਬਾਰਡਰ ਉਤੇ ਹੈ ....

ਸ੍ਰੀ ਕਿਸ਼ਨ ਚੰਦ : ਸਪੀਕਰ ਸਾਹਿਬ, ਕਥਨੌਰ ਹੈ ਜੀ, ਕਲਾਨੌਰ ਨਹੀਂ ....

ਰਾਜ ਮੰਤਰੀ : ਸਰ, ਕੁਐਸਚਨ ਵਿਚ ਜੋ ਹੈ ਮੈਂ ਉਹ ਦੱਸ ਰਿਹਾ ਹਾਂ। ਉਹ ਕਲਾਨੌਰ ਬਾਰੇ ਹੈ । ਇਸ ਤਰ੍ਹਾਂ ਮੈਂ ਵੀ ਇਹੀ ਡਿਸਕਸ ਕੀਤਾ ਹੈ । ਕਲਾਨੌਰ ਔਰ ਕਥਨੌਰ ਦਾ ਕਨ-ਫਿਊਜ਼ਨ ਹੈ। ਜੇਕਰ ਕਥਨੌਰ ਹੈ ਤਾਂ ਆਂਸਰ ਸੈਪਰੇਟ ਹੈ ਔਰ ਜੇਕਰ ਕਲਾਨੌਰ ਹੈ ਤਾਂ ਆਂਸਰ ਸੈਪਰੇਟ ਹੈ, ਕਹੋ ਤਾਂ ਮੈਂ ਦੋਹਾਂ ਦਾ ਹੀ ਜਵਾਬ ਦੇ ਦਿੰਦਾ ਹਾਂ।

(ਇਕ ਆਵਾਜ਼ : ਨਹੀਂ ਕਲਾਨੌਰ ਬਾਰੇ ਹੀ ਦੱਸੋ)

ਸ੍ਰੀ ਸਪੀਕਰ : ਤੁਸੀਂ ਸੈਪਰੇਟ ਨੋਟਿਸ ਦੇ ਦਿਓ, ਜਵਾਬ ਆ ਜਾਵੇਗਾ।

ਨਿਸ਼ਾਨਵਾਲਾ ਪ੍ਰਸ਼ਨ ਨੰ : 640*

ਸ੍ਰੀ ਸਪੀਕਰ : ਸਵਾਲ ਨੰ: 640 ਦੀ ਐਕਸਟੈਨਸ਼ਨ ਮੰਗੀ ਗਈ ਹੈ।

ਨਿਸ਼ਾਨਵਾਲਾ ਪ੍ਰਸ਼ਨ ਨੰ : 656*

ਸ੍ਰੀ ਸਪੀਕਰ : ਸਵਾਲ ਨੰ: 656 ਦੀ ਐਕਸਟੈਨਸ਼ਨ ਮੰਗੀ ਗਈ ਹੈ and it is granted.

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਜਿਹੜੀ ਕੁਐਸਚਨ ਨੰ: 656 ਦੀ ਐਕਸਟੈਨਸ਼ਨ ਦਿੱਤੀ ਗਈ ਹੈ ਇਸ ਬਾਰੇ ਇਹ ਵੀ ਹੁਕਮ ਕਰ ਦਿਤਾ ਜਾਵੇ ਕਿ ਇਸੇ ਸੈਸ਼ਨ ਦੇ ਦੌਰਾਨ ਹੀ ਜਵਾਬ ਆ ਜਾਵੇ।

ਸ੍ਰੀ ਸਪੀਕਰ : ਹਾਂ ਜੀ, ਇਸੇ ਸੈਸ਼ਨ ਵਿਚ ਹੀ ਆ ਜਾਵੇਗਾ।

ਸ੍ਰੀ ਰਾਜਵੰਤ ਸਿੰਘ ਢਿੱਲੋਂ, ਐਮ. ਡੀ, ਪ੍ਰਭਾਤ ਫਾਈਨਾਂਸ ਕੰਪਨੀ, ਅੰਮ੍ਰਿਤਸਰ ਨੂੰ ਗ੍ਰਿਫਤਾਰ ਕਰਨਾ

*599. **ਸ੍ਰੀਮਤੀ ਵਿਮਲਾ ਡਾਂਗ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਸ੍ਰੀ ਰਾਜਵੰਤ ਸਿੰਘ ਢਿੱਲੋਂ, ਮੈਨੇਜਿੰਗ ਡਾਇਰੈਕਟਰ, ਪ੍ਰਭਾਤ ਫਾਈਨੈਂਸ ਕੰਪਨੀ (ਮੁੱਖ ਦਫਤਰ, ਡਾ: ਸੂਰਤ ਸਿੰਘ ਰੋਡ, ਖਾਲਸਾ ਕਾਲਜ, ਅੰਮ੍ਰਿਤਸਰ ਦੇ ਸਾਹਮਣੇ) ਨੂੰ ਉਸਦੇ ਵਿਰੁੱਧ ਕੰਪਨੀ ਪਾਸ ਪੈਸਾ ਜਮ੍ਹਾਂ ਕਰਾਉਣ ਵਾਲਿਆਂ ਅਤੇ ਜਾਂ ਕਰਮਚਾਰੀਆਂ ਨੂੰ ਧੋਖਾ ਦੇਣ ਦੇ ਕੇਸ ਦੇ ਸਬੰਧ ਵਿਚ ਮਈ ਜਾਂ ਜੂਨ, 1991ਵਿਚ ਅੰਮ੍ਰਿਤਸਰ ਵਿਖੇ ਗ੍ਰਿਫਤਾਰ ਕੀਤਾ ਗਿਆ ਸੀ ;

(ਅ) ਜੇਕਰ ਅਜਿਹਾ ਹੋਵੇ, ਤਾਂ ਕੇਸ ਅਸਲ ਵਿਚ ਕਿਸ ਕਿਸਮ ਦਾ ਸੀ ਅਤੇ ਇਸ ਦੀ ਮੌਜੂਦਾ ਸਥਿਤੀ ਕੀ ਹੈ ;

(ੲ) ਕੀ ਸਰਕਾਰ ਨੇ ਕੰਪਨੀ ਪਾਸ ਪੈਸਾ ਜਮ੍ਹਾਂ ਕਰਾਉਣ ਵਾਲਿਆਂ/ਕੰਪਨੀ ਦੇ ਕਰਮਚਾਰੀਆਂ ਪਾਸੋਂ ਉਸ ਦੁਆਰਾ ਧੋਖੇ ਨਾਲ ਲਈਆਂ ਗਈਆਂ ਰਕਮਾਂ ਵਾਪਸ ਕਰਾਉਣ ਨੂੰ ਯਕੀਨੀ ਬਣਾਉਣ ਲਈ ਕੋਈ ਕਾਰਵਾਈ ਕੀਤੀ ਹੈ ?

Sardar Beant Singh : (a) On a complaint filed by Shri Gurinder Singh, s/o Bakhshish Singh, r/o Amritsar against Rajwant Singh Dhillon, M.D., Prabhat Finance & Investment Ltd., Amritsar, Director of the Firm and others, case FIR No. 531, dated 19-10-90 u/s 420/406/120-B IPC, 3/4 TDA (P) Act PS Sadar, Amritsar was registered. Accused Rajwant Singh and others filed a Writ Petition in the Punjab and Haryana High Court for Quashing the FIR. The Hon'ble High Court stayed the arrest of Rajwant Singh Dhillon, Satwant Kaur and Mrs. Satnam Kaur Makhar.—*vide* order dated 10-5-1991 till the decision

---

*For Starred Question No. 640 and reply thereto, please see P.V.S. Debate dated 16th March, 1993.

*For Starred Question No. 656 and reply thereto, please see P.V.S. Debate dated 16th March, 1993.

of the Writ Petition. Two other accused namely Nazar Singh, Hira Singh have been arrested and are presently on bail. The Writ is still pending in the Punjab and Haryana High Court, Chandigarh.

(b) The case is under investigation with the Crime Branch of C. I. D., Punjab.

(c) For refund of money the investors/employees of the company will have to file a civil case in the Court.

ਸ੍ਰੀਮਤੀ ਵਿਮਲਾ ਡਾਂਗ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਤੋਂ ਪੁੱਛਣਾ ਚਾਹਵਾਂਗੀ ਕਿ ਕੀ ਸਰਕਾਰ ਨੂੰ ਪੂਰਾ ਇਸ ਗੱਲ ਦਾ ਇਲਮ ਹੈ ਕਿ ਲੱਖਾਂ ਰੁਪਏ ਦਾ ਗਬਨ ਇਸ ਕੰਪਨੀ ਨੇ ਕੀਤਾ ਹੈ ਔਰ ਜਿਹੜੇ ਮੇਨ ਅਕਿਊਜ਼ਡ ਹਨ ਉਨ੍ਹਾਂ ਉਤੇ 'ਟਾਡਾ' ਵੀ ਲੱਗਿਆ ਹੋਇਆ ਹੈ ਕਿਉਂਕਿ ਉਹ ਟੈਰੋਰਿਸਟਾਂ ਦਾ ਅੱਡਾ ਰਿਹਾ ਹੈ, ਉਥੋਂ ਟੈਰੋਰਿਸਟ ਪਕੜੇ ਗਏ ਹਨ, ਔਰਤਾਂ ਵੀ ਪਕੜੀਆਂ ਗਈਆਂ ਹਨ, ਪੁਲਿਸ ਨੇ ਪਹਿਲਾਂ ਕਿਉਂ ਨਹੀਂ ਉਸ ਨੂੰ ਪਕੜਿਆ ? ਕੀ ਸਰਕਾਰ ਨੇ ਹਾਈਕੋਰਟ ਤੋਂ ਸਟੇਅ ਵਕੇਟ ਕਰਾਉਣ ਲਈ ਕੋਈ ਸਟੈਪਸ ਲਏ ਹਨ ?

ਮੁੱਖ ਮੰਤਰੀ: ਸਪੀਕਰ ਸਾਹਿਬ, ਐਡਵੋਕੇਟ ਜਨਰਲ ਨੂੰ ਕਿਹਾ ਹੈ ਕਿ ਇਸ ਨੂੰ ਐਕਸ-ਪੀਡਾਈਟ ਕਰਾਵੇ ਔਰ ਸਟੇਅ ਵਕੇਟ ਕਰਵਾਏ।

ਸ੍ਰੀਮਤੀ ਵਿਮਲਾ ਡਾਂਗ: ਸਪੀਕਰ ਸਾਹਿਬ, ਜਿਹੜੇ ਇੰਪਲਾਈਜ਼ ਹਨ, ਜਿਨ੍ਹਾਂ ਦਾ ਨੁਕਸਾਨ ਹੋਇਆ ਹੈ ਕੀ ਸਰਕਾਰ ਕੋਈ ਐਸੇ ਕਦਮ ਚੁੱਕੇਗੀ, ਔਰ ਕੀ ਮੁੱਖ ਮੰਤਰੀ ਜੀ ਭਰੋਸਾ ਦਿਵਾਉਣਗੇ ਕਿ ਇੰਪਲਾਈਜ਼ ਦਾ ਨੁਕਸਾਨ ਪੂਰਾ ਹੋ ਜਾਵੇ ਕਿਉਂਕਿ ਸਿਵਲ ਸੂਟ ਕਰਨ ਦੀ ਤਾਂ ਗਰੀਬ ਜਨਤਾ ਵਿਚ ਸਮਰੱਥਾ ਨਹੀਂ ਹੁੰਦੀ ?

ਮੁੱਖ ਮੰਤਰੀ: ਸਪੀਕਰ ਸਾਹਿਬ, ਇਹ ਬੜੀ ਕੰਪਲੀਕੇਟਿਡ ਪੁਜ਼ੀਸ਼ਨ ਹੋ ਜਾਂਦੀ ਹੈ। ਮੈਂ ਜਵਾਬ ਦਿਤਾ ਹੈ ਕਿ ਕੋਰਟ ਵਿਚ ਜਾਣਾ ਪੈਂਦਾ ਹੈ ਕਿਉਂਕਿ ਕਾਨੂੰਨ ਹੀ ਐਸਾ ਹੈ। ਲੇਕਿਨ ਫਿਰ ਵੀ ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਯਕੀਨ ਦਿਵਾਉਣਾ ਚਾਹੁੰਦਾ ਹਾਂ ਕਿ ਜੋ ਕੁਝ ਸਰਕਾਰ ਦੇ ਅੰਡਰ ਹੈ, ਜੋ ਸਰਕਾਰ ਦੇ ਹੱਥਾਂ ਵਿਚ ਗੱਲ ਹੋਈ, ਉਸ ਮੁਤਾਬਿਕ ਪੂਰੀ ਮੱਦਦ ਕਰੇਗੀ।

ਕਾਮਰੇਡ ਤਰਸੇਮ ਜੋਧਾਂ: ਸਪੀਕਰ ਸਾਹਿਬ, ਮੈਂ ਆਪ ਦੇ ਰਾਹੀਂ ਮੁੱਖ ਮੰਤਰੀ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਸਮੇਂ ਸਮੇਂ ਤੇ ਅਜਿਹੀਆਂ ਬੋਗਸ ਕੰਪਨੀਆਂ ਖੁੰਬਾਂ ਵਾਂਗ ਉਗ ਜਾਂਦੀਆਂ ਹਨ । ਕੁਝ ਸਮਾਂ ਬੰਦ ਹੋ ਜਾਂਦਾ ਹੈ ਫਿਰ ਕੰਮ ਸ਼ੁਰੂ ਹੋ ਜਾਂਦਾ ਹੈ,; ਕੀ ਸਰਕਾਰ ਇਨ੍ਹਾਂ ਦੀ ਰੋਕਥਾਮ ਵਾਸਤੇ ਕੋਈ ਉਪਰਾਲਾ ਕਰੇਗੀ ?

ਮੁੱਖ ਮੰਤਰੀ: ਸਪੀਕਰ ਸਾਹਿਬ, ਇਹ ਬੜਾ ਵੇਗ ਜਿਹਾ ਕੁਐਸਚਨ ਹੈ। ਕਦੇ ਕੋਈ ਕੰਪਨੀ ਆ ਜਾਵੇ ਔਰ ਕਦੇ ਕੋਈ ਹਟ ਜਾਵੇ; ਅਸੀਂ ਕੁਝ ਨਹੀਂ ਕਰ ਸਕਦੇ। ਹਰ ਇਕ ਨੂੰ ਹੱਕ ਹਾਸਲ ਹੈ। ਪਰ ਜਿਥੇ ਕੋਈ ਫਰਾਡ ਦਾ ਪਤਾ ਲਗਦਾ ਹੈ, ਉਥੇ ਐਕਸ਼ਨ ਲਿਆ ਜਾਂਦਾ ਹੈ।

ਨਿਸ਼ਾਨਵਾਲਾ ਪ੍ਰਸ਼ਨ ਨੰ: 723

(ਸਬੰਧਤ ਮੈਂਬਰ ਸਾਹਿਬ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਣ ਇਹ ਸਵਾਲ ਪੇਸ਼ ਨਹੀਂ ਹੋਇਆ)।

ਜਿਸਮਾਨੀ ਤੌਰ ਤੇ ਅਪਾਹਜ ਅਧਿਆਪਕਾਂ ਦੀ ਨਿਯੁਕਤੀ

*655. **ਕਾਮਰੇਡ ਹਰਦੇਵ ਸਿੰਘ ਅਰਸ਼ੀ**: ਕੀ ਸਿੱਖਿਆ ਮੰਤਰੀ ਜੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਜਿਸਮਾਨੀ ਤੌਰ ਤੇ ਅਪਾਹਜ ਵਿਅਕਤੀਆਂ ਦੀਆਂ ਅਧਿਆਪਕਾਂ ਵੱਜੋਂ ਨਿਯੁਕਤੀਆਂ ਕਰਨ ਲਈ ਕੀ ਕਸੌਟੀ/ਵਿਧੀ ਅਪਣਾਈ ਗਈ ਹੈ ;

(ਅ) 31 ਜੁਲਾਈ, 1992 ਨੂੰ ਡੀ. ਪੀ. ਆਈ. (ਸਕੂਲਜ਼) ਦੇ ਦਫਤਰ ਵਿਚ ਅਜਿਹੇ ਵਿਅਕਤੀਆਂ ਦੀਆਂ ਕੁੱਲ ਕਿੰਨੀਆਂ ਅਰਜ਼ੀਆਂ ਪੈਂਡਿੰਗ ਪਈਆਂ ਸਨ :--

(i) 6 ਮਹੀਨੇ ਤੋਂ ਜ਼ਿਆਦਾ ਸਮੇਂ ਲਈ ;

(ii) ਇਕ ਸਾਲ ਤੋਂ ਵੱਧ ਸਮੇਂ ਲਈ ਅਤੇ

(iii) ਦੋ ਸਾਲਾਂ ਤੋਂ ਵੱਧ ਸਮੇਂ ਲਈ ; ਅਤੇ ਉਕਤ ਵਿਅਕਤੀਆਂ ਦੀ ਨਿਯੁਕਤੀ ਨਾ ਕਰਨ ਦੇ ਕਾਰਣ ਕੀ ਹਨ ;

(ੲ) 31 ਜੁਲਾਈ, 1992 ਤੋਂ ਬਾਅਦ ਹੁਣ ਤੱਕ ਜਿਸਮਾਨੀ ਤੌਰ ਤੇ ਅਪਾਹਜ ਵਿਅਕਤੀਆਂ ਦੀਆਂ ਸ਼੍ਰੇਣੀਵਾਰ ਕੁੱਲ ਕਿੰਨੀਆਂ ਅਰਜ਼ੀਆਂ ਪਰਾਪਤ ਹੋਈਆਂ ?

ਸ਼੍ਰੀ ਹਰਨਾਮ ਦਾਸ ਜੌਹਰ: (ੳ) ਟੀਚਰਾਂ ਦੀ ਸਿੱਧੀ ਭਰਤੀ ਲਈ 3% ਰਿਜ਼ਰਵੇਸ਼ਨ ਰੱਖੀ ਗਈ ਹੈ ਜੋ ਦਰਜਾ 3 ਵਿੱਚ ਆਉਂਦੇ ਹਨ, ਇਸ ਤੋਂ ਅਤਿਰਿਕਤ ਦਰਜਾ ਚਾਰ ਕਰਮਚਾਰੀ ਇਸ ਅਧੀਨ ਆਉਂਦੇ ਹਨ ।

(i) ਸਿੱਧੀ ਭਰਤੀ ਵਿੱਚ 3% ਰਿਜ਼ਰਵੇਸ਼ਨ ਕਲਾਸ 3 ਅਤੇ ਕਲਾਸ 4 ਦੀਆਂ ਆਸਾਮੀਆਂ ਵਿੱਚ ਹੈ।

(2) ਪਹਿਲ ਦੇ ਅਧਾਰ ਤੇ ਕਲਾਸ 3 ਅਤੇ 4 ਦੀਆਂ ਅਸਾਮੀਆਂ ਲਈ ਪੰਜਾਬ ਸਰਕਾਰ ਦੇ ਪੱਤਰ ਨੰ: 12/24-86-5 ਪੀ ਪੀ (1703), ਮਿਤੀ 24 ਅਪਰੈਲ, 1986 ਅਨੁਸਾਰ ਹੈ ।

(ਅ) 31 ਜੁਲਾਈ, 1992 ਤੱਕ ਲੰਬਤ ਪਈਆਂ ਪ੍ਰਤੀ ਬੇਨਤੀਆਂ ਹੇਠ ਲਿਖੇ ਅਨੁਸਾਰ ਹਨ :—

(i) 6 ਮਹੀਨੇ ਤੋਂ ਉਪਰ	...	22
(ii) 1 ਸਾਲ ਤੋਂ ਉਪਰ	...	64
(iii) ਦੋ ਸਾਲ ਤੋਂ ਉਪਰ	...	40

ਇਨ੍ਹਾਂ ਅੰਗਹੀਣ ਵਿਅਕਤੀਆਂ ਦੀਆਂ ਹੁਣ ਤੱਕ ਨਿਯੁਕਤੀਆਂ ਨਾ ਕਰਨ ਦੇ ਕੁੱਝ ਕਾਰਣ ਇਹ ਹਨ ਕਿ ਇਹਨਾਂ ਦੇ ਕੇਸ ਅਧੂਰੇ ਹਨ ਅਤੇ ਦੂਸਰਾ ਕਾਰਣ ਇਹ ਹੈ ਕਿ ਇਹਨਾਂ ਅੰਗਹੀਣ ਵਿਅੱਕਤੀਆਂ ਦੀ ਗਿਣਤੀ ਬਹੁਤ ਜ਼ਿਆਦਾ ਹੈ ।

(ੲ) 13 ਅਰਜ਼ੀਆਂ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜੋ ਇਨ੍ਹਾਂ ਨੇ ਰੂਲਜ਼ ਦੇ ਮੁਤਾਬਿਕ 3% ਪਹਿਲ ਦੇ ਆਧਾਰ ਤੇ ਭਰਤੀ ਰਖੀ ਹੈ, ਕੀ ਇਹ ਦੱਸ ਸਕਦੇ ਹਨ ਕਿ ਕਿਸ ਡੇਟ ਤੱਕ ਇਹ ਭਰਤੀ ਹੋ ਚੁੱਕੀ ਹੈ ?

ਮੰਤਰੀ : ਸਪੀਕਰ ਸਾਹਿਬ, ਡੇਟ ਦੇ ਬਾਰੇ ਨਵਾਂ ਸਵਾਲ ਕਰ ਦੇਣ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਸਪਲੀਮੈਂਟਰੀ ਹੁੰਦਾ ਹੀ ਇਸ ਲਈ ਹੈ ਕਿ ਸਵਾਲ ਦੇ ਨਾਲ ਇਧਰ ਉਪਰ ਲਗਦਾ ਸਵਾਲ ਪੁਛਿਆ ਜਾ ਸਕੇ। ਇਹ ਸਵਾਲ ਇਸਦੇ ਨਾਲ ਸਬੰਧਤ ਹੈ, ਇਨ੍ਹਾਂ ਨੂੰ ਕਹੋ, ਇਹ ਜਵਾਬ ਦੇਣ। ਇਨ੍ਹਾਂ ਨੂੰ ਜਵਾਬ ਦੇਣ ਲਈ ਤਿਆਰ ਹੋ ਕੇ ਆਉਣਾ ਚਾਹੀਦਾ ਹੈ ਔਰ ਪੂਰਾ ਜਵਾਬ ਦੇਣਾ ਚਾਹੀਦਾ ਹੈ।

Mr. Speaker : Do not cast reflection on Hon'ble Education Minister. ਜੇ ਤੁਸੀਂ ਸਵਾਲ ਪੁੱਛਣਾ ਚਾਹੁੰਦੇ ਹੋ, ਉਹ ਪੁੱਛੋ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਮੈਂ ਇਹ ਸਵਾਲ ਪੁੱਛਿਆ ਸੀ ਕਿ ਜਿਹੜੀ 3% ਪਹਿਲ ਦੇ ਆਧਾਰ ਤੇ ਪਰੋਵੀਜ਼ਨ ਸੀ, ਉਹ ਕਿਸ ਡੇਟ ਤੱਕ ਪੂਰੀ ਹੋ ਗਈ ਹੈ। ਅਗਲਾ ਕੁਐਸਚਨ ਮੇਰਾ ਇਸੇ ਵਿਚੋਂ ਹੀ ਨਿਕਲਦਾ ਹੈ ?

ਮੰਤਰੀ : ਸਪੀਕਰ ਸਾਹਿਬ, ਜੋ ਇਨ੍ਹਾਂ ਨੇ ਪੁੱਛਿਆ ਸੀ ਉਸ ਦਾ ਜਵਾਬ ਦਿੱਤਾ ਹੈ। 31 ਜੁਲਾਈ, 1992 ਤਕ ਲੰਬਿਤ ਪਈਆਂ ਅਰਜ਼ੀਆਂ ਦਾ ਵੇਰਵਾ ਅਸੀਂ ਦੇ ਦਿੱਤਾ ਹੈ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਇਨ੍ਹਾਂ ਨੇ ਇਹ ਡੀਟੇਲ ਦਿੱਤੀ ਹੈ ਕਿ ਦੋ ਸਾਲ ਤੋਂ 40 ਅਰਜ਼ੀਆਂ ਪੈਂਡਿੰਗ ਪਈਆਂ ਹਨ ਜਿਨ੍ਹਾਂ ਤੇ ਗੌਰਮਿੰਟ ਕੁਝ ਨਹੀਂ ਕਰ ਸਕੀ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀਆਂ ਪੈਂਡਿੰਗ ਅਰਜ਼ੀਆਂ ਪਈਆਂ ਹਨ, ਇਹ ਕਿਉਂ ਪਈਆਂ ਹਨ। ਤੁਹਾਡੇ ਕੋਲ ਕੋਈ ਡਾਕੂਮੈਂਟ ਹੈ/ਚਿੱਠੀ ਹੈ, ਇਹ ਕਿਸ ਕਾਰਨ ਪੈਂਡਿੰਗ ਪਈਆਂ ਹਨ ?

ਮੰਤਰੀ : ਸਪੀਕਰ ਸਾਹਿਬ, ਲਗਾਤਾਰ ਚਿੱਠੀ ** ਚਲਦੀ ਰਹਿੰਦੀ ਹੈ ......

ਸ਼੍ਰੀ ਸਪੀਕਰ : ਚਿੱਠੀ ਰਹਿਣ ਦਿਓ, ** ਦਾ ਲਫਜ਼ ਡਲੀਟ ਕਰ ਦਿਓ।

ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਐਪਲੀਕੇਸ਼ਨਾਂ ਪਈਆਂ ਹਨ, ਜਿਨ੍ਹਾਂ ਦੇ ਵਿਚ ਕੁਝ ਕਮੀਆਂ ਹਨ। ਜਦੋਂ ਕਮੀਆਂ ਪੂਰੀਆਂ ਕਰ ਦੇਣਗੇ, ਸਰਕਾਰ ਪਹਿਲ ਦੇ ਆਧਾਰ ਤੇ ਨੌਕਰੀ ਦੇ ਦੇਵੇਗੀ।

ਸਰਦਾਰ ਜਸਬੀਰ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ** ਦੀ ਪਰਿਭਾਸ਼ਾ ਕੀ ਹੈ ?

**Expunged as ordered by the Chair.

ਸ੍ਰੀ ਸਪੀਕਰ : ਇਹ ਲਫਜ ਮੈਂ ਡਲੀਟ ਕਰਾ ਦਿਤਾ ਹੈ। ਚਿੱਠੀ ਰਿਕਾਰਡ ਤੇ ਹੈ।

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦੀ ਹਾਂ ਕਿ ਮੇਰੀਆਂ ਚਿੱਠੀਆਂ ਦਾ ਜਵਾਬ ਵੀ ਨਹੀਂ ਦਿੱਤਾ ਜਾਂਦਾ। ਮੈਂ 3 ਹੈਂਡੀਕੈਪਡ ਟੀਚਰਜ਼ ਦੇ ਕੇਸਿਜ਼ ਪਿਛਲੇ 9 ਮਹੀਨਿਆਂ ਦੇ ਵਿਚਕਾਰ ਭੇਜੇ ਹਨ ਪਰ ਹਾਲੇ ਤੱਕ ਮੈਨੂੰ ਕੋਈ ਚਿੱਠੀ ਦਾ ਜਵਾਬ ਨਹੀਂ ਦਿੱਤਾ ਗਿਆ।

Mr. Speaker : No supplementary.

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਮੈਂ ਸਵਾਲ ਬੜਾ ਸਪਸ਼ਟ ਕੀਤਾ ਸੀ ਕਿ ਹੁਣ ਤੱਕ ਜਿੰਨੇ ਕੇਸਿਜ਼ ਇਨ੍ਹਾਂ ਦੇ ਕੋਲ ਪੈਂਡਿੰਗ ਪਏ ਹਨ, ਉਨ੍ਹਾਂ ਦਾ ਮੁੱਖ ਕਾਰਣ ਅਧੂਰੇ ਹੋਣ ਕਰਕੇ ਹੈ ਜਾਂ ਫੇਰ ਕੋਈ ਹੋਰ ਕਿਸੇ ਕਾਰਣ ਕਰਕੇ ਪਏ ਹਨ ਅਤੇ ਇਹ ਕੇਸਿਜ਼ ਕਦੋਂ ਤੱਕ ਨਿਪਟਾ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਜਦੋਂ ਤੱਕ ਐਪਲੀਕੇਸ਼ਨਾਂ ਕੰਪਲੀਟ ਨਹੀਂ ਹੋ ਜਾਣਗੀਆਂ ਉਦੋਂ ਤੱਕ ਕਿਸ ਤਰ੍ਹਾਂ ਨਿਪਟਾ ਸਕਦੇ ਹਾਂ। ਜਦੋਂ ਐਪਲੀਕੇਸ਼ਨਾਂ ਕੰਪਲੀਟ ਹੋ ਜਾਂਣਗੀਆਂ ਅਤੇ ਆਸਾਮੀਆਂ ਅਵੇਲੇਬਲ ਹੋਣਗੀਆਂ ਉਦੋਂ ਅਸੀਂ ਲਗਾ ਦੇਵਾਂਗੇ। ਉਨ੍ਹਾਂ ਦੇ ਪੇਪਰਜ਼ ਕੰਪਲੀਟ ਕਰਵਾ ਦਿਓ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਸਾਰੇ ਕੇਸਿਜ਼ ਦਾ ਮੁੱਖ ਕਾਰਣ ਅਧੂਰੇ ਕਾਗਜ਼ ਨਹੀਂ ਹੈ। ਪੇਪਰਜ਼ ਇਨਕੰਪਲੀਟ ਕੁਝ ਕੇਸਿਜ਼ ਵਿਚ ਹੋ ਸਕਦੇ ਹਨ ਨਾ ਕਿ ਸਾਰੇ ਕੇਸਿਜ਼ ਵਿਚ।

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਯਕੀਨ ਦਿਵਾਉਣਾ ਚਾਹੁੰਦਾ ਹਾਂ ਕਿ ਇਨ੍ਹਾਂ ਹੈਂਡੀਕੈਪਡ ਦੇ ਕੇਸਿਜ਼ ਨੂੰ ਪਹਿਲ ਦੇ ਅਧਾਰ ਤੇ ਲਗਾ ਦਿੱਤਾ ਜਾਵੇਗਾ।

ਖਾੜਕੂਆਂ ਦੁਆਰਾ ਮਾਰੇ ਗਏ ਪੁਲਿਸ ਕਰਮਚਾਰੀਆਂ ਦੇ ਆਸ਼ਰਿਤਾਂ ਨੂੰ ਨੌਕਰੀਆਂ ਦੇਣਾ

*633. **ਸਰਦਾਰ ਹਰਗੋਪਾਲ ਸਿੰਘ ਐਡਵੋਕੇਟ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਜਨਵਰੀ, 1987 ਤੋਂ ਲੈ ਕੇ ਹੁਣ ਤਕ ਦੇ ਸਮੇਂ ਦੇ ਦੌਰਾਨ ਹੁਸ਼ਿਆਰਪੁਰ ਅਤੇ ਜਲੰਧਰ ਜ਼ਿਲ੍ਹਿਆਂ ਵਿਚ ਖਾੜਕੂਆਂ ਦੁਆਰਾ ਮਾਰੇ ਗਏ ਪੁਲਿਸ ਕਰਮਚਾਰੀਆਂ ਦੀ ਵੱਖ ਵੱਖ ਗਿਣਤੀ ਕਿੰਨੀ ਕਿੰਨੀ ਹੈ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਪੁਲਿਸ ਕਰਮਚਾਰੀਆਂ ਦੇ ਆਸ਼ਰਿਤਾਂ ਦੀ ਜ਼ਿਲ੍ਹਾਵਾਰ ਗਿਣਤੀ ਕਿੰਨੀ ਹੈ ਜਿਨ੍ਹਾਂ ਨੂੰ ਸਰਕਾਰੀ ਨੌਕਰੀਆਂ ਦਿਤੀਆਂ ਗਈਆਂ ਹਨ ?

Sardar Beant Singh (a) The number of police personnel killed by the militants from January, 1987 to-date in Hoshiarpur District—19 and Jalandhar District—47.

[Chief Minister]

(b) 6 dependents of police personnel killed in Hoshiaspur district were provided with Govt. jobs, whereas in Jalandhar district 10 dependents were provided jobs.

ਸਰਦਾਰ ਹਰਗੋਪਾਲ ਸਿੰਘ ਐਡਵੋਕੇਟ : ਸਪੀਕਰ ਸਾਹਿਬ, ਇਨ੍ਹਾਂ ਨੇ ਭਾਗ (ਅ) ਦੇ ਵਿਚ ਜਵਾਬ ਦਿੰਦੇ ਹੋਏ ਕਿਹਾ ਹੈ ਕਿ ਹੁਸ਼ਿਆਰਪੁਰ ਜ਼ਿਲ੍ਹੇ ਵਿਚ 6 ਅਤੇ ਜਲੰਧਰ ਜ਼ਿਲ੍ਹੇ ਵਿਚ 10 ਪੁਲਿਸ ਕਰਮਚਾਰੀਆਂ ਦੇ ਆਸ਼ਰਿਤਾਂ ਨੂੰ ਸਰਕਾਰੀ ਨੌਕਰੀ ਦਿੱਤੀ ਗਈ ਹੈ । ਪਰ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਕ ਪੁਲਿਸ ਸਿਪਾਹੀ ਜੋ ਕਿ ਖਾੜਕੂ ਬਣ ਕੇ ਕੰਮ ਕਰਦਾ ਰਿਹਾ ਅਤੇ ਮਰ ਗਿਆ, ਕੀ ਉਸ ਦੀ ਭੈਣ ਨੂੰ ਪੁਲਿਸ ਕਰਮਚਾਰੀ ਹੋਣ ਦੇ ਨਾਤੇ ਨਵਾਂ ਸ਼ਹਿਰ ਮਿਊਂਸਪਲ ਕਮੇਟੀ ਵਿਚ ਨੌਕਰੀ ਦਿੱਤੀ ਗਈ ਜਾਂ ਫੇਰ ਖਾੜਕੂ ਦੇ ਆਸ਼ਰਿਤ ਹੋਣ ਕਰਕੇ ਦਿੱਤੀ ਗਈ ?

ਮੁੱਖ ਮੰਤਰੀ : ਇਹ ਸੈਪਰੇਟ ਸਵਾਲ ਭੇਜ ਦੇਣ, ਮੈਂ ਜਵਾਬ ਦੇ ਦੇਵਾਂਗਾ।

ਸਰਦਾਰ ਹਰਗੋਪਾਲ ਸਿੰਘ ਐਡਵੋਕੇਟ : ਸਪੀਕਰ ਸਾਹਿਬ, ਸਰਦਾਰ ਮੋਤਾ ਸਿੰਘ ਇਕ ਪੁਲਿਸ ਕਰਮਚਾਰੀ ਸੀ ਉਹ ਖਾੜਕੂਆਂ ਦੇ ਨਾਲ ਮਿਲ ਕੇ ਕੰਮ ਕਰਦਾ ਰਿਹਾ। ਫਿਰ ਉਸਦੀ ਭੈਣ ਨੂੰ ਨੌਕਰੀ ਕਿਉਂ ਦਿਤੀ ਗਈ ?

ਮੁੱਖ ਮਤਰੀ : ਸਪੀਕਰ ਸਾਹਿਬ, ਮੈਂ ਇਸ ਦੀ ਇਨਕੁਆਇਰੀ ਕਰਵਾ ਲਵਾਂਗਾ।

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਸਪੀਕਰ ਸਾਹਿਬ, ਜਿਹੜੇ ਪੁਲਿਸ ਕਰਮਚਾਰੀਆਂ ਨੇ ਚੰਗੇ ਕੰਮ ਕੀਤੇ, ਉਨ੍ਹਾਂ ਨੂੰ ਗੈਲਾਂਟਰੀ ਅਵਾਰਡ ਮਿਲੇ। ਇਹ ਗੈਲਾਂਟਰੀ ਅਵਾਰਡ ਕਿੰਨਿਆਂ ਨੂੰ ਦਿੱਤੇ ਗਏ ਅਤੇ ਕਿੰਨਿਆਂ ਨੂੰ ਸਨਮਾਨ ਦਿਤਾ ਗਿਆ ?

Mr. Speaker : No Supplementry.

DELUX DIARIES

*641. **Comrade Tarsem Jodhan:** Will the Chief Minister be pleased to state the total number of delux diaries got printed by the Public Relations Department for the year 1993 together with the details of expenditure incurred thereon ?

Sardar Beant Singh: Order for publishing 10,000 delux diaries for the year 1993 was placed and the total expenditure comes to Rs. 7,27,788 only.

ਕਾਮਰੇਡ ਤਰਸੇਮ ਜੋਧਾਂ : ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਲੋਕ ਸੰਪਰਕ ਵਿਭਾਗ ਨੇ ਡੀਲੈਕਸ ਡਾਇਰੀਆਂ ਤੇ 7 ਲੱਖ ਰੁਪਿਆ ਫਜ਼ੂਲ ਖਰਚ ਕਰ ਦਿਤਾ ਸੀ, ਫੇਰ ਸਰਕਾਰ ਨੇ ਛਪਾਈ ਤੇ ਪ੍ਰਿੰਟਿੰਗ ਵਿਭਾਗ ਨੂੰ ਹੋਰ ਡਾਇਰੀਆਂ ਛਾਪਣ ਲਈ ਕਿਉਂ ਆਰਡਰ ਦਿੱਤਾ ਸੀ। ਇਹ ਇੱਕੋ ਮਹਿਕਮੇਂ ਤੋਂ ਕਿਉਂ ਨਹੀਂ ਛਪਵਾਈਆਂ ਗਈਆਂ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਸ ਬਾਰੇ ਕੁਝ ਕਿਹਾ ਨਹੀਂ ਜਾ ਸਕਦਾ ਕਿਉਂਕਿ ਇਹ ਗੌਰਮਿੰਟ ਦੀ ਕਨਵੀਨੀਐਂਸ ਤੇ ਡੀਪੈਂਡ ਕਰਦਾ ਹੈ ।

Mr. Speaker : Questions are over.

UNSTARRED QUESTIONS AND ANSWERS

ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਵਿਚ ਜ਼ਿਮੀਦਾਰਾਂ ਨੂੰ ਮੁਆਵਜ਼ਾ

95. **ਸ੍ਰੀਮਤੀ ਵਿਮਲਾ ਡਾਂਗ** : ਕੀ ਸਿੰਜਾਈ ਅਤੇ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਕੀ ਇਹ ਠੀਕ ਹੈ ਕਿ ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡਾਂ ਜਿਵੇਂ ਗੱਗਰ ਅਤੇ ਪੰਜ ਗਰਾਈਂ ਆਦਿ ਦੇ ਉਨ੍ਹਾਂ ਜ਼ਿਮੀਦਾਰਾਂ, ਜਿਨ੍ਹਾਂ ਦੀ ਜ਼ਮੀਨ ਸਾਲ 1978 ਵਿਚ ਆਏ ਹੜ੍ਹਾਂ ਤੋਂ ਬਾਅਦ ਠੋਕਰਾਂ (ਸਪਰਜ਼) ਬਣਾਉਣ ਲਈ ਪ੍ਰਾਪਤ ਕੀਤੀ ਗਈ ਸੀ, ਨੂੰ ਅਜੇ ਤਕ ਮੁਆਵਜ਼ਾ ਨਹੀਂ ਦਿਤਾ ਗਿਆ ਹੈ ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ ਤਾਂ ਉਨ੍ਹਾਂ ਜ਼ਿਮੀਦਾਰਾਂ ਦੀ ਪਿੰਡ ਵਾਰ ਸੰਖਿਆ ਕਿੰਨੀ ਕਿੰਨੀ ਹੈ, ਜਿਨ੍ਹਾਂ ਦੀ ਜ਼ਮੀਨ ਪ੍ਰਾਪਤ ਕੀਤੀ ਗਈ ਸੀ ਅਤੇ ਉਨ੍ਹਾਂ ਨੂੰ ਹੁਣ ਤਕ ਮੁਆਵਜ਼ਾ ਨਾ ਦਿੱਤੇ ਜਾਣ ਦੇ ਕੀ ਕਾਰਣ ਹਨ ਅਤੇ ਇਸ ਦੇ ਕਦੋਂ ਤੱਕ ਅਦਾ ਕੀਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਹਰਚਰਨ ਸਿੰਘ ਬਰਾੜ: (ੳ) ਅਤੇ (ਅ) ਨਹੀਂ ਜੀ। ਪਿੰਡ ਪੰਜ ਗਰਾਈਂ ਦੀ ਪਰਾਪਤ ਕੀਤੀ ਜ਼ਮੀਨ ਦਾ ਅਵਾਰਡ ਭੋਂ ਪ੍ਰਾਪਤੀ ਅਫਸਰ ਵੱਲੋਂ 20 ਅਗਸਤ, 1987 ਨੂੰ 25,235.45 ਰੁਪਏ ਦਾ ਜਾਰੀ ਕਰ ਦਿਤਾ ਗਿਆ ਸੀ। ਮੁਆਵਜ਼ੇ ਦੀ ਪੂਰੀ ਰਕਮ ਸਿੰਜਾਈ ਵਿਭਾਗ ਵੱਲੋਂ ਭੋਂ ਪ੍ਰਾਪਤੀ ਅਫਸਰ ਕੋਲ ਜਮ੍ਹਾਂ ਕਰਵਾ ਦਿਤੀ ਗਈ ਸੀ। ਤਿੰਨ ਭੂਮੀ ਮਾਲਕਾਂ ਵੱਲੋਂ ਮੁਆਵਜ਼ੇ ਦੀ ਰਕਮ ਪ੍ਰਾਪਤ ਕਰ ਲਈ ਗਈ ਹੈ। 6,090.60 ਰੁਪਏ ਦੀ ਰਕਮ ਭੋਂ ਪ੍ਰਾਪਤੀ ਅਫਸਰ ਕੋਲ ਬਕਾਇਆ ਪਈ ਹੈ ਕਿਉਂਕਿ ਦੋ ਭੂਮੀ ਮਾਲਕਾਂ ਦੇ ਇੰਤਕਾਲ ਕੇਸਾਂ ਦਾ ਫੈਸਲਾ ਨਹੀਂ ਹੋਇਆ ਇਸ ਤੋਂ ਇਲਾਵਾ ਸਾਂਝੀ ਭੋਂ ਦੀ ਮਲਕੀਅਤ ਦਾ ਅੰਤਮ ਫੈਸਲਾ ਹਾਲੇ ਹੋਣਾ ਹੈ।

ਜਿਥੋਂ ਤੱਕ ਪਿੰਡ ਗੱਗਰ ਦਾ ਸਬੰਧ ਹੈ, 13,515.84 ਰੁਪਏ ਦਾ ਅਵਾਰਡ ਭੋਂ ਪ੍ਰਾਪਤ ਅਫਸ਼ਰ ਵੱਲੋਂ ਜਾਰੀ ਕਰ ਦਿਤਾ ਗਿਆ ਹੈ ਅਤੇ ਸਿੰਜਾਈ ਵਿਭਾਗ ਵੱਲੋਂ ਭੋਂ ਪ੍ਰਾਪਤੀ ਅਫਸ਼ਰ ਨੂੰ ਸਾਰੀ ਰਕਮ ਦੀ ਅਦਾਇਗੀ ਕਰ ਦਿਤੀ ਗਈ ਹੈ। 6 ਭੂਮੀ ਮਾਲਕਾਂ ਵਿਚੋਂ ਕਿਸੇ ਨੇ ਵੀ ਮੁਆਵਜ਼ੇ ਦੀ ਰਕਮ ਪ੍ਰਾਪਤ ਨਹੀਂ ਕੀਤੀ ਕਿਉਂਕਿ ਉਹ ਮਹਿਸੂਸ ਕਰਦੇ ਹਨ ਕਿ ਮੁਆਵਜ਼ੇ ਦੀ ਦਰ ਘੱਟ ਹੈ।

ਪਨਟੈਕਸ ਵਿਚ ਭ੍ਰਿਸ਼ਟਾਚਾਰ

96. **ਸ੍ਰੀਮਤੀ ਵਿਮਲਾ ਡਾਂਗ**: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਉਨ੍ਹਾਂ ਨੂੰ ਕਿਸੇ ਵਿਧਾਇਕ ਪਾਸੋਂ ਪਨਟੈਕਸ ਵਿਚ ਵਾਪਰ ਰਹੇ ਭ੍ਰਿਸ਼ਟਾਚਾਰ ਜਿਸ ਦੇ ਸਿੱਟੇ ਵਜੋਂ ਉਸ ਦੀ ਮਾਲੀ ਹਾਲਤ ਗਿਰਦੀ ਜਾ ਰਹੀ ਹੈ, ਸਬੰਧੀ ਕੋਈ ਅਰਧ-ਸਰਕਾਰੀ ਪੱਤਰ, ਮਿਤੀ 12 ਅਪਰੈਲ, 1992 ਪ੍ਰਾਪਤ ਹੋਇਆ ਹੈ; ਜੇਕਰ ਪ੍ਰਾਪਤ ਹੋਇਆ ਹੈ ਤਾਂ ਉਸਦੀ ਅਤੇ ਉਸਦੇ ਸਹਿ ਪੱਤਰਾਂ, ਜੇਕਰ ਕੋਈ ਹੋਣ; ਦੀਆਂ ਕਾਪੀਆਂ ਅਤੇ ਉਸ ਤੇ ਕੀਤੀ ਕਾਰਵਾਈ ਦਾ ਵੇਰਵਾ ਸਦਨ ਦੀ ਮੇਜ਼ ਤੇ ਰੱਖਿਆ ਜਾਵੇ ?

ਸਰਦਾਰ ਬੇਅੰਤ ਸਿੰਘ: ਨਹੀਂ ਜੀ।

ਕਸ਼ਮੀਰੀ ਪਰਵਾਸੀਆਂ ਦੀਆਂ ਸਮੱਸਿਆਵਾਂ

97. **ਸ਼੍ਰੀਮਤੀ ਵਿਮਲਾ ਡਾਂਗ** : ਕੀ ਰਾਹਤ ਅਤੇ ਮੁੜ ਵਸਾਉ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਉਨ੍ਹਾਂ ਨੂੰ ਕਿਸੇ ਵਿਧਾਨਕਾਰ ਪਾਸੋਂ ਅੰਮ੍ਰਿਤਸਰ ਵਿਚ ਇਸ ਸਮੇਂ ਵੱਸੇ ਕਸ਼ਮੀਰੀ ਪ੍ਰਵਾਸੀਆਂ ਦੀਆਂ ਕੁਝ ਸਮੱਸਿਆਵਾਂ ਬਾਰੇ ਕੋਈ ਅਰਧ-ਸਰਕਾਰੀ ਪੱਤਰ, ਮਿਤੀ 27 ਅਪਰੈਲ, 1992 ਪ੍ਰਾਪਤ ਹੋਇਆ, ਜੇਕਰ ਹੋਇਆ ਹੈ, ਤਾਂ ਉਸ ਦੀ ਇਕ ਕਾਪੀ ਅਤੇ ਉਸ ਤੇ ਕੀਤੀ ਗਈ ਕਾਰਵਾਈ ਸਦਨ ਦੀ ਮੇਜ਼ ਤੇ ਰੱਖੀ ਜਾਵੇ ?

ਸ੍ਰੀ ਬਾਲ ਮਕੰਦ ਸ਼ਰਮਾ : ਨਹੀਂ ਜੀ, ਪਰੰਤੂ ਸ਼੍ਰੀਮਤੀ ਵਿਮਲਾ ਡਾਂਗ ਐਮ. ਐਲ. ਏ., ਵੱਲੋਂ ਅੱਧਸਰਕਾਰੀ ਪੱਤਰ ਮਿਤੀ 27 ਅਪਰੈਲ, 1992 ਦੀ ਇਕ ਕਾਪੀ ਉਨ੍ਹਾਂ ਦੇ ਅੱਧ-ਸਰਕਾਰੀ ਪੱਤਰ ਮਿਤੀ 18 ਜੂਨ, 1992 ਨਾਲ ਪ੍ਰਾਪਤ ਹੋਈ ਸੀ ਜੋ ਕਿ ਅਨੁਲੱਗ–1 ਤੇ ਹੈ ਜੀ।

ਵਿੱਤੀ ਔਕੜਾਂ ਕਾਰਨ ਇਹ ਸੰਭਵ ਨਹੀਂ ਹੈ ਕਿ ਜੰਮੂ ਅਤੇ ਕਸ਼ਮੀਰੀ ਪ੍ਰਵਾਸੀਆਂ ਦੀ ਮੰਗ ਮੰਨ ਲਈ ਜਾਵੇ ਅਤੇ ਉਨ੍ਹਾਂ ਨੂੰ ਰਾਸ਼ਨ ਮਨੀ ਦੇ ਪੈਸੇ 460 ਰੁਪਏ ਤੋਂ ਵਧਾ ਕੇ 1,000 ਰੁਪਏ ਪ੍ਰਤੀ ਮਹੀਨਾ ਕਰ ਦਿੱਤੇ ਜਾਣ ।

ANNEXURE I

Ekta Bhawan,
Chheharta (Amritsar),
PIN—143105

Dated 18th June, 1992.

Dear Shri Balmukand Sharma Ji,

I regret to have to write that I have not received any reply to my D.O. letter, dated 27th April, 1992 to you regarding some problems of Kashmiri migrants settled in Amritsar.

A copy of the same is enclosed for ready reference and convenience.

I would be thankful if I am informed of the action that you may have taken and the present position of the case.

Yours sincerely,

(Sd.) . . .,
Vimla Dang,
M.L.A.

Shri Balmukand Sharma,
Minister for Relief & Resettlement,
Punjab,
Chandigarh.

———

Dated 27th April, 1992.

VIMLA DANG, M.L.A.,

Ekta Bhawan,
Chheharta (Amritsar),
PIN—143105.

Dear Shri Beant Singh Ji,

You are perhaps aware that many from Amritsar were doing business etc. in the Kashmir Valley, of these many with families had migrated permanently. They had to migrate back after terrorism became wide spread there . Some other migrant families too came to Amritsar. Of these quite a number are still living in Sarais etc.

[Relief and Resettlement Minister]

Punjab Government sanctioned for one Kashmiri migrant family the very meagre amount of Rs. 460 p.m. which you will agree is absolutely inadequate. This was sanctioned during President's rule. It needs to be reviewd and suitably revised.

Their genuine demands relating to Loans, houses, etc. also need to be looked into.

I would request you to call for a detailed report about their plight and position from the district authorities so that decision to give them adequate help needed by them at the earliest can be taken by your Government.

Yours sincerely,

(Sd.) . . .,
(VIMLA DANG.)

1. Shri Beant Singh,
   Chief Minister, Punjab,
   Chandigarh.

2. Shri Balmukand Sharma,
   Minister for Relief & Resettlement,
   Punjab,
   Chandigarh.

ਡੈਂਟਲ ਕਾਲਜਾਂ ਦੇ ਚੌਥੇ ਦਰਜੇ ਦੇ ਕਰਮਚਾਰੀਆਂ ਦੀਆਂ ਮੰਗਾਂ

98. **ਸ੍ਰੀਮਤੀ ਵਿਮਲਾ ਡਾਂਗ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਉਨ੍ਹਾਂ ਨੂੰ ਕਿਸੇ ਵਿਧਾਨਕਾਰ ਪਾਸੋਂ ਡੈਂਟਲ ਕਾਲਜਾਂ ਦੇ ਚੌਥੇ ਦਰਜੇ ਦੇ ਕਰਮ-ਚਾਰੀਆਂ ਦੀਆਂ ਜਾਇਜ਼ ਮੰਗਾਂ ਦੇ ਵਿਸ਼ੇ ਤੇ ਕੋਈ ਅਰਧ-ਸਰਕਾਰੀ ਪੱਤਰ ਮਿਤੀ 14 ਅਪਰੈਲ, 1992 ਪ੍ਰਾਪਤ ਹੋਇਆ; ਜੇਕਰ ਅਜਿਹਾ ਹੈ, ਤਾਂ ਉਸ ਦੀ ਅਤੇ ਉਸ ਦੇ ਸਹਿ-ਪੱਤਰਾਂ ਦੀ ਕਾਪੀ ਅਤੇ ਉਸ ਤੇ ਕੀਤੀ ਕਾਰਵਾਈ ਜੇਕਰ ਕੋਈ ਹੋਵੇ, ਸਦਨ ਦੀ ਮੇਜ਼ ਤੇ ਰੱਖੀ ਜਾਵੇ ?

ਸਰਦਾਰ ਲਾਲ ਸਿੰਘ : ਡੈਂਟਲ ਕਾਲਜਾਂ ਦੇ ਚੌਥੇ ਦਰਜੇ ਦੇ ਕਰਮਚਾਰੀਆਂ ਦੀਆਂ ਜਾਇਜ਼ ਮੰਗਾਂ ਦੇ ਵਿਸ਼ੇ ਤੇ ਕਿਸੇ ਵਿਧਾਨਕਾਰ ਪਾਸੋਂ ਕੋਈ ਅਰਧ-ਸਰਕਾਰੀ ਪੱਤਰ ਮਿਤੀ, 14 ਅਪਰੈਲ, 1992 ਪ੍ਰਾਪਤ ਨਹੀਂ ਹੋਇਆ।

PAPERS LAID ON THE TABLE OF THE HOUSE

Mr. Speaker : Next item-Papers to be Laid on the Table.

Minister for Parliamentary Affairs (Sardar Umrao Singh): Sir, I beg to lay......

Comrade Tarsem Jodhan: Sir, on a Point of Order.

Mr. Speaker: You may raise your Point of Order after the Papers are laid on the Table.

Minister for Parliamentary Affairs (Sardar Umrao Singh): Sir, I beg to lay on the Table:—

1. The administration Report of the Pepsu Road Transport Corporation Patiala for the year 1990-91, alongwith statement explaining the reasons for delay inlaying the said Report on the Table of the House, as required under section 35(3) of the Road Transport Corporation Act, 1950.

2. The Annual Accounts and Audit Report of Pepsu Road Transport Corporation Patiala for the year 1990-91, alongwith statement explaining the reasons for delay in laying the said Report on the Table of the House, as required under section 33(4) of the Road Transport Corporation Act, 1950.

3. The 8th, 9th and 10th Annual Reports of the Punjab State Electronics Development and Production Corporation Ltd., for the years from 1983-84 to 1985-86, as required under section 619-A of the Companies Act, 1956.

POINT OF ORDER RE. INCREASE IN LABOURERS WAGES

ਸ਼੍ਰੀ ਸਪੀਕਰ : ਕਾਮਰੇਡ ਤਰਸੇਮ ਜੋਧਾਂ ਜੀ, ਤੁਹਾਡਾ ਪੁਆਇੰਟ ਆਫ ਆਰਡਰ ਕੀ ਹੈ ?

ਸ਼੍ਰੀ ਤਰਸੇਮ ਜੋਧਾਂ : ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ, ਸਪੀਕਰ ਸਾਹਿਬ, ਕੱਲ੍ਹ ਸਦਨ ਦੇ ਵਿਚ ਮੇਰੇ ਵੱਲੋਂ ਸਵਾਲ ਉਠਾਇਆ ਗਿਆ ਸੀ ਕਿ ਮਜ਼ਦੂਰਾਂ ਦੀ ਘੱਟੋ-ਘੱਟ ਉਜ਼ਰਤਾਂ ਵਿਚ ਸਾਢੇ-ਤਿੰਨ ਸਾਲ ਤੋਂ ਕੋਈ ਸੋਧ ਨਹੀਂ ਕੀਤੀ ਗਈ । ਇਹ ਬੜੇ ਹੀ ਦੁੱਖ ਦੀ ਗੱਲ ਹੈ ਕਿ ਲੇਬਰ ਮਨਿਸਟਰ ਜੀ ਨੇ ਕਹਿ ਦਿੱਤਾ ਕਿ ਵਿੱਤ ਮੰਤਰੀ ਜੀ ਇਜਾਜ਼ਤ ਨਹੀਂ ਦੇ ਰਹੇ ਹਨ ਮੈਂ ਸਮਝਦਾ ਹਾਂ ਕਿ ਪੰਜਾਬ ਸਰਕਾਰ ਉਨ੍ਹਾਂ ਮਜ਼ਦੂਰਾਂ ਨਾਲ ਅਨਿਆਏ ਕਰ ਰਹੀ ਹੈ। ਇਹ ਬਹੁਤ ਵੱਡਾ ਅਨਿਆਏ ਪੰਜਾਬ ਸਰਕਾਰ ਮਜ਼ਦੂਰਾਂ ਦੀ ਜਮਾਤ ਦੇ ਨਾਲ ਕਰ ਰਹੀ ਹੈ। ਇਸ ਬਾਰੇ, ਸਪੀਕਰ ਸਾਹਿਬ, ਹਾਊਸ ਵਿਚ ਬਹਿਸ ਹੋਣੀ ਚਾਹੀਦੀ ਹੈ । ਇਸ ਸਵਾਲ ਦਾ ਜਵਾਬ ਮਨਿਸਟਰ ਸਾਹਿਬ ਵੱਲੋਂ ਹੁਣੇ ਹਾਊਸ ਵਿਚ ਦਿਤਾ ਜਾਣਾ ਚਾਹੀਦਾ ਹੈ। ਸਰਕਾਰ ਉੱਤੇ ਸਨਅਤਕਾਰਾਂ ਦਾ ਦਬਾਉ ਪਿਆ ਹੋਇਆ ਹੈ। (ਵਿਘਨ)

ਸ਼੍ਰੀ ਸਪੀਕਰ : ਤੁਸੀਂ ਭਾਸ਼ਣ ਨਾ ਦਿਉ ਔਰ ਤੁਹਾਡਾ ਪੁਆਇੰਟ ਆਫ ਆਰਡਰ ਕੀ ਹੈ ?

WALK OUT

ਕਾਮਰੇਡ ਤਰਸੇਮ ਜੋਧਾਂ : ਸਪੀਕਰ ਸਾਹਿਬ, ਮੈਂ ਪ੍ਰੋਟੈਸਟ ਦੇ ਤੌਰ ਤੇ ਵਾਕ ਆਊਟ ਕਰਦਾ ਹਾਂ (ਵਿਘਨ)(ਸ਼ੋਰ) ।

(ਇਸ ਸਮੇਂ ਮਾਨਯੋਗ ਮੈਂਬਰ ਕਾਮਰੇਡ ਤਰਸੇਮ ਜੋਧਾਂ ਸਦਨ ਵਿਚੋਂ ਨਾਅਰੇ ** ** ਲਗਾਉਂਦੇ ਵਾਕ ਆਊਟ ਕਰ ਗਏ।)

Mr. Speaker : These slogans should not be recorded.

DISCUSSION ON GOVERNOR'S ADDRESS

Mr. Speaker: Now we take up the next item-Discussion on Governor's Address. Sardar Awtar Singh Brar to move the Motion, please.

ਸਰਦਾਰ ਅਵਤਾਰ ਸਿੰਘ ਬਰਾੜ (ਫਰੀਦਕੋਟ) : ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਹੀ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਗਵਰਨਰ ਸਾਹਿਬ ਦੇ ਭਾਸ਼ਣ ਤੇ ਮਤਾ ਰਖਣ ਦੀ ਇਜਾਜ਼ਤ ਦਿਤੀ ਹੈ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਤੁਸੀਂ ਦੂਸਰਿਆਂ ਨੂੰ ਤਾਂ ਪੁਆਇੰਟ ਆਫ ਆਰਡਰ ਤੇ ਬੋਲਣ ਲਈ ਟਾਇਮ ਦੇ ਦਿੰਦੇ ਹੋ ਪਰ ਸਾਨੂੰ ਤੁਸੀਂ ਬੋਲਣ ਦਾ ਸਮਾਂ ਨਹੀਂ ਦਿੰਦੇ। ਗਵਰਨਰ ਐਡਰੈਸ ਤੇ ਸਾਰਾ ਕੁਝ ਪੁਲਿਸ ਐਕਸੈਸਿਜ਼ ਬਾਰੇ ਤਾਂ ਨਹੀਂ ਕਿਹਾ ਜਾ ਸਕਦਾ । ਇਸ ਲਈ ਬੋਲਣ ਲਈ ਵਖਰਾ ਸਮਾਂ ਦੇਣਾ ਚਾਹੀਦਾ ਹੈ। (ਵਿਘਨ)

**Not recorded as ordered by the Chair.

Mr. Speaker : Please sit down.

You are seasoned Parliamentarian. I have already called upon the mover. ਬਰਾੜ ਜੀ, ਤੁਸੀਂ ਬੋਲੋ ।

ਸਰਦਾਰ ਅਵਤਾਰ ਸਿੰਘ ਬਰਾੜ : ਸਪੀਕਰ ਸਾਹਿਬ, ਮੈਂ ਪ੍ਰਸਤਾਵ ਕਰਦਾ ਹਾਂ ਕਿ ਰਾਜਪਾਲ ਜੀ ਨੂੰ ਹੇਠ ਲਿਖੇ ਸ਼ਬਦਾਂ ਵਿਚ ਮਾਣ-ਪੱਤਰ ਪੇਸ਼ ਕੀਤਾ ਜਾਵੇ:--

"ਕਿ ਇਸ ਸਮਾਗਮ ਵਿਚ ਇਕੱਤਰ ਹੋਏ ਇਸ ਸਦਨ ਦੇ ਮੈਂਬਰ ਉਸ ਭਾਸ਼ਣ ਲਈ ਰਾਜਪਾਲ ਦੇ ਅਤਿ ਧੰਨਵਾਦੀ ਹਨ ਜੋ ਉਨ੍ਹਾਂ ਨੇ 22 ਫਰਵਰੀ, 1993 ਨੂੰ ਸਦਨ ਵਿਚ ਦੇਣ ਦੀ ਕਿਰਪਾਲਤਾ ਕੀਤੀ।"

ਸਪੀਕਰ ਸਾਹਿਬ, ਉਨ੍ਹਾਂ ਨੇ ਆਪਣੇ ਭਾਸ਼ਣ ਦੇ ਪਹਿਲੇ ਪੈਰੇ ਵਿਚ ਲਿਖਿਆ ਹੈ:—

"ਅੱਜ ਤੋਂ ਇੱਕ ਸਾਲ ਪਹਿਲਾਂ, ਇਸੇ ਹਫਤੇ ਬਹੁਤ ਅਹਿਮ ਅਤੇ ਮਹੱਤਵਪੂਰਨ ਘਟਨਾਵਾਂ ਵਾਪਰੀਆਂ ਸਨ। ਰਾਸ਼ਟਰਪਤੀ ਰਾਜ ਦੇ ਲਗਭਗ ਪੰਜ ਸਾਲ ਦੇ ਵਕਫੇ ਮਗਰੋਂ ਪੰਜਾਬ ਵਿੱਚ ਆਜ਼ਾਦ, ਨਿਰਪੱਖ ਅਤੇ ਸ਼ਾਂਤੀਮਈ ਚੋਣਾਂ ਹੋਈਆਂ ਹਨ। ਪੰਜਾਬ ਦੇ ਲੋਕਾਂ ਦੇ ਲੋਕਰਾਜੀ ਹੱਕਾਂ ਦੀ ਮੁੜ ਬਹਾਲੀ ਕਰਦੇ ਹੋਏ ਠੀਕ ਢੰਗ ਨਾਲ ਚੁਣੀ ਹੋਈ ਸਰਕਾਰ ਕਾਇਮ ਹੋਈ ਸੀ। ਸਮੂਹ ਪ੍ਰਾਪਤੀਆਂ ਦਾ ਸਿਹਰਾ ਮੁੱਖ ਤੌਰ ਤੇ ਪੰਜਾਬ ਦੇ ਬਹਾਦਰ ਅਤੇ ਦਲੇਰ ਲੋਕਾਂ ਦੇ ਸਿਰ ਜਾਂਦਾ ਹੈ, ਜਿਨ੍ਹਾਂ ਨੇ ਸਪਸ਼ਟ ਤੌਰ ਤੇ ਲੋਕਤੰਤਰ ਦਾ ਰਾਹ ਚੁਣਿਆ ਅਤੇ ਹਿੰਸਾ ਦਾ ਮਾਰਗ ਨਕਾਰਿਆ। ਉਨ੍ਹਾਂ ਨੇ ਗੜ੍ਹਕਵੇਂ ਅਤੇ ਸਪਸ਼ਟ ਸ਼ਬਦਾਂ ਵਿੱਚ ਦੱਸਿਆ ਕਿ ਪੰਜਾਬੀ ਕਦੇ ਵੀ ਆਪਣੇ ਆਪ ਨੂੰ ਉਨ੍ਹਾਂ ਕੌਮ-ਵਿਰੋਧੀ ਤਾਕਤਾਂ ਦੇ ਹੱਥਾਂ ਵਿਚ ਕਠਪੁਤਲੀ ਨਹੀਂ ਬਣਨ ਦੇਣਗੇ ਜਿਨ੍ਹਾਂ ਨੂੰ ਇਕ ਬਦੇਸ਼ੀ ਤਾਕਤ ਤੋਂ ਉਤੇਜਨਾ ਅਤੇ ਸ਼ਹਿ ਮਿਲ ਰਹੀ ਹੈ। ਪੰਜਾਬੀਆਂ ਨੇ ਦੇਸ਼ ਦੀ ਅਖੰਡਤਾ ਅਤੇ ਕੌਮ ਦੀ ਇਕ-ਜੁਟਤਾ ਪ੍ਰਤੀ ਆਪਣੀ ਪੂਰੀ ਵਫਾਦਾਰੀ ਅਤੇ ਪ੍ਰਤਿਬੱਧਤਾ ਦਾ ਵੀ ਪ੍ਰਦਰਸ਼ਨ ਕੀਤਾ ਹੈ।"

ਸਪੀਕਰ ਸਾਹਿਬ, ਮੈਂ ਆਪਣੀ ਗੱਲ ਸ਼ੁਰੂ ਕਰਨ ਤੋਂ ਪਹਿਲਾਂ ਤੁਹਾਡੇ ਰਾਹੀਂ ਇੱਕ ਗੱਲ ਇਸ ਹਾਊਸ ਦੇ ਆਦਰਯੋਗ ਮੈਂਬਰਾਂ ਦੇ ਸਾਹਮਣੇ ਰੱਖਣਾ ਚਾਹੁੰਦਾ ਹਾਂ। ਇਹ ਮਨੁੱਖੀ ਸੁਭਾਉ ਹੈ ਕਿ ਉਹ ਬੀਤੀ ਗੱਲ ਨੂੰ ਬੜੀ ਛੇਤੀ ਭੁੱਲ ਜਾਂਦਾ ਹੈ ਔਰ ਚੇਤਾ ਸ਼ਕਤੀ ਦੀ ਵੀ ਬਹੁਤੀ ਲੰਬੀ ਮਿਆਦ ਨਹੀਂ। ਜੇ ਮੈਂ ਇਹ ਕਹਿ ਦੇਵਾਂ ਕਿ ਇਸ ਹਾਊਸ ਨੂੰ ਮਾਨ ਹੈ ਕਿ ਇਸ ਹਾਊਸ ਦਾ ਸਪੀਕਰ ਉਹ ਸੂਰਮਾ ਜਰਨੈਲ ਹੈ ਜੋ ਅਤਿਵਾਦ ਦੇ ਖਿਲਾਫ ਲੜਾਈ ਲੜਦਿਆਂ ਹੋਇਆਂ ਬੰਬਾਂ ਦਾ ਸ਼ਿਕਾਰ ਹੋਇਆ। ਇਸ ਹਾਊਸ ਵਿੱਚ ਇਸ ਸਰਕਾਰ ਦੇ ਵਿੱਤ-ਮੰਤਰੀ ਬੈਠੇ ਹਨ ਜਿਨ੍ਹਾਂ ਨੂੰ ਦੋ ਵਾਰ ਦੇਸ਼ ਵਿਰੋਧੀ ਤਾਕਤਾਂ ਨੇ ਕਤਲ ਕਰਨ ਦੀਆਂ ਨਿਰਦਿਯਤਾ ਵਾਲੀਆਂ ਕੋਸ਼ਿਸ਼ਾਂ ਕੀਤੀਆਂ। ਇਸ ਹਾਊਸ ਵਿੱਚ ਜਨ ਸਿਹਤ ਮੰਤਰੀ ਉਹ ਨੌਜਵਾਨ ਆਗੂ ਵੀ ਹੈ ਜਿਸਨੂੰ ਬੰਬਾਂ ਨਾਲ ਉਡਾਉਣ ਦੀ ਘਿਨਾਉਣੀ ਕੋਸ਼ਿਸ਼ ਕੀਤੀ ਗਈ। ਇਸ ਹਾਊਸ ਵਿਚ ਇਕ ਨੌਜਵਾਨ ਮਹਿੰਦਰ ਸਿੰਘ ਕੇ. ਪੀ. ਮਨਿਸਟਰ ਵੀ ਹੈ ਜਿਸ ਦੇ ਪਿਤਾ ਸਰਦਾਰ ਦਰਸ਼ਨ ਸਿੰਘ ਕੇ. ਪੀ. ਜੋ ਪਹਿਲੀ ਸਰਕਾਰ ਵਿੱਚ ਵਜੀਰ ਵੀ ਰਹੇ ਹਨ, ਉਹ ਇਸ ਹਾਊਸ ਦੇ ਆਦਰਯੋਗ ਮੈਂਬਰ ਵੀ ਰਹੇ, ਉਹ ਇਸ ਸੰਸਾਰ ਵਿਚੋਂ ਬੜੀਆਂ ਕਹਿਰਤਾ ਭਰੀਆਂ ਕਾਰਵਾਈਆਂ ਨਾਲ ਸਾਡੇ ਕੋਲੋਂ ਖੋਹ ਲਏ ਗਏ। ਇਸ ਹਾਊਸ ਵਿਚ ਆਦਰਯੋਗ ਮੈਂਬਰ ਰਾਕੇਸ਼ ਪਾਂਡੇ ਵੀ ਹੈ ਜਿਸਦੇ ਪਿਤਾ ਸ੍ਰੀ ਜੋਗਿੰਦਰ ਪਾਲ ਪਾਂਡੇ ਜੀ ਜਿਨ੍ਹਾਂ ਨੇ ਪੰਜਾਬ ਦੀ ਡਿਵੈਲਪ-ਮੈਂਟ ਵਿੱਚ ਔਰ ਕਾਂਗਰਸ ਪਾਰਟੀ ਲਈ ਅਜਿਹੀਆਂ ਘਾਲਣਾ-ਘਾਲੀਆਂ ਜੋ ਹਮੇਸ਼ਾ ਯਾਦ ਰਖੀਆਂ

ਜਾਣਗੀਆਂ। ਉਨ੍ਹਾਂ ਨੂੰ ਵੀ ਕਤਲ ਕਰ ਦਿਤਾ ਗਿਆ। ਇਸ ਹਾਊਸ ਵਿਚ ਅਜੋਕੇ ਆਦਰਯੋਗ ਮੈਂਬਰ ਸਾਡੇ ਬੀ. ਜੇ. ਪੀ. ਦੇ ਬੈਠੇ ਹਨ, ਜਿਨ੍ਹਾਂ ਦੀ ਪਾਰਟੀ ਦੇ ਲੀਡਰ ਲਾਲਾ ਭਗਵਾਨ ਦਾਸ ਔਰ ਹਿੱਤ ਅਭਿਲਾਸ਼ੀ ਜੀ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਕੁਰਬਾਨ ਹੋ ਗਏ। ਉਨ੍ਹਾਂ ਨੂੰ ਵੀ ਭੁਲਾਇਆ ਨਹੀਂ ਜਾ ਸਕਦਾ। ਏਥੇ ਸਾਡੇ ਸੀ. ਪੀ. ਆਈ. ਦੇ ਆਦਰਯੋਗ ਸਾਥੀ ਬੈਠੇ ਹਨ। ਇਨ੍ਹਾਂ ਨੇ ਵੀ ਸਾਡੀ ਪਾਰਟੀ ਵਾਂਗ ਹੀ ਲੰਬਾ ਸੰਘਰਸ਼ ਕੀਤਾ। ਇਨ੍ਹਾਂ ਨੇ ਵੀ ਦੇਸ਼ ਦੀ ਏਕਤਾ ਔਰ ਅਖੰਡਤਾ ਦੀ ਰਾਖੀ ਲਈ ਅਰਜਨ ਸਿੰਘ ਮਸਤਾਨਾ ਔਰ ਕੈਨੇਡੀਅਨ ਵਰਗੇ ਸਾਥੀਆਂ ਨੂੰ ਸ਼ਹਾਦਤ ਵਰਗੇ ਰਸਤੇ ਤੇ ਤੋਰਿਆ। ਏਥੇ ਸਾਡੇ ਯੂ. ਸੀ. ਪੀ. ਆਈ. ਦੇ ਸਾਥੀ ਵੀ ਬੈਠੇ ਹਨ, ਜਿਨ੍ਹਾਂ ਨੇ ਇਸ ਘਾਲਣਾ ਵਿਚ ਆਪਣਾ ਪੂਰਾ ਯੋਗਦਾਨ ਪਾਇਆ ਅਤੇ ਬੇਸਿਕ ਰੋਲ ਅਦਾ ਕੀਤਾ। ਇਸ ਹਾਊਸ ਦੇ ਅੱਗੇ ਸਰਦਾਰ ਬੇਅੰਤ ਸਿੰਘ ਜੀ, ਮੁੱਖ ਮੰਤਰੀ, ਪੰਜਾਬ, ਜਿਨ੍ਹਾਂ ਨੇ ਅੱਜ ਤੋਂ 8 ਮਹੀਨੇ ਪਹਿਲਾਂ ਨਹੀਂ, 8 ਸਾਲ ਪਹਿਲਾਂ ਪੰਜਾਬ ਦੀ ਉਸ ਕਾਲੀ ਬੋਲੀ ਹਨੇਰੀ ਰਾਤ, ਜਿਸ ਦੇ ਕਹਿਰ ਦਾ ਕਿਧਰੇ ਖਤਮ ਹੋਣ ਦਾ ਜ਼ਿਕਰ ਨਹੀਂ ਸੀ ਆਉਂਦਾ, ਲੋਕ ਡਰੇ ਹੋਏ ਸਨ, ਖੂੰਜਿਆਂ ਵਿੱਚ ਵੜੇ ਹੋਏ ਸਨ, ਉਨ੍ਹਾਂ ਨੇ ਇਕ ਜੁਗਨੂੰ ਵਰਗੀ ਟਿਮਟਿਮਾਉਂਦੀ ਰੋਸ਼ਨੀ ਲੈ ਕੇ ਅਤਿਵਾਦ ਅਤੇ ਵੱਖਵਾਦ ਦੇ ਖਿਲਾਫ ਲੜਾਈ ਲੜੀ ਔਰ ਸਾਥੀਆਂ ਦੀਆਂ ਕੁਰਬਾਨੀਆਂ ਦਿੱਤੀਆਂ। ਜਿਸ ਤਰ੍ਹਾਂ ਇਸ ਹਾਊਸ ਦੇ ਹੀ ਆਦਰਯੋਗ ਮੈਂਬਰ ਪਰਾਸ਼ਰ ਜੀ, ਸਰਦਾਰ ਜਗਰੂਪ ਸਿੰਘ ਜੀ ਅਤੇ ਉਨ੍ਹਾਂ ਦੇ ਕਿੰਨੇ ਹੀ ਹੋਰ ਸਾਥੀ ਸ਼ਹਾਦਤ ਦਾ ਜਾਮ ਪੀ ਗਏ। ਉਸ ਤੋਂ ਬਾਅਦ ਜਦੋਂ ਥੋੜ੍ਹੇ ਬਹੁਤੇ ਹਾਲਾਤ ਬਦਲੇ ਤਾਂ ਫਿਰ ਇਕ ਐਸਾ ਦੌਰ ਵੀ ਆਇਆ ਜਦੋਂ ਉਸ ਸਮੇਂ ਦੀ ਸੈਂਟਰ ਸਰਕਾਰ ਨੇ ਸੋਚਿਆ ਕਿ ਚੋਣਾਂ ਕਰਵਾ ਦਿੱਤੀਆਂ ਜਾਣ ਮਗਰ ਹਿੰਦੁਸਤਾਨ ਦੇ ਕਾਂਗਰਸੀ ਨੇਤਾ ਸਵਰਗਵਾਸੀ ਸ਼੍ਰੀ ਰਾਜੀਵ ਗਾਂਧੀ ਜੀ ਨੇ ਉਦੋਂ ਹੀ ਭਾਪ ਲਿਆ ਸੀ ਕਿ ਇਹ ਚੋਣਾਂ ਠੀਕ ਢੰਗ ਨਾਲ ਨਹੀਂ ਹੋ ਸਕਣਗੀਆਂ, ਅਜੇ ਚੋਣਾਂ ਲਈ ਮਾਹੌਲ ਸਾਜ਼ਗਾਰ ਨਹੀਂ ਮਗਰ ਫਿਰ ਵੀ ਜਦੋਂ ਅੱਜ ਤੋਂ 8 ਮਹੀਨੇ ਪਹਿਲਾਂ ਚੋਣਾਂ ਦਾ ਐਲਾਨ ਕੀਤਾ ਗਿਆ ਤਾਂ ਉਸ ਵੇਲੇ ਪਾਰਲੀਮੈਂਟ ਅਤੇ ਵਿਧਾਨ ਸਭਾ ਦੇ 25 ਕੈਂਡੀਡੇਟਸ ਨੂੰ ਗੋਲੀਆਂ ਦਾ ਨਿਸ਼ਾਨਾ ਬਣਾ ਦਿਤਾ ਗਿਆ। ਮੈਂ ਕਹਿਣਾ ਚਾਹੁੰਦਾ ਹਾਂ ਕਿ ਅਣਗਿਣਤ ਲੋਕਾਂ ਦਾ ਕਤਲ ਹੋਇਆ ਅਤੇ ਅਣਗਿਣਤ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਬੱਸਾਂ ਵਿਚੋਂ ਕੱਢ ਕੇ, ਟਰੇਨਾਂ ਵਿੱਚੋਂ ਕਢ ਕੇ ਬੇਦੋਸ਼ੇ ਲੋਕਾਂ ਨੂੰ ਮਾਰ ਦਿਤਾ ਗਿਆ ਮਗਰ ਫਿਰ ਵੀ ਪੰਜਾਬ ਦੇ ਬਹਾਦਰ ਲੋਕਾਂ ਨੇ ਉਨ੍ਹਾਂ ਲੋਕਾਂ ਦੀ ਕੋਸ਼ਿਸ਼ ਕਾਮਯਾਬ ਨਾ ਹੋਣ ਦਿੱਤੀ ਜੋ ਚਾਹੁੰਦੇ ਸਨ ਕਿ ਪੰਜਾਬ ਦੇ ਹਿੰਦੂ-ਸਿੱਖਾਂ ਵਿਚ ਫਸਾਦ ਪਵਾ ਦਿੱਤੇ ਜਾਣ। ਫਿਰਕੂ ਏਕਤਾ ਨੂੰ ਤੋੜ ਦਿੱਤਾ ਜਾਵੇ। ਪੰਜਾਬ ਦੇ ਬਹਾਦਰ ਲੋਕਾਂ ਨੇ ਇਸ ਸਾਜ਼ਸ਼ ਦਾ ਸ਼ਿਕਾਰ ਹੋਣ ਤੋਂ ਇਨਕਾਰ ਕਰ ਦਿਤਾ। ਇਸ ਸਿਲਸਿਲੇ ਵਿਚ ਮੈਂ ਪੰਜਾਬ ਦੇ ਇਕ ਸੂਰਬੀਰ ਆਦਮੀ ਦੀ ਮਿਸਾਲ ਦੇਣੀ ਚਾਹੁੰਦਾ ਹਾਂ ਜਿਸ ਨੇ ਆਪਣੀ ਜਾਨ ਦੀ ਪਰਵਾਹ ਨਾ ਕਰਦੇ ਹੋਏ ਇਕ ਦੂਸਰੇ ਫਿਰਕੇ ਦੇ ਲੋਕ ਦੀ ਜਾਨ ਬਚਾਈ। ਉਹ ਆਦਮੀ ਉਸ ਬਸ ਵਿੱਚ ਸਫਰ ਕਰ ਰਿਹਾ ਸੀ, ਜਿਸ ਵਿੱਚੋਂ ਇਕ ਖਾਸ ਫਿਰਕੇ ਦੇ ਲੋਕਾਂ ਨੂੰ ਬੱਸ ਵਿਚੋਂ ਉਤਾਰ ਕੇ ਕਤਲ ਕਰ ਦਿਤਾ ਗਿਆ ਸੀ। ਉਸ ਬਹਾਦਰ ਆਦਮੀ ਦਾ ਨਾਂ ਮੈਂ ਇਸ ਹਾਊਸ ਵਿਚ ਮਾਣ ਨਾਲ ਲੈਣਾ ਚਾਹੁੰਦਾ ਹਾਂ ਬਾਬਾ ਅਜੀਤ ਸਿੰਘ ਨਿਹੋਰਾ, ਜਿਨ੍ਹਾਂ ਨੇ ਆਪਣੀ ਨਾਲ ਦੀ ਸੀਟ ਤੇ ਬੈਠੇ ਇਕ ਕਲੀਨ ਸ਼ੇਵ ਨੌ-ਜਵਾਨ ਨੂੰ ਆਪਣਾ ਬੱਚਾ ਕਹਿ ਕੇ ਬਚਾਇਆ। ਅਜਿਹੇ ਭਿਆਨਕ ਸਮਿਆਂ ਵਿਚ ਵੀ ਪੰਜਾਬ ਦੇ ਹਿੰਦੂ ਅਤੇ ਸਿੱਖ ਹਮੇਸ਼ਾ ਇਕੱਠੇ ਹੋਕੇ ਚਲੇ। ਅਜਿਹੀਆਂ ਬੇਕਸੂਰ ਹਤਿਆਵਾਂ ਦੇ ਸਮੇਂ ਅਰਥੀਆਂ ਲਿਜਾਣ ਦੇ ਸਮੇਂ, ਸੰਸਕਾਰ ਦੇ ਸਮੇਂ ਅਤੇ ਅੰਤਿਮ ਰਸਮਾਂ ਦੇ ਸਮੇਂ ਉਹ ਇਕੱਠੇ ਹੋ ਕੇ ਚਲੇ। ਦੇਸ਼ ਦੀਆਂ ਅੰਦਰੂਨੀ ਅਤੇ ਬਾਹਰਲੀਆਂ ਘਿਨਾਉਣੀਆਂ ਸਾਜ਼ਸ਼ਾਂ ਦੇ ਬਾਵਜੂਦ ਉਨ੍ਹਾਂ ਨੇ

[ਸਰਦਾਰ ਅਵਤਾਰ ਸਿੰਘ ਬਰਾੜ]

ਆਪਣਾ ਧੀਰਜ ਨਹੀਂ ਛੱਡਿਆ। ਜੋ ਉਨ੍ਹਾਂ ਦਾ ਬਹੂ-ਬੇਟੀਆਂ ਦਾ ਰਿਸ਼ਤਾ ਸੀ, ਨਹੁੰ-ਮਾਸ ਦਾ ਰਿਸ਼ਤਾ ਸੀ, ਉਸ ਨੂੰ ਕਾਇਮ ਰੱਖਿਆ। ਉਹ ਉਨ੍ਹਾਂ ਔਖਿਆਂ ਸਮਿਆਂ ਵਿਚ ਵੀ ਮੋਢੇ ਨਾਲ ਮੋਢਾ ਜੋੜ ਕੇ ਚਲੇ। ਅੱਜ ਮੈਂ ਸਰਦਾਰ ਬੇਅੰਤ ਸਿੰਘ ਜੀ ਦਾ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਔਖੀ ਘੜੀ ਵਿਚ ਲੋਕਾਂ ਨੂੰ ਆਪਣੇ ਨਾਲ ਤੋਰਿਆ, ਇਹ ਗੱਲ ਭੁਲ ਕੇ ਆਪਣੇ ਆਪ ਨੂੰ ਇਸ ਰਸਤੇ ਤੇ ਪਾਇਆ ਕਿ ਉਨ੍ਹਾਂ ਦੇ ਵੀ ਬੱਚੇ ਹਨ, ਉਨ੍ਹਾਂ ਦੇ ਵੀ ਰਿਸ਼ਤੇਦਾਰ ਹਨ। ਇਨ੍ਹਾਂ ਸਾਰੀਆਂ ਗੱਲਾਂ ਨੂੰ ਭੁੱਲ ਕੇ ਉਹ ਇਸ ਰਸਤੇ ਤੇ ਤੁਰੇ, ਆਪਣੀ ਜਾਨ ਤਲੀ ਤੇ ਰੱਖੀ, ਨਾ ਗਰਮੀ ਵੇਖੀ ਨਾ ਸਰਦੀ ਵੇਖੀ ਅਤੇ ਨਾ ਹੀ ਆਪਣੀ ਉਮਰ ਦੀ ਪਰਵਾਹ ਕੀਤੀ। ਉਨ੍ਹਾਂ ਤੇ ਇਕੋ ਧੁਨ ਸਵਾਰ ਸੀ ਕਿ ਜਦ ਤੱਕ ਜਾਨ ਹੈ, ਦੇਸ਼ ਦੀ ਏਕਤਾ ਤੇ ਅਖੰਡਤਾ ਕਾਇਮ ਰੱਖਣੀ ਹੈ (ਥੰਪਿੰਗ)। ਉਨ੍ਹਾਂ ਵੇਖਿਆ ਕਿ ਇਸ ਦੌਰ ਵਿਚ ਕਿੰਨੇ ਹੀ ਸੂਰਮਿਆਂ ਤੇ ਬਹਾਦਰਾਂ ਨੇ ਬੇਮਿਸਾਲ ਕੁਰਬਾਨੀ ਕੀਤੀ ਹੈ ਉਹ ਵੀ ਇਸੇ ਕੁਰਬਾਨੀ ਦੇ ਜਜ਼ਬੇ ਵਿਚ ਇਸ ਭਖਦੇ ਮੈਦਾਨ ਵਿਚ ਉਤਰੇ।

ਪੰਨਾ-2 ਤੇ ਆਦਰਯੋਗ ਗਵਰਨਰ ਸਾਹਿਬ ਨੇ ਪੰਜਾਬ ਦੀ ਸਰਕਾਰ ਅਤੇ ਲੋਕਾਂ ਬਾਰੇ ਲਿਖਿਆ ਹੈ:--

"ਇਕ ਸਾਲ ਦੇ ਅੰਦਰ-ਅੰਦਰ ਪੰਜਾਬ ਵਿਚੋਂ ਦਹਿਸ਼ਤ ਗਰਦੀ ਦਾ ਤਕਰੀਬਨ ਸਫਾਇਆ ਕਰ ਦਿਤਾ ਗਿਆ ਹੈ। ਲੋਕਾਂ ਵਿਚ ਅਥਾਹ ਵਿਸ਼ਵਾਸ ਅਤੇ ਹੁਲਾਸ ਹੈ, ਜਿਨ੍ਹਾਂ ਨੇ ਦਹਿਸ਼ਤ ਅਤੇ ਖੂਨ-ਖਰਾਬੇ ਦੀਆਂ ਕਈ ਕਾਲੀਆਂ ਰਾਤਾਂ ਦੇ ਮਗਰੋਂ ਸਭਨਾਂ ਮੁਹਾਜ਼ਾਂ ਉਤੇ ਆਸ ਅਤੇ ਪ੍ਰਗਤੀ ਦਾ ਪਹੁ-ਫੁਟਾਲਾ ਵੇਖਿਆ ਹੈ।"

(ਇਸ ਸਮੇਂ ਇਕ ਮਾਨਯੋਗ ਮੈਂਬਰ, ਸਰਦਾਰ ਅਵਤਾਰ ਸਿੰਘ ਬਰਾੜ ਅਤੇ ਸ੍ਰੀ ਸਪੀਕਰ ਦੇ ਦਰਮਿਆਨ ਕਿਸੇ ਮੰਤਰੀ ਕੋਲ ਜਾ ਰਹੇ ਸਨ)।

ਸ੍ਰੀ ਸਪੀਕਰ : ਮੈਂ ਵੇਖ ਰਿਹਾ ਹਾਂ ਕਿ ਸਰਦਾਰ ਅਵਤਾਰ ਸਿੰਘ ਬਰਾੜ ਬੋਲ ਰਹੇ ਹਨ ਅਤੇ ਇਧਰਲੇ ਪਾਸੇ ਚੀਫ ਮਨਿਸਟਰ ਸਾਹਿਬ ਵੀ ਬੈਠੇ ਹਨ, ਫਿਰ ਵੀ ਮੈਂਬਰ ਸਾਹਿਬਾਨ ਇਨ੍ਹਾਂ ਨੂੰ ਕਰਾਸ ਕਰ ਰਹੇ ਹਨ। ਮੈਂ ਇਨ੍ਹਾਂ ਨੂੰ ਕਹਾਂਗਾ ਕਿ ਉਹ ਇਸ ਤਰ੍ਹਾਂ ਕਰਾਸ ਨਾ ਕਰਨ।

ਸਰਦਾਰ ਅਵਤਾਰ ਸਿੰਘ ਬਰਾੜ : ਮੈਂ ਅਰਜ਼ ਕਰ ਰਿਹਾ ਸੀ ਕਿ ਗਵਰਨਰ ਸਾਹਿਬ ਨੇ ਬਿਲਕੁਲ ਠੀਕ ਕਿਹਾ ਹੈ ਕਿ ਇਕ ਸਾਲ ਦੇ ਅੰਦਰ-ਅੰਦਰ ਪੰਜਾਬ ਵਿਚੋਂ ਦਹਿਸ਼ਤਗਰਦੀ ਦਾ ਤਕਰੀਬਨ ਸਫਾਇਆ ਕਰ ਦਿੱਤਾ ਗਿਆ ਹੈ। ਲੋਕਾਂ ਵਿਚ ਅਥਾਹ ਵਿਸ਼ਵਾਸ ਅਤੇ ਹੁਲਾਸ ਹੈ, ਜਿਨ੍ਹਾਂ ਨੇ ਦਹਿਸ਼ਤ ਅਤੇ ਖੂਨ ਖਰਾਬੇ ਦੀਆਂ ਕਈ ਕਾਲੀਆਂ ਰਾਤਾਂ ਦੇ ਮਗਰੋਂ ਸਭਨਾਂ ਮੁਹਾਜ਼ਾਂ ਉਤੇ ਆਸ ਅਤੇ ਪ੍ਰਗਤੀ ਦਾ ਪਹੁ-ਫੁਟਾਲਾ ਵੇਖਿਆ ਹੈ। ਤੁਹਾਨੂੰ ਯਾਦ ਹੋਵੇਗਾ ਕਿ ਕੁਝ ਅਰਸਾ ਪਹਿਲਾਂ ਪੰਜਾਬ ਦੇ ਲੋਕਾਂ ਦੇ ਚਿਹਰਿਆਂ ਤੋਂ ਇਹ ਸਾਫ ਪੜ੍ਹਿਆ ਜਾ ਸਕਦਾ ਸੀ ਕਿ ਉਹ ਕਿਸ ਤਰ੍ਹਾਂ ਦੀ ਜ਼ਿੰਦਗੀ ਗੁਜ਼ਾਰਦੇ ਸਨ। ਉਨ੍ਹਾਂ ਦਾ ਹਾਸਾ ਕਿਧਰੇ ਗੁੰਮ ਹੋ ਗਿਆ ਹੋਇਆ ਸੀ। ਗਿੱਧਾ ਤੇ ਭੰਗੜਾ ਜੋ ਕਿ ਸਾਡੇ ਸਭਿਆਚਾਰ ਦਾ ਬਹੁਤ ਮਹੱਤਵਪੂਰਨ ਹਿੱਸਾ ਹਨ, ਵੀ ਲੋਕ ਭੁੱਲ ਗਏ ਹੋਏ ਸਨ। ਲੋਕ ਬੜੇ ਡਰ ਅਤੇ ਭੈਅ ਦੀ ਜ਼ਿੰਦਗੀ ਬਿਤਾ ਰਹੇ ਸਨ। ਦਿਨ-ਰਾਤ ਉਨ੍ਹਾਂ ਨੂੰ ਡਰ ਲੱਗਾ ਰਹਿੰਦਾ ਸੀ। ਮੌਤ ਨੂੰ ਉਹ ਲੋਕ ਏਨਾ ਕਰੀਬ ਸਮਝਦੇ ਸਨ ਕਿ ਹੁਣੇ ਮੌਤ ਆਈ, ਮਹਿਸੂਸ ਕਰਦੇ ਸਨ। ਉਨ੍ਹਾਂ ਨੂੰ ਲਗਦਾ ਸੀ ਕਿ ਉਹ ਕਿਸੇ ਵੇਲੇ ਵੀ ਮੌਤ ਦਾ ਸ਼ਿਕਾਰ ਹੋ ਜਾਣਗੇ।

ਮੈਨੂੰ ਯਾਦ ਹੈ ਕਿ ਬਹੁਤ ਸਾਰੇ ਲੋਕ ਮੇਰੇ ਵਰਗੇ ਅਜਿਹੇ ਹਨ, ਜੋ ਘਰੋਂ ਬਾਹਰ ਨਿਕਲਣ ਤੋਂ ਪਹਿਲਾਂ, ਤੁਰਨ ਤੋਂ ਪਹਿਲਾਂ ਬੜੀ ਹਸਰਤ ਨਾਲ, ਆਪਣੇ ਬੱਚਿਆਂ ਨੂੰ, ਆਪਣੇ ਪਰਿਵਾਰ ਨੂੰ ਆਪਣੇ ਘਰ ਦੀ ਹਰ ਸ਼ੈਅ ਨੂੰ, ਆਪਣੇ ਮਾਪਿਆਂ ਨੂੰ ਜ਼ਰੂਰ ਵੇਖਦੇ ਸਨ। ਉਹ ਘਰੋਂ ਇਸ ਤਰ੍ਹਾਂ ਨਿਕਲਦੇ ਸਨ ਕਿ ਸ਼ਾਇਦ ਉਨ੍ਹਾਂ ਨੂੰ ਵਾਪਸ ਘਰ ਆਉਣਾ ਨਸੀਬ ਹੀ ਨਾ ਹੋਵੇ ਔਰ ਉਨ੍ਹਾਂ ਦਾ ਮੁੜ ਕੇ ਜ਼ਿੰਦਗੀ ਭਰ ਇਕ ਦੂਜੇ ਨਾਲ ਸਾਹਮਣਾ ਨਾ ਹੋਵੇ । ਲੋਕ ਅਜਿਹੇ ਸੰਕਟ ਭਰੇ ਦੌਰ ਵਿਚੋਂ ਗੁਜ਼ਰ ਰਹੇ ਸਨ ।

ਪਿਛਲੇ ਦਿਨੀ ਮੈਨੂੰ ਵਾਂਦਰ ਜਟਾਣਾ ਵਿਖੇ ਇਕ ਸ਼ਾਦੀ ਤੇ ਜਾਣ ਦਾ ਮੌਕਾ ਮਿਲਿਆ। ਮੈਂ ਉਥੇ ਦੇਖਿਆ ਕਿ ਉਥੇ ਹਰ ਕੰਮ ਵਿੱਚ ਕਾਹਲੀ ਕਾਹਲੀ ਕੀਤੀ ਜਾ ਰਹੀ ਸੀ। ਵਿਆਹ ਸ਼ਾਦੀ ਦੇ ਮੌਕੇ ਤੇ ਟੋਕਾ ਟਾਕੀ ਕੀਤੀ ਜਾਵੇ, ਕਾਹਲੀ ਕੀਤੀ ਜਾਵੇ ਕਿੰਨੀ ਮਾੜੀ ਗੱਲ ਹੈ। ਮੈਨੂੰ ਘਰ ਵਾਲਿਆਂ ਨੇ ਬਾਰ ਬਾਰ ਕਿਹਾ ਕਿ ਮੈਂ ਕੁਝ ਸ਼ਬਦ ਕਹਾਂ। ਮੈਂ ਵੈਸੇ ਤਾਂ ਕੁਝ ਕਹਿਣਾ ਨਹੀਂ ਚਾਹੁੰਦਾ ਸੀ ਪਰ ਫਿਰ ਵੀ ਉਨ੍ਹਾਂ ਦੇ ਮਜ਼ਬੂਰ ਕਰਨ ਤੇ ਮੈਂ ਇਹੀ ਕਿਹਾ ਕਿ ਇਨੀ ਕਾਹਲੀ ਕਿਉ ਕੀਤੀ ਜਾ ਰਹੀ ਹੈ। ਉਨ੍ਹਾਂ ਦੇ ਕਈ ਕਰੀਬ ਤੋਂ ਕਰੀਬ ਰਿਸ਼ਤੇਦਾਰ ਜਾਂ ਦੋਸਤ ਆਏ ਹੋਏ ਸਨ ਉਹ ਕਹਿ ਰਹੇ ਸਨ ਕਿ ਛੇਤੀ ਤੋਂ ਛੇਤੀ ਪ੍ਰੋਗਰਾਮ ਖਤਮ ਕੀਤਾ ਜਾਵੇ, ਗਰਮੀ ਲੱਗ ਰਹੀ ਹੈ ਜਦ ਕਿ ਲੋਕੀਂ ਪ੍ਰੋਗਰਾਮ ਸੁਣਨਾ ਚਾਹੁੰਦੇ ਸਨ। ਇਸ ਤੋਂ ਪਹਿਲਾਂ ਹਾਲਾਤ ਇਹ ਸੀ ਕਿ ਲੋਕੀਂ ਝੂਠ ਮਾਰ, ਕੇ ਇਹ ਕਹਿ ਦੇਂਦੇ ਸਨ ਅਸੀਂ ਕਿਤੇ ਹੋਰ ਜਾਣਾ ਹੈ। ਲੋਕਾਂ ਦੇ ਮਨਾਂ ਵਿਚ ਡਰ ਸੀ। ਲੋਕ ਮਹਿਸੂਸ ਕਰਦੇ ਸਨ ਕਿ ਜਿਹੜਾ ਨੌਜਵਾਨ ਮੱਥਾ ਟੇਕਣ ਆ ਰਿਹਾ ਹੈ ਕੀ ਪਤਾ ਇਹ ਕਦੋਂ ਖੜ੍ਹਾ ਹੋ ਕੇ ਕਹਿਣ ਲੱਗ ਜਾਵੇ ਕਿ ਮੱਥਾ ਇਸ ਤਰ੍ਹਾਂ ਟੇਕੀਦਾ ਹੈ, ਪ੍ਰੋਗਰਾਮ ਇਸ ਤਰਾਂ ਕਰਨਾ ਹੈ ਇਹ ਕੱਪੜਾ ਕਿਉਂ ਵਿਛਾਇਆ ਹੈ ? ਅਰਦਾਸ ਇਸ ਤਰ੍ਹਾਂ ਕਰਨੀ ਹੈ। ਇਸ ਤਰ੍ਹਾਂ ਦੀਆਂ ਗੱਲਾਂ ਇਸ ਤਰ੍ਹਾਂ ਦੀ ਟੋਕਾ-ਟਾਕੀ ਹੋਇਆ ਕਰਦੀ ਸੀ। ਲੋਕਾਂ ਦੇ ਮਨਾਂ ਤੇ ਇਸ ਤਰ੍ਹਾਂ ਖੌਫ ਦੀ ਇਹ ਤਲਵਾਰ ਲਟਕਦੀ ਸੀ ਜੋ ਕਿ ਪੰਜਾਬ ਦੇ ਮੁੱਖ ਮੰਤਰੀ, ਸਰਦਾਰ ਬੇਅੰਤ ਸਿੰਘ ਜੀ ਨੇ ਲੋਕਾਂ ਦੇ ਸਿਰਾਂ ਤੋਂ ਹਟਾ ਦਿੱਤੀ ਹੈ। ਅਜ ਲੋਕ ਨਿਸਚਿੰਤ ਹੋ ਕੇ ਫਿਰਦੇ ਹਨ। ਸਾਨੂੰ ਬੜੀ ਖੁਸ਼ੀ ਹੈ ਕਿ ਹੁਣ ਕੇਵਲ ਸ਼ਾਦੀਆਂ ਹੀ ਸੁਖ-ਮਈ ਮਾਹੌਲ ਵਿਚ ਨਹੀਂ ਹੁੰਦੀਆਂ ਸਗੋਂ ਸਭਿਆਚਾਰਕ ਮੇਲੇ ਵੀ ਲਗਦੇ ਹਨ। ਪਿਛਲੇ ਦਿਨੀ ਲੁਧਿਆਣਾ ਵਿਖੇ ਸਾਡੇ ਉੱਚ ਕੋਟੀ ਦੇ ਸ਼ਾਇਰ ਪ੍ਰੋ: ਮੋਹਨ ਸਿੰਘ ਦਾ ਯਾਦਗਾਰੀ ਮੇਲਾ ਲੱਗਿਆ। ਉਨ੍ਹਾਂ ਦੀ ਯਾਦਗਾਰ ਵਿੱਚ ਇਸ ਮੇਲੇ ਵਿੱਚ ਬਹੁਤ ਦੂਰ ਦੂਰ ਤੋਂ ਬਹੁਤ ਵੱਡੀ ਗਿਣਤੀ ਵਿਚ ਲੋਕ ਅਤੇ ਉਨ੍ਹਾਂ ਦੇ ਸ਼ਰਧਾਲੂ ਉਥੇ ਇਕੱਠੇ ਹੋਏ ਹੋਏ ਸਨ। ਲੱਖਾਂ ਦੀ ਗਿਣਤੀ ਵਿੱਚ ਲੋਕ ਉਥੇ ਪੁੱਜੇ ਹੋਏ ਸਨ। ਮੈਨੂੰ ਇਸ ਗੱਲ ਦਾ ਮਾਣ ਹੈ ਕਿ ਸਾਡੇ ਸਰਦਾਰ ਬੇਅੰਤ ਸਿੰਘ ਜੀ ਨੇ ਉਸ ਮੇਲੇ ਦੀ ਪ੍ਰਨਾਧਗੀ ਕੀਤੀ। ਇਸ ਤਰ੍ਹਾਂ ਹੀ ਫਿਰੋਜ਼ਪੁਰ ਵਿਖੇ ਦੀਦਾਰ ਸੰਧੂ ਮੇਲਾ ਮਨਾਇਆ ਗਿਆ। ਇਹ ਇਕ ਬਹੁਤ ਵੱਡਾ ਕਲਾਕਾਰ ਹੋਇਆ ਹੈ ਔਰ ਗਵੱਈਆ ਸੀ। ਉਸ ਦੀ ਪ੍ਰਧਾਨਗੀ ਵੀ ਸਾਡੇ ਮਾਨਯੋਗ ਸਰਦਾਰ ਬੇਅੰਤ ਸਿੰਘ ਜੀ ਨੇ ਕੀਤੀ ਔਰ ਸ਼ਹੀਦ ਭਗਤ ਸਿੰਘ ਸਟੇਡੀਅਮ ਵਿੱਚ 50 ਹਜ਼ਾਰ ਤੋਂ ਵੱਧ ਲੋਕ ਇਕੱਠੇ ਹੋਏ। ਇਸ ਮੇਲੇ ਨੂੰ ਸਾਰਿਆਂ ਨੇ ਵਾਚਿਆ ਅਤੇ ਮਾਣਿਆ। ਇਸਦਾ ਕਾਰਨ ਸਪੀਕਰ ਸਾਹਿਬ, ਮੈਂ ਇਹੀ ਸਮਝਦਾ ਹਾਂ ਕਿ ਲੋਕੀਂ ਤੰਗ ਆ ਚੁਕੇ ਸਨ, ਅੱਕ ਚੁਕੇ ਸਨ ਔਰ ਇਸ ਜ਼ਿੰਦਗੀ ਤੋਂ ਔਖੇ ਹੋ ਚੁੱਕੇ ਸਨ। ਇਹ ਲੋਕ ਅੱਜ ਸਰਦਾਰ ਬੇਅੰਤ ਸਿੰਘ ਜੀ ਦੇ ਧੰਨਵਾਦੀ ਹਨ ਜਿਨ੍ਹਾਂ ਨੇ ਔਖੇ ਹੋਏ ਲੋਕਾਂ ਦੀ ਜ਼ਿੰਦਗੀ ਵਾਪਸ ਲਿਆਂਦੀ ਹੈ ਔਰ ਉਨ੍ਹਾਂ ਨੂੰ ਡਰ ਦੇ ਮਾਹੌਲ ਵਿੱਚੋਂ ਕੱਢ ਕੇ ਅੱਜ ਬਾਹਰ ਲੈ ਆਂਦਾ ਹੈ। ਲੋਕਾਂ ਨੂੰ ਜੀਣ ਜੋਗੇ ਕਰ ਦਿੱਤਾ ਹੈ। ਅੱਜ ਸਾਡੇ ਲਈ ਇਹ ਬੜੀ ਖੁਸ਼ੀ ਦੀ ਗੱਲ ਹੈ ਕਿ ਅਸੀਂ ਆਮ-

[ਸਰਦਾਰ ਅਵਤਾਰ ਸਿੰਘ ਬਰਾੜ]

ਬਾਰਾਂ ਵਿੱਚ ਵੀ ਦੇਖਦੇ ਹਾਂ ਕਿ ਕਿੰਨੇ ਹਿੱਸੇ ਤੇ ਇਹੀ ਲਿਖਿਆ ਭਰਿਆ ਪਿਆ ਹੁੰਦਾ ਹੈ ਕਿ ਅੱਜ ਫਲਾਣੀ ਥਾਂ ਤੇ ਮੇਲਾ ਲੱਗ ਰਿਹਾ ਹੈ, ਫਲਾਣੀ ਥਾਂ ਤੇ ਟੂਰਨਾਮੈਂਟ ਹੋ ਰਹੇ ਹਨ, ਖੇਡ ਮੇਲੇ ਹੋ ਰਹੇ ਹਨ। ਇਨਾਮ ਵੰਡ ਸਮਾਰੋਹ ਹੋ ਰਹੇ ਹਨ, ਪ੍ਰਧਾਨਗੀ ਦੀ ਜ਼ਿੰਮੇਵਾਰੀ ਕੌਣ ਨਿਭਾ ਰਿਹਾ ਹੈ। ਮੈਨੂੰ ਇਸ ਗੱਲ ਦੀ ਬੜੀ ਖੁਸ਼ੀ ਹੈ ਕਿ ਪਿਛਲੀ 20 ਤਰੀਕ ਨੂੰ ਮੇਰੇ ਹਲਕੇ ਵਿੱਚ, ਹਰਿਆ ਪਿੰਡ ਵਿੱਚ ਸਰਦਾਰ ਉਮਰਾਓ ਸਿੰਘ, ਮੈਂ ਉਨ੍ਹਾਂ ਨੂੰ ਖੇਡ ਮੰਤਰੀ ਤਾਂ ਨਹੀਂ ਕਹਿ ਸਕਦਾ, ਜੋ ਕਿ ਸਾਡੇ ਵਿਕਾਸ ਮੰਤਰੀ ਅਤੇ ਪਾਰਲੀਮੈਂਟਰੀ ਅਫੇਅਰਜ਼ ਮੰਤਰੀ ਹਨ, ਉਹ ਇਨਾਮ ਵੰਡ ਸਮਾਰੋਹ ਵਿੱਚ ਗਏ ਸਨ। ਹਜ਼ਾਰਾਂ ਦੀ ਗਿਣਤੀ ਵਿਚ ਲੋਕ ਉਥੇ ਇਕੱਤਰ ਹੋਏ ਅੌਰ ਹਜ਼ਾਰਾਂ ਦੀ ਗਿਣਤੀ ਵਿਚ ਪੰਚਾਂ ਸਰਪੰਚਾਂ ਨੇ ਚਾਰ ਵਾਰੀ ਉਨ੍ਹਾਂ ਦੇ ਗੱਲ ਵਿੱਚ ਹਾਰ ਪਾਏ ਅੌਰ ਇਨ੍ਹਾਂ ਨੇ ਵੀ ਬੜੀ ਸ਼ਰਧਾ-ਪੂਰਵਕ, ਸਤਿਕਾਰ ਸਹਿਤ ਇਹ ਹਾਰ ਪੁਆਏ। ਮੈਨੂੰ ਇਸ ਗੱਲ ਦੀ ਬੜੀ ਖੁਸ਼ੀ ਹੈ ਕਿ ਸਾਡੇ ਇਲਾਕੇ ਵਿੱਚ ਲੋਕਾਂ ਦੀਆਂ ਕਈ ਮੁਸ਼ਕਿਲਾਂ ਸਨ, ਇਲਾਕੇ ਦੇ ਲੋਕਾਂ ਦੀਆਂ ਕਈ ਮੰਗਾਂ ਸਨ ਜੋ ਕਿ ਇਨ੍ਹਾਂ ਨੇ ਪੂਰੀਆਂ ਕੀਤੀਆਂ।

ਇਸ ਤੋਂ ਅੱਗੇ ਸਫਾ 2 ਤੇ ਪੈਰਾ 3 "ਲੋਕ-ਤੰਤਰ ਦੀ ਬੁਨਿਆਦੀ ਪੱਧਰ ਤੇ ਬਹਾਲੀ"

ਸਪੀਕਰ ਸਾਹਿਬ, ਜਿਸ ਤਰ੍ਹਾਂ ਮੈਂ ਪਹਿਲਾਂ ਕਿਹਾ ਹੈ ਕਿ ਅਸੀਂ ਪਿਛਲੇ ਸਮੇਂ ਦੌਰਾਨ ਉਸ ਦੌਰ ਵਿੱਚੋਂ ਲੰਘੇ ਹਾਂ ਜਿਹੜਾ ਕਿ ਬੜਾ ਅੌਖਾ ਦੌਰ ਸੀ ਅੌਰ ਹੁਣ ਅਸੀਂ ਚੰਗੇ ਮਾਹੌਲ ਵਿੱਚ ਆਪਣਾ ਪੈਰ ਰੱਖਿਆ ਹੈ। ਤੁਹਾਨੂੰ ਯਾਦ ਹੋਵੇਗਾ ਕਿ ਜਦੋਂ ਅਸੀਂ ਪਿਛਲੇ ਸੈਸ਼ਨ ਵਿੱਚ ਇਕੱਤਰ ਹੋਏ ਸੀ ਤਾਂ ਉਸ ਸਮੇਂ ਬੜਿਆਂ ਨੂੰ ਇਹ ਸ਼ੱਕ ਸਨ, ਬੜਿਆਂ ਦੇ ਮਨਾਂ ਵਿੱਚ ਇਹ ਪ੍ਰਭਾਵ ਸੀ ਕਿ ਸ਼ਾਇਦ ਇਹ ਕੁਝ ਦਿਨ ਦੀ ਖੇਡ ਹੀ ਹੋਏ ਪਰ ਅਸੀਂ ਜਾਣਦੇ ਸੀ ਕਿ ਸਾਡੀ ਪਾਰਟੀ ਦੀ ਅਗਵਾਈ, ਪੰਜਾਬ ਸਰਕਾਰ ਦੀ ਅਗਵਾਈ, ਉਹ ਅਣਥੱਕ ਜਰਨੈਲ ਕਰ ਰਿਹਾ ਹੈ, ਜਿਸਦੀ ਜ਼ਿੰਦਗੀ ਦਾ ਤਜਰਬਾ ਮੇਰੇ ਵਰਗੇ ਵਿਅਕਤੀ ਦੀ ਉਮਰ ਜਿੰਨਾਂ ਹੈ। ਜਿਨ੍ਹਾਂ ਨੇ ਪਿੰਡ ਦੀ ਸਰਪੰਚੀ ਤੋਂ ਆਪਣਾ ਰਾਜਨੀਤਕ ਜੀਵਨ ਸ਼ੁਰੂ ਕੀਤਾ ਅਤੇ ਇਡੇ ਵੱਡੇ ਰੁਤਬੇ, ਇਡੀ ਵੱਡੀ ਜ਼ਿਮੇਵਾਰੀ ਤੱਕ ਪਹੁੰਚੇ। ਉਹ ਇਕੱਲੇ ਪੰਜਾਬ ਦੇ ਮੁੱਖ ਮੰਤਰੀ ਹੀ ਨਹੀਂ ਹਨ, ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ (ਆਈ) ਦੇ ਪ੍ਰਧਾਨ ਹਨ, ਆਲ ਇੰਡੀਆ ਕਾਂਗਰਸ ਵਰਕਿੰਗ ਕਮੇਟੀ (ਆਈ) ਦੇ ਮੈਂਬਰ ਹਨ। ਇਡੇ ਵੱਡੇ ਰੁਤਬੇ ਤੇ ਕੋਈ ਸਧਾਰਣ ਵਿਅਕਤੀ ਨਹੀਂ ਪੁੱਜ ਸਕਦਾ। ਉਹ ਪੰਜਾਬ ਨੂੰ ਕਿਸੇ ਮੰਝਧਾਰ ਵਿੱਚ ਨਹੀਂ ਛੱਡਣਾ ਚਾਹੁੰਦੇ। ਜਦੋਂ ਚੋਣਾਂ ਹੋਈਆਂ ਸਨ, ਉਦੋਂ ਹਾਲਾਤ ਬੜੇ ਖਰਾਬ ਸਨ। ਸਾਡੇ ਮੁੱਖ ਮੰਤਰੀ ਜੀ ਪੰਜਾਬ ਨੂੰ ਬਰਬਾਦ ਹੋਣ ਤੋਂ ਬਚਾਉਣਾ ਚਾਹੁੰਦੇ ਹਨ। ਸਰਕਾਰ ਬਣਨ ਉਪਰੰਤ ਕੁਝ ਲੋਕ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਕਰਦੇ ਸਨ ਕਿ ਇਹ ਸਰਕਾਰ ਤਾਂ ਕੁਝ ਕੁ ਦਿਨਾਂ ਦੀ ਹੀ ਖੇਡ ਹੈ। ਕੁਝ ਮਾਰ ਦਿਤੇ ਜਾਣਗੇ, ਬੱਸ ਕੁਝ ਕੁ ਦਿਨ ਦੀ ਹੀ ਗੱਲ ਹੈ ਹਾਲਾਤ ਫਿਰ ਉਸੇ ਤਰ੍ਹਾਂ ਦੇ ਹੀ ਹੋ ਜਾਣਗੇ ਪਰ ਹੈਰਾਨੀ ਦੀ ਗੱਲ ਹੈ ਕਿ ਕੁਝ ਮਹੀਨਿਆਂ ਪਿਛੋਂ ਹੀ ਉਨ੍ਹਾਂ ਨੇ ਬੋਲਣਾ ਸ਼ੁਰੂ ਕਰ ਦਿੱਤਾ, ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਇਹ ਪਾਰਟੀ ਨਿਡਰਤਾ ਵਾਲੀ ਪਾਰਟੀ ਹੈ, ਜਰਨੈਲਾਂ ਵਾਲੀ ਪਾਰਟੀ ਹੈ, ਅਤੇ ਇਸ ਦੇ ਆਗੂ ਵੀ ਕੋਈ ਬਹਾਦਰ ਹੀ ਹੋ ਸਕਦੇ ਹਨ। ਉਹ ਜਿਹੜੇ ਲੋਕ ਪਹਿਲਾਂ ਡਰ ਅਤੇ ਭੈਅ ਦੇ ਵਾਤਾਵਰਣ ਵਿਚ ਬੋਲ ਨਹੀਂ ਸਨ ਸਕਦੇ, ਉਨ੍ਹਾਂ ਨੇ ਵੀ ਆਪਣੀਆਂ ਰਾਜਨੀਤਕ ਕਾਰਵਾਈਆਂ ਅਤੇ ਗਤੀ ਵਿਧੀਆਂ ਸ਼ੁਰੂ ਕਰ ਦਿੱਤੀਆਂ, ਆਪਣੇ ਹਿੱਤਾਂ ਦੀ ਗੱਲ ਕਰਨ ਲਗ ਪਏ। ਫਿਰ ਸਾਡੀ ਪਾਰਟੀ ਨੇ ਫੈਸਲਾ ਕਰ ਲਿਆ ਕਿ ਮਿਉਂਸਪਲ ਕਮੇਟੀਆਂ ਦੀਆਂ ਚੋਣਾਂ ਕਰਾਉਣੀਆਂ ਹਨ ਅੌਰ ਇਹ ਸਾਰਿਆਂ ਦੇ ਸਾਹਮਣੇ ਹੈ ਕਿ ਚੋਣਾਂ ਹੋਈਆਂ। ਇਡੀ ਵੱਡੀ ਗਿਣਤੀ ਵਿੱਚ ਲੋਕਾਂ ਨੇ ਇਨ੍ਹਾਂ ਚੋਣਾਂ ਵਿੱਚ ਹਿੱਸਾ ਲਿਆ। ਇਹ ਚੋਣਾਂ ਸ਼ਾਂਤਮਈ ਢੰਗ ਨਾਲ ਸੰਪੂਰਨ ਹੋਈਆਂ ਅਤੇ ਲੋਕਾਂ ਨੇ

ਬਿਨਾਂ ਕਿਸੇ ਡਰ ਜਾਂ ਭੈਅ ਤੋਂ ਆਪਣੀਆਂ ਵੋਟਾਂ ਪਾਈਆਂ। ਫਿਰ ਜਨਵਰੀ, 1993 ਵਿੱਚ ਸਾਰੇ ਰਾਜ ਵਿੱਚ 11596 ਪੰਚਾਇਤਾਂ ਦੀਆਂ ਚੋਣਾ ਕਰਵਾਈਆਂ। ਸਮੁੱਚੇ ਰਾਜ ਵਾਸੀਆਂ ਨੇ ਇਨ੍ਹਾਂ ਚੋਣਾਂ ਵਿੱਚ ਹਿੱਸਾ ਲਿਆ। 82 ਪ੍ਰਤੀਸ਼ਤ ਵੋਟਰਾਂ ਨੇ ਆਪਣੀਆਂ ਵੋਟਾਂ ਪਾਈਆਂ ...

ਸਰਦਾਰ ਅਵਤਾਰ ਸਿੰਘ ਕਰੀਮਪੁਰੀ : ** ** **

ਸ੍ਰੀ ਸਪੀਕਰ : ਉਹ ਤਾਂ ਸਿਰਫ ਐਡਰੈਸ ਵਿਚੋਂ ਰੈਫਰ ਕਰ ਰਹੇ ਹਨ। Please sit down. No point of order, please. I will not allow this point of order. Brar Sahib, you please carry on. ਤੁਹਾਨੂੰ ਵੀ ਬੋਲਣ ਦਾ ਸਮਾਂ ਦਿੱਤਾ ਜਾਵੇਗਾ।

ਸਰਦਾਰ ਅਵਤਾਰ ਸਿੰਘ ਬਰਾੜ: ਸਪੀਕਰ ਸਾਹਿਬ, ਮੈਂ ਤਾਂ ਰੈਫਰੈਂਸ ਦੇ ਰਿਹਾ ਹਾਂ ਕਿ ਮਾਨਯੋਗ ਗਵਰਨਰ ਸਾਹਿਬ ਨੇ ਆਪਣੇ ਐਡਰੈਸ ਵਿੱਚ ਕੀ ਕਿਹਾ ਹੈ ਅਤੇ ਮੇਰੀ ਸਰਕਾਰ ਅਤੇ ਮੇਰੀ ਪਾਰਟੀ ਇਸ ਬਾਰੇ ਕੀ ਕਰ ਰਹੀ ਹੈ। ਮੈਂ ਜਿਕਰ ਕਰ ਰਿਹਾ ਸੀ ਕਿ ਕਿਸ ਤਰ੍ਹਾਂ ਇਡੀ ਵੱਡੀ ਗਿਣਤੀ ਵਿਚ ਲੋਕਾਂ ਨੇ ਚੋਣਾ ਵਿੱਚ ਹਿੱਸਾ ਲਿਆ। ਸਪੀਕਰ ਸਾਹਿਬ, ਤੁਹਾਨੂੰ ਇਹ ਵੀ ਯਾਦ ਹੋਵੇਗਾ ਕਿ ਕੁਝ ਅਰਸਾ ਪਹਿਲਾਂ ਜੋ ਪਾਰਲੀਮੈਂਟ ਅਤੇ ਅਸੈਂਬਲੀ ਦੀਆਂ ਚੋਣਾਂ ਹੋਈਆਂ ਸਨ ਤਾਂ ਉਸ ਵੇਲੇ ਕੁਝ ਪਾਰਟੀਆਂ ਨੇ ਬਾਈਕਾਟ ਕੀਤਾ ਸੀ। ਉਹ ਸਮਝਦੇ ਸਨ ਕਿ ਕਿਉਂਕਿ ਅੱਠ ਮਹੀਨੇ ਪਹਿਲਾਂ ਚੋਣਾਂ ਪੋਸਟ-ਪੋਨ ਕਰ ਦਿੱਤੀਆਂ ਗਈਆਂ ਸਨ, ਇਸ ਲਈ ਹੁਣ ਚੋਣਾਂ ਵਿੱਚ ਹਿੱਸਾ ਲੈਣ ਦਾ ਕੋਈ ਕਾਰਨ ਨਹੀਂ ਬਣਦਾ। ਇਕ ਅਕਾਲੀ ਦਲ ਦੇ ਮੁੱਖੀ ਸ੍ਰੀ ਸਿਮਰਨਜੀਤ ਸਿੰਘ ਮਾਨ ਨੇ ਇਹ ਗੱਲ ਕਹੀ ਕਿ ਸਾਨੂੰ ਇਸ ਸਿਸਟਮ ਤੇ ਕੋਈ ਭਰੋਸਾ ਨਹੀਂ ਹੈ, ਸਾਨੂੰ ਚੋਣ ਅਧਿਕਾਰੀਆਂ ਤੇ ਕੋਈ ਭਰੋਸਾ ਨਹੀਂ ਹੈ, ਚੋਣ ਕਮਿਸ਼ਨ ਤੇ ਕੋਈ ਭਰੋਸਾ ਨਹੀਂ ਹੈ, ਅਸੀਂ ਤਾਂ ਚੋਣਾ ਵਿੱਚ ਤਦ ਹੀ ਹਿੱਸਾ ਲਵਾਂਗੇ ਜੇਕਰ ਇਥੇ ਚੋਣਾ ਯੂ.ਐਨ.ਓ. ਦੇ ਆਬਜ਼ਰਵਰਜ਼ ਦੀ ਨਿਗਰਾਨੀ ਹੇਠ ਚੋਣਾ ਕਰਵਾਈਆਂ ਜਾਣ। ਤੁਸੀਂ ਹੈਰਾਨ ਹੋਵੋਗੇ ਕਿ ਜਿਹੜੇ ਪਾਰਲੀਮੈਂਟ ਅਤੇ ਅਸੈਂਬਲੀਆਂ ਦੀਆਂ ਚੋਣਾਂ ਵਿੱਚ ਯੂ.ਐਨ.ਓ. ਦੇ ਆਬਜ਼ਰਵਰਾਂ ਦੀ ਮੰਗ ਕਰਦੇ ਸਨ, ਉਨ੍ਹਾਂ ਨੇ ਮਿਉਂਸੀਪਲ ਚੋਣਾਂ ਵਿੱਚ ਅਤੇ ਪੰਚਾਇਤ ਦੀਆਂ ਚੋਣਾਂ ਵਿੱਚ, ਜਿਨ੍ਹਾਂ ਚੋਣਾਂ ਨੂੰ ਕਿ ਇਕ ਅਧਿਆਪਕ ਜਾਂ ਪਟਵਾਰੀ ਦੇ ਦਰਜੇ ਦਾ ਅਧਿਕਾਰੀ ਵੀ ਕਰਾਉਣ ਦਾ ਜ਼ਿੰਮੇਵਾਰ ਹੁੰਦਾ ਹੈ। ਸਰਦਾਰ ਸਿਮਨਰਜੀਤ ਸਿੰਘ ਮਾਨ ਅਤੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਪਾਰਟੀ ਨੇ ਵੀ ਇਸ ਵਿੱਚ ਆਪਣਾ ਭਰੋਸਾ ਪ੍ਰਗਟ ਕੀਤਾ ਅਤੇ ਇਨ੍ਹਾਂ ਵਿੱਚ ਹਿਸਾ ਲਿਆ ਅਤੇ ਇਹ ਗੱਲ ਵੱਖਰੀ ਹੈ ਕਿ ਹੁਣ ਭਾਵੇਂ ਉਹ ਕਹਿੰਦੇ ਹਨ ਕਿ ਇਨ੍ਹਾਂ ਵਿੱਚ ਧਾਂਦਲੀ ਹੋਈ ਅਤੇ ਬੋਗਸ ਵੋਟਾਂ ਪਈਆਂ ਹਨ ਅਤੇ ਨਾਲ ਲਗਦੇ ਇਹ ਵੀ ਕਹਿੰਦੇ ਹਨ ਕਿ 87 ਪ੍ਰਤੀਸ਼ਤ ਵੋਟਾਂ ਪਈਆਂ, ਕੋਈ ਕਹਿੰਦਾ ਹੈ 75 ਪ੍ਰਤੀਸ਼ਤ ਵੋਟਾਂ ਪਈਆਂ ਅਤੇ ਕੋਈ ਕਹਿੰਦਾ ਹੈ 50 ਪ੍ਰਤੀਸ਼ਤ ਵੋਟਾਂ ਪਈਆਂ। ਮੈਂ ਕਹਿੰਦਾ ਹਾਂ ਕਿ ਇਹ ਸਰਾਸਰ ਗਲਤ ਹੈ। ਮੇਰੇ ਇਲਾਕੇ ਵਿੱਚ, ਮੈਂ ਆਪਣੇ ਇਲਾਕੇ ਦੀ ਗੱਲ ਕਰਦਾ ਹਾਂ ਸਪੀਕਰ ਸਾਹਿਬ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਦਾ ਪਿੰਡ ਬਾਦਲ ਪੈਂਦਾ ਹੈ ਅਤੇ ਫਰੀਦਕੋਟ ਵਿੱਚ ਪਿੰਡ ਰੋਡੇ ਜਰਨੈਲ ਸਿੰਘ ਭਿੰਡਰਾਂ ਵਾਲਾ ਦਾ ਪਿੰਡ ਪੈਂਦਾ ਹੈ, ਮੈਨੂੰ ਇਹ ਦੱਸਦਿਆਂ ਖੁਸ਼ੀ ਹੁੰਦੀ ਹੈ ਕਿ ਸਾਡੇ ਨੇਤਾ ਸਰਦਾਰ ਬੇਅੰਤ ਸਿੰਘ ਜੀ ਦੀ ਅਗਵਾਈ ਹੇਠ ਕਾਂਗਰਸ ਪਾਰਟੀ ਦੇ ਸਰਦਾਰ ਮਹਿੰਦਰ ਸਿੰਘ ਢਿੱਲੋਂ ਬੜੀ ਭਾਰੀ ਗਿਣਤੀ ਵਿੱਚ ਵੋਟਾਂ ਲੈ ਕੇ ਉਥੇ ਦਾ ਸਰਪੰਚ ਚੁਣਿਆ ਗਿਆ। ਇਸੇ ਤਰ੍ਹਾਂ ਜਿਸ ਵਿਅਕਤੀ ਦੀ ਵਜ੍ਹਾ ਕਰਕੇ,

*Expunged as ordered by the Chair.

[ਸਰਦਾਰ ਅਵਤਾਰ ਸਿੰਘ ਬਰਾੜ]

ਜਿਸ ਵਿਅਕਤੀ ਦੀਆਂ ਗਲਤ ਕਾਰਵਾਈਆਂ ਕਰਕੇ, ਜਿਸ ਵਿਅਕਤੀ ਦੀ ਗਲਤ ਸੋਚਣੀ ਹੋਣ ਕਰਕੇ, ਇਹ ਪੰਜਾਬ ਬਰਬਾਦ ਹੋਇਆ, ਉਸਦੇ ਪਿੰਡ ਰੋਡੇ ਵਿੱਚੋਂ ਵੀ ਕਾਂਗਰਸ ਪਾਰਟੀ ਦੇ ਨਾਲ ਸਬੰਧਤ ਸਰਦਾਰ ਜਗਦੀਪ ਸਿੰਘ ਸਰਪੰਚ ਚੁਣਿਆ ਗਿਆ। ਉਹ ਇਕੱਲਾ ਹੀ ਸਰਪੰਚ ਨਹੀਂ ਬਲਕਿ 9 ਮੈਂਬਰ ਵੀ ਕਾਂਗਰਸ ਪਾਰਟੀ ਦੇ ਚੁਣੇ ਗਏ। ਇਸ ਲਈ ਮੈਂ ਕਾਂਗਰਸ ਪਾਰਟੀ ਨੂੰ ਵਧਾਈ ਦਿੰਦਾ ਹਾਂ ਕਿ ਜਿੱਥੇ ਉਸਨੇ ਰਾਜ ਵਿੱਚੋਂ ਅੱਤਵਾਦ ਦਾ ਖਾਤਮਾ ਕਰਕੇ ਸੁੱਟ ਦਿੱਤਾ ਹੈ, ਉਥੇ ਮੈਂ ਸਰਦਾਰ ਬੇਅੰਤ ਸਿੰਘ ਜੀ ਨੂੰ ਵਧਾਈ ਦਿੰਦਾ ਹਾਂ ਕਿ ਤੁਹਾਡੀ ਮਿਹਰਬਾਨੀ ਸਦਕਾ ਤੁਹਾਡੀ ਯੋਗ ਰਹਿਨੁਮਾਈ ਸਦਕਾ ਕਾਂਗਰਸ ਮਜ਼ਬੂਤ ਹੋ ਕੇ ਨਿਕਲੀ ਹੈ ਅਤੇ ਇਸ ਨੇ ਬੜੀ ਭਾਰੀ ਜਿੱਤ ਪ੍ਰਾਪਤ ਕੀਤੀ ਹੈ।

ਮੈਂ ਇੱਕੋ ਜ਼ਿਕਰ ਕਰਾਂਗਾ ਪੇਜ ਨੰਬਰ : 3 ਤੇ ਜੋ ਰਾਜਪਾਲ ਨੇ ਆਪਣੇ ਭਾਸ਼ਣ ਵਿੱਚ ਕਿਹਾ ਹੈ:

"ਪਹਿਲੀ ਗੱਲ ਤਾਂ ਇਹ ਕਿ ਰਾਜ ਵਿਚ ਵਿੱਤੀ ਸਾਧਨਾਂ ਦਾ ਅਨੁ-ਅਨੁਪਾਤਕ ਹਿੱਸਾ ਵਿਕਾਸ ਨੂੰ ਅੱਖੋਂ ਪਰੋਖੇ ਕਰਨ ਦਾ ਮੁਕਾਬਲਾ ਕਰਨ ਤੇ ਲਾਉਣਾ ਪਿਆ ਹੈ। ਦੂਜੇ ਇਹ ਕਿ ਪਿਛਲੇ ਦਹਾਕੇ ਦੇ ਵੱਡੇ ਹਿੱਸੇ ਵਿੱਚ ਚੁਣੀ ਹੋਈ ਸਰਕਾਰ ਦੀ ਅਣਹੋਂਦ ਕਰਕੇ ਸਾਧਨਾਂ ਨੂੰ ਜੁਟਾਉਣਾ ਵੱਲ ਬਹੁਤ ਘੱਟ ਧਿਆਨ ਦਿੱਤਾ ਗਿਆ ਸੀ"। ਸਪੀਕਰ ਸਾਹਿਬ, ਮੈਂ ਇਸ ਦੀ ਇੱਕੋ ਮਿਸਾਲ ਦੇਣੀ ਚਾਹਵਾਂਗਾ ਇੱਕ ਪਿੰਡ ਦਾ ਇੱਕ ਪਰਿਵਾਰ ਹੈ, ਉਹ ਸਾਰੇ ਜੀਅ ਇਕੱਤਰ ਹੋਕੇ, ਬਾਕੀ ਪਿੰਡ ਨਾਲੋਂ ਆਪਣੀ ਵਖਰੀ ਸੋਚ ਹੋਣ ਕਰਕੇ ਉਹ ਰਾਤ ਨੂੰ ਸੱਥ ਵਿੱਚ ਬੈਠਣ ਦੀ ਬਜਾਏ ਆਪਣੇ ਕੰਮ-ਕਾਰ ਕਰਦੇ ਹਨ। ਖੇਤੀ ਦੇ ਨਾਲ ਨਾਲ ਹੋਰ ਕਈ ਸਹਾਇਕ ਧੰਦਾ ਵੀ ਕਰਦੇ ਹਨ ਅਤੇ ਇਸ ਤਰ੍ਹਾਂ ਚਾਰ ਪੈਸੇ ਵੀ ਇਕੱਠੇ ਕਰ ਲੈਂਦੇ ਹਨ ਜਿਸ ਨਾਲ ਉਹ ਹੋਰ ਜ਼ਮੀਨ ਵੀ ਲੈ ਲੈਂਦੇ ਹਨ ਅਤੇ ਚੰਗਾ ਘਰ ਵੀ ਬਣਾ ਲੈਂਦੇ ਹਨ। ਇਸ ਤਰ੍ਹਾਂ ਇਕੱਠੇ ਤੁਰਦੇ ਹਨ। ਲੇਕਿਨ ਗੁਆਂਢੀ ਕੋਈ ਐਸਾ ਕੰਮ ਕਰਨ ਦੀ ਬਜਾਏ, ਉਸਾਰੂ ਕੰਮ ਕਰਨ ਦੀ ਬਜਾਏ ਈਰਖਾ ਦੀ ਅੱਗ ਵਿੱਚ ਜਲਿਆ ਰਹਿੰਦਾ ਹੈ ਅਤੇ ਇਹ ਕੋਸ਼ਿਸ਼ ਕਰਦਾ ਹੈ ਕਿ ਇਹ ਪਰਿਵਾਰ ਬੁਰੀ ਤਰ੍ਹਾਂ ਬਰਬਾਦ ਹੋ ਜਾਵੇ। ਇਸੇ ਤਰ੍ਹਾਂ ਸਪੀਕਰ ਸਾਹਿਬ ਪੰਜਾਬ ਹੱਸਦਾ-ਵਸਦਾ ਸੀ ਅਤੇ ਇੱਥੇ ਖੁਸ਼ਹਾਲੀ ਸੀ ਅਤੇ ਅੰਤਾਂ ਦਾ ਤਾਕਤਵਰ ਸੀ। ਆਪਣਾ ਸਰਮਾਇਆ ਸੀ। ਪੰਜਾਬੀਆਂ ਨੇ ਆਪਣਾ ਸਰਮਾਇਆ ਪੰਜਾਬ ਨੂੰ ਹੀ ਕੇਵਲ ਖੁਸ਼ਹਾਲ ਕਰਨ ਵਾਸਤੇ ਨਹੀਂ ਲਗਾਇਆ, ਸਗੋਂ ਇੱਥੋਂ ਦੇ ਲੋਕਾਂ ਨੇ ਉਦਮ ਕਰਕੇ ਬੰਬਈ ਵਰਗੇ ਸ਼ਹਿਰਾਂ ਵਿੱਚ, ਕਲਕੱਤੇ ਵਰਗੇ ਸ਼ਹਿਰਾਂ ਵਿੱਚ ਅਤੇ ਦਿੱਲੀ ਵਰਗੇ ਸ਼ਹਿਰਾਂ ਵਿੱਚ ਆਪਣੀਆਂ ਟਰਾਂਸਪੋਰਟਾਂ ਖੜ੍ਹੀਆਂ ਕੀਤੀਆ। ਰਾਜਸਥਾਨ ਦੇ ਮਾਰੂਥਲ ਵਿੱਚ ਅਤੇ ਯੂ.ਪੀ. ਦੇ ਪੀਲੀਭੀਤ ਦੇ ਜੰਗਲਾਂ ਵਿੱਚ ਜਿਹੜੀ ਜ਼ਮੀਨ ਮਾਰੂ ਸੀ, ਉਸਨੂੰ ਆਬਾਦ ਕੀਤਾ। ਮਗਰ ਐਸੀ ਨਜ਼ਰ ਲੱਗੀ ਇਸ ਪੰਜਾਬ ਨੂੰ ਜਿਸ ਤਰ੍ਹਾਂ ਕਿਸੇ ਸ਼ਾਇਰ ਨੇ ਕਿਹਾ ਹੈ:

"ਅੱਜ ਲੱਗੀ ਨਜ਼ਰ ਪੰਜਾਬ ਨੂੰ ਇਹਦੀ ਨਜ਼ਰ ਉਤਾਰੋ,
ਲੈ ਕੇ ਮਿਰਚਾਂ ਕੌੜੀਆਂ ਇਸਦੇ ਸਿਰ ਤੋਂ ਵਾਰੋ।"

ਮੈਂ ਸਮਝਦਾ ਹਾਂ ਕਿ ਪੰਜਾਬ ਨੂੰ ਨਜ਼ਰ ਲੱਗੀ ਨਹੀਂ, ਲਗਾਈ ਗਈ ਹੈ। ਜਦੋਂ ਤੋਂ ਅਸੀਂ ਆਜ਼ਾਦ ਹੋਏ ਹਾਂ ਸਾਡੇ ਦੇਸ਼ ਨੇ ਕਾਫੀ ਤਰੱਕੀ ਕੀਤੀ ਹੈ ਪਰ ਗੁਆਂਢੀ ਇਸ ਚੀਜ਼ ਨੂੰ ਬਰਦਾਸ਼ਤ ਨਹੀਂ ਕਰ ਸਕਿਆ ਅਤੇ ਉਸਨੇ ਸੋਚਿਆ ਕਿ ਇਹ ਕਦੇ ਵੱਡੀਆਂ ਤਾਕਤਾਂ ਵਿੱਚ ਸ਼ਾਮਿਲ ਨਾ ਹੋ ਜਾਵੇ। ਉਨ੍ਹਾਂ ਦੀਆਂ ਸਾਜਿਸ਼ਾਂ ਸਦਕਾ ਅਤੇ ਮੈਂ ਕਹਾਂਗਾ ਕਿ ਕੁਝ ਸਿਆਸੀ ਲਾਭ ਲਈ ਅਤੇ ਦੇਸ਼ ਨੂੰ ਕਮਜ਼ੋਰ ਬਣਾਉਣ ਲਈ, ਪੰਜਾਬ ਵਿੱਚ ਅਜਿਹੇ ਹਾਲਾਤ ਪੈਦਾ ਕਰ ਦਿਤੇ ਕਿ ਜਿੱਥੇ ਅਸੀਂ ਲੁਧਿਆਣੇ ਵਰਗੇ ਸ਼ਹਿਰਾਂ ਦਾ

ਜ਼ਿਕਰ ਕਰਦੇ ਸੀ ਕਿ ਸਾਡਾ ਮਾਨ ਚੈਸਟਰ ਹੈ ਅਤੇ ਲੁਧਿਆਣਾ ਹੌਜ਼ਰੀ ਦੀ ਇੰਡਸਟਰੀ ਲਈ ਮਸ਼ਹੂਰ ਸੀ ਇਨ੍ਹਾਂ ਨੇ ਆਰਥਿਕ ਤੌਰ ਤੇ ਉਸ ਦਾ ਲੱਕ ਤੋੜ ਦਿੱਤਾ। ਉਸ ਸਮੇਂ ਚਾਰ ਹਜ਼ਾਰ ਕਰੋੜ ਰੁਪਏ ਦੀ ਲੋੜ ਸੀ ਜਿਸ ਨਾਲ ਖੁਸ਼ਹਾਲੀ ਲਿਆਈ ਜਾ ਸਕੇ, ਟੁੱਟੀਆਂ ਸੜਕਾਂ ਠੀਕ ਕੀਤੀਆਂ ਜਾ ਸਕਣ, ਹਸਪਤਾਲ ਖੋਲ੍ਹੇ ਜਾ ਸਕਣ, ਵਿਦਿਅਕ ਸੰਸਥਾਵਾਂ ਖੋਲ੍ਹੀਆਂ ਜਾ ਸਕਣ ਅਤੇ ਤਰੱਕੀ ਕੀਤੀ ਜਾ ਸਕੇ ਪਰ ਇਹ ਪੈਸਾ ਆਪਣੀ ਸੁਰੱਖਿਆ ਲਈ, ਸੁਰੱਖਿਆ ਫੋਰਸ ਤੇ ਲਾਉਣਾ ਪਿਆ ਜਿਸ ਨਾਲ ਤਰੱਕੀ ਦੇ ਕੰਮ ਰੁਕ ਗਏ। ਗਵਰਨਰੀ ਰਾਜ ਸਮੇਂ ਅਫਸਰਾਂ ਨੇ ਸਿਰਫ ਦਿਨ ਗੁਜ਼ਾਰਨ ਦੀ ਗੱਲ ਕੀਤੀ। ਉਹ ਅੱਤਵਾਦ ਤੋਂ ਭੈ-ਭੀਤ ਹੋ ਗਏ ਸਨ। ਆਪਣੇ ਫਰਜ਼ਾਂ ਵਿਚ ਕੁਤਾਹੀ ਕਰਨ ਲੱਗ ਪਏ ਸਨ। ਪਰ ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਸਾਡੇ ਆਦਰਯੋਗ ਵਿੱਤ ਮੰਤਰੀ ਜੀ ਨੇ ਟਰਾਂਸਪੋਰਟ ਅਤੇ ਬਿਜਲੀ ਸੈਕਟਰ ਰਾਹੀਂ ਪੈਸੇ ਕਮਾ ਕੇ ਇਸ ਘਾਟੇ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਹਿੰਦੁਸਤਾਨ ਦਾ ਹਰ ਛੋਟਾ ਅਤੇ ਵੱਡਾ ਲੀਡਰ ਹਰ ਸਮੇਂ ਇਹੀ ਗੱਲ ਕਹਿੰਦਾ ਰਿਹਾ ਕਿ ਪੰਜਾਬ ਦੇ ਬਹਾਦਰ ਲੋਕਾਂ ਨੇ ਹਿੰਦੁਸਤਾਨ ਦੀ ਏਕਤਾ ਅਤੇ ਅਖੰਡਤਾ ਲਈ ਲੜਾਈ ਲੜੀ ਅਤੇ ਲੜ ਰਹੇ ਹਨ। ਪਾਕਿਸਤਾਨ ਹਿੰਦੁਸਤਾਨ ਦੇ ਖਿਲਾਫ ਅਣ-ਐਲਾਨੀ ਲੜਾਈ ਲੜ ਰਿਹਾ ਹੈ। ਮੈਂ ਕਹਾਂਗਾ ਕਿ ਇਹ ਸਾਰਾ ਘਾਟਾ ਕਿਉਂ ਨਾ ਸੈਂਟਰ ਬਰਦਾਸ਼ਤ ਕਰੇ, ਕਿਉਂ ਨਾ ਸਾਰਾ ਹਿੰਦੁਸਤਾਨ ਬਰਦਾਸ਼ਤ ਕਰੇ ਕਿਉਂਕਿ ਪੰਜਾਬ ਨੇ ਨਾ ਕੇਵਲ ਆਰਥਿਕ ਤੌਰ ਤੇ ਘਾਟਾ ਉਠਾਇਆ ਹੈ ਸਗੋਂ ਕਈ ਜਾਨਾਂ ਵੀ ਦਿੱਤੀਆਂ ਹਨ। ਮੈਂ ਬੇਨਤੀ ਕਰਾਂਗਾ ਕਿ ਸਾਡੇ ਮਹਾਨ, ਨੇਤਾ ਸਰਦਾਰ ਬੇਅੰਤ ਸਿੰਘ ਜੀ ਅਤੇ ਵਿੱਤ ਮੰਤਰੀ ਡਾਕਟਰ ਕੇਵਲ ਕ੍ਰਿਸ਼ਨ ਜੀ ਇਸ ਕੇਸ ਨੂੰ ਬੜੀ ਦਲੇਰੀ, ਬਹਾਦਰੀ ਅਤੇ ਸਿਆਣਪ ਨਾਲ ਸੈਂਟਰ ਕੋਲ ਪੇਸ਼ ਕਰ ਚੁੱਕੇ ਹਨ ਅਤੇ ਸਾਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਅਸੀਂ ਹੋਰ ਤਕੜੇ ਹੋਈਏ ਤਾਂ ਕਿ ਪੰਜਾਬ ਵਿੱਚ ਪਿਛਲੇ ਦਸ ਸਾਲਾਂ ਤੋਂ ਜਿਹੜਾ ਪਿਛੜਾਪਨ ਆ ਰਿਹਾ ਹੈ, ਉਹ ਦੂਰ ਹੋ ਸਕੇ ਅਤੇ ਤਰੱਕੀ ਦੀ ਰਫਤਾਰ ਵਿਚ ਵਾਧਾ ਕੀਤਾ ਜਾ ਸਕੇ।

ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਪੈਰ੍ਹਾ ਨੰਬਰ ਚਾਰ ਤੇ ਖੇਤੀਬਾੜੀ ਬਾਰੇ ਜੋ ਜ਼ਿਕਰ ਹੋਇਆ ਹੈ, ਉਸ ਤੇ ਆਪਣੀ ਗੱਲ ਕਹਿਣ ਤੋਂ ਪਹਿਲਾਂ ਇਸ ਦੇ ਪਿਛੋਕੜ ਵਿਚ ਜਾਣਾ ਚਾਹਾਂਗਾ।

ਸਪੀਕਰ ਸਾਹਿਬ, ਪੰਜਾਬ ਦੀ ਬਦ-ਕਿਸਮਤੀ ਕਹੋ ਜਾਂ ਪੰਜਾਬ ਦੀ ਖੁਸ਼ਕਿਸਮਤੀ, ਪੰਜਾਬ ਦੇ ਕਿਸਾਨਾਂ ਦਾ ਦਾਅਵੇਦਾਰ ਉਦੋਂ ਦਾ ਅਕਾਲੀ ਦਲ ਰਿਹਾ। ਚਾਹੇ ਉਹ ਵੱਖ-ਵੱਖ ਧੜਿਆਂ ਵਿਚ, ਵੱਖ ਵੱਖ ਗਰੁੱਪਾਂ ਵਿਚ ਵੰਡਿਆ ਗਿਆ ਹੈ ਮਗਰ ਜਦੋਂ ਵੀ ਕਿਤੇ ਵੋਟ ਲੈਣ ਦੀ ਗੱਲ ਆਈ ਤਾਂ ਉਨ੍ਹਾਂ ਨੇ ਆਪਣੇ ਆਪ ਨੂੰ ਕਿਸਾਨਾਂ ਦਾ ਹਮਾਇਤੀ, ਕਿਸਾਨਾਂ ਦਾ ਰਾਖਾ ਔਰ ਕਿਸਾਨਾਂ ਦਾ ਆਗੂ ਕਹਾਉਣ ਦੀ ਕੋਸ਼ਿਸ਼ ਕੀਤੀ ਅਤੇ ਧਰਮ ਦੇ ਨਾਂ ਤੇ ਵੋਟਾਂ ਲਈਆਂ। ਬਾਅਦ ਵਿਚ ਜਦੋਂ ਉਨ੍ਹਾਂ ਦੇ ਹਿੱਤਾਂ ਦੀ ਗੱਲ ਆਈ ਤਾਂ ਉਨ੍ਹਾਂ ਨੇ ਚੁੱਪ ਵੱਟੀ ਰੱਖੀ ਅਤੇ ਆਪਣੇ ਫਰਜ਼ਾਂ ਦੀ ਕੁਤਾਹੀ ਕੀਤੀ। ਤੁਹਾਨੂੰ ਯਾਦ ਹੋਵੇਗਾ ਕਿ ਜਦੋਂ ਜਨਤਾ ਦਲ ਦੀ ਸਰਕਾਰ ਸੈਂਟਰ ਵਿਚ ਬਣੀ ਤਾਂ ਉਦੋਂ ਅਕਾਲੀ ਦਲ ਸਰਕਾਰ ਪੰਜਾਬ ਵਿਚ ਬਣੀ। ਉਸ ਸਮੇਂ ਬਰਨਾਲਾ ਸਾਹਿਬ ਖੇਤੀਬਾੜੀ ਮਨਿਸਟਰ ਸਨ ਅਤੇ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਸਨ। ਉਸ ਸਮੇਂ ਕਣਕ ਦਾ ਰੇਟ ਇੱਕ ਰੁਪਿਆ ਵਧਿਆ ਸੀ। ਦੁਆਬ ਵਿਚ ਕਿਸਾਨਾਂ ਨੂੰ ਰਾਤ ਸਮੇਂ ਆਪਣੇ ਖੇਤਾਂ ਦੀ ਰਾਖੀ ਕਰਨੀ ਪੈਂਦੀ ਸੀ ਕਿ ਆਲੂਆਂ ਤੇ ਕੋਈ ਕੁੱਝ ਸੁੱਟ ਨਾ ਜਾਵੇ। ਚੌਧਰੀ ਚਰਨ ਸਿੰਘ ਤੋਂ ਲੋਕੀ ਗੰਨੇ ਦੀ ਫਸਲ ਨੂੰ ਅੱਗ ਲਗਾਉਣ ਦਾ ਉਦਘਾਟਨ ਕਰਵਾਉਣ ਲਈ ਵੀ ਆਏ ਸਨ। ਮਗਰ ਜਦੋਂ ਕਾਂਗਰਸ ਦੀ ਸਰਕਾਰ ਆਈ ਤਾਂ ਉਸ ਨੇ ਕਿਸਾਨਾਂ ਦੇ ਹਿੱਤਾਂ ਦੀ ਲੜਾਈ ਲੜੀ ਅਤੇ ਉਨ੍ਹਾਂ ਨੂੰ ਲਾਹੇਵੰਦ ਮੁੱਲ ਦਿਵਾਇਆ। ਮੈਂ ਬਹੁਤਾ ਵਿਸਥਾਰ ਵਿਚ ਨਾ ਜਾਂਦਾ ਹੋਇਆ ਇਹ ਕਹਾਂਗਾ ਕਿ ਉਸ ਸਮੇਂ ਇੱਕ ਰੁਪਏ ਅਤੇ ਪੰਜ ਰੁਪਏ ਦਾ ਨਾਅਰਾ ਲੱਗਿਆ ਸੀ :

"ਇਕ ਰੁਪਿਆ ਕਣਕ ਦਾ ਵਾਧਾ,
ਸ਼ਰਮ ਦਾ ਘਾਟਾ।"

[ਸਰਦਾਰ ਅਵਤਾਰ ਸਿੰਘ ਬਰਾੜ]

ਇੱਕ ਸਾਲ ਵਿਚ ਹੀ ਸਰਦਾਰ ਬੇਅੰਤ ਸਿੰਘ ਜੀ ਦੀ ਹਿੰਮਤ ਸਦਕਾ, ਉਨ੍ਹਾਂ ਵੱਲੋਂ ਲੜੀ ਲੜਾਈ ਸਦਕਾ, ਇੱਕ ਸਾਲ ਵਿਚ ਹੀ 105 ਰੁ: ਕਣਕ ਵਿਚ ਵਾਧਾ ਹੋਇਆ ਹੈ ਜੋ ਕਿ 45 ਪ੍ਰਤੀਸ਼ਤ ਹੈ। ਮੈਂ ਇਸ ਲਈ ਸਰਦਾਰ ਬੇਅੰਤ ਸਿੰਘ ਜੀ ਦਾ ਪੰਜਾਬ ਦੇ ਕਿਸਾਨਾਂ ਵੱਲੋਂ ਧੰਨਵਾਦ ਕਰਦਾ ਹਾਂ ਜਿਨ੍ਹਾਂ ਇਸ ਗੱਲ ਨੂੰ ਮੁੱਖ ਰੱਖਦੇ ਹੋਏ ਬਾਕੀ ਪੰਜਾਬ ਦੇ ਲੋਕਾਂ ਵਾਂਗ ਪੰਜਾਬ ਦੇ ਕਿਸਾਨਾਂ ਨੂੰ ਇਸ ਮਾੜੇ ਹਾਲਾਤ ਵਿਚੋਂ ਬਾਹਰ ਕੱਢਿਆ । ਜਦੋਂ ਸੂਰਜ ਚੜ੍ਹਨ ਤੋਂ ਪਹਿਲਾਂ ਕੋਈ ਖੇਤ ਨਹੀਂ ਜਾ ਸਕਦਾ ਸੀ ਅਤੇ ਸੂਰਜ ਛਿਪਣ ਤੋਂ ਪਿੱਛੋਂ ਕੋਈ ਆਪਣੇ ਖੇਤਾਂ ਵਿੱਚ ਜਾ ਨਹੀਂ ਸੀ ਸਕਦਾ। ਖੇਤਾਂ ਵਿੱਚ ਜਾਣ ਵੇਲੇ ਉਸ ਦੇ ਜ਼ਿਹਨ ਵਿੱਚ ਇਕ ਭੈਅ ਜਿਹਾ ਰਹਿੰਦਾ ਸੀ ਕਿ ਪਤਾ ਨਹੀਂ ਉਹ ਕਿਹੜੀ ਐਸੀ ਘਟਨਾ ਦਾ ਸ਼ਿਕਾਰ ਬਣ ਜਾਵੇ ਜਿਸ ਦੇ ਨਾਲ ਉਸ ਦੇ ਸਾਰੇ ਪਰਿਵਾਰ ਦੀ ਜ਼ਿੰਦਗੀ ਵਿੱਚ ਕਿਹੜੀ ਮੁਸੀਬਤ ਅਤੇ ਕਿਹੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਜਾਵੇ। ਮੈਂ ਧੰਨਵਾਦੀ ਹਾਂ, ਸਪੀਕਰ ਸਾਹਿਬ, ਖੇਤੀ-ਬਾੜੀ ਵਿਭਾਗ ਦਾ ਜਿਨ੍ਹਾਂ ਦੇ ਸਹਿਯੋਗ ਨਾਲ, ਖੇਤੀਬਾੜੀ ਯੂਨੀਵਰਸਿਟੀ ਦੇ ਸਹਿਯੋਗ ਨਾਲ ਜਿਨ੍ਹਾਂ ਨੇ ਕਿਸਾਨ ਨੂੰ ਸਮੇਂ ਸਮੇਂ ਤੇ ਗਾਈਡ ਕਰਕੇ ਉਨ੍ਹਾਂ ਨੂੰ ਇਸ ਤਰ੍ਹਾਂ ਦੇ ਔਖੇ ਪਲਾਂ ਵਿਚ ਵੀ ਸਹਿਯੋਗ ਦੇ ਕੇ ਸਾਡਾ ਜੋ ਹਿੱਸਾ ਭਾਵੇਂ ਪੈਡੀ ਦੇ ਵਿੱਚ ਹੋਵੇ ਜਾਂ ਕਣਕ ਦੇ ਵਿੱਚ ਅਸੀਂ ਆਪਣਾ ਹਿੱਸਾ ਬਾਕੀ ਦੇ ਸੂਬਿਆਂ ਨਾਲੋਂ ਵੱਧ ਹਿੱਸਾ ਪਾਇਆ। (ਥੰਪਿੰਗ) ਪੰਜਾਬ ਨੂੰ ਭਾਵੇਂ ਲੱਖ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਗਈ ਪਰ ਪੰਜਾਬ ਦੇ ਕਿਸਾਨ ਨੇ ਪੰਜਾਬ ਨੂੰ ਬਦਨਾਮੀ ਦੀ ਬਜਾਏ ਪੰਜਾਬ ਦਾ ਨਾਮ ਪੈਦਾ ਕੀਤਾ। (ਥੰਪਿੰਗ) ਇਤਨਾ ਹੀ ਨਹੀਂ ਜਦੋਂ ਅਸੀਂ ਆਜ਼ਾਦ ਹੋਏ ਅਤੇ ਇਹ ਮੁਲਕ ਦੋ ਹਿੱਸਿਆ ਵਿੱਚ ਵੰਡਿਆ ਗਿਆ ਤਾਂ ਸਾਡੇ ਦੇਸ਼ ਦੇ ਉਸਰਈਏ, ਪੰਡਿਤ ਜਵਾਹਰ ਲਾਲ ਜੀ ਨਹਿਰੂ ਜੋ ਉਸ ਵਕਤ ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਸਨ ਉਸ ਵੇਲੇ ਅਮਰੀਕਾ ਤੋਂ ਪੀ.ਐਲ.480 ਕਣਕ ਮੰਗਵਾਉਣ ਦਾ ਉਨ੍ਹਾਂ ਨਾਲ ਸਮਝੌਤਾ ਕੀਤਾ ਉਸ ਵਕਤ ਬਹੁਤ ਲੋਕਾਂ ਨੇ ਕਿਹਾ ਕਿ ਪੀ.ਐਲ.480 ਕਣਕ ਲਈ ਸਮਝੌਤਾ ਇਕ ਗੁਲਾਮੀ ਦਾ ਸਮਝੌਤਾ ਹੈ ਮਗਰ ਉਸ ਵੇਲੇ ਸਾਡੀ ਮਜ਼ਬੂਰੀ ਸੀ, ਸਾਡਾ ਪੇਟ ਭੁੱਖਾ ਸੀ, ਸਾਡੇ ਕੋਲ ਖਾਣ ਲਈ ਕਣਕ ਨਹੀਂ ਸੀ, ਪਰ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਕਿਸਾਨ ਦੇ ਸਦਕਾ ਅਸੀਂ ਹਿੰਦੁਸਤਾਨ ਦੀਆਂ ਦੇਗਾਂ ਨੂੰ ਭਰਿਆ, ਅਸੀਂ ਹਿੰਦੁਸਤਾਨ ਦੇ ਅੰਨ ਭੰਡਾਰ ਨੂੰ ਭਰਿਆ ਅਤੇ ਅੱਜ ਇਤਨਾ ਬਫਰ ਸਟਾਕ ਕਣਕ ਦਾ ਇਸ ਵੇਲੇ ਸਾਡੀ ਸਰਕਾਰ ਕੋਲ ਪਿਆ ਹੈ ਕਿ ਸਾਨੂੰ ਆਉਣ ਵਾਲੇ ਸਮੇਂ ਲਈ ਕੋਈ ਚਿੰਤਾ ਨਹੀਂ ਕਿ ਸਾਨੂੰ ਕੋਈ ਫਿਰ ਔਖੇ ਦਿਨ ਦੇਖਣੇ ਪੈਣਗੇ। ਇਸ ਦੇ ਨਾਲ ਹੀ, ਸਪੀਕਰ ਸਾਹਿਬ, ਮੈਂ ਇਹ ਵੀ ਜ਼ਿਕਰ ਕਰਨਾ ਚਾਹਾਂਗਾ ਜਿਥੇ ਅਸੀਂ ਖੇਤੀਬਾੜੀ ਦਾ ਜ਼ਿਕਰ ਕੀਤਾ ਹੈ, ਜਿਥੇ ਅਸੀਂ ਪੰਜਾਬ ਦੇ ਕਿਸਾਨ ਦਾ ਜ਼ਿਕਰ ਕੀਤਾ ਹੈ ਉਥੇ ਇਸ ਗੱਲ ਦਾ ਜ਼ਿਕਰ ਮੈਂ ਕਰਨਾ ਚਾਹਾਂਗਾ ਕਿ ਖੇਤੀਬਾੜੀ ਵਿਭਾਗ ਨੇ ਕਿਸਾਨਾਂ ਦੇ ਲਈ 24 ਕੈਂਪ ਜ਼ਿਲ੍ਹਾ ਪੱਧਰ ਤੇ ਲਾਏ। ਮੈਨੂੰ ਵੀ ਇਸ ਤਰ੍ਹਾਂ ਦੇ ਇਕ ਕੈਂਪ ਵਿੱਚ ਜ਼ਿਲ੍ਹਾ ਹੈਡਕੁਆਟਰ ਫਰੀਦਕੋਟ ਵਿੱਚ ਅਟੈਂਡ ਕਰਨ ਦਾ ਮੌਕਾ ਮਿਲਿਆ ਜਿਸ ਦੀ ਪ੍ਰਧਾਨਗੀ ਸਾਡੇ ਚੀਫ ਮਨਿਸਟਰ ਸਾਹਿਬ, ਸਰਦਾਰ ਬੇਅੰਤ ਸਿੰਘ ਜੀ ਨੇ ਕੀਤੀ। ਉਥੇ ਹਜ਼ਾਰਾਂ ਦੀ ਗਿਣਤੀ ਵਿੱਚ ਕਿਸਾਨ ਸ਼ਾਮਲ ਹੋਏ ਜਿਸ ਤਰ੍ਹਾਂ ਕੋਈ ਮੇਲਾ ਹੋਵੇ ਅਤੇ ਉਥੋਂ ਅਸੀਂ ਤਕਨੀਕੀ ਤੌਰ ਤੇ ਕੁੱਝ ਗੱਲਾਂ ਜਿਨ੍ਹਾਂ ਦੀ ਖੇਤੀ ਵਿੱਚ ਅੱਜ ਬਹੁਤ ਜ਼ਰੂਰਤ ਹੈ ਉਹ ਕੁਝ ਅਸੀਂ ਉਥੋਂ ਸਿੱਖ ਕੇ ਘਰਾਂ ਨੂੰ ਪਰਤੇ। ਮੈਂ ਇਸ ਗੱਲ ਲਈ ਖੇਤੀਬਾੜੀ ਵਿਭਾਗ ਦਾ ਵੀ ਧੰਨਵਾਦੀ ਹਾਂ ਅਤੇ ਇਸ ਗੱਲ ਲਈ ਵੀ ਉਨ੍ਹਾਂ ਦਾ ਧੰਨਵਾਦੀ ਹਾਂ ਕਿ ਜਿਥੇ ਉਨ੍ਹਾਂ ਨੇ ਕਿਸਾਨ ਦੇ ਲਈ ਇੰਨਾ ਕੁਝ ਕੀਤਾ ਉਥੋਂ ਉਨਾਂ ਨੂੰ ਕੀਟ ਨਾਸ਼ਿਕ ਦਵਾਈਆਂ ਵਿੱਚ 25 ਪ੍ਰਤੀਸ਼ਤ, ਸਿਉਂਕ ਰਹਿਤ ਬੀਜਾਂ ਵਿਚ 25 ਪ੍ਰਤੀਸ਼ਤ ਅਤੇ ਹੋਰ ਲੋੜੀਂਦੀ ਸਬਸਿਡੀ ਦੇ ਕੇ ਪੰਜਾਬ ਦੇ ਕਿਸਾਨ ਨੂੰ ਉਤਸ਼ਾਹਿਤ ਕੀਤਾ ਉਥੇ ਖੇਤੀਬਾੜੀ ਦੀ ਉਪਜ ਨੂੰ ਹੋਰ ਵਧਾਉਣ ਲਈ ਸਰਦਾਰ ਬੇਅੰਤ ਸਿੰਘ ਜੀ ਨੇ ਛੋਟੇ ਕਿਸਾਨ ਲਈ ਟਰੈਕਟਰ ਖਰੀਦਣ ਲਈ 30 ਹਜ਼ਾਰ ਰੁਪਏ ਦੀ (ਥੰਪਿੰਗ) ਛੂਟ ਦੇ ਕੇ ਕਿਸਾਨ ਦੀ ਖੁਸ਼ਹਾਲੀ ਲਈ ਕੇਵਲ ਯਤਨ ਹੀ ਨਹੀਂ

ਕੀਤਾ ਸਗੋਂ ਇਹ ਗੱਲ ਵੀ ਸਪੱਸ਼ਟ ਕੀਤੀ, ਸਾਬਤ ਕੀਤੀ ਕਿ ਪੰਜਾਬ ਸਰਕਾਰ ਦੱਬੇ ਕੁੱਚਲੇ ਵਰਗ ਲਈ, ਛੋਟੇ ਕਿਸਾਨ ਲਈ ਆਪਣਾ ਦਿਲ ਧੜਕਦਾ ਰਖਦੀ ਹੈ। (ਥੰਪਿੰਗ)

ਸਪੀਕਰ ਸਾਹਿਬ, ਮੈਂ ਜ਼ਿਕਰ ਕਰਨਾ ਚਾਹਾਂਗਾ ਜੋ ਐਡਰੈਸ ਦੇ ਪੇਜ 5 ਤੇ ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿਚ ਉਦਯੋਗ ਦਾ ਜ਼ਿਕਰ ਕਰਦਿਆਂ ਕਿਹਾ ਹੈ ਕਿ:---

"ਚਾਲੂ ਸਾਲ ਦੌਰਾਨ ਪੂੰਜੀ-ਨਿਵੇਸ਼ ਅਤੇ ਉਦਯੋਗਿਕ ਉਤਪਾਦਨ ਦੀਆਂ ਵਾਧੇ ਦੀਆਂ ਦਰਾਂ ਉਪਰ ਵੱਲ ਜਾਂਦੀਆਂ ਨਜ਼ਰ ਆ ਰਹੀਆਂ ਹਨ। ਆਉਂਦੇ ਸਾਲ ਦੌਰਾਨ ਇਸ ਪ੍ਰਗਤੀਸ਼ੀਲ ਪਰਵਿਰਤੀ ਦੀ ਰਫਤਾਰ ਹੋਰ ਤੇਜ਼ ਕੀਤੀ ਜਾਵੇਗੀ । ਮੌਜੂਦਾ 1.75 ਲੱਖ ਛੋਟੇ ਪੈਮਾਨੇ ਦੇ ਉਦਯੋਗ ਯੂਨਿਟਾਂ ਵਿੱਚ ਇਸ ਸਾਲ ਦੌਰਾਨ 64.05 ਕਰੋੜ ਰੁਪਏ ਦੇ ਪੂੰਜੀ-ਨਿਵੇਸ਼ ਨਾਲ 4129 ਨਵੇਂ ਯੂਨਿਟ ਲਾਏ ਗਏ ਹਨ ਜਿਨ੍ਹਾਂ ਨਾਲ 14981 ਵਿਅਕਤੀਆਂ ਨੂੰ ਰੋਜ਼ਗਾਰ ਮੁਹੱਈਆ ਹੋਇਆ ਹੈ।"

ਇਸ ਤਰ੍ਹਾਂ ਵੱਖ ਵੱਖ ਖੇਤਰਾਂ ਵਿਚ ਇਨ੍ਹਾਂ ਨੇ ਜ਼ਿਕਰ ਕੀਤਾ ਹੈ। ਮੈਂ ਤੁਹਾਡਾ ਧਿਆਨ ਬੀਤੇ ਦਿਨਾਂ ਵਲ ਦਿਵਾਉਣਾ ਚਾਹੁੰਦਾ ਹਾਂ। ਇਕ ਦੌਰ ਸੀ ਜਦੋਂ ਕਿ ਇਕ ਸੂਈ ਵੀ ਸਾਨੂੰ ਬਾਹਰੋਂ ਮੰਗਾਉਣੀ ਪੈਂਦੀ ਸੀ ਪਰ ਅੱਜ ਅਸੀਂ ਇਥੇ ਪਹੁੰਚ ਗਏ ਹਾਂ ਕਿ ਹਵਾਈ ਜਹਾਜ਼, ਟੈਂਕ ਅਤੇ ਗਗਨ ਵਿਚ ਉਡ ਰਹੇ ਸਿਆਰੇ, ਹਵਾ ਵਿਚ ਮਾਰ ਕਰਨ ਵਾਲੀਆਂ ਮਿਜ਼ਾਈਲਾਂ ਆਦਿ ਤਕ ਅਸੀਂ ਆਪ ਬਣਾ ਰਹੇ ਹਾਂ। ਮੈਂ ਅਰਜ਼ ਕਰਾਂ ਕਿ ਇਸ ਖੇਤਰ ਵਿੱਚ ਜੋ ਹਿੱਸਾ ਸਾਡੇ ਲੁਧਿਆਣਾ ਨੇ ਪਾਇਆ ਹੈ ਜਿਸ ਨੂੰ ਅਸੀਂ ਬੜੇ ਮਾਣ ਨਾਲ ਕਹਿੰਦੇ ਹਾਂ ਕਿ ਸਾਡੇ ਹਿੰਦੁਸਤਾਨ ਦਾ ਮਾਨਚੈਸਟਰ ਹੈ, ਮੈਂ ਕੋਈ ਅਤਿਕਥਨੀ ਨਹੀਂ ਕਰ ਰਿਹਾ ਅਤੇ ਨਾ ਹੀ ਕੋਈ ਰਿਆਇਤ ਲੈ ਰਿਹਾ ਹਾਂ, ਇਹ ਹਕੀਕਤ ਹੈ। ਮਗਰ ਬਦਕਿਸਮਤੀ ਨਾਲ ਪਿਛਲੇ ਦਸ ਸ਼ਾਲਾਂ ਦੇ ਦੌਰਾਨ ਪੰਜਾਬ ਦੇ ਸਨਤਕਾਰ ਨੂੰ ਐਸੇ ਦੌਰ ਵਿਚੋਂ ਗੁਜ਼ਰਨਾ ਪਿਆ ਕਿ ਲੇਬਰ ਦੇ ਕਤਲ ਹੋਏ, ਫਿਰੌਤੀਆਂ ਰਾਹੀਂ ਲੁਟਮਾਰ ਹੋਈ ਜਿਸ ਕਰਕੇ ਬਹੁਤ ਸਾਰੇ ਸਨਅਤਕਾਰ ਸੋਚਣ ਲਈ ਮਜ਼ਬੂਰ ਹੋ ਗਏ ਕਿ ਉਹ ਆਪਣੀ ਸਨਅਤ ਇਥੋਂ ਲੈ ਜਾਵੇ। ਸਨਅਤ ਲੈ ਕੇ ਚਲੇ ਵੀ ਗਏ ਇਹ ਸੋਚ ਕੇ ਕਿ ਰੋਟੀ ਘੱਟ ਖਾ ਲਵਾਂਗੇ। ਪਰ ਮੈਨੂੰ ਇਹ ਦੱਸਣ ਵਿਚ ਬੜੀ ਖੁਸ਼ੀ ਮਹਿਸੂਸ ਹੁੰਦੀ ਹੈ ਕਿ ਪਿਛਲੇ ਇਕ ਸਾਲ ਦੇ ਥੋੜੇ ਜਿਹੇ ਅਰਸੇ ਵਿਚ ਸਰਦਾਰ ਬੇਅੰਤ ਸਿੰਘ ਜੀ ਨੇ ਐਸਾ ਕ੍ਰਿਸ਼ਮਾਂ ਕੀਤਾ ਕਿ ਉਹ ਸਾਰੇ ਵਾਪਸ ਆ ਗਏ ਹਨ (ਥੰਪਿੰਗ) ਯੂ.ਕੇ. ਤੋਂ ਮੇਜਰ ਸਾਹਿਬ ਦੀ ਅਗਵਾਈ ਹੇਠ ਇਕ ਵਫਦ ਆਇਆ ਜਿਨ੍ਹਾਂ ਨੇ ਸਾਡੇ ਮੁੱਖ ਮੰਤਰੀ ਸਾਹਿਬ ਨੂੰ ਮਿਲ ਕੇ ਪ੍ਰਾਰਥਨਾ ਕੀਤੀ ਕਿ ਉਨ੍ਹਾਂ ਨੂੰ ਮੌਕਾ ਦਿਓ ਕਿ ਉਹ ਆਪਣੀ ਧਰਤੀ ਤੇ ਆਪਣਾ ਪੈਸਾ ਧਨ ਦੋਲਤ ਲਾ ਕੇ ਸਨਅਤ ਲਾ ਸਕਣ। ਉਨ੍ਹਾਂ ਦਸਿਆ ਕਿ ਉਹ ਬਾਹਰ ਬੈਠੇ ਸੁਣਦੇ ਹੁੰਦੇ ਸੀ ਕਿ ਪੰਜਾਬ ਕੋਈ ਇਕ ਵੱਖਰਾ ਦੇਸ਼ ਹੋ ਗਿਆ ਹੈ। ਅਸੀਂ ਇਥੇ ਰਹਿੰਦੇ ਆਪਣੇ ਸਾਥੀਆਂ ਨੂੰ ਮਿਲਣ ਲਈ ਗੁਰੇਜ਼ ਕਰਦੇ ਰਹੇ। ਅੱਜ ਅਸੀਂ ਹੈਰਾਨ ਹਾਂ ਕਿ ਇਕ ਸਾਲ ਵਿਚ ਐਡਾ ਵੱਡਾ ਕ੍ਰਿਸ਼ਮਾਂ ਹੋ ਗਿਆ ਕਿ ਅਸੀਂ ਬਿਨਾਂ ਕਿਸੇ ਗਾਰਦ ਦੇ ਅਤੇ ਕਿਸੇ ਸਿਕਿਉਰਟੀ ਦੇ ਪੰਜਾਬ ਦੇ ਸਾਰੇ ਸ਼ਹਿਰਾਂ ਵਿਚ ਘੁੰਮੇ ਹਾਂ । ਸਾਨੂੰ ਇਕ ਆਮ ਜ਼ਿੰਦਗੀ ਨਜ਼ਰ ਆਈ। ਮੈਂ ਸਰਦਾਰ ਬੇਅੰਤ ਸਿੰਘ ਦਾ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਕੇਵਲ ਪੰਜਾਬ ਦੇ ਲੋਕਾਂ ਦਾ ਦਿਲ ਹੀ ਨਹੀਂ ਜਿੱਤਿਆ, ਪੂਰੇ ਹਿੰਦੁਸਤਾਨ ਦੇ ਲੋਕਾਂ ਦਾ ਦਿਲ ਜਿੱਤ ਲਿਆ ਅਤੇ ਵਿਦੇਸ਼ਾਂ ਵਿਚ ਵਸਦੇ ਹਿੰਦੁਸਤਾਨੀਆਂ ਦੇ ਦਿਲ ਮੋਹ ਲਏ। (ਥੰਪਿੰਗ)

ਸਪੀਕਰ ਸਾਹਿਬ, ਸਫਾ 6 ਤੇ ਸਿੰਚਾਈ ਅਤੇ ਬਿਜਲੀ ਬਾਰੇ ਭਾਸ਼ਣ ਵਿਚ ਜ਼ਿਕਰ ਕਰਦਿਆਂ ਗਵਰਨਰ ਸਾਹਿਬ ਨੇ ਕਿਹਾ ਹੈ ਕਿ ਦਿਹਾਤੀ ਉਦਯੋਗ ਲਈ 24 ਘੰਟੇ ਬਿਜਲੀ ਦੇਣ ਦੀ ਸਕੀਮ ਬਣਾਈ

[ਸਰਦਾਰ ਅਵਤਾਰ ਸਿੰਘ ਬਰਾੜ]

ਹੈ । ਮੈਂ ਥੋੜਾ ਜਿਹਾ ਪਾਸੇ ਹੋ ਕੇ ਜ਼ਿਕਰ ਕਰਨਾ ਚਾਹਾਂਗਾ ਕਿ ਉਸ ਦਿਨ ਸਵਰਗਵਾਸੀ ਪੰਡਿਤ ਜਵਾਹਰ ਲਾਲ ਨਹਿਰੂ ਨੇ ਭਾਖੜਾ ਨੂੰ ਤੀਰਥ ਸਥਾਨ ਕਿਹਾ ਸੀ ਜਦੋਂ ਉਹ ਇਸ ਦਾ ਉਦਘਾਟਨ ਕਰਨ ਆਏ ਸਨ । ਉਸ ਵਕਤ ਪੰਜਾਬ ਦਾ ਨਾਂ ਹਰ ਜ਼ਬਾਨ ਤੇ ਸੀ...

'ਭਾਖੜੇ ਤੋਂ ਆਈ ਮੁਟਿਆਰ ਨੱਚਦੀ
ਗਲ ਗਾਨੀ ਚੁਨੀ ਸੁਚੇ ਕੱਚ ਦੀ' ।

ਇਹ ਤਾਂ ਨਹੀਂ ਕਹਿ ਸਕਦੇ ਕਿ ਸਾਡਾ ਸਾਰਾ ਪੰਜਾਬ ਸਮਾਜਿਕ ਤੌਰ ਤੇ ਪਛੜਿਆ ਸੀ ਪਰ ਸਾਡੇ ਕਈ ਰਹਿਨੁਮਾ ਐਸੇ ਵੀ ਸਨ ਜਿਨਾਂ ਨੇ ਇਹ ਕਹਿਕੇ ਲੋਕਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਕਿ ਭਾਖੜੇ ਦੇ ਪਾਣੀ ਵਿਚੋਂ ਬਿਜਲੀ ਤਾਂ ਕੱਢ ਲਈ ਗਈ ਹੈ ਇਸ ਲਈ ਇਹ ਲਾਭਕਾਰੀ ਨਹੀਂ ਹੈ। ਸਪੀਕਰ ਸਾਹਿਬ ਤੁਹਾਨੂੰ ਵੀ ਜਹਾਜ਼ ਵਿਚ ਪੰਜਾਬ ਵਿਚ ਸਫਰ ਕਰਨ ਦਾ ਮੌਕਾ ਮਿਲਿਆ ਹੋਵੇਗਾ। ਮੈਨੂੰ ਵੀ ਕਈ ਵਾਰੀ ਮੌਕਾ ਮਿਲਿਆ ਹੈ। ਇਸ ਤਰ੍ਹਾਂ ਲਗਦਾ ਹੈ ਕਿ...... ..

ਕਾਮਰੇਡ ਹਰਦੇਵ ਸਿੰਘ ਅਰਸ਼ੀ:(ਬੈਠੇ ਬੈਠੇ) ਇਹ ਸ਼ੋਸ਼ਾ ਕੈਰੋਂ ਸਾਹਿਬ ਦਾ ਹੀ ਛੱਡਿਆ ਹੋਇਆ ਸੀ।

ਸਰਦਾਰ ਅਵਤਾਰ ਸਿੰਘ ਬਰਾੜ : ਕਾਮਰੇਡ ਜੀ, ਮੈਂ ਤੁਹਾਡਾ ਜ਼ਿਕਰ ਹੀ ਨਹੀਂ ਕੀਤਾ।

ਕਾਮਰੇਡ ਹਰਦੇਵ ਸਿੰਘ ਅਰਸ਼ੀ : (ਬੈਠੇ ਬੈਠੇ) ਤੁਸੀਂ ਆਪਣੀ ਗੱਲ ਸਿੱਧ ਕਰਨ ਲਈ ਆਪ ਹੀ ਕਹਿ ਰਹੇ ਹੋ।

ਸ਼੍ਰੀ ਸਪੀਕਰ : ਅਰਸ਼ੀ ਜੀ, ਤੁਸੀਂ ਤਾਂ ਬੈਠੇ ਗੱਲ ਨਾ ਕਰੋ।

ਸਰਦਾਰ ਅਵਤਾਰ ਸਿੰਘ ਬਰਾੜ : ਸਪੀਕਰ ਸਾਹਿਬ, ਮੈਂ ਜ਼ਿਕਰ ਕਰ ਰਿਹਾ ਸੀ ਕਿ ਇਸ ਤਰ੍ਹਾਂ ਲਗਦਾ ਹੈ ਜਹਾਜ਼ ਜਦੋਂ ਅੰਬਰ ਵਿਚ ਰਾਤ ਨੂੰ ਉਡਦਾ ਹੈ ਤਾਂ ਉਪਰੋਂ ਨੀਚੇ ਬਿਜਲੀ ਦੀ ਰੋਸ਼ਨੀ ਕਰਕੇ ਪੰਜਾਬ ਜੁਗਨੂੰਆਂ ਵਰਗਾ ਟਿਮਟਿਮਾਉਂਦਾ ਹੈ। ਉਪਰ ਤਾਰਿਆਂ ਭਰੀ ਰਾਤ ਹੋਵੇ ਤਾਂ ਨੀਚੇ ਵੇਖੋ ਤਾਂ ਇਸ ਤਰ੍ਹਾਂ ਲਗਦਾ ਹੈ ਹੁਣ ਜਿਹੜਾ ਵਰਨਣ ਕੀਤਾ ਹੈ ਕਿ 24 ਘੰਟੇ ਲਈ ਬਿਜਲੀ ਦੇਣੀ ਹੈ, ਇਹ ਬਿਲਕੁਲ ਠੀਕ ਹੈ। ਮੁੱਖ ਮੰਤਰੀ ਜੀ ਪਿੰਡਾਂ ਦੇ ਰਹਿਣ ਵਾਲੇ ਹਨ, ਮੇਰੇ ਬਹੁਤ ਸਾਰੇ ਸਾਥੀ ਵੀ ਪਿੰਡਾਂ ਦੇ ਰਹਿਣ ਵਾਲੇ ਹਨ, ਮੈਂ ਵੀ ਪਿੰਡਾਂ ਦਾ ਰਹਿਣ ਵਾਲਾ ਹਾਂ। ਸਾਨੂੰ ਪਤਾ ਹੈ ਕਿ ਜਦੋਂ ਪਿੰਡ ਵਿਚੋਂ ਬਿਜਲੀ ਚਲੀ ਜਾਂਦੀ ਹੈ ਤਾਂ ਕਿਸ ਤਰ੍ਹਾਂ ਵਾਪਰਦੀ ਹੈ। ਉਪਰੋਂ ਕਹਿਰਾਂ ਦੀ ਗਰਮੀ ਹੁੰਦੀ ਹੈ ਔਰ ਫਿਰ ਬਹੁਤ ਜ਼ਿਆਦਾ ਮੱਛਰ ਕੱਟਦਾ ਹੈ। ਪਲ ਪਲ ਗਿਣ ਗਿਣ ਕੇ ਰਾਤ ਗੁਜ਼ਾਰਨੀ ਪੈਂਦੀ ਹੈ ਇਸ ਲਈ ਜੇਕਰ ਇਹ ਕਰ ਦਿਓ ਤਾਂ ਤੁਹਾਡਾ ਬੜਾ ਪਰਉਪਕਾਰ ਹੋਵੇਗਾ। ਉਹ ਲੋਕ ਜੋ ਦਾਅਵੇ ਕਰਦੇ ਹਨ ਕਿ ਉਹ ਪੇਂਡੂ ਲੋਕਾਂ ਦੀ ਨੁਮਾਇੰਦਗੀ ਕਰਦੇ ਹਨ, ਰਹਿਨੁਮਾਈ ਕਰਦੇ ਹਨ, ਪਰ ਅਸਲ ਵਿਚ ਉਹ ਕੁਝ ਨਹੀਂ ਕਰਦੇ। ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਠੀਕ ਹੀ ਇਕ ਵਾਰੀ ਕਿਹਾ ਸੀ ਜਦੋਂ ਉਹ ਰਾਜ ਸੱਤਾ ਤੋਂ ਲੱਥ ਗਏ ਤਾਂ ਜਥੇਦਾਰਾਂ ਦੀ ਮੀਟਿੰਗ ਹੋਈ ਤਾਂ ਉਨ੍ਹਾਂ ਨੂੰ ਪੁੱਛਿਆ ਕਿ ਅੱਜ ਬਾਦਲ ਸਾਹਿਬ, ਤੁਸੀਂ ਫਿਰ ਪੇਂਡੂ ਲੋਕਾਂ ਦੀ ਭਲਾਈ ਦੀਆਂ ਉਹ ਹੀ ਗੱਲੋਂ ਕਰਨ ਲਗ ਪਏ ਹੋ ਜੋ ਤੁਸੀਂ ਮੁੱਖ ਮੰਤਰੀ ਬਣਨ ਤੋਂ ਪਹਿਲਾਂ ਕਰਦੇ ਹੁੰਦੇ ਸੀ। ਤੁਸੀਂ ਮੁੱਖ ਮੰਤਰੀ ਸੀ ਪਰ ਤੁਸੀਂ ਪਿੰਡਾਂ ਦਾ ਉਸ ਵੇਲੇ ਕੁਝ ਨਹੀਂ ਕੀਤਾ, ਕਿਸਾਨਾਂ ਦਾ ਕੁਝ ਨਹੀਂ ਕੀਤਾ, ਇਸ ਦੀ ਕੀ ਵਜ੍ਹਾ ਹੈ? ਤਾਂ ਉਨ੍ਹਾਂ ਨੇ ਸਪਸ਼ਟ ਬਿਆਨ ਦਿੱਤਾ ਕਿ ਮੁੱਖ ਮੰਤਰੀ ਵੇਲੇ ਇਕ ਹੱਥ ਕੁਰਸੀ ਨੂੰ ਹੁੰਦਾ ਸੀ ਔਰ ਇਕ ਪਗੜੀ ਨੂੰ, ਔਰ ਇਹ ਲੋਕ ਕੁਝ ਕਰਨ ਹੀ ਨਹੀਂ ਸੀ ਦਿੰਦੇ। (ਹਾਸਾ) ਮੈਂ ਕਹਿਣਾ ਚਾਹੁੰਦਾ ਹਾਂ, ਸਪੀਕਰ ਸਾਹਿਬ, ਕਿ ਜਦੋਂ ਵੀ ਪਿੰਡਾਂ ਦਾ ਕੁਝ ਸੁਧਾਰ ਕੀਤਾ ਹੈ ਤਾਂ ਇਸ ਕਾਂਗਰਸ ਸਰਕਾਰ ਨੇ ਕੀਤਾ ਹੈ। (ਥੰਪਿੰਗ)

ਸੰਨ 1972 ਤੋਂ 1977 ਤਕ ਕਾਂਗਰਸ ਸਰਕਾਰ ਪੰਜਾਬ ਵਿਚ ਰਹੀ ਜਿਸ ਦੀ ਅਗਵਾਈ ਦੇਸ਼ ਦੇ ਸਾਬਕਾ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਜੀ ਨੇ ਕੀਤੀ। ਇਥੇ ਵੀ ਬਹੁਤ ਸਾਰੇ ਮੈਂਬਰ ਸਾਹਿਬਾਨ ਬੈਠੇ ਹਨ ਜੋ ਉਸ ਵੇਲੇ ਮੰਤਰੀ ਵੀ ਸਨ। ਸਰਦਾਰ ਬੇਅੰਤ ਸਿੰਘ ਜੀ ਵੀ ਮੰਤਰੀ ਸਨ ਪਾਰਟੀ ਦਾ ਅਹਿਮ ਰੋਲ ਅਦਾ ਕਰਨ ਵਾਲੇ ਵਿਧਾਇਕ ਸਨ। ਉਸ ਵੇਲੇ ਹਰ ਪਿੰਡ ਨੂੰ ਲਿੰਕ ਸੜਕ ਗਈ ਸੀ। ਅੱਜ 24 ਘੰਟੇ ਬਿਜਲੀ ਦੇਣ ਦੀ ਗੱਲ ਮਾਨਯੋਗ ਮੁੱਖ ਮੰਤਰੀ ਜੀ ਤੁਸੀਂ ਕਰਨ ਲਗੇ ਹੋ, ਇਹ ਲਾ-ਮਿਸਾਲ ਗੱਲ ਹੈ, ਇਸ ਨਾਲ ਪੇਂਡੂ ਲੋਕਾਂ ਦੀਆਂ ਰਾਤਾਂ ਅੱਛੀਆਂ ਗੁਜ਼ਰ ਜਾਣਗੀਆਂ। ਅਤਿਵਾਦ ਤੋਂ ਤਾਂ ਖਹਿੜਾ ਛੁੱਟ ਗਿਆ ਹੈ, ਹੁਣ ਮੱਛਰਾਂ ਤੋਂ ਵੀ ਖਹਿੜਾ ਛੁੱਟ ਜਾਵੇਗਾ (ਹਾਸਾ) (ਥੰਪਿੰਗ)।

ਗਵਰਨਰ ਸਾਹਿਬ ਦੇ ਭਾਸ਼ਣ ਦੇ ਪੇਜ ਨੰਬਰ 6 ਉਤੇ ਪੱਕਿਆਂ ਖਾਲਿਆਂ ਦਾ ਜ਼ਿਕਰ ਕੀਤਾ ਹੈ, ਇਹ ਅੱਛਾ ਕਦਮ ਹੈ। ਇਸ ਨਾਲ ਜੋ ਪਾਣੀ ਦੀ ਵਾਧੂ ਸੀਪੇਜ਼ ਹੁੰਦੀ ਹੈ, ਉਹ ਰੁਕ ਜਾਵੇਗੀ। ਕਿਸਾਨ ਜਿਤਨਾ ਪਾਣੀ ਚਾਹੁੰਦੇ ਹਨ ਉਹ ਪੂਰਾ ਪਾਣੀ ਮਿਲੇਗਾ। ਪਾਣੀ ਦੀਆਂ ਬੂੰਦਾਂ ਨੂੰ ਕਿਸਾਨ ਖੂਨ ਦੀਆਂ ਬੂੰਦਾਂ ਦੇ ਬਰਾਬਰ ਮੰਨਦਾ ਹੈ। ਹੁਣ ਤਾਂ ਯੁੱਗ ਬਦਲ ਗਿਆ ਹੈ। ਹੁਣ ਤਾਂ ਮੋਟਰਾਂ ਨਾਲ ਪਾਣੀ ਮਿਲਣ ਲਗ ਪਿਆ ਹੈ ਇਸ ਲਈ ਕਿਸਾਨ ਰਾਤਾਂ ਦੀ ਪਰਵਾਹ ਘੱਟ ਕਰਨ ਲਗ ਪਿਆ ਹੈ। ਸਪੀਕਰ ਸਾਹਿਬ, ਮੈਂ ਛੋਟੇ ਕਿਸਾਨ ਦਾ ਬੇਟਾ ਹਾਂ ਆਪਣੇ ਬਾਪ ਨਾਲ ਮੈਨੂੰ ਰਾਤ ਨੂੰ ਖੇਤਾਂ ਨੂੰ ਪਾਣੀ ਲਾਉਣ ਦਾ ਮੌਕਾ ਮਿਲਿਆ ਹੈ ਮੈਨੂੰ ਪਤਾ ਹੈ ਕਿ ਜਦੋਂ ਪਾਣੀ ਟੁੱਟ ਜਾਂਦਾ ਸੀ, ਪੱਕੇ ਖਾਲੇ ਨਹੀਂ ਸਨ ਹੁੰਦੇ, ਕਹਿਰ ਦੀ ਸਰਦੀ ਰਾਤਾਂ ਨੂੰ ਹੁੰਦੀ ਸੀ ਤਾਂ ਉਸ ਵੇਲੇ ਉਸ ਟੁੱਟੇ ਪਾਣੀ ਨੂੰ ਕਿਸ ਤਰ੍ਹਾਂ ਬੰਨ੍ਹਿਆ ਜਾਂਦਾ ਸੀ, ਉਸ ਦਾ ਮੈਂ ਹੀ ਜ਼ਿਕਰ ਕਰ ਸਕਦਾ ਹਾਂ ਜਾਂ ਹੋਰ ਕਿਸਾਨਾ ਦੇ ਜੋ ਬੇਟੇ ਹਨ ਉਹ ਹੀ ਕਰ ਸਕਦੇ ਹਨ, ਕਿ ਉਸ ਵੇਲੇ ਕਿਤਨੀਆਂ ਔਖੀਆਂ ਘੜੀਆਂ ਸਨ। ਜੇਕਰ ਪੱਕੇ ਖਾਲੇ ਹੋਣ ਤਾਂ ਆਰਾਮ ਹੋ ਜਾਂਦਾ ਹੈ। ਇਸ ਲਈ ਮੈਂ ਤੁਹਾਡੇ ਰਾਹੀਂ ਇਰੀਗੇਸ਼ਨ ਐਂਡ ਪਾਵਰ ਮਨਿਸਟਰ ਸਾਹਿਬ ਨੂੰ ਬੇਨਤੀ ਕਰਨੀ ਚਾਹਵਾਂਗਾ ਕਿ ਜੋ ਖਾਲੇ ਟੁੱਟ ਚੁਕੇ ਹਨ ਉਹ ਤਾਂ ਕੱਚਿਆਂ ਨਾਲੋਂ ਵੀ ਬਦਤਰ ਹੋ ਗਏ ਹਨ। ਇਸ ਲਈ ਜਿਹੜੇ ਖਾਲੇ ਟੁੱਟ ਚੁਕੇ ਹਨ ਉਨ੍ਹਾਂ ਦੀ ਰਿਪੇਅਰ ਦਾ ਪ੍ਰਬੰਧ ਕੀਤਾ ਜਾਵੇ, ਕੱਚਿਆਂ ਖਾਲਿਆਂ ਨੂੰ ਪੱਕਿਆ ਕਰਨ ਦਾ ਪ੍ਰਬੰਧ ਕੀਤਾ ਜਾਵੇ, ਜੋ ਅਧੂਰੇ ਹਨ ਉਹ ਵੀ ਪੱਕੇ ਕੀਤੇ ਜਾਣ ਤਾਂ ਕਿ ਜਿਨ੍ਹਾਂ ਦੇ ਖਾਲੇ ਪੱਕੇ ਨਹੀਂ ਹੋ ਸਕੇ ਉਨ੍ਹਾਂ ਦੇ ਦਿਲਾਂ ਵਿਚ ਇਹ ਗੱਲ ਨਾ ਆ ਜਾਵੇ ਕਿ ਉਨ੍ਹਾਂ ਨਾਲ ਵਿਤਕਰਾ ਹੋਇਆ ਹੈ, ਬੇਇਨਸਾਫੀ ਹੋਈ ਹੈ।

ਦਰਿਆਈ ਪਾਣੀਆਂ ਵਿਚ ਪਾਣੀ ਦਾ ਹਿੱਸਾ ਪ੍ਰਾਪਤ ਕਰਨ ਲਈ ਪੰਜਾਬ ਸਰਕਾਰ ਦੇ ਤੀਬਰ ਯਤਨ ਜਾਰੀ ਹਨ। ਸਪੀਕਰ ਸਾਹਿਬ, ਇਸ ਸੰਬੰਧ ਵਿਚ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਿਵਾਏ ਉਨ੍ਹਾਂ ਲੋਕਾਂ ਦੇ ਜੋ ਕਿ ਸਸਤੀ ਸ਼ੋਹਰਤ ਲੈਣ ਖਾਤਰ ਅਖਬਾਰਾਂ ਦਾ ਸਹਾਰਾ ਲੈਂਦੇ ਹਨ ਉਹ ਕਹਿ ਸਕਦੇ ਹਨ ਕਿ ਇਹ ਕੰਮ ਨਹੀਂ ਹੋਇਆ, ਨਹੀਂ ਤਾਂ ਜਿਸ ਤੇਜ਼ੀ ਨਾਲ ਸਾਡੀ ਪੰਜਾਬ ਸਰਕਾਰ ਨੇ ਜਿਸ ਦੇ ਮੁੱਖੀ ਸਰਦਾਰ ਬੇਅੰਤ ਸਿੰਘ ਨੇ ਸੈਂਟਰ ਸਰਕਾਰ ਨਾਲ ਲੜਾਈ ਲੜੀ ਹੈ ਉਸ ਦਾ ਕੋਈ ਜਵਾਬ ਨਹੀਂ, ਉਸ ਦਾ ਕੋਈ ਸਾਨੀ ਨਹੀਂ। ਕੋਈ ਕਿੰਤੂ ਪ੍ਰੰਤੂ ਵਾਲੀ ਗੱਲ ਨਹੀਂ ਹੈ। ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਜਦੋਂ ਇਹ ਗੱਲ ਆਈ ਕਿ ਪੰਜਾਬ ਨੂੰ ਜਮਨਾ ਦੇ ਪਾਣੀ ਵਿਚ ਸ਼ਾਮਲ ਨਹੀਂ ਕੀਤਾ ਜਾਵੇਗਾ ਤਾਂ ਉਸ ਵੇਲੇ ਸਰਦਾਰ ਬੇਅੰਤ ਸਿੰਘ ਔਰ ਸਰਦਾਰ ਹਰਚਰਨ ਸਿੰਘ ਬਰਾੜ ਜੀ ਨੇ ਇਸ ਗੱਲ ਨੂੰ ਜ਼ੋਰ ਨਾਲ ਲਿਆ ਔਰ ਕੇਸ ਲੜਿਆ। ਅੱਜ ਮੈਂ ਇਨ੍ਹਾਂ ਨੂੰ ਯਕੀਨ ਦਿਵਾਉਂਦਾ ਹਾਂ ਕਿ ਪੰਜਾਬ ਦੇ ਲੋਕ ਇਨ੍ਹਾਂ ਦੇ ਮਗਰ ਹਨ, ਕਦਮ ਨਾਲ ਕਦਮ, ਇਕ ਮੁਠ ਹੋਕੇ, ਇਸ ਕੰਮ ਲਈ ਇਨ੍ਹਾਂ ਦੇ ਨਾਲ ਹਨ ਤਾਂ ਕਿ ਪੰਜਾਬ ਦੇ ਹਿਤਾਂ ਦਾ ਕਿਸੇ ਤਰ੍ਹਾਂ ਵੀ ਨੁਕਸਾਨ ਨਾ ਹੋ ਸਕੇ।

[ਸਰਦਾਰ ਅਵਤਾਰ ਸਿੰਘ ਬਰਾੜ]

ਪੇਜ 8 ਤੇ ਇਹ ਲਿਖਿਆ ਹੈ ਕਿ "ਖੇਡਾਂ ਅਤੇ ਯੁਵਕ ਸੇਵਾਵਾਂ ਵਿਭਾਗ ਵਿਚ ਮੇਰੀ ਸਰਕਾਰ ਯੁਵਕ ਸ਼ਕਤੀਆਂ ਨੂੰ ਵਧੇਰੇ ਉਦੇਸ਼ਪੂਰਣ ਅਤੇ ਰਚਨਾਤਮਕ ਮਾਰਗਾਂ ਵਲ ਲੈ ਜਾਣ ਅਤੇ ਉਨਤ ਕਰਨ ਦੇ ਕੰਮ ਨੂੰ ਸਭ ਤੋਂ ਮਹੱਤਤਾ ਦਿੰਦੀ ਹੈ।" ਸਪੀਕਰ ਸਾਹਿਬ ਮੈਂ ਪਹਿਲਾਂ ਵੀ ਜ਼ਿਕਰ ਕੀਤਾ ਹੈ ਕਿ ਪੰਜਾਬ ਵਿਚ ਕੁਝ ਐਸਾ ਦੌਰ ਵੀ ਆਇਆ, ਕੋਈ ਐਸਾ ਸਮਾਂ ਵੀ ਆਇਆ, ਕੁਝ ਐਸੀ ਹਨੇਰੀ ਚਲੀ ਜਦੋਂ ਮਨੁੱਖ ਆਪਣੇ ਦਿਮਾਗ ਦਾ ਤੁਆਵਨ ਖੋ ਬੈਠਾ। ਰਾਜ ਸੱਤਾ ਦੀ ਭੁੱਖ ਨੇ ਜਾਂ ਹੋਰ ਭੈਅ ਕਾਰਣ ਉਸ ਦੀ ਸ਼ਕਤੀ ਨੂੰ ਕਮਜ਼ੋਰ ਕਰ ਦਿੱਤਾ ਔਰ ਆਪਣੀ ਅੱਛੇ ਔਰ ਬੁਰੇ ਦੀ ਤਾਮੀਜ਼ ਨੂੰ ਵੀ ਭੁਲ ਬੈਠਾ। ਬਦ-ਕਿਸਮਤੀ ਨਾਲ ਇਹ ਦੋਨੋਂ ਬਿਮਾਰੀਆਂ ਦਾ ਕਾਰਣ ਇਹ ਅਕਾਲੀ ਦਲ ਬਣਿਆ। ਉਹ ਇਹ ਭੁੱਲ ਗਿਆ ਕਿ ਕਿਸੇ ਕੌਮ ਦਾ ਭਵਿਖ ਉਸ ਦੇ ਬੱਚੇ ਹੁੰਦੇ ਹਨ। ਉਨ੍ਹਾਂ ਨੇ ਇਨ੍ਹਾਂ ਬੱਚਿਆਂ ਨੂੰ ਐਸਾ ਵਰਗ-ਲਾਇਆ, ਐਸਾ ਨਾਰਾ ਦਿੱਤਾ ਐਸਾ ਬਰੇਨ ਵਾਸ਼ ਕੀਤਾ ਕਿ ਉਹ ਬੱਚੇ ਜਿਨ੍ਹਾਂ ਲਈ ਮਾਂ ਬਾਪ ਨੇ ਸੌ-ਸੌ ਸੁੱਖਾਂ ਸੁਖ ਕੇ ਪ੍ਰਾਪਤ ਕੀਤਾ ਸੀ, ਜਿਨ੍ਹਾਂ ਭੈਣਾਂ ਨੇ ਆਪਣੇ ਭਰਾਵਾਂ ਲਈ ਸੁਖਾਂ ਸੁਖੀਆਂ ਸਨ, ਜਿਨ੍ਹਾਂ ਦੀ ਉਮਰ ਸਕੂਲਾਂ ਔਰ ਕਾਲਜਾਂ ਅਤੇ ਹੋਰ ਅਜਿਹੇ ਅਦਾਰਿਆਂ ਵਿਚ ਜਾਣ ਦੀ ਸੀ, ਜਿਨ੍ਹਾਂ ਨੇ ਇੰਜੀਨੀਅਰ ਬਣਨਾ ਸੀ, ਡਾਕਟਰ ਬਣਨਾ ਸੀ ਜਾਂ ਅਧਿਆਪਕ ਬਣਨਾ ਸੀ, ਔਰ ਆਪਣੇ ਮਾਂ-ਬਾਪ ਦੇ ਲਏ ਹੋਏ ਕਰਜ਼ਿਆਂ ਨੂੰ ਉਤਾਰਨ ਵਿਚ ਸਹਾਈ ਹੋਣਾ ਸੀ, ਜਿਨ੍ਹਾਂ ਮਾਪਿਆਂ ਨੇ ਆਪਣੀਆਂ ਜਵਾਨ ਧੀਆਂ ਭੈਣਾਂ ਦੇ ਕਾਰਜ ਕਰਨ ਲਈ ਕਰਜ਼ੇ ਚੁੱਕੇ ਸਨ, ਬਦਕਿਸਮਤੀ ਨਾਲ ਉਹ ਨੌਜਵਾਨ ਕੁਰਾਹੇ ਪੈ ਗਿਆ ਔਰ ਉਹ ਨੌਜਵਾਨ ਜਿਨ੍ਹਾਂ ਦੇ ਹੱਥਾਂ ਵਿਚ ਕਲਮ ਚਾਹੀਦੀ ਸੀ, ਜਿਨ੍ਹਾਂ ਦੇ ਹੱਥਾਂ ਵਿਚ ਸੰਦ ਚਾਹੀਦੇ ਸੀ, ਜਿਨ੍ਹਾਂ ਦੇ ਹੱਥਾਂ ਵਿਚ ਔਜ਼ਾਰ ਚਾਹੀਦੇ ਸਨ, ਉਨ੍ਹਾਂ ਨੇ ਆਪਣੇ ਹੱਥਾਂ ਵਿਚ ਆਪਣੇ ਮੁਲਕ ਦੇ ਮਨੁੱਖਾਂ ਨੂੰ ਮੌਤ ਦੇਣ ਵਾਲੇ ਹਥਿਆਰ ਫੜ ਲਏ। ਜਿਨ੍ਹਾਂ ਦੇ ਹੱਥ ਲਾਲ ਔਰ ਨੀਲੀ ਸਿਹਾਈ ਨਾਲ ਰੰਗਣੇ ਚਾਹੀਦੇ ਸਨ ਉਨ੍ਹਾਂ ਦੇ ਹੱਥ ਖੂਨ ਨਾਲ ਰੰਗੇ ਗਏ। ਜਿਨ੍ਹਾਂ ਨੇ ਚੰਗੇ ਅਦਾਰਿਆਂ ਵਿਚ ਹੋਣਾ ਸੀ ਉਹ ਤਸੀਹੇਖਾਨਿਆਂ ਵਿਚ ਚਲੇ ਗਏ। ਸਪੀਕਰ ਸਾਹਿਬ, ਮੈਂ ਇਸ ਦਾ ਦੋਸ਼ੀ ਉਨ੍ਹਾਂ ਬਚਿੱਆਂ ਨੂੰ ਨਹੀਂ ਠਹਿਰਾਉਂਦਾ, ਨਾ ਹੀ ਸਮੇਂ ਨੂੰ ਠਹਿਰਾਉਂਦਾ ਹਾਂ ਬਲਿਕ ਇਸ ਦੇ ਦੋਸ਼ੀ ਉਹ ਅਕਾਲੀ ਹਨ ਜਿਨ੍ਹਾਂ ਨੇ ਆਪਣੇ ਪਰਿਵਾਰ ਔਰ ਬੱਚੇ ਵਿਦੇਸ਼ਾਂ ਵਿਚ ਭੇਜ ਦਿੱਤੇ।

ਸਪੀਕਰ ਸਾਹਿਬ, ਉਨ੍ਹਾਂ ਨੇ ਆਪਣੇ ਬੇਟਿਆਂ ਨੂੰ ਸੱਨਅਤਾਂ ਵਿਚ ਲਗਾ ਦਿੱਤਾ ਔਰ ਦੂਜੇ ਬੱਚਿਆਂ ਨੂੰ ਜਿਹੜੇ ਭੋਲੇ ਭਾਲੇ ਬੱਚੇ ਸਨ ਉਨ੍ਹਾਂ ਨੂੰ ਮੌਤ ਦੇ ਰਸਤੇ ਉਤੇ ਲਗਾ ਦਿੱਤਾ। ਸਰਦਾਰ ਬੇਅੰਤ ਸਿੰਘ ਇਨ੍ਹਾਂ ਭਟਕੇ ਨੌਜਵਾਨਾਂ ਨੂੰ ਫੇਰ ਉਸਾਰੀ ਕੰਮਾਂ ਵਿਚ ਲਗਾਉਣ ਲਈ ਅੱਗੇ ਆਏ ਅਤੇ ਇਨ੍ਹਾਂ ਨੇ ਨੌਜਵਾਨਾਂ ਨੂੰ ਆਪਣੀ ਅਗਵਾਈ ਵਿਚ ਦੇਸ਼ ਦੇ ਕੰਮ ਵਿਚ ਫੇਰ ਲਗਾਇਆ ਹੈ। ਹਜ਼ਾਰਾਂ ਦੀ ਗਿਣਤੀ ਵਿਚ ਨਹੀਂ ਬਲਕਿ ਲੱਖਾਂ ਦੀ ਗਿਣਤੀ ਵਿਚ ਨੌਜਵਾਨਾਂ ਨੂੰ ਖੇਡ ਮੇਲਿਆਂ ਵਿਚ, ਸੰਗੀਤ ਮੇਲਿਆਂ ਵਿਚ ਅਤੇ ਹੋਰ ਖੇਤਰ ਵਿਚ ਇਨ੍ਹਾਂ ਨੌਜਵਾਨਾਂ ਨੂੰ ਲਗਾਇਆ ਅਤੇ ਇਸ ਨਵੀਂ ਪੀੜੀ ਨੂੰ ਦੇਸ਼ ਦੇ ਉਸਾਰੀ ਕੰਮਾਂ ਵਿਚ ਫੇਰ ਲਗਾਇਆ ਹੈ। ਇਸ ਵਧਾਈ ਦੇ ਪਾਤਰ ਸਾਡੇ ਸਰਦਾਰ ਬੇਅੰਤ ਸਿੰਘ ਜੀ ਹਨ। ਆਉਣ ਵਾਲੀ ਪੀੜੀ ਲਈ ਜਿਹੜੇ ਰਸਤੇ ਉਨ੍ਹਾਂ ਨੌਜਵਾਨਾਂ ਦੇ ਬੰਦ ਕਰ ਦਿੱਤੇ ਸਨ ਉਨ੍ਹਾਂ ਨੂੰ ਫੇਰ ਖੋਲ੍ਹਿਆ ਹੈ ਤਾਂਕਿ ਨੌਜਵਾਨ ਅੱਗੇ ਆ ਸਕਣ।

ਪੇਜ-9 ਤੇ ਯੁਵਕਾਂ ਲਈ ਰੋਜ਼ਗਾਰ ਸਿਖਲਾਈ ਦੇਣ ਬਾਰੇ ਦਸਿਆ ਗਿਆ ਹੈ ਕਿ ਬੇਰੋਜ਼ਗਾਰੀ ਨੂੰ ਦੂਰ ਕਰਨ ਲਈ ਮੇਰੀ ਸਰਕਾਰ ਨੇ ਸਰਹੱਦੀ ਜ਼ਿਲਿਆਂ ਵਿਚੋਂ 4906 ਯੁਵਕਾਂ ਨੂੰ ਸਿਖਲਾਈ ਕੈਂਪ ਵਿਚ ਵੱਖ ਵੱਖ ਕਿੱਤਿਆਂ ਦੀ ਸਿਖਲਾਈ ਦੇ ਕੇ 3024 ਯੁਵਕਾਂ ਨੂੰ ਵੱਖ ਵੱਖ ਵਿਭਾਗਾਂ ਵਿਚ ਲਗਾ ਦਿੱਤਾ ਹੈ ਅਤੇ ਹੋਰ 395 ਯੁਵਕਾਂ ਨੂੰ ਸਵੈ-ਰੋਜ਼ਗਾਰ ਆਰੰਭ ਕਰਨ ਲਈ ਸਿਖਲਾਈ ਦਿੱਤੀ ਗਈ ਹੈ ਔਰ ਇਸ ਸਾਲ

ਦੌਰਾਨ 10,000 ਯੁਵਕਾਂ ਨੂੰ ਨਾਲ ਰਲਾਉਣ ਦਾ ਵਿਚਾਰ ਹੈ। ਇਹ ਇਕ ਅੱਛੀ ਗੱਲ ਹੈ। ਕਿਸਾਨ ਕੋਲ ਜ਼ਮੀਨ ਤਾਂ ਥੋੜ੍ਹੀ ਰਹਿ ਗਈ ਹੈ ਅਤੇ ਉਹ ਵੀ ਛੋਟੇ ਛੋਟੇ ਟੁਕੜਿਆਂ ਵਿਚ ਵੰਡੀ ਜਾ ਰਹੀ ਹੈ। ਜ਼ਮੀਨ ਕੋਈ ਰਬੜ ਤਾਂ ਹੈ ਨਹੀਂ ਜਿਸ ਨੂੰ ਖਿਚ ਕੇ ਲੰਬੀ ਕਰ ਲਈਏ, ਇਹ ਦਿਨੋ ਦਿਨ ਸੁੰਗੜਦੀ ਜਾ ਰਹੀ ਹੈ। ਇਸੇ ਤਰ੍ਹਾਂ ਸਨਅਤਾਂ ਵੱਲ ਧਿਆਨ ਜਾਂਦਾ ਹੈ। ਇਸ ਲਈ ਸਾਡਾ ਜਿਹੜਾ ਵਿਦਿਆ ਦਾ ਢਾਂਚਾ ਹੈ ਉਸ ਨੂੰ ਬਦਲਣ ਦੀ ਲੋੜ ਹੈ ਅਤੇ ਇਸ ਨੂੰ ਇਸ ਤਰ੍ਹਾਂ ਦਾ ਬਣਾਇਆ ਜਾਵੇ ਕਿ ਬੱਚਾ ਸਕੂਲ ਵਿਚੋਂ ਜਾਂ ਕਾਲਜ ਵਿਚੋਂ ਜਦੋਂ ਬਾਹਰ ਨਿਕਲੇ ਉਹ ਆਪਣਾ ਧੰਦਾ ਆਪ ਸ਼ੁਰੂ ਕਰ ਸਕੇ। ਇਸ ਵੱਲ ਧਿਆਨ ਦੇਣ ਦੀ ਲੋੜ ਹੈ।

ਪੇਜ ਨੰ: 10 ਉਤੇ ਗਵਰਨਰ ਸਾਹਿਬ ਵਲੋਂ ਸਭਿਆਚਾਰ ਨੂੰ ਪੁਨਰ ਸੁਰਜੀਤ ਕਰਨ ਬਾਰੇ ਕਿਹਾ ਗਿਆ ਹੈ। ਮੇਰੀ ਸਰਕਾਰ ਅਭਿਨੈਸ਼ੀਲ ਕਲਾਵਾਂ ਅਤੇ ਸਭਿਆਚਾਰਕ ਸਰਗਰਮੀਆਂ ਦੇ ਪ੍ਰਦਰਸ਼ਨ ਨੂੰ ਮੁੜ ਸੁਰਜੀਤ ਕਰਕੇ ਲੋਕਾਂ ਦੇ ਮਨਾਂ ਅੰਦਰ ਆਮ ਹਾਲਾਤ ਵਰਗੀ ਭਾਵਨਾ ਪੈਦਾ ਕਰਨਾ ਚਾਹੁੰਦੀ ਹੈ। ਇਸ ਆਸ਼ੇ ਨੂੰ ਮੁੱਖ ਰੱਖ ਕੇ ਇਸ ਸਾਲ ਦੇ ਦੌਰਾਨ ਸਮੁੱਚੇ ਰਾਜ ਵਿਚ ਬਹੁਤ ਸਾਰੇ ਪ੍ਰੋਗਰਾਮ ਪੇਂਡੂ ਖੇਤਰਾਂ ਵਿਚ ਕਰਨ ਦਾ ਫੈਸਲਾ ਕੀਤਾ ਗਿਆ ਹੈ ਜਿਨ੍ਹਾਂ ਵਿਚ ਲੋਕ ਵਹੀਰਾਂ ਘੱਤ ਕੇ ਪੁੱਜ ਰਹੇ ਹਨ। ਸਭਿਆਚਾਰ ਦੀ ਮੁੜ ਬਹਾਲੀ ਲਈ ਸਭਿਆਚਾਰਕ ਕੇਂਦਰ ਸਥਾਪਿਤ ਕੀਤੇ ਜਾ ਰਹੇ ਹਨ। ਮੈਂ ਇਸ ਬਾਰੇ ਪਹਿਲੇ ਵੀ ਜ਼ਿਕਰ ਕਰ ਚੁੱਕਾ ਹਾਂ ਕਿ ਜੋ ਕੌਮ ਆਪਣੇ ਸਭਿਆਚਾਰ ਨੂੰ ਭੁੱਲ ਜਾਵੇ ਉਹ ਕੌਮ ਬਹੁਤ ਦੇਰ ਤੱਕ ਜ਼ਿੰਦਾ ਨਹੀਂ ਰਹਿ ਸਕਦੀ। ਅਸੀਂ ਪਿਛਲੇ 10 ਸਾਲ ਵਿਚ ਰਵਾਇਤੀ ਸਭਿਆਚਾਰ ਤੋਂ ਪਿਛੇ ਹਟ ਗਏ ਸੀ ਅਤੇ ਆਪਣੇ ਸਭਿਅਚਾਰਕ ਵਿਰਸੇ ਨੂੰ ਭੁੱਲ ਗਏ ਸੀ ਅਤੇ ਪੰਜਾਬ ਦੇ ਸਭਿਆਚਾਰਕ ਵਿਰਸੇ ਦੇ ਬਿਲਕੁਲ ਉਲਟ ਚਲਣ ਲਗ ਗਏ ਸੀ। ਅਸੀਂ ਉਹ ਪੰਜਾਬੀ ਜਿਹੜਾ ਇਕ ਮੁਸਕਾਹਟ ਉਤੇ ਮਰ ਜਾਂਦਾ ਸੀ। ਅੱਜ ਇਹ ਦੌਰ ਸਿਸਕੀਆਂ ਭਰੇ, ਹੌਕਿਆਂ ਭਰੇ ਅਤੇ ਆਂਸੂਆਂ ਭਰੇ ਸਮੇਂ ਵਿਚੋਂ ਨਿਕਲਿਆ ਹੈ। ਇਸ ਨੂੰ ਸਰਦਾਰ ਬੇਅੰਤ ਸਿੰਘ ਨੇ ਇਕ ਸਾਲ ਦੇ ਵਿਚ ਬਦਲ ਕੇ ਲੋਕਾਂ ਦੇ ਵਿਚ ਸ਼ਾਂਤੀ ਦਾ ਮਹੌਲ ਅਤੇ ਖੁਸ਼ੀ ਦਾ ਮਹੌਲ ਪੈਦਾ ਕੀਤਾ ਹੈ ਅਤੇ ਲੋਕਾਂ ਨੇ ਇਸ ਨੂੰ ਬੰਦ ਕਰਨ ਲਈ ਸਰਕਾਰ ਦਾ ਸਾਥ ਦਿੱਤਾ ਹੈ। ਪੰਜਾਬ ਦੇ ਲੋਕਾਂ ਵਿਚ ਇਹ ਖੁਸ਼ੀ ਦੀ ਲਹਿਰ ਇਕ ਫਲੱਡ ਦੀ ਤਰ੍ਹਾਂ ਆਈ, ਲੋਕਾਂ ਨੇ ਸੁਖ ਦਾ ਸਾਹ ਲਿਆ। ਮੈਂ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਪਿਛਲੇ 14 ਤਾਰੀਖ ਨੂੰ ਕੋਟਕਪੂਰਾ ਕਲੱਬ ਨੇ ਇਕ ਸਭਿਆਚਾਰਕ ਮੇਲਾ ਲਗਾਇਆ ਜਿਸ ਦਾ ਨਾਂ ਅੱਤਰੋ-ਚਤਰੋ ਨਾਈਟ ਸੀ। ਕਲਾਕਾਰ ਭਾਗੂ ਵੀ ਸ਼ਾਮਲ ਹੋਇਆ। ਪ੍ਰੋਗਰਾਮ ਦੇ ਵਿਚਕਾਰ ਉਹ ਮੈਨੂੰ ਕਹਿਣ ਲਗੇ ਕਿ ਤੁਸੀਂ ਆਪਣੇ ਵਿਚਾਰ ਰੱਖੋ। ਮੈਂ ਕਿਹਾ ਕਿ ਲੋਕ ਕਲਾਕਾਰਾਂ ਨੂੰ ਸੁਣਨ ਆਏ ਹਨ, ਉਹ ਰਾਜਨੀਤਿਕ ਲੀਡਰ ਦੀ ਸਪੀਚ ਸੁਣਨ ਲਈ ਨਹੀਂ ਆਏ। ਮੇਰੇ ਇਨਕਾਰ ਕਰਨ ਤੇ ਵੀ ਮੈਨੂੰ ਉਨ੍ਹਾਂ ਨੇ ਭਾਸ਼ਣ ਕਰਨ ਲਈ ਮਜ਼ਬੂਰ ਕਰ ਦਿੱਤਾ। ਉਸ ਨਾਈਟ ਵਿਚ ਜੋ ਕੁਝ ਕਿਹਾ ਉਸ ਬਾਰੇ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਸਪੀਕਰ ਸਾਹਿਬ, ਇਸ ਪਵਿਤਰ ਸਦਨ ਵਿਚ ਸਾਨੂੰ ਝੂਠ ਬੋਲਣ ਤੋਂ ਗੁਰੇਜ ਕਰਨਾ ਚਾਹੀਦਾ ਹੈ। ਮੈਂ ਕੋਸ਼ਿਸ਼ ਕਰਾਂਗਾ ਕਿ ਪੰਜ ਸੱਤ ਮਿੰਟਾਂ ਵਿਚ ਉਥੇ ਜੋ ਕੁਝ ਹੋਇਆ ਉਹੀ ਇੰਨ ਬਿੰਨ ਬਿਆਨ ਕਰ ਸਕਾਂ। ਮੈਂ ਆਪਣੀ ਗੱਲ ਸ਼ੁਰੂ ਕਰਦਾ ਹਾਂ। ਇੱਕ ਪਾਸੇ ਪੰਜਾਬ ਦੇ ਪ੍ਰਸਿਧ ਆਰ-ਟਿਸਟ ਅਤਰੋ ਚਤਰੋ ਸਨ। ਇੱਕ ਪਾਸੇ ਮੇਰੇ ਵਰਗਾ ਸਾਧਾਰਨ ਵਿਅਕਤੀ ਸੀ। ਮੈਂ ਕਿਹਾ ਕਿ ਤੁਸੀਂ ਇਨ੍ਹਾਂ ਦੇ ਵਿਚਾਰ ਸੁਣਨ ਵਾਸਤੇ ਆਏ ਹੋ ਔਰ ਮੈਂ ਤਾਂ ਸਿਰਫ ਤੁਹਾਡਾ ਧੰਨਵਾਦ ਕਰਨ ਲਈ ਖੜ੍ਹਾ ਹੋਇਆ ਹਾਂ। ਤੁਸੀਂ ਪ੍ਰਸਿਧ ਆਰਟਿਸਟ ਅਤਰੋ ਚਤਰੋ ਦੀਆਂ ਗੱਲਾਂ ਸੁਣਨ ਵਾਸਤੇ ਇਤਨੀ ਭਾਰੀ ਗਿਣਤੀ ਵਿਚ ਇਕਠੇ ਹੋਏ ਹੋ। ਮੈਂ ਸਰਦਾਰ ਬੇਅੰਤ ਸਿੰਘ ਮੁੱਖ ਮੰਤਰੀ ਜੀ ਦਾ ਧੰਨਵਾਦੀ ਹਾਂ ਕਿ 10 ਸਾਲ ਮਗਰੋਂ ਪੰਜਾਬ ਦੇ ਲੋਕਾਂ ਨੂੰ ਇਹੋ ਜਿਹਾ ਮੌਕਾ ਨਸੀਬ ਹੋਇਆ ਹੈ। ਮੈਂ ਕਿਹਾ ਕਿ ਤੁਸੀਂ ਮੇਰੀ ਇਸ ਗੱਲ ਨਾਲ ਸਹਿਮਤ ਹੋਵੋਗੇ ਕਿ ਅੱਜ ਪੰਜਾਬ ਦੇ ਲੀਡਰ ਚਾਹੇ ਪ੍ਰਕਾਸ਼ ਸਿੰਘ ਬਾਦਲ, ਚਾਹੇ ਗੁਰਚਰਨ ਸਿੰਘ ਟੌਹੜਾ, ਪਰ ਸਰਦਾਰ ਸਿਮਰਨਜੀਤ ਸਿੰਘ ਬਾਰੇ ਤਾਂ ਮੈਂ ਕਹਿ ਨਹੀਂ ਸਕਦਾ ਅੱਜ ਜਦੋਂ ਇਹ ਲੀਡਰ ਆਪਸ ਵਿਚ

[ਸਰਦਾਰ ਅਵਤਾਰ ਸਿੰਘ ਬਰਾੜ]

ਜਾਂ ਆਪਣੇ ਪਰਿਵਾਰ ਵਿਚ ਬੈਠਕੇ ਗੱਲਾਂ ਕਰਦੇ ਹਨ ਤਾਂ ਸਾਰੇ ਸਰਦਾਰ ਬੇਅੰਤ ਸਿੰਘ, ਮੁੱਖ ਮੰਤਰੀ ਜੀ ਦੀ ਮਿਹਰਬਾਨੀ ਦੀ ਵਜ੍ਹਾ ਕਰਕੇ ਹੀ ਕਰਦੇ ਹਨ। ਸਾਰੇ ਪੰਜਾਬ ਦੇ ਲੋਕ ਮੁੱਖ ਮੰਤਰੀ ਜੀ ਦੇ ਹੀ ਗੁਣ ਗਾਉਂਦੇ ਹਨ। ਉਥੇ ਸਾਰਿਆਂ ਨੇ ਖੜ੍ਹੇ ਹੋ ਕੇ ਮੁੱਖ ਮੰਤਰੀ ਜੀ ਬਾਰੇ ਅਰਦਾਸ ਕੀਤੀ ਕਿ ਉਨ੍ਹਾਂ ਦੀ ਉਮਰ ਲੰਬੀ ਹੋਵੇ। ਉਨ੍ਹਾਂ ਨੂੰ ਮੇਰੀ ਉਮਰ ਵੀ ਲੱਗ ਜਾਵੇ। (ਥੰਪਿੰਗ) ਸਾਨੂੰ ਅੱਜ ਜਿਹੜੇ ਪੁਰਾਣੇ ਦਿਨ ਵੇਖਣ ਨੂੰ ਨਸੀਬ ਹੋਏ। ਮੁੱਖ ਮੰਤਰੀ ਜੀ ਦਾ ਜਿਤਨਾ ਵੀ ਧੰਨਵਾਦ ਕਰੀਏ ਉਹ ਥੋੜ੍ਹਾ ਹੈ। ਮੈਂ ਚਾਹੁੰਦਾ ਹਾਂ ਕਿ ਅਸੀਂ ਵੀ ਅੱਜ ਸਾਰੇ ਮੁੱਖ ਮੰਤਰੀ ਜੀ ਦਾ ਧੰਨਵਾਦ ਕਰੀਏ ਅਤੇ ਉਨ੍ਹਾਂ ਦਾ ਸਾਥ ਦੇਈਏ।

ਸ੍ਰੀ ਸਪੀਕਰ : ਬਰਾੜ ਸਾਹਿਬ, ਤੁਸੀਂ ਕਿਤਨਾ ਸਮਾਂ ਹੋਰ ਲਵੋਗੇ ?

ਸਰਦਾਰ ਅਵਤਾਰ ਸਿੰਘ ਬਰਾੜ : ਸਪੀਕਰ ਸਾਹਿਬ, ਜਿਤਨਾ ਤੁਹਾਡਾ ਹੁਕਮ ਹੋਵੇਗਾ ਪਰ ਮੈਂ ਥੋੜ੍ਹਾ ਹੀ ਹੋਰ ਟਾਈਮ ਲਵਾਂਗਾ। ਸਪੀਕਰ ਸਾਹਿਬ, ਭਾਸ਼ਣ ਦੇ ਪੰਨਾ 13 ਤੇ ਲਿਖਿਆ ਹੈ ਕਿ :

"ਮੇਰੀ ਸਰਕਾਰ ਆਤੰਕਵਾਦੀ ਹਿੰਸਾ ਕਾਰਨ ਪੀੜਤ ਵਿਅਕਤੀਆਂ ਦੇ ਕਸ਼ਟ ਦੂਰ ਕਰਨ ਦੀ ਲੋੜ ਪ੍ਰਤੀ ਚੇਤੰਨ ਹੈ। ਇਸ ਲਈ ਕਾਰਜਵਿਧੀ ਸਰਲ ਅਤੇ ਸੁਚੱਜੀ ਬਣਾ ਕੇ ਅਤੇ ਅਖਤਿਆਰਾਂ ਨੂੰ ਉਪ-ਮੰਡਲ ਪੱਧਰ ਤਕ ਵਿਕੇਂਦ੍ਰਿਤ ਕਰਕੇ ਅਜਿਹੇ ਸਮੂਹ ਵਿਅਕਤੀਆਂ ਨੂੰ ਯੋਗ ਸਹਾਇਤਾ ਦੇਣੀ ਯਕੀਨੀ ਬਣਾਉਣ ਲਈ ਜ਼ੋਰਦਾਰ ਯਤਨ ਕੀਤੇ ਜਾ ਰਹੇ ਹਨ। ਚਾਲੂ ਸਾਲ ਦੌਰਾਨ ਅਜਿਹੀ ਰਾਹਤ ਉਤੇ ਖਰਚ ਕੀਤੇ ਜਾ ਰਹੇ 23.60 ਕਰੋੜ ਰੁਪਏ ਦੇ ਮੁਕਾਬਲੇ ਅਗਲੇ ਸਾਲ ਲਈ ਇਸ ਵਿਚ ਘੱਟੋ ਘੱਟ 6 ਕਰੋੜ ਰੁਪਏ ਦੀ ਹੋਰ ਵਾਧਾ ਕਰਨ ਦੀ ਤਜਵੀਜ਼ ਹੈ। ਮੇਰੀ ਸਰਕਾਰ ਨੇ ਆਤੰਕਵਾਦ ਦੇ ਸ਼ਿਕਾਰ ਵਿਅਕਤੀਆਂ ਲਈ ਕੁਝ ਹੋਰ ਅਹਿਮ ਉਪਾਅ ਕੀਤੇ ਹਨ, ਅਰਥਾਤ 9,550 ਪਰਿਵਾਰਾਂ ਨੂੰ 5105.92 ਲੱਖ ਰੁਪਏ ਐਕਸ ਗ੍ਰੇਸ਼ੀਆ ਵਜੋਂ ਦਿੱਤੇ ਗਏ।"

ਸ੍ਰੀ ਸਪੀਕਰ : ਬਰਾੜ ਸਾਹਿਬ, ਤੁਸੀਂ ਤਾਂ ਗਵਰਨਰ ਸਾਹਿਬ ਦਾ ਭਾਸ਼ਣ ਹੀ ਪੜ੍ਹੀ ਜਾ ਰਹੇ ਹੋ ਸਿਰਫ ਭਾਸ਼ਣ ਤੋਂ ਰੈਫਰੈਂਸ ਦੇ ਤੌਰ ਤੇ ਬੋਲੋ।

ਸਰਦਾਰ ਅਵਤਾਰ ਸਿੰਘ ਬਰਾੜ : ਸਪੀਕਰ ਸਾਹਿਬ, ਜੋ ਵੀ ਗਵਰਨਰ ਸਾਹਿਬ ਨੇ ਕਿਹਾ ਹੈ ਉਹ ਠੀਕ ਕਿਹਾ ਹੈ। ਇਹ ਚੀਜ਼ ਇਧਰੋਂ ਹੀ ਨਹੀਂ ਬਲਕਿ ਸਾਰਿਆਂ ਪਾਸੋਂ ਕਹੀ ਜਾ ਰਹੀ ਹੈ। ਪੰਜਾਬ ਦੇ ਲੋਕਾਂ ਨੇ ਅੱਤਵਾਦੀਆਂ ਦੇ ਖਿਲਾਫ ਲੜਾਈ ਲੜੀ। ਪੰਜਾਬੀ ਲਿਖਾਰੀ ਪ੍ਰੀਤ ਲੜੀ ਨੂੰ ਮਾਰਿਆ ਕਿਉਂਕਿ ਉਨ੍ਹਾਂ ਨੂੰ ਪੰਜਾਬੀ ਬੋਲੀ ਨਾਲ ਪਿਆਰ ਸੀ। ਲਾਲਾ ਜਗਤ ਨਰਾਇਣ ਦੇ ਪੋਤਰੇ ਸੁਨੀਤ ਨੂੰ ਇਸ ਕਰਕੇ ਕਤਲ ਕੀਤਾ ਕਿ ਉਹ ਦੇਸ਼ ਦੀ ਏਕਤਾ ਅਤੇ ਅਖੰਡਤਾ ਬਾਰੇ ਜ਼ਿਕਰ ਕਰਦਾ ਸ਼ੀ। ਉਹ ਏਕਤਾ ਅਤੇਂ ਅਖੰਡਤਾ ਦਾ ਹਾਮੀ ਸੀ ਅਤੇ ਬਹੁਤ ਹੀ ਅਗਾਂਹ ਵਧੂ ਸੀ। ਹੋਰ ਵੀ ਬਹੁਤ ਸਾਰੇ ਮਹਾਨ ਵਿਅਕਤੀ ਚਲੇ ਗਏ ਅਤੇ ਉਹ ਅੱਜ ਸੰਸਾਰ ਵਿਚ ਨਹੀਂ ਰਹੇ। ਉਨ੍ਹਾਂ ਨੇ ਦੇਸ਼ ਦੀ ਖਾਤਰ ਸ਼ਹੀਦੀ ਦਿਤੀ। ਦੇਸ਼ ਦੀ ਏਕਤਾ ਅਤੇ ਅਖੰਡਤਾ ਖਾਤਰ ਕੁਰਬਾਨੀਆਂ ਕੀਤੀਆਂ। ਚਾਹੇ ਉਹ ਸੁਭਾਸ਼ ਚੰਦਰ ਬੋਸ ਹੋਣ, ਚਾਹੇ ਭਗਤ ਸਿੰਘ ਅਤੇ ਲਾਲਾ ਲਾਜਪਤ ਰਾਏ ਹੋਣ ਅਤੇ ਚਾਹੇ ਸੁਖਦੇਵ ਹੋਵੇ, ਚਾਹੇ ਹੋਰ ਸ਼ਹੀਦ ਹੋਣ, ਉਹ ਲੋਕ ਵੀ ਦੇਸ਼ ਦੀ ਆਜ਼ਾਦੀ ਲਈ ਸ਼ਹੀਦ ਹੋਏ ਹਨ। ਉਹ ਕਾਇਰਤਾ ਨਾਲ ਨਹੀਂ, ਨਿਡਰਤਾ ਨਾਲ ਸ਼ਹੀਦ ਹੋਏ ਹਨ। ਜਿਥੇ ਸਰਕਾਰ ਇਨ੍ਹਾਂ ਸ਼ਹੀਦਾਂ ਦੇ ਪਰਿਵਾਰਾਂ ਨੂੰ ਸਹੂਲਤਾਂ ਦੇਂਦੀ ਹੈ ਉਥੇ ਅਤਿਵਾਦ ਦੇ ਸ਼ਿਕਾਰ ਹੋਏ ਸ਼ਹੀਦਾਂ ਦੇ ਪਰਿਵਾਰਾਂ ਨੂੰ ਵੀ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ ਤਾਂ ਕਿ ਆਉਣ ਵਾਲੀ ਪੀੜ੍ਹੀ ਇਸ ਗੱਲ ਤੋਂ ਕੁਝ ਸਿੱਖ ਸਕੇ ਅਤੇ ਦੇਸ਼ ਦੀ ਏਕਤਾ ਅਤੇ ਅਖੰਡਤਾ ਦੀ ਰਾਹ ਤੇ ਕੁਰਬਾਨੀਆਂ

ਕਰਨ ਤੋਂ ਗੁਰੇਜ਼ ਨਾ ਕਰੇ। ਮੈਂ ਘਰ ਛੱਡ ਛੱਡ ਕੇ ਜਾਣ ਦਾ ਜ਼ਿਕਰ ਕਰ ਰਿਹਾ ਸੀ। ਇਸ ਸੰਬੰਧੀ ਮੈਂ ਆਪਣੀ ਹੀ ਇਕ ਛੋਟੀ ਜਿਹੀ ਮਿਸਾਲ ਦੇਵਾਂਗਾ। ਅੱਜ ਤੋਂ 8 ਮਹੀਨੇ ਪਹਿਲਾਂ ਮੈਂ ਨਿਰਣਾ ਕੀਤਾ ਕਿ ਮੈਂ ਆਪਣੇ ਹਲਕੇ ਵਿੱਚ ਚਲਾ ਜਾਵਾਂ। ਮੇਰਾ ਪਿੰਡ ਹਲਕੇ ਤੋਂ ਦੂਰ ਸੀ। ਮੇਰੇ ਮਾਤਾ ਜੀ ਦੀ ਉਮਰ 85 ਸਾਲ ਦੀ ਹੈ। ਉਹ 8 ਮਹੀਨੇ ਗੁਜ਼ਰ ਜਾਣ ਦੇ ਬਾਵਜੂਦ ਵੀ ਆਪਣੇ ਆਪ ਨੂੰ ਨਵੇਂ ਮਾਹੌਲ ਨਾਲ ਇਕ-ਸੁਰ ਨਹੀਂ ਕਰ ਸਕੇ। ਉਨ੍ਹਾਂ ਦੀਆਂ ਯਾਦਾਂ ਹਾਲੇ ਵੀ ਆਪਣੇ ਘਰ ਨਾਲ ਜੁੜੀਆਂ ਹੋਈਆਂ ਹਨ। ਇਸੇ ਤਰ੍ਹਾਂ ਜਿਹੜੇ ਲੋਕ ਰਾਤੋ ਰਾਤ ਆਪਣੇ ਘਰਾਂ ਤੋਂ ਜਾਣ ਲਈ ਬੇਵਸ ਹੋਏ, ਉਨ੍ਹਾਂ ਦੇ ਮਨ ਦੀ ਅਵਸਥਾ ਦਾ ਅਹਿਸਾਸ ਨਹੀਂ ਕੀਤਾ ਜਾ ਸਕਦਾ। ਇਹ ਠੀਕ ਹੈ ਕਿ ਸਰਕਾਰ ਨੇ ਉਨ੍ਹਾਂ ਲੋਕਾਂ ਲਈ ਬਹੁਤ ਕੁਝ ਕੀਤਾ ਹੈ। ਪਰ ਮੈਂ ਹੋਰ ਬੇਨਤੀ ਕਰਾਂਗਾ ਕਿ ਜੇਕਰ ਅਸੀਂ ਉਨ੍ਹਾਂ ਦੀ ਹੋਰ ਸਹਾਇਤਾ ਕਰ ਸਕੀਏ ਤਾਂ ਮੈਂ ਸਮਝਦਾ ਹਾਂ ਕਿ ਅਸੀਂ ਆਪਣੇ ਫਰਜ਼ ਦੀ ਪੂਰਤੀ ਸਹੀ ਢੰਗ ਨਾਲ ਕਰ ਸਕਾਂਗੇ।

ਸ੍ਰੀ ਸਪੀਕਰ : ਬਰਾੜ ਸਾਹਿਬ, ਵਾਈਂਡ ਅੱਪ ਕਰੋ ਜੀ।

ਸਰਦਾਰ ਅਵਤਾਰ ਸਿੰਘ ਬਰਾੜ . ਠੀਕ ਹੈ ਜੀ, ਮੈਂ ਹੁਣੇ ਵਾਈਂਡ ਅਪ ਕਰ ਦੇਂਦਾ ਹਾਂ। ਸਪੀਕਰ ਸਾਹਿਬ, ਏਥੇ ਮਿਊਂਸਿਪਲ ਕਮੇਟੀਆਂ ਦੀਆਂ ਅਤੇ ਪੰਚਾਇਤਾਂ ਦੀਆਂ ਚੋਣਾਂ ਦੀ ਗੱਲ ਹੋਈ। ਇਹ ਗੱਲ ਬਿਲਕੁਲ ਠੀਕ ਹੈ ਕਿ ਜੋ ਸਾਲ ਗੁਜ਼ਰੇ ਹਨ, ਉਨ੍ਹਾਂ ਦੌਰਾਨ ਉਸਾਰੀ ਦੀ ਗੱਲ ਤਾਂ ਇਕ ਪਾਸੇ, ਡਿਵੈਲਪਮੈਂਟ ਦੀ ਗੱਲ ਤਾਂ ਇਕ ਪਾਸੇ, ਇਥੇ ਜ਼ਿੰਦਗੀ ਜਿਊਣ ਦੀ ਹੀ ਚਿੰਤਾ ਅਤੇ ਫ਼ਿਕਰ ਬਣੀ ਹੋਈ ਸੀ। ਸਪੀਕਰ ਸਾਹਿਬ ਤੁਸੀਂ ਪਿੰਡਾਂ ਵਿੱਚ ਆਪ ਜਾਣ ਵਾਲੇ ਹੋ। ਅਜਨਾਲਾ ਵੀ ਬਹੁਤ ਵੱਡਾ ਸ਼ਹਿਰ ਨਹੀਂ। ਤੁਸੀਂ ਵੀ ਪੇਂਡੂ ਹਲਕੇ ਨਾਲ ਸਬੰਧ ਰਖਦੇ ਹੋ। ਮੈਂ ਇਥੇ ਇਹੀ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਦੇ 14 ਪਿੰਡ ਪਿਛਲੇ ਦਿਨੀਂ ਉੱਤਮ ਗ੍ਰਾਮ ਬਣੇ। ਕਿੰਨੇ ਹੀ ਪਿੰਡ ਅਜੀਹੇ ਹਨ, ਜਿਨ੍ਹਾਂ ਵਿੱਚ ਸਕੂਲ ਉਸਰ ਰਹੇ ਹਨ, ਛੱਪੜਾਂ ਦੁਆਲੇ ਚਾਰਦੀਵਾਰੀ ਹੋ ਰਹੀ ਹੈ, ਕਿਧਰੇ ਧਰਮਸ਼ਾਲਾ ਬਣ ਰਹੀ ਹੈ। ਇਹ ਇਕ ਸਾਲ ਵਿੱਚ ਜੋ ਏਨੀ ਤਬਦੀਲੀ ਹੋਈ, ਇਕੱਲੇ ਲਾਅ ਐਂਡ ਆਰਡਰ ਦੀ ਗੱਲ ਨਹੀਂ, ਇਕੱਲੇ ਸੁਖਾਵੇਂ ਮਾਹੌਲ ਦੀ ਗੱਲ ਨਹੀਂ, ਥੋੜ੍ਹੇ ਸਾਧਨਾਂ ਦੇ ਬਾਵਜੂਦ ਜੋ ਇਸ ਸਰਕਾਰ ਨੇ ਇਕ ਉਸਾਰੀ ਲਈ ਏਨੇ ਵੱਡੇ ਯਤਨ ਕੀਤੇ ਹਨ, ਉਨ੍ਹਾਂ ਲਈ ਮੈਂ ਜਿੰਨੀ ਵੀ ਪ੍ਰਸ਼ੰਸਾ ਕਰ ਸਕਾਂ, ਥੋੜ੍ਹੀ ਹੈ। ਅੰਤ ਵਿੱਚ ਬਹੁਤ ਸਮਾਂ ਨਾ ਲੈਂਦਾ ਹੋਇਆ ਹਾਲਾਂਕਿ ਮੈਂ ਹੋਰ ਬਹੁਤ ਕੁਝ ਕਹਿਣਾ ਚਾਹੁੰਦਾ ਸੀ ਪਰ ਤੁਹਾਡਾ ਕੀਮਤੀ ਸਮਾਂ ਵਾਰ-ਵਾਰ ਮੇਰੇ ਅਹਿਸਾਸ ਵਿੱਚ ਹੈ, ਮੈਂ ਤੁਹਾਡਾ ਧੰਨਵਾਦ ਕਰਦਾ ਹੋਇਆ ਆਪਣੀ ਸੀਟ ਲਵਾਂਗਾ। ਇਹ ਗੱਲ ਕਹਿ ਕੇ ਕਿ ਮੈਂ ਉਨ੍ਹਾਂ ਵਿਚਾਰਾਂ ਦਾ ਜੋ ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿੱਚ ਇਸ ਸਦਨ ਵਿੱਚ ਰਖੇ ਹਨ, ਸਮਰਥਨ ਕਰਦਾ ਹਾਂ ਔਰ ਉਨ੍ਹਾਂ ਦਾ ਸਵਾਗਤ ਕਰਦਾ ਹਾਂ। ਜੈ ਹਿੰਦ।

Mr. Speaker : Shri Khushhal Behl to second please.

ਸ੍ਰੀ ਖੁਸ਼ਹਾਲ ਬਹਿਲ (ਗੁਰਦਾਸਪੁਰ) : ਸਪੀਕਰ ਸਾਹਿਬ, ਗਵਰਨਰ ਐਡਰੈਸ ਤੇ ਜਿਹੜਾ ਸ਼ੁਕਰਾਨੇ ਦਾ ਪ੍ਰਸਤਾਵ ਸਦਨ ਵਿੱਚ ਪੇਸ਼ ਹੋਇਆ ਹੈ, ਮੈਂ ਉਸਦੇ ਸਮਰਥਨ ਲਈ ਖੜ੍ਹਾ ਹੋਇਆ ਹਾਂ ਅਤੇ ਇਸਨੂੰ ਸੈਕਿੰਡ ਕਰਦਾ ਹਾਂ। ਇਹ ਜਿਹੜਾ ਗਵਰਨਰ ਐਡਰੈਸ ਦਾ ਡਾਕੂਮੈਂਟ ਹੈ, ਇਹ ਇਕ ਬੜਾ ਮੁਕੰਮਲ ਡਾਕੂਮੈਂਟ ਹੁੰਦਾ ਹੈ। ਇਸ ਵਿੱਚ ਪਿਛੇ ਕੀ ਹੋਇਆ ਹੈ, ਉਸਦਾ ਜ਼ਿਕਰ ਹੁੰਦਾ ਹੈ। ਕੀ ਕੀ ਅਚੀਵਮੈਂਟਸ ਹਨ, ਉਨ੍ਹਾਂ ਦਾ ਵੀ ਜ਼ਿਕਰ ਹੈ ਅਤੇ ਅੱਗੇ ਅਸੀਂ ਕੀ ਕਰਨਾ ਹੈ, ਕਿਸ ਡਾਇਰੈਕਸ਼ਨ ਵਿਚ ਜਾਣਾ ਹੈ, ਉਸ ਦੇ ਬਾਰੇ ਵੀ ਕਾਫੀ ਤਕੜਾ ਅਤੇ ਮਜ਼ਬੂਤ ਇਸ਼ਾਰਾ ਹੈ। ਸਪੀਕਰ ਸਾਹਿਬ, ਇਕ ਸਾਲ ਦਾ ਅਰਸਾ ਕਿਸੇ ਵੀ ਕੌਮ ਅਤੇ ਦੇਸ਼ ਦੀ ਜ਼ਿੰਦਗੀ ਵਿਚ ਇਕ ਬਹੁਤ ਛੋਟਾ ਜਿਹਾ ਅਰਸਾ ਹੁੰਦਾ ਹੈ ਲੇਕਿਨ ਪਿਛਲਾ ਇਕ ਸਾਲ ਜਿਹੜਾ ਗੁਜ਼ਰਿਆ ਹੈ, ਉਸ ਸਾਲ ਵਿਚ ਇਸ ਪਾਪੂਲਰ ਸਰਕਾਰ ਦੀਆਂ, ਸਰਦਾਰ

[ਸ੍ਰੀ ਖੁਸ਼ਹਾਲ ਬਹਿਲ]

ਬੇਅੰਤ ਸਿੰਘ ਦੀ ਸਰਕਾਰ ਦੀਆਂ ਜੋ ਅਚੀਵਮੈਂਟ ਵੇਖੀਆਂ ਜਾਣ ਤਾਂ ਪਤਾ ਲਗਦਾ ਹੈ ਕਿ ਇਨ੍ਹਾਂ ਅਚੀਵ-ਮੈਂਟਸ ਨੇ ਦੇਸ਼ ਦਾ ਅਤੇ ਅਤੇ ਰਾਜ ਦਾ ਰੁੱਖ ਮੋੜ ਦਿੱਤਾ ਹੈ। ਇਹ ਅਚੀਵਮੈਂਟਸ ਬੜੀਆਂ ਮੈਮੋਰੇਬਲ ਹਨ। ਜਿਸ ਵੇਲੇ ਇਸ ਸਰਕਾਰ ਨੇ ਹਕੂਮਤ ਸੰਭਾਲੀ ਸੀ ਤਾਂ ਉਸ ਵੇਲੇ ਇਹ ਹਾਲ ਸੀ ਕਿ ਜਿਹੜੀ ਸਿਵਲ ਐਡਮਨਿਸਟ੍ਰੇਸ਼ਨ ਸੀ, ਉਹ ਕਿਧਰੇ ਨਜ਼ਰ ਨਹੀਂ ਆਉਂਦੀ ਸੀ। ਖਾਸ ਤੌਰ ਤੇ ਪਿੰਡਾਂ ਵਿਚ ਤਾਂ ਐਡਮਨਿਸਟ੍ਰੇਸ਼ਨ ਵਾਲੀ ਕੋਈ ਗੱਲ ਹੀ ਨਹੀਂ ਸੀ। ਪਿੰਡਾਂ ਵਿਚ ਸਕੂਲ ਟੀਚਰ ਡਰ ਦੇ ਮਾਰੇ ਜਾਂਦੇ ਨਹੀਂ ਸਨ। ਡਿਸਪੈਂਸਰੀਆਂ ਵੀ ਖਾਲੀ ਪਈਆਂ ਰਹਿੰਦੀਆਂ ਸਨ। ਡਰ ਦੇ ਕਾਰਣ ਡਾਕਟਰ ਉਥੇ ਪਹੁੰਚਦੇ ਨਹੀਂ ਸਨ। ਪਟਵਾਰੀ ਜੋ ਕਿ ਪੇਂਡੂ ਜ਼ਿੰਦਗੀ ਵਾਸਤੇ ਬੜਾ ਅਹਿਮ ਕਰਮਚਾਰੀ ਹੁੰਦਾ ਹੈ, ਉਹ ਵੀ ਉਸ ਵੇਲੇ ਸੋਚਦਾ ਸੀ ਕਿ ਕਿਤੇ ਸ਼ਹਿਰ ਵਿਚ ਹੀ ਘਰ ਲੈ ਲਓ ਅਤੇ ਆਪਣਾ ਕੰਮਕਾਰ, ਗਿਰਦਾਵਰੀਆਂ ਵਗੈਰਾ ਸ਼ਹਿਰ ਵਿਚ ਬੈਠ ਕੇ ਕਰ ਲਓ। ਇਹੋ ਹਾਲ ਬਾਕੀ ਦੂਸਰੀਆਂ ਸਰਵਿਸਿਜ਼ ਦਾ ਸੀ। ਜਿਹੜੇ ਕੋਈ ਪਿੰਡਾਂ ਵਿਚ ਬੈਠਣੇ ਚਾਹੀਦੇ ਸਨ, ਉਹ ਵੀ ਉਥੇ ਰਹਿ ਕੇ ਖੁਸ਼ ਨਹੀਂ ਸਨ। ਜਿਸ ਤਰ੍ਹਾਂ ਕਿ ਬਿਜਲੀ ਦਾ ਮਹਿਕਮਾ ਲੈ ਲਓ। ਮੈਨੂੰ ਪਤਾ ਹੈ ਕਿ ਜੇ ਕਿਧਰੇ ਕਿਸੇ ਟਿਊਬਵੈੱਲ ਦਾ ਕੁਨੈਕਸ਼ਨ ਉੱਡ ਜਾਂਦਾ ਸੀ ਤਾਂ ਉਸ ਨੂੰ ਠੀਕ ਕਰਨ ਵਾਲਾ ਕੋਈ ਬਿਜਲੀ ਵਾਲਾ ਪਹੁੰਚਦਾ ਨਹੀਂ ਸੀ। ਸਰਕਾਰ ਆਪਣੀ ਅਥਾਰਿਟੀ ਛੱਡ ਬੈਠੀ ਸੀ। ਹਰ ਜਗ੍ਹਾ ਤੇ ਅੱਤਵਾਦੀਆਂ ਦੀ ਹੀ ਰਿੱਟ ਚਲਦੀ ਹੁੰਦੀ ਸੀ। ਜੋ ਉਹ ਕਹਿੰਦੇ ਸਨ, ਉਹੀ ਹੁੰਦਾ ਸੀ। ਇਹੋ ਹਾਲ ਪੁਲਿਸ ਦਾ ਸੀ। ਇਹ ਠੀਕ ਹੈ ਕਿ 2 ਸਾਲ ਪਹਿਲਾਂ ਪੁਲਿਸ ਨੇ ਹਿੰਮਤ ਨਾਲ, ਤਾਕਤ ਨਾਲ ਹਾਲਾਤ ਤੇ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ ਪਰ ਉਸ ਵੇਲੇ ਪੁਲਿਸ ਡੀਮਾਰੇਲਾਈਜ਼ ਹੋ ਚੁੱਕੀ ਸੀ। ਉਹ ਅੱਤਵਾਦੀਆਂ ਨਾਲ ਲੜਦੇ ਜ਼ਰੂਰ ਸਨ ਪਰ ਆਖਿਰ ਉਨ੍ਹਾਂ ਦੇ ਵੀ ਬਾਲ ਬੱਚੇ ਹਨ। ਉਨ੍ਹਾਂ ਦੀ ਵੀ ਕੋਸ਼ਿਸ਼ ਹੁੰਦੀ ਸੀ, ਅਸੀਂ ਆਪਣਾ ਵੀ ਬਚਾਅ ਕਰੀਏ। ਪੂਰੀ ਸ਼ਿੱਦਤ ਅਤੇ ਤੇਜ਼ੀ ਨਾਲ ਪੁਲਿਸ ਵੀ ਕੰਮ ਨਹੀਂ ਕਰ ਰਹੀ ਸੀ।

ਸਪੀਕਰ ਸਾਹਿਬ, ਹੁਣ ਇਹ ਹਾਲਾਤ ਨਹੀਂ ਹੈ। ਲੀਡਰ ਕਈ ਕਿਸਮ ਦੇ ਹੁੰਦੇ ਹਨ ਪਰ ਸਹੀ ਲੀਡਰਸ਼ਿਪ ਦੀ ਇਹੀ ਕੁਆਇਲਟੀ ਹੈ ਕਿ ਉਹ ਹਾਲਾਤ ਨੂੰ ਮੋੜ ਕੇ ਰੱਖ ਦਿੰਦੇ ਹਨ। ਜੋ ਸਹੀ ਲੀਡਰ ਹੁੰਦਾ ਹੈ, ਉਸ ਦੇ ਹੱਥ ਵਿਚ ਲੋਕਾਂ ਦੀ ਨਬਜ਼ ਹੁੰਦੀ ਹੈ। ਉਹ ਉਸ ਨਬਜ਼ ਨੂੰ ਪਛਾਣ ਕੇ ਡਰਾਮਾਈ ਤੌਰ ਤੇ ਹਿਸਟਰੀ ਨੂੰ ਮੋੜ ਦਿੰਦੇ ਹਨ। ਮੈਂ ਸਮਝਦਾ ਹਾਂ ਕਿ ਅੱਜ ਹਿਸਟਰੀ ਨੇ ਚੱਕਰ ਖਾਧਾ ਹੈ, ਮੋੜ ਖਾਧਾ ਹੈ। ਪੰਜਾਬ ਦੇ ਹਾਲਾਤ ਵਿਚ ਤਬਦੀਲੀ ਆਈ ਹੈ। ਇਸ ਦਾ ਕਰੈਡਿਟ ਸਾਡੀ ਅੱਜ ਦੀ ਲੀਡਰਸ਼ਿਪ ਨੂੰ ਜਾਂਦਾ ਹੈ ਅਤੇ ਉਹ ਲੀਡਰਸ਼ਿਪ ਸਰਕਾਰ ਬੇਅੰਤ ਸਿੰਘ ਜੀ ਦੀ ਹੈ। ਮੈਂ ਜ਼ਿਆਦਾ ਅੰਕੜਿਆਂ ਵਿਚ ਤਾਂ ਨਹੀਂ ਪੈਣਾ ਚਾਹੁੰਦਾ ਲੇਕਿਨ ਕੁਝ ਅੰਕੜੇ ਮੇਰੇ ਕੋਲ ਹਨ ਜਿਹੜੇ ਇਹ ਦੱਸਦੇ ਹਨ ਕਿ ਅਸੀਂ ਕੀ ਕੀਤਾ ਹੈ ਅਤੇ ਕਿਸ ਤਰੀਕੇ ਨਾਲ ਅੱਤਵਾਦੀਆਂ ਨੇ ਕੋਸ਼ਿਸ਼ ਕੀਤੀ ਕਿ ਇਹ ਸਰਕਾਰ ਡੀਸਟੈਬੇਲਾਈਜ਼ ਹੋਵੇ। ਸਰਕਾਰ ਭਾਵੇਂ ਬਣ ਚੁੱਕੀ ਸੀ ਪਰ ਅੱਤਵਾਦੀਆਂ ਦੀ ਕੋਸ਼ਿਸ਼ ਸੀ ਕਿ ਇਹ ਸਰਕਾਰ ਨਾ ਚੱਲੇ। ਮੈਂ ਇਸ ਸਬੰਧ ਵਿਚ ਕੁਝ ਫਿਗਰਜ਼ ਦਿੰਦਾ ਹਾਂ। ਜਨਵਰੀ ਮਹੀਨੇ ਵਿਚ ਸਿਵਲ ਅਤੇ ਪੁਲਿਸ ਦੇ ਟੋਟਲ ਕਤਲ 110 ਹੋਏ। ਫਿਰ ਜਦੋਂ ਫਰਵਰੀ ਮਹੀਨੇ ਵਿਚ ਇਲੈਕਸ਼ਨ ਹੋਣੇ ਸਨ ਤਾਂ ਇਹ ਕਤਲ 186 ਹੋਏ। ਅੱਤਵਾਦੀ ਨਹੀਂ ਚਾਹੁੰਦੇ ਸਨ ਕਿ ਇਹ ਇਲੈਕਸ਼ਨ ਹੋਣ। ਮਾਰਚ ਵਿਚ 226 ਕਤਲ ਹੋਏ। ਇਹ ਕਤਲ ਪਹਿਲਾਂ ਨਾਲੋਂ ਵੱਧ ਗਏ ਸਨ ਕਿਉਂਕਿ ਅੱਤਵਾਦੀ ਚਾਹੁੰਦੇ ਸਨ ਕਿ ਸਰਕਾਰ ਫੇਲ੍ਹ ਹੋ ਜਾਵੇ ਅਤੇ ਨਾ ਚਲੇ। ਫਿਰ ਅਪ੍ਰੈਲ, ਵਿਚ 188 ਕਤਲ ਹੋਏ, ਮਈ ਵਿਚ 165, ਜੂਨ ਵਿਚ 119, ਜੁਲਾਈ ਵਿਚ 102 ਹੋਏ। ਉਸ ਤੋਂ ਬਾਦ ਸਪੀਕਰ ਸਾਹਿਬ, ਅਗਰ ਤੁਹਾਨੂੰ ਯਾਦ ਹੋਵੇ ਤਾਂ ਕੇ.ਸੀ.ਐਫ. ਦੇ ਗੈਂਗ ਨੂੰ ਲੀਕੂਈਡੇਟ ਕਰ ਦਿੱਤਾ ਗਿਆ। ਇਸ ਤੋਂ ਘਬਰਾ ਕੇ ਉਨ੍ਹਾਂ ਨੇ ਇਹ ਚੱਕਰ ਹੋਰ ਤੇਜ਼ ਕਰ ਦਿੱਤਾ ਅਤੇ ਅਗਸਤ ਮਹੀਨੇ ਵਿਚ 172 ਕਤਲ ਹੋਏ। ਫਿਰ ਉਸ ਤੋਂ ਬਾਦ ਡੈਕਲਾਈਨ ਸ਼ੁਰੂ ਹੋ ਗਿਆ।

ਸਤੰਬਰ ਵਿਚ 171, ਅਕਤੂਬਰ, ਵਿਚ 84, ਨਵੰਬਰ ਵਿਚ 57, ਦਸੰਬਰ ਵਿਚ 43 ਅਤੇ ਫਿਰ ਜਨਵਰੀ ਵਿਚ 6 ਪੁਲਿਸ ਵਾਲੇ ਮਰੇ ਹਨ। ਸਿਵਲੀਅਨ ਦੋ ਮਰੇ, ਪੁਲਿਸ ਵਾਲੇ 6 ਮਰੇ। ਇਹ ਇਕ ਬਹੁਤ ਤਕੜਾ ਇਸ਼ਾਰਾ ਹੈ ਕਿ ਕਿਸ ਤਰ੍ਹਾਂ ਦੀ ਸਿਚੂਏਸ਼ਨ ਸੀ ਔਰ ਕਿਸ ਢੰਗ ਨਾਲ ਸੰਭਾਲੀ। ਮੈਂ, ਸਪੀਕਰ ਸਾਹਿਬ, ਸਮਝਦਾ ਹਾਂ ਕਿ ਉਸ ਵੇਲੇ ਦਹਿਸ਼ਤ ਦਾ ਮਹੌਲ ਸੀ, ਡਰ ਦਾ ਮਹੌਲ ਸੀ ਲੇਕਿਨ ਡਰ ਔਰ ਦਹਿਸ਼ਤ ਦੇ ਵਿੱਚ ਪੁਲਿਸ ਨੇ ਜਿਹੜੀ ਲੜਾਈ ਲੜੀ ਹੈ ਮੈਂ ਇਹ ਵੀ ਕਹਿਣ ਤੋਂ ਨਹੀਂ ਕਤਰਾਉਂਦਾ ਕਿ ਹੇਠਲੀ ਸਟੇਜ ਤੇ ਸ਼ਾਇਦ ਕਿਸੇ ਨਾਲ ਵਧੀਕੀ ਵੀ ਹੋਈ ਹੋਵੇ ਲੇਕਿਨ ਪੁਲਿਸ ਵਿੱਚ ਦੇਖਿਆ ਜਾਏ ਤਾਂ ਪੁਲਿਸ ਨੇ ਜਿਹੜਾ ਕੰਮ ਕੀਤਾ ਹੈ, ਜੋ ਹਾਲਾਤ ਉਨ੍ਹਾਂ ਨੂੰ ਦੇਖਣੇ ਪਏ, ਜਿਨ੍ਹਾਂ ਦੇ ਟੱਬਰ ਥਾਂ ਥਾਂ ਤੇ ਮਾਰੇ ਗਏ, ਉਨ੍ਹਾਂ ਦੀਆਂ ਇਸਤਰੀਆਂ ਅਤੇ ਕਈਆਂ ਦੇ ਬੱਚਿਆਂ ਜਿਨ੍ਹਾਂ ਦਾ ਕੋਈ ਵੀ ਕਸੂਰ ਨਹੀਂ ਸੀ ਉਨ੍ਹਾਂ ਦੀ ਪਿੰਡਾਂ ਦੇ ਵਿੱਚ ਸਫਾਈ ਕਰਨ ਦੀ ਕੋਸ਼ਿਸ਼ ਕੀਤੀ।

ਮੈਂ ਬਹੁਤੇ ਅੰਕੜੇ ਨਾ ਦੱਸਦਾ ਹੋਇਆ ਇਕੋ ਇਕ ਗੱਲ ਦੱਸਾਂਗਾ ਕਿ ਜਿਹੜੀਆਂ ਪੁਲਿਸ ਦੀਆਂ ਮੌਤਾਂ ਹੋਈਆਂ ਹਨ ਉਹ ਤਕਰੀਬਨ, ਸਪੀਕਰ ਸਾਹਿਬ, 320 ਸਨ ਜਿਹੜੇ ਕਿ ਜ਼ਖਮੀ ਹੋਏ ਅਤੇ ਜਿਹੜੇ ਮਰੇ ਉਹ 252 ਸਨ, 1992 ਵਿੱਚ। ਏਸੇ ਤਰ੍ਹਾਂ ਹੀ 1991 ਵਿੱਚ 500 ਦੇ ਕਰੀਬ ਸਨ ਸ਼ਾਇਦ 497 ਸਨ। ਕਹਿਣ ਦਾ ਭਾਵ ਇਹ ਹੈ ਕਿ ਇਹ ਇਕ ਪਰਾਕਸੀ ਵਾਰ ਸੀ ਜਿਹੜੀ ਕਿ ਪਾਕਿਸਤਾਨ ਨੇ ਤੋਰੀ ਸੀ। ਉਹ ਸਮਝਦੇ ਸਨ ਕਿ ਸਾਡੀਆਂ ਸਕਿਓਰਟੀ ਫੋਰਸਿਜ਼ ਨੂੰ ਡੀਮੋਰੇਲਾਈਜ਼ ਕੀਤਾ ਜਾਏ। ਪਰ ਸਪੀਕਰ ਸਾਹਿਬ ਸਾਨੂੰ ਇਹ ਗੱਲ ਕਹਿਣ ਵਿੱਚ ਮਾਣ ਹੈ ਕਿ ਸਾਡੀਆਂ ਪੁਲਿਸ ਫੋਰਸਿਜ਼ ਨੇ ਤਕੜੇ ਹੋ ਕੇ ਇਸ ਨਾਲ ਨਜਿੱਠਿਆ ਔਰ ਇਹ ਲੜਾਈ ਲੜੀ। ਖਾਮੀਆਂ ਵੀ ਜ਼ਰੂਰ ਹਨ। ਮੈਂ ਸਮਝਦਾ ਹਾਂ ਕਿ ਇਹ ਇਕ ਅਜਿਹੀ ਪੁਲਿਸ ਫੋਰਸ ਹੈ ਜਿਸ ਨੇ ਇਸ ਹਾਲਾਤ ਨੂੰ ਖੁਦ ਕੰਟਰੋਲ ਕੀਤਾ। ਇਹ ਠੀਕ ਹੈ ਕਿ ਇਸ ਫਾਈਟ ਦੇ ਵਿੱਚ ਸਾਡੀ ਫੌਜ ਵੀ ਸੀ, ਸੀ.ਆਰ.ਪੀ.ਐਫ. ਵੀ ਸੀ ਲੇਕਿਨ ਬੀ.ਐਸ.ਐਫ. ਦਾ ਵੀ ਆਪਣਾ ਮਹੱਤਵਪੂਰਨ ਰੋਲ ਸੀ। ਉਸਨੇ ਜੋ ਹਥਿਆਰਾਂ ਦੀ ਸਮਗਲਿੰਗ ਹੁੰਦੀ ਸੀ ਜਿਨ੍ਹਾਂ ਵਿੱਚ ਵੱਡੀ ਗਿਣਤੀ ਵਿੱਚ ਲਾਂਚਰ ਸਨ, ਏ.ਕੇ. 47 ਅਤੇ ਏ.ਕੇ. 74 ਤੋਂ ਇਲਾਵਾ ਹੋਰ ਵੀ ਬੜਾ ਬੰਬ ਮੈਟੀਰੀਅਲ ਸੀ ਉਨ੍ਹਾਂ ਨੂੰ ਬੜੇ ਅੱਛੇ ਢੰਗ ਨਾਲ ਰੀਕਵਰ ਕੀਤਾ। ਉਨ੍ਹਾਂ ਨੇ ਸਿਰਫ ਰੀਕਵਰ ਹੀ ਨਹੀਂ ਸਗੋਂ ਜਿਹੜੇ ਬਾਰਡਰ ਤੋਂ ਸਮਗਲਿੰਗ ਕਰਨ ਵਾਲੇ ਸਮੱਗਲਰਜ਼ ਸਨ ਬੀ.ਐਸ.ਐਫ. ਨੇ ਉਨ੍ਹਾਂ ਨੂੰ ਬੜੇ ਜ਼ੋਰ ਨਾਲ ਰੋਕਿਆ। ਇਸ ਰੋਕਣ ਦੇ ਨਾਲ ਨਵੇਂ ਹਥਿਆਰ ਅੰਦਰ ਨਹੀਂ ਆ ਸਕੇ ਔਰ ਉਹ ਬੰਦੇ ਵੀ ਪਕੜੇ ਗਏ। ਸਮੱਗਲਰਾਂ ਨੂੰ ਮਾਰਿਆ ਵੀ ਗਿਆ ਔਰ ਕਈਆਂ ਨੂੰ ਪਕੜ ਕੇ ਪੁਛਗਿਛ ਕੀਤੀ ਗਈ। ਉਨ੍ਹਾਂ ਤੇ ਵਾਰ ਕੀਤੇ ਗਏ। ਸਪੀਕਰ ਸਾਹਿਬ, ਮੇਰਾ ਕਹਿਣ ਦਾ ਭਾਵ ਇਹ ਹੈ ਕਿ ਪੁਲਿਸ ਨੇ ਤਕੜੇ ਹੋ ਕੇ ਇਹ ਲੜਾਈ ਲੜੀ ਹੈ। ਜਿਸ ਵੇਲੇ ਅਸੀਂ ਅੰਕੜੇ ਦੇਖਦੇ ਹਾਂ ਤਾਂ 1991 ਵਿੱਚ, ਸਪੀਕਰ ਸਾਹਿਬ, 2591 ਟੋਟਲ ਮੌਤਾਂ ਹੋਈਆਂ ਔਰ 1992 ਵਿੱਚ ਇਕ ਹਜ਼ਾਰ ਦਾ ਫਰਕ ਪੈ ਗਿਆ, ਘਟ ਗਈਆਂ। ਮੈਂ ਸਮਝਦਾ ਹਾਂ ਕਿ ਗੌਰਮਿੰਟ ਨੇ ਹਿੰਮਤ ਨਾਲ ਔਰ ਮਿਹਨਤ ਕਰਕੇ ਸਿਕਿਉਰਿਟੀ ਫੋਰਸਿਜ਼ ਨੇ ਹਿੰਮਤ ਨਾਲ ਇਹ ਕੁਝ ਕੰਟਰੋਲ ਕੀਤਾ ਹੈ। ਇਹ ਸਾਡੀ ਬੜੀ ਭਾਰੀ ਅਚੀਵਮੈਂਟ ਹੈ। ਇਹ ਅਚੀਵਮੈਂਟ ਜਿਹੜੀ ਹੈ ਇਹ ਹੋਰ ਕੁਝ ਨਹੀਂ ਤਾਂ ਦੁਨੀਆਂ ਨੂੰ ਔਰ ਖਾਸ ਕਰਕੇ ਹਿੰਦੁਸਤਾਨ ਨੂੰ ਇਸ ਨੇ ਨਵਾਂ ਰਾਹ ਦੱਸਿਆ ਹੈ। ਸਪੀਕਰ ਸਾਹਿਬ, ਦੋ ਚੀਜ਼ਾਂ ਬੜੀਆਂ ਸਾਫ ਹਨ। ਇਹ ਜਿਹੜੀ ਫਾਈਟ ਲੜੀ ਹੈ ਇਕ ਤਾਂ ਜਿਸ ਤਰ੍ਹਾਂ ਮੈਂ ਜ਼ਿਕਰ ਕੀਤਾ ਹੈ ਕਿ ਕਿਸ ਢੰਗ ਦੇ ਨਾਲ ਸਿਕਿਉਂਰਟੀ ਫੋਰਸਿਜ਼ ਦੇ ਰਾਹੀਂ ਲੜੀ ਹੈ, ਉਨ੍ਹਾਂ ਦਾ ਮੋਰੇਲ ਡਾਊਨ ਕੀਤਾ। ਵੱਡੀ ਗੱਲ ਪੁਲੀਟੀਕਲ ਬੈਟਲ ਹੈ। ਸਪੀਕਰ ਸਾਹਿਬ, ਜਿਸ ਵੇਲੇ ਅਸੈਂਬਲੀ ਇਲੈਕਸ਼ਨ ਹੋਇਆ, ਉਸ ਵੇਲੇ ਉਮੀਦ ਸੀ ਕਿ ਅਕਾਲੀ ਵੀ ਹਿੰਮਤ ਦੇ ਨਾਲ ਸਾਡੇ ਨਾਲ ਆਉਣਗੇ ਔਰ ਇਲੈਕਸ਼ਨ ਲੜਨਗੇ। ਉਨ੍ਹਾਂ ਨੂੰ ਇਸ ਬਾਰੇ ਕਿਹਾ ਵੀ ਗਿਆ, ਉਨ੍ਹਾਂ ਨੂੰ ਇਸ ਵਾਸਤੇ ਪਰੇਰਿਆ ਵੀ ਗਿਆ ਲੇਕਿਨ ਉਨ੍ਹਾਂ ਨੇ ਕਿਹਾ ਕਿ ਅਸੀਂ ਬਾਈਕਾਟ ਕਰਨਾ ਹੈ। ਉਸ

[ਸ਼੍ਰੀ ਖੁਸ਼ਹਾਲ ਬਹਿਲ]

ਵੇਲੇ, ਸਪੀਕਰ ਸਾਹਿਬ, ਹਾਲਾਤ ਕੀ ਸੀ। ਮੈਂ ਪਿੰਡਾਂ ਦੀ ਗੱਲ ਤੁਹਾਨੂੰ ਦੱਸਦਾ ਹਾਂ ਕਿ 1992 ਵਿੱਚ ਪਿੰਡਾਂ ਵਿੱਚ 1257 ਲੋਕ ਮਰੇ ਔਰ 261 ਲੋਕ ਸ਼ਹਿਰਾਂ ਵਿੱਚ ਮਰੇ। ਇਹ ਗਿਣਤੀ ਉਸ ਨਾਲੋਂ ਤਕਰੀਬਨ 1991 ਵਿੱਚ ਡਬਲ ਸੀ। ਕਹਿਣ ਦਾ ਭਾਵ ਇਹ ਹੈ ਕਿ ਸ਼ਹਿਰਾਂ ਵਿੱਚ ਕੁਝ ਤਾਂ ਰਾਖੀ ਸੀ ਪਰ ਪਿੰਡਾਂ ਦੇ ਵਿੱਚ ਕੋਈ ਰਾਖੀ ਨਹੀਂ ਸੀ। ਮੁੰਡੇ ਤੁਰ ਜਾਂਦੇ ਸਨ ਔਰ ਤੁਰ ਕੇ ਕੀ ਹਾਲ ਉਨ੍ਹਾਂ ਦੇ ਹੋਏ ਉਹ ਸਭ ਦੇ ਸਾਹਮਣੇ ਹੈ। ਇਹ ਕਿਸੇ ਤੋਂ ਛੁਪਿਆ ਨਹੀਂ। ਇਹ ਇਕ ਹਕੀਕਤ ਹੈ। ਇਹ ਠੀਕ ਹੈ ਕਿ ਰੋਟੀ ਖਾ ਲੈਣਾ ਕੋਈ ਵੱਡੀ ਗੱਲ ਨਹੀਂ। ਹਾਲਾਂਕਿ ਉਹ ਪੈਸੇ ਵੀ ਲੈ ਲੈਂਦੇ ਸਨ ਲੇਕਿਨ ਜਿਸ ਵੇਲੇ ਇਲੈਕਸ਼ਨ ਆਏ, ਉਸ ਵੇਲੇ ਸੈਂਟਰ ਵਿੱਚ ਵੀ ਪੁਛਿਆ ਗਿਆ ਕਿ ਤੁਸੀਂ ਕੀ ਚਾਹੁੰਦੇ ਹੋ? ਅਸੀਂ ਕਿਹਾ ਕਿ ਪੰਜਾਬ ਤਾਂ ਕੇਵਲ ਇਲੈਕਸ਼ਨਾਂ ਚਾਹੁੰਦਾ ਹੈ, ਹੋਰ ਕੁਝ ਨਹੀਂ ਚਾਹੁੰਦਾ। ਉਸ ਵੇਲੇ ਸਾਨੂੰ ਉਮੀਦ ਸੀ ਕਿ ਅਕਾਲੀ ਵੀ ਨਿਰਣਾ ਲੈਣਗੇ ਅਤੇ ਲੋਕਾਂ ਦੇ ਵਿੱਚ ਆ ਕੇ ਖੜੋਣਗੇ। ਵੱਡੇ ਵੱਡੇ ਲੀਡਰ ਜਿਵੇਂ ਪ੍ਰਕਾਸ਼ ਸਿੰਘ ਬਾਦਲ ਵਰਗੇ ਲੋਕਾਂ ਵਿੱਚ ਖੜੇ ਹੋ ਕੇ ਵਿਚਰਨਗੇ, ਉਨ੍ਹਾਂ ਲੋਕਾਂ ਦਾ ਉਹ ਡਰ ਦੂਰ ਕਰਨਗੇ। ਜਿਹੜੀਆਂ ਲੋਕਾਂ ਦੇ ਮਨਾਂ ਉਤੇ ਸੱਟਾਂ ਵੱਜੀਆਂ ਹੋਈਆਂ ਹਨ ਉਨ੍ਹਾਂ ਤੇ ਮਰਹਮ-ਪੱਟੀ ਕਰਨਗੇ। ਲੇਕਿਨ ਉਸ ਵੇਲੇ ਉਹ ਅੱਗੇ ਨਹੀਂ ਆਏ। ਮੈਂ ਤਾਂ ਕਹਾਂਗਾ ਕਿ ਉਨ੍ਹਾਂ ਨੇ ਲੋਕਾਂ ਨਾਲ ਬਿਟਰੇਅ ਕੀਤਾ। ਮੈਂ ਤਾਂ ਇਕ ਗੱਲ ਹੋਰ ਵੀ ਕਹਾਂਗਾ ਕਿ ਜਿਸ ਵੇਲੇ ਲੋਕਾਂ ਨੂੰ ਅਜਿਹੀ ਕੋਈ ਲੀਡਰਸ਼ਿਪ ਚਾਹੀਦੀ ਸੀ ਤਾਂ ਉਸ ਵੇਲੇ ਕਾਂਗਰਸ ਨੇ ਤਕੜੇ ਹੋ ਕੇ ਮੈਦਾਨ ਵਿੱਚ ਉਤਰ ਕੇ ਚੋਣਾਂ ਲੜੀਆਂ ਅਤੇ ਹਕੂਮਤ ਦੀ ਵਾਗਡੋਰੀ ਸੰਭਾਲੀ। ਜਿਹੜੇ ਇਹ ਕਹਿੰਦੇ ਹਨ ਕਿ ਉਹ ਬਾਈਕਾਟ ਕਾਮਯਾਬ ਸੀ ਪਰ ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਉਹ ਕੋਈ ਬਾਈਕਾਟ ਨਹੀਂ ਸੀ। ਉਹ ਤਾਂ ਨਿਰੀ ਦਹਿਸ਼ਤ ਸੀ। ਹਰੇਕ ਪਿੰਡ ਵਿੱਚ ਚਿੱਠੀਆਂ ਭੇਜ ਦਿੱਤੀਆਂ ਗਈਆਂ ਕਿ ਜਿਹੜਾ ਵੀ ਵੋਟਾਂ ਪਾਵੇਗਾ ਉਸ ਨੂੰ ਮਾਰ ਦਿੱਤਾ ਜਾਵੇਗਾ। ਜਿਹੜੇ ਪਹਿਲੇ ਪੰਜ ਵੋਟਰ ਵੋਟਾਂ ਪਾਉਣ ਜਾਣਗੇ, ਉਨ੍ਹਾਂ ਦੇ ਹੱਥ ਕੱਟ ਦਿੱਤੇ ਜਾਣਗੇ। ਲੋਕ ਤਾਂ ਉਸ ਵੇਲੇ ਵੀ ਵੋਟਾਂ ਪਾਉਣਾ ਚਾਹੁੰਦੇ ਸਨ ਪ੍ਰੰਤੂ ਡਰ ਅਤੇ ਭੈਅ ਦੇ ਵਾਤਾਵਰਣ ਦੇ ਮਾਹੌਲ ਵਿੱਚ ਉਹ ਵੋਟ ਪਾਉਣ ਤੋਂ ਡਰਦੇ ਸਨ। ਸਪੀਕਰ ਸਾਹਿਬ, ਮੈਂ ਕਹਾਂਗਾ ਕਿ ਸਰਦਾਰ ਬੇਅੰਤ ਸਿੰਘ ਜੀ ਨੇ ਜਿਹੜੀ ਲੜਾਈ ਲੜੀ ਉਹ ਪੋਲੀਟੀਕਲ ਫਰੰਟ ਉਤੇ ਲੜੀ ਅਤੇ ਹਕੂਮਤ ਬਣਾਈ। ਚੋਣਾਂ ਤੋਂ ਪਹਿਲਾਂ ਹਾਲਾਤ ਥੋੜ੍ਹੇ ਬਹੁਤ ਕੰਟਰੋਲ ਹੋਏ ਸਨ, ਖਾਸ ਕਰਕੇ ਲੁਧਿਆਣੇ ਵਿੱਚ ਜਿਥੋਂ ਕਿ ਲੋਕ ਭੱਜਣ ਨੂੰ ਫਿਰਦੇ ਸਨ।

ਅਸੀਂ 'ਮਾਸ ਕੰਟੈਕਟ ਪਰੋਗਰਾਮ' ਚਲਾਇਆ। ਉਸ ਵਿੱਚ ਲੋਕ ਦੂਰੋਂ ਦੂਰੋਂ ਹੁੰਮ ਹੁੰਮਾਂ ਕੇ ਪਹੁੰਚਦੇ ਸਨ, ਆਪਣੇ ਟਰੈਕਟਰਾਂ ਟਰਾਲੀਆਂ ਵਿੱਚ ਆਪ ਤੇਲ ਪੁਆ ਕੇ ਪੁੱਜਦੇ ਸਨ, ਵਾਲੰਟੀਅਰਲੀ ਪੁੱਜਦੇ ਸਨ ਅਤੇ ਸੁਣਦੇ ਸਨ ਕਿ ਸਾਡੇ ਵਾਸਤੇ ਕੀ ਸੁਨੇਹਾ ਹੈ। ਬੀ.ਬੀ.ਸੀ ਲੰਦਨ ਅਤੇ ਅਮਰੀਕਾ ਵਰਗੇ ਦੇਸ਼ਾਂ ਨੂੰ ਪਤਾ ਲਗ ਗਿਆ ਕਿ ਪੰਜਾਬ ਦੇ ਲੋਕ ਤਾਂ ਕੁਝ ਹੋਰ ਚਾਹੁੰਦੇ ਹਨ ਇਹ ਦਹਿਸ਼ਤ-ਗਰਦੀ ਨੂੰ ਨਹੀਂ ਚਾਹੁੰਦੇ। ਫਿਰ ਚੋਣਾਂ ਹੋਈਆਂ। ਉਸ ਤੋਂ ਬਾਅਦ ਫਿਰ ਮਿਊਂਸਪਲ ਕਮੇਟੀਆਂ ਦੀਆਂ ਚੋਣਾਂ ਹੋਈਆਂ। ਇਹ ਕੋਈ 95 ਕਮੇਟੀਆਂ ਦੀਆਂ ਚੋਣਾਂ ਸਨ ਜਿਹੜੀਆਂ ਕਿ 13 ਸਾਲਾਂ ਦੇ ਬਾਅਦ ਹੋਈਆਂ ਸਨ। ਉਥੇ ਐਡਮਨਿਸਟਰੇਸ਼ਨ ਲਾਗੂ ਸੀ ਅਤੇ ਲੋਕ ਅੱਕੇ ਹੋਏ ਸਨ। ਕਮੇਟੀਆਂ ਦੀ ਗਰੋਥ ਕੋਈ ਨਹੀਂ ਸੀ। ਕਿਸੇ ਨੂੰ ਲੋਕਾਂ ਨੂੰ ਸਿਵਿਕ ਅਮੈਨੀਟੀਜ਼ ਪਹੁੰਚਾਣ ਦੀ ਕੋਈ ਪ੍ਰਵਾਹ ਨਹੀਂ ਸੀ। ਇਸ ਕਰਕੇ ਹੀ ਲੋਕਾਂ ਨੇ ਕਮੇਟੀਆਂ ਦੀਆਂ ਚੋਣਾਂ ਵਿੱਚ ਹੁੰਮ ਹੁੰਮਾਂ ਕੇ ਹਿੱਸਾ ਲਿਆ ਅਤੇ ਓਵਰ-ਆਲ 70 ਤੋਂ 75 ਪ੍ਰਤੀਸ਼ਤ ਤੱਕ ਵੋਟਾਂ ਪਈਆਂ ਅਤੇ ਲੋਕਾਂ ਨੇ ਰਾਤ ਦੇ ਬਾਰਾਂ ਵਜੇ ਤੱਕ, ਇਕ ਵਜੇ ਤੱਕ ਆਪਣੀ ਇਲੈਕਸ਼ਨ ਕੰਪੇਨ ਸ਼ੁਰੂ ਰੱਖੀ। ਇਸ ਤਰ੍ਹਾਂ ਕਮੇਟੀਆਂ ਨੇ ਚੋਣਾਂ ਤੋਂ ਬਾਅਦ ਬਕਾਇਦਾ ਆਪਣਾ ਕੰਮ ਕਾਰ ਸ਼ੁਰੂ ਕੀਤਾ। ਇਨ੍ਹਾਂ ਇਲੈਕਸ਼ਨਾਂ ਤੋਂ ਬਾਅਦ ਸਾਡੀ ਪਾਰਟੀ ਦੀ ਵਚਨਬੱਧਤਾ ਸੀ ਕਿ

ਅਸੀਂ ਪੰਚਾਇਤਾਂ ਦੀਆਂ ਚੋਣਾਂ ਵੀ ਕਰਵਾਵਾਂਗੇ। ਉਸ ਵੇਲੇ ਲੋਕ ਸੋਚਦੇ ਸਨ ਕਿ ਇਹ ਪੰਚਾਇਤਾਂ ਦੀਆਂ ਚੋਣਾਂ ਕਿਸ ਢੰਗ ਨਾਲ ਕਰਵਾਉਣਗੇ ਤੇ ਕਿਸ ਤਰ੍ਹਾਂ ਕਰਵਾਉਣਗੇ? ਲੇਕਿਨ ਪੰਚਾਇਤਾਂ ਦੀਆਂ ਚੋਣਾਂ ਹੋਈਆਂ 11000 ਤੋਂ ਵੱਧ ਪੰਚਾਇਤਾਂ ਦੀਆਂ ਚੋਣਾਂ ਹੋਈਆਂ। ਇਸ ਵਿੱਚ 600 ਨਵੀਆਂ ਬਣੀਆਂ ਪੰਚਾਇਤਾਂ ਦੀਆਂ ਚੋਣਾਂ ਵੀ ਸ਼ਾਮਲ ਹਨ । ਇਹ ਚੋਣਾਂ ਹੋਣਾਂ ਆਪਣੇ ਆਪ ਵਿੱਚ ਮਾਅਨੇ ਰੱਖਦੀਆਂ ਹਨ। ਇਹ ਚੋਣਾਂ 9 ਸਾਲ ਬਾਅਦ ਹੋਈਆਂ ਹਨ। ਹੁਣ ਸਾਡੀ ਸਰਕਾਰ ਜਿਹੜੀਆਂ ਜ਼ਿਲ੍ਹਾ ਪ੍ਰੀਸ਼ਦਾਂ ਅਤੇ ਬਲਾਕ ਸੰਮਤੀਆਂ ਦੀਆਂ ਚੋਣਾਂ ਕਰਵਾਉਣ ਜਾ ਰਹੀ ਹੈ। ਇਹ ਚੋਣਾਂ ਅੱਜ ਤੋਂ ਕੋਈ ਵੀਹ ਸਾਲ ਪਹਿਲਾਂ ਦੀਆਂ ਹੋਈਆਂ ਹੋਈਆਂ ਹਨ। ਇਹ ਕੋਈ 1972 ਜਾਂ 1973 ਵਿੱਚ ਹੋਈਆਂ ਸਨ। ਇਸ ਤਰ੍ਹਾਂ ਬੜੇ ਸਾਲਾਂ ਤੱਕ ਪਿੰਡਾਂ ਵਿੱਚ ਲੋਕਤੰਤਰਿਕ ਪ੍ਰਣਾਲੀ ਨੂੰ ਉਭਰਨ ਹੀ ਨਹੀਂ ਦਿੱਤਾ ਗਿਆ। ਭਾਵ ਉਸ ਸਮੇਂ ਜਿਸ ਮੁੰਡੇ ਦੀ ਉਮਰ 20 ਸਾਲ ਸੀ ਅਤੇ ਉਸਨੇ ਇਸ ਪ੍ਰਣਾਲੀ ਵਿਚ ਆਉਣਾ ਸੀ ਹੁਣ ਉਸਦੀ ਉਮਰ 40 ਸਾਲ ਦੀ ਹੋ ਗਈ ਹੈ। ਇਸੇ ਤਰ੍ਹਾਂ ਜਿਸਦੀ ਉਮਰ ਉਸ ਵੇਲੇ 45 ਸਾਲਾਂ ਦੀ ਹੋਣੀ ਸੀ, ਉਸਦੀ ਦੀ ਹੁਣ 65 ਸਾਲ ਹੋ ਗਈ ਹੈ। ਭਾਵ ਇਹ ਕਿ ਦੋ ਪੀੜ੍ਹੀਆਂ ਪੰਜਾਬ ਦੇ ਪਿੰਡਾਂ ਵਿਚ ਜਿਹੜੀ ਲੀਡਰਸ਼ਿਪ ਨੇ ਪੈਦਾ ਹੋਣਾ ਸੀ, ਉਸ ਨੂੰ ਪੈਦਾ ਹੀ ਨਹੀਂ ਹੋਣ ਦਿੱਤਾ। ਇਹ ਸਿਰਫ ਟੈਰਾਰਿਜ਼ਮ ਦੇ ਕਾਰਨ ਨਹੀਂ ਹੋ ਸਕਿਆ। ਇਸ ਲਈ ਲੋਕਾਂ ਨੇ ਪੰਚਾਇਤ ਚੋਣਾਂ ਵਿੱਚ ਹੁੰਮ ਹੁੰਮਾਂ ਕੇ ਹਿੱਸਾ ਲਿਆ। ਕਿਤੇ 82 ਪ੍ਰਤੀਸ਼ਤ ਵੋਟਾਂ ਪਈਆਂ ਅਤੇ ਕਿਤੇ 95 ਪ੍ਰਤੀਸ਼ਤ ਪਈਆਂ। ਕਈਆਂ ਥਾਵਾਂ ਤੇ ਭਾਵੇਂ-ਦੋ ਚਾਰ ਵੋਟਾਂ ਨਾ ਪਈਆਂ ਹੋਣ ਬਾਕੀ ਦੀਆਂ ਸਾਰੀਆਂ ਹੀ ਵੋਟਾਂ ਪਈਆਂ ਅਤੇ ਉਹ ਵੀ ਬਿਨਾਂ ਕਿਸੇ ਡਰ ਤੋਂ ਅਤੇ ਭੈਅ ਤੋਂ। ਇਸ ਗੱਲ ਤੋਂ ਸਾਬਤ ਹੈ ਕਿ ਹੁਣ ਲੋਕ ਇਹ ਨਹੀਂ ਸਨ ਚਾਹੁੰਦੇ ਕਿ ਲੀਡਰ ਸਾਡੇ ਕੋਲ ਆਉਣ ਅਤੇ ਸਾਨੂੰ ਸੰਭਾਲਣ। ਲੇਕਿਨ ਪਹਿਲਾਂ ਵਿਧਾਨ ਸਭਾ ਦੀਆਂ ਚੋਣਾਂ ਵੇਲੇ ਇਹ ਜਿਹੜੇ ਲੀਡਰ ਸਨ, ਬੈਠੇ ਰਹੇ ਅਤੇ ਕਦੇ ਕਹਿੰਦੇ ਕਿ ਇੱਥੇ ਯੂ.ਐਨ.ਓ. ਆਵੇ ਅਤੇ ਕਦੇ ਕਹਿੰਦੇ ਕੋਈ ਆਵੇ ਅਤੇ ਕਦੇ ਕਹਿੰਦੇ ਕੋਈ । ਲੇਕਿਨ ਲੋਕਾਂ ਨੇ ਇਨ੍ਹਾਂ ਦੀ ਕੋਈ ਪ੍ਰਵਾਹ ਨਹੀਂ ਕੀਤੀ, ਇਨ੍ਹਾਂ ਨੇ ਉਨ੍ਹਾਂ ਨੂੰ ਉਕਸਾਉਣ ਦੀ ਵੀ ਬਹੁਤ ਕੋਸ਼ਿਸ਼ ਕੀਤੀ ਲੇਕਿਨ ਲੋਕਾਂ ਨੇ ਇਨ੍ਹਾਂ ਦੀ ਕੋਈ ਪ੍ਰਵਾਹ ਨਹੀਂ ਕੀਤੀ ਅਤੇ ਨਾ ਹੀ ਇਨ੍ਹਾਂ ਦੀ ਉਕਸਾਹਟ ਵਿੱਚ ਆਏ। ਲੋਕਾਂ ਨੇ ਬੇ-ਫਿਕਰੇ ਹੋ ਕੇ ਇਨ੍ਹਾਂ ਨੂੰ ਜਵਾਬ ਦਿਤਾ। ਸਪੀਕਰ ਸਾਹਿਬ, ਇਲੈਕਸ਼ਨ ਹੋ ਗਏ। ਸਪੀਕਰ ਸਾਹਿਬ, ਇਨ੍ਹਾਂ ਇਲੈਕਸ਼ਨਾਂ ਦੌਰਾਨ ਤਿੰਨ ਗੱਲਾਂ ਉਭਰ ਕੇ ਆਈਆਂ ਇੱਕ ਤਾਂ ਇਹ ਕਿ ਲੋਕਾਂ ਨੇ ਟੈਰੋਰਿਸਟਾਂ ਨੂੰ ਮੂੰਹ ਨਹੀਂ ਲਗਾਇਆ। ਲੋਕਾਂ ਨੇ ਜਿੱਥੇ ਜਿੱਥੇ ਵੀ ਟੈਰੋਰਿਸਟਾਂ ਦੇ ਰਿਸ਼ਤੇਦਾਰ ਸੀ ਉਥੇ ਉਨ੍ਹਾਂ ਨੂੰ ਸਤਿਸ੍ਰੀ ਅਕਾਲ ਕਰ ਦਿਤੀ, ਮੱਥਾ ਟੇਕ ਦਿਤਾ ਅਤੇ ਕਿਹਾ ਕਿ ਤੁਸੀਂ ਜਾਓ। ਲੋਕਾਂ ਨੇ ਬਹਾਦਰੀ ਨਾਲ ਜਵਾਬ ਦਿਤਾ ਅਤੇ ਜਿੱਥੇ ਕੋਈ ਤਕੜਾ ਆਦਮੀ ਵੀ ਸੀ ਅਤੇ ਉਸ ਨੇ ਪੁੱਛਿਆ ਕਿ ਕੀ ਮੈਨੂੰ ਆਪਣਾ ਸਰਪੰਚ ਚੁਣ ਲਵੋਗੇ? ਤਾਂ ਲੋਕਾਂ ਨੇ ਕਿਹਾ ਕਿ ਅਸੀਂ ਸੋਚਾਂਗੇ। ਫਿਰ ਉਨ੍ਹਾਂ ਨੇ ਕਿਹਾ ਕਿ ਮੈਨੂੰ ਨਹੀਂ ਤਾਂ ਮੇਰੇ ਲੜਕੇ ਨੂੰ ਸਰਪੰਚ ਚੁਣ ਲਵੋ? ਤਾਂ ਵੀ ਉਨ੍ਹਾਂ ਨੇ ਕਿਹਾ ਕਿ ਅਸੀਂ ਸੋਚਾਂਗੇ। ਸਪੀਕਰ ਸਾਹਿਬ, ਉਨ੍ਹਾਂ ਲੋਕਾਂ ਨੂੰ ਪਤਾ ਸੀ ਕਿ ਸਾਡੇ ਪਿੱਛੇ ਕਾਂਗਰਸ ਪਾਰਟੀ ਖੜ੍ਹੀ ਹੈ ਅਤੇ ਸਾਡੀ ਸਰਕਾਰ ਖੜ੍ਹੀ ਹੈ। ਦੂਜੀ ਗੱਲ ਜਿਹੜੀ ਵੇਖਣ ਵਿੱਚ ਆਈ ਹੈ ਉਹ ਹੈ ਨੌਜਵਾਨ ਵਰਗ ਬਾਰੇ। ਮੈਂ ਸਮਝਦਾ ਹਾਂ ਕਿ 45-50 ਪ੍ਰਤੀਸ਼ਤ ਨੌਜਵਾਨ ਚੋਣਾਂ ਵਿੱਚ ਜਿੱਤ ਪ੍ਰਾਪਤ ਕਰਕੇ ਪੰਚ, ਸਰਪੰਚ ਚੁਣੇ ਗਏ ਹਨ ਅਤੇ ਤੀਸਰੀ ਗੱਲ ਜਿਹੜੀ ਮੇਰੇ ਨੋਟਿਸ ਵਿੱਚ ਆਈ ਹੈ ਉਹ ਇਹ ਹੈ ਕਿ ਇਸ ਵੇਰ ਕੁਰੱਪਟ ਸਰਪੰਚਾਂ ਨੂੰ ਲੋਕਾਂ ਨੇ ਨਹੀਂ ਬੁਲਾਇਆ। ਚੋਥੀ ਗੱਲ ਇਹ ਹੈ ਕਿ ਪਿੰਡਾਂ ਵਿੱਚ ਜਿਹੜੇ ਬੰਦੇ ਚੋਣਾਂ ਜਿੱਤ ਕੇ ਆਏ ਹਨ, ਪਿੰਡਾਂ ਵਿੱਚ ਪਹਿਲਾਂ ਜਿਹੜੀ ਪੰਚਾਇਤ ਸੀ ਅਤੇ ਜਿਹੜੇ ਉਥੋਂ ਦੇ ਪਹਿਲਾਂ ਚੌਧਰੀ ਹੁੰਦੇ ਸਨ ਅਤੇ ਲਾਠੀ ਲੈ ਕੇ ਉਹ ਕਹਿੰਦੇ ਸਨ ਕਿ ਵੋਟਾਂ ਸਾਨੂੰ ਪਾਓ ਅਤੇ ਉਹ ਉਨ੍ਹਾਂ ਤੇ ਆਪਣਾ ਹੱਕ ਸਮਝਦਾ ਸੀ,

[ਸ੍ਰੀ ਖੁਸ਼ਹਾਲ ਬਹਿਲ]

ਇਸ ਵੇਰ ਇਹ ਗੱਲ ਨਹੀਂ ਹੋਈ ਅਤੇ ਅਨੁਸੂਚਿਤ ਜਾਤੀਆਂ ਦੇ ਲੋਕਾਂ ਨੇ ਅਤੇ ਛੋਟੀਆਂ ਜਾਤੀਆਂ ਦੇ ਲੋਕਾਂ ਨੇ ਆਪਣੀਆਂ ਵੋਟਾਂ ਦਾ ਇਸਤੇਮਾਲ ਆਪਣੀ ਇੱਛਾ ਅਨੁਸਾਰ ਕੀਤਾ ਕਿਉਂਕਿ ਉਨ੍ਹਾਂ ਨੂੰ ਪਤਾ ਸੀ ਕਿ ਉਨ੍ਹਾਂ ਦੇ ਪਿਛੇ ਕਾਂਗਰਸ ਪਾਰਟੀ ਖੜ੍ਹੀ ਹੈ ਸਾਡੀ ਸਰਕਾਰ ਖੜ੍ਹੀ ਹੈ ਅਤੇ ਉਨ੍ਹਾਂ ਵਿਚੋਂ ਬਹੁਤ ਸਾਰੇ ਨੌਜਵਾਨ ਅਤੇ ਲੜਕੇ ਪੰਚਾਂ, ਸਰਪੰਚਾਂ ਲਈ ਖੜ੍ਹੇ ਹੋਏ ਅਤੇ ਉਨ੍ਹਾਂ ਨੂੰ ਵੋਟਾਂ ਪਈਆਂ ਅਤੇ ਉਨ੍ਹਾਂ ਨੇ ਕਈ ਥਾਵਾਂ ਤੇ ਜਨਰਲ ਸੀਟਾਂ ਵੀ ਜਿੱਤੀਆਂ ਚਾਹੇ ਉਹ ਈਸਾਈ ਸਨ, ਝਿਊਰ ਸਨ ਜਾਂ ਹੋਰ ਅਨੁਸੂਚਿਤ ਜਾਤੀਆਂ ਨਾਲ ਸਬੰਧ ਰੱਖਦੇ ਸਨ, ਲੇਕਿਨ ਉਹ ਗਰੀਬ ਵਰਗ ਉਭਰ ਕੇ ਆਇਆ।

ਅੱਜ ਮੈਂ ਸਮਝਦਾ ਹਾਂ ਕਿ ਪਿੰਡਾਂ ਵਿੱਚ ਇੱਕ ਨਵੀਂ ਸੋਚ ਹੈ, ਇੱਕ ਨਵਾਂ ਸਰਮਾਇਆ ਹੈ। ਇਹ ਸਰਮਾਇਆ ਕੀ ਹੈ, ਇਹ ਹੈ ਸੈਕੂਲੇਰਿਜ਼ਮ, ਧਰਮ-ਨਿਰਪੱਖਤਾ। ਇਸ ਧਰਮ-ਨਿਰਪੱਖਤਾ ਦੇ ਸਿੱਟੇ ਵਜੋਂ ਹੀ ਅੱਜ ਟੈਰੋਰਿਜ਼ਮ ਦੇ ਬਰਖਿਲਾਫ ਜਨਤਾ ਦੀਵਾਰ ਬਣ ਕੇ ਖੜ੍ਹੀ ਹੋ ਗਈ ਹੈ ਅਤੇ ਉਹ ਹਰ ਥਰੈਟ, ਭਾਵੇਂ ਉਹ ਪਾਕਿਸਤਾਨ ਵਲੋਂ ਹੋਵੇ ਜਾਂ ਕਿਸੇ ਹੋਰ ਵੱਲੋਂ ਹੋਵੇ ਉਸਦਾ ਮੁਕਾਬਲਾ ਕਰਨ ਲਈ ਤਿਆਰ ਹੈ। ਅੱਜ ਪੰਜਾਬ ਵਿੱਚ ਜੋ ਜੋਸ਼, ਖਰੋਸ਼ ਅਤੇ ਹਿੰਮਤ ਉਭਰ ਕੇ ਆਈ ਹੈ ਇਹ ਬੜੀ ਭਾਰੀ ਅਚੀਵਮੈਂਟ ਹੈ ਅਤੇ ਇਹ ਆਸ ਹੈ ਕਿ ਸਾਰੇ ਦੇਸ਼ ਨੂੰ ਉਨਤੀ ਦੇ ਰਾਹ ਤੇ ਲੈ ਕੇ ਜਾਵੇਗੀ। ਸਪੀਕਰ ਸਾਹਿਬ, ਸਿਰਫ ਇਸੇ ਫਰੰਟ ਤੇ ਹੀ ਨਹੀਂ, ਹਾਲਾਂ ਕਿ ਮੈਂ ਸਮਝਦਾ ਹਾਂ ਕਿ ਆਰਥਿਕ ਵਿਵਸਥਾ ਕਿਸੇ ਖਿੱਤੇ ਦੀ ਉਥੋਂ ਦੇ ਲਾਅ ਐਂਡ ਆਰਡਰ ਤੇ ਵੀ ਨਿਰਭਰ ਕਰਦੀ ਹੈ। ਅੰਗਰੇਜ਼ਾਂ ਦੇ ਸਮੇਂ ਲੋਕ ਅੰਗਰੇਜ਼ਾਂ ਨਾਲ ਲੜੇ ਨਹੀਂ ਬਲਕਿ ਆਪ ਹੀ ਮੁਲਕ ਉਨ੍ਹਾਂ ਦੇ ਹੱਥ ਵਿੱਚ ਫੜਾ ਦਿਤਾ ਕਿਉਂਕਿ ਇਸ ਦਾ ਇੰਨਜ਼ਾਮ ਉਨ੍ਹਾਂ ਦੀ ਪਰੋਟੈਕਸ਼ਨ ਸੀ। ਆਰਥਿਕ ਤੌਰ ਤੇ ਮੈਂ ਕਹਾਂਗਾ ਕਿ ਪਿਛਲਾ ਸਰਵੇ ਕੋਈ ਹੋਵੇ ਉਸਦੇ ਮੁਤਾਬਿਕ ਅਸੀਂ ਕਿਸੇ ਪਾਸਿਓ ਘੱਟ ਨਹੀਂ ਰਹੇ। ਸਾਡਾ ਕਿਰਤੀ-ਰਾਜ ਹੈ ਔਰ ਕਿਰਤੀ ਰਾਜ ਤੋਂ ਮੇਰੀ ਮੁਰਾਦ ਹੈ ਕਿ ਜਿਹੜੀ ਕ੍ਰਿਸ਼ੀ ਪੰਜਾਬ ਦੀ ਇਨਕਮ ਹੈ ਉਹ 5.1 ਪ੍ਰਤੀਸ਼ਤ ਹੈ ਔਰ ਸਾਰੇ ਦੇਸ਼ ਵਿਚ 1.2 ਪਰਸੈਂਟ ਹੈ। ਸਾਡੀ ਪਰ ਕੈਪਿਟਾ ਇਨਕਮ ਵੱਧੀ ਹੈ। ਪਹਿਲਾਂ ਇਹ 9600 ਸੀ ਅਤੇ ਹੁਣ 9800 ਹੋ ਗਈ ਹੈ। ਇਹ ਜਿਹੜੀ ਸਾਡੀ ਇਨਕਮ ਵੱਧੀ ਹੈ ਇਸ ਦੀਆਂ ਦੋ ਪ੍ਰਣਾਲੀਆਂ ਹਨ। ਇਕ ਤਾਂ ਖੇਤੀਬਾੜੀ ਸੈਕਟਰ ਹੈ ਜਿਸ ਰਾਹੀਂ ਸਾਡੀ ਆਮਦਨ ਵੱਧੀ ਹੈ। ਖੇਤੀਬਾੜੀ ਸੈਕਟਰ ਵਿਚ ਕਾਫੀ ਪਰਸੈਂਟ ਵਾਧਾ ਹੋਇਆ ਹੈ। ਚੌਲ ਵਿਚ 3.8 ਪਰਸੈਂਟ ਵਾਧਾ, ਕਣਕ ਵਿਚ 2.19 ਪਰਸੈਂਟ ਵਾਧਾ ਹੋਇਆ ਹੈ। ਭਾਵੇਂ ਇਸ ਸਾਲ ਕਣਕ ਦਾ ਏਰੀਆ ਘਟਿਆ ਹੈ ਪਰ ਇਹ ਮਾਰਜਨਲ ਲਾਸ ਹੈ। ਦੂਜੇ ਪਾਸੇ ਜਿਹੜੇ ਰੇਟ ਵੱਧੇ ਹਨ, ਉਸ ਨਾਲ ਕਿਸਾਨਾਂ ਨੂੰ ਕਾਫੀ ਆਮਦਨ ਹੋਵੇਗੀ। ਇਹ ਸਾਰੀ ਹਿੰਮਤ ਪੰਜਾਬ ਦੀ ਲੀਡਰਸ਼ਿਪ ਦੀ ਹੈ ਅਤੇ ਸਰਦਾਰ ਬੇਅੰਤ ਸਿੰਘ ਜੀ ਹੋਰਾਂ ਦੀ ਹੈ। (ਥੰਪਿੰਗ)। ਉਨ੍ਹਾਂ ਨੇ ਕਿਹਾ ਕਿ ਕਿਸਾਨਾਂ ਨੂੰ ਪੈਸੇ ਦਿਓ ਤਾਂ ਕਿ ਉਹ ਖਾਦਾਂ, ਬੀਜ ਆਦਿ ਖਰੀਦ ਸਕਣ ਜਿਸ ਨਾਲ ਉਨ੍ਹਾਂ ਦੀ ਉਪਜ ਵਿਚ ਵਾਧਾ ਹੋਵੇ ਅਤੇ ਆਮਦਨ ਵੱਧੇ। ਮੈਂ ਦੱਸਣਾ ਚਾਹੁੰਦਾ ਹਾਂ ਕਿ ਜਵਾਰ ਵਿਚ 4.2 ਪਰਸੈਂਟ ਅਤੇ ਸ਼ੂਗਰ ਕੇਨ (ਗੰਨਾ) ਵਿਚ 15 ਪਰਸੈਂਟ ਪਰੋਡਕਸ਼ਨ ਵੱਧੀ ਹੈ। ਇਸ ਤੋਂ ਇਲਾਵਾ ਕਪਾਹ ਵਿਚ 14.2 ਪਰਸੈਂਟ ਅਤੇ ਆਇਲ ਸੀਡ ਵਿਚ 40 ਪਰਸੈਂਟ ਤੱਕ ਵਾਧਾ ਹੋਇਆ ਹੈ। ਇਸ ਸਾਲ ਦੇ ਅੰਕੜੇ ਚੱਲ ਰਹੇ ਹਨ ਅਤੇ ਵਾਧਾ 126 ਪਰਸੈਂਟ ਤੱਕ ਜਾ ਰਿਹਾ ਹੈ। ਆਇਲ ਸੀਡ ਵਿਚ ਇੱਕ ਤਕੜਾ ਰੈਵੋਲੂਸ਼ਨ ਆ ਰਿਹਾ ਹੈ। ਇਹ ਸਾਰੇ ਦਾ ਸਾਰਾ ਪਰੋਗਰਾਮ ਸਰਕਾਰ ਦਾ ਹੈ ਜਿਸ ਵਿਚ ਵਧੀਆ ਬੀਜ ਅਤੇ ਹੋਰ ਵਧੀਆ ਚੀਜ਼ਾਂ ਆ ਰਹੀਆਂ ਹਨ। ਇਸ ਤੋਂ ਇਲਾਵਾ ਦੁੱਧ ਦਾ ਜੋ ਇਨਕਲਾਬ ਸ਼ੁਰੂ ਹੋਇਆ ਸੀ, ਉਸ ਵਿਚ ਘਾਟ ਆਈ ਹੈ ਅਤੇ ਉਸ ਇਨਕਲਾਬ ਨੂੰ ਜ਼ਰੂਰ ਪੂਰਾ ਕਰਾਂਗੇ। ਇਸ ਲਈ ਸਰਕਾਰ ਵਚਨ-ਬੱਧ ਹੈ। ਸਪੀਕਰ ਸਾਹਿਬ, ਮੈਂ ਇੱਕ ਗੱਲ ਕਹਾਂਗਾ ਕਿ ਖੇਤੀਬਾੜੀ ਦੇ ਪਰੋਗਰਾਮ ਵਿਚ ਭਿੰਨਤਾ ਆਈ ਹੈ।

ਜਿਸ ਹਿਸਾਬ ਨਾਲ ਆਬਾਦੀ ਵਿਚ ਵਾਧਾ ਹੋ ਰਿਹਾ ਹੈ, ਉਸ ਦਾ ਦਾਣਿਆਂ ਨਾਲ ਗੁਜ਼ਾਰਾ ਨਹੀਂ ਹੋਣਾ ਜੇਕਰ ਅਸੀਂ ਵੱਧ ਤੋਂ ਵੱਧ ਫਲ ਲਗਾਈਏ ਤਾਂ ਵੀ ਜ਼ਿਆਦਾ ਜ਼ਮੀਨ ਘਿਰਦੀ ਹੈ। ਸਰਕਾਰ ਨੇ ਇਸ ਵਾਸਤੇ ਸਬਜ਼ੀਆਂ ਅਤੇ ਹਾਰਟੀਕਲਚਰ ਦੇ ਮੁਤੱਲਕ ਕਾਫੀ ਰੀਸਰਚ ਕੀਤੀ ਹੈ ਤਕਨਾਲੋਜੀ ਨੂੰ ਡਿਵੈਲਪ-ਕੀਤਾ ਹੈ ਅਤੇ ਉਸ ਟੈਕਨਾਲੋਜੀ ਨੂੰ ਕਿਸਾਨਾਂ ਤੱਕ ਪਹੁੰਚਾਉਣ ਦੀ ਵੀ ਕੋਸ਼ਿਸ਼ ਕੀਤੀ ਹੈ। ਲੁਧਿਆਣਾ ਦੀ ਖੇਤੀਬਾੜੀ ਯਨੀਵਰਸਿਟੀ ਨੇ ਬੜਾ ਰੀਸਰਚ ਕੇਂਦਰ ਖੋਲ੍ਹਿਆ ਹੈ ਅਤੇ ਇੱਕ ਹੋਰ ਇੰਸਟੀਚਿਊਟ ਖੋਲਣ ਦਾ ਵਿਚਾਰ ਹੈ ਜਿਸ ਵਿਚ ਖੇਤੀਬਾੜੀ ਬਾਰੇ ਐਗਜ਼ੀਬਿਊਸ਼ਨ ਲਗਾਈ ਜਾਵੇਗੀ। ਜਿੰਨਾਂ ਕੋਲ ਕਿੱਲਿਆਂ ਦੀ ਗਿਣਤੀ ਜ਼ਿਆਦਾ ਹੈ, ਉਨ੍ਹਾਂ ਦੀ ਆਮਦਨ ਵਧਾਉਣੀ ਹੈ ਤਾਂ ਕਿ ਅਨ-ਇੰਪਲਾਇਮੈਂਟ ਨੂੰ ਦੂਰ ਕੀਤਾ ਜਾ ਸਕੇ। ਇਸ ਤੋਂ ਇਲਾਵਾ ਨਵੇਂ ਕਿਸਮ ਦੇ ਜੋ ਸੀਡਜ਼ ਹਨ ਉਹ ਮਲਟੀ ਨੈਸ਼ਨਲ ਕੋਲ ਹਨ, ਹੁਣ ਟੈਕਨਾਲੋਜੀ ਜਿੰਨੀ ਲੁਧਿਆਣੇ ਵਿੱਚ ਹੈ ਜਾਂ ਕਿਧਰੇ ਹੋਰ ਹੈ ਉਹ ਹੁਣ ਸਾਰੀ ਟੈਕਨਾਲੋਜੀ ਕਿਸਾਨਾਂ ਕੋਲ ਪਹੁੰਚਦੀ ਪਈ ਹੈ, ਇਸ ਨਵੀਂ ਟੈਕਨਾਲੋਜੀ ਦੇ ਨਾਲ ਕਿਸਾਨ ਨੂੰ ਬਹੁਤ ਫਾਇਦਾ ਹੋਵੇਗਾ। ਹਰਾ ਇਨਕਲਾਬ ਜੋ ਲਿਆਉਣਾ ਸੀ ਉਸ ਦਾ ਮੋਮੈਨਟਮ ਕੁਝ ਘਟਿਆ ਹੈ ਉਹ ਨਵੀਂ ਟੈਕਨਾਲੋਜੀ ਦੇ ਨਾਲ ਕਾਫੀ ਫਰਕ ਪਵੇਗਾ ਅਤੇ ਇਸ ਵੇਲੇ ਖੇਤੀਬਾੜੀ ਵਿਭਾਗ ਜੋ ਚੀਫ ਮਨਿਸਟਰ ਸਾਹਿਬ ਦੀ ਡਾਇਰੈਕਸ਼ਨ ਤੇ ਕੰਮ ਕਰ ਰਿਹਾ ਹੈ ਇਸ ਦੇ ਨਾਲ ਕਿਸਾਨ ਦੀ ਉਪਜ ਵਿੱਚ ਬਹੁਤ ਵਾਧਾ ਹੋਵੇਗਾ ਅਤੇ ਇਸ ਦੇ ਨਾਲ ਕਿਸਾਨ ਦੇ ਇਕ ਤਾਂ ਉਪਜ ਵਿੱਚ ਵਾਧਾ ਹੋਵੇਗਾ ਅਤੇ ਦੂਸਰਾ ਕਿਸਾਨ ਦੀ ਆਮਦਨ ਦੇ ਜ਼ਰੀਏ ਵੀ ਵੱਧਣਗੇ ਔਰ ਉਨ੍ਹਾਂ ਦੀ ਆਮਦਨ ਦੇ ਜ਼ਰੀਏ ਵੱਧਣ ਦੇ ਨਾਲ ਮੈਂ ਮਹਿਸੂਸ ਕਰਦਾ ਹਾਂ ਕਿ ਜੇ ਹੋਰ ਕੁਝ ਨਹੀਂ ਤਾਂ ਜਿਹੜੇ ਛੋਟੇ ਕਿਸਾਨ ਹਨ ਉਨ੍ਹਾਂ ਦੀ ਆਮਦਨ ਵੱਧਣ ਦੇ ਨਾਲ ਉਸ ਦੀਆਂ ਬੁਨਿਆਦੀ ਬਾਤਾਂ ਜੋ ਹਨ ਉਹ ਚੰਗੀਆਂ ਹੋਣਗੀਆਂ। ਸਪੀਕਰ ਸਾਹਿਬ, ਇਕ ਸੈਕੰਡਰੀ ਸੈਕਟਰ ਹੈ ਜਿਸ ਦੇ ਵਿਚ 70 ਫੀਸਦੀ ਇੰਡਸਟਰੀ ਦੀ ਕੰਟਰੀਬਿਊਸ਼ਨ ਹੈ। ਖੇਤੀਬਾੜੀ ਦੇ ਵਿੱਚ ਗਰੋਥ ਰੇਟ ਜੋ ਹੈ ਉਹ 5.3 ਪ੍ਰਤੀਸ਼ਤ ਹੈ ਲੇਕਿਨ ਇੰਡਸਟਰੀ ਜਿਹੜੀ ਹੈ ਉਹ ਪੌਣੇ 7 ਪ੍ਰਤੀਸ਼ਤ ਤੇ ਪਹੁੰਚੀ ਹੈ। ਇਸ ਦੇ ਵਿੱਚ ਹੋਰ ਵੀ ਸਕੋਪ ਹੈ। ਸਾਡੇ ਇਥੇ ਬਾਹਰ ਤੋਂ ਲੋਕ ਆ ਕੇ ਇਹ ਕੰਮ ਨਹੀਂ ਸੀ ਕਰਦੇ, ਹੁਣ ਸਰਕਾਰ ਵਲੋਂ ਮੁਖਤਲਿਫ਼ ਪਰੋਗਰਾਮ ਚਲ ਰਹੇ ਹਨ ਜਿਸ ਦੇ ਨਾਲ ਇਸ ਦੇ ਵਿੱਚ ਹੋਰ ਵੀ ਵੱਧਣ ਦਾ ਸਕੋਪ ਹੈ। ਬਾਰਡਰ ਦੇ ਵਿੱਚ ਇਨ੍ਹਾਂ ਨੇ 50 ਲੱਖ ਰੁਪਏ ਦਾ ਇਨਸੈਂਟਿਵ ਦਿੱਤਾ ਹੈ ਔਰ ਸਰਕਾਰ ਨੇ ਲੋਕਾਂ ਨੂੰ ਸਬਸਿਡੀ ਵੀ ਦਿੱਤੀ ਹੈ ਖਾਸ ਤੌਰ ਤੇ ਸ਼ਡਿਊਲਡ ਕਾਸਟਸ ਨੂੰ 15 ਪ੍ਰਤੀਸ਼ਤ ਸਬਸਿਡੀ ਦਿੱਤੀ ਹੈ ਅਤੇ ਬਾਕੀਆਂ ਨੂੰ 10 ਪ੍ਰਤੀਸ਼ਤ ਸਬਸਿੱਡੀ ਦਿੱਤੀ ਹੈ। ਇਸ ਤੋਂ ਇਲਾਵਾ ਸੇਲਟੈਕਸ ਦੇ ਵਿੱਚ ਵੀ ਰਿਆਇਤਾਂ ਦਿੱਤੀਆਂ ਹਨ ਔਰ ਇਹ ਰਿਆਇਤਾਂ ਹੋਰ ਵੀ ਵੱਧਦੀਆਂ ਜਾਣਗੀਆਂ। ਪੀ.ਐਸ.ਆਈ.ਡੀ.ਸੀ. ਨੇ 228 ਕਰੋੜ ਰੁਪਏ ਦੇ ਨਵੇਂ ਇਨਡੈਂਟ ਦਿੱਤੇ ਹਨ। ਪੀ.ਐਫ.ਸੀ. ਨੇ 90 ਕਰੋੜ ਵੰਡੇ ਹਨ। ਇਸ ਦੇ ਨਾਲ ਨਵੀਂ ਟੈਕਨਾਲੋਜੀ ਹੋਰ ਅਗੇ ਤੁਰੇਗੀ। ਇੰਡਸਟਰੀਜ਼ ਦੇ ਵਿੱਚ ਨਵੀਂ ਟੈਕਨਾਲੋਜੀ ਨੂੰ ਅਗੇ ਤੋਰਨ ਲਈ ਬਹੁਤ ਵੱਡਾ ਵਾਧਾ ਕੀਤਾ ਹੈ ਕਿ ਇੰਜੀਨੀਅਰਜ਼ ਜਿਹੜੇ ਹਨ ਉਨ੍ਹਾਂ ਦੀ ਰਿਕਰੂਟਮੈਂਟ ਹੋਵੇਗੀ। ਬਾਰਡਰ ਦੇ ਏਰੀਆ ਵਿਚ ਕੰਮ ਚਲ ਨਹੀਂ ਸੀ ਸਕਦਾ। ਪਹਿਲਾਂ ਹਾਲਾਤ ਇਹ ਸੀ ਕਿ ਲੋਕਾਂ ਦੇ ਮੁੰਡਿਆਂ ਨੂੰ ਕੰਮ ਨਹੀਂ ਸੀ ਮਿਲਦਾ, ਥੋੜੀ ਬਹੁਤ ਰਿਕਰੂਟਮੈਂਟ ਹੋਈ ਹੈ। ਹੁਣ ਬਾਰਡਰ ਦੇ ਇਲਾਕਿਆਂ ਵਿੱਚ ਗੁਰਦਾਸਪੁਰ ਅਤੇ ਫਿਰੋਜ਼ਪੁਰ ਜ਼ਿਲ੍ਹੇ ਲਈ ਯੂਨਿਟ ਸੈਂਕਸ਼ਨ ਹੋਏ ਹਨ ਇੰਜੀਨੀਅਰਿੰਗ ਦੀ ਬਹੁਤ ਅੱਛੀ ਟੈਕਨਾਲੋਜੀ ਮਿਲੇਗੀ, ਅੱਪ ਟੂ ਡੇਟ ਟੈਕਨਾਲੋਜੀ ਮਿਲੇਗੀ। ਇੰਜੀਨੀਅ-ਰਿੰਗ ਵੀ ਸਿਵਿਲ ਇੰਜੀਨੀਅਰਿੰਗ ਜਾਂ ਦੂਸਰੀ ਨਹੀਂ ਕਮਪਿਊਟਰ ਜਾਂ ਦੂਸਰੀ ਟੈਕਨਾਲੋਜੀ ਦੀ ਤਾਲੀਮ ਮਿਲੇਗੀ ਜਿਸ ਦੇ ਨਾਲ ਅਸੀਂ ਵੱਡੀਆਂ ਵੱਡੀਆਂ ਇੰਡਸਟਰੀਆਂ ਲਗਾ ਸਕਾਂਗੇ ਔਰ ਇੰਡਸਟਰੀ ਦਾ ਜੋ ਬੇਸ ਹੈ ਉਸ ਨੂੰ ਮਜ਼ਬੂਤ ਕਰ ਸਕਾਂਗੇ। ਕੋਈ ਸਮਾਂ ਸੀ ਜਦੋਂ ਪੰਜਾਬ ਇੰਡਸਟਰੀ ਵਿੱਚ ਸਭ ਤੋਂ

[ਸ਼੍ਰੀ ਖੁਸ਼ਹਾਲ ਬਹਿਲ]

ਅਗੇ ਸੀ ਪਰ ਹੁਣ ਇਸ ਦਾ ਸਥਾਨ ਹਿੰਦੁਸਤਾਨ ਵਿੱਚ ਸਤਵਾਂ ਰਹਿ ਗਿਆ ਹੈ, ਪੰਜਾਬ ਸੱਤਵੀਂ ਥਾਂ ਤੇ ਪਹੁੰਚ ਗਿਆ ਹੈ ਲੇਕਿਨ ਜੋ ਪਰੋਗਰਾਮ ਇਸ ਸਰਕਾਰ ਨੇ ਬਣਾਇਆ ਹੈ ਉਸ ਦੇ ਮੁਤਾਬਿਕ ਅਸੀਂ ਫਿਰ ਕੇ ਇਹ ਘਾਟਾ ਪੂਰਾ ਕਰ ਲਵਾਂਗੇ। ਇਸ ਪਰੋਗਰਾਮ ਦੇ ਨਾਲ ਮੀਡੀਅਮ ਇੰਡਸਟਰੀ ਵੀ ਅਗੇ ਨੂੰ ਵਧੇਗੀ ਅਤੇ ਵੱਡੀ ਇੰਡਸਟਰੀ ਵੀ ਅਗੇ ਨੂੰ ਵੱਧੇਗੀ । ਇਸ ਦੇ ਵਿੱਚ ਤੁਹਾਡੀ ਮਦਦ ਦੀ ਸਖ਼ਤ ਜ਼ਰੂਰਤ ਹੈ। ਉਮੀਦ ਹੈ ਕਿ ਸਰਕਾਰ ਜਿਹੜੇ ਪਰੋਗਰਾਮ ਲੈ ਕੇ ਤੁਰੀ ਹੈ ਉਸ ਦੇ ਵਿੱਚ ਤੁਸੀਂ ਸਾਰੇ ਆਪਣਾ ਵੱਧ ਤੋਂ ਵੱਧ ਸਹਿਯੋਗ ਦਿਉਗੇ ਜਿਸ ਦੇ ਨਾਲ ਇੰਡਸਟਰੀ ਜੋ ਹੈ ਉਹ ਵੱਧ ਤੋਂ ਵੱਧ ਅਗੇ ਵਧੇਗੀ।

ਸਪੀਕਰ ਸਾਹਿਬ, ਇਕ ਮੈਂ ਬਿਜਲੀ ਦਾ ਵੀ ਜ਼ਿਕਰ ਕਰਨਾ ਚਾਹੁੰਦਾ ਹਾਂ, ਬਿਜਲੀ ਦੀ ਕਈ ਵਾਰੀ ਮੁਸ਼ਕਲ ਹੋ ਜਾਂਦੀ ਹੈ। ਅੱਜ ਤੱਕ ਜਿੰਨੇ ਵੀ ਅਸੀਂ ਇੰਡਸਟਰੀਜ਼ ਵਿੱਚ ਰੈਵੋਲਿਊਸ਼ਨ ਆਉਂਦੇ ਦੇਖੇ ਹਨ ਉਹ ਸਾਰੇ ਪਾਵਰ ਦੇ ਨਾਲ ਹੀ, ਬਿਜਲੀ ਦੇ ਨਾਲ ਹੀਂ ਆਏ ਹਨ। ਇਸ ਸਰਕਾਰ ਦੇ ਆਉਣ ਨਾਲ ਜੋ ਇਸ ਵੇਲੇ ਦੀ ਪੋਜੀਸ਼ਨ ਹੈ, ਉਹ ਤਸੱਲੀਬਖਸ਼ ਹੈ। ਜਿੰਨੀ ਵੀ ਇੰਡਸਟਰੀ ਹੈਵੀ ਚੱਲੀ ਉਹ ਪਾਵਰ ਦੇ ਨਾਲ ਚਲੀ, ਜਿੰਨੀ ਵੀ ਇਰੀਗੇਸ਼ਨ ਦੇ ਕੰਮਾਂ ਵਿੱਚ ਵਾਧਾ ਹੋਇਆ ਉਹ ਸਭ ਤੋਂ ਜ਼ਿਆਦਾ ਪਾਵਰ ਦੇ ਨਾਲ ਹੀ ਹੋਇਆ। ਅਸੀਂ ਮਹਿਸੂਸ ਕਰਦੇ ਹਾਂ ਕਿ ਪਾਣੀ ਵਧਣਾ ਚਾਹੀਦਾ ਹੈ. ਬਿਜਲੀ ਵਧਣੀ ਚਾਹੀਦੀ ਹੈ ਔਰ ਹੁਣ ਵੀ ਪੰਜਵਾਂ ਯੂਨਿਟ ਗੁਰੂ ਗੋਬਿੰਦ ਸਿੰਘ ਥਰਮਲ ਪਲਾਂਟ ਲਗਾਇਆ ਹੈ ਜਿਸ ਦੇ ਨਾਲ ਬਿਜਲੀ ਵਿਚ ਵਾਧਾ ਹੋਵੇਗਾ ਖਾਸ ਕਰਕੇ ਬਠਿੰਡਾ ਵਿਚ ਦੋ ਯੂਨਿਟ ਹੋਰ ਲਗਾਏ ਗਏ ਹਨ ਜਿਨ੍ਹਾਂ ਨਾਲ 210 ਮੈਗਾਵਾਟ ਬਿਜਲੀ ਪੈਦਾ ਹੋਵੇਗੀ। ਬਰਾੜ ਸਾਹਿਬ ਨੇ ਵੀ ਪਹਿਲਾਂ ਜ਼ਿਕਰ ਕੀਤਾ ਹੈ ਕਿ 1972 ਦੇ ਵਿਚ ਇਕ ਫੈਸਲਾ ਕੀਤਾ ਸੀ ਕਿ ਹਰ ਪਿੰਡ ਨੂੰ ਬਿਜਲੀ ਦੇਣੀ ਹੈ ਔਰ ਬਿਜਲੀ ਦਿਤੀ ਵੀ ਹੈ ਲੇਕਿਨ ਬਹੁਤ ਸਾਰੀ ਘਰੇਲੂ ਔਰ ਕਮਰਸ਼ੀਅਲ ਦਿਤੀ ਹੈ। ਪਰ ਉਹ ਸਾਰੀ ਬਿਜਲੀ ਟਿਊਬਵੈਲਜ਼ ਤੇ ਡਿਪੈਂਡ ਕਰਦੀ ਹੈ ਕਿਉਂਕਿ ਜਦੋਂ ਟਿਊਬਵੈਲਜ਼ ਬੰਦ ਕਰ ਦਿਤਾ ਜਾਂਦਾ ਹੈ ਤਾਂ ਫੀਡਰ ਵੀ ਬੰਦ ਕਰ ਦਿੰਦੇ ਹਨ ਜਿਸ ਕਰਕੇ ਬਿਜਲੀ ਘਰਾਂ ਵਿਚ ਨਹੀਂ ਪਹੁੰਚਦੀ ਸੀ ਔਰ ਨਾ ਹੀ ਜਿਹੜੇ ਛੋਟੇ ਮੋਟੇ ਉਦਯੋਗ ਲਗੇ ਹੋਏ ਸਨ ਉਨ੍ਹਾਂ ਤਕ ਬਿਜਲੀ ਪਹੁੰਚਦੀ ਸੀ। ਬਿਜਲੀ ਨਾ ਹੋਣ ਕਰਕੇ ਪਿੰਡਾਂ ਵਿਚ ਹਾਹਾਕਾਰ ਮੱਚੀ ਰਹਿੰਦੀ ਸੀ। ਹੁਣ ਇਕ ਸਕੀਮ ਚਾਲੂ ਕੀਤੀ ਹੈ ਪਾਇਲਟ ਫੀਡਰਜ਼ ਲਗਾਏ ਜਾਣਗੇ ਜਿਨ੍ਹਾਂ ਨਾਲ 24 ਘੰਟੇ ਬਿਜਲੀ ਮਿਲਿਆ ਕਰੇਗੀ। ਖਰਚੇ ਦੇ ਬਾਰੇ ਕਿਹਾ ਹੈ ਕਿ ਇਹ 4-,5 ਸਾਲਾਂ ਦਾ ਪ੍ਰੋਗਰਾਮ ਹੈ ਕਿਉਂਕਿ ਇਸ ਤੇ ਕੋਈ 400 ਕਰੋੜ ਰੁਪਏ ਦਾ ਖਰਚਾ ਹੋਣਾ ਹੈ। ਇਸ ਵਿਚ ਪਿੰਡਾਂ ਦੀ ਵੀ ਕੰਟਰੀਬਿਊਸ਼ਨ ਲਈ ਜਾਣੀ ਹੈ। ਨਤੀਜੇ ਦੇ ਤੌਰ ਤੇ 1225 ਪਿੰਡ ਔਰ 6 ਬਲਾਕ ਲਏ ਜਾਣੇ ਹਨ। ਪਿੰਡਾਂ ਵਿਚ ਬਿਜਲੀ ਦੇ ਵਾਧੇ ਕਾਰਨ ਇਥੇ ਐਗਰੋ-ਬੇਸਡ ਇੰਡਸਟਰੀ ਲਗ ਸਕੇਗੀ। ਪਹਿਲਾਂ ਵੀ ਇੰਡਸਟਰੀਅੱਲ ਸੈਂਡਜ਼ ਲਗਾਏ ਸਨ ਪਰ ਬਿਜਲੀ ਦੀ ਘਾਟ ਕਰਕੇ ਉਹ ਸ਼ੈਡ ਨਾਕਾਰਾ ਹੋ ਗਏ ਬਿਲਡਿੰਗਾਂ ਢਹਿ ਗਈਆਂ। ਕੈਰੋਂ ਸਾਹਿਬ ਦੇ ਮਨ ਵਿਚ ਪਿੰਡਾਂ ਵਿਚ ਇੰਡਸਟਰੀ ਚਲੇ, ਬੜਾ ਚਾਅ ਸੀ, ਪਰ ਇੰਡਸਟਰੀ ਚਲ ਨਹੀਂ ਪਾਈ। ਜਿਹੜੀ ਸਾਡੀ ਪਰੋਡਕਸ਼ਨ ਹੈ ਇਸ ਨੂੰ ਪ੍ਰਾਸੈਸ ਕਰਨ ਲਈ ਛੋਟੀਆਂ ਸਕੀਮਾਂ ਚਲਣਗੀਆਂ। ਜਿਹੜਾ ਰੁਪਿਆ ਘੋੜੇ ਖਰੀਦਣ ਲਈ ਜਾਂ ਮੱਝਾਂ ਖਰੀਦਣ ਲਈ ਦਿੰਦੇ ਹਾਂ, ਕਈ ਲੋਕ ਖਾ ਜਾਂਦੇ ਹਨ ਅਤੇ ਕਈ ਬੈਂਕ ਵਾਲੇ ਖਾ ਜਾਂਦੇ ਹਨ, ਇਹ ਰੁਪਿਆ ਹੁਣ ਇਧਰ ਇੰਡਸਟਰੀ ਵਲ ਆ ਜਾਵੇਗਾ। ਮੈਂ ਸਮਝਦਾ ਹਾਂ ਕਿ ਇਸ ਲਈ ਸਾਡੀ ਸਰਕਾਰ ਵਧਾਈ ਦੀ ਪਾਤਰ ਹੈ ਜਿਸ ਨੇ ਇਹ ਸਕੀਮ ਚਾਲੂ ਕੀਤੀ ਹੈ। ਛੋਟੇ ਪਿੰਡਾਂ ਵਿਚ ਜਿੱਥੇ ਭੁੱਖ ਅਤੇ ਤੰਗਦਸਤੀ ਹੈ...

ਸ਼੍ਰੀ ਸਪੀਕਰ : ਬਹਿਲ ਸਾਹਿਬ, ਤੁਸੀਂ ਵਾਈਂਡ ਅੱਪ ਕਰੋ ਜੀ ।

ਸ੍ਰੀ ਖੁਸ਼ਹਾਲ ਬਹਿਲ : ਮੈਂ ਸਿਰਫ ਦਸ ਪੰਦਰਾਂ ਮਿੰਟ ਹੀ ਹੋਰ ਲਵਾਗਾਂ।

ਸਪੀਕਰ ਸਾਹਿਬ, ਯੂ.ਬੀ.ਡੀ. ਫ਼ੀਡਰ ਰਾਹੀਂ ਪਾਣੀ ਵਿਚ ਵਾਧਾ ਕੀਤਾ ਹੈ ਇਹ ਜਿਹੜਾ ਵਧੇਰੇ ਵਾਧਾ ਹੋਇਆ ਹੈ ਇਸ ਨਾਲ ਉਨ੍ਹਾਂ ਡਿਸਟਰੀਬਿਊਟਰੀ ਵਿਚ 20 ਪ੍ਰਤੀਸ਼ਤ ਇਰੀਗੇਸ਼ਨ ਪਾਵਰ ਵੱਧੀ ਹੈ । ਔਰ ਜੈਤੋ, ਕੋਟਕਪੂਰਾ, ਫਰੀਦਕੋਟ ਆਦਿ ਵਿਚ ਇਹ ਫੀਡਰ ਵੱਧੇ ਹਨ। ਇਰੀਗੇਸ਼ਨ ਡਿਪਾਰਟਮੈਂਟ ਨੇ ਜਿਹੜੀਆਂ ਡਿਸਟਰੀਬਿਊਟਰੀਜ਼ ਹਨ ਵਾਟਰ ਚੈਨਲਜ਼ ਹਨ, ਸੂਏ ਹਨ, ਉਨ੍ਹਾਂ ਨੂੰ ਪੱਕਾ ਕਰਨ ਦਾ ਪਰੋਗਰਾਮ ਚਲਾਇਆ ਹੋਇਆ ਹੈ। ਮੇਰੇ ਇਲਾਕੇ ਵਿਚ ਯੂ.ਬੀ.ਡੀ ਕੇਨਾਲ ਹੈ, ਉਸ ਵਲ ਵੀ ਧਿਆਨ ਦੇ ਕੇ ਇਸ ਸਿਸਟਮ ਨੂੰ ਪੂਰੇ ਤੌਰ ਤੇ ਕਾਮਯਾਬ ਕਰਨਾ ਚਾਹੀਦਾ ਹੈ। ਇਸੇ ਤਰ੍ਹਾਂ ਕਈ ਹੋਰ ਡਿਪਾਰਟਮੈਂਟ ਹਨ ਜਿਨ੍ਹਾਂ ਵਿਚ ਅੱਡ ਅੱਡ ਸਕੀਮਾਂ ਹਨ ਜਿਸ ਤਰ੍ਹਾਂ ਵਾਟਰ ਸਪਲਾਈ ਸਕੀਮ ਹੈ, ਰੂਰਲ ਡਿਵੈਲਪਮੈਂਟ ਲਈ ਸੋਸ਼ਲ ਵੈਲਫੇਅਰ ਡਿਪਾਰਟਮੈਂਟ ਵਿਚ ਵੀ ਬਹੁਤ ਸਕੀਮਾਂ ਹਨ, ਇਸ ਡਿਪਾਰਟਮੈਂਟ ਵਿਚ ਰੁਪਏ ਦੀ ਕਾਫੀ ਐਲੋਕੇਸ਼ਨ ਹੈ। ਇਸੇ ਤਰ੍ਹਾਂ ਪਿੰਡਾਂ ਵਿਚ ਹਾਊਸ ਫੈਡ ਹੈ, ਪਿੰਡਾਂ ਵਿਚ ਗਲੀਆਂ ਨਾਲੀਆਂ ਪੱਕੀਆਂ ਕਰਨੀਆਂ ਅਤੇ ਪਾਣੀ ਦਾ ਨਿਕਾਸ ਕਰਨ ਲਈ ਚਾਰ ਪੰਜ ਸਾਲਾਂ ਦਾ ਪਰੋਗਰਾਮ ਬਣਾਇਆ ਹੈ। ਉਸ ਪਰੋਗਰਾਮ ਵਿਚ 12 ਹਜ਼ਾਰ ਪਿੰਡ ਕਵਰ ਕਰਨੇ ਹਨ। ਇਹ ਵਧਾਈ ਵਾਲੀ ਗੱਲ ਹੈ ਜਿਸ ਦੇ ਬਾਰੇ ਗਵਰਨਰ ਸਾਹਿਬ ਦੇ ਅਡਰੈਸ ਵਿਚ ਖਾਸ ਤੌਰ ਤੇ ਮੈਨਸ਼ਨ ਕੀਤਾ ਹੈ।

ਜਿੱਥੋਂ ਤਕ ਹਸਪਤਾਲਾਂ ਦਾ ਔਰ ਖਾਸ ਤੌਰ ਤੇ ਵੈਟਨਰੀ ਹਸਪਤਾਲਾਂ ਦਾ ਤੁਅੱਲਕ ਹੈ ਇਸ ਬਾਰੇ ਇਹ ਲਿਖਿਆ ਹੈ ਕਿ ਇਥੇ ਵਧੇਰੇ ਹਸਪਤਾਲ ਔਰ ਡਿਸਪੈਂਸਰੀਆਂ ਖੋਲੀਆਂ ਹਨ, ਅਪਗਰੇਡ ਵੀ ਕਰਨੇ ਹਨ। ਫਿਰ ਖਾਸ ਤੌਰ ਤੇ ਸਕੂਲਾਂ ਦੀ ਅਪਗਰੇਡੇਸ਼ਨ ਬਾਰੇ ਕਿਹਾ ਹੈ। ਪ੍ਰਾਇਮਰੀ ਤੋਂ ਉਪਰ ਤਕ ਅਪਗਰੇਡੇਸ਼ਨ ਕਰਨੇ ਹਨ, ਮਿਡਲ ਤੋਂ ਮੈਟ੍ਰਿਕ ਤਕ ਕਰਨ ਦਾ ਪੰਜਾਬ ਸਰਕਾਰ ਦਾ ਪਰੋਗਰਾਮ ਹੈ। ਇਕ ਅਰਬਨ ਰੀਨਿਊਅਲ ਸਕੀਮ ਬਾਰੇ ਡਾਕਟਰ ਸਾਹਿਬ ਨੇ ਵਾਇਦਾ ਵੀ ਕੀਤਾ ਸੀ ਸ਼ਹਿਰਾਂ ਵਿਚ ਵਾਟਰ ਸਪਲਾਈ ਸਕੀਮ ਹੈ ਔਰ ਫਿਰ ਸੀਵਰੇਜ਼ ਸਿਸਟਮ ਹੈ, ਉਸ ਨੂੰ ਅੱਗੇ ਤੋਰਨਾ ਹੈ ਪਰ ਪੈਸੇ ਦੀ ਘਾਟ ਹੈ। ਜ਼ਿਲ੍ਹਾ ਹੈਡਕੁਆਰਟਰ ਉਤੇ ਜਾਂ ਵੱਡੇ ਸ਼ਹਿਰਾਂ ਵਿਚ ਇਹ ਪਰੋਗਰਾਮ ਅੱਗੇ ਚਲਾਉਣ ਦੀ ਜੋ ਸਕੀਮ ਸਰਕਾਰ ਦੀ ਹੈ, ਇਹ ਵੀ ਪਰੇਜ਼ਵਰਦੀ ਹੈ। ਇਸ ਲਈ ਮੈਂ ਸਰਕਾਰ ਨੂੰ ਵਧਾਈ ਦਿੰਦਾ ਹਾਂ ਔਰ ਖਾਸ ਤੌਰ ਤੇ ਜਿਹੜੇ ਪਰੋਗਰਾਮ ਚਲਦੇ ਪਏ ਹਨ ਉਨ੍ਹਾਂ ਨੂੰ ਅੱਗੇ ਲੈ ਜਾਣਾ ਬੜਾ ਜ਼ਰੂਰੀ ਹੈ। ਫਿਰ ਇਕ ਸ਼ਹਿਰੀ ਅਰਬਨ ਅਥਾਰਿਟੀ ਦੀ ਲੋੜ ਹੈ। ਕਿਸੇ ਵੇਲੇ ਟੈਲੀਫੂਨ ਵਾਲਾ ਆਉਂਦਾ ਹੈ ਉਹ ਸੜਕ ਪੁੱਟ ਜਾਂਦਾ ਹੈ, ਜਦੋਂ ਉਹ ਠੀਕ ਕੀਤੀ ਜਾਂਦੀ ਹੈ ਤਾਂ ਪਾਣੀ ਵਾਲਾ ਆ ਜਾਂਦਾ ਹੈ, ਉਹ ਪੁੱਟ ਜਾਂਦਾ ਹੈ, ਫਿਰ ਸੀਵਰ ਵਾਲਾ ਆ ਜਾਂਦਾ ਹੈ, ਇਸ ਤਰ੍ਹਾਂ ਨਾਲ ਟਰਿਪਲੀਕੇਟ ਵੇਸਟੇਜ ਹੁੰਦੀ ਹੈ। ਇਸ ਲਈ ਅਰਬਨ ਅਥਾਰਿਟੀ ਦੀ ਹੱਦ ਬੜੀ ਹੀ ਜ਼ਰੂਰੀ ਹੈ।

ਫਿਰ ਟੂਰੈਸਟ ਕੰਪਲੈਕਸ ਖੋਲ੍ਹਣ ਦਾ ਪਰੋਗਰਾਮ ਹੈ, ਇਹ ਵੀ ਬਹੁਤ ਚੰਗਾ ਹੈ। ਫਤਿਹਗੜ੍ਹ ਸਾਹਿਬ ਔਰ ਮਾਨਸਾ ਦੇ ਇਲਾਕਿਆਂ ਨੂੰ ਜ਼ਿਲ੍ਹਾ ਹੈਡਕੁਆਰਟਰ ਦੀ ਬੜੀ ਲੋੜ ਸੀ। ਉਨ੍ਹਾਂ ਇਲਾਕਿਆਂ ਨੂੰ ਜ਼ਿਲ੍ਹਾ ਐਡਮਨਿਸਟਰੇਸ਼ਨ ਦੇ ਨਜ਼ਦੀਕ ਕਰਨ ਲਈ, ਜ਼ਿਲ੍ਹੇ ਡਿਕਲੇਅਰ ਕਰਨ ਦੀ ਬੜੀ ਵੱਡੀ ਪਰੇਜ਼ਵਰਦੀ ਬਾਤ ਹੈ। ਪਿੰਡ ਲੈਵਲ ਉਤੇ ਪਾਵਰਜ਼ ਡੀਸੈਂਟਰੇਲਾਈਜ਼ ਕਰਨ ਬਾਰੇ ਅਸੀਂ ਸੋਚਦੇ ਸੀ, ਔਰ ਖਾਸ ਤੌਰ ਤੇ ਜੋ ਮਹਾਤਮਾ ਗਾਂਧੀ ਜੀ ਨੇ ਸੋਚਿਆ ਸੀ, ਔਰ ਉਨ੍ਹਾਂ ਨੇ ਕਿਸੇ ਵਕਤ ਕਿਹਾ ਸੀ ਕਿ ਹੇਠਲੇ ਲੈਵਲ ਤੇ ਪਾਵਰਜ਼ ਦੇਣੀਆਂ ਬਹੁਤ ਜ਼ਰੂਰੀ ਹਨ। ਪਰ ਗੱਲ ਇਹ ਹੈ, ਸਪੀਕਰ ਸਾਹਿਬ, ਕਿ ਇਨ੍ਹਾਂ ਸਾਰੀਆਂ ਚੀਜਾਂ ਲਈ ਪੈਸੇ ਦੀ ਲੋੜ ਹੈ ਔਰ ਮੈਂ ਸਮਝਦਾ ਹਾਂ ਜਿਸ ਤਰ੍ਹਾਂ ਦੇ ਹਾਲਾਤ ਪਿੱਛੇ ਰਹੇ ਹਨ ਕੁਦਰਤੀ ਬਾਤ ਹੈ ਕਿ ਸਕਿਉਰਟੀ ਉਪਰ ਪੈਸਾ ਲਗਦਾ ਰਿਹਾ ਹੈ। 400 ਕਰੋੜ

[ਸ੍ਰੀ ਖੁਸ਼ਹਾਲ ਬਹਿਲ]

ਰੁਪਿਆ ਦੇਣਾ ਹੈ ਔਰ ਗੌਰਮਿੰਟ ਆਫ ਇੰਡੀਆ ਨੇ ਸਾਡੇ ਵਲ ਕਰਜ਼ਾ ਕੱਢ ਦਿੱਤਾ ਹੈ ਔਰ ਹਾਲਾਂ ਕਿ ਉਹ ਪੈਸਾ ਗਵਰਨਰ ਸਾਹਿਬ ਦੇ ਰਾਜ ਵਿਚ ਖਰਚ ਹੋਇਆ ਸੀ। ਦੂਸਰੀ ਗੱਲ ਇਹ ਹੈ ਕਿ ਸੱਤ ਸਾਲ ਗੁਜ਼ਰੇ ਹਨ ਸਰਕਾਰ ਨੇ ਕੋਈ ਫੰਡ ਮਾਬੇਲਾਈਜ਼ ਕਰਨ ਦੀ ਕੋਸ਼ਿਸ਼ ਹੀ ਨਹੀਂ ਕੀਤੀ ਔਰ ਨਵੇਂ ਐਵੇਨਿਊਜ਼ ਵੀ ਨਹੀਂ ਢੂੰਡੇ। ਇਹ ਗੱਲ ਠੀਕ ਹੈ ਕਿ ਜੋ ਪੈਸਾ ਅਸੀਂ ਲੈਣਾ ਹੈ ਉਹ ਸਕਿਉਰਿਟੀ ਲਈ ਲੈਣਾ ਹੈ। ਅਸੀਂ ਸਫਰ ਕੀਤਾ ਹੈ ਇਹ ਪੰਜਾਬ ਦੀ ਪ੍ਰਾਬਲਮ ਨਹੀਂ, ਇਕੱਲੀ ਪੰਜਾਬ ਸਰਕਾਰ ਦੀ ਨਹੀਂ ਹੈ, ਇਹ ਸਾਰੇ ਦੇਸ਼ ਦੀ ਪ੍ਰਾਬਲਮ ਹੈ, ਮੁਲਕ ਦੀ ਪ੍ਰਾਬਲਮ ਹੈ। ਇਸ ਲਈ ਮੁਲਕ ਨੂੰ ਚਾਹੀਦਾ ਹੈ ਕਿ ਪੈਸੇ ਸ਼ੇਅਰ ਕਰੇ। ਅਸੀਂ ਬਾਰਡਰ ਉਤੇ ਬੈਠੇ ਹਾਂ, ਲੜਾਈ ਵੀ ਦੂਸਰੇ ਦੇਸ਼ ਨਾਲ ਲੜਨੀ ਪੈਂਦੀ ਹੈ, ਸਾਰਾ ਕੁਝ ਆਪਣੇ ਉਪਰ ਝਲਦੇ ਹਾਂ। ਜੇਕਰ ਕੋਈ ਲੜਾਕਾ ਬੰਦਾ ਬੈਠਾ ਹੋਇਆ ਹੈ ਔਰ ਸਾਨੂੰ ਕਿਹਾ ਜਾਵੇ ਕਿ ਤੂੰ ਇਸ ਨਾਲ ਲੜਾਈ ਕਰ ਤਾਂ ਫਿਰ ਮੁਲਕ ਨੂੰ ਸਾਡੀ ਸਹਾਇਤਾ ਵੀ ਕਰਨੀ ਚਾਹੀਦੀ ਹੈ ਪਰ ਉਨ੍ਹਾਂ ਨੇ ਸਾਡੇ ਸਿਰ ਇਤਨਾ ਵੱਡਾ ਕਰਜ਼ਾ ਖੜ੍ਹਾ ਕਰ ਦਿੱਤਾ ਹੈ ਜੋ ਕਿ ਮੈਂ ਸਮਝਦਾ ਹਾਂ ਕਿ ਇਹ ਸਾਡੇ ਨਾਲ ਧੱਕਾ ਹੈ। ਮੈਂ ਇਸ ਲਈ ਤੁਹਾਡੇ ਰਾਹੀਂ ਕਹਾਂਗਾ ਕਿ ਸਾਨੂੰ ਪੈਸੇ ਜ਼ਰੂਰ ਸੈਂਟਰ ਤੋਂ ਮਿਲਣੇ ਚਾਹੀਦੇ ਹਨ। ਪਿੱਛੇ ਜਿਹੜੀ ਮੀਟਿੰਗ ਹੋਈ ਹੈ ਸੈਂਟਰ ਦੇ ਵਿਚ ਉਸ ਵਿਚ ਸਾਡੇ ਚੀਫ ਮਨਿਸਟਰ ਸਾਹਿਬ ਨੇ ਕਿਹਾ ਹੈ, ਔਰ ਬਿਲਕੁਲ ਠੀਕ ਕਿਹਾ ਹੈ, ਕਿ ਸੂਬਿਆਂ ਨੂੰ ਪੈਸੇ ਦੇ ਅਧਿਕਾਰ ਜ਼ਰੂਰ ਦਿਓ। ਉਹ ਗੱਲ ਬੜੀ ਢੁੱਕਦੀ ਹੈ। ਇਸ ਤਰ੍ਹਾਂ ਹੈ ਕਿ ਜਿਤਨੀ ਡਿਵੈਲਪਮੈਂਟ ਅਸੀਂ ਕਰਨੀ ਚਾਹੁੰਦੇ ਹਾਂ ਉਸ ਦੇ ਲਈ ਪੈਸੇ ਚਾਹੀਦੇ ਹਨ, ਫੰਡ ਚਾਹੀਦਾ ਹੈ, ਔਰ ਜੇਕਰ ਫੰਡ ਨਹੀਂ ਹੈ ਤਾਂ ਫਿਰ ਅਸੀਂ ਉਹ ਸਾਰੇ ਕੰਮਾਂ ਲਈ ਡਾਇਰੈਕਸ਼ਨ ਕਿਸ ਤਰ੍ਹਾਂ ਦੇਣੀ ਹੈ। ਲੇਕਿਨ ਇਹ ਜਿਹੜੀ ਸਾਡੇ ਮਨ ਵਿਚ ਗੱਲ ਸੀ ਉਸ ਨੂੰ ਇਨ੍ਹਾਂ ਨੇ ਤਕੜੇ ਹੋ ਕੇ ਐਕਸਪਰੈਸ ਕੀਤਾ ਹੈ। ਸਿਰਫ ਸਾਡੀ ਸਟੇਟ ਹੀ ਨਹੀਂ ਇਹ ਮੰਗ ਕਰਦੀ ਬਲਕਿ ਹੋਰ ਸਟੇਟਸ ਵੀ ਇਹ ਮੰਗ ਕਰਦੀਆਂ ਹਨ। ਇਸ ਲਈ ਸਾਡੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਸੈਂਟਰ ਜਾਂ ਤਾਂ ਕੋਈ ਫਾਰਮੂਲਾ ਬਦਲੇ ਜਾਂ ਪੂਰਾ ਸਹਿਯੋਗ ਦੇਵੇ। ਉਹ ਆਪਣੇ ਸੋਰਸਿਜ਼ ਵਿਚੋਂ ਪੈਸਾ ਕੱਢਕੇ ਦੇਵੇ ਤਾਂਕਿ ਸਾਡੀ ਸਟੇਟ ਤਰੱਕੀ ਕਰ ਸਕੇ ਔਰ ਆਪਣੀ ਸ਼ਕਲ ਸੂਰਤ ਨੂੰ ਹੋਰ ਅੱਛਾ ਕਰ ਸਕੇ। ਸਾਡੀ ਸਟੇਟ ਨੇ ਜਿਥੇ ਐਗਰੀ-ਕਲਚਰ ਅਤੇ ਇੰਡਸਟਰੀ ਵਿਚ ਜਿਥੇ ਵਾਧਾ ਕੀਤਾ ਹੈ ਸਾਨੂੰ ਉਸ ਦੀ ਸਜ਼ਾ ਨਹੀਂ ਮਿਲਣੀ ਚਾਹੀਦੀ ਬਲਕਿ ਸ਼ਾਬਾਸ਼ ਮਿਲਣੀ ਚਾਹੀਦੀ ਹੈ ਸਾਡੀ ਪਿੱਠ ਤੇ ਹੱਥ ਠੋਕਣਾ ਚਾਹੀਦਾ ਹੈ। ਪਿੱਠ ਤੇ ਹੱਥ ਠੋਕਣ ਦਾ ਮਤਲਬ ਇਹ ਹੈ ਕਿ ਸੈਂਟਰ ਪੈਸਾ ਦੇਵੇ। ਇਹ ਜ਼ਰੂਰੀ ਹੈ। ਜ਼ਰੂਰੀ ਇਸ ਢੰਗ ਨਾਲ ਵੀ ਹੈ ਕਿ ਸਾਡੀ ਸਟੇਟ ਹੁਣ ਹੋਰ ਤਰੱਕੀ ਕਰ ਸਕੇ। ਇਸ ਦੇ ਨਾਲ, ਸਪੀਕਰ ਸਾਹਿਬ, ਖਾਸ ਕਰਕੇ ਮੈਂ ਇਹ ਵੀ ਮੰਗ ਕਰਦਾ ਹਾਂ ਕਿ ਸਾਡਾ ਜਿਹੜਾ ਨਾਨ-ਪਲਾਨ ਖਰਚਾ ਹੈ ਇਸ ਨੂੰ ਘੱਟ ਕੀਤਾ ਜਾਵੇ। ਮੈਂ ਪਿਛੇ ਡਾਕਟਰ ਸਾਹਿਬ ਨੂੰ ਮਿਲਿਆ ਸੀ ਤਾਂ ਉਨ੍ਹਾਂ ਨੂੰ ਦਸਿਆ ਸੀ ਕਿ ਇਸ ਵੇਲੇ 38 ਪ੍ਰਤੀਸ਼ਤ ਖਰਚਾ ਨਾਨ-ਪਲਾਨ ਤੇ ਹੋ ਰਿਹਾ ਹੈ, ਸ਼ਾਇਦ ਹੁਣ ਕੁਝ ਘੱਟ ਗਿਆ ਹੋਵੇ। ਪਰ ਇਹ ਜਿਹੜਾ ਨਾਨ-ਪਲਾਨ ਖਰਚਾ ਹੈ ਇਹ ਹੋਰ ਘਟਣਾ ਚਾਹੀਦਾ ਹੈ ਇਸ ਵਾਸਤੇ ਸਾਡੀ ਜਿਹੜੀ ਐਡਮਨਿਸਟਰੇਸ਼ਨ ਹੈ ਕਿ ਉਹ ਪੂਰਾ ਕੋਆਪਰੇਸ਼ਨ ਦੇਵੇ ਔਰ ਇਸ ਨਾਨ-ਪਲਾਨ ਖਰਚੇ ਨੂੰ 8 ਪ੍ਰਤੀਸ਼ਤ ਤਕ ਲਿਆਉਣਾ ਚਾਹੀਦਾ ਹੈ। ਪਿਛੇ ਜਿਹੜਾ ਬਜਟਰੀ ਲਾਸ ਹੋਇਆ ਹੈ, 1992 ਵਿਚ ਇਹ ਬੜਾ ਵਡਾ ਗੈਪ ਸੀ, ਉਸ ਗੈਪ ਨੂੰ ਫਿੱਲ-ਅੱਪ ਕਰਨ ਲਈ ਕੋਈ ਰਾਹ ਨਹੀਂ ਸੀ। ਸਾਡੀ ਸਰਕਾਰ ਨੇ ਪੂਰੀ ਕੋਸ਼ਿਸ਼ ਕੀਤੀ ਹੈ ਔਰ ਮੈਂ ਸਮਝਦਾ ਹਾਂ ਕਿ ਸੈਂਟਰ ਸਰਕਾਰ ਨੂੰ ਫਿਨਾਂਸ ਵਗੈਰਾ ਜ਼ਿਆਦਾ ਦੇਣੇ ਚਾਹੀਦੇ ਸੀ ਔਰ ਟੈਕਸ ਵਗੈਰਾ ਵਿਚ ਮਦਦ ਕਰਨੀ ਚਾਹੀਦੀ ਸੀ। ਇਸ ਤਰ੍ਹਾਂ ਦਾ ਫਾਰਮੂਲਾ ਅਖਤਿਆਰ ਕਰਨਾ ਚਾਹੀਦਾ ਹੈ ਕਿ ਜਿਹੜੀਆਂ ਸਟੇਟਸ ਜ਼ਿਆਦਾ ਮੇਹਨਤ ਕਰਦੀਆਂ ਹਨ, ਉਨ੍ਹਾਂ ਨੂੰ ਵਧੇਰੇ ਪੈਸੇ ਦੇਣੇ

ਚਾਹੀਦੇ ਹਨ। ਇਹ ਜਿਹੜੀ ਸੈਂਟਰ ਸਰਕਾਰ ਦੀ ਫਿਜ਼ੀਕਲ ਨੀਤੀ ਹੈ, ਜਿਹੜੀ ਮੈਨੇਜਮੈਂਟ ਹੈ, ਉਸ ਵਿਚ ਤਬਦੀਲੀ ਲਿਆਉਣੀ ਚਾਹੀਦੀ ਹੈ ਔਰ ਸਾਡੀ ਮਦਦ ਜ਼ਰੂਰ ਕਰਨੀ ਚਾਹੀਦੀ ਹੈ। ਇਹ ਠੀਕ ਹੈ ਸਾਡੇ ਸੀ.ਐਮ ਸਾਹਿਬ ਨੇ ਵੀ ਸੈਂਟਰ ਤੋਂ ਮਦਦ ਲੈਣ ਲਈ ਬੜੇ ਅੱਛੇ ਸੈਂਟੀਮੈਂਟਸ ਨਾਲ ਲੀਡ ਦਿੱਤੀ ਹੈ, ਜਿਸ ਲਈ ਮੈਂ ਉਨ੍ਹਾਂ ਨੂੰ ਵਧਾਈ ਦਿੰਦਾ ਹਾਂ।

ਸਪੀਕਰ ਸਾਹਿਬ, ਮੈਂ ਬਹੁਤਾ ਨਹੀਂ ਕਹਿਣਾ। ਦੋ ਗਲਾਂ ਮਤਲਬ ਦੀਆਂ ਕਰਨੀਆਂ ਹਨ। ਸਪੀਕਰ ਸਾਹਿਬ, ਪੰਜਾਬ ਦੀ ਜਿਹੜੀ ਸਿਚੂਏਸ਼ਨ ਹੈ, ਜੋ ਲਾਅ ਐਂਡ ਆਰਡਰ ਦੀ ਪੁਜੀਸ਼ਨ ਹੈ ਇਸ ਨੂੰ ਠੀਕ ਕਰਨ ਲਈ ਸੀ.ਐਮ. ਸਾਹਿਬ ਨੇ ਬੜੀ ਕੋਸ਼ਿਸ਼ ਕੀਤੀ ਹੈ। ਇਸ ਨੂੰ ਠੀਕ ਕਰਨ ਲਈ ਕੋਈ ਪੁਲੀਟੀਕਲ ਮਸਲਾ ਕਹਿੰਦਾ ਹੈ ਔਰ ਕੋਈ ਪੈਕੇਜ਼ ਕਹਿੰਦਾ ਹੈ। ਪੈਕੇਜ਼ ਦਾ ਮਤਲਬ ਹੁੰਦਾ ਹੈ ਕੋਈ ਸੌਦਾ ਕਰ ਲੈਣਾ ਔਰ ਪੁਲਿਟੀਕਲੀ ਮਸਲੇ ਦਾ ਮਤਲਬ ਹੈ ਕਿ ਕੋਈ ਪੁਲਿਟੀਕਲ ਡਿਮਾਂਡਜ਼ ਹੋਣ ਉਹ ਪੂਰੀਆਂ ਕੀਤੀਆਂ ਜਾਣ। ਪਰ ਜੇ ਕੋਈ ਮੁਲਕ ਨੂੰ ਵਖਰਾ ਕਰਨ ਦੀ ਗੱਲ ਕਰੇ, ਖਾਲਿਸਤਾਨ ਦੀ ਗੱਲ ਕਰੇ, ਮੁਲਕ ਨੂੰ ਤੋੜਨ ਵਾਲੀ ਗੱਲ ਕਰੇ ਤਾਂ ਉਹ ਤਾਂ ਨਾ ਮੰਨਣਯੋਗ ਗੱਲ ਹੈ ਨਾ ਨੈਗੋਸ਼ੀਏਬਲ ਗਲ ਹੈ। ਸਿਚੂਏਸ਼ਨ ਲਾ ਐਂਡ ਆਰਡਰ ਦੀ ਹੈ ਕਿਸ ਢੰਗ ਨਾਲ ਠੀਕ ਹੋਣੀ, ਹੈ, ਸਾਡੇ ਸੀ.ਐਮ. ਸਾਹਿਬ ਇਸ ਤੇ ਪੂਰਾ ਜ਼ੋਰ ਲਾ ਰਹੇ ਹਨ। ਉਹ ਇਹ ਨਹੀਂ ਕਹਿੰਦੇ ਕਿ ਇਹ ਕਿਸੇ ਹੋਰ ਪਾਰਟੀ ਦੀ ਮੰਗ ਹੈ, ਉਹ ਕਹਿੰਦੇ ਹਨ ਕਿ ਇਹ ਸਾਡੀ ਮੰਗ ਹੈ, ਇਹ ਜ਼ਰੂਰੀ ਹੈ ਕਿ ਉਹ ਮਸਲੇ ਗੱਲਬਾਤ ਨਾਲ ਹੱਲ ਹੋਣੇ ਚਾਹੀਦੇ ਹਨ। ਸਪੀਕਰ ਸਾਹਿਬ, ਵਾਇਲੈਂਸ ਨਾਲ ਤਾਂ ਕੋਈ ਗੱਲ ਨਹੀਂ ਬਣਦੀ। ਇਹ ਤਾਂ ਇਕ ਗਲਤ ਗੱਲ ਹੈ। ਲੇਕਿਨ ਜਿਹੜੀਆਂ ਪੰਜਾਬ ਦੀਆਂ ਮੰਗਾਂ ਹਨ, ਉਹ ਸਾਡੀ ਸਰਕਾਰ ਇਹ ਕਦੇਂ ਨਹੀਂ ਕਹਿੰਦੀ ਕਿ ਇਹ ਕਿਸੇ ਹੋਰ ਪਾਰਟੀ ਦੀ ਮੰਗ ਹੈ ਇਹ ਕਹਿੰਦੇ ਹਾਂ ਕਿ ਇਹ ਸਾਡੀ ਕਾਂਗਰਸ ਦੀ ਮੰਗ ਹੈ। ਇਹ ਸਾਡੀ ਖੁਸ਼ਕਿਸਮਤੀ ਹੈ ਕਿ ਚੰਡੀਗੜ੍ਹ ਪੰਜਾਬ ਨੂੰ ਮਿਲਣਾ ਚਾਹੀਦਾਂ ਹੈ। ਇਸ ਵਾਸਤੇ ਇਸੇ ਹਾਊਸ ਵਿਚੋਂ ਯੂਨਾਨੀਮਸਲੀ ਰੈਜ਼ੋਲਿਊਸ਼ਨ ਵੀ ਪਾਸ ਕੀਤਾ ਹੈ। ਚੰਡੀਗੜ੍ਹ ਪੰਜਾਬ ਦੀ ਰਾਜਧਾਨੀ ਹੈ ਔਰ ਇਹ ਪੰਜਾਬ ਨੂੰ ਮਿਲਣਾ ਚਾਹੀਦਾ ਹੈ। ਚੰਡੀਗੜ੍ਹ ਉਤੇ ਸਾਡਾ ਕਾਨੂੰਨੀ ਹੱਕ ਹੈ ਅਤੇ ਇਹ ਪੰਜਾਬ ਲਈ ਬਣਾਇਆ ਗਿਆ ਸੀ। ਇਸ ਦੇ ਨਾਲ ਸਾਡੇ ਸੈਂਟੀ-ਮੈਂਟ ਜੁੜੇ ਹੋਏ ਹਨ।

ਨਾ ਹੀ ਰੇਲਵੇ ਐਕਸਪੈਨਸ਼ਨ ਨਹੀਂ ਹੋਈ। ਅਗਰ 1947 ਤੋਂ ਦੇਖਿਆ ਜਾਵੇ ਤਾਂ ਪੰਜਾਬ ਵਿਚ ਮੀਨੀਮਮ ਰੇਲਵੇ ਦੀ ਐਕਸਪੈਨਸ਼ਨ ਹੋਈ ਹੈ। ਜਦ ਕਿ ਦੂਜਿਆਂ ਪ੍ਰਦੇਸ਼ਾਂ ਵਿਚ ਰੇਲਵੇ ਦੀ ਬਹੁਤ ਜ਼ਿਆਦਾ ਐਕਸਪੈਨਸ਼ਨ ਕੀਤੀ ਜਾ ਚੁੱਕੀ ਹੈ। ਪੰਜਾਬ ਵਿਚ ਕੋਈ ਵੱਡੀ ਇੰਡਸਟਰੀ ਨਹੀਂ ਦਿੱਤੀ ਗਈ ਹੈ। ਇਹ ਠੀਕ ਹੈ ਕਿ ਇਥੇ ਨਾ ਕੋਇਲਾ ਹੁੰਦਾ ਹੈ ਨਾ ਲੋਹਾਂ ਹੁੰਦਾ ਹੈ ਪਰ ਸਾਡੇ ਕੋਲ ਟੈਕਨੀਸ਼ੀਅਨਜ਼ ਦੀ ਕੋਈ ਕਮੀ ਨਹੀਂ ਹੈ ਅਤੇ ਸਾਡੇ ਕੋਲ ਟੈਕਨੀਕਲ-ਨੋ-ਹਾਓ ਬਹੁਤ ਜ਼ਿਆਦਾ ਹੈ। ਇਸ ਲਈ ਇਥੇ ਵਡੀ ਇੰਡਸਟਰੀ ਲਗਾਉਣ ਦੀ ਲੋੜ ਹੈ। ਅਗਰ ਵੱਡੀ ਇੰਡਸਟਰੀ ਲਗੇਗੀ ਤਾਂ ਹੀ ਇਥੇ ਐਕਸੀਲਰੀ ਯੂਨਿਟਸ ਲਗਣਗੇ ਅਤੇ ਹੋਰ ਛੋਟੇ ਛੋਟੇ ਯੂਨਿਟਜ਼ ਕੰਮ ਕਰਨਗੇ। ਇਥੇ ਪਿਛੇ ਐਨ.ਆਰ.ਆਈ. ਆਏ ਸਨ ਅਤੇ ਉਨ੍ਹਾਂ ਨੇ ਇਥੇ ਲੋਕਾਂ ਵਿਚ ਕਾਫੀ ਉਤਸ਼ਾਹ ਵੇਖਿਆ ਅਤੇ ਹੁਣ ਪੰਜਾਬ ਵਿਚ ਸ਼ਾਂਤੀ ਦਾ ਮਾਹੌਲ ਹੈ ਅਤੇ ਹਾਲਾਤ ਵੀ ਸੁਖਾਵੇਂ ਹਨ ਇਸ ਲਈ ਉਮੀਦ ਹੈ ਕਿ ਐਨ.ਆਰ.ਆਈ. ਵਾਲੇ ਇਥੇ ਵੱਡੀ ਇੰਡਸਟਰੀ ਲਗਾਉਣਗੇ। ਇਸ ਦੇ ਨਾਲ ਮੇਰੀ ਬੇਨਤੀ ਹੈ ਕਿ ਸੈਂਟਰਲ ਗੌਰਮਿੰਟ ਨੂੰ ਵੀ ਹੈਵੀ ਇੰਡਸਟਰੀ ਲਗਾਉਣ ਲਈ ਜ਼ੋਰ ਪਾਇਆ ਜਾਣਾ ਚਾਹੀਦਾ ਹੈ ਤਾਂ ਹੀ ਸਾਡਾ ਰਾਜ਼ ਤਰੱਕੀ ਕਰ ਸਕਦਾ ਹੈ।

Mr. Speaker : Wind up please.

ਸ੍ਰੀ ਖੁਸ਼ਹਾਲ ਬਹਿਲ : ਸਪੀਕਰ ਸਹਿਬ, ਬੈਂਕ ਡਿਪਾਜਿਟ ਦੀ ਗਲ ਕਰਾਂਗਾ ਕਿ ਇਨ੍ਹਾਂ ਵਿਚ 60 ਤੋਂ 70 ਪ੍ਰਤੀਸ਼ਤ ਸਾਡਾ ਪੈਸਾ ਜਮ੍ਹਾਂ ਹੁੰਦਾ ਹੈ ਪਰ ਜਦ ਕਿ ਇਨ੍ਹਾਂ ਦੀ ਪੰਜਾਬ ਵਿਚ ਇਨਵੈਸਟਮੈਂਟ ਰੇਸ਼ੋ 25 ਪ੍ਰਤੀਸ਼ਤ ਹੋਵੇਗੀ। ਇਹ ਬਹੁਤ ਮਾੜੀ ਗੱਲ ਹੈ। ਇਸ ਵੱਲ ਡਾਕਟਰ ਸਾਹਿਬ ਨੂੰ ਧਿਆਨ ਦੇਣ ਦੀ ਲੋੜ ਹੈ।

ਅਗਲੀ ਗੱਲ ਦਰਿਆਵਾਂ ਦੇ ਪਾਣੀ ਦੀ ਵੰਡ ਬਾਰੇ ਹੈ। ਇਸ ਬਾਰੇ ਕਾਫੀ ਪਹਿਲੇ ਜ਼ਿਕਰ ਕੀਤਾ ਗਿਆ ਹੈ । ਮੈਂ ਡੀਟੇਲਜ਼ ਵਿਚ ਨਹੀਂ ਜਾਣਾ ਚਾਹੁੰਦਾ, ਸਪੀਕਰ ਸਾਹਿਬ, ਜਿੰਨੀ ਸਾਡੀ ਜ਼ਮੀਨ ਇਰੀਗੇਸ਼ਨ ਹੋ ਰਹੀ ਹੈ, ਇਸ ਦਾ 60 ਪ੍ਰਤੀਸ਼ਤ ਹਿੱਸਾ ਅਸੀਂ ਟਿਊਬਵੈਲਾਂ ਰਾਹੀਂ ਲਗਾ ਰਹੇ ਹਾਂ। ਇਹ ਪਾਣੀ ਅਸੀਂ ਜ਼ਮੀਨ ਦੇ ਥੱਲਿਓਂ ਕੱਢ ਰਹੇ ਹਾਂ ਜੋ ਸਾਡਾ ਸਰਮਾਇਆ ਹੈ। ਹੁਣ ਤਾਂ ਵਾਟਰ ਲੋਗਿੰਗ ਮੁੱਕ ਗਈ ਹੈ। ਪਾਣੀ ਧਰਤੀ ਤੋਂ 15--20 ਫੁੱਟ ਥੱਲੇ ਚਲਾ ਗਿਆ ਹੈ। ਇਹ ਘੱਟਦਾ ਜਾ ਰਿਹਾ ਹੈ। ਇਸ ਲਈ ਸਾਨੂੰ ਇਰੀਗੇਸ਼ਨ ਦਰਿਆ ਦੇ ਪਾਣੀ ਨਾਲ ਕਰਨੀ ਚਾਹੀਦੀ ਹੈ। ਨਹਿਰਾਂ ਦੇ ਪਾਣੀ ਦੇ ਨਾਲ 40 ਪ੍ਰਤੀਸ਼ਤ ਹੀ ਧਰਤੀ ਨੂੰ ਪਾਣੀ ਲਗਦਾ ਹੈ। ਟਿਊਬਵੈੱਲਾਂ ਰਾਹੀਂ ਪਾਣੀ 9 ਰੁਪਏ ਪਰ ਏਕੜ ਲਗਦਾ ਹੈ ਜਦ ਕਿ ਨਹਿਰੀ ਪਾਣੀ 9 ਪੈਸੇ ਪਰ ਏਕੜ ਲਗਦਾ ਹੈ। ਇਸ ਲਈ ਸਾਡਾ ਪੈਸਾ ਬੱਚ ਸਕਦਾ ਹੈ ਜੇਕਰ ਅਸੀਂ ਨਹਿਰੀ ਪਾਣੀ ਨਾਲ ਇਰੀਗੇਸ਼ਨ ਕਰੀਏ। ਦਰਿਆਵਾਂ ਦੇ ਪਾਣੀ ਉਤੇ ਸਾਡਾ ਹੱਕ ਹੈ। ਪਿਛੇ ਇਕ ਮੀਟਿੰਗ ਹੋਈ ਜਿਸ ਵਿਚ ਹਰਿਆਣਾ, ਹਿਮਾਚਲ ਪ੍ਰਦੇਸ਼, ਰਾਜਸਥਾਨ ਯੂ.ਪੀ. ਅਤੇ ਦਿੱਲੀ ਯੂ.ਟੀ. ਦੇ ਲੋਕ ਬੈਠੇ ਸਨ ਉਨ੍ਹਾਂ ਨੇ ਕਿਹਾ ਕਿ ਪਾਣੀ ਦੀ ਵੰਡ ਦਾ ਫਾਰਮੂਲਾ ਵਰਕ ਆਊਟ ਕੀਤਾ ਜਾਵੇ। 1966 ਤੋਂ ਹਰਿਆਣਾ ਪੰਜਾਬ ਤੋਂ ਅਲਗ ਹੋਇਆ ਸੀ ਇਸ ਲਈ ਹਰਿਆਣੇ ਦਾ ਹੱਕ ਬਣਦਾ ਹੈ। ਅਸੀਂ ਕਿਹਾ ਕਿ ਪਾਣੀ ਦੀ ਵੰਡ ਅਸੀਂ ਆਪੇ ਕਰ ਲਵਾਂਗੇ ਤੁਹਾਡੀ ਲੋੜ ਨਹੀਂ ਹੈ। ਉਨ੍ਹਾਂ ਦੀ ਗੱਲ ਸਿਰੇ ਨਹੀਂ ਚੜ੍ਹੀ। ਇਸ ਲਈ ਜਿੰਨੀ ਦੇਰ ਪੰਜਾਬ ਨੂੰ ਪੰਜਾਬ ਦਾ ਹਿੱਸਾ ਨਹੀਂ ਦਿੱਤਾ ਜਾਂਦਾ, ਪਾਣੀ ਦੀ ਵੰਡ ਠੀਕ ਨਹੀਂ ਹੋ ਜਾਂਦੀ। ਯਮਨਾ ਪਾਣੀ ਵੰਡ ਕਰਨ ਦੀ ਲੋੜ ਹੈ। ਸਤਲੁਜ ਦਾ ਪਾਣੀ ਕੰਪਲੀਟ ਯੁਟੇਲਾਈਜ਼ ਹੋ ਰਿਹਾ ਹੈ। ਰਾਵੀ ਦੇ ਪਾਣੀ ਬਾਰੇ ਰੀ-ਆਰ-ਗੇਨਾਈਜੇਸ਼ਨ ਦੇ ਵਕਤ 60:40 ਦੀ ਰੇਸ਼ੋ ਦਾ ਫੈਸਲਾ ਹੋਇਆ ਸੀ ਉਸ ਵਿਚ ਰਾਵੀ ਦੇ ਪਾਣੀ ਬਾਰੇ ਕੋਈ ਗੱਲ ਨਹੀਂ ਸੀ। ਕੋਈ ਜ਼ਿਕਰ ਨਹੀਂ ਕੀਤਾ ਹੋਇਆ। ਰਾਵੀ ਦਾ ਪਾਣੀ ਸਾਡਾ ਹੈ। ਇਹ ਬਾਰਡਰ ਤੇ ਵੱਗ ਰਿਹਾ ਹੈ। ਇਹ ਕਿਸ ਢੰਗ ਨਾਲ ਲਿਆ ਜਾ ਸਕਦਾ ਹੈ। ਰਾਵੀ ਦੇ ਪਾਣੀ ਉਤੇ ਪੰਜਾਬ ਦਾ ਕਾਨੂੰਨੀ ਇਖਲਾਕੀ ਅਤੇ ਕਾਂਸਟੀਚਿਊਸ਼ਨਲ ਹੱਕ ਬਣਦਾ ਹੈ। ਬਿਆਸ ਬਾਰੇ ਗੱਲ ਇਹ ਹੈ ਕਿ 1955 ਦੇ ਐਕਟ ਮੁਤਾਬਿਕ ਪਾਣੀ ਦੇ ਵੰਡ ਦੀ ਗੱਲ ਹੈ ਇਹ ਵੀ ਕੋਰਟ ਵਿਚ ਚੈਲੰਜ਼ ਹੋ ਸਕਦੀ ਹੈ। ਪਾਣੀ ਨੂੰ ਕਿਸ ਆਧਾਰ ਤੇ ਵੰਡ ਦਿੱਤਾ। ਇਸ ਐਕਟ ਅਧੀਨ ਬਿਆਸ ਦੇ ਪਾਣੀ ਦੀ ਵੰਡ ਗਲਤ ਹੋਈ ਹੈ। ਜਦੋਂ 1976 ਵਿਚ ਇਸ ਪਾਣੀ ਦਾ ਜ਼ਿਕਰ ਕੀਤਾ ਗਿਆ ਅਤੇ ਇਸ ਪਾਣੀ ਦੀ ਵੰਡ ਕੀਤੀ ਗਈ ਸੀ ਉਸ ਵੇਲੇ ਵੀ ਅਸੀਂ ਇਸ ਦੇ ਖਿਲਾਫ ਪਰੋਟੈਸਟ ਕੀਤਾ ਸੀ। ਅਸੀਂ ਇਹ ਪਰੋਟੈਸਟ ਪੰਜਾਬ ਅਸੈਂਬਲੀ ਵਿਚ ਸਾਰਿਆਂ ਨੇ ਮਿਲ ਕੇ ਕੀਤਾ ਸੀ ਉਸ ਵੇਲੇ ਇਥੇ ਪੰਜਾਬ ਵਿਚ ਗਿਆਨੀ ਜ਼ੈਲ ਸਿੰਘ ਦੀ ਮਨਿਸਟਰੀ ਸੀ। ਅਸੀਂ ਇਹ ਪਰੋਟੈਸਟ ਪੰਜਾਬ ਅਸੈਂਬਲੀ ਦੇ ਵਿਚ ਮਤਾ ਪਾਸ ਕਰਕੇ ਸੈਂਟਰ ਨੂੰ ਲਿਖ ਕੇ ਭੇਜਿਆ ਸੀ ਕਿ ਜੋ ਬਿਆਸ ਦਾ ਪਾਣੀ ਵਾਧੂ ਹੈ ਉਹ 1.24 ਹੈ। ਇਸ ਵਿਚੋਂ 0.50 ਹਰਿਆਣੇ ਦਾ ਹੈ ਬਾਕੀ ਸਾਰਾ ਸਾਡਾ ਪਾਣੀ ਹੈ। ਪਾਣੀ ਨੂੰ ਲੈਣ ਲਈ ਪੰਜਾਬ ਸਰਕਾਰ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ। 9 ਲੱਖ ਏਕੜ ਜ਼ਮੀਨ ਨੂੰ ਅਸੀਂ ਇਸ ਪਾਣੀ ਨਾਲ ਸਿੰਚਾਈ ਕਰ ਸਕਦੇ ਹਾਂ। ਜੇਕਰ ਸਾਨੂੰ ਪਾਣੀ ਨਹੀਂ ਮਿਲੇਗਾ ਤਾਂ ਕੀ ਪੰਜਾਬ ਨੂੰ ਰੇਗਿਸਤਾਨ ਬਨਾਉਣਾ ਹੈ। ਪੰਜਾਬ ਦੇ ਕਿਸਾਨਾਂ ਨੂੰ ਅਸੀਂ ਪਾਣੀ ਦੇਣਾ ਹੈ। ਅਸੀਂ ਸਾਰੇ ਪੰਜਾਬ ਦੇ ਕਿਸਾਨ ਦੇ ਨਾਲ ਖੜ੍ਹੇ ਹਾਂ।

ਮੈਂ ਸਮਝਦਾ ਹਾਂ ਕਿ ਸੀ.ਐਮ. ਸਾਹਿਬ ਦੀ ਆਵਾਜ਼ ਮਜਬੂਤ ਹੈ। ਉਨ੍ਹਾਂ ਦੀ ਆਵਾਜ਼ ਤਕੜੀ ਹੈ। ਉਨ੍ਹਾਂ ਨਾਲ ਸਾਰੀਆਂ ਪਾਰਟੀਆਂ ਖੜ੍ਹੀਆ ਹਨ ਹਰਿਆਣੇ ਦਾ ਜੋ ਹਿੱਸਾ ਬਣਦਾ ਹੈ ਉਹ ਦੇ ਦਿੱਤਾ ਹੈ। ਇਸ ਬਾਰੇ ਸਾਨੂੰ ਸਾਰਿਆਂ ਨੂੰ ਮਿਲਕੇ ਸੋਚਣਾ ਚਾਹੀਦਾ ਹੈ। ਹਰਿਆਣਾ ਪਹਿਲਾਂ ਕਿਤਨਾ ਪਾਣੀ ਯੂਜ਼ ਕਰਦਾ ਸੀ। ਸਪੀਕਰ ਸਾਹਿਬ, ਸਰਪਲਸ ਪਾਣੀ ਮੰਗਦੇ ਹਨ ਪਰ ਸਰਪਲਸ ਪਾਣੀ ਤਾਂ ਕਿਤੇ ਵੀ ਨਹੀਂ ਹੈ। ਸਪੀਕਰ ਸਾਹਿਬ, ਮੈਂ ਬਹੁਤ ਸਾਰੀਆਂ ਗੱਲਾਂ ਤੁਹਾਡੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਪਰ ਤੁਸੀਂ ਸਾਨੂੰ ਬੋਲਣ ਲਈ ਟਾਇਮ ਨਹੀਂ ਦਿੰਦੇ। ਅਸੀਂ ਗਲਾਂ ਤਾਂ ਬਹੁਤ ਕਰਨੀਆਂ ਸਨ। ਮੈਨੂੰ ਸਪੀਕਰ ਸਾਹਿਬ, ਇਸ ਗੱਲ ਦੀ ਖੁਸ਼ੀ ਹੈ ਕਿ ਕੋਈ ਐਗਰੀਮੈਂਟ ਨਵਾਂ ਹੋ ਰਿਹਾ ਹੈ। ਪਹਿਲੇ ਫੈਸਲੇ ਪੰਜਾਬ ਸਰਕਾਰ ਨੇ ਸਕਰੈਪ ਕਰ ਦਿੱਤੇ। ਨਵੇਂ ਸਿਰਿਓਂ ਤੋਂ ਕੇਸ ਐਗਜ਼ਾਮਿਨ ਹੋ ਰਿਹਾ ਹੈ। ਇਸ ਨਾਲ ਪੰਜਾਬ ਸਰਕਾਰ ਦੇ ਹੱਥ ਮਜਬੂਤ ਹੋਏ ਹਨ। ਸਪੀਕਰ ਸਾਹਿਬ, ਮੈਂ ਇੱਕ ਗੱਲ ਹੋਰ ਕਹਿਣਾ ਚਾਹੁੰਦਾ ਹਾਂ ਕਿ ਪਹਿਲਾ ਸਾਲ ਲਾਅ ਐਂਡ ਆਰਡਰ ਤੇ ਲਾਇਆ ਹੈ ਔਰ ਨਾਲ ਦੀ ਨਾਲ ਪੰਜਾਬ ਵਿਚ ਡਿਵੈਲਪਮੈਂਟ ਵੀ ਜਾਰੀ ਰਹੀ ਹੈ। ਲੇਕਿਨ ਅਗਲਾ ਸਾਲ ਅਸੀਂ ਐਂਟੀ ਕੁਰਪਸ਼ਨ ਦੇ ਤੌਰ ਤੇ ਮਨਾਉਣਾ ਹੈ। ਇਸ ਦਾ ਇਹ ਮਤਲਬ ਨਹੀਂ ਕਿ ਕੋਈ ਸੈਲੀਬਰੇਸ਼ਨ ਹੈ ਬਲਕਿ ਅਸੀਂ ਅਗਲਾ ਸਾਲ ਐਥਿਕਸ ਮੇਨਟੇਨ ਕਰਨ ਲਈ ਕੋਸ਼ਿਸ਼ ਕਰਨੀ ਹੈ। ਪਿਛੇ ਚਾਰ ਪੰਜ ਸਾਲ ਪਰੈਜ਼ੀਡੈਂਟ ਰੂਲ ਰਿਹਾ ਹੈ। ਪੰਜਾਬ ਦੇ ਲੋਕਾਂ ਨੇ ਉਹ ਸਮਾਂ ਵੀ ਦੇਖਿਆ ਸੀ। ਸਪੀਕਰ ਸਾਹਿਬ, ਅਸੀਂ ਪੰਜ ਸਾਲਾ ਪਲਾਨ ਬਣਾਈ ਜਾਈਏ ਔਰ ਲੋਕਾਂ ਤੇ ਟੈਕਸ ਲਗਾਈਏ ਕਿ ਸੜਕਾਂ ਬਣਾਉਣੀਆਂ ਹਨ, ਡੈਮ ਬਨਾਉਣੇ ਹਨ ਅਤੇ ਕਨਸਟਰਕਸ਼ਨ ਵਰਕਸ ਤੇ ਰੁਪਿਆ ਖਰਚ ਕਰਨਾ ਹੈ, ਹਸਪਤਾਲ, ਦਵਾਈਆਂ ਅਤੇ ਹੋਰ ਸੋਸ਼ਲ ਸਰਵਿਸ ਤੇ ਰੁਪਿਆ ਖਰਚ ਕਰਨਾ ਹੈ। ਇਸ ਤਰ੍ਹਾਂ ਜੇਕਰ ਪੈਸਾ ਖਰਚ ਹੁੰਦਾ ਰਿਹਾ ਤਾਂ ਇਕ ਪੰਜ ਸਾਲਾ ਪਲਾਨ 25 ਸਾਲਾ ਪਲਾਨ ਬਣ ਜਾਵੇਗੀ। ਚੰਗੀ ਐਡਮਨਿਸਟਰੇਸ਼ਨ ਹੋਣੀ ਚਾਹੀਦੀ ਹੈ। ਗੌਰਮਿੰਟ ਨੇ ਚੰਗੇ ਕੰਮ ਕਰਨੇ ਹਨ। ਮੈਨੂੰ ਬੜੇ ਦੁਖ ਦੇ ਨਾਲ ਕਹਿਣਾ ਪੈਂਦਾ ਹੈ ਕਿ ਕੁਝ ਕਮੀਆਂ ਹਨ ਪਰ ਮੈਂ ਇਹ ਨਹੀਂ ਕਹਿੰਦਾ ਕਿ ਸਾਰੇ ਅਫਸਰਾਂ ਦੀ ਟੀਮ ਖਰਾਬ ਹੈ। ਮੈਂ ਕਹਿੰਦਾ ਹਾਂ ਕਿ ਕੰਮ ਵਿਚ ਇੰਮਪਰੂਵਮੈਂਟ ਹੋਣੀ ਚਾਹੀਦੀ ਹੈ। ਐਡਮਨਿਸਟਰੇਸ਼ਨ ਸਾਫ ਸੁਥਰੀ ਹੋਣੀ ਚਾਹੀਦੀ ਹੈ। ਸਪੀਕਰ ਸਾਹਿਬ, ਮੈਨੂੰ ਖੁਸ਼ੀ ਹੈ ਕਿ ਸੀ.ਐਮ. ਸਾਹਿਬ ਨੇ ਫੈਸਲਾ ਕੀਤਾ ਹੈ ਕਿ ਕੁਰਪਸ਼ਨ ਬਾਰੇ ਅਸੀਂ ਵੇਖਣਾ ਹੈ। ਸੀ.ਐਮ. ਸਾਹਿਬ ਨੇ ਕਿਹਾ ਕਿ ਕੁਰਪਸ਼ਨ ਦੀ ਹੱਦ ਬੜੀ ਹੀ ਲੰਬੀ ਚੌੜੀ ਹੁੰਦੀ ਹੈ। ਕੁਰਪਸ਼ਨ ਨੂੰ ਜੜ੍ਹ ਤੋਂ ਉਖਾੜਨਾ ਚਾਹੀਦਾ ਹੈ। ਇਸ ਮਸਲੇ ਵਿਚ ਆਪੋਜ਼ੀਸ਼ਨ ਵੀ ਸਾਡੇ ਨਾਲ ਖੜ੍ਹੀ ਹੈ। ਪੰਜਾਬ ਦੇ ਸਾਰੇ ਲੋਕ ਵੀ ਸਾਡੇ ਨਾਲ ਖੜ੍ਹੇ ਹਨ। ਸਪੀਕਰ ਸਾਹਿਬ ਕੁਰਪਸ਼ਨ ਨੂੰ ਜੜ੍ਹ ਤੋਂ ਹੀ ਖਤਮ ਕਰਨਾ ਚਾਹੀਦਾ ਹੈ।

Mr. Speaker : Wind up, please. I have given you ample time.

ਸ਼੍ਰੀ ਖੁਸ਼ਹਾਲ ਬਹਿਲ : ਸਪੀਕਰ ਸਾਹਿਬ, ਮੈਂ ਅਖੀਰਲੀ ਗੱਲ ਇਹ ਕਹਿਣੀ ਚਾਹੁੰਦਾ ਹਾਂ.....

ਸ਼੍ਰੀ ਸਪੀਕਰ : ਤੁਸੀਂ ਵਾਈਂਡ ਅਪ ਕਰੋ ਜੀ ਬਾਕੀ ਮੈਂਬਰਾਂ ਨੇ ਵੀ ਬੋਲਣਾ ਹੈ।

ਸ਼੍ਰੀ ਖੁਸ਼ਹਾਲ ਬਹਿਲ : ਸਪੀਕਰ ਸਾਹਿਬ, ਮੈਂ ਤਾਂ ਬਲੈਕ ਮਨੀ ਦੀ ਜੈਨਰੇਸ਼ਨ ਬਾਰੇ ਵੀ ਕੁਝ ਕਹਿਣਾ ਚਾਹੁੰਦਾ ਸੀ ਕਿ ਇਹ ਕਿਸ ਤਰ੍ਹਾਂ ਰੁਕ ਸਕਦੀ ਹੈ। ਜਿਥੇ ਟੈਕਸ ਈਵੇਜ਼ਨ ਨੂੰ ਕੰਟਰੋਲ ਕਰਨਾ ਜ਼ਰੂਰੀ ਹੈ ਉਥੇ ਜਿਹੜੇ ਸਿਆਸੀ ਐਥਿਕਸ ਹਨ ਉਨ੍ਹਾਂ ਦੀ ਬਹਾਲੀ ਵੀ ਜ਼ਰੂਰੀ ਹੈ। ਇਸ ਬਲਾ ਨੂੰ ਕੰਟਰੋਲ ਕਰਨਾ ਚਾਹੀਦਾ ਹੈ। ਸਪੀਕਰ ਸਾਹਿਬ, ਇਕ ਗੱਲ ਮੈਂ ਅਖੀਰ ਵਿੱਚ ਕਹਿਣੀ ਚਾਹੁੰਦਾ ਹਾਂ ਕਿ ਸਾਡੇ ਮੁਲਕ ਸਾਹਮਣੇ ਇਸ ਵੇਲੇ ਇਕ ਬਹੁਤ ਵੱਡਾ ਥਰੈਟ ਹੈ ਉਹ ਹੈ ਇਸ ਦੀ ਯਕਜ਼-ਹਿਤੀ ਨੂੰ। ਸਪੀਕਰ ਸਾਹਿਬ, ਅਸੀਂ ਹਿਸਟਰੀ ਦੇਖ ਰਹੇ ਹਾਂ। ਇਨ੍ਹਾਂ ਸਾਲਾਂ ਵਿੱਚ ਯੂਗੋਸਲਾਵੀਆ ਤੇ

[ਸ੍ਰੀ ਖੁਸ਼ਹਾਲ ਬਹਿਲ]

ਰਸ਼ੀਆ ਇਕੱਠੇ ਨਹੀਂ ਰਹਿ ਸਕੇ। ਲੇਕਿਨ ਇਹ ਥਰੈਟ ਹਿੰਦੁਸਤਾਨ ਸਾਹਮਣੇ ਉਨ੍ਹਾਂ ਪਾਰਟੀਆਂ ਵਲੋਂ ਆ ਰਿਹਾ ਹੈ ਜਿਹੜੀਆਂ ਆਪਣੇ ਆਪ ਨੂੰ ਪੇਸ਼ ਕੁਝ ਕਰਦੀਆਂ ਹਨ ਚਾਹੇ ਉਹ ਬੀ.ਜੇ.ਪੀ. ਹੋਵੇ ਚਾਹੇ ਬਜਰੰਗ ਦਲ ਅਤੇ ਚਾਹੇ ਆਰ.ਐਸ.ਐਸ. ਹੋਵੇ ਲੇਕਿਨ ਇਹ ਥਰੈਟ ਬਹੁਤ ਸੀਰੀਅਸ ਹੈ। ਸ੍ਰੀ ਪੀ.ਵੀ. ਨਰਸਿਮਹਾ ਰਾਓ ਨੇ ਜਿਸ ਵੇਲੇ ਹਕੂਮਤ ਸੰਭਾਲੀ ਸੀ ਤਾਂ ਉਨ੍ਹਾਂ ਨੇ ਇਕ ਕਾਂਸੈਪਟ ਬਣਾਈ ਸੀ। ਉਹ ਕਾਂਸੈਪਟ ਸੀ ਕਿ ਟਕਰਾਓ ਦੇ ਦਿਨ ਮੁੱਕ ਗਏ ਹਨ। ਸਭ ਨੇ ਮਿਲ ਵਰਤ ਕੇ ਸੋਚ ਵਿਚਾਰ ਕੇ ਪਾਲਿਸੀ ਤਹਿ ਕਰਕੇ ਹਕੂਮਤ ਚਲਾਉਣੀ ਹੈ। ਇਹ ਉਨ੍ਹਾਂ ਨੇ ਬਹੁਤ ਵੱਡੀ ਗੱਲ ਕਹੀ ਸੀ ਕਿ ਭਾਵੇਂ ਕੋਈ ਮੈਜਾਰਿਟੀ ਵਿੱਚ ਹੋਵੇ ਤੇ ਭਾਵੇਂ ਮਾਇਨਾਰਿਟੀ ਵਿੱਚ ਗੱਲਬਾਤ ਰਾਹੀਂ ਅਤੇ ਇਕ ਦੂਜੇ ਨੂੰ ਪੁੱਛ ਕੇ ਕਾਂਸੈਸਸ ਪਾਲਿਟਿਕਸ ਅੱਗੇ ਲਿਆਉਣੀ ਹੈ। ਯਾਨੀ ਅਸੀਂ ਕਾਂਸੈਸਸ ਪਾਲਿਟਿਕਸ ਨੂੰ ਸਿਰੇ ਚੜ੍ਹਾਉਣ ਦੀ ਪੂਰੀ ਕੋਸ਼ਿਸ਼ ਕਰਾਂਗੇ। ਲੇਕਿਨ ਇਸ ਕਾਂਸੈਂਸਸ ਪਾਲਿਟਿਕਸ ਨੂੰ 6 ਦਸੰਬਰ ਨੂੰ ਸੱਟ ਮਾਰ ਕੇ ਨਿਰਾ ਮਸਜਿਦ ਨੂੰ ਹੀ ਨਹੀਂ ਢਾਹਿਆ ਗਿਆ ਇਹ ਇਕ ਨੀਤੀ ਸੀ, ਇਕ ਵਿਚਾਰਧਾਰਾ ਸੀ, ਜਿਸਨੂੰ ਢਾਹ ਮਾਰੀ ਗਈ। ਹਿੰਦੁਸਤਾਨ ਵਿੱਚ ਜਿੰਨੀ ਭਗਤੀ ਦੀ ਮੂਵਮੈਂਟ ਚਲੀ ਹੈ, ਉਸ ਵਿੱਚ ਹਰ ਮਹਾਂਪੁਰਸ਼ ਨੇ ਹਰ ਐਕਸਟ੍ਰੀਮ ਨੂੰ ਛੱਡ ਕੇ ਵਿਚਲੀ ਰਾਹ ਅਪਨਾਉਣ ਦੀ ਬਾਣੀ ਬੋਲੀ ਹੈ। ਸਵਾਮੀ ਵਿਵੇਕਾਨੰਦ ਨੇ ਜਿਵੇਂ ਕਿਹਾ ਹੈ ਕਿ ਹਰ ਧਰਮ ਮੰਜ਼ਿਲ ਤੇ ਪੁੱਜਣ ਦਾ ਰਾਹ ਦਰਸਾਉਂਦਾ ਹੈ। ਪਰ ਅੱਜ ਇਹ ਕੀ ਕਰ ਰਹੇ ਹਨ। ਅੱਜ ਇਹ ਕਾਂਸੈਂਸਸ ਪਾਲਿਟਿਕਸ ਨੂੰ ਸੱਟ ਮਾਰ ਕੇ ਕਾਨਫਰੰਟੇਸ਼ਨ ਦੀ ਰਾਹ ਤੇ ਤੁਰੇ ਹੋਏ ਹਨ। ਹਿੰਦੁਸਤਾਨ ਦੀ ਕੁਝ ਪਰੰਪਰਾ ਰਹੀ ਹੈ, ਐਥਿਕਸ ਰਹੇ ਹਨ, ਅਸੀਂ ਇਕ ਦੂਜੇ ਦੇ ਪੁਆਇੰਟ ਆਫ ਵਿਊ ਦਾ ਆਦਰ ਕਰਦੇ ਰਹੇ ਹਾਂ । ਹਿੰਦੁਸਤਾਨ ਦੀ ਕਲਚਰ ਪਰੂਰਲ ਕਲਚਰ ਹੈ, ਇਕੱਠੇ ਰਹਿਣ ਦੀ ਕਲਚਰ ਹੈ, ਏਥੇ ਹਰ ਧਰਮ ਪਨਪਦਾ ਹੈ। ਲੇਕਿਨ ਅੱਜ ਇਹ ਦੁੱਖ ਦਾ ਵਿਸ਼ਾ ਹੈ ਕਿ ਉਸ ਕਲਚਰ ਤੋਂ ਅਸੀਂ ਕੁਝ ਨਹੀਂ ਸਿੱਖ ਸਕੇ। ਅੱਜ ਇਹ ਜਿਹੜਾ ਮਸਜ਼ਿਦ ਨੂੰ ਢਾਹਿਆ ਗਿਆ ਹੈ, ਇਹ ਵਿਸ਼ਾ ਗੱਲਬਾਤ ਦੇ ਜ਼ਰੀਏ ਵੀ ਹੱਲ ਹੋ ਜਾਣਾ ਸੀ। ਪਰ ਫੇਰ ਵੋਟਾਂ ਨਹੀਂ ਸੀ ਆ ਰਹੀਆਂ। ਇਸ ਪ੍ਰੋਗਰਾਮ ਨੂੰ ਇਨ੍ਹਾਂ ਨੇ ਬਿਲਕੁਲ ਪਲਾਨਡ ਢੰਗ ਨਾਲ ਤੋਰਿਆ ਹੈ। ਦੂਜੀ ਗੱਲ ਮੈਂ ਇਹ ਵੀ ਕਹਿਣੀ ਚਾਹੁੰਦਾ ਹਾਂ ਕਿ ਅਸੀਂ ਹਮੇਸ਼ਾਂ ਕਹਿੰਦੇ ਰਹੇ ਹਾਂ ਕਿ ਧਰਮ ਔਰ ਪਾਲਿਟਿਕਸ ਭਿੰਨ ਭਿੰਨ ਪਹਿਲੂ ਹਨ। ਧਰਮ ਹਰੇਕ ਦਾ ਜ਼ਾਤੀ ਵਿਸ਼ਾ ਹੈ ਔਰ ਪਾਲਿਟਿਕਸ ਸੋਚ ਸੈਕੂਲਰ ਹੈ, ਉਸ ਦਾ ਬੇਸ ਸੈਕੂਲਰ ਹੈ, ਹੋਣਾ ਚਾਹੀਦਾ ਹੈ। ਅੱਜ ਮੈਂ, ਸਪੀਕਰ ਸਾਹਿਬ, ਕਹਾਂਗਾ ਕਿ ਜਿਸ ਵੇਲੇ ਸ੍ਰੀ ਨਰਸਿਮਹਾ ਰਾਓ ਜੀ ਨੇ ਕਿਹਾ ਹੈ ਕਿ ਬਿਟ੍ਰੇ ਕੀਤਾ ਹੈ, ਉਨ੍ਹਾਂ ਦਾ ਮਤਲਬ ਇਹ ਨਹੀਂ ਕਿ ਮੈਨੂੰ ਬਿਟ੍ਰੇ ਕੀਤਾ ਹੈ ਬਲਕਿ ਜਿਹੜੀ ਕਾਂਸੈਸਸ ਪਾਲਿਟਿਕਸ ਨਿਸਚਿਤ ਕੀਤੀ ਸੀ, ਉਹ ਬਿਟ੍ਰੇ ਹੋਈ ਹੈ, ਜਿਹੜੀ ਨਵੀਂ ਗੱਲ ਤੋਰੀ ਸੀ, ਉਹ ਬਿਟ੍ਰੇ ਹੋਈ ਹੈ। ਪਹਿਲਾਂ ਕਹਿੰਦੇ ਰਹੇ ਕਿ ਅਸੀਂ ਮਸਜ਼ਿਦ ਨੂੰ ਪ੍ਰੋਟੈਕਟ ਕਰਾਂਗੇ, ਸੁਪਰੀਮ ਕੋਰਟ ਵਿੱਚ ਐਫੀਡੈਵਿਟ ਵੀ ਦੇ ਦਿੱਤਾ ਪਰ ਫੇਰ ਬੜੇ ਪਲਾਨਡ ਢੰਗ ਨਾਲ ਢਾਹ ਵੀ ਦਿੱਤੀ। ਇਸ ਤੋਂ ਬਾਅਦ ਜੇ ਫੇਰ ਵੀ ਕਾਂਸਟੀਚਿਊਸ਼ਨਲ ਧੱਕਾ ਨਹੀਂ ਹੋਣਾ ਤਾਂ ਹੋਰ ਕੀ ਹੋਣਾ ਹੈ।

ਸਪੀਕਰ ਸਾਹਿਬ, ਤੁਹਾਨੂੰ ਯਾਦ ਹੋਵੇਗਾ ਕਿ ਇਕ ਵਾਰ ਅਕਾਲੀ ਪਾਰਟੀ ਨੇ ਐਜੀਟੇਸ਼ਨ ਕੀਤੀ ਸੀ ਕਿ ਕੰਨਸਟੀਚਿਊਸ਼ਨ ਜਲਾ ਦਿਓ। ਉਹ ਦਿੱਲੀ ਵਿਚ ਜਾ ਕੇ ਇਸ ਨੂੰ ਸਾੜਦੇ ਫਿਰਦੇ ਰਹੇ । ਬੀ.ਜੇ. ਪੀ. ਦੀਆਂ ਸਟੇਟਮੈਂਟਾਂ ਪੜ੍ਹ ਲਓ। ਇਹ ਪਾਰਟੀ ਉਸ ਵੇਲੇ ਅਕਾਲੀਆਂ ਨੂੰ ਕੰਡੈਮ ਕਰਦੀ ਸੀ ਕਿ ਉਨ੍ਹਾਂ ਨੇ ਸਿਆਸਤ ਨੂੰ ਧਰਮ ਨਾਲ ਕਿਉਂ ਰਲਾਇਆ ਹੈ। ਅੱਜ ਉਹੀ ਬੀ.ਜੇ.ਪੀ. ਕਹਿੰਦੀ ਹੈ ਕਿ ਮੈਨੂੰ ਹਕੂਮਤ ਦਿਓ, ਮੈਂ ਹਿੰਦੁਸਤਾਨ ਦੇ ਆਈਨ ਨੂੰ ਠੀਕ ਕਰਾਂਗੀ। ਮਗਰ ਇਸੇ ਪਾਰਟੀ ਨੇ ਸਾਡੇ ਦੇਸ਼ ਦੇ ਆਈਨ ਦੀਆਂ ਧੱਜੀਆਂ ਉਡਾ ਦਿੱਤੀਆਂ। ਇਸ ਦੇ ਨਾਲੋਂ ਮਾੜੀ ਹੋਰ ਕਿਹੜੀ ਗੱਲ ਹੋ ਸਕਦੀ ਹੈ। ਮੈਂ ਹੋਰ ਜ਼ਿਆਦਾ

ਨਹੀਂ ਕਹਾਂਗਾ, ਸਿਰਫ ਇਕ ਗੱਲ ਜ਼ਰੂਰ ਕਹਾਂਗਾ। ਮੁਹੰਮਦ ਅਲੀ ਜਿਨਾਹ ਨੇ ਧਰਮ ਦੇ ਨਾਂ ਤੇ ਮੁਲਕ ਨੂੰ ਵੰਡਾਇਆ। ਉਸ ਨੇ ਪਾਲੇਟਿਕਸ ਨੂੰ ਧਰਮ ਦੇ ਨਾਲ ਜੋੜਿਆ ਹਾਲਾਂ ਕਿ ਮੌਲਾਨਾ ਆਜ਼ਾਦ ਵਰਗੇ ਲੀਡਰ ਨੇ ਵੀ ਕਿਹਾ ਸੀ ਕਿ ਇਸਲਾਮ ਵਿਚ ਇਹੋ ਜਿਹੀ ਕੋਈ ਗੱਲ ਨਜ਼ਰ ਨਹੀਂ ਆਉਂਦੀ ਜਿਸ ਨਾਲ ਧਰਮ ਦੇ ਨਾਂ ਤੇ ਮੁਲਕ ਨੂੰ ਵੰਡਣ ਵਾਲੀ ਕੋਈ ਸੋਚ ਹੋਵੇ। ਉਸ ਚੀਜ਼ ਦਾ ਖਮਿਆਜ਼ਾ ਅਸੀਂ ਅੱਜ ਤੱਕ ਭੁਗਤ ਰਹੇ ਹਾਂ। ਧਰਮ ਦੇ ਨਾਂ ਤੇ ਕੀਤੀ ਮੁਲਕ ਦੀ ਵੰਡ ਵਿਚੋਂ ਅਸੀਂ ਕੀ ਖੱਟਿਆ ਹੈ ? ਅੱਜ ਐਨੇ ਸਾਲਾਂ ਬਾਦ ਵੀ ਅਸੀਂ ਦੋਵੇਂ ਮੁਲਕ ਆਪਸ ਵਿਚ ਲੜੀ ਜਾਂਦੇ ਹਾਂ। ਭਾਰਤ ਤਾਂ ਫਿਰ ਵੀ ਕਈ ਧਰਮਾਂ ਦਾ ਦੇਸ਼ ਹੈ ਪਰ ਪਾਕਿਸਤਾਨ ਵਿਚ ਕੀ ਹੈ? ਉਥੇ ਇਕੋ ਹੀ ਧਰਮ ਹੈ। ਉਸ ਦੀ ਕੀ ਹਾਲਤ ਹੈ ? ਪਹਿਲਾਂ ਉਸ ਨਾਲੋਂ ਬੰਗਲਾ ਦੇਸ਼ ਵੱਖ ਹੋ ਗਿਆ। ਹੁਣ ਉਸ ਵਿਚੋਂ ਸਿੰਧੀ ਵੱਖ ਹੋਣ ਨੂੰ ਫਿਰਦੇ ਹਨ। ਉਥੇ ਵੱਖਰੇ ਬਲੋਚਿਸਤਾਨ ਦੀ ਮੰਗ ਹੋ ਰਹੀ ਹੈ, ਵੱਖਰੇ ਪਖਤੂਨਿਸਤਾਨ ਦੀ ਮੰਗ ਹੋ ਰਹੀ ਹੈ। ਅੱਜ ਪਾਕਿਸਤਾਨ ਉਸ ਦਹਾਨੇ ਤੇ ਖੜ੍ਹਾ ਹੈ ਕਿ ਉਹ ਕਿਸੇ ਵੇਲੇ ਵੀ ਡਿਸਇੰਟੈਗਰੇਟ ਹੋ ਸਕਦਾ ਹੈ, ਹਾਲਾਂ ਕਿ ਅਸੀਂ ਚਾਹੁੰਦੇ ਹਾਂ ਕਿ ਉਹ ਇਕੱਠਾ ਰਹੇ। ਇਸੇ ਤਰ੍ਹਾਂ ਹੀ ਪੰਜਾਬ ਵਿਚ ਪਿਛਲੇ 10 ਸਾਲਾਂ ਵਿਚ ਅਸੀਂ ਕੀ ਵੇਖਿਆ ਹੈ ? ਧਰਮ ਨੂੰ ਪਾਲੇਟਿਕਸ ਨਾਲ ਜੋੜ ਕੇ ਅਸੀਂ ਕੀ ਖੱਟਿਆ ਹੈ ? ਕੀ ਅਸੀਂ ਆਪਣੇ ਬੱਚੇ ਨਹੀਂ ਮਰਵਾਏ? ਕੀ ਅਸੀਂ ਆਪਣੇ ਨੌਜਵਾਨ ਨਹੀਂ ਮਰਵਾਏ? ਇਤਨਾ ਡਰ ਪੈਦਾ ਕਰ ਦਿੱਤਾ ਕਿ ਲੋਕੀਂ ਘਰੋਂ ਬਾਹਰ ਨਾ ਨਿਕਲਣ। ਅੱਜ ਅਕਾਲੀ ਪਾਰਟੀ ਕਹਿੰਦੀ ਹੈ ਕਿ ਪੁਲੀਟਿਕਲ ਪ੍ਰਾਸੈਸ ਫਿਰ ਸ਼ੁਰੂ ਕਰਨਾ ਚਾਹੀਦਾ ਹੈ। ਮੈਂ ਮੰਨਦਾ ਹਾਂ ਕਿ ਇਹ ਖੁਸ਼ੀ ਦੀ ਗੱਲ ਹੈ ਕਿ ਪੁਲੀਟੀਕਲ ਪ੍ਰਸੈਸ ਦੇ ਹੱਕ ਵਿਚ ਬੋਲ ਰਹੇ ਹਨ ਪਰ ਹਾਲੇ ਵੀ ਉਹ ਵੱਖ ਵਾਦ ਦੀਆਂ ਗੱਲਾਂ ਕਰਦੇ ਹਨ। ਸਪੀਕਰ ਸਾਹਿਬ, ਪਿਛਲੇ 10 ਸਾਲਾਂ ਵਿਚ ਅਸੀਂ ਪੰਜਾਬ ਵਿਚ ਬੜਾ ਕੁਝ ਵੇਖਿਆ ਹੈ। ਹੁਣ ਅਸੀਂ ਕੀ ਵੇਖਦੇ ਹਾਂ। ਕੀ ਸਾਨੂੰ ਪਤਾ ਸੀ ਕਿ ਬੰਬਈ ਵਿਚ ਐਨੀ ਕਤਲੋ-ਗਾਰਤ ਹੋਵੇਗੀ। ਐਨੀ ਕਤਲੋ-ਗਾਰਤ ਇਥੇ ਕਦੀ ਵੀ ਨਹੀਂ ਹੋਈ।

ਸ੍ਰੀ ਸਪੀਕਰ : ਤੁਸੀਂ ਵਾਈਂਡ ਅਪ ਕਰਨ ਦੀ ਕੋਸ਼ਿਸ਼ ਕਰੋ।

ਸ੍ਰੀ ਖੁਸ਼ਹਾਲ ਬਹਿਲ : ਯੂ.ਪੀ. ਵਿਚ ਅਤੇ ਹੋਰ ਜਿਥੇ ਵੀ ਇਹ ਗਏ, ਉਥੇ ਤਬਾਹੀ ਹੋਈ, ਬਰਬਾਦੀ ਹੋਈ। ਇਹ ਜਿਹੜੀ ਇਸ ਵੇਲੇ ਵਬਾਅ ਚਲ ਰਹੀ ਹੈ, ਇਸ ਨੂੰ ਰੋਕਣਾ ਪਵੇਗਾ। ਸਾਨੂੰ ਇਸ ਦਾ ਇਕੱਠੇ ਹੋ ਕੇ ਮੁਕਾਬਲਾ ਕਰਨਾ ਚਾਹੀਦਾ ਹੈ। ਅਸੀਂ ਤਦ ਤੱਕ ਹਿੰਦੁਸਤਾਨ ਵਿਚ ਮਜ਼ਹਬੀ ਨਿਰਪੱਖਤਾ ਕਾਇਮ ਨਹੀਂ ਕਰ ਸਕਦੇ ਜਦ ਤੱਕ ਅਸੀਂ ਇਨ੍ਹਾਂ ਘਿਨਾਉਣੀਆਂ ਚੀਜ਼ਾਂ ਦਾ ਮਿਲ ਕੇ ਮੁਕਾਬਲਾ ਨਹੀਂ ਕਰਦੇ। ਸਪੀਕਰ ਸਾਹਿਬ, ਪੰਜਾਬ ਨੇ ਬੜੇ ਜ਼ਖਮ ਖਾਧੇ ਹਨ। ਪੰਜਾਬ ਬੜਾ ਲਹੂ ਲੁਹਾਨ ਹੋਇਆ ਹੈ। ਇਸ ਦੇ ਜ਼ਖਮਾਂ ਵਿਚੋਂ ਅਜੇ ਵੀ ਖੂਨ ਨਿਕਲ ਰਿਹਾ ਹੈ ਲੇਕਿਨ ਇਨਾਂ ਜ਼ਖਮਾਂ ਵਿਚੋਂ ਇਕ ਹੋਰ ਗੱਲ ਵੀ ਨਿਕਲਦੀ ਹੈ-ਉਹ ਇਹ ਹੈ ਕਿ ਸਾਨੂੰ ਇਕੱਠੇ ਰਹਿਣਾ ਚਾਹੀਦਾ ਹੈ। ਇਹ ਗੱਲ ਪੰਜਾਬ ਦੇ ਲੋਕ ਹਿੰਦੁਸਤਾਨ ਦੇ ਲੋਕਾਂ ਨੂੰ ਦਸ ਸਕਦੇ ਹਨ। ਪੰਜਾਬੀ ਭਾਰਤ ਨੂੰ ਇਕ ਮਾਰਗ ਦੇ ਸਕਦੇ ਹਨ। ਅਸੀਂ ਪਿਛਲੇ 10 ਸਾਲਾਂ ਦੇ ਖੂਨ ਖਰਾਬੇ ਤੋਂ ਬਾਦ ਵੀ ਫਿਰ ਇਕੱਠੇ ਹਾਂ। ਸਾਡੇ ਪੰਜਾਬੀ ਲੋਕ ਕਿਸੇ ਬਹਿਕਾਵੇ ਵਿਚ, ਕਿਸੇ ਭੁਲੇਖੇ ਵਿਚ ਨਹੀਂ ਆਏ। ਅੱਜ ਜਿਹੜੇ ਲੋਕ ਰਾਮ ਦੀ ਗੱਲ ਕਰਦੇ ਹਨ, ਪਤਾ ਨਹੀਂ ਉਹ ਕਿਹੜੇ ਰਾਮ ਦੀ ਗੱਲ ਕਰਦੇ ਹਨ। ਮੈਂ ਤਾਂ ਇਕ ਉਸ ਰਾਮ ਨੂੰ ਜਾਣਦਾ ਹਾਂ, ਉਸ ਰਾਮ ਨੂੰ ਮੰਨਦਾ ਹਾਂ ਜਿਹੜਾ ਕਣ ਕਣ ਵਿਚ ਵਿਦਮਾਨ ਹੈ। ਮਸਜਿਦ ਵਿਚ ਵੀ ਉਹੀ ਹੈ, ਮੰਦਿਰ ਵਿਚ ਵੀ ਉਹੀ ਹੈ ਅਤੇ ਗੁਰਦੁਆਰੇ ਵਿਚ ਵੀ ਉਹੀ ਹੈ। ਹਰੇਕ ਬੰਦੇ ਦੇ ਮਨ ਵਿਚ ਉਹੀ ਹੈ। ਉਹ ਕਿਸੇ ਖਾਸ ਧਰਮ ਕਿਸੇ ਖਾਸ ਮਜ਼ਹਬ ਦਾ ਨਹੀਂ ਹੈ। ਅੰਦਰ ਵੀ ਉਹੀ ਹੈ ਅਤੇ ਬਾਹਰ ਵੀ ਉਹੀ ਹੈ। ਉਸ ਦੇ ਨਾਂ ਤੇ ਤਬਾਹੀ

[ਸ੍ਰੀ ਖੁਸ਼ਹਾਲ ਬਹਿਲ]

ਕਰੋ ਜਾਂ ਬਰਬਾਦੀ ਕਰੋ— ਇਹ ਬਹੁਤ ਘਿਨਾਉਣੀ ਬਾਤ ਹੈ ਅਤੇ ਮੈਂ ਇਸ ਨੂੰ ਕੰਡੈਮ ਕਰਦਾ ਹਾਂ। ਮੈਂ ਸਾਰਿਆਂ ਨੂੰ ਅਪੀਲ ਕਰਦਾ ਹਾਂ ਕਿ ਅਸੀਂ ਸਾਰੇ ਨਿਰਪੱਖ ਹੋ ਕੇ ਚਲੀਏ। ਸ਼ਹਿਰਾਂ ਵਿਚ ਅਤੇ ਪਿੰਡਾਂ ਵਿਚ ਜੋ ਅਸੀਂ ਆਪਸੀ ਭਾਈਚਾਰੇ ਦਾ ਮਾਹੌਲ ਕਾਇਮ ਕੀਤਾ ਹੈ, ਉਸ ਨੂੰ ਬਰਕਰਾਰ ਰੱਖੀਏ। ਇਸੇ ਨਿਰਪੱਖਤਾ ਸਦਕਾ ਹੀ ਇਸ ਦੇਸ਼ ਦਾ ਹਿੰਦੂ ਜੋ ਕਿ 80 ਫੀਸਦੀ ਦੀ ਮੈਜਾਰਿਟੀ ਵਿਚ ਹੈ ਪੂਰੀ ਆਨ ਅਤੇ ਸ਼ਾਨ ਨਾਲ ਰਹਿ ਸਕੇਗਾ। ਇਨ੍ਹਾਂ ਲਫਜ਼ਾਂ ਨਾਲ ਮੈਂ ਆਪ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ। (ਥੰਪਿੰਗ)

Mr. Speaker: Motion moved—

"That an Address be presented to the Governor in the following terms:—

'That the Members of this House assembled in this Session are deeply grateful to the Governor for the address which he has been pleased to delivered to the House on the 22nd February, 1993."

ਸ੍ਰੀ ਸਤਨਾਮ ਸਿੰਘ ਕੈਂਥ (ਬੰਗਾ) ਐਸ.ਸੀ.) : ਮਾਨਯੋਗ ਸਪੀਕਰ ਸਾਹਿਬ, 22 ਫਰਵਰੀ ਨੂੰ ਮਾਨਯੋਗ ਗਵਰਨਰ ਸਾਹਿਬ ਨੇ ਅਸੈਂਬਲੀ ਨੂੰ ਐਡਰੈਸ ਕੀਤਾ, ਜਿਸ ਦੇ ਵਿੱਚ ਸਰਕਾਰ ਦੀਆਂ ਨੀਤੀਆਂ ਬਾਰੇ ਚਾਨਣਾ ਪਾਇਆ ਔਰ ਇਸ ਐਡਰੈਸ ਨੂੰ ਪੜ੍ਹਣ ਤੋਂ ਬਾਅਦ ਇਸਦੇ ਵਿੱਚ ਕੋਈ ਵੀ ਅਜਿਹੀ ਗੱਲ ਨਹੀਂ ਲੱਗੀ ਜਿਸ ਤੇ ਅਸੀਂ ਧੰਨਵਾਦ ਕਰ ਸਕੀਏ ਕਿਉਂਕਿ ਪੰਜਾਬ ਦਾ ਮਾਹੌਲ ਪਿਛਲੇ ਕਾਫੀ ਲੰਮੇ ਅਰਸੇ ਤੋਂ ਦੁਖਾਂਤ ਦਾ ਰਿਹਾ ਹੈ। ਇਸ ਸਮੇਂ ਦੇ ਦੌਰਾਨ ਪੰਜਾਬ ਦੇ ਅੰਦਰ ਬਹੁਤ ਸਾਰੇ ਗਵਰਨਰ ਬਦਲੇ ਗਏ। ਮਾਨਯੋਗ ਇੰਦਰਾ ਗਾਂਧੀ ਜੀ ਤੋਂ ਲੈ ਕੇ ਰਾਜੀਵ ਗਾਂਧੀ, ਸ੍ਰੀ ਵੀ.ਪੀ. ਸਿੰਘ ਔਰ ਅੱਜ ਸ੍ਰੀ ਨਰਸਿਮ੍ਹਾ ਰਾਓ ਜੀ ਦੇਸ਼ ਨੂੰ ਚਲਾ ਰਹੇ ਹਨ। ਇੰਨੇ ਸਮੇਂ ਦੇ ਦੌਰਾਨ ਪੰਜਾਬ ਦਾ ਕੋਈ ਠੋਸ ਹੱਲ ਨਹੀਂ ਲੱਭਿਆ ਜਾ ਸਕਿਆ ਕਿਉਂਕਿ ਪੰਜਾਬ ਦੇ ਅੰਦਰ ਬਹੁਤ ਸਾਰਾ ਦੌਰ ਅਜਿਹਾ ਰਿਹਾ ਜਿਥੇ ਪੰਜਾਬ ਦੇ ਲੋਕਾਂ ਨੂੰ ਲਗਦਾ ਸੀ ਕਿ ਸ਼ਾਂਤੀ ਦਾ ਮਾਹੌਲ ਆਉਣ ਵਾਲਾ ਹੈ। ਲੇਕਿਨ ਕੁਝ ਸਮੇਂ ਤੋਂ ਬਾਅਦ ਫਿਰ ਉਹੀ ਦੁਖਾਂਤ ਸ਼ੁਰੂ ਹੋਇਆ ਜਿਸ ਦੇ ਵਿੱਚ ਕਿ ਆਮ ਪੰਜਾਬੀ ਪੀਸਿਆ ਗਿਆ। 1984 ਦੇ ਬਲਿਊ ਸਟਾਰ ਐਕਸ਼ਨ ਤੋਂ ਬਾਅਦ ਰਾਜੀਵ ਲੌਂਗੋਵਾਲ ਸਮਝੌਤਾ ਹੋਇਆ। ਸਾਰੇ ਦੇਸ਼ ਦੇ ਅੰਦਰ, ਦੇਸ਼ ਦੀ ਪਾਰਲੀਮੈਂਟ ਨੇ ਇਸ ਨੂੰ ਪਾਸ ਕੀਤਾ। 1985 ਦੇ ਵਿੱਚ ਪੰਜਾਬ ਵਿੱਚ ਇਲੈਕਸ਼ਨ ਹੋਏ। ਪੰਜਾਬ ਦੇ ਲੋਕਾਂ ਨੇ ਬੜੇ ਜੋਸ਼ੋ-ਖਰੋਸ਼ ਦੇ ਨਾਲ ਹਿੱਸਾ ਲਿਆ ਔਰ ਪੰਜਾਬ ਦੇ ਲੋਕਾਂ ਨੂੰ ਇਸ ਗੱਲ ਦੀ ਆਸ ਸੀ ਕਿ ਹੁਣ ਪੰਜਾਬ ਦੇ ਅੰਦਰ ਸ਼ਾਂਤੀ ਹੋਵੇਗੀ ਔਰ ਰਾਜੀਵ ਲੌਂਗੋਵਾਲ ਸਮਝੌਤੇ ਨੂੰ ਲਾਗੂ ਕੀਤਾ ਜਾਵੇਗਾ। ਪਰ 26 ਜਨਵਰੀ, 1986 ਨੂੰ ਜਿਸ ਵੇਲੇ ਸਭ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਸਨ ਅਤੇ ਇਹ ਆਸ ਬੱਝੀ ਸੀ ਕਿ ਹੁਣ ਚੰਡੀਗੜ੍ਹ ਪੰਜਾਬ ਨੂੰ ਮਿਲ ਜਾਵੇਗਾ ਪਰ ਉਸ ਵੇਲੇ ਸੈਂਟਰ ਦੀ ਸਰਕਾਰ ਇਸ ਤੋਂ ਪਿੱਛੇ ਹਟੀ। ਇਸ ਤੋਂ ਬਾਅਦ ਗਵਰਨਰੀ ਰਾਜ ਆਇਆ ਔਰ ਇਹ 57 ਮਹੀਨੇ ਗਵਰਨਰੀ ਰਾਜ ਰਿਹਾ। ਬੜੇ ਉਤਰਾਅ ਚੜ੍ਹਾਅ ਆਏ। ਇਹ ਗੱਲ ਆਮ ਹੋਣ ਲੱਗ ਪਈ ਸੀ ਕਿ ਸਾਡੀਆਂ ਸਿਕਓਰਟੀ ਫੋਰਸਿਜ਼ ਔਰ ਖਾੜਕੂਆਂ ਦੇ ਦੌਰਾਨ ਕਿਸ ਦਾ ਹੱਥ ਉਤੇ ਹੈ। ਸਾਡੇ ਦੇਸ਼ ਦੇ ਨਿਊਜ਼-ਪੇਪਰ ਇਹ ਕੰਪੈਰੀਜ਼ਨ ਕਰਨ ਲੱਗੇ ਪਏ ਸਨ, ਕਿ ਅੱਜ ਸਕਿਓਰਟੀ ਫੋਰਸਿਜ਼ ਦਾ ਹੱਥ ਉਤੇ ਹੈ ਅਤੇ ਕਿਸੇ ਮਹੀਨੇ ਖਾੜਕੂਆਂ ਦਾ ਹੱਥ ਉਤੇ ਹੈ। ਲੇਕਿਨ ਉਸ ਤੋਂ ਬਾਅਦ ਪੰਜਾਬ ਦੇ ਅੰਦਰ ਸਾਡੇ ਸਾਬਕਾ ਪ੍ਰਧਾਨ ਮੰਤਰੀ ਸ੍ਰੀ ਚੰਦਰ ਸ਼ੇਖਰ ਜੀ ਨੇ ਇਲੈਕਸ਼ਨ ਦਾ ਐਲਾਨ ਕੀਤਾ ਔਰ ਉਸ ਤੋਂ ਲਗਭੱਗ 22 ਘੰਟੇ ਪਹਿਲਾਂ ਪੰਜਾਬ ਦੇ ਅੰਦਰ ਇਲੈਕਸ਼ਨ ਨੂੰ ਪੋਸਟਪੋਨ ਕੀਤਾ ਗਿਆ ਔਰ ਉਸ ਤੋਂ ਬਾਅਦ ਉਹ ਰੱਦ ਕੀਤੇ ਗਏ। ਪੰਜਾਬ ਦੇ ਲੋਕਾਂ ਵਾਸਤੇ ਇਹ ਬਹੁਤ ਵੱਡੀ ਸੈਟ-ਬੈਕ ਸੀ। ਉਸ ਤੋਂ ਬਾਅਦ ਫਿਰ

ਪੰਜਾਬ ਦੇ ਅੰਦਰ ਇਲੈਕਸ਼ਨ ਹੋਏ ਅਤੇ ਏਥੇ ਲੋਕਾਂ ਦੀ ਗੌਰਮਿੰਟ ਬਣੀ ਅਤੇ ਪੰਜਾਬ ਦੇ ਲੋਕਾਂ ਨੂੰ ਇਸ ਗਲ ਦੀ ਆਸ ਸੀ ਕਿ ਜਿਸ ਵੇਲੇ ਅੱਜ ਸੈਂਟਰ ਦੇ ਅੰਦਰ ਕਾਂਗਰਸ ਦੀ ਸਰਕਾਰ ਹੈ ਅਤੇ ਪੰਜਾਬ ਦੇ ਅੰਦਰ ਵੀ ਕਾਂਗਰਸ ਦੀ ਹੀ ਸਰਕਾਰ ਹੈ ਤਾਂ ਪੰਜਾਬ ਦਾ ਜ਼ਰੂਰ ਕੋਈ ਨਾ ਕੋਈ ਠੋਸ ਰਾਜਨੀਤਿਕ ਹੱਲ ਨਿਕਲੇਗਾ। ਲੇਕਿਨ ਬੜੇ ਅਫਸੋਸ ਦੇ ਨਾਲ ਕਹਿਣਾ ਪੈਂਦਾ ਹੈ ਕਿ ਇਕ ਸਾਲ ਬੀਤਣ ਦੇ ਬਾਅਦ ਵੀ ਪੰਜਾਬ ਦੀ ਸਰਕਾਰ ਸੈਂਟਰ ਦੀ ਸਰਕਾਰ ਦੇ ਕੋਲ ਪੰਜਾਬ ਬਾਰੇ ਆਪਣਾ ਸਹੀ ਪੱਖ ਠੋਸ ਢੰਗ ਨਾਲ ਪੇਸ਼ ਨਹੀਂ ਕਰ ਸਕੀ। ਪਿਛਲੇ ਸਾਲ 14 ਅਪ੍ਰੈਲ, ਨੂੰ ਸਾਡੇ ਦੇਸ਼ ਦੇ ਹੋਮ ਮਨਿਸਟਰ ਫਤਹਿਗੜ੍ਹ ਸਾਹਿਬ ਆਏ। ਫਤਹਿਗੜ੍ਹ ਸਾਹਿਬ ਦੇ ਅੰਦਰ ਉਨ੍ਹਾਂ ਨੇ ਐਲਾਨ ਕੀਤਾ ਕਿ ਪੰਜਾਬ ਨੂੰ ਪੈਕੇਜ਼ ਦੇਣ ਵਾਸਤੇ ਤਿਆਰ ਹੈ ਅਤੇ ਪ੍ਰਧਾਨ ਮੰਤਰੀ ਪੰਜਾਬ ਆਉਣਗੇ ਅਤੇ ਪੰਜਾਬ ਦੇ ਲੋਕਾਂ ਨੂੰ ਪੈਕੇਜ ਦਿੱਤਾ ਜਾਵੇਗਾ ਪਰ ਜਿਸ ਵੇਲੇ ਪ੍ਰਧਾਨ ਮੰਤਰੀ ਨੇ ਦਿੱਲੀ ਦੇ ਅੰਦਰ ਪ੍ਰੈਸ ਕਾਨਫਰੰਸ ਕੀਤੀ ਤਾਂ ਉਨ੍ਹਾਂ ਨੇ ਕਿਹਾ ਕਿ ਮੈਂ ਤਾਂ ਅਜੇ ਤੱਕ ਪੰਜਾਬ ਦੇ ਬਾਰੇ ਸੋਚਿਆ ਹੀ ਨਹੀਂ, ਮੈਂ ਤਾਂ ਪੈਕੇਜ ਦੀ ਕੋਈ ਗੱਲ ਹੀ ਨਹੀਂ ਕੀਤੀ। ਇਹ ਠੀਕ ਹੈ ਕਿ ਪੰਜਾਬ ਦੇ ਅੰਦਰ ਕੁਝ ਹੱਦ ਤੱਕ ਸ਼ਾਂਤੀ ਹੋਈ ਹੈ ਪਰ ਕੀ ਅਸੀਂ ਇਸ ਸ਼ਾਂਤੀ ਨੂੰ ਬਰਕਰਾਰ ਰੱਖ ਸਕਾਂਗੇ। ਜਦੋਂ ਕਿ ਪੰਜਾਬ ਦੀ ਸਰਕਾਰ ਦੀ ਪੰਜਾਬ ਦੇ ਪ੍ਰਤੀ ਬੜੀ ਹੀ ਅਵੇਸਲੀ ਨੀਤੀ ਹੈ।

ਕੇਂਦਰ ਦੀ ਸਰਕਾਰ 1984 ਦੇ ਦੰਗੇ ਦੇ ਦੋਸ਼ੀਆਂ ਨੂੰ ਆਈਡੈਂਟੀਫਾਈ ਕਰਨ ਤੋਂ ਬਾਅਦ ਵੀ ਉਨ੍ਹਾਂ ਨੂੰ ਕੋਈ ਸਜ਼ਾਵਾਂ ਦੇਣ ਵਿੱਚ ਅਸਫਲ ਰਹੀ ਹੈ। ਚੰਡੀਗੜ੍ਹ ਪੰਜਾਬ ਨੂੰ ਦੇਣ ਦੇ ਮਾਮਲੇ ਤੇ ਅੱਜ ਤੱਕ ਕੋਈ ਕਲੈਰੀਫਿਕੇਸ਼ਨ ਨਹੀਂ ਹੋ ਸਕਦੀ ਕਿ ਚੰਡੀਗੜ੍ਹ ਕਦੋਂ ਪੰਜਾਬ ਨੂੰ ਦਿੱਤਾ ਜਾਵੇ।

ਇਸ ਦੇ ਨਾਲ ਨਾਲ ਦਰਿਆਈ ਪਾਣੀਆਂ ਦੇ ਮਸਲੇ ਇਹ ਨਹੀਂ ਸੁਲਝਾ ਸਕੇ। ਯਮੁਨਾ ਦੇ ਪਾਣੀ ਦਾ ਅਸੀਂ ਕਲੇਮ ਤਾਂ ਕਰਦੇ ਹਾਂ ਪਰ ਬੜੇ ਦੁੱਖ ਅਤੇ ਅਫਸੋਸ ਨਾਲ ਕਹਿਣਾ ਕਹਿਣਾ ਪੈਂਦਾ ਹੈ ਕਿ ਇਸ ਪੱਖ ਨੂੰ ਸਰਕਾਰ ਨੇ ਠੋਸ ਢੰਗ ਨਾਲ ਪੇਸ਼ ਹੀ ਨਹੀਂ ਕੀਤਾ ਜਿਸ ਕਾਰਨ ਸੈਂਟਰ ਦੀ ਸਰਕਾਰ ਨੇ ਯਮਨਾ ਦੇ ਪਾਣੀ ਦੀ ਵੰਡ ਦੀ ਗੱਲਬਾਤ ਸਮੇਂ ਇਸ ਸਰਕਾਰ ਨੂੰ ਪੁੱਛਿਆ ਤੱਕ ਨਹੀਂ। ਇਸ ਤੋਂ ਵੱਡੀ ਬਦਕਿਸਮਤੀ ਪੰਜਾਬ ਨਾਲ ਹੋਰ ਕੀ ਹੋ ਸਕਦੀ ਹੈ। ਇਸ ਤੋਂ ਬਾਅਦ ਪੰਜਾਬ ਦੇ ਅੰਦਰ ਡੈਮੋਕਰੇਸੀ ਬਹਾਲ ਹੋਣ ਦੀ ਗੱਲ ਕਹੀ ਗਈ ਹੈ ਕਿ ਪੰਜਾਬ ਦੇ ਅੰਦਰ ਮਿਉਂਸਪਲ ਕਮੇਟੀਆਂ ਦੀਆਂ ਚੋਣਾਂ ਹੋਈਆਂ ਹਨ, ਪੰਚਾਇਤਾਂ ਦੀਆਂ ਚੋਣਾਂ ਹੋਈਆਂ ਹਨ। ਇਹ ਵੀ ਕਿਹਾ ਗਿਆ ਹੈ ਕਿ ਇਨ੍ਹਾਂ ਚੋਣਾਂ ਵਿੱਚ ਪੰਜਾਬ ਦੇ ਲੋਕਾਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ। ਪਰ ਮੈਂ ਕਹਿੰਦਾ ਹਾਂ ਕਿ ਜਿਸ ਫੇਅਰ ਅਤੇ ਫਰੀ ਢੰਗ ਨਾਲ ਚੋਣਾਂ ਹੋਣੀਆਂ ਚਾਹੀਦੀਆਂ ਸਨ, ਉਸ ਢੰਗ ਨਾਲ ਚੋਣਾਂ ਨਹੀਂ ਹੋਈਆਂ। ਮਿਉਂਸਪਲ ਕਮੇਟੀਆਂ ਦੀਆਂ ਚੋਣਾਂ ਵਿੱਚ ਜਿੰਨੀਆਂ ਕਿਸੇ ਸ਼ਹਿਰ ਦੀਆਂ ਵੋਟਾਂ ਸਨ, ਉਸ ਨਾਲੋਂ ਵੀ ਵੱਧ ਵੋਟਾਂ ਬਣਾਈਆਂ ਗਈਆਂ। ਸਾਡੇ ਮਾਨਯੋਗ ਡਾਕਟਰ ਕੇਵਲ ਕ੍ਰਿਸ਼ਨ ਜੀ ਨੇ ਜਲੰਧਰ, ਹੁਸ਼ਿਆਰਪੁਰ ਅਤੇ ਕਪੂਰਥਲਾ ਦੇ ਅਧਿਕਾਰੀਆਂ ਦੀ ਇਕ ਮੀਟਿੰਗ ਬੁਲਾਈ, ਐਮ.ਐਲ.ਏ. ਬੁਲਾਏ। ਜਿਸ ਵਿੱਚ ਰਾਤੋ ਰਾਤ ਵੋਟਾਂ ਬਣਾ ਕੇ ਰੂਲਿੰਗ ਪਾਰਟੀ ਨੂੰ ਦਿੱਤੀਆਂ ਗਈਆਂ। ਮੈਂ ਪਹਿਲਾਂ ਵੀ ਇਸ ਬਾਰੇ ਕੁਐਸ਼ਚਨ ਕੀਤਾ ਸੀ ਕਿ ਸ਼ਹਿਰਾਂ ਦੀਆਂ ਬਣਦੀਆਂ ਵੋਟਾਂ ਦੇ ਨਾਲੋਂ ਕਿਤੇ ਵੱਧ ਵੋਟਾਂ ਬਣਾਈਆਂ ਜਾ ਰਹੀਆਂ ਹਨ, ਫਿਰ ਅਸੀਂ ਇਹ ਕਿਸ ਤਰ੍ਹਾਂ ਕਹਿ ਸਕਦੇ ਹਾਂ ਕਿ ਇਲੈਕਸ਼ਨਾਂ ਫੇਅਰ ਅਤੇ ਫਰੀ ਹੋਈਆਂ ਹਨ ਅਤੇ ਲੋਕ ਤੰਤਰਿਕ ਪ੍ਰਣਾਲੀ ਮਜ਼ਬੂਤ ਹੋਈ ਹੈ? ਚੋਣਾਂ ਦੌਰਾਨ ਪੰਜਾਬ ਵਿੱਚ ਸ਼ਰਾਬ ਦੇ ਅੰਨੇਵਾਹ ਦੌਰ ਚਲਾਏ ਗਏ। ਜਿਹੜੀ ਇਹ ਐਕਸਾਈਜ਼ ਵਿੱਚ 22 ਫੀਸਦੀ ਦੇ ਵਾਧੇ ਦੀ ਗੱਲ ਕਰਦੇ ਹਨ, ਮੈਂ ਤਾਂ ਇਹ ਕਹਿੰਦਾ ਹਾਂ ਕਿ ਇਹ ਵਾਧਾ ਮਿਉਂਸਪਲ ਕਮੇਟੀਆਂ ਅਤੇ ਪੰਚਾਇਤਾਂ ਦੀਆਂ ਚੋਣਾਂ ਕਰਕੇ ਹੀ ਹੋਇਆ ਹੈ। ਲੋਕਾਂ ਨੂੰ ਸ਼ਰਾਬ ਵਿੱਚ ਪੂਰੀ ਤਰ੍ਹਾਂ ਮਦਹੋਸ਼ ਕੀਤਾ ਗਿਆ। ਕੀ ਇਸ ਤਰੀਕੇ ਦੇ ਨਾਲ ਡੈਮੋਕਰੇਸੀ ਜਾਂ ਲੋਕਤੰਤਰ ਮਜ਼ਬੂਤ ਹੁੰਦਾ ਹੈ।? ਪੰਚਾਇਤ ਚੋਣਾਂ

[ਸ੍ਰੀ ਸਤਨਾਮ ਸਿੰਘ ਕੈਂਥ]

ਵਿਚ ਬੜੇ ਵੱਡੇ ਪੈਮਾਨੇ ਤੇ ਹੇਰਾਫੇਰੀਆਂ ਹੋਈਆਂ ਹਨ, ਘਪਲੇ ਹੋਏ ਹਨ । ਪਟਿਆਲਾ ਦੇ ਅੰਦਰ ਇਕ ਕੈਂਡੀਡੇਟ ਜਿਸਦੇ ਪੇਪਰ ਰੱਦ ਹੋਏ ਸਨ, ਉਸ ਨੂੰ ਜੇਤੂ ਕਰਾਰ ਦੇ ਦਿੱਤਾ ਗਿਆ । ਫਿਲੌਰ ਦੇ ਹਲਕੇ ਵਿੱਚ ਪਿੰਡ ਸਾਗਰਪੁਰ ਵਿੱਚ ਸਾਰੇ ਦੇ ਸਾਰੇ ਵਿਰੋਧੀ ਕੈਂਡੀਡੇਟਾਂ ਦੇ ਕਾਗਜ਼ ਰੱਦ ਕਰ ਦਿੱਤੇ ਔਰ ਪੁਲਿਸ ਉਨ੍ਹਾਂ ਨੂੰ ਇਹ ਪੁੱਛਦੀ ਹੈ ਕਿ ਤੁਸੀਂ ਕਾਂਗਰਸ ਪਾਰਟੀ ਵੱਲੋਂ ਇਲੈਕਸ਼ਨ ਲੜ ਰਹੇ ਹੋ ਤਾਂ ਠੀਕ ਹੈ ਅਤੇ ਜੇਕਰ ਦੂਜੀਆਂ ਪਾਰਟੀਆਂ ਵੱਲੋਂ ਲੜ ਰਹੇ ਹੋ ਤਾਂ ਤੁਸੀਂ ਚੋਣ ਨਹੀਂ ਲੜ ਸਕਦੇ । ਅੰਮ੍ਰਿਤਸਰ ਜ਼ਿਲ੍ਹੇ ਵਿੱਚ ਸੈਂਕੜੇ ਉਮੀਦਵਾਰਾਂ ਨੂੰ ਕਾਂਗਜ਼ ਹੀ ਨਹੀਂ ਭਰਨ ਦਿੱਤੇ ਗਏ । ਇਸ ਬਾਰੇ ਅਸੀਂ ਆਪੋਜ਼ੀਸ਼ਨ ਵਾਲੇ ਹੀ ਸ਼ੱਕ ਨਹੀਂ ਕਰਦੇ, ਰੌਲਾ ਨਹੀਂ ਪਾਉਂਦੇ ਸਗੋਂ ਤੁਹਾਡੀ ਰੂਲਿੰਗ ਪਾਰਟੀ ਦੇ ਮੈਂਬਰ ਵੀ ਸ਼ੱਕ ਕਰਦੇ ਹਨ ਕਿ ਇਲੈਕਸ਼ਨਾਂ ਫਰੀ ਐਂਡ ਫੇਅਰ ਹੋਈਆਂ ਹਨ । ਤੁਹਾਡੇ ਆਪਣੇ ਇਕ ਮੈਂਬਰ ਨੇ ਤਰਨਤਾਰਨ ਦੇ ਵਿੱਚ ਸ਼ਰੇਆਮ ਇਕ ਮੀਟਿੰਗ ਵਿਚ ਕਿਹਾ ਕਿ ਸਾਡੇ ਆਪਣੇ ਬੰਦਿਆ ਨੂੰ ਕਾਗਜ਼ ਨਹੀਂ ਭਰਨ ਦਿੱਤੇ ਗਏ, ਉਨ੍ਹਾਂ ਨੂੰ ਪੁਲਿਸ ਦੁਆਰਾ ਚੁੱਕਵਾ ਦਿੱਤਾ ਗਿਆ । ਇਨ੍ਹਾਂ ਗੱਲਾਂ ਤੋਂ ਕੀ ਅਸੀਂ ਇਹ ਕਹਿ ਸਕਦੇ ਹਾਂ ਕਿ ਇਲੈਕਸ਼ਨਾਂ ਫੇਅਰ ਐਂਡ ਫਰੀ ਹੋਈਆਂ ਹਨ? ਇਨ੍ਹਾਂ ਚੋਣਾਂ ਵਿੱਚ ਕਈ ਅਜਿਹੀਆਂ ਗਲਤ ਗੱਲਾਂ ਹੋਈਆਂ ਹਨ ਜਿਨ੍ਹਾਂ ਤੋਂ ਅਸੀਂ ਇਨਕਾਰ ਨਹੀਂ ਕਰ ਸਕਦੇ ।

ਇਸ ਤੋਂ ਇਲਾਵਾ ਪੰਜਾਬ ਦੀ ਆਬਾਦੀ ਬਾਰੇ ਜਿਹੜਾ ਇਹ ਕਿਹਾ ਜਾਂਦਾ ਹੈ ਕਿ ਪੰਜਾਬ ਦੀ ਆਬਾਦੀ ਵਿੱਚ ਅਨੁਸੂਚਿਤ ਜਾਤੀਆਂ ਦੀ ਪਾਪੂਲੇਸ਼ਨ 37 ਫੀਸਦੀ ਹੈ । ਲੇਕਿਨ ਇਸ ਭਾਸ਼ਣ ਦੇ ਅੰਦਰ ਪੰਜਾਬ ਦੀ ਇਸ ਪਾਪੂਲੇਸ਼ਨ ਦੇ ਹਿਤਾਂ ਨੂੰ ਅਣ-ਦੇਖਿਆ ਕੀਤਾ ਗਿਆ ਹੈ ਅਤੇ ਉਨ੍ਹਾਂ ਦੇ ਹਿੱਤਾਂ ਵਾਸਤੇ ਕੋਈ ਇਕ ਵੀ ਗੱਲ ਨਹੀਂ ਕਹੀ ਗਈ ਜਿਸ ਦੇ ਰਾਹੀਂ ਉਹ ਤਰੱਕੀ ਕਰ ਸਕਣ । ਪਾਪੂਲੇਸ਼ਨ ਦੇ ਆਧਾਰ ਤੇ ਇਨ੍ਹਾਂ ਦਾ ਜਿੰਨਾ ਹਿੱਸਾ ਬਣਦਾ ਹੈ ਇਨ੍ਹਾਂ ਦੀ ਤਰੱਕੀ ਲਈ ਖਰਚ ਕੀਤਾ ਜਾਣਾ ਚਾਹੀਦਾ ਹੈ । ਪਿਛਲੇ ਸਾਲ ਜਿਸ ਵੇਲੇ ਸਾਡੇ ਮੁੱਖ ਮੰਤਰੀ ਨੇ ਅਸੈਂਬਲੀ ਦੇ ਫਲੋਰ ਤੇ ਖੜ੍ਹੇ ਹੋ ਕੇ ਕਿਹਾ ਸੀ ਕਿ ਅਸੀਂ ਰੀਜ਼ਰ-ਵੇਸ਼ਨ ਐਕਟ ਬਣਾਵਾਂਗੇ, ਬੈਕ-ਲਾਗ ਪੂਰਾ ਕੀਤਾ ਜਾਵੇਗਾ, ਪੰਜ ਹਜ਼ਾਰ ਰੁਪਏ ਤੱਕ ਦੇ ਕਰਜ਼ੇ ਮੁਆਫ ਕੀਤੇ ਜਾਣਗੇ । ਮੈਂ ਕਹਿੰਦਾ ਹਾਂ ਕਿ ਸਾਡਾ ਭਲਾਈ ਵਿਭਾਗ ਸੁੱਤਾ ਪਿਆ ਹੈ ਅਤੇ ਜਿੰਨੀ ਸੁਸਤ ਰਫਤਾਰ ਭਲਾਈ ਵਿਭਾਗ ਦੀ ਹੈ, ਉਸਦਾ ਬਿਆਨ ਨਹੀਂ ਕੀਤਾ ਜਾ ਸਕਦਾ । ਜਿੱਥੋਂ ਤੱਕ ਰੀਜ਼ਰਵੇਸ਼ਨ ਐਕਟ ਦਾ ਸਵਾਲ ਪੰਜਾਬ ਦੀ ਸਰਕਾਰ ਰੀਜ਼ਰਵੇਸ਼ਨ ਐਕਟ ਨਹੀਂ ਲਿਆ ਸਕੀ । ਉਨ੍ਹਾਂ ਅਧਿਕਾਰੀਆਂ ਨੂੰ ਸਜ਼ਾ ਦੇਣ ਵਾਸਤੇ ਕੋਈ ਐਕਟ ਨਹੀਂ, ਜਿਹੜੇ ਅਨੁਸੂਚਿਤ ਜਾਤੀਆਂ ਦੇ ਕਰਮਚਾਰੀਆਂ ਦੇ ਹੱਕਾਂ ਨਾਲ ਖਿਲਵਾੜ ਕਰਦੇ ਹਨ । ਜਿਥੋਂ ਤੱਕ ਬੈਕ-ਲਾਗ ਦਾ ਸਬੰਧ ਹੈ, ਪੰਜਾਬ ਦੇ ਮੁੱਖ ਮੰਤਰੀ ਨੇ ਪੰਜਾਬ ਦੀ ਅਸੈਂਬਲੀ ਦੇ ਫਲੋਰ ਤੇ ਕਿਹਾ ਸੀ ਕਿ 6 ਦਸੰਬਰ, 1992 ਤੱਕ ਬੈਕ-ਲਾਗ ਪੂਰਾ ਕੀਤਾ ਜਾਵੇਗਾ । ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਇੱਕ ਬੈਕ-ਲਾਗ ਕਮੇਟੀ ਬਣਾਈ ਗਈ, ਮੈਨੂੰ ਵੀ ਉਸ ਕਮੇਟੀ ਦਾ ਮੈਂਬਰ ਰੱਖਿਆ ਗਿਆ । ਅਸੀਂ ਪੰਜ ਵਾਰ ਚੰਡੀਗੜ੍ਹ ਆਏ, ਇੱਥੇ ਮੁੱਖ ਮੰਤਰੀ ਸਾਹਿਬ ਦੇ ਚੈਂਬਰ ਵਿੱਚ ਪੁੱਜੇ ਤਾਂ ਪਤਾ ਲੱਗਾ ਕਿ ਉਹ ਕਿਸੇ ਭੋਗ ਤੇ ਗਏ ਹੋਏ ਹਨ, ਕਦੇ ਕਿਸੇ ਫੰਕਸ਼ਨ ਤੇ ਗਏ ਹੋਏ ਹਨ । ਮੈਂ ਕਹਿੰਦਾ ਹਾਂ ਕਿ ਬੈਕ-ਲਾਗ ਦੂਰ ਕਰਨ ਦੀ ਗੱਲ ਤਾਂ ਇੱਕ ਪਾਸੇ ਰਹੀ, ਇੱਕ ਚਪੜਾਸੀ ਤੱਕ ਨੂੰ ਪ੍ਰਮੋਸ਼ਨ ਨਹੀਂ ਦਿਤੀ ਗਈ । ਇਸ ਤੋਂ ਇਲਾਵਾ ਪੰਜਾਬ ਸਰਕਾਰ ਦੀ ਹੋਰ ਕੀ ਅਸਫਲਤਾ ਹੋ ਸਕਦੀ ਹੈ । ਇਸ ਤੋਂ ਇਲਾਵਾ ਪੰਜ ਹਜ਼ਾਰ ਦੇ ਕਰਜ਼ਿਆਂ ਦੀ ਗੱਲ ਕਹੀ ਗਈ ਸੀ । ਮੁੱਖ ਮੰਤਰੀ ਸਾਹਿਬ ਨੇ

ਕਿਹਾ ਸੀ ਕਿ ਪੰਜ ਹਜ਼ਾਰ ਤੱਕ ਦੇ ਕਰਜ਼ੇ ਮੁਆਫ ਕਰ ਦਿਤੇ ਜਾਣਗੇ । ਲੇਕਿਨ ਮੈਂ ਕਹਿੰਦਾ ਹਾਂ ਕਿ ਪੰਜ ਹਜ਼ਾਰ ਤੇ ਕਰਜ਼ਿਆਂ ਬਾਰੇ ਸਰਕਾਰ ਇਹ ਕਲੈਰੀਫਿਕੇਸ਼ਨ ਨਹੀਂ ਕਰ ਸਕੀ ਕਿ ਇਹ ਕਰਜ਼ੇ ਕਿਹੜੇ ਮੁਆਫ ਕਰਨੇ ਹਨ । ਲੋਕ-ਗੁਮਰਾਹ ਹੋ ਰਹੇ ਹਨ ਕਿ ਬੈਂਕਾਂ ਦੇ ਕਰਜ਼ੇ ਮੁਆਫ ਕੀਤੇ ਜਾਣੇ,

ਸ਼ਡਿਊਲਡ ਕਾਸਟ ਕਾਰਪੋਰੇਸ਼ਨ ਵੱਲੋਂ ਦਿਤੇ ਗਏ ਕਰਜ਼ੇ ਮੁਆਫ਼ ਕੀਤੇ ਜਾਣੇ ਹਨ ਜਾਂ ਕੋਆਪਰੇਟਿਵ ਸੁਸਾਇਟੀਆਂ ਦੇ ਕਰਜ਼ੇ ਮੁਆਫ ਕੀਤੇ ਜਾਣੇ ਹਨ। ਮੈਂ ਕਹਿੰਦਾ ਹਾਂ ਕਿ ਸਰਕਾਰ ਨੂੰ ਇਹ ਕਲੈਰੀਫਿਕੇਸ਼ਨ ਦੇਣੀ ਚਾਹੀਦੀ ਸੀ। ਸਰਕਾਰ ਦਾ ਫਰਜ਼ ਬਣਦਾ ਸੀ ਕਿ ਲੋਕਾਂ ਨੂੰ ਕਲੈਰੀਫਿਕੇਸ਼ਨ ਦਿੰਦੀ, ਲੋਕਾਂ ਦੇ ਸਿਰ ਹੋਰ ਵਿਆਜ ਪੈ ਰਿਹਾ ਹੈ। ਪਿੰਡਾਂ ਵਿੱਚ ਕੋਆਪਰੇਟਿਵ ਸੁਸਾਇਟੀਆਂ ਦੀਆਂ ਇਲੈਕਸ਼ਨਾਂ ਨਹੀਂ ਹੋਈਆਂ, ਅਧਿਕਾਰੀ ਉਨ੍ਹਾਂ ਦੇ ਖਿਲਾਫ ਕਾਰਵਾਈ ਕਰਦੇ ਫਿਰਦੇ ਹਨ ਕਿ ਕਰਜ਼ਾ ਵਾਪਸ ਕਰੋ। ਮੈਂ ਕਹਿੰਦਾ ਹਾਂ ਕਿ ਸਾਡੀ ਸਰਕਾਰ ਇੱਕ ਸਾਲ ਬੀਤ ਜਾਣ ਦੇ ਬਾਵਜੂਦ ਵੀ ਇਹ ਕਹੇ ਕਿ ਅਸੀਂ ਪਾਲਿਸੀ ਨਹੀਂ ਬਣਾ ਸਕੇ ਕਿ ਕਿਹੜਾ ਕਰਜ਼ਾ ਮੁਆਫ ਕੀਤਾ ਜਾਣਾ ਹੈ। ਉਸ ਵਿੱਚ ਇਹ ਸਰਕਾਰ ਬੜੀ ਬੁਰੀ ਤਰ੍ਹਾਂ ਅਸਫਲ ਰਹੀ ਹੈ। ਇਸ ਤੋਂ ਇਲਾਵਾ ਮੈਂ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਅੰਦਰ ਜਿਹੜੇ 10+2 ਦੇ ਸਟੂਡੈਂਟਸ ਹਨ ਉਨ੍ਹਾਂ ਨੂੰ ਵੀ ਸਟਾਈਪਿੰਡ ਨਹੀਂ ਦਿਤਾ ਜਾ ਰਿਹਾ। ਇਸ ਲਈ ਮੈਂ ਕਹਿੰਦਾ ਹਾਂ ਕਿ ਇਹ ਜਿਹੜਾ ਭਾਸ਼ਣ ਹੈ, ਇਸ ਦੇ ਵਿੱਚ ਕੋਈ ਵੀ ਅਜਿਹੀ ਗੱਲ ਨਹੀਂ ਕਿ ਜਿਸ ਦੇ ਲਈ ਅਸੀਂ ਧੰਨਵਾਦ ਕਰੀਏ ਅਤੇ ਆਸ਼ਾਵਾਦੀ ਹੋ ਸਕੀਏ। ਜਿੱਥੋਂ ਤੱਕ ਜ਼ਿਲ੍ਹਿਆਂ ਦੇ ਪੁਨਰਗਠਨ ਦੀ ਗੱਲ ਹੈ ਪਿਛਲੇ ਸਾਲ ਦੋ ਨਵੇਂ ਜ਼ਿਲ੍ਹੇ ਬਣਾਏ ਗਏ ਅਤੇ ਮੁੱਖ ਮੰਤਰੀ ਸਾਹਿਬ ਨੇ ਕਿਹਾ ਸੀ ਕਿ ਹੋਰ ਵੀ ਜ਼ਿਲ੍ਹਿਆਂ ਦਾ ਪੁਨਰਗਠਨ ਕੀਤਾ ਜਾਵੇਗਾ, ਲੇਕਿਨ ਕੋਈ ਜ਼ਿਲ੍ਹਾ ਨਹੀਂ ਬਣਾਇਆ ਗਿਆ। ਇਸ ਮੰਤਵ ਵਾਸਤੇ ਵੀ ਜਿਹੜੀ ਕਮੇਟੀ ਬਣਾਈ ਗਈ ਹੈ, ਉਸ ਦੀ ਰਫਤਾਰ ਇੰਨੀ ਢਿੱਲੀ ਹੈ ਕਿ ਉਹ ਸ਼ਾਇਦ ਪੰਜ ਸਾਲਾਂ ਵਿੱਚ ਵੀ ਫੈਸਲਾ ਨਾ ਕਰ ਸਕੇ ਕਿ ਕਿਹੜੇ ਨਵੇਂ ਜ਼ਿਲ੍ਹੇ ਬਣਾਉਣੇ ਹਨ ਕਿਉਂਕਿ ਇਹ ਆਮ ਰੁਟੀਨ ਹੈ ਕਿ ਜਦੋਂ ਕੋਈ ਕੰਮ ਨਾ ਕਰਨਾ ਹੋਵੇ ਤਾਂ ਕਮੇਟੀ ਬਣਾ ਦਿਓ ਅਤੇ ਕਈ ਸਾਲ ਉਸਦੀ ਰਿਪੋਰਟ ਨਹੀਂ ਆਉਣੀ ਅਤੇ ਜ਼ਿਲ੍ਹੇ ਨਹੀਂ ਬਣਨੇ। ਅਸੀ ਕਹਿੰਦੇ ਹਾਂ ਕਿ ਪੰਜਾਬ ਦੇ ਹਿੱਤਾਂ ਨੂੰ ਅਤੇ ਲੋਕਾਂ ਦੀਆਂ ਮੁਸ਼ਕਲਾਂ ਨੂੰ ਮੱਦੇ ਨਜ਼ਰ ਰੱਖਦੇ ਹੋਏ 'ਨਵਾਂ ਸ਼ਹਿਰ' ਨੂੰ ਵੀ ਜ਼ਿਲ੍ਹਾ ਬਣਾਇਆ ਜਾਵੇ ਕਿਉਂਕਿ ਇਸਦੀ ਸਿਚੂਏਸ਼ਨ ਐਸੀ ਹੈ ਕਿ ਇਸ ਨੂੰ ਜ਼ਰੂਰ ਜ਼ਿਲ੍ਹਾ ਬਣਾਇਆ ਜਾਣਾ ਚਾਹੀਦਾ ਹੈ। ਬਿਜਲੀ ਬਾਰੇ ਕਿਹਾ ਗਿਆ ਕਿ ਸਿੰਚਾਈ ਅਤੇ ਬਿਜਲੀ ਦਾ ਸਰਕਾਰ ਨੇ ਬੜਾ ਸ਼ਲਾਘਾਯੋਗ ਕੰਮ ਕੀਤਾ। ਮੈਂ ਕਹਿੰਦਾ ਹਾਂ ਕਿ ਸਾਡੀ ਸਰਕਾਰ ਦੀ ਟੈਂਡੈਂਸੀ ਇਹ ਹੈ ਕਿ ਉਹ ਥਰਮਲ ਪਲਾਂਟਾਂ ਤੇ ਲਗਾਤਾਰ ਜ਼ੋਰ ਦੇ ਰਹੀ ਹੈ ਜਿਨ੍ਹਾਂ ਦਾ ਫਿਊਚਰ ਪੰਜਾਬ ਦੇ ਅੰਦਰ ਬਰਾਈਟ ਨਹੀਂ ਹੈ। ਸਾਨੂੰ ਦੂਜੇ ਪ੍ਰੋਜੈਕਟਾਂ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ। ਪਿਛੇ ਜਿਹੇ ਪਾਰਬਤੀ ਨਦੀ ਬਾਰੇ ਸਮਝੌਤਾ ਹੋਇਆ। ਗੁਜਰਾਤ ਦੇ ਮੁੱਖ ਮੰਤਰੀ ਨੇ ਇਸ ਫੈਸਲੇ ਤੇ ਦਸਤਖਤ ਕੀਤੇ, ਰਾਜਸਥਾਨ ਦੇ ਮੁੱਖ ਮੰਤਰੀ ਨੇ ਦਸਤਖਤ ਕੀਤੇ, ਹਿਮਾਚਲ ਦੇ ਮੁੱਖ ਮੰਤਰੀ ਨੇ ਦਸਤਖਤ ਕੀਤੇ ਅਤੇ ਇਸ ਵਿੱਚ ਹਿੱਸਾ ਪਾਇਆ ਅਤੇ ਪੰਜਾਬ ਇਸ ਵੇਲੇ ਵੀ ਅਵੇਸਲਾ ਰਿਹਾ। ਅਸੀਂ ਕਹਿੰਦੇ ਹਾਂ ਕਿ ਪੰਜਾਬ ਦੇ ਗਵਰਨਰ ਦਾ ਇਹ ਜਿਹੜਾ ਭਾਸ਼ਣ ਹੈ, ਇਹ ਪੰਜਾਬ ਦੇ ਹਿੱਤਾਂ ਵਿੱਚ ਨਹੀਂ ਹੈ, ਇਸ ਲਈ ਅਸੀਂ ਇਸਦੀ ਵਿਰੋਧਤਾ ਕਰਦੇ ਹਾਂ।

ਲੋਕ ਨਿਰਮਾਣ ਦੀ ਗੱਲ ਵੀ ਕੀਤੀ। ਮੇਰਾ ਖਿਆਲ ਹੈ ਕਿ ਪਿਛਲੇ ਸਾਲ ਅਸੰਬਲੀ ਵਿਚ ਵਾਅਦਾ ਕੀਤਾ ਗਿਆ ਸੀ ਕਿ ਆਉਣ ਵਾਲੇ ਸਮੇਂ ਵਿਚ ਜੁਲਾਈ, 1993 ਤੱਕ ਪੰਜਾਬ ਦੀਆਂ ਸਾਰੀਆਂ ਲਿੰਕ ਰੋਡਜ਼ ਨੂੰ ਪੱਕਾ ਕਰ ਦਿੱਤਾ ਜਾਵੇਗਾ। ਮੇਰੇ ਜਲੰਧਰ ਜ਼ਿਲ੍ਹੇ ਦੇ ਬੰਗਾ ਹਲਕੇ ਵਿਚ ਵੀ ਇੱਕ ਸਮੱਸਿਆ ਹੈ। ਉਥੇ ਲਗਪਗ 40-50 ਪਿੰਡ ਅਜਿਹੇ ਹਨ ਜਿਥੇ ਮਾਰਕੀਟ ਕਮੇਟੀ, ਫਗਵਾੜਾ ਪੈਸੇ ਲੈ ਜਾਂਦੀ ਹੈ। ਅਸੀਂ ਪਹਿਲਾਂ ਵੀ ਐਸਬਲੀ ਵਿਚ ਕਿਹਾ ਸੀ ਕਿ ਬੰਗੇ ਦੀ ਮਾਰਕੀਟ ਕਮੇਟੀ ਬਣਾਈ ਜਾਣੀ ਚਾਹੀਦੀ ਹੈ ਤਾਂ ਕਿ ਉਥੋਂ ਦੇ

[ਸ਼੍ਰੀ ਸਤਨਾਮ ਸਿੰਘ ਕੈਂਥ]

ਲੋਕਾਂ ਦੀ ਆਮਦਨ ਵਧ ਸਕੇ। ਪਿੱਛਲੇ ਸਮੇਂ ਦੌਰਾਨ ਇੱਕ ਮੀਟਿੰਗ ਵਿਚ ਇਹ ਰਿਵੀਊ ਕੀਤਾ ਗਿਆ ਕਿ ਪੰਜਾਬ ਵਿਚ ਸਰਕਾਰ ਵਲੋਂ 1993 ਤੱਕ ਲਿੰਕ ਸੜਕਾਂ ਬਣਾਉਣ ਦਾ ਜੋ ਵਾਅਦਾ ਕੀਤਾ ਗਿਆ ਸੀ, ਮੇਰਾ ਖਿਆਲ ਹੈ ਕਿ ਉਹ 1995 ਤੱਕ ਵੀ ਮੁਕੰਮਲ ਨਹੀਂ ਹੋਣ-ਗੀਆਂ। ਇਹ ਬਹੁਤ ਹੀ ਢਿੱਲੀ ਰਫਤਾਰ ਹੈ। ਜਲੰਧਰ ਜ਼ਿਲ੍ਹੇ ਵਿਚ 22 ਪਰਸੈਂਟ ਤੋਂ ਵੱਧ ਸੜਕ ਰਿਪੇਅਰ ਨਹੀਂ ਹੋ ਸਕੀ ਅਤੇ ਨਾ ਹੀ ਹੋ ਰਹੀ ਹੈ। ਸਰਕਾਰ ਵੱਲੋਂ ਇਹ ਟਾਰਗੇਟ ਪੂਰਾ ਨਹੀਂ ਕੀਤਾ ਜਾ ਸਕਿਆ।

ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਨੇ ਪਿਛਲੇ ਸਾਲ ਵਾਅਦਾ ਕੀਤਾ ਸੀ ਕਿ ਅਸੀਂ ਭ੍ਰਿਸ਼ਟਾਚਾਰ ਦੇ ਖਿਲਾਫ਼ ਮੁਹਿੰਮ ਚਲਾਵਾਂਗੇ ਪਰ ਦੁੱਖ ਦੀ ਗੱਲ ਹੈ ਕਿ ਪੰਜਾਬ ਦੇ ਪ੍ਰਸ਼ਾਸਨ ਵਿਚ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ। ਪਿੱਛੇ ਜਿਹੇ ਪਟਿਆਲੇ ਅੰਦਰ ਹੋਮ ਗਾਰਡਜ਼ ਭਰਤੀ ਕੀਤੇ। ਹਰੇਕ ਤੋਂ ਪੰਜ-ਪੰਜ ਹਜ਼ਾਰ ਲਏ ਗਏ ਅਤੇ ਡੇਢ ਕਰੋੜ ਦਾ ਸਕੈਂਡਲ ਅੱਜ ਸਾਡੇ ਸਾਹਮਣੇ ਹੈ। ਇਸ ਦੇ ਨਾਲ-ਨਾਲ ਪਿੱਛੇ ਜਿਹੇ ਏ.ਐਨ.ਐਮ. ਦੀਆਂ ਪੋਸਟਾਂ ਨਿਕਲੀਆਂ ਸਨ। ਉਨ੍ਹਾਂ ਨੂੰ ਕੈਂਸਲ ਕਰਨਾ ਪਿਆ ਕਿਉਂਕਿ ਉਸ ਵਿਚ ਰਿਸ਼ਵਤਖੋਰੀ ਹੋਈ ਹੈ। ਪਟਵਾਰੀ ਦੀਆਂ ਪੋਸਟਾਂ ਵਿਚ ਜਿਹੜਾ ਟੈਸਟ ਲਿਆ ਗਿਆ ਉਸ ਵਿਚ ਪ੍ਰਸ਼ਨ ਪੱਤਰ ਪਹਿਲਾਂ ਹੀ ਲੀਕ ਹੋ ਗਏ ਅਤੇ ਸ਼ੀਟਾਂ ਹੱਲ ਕਰਨ ਲਈ ਬਾਹਰ ਭੇਜੀਆਂ ਗਈਆਂ। ਇਸ ਤਰ੍ਹਾਂ ਅਸੀਂ ਕਿਵੇਂ ਕਹਿ ਸਕਦੇ ਹਾਂ ਕਿ ਪੰਜਾਬ ਵਿਚ ਭ੍ਰਿਸ਼ਟਾਚਾਰ ਖਤਮ ਹੋਇਆ ਹੈ। "ਇੰਡੀਆ ਟੁਡੇ" ਨੇ ਮਨਿਸਟਰਾਂ ਬਾਰੇ ਲਿਖਿਆ, ਅਧਿਕਾਰੀਆਂ ਬਾਰੇ ਲਿਖਿਆ। ਪੰਜਾਬ ਵਿਚ ਇਹ ਭ੍ਰਿਸ਼ਟਾਚਾਰ ਦੂਰ ਕਰਨਾ ਚਾਹੀਦਾ ਹੈ।

ਖੁਰਾਕ ਅਤੇ ਸਪਲਾਈ ਵਿਭਾਗ ਵਿਚ ਜਨਤਕ ਵੰਡ ਪ੍ਰਣਾਲੀ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ ਤਾਂ ਕਿ ਸਰਕਾਰ ਦੀ ਜਨਤਕ ਵੰਡ ਪ੍ਰਣਾਲੀ ਸਾਰੇ ਪੇਂਡੂ ਖੇਤਰਾਂ ਤੱਕ ਜਾਏ। ਆਮ ਤੌਰ ਤੇ ਦੇਖਿਆ ਗਿਆ ਹੈ ਕਿ ਇੱਕ ਇੱਕ ਲਾਇਸੰਸ ਹੋਲਡਰ ਕੋਲ ਦਸ-ਦਸ ਲਾਇਸੰਸ ਹਨ। ਤੇਲ ਦੇ ਡਿਪੂ ਦਾ ਵੀ ਲਾਇਸੰਸ ਹੈ, ਖੰਡ ਦਾ ਵੀ ਲਾਇਸੰਸ ਹੈ। ਗਰੀਬ ਲੋਕਾਂ ਤੱਕ ਸਰਕਾਰ ਦੀ ਇਹ ਸਕੀਮ ਨਹੀਂ ਪਹੁੰਚ ਰਹੀ। ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸਕੀਮ ਨੂੰ ਹੋਰ ਮਜ਼ਬੂਤ ਕਰੇ ਅਤੇ ਇਹ ਵੀ ਕਲੈਰੀਫਿਕੇਸ਼ਨ ਕਰਨੀ ਚਾਹੀਦੀ ਹੈ ਕਿ ਇੱਕ ਲਾਇਸੰਸ ਹੋਲਡਰ ਕੋਲ ਇੱਕ ਤੋਂ ਜ਼ਿਆਦਾ ਲਾਇਸੰਸ ਨਾ ਹੋਣ। ਪਿਛਲੇ ਸਾਲ ਵਰਖਾ ਨਹੀਂ ਹੋਈ ਜਿਸ ਕਾਰਨ ਕੰਡੀ ਏਰੀਆ ਦੇ ਪਿੰਡਾਂ ਵਿਚ ਫਸਲਾਂ ਬੁਰੀ ਤਰ੍ਹਾਂ ਤਬਾਹ ਹੋ ਗਈਆਂ। ਸਰਕਾਰ ਨੂੰ ਚਾਹੀਦਾ ਹੈ ਕਿ ਉਨ੍ਹਾਂ ਦੀ ਗਿਰਦਾਵਰੀ ਕਰਕੇ ਉਨ੍ਹਾਂ ਨੂੰ ਮੁਆਵਜ਼ਾ ਦਿੱਤਾ ਜਾਵੇ ਤਾਂ ਕਿ ਲੋਕ ਆਪਣੀ ਰੋਜ਼ੀ ਰੋਟੀ ਕਮਾ ਸਕਣ। ਉਨ੍ਹਾਂ ਨੂੰ ਕਿਸੇ ਕਿਸਮ ਦੀ ਕੋਈ ਤਕਲੀਫ ਨਾ ਹੋਵੇ। ਇਸ ਤੋਂ ਇਲਾਵਾ ਇਸ ਧੰਨਵਾਦ ਮਤੇ ਤੇ ਬੋਲਦਿਆਂ ਸ਼੍ਰੀ ਖੁਸ਼ਹਾਲ ਬਹਿਲ ਜੀ ਨੇ ਛੇ ਦਸੰਬਰ. ਦੀਆਂ ਘਟਨਾਵਾਂ ਦਾ ਵੀ ਜ਼ਿਕਰ ਕੀਤਾ। ਛੇ ਦਸੰਬਰ ਦੀਆਂ ਘਟਨਾਵਾਂ ਨੇ ਸਾਰੇ ਦੇਸ਼ ਨੂੰ ਝੰਜੋੜ ਕੇ ਰੱਖ ਦਿੱਤਾ। ਇਨ੍ਹਾਂ ਘਟਨਾਵਾਂ ਨੇ ਦੇਸ਼ ਦੀ ਏਕਤਾ ਅਤੇ ਅਖੰਡਤਾ ਤੇ ਅਸਰ ਪਾਇਆ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਵਿਚ ਇਕੱਲੀ ਬੀ.ਜੇ.ਪੀ. ਦੋਸ਼ੀ ਨਹੀਂ, ਕਾਂਗਰਸ ਪਾਰਟੀ ਵੀ ਬਰਾਬਰ ਦੀ ਭਾਈਵਾਲ ਹੈ। ਜਿਸ ਸਮੇਂ ਬਾਬਰੀ ਮਸਜਿਦ ਨੂੰ ਤਾਲਾ ਲੱਗਿਆ ਹੋਇਆ ਸੀ, ਉਸ ਸਮੇਂ ਮਾਨਯੋਗ ਇੰਦਰਾ ਗਾਂਧੀ ਜੀ ਨੇ ਤਾਲਾ ਖੁਲਾਇਆ ਅਤੇ ਮਾਨ-ਯੋਗ ਰਾਜੀਵ ਗਾਂਧੀ ਜੀ ਨੇ ਨੀਂਹ ਪੱਥਰ ਰੱਖਿਆ। 1989 ਦੀ ਇਲੈਕਸ਼ਨ ਕੀ ਰਾਜੀਵ ਗਾਂਧੀ ਜੀ ਨੇ ਉੱਥੋਂ ਤਿਲਕ ਲੁਆ ਕੇ ਸ਼ੁਰੂ ਨਹੀਂ ਸੀ ਕੀਤੀ ? ਜਿਹੜਾ ਡੇਢ ਲੱਖ ਬੰਦਾ ਇਕੱਠਾ ਹੋਇਆ ਸਰਕਾਰ ਨੂੰ ਉਸ ਦੇ ਲਈ ਪਹਿਲਾਂ ਕੋਈ ਸੋਚਣਾ ਚਾਹੀਦਾ ਸੀ ਕਿ ਇਹ ਇਤਨੀ ਗਿਣਤੀ ਵਿੱਚ ਜਿਹੜੇ ਲੋਕ ਇਕੱਠੇ ਹੋਏ ਹਨ

ਉਹ ਕੋਈ ਤਮਾਸ਼ਾ ਦੇਖਣ ਲਈ ਇਕੱਠੇ ਨਹੀਂ ਹੋਏ, ਸਰਕਾਰ ਨੂੰ ਪਹਿਲਾਂ ਐਕਸ਼ਨ ਲੈਣਾ ਚਾਹੀਦਾ ਸੀ। ਹਾਲਾਂ ਕਿ ਅਸੀਂ ਕਹਿੰਦੇ ਹਾਂ ਕਿ ਜਿਹੜੇ ਇਥੇ ਪੰਜਾਬ ਵਿੱਚ ਬਲਿਊ ਸਟਾਰ ਓਪਰੇਸ਼ਨ ਹੋਇਆ ਅੱਜ ਤਕ ਅਸੀਂ ਉਸ ਦਾ ਸੰਤਾਪ ਭੁਗਤ ਰਹੇ ਹਾਂ। ਇਸ ਘਟਨਾ ਦੇ ਨਾਲ ਇੰਡੀਆ ਦੇ ਇਮੇਜ ਨੂੰ ਧੱਕਾ ਲਗਿਆ ਹੈ, ਨੈਸ਼ਨਲ ਅਤੇ ਇੰਟਰ-ਨੈਸ਼ਨਲ ਲੈਵਲ ਤੇ ਇੰਡੀਆਂ ਦਾ ਇਮੇਜ ਤਬਾਹ ਹੋਇਆ ਹੈ ਅਤੇ ਲੋਕਾਂ ਦੇ ਮਨਾਂ ਵਿੱਚ ਤਰੇੜ ਪਈ ਹੈ ਔਰ ਇਸ ਤਰੇੜ ਨੂੰ ਭਰਨ ਵੱਲ ਕਾਫ਼ੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਅੰਤ ਵਿਚ ਇਕ ਗੱਲ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਭਾਸ਼ਣ ਵਿੱਚ ਕੋਈ ਇਹੋ ਜਿਹੀ ਗੱਲ ਨਹੀਂ ਜਿਸ ਦੇ ਬਾਰੇ ਕੋਈ ਅਸੀਂ ਆਪਣੀ ਸੈਟਿਸਫੈਕਸ਼ਨ ਜ਼ਾਹਰ ਕਰ ਸਕੀਏ, ਅਸੀਂ ਗਵਰਨਰ ਸਾਹਿਬ ਦੀ ਇਸ ਸਪੀਚ ਨਾਲ ਡਿਸੈਟਿਸਫਾਈਡ ਹਾਂ। ਮੈਂ ਤੁਹਾਡਾ, ਸਪੀਕਰ ਸਾਹਿਬ, ਧੰਨਵਾਦ ਕਰਦਾ ਹਾਂ। ਜੈ ਭੀਮ, ਜੈ ਭਾਰਤ।

ਸ੍ਰੀਮਤੀ ਵਿਮਲਾ ਡਾਂਗ (ਅੰਮ੍ਰਿਤਸਰ ਪੱਛਮੀ) : ਸਤਿਕਾਰਯੋਗ ਸਪੀਕਰ ਸਾਹਿਬ, ਮੇਰਾ ਤਾਂ ਮਨ ਸੀ ਕਿ ਮੈਂ ਕੱਲ ਬੋਲਾਂ ਪਰ ਤੁਸੀਂ ਕਿਉਂਕਿ ਮੇਰਾ ਨਾਮ ਬੋਲ ਦਿੱਤਾ ਹੈ, ਇਸ ਲਈ ਮੈਂ ਆਪਣੇ ਵਿਚਾਰ ਹੁਣ ਰੱਖਾਂਗੀ। ਬੜਾ ਅਫਸੋਸ ਹੈ ਕਿ ਬਹੁਤ ਸਾਰੇ ਮਨਿਸਟਰ ਸਾਹਿਬਾਨ ਔਰ ਐਮ.ਐਲ.ਏ. ਸਾਹਿਬਾਨ ਅਪੋਜ਼ੀਸ਼ਨ ਦੀਆਂ ਗੱਲਾਂ ਜਿਸ ਵੇਲੇ ਹੁੰਦੀਆਂ ਹਨ ਤਾਂ ਉਹ ਸੁਣਨ ਦੀ ਬਜਾਏ ਸੈਸ਼ਨ ਜਿਹੜਾ ਹੈ, ਉਹ ਛੱਡ ਕੇ ਚਲੇ ਜਾਂਦੇ ਹਨ।

ਸ੍ਰੀ ਸਪੀਕਰ : ਡਾਕਟਰ ਸਾਹਿਬ ਨੋਟ ਕਰ ਰਹੇ ਹਨ।

ਸ੍ਰੀਮਤੀ ਵਿਮਲਾ ਡਾਂਗ : ਸਪੀਕਰ ਸਾਹਿਬ, ਮੇਰੀ ਇਹ ਰਾਏ ਹੈ ਕਿ ਗਵਰਨਰ ਸਾਹਿਬ ਦਾ ਭਾਸ਼ਣ ਸਰਕਾਰ ਦੀਆਂ ਪ੍ਰਾਪਤੀਆਂ ਔਰ ਅਚੀਵਮੈਂਟਸ ਨੂੰ ਬਹੁਤਾ ਉਭਾਰ ਕੇ ਦੱਸਦਾ ਹੈ। ਜਿਥੇ ਅਚੀਵਮੈਂਟਸ ਦੱਸੀਆਂ ਹਨ, ਪ੍ਰਾਪਤੀਆਂ ਦੱਸੀਆਂ ਹਨ ਬਹੁਤ ਸਾਰੀਆਂ ਪ੍ਰਾਪਤੀਆਂ ਦਾ ਅਸੀਂ ਵੀ ਸਵਾਗਤ ਕਰਦੇ ਹਾਂ। ਮੈਂ ਦੱਸਾਂਗੀ ਕਿ ਕਿਹੜੀਆਂ ਕਿਹੜੀਆਂ ਪ੍ਰਾਪਤੀਆਂ ਦਾ ਅਸੀਂ ਸਵਾਗਤ ਕਰਦੇ ਹਾਂ, ਕਿਹੜੀਆਂ ਕਿਹੜੀਆਂ ਪ੍ਰਾਪਤੀਆਂ ਨੂੰ, ਅਚੀਵਮੈਂਟਸ ਨੂੰ ਅਸੀਂ ਦਰੁੱਸਤ ਸਮਝਦੇ ਹਾਂ ਪਰ ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦੀ ਹਾਂ ਕਿ ਕਮਜ਼ੋਰੀਆਂ ਦੇ ਬਾਰੇ ਗਵਰਨਰ ਸਾਹਿਬ ਦੇ ਐਡਰੈਸ ਵਿਚ ਕੋਈ ਗੱਲ ਨਹੀਂ ਕੀਤੀ ਗਈ, ਕਮਜ਼ੋਰੀਆਂ ਦੇ ਬਾਰੇ ਗਵਰਨਰ ਸਾਹਿਬ ਦਾ ਐਡਰੈਸ ਬਿਲਕੁਲ ਚੁੱਪ ਹੈ।

Shri Vijay Kumar Sathi Advocate : On a point of order, Sir.

ਸ੍ਰੀ ਸਪੀਕਰ : ਇਨਟਪੱਟ ਨਾ ਕਰੋ। ਉਨ੍ਹਾਂ ਨੂੰ ਬੋਲਣ ਦਿਉ। Please do not interrupt.

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ** ** **

Mr. Speaker : This is no point of Order. Mrs. Dang, please carry on. No interruption, please.

ਸ੍ਰੀਮਤੀ ਵਿਮਲਾ ਡਾਂਗ : ਸਪੀਕਰ ਸਾਹਿਬ, ਮੈਨੂੰ ਇਸ ਗੱਲ ਦੀ ਕਨਸੈਸ਼ਨ ਦਿੱਤੀ ਜਾਵੇ ਕਿ ਮੇਰੇ ਬੋਲਣ ਵਿੱਚ ਕੋਈ ਇਨਟਰੱਪਸ਼ਨ ਨਾ ਹੋਵੇ।

**Expunged as ordared by the Chair.

ਸ੍ਰੀ ਸਪੀਕਰ : ਮੈਂਬਰ ਸਾਹਿਬਾਨ ਜਦੋਂ ਬੋਲਣ ਉਨ੍ਹਾਂ ਨੂੰ ਇਨਟੱਰਪਟ ਨਾ ਕੀਤਾ ਜਾਵੇ।

ਸ੍ਰੀਮਤੀ ਵਿਮਲਾ ਡਾਂਗ : ਸਪੀਕਰ ਸਾਹਿਬ, ਕਮਜ਼ੋਰੀਆਂ ਦਾ ਭੀ ਗਵਰਨਰ ਸਾਹਿਬ ਦੇ ਭਾਸ਼ਣ ਵਿੱਚ ਜ਼ਿਕਰ ਹੋਣਾ ਚਾਹੀਦਾ ਹੈ। 1992 ਦੇ ਗਵਰਨਰ ਸਾਹਿਬ ਦੇ ਭਾਸ਼ਣ ਵਿੱਚ ਬਹੁਤ ਸਾਰੇ ਵਾਇਦੇ ਲੋਕਾਂ ਦੇ ਨਾਲ ਕੀਤੇ ਗਏ ਸੀ ਉਨ੍ਹਾਂ ਦੇ ਬਾਰੇ ਇਸ ਭਾਸ਼ਣ ਦੇ ਵਿੱਚ ਦੱਸਣਾ ਚਾਹੀਦਾ ਸੀ ਕਿ ਉਹ ਪੂਰੇ ਹੋਏ ਹਨ ਜਾਂ ਨਹੀਂ ਹੋਏ। ਜੋ ਪਿਛਲੇ ਭਾਸ਼ਣ ਦੇ ਵਿੱਚ ਵਾਇਦੇ ਕੀਤੇ ਗਏ ਸੀ ਉਹ ਪੂਰੇ ਨਹੀਂ ਹੋਏ। ਸਪੀਕਰ ਸਾਹਿਬ, ਜਿਸ ਤਰ੍ਹਾਂ ਤੁਸੀਂ ਕਹਿੰਦੇ ਹੋ ਕਿ ਆਪੋਜੀਸ਼ਨ ਦਾ ਕੰਸਟ੍ਰਕਟਿਵ ਰੋਲ ਹੋਣਾ ਚਾਹੀਦਾ ਹੈ, ਇਸੇ ਤਰੀਕੇ ਦੇ ਨਾਲ ਰੂਲਿੰਗ ਪਾਰਟੀ ਨੂੰ ਕੰਸਟ੍ਰਕਟਿਵ ਗੱਲਾਂ ਜ਼ਰੂਰ ਕਰਨੀਆਂ ਚਾਹੀਦੀਆਂ ਹਨ ਤੇ ਆਪਾ ਪੜਚੋਲ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ ਮੈਂ ਇਹ ਵੀ ਕਹਿਣਾ ਚਾਹੁੰਦੀ ਹਾਂ ਕਿ ਇਸ ਦੇ ਵਿੱਚ ਕੋਈ ਸੇਧ ਵੀ ਨਹੀਂ ਦੱਸੀ ਗਈ। ਮੈਨੂੰ ਅਫਸੋਸ ਹੈ ਕਿ ਅਯੁਧਿਆ ਈਵੈਂਟਸ ਦਾ ਵੀ ਇਸ ਦੇ ਵਿੱਚ ਕੋਈ ਜ਼ਿਕਰ ਨਹੀਂ ਕੀਤਾ ਗਿਆ, ਉਸ ਦੇ ਬਾਰੇ ਇਸ ਭਾਸ਼ਣ ਦੇ ਵਿੱਚ ਇੱਕ ਅੱਖਰ ਵੀ ਨਹੀਂ ਹੈ ਕਿ ਜੋ ਬੰਬਈ ਦੇ ਵਿੱਚ ਘਟਨਾਵਾਂ ਹੋਈਆਂ, ਅਹਿਮਦਾਬਾਦ ਤੇ ਸੂਰਤ ਵਿੱਚ ਜੋ ਘਟਨਾਵਾਂ ਹੋਈਆਂ, ਕੀ ਉਨ੍ਹਾਂ ਦੇ ਨਾਲ ਸਾਡਾ ਕੋਈ ਸਬੰਧ ਨਹੀਂ? ਦੇਸ਼ ਦੀ ਏਕਤਾ, ਅਖੰਡਤਾ ਅਤੇ ਯੂਨਿਟੀ ਦੀ ਗੱਲ ਹੈ। ਉਸ ਸੰਘਰਸ਼ ਦੇ ਵਿੱਚ ਕੀ ਪੰਜਾਬੀਆਂ ਨੇ ਕੋਈ ਹਿੱਸਾ ਨਹੀਂ ਲੈਣਾ ਲੇਕਿਨ ਇਹ ਰਿਪੋਰਟ ਜੋ ਸਾਡੇ ਸਾਹਮਣੇ ਆਈ ਹੈ ਇਸ ਦੇ ਇਸ ਨੁਕਤੇ ਨੂੰ ਟੱਚ ਹੀ ਨਹੀਂ ਕੀਤਾ ਗਿਆ। ਖੁਸ਼ਹਾਲ ਬਹਿਲ ਜੀ ਨੇ ਇਸ ਨੁਕਤੇ ਨੂੰ ਥੋੜ੍ਹਾ ਟੱਚ ਕੀਤਾ ਹੈ। ਪੰਜਾਬ ਦੇ ਲੋਕ ਇਸ ਫਿਰਕਾਪ੍ਰਸਤੀ ਦਾ ਕੀ ਮੁਕਾਬਲਾ ਕਰਨਗੇ, ਉਨ੍ਹਾਂ ਦਾ ਇਸ ਪ੍ਰਤੀ ਕੀ ਵਿਚਾਰ ਹੈ, ਇਸ ਦਾ ਜ਼ਿਕਰ ਜ਼ਰੂਰ ਇਸ ਦੇ ਵਿਚ ਹੋਣਾ ਚਾਹੀਦਾ ਸੀ। ਸਾਡੀ ਪਾਰਟੀ ਦੀ ਰਾਇ ਹੈ ਕਿ ਪੰਜਾਬ ਦੇ ਹਾਲਾਤ ਦੇ ਵਿੱਚ ਜੋ ਬੇਹਤਰੀ ਆਈ ਹੈ ਉਸ ਦੇ ਲਈ ਸਰਦਾਰ ਬੇਅੰਤ ਸਿੰਘ ਜੀ ਵਧਾਈ ਦੇ ਪਾਤਰ ਹਨ। (ਥੰਪਿੰਗ) ਕਿਉਂ ਅਸੀਂ ਕਹਿੰਦੇ ਹਾਂ ? ਇਹ ਗੱਲ ਅਸੀਂ ਬੇਝਿਜਕ ਹੋ ਕੇ ਕਹਿੰਦੇ ਹਾਂ ਕਿਉਂਕਿ ਪਿਛਲੀਆਂ ਜਿਹੜੀਆਂ ਸਰਕਾਰਾਂ ਸਨ ਉਨ੍ਹਾਂ ਨੇ ਸੱਚੇ ਦਿਲ ਨਾਲ ਅੱਤਵਾਦ ਦੇ ਖਿਲਾਫ ਲੜਾਈ ਨਹੀਂ ਲੜੀ। ਥੋੜ੍ਹਾ ਥੋੜ੍ਹਾ ਕੰਮ ਕਰਨ ਤੋਂ ਬਾਅਦ ਇਹ ਲੜਾਈ ਮੱਠੀ ਹੋ ਜਾਂਦੀ ਰਹੀ। ਉਹ ਕੁਝ ਗਲਤ ਕਿਸਮ ਦੀਆਂ ਗੱਲਾਂ ਕਰਨ ਲਗ ਪਏ ਸਨ, ਜਿਨ੍ਹਾਂ ਦਾ ਫਾਇਦਾ ਅੱਤਵਾਦ ਉਠਾਉਂਦਾ ਸੀ। ਪਰ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਨੇ ਅੱਤਵਾਦ ਦੇ ਵਿਰੁਧ ਅਨਕੰਪਰੋਮਾਈਜ਼ਡ ਸਟਰਗਲ ਕੀਤੀ ਔਰ ਇਸ ਦੇ ਚੰਗੇ ਸਿੱਟੇ ਨਿਕਲੇ ਹਨ। ਸਾਡੀ ਸਰਕਾਰ ਦੇ ਜਿਹੜੇ ਚੰਗੇ ਕਦਮ ਹਨ ਔਰ ਜੋ ਅਚੀਵਮੈਂਟਸ ਹਨ ਉਸ ਦੇ ਲਈ ਚੀਫ ਮਨਿਸਟਰ ਸਾਹਿਬ ਨੂੰ ਔਰ ਪੰਜਾਬ ਦੀ ਸਰਕਾਰ ਨੂੰ ਵਧਾਈ ਦੇਣਾ ਚਾਹੁੰਦੀ ਹੈ (ਥੰਪਿੰਗ)।

ਇਸ ਤਰੀਕੇ ਨਾਲ ਮਿਉਂਸਪਲ ਕਮੇਟੀ ਦੀਆਂ ਅਤੇ ਪੰਚਾਇਤਾਂ ਦੀਆਂ ਚੋਣਾਂ ਹੋਈਆਂ। ਠੀਕ ਹੈ ਜੋ ਵੀ ਮੇਰੇ ਬੀ.ਐਸ.ਪੀ. ਦੇ ਸਾਥੀ ਨੇ ਕਿਹਾ ਕਿ ਇਰੈਗੁਲੈਰਿਟੀਜ਼ ਹੋਈਆਂ, ਸਰਦਾਰ ਉਮਰਾਓ ਸਿੰਘ ਨੇ ਵੀ ਕਿਹਾ ਸੀ ਕਿ ਕੁੱਝ ਇਰੈਗੁਲੈਰਿਟੀਜ਼ ਹੋਈਆਂ, ਪਰ 82 ਪ੍ਰਤੀਸ਼ਤ ਦਾ ਵੋਟਾਂ ਵਿਚ ਹਿੱਸਾ ਲੈਣਾ, 12000 ਪੰਚਾਇਤਾਂ ਦਾ ਸ਼ਾਂਤੀ ਨਾਲ ਚੁਣਿਆ ਜਾਣਾ ਵੱਡੀ ਗੱਲ ਹੈ। ਪੰਜਾਬ ਦੇ ਲਈ ਇਹ ਬਹੁਤ ਵੱਡੀ ਪਾਜ਼ੇਟਿਵ ਡਿਵੈਲਪਮੈਂਟ ਦੀ ਗਲ ਹੈ। ਇਸ ਦੇ ਨਾਲ ਹੀ ਮੈਨੂੰ ਇਹ ਕਹਿਣ ਵਿਚ ਕੋਈ ਝਿਜਕ ਨਹੀਂ ਕਿ ਜਦੋਂ ਕੋਈ ਚੰਗੀ ਅਤੇ ਪਾਜ਼ੇਟਿਵ ਗੱਲ ਹੁੰਦੀ ਹੈ, ਉਸਦੇ ਨਾਲ ਕੋਈ ਮਾੜੀ ਗਲ ਵੀ ਹੋ ਜਾਂਦੀ ਹੈ। ਦਰਜ਼ਨਾਂ ਥਾਵਾਂ ਤੇ ਬਿਊਰੋਕਰੇਸੀ ਅਤੇ ਪੁਲੀਸ ਨੇ ਲੋਕਾਂ ਦੇ ਨਾਮੀਨੇਸ਼ਨਜ਼ ਦਾਖ਼ਲ ਨਹੀਂ ਹੋਣ ਦਿੱਤੇ। ਅੰਮ੍ਰਿਤਸਰ ਜ਼ਿਲ੍ਹੇ ਵਿਚ ਤਕਰੀਬਨ ਕਾਫੀ ਪਿੰਡਾਂ ਦੇ ਲੋਕਾਂ ਨੇ ਡਿਪਟੀ ਕਮਿਸ਼ਨਰ ਦੀ ਕੋਠੀ ਦੇ ਸਾਹਮਣੇ ਧਰਨਾ ਮਾਰਿਆ, ਲਾਊਡ ਸਪੀਕਰਾਂ ਤੇ ਲੋਕਾਂ ਨੇ ਆਪਣੇ ਇਤਰਾਜ਼ ਉਠਾਏ ਕੁੱਝ ਪਟੀਸ਼ਨਾਂ ਹੋਈਆਂ। ਸਾਡੀ ਮੰਗ ਹੈ ਕਿ ਪਟੀਸ਼ਨਾਂ ਕਾਫੀ ਨਹੀਂ, ਜਿਥੇ ਸੀਰੀਅਸ ਇਰੈਗੁ-

ਲੈਰਿਟੀਜ਼ ਹੋਈਆਂ ਹਨ, ਉਥੇ ਦੋਬਾਰਾ ਇਲੈਕਸ਼ਨਾਂ ਕਰਾਉਣੀਆਂ ਚਾਹੀਦੀਆਂ ਹਨ। ਜਿਥੇ ਅਸੀਂ ਸਹੀ ਗੱਲਾਂ ਤੇ ਖੁਸ਼ੀ ਦਾ ਪ੍ਰਗਟਾਵਾ ਕਰਦੇ ਹਾਂ ਉਥੇ ਗਲਤ ਗਲਾਂ ਜਿਹੜੀਆਂ ਹਨ ਉਨ੍ਹਾਂ ਦੀ ਨਿਖੇਧੀ ਵੀ ਕਰਨੀ ਹੈ। ਮਿਉਂਸਪਲ ਕਮੇਟੀ ਦੀਆਂ ਚੋਣਾਂ ਵਿਚ ਭੀ ਇਰੈਗੂਲੈਰਿਟੀਜ਼ ਹੋਈਆਂ ਹਨ ਪੁਆਇੰਟ ਆਊਟ ਕੀਤੀਆਂ ਗਈਆਂ ਸਨ, ਖੈਰ ਹੁਣ ਉਨ੍ਹਾਂ ਚੋਣਾਂ ਨੂੰ ਕਾਫੀ ਸਮਾਂ ਹੋ ਗਿਆ ਹੈ। ਕੁੱਝ ਲੈਪਸਿਜ਼ ਹੁਣ ਵੀ ਹੋਈਆਂ, ਸਾਡੀ ਪਾਰਟੀ ਨੇ ਵੀ ਉਨ੍ਹਾਂ ਦੀ ਇਨਕੁਆਇਰੀ ਦੀ ਡਿਮਾਂਡ ਕੀਤੀ। ਮੈਂ ਸਰਕਾਰ ਕੋਲ ਮੰਗ ਕਰਾਂਗੀ ਕਿ ਜਮਹੂਰੀਅਤ ਨੂੰ ਅੱਗੇ ਲਿਆਉਣ ਵਾਸਤੇ ਮਾਰਕੀਟ ਕਮੇਟੀਆਂ ਦੀਆਂ ਚੋਣਾਂ ਕਰਾਈਆਂ ਜਾਣ ਔਰ ਉਹ ਵੀ ਬਲਾਕ ਸੰਮਤੀ ਦੀਆਂ ਚੋਣਾਂ ਤੋਂ ਪਹਿਲੇ ਕਰਾਈਆਂ ਜਾਣ। ਕਾਲਜਿਜ਼ ਅਤੇ ਯੂਨੀਵਰਸਿਟੀਆਂ ਦੀਆਂ ਚੋਣਾਂ ਕਰਾਈਆਂ ਜਾਣ।

ਜਿਥੋਂ ਤਕ ਪੁਲਿਟੀਕਲ ਪ੍ਰਾਬਲਮ ਦਾ ਸੁਆਲ ਹੈ ਇਸ ਮਸਲੇ ਤੇ ਸਾਡੇ ਔਹ ਸਰਦਾਰ ਬੇਅੰਤ ਸਿੰਘ ਜੀ ਦੇ ਕੁਝ ਮੱਤਭੇਦ ਰਹੇ। ਉਨ੍ਹਾਂ ਦੇ ਮੁਤਾਬਕ ਇਹ ਲਾਅ ਐਂਡ ਆਰਡਰ ਦੀ ਸਮੱਸਿਆ ਹੈ। ਮੈਂ ਕਹਿੰਦੀ ਹਾਂ ਕਿ ਪੁਲੀਟੀਕਲ ਸਾਲੂਸ਼ਨ ਦਾ ਅੱਤਵਾਦ ਨਾਲ ਪੂਰਾ ਸਬੰਧ ਹੈ। ਮੈਂ ਇਸ ਗੱਲ ਨਾਲ ਸਹਿਮਤ ਹਾਂ ਕਿ ਚੰਡੀਗੜ੍ਹ ਪੰਜਾਬ ਨੂੰ ਦੇ ਦਿਤਾ ਜਾਵੇ ਤਾਂ ਇਸ ਨਾਲ ਕੋਈ ਸੰਤੁਸ਼ਟ ਨਹੀਂ ਹੋ ਜਾਵੇਗਾ। ਫਿਰ ਪਾਣੀਆਂ ਦਾ ਮਸਲਾ ਹੈ। ਇਹ ਗੱਲ ਵੀ ਠੀਕ ਹੈ ਕਿ ਜਿਨ੍ਹਾਂ ਪ੍ਰਾਬਲਮਜ਼ ਬਾਰੇ ਬੇਚੈਨੀ ਹੈ ਖਾਸ ਕਰਕੇ ਕਿਸੇ ਇਕ ਸੈਕਸ਼ਨ ਵਿਚ ਔਰ ਇਨ੍ਹਾਂ ਪ੍ਰਾਬਲਮਜ਼ ਨੂੰ ਟੈਰੇਰਿਜ਼ਮ ਵਰਤਦਾ ਹੈ, ਇਸ ਲਈ ਇਨ੍ਹਾਂ ਪਰਾਬਲਮਜ਼ ਦਾ ਸਾਲੂਸ਼ਨ ਬਹੁਤ ਜ਼ਰੂਰੀ ਹੈ । ਚੰਡੀਗੜ੍ਹ ਦਾ ਮਸਲਾ ਹੈ, ਪਾਣੀਆਂ ਦੀ ਵੰਡ ਹੈ, ਪ੍ਰਾਂਤਾਂ ਨੂੰ ਵੱਧ ਅਖਤਿਆਰ ਦੇਣ ਦੀ ਗਲ ਹੈ, 1984 ਦੇ ਦੰਗਿਆਂ ਲਈ ਜੋ ਜ਼ਿਮੇਵਾਰ ਹਨ ਉਨ੍ਹਾਂ ਨੂੰ ਸਜ਼ਾਵਾਂ ਦੇਣ ਦਾ ਮਸਲਾ ਹੈ, ਇਹ ਸਾਰੇ ਮਸਲੇ ਸਾਲਵ ਹੋਣੇ ਚਾਹੀਦੇ ਹਨ। ਖੁਸ਼ਹਾਲ ਬਹਿਲ ਨੇ ਵੀ ਕਹਿ ਦਿਤਾ ਕਿ ਕੋਈ ਪੁਲੀਟੀਕਲ ਪ੍ਰਾਬਲਮ ਨਹੀਂ ਹੈ। ਖਾਲਿਸਤਾਨ ਦੀ ਡਿਮਾਂਡ ਸਿਖਾਂ ਵਿਚ ਹੈ ਪਰ ਕੋਈ ਇਕ ਖਾਸ ਸੈਕਸ਼ਨ ਹੀ ਇਹ ਕਰਦਾ ਹੈ, ਪਰ ਇਕੱਲੀ ਇਹ ਡਿਮਾਂਡ ਨਹੀਂ ਹੋਰ ਵੀ ਕਈ ਡਿਮਾਂਡਜ਼ ਹਨ, ਜਿਨ੍ਹਾਂ ਦਾ ਸਾਲੂਸ਼ਨ ਜਲਦੀ ਹੋਣਾ ਚਾਹੀਦਾ ਹੈ। ਇਸ ਸਬੰਧ ਵਿਚ ਮੈਂ ਕਹਿਣਾ ਚਾਹਾਂਗੀ ਕਿ ਪ੍ਰਾਂਤਾਂ ਨੂੰ ਵੱਧ ਅਧਿਕਾਰ ਦੇਣ ਦਾ ਮਸਲਾ ਬਹੁਤ ਅਹਿਮ ਹੈ ਔਰ ਇਸ ਦੇ ਵਿਚ ਚੀਫ ਮਨਿਸਟਰ ਸਾਹਿਬ ਨੇ ਹਾਲ ਦੀ ਦਿੱਲੀ ਦੀ ਮੀਟਿੰਗ ਦੇ ਵਿਚ ਜਿਹੜੀ ਇਹ ਡਿਮਾਂਡ ਕੀਤੀ ਹੈ ਕਿ ਜਿਹੜੀਆਂ ਮਾਲੀ ਜ਼ਰੂਰੀ ਡਿਮਾਂਡਜ਼ ਹਨ ਪੰਜਾਬ ਦੇ ਲੋਕਾਂ ਦੀਆਂ, ਹੋਰ ਪ੍ਰਾਂਤਾਂ ਦੀਆਂ ਜੋ ਫਿਸਕਲ ਡਿਮਾਂਡਜ਼ ਹਨ, ਉਹ ਪੂਰੀਆਂ ਹੋਣੀਆਂ ਚਾਹੀਦੀਆਂ ਹਨ, ਅਸੀਂ ਇਸ ਨੂੰ ਜੀ-ਆਇਆਂ ਕਹਿੰਦੇ ਹਾਂ ਔਰ ਇਹ ਵੀ ਕਹਿੰਦੇ ਹਾਂ ਕਿ ਇਸ ਦਿਸ਼ਾ ਵਿਚ ਹੋਰ ਕਦਮ ਚੁਕੇ ਜਾਣ। ਹਿੰਦੋਸਤਾਨ ਨੂੰ ਹੋਰ ਫੈਡਰਲ ਬਨਾਉਣ ਲਈ ਸੀਰੀਅਸ ਯਤਨ ਸਰਕਾਰ ਨੂੰ ਕਰਨੇ ਚਾਹੀਦੇ ਹਨ। ਸੈਂਟਰਲ ਗੌਰਮਿੰਟ ਨੂੰ ਔਰ ਸਟੇਟ ਗੌਰਮਿੰਟ ਨੂੰ ਵੀ। ਇਹ ਹੀ ਇਕ ਤਰੀਕਾ ਹੈ ਜਿਸ ਨਾਲ ਕਿ ਆਨੰਦਪੁਰ ਸਾਹਿਬ ਦੇ ਮਤੇ ਦਾ, ਖਾਲਿਸਤਾਨ ਦੇ ਸਲੋਗਨਜ਼ ਰੇਜ਼ ਕਰਨ ਵਾਲੇ ਲੋਕਾਂ ਦਾ ਢੁਕਵਾਂ ਜਵਾਬ ਦਿੱਤਾ ਜਾ ਸਕਦਾ ਹੈ

ਸਾਡੀ ਪਾਰਟੀ ਪੁਲਿਸ ਦੀਆਂ ਵਧੀਕੀਆਂ ਦੇ ਸਵਾਲ ਨੂੰ ਲੈ ਕੇ ਲੜ ਰਹੀ ਹੈ । ਭਾਰਤੀ ਜਨਤਾ ਪਾਰਟੀ, ਬੀ.ਐਸ.ਪੀ. ਵੀ ਤੇ ਹੋਰ ਪਾਰਟੀਆਂ ਵੀ ਇਹ ਸਵਾਲ ਉਠਾਉਂਦੀਆਂ ਰਹੀਆਂ ਹਨ। ਅਤਿਵਾਦ ਨੂੰ ਉਖਾੜਨ ਲਈ ਜ਼ਰੂਰੀ ਹੈ ਕਿ ਪੁਲਿਸ ਔਰ ਲੋਕਾਂ ਵਿਚਕਾਰ ਪਾੜਾ ਘਟੇ ਪਰ ਸਰਕਾਰ ਦੀ ਇਸ ਪਾਸੇ ਤਵੱਜੋ ਕਾਫੀ ਨਹੀਂ ਹੈ। ਠੀਕ ਹੈ ਕਿ ਸਕਿਉਰਟੀ ਫੋਰਸਿਜ਼ ਨੇ ਬੜੀਆਂ ਕੁਰਬਾਨੀਆਂ ਕੀਤੀਆਂ ਹਨ। ਮੇਰੀ ਕਾਂਸਟੀਚਿਊਐਂਸੀ ਵਿਚ ਛੇਹਰਟੇ ਦੇ ਨਜ਼ਦੀਕ ਪੁਲਿਸ ਦੀ ਫੈਮਿਲੀ ਦੇ ਛੋਟੇ ਛੋਟੇ ਬੱਚੇ ਐਨਮਾਮ ਟੈਰੋਰਿਸਟਾਂ ਨੇ ਕਿਲ ਕਰਨ ਦੀ ਕੋਸ਼ਿਸ਼ ਕੀਤੀ। ਅਸੀਂ ਉਨ੍ਹਾਂ ਫੋਰਸਿਜ਼ ਦੀਆਂ ਕੁਰਬਾਨੀਆਂ ਦਾ ਸਨਮਾਨ ਕਰਦੇ ਹਾਂ ਲੇਕਿਨ ਅਸੀਂ ਇਸ ਗੱਲ ਨਾਲ ਸਹਿਮਤ ਨਹੀਂ ਹਾਂ ਕਿ ਕਈ

[ਸ਼੍ਰੀਮਤੀ ਵਿਮਲਾ ਡਾਂਗ]

ਵਾਰੀ ਐਸੇ ਹਾਲਾਤ ਵਿਚ ਅਣਜਾਣੇ ਹੀ ਵਧੀਕੀਆਂ ਹੋ ਜਾਂਦੀਆਂ ਹਨ। ਇਕ ਅੱਧੀ ਵਾਰੀ ਕਿਧਰੇ ਅਣਜਾਣੇ ਵਿਚ ਵਧੀਕੀ ਹੋ ਜਾਵੇ ਤਾਂ ਹੋਰ ਗੱਲ ਹੈ ਪਰ ਜੇਕਰ ਲਗਾਤਾਰ ਹੋਈ ਜਾਣ ਔਰ ਇਕ ਸੈਕਸ਼ਨ ਦੇ ਬਰਖਿਲਾਫ ਹੋਈ ਜਾਣ ਔਰ ਪਿੰਡਾਂ ਦੇ ਪਿੰਡ ਪੁਲਿਸ ਆਪਣੇ ਬਰਖਿਲਾਫ ਕਰ ਲਵੇ ਔਰ ਫਿਰ ਸਰਕਾਰ ਇਸ ਨੂੰ ਰੋਕੇ ਨਾ ਤਾਂ ਫਿਰ ਇਸ ਦਾ ਸਿੱਟਾ ਬੜਾ ਬੁਰਾ ਨਿਕਲਦਾ ਹੈ। ਅਖਬਾਰ ਵਿਚ ਜੋ ਮੈਂ ਬਿਆਨ ਦਿੱਤਾ ਸੀ ਉਸ ਦੇ ਵਿਚ ਇਹ ਗੱਲ ਕਹੀ ਸੀ ਕਿ ਅਸੀਂ ਸਦਨ ਵਿਚ ਆਪਣੀਆਂ ਤਜ਼ਵੀਜ਼ਾਂ ਰੱਖਾਂਗੇ। ਮੈਂ ਦੱਸਣਾ ਚਾਹੁੰਦੀ ਹਾਂ ਕਿ ਇਕ ਲਿਸਟ ਜਿਹੜੀ ਕਿ ਅਸੀਂ ਸਰਦਾਰ ਬੇਅੰਤ ਸਿੰਘ ਹੋਰਾਂ ਨੂੰ ਦਿੱਤੀ ਹੈ, ਬਹੁਤ ਲੰਬੀ ਲਿਸਟ ਹੈ ਉਨ੍ਹਾਂ ਲੋਕਾਂ ਬਾਰੇ ਜਿਨ੍ਹਾਂ ਇਨੋਸੈਂਟ ਲੋਕਾਂ ਨੂੰ ਪੁਲਿਸ ਵਲੋਂ ਮਾਰਿਆ ਗਿਆ ਹੈ। ਛੇਹਰਟੇ ਵਿਚ ਇਕ ਬੜਾ ਅਤਿਵਾਦ ਵਿਰੋਧੀ ਵਿਅਕਤੀ ਸੀ। ਉਸ ਨੂੰ ਗੁਰਦਾਸਪੁਰ ਮਜੀਠਾ ਔਰ ਅੰਮ੍ਰਿਤਸਰ ਪੁਲਿਸ ਨੇ ਬਹੁਤ ਟਾਰਚਰ ਕੀਤਾ। ਤਰਲੋਕ ਸਿੰਘ ਸਪੁੱਤਰ ਜਰਨੈਲ ਸਿੰਘ ਜਦੋਂ ਫੜਿਆ ਉਸ ਕੇਸ ਵਿਚ ਤਾਂ ਐਸ.ਐਸ.ਪੀ. ਸਾਹਿਬ ਨੇ ਮੁਦਾਖਲਤ ਕੀਤੀ ਔਰ ਕਿਹਾ ਕਿ ਉਸ ਨੂੰ ਸਵੇਰੇ ਛੱਡ ਦੇਵਾਂਗੇ ਤਾਂ ਰਾਤ ਨੂੰ ਉਸ ਨੂੰ ਸ਼ੂਟ ਕਰ ਦਿੱਤਾ ਔਰ ਇਹ ਗੱਲ ਮੰਨਦੇ ਹਨ ਕਿ ਉਸ ਵਿਅਕਤੀ ਦਾ ਅਤਿਵਾਦ ਨਾਲ ਕੋਈ ਤਾਅਲੁੱਕ ਨਹੀਂ ਸੀ ਉਸ ਦਾ ਕੋਈ ਕਸੂਰ ਨਹੀਂ ਸੀ। ਇਸੇ ਤਰ੍ਹਾਂ 23 ਜੁਲਾਈ, 1992 ਨੂੰ ਪੁਲਿਸ ਨੇ ਜੀਓਵਾਲ ਪਿੰਡ ਤਰਨ-ਤਾਰਨ ਪੁਲਿਸ ਡਿਸਟਰਿਕਟ ਦਾ ਗੁਰਜੀਤ ਸਿੰਘ ਪੁੱਤਰ ਮੁਖਤਿਆਰ ਸਿੰਘ ਦਾ ਬੱਚਾ ਚੁੱਕਣ ਦੀ ਕੋਸ਼ਿਸ਼ ਕੀਤੀ ਹਾਂਲਾਕਿ ਉਸ ਦਾ ਕੋਈ ਕਸੂਰ ਨਹੀਂ ਸੀ। ਇਸ ਤੇ ਗੁਰਜੀਤ ਸਿੰਘ, ਪੁੱਤਰ ਮੁਖਤਿਆਰ ਸਿੰਘ ਨੇ ਗੱਲ ਤੇ ਇਤਰਾਜ਼ ਕੀਤਾ ਤੇ ਪੁੱਛਿਆ ਕਿ ਇਸ ਵਿਚਾਰੇ ਨੇ ਕੀ ਕਸੂਰ ਕੀਤਾ ਹੈ। ਇਸ ਤੇ ਪੁਲਿਸ ਨੇ ਉਸ ਨੂੰ ਫੜ ਲਿਆ ਔਰ ਉਹ ਅੱਜ ਤੱਕ ਮਿਸਿੰਗ ਹੈ। ਮਿਸਿੰਗ ਨਹੀਂ ਹੈ ਅਸੀਂ ਸਮਝਦੇ ਹਾਂ ਕਿ ਉਸ ਨੂੰ ਮਾਰ ਦਿੱਤਾ ਗਿਆ ਹੈ। ਫਿਰ ਬੂਆ ਸਿੰਘ ਲਾਈਨਮੈਨ ਪੀ.ਐਸ.ਈ.ਬੀ. ਨੂੰ 29 ਅਗਸਤ, 1992 ਨੂੰ ਪੁਲਿਸ ਨੇ ਚੁੱਕਿਆ ਔਰ ਉਹ ਵਾਪਸ ਨਹੀਂ ਆਇਆ। ਕਮਿਊਨਿਸਟ ਲੀਡਰ ਕਾਮਰੇਡ ਉਮਰਾਓ ਸਿੰਘ ਨੂੰ ਅਗਸਤ, 1992 ਨੂੰ ਚੁਕਿਆ ਪਰ ਉਸ ਦਾ ਕੋਈ ਪਤਾ ਨਹੀਂ। ਫਿਰ ਸੁਖਦੇਵ ਸਿੰਘ, ਵਾਈਸ ਪ੍ਰਿੰਸੀਪਲ, ਹਾਇਰ ਸੈਕੰਡਰੀ ਸਕੂਲ, ਲੋਪੋਕੇ ਜਿਨ੍ਹਾਂ ਦੀ ਪਤਨੀ ਬਾਬਾ ਸੋਹਨ ਸਿੰਘ ਭਕਨਾ ਲਹਿਰ ਵਿਚ ਕੰਮ ਕਰ ਰਹੀ ਹੈ, ਉਸ ਨੂੰ ਪੁਲਿਸ ਨੇ ਫੜ ਲਿਆ। ਉਸ ਦਾ ਕਸੂਰ ਸਿਰਫ ਇਹ ਸੀ ਕਿ ਉਸ ਦਾ ਲੜਕਾ ਟੈਰੋਰਿਸਟ ਸੀ। ਪਹਿਲਾਂ ਉਸ ਨੂੰ ਛੱਡ ਦਿੱਤਾ ਪਰ ਉਸਨੂੰ ਫਿਰ ਫੜ ਲਿਆ ਹਾਲਾਂਕਿ ਉਸ ਨੇ ਆਪਣੇ ਲੜਕੇ ਨੂੰ ਘਰੋਂ ਕੱਢ ਦਿੱਤਾ ਸੀ। 31 ਅਕਤੂਬਰ, 1992 ਨੂੰ ਉਸ ਨੂੰ ਦੁਬਾਰਾ ਫੜਿਆ ਗਿਆ ਔਰ ਉਹ ਵਾਪਿਸ ਨਹੀਂ ਆਇਆ, ਮਾਰ ਦਿੱਤਾ ਗਿਆ। ਇਸ ਤਰ੍ਹਾਂ ਏ.ਐਸ.ਆਈ. ਵਿਜੇ ਕੁਮਾਰ ਨੂੰ 23 ਸਤੰਬਰ, 1992 ਨੂੰ ਤਰਨਤਾਰਨ ਪੁਲਿਸ ਡਿਸਟਰਿਕ ਵਿਚੋਂ ਚੁਕਿਆ ਗਿਆ ਔਰ ਉਹ ਵਾਪਸ ਨਹੀਂ ਆਇਆ। ਫਿਰ ਹਰਦੇਵ ਸਿੰਘ, ਪੁੱਤਰ ਨਰਿੰਦਰ ਸਿੰਘ ਪਿੰਡ ਡੇਰੀਵਾਲ ਨੂੰ 23 ਸਤੰਬਰ, 1992 ਨੂੰ ਚੁਕਿਆ ਤੇ ਵਾਪਸ ਨਹੀਂ ਆਇਆ। ਫਿਰ ਹੰਸ ਰਾਜ ਪੁੱਤਰ ਖਾਨ ਚੰਦ 30 ਜੂਨ, 1992 ਨੂੰ ਡਬਵਾਲੀ ਤੋਂ ਚੁੱਕਿਆ ਤੇ ਵਾਪਸ ਨਹੀਂ ਆਇਆ। ਉਸ ਨੂੰ ਮਾਰ ਦਿੱਤਾ ਗਿਆ। ਇਸ ਤਰ੍ਹਾਂ ਹੀ ਇਹ ਬੜੀ ਲੰਬੀ ਲਿਸਟ ਹੈ। ਇਹ ਲਿਸਟ ਮੁੱਖ ਮੰਤਰੀ ਸਾਹਿਬ ਨੂੰ ਦਿੱਤੀ ਸੀ ਔਰ ਉਨ੍ਹਾਂ ਨੇ ਵਾਇਦਾ ਕੀਤਾ ਹੈ ਕਿ ਉਹ ਇਸ ਨੂੰ ਵੇਖਣਗੇ। ਇਨਕੁਆਇਰੀਜ਼ ਤਾਂ ਕੀ ਹੋਣਗੀਆਂ ਜਦੋਂ ਬੰਦੇ ਹੀ ਮਰ ਗਏ ਹਨ। ਇਸ ਲਈ ਮੈਂ ਇਹ ਕਹਿੰਦੀ ਹਾਂ ਕਿ ਪੁਲਿਸ ਜਿਸ ਤਰੀਕੇ ਨਾਲ ਕੰਮ ਕਰਦੀ ਹੈ ਉਹ ਠੀਕ ਨਹੀਂ ਹੈ। ਸਰਕਾਰ ਨੂੰ ਇਸ ਵਲ ਖਾਸ ਧਿਆਨ ਦੇਣਾ ਚਾਹੀਦਾ ਹੈ। ਹੁਣ ਮੈਂ ਪੁਲਿਸ ਟਾਰਚਰ ਦੀ ਗਲ ਕਰਦੀ ਹਾਂ। ਤਰਨਤਾਰਨ ਵਿਚ ਇਕ ਪ੍ਰੋਫੈਸਰ ਹਨ ਜਿਹੜੇ ਉਥੋਂ ਦੇ ਤਕੜੇ ਲੀਡਰ ਹਨ ਔਰ ਹਮੇਸ਼ਾਂ ਹੀ ਅਤਿ-ਵਾਦੀਆਂ ਦੇ ਖਿਲਾਫ ਪਰਚਾਰ ਕਰਦੇ ਰਹਿੰਦੇ ਹਨ। ਉਨ੍ਹਾਂ ਨੂੰ ਪੰਚਾਇਤਾਂ ਦੀ ਇਲੈਕਸ਼ਨ ਤੋਂ 2 ਦਿਨ

ਪਹਿਲੇ ਪੁਲਿਸ ਵਾਲੇ ਪਕੜ ਕੇ ਲੈ ਗਏ। ਟਾਰਚਰ ਕੀਤਾ, ਉਥੇ ਨੰਗਾ ਕੀਤਾ ਗਿਆ। ਇਤਨੇ ਵਡੇ ਨੌਜਵਾਨ ਨੂੰ ਪੁਲਿਸ ਵਿਚ ਜਾਕੇ ਨੰਗਾ ਕੀਤਾ ਜਾਏ ਕਿੰਨੀ ਸ਼ਰਮਨਾਕ ਗਲ ਹੈ (ਸ਼ੇਮ ਸ਼ੇਮ) ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਨੂੰ ਇਸ ਵੱਲ ਖਾਸ ਤੌਰ ਤੇ ਧਿਆਨ ਦੇਣਾ ਚਾਹੀਦਾ ਹੈ।

ਇਸੇ ਤਰ੍ਹਾਂ ਕੁਲਵੰਤ ਸਿੰਘ ਰੋਪੜ ਵਾਲੇ ਦਾ ਕੋਈ ਪਤਾ ਨਹੀਂ ਲਗਾ। ਉਹ ਵੀ ਪੰਜਾਬ ਦੇ ਹੀ ਬੱਚੇ ਹਨ। ਇਸ ਦੀ ਜੁਡੀਸ਼ੀਅਲ ਇਨਕੁਆਇਰੀ ਹੋਣੀ ਚਾਹੀਦੀ ਹੈ। ਇਹ ਜਿਹੜੇ ਇਸ ਤਰ੍ਹਾਂ ਦੇ ਪੁਲਿਸ ਵਲੋਂ ਜ਼ੁਲਮ ਕੀਤੇ ਜਾਂਦੇ ਹਨ, ਸਰਕਾਰ ਨੂੰ ਇਸ ਵੱਲ ਧਿਆਨ ਦੇਣਾ ਚਾਹੀਦਾ ਹੈ। ਇਹ ਸਾਡੀ ਤਜਵੀਜ਼ ਹੈ ਕਿ ਜਦੋਂ ਕਿਸੇ ਬੰਦੇ ਨੂੰ ਕਿਸੇ ਹੋਰ ਜ਼ਿਲੇ ਦੀ ਪੁਲਿਸ ਫੜ ਕੇ ਲੈ ਜਾਂਦੀ ਹੈ ਤਾਂ ਉਸ ਜ਼ਿਲ੍ਹੇ ਦੇ ਐਸ.ਐਸ.ਪੀ. ਨੂੰ ਉਸ ਦੀ ਪੂਰੀ ਵਾਕਫੀਅਤ ਹੋਣੀ ਚਾਹੀਦੀ ਹੈ ਔਰ ਉਸ ਐਸ.ਐਸ.ਪੀ ਨੂੰ ਉਸ ਬੰਦੇ ਦੇ ਰਿਸ਼ਤੇਦਾਰਾਂ ਨੂੰ ਦਸ ਦੇਣਾ ਚਾਹੀਦਾ ਹੈ ਕਿ ਉਹ ਬੰਦਾ ਕਿਥੇ ਹੈ। ਪੁਲਿਸ ਪੁਛਗਿੱਛ ਕਰੇ ਹੋਰ ਪੜਤਾਲ ਕਰੇ ਪਰ ਪੁਲਿਸ ਨੂੰ ਇਹ ਅਧਿਕਾਰ ਨਹੀਂ ਹੋਣਾ ਚਾਹੀਦਾ ਕਿ ਉਸ ਬੰਦੇ ਦੀਆਂ ਹੱਡੀਆਂ ਤੋੜੀਆਂ ਜਾਣ। ਇਹ ਟਾਰਚਰ ਨਹੀਂ ਹੋਣਾ ਚਾਹੀਦਾ। ਇਹ ਜਿਹੜਾ ਟਾਰਚਰ ਕੀਤਾ ਜਾਂਦਾ ਹੈ ਇਸ ਨਾਲ ਕਈ ਬੰਦੇ ਮਰ ਜਾਂਦੇ ਹਨ ਔਰ ਸਾਡੀ ਇਹ ਮੰਗ ਹੈ ਕਿ ਇਸ ਵੱਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ ਔਰ ਜਿਹੜਾ ਬੰਦਾ ਇਸ ਤਰ੍ਹਾਂ ਨਾਲ ਮਰ ਜਾਂਦਾ ਹੈ, ਉਸ ਦੇ ਪਰਿਵਾਰ ਨੂੰ ਪੂਰਾ ਮੁਆਵਜ਼ਾ ਮਿਲਣਾ ਚਾਹੀਦਾ ਹੈ। ਫਿਰ ਔਰਤਾਂ ਦਾ ਜੋ ਹਾਲ ਕੀਤਾ ਜਾਂਦਾ ਹੈ ਜਿਸ ਤਰ੍ਹਾਂ ਪੁੱਛ ਗਿੱਛ ਕੀਤੀ ਜਾਂਦੀ ਹੈ, ਉਹ ਵੀ ਸਭ ਨੂੰ ਪਤਾ ਹੈ। ਬਲਬੀਰ ਕੌਰ ਔਰ ਹਰਜੀਤ ਕੌਰ ਦਾ ਜੋ ਹਾਲ ਹੋਇਆ ਉਹ ਸਭ ਨੂੰ ਪਤਾ ਹੈ, ਇਹ ਹਾਲ ਸਭ ਔਰਤਾਂ ਦਾ ਨਹੀਂ ਹੋਣਾ ਚਾਹੀਦਾ। ਇਸ ਸਬੰਧ ਵਿਚ ਮੈਂ ਕੁਝ ਤਜਵੀਜ਼ਾਂ ਦੇਕੇ ਮੁੱਖ ਮੰਤਰੀ ਸਾਹਿਬ ਨੂੰ ਇਕ ਕਾਪੀ ਭੇਜੀ ਸੀ, ਉਸ ਦਾ ਜਵਾਬ ਵੀ ਮੇਰੇ ਕੋਲ ਆਇਆ ਹੈ ਕਿ ਪੁਲਿਸ ਵਿਭਾਗ ਇਸ ਤੇ ਵਿਚਾਰ ਕਰ ਰਿਹਾ ਹੈ। ਪਰ ਮੈਂ ਮੁੱਖ ਮੰਤਰੀ ਸਾਹਿਬ ਨੂੰ ਫਿਰ ਕਹਿੰਦੀ ਹਾਂ ਕਿ ਪੁਲਿਸ ਨੂੰ ਐਨੀ ਖੁਲ੍ਹ ਨਹੀਂ ਦੇਣੀ ਚਾਹੀਦੀ। ਇਸ ਤਰ੍ਹਾਂ ਨਾਲ ਅਤਿਵਾਦ ਨੂੰ ਖਤਮ ਕਰਨ ਦੇ ਤਰੀਕੇ ਨੂੰ ਬਦਲਣਾ ਚਾਹੀਦਾ ਹੈ। ਸਪੀਕਰ ਸਾਹਿਬ, ਪੁਲਿਸ ਐਕਸਜ਼ ਬਾਰੇ ਵੀ ਸਾਡੇ ਕੋਲ ਕੋਈ ਲਫਜ਼ ਨਹੀਂ, ਜਿਸ ਨਾਲ ਉਨ੍ਹਾਂ ਦਾ ਵਰਣਨ ਕੀਤਾ ਜਾ ਸਕੇ। ਸਾਡੇ ਕੋਲ ਤਾਂ ਹਰ ਰੋਜ਼ ਹੀ ਬੰਦੇ ਆਉਂਦੇ ਹਨ, ਟੈਲੀਫੂਨ ਆਉਂਦੇ ਹਨ। ਬੀਬੀਆਂ ਭੈਣਾਂ ਜਾ ਕੇ ਵੇਖਦੀਆਂ ਰਹਿੰਦੀਆਂ ਹਨ ਕਿ ਉਨ੍ਹਾਂ ਦਾ ਪੁੱਤ, ਪਤੀ ਜਾਂ ਭਰਾ ਕਦੋਂ ਵਾਪਸ ਆਏਗਾ ਪਰ ਉਨ੍ਹਾਂ ਨੂੰ ਕੋਈ ਤਸੱਲੀਬਖਸ਼ ਜਵਾਬ ਹੀ ਨਹੀਂ ਮਿਲਦਾ।

ਅਗਲੀ ਗੱਲ ਮੈਂ ਟੈਰੋਰਿਸਟਸ ਵਿਕਟਿਮਜ਼ ਦੇ ਬਾਰੇ ਕਹਿੰਦੀ ਹਾਂ। ਇਸ ਬਾਰੇ ਅਸੀਂ ਸਰਕਾਰ ਦੀ ਸਰਾਹਨਾ ਕਰਦੇ ਹਾਂ ਕਿ ਜਿਹੜੀਆਂ ਫੈਸਿਲਿਟੀਜ਼ ਵਿਡੋਜ਼ ਨੂੰ ਮਿਲਦੀਆਂ ਸਨ ਉਸ ਵਿਚ ਕੁਝ ਵਾਧਾ ਕੀਤਾ ਹੈ। ਪਹਿਲੇ 25 ਹਜ਼ਾਰ ਤੋਂ 50 ਹਜ਼ਾਰ ਕੀਤਾ ਫਿਰ ਇੱਕ ਲੱਖ ਕੀਤਾ ਔਰ ਇਸ ਤੋਂ ਇਲਾਵਾ ਇਕ ਹਜ਼ਾਰ ਵਾਲੀ ਪੈਨਸ਼ਨ ਨੂੰ ਵੀ ਵਧਾ ਕੇ 1500 ਕੀਤਾ ਹੈ। ਪਰ ਇਸ ਸੰਬੰਧ ਵਿਚ ਮੈਂ ਇਹ ਕਹਿਣਾ ਚਾਹੁੰਦੀ ਹਾਂ ਕਿ ਕੁਝ ਜ਼ਿਲਿਆਂ ਵਿਚ ਹਾਲੇ ਵੀ ਠੀਕ ਤਰ੍ਹਾਂ ਨਾਲ ਇਹ ਪੈਨਸ਼ਨ ਨਹੀਂ ਮਿਲਦੀ ਔਰ ਸਰਕਾਰੀ ਅਫਸਰ ਵੀ ਰਿਸ਼ਵਤ ਵਗੈਰਾ ਲੈਂਦੇ ਹਨ। ਇਹ ਜਿਹੜੀ ਕਮਜ਼ੋਰੀ ਹੈ, ਸਰਕਾਰ ਨੂੰ ਇਸ ਵਲ ਧਿਆਨ ਦੇ ਕੇ ਦੂਰ ਕਰਨਾ ਚਾਹੀਦਾ ਹੈ। ਫਿਰ ਜਿਹੜਾ ਵਿਡੋਜ਼ ਤੋਂ ਹਰਵਾਰ ਮੈਰਿਜ ਦਾ ਸਰਟੀਫਿਕੇਟ ਲਿਆ ਜਾਂਦਾ ਹੈ ਇਹ ਠੀਕ ਨਹੀਂ ਲਗਦਾ। 70 ਸਾਲਾਂ ਦੀਆਂ ਔਰਤਾਂ ਤੋਂ ਵੀ ਇਹ ਸਰਟੀਫੀਕੇਟ ਲਿਆ ਜਾਂਦਾ ਹੈ ਇਹ ਤਰੀਕਾ ਬੰਦ ਹੋਣਾ ਚਾਹੀਦਾ ਹੈ।

ਸ੍ਰੀ ਸਤਨਾਮ ਸਿੰਘ ਕੈਂਥ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਸਪੀਕਰ ਸਾਹਿਬ, ਇਥੇ ਮੈਂਬਰ ਸਾਹਿਬਾ ਬੜੀ ਸੀਰੀਅਸ ਡਿਸਕਸ਼ਨ ਕਰ ਰਹੇ ਹਨ ਪਰ ਬੜੇ ਅਫਸੋਸ ਦੀ ਗਲ ਹੈ ਕਿ ਸਾਡੀ

[ਸ੍ਰੀ ਸਤਨਾਮ ਸਿੰਘ ਕੈਂਥ]

ਆਫੀਸਰਜ਼ ਗੈਲਰੀ ਬਿਲਕੁਲ ਖਾਲੀ ਪਈ ਹੈ। ਇਸ ਲਈ ਕੋਈ ਜ਼ਿੰਮੇਵਾਰੀ ਫਿਕਸ ਕਰਨੀ ਚਾਹੀਦੀ ਹੈ। ਉਨ੍ਹਾਂ ਦੇ ਸਬੰਧਤ ਵਿਭਾਗਾਂ ਨਾਲ ਡਿਸਕਸ਼ਨ ਹੋ ਰਹੀ ਹੈ, ਇਸ ਲਈ ਉਨ੍ਹਾਂ ਨੂੰ ਜ਼ਰੂਰ ਇਥੇ ਰਹਿਣਾ ਚਾਹੀਦਾ ਹੈ।

ਸ੍ਰੀ ਸਪੀਕਰ : ਸਾਰੀ ਚੀਜ਼ ਨੋਟ ਹੋ ਰਹੀ ਹੈ ਅਤੇ ਮਨਿਸਟਰ ਸਾਹਿਬ ਵੀ ਇਥੇ ਬੈਠੇ ਹਨ। ਪਰ ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਇਹ ਵੀ ਬੇਨਤੀ ਕਰਾਂਗਾ ਕਿ ਉਹ ਆਫੀਸਰਜ਼ ਨੂੰ ਕਹਿਣ ਕਿ ਉਹ ਇਥੇ ਮੌਜੂਦ ਰਹਿਣ।

ਸ੍ਰੀਮਤੀ ਵਿਮਲਾ ਡਾਂਗ : ਇਕ ਹੋਰ ਰਿਪੋਰਟ ਆਈ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਬਾਰੇ, ਚੀਫ ਮਨਿਸਟਰ ਸਾਹਿਬ ਦਾ ਸਟੈਂਡ ਹੈ ਕਿ ਇਹ ਚੋਣਾਂ ਸਰਕਾਰ ਨਾ ਕਰਵਾਏ ਅਤੇ ਗੁਰਦੁਆਰਾ ਐਕਟ ਨੂੰ ਖਤਮ ਕਰ ਦਿੱਤਾ ਜਾਵੇ। ਇਸ ਬਾਰੇ ਅਸੀਂ ਸਮਝਦੇ ਹਾਂ ਕਿ ਸਾਡੀ ਪਾਰਟੀ ਦਾ ਸਟੈਂਡ ਠੀਕ ਹੈ ਕਿ ਗੁਰਦੁਆਰਾ ਐਕਟ ਬੜੀ ਕੁਰਬਾਨੀਆਂ ਦੇ ਸਿੱਟੇ ਵੱਜੋਂ ਬਣਿਆ ਸੀ। ਇਸ ਲਈ ਇਸ ਨੂੰ ਖਤਮ ਕਰਨ ਦੀ ਲੋੜ ਨਹੀਂ ਹੈ ਬਲਕਿ ਇਸ ਐਕਟ ਵਿਚ ਤਰਮੀਮ ਕਰਨ ਦੀ ਲੋੜ ਹੈ। ਸਰਕਾਰ ਇਸ ਦੀਆਂ ਚੋਣਾਂ ਕਰਵਾਏ ਔਰ ਸਰਕਾਰ ਇਨ੍ਹਾਂ ਚੋਣਾਂ ਵਿਚ ਦਖਲ ਅੰਦਾਜ਼ੀ ਬਿਲਕੁਲ ਨਾ ਕਰੇ। ਧਰਮ ਸਥਾਨਾਂ ਨੂੰ ਸਿਆਸਤ ਵਾਸਤੇ ਯੂਜ਼ ਨਾ ਕੀਤਾ ਜਾਵੇ। ਅਕਾਲੀ ਧੜ੍ਹੇ ਧਾਰਮਿਕ ਸਥਾਨਾਂ ਨੂੰ ਯੂਜ਼ ਕਰ ਰਹੇ ਹਨ ਅਤੇ ਇਥੇ ਤੱਕ ਕਿ ਅਕਾਲ ਤਖਤ ਦਾ ਜਥੇਦਾਰ ਵੀ ਅਲਗ ਅਲਗ ਧੜ੍ਹੇ ਵਾਲੇ ਲਗਾ ਰਹੇ ਹਨ। ਇਸ ਐਕਟ ਵਿਚ ਨਿਯਮਾਂ ਅਨੁਸਾਰ ਤਬਦੀਲੀ ਕੀਤੀ ਜਾਵੇ। ਜਿਸ ਤਰ੍ਹਾਂ ਸਰਦਾਰ ਬੇਅੰਤ ਸਿੰਘ ਪਹਿਲੇ ਫਿਰਕਾਪ੍ਰਸਤ ਅਤੇ ਅੱਤਵਾਦ ਦੇ ਖਿਲਾਫ ਡੱਟ ਕੇ ਬੋਲਿਆ ਕਰਏ ਸੀ, ਉਸੇ ਤਰ੍ਹਾਂ ਹੁਣ ਇਹ ਬੋਲਿਆ ਕਰਨ ਅਤੇ ਤਕੜ੍ਹੇ ਹੋ ਕੇ ਮੁਹਿੰਮ ਚਲਾਉਣ ਕਿ ਧਾਰਮਿਕ ਸਥਾਨਾਂ ਨੂੰ ਰਾਜਨੀਤੀ ਲਈ ਨਹੀਂ ਵਰਤਿਆ ਜਾਵੇਗਾ। ਮੈਂ ਅਕਾਲੀ ਵੀਰਾਂ ਨੂੰ ਵੀ ਕਹਾਂਗੀ ਕਿ ਹੁਣ ਉਹ ਅੱਤਵਾਦ ਦੀ ਆਪਣੀ ਸਪੋਰਟ ਵਾਪਿਸ ਲੈਣ (ਥੰਪਿੰਗ) ਲੇਕਿਨ ਸਰਦਾਰ ਗੁਰਚਰਨ ਸਿੰਘ ਟੌਹੜਾ ਹਾਲੇ ਵੀ ਹਰ ਰੋਜ਼ ਨੌਜਵਾਨਾਂ ਨੂੰ ਧਰਮ ਦੇ ਨਾਂ ਉਤੇ ਵਰਗਲਾ ਰਹੇ ਹਨ। ਇਹ ਅਕਾਲੀ ਪਾਰਟੀ ਦਾ ਗਲਤ ਸਟੈਂਡ ਹੈ। ਇਹ ਖਾਲਿਸਤਾਨ ਦੀ ਡੀਮਾਂਡ ਕਰਦੇ ਹਨ ਕਦੇ ਅਲਗ ਸਟੇਟ ਦੀ ਗੱਲ ਕਰਦੇ ਹਨ। ਬਾਦਲ ਸਾਹਿਬ ਵਰਗੇ ਲੀਡਰ ਵੀ ਅੱਤਵਾਦੀਆਂ ਨਾਲ ਕੋਈ ਨਿਖੇੜਾ ਨਹੀਂ ਕਰਦੇ।

ਸਰਦਾਰ ਰਣਜੀਤ ਸਿੰਘ ਛੱਜਲਵੱਡੀ : ਸਪੀਕਰ ਸਾਹਿਬ, ਜਿਹੜਾ ਲੀਡਰ ਹਾਊਸ ਵਿਚ ਹਾਜ਼ਰ ਨਾ ਹੋਵੇ ਉਸ ਬਾਰੇ ਇਸ ਹਾਊਸ ਵਿਚ ਜ਼ਿਕਰ ਨਹੀਂ ਕਰਨਾ ਚਾਹੀਦਾ। ਉਸ ਬਾਰੇ ਗੱਲ ਨਹੀਂ ਕਰਨੀ ਚਾਹੀਦੀ। ਉਹ ਆਪਣੇ ਆਪ ਨੂੰ ਡੀਫੈਂਡ ਨਹੀਂ ਕਰ ਸਕਦਾ।

Mr. Speaker: Please sit down.

ਸ੍ਰੀਮਤੀ ਵਿਮਲਾ ਡਾਂਗ : ਸਪੀਕਰ ਸਾਹਿਬ, ਮੈਂ ਤਾਂ ਕਿਹਾ ਹੈ ਕਿ ਬਾਦਲ ਸਾਹਿਬ ਵਰਗੇ ਲੀਡਰ ਨੂੰ ਇਨ੍ਹਾਂ ਗੱਲਾਂ ਤੋਂ ਗੁਰੇਜ਼ ਕਰਨਾ ਚਾਹੀਦਾ ਹੈ, ਜਿਹੜੀਆਂ ਇਨ੍ਹਾਂ ਦੀਆਂ ਚੰਗੀਆਂ ਰਿਵਾਇਤਾਂ ਹਨ ਉਸ ਨੂੰ ਅਪਨਾਉਣਾ ਚਾਹੀਦਾ ਹੈ। ਇਨ੍ਹਾਂ ਨੂੰ ਅੱਤਵਾਦ ਦੇ ਖਿਲਾਫ ਆਪਣੀ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ। ਮਾਨ ਸਾਹਿਬ ਦੇ ਬਾਰੇ ਕੀ ਕਹਿਣਾ ਹੈ, ਉਨ੍ਹਾਂ ਬਾਰੇ ਸਾਨੂੰ ਸਾਰਿਆਂ ਨੂੰ ਪਤਾ ਹੈ ਕਿ ਉਨ੍ਹਾਂ ਦਾ ਕੀ ਕਿਰਦਾਰ ਰਿਹਾ ਹੈ, ਇਹ ਲੋਕਾਂ ਦੇ ਸਾਹਮਣੇ ਹੈ। ਇਨ੍ਹਾਂ ਦਾ ਕੋਈ ਪੰਥ ਨਹੀਂ ਰਿਹਾ ਨਾ ਹੀ ਕੋਈ ਭਾਈਚਾਰਾ ਰਿਹਾ ਹੈ। ਅਸੀਂ ਸਾਰੇ ਸਿੱਖ ਭਾਵੇਂ ਪੰਥ ਦੇ ਮੈਂਬਰ ਨਹੀਂ ਹਾਂ ਚਾਹੇ ਸਿੱਖ ਕੋਈ ਸੀ.ਪੀ.ਆਈ. ਦਾ ਹੋਵੇ, ਕਾਂਗਰਸੀ ਹੋਵੇ, ਜਨਤਾ ਦਲ ਦਾ ਹੋਵੇ, ਜਨਤਾ ਪਾਰਟੀ ਦਾ ਹੋਵੇ, ਸੀ.ਪੀ.

ਐਮ. ਦਾ ਹੋਵੇ, ਬੀ.ਐਸ.ਪੀ ਦਾ ਹੋਵੇ। ਕੇਵਲ ਅਕਾਲੀ ਹੀ ਸਿੱਖਾਂ ਦਾ ਪੰਥ ਨਹੀਂ ਹੈ। ਮੈਂ ਬੜੀ ਜ਼ਿੰਮੇਵਾਰੀ ਦੇ ਨਾਲ ਕਹਿ ਸਕਦੀ ਹਾਂ ਕਿ ਪੰਜਾਬ ਦੀ ਮੈਜਾਰਿਟੀ ਜਨਤਾ ਨੇ ਪੰਜਾਬ ਨੂੰ ਦੇਸ਼ ਤੋਂ ਅਲੱਗ ਕਰਨ ਦੇ ਖਿਲਾਫ ਅਤੇ ਖਾਲਿਸਤਾਨ ਦੇ ਖਿਲਾਫ ਫਤਵਾ ਦਿੱਤਾ (ਥੰਪਿੰਗ) ਪੰਜਾਬ ਦੇ ਹਾਲਾਤ ਸੁਧਾਰਨ ਵਿਚ ਪੰਜਾਬੀਆਂ ਦਾ ਬੜਾ ਵੱਡਾ ਯੋਗਦਾਨ ਹੈ ਅਤੇ ਜਨਤਾ ਦਾ ਬੜਾ ਵੱਡਾ ਰੋਲ ਸੀ। ਹੁਣ ਇਹ ਕਹਿੰਦੇ ਹਨ ਕਿ ਅਸੈਂਬਲੀ ਭੰਗ ਕਰ ਦਿਓ। ਜਿਸ ਵਕਤ ਇਲੈਕਸ਼ਨਾਂ ਹੋਈਆਂ, ਉਸ ਵਕਤ ਇਨ੍ਹਾਂ ਨੇ ਹਿੱਸਾ ਲੈਣ ਤੋਂ ਇਨਕਾਰ ਕਰ ਦਿੱਤਾ ਅਤੇ ਆਪਣੀ ਜਿੰਮੇਵਾਰੀ ਤੋਂ ਇਹ ਭੱਜ ਗਏ। ਬੜੀ ਮੁਸ਼ਕਿਲਾਂ ਦੇ ਵਿਚ ਇਲੈਕਸ਼ਨਾਂ ਹੋਈਆਂ ਅਤੇ ਬੜੇ ਮੁਸ਼ਕਿਲਾਂ ਦੇ ਵਿਚ ਉਮੀਦਵਾਰ ਖੜ੍ਹੇ ਹੋਏ ਸਨ। ਕਈ ਕੈਂਡੀਡੇਟਸ ਨੂੰ ਅੱਤਵਾਦੀਆਂ ਨੇ ਕਤਲ ਕਰ ਦਿਤਾ। ਅਗਰ ਤੁਸੀਂ ਪੰਜਾਬ ਦੇ ਲੋਕਾਂ ਦੀ ਸੇਵਾ ਕਰਨਾ ਚਾਹੁੰਦੇ ਹੋ ਤਾਂ ਰਾਜ ਗੱਦੀ ਉਤੇ ਬੈਠ ਕੇ ਹੀ ਸੇਵਾ ਹੋ ਸਕਦੀ ਹੈ। ਸੇਵਾ ਤਾਂ ਅਸੈਂਬਲੀ ਤੋਂ ਬਾਹਰ ਰਹਿ ਕੇ ਵੀ ਹੋ ਸਕਦੀ ਹੈ। ਇਸ ਲਈ ਅਸੈਂਬਲੀ ਨੂੰ ਭੰਗ ਕਰਨ ਦੀ ਕੋਈ ਲੋੜ ਨਹੀਂ ਹੈ। ਸਰਕਾਰ ਨੇ ਚੋਣਾ ਕਰਵਾ ਕੇ ਡੈਮੋਕਰੈਸੀ ਨੂੰ ਬਹਾਲ ਕੀਤਾ ਹੈ ਅਤੇ ਸ਼ਾਂਤੀ ਦਾ ਮਾਹੌਲ ਪੈਦਾ ਕੀਤਾ ਹੈ। ਸਰਕਾਰ ਦੀ ਡੈਮੋਕਰੇਟਿਕ ਤਰੀਕੇ ਨਾਲ ਨੁਕਤਾਚੀਨੀ ਕੀਤੀ ਜਾ ਸਕਦੀ ਹੈ। ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿਚ ਸਟੇਟ ਦੀ ਜਿਹੜੀ ਇਕੋਨੋਮੀਕਲ ਵਿਵਸਥਾ ਹੈ। ਉਸ ਬਾਰੇ ਕੋਈ ਜ਼ਿਕਰ ਨਹੀਂ ਹੈ। ਇਹ ਠੀਕ ਹੈ ਕਿ ਇਸ ਉਤੇ ਬਜਟ ਦੇ ਦੌਰਾਨ ਕਾਫੀ ਬਹਿਸ ਹੋਣ ਦਾ ਮੌਕਾ ਮਿਲੇਗਾ ਅਤੇ ਡਿਸਕਸ਼ਨ ਹੋਵੇਗੀ ਅਤੇ ਜਿਹੜਾ ਸਰਕਾਰ ਨੇ ਅੱਤਵਾਦ ਦੇ ਖਿਲਾਫ ਖਰਚਾ ਕੀਤਾ ਹੈ, ਉਹ ਖਰਚਾ ਸੈਂਟਰ ਦੀ ਸਰਕਾਰ ਨੂੰ ਬਰਦਾਸ਼ਤ ਕਰਨਾ ਚਾਹੀਦਾ ਹੈ। ਇਹ ਹੀ ਘਾਟੇ ਦਾ ਮੁੱਖ ਕਾਰਨ ਹੈ।

ਕੇਂਦਰ ਦੀ ਸਰਕਾਰ ਵੱਲੋਂ, ਵਰਲਡ ਬੈਂਕ ਵੱਲੋਂ ਪੰਜਾਬ ਸਰਕਾਰ ਤੇ ਦਬਾਓ ਪਿਆ ਹੈ, ਜੋ ਸੈਂਟਰਲ ਗੌਰਮਿੰਟ ਦੀਆਂ ਪਾਲਿਸੀਆਂ ਹਨ ਉਸ ਦੇ ਮੁਤਾਬਿਕ ਹੀ ਪੰਜਾਬ ਸਰਕਾਰ ਚੱਲ ਰਹੀ ਹੈ ਜਿਸ ਨਾਲ ਕਿ ਪੰਜਾਬ ਦੇ ਲੋਕਾਂ ਦਾ ਨੁਕਸਾਨ ਹੋ ਰਿਹਾ ਹੈ। ਸੈਂਟਰ ਨੇ ਖਾਣ ਵਾਲੀਆਂ ਚੀਜ਼ਾਂ ਦੀ ਕੀਮਤ ਵਧਾਈ ਅਤੇ ਫਿਰ ਪੰਜਾਬ ਸਰਕਾਰ ਨੇ ਵੀ ਕੀਮਤਾਂ ਵਿਚ ਵਾਧਾ ਕੀਤਾ। ਇਸ ਨਾਲ ਵੀ ਪੰਜਾਬ ਦੇ ਲੋਕਾਂ ਦਾ ਨੁਕਸਾਨ ਬਹੁਤ ਹੋਇਆ। ਵਿੱਤ ਮੰਤਰੀ ਸਾਹਿਬ ਨੇ ਇਸ਼ਾਰਾ ਕੀਤਾ ਕਿ ਹੁਣ ਕੋਈ ਨਵੇਂ ਟੈਕਸ ਨਹੀਂ ਲਗਾਏ ਜਾਣਗੇ। ਪਰ ਪੰਜਾਬ ਵਿਚ ਪਹਿਲਾਂ ਹੀ ਬੱਸਾਂ ਦੇ ਕਿਰਾਏ ਵਧਾ ਦਿਤੇ, ਬਿਜਲੀ ਦੇ ਰੇਟ ਵਧਾ ਦਿਤੇ। ਇਸ ਨਾਲ ਪੰਜਾਬ ਦੇ ਮਜ਼ਦੂਰਾਂ ਨੂੰ ਅਤੇ ਗਰੀਬਾਂ ਨੂੰ ਬਿਜਲੀ ਲੈਣੀ ਮੁਸ਼ਕਲ ਹੈ। ਦੋ ਬਿਜਲੀ ਦੇ ਲਾਟੂ ਜੇਕਰ ਕਿਸੇ ਗਰੀਬ ਨੇ ਲੈਣੇ ਹੋਣ ਤਾਂ 55 ਰੁਪਏ ਰੇਟ ਚਾਰਜ ਕਰਦੇ ਹਨ। ਇਸੇ ਤਰ੍ਹਾਂ ਪਾਣੀ ਦਾ ਰੇਟ ਵੀ ਵਧਾ ਦਿੱਤਾ। ਗਰੀਬ ਲੋਕ ਹੁਣ ਇਸ ਤਰ੍ਹਾਂ ਰੇਟ ਵਧਣ ਕਰਕੇ ਬਿਜਲੀ ਦੇ ਕੁਨੈਕਸ਼ਨ ਨਹੀਂ ਲੈ ਸਕਣਗੇ। ਸੀ.ਐਮ. ਸਾਹਿਬ ਵੱਲੋਂ ਪੰਜਾਬ ਵਿਧਾਨ ਪਰੀਸ਼ਦ ਮੁੜ ਬਣਾਉਣ ਬਾਰੇ ਕਿਹਾ ਗਿਆ ਹੈ। ਸਾਡੀ ਪਾਰਟੀ ਇਸ ਦੇ ਬਰਖਿਲਾਫ ਹੈ। ਪੰਜਾਬ ਵਿਚ ਪਹਿਲਾਂ ਹੀ ਬਹੁਤ ਜ਼ਿਆਦਾ ਖਰਚੇ ਕੀਤੇ ਜਾ ਰਹੇ ਹਨ। ਪੰਜਾਬ ਵਿਧਾਨ ਪਰੀਸ਼ਦ ਮੁੜ ਕੇ ਨਹੀਂ ਬਨਾਉਣੀ ਚਾਹੀਦੀ। ਇਸ ਤਰੀਕੇ ਦੇ ਨਾਲ ਪੰਜਾਬ ਦੇ ਲੋਕਾਂ ਦਾ ਪੈਸਾ ਫਾਲਤੂ ਖਰਚ ਹੋਵੇਗਾ। ਸਰਕਾਰ ਵੱਲੋਂ ਅਨ-ਲਿਮਟਿਡ ਕਮੇਟੀਆਂ ਬਣਾਈਆਂ ਗਈਆਂ ਹਨ। ਹੋ ਸਕਦਾ ਹੈ ਕਿ ਸਾਡੀ ਪਾਰਟੀ ਦੇ ਵੀ ਕਿਸੇ ਕਮੇਟੀ ਦੇ ਮੈਂਬਰ ਹੋਣ ਪਰ ਉਹ ਗੁੱਸਾ ਨਾ ਕਰਨ। ਇਹ ਕਮੇਟੀਆਂ ਟੀ.ਏ. ਡੀ.ਏ. ਬਨਾਉਣ ਵਿਚ ਹੀ ਲੱਗੀਆਂ ਹੋਈਆਂ ਹਨ। ਤਿੰਨ ਤਿੰਨ ਦਿਨ ਮੀਟਿੰਗਾਂ ਹੁੰਦੀਆਂ ਹਨ। ਸਰਕਾਰ ਵਲੋਂ ਸਿਰਫ ਬਰਫੀ ਅਤੇ ਰਸਗੁਲੇ ਬੰਦ ਕਰਨ ਨਾਲ ਗੱਲ ਨਹੀਂ ਬਣਦੀ। ਕੋਈ ਮੈਂਬਰ ਕਹਿੰਦਾ ਹੈ ਕਿ ਮੀਟਿੰਗ ਸ਼ਿਮਲੇ ਦੀ ਰੱਖ ਦੇਵੋ ਅਤੇ ਕੋਈ ਕਹਿੰਦਾ ਹੈ ਕਿ ਦਿੱਲੀ ਦੀ ਮੀਟਿੰਗ ਰਖ ਦੇਵੋ।

[ਸ੍ਰੀਮਤੀ ਵਿਮਲਾ ਡਾਂਗ]

ਸੀ.ਐਮ. ਸਾਹਿਬ ਨੇ ਇਹ ਗੱਲ ਕਹੀ ਹੈ ਕਿ ਰਿਕਰੂਟਮੈਂਟ ਉਪਰ ਬੈਨ ਲਗਾਣੀ ਹੈ। ਇਹ ਗੱਲ ਠੀਕ ਨਹੀਂ ਹੈ। ਇਹ ਗੱਲ ਐਂਟੀ ਪੀਪਲ ਹੈ ਅਤੇ ਐਂਟੀ ਇੰਪਲਾਈਜ਼ ਹੈ ਔਰ ਸਾਡੀ ਪਾਰਟੀ ਇਸ ਗਲ ਦਾ ਸਮਰਥਨ ਨਹੀਂ ਕਰਦੀ। ਇਹ ਚੀਜ਼ ਗਲਤ ਹੋਵੇਗੀ। ਸਪੀਕਰ ਸਾਹਿਬ, ਇਹ ਬੜੇ ਹੀ ਦੁੱਖ ਦੀ ਗੱਲ ਹੈ ਔਰ ਇਸ ਬਾਰੇ ਅਮੈਂਡਮੈਂਟ ਹੋਣੀ ਚਾਹੀਦੀ ਹੈ। ਸਪੀਕਰ ਸਾਹਿਬ, ਜੋ ਵਰਕਿੰਗ ਕਲਾਸ ਹੈ, ਐਗਰੀਕਲਚਰ ਲੇਬਰ ਹੈ, ਉਸ ਬਾਰੇ ਗਵਰਨਰ ਐਡਰੈਸ ਵਿਚ ਉਕਾ ਹੀ ਜ਼ਿਕਰ ਨਹੀਂ ਕੀਤਾ ਗਿਆ। ਇਹ ਦੇਸ਼ ਦੀ ਆਬਾਦੀ ਦਾ 40 ਪ੍ਰਤੀਸ਼ਤ ਹਿਸਾ ਹਨ। ਜੋ ਗਰੀਬ ਸ਼ਡਿਊਲਡ ਕਾਸਟ ਅਤੇ ਸ਼ਡਿਊਲਡ ਟਰਾਈਬਜ਼ ਅਤੇ ਇੰਡਸਟਰੀਅਲ ਵਰਕਰਜ਼ ਹਨ ਜਿਨ੍ਹਾਂ ਨੇ ਡਟ ਕੇ ਅਤਿਵਾਦ ਦਾ ਮੁਕਾਬਲਾ ਕੀਤਾ ਉਨ੍ਹਾਂ ਬਾਰੇ There is not a word in the Governor's address.

ਸਪੀਕਰ ਸਾਹਿਬ, 1650 ਰੁਪਏ ਇੰਡਸਟਰੀਅਲ ਵਰਕਰ ਦੇ ਮਿਨੀਮਮ ਵੇਜਿਜ਼ ਹੋਣੇ ਚਾਹੀਦੇ ਹਨ। ਪੰਜਾਬ ਸਰਕਾਰ ਪਬਲਿਕ ਅੰਡਰ ਟੇਕਿੰਗਜ਼ ਨੂੰ ਬੰਦ ਕਰ ਰਹੀ ਹੈ ਪਰ ਅਸੀਂ ਇਸ ਦੇ ਨਾਲ ਸਹਿਮਤ ਨਹੀਂ ਹਾਂ। ਜੇਕਰ ਰੋਡਵੇਜ਼ ਘਾਟੇ ਵਿਚ ਜਾਂਦੀ ਹੈ ਅਤੇ ਪੰਜਾਬ ਸਰਕਾਰ ਉਸ ਨੂੰ ਬੰਦ ਕਰ ਦਿੰਦੀ ਹੈ ਅਤੇ ਪ੍ਰਾਈਵੇਟਾਈਜ਼ੇਸ਼ਨ ਕਰ ਦਿੰਦੀ ਹੈ ਤਾਂ ਲੋਕਾਂ ਦਾ ਬਹੁਤ ਵੱਡਾ ਹਿੱਸਾ ਸਫਰ ਕਰੇਗਾ। ਮੈਂ ਮਿਸਾਲ ਦੇਣੀ ਚਾਹੁੰਦੀ ਹਾਂ ਕਿ ਨਿਟ ਵੀਅਰ ਲੁਧਿਆਣਾ ਦੀ ਹੌਜ਼ਰੀ ਹੈ, ਉਸ ਨੂੰ ਗੋਲਡਨ ਹੈਂਡ ਸ਼ੈਕ ਦੇਣਾ ਸੀ ਉਹ ਨਹੀਂ ਦਿਤਾ। ਸਪੀਕਰ ਸਾਹਿਬ, ਗੋਇੰਦਵਾਲ ਕਾਰਪੋਰੇਸ਼ਨ ਨੂੰ ਬੰਦ ਕਰ ਰਹੇ ਹਨ ਪਰ ਉਨ੍ਹਾਂ ਦੇ ਕੇਵਲ 29 ਬੰਦਿਆਂ ਨੂੰ ਆਬਜ਼ਰਵ ਕੀਤਾ। 4 ਡਰਾਈਵਰਾਂ ਨੂੰ ਕੱਢ ਦਿਤਾ ਪਰ ਦੋ ਡਰਾਈਵਰਾਂ ਨੂੰ ਰੱਖ ਲਿਆ ਅਤੇ 2 ਡਰਾਈਵਰ ਬਾਹਰੋਂ ਲੈ ਲਿਤੇ ਜਦੋਂ ਕਿ ਡਰਾਈਵਰ ਇਨ੍ਹਾਂ ਕੋਲ ਪਹਿਲਾਂ ਹੀ ਮੌਜੂਦ ਸਨ। ਫਿਰ ਇਹ ਡਰਾਈਵਰ ਬਾਹਰ ਤੋਂ ਲੈਣ ਦੀ ਕੀ ਲੋੜ ਸੀ ? ਸਪੀਕਰ ਸਾਹਿਬ, ਟੈਕਨੋਕਰੈਟਸ ਦੀਆਂ ਵੀ ਮੰਗਾਂ ਚਲ ਰਹੀਆਂ ਹਨ। ਉਪਰਲੇ ਔਹਦਿਆਂ ਦੀਆਂ ਮੰਗਾਂ ਤਾਂ ਮੰਨ ਲਈਆਂ ਪਰ ਥੱਲੇ ਵਾਲਿਆਂ ਦੀਆਂ ਮੰਗਾਂ ਜੋ ਗਰੀਬ ਸਨ, ਨਹੀਂ ਮੰਨੀਆਂ ਗਈਆਂ। ਸਰਕਾਰ ਨੂੰ ਉਨ੍ਹਾਂ ਦੀਆਂ ਮੰਗਾਂ ਨੂੰ ਵੀ ਮੰਨਣਾ ਚਾਹੀਦਾ ਹੈ। ਵੈਟਰਨਰੀ ਫਾਰਮਾਸਿਸਟ ਜੋ ਕੰਮ ਕਰਦੇ ਹਨ ਉਸ ਮੁਤਾਬਿਕ ਉਨ੍ਹਾਂ ਨੂੰ ਗਰੇਡ ਨਹੀਂ ਮਿਲ ਰਹੇ ਹਨ ਅਤੇ ਉਨ੍ਹਾਂ ਦੇ ਨਾਲ ਵਿਕਟੇਮਾਈਜੇਸ਼ਨ ਹੋ ਰਹੀ ਹੈ। ਉਨ੍ਹਾਂ ਨੂੰ ਸਹੀ ਗਰੇਡ ਮਿਲਣੇ ਚਾਹੀਦੇ ਹਨ। ਸਪੀਕਰ ਸਾਹਿਬ, ਹੁਣ ਮੈਂ ਓਲਡਏਜ਼ ਪੈਨਸ਼ਨ ਦੇ ਬਾਰੇ ਕਹਿਣਾ ਚਾਹੁੰਦੀ ਹਾਂ ਕਿ ਜੋ ਸਾਡੇ ਮੁੱਖ ਮੰਤਰੀ ਸਾਹਿਬ ਨੇ ਵਾਅਦੇ ਕੀਤੇ ਸਨ ਉਹ ਪੂਰੇ ਨਹੀਂ ਕੀਤੇ। ਸਮਾਜ ਭਲਾਈ ਮੰਤਰੀ ਇਸ ਵੇਲੇ ਹਾਊਸ ਵਿਚ ਹਾਜ਼ਰ ਨਹੀਂ ਹਨ। ਇਕ ਸਾਲ ਹੋ ਗਿਆ ਹੈ ਪਰ ਕੋਈ ਰੂਲਜ਼ ਨਹੀਂ ਬਣਾਏ ਗਏ। ਕਹਿੰਦੇ ਸਨ ਕਿ ਸ਼ਰਤਾਂ ਹਟਾ ਦੇਵਾਂਗੇ ਪਰ ਸ਼ਰਤਾਂ ਜਾਰੀ ਹਨ। ਇਸ ਬਾਰੇ ਕੋਈ ਨੋਟੀਫਿਕੇਸ਼ਨ ਨਹੀਂ ਹੋਈ।

5000 ਰੁਪਏ ਦੇ ਕਰਜ਼ਿਆਂ ਦੀ ਮੁਆਫੀ ਨਹੀਂ ਹੋਈ। ਪੈਨਸ਼ਨਾਂ ਦਾ ਮਸਲਾ ਹੱਲ ਨਹੀਂ ਹੋਇਆ। ਨਗਰ ਨਿਗਮ ਦੀਆਂ ਲੋਕਲ ਬੱਸਾਂ, ਜਿਵੇਂ ਹੁਣੇ ਤੁਹਾਡੇ ਐਮ. ਐਲ. ਏ. ਬਿਰਮੀ ਸਾਹਿਬ ਨੇ ਕੁਐਸਚਨ ਵੀ ਕੀਤਾ ਸੀ ਕਿ ਉਹ ਗੌਰਮਿੰਟ ਲੈ ਲਵੇ, ਉਹ ਵੀ ਸਰਕਾਰ ਨੇ ਨਹੀਂ ਲਈਆਂ। ਯੂਨੀਵਰਸਿਟੀ ਦੇ ਟੀਚਰਜ਼ ਔਰ ਪ੍ਰੋਫੈਸਰਜ਼ ਦੀਆਂ ਮੰਗਾਂ ਹਨ, ਉਨ੍ਹਾਂ ਦੀ ਪੈਨਸ਼ਨ ਵਗੈਰਾ ਨਹੀਂ ਲਾਈ ਗਈ। ਏਸੇ ਤਰੀਕੇ ਨਾਲ ਕੁਰੱਪਸ਼ਨ ਦੇ ਬਾਰੇ ਮੇਰੇ ਵੀਰ ਨੇ 'ਇੰਡੀਆ ਟੂਡੇ' ਦਾ ਹਵਾਲਾ ਦਿੱਤਾ ਹੈ। "ਇੰਡੀਆ ਟੂਡੇ" ਨੇ ਕੁਰੱਪਸ਼ਨ ਸਰਕਲ ਦਾ ਸਪੈਸ਼ਲ ਸਪਲੀਮੈਂਟ ਪ੍ਰਿੰਟ ਕੀਤਾ ਹੈ। ਕਿਹਾ ਗਿਆ ਸੀ ਕਿ ਉਹ ਮੁਆਫੀ ਮੰਗੇ, ਉਸਨੇ ਮੁਆਫੀ ਵੀ ਨਹੀਂ ਮੰਗੀ। ਸਰਕਾਰ ਨੇ ਕਿਹਾ ਸੀ ਕਿ ਕੇਸ ਚਲਾਏਗੀ, ਸਰਕਾਰ ਨੇ ਕੇਸ ਨਹੀਂ ਚਲਾਇਆ। ਮੈਂ ਪੂਰੀ ਜ਼ਿੰਮੇਵਾਰੀ ਨਾਲ ਗੱਲ ਕਰਨੀ

ਚਾਹੁੰਦੀ ਹਾਂ। ਸੀ. ਐਮ. ਸਾਹਿਬ ਨੇ ਵੀ ਕਿਹਾ ਸੀ ਕਿ ਲੋਕਯੁਕਤ ਬਣਾਉਣਗੇ ਜਿਸ ਕੋਲ ਕੁਰੱਪਸ਼ਨ ਸਬੰਧੀ ਚਾਰਜਿਜ਼ ਪੇਸ਼ ਹੋਣਗੇ। ਉਹ ਵੀ ਗੱਲ ਪੂਰੀ ਨਹੀਂ ਹੋਈ। ਹਰ ਐਮ. ਐਲ. ਏ. ਅਤੇ ਕਲਾਸ–1 ਅਫਸਰ ਆਪਣੇ ਅਸੈਟਸ ਮੇਜ਼ ਤੇ ਰੱਖੇ। 26 ਮਨਿਸਟਰਾਂ ਵਿਚੋਂ 4 ਮਨਿਸਟਰਾਂ ਨੇ ਆਪਣੇ ਅਸੈਟਸ ਸ਼ੋਅ ਕੀਤੇ ਹਨ। ਲੋਕ ਕੁਰੱਪਸ਼ਨ ਦੇ ਬੜੇ ਸੀਰੀਅਸ ਇਲਜ਼ਾਮ ਲਾਉਂਦੇ ਹਨ। ਲੋਕ ਕਹਿ ਰਹੇ ਹਨ ਕਿ ਐਪੁਆਇੰਟਮੈਂਟਸ ਵਿੱਚ, ਟਰਾਂਸਫਰ ਵਿੱਚ, ਨਿਯੁਕਤੀਆਂ ਵਿੱਚ ਕੁਰੱਪਸ਼ਨ ਕੀਤੀ ਜਾ ਰਹੀ ਹੈ ਔਰ ਪੈਸਾ ਲਿਆ ਜਾ ਰਿਹਾ ਹੈ। ਮੈਂ ਵੀਰੋ, ਬੜੀ ਜ਼ਿੰਮੇਵਾਰੀ ਨਾਲ ਮੌਰਲ ਕੁਰੱਪਸ਼ਨ ਬਾਰੇ ਵੀ ਗੱਲ ਕਰਨੀ ਚਾਹਵਾਂਗੀ। ਮੌਰਲ ਕੁਰੱਪਸ਼ਨ ਸਬੰਧੀ ਇਕ ਐਮ. ਐਲ. ਏ. ਦਾ ਕੇਸ ਤੁਹਾਡੇ ਸਾਹਮਣੇ ਹੈ। ਉਸਨੂੰ 6 ਮਹੀਨੇ ਲਈ ਕਾਂਗਰਸ ਪਾਰਟੀ ਨੇ ਸਸਪੈਂਡ ਕਰ ਦਿੱਤਾ ਹੈ। ਉਸਦੀ ਤਫਸੀਲ ਵੀ ਤੁਹਾਨੂੰ ਪਤਾ ਹੀ ਹੋਵੇਗੀ। ਸਾਡੀ ਪਾਰਟੀ ਦੀ ਮੰਗ ਹੈ, ਵਿਧਾਨ ਵਿੱਚ ਵੀ ਪ੍ਰੋਵੀਜ਼ਨ ਹੈ ਕਿ ਉਸਨੂੰ ਅਸੈਂਬਲੀ ਵਿਚੋਂ ਕੱਢ ਦਿੱਤਾ ਜਾਣਾ ਚਾਹੀਦਾ ਹੈ। ਇਸ ਗੱਲ ਬਾਰੇ ਮੈਨੂੰ ਅਤੇ ਲਕਸ਼ਮੀ ਕਾਂਤਾ ਚਾਵਲਾ ਨੂੰ ਕਿੰਨੀਆਂ ਹੀ ਟੈਲੀਗ੍ਰਾਮਜ਼ ਆ ਰਹੀਆਂ ਹਨ। ਮੈਂ ਲਕਸ਼ਮੀ ਕਾਂਤਾ ਚਾਵਲਾ ਨੂੰ ਪਰਸੋਂ ਕਿਹਾ ਸੀ ਕਿ ਮੈਨੂੰ ਵੀ ਕਿੰਨੀਆਂ ਹੀ ਟੈਲੀਗ੍ਰਾਮਜ਼ ਆ ਰਹੀਆਂ ਹਨ, ਉਹ ਮੈਨੂੰ ਪੁੱਛਦੀ ਸੀ ਵੈਸੇ ਵੀ ਅਸੀਂ ਕੋਈ ਚੁਪ-ਚਪੀਤੀ ਖਿਚੜੀ ਨਹੀਂ ਪਕਾਉਂਦੇ। ਇਹ ਗੱਲ ਸੀ. ਐਮ. ਸਾਹਿਬ ਨੂੰ, ਸਪੀਕਰ ਸਾਹਿਬ, ਸਭ ਨੂੰ ਦੱਸੀ ਗਈ ਸੀ। ਹੁਣੇ ਜਿਵੇਂ ਇਥੇ ਬਹਿਲ ਸਾਹਿਬ ਨੇ ਵੀ ਕਿਹਾ ਹੈ ਕਿ ਕੁਰੱਪਸ਼ਨ ਨੂੰ ਠੱਲ੍ਹ ਪਾਈ ਜਾਣੀ ਚਾਹੀਦੀ ਹੈ। ਜਿਨ੍ਹਾਂ ਦੀ ਜ਼ਿੰਮੇਵਾਰੀ ਬਣਦੀ ਹੈ, ਉਨ੍ਹਾਂ ਦੇ ਖਿਲਾਫ ਮੁਨਾਸਿਬ ਐਕਸ਼ਨ ਲਿਆ ਜਾਣਾ ਚਾਹੀਦਾ ਹੈ।

ਇਸੇ ਤਰੀਕੇ ਨਾਲ ਪੰਜਾਬ ਦੀਆਂ ਤਿੰਨ ਯੂਨੀਵਰਸਿਟੀਆਂ ਹਨ। ਉਨ੍ਹਾਂ ਦੀਆਂ ਸੀਨੇਟਸ ਹਨ ਜਿਨ੍ਹਾਂ ਦਾ ਕਾਂਸਟੀਚਿਊਸ਼ਨ ਬਹੁਤ ਪੁਰਾਣਾ ਹੈ। ਇਹ ਟਾਕਿੰਗ ਸ਼ਾਪਸ ਬਣ ਕੇ ਰਹਿ ਗਈਆਂ ਹਨ। ਉਨ੍ਹਾਂ ਕੋਲ ਕੋਈ ਪਾਵਰਜ਼ ਨਹੀਂ ਹਨ। ਅੰਮ੍ਰਿਤਸਰ ਦੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਤਾਂ ਮੋਸਟ ਅਨ-ਡੈਮੋਕਰੇਟਿਕ ਯੂਨੀਵਰਸਿਟੀ ਹੈ। ਉਸਦੇ ਮੁਕਾਬਲੇ ਚੰਡੀਗੜ੍ਹ ਦੀ ਯੂਨੀਵਰਸਿਟੀ ਫੇਰ ਵੀ ਠੀਕ ਹੈ। ਸਾਡੀ ਮੰਗ ਹੈ ਕਿ ਇਸ ਪਾਸੇ ਵੀ ਧਿਆਨ ਦੇਣਾ ਚਾਹੀਦਾ ਹੈ ਅਤੇ ਇਨ੍ਹਾਂ ਦੀ ਡੈਮੋਕਰੇਟਾਈਜੇਸ਼ਨ ਹੋਣੀ ਚਾਹੀਦੀ ਹੈ। ਸੀਨੇਟਸ ਦੇ ਇਲੈਕਸ਼ਨ ਹੋਣੇ ਚਾਹੀਦੇ ਹਨ। ਉਨ੍ਹਾਂ ਦੇ ਕਾਂਸਟੀਚਿਊਸ਼ਨ ਨੂੰ ਅਮੈਂਡ ਕਰਕੇ ਜਿਆਦਾ ਡੈਮੋਕਰੈਟਿਕ ਬਣਾਉਣਾ ਚਾਹੀਦਾ ਹੈ। ਯੂਨੀਵਰਸਿਟੀ ਦੇ ਮੁਲਾਜ਼ਮਾਂ ਦੀ ਵੀ ਐਜੀਟੇਸ਼ਨ ਚਲ ਰਹੀ ਹੈ।

ਪਬਲਿਕ ਗਰੀਵੈਂਸਿਜ਼ ਕਮੇਟੀਆਂ ਬਾਰੇ ਬੜੀ ਸ਼ਲਾਘਾ ਕੀਤੀ ਗਈ ਹੈ। ਮੇਰੇ ਨਾਲ ਸਰਦਾਰ ਉਮਰਾਓ ਸਿੰਘ ਸ਼ਾਇਦ ਸਹਿਮਤ ਹੋ ਜਾਣਗੇ ਕਿਉਂਕਿ ਇਹ ਅੰਮ੍ਰਿਤਸਰ ਆਏ ਸੀ। ਮੈਂ ਬੇਨਤੀ ਕਰਨੀ ਚਾਹੁੰਦੀ ਹਾਂ ਕਿ ਪਬਲਿਕ ਗਰੀਵੈਂਸਿਜ਼ ਕਮੇਟੀ ਦੀ ਮੀਟਿੰਗ ਮਹੀਨੇ ਵਿੱਚ ਇਕ ਵਾਰੀ ਰੱਖਣੀ ਚਾਹੀਦੀ ਹੈ। ਅਗਰ ਮੰਤਰੀ ਜੀ ਨੂੰ ਕੋਈ ਕੰਮ ਆ ਗਿਆ ਤਾਂ ਅਗਲੇ ਦਿਨ ਹੋ ਜਾਵੇ। ਵੈਸੇ ਤਾਂ ਇਹ ਮੀਟਿੰਗਜ਼ ਡਿਪਟੀ ਕਮਿਸ਼ਨਰ ਵੀ ਕਰ ਸਕਦਾ ਹੈ। ਅਸੀਂ ਸਰਦਾਰ ਉਮਰਾਓ ਸਿੰਘ ਅੱਗੇ ਪਿਛਲੀ ਵਾਰੀ ਇਹ ਪੇਸ਼ਕਸ਼ ਰਖੀ ਸੀ। ਇਨ੍ਹਾਂ ਕਮੇਟੀਆਂ ਰਾਹੀਂ ਲੋਕਾਂ ਦੀਆਂ ਤਕਲੀਫਾਂ ਨੂੰ ਸੌਲਵ ਕਰਨ ਦਾ ਮੌਕਾ ਮਿਲਿਆ ਹੈ। ਪਰ ਮੈਂ ਇਹ ਵੀ ਕਹਿਣਾ ਚਾਹੁੰਦੀ ਹਾਂ ਕਿ ਇਸ ਦੇ ਨਾਲ ਨਾਲ ਪੀ. ਏ. ਸੀ. ਦੀ ਮੀਟਿੰਗ ਵੀ ਰੱਖ ਲਈ ਜਾਂਦੀ ਹੈ। ਇਹ ਨਹੀਂ ਹੋਣਾ ਚਾਹੀਦਾ। ਇਨ੍ਹਾਂ ਨੂੰ ਅੱਛੇ ਅਦਾਰੇ ਬਣਾਉਣਾ ਚਾਹੀਦਾ ਹੈ।

[ਸ਼੍ਰੀਮਤੀ ਵਿਮਲਾ ਡਾਂਗ]

ਅਖੀਰ ਵਿੱਚ 2 ਗੱਲਾਂ ਮੈਂ ਹੋਰ ਕਰਨੀਆਂ ਚਾਹੁੰਦੀ ਹਾਂ । ਇਸ ਦੇ ਬਾਰੇ ਮੈਂ ਇਕ ਰੈਜ਼ੋਲਿਊਸ਼ਨ ਵੀ ਨਾਨ-ਆਫੀਸ਼ਲ-ਡੇ ਵਾਸਤੇ ਦਿੱਤਾ ਹੈ, ਪਤਾ ਨਹੀਂ ਕਿ ਉਹ ਆਉਂਦਾ ਵੀ ਹੈ ਜਾਂ ਨਹੀਂ। ਮੈਂ ਸਮਝਦੀ ਹਾਂ ਕਿ ਇਸਤਰੀ ਮੈਂਬਰ ਸਾਹਿਬਾਨ ਇਸ ਗੱਲ ਵਿਚ ਜ਼ਰੂਰ ਮੇਰਾ ਸਮਰਥਨ ਕਰਨਗੀਆਂ। ਪੰਜਾਬ ਨੂੰ ਇਸ ਪਾਸੇ ਪਹਿਲ ਕਦਮੀ ਕਰਨੀ ਚਾਹੀਦੀ ਹੈ। ਮੈਂ ਚਾਹੁੰਦੀ ਹਾਂ ਕਿ ਨੈਸ਼ਨਲ ਵੂਮੈਨ ਐਕਟ ਦੀ ਤਰ੍ਹਾਂ ਹੀ ਪੰਜਾਬ ਵਿਚ ਵੀ ਇਹੋ ਜਿਹਾ ਐਕਟ ਬਣੇ। ਇਸ ਤਰ੍ਹਾਂ ਦਾ ਐਕਟ ਵੈਸਟ ਬੰਗਾਲ ਵਿਚ ਬਣ ਚੁਕਿਆ ਹੈ, ਕਰਨਾਟਕ ਵਿਚ ਵੀ ਬਣ ਗਿਆ ਹੈ, ਉੜੀਸਾ ਅਤੇ ਤ੍ਰਿਪੁਰਾ ਵਿਚ ਵੀ ਇਹ ਐਕਟ ਬਣ ਗਿਆ ਹੈ। ਇਸਤਰੀਆਂ ਉਪਰ ਕੀਤੇ ਜਾ ਰਹੇ ਅਤਿਆਚਾਰ, ਸ਼ੋਸ਼ਣ ਅਤੇ ਹੋਰ ਇਸ ਤਰ੍ਹਾਂ ਦੇ ਮਸਲੇ ਉਸ ਦੇ ਤਹਿਤ ਵਿਚਾਰੇ ਜਾ ਸਕਦੇ ਹਨ। ਅਖੀਰ ਵਿਚ ਮੈਂ ਬਹਿਲ ਸਾਹਿਬ ਦੀ ਗੱਲ ਦਾ ਸਮਰਥਨ ਕਰਨਾ ਚਾਹੁੰਦੀ ਹਾਂ। ਜਲ੍ਹਿਆਂ ਵਾਲਾ ਬਾਗ ਦੀ ਧਰਤੀ ਉਹ ਧਰਤੀ ਹੈ ਜਿਥੇ ਸਾਡੇ ਦੇਸ਼ ਦੇ ਲੋਕਾਂ ਨੇ ਦੇਸ਼ ਦੀ ਅਜ਼ਾਦੀ ਅਤੇ ਏਕਤਾ ਵਾਸਤੇ ਬੜੀ ਵੱਡੀ ਕੁਰਬਾਨੀ ਦਿੱਤੀ। ਇੱਥੇ ਹਿੰਦੂ, ਮੁਸਲਮਾਨ, ਸਿਖ ਅਤੇ ਇਸਾਈ ਸਭ ਫਿਰਕਿਆਂ ਦੇ ਲੋਕਾਂ ਨੇ ਰਲ ਕੇ ਆਪਣਾ ਖੂਨ ਡੋਲ੍ਹਿਆ ਹੈ। ਅੱਜ ਉਸੇ ਕੁਰਬਾਨੀ ਤੋਂ ਪ੍ਰੇਰਨਾ ਸਾਨੂੰ ਲੈਣੀ ਚਾਹੀਦੀ ਹੈ । ਅੱਜ ਲੋੜ ਹੈ ਹਰ ਧਰਮ ਦੇ ਲੋਕ ਫਿਰਕਾਪ੍ਰਸਤੀ ਦੇ ਖਿਲਾਫ ਡਟ ਕੇ ਖੜ੍ਹੇ ਹੋਣ। ਕਿਸੇ ਵੀ ਧਰਮ ਨੂੰ ਫਿਰਕਾਪ੍ਰਸਤੀ ਨੂੰ ਹਵਾ ਨਹੀਂ ਦੇਣੀ ਚਾਹੀਦੀ। ਸਾਰਿਆਂ ਧਰਮਾਂ ਦੀ ਕੋਸ਼ਿਸ਼ ਨਾਲ ਦੇਸ਼ ਵਿਚ ਇਕ ਸਵਸਥ ਵਾਤਾਵਰਣ ਕਾਇਮ ਹੋਵੇ। ਸਾਨੂੰ ਸਾਰਿਆਂ ਨੂੰ ਆਪਣੇ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਬਚਾਉਣਾ ਚਾਹੀਦਾ ਹੈ, ਦੇਸ਼ ਦੀ ਪ੍ਰਗਤੀ ਕਰਨੀ ਚਾਹੀਦੀ ਹੈ । ਹਰ ਪੰਜਾਬੀ ਇਸ ਵਿਚ ਵਧ ਚੜ੍ਹ ਕੇ ਹਿੱਸਾ ਲਵੇ ਤਾਂ ਕਿ ਦੇਸ਼ ਅਤੇ ਪੰਜਾਬ ਪਿਛੇ ਨਾ ਰਹਿ ਜਾਵੇ। ਇਨ੍ਹਾਂ ਸ਼ਬਦਾਂ ਨਾਲ ਮੈਂ ਆਪ ਦਾ ਧੰਨਵਾਦ ਕਰਦੀ ਹਾਂ ।

ਸਰਦਾਰ ਰਣਜੀਤ ਸਿੰਘ ਛੱਜਲਵੱਡੀ (ਖਡੂਰ ,ਸਾਹਿਬ, ਐਸ. ਸੀ.): ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਟਾਈਮ ਦਿੱਤਾ ਹੈ। ਇਸ ਦੇ ਨਾਲ ਹੀ ਮੈਂ ਸਮਝਦਾ ਹਾਂ ਕਿ ਲੀਡਰ ਆਫ ਦੀ ਹਾਊਸ ਨੂੰ ਵੀ ਸਮੁੱਚੀ ਆਪੋਜੀਸ਼ਨ ਦਾ ਧੰਨਵਾਦੀ ਹੋਣਾ ਚਾਹੀਦਾ ਹੈ ਕਿਉਂਕਿ ਪਿਛਲੇ ਸਮਿਆਂ ਵਿਚ ਗਵਰਨਰ ਸਹਿਬ ਦੇ ਭਾਸ਼ਣ ਤੇ ਰੌਲਾ ਰੱਪਾ ਪਾਉਣ ਦੀ ਜੋ ਗਲਤ ਰਵਾਇਤ ਚਲਦੀ ਰਹੀ ਹੈ, ਉਸ ਦੇ ਉਲਟ ਸਮੁੱਚੀ ਆਪੋਜੀਸ਼ਨ ਨੇ ਬੜੇ ਠਰੰਮੇ ਨਾਲ ਅਤੇ ਧਿਆਨ ਨਾਲ ਗਵਰਨਰ ਸਾਹਿਬ ਦੇ ਭਾਸ਼ਣ ਨੂੰ ਜੋ ਕਿ ਅਸਲ ਵਿਚ ਮੁੱਖ ਮੰਤਰੀ ਦਾ ਭਾਸ਼ਣ ਹੀ ਹੁੰਦਾ ਹੈ, ਸੁਣਿਆ। ਇਸ ਦੇ ਵਾਸਤੇ ਲੀਡਰ ਆਫ ਦੀ ਹਾਊਸ ਨੂੰ ਸਮੁੱਚੀ ਆਪੋਜੀਸ਼ਨ ਦਾ ਧੰਨਵਾਦ ਕਰਨਾ ਚਾਹੀਦਾ ਹੈ। ਅਸਲ ਵਿਚ ਗਵਰਨਰ ਸਾਹਿਬ ਦੇ ਭਾਸ਼ਣ ਤੇ ਜੋ ਗੁੱਸਾ ਕੱਢਿਆ ਜਾਂਦਾ ਹੈ, ਉਹ ਮੁੱਖ ਮੰਤਰੀ ਦੇ ਖਿਲਾਫ ਹੀ ਕੱਢਿਆ ਜਾਂਦਾ ਹੈ। ਇਸ ਗੱਲ ਨੂੰ ਸਾਡੇ ਮੁੱਖ ਮੰਤਰੀ ਜੀ ਵੀ ਜਾਣਦੇ ਹਨ ਕਿਉਂਕਿ 1977 ਵਿਚ ਉਹ ਵੀ ਅਪੋਜੀਸ਼ਨ ਵਿਚ ਹੀ ਸਨ। ਉਨ੍ਹਾਂ ਨੇ ਵੀ ਉਸ ਵੇਲੇ ਇਹ ਗੁੱਸਾ ਕੱਢਿਆ ਸੀ ਪਰ ਅੱਜ ਉਹ ਸਮੁੱਚੀ ਆਪੋਜੀਸ਼ਨ ਦਾ ਮਾਣ ਸਤਿਕਾਰ ਕਰਦੇ ਹਨ। ਸਾਰੇ ਮੈਂਬਰਾਂ ਨੂੰ ਬਗੈਰ ਵਿਤਕਰੇ ਦੇ, ਬਗੈਰ ਫਰਕ ਦੇ ਸਮਝਦੇ ਹਨ। ਜਿੰਨਾ ਸਤਿਕਾਰ ਉਹ ਰੂਲਿੰਗ ਪਾਰਟੀ ਦਾ ਕਰਦੇ ਹਨ, ਉਨਾਂ ਹੀ ਆਪੋਜੀਸ਼ਨ ਦਾ ਵੀ ਕਰਦੇ ਹਨ। ਇਹ ਇਕ ਚੰਗੀ ਗੱਲ ਹੈ ਕਿ ਉਨ੍ਹਾਂ ਨੇ ਸਾਰਿਆਂ ਨਾਲ ਕੋਆਰਡੀਨੇਟ ਕੀਤਾ ਹੈ। (ਥੰਪਿੰਗ) ਇਸ ਦੇ ਨਾਲ ਸਪੀਕਰ ਸਾਹਿਬ ਨੇ ਵੀ ਆਪੋਜੀਸ਼ਨ ਨੂੰ ਯੋਗ ਸਮਾਂ ਦੇ ਕੇ ਆਪੋਜੀਸ਼ਨ ਦਾ ਮਨ ਜਿੱਤਿਆ ਹੈ ।

ਇਸ ਤੋਂ ਬਾਅਦ ਮੈਂ ਸੈਂਟਰ ਦੀ ਸਰਕਾਰ ਦੀ ਗੱਲ ਕਰਦਾ ਹਾਂ। ਸੈਂਟਰ ਦੀ ਸਰਕਾਰ ਨੇ ਅੱਜ ਤੋਂ ਕਈ ਸਾਲ ਪਹਿਲਾਂ ਪੰਜਾਬ ਮਸਲੇ ਬਾਰੇ ਇਹ ਗੱਲ ਕਹੀ ਸੀ ਕਿ ਅਸੀਂ ਇਸ ਮਸਲੇ ਬਾਰੇ ਗੱਲ ਕਿਸ ਨਾਲ ਕਰੀਏ। ਉਸ ਨੇ ਕਿਹਾ ਸੀ ਕਿ ਅਸੀਂ ਚੁਣੀ ਹੋਈ ਸਰਕਾਰ ਨਾਲ ਪੰਜਾਬ ਦਾ ਮਸਲਾ ਹੱਲ ਕਰਾਂਗੇ ਪਰ ਅੱਜ ਇਕ ਸਾਲ ਬੀਤ ਜਾਣ ਦੇ ਬਾਵਜੂਦ ਵੀ ਸੈਂਟਰ ਦੀ ਸਰਕਾਰ ਦੇ ਕੰਨ ਤੇ ਜੂੰ ਨਹੀਂ ਸਰਕੀ। ਇਸ ਤੋਂ ਤਾਂ ਇਹ ਲਗਦਾ ਹੈ ਕਿ ਸੈਂਟਰ ਦੀ ਸਰਕਾਰ ਪੰਜਾਬ ਦਾ ਮਸਲਾ ਹੱਲ ਕਰਨਾ ਹੀ ਨਹੀਂ ਚਾਹੁੰਦੀ। ਰਾਜੀਵ-ਲੌਂਗੋਵਾਲ ਸਮਝੌਤਾ ਹੋਇਆ ਸੀ। ਪਾਰਲੀਮੈਂਟ ਨੇ ਵੀ ਉਸ ਨੂੰ ਸਪੋਰਟ ਦਿੱਤੀ ਸੀ। ਇਹ ਸਮਝੌਤਾ ਇਸ ਤਰ੍ਹਾਂ ਹੋਇਆ ਸੀ ਜਿਵੇਂ ਦੋ ਵੱਖ ਵੱਖ ਦੇਸ਼ਾਂ ਵਿਚਕਾਰ ਇਹ ਸਮਝੌਤਾ ਹੋਇਆ ਹੋਵੇ। ਪਰ ਇਹ ਸਮਝੌਤਾ ਲਾਗੂ ਨਹੀਂ ਹੋਇਆ। ਸਮਝ ਨਹੀਂ ਆਉਂਦੀ ਕਿ ਇਸ ਦੇ ਵਾਸਤੇ ਅਸੀਂ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਝੂਠਾ ਕਹੀਏ, ਪਾਰਲੀਮੈਂਟ ਨੂੰ ਝੂਠਾ ਕਹੀਏ ਜਾਂ ਸਮੁੱਚੇ ਦੇਸ਼ ਨੂੰ ਝੂਠਾ ਕਹੀਏ। ਸਾਨੂੰ ਇਸ ਤੋਂ ਸਾਫ਼ ਜਾਹਿਰ ਹੈ ਕਿ ਸਦਾ ਹੀ ਪੰਜਾਬ ਨਾਲ ਸੈਂਟਰ ਦੀ ਸਰਕਾਰ ਵਿਤਕਰਾ ਕਰਦੀ ਰਹੀ ਹੈ ਅਤੇ ਪੰਜਾਬ ਦੇ ਮਸਲਿਆਂ ਨੂੰ ਜਿਉਂ ਦਾ ਤਿਉਂ ਰੱਖਣਾ ਚਾਹੁੰਦੀ ਹੈ। ਸਾਨੂੰ ਇਹ ਸ਼ੱਕ ਹੈ ਕਿ ਇਹ ਇਕ ਡਰਾਮਾ ਹੈ। ਇਹ ਜਿਹੜੀ ਪੰਜਾਬ ਵਿੱਚ ਥੋੜ੍ਹੇ ਚਿਰ ਲਈ ਸ਼ਾਂਤੀ ਆਈ ਹੈ ਇਹ ਕਿਤੇ ਦੁਬਾਰਾ ਜੇ ਸੈਂਟਰ ਦੀ ਸਰਕਾਰ ਪੰਜਾਬ ਦਾ ਮਸਲਾ ਲਾਅ ਐਂਡ ਆਰਡਰ ਦਾ ਮਸਲਾ ਨਾ ਸਮਝ ਬੈਠੇ ਤਾਂ ਇਹ ਦੁਬਾਰਾ ਨਾ ਉਠ ਖਲੋਏ। ਇਹ (ਅਤਿਵਾਦ ਵੱਲ ਇਸ਼ਾਰਾ) ਦੁਬਾਰਾ ਉਠਣ ਦੇ ਚਾਂਸ ਹੋ ਸਕਦੇ ਹਨ ਕਿਉਂਕਿ ਲੋਕਾਂ ਨੂੰ ਬਹੁਤੀ ਦੇਰ ਤੱਕ ਦਬਾਇਆ ਨਹੀਂ ਜਾ ਸਕਦਾ, ਡਰਾਇਆ ਨਹੀਂ ਜਾ ਸਕਦਾ। ਜਿੰਨੀ ਦੇਰ ਤੱਕ ਉਨ੍ਹਾਂ ਦੀ ਰੰਜਸ਼ 1984 ਦੇ ਦੰਗਿਆਂ ਕਾਰਨ ਲੋਕਾਂ ਦੇ ਜ਼ਖਮਾਂ ਤੇ ਹਰ ਤਰ੍ਹਾਂ ਨਾਲ ਮੱਲ੍ਹਮ-ਪੱਟੀ ਨਹੀਂ ਕੀਤੀ ਜਾਂਦੀ, ਉਨੀ ਦੇਰ ਇਹ ਕੋਈ ਪੱਕਾ ਹੱਲ ਨਹੀ ਹੋ ਸਕਦਾ। ਜਿਸ ਤਰ੍ਹਾਂ ਅੱਜ ਬੜੇ ਅਫਸੋਸ ਦੀ ਗੱਲ ਹੈ ਕਿ ਪੰਜਾਬ ਦੇ ਵਿੱਚ ਯਮੁਨਾ ਦੇ ਪਾਣੀ ਬਾਰੇ ਜਦੋਂ ਗੱਲ ਚੱਲੀ ਤਾਂ ਪੰਜਾਬ ਸਰਕਾਰ ਨੂੰ ਇਸ ਬਾਰੇ ਪੁਛਿਆ ਤੱਕ ਵੀ ਨਹੀਂ ਗਿਆ ਜਦੋਂ ਕਿ ਸਾਡੇ ਨਾਲ ਦੇ ਸੂਬਿਆਂ ਨੂੰ ਹਿਮਾਚਲ ਨੂੰ ਅਤੇ ਦੂਸਰਿਆਂ ਨੂੰ ਪੁੱਛਿਆ ਗਿਆ ਹੈ। ਐਸ. ਵਾਈ. ਐਲ. ਬਨਾਉਣ ਵਾਸਤੇ ਸਰਕਾਰ ਬੜਾ ਜ਼ੋਰ ਲਾ ਰਹੀ ਹੈ। ਸੈਂਟਰ ਦੀ ਸਰਕਾਰ ਬੜੀ ਕੀਨ ਹੈ ਪਰ ਪੰਜਾਬ ਨੂੰ ਯਮੁਨਾ ਦੇ ਪਾਣੀ ਵਾਸਤੇ ਬਿਲਕੁਲ ਨਹੀਂ ਪੁੱਛਿਆ ਗਿਆ। ਇਸ ਤੋਂ ਸਾਫ ਜ਼ਾਹਰ ਹੈ ਕਿ ਸੈਂਟਰ ਦੀ ਸਰਕਾਰ ਪੰਜਾਬ ਨੂੰ ਤਬਾਹ ਕਰਨ ਤੇ ਤੁਲੀ ਹੋਈ ਹੈ। ਦੂਸਰੀ ਗੱਲ, ਸਪੀਕਰ ਸਾਹਿਬ, ਇਹ ਹੈ ਕਿ ਜੇਕਰ ਸੈਂਟਰ ਦੀ ਸਰਕਾਰ ਪੰਜਾਬ ਨੂੰ ਚੰਗਾ ਦੇਖਣਾ ਚਾਹੁੰਦੀ ਹੈ ਤਾਂ ਸਾਨੂੰ ਪੰਜਾਬੀਆਂ ਵਾਸਤੇ ਰਾਜੀਵ - ਲੌਂਗੋਵਾਲ ਸਮਝੌਤਾ ਲਾਗੂ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ 6 ਦਸੰਬਰ ਨੂੰ ਅਯੁਧਿਆ ਵਿੱਚ ਸੈਂਟਰ ਸਰਕਾਰ ਨੇ ਜਿਹੜਾ ਸਾਰੇ ਦੇਸ਼ ਦੇ ਵਿੱਚ ਇਮੇਜ਼ ਖਰਾਬ ਕੀਤਾ ਹੈ ਕਿ ਜੇਕਰ ਇਹ ਸਰਕਾਰ ਅਕਾਲ ਤਖਤ ਢਾਹੁਣ ਵਾਸਤੇ ਗੋਲੀਆਂ ਚਲਾ ਸਕਦੀ ਹੈ, ਟੈਂਕ ਚਲਾ ਸਕਦੀ ਹੈ ਤਾਂ ਅਯੁਧਿਆ ਵਾਸਤੇ/ਰਾਮ ਮੰਦਰ-ਮਸਜਿਦ ਨੂੰ ਬਚਾਉਣ ਵਾਸਤੇ ਕੀ ਕੁਝ ਨਹੀਂ ਕਰ ਸਕਦੀ ਸੀ? ਇਸ ਤੋਂ ਸਾਫ ਜ਼ਾਹਿਰ ਹੈ ਕਿ ਜਿੰਨੀ ਦੋਸ਼ੀ ਇਸ ਵਾਸਤੇ ਬੀ. ਜੇ. ਪੀ. ਹੈ, ਉਨੀ ਦੋਸ਼ੀ ਹੀ ਸੈਂਟਰ ਦੀ ਸਰਕਾਰ ਹੈ। ਇਸ ਤੋਂ ਇਹ ਜਾਪਦਾ ਹੈ ਕਿ ਸੈਂਟਰ ਦੀ ਸਰਕਾਰ ਬੀ. ਜੇ. ਪੀ. ਨਾਲ ਰਲੀ ਹੋਈ ਹੈ ਤਾਂ ਕਿ ਇਹ ਰੌਲਾ ਰੱਪਾ ਚਲਦਾ ਰਹੇ ਅਤੇ ਇਨ੍ਹਾਂ ਦੀ ਕੁਰਸੀ ਕਾਇਮ ਰਹੇ।

ਲੋਕਤੰਤਰ ਬਾਰੇ ਅਸੀਂ ਮਾਨਯੋਗ ਮੁੱਖ ਮੰਤਰੀ ਜੀ ਦੇ ਧੰਨਵਾਦੀ ਹਾਂ ਜਿਨ੍ਹਾਂ ਨੇ ਬੜੇ ਲੰਮੇਂ ਸਮੇਂ ਤੋਂ ਪੈਂਡਿੰਗ ਪਈਆਂ ਮਿਉਂਸਪਲ ਕਮੇਟੀਆਂ ਦੀਆਂ ਚੋਣਾਂ ਕਰਵਾਈਆਂ ਹਨ ਅਤੇ ਪੰਚਾਇਤਾਂ ਦੀਆਂ ਵੀ ਚੋਣਾਂ ਕਰਵਾਈਆਂ। (ਥੰਪਿੰਗ) ਭਾਵੇਂ ਇਹ ਠੀਕ ਹੈ ਕਿ ਇਸ ਵਿੱਚ ਕੁਝ ਕੁਤਾਹੀਆਂ

[ਸਰਦਾਰ ਰਣਜੀਤ ਸਿੰਘ ਛੱਜਲਵੱਡੀ]

ਵੀ ਹੋਈਆਂ ਹਨ ਖਾਸ ਕਰਕੇ ਪੁਲਿਸ ਜ਼ਿਲ੍ਹੇ ਤਰਨ ਤਾਰਨ ਵਿੱਚ, ਗੁਰਦਾਸਪੁਰ ਅਤੇ ਅੰਮ੍ਰਿਤਸਰ, ਬਟਾਲਾ ਵਿੱਚ ਵੀ ਇਹੋ ਕੁਝ ਹੋਇਆ ਹੈ। ਮੈਂ ਪੁਲਿਸ ਜ਼ਿਲ੍ਹੇ ਤਰਨਤਾਰਨ ਦੇ ਐਸ. ਐਸ. ਪੀ. ਸ੍ਰੀ ਮਜੀਠਾ ਵਰਗੇ ਅਫਸਰਾਂ ਦਾ ਨਾਂ ਵੀ ਜ਼ਰੂਰ ਲੈਣਾ ਚਾਹਾਂਗਾ। ਇਨ੍ਹਾਂ ਦਾ ਪਿਛਲਾ ਪਿਛੋਕੜ ਬਹੁਤ ਵਧੀਆ ਹੈ। ਇਹ ਇਕ ਅੱਛੇ ਬੁਧੀਜੀਵੀ ਵੀ ਹਨ ਅਤੇ ਪਹਿਲਾਂ ਪ੍ਰੋਫੈਸਰ ਰਹੇ ਹਨ। ਇਨ੍ਹਾਂ ਨੇ ਬੜੇ ਸੁਚੱਜੇ ਢੰਗ ਨਾਲ ਅੱਤਵਾਦ ਨੂੰ ਠੱਲ੍ਹ ਪਾਈ ਹੈ। ਜਿੱਥੇ ਇਨ੍ਹਾਂ ਨੇ ਅੱਤਵਾਦ ਨੂੰ ਬੜੇ ਅੱਛੇ ਢੰਗ ਨਾਲ ਕੰਟਰੋਲ ਕੀਤਾ ਹੈ ਉਥੇ ਉਹ ਗਰੀਬਾਂ ਅਤੇ ਆਮ ਬੰਦਿਆਂ ਨੂੰ ਵੀ ਬੜੇ ਪਿਆਰ ਨਾਲ ਸੁਣਦੇ ਹਨ। ਕੋਈ ਵੀ ਗਰੀਬ ਆਦਮੀ, ਆਮ ਆਦਮੀ ਉਨ੍ਹਾਂ ਕੋਲ ਨਿਧੜਕ ਹੋ ਕੇ ਜਾ ਸਕਦਾ ਹੈ ਅਤੇ ਆਪਣੇ ਦੁਖ ਸੁਣਾ ਸਕਦਾ ਹੈ। ਉਨਾਂ ਨੇ ਆਪਣੀ ਬੜੀ ਯੋਗਤਾ ਨਾਲ ਇਸ ਪੁਲਿਸ ਜ਼ਿਲ੍ਹੇ ਵਿੱਚ ਕੰਮ ਕੀਤਾ ਹੈ। ਇਸ ਤੋਂ ਇਲਾਵਾ, ਸਪੀਕਰ ਸਾਹਿਬ, ਲੋਕਤੰਤਰ ਦੇ ਵਿੱਚ ਪੰਚਾਇਤਾਂ ਤੇ ਸਰਪੰਚਾਂ ਦੀ ਪੁਲਿਸ ਦੇ ਵਿੱਚ ਇੱਜ਼ਤ ਬਹਾਲ ਹੋਣੀ ਚਾਹੀਦੀ ਹੈ। ਪੁਲਿਸ ਮਹਿਕਮੇ ਦੇ ਵਿਚ ਤਾਂ ਇਹ ਖਾਸ ਕਰਕੇ ਹੋਣੀ ਚਾਹੀਦੀ ਹੈ। ਜੇਕਰ ਕੋਈ ਸਰਪੰਚ ਜਾਂ ਪੰਚ ਪੁਲਿਸ ਸਟੇਸ਼ਨ ਵਿੱਚ ਜਾਂਦਾ ਹੈ ਤਾਂ ਉਸ ਨੂੰ ਕਿਹਾ ਜਾਂਦਾ ਹੈ ਉਏ ਸਰਪੰਚਾ। ਇਹ ਬਹੁਤ ਮਾੜੀ ਗੱਲ ਹੈ। ਉਨਾਂ ਦੀ ਕੋਈ ਰਿਸਪੈਕਟ ਨਹੀਂ ਹੁੰਦੀ। ਸਰਕਾਰ ਨੂੰ ਸਰਪੰਚਾਂ ਦੀ ਪੁਲਿਸ ਥਾਣਿਆਂ ਦੇ ਵਿਚ ਰਿਸਪੈਕਟ ਐਸ਼ੋਰ ਕਰਾਉਣੀ ਚਾਹੀਦੀ ਹੈ ।

ਬਾਕੀ ਖੇਤੀਬਾੜੀ ਵਿਚ ਪੰਜਾਬ ਦੇ ਕਿਸਾਨ ਨੇ ਆਪਣੀ ਮਿਹਨਤ ਦੇ ਸਦਕਾ ਦੇਸ਼ ਨੂੰ ਖੁਰਾਕ ਦੇ ਵਿੱਚ ਆਤਮ ਨਿਰਭਰ ਹੀ ਨਹੀਂ ਕੀਤਾ ਸਗੋਂ ਚਾਵਲ ਵਿਦੇਸ਼ਾਂ ਦੇ ਵਿੱਚ ਭੇਜ ਕੇ ਵਿਦੇਸ਼ੀ ਮੁਦਰਾ ਕਮਾ ਕੇ ਦੇਸ਼ ਨੂੰ ਦਿੱਤੀ ਹੈ ਜਿਸ ਦੀ ਕਿ ਸਾਡੇ ਮੁਲਕ ਨੂੰ ਇਸ ਸਮੇਂ ਬਹੁਤ ਲੋੜ ਸੀ। ਇਸ ਲਈ ਸਰਕਾਰ ਨੂੰ ਕਿਸਾਨਾਂ ਦੇ ਵਾਸਤੇ ਖਾਦਾਂ ਅਤੇ ਕੀੜੇ ਮਾਰ ਦਵਾਈਆਂ, ਬਿਜਲੀ ਆਦਿ ਤੇ ਸਬਸਿਡੀ ਹੋਰ ਵਧਾਉਣੀ ਚਾਹੀਦੀ ਹੈ ਤਾਂ ਕਿ ਕਿਸਾਨ ਹੋਰ ਉਤਸ਼ਾਹਿਤ ਹੋ ਸਕਣ । ਸਪੀਕਰ ਸਾਹਿਬ, ਸਰਕਾਰ ਨੇ ਪਛੜੀਆਂ ਸ਼੍ਰੇਣੀਆਂ ਨੂੰ 15% ਸਬਸਿਡੀ ਨਵੇਂ ਉਦਯੋਗ ਲਾਉਣ ਵਾਸਤੇ ਦਿੱਤੀ ਹੈ। ਚੰਗਾ ਹੋਵੇ ਜੇਕਰ ਸਰਕਾਰ ਪਛੜੀਆਂ ਸ਼੍ਰੇਣੀਆਂ ਦੇ ਉਨ੍ਹਾਂ ਨੌਜਵਾਨਾਂ ਨੂੰ ਜਿਹੜੇ ਅੱਠ ਜਾਂ ਦਸ ਜਮਾਤਾਂ ਪੜ੍ਹੇ ਹੋਏ ਹਨ, ਉਨ੍ਹਾਂ ਨੂੰ ਵੱਡੀਆਂ ਫੈਕਟਰੀਆਂ ਵਿੱਚ ਦੋ-ਦੋ ਸਾਲ ਦੀ ਕੋਈ ਟਰੇਨਿੰਗ ਦਿਵਾਏ ਅਤੇ ਉਨ੍ਹਾਂ ਦੀ ਟਰੇਨਿੰਗ ਦਾ ਖਰਚਾ ਸਰਕਾਰ ਆਪ ਝੱਲੇ ਅਤੇ ਉਨ੍ਹਾਂ ਨੌਜਵਾਨਾਂ ਨੂੰ ਸਵੈ ਰੁਜ਼ਗਾਰ ਵਾਸਤੇ ਤਿਆਰ ਕਰੇ ਤਾਂ ਕਿ ਉਹ ਨੌਜਵਾਨ ਆਪਣੇ ਆਪ ਨੂੰ ਗਲਤ ਰਸਤਿਆਂ ਤੇ ਨਾ ਪਾਉਣ ਅਤੇ ਉਸਾਰੂ ਕੰਮਾਂ ਵਿਚ ਆਪਣਾ ਯੋਗਦਾਨ ਪਾ ਸਕਣ ।

ਸਪੀਕਰ ਸਾਹਿਬ, ਸਰਕਾਰ ਨੇ ਇਹ ਚੰਗਾ ਕੀਤਾ ਹੈ ਕਿ ਘਰੇਲੂ ਉਦਯੋਗਾਂ ਨੂੰ 24 ਘੰਟੇ ਬਿਜਲੀ ਦਿੱਤੀ ਜਾਇਆ ਕਰੇਗੀ। ਇਹ ਵੀ ਚੰਗਾ ਹੋਵੇਗਾ ਜੇਕਰ ਸਰਕਾਰ ਖੇਤੀਬਾੜੀ ਨੂੰ ਵੀ 24 ਘੰਟੇ ਬਿਜਲੀ ਦੇਣ ਦਾ ਵਾਅਦਾ ਇਸ ਹਾਊਸ ਦੇ ਅੰਦਰ ਕਰੇ ।

ਸਪੀਕਰ ਸਾਹਿਬ, ਜਿਥੋਂ ਤੱਕ ਖੇਡਾਂ ਦਾ ਸਬੰਧ ਹੈ, ਖੇਡਾਂ ਦੇਸ਼ ਦੀ ਏਕਤਾ ਤੇ ਅਖੰਡਤਾ ਬਣਾਉਣ ਵਿੱਚ ਨੌਜਵਾਨਾਂ ਨੂੰ ਉਤਸ਼ਾਹਿਤ ਕਰਦੀਆਂ ਹਨ। ਖੇਡਾਂ ਵਿੱਚ ਜਿਹੜਾ ਟੀਮ ਵਰਕ ਦਾ ਕੰਮ ਹੁੰਦਾ ਹੈ ਇਹ ਦੇਸ਼ ਦੀ ਏਕਤਾ ਵੱਲ ਕਦਮ ਹੁੰਦਾ ਹੈ। ਹਾਕੀ ਦੀ ਖੇਡ ਸਭ ਤੋਂ ਪਹਿਲਾਂ ਹਿੰਦੁਸਤਾਨ ਨੇ ਹੀ ਇੰਟਰਨੈਸ਼ਨਲ ਲੈਵਲ ਤੇ ਐਂਟਰ ਕਰਵਾਈ ਸੀ। ਪਹਿਲਾਂ ਇਸ ਖੇਡ ਵਿਚ

ਹਿੰਦੁਸਤਾਨ ਨੇ ਬੜਾ ਨਾਮਣਾ ਖੱਟਿਆ ਪਰ ਸਾਰੀ ਦੁਨੀਆਂ ਵਿੱਚ ਸਾਡੀ ਇਸ ਖੇਡ ਨੇ ਬੜੀ ਨਮੋਸ਼ੀ ਸਾਨੂੰ ਦਿੱਤੀ ਹੈ। ਇਹ ਖੇਡ ਸਾਡੇ ਪੰਜਾਬ ਦੀ ਖੇਡ ਸੀ। ਇਹ ਸਾਰੇ ਹਿੰਦੁਸਤਾਨ ਦੀ ਖੇਡ ਨਹੀਂ ਸੀ। ਪਰ ਇਸ ਨੂੰ ਹਿੰਦੁਸਤਾਨ ਦੀ ਖੇਡ ਬਣਾ ਕੇ, ਖਿਡਾਰੀਆਂ ਦੀ ਚੋਣ ਗਲਤ ਕਰਕੇ, ਆਪ-ਹੁਦਰੀਆਂ ਕਰਕੇ, ਰਿਸ਼ਤੇਦਾਰਾਂ ਦੇ ਨਾਂ ਪਾ ਕੇ, ਉਨ੍ਹਾਂ ਨੂੰ ਯੋਗ ਖੁਰਾਕ ਨਾ ਦੇ ਕੇ, ਇਸ ਖੇਡ ਦਾ ਸਤਿਆਨਾਸ ਕਰ ਦਿਤਾ ਹੈ। ਮੈਂ ਪੰਜਾਬ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਉਹ ਆਪਣੀ ਹਾਕੀ ਦੀ ਟੀਮ ਤਿਆਰ ਕਰੇ ਉਨ੍ਹਾਂ ਨੂੰ ਯੋਗ ਸਹੂਲਤਾਂ ਦਿੱਤੀਆਂ ਜਾਣ, ਸਹੀ ਕੋਚਿੰਗ ਦਿੱਤੀ ਜਾਵੇ ਤਾਂ ਕਿ ਉਹ ਦੂਜੀਆਂ ਟੀਮਾਂ ਦੇ ਮੁਕਾਬਲੇ ਆਪਣੀ ਬਰਾਬਰਤਾ ਲਿਆ ਸਕੇ ਅਤੇ ਇੰਟਰਨੈਸ਼ਨਲ ਲੈਵਲ ਦੀਆਂ ਟੀਮਾਂ ਦਾ ਮੁਕਾਬਲਾ ਕਰ ਸਕੇ।

ਸਪੀਕਰ ਸਾਹਿਬ, ਟਰਾਂਸਪੋਰਟ ਦੇ ਬਾਰੇ ਸਰਕਾਰ ਨੇ ਇਹ ਫੈਸਲਾ ਕੀਤਾ ਹੈ ਕਿ ਜਿਹੜੀ ਮਿਊਂਸਪਲ ਕਾਰਪੋਰੇਸ਼ਨਾਂ ਦੀ ਸ਼ਹਿਰੀ ਟਰਾਂਸਪੋਰਟ ਹੈ, ਉਸ ਨੂੰ ਪ੍ਰਾਈਵੇਟ ਅਦਾਰਿਆਂ ਨੂੰ ਦੇਣਾ ਹੈ, ਉਸ ਵਿਚ ਸਰਕਾਰ ਨੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਨੂੰ ਪ੍ਰਤੀਨਿਧਤਾ ਦੇਣ ਬਾਰੇ ਕੋਈ ਫੈਸਲਾ ਨਹੀਂ ਲਿਆ। ਕਾਂਗਰਸ ਸਰਕਾਰ ਨੇ ਜਿਸ ਨੇ ਕਿ 46 ਸਾਲ ਤੱਕ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਸਿਰ ਤੇ ਰਾਜ ਕੀਤਾ ਹੈ ਅਤੇ ਪੰਜਾਬ ਦੀ ਸਰਕਾਰ ਵੀ ਹੁਣ ਉਨ੍ਹਾਂ ਦੇ ਸਿਰ ਤੇ ਹੀ ਰਾਜ ਕਰ ਰਹੀ ਹੈ, ਉਸ ਨੂੰ ਚਾਹੀਦਾ ਹੈ ਕਿ ਉਨ੍ਹਾਂ ਨੂੰ ਉਨ੍ਹਾਂ ਦੀ ਪੰਜਾਬ ਵਿਚਲੀ 37% ਅਬਾਦੀ ਦੇ ਲਿਹਾਜ ਨਾਲ ਇਹ ਰੂਟ ਦਿੱਤੇ ਜਾਣ। ਸਰਕਾਰ ਕੇਵਲ ਉਨ੍ਹਾਂ ਧਨਾਢਾਂ ਅਤੇ ਟਰਾਂਸਪੋਰਟਰਾਂ ਦਾ ਹੀ ਪੱਖ ਪੂਰ ਰਹੀ ਹੈ ਜਿਨ੍ਹਾਂ ਕੋਲ ਕਿ ਪਹਿਲਾਂ ਹੀ 100-100 ਜਾਂ 50-50 ਫਲੀਟਾਂ ਹਨ। ਮੈਂ ਕਹਿੰਦਾ ਹਾਂ ਕਿ ਉਨ੍ਹਾਂ ਨੂੰ ਬਰਾਬਰ ਰੂਟ ਦਿੱਤੇ ਜਾਣ, ਬਰਾਬਰ ਹਿੱਸਾ ਰੱਖਿਆ ਜਾਵੇ ਤਾਂ ਕਿ ਉਹ ਵੀ ਅਜ਼ਾਦ ਤਰੀਕੇ ਨਾਲ ਅੱਗੇ ਆ ਸਕਣ ਅਤੇ ਆਪਣਾ ਕੰਮ ਚਲਾ ਸਕਣ।

ਸਪੀਕਰ ਸਾਹਿਬ, ਪਛੜੀਆਂ ਸ਼੍ਰੇਣੀਆਂ ਦੀ ਸਮਾਜ ਭਲਾਈ ਦੇ ਕੰਮ ਬਾਰੇ ਕੁਝ ਵੀ ਨਹੀਂ ਇਹ ਜਿਹੜੀ ਕਿਤਾਬਾਂ ਦੀ ਫਰੀ ਦੇਣ ਦੀ ਗੱਲ ਕਹੀ ਗਈ ਹੈ ਇਹ ਤਾਂ 1969 ਵਿੱਚ ਅਕਾਲੀ ਸਰਕਾਰ ਹੀ ਕਰ ਗਈ ਸੀ, ਉਨ੍ਹਾਂ ਨੇ ਹੀ ਵਜ਼ੀਫਾ ਵਧਾ ਦਿੱਤਾ ਸੀ। ਇਹ ਸਰਕਾਰ ਜਿਨ੍ਹਾਂ ਦੇ ਸਿਰ ਤੇ ਰਾਜ ਕਰ ਰਹੀ ਹੈ, ਉਨ੍ਹਾਂ ਦੀ ਭਲਾਈ ਵਾਸਤੇ ਕੁਝ ਵੀ ਨਹੀਂ ਕੀਤਾ ਗਿਆ ਅਤੇ ਨਾ ਹੀ ਕਿਹਾ ਗਿਆ ਹੈ। ਉਨ੍ਹਾਂ ਦੇ ਨਾਲ ਤਾਂ ਇਸ ਸਰਕਾਰ ਨੂੰ ਰਤਾ ਵੀ ਹਮਦਰਦੀ ਨਹੀਂ ਹੈ। ਇਹ ਚਾਹੁੰਦੇ ਹੀ ਨਹੀਂ ਕਿ ਇਹ ਜਿਹੜੀ ਕੌਮ ਹੈ, ਇਹ ਜਿਹੜੇ ਅਨੁਸੂਚਿਤ ਜਾਤੀ ਦੇ ਲੋਕ ਹਨ ਇਹ ਪੜ੍ਹ ਲਿਖ ਜਾਣ ਅਤੇ ਇਨ੍ਹਾਂ ਨੂੰ ਅਕਲ ਆ ਜਾਵੇ ਜੇ ਇਹ ਅਕਲ ਵਾਲੇ ਬਣ ਗਏ ਤਾਂ ਸਾਡੀ ਚੁੰਗਲ ਵਿਚੋਂ ਨਿਕਲ ਜਾਣਗੇ। ਜਿਸ ਤਰ੍ਹਾਂ ਨਵੋਦਿਯਾ ਸਕੂਲ ਖੋਲ੍ਹੇ ਗਏ ਹਨ, ਜੇ ਪੰਜਾਬ ਸਰਕਾਰ ਅਨੁਸੂਚਿਤ ਜਾਤੀਆਂ ਦੇ ਨਾਲ ਹਮਦਰਦੀ ਰੱਖਦੀ ਹੈ, ਕਾਂਗਰਸ ਵਾਲਿਆਂ ਨੂੰ ਇਨ੍ਹਾਂ ਨਾਲ ਕੋਈ ਹਮਦਰਦੀ ਹੈ ਤਾਂ ਇਨ੍ਹਾਂ ਨਵੋਦਿਯਾ ਸਕੂਲਾਂ ਨੂੰ ਜ਼ਿਲ੍ਹਾ ਪੱਧਰ ਤੇ ਖੋਲ੍ਹਿਆ ਜਾਵੇ ਅਤੇ ਇਸਦਾ ਸਾਰੇ ਦਾ ਸਾਰਾ ਖਰਚਾ ਪੰਜਾਬ ਸਰਕਾਰ ਆਪਣੇ ਕੋਲੋਂ ਕਰੇ ਅਤੇ ਹੋਸਟਲ ਵਿੱਚ ਰਹਿਣ ਦਾ ਪ੍ਰਬੰਧ ਵੀ ਕਰੇ ਅਤੇ ਉਨ੍ਹਾਂ ਬੱਚਿਆਂ ਦਾ ਕਾਲਿਜ ਤੱਕ ਦੀ ਪੜ੍ਹਾਈ ਦਾ ਖਰਚਾ ਸਰਕਾਰ ਦੇਵੇ, ਤਾਂ ਅਸੀਂ ਸਮਝਦੇ ਹਾਂ ਕਿ ਇਹ ਸਰਕਾਰ ਇਨ੍ਹਾਂ ਲੋਕਾਂ ਵਾਸਤੇ ਕੁਝ ਕਰਨਾ ਚਾਹੁੰਦੀ ਹੈ।

ਦੇਸ਼ ਨੂੰ ਆਜ਼ਾਦ ਹੋਏ 46 ਸਾਲ ਹੋਣ ਦੇ ਬਾਵਜੂਦ ਵੀ ਸਰਕਾਰ ਸਿੱਖਿਆ ਦਾ ਮਿਆਰ ਨਹੀਂ ਬਦਲ ਸਕੀ, ਇਸ ਦੀ ਪੜ੍ਹਾਈ ਦਾ ਮਿਆਰ ਕਲਰਕ ਪੈਦਾ ਕਰਨ ਵਾਲਾ ਹੀ ਰਿਹਾ ਹੈ ਅਤੇ

[ਸਰਦਾਰ ਰਣਜੀਤ ਸਿੰਘ ਛੱਜਲਵੱਡੀ]

ਇਸ ਨੂੰ ਉਚਾ ਚੁੱਕਣ ਦੀ ਕੋਈ ਕੋਸ਼ਿਸ਼ ਨਹੀਂ ਕਰ ਰਹੀ। ਇਸ ਤੋਂ ਮਾੜੀ ਗੱਲ ਕੀ ਹੋ ਸਕਦੀ ਹੈ ਕਿ ਸ਼ਹਿਰਾਂ ਅਤੇ ਪਿੰਡਾਂ ਵਿੱਚ ਇੱਕ ਵੱਖਰੀ ਵੱਖਰੀ ਕਲਾਸ ਬਣ ਗਈ ਹੈ। ਸ਼ਹਿਰਾਂ ਦੇ ਲੋਕ ਆਪਣੇ ਬੱਚਿਆਂ ਨੂੰ ਚੰਗੇ ਚੰਗੇ ਮਾਡਲ ਸਕੂਲਾਂ ਵਿੱਚ ਪੜ੍ਹਾਉਂਦੇ ਹਨ ਅਤੇ ਉਥੇ ਸਕੂਲਾਂ ਵਿਚ ਜਿਹੜਾ ਚੌਥੀ ਕਲਾਸ ਦਾ ਮੈਥ ਹੈ ਉਹ ਪਿੰਡ ਦਾ ਬੀ. ਏ. ਪੜ੍ਹਿਆ ਵੀ ਨਹੀਂ ਪੜ੍ਹਾ ਸਕਦਾ। ਆਉਣ ਵਾਲੇ ਸਮੇਂ ਵਿੱਚ ਸ਼ਹਿਰਾਂ ਦੇ ਬੱਚਿਆਂ ਨੂੰ ਨੌਕਰੀ ਪ੍ਰਾਪਤ ਕਰਨ ਦੇ ਚਾਂਸ ਜ਼ਿਆਦਾ ਮਿਲਣਗੇ ਅਤੇ ਪਿੰਡਾਂ ਵਾਲਿਆਂ ਨੂੰ ਨਹੀਂ ਮਿਲਣਗੇ ਕਿਉਂਕਿ ਪਿੰਡਾਂ ਦੇ ਬੱਚੇ ਸ਼ਹਿਰਾਂ ਵਿੱਚ ਪੜ੍ਹੇ ਬੱਚਿਆਂ ਦਾ ਮੁਕਾਬਲਾ ਨਹੀਂ ਕਰ ਸਕਣਗੇ। ਇੱਕ ਹੋਰ ਗੱਲ ਸਪੀਕਰ ਸਾਹਿਬ, ਮੈਂ ਦੱਸਣੀ ਚਾਹੁੰਦਾ ਹਾਂ ਕਿ ਸ਼ਹਿਰਾਂ ਵਿਚ ਕੋਠੀਆਂ ਵਿੱਚ ਮਾਡਲ ਸਕੂਲ ਖੋਲ੍ਹੇ ਹੋਏ ਹਨ, ਉਹ ਵੱਡੇ ਵੱਡੇ ਲੋਕਾਂ ਨੇ ਖੋਲ੍ਹੇ ਹੋਏ ਹਨ ਅਤੇ ਮੰਤਰੀਆਂ ਨਾਲ ਉਹ ਲੋਕ ਮਿਲੇ ਹੋਏ ਹਨ। ਉਨ੍ਹਾਂ ਸਕੂਲਾਂ ਨੂੰ ਸਰਕਾਰ ਨੇ ਮਾਨਤਾ ਵੀ ਦਿੱਤੀ ਹੋਈ ਹੈ। ਮੈਂ ਕਹਿੰਦਾ ਹਾਂ ਕਿ ਜਿਨ੍ਹਾਂ ਸਕੂਲਾਂ ਦੀ ਆਪਣੀ ਕੋਈ ਲਾਇਬਰੇਰੀ ਨਹੀਂ, ਆਪਣਾ ਕੋਈ ਖੇਡ ਦਾ ਮੈਦਾਨ ਨਹੀਂ ਅਤੇ ਨਾ ਹੀ ਕੋਈ ਲੈਬਾਰਟਰੀ ਹੈ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੂੰ ਚਾਲੂ ਰੱਖਣ ਦਾ ਕੀ ਫਾਇਦਾ ਹੈ, ਇਨ੍ਹਾਂ ਨੂੰ ਤੁਰੰਤ ਬੰਦ ਕਰਵਾਉਣਾ ਚਾਹੀਦਾ ਹੈ, ਜਿਨ੍ਹਾਂ ਸਕੂਲਾਂ ਵਿੱਚ ਬੱਚਿਆਂ ਦੀ ਚੰਗੀ ਸਿਹਤ ਕਾਇਮ ਰਖਣ ਲਈ ਖੇਡ ਦਾ ਮੈਦਾਨ ਹੀ ਨਹੀਂ ਉਨ੍ਹਾਂ ਨੂੰ ਚਾਲੂ ਰਖਣਾ ਸਰਕਾਰ ਦੀ ਗਲਤ ਨੀਤੀ ਹੈ। ਕੋਠੀਆਂ ਵਿੱਚ ਜਿਹੜੇ ਪ੍ਰਾਈਵੇਟ ਸਕੂਲ ਹਨ, ਉਹ ਚਾਰ ਚਾਰ ਸੌ ਰੁਪਿਆ ਬਿਲਡਿੰਗ ਫੰਡ ਲੈਂਦੇ ਹਨ ਜਦ ਕਿ ਉਨ੍ਹਾਂ ਨੇ ਕਿਰਾਏ ਤੇ ਕੋਠੀਆਂ ਲਿਤੀਆਂ ਹੋਈਆਂ ਹਨ ਫਿਰ ਬਿਲਡਿਗ ਫੰਡ ਕਿਸ ਚੀਜ਼ ਲਈ ਉਹ ਲੈਂਦੇ ਹਨ ਜਦ ਕਿ ਉਨ੍ਹਾਂ ਨੇ ਆਪਣੀ ਕੋਈ ਬਿਲਡਿੰਗ ਹੀ ਨਹੀਂ ਬਣਾਉਣੀ, ਇਹ ਬਿਲਡਿੰਗ ਫੰਡ ਬੰਦ ਹੋਣੇ ਚਾਹੀਦੇ ਹਨ।

ਇੱਕ ਹੋਰ ਗੱਲ ਮਾਸਟਰਾਂ ਦੀ ਤਬਦੀਲੀ ਬਾਰੇ ਹੈ। ਸ਼ਹਿਰਾਂ ਵਿੱਚ ਜਿਹੜੇ ਅਧਿਆਪਕ ਲੱਗੇ ਹੁਦੇ ਹਨ, ਸ਼ਹਿਰਾਂ ਵਿੱਚ ਹਸਬੈਂਡ ਅਤੇ ਵਾਈਫ ਜਿਹੜੇ ਕਿ ਇਕੋ ਮਕਾਨ ਵਿੱਚ ਰਹਿੰਦੇ ਹਨ ਉਨ੍ਹਾਂ ਦੋਹਾਂ ਨੂੰ ਹੀ ਮਕਾਨ ਕਿਰਾਇਆ ਦਿਤਾ ਜਾਂਦਾ ਹੈ। ਮੈਂ ਕਹਿੰਦਾ ਹਾਂ ਕਿ ਅਜਿਹੇ ਕਰਮ-ਚਾਰੀਆਂ ਤੋਂ ਐਫੀਡੇਵਿਟ ਲਿਆ ਜਾਵੇ ਕਿ ਉਹ ਵੱਖੋ ਵੱਖਰੇ ਰਹਿੰਦੇ ਹਨ ਅਤੇ ਉਸਦੀ ਇਨਕੁਆਰੀ ਕਰਵਾਈ ਜਾਵੇ ਜੇ ਉਹ ਇਕੱਠੇ ਰਹਿੰਦੇ ਹਨ ਤਾਂ ਉਨ੍ਹਾਂ ਦਾ ਮਕਾਨ ਕਰਾਇਆ ਭੱਤਾ ਬੰਦ ਕੀਤਾ ਜਾਵੇ ਅਤੇ ਉਨ੍ਹਾਂ ਵਿਰੁੱਧ ਐਕਸ਼ਨ ਲਿਆ ਜਾਵੇ ਕਿਉਂਕਿ ਪਿੰਡ ਵਾਲਿਆਂ ਨਾਲ ਬੇ-ਇਨਸਾਫੀ ਕੀਤੀ ਜਾਂਦੀ ਹੈ ਅਤੇ ਉਨ੍ਹਾਂ ਦਾ ਭੱਤਾ ਬੰਦ ਕਰ ਦਿਤਾ ਗਿਆ ਹੈ। ਇਸੇ ਤਰ੍ਹਾਂ ਸ਼ਹਿਰਾਂ ਵਿਚ ਜਿਹੜੇ ਕਰਮਚਾਰੀ ਸਰਵਿਸ ਕਰਦੇ ਹਨ, ਉਹ ਆਪਣੇ ਬੱਚਿਆਂ ਨੂੰ ਚੰਗੇ ਸਕੂਲਾਂ ਵਿਚ ਪੜ੍ਹਾਉਂਦੇ ਹਨ ਜਦ ਕਿ ਪਿੰਡਾਂ ਵਿੱਚ ਨੌਕਰੀ ਕਰਨ ਵਾਲੇ ਕਰਮਚਾਰੀ ਇਸ ਲਾਭ ਤੋਂ ਵਾਂਝੇ ਰਹਿ ਜਾਂਦੇ ਹਨ। ਇਸ ਤੋਂ ਇਲਾਵਾ ਸ਼ਹਿਰਾਂ ਵਿੱਚ ਉਨ੍ਹਾਂ ਨੂੰ ਦੋ-ਚਾਰ ਸੌ ਰੁਪਿਆ ਵੱਧ ਵੀ ਮਿਲਦਾ ਹੈ। ਇਸ ਲਈ ਮੇਰਾ ਸੁਝਾਓ ਹੈ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਤਿੰਨ ਤਿੰਨ ਸਾਲ ਪਿਛੋਂ ਬਦਲੀ ਕੀਤੀ ਜਾਵੇ ਪਿੰਡਾਂ ਵਾਲਿਆਂ ਨੂੰ ਸ਼ਹਿਰ ਵਿੱਚ ਅਤੇ ਸ਼ਹਿਰ ਵਾਲਿਆਂ ਨੂੰ ਪਿਡ ਵਿਚ ਤਬਦੀਲ ਕੀਤਾ ਜਾਵੇ ਤਾਂ ਕਿ ਸਾਰਿਆਂ ਨੂੰ ਪੂਰੀ ਪੂਰੀ ਸਹੂਲਤ ਮਿਲ ਸਕੇ।

ਸਪੀਕਰ ਸਾਹਿਬ, ਸਿਹਤ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਗੱਲ ਠੀਕ ਹੈ ਕਿ ਪਿਛਲੇ ਸਾਲਾਂ ਵਿੱਚ ਹਾਲਾਤ ਠੀਕ ਨਹੀਂ ਰਹੇ। ਡਿਸਪੈਂਸਰੀਆਂ ਨੂੰ ਤਾਲੇ ਲੱਗੇ ਰਹੇ ਹਨ, ਪਰ ਹੁਣ ਹਾਲਾਤ ਨਾਰਮਲ ਹੋਣ ਦੇ ਬਾਵਜੂਦ ਵੀ ਬਹੁਤ ਸਾਰੀ ਡਿਸਪੈਂਸਰੀਆਂ ਵਿੱਚ ਡਾਕਟਰ

ਨਿਯੁਕਤ ਨਹੀਂ ਕੀਤੇ ਅਤੇ ਕਈਆਂ ਵਿੱਚ ਤਾਂ ਕੰਪਾਉਂਡਰ ਵੀ ਨਹੀਂ। ਦਵਾਈਆਂ ਦਾ ਏਨਾ ਮਾੜਾ ਹਾਲ ਹੈ ਕਿ 25–30 ਰੁਪਏ ਤੋਂ ਘੱਟ ਕੋਈ ਦਵਾਈ ਨਹੀਂ ਮਿਲਦੀ। ਜਿਸ ਮਜ਼ਦੂਰ ਦੀ ਦਿਹਾੜੀ ਹੀ 20–25 ਰੁਪਏ ਹੋਵੇ, ਉਹ ਕੀ ਆਪਣੇ ਪਰਿਵਾਰ ਦਾ ਪੇਟ ਪਾਲੇਗਾ ਜਾਂ ਫਿਰ ਦਵਾਈ ਖਰੀਦੇਗਾ। ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ। ਸਰਕਾਰ ਨਵੇਂ ਇਲਾਕੇ ਬਣਾ ਰਹੀ ਹੈ, ਨਵੇਂ ਥਾਣੇ ਬਣਾ ਰਹੀ ਹੈ। ਉਸ ਪਾਸੇ ਪੈਸੇ ਖਰਚਣ ਦੀ ਬਜਾਏ ਇਸ ਪਾਸੇ ਪੈਸੇ ਖਰਚਣੇ ਚਾਹੀਦੇ ਹਨ। ਇਸ ਨਾਲ ਆਮ ਲੋਕਾਂ ਦਾ ਭਲਾ ਨਹੀਂ ਹੋ ਰਿਹਾ ਸਗੋਂ ਬਿਊਰੋਕਰੇਸੀ ਨੂੰ ਫਾਇਦਾ ਹੋ ਰਿਹਾ ਹੈ। ਪਿੰਡਾਂ ਵਿਚ ਹਸਪਤਾਲਾਂ ਵਿਚ ਦਵਾਈ ਦਾ ਕੋਈ ਸਾਧਨ ਨਹੀਂ। ਸਰਕਾਰ ਨੇ ਉਥੇ ਵਾਇਰਲੈਸ ਸੈੱਟ ਲਗਾ ਦਿੱਤੇ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਪਿੰਡਾਂ ਵਿਚ ਦਵਾਈਆਂ ਦੀ ਜ਼ਰੂਰਤ ਸੀ ਜਾਂ ਵਾਇਰਲੈੱਸ ਸੈਟਾਂ ਦੀ। ਕੀ ਸਰਕਾਰ ਦੀ ਇਹ ਪਾਲਿਸੀ ਤਾਂ ਨਹੀਂ ਕਿ ਗੁਲੂਕੋਜ਼ ਦੀ ਥਾਂ ਵਾਇਰਲੈੱਸ ਸੈਟ ਲਗਾ ਦੇਈਏ। ਭੈਣ ਮਾਲਤੀ ਥਾਪਰ ਜੀ ਨੇ ਕਿਹਾ ਸੀ ਕਿ ਇਸ ਤਰ੍ਹਾਂ ਕਿਉਂ ਹੋ ਰਿਹਾ ਹੈ ਤਾਂ ਮੰਤਰੀ ਜੀ ਨੇ ਕੋਈ ਸੈਟਿਸਫੈਕਟਰੀ ਜਵਾਬ ਨਹੀਂ ਦਿੱਤਾ। ਪਿੰਡ ਵਾਲਿਆਂ ਨੂੰ ਦਵਾਈਆਂ ਤਾਂ ਪਿੰਡ ਵਿਚੋਂ ਠੀਕ ਨਹੀਂ ਮਿਲਦੀਆਂ ਅਤੇ ਹਕੀਮਾਂ ਕੋਲੋਂ ਮਰੀਜ਼ ਜਲਦੀ ਠੀਕ ਨਹੀਂ ਹੁੰਦੇ। ਜਦੋਂ ਉਨ੍ਹਾਂ ਦੀ ਹਾਲਤ ਸੀਰੀਅਸ ਹੋ ਜਾਂਦੀ ਹੈ ਤਾਂ ਸ਼ਹਿਰ ਵਿਚ ਜਾਂਦੇ ਹਨ ਅਤੇ ਅਤੇ ਪ੍ਰਾਣ ਨਿਕਲਣ ਨੂੰ ਤਿਆਰ ਹੁੰਦੇ ਹਨ। ਪਿੰਡਾਂ ਵਿਚ ਡਾਕਟਰਾਂ ਦੀਆਂ ਸਹੂਲਤਾਂ ਨੂੰ ਪੂਰਾ ਕਰਨਾ ਚਾਹੀਦਾ ਹੈ। ਇਹ ਸਾਰਾ ਕੁਝ ਪਹਿਲ ਦੇ ਆਧਾਰ ਤੇ ਕਰਨਾ ਚਾਹੀਦਾ ਹੈ। ਇੰਨੇ ਸ਼ਬਦਾਂ ਨਾਲ, ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ।

ਡਾਕਟਰ (ਸ੍ਰੀਮਤੀ) ਮਾਲਤੀ ਥਾਪਰ (ਮੋਗਾ): ਰਿਸਪੈਕਟਿਡ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਤੁਹਾਡਾ ਧੰਨਵਾਦ ਕਰਦੀ ਹਾਂ ਕਿ ਤੁਸੀਂ ਅੱਜ ਮੈਨੂੰ ਮੌਕਾ ਦਿਤਾ ਕਿ ਮੈਂ ਇਸ ਪਵਿਤਰ ਸਦਨ ਵਿਚ ਖੜ੍ਹੀ ਹੋ ਕੇ 22 ਫਰਵਰੀ, 1993 ਨੂੰ ਇਸ ਸਦਨ ਵਿਚ ਸਤਿਕਾਰਯੋਗ ਰਾਜਪਾਲ ਜੀ ਦੁਆਰਾ ਦਿੱਤੇ ਭਾਸ਼ਣ ਦਾ ਧੰਨਵਾਦ ਕਰ ਸਕਾਂ ਅਤੇ ਆਪਣੇ ਵਿਚਾਰ ਰੱਖ ਸਕਾਂ। ਸਪੀਕਰ ਸਾਹਿਬ, ਲਗਭਗ ਸਾਡੇ ਇਲੈਕਸ਼ਨ ਹੋਏ ਨੂੰ ਇੱਕ ਸਾਲ ਪੂਰਾ ਹੋ ਗਿਆ ਹੈ । 25 ਫਰਵਰੀ ਨੂੰ ਸਾਡੇ ਪੰਜਾਬ ਵਿਚ ਲੋਕਤੰਤਰ ਦੀ ਸਰਕਾਰ ਬਣੀ ਸੀ। ਅਸੀਂ ਪੰਜਾਬ ਦੇ ਲੋਕਾਂ ਦੇ ਅਤੇ ਪ੍ਰਾਈਮ ਮਨਿਸਟਰ ਸ੍ਰੀ ਨਰਸਿਮਹਾ ਰਾਓ ਜੀ ਦੇ ਧੰਨਵਾਦੀ ਹਾਂ ਜਿਨ੍ਹਾਂ ਨੇ ਠੀਕ ਟਾਈਮ ਤੇ ਬਹੁਤ ਹੀ ਸੁਚੱਜੇ ਢੰਗ ਨਾਲ ਚੋਣਾਂ ਕਰਵਾਈਆਂ ਅਤੇ ਸਾਨੂੰ ਸਰਦਾਰ ਬੇਅੰਤ ਸਿੰਘ ਜੀ ਵਰਗਾ ਨੇਕ, ਸ਼ਰੀਫ, ਇਮਾਨਦਾਰ, ਸਿਨਸੀਅਰ ਅਤੇ ਮਹਾਨ ਮੁੱਖ ਮੰਤਰੀ ਦਿੱਤਾ। ਉਨ੍ਹਾਂ ਨੇ ਸਾਡੇ ਪੰਜਾਬ ਦੇ ਲੋਕਾਂ ਨੂੰ, ਪੰਜਾਬ ਦੀ ਜਨਤਾ ਨੂੰ ਇਕ ਜੀਵਨ ਦਿੱਤਾ ਅਤੇ ਖੁਸ਼ੀ ਦਿੱਤੀ। ਉਨ੍ਹਾਂ ਨੇ ਪੰਜਾਬ ਦੇ ਲੋਕਾਂ ਨੂੰ ਇਕ ਉਤਸ਼ਾਹਤ ਜ਼ਿੰਦਗੀ ਜਿਊਣ ਲਈ ਤਾਕਤ ਦਿੱਤੀ। ਇਸ ਤਰ੍ਹਾਂ ਇਕ ਵਾਰੀ ਫਿਰ ਪੰਜਾਬ ਸਾਡਾ ਜਿਹੜਾ ਕਿ 5 ਸਾਲਾਂ ਤੋਂ ਵੀ ਜ਼ਿਆਦਾ ਸਮੇਂ ਤੋਂ ਬਹੁਤ ਭਿਆਨਕ ਹਾਲਾਤ ਵਿਚੋਂ ਗੁਜ਼ਰ ਰਿਹਾ ਸੀ ਉਸ ਨੂੰ ਇਕ ਵਾਰੀ ਫਿਰ ਪਹਿਲੇ ਵਾਲੇ ਰੂਪ ਵਿਚ ਲਿਆਂਦਾ ਹੈ। ਸਾਡੇ ਪੰਜਾਬ ਦੇ ਵਿੱਚ ਜਿਥੇ ਕਿ ਮੌਤ ਦੀ ਭਿਆਨਕ ਖਾਮੋਸ਼ੀ ਜਿਹੀ ਛਾਈ ਹੋਈ ਸੀ ਉਸ ਨੂੰ ਖਤਮ ਕੀਤਾ। ਸਪੀਕਰ ਸਾਹਿਬ, ਜੋ ਸਾਡੇ ਸਤਿਕਾਰਯੋਗ ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿੱਚ ਕਿਹਾ ਹੈ ਕਿ ਪੰਜਾਬ ਦੇ ਹਾਲਾਤ ਠੀਕ ਹੋਏ ਹਨ ਉਨ੍ਹਾਂ ਦਾ ਸਿਹਰਾ ਸਰਦਾਰ ਬੇਅੰਤ ਸਿੰਘ ਜੀ ਨੂੰ ਅਤੇ ਉਨ੍ਹਾਂ ਦੀ ਚੁਣੀ ਹੋਈ ਸਰਕਾਰ ਨੂੰ ਜਾਂਦਾ ਹੈ ਪਰ ਉਸ ਦੇ ਨਾਲ ਹੀ ਇਹ ਪੰਜਾਬ ਦੇ ਲੋਕਾਂ ਨੂੰ ਵੀ ਜਾਂਦਾ ਹੈ। ਉਨ੍ਹਾਂ ਨੇ ਜਿਹੜਾ ਆਪਣੇ ਭਾਸ਼ਣ ਵਿਚ ਕਿਹਾ ਹੈ ਕਿ ਇਸ ਦਾ ਸਿਹਰਾ ਜਾਂਦਾ ਹੈ

[ਡਾਕਟਰ (ਸ੍ਰੀਮਤੀ) ਮਾਲਤੀ ਥਾਪਰ]

ਸਾਡੇ ਪੰਜਾਬ ਦੇ ਲੋਕਾਂ ਨੂੰ, ਸਾਡੀ ਪੰਜਾਬ ਦੀ ਜਨਤਾ ਨੂੰ ਮੈ ਉਸ ਦੀ ਸਮਰਥਨ ਕਰਦੀ ਹਾਂ, ਉਸ ਦੀ ਤਾਈਦ ਕਰਦੀ ਹਾਂ। ਸਰ, ਬੇਸ਼ਕ ਜਦੋਂ ਸਾਡੀ ਅਸੈਂਬਲੀ ਦੇ ਇਲੈਕਸ਼ਨ ਹੋਏ ਬਹੁਤ ਹੀ ਘੱਟ ਲੋਕਾਂ ਨੇ, ਬਹੁਤ ਹੀ ਘੱਟ ਗਿਣਤੀ ਵਿਚ, ਜਿਸ ਤਰ੍ਹਾਂ ਕਿ ਸਾਰਿਆਂ ਨੂੰ ਪਤਾ ਹੈ, ਇਸ ਦੇ ਵਿੱਚ ਹਿੱਸਾ ਲਿਆ ਪਰ, ਸਰ, ਮੈਂ ਤੁਹਾਡੇ ਰਾਹੀਂ ਧਿਆਨ ਵਿੱਚ ਲਿਆਉਣਾ ਚਾਹੁੰਦੀ ਹਾਂ ਕਿ ਮੈਨੂੰ ਆਪਣੇ ਇਲਾਕੇ ਦੀ ਗੱਲ ਯਾਦ ਹੈ ਕਿ ਜਦੋਂ ਮੈਂ ਇਸ ਅਸੈਂਬਲੀ ਦੀਆਂ ਚੋਣਾਂ ਵਿਚ ਆਪਣੇ ਹਲਕੇ ਦੇ ਪਿੰਡਾਂ ਵਿੱਚ ਜਾਂਦੀ ਸੀ ਤਾਂ ਅਸੀਂ ਜਿਥੇ ਜਿਥੇ ਵੀ ਆਪਣੇ ਚੋਣ ਪ੍ਰਚਾਰ ਲਈ ਜਾਂਦੇ ਸੀ ਉਥੇ ਕੁਝ ਹੀ ਲੋਕਾਂ ਨੂੰ ਇਕੱਠੇ ਕਰ ਸਕਦੇ ਸੀ ਕਿਉਂਕਿ ਰਾਤੋ ਰਾਤ ਹੀ ਉਨ੍ਹਾਂ ਪਿੰਡਾਂ ਵਿੱਚ ਪੋਸਟਰ ਲੱਗ ਜਾਂਦੇ ਸੀ ਕਿ ਜਿਹੜਾ ਵੀ ਇਨ੍ਹਾਂ ਇਲੈਕਸ਼ਨਾਂ ਵਿੱਚ ਹਿੱਸਾ ਲਵੇਗਾ ਉਸ ਨੂੰ ਸੋਧ ਦਿੱਤਾ ਜਾਵੇਗਾ, ਉਨ੍ਹਾਂ ਦੇ ਪਰਿਵਾਰਾਂ ਨੂੰ ਸੋਧ ਦਿਤਾ ਜਾਵੇਗਾ ਤਾਂ ਲੋਕਾਂ ਨੂੰ ਇਸ ਗੱਲ ਦਾ ਹੀ ਡਰ ਰਹਿੰਦਾ ਸੀ ਕਿ ਜਿਥੇ ਵੀ ਇਲੈਕਸ਼ਨ ਦੇ ਪ੍ਰਚਾਰ ਵਿਚ ਲੋਕ ਇਕੱਠੇ ਹੋਣਗੇ ਉਨ੍ਹਾਂ ਦੇ ਨਾਲ ਬਹੁਤ ਹੀ ਬੁਰਾ ਕੀਤਾ ਜਾਵੇਗਾ। ਜਦੋਂ ਅਸੀਂ ਇਕੱਲੇ ਇਕੱਲੇ ਉਨ੍ਹਾਂ ਦੇ ਘਰਾਂ ਵਿੱਚ ਜਾਂਦੇ ਸੀ ਤਾਂ ਇਕ ਡਾਕਟਰ ਹੋਣ ਦੇ ਨਾਤੇ, ਇਕ ਔਰਤ ਹੋਣ ਦੇ ਨਾਤੇ, ਇਕ ਸਹਿਮ ਦੀ ਝਲਕ ਉਨ੍ਹਾਂ ਦੇ ਚਿਹਰੇ ਤੇ ਨਜ਼ਰ ਆਉਂਦੀ ਸੀ ਪਰ ਉਹ ਝਲਕ ਜਦੋਂ ਅਸੀਂ ਉਨ੍ਹਾਂ ਨਾਲ ਗੱਲਾਂ ਕਰਦੇ ਸੀ ਤਾਂ ਉਹ ਥੋੜ੍ਹੀ ਦੇਰ ਬਾਅਦ ਦੂਰ ਹੋ ਜਾਂਦੀ ਸੀ ਔਰ ਮੈਨੂੰ ਕਾਂਫੀਡੈਂਸ ਵਿੱਚ ਲੈ ਕੇ ਇਹ ਗੱਲ ਕਹਿੰਦੇ ਸੀ ਕਿ ਅਸੀਂ ਚਾਹੁੰਦੇ ਹਾਂ ਕਿ ਸਾਡੇ ਪੰਜਾਬ ਦੇ ਵਿੱਚ ਇਲੈਕਸ਼ਨ ਹੋਣ, ਸਾਡੇ ਪੰਜਾਬ ਦੇ ਵਿੱਚ ਲੋਕ ਤੰਤਰ ਬਹਾਲ ਹੋਵੇ, ਸਾਡੇ ਪੰਜਾਬ ਦੇ ਵਿਚ ਲੋਕ ਰਾਜ ਕਾਇਮ ਹੋਵੇ ਪਰ ਸਾਡੀਆਂ ਬਹੁਤ ਮਜਬੂਰੀਆਂ ਹਨ। ਇਕ ਗੱਲ ਸਪੀਕਰ ਸਾਹਿਬ, ਮੈਂ ਬਹੁਤ ਹੀ ਸਪੈਸ਼ਲ ਤੌਰ ਤੇ ਮੈਨਸ਼ਨ ਕਰਨਾ ਚਾਹੁੰਦੀ ਹਾਂ ਔਰ ਮੈਨੂੰ ਇਸ ਗੱਲ ਦਾ ਮਾਣ ਵੀ ਹੈ, ਮੈਂ ਧੰਨਵਾਦੀ ਹਾਂ ਆਪਣੀਆਂ ਭੈਣਾਂ ਦੀ, ਖਾਸ ਤੌਰ ਤੇ ਆਪਣੇ ਇਲਾਕੇ ਦੀਆਂ ਦਾ ਕਿਉਂਕਿ ਸਰ, ਉਨ੍ਹਾਂ ਨੇ ਬੜੀ ਬਹਾਦਰੀ ਦੇ ਨਾਲ ਜਦੋਂ ਕਿ ਆਦਮੀ ਆਪਣੇ ਘਰਾਂ ਵਿੱਚ ਬੈਠੇ ਹੁੰਦੇ ਸੀ, ਇਨ੍ਹਾਂ ਔਰਤਾਂ ਨੇ ਬੜੀ ਬਹਾਦਰੀ ਦੇ ਨਾਲ ਮੇਰੇ ਇਲਾਕੇ ਵਿੱਚ ਮੇਰੇ ਨਾਲ ਘਰ ਘਰ ਜਾ ਕੇ ਮੇਰੀ ਇਲੈਕਸ਼ਨ ਕਮਪੇਨ ਵਿੱਚ ਮੇਰੀ ਮਦਦ ਕੀਤੀ। ਇਕ ਬਹੁਤ ਹੀ ਵਰਨਣ ਯੋਗ ਗੱਲ ਇਹ ਹੈ ਕਿ ਸਾਰੇ ਪੰਜਾਬ ਦੇ ਵਿੱਚ, ਮੈਂ ਤੁਹਾਨੂੰ ਦੱਸਣਾ ਚਾਹੁੰਦੀ ਹਾਂ, ਸਾਡਾ ਮੋਗਾ ਹੀ ਇਕ ਐਸਾ ਸ਼ਹਿਰ ਹੈ ਜਿਸ ਦੇ ਵਿਚ ਸਾਡੀਆਂ ਔਰਤਾਂ ਵੀ ਪੋਲਿੰਗ ਏਜੰਟਸ ਬਣੀਆਂ ਸਨ। ਸਪੀਕਰ ਸਾਹਿਬ, ਮੈਂ ਇਸ ਲਈ ਵੀ ਇਹ ਗੱਲ ਦੱਸਣਾ ਚਾਹੁੰਦੀ ਹਾਂ ਕਿ ਸਾਡੇ ਪੰਜਾਬ ਦਾ ਇਤਿਹਾਸ ਗਵਾਹ ਹੈ ਕਿ ਜਦੋਂ ਵੀ ਸਾਡੇ ਪੰਜਾਬ ਉਪਰ, ਸਾਡੇ ਦੇਸ਼ ਦੇ ਉਪਰ ਕੋਈ ਮੁਸ਼ਕਿਲ ਆਈ ਤਾਂ ਸਾਡੀਆਂ ਔਰਤਾਂ ਨੇ ਅੱਗੇ ਆ ਕੇ ਉਸ ਨੂੰ ਮੁਸ਼ਕਿਲ ਤੋਂ ਬਚਾਉਣ ਵਿੱਚ ਪੂਰੀ ਮਦਦ ਦਿੱਤੀ।

Mr. Speaker: Mrs. Thapar, you will be on your legs next day.

The House stands adjourned till 9.00 A.M. on Thursday, the 25th February, 1993.

1.30 P.M. | (The Sabha then adjourned till 9.00 A.M. on Thursday, the 25th February, 1993).

7200 PVS—Govt. Press U.T., Chd.

ੀ
ਨ
ੀ
ਹਾਂ
ਤਾਂ
ਦੇ
ਵਿੱਚ
ਹੁਤ
ਨਾ
ਦੀ,
ਦੋਂ
ਮੇਰੇ
ਤੀ ।
ਹੁੰਦੀ
ਸੰਟਸ
ਸਾਡੇ
ਕੋਈ
ਪੂਰੀ

5th

.M.

Published under the authority of the Punjab Vidhan Sabha and printed by the Controller, Govt. Press (U.T.), Chandigarh.

PUNJAB VIDHAN SABHA

DEBATES

25th February, 1993

Vol. IV—No. 3

OFFICIAL REPORT

CONTENTS

Thursday, the 25th February, 1993

Punjab Vidhan Sabha Secretariat, Chandigarh.

Price : Rs.......

PUNJAB VIDHAN SABHA

Thursday, the 25th February, 1993

The Vidhan Sabha met in the Punjab Vidhan Sabha Hall, Vidhan Bhavan, Sector 1, Chandigarh, at 9-00 A.M. Mr. Speaker (Sardar Harcharn Singh Ajnala) in the Chair.

STARRED QUESTIONS AND ANSWERS

ਰਾਜ ਦੇ ਸ਼ਹਿਰਾਂ/ਕਸਬਿਆਂ ਲਈ ਯੂ. ਆਰ. ਪੀ. ਸਕੀਮ

*728. **ਕਾਮਰੇਡ ਬਲਦੇਵ ਸਿੰਘ ਬਲਮਗੜ੍ਹ** : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਸ਼ਹਿਰਾਂ/ਕਸਬਿਆਂ ਨੂੰ ਸ਼ਹਿਰੀ ਨਵੀਨੀਕਰਣ ਪ੍ਰਾਜੈਕਟ ਸਕੀਮ (ਯੂ.ਆਰ.ਪੀ.) ਅਧੀਨ ਲਿਆਉਣ ਲਈ ਕੀ ਕਸੌਟੀ ਅਪਣਾਈ ਗਈ ਹੈ;

(ਅ) ਸਬ-ਡਵੀਜਨ, ਮਲੋਟ ਨੂੰ ਯੂ. ਆਰ. ਪੀ. ਸਕੀਮ ਅਧੀਨ ਕਦੋਂ ਤੱਕ ਲਿਆਂਦੇ ਜਾਣ ਦੀ ਸੰਭਾਵਨਾ ਹੈ ?

Sardar Umrao Singh (Rural Development and Panchayats Minister) : (a) No definite criteria as such was laid down for bringing the cities/towns under U.R.P. Schemes.

(b) Malout town is proposed to be now covered under a World Bank Aided Project. The work of laying of water supply and sewerage services in this town shall be taken in hand and will be completed within a period of 2 years after the Project is sanctioned by the World Bank.

ਕਾਮਰੇਡ ਬਲਦੇਵ ਸਿੰਘ ਬਲਮਗੜ੍ਹ : ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਮਲੋਟ ਸਬ ਡਵੀਜ਼ਨ ਹੈਡਕਵਾਟਰ ਬਣ ਚੁੱਕਾ ਹੈ। ਉਥੇ ਸੇਮ ਕਾਰਣ ਸੀਵਰੇਜ ਦਾ ਸਾਰਾ ਸਿਸਟਮ ਫੇਲ੍ਹ ਹੋ ਚੁਕਾ ਹੈ। ਜਿਸ ਤਰੀਕੇ ਨਾਲ ਸੀ. ਐਮ. ਸਾਹਿਬ ਨੇ ਕਿਰਪਾ ਕੀਤੀ ਹੈ ਔਰ ਮਲੋਟ ਨੂੰ ਸਬ ਡਿਵੀਜ਼ਨ ਬਣਾਇਆ ਹੈ, ਇਸ ਤਰ੍ਹਾਂ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਜਿਹੜਾ ਸਾਡਾ ਸੀਵਰੇਜ ਦਾ ਢਾਂਚਾ ਹੈ, ਇਸ ਨੂੰ ਜਲਦੀ ਤੋਂ ਜਲਦੀ ਠੀਕ ਕਰਨ ਲਈ ਯੂ.ਆਰ.ਪੀ. ਸਕੀਮ ਥੱਲੇ ਲਿਆਂਦਾ ਜਾਵੇ ਤਾਂ ਕਿ ਸੀਵਰੇਜ ਸਿਸਟਮ ਨੂੰ ਬਦਲਣ ਲਈ ਅੱਗੇ ਵਧਿਆ ਜਾ ਸਕੇ। ਨਾਲ ਹੀ ਇਹ ਦਸ ਦੇਣ ਕਿ ਸਾਡਾ ਸ਼ਹਿਰ ਕਦੋਂ ਤਕ ਯੂ.ਆਰ.ਪੀ. ਸਕੀਮ ਦੇ ਘੇਰੇ ਵਿੱਚ ਆ ਜਾਵੇਗਾ ?

ਪੇਂਡੂ ਵਿਕਾਸ ਅਤੇ ਪੰਚਾਇਤਾਂ ਮੰਤਰੀ :ਸਪੀਕਰ ਸਾਹਿਬ, ਜਿਸ ਤਰ੍ਹਾਂ ਮੈਂ ਪਹਿਲਾਂ ਦਸਿਆ ਹੈ ਕਿ ਇਹ ਜੋ ਸਰਕਾਰ ਨੇ ਯੂ.ਆਰ.ਪੀ. ਸਕੀਮ ਬਣਾਈ ਹੈ ਇਸ ਦੇ ਤਹਿਤ ਸਕੀਮਾਂ ਬਾਰੇ ਵਰਲਡ ਬੈਂਕ ਤੋਂ ਲੋਨ ਲਿਆ ਜਾਂਦਾ ਹੈ। ਅਸੀਂ ਜਲਦੀ ਯਤਨ ਕਰਾਂਗੇ ਕਿ ਜਲਦੀ ਹੀ ਸਕੀਮ ਸਬਮਿਟ ਕਰਕੇ ਜਿੰਨਾ ਜਲਦੀ ਲੋਨ ਮਿਲੇਗਾ, ਅਸੀਂ ਬਣਾ ਦਿਆਂਗੇ।

ਸਰਦਾਰ ਅਵਤਾਰ ਸਿੰਘ ਕਰੀਮਪੁਰੀ :ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਸ਼ਹਿਰਾਂ ਵਿਚ ਆਲਰੇਡੀ ਯੂ. ਆਰ. ਪੀ. ਦੀਆਂ ਸਕੀਮਾਂ ਚਲ ਰਹੀਆਂ ਹਨ ਉਥੇ ਕੰਮ ਇਨਕੰਪਲੀਟ ਪਏ ਹਨ । ਕੀ ਉਨ੍ਹਾਂ ਨੂੰ ਜਲਦੀ ਕੰਪਲੀਟ ਕਰਨ ਲਈ ਕੋਈ ਅਸ਼ਿਓਰੈਂਸ ਦੇਣਗੇ ?

ਮੰਤਰੀ :ਸਪੀਕਰ ਸਾਹਿਬ, ਕੁਝ ਸਕੀਮਾਂ ਪਿਛਲੇ ਸਾਲ ਸ਼ੁਰੂ ਹੋਈਆਂ ਸਨ ਅੌਰ ਕੁਝ ਇਸ ਸਾਲ । ਇਨ੍ਹਾਂ ਕੰਮਾਂ ਨੂੰ ਪੂਰਾ ਕਰਨ ਲਈ ਪੂਰੇ ਯਤਨ ਹੋ ਰਹੇ ਹਨ । ਐਸੀ ਕੋਈ ਗਲ ਨਹੀਂ ਕਿ ਕੋਈ ਸਕੀਮ ਅਬੰਡੰਡ ਕਰ ਦਿਤੀ ਹੋਵੇ ਜਾਂ ਪਿਛੇ ਪਾ ਦਿਤੀ ਹੋਵੇ ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਕੀ ਮੰਤਰੀ ਸਾਹਿਬ ਕਿਰਪਾ ਕਰਕੇ ਦੱਸਣਗੇ ਕਿ ਉਹ ਕਿਹੜੇ ਕਿਹੜੇ ਸਹਿਰ ਹਨ ਜਿਹੜੇ ਇਸ ਸਾਲ ਤੁਸੀਂ ਇਸ ਸਕੀਮ ਵਿਚ ਭਾਵ ਯੂ. ਆਰ. ਪੀ. ਅਧੀਨ ਲਿਆਉਣੇ ਹਨ ?

ਸ਼੍ਰੀ ਸਪੀਕਰ : ਇਸ ਦੇ ਲਈ ਸੈਪਰੇਟ ਸੁਆਲ ਚਾਹੀਦਾ ਹੈ ।

ਸਰਦਾਰ ਅਵਤਾਰ ਸਿੰਘ ਕਰੀਮਪੁਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਸ਼ਹਿਰਾਂ ਵਿਚ ਇਸ ਸਕੀਮ ਤਹਿਤ ਕੰਮ ਚਲ ਰਹੇ ਹਨ, ਕੀ ਉਨ੍ਹਾਂ ਨੂੰ ਪੂਰਾ ਕਰਨ ਲਈ ਕੋਈ ਸਮਾਂ ਨਿਸ਼ਚਿਤ ਕਰ ਸਕਦੇ ਹਨ ?

ਮੰਤਰੀ :ਸਪੀਕਰ ਸਾਹਿਬ, ਜਿਉਂ ਜਿਉਂ ਫ਼ੰਡਜ਼ ਅਵੇਲੇਬਲ ਹੋ ਰਹੇ ਹਨ, ਉਨ੍ਹਾਂ ਮੁਤਾਬਿਕ ਕੰਮ ਚਾਲੂ ਹਨ । ਕੋਈ ਕੰਮ ਬੰਦ ਨਹੀਂ ਪਿਆ । ਇਨ੍ਹਾਂ ਕੰਮਾਂ ਵਿਚ ਮਿਉਂਸਪਲ ਕਮੇਟੀਆਂ ਅਤੇ ਸੀਵਰੇਜ ਬੋਰਡ ਵੀ ਸਬੰਧਤ ਹਨ, ਉਨ੍ਹਾਂ ਨੂੰ ਕਨਸਲਟ ਕਰਕੇ ਅਗੇ ਚਲਣਾ ਪੈਂਦਾ ਹੈ ।

ਰਾਜ ਵਿਚ ਪੰਚਾਇਤਾਂ ਦੀ ਆਮਦਨ ਦੇ ਸਾਧਨਾਂ ਨੂੰ ਗਤੀਸ਼ੀਲ ਬਣਾਉਣਾ

*674. **ਡਾਕਟਰ (ਸ਼੍ਰੀਮਤੀ) ਮਾਲਤੀ ਥਾਪਰ** :ਕੀ ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ ਕਿਰਪਾ ਦੱਸਣਗੇ ਕਿ—

(ੳ) ਰਾਜ ਵਿਚ ਇਸ ਸਮੇਂ ਅਜਿਹੀਆਂ ਪੰਚਾਇਤਾਂ ਦੀ ਗਿਣਤੀ ਕਿੰਨੀ ਹੈ, ਜਿਨ੍ਹਾਂ ਦੀ ਸਲਾਨਾ ਆਮਦਨ :—

(1) 5,000 ਰੁਪਏ ਤੋਂ ਘੱਟ

(2) 5,000 ਰੁਪਏ ਅਤੇ 20,000 ਰੁਪਏ ਦੇ ਵਿਚਕਾਰ; ਅਤੇ

(3) 20,000 ਰੁਪਏ ਅਤੇ ਇਸ ਤੋਂ ਵੱਧ ਹੈ,

(ਅ) ਕੀ ਸਰਕਾਰ ਪੰਚਾਇਤਾਂ ਲਈ ਆਮਦਨ ਦੇ ਹੋਰ ਸਾਧਨ ਪੈਦਾ ਕਰਨ ਦਾ ਵਿਚਾਰ ਰਖਦੀ ਹੈ ?

ਸਰਦਾਰ ਉਮਰਾਓ ਸਿੰਘ :(ੳ) ਸ਼੍ਰੇਣੀ-ਵਾਰ ਪੰਚਾਇਤਾਂ ਦੀ ਗਿਣਤੀ, ਲੜੀਵਾਰ ਹੇਠਾਂ ਦਿੱਤੀ ਜਾਂਦੀ ਹੈ :—

(i) 4430

(ii) 3130

(iii) 3388

(ਅ) ਬਹੁਤ ਘੱਟ ਆਮਦਨ ਵਾਲੀਆਂ ਪੰਚਾਇਤੀ ਰਾਜ ਸੰਸਥਾਵਾਂ, ਵਿਸ਼ੇਸ਼ ਕਰਕੇ ਪੰਚਾਇਤਾਂ ਦੀ ਆਮਦਨ ਵਿੱਚ ਵਾਧਾ ਕਰਨ ਲਈ 1957-58 ਤੋਂ ਹੀ "ਪੰਚਾਇਤੀ ਰਾਜ ਸੰਸਥਾਵਾਂ ਨੂੰ ਵਿੱਤੀ ਸਹਾਇਤਾ" ਦੀ ਸਕੀਮ ਚਾਲੂ ਕੀਤੀ ਗਈ ਸੀ । ਇਸ ਸਕੀਮ ਅਧੀਨ ਪੰਚਾਇਤੀ ਰਾਜ ਸੰਸਥਾਵਾਂ ਨੂੰ 3% ਵਰਗੇ ਘੱਟ ਵਿਆਜ ਤੇ ਕਰਜ਼ੇ ਦਿਤੇ ਜਾਂਦੇ ਹਨ ਜਿਨ੍ਹਾਂ ਨਾਲ ਕਿ ਉਹ ਆਮਦਨ ਦੇ ਵਸੀਲੇ ਪੈਦਾ ਕਰਨ ਵਾਲੀ ਸੰਪਤੀ ਬਣਾ ਸਕਣ, ਜਿਵੇਂ ਕਿ ਦੁਕਾਨਾਂ, ਬੈਂਕ ਇਮਾਰਤਾਂ, ਟਿਊਬਵੈੱਲ ਆਦਿ । ਇਸ ਤੋਂ ਇਲਾਵਾ ਗਰਾਮ ਪੰਚਾਇਤਾਂ ਨੂੰ ਪੰਚਾਇਤ ਸੰਮਤੀਆਂ ਰਾਹੀ ਸ਼ਰਾਬ ਦੀ ਵਿਕਰੀ ਤੇ ਲਗਦੇ ਟੈਕਸ ਦੀ ਰਾਸ਼ੀ ਵਿੱਚੋਂ ਵੀ ਪੇਂਡੂ ਵਿਕਾਸ ਦੇ ਕੰਮਾਂ ਲਈ ਗਰਾਂਟਾਂ ਦਿੱਤੀਆਂ ਜਾਂਦੀਆਂ ਹਨ । ਪੰਚਾਇਤਾਂ ਆਪਣੀ ਸੰਪਤੀ ਨੂੰ ਕਿਰਾਏ ਆਦਿ ਤੇ ਵਿਭਾਗੀ ਅਫ਼ਸਰਾਂ ਦੀ ਨਿਗਰਾਨੀ ਹੇਠ ਦਿੰਦੀਆਂ ਹਨ ਤਾਂ ਜੋ ਕਿਸੇ ਕਿਸਮ ਦੀ ਹੋਣ ਵਾਲੀ ਹੇਰਾ ਫੇਰੀ ਨੂੰ ਰੋਕਿਆ ਜਾਵੇ ।

ਡਾਕਟਰ (ਸ਼੍ਰੀਮਤੀ) ਮਾਲਤੀ ਥਾਪਰ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦੀ ਹਾਂ ਕਿ ਜਿਹੜੀ ਸਕੀਮ ਬਾਰੇ ਇਨ੍ਹਾਂ ਨੇ ਦਸਿਆ ਹੈ ਕਿ ਇਹ ਸੰਨ 1957-58 ਤੋਂ ਸ਼ੁਰੂ ਹੈ ਪਰ ਫਿਰ ਵੀ ਅੰਕੜਿਆਂ ਦੇ ਮੁਤਾਬਿਕ ਜਿਹੜੀਆਂ ਘੱਟ ਆਮਦਨ ਵਾਲੀਆਂ ਪੰਚਾਇਤਾਂ ਹਨ, ਉਨ੍ਹਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ । ਕੀ ਮਨਿਸਟਰ ਸਾਹਿਬ ਕਿਰਪਾ ਕਰਕੇ ਦੱਸਣਗੇ ਕਿ ਕੀ ਕੋਈ ਇਸ ਤੋਂ ਇਲਾਵਾ ਐਸੀ ਸਕੀਮ ਸ਼ੁਰੂ ਕਰਨ ਦਾ ਖਿਆਲ ਹੈ ਜਿਸ ਦੇ ਨਾਲ ਪੰਚਾਇਤਾਂ ਦੀ ਆਮਦਨ ਵਧਾਈ ਜਾ ਸਕੇ ?

ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬਾ ਇਸ ਬਾਰੇ ਸਾਨੂੰ ਕੋਈ ਸਲਾਹ ਦੇਣ, ਗੌਰਮਿੰਟ ਬੜੀ ਹਮਦਰਦੀ ਨਾਲ ਉਸ ਉਤੇ ਗੌਰ ਕਰੇਗੀ, ਕਿਉਂਕਿ ਅਸੀਂ ਚਾਹੁੰਦੇ ਹਾਂ ਕਿ ਪੰਚਾਇਤਾਂ ਦੀ ਇਨਕਮ ਵਧੇ ਔਰ ਉਹ ਸੈਲਫ-ਸਫੀਸ਼ੈਂਟ ਹੋਣ । ਸਪੀਕਰ ਸਾਹਿਬ, ਜੋ ਪੰਚਾਇਤਾਂ ਦੀਆਂ ਜ਼ਮੀਨਾਂ ਹਨ . . .

ਆਵਾਜ਼ਾਂ : ਸਪੀਕਰ ਸਾਹਿਬ, ਮਾਈਕ ਬੰਦ ਹੋ ਗਏ ਹਨ ਜੀ ।

ਮੰਤਰੀ : ਸਪੀਕਰ ਸਾਹਿਬ, ਜੋ ਪੰਚਾਇਤਾਂ ਦੀਆਂ ਜ਼ਮੀਨਾਂ ਹਨ, ਉਨ੍ਹਾਂ ਦਾ ਚੰਗੇ ਢੰਗ ਨਾਲ ਪ੍ਰਬੰਧ ਕਰ ਰਹੇ ਹਾਂ ਤਾਂਕਿ ਆਮਦਨ ਵਿਚ ਵਾਧਾ ਹੋ ਸਕੇ ।

ਸ਼੍ਰੀ ਸਪੀਕਰ : ਸਰਦਾਰ ਉਮਰਾਓ ਸਿੰਘ ਜੀ, ਗੌਰਮਿੰਟ ਸੂਓਮੋਟੋ ਵੀ ਕੁਝ ਸੋਚ ਸਕਦੀ ਹੈ ਪੰਚਾਇਤਾਂ ਦੀ ਆਮਦਨ ਵਧਾਉਣ ਲਈ ।

ਮੰਤਰੀ : ਸਪੀਕਰ ਸਾਹਿਬ, ਐਸੀਆਂ ਸਕੀਮਾਂ ਜੋ ਆਮਦਨ ਵਧਾਉਂਦੀਆਂ ਹਨ ਉਹ ਹਨ ਕਿ ਜਾਂ ਤਾਂ ਕੋਈ ਐਸੀ ਬਿਲਡਿੰਗ ਬਣਾ ਲਈ ਜਾਵੇ ਜਾਂ ਮਾਰਕਿਟ ਬਣਾ ਲਈ ਜਾਵੇ । ਜਿਥੇ ਪੁਟੈਂਸ਼ੀਅਲ ਹੋਵੇ, ਉਹ ਹੀ ਹੋ ਸਕਦੀ ਹੈ ਜਾਂ ਫਿਰ ਜਿਹੜੀ ਜ਼ਮੀਨ ਹੈ, ਉਸ ਤੋਂ ਇਨਕਮ ਵਧਾਈ ਜਾ ਸਕਦੀ ਹੈ । ਮੈਂ ਤਾਂ ਇਹ ਰਿਕੂਐਸਟ ਕੀਤੀ ਹੈ ਕਿ ਅਗਰ ਮੈਂਬਰ ਸਾਹਿਬਾ ਕੋਲ ਕੋਈ ਐਸਾ ਸੁਝਾਓ ਹੋਵੇ ਤਾਂ ਉਹ ਦੱਸ ਦੇਣ । ਆਪਣੇ ਤੌਰ ਤੇ ਵੀ ਵਿਚਾਰ ਕਰਾਂਗੇ ਅਗਰ ਕੁਝ ਹੋ ਸਕਦਾ ਹੋਇਆ ਤਾਂ, ਕਿਉਂਕਿ ਅਸੀ ਪਰਿਆਰਿਟੀ ਦੇ ਰਹੇ ਹਾਂ ਕਿ ਪੰਚਾਇਤਾਂ ਸੈਲਫ-ਸਫੀਸ਼ੈਂਟ ਹੋਣ ।

ਡਾਕਟਰ (ਸ਼੍ਰੀਮਤੀ) ਮਾਲਤੀ ਥਾਪਰ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦੀ ਹਾਂ ਕਿ ਜਦੋਂ ਤਕ ਮੈਂ ਕੋਈ ਸਕੀਮ ਪ੍ਰੋਪੋਜ਼ ਨਹੀਂ ਕਰਦੀ ਜਾਂ ਮੈਂ ਸੁਜੈਸ਼ਨ ਨਹੀਂ ਦਿੰਦੀ, ਕੀ ਉਦੋਂ ਤਕ ਮਨਿਸਟਰ ਸਾਹਿਬ ਐਸ਼ੋਅਰੈਂਸ ਦੇਣਗੇ ਕਿ ਜਿਨ੍ਹਾਂ ਪਿੰਡਾਂ ਦੀ ਇਨਕਮ ਬਹੁਤ ਹੀ ਘੱਟ ਹੈ, ਉਨ੍ਹਾਂ ਨੂੰ ਜਿਹੜੀ ਗਰਾਂਟ ਮਿਲਣੀ ਹੈ, ਉਹ ਇਸ ਸਾਲ ਦੇ ਦਿੱਤੀ ਜਾਵੇਗੀ ?

ਮੰਤਰੀ : ਸਪੀਕਰ ਸਾਹਿਬ, ਅਸੀਂ ਅੱਗੇ ਹੀ ਡਿਸਟਰਿਕਟ ਡਿਵੈਲਪਮੈਂਟ ਐਂਡ ਪਲਾਨਿੰਗ ਬੋਰਡ ਨੂੰ, ਡਿਪਟੀ ਕਮਿਸ਼ਨਰ ਸਾਹਿਬਾਨ ਜਿਹੜੇ ਕਿ ਉਨ੍ਹਾਂ ਦੇ ਚੇਅਰਮੈਨ ਹਨ, ਉਨ੍ਹਾਂ ਨੂੰ ਇਖਤਿਆਰ ਦਿੱਤਾ ਹੈ ਕਿ ਜਿਹੜੀ ਮੈਚਿੰਗ ਗਰਾਂਟ ਹੈ ਜਿਥੇ ਉਹ ਯੋਗ ਸਮਝਣ, ਕਿਸੇ ਪਿੰਡ ਦੀ ਆਮਦਨ ਨਾ ਹੋਵੇ, ਤਾਂ ਉਹ ਰੂਲਜ਼ ਨੂੰ ਰਿਲੈਕਸ ਕਰ ਸਕਦੇ ਹਨ ।

ਸ਼੍ਰੀ ਸੰਤੋਖ ਸਿੰਘ ਚੌਧਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਜੋ ਪਿੰਡਾਂ ਦੀ ਜਿਣਸ ਜਾਂਦੀ ਹੈ ਮਾਰਕਿਟ ਦੇ ਵਿਚ, ਉਸ ਵਾਸਤੇ ਮਾਰਕਿਟ ਫੀਸ ਲਈ ਜਾਂਦੀ ਹੈ, ਕੀ ਇਹ ਪਾਸੀਬਲ ਨਹੀਂ ਹੈ ਕਿ ਉਸ ਮਾਰਕਿਟ ਫੀਸ ਦਾ 1% ਜਾਂ ਵੱਧ ਹਿੱਸਾ ਪੰਚਾਇਤਾਂ ਨੂੰ ਦਿੱਤਾ ਜਾਵੇ ਤਾਕਿ ਉਹ ਪੰਚਾਇਤਾਂ ਸੈਲਫ-ਸਫੀਸ਼ੈਂਟ ਹੋ ਜਾਣ ?

ਮੰਤਰੀ : ਸਪੀਕਰ ਸਾਹਿਬ, ਉਨਤ ਗਰਾਮ ਸਕੀਮ ਹੈ, ਮਾਰਕਿਟ ਫੀਸ ਲਈ ਜਾਂਦੀ ਹੈ, ਫਿਰ ਰੂਰਲ ਡਿਵੈਲਪਮੈਂਟ ਫੰਡ ਹੈ, ਉਸ ਵਿਚੋਂ ਕੋਈ ਇਨਕਮ ਆਉਂਦੀ ਹੈ, ਉਹ ਫੰਡ ਹੈ ਰੂਰਲ ਡਿਵੈਲਪਮੈਂਟ ਵਾਸਤੇ ਪਰ ਉਨਤ ਗਰਾਮ ਸਕੀਮ ਦੇ ਥੱਲੇ ਪੈਸਾ ਲਗਾਇਆ ਜਾਂਦਾ ਹੈ । ਮਾਰਕਿਟ ਕਮੇਟੀ ਜਿਹੜੀ ਹੈ ਉਹ ਪਿੰਡਾਂ ਦੀਆਂ ਸੜਕਾਂ ਔਰ ਫਿਰਨੀਆਂ ਵਗੈਰਾ ਡਿਵੈਲਪਮੈਂਟ ਦੇ ਕੰਮਾਂ ਵਾਸਤੇ ਕੰਟਰੀਬਿਊਟ ਕਰਦੀ ਹੈ ।

ਸ਼੍ਰੀ ਗੁਰਪਾਲ ਚੰਦ ਸਰੋਆ : ਸਪੀਕਰ ਸਾਹਿਬ, ਕਈ ਪਿੰਡਾਂ ਦੇ ਵਿਚ ਪੰਚਾਇਤਾਂ ਦੀ ਆਮਦਨ ਨਹੀਂ ਹੈ, ਕਈ ਪਿੰਡ ਅਜਿਹੇ ਹਨ ਜਿਨ੍ਹਾਂ ਦੀਆਂ ਪੰਚਾਇਤਾਂ ਪਾਸ ਇਕ ਵੀ ਰੁਪਿਆ ਨਹੀਂ ਹੈ । ਇਸ ਕਰਕੇ ਨਾ ਗਲੀਆਂ ਨਾਲੀਆਂ ਪੱਕੀਆਂ ਹੋਈਆਂ ਹਨ ਔਰ ਨਾ ਹੀ ਹੋਰ ਕੋਈ ਅਜੇ ਤਕ ਬੇਹਤਰੀ ਦਾ ਕੰਮ ਕਾਰ ਹੋਇਆ ਹੈ ਕਿਉਂਕਿ ਉਨ੍ਹਾਂ ਪਿੰਡਾਂ ਦੀਆਂ ਪੰਚਾਇਤਾਂ ਦੀ ਆਮਦਨ ਨਹੀਂ ਹੈ । ਮੰਤਰੀ ਜੀ ਤੋਂ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਕੋਈ ਨਵੀਂ ਸਕੀਮ ਬਣਾਉਣ ਦਾ ਇਰਾਦਾ ਰਖਦੀ ਹੈ ਜਿਸ ਨਾਲ ਪੰਚਾਇਤਾਂ ਦੀ ਆਮਦਨ ਵਧੇ ?

ਮੰਤਰੀ : ਸਪੀਕਰ ਸਾਹਿਬ, ਸਕੀਮਾਂ ਤਾਂ ਅੱਗੇ ਹੀ ਬਹੁਤ ਹਨ । ਇਹ ਰੈਵੀਨਿਊ ਅਰਨਿੰਗ ਸਕੀਮ ਬਾਰੇ ਹੈ । ਪੰਚਾਇਤਾਂ ਦਾ ਪਰਮਾਨੈਂਟ ਇਨਕਮ ਦਾ ਸੋਰਸ ਬਣਾਉਣਾ ਹੈ, ਇਸ ਲਈ ਅਸੀਂ ਚਾਹਵਾਂਗੇ ਕਿ ਪਿੰਡਾਂ ਦੇ ਲੋਕ ਵੀ ਉਸ ਵਿਚ ਕੰਟਰੀਬਿਊਟ ਕਰਨ । ਡਿਵੈਲਪਮੈਂਟ ਦੇ ਕੰਮ ਜਿਹੜੇ ਪਿੰਡਾਂ ਦੇ ਹਨ, ਉਨ੍ਹਾਂ ਦਾ 75% ਖਰਚ ਸਰਕਾਰ ਦਿੰਦੀ ਹੈ । 25% ਜਿਸ ਤਰ੍ਹਾਂ ਮੈਂ ਪਹਿਲਾਂ ਕਿਹਾ ਹੈ, ਜਿਥੇ ਪੰਚਾਇਤ ਦੀ ਇਨਕਮ ਨਹੀਂ ਹੈ, ਲੇਬਰ ਦਾ ਮਿੱਟੀ ਪਾਉਣ ਦਾ ਕੰਮ ਹੈ, ਜਾਂ ਕੋਈ ਹੋਰ ਕੰਮ ਕਰਕੇ ਵੀ ਉਹ 25% ਹਿੱਸਾ ਪਾਇਆ ਜਾ ਸਕਦਾ ਹੈ ਜਾਂ ਜਿਥੇ ਬਹੁਤ ਹੀ ਮੁਸ਼ਕਲ ਹੋਵੇ ਤਾਂ ਡਿਸਟਰਿਕਟ ਪਲਾਨਿੰਗ ਬੋਰਡ ਕੰਡੀਸ਼ਨ ਰਿਲੈਕਸ ਕਰ ਸਕਦੇ ਹਨ ।

ਮੱਲਾਂਵਾਲਾ ਮੰਡੀ ਲਈ ਪੱਕਾ ਪਲੇਟ ਫਾਰਮ

*702. **ਸਰਦਾਰ ਇੰਦਰਜੀਤ ਸਿੰਘ ਜ਼ੀਰਾ** : ਕੀ ਖੇਤੀਬਾੜੀ ਅਤੇ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਫਿਰੋਜ਼ਪੁਰ ਵਿਚ ਮੱਲਾਂਵਾਲਾ ਮੰਡੀ ਕਦੋਂ ਤੋਂ ਕੰਮ ਕਰ ਰਹੀ ਹੈ ਅਤੇ ਕੀ ਇਸ ਦਾ ਕੋਈ ਪੱਕਾ ਪਲੇਟ ਫਾਰਮ ਹੈ ?

ਸਰਦਾਰ ਦਿਲਬਾਗ ਸਿੰਘ ਨਵਾਂ ਸ਼ਹਿਰ : ਮਿਤੀ 23-8-1963 ਤੋਂ ਕੇਵਲ ਮੰਡੀ ਯਾਰਡ ਵਿਚ ਹੀ ਕੰਮ ਹੋ ਰਿਹਾ ਹੈ । ਰੈਗੂਲਰ ਮੰਡੀ ਸਥਾਪਤ ਕਰਨ ਲਈ ਭੋਂ ਪ੍ਰਾਪਤ ਕੀਤੀ ਜਾ ਰਹੀ ਹੈ । ਇਥੇ ਕੋਈ ਪੱਕਾ ਪਲੇਟ ਫਾਰਮ ਨਹੀਂ ਹੈ ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਮੰਡੀ ਚਲਦੇ ਨੂੰ 20 ਸਾਲ ਹੋ ਗਏ ਹਨ ਪਰ ਉਥੇ ਹਾਲੇ ਤਕ ਕੋਈ ਪੱਕਾ ਥੜ੍ਹਾ ਨਹੀਂ । ਇਸ ਦੇ ਕੀ ਕਾਰਨ ਹਨ ?

ਮੰਤਰੀ : ਸਪੀਕਰ ਸਾਹਿਬ, ਥੜ੍ਹਾ ਬਣਾਉਣ ਵਾਸਤੇ ਜ਼ਮੀਨ ਚਾਹੀਦੀ ਹੈ ਇਸ ਵਾਸਤੇ 30 ਏਕੜ 7 ਕਨਾਲ ਔਰ 6 ਮਰਲੇ ਜ਼ਮੀਨ ਲੈ ਲਈ ਹੈ । 8-1-1972 ਤੋਂ ਇਸ ਦੀ ਮਨਜ਼ੂਰੀ ਵੀ ਹੋ ਚੁੱਕੀ ਹੈ । ਇਹ ਮੰਡੀ ਦੀ ਜਗ੍ਹਾ ਨੂੰ ਨਿਊ ਮੰਡੀ ਟਾਊਨਸ਼ਿਪ ਬੋਰਡ ਨੇ 2-7-1990 ਨੂੰ ਐਪਰੂਵ ਕੀਤਾ ਸੀ । ਇਹ ਜ਼ਮੀਨ ਐਕੁਆਇਰ ਕਰਨ ਵਾਸਤੇ 28-7-1992 ਨੂੰ ਨੋਟੀਫ਼ਿਕੇਸ਼ਨ ਕੀਤੀ ਗਈ ਸੀ ਔਰ ਲੈਂਡ ਓਨਰਜ਼ ਤੋਂ ਓਬਜੈਕਸ਼ਨ ਮੰਗੇ ਗਏ ਹਨ । ਜਲਦੀ ਹੀ ਇਸ ਜਗ੍ਹਾ ਦਾ ਕਬਜ਼ਾ ਲੈਣ ਤੋਂ ਬਾਅਦ ਇਸ ਤੇ ਕੰਮ ਸ਼ੁਰੂ ਹੋ ਜਾਵੇਗਾ ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਸਪੀਕਰ ਸਾਹਿਬ, 20 ਸਾਲ ਹੋ ਗਏ ਹਨ । ਕੋਈ ਭਰੋਸਾ ਦਿਵਾਓ ਕਦੋਂ ਤਕ ਇਹ ਬੜਾ ਬਣਾ ਦਿੱਤਾ ਜਾਵੇਗਾ । ਇਹ ਲੋਕਾਂ ਦੀ ਡੀਮਾਂਡ ਹੈ ।

ਸ੍ਰੀ ਸਪੀਕਰ : ਜਵਾਬ ਤਾਂ ਸਾਫ਼ ਹੈ । ਸਪਲੀਮੈਂਟਰੀ ਦੀ ਲੋੜ ਨਹੀਂ ਸੀ । ਉਨ੍ਹਾਂ ਨੇ ਦੱਸ ਦਿੱਤਾ ਹੈ ਸਾਰੀਆਂ ਸਟੇਜਿਜ਼ ਮੁਕੰਮਲ ਹੋ ਚੁੱਕੀਆਂ ਹਨ । ਇਨ ਡਿਊ ਕੋਰਸ ਆਫ਼ ਟਾਈਮ ਮੁਕੰਮਲ ਹੋ ਜਾਵੇਗਾ ।

—— –

ਜੰਗਲਾਤ ਵਿਭਾਗ ਦੇ ਕਰਮਚਾਰੀਆਂ ਦੀ ਸੀਨੀਅਰਤਾ ਸੂਚੀ

*601. **ਸ੍ਰੀਮਤੀ ਵਿਮਲਾ ਡਾਂਗ** : ਕੀ ਖੇਤੀਬਾੜੀ ਅਤੇ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) 31-3-92 ਨੂੰ ਜੰਗਲਾਤ ਵਿਭਾਗ ਵਿੱਚ ਕਰਮਚਾਰੀਆਂ ਦੀ ਜ਼ਿਲ੍ਹਾਵਾਰ ਅਤੇ ਸ਼੍ਰੇਣੀਵਾਰ ਕੁੱਲ ਸੰਖਿਆ ਕਿੰਨੀ ਕਿੰਨੀ ਸੀ;

(ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਵਿੱਚੋਂ ਅਜਿਹੇ ਦਿਹਾੜੀਦਾਰ ਕਰਮਚਾਰੀਆਂ ਦੀ ਜ਼ਿਲ੍ਹਾਵਾਰ ਸੰਖਿਆ ਕਿੰਨੀ ਹੈ, ਜਿਨ੍ਹਾਂ ਨੇ ਕਰਮਵਾਰ ਦੋ ਸਾਲ ਅਤੇ ਪੰਜ ਸਾਲ ਦੀ ਸੇਵਾ ਪੂਰੀ ਕਰ ਲਈ ਹੈ;

(ੲ) ਕੀ ਉਪਰੋਕਤ ਭਾਗ (ੳ) ਵਿੱਚ ਵਰਣਿਤ ਵਿਭਾਗ ਦੁਆਰਾ ਦਿਹਾੜੀ ਤੇ ਲਗਾਏ ਗਏ ਕਰਮਚਾਰੀਆਂ ਦੀ ਕੋਈ ਸੀਨੀਅਰਤਾ ਸੂਚੀ ਤਿਆਰ ਕੀਤੀ ਗਈ ਹੈ, ਜੇਕਰ ਨਹੀਂ, ਤਾਂ ਉਸ ਦੇ ਕੀ ਕਾਰਨ ਹਨ ?

ਸਰਦਾਰ ਦਿਲਬਾਗ ਸਿੰਘ ਨਵਾਂ ਸ਼ਹਿਰ : (ੳ) 31-3-92 ਤੱਕ ਵਣ ਵਿਭਾਗ ਦੇ ਸ਼੍ਰੇਣੀਵਾਰ ਕਰਮਚਾਰੀਆਂ ਦੀ ਸੂਚੀ ਸਦਨ ਦੀ ਮੇਜ ਤੇ ਰਖੀ ਜਾਂਦੀ ਹੈ ।

(ਅ) ਕਿਉਂ ਜੋ ਅਜਿਹੇ ਦਿਹਾੜੀਦਾਰ ਮਜ਼ਦੂਰਾਂ ਨੂੰ ਰੈਗੂਲਰ ਆਸਾਮੀਆਂ ਵਿਰੁੱਧ ਨਹੀਂ ਲਗਾਇਆ ਜਾਂਦਾ, ਵਿਭਾਗ ਵਿੱਚ ਅਜਿਹੇ ਮਜ਼ਦੂਰਾਂ ਨੂੰ ਸੀਜ਼ਨਲ ਕੰਮਾਂ ਲਈ ਰੱਖਿਆ ਜਾਂਦਾ ਹੈ । ਕੰਮ ਖਤਮ ਹੋਣ ਤੇ ਹਟਾ ਦਿੱਤਾ ਜਾਂਦਾ ਹੈ । ਅਜਿਹੇ ਕਿਸੇ ਵੀ ਦਿਹਾੜੀ-ਦਾਰ ਮਜ਼ਦੂਰ ਨੂੰ ਲਗਾਤਾਰ ਦੋ ਜਾਂ ਪੰਜ ਸਾਲ ਵਾਸਤੇ ਨਹੀਂ ਰੱਖਿਆ ਜਾਂਦਾ । ਇਸ ਲਈ ਇਸ ਵਿਭਾਗ ਦੀ ਰਿਪੋਟ ਕੋਰੀ ਸਮਝੀ ਜਾਵੇ । ਅਜਿਹੇ ਦਿਹਾੜੀਦਾਰ ਮਜ਼ਦੂਰਾਂ ਦੀ ਕੋਈ ਸੀਨੀਅਰਤਾ ਸੂਚੀ ਨਹੀਂ ਬਣਾਈ ਜਾਂਦੀ ।

(ੲ) ਵਿਭਾਗ ਦੇ ਕੰਮ ਸੀਜ਼ਨਲ ਨੇਚਰ ਦੇ ਹੁੰਦੇ ਹਨ । ਇਸ ਲਈ ਅਜਿਹੇ ਮਜ਼ਦੂਰਾਂ ਨੂੰ ਕੰਮ ਦੇ ਆਧਾਰ ਤੇ ਕੇਵਲ ਲੋੜ ਪੈਣ ਤੇ ਹੀ ਰੱਖਿਆ ਜਾਂਦਾ ਹੈ । ਇਸ ਸਬੰਧੀ ਕਾਨੂੰਨੀ ਮਸ਼ੀਰ ਪੰਜਾਬ ਸਰਕਾਰ, ਵਲੋਂ ਉਨ੍ਹਾਂ ਦੇ ਪੱਤਰ ਨੰ : 19(71) ਵਣ-5 88/30153 ਮਿਤੀ 8-12-88 ਅਨੁਸਾਰ ਅਜਿਹੇ ਦਿਹਾੜੀਦਾਰ ਮਜ਼ਦੂਰਾਂ ਦੀ ਕੋਈ ਸੀਨੀਅਰਤਾ ਸੂਚੀ ਤਿਆਰ ਨਹੀਂ ਕੀਤੀ ਜਾਂਦੀ ।

ਅਨੁਲੱਗ

31-3-92 ਤੱਕ ਵਣ ਵਿਭਾਗ ਦੇ ਸ਼੍ਰੇਣੀਵਾਰ ਕਰਮਚਾਰੀਆਂ ਦੀ ਗਿਣਤੀ

	ਜ਼ਿਲ੍ਹਾ	ਦਫ਼ਤਰ ਦਾ ਨਾਂ	ਸ਼੍ਰੇਣੀ-I	ਸ਼੍ਰੇਣੀ-II	ਸ਼੍ਰੇਣੀ-III	ਸ਼੍ਰੇਣੀ-IV	ਜੋੜ	ਰਿਮਾਰਕਸ
	1	2	3	4	5	6	7	8
1.	ਹੁਸ਼ਿਆਰਪੁਰ	ਹੁਸ਼ਿਆਰਪੁਰ, ਦਸੂਹਾ, ਗੜ੍ਹਸ਼ੰਕਰ ..	4	3	242	46	295	
	,,	ਵਣ ਖੋਜ ਅਤੇ ਸਿਖਲਾਈ ਮੰਡਲ ਹੁਸ਼ਿਆਰਪੁਰ ..	1	1	18	8	28	
2.	ਰੋਪੜ	ਰੋਪੜ ਵਣ ਮੰਡਲ । ..	2	—	107	18	127	
3.	ਲੁਧਿਆਣਾ	ਲੁਧਿਆਣਾ ਵਣ ਮੰਡਲ ..	2	1	92	19	114	
4.	ਅੰਮ੍ਰਿਤਸਰ	ਅੰਮ੍ਰਿਤਸਰ ਵਣ ਮੰਡਲ ..	2	1	116	17	136	
5.	ਫ਼ਿਰੋਜ਼ਪੁਰ	ਫ਼ਿਰੋਜ਼ਪੁਰ ਵਣ ਮੰਡਲ ..	1	1	95	18	115	
6.	ਕਪੂਰਥਲਾ	ਜਲੰਧਰ ਵਣ ਮੰਡਲ ..	1	1	92	18	112	
7.	ਗੁਰਦਾਸਪੁਰ	ਗੁਰਦਾਸਪੁਰ ਵਣ ਮੰਡਲ ..	1	1	116	21	139	
8.	ਪਟਿਆਲਾ	ਪਟਿਆਲਾ ਵਣ ਮੰਡਲ ..	2	1	122	20	145	

1		2	3	4	5	6	7	8
9.	ਬਠਿੰਡਾ	ਬਠਿੰਡਾ ਵਣ ਮੰਡਲ ..	2	1	98	15	116	
10.	ਸੰਗਰੂਰ	ਸੰਗਰੂਰ ਵਣ ਮੰਡਲ ..	1	—	86	18	106	
11.	ਫਰੀਦਕੋਟ	ਫਰੀਦਕੋਟ ਵਣ ਮੰਡਲ ..	1	1	104	13	119	
12.	ਪਟਿਆਲਾ	ਸਾਊਥ ਸਰਕਲ,ਪਟਿਆਲਾ ..	1	—	15	7	23	
13.	ਜਲੰਧਰ	ਬਿਸਤ ਸਰਕਲ, ਜਲੰਧਰ ..	1	1	19	7	28	
14.	ਚੰਡੀਗੜ੍ਹ	ਸ਼ਿਵਾਲਕ ਸਰਕਲ ..	1	—	19	9	29	
15.	ਛੱਤਬੀੜ	ਪਟਿਆਲਾ, ਛੱਤਬੀੜ, ਚੰਡੀਗੜ੍ਹ ..	1	3	59	92	155	
16.	ਚੰਡੀਗੜ੍ਹ	ਵਰਕਿੰਗ ਪਲੈਨ, ਚੰਡੀਗੜ੍ਹ ..	2	1	16	7	26	
17.	ਚੰਡੀਗੜ੍ਹ	ਸੂਚਨਾ ਤੇ ਵਿਸਥਾਰ ..	1	—	8	2	11	
18.	ਚੰਡੀਗੜ੍ਹ	ਡਾਇਰੈਕਟਰ ਦਫ਼ਤਰ, ਚੰਡੀਗੜ੍ਹ ..	3	4	57	17	81	
		ਜੋੜ ..	30	22	1,481	372	1,905	

ਸ਼੍ਰੀਮਤੀ ਵਿਮਲਾ ਡਾਂਗ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦੀ ਹਾਂ ਕਿ ਕੀ ਮਨਿਸਟਰ ਸਾਹਿਬ ਨੂੰ ਪਤਾ ਹੈ ਕਿ ਡੇਲੀ ਵੇਜਿਜ਼ ਪਰਮਾਨੈਂਟ ਵਰਕ ਵਾਸਤੇ ਵੀ ਲਾਏ ਜਾਂਦੇ ਹਨ ? ਇਸ ਦਾ ਕੀ ਕਾਰਨ ਹੈ ?

ਮੰਤਰੀ : ਸਪੀਕਰ ਸਾਹਿਬ, ਰੈਗੂਲਰ ਪੋਸਟ ਖਾਲੀ ਹੋ ਜਾਵੇ, ਕੋਈ ਲੇਡੀ ਛੁੱਟੀ ਚਲੀ ਜਾਵੇ, ਥੋੜੇ ਸਮੇਂ ਵਾਸਤੇ ਉਨ੍ਹਾਂ ਨੂੰ ਲਾਇਆ ਜਾਂਦਾ ਹੈ । ਬਾਕੀ ਜਿਹੜੀ ਲੇਬਰ ਹੈ, ਇਹ ਸੀਜ਼ਨ ਦੇ ਟਾਈਮ ਵਾਸਤੇ ਹੀ ਲਾਏ ਜਾਂਦੇ ਹਨ, ਕੋਈ ਰੈਗੂਲਰ ਨਹੀਂ ।

ਸ਼੍ਰੀਮਤੀ ਵਿਮਲਾ ਡਾਂਗ : ਸਪੀਕਰ ਸਾਹਿਬ, ਕੁਝ ਇਸ ਸਮੇਂ ਵੀ ਐਸੇ ਵਰਕਰਜ਼ ਨੇ ਜਿਹੜੇ ਕਾਂਟੀਨਿਊਸਲੀ 2 ਸਾਲ ਔਰ 5 ਸਾਲ ਤੋਂ ਉਪਰ ਸਮੇਂ ਤੋਂ ਲਗੇ ਹੋਏ ਹਨ ।

ਸ਼੍ਰੀ ਸਪੀਕਰ : ਉਸ ਦਾ ਜਵਾਬ ਦੇ ਦਿੱਤਾ ਹੈ । 2 ਸਾਲ ਔਰ 5 ਸਾਲ ਵਾਲੀ ਕੋਈ ਗਲ ਨਹੀਂ ।

ਮੰਤਰੀ : ਸਪੀਕਰ ਸਾਹਿਬ, ਤੁਸੀਂ ਜਵਾਬ ਦੇ ਦਿੱਤਾ ਹੈ ਪਰ ਫੇਰ ਵੀ ਮੈਂ ਇਨ੍ਹਾਂ ਨੂੰ ਦੱਸ ਦਿੰਦਾ ਹਾਂ ਕਿ ਅਸੀਂ ਡੇਲੀ ਵੇਜਿਜ਼ ਤੇ ਲੇਬਰ ਰੱਖਦੇ ਹਾਂ ਉਨ੍ਹਾਂ ਨੂੰ ਅਸੀਂ ਡੇਲੀ 39 ਰੁਪਏ 40 ਪੈਸੇ ਦਿੰਦੇ ਹਾਂ । ਇਹ ਡੇਲੀ ਵੇਜਿਜ਼ ਤੇ ਅਸੀਂ ਬੂਟੇ ਲਗਾਉਣ ਵਾਸਤੇ ਜਾਂ ਪੁੱਟਣ ਵਾਸਤੇ ਰਖਦੇ ਹਾਂ । ਜਿੰਨੇ ਦਿਨ ਸਾਡੇ ਕੋਲ ਕੰਮ ਹੁੰਦਾ ਹੈ ਉਤਨੇ ਦਿਨ ਵਾਸਤੇ ਰਖਦੇ ਹਾਂ । ਸਾਡੇ ਕੋਲ ਇਸ ਤਰ੍ਹਾਂ ਦੀਆਂ ਰੈਗੂਲਰ ਪੋਸਟਾਂ ਨਹੀਂ ਹੁੰਦੀਆਂ ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਇਹ ਠੀਕ ਹੈ ਕਿ ਡੇਲੀ ਵੇਜਿਜ਼ ਤੇ ਬੰਦੇ ਟੈਂਪਰੇਰੀ ਰੱਖੇ ਜਾਂਦੇ ਹਨ ਪਰ ਜਿਹੜੇ 2 ਸਾਲ ਤੋਂ,5 ਸਾਲ ਤੋਂ ਉਥੇ ਕੰਮ ਕਰ ਰਹੇ ਹਨ, ਕੀ ਇਨ੍ਹਾਂ ਨੂੰ, ਜਿਨ੍ਹਾਂ ਨੂੰ 2 ਤੋਂ 5 ਸਾਲ ਹੋ ਗਏ ਹਨ ਇਥੇ ਕੰਮ ਕਰਦੇ ਹੋਏ, ਪੱਕਾ ਕਰਨ ਦਾ ਸਰਕਾਰ ਦਾ ਕੋਈ ਇਰਾਦਾ ਹੈ ?

ਮੰਤਰੀ : ਸਪੀਕਰ ਸਾਹਿਬ, ਮੈਂ ਬੜਾ ਸਾਫ ਜਵਾਬ ਦਿੱਤਾ ਸੀ ਕਿ ਸਾਡੇ ਕੋਲ ਕੁਝ ਪੋਸਟਾਂ ਹੁੰਦੀਆਂ ਹਨ ਜਿਥੇ ਰੈਗੂਲਰ ਬੰਦੇ ਰੱਖੇ ਜਾਂਦੇ ਹਨ ਅਤੇ ਜਦੋਂ ਕੋਈ ਜਗ੍ਹਾ ਖਾਲੀ ਹੁੰਦੀ ਹੈ ਜਾਂ ਕੋਈ ਲੇਡੀ ਛੁੱਟੀ ਤੇ ਚਲੀ ਜਾਂਦੀ ਹੈ ਤਾਂ ਉਸ ਦੀ ਥਾਂ ਤੇ ਲੀਵ ਅਰੇਂਜਮੈਂਟ ਵਿਚ ਰਖਿਆ ਜਾਂਦਾ ਹੈ । ਪਰੰਤੂ ਦਿਹਾੜੀਦਾਰ ਮਜ਼ਦੂਰਾਂ ਨੂੰ ਲੋੜ ਅਨੁਸਾਰ ਰੱਖਿਆ ਜਾਂਦਾ ਹੈ ਅਤੇ ਜਦੋਂ ਕੰਮ ਖਤਮ ਹੋ ਜਾਂਦਾ ਹੈ, ਇਹ ਲੇਬਰ ਵਾਪਿਸ ਚਲੀ ਜਾਂਦੀ ਹੈ । ਸਾਡੇ ਕੋਲ ਰੈਗੂਲਰ ਪੋਸਟਾਂ ਨਹੀਂ ਹੁੰਦੀਆਂ ।

ਸਰਦਾਰ ਨਿਰਮਲ ਸਿੰਘ ਨਿੰਮਾਂ : ਸਪੀਕਰ ਸਾਹਿਬ, ਜਿਹੜੇ ਦਿਹਾੜੀਦਾਰ ਜੰਗਲਾਤ ਦੇ ਮਹਿਕਮੇ ਵਿਚ ਦਿਹਾੜੀ ਤੇ ਕੰਮ ਕਰਦੇ ਹਨ ਅਗਰ ਉਨ੍ਹਾਂ ਦੀ ਕੰਮ ਕਰਦੇ ਹੋਏ ਕਿਸੇ ਦੀ ਮਿਸਹੈਪਨਿੰਗ ਹੋ ਜਾਵੇ ਤਾਂਕੀ ਉਸ ਦੇ ਪਰਿਵਾਰ ਨੂੰ ਸਰਕਾਰ ਵਲੋਂ ਕੋਈ ਮੁਆਵਜ਼ਾ ਦਿੱਤਾ ਜਾਂਦਾ ਹੈ ?

ਸ੍ਰੀ ਸਪੀਕਰ : ਤੁਸੀਂ ਸੈਪੇਰਟ ਨੋਟਿਸ ਦੇ ਦਿਓ, ਜਵਾਬ ਦੇ ਦੇਣਗੇ ।

ਨਿਸ਼ਾਨਵਾਲੇ ਪ੍ਰਸ਼ਨ ਨੰ : 646 ਅਤੇ 709

(ਸਬੰਧਤ ਮੈਂਬਰ ਸਾਹਿਬਾਨ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਏ ।)

ਰਾਜ ਵਿੱਚ ਪਰਿਵਾਰ ਨਿਯੋਜਨ ਦੇ ਟੀਚਿਆਂ ਨੂੰ ਪੂਰਾ ਕਰਨਾ

*675. **ਡਾਕਟਰ (ਸ੍ਰੀਮਤੀ) ਮਾਲਤੀ ਥਾਪਰ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦਸਣਗੇ ਕਿ :—

(ੳ) ਕੀ ਰਾਜ ਵਿਚ ਜਨਮ ਦਰ ਘਟਾਉਣ ਲਈ ਪਰਿਵਾਰ ਨਿਯੋਜਨ ਅਮਲੇ ਦੁਆਰਾ ਪਾਲਣਾ ਕੀਤੇ ਜਾਣ ਲਈ ਕੋਈ ਸੇਧਾਂ ਤਿਆਰ ਕੀਤੀਆਂ ਗਈਆਂ ਹਨ, ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦਾ ਵੇਰਵਾ ਕੀ ਹੈ ,

(ਅ) ਕੀ ਸਰਕਾਰ ਨੇ ਪਿਛਲੇ ਦੋ ਸਾਲਾਂ ਦੇ ਦੌਰਾਨ ਪਰਿਵਾਰ ਨਿਯੋਜਨ ਦਾ ਟੀਚਾ ਪੂਰਾ ਕੀਤਾ ਹੈ, ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ ?

ਸਰਦਾਰ ਲਾਲ ਸਿੰਘ : (ੳ) ਹਾਂ ਜੀ । ਵੇਰਵਾ ਨੱਥੀ ਅਨੁਲੱਗ ਵਿਚ ਦਿੱਤਾ ਗਿਆ ਹੈ ।

(ਅ) ਰਾਜ ਨੇ ਸਟਰਲਾਈਜ਼ੇਸ਼ਨ ਤੋਂ ਇਲਾਵਾ ਟੀਚੇ ਪੂਰੇ ਕਰ ਲਏ ਹਨ ਜਿਸ ਵਿੱਚ ਸਾਲ 1990-91 ਅਤੇ 1991-92 ਦੌਰਾਨ ਕ੍ਰਮਵਾਰ ਉਪਲੱਭਦੀਆਂ 76.7% ਅਤੇ 85.5% ਸਨ । ਟੀਚਿਆਂ ਦੀ ਪ੍ਰਾਪਤੀ ਵਿੱਚ ਗਿਰਾਵਟ ਆਉਣ ਦਾ ਮੁੱਖ ਕਾਰਨ ਰਾਜ ਵਿੱਚ ਕਾਨੂੰਨ ਤੇ ਵਿਵਸਥਾ ਦੀ ਖਰਾਬ ਸਥਿਤੀ ਅਤੇ ਖਾੜਕੂਆਂ ਵਲੋਂ ਮੈਡੀਕਲ ਅਤੇ ਪੈਰਾ ਮੈਡੀਕਲ ਸਟਾਫ ਨੂੰ ਧਮਕੀਆਂ ਸਨ ।

ਅਨੁਲੱਗ

ਰਾਜ ਵਿਚ ਜਨਮ-ਦਰ ਨੂੰ ਘਟਾਉਣ ਲਈ ਉਲੀਕੀਆਂ ਗਈਆਂ ਲੀਹਾਂ ਦਾ ਵੇਰਵਾ

1. ਨਿਸ਼ਾਨੇ ਵਾਲੇ ਲੋਕਾਂ (ਟਾਰਗਟ ਪੀਪਲ) ਸਬੰਧੀ ਵੇਰਵੇ ਰੱਖਣ ਲਈ ਯੋਗ ਜੋੜਿਆਂ ਦੇ ਰਜਿਸਟਰ ਨੂੰ ਮੁਕੰਮਲ ਕਰਨ । ਜੀਵਤ ਬੱਚਿਆਂ ਦੀ ਗਿਣਤੀ ਅਤੇ ਉਨ੍ਹਾਂ ਦੀ ਉਮਰ ਦੇ ਵੇਰਵੇ ਰੱਖਣ ਲਈ ਪਹਿਲ ਦੇ ਅਧਾਰ ਤੇ ਖੇਤਰ ਦਸਦੇ ਹੋਏ ਰੰਗ ਨਿਸ਼ਾਨੀ ਪ੍ਰਣਾਲੀ ਸ਼ੁਰੂ ਕੀਤੀ ਗਈ ਹੈ ।

2. ਮੌਤਾਂ ਅਤੇ ਪੇਚੀਦਗੀਆਂ ਨੂੰ ਘੱਟ ਕਰਨ ਲਈ ਗਿਣਾਤਮਕ ਪੱਖ ਨਾਲੋਂ ਗੁਣਾ-ਤਮਕ ਪੱਖ ਨੂੰ ਪਹਿਲ ਦੇਣ ਲਈ ਬਹੁਤ ਸਾਰੇ ਤਰੀਕੇ ਅਖਤਿਆਰ ਕੀਤੇ ਗਏ ਹਨ ।

3. ਜਨਮ ਦਰ ਘਟਾਉਣ ਲਈ ਬੱਚਿਆਂ ਵਿੱਚ ਵਿਥ ਰੱਖਣ ਦੀ ਪ੍ਰਣਾਲੀ ਅਹਿਮ ਭੂਮਿਕਾ ਨਿਭਾ ਰਹੀ ਹੈ ਜਿਸ ਲਈ ਤਰਕਸ਼ੀਲ ਪ੍ਰਬੰਧ ਨੂੰ ਪਹਿਲ ਦਿੱਤੀ ਗਈ ਹੈ ।

4. ਨਿਸ਼ਾਨੇ ਵਾਲੇ (ਟਾਰਗਟ ਪੀਪਲ) ਇਸਤਰੀ ਮੈਂਬਰਾਂ ਵਿੱਚ ਵਿੱਥ ਰੱਖਣ ਵਾਲੇ ਤਰੀਕੇ ਜ਼ਿਆਦਾ ਮਨ-ਪਸੰਦ ਅਤੇ ਆਰਾਮ ਨਾਲ ਮਿਲ ਸਕਣ ਵਾਲੇ ਹੋਣ ਕਰਕੇ ਵਿੱਥ ਰੱਖਣ ਵਾਲੇ ਤਰੀਕਿਆਂ ਦੀ ਉਪਲੱਭਤਾ ਕਰਾਉਣ ਲਈ ਇਸ-ਤਰੀ ਸਿਹਤ ਸਭਾਵਾਂ ਨੂੰ ਨਵੀਆਂ ਸੰਸਥਾਵਾਂ ਵਜੋਂ ਸਥਾਪਤ ਕੀਤਾ ਗਿਆ ਹੈ ।

5. ਇਸਤਰੀ ਸਿਹਤ ਸਭਾਵਾਂ ਅਤੇ ਸਿਹਤ ਰਹਿਨਨਾਵਾਂ ਰਾਹੀਂ ਨਿਰੋਧ ਦੀ ਸੋਸ਼ਲਮਾਰਕੀਟਿੰਗ ਕਰਨ ਲਈ ਨਵੇਂ ਖੇਤਰ ਚੁਣੇ ਗਏ ਹਨ ।

6. ਸੂਚਨਾ, ਸਿਖਿਆ ਅਤੇ ਸੰਚਾਰ ਸਰਗਰਮੀਆਂ ਨੂੰ ਹੋਰ ਮਜ਼ਬੂਤ ਬਣਾਉਣ ਲਈ ਜ਼ੋਰ ਦਿੱਤਾ ਗਿਆ ਹੈ । ਛੋਟੇ ਪਰਿਵਾਰ ਨੂੰ ਪ੍ਰਚਲਤ ਕਰਨ ਲਈ ਪ੍ਰਕਾਸ਼ਨ ਅਤੇ ਬਿਜਲੀ ਸੰਚਾਰ ਸਾਧਨਾਂ ਦੀ ਭਰਪੂਰ ਵਰਤੋਂ ਕੀਤੀ ਜਾ ਰਹੀ ਹੈ ।

7. ਪਿੰਡਾਂ ਅਤੇ ਬਲਾਕਾਂ ਵਿਚ ਬਾਲ ਮੇਲਿਆਂ ਦਾ ਆਯੋਜਨ ਕਰਨਾ ।

8. ਲੋਕਾਂ ਨੂੰ ਮਿਲਣ ਵਾਲੀਆਂ ਸਹੂਲਤਾਂ ਪ੍ਰਤੀ ਜਾਗਰੂਕ ਕਰਾਉਣ ਲਈ ਪਿੰਡਾਂ ਵਿੱਚ ਸਿਹਤ ਸਿਖਿਆ ਅਤੇ ਸਰਵਿਸ ਕੈਂਪ ਲਗਾਉਣੇ ।

9. ਵੱਖੋ ਵੱਖ ਤਰੀਕੇ ਅਪਣਾਉਂਦੇ ਹੋਏ ਅਤੇ ਉਪਲੱਭਦ ਸਾਧਨਾਂ ਦੀ ਵਰਤੋਂ ਕਰਦੇ ਹੋਏ ਟੀਚਿਆਂ ਦੀ ਮਾਈਕ੍ਰੋਪਲਾਨਿੰਗ ਕਰਨਾ ।

ਡਾਕਟਰ (ਸ੍ਰੀਮਤੀ) ਮਾਲਤੀ ਥਾਪਰ : ਸਪੀਕਰ ਸਾਹਿਬ, ਜਿਹੜਾ ਇਨ੍ਹਾਂ ਨੇ ਜਵਾਬ ਦਿੱਤਾ ਹੈ ਕਿ ਰਾਜ ਵਿਚ ਜਨਮ-ਦਰ ਨੂੰ ਘਟਾਉਣ ਲਈ ਉਲੀਕੀਆਂ ਗਈਆਂ ਲੀਹਾਂ ਦਾ ਵੇਰਵਾ ਟਾਰਗਟ ਪੀਪਲ ਸਬੰਧੀ ਵੇਰਵੇ ਰੱਖਣ ਲਈ ਯੋਗ ਜੋੜਿਆਂ ਦੇ ਰਜਿਸਟਰ ਮੁਕੰਮਲ ਕਰਨ, ਜੀਵਤ ਬੱਚਿਆਂ ਦੇ ਗਿਣਤੀ ਅਤੇ ਉਨ੍ਹਾਂ ਦੀ ਉਮਰ ਦੇ ਵੇਰਵੇ ਰੱਖਣ ਲਈ ਪਹਿਲ ਦੇ ਆਧਾਰ ਤੇ ਖੇਤਰ ਦਸਦੇ ਹੋਏ ਰੰਗ ਨਿਸ਼ਾਨੀ ਪ੍ਰਣਾਲੀ ਸ਼ੁਰੂ ਕੀਤੀ ਗਈ ਹੈ, ਮੌਤਾਂ ਅਤੇ ਪੇਚੀਦਗੀਆਂ ਨੂੰ ਘੱਟ ਕਰਨ ਲਈ ਗਿਣਾਤਮਕ ਪੱਖ ਨਾਲੋਂ ਗੁਣਾਤਮਕ ਪੱਖ ਨੂੰ ਪਹਿਲ ਦੇਣ ਲਈ ਬਹੁਤ ਸਾਰੇ ਤਰੀਕੇ ਅਖਤਿਆਰ ਕੀਤੇ ਜਾ ਰਹੇ ਹਨ, ਜਨਮ-ਦਰ ਘਟਾਉਣ ਲਈ ਬੱਚਿਆਂ ਵਿਚ ਵਿੱਥ ਰਖਣ ਦੀ ਪ੍ਰਣਾਲੀ ਅਹਿਮ ਭੂਮਿਕਾ ਨਿਭਾ ਰਹੀ ਹੈ ਆਦਿ ਪਰ ਜਿਹੜਾ ਸਪੀਕਰ ਸਾਹਿਬ, ਮੈਂ ਸਵਾਲ ਕੀਤਾ ਸੀ ਉਸ ਦਾ ਜਵਾਬ ਮਨਿਸਟਰ

[ਡਾਕਟਰ (ਸ੍ਰੀਮਤੀ) ਮਾਲਤੀ ਥਾਪਰ]

ਸਾਹਿਬ ਨੇ ਨਹੀਂ ਦਿੱਤਾ । ਮੈਂ ਪੁੱਛਣਾ ਚਾਹੁੰਦੀ ਹਾਂ ਕਿ ਫੈਮਿਲੀ ਪਲੈਨਿੰਗ ਰਾਹੀਂ ਜਨਮ ਦਰ ਘਟਾਉਣ ਲਈ ਸਾਡੀ ਸਰਕਾਰ ਕੀ ਉਪਰਾਲੇ ਕਰ ਰਹੀ ਹੈ ਅਤੇ ਕਿਹੜੇ ਕਿਹੜੇ ਤਰੀਕੇ ਇਸਤੇਮਾਲ ਕਰ ਰਹੀ ਹੈ ? ਫੈਮਿਲੀ ਪਾਪੂਲੇਸ਼ਨ ਨੂੰ ਕੰਟਰੋਲ ਕਰਨ ਦੀ ਦੇਸ਼ ਵਾਸਤੇ ਬੜੀ ਬ੍ਰਨਿੰਗ ਪ੍ਰਾਬਲਮ ਹੈ ਅਤੇ ਪੰਜਾਬ ਦੇ ਲਈ ਵੀ ਇਕ ਬਰਨਿੰਗ ਪ੍ਰਾਬਲਮ ਬਣੀ ਹੋਈ ਹੈ । ਇਸ ਲਈ ਮੈਂ ਪੁੱਛਣਾ ਚਾਹੁੰਦੀ ਹਾਂ ਕਿ ਇਸ ਦੇ ਲਈ ਕੀ ਤਰੀਕੇ ਅਖਤਿਆਰ ਕਰ ਰਹੇ ਹੋ ?

ਮੰਤਰੀ : ਸਪੀਕਰ ਸਾਹਿਬ, ਪਰਿਵਾਰ ਭਲਾਈ ਸਕੀਮਾਂ ਥੱਲੇ ਜਨਮ ਦਰ ਨੂੰ ਘਟਾਉਣ ਲਈ 4 ਤਰੀਕੇ ਇਸਤੇਮਾਲ ਕਰਦੇ ਹਾਂ :—

(1) ਸਟਰਲਾਈਜ਼ੇਸ਼ਨ (2) ਆਈ. ਯੂ. ਡੀ. ਸੀ. (3) ਸੀ. ਸੀ. ਯੂਜ਼ਰ (4) ਓ. ਪੀ. ਯੂਜ਼ਰ ।

ਜਿਸ ਤਰ੍ਹਾਂ ਮੈਂ ਦਸਿਆ ਹੈ ਕਿ ਸਟਰਲਾਈਜ਼ੇਸ਼ਨ ਰਾਹੀਂ ਗਿਰਾਵਟ ਆਈ ਹੈ । ਇਸ ਦਾ ਕਾਰਣ ਵੀ ਦਸਿਆ ਹੈ । ਸਾਡੇ ਪਰਿਵਾਰ ਭਲਾਈ ਡਾਇਰੈਕਟਰ ਵੀ ਇਸੇ ਕਰਕੇ ਅੱਤਵਾਦੀਆਂ ਦੇ ਸ਼ਿਕਾਰ ਹੋਏ ਸਨ । ਆਈ. ਯੂ. ਡੀ. ਸੀ. ਰਾਹੀਂ 1991-92 ਵਿਚ 119% ਪ੍ਰਾਪਤੀਆਂ ਕੀਤੀਆਂ ਅਤੇ ਸੀ. ਸੀ. ਯੂਜ਼ਰ 1991-92 ਰਾਹੀਂ 107% ਦੀਆਂ ਪ੍ਰਾਪਤੀਆਂ ਹੋਈਆਂ ਅਤੇ ਓ. ਪੀ. ਯੂਜ਼ਰ ਰਾਹੀਂ 1991-92 ਵਿਚ 144% ਦੀਆਂ ਪ੍ਰਾਪਤੀਆਂ ਕੀਤੀਆਂ । ਸਿਰਫ ਸਟਰਲਾਈਜ਼ੇਸ਼ਨ ਰਾਹੀਂ ਹੀ ਕਮੀ ਆਈ ਹੈ ।

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਜਵਾਬ ਵਿਚ ਕਿਹਾ ਹੈ ਕਿ ਟੀਚਾ ਪੂਰਾ ਕਰ ਲਿਆ ਗਿਆ ਹੈ ਤਾਂ ਕੀ ਟੀਚਾ ਪੂਰਾ ਹੋਣ ਤੇ, ਮੰਤਰੀ ਜੀ ਅੱਜ ਸਦਨ ਵਿਚ ਦਸਣਗੇ ਕਿ, ਪੰਜਾਬ ਦੀ ਆਬਾਦੀ ਘੱਟ ਰਹੀ ਹੈ ਜਾਂ ਵਧ ਰਹੀ ਹੈ ?

ਮੰਤਰੀ : ਸਪੀਕਰ ਸਾਹਿਬ, ਜਿਥੋਂ ਤਕ ਆਬਾਦੀ ਘਟਾਉਣ ਦਾ ਸਵਾਲ ਹੈ ਪੰਜਾਬ ਵਿਚ ਮਾੜੇ ਹਾਲਾਤਾਂ ਦੇ ਬਾਵਜੂਦ ਜਿਥੋਂ ਤਕ ਸਾਰੇ ਭਾਰਤ ਦੀ ਆਬਾਦੀ ਦਾ ਸਵਾਲ ਹੈ ਉਹ ਜਨਮ ਦਰ 30.6 ਹੈ ਪਰ ਪੰਜਾਬ ਦੀ 27.3 ਹੈ । ਸੰਨ 2000 ਤਕ ਭਾਰਤ ਦੀ ਜਨਮਦਰ ਦਾ ਟੀਚਾ 21 ਪ੍ਰਤੀ ਹਜ਼ਾਰ ਹੈ, ਅਸੀਂ ਪੂਰਾ ਕਰ ਲਵਾਂਗੇ । ਪਰ ਪੰਜਾਬ ਦੀ ਜਨਮਦਰ 27.6 ਤਕ ਪਹੁੰਚ ਚੁਕੀ ਹੈ । ਭਾਰਤ ਦੇ ਮੁਕਾਬਲੇ ਵਿਚ ਅਸੀਂ ਘਟੇ ਹਾਂ ।

ਸਰਦਾਰ ਅਵਤਾਰ ਸਿੰਘ ਕਰੀਮਪੁਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜੋ ਇਹ ਪਰਿਵਾਰ ਨਿਯੋਜਨ ਦੀ ਸਕੀਮ ਹੈ, ਜੋ ਪੰਜਾਬ ਸਰਕਾਰ ਦੇ ਇੰਪਲਾਈਜ਼ ਹਨ ਕੀ ਇੱਕ ਬੱਚੇ ਵਾਲੀ ਫੈਮਲੀ ਨੂੰ ਸਰਕਾਰ ਇਨਕਰੀਮੈਂਟ ਦਿੰਦੀ ਹੈ ?

ਸ੍ਰੀ ਸਪੀਕਰ : ਇਹ ਤਾਂ ਸੈਪਰੇਟ ਸਵਾਲ ਹੈ ਔਰ ਇਸ ਵਿਚ ਕਵਰ ਨਹੀਂ ਹੁੰਦਾ । ਮੈਂਬਰ ਸਾਹਿਬ ਸਪਰੇਟ ਸਵਾਲ ਕਰ ਦੇਣ ਤਾਂ ਡੀਟੇਲ ਵਿਚ ਇਨਫਰਮੇਸ਼ਨ ਆ ਜਾਵੇਗੀ ।

ਨਿਸ਼ਾਨਵਾਲਾ ਪ੍ਰਸ਼ਨ ਨੰ. 701*

ਸ੍ਰੀ ਸਪੀਕਰ : ਇਸ ਸਵਾਲ ਵਿਚ ਐਕਸਟੈਨਸ਼ਨ ਮੰਗੀ ਗਈ ਹੈ, ਜਿਸ ਦੀ ਮੈਂ ਇਕ ਹਫਤੇ ਦੀ ਐਕਸਟੈਨਸ਼ਨ ਦੇ ਦਿਤੀ ਹੈ ।

ਪੇਂਡੂ ਵਿਕਾਸ ਤੇ ਪੰਚਾਇਤਾਂ ਮੰਤਰੀ : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬਾਨ ਨੂੰ ਤੁਹਾਡੇ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਉਹ ਸਵਾਲ ਲਿਖ ਕੇ ਕਰਦੇ ਹਨ ਤਾਂ ਸਬੰਧਤ ਮੰਤਰੀ ਦਾ ਨਾਂ ਮਹਿਕਮਿਆਂ ਦੇ ਮੁਤਾਬਿਕ ਲਿਖਿਆ ਕਰਨ । ਮੈਂਬਰ ਸਾਹਿਬਾਨ ਵਲੋਂ ਸਵਾਲ ਠੀਕ ਨਾ ਕਰਨ ਤੇ ਕਈ ਦਫਾ ਮਨਿਸਟਰ ਨੂੰ ਕਨਫਿਊਜ਼ਨ ਹੋ ਜਾਂਦਾ ਹੈ । ਜਿਸ ਤਰ੍ਹਾਂ ਇਥੇ ਰਿਲੀਫ਼ ਐਂਡ ਸੈਟਲਮੈਂਟ ਲਿਖਿਆ ਸੀ ਪਰ ਸਵਾਲ ਸੋਸ਼ਲ ਵੈਲਫੇਅਰ ਦਾ ਸੀ । ਸਪੀਕਰ ਸਾਹਿਬ, ਜਿਸ ਤਰ੍ਹਾਂ ਤੁਸੀਂ ਮੰਤਰੀਆਂ ਨੂੰ ਧਿਆਨ ਦੇਣ ਵਾਸਤੇ ਕਹਿੰਦੇ ਹੋ ਉਸੇ ਤਰੀਕੇ ਦੇ ਨਾਲ ਮੈਂਬਰ ਸਾਹਿਬਾਨ ਨੂੰ ਵੀ ਧਿਆਨ ਦੇਣ ਵਾਸਤੇ ਕਹੋ ।

ਸ੍ਰੀ ਸਪੀਕਰ : ਠੀਕ ਹੈ ਜੀ । ਅਗਲਾ ਸਵਾਲ ।

ਨਿਸ਼ਾਨਵਾਲੇ ਪ੍ਰਸ਼ਨ ਨੰਬਰ 733 ਅਤੇ 734

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਣ ਇਹ ਸਵਾਲ ਪੇਸ਼ ਨਹੀਂ ਹੋਏ ।)

ਪੇਂਡੂ ਵਿਕਾਸ ਤੇ ਪੰਚਾਇਤਾਂ ਮੰਤਰੀ : ਸਪੀਕਰ ਸਾਹਿਬ, ਹਰ ਸਵਾਲ ਤੇ ਪੰਜਾਬ ਸਰਕਾਰ ਦਾ ਟਾਈਮ ਵੀ ਬਹੁਤ ਲਗਦਾ ਹੈ ਅਤੇ ਪੈਸਾ ਵੀ ਬਹੁਤ ਖਰਚ ਆਉਂਦਾ ਹੈ । ਜੋ ਮੈਂਬਰ ਸਾਹਿਬਾਨ ਸਵਾਲ ਕਰਦੇ ਹਨ, ਉਨ੍ਹਾਂ ਨੂੰ ਸਵਾਲਾਂ ਸਮੇਂ ਸਦਨ ਵਿਚ ਹਾਜ਼ਰ ਹੋਣਾ ਚਾਹੀਦਾ ਹੈ । ਜਿਸ ਤਰ੍ਹਾਂ ਮੈਂਬਰ ਸਾਹਿਬਾਨ ਤੁਹਾਡੇ ਰਾਹੀਂ ਕਹਿੰਦੇ ਹਨ ਕਿ ਕਨਸਰਨਡ ਮਨਿਸਟਰ ਨੂੰ ਹਾਜ਼ਰ ਹੋਣਾ ਚਾਹੀਦਾ, ਉਸੇ ਤਰ੍ਹਾਂ ਸਪੀਕਰ ਸਾਹਿਬ, ਮੈਂ ਤੁਹਾਨੂੰ ਬੇਨਤੀ ਕਰਾਂਗਾ ਕਿ ਤੁਸੀਂ ਮੈਂਬਰ ਸਾਹਿਬਾਨ ਨੂੰ ਵੀ ਆਦੇਸ਼ ਦਿਉ ਕਿ ਉਹ ਸਦਨ ਵਿਚ ਹਾਜ਼ਰ ਹੋਣ ।

ਸ੍ਰੀ ਸਪੀਕਰ : ਹੁਣ ਤਾਂ ਇਸ ਬਾਰੇ ਨਹੀਂ ਪੁੱਛਿਆ ਜਾ ਸਕਦਾ । ਮੈਂ ਤੁਹਾਡੀ ਇਸ ਗੱਲ ਨਾਲ ਸਹਿਮਤ ਹਾਂ ਕਿ ਜਿਸ ਮੈਂਬਰ ਦਾ ਸਵਾਲ ਹੋਵੇ ਉਹ ਮੈਂਬਰ ਸਾਹਿਬ ਸਵਾਲ ਪੁੱਛਣ ਵੇਲੇ ਸਦਨ ਵਿਚ ਹਾਜ਼ਰ ਹੋਣ The concerned Member must be present in the House.

ਨਿਸ਼ਾਨਵਾਲੇ ਪ੍ਰਸ਼ਨ ਨੰ: 645 ਅਤੇ 684

(ਸਬੰਧਤ ਮਾਨਯੋਗ ਮੈਂਬਰਾਂ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਏ ।)

* For Starred Question No. 701 and reply thereto, please see Punjab Vidhan Sabha Debate dated 16th March, 1993.

ਪਿੰਡਾਂ ਵਿਚ ਪੀਣ ਵਾਲੇ ਪਾਣੀ ਦੀ ਘਾਟ

*721. **ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ** : ਕੀ ਜਨ ਸਿਹਤ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਨੇ ਰਾਜ ਵਿਚ ਅਜਿਹੇ ਪਿੰਡਾਂ, ਜਿਨ੍ਹਾਂ ਵਿਚ ਪੀਣ ਵਾਲੇ ਪਾਣੀ ਦੀ ਘਾਟ ਹੈ, ਦਾ ਪਤਾ ਲਗਾਉਣ ਲਈ ਕੋਈ ਸਰਵੇ ਕਰਵਾਇਆ ਹੈ, ਜੇਕਰ ਅਜਿਹਾ ਹੋਵੇ, ਤਾਂ ਅਜਿਹੇ ਪਿੰਡਾਂ ਦੀ ਜ਼ਿਲ੍ਹਾਵਾਰ ਗਿਣਤੀ ਕਿੰਨੀ ਕਿੰਨੀ ਹੈ ਅਤੇ ਅਜਿਹੇ ਪਿੰਡਾਂ ਨੂੰ ਪੀਣ ਵਾਲੇ ਪਾਣੀ ਦੀ ਸਪਲਾਈ ਵਧਾਉਣ ਲਈ ਕੀ ਕਾਰਵਾਈ ਕੀਤੀ ਜਾ ਰਹੀ ਹੈ ਜਾਂ ਕੀਤੇ ਜਾਣ ਦਾ ਵਿਚਾਰ ਹੈ ?

Sardar Umrao Singh (Rural Development and Panchayats Minister): Yes please; physical survey has been completed but the compiled data is under check and computerisation. Final list will be available after data has been finally computerised. Such villages will be covered according to the availability of funds made available under the Annual plans in the coming years.

ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ : ਸਪੀਕਰ ਸਾਹਿਬ, ਇਨ੍ਹਾਂ ਪਿੰਡਾਂ ਦਾ ਫਾਈਨਲ ਡਾਟਾ ਡਿਸਟ੍ਰਿਕਟ-ਵਾਈਜ਼ ਕਦੋਂ ਤੱਕ ਮਿਲ ਜਾਵੇਗਾ ?

ਪੇਂਡੂ ਵਿਕਾਸ ਅਤੇ ਪੰਚਾਇਤਾਂ ਮੰਤਰੀ : ਸਪੀਕਰ ਸਾਹਿਬ, ਇਸ ਨੂੰ ਕੋਈ ਜ਼ਿਆਦਾ ਸਮਾਂ ਨਹੀਂ ਲਗੇਗਾ । ਇਸ ਨੂੰ ਅਸੀਂ ਜਲਦੀ ਕੰਪਲੀਟ ਕਰਨ ਦਾ ਯਤਨ ਕਰਾਂਗੇ ।

ਸਰਦਾਰ ਅਵਤਾਰ ਸਿੰਘ ਕਰੀਮਪੁਰੀ : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਕੰਡੀ ਏਰੀਏ ਦੇ ਪਿੰਡ ਹਨ, ਉਨ੍ਹਾਂ ਵਿੱਚ ਪਾਣੀ ਦੀ ਬੜੀ ਵੱਡੀ ਪ੍ਰਾਬਲਮ ਹੈ । ਇਨ੍ਹਾਂ ਨੇ ਉਸ ਨੂੰ ਕਿੰਨੀ ਦੇਰ ਵਿੱਚ ਸੋਲਵ ਕਰਨ ਦਾ ਇਰਾਦਾ ਬਣਾਇਆ ਹੈ ?

ਮੰਤਰੀ : ਸਪੀਕਰ ਸਾਹਿਬ, ਐਸੇ ਪਿੰਡ ਜਿਨ੍ਹਾਂ ਨੂੰ ਔਕੜ ਵਾਲੇ ਪਿੰਡ ਕਹਿੰਦੇ ਹਨ ਉਹ ਕੁੱਲ 6287 ਆਡੈਂਟੀਫਾਈ ਕੀਤੇ ਹਨ । ਉਨ੍ਹਾਂ ਵਿਚੋਂ ਮਿਤੀ 31-2-92 ਤੱਕ 4732 ਪਿੰਡ ਕਵਰ ਕਰ ਲਏ ਗਏ ਹਨ । 2/3 ਤੋਂ ਜ਼ਿਆਦਾ ਕੰਮ ਮੁਕੰਮਲ ਹੋ ਚੁੱਕਾ ਹੈ । ਬਾਕੀ ਕੰਮ ਵੱਲ ਵੀ ਫੰਡ ਦੀ ਅਵੇਲੇਬਿਲਟੀ ਦੇ ਨਾਲ ਨਾਲ ਧਿਆਨ ਦਿੱਤਾ ਜਾਵੇਗਾ । ਹਰ ਪਿੰਡ ਨੂੰ ਪਾਣੀ ਮੁਹੱਈਆ ਕਰਾਉਣ ਦਾ ਕੰਮ ਸਰਕਾਰ ਵਲੋਂ ਟਾਪ ਪ੍ਰਾਇਰਟੀ ਤੇ ਹੋਵੇਗਾ ।

ਸਰਦਾਰ ਅਵੱਤਾਰ ਸਿੰਘ ਕਰੀਮਪੁਰੀ: ਸਪੀਕਰ, ਸਾਹਿਬ ਮੈਂ ਪੁੱਛਿਆ ਹੈ ਕਿ ਕਦੋਂ ਤੱਕ ਕੰਪਲੀਟ ਕਰ ਦੇਣਗੇ ?

ਸ਼੍ਰੀ ਸਪੀਕਰ : ਮੈਂ ਸ਼੍ਰੀ ਗੁਰਪਾਲ ਚੰਦ ਨੂੰ ਕਾਲ ਅਪਾਨ ਕਰ ਲਿਆ ਹੈ ।

ਸ਼੍ਰੀ ਗੁਰਪਾਲ ਚੰਦ ਸਰੋਆ : ਸਪੀਕਰ ਸਾਹਿਬ, ਮੈਂ ਤੁਹਾਡੇ ਦੁਆਰਾ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਹੁਸ਼ਿਆਰਪੁਰ ਹਲਕੇ ਵਿੱਚ ਕਈ ਪਿੰਡਾਂ ਦਾ ਪਾਣੀ ਖਾਰਾ ਹੈ । ਖਾਰੇ ਪਾਣੀ ਕਾਰਣ ਜਿਹੜੇ ਉਥੇ ਨਲਕੇ ਵਗੈਰਾ ਲਾਏ ਜਾਂਦੇ ਹਨ, ਉਹ 6 ਮਹੀਨੇ

ਬਾਅਦ ਖਰਾਬ ਹੋ ਜਾਂਦੇ ਹਨ । ਕੀ ਉਨ੍ਹਾਂ ਪਿੰਡਾਂ ਲਈ ਸਰਕਾਰ ਦੀ ਕੋਈ ਸਕੀਮ ਹੈ ਕਿ ਉਥੇ ਕੋਈ ਟਿਊਬਵੈਲ ਵਗੈਰਾ ਲਾ ਕੇ ਉਨ੍ਹਾਂ ਨੂੰ ਪਾਣੀ ਦਿੱਤਾ ਜਾਵੇ ?

ਮੰਤਰੀ : ਸਪੀਕਰ ਸਾਹਿਬ, ਇਹ ਸਪੈਸਿਫਿਕ ਪਿੰਡਾਂ ਬਾਰੇ ਪੁੱਛ ਲੈਣ । ਉਨ੍ਹਾਂ ਦਾ ਜਵਾਬ ਦੇ ਦੇਵਾਂਗੇ । ਇਸ ਮੁਤੱਲਕ ਜਨਰੇਲਾਈਜ਼ ਜਵਾਬ ਦੇਣਾ ਬੜਾ ਮੁਸ਼ਕਲ ਹੈ ।

ਸਿਖਿਆ ਵਿਭਾਗ ਵਿੱਚ ਰਾਖਵੀਆਂ ਅਸਾਮੀਆਂ ਭਰਨਾ

*650. **ਸਰਦਾਰ ਅਵਤਾਰ ਸਿੰਘ ਕਰੀਮਪੁਰੀ** : ਕੀ ਸਿਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਸਿਖਿਆ ਵਿਭਾਗ ਵਿੱਚ ਸ਼੍ਰੇਣੀ-1 ਦੀਆਂ ਕੁੱਲ ਕਿੰਨੀਆਂ ਅਸਾਮੀਆਂ ਹਨ ਅਤੇ ਕਿੰਨੀਆਂ ਆਸਾਮੀਆਂ ਅਨੁਸੂਚਿਤ ਾਤੀਆਂ ਜਾਦੀਆਂ ਸ਼੍ਰੇਣੀਆਂ ਲਈ ਰਾਖਵੀਆਂ ਹਨ ?

(ਅ) ਕੀ ਸਾਰੀਆਂ ਰਾਖਵੀਆਂ ਅਸਾਮੀਆਂ ਹੁਣ ਤਕ ਭਰ ਲਈਆਂ ਗਈਆਂ ਹਨ, ਜੇਕਰ ਨਹੀਂ, ਤਾਂ ਉਸ ਦੇ ਕਾਰਣ ਕੀ ਹਨ ਅਤੇ ਬਾਕੀ ਦੀਆਂ ਰਾਖਵੀਆਂ ਅਸਾਮੀਆਂ ਨੂੰ ਕਦੋਂ ਤੱਕ ਭਰੇ ਜਾਣ ਦੀ ਸੰਭਾਵਨਾ ਹੈ

ਸ਼੍ਰੀਮਤੀ ਸੁਸ਼ੀਲ ਮਹਾਜਨ (ਰਾਜ ਮੰਤਰੀ, ਸਿਖਿਆ ਅਤੇ ਭਾਸ਼ਾ).

ਸਿਖਿਆ ਵਿਭਾਗ ਵਿਚ ਹੇਠ ਲਿਖੇ ਅਨੁਸਾਰ ਦਰਜਾ 1 ਦੀਆਂ 3 ਕੈਟਾਗਰੀਆਂ ਹਨ ਜਿਨ੍ਹਾਂ ਦਾ ਵਿਸਥਾਰ ਹਰ ਇਕ ਦੇ ਸਾਹਮਣੇ ਦਰਸਾਇਆ ਗਿਆ ਹੈ ਜੀ :—

		ਕੁਲ ਆਸਾਮੀਆਂ	ਰਾਖਵੀਆਂ ਅਸਾਮੀਆਂ	ਭਰੀਆਂ ਅਸਾਮੀਆਂ	ਬੈਕ ਲਾਗ
1.	ਕਾਲਜ ਪ੍ਰਿੰਸੀਪਲ ..	48	8	8	ਨਿਲ
2.	ਕਲਾਸ II ਦੇ ਕਾਲਜ .. ਲੈਕਚਰਾਰ (ਹੁਣ ਦਰਜਾ-1 ਡਕਲੇਅਰ ਕੀਤੇ ਗਏ)	2063	268	178	ਨਿਲ
3.	ਪੀ. ਈ. ਐਸ. .. ਸਕੂਲ ਅਤੇ ਇਨਸਪੈਕਸ਼ਨ ਕੇਡਰ	29	4	4	ਨਿਲ

ਸਰਦਾਰ ਅਵਤਾਰ ਸਿੰਘ ਕਰੀਮਪੁਰੀ : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜੋ ਡਿਸਟ੍ਰਿਕਟ ਐਜੂਕੇਸ਼ਨ ਆਫੀਸਰਜ਼ ਹਨ, ਕੀ ਉਹ ਵੀ ਕਲਾਸ-I ਵਿਚ ਆਉਂਦੇ ਹਨ ? ਜੇ ਆਉਂਦੇ ਹਨ ਤਾਂ ਉਨ੍ਹਾਂ ਦੀਆਂ ਕਿੰਨੀਆਂ ਪੋਸਟਾਂ ਹਨ ਅਤੇ ਉਨ੍ਹਾਂ ਵਿਚੋਂ ਅਨੁਸੂਚਿਤ ਜਾਤੀਆਂ ਨੂੰ ਕਿੰਨੀਆਂ ਦਿੱਤੀਆਂ ਗਈਆਂ ਹਨ ?

ਰਾਜ ਮੰਤਰੀ, ਸਿਖਿਆ ਅਤੇ ਭਾਸ਼ਾ : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦਸਣਾ ਚਾਹੁੰਦੀ ਹਾਂ ਕਿ ਸਾਡੇ ਕੋਲ ਡੀ. ਪੀ. ਆਈ. ਦੀਆਂ 4 ਪੋਸਟਾਂ ਹਨ ਅਤੇ ਇਨ੍ਹਾਂ ਪੋਸਟਾਂ ਵਿਚ 100% ਰੇਜ਼ਰਵੇਸ਼ਨ ਅਸੀਂ ਦੇ ਦਿੱਤੀ ਹੋਈ ਹੈ ਜੇ ਇਹ ਡੀ. ਈ. ਓਜ਼. ਬਾਰੇ ਸਪੈਸੀਫੀਕਲੀ ਪੁੱਛਣਾ ਚਾਹੁੰਦੇ ਹਨ ਤਾਂ ਉਸ ਦੇ ਬਾਰੇ ਇਹ ਸੈਪਰੇਟ ਨੋਟਿਸ ਦੇ ਦੇਣ, ਜਵਾਬ ਦੇ ਦਿੱਤਾ ਜਾਵੇਗਾ ।

ਸਰਦਾਰ ਅਵਤਾਰ ਸਿੰਘ ਕਰੀਮਪੁਰੀ : ਸਪੀਕਰ ਸਾਹਿਬ, ਮੇਰਾ ਸਵਾਲ ਕਲਾਸ-I ਦੀਆਂ ਕੁੱਲ ਪੋਸਟਾਂ ਬਾਰੇ ਸੀ । ਜੇ ਡੀ. ਈ. ਓਜ਼. ਕਲਾਸ-I ਵਿਚ ਆਉਂਦੇ ਹਨ ਤਾਂ ਉਨ੍ਹਾਂ ਬਾਰੇ ਵੇਰਵਾ ਵੀ ਦਿੱਤਾ ਜਾਣਾ ਚਾਹੀਦਾ ਸੀ ।

ਸ਼੍ਰੀ ਸਪੀਕਰ : ਕੀ ਡੀ. ਈ. ਓ. ਦੀ ਪੋਸਟ ਕਲਾਸ-I ਹੈ ?

ਰਾਜ ਮੰਤਰੀ : ਸਪੀਕਰ ਸਾਹਿਬ, ਸਾਡੇ ਡੀ. ਪੀ. ਆਈ. ਜਿਹੜੇ ਹਨ ਉਹ ਕਲਾਸ-I ਹਨ । ਇਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਪੋਸਟਾਂ ਕਲਾਸ-I ਹਨ । ਜੇ ਇਹ ਡੀ. ਈ. ਓ. ਬਾਰੇ ਪੁੱਛਣਾ ਚਾਹੁੰਦੇ ਹਨ ਤਾਂ ਸੈਪਰੇਟ ਨੋਟਿਸ ਦੇ ਦੇਣ, ਅਸੀਂ ਜਵਾਬ ਦੇ ਦਿਆਂਗੇ ।

ਸ਼੍ਰੀ ਸਪੀਕਰ : ਜੇ ਕਲਾਸ-I ਦੀ ਤੁਹਾਡੇ ਕੋਲ ਕੰਬਾਈਨਡ ਲਿਸਟ ਹੈ ਤਾਂ ਉਹ ਹੀ ਦੱਸ ਦਿਉ ।

ਰਾਜ ਮੰਤਰੀ : ਇਸ ਵੇਲੇ ਡੀ. ਈ. ਓਜ਼. ਦੀ ਲਿਸਟ ਮੇਰੇ ਕੋਲ ਨਹੀਂ ਹੈ । ਮੈਂ ਬਾਅਦ ਵਿਚ ਵੱਖਰੇ ਤੌਰ ਤੇ ਦੱਸ ਸਕਦੀ ਹਾਂ ।

ਸਰਦਾਰ ਅਵਤਾਰ ਸਿੰਘ ਕਰੀਮਪੁਰੀ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਸਵਾਲ ਇਹ ਕੀਤਾ ਗਿਆ ਸੀ ਕਿ ਕਲਾਸ-I ਦੀਆਂ ਕੁੱਲ ਕਿੰਨੀਆਂ ਪੋਸਟਾਂ ਹਨ, ਉਨ੍ਹਾਂ ਵਿਚੋਂ ਅਨੁਸੂਚਿਤ ਜਾਤੀਆਂ ਲਈ ਰਾਖਵੀਆਂ ਪੋਸਟਾਂ ਕਿੰਨੀਆਂ ਹਨ, ਰਾਖਵੀਆਂ ਪੋਸਟਾਂ ਵਿਚੋਂ ਕਿੰਨੀਆਂ ਭਰੀਆਂ ਗਈਆਂ ਹਨ ਅਤੇ ਕਿੰਨੀਆਂ ਖਾਲੀ ਹਨ ਤਾਂ ਮੰਤਰੀ ਜੀ ਨੂੰ ਸਹੀ ਜਵਾਬ ਦੇਣਾ ਚਾਹੀਦਾ ਸੀ । ਡੀ.ਈ.ਓ. ਦੀ ਪੋਸਟ ਬੜੀ ਇੰਪਾਰਟੈਂਟ ਪੋਸਟ ਹੈ ।....

(ਇਸ ਵਕਤ ਸੰਸਦੀ ਮਾਮਲਿਆਂ ਦੇ ਮੰਤਰੀ, ਸਰਦਾਰ ਉਮਰਾਓ ਸਿੰਘ ਜੀ ਰਾਜ ਮੰਤਰੀ, ਸਿਖਿਆ ਅਤੇ ਭਾਸ਼ਾ, ਨੂੰ ਕੋਈ ਚੀਜ਼ ਸੁਜੈਸਟ ਕਰ ਰਹੇ ਸਨ ਜੋ ਸਾਫ ਸੁਣਾਈ ਨਹੀਂ ਦਿਤਾ)

ਸਪੀਕਰ ਸਾਹਿਬ, ਮੈਨੂੰ ਇਹ ਵੇਖ ਕੇ ਅਫ਼ਸੋਸ ਹੁੰਦਾ ਹੈ ਕਿ ਸ਼ਾਇਦ ਸਰਦਾਰ ਉਮਰਾਓ ਸਿੰਘ ਜੀ ਸਾਡੇ ਸਟੇਟ ਮਨਿਸਟਰ ਫਾਰ ਐਜੂਕੇਸ਼ਨ ਨੂੰ ਕਾਬਲ ਨਹੀਂ ਸਮਝਦੇ ਜੋ ਇਹ ਅਨ-ਨੈਸੈਸਰੀ ਇੰਟਰਫੀਅਰ ਕਰ ਰਹੇ ਹਨ ।

ਸ਼੍ਰੀ ਸਪੀਕਰ : ਸਰਦਾਰ ਓਮਰਾਓ ਸਿੰਘ ਜੀ, ਕ੍ਰਿਪਾ ਕਰਕੇ ਇੰਟਰਵੀਨ ਨਾ ਕਰੋ । ਕਿਧਰੇ ਤੁਹਾਡੀ ਮਿਸਾਲ ਇਹ ਨਾ ਹੋ ਜਾਏ :—

'ਸਾਰੇ ਜਹਾਂ ਕਾ ਦਰਦ ਹਮਾਰੇ ਜਿਗਰ ਮੇਂ ਹੈ ।'

ਰਾਜ ਮੰਤਰੀ : ਸਪੀਕਰ ਸਾਹਿਬ, ਸਾਡੇ ਮਹਿਕਮੇ ਵਿਚ ਪ੍ਰਿੰਸੀਪਲਜ਼ ਦੀਆਂ ਪੋਸਟਾਂ ਵੀ ਕਲਾਸ-I ਪੋਸਟਾਂ ਹਨ । ਐਨ.ਸੀ.ਈ.ਆਰ.ਟੀ. ਵਿਚ ਜਿਹੜੇ ਅਫਸਰ ਲਗੇ ਹੋਏ ਹਨ, ਉਹ ਵੀ ਕਲਾਸ-I ਵਿਚ ਆਉਂਦੇ ਹਨ ' ਡੀ. ਈ. ਓਜ਼. ਵੀ ਕਲਾਸ-I ਵਿਚ ਆਉਂਦੇ ਹਨ ਅਤੇ ਹੋਰ ਵੀ ਕਈ ਇਸ ਤਰ੍ਹਾਂ ਦੇ ਅਫਸਰ ਹਨ । ਮੈਂ ਤੁਹਾਨੂੰ ਸਾਰੀ ਡੇਸਕਰਿਪਸ਼ਨ ਦੇ ਦਿੱਤੀ ਹੈ । ਜੇ ਮੈਂਬਰ ਸਾਹਿਬ ਸਟੇਟਸ ਵਾਈਜ਼/ਕੈਟਾਗਰੀ ਵਾਈਜ਼ ਪੁੱਛਣਾ ਚਾਹੁੰਦੇ ਹਨ ਤਾਂ ਇਹ ਮੈਨੂੰ ਅਲੱਗ ਕੁਐਸਚਨ ਦੇ ਦੇਣ ।

ਸਰਦਾਰ ਹਰਗੋਪਾਲ ਸਿੰਘ ਐਡਵੋਕੇਟ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜੋ ਇਨ੍ਹਾਂ ਨੇ ਕਿਹਾ ਹੈ ਕਿ ਰਿਜ਼ਰਵ ਕੈਂਡੀਡੇਟ ਅਵੇਲੇਵਲ ਨਹੀਂ ਸਨ ਅਤੇ ਉਨ੍ਹਾਂ ਵਾਸਤੇ ਇਨ੍ਹਾਂ ਨੇ ਪੀ. ਪੀ. ਐਸ. ਸੀ. ਨੂੰ ਲਿਖਿਆ ਹੋਇਆ ਹੈ, ਇਹ ਰਿਜ਼ਰਵ ਪੋਸਟਾਂ ਕਿੰਨੇ ਸਾਲ ਤੋਂ ਖਾਲੀ ਪਈਆਂ ਹਨ ?

ਰਾਜ ਮੰਤਰੀ : ਸਪੀਕਰ ਸਾਹਿਬ, ਅਸੀਂ 1974 ਵਿਚ ਇਕ ਰੋਸਟਰ ਮੇਨਟੇਨ ਕੀਤਾ ਸੀ । ਉਸ ਦੇ ਮੁਤਾਬਿਕ ਇਨ੍ਹਾਂ ਦੀਆਂ ਰਿਜ਼ਰਵ ਪੋਸਟਾਂ ਭਰੀਆਂ ਗਈਆਂ ਹਨ । ਸਾਡੇ ਕੋਲ 90 ਰਿਜ਼ਰਵ ਪੋਸਟਾਂ ਹਾਲੇ ਵੀ ਖਾਲੀ ਪਈਆਂ ਹਨ ਕਿਉਂਕਿ ਸਾਨੂੰ ਯੋਗ ਕੈਂਡੀਡੇਟਸ ਅਵੇਲੇਬਲ ਨਹੀਂ ਹਨ । ਅਸੀ ਪਬਲਿਕ ਸਰਵਿਸ ਕਮਿਸ਼ਨ ਨੂੰ ਲਿਖਿਆ ਹੋਇਆ ਹੈ । ਉਹ ਜਦੋਂ ਵੀ ਸਾਨੂੰ ਯੋਗ ਆਦਮੀ ਦੇ ਦੇਣਗੇ, ਅਸੀਂ 90 ਦੀਆਂ 90 ਪੋਸਟਾਂ ਹੀ ਸ਼ਡਿਊਲਡ ਕਾਸਟਸ ਨੂੰ ਦੇ ਦਿਆਂਗੇ ।

———

ਨਿਸ਼ਾਨਵਾਲਾ ਪ੍ਰਸ਼ਨ ਨੰਬਰ 683

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਣ ਇਹ ਸਵਾਲ ਪੇਸ਼ ਨਹੀਂ ਹੋਇਆ ।)

———

ਨਿਸ਼ਾਨਵਾਲੇ ਪ੍ਰਸ਼ਨ ਨੰਬਰ 724* ਅਤੇ 725*

ਸ਼੍ਰੀ ਸਪੀਕਰ : ਇਨ੍ਹਾਂ ਦੋਨਾਂ ਸਵਾਲਾਂ ਦੀ ਐਕਸਟੈਨਸ਼ਨ ਮੰਗੀ ਗਈ ਹੈ ।

---

*For Starred Question Nos. 724 and 725 and replies thereto, please see Punjab Vidhan Sabha Debates dated the 16th March, 1993.

ਅਨੁਸੂਚਿਤ ਜਾਤੀਆਂ ਲਈ ਰਾਖਵੀਆਂ ਜੂਨੀਅਰ ਇੰਜੀਨੀਅਰਾਂ ਦੀਆਂ ਆਸਾਮੀਆਂ ਭਰਨੀਆਂ

*651. **ਸਰਦਾਰ ਅਵਤਾਰ ਸਿੰਘ ਕਰੀਮਪੁਰੀ** : ਕੀ ਸਿੰਚਾਈ ਅਤੇ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰ ਦੁਆਰਾ ਦਸੰਬਰ, 1990 ਵਿਚ ਜੂਨੀਅਰ ਇੰਜੀਨੀਅਰਾਂ ਦੀਆਂ ਮਨਜ਼ੂਰ ਕੀਤੀਆਂ ਗਈਆਂ ਅਤੇ ਮੁੱਖ ਇੰਜੀਨੀਅਰ, ਰਣਜੀਤ ਸਾਗਰ ਡੈਮ ਨਿਰਮਾਣ, ਸਿੰਚਾਈ ਵਿਭਾਗ, ਸ਼ਾਹਪੁਰ ਕੰਡੀ (ਥੀਨ ਡੈਮ) ਦੁਆਰਾ ਭਰੀਆਂ ਗਈਆਂ 100 ਆਸਾਮੀਆਂ ਵਿਚੋਂ ਕਿੰਨੀਆਂ ਆਸਾਮੀਆਂ ਅਨੁਸੂਚਿਤ ਜਾਤੀਆਂ ਦੇ ਵਿਅਕਤੀਆਂ ਲਈ ਰਾਖਵੀਆਂ ਰੱਖੀਆਂ ਗਈਆਂ ਸਨ ਅਤੇ ਅਜਿਹੀਆਂ ਰਾਖਵੀਆਂ ਆਸਾਮੀਆਂ ਵਿਚੋਂ ਕਿੰਨੀਆਂ ਆਸਾਮੀਆਂ ਭਰ ਲਈਆਂ ਗਈਆਂ ਹਨ ?

Saadar Harcharan Singh Brar : One hundred posts of Junior Engineers were sanctioned by Government for appointment on adhoc basis at Ranjit Sagar Dam Project during the J.Es. strike period (12th November, 1990 to 14th March 1991). Of these posts, only 92 were filled up. The ones filled, were from amongst work charged/ under employed Diploma Engineers working in the Irrigation Department. As per Government instructions, 25% posts were reserved for scheduled castes. The share of S.Cs. against reserved points works out to 23, but against this only 19 persons belonging to S.C. category were available and could be inducted by Chief Engineer/R.S.D.C. Project.

ਸਰਦਾਰ ਅਵਤਾਰ ਸਿੰਘ ਕਰੀਮਪੁਰੀ : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਇਹ ਜਾਨਣਾ ਚਾਹੁੰਦਾ ਹਾਂ ਕਿ ਜੋ 23 ਪੋਸਟਾਂ ਰੀਜ਼ਰਵ ਸਨ ਔਰ ਇਨ੍ਹਾਂ ਨੇ ਦੱਸਿਆ ਹੈ ਕਿ ਉਥੇ ਸ਼ਡਿਊਲਡ ਕਾਸਟ ਕੈਂਡੀਡੇਟ ਕੋਈ ਉਪਲਬਧ ਨਹੀਂ ਸਨ । ਲੇਕਿਨ ਸਪੀਕਰ ਸਾਹਿਬ, ਉਸ ਵੇਲੇ 6 ਕੈਂਡੀਡੇਟ ਹੋਰ ਮੌਜੂਦ ਸਨ ਜਿਨ੍ਹਾਂ ਦੀਆਂ ਐਪਲੀਕੇਸ਼ਨਾਂ ਵੀ ਮੇਰੇ ਕੋਲ ਹਨ ਔਰ ਇੰਦਰਜੀਤ ਸਿੰਘ ਪੁੱਤਰ ਸ੍ਰੀ ਦਾਸ ਰਾਮ ਇੰਟਰਵਿਊ ਵੇਲੇ ਪਰੈਜ਼ੈਂਟ ਸੀ । ਉਸ ਨੂੰ ਵੀ ਐਪੁਆਇੰਟ ਨਹੀਂ ਕੀਤਾ ਗਿਆ, ਇਸ ਦੇ ਕੀ ਕਾਰਨ ਹਨ ।

ਮੰਤਰੀ : ਸਪੀਕਰ ਸਾਹਿਬ, ਸਵਾਲ ਹਾਜ਼ਰ ਦਾ ਨਹੀਂ ਹੈ । ਅਸੀਂ ਬਾਹਰੋਂ ਕੋਈ ਵੀ ਐਪਲੀਕੈਂਟ ਐਂਟਰਟੇਨ ਨਹੀਂ ਕੀਤਾ । ਜਿਹੜੇ ਉਥੇ ਆਲਰੈਡੀ ਕੰਮ ਕਰਦੇ ਸਨ ਉਨ੍ਹਾਂ ਵਿੱਚੋਂ ਹੀ ਲੈਣਾ ਸੀ ।

ਸ੍ਰੀ ਸਪੀਕਰ : ਐਗਜ਼ਿਸਟਿੰਗ ਸਟਾਫ ਵਿਚੋਂ ਲੈਣਾ ਸੀ ।

ਸਰਦਾਰ ਅਵਤਾਰ ਸਿੰਘ ਕਰੀਮਪੁਰੀ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇੰਦਰਜੀਤ ਸਿੰਘ ਪੁੱਤਰ ਸ੍ਰੀ ਦਾਸ ਰਾਮ ਇਹ ਉਥੇ ਹੀ ਕੰਮ ਕਰ ਰਹੇ ਸਨ ਔਰ ਇਹ ਉਸ ਵੇਲੇ ਐਲਿਜੀਬਲ ਵੀ ਸੀ ਇੰਟਰਵਿਊ ਵੇਲੇ

ਹਾਜ਼ਰ ਵੀ ਸੀ ਪਰੰਤੂ ਉਸ ਨੂੰ ਕੋਈ ਐਪੁਆਇੰਟਮੈਂਟ ਨਹੀਂ ਦਿੱਤੀ ਗਈ। ਇਸ ਦੇ ਕੀ ਕਾਰਨ ਹਨ ?

ਮੰਤਰੀ : ਇਸ ਦਾ ਤੁਸੀਂ ਸੈਪਰੇਟ ਨੋਟਿਸ ਦੇ ਦਿਉ। ਮੈਂ ਤੁਹਾਨੂੰ ਸਾਰੇ ਕਾਰਨ ਪਤਾ ਕਰਕੇ ਦੱਸ ਦਿਆਂਗਾ।

ਸ਼੍ਰੀ ਸਪੀਕਰ : ਕਰੀਮਪੁਰੀ ਜੀ, ਤੁਸੀਂ ਸੈਪਰੇਟ ਨੋਟਿਸ ਦੇ ਦਿਉ।

ਸ਼੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਕੇਸ ਹੋਇਆ ਹੈ, ਕੀ ਮੰਤਰੀ ਜੀ ਇਸ ਬਾਰੇ ਵਿਸ਼ਵਾਸ ਦਿਵਾਉਣਗੇ ਕਿ ਜੇ ਇਹ ਗੱਲ ਠੀਕ ਹੈ ਤਾਂ ਇਸ ਨੂੰ ਐਪੁਆਇੰਟ ਕੀਤਾ ਜਾਵੇਗਾ।

ਸ਼੍ਰੀ ਸਪੀਕਰ : ਮੰਤਰੀ ਜੀ ਨੇ ਕਹਿ ਦਿੱਤਾ ਹੈ। ਇਹ (ਸਰਦਾਰ ਅਵਤਾਰ ਸਿੰਘ ਕਰੀਮਪੁਰੀ ਵੱਲ ਇਸ਼ਾਰਾ) ਸੈਪਰੇਟ ਕੁਐਸ਼ਚਨ ਦੇ ਦੇਣ।

ਸ਼੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਇਹ ਸੈਪਰੇਟ ਨੋਟਿਸ ਵੀ ਦੇਣਗੇ ਪਰ ਮੈਂ, ਸਪੀਕਰ ਸਾਹਿਬ, ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜੇ ਇਹ ਕੈਂਡੀਡੇਟ ਠੀਕ ਹੋਇਆ ਅਤੇ ਮੈਰਿਟ ਤੇ ਯੋਗ ਹੋਇਆ ਤਾਂ ਕੀ ਉਸ ਨੂੰ ਲਾਉਣ ਲਈ ਵਿਸ਼ਵਾਸ਼ ਦਿਵਾਉਣਗੇ ?

ਸ਼੍ਰੀ ਸਪੀਕਰ : ਉਸ ਸਵਾਲ ਤੇ ਤੁਸੀਂ ਵਿਸ਼ਵਾਸ ਵੀ ਲੈ ਲੈਣਾ।

ਅਗਲਾ ਸਵਾਲ।

ਨਿਸ਼ਾਨ ਵਾਲਾ ਪ੍ਰਸ਼ਨ ਨੰ : 708

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਇਆ)

ਨਿਸ਼ਾਨਵਾਲਾ ਪ੍ਰਸ਼ਨ ਨੰਬਰ 712*

ਸ਼੍ਰੀ ਸਪੀਕਰ : ਇਸ ਸਵਾਲ ਦੀ ਐਕਸਟੈਨਸ਼ਨ ਮੰਗੀ ਗਈ ਹੈ। ਮੈਂ ਇਕ ਹਫ਼ਤੇ ਦੀ ਐਕਸਟੈਨਸ਼ਨ ਦੇ ਦਿੱਤੀ ਹੈ।

ਸ਼੍ਰੀ ਰਜਿੰਦਰ ਕੁਮਾਰ : ਸਪੀਕਰ ਸਾਹਿਬ, ਮੈਨੂੰ ਸਵਾਲ ਦਾ ਜਵਾਬ ਤਾਂ ਪ੍ਰਾਪਤ ਹੋ ਗਿਆ ਹੈ।

ਸ਼੍ਰੀ ਸਪੀਕਰ : ਇਸ ਦੇ ਵਿਚ ਕੁਝ ਵੇਰੀਏਸ਼ਨ ਹੈ। ਇਸ ਵਾਸਤੇ ਇਨ੍ਹਾਂ ਨੇ ਇਕ ਹਫ਼ਤੇ ਦੀ ਐਕਸਟੈਨਸ਼ਨ ਮੰਗੀ ਹੈ।

ਕੁਐਸਚਨਜ਼ ਖ਼ਤਮ ਹੋ ਗਏ ਹਨ।

---

*For Starred Question No. 712 and reply thereto, please see Punjab Vidhan Sabha Debates dated 16th March, 1993.

UNSTARRED QUESTIONS AND ANSWERS

ਜ਼ਿਲ੍ਹਾ ਫਿਰੋਜ਼ਪੁਰ ਦੇ ਸਰਪੰਚਾਂ ਵਿਰੁੱਧ ਗਬਨ ਦੇ ਕੇਸ

99. **ਸ਼੍ਰੀਮਤੀ ਵਿਮਲਾ ਡਾਂਗ** : ਕੀ ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ ਕ੍ਰਿਪਾ ਕਰਕੇ ਦਸਣਗੇ ਕਿ ਕੀ ਕਿਸੇ ਵਿਧਾਨਕਾਰ ਨੇ ਮਈ, 1992 ਦੇ ਮਹੀਨੇ ਵਿੱਚ ਫਿਰੋਜ਼ਪੁਰ ਜ਼ਿਲ੍ਹੇ ਦੇ ਕੁਝ ਸਰਪੰਚਾਂ ਵਿਰੁੱਧ ਗਬਨ ਦੇ ਕੇਸਾਂ ਦੇ ਸਬੰਧ ਵਿੱਚ ਐਡੀਸ਼ਨਲ ਡਾਇਰੈਕਟਰ, ਪੰਚਾਇਤ, ਪੰਜਾਬ ਨੂੰ ਕੋਈ ਚਿੱਠੀ ਲਿਖੀ, ਜੇਕਰ ਅਜਿਹਾ ਹੋਵੇ, ਤਾਂ ਉਸਦੀ ਇਕ ਕਾਪੀ ਅਤੇ ਉਸ ਤੇ ਕੀਤੀ ਗਈ ਕਾਰਵਾਈ ਸਦਨ ਦੀ ਮੇਜ਼ ਤੇ ਰਖੀ ਜਾਵੇ ?

ਸਰਦਾਰ ਉਮਰਾਓ ਸਿੰਘ: ਹਾਂ, ਜੀ ਸ਼੍ਰੀਮਤੀ ਵਿਮਲਾ ਡਾਂਗ ਵਿਧਾਇਕ ਸੀ.ਪੀ.ਆਈ. ਗਰੁੱਪ ਪੰਜਾਬ ਵਿਧਾਨ ਸਭਾ ਵਲੋਂ ਸਰਪੰਚ ਗਰਾਮ ਪੰਚਾਇਤ ਚੱਕਡਬ ਵਾਲਾ, ਜ਼ਿਲ੍ਹਾ ਫਿਰੋਜ਼ਪੁਰ ਵਿਰੁੱਧ ਗਬਨ ਦੇ ਕੇਸ ਸਬੰਧੀ ਆਏ ਪੱਤਰ ਮਿਤੀ 18 ਮਈ, 1992 ਦੀ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ। ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ, ਫਿਰੋਜ਼ਪੁਰ ਦੀ ਮੁੱਢਲੀ ਰਿਪੋਰਟ ਵਿੱਚ ਪਾਏ ਗਏ ਦੋਸ਼ਾਂ ਦੇ ਅਧਾਰ ਤੇ ਡਵੀਜ਼ਨਲ ਡਿਪਟੀ ਡਾਇਰੈਕਟਰ ਪੰਚਾਇਤ, ਫਿਰੋਜ਼ਪੁਰ ਵਲੋਂ ਰੈਗੂਲਰ ਪੜਤਾਲ ਕੀਤੀ ਗਈ ਅਤੇ ਇਹ ਪਾਇਆ ਕਿ ਸਰਪੰਚ ਗਰਾਮ ਪੰਚਾਇਤ ਚੱਕ ਡੱਬ ਵਾਲਾ ਨੇ 20,000/-ਰੁਪਏ ਹੱਡਾ-ਰੋੜੀ ਦੇ ਠੇਕੇ ਵਜੋਂ ਵਸੂਲੇ ਪਰੰਤੂ ਇਹ ਰਕਮ ਨਾ ਤਾਂ ਪੰਚਾਇਤ ਦੇ ਹਿਸਾਬ ਵਿੱਚ ਜਮ੍ਹਾਂ ਕਰਵਾਈ ਅਤੇ ਨਾ ਹੀ ਇਸ ਦੀ ਵਰਤੋਂ ਸਬੰਧੀ ਕੋਈ ਸਬੂਤ ਪੇਸ਼ ਕੀਤਾ। ਪੜਤਾਲ ਰਿਪੋਰਟ ਦੇ ਆਧਾਰ ਤੇ ਪੰਜਾਬ ਗਰਾਮ ਪੰਚਾਇਤ ਐਕਟ, 1952 ਦੀ ਧਾਰਾ 102(1)(2) ਅਧੀਨ ਲੋੜੀਂਦੀ ਕਾਨੂੰਨੀ ਕਾਰਵਾਈ ਸ਼ੁਰੂ ਕੀਤੀ ਗਈ ਅਤੇ ਸਰਪੰਚ ਨੂੰ ਵਜ੍ਹਾ ਬਿਆਨ ਕਰੋ ਨੋਟਿਸ ਜ਼ਾਰੀ ਕੀਤਾ ਗਿਆ। ਸਰਪੰਚ ਦੇ ਉੱਤਰ ਨੂੰ ਵਿਚਾਰਨ ਉਪਰੰਤ ਉਸਨੂੰ ਨਿੱਜੀ ਸੁਣਵਾਈ ਦਾ ਮੌਕਾ ਦਿੱਤਾ ਗਿਆ ਅਤੇ ਪਾਇਆ ਗਿਆ ਕਿ ਹੱਡਾ-ਰੋੜੀ ਦੋਨਾਂ ਪਿੰਡਾਂ ਬਨਵਾਲਾ ਅਤੇ ਚੱਕ ਡੱਬ ਵਾਲਾ ਦੀ ਸਾਂਝੀ ਸੀ। 20,000/-ਰੁਪਏ ਦੀ ਵਸੂਲ ਕੀਤੀ ਰਕਮ ਵਿਚ 6,666/-ਰੁਪਏ ਬਨਵਾਲਾ ਪੰਚਾਇਤ ਨੂੰ 1/3 ਹਿੱਸੇ ਵਜੋਂ ਦੇ ਦਿੱਤੇ ਸਨ ਅਤੇ ਸਰਪੰਚ ਵਲੋਂ ਬਾਕੀ ਰਕਮ 13,334/-ਰੁਪਏ ਪੰਚਾਇਤ ਦੇ ਹਿਸਾਬ ਵਿੱਚ ਜਮ੍ਹਾਂ ਨਹੀਂ ਕਰਵਾਏ ਗਏ। ਨਿੱਜੀ ਸੁਣਵਾਈ ਸਮੇਂ ਵੀ ਸਰਪੰਚ ਵਲੋਂ 13,334/- ਰੁਪਏ ਦੀ ਕੁਵਰਤੋਂ ਸਿੱਧ ਹੋਈ ਅਤੇ ਉਸ ਨੂੰ ਸਰਪੰਚ ਦੇ ਪਦ ਤੋਂ ਮਿਤੀ 7 ਅਗਸਤ, 1992 ਨੂੰ ਮੁਕਤ ਕੀਤਾ ਗਿਆ। ਸਰਪੰਚ ਵਲੋਂ ਐਕਟ ਦੀ ਧਾਰਾ 102(6) ਅਧੀਨ ਇਹਨਾਂ ਹੁਕਮਾਂ ਵਿਰੁੱਧ ਸੰਯੁਕਤ ਸਕੱਤਰ ਦਿਹਾਤੀ ਵਿਕਾਸ (ਸਰਕਾਰ ਦੇ ਅਧਿਕਾਰ ਵਰਤਿਆਂ ਹੋਇਆ) ਪਾਸ ਮਿਤੀ 8 ਸਤੰਬਰ, 1992 ਨੂੰ ਅਪੀਲ ਦਾਇਰ ਕੀਤੀ ਗਈ। ਅਪੀਲ ਕਰਤਾ ਨੂੰ ਸੁਣਨ ਉਪਰੰਤ ਉਕਤ ਹੁਕਮਾਂ ਵਿਰੁੱਧ ਮਿਤੀ 8 ਸਤੰਬਰ, 1992 ਨੂੰ ਬੰਦੀ ਦੇ ਹੁਕਮ ਅਪੀਲ ਅਧਿਕਾਰੀ ਵਲੋਂ ਪਾਸ ਕੀਤੇ ਹੋਏ ਹਨ। ਬੰਦੀ ਦੇ ਹੁਕਮ ਮਿਤੀ 21 ਦਸੰਬਰ, 1992 ਨੂੰ ਖਾਰਜ਼ ਕਰ ਦਿੱਤੇ ਗਏ ਹਨ।

ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਨੂੰ ਐਕਟ ਦੀ ਧਾਰਾ 105 ਅਧੀਨ ਲੋੜੀਂਦੀ ਕਾਰਵਾਈ ਲਈ ਲਿਖਿਆ ਗਿਆ। 13,334/- ਰੁਪਏ ਦੀ ਰਕਮ ਸਰਪੰਚ ਪਾਸੋਂ ਵਸੂਲ ਹੋ ਚੁੱਕੀ ਹੈ ਅਤੇ ਗਰਾਮ ਸਭਾ ਦੇ ਖਾਤੇ ਵਿਚ ਮਿਤੀ 14-1-93 ਨੂੰ ਜਮ੍ਹਾਂ ਕਰਵਾਈ ਗਈ

ਹੈ । ਸ੍ਰੀ ਲੱਧਾ ਰਾਮ ਸਾਬਕਾ ਸਰਪੰਚ, ਗਰਾਮ ਪੰਚਾਇਤ ਚੱਕ ਡੱਬਵਾਲਾ ਹੁਣੇ ਹੋਈਆਂ ਪੰਚਾਇਤਾਂ ਦੀਆਂ ਜਨਰਲ ਚੋਣਾਂ ਵਿਚ ਸਰਪੰਚ ਨਹੀਂ ਚੁਣਿਆ ਗਿਆ ।

Dated: 18/5/92.

VIMLA DANG, M.L.A.
Ekta Bhawan,
Chheharta (Amritsar)
PIN—14305.

Subject: Embezzlement case against Sarpanch V. Chak Dab Wala Tehsi Fazilka District Ferozepur.

Shri Atma Singh,

I am told that an enquiry into some allegations of embezzlement was held against the Sarpanch of Gram Panchayat of V. Chak Dabwala Tehsil Fazilka District Ferozepur. This was most likely in May, 1991. The Sarpach was found to have embezzled a big amount.

I am further told that the Sarpanch was ordered to be deposit Rs. 20,000/-which he has not been done as yet.

I understand that the case is pending in your office.

It is requested that I may please be informed of the present position of the case. With regards.

Yours Sincerely,

Sd/-

Vimla Dang, MLA.
Leader CPI group
Punjab Vidhan Sabha

Shri Atma Singh,
Additional Director Panchayats,
Punjab, Chandigarh.

Expenditure On Repair And Renovation of Banglows/Residential Houses of Ministers.

100. **Shrimati Vimla Dang** : Will the Minister of State for Public Works (B&R) be pleased to state the total expenditure incurred on renovation, repairs etc. of bangalows/residential houses of each of the Ministers during the period from 1st March 1992 to 30th June 1992.

ਸਰਦਾਰ ਜੋਗਿੰਦਰ ਸਿੰਘ ਮਾਨ : 4 ਮੰਤਰੀਆਂ ਦੇ ਰਿਹਾਇਸ਼ੀ ਮਕਾਨਾਂ/ਕੋਠੀਆਂ ਦੀ ਮਿਤੀ 1-3-92 ਤੋਂ 30-6-92 ਤੱਕ ਰੇਨੋਵੇਸ਼ਨ/ਮਰੁੰਮਤ ਕੀਤੀ ਗਈ ਜਿਨ੍ਹਾ ਤੇ ਅੰਦਾਜ਼ਨ ਖਰਚਾ ਹੇਠ ਲਿਖੇ ਅਨੁਸਾਰ ਹੈ:—

ਲੜੀ ਨੰ:	ਮੰਤਰੀ ਦਾ ਨਾਂ	ਖਰਚਾ
1.	ਸ੍ਰੀ ਸ਼ਮਸ਼ੇਰ ਸਿੰਘ ਦੂੱਲੋਂ	35,000/-
2.	ਸ੍ਰੀ ਲਾਲ ਸਿੰਘ	35,000/-
3.	ਸ੍ਰੀ ਹਰਨਾਮ ਦਾਸ ਜੌਹਰ	30,000/-
4.	ਸ੍ਰੀ ਬ੍ਰਹਮ ਮਹਿੰਦਰਾ	30,000/-
	ਕੁਲ	1,30,000/-

Number of Lotteries in the State

101. (1) **Shrimati Vimla Dang**
(2) Comrade **Hardev Singh Arshi** } : Will the Minister for Finance be pleased to state—

(a) the names of lotteries floated by the Lotteries Department Punjab at present together with the number of draws being held in a year and the amount of first prize in each case;

(b) the number of persons who have already won the first prizes of 1.50 lacs and of Rs.1Crore each during 1992-93 ?

ਡਾਕਟਰ ਕੇਵਲ ਕ੍ਰਿਸ਼ਨ : (ੳ) ਇਸ ਸਮੇਂ ਡਾਇਰੈਕਟਰ, ਪੰਜਾਬ ਰਾਜ ਲਾਟਰੀ ਵਲੋਂ ਸੱਤ ਰੋਜ਼ਾਨਾ ਲਾਟਰੀਆਂ ਚਲਾਈਆ ਜਾ ਰਹੀਆਂ ਹਨ, ਹਰੇਕ ਲਾਟਰੀ ਦੇ ਸਾਲ ਵਿਚ 365 ਡਰਾਅ ਕੱਢੇ ਜਾਂਦੇ ਹਨ ਅਤੇ ਇਨ੍ਹਾਂ ਲਾਟਰੀਆਂ ਵਿਚ ਦਿੱਤੇ ਜਾਂਦੇ ਪਹਿਲੇ ਇਨਾਮਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ

ਹੈ:—

ਲੜੀ ਨੰ:	ਰੋਜ਼ਾਨਾ ਲਾਟਰੀਆਂ ਦੇ ਨਾਂ		ਪਹਿਲਾ ਇਨਾਮ
1.	ਰਾਜ ਸ੍ਰੀ ਸੁਪਰ	..	ਇੱਕ ਲੱਖ ਰੁਪਏ
2.	ਰਾਜ ਸ੍ਰੀ ਡੇਲੀ	..	ਇੱਕ ਲੱਖ ਰੁਪਏ
3.	ਮਟਕਾ ਸੋਨੇ ਕਾ	..	ਇੱਕ ਲੱਖ ਰੁਪਏ
4.	ਮਟਕਾ ਮੋਤੀਆਂ ਕਾ	..	ਇੱਕ ਲੱਖ ਰੁਪਏ
5.	ਸ਼ੁੱਭ ਲਕਸ਼ਮੀ	..	50 ਹਜ਼ਾਰ ਰੁਪਏ
6.	ਐਮ. ਡੀ. ਸਪੈਸ਼ਲ	..	50 ਹਜ਼ਾਰ ਰੁਪਏ
7.	ਜੈ ਲਕਸ਼ਮੀ	..	50 ਹਜ਼ਾਰ ਰੁਪਏ

(ਅ). ਕਿਸੇ ਵਿਅਕਤੀ ਨੂੰ ਸਾਲ 1992-93 ਦੌਰਾਨ 50 ਲੱਖ ਰੁਪਏ ਦਾ ਜਾਂ ਇਕ ਕਰੋੜ ਰੁਪਏ ਦਾ ਪਹਿਲਾਂ ਇਨਾਮ ਨਹੀਂ ਦਿੱਤਾ ਗਿਆ ।

'ਸੁੰਦਰ ਗਰਾਮ' ਸਕੀਮ ਅਧੀਨ ਲਿਆਂਦੇ ਪਿੰਡਾਂ ਨੂੰ ਸੂਚੀ ਵਿੱਚ ਸ਼ਾਮਲ ਕਰਨਾ

102. (1) **ਸ੍ਰੀਮਤੀ ਵਿਮਲਾ ਡਾਂਗ.**
(2) **ਕਾਮਰੇਡ ਹਰਦੇਵ ਸਿੰਘ ਅਰਸ਼ੀ** } : ਕੀ ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਅੰਮ੍ਰਿਤਸਰ ਅਤੇ ਮਾਨਸਾ ਜ਼ਿਲ੍ਹਿਆਂ ਵਿੱਚ ਅਜਿਹੇ ਪਿੰਡਾਂ ਦੇ ਬਲਾਕਵਾਰ ਨਾਂ ਕੀ ਕੀ ਹਨ ਜੋ 'ਸੁੰਦਰ ਗਰਾਮ' ਸਕੀਮ ਵਿੱਚ ਪਹਿਲਾਂ ਹੀ ਸ਼ਾਮਲ ਕੀਤੇ ਜਾ ਚੁੱਕੇ ਹਨ ?

ਸਰਦਾਰ ਉਮਰਾਓ ਸਿੰਘ : 'ਉੱਨਤ ਗਰਾਮ' ਸਕੀਮ ਅਧੀਨ ਜ਼ਿਲ੍ਹਾ ਅੰਮ੍ਰਿਤਸਰ ਅਤੇ ਮਾਨਸਾ ਦੇ ਸਾਲ 1991-92 ਅਤੇ ਸਾਲ 1992-93 ਦੌਰਾਨ (11/92 ਤੱਕ) ਸ਼ਾਮਲ ਕੀਤੇ ਪਿੰਡਾਂ ਦੇ ਬਲਾਕਵਾਰ ਨਾਵਾਂ ਦੀ ਸੂਚੀ* ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

ਸ੍ਰੀ ਸਪੀਕਰ : ਹੁਣ ਪਹਿਲਾਂ ਕਾਲ ਅਟੈਨਸ਼ਨ ਮੋਸ਼ਨ ਲੈ ਲੈਂਦੇ ਹਾਂ ।

ਸਰਦਾਰ ਹਰਗੋਪਾਲ ਸਿੰਘ ਐਡਵੋਕੇਟ : ** ** **

ਸਰਦਾਰ ਨਿਰਮਲ ਸਿੰਘ ਨਿੰਮਾ : ** ** **

ਸਰਦਾਰ ਅਵਤਾਰ ਸਿੰਘ ਕਰੀਮਪੁਰੀ : ** ** **

---

*Placed in the Library.

**Not recorded as ordered by the Chair.

Mr. Speaker : Not allowed. Nothing should be recorded. Comrade Hardev Arshi to move his Calling Attention Notice.

(Not moved)

'DHARNA

At this stage the present hon. Members of the B.S.P,S.A.D. and J.D. came to the well of the House and sat on Dharna and were raisng slogans ** ** ** **

Mr. Speaker: Slogans should not form part of the record.

SHORT ADJOURNMENT OF THE HOUSE

Mr. Speaker: The House is adjourned for one hour.

*9.42 A. M.	*(The Sabha then adjourned* and reassembled at 10.42 A.M.)*

(Mr. Deputy Speaker in the Chair)

(ਸਦਨ ਦੀ ਫਲੋਰ ਵਿਚ ਬੈਠੇ ਬੀ.ਐਸ.ਪੀ. ਦੇ ਮਾਨਯੋਗ ਮੈਂਬਰ ਹਾਲੇ ਵੀ ਨਾਅਰੇ ਮਾਰ ਰਹੇ ਸਨ ਅਤੇ ਸਦਨ ਵਿਚ ਕਾਫੀ ਸ਼ੋਰ ਹੋਣ ਕਾਰਨ ਕੁਝ ਸੁਣਾਈ ਨਹੀਂ ਸੀ ਦੇ ਰਿਹਾ) (ਵਿਘਨ) (ਸ਼ੋਰ)

SHORT ADJOURNMENT OF THE HOUSE

Mr. Deputy Speaker! The House stands adjourned for fifteen minutes. Noise

*10.43 (ਸਵੇਰੇ)	(ਇਸ ਸਮੇਂ ਹਾਊਸ *ਸਥਗਿਤ ਹੋ ਗਿਆ ਅਤੇ 10.58 ਵਜੇ (ਸਵੇਰੇ ਮੁੜ ਇਕੱਤਰ ਹੋਇਆ)

ਸ੍ਰੀ ਸਪੀਕਰ : ਮੈਂਬਰ ਸਾਹਿਬਾਨ, ਕੁਝ ਸਾਥੀਆਂ ਨੇ ਹਾਊਸ ਵਿਚ ਇਕ ਮਸਲਾ ਰੇਜ਼ ਕੀਤਾ ਸੀ ਜਿਸ ਦੀ ਪਰਮਿਸ਼ਨ ਮੈਂ ਨਹੀਂ ਦਿੱਤੀ ਸੀ। ਕੱਲ੍ਹ ਤੋਂ ਗਵਰਨਰ ਦੇ ਸਾਹਿਬ ਦੇ ਐਡਰੈਸ ਤੇ ਡਿਸਕਸ਼ਨ ਸ਼ੁਰੂ ਹੈ। ਉਨ੍ਹਾਂ ਨੇ ਜਿਹੜਾ ਮਸਲਾ ਰੇਜ਼ ਕੀਤਾ ਹੈ, ਉਹ ਇਕ ਬੜਾ ਹੀ ਮਹੱਤਵਪੂਰਨ ਮਸਲਾ ਹੈ। ਇਸ ਲਈ ਉਹ ਕੱਲ੍ਹ ਆਪਣੇ ਭਾਸ਼ਣ ਵਿਚ ਇਹ ਮਸਲਾ ਹਾਈਲਾਈਟ ਕਰਨ। ਸੀ. ਐਮ. ਸਾਹਿਬ ਵੀ ਕੱਲ੍ਹ ਹੋਣਗੇ। ਜੇ.ਤੋਂ ਉਹ ਗਵਰਨਰ ਸਾਹਿਬ ਦੇ ਐਡਰੈਸ ਤੇ ਜਵਾਬ ਦੇਣਗੇ ਤਾਂ ਕੁਦਰਤੀ ਤੌਰ ਤੇ ਇਸ

** Not recorded as ordered by the Chair.

ਪੁਆਇੰਟ ਦੀ ਵੀ ਕਵਰੇਜ ਹੋ ਜਾਵੇਗੀ । ਇਸ ਤੋਂ ਇਲਾਵਾ ਸਾਡੇ ਕੋਲ ਇਹ ਵੀ ਵੇ-ਆਊਟ ਹੈ ਕਿ ਐਕਸਪਲੇਨੇਸ਼ਨ ਦੇ ਤੌਰ ਤੇ ਚੀਜ਼ ਪੁੱਛੀ ਜਾ ਸਕਦੀ ਹੈ । ਮੈਂ ਮੈਂਬਰ ਸਾਹਿਬਾਨ ਦਾ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਮੇਰੀ ਗੱਲ ਮੰਨੀ ਹੈ ਅਤੇ ਆਪਣੀਆਂ ਸੀਟਾਂ ਰਿਜਿਊਮ ਕੀਤੀਆਂ ਹਨ । ਇਸ ਲਈ ਮੈਂ ਸਾਰੇ ਹਾਊਸ ਦਾ ਧੰਨਵਾਦ ਕਰਦਾ ਹੈ ! ਮੈਨੂੰ ਖੁਸ਼ੀ ਹੈ ਕਿ ਅੱਛੇ ਮਾਹੌਲ ਵਿਚ ਸਦਨ ਚੱਲ ਰਿਹਾ ਹੈ ਅਤੇ ਮੇਰਾ ਖਿਆਲ ਹੈ ਕਿ ਬਾਕੀ ਦਿਨ ਵੀ ਇਸੇ ਤਰ੍ਹਾਂ ਚਲੇਗਾ । ਅਸੀਂ ਉਨ੍ਹਾਂ ਦਿਨਾਂ ਨੂੰ ਪ੍ਰੋਡਿਟੇਬਲੀ ਯੂਟੇਲਾਈਜ਼ ਕਰਾਂਗੇ ਅਤੇ ਕੰਸਟਰਕਟਿਵ ਤੌਰ ਤੇ ਜਿੰਨੀ ਕੰਟਰੀਬਿਊਸ਼ਨ ਲੋਕਾਂ ਦੇ ਹਿੱਤਾਂ ਵਾਸਤੇ ਹੋ ਸਕੇਗੀ, ਉਹ ਕਰਾਂਗੇ । ਬਹੁਤ ਬਹੁਤ ਸ਼ੁਕਰੀਆ ।

ਹੁਣ ਅਸੀਂ ਕਾਲ ਅਟੈਨਸ਼ਨ ਨੋਟਿਸ ਤੇ ਆਉਂਦੇ ਹਾ । ਮੈਂ ਕਾਮਰੇਡ ਹਰਦੇਵ ਸਿੰਘ ਅਰਸ਼ੀ ਜੀ ਨੂੰ ਬੇਨਤੀ ਕਰਾਂਗਾ ਕਿ ਉਹ ਆਪਣਾ ਕਾਲ ਅਟੈਨਸ਼ਨ ਨੋਟਿਸ ਪੜ੍ਹਨ ।

CALL ATTENTION NOTICE UNDER RULE 66

(ਕ੍ਰਮ ਨੰ :5)

(1) **ਕਾਮਰੇਡ ਹਰਦੇਵ ਸਿੰਘ ਅਰਸ਼ੀ**
(2) **ਕਾਮਰੇਡ ਗੁਰਨਾਮ ਸਿੰਘ ਧੀਰੋਵਾਲ** } :ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ
(3) **ਕਾਮਰੇਡ ਅਜੈਬ ਸਿੰਘ ਰੌਂਤਾ**

ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ, ਕਿ ਆਲੂਆਂ ਦੀਆਂ ਕੀਮਤਾਂ ਬਹੁਤ ਹੀ ਥੱਲੇ ਡਿਗ ਗਈਆਂ ਹਨ । ਜਿਸ ਦੇ ਸਿੱਟੇ ਵਜੋਂ ਆਲੂ ਉਤਪਾਦਕਾਂ ਵਿਚ ਸਖ਼ਤ ਬੇਚੈਨੀ ਪਾਈ ਜਾ ਰਹੀ ਹੈ । ਸਟੇਟ ਦੀ ਕੋਈ ਵੀ ਸਰਕਾਰੀ ਅਜੰਸੀ ਲਾਭਕਾਰੀ ਦਰਾਂ ਤੇ ਆਲੂਆਂ ਦੀ ਖਰੀਦ ਨਹੀਂ ਕਰ ਰਹੀ । ਮਸਲੇ ਦੀ ਗੰਭੀਰਤਾ ਨੂੰ ਧਿਆਨ ਵਿਚ ਰਖਦੇ ਹੋਏ ਸਰਕਾਰ ਆਲੂ ਉਤਪਾਦਕਾਂ ਦੇ ਹਿੱਤਾਂ ਦੀ ਰਾਖੀ ਲਈ ਤੁਰੰਤ ਕੀ ਕਦਮ ਪੁੱਟ ਰਹੀ ਹੈ, ਇਸ ਬਾਰੇ ਸਬੰਧਤ ਮੰਤਰੀ ਜੀ ਕਿਰਪਾ ਕਰਕੇ ਹਾਊਸ ਨੂੰ ਜਾਣੂ ਕਰਵਾਉਣ ਦੀ ਖੇਚਲ ਕਰਨ ।

ਖੇਤੀਬਾੜੀ ਅਤੇ ਵਣ ਮੰਤਰੀ (ਸਰਦਾਰ ਦਿਲਬਾਗ ਸਿੰਘ ਨਵਾਂ ਸ਼ਹਿਰ) : ਸਪੀਕਰ ਸਾਹਿਬ, ਇਹ ਗੱਲ ਠੀਕ ਹੈ ਕਿ ਪਿਛਲੇ ਸਾਲਾਂ ਤੋਂ ਜਾਂ ਸ਼ੁਰੂ ਤੋਂ ਲੈ ਕੇ ਹੁਣ ਤਕ ਆਲੂਆਂ ਦੀ ਕੀਮਤ ਕੁਝ ਘੱਟ ਹੈ । ਇਹ ਗੱਲ ਠੀਕ ਨਹੀਂ ਕਿ ਬਹੁਤ ਘੱਟ ਹੈ ਪਰ ਕੁਝ ਘੱਟ ਹੈ । ਪਿਛਲੇ ਸਮੇਂ ਵਿਚ, ਕਈ ਪਿਛਲੇ ਸਾਲਾਂ ਵਿਚ ਕਿਸੇ ਨੇ ਕਿਸੇ ਕੀਮਤ ਤੇ ਵੀ ਆਲੂ ਨਹੀਂ ਸੀ ਚੁੱਕੇ । ਕਿਸੇ ਵੇਲੇ ਅਕਾਲੀ ਰਾਜ ਵਿਚ ਆਲੂ 50 ਰੁਪਏ ਪ੍ਰਤੀ ਕੁਇੰਟਲ ਵੀ ਵਿਕਦਾ ਰਿਹਾ, ਇਸ ਵੇਲੇ 100 ਰੁਪਏ ਤੋਂ 110 ਰੁਪਏ ਪ੍ਰਤੀ ਕੁਇੰਟਲ ਭਾਅ ਮਿਲ ਰਿਹਾ ਹੈ । ਸਾਡੀ ਸਰਕਾਰ, ਸਪੀਕਰ ਸਾਹਿਬ, ਪੂਰਾ ਜ਼ੋਰ ਲਾ ਰਹੀ ਹੈ, ਕੋਸ਼ਿਸ਼ ਕਰ ਰਹੀ ਹੈ ਕਿ ਇਸ ਦਾ ਭਾਅ ਜ਼ਿਮੀਦਾਰ ਨੂੰ ਚੰਗਾ ਮਿਲੇ ਔਰ ਇਸ ਦੇ ਲਈ ਅਸੀਂ ਕੁਝ ਕਦਮ ਵੀ ਚੁੱਕੇ ਹਨ ਲੇਕਿਨ ਇਹ ਵੀ ਠੀਕ ਹੈ ਕਿ ਇਸ ਦੇ ਵਿਚ ਕੋਈ ਬਹੁਤ ਕਾਮਯਾਬੀ ਨਹੀਂ ਹੋਈ । ਇਸ ਵੇਲੇ ਅਸੀਂ ਆਪ ਕੁਝ ਖਰੀਦ ਕੀਤੀ ਹੈ, ਪੈਪਸੀ ਫੂਡ ਵਾਲੇ ਚਿਪਸ ਵਗੈਰਾ ਬਣਾਉਣ ਲਈ ਖਰੀਦ ਕਰਦੇ ਹਨ, ਅਸੀਂ ਕੁਝ ਫਰਮਾਂ ਨਾਲ ਵੀ

[ਖੇਤੀਬਾੜੀ ਅਤੇ ਵਣ ਮੰਤਰੀ]

ਗੱਲ ਬਾਤ ਕੀਤੀ ਹੈ ਕਿ ਇਸ ਦੇ ਕੋਈ ਕਾਰਖਾਨੇ ਲਾਉ, ਇਸ ਦੀ ਗਰੇਡਿੰਗ ਹੋਵੇ ਔਰ ਕੁਝ ਸਾਡਾ ਮਾਰਕ ਫੈਡ ਵੀ ਕੰਮ ਕਰ ਰਿਹਾ ਹੈ ਪਰ ਅਜੇ ਤਕ ਇਸ ਦੇ ਰਸਤੇ ਸਾਨੂੰ ਦਿੱਸ ਨਹੀਂ ਰਹੇ ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਇਹ ਠੀਕ ਹੈ ਕਿ ਮੰਤਰੀ ਜੀ ਨੇ ਇਹ ਗੱਲ ਸਵੀਕਾਰ ਕੀਤੀ ਹੈ ਕਿ ਆਲੂਆਂ ਦਾ ਜਿੰਨਾ ਭਾਅ ਹੋਣਾ ਚਾਹੀਦਾ ਸੀ ਉਨਾਂ ਨਹੀਂ ਹੈ ਤਾਂ ਕਿ ਆਲੂ ਉਤਪਾਦਕਾਂ ਨੂੰ ਕੁਝ ਲਾਭਕਾਰੀ ਦਰਾਂ ਤੇ ਕੀਮਤਾਂ ਮਿਲ ਸਕਦੀਆਂ । ਇਹ ਠੀਕ ਹੈ ਕਿ ਪਿਛਲੇ ਦਿਨਾਂ ਵਿਚ ਕੁਝ ਥੋੜ੍ਹੀ ਜਿਹੀ ਇਸ ਦੀ ਕੀਮਤ ਵਧੀ ਹੈ ਲੇਕਿਨ ਇਸੇ ਸੀਜ਼ਨ ਵਿਚ ਅਸੀਂ ਦੇਖਿਆ ਹੈ ਕਿ 30/- ਰੁਪਏ ਤੋਂ 40, 50/- ਰੁਪਏ ਤਕ ਕੁਇੰਟਲ ਇਸ ਦੀ ਕੀਮਤ ਰਹੀ ਹੈ । ਔਰ ਇਸ ਗੱਲ ਤੇ ਪਿਛਲੇ ਬਜਟ ਸੈਸ਼ਨ ਵਿਚ ਮਸਲਾ ਉਠਾਇਆ ਗਿਆ ਸੀ ਪਰ ਸਥਿਤੀ ਇਸੇ ਤਰ੍ਹਾਂ ਦੀ ਪਿਛਲੇ ਸਮੇਂ ਤੋਂ ਤੁਰੀ ਆਉਂਦੀ ਹੈ । ਸਭ ਤੋਂ ਵਡੀ ਸਮੱਸਿਆ ਹੈ ਕਿ ਇਸ ਦੇ ਲਈ ਸਰਕਾਰੀ ਏਜੰਸੀਆਂ ਆਪ ਮੰਡੀ ਵਿਚ ਜਾ ਕੇ, ਦਖਲ ਦੇ ਕੇ ਇਸ ਦੀ ਖਰੀਦ ਕਰਨ, ਜਿੰਨਾ ਚਿਰ ਸਰਕਾਰੀ ਏਜੰਸੀਆਂ ਆਪ ਦਖਲ ਦੇ ਕੇ ਲਾਭਕਾਰੀ ਦਰਾਂ ਤੇ ਇਸ ਦੀ ਖਰੀਦ ਨਹੀਂ ਕਰਦੀਆਂ ਉਨ੍ਹਾਂ ਚਿਰ ਆਲੂ ਉਤਪਾਦਕਾਂ ਨੂੰ ਲਾਭਕਾਰੀ ਭਾਅ ਨਹੀਂ ਮਿਲ ਸਕਦਾ । ਦੂਸਰਾ ਹੈ ਕੋਲਡ ਸਟੋਰਾਂ ਦਾ ਔਰ ਕੋਲਡ ਸਟੋਰ ਜੋ ਹਨ ਉਨ੍ਹਾਂ ਵਿਚ ਲਗ ਭਗ ਪ੍ਰਾਈਵੇਟ ਮਾਲਕੀ ਹੈ, ਉਹ ਪ੍ਰਾਈਵੇਟ ਮਾਲਕਾਂ ਦੇ ਹੱਥਾਂ ਵਿੱਚ ਹਨ ਔਰ ਉਨਾਂ ਦੀਆਂ ਸਟੋਰ ਕਰਨ ਦੀਆਂ ਕੀਮਤਾਂ ਕੋਈ ਤਗੜਾ ਫਾਰਮਰ ਹੀ ਦੇ ਕੇ ਸਟੋਰ ਕਰ ਸਕਦਾ ਹੈ ਪਰ ਸਾਧਾਰਣ ਫਾਰਮਰ ਜਾਂ ਛੋਟੀ ਪੱਧਰ ਦੇ ਫਾਰਮਰ ਨੂੰ ਉਤਨੀ ਸਟੋਰ ਕਰਨ ਦੀ ਕੀਮਤ ਦੇਣੀ ਵੀ ਬੜੀ ਮੁਸ਼ਕਲ ਹੈ, ਇਸ ਕਰਕੇ ਬਹੁਤ ਜ਼ਿਆਦਾ ਲੁੱਟ ਹੁੰਦੀ ਹੈ । ਤੁਸੀਂ ਇਸ ਗੱਲ ਨਾਲ ਸਹਿਮਤ ਹੋਵੋਗੇ ਕਿ ਇਕ ਪਾਸੇ ਆਲੂ 100/- ਰੁਪਏ ਕੁਇੰਟਲ ਵਿਕ ਰਿਹਾ ਹੋਵੇ, ਅਤੇ ਉਸ ਦੇ ਮੁਕਾਬਲੇ ਤੇ 50 ਗਰਾਮ ਚਿਪਸ ਦੇ ਪੈਕਟ ਦੀ ਕੀਮਤ 8 ਜਾਂ 9/- ਰੁਪਏ ਹੋਵੇ, ਅਤੇ ਇਸ ਦਾ ਆਲੂ ਉਤਪਾਦਕ ਨੂੰ ਕੋਈ ਲਾਭ ਨਹੀਂ ਮਿਲ ਰਿਹਾ ਤਾਂ ਇਸ ਲਈ ਮੈਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਆਲੂਆਂ ਦੀ ਜਿਣਸ ਹੁਣ ਵੀ ਆ ਰਹੀ ਹੈ । ਕੀ ਉਸ ਦੇ ਵਾਸਤੇ ਕੋਈ ਲਾਭਕਾਰੀ ਦਰਾਂ ਤੇ ਭਾਅ ਮਿਲ ਸਕੇ ਇਸ ਗੱਲ ਦੀ ਗਰੰਟੀ ਕਰਨ ਵਾਸਤੇ ਕੋਈ ਫੌਰੀ ਤੌਰ ਤੇ ਕਦਮ ਚੁੱਕਣਗੇ ਤਾਂਕਿ ਆਉਣ ਵਾਲੇ ਸਮੇਂ ਵਿਚ ਪਿਛਲੇ ਸਮੇਂ ਅਤੇ ਇਸ ਸਾਲ ਦੀ ਤਰ੍ਹਾਂ ਫਿਰ ਇਹ ਸਥਿਤੀ ਪੈਂਦੀ ਨਾ ਹੋਵੇ । ਮੰਤਰੀ ਜੀ ਇਸ ਦੇ ਲਈ ਕੋਈ ਆਪਣੇ ਵਿਚਾਰ ਦੱਸਣਗੇ ਜਿਸ ਨਾਲ ਆਉਣ ਵਾਲੇ ਸਮੇਂ ਵਿਚ ਅਤੇ ਹੁਣ ਵੀ ਇਸ ਦਾ ਕੋਈ ਆਲੂ ਉਤਪਾਦਕਾਂ ਨੂੰ ਲਾਭ ਹੋ ਸਕੇ ?

ਮੰਤਰੀ : ਸਪੀਕਰ ਸਾਹਿਬ, ਇਕ ਲੱਖ 14 ਹਜ਼ਾਰ ਏਕੜ ਜ਼ਮੀਨ ਵਿਚ ਆਲੂਆਂ ਦੀ ਕਾਸ਼ਤ ਹੋਈ ਹੈ ਔਰ 9 ਲੱਖ 25 ਹਜ਼ਾਰ ਟਨ ਆਲੂਆਂ ਦੀ ਪੈਦਾਵਾਰ ਹੋਈ ਹੈ ਜਿਸ ਦੇ ਵਿਚੋਂ ਅਸੀਂ 2 ਲੱਖ ਟਨ ਦੇ ਕਰੀਬ ਬੀਜ ਵਾਸਤੇ ਰਖਿਆ ਹੈ । ਜਿਹੜੀ ਪੰਜਾਬ ਵਿਚ ਖ਼ਪਤ ਹੁੰਦੀ ਹੈ ਉਹ 2 ਲੱਖ 50 ਹਜ਼ਾਰ ਤੋਂ 3 ਲੱਖ ਦੇ ਕਰੀਬ ਦੇ ਹੁੰਦੀ ਹੈ । ਸਰਪਲੱਸ ਜਿਹੜਾ ਹੈ ਉਹ 4 ਲੱਖ 50 ਹਜ਼ਾਰ ਦੇ ਕਰੀਬ ਹੈ । ਕੋਲਡ ਸਟੋਰਜ਼ ਜਿਹੜੇ ਹਨ ਉਹ 303 ਹਨ ਔਰ ਉਨ੍ਹਾਂ ਦੀ ਕਪੈਸਿਟੀ 5 ਲੱਖ ਟਨ ਦੇ ਕਰੀਬ ਹੈ । ਇਹ

ਗੱਲ ਮੈਂ ਪਹਿਲਾਂ ਵੀ ਮੰਨੀ ਹੈ ਕਿ ਪਿਛਲੇ ਸਾਲਾਂ ਵਿਚ ਭਾਅ ਘੱਟ ਹੁੰਦੇ ਰਹੇ, ਉਸ ਤੋਂ ਇਸ ਵਾਰ ਘੱਟ ਹਨ। ਪਹਿਲਾਂ 50/- ਰੁਪਏ ਕਵਿੰਟਲ ਅਤੇ 35/- ਰੁਪਏ ਕਵਿੰਟਲ ਵੀ ਵਿਕੇ ਅਤੇ ਇਕ ਵੇਲਾ ਐਸਾ ਵੀ ਆਇਆ ਕਿ ਕਿਸੇ ਕੀਮਤ ਤੇ ਵੀ ਕੋਈ ਨਹੀਂ ਸੀ ਚੁਕਦਾ, ਬੋਰੀ ਦੇ ਪੈਸੇ ਵੀ ਨਹੀਂ ਸੀ ਮਿਲਦੇ। ਜਿਸ ਤਰ੍ਹਾਂ ਮੈਂ ਪਹਿਲਾ ਦਸਿਆ ਹੈ ਕਿ ਪੈਪਸੀ ਫੂਡ ਵਾਲਿਆਂ ਨੇ ਕੋਈ 50 ਹਜ਼ਾਰ ਟਨ ਖਰੀਦਿਆਂ ਹੈ, ਨੈਫਡ ਨੇ 144 ਟਨ ਬਾਹਰਲੇ ਦੇਸ਼ਾਂ ਵਿਚ ਭੇਜਣ ਲਈ ਖਰੀਦਿਆ ਹੈ ਔਰ ਜਿਸ ਤਰ੍ਹਾਂ ਮੈਂ ਪਹਿਲਾਂ ਬੇਨਤੀ ਕੀਤੀ ਹੈ ਕਿ ਐਗਰੋ ਵਾਲਿਆਂ ਨੇ ਇਕ ਅਮਰੀਕਨ ਕੰਪਨੀ ਨਾਲ ਗੱਲ ਬਾਤ ਕਰਕੇ ਇਥੇ ਫੈਕਟਰੀ ਲਿਆ ਰਹੇ ਹਨ। ਉਸ ਵਿਚ ਆਲੂਆਂ ਨੂੰ ਪ੍ਰਾਸੈਸ ਕਰਕੇ ਉਸ ਦਾ ਪਾਊਡਰ ਬਣਾ ਕੇ ਬਾਹਰ ਭੇਜਣਾ ਹੈ। ਮਾਰਕਫੈਡ ਨੇ ਵੀ ਕੋਈ ਫਿਨਲੈਂਡ ਦੀ ਕੰਪਨੀ ਹੈ ਉਸ ਨਾਲ ਗੱਲਬਾਤ ਕੀਤੀ ਹੈ। ਮੁਸ਼ਕਲ ਇਹ ਹੈ ਕਿ ਜਿੰਨੀਆਂ ਵੀ ਕੰਪਨੀਆਂ ਹਨ, ਪਿਛਲੇ ਦਿਨਾਂ ਵਿਚ ਜਿਹੜੀ ਸਾਡੀ ਲਾਅ ਐਂਡ ਆਰਡਰ ਦੀ ਸਥਿਤੀ ਰਹੀ ਹੈ, ਉਸ ਦੇ ਮੱਦੇ ਨਜ਼ਰ ਇਥੇ ਕੋਈ ਆਉਣ ਨੂੰ ਤਿਆਰ ਨਹੀਂ। ਉਹ ਸੋਚ ਸਮਝ ਕੇ ਗੱਲ ਬਾਤ ਕਰਕੇ ਛੱਡ ਜਾਂਦੇ ਹਨ। ਹੁਣ ਥੋੜ੍ਹਾ ਬਹੁਤ ਮਾਰਕਫੈਡ ਨੇ ਖਰੀਦਿਆ ਹੈ, ਪੈਪਸੀ ਫੂਡ ਵਾਲਿਆਂ ਨੇ ਖਰੀਦਿਆ ਹੈ। ਸਰਕਾਰ ਇਸ ਸਾਰੇ ਆਲੂ ਨੂੰ ਖਰੀਦ ਕੇ ਫਿਰ ਢੇਰੀ ਬਣਾ ਕੇ ਵੇਚਣ ਤੇ ਇਤਨਾ ਘਾਟਾ ਪਾਉਣ ਦੀ ਹਿੰਮਤ ਨਹੀਂ ਰਖਦੀ। ਅਜੇ ਤਕ ਇਸ ਦੇ ਲਈ ਕੋਈ ਪ੍ਰੋਜੈਂਟ ਪਲਾਂਟ ਨਹੀਂ ਲਗਦਾ। ਇਹ ਠੀਕ ਹੈ ਕਿ ਹਾਲਤ ਬਹੁਤ ਅੱਛੀ ਨਹੀਂ ਹੈ ਪਰ ਪਿਛਲੇ ਸਾਲ ਨਾਲੋਂ ਅੱਛੀ ਹੈ।

ਕਾਮਰੇਡ ਅਜੈਬ ਸਿੰਘ ਰੌਂਤਾ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਆਪਣੇ ਕੋਲਡ-ਸਟੋਰੇਜ ਬਣਾਉਣ ਦਾ ਕੋਈ ਇਰਾਦਾ ਰਖਦੀ ਹੈ ਜਿਸ ਨਾਲ ਇਹ ਜਿਹੜੇ ਛੋਟੇ ਉਤਪਾਦਕ ਹਨ ਉਨ੍ਹਾਂ ਨੂੰ ਕੋਈ ਠੀਕ ਭਾਅ ਮਿਲ ਸਕੇ !

ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਬੜਾ ਚੰਗਾ ਸੁਆਲ ਕੀਤਾ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਮਾਰਕਫੈਡ ਨੇ ਕੁਝ ਕੋਲਡ ਸਟੋਰੇਜ ਬਣਾਏ ਸੀ। ਜਿਸ ਵੇਲੇ ਜ਼ਿਮੀਦਾਰਾਂ ਨੂੰ ਚੰਗਾ ਭਾਅ ਮਿਲਦਾ ਰਿਹਾ ਯਾਨੀ 375/- ਰੁਪਏ ਕੁਇੰਟਲ ਮਿਲਿਆ ਉਦੋਂ ਕੋਲਡ ਸਟੋਰਜ਼ ਖਾਲੀ ਰਹਿ ਜਾਂਦੇ ਸਨ। ਜਿਸ ਵੇਲੇ ਭਾਅ ਠੀਕ ਨਹੀਂ ਹੁੰਦੇ ਜ਼ਿਮੀਂਦਾਰ ਆ ਜਾਂਦੇ ਹਨ ਨਹੀਂ ਤਾਂ ਸਟੋਰਜ਼ ਖਾਲੀ ਪਏ ਰਹਿੰਦੇ ਹਨ। ਪਹਿਲੇ ਜਿਹੜੇ ਕੋਲਡ ਸਟੋਰਜ਼ ਸਨ ਉਹ ਫ਼ੇਲ੍ਹ ਹੋ ਚੁੱਕੇ ਹਨ, ਬਹੁਤ ਸਾਰੇ ਪ੍ਰਾਈਵੇਟ ਲੋਕਾਂ ਨੇ ਵੀ ਬਣਾਏ ਸੀ, ਉਹ ਵੀ ਫੇਲ੍ਹ ਹੋ ਚੁਕੇ ਹਨ। ਇਹ ਪ੍ਰਾਸੈਸ ਕੋਈ ਰੈਗੂਲਰ ਨਹੀਂ ਜਿਹੜਾ ਕਿ 12 ਮਹੀਨੇ ਚਲਣ ਵਾਲਾ ਹੋਵੇ। ਅਗਰ ਕੋਈ ਐਸਾ ਸਾਥੀ ਤਿਆਰ ਹੋਵੇ ਕੋਲਡ ਸਟੋਰਜ ਬਣਾਉਣ ਵਾਸਤੇ ਉਸ ਦੀ ਬੜੀ ਮੇਹਰਬਾਨੀ ਹੋਵੇਗੀ, ਜ਼ਿਮੀਦਾਰਾਂ ਦੀ ਮਦਦ ਵੀ ਹੋਵੇਗੀ ਅਤੇ ਸਾਡੀ ਵੀ ਮਦਦ ਹੋਵੇਗੀ।

PAPERS LAID ON THE TABLE

Minister for Parliamentary Affairs (Sardar Umrao Singh): Sir, I beg to lay on the Table the 6th Annual Report of the Goindwal Industrial and Investment Corporation of Punjab Ltd., for the year 1986-87, as required under section 619—A of the Companies Act, 1956.

Mr. Speaker: Comrade Hardev Arshi to move the Resolution.

RESOLUTION RE. RAISING OF MEMORIALS AT THE NATIVE PLACEES OF SUCH GREAT PERSONALITIES WHO LAID DOWN THEIR LIVES FOR UNITY AND INTEGRITY OF COUNTRY THE

ਕਾਮਰੇਡ ਹਰਦੇਵ ਸਿੰਘ ਅਰਸ਼ੀ (ਬੁਢਲਾਡਾ) : ਸਪੀਕਰ ਸਾਹਿਬ,

> "ਇਹ ਸਦਨ ਰਾਜ ਸਰਕਾਰ ਨੂੰ ਸਿਫ਼ਾਰਸ਼ ਕਰਦਾ ਹੈ ਕਿ ਉਹ ਅਜਿਹੀਆਂ ਮਹਾਨ ਸ਼ਖਸੀਅਤਾਂ ਦੇ ਜਨਮ ਅਸਥਾਨਾਂ ਤੇ ਯਾਦਗਾਰਾਂ ਬਣਾਵੇ ਜਿਨ੍ਹਾਂ ਨੇ ਦੇਸ਼ ਦੀ ਏਕਤਾ ਅਤੇ ਅਖੰਡਤਾ, ਫਿਰਕੂ ਸਦਭਾਵਨਾਂ ਬਣਾਈ ਰਖਣ ਅਤੇ ਰਾਜ ਵਿਚ ਸਥਾਈ ਸ਼ਾਂਤੀ ਬਹਾਲ ਕਰਨ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ।"

ਮਾਨਯੋਗ ਸਪੀਕਰ ਸਾਹਿਬ, ਮੈਂ ਆਪਣੀ ਗੱਲ ਨੂੰ ਬਹੁਤ ਲੰਮੇ ਸ਼ਬਦਾਂ ਵਿਚ ਨਹੀਂ ਕਹਿਣਾ ਚਾਹੁੰਦਾ । ਤੁਸੀਂ ਵੀ ਚੰਗੀ ਤਰ੍ਹਾਂ ਜਾਣਦੇ ਹੋ ਔਰ ਇਹ ਹਾਊਸ ਵੀ ਭਲੀਭਾਂਤੀ ਜਾਣਦਾ ਹੈ ਕਿ ਪਿਛਲੇ ਦਸ ਸਾਲਾਂ ਦੀ ਸਥਿੱਤੀ ਕੀ ਸੀ ਔਰ ਅੱਜ ਸਾਰੇ ਇਸ ਗੱਲ ਨੂੰ ਮੰਨ ਕੇ ਤੁਰ ਰਹੇ ਹਾਂ ਕਿ ਇਸ ਵਿਚ ਸਿਫ਼ਤੀ ਸੁਧਾਰ ਆਏ ਹਨ । ਲੇਕਿਨ ਜੋ ਪਿਛਲੇ ਦਸ ਸਾਲਾਂ ਦੀ ਪੰਜਾਬ ਦੀ ਤਰਾਸਦੀ ਰਹੀ ਹੈ ਉਸ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਔਰ ਤੁਸੀਂ ਵੀ ਉਹ ਸ਼ਬਦ ਦੋਹਰਾਏ ਸਨ ਕਿਸੇ ਫ਼ੰਕਸ਼ਨ ਵਿਚ । ਆਜ਼ਾਦੀ ਦੀ ਲੜਾਈ ਜੋ ਹੈ ਉਸ ਦੇ ਦੋ ਮਰਹਲੇ ਹੁੰਦੇ ਹਨ—ਇਕ ਆਜ਼ਾਦੀ ਦੀ ਪ੍ਰਾਪਤੀ ਦਾ ਸੰਘਰਸ਼ ਔਰ ਦੂਸਰਾ ਉਸ ਪ੍ਰਾਪਤ ਆਜ਼ਾਦੀ ਨੂੰ ਪੱਕੇ ਪੈਰੀ ਕਾਇਮ ਰਖਣ ਵਾਸਤੇ ਲੜਾਈ । ਮੈਂ ਛੋਟੇ ਸ਼ਬਦਾਂ ਵਿਚ, ਸੰਖੇਪ ਵਿਚ ਸਾਰਥਕ ਰੂਪ ਵਿਚ ਕਹਿਦਿਆਂ ਕਿ ਪਿੱਛਲੇ ਦਸ ਸਾਲਾਂ ਵਿਚ ਪੰਜਾਬ ਦਾ ਜਿਹੜਾ ਦੁਖਾਂਤ ਰਿਹਾ ਹੈ ਉਸ ਵਿਚ ਇਕੱਲੀਆਂ ਸਿਆਸੀ ਸ਼ਖਸੀਅਤਾਂ ਵੱਖ ਵੱਖ ਪਾਰਟੀਆਂ ਦੀਆਂ ਜਿਹੜੀਆਂ ਸਾਡੇ ਕੋਲੋ ਵਿਛੜੀਆਂ ਜਾਂ ਉਨ੍ਹਾਂ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ, ਜਿਸ ਤਰ੍ਹਾਂ ਕਿਸੇ ਵੀ ਆਜ਼ਾਦੀ ਦੇ ਅੰਦੋਲਨ ਵਿਚ ਜਿਸ ਤਰ੍ਹਾਂ ਸਾਡਾ ਬੜਾ ਸ਼ਾਨਦਾਰ ਇਤਿਹਾਸ ਹੈ ਕਿ ਸਾਰੇ ਦੇਸ਼ ਦੇ ਲੋਕਾਂ ਨੇ ਔਰ ਸਾਰੀਆਂ ਰਾਜਨੀਤਕ ਪਾਰਟੀਆਂ ਨੇ ਆਪਣੇ ਸਾਰੇ ਮਤਭੇਦਾਂ ਤੋਂ ਉਪਰ ਉਠ ਕੇ ਹਰ ਵਰਗ ਦੇ ਲੋਕਾਂ ਨੇ ਇਕ ਲੜੀ ਵਿਚ ਪਰੋ ਕੇ ਦੇਸ਼ ਦੀ ਜੰਗੇ ਆਜ਼ਾਦੀ ਲਈ ਸੰਘਰਸ਼ ਕੀਤਾ ਸੀ ਅਗ੍ਰੇਜ਼ ਸਾਮਰਾਜ ਦੇ ਖ਼ਿਲਾਫ਼ । ਔਰ ਇਸੇ ਤਰ੍ਹਾਂ ਪੰਜਾਬ ਵਿਚ ਵੀ ਇਹ ਦੁਹਰਾਈ ਗਈ

ਇਕ ਦੂਸਰੀ ਜੰਗੇ ਆਜ਼ਾਦੀ ਦੀ ਲੜਾਈ ਹੈ ਜੋ ਪੰਜਾਬ ਵਿਚ ਲੜੀ ਗਈ ਕਿਉਂਕਿ ਮੈਂ ਇਸ ਨੂੰ ਇਕ ਸਾਂਝੇ ਪੱਖ ਤੋਂ ਲੈਂਦਾ ਹਾਂ ਤਾਂਕਿ ਸਾਡੇ ਸਾਰਿਆਂ ਦੀ ਪਰਵਾਨਗੀ ਹੋਵੇ । ਇਸ ਦੇ ਕਾਰਣ ਕੀ ਸੀ ਮੈਂ ਉਸ ਵਿਚ ਨਹੀਂ ਜਾਣਾ ਚਾਹੁੰਦਾ । ਇਹ ਇਕ ਹਕੀਕਤ ਹੈ ਕਿ ਸਾਡੇ ਅੰਦਰੂਨੀ ਕਾਰਣ ਵੀ ਹੋ ਸਕਦੇ ਹਨ ਲੇਕਿਨ ਇਸ ਵਿਚ ਕੁਝ ਬਾਹਰਲੀਆਂ ਤਾਕਤਾਂ ਜੋ ਹਿੰਦੁਸਤਾਨ ਦੀ ਆਤਮਨਿਰਭਰਤਾ ਦੀ ਪਾਲਿਸੀ ਔਰ ਪਬਲਿਕ ਸੈਕਟਰ ਨੂੰ ਆਪਣੇ ਪੈਰਾਂ ਤੇ ਇੰਡੀਪੈਂਡਟਲੀ ਖੜਾ ਵੇਖ ਕੇ ਪਸੰਦ ਨਹੀਂ ਸੀ ਕਰਦੀਆਂ ਉਨ੍ਹਾਂ ਦਾ ਵੀ ਹੱਥ ਹੋ ਸਕਦਾ ਹੈ । ਉਨ੍ਹਾਂ ਨੇ ਇਸ ਕੌਮੰਤਰੀ ਖੇਤਰ ਵਿਚ ਇਕ ਲਗਾਤਾਰ ਜੋ ਭਾਰਤ ਦੀ ਇਕ ਆਜ਼ਾਦ ਨਿਰਪੱਖ ਪਾਲਿਸੀ ਸੀ ਜੋ ਪਾਲਸੀ ਹਮੇਸ਼ਾਂ ਜੰਗ ਭੜਕਾਉਣ ਵਾਲੀਆਂ ਔਰ ਠੰਡੀ ਜੰਗ ਪੈਦਾ ਕਰਨ ਵਾਲੀਆਂ ਤਾਕਤਾਂ ਦੇ ਖ਼ਿਲਾਫ਼ ਲੜਦੀ ਸੀ ਔਰ ਦੁਨੀਆਂ ਦੇ ਵਿਚ ਸਥਾਈ ਅਮਨ ਦੀ ਸਥਾਪਨਾ ਚਾਹੁੰਦੀ ਸੀ ਤੇ ਇਸ ਦੇ ਵਾਸਤੇ ਸਾਡੇ ਹਿੰਦੁਸਤਾਨ ਦੀ ਵਿਦੇਸ਼ੀ ਨੀਤੀ ਇਸ ਤੇ ਪਹਿਰਾ ਦਿੰਦੀ ਰਹੀ ਔਰ ਹਿੰਦੁਸਤਾਨ ਦੀ ਉਸ ਵਿਦੇਸ਼ੀ ਨੀਤੀ ਔਰ ਨਵਜਾਤ ਦੇਸ਼ਾ ਨੂੰ ਆਪਣੇ ਪੈਰਾਂ ਤੇ ਖੜੇ ਹੋਣ ਦੀ ਜਿਹੜੀ ਨੀਤੀ ਸੀ ਉਨ੍ਹਾਂ ਟਰੇਡੀਸ਼ਨਜ਼ ਨੂੰ ਜਿਸ ਨੂੰ ਪੰਡਿਤ ਜਵਾਹਰ ਲਾਲ ਨਹਿਰੂ ਅਤੇ ਹੋਰ ਨਰੋਈ ਸਾਂਝ ਰਖਣ ਵਾਲੇ ਲੋਕ ਹਨ ਉਨ੍ਹਾਂ ਦੇ ਯੋਗਦਾਨ ਨਾਲ ਬਣਾਈ ਸੀ, ਇਹ ਸਾਡੇ ਅਜ਼ਾਦੀ ਅੰਦੋਲਨ, ਸਾਂਝੇ ਸੰਘਰਸ਼ ਦੀ ਉਪਜ ਸੀ । ਬਾਹਰਲੀਆਂ ਤਾਕਤਾਂ ਇਸ ਨੂੰ ਪਸੰਦ ਨਹੀਂ ਸਨ ਕਰਦੀਆਂ । ਉਨ੍ਹਾਂ ਬਾਹਰਲੀਆਂ ਤਾਕਤਾਂ ਨੇ ਸਾਡੇ ਇਕ ਗਵਾਂਢੀ ਮੁਲਕ ਦੇ ਰਾਹੀਂ, ਔਰ ਮੈਂ ਠੀਕ ਉਨ੍ਹਾਂ ਸ਼ਬਦਾਂ ਦੇ ਨਾਲ ਸਹਿਮਤ ਹਾਂ ਜਿਹੜੇ ਪਹਿਲੇ ਸੀ. ਐਮ. ਸਾਹਿਬ ਨੇ ਵੀ ਦੁਹਰਾਏ ਹਨ ਅਤੇ ਹੋਰ ਵੀ ਸਾਰੀਆਂ ਰਾਜਨੀਤਿਕ ਪਾਰਟੀਆਂ ਦੇ ਜੋ ਆਗੂ ਹਨ ਉਨ੍ਹਾਂ ਨੇ ਵੀ ਆਪਣੇ ਬਿਆਨਾਂ ਦੇ ਰਾਹੀਂ ਇਹ ਗਲ ਕਹੀ ਹੈ ਕਿ ਸਾਡਾ ਗਵਾਂਢੀ ਦੇਸ਼ ਲਗਾਤਾਰ ਸਾਡੇ ਨਾਲ ਪਰੋਕਸੀ ਵਾਰ, ਅਸਿੱਧੀ ਜੰਗ ਹੈ ਜੋ ਉਹ ਜਾਰੀ ਰਖ ਰਿਹਾ ਹੈ ਔਰ ਮੈਨੂੰ ਇਸ ਗਲ ਦਾ ਬੜਾ ਅਫ਼ਸੋਸ ਹੈ ਕਿ ਅੱਜ ਜਦੋਂ ਕਿ ਕੌਮਾਂਤਰੀ ਹਾਲਾਤਾਂ ਦੇ ਵਿਚ ਬੜੀ ਤਬਦੀਲੀ ਹੋ ਰਹੀ ਹੈ ਔਰ ਖ਼ਾਸ ਕਰਕੇ ਯੂਰਪ ਦੇ ਜਾਂ ਪੱਛਮੀ ਦੇਸ਼ ਹਨ ਜਿਹੜੇ ਦੇਸ਼ਾਂ ਵਿਚ ਕਿਸੇ ਵੇਲੇ ਅਤਿਵਾਦ ਅਤੇ ਦਹਿਸ਼ਤਵਾਦ ਨੂੰ ਪੱਠੇ ਵੀ ਪਾਏ ਜਾਂਦੇ ਸੀ ਔਰ ਉਨ੍ਹਾਂ ਨੂੰ ਉਤਸਾਹਿਤ ਕੀਤਾ ਜਾਂਦਾ ਸੀ ਅੱਜ ਆਪਣੇ ਤਜਰਬੇ ਤੋਂ ਦੁਨੀਆਂ ਦੇ ਵਿਚ ਇਹ ਇਕ ਨਵੀਂ ਤਬਦੀਲੀ ਕੀਤੀ ਹੈ ਔਰ ਇਸ ਨੂੰ ਨਜ਼ਰ-ਅੰਦਾਜ਼ ਕਰਨ ਦੀ ਕੋਸ਼ਿਸ਼ ਕਰ ਰਹੇ ਹਨ । ਲੇਕਿਨ ਅਫਸੋਸ ਹੈ ਕਿ ਸਾਡਾ ਗਵਾਂਢੀ ਮੁਲਕ ਬਜਾਏ ਇਸ ਦੇ ਕਿ ਆਪਣੇ ਦੇਸ਼ ਦੇ ਲੋਕਾਂ ਦੇ ਜੋ ਮਸਲੇ ਹਨ, ਉਨ੍ਹਾਂ ਨੂੰ ਹੱਲ ਕਰਨ ਵਿਚ ਕੋਈ ਯੋਗਦਾਨ ਪਾਵੇ, ਉਹ ਆਪਣੇ ਦੇਸ਼ ਦੇ ਮਿਹਨਤਕਸ਼ ਲੋਕਾਂ ਦਾ ਧਿਆਨ ਹਟਾਉਣ ਵਾਸਤੇ ਕਈ ਤਰ੍ਹਾਂ ਦੀਆਂ ਸਾਜ਼ਸ਼ਾਂ ਕਰ ਰਿਹਾ ਹੈ । ਉਹ ਜਾਣਬੁਝ ਕੇ ਭਾਰਤ ਦੇ ਨਾਲ ਜਿਹੜਾ ਦੋਸਤੀ ਹੱਥ ਵਧਾਉਣ ਦੀ ਕੋਸ਼ਿਸ਼ ਕਰਦਾ ਰਿਹਾ ਹੈ ਔਰ ਅੱਜ ਵੀ ਭਾਰਤ ਦੀ ਇਹ ਇੱਛਾ ਹੈ ਕਿ ਆਪਣੇ ਗਵਾਂਢੀ ਮੁਲਕ ਦੇ ਨਾਲ ਇਕ ਦੋਸਤਾਨਾ ਸਬੰਧ ਰਹਿਣ, ਆਪਸੀ ਸਤਿਕਾਰ ਅਤੇ ਇਕ ਦੂਜੇ ਦੀ ਪ੍ਰਭੂਸਤਾ ਦੀ ਰਾਖੀ ਕਰਨਾ ਚਾਹੁੰਦਾ ਹੈ, ਇਸ ਭਾਰਤ ਦੀ ਨੀਤੀ ਨੂੰ ਨਜ਼ਰ-ਅੰਦਾਜ਼ ਕਰਕੇ ਕਿਸੇ ਨਾ ਕਿਸੇ ਰੂਪ ਵਿਚ ਦਖ਼ਲ ਦੇ ਰਿਹਾ ਹੈ । ਚਾਹੇ ਉਹ

[ਕਾਮਰੇਡ ਹਰਦੇਵ ਸਿੰਘ ਅਰਸ਼ੀ]

ਪੰਜਾਬ ਵਿਚ ਹੋਵੇ ਜਾਂ ਗਵਾਂਢੀ ਸਟੇਟ ਕਸ਼ਮੀਰ ਵਿਚ ਹੋਵੇ । ਅੱਜ ਉਹ ਸਾਡਾ ਗਵਾਂਢੀ ਦੇਸ਼ ਹਰ ਤਰ੍ਹਾਂ ਨਾਲ ਕਿਸੇ ਨਾ ਕਿਸੇ ਰੂਪ ਵਿਚ ਚਾਹੇ ਉਹ ਹਥਿਆਰਾਂ ਦੇ ਰੂਪ ਵਿਚ ਹੋਵੇ, ਜਾਂ ਟਰੇਨਿੰਗ ਕੈਂਪ ਲਾ ਕੇ ਹੋਵੇ ਪਰ ਉਹ ਹਿੰਦੁਸਤਾਨ ਦੀ ਏਕਤਾ ਔਰ ਅਖੰਡਤਾ ਨੂੰ ਤੋੜਨ ਦੀ ਕੋਸ਼ਿਸ਼ ਕਰ ਰਿਹਾ ਹੈ । ਜਿਸ ਏਕਤਾ ਔਰ ਅਖੰਡਤਾ ਨੂੰ ਕਾਇਮ ਰਖਣ ਵਾਸਤੇ ਹਿੰਦੁਸਤਾਨ ਨੇ ਬੜੀਆਂ ਕੁਰਬਾਨੀਆਂ ਕੀਤੀਆਂ ਉਸ ਨੂੰ ਖਤਮ ਕਰਨ ਵਾਸਤੇ ਕੁਝ ਸਖਸ਼ੀਅਤਾਂ ਨੇ ਮਹਾਨ ਕੁਰਬਾਨੀਆਂ ਕੀਤੀਆਂ । ਮੈਨੂੰ ਉਨ੍ਹਾਂ ਦਾ ਨਾਂ ਲੈਣ ਦੀ ਲੋੜ ਨਹੀਂ, ਏ. ਕੇ. 47 ਆਪਣੇ ਹੱਥਾਂ ਵਿਚ ਚੁਕ ਕੇ ਆਪਣੇ ਹੀ ਦੇਸ਼ ਦੇ ਲੋਕਾਂ ਨੂੰ ਸ਼ਹੀਦ ਕੀਤਾ । ਮੈਂ ਨਹੀਂ ਸਮਝਦਾ ਕਿ ਇਸ ਦੇ ਪਿਛੇ ਉਨ੍ਹਾਂ ਦਾ ਕੀ ਮੰਤਵ ਸੀ । ਇਸ ਸੰਘਰਸ਼ ਦੇ ਵਿਚ ਨਾ ਤਾਂ ਉਘੀਆਂ ਸਿਆਸੀ ਸਖਸ਼ੀਅਤਾਂ ਦੇ ਲੋਕ ਹੀ ਬੱਚ ਸਕੇ ਹਨ ਔਰ ਨਾ ਹੀ ਪੱਤਰਕਾਰ ਬਚੇ ਔਰ ਨਾ ਹੀ ਉਹ ਪ੍ਰੈਸ ਜਿਸ ਦਾ ਅਸੀਂ ਹਮੇਸ਼ਾ ਹੀ ਸਤਿਕਾਰ ਕਰਦੇ ਹਾਂ ਔਰ ਸਿਰ ਝੁਕਾ ਲੈਂਦੇ ਹਾਂ ਕਿਉਂਕਿ ਪ੍ਰੈਸ ਹੀ ਲੋਕਾਂ ਲਈ ਇਕ ਚਾਨਣ ਮੁਨਾਰੇ ਦਾ ਔਰ ਅੱਖਾਂ ਦਾ ਕੰਮ ਕਰਦੀ ਹੈ ਜਿਸ ਨੇ ਲੋਕਾਂ ਨੂੰ ਜਾਗ੍ਰਤ ਕਰਨਾ ਹੁੰਦਾ ਹੈ ਨਾ ਉਹ ਪ੍ਰੈਸ ਦੇ ਪੱਤਰਕਾਰ ਬਖਸ਼ੇ ਗਏ ਔਰ ਮੈਨੂੰ ਅਫਸੋਸ ਹੈ ਕਿ ਸਾਡੇ ਜੋ ਵਧੀਆ ਸਾਹਿਤਕਾਰ ਹਨ, ਉਹ ਉਚ ਕੋਟੀ ਦੇ ਸਾਹਿਤਕਾਰ ਵੀ ਨਹੀਂ ਬਖਸ਼ੇ ਗਏ । ਮੈਨੂੰ ਨਹੀਂ ਪਤਾ ਕਿ ਇਸ ਤਰ੍ਹਾਂ ਕਰਕੇ ਉਨ੍ਹਾਂ ਲੋਕਾਂ ਨੇ ਕਿਹੜੇ ਪੰਜਾਬ ਦੀ ਸੇਵਾ ਕੀਤੀ ਕਿਹੜੀ ਪੰਜਾਬੀਅਤ ਦੀ ਸੇਵਾ ਕੀਤੀ । ਜਿਨ੍ਹਾਂ ਲੋਕਾਂ ਨੇ ਪੰਜਾਬ ਨੂੰ ਪਰਫੁਲਤ ਕਰਨ ਵਾਸਤੇ ਪੰਜਾਬ ਨੂੰ ਨਰੋਆ ਬਣਾਉਣ ਵਾਸਤੇ ਆਪਣਾ ਬਹੁਤ ਵੱਡਾ ਯੋਗਦਾਨ ਪਾਇਆ ਸੀ, ਚਾਹੇ ਉਹ ਪਾਸ਼ ਜੀ ਹੋਣ, ਚਾਹੇ ਉਹ ਪ੍ਰੋਫੈਸਰ ਰਵੀ ਜੀ ਹੋਣ, ਚਾਹੇ ਪ੍ਰੋਫੈਸਰ ਤਿਵਾੜੀ ਜੀ ਹੋਣ ਔਰ ਚਾਹੇ ਉਹ ਆਪਣੇ ਪਰਿਵਾਰ ਦੇ ਵਿਰਸੇ ਦੇ ਇੱਕ ਚਿਰਾਗ ਸੁਮੀਤ ਜੀ (ਪ੍ਰੀਤ ਲੜੀ) ਹੋਣ । ਜਿਸ ਪ੍ਰੀਤ ਲੜੀ ਨੂੰ ਤਕਰੀਬਨ ਹਰ ਵਰਗ ਦੇ ਲੋਕ ਸ਼ਰਧਾ ਅਤੇ ਸਤਿਕਾਰ ਨਾਲ ਪੜ੍ਹਦੇ ਸਨ ਤੇ ਹਨ, ਅਜਿਹੀਆਂ ਸ਼ਖਸ਼ੀਅਤਾਂ ਇਸ ਸੰਸਾਰ ਵਿਚ ਨਹੀਂ ਬਚੀਆਂ । ਇਨ੍ਹਾਂ ਸਖਸ਼ੀਅਤਾਂ ਦੀ ਸਾਹਿਤਕ ਖੇਤਰ ਵਿਚ ਬਹੁਤ ਵਡੀ ਦੇਣ ਰਹੀ ਹੈ ਔਰ ਸਾਡੀ ਪੰਜਾਬੀ ਜਿਹੜੀ ਮਾਤਰਬੋਲੀ ਹੈ, ਇਸ ਨੂੰ ਪਰਫੁਲਤ ਕਰਨ ਵਾਸਤੇ ਇਕ ਨਾ ਮਿਸਾਲ ਅਤੇ ਨਾ ਭੁਲਣਯੋਗ ਆਪਣਾ ਯੋਗਦਾਨ ਪਾਇਆ ਹੈ । ਮੇਰਾ ਭਾਵ ਸਰਦਾਰ ਗੁਰਬਖਸ਼ ਸਿੰਘ ਪ੍ਰੀਤਲੜੀ ਜੀ ਤੋਂ ਹੈ ਜਿਨ੍ਹਾਂ ਨੇ ਪੰਜਾਬੀ ਭਾਸ਼ਾ ਨੂੰ ਪ੍ਰਫੁਲਤ ਤੇ ਅਮੀਰ ਕਰਨ ਲਈ ਸਭ ਤੋਂ ਵੱਡਾ ਯੋਗਦਾਨ ਪਾਇਆ, ਜਿਸ ਲਈ ਹਮੇਸ਼ਾ ਉਨ੍ਹਾਂ ਦੇ ਰਿਣੀ ਰਹਾਂਗੇ । ਅਜਿਹੇ ਪਰਿਵਾਰ ਦੇ ਵਾਰਿਸ ਸੁਮੀਤ ਨੂੰ ਵੀ ਇਨ੍ਹਾਂ ਗੋਲੀਆਂ ਦਾ ਨਿਸ਼ਾਨਾ ਬਣਨਾ ਪਿਆ । ਸਿਰਫ ਇਤਨਾ ਹੀ ਨਹੀਂ ਸਗੋਂ ਸਭਿਆਚਾਰ ਦਾ ਅਸੀਂ ਮਾਣ ਕਰਦੇ ਹਾਂ ਔਰ ਜੋ ਸਭਿਆਚਾਰ ਕਿਸੇ ਕੌਮ ਦੀ ਇਕ ਸ਼ਾਨਦਾਰ ਵਿਰਾਸਤ ਹੁੰਦੀ ਹੈ ਸਾਡੀ ਕੌਮ ਦੇ ਉਸ ਸਭਿਆਚਾਰ ਦੀ ਰਾਖੀ ਕਰਨ ਵਾਲੇ ਲੋਕ ਵੀ ਅੱਜ ਉਨ੍ਹਾਂ ਦੀ ਗੋਲੀ ਤੋਂ ਨਹੀਂ ਬੱਚ ਸਕੇ । ਜੇ ਮੈਂ ਸਾਰਿਆਂ ਦਾ ਨਾਂ ਲਵਾਂ ਤਾਂ ਸਮਾਂ ਲਗ ਸਕਦਾ ਹੈ ਇਸ ਕਰਕੇ ਜੋ ਵੀ ਪਿਛਲੇ ਸਮੇਂ ਵਿਚ ਸਾਡੇ ਕੋਲੋਂ

ਵਿਛੜ ਗਏ ਹਨ ਔਰ ਜਿਨ੍ਹਾਂ ਨੂੰ ਮੈਂ ਸਮਝਦਾ ਹਾਂ ਕਿ ਸ਼ਰਧਾ ਦੇ ਫੁਲ ਭੇਂਟ ਕਰਨੇ ਜ਼ਰੂਰੀ ਹਨ ਔਰ ਜਿਸ ਲਈ ਮੈਂ ਅੱਜ ਸਾਰੇ ਹਾਉਸ ਅੱਗੇ ਬੇਨਤੀ ਲੈ ਕੇ ਖੜਾ ਹੋਇਆ ਹਾਂ ਇਸ ਮਤੇ ਦੇ ਰੂਪ ਵਿਚ ਤਾਕਿ ਆਉਣ ਵਾਲਾ ਸਮਾਂ ਤੇ ਨੌਜਵਾਨ ਪੀੜੀ ਉਸ ਨੂੰ ਦੇਸ਼ ਭਗਤਾਂ ਦੇ ਬਾਰੇ ਪਤਾ ਲਗ ਸਕੇ ਕਿ ਅਜ਼ਾਦੀ ਸੌਖੀ ਨਹੀਂ ਮਿਲਦੀ। ਇਸ ਲਈ ਬੜਾ ਲੰਬਾ ਸੰਘਰਸ਼ ਕਰਨਾ ਪੈਂਦਾ ਹੈ ਤੇ ਮਗਰੋਂ ਅਥਾਹ ਕੁਰਬਾਨੀਆਂ ਨਾਲ ਰਾਖੀ ਕਰਨੀ ਪੈਂਦੀ ਹੈ। ਇਹ ਜੋ ਸਾਡੀ ਅਜ਼ਾਦੀ ਦਾ ਇਤਿਹਾਸ ਹੈ ਇਹ ਇਕ ਬੜਾ ਹੀ ਗੌਰਵਮਈ ਇਤਿਹਾਸ ਹੈ, ਜਿਸ ਵਿਚ ਇਕ ਨਹੀਂ ਕਈ ਕਿਸਮਾਂ ਦੀਆਂ ਲਹਿਰਾਂ ਹਨ। ਜੇ ਪੰਜਾਬ ਤੋਂ ਸ਼ੁਰੂ ਕਰ ਲਵੋ ਤਾਂ ਇਸ ਵਿਚ ਬਹੁਤ ਲੰਬੀਆਂ ਲਹਿਰਾਂ ਹੋ ਸਕਦੀਆਂ ਹਨ ਔਰ ਜੇ ਬੰਗਾਲ ਦੀ ਜੋ ਲਹਿਰ ਹੈ ਉਸ ਦਾ ਜ਼ਿਕਰ ਕਰੀਏ ਤਾਂ ਉਸ ਦੀ ਗਿਣਤੀ ਵੀ ਬਹੁਤ ਲੰਬੀ ਹੋ ਸਕਦੀ ਹੈ। ਇਸ ਅਜ਼ਾਦੀ ਵਾਸਤੇ ਇਥੇ ਬਹੁਤ ਸ਼ਾਨਦਾਰ ਅਮਨਮਈ ਲਹਿਰਾਂ ਵੀ ਚਲੀਆਂ ਔਰ ਹਥਿਆਰਬੰਦ ਲਹਿਰਾਂ ਵੀ ਚਲੀਆਂ ਔਰ ਲਗਭਗ ਪੂਰੇ 200 ਸਾਲ ਸੰਘਰਸ਼ ਕਰਨ ਤੋਂ ਬਾਅਦ ਜੋ ਅਜ਼ਾਦੀ ਅਸਾਂ ਪ੍ਰਾਪਤ ਕੀਤੀ ਸੀ ਅੱਜ ਉਸ ਅਜ਼ਾਦੀ ਨੂੰ ਖਤਰਾ ਬਣਿਆ ਹੋਇਆ ਹੈ। ਜਿਸ ਸਟੇਟ ਨੇ ਉਸ ਆਜ਼ਾਦੀ ਨੂੰ ਕਾਇਮ ਰਖਣ ਵਾਸਤੇ ਔਰ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਕਾਇਮ ਰਖਣ ਵਾਸਤੇ ਪਹਿਰਾ ਦਿੱਤਾ ਹੈ ਔਰ ਆਪਣਾ ਸਾਂਝ ਭਾਈਚਾਰਾ ਮਜ਼ਬੂਤ ਰਖਣ ਵਾਸਤੇ ਆਪਣੀ ਅਵਾਜ਼ ਬੁਲੰਦ ਕੀਤੀ, ਉਸੇ ਸਟੇਟ ਦੇ ਲੋਕਾਂ ਨੂੰ ਅੱਜ ਗੋਲੀਆਂ ਦਾ ਨਿਸ਼ਾਨਾ ਬਣਾਇਆ ਗਿਆ। ਜਿਨ੍ਹਾਂ ਸ਼ਖਸ਼ੀਅਤਾਂ ਦਾ ਮੈਂ ਜ਼ਿਕਰ ਕੀਤਾ ਹੈ ਜਿਨ੍ਹਾਂ ਨੇ ਪੰਜਾਬੀ ਭਾਸ਼ਾ ਦਾ ਨਾਂ ਉਚਾ ਕੀਤਾ ਔਰ ਹੋਰ ਤੇ ਹੋਰ ਧਾਰਮਿਕ ਸਖਸੀਅਤਾਂ ਨੂੰ ਵੀ ਇਸ ਸੰਘਰਸ਼ ਵਿਚ ਗੋਲੀਆਂ ਦਾ ਸ਼ਿਕਾਰ ਬਣਾਇਆ ਗਿਆ। ਇਸੇ ਤਰ੍ਹਾਂ ਸਾਡੇ ਡਾਕਟਰ, ਸਾਡੇ ਬੁਧੀਜੀਵੀ, ਸਾਡੇ ਪੁਲਿਸ ਦੇ ਅਫ਼ਸਰ ਹਨ, ਜਾਂ ਸਿਵਿਲ ਅਫ਼ਸਰ ਹਨ ਉਹ ਵੀ ਇਸ ਦੁਖਾਂਤ ਵਿਚ ਗੋਲੀ ਦਾ ਸ਼ਿਕਾਰ ਹੋਏ। ਇਹ ਸਾਰਾ ਦੁਖਾਂਤ ਜਿਹੜਾ ਪਿਛਲੇ ਸਮੇਂ ਵਿਚ ਹੋਇਆ, ਇਸ ਦਾ ਸਾਨੂੰ ਬਹੁਤ ਅਫ਼ਸੋਸ ਹੈ। ਲੇਕਿਨ ਮੈਨੂੰ ਇਸ ਗੱਲ ਦਾ ਫ਼ਖਰ ਹੈ ਕਿ ਸਾਡੇ ਪੰਜਾਬ ਦੇ ਲੋਕਾਂ ਨੇ ਆਪਣੇ ਸ਼ਾਨਦਾਰ ਭਾਈਚਾਰੇ ਦੀਆਂ ਪਰੰਪਰਾਵਾਂ ਨੂੰ ਬਣਾਈ ਰਖਿਆ ਔਰ ਉਸ ਤੇ ਪੂਰਾ ਪਹਿਰਾ ਦਿੱਤਾ। ਇਸ ਗਲ ਲਈ ਸਾਡੇ ਪੰਜਾਬ ਦੇ ਲੋਕ ਵਧਾਈ ਦੇ ਪਾਤਰ ਹਨ। ਇਹ ਠੀਕ ਹੈ ਕਿ ਜਿਹੜੀਆਂ ਸ਼ਖਸ਼ੀਅਤਾਂ ਸਾਡੇ ਤੋਂ ਵਿਛੜ ਗਈਆਂ ਔਰ ਸ਼ਹੀਦ ਹੋਈਆਂ, ਉਨ੍ਹਾਂ ਦੇ ਵਾਸਤੇ ਕੋਈ ਯਾਦਗਾਰ ਬਣਾਉਣੀ ਚਾਹੀਦੀ ਹੈ। ਮੈਂ ਸਮਝਦਾ ਹਾਂ ਕਿ ਇਹ ਯਾਦਗਾਰਾਂ ਭਾਵੇਂ ਉਨ੍ਹਾਂ ਦੇ ਹਲਕਿਆਂ ਦੇ ਵਿਚ ਜਾਂ ਜ਼ਿਲ੍ਹਾ ਲੈਵਲ ਤੇ, ਇਹ ਤਾਂ ਸਰਕਾਰ ਨੇ ਵੇਖਣਾ ਹੈ, ਜਿਥੇ ਕਿਤੇ ਵੀ ਮੁਨਾਸਬ ਹੋ ਸਕਦੀਆਂ ਹਨ ਉਨ੍ਹਾਂ ਦੀਆਂ ਯਾਦਾਂ ਵਿਚ ਕੁਝ ਯਾਦਗਾਰਾਂ ਉਸਾਰੀਆਂ ਜਾਣੀਆਂ ਚਾਹੀਦੀਆਂ ਹਨ। ਇਸ ਤੋਂ ਵੀ ਜ਼ਰੂਰੀ ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਉਹ ਹਜ਼ਾਰਾਂ ਬੇਗੁਨਾਹ ਲੋਕ, ਜਿਹੜੇ ਪਿਛਲੇ ਸਮੇਂ ਵਿਚ ਮਾਰੇ ਗਏ, ਸਪੀਕਰ ਸਾਹਿਬ, ਕਿਉਂਕਿ ਸਮਾਂ ਨਹੀਂ ਬਹੁਤ ਸਾਰੀਆਂ ਐਸੀਆਂ ਦੁਖਾਂਤਕ ਘਟਨਾਵਾਂ ਹੋਈਆਂ ਹਨ ਜਿਹੜੀਆਂ ਵਰਣਨ ਵੀ ਨਹੀਂ ਕੀਤੀਆਂ

[ਕਾਮਰੇਡ ਹਰਦੇਵ ਸਿੰਘ ਅਰਸ਼ੀ]

ਜਾ ਸਕਦੀਆਂ ਜਿਸ ਵਿਚ ਛੋਟੇ ਛੋਟੇ ਬੱਚੇ 3 ਮਹੀਨੇ ਦੇ ਬੱਚੇ ਤੋਂ ਲੈ ਕੇ 80-85 ਸਾਲ ਦੇ ਆਦਮੀ ਔਰ ਪਰਿਵਾਰ ਦੇ ਪਰਿਵਾਰ, ਹਜ਼ਾਰਾਂ ਦੀ ਗਿਣਤੀ ਵਿਚ ਮਾਰੇ ਗਏ ਹਨ, ਬਹੁਤ ਸਾਰੇ ਐਸੇ ਸੀਨ ਵੀ ਹਨ ਜਿਹੜੇ ਸੁਣ ਸਕਣੇ ਵੀ ਬੜੇ ਅਸੰਭਵ ਹਨ ਔਰ ਜੇ ਸੁਣ ਲਈਏ ਤਾਂ ਦਿਲ ਨੂੰ ਢਾਰਸ ਦੇਣਾ ਬੜਾ ਔਖਾ ਲਗਦਾ ਹੈ :

ਸਪੀਕਰ ਸਾਹਿਬ, ਮੈਨੂੰ ਇਕ ਘਟਨਾ ਯਾਦ ਆ ਗਈ ਹੈ। ਮੇਰੇ ਆਪਣੇ ਜ਼ਿਲ੍ਹੇ ਦੀ ਹੈ। ਸਾਡੇ ਇਕ ਪਿੰਡ ਹੈ ਉਸ ਪਿੰਡ ਦਾ ਤਕਰੀਬਨ ਇਕ ਪਰਿਵਾਰ ਸਾਰਾ ਹੀ ਮਾਰ ਦਿੱਤਾ ਗਿਆ। ਸਿਰਫ਼ ਇਕ 8-10 ਸਾਲ ਦੀ ਇਕ ਬੱਚੀ ਕਿਸੇ ਤਰ੍ਹਾਂ ਲੁੱਕ ਕੇ ਆਪਣੀ ਜਾਨ ਬਚਾਉਣ ਵਿਚ ਸਫ਼ਲ ਹੋ ਗਈ ਇਕ ਹੋਰ ਡੇਢ ਸਾਲ ਦਾ ਬੱਚਾ ਜਿਹੜਾ ਗੋਲੀਆਂ ਨਾਲ ਜ਼ਖਮੀ ਹੋ ਗਿਆ ਸੀ ਉਸ ਨੇ ਮੌਕੇ ਤੇ ਆਪਣੇ ਹੱਥਾਂ ਦੇ ਨਾਲ ਚੀਕਾਂ ਮਾਰ ਮਾਰ ਕੇ ਉਸ ਜਗ੍ਹਾਂ ਦੀ ਦੋ ਫੁੱਟ ਮਿੱਟੀ ਪੁਟ ਦਿੱਤੀ ਲੇਕਿਨ ਉਹ ਭੈਣ ਜਿਸ ਦੀ ਉਮਰ 8-9 ਸਾਲ ਦੀ ਸੀ ਉਸ ਵਿਚ ਇਹ ਹਿੰਮਤ ਨਹੀ ਸੀ ਕਿ ਉਹ ਆਪਣੇ ਭਰਾ ਨੂੰ ਮੂੰਹ ਵਿਚ ਪਾਣੀ ਪਾ ਸਕੇ ਔਰ ਕਿਸੇ ਗਵਾਂਢੀ ਨੇ ਵੀ ਜੁਰਤ ਨਹੀਂ ਕੀਤੀ ਉਸ ਬੱਚੇ ਨੂੰ ਸੰਭਾਲਣ ਦੀ। ਇਹੋ ਜਿਹੀਆ ਇਕ ਨਹੀਂ ਹਜ਼ਾਰਾਂ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ।

ਸਪੀਕਰ ਸਾਹਿਬ, ਪੰਜਾਬ ਵਿਚ ਜੋ ਇਹ ਦੁਖਾਂਤ ਹੋਇਆ ਹੈ, ਮੈਨੂੰ ਕੁਝ ਖੁਸ਼ੀ ਹੈ ਕਿ ਅੱਜ ਪੰਜਾਬ ਇਸ ਦੇ ਵਿਚੋਂ ਨਿਕਲਣ ਵਿਚ ਕੁਝ ਹੱਦ ਤਕ ਸਫ਼ਲ ਹੋਇਆ ਹੈ ਔਰ ਮੈਂ ਆਸ ਕਰਾਂਗਾ ਕਿ ਆਉਣ ਵਾਲੇ ਸਮੇਂ ਵਿਚ ਅਸੀਂ ਇਸ ਦੁਖਾਂਤ ਵਿਚੋਂ ਹੋਰ ਵੱਧ ਨਿਕਲਣ ਦੀ ਕੋਸ਼ਿਸ਼ ਕਰਾਂਗੇ। ਮੈਂ ਸਮਝਦਾ ਹਾਂ ਕਿ ਇਸ ਦੇ ਵਿਚ ਜੋ ਸਰਕਾਰ ਵਲੋਂ ਯਤਨ ਕੀਤਾ ਜਾ ਰਿਹਾ ਹੈ ਸਿਰਫ਼ ਇਤਨਾ ਹੀ ਨਹੀਂ ਬਲਕਿ ਇਸ ਦੁਖਾਂਤ ਵਿਚੋਂ ਨਿਕਲਣ ਵਾਸਤੇ ਇਕ ਬਹੁਤ ਵਡੀ ਮਾਸ ਮੋਬੇਲਾਈਜ਼ੇਸ਼ਨ ਕਰਨੀ ਚਾਹੀਦੀ ਹੈ। ਅਸੀਂ ਇਹ ਮੰਨਣ ਵਿਚ ਤਿਆਰ ਹਾਂ ਕਿ ਅਸੀਂ ਅੱਜ ਇਸ ਦੁਖਾਂਤ ਵਿਚੋਂ ਨਿਕਲਣ ਵਿਚ ਕੁਝ ਸਫ਼ਲ ਹੋਏ ਹਾਂ ਪਰ ਹਾਲੇ ਪੂਰੇ ਨਹੀਂ ਨਿਕਲੇ। ਕੇਵਲ ਪੁਲੀਸ ਨਾਲ ਸ਼ਾਂਤੀ ਸਥਾਈ ਨਹੀਂ ਹੈ। ਇਸ ਵਾਸਤੇ ਸਾਨੂੰ ਇਕ ਵਿਚਾਰਧਾਰਾ ਮੁਹਿੰਮ ਆਰੰਭਣੀ ਚਾਹੀਦੀ ਹੈ ਔਰ ਸਾਰੀਆਂ ਪਾਰਟੀਆਂ ਨੂੰ ਇਕ ਮੁੱਠ ਹੋ ਕੇ ਆਪਣੇ ਪਾਰਟੀ ਦੇ ਹਿੱਤਾਂ ਤੋਂ ਉਪਰ ਉਠ ਕੇ, ਹੋਰ ਨਰੋਈ ਸੋਚਦੀਆਂ ਤਾਕਤਾਂ ਅਤੇ ਜਮਹੂਰੀਅਤ ਵਿਚ ਵਿਸ਼ਵਾਸ ਰਖਣ ਵਾਲੀਆਂ ਤਾਕਤਾਂ ਔਰ ਸੈਕੂਲੇਰਿਜ਼ਮ ਵਿਚ ਵਿਸ਼ਵਾਸ ਰਖਣ ਵਾਲੀਆਂ ਤਾਕਤਾਂ ਨੂੰ ਇੱਕਠੇ ਕਰਕੇ ਇਕ ਪਲੇਟਫਾਰਮ ਤੇ ਖੜਾ ਕਰਨਾ ਚਾਹੀਦਾ ਹੈ ਔਰ ਅਜਿਹੇ ਕੰਮ ਕਰਨੇ ਚਾਹੀਦੇ ਹਨ ਜਿਸ ਨਾਲ ਜਿਹੜਾ ਸਾਡਾ ਪੁਰਾਣਾ ਸ਼ਾਨਦਾਰ ਵਿਰਸਾ ਤੇ ਰਵਾਇਤਾਂ ਹਨ ਅਸੀਂ ਉਨ੍ਹਾਂ ਨੂੰ ਫਿਰ ਪੈਦਾ ਕਰ ਸਕੀਏ ਔਰ ਲੋਕਾਂ ਵਿਚ ਇਕ ਨਵੀਂ ਚੇਤਨਾ ਲਿਆ ਸਕੀਏ। ਜਿਹੜੇ ਲੋਕ ਗਲਤ ਪਾਸੇ ਵਲ ਤੁਰੇ ਜਾ ਰਹੇ ਹਨ ਉਨ੍ਹਾਂ ਨੂੰ ਉਸ ਵਿਚੋਂ ਕੱਢਣ ਵਿਚ ਸਫ਼ਲ ਹੋ ਸਕੀਏ।

ਸਪੀਕਰ ਸਾਹਿਬ, ਜਿਨ੍ਹਾਂ ਨੇ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਆਪਣੀਆਂ ਕੁਰਬਾਨੀਆਂ ਦਿੱਤੀਆਂ ਅਤੇ ਦੇਸ਼ ਦੀ ਖਾਤਰ ਸ਼ਹੀਦ ਹੋਏ ਅਤੇ ਉਨ੍ਹਾਂ ਦਾ ਸਮੇਂ ਤੋਂ ਪਹਿਲਾਂ ਸਾਡੇ ਕੋਲੋਂ ਵਿਛੜ ਜਾਣਾ ਅਤੇ ਸ਼ਹੀਦ ਹੋ ਜਾਣਾ ਇਹ ਦੇਸ਼ ਦੇ ਲਈ ਅਤੇ ਸਾਡ ਲਈ ਘਾਟੇ ਵਾਲੀ ਗੱਲ ਸੀ ਅਤੇ ਦੁਖਦਾਈ ਗੱਲ ਸੀ । ਮੈਂ ਇਥੇ ਸਾਰੇ ਸ਼ਹੀਦਾਂ ਦਾ ਜ਼ਿਕਰ ਨਹੀਂ ਕਰ ਸਕਾਂਗਾ ਪਰ ਫਿਰ ਵੀ ਕੁਝ ਮਹਾਨ ਹਸਤੀਆਂ ਦਾ ਜ਼ਿਕਰ ਇਥੇ ਕਰਨ ਦੀ ਕੋਸ਼ਿਸ਼ ਜ਼ਰੂਰ ਕਰਾਂਗਾ । ਸ੍ਰੀ ਜੋਗਿੰਦਰ ਪਾਲ ਪਾਂਡੇ ਜੋ ਇਸ ਹਾਊਸ ਦੇ ਮੈਂਬਰ ਰਹੇ ਅਤੇ ਉਨ੍ਹਾਂ ਨੇ ਇਥੇ ਮਨਿਸਟਰ ਦੇ ਤੌਰ ਤੇ ਸੇਵਾ ਕੀਤੀ, ਉਨ੍ਹਾਂ ਦਾ ਵਿਛੜ ਜਾਣਾ ਸਾਡੇ ਲਈ ਇਕ ਬਹੁਤ ਵੱਡੀ ਘਾਟ ਹੈ । ਇਨ੍ਹਾਂ ਨੂੰ ਵੀ ਅੱਤਵਾਦੀਆਂ ਨੇ ਸ਼ਹੀਦ ਕਰ ਦਿੱਤਾ । ਇਸੇ ਤਰ੍ਹਾਂ ਚੌਧਰੀ ਜਗਤ ਰਾਮ ਜੋ ਇਸ ਪਵਿੱਤਰ ਹਾਊਸ ਦੇ ਕਾਫੀ ਦੇਰ ਮੈਂਬਰ ਰਹੇ ਅਤੇ ਮਨਿਸਟਰ ਵੀ ਰਹੇ, ਉਨ੍ਹਾਂ ਨੂੰ ਅੱਤਵਾਦੀਆਂ ਨੇ ਗੋਲੀ ਦਾ ਸ਼ਿਕਾਰ ਬਣਾਇਆ । ਇਸ ਤੋਂ ਬਾਅਦ ਅਸੀਂ ਜਦੋਂ ਇਹ ਮਹਿਸੂਸ ਕਰਨ ਲਗ ਗਏ ਸੀ ਕਿ ਹੁਣ ਪੰਜਾਬ ਵਿਚ ਮਾਹੌਲ ਸੁਖਾਵਾਂ ਹੋ ਰਿਹਾ ਹੈ ਅਤੇ ਹਵਾ ਬਦਲ ਰਹੀ ਹੈ ਉਸ ਵਕਤ ਸਰਦਾਰ ਦਰਸ਼ਨ ਸਿੰਘ ਕੇ. ਪੀ. ਜੋ ਇਸ ਹਾਊਸ ਦੇ ਲਈ ਕਾਫ਼ੀ ਦੇਰ ਮੈਂਬਰ ਅਤੇ ਮਨਿਸਟਰ ਰਹੇ ਨੂੰ ਵੀ ਅੱਤਵਾਦੀਆਂ ਨੇ ਗੋਲੀਆਂ ਨਾਲ ਸ਼ਹੀਦ ਕਰ ਦਿੱਤਾ । ਇਸੇ ਤਰ੍ਹਾਂ ਬਾਬੂ ਹਿੱਤ ਅਭਿਲਾਸ਼ੀ ਜੋ ਬੀ. ਜੇ. ਪੀ. ਦੇ ਲੀਡਰ ਰਹੇ ਅਤੇ ਮਨਿਸਟਰ ਵੀ ਰਹੇ ਹਨ ਨੂੰ ਵੀ ਅੱਤਵਾਦੀਆਂ ਨੇ ਸ਼ਹੀਦ ਕਰ ਦਿੱਤਾ । ਅੱਤਵਾਦੀਆਂ ਨੇ ਇਨ੍ਹਾਂ ਨੂੰ ਆਪਣੀ ਗੋਲੀ ਦਾ ਨਿਸ਼ਾਨਾਂ ਬਣਾਇਆ । ਇਸੇ ਤਰ੍ਹਾਂ ਦੇਸ਼ ਇਸ ਦੌਰ ਵਿਚੋਂ ਗੁਜ਼ਰ ਰਿਹਾ ਹੈ ਕਿ ਪੰਜਾਬ ਦੀ ਸਮੱਸਿਆ ਨੂੰ ਹੱਲ ਕੀਤਾ ਜਾਵੇ ਅਤੇ ਜਿਹੜਾ ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਰਾਜੀਵ ਗਾਂਧੀ ਦੇ ਵਿਚਕਾਰ ਪੰਜਾਬ ਸਮਝੌਤਾ ਹੋਇਆ ਸੀ ਉਸ ਨੂੰ ਲਾਗੂ ਕੀਤਾ ਜਾਵੇ । ਪਰ ਬਦਕਿਸਮਤੀ ਇਹ ਹੈ ਕਿ ਇਹ ਦੋਨੋ ਲੀਡਰਜ਼ ਜਿਨ੍ਹਾਂ ਨੇ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਪੰਜਾਬ ਸਮਝੌਤਾ ਕੀਤਾ ਸੀ, ਇਹ ਵੀ ਅੱਤਵਾਦੀਆਂ ਦੇ ਸ਼ਿਕਾਰ ਹੋਏ ਅਤੇ ਸਮੇਂ ਤੋਂ ਪਹਿਲਾ ਸ਼ਹੀਦ ਹੋ ਗਏ । ਸੰਤ ਲੌਂਗੋਵਾਲ ਜੀ ਜੋ ਸੰਤ ਸੁਭਾਅ ਦੇ ਵਿਅਕਤੀ ਅਤੇ ਮਨੁਖਤਾ ਦੇ ਭਾਈਚਾਰੇ ਵਿਚ ਯਕੀਨ ਰੱਖਣ ਵਾਲੇ ਸਨ, ਨੂੰ ਵੀ ਅੱਤਵਾਦੀਆਂ ਨੇ ਆਪਣੀ ਗੋਲੀ ਦਾ ਨਿਸ਼ਾਨਾਂ ਬਣਾਇਆ । ਰਾਜੀਵ ਗਾਂਧੀ ਜੀ ਨੂੰ ਅਤਵਾਦੀਆਂ ਨੇ ਸ਼ਹੀਦ ਕਰ ਦਿੱਤਾ । ਜਿਹੜੇ ਫਿਰਕਾਪ੍ਰਸ਼ਤ ਅਤੇ ਦਹਿਸ਼ਤ-ਗਰਦ ਹਨ ਉਹ ਹੁਣ ਪੰਜਾਬ ਤੋਂ ਬਾਹਰ ਕਸ਼ਮੀਰ ਤੱਕ ਚਲੇ ਗਏ ਹਨ ਅਤੇ ਸਾਊਥ ਸਟੇਟਸ ਵਿਚ ਚਲੇ ਗਏ ਹਨ । ਰਾਜੀਵ ਗਾਂਧੀ ਵੀ ਦਹਿਸ਼ਤਗਰਦੀ ਦੇ ਸ਼ਿਕਾਰ ਹੋਏ ਅਤੇ ਸ਼ਹੀਦ ਹੋ ਗਏ ਅਤੇ ਇਸੇ ਤਰ੍ਹਾਂ ਸ੍ਰੀਮਤੀ ਇੰਦਰਾ ਗਾਂਧੀ ਜੀ ਨੂੰ ਵੀ ਦਹਿਸ਼ਤਗਰਦੀ ਨ ਸ਼ਹੀਦ ਕੀਤਾ । ਇਸ ਲਈ, ਸਪੀਕਰ ਸਾਹਿਬ, ਐਸੇ ਬਹੁਤ ਸਾਰੇ ਲੀਡਰਜ ਅਤੇ ਸੱਜਣ ਹੋਣਗੇ ਜਿਨ੍ਹਾਂ ਨੂੰ ਦੇਸ਼ ਦੀ ਅਖੰਡਤਾ ਲਈ ਅਤੇ ਏਕਤਾ ਦੀ ਖਾਤਰ ਸ਼ਹੀਦ ਹੋਣਾ ਪਿਆ । ਮੈਂ ਇਥੇ ਸਾਰਿਆਂ ਦਾ ਜ਼ਿਕਰ ਨਹੀਂ ਕਰ ਸਕਾਂਗਾ ਕਿਉਂਕਿ ਮੇਰੇ ਕੋਲ ਬਹੁਤ ਲੰਬੀ ਲਿਸਟ ਹੈ, ਪੰਜਾਬ ਵਿਚ ਪੰਜਾਬੀਅਤ ਨੂੰ ਕਾਇਮ ਕਰਨ ਦੀ ਲੋੜ ਹੈ ਅਤੇ ਸਭਿਆਚਾਰਕ ਰਿਵਾਇਤਾਂ ਨੂੰ ਕਾਇਮ ਰਖਣਾ ਹੋਵੇਗਾ ਅਤੇ ਜਿਹੜੇ ਸ਼ਹੀਦ ਹੋ ਗਏ ਹਨ ਉਨ੍ਹਾਂ ਨੂੰ ਸਨਮਾਨ ਨਾਲ ਯਾਦ ਰਖਣਾ ਪਵੇਗਾ । ਸੰਤ ਹਰਚੰਦ ਸਿੰਘ ਲੌਂਗੋਵਾਲ

[ਕਾਮਰੇਡ ਹਰਦੇਵ ਸਿੰਘ ਅਰਸ਼ੀ]

ਜੋ ਅੱਤਵਾਦੀਆਂ ਦਾ ਸ਼ਿਕਾਰ ਹੋਏ ਅਤੇ ਜਿਨ੍ਹਾਂ ਨੇ ਸੰਤ ਜੀ ਨੂੰ ਕਤਲ ਕੀਤਾ ਅਫਸੋਸ ਹੈ ਕਿ ਕੁਝ ਲੋਕ ਉਨ੍ਹਾਂ ਨੂੰ ਵੀ ਸ਼ਹੀਦ ਕਹਿ ਰਹੇ ਹਨ । ਕੀ ਉਹ ਸ਼ਹੀਦ ਕਹਿਲਾਉਣਗੇ ? ਇਸੇ ਤਰ੍ਹਾਂ ਸਰਦਾਰ ਬਲਵੰਤ ਸਿੰਘ, ਇਸ ਹਾਊਸ ਦੇ ਕਾਫੀ ਦੇਰ ਮੈਂਬਰ ਰਹੇ ਅਤੇ ਮਨਿਸਟਰ ਵੀ ਰਹੇ ਉਨ੍ਹਾਂ ਨੂੰ ਵੀ ਅੱਤਵਾਦੀਆਂ ਨੇ ਆਪਣੀ ਗੋਲੀ ਦਾ ਸ਼ਿਕਾਰ ਬਣਾਇਆ । ਹੁਣ ਮੈਂ ਕਾਮਰੇਡ ਦਰਸ਼ਨ ਸਿੰਘ ਕਨੇਡੀਅਨ, ਜੋ 2 ਵਾਰ ਇਸ ਹਾਊਸ ਦੇ ਮੈਂਬਰ ਬਣੇ ਅਤੇ ਪੰਜਾਬ ਦੇ ਲੋਕਾਂ ਦੀ ਸੇਵਾ ਕੀਤੀ ਅਤੇ ਉਹ ਲੋਕਾਂ ਨੂੰ ਗੁਰਬਾਣੀ ਦੇ ਆਧਾਰ ਤੇ ਸਮਝਾਇਆ ਕਰਦੇ ਸਨ ਅਤੇ ਦਲੀਲਾਂ ਗੁਰਬਾਣੀ ਵਿਚੋਂ ਦਿਆ ਕਰਦੇ ਸਨ ਤਾਂ ਕਿ ਜਿਹੜੇ ਨੌਜਵਾਨ ਗਲਤ ਰਸਤੇ ਤੇ ਚਲੇ ਗਏ ਹਨ ਉਸ ਵਾਪਿਸ ਆ ਜਾਣ । ਪਰ ਉਨ੍ਹਾਂ ਨੂੰ ਵੀ ਅੱਤਵਾਦੀਆਂ ਨੇ ਆਪਣੀ ਗੋਲੀ ਦਾ ਨਿਸ਼ਾਨਾ ਬਣਾਇਆ ਅਤੇ ਉਨ੍ਹਾਂ ਨੂੰ ਸਮੇਂ ਤੋਂ ਪਹਿਲਾਂ ਹੀ ਸ਼ਹੀਦ ਕਰ ਦਿੱਤਾ । ਇਸੇ ਤਰ੍ਹਾਂ ਕਾਮਰੇਡ ਅਰਜਨ ਸਿੰਘ ਮਸਤਾਨਾ, ਜੋ ਇਕ ਨਿਡਰ ਲੀਡਰ ਸਨ ਅਤੇ ਇਸ ਹਾਊਸ ਦੇ ਮੈਂਬਰ ਰਹੇ ਅਤੇ ਸੇਵਾ ਕੀਤੀ ਬੇ ਧੜਕ ਹੋ ਕੇ ਉਨ੍ਹਾਂ ਨੇ ਦਲੇਰੀ ਦੇ ਨਾਲ ਅੱਤਵਾਦੀਆਂ ਦੇ ਖਿਲਾਫ ਆਪਣੀ ਆਵਾਜ਼ ਨੂੰ ਬੁਲੰਦ ਕੀਤਾ ਉਨ੍ਹਾਂ ਨੂੰ ਵੀ ਅੱਤਵਾਦੀਆਂ ਨੇ ਆਪਣੀ ਗੋਲੀ ਦਾ ਸ਼ਿਕਾਰ ਬਣਾਇਆ । ਮਸਤਾਨਾ ਸਾਹਿਬ ਨੂੰ ਅੱਤਵਾਦੀਆਂ ਨੇ ਸ਼ਹੀਦ ਕਰ ਦਿੱਤਾ । ਮੈਂ ਉਨ੍ਹਾਂ ਦੀ ਬੜੀ ਇਜਤ ਕਰਦਾ ਸੀ ਅਤੇ ਉਨ੍ਹਾਂ ਦੀ ਦਲੇਰੀ ਉਤੇ ਮੈਨੂੰ ਮਾਣ ਸੀ । ਇਸੇ ਤਰ੍ਹਾਂ ਕਾਮਰੇਡ ਸਰਵਣ ਸਿੰਘ ਚੀਮਾ, ਜੋ ਕਿਸਾਨੀ ਦੇ ਬਹੁਤ ਵੱਡੇ ਲੀਡਰ ਰਹੇ ਹਨ ਅਤੇ ਇਸ ਹਾਊਸ ਦੇ ਮੈਂਬਰ ਰਹੇ ਅਤੇ ਸੇਵਾ ਕੀਤੀ । ਇਨ੍ਹਾਂ ਨੂੰ ਵੀ ਅੱਤਵਾਦੀਆਂ ਨੇ ਸ਼ਹੀਦ ਕਰ ਦਿੱਤਾ । ਇਸੇ ਤਰ੍ਹਾਂ ਸਰਦਾਰ ਦਰਸ਼ਨ ਸਿੰਘ ਬੀਕਾ ਨੂੰ ਅੱਤਵਾਦੀਆਂ ਨੇ ਆਪਣੀ ਗੋਲੀ ਦਾ ਸ਼ਿਕਾਰ ਬਣਾਇਆ ਅਤੇ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ । ਇਸੇ ਤਰ੍ਹਾਂ ਅਕਾਲ ਤਖਤ ਦੇ ਜਥੇਦਾਰ ਗਿਆਨੀ ਪ੍ਰਤਾਪ ਸਿੰਘ ਨੂੰ ਵੀ ਅੱਤਵਾਦੀਆਂ ਨੇ ਸ਼ਹੀਦ ਕਰ ਦਿੱਤਾ ਅਤੇ ਇਨ੍ਹਾਂ ਨੂੰ ਵੀ ਅੱਤਵਾਦੀਆਂ ਨੇ ਗੋਲੀ ਦਾ ਨਿਸ਼ਾਨਾ ਬਣਾਇਆ । ਇਸੇ ਤਰ੍ਹਾਂ, ਸਪੀਕਰ ਸਾਹਿਬ, ਮੈਂ ਸਾਰਿਆਂ ਦਾ ਜ਼ਿਕਰ ਨਹੀਂ ਕਰ ਸਕਦਾ । ਲਾਲਾ ਜਗਤ ਨਰਾਇਣ, ਜਿਨ੍ਹਾਂ ਦੀ ਲੇਖਣੀ ਵਿਚ ਦਮ ਸੀ ਅਤੇ ਜੋ ਨਿਡਰ ਵਿਅਕਤੀ ਅਤੇ ਪੱਤਰਕਾਰ ਸਨ । ਭਾਵੇਂ ਉਨ੍ਹਾਂ ਦੇ ਸਾਰੇ ਵਿਚਾਰਾਂ ਨਾਲ ਮੇਰੀ ਸਹਿਮਤੀ ਨਹੀਂ ਸੀ ਹੁੰਦੀ, ਇਨ੍ਹਾਂ ਨੂੰ ਵੀ ਅੱਤਵਾਦੀਆਂ ਨੇ ਆਪਣੀ ਗੋਲੀ ਦਾ ਸ਼ਿਕਾਰ ਬਣਾ ਕੇ ਸ਼ਹੀਦ ਕਰ ਦਿੱਤਾ । ਇਸੇ ਤਰ੍ਹਾਂ ਉਨ੍ਹਾਂ ਦੇ ਸਪੁੱਤਰ ਰਮੇਸ਼ ਜੀ ਵੀ ਅੱਤਵਾਦੀਆਂ ਦੇ ਸ਼ਿਕਾਰ ਹੋਏ ਅਤੇ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ । ਉਹ ਵੀ ਬੜੇ ਤਕੜੇ ਪੱਤਰਕਾਰ ਸਨ । ਇਸੇ ਤਰ੍ਹਾਂ ਸਾਡੇ ਜ਼ਿਲ੍ਹੇ ਦੇ ਸ੍ਰੀ ਬੰਤ ਸਿੰਘ ਰਾਏਪੁਰੀ ਪੱਤਰਵਾਚਕ ਸਨ ਜਿਨ੍ਹਾਂ ਦੀ ਲੇਖਣੀ ਵਿਚ ਜਾਨ ਹੁੰਦੀ ਸੀ । ਪਹਿਲਾਂ ਉਹ 'ਨਵਾਂ ਜ਼ਮਾਨਾ' 'ਚ' ਸਨ ਬਾਅਦ ਵਿਚ 'ਜੱਗਬਾਣੀ' ਵਿਚ ਚਲੇ ਗਏ । ਇਨ੍ਹਾਂ ਨੂੰ ਪੇਂਡੂ ਖੇਤਰ ਵਿਚ ਜਾ ਕੇ ਕੰਮ ਕਰਨ ਦਾ ਬੜਾ ਸ਼ੌਕ ਸੀ ਅਤੇ ਉਸ ਵਕਤ ਜਿਸ ਵਕਤ ਪਿੰਡਾਂ ਵਿਚ ਡਰ ਦਾ ਮਾਹੌਲ ਬਣਿਆ ਸੀ, ਇਨਾਂ ਨੂੰ ਵੀ ਸ਼ਹੀਦ ਕਰ ਦਿੱਤਾ ਅਤੇ ਇਸੇ ਤਰ੍ਹਾਂ ਬਲਬੀਰ ਸਿੰਘ ਸਾਗੂ, ਪੱਤਰਕਾਰ, ਜਿਨ੍ਹਾਂ ਨੇ ਆਪਣੀ ਕਲਮ ਅਤੇ ਲੇਖਣੀ ਨਾਲ ਅੱਤਵਾਦ ਦੇ ਖਿਲਾਫ ਆਵਾਜ਼ ਚੁੱਕੀ ਅਤੇ ਕਲਮ ਦੀ ਤਾਕਤ ਦਾ ਇਸਤੇਮਾਲ ਅੱਤਵਾਦੀਆਂ ਦੇ ਖ਼ਿਲਾਫ ਕੀਤਾ, ਉਨ੍ਹਾਂ ਨੂੰ ਅੱਤਵਾਦੀ ਪਸੰਦ ਨਹੀਂ ਸਨ ਕਰਦੇ, ਉਨ੍ਹਾਂ ਨੂੰ ਵੀ ਸ਼ਹੀਦ ਕਰ ਦਿੱਤਾ ।

ਹੁਣ ਜੋ ਸਾਡੇ ਕਲਾਕਾਰ ਹਨ ਉਨ੍ਹਾਂ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਸ੍ਰੀ ਵਰਿੰਦਰ ਜੀ ਦੀਆਂ ਫ਼ਿਲਮਾਂ ਦਾ ਜਿਹੜਾ ਥੀਮ ਹੈ, ਉਨ੍ਹਾਂ ਦੇ ਨਾਲ ਮੇਰੀ ਸਹਿਮਤੀ ਹੋਵੇ ਜਾਂ ਨਾ ਹੋਵੇ, ਉਨ੍ਹਾਂ ਨੇ ਪੰਜਾਬੀ ਫਿਲਮਾਂ ਰਾਹੀਂ ਪੰਜਾਬੀ ਸਭਿਆਚਾਰ ਨੂੰ ਜੋ ਦੇਣ ਦਿੱਤੀ ਹੈ ਉਸ ਦਾ ਅਸੀਂ ਤਕੜਾ ਹੁੰਗਾਰਾ ਭਰਦੇ ਹਾਂ. ਉਹ ਵੀ ਪਿਛਲੇ ਸਮੇਂ ਵਿਚ ਸ਼ਹੀਦ ਹੋਏ। ਆਖਿਰ ਵਿਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਪਿਛਲੇ ਸਮੇਂ ਵਿਚ ਜੋ ਪੰਜਾਬ ਤੇ ਵਾਪਰਿਆ ਹੈ ਉਹ ਆਪਣੇ ਲੋਕਾਂ ਦੁਆਰਾ ਹੀ ਸੀ। ਹੋ ਸਕਦਾ ਹੈ ਕਿ ਉਹ ਗਵਾਂਢੀ ਮੁਲਕ ਦੇ ਇਸ਼ਾਰੇ ਤੇ ਕਰਦੇ ਰਹੇ ਹੋਣ। ਉਨ੍ਹਾਂ ਨੇ ਸ਼ਾਰਟਕਟ ਰਸਤਾ ਅਪਨਾਇਆ ਹੈ ਤਾਂ ਕਿ ਕਿਸੇ ਨਾ ਕਿਸੇ ਤਰੀਕੇ ਨਾਲ ਆਪਣੀ ਤਾਕਤ ਹਥਿਆਉ, ਭਾਵੇਂ ਉਸ ਦੇ ਲਈ ਕੋਈ ਵੀ ਨਾਹਰਾ ਜੋ ਮਰਜ਼ੀ ਹੈ ਦੇ ਦਿਉ। ਇਸ ਤਰ੍ਹਾਂ ਕਰਕੇ ਗਲਤ ਨਾਹਰੇ ਦੇਣ ਦੇ ਸਿਟੇ ਵਜੋਂ ਗਲਤ ਦਿਸ਼ਾ ਪ੍ਰਦਾਨ ਕੀਤੀ ਗਈ। ਜਿਹੜੀ ਨੌਜਵਾਨ ਪੀੜੀ ਨੇ ਆਪਣੀ ਅਤੇ ਆਪਣੀ ਜਵਾਨੀ ਦਾ ਯੋਗਦਾਨ ਦੇਸ਼ ਦੀ ਉਸਾਰੀ ਲਈ ਪਾਉਣਾ ਸੀ ਉਹ ਇਕ ਵਿਨਾਸ ਦਾ ਕਾਰਨ ਬਣ ਗਈ। ਇਹ ਮਹਾਨ ਸ਼ਖਸੀਅਤਾਂ ਅਤੇ ਸਾਡੇ ਗੁਰੂਆਂ ਦਾ ਪੰਜਾਬ ਹੈ। ਸਰਦਾਰ ਭਗਤ ਸਿੰਘ ਅਤੇ ਸਰਦਾਰ ਕਰਤਾਰ ਸਿੰਘ ਸਰਾਭਾ ਅੱਜ ਦਿਖਾਈ ਨਹੀਂ ਦੇ ਰਹੇ ਹਨ, ਉਹ ਇਸ ਪੰਜਾਬ ਅਤੇ ਦੇਸ਼ ਲਈ ਕੁਰਬਾਨ ਹੋ ਗਏ। ਸਪੀਕਰ ਸਾਹਿਬ, ਪਿਛਲੇ 10 ਸਾਲਾਂ ਤੋਂ ਅਸੀਂ ਜੇ ਝਾਤ ਮਾਰੀਏ ਤਾਂ ਮੰਨ ਨੂੰ ਬੜਾ ਦੁੱਖ ਹੁੰਦਾ ਹੈ। ਅੱਜ ਕੁਝ ਖੁਸ਼ੀ ਦਿਖਾਈ ਦੇਣ ਲਗੀ ਹੈ। ਸਪੀਕਰ ਸਾਹਿਬ, ਮੈਂ ਇੱਕ ਦੋ ਬੇਨਤੀਆਂ ਹੋਰ ਕਰਨਾ ਚਾਹੁੰਦਾ ਹਾਂ ਕਿ ਅਸੀਂ ਇਨ੍ਹਾਂ ਸ਼ਹੀਦਾਂ ਦੀ ਯਾਦ ਵਿਚ ਯਾਦਗਾਰਾਂ ਉਸਾਰੀਏ, ਨੌਜਵਾਨ ਪੀੜ੍ਹੀ ਵਾਸਤੇ ਤਾਂ ਕਿ ਉਨ੍ਹਾਂ ਦੀਆਂ ਕਰਬਾਨੀਆਂ ਸਾਨੂੰ ਪ੍ਰੇਰਣਾ ਦਿੰਦੀਆਂ ਰਹਿਣ। ਇਹ ਵੀ ਬੜਾ ਜ਼ਰੂਰੀ ਹੈ ਕਿ ਅਸੀਂ ਉਹ ਸਾਰੀਆਂ ਭਾਵਨਾਵਾਂ ਜੋ ਦੇਸ਼ ਦੀ ਆਜ਼ਾਦੀ ਦੀ ਲਹਿਰ ਵੇਲੇ ਸਨ ਔਰ ਇਸ ਨੂੰ ਉਹ ਕਾਇਮ ਰੱਖ ਸਕੇ। ਜਿਸ ਤਰ੍ਹਾਂ ਦੇਸ਼ ਦੀ ਆਜ਼ਾਦੀ ਦੀ ਲੜਾਈ ਸਾਰੇ ਲੋਕਾਂ ਦੇ ਯੋਗਦਾਨ ਤੋਂ ਬਿਨਾਂ ਲੜਨੀ ਸੰਭਵ ਨਹੀਂ ਸੀ, ਇਸੇ ਤਰ੍ਹਾਂ ਅੱਜ ਪੰਜਾਬ ਵਿਚ ਅਮਨ ਦੀ ਸਥਾਪਨਾ ਵੀ ਹਰ ਵਰਗ ਦੇ ਲੋਕਾਂ ਦੇ ਯੋਗਦਾਨ ਤੋਂ ਬਿਨਾਂ ਸੰਭਵ ਨਹੀਂ ਹੈ। ਇਸ ਕਰਕੇ ਅੱਜ ਸਾਡਾ ਇਸ ਸਮੇਂ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਆਪਣੀਆਂ ਛੋਟੀਆਂ ਛੋਟੀਆਂ ਸਿਆਸੀ ਗੱਲਾਂ ਤੋਂ ਉਪਰ ਉਠੀਏ। ਦੇਸ਼ ਦੇ ਅੱਗੇ ਇਕ ਗੁਡ ਸਿਟੀਜ਼ਨ ਹੋਣ ਦੇ ਨਾਤੇ, ਇਕ ਪੰਜਾਬੀ ਹੋਣ ਦੇ ਨਾਤੇ, ਅੱਜ ਸਮਾਂ ਆ ਗਿਆ ਹੈ ਕਿ ਅਸੀਂ ਅੱਜ ਇਕ ਮੁੱਠ ਹੋਈਏ। ਮੈਨੂੰ ਅੱਜ ਉਹ ਸੀਨ ਯਾਦ ਆ ਗਿਆ ਹੈ, ਜਿਸ ਵੇਲੇ ਪੰਜਾਬ ਵਿਚ ਖਾਲਿਸਤਾਨ ਦੀ ਗੱਲ ਹੋ ਰਹੀ ਸੀ ਤੇ ਅਸੀਂ ਕਹਿੰਦੇ ਸੀ ਕਿ ਜੇ ਤੁਸੀਂ ਖਾਲਿਸਤਾਨ ਦੀ ਗੱਲ ਕਰੋਗੇ ਤਾਂ ਦੇਸ਼ ਵਿਚ ਹਿੰਦੂ ਰਾਸ਼ਟਰ ਦੀ ਗੱਲ ਕੀਤੀ ਜਾਵੇਗੀ। ਅੱਜ ਖਾਲਿਸਤਾਨ ਦੀ ਗੱਲ ਘਟੀ ਹੈ। ਜਿਹੜੇ ਲੋਕ ਇਥੇ ਖਾਲਿਸਤਾਨ ਦਾ ਵਿਰੋਧ ਕਰਦੇ ਸੀ. ਅੱਜ ਸਮੁਚੇ ਹਿੰਦੁਸਤਾਨ ਨੂੰ ਇਕ ਚਿੰਤਾ ਦੇ ਰਸਤੇ ਤੇ ਲਿਆ ਕੇ ਖੜ੍ਹਾ ਕਰ ਦਿਤਾ ਹੈ। ਫਿਰਕਾਪ੍ਰਸਤੀ ਚਾਹੇ ਘੱਟ ਗਿਣਤੀ ਦੀ ਕਿਉਂ ਨਾ ਹੋਵੇ, ਮਾੜੀ ਹੈ ਲੇਕਿਨ ਬਹੁ-ਗਿਣਤੀ ਦੀ ਹੋਵੇ ਤਾਂ ਹੋਰ ਵੀ ਜ਼ਿਆਦਾ ਖਤਰਨਾਕ ਹੈ। ਇਸ ਕਰਕੇ ਅੱਜ ਮੈਂ ਸਮਝਦਾ ਹਾਂ ਕਿ ਬੀ. ਜੇ. ਪੀ. ਦੀ ਸਭ ਤੋਂ ਵੱਡੀ ਜ਼ਿੰਮੇਂਵਾਰੀ ਬਣਦੀ ਸੀ ਕਿਉਂਕਿ ਉਹ ਨੈਸ਼ਨਲ ਪਾਰਟੀ ਹੈ ਜਿਹੜੀ ਖਾਲਿਸਤਾਨ ਦਾ ਵਿਰੋਧ ਕਰਦੀ

[ਕਾਮਰੇਡ ਹਰਦੇਵ ਸਿੰਘ ਅਰਸ਼ੀ]

ਸੀ ਪਰ ਅੱਜ ਕਿਸ ਤਰ੍ਹਾਂ ਉਨ੍ਹਾਂ ਵਲੋਂ ਹਿੰਦੂ ਤਬਕੇ ਨੂੰ ਉਭਾਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਹਿੰਦੂ ਰਾਸ਼ਟਰ ਦੇ ਨਾਹਰੇ ਲਗਾਏ ਜਾ ਰਹੇ ਹਨ। ਅਗਰ ਤੁਸੀਂ ਦੇਸ਼ ਵਿਚ ਹਿੰਦੂ ਰਾਸ਼ਟਰ ਦੇ ਨਾਅਰੇ ਲਗਾਉ ਔਰ ਫੇਰ ਕਹੋ ਕਿ ਖਾਲਿਸਤਾਨ ਗੱਲਤ ਹੈ, ਫੇਰ ਤੁਸੀਂ ਕਿ ਇਸਲਾਮੀ ਰਾਜ ਮੰਗਣਾ ਗਲਤ ਹੈ ਤੁਹਾਡੀ ਦਲੀਲ ਵਿਚ ਵਜ਼ਨ ਨਹੀਂ ਹੋਵੇਗਾ। ਤੁਹਾਡਾ ਹਿੰਦੂ ਰਾਸ਼ਟਰ ਦਾ ਨਾਅਰਾ ਵੀ ਉਸੇ ਤਰ੍ਹਾਂ ਵੱਖਵਾਦ ਦਾ ਨਾਹਰਾ ਹੈ। ਤੁਸੀਂ ਉਨ੍ਹਾਂ ਵੱਖ ਵਾਦੀ ਤਾਕਤਾਂ ਨੂੰ ਤਕੜਾ ਕਰੋਗੇ। ਇਸ ਕਰਕੇ ਮੈਂ ਸਮਝਦਾ ਹਾਂ ਕਿ ਇਹ ਬੜੀ ਵਡੀ ਚੁਨੌਤੀ ਸਮੁਚੇ ਦੇਸ਼ ਦੇ ਸਾਹਮਣੇ ਬਣ ਗਈ ਹੈ। ਇਹ ਜਿਹੜੀਆਂ ਪਾਰਟੀਆਂ ਨੇ ਸਬਕ ਨਹੀਂ ਸਿਖਿਆ, ਪੰਜਾਬ ਤੋਂ ਅਗਰ ਬੀ. ਜੇ. ਪੀ. ਦੇ ਸਾਥੀ ਥੋੜ੍ਹਾ ਅੰਦਰ ਝਾਤ ਮਾਰਨ ਦੀ ਕੋਸ਼ਿਸ਼ ਕਰਨ ਤਾਂ ਮਾਫ਼ ਕਰਨਾ ਮੈਨੂੰ ਇਕ ਪਾਰਟੀ ਦਾ ਨਾਂ ਲੈਣਾ ਪਿਆ ਹੈ, ਸਿਰਫ ਦੇਸ਼ ਦੇ ਹਿੱਤਾਂ ਨੂੰ ਧਿਆਨ ਰੱਖ ਕੇ ਕਿਹਾ ਹੈ। ਇਥੇ ਦੀਆਂ ਜਿਹੜੀਆਂ ਪਾਰਟੀਆਂ ਹਨ ਉਨ੍ਹਾਂ ਦਾ ਹਸ਼ਰ ਦੇਖੋ। ਜਿਨ੍ਹਾਂ ਨੇ ਧਰਮ ਅਤੇ ਰਾਜਨੀਤੀ ਨੂੰ ਰਲਗਡ ਕੀਤਾ। ਅੱਜ ਧਰਮ ਦਾ ਵੀ ਕੀ ਬਣਿਆ ਉਨ੍ਹਾਂ ਪਾਰਟੀਆਂ ਦਾ ਵੀ ਕੀ ਬਣਿਆ ? ਮੈਂ ਕਹਿਣਾ ਚਾਹੁੰਦਾ ਹਾਂ ਕਿ ਬੀ. ਜੇ. ਪੀ. ਨੇ ਅੱਜ ਕੰਧ ਤੇ ਲਿਖਿਆ ਨਾ ਪੜ੍ਹਿਆ, ਇਸ ਤਰ੍ਹਾਂ ਦੇ ਗਰਮ ਨਾਹਰੇ ਦਿੱਤੇ ਤਾਂ ਇਹ ਅੰਦੋਲਨ ਇਨ੍ਹਾਂ ਦੇ ਹਥਾਂ ਵਿਚੋਂ ਚਲਾ ਜਾਵੇਗਾ। ਜਿਹੜੇ ਗਰਮ ਪੱਖੀ ਨੇ ਉਹ ਨਿਕਲਣਗੇ, ਅੱਜ ਵੀ ਬਜਰੰਗ ਦਲ ਦੇ ਨਾਂ ਤੇ ਜਾਂ ਸ਼ਿਵ ਸੈਨਾ ਦੇ ਨਾਂ ਤੇ ਕੀ ਹੋਇਆ ? 6 ਦਸੰਬਰ ਤੋਂ ਪਹਿਲਾਂ ਇਸ ਦੇਸ਼ ਵਿਚ ਪਿਛਲੇ 46 ਸਾਲਾਂ ਵਿਚ ਜੋ ਆਪਣੀ ਸਭਿਆਚਾਰਕ ਸਾਂਝ ਨੂੰ ਵਿਕਸਤ ਕੀਤਾ ਸੀ ਅੱਜ ਉਹ ਸਾਰੀ ਦੀ ਸਾਰੀ ਦਾਅ ਤੇ ਲਾਅ ਦਿਤੀ ਗਈ ਔਰ ਕਿਸ ਤਰ੍ਹਾਂ ਹਜ਼ਾਰਾਂ ਦੀ ਗਿਣਤੀ ਵਿਚ ਬੇ-ਗੁਨਾਅ ਪਰਿਵਾਰ ਮਾਰੇ ਗਏ। ਕਰੋੜਾਂ ਦੀ ਸੰਖਿਆ ਵਿਚ ਜਿਹੜੀ ਸਾਡੀ ਪ੍ਰਾਪਰਟੀ ਸੀ ਉਹ ਤਬਾਹ ਹੋ ਗਈ। ਜਿਹੜੀ ਅਸੀਂ 45-46 ਸਾਲਾਂ ਵਿਚ ਆਪਸੀ ਸਾਂਝ ਸਿਰਜਨ ਦੀ ਕੋਸ਼ਿਸ਼ ਕੀਤੀ ਸੀ, ਉਸ ਨੂੰ ਇੱਕ ਐਸੀ ਖਤਰਨਾਕ ਸੱਟ ਪਈ ਤਾਂ ਆਖਰੀ ਦਮਾਂ ਤੇ ਆ ਗਈ। ਸਪੀਕਰ ਸਾਹਿਬ, ਸਾਰੇ ਦੇਸ਼ ਦਾ ਅਕਸ ਬਾਹਰਲੇ ਦੇਸ਼ਾਂ ਵਿਚ ਵੀ ਖ਼ਰਾਬ ਹੋਇਆ ਹੈ ਔਰ ਸਾਡੇ ਲੋਕਾਂ ਦੇ ਦਿਲ ਵੀ ਦੂਰ ਹੋਏ। ਮੈਂ ਉਨ੍ਹਾਂ ਲੋਕਾਂ ਨੂੰ ਇਕ ਬੇਨਤੀ ਕਰਨਾ ਚਾਹੁੰਦਾ ਹਾਂ, ਕਹਿਣ ਨੂੰ ਉਹ ਵੀ ਪਰਚਾਰ ਕਰਦੇ ਹਨ ਕਿ ਅਸੀਂ ਹਿੰਦੁਸਤਾਨ ਦੀ ਏਕਤਾ ਦੇ ਮੁੱਦਈ ਹਾਂ। ਕਸ਼ਮੀਰ ਤੋਂ ਲੈ ਕੇ ਕੰਨਿਆ ਕੁਮਾਰੀ ਤਕ ਉਹ ਵੀ ਭਾਰਤ ਇਕ ਰਖਣ ਦੀਆਂ ਗੱਲਾਂ ਕਰਦੇ ਹਨ ਲੇਕਿਨ ਇਕ ਕਿਵੇਂ ਰਖਿਆ ਜਾ ਸਕਦਾ ਹੈ। ਸਮਝ ਇਸ ਦੇ ਵਿਚ ਚਾਹੀਦੀ ਹੈ, ਇਹ ਡੰਡੇ ਨਾਲ ਵੀ ਇਕ ਰਖਿਆ ਜਾ ਸਕਦਾ ਹੈ ਪਰ ਸਥਾਈ ਤੌਰ ਤੇ ਨਹੀਂ। ਸਥਾਈ ਤੌਰ ਤੇ ਤਦ ਹੀ ਰਖਿਆ ਜਾ ਸਕਦਾ ਹੈ ਜੇ ਦਿਲਾਂ ਦੀ ਸਾਂਝ ਹੋਵੇਗੀ। ਜੇਕਰ ਦਿਲਾਂ ਦੀ ਸਾਂਝ ਇਕ ਵਾਰ ਟੁੱਟ ਗਈ ਤਾਂ ਫਿਰ ਜਿਹੜਾ ਸਾਡਾ ਠੀਕ ਨਾਹਰਾ ਅਨੇਕਤਾ ਵਿਚ ਏਕਤਾ, ਅਗਰ ਦਿਲਾਂ ਦੀ ਸਾਂਝ ਟੁੱਟ ਗਈ ਮੈਂ ਉਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ, ਫਿਰ ਅਨੇਕਤਾ ਦੀ ਸਾਂਝ ਟੁਟੇਗੀ। ਜੇ ਅਨੇਕਤਾ ਦੀ ਸਾਂਝ ਟੁਟ ਗਈ ਤਾਂ ਫੇਰ ਏਕਤਾ ਦੀ ਸਾਂਝ ਨਹੀਂ ਬਚ ਸਕਦੀ। ਇਸ ਕਰਕੇ ਅੱਜ ਲੋਕਾਂ ਨੂੰ ਧੱਕੇ ਨਾਲ ਜੋੜਨ ਦੀ ਬਜਾਏ ਜਿਹੜੀ ਸਾਡੀ ਸਭਿਆਚਾਰਕ ਸੰਸਕ੍ਰਿਤੀ ਹੈ, ਉਸ ਤੇ ਪਹਿਰਾ ਦੇਣ ਦੀ ਜ਼ਰੂਰਤ ਹੈ। ਜਿਸ ਤਰ੍ਹਾਂ ਦੇਸ਼ ਵਿੱਚ ਇਹ ਤਾਕਤਾਂ ਸਿਰ ਚੁੱਕ ਰਹੀਆਂ ਹਨ, ਸਾਡੇ ਵਾਸਤੇ ਇਕ ਚੈਲੰਜ ਹੈ ਸਮੁੱਚੇ ਦੇਸ਼ ਭਗਤ

ਲੋਕਾਂ ਵਾਸਤੇ ਕਿ ਅੱਜ ਆਪਣੀਆਂ ਜਿਹੜੀਆਂ ਛੋਟੀਆਂ ਛੋਟੀਆਂ ਪਾਰਟੀਜ਼ ਹਨ, ਆਓ ਸਾਰੇ ਉਸ ਤੋਂ ਉਪਰ ਉਠੀਏ ਔਰ ਇਹ ਜਿਹੜੀਆਂ ਕਾਲੀਆਂ ਤਾਕਤਾਂ ਸਿਰ ਚੁੱਕ ਰਹੀਆਂ ਹਨ ਔਰ ਮੈਂ ਲੜਾਈ ਵਾਸਤੇ ਵੀ ਕਹਿਣਾ ਚਾਹੁੰਦਾ ਹਾਂ, ਅੱਜ ਕੁਝ ਲੋਕਾਂ ਦੀ ਦੋ ਤਰ੍ਹਾਂ ਦੀ ਸੋਚ ਹੋ ਸਕਦੀ ਹੈ, ਅੱਜ ਜਿਹੜੀ ਗਾਂਧੀ ਜੀ ਦੀ ਸੱਚੀ ਭਾਵਨਾ ਹੈ, ਟਰੂ ਸਪਿਰਿਟ ਹੈ ਔਰ ਜਿਹੜੀ ਫਿਰਕਾਪ੍ਰਸਤੀ ਦੇ ਖਿਲਾਫ ਲੜਾਈ ਲੜਦੇ ਉਹ ਸ਼ਹੀਦੀ ਤਕ ਦੇ ਗਏ, ਅੱਜ ਉਸ ਟਰੂ ਸਪਿਰਿਟ ਤੇ ਪਹਿਰਾ ਦੇਣ ਦੀ ਜ਼ਰੂਰਤ ਹੈ। ਅੱਜ ਫਿਰਕਾ-ਪ੍ਰਸਤੀ ਨੂੰ ਪਲੇਸ ਕੇ ਫਿਰਕਾਪ੍ਰਸਤੀ ਨਾਲ ਨਹੀਂ ਲੜਿਆ ਜਾ ਸਕਦਾ, ਫਿਰਕਾਪ੍ਰਸਤੀ ਨੂੰ ਪੱਠੇ ਪਾ ਕੇ ਨਹੀਂ ਲੜਿਆ ਜਾ ਸਕਦਾ। ਮੈਂ ਕਹਿਣਾ ਚਾਹੁੰਦਾ ਹਾਂ ਕਿ ਅੱਜ ਦੇ ਸਮੇਂ ਵਿੱਚ ਬਿਨਾ ਕਿਸੇ ਸਮਝੌਤਾ ਕੀਤਿਆਂ ਫਿਰਕਾਪ੍ਰਸਤੀ ਦੇ ਖਿਲਾਫ ਜਿੰਨਾ ਚਿਰ ਮੈਦਾਨ ਵਿੱਚ ਨਹੀਂ ਆਉਂਦੇ, ਦੇਸ਼ ਵਿੱਚੋਂ ਉਨ੍ਹਾਂ ਚਿਰ ਫਿਰਕਾਪ੍ਰਸਤੀ ਨੂੰ ਨਹੀਂ ਕੱਢਿਆ ਜਾ ਸਕਦਾ ਔਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਅਗਰ ਅੱਜ ਹਿੰਦੁਸਤਾਨ ਵਿੱਚ ਜੇ ਹਿੰਦੂ-ਵਾਦ ਦੀ ਜਿੱਤ ਹੁੰਦੀ ਹੈ ਤਾਂ ਮੈਂ ਸਮਝਦਾ ਹਾਂ ਕਿ ਉਹ ਸਭ ਤੋਂ ਵੱਡਾ ਹਿੰਦੁਸਤਾਨ ਲਈ ਬਦ-ਕਿਸਮਤੀ ਭਰਿਆ ਦਿਨ ਹੋਵੇਗਾ ਅਤੇ ਜਿਹੜੀ ਸਾਡੀ ਏਨੀ ਪੁਰਾਣੀ ਸਾਂਝ ਹੈ, ਉਹ ਸਾਂਝ ਟੁੱਟ ਜਾਵੇਗੀ ਅਤੇ ਇਕ ਵਾਰੀ ਜੇ ਉਹ ਸਾਂਝ ਦਿਲਾਂ ਵਿਚੋਂ ਟੁਟ ਗਈ ਤਾਂ ਉਹ ਫੇਰ ਜੁੜਨੀ ਬੜੀ ਔਖੀ ਹੋਵੇਗੀ। ਅੱਜ ਇਤਿਹਾਸ ਨੂੰ ਵੀ ਤੋੜਨ ਦੀਆਂ ਗੱਲਾਂ ਹੋ ਰਹੀਆਂ ਹਨ। ਇਸ ਦਾ ਅਕਸ ਤੋੜ-ਮਰੋੜ ਕੇ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਜਿਥੇ ਮੇਰੇ ਇਨ੍ਹਾਂ ਸਾਥੀਆਂ ਦੀਆਂ ਸਰਕਾਰਾਂ ਸਨ. ਉਥੇ ਜਿਹੜੇ ਸਾਡੇ ਪੁਰਾਣੇ ਸ਼ਹਿਰਾਂ ਦੇ ਨਾਂ ਸਨ, ਉਨ੍ਹਾਂ ਸ਼ਹਿਰਾਂ ਦੇ ਨਾਂ ਬਦਲਣ ਤੱਕ ਦੀਆਂ ਸਕੀਮਾਂ ਤਿਆਰ ਕੀਤੀਆਂ ਗਈਆਂ, ਪਾਠ ਪੁਸਤਕਾਂ ਦੇ ਵਿੱਚ ਚੈਪਟਰ ਪਾਏ ਗਏ ਜਿਹੜੇ ਸੱਚੀ ਗੱਲ ਨਹੀਂ ਬਲਕਿ ਉਨ੍ਹਾਂ ਦੀ ਸੋਚ ਨੂੰ ਰਿਫਲੈਕਟ ਕਰਨ ਦੀ ਕੋਸ਼ਿਸ਼ ਕਰਦੇ ਸੀ। ਅਗਰ ਇਨ੍ਹਾਂ ਕੋਸ਼ਿਸ਼ਾਂ ਨੂੰ ਸਮੇਂ ਸਿਰ ਨਾ ਰੋਕਿਆ ਗਿਆ ਤਾਂ ਮੈਂ ਸਮਝਦਾ ਹਾਂ ਕਿ ਅੱਜ ਅਸੀਂ ਏਥੇ ਜਿਹੜੀਆਂ ਮਹਾਨ ਸ਼ਖਸੀਅਤਾਂ ਦੀ ਯਾਦ ਵਿੱਚ ਜੁੜ ਰਹੇ ਹਾਂ ਤਾਂ ਪਤਾ ਨਹੀਂ ਫੇਰ ਹਿੰਦੁਸਤਾਨ ਵਿੱਚ ਦੂਜੀ ਜੰਗੇ-ਆਜ਼ਾਦੀ ਦੀ ਲੜਾਈ ਵਿੱਚ ਕਿੰਨੀਆਂ ਵੱਡੀਆਂ ਕੁਰਬਾਨੀਆਂ ਕਰਨੀਆਂ ਪੈਣ। ਇਸ ਕਰਕੇ, ਸਪੀਕਰ ਸਾਹਿਬ, ਮੈਂ ਜਿਆਦਾ ਕੁਝ ਨਾ ਕਹਿੰਦਾ ਹੋਇਆਂ, ਮੇਰੀ ਇੱਛਾ ਹੈ ਕਿ ਮੇਰੇ ਸਾਥੀ ਵੀ ਇਸ ਤੇ ਬੋਲਣ, ਔਰ ਮੈਂ ਜਿਹੜਾ ਮਤਾ ਹਾਊਸ ਵਿੱਚ ਰਖਿਆ ਹੈ ਉਸ ਲਈ ਮੈਂ ਸਾਰੇ ਹਾਊਸ ਤੋਂ ਆਸ ਕਰਦਾ ਹਾਂ ਕਿ ਇਸ ਨੂੰ ਸਰਵ-ਸੰਮਤੀ ਨਾਲ ਪ੍ਰਵਾਨ ਕੀਤਾ ਜਾਵੇ ਔਰ ਅੱਗੇ ਸਰਕਾਰ ਦੀ ਆਪਣੀ ਮਰਜ਼ੀ ਹੈ ਕਿ ਇਸ ਮਤੇ ਦੀ ਭਾਵਨਾ ਨੂੰ ਜੋ ਮੈਂ ਯਾਦਗਾਰਾਂ ਉਸਾਰਨ ਵਾਸਤੇ ਕਿਹਾ ਹੈ, ਉਸ ਨੂੰ ਸਰਕਾਰ ਕਿਸ ਰੂਪ ਵਿੱਚ ਲੈਂਦੀ ਹੈ, ਉਸ ਦੇ ਵਾਸਤੇ ਕੀ ਪਾਲਿਸੀ ਬਣ ਸਕਦੀ ਹੈ, ਇਹ ਸੋਚਣਾ ਸਰਕਾਰ ਦਾ ਕੰਮ ਹੈ। ਸੋ, ਇਸ ਕਰਕੇ ਆਖਿਰ ਵਿੱਚ ਮੈਂ ਫੇਰ ਇਹ ਗੱਲ ਕਹਿੰਦਾ ਹੋਇਆ ਅਤੇ ਫੇਰ ਇਸ ਪਲੇਟਫਾਰਮ ਤੋਂ ਸੱਦਾ ਦਿੰਦਾ ਹੋਇਆ ਕਿ ਆਓ, ਅੱਜ ਦੇਸ਼ ਦੀ ਏਕਤਾ ਅਤੇ ਅਖੰਡਤਾ ਦੀ ਰਾਖੀ ਦਾ ਵਿਸ਼ਾ ਹੈ, ਉਹ ਏਜੰਡੇ ਤੇ ਨੰਬਰ ਇਕ ਦਾ ਵਿਸ਼ਾ ਹੈ। ਅੱਜ ਦੇਸ਼ ਦੀ ਆਜ਼ਾਦੀ ਨੂੰ ਫੇਰ ਚੈਲੇਂਜ ਹੋ ਰਿਹਾ ਹੈ, ਚਾਹੇ ਉਹ ਪੰਜਾਬ ਤੋਂ ਉਠੇ, ਚਾਹੇ ਕਸ਼ਮੀਰ ਵਿਚੋਂ ਉਠੇ ਅਤੇ

[ਕਾਮਰੇਡ ਹਰਦੇਵ ਸਿੰਘ ਅਰਸ਼ੀ]

ਚਾਹੇ ਹਿੰਦੁਸਤਾਨ ਦੇ ਵਿੱਚ ਜਿਹੜੀਆਂ ਕੁਝ ਤਾਕਤਾਂ ਸਿਰ ਚੁੱਕ ਰਹੀਆਂ ਹਨ, ਉਨ੍ਹਾਂ ਵਲੋਂ ਉਠੇ । ਉਸ ਚੈਲੇਂਜ ਦਾ ਮੁਕਾਬਲਾ ਉਸ ਸਪਿਰਿਟ ਨਾਲ ਜਿਹੜੀ ਸਪਿਰਿਟ ਨਾਲ ਆਜ਼ਾਦੀ ਦੀ ਲੜਾਈ ਵਿੱਚ ਕੁੱਦੇ ਸੀ, ਉਸੇ ਸਪਿਰਿਟ ਨੂੰ ਬਹਾਲ ਕਰਕੇ ਕਰੀਏ ਔਰ ਪਾਰਟੀ ਬਾਜ਼ੀ ਤੋਂ ਉਪਰ ਉਠ ਕੇ ਸਾਰੀਆਂ ਜਮਹੂਰੀ ਅਤੇ ਦੇਸ਼-ਭਗਤ ਜਿਹੜੀਆਂ ਤਾਕਤਾਂ ਹਨ, ਉਹ ਅੱਜ ਇਕ ਪਲੇਟਫਾਰਮ ਤੇ ਇਕੱਠੀਆਂ ਹੋਣ । ਸਾਡੇ ਮਤ-ਭੇਦ ਰਹਿਣਗੇ, ਉਨ੍ਹਾਂ ਵਾਸਤੇ ਬੜੇ ਮੌਕੇ ਹਨ, ਪਲੇਟਫਾਰਮ ਹਨ, ਉਨ੍ਹਾਂ ਨੂੰ ਉਥੇ ਜਾ ਕੇ ਅਸੀਂ ਹੱਲ ਕਰ ਸਕਦੇ ਹਾਂ । ਪਰ ਅਗਰ ਦੇਸ਼ ਹੀ ਨਾ ਬਚਿਆ ਔਰ ਦੇਸ਼ ਦੀ ਏਕਤਾ ਨੂੰ ਕੋਈ ਆਂਚ ਆ ਗਈ ਤਾਂ ਫੇਰ ਸਾਡੀ ਹੇਠਲੀ ਰਾਜਨੀਤੀ, ਸਾਡੀਆਂ ਸਰਕਾਰਾਂ ਉਹ ਵੀ ਕਿਥੇ ਬਚਣਗੀਆਂ । ਸੋ ਅੱਜ ਏਜੰਡੇ ਦੀ ਇਕੋ ਗੱਲ ਹੈ ਕਿ ਦੇਸ਼ ਨੂੰ ਕਾਇਮ ਰਖਿਆ ਜਾਵੇ ਔਰ ਕਾਇਮ ਰੱਖਣ ਵਾਸਤੇ ਮੈਂ ਫੇਰ ਬੇਨਤੀ ਕਰਨੀ ਚਾਹੁੰਦਾ ਹਾਂ ਸਾਰੀਆਂ ਦੇਸ਼-ਭਗਤ ਸ਼ਕਤੀਆਂ ਨੂੰ ਕਿ ਉਹ ਇਕ ਪਲੇਟਫਾਰਮ ਤੇ ਇਕੱਠੀਆਂ ਹੋਣ ਔਰ ਇਕੱਠੀਆਂ ਹੋ ਕੇ ਬੇਫਿਕਰ ਲੜਾਈ ਉਨ੍ਹਾਂ ਫੋਰਸਿਜ਼ ਦੇ ਖਿਲਾਫ ਚਾਹੇ ਉਹ ਦੇਸ਼ ਦੇ ਅੰਦਰ ਹੋਣ, ਚਾਹੇ ਦੇਸ਼ ਦੇ ਬਾਹਰ ਸਾਡੇ ਜਿਹੜੇ ਦੁਸ਼ਮਨ ਸਾਡੇ ਦੇਸ਼ ਦੀ ਤਰੱਕੀ ਔਰ ਸਾਡੇ ਦੇਸ਼ ਦੀ ਡੈਮੋਕਰੇਸੀ ਦੀ ਜਿਹੜੀ ਸੁੰਦਰ ਪਰੰਪਰਾ ਰਹੀ ਹੈ, ਬਾਵਜੂਦ ਆਪਣੇ ਨੁਕਸਾਂ ਦੇ, ਜਿਹੜੇ ਉਸ ਨੂੰ ਪਸੰਦ ਨਹੀਂ ਕਰਦੇ, ਅੱਜ ਉਨ੍ਹਾਂ ਦੀਆਂ ਜਿਹੜੀਆਂ ਸਾਜ਼ਿਸ਼ਾਂ ਹਨ, ਉਨ੍ਹਾਂ ਤਾਕਤਾਂ ਦੀਆਂ, ਉਨ੍ਹਾਂ ਨੂੰ ਪਛਾੜੀਏ । ਸੋ, ਏਨਾ ਕਹਿੰਦਾ ਹੋਇਆ, ਸਪੀਕਰ ਸਾਹਿਬ, ਮੈਂ ਆਪਣਾ ਸਥਾਨ ਲੈਂਦਾ ਹਾਂ ਔਰ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਸਮਾ ਦਿੱਤਾ ਹੈ ਅਤੇ ਇਹ ਕਹਾਂਗਾ ਕਿ ਸਾਰਾ ਹਾਊਸ ਇਸ ਨੂੰ ਸਰਬ-ਸੰਮਤੀ ਨਾਲ ਪ੍ਰਵਾਨ ਕਰੇਗਾ ।

Mr. Speaker: Motion moved:

"This House recommends to the State Government to raise memorials at the Native Places of such great personalities who laid down their lives for unity and integrity of the country, maintenance of communal harmony and for the restoration of ever lasting peace in the State."

ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ (ਅਟਾਰੀ, ਐਸ. ਸੀ.): ਸਪੀਕਰ ਸਾਹਿਬ, ਜਿਹੜਾ ਰੈਜ਼ੋਲਿਊਸ਼ਨ ਮਾਨਯੋਗ ਐਮ. ਐਲ. ਏ. ਸਾਹਿਬ, ਅਰਸ਼ੀ ਜੀ ਨੇ ਅੱਜ ਹਾਊਸ ਦੇ ਸਾਹਮਣੇ ਰੱਖਿਆ ਹੈ, ਇਹ ਬਹੁਤ ਸ਼ਲਾਘਾਯੋਗ ਰੈਜ਼ੋਲਿਊਸ਼ਨ ਹੈ । ਇਸ ਰੈਜ਼ੋਲਿਊਸ਼ਨ ਦੇ ਸਬੰਧ ਵਿਚ ਜੇਕਰ ਦੇਖਿਆ ਜਾਵੇ ਤਾਂ ਪਤਾ ਲਗਦਾ ਹੈ ਕਿ ਸਾਡੇ ਦੇਸ਼ ਦੀ ਆਜ਼ਾਦੀ ਦੇ ਪਰਵਾਨਿਆਂ ਨੇ ਕਿਸ ਢੰਗ ਨਾਲ ਇਕ ਮੁੱਠ ਹ ਕੇ ਭਾਰਤ ਨੂੰ ਗੁਲਾਮੀ ਦੀਆਂ ਜੰਜੀਰਾਂ ਤੋਂ ਆਜ਼ਾਦ ਕਰਵਾਇਆ । ਉਨ੍ਹਾਂ ਪਰਵਾਨਿਆਂ ਨੇ ਕਿਸ ਢੰਗ ਨਾਲ ਕੁਰਬਾਨੀਆਂ ਦਿੱਤੀਆਂ, ਇਸ ਦੀ ਇਕ ਵੱਡੀ ਮਿਸਾਲ ਜਲ੍ਹਿਆਂਵਾਲਾ ਬਾਗ ਹੈ ਜਿਥੇ ਸਮੁੱਚੇ ਭਾਰਤੀਆਂ ਨੇ ਖੂਨ ਡੋਲ੍ਹਿਆ । ਸਾਡੀ ਕਾਂਗਰਸ ਪਾਰਟੀ ਅਤੇ ਹੋਰ ਸਿਆਸੀ ਪਾਰਟੀਆਂ ਨੇ ਬਹੁਤ ਵੱਡੀ ਜਦੋ ਜਹਿਦ ਕੀਤੀ ਅਤੇ ਹਿੰਦੁਸਤਾਨ ਦੀ ਆਜ਼ਾਦੀ ਪ੍ਰਾਪਤ ਕਰਨ ਵਿਚ ਉਨ੍ਹਾਂ ਨੇ ਬਹੁਤ ਅਹਿਮ ਯੋਗਦਾਨ ਪਾਇਆ । ਉਨ੍ਹਾਂ ਦੀ ਜਦੋਂ ਜਹਿਦ ਅਤੇ ਕੁਰਬਾਨੀਆਂ ਸਦਕਾ

ਹੀ ਸਾਡਾ ਦੇਸ਼ ਆਜ਼ਾਦ ਹੋਇਆ । ਦੇਸ਼ ਦੀ ਆਜ਼ਾਦੀ ਤੋਂ ਬਾਅਦ ਦੇਸ਼ ਦੀ ਡਿਵੈਲਪਮੈਂਟ ਦਾ ਕੰਮ ਸਾਡੇ ਪ੍ਰਥਮ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਜੀ ਨੇ ਪੂਰੇ ਜ਼ੋਰ ਸ਼ੋਰ ਨਾਲ ਸ਼ੁਰੂ ਕੀਤਾ ਅਤੇ ਉਨ੍ਹਾਂ ਤੋਂ ਬਾਅਦ ਸ੍ਰੀਮਤੀ ਇੰਦਰਾ ਗਾਂਧੀ ਅਤੇ ਸ੍ਰੀ ਰਾਜੀਵ ਗਾਂਧੀ ਨੇ ਇਹ ਡਿਵੈਲਪਮੈਂਟ ਦਾ ਕੰਮ ਸਿਖਰਾਂ ਤੇ ਪਹੁੰਚਾਇਆ ।

11.36* ਵਜੇ ਪੂਰਵ ਦੁਪਹਿਰ	(ਇਸ *ਸਮੇਂ ਸ੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਦੇਸ਼ ਦੀ ਡਿਵੈਲਪਮੈਂਟ ਦਾ ਕੰਮ ਜਿਹੜਾ ਅਧੂਰਾ ਪਿਆ ਹੋਇਆ ਸੀ, ਇਨ੍ਹਾਂ ਦੇ ਸਮੇਂ ਉਸ ਡਿਵੈਲਪਮੈਂਟ ਨੇ ਸਿਖਰਾਂ ਨੂੰ ਛੋਹਿਆ । ਪਰ 1978 ਤੋਂ ਬਾਅਦ ਪੰਜਾਬ ਦੇ ਹਾਲਾਤ ਵਿਗੜਦੇ ਗਏ ਅਤੇ ਅੱਤਵਾਦ ਪੈਦਾ ਹੋ ਗਿਆ । ਇਸ ਅੱਤਵਾਦ ਦੀ ਲਪੇਟ ਵਿਚ ਪੰਜਾਬ ਨੇ ਆਪਣੇ ਬੇਸ਼ੁਮਾਰ ਹੀਰੇ ਅਤੇ ਵਡਮੁੱਲਾ ਧੰਨ ਗੁਆ ਲਿਆ । ਇਸ ਅੱਤਵਾਦ ਦਾ ਬਹੁਤ ਕੀਮਤੀ ਜਾਨਾਂ ਸ਼ਿਕਾਰ ਹੋਈਆਂ । ਉਨ੍ਹਾਂ ਦੀ ਯਾਦ ਵਿਚ ਢੁੱਕਵੀਆਂ ਯਾਦਗਾਰਾਂ ਬਣਾਉਣ ਵਾਸਤੇ ਜਿਹੜਾ ਮਤਾ ਇਥੇ ਰਖਿਆ ਹੈ, ਮੈਂ ਉਸ ਦੀ ਸ਼ਲਾਘਾ ਕਰਦਾ ਹਾਂ ਪਰ ਡਿਪਟੀ ਸਪੀਕਰ ਸਾਹਿਬ, ਮੈਂ ਇਥੇ ਇਸ ਹਾਊਸ ਵਿਚ ਇਹ ਦਸਣਾ ਚਾਹੁੰਦਾ ਹਾਂ ਕਿ ਸਾਡੇ ਪੰਚਾਇਤ ਮੰਤਰੀ, ਸਰਦਾਰ ਉਮਰਾਓ ਸਿੰਘ ਜੀ ਨੇ ਉਨ੍ਹਾਂ 250 ਦੇ ਕਰੀਬ ਪੰਚਾਂ ਸਰਪੰਚਾਂ ਦੀ ਯਾਦ ਵਿਚ ਯਾਦਗਾਰਾਂ ਬਣਾਉਣ ਦਾ ਐਲਾਨ ਪਹਿਲਾਂ ਹੀ ਕਰ ਦਿੱਤਾ ਹੋਇਆ ਹੈ ਜਿਹੜੇ ਦੇਸ਼ ਦੀ ਆਜ਼ਾਦੀ, ਦੇਸ਼ ਦੀ ਏਕਤਾ ਅਤੇ ਅਖੰਡਤਾ ਵਾਸਤੇ ਸ਼ਹੀਦ ਹੋ ਗਏ ਹਨ । ਇਸ ਦੀ ਮੈਂ ਪੁਰਜ਼ੋਰ ਸ਼ਬਦਾਂ ਨਾਲ ਪ੍ਰਸ਼ੰਸਾ ਕਰਦਾ ਹਾਂ । ਜਿਸ ਤਰ੍ਹਾਂ ਅਰਸ਼ੀ ਜੀ ਨੇ ਕਿਹਾ ਹੈ, ਇਹ ਯਾਦਗਾਰਾਂ ਅਗਰ ਪਿੰਡ ਪੱਧਰ ਤੇ ਨਾ ਵੀ ਬਣਾਈਆਂ ਜਾ ਸਕਣ ਤਾਂ ਜ਼ਿਲ੍ਹਾ ਪੱਧਰ ਤੇ ਜ਼ਰੂਰ ਬਣਾ ਦੇਣੀਆਂ ਚਾਹੀਦੀਆਂ ਹਨ ਤਾਂ ਕਿ ਉਹ ਸਾਡੇ ਸਾਰਿਆਂ ਲਈ ਪ੍ਰੇਰਨਾ ਦਾ ਸਰੋਤ ਬਣ ਸਕਣ, ਦੇਸ਼ ਦੀ ਆਜ਼ਾਦੀ ਅਤੇ ਅਖੰਡਤਾ ਵਾਸਤੇ ਲੋਕ ਉਨ੍ਹਾਂ ਤੋਂ ਪ੍ਰੇਰਨਾ ਲੈ ਸਕਣ । ਆਤੰਕਵਾਦ ਤੋਂ ਇਸ ਦੇਸ਼ ਨੂੰ ਬਚਾਉਣ ਵਾਸਤੇ ਜਿਨ੍ਹਾਂ ਲੋਕਾਂ ਨੇ ਆਪਣੀਆਂ ਕੁਰਬਾਨੀਆਂ ਦਿਤੀਆਂ ਹਨ । ਉਨ੍ਹਾਂ ਦੀਆਂ ਯਾਦਗਾਰਾਂ ਜ਼ਿਲ੍ਹਾ ਪਧਰ ਤੇ ਜ਼ਰੂਰ ਬਣਾਉਣੀਆਂ ਚਾਹੀਦੀਆਂ ਹਨ । ਇਸ ਦੇ ਨਾਲ ਹੀ ਜਿਹੜੀਆਂ ਸਿਆਸੀ ਪਾਰਟੀਆਂ ਆਪਣੇ ਸਿਆਸੀ ਹਿੱਤਾਂ ਨੂੰ ਮੁੱਖ ਰੱਖ ਕੇ, ਆਪਣੇ ਨਿੱਜੀ ਸੁਆਰਥਾਂ ਨੂੰ ਮੁੱਖ ਰੱਖ ਕੇ, ਸਿਆਸੀ ਸੱਤਾ ਹਥਿਆਉਣ ਵਾਸਤੇ ਧਰਮ ਦੀ ਵਰਤੋਂ ਕਰਦੀਆਂ ਰਹੀਆਂ ਅਤੇ ਧਾਰਮਿਕ ਸਥਾਨਾਂ ਦੀ ਵਰਤੋਂ ਕਰਦੀਆਂ ਰਹੀਆਂ, ਉਨ੍ਹਾਂ ਦੀ ਮੈਂ ਸਖਤ ਨਿੰਦਾ ਕਰਦਾ ਹਾਂ । ਸ੍ਰੀ ਅਕਾਲ ਤਖਤ ਸਾਹਿਬ ਸਾਡਾ ਸਰਵਉਚ ਅਸਥਾਨ ਹੈ । ਉਸੇ ਅਕਾਲ ਤਖਤ ਸਾਹਿਬ ਦੇ ਜਥੇਦਾਰ, ਜਥੇਦਾਰ ਪ੍ਰਤਾਪ ਸਿੰਘ ਜੀ ਨੂੰ ਵੀ ਅੱਤਵਾਦੀਆਂ ਨੇ ਆਪਣੀਆਂ ਗੋਲੀਆਂ ਦਾ ਨਿਸ਼ਾਨਾ ਬਣਾਇਆ । ਇਹੀ ਨਹੀਂ, ਟੌਹੜਾ ਸਾਹਿਬ ਜੋ ਕਿ ਅੱਤਵਾਦੀਆਂ ਦੀ ਪ੍ਰਸ਼ੰਸਾ ਅਤੇ ਸਮੱਰਥਨ ਕਰਦੇ ਹਨ, ਉਨ੍ਹਾਂ ਨੂੰ ਵੀ ਅੱਤਵਾਦੀਆਂ ਨੇ ਆਪਣੀਆਂ ਗੋਲੀਆਂ ਦਾ ਸ਼ਿਕਾਰ ਬਣਾਉਣ ਤੋਂ ਨਹੀਂ ਬਖਸ਼ਿਆ । ਮੈਂ ਹੈਰਾਨ ਹਾਂ ਕਿ ਅਕਾਲੀ ਦਲ ਦੇ ਜਿਨ੍ਹਾਂ ਲੀਡਰਾਂ ਨੇ ਅੱਤਵਾਦ ਦਾ ਸਮਰਥਨ ਕੀਤਾ, ਅੱਤਵਾਦੀਆਂ ਨੇ ਉਨ੍ਹਾਂ ਦਾ ਵੀ ਲਿਹਾਜ਼ ਨਹੀਂ ਕੀਤਾ ਅਤੇ ਉਨ੍ਹਾਂ ਨੂੰ ਆਪਣੀਆਂ ਗੋਲੀਆਂ ਦਾ ਨਿਸ਼ਾਨਾ ਬਣਾਉਣ ਤੋਂ ਗੁਰੇਜ਼ ਨਹੀਂ ਕੀਤਾ । ਫਿਰ ਵੀ ਬਾਦਲ ਸਾਹਿਬ ਵਰਗੇ ਲੀਡਰ ਉਨ੍ਹਾਂ ਦੇ

[ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ]

ਹੱਕ ਵਿਚ ਗਲਾਂ ਕਰਦੇ ਰਹੇ । ਬਾਦਲ ਸਾਹਿਬ ਨੇ ਉਨ੍ਹਾਂ ਲੋਕਾ ਦੀਆਂ ਗੱਲਾਂ ਨਹੀਂ ਕੀਤੀਆਂ ਜਿਹੜੇ ਆਪਣੇ ਖੇਤਾਂ ਵਿਚ ਮਕਾਨ ਬਣਾ ਕੇ ਬੈਠੇ ਸਨ ਪਰ ਅੱਤਵਾਦੀਆਂ ਦੇ ਜ਼ੁਲਮ ਦਾ ਸ਼ਿਕਾਰ ਹੁੰਦੇ ਰਹੇ ਸਨ । ਪੰਜਾਬ ਇਕ ਖੇਤੀ ਪ੍ਰਧਾਨ ਸੂਬਾ ਹੈ । ਉਹ ਲੋਕ ਖੇਤਾਂ ਵਿਚ, ਫ਼ਾਰਮਾਂ ਵਿਚ ਬਣੇ ਬਣਾਏ ਮਕਾਨ ਛੱਡ ਕੇ ਸ਼ਹਿਰਾਂ ਵਿਚ ਆ ਕੇ ਅੱਤਵਾਦ ਦਾ ਸੰਤਾਪ ਭੋਗਦੇ ਰਹੇ । ਪਰ ਇਨ੍ਹਾਂ ਲੀਡਰਾਂ ਨੇ ਉਨ੍ਹਾਂ ਲੋਕਾਂ ਦੀਆਂ ਗੱਲਾਂ ਕਦੀ ਨਹੀਂ ਕੀਤੀਆਂ । ਇਹ ਚੀਜਾਂ ਅੱਜ ਤੋਂ ਨਹੀਂ ਬਲਕਿ 1978 ਤੋਂ ਹੁੰਦੀਆਂ ਰਹੀਆਂ ਹਨ । ਅੱਜ ਉਹ ਲੋਕ, ਉਹ ਸਿਆਸੀ ਪਾਰਟੀਆਂ, ਉਹ ਲੀਡਰ ਕਿਸ ਤਰ੍ਹਾਂ ਕਹਿ ਰਹੇ ਹਨ ਕਿ ਉਹ ਪੰਜਾਬ ਦੀ ਨੁਮਾਇੰਦਗੀ ਕਰਦੇ ਹਨ । ਹੁਣ ਤਕ ਵੀ ਉਹ ਅੱਤਵਾਦੀਆਂ ਦੀ ਨੁਮਾਇੰਦਗੀ ਕਰ ਰਹੇ ਹਨ ।

ਅੱਜ ਤਕ ਉਨ੍ਹਾਂ ਨੇ ਅੱਤਵਾਦ ਦਾ ਪਰੋਟੈਸਟ ਨਹੀਂ ਕੀਤਾ । ਡਿਪਟੀ ਸਪੀਕਰ ਸਾਹਿਬ, ਸਾਡੇ ਵੀਰ, ਭੈਣਾਂ ਅਤੇ ਸਵਾ ਮਹੀਨੇ ਦੀ ਬੱਚੀ ਸ਼ਹੀਦ ਹੋ ਗਏ ਗੋਲੀਆਂ ਦੇ ਨਾਲ । ਇਨ੍ਹਾਂ ਅਕਾਲੀ ਵੀਰਾਂ ਨੇ ਹਾਅ ਦਾ ਨਾਰ੍ਹਾ ਵੀ ਕਿਤੇ ਮਾਰਿਆ ਹੋਵੇ ? ਅਤੇ ਪਵਿੱਤਰ ਅਸਥਾਨ ਸ੍ਰੀ ਅਕਾਲ ਤਖਤ ਸਾਹਿਬ ਜਿਸਦੀ ਸਥਾਪਨਾ ਸਾਡੇ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਕੀਤੀ ਸੀ ਅਤੇ ਜਦੋਂ ਇਸ ਦੀ ਉਸਾਰੀ ਹੋ ਰਹੀ ਸੀ ਤਾਂ ਉਹ ਉਥੇ ਠਹਿਰਣ ਦੀ ਬਜਾਏ ਗੁਰੂ ਕੀ ਵਡਾਲੀ ਅਤੇ ਛੇਹਰਟਾ ਸਾਹਿਬ ਜਾਂਦੇ ਹੁੰਦੇ ਸਨ, ਵਿਸ਼ਰਾਮ ਕਰਦੇ ਹੁੰਦੇ ਸਨ, ਅਤੇ ਜਿਸ ਢੰਗ ਦੇ ਨਾਲ ਇਨ੍ਹਾਂ ਨੇ ਉਸ ਪਵਿੱਤਰ ਅਸਥਾਨ ਦੀ ਕੁਵਰਤੋਂ ਕੀਤੀ ਇਹ ਗੱਲ ਕਹਿਣੋਂ ਮੈਂ ਗੁਰੇਜ ਨਹੀਂ ਕਰਾਂਗਾ ਕਿ ਉਨ੍ਹਾਂ ਨੇ ਇਸ ਪਵਿਤਰ ਅਸਥਾਨ ਦੀ ਪਵਿੱਤਰਤਾ ਭੰਗ ਕੀਤੀ ਹੈ ਅਤੇ ਜਿਸ ਢੰਗ ਦੇ ਨਾਲ ਗੁਰਧਾਮਾਂ ਦੀ ਇਨ੍ਹਾਂ ਨੇ ਨਿੱਜੀ ਸਵਾਰਥਾਂ ਲਈ ਸਿਆਸੀ ਹਿਤਾਂ ਲਈ ਵਰਤੋਂ ਕੀਤੀ ਹੈ, ਉਨਾਂ ਨੂੰ ਇਸ ਤੋਂ ਗੁਰੇਜ਼ ਕਰਨਾ ਚਾਹੀਦਾ ਹੈ । ਸਾਡੇ ਸਿੱਖ ਧਰਮ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਫ਼ਰਮਾਇਆ ਹੈ ਕਿ ਦਸਾਂ ਨੌਹਾਂ ਦੀ ਕਿਰਤ ਕਰਨੀ ਚਾਹੀਦੀ ਹੈ, ਵੰਡ ਛੱਕਣਾ ਚਾਹੀਦਾ ਹੈ ਅਤੇ ਨਾਮ ਸਿਮਰਨ ਦਾ ਸੰਦੇਸ਼ ਸਾਨੂੰ ਦਿੱਤਾ ਹੈ ਪਰ ਇਨ੍ਹਾਂ ਅਕਾਲੀ ਵੀਰਾਂ ਨੇ ਕਿਰਤ ਨਾ ਕਰਨੀ. ਵੰਡ ਕੇ ਨਾ ਛਕਣਾ ਅਤੇ ਇਕੱਠੇ ਨਾ ਰਹਿਣ ਤੋਂ ਇਲਾਵਾ ਦਸਾਂ ਨਹੁੰਆਂ ਦੀ ਕਿਰਤ ਨਾ ਕਰਨ ਦਾ ਸਮਰਥਨ ਕਰ ਰਹੇ ਹਨ । ਮੈਂ ਡਿਪਟੀ ਸਪੀਕਰ ਸਾਹਿਬ, ਆਪ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਅੱਜ ਪੰਚਾਇਤੀ ਰਾਜ ਦੀ ਸਥਾਪਨਾ ਹੋਈ ਹੈ ਸਾਡੇ ਪੰਜਾਬ ਦੇ ਵਿਚ । ਇਹ ਪੰਜਾਬ ਦੇ ਅੰਦਰ ਧਰਗਤੀ ਦਾ ਸਬੂਤ ਹੈ । ਪੰਜਾਬੀਆਂ ਨੇ ਲੋਕਤੰਤਰ ਪ੍ਰਣਾਲੀ ਨੂੰ ਆਪਣੀ ਛਾਤੀ ਦੇ ਨਾਲ ਲਾਇਆ ਹੈ ਅਤੇ ਟੈਰਾਰਿਜ਼ਮ ਨੂੰ ਅਲਵਿਦਾ ਕਹੀ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਆਪ ਜੀ ਦੀ ਜਾਣਕਾਰੀ ਲਈ ਦੱਸਣਾ ਚਾਹੁੰਦਾ ਹਾਂ ਕਿ ਨਗਰ ਪਾਲਕਾਵਾਂ ਦੀਆਂ ਇਲੈਕਸ਼ਨਾਂ ਕਰਵਾ ਕੇ ਸਾਡੇ ਪੰਜਾਬ ਦੇ ਮੁੱਖ ਮੰਤਰੀ, ਸਰਦਾਰ ਬੇਅੰਤ ਸਿੰਘ ਜੀ ਨੇ ਬੜੀ ਦਲੇਰੀ ਭਰਿਆ ਕਦਮ ਚੁੱਕਿਆ ਹੈ । ਸਾਡੀ ਸਰਕਾਰ ਨੇ ਇਨੇ ਸਾਲਾਂ ਤੋਂ ਰੁਕੀ ਹੋਈ ਇਲੈਕਸ਼ਨ ਕਰਵਾਈ ਹੈ ਜਿਸ ਦਾ ਕਦੇ ਕਰਵਾਉਣ ਦਾ ਕਿਸੇ ਨੇ ਹੀਆ ਨਹੀਂ ਸੀ ਕੀਤਾ । ਸਰਦਾਰ ਬੇਅੰਤ ਸਿੰਘ ਜੀ ਨੇ ਇਹ ਕਰਵਾ ਕੇ ਇਹ ਸਾਬਤ ਕਰ ਦਿੱਤਾ ਹੈ ਕਿ ਅਸੀਂ ਲੋਕਤੰਤਰ ਪ੍ਰਣਾਲੀ ਦੇ ਵਿਚ ਲੋਕਾਂ ਨੂੰ ਜੋੜਣ ਵਾਸਤੇ ਅਤੇ ਲੋਕਾਂ ਦਾ ਫਤਵਾ ਲੈਣ ਵਾਸਤੇ ਇਕ ਮੀਲ ਪੱਥਰ

ਗੱਡਿਆ ਹੈ । ਡਿਪਟੀ ਸਪੀਕਰ ਸਾਹਿਬ, ਜਿੱਥੇ ਇਨ੍ਹਾਂ ਨੇ ਨਗਰ-ਪਾਲਕਾਵਾਂ ਦੀਆਂ ਇਲੈਕਸ਼ਨਾਂ ਕਰਵਾਈਆਂ ਹਨ ਉਥੇ ਇਨ੍ਹਾਂ ਨੇ ਪੰਚਾਇਤਾਂ ਦੀਆਂ ਇਲੈਕਸ਼ਨਾਂ ਕਰਵਾ ਕੇ ਇਹ ਸਾਬਤ ਕਰ ਦਿੱਤਾ ਹੈ ਕਿ ਸਮੁੱਚੇ ਪੰਜਾਬ ਦੇ ਲੋਕ ਜਿਹੜੇ ਹਨ ਉਹ ਲੋਕ ਰਾਜ ਦੇ ਵਿਚ ਵਿਸ਼ਵਾਸ ਰੱਖਦੇ ਹਨ । ਮੇਰੇ ਅਸੰਬਲੀ ਹਲਕੇ ਅਟਾਰੀ ਦੇ ਵਿਚ ਜਿੱਥੋਂ ਕਿ ਮੈਂ ਇਸ ਹਾਊਸ ਵਿਚ ਜਿੱਤ ਕੇ ਆਇਆ ਹਾਂ ਦੇ ਬਾਰੇ ਅਖਬਾਰਾਂ ਵਿਚ ਆਪ ਨੇ ਜ਼ਰੂਰ ਪੜ੍ਹਿਆ ਹੋਵੇਗਾ ਕਿ ਉਥੇ 1676 ਦੇ ਵਿਚੋਂ 1675 ਵੋਟਾਂ ਪੋਲ ਹੋਈਆਂ ਔਰ ਲੋਕਾਂ ਨੇ 100 ਫੀਸਦੀ ਵੋਟਾਂ ਪਾਈਆਂ । ਜਿਸ ਢੰਗ ਨਾਲ ਉਥੇ ਇਲੈਕਸ਼ਨਾਂ ਹੋਈਆਂ ਲੋਕਾਂ ਨੇ ਇਕ ਅਹਿਮ ਭੂਮਿਕਾ ਨਿਭਾਈ ਹੈ, ਲੋਕਾਂ ਨੇ ਬੜੀ ਦਲੇਰੀ ਦੇ ਨਾਲ ਆਪਣੀਆਂ ਵੋਟਾਂ ਪਾਈਆਂ ਹਨ । ਜਿਸ ਦਲੇਰੀ ਦੇ ਨਾਲ ਰਾਤ ਦਿਨ ਪੰਚਾਂ ਅਤੇ ਸਰਪੰਚਾਂ ਨੇ ਚੋਣ ਪਰਚਾਰ ਕੀਤਾ ਹੈ ਇਹ ਸਾਬਤ ਕਰਦਾ ਹੈ ਕਿ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਇਕ ਕਾਮਯਾਬ ਸਰਕਾਰ ਹੈ ਔਰ ਉਨ੍ਹਾਂ ਨੇ ਪੰਜਾਬ ਦੇ ਵਿਚ ਪੰਚਾਇਤ ਦੀਆਂ ਇਲੈਕਸ਼ਨਾਂ ਕਰਵਾ ਕੇ ਇਹ ਸਬੂਤ ਦਿੱਤਾ ਹੈ ਕਿ ਲੋਕਾਂ ਦਾ ਲੋਕ ਰਾਜ ਦੇ ਵਿਚ ਵਿਸ਼ਵਾਸ ਹੈ ।

ਹੁਣ ਮੈਂ 6 ਦਸੰਬਰ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ । 6 ਦਸੰਬਰ ਨੂੰ ਜੋ ਘਿਨਾਉਣੀ ਘਟਨਾ ਵਾਪਰੀ, ਇਹ ਬੜੀ ਸ਼ਰਮ ਦੀ ਗੱਲ ਹੈ । ਸਾਡਾ ਦੇਸ਼ ਇਕ ਸੈਕੂਲਰ ਦੇਸ਼ ਹੈ । ਇਹ ਮਹਾਨ ਭਾਰਤ ਵਰਸ਼ ਹੈ ਜਿਸ ਦੀ ਬੁਨਿਆਦ ਬੜੀ ਮਜ਼ਬੂਤ ਹੈ । ਜਿਸ ਦਾ ਭਾਈਚਾਰਕ ਢਾਂਚਾ ਬਹੁਤ ਮਜ਼ਬੂਤ ਹੈ ਭਾਵੇਂ ਕਿ ਅਸੀਂ 25 ਰਾਜਾਂ ਵਿਚ ਰਹਿੰਦੇ ਹਾਂ ਅਤੇ ਵੱਖ ਵੱਖ ਬੋਲੀਆਂ ਬੋਲਦੇ ਹਾਂ ਪਰ ਸਾਡੇ ਪ੍ਰਥਮ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਜੀ ਨਹਿਰੂ ਨੇ ਸਾਨੂੰ ਪਿਰਤਾਂ ਦਿੱਤੀਆਂ ਅਤੇ ਇਸ ਦੇਸ਼ ਨੂੰ ਨਿਸ਼ ਪਕਸ਼ ਦੇਸ਼ ਵਜੋਂ ਪੇਸ਼ ਕਰਕੇ ਸੈਕੂਲਰ ਢਾਂਚੇ ਨੂੰ ਮਜ਼ਬੂਤ ਕੀਤਾ ਹੈ, ਉਨ੍ਹਾਂ ਦੀਆਂ ਭਾਵਨਾਵਾਂ ਨੂੰ ਅਤੇ ਸਾਡੀਆਂ ਪਰੰਪਰਾਵਾਂ ਨੂੰ ਬਹੁਤ ਵੱਡੀ ਠੇਸ ਪਹੁੰਚੀ ਹੈ । 6 ਦਸੰਬਰ ਨੂੰ ਜਦੋਂ ਬਾਬਰੀ ਮਸਜਿਦ ਦੀ ਘਿਨਾਉਣੀ ਹਰਕਤ ਜਿਸ ਦੇ ਨਾਲ ਸਾਡੇ ਦੇਸ਼ ਦਾ ਸਿਰ ਨੀਵਾਂ ਹੋਇਆ । ਮੈਂ ਬੀ. ਜੇ. ਪੀ. ਅਤੇ ਆਰ. ਐਸ. ਐਸ. ਦਾ ਪੁਰਜ਼ੋਰ ਸ਼ਬਦਾਂ ਦੇ ਵਿਚ ਪਰੋਟੈਸਟ ਕਰਦਾ ਹਾਂ ਜਿਸ ਕਾਰਨ ਇਹ ਮੰਦ ਘਟਨਾ ਵਾਪਰੀ ਅਤੇ ਜਿਹੜੇ ਭਾਰਤਵਾਸੀ ਅਸੀਂ ਦੁਨੀਆਂ ਦੇ ਵਿਚ ਸਿਰ ਉਚਾ ਕਰਕੇ ਚਲਦੇ ਸੀ, ਇਸ ਘਿਨਾਉਣੀ ਘਟਨਾ ਕਾਰਨ ਜਿੱਥੇ ਸਾਡਾ ਸਿਰ ਨੀਵਾਂ ਹੋਇਆ ਹੈ ਦੂਸਰੇ ਮੁਲਕਾਂ ਦੇ ਸਾਹਮਣੇ ਉਥੇ ਸਾਡੇ ਜਮਹੂਰੀ ਢਾਂਚੇ ਨੂੰ ਵੀ ਸਖਤ ਸੱਟ ਵੱਜੀ ਹੈ । ਸਾਡੇ ਅਕਾਲੀ ਵੀਰ ਜੋ ਹਨ ਉਹ ਅੱਤਵਾਦ ਅਤੇ ਖਾਲਿਸਤਾਨ ਦੇ ਨਾਰ੍ਹੇ ਨੂੰ ਬੁਲੰਦ ਕਰਦੇ ਹਨ ਪਰ ਸਾਡੇ ਪੰਜਾਬੀਆਂ ਨੇ ਇਸ ਖਾਲਿਸਤਾਨ ਦੇ ਨਾਰ੍ਹੇ ਨੂੰ ਤਲਾਂਜਲੀ ਦੇ ਕੇ ਨਗਰਪਾਲਕਾਵਾਂ ਦੀਆਂ ਇਲੈਕਸ਼ਨਾਂ, ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਬੜੀਆਂ ਖੂਬਸੂਰਤੀ ਨਾਲ ਕਰਵਾਈਆਂ ਅਤੇ ਪੰਚਾਇਤਾਂ ਦੀਆਂ ਚੋਣਾਂ ਵੀ ਬੜੀ ਖੂਬਸੂਰਤੀ ਨਾਲ ਕਰਵਾ ਕੇ ਪੰਜਾਬ ਵਿਚ ਪੰਚਾਇਤ ਰਾਜ ਸਥਾਪਤ ਕੀਤਾ ਅਤੇ ਟੈਰੇਰਿਜ਼ਮ ਤੇ ਖਾਲਿਸਤਾਨ ਦੀ ਮੰਗ ਕਰਨ ਵਾਲਿਆਂ ਨੂੰ ਭਾਰੀ ਢਾਹ ਲਗਾਈ ਹੈ ਅਤੇ ਲੋਕਰਾਜ ਵਿਚ ਵਿਸ਼ਵਾਸ ਕੀਤਾ ਹੈ ।

ਭਾਰਤੀ ਜਨਤਾ ਪਾਰਟੀ ਦੇ ਮਿਸਟਰ ਅੱਡਵਾਨੀ ਨੇ ਜਿਸ ਢੰਗ ਨਾਲ ਰੱਥ ਤੇ ਸਵਾਰ ਹੋ ਕੇ, ਹਥ ਵਿਚ ਤੀਰ ਕਮਾਨ ਫੜ ਕੇ ਅਤੇ ਸ੍ਰੀ ਰਾਮ ਚੰਦਰ ਜੀ ਦਾ ਰੂਪ ਧਾਰਨ ਕਰਕੇ

[ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ]

ਯਾਤਰਾ ਕੀਤੀ, ਉਨ੍ਹਾਂ ਨੇ ਸ੍ਰੀ ਰਾਮ ਚੰਦਰ ਜੀ ਦਾ ਘੋਰ ਅਪਮਾਨ ਕੀਤਾ। ਕੀ ਸ੍ਰੀ ਰਾਮ ਚੰਦਰ ਜੀ ਦੇ ਸਿਧਾਂਤ ਸਨ ਕਿ ਨਿਰਪੱਖ ਨਾ ਰਹੋ। ਕੀ ਉਨ੍ਹਾਂ ਦਾ ਕਿਸੇ ਇਕ ਫਿਰਕੇ ਨਾਲ ਸਮੱਰਥਨ ਸੀ ? ਨਹੀਂ, ਸ੍ਰੀ ਰਾਮ ਚੰਦਰ ਜੀ ਨੇ ਤਾਂ ਸਾਰੇ ਭਾਰਤ ਨੂੰ ਉਪਦੇਸ਼ ਦਿੱਤਾ, ਉਨ੍ਹਾਂ ਨੇ ਕਿਸੇ ਇਕ ਫਿਰਕੇ ਨੂੰ ਉਪਦੇਸ਼ ਨਹੀਂ ਦਿੱਤਾ। ਇਹ ਕੋਈ ਸੈਕਲੇਰਿਜ਼ਮ ਦੀ ਨੀਤੀ ਤੇ ਨਹੀਂ ਚਲ ਰਹੇ। ਸ੍ਰੀ ਅੱਡਵਾਨੀ ਨੇ ਆਪਣੇ ਸਿਆਸੀ ਸਵਾਰਥੀ ਹਿੱਤਾਂ ਨੂੰ ਸਾਹਮਣੇ ਰੱਖ ਕੇ ਜਿਸ ਢੰਗ ਨਾਲ, ਜਿਸ ਤਰੀਕੇ ਨਾਲ ਸ੍ਰੀ ਰਾਮ ਚੰਦਰ ਜੀ ਦਾ ਭੇਸ ਧਾਰ ਕੇ ਆਪਣੇ ਆਪ ਨੂੰ ਰਾਮ ਬਣਾ ਕੇ ਦੇਸ਼ ਵਿਚ ਰੱਥ ਯਾਤਰਾ ਕੀਤੀ, ਇਸ ਦੇ ਮੁਕਾਬਲੇ ਮੈਂ ਦੇਸ਼ ਵਾਸੀਆਂ ਨੂੰ ਮੁਬਾਰਕਬਾਦ ਦਿੰਦਾ ਹਾਂ ਕਿ ਜਿਨ੍ਹਾਂ ਨੇ ਬੜੇ ਜ਼ੋਰਦਾਰ ਤਰੀਕੇ ਨਾਲ ਉਸ ਦੀਆਂ ਇਨ੍ਹਾਂ ਘਿਨਾਉਣੀਆਂ ਹਰਕਤਾਂ ਦੇ ਵਿਰੁਧ ਪ੍ਰੋਟੈਸਟ ਕੀਤਾ ਅਤੇ ਆਪਣੇ ਆਪ ਵਿਚ ਭਾਈਚਾਰੇ ਦਾ ਸਬੂਤ ਦਿੱਤਾ ਭਾਈਚਾਰੇ ਨੂੰ ਮਜ਼ਬੂਤ ਕੀਤਾ ਅਤੇ ਇਨ੍ਹਾਂ ਘਿਨਾਉਣੀਆਂ ਹਰਕਤਾਂ ਨੂੰ ਫੌਰੀ ਤੌਰ ਉਤੇ ਦਬਾਅ ਦਿੱਤਾ। ਸਾਡੇ ਪ੍ਰਧਾਨ ਮੰਤਰੀ ਸ੍ਰੀ ਨਰਸਿਮਹਾ ਰਾਓ ਜੀ ਨੇ ਭਾਰਤੀ ਜਨਤਾ ਪਾਰਟੀ ਦੀਆਂ ਹਰਕਤਾਂ ਨੂੰ ਬੜੇ ਸੁਚੱਜੇ ਢੰਗ ਨਾਲ ਨਜਿੱਠਿਆ, ਬੜੀ ਸੋਹਣੀ ਨੀਤੀ ਦੇ ਨਾਲ ਟੈਕਲ ਕੀਤਾ ਅਤੇ ਸਮੁੱਚੇ ਦੇਸ਼ ਦੇ ਅੰਦਰ ਅਮਨ ਅਤੇ ਸ਼ਾਂਤੀ ਸਥਾਪਤ ਕੀਤੀ। ਮੈਂ ਮੁਬਾਰਕਬਾਦ ਦਿੰਦਾ ਹਾਂ ਆਪਣੇ ਪੰਜਾਬ ਦੇ ਵਾਸੀਆਂ ਨੂੰ ਜਿਨ੍ਹਾਂ ਨੇ, ਜਦੋਂ 6 ਦਸੰਬਰ ਨੂੰ ਦੇਸ਼ ਦੀਆਂ ਦੂਜੀਆਂ ਸਟੇਟਾਂ ਜਲ ਰਹੀਆਂ ਸਨ, ਅਸ਼ਾਂਤੀ ਬਣ ਰਹੀ ਸੀ ਉਸ ਵੇਲੇ ਸ਼ਾਂਤੀ ਰੱਖੀ ਅਤੇ ਭਾਈਚਾਰੇ ਦਾ ਸਬੂਤ ਦਿੱਤਾ। ਇਸ ਦਾ ਸਿਹਰਾ ਸਾਡੇ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਜੀ ਨੂੰ ਜਾਂਦਾ ਹੈ। ਭਾਰਤੀ ਜਨਤਾ ਪਾਰਟੀ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਉਨ੍ਹਾਂ ਦੀਆਂ ਘਿਨਾਉਣੀਆਂ ਹਰਕਤਾਂ ਦੇਸ਼ ਦਾ ਨੁਕਸਾਨ ਨਹੀਂ ਕਰ ਸਕਦੀਆਂ ਕਿਉਂਕਿ ਲੋਕ ਹੁਣ ਜਾਗਰੂਕ ਹੋ ਗਏ ਹਨ ਅਤੇ ਉਹ ਕਮਿਊਨਲ ਹਾਰਮਨੀ ਵਿਚ ਵਿਸ਼ਵਾਸ ਰਖਦੇ ਹਨ। ਸਾਡੇ ਅਕਾਲੀ ਭਾਈਆਂ ਨੂੰ ਸੁਚੇਤ ਹੋ ਜਾਣਾ ਚਾਹੀਦਾ ਹੈ ਕਿ ਲੋਕ ਹੁਣ ਜਾਗਰੂਕ ਹਨ। ਭਾਰਤੀ ਜਨਤਾ ਪਾਰਟੀ ਤੇ ਆਰ. ਐਸ. ਐਸ. ਨੂੰ ਪੂਰੀ ਤਰ੍ਹਾਂ ਸੁਚੇਤ ਹੋ ਜਾਣਾ ਚਾਹੀਦਾ ਹੈ। ਜਿਸ ਤਰੀਕੇ ਦੇ ਨਾਲ ਖਾਲਿਸਤਾਨ ਦੀ ਮੰਗ ਕਰਨ ਵਾਲਿਆਂ ਨੂੰ, ਜਿਹੜੇ ਚਾਹੁੰਦੇ ਸਨ ਕਿ ਖਾਲਿਸਤਾਨ ਬਣਾਵਾਂਗੇ, ਪੰਜਾਬ ਦੀ ਜਨਤਾ ਨੇ ਉਨ੍ਹਾਂ ਦਾ ਜ਼ੋਰਦਾਰ ਪ੍ਰੋਟੈਸਟ ਕੀਤਾ ਤੇ ਨੁੱਕਰੇ ਲਗਾਇਆ ਇਸੇ ਤਰ੍ਹਾਂ ਭਾਰਤ ਸਰਕਾਰ ਨੂੰ ਵੀ ਇਕ ਨੀਤੀ ਬਣਾਉਣੀ ਚਾਹੀਦੀ ਹੈ ਕਿ ਭਾਰਤੀ ਜਨਤਾ ਪਾਰਟੀ ਅਤੇ ਆਰ. ਐਸ. ਐਸ. ਜੋ ਹਿੰਦੁਸਤਾਨ ਵਿਚ ਹਿੰਦੂ ਰਾਜ ਦੇ ਫਿਰਕੂ ਨਾਹਰੇ ਲਗਾ ਰਹੀਆਂ ਹਨ ਅਤੇ ਫਿਰਕੂ ਲੀਹਾਂ ਪਾ ਰਹੇ ਹਨ, ਇਨ੍ਹਾਂ ਉਤੇ ਤੁਰੰਤ ਪਾਬੰਦੀ ਲਗਣੀ ਚਾਹੀਦੀ ਹੈ। ਜਿਹੜੇ ਸਾਡੇ ਦੇਸ਼ ਦੇ ਸੈਕੂਲਰਿਜ਼ਮ ਢਾਂਚੇ ਨੂੰ ਤੋੜਨਾ ਚਾਹੁੰਦੇ ਹਨ ਉਨ੍ਹਾ ਤੇ ਜ਼ਰੂਰ ਪਾਬੰਦੀ ਲਗਣੀ ਚਾਹੀਦੀ ਹੈ। ਜਿਨ੍ਹਾਂ ਅਜ਼ਾਦੀ ਦੇ ਪ੍ਰਵਾਨਿਆਂ ਨੇ ਦਿਨ ਰਾਤ ਇਕ ਕਰਕੇ ਆਪਣੀਆਂ ਜਵਾਨੀਆਂ ਦੀ ਪ੍ਰਵਾਹ ਨਾ ਕਰਦੇ ਹੋਏ ਕੁਰਬਾਨੀਆਂ ਦਿੱਤੀਆਂ ਅਤੇ ਅਜਿਹੀਆਂ ਤਾਕਤਾਂ ਦੀ ਨੀਂਦ ਹਰਾਮ ਕੀਤੀ ਅਤੇ ਅਜ਼ਾਦੀ ਪ੍ਰਾਪਤ ਕਰਕੇ ਦਿੱਤੀ। ਉਨ੍ਹਾਂ ਦੇ ਕੰਮਾਂ ਨੂੰ ਮੁੱਖ ਰੱਖਦਿਆਂ ਹੋਇਆਂ ਪਾਰਟੀਆਂ ਨੂੰ ਦੇਸ਼ ਪ੍ਰਤੀ ਵਿਸ਼ਵਾਸ਼ ਵਿੱਚ ਲੈਣਾ ਚਾਹੀਦਾ ਹੈ।

ਮੈਂ ਆਪੋਜ਼ੀਸ਼ਨ ਪਾਰਟੀਆਂ ਨੂੰ ਬੇਨਤੀ ਕਰਾਂਗਾ ਕਿ ਉਹ ਉਸਾਰੂ ਰੋਲ ਅਦਾ ਕਰਨ। 1978 ਤੋਂ ਜਿਹੜਾ ਵਿਗੜਿਆ ਹੋਇਆ ਮਾਹੌਲ ਠੀਕ ਹੋਇਆ ਹੈ, ਉਸ

ਮਾਹੌਲ ਨੂੰ ਮਜ਼ਬੂਤ ਕਰਨ ਲਈ ਅਤੇ ਸਥਾਈ ਰੂਪ ਦੇਣ ਵਾਸਤੇ ਸਾਡੇ ਮੁੱਖ ਮੰਤਰੀ, ਸਰਦਾਰ ਬੇਅੰਤ ਸਿੰਘ ਦੀਆਂ ਜਿਹੜੀਆਂ ਉਸਾਰੂ ਨੀਤੀਆਂ ਹਨ, ਉਨ੍ਹਾਂ ਦਾ ਪੂਰਾ ਸਾਥ ਦੇਣਾ ਚਾਹੀਦਾ ਹੈ। ਜੋ ਅਰਸ਼ੀ ਸਾਹਿਬ ਨੇ ਜ਼ਿਕਰ ਕੀਤਾ ਹੈ, ਮੈਂ ਉਸ ਨੂੰ ਰਿਪੀਟ ਕਰਨਾ ਨਹੀਂ ਚਾਹੁੰਦਾ। ਦੇਸ਼ ਭਗਤਾਂ ਦੀ ਯਾਦਗਾਰ ਜਿਸ ਢੰਗ ਨਾਲ ਜਲ੍ਹਿਆਂਵਾਲਾ ਬਾਗ ਵਿਖੇ ਬਣੀ ਹੋਈ ਹੈ, ਉਸ ਢੰਗ ਨਾਲ ਹੋਰ ਉਨ੍ਹਾਂ ਸ਼ਹੀਦਾਂ ਤੇ ਦੇਸ਼ ਭਗਤਾਂ ਦੀਆਂ ਯਾਦਗਾਰਾਂ ਵੀ ਬਣਨੀਆਂ ਚਾਹੀਦੀਆਂ ਹਨ ਜਿਨ੍ਹਾਂ ਨੇ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਕਾਇਮ ਰੱਖਣ ਵਾਸਤੇ ਜੁਝਾਰੂ ਯੋਧਿਆਂ ਦੀ ਤਰ੍ਹਾਂ ਕੁਰਬਾਨੀਆਂ ਦਿੱਤੀਆਂ। ਉਨ੍ਹਾਂ ਦੀ ਯਾਦ ਵਿੱਚ ਸੋਹਣੀਆਂ ਯਾਦਗਾਰਾਂ ਬਣਾਉਣੀਆਂ ਚਾਹੀਦੀਆਂ ਹਨ। ਮੈਂ ਅਰਸ਼ੀ ਸਾਹਿਬ ਦੇ ਪ੍ਰਸਤਾਵ ਦੀ ਪ੍ਰਸ਼ੰਸਾ ਕਰਦਾ ਹਾਂ। ਇਸ ਦੇ ਨਾਲ ਮੈਂ ਆਪਣਾ ਸਥਾਨ ਲੈਂਦਾ ਹਾਂ। (ਥੰਪਿੰਗ)

ਸ੍ਰੀ ਹੰਸ ਰਾਜ ਜੋਸ਼ਨ (ਜਲਾਲਾਬਾਦ): ਪਰਮ ਸਤਿਕਾਰਯੋਗ ਡਿਪਟੀ ਸਪੀਕਰ ਸਾਹਿਬ, ਮੈਂ ਆਪ ਜੀ ਦਾ ਤਹਿ ਦਿਲੋਂ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ, ਜੋ ਅਰਸ਼ੀ ਜੀ ਹੁਰਾਂ ਨੇ ਪ੍ਰਸਤਾਵ ਲਿਆਂਦਾ ਹੈ, ਉਸ ਦੇ ਉਤੇ ਬੋਲਣ ਦਾ ਸਮਾਂ ਦਿਤਾ ਹੈ। ਮੈਂ ਇਨ੍ਹਾਂ ਨੇ ਜੋ ਪ੍ਰਸਤਾਵ ਲਿਆਂਦਾ ਹੈ ਹਾਊਸ ਦੇ ਵਿੱਚ, ਇਸ ਦੀ ਪੁਰਜ਼ੋਰ ਅਤੇ ਦਿਲੋਂ ਤਾਈਦ ਕਰਦਾ ਹਾਂ ਕਿਉਂਕਿ ਇਸ ਸਮੇਂ ਹਿੰਦੁਸਤਾਨ ਦੇ ਵਿੱਚ ਇਸ ਦੀ ਬੜੀ ਲੋੜ ਹੈ, ਬੜੀ ਅਹਿਮੀਅਤ ਹੈ। ਮੈਂ ਅੱਜ ਤੋਂ 40-50 ਸਾਲ ਪਹਿਲਾਂ ਜਦੋਂ ਕਿ ਹਿੰਦੁਸਤਾਨ ਦੀ ਆਜ਼ਾਦੀ ਲੈਣ ਦੇ ਵਾਸਤੇ ਹਿੰਦੁਸਤਾਨ ਦੇ ਵਾਸੀਆਂ ਨੇ ਬੜੀ ਸਟਰੱਗਲ ਕਰਕੇ, ਜੋ ਸਾਡੇ ਲੀਡਰ ਸਨ, ਜੋ ਫਰੀਡਮ-ਫਾਈਟਰ ਸਨ, ਉਨ੍ਹਾਂ ਨੇ ਆਜ਼ਾਦੀ ਦੇ ਵਾਸਤੇ ਲੜਾਈ ਲੜੀ ਔਰ 1947 ਵਿੱਚ ਹਿੰਦੁਸਤਾਨ ਆਜ਼ਾਦ ਹੋਇਆ। ਉਸ ਵੇਲੇ ਵੀ ਜਿਹਆ ਹੀ ਟਾਈਮ ਆ ਗਿਆ ਸੀ ਅਤੇ ਹਿੰਦੂਆਂ ਅਤੇ ਮੁਸਲਮਾਨਾਂ ਵਿੱਚ ਇਹ ਜਿਹੀ ਸਾਜ਼ਿਸ਼ ਪੈਦਾ ਕਰਕੇ ਹਿੰਦੁਸਤਾਨ ਅਤੇ ਪਾਕਿਸਤਾਨ ਬਣਾਇਆ ਗਿਆ। ਇਥੇ ਹੀ ਬੱਸ ਨਹੀਂ ਉਸ ਤੋਂ ਬਾਅਦ ਵੀ 1972 ਵਿਚ ਜਿਹੜਾ ਪਾਕਿਸਤਾਨ ਸੀ ਅਤੇ ਮੁਸਲਮਾਨਾਂ ਦਾ ਇੱਕ ਵੱਖਰਾ ਮੁਲਕ ਸੀ, ਉਹ ਵੀ ਇਕੱਠਾ ਨਾ ਰਿਹਾ, ਉਸ ਵਿਚੋਂ ਵੀ ਬੰਗਲਾ ਦੇਸ਼ ਬਣ ਗਿਆ ਔਰ ਮੈਂ ਦੱਸ ਦਿੰਦਾ ਹਾਂ ਕਿ ਜੇ ਇੱਕ ਦੇਸ਼, ਜੇ ਇੱਕ ਧਰਮ ਦੇ ਬੇਸ ਤੇ ਰਹਿ ਸਕਦਾ ਸੀ ਅਤੇ ਬੰਗਲਾ ਦੇਸ਼ ਨੂੰ ਵੱਖਰਾ ਨਹੀਂ ਹੋਣਾ ਚਾਹੀਦਾ ਸੀ। ਕਦੇ ਵੀ ਇੱਕ ਮੁਲਕ ਧਰਮ ਦੇ ਬੇਸ ਤੇ, ਇੱਕ ਜਾਤੀ ਦੇ ਬੇਸ ਤੇ, ਨਹੀਂ ਰਹਿ ਸਕਦਾ। ਇਸ ਤੋਂ ਬਾਅਦ ਅੱਜ ਤੋਂ 10-12 ਸਾਲਾਂ ਪਹਿਲਾਂ ਅਸੀਂ ਆਪਣੇ ਹਿੰਦੁਸਤਾਨ ਵਿੱਚ ਵੇਖਿਆ ਔਰ ਖਾਸ ਤੌਰ ਤੇ ਪੰਜਾਬ ਦੇ ਵਿੱਚ ਕਿਉਂਕਿ ਅਕਾਲੀ ਪਾਰਟੀ ਜਿਸ ਦਾ ਨਾਮ ਲਏ ਬਗੈਰ ਮੈਂ ਨਹੀਂ ਰਹਿ ਸਕਦਾ, ਉਸ ਨੇ ਪੰਜਾਬ ਦੇ ਵਿੱਚ ਧਰਮ ਦੇ ਨਾਮ ਤੇ ਮੋਰਚਾ ਲਾਇਆ ਔਰ ਪੰਜਾਬ ਨੂੰ ਵੱਖ ਕਰਨ ਦੀ ਸਾਜ਼ਿਸ਼ ਕੀਤੀ ਗਈ ਔਰ ਇਸ ਦੇ ਬਾਵਜੂਦ ਵੀ ਪੰਜਾਬ ਵਾਸੀ ਔਰ ਪੰਜਾਬ ਦੀ ਜਨਤਾ ਨੇ ਆਪਸੀ ਭਾਈਚਾਰੇ ਦਾ ਸਬੂਤ ਦਿਤਾ। ਮੈਂ ਉਨ੍ਹਾਂ ਨੂੰ ਕਹਾਂਗਾ ਕਿ ਉਨ੍ਹਾਂ ਨੇ ਬੜੀ ਸਟਰੱਗਲ ਕਰਕੇ ਔਰ ਇਸ 10-12 ਸਾਲ ਵਿਚ ਪੰਜਾਬ ਦੇ ਹਾਲਾਤ ਜਿਹੜੇ ਕਿ ਕੁਝ ਸ਼ਕਤੀਆਂ ਕਮਿਊਨਲ ਬੇਸ ਤੇ ਪੰਜਾਬ ਦੇ

[ਸ੍ਰੀ ਹੇਮ ਰਾਜ ਜੋਸ਼ਨ]

ਲੋਕਾਂ ਨੂੰ ਧਰਮ ਦੇ ਬੇਸ ਤੇ ਅਤੇ ਜਾਤੀ-ਵਾਦ ਦੇ ਬੇਸ ਤੇ ਵੰਡਣਾ ਚਾਹੁੰਦੀਆਂ ਸਨ ਉਨ੍ਹਾਂ ਦੇ ਖਿਲਾਫ ਲੜਾਈ ਲੜੀ, ਔਰ ਵੱਖ ਵੱਖ ਸਟੇਟਾਂ ਤੇ ਲੜਾਈ ਲੜੀ ਔਰ ਇਸ ਦੇ ਖਿਲਾਫ ਲੜਾਈ ਲੜਦੇ ਹੋਏ ਸਾਡੇ ਕਈ ਲੀਡਰ, ਕਈ ਵਕੀਲ, ਕਈ ਡਾਕਟਰ ਔਰ ਕਈ ਪੱਤਰਕਾਰ ਮਾਰੇ ਵੀ ਗਏ ਪਰ ਫਿਰ ਵੀ ਸਾਡੇ ਪੰਜਾਬ ਵਾਸੀਆਂ ਨੇ ਹਿੰਮਤ ਨਹੀਂ ਹਾਰੀ ਔਰ ਹਮੇਸ਼ਾ ਪੰਜਾਬ ਦੇ ਵਿੱਚ ਹਾਲਾਤ ਜੋ ਖਰਾਬ ਹੋਏ ਹੋਏ ਸਨ ਉਨ੍ਹਾਂ ਦੇ ਉਲਟ ਦੇਸ਼ ਦੀ ਏਕਤਾ ਅਤੇ ਅਖੰਡਤਾ ਦੇ ਲਈ ਲੜਦੇ ਰਹੇ। ਮੈਂ ਉਨ੍ਹਾਂ ਨੂੰ ਸ਼ਰਧਾਂਜਲੀ ਪੇਸ਼ ਕਰਦਾ ਹਾਂ ਔਰ ਨਾਲ ਹੀ ਅਰਸ਼ੀ ਸਾਹਿਬ ਨੇ ਜੋ ਕਿਹਾ ਹੈ ਕਿ ਕਿਉਂਕਿ ਉਨ੍ਹਾਂ ਨੇ ਦੇਸ਼ ਦੀ ਏਕਤਾ ਵਾਸਤੇ, ਅਖੰਡਤਾ ਵਾਸਤੇ ਆਪਣੀਆਂ ਜਾਨਾਂ ਦਿਤੀਆਂ ਹਨ, ਮੈਂ ਵੀ ਇਹੋ ਹੀ ਕਹਾਂਗਾ ਕਿ ਜ਼ਿਲ੍ਹਾ ਪੱਧਰ ਤੇ, ਜਿਸ ਤਰ੍ਹਾਂ ਸਰਕਾਰ ਜਾਇਜ਼ ਸਮਝੇ ਜਾਂ ਸਟੇਟ ਪੱਧਰ ਤੇ ਉਨ੍ਹਾਂ ਦੀਆਂ ਯਾਦਗਾਰਾਂ ਬਣਾਈਆਂ ਜਾਣੀਆਂ ਚਾਹੀਦੀਆਂ ਹਨ ਤਾਂ ਕਿ ਸਾਡੀ ਪੀੜ੍ਹੀ ਜੋ ਆਉਣੀ ਹੈ ਉਹ ਸਿੱਖ ਸਕੇ ਕਿ ਸਾਡੇ ਜੋ ਬਜ਼ੁਰਗ ਸਨ ਉਨ੍ਹਾਂ ਨੇ ਸ਼ਹਾਦਤ ਦੇ ਕੇ ਪੰਜਾਬ ਨੂੰ ਇਕ ਰੱਖਣ ਵਾਸਤੇ ਕੁਰਬਾਨੀਆਂ ਦਿਤੀਆਂ ਸਨ। ਇਸ ਦੇ ਨਾਲ ਹੀ 6 ਦਸੰਬਰ ਨੂੰ ਜੋ ਹੋਇਆ ਮੇਰੇ ਤੋਂ ਪਹਿਲਾਂ ਬੋਲਣ ਵਾਲਿਆਂ ਨੇ ਕਾਫ਼ੀ ਦੱਸਿਆ ਹੈ ਔਰ ਮੈਂ ਜ਼ਿਆਦਾ ਡੀਟੇਲ ਵਿੱਚ ਨਹੀਂ ਜਾਣਾ ਚਾਹੁੰਦਾ ਔਰ ਚੁੱਪ ਵੀ ਨਹੀਂ ਰਹਿ ਸਕਦਾ ਕਿਉਂਕਿ ਬੀ. ਜੇ. ਪੀ. ਇਕ ਪਾਸੇ ਤਾਂ ਕਹਿੰਦੀ ਹੈ ਕਿ ਧਰਮ ਔਰ ਪੋਲੀਟਿਕਸ ਵੱਖੋ ਵੱਖਰੇ ਹੋਣੇ ਚਾਹੀਦੇ ਹਨ ਪਰ 6 ਦਸੰਬਰ ਨੂੰ ਉਨ੍ਹਾਂ ਨੇ ਹਿੰਦੁਸਤਾਨ ਵਿੱਚ ਇੱਕ ਅਜਿਹੀ ਮਾੜੀ ਘਟਨਾ ਕੀਤੀ ਜਿਸ ਦਾ ਮਾੜਾ ਅਸਰ ਸਿਰਫ ਹਿੰਦੁਸਤਾਨ ਦੇ ਵਿੱਚ ਹੀ ਨਹੀਂ ਪਿਆ ਸਗੋਂ ਸਾਰੇ ਵਰਲਡ ਦੇ ਵਿੱਚ ਸ਼ਰਮਨਾਕ ਗੱਲ ਸੀ ਔਰ ਇਸ ਦੇ ਉਪਰ ਬੜੇ ਅੱਛੇ ਢੰਗ ਨਾਲ ਕੰਟਰੋਲ ਕਰਨ ਲਈ ਮੈਂ ਸ੍ਰੀ ਨਰਸਿੰਮਾ ਰਾਓ ਜੀ ਨੂੰ ਮੁਬਾਰਕਬਾਦ ਦਿੰਦਾ ਹਾਂ। ਉਨ੍ਹਾਂ ਨੇ ਕੰਟਰੋਲ ਕਰਕੇ ਇਸ ਮੁਲਕ ਨੂੰ ਬਚਾਇਆ ਔਰ ਲੋਕਾਂ ਨੂੰ ਬਚਾਇਆ। ਇਸ ਲਈ ਮੈਂ ਕਹਾਂਗਾ ਕਿ ਇਹੋ ਜਿਹੀਆਂ ਪਾਰਟੀਆਂ ਆਰ. ਐਸ. ਐਸ., ਬਜਰੰਗ-ਦਲ ਔਰ ਦੂਜੀਆਂ ਪਾਰਟੀਆਂ ਜੋ ਹਨ, ਇਨ੍ਹਾਂ ਤੇ ਬੈਨ ਲਗਣਾ ਚਾਹੀਦਾ ਹੈ ਔਰ ਇਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ ਅਤੇ ਦੇਸ਼ ਦੀ ਨੈਸ਼ਨਲ ਇੰਟੇਗਰਟੀ ਨੂੰ ਪਹਿਲ ਦੇਣੀ ਚਾਹੀਦੀ ਹੈ। ਇਨ੍ਹਾਂ ਨੇ ਜੋ ਰੇਜ਼ੋਲਿਊਸ਼ਨ ਇਸ ਹਾਊਸ ਵਿਚ ਰੱਖਿਆ ਹੈ, ਉਸ ਦੇ ਤਹਿਤ ਮੈਂ ਇਹ ਵੀ ਕਹਾਂਗਾ ਕਿ ਜਦੋਂ ਹਿੰਦੁਸਤਾਨ ਨੂੰ ਆਜ਼ਾਦੀ ਮਿਲੀ ਤਾਂ ਕਈ ਫਰੀਡਮ ਫਾਈਟਰਾਂ ਨੇ ਲੜਾਈ ਕੀਤੀ ਔਰ ਸ਼ਹੀਦ ਹੋ ਗਏ। ਜਿਵੇਂ ਸਰਦਾਰ ਊਧਮ ਸਿੰਘ ਜੀ ਨੇ ਸ਼ਹਾਦਤ ਪ੍ਰਾਪਤ ਕੀਤੀ, ਸਰਦਾਰ ਭਗਤ ਸਿੰਘ ਜੀ ਸ਼ਹੀਦ ਹੋਏ। ਮੈਂ ਸਰਕਾਰ ਨੂੰ ਕਹਾਂਗਾ ਕਿ ਵੱਡੇ ਵੱਡੇ ਸਕੂਲ, ਵੱਡੇ ਵੱਡੇ ਹਸਪਤਾਲ, ਵੱਡੀਆਂ ਵੱਡੀਆਂ ਯੂਨੀਵਰਸਿਟੀਆਂ ਦੇ ਨਾਂ ਉਨ੍ਹਾਂ ਸ਼ਹੀਦ ਹੋਏ ਫਰੀਡਮ ਫਾਈਟਰਾਂ ਦੇ ਨਾਂ ਤੇ ਹੋਣੇ ਚਾਹੀਦੇ ਹਨ। ਇਸ ਤੋਂ ਇਲਾਵਾ ਪਿਛਲੇ ਦਸ ਸਾਲਾਂ ਵਿਚ ਜਿਨ੍ਹਾਂ ਧਾਰਮਿਕ ਆਗੂਆਂ, ਪੱਤਰਕਾਰਾਂ ਨੇ ਕੁਰਬਾਨੀਆਂ ਦਿੱਤੀਆਂ, ਉਨ੍ਹਾਂ ਦੀ ਯਾਦ ਵਿਚ ਯਾਦਗਾਰਾਂ ਬਣਾਉਣੀਆਂ ਚਾਹੀਦੀਆਂ ਹਨ ਕਿਉਂਕਿ ਉਨ੍ਹਾਂ ਨੇ ਪੰਜਾਬ ਨੂੰ ਬਚਾਇਆ ਸੀ। ਮੈਂ ਇਹ ਵੀ ਕਹਾਂਗਾ ਕਿ ਹਿੰਦੁਸਤਾਨ ਦੀ ਆਜ਼ਾਦੀ ਤੋਂ ਪਹਿਲਾਂ 30-40 ਸਾਲਾਂ ਵਿਚ ਜਿਨ੍ਹਾਂ ਸ਼ਹੀਦਾਂ ਨੇ ਦੇਸ਼ ਦੀ ਏਕਤਾ ਅਤੇ ਅਖੰਡਤਾ ਵਾਸਤੇ ਸ਼ਹਾਦਤ

ਦਿੱਤੀ, ਉਨ੍ਹਾਂ ਵਾਸਤੇ ਇੱਕ ਸਪੈਸ਼ਲ ਕਿਤਾਬ ਬਣਨੀ ਚਾਹੀਦੀ ਹੈ ਅਤੇ ਐਜੂਕੇਸ਼ਨ ਵਿਚ ਐਡੀਸ਼ਨਲ ਸਬਜੈਕਟ ਐਡ ਕੀਤਾ ਜਾਵੇ । ਇਸ ਵਿਚ ਹਿੰਦੁਸਤਾਨ ਦੀ ਏਕਤਾ ਅਤੇ ਅਖੰਡਤਾ ਵਾਸਤੇ ਹੋਏ ਸ਼ਹੀਦਾਂ ਦਾ ਸਪੈਸ਼ਲ ਤੌਰ ਤੇ ਵਰਨਣ ਹੋਣਾ ਚਾਹੀਦਾ ਹੈ । ਇਸ ਚੀਜ਼ ਨੂੰ ਸਕੂਲਾਂ ਵਿਚ, ਕਾਲਜਾਂ ਵਿਚ, ਯੂਨੀਵਰਸਿਟੀਆਂ ਵਿਚ ਜ਼ਰੂਰੀ ਕੀਤਾ ਜਾਵੇ ਤਾਂਕਿ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ, ਸਾਡੇ ਬੱਚੇ ਇਥੋਂ ਕੁੱਝ ਸਿੱਖ ਸਕਣ । ਮੈਂ ਇਹ ਵੀ ਕਹਾਂਗਾ ਕਿ ਹਿੰਦੂ-ਸਿੱਖ ਏਕਤਾ ਵਿਚ ਜੋ ਪਾੜਾ ਆਇਆ ਹੈ, ਉਸ ਵਿਚ ਪਾਕਿਸਤਾਨ ਦੀ ਸਾਜਿਸ਼ ਹੈ । ਇਸ ਪਾੜੇ ਨੂੰ ਦੂਰ ਕਰਨ ਲਈ ਜਿਨ੍ਹਾਂ ਨੇ ਸ਼ਹਾਦਤ ਦਿੱਤੀ, ਮੈਂ ਉਨ੍ਹਾਂ ਦੀ ਤਾਰੀਫ ਕਰਦਾ ਹਾਂ । ਮੈਂ, ਨੈਸ਼ਨਲ ਇੰਟੈਗਰਟੀ ਵਾਸਤੇ ਜੋ ਸਰਦਾਰ ਬੇਅੰਤ ਸਿੰਘ ਜੀ ਨੇ ਕੰਮ ਕੀਤਾ, ਉਸ ਦੀ ਸ਼ਲਾਘਾ ਕਰਦਾ ਹਾਂ । ਜਦੋਂ ਇਕ ਸਾਲ ਪਹਿਲਾਂ ਨਵੀਂ ਸਰਕਾਰ ਬਣੀ ਸੀ ਤਾਂ ਉਸ ਵੇਲੇ ਅਕਾਲੀਆਂ ਨੇ ਸਰਪੰਚਾਂ ਨੂੰ ਕਿਹਾ ਸੀ ਕਿ ਤੁਸੀਂ ਰਿਜ਼ਾਈਨ ਕਰ ਦਿਓ । ਇਸ ਦੇ ਤਹਿਤ ਕਈ ਸਰਪੰਚਾਂ ਨੇ ਡਰਾਮੇ ਕੀਤੇ ਪਰ ਸਰਦਾਰ ਬੇਅੰਤ ਸਿੰਘ ਜੀ ਨੇ ਮਿਊਂਸਪੈਲਿਟੀਜ਼ ਦੀਆਂ ਚੋਣਾਂ ਕਰਵਾ ਕੇ, ਪੰਚਾਂ-ਸਰਪੰਚਾਂ ਦੀਆਂ ਚੋਣਾਂ ਕਰਵਾ ਕੇ ਇਹ ਸਾਬਤ ਕਰ ਦਿੱਤਾ ਕਿ ਪੰਜਾਬ ਦੇ ਲੋਕ ਸ਼ਾਂਤੀ ਚਾਹੁੰਦੇ ਹਨ ਅਤੇ ਦੇਸ਼ ਦੀ ਨੈਸ਼ਨਲ ਇੰਟੈਗਰੇਸ਼ਨ ਚਾਹੁੰਦੇ ਹਨ । ਜਿਨ੍ਹਾਂ ਸਰਪੰਚਾਂ ਨੇ ਰਿਜ਼ਾਈਨ ਕੀਤੇ ਸੀ, ਉਹ ਨਹੀਂ ਜਿੱਤੇ । ਮੈਂ ਹਾਊਸ ਰਾਹੀਂ ਉਨ੍ਹਾਂ ਲੋਕਾਂ ਨੂੰ ਸੁਨੇਹਾ ਦੇਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਬਹੁਤ ਵੱਡਾ ਕੰਮ ਕੀਤਾ ਹੈ । ਅਰਸ਼ੀ ਜੀ ਨੇ ਜੋ ਇਸ ਹਾਊਸ ਵਿਚ ਰੈਜੋਲਿਊਸ਼ਨ ਲਿਆਂਦਾ ਹੈ, ਉਸ ਦੀ ਮੈਂ ਤਹਿ ਦਿਲੋਂ ਤਾਈਦ ਕਰਦਾ ਹਾਂ । ਜਿਵੇਂ ਸਰਦਾਰ ਉਮਰਾਓ ਸਿੰਘ ਜੀ ਨੇ ਐਲਾਨ ਕੀਤਾ ਸੀ ਕਿ ਪਿਛਲੇ ਦਸ ਸਾਲਾਂ ਵਿਚ ਜਿਹੜੇ ਲੋਕ ਸ਼ਹੀਦੀ ਪਾ ਗਏ ਹਨ, ਉਨ੍ਹਾਂ ਦੀਆਂ ਯਾਦਗਾਰਾਂ ਬਣਾਈਆਂ ਜਾਣਗੀਆਂ। ਮੈਂ ਬੇਨਤੀ ਕਰਾਂਗਾ ਕਿ ਜਿਹੜੇ ਵਜ਼ੀਰ ਸਾਹਿਬਾਨ, ਪੱਤਰਕਾਰ, ਵਕੀਲ, ਡਾਕਟਰ ਮਾਰੇ ਗਏ ਹਨ, ਉਨ੍ਹਾਂ ਦੀ ਯਾਦ ਵਿਚ ਪੰਜਾਬ ਵਾਸੀਆਂ ਵਾਸਤੇ ਪੰਜਾਬ ਸਰਕਾਰ ਨੂੰ ਯਾਦਗਾਰਾਂ ਬਣਾਉਣੀਆਂ ਚਾਹੀਦੀਆਂ ਹਨ । ਇਸ ਤੋਂ ਇਲਾਵਾ ਜਿਹੜੇ ਧਰਮ ਦੇ ਲੋਕ ਮਾਰੇ ਗਏ ਸਨ, ਚਾਹੇ ਉਹ ਸਮਾਜਿਕ ਜਥੇਬੰਦੀਆਂ ਨਾਲ ਸਬੰਧ ਰੱਖਦੇ ਹਨ, ਉਨ੍ਹਾਂ ਦੀ ਯਾਦ ਵਿਚ ਵੀ ਯਾਦਗਾਰਾਂ ਬਣਾਉਣੀਆਂ ਚਾਹੀਦੀਆਂ ਹਨ ਤਾਂਕਿ ਸਾਡੀ ਆਉਣ ਵਾਲੀ ਪੀੜ੍ਹੀ ਉਨ੍ਹਾਂ ਤੋਂ ਸਬਕ ਸਿੱਖ ਸਕੇ ਅਤੇ ਦੇਸ਼ ਵਿਰੋਧੀ ਤਾਕਤਾਂ ਵਿਰੁੱਧ ਤਕੜੀ ਹੋ ਸਕੇ । ਇਨ੍ਹਾਂ ਸ਼ਬਦਾਂ ਨਾਲ ਮੈਂ ਇਸ ਰੈਜੋਲਿਊਸ਼ਨ ਦੀ ਤਾਈਦ ਕਰਦਾ ਹਾਂ । ਜੈ ਹਿੰਦ ।

ਪੰਡਿਤ ਸੋਮ ਦੱਤ ਸ਼ਰਮਾ (ਬਰਨਾਲਾ) : ਸਤਿਕਾਰਯੋਗ ਡਿਪਟੀ ਸਪੀਕਰ ਸਾਹਿਬ, ਮੈਂ ਆਪ ਜੀ ਦਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਉਸ ਮਤੇ ਉਪਰ ਬੋਲਣ ਦਾ ਮੌਕਾ ਦਿੱਤਾ ਹੈ ਜਿਸ ਨੂੰ ਸੀ. ਪੀ. ਆਈ. ਦੇ ਮਿਹਨਤਕਸ਼ ਅਤੇ ਸੱਚੇ-ਸੁੱਚੇ ਵਰਕਰ ਨੇ ਸਦਨ ਵਿਚ ਲਿਆਂਦਾ ਹੈ ਅਤੇ ਇਸ ਮਤੇ ਰਾਹੀਂ ਉਨ੍ਹਾਂ ਲੋਕਾਂ ਦੀ ਯਾਦ ਨੂੰ ਤਾਜ਼ਾ ਕੀਤਾ ਜਾ ਸਕਦਾ ਜਿਨ੍ਹਾਂ ਲੋਕਾਂ ਨੇ ਜੰਗੇ ਆਜ਼ਾਦੀ ਦੇ ਵਿੱਚ ਹਿੱਸਾ ਪਾਇਆ ਔਰ ਜਿਨ੍ਹਾਂ ਲੋਕਾਂ ਨੇ ਜੰਗੇ ਆਜ਼ਾਦੀ ਜਾਂ ਜਦੋਂ ਸਾਡਾ ਦੇਸ਼ ਆਜ਼ਾਦ ਹੋ ਚੁੱਕਾ ਸੀ ਉਸ ਦੀ ਬਹਾਲੀ ਲਈ ਪਿਛਲੇ 10, 12 ਜਾਂ 15 ਸਾਲ ਉਸ ਦੀ ਪ੍ਰਾਪਤੀ ਲਈ ਕੁਰਬਾਨੀਆਂ ਦਿੱਤੀਆਂ ਅਰਸ਼ੀ ਜੀ ਨੇ

[ਪੰਡਿਤ ਸੋਮ ਦੱਤ ਸ਼ਰਮਾ]

ਠੀਕ ਕਿਹਾ ਹੈ ਕਿ ਜੇ ਇਕੱਲੇ ਇਕੱਲੇ ਵਿਅਕਤੀ ਦਾ ਜ਼ਿਕਰ ਕੀਤਾ ਜਾਵੇ ਤਾਂ ਬਹੁਤ ਲੰਮਾ ਇਤਿਹਾਸ ਹੈ ਔਰ ਇਸ ਦੇ ਦੱਸਣ ਲਈ ਬਹੁਤ ਸਮਾਂ ਲੱਗੇਗਾ। ਜੋ ਮਤਾ, ਡਿਪਟੀ ਸਪੀਕਰ ਸਾਹਿਬ, ਲਿਆਂਦਾ ਗਿਆ ਹੈ ਉਸ ਤੇ ਬੋਲਣ ਵਾਸਤੇ ਚੰਦ ਮਿੰਟ ਨਹੀਂ ਚੰਦ ਘੰਟੇ ਨਹੀਂ, ਚੰਦ ਦਿਨ ਨਹੀਂ ਜੇ ਇਨ੍ਹਾਂ ਜੰਗੇ ਆਜ਼ਾਦੀ ਦੇ ਪਰਵਾਨਿਆਂ ਦਾ ਜ਼ਿਕਰ ਕਰਨ ਲਗੀਏ ਤਾਂ ਕਈ ਕਈ ਸਾਲ ਬੋਲਿਆ ਜਾ ਸਕਦਾ ਹੈ। ਜੰਗੇ ਆਜ਼ਾਦੀ ਦੇ ਲਈ ਸਮੇਂ ਸਮੇਂ ਤੇ ਬੜੀ ਮੁੱਦਤ ਤੋਂ ਇਨ੍ਹਾਂ ਆਜ਼ਾਦੀ ਦੇ ਪ੍ਰਵਾਨਿਆਂ ਨੇ ਆਪਣਾ ਪੂਰਾ ਹਿੱਸਾ ਪਾਇਆ ਚਾਹੇ ਉਹ ਸਮਾਂ ਮਹਾਭਾਰਤ ਦਾ ਸੀ, ਚਾਹੇ ਉਹ ਮੇਰੇ ਮਹਾਨ ਤੇ ਸਰਬ ਸ਼ਕਤੀਮਾਨ ਦੋ ਜਹਾਨ ਦੇ ਵਾਲੀ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਮਾਂ ਸੀ ਚਾਹੇ ਉਹ ਸਮਾਂ ਸ਼ਹੀਦੇ ਆਜ਼ਮ ਸਰਦਾਰ ਕਰਤਾਰ ਸਿੰਘ ਸਰਾਭਾ, ਊਧਮ ਸਿੰਘ, ਰਾਜ ਗੁਰੂ, ਸੁਖਦੇਵ ਅਤੇ ਹੋਰ ਦੂਸਰਿਆਂ ਦਾ ਸਮਾਂ ਸੀ ਤੇ ਚਾਹੇ ਉਹ ਸਮਾਂ ਉਨ੍ਹਾਂ ਲੋਕਾਂ ਦਾ ਸੀ ਜਿਨ੍ਹਾਂ ਵਿੱਚ ਸਰਦਾਰ ਹੀਰਾ ਸਿੰਘ ਭੱਠਲ, ਸ੍ਰੀ ਸੰਤ ਰਾਮ ਜੀ ਨਾਭਾ ਵਾਲੇ ਅਤੇ ਸੇਵਾ ਸਿੰਘ ਠੀਕਰੀਵਾਲਾ ਚਾਹੇ ਉਹ ਸਮਾਂ ਫਰੀਦਕੋਟ ਦੇ ਜੰਗੇ ਆਜ਼ਾਦੀ ਦੇ ਘੁਲਾਟੀਏ ਜਾਂ ਮਾਲਵੇ ਜਾਂ ਮਾਝੇ ਦੀ ਧਰਤੀ ਤੇ ਰਹਿਣ ਵਾਲਿਆਂ ਦਾ ਸੀ, ਜੇ ਇਸ ਤਰ੍ਹਾਂ ਮੈਂ ਇਕੱਲੇ ਇਕੱਲੇ ਦਾ ਨਾਮ ਲੈਣ ਲੱਗ ਜਾਵਾਂ ਤਾਂ ਇਹ ਇਕ ਬੜਾ ਲੰਮਾ ਚੈਪਟਰ ਹੈ ਉਸ ਦੇ ਲਈ ਬਹੁਤ ਸਮਾਂ ਲੱਗ ਜਾਵੇਗਾ। ਡਿਪਟੀ ਸਪੀਕਰ ਸਾਹਿਬ, ਕੁੱਝ ਗੱਲਾਂ ਸਾਡੇ ਸਾਹਮਣੇ ਉਭਰ ਕੇ ਆਈਆਂ। ਇਹ ਗੱਲਾਂ ਕਿਉਂ ਹੋਈਆਂ ? ਇਸ ਦੇ ਲਈ ਅਰਸ਼ੀ ਜੀ ਨੇ ਠੀਕ ਕਿਹਾ ਹੈ ਕਿ ਜਿਹੜੀਆਂ ਤਾਕਤਾਂ ਮੁਲਕ ਦੀ ਆਜ਼ਾਦੀ ਨੂੰ ਤਬਾਹ ਕਰਨ ਤੇ ਲਗੀਆਂ ਹੋਈਆਂ ਹਨ ਉਨ੍ਹਾਂ ਨੂੰ ਨੱਥ ਪਾਉਣੀ ਚਾਹੀਦੀ ਹੈ। ਸਾਨੂੰ ਉਨ੍ਹਾਂ ਫਿਰਕਾ-ਦਰਾਨਾ ਤਾਕਤਾਂ ਤੋਂ ਬੱਚਣਾ ਪਵੇਗਾ ਭਾਵੇਂ ਉਹ ਖਾਲਿਸਤਾਨੀ ਫਿਰਕਾਦਾਰਾਨਾ ਹੋਣ ਤੇ ਭਾਵੇਂ ਉਹ ਹਿੰਦੂ ਰਾਸ਼ਟਰ ਦੀਆਂ ਗੱਲਾਂ ਕਰਨ ਵਾਲੀਆਂ ਫਿਰਕਾਦਾਰਾਨਾ ਤਾਕਤਾਂ ਹੋਣ। ਇਸ ਸਦਨ ਵਿਚ, ਡਿਪਟੀ ਸਪੀਕਰ ਸਾਹਿਬ, ਸਾਰੇ ਸੱਜਣ ਬੈਠੇ ਹਨ ਮੇਰੇ ਕਹਿਣ ਨਾਲ ਭਾਵੇਂ ਉਨ੍ਹਾਂ ਨੂੰ ਇਸ ਗੱਲ ਦਾ ਕਸ਼ਟ ਹੋਵੇ, ਇਥੇ ਇਸ ਕਿਸਮ ਦਾ ਮਤਾ ਹੋਵੇ ਜਿਸ ਮਤੇ ਨੇ ਦੱਸਣਾ ਹੋਵੇ ਕਿ ਇਸ ਦੇਸ਼ ਦੀ ਧਰਤੀ ਤੇ ਜੰਗੇ ਆਜ਼ਾਦੀ ਦੇ ਪ੍ਰਵਾਨੇ ਕੌਣ ਕੌਣ ਹਨ, ਕੌਣ ਕੌਣ ਯੋਧੇ ਹਨ ਅਤੇ ਕੌਣ ਹਨ ਉਹ ਲੋਕ ਜਿਨ੍ਹਾਂ ਨੇ ਦੇਸ਼ ਨੂੰ ਬਰਬਾਦ ਕਰਨ ਦਾ ਯਤਨ ਕੀਤਾ, ਪਿਛਲੇ ਵਕਤ ਵੀ ਸੀ. ਆਈ. ਏ. ਦੇ ਏਜੰਟਾਂ ਨੇ ਦੇਸ਼ ਨੂੰ ਬਰਬਾਦ ਕੀਤਾ ਦੇਸ਼ ਨੂੰ ਆਜ਼ਾਦ ਹੋਣ ਤੋਂ ਪਹਿਲਾਂ। ਡਿਪਟੀ ਸਪੀਕਰ ਸਾਹਿਬ, ਮੈਂ ਇਸ ਦੇ ਲਈ ਝਾਤ ਪੁਆਉਣਾ ਚਾਹੁੰਦਾ ਹਾਂ ਕੁੱਝ ਗੱਲਾਂ ਵਲ ਕਿ ਪਾਕਿਸਤਾਨ ਨਹੀਂ ਸੀ ਬਣਨਾ, ਇਹ ਦੇਸ਼ ਬਿਲਕੁਲ ਇਸੇ ਤਰ੍ਹਾਂ ਹੀ ਰਹਿਣਾ ਸੀ ਪਰ ਚੰਦ ਸਿਰ ਫਿਰੇ ਲੋਕਾਂ ਨੇ ਹਿੰਦੂ ਮਹਾਂ-ਸਭਾ ਬਣਾਈ ਔਰ ਹਿੰਦੂ ਮਹਾਂ ਸਭਾ ਬਣਾ ਕੇ ਨਕਸ਼ਿਆਂ ਵਿੱਚ ਹਿੰਦੁਸਤਾਨ ਲਿਖ ਦਿਤਾ। ਉਨ੍ਹਾਂ ਨੇ ਹਿੰਦੁਸਤਾਨ ਨੂੰ ਉਰਦੂ ਵਿੱਚ ਹਿੰਦੁਸਤਾਨ ਲਿਖਿਆ ਯਾਨੀ ਉਤੇ ਪੇਸ਼ ਲਾਈ। ਉਹ ਲੋਕ ਚਾਹੁੰਦੇ ਸਨ ਵੱਖਰਾ ਹੋਣਾ ਔਰ ਅੰਗਰੇਜ਼ਾਂ ਨੂੰ ਇਸ ਗੱਲ ਦਾ ਮੌਕਾ ਮਿਲਿਆ, ਮੌਕੇ ਦੇ ਹਾਕਮਾਂ ਨੂੰ ਇਸ ਦਾ ਫਾਇਦਾ ਮਿਲਿਆ ਔਰ ਉਨ੍ਹਾਂ ਨੇ ਇਹ ਗੱਲ ਕਹੀ ਕਿ ਅਗਰ ਇਕ ਮੁਸਲਮਾਨ ਕਿਸੇ ਦੇ ਘਰ ਰੋਟੀ ਖਾ ਆਵੇ ਉਸ ਵਿਅਕਤੀ ਦੇ ਘਰ ਜੋ ਆਪਣੇ ਆਪ ਨੂੰ ਹਿੰਦੂ ਸਮਝਦਾ ਹੈ, ਉਹ ਹਿੰਦੂ ਅਗਰ ਟੱਟੀ ਜਾ ਕੇ ਆਵੇ, ਜਿਸ ਭਾਂਡੇ ਨਾਲ ਆਪਣੇ ਹੱਥ ਧੋਂਦਾ ਹੈ ਉਸ ਭਾਂਡੇ ਨੂੰ

ਮਿਟੀ ਨਾਲ ਮਾਂਜ ਕੇ ਸੁਚਮਾਨ ਕਰ ਲੈਂਦਾ ਹੈ ਲੇਕਿਨ ਜੇ ਇਕ ਮੁਸਲਮਾਨ ਉਸ ਦੇ ਘਰ ਰੋਟੀ ਖਾ ਲਏ ਤਾਂ ਉਹ ਆਪਣਾ ਭਾਂਡਾ ਮਿਟੀ ਨਾਲ ਮਾਂਝ ਕੇ ਔਰ ਮਿਟੀ ਦੇ ਨਾਲ ਮਾਂਝਣ ਤੋਂ ਬਾਅਦ ਅਗਨੀ ਪ੍ਰਵੇਸ਼ ਕਰਦਾ ਹੈ, ਅੱਗ ਵਿਚ ਪਾਉਂਦਾ ਹੈ ਯਾਨੀ ਮੁਸਲਮਾਨਾਂ ਨੇ ਕਿਹਾ ਕਿ ਅਸੀਂ ਟੱਟੀ ਤੋਂ ਭੈੜੇ ਹਾਂ ਔਰ ਮੁਸਲਮਾਨਾਂ ਨੂੰ ਇਸ ਦਾ ਮਿਸਟਰ ਜਿਨਾਹ ਨੂੰ ਇਸ ਦਾ ਬੜਾ ਵੱਡਾ ਫਾਇਦਾ ਮਿਲਿਆ ਉਸ ਨੇ ਬਰਬਨਾ ਕਿਹਾ ਜੇ ਮੈਨੂੰ ਯਾਦ ਹੈ ਜਿਸ ਦਿਨ ਜੋ ਜਿਨਾਹ ਨੇ ਇਹ ਗੱਲ ਕਹੀ ਕਿ ਮੈਂ ਪੁੱਛਣਾ ਚਾਹੁੰਦਾ ਹਾਂ ਉਨ੍ਹਾਂ ਲੋਕਾਂ ਨੂੰ ਜਿਹੜੇ ਲੋਕ ਆਪਣੇ ਭਾਂਡੇ ਨੂੰ ਜੇ ਉਹ ਪਖਾਨੇ ਵਿਚ ਜਾ ਕੇ ਆਵੇ ਤਾਂ ਆਪਣਾ ਭਾਂਡਾ ਮਿਟੀ ਨਾਲ ਮਾਂਝ ਕੇ ਰੱਖ ਦਿੰਦੇ ਹਨ ਪਰ ਅਸੀਂ ਉਨ੍ਹਾਂ ਦੇ ਘਰ ਰੋਟੀ ਖਾ ਆਈਏ ਤਾਂ ਮਾਂਝ ਕੇ ਮਿੱਟੀ ਨਾਲ ਉਸ ਤੋਂ ਬਾਅਦ ਅੱਗ ਦੇ ਵਿੱਚ ਪਾਇਆ ਜਾਂਦਾ ਹੈ ਹੁਣ ਦਸੋ ਲੋਕੋ ਤੁਹਾਡਾ ਕੀ ਫੈਸਲਾ ਹੈ ? ਫੈਸਲਾ ਹੋਇਆ ਕਿ ਅਸੀਂ ਇਨ੍ਹਾਂ ਤੋਂ ਅਲਾਹਿਦਾ ਰਹਿਣਾ ਹੈ, ਅਲਾਹਿਦਾ ਰਾਜ ਬਣਾਉਣਾ ਹੈ ਔਰ ਇਹ ਗੱਲ ਸਿਰੇ ਚਾੜ੍ਹੀ । ਇਹ ਸਾਰੀ ਸਾਜਿਸ਼ ਸੀ ਉਨ੍ਹਾਂ ਲੋਕਾਂ ਦੀ ਜੋ ਦੇਸ਼ ਨੂੰ ਅੱਗੇ ਨਹੀਂ ਸੀ ਵਧਦਾ ਦੇਖ ਸਕਦੇ । ਉਸ ਵਕਤ ਹਾਲਾਤ ਐਸੇ ਸਨ ਕਿ ਸੀ. ਪੀ. ਆਈ., ਸੀ. ਪੀ. ਆਈ. (ਐਮ) ਇਥੋਂ ਤਕ ਕਿ ਸਾਡੀ ਕਾਂਗਰਸ ਪਾਰਟੀ ਵੀ ਕਮਜ਼ੋਰ ਹੋ ਚੁਕੀ ਸੀ ਕਿਸੇ ਹੱਦ ਤਕ । ਸਾਰੀਆਂ ਪਾਰਟੀਆਂ ਨੇ ਫ਼ੈਸਲਾ ਕੀਤਾ ਕਿ ਇਨ੍ਹਾਂ ਲੋਕਾਂ ਤੋਂ ਬਚੀਏ ਜਿਹੜੇ ਲੋਕ ਹਿੰਦੂ ਰਾਸ਼ਟਰ ਚਾਹੁੰਦੇ ਹਨ ਅਤੇ ਮੁਸਲਮਾਨ ਰਾਸ਼ਟਰ । ਉਸ ਵਕਤ ਸਾਰਿਆਂ ਨੇ ਫ਼ੈਸਲਾ ਕੀਤਾ ਕਿ ਭਾਰਤ ਨੂੰ ਤਕੜਾ ਕਰਨਾ ਜ਼ਰੂਰੀ ਹੈ । ਫਿਰ ਸਮਾਂ ਆਇਆ ਦੇਸ਼ ਆਜ਼ਾਦ ਹੋਇਆ । ਇਥੇ ਹੀ ਬਸ ਨਹੀਂ ਕੀਤਾ । ਹਿੰਦੂ ਮਹਾਂ ਸਭਾ ਤੋਂ ਫਿਰ ਆਰ. ਆਰ. ਐਸ, ਬਣੀਂ ਅਤੇ ਜੋ ਜੰਨ ਸੰਘ ਵਿਚ ਤਬਦੀਲ ਹੋ ਗਏ । ਇਹ ਉਹ ਆਰ. ਆਰ, ਐਸ. ਹੈ ਜਿਸ ਨੇ ਮਹਾਤਮਾ ਗਾਂਧੀ ਪਰਮਪਿਤਾ ਜਿਸ ਨੂੰ ਬਾਪੂ ਕਿਹਾ ਜਾਂਦਾ ਹੈ, ਦੇਸ਼ ਦੇ ਰਖਵਾਲੇ ਸਨ, ਉਸ ਨੂੰ ਗੋਲੀ ਦਾ ਨਿਸ਼ਾਨਾ ਬਣਾਇਆ । ਇਹੋ ਜਿਹੀ ਤਾਂ ਆਰ. ਐਸ. ਐਸ. ਸੀ । ਫਿਰ ਬੀ. ਜੇ. ਪੀ. ਬਣਾ ਦਿਤੀ ਉਸ ਨੇ ਅੱਜ ਬਾਬਰੀ ਮਸਜਿਦ ਢਾਹਿ ਕੇ ਸਾਰੀ ਦੁਨੀਆਂ ਵਿਚ ਦੇਸ਼ ਦਾ ਸਿਰ ਨੀਵਾਂ ਕਰ ਦਿਤਾ । ਜੋ ਬੀ. ਜੇ. ਪੀ. ਨੇ ਕੀਤਾ ਹੈ ਉਸ ਤੇ ਬੜਾ ਅਫ਼ਸੋਸ ਹੈ । ਬੀ. ਜੇ. ਪੀ. ਵਾਲੇ ਅੱਜ ਵੀ ਇਥੇ ਨਹੀਂ ਆਏ ਤੇ ਪਰਸੋਂ ਵੀ ਇਥੇ ਨਹੀਂ ਸੀ ਕਿਉਂਕਿ ਉਨ੍ਹਾਂ ਨੂੰ ਪਤਾ ਸੀ ਕਿ ਹਰਦੇਵ ਅਰਸ਼ੀ ਨੇ ਦੇਸ਼ ਦੀ ਏਕਤਾ ਦਾ ਮਤਾ ਲਿਆਂਦਾ ਹੋਇਆ ਹੈ ਔਰ ਅਸੀਂ ਮਤੇ ਤੇ ਕੀ ਬੋਲਾਂਗੇ । ਜੋ ਮਤਾ ਹਰਦੇਵ ਅਰਸ਼ੀ ਨੇ ਲਿਆਂਦਾ ਹੈ ਮੈਂ ਉਸਦੀ ਪੁਰਜ਼ੋਰ ਹਮਾਇਤ ਕਰਦਾ ਹਾਂ ।

ਮੈਂ ਬੇਨਤੀ ਕਰਦਾ ਹਾਂ ਕਿ ਮੈਂ ਯਗੋਪਵੀਤ ਪਾਇਆ ਹੋਇਆ ਹੈ ਮੈਨੂੰ ਪਤਾ ਹੈ ਕਿ ਇਸ ਦੀ ਰਾਖੀ ਕਿਸ ਨੇ ਕੀਤੀ । ਉਸ ਦੋ ਜਹਾਂ ਦੇ ਵਾਲੀ ਉਸ ਮਹਾਨ ਗੁਰੂ ਗੋਬਿੰਦ ਸਿੰਘ ਜੀ ਨੇ, ਗੁਰੂ ਤੇਗ ਬਹਾਦਰ ਜੀ ਨੇ ਔਰ ਉਨ੍ਹਾਂ ਦੀਆਂ 6 ਪੁਸ਼ਤਾਂ ਨੇ ਕੀਤੀ ਇਹ ਹਿੰਦੂ ਧਰਮ ਦੀ ਗਲ ਕਰਦੇ ਹਨ । ਹਿੰਦੂ ਇਕ ਮੱਤ ਹੈ ਧਰਮ ਨਹੀਂ ਹੋ ਸਕਦਾ ਧਰਮ ਤਾਂ ਸਨਾਤਨ ਧਰਮ ਹੈ । ਮੈਂ ਖੁਦ ਸਨਾਤਨ ਧਰਮੀ ਹਾਂ । ਇਹ ਉਹ

[ਪੰਡਿਤ ਸੋਮ ਦੱਤ ਸ਼ਰਮਾ]

ਧਰਮ ਹੈ ਜਿਸ ਦੀ ਰਖਿਆ ਮਰਿਆਦਾ ਪਰਸ਼ੋਤਮ ਸ੍ਰੀ ਰਾਮ ਜੀ ਨੇ ਕੀਤੀ, ਕ੍ਰਿਸ਼ਨ ਭਗਵਾਨ ਨੇ ਕੀਤੀ, ਗੁਰੂ ਨਾਨਕ ਦੇਵ ਜੀ ਨੇ ਕੀਤੀ, ਗੁਰੂ ਤੇਗ ਬਹਾਦਰ ਜੀ ਨੇ ਕੀਤੀ, ਗੁਰੂ ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ । ਉਹ ਐਸੇ ਮਹਾਨ ਪੁਰਸ਼ ਸਨ ਜਿਨ੍ਹਾਂ ਨੇ ਛੇ ਪੁਸ਼ਤਾਂ ਦੇਸ਼ ਲਈ ਅਰਪਨ ਕੀਤੀਆਂ । ਲੋਕਾਂ ਨੂੰ ਮਾਣ ਹੈ ਉਨ੍ਹਾਂ ਤੇ, ਭਾਰਤ ਵਰਸ਼ ਨੂੰ ਮਾਣ ਹੈ ਉਨ੍ਹਾਂ ਤੇ ਇਹ ਪੁਸ਼ਤਾਂ ਇਸ ਜਨੇਊ ਦੀ ਰਖਸ਼ਾ ਖਾਤਰ ਵਾਰੀਆਂ ਗਈਆਂ । ਇਸ ਤਰ੍ਹਾਂ ਕਿਰਪਾਨ ਕਿਉਂ ਪਾਈ ਜਾਂਦੀ ਹੈ । ਕਿਰਪਾਨ ਇਸ ਕਰਕੇ ਪਾਈ ਜਾਂਦੀ ਹੈ ਕਿ ਮੈਂ ਮਜਲੂਮ ਦੀ ਰਾਖੀ ਕਰਨੀ ਹੈ । ਨਾ ਕਿ ਕਿਸੇ ਨੂੰ ਵੱਢਣ ਵਾਸਤੇ ਹੈ । ਇਹ ਜਿਹੜੇ ਅਕਾਲੀ ਵੀਰ ਇਸ ਤਰ੍ਹਾਂ ਦਾ ਮਾਹੌਲ ਗੰਦਲਾ ਕਰਨ ਲਗੇ ਹਨ ਇਹ ਤਾਂ ਰਾਜਿਆਂ ਮਹਾਰਾਜਿਆਂ ਦੇ ਏਜੰਟ ਰਹੇ ਹਨ ਇਹ ਉਹ ਅਕਾਲੀ ਨਹੀਂ ਜਿਨ੍ਹਾਂ ਨੇ ਦੇਸ਼ ਲਈ ਕੁਰਬਾਨੀਆਂ ਕੀਤੀਆਂ, ਆਪਣੀਆਂ ਜਾਨਾਂ ਦਿਤੀਆਂ । ਦੇਸ਼ ਲਈ ਸੀ. ਪੀ. ਐਮ. ਦੇ ਵੀ ਵਰਕਰਾਂ ਨੇ ਬੜੀਆਂ ਕੁਰਬਾਨੀਆਂ ਕੀਤੀਆਂ, ਬਾਬਾ ਚੰਦਾ ਸਿੰਘ ਆਦਿ ਸਾਰੇ ਬਬਰ ਅਕਾਲੀਆਂ ਨੇ ਦੇਸ਼ ਲਈ ਕੁਰਬਾਨੀਆਂ ਕੀਤੀਆਂ । ਫਿਰ ਪ੍ਰਜਾ ਮੰਡਲ ਚਲਿਆ ਉਸ ਵਿਚ ਆ ਗਏ ਅਤੇ ਦੇਸ਼ ਦੀ ਆਜ਼ਾਦੀ ਲਈ ਅਗੇ ਵਧੇ ਮੈਂ ਕਿਸ ਕਿਸ ਦੀ ਗਲ ਕਰਾਂ । ਅੱਜ ਨਵਾਂ ਇਤਿਹਾਸ ਬਣਾਉਣਾ ਜਰੂਰੀ ਹੋ ਗਿਆ ਹੈ ਜਿਨ੍ਹਾਂ ਲੋਕਾਂ ਨੇ ਇਸ ਜੰਗੇ ਆਜ਼ਾਦੀ ਵਿਚ ਹਿੱਸਾ ਪਾਇਆ । ਸਾਡੇ ਬਚਿਆਂ ਨੂੰ ਉਨ੍ਹਾਂ ਦਾ ਪਤਾ ਨਹੀਂ ਹੈ, ਉਨ੍ਹਾਂ ਨੂੰ ਪੜ੍ਹਾਉਣਾ ਚਾਹੀਦਾ ਹੈ ਤਾਂ ਕਿ ਉਨ੍ਹਾਂ ਨੂੰ ਪਤਾ ਚਲੇ ਕਿ ਆਜ਼ਾਦੀ ਕਿਵੇਂ ਆਈ ਔਰ ਕਿਸ ਤਰ੍ਹਾਂ ਆਜ਼ਾਦੀ ਬਰਕਰਾਰ ਰਖੀ ਜਾ ਸਕਦੀ ਹੈ । ਉਨ੍ਹਾਂ ਨੂੰ ਕੀ ਪਤਾ ਕਿ ਸਾਡੇ ਬਜ਼ੁਰਗਾਂ ਨੇ ਕਿੰਨੀਆ ਤਕਲੀਫਾਂ ਉਠਾਈਆਂ ਇਸ ਆਜ਼ਾਦੀ ਦੀ ਖ਼ਾਤਰ । ਦੇਸ਼ ਆਜ਼ਾਦ ਹੋਇਆ ਲੇਕਿਨ ਨੋਟ ਕਰ ਲਵੋ ਉਸ ਵਿਚ ਇਹ ਜਮਾਤ ਨਹੀਂ ਸੀ ਨਾ ਆਰ. ਐਸ. ਐਸ. ਸੀ ਅਤੇ ਨਾ ਹੀ ਜਨ ਸੰਘ ਸੀ । ਇਸ ਦੇ ਵਿਚ ਜੰਗੇ ਆਜ਼ਾਦੀ ਦੇ ਵਿਚ ਹਿੱਸਾ ਪਾਉਣ ਵਾਲਿਆਂ ਵਿਚ ਉਹ ਨਹੀਂ ਹਨ, ਬਿਲਕੁਲ ਨਹੀਂ ਹਨ । ਹਾਂ ਇਸ ਵਿਚ ਬੱਬਰ ਅਕਾਲੀਆਂ ਦਾ ਹਿੱਸਾ ਹੈ । ਉਹਦੇ ਵਿਚ ਬਾਦਲ-ਸ਼ਾਦਲ ਨਹੀਂ ਸੀ, ਕੋਈ ਹਿੱਸਾ ਇਨ੍ਹਾਂ ਦਾ ਨਹੀਂ । ਇਹ ਅਕਾਲੀ ਨਹੀਂ ਹਨ, ਇਹ ਉਹ ਲੋਕ ਹਨ ਜਿਨ੍ਹਾਂ ਨੇ ਮੇਰੇ ਸਿੱਖ ਧਰਮ ਨੂੰ, ਸਿੱਖ ਮੱਤ ਨੂੰ ਬਦਨਾਮ ਕਰਕੇ ਕੁੱਜੇ ਵਿਚ ਬੰਦ ਕਰਕੇ ਉਤੇ ਚਪਣ ਲਗਾ ਕੇ ਆਟਾ ਲਗਾ ਦਿੱਤਾ ਔਰ ਉਪਰ ਲਾਲ ਲਕੀਰ ਬੰਨ ਦਿੱਤੀ ਕਿ ਸਿੱਖ ਧਰਮ ਬਾਹਰ ਨਾ ਚਲਾ ਜਾਵੇ । ਉਹ ਜਿਸ ਧਰਮ ਨੂੰ ਕਾਰਲ ਮਾਰਕਸ ਨੇ ਮੰਨਿਆ ਹੋਵੇ, ਇਬਰਾਹਿਮ ਲਿੰਕਨ ਨੇ ਮੰਨਿਆ ਹੋਵੇ, ਉਸ ਸਿੱਖ ਧਰਮ ਨੂੰ ਬਰਬਾਦ ਕਰਨ ਵਾਲੇ ਲੋਕਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਉਹ ਅਕਾਲੀ ਵੀਰੋ ਆਓ ਮੁੜ ਕੇ ਫਿਰ ਇਕੱਠੇ ਹੋ ਜਾਵੋ, ਦੇਸ਼ ਨੂੰ ਬਚਾ ਲਵੋ । ਮਤਾ ਬਹੁਤ ਦਰੁੱਸਤ ਹੈ । ਅੱਜ ਗੱਲ ਚਲੀ ਹੈ ਕਿ ਕੌਣ ਅੱਗੇ ਤੁਰੇ । ਅੱਜ ਖੁਸ਼ੀ ਦੀ ਗੱਲ ਹੈ ਕਿ ਮਹਾਨ ਯੋਗੀ ਤਪੱਸਵੀ, ਸਰਦਾਰ ਬੇਅੰਤ ਸਿੰਘ ਮਿਲਿਆ ਹੈ, ਜਿਸ ਸਰਦਾਰ ਬੇਅੰਤ ਸਿੰਘ ਨੇ ਇਕ ਸਾਲ ਦੇ ਅੰਦਰ ਸਾਰਿਆਂ ਲੋਕਾਂ ਦੇ ਸਹਿਯੋਗ ਦੇ ਨਾਲ ਔਰ ਤੁਹਾਡੇ ਲੋਕਾਂ ਦੀ ਸਹਿਮਤੀ ਦੇ ਨਾਲ ਔਰ ਖਾਸ ਤੌਰ ਤੇ ਉਨ੍ਹਾਂ ਪਾਰਟੀਆਂ ਦੀ ਸਹਿਮਤੀ ਦੇ ਨਾਲ ਅਮਨ ਅਮਾਨ ਲਿਆਂਦਾ ਹੈ ਜੋ ਅਮਨ ਵਿਚ ਵਿਸ਼ਵਾਸ ਰਖਦੀਆਂ ਸੀ, ਇਹ ਕੋਈ ਛੋਟੀ ਗੱਲ ਨਹੀਂ ਹੈ । ਆਓ ਅੱਜ ਐਸੇ ਯੋਧਾ ਨੂੰ ਫਿਰ ਕਹੀਏ ਕਿ ਸਰਦਾਰ ਬੇਅੰਤ ਸਿੰਘ ਚਿੰਤਾ ਨਾ ਕਰ ਫਿਰ ਅੱਗੇ ਹੋ ਕੇ ਅੱਗੇ ਲੱਗ, ਕੌਮ

ਦੀ ਰਾਖੀ ਵਾਸਤੇ, ਦੇਸ਼ ਦੀ ਅਖੰਡਤਾ ਵਾਸਤੇ ਤੇਰਾ ਫਰਜ਼ ਬਣਦਾ ਹੈ ਹੋਰ ਕਦਮ ਚੁੱਕ ਹੋਰ ਉਠ ਕੇ ਹੰਬਲਾ ਮਾਰ ਅਸੀਂ ਤੇਰੇ ਨਾਲ ਹਾਂ ਕਿਉਂਕਿ ਸਾਨੂੰ ਐਸਾ ਵਧੀਆ ਇਨਸਾਨ ਇਕੋ ਹੀ ਮਿਲਿਆ ਹੈ ਜਿਹੜਾ ਕਿ ਦਲੇਰੀ ਨਾਲ ਗੱਲ ਕਰ ਸਕਦਾ ਹੈ। ਫਿਰ ਨਾ ਹੋਰ ਕੋਈ ਮੁੜਕੇ ਪੈਦਾ ਹੋਵੇਗਾ। ਅਸੀਂ ਤਾਂ ਜ਼ਰੂਰ ਕਹਾਂਗੇ, ਯਾਨੀ ਸਾਰੀ ਕੌਮ, ਕਿ ਉਹ ਦਿਨ ਯਾਦ ਹੈ ਜਦੋਂ ਰਾਵਣ ਨੇ ਸਾਡੇ ਸਾਰੇ ਯੱਗ ਬੰਦ ਕਰ ਦਿੱਤੇ ਸੀ, ਰਾਵਣ ਨੇ ਸਾਡੇ ਯੱਗ ਤੋੜ ਦਿੱਤੇ ਸੀ, ਰਾਕਸ਼ਾਂ ਨੇ ਜਗਰਾਤੇ ਬੰਦ ਕਰਵਾ ਦਿੱਤੇ ਸੀ, ਉਸ ਸਮੇਂ ਭਗਵਾਨ ਰਾਮ ਪੈਦਾ ਹੋਇਆ ਸੀ ਜਿਨ੍ਹਾਂ ਨੇ ਸਾਡੇ ਸਾਰੇ ਯੱਗ ਕਰਨ ਵਾਸਤੇ ਸਭ ਕੁਝ ਕਰਕੇ ਦਿੱਤਾ। ਉਹ ਹੁਣ ਸਮਾਂ ਆ ਗਿਆ ਸੀ। ਅੱਜ ਸਾਡੇ ਲੋਕਾਂ ਦੇ ਯੱਗ ਬੰਦ ਹੋ ਗਏ ਸੀ, ਜਗਰਾਤੇ ਬੰਦ ਹੋ ਗਏ ਸੀ। ਅੱਜ ਸਰਦਾਰ ਬੇਅੰਤ ਸਿੰਘ ਆ ਗਿਆ ਹੈ ਸਿਖਇਜ਼ਮ ਨੂੰ ਮੰਨਣ ਵਾਲਾ, ਮਹਾਨ ਸ਼ਕਤੀਸ਼ਾਲੀ ਗੁਰੂ ਸਾਹਿਬਾਨ ਦੇ ਨਕਸ਼ੇਕਦਮ ਉਤੇ ਚਲਣ ਵਾਲਾ ਸਾਰੇ ਮੁੜ ਕੇ ਯੱਗ ਕਰਾਉਣ ਵਾਲਾ, ਫਿਰ ਸਾਰੇ ਜਗਰਾਤੇ ਕਰਾਉਣ ਲਗਾ ਦਿੱਤੇ, ਅਖੰਡਪਾਠ ਕਰਾਉਣੇ ਸ਼ੁਰੂ ਕਰ ਦਿੱਤੇ, ਭੰਗੜੇ ਪੈਣ ਲਗਾ ਦਿੱਤੇ। ਇਹ ਬਹੁਤ ਵੱਡੀ ਚੀਜ਼ ਹੈ। ਮੈਂ ਬੇਨਤੀ ਕਰਦਾ ਹਾਂ....

Mr. Deputy Speaker : Pandit Ji, please.

ਸਰਦਾਰ ਨਿਰਮਲ ਸਿੰਘ ਨਿੰਮਾ :** ** **

Mr. Deputy Speaker : This in no point of order.

ਪੰਡਿਤ ਸੋਮ ਦੱਤ ਸ਼ਰਮਾ : ਡਿਪਟੀ ਸਪੀਕਰ ਸਾਹਿਬ, ਮੈਂ ਧਰਮ ਦਾ ਪਰਚਾਰ ਨਹੀਂ ਕਰ ਰਿਹਾ ਇਹ ਗਲਤ ਫਹਿਮੀ ਹੈ ਲੇਕਿਨ ਮੈਂ ਉਹ ਵਿਅਕਤੀ ਹਾਂ ਜੋ ਸਾਫ ਗੱਲ ਕਰਦਾ ਹਾਂ, ਮੈਂ ਇਹ ਗੱਲ ਨਹੀਂ ਸੀ ਕਹਿਣੀ ਚਾਹੁੰਦਾ, ਸੰਨ 1941 ਵਿਚ ਜਦੋਂ ਵੀ ਸਾਹਾ ਇਹ ਸਵਾਲ ਪੈਦਾ ਹੋਇਆ, ਕੋਈ ਸ਼ਡਿਊਲਡ ਕਾਸਟ ਦੇ ਰੋਟੀ ਖਾਣ ਨੂੰ ਤਿਆਰ ਨਹੀਂ ਸੀ। ਕੋਈ ਸ਼ਡਿਊਲਡ ਕਾਸਟਾਂ ਨਾਲ ਗੱਲ ਕਰਨ ਨੂੰ ਤਿਆਰ ਨਹੀਂ ਸੀ। ਪਰ ਮੇਰਾ ਪਹਿਲਾ ਮਨ ਸੀ ਜਿਸ ਨੇ ਖੁਸ਼ ਹੋ ਕੇ ਸ਼ਡਿਊਲਡ ਕਾਸਟਾਂ ਦੇ ਘਰੇ ਜਾ ਕੇ ਚਾਹ ਪੀਤੀ ਸੀ, ਤਕੜੇ ਹੋ ਕੇ ਸ਼ਡਿਊਲਡ ਕਾਸਟਾਂ ਦੇ ਘਰੇ ਰੋਟੀ ਖਾਧੀ ਸੀ, ਤਕੜੇ ਹੋ ਕੇ ਸ਼ਡਿਊਲਡ ਕਾਸਟਾਂ ਨੂੰ ਉਪਰ ਚੁਕਿਆ ਜਿਸ ਦਾ ਰਿਜ਼ਲਟ ਇਹ ਹੋਇਆ ਸੀ ਕਿ ਮੇਰੇ ਔਰ ਮੇਰੇ ਪਰਿਵਾਰ ਦੀ ਰੋਟੀ ਪਾਣੀ ਬੰਦ ਕੀਤਾ ਗਿਆ ਸੀ। ਕਿੱਥੇ ਸੀ ਉਹ ਲੋਕ, ਮੈਂ ਪੁੱਛਣਾ ਚਾਹੁੰਦਾ ਹਾਂ ਉਨ੍ਹਾਂ ਲੋਕਾਂ ਨੂੰ ਜਿਹੜੇ ਹੁਣ ਗੱਲਾਂ ਕਰਦੇ ਹਨ ਵੱਡੀਆਂ ਵੱਡੀਆਂ ! ਮੈਨੂੰ ਦੁੱਖ ਹੈ ਇਸ ਗੱਲ ਦਾ, ਮੈਨੂੰ ਕਸ਼ਟ ਵੀ ਹੈ ਇਸ ਗੱਲ ਦਾ। ਮੈਂ, ਡਿਪਟੀ ਸਪੀਕਰ ਸਾਹਿਬ, ਬੇਨਤੀ ਕਰਾਂਗਾ ਕਿ ਅੱਜ ਜੋ ਸਵਾ ਘੰਟਾ ਬਰਬਾਦ ਕੀਤਾ ਗਿਆ ਹੈ, ਸਵਾ ਘੰਟਾ ਹੋਰ ਸੈਸ਼ਨ ਵਧਾ ਦਿੱਤਾ ਜਾਵੇ ਤਾਂ ਕਿ ਉਹ ਵੀ ਲੋਕ ਦੱਸਣ ਕਿ ਸਾਡਾ ਹਿੱਸਾ ਕੁਰਬਾਨੀ ਵਿਚ ਕੀ ਹੈ। ਮੈਂ ਇਸ ਗੱਲ ਵਿਚ ਨਹੀਂ ਜਾਣਾ ਚਾਹੁੰਦਾ ਸੀ ਪਰ ਮੈਨੂੰ ਅਫਸੋਸ ਹੈ ਇਸ ਗੱਲ ਦਾ ਕਿ ਉਹ ਮਤਾ ਜਿਸ ਨੂੰ ਕਾਮਰੇਡ ਹਰਦੇਵ ਸਿੰਘ ਅਰਸ਼ੀ ਨੇ ਲਿਆਂਦਾ

** Expunged as ordered by the Chair.

[ਪੰਡਿਤ ਸੋਮ ਦੱਤ ਸ਼ਰਮਾ]

ਹੋਵੇ ਔਰ ਉਸ ਮਤੇ ਦਾ ਵਿਰੋਧ ਕਰਨ ਲਈ ਤੁਸੀਂ ਸਵਾ ਘੰਟਾ ਖਰਾਬ ਕਰ ਦਿੱਤਾ ਹੋਵੇ, ਮੈਨੂੰ ਅਫਸੋਸ ਹੈ, ਮੇਰਾ ਸ਼ਰਮ ਨਾਲ ਸਿਰ ਝੁਕਦਾ ਹੈ। ਇਸ ਕਰਕੇ ਝੁਕਦਾ ਹੈ ਕਿ ਮੈਂ ਉਸ ਮਾਲਵੇ ਦੀ ਧਰਤੀ ਦਾ ਬੇਟਾ ਹੋਵਾਂ, ਮਾਲਵੇ ਦੀ ਧਰਤੀ ਦਾ ਬੰਦਾ ਹੋਵੇ ਔਰ ਮੇਰੇ ਹੀ ਇਲਾਕੇ ਦੇ ਗੱਲ ਕਰਨ ਇਸ ਤਰ੍ਹਾਂ ਦੀ, ਬੜੇ ਅਫਸੋਸ ਦੀ ਗੱਲ ਹੈ। ਪਲੀਜ਼ ਮੈਂ ਫਿਰ ਉਸ ਗੱਲ ਉਤੇ ਆ ਰਿਹਾ ਹਾਂ। ਡਿਪਟੀ ਸਪੀਕਰ ਸਾਹਿਬ, ਬਹੁਜਨ ਸਮਾਜ ਪਾਰਟੀ ਵਾਲੇ ਵੀਰਾਂ ਨੂੰ, ਜੇਕਰ ਤਾਂ ਭਾਰਤੀ ਜਨਤਾ ਪਾਰਟੀ ਦੇ ਖਿਲਾਫ ਬੋਲੀ ਜਾਓ ਤਾਂ ਬੜੀ ਖੁਸ਼ੀ ਹੁੰਦੀ ਹੈ ਪਰ ਜੇਕਰ ਅਕਾਲੀਆਂ ਦੇ ਖਿਲਾਫ ਬੋਲੋ ਤਾਂ ਚੁਭਦੀ ਹੈ। ਇਹ ਮਤਾ ਉਹ ਹੈ, ਇਹ ਮਤਾ ਦੇਸ਼ ਦੇ ਪਰਵਾਨਿਆਂ ਦੇ ਹੱਕ ਵਿਚ ਹੈ, ਇਹ ਮਤਾ ਉਹ ਹੈ ਜਿਹੜਾ ਦੇਸ਼ ਦੀ ਆਜ਼ਾਦੀ ਨੂੰ ਬਰਕਰਾਰ ਰਖਣਾ ਚਾਹੁੰਦਾ ਹੈ, ਦੇਸ਼ ਦੀ ਆਜ਼ਾਦੀ ਨੂੰ ਜੇਕਰ ਬਰਕਰਾਰ ਰਖਣਾ ਚਾਹੁੰਦੇ ਹਾਂ ਤਾਂ ਸਾਡਾ ਫਰਜ਼ ਬਣਦਾ ਹੈ ਕਿ ਸਾਰੇ ਹੀ ਮਤੇ ਦੀ ਪ੍ਰੋੜਤਾ ਕਰੀਏ ਔਰ ਦਲੇਰੀ ਨਾਲ ਗੱਲ ਕਰੀਏ। ਮੈਂ ਫਿਰ ਆਖਦਾ ਹਾਂ ਕਿ ਮੈਂ ਕਦੇ ਆਪਣੇ ਆਪ ਨੂੰ ਹਿੰਦੂ ਨਹੀਂ ਕਿਹਾ, ਮੈਂ ਬ੍ਰਾਹਮਣ ਹਾਂ ਇਸ ਕਰਕੇ ਬ੍ਰਾਹਮਣ ਨੂੰ ਪਤਾ ਹੈ ਆਪਣੇ ਗੁਰੂਆਂ ਦਾ, ਆਪਣੇ ਪੀਰਾਂ ਦਾ, ਆਪਣੇ ਪੈਗੰਬਰਾਂ ਦਾ। 16 ਬ੍ਰਾਹਮਣ ਚਲ ਕੇ ਗਏ ਸੀ, (ਵਿਘਨ) ਗੱਲ ਸੁਣ ਲਓ। ਉਦੋਂ ਨਾਲ ਕੌਣ ਗਿਆ, ਉਦੋਂ ਕੋਈ ਹੋਰ ਨਹੀਂ ਗਿਆ, 16 ਬ੍ਰਾਹਮਣ ਉਠ ਕੇ ਗਏ ਔਰ ਕਿਹਾ ਗੁਰੂ ਤੇਗ ਬਹਾਦਰ ਜੀ, ਅਸੀਂ ਤੇਰੇ ਪਾਸ ਮਦਦ ਲਈ ਆਏ ਹਾਂ। ਉਹ ਕੌਣ ਸੀ ? ਛੋਟਾ ਜਿਹਾ ਬੱਚਾ ਸੱਤਾਂ ਸਾਲਾਂ ਦਾ ਗੋਬਿੰਦ ਰਾਏ ਜੋ ਘੜੇ ਪਿਆ ਭੰਨਦਾ ਸੀ। ਜਦੋਂ ਉਸ ਨੂੰ ਦਰਬਾਰ ਵਿਚ ਪੇਸ਼ ਕੀਤਾ ਗਿਆ, ਪੁੱਛਿਆ ਗਿਆ, ਤੂੰ ਘੜੇ ਕਿਉਂ ਭੰਨਦਾ ਹੈਂ, ਕਾਰਨ ਕੀ ਹੈ, ਗੋਬਿੰਦ ? "ਮੈਂ ਉਨ੍ਹਾਂ ਲੋਕਾਂ ਦੀ ਅਣਖ ਜਗਾਉਣੀ ਹੈ, ਮੈਂ ਪਹਾੜੀ ਲੋਕਾਂ ਦੀ ਅਣਖ ਜਗਾਉਣੀ ਹੈ, ਇਸ ਕਰਕੇ ਘੜੇ ਭੰਨਦਾ ਹਾਂ।" ਬ੍ਰਾਹਮਣਾਂ ਨੇ ਸੋਚਿਆ ਕਿ ਪੈਗੰਬਰ ਪੈਦਾ ਹੋ ਗਿਆ ਹੈ, ਅਵਤਾਰ ਆ ਗਿਆ ਹੈ, ਤੁਸੀਂ ਮੰਨੋ ਜਾਂ ਨਾ ਮੰਨੋ, ਮੈਨੂੰ ਕੋਈ ਇਤਰਾਜ਼ ਨਹੀਂ ਹੈ ਲੇਕਿਨ ਬ੍ਰਾਹਮਣ ਜੋ ਹੈ ਉਹ ਜ਼ਰੂਰ ਗੋਬਿੰਦ ਸਿੰਘ ਨੂੰ ਅਵਤਾਰ ਮੰਨੇਗਾ, ਔਰ ਮੰਨਦਾ ਹੈ, ਦੁਨੀਆਂ ਦੀ ਤਾਕਤ ਕੋਈ ਉਸ ਨੂੰ ਜੁਦਾ ਨਹੀਂ ਕਰ ਸਕਦੀ ਇਸ ਭਾਵਨਾ ਤੋਂ। ਬੇਸ਼ਕ ਤੁਸੀਂ ਇਸ ਗੱਲ ਦਾ ਵਿਰੋਧ ਕਰੋ, ਡੱਟ ਕੇ ਕਰੋ ਮੈਨੂੰ ਕੋਈ ਇਤਰਾਜ਼ ਨਹੀਂ ਹੈ। ਜਦੋਂ 16 ਬ੍ਰਾਹਮਣ ਇਕੱਠੇ ਹੋ ਕੇ ਗਏ ਔਰ ਉਨ੍ਹਾਂ ਨੂੰ ਗੁਰੂ ਤੇਗ ਬਹਾਦਰ ਨੇ ਕਿਹਾ ਮੈਂ ਤੁਹਾਨੂੰ ਵੇਖਣਾ ਚਾਹੁੰਦਾ ਹਾਂ। ਸਾਨੂੰ ਦੋ ਨੂੰ ਪਹਿਲਾਂ ਮਾਣ ਬਖਸ਼ਿਆ, ਪੰਡਿਤ ਮਤੀ ਦਾਸ ਤੇ ਸਤੀ ਦਾਸ ਨੂੰ ਜਿਨ੍ਹਾਂ ਨੇ ਸਿਰ ਉਤੇ ਆਰਾ ਚਲਵਾਇਆ ਔਰ ਮੰਗਿਆ ਕੁਝ ਨਹੀਂ। ਜਲਾਦਾਂ ਨੇ ਕਿਹਾ ਤੁਹਾਡੀ ਆਖਰੀ ਖਾਹਿਸ਼ ਕੀ ਹੈ ? ਉਨ੍ਹਾਂ ਕਿਹਾ, 'ਮੇਰੀ ਆਖਰੀ ਖਾਹਿਸ਼' ? ਕੁਝ ਨਹੀਂ, ਜਦੋਂ ਮੇਰਾ ਸਿਰ ਧੜ ਤੋਂ ਅਲਿਹਦਾ ਹੋਵੇ ਤਾਂ ਮੇਰਾ ਸਿਰ ਗੁਰੂ ਦੇ ਚਰਨਾਂ ਵਲ ਹੋਵੇ। ਅਸੀਂ ਤਾਂ ਇਹ ਮੰਗਿਆ ਸੀ। ਹੋਰ ਲਵੋ ਛੇਵੇਂ ਪਾਤਸ਼ਾਹ ਨਾਲ ਦਰਗਾ ਦਾਸ, ਪੰਡਿਤ ਮਤੀ ਦਾਸ ਦੇ ਚਾਚਾ ਜੀ ਛੇ ਪੁਸ਼ਤਾਂ ਤੋਂ ਨਾਲ ਸਨ। ਹੋਰਨਾਂ ਲੋਕਾਂ ਨੇ ਬਾਅਦ ਵਿਚ ਕੁਝ ਗਲਤ ਗੱਲਾਂ ਬਣਾਈਆਂ, ਮੈਂ ਇਸ ਗੱਲ ਵਿਚ ਨਹੀਂ ਜਾਂਦਾ ਪਰ ਇਹ ਝੂਠ ਹੈ, ਗਲਤ ਗੱਲ ਹੈ। ਮੈਂ ਇਸੇ ਗੱਲ ਉਤੇ ਆਉਣਾ ਚਾਹੁੰਦਾ ਹਾਂ ਕਿ ਜੋ ਮਤਾ ਅਰਸ਼ੀ ਜੀ ਨੇ ਪੇਸ਼ ਕੀਤਾ ਹੈ, ਇਹ

ਵੀ ਇਕ ਮੰਗ ਸੀ ਕਿ ਜਿਤਨੇ ਬਹਾਦਰ ਵੀਰਾਂ ਨੇ, ਉਨ੍ਹਾਂ ਬਜ਼ੁਰਗਾਂ ਨੇ, ਪ੍ਰੋਫੈਸਰਾਂ ਨੇ, ਜਿਨ੍ਹਾਂ ਨੇ ਅਜ਼ਾਦੀ ਵਿਚ ਹਿੱਸਾ ਪਾਇਆ ਹੈ, ਉਨ੍ਹਾਂ ਬਾਰੇ ਇਕ ਵੱਡੇ ਸ਼ਾਇਰ ਨੇ ਕਿਹਾ ਹੈ :—

"ਸ਼ਾਹ ਸਵਾਰ ਦਾਨੀ ਸਾਰੇ ਦਾਨੀਆਂ ਦਾ,
ਜਿਸ ਨੇ ਦਾਨ ਵਿਚ ਸਾਰਾ ਪਰਿਵਾਰ ਦਿੱਤਾ,

ਜਿਸ ਦੀ ਤੇਗ ਨੇ ਇਨਕਲਾਬ ਦਿੱਤਾ,
ਜਿਸ ਦੀ ਕਲਮ ਨੇ ਗਿਆਨ ਭੰਡਾਰ ਦਿੱਤਾ,
ਜਿਸ ਨੇ ਗੱਲ ਤੋਰੀ, ਸਾਂਝੀਵਾਲਤਾ ਦੀ,
ਜਿਸ ਨੇ ਵਿਸ਼ਵ ਨੂੰ ਇਕ ਵਿਚਾਰ ਦਿੱਤਾ,

ਜਿਸ ਨੇ ਪਰਮ ਸਿਧਾਂਤ ਨੂੰ ਇਕ ਸੇਧ ਦਿੱਤੀ,
ਜਿਸ ਨੇ ਰੱਬ ਨੂੰ ਇੱਕ ਕਰਾਰ ਦਿੱਤਾ,

ਜਿਸ ਨੇ ਕਲਪਿਆ ਇਕ ਅਖੰਡ ਭਾਰਤ,
ਸੂਬੇ ਬੰਦੀ ਨੂੰ ਜਿਨ੍ਹੇ ਧਰਕਾਰ ਦਿੱਤਾ
ਉਹ ਪੰਜਾਂ ਸੂਬਿਆਂ 'ਚੋਂ ਲੈ ਪੰਜ ਪਿਆਰੇ,
ਪੰਜਾਂ ਜਾਨੀਆਂ ਨੂੰ ਇਕੋ ਜਿਹਾ ਪਿਆਰ ਦਿੱਤਾ,

ਜਿਸ ਨੇ ਗੱਲ ਕੀਤੀ ਕਿਰਤੀ ਕਾਮਿਆਂ ਦੀ,
ਜਿਸ ਨੇ ਵਿਸਵੇਦਾਰੀ ਨੂੰ ਫਿਟਕਾਰ ਦਿੱਤਾ ।

ਸੋ, ਉਸ ਦੀ ਗੱਲ ਸਾਨੂੰ ਕਰਨੀ ਪਵੇਗੀ, ਜੇਕਰ ਨਹੀਂ ਕਰਾਂਗੇ ਤਾਂ ਸਾਡਾ ਸਾਰਾ ਮਤਾ ਅਧੂਰਾ ਹੈ । ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਜੋ ਸਮੇਂ ਦੇ ਲੋਕਾਂ ਦੀ ਗੱਲ ਕੀਤੀ ਹੈ, ਇਹ ਦਰੁਸਤ ਕੀਤੀ ਹੈ । ਇਥੇ ਹੀ ਬੱਸ ਨਹੀਂ, ਇਕੱਲੀ ਕਾਂਗਰਸ ਦੇ ਨਹੀਂ, ਸੀ. ਪੀ. ਆਈ. ਦੇ ਵੀ ਬੜੇ ਬੰਦੇ ਮਰੇ ਹਨ, ਸੀ. ਪੀ. ਐਮ. ਦੇ ਬੜੇ ਬੰਦੇ ਮਾਰੇ ਗਏ ਹਨ । ਪਰ ਜਿਨ੍ਹਾਂ ਦੇ ਮਾਰੇ ਨਹੀਂ ਗਏ ਉਹ ਕਹਿੰਦੇ ਹਨ ਕਿ ਅਸੀਂ ਮਾਰੇ ਗਏ ਹਾਂ । ਪੱਥਰ ਕਹਿੰਦਾ, ਮੈਂ ਖੁਰ ਰਿਹਾ ਹਾਂ, ਮੈਨੂੰ ਪਾਣੀ ਵਿਚੋਂ ਕੱਢੋ ਮੈਂ ਖੁਰ ਰਿਹਾ ਹਾਂ । ਲੂਣ ਕਹਿੰਦਾ, ਅਸੀਂ ਬੋਲਦੇ ਨਹੀਂ ਜਿਹੜੇ ਖੁਰ ਰਹੇ ਹਾਂ । ਸੋ, ਉਹ ਹੀ ਗੱਲ ਸਾਡੀ ਹੋ ਰਹੀ ਹੈ । ਕਈਆਂ ਸੱਜਣਾਂ ਨੇ ਕਿਹਾ ਹੈ ਉਹ ਵੀ ਠੀਕ ਗੱਲ ਹੈ । ਕਈਆਂ ਸੱਜਣਾਂ ਨੇ ਕਿਹਾ ਹੈ ਕਿ ਇਹ ਮਤਾ ਕਾਮਰੇਡ ਅਰਸ਼ੀ ਜੀ ਵਲੋਂ ਆਇਆ ਹੈ, ਇਹ ਵੀ ਦਰੁਸਤ ਹੈ, ਕਈਆਂ ਕਿਹਾ ਅਕਾਲੀ ਪਾਰਟੀ ਦੀ ਗੱਲ ਨਹੀਂ ਛੇੜੀ । ਅਸਲ ਵਿਚ ਅਕਾਲੀ ਪਾਰਟੀ ਤਾਂ ਖ਼ਤਮ ਹੋ ਗਈ ਹੈ, ਖੇਰੂੰ ਖੇਰੂੰ ਹੋ ਗਈ ਹੈ । ਇਸ ਨੂੰ ਇਕੱਠਾ ਕਰਨ ਦੀ ਲੋੜ ਨਹੀਂ ਹੈ । ਇਹ ਆਪਣੇ ਆਪ ਹੀ ਖਤਮ ਹੋ ਜਾਵੇਗੀ । ਮੈਂ ਇਕ ਮਿਸਾਲ ਅਕਾਲੀਆਂ ਬਾਰੇ ਦੇ ਕੇ ਖਤਮ ਕਰਦਾ ਹਾਂ ।

ਇਕ ਫੌਜੀ ਛੁੱਟੀ ਆ ਗਿਆ । ਜਦੋਂ ਫੌਜੀ ਛੁੱਟੀ ਆਇਆ ਤਾਂ ਉਹ ਨਾਈਟ ਸੂਟ ਉਥੇ ਭੁਲ ਆਇਆ । ਭਾਗ ਸਿੰਘ ਦਰਜੀ ਨੂੰ ਕਿਹਾ ਮੇਰਾ ਸੂਟ ਸਿਊਂਦੇ । ਉਸਨੇ

[ਪੰਡਿਤ ਸੋਮ ਦੱਤ ਸ਼ਰਮਾ]

ਸਿਊਂ ਦਿੱਤਾ ਪਰ ਨੀਵਾਂ ਰਹਿ ਗਿਆ । ਉਹ ਕਹਿੰਦਾ ਹੈ ਆਪਣੀ ਮਾਂ ਨੂੰ ਮੇਰਾ ਪਜਾਮਾਂ ਨੀਵਾਂ ਰਹਿ ਗਿਆ ਹੈ, ਇਸ ਨੂੰ ਠੀਕ ਕਰ ਦੇ । ਮਾਂ ਕਹਿੰਦੀ, 'ਚਿੱਠੀਆਂ ਪਾਉਂਦਾ ਸੀ ਆਪਣੀ ਘਰ ਵਾਲੀ ਨੂੰ ਪਜਾਮਾਂ ਮੈਂ ਠੀਕ ਕਰਾਂ । ਨੇੜੇ ਬੈਠੀ ਭੈਣ ਕੋਲ ਫਿਰ ਜਾਂਦਾ ਹੈ । ਭੈਣ ਕੋਲ ਗਿਆ । ਉਸ ਕਿਹਾ, 'ਹਾਂ ਜਦੋਂ ਜਾਂਦਾ ਆਉਂਦਾ ਹੈਂ ਸਿੱਧਾ ਜਾਂਦਾ ਹੈਂ ਸੋਹਰਿਆਂ ਵਲ, ਕਦੇ ਭੈਣ ਨਾਲ ਗੱਲ ਕੀਤੀ ਹੈ ? ਫਿਰ ਘਰ ਵਾਲੀ ਨੂੰ ਸੋਚਿਆ ਕਹਿੰਦਾ ਹਾਂ । ਘਰ ਵਾਲੀ ਨੇ ਕਿਹਾ, 'ਲਓ ਚਿੱਠੀ ਪਿਆਰ ਨਾਲ ਮਾਂ ਨੂੰ ਲਿਖਦੇ ਹੋ, ਤੇ ਮੇਰੀ ਗੱਲ ਇਕ ਵਾਰ ਨਹੀਂ ਕੀਤੀ ।'

ਡਿਪਟੀ ਸਪੀਕਰ ਸਾਹਿਬ, ਸੁਣਨ ਵਾਲੀ ਗੱਲ ਹੈ । ਉਸ ਫੌਜੀ ਨੇ ਕਿਹਾ ਕੋਈ ਗੱਲ ਨਹੀਂ ਹੈ । ਰਾਤ ਨੂੰ ਫੌਜੀ ਨੇ ਆਪਣਾ ਪਜਾਮਾ ਕਿੱਲੀ ਤੇ ਰਖ ਦਿੱਤਾ ਤੇ ਸੌਂ ਗਿਆ । ਰਾਤ ਨੂੰ ਮਾਂ ਨੂੰ 12-00 ਵਜੇ ਧਿਆਨ ਆਇਆ ਕਿ ਮੇਰਾ ਲਖਤੇ-ਜਿਗਰ, ਨੂਰੇ-ਚਸ਼ਮ, ਜਾਨੇਮਨ, ਮੈਂ ਬੜੀ ਗਲਤੀ ਕੀਤੀ ਹੈ, ਮੇਰਾ ਫਰਜ਼ ਬਣਦਾ ਸੀ ਪਜਾਮਾ ਠੀਕ ਕਰਨ ਦਾ । ਉਠੀ, ਉਸ ਵੇਲੇ ਬਾਦਲ ਦਾ ਰਾਜ ਸੀ, ਸਰੋਂ ਦਾ ਤੇਲ ਮਿਲਦਾ ਸੀ, ਮਿੱਟੀ ਦਾ ਤੇਲ ਮਿਲਦਾ ਨਹੀਂ ਸੀ । ਮਾਂ ਨੇ ਉਸ ਵਕਤ ਕੀ ਕੀਤਾ, ਦੋ ਗਿੱਠਾਂ ਕੱਟ ਕੇ, ਲੇੜ੍ਹ ਕੇ ਕਿੱਲੇ ਨਾਲ ਟੰਗ ਦਿੱਤਾ । ਰਾਤ ਨੂੰ 2-00 ਵਜੇ ਫਿਰ ਭੈਣ ਨੂੰ ਯਾਦ ਆਇਆ ਕਿ ਇਸ ਨੇ ਫਿਰ ਵੀ ਮੈਨੂੰ ਸ਼ਗਨ ਦੇਣੇ ਹਨ ਉਹ ਉਠ ਗਈ ਔਰ ਦੋ ਗਿੱਠਾਂ ਉਸ ਨੇ ਕੱਟ ਦਿੱਤੀਆਂ ਔਰ ਫਿਰ ਕਿੱਲੀ ਉਤੇ ਟੰਗ ਦਿੱਤਾ । ਫਿਰ 4-00 ਵਜੇ ਜਦੋਂ ਗੁਰਦਵਾਰੇ ਦਾ ਭਾਈ ਜੀ ਬੋਲਿਆ, ਸਤਿਨਾਮ, ਸਤਿਨਾਮ ਕਰਦਾ ਉਠਿਆ ਅਤੇ ਸਵੇਰੇ 4-00 ਵਜੇ ਸਤਿਨਾਮ ਦਾ ਜੈਕਾਰਾ ਬੋਲਿਆ, ਉਸ ਦੀ ਘਰਵਾਲੀ ਨੇ ਕਿਹਾ ਕਿ ਮੈਂ ਉਸ ਦੇ ਨਾਲ ਲਾਵਾਂ ਲਈਆਂ ਹੋਈਆਂ ਹਨ ਇਸ ਲਈ ਮੇਰਾ ਵੀ ਫਰਜ਼ ਬਣਦਾ ਹੈ । ਉਠੀ ਦੋ ਗਿੱਠਾਂ ਕੱਟ ਕੇ ਕਿੱਲੀ ਤੇ ਟੰਗ ਦਿੱਤਾ ਅਤੇ ਪਜਾਮੇ ਦਾ ਬਣ ਗਿਆ ਕੱਛਾ । ਭਾਵ ਅਕਾਲੀ ਦਾ ਹੁਣ ਪਜਾਮੇ ਦਾ ਬਣ ਗਿਆ ਕੱਛਾ । ਇਹ ਮਤਾ ਦੇਸ਼ ਭਗਤਾਂ ਦਾ ਹੈ ਇਸ ਨੂੰ ਪਾਸ ਕਰ ਦੇਣਾ ਚਾਹੀਦਾ ਹੈ । ਮੈਂ ਬਹੁਤ ਸਾਰੀਆਂ ਗੱਲਾਂ ਕਰਨੀਆਂ ਚਾਹੁੰਦਾ ਸੀ ਪਰ ਮੈਨੂੰ ਇਹ ਡਿਸਟਰਬ ਕਰਦੇ ਰਹੇ । ਇਸ ਲਈ ਇਸ ਮਤੇ ਨੂੰ ਪਾਸ ਕਰ ਦੇਣਾ ਚਾਹੀਦਾ ਹੈ ।

Sardar Nirmal Singh Nimma : On a point of order, Sir. ਡਿਪਟੀ ਸਪੀਕਰ ਸਾਹਿਬ, ਤੁਸੀਂ ਆਪੋਜ਼ੀਸਨ ਦੇ ਮੈਂਬਰਾਂ ਨੂੰ ਬੋਲਣ ਦਾ ਮੌਕਾ ਦਿਓ ।

ਸ੍ਰੀ ਡਿਪਟੀ ਸਪੀਕਰ : ਮੈਂ ਸਾਰਿਆਂ ਨੂੰ ਟਾਈਮ ਦੇਵਾਂਗਾ ।

Shrimati Vimla Dang : On a point of order, Sir, ਡਿਪਟੀ ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਅਸੀਂ ਸਾਰੇ ਇੰਟਰੱਸਟਿਡ ਹਾਂ ਕਿ ਜਿਹੜਾ ਮਤਾ ਕਾਮਰੇਡ ਹਰਦੇਵ ਸਿੰਘ ਅਰਸ਼ੀ ਵਲੋਂ ਆਇਆ ਹੈ, ਇਹ ਕੰਟਰੋਵਰਸ਼ੀਅਲ ਰੈਜ਼ੋਲਿਊਸ਼ਨ ਨਹੀਂ ਹੈ ਅਤੇ ਹਾਊਸ ਨੇ ਡੇਢ ਵਜੇ ਤੱਕ ਚਲਣਾ ਹੈ । ਤੁਸੀਂ ਦੂਜੀਆਂ ਪਾਰਟੀਆਂ ਨੂੰ ਵੀ ਟਾਈਮ ਦਿਓ ਅਤੇ ਇਸ ਮਤੇ ਨੂੰ ਯੂਨਾਨੀਮਸਲੀ ਪਾਸ ਕਰੀਏ । ਇਹ ਇੰਪਾਰਟੈਂਟ ਮਤਾ ਸ਼ਹੀਦਾਂ ਦੇ ਮੈਮੋਰੀਅਲਜ਼ ਦੇ ਬਾਰੇ ਲਿਆਂਦਾ ਗਿਆ ਹੈ ਇਸ ਉੱਤੇ

ਡਿਸਕਸ਼ਨ ਕਨਕਲੂਡ ਕਰਕੇ ਪਾਸ ਕਰਵਾਓ । ਸਾਡਾ 8 ਮਾਰਚ ਦਾ ਮਤਾ ਪਰੋਸੀਜਰ ਅਡਾਪਟ ਨਾ ਹੋਣ ਕਰਕੇ ਖਟਾਈ ਵਿਚ ਪੈ ਗਿਆ । ਇਸ ਲਈ ਇਸ ਮਤੇ ਨੂੰ ਪਾਸ ਕਰ ਦਿੱਤਾ ਜਾਵੇ ।

Shri Vijay Kumar Sathi Advocate : On a point of order, Sir. ਡਿਪਟੀ ਸਪੀਕਰ ਸਾਹਿਬ, ਹਾਊਸ ਦਾ ਟਾਈਮ ਐਕਸਟੈਂਡ ਕਰ ਦਿੱਤਾ ਜਾਵੇ ਕਿਉਂਕਿ ਹਾਲੇ ਇਸ ਮਤੇ ਉਤੇ ਸਾਰਿਆਂ ਨੇ ਡਿਸਕਸ਼ਨ ਕਰਨੀ ਹੈ ।

ਸ਼੍ਰੀ ਡਿਪਟੀ ਸਪੀਕਰ : ਹਾਲੇ ਹਾਊਸ ਦਾ ਕਾਫੀ ਟਾਈਮ ਪਿਆ ਹੋਇਆ ਹੈ ।

ਸ਼੍ਰੀ ਉਪਿੰਦਰ ਕੁਮਾਰ (ਕੋਟ ਕਪੂਰਾ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਕਾਮਰੇਡ ਹਰਦੇਵ ਸਿੰਘ ਅਰਸ਼ੀ ਦੇ ਰੈਜੋਲਿਊਸ਼ਨ ਤੇ ਬੋਲਣ ਦਾ ਮੌਕਾ ਦਿੱਤਾ ਹੈ । ਮੇਰੇ ਬਹੁਤ ਸਾਰੇ ਸਾਥੀਆਂ ਨੇ ਇਸ ਮਤੇ ਉਤੇ ਆਪਣੇ ਆਪਣੇ ਵਿਚਾਰ ਰੱਖੇ ਹਨ । ਜ਼ਰੂਰਤ ਇਸ ਗੱਲ ਦੀ ਹੈ ਕਿ ਸਾਨੂੰ ਆਪਣੇ ਪਿਛੋਕੜ ਵਿਚ ਨਿਗਾਹ ਮਾਰ ਕੇ ਵੇਖਣੀ ਚਾਹੀਦੀ ਹੈ । ਭਾਰਤ ਵਾਰਸ਼ ਦੇ ਇਤਿਹਾਸ ਉਤੇ ਅਤੇ ਸੰਸਕ੍ਰਿਤੀ ਤੇ ਝਾਤ ਮਾਰਨੀ ਚਾਹੀਦੀ ਹੈ । ਇਥੇ ਵੇਦ ਅਤੇ ਪੁਰਾਣ ਸਾਨੂੰ ਭਾਰਤ ਵਰਸ਼ ਦੀ ਸੰਸਕ੍ਰਿਤੀ ਦੇ ਵਿਚੋਂ ਵਿਰਾਸ਼ਤ ਵਿਚ ਮਿਲੇ । ਸਨਾਤਨ ਧਰਮ ਸਭ ਤੋਂ ਪੁਰਾਣਾ ਧਰਮ ਹੈ । ਇਸ ਦੀ ਉਤਪਤੀ ਭਾਰਤ ਵਿਚ ਹੋਈ । ਇਹ ਪਵਿੱਤਰ ਧਰਮ ਹੈ ਅਤੇ ਪ੍ਰਾਚੀਨ ਸੰਸਥਾ ਹੈ । ਸਰਬ ਧਰਮ ਸੰਭਾਵ ਸਰਵੋਤਮ ਧਰਮ ਯਾਨੀ ਸਾਰੇ ਧਰਮਾਂ ਦੀ ਇੱਜਤ ਕਰਨੀ ਚਾਹੀਦੀ ਹੈ । Tolerance for all religions of others, respect for all religions of others. ਜਿਸ ਪ੍ਰਾਣੀ ਵਿਚ, ਜਮਾਤ ਵਿਚ ਧਰਮ ਹੀ ਸਭ ਤੋਂ ਉੱਤਮ ਧਰਮ ਰਿਹਾ ਹੈ । ਸਾਡਾ ਭਾਰਤ ਵਰਸ਼ ਕਾਫ਼ੀ ਅਰਸਾ ਗੁਲਾਮ ਰਿਹਾ । ਸਾਡੇ ਭਾਰਤ ਉਤੇ ਵਿਦੇਸ਼ੀਆਂ ਦੇ ਹਮਲੇ ਹੁੰਦੇ ਰਹੇ । ਭਾਰਤ ਵਾਸੀਆਂ ਨੇ ਹਰ ਇਸ ਇਮਤਿਹਾਨ ਵਿਚ ਸਾਬਿਤ ਕੀਤਾ ਕਿ ਅਸੀਂ ਸਾਰੇ ਇਕੱਠੇ ਹਾਂ ਚਾਹੇ ਸਾਡਾ ਧਰਮ ਅਲੱਗ ਅਲੱਗ ਹੈ । ਇਸਲਾਮ ਧਰਮ ਤੋਂ ਬਾਅਦ ਬ੍ਰਿਟਿਸ਼ ਗੌਰਮਿੰਟ ਈਸਟ ਇੰਡੀਆਂ ਕੰਪਨੀ ਦੇ ਰੂਪ ਵਿਚ ਆਈ । ਉਹ ਵੀ ਸਾਡੀ ਵਿਰਾਸਤ ਨੂੰ ਬਦਲ ਨਹੀਂ ਸਕੇ । ਉਨ੍ਹਾਂ ਨੇ ਵੀ ਕੋਸ਼ਿਸ਼ ਕੀਤੀ ਪਰ ਅਸੀਂ ਟਸ ਤੋਂ ਮਸ ਨਹੀਂ ਹੋਏ ਸਾਡੀ ਵਿਰਾਸ਼ਤ ਕੈਰੀਔਨ ਹੋਈ । ਅਸੀਂ ਉਨ੍ਹਾਂ ਪੂਰਨਿਆਂ ਤੇ ਚਲ ਰਹੇ ਹਾਂ । ਹਿੰਦੁਸਤਾਨ ਵਿਚ ਅਕਬਰ ਦਾ ਰਾਜ ਰਿਹਾ । ਉਸ ਸਮੇਂ ਵੀ ਉਨ੍ਹਾਂ ਦੇ ਮੰਤਰੀ ਮੰਡਲ ਵਿਚ ਸਭ ਧਰਮਾਂ ਦੀ ਨੁਮਾਂਇੰਦਗੀ ਸੀ । ਟੀਪੂ ਸੁਲਤਾਨ ਵੀ ਹਿੰਦੁਸਤਾਨ ਦੀ ਗੱਲ ਕਰਦੇ ਰਹੇ । ਉਨ੍ਹਾਂ ਦਾ ਸਿਆਸੀ ਸਲਾਹਕਾਰ ਵੀ ਪੂਰਨਈਆ ਉਨ੍ਹਾਂ ਦਾ ਬਚਪਨ ਦਾ ਸਾਥੀ ਪੰਡਿਤ ਸੀ । ਮਹਾਰਾਜਾ ਰਣਜੀਤ ਸਿੰਘ ਦੇ ਵਜ਼ੀਰਾਂ ਵਿਚ ਵੀ ਵੱਖ ਵੱਖ ਜਾਤਾਂ ਤੇ ਧਰਮਾਂ ਦੇ ਲੋਕ ਉਸ ਸਮੇਂ ਨੁਮਾਇੰਦਗੀ ਕਰਦੇ ਸਨ । ਡਿਪਟੀ ਸਪੀਕਰ ਸਾਹਿਬ, ਸਾਡੀ ਵਿਰਾਸਤ ਉਹੀ ਰਹੀ ਅਤੇ ਸੋਚ ਵਿਚ ਕੋਈ ਤਬਦੀਲੀ ਨਹੀਂ ਆਈ । ਕਸ਼ਮੀਰ ਤੋਂ ਲੈ ਕੇ ਕੰਨਿਆ ਕੁਮਾਰੀ ਤਕ ਹਰ ਭਾਰਤਵਾਸੀ ਨੇ ਦੇਸ਼ ਦੀ ਆਜ਼ਾਦੀ ਦੀ ਲੜਾਈ ਵਿਚ ਆਪਣਾ ਹਿੱਸਾ ਪਾਇਆ ਪਰ ਕਿਸੇ ਨੂੰ ਵੀ ਇਸ ਗੱਲ ਦਾ ਖਿਆਲ ਨਹੀਂ ਸੀ ਕਿ ਉਹ ਕਿਸ ਜਾਤੀ ਦੇ ਨਾਲ ਸਬੰਧ ਰਖਦਾ ਸੀ, ਉਹ ਕਿਸ

[ਸ਼੍ਰੀ ਉਪਿੰਦਰ ਕੁਮਾਰ]

ਧਰਮ ਦੇ ਨਾਲ ਸਬੰਧ ਰਖਦਾ ਸੀ, ਉਹ ਕਿਸ ਮਹਜ਼ਬ ਦਾ ਬੰਦਾ ਸੀ, ਉਸ ਦੀ ਕੀ ਜ਼ੁਬਾਨ ਸੀ ਜਾਂ ਉਹ ਕਿਸ ਕਬੀਲੇ ਦੇ ਨਾਲ ਸਬੰਧ ਰਖਦਾ ਸੀ । ਅੰਮ੍ਰਿਤਸਰ ਜਲ੍ਹਿਆਂ ਵਾਲੇ ਬਾਗ ਦਾ ਸਾਕਾਂ ਜੋ ਹੋਇਆ ਉਸ ਬਾਰੇ ਸਭ ਨੂੰ ਪਤਾ ਹੈ । ਉਹ ਖੂਨ ਭਾਰਤ ਦੀ ਧਰਤੀ ਤੇ ਡੁਲਿਆ ਅਤੇ ਉਹ ਖੂਨ ਸਭ ਭਾਰਤ ਵਾਸੀਆਂ ਦਾ ਸੀ । ਉਹ ਖੂਨ ਹਿੰਦੁਸਤਾਨ ਦੇ ਲੋਕਾਂ ਦਾ ਸੀ । ਉਹ ਖੂਨ ਦੇਸ਼ ਭਗਤਾਂ ਦਾ ਸੀ । ਉਹ ਖੂਨ ਸਭ ਧਰਮਾਂ ਦੇ ਲੋਕਾਂ ਦੇ ਨਾਲ ਸਬੰਧ ਰਖਦਾ ਸੀ । ਅਸੀਂ ਉਸ ਵਿਰਾਸਤ ਨੂੰ ਕਾਇਮ ਰਖਿਆ । ਅਸੀਂ ਆਜ਼ਾਦੀ ਦੀ ਲੜਾਈ ਸਾਰਿਆਂ ਨੇ ਮਿਲ ਕੇ ਲੜੀ । ਉਸ ਵਿਚ ਮਹਾਤਮਾਂ ਗਾਂਧੀ ਜੀ ਵੀ ਸਨ । ਪੰਡਿਤ ਜਵਾਹਰ ਲਾਲ ਨਹਿਰੂ ਜੀ ਵੀ ਸਨ । ਸ਼ਹੀਦੇ ਆਜ਼ਮ ਭਗਤ ਸਿੰਘ ਵੀ ਸਨ । ਰਾਜ ਗੁਰੂ, ਚੰਦਰ ਸ਼ੇਖਰ, ਮਦਨ ਲਾਲ ਢੀਂਗਰਾਂ, ਸਰਦਾਰ ਕਰਤਾਰ ਸਿੰਘ ਸਰਾਬਾ ਆਦਿ ਮਹਾਨ ਸ਼ਖਸੀਅਤਾਂ ਸਨ । ਜਿਨ੍ਹਾਂ ਨੂੰ ਅਸੀਂ ਆਪਣੇ ਦਿਮਾਗ ਵਿਚੋਂ ਭੁਲਾ ਨਹੀਂ ਸਕਦੇ । ਸਾਡੇ ਨੌਜਵਾਨਾਂ ਨੇ ਉਸ ਵਿਰਾਸਤ ਨੂੰ ਕੈਰੀਔਨ ਕੀਤਾ । ਡਿਪਟੀ ਸਪੀਕਰ ਸਾਹਿਬ, ਪੰਡਿਤ ਜਵਾਹਰ ਲਾਲ ਨਹਿਰੂ ਜੀ ਦੀ ਅਗਵਾਈ ਹੇਠਾਂ ਸਭ ਤੋਂ ਪਹਿਲੀ ਆਜ਼ਾਦ ਭਾਰਤ ਦੀ ਸਰਕਾਰ ਬਣੀ । ਪੰਡਿਤ ਜੀ ਦੇ ਮੰਤਰੀ ਮੰਡਲ ਵਿਚ ਮੁਲਾਨਾ ਆਜ਼ਾਦ ਵੀ ਸਨ, ਸਰਦਾਰ ਬਲਦੇਵ ਸਿੰਘ ਵੀ ਸਨ ਅਤੇ ਸ੍ਰੀ ਪਟੇਲ ਵੀ ਸਨ । ਇਥੇ ਹੀ ਬਸ ਨਹੀਂ, ਡਿਪਟੀ ਸਪੀਕਰ ਸਾਹਿਬ, ਸਾਡੇ ਦੇਸ਼ ਦੀਆਂ ਮਹਾਨ ਸ਼ਖਸੀਅਤਾਂ ਨੇ ਆਜ਼ਾਦੀ ਤੋਂ ਬਾਅਦ ਵੀ ਬਹੁਤ ਕੁਰਬਾਨੀਆਂ ਕੀਤੀਆਂ ਤਾਂਕਿ ਦੇਸ਼ ਦੀ ਏਕਤਾ ਅਤੇ ਅਖੰਡਤਾ ਕਾਇਮ ਰਹੇ । ਪੁਰਾਣੀਆਂ ਮਿਸਾਲਾਂ ਨੂੰ ਯਾਦ ਰਖਦੇ ਹੋਏ ਮਹਾਤਮਾ ਗਾਂਧੀ ਜੀ ਨੂੰ ਪਤਾ ਸੀ ਪਰ ਫਿਰ ਵੀ ਉਹ ਪ੍ਰਾਰਥਨਾ ਕਰਨ ਲਈ ਗਏ ਉਨ੍ਹਾਂ ਨੂੰ ਵੀ ਗੋਲੀ ਦਾ ਸ਼ਿਕਾਰ ਬਣਾਇਆ ਗਿਆ ਸਾਡੇ ਮਹਾਨ ਪੁਰਸ਼ਾਂ ਨੇ ਹਿੰਦੁਸਤਾਨ ਦੇ ਟੁਕੜੇ ਹੋਣ ਤੋਂ ਬਚਾ ਲਿਆ । ਉਨ੍ਹਾਂ ਨੇ ਆਪਣਾ ਬਲਿਦਾਨ ਦੇ ਕੇ ਹਿੰਦੁਸਤਾਨ ਨੂੰ ਬਚਾਇਆ । ਅੱਜ, ਡਿਪਟੀ ਸਪੀਕਰ ਸਾਹਿਬ, ਹਿੰਦੁਸਤਾਨ ਦੇ ਲੋਕਾਂ ਦਾ ਸਿਰ ਦੇਸ਼ ਭਗਤਾਂ ਦੇ ਸਾਹਮਣੇ ਝੁਕ ਜਾਂਦਾ ਹੈ । ਹੁਣ ਮੈਂ ਇਸ ਪੱਖ ਤੇ ਆਉਂਦਾ ਹਾਂ ਕਿ ਅਸੀਂ ਇਸ ਬਾਰੇ ਸੋਚਣਾ ਹੈ ਕਿ ਇਹ ਉਹ ਸ਼ਕਤੀਆਂ ਹਨ ਜਿਨ੍ਹਾਂ ਦਾ ਅਹਿਸਾਸ ਪੰਜਾਬ ਵਿੱਚ ਵੀ ਹੋਇਆ । ਪੰਜਾਬ ਦੇ ਗੁਮਰਾਹ ਅਕਾਲੀ ਲੀਡਰਾਂ ਨੇ ਪੰਜਾਬ ਦੇ ਨਾਲ ਵਿਤਕਰੇ ਤੋਂ ਗੱਲ ਸ਼ੁਰੂ ਕੀਤੀ, ਫੇਰ ਕਿਹਾ ਪੰਜਾਬੀਆਂ ਨਾਲ ਵਿਤਕਰਾ ਹੋ ਰਿਹਾ ਹੈ ਅਤੇ ਫੇਰ ਕਹਿਣ ਲੱਗ ਗਏ ਕਿ ਸਿੱਖਾਂ ਨਾਲ ਵਿਤਕਰਾ ਹੋ ਰਿਹਾ ਹੈ । ਜੇ ਅਸੀਂ ਆਪਣੇ ਤੌਰ ਤੇ ਤੱਥਾਂ ਤੇ ਨਿਗਾਹ ਮਾਰੀਏ ਤਾਂ ਪਤਾ ਚਲਦਾ ਹੈ ਕਿ ਪੰਜਾਬ ਦੇ ਲੋਕਾਂ ਨੇ ਹਮੇਸ਼ਾ ਹਿੰਦੁਸਤਾਨ ਦੇ ਲੋਕਾਂ ਨੂੰ ਅਗਵਾਈ ਦਿੱਤੀ ਆਜ਼ਾਦੀ ਦੀ ਲੜਾਈ ਤੋਂ ਲੈ ਕੇ ਹਿੰਦੁਸਤਾਨ ਦੀ ਡਿਵੈਲਪਮੈਂਟ ਤੱਕ । 1947 ਤੋਂ ਬਾਅਦ ਨਿਗਾਹ ਮਾਰੀਏ ਤਾਂ ਜਦੋਂ ਕੇਂਦਰ ਦੇ ਅੰਦਰ ਪਹਿਲੀ ਕਾਂਗਰਸ ਸਰਕਾਰ ਬਣੀ ਤਾਂ ਉਸ ਵਿੱਚ ਪੰਜਾਬ ਦੀ ਰੀਪਰੈਜ਼ੈਂਟੇਸ਼ਨ ਕੀਤੀ ਸਰਦਾਰ ਬਲਦੇਵ ਸਿੰਘ ਹੋਰਾਂ ਨੇ ਕੀਤੀ, ਪੰਜਾਬ ਦੀ ਰੀਪਰੈਂਜ਼ੈਟੇਸ਼ਨ ਕੀਤੀ ਖੁਦ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਰੀਪਰੈਜ਼ੈਂਟੇਸ਼ਨ ਕੀਤੀ ਸਰਦਾਰ ਸੁਰਜੀਤ ਸਿੰਘ ਬਰਨਾਲਾ ਨੇ । ਸਾਡੇ ਮੋਹਤਰਮ ਸਰਦਾਰ ਗੁਰਦਿਆਲ ਸਿੰਘ ਢਿਲੋਂ ਪਾਰਲੀਆਮੈਂਟ ਦੇ ਸਪੀਕਰ ਰਹੇ ਹਨ । ਗਿਆਨੀ ਜ਼ੈਲ ਸਿੰਘ ਜੀ ਪੰਜਾਬ ਦੇ ਸੀ. ਐਮ. ਦੀ ਕੁਰਸੀ ਤੋਂ ਉਠ ਕੇ ਕੇਂਦਰ ਵਿੱਚ ਪਹੁੰਚੇ ਅਤੇ ਉਥੇ ਗ੍ਰਹਿ ਮੰਤਰੀ ਰਹੇ ਅਤੇ ਫੇਰ ਐਲੀਵੇਟ ਹੋ ਕੇ ਰਾਸ਼ਟਰਪਤੀ ਦੇ ਅਹੁਦੇ ਤੇ ਬਿਰਾਜਮਾਨ ਹੋਏ । ਇਥੇ ਹੀ

ਬੱਸ ਨਹੀਂ, ਏਅਰ ਮਾਰਸ਼ਲ ਅਰਜਨ ਸਿੰਘ ਅੌਰ ਏਅਰ ਮਾਰਸ਼ਲ ਦਿਲਬਾਗ ਸਿੰਘ ਦੋਨੋਂ ਪੰਜਾਬ ਵਿਚੋਂ ਹੀ ਸਨ । ਫੇਰ ਇਹ ਗੱਲ ਕਹਿਣੀ ਕਿ ਪੰਜਾਬ ਦੇ ਲੋਕਾਂ ਨਾਲ ਵਿਤਕਰਾ ਹੁੰਦਾ ਰਿਹਾ ਹੈ, ਸਿਖਾਂ ਨਾਲ ਵਿਤਕਰਾ ਹੁੰਦਾ ਰਿਹਾ ਹੈ, ਦੋਸ਼ ਲਾਉਂਦੇ ਰਹੇ ਨਹਿਰੂ ਪਰਿਵਾਰ ਉਪਰ, ਤਾਂ ਕਿਥੋਂ ਤੱਕ ਠੀਕ ਗੱਲ ਹੈ । ਮੈਂ ਹਾਊਸ ਨੂੰ ਯਾਦ ਦਿਵਾਉਂਦਾ ਹਾਂ ਕਿ ਜਦੋਂ ਚਿੰਗਾੜੀ ਸੁਲਗੀ ਤਾਂ ਅਕਾਲੀਆਂ ਦਾ ਇਕ ਡੈਪੂਟੇਸ਼ਨ ਜਿਸ ਵਿੱਚ ਸਰਦਾਰ ਪ੍ਰਕਾਸ ਸਿੰਘ ਬਾਦਲ, ਸਰਦਾਰ ਗੁਰਚਰਨ ਸਿੰਘ ਟੌਹੜਾ, ਸਰਦਾਰ ਸੁਰਜੀਤ ਸਿੰਘ ਬਰਨਾਲਾ, ਸਰਦਾਰ ਬਲਵੰਤ ਸਿੰਘ ਜੱਥੇਦਾਰ ਜਗਦੇਵ ਸਿੰਘ ਤਲਵੰਡੀ ਸ੍ਰੀਮਤੀ ਇੰਦਰਾ ਗਾਂਧੀ ਨੂੰ ਜਦੋਂ ਮਿਲ ਕੇ ਬਾਹਰ ਆਏ ਤਾਂ ਪੱਤਰਕਾਰਾਂ ਨੇ ਪੁਛਿਆ ਕਿ ਕੀ ਸਿੱਟਾ ਨਿਕਲਿਆ । ਉਦੋਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੇ ਇਹ ਸ਼ਬਦ ਸਨ ਕਿ ਕਦੇ ਨਹਿਰੂ ਪਰਿਵਾਰ ਤੋਂ ਕੋਈ ਖਾਲ੍ਹੀ ਆ ਸਕਦਾ ਹੈ ਤੇ ਉਹ ਸ਼ਖਸ ਜਿਹੜੇ ਇਸ ਤਰ੍ਹਾਂ ਦੇ ਵਿਚਾਰ ਰਖਦੇ ਹੋਣ ਫੇਰ ਉਹੀ ਨਾਅਰੇ ਦੇਣ ਪੰਜਾਬ ਦੇ ਲੋਕਾਂ ਨੂੰ ਗੁਮਰਾਹ ਕਰਨ ਵਾਸਤੇ ਕਿ ਪੰਜਾਬ ਦੇ ਲੋਕਾਂ ਨਾਲ ਨਹੀਂ, ਬਲਕਿ ਸਿੱਖਾਂ ਨਾਲ ਕੇਂਦਰ ਵਿਤਕਰਾ ਕਰ ਰਿਹਾ ਹੈ, ਤਾਂ ਕੋਈ ਕੀ ਕਹਿ ਸਕਦਾ ਹੈ। ਅਗਰ ਸਿੱਖਾਂ ਨਾਲ ਵਿਤਕਰਾ ਹੁੰਦਾ ਹੈ ਤਾਂ ਕੀ ਮਹਾਂਰਾਸ਼ਟਰ ਦੀ ਟਰਾਂਸਪੋਰਟ ਤੇ ਪੰਜਾਬੀਆਂ ਦਾ ਕਬਜ਼ਾ ਹੋ ਸਕਦਾ ਹੈ, ਜੇ ਸਿੱਖਾਂ ਨਾਲ ਵਿਤਕਰਾ ਹੁੰਦਾ ਰਿਹਾ ਹੈ ਤਾਂ ਕੀ ਪੰਜਾਬ ਦੇ ਲੋਕਾਂ ਦਾ ਕੋਲ ਮਾਈਨਜ਼ ਤੇ ਕਬਜ਼ਾ ਹੋ ਸਕਦਾ ਸੀ । ਜੇ ਸਿੱਖਾਂ ਨਾਲ ਵਿਤਕਰਾ ਹੁੰਦਾ ਰਿਹਾ ਹੈ /ਤਾਂ ਕਿ 9 ਸੈਕਟਰ ਵਿੱਚ ਏਡੀਆਂ ਵੱਡੀਆਂ ਵੱਡੀਆਂ ਕੋਠੀਆਂ ਬਣਾ ਸਕਦੇ ਸਨ । ਤੱਥਾਂ ਨੂੰ ਤੋੜ ਮਰੋੜ ਕੇ ਪੇਸ਼ ਕੀਤਾ ਜਾਂਦਾ ਰਿਹਾ ਹੈ। ਇਨ੍ਹਾਂ ਵਲੋਂ ਇੰਦਰਾ ਗਾਂਧੀ ਤੇ ਵੀ ਚਿੱਕੜ ਸੁਟਿਆ ਗਿਆ ਅਤੇ ਰਾਜੀਵ ਗਾਂਧੀ ਤੇ ਵੀ ਦੋਸ਼ ਲਾਇਆ ਗਿਆ । ਮੈਂ ਦੱਸਣਾ ਚਾਹੁੰਦਾ ਹਾਂ ਇਥੇ ਆਪਣੇ ਦੋਸਤਾਂ ਨੂੰ ਕਿ ਬਲੂ ਸਟਾਰ ਓਪਰੇਸ਼ਨ ਤੋਂ ਬਾਅਦ ਵੀ ਸ੍ਰੀ ਰਾਜੀਵ ਗਾਂਧੀ ਹੋਰਾਂ ਦੀ ਸਰਕਾਰ ਦੇ ਅੰਦਰ ਸ੍ਰੀਮਤੀ ਸਰਲਾ ਗਰੇਵਾਲ ਉਨ੍ਹਾਂ ਦੇ ਪ੍ਰਿੰਸੀਪਲ ਸੈਕ੍ਰੇਟਰੀ ਰਹੇ । ਇਕ ਇਕ ਸੈਂਸਟਿਵ ਪੇਪਰ ਉਨ੍ਹਾਂ ਦੇ ਹੱਥਾਂ ਵਿਚੋਂ ਗੁਜ਼ਰਦਾ ਸੀ । ਅਗਰ ਪੰਜਾਬੀਆ ਨਾਲ ਵਿਤਕਰਾ ਸੀ ਤਾਂ ਸਾਡੀ ਉਹ ਭੈਣ ਉਸ ਕੁਰਸੀ ਤੇ ਬਿਰਾਜਮਾਨ ਨਹੀਂ ਸੀ ਹੋ ਸਕਦੀ। ਦੇਸ਼ ਦੇ ਹਾਕਮਾਂ ਨੇ, ਦੇਸ਼ ਦੇ ਲੀਡਰਾਂ ਨੇ ਦੇਸ਼ ਦੇ ਲੋਕਾਂ ਨੇ ਹਮੇਸਾਂ ਪੰਜਾਬੀਆਂ ਤੇ ਮਾਣ ਕੀਤਾ, ਸਤਿਕਾਰ ਕੀਤਾ, ਹਮੇਸ਼ਾਂ ਲੋਕਾਂ ਉਨ੍ਹਾਂ ਨੂੰ ਪਹਿਲ ਦਿੱਤੀ ਪਰ ਅਸੀਂ ਆਪਣੀ ਸੌੜੀ ਸੋਚ ਕਰਕੇ ਹਮੇਸ਼ਾਂ ਲੋਕਾਂ ਨੂੰ ਲੜਾਈ ਦੇ ਮੈਦਾਨ ਵਿਚ ਧੱਕਿਆ । ਕਦੇ ਅਕਾਲੀ ਦਲ ਨੇ ਇਹ ਕੰਮ ਕੀਤਾ, ਕਦੇ ਆਰ. ਐਸ. ਐਸ. ਨੇ ਇਹ ਕੰਮ ਕੀਤਾ । ਅੱਜ ਬੀ. ਜੇ. ਪੀ. ਨੇ ਦਿੱਲੀ ਨੂੰ ਲੜਾਈ ਦਾ ਮੈਦਾਨ ਬਣਾ ਲਿਆ ਹੈ । ਇਥੇ ਮੇਰੇ ਕੁਝ ਦੋਸਤ ਬਹੁਜਨ ਸਮਾਜ ਪਾਰਟੀ ਦਾ ਨਾਂ ਲੈਂਦੇ ਹਨ । ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਪਾਰਟੀ ਤਾਂ ਉਦੋਂ ਅਜੇ ਹੋਂਦ ਵਿਚ ਵੀ ਨਹੀਂ ਆਈ ਸੀ ਜਦੋਂ ਆਜ਼ਾਦੀ ਦੀ ਲੜਾਈ ਲੜੀ ਜਾ ਰਹੀ ਸੀ । ਜਦੋਂ ਤਰਨ ਤਾਰਨ ਦੀ ਚੋਣ ਹੋਈ ਤਾਂ ਇਨ੍ਹਾਂ ਦੀ ਸਾਂਝ ਉਸ ਪਾਰਟੀ ਦੇ ਨਾਲ ਸੀ......ਸ੍ਰੀ ਸੋਮ ਦੱਤ ਉੱਪਲ......(ਵਿਘਨ)

Sardar Hargopal Singh Advocate : On a point of order, Sir. ਡਿਪਟੀ ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਨੂੰ ਦਸਣਾ ਚਾਹੁੰਦਾ ਹਾਂ ਕਿ ਜਿਹੜੀ

[Sardar Hargopal Singh Advocate]

ਆਜ਼ਾਦੀ ਦੀ ਲੜਾਈ ਲੜੀ ਗਈ ਸੀ । ਉਹ ਕਿਸੇ ਪਾਰਟੀ ਦੇ ਆਧਾਰ ਤੇ ਨਹੀਂ ਲੜੀ ਗਈ ਸੀ । ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਇਹ ਸਿਆਣੇ ਹਨ, ਨੀਤੀਵਾਨ ਹਨ; ਕਿ ਆਜ਼ਾਦੀ ਦੀ ਲੜਾਈ ਕਿਸੇ ਪਾਰਟੀ ਦੇ ਆਧਾਰ ਤੇ ਨਹੀਂ ਲੜੀ ਗਈ ਸੀ ਸ਼ਾਇਦ ਇਨ੍ਹਾਂ ਨੂੰ ਪਤਾ ਨਾ ਹੋਵੇ, ਇਸ ਕਰਕੇ ਮੈਂ ਇਨ੍ਹਾਂ ਨੂੰ ਯਾਦ ਕਰਾਉਣਾ ਚਾਹੁੰਦਾ ਹਾਂ ।

ਸ੍ਰੀ ਡਿਪਟੀ ਸਪੀਕਰ : ਮੈਂ ਮੈਂਬਰ ਸਾਹਿਬਾਨ ਨੂੰ ਕਹਿਣਾ ਚਾਹੁੰਦਾਂ ਹਾਂ ਕਿ ਤੁਸੀਂ ਆਪਸ ਵਿੱਚ ਗੱਲ ਨਾ ਕਰੋ, ਚੇਅਰ ਨੂੰ ਐਡਰੈਸ ਕਰੋ ।

ਕਾਮਰੇਡ ਤਰਸੇਮ ਜੋਧਾਂ : ਪੁਆਇੰਟ ਆਫ ਆਰਡਰ, ਸਰ । ਇਹ ਬੜਾ ਅਹਿਮ ਮਤਾ ਹੈ । ਇਸ ਲਈ ਮੈਂ ਸਮਝਦਾ ਹਾਂ ਕਿ ਐਵੇਂ ਐਧਰ ਉਧਰ ਦੀਆਂ ਗੱਲਾਂ ਕਰਕੇ ਟਾਈਮ ਵੇਸਟ ਨਾ ਕੀਤਾ ਜਾਵੇ । ਟੂ ਦੀ ਪੁਆਇੰਟ ਬਹਿਸ ਕਰਕੇ ਇਹ ਮਤਾ ਪਾਸ ਕਰਾਇਆ ਜਾਣਾ ਚਾਹੀਦਾ ਹੈ, ਦੂਸਰੇ ਕਿਸੇ ਪਾਸੇ ਨਹੀਂ ਜਾਣਾ ਚਾਹੀਦਾ ।

ਸ੍ਰੀ ਡਿਪਟੀ ਸਪੀਕਰ : ਉਪਿੰਦਰ ਸ਼ਰਮਾ ਜੀ, ਤੁਸੀਂ ਕੰਟੀਨਿਊ ਕਰੋ ।

ਸ੍ਰੀ ਉਪਿੰਦਰ ਕੁਮਾਰ : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਸਿਆਸੀ ਪਾਰਟੀਆਂ ਨੇ ਆਪਣੇ ਸੌੜੇ ਸਿਆਸੀ ਹਿੱਤਾਂ ਵਾਸਤੇ ਪੰਜਾਬ ਨੂੰ ਅਖਾੜਾ ਬਣਾ ਦਿੱਤਾ । ਜਦੋਂ ਜਨ ਸੰਘ ਅਤੇ ਅਕਾਲੀਆਂ ਦਾ ਅਲਾਇੰਸ ਹੋਇਆ ਤਾਂ ਇਨ੍ਹਾਂ ਪਾਰਟੀਆਂ ਨੇ ਇਕ ਪੁਲੀਟੀਕਲ ਹਿੱਸੇਦਾਰੀ ਬਣਾ ਕੇ ਪੰਜਾਬ ਵਿਚ ਫਿਰਕਾਪ੍ਰਸਤੀ ਦੀ ਬੂਅ ਪੈਦਾ ਕੀਤੀ । ਇਨ੍ਹਾਂ ਪਾਰਟੀਆਂ ਨੂੰ ਚੰਗੀ ਤਰ੍ਹਾਂ ਪਤਾ ਸੀ ਕਿ ਅਸੀਂ ਵੋਟਾਂ ਦੇ ਜ਼ਰੀਏ ਸਦਾ ਵਾਸਤੇ ਤਾਕਤ ਵਿਚ ਨਹੀਂ ਰਹਿ ਸਕਦੇ । ਇਸ ਲਈ ਆਪਣੇ ਸੌੜੇ ਸਿਆਸੀ ਹਿੱਤਾਂ ਦੀ ਖ਼ਾਤਰ ਇਨ੍ਹਾਂ ਦੋਨਾਂ ਪਾਰਟੀਆਂ ਨੇ ਅਲਾਇੰਸ ਕੀਤਾ । ਇਹ ਸੱਤਾ ਵਿੱਚ ਆਏ ਵੀ, ਪਰ ਰਾਜ ਕਰਨਾ ਕੋਈ ਸੌਖੀ ਗੱਲ ਨਹੀਂ । ਇੰਨ੍ਹਾਂ ਪਾਰਟੀਆਂ ਨੇ ਰਾਜ ਤਾਂ ਲੈ ਲਿਆ ਪਰ ਇਹ ਰਾਜ ਨੂੰ ਸੰਭਾਲ ਨਾ ਸਕੀਆਂ । ਜੇ ਇਹ ਰਾਜ ਸੰਭਾਲ ਨਹੀਂ ਸਕੀਆਂ ਤਾਂ ਇਸ ਦੇ ਵਿਚ ਸਾਡਾ ਤਾ ਕੋਈ ਦੋਸ਼ ਨਹੀਂ । ਸੋਚ ਇਨ੍ਹਾਂ ਦੀ ਵੀ ਤੰਗ ਸੀ ਅਤੇ ਉਨ੍ਹਾਂ ਦੀ ਵੀ ਤੰਗ ਸੀ । ਇਨ੍ਹਾਂ ਦੋਨਾਂ ਪਾਰਟੀਆਂ ਦੀ ਹੀ ਸੋਚ ਤੰਗ ਸੀ ।

ਸਰਦਾਰ ਰਣਜੀਤ ਸਿੰਘ ਛੱਜਲਵੱਡੀ : ** ** **

ਸ੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

ਸ੍ਰੀ ਉਪਿੰਦਰ ਕੁਮਾਰ : ਸੋ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਪਾਰਟੀਆਂ ਨੂੰ ਆਪਣੇ ਸੌੜੇ ਸਿਆਸੀ ਹਿੱਤਾਂ ਦੀ ਖ਼ਾਤਰ ਸਿੱਖਾਂ ਨਾਲ ਵਿਤਕਰੇ ਵਾਲੀ ਗੱਲ ਨਹੀਂ ਕਰਨੀ ਚਾਹੀਦੀ ਇਨ੍ਹਾਂ ਨੇ ਸਿੱਖਾਂ ਨਾਲ ਵਿਤਕਰਾ ਹੋ ਰਿਹਾ ਹੈ, ਇਸ ਗੱਲ ਦਾ ਪ੍ਰਚਾਰ ਸ਼ੁਰੂ ਕਰ ਦਿੱਤਾ । ਨਤੀਜਾ ਕੀ ਹੋਇਆ ਕਿ ਉਹ ਜੋ ਲੋਕਤੰਤਰ ਵਿਚ ਵਿਸ਼ਵਾਸ਼ ਰਖਦੇ ਸਨ, ਉਹ ਵੀ ਇਨ੍ਹਾਂ ਨੂੰ ਛੱਡ ਕੇ ਹੌਲੀ ਹੌਲੀ ਖਾੜਕੂਆਂ ਦੇ ਹੱਥਾਂ ਵਿਚ ਖੇਡਣ ਲੱਗ ਪਏ ਇਨ੍ਹਾਂ ਦੇ ਹੱਥੋਂ ਲੋਕਾਂ ਦੀ ਵਾਗਡੋਰ ਨਿਕਲਦੀ ਗਈ । ਖਾੜਕੂ ਅੱਗੇ ਆਉਂਦੇ ਗਏ

** Expuged as ordered by the Chair.

ਅਤੇ ਇਹ ਲੋਕ ਪਿੱਛੇ ਜਾਂਦੇ ਰਹੇ । ਡਿਪਟੀ ਸਪੀਕਰ ਸਾਹਿਬ, ਮੈਂ ਆਪਣੇ ਪ੍ਰਧਾਨ ਮੰਤਰੀ ਸ੍ਰੀ ਨਰਸਿਮਾ ਰਾਓ ਜੀ ਦਾ ਬਹੁਤ ਸ਼ੁਕਰਗੁਜ਼ਾਰ ਹਾਂ ਜਿਨ੍ਹਾਂ ਨੇ ਪ੍ਰਧਾਨ ਮੰਤਰੀ ਦੀ ਕੁਰਸੀ ਸੰਭਾਲਣ ਤੋਂ ਫੌਰਨ ਬਾਅਦ ਸ੍ਰੀ ਰਾਜੀਵ ਗਾਂਧੀ ਜੀ ਦੇ ਨਿਰਦੇਸ਼ਨ ਨੂੰ ਸਾਹਮਣੇ ਰੱਖਦਿਆਂ ਹੋਇਆਂ, ਉਨ੍ਹਾਂ ਦੇ ਵਿਚਾਰਾਂ ਨੂੰ ਸਾਹਮਣੇ ਰੱਖਦਿਆਂ ਹੋਇਆਂ, ਪੰਜਾਬ ਦੇ ਅੰਦਰ ਚੋਣਾਂ ਕਰਵਾਉਣ ਦਾ ਐਲਾਨ ਕਰ ਦਿੱਤਾ । ਫਿਰ ਪੰਜਾਬ ਵਿਚ ਚੋਣਾਂ ਹੋਈਆਂ । ਇਹ ਸਾਡੇ ਇਨ੍ਹਾਂ ਅਪੋਜ਼ੀਸ਼ਨ ਦੇ ਦੋਸਤਾਂ ਦੀ ਵੀ ਖੁਸ਼ਕਿਸਮਤੀ ਹੈ ਜੋ ਇਨ੍ਹਾਂ ਚੋਣਾਂ ਦੀ ਬਦੌਲਤ ਅੱਜ ਸਾਡੇ ਸਾਹਮਣੇ ਇਸ ਹਾਊਸ ਵਿਚ ਬੈਠੇ ਹਨ । ਚੋਣਾਂ ਦੇ ਫਲਸਰੂਪ ਸਰਦਾਰ ਬੇਅੰਤ ਸਿੰਘ ਜੀ ਮੁੱਖ ਮੰਤਰੀ ਦੇ ਆਹੁਦੇ ਤੇ ਬਿਰਾਜਮਾਨ ਹੋਏ ਅਤੇ ਪੰਜਾਬ ਨੂੰ ਸ਼ਾਂਤੀ ਦੇ ਮਾਰਗ ਤੇ ਅੱਗੇ ਵਧਾਇਆ । ਏਥੇ ਅੱਜ ਜੋ ਯਾਦਗਾਰਾਂ ਬਨਾਉਣ ਦਾ ਰੇਜ਼ੋਲਿਊਸ਼ਨ ਲਿਆਂਦਾ ਹੈ ਇਹ ਅੱਜ ਵਧਾਈ ਦੇ ਪਾਤਰ ਹਨ ਕਿ ਉਨ੍ਹਾਂ ਸਾਥੀਆਂ ਨੇ ਜਿਨ੍ਹਾਂ ਨੇ ਆਜ਼ਾਦੀ ਤੋਂ ਬਾਅਦ ਇਕ ਨਵੀਂ ਆਜ਼ਾਦੀ ਦੀ ਲੜਾਈ ਲੜੀ । ਇਸ ਸੈਕੂਲਰ ਸਟੇਟ ਨੂੰ ਸਾਹਮਣੇ ਰੱਖ ਕੇ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ । ਮਗਰ ਪੰਜਾਬ ਦੇ ਲੋਕਾਂ ਨੂੰ ਸੱਭ ਤੋਂ ਵੱਧ ਜੋ ਇਸ ਵੇਲੇ ਖਤਰਾ ਹੈ ਉਹ ਉਨ੍ਹਾਂ ਦੀਆਂ ਭਾਈਵਾਲ ਪਾਰਟੀਆਂ ਤੋਂ ਹੈ ਜਿਹੜੀਆਂ ਕਿ ਇਕ ਵੱਖਰੀ ਕਿਸਮ ਦੀ ਮਿਲੀਟੈਂਸੀ ਸਾਰੇ ਹਿੰਦੁਸਤਾਨ ਦੇ ਵਿੱਚ ਫੈਲਾਉਣਾ ਚਾਹੁੰਦੀਆਂ ਹਨ । ਰਾਮ ਦੇ ਨਾਮ ਨੂੰ ਲੈ ਕੇ, ਸਾਰੇ ਮੁਲਕ ਵਿੱਚ ਸ਼ਾਂਤੀ ਭੰਗ ਕਰਨਾ ਚਾਹੁੰਦੀਆਂ ਹਨ । ਜੋ 6 ਦਸੰਬਰ, ਦਾ ਕਾਲਾ ਦਿਨ ਹਿੰਦੁਸਤਾਨ ਦੇ ਲੋਕਾਂ ਨੂੰ ਵਿਟਨੈਸ ਕਰਨਾ ਪਿਆ, ਜਿਸ ਦਿਨ ਦੀ ਬਦੌਲਤ ਹਿੰਦੁਸਤਾਨ ਦੇ ਲੋਕਾਂ ਦਾ ਸਿਰ ਝੁਕਿਆ, ਜੋ ਸੈਕੂਲੇਰਿਜ਼ਮ ਸਾਨੂੰ ਵਿਰਾਸਤ ਵਿੱਚ ਮਿਲੀ ਉਸ ਨੂੰ ਸੱਟ ਵਜੀ, ਪੀਜ਼ ਕੀਪਿੰਗ ਫੋਰਸਿਜ਼ ਨੂੰ ਸੱਟ ਵੱਜੀ । ਲੋਕਤੰਤਰ ਵਿੱਚ ਵਿਸ਼ਵਾਸ਼ ਰੱਖਣ ਵਾਲਿਆਂ ਨੂੰ ਸੱਟ ਵੱਜੀ । ਬੀ. ਜੇ. ਪੀ., ਆਰ. ਐਸ. ਐਸ. ਅਤੇ ਬਜਰੰਗ ਦਲ ਵਾਲਿਆਂ ਨੇ ਅਯੁਧਿਆ ਦੀ ਧਰਤੀ ਤੇ ਬਾਬਰੀ ਮਸਜਿਦ ਨੂੰ ਗਿਰਾਇਆ । ਦੁਨੀਆਂ ਦਾ ਕੋਈ ਵੀ ਧਰਮ ਅਜਿਹਾ ਨਹੀਂ ਹੈ ਜੋ ਸਿਖਾਉਂਦਾ ਹੋਵੇ ਕਿ ਤੁਸੀਂ ਆਪਣੀ ਗੱਲ ਕਰਨ ਵਾਸਤੇ ਕਿਸੇ ਦੂਸਰੇ ਦੇ ਧਰਮ ਤੇ ਹਮਲਾ ਕਰੋ । ਅਸੀਂ ਕੋਈ ਰਾਮ ਮੰਦਰ ਬਨਾਉਣ ਦੇ ਖਿਲਾਫ, ਨਹੀਂ । ਅਸੀਂ ਚਾਹੁੰਦੇ ਹਾਂ ਕਿ ਰਾਮ ਮੰਦਰ ਜ਼ਰੂਰ ਹੋਵੇ ਮਗਰ ਮਸਜਿਦ ਨੂੰ ਢਾਹੁਣ ਦੀ ਕੋਈ ਜ਼ਰੂਰਤ ਨਹੀਂ ਸੀ । ਅਸੀਂ ਤਾਂ ਆਪਣੀਆਂ ਪੁਰਾਣੀਆਂ ਚੀਜ਼ਾਂ ਨੂੰ ਮਾਨੂਮੈਂਟ ਦੇ ਤੌਰ ਤੇ ਸੰਭਾਲ ਕੇ ਰਖਦੇ ਹਾਂ ਮਗਰ ਉਨ੍ਹਾਂ ਨੇ ਜਿਥੇ ਕਿ ਅੱਜ ਮਿਲੀਟੈਂਸੀ ਹਾਵੀ ਹੋ ਗਈ ਹੈ ਇਨ੍ਹਾਂ ਫੋਰਸਿਜ਼ ਨੂੰ ਡਿਸਕਰੇਜ ਕਰਨ ਦੇ ਵਾਸਤੇ, ਹਿੰਦੁਸਤਾਨ ਨੂੰ ਕਾਇਮ ਰੱਖਣ ਦੇ ਵਾਸਤੇ, ਹਿੰਦੁਸਤਾਨ ਵਿੱਚ ਲੋਕਤੰਤਰ ਦੇ ਵਿਸ਼ਵਾਸ ਨੂੰ ਕਾਇਮ ਰੱਖਣ ਦੇ ਵਾਸਤੇ, ਸ਼ਾਂਤੀ ਨੂੰ ਕਾਇਮ ਰੱਖਣ ਵਾਸਤੇ ਅਤੇ ਭਾਰਤ ਵਰਸ਼ ਦੀ ਇਹ ਵਿਰਾਸਤ ਜਿਸ ਦੀ ਵਿਰਾਸਤ ਦੇ ਵਿੱਚ ਸ਼ਾਂਤੀ ਹੈ, ਟੋਲਰੈਂਸ ਹੈ, ਲੋਕਤੰਤਰ ਦੇ ਵਿੱਚ ਅਟੁੱਟ ਵਿਸ਼ਵਾਸ ਹੈ ਅਤੇ ਜੋ ਆਪਣੀ ਸ਼ਾਂਤੀ ਦਾ ਸੰਦੇਸ਼ ਸਾਰੀ ਦੁਨੀਆਂ ਨੂੰ ਦੇ ਰਿਹਾ ਹੈ ਇਹ ਜ਼ਰੂਰੀ ਹੈ ਕਿ ਦੇਸ਼ ਭਗਤ ਤਾਕਤਾਂ, ਸੈਕੂਲਰ ਤਾਕਤਾਂ ਅੱਜ ਸ੍ਰੀ ਪੀ. ਵੀ. ਨਿਰਸਿਮ੍ਹਾਂ ਰਾਓ ਜੀ ਦੀ ਪ੍ਰਧਾਨਗੀ ਹੇਠ ਇਕ ਪਲੇਟ ਫਾਰਮ ਤੇ

[ਸ੍ਰੀ ਉਪਿੰਦਰ ਕੁਮਾਰ]

ਇਕੱਠੀਆਂ ਹੋਣ ਤਾਂ ਜਾ ਕੇ ਉਸ ਮਿਲੀਟੈਂਸੀ ਦਾ ਮੁਕਾਬਲਾ ਕਰ ਸਕਦੇ ਹਾਂ । ਪੰਜਾਬ ਦੀ ਵਿਰਾਸਤ ਵਿੱਚ, ਪੰਜਾਬ ਦੀ ਧਰਤੀ ਵਿੱਚ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸਾਜੇ ਹੋਏ ਪੰਜ ਪਿਆਰੇ ਜੋ ਸਨ ਉਹ ਹਿੰਦੁਸਤਾਨ ਦੇ ਵੱਖ ਵੱਖ ਖਿੱਤਿਆਂ ਵਿੱਚੋਂ ਸਨ । ਇਸ ਦੇ ਨਾਲ ਸਾਨੂੰ ਤਾਂ ਕੁਦਰਤ ਨੇ ਵੀ ਪਰੀਚ ਕਰਨ ਦੀ ਕੋਸ਼ਿਸ਼ ਕੀਤੀ ਹੈ । ਸਾਨੂੰ ਕੁਦਰਤ ਨੇ ਅਲੱਗ ਅਲੱਗ ਕਿਸਮ ਦੇ ਮੌਸਮ ਦਿੱਤੇ ਹਨ । ਅਸੀਂ ਉਸ ਤੋਂ ਵੀ ਸਿੱਖ ਸਕਦੇ ਹਾਂ ਕਿ ਸਾਨੂੰ ਸਭ ਨੂੰ ਨਾਲ ਲੈ ਕੇ ਇਕ ਛੱਤਰੀ ਥੱਲੇ ਇਕ ਮੁੱਠ ਹੋਣਾ ਚਾਹੀਦਾ ਹੈ । ਕੁਦਰਤ ਨੇ ਸਾਨੂੰ ਪਰੀਚ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਬਾਗ ਦੇ ਫੁੱਲਾਂ ਦੀ ਤਰ੍ਹਾਂ, ਕੇਵਲ ਇਕ ਫੁੱਲ ਬਾਗ ਨਹੀਂ ਹੋਇਆ ਕਰਦਾ, ਜੇ ਸਾਰੇ ਫੁੱਲ ਇਕੱਠੇ ਲੱਗੇ ਹੋਏ ਹੋਣ ਤਾਂ ਬਾਗ ਖੂਬਸੂਰਤ ਕਹਿ ਸਕਦੇ ਹਾਂ । ਮੈਂ ਇਥੇ ਨੈਨੀਤਾਲ ਦਾ ਜ਼ਿਕਰ ਕਰਾਂਗਾ ਜੋ ਕਿ ਹੇਮਕੁੰਟ ਸਾਹਿਬ ਦੇ ਨੇੜੇ ਫਲਾਵਰ ਵੈਲੀ ਹੈ ਜਿਸ ਨੂੰ ਕਿ ਵਿਦੇਸ਼ਾਂ ਵਿੱਚੋਂ ਵੀ ਲੋਕ ਦੂਰ ਦੂਰ ਤੋਂ ਦੇਖਣ ਲਈ ਆਉਂਦੇ ਹਨ, ਉਸ ਫਲਾਵਰ ਵੈਲੀ ਦੇ ਵਿੱਚ ਵੱਖ ਵੱਖ ਤਰ੍ਹਾਂ ਦੇ ਫੁੱਲ ਲੱਗੇ ਦੇਖ ਕੇ ਹਰ ਇਕ ਆਦਮੀ ਦਾ ਮਨ ਖੁਸ਼ ਹੁੰਦਾ ਹੈ, ਆਤਮਾ ਸ਼ਾਂਤ ਹੁੰਦੀ ਹੈ ਪਰ ਉਹ ਲੋਕ ਜੋ ਆਪਣੇ ਆਪ ਨੂੰ ਇਥੇ ਦੇਸ਼ ਭਗਤ ਕਹਿਣਾ ਚਾਹੁੰਦੇ ਹਨ ...

Mr. Deputy Speaker : Upinder Ji, please.

ਸ੍ਰੀ ਸ਼ਿੰਗਾਰਾ ਰਾਮ ਸਹੁੰਗੜਾ : ** ** **

Mr. Deputy Speaker : This is no Point of Order. Upinderji, please try to be on the subject.

ਸ੍ਰੀ ਉਪਿੰਦਰ ਕੁਮਾਰ : ਹਿੰਦੁਸਤਾਨ ਨੂੰ ਤੋੜਨਾ ਚਾਹੁੰਦੇ ਹਨ ....

ਕਾਮਰੇਡ ਤਰਸੇਮ ਜੋਧਾਂ : ਡਿਪਟੀ ਸਪੀਕਰ ਸਾਹਿਬ, ਇਸ ਮਤੇ ਤੇ ਜੋ ਕਿ ਅਰਸ਼ੀ ਜੀ ਨੇ ਪੇਸ਼ ਕੀਤਾ ਹੈ ਉਸ ਮਤੇ ਤੇ ਬਹਿਸ ਕਰਨ ਵਾਸਤੇ ਹਾਊਸ ਦਾ ਟਾਇਮ ਐਕਸਟੈਂਡ ਕੀਤਾ ਜਾਵੇ ।

ਸ੍ਰੀ ਡਿਪਟੀ ਸਪੀਕਰ : ਅਜੇ ਤਾਂ ਬਹੁਤ ਟਾਈਮ ਪਿਆ ਹੈ । ਜਿਸ ਵੇਲੇ ਇਹ ਟਾਈਮ ਆਵੇਗਾ ਅਸੀਂ ਉਹ ਵੀ ਦੇਖ ਲਵਾਂਗੇ । Upinderji, please try to wind-up,

ਸ੍ਰੀ ਉਪਿੰਦਰ ਕੁਮਾਰ : ਸੰਸਾਰ ਤੇ ਕੋਈ ਵੀ ਐਸਾ ਧਰਮ ਨਹੀਂ ਜਿਹੜਾ ਕਿ ਬੰਦੇ ਨੂੰ ਬੰਦੇ ਨਾਲ ਲੜਾਉਣ ਦੀ ਗੱਲ ਕਰਦਾ ਹੋਵੇ । ਧਰਮ ਤਾਂ ਇਕ ਦੂਜੇ ਨਾਲ ਜੋੜਣ ਦੀ ਗੱਲ ਕਰਦਾ ਹੈ ਜਿਵੇ :

'ਮਾਨਸ ਕੀ ਜਾਤਿ ਸਭੈ ਏਕੈ ਹੀ ਪਹਿਚਾਨਬੋ' ।।

'ਇਕ ਪਿਤਾ ਏਕਸ ਕੇ ਹਮ ਬਾਰਿਕ' ।।

**Expunged as ordered by the Chair.

'ਮਜ਼ਹਬ ਨਹੀਂ ਸਿਖਾਤਾ ਆਪਸ ਮੇਂ ਬੈਰ ਰਖਣਾ,
ਹਿੰਦੀ ਹੈਂ ਹਮ ਵਤਨ ਹੈਂ ਹਿੰਦੁਸਤਾਨ ਹਮਾਰਾ ।'

ਮੈਂ ਉਨ੍ਹਾਂ ਸਾਰੇ ਦੋਸਤਾਂ ਨੂੰ ਕਹਿਣਾ ਚਾਹੁੰਦਾ ਹਾਂ ਜਿਹੜੇ ਕਿ ਸ਼ਾਇਦ ਅੱਜ (25-2-93) ਦਿੱਲੀ ਵਿਖੇ ਆਪਣੀ ਰੈਲੀ ਕਰਨ ਗਏ ਹਨ । . .

ਪੇਂਡੂ ਵਿਕਾਸ ਅਤੇ ਪੰਚਾਇਤਾਂ ਮੰਤਰੀ : ਦਿੱਲੀ ਕਿਥੇ ਗਏ ਹਨ, ਉਨ੍ਹਾਂ ਨੂੰ ਤਾਂ ਰਾਹ ਵਿਚ ਹੀ ਫੜ ਲਿਆ ਹੋਣਾ ਹੈ ।

ਸ਼੍ਰੀ ਉਪਿੰਦਰ ਕੁਮਾਰ : ਮੈਂ ਉਨ੍ਹਾਂ ਨੂੰ ਇਸ ਹਾਊਸ ਦੁਆਰਾ ਕਹਿਣਾ ਚਾਹੁੰਦਾ ਹਾਂ ਕਿ ਉਹ ਆਪਣੇ ਵਿਰਸੇ ਤੋਂ ਸਬਕ ਸਿੱਖਣ ਅਤੇ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਧਿਆਨ ਵਿੱਚ ਰੱਖਦੇ ਹੋਏ, ਹਿੰਦੁਸਤਾਨ ਵਿੱਚ ਵਸਦੇ ਹੋਏ 85 ਕਰੋੜ ਲੋਕਾਂ ਦੇ ਅਰਮਾਨਾਂ ਦਾ ਖਿਆਲ ਰੱਖਣ । ਉਹ ਇਸ ਗੱਲ ਦਾ ਵੀ ਖਿਆਲ ਕਰਨ ਕਿ ਦੁਨੀਆਂ ਦੇ ਲੋਕ ਮਾਰਗ ਦਰਸ਼ਨ ਵਾਸਤੇ, ਅਗਵਾਈ ਵਾਸਤੇ ਉਨ੍ਹਾਂ ਵੱਲ ਵੇਖਦੇ ਹਨ । ਦੇਸ਼ ਦੀ ਅਜ਼ਾਦੀ ਤੋਂ ਪਹਿਲਾਂ ਅਤੇ ਅਜ਼ਾਦੀ ਤੋਂ ਬਾਅਦ ਅਸੂਲਾਂ ਦੀ ਖਾਤਰ, ਸਹੀ ਸੋਚ ਦੀ ਖਾਤਰ ਕਿੰਨੀਆਂ ਮਹਾਨ ਸ਼ਖਸ਼ੀਅਤਾਂ ਨੇ ਕੁਰਬਾਨੀਆਂ ਕੀਤੀਆਂ । ਮਹਾਤਮਾ ਗਾਂਧੀ ਸ਼੍ਰੀਮਤੀ ਇੰਦਰਾ ਗਾਂਧੀ ਅਤੇ ਫਿਰ ਸ਼੍ਰੀ ਰਾਜੀਵ ਗਾਂਧੀ ਜੀ ਨੇ ਕੁਰਬਾਨੀ ਦਿੱਤੀ । ਪੰਜਾਬ ਅਤੇ ਕਸ਼ਮੀਰ ਵਿੱਚ ਕਿੰਨਿਆਂ ਦੇਸ਼ ਭਗਤਾਂ ਨੇ ਇਸ ਲੜਾਈ ਵਿੱਚ ਆਪਣੀ ਜਾਨ ਦੀ ਅਹੂਤੀ ਦਿੱਤੀ । ਅਜਿਹੇ ਦੇਸ਼ ਭਗਤਾਂ ਦੀ ਯਾਦਗਾਰ ਜ਼ਰੂਰ ਬਣਨੀ ਚਾਹੀਦੀ ਹੈ । ਸਾਡੀ ਪੰਜਾਬ ਸਰਕਾਰ ਤਾਂ ਪਹਿਲਾਂ ਹੀ ਫਰੀਡਮ ਫਾਈਟਰਾਂ ਦੀ ਢੁਕਵੀਂ ਯਾਦਗਾਰ ਬਣਾਉਣ ਦੇ ਉਪਰਾਲੇ ਕਰ ਰਹੀ ਹੈ । . . . .

Mr. Deputy Speaker : Sharma Ji, try to wind up.

ਸ਼੍ਰੀ ਉਪਿੰਦਰ ਕੁਮਾਰ : ਇਕ ਗੱਲ ਮੈਂ ਇਹ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਯਾਦਗਾਰ ਤਾਂ ਜ਼ਰੂਰ ਬਣਨੀ ਚਾਹੀਦੀ ਹੈ । ਪ੍ਰੰਤੂ ਇਸ ਵੇਲੇ ਜੋ ਸਾਡੀ ਇਕਨੋਮਿਕ ਪੁਜੀਸ਼ਨ ਹੈ ਉਸ ਨੂੰ ਮੱਦੇਨਜ਼ਰ ਰੱਖਦੇ ਹੋਏ, ਅਜਿਹੀਆਂ ਯਾਦਗਾਰਾਂ ਬਣਾਉਣ ਲਈ ਵਾਲੰਟੀਅਰ ਏਜੰਸੀਆਂ ਨੂੰ ਅੱਗੇ ਆਉਣਾ ਚਾਹੀਦਾ ਹੈ । ਸਾਡੇ ਐਮ. ਐਲ. ਏ. ਸਾਹਿਬਾਨ ਨੂੰ ਆਪੋ ਆਪਣਿਆਂ ਖਿੱਤਿਆਂ ਵਿੱਚ ਜਾ ਕੇ ਉਨ੍ਹਾਂ ਏਜੰਸੀਆਂ ਨੂੰ ਪਰੇਰਨਾ ਚਾਹੀਦਾ ਹੈ ਤਾਂ ਕਿ ਅਸੀਂ ਦੇਸ਼ ਭਗਤੀ ਦੇ ਦੀਵੇ, ਜਿਸ ਦੀਵੇ ਨੇ ਸਾਡੇ ਦੇਸ਼ ਦੀ ਏਕਤਾ ਅਤੇ ਅਖੰਡਤਾ ਦੀ ਜੋਤ ਨੂੰ ਜਗਦਾ ਰੱਖਿਆ ਹੈ, ਉਸ ਦੀਵੇ ਨੂੰ ਜਗਦਾ ਰੱਖ ਸਕੀਏ । . . . .

ਸਰਦਾਰ ਨਿਰਮਲ ਸਿੰਘ ਨਿੰਮਾ (ਭਦੌੜ, ਐਸ. ਸੀ.) : ਮਾਨਯੋਗ ਡਿਪਟੀ ਸਪੀਕਰ ਸਾਹਿਬ, ਆਪ ਜੀ ਨੇ ਇਸ ਮਹਾਨ ਸਦਨ ਵਿੱਚ ਮੈਨੂੰ ਕਾਮਰੇਡ ਹਰਦੇਵ ਸਿੰਘ ਅਰਸ਼ੀ ਵਲੋਂ ਪੇਸ਼ ਕੀਤੇ ਗਏ ਦੇਸ਼ ਭਗਤਾਂ ਦੀ ਯਾਦਗਾਰ ਬਣਾਉਣ ਬਾਰੇ ਮਤੇ ਉਤੇ ਬੋਲਣ ਲਈ ਸਮਾਂ ਦਿੱਤਾ ਹੈ । ਇਹ ਇਕ ਅਹਿਮ ਮਤਾ ਹੈ । ਇਸ ਮਤੇ ਉਤੇ ਬੋਲਦੇ ਹੋਏ

[ਸਰਦਾਰ ਨਿਰਮਲ ਸਿੰਘ ਨਿੰਮਾ.]

ਮੈਂ ਇਧਰਲੀਆਂ ਉਧਰਲੀਆਂ ਗੱਲਾਂ ਮਾਰਕੇ ਵਕਤ ਜ਼ਾਇਆ ਨਹੀਂ ਕਰਨਾ ਚਾਹੁੰਦਾ। ਸ਼ਹੀਦਾਂ ਦੀ ਯਾਦ ਕਾਇਮ ਰੱਖਣ ਲਈ ਜਿਨ੍ਹਾਂ ਦੇਸ਼ ਭਗਤਾਂ ਨੇ ਦੇਸ਼ ਦੀ ਅਜ਼ਾਦੀ ਦੀ ਲੜਾਈ ਵਿੱਚ ਆਪਣਾ ਯੋਗ ਹਿੱਸਾ ਪਾਇਆ ਜਿਵੇਂ ਸ਼ਹੀਦੇ-ਆਜ਼ਮ ਸਰਦਾਰ ਭਗਤ ਸਿੰਘ, ਰਾਜਗੁਰੂ, ਸੁਖਦੇਵ, ਮਦਨ ਲਾਲ ਢੀਂਗਰਾ ਅਤੇ ਹੋਰ ਮਹਾਨ ਯੋਧੇ ਜਿਨ੍ਹਾਂ ਨੇ ਦੇਸ਼ ਦੀ ਅਜ਼ਾਦੀ ਦੀ ਲੜਾਈ ਲੜੀ, ਉਨ੍ਹਾਂ ਦੀ ਜਿਸ ਤਰ੍ਹਾਂ ਦੀ ਢੁਕਵੀਂ ਯਾਦਗਾਰ ਬਣਨੀ ਚਾਹੀਦੀ ਸੀ ਤੇ ਅਜ਼ਾਦੀ ਤੋਂ ਬਾਅਦ ਜਿਸ ਤਰ੍ਹਾਂ ਦਾ ਸਾਰੇ ਦੇਸ਼ ਦੇ ਲੋਕਾਂ ਨੂੰ ਅਜ਼ਾਦੀ ਮਾਣਨ ਦਾ ਮੌਕਾ ਮਿਲਣਾ ਚਾਹੀਦਾ ਸੀ, ਚਾਹੇ ਉਹ ਕਿਸੇ ਵੀ ਧਰਮ ਨਾਲ ਸਬੰਧ ਰੱਖਦਾ ਹੋਵੇ, ਕਿਸੇ ਵੀ ਜਾਤ ਨਾਲ ਸਬੰਧਤ ਹੋਵੇ, ਉਨ੍ਹਾਂ ਨੂੰ ਬਕਾਇਦਾ ਉਸ ਤਰ੍ਹਾਂ ਦੀ ਅਜ਼ਾਦੀ ਮਾਣਨ ਦਾ ਮੌਕਾ ਨਹੀਂ ਦਿੱਤਾ ਗਿਆ। ਉਨ੍ਹਾਂ ਸ਼ਹੀਦਾਂ ਦੀ ਸ਼ਹੀਦੀ ਨੂੰ ਅਸਲੀ ਰੰਗਤ ਨਹੀਂ ਦਿੱਤੀ ਗਈ ਤਾਂ ਹੀ ਅੱਜ ਦੇਸ਼ ਦੇ ਹਾਲਾਤ ਇੰਨੇ ਵਿਗੜੇ ਹੋਏ ਹਨ। ਥਾਂ ਥਾਂ ਤੇ ਫਿਰਕੂ ਜੰਗ ਛੇੜੀ ਜਾ ਰਹੀ ਹੈ। ਕਿਸੇ ਥਾਂ ਤੇ ਧਰਮ ਦੇ ਨਾਂ ਤੇ, ਕਿਤੇ ਜਾਤ ਦੇ ਨਾਂ ਤੇ ਅਤੇ ਕਿਤੇ ਇਲਾਕੇ ਦੇ ਨਾਂ ਤੇ ਜੰਗ ਛੇੜੀ ਜਾ ਰਹੀ ਹੈ। ਖਿੱਚੋਤਾਣ ਅਤੇ ਮਾਰ-ਕੁਟਾਈ ਦੀ ਲੜਾਈ ਲੜੀ ਜਾ ਰਹੀ ਹੈ। ਖੂਨ-ਖਰਾਬਾ ਹੋ ਰਿਹਾ ਹੈ। ਇਸ ਤਰ੍ਹਾਂ ਅਸੀਂ ਅਜ਼ਾਦੀ ਨੂੰ ਅਸਲੀ ਦੀ ਰੰਗਤ ਨਹੀਂ ਦੇ ਸਕੇ। ਇਸੇ ਕਰਕੇ ਹੀ ਹੀ ਸਾਰੇ ਦੇਸ਼ ਦਾ ਜਿਹੜਾ ਸਿਸਟਮ ਹੈ ਉਹ ਖਰਾਬ ਹੋਇਆ ਪਿਆ ਹੈ। ਪੰਜਾਬ ਦੇ ਅੰਦਰ ਹਜ਼ਾਰਾਂ ਲੱਖਾਂ ਉਨ੍ਹਾਂ ਮਾਸੂਮ ਬੱਚਿਆਂ ਦੇ, ਨੌਜਵਾਨਾਂ ਦੇ, ਇਸਤਰੀਆਂ ਦੇ, ਬਜ਼ੁਰਗਾਂ ਦੇ ਅਤੇ ਹੋਰ ਸਿਆਸਤਦਾਨਾਂ ਦੇ ਪੱਤਰਕਾਰਾਂ ਦੇ ਜਿਹੜੇ ਇਸ ਖੂਨ-ਖਰਾਬੇ ਦੇ ਅੰਦਰ ਕਤਲ ਕੀਤੇ ਗਏ ਹਨ, ਹੋ ਸਕਦਾ ਹੈ ਕਿ ਜਿਵੇਂ ਸਾਡੇ ਮਾਨਯੋਗ ਮੈਂਬਰ ਉਪਿੰਦਰ ਸ਼ਰਮਾ ਨੇ ਦੱਸਿਆ ਕਿ ਸਰਕਾਰ ਦਾ ਇਕਨੌਮਿਕ ਪੱਖ ਜੋ ਹੈ ਉਸ ਅਨੁਸਾਰ ਸਰਕਾਰ ਇਨ੍ਹਾਂ ਸ਼ਹੀਦਾਂ ਦੀ ਯਾਦ ਨੂੰ ਤਾਜ਼ਾ ਕਰਨ ਲਈ ਪੈਸਾ ਨਾ ਲਗਾ ਸਕੇ ਤਾਂ ਉਹ ਲੋਕ ਜਿਹੜੇ ਸਮਾਜ ਸੁਧਾਰਕ ਹਨ ਜੋ ਕਿਸੇ ਤਰੀਕੇ ਨਾਲ ਸੋਰਸਿਜ਼ ਬਣਾ ਕੇ ਇਨ੍ਹਾਂ ਸ਼ਹੀਦਾਂ ਦੀਆਂ ਚਾਹੇ ਉਹ ਕਿਸੇ ਪ੍ਰਵਾਰ ਦੇ ਬੱਚੇ ਹੋਣ, ਕਿਸੇ ਦੀ ਭੈਣ ਹੋਵੇ, ਕਿਸੇ ਦਾ ਬਜ਼ੁਰਗ ਕਤਲ ਹੋਇਆ ਹੋਵੇ, ਉਨ੍ਹਾਂ ਦੀਆਂ ਯਾਦਗਾਰਾਂ ਬਣਾਉਣ ਤਾਂ ਕਿ ਉਨ੍ਹਾਂ ਦੀ ਯਾਦ ਤਾਜ਼ਾ ਕੀਤੀ ਜਾ ਸਕੇ ਕਿਉਂਕਿ ਇਸ ਦੇਸ਼ ਦੇ ਅੰਦਰ ਸ਼ਾਂਤੀ ਅਤੇ ਆਪਸੀ ਭਾਈਚਾਰਾ ਕਾਇਮ ਰੱਖਣ ਲਈ ਉਨ੍ਹਾਂ ਨੇ ਸ਼ਹਾਦਤ ਪਾਈ ਹੈ। ਸਾਡੀ ਸਰਕਾਰ ਉਸ ਮਹਾਨ ਪੰਜਾਬ ਦੇ ਜਰਨੈਲ, ਜਿਨ੍ਹਾਂ ਦਾ ਪਿੰਡ ਬਰਨਾਲਾ ਸਬ-ਡਵੀਜ਼ਨ ਵਿਚ ਪੈਂਦਾ ਹੈ ਜਿਸ ਦਾ ਨਾਮ ਕੈਪਟਨ ਕਰਮ ਸਿੰਘ ਮਲ੍ਹੀਆਂ ਹੈ ਜਿਸ ਨੂੰ ਭਾਰਤ ਸਰਕਾਰ ਵਲੋਂ ਪਰਮਵੀਰ ਚੱਕਰ ਦਿਤਾ ਗਿਆ ਹੈ। ਉਨ੍ਹਾਂ ਨੇ ਇਸ ਦੇਸ਼ ਦੇ ਅੰਦਰ ਭਾਰਤ ਨੂੰ ਕਾਇਮ ਰੱਖਣ ਲਈ ਜਦੋਂ ਪਾਕਿਸਤਾਨ ਦੀ ਜੰਗ ਚਲ ਰਹੀ ਸੀ ਤਾਂ ਜੰਮੂ-ਕਸ਼ਮੀਰ ਵਿਚ, ਜਿਸ ਦੇ ਲਈ ਇਹ ਲੜਾਈ ਲੜੀ ਜਾ ਰਹੀ ਸੀ, ਉਸ ਨੂੰ ਬਚਾਉਣ ਲਈ ਉਸ ਮਹਾਨ ਯੋਧੇ ਨੇ ਇਕ ਹਫਤਾ ਇਕੱਲੇ ਲੜਾਈ ਲੜੀ ਔਰ ਉਸ ਸੂਰਬੀਰ ਨੇ ਇਕ ਹਫਤਾ ਇਕਲੇ ਜੰਗ ਲੜਕੇ ਜੰਮੂ-ਕਸ਼ਮੀਰ ਦਾ ਜਿਹੜਾ ਇਲਾਕਾ ਸੀ ਉਹ ਬਚਾ ਕੇ ਰੱਖਿਆ ਜਦ ਕਿ ਪਾਕਿਸਤਾਨ ਦੇ ਜਰਨੈਲ ਇਹ ਦਾਅਵਾ ਕਰਦੇ ਸਨ ਕਿ ਉਨ੍ਹਾਂ ਅਗਲੇ ਦਿਨ 4.00 ਵਜੇ ਤਕ ਪੁੰਛ ਦਾ ਇਲਾਕਾ ਜਿੱਤ ਲੈਣਾ ਹੈ ਅਤੇ ਪਾਕਿਸਤਾਨ ਦੇ ਹਵਾਲੇ ਕਰ ਦਿਤਾ ਜਾਵੇਗਾ, ਜਿਸ ਦੀ

ਖੁਸ਼ੀ ਅੰਦਰ ਪਾਕਿਸਤਾਨ ਦੇ ਅੰਦਰ ਖੁਸ਼ੀ ਦੇ ਜਸ਼ਨ ਮਨਾਏ ਜਾਣੇ ਸਨ, ਲੇਕਿਨ ਉਸ ਮਹਾਨ ਯੋਧੇ ਨੇ ਜਿਸ ਨੇ ਇਸ ਜੰਮੂ-ਕਸ਼ਮੀਰ ਨੂੰ ਬਚਾਉਣ ਲਈ, ਜਦ ਕਿ ਕੁਝ ਸਾਲ ਇਸ ਦੇਸ਼ ਨੂੰ ਪਾੜ-ਪਾੜ ਕੇ ਲੀਰੋ ਲੀਰ ਕੀਤਾ ਜਾਂਦਾ ਰਿਹਾ ਹੈ, ਉਸ ਯੋਧੇ ਨੇ ਜੰ. ਲੜੀ ਅਤੇ ਇਕੱਲੇ ਇਕ ਹਫਤਾ ਜੰਗ ਲੜ ਕੇ ਜੰਮੂ-ਕਸ਼ਮੀਰ ਦੇ ਉਸ ਇਲਾਕੇ ਨੂੰ ਬਚਾਇਆ, ਉਸ ਸੂਰਬੀਰ ਨੂੰ ਪਰਮ-ਵੀਰ ਚੱਕਰ ਦਿਤਾ ਗਿਆ ਹੈ। ਜਦੋਂ 26 ਜਨਵਰੀ, 1993 ਨੂੰ ਦਿੱਲੀ ਦੇ ਇੰਡੀਆ-ਗੇਟ ਤੇ ਪੰਜ ਜੀਪਾਂ ਵਿਚ ਜਿਹੜੇ ਜਿਉਂਦਾ ਪਰਮ-ਵੀਰ ਚਕਰ ਜੇਤੂ ਸਨ, ਜਿਨ੍ਹਾਂ ਵਿਚ ਕੈਪਟਨ ਕਰਮ ਸਿੰਘ ਮਲ੍ਹੀਆਂ ਦੀ ਜੀਪ ਵੀ ਹੋਣੀ ਸੀ, ਮੈਨੂੰ ਉਨ੍ਹਾਂ ਦੀ ਜੀਪ ਉਥੇ ਨਾ ਦੇਖ ਕੇ ਬਹੁਤ ਦੁੱਖ ਹੋਇਆ ਕਿਉਂਕਿ ਪਰਮਾਤਮਾ ਨੂੰ ਇਹ ਗੱਲ ਮਨਜ਼ੂਰ ਨਹੀਂ ਸੀ। ਉਸ ਦੀ ਯਾਦ ਵਿਚ ਜਿਵੇਂ ਕਿ ਸਾਡੇ ਇਲਾਕੇ ਦੀ ਮੰਗ ਹੈ, ਸਰਦਾਰ ਉਮਰਾਓ ਸਿੰਘ ਜੀ ਜੋ ਮੰਤਰੀ ਹਨ ਪਾਰਲੀਮਾਨੀ ਮਾਮਲਿਆਂ ਦੇ ਅਤੇ ਪੰਚਾਇਤਾਂ ਦੇ, ਇਹ ਉਨ੍ਹਾਂ ਦੇ ਸੰਸਕਾਰ ਤੇ ਵੀ ਪੁੱਜੇ, ਬੜੇ ਦੁੱਖ ਦੀ ਗੱਲ ਹੈ ਕਿ ਸਾਡੀ ਸਰਕਾਰ ਵਿਚੋਂ, ਜਿੱਥੇ ਆਲੇ ਦੁਆਲੇ ਦੇ ਇਲਾਕੇ ਦੇ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਸ਼ਾਮਿਲ ਸਨ ਪਿੰਡਾਂ ਦੀਆਂ ਪੰਚਾਇਤਾਂ ਜੁੜੀਆਂ ਬੈਠੀਆਂ ਸਨ ਅਤੇ ਇਸ ਆਸ ਵਿਚ ਲੱਗੀਆਂ ਹੋਈਆਂ ਸਨ ਕਿ ਸਰਦਾਰ ਬੇਅੰਤ ਸਿੰਘ ਜੀ, ਮੁੱਖ ਮੰਤਰੀ, ਪੰਜਾਬ, ਇਥੇ ਪੁਜਣ ਵਾਲੇ ਹਨ। ਹਜ਼ਾਰਾਂ ਦੀ ਗਿਣਤੀ ਵਿਚ ਲੋਕ ਅਤੇ ਪੰਚਾਇਤਾਂ ਉਥੇ ਇਹ ਮੰਗ ਰੱਖਣਗੀਆਂ ਕਿ ਕੈਪਟਨ ਕਰਮ ਸਿੰਘ ਮੱਲ੍ਹੀਆਂ ਦੀ ਯਾਦ ਵਿਚ ਉਨ੍ਹਾਂ ਦੇ ਨਾਮ ਤੇ ਇਕ ਸਾਇੰਸ ਕਾਲਜ ਉਸਾਰਿਆ ਜਾਵੇ ਬੇਸ਼ਕ 30 ਕਿਲੇ ਜ਼ਮੀਨ ਵੀ ਸਾਡੇ ਪਾਸੋਂ ਲੈ ਲਈ ਜਾਵੇ। ਇਲਾਕੇ ਦੇ ਦੋ ਸੰਤ ਜੋ ਸਾਡੇ ਇਲਾਕੇ ਵਿਚ ਮਹਾਨ ਸਖਸ਼ੀਅਤਾਂ ਹਨ ਅਤੇ ਜਿਨ੍ਹਾਂ ਨੇ ਇਲਾਕੇ ਦੀ ਤਰੱਕੀ ਲਈ ਅਤੇ ਹਸਪਤਾਲਾਂ ਆਦਿ ਲਈ ਕਾਫੀ ਯੋਗਦਾਨ ਪਾਇਆ ਹੈ, ਉਹ ਵੀ ਉਥੇ ਮੌਜੂਦ ਸਨ ਪਰ ਬੜੇ ਦੁੱਖ ਦੀ ਗੱਲ ਹੈ ਕਿ ਅੱਜ ਅਸੀਂ ਟਾਹਰਾਂ ਮਾਰ ਰਹੇ ਹਾਂ ਕਿ ਸ਼ਹੀਦਾਂ ਦੀ ਯਾਦ ਨੂੰ ਤਾਜ਼ਾ ਕਰਨ ਲਈ ਯਾਦਗਾਰਾਂ ਬਣਾਈਆਂ ਜਾਣ। ਮੈਨੂੰ ਵਿਸ਼ਵਾਸ ਹੈ ਕਿ ਇਹ ਜੋ ਸਟੇਜਾਂ ਤੇ ਖੜੇ ਹੋ ਕੇ ਫੋਕੇ ਵਾਅਦੇ ਕਰਦੇ ਹਨ ਅਤੇ ਵੱਡੀਆਂ ਵੱਡੀਆਂ ਸਪੀਚਾਂ ਕਰਦੇ ਹਨ ਪਰ ਇਹ ਉਸ ਮਹਾਨ ਸੂਰਬੀਰ ਯੋਧੇ, ਜਿਸ ਨੇ ਇਸ ਦੇਸ਼ ਨੂੰ ਲੀਰੋ-ਲੀਰ ਕਰਨ ਤੋਂ ਬਚਾਇਆ ਅਤੇ ਜੰਮੂ-ਕਸ਼ਮੀਰ ਵਿਚ ਇਕ ਹਫ਼ਤਾ ਇਕੱਲਾ ਲੜਾਈ ਲੜਦਾ ਰਿਹਾ, ਉਸਦੇ ਭੋਗ ਤੇ ਵੀ ਨਾ ਪੁੱਜ ਸਕੇ। ਮੈਂ ਚਾਹੁੰਦਾ ਹਾਂ ਕਿ ਸਾਡੇ ਪਰਮਵੀਰ ਚੱਕਰ ਵਿਜੇਤਾ ਕੈਪਟਨ ਕਰਮ ਸਿੰਘ ਜੀ ਮਲ੍ਹੀਆਂ ਦੀ ਯਾਦ ਵਿਚ ਸਿਰਫ ਪੰਜਾਬ ਵਿਚ ਹੀ ਨਹੀਂ ਸਗੋਂ ਸਾਰੇ ਭਾਰਤ ਅੰਦਰ ਬੁੱਤ ਲਗਾਉਣੇ ਚਾਹੀਦੇ ਹਨ ਤਾਂ ਕਿ ਉਨ੍ਹਾਂ ਨੂੰ ਯਾਦ ਕੀਤਾ ਜਾਵੇ। ਉਨ੍ਹਾਂ ਦੇ ਨਾਂ ਤੇ ਕਾਲਜ ਅਤੇ ਸਕੂਲ ਕਾਇਮ ਕੀਤੇ ਜਾਣ।

ਸਰਦਾਰ ਅਵਤਾਰ ਸਿੰਘ ਬਰਾੜ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਮੈਂਬਰ ਸਾਹਿਬ ਹੋਲੀ ਬੋਲਣ। ਮੈਂਬਰ ਸਾਹਿਬਾਨ ਤਾਂ ਉਠ ਕੇ ਜਾਣ ਨੂੰ ਤਿਆਰ ਹਨ। ਇਥੇ ਸੂਝਵਾਨ ਲੋਕਾਂ ਦੇ ਨੁਮਾਇੰਦੇ ਬੈਠੇ ਹਨ। ਮੈਂਬਰ ਸਾਹਿਬ ਨੂੰ ਚਾਹੀਦਾ ਹੈ ਕਿ ਉਹ ਹੋਲੀ ਬੋਲਣ।

ਸਰਦਾਰ ਨਿਰਮਲ ਸਿੰਘ ਨਿੰਮਾਂ : ਸਪੀਕਰ ਸਾਹਿਬ, ਜਦੋਂ ਇਨ੍ਹਾਂ ਦਾ ਆਪਣਾ ਮਤਲਬ ਹੁੰਦਾ ਹੈ ਤਾਂ ਇਹ ਉਚਾ ਬੋਲਦੇ ਹਨ । ਅੱਜ ਜਦੋਂ ਮੈਨੂੰ ਸਦਨ ਵਿਚ ਬੋਲਣ ਦਾ ਮੌਕਾ ਮਿਲਿਆ ਹੈ ਤਾਂ ਹੋ ਸਕਦਾ ਹੈ ਕਿ ਇਨ੍ਹਾਂ ਦੇ ਕੰਨਾਂ ਦੇ ਪਰਦੇ ਕੱਚੇ ਹੋ ਗਏ ਹੋਣ ਅਤੇ ਮੇਰੀ ਆਵਾਜ਼ ਝੱਲ ਨਾ ਸਕਣ ।

ਸ੍ਰੀ ਡਿਪਟੀ ਸਪੀਕਰ : ਨਿੰਮਾ ਜੀ, ਮਾਈਕ ਥੋੜ੍ਹਾ ਜਿਹਾ ਪਿੱਛੇ ਕਰ ਲਓ ।

ਸਰਦਾਰ ਨਿਰਮਲ ਸਿੰਘ ਨਿੰਮਾਂ : ਡਿਪਟੀ ਸਪੀਕਰ ਸਾਹਿਬ, ਮੈਂ ਗੱਲ ਸ਼ੁਰੂ ਕਰਦਾ ਹਾਂ ਭਾਰਤ ਦੇ ਸੰਵਿਧਾਨ ਦੇ ਨਿਰਮਾਤਾ ਦੀ । ਉਨ੍ਹਾਂ ਨੇ ਦੇਸ਼ ਦੀ ਅਖੰਡਤਾ ਨੂੰ ਬਚਾਉਣ ਲਈ ਸਾਡੇ ਭਾਰਤ ਦੇ ਸੰਵਿਧਾਨ ਨੂੰ ਲਿਖ ਕੇ ਕੀ ਕਿਹਾ ? ਇਸ ਦੇਸ਼ ਵਿਚ ਭਾਈਚਾਰਾ ਕਾਇਮ ਰਖਣ ਲਈ ਧਰਾਵਾਂ ਰਾਹੀਂ ਕੀ ਕਿਹਾ ? ਉਨ੍ਹਾਂ ਨੇ ਦਸਿਆ ਕਿ ਇਸ ਧਾਰਾ ਵਿਚ ਰਹਿ ਕੇ, ਧਰਮ-ਨਿਰਪੱਖ ਹੋ ਕੇ, ਜ਼ਾਤ-ਪਾਤ ਤੋਂ ਉਪਰ ਉਠ ਕੇ ਆਪਣੇ ਹੱਕਾਂ ਵਾਸਤੇ ਇਕ ਜੁੱਟ ਹੋਣਾ ਹੈ । ਇਸ ਕਰਕੇ ਅੱਜ ਉਸ ਮਹਾਨ ਨਿਰਮਾਤਾ ਦਾ ਪੋਰਟਰੇਟ, ਉਨ੍ਹਾਂ ਦਾ ਬੁੱਤ ਪਾਰਲੀਮੈਂਟ ਵਿਚ ਲੱਗਿਆ ਹੋਇਆ ਹੈ । ਕੀ ਸਾਡੀ ਪੰਜਾਬ ਦੀ ਸਰਕਾਰ ਨੇ ਵੀ ਉਸ ਭਾਰਤ ਦੇ ਸੰਵਿਧਾਨ ਦੇ ਨਿਰਮਾਤਾ ਬਾਰੇ ਕੁਝ ਸੋਚਿਆ ਹੈ ? ਬਿਲਕੁਲ ਨਹੀਂ ਅੱਜ ਸਾਨੂੰ ਇਸ ਮਤੇ ਦੇ ਨਾਲ ਨਾਲ ਉਸ ਮਹਾਨ ਨਿਰਮਾਤਾ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ ਅਤੇ ਥਾਂ ਥਾਂ ਤੇ ਅਤੇ ਇਸ ਅਸੰਬਲੀ ਅੰਦਰ ਬੁੱਤ ਲਗਾਉਣੇ ਚਾਹੀਦੇ ਹਨ ।

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਡਿਪਟੀ ਸਪੀਕਰ ਸਾਹਿਬ, ਜਦੋਂ ਨਿੰਮਾਂ ਸਾਹਿਬ ਬੋਲਦੇ ਹਨ ਤਾਂ ਕੰਟਰੋਲ ਰੂਮ ਤੋਂ ਸਾਊਂਡ ਘੱਟ ਕਰਵਾ ਦਿਆ ਕਰੋ ।

Mr. Deputy Speaker: Nimma ji, carry on.

ਸਰਦਾਰ ਨਿਰਮਲ ਸਿੰਘ ਨਿੰਮਾਂ : ਡਿਪਟੀ ਸਪੀਕਰ ਸਾਹਿਬ, ਮੈਂ ਹੁਣ ਇਕ ਹੋਰ ਮਹਾਨ ਯੋਧੇ ਦੀ ਗੱਲ ਕਰਨ ਲੱਗਾ ਹਾਂ ਉਹ ਹਨ ਮਾਸਟਰ ਮਲਕੀਅਤ ਸਿੰਘ ਜੀ ਗੜ੍ਹਸ਼ੰਕਰ ਤਹਿਸੀਲ ਦੇ ਰੁੜਕੀ ਖਾਸ ਪਿੰਡ ਦੇ । ਉਨ੍ਹਾਂ ਨੂੰ ਰਾਸ਼ਟਰਪਤੀ ਨੇ "ਉਦਮ ਜੀਵਨ ਰਕਸ਼ਕ" ਐਵਾਰਡ ਨਾਲ ਸਨਮਾਨਿਆ । ਉਸ ਸਮੇਂ ਦੇ ਮਾਨਯੋਗ ਖਜ਼ਾਨਾ ਮੰਤਰੀ ਜੀ, ਸਰਦਾਰ ਬਲਵੰਤ ਸਿੰਘ ਜੀ ਨੇ ਗਵਰਨਰ ਸਾਹਿਬ, ਸ੍ਰੀ ਐਸ. ਐਸ. ਰੇਅ ਨਾਲ ਡਿਸਕਸ਼ਨ ਕਰਕੇ ਐਲਾਨ ਕੀਤਾ ਕਿ ਉਨ੍ਹਾਂ ਦੇ ਪਰਿਵਾਰ ਨੂੰ ਪੈਨਸ਼ਨ ਦਿੱਤੀ ਜਾਵੇਗੀ । ਮੈਂ ਦੱਸਦਾ ਹਾਂ ਕਿ ਜਦੋਂ ਇਕ ਸਕੂਲ ਦੇ 42 ਬੱਚੇ ਪੜ੍ਹ ਰਹੇ ਸਨ ਤਾਂ ਅਚਾਨਕ ਸਕੂਲ ਦੀ ਛੱਤ ਇਕ ਪਾਸਿਉਂ ਨੀਚੇ ਡਿਗਣ ਲੱਗੀ ਤਾਂ ਉਸ ਸਮੇਂ ਉਨ੍ਹਾਂ ਨੇ 9 ਬੱਚਿਆਂ ਦੀ ਜਾਨ ਬਚਾਈ ਪਰ ਦੋ ਬੱਚੇ ਅਜੇ ਉਨ੍ਹਾਂ ਦੀ ਬੁੱਕਲ ਵਿਚ ਹੀ ਸਨ ਕਿ ਛੱਤ ਉਨ੍ਹਾਂ ਤੇ ਆ ਡਿੱਗੀ । ਜਦੋਂ ਮਲਬੇ ਹੇਠੋਂ ਉਨ੍ਹਾਂ ਨੂੰ ਕੱਢਿਆ ਗਿਆ ਤਾਂ ਉਹ ਸ਼ਹਾਦਤ ਦਾ ਜਾਮ ਪੀ ਚੁੱਕੇ ਸਨ ਪਰ ਉਹ ਦੋ ਬੱਚੇ ਬਚ ਗਏ । ਉਨ੍ਹਾਂ ਦੀ ਯਾਦ ਵਿਚ ਉਸ ਸਮੇਂ ਦੇ ਸਾਡੇ ਮੁੱਖ ਮੰਤਰੀ, ਸਰਦਾਰ ਸੁਰਜੀਤ ਸਿੰਘ ਬਰਨਾਲਾ ਨੇ ਕਿਹਾ ਸੀ ਕਿ ਪ੍ਰਾਇਮਰੀ ਹੈਲਥ ਸੈਂਟਰ ਅਤੇ ਇਕ ਪ੍ਰਾਇਮਰੀ ਹਸਪਤਾਲ ਬਣਾਇਆ ਜਾਵੇਗਾ ਪਰ ਉਹ ਅਜੇ ਤਕ ਬਣਾਏ ਨਹੀਂ ਗਏ । ਇਹੋ ਜਿਹੇ ਮਹਾਨ ਯੋਧਿਆਂ ਦੀਆਂ ਯਾਦਾਂ ਜੋ ਅਸੀਂ

ਕਾਇਮ ਨਹੀਂ ਕਰ ਸਕੇ ਉਹ ਯਾਦਾਂ ਸਾਨੂੰ ਕਾਇਮ ਕਰਨੀਆਂ ਚਾਹੀਦੀਆਂ ਹਨ । ਮੈਂ ਆਪਣੀ ਪਾਰਟੀ ਵਲੋਂ ਅਤੇ ਆਪਣੇ ਵਲੋਂ ਇਸ ਮਤੇ ਦੀ ਪੂਰਨ ਪ੍ਰੋੜਤਾ ਕਰਦਾ ਹਾਂ । (ਥੰਪਿੰਗ) ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ, ਸਰਦਾਰ ਊਧਮ ਸਿੰਘ ਅਤੇ ਮੈਂ ਹੋਰ ਕੀ ਕੀ ਨਾਮ ਲਵਾਂ ਕਿਉਂਕਿ ਇਸ ਦੇਸ਼ ਨੂੰ ਆਜ਼ਾਦ ਕਰਵਾਉਣ ਵਿਚ ਇਨ੍ਹਾਂ ਆਜ਼ਾਦੀ ਦੇ ਪ੍ਰਵਾਨਿਆਂ ਨੇ ਆਪਣੀਆਂ ਕੁਰਬਾਨੀਆਂ ਦਿੱਤੀਆਂ ਅਤੇ ਇਸ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਆਪਣਾ ਖੂਨ ਡੋਲ੍ਹਿਆ ਅਤੇ ਹੱਸਦੇ ਹੱਸਦੇ ਗੀਤ ਗਾਉਂਦੇ———

'ਮੇਰਾ ਰੰਗ ਦੇ ਬਸੰਤੀ ਚੋਲਾ, ਮਾਏ ਮੇਰਾ ਰੰਗ ਦੇ ਬਸੰਤੀ ਚੋਲਾ.'

ਇਸ ਦੇਸ਼ ਦੀ ਖ਼ਾਤਰ ਸ਼ਹੀਦੀਆਂ ਦਿੱਤੀਆਂ ਅੱਜ ਉਹ ਫ਼ਿਰਕਾਪ੍ਰਸਤ ਪਾਰਟੀਆਂ, ਅੱਜ ਉਹ ਸਿਆਸਤਦਾਨ ਜਿਹੜੇ ਧਰਮ ਦਾ ਨਾਮ ਲੈ ਕੇ, ਧਰਮ ਦੀ ਆੜ ਲੈ ਕੇ ਇਸ ਦੇਸ਼ ਨੂੰ ਜਿਸ ਨੂੰ ਕਿਸੇ ਵੇਲੇ ਸੋਨੇ ਦੀ ਚਿੜੀਆ ਕਿਹਾ ਜਾਂਦਾ ਸੀ ਉਸ ਦੇਸ਼ ਨੂੰ ਮਿਟੀ ਵਿਚ ਰੋਲਨ ਲਗੇ ਹਨ । ਡਿਪਟੀ ਸਪੀਕਰ ਸਾਹਿਬ, ਇਸ ਦੇਸ਼ ਦਾ ਨਾਮ ਭਾਰਤ ਦੇਸ਼ ਹੈ । ਮੁਲਕ ਦਾ ਨਾਮ ਕਿਸੇ ਧਰਮ ਦੇ ਨਾਮ ਤੇ ਨਹੀਂ ਹੋ ਸਕਦਾ । ਹਿੰਦੂ ਇਕ ਧਰਮ ਦਾ ਨਾਮ ਹੈ । ਇਸ ਦੇਸ਼ ਦੇ ਲੋਕ ਜਿਹੜੇ ਹਨ ਉਹ ਕਿਸੇ ਸਿਸਟਮ ਵਿਚ ਵੰਡੇ ਹੋਏ ਹਨ, ਕਈ ਧਰਮਾਂ ਵਿਚ ਵੰਡੇ ਹੋਏ ਹਨ, ਜ਼ਾਤਾਂ ਵਿਚ ਵੰਡੇ ਹੋਏ ਹਨ । ਮੈਂ ਕਹਿਣਾ ਚਾਹੁੰਦਾ ਹਾਂ ਕਿ ਇਨਸਾਨੀਅਤ ਦੇ ਨਾਤੇ ਇਹ ਵੰਡ ਹੋਣੀ ਚਾਹੀਦੀ ਹੈ । ਗੁਰੂ ਮਹਾਰਾਜ ਦਸਮ ਪਾਤਸ਼ਾਹ ਜੀ ਨੇ ਕਿਹਾ ਹੈ ਕਿ ਸਾਡਾ ਕੋਈ ਧਰਮ ਨਹੀਂ, ਸਾਡੀ ਕੋਈ ਜ਼ਾਤ ਨਹੀਂ । ਇਨਸਾਨੀਅਤ ਦੀਆਂ ਸਿਰਫ ਦੋ ਜ਼ਾਤਾਂ ਹਨ—ਇਕ ਔਰਤ ਜ਼ਾਤ ਅਤੇ ਇਕ ਮਰਦ ਜ਼ਾਤ । ਇਸ ਦੇਸ਼ ਨੂੰ ਸਾਨੂੰ ਦੋ ਜ਼ਾਤਾਂ ਵਿਚ ਵੰਡ ਕੇ ਅੱਗੇ ਨੂੰ ਵੱਧਣਾ ਚਾਹੀਦਾ ਹੈ । ਮੈਂ ਆਪਣੀ ਸਪੀਚ ਨੂੰ ਹੋਰ ਅਗੇ ਨਾ ਲਿਜਾਂਦਿਆਂ ਹੋਇਆਂ ਇਸ ਮਤੇ ਦੀ ਪ੍ਰੋੜਤਾ ਕਰਦਾ ਹਾਂ ਅਤੇ ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਆਜ਼ਾਦੀ ਦੇ ਪ੍ਰਵਾਨਿਆਂ ਦੇ ਨਾਮ ਨਹੀਂ ਲਏ, ਜਿਨ੍ਹਾਂ ਅਜ਼ਾਦੀ ਦੇ ਘੁਲਾਟੀਆਂ ਦੇ ਨਾਮ ਰਹਿ ਗਏ ਹਨ ਉਹ ਮੈਂ ਉਨ੍ਹਾਂ ਦੇ ਨਾਮ ਦੱਸ ਕੇ ਯਾਦ ਕਰਵਾਏ ਹਨ, ਉਨ੍ਹਾਂ ਸ਼ਹੀਦਾਂ ਦੀਆਂ ਯਾਦਾਂ ਨੂੰ ਕਾਇਮ ਕੀਤਾ ਜਾਵੇ । ਜੇ ਸਰਕਾਰ ਇਕਨਾਮੀਕਲੀ ਕਮਜ਼ੋਰ ਸਮਝਦੀ ਹੈ ਤਾਂ ਇਨ੍ਹਾਂ ਯਾਦਾਂ ਦੇ ਕਾਇਮ ਕਰਨ ਵਾਸਤੇ ਅਸੀਂ ਲੋਕਾਂ ਦੀ ਮੰਗ ਨੂੰ ਮੁੱਖ ਰੱਖ ਕੇ ਆਪ ਦੀ ਮਦਦ ਕਰਾਂਗੇ । ਮੈਂ ਜ਼ਿਆਦਾ ਨਾ ਕਹਿੰਦਾ ਹੋਇਆ ਤੁਹਾਡਾ ਧੰਨਵਾਦ ਕਰਦਾ ਹਾਂ । ਜੈ ਭੀਮ, ਜੈ ਭਾਰਤ ।

ਸ਼੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ (ਬਾਘਾ ਪੁਰਾਣਾ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਸ ਮਤੇ ਤੇ ਬੋਲਣ ਦਾ ਸਮਾਂ ਦਿੱਤਾ ਹੈ । ਇਸ ਪਵਿੱਤਰ ਸਦਨ ਵਿਚ ਜਿਹੜਾ ਮਤਾ ਕਾਮਰੇਡ ਹਰਦੇਵ ਸਿੰਘ ਅਰਸ਼ੀ ਜੀ ਵਲੋਂ ਲਿਆਂਦਾ ਗਿਆ ਹੈ ਇਹ ਬੜਾ ਅਹਿਮ ਮਤਾ ਹੈ ਔਰ ਖਾਸ ਤੌਰ ਤੇ ਹਿੰਦੁਸਤਾਨ ਦੇ ਵਿਚ ਜਦ ਕਿ ਕਮਿਊਨਿਲਿਜ਼ਮ ਦੀ ਹਨੇਰੀ ਚਲੀ ਹੋਈ ਹੈ ਇਹੋ ਮਤਾ ਪਾਸ ਕਰਵਾਉਣਾ ਬਹੁਤ ਜ਼ਰੂਰੀ ਹੋ ਜਾਂਦਾ ਹੈ ਤਾਂ ਹੀ ਫਿਰ ਇਹ ਸਾਬਤ ਹੋਵੇਗਾ ਕਿ ਪੰਜਾਬ ਦੀ ਵਿਧਾਨ ਸਭਾ, ਮੈਂ ਪੰਜਾਬ ਦੀ ਵਿਧਾਨ ਸਭਾ ਇਸ ਕਰਕੇ ਕਹਿੰਦਾ ਹਾਂ ਕਿ ਪੰਜਾਬ

[ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ]

ਸਾਰੇ ਹਿੰਦੁਸਤਾਨ ਦਾ ਸਿਰ ਹੈ ਅਤੇ ਜੇ ਸਿਰ ਸਹੀ ਢੰਗ ਨਾਲ ਕੰਮ ਕਰੇਗਾ ਤਾਂ ਬਾਕੀ ਦਾ ਧੜ ਵੀ ਸਹੀ ਕੰਮ ਕਰੇਗਾ । ਸਾਨੂੰ ਇਸ ਮਤੇ ਨੂੰ ਪਾਸ ਕਰਨਾ ਚਾਹੀਦਾ ਹੈ । ਮੈਂ ਇਹ ਗੱਲ ਕਹਿਣਾ ਚਾਹੁੰਦਾ ਹਾਂ ਪਹਿਲਾਂ ਉਨ੍ਹਾਂ ਲੋਕਾਂ ਲਈ ਜਿਨ੍ਹਾਂ ਦੇ ਸਿਰ ਫਿਰ ਚੁੱਕੇ ਹਨ ਅਤੇ ਜੋ ਲੋਕਾਂ ਨੂੰ ਮਾਰਦੇ ਹਨ :

ਖ਼ੂਨ ਆਖ਼ਿਰ ਖ਼ੂਨ ਹੈ ਟੱਪਕੇ ਗਾ ਤੇ ਜਮ ਜਾਏਗਾ ।
ਜ਼ੁਲਮ ਤੋ ਜ਼ੁਲਮ ਹੈ ਬੜ੍ਹੇਗਾ ਤੋ ਔਰ ਬੜ੍ਹ ਜਾਏਗਾ ।

ਇਹ ਫ਼ਿਰਕਾਪ੍ਰਸਤੀ ਦੁਨੀਆਂ ਭਰ ਦੇ ਵਿਚ ਛਾਈ ਹੋਈ ਹੈ ਔਰ ਹਰ ਥਾਂ ਤੇ ਸਿਰ ਚੁੱਕ ਰਹੀ ਹੈ । ਸਾਡਾ ਪੰਜਾਬ 12 ਸਾਲਾਂ ਤੋਂ ਇਸ ਫ਼ਿਰਕਾਪ੍ਰਸਤੀ ਦੀ ਅੱਗ ਦੀ ਲਪੇਟ ਵਿਚ ਆਇਆ ਰਿਹਾ ਹੈ । ਹਾਲੇ ਵੀ ਸ਼ਾਂਤੀ ਜਿਹੜੀ ਹੈ ਇਹ ਪਰਮਾਨੈਂਟ ਹੈ ਜਾਂ ਨਹੀਂ, ਹਾਲਾਂਕਿ ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਅਗੇ ਨਾਲੋਂ ਹਾਲਾਤ ਬਹੁਤ ਬੇਹਤਰ ਹਨ (ਥੰਪਿੰਗ) ਮਗਰ ਮੈਂ ਇਕ ਗਲ ਕਹਿਣੀ ਚਾਹੁੰਦਾ ਹਾਂ ਕਿ ਇਸ ਫ਼ਿਰਕਾਪ੍ਰਸਤੀ ਨੂੰ ਅੱਜ ਮਿੱਟੀ ਵਿਚ ਮਿਲਾਉਣ ਦੀ ਲੋੜ ਹੈ ਕਿਉਂਕਿ ਸ਼ਾਂਤੀ ਦੇ ਪੁੰਜ ਮਹਾਤਮਾ ਗਾਂਧੀ, ਆਜ਼ਾਦੀ ਦੇ ਪਰਵਾਨੇ ਭਗਤ ਸਿੰਘ, ਰਾਜ ਗੁਰੂ, ਸੁਖਦੇਵ ਜੀ ਨੇ ਆਪਣੀਆਂ ਜਾਨਾਂ ਵਾਰ ਕੇ ਸਾਨੂੰ ਖੁਲ੍ਹੀ ਹਵਾ ਵਿਚ ਤੋਰਿਆ । ਉਸ ਦੇ ਬਾਅਦ ਸਾਡੀ ਸੋਚ ਕਿਸ ਅਵਸਥਾ ਵਿਚ ਪੁਜ ਗਈ । ਮੇਰੇ ਦੋਸਤ ਪੰਜਾਬ ਦੀ ਗੱਲ ਕਰਦੇ ਸਨ, ਮੈਂ ਪੰਜਾਬ ਦੇ ਬਾਰੇ ਇਕ ਗੱਲ ਕਰਨੀ ਚਾਹੁੰਦਾ ਹਾਂ ਕਿ ਇਥੇ ਹਿੰਦੂ ਕਹਾਉਣਾ, ਸਿਖ ਕਹਾਉਣਾ, ਮੁਸਲਮਾਨ ਕਹਾਉਣਾ ਈਸਾਈ ਕਹਾਉਣਾ ਤਾਂ ਠੀਕ ਹੈ ਪਰ ਹਿੰਦੁਸਤਾਨੀ ਕਹਾਉਣਾ ਫ਼ਿਰਕਾਦਾਰੀ ਸਮਝੀ ਜਾਂਦੀ ਹੈ । ਅਗਰ ਅਸੀਂ ਐਸੀ ਸੋਚ ਸੋਚਾਂਗੇ ਤਾਂ ਦੇਸ਼ ਨੂੰ ਕਿਸ ਤਰ੍ਹਾਂ ਅਗੇ ਲਿਜਾ ਸਕਾਂਗੇ । ਇਸ ਦੇਸ਼ ਦੀ ਏਕਤਾ, ਅਖੰਡਤਾ ਬਹੁਤ ਜ਼ਰੂਰੀ ਹੈ । ਮੈਂ ਉਨ੍ਹਾਂ ਸਾਰੀਆਂ ਸ਼ਰਾਰਤੀ ਤਾਕਤਾਂ ਨੂੰ ਜਿਨ੍ਹਾਂ ਨੇ ਖਾਲਿਸਤਾਨ ਦਾ ਨਾਂ ਉਭਾਰਿਆ ਔਰ ਉਸ ਦੇ ਮਗਰ ਜਿਹੜੇ ਲੋਕ ਸਨ ਉਨ੍ਹਾਂ ਤਾਕਤਾਂ ਨੂੰ ਜਿਨ੍ਹਾਂ ਨੇ ਦਿੱਲੀ ਤੋਂ ਸਜਾ ਸਜਾ ਕੇ ਇਥੇ ਬੰਦੇ ਭੇਜੇ ਔਰ ਦਰਬਾਰ ਸਾਹਿਬ ਦੀ ਬੇਪੱਤੀ ਕੀਤੀ ਸਿਰਫ ਕੁਰਸੀ ਦੀ ਖਾਤਰ ਲੇਕਿਨ ਮੈਂ ਸਮਝਦਾ ਹਾਂ ਕਿ ਜਿਹੜੇ ਲੋਕ ਇਹੋ ਜਿਹੀ ਸੋਚ ਸੋਚਦੇ ਹਨ ਅਤੇ ਸੈਕੁਲਰਿਜ਼ਮ ਦਾ ਨਾਂ ਵੀ ਲੈਂਦੇ ਹਨ ਇਹ ਤਾਕਤਾਂ ਸਾਡੇ ਦੇਸ਼ ਲਈ ਖ਼ਤਰਨਾਕ ਸਿੱਧ ਹੋਣਗੀਆਂ । ਡਿਪਟੀ ਸਪੀਕਰ ਸਾਹਿਬ, ਮੈਂ ਉਨ੍ਹਾਂ ਲੋਕਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਮੁਸਲਮਾਨ ਦਾ ਖ਼ੂਨ ਹਰਾ ਹੈ, ਹਿੰਦੂ ਦਾ ਖ਼ੂਨ ਲਾਲ ਹੈ, ਅਤੇ ਕੀ ਸਿਖ ਦਾ ਖ਼ੂਨ ਪੀਲਾ ਹੈ ਅਤੇ ਕੀ ਮਜ਼੍ਹਬੀ ਸਿਖ ਦਾ ਖ਼ੂਨ ਕਾਲਾ ਹੈ ? ਬਾਜ਼ ਆਓ ਇਨ੍ਹਾਂ ਗਲਾਂ ਤੋਂ । ਹਿੰਦੁਸਤਾਨ ਨੂੰ ਤੋੜਨ ਵਾਲੇ ਨੂੰ ਸੋਧ ਦਿਆਂਗੇ । ਯਾਦ ਕਰੋ ਉਨ੍ਹਾਂ ਲੋਕਾਂ ਦੀਆਂ ਕੁਰਬਾਨੀਆਂ ਨੂੰ ਜਿਹਨਾਂ ਨੇ ਆਪਣੀਆਂ ਜਾਨਾਂ ਕੁਰਬਾਨ ਕਰਕੇ ਤੁਹਾਨੂੰ ਇਹ ਆਜ਼ਾਦੀ ਦਿੱਤੀ ਹੈ ਔਰ ਤੁਸੀਂ ਇਸ ਆਜ਼ਾਦ ਦੇਸ਼ ਦੀ ਹਵਾ ਵਿਚ ਸਾਹ ਲੈ ਰਹੇ ਹੋ ।

ਡਿਪਟੀ ਸਪੀਕਰ ਸਾਹਿਬ, ਇਥੇ ਗੱਲ ਚਲੀ ਸੀ ਧਰਮ ਦੀ ਮੇਰੇ ਬਜ਼ੁਰਗ ਨੇ, ਪੰਡਿਤ ਜੀ ਨੇ ਗਲ ਕੀਤੀ ਸੀ ਧਰਮ ਦੀ । ਬਹੁਜਨ ਸਮਾਜ ਪਾਰਟੀ ਦੇ ਮੇਰੇ ਮਿੱਤਰ ਨੇ ਗਲ ਕੀਤੀ ਸੀ ਜ਼ਾਤ-ਪਾਤ ਦੀ । ਮੈਂ ਆਪਣੀ ਵਿਚਾਰਧਾਰਾ ਤੁਹਾਡੇ ਸਾਹਮਣੇ ਰਖਣ ਲਗਾ ਹਾਂ । ਮੇਰੇ ਮੁਤਾਬਿਕ

ਦੁਨੀਆਂ ਭਰ ਵਿਚ ਅਗਰ ਕੋਈ ਧਰਮ ਹੈ ਤਾਂ ਉਹ ਹੈ ਇਨਸਾਨੀਅਤ ਔਰ ਦੁਨੀਆਂ ਭਰ ਵਿਚ ਦੋ ਜਾਤੀਆਂ ਹਨ ਇਕ ਹੈ ਅਮੀਰ ਅਤੇ ਦੂਜੀ ਗਰੀਬ । ਮੈਨੂੰ ਦਸ ਦਿਓ ਕਿ ਜੇ ਕੋਈ ਹਿੰਦੂ ਬੀਮਾਰੀ ਨਾਲ ਮਰ ਰਿਹਾ ਹੋਵੇ ਤਾਂ ਕੀ ਉਸ ਨੂੰ ਸਿਖ ਦਾ ਖੂਨ ਨਹੀਂ ਲਗਦਾ ਜਾਂ ਕੋਈ ਸਿਖ ਮਰ ਰਿਹਾ ਹੋਵੇ ਤਾਂ ਕੀ ਉਸ ਨੂੰ ਮੁਸਲਮਾਨ ਦਾ ਖੂਨ ਨਹੀਂ ਲਗਦਾ ਜਾਂ ਮੁਸਲਮਾਨ ਦਾ ਖੂਨ ਈਸਾਈ ਨੂੰ ਨਹੀਂ ਲਗਦਾ ਜਾਂ ਫਿਰ ਕਾਲੇ ਦਾ ਖੂਨ ਗੋਰੇ ਨੂੰ ਨਹੀਂ ਲਗਦਾ ਜਾਂ ਗੋਰੇ ਦਾ ਖੂਨ ਕਾਲੇ ਨੂੰ ਨਹੀਂ ਲਗਦਾ ? ਇਹ ਜਿਹੜੀਆਂ ਗਲਾਂ ਹਨ ਇਨ੍ਹਾਂ ਤੋਂ ਕੋਈ ਮੁਨਕਰ ਨਹੀਂ ਹੋ ਸਕਦਾ ? ਇਹ ਜਿਹੜਾ ਸਾਡੇ ਹਿੰਦੁਸਤਾਨ ਦਾ ਸੈਕੂਲੇਰਿਜ਼ਮ ਦਾ ਮਸਲਾ ਸੀ ਇਹ 46 ਸਾਲ ਦੀ ਆਜ਼ਾਦੀ ਦੇ ਬਾਅਦ ਆਇਆ ਹੈ । ਕੀ ਇਹ ਅੱਜ ਹਿੰਦੁਸਤਾਨ ਦੇ ਲੋਕ ਇਕ ਨਹੀਂ ? ਮੈਨੂੰ ਇਹ ਦੱਸਣ ਉਹ ਤਾਕਤਾਂ ਜਿਹੜੀਆਂ ਇਹ ਵਿਚਾਰ ਰਖਦੀਆਂ ਹਨ ਕਿ ਕੀ ਡੇਢ ਕਰੋੜ ਸਿਖਾਂ ਨੂੰ ਕੋਈ ਅਲਹਿਦਾ ਮੁਲਕ ਦੇ ਦੇਣਗੇ, ਕੀ 15 ਕਰੋੜ ਮੁਸਲਮਾਨਾਂ ਨੂੰ ਅਲੱਗ ਕਰ ਸਕਣਗੇ ? ਕੁਝ ਥੋੜ੍ਹੇ ਲੋਕ ਖਾਲਿਸਤਾਨ ਦੀ ਗਲ ਕਰਦੇ ਹਨ, ਆਮ ਸਿਖ ਖਾਲਿਸਤਾਨ ਦੀ ਮੰਗ ਨਹੀਂ ਕਰਦਾ ਔਰ ਨਾ ਹੀ 15 ਕਰੋੜ ਮੁਸਲਮਾਨ ਅਲੱਗ ਦੇਸ਼ ਮੰਗਦਾ ਹੈ, ਨਾ ਉਹ ਲੋਕ ਜਿਹੜੇ ਇਹ ਕਹਿੰਦੇ ਹਨ ਕਿ ਜੇ ਕਿਤੇ ਪਾਕਿਸਤਾਨੀ ਖਿਲਾੜੀ ਨੇ ਛਿੱਕਾ ਮਾਰਿਆ ਤਾਂ ਤਾੜੀਆਂ ਮਾਰਦੇ ਹਨ ।.. ਮੈਨੂੰ ਯਾਦ ਹੈ ਉਹ ਨੌਜਵਾਨ ਰਾਜੂ ਜਿਹੜਾ ਪੰਜਾਬ ਦੇ ਬਾਰਡਰ ਉਤੇ ਦੂਸਰੇ ਜਹਾਜ਼, ਪਾਕਿਸਤਾਨ ਦੇ ਜਹਾਜ਼ ਨਹੀਂ ਸੀ ਲੰਘਣ ਦਿੰਦਾ ਉਸ ਨੇ ਕਦੇ ਨਹੀਂ ਸੀ ਸੋਚਿਆ ਕਿ ਮੈਂ ਹਿੰਦੂ ਹਾਂ, ਸਿੱਖ ਹਾਂ ਜਾਂ ਮੁਸਲਮਾਨ ਹਾਂ ਜਾਂ ਇਸਾਈ ਹਾਂ । ਪਰ ਅੱਜ ਫਿਰਕਾਪ੍ਰਸਤੀ ਦੀਆਂ ਜੜ੍ਹਾਂ ਜਿਹੜੀਆਂ ਹਨ ਉਨ੍ਹਾਂ ਨੂੰ ਤੋੜਨ ਦਾ ਸਮਾਂ ਆ ਗਿਆ ਹੈ । ਇਕੱਲੇ ਦੇਸ਼ ਵਿਚ ਨਹੀਂ ਦੁਨੀਆਂ ਭਰ ਵਿਚ ਟੁਟਣਗੇ । ਲੋਕਾਂ ਦਾ ਮੋਹ ਪਿਆਰ ਵਧੇ ਪਰ ਸ਼ਰਮ ਦੀ ਗੱਲ ਹੈ ਕਿ ਆਜ਼ਾਦੀ ਤੋਂ ਬਾਅਦ ਦੇਸ਼ ਦੇ ਵਿਚ ਰੰਗਤ ਜੋ ਆਈ, ਉਨ੍ਹਾਂ ਲੋਕਾਂ ਨੇ ਜੋ ਮਾੜੇ ਕੰਮ ਕੀਤੇ ਉਸ ਕਰਕੇ ਮੋਹ-ਪਿਆਰ ਘਟਿਆ ਹੈ । ਇਸ ਲਈ ਸਾਨੂੰ ਚਾਹੀਦਾ ਹੈ ਕਿ ਪਾਰਟੀ ਬਾਜ਼ੀ ਤੋਂ ਉਪਰ ਉਠ ਕੇ ਇਸ ਪਾਸੇ ਸਾਰਾ ਦੇਸ਼ ਜੁਟ ਜਾਵੇ ਕਿਉਂਕਿ ਜੇਕਰ ਦੇਸ਼ ਰਹੇਗਾ ਤਾਂ ਪਾਰਟੀ ਰਹੇਗੀ ਔਰ ਜੇਕਰ ਪਾਰਟੀ ਰਹੇਗੀ ਤਾਂ ਅਸੀਂ ਰਹਾਂਗੇ । ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਕੋਈ ਪਾਰਟੀ ਵੀ ਹੋਵੇ, ਹਰ ਪਾਰਟੀ ਦੇ ਲੋਕਾਂ ਦਾ ਨਜਾਇਜ਼ ਕਤਲ ਹੋਇਆ ਹੈ ਜੋ ਕਿ ਉਨ੍ਹਾਂ ਲੋਕਾਂ ਨੇ ਕੀਤਾ ਹੈ ਜੋ ਦੇਸ਼ ਦੀ ਏਕਤਾ ਨਹੀਂ ਚਾਹੁੰਦੇ । ਮੈਂ ਸਦਨ ਨੂੰ ਯਾਦ ਕਰਾਉਣਾ ਚਾਹੁੰਦਾ ਹਾਂ ਕਿ ਮੇਰੀ ਵੀ ਪਾਰਟੀ ਦੇ ਮਰਦੇ-ਮੁਜ਼ਾਹਿਦ ਚੌਧਰੀ ਬਲਬੀਰ ਸਿੰਘ ਨੂੰ ਗੋਲੀ ਦਾ ਸ਼ਿਕਾਰ ਕੀਤਾ ਗਿਆ । ਉਸ ਮਹਾਨ ਆਦਮੀ ਨੂੰ ਅਸੀਂ ਯਾਦ ਕਰਦੇ ਹਾਂ । ਉਨ੍ਹਾਂ ਦੀ ਬੇਟੀ ਨੇ ਜੈਕਟ ਪਾਉਣ ਲਈ ਕਿਹਾ ਪਰ ਉਨ੍ਹਾਂ ਨੇ ਜੈਕਟ ਨਹੀਂ ਪਾਈ ਔਰ ਉਹ ਗੋਲੀ ਦਾ ਸ਼ਿਕਾਰ ਹੋਏ ਔਰ ਜਿਸ ਦਿਨ ਉਹ ਗੋਲੀ ਦਾ ਸ਼ਿਕਾਰ ਹੋਏ ਆਪਣੇ ਸਕੂਟਰ ਉਤੇ ਜਾ ਰਹੇ ਸੀ । ਮੈਂ ਆਪਣੀ ਪਾਰਟੀ ਦੇ ਉਸ ਕੁਰਬਾਨ ਨੇਤਾ, ਸ਼੍ਰੀ ਓਮ ਪ੍ਰਕਾਸ਼ ਬੱਗਾ ਦੀ ਵੀ ਯਾਦ ਦਿਵਾਉਣਾ ਚਾਹੁੰਦਾ ਹਾਂ । ਹਰ ਪਾਰਟੀ ਨੇ, ਹਰ ਲੀਡਰ ਨੇ, ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਕੁਰਬਾਨੀ ਦਿੱਤੀ ਹੈ । ਮੈਂ ਉਨ੍ਹਾਂ ਅੱਗੇ ਸਿਰ ਨਿਵਾਉਂਦਾ ਹਾਂ ਔਰ ਉਨ੍ਹਾਂ ਦੀ ਯਾਦ ਵਿਚ ਅੱਜ ਇਸ ਮਤੇ ਲਈ ਮੈਂ ਚਾਹਵਾਂਗਾ ਕਿ ਇਹ ਮਤਾ ਪਾਸ ਹੋਣਾ ਚਾਹੀਦਾ ਹੈ ਔਰ ਦੇਸ਼ ਵਿਚ ਮਿਸਾਲ ਵੀ ਹੋਣੀ ਚਾਹੀਦੀ ਹੈ ।

[ਸ਼੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ]

ਡਿਪਟੀ ਸਪੀਕਰ ਸਾਹਿਬ, ਇਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ ਕਿ ਦੇਸ਼ ਦੀ ਆਜ਼ਾਦੀ ਤੋਂ ਬਾਅਦ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਕਾਇਮ ਰੱਖਣ ਲਈ ਪ੍ਰੈਸ ਨੇ ਖਾਸ ਤੌਰ ਤੇ ਕੰਮ ਕੀਤਾ ਪਰ ਪ੍ਰੈਸ ਦੇ ਲੋਕਾਂ ਨੂੰ ਵੀ ਪ੍ਰੇਸ਼ਾਨ ਕੀਤਾ ਗਿਆ । ਜਿਹੜਾ ਇਹ ਮੀਡੀਆ ਹੈ, ਪ੍ਰੈਸ ਹੈ ਇਹ ਰੀੜ ਦੀ ਹੱਡੀ ਹੁੰਦੀ ਹੈ ਸਮਾਜ ਦੀ, ਦੇਸ਼ ਦੀ ਪਰ ਮੈਨੂੰ ਬੜੇ ਹੀ ਦੁੱਖ ਨਾਲ ਇਹ ਕਹਿਣਾ ਪੈਂਦਾ ਹੈ ਕਿ ਸ਼ਰਾਰਤੀ ਅਨਸਰਾਂ ਨੇ ਉਨ੍ਹਾਂ ਨੂੰ ਵੀ ਨਹੀਂ ਬਖਸ਼ਿਆ । ਬੱਚਿਆਂ ਨੂੰ ਤੇ ਭੈਣਾਂ ਨੂੰ ਵੀ ਨਹੀਂ ਬਖਸ਼ਿਆ ਗਿਆ, ਬੱਸਾਂ ਵਿਚੋਂ ਕੱਢ ਕੱਢ ਕੇ ਮਾਰਿਆ ਗਿਆ । ਇਸ ਲਈ ਮੈਂ ਕਹਾਂਗਾ ਕਿ ਉਨ੍ਹਾਂ ਸ਼ਰਾਰਤੀ ਤਾਕਤਾਂ ਨੂੰ ਅੱਖੋਂ ਓਹਲੇ ਨਹੀਂ ਕਰਨਾ ਚਾਹੀਦਾ ਔਰ ਇਹ ਵੀ ਵੇਖਣਾ ਚਾਹੀਦਾ ਹੈ ਕਿ ਕੌਣ ਲੋਕ ਉਨ੍ਹਾਂ ਸ਼ਰਾਰਤੀ ਅਨਸਰਾਂ ਦੇ ਪਿੱਛੇ ਸਨ, ਉਨ੍ਹਾਂ ਲੋਕਾਂ ਬਾਰੇ ਵੀ ਸੋਚਣਾ ਚਾਹੀਦਾ ਹੈ ਤਾਂ ਹੀ ਦੇਸ਼ ਵਿਚ, ਪੰਜਾਬ ਵਿਚ ਸਥਾਈ ਸ਼ਾਂਤੀ ਆ ਸਕਦੀ ਹੈ ।

ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਲੋਕਾਂ ਦੇ ਜਜ਼ਬਾਤਾਂ ਨੂੰ ਭੜਕਾਇਆ ਜਾ ਰਿਹਾ ਹੈ, ਇਕ ਨਵੀਂ ਰੰਗਤ ਦਿੱਤੀ ਜਾ ਰਹੀ ਹੈ, ਅੱਗ ਲੱਗੀ ਹੋਈ ਹੈ ਦੇਸ਼ ਵਿਚ । ਕੁਝ ਪੰਜਾਬ ਵਿਚ ਠੱਲ੍ਹ ਪਈ ਹੈ । ਪੰਜਾਬ ਵਿਚ ਹਿੰਦੂ, ਸਿੱਖਾਂ ਦਾ ਮੁਸਲਮਾਨਾਂ ਤੇ ਹਿੰਦੂਆਂ ਦਾ ਸਵਾਲ ਨਹੀਂ ਹੈ ਪਰ ਕਿਤਨਾਂ ਮੰਦ-ਭਾਗਾਂ ਸਮਾਂ ਸੀ ਜਦੋਂ ਕਿ ਇਕ ਮਸਜਿਦ ਨੂੰ ਗਿਰਾ ਦਿੱਤਾ ਗਿਆ । ਮੈਂ ਇਹ ਜ਼ਰੂਰ ਕਹਾਂਗਾ ਕਿ ਮਸਜਿਦ ਨੂੰ ਢਾਉਣ ਤੋਂ ਪਹਿਲਾਂ ਨੈਸ਼ਨਲ ਇੰਟੈਗਰੇਸ਼ਨ ਕੌਂਸਲ ਦੀ ਮੀਟਿੰਗ ਹੋਈ । ਬੀ.ਜੇ.ਪੀ, ਤੋਂ ਛੁੱਟ ਬਾਕੀ ਸਾਰੀਆਂ ਹਿੰਦੁਸਤਾਨ ਦੀਆਂ ਪਾਰਟੀਆਂ ਨੇ ਪ੍ਰਧਾਨ ਮੰਤਰੀ ਨੂੰ ਪੂਰੀ ਤਾਕਤ ਦਿੱਤੀ ਕਿ ਇੰਡੀਪੈਂਡੈਂਟਲੀ ਪ੍ਰਧਾਨ ਮੰਤਰੀ ਜੀ ਜੋ ਕਰਨਾ ਚਾਹੋ ਫੈਸਲਾ ਕਰੋ । ਪਰ ਮੈਂ ਦੁੱਖ ਨਾਲ ਕਹਿਣਾ ਚਾਹੁੰਦਾ ਹਾਂ ਕਿ ਇਹ ਬਦਕਿਸਮਤੀ ਦੀ ਗੱਲ ਹੈ ਕਿ ਫਿਰ ਵੀ ਮਸਜਿਦ ਨੂੰ ਢਾਇਆ ਗਿਆ । ਉਸ ਦੇ ਨਾਲ ਮੁਸਲਮਾਨ ਲੋਕਾਂ ਦੇ ਦਿਲਾਂ ਦੇ ਵਿਚ ਇਕ ਦਰਾੜ ਪਾਈ ਗਈ । ਮੈਨੂੰ ਦੱਸੋ, ਡਿਪਟੀ ਸਪੀਕਰ ਸਾਹਿਬ, ਕਿ ਉਹ ਮਸਜਿਦ ਢਾਉਣ ਵਾਲੇ ਹਨ ਜਾਂ ਢਵਾਉਣ ਵਾਲੇ ਹਨ ।

ਡਿਪਟੀ ਸਪੀਕਰ ਸਾਹਿਬ, ਅੱਜ ਉਹੀ ਤਾਕਤਾਂ ਦੇਸ਼ ਵਿਚ ਹਨ ਜਿਨ੍ਹਾਂ ਨੂੰ ਠੱਲ੍ਹ ਪਾਉਣ ਲਈ ਪਹਿਲਾਂ ਸਾਡੇ ਨੌਜਵਾਨਾਂ ਨੇ ਖੂਨ ਬਹਾਇਆ ਹੈ । ਉਨ੍ਹਾਂ ਦੀਆਂ ਯਾਦਗਾਰਾਂ ਬਣਾਉਣ ਲਈ ਅੱਜ ਇਸ ਪਵਿੱਤਰ ਸਦਨ ਨੂੰ ਵੀ ਉਪਰਾਲਾ ਕਰਨਾ ਚਾਹੀਦਾ ਹੈ । ਮੇਰੇ ਤੋਂ ਪਹਿਲਾਂ ਨਿੰਮਾਂ ਜੀ ਨੇ ਕਿਹਾ ਹੈ ਕਿ ਅਗਰ ਪੰਜਾਬ ਦੀ ਸਰਕਾਰ ਇਸ ਦੇ ਬਜਟ ਦੀ ਗੱਲ ਕਰਦੀ ਹੈ, ਤਾਂ ਮੈਂ ਕਹਿੰਦਾ ਹਾਂ ਕਿ ਇਨ੍ਹਾਂ ਗੱਲਾਂ ਉਤੇ ਗੌਰ ਕੀਤਾ ਜਾਵੇ ਔਰ ਹਿੰਦੁਸਤਾਨ ਨੂੰ ਰਾਹ ਦਿਖਾਇਆ ਜਾਵੇ ਔਰ ਮੈਂ ਸਮਝਦਾ ਹਾਂ ਕਿ ਜੇਕਰ ਇਸ ਤਰ੍ਹਾਂ ਨਾਲ ਅਸੀਂ ਦੇਸ਼ ਨੂੰ ਇਕ ਸੇਧ ਦੇ ਸਕਦੇ ਹਾਂ ਤਾਂ ਦੇਣੀ ਚਾਹੀਦੀ ਹੈ ।

ਮੈਂ ਇਹ ਗੱਲ ਵੀ ਕਹਿਣੀ ਚਾਹੁੰਦਾ ਹਾਂ ਕਿ ਯਾਦ ਕਰੋ ਉਹ ਗੀਤ—

'ਮੇਰੇ ਵਤਨ ਕੇ ਲੋਗੋ ਜ਼ਰਾ ਆਂਖ ਮੇਂ ਭਰ ਲੋ ਪਾਨੀ ।
ਜੋ ਸ਼ਹੀਦ ਹੁਏ ਹੈਂ ਉਨਕੀ ਜ਼ਰਾ ਯਾਦ ਕਰੋ ਕੁਰਬਾਨੀ ।'

ਯਾਦ ਕਰੋ ਉਨ੍ਹਾਂ ਕੁਰਬਾਨੀਆਂ ਨੂੰ । ਸੋ, ਇਨ੍ਹਾਂ ਸ਼ਬਦਾਂ ਨਾਲ ਮੈਂ ਇਸ ਰੈਜ਼ੋਲਿਊਸ਼ਨ ਦਾ ਪੁਰਜ਼ੋਰ ਸਮਰਥਨ ਕਰਦਾ ਹਾਂ । ਮੈਂ ਕਹਿਣਾ ਚਾਹੁੰਦਾ ਹਾਂ ਕਿ ਅੱਜ ਸਾਨੂੰ ਇਸ ਮਤੇ ਨੂੰ, ਇਸ ਰੈਜ਼ੋਲਿਊਸ਼ਨ ਨੂੰ ਪੁਰਜ਼ੋਰ ਸ਼ਬਦਾਂ ਨਾਲ, ਹਰ ਪਾਰਟੀ ਦੇ ਸਮਰਥਨ ਨਾਲ, ਪਾਸ ਕਰਨਾ ਚਾਹੀਦਾ ਹੈ ।

ਜੈ ਹਿੰਦ ॥

(ਇਸ ਸਮੇਂ ਪੇਂਡੂ ਵਿਕਾਸ ਅਤੇ ਪੰਚਾਇਤਾਂ ਮੰਤਰੀ ਜੀ ਖੜ੍ਹੇ ਹੋਏ)

ਕਾਮਰੇਡ ਤਰਸੇਮ ਜੋਧਾਂ (ਕਿਲਾ ਰਾਇਪੁਰ) : ਡਿਪਟੀ ਸਪੀਕਰ ਸਾਹਿਬ, ਮੈਂ ਆਪ ਜੀ ਦਾ ਅਤਿ ਧੰਨਵਾਦੀ ਹਾਂ....

ਸ਼੍ਰੀ ਡਿਪਟੀ ਸਪੀਕਰ : ਤਰਸੇਮ ਜੀ ਇਕ ਮਿੰਟ । ਸਰਦਾਰ ਉਮਰਾਓ ਸਿੰਘ ਜੀ, ਤੁਸੀਂ ਤਰਸੇਮ ਜੀ ਤੋਂ ਬਾਅਦ ਟਾਈਮ ਲੈ ਲੈਣਾ ।

ਕਾਮਰੇਡ ਤਰਸੇਮ ਜੋਧਾਂ : ਡਿਪਟੀ ਸਪੀਕਰ ਸਾਹਿਬ, ਮੈਂ ਆਪ ਜੀ ਦਾ ਅਤਿ ਧੰਨਵਾਦੀ ਹਾਂ ਕਿ ਇਸ ਮਤੇ ਉਤੇ ਤੁਸੀਂ ਮੈਨੂੰ ਬੋਲਣ ਦਾ ਸਮਾਂ ਦਿੱਤਾ ਹੈ । ਅਰਸ਼ੀ ਜੀ ਨੇ ਜੋ ਦੇਸ਼ ਦੀ ਏਕਤਾ ਤੇ ਅਖੰਡਤਾ, ਫਿਰਕੂ ਸਦ-ਭਾਵਨਾ ਲਈ ਜੋ ਲੜਾਈ ਲੜ ਰਹੇ ਲੋਕਾਂ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ ਹਨ ਉਨ੍ਹਾਂ ਦੀਆਂ ਯਾਦਗਾਰਾਂ ਬਣਾਉਣ ਲਈ ਮਤਾ ਪੇਸ਼ ਕੀਤਾ ਹੈ ਇਸ ਉਤੇ ਬਹੁਤ ਸਾਰੇ ਸਜਣ ਬੋਲੇ ਹਨ । ਕਈ ਮਤੇ ਤੋਂ ਬਾਹਰ ਵੀ ਗਏ ਹਨ ਪਰ ਮੈਂ ਮਤੇ ਤੱਕ ਹੀ ਕਨਫਾਈਨ ਰਹਾਂਗਾ ।

ਡਿਪਟੀ ਸਪੀਕਰ ਸਾਹਿਬ, ਅਜ਼ਾਦੀ ਦੀ ਲੜਾਈ ਤੋਂ ਬਾਅਦ ਜੇਕਰ ਦੇਸ਼ ਦੇ ਵਿਚ ਲੜਾਈ ਲੜੀ ਹੈ ਤਾਂ ਉਹ ਸਰਹੱਦਾਂ ਉਤੇ ਲੜਾਈਆਂ ਲੜੀਆਂ ਗਈਆਂ ਹਨ । ਜੇਕਰ ਸਮੁਚੇ ਲੋਕਾਂ ਨੇ ਕੋਈ ਲੜਾਈ ਲੜੀ ਹੈ ਤਾਂ ਉਹ ਦੇਸ਼ ਦੀ ਏਕਤਾ ਔਰ ਅਖੰਡਤਾ ਦ ਲੜਾਈ ਸੀ (ਥੰਪਿੰਗ) । ਉਹ ਲੜਾਈ ਹੁਣ ਵੀ ਲੜੀ ਜਾ ਰਹੀ ਹੈ । ਇਸ ਕਰਕੇ ਇਸ ਦੀ ਅਹਿਮੀਅਤ ਨੂੰ ਘਟਾ ਕੇ ਨਹੀਂ ਵੇਖਣਾ ਚਾਹੀਦਾ । ਇਸ ਪਾਸੇ ਹੋਰ ਧਿਆਨ ਦਿਤਾ ਜਾਵੇ ਔਰ ਇਸ ਮਤੇ ਨੂੰ ਪਾਸ ਕੀਤਾ ਜਾਵੇ ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਨੂੰ ਜਿਨ੍ਹਾਂ ਦੇ ਮਨਾਂ ਵਿਚ ਫਿਰਕਾਪ੍ਰਸਤੀ ਭੂਤ ਬਣ ਕੇ ਵੜੀ ਹੋਈ ਹੈ, ਉਹ ਫਿਰਕਾਪ੍ਰਸਤੀ ਦਾ ਭੂਤ ਨਿਕਲਣ ਵਿਚ ਮੱਦਦ ਮਿਲੇ । ਅੱਜ 25 ਤਾਰੀਖ ਹੈ ਅੱਜ ਦਿੱਲੀ ਦੇ ਵਿਚ ਫਿਰਕੂ ਤਾਕਤਾਂ ਜੋ ਹਨ, ਜੋ ਲੋਕਾਂ ਦਾ ਕਤਲ ਕਰਦੇ ਹਨ, ਜੋ ਮੁਸਲਮਾਨਾਂ ਦਾ, ਹਿੰਦੂਆਂ ਦਾ ਕਤਲ ਕਰਦੇ ਹਨ, ਉਨ੍ਹਾਂ ਨੂੰ ਰੋਕਣ ਵਾਸਤੇ ਜ਼ਰੂਰੀ ਹੈ ਕਿ ਇਹ ਯਾਦਗਾਰਾਂ ਬਣਾਈਆਂ ਜਾਣ ਔਰ ਧਰਮ-ਨਿਰਪੇਖਤਾ ਦਾ ਸ਼ਨੇਹਾ ਦਿੱਤਾ ਜਾਵੇ । ਏਸ ਪੰਜਾਬ ਦੇ ਵਿਚ 12/13 ਸਾਲਾਂ ਦਾ ਸਮਾਂ ਅਸੀਂ ਵੇਖਿਆ ਹੈ । ਬਹੁਤ ਸਾਰੀਆਂ ਪਾਰਟੀਆਂ ਦੇ ਲੋਕਾਂ ਨੂੰ ਜਦੋਂ ਬੱਸਾਂ ਵਿਚੋਂ ਕੱਢ ਕੇ ਗੋਲੀਆਂ ਮਾਰੀਆਂ ਜਾਂਦੀਆਂ ਸੀ ਤਾਂ ਗੋਲੀਆਂ ਮਾਰਨ ਵਾਲਿਆਂ ਨੂੰ ਕੁਝ ਲੋਕ ਖੁਸ਼ ਕਰਨ ਉਤੇ ਲਗੇ ਹੋਏ ਸਨ । ਉਨਾਂ ਨੂੰ ਉਹ ਅਪੀਲ ਕਰਨ ਵਾਸਤੇ ਤਿਆਰ ਨਹੀਂ ਸਨ ਕਿ ਇਸ ਤਰਾਂ ਇਨੋਸੈਂਟ ਲੋਕਾਂ ਦਾ ਕਤਲ ਨਾ ਕਰੋ ਕਿਉਂਕਿ ਉਹ

[ਕਾਮਰੇਡ ਤਰਸੇਮ ਜੋਧਾਂ]

ਸ਼ਾਇਦ ਸਮਝਦੇ ਸਨ ਕਿ ਖਾਲਿਸਤਾਨ ਬਣ ਜਾਵੇਗਾ ਤਾਂ ਸਾਨੂੰ ਉਹ ਮਾਰਨ ਵਾਲੇ ਬਖਸ਼ ਦੇਣਗੇ । ਅੱਜ ਉਹ ਸੋਚਾਂ ਵਿਚ ਪਏ ਹੋਏ ਹਨ । ਇਸ ਤਰਾਂ ਦੀ ਸੋਚ ਜੋ ਉਹ ਲੈ ਕੇ ਚਲੇ ਸਨ, ਮੈਂ ਕਹਿਣਾ ਚਾਹੁੰਦਾ ਹਾਂ ਕਿ, ਖਾਲਿਸਤਾਨ ਨਹੀਂ ਬਣ ਸਕਦਾ (ਥੰਪਿੰਗ), ਇਹ ਸੋਚ ਲੰਬੇ ਸਮੇਂ ਲਈ ਕਾਠ ਨਹੀਂ ਕਰ ਸਕਦੀ । ਜੋ 12/13 ਸਾਲ ਲੜਾਈ ਲੜੀ ਹੈ, ਉਸ ਦਾ ਸਾਨੂੰ ਪਤਾ ਹੈ ਕਿ ਲੋਕਾਂ ਨੇ ਕਿਸ ਤਰ੍ਹਾਂ ਦਿਨ ਕੱਟੇ ਹਨ, ਕਿਵੇਂ ਰਾਤਾਂ ਕੱਟੀਆਂ ਹਨ। ਇਸ ਲੜਾਈ ਵਿਚ ਬਹੁਤ ਸਾਰੀਆਂ ਪਾਰਟੀਆਂ ਸ਼ਾਮਲ ਹਨ. ਪਰ ਕਈ ਲੀਡਰ ਡਰਦੇ ਬੈਠੇ ਹਨ ਜਾਂ ਹੋਰ ਕੋਈ ਭੁਲੇਖਾ ਉਨ੍ਹਾਂ ਦੇ ਮਨਾਂ ਵਿਚ ਹੋਵੇਗਾ ਕਿਉਂਕਿ ਜਿਹੜੀ ਇਹ ਲੜਾਈ ਹੈ ਇਹ ਤਾਂ ਸਾਰੇ ਲੋਕਾਂ ਦੀ ਲੜਾਈ ਹੈ. ਦੇਸ਼ ਦੀ ਲੜਾਈ ਹੈ ਜਿਸ ਵਿਚ ਦੇਸ਼ ਦੇ ਸਾਰੇ ਲੋਕ ਸ਼ਾਮਲ ਹਨ, ਸਾਰੇ ਦੁਕਾਨਦਾਰ, ਸ਼ਾਮਲ ਹਨ. ਵਪਾਰੀ ਸ਼ਾਮਲ ਹਨ, ਬੁਧੀਜੀਵੀ ਸ਼ਾਮਲ ਹਨ, ਸਕੂਲਾਂ ਵਿਚ ਬੱਚਿਆਂ ਨੂੰ ਪੜ੍ਹਾ ਰਹੇ ਟੀਚਰ ਸ਼ਾਮਲ ਹਨ,ਮੁਲਾਜ਼ਮ ਸ਼ਾਮਲ ਹਨ, ਕਾਮੇ ਸ਼ਾਮਲ ਹਨ, ਪੁਲੀਟੀਕਲ ਪਾਰਟੀਆਂ ਦੇ ਲੀਡਰ ਸ਼ਾਮਲ ਹਨ, ਸਾਡੀਆਂ ਮਾਤਾਂਵਾਂ. ਭੈਣਾਂ ਤੇ ਔਰਤਾਂ ਸਾਰੀਆਂ ਸ਼ਾਮਲ ਹਨ । ਇਸ ਲੜਾਈ ਦੇ ਵਿਚ ਲੋਕਾਂ ਦਾ ਬੜਾ ਯੋਗਦਾਨ ਹੈ ।

ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਹੁਣ ਸ਼ਾਂਤੀ ਆਈ ਹੈ ਅਤੇ ਸ਼ਾਂਤੀ ਲਿਆਉਣ ਵਾਸਤੇ ਸਰਕਾਰ ਦਾ, ਸਿਕਿਉਰਿਟੀ ਫੋਰਸਿਜ਼ ਦਾ ਯੋਗਦਾਨ ਹੈ । ਅਸੀਂ ਭੁਲੇਖੇ ਵਿਚ ਰਵਾਂਗੇ ਜੇਕਰ ਅਸੀਂ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਭੁਲਾਂਵਾਂਗੇ ਜਿਨ੍ਹਾਂ ਨੇ ਜਾਨਾਂ ਤਲੀ ਤੇ ਧਰ ਕੇ ਅਤਿਵਾਦੀਆਂ ਦਾ ਮੁਕਾਬਲਾ ਕੀਤਾ ਹੈ । ਦੇਸ਼ ਭਗਤੀ ਦਾ ਜਜ਼ਬਾ ਉਭਾਰਨਾ ਚਾਹੀਦਾ ਹੈ ਔਰ ਜੇਕਰ ਇਹ ਨਹੀ ਉਭਰੇਗਾ ਤਾਂ ਆਉਣ ਵਾਲੇ ਸਮੇਂ ਲਈ ਮੁਸ਼ਕਲ ਖੜ੍ਹੀ ਕਰ ਰਹੇ ਹੋਂਵਾਂਗੇ । (ਥੰਪਿੰਗ)

ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਬੀ. ਜੇ. ਪੀ. ਵਾਲੇ ਹਿੰਦੂ ਰਾਸ਼ਟਰ ਬਨਾਉਣ ਦੀਆਂ ਗੱਲਾਂ ਕਰ ਰਹੇ ਹਨ ਅਤੇ ਹਿੰਦੂ ਧਰਮ ਦਾ ਪ੍ਰਚਾਰ ਕਰ ਰਹੇ ਹਨ । ਇਨ੍ਹਾਂ ਫਿਰਕਾਪ੍ਰਸਤ ਤਾਕਤਾਂ ਉਤੇ ਸਰਕਾਰ ਨੂੰ ਨਿਗਾਹ ਰਖਣੀ ਚਾਹੀਦੀ ਹੈ । ਜਿਹੜੇ ਲੋਕਾਂ ਦੇ ਕਤਲ ਕਰਦੇ ਹਨ ਅਤੇ ਲੋਕਾਂ ਦੇ ਖੂਨ ਦੇ ਪਿਆਸੇ ਬਣੇ ਹੋਏ ਹਨ । ਉਨ੍ਹਾਂ ਦੇ ਨਾਲ ਸਰਕਾਰ ਨੂੰ ਸਖਤੀ ਦੇ ਨਾਲ ਪੇਸ਼ ਆਉਣਾ ਚਾਹੀਦਾ ਹੈ, ਉਨ੍ਹਾਂ ਦੇ ਨਾਲ ਨਰਮੀ ਬਿਲਕੁਲ ਨਹੀਂ ਵਰਤਣੀ ਚਾਹੀਦੀ । ਇਨ੍ਹਾਂ ਫਿਰਕਾਪ੍ਰਸਤ ਤਾਕਤਾਂ ਨੇ ਅਤੇ ਅੱਤਵਾਦੀਆਂ ਨੇ ਦੇਸ਼ ਦਾ ਅਤੇ ਖਾਸ ਕਰਕੇ ਪੰਜਾਬ ਦਾ ਬਹੁਤ ਨੁਕਸਾਨ ਕੀਤਾ ਹੈ । ਇਸ ਲਈ ਸਾਨੂੰ ਸਾਰਿਆਂ ਨੂੰ ਮਿਲ ਕੇ ਪੁਲੀਟੀਕਲ ਫੰਕਸ਼ਨਾਂ ਤੇ, ਸੋਸ਼ਲ ਫੰਕਸ਼ਨਾਂ ਤੋਂ, ਸਰਕਾਰੀ ਪੱਧਰ ਦੇ ਫੰਕਸ਼ਨਾਂ ਤੇ ਇਨ੍ਹਾਂ ਦੀ ਜ਼ੋਰਦਾਰ ਨਿਖੇਧੀ ਕਰਨੀ ਚਾਹੀਦੀ ਹੈ ਕਿਉਂਕਿ ਇਨ੍ਹਾਂ ਫਿਰਕਾਪ੍ਰਸਤ ਅਤੇ ਅੱਤਵਾਦੀਆਂ ਦੇ ਪਿਛੇ ਵਿਦੇਸ਼ੀ ਤਾਕਤਾਂ ਕੰਮ ਕਰ ਰਹੀਆਂ ਹਨ ਅਤੇ ਲੋਕਾਂ ਵਿਚ ਇਨ੍ਹਾਂ ਦੇ ਖ਼ਿਲਾਫ਼ ਪ੍ਰਚਾਰ ਕਰਨਾ ਚਾਹੀਦਾ ਹੈ । ਸਾਡਾ ਗੁਆਂਢੀ ਮੁਲਕ ਪਾਕਿਸਤਾਨ ਅਤੇ ਅਮਰੀਕਾ ਖਾਸ ਕਰਕੇ ਸਾਡੇ ਦੇਸ਼ ਦੇ ਟੋਟੇ ਟੋਟੇ ਕਰ ਦੇਣਾ ਚਾਹੁੰਦਾ ਹੈ ਤਾਂਕਿ ਆਪਣਾ. ਸਾਮਰਾਜੀ ਤਾਕਤਾਂ ਦਾ ਕਬਜ਼ਾ ਭਾਰਤ ਉਤੇ ਫੇਰ ਹੋ ਸਕੇ । ਮੈਂ ਇਸ ਹਾਊਸ ਰਾਹੀਂ ਪੰਜਾਬ ਦੀ ਜਨਤਾ ਤੱਕ ਆਪਣੀ ਆਵਾਜ਼ ਪਹੁੰਚਾਉਣਾ ਚਾਹੁੰਦਾ ਹਾਂ ਕਿ ਫਿਰਕੂ ਤਾਕਤਾਂ ਨੂੰ ਅਤੇ ਅੱਤਵਾਦੀਆਂ ਨੂੰ ਦੇਸ਼ ਤੋਂ ਬਾਹਰ ਕੱਢਣਾ ਚਾਹੀਦਾ ਹੈ । ਹੁਣ ਅਕਾਲੀਆਂ ਨੂੰ ਅੱਤਵਾਦੀਆਂ ਦਾ ਸਾਥ ਨਹੀਂ ਦੇਣਾ ਚਾਹੀਦਾ ਅਤੇ ਆਪਣਾ ਪਿਛਾ ਛੁੜਵਾ ਲੈਣਾ ਚਾਹੀਦਾ ਹੈ ਕਿਉਂਕਿ

ਪੰਜਾਬ ਦਾ ਇਨ੍ਹਾਂ ਤਾਕਤਾਂ ਨੇ ਬਹੁਤ ਨੁਕਸਾਨ ਕੀਤਾ ਹੈ। ਇਨ੍ਹਾਂ ਅੱਤਵਾਦੀਆਂ ਦੇ ਹੱਥੋਂ ਬਹੁਤ ਸਾਰੇ ਹਿੰਦੂ, ਸਿੱਖ ਅਤੇ ਹੋਰ ਪੁਲੀਟੀਕਲ ਲੀਡਰਜ਼ ਮਾਰੇ ਗਏ ਹਨ ਅਤੇ ਦੇਸ਼ ਵਿਚ ਫਿਰਕਾ-ਪ੍ਰਸਤੀ ਵੱਧੀ ਹੈ। ਜਿਸ ਤਰ੍ਹਾਂ 6 ਦਸੰਬਰ ਨੂੰ ਆਯੋਧਿਆ ਵਿਚ ਫਿਰਕਾਪ੍ਰਸਤ ਤਾਕਤ ਦਾ ਨੰਗਾ ਨਾਚ ਵੇਖਿਆ ਗਿਆ ਅਤੇ ਅੱਜ 25 ਫਰਵਰੀ ਨੂੰ ਫਿਰ ਦਿੱਲੀ ਵਿਚ ਰੈਲੀ ਕਰਕੇ ਫਿਰਕਾਪ੍ਰਸਤੀ ਫੈਲਾਉਣ ਦਾ ਯਤਨ ਕਰ ਰਹੇ ਹਨ ਤਾਕਿ ਦੇਸ਼ ਵਿਚ ਮੱਧ ਕਾਲੀਨ ਚੋਣਾਂ ਹੋ ਸਕਣ।

ਪੰਜਾਬ ਅਸੈਂਬਲੀ ਵਿਚ ਇਕ ਸਪੈਸ਼ਲ ਮਤਾ ਲਿਆ ਕੇ ਫਿਰਕਾਪ੍ਰਸਤ ਤਾਕਤਾਂ ਦੇ ਖਿਲਾਫ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ। ਭਾਰਤੀ ਜਨਤਾ ਪਾਰਟੀ ਵਾਲੇ ਦੇਸ਼ ਵਿਚ ਹਿੰਦੂ ਰਾਸ਼ਟਰ ਕਾਇਮ ਕਰਨ ਦੀਆਂ ਗੱਲਾਂ ਕਰ ਰਹੇ ਹਨ, ਇਸ ਦੀ ਨਿੰਦਾ ਕੀਤੀ ਜਾਣੀ ਚਾਹੀਦੀ ਹੈ (ਥੰਪਿੰਗ) ਪੰਜਾਬ ਅਸੈਂਬਲੀ ਦੇ ਸੈਸ਼ਨ ਤੋਂ ਬਾਅਦ ਸਾਨੂੰ ਸਾਰਿਆਂ ਨੂੰ ਇਕ ਦੂਜੇ ਤੇ ਚਿੱਕੜ ਨਹੀਂ ਉਛਾਲਣਾ ਚਾਹੀਦਾ ਬਲਕਿ ਇਸ ਤਰ੍ਹਾਂ ਫਿਰਕਾਪ੍ਰਸਤ ਤਾਕਤਾਂ ਦੇ ਖਿਲਾਫ਼ ਅਤੇ ਅੱਤਵਾਦੀਆਂ ਦੇ ਖ਼ਿਲਾਫ਼ ਹਰ ਪਲੇਟਫਾਰਮ ਉਤੇ ਨਿੰਦਾ ਕੀਤੀ ਜਾਣੀ ਚਾਹੀਦੀ ਹੈ। ਇਹ ਲੜਾਈ ਸਾਨੂੰ ਸਾਰਿਆਂ ਨੂੰ ਇਕੱਠੇ ਹੋ ਕੇ ਲੜਨੀ ਚਾਹੀਦੀ ਹੈ ਤਾਂਕਿ ਇਹ ਫਿਰਕਾਪ੍ਰਸਤ ਤਾਕਤਾਂ ਆਪਣਾ ਸਿਰ ਪੰਜਾਬ ਵਿਚ ਉਚਾ ਨਾ ਚੁੱਕ ਸਕਣ। ਅੱਤਵਾਦੀਆਂ ਦੇ ਖ਼ਿਲਾਫ਼ ਅਸੀਂ ਪਿੰਡਾਂ ਵਿਚ ਲੜਾਈ ਲੜੀ ਅਤੇ ਜਿਸ ਦੀ ਕੀਮਤ ਸਾਨੂੰ ਕਾਫੀ ਦੇਣੀ ਪਈ ਅਤੇ ਕੁਰਬਾਨੀਆਂ ਦੇਣੀਆਂ ਪਈਆਂ। ਇਸ ਲਈ ਦੇਸ਼ ਨੂੰ ਅਤੇ ਪੰਜਾਬ ਨੂੰ ਇਨ੍ਹਾਂ ਫਿਰਕਾਪ੍ਰਸਤ ਤਾਕਤਾਂ ਤੋਂ ਅਤੇ ਦਹਿਸ਼ਤਗਰਦ ਤਾਕਤਾਂ ਤੋਂ, ਬਚਾਉਣ ਦੀ ਲੋੜ ਹੈ। ਇਸ ਲਈ ਪੰਜਾਬ ਸਰਕਾਰ ਦੀ ਇਹ ਡਿਊਟੀ ਬਣਦੀ ਹੈ ਕਿ ਉਹ ਹਰ ਸਰਕਾਰੀ ਫੰਕਸ਼ਨ ਵਿਚ ਅਤੇ ਸੋਸ਼ਲ ਫੰਕਸ਼ਨਾਂ ਵਿਚ, ਸਾਂਸਕ੍ਰਿਤਕ ਫੰਕਸ਼ਨਾਂ ਅਤੇ ਜਿਥੇ ਵੀ ਪਲੇਟਫ਼ਾਰਮ ਮਿਲੇ ਸਾਨੂੰ ਸਾਰਿਆਂ ਨੂੰ ਇਨ੍ਹਾਂ ਫਿਰਕਾਪ੍ਰਸਤ ਅਤੇ ਦਹਿਸ਼ਤਗਰਦ ਤਾਕਤਾਂ ਦੇ ਖਿਲਾਫ ਜਦੋ-ਜਹਿਦ ਸ਼ੁਰੂ ਕਰ ਦੇਣੀ ਚਾਹੀਦੀ ਹੈ। ਮੈਂ ਇਥੇ ਇਕ ਗੱਲ ਕਹਿਣ ਲਗਾ ਹਾਂ ਅਤੇ ਮੈਨੂੰ ਉਮੀਦ ਹੈ ਕਿ ਮੇਰੇ ਭਰਾ ਗੁੱਸਾ ਨਹੀਂ ਕਰਨਗੇ। ਹੁਣ ਇਥੇ ਫੇਰ ਕਿਸੇ ਭਿੰਡਰਾਂਵਾਲਾ ਨੂੰ ਪੈਦਾ ਨਾ ਕਰੋ। ਜਿਸ ਤਰ੍ਹਾਂ ਪਹਿਲੇ ਅਕਾਲੀਆਂ ਨੂੰ ਨੁਕਸਾਨ ਪੁੰਹਚਾਉਣ ਲਈ ਭਿੰਡਰਾਂਵਾਲੇ ਦਾ ਸਾਡੇ ਲੀਡਰਾਂ ਨੇ ਸਾਥ ਦਿਤਾ ਅਤੇ ਉਸ ਨੂੰ ਲੀਡਰ ਬਣਾ ਕੇ ਪੰਜਾਬ ਦਾ ਕਾਫ਼ੀ ਨੁਕਸਾਨ ਕੀਤਾ ਹੈ। ਧਰਮ ਅਤੇ ਰਾਜਨੀਤੀ ਨੂੰ ਅਲੱਗ ਅਲੱਗ ਰਖਿਆ ਜਾਣਾ ਚਾਹੀਦਾ ਹੈ। ਧਰਮ ਸਥਾਨਾਂ ਤੇ ਪੁਲੀਟੀਕਲ ਸਪੀਚਾਂ ਬੰਦ ਹੋਣੀਆਂ ਚਾਹੀਦੀਆਂ ਹਨ ਅਤੇ ਧਰਮ ਦੇ ਨਾਂ ਉਤੇ ਵੋਟਾਂ ਨਹੀਂ ਮੰਗਣੀਆਂ ਚਾਹੀਦੀਆਂ। ਹਿੰਦੂਆਂ ਦੀਆਂ ਵੋਟਾਂ ਲਈ ਧਰਮ ਦਾ ਅਤੇ ਸਿੱਖਾਂ ਨੂੰ ਖੁਸ਼ ਕਰਨ ਲਈ ਧਰਮ ਦਾ ਇਸਤੇਮਾਲ ਨਹੀਂ ਕਰਨਾ ਦੇਣਾ ਚਾਹੀਦਾ। ਇਸ ਉਤੇ ਸਰਕਾਰ ਵਲੋਂ ਪਾਬੰਦੀ ਲਗਣੀ ਚਾਹੀਦੀ ਹੈ। ਧਾਰਮਿਕ ਸਥਾਨਾਂ ਨੂੰ ਪੁਲੀਟੀਕਲ ਪਰਪਜ਼ ਵਾਸਤੇ ਇਸਤੇਮਾਲ ਕਰਨ ਦੀ ਇਜ਼ਾਜ਼ਤ ਨਹੀਂ ਹੋਣੀ ਚਾਹੀਦੀ ਅਤੇ ਇਸ ਦੀ ਅਸੀਂ ਪੁਰਜ਼ੋਰ ਨਿਖੇਧੀ ਕਰਦੇ ਹਾਂ ਅਤੇ ਫਿਰਕਾਪ੍ਰਸਤ ਔਰ ਦਹਿਸ਼ਤਗਰਦ ਤਾਕਤਾਂ ਉਤੇ ਸਰਕਾਰ ਦੀ ਸਖ਼ਤੀ ਹੋਣੀ ਚਾਹੀਦੀ ਹੈ।

ਡਿਪਟੀ ਸਪੀਕਰ ਸਾਹਿਬ, ਜਿਤਨੀਆਂ ਸਮੱਸਿਆਵਾਂ ਵੱਧ ਰਹੀਆਂ ਹਨ ਉਨ੍ਹਾਂ ਨੂੰ ਠੀਕ

[ਕਾਮਰੇਡ ਤਰਸੇਮ ਜੋਧਾਂ]

ਕਰਨ ਦੀ ਲੋੜ ਹੈ । ਧਰਮ ਨੂੰ ਰਾਜਨੀਤੀ ਦੇ ਨਾਲ ਨਹੀਂ ਜੋੜਨਾ ਚਾਹੀਦਾ । ਪੰਜਾਬ ਵਿਚ ਜੇਕਰ ਧਰਮ ਨੂੰ ਸਿਆਸਤ ਨਾਲ ਕਿਸੇ ਪਾਰਟੀ ਨੇ ਜੋੜਿਆ ਹੈ ਤਾਂ ਉਸ ਨਾਲ ਪੰਜਾਬ ਦਾ ਬਹੁਤ ਭਾਰੀ ਨੁਕਸਾਨ ਹੋਇਆ ਹੈ । ਆਰ. ਐਸ. ਐਸ ਇਕ ਐਸੀ ਜਮਾਤ ਹੈ ਜੋ ਕਿ ਧਰਮ ਦੇ ਨਾਂ ਤੇ ਲੜਦੀ ਹੈ ਉਹ ਸਮਝਦੇ ਹਨ ਕਿ ਕੋਈ ਕਾਨੂੰਨ ਨਹੀਂ ਹੈ ਅਤੇ ਨਾ ਹੀ ਉਹ ਕੋਈ ਕਾਨੂੰਨ ਨੂੰ ਮੰਨਦੇ ਹਨ । ਧਰਮ ਨੂੰ ਰਾਜਨੀਤੀ ਦੇ ਨਾਲ ਰਲਗਡ ਕੀਤਾ ਜਾ ਰਿਹਾ ਹੈ । ਅੱਜ ਦੇਸ਼ ਦੇ ਸਾਹਮਣੇ ਜੋ ਐਸੀਆਂ ਤਾਕਤਾਂ ਕੰਮ ਕਰਦੀਆਂ ਹਨ ਉਨ੍ਹਾਂ ਦਾ ਸਾਨੂੰ ਸਾਰਿਆਂ ਨੂੰ ਮਿਲ ਕੇ ਡੱਟ ਕੇ, ਮੁਕਾਬਲਾ ਕਰਨ ਲਈ ਕੰਮ ਕਰਨਾ ਚਾਹੀਦਾ ਹੈ ।

ਅੰਤ ਵਿਚ, ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਕਾਮਰੇਡ ਹਰਦੇਵ ਸਿੰਘ ਅਰਸ਼ੀ ਜੀ ਨੇ ਜੋ ਮਤਾ ਸਦਨ ਵਿਚ ਪੇਸ਼ ਕੀਤਾ ਹੈ, ਇਹ ਬੜਾ ਹੀ ਮਹੱਤਵਪੂਰਨ ਮਤਾ ਹੈ, ਇਸ ਮਤੇ ਤੇ ਹੋਰ ਬਹਿਸ ਕਰਾਈ ਜਾਣੀ ਚਾਹੀਦੀ ਹੈ । ਮੈਂ, ਡਿਪਟੀ ਸਪੀਕਰ ਸਾਹਿਬ ਮੰਗ ਕਰਦਾ ਹਾਂ ਕਿ ਇਸ ਤੇ ਹੋਰ ਬਹਿਸ ਕਰਨ ਲਈ ਸਮਾਂ ਵਧਾਇਆ ਜਾਵੇ । ਉਨ੍ਹਾਂ ਮਹਾਨ ਸ਼ਖਸੀਅਤਾਂ ਦੇ ਜਨਮ ਅਸਥਾਨਾਂ ਤੇ ਯਾਦਗਾਰਾਂ ਬਨਾਉਣੀਆਂ ਚਾਹੀਦੀਆਂ ਹਨ ਤਾਂਕਿ ਉਨ੍ਹਾਂ ਨੂੰ ਹਮੇਸ਼ਾ ਯਾਦ ਰਖਿਆ ਜਾਵੇ । ਜਿਨ੍ਹਾਂ ਮਹਾਨ ਸ਼ਖਸੀਅਤਾਂ ਨੇ ਦੇਸ਼ ਦੀ ਏਕਤਾ ਅਤੇ ਅਖੰਡਤਾ ਖਾਤਰ ਕੁਰਬਾਨੀਆਂ ਕੀਤੀਆਂ ਹਨ ਉਨ੍ਹਾਂ ਨੂੰ ਹਮੇਸ਼ਾ ਯਾਦ ਰਖਣ ਦੀ ਖਾਤਿਰ ਯਾਦਾਂ ਕਾਇਮ ਰਖਣੀਆਂ ਚਾਹੀਦੀਆਂ ਹਨ ਤਾਂਕਿ ਅਸੀਂ ਆਉਣ ਵਾਲੇ ਸਮੇਂ ਵਿਚ ਉਨ੍ਹਾਂ ਦੇ ਪੂਰਨਿਆਂ ਤੇ ਚਲ ਸਕੀਏ । ਮੈਂ, ਡਿਪਟੀ ਸਪੀਕਰ ਸਾਹਿਬ, ਇਸ ਮਤੇ ਦੀ ਪ੍ਰੋੜ੍ਹਤਾ ਕਰਦਾ ਹੋਇਆ ਬੈਠਦਾ ਹਾਂ ।

ਪੇਂਡੂ ਵਿਕਾਸ ਅਤੇ ਪੰਚਾਇਤਾਂ ਮੰਤਰੀ (ਸਰਦਾਰ ਉਮਰਾਓ ਸਿੰਘ) : ਡਿਪਟੀ ਸਪੀਕਰ ਸਾਹਿਬ, ਜੋ ਮਤਾ ਕਾਮਰੇਡ ਹਰਦੇਵ ਸਿੰਘ ਅਰਸ਼ੀ ਜੀ ਨੇ ਪੇਸ਼ ਕੀਤਾ ਹੈ, ਉਸ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ, ਪਰ ਸਮਾਂ ਬਹੁਤ ਥੋੜ੍ਹਾ ਰਹਿ ਗਿਆ ਹੈ ਮੈਂ ਇਸ ਲਈ ਆਪਣੀ ਗੱਲ ਜਲਦੀ ਤੋਂ ਜਲਦੀ ਕਰਨ ਦੀ ਕੋਸ਼ਿਸ਼ ਕਰਾਂਗਾ । ਡਿਪਟੀ ਸਪੀਕਰ ਸਾਹਿਬ, ਇਸ ਸਿਲਸਿਲੇ ਵਿਚ ਪੰਜਾਬ ਗੌਰਮਿੰਟ ਨੇ ਇਕ ਕਮੇਟੀ ਬਣਾਈ ਹੈ। ਇਹ ਕਮੇਟੀ ਮਿਤੀ 19 ਮਈ, 1992 ਨੂੰ ਪੰਜਾਬ ਸਰਕਾਰ ਨੇ ਬਣਾਈ ਹੈ । ਇਸ ਕਮੇਟੀ ਨੇ ਜਿਹੜੇ ਮਹਾਨ ਸ਼ਖਸ਼ੀਅਤਾਂ ਸ਼ਹੀਦ ਹੋਈਆਂ ਸ਼ਹੀਦ ਭਗਤ ਸਿੰਘ, ਰਾਜ ਗੁਰੂ, ਸੁਖਦੇਵ, ਫਰੀਡਮ ਫਾਈਟਰ ਲਾਲਾ ਲਾਜਪਤ ਰਾਏ, ਡਾਕਟਰ ਬੀ. ਆਰ. ਅੰਬੇਦਕਰ, ਆਰਮੀ ਦੇ ਫੌਜੀ ਭੁਪਿੰਦਰ ਸਿੰਘ, ਨਿਰਮਲ ਸਿੰਘ ਅਤੇ ਇਸ ਤੋਂ ਇਲਾਵਾ ਪੰਜਾਬ ਦੇ ਬਹਾਦਰ ਮਹਾਰਾਜਾ ਰਣਜੀਤ ਸਿੰਘ ਸਾਰਿਆਂ ਨੇ ਕੁਰਬਾਨੀਆਂ ਦਿੱਤੀਆਂ । ਇਨ੍ਹਾਂ ਸ਼ਹੀਦਾਂ ਬਾਰੇ ਅਸੀਂ ਹੋਰ ਵੀ ਕਈ ਸਕੀਮਾਂ ਬਣਾ ਰਹੇ ਹਾਂ । ਡਿਪਟੀ ਸਪੀਕਰ ਸਾਹਿਬ, ਜਿਹੜੀ ਕਮੇਟੀ ਬਣਾਈ ਹੈ ਉਸ ਦੇ ਚੇਅਰਮੈਨ ਮੁੱਖ ਮੰਤਰੀ, ਸਰਦਾਰ ਬੇਅੰਤ ਸਿੰਘ ਜੀ ਹਨ ਅਤੇ ਵਿੱਤ ਮੰਤਰੀ ਡਾਕਟਰ ਕੇਵਲ ਕ੍ਰਿਸ਼ਨ ਵੀ ਉਸ ਕਮੇਟੀ ਦੇ ਮੈਂਬਰ ਹਨ । ਸਟੇਟ ਮਨਿਸਟਰ ਇਨਫਰਮੇਸ਼ਨ ਐਂਡ ਪਬਲਿਕ ਰਿਲੇਸ਼ਨਜ਼ ਵੀ ਉਸ ਦੇ ਮੈਂਬਰ ਹਨ ਅਤੇ ਹੋਰ ਅਫਸਰ ਸਾਹਿਬਾਨ ਵੀ ਇਸ ਕਮੇਟੀ ਵਿਚ ਹਨ । ਡਿਪਟੀ ਸਪੀਕਰ ਸਾਹਿਬ, ਹਰ ਜ਼ਿਲ੍ਹੇ ਦਾ ਡੀ. ਸੀ. ਅਤੇ ਉਸ ਇਲਾਕੇ ਦਾ ਐਮ. ਐਲ. ਏ. ਵੀ ਹੈ । ਇਸ ਗੱਲ ਵੱਲ ਆਲਰੇਡੀ ਪੰਜਾਬ ਸਰਕਾਰ ਧਿਆਨ ਦੇ ਰਹੀ

ਹੈ। ਜਿਥੋਂ ਤਕ ਇਸ ਮਤੇ ਦੀ ਸਪਿਰਟ ਦਾ ਸਵਾਲ ਹੈ, ਸਾਡੇ ਪਾਸਿਉਂ ਮੈਂਬਰ ਸਾਹਿਬਾਨ ਨੇ ਵੀ ਇਸ ਗੱਲ ਦੀ ਪ੍ਰੋੜਤਾ ਕੀਤੀ ਹੈ। ਜਿਨ੍ਹਾਂ ਨੇ ਦੇਸ਼ ਦੀ ਖਾਤਰ ਜਾਨਾਂ ਦਿਤੀਆਂ ਅਸੀਂ ਉਨ੍ਹਾਂ ਨੂੰ ਭੁਲਾ ਨਹੀਂ ਸਕਦੇ। ਜਿਨ੍ਹਾਂ ਨੇ ਦੇਸ਼ ਦੀ ਏਕਤਾ **ਅਤੇ** ਅਖੰਡਤਾ ਖਾ ... ਕੁਰਬਾਨੀਆਂ ਕੀਤੀਆਂ ਹਨ ਉਨ੍ਹਾਂ ਨੂੰ ਭੁਲਾਣਾ ਬੇਇਨਸਾਫ਼ੀ ਹੋਵੇਗੀ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਤੁਸੀਂ ਇਸ ਮਤੇ ਵਿਚ ਅਮੈਂਡਮੈਂਟ ਕਰ ਦਿਉ।

ਪੇਂਡੂ ਵਿਕਾਸ ਅਤੇ ਪੰਚਾਇਤਾਂ ਮੰਤਰੀ : ਇਨ੍ਹਾਂ ਨੇ, ਡਿਪਟੀ ਸਪੀਕਰ ਸਾਹਿਬ, ਸਿਰਫ ਸਟੇਟ ਗੌਰਮਿੰਟ ਦੇ ਜਿੰਮੇਂ ਕੰਮ ਲਾਇਆ ਹੈ।

ਸ੍ਰੀ ਡਿਪਟੀ ਸਪੀਕਰ : ਸਰਦਾਰ ਉਮਰਾਓ ਸਿੰਘ ਜੀ, ਟਾਈਮ ਖਤਮ ਹੋ ਗਿਆ ਹੈ

The House stands adjourned till 9.00 A. M. on Friday, the 26th February, 1993.

*1.30 P.M.

(The Sabha then adjourned till 9.00 A.M. on Friday, the 26th February, 1993)*

341/11-6-93—307 ਕਾਪੀਆਂ—ਪੰਜਾਬ ਸਰਕਾਰ ਪ੍ਰੈਸ, ਪਟਿਆਲਾ।

Published under the authority of the Punjab Vidhan Sabha and printed by the Controller, Printing and Stationery, Punjab at the Govt. Press, Patiala.

PUNJAB VIDHAN SABHA

DEBATES

26th February, 1993

Vol. IV—No. 4

OFFICIAL REPORT

CONTENTS

Friday, the 26th February, 1993

Punjab Vidhan Sabha Secretariat, Chandigarh.

Price : Rs.........

PUNJAB VIDHAN SABHA

Friday, The 26th February, 1993

The Vidhan Sabha met in the Punjab Vidhan Sabha Hall, Vidhan Bhavan, Sector-1, Chandigarh, at 9-00 A. M. Mr. Speaker (Sardar Harcharn Singh Ajnala) in the Chair.

———

STARRED QUESTIONS AND ANSWERS

Mr. Speaker : Questions. Shri Madan Mohan Mittal.

ਨਿਸ਼ਾਨ ਵਾਲੇ ਪ੍ਰਸ਼ਨ ਨੰਬਰ : 740 ਅਤੇ 741

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਣ ਇਹ ਪ੍ਰਸ਼ਨ ਪੇਸ਼ ਨਹੀਂ ਹੋਏ ।)

ਸ਼੍ਰੀ ਸਪੀਕਰ : ਅਗਲਾ ਸਵਾਲ। ਸਰਦਾਰ ਅਵਤਾਰ ਸਿੰਘ ਕਰੀਮਪੁਰੀ

———

ਤਹਿਸੀਲ ਗੜ੍ਹਸ਼ੰਕਰ ਵਿਚ ਲਿੰਕ ਸੜਕਾਂ ਬਣਾਉਣਾ

*653. **ਸਰਦਾਰ ਅਵਤਾਰ ਸਿੰਘ ਕਰੀਮਪੁਰੀ** : ਕੀ ਖੇਤੀਬਾੜੀ ਅਤੇ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

ਕੀ ਸਰਕਾਰ ਦੀ ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ਨਿਮਨਲਿਖਤ ਪਿੰਡਾਂ ਦੀਆਂ ਲਿੰਕ ਸੜਕਾਂ ਬਣਾਉਣ ਦੀ ਤਜਵੀਜ਼ ਹੈ :—

(1)	ਸੈਲਾਂ ਕਲਾਂ ਤੋਂ ਖੁਸ਼ੀ ਪੱਦੀ (ਅਨੁਸੂਚਿਤ ਜਾਤੀ ਬਸਤੀ ਤੱਕ)	..	2 ਕਿਲੋਮੀਟਰ	ਲਗਭਗ ਲੰਬਾਈ
(2)	ਮਹਿਰੋਵਾਲ ਤੋਂ ਬੁਗਰੇ	..	1.5 ਕਿਲੋਮੀਟਰ	,,
(3)	ਐਮਾਂ ਜੱਟਾਂ ਤੋਂ ਬਿੰਝੋ	..	1.5 ਕਿਲੋਮੀਟਰ	,,
(4)	ਬਾੜਾਪੁਰ ਤੋਂ ਗੋਲੇਵਾਲ	..	1.5 ਕਿਲੋਮੀਟਰ	,,
(5)	ਬੱਦੋ (ਪਿੰਡ ਗੇਟ) ਤੋਂ ਅਜਣੋਹਾ ਕੈਨਾਲ ਬਰਿਜ ਬਰਾਸਤਾ ਅਨੁਸੂਚਿਤ ਜਾਤੀ ਬਸਤੀ ਤੱਕ)	..	1.5 ਕਿਲੋਮੀਟਰ	,,
(6)	ਨੀਅਤਪੁਰ ਤੋਂ ਸੈਦਪੁਰ	..	1.5 ਕਿਲੋਮੀਟਰ	,,
(7)	ਧਾਂਦੇ ਕਲਾਂ ਤੋਂ ਢਾਡਾਂ ਖੁਰਦ	..	1.5 ਕਿਲੋਮੀਟਰ	,,

ਜੇਕਰ ਅਜਿਹਾ ਹੋਵੇ ਤਾਂ ਉਕਤ ਸੜਕਾਂ ਦੇ ਕਦੋਂ ਤਕ ਬਣਾਏ ਜਾਣ ਦੀ ਸੰਭਾਵਨਾ ਹੈ ?

ਸਰਦਾਰ ਦਿਲਬਾਗ ਸਿੰਘ ਨਵਾਂ ਸ਼ਹਿਰ : ਸਰਕਾਰ ਵਲੋਂ ਉਪਰ ਦੱਸੀਆਂ ਲੜੀ ਨੰ : 3, 4 ਅਤੇ 5 ਵਾਲੀਆਂ ਲਿੰਕ ਸੜਕਾਂ ਬਣਾਉਣ ਦੀ ਤਜਵੀਜ਼ ਹੈ ।

ਇਹ ਲਿੰਕ ਸੜਕਾਂ ਮਿਤੀ 30-6-1993 ਤੀਕ ਬਣਾਏ ਜਾਣ ਦੀ ਆਸ ਹੈ ।

ਸਰਦਾਰ ਅਵਤਾਰ ਸਿੰਘ ਕਰੀਮਪੁਰੀ : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਤਿੰਨ ਸੜਕਾਂ ਤੋਂ ਇਲਾਵਾ ਹੋਰ ਜਿਹੜੀਆਂ ਚਾਰ ਸੜਕਾਂ ਰਹਿੰਦੀਆਂ ਹਨ, ਉਨ੍ਹਾਂ ਨੂੰ ਕਦੋਂ ਤੱਕ ਬਣਾਉਣ ਦੀ ਤਜਵੀਜ਼ ਹੈ ?

ਮੰਤਰੀ : ਸਪੀਕਰ ਸਾਹਿਬ, ਅਜੇ ਜ਼ਲਦੀ ਤਾਂ ਕੋਈ ਨਹੀਂ । ਲੋਕਾਂ ਦੀ ਜ਼ਰੂਰਤ ਦੇ ਮੁਤਾਬਿਕ ਬਣਾਵਾਂਗੇ । ਇਹ ਤਾਂ ਗੌਰਮਿੰਟ ਹੀ ਇਸ ਕੰਮ ਲਈ ਹੈ ।

ਸਰਦਾਰ ਅਵਤਾਰ ਸਿੰਘ ਕਰੀਮਪੁਰੀ : ਸਪੀਕਰ ਸਾਹਿਬ, ਲੋਕਾਂ ਨੂੰ ਬੜੀ ਜ਼ਰੂਰਤ ਹੈ । ਮੈਂ ਉਸ ਇਲਾਕੇ ਦਾ ਨੁਮਾਇੰਦਾ ਹਾਂ । ਮੈਂ ਲੋਕਾਂ ਦੀ ਜ਼ਰੂਰਤ ਬਾਰੇ ਜਾਣਦਾ ਹਾਂ । ਪਿੰਡ ਸੈਲਾਂ ਕਲਾਂ ਤੋਂ ਖੁਸ਼ੀ ਪੱਦੀ ਤੱਕ ਦੀ ਸੜਕ ਕਦੋਂ ਦੀ ਖਤਮ ਹੋਈ ਪਈ ਹੈ । ਲੋਕਾਂ ਨੂੰ ਉਸ ਦੀ ਬੜੀ ਸਖਤ ਜ਼ਰੂਰਤ ਹੈ । ਇਸ ਕਰਕੇ ਅਸੀਂ ਮਨਿਸਟਰ ਸਾਹਿਬ ਨੂੰ ਕਹਿਣਾ ਚਾਹੁੰਦੇ ਹਾਂ ਕਿ ਇਨ੍ਹਾਂ ਸੜਕਾਂ ਨੂੰ ਜਲਦੀ ਤੋਂ ਜਲਦੀ ਬਣਾਉਣ ਦੀ ਅਸ਼ੋਰੈਂਸ ਦੇਣ ।

ਮੰਤਰੀ : ਸਪੀਕਰ ਸਾਹਿਬ, ਮੈਂ ਬੇਨਤੀ ਕੀਤੀ ਹੈ ਕਿ ਸਾਡਾ ਕੁਝ ਸਿਸਟਮ ਬਣਾਇਆ ਹੋਇਆ ਹੈ । ਸਰਦਾਰ ਬੇਅੰਤ ਸਿੰਘ ਜੀ ਨੇ ਹਰੇਕ ਬਲਾਕ ਲੈਵਲ ਤੇ ਪੰਚਾਂ ਅਤੇ ਸਰਪੰਚਾਂ ਦੀ ਇਕ ਕਮੇਟੀ ਬਣਾਈ ਹੈ । ਇਸ ਤੋਂ ਬਾਅਦ ਉਨ੍ਹਾਂ ਕਮੇਟੀਆਂ ਵਲੋਂ ਬਣਾਈ ਗਈ ਪਰੋਪੋਜ਼ਲ ਪਲਾਨਿੰਗ ਬੋਰਡ ਵਿੱਚ ਜਾਂਦੀ ਹੈ । ਜਿਹੜੀ ਵੀ ਪਰੋਪੋਜ਼ਲ ਉਨ੍ਹਾਂ ਵਲੋਂ ਆਏਗੀ ਉਹ ਪਲਾਨਿੰਗ ਬੋਰਡ ਨੇ ਕੰਸਿਡਰ ਕਰ ਲੈਣੀ ਹੈ । ਉਹੀ ਲੋਕਾਂ ਦੀ ਜ਼ਰੂਰਤ ਹੈ ।

ਕਾਮਰੇਡ ਹਰਦੇਵ ਸਿੰਘ ਅਰਸ਼ੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਲਿੰਕ ਰੋਡਜ਼ ਹਨ, ਉਹ ਜਨਰਲੀ ਮੰਡੀਕਰਣ ਬੋਰਡ ਦੇ ਅਧੀਨ ਆਉਂਦੀਆਂ ਹਨ । 1987 ਤੋਂ ਬਾਅਦ ਮੰਡੀਕਰਨ ਬੋਰਡ ਦੁਆਰਾ ਨਵੀਆਂ ਸੜਕਾਂ ਬਣਾਉਣ ਦੇ ਕੰਮ ਤੇ ਪਾਬੰਦੀ ਲਗੀ ਹੋਈ ਹੈ । ਇਸ ਸਮੇਂ ਮੰਡੀਕਰਨ ਬੋਰਡ ਵਲੋਂ ਕੇਵਲ ਸੜਕਾਂ ਦੀ ਰਿਪੇਅਰ ਦਾ ਕੰਮ ਹੀ ਕੀਤਾ ਜਾ ਰਿਹਾ ਹੈ । ਪਰ ਪਬਲਿਕ ਹਿਤ ਵਿੱਚ ਬਹੁਤ ਸਾਰੀਆਂ ਨਵੀਆਂ ਲਿੰਕ ਰੋਡਜ਼ ਬਣਨੀਆਂ ਰਹਿੰਦੀਆਂ ਹਨ ਜਿਹੜੀਆਂ ਕਿ ਬਹੁਤ ਜ਼ਰੂਰੀ ਹਨ । ਕੀ ਸਰਕਾਰ ਦਾ ਨੇੜੇ ਭਵਿੱਖ ਵਿੱਚ ਮੰਡੀਕਰਨ ਬੋਰਡ ਤੋਂ ਉਪਰੋਕਤ ਵਰਣਿਤ ਪਾਬੰਦੀ ਖ਼ਤਮ ਕਰਨ ਦਾ ਕੋਈ ਵਿਚਾਰ ਹੈ ?

ਮੰਤਰੀ : ਰਿਪੇਅਰ ਕਰਨ ਤੇ ਕੋਈ ਪਾਬੰਦੀ ਨਹੀਂ । ਅਗਰ ਨਵੀਆਂ ਸੜਕਾਂ ਬਾਰੇ ਪੁੱਛਣਾ ਚਾਹੁੰਦੇ ਹੋ ਤਾਂ ਦੱਸ ਦਿੰਦੇ ਹਾਂ ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਮੈਂ ਤਾਂ ਸਪੱਸ਼ਟ ਸ਼ਬਦਾਂ ਵੱਚ ਨਵੀਆਂ ਸੜਕਾਂ ਬਾਰੇ ਹੀ ਪ੍ਰਸ਼ਨ ਪੁੱਛਿਆ ਸੀ ਪ੍ਰੰਤੂ ਪਤਾ ਨਹੀਂ ਇਨ੍ਹਾਂ ਨੂੰ ਪੰਜਾਬੀ ਭਾਸ਼ਾ ਵਿਚ ਵੀ ਕਿਉਂ ਸਮਝ ਨਹੀਂ ਆਇਆ ?

ਸ਼੍ਰੀ ਸਪੀਕਰ : ਸਰਦਾਰ ਦਿਲਬਾਗ ਸਿੰਘ, ਮੈਂਬਰ ਸਾਹਿਬ ਕਹਿ ਰਹੇ ਹਨ ਕਿ ਮੰਡੀਕਰਨ ਬੋਰਡ ਤੇ ਕੋਈ ਨਵੀਆਂ ਸੜਕਾਂ ਬਣਾਉਣ ਸਬੰਧੀ ਕੋਈ ਪਾਬੰਦੀ ਲਗੀ ਹੋਈ ਹੈ, ਉਸ ਸਬੰਧੀ ਜਵਾਬ ਦੇ ਦਿਓ ?

ਮੰਤਰੀ : ਸਪੀਕਰ ਸਾਹਿਬ, ਫ਼ਿਲਹਾਲ ਕਈ ਨਵੇਂ ਕੰਮ ਹੋ ਰਹੇ ਹਨ । ਫਿਰਨੀਆਂ ਬਣ ਰਹੀਆਂ ਹਨ । ਹਸਪਤਾਲ, ਸਕੂਲ ਅਤੇ ਧਰਮ ਸਥਾਨਾਂ ਨੂੰ ਜੋੜਨ ਲਈ ਲਿੰਕ ਸੜਕਾਂ, ਸ਼ੂਗਰ ਮਿਲਾਂ ਅਤੇ ਮਾਰਕੀਟ ਨੂੰ ਲਿੰਕ ਸੜਕਾਂ ਅਤੇ * * ਦੀਆਂ ਧਰਮਸ਼ਾਲਾਵਾਂ ਨੂੰ ਲਿੰਕ ਸੜਕਾਂ ਅਤੇ ਮਿਸਿੰਗ ਲਿੰਕ ਸੜਕਾਂ ਤੇ ਕੰਮ ਹੋ ਰਿਹਾ ਹੈ ।

Sardar Avtar Singh Karimpuri :- On a point of order, Sir ਮਨਿਸਟਰ ਸਾਹਿਬ ਨੇ ਜਿਹੜਾ * * ਸ਼ਬਦ ਕਿਹਾ ਹੈ ਇਹ ਰਿਕਾਰਡ ਵਿਚੋਂ ਐਕਸਪੰਜ ਹੋਣਾ ਚਾਹੀਦਾ ਹੈ । ਉਹ ਇਨ੍ਹਾਂ ਨੂੰ ਵਾਪਸ ਲੈਣਾ ਚਾਹੀਦਾ ਹੈ ।

ਸ਼੍ਰੀ ਸਪੀਕਰ : ਠੀਕ ਹੈ ਜੀ । ਇਹ ਸ਼ਬਦ ਐਕਸਪੰਜ ਕੀਤਾ ਜਾਂਦਾ ਹੈ ।

ਸਰਦਾਰ ਦਿਲਬਾਗ ਸਿੰਘ ਜੀ, ਇਨ੍ਹਾਂ ਦਾ ਸਵਾਲ ਇਹ ਹੈ ਕਿ ਨਵੀਆਂ ਸੜਕਾਂ ਬਣਾਉਣ ਉਤੇ ਜਿਹੜੀ ਪਾਬੰਦੀ ਲੱਗੀ ਹੋਈ ਹੈ, ਉਹ ਹਟਾਈ ਜਾਵੇਗੀ ਜਾਂ ਨਹੀਂ ?

ਮੰਤਰੀ : ਸਪੀਕਰ ਸਾਹਿਬ, ਪਹਿਲੇ ਨੰਬਰ ਤੇ ਪ੍ਰਾਇਰਟੀ ਅਸੀਂ ਰਿਪੇਅਰ ਨੂੰ ਦਿੰਦੇ ਹਾਂ ਅਤੇ ਦੂਜੇ ਨੰਬਰ ਤੇ ਪ੍ਰਾਇਰਟੀ ਜਿਹੜੀਆਂ 3-4 ਕਿਸਮ ਦੀਆਂ ਸੜਕਾਂ ਮੈਂ ਪੜ੍ਹੀਆਂ ਹਨ, ਉਨ੍ਹਾਂ ਨੂੰ ਦਿੰਦੇ ਹਾਂ । ਜਦੋਂ ਇਹ ਸਾਰਾ ਕੰਮ ਖ਼ਤਮ ਹੋ ਜਾਵੇਗਾ ਤਾਂ ਫਿਰ ਨਵੀਆਂ ਸੜਕਾਂ ਵੀ ਬਣਾਵਾਂਗੇ ।

ਡਾਕਟਰ ਰਮੇਸ਼ ਦੱਤ : ਸਪੀਕਰ ਸਾਹਿਬ , ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਪਿੰਡਾਂ ਨੂੰ ਹਾਲੇ ਤੱਕ ਵੀ ਫਸਟ ਲਿੰਕ ਨਹੀਂ ਮਿਲਿਆ, ਇਸ ਸਾਲ ਦੇ ਅੰਦਰ ਅੰਦਰ ਉਨ੍ਹਾਂ ਨੂੰ ਫਸਟ ਲਿੰਕ ਪ੍ਰੋਵਾਈਡ ਕਰਨ ਦੀ ਇਹ ਕੋਈ ਅਸ਼ੋਰੈਂਸ ਦੇਣਗੇ ਤਾਂ ਕਿ ਸਾਰੇ ਦੇ ਸਾਰੇ ਪਿੰਡ ਲਿੰਕ ਰੋਡਜ਼ ਨਾਲ ਜੋੜੇ ਜਾ ਸਕਣ ?

ਮੰਤਰੀ : ਜਿਹੜੇ ਐਸੇ ਪਿੰਡ ਹਨ ਜਿਨ੍ਹਾਂ ਨੂੰ ਹਾਲੇ ਤੱਕ ਕੋਈ ਫਸਟ ਲਿੰਕ ਨਹੀਂ ਮਿਲਿਆ, ਉਨ੍ਹਾਂ ਨੂੰ ਫਸਟ ਲਿੰਕ ਜਲਦੀ ਤੋਂ ਜਲਦੀ ਦੇਣ ਦੀ ਕੋਸ਼ਿਸ਼ ਕਰਾਂਗੇ ।

** Expunged as ordered by the Chair

ਸਰਦਾਰ ਅਵਤਾਰ ਸਿੰਘ ਕਰੀਮਪੁਰੀ : ਮਾਨਯੋਗ ਸਪੀਕਰ ਸਾਹਿਬ, ਤਹਿਸੀਲ ਗੜ੍ਹ ਸ਼ੰਕਰ ਵਿਚ ਇਕ ਪਿੰਡ ਹੈ—ਚੱਕ ਮੂਸਾ । ਉਸ ਪਿੰਡ ਨੂੰ ਅਜੇ ਤੱਕ ਵੀ ਫਸਟ ਲਿੰਕ ਨਹੀਂ ਹੈ । ਕੀ ਮੰਤਰੀ ਜੀ ਇਹ ਅਸ਼ੋਰੈਂਸ ਦੇਣਗੇ ਕਿ ਉਸ ਪਿੰਡ ਨੂੰ ਵੀ ਜਲਦੀ ਹੀ ਲਿੰਕ ਰੋਡ ਨਾਲ ਜੋੜ ਦਿੱਤਾ ਜਾਵੇਗਾ ?

ਸ਼੍ਰੀ ਸਪੀਕਰ : ਇਸ ਗੱਲ ਦਾ ਜਵਾਬ ਮੰਤਰੀ ਜੀ ਨੇ ਦੇ ਦਿੱਤਾ ਹੈ ਅਤੇ ਅਸ਼ੋਰੈਂਸ ਦੇ ਦਿੱਤੀ ਹੈ ਕਿ ਜਿਨ੍ਹਾਂ ਪਿੰਡਾਂ ਨੂੰ ਕੋਈ ਵੀ ਲਿੰਕ ਰੋਡ ਨਹੀਂ ਹੈ, ਉਨ੍ਹਾਂ ਵਾਸਤੇ ਲਿੰਕ ਕੰਪਲੀਟ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ ।

ਖੁਰਾਕ ਅਤੇ ਸਪਲਾਈਜ਼ ਵਿਭਾਗ ਵਿੱਚ ਇੰਸਪੈਕਟਰਾਂ ਅਤੇ ਸਬ-ਇੰਸਪੈਕਟਰਾਂ ਦੀਆਂ ਆਸਾਮੀਆਂ ਨੂੰ ਮਿਲਾਉਣਾ ।

*710. **ਸਰਦਾਰ ਗੁਰਬਿੰਦਰ ਸਿੰਘ ਅਟਵਾਲ** : ਕੀ ਖੁਰਾਕ ਅਤੇ ਸਪਲਾਈਜ਼ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਖੁਰਾਕ ਅਤੇ ਸਪਲਾਈਜ਼ ਵਿਭਾਗ ਵਿੱਚ ਇਸ ਸਮੇਂ ਇੰਸਪੈਕਟਰਾਂ ਅਤੇ ਸਬ-ਇੰਸਪੈਕਟਰਾਂ ਦਾ ਤਨਖਾਹ ਸਕੇਲ ਕੀ ਕੀ ਹੈ;

(ਅ) ਕੀ ਸਰਕਾਰ ਉਕਤ ਦੋਨਾਂ ਕਾਡਰਾਂ ਦੀਆਂ ਅਸਾਮੀਆਂ ਨੂੰ ਮਿਲਾਉਣ ਦਾ ਵਿਚਾਰ ਰੱਖਦੀ ਹੈ, ਜੇਕਰ ਅਜਿਹਾ ਹੋਵੇ ਤਾਂ ਅਜਿਹਾ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

ਡਾਕਟਰ ਕੇਵਲ ਕਿਸ਼ਨ (ਵਿੱਤ ਮੰਤਰੀ) : (ੳ) ਇਸ ਸਮੇਂ ਖੁਰਾਕ ਅਤੇ ਸਪਲਾਈਜ਼ ਵਿਭਾਗ ਵਿਚ ਇੰਸਪੈਕਟਰਾਂ (ਹੁਣ ਨਿਰੀਖਕ ਗਰੇਡ-1) ਅਤੇ ਸਬ-ਇੰਸਪੈਕਟਰਾਂ (ਹੁਣ ਨਿਰੀਖਕ ਗਰੇਡ-2) ਦਾ ਤਨਖਾਹ ਸਕੇਲ ਰੁਪਏ 1640-2925 ਅਤੇ ਰੁਪਏ 1350-2400 ਕ੍ਰਮਵਾਰ ਹੈ ।

(ਅ) ਨਹੀਂ ਜੀ ।

ਸਰਦਾਰ ਗੁਰਬਿੰਦਰ ਸਿੰਘ ਅਟਵਾਲ : ਸਪੀਕਰ ਸਾਹਿਬ, ਆਪਣੇ ਜਵਾਬ ਦੇ ਭਾਗ (ਅ) ਵਿਚ ਮੰਤਰੀ ਜੀ ਨੇ ਜੋ "ਨਹੀਂ ਜੀ" ਕਿਹਾ ਹੈ, ਮੈਂ ਇਸ ਦੇ ਕਾਰਨ ਜਾਣਨਾ ਚਾਹੁੰਦਾ ਹਾਂ । ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਦ ਲੇਬਰ ਵਿਭਾਗ ਵਿਚ, ਕੋਆਪ੍ਰੇਟਿਵ ਵਿਭਾਗ ਵਿਚ ਅਤੇ ਇਸੇ ਤਰ੍ਹਾਂ ਕਈ ਹੋਰ ਵਿਭਾਗਾਂ ਵਿਚ ਵੀ ਇੰਸਪੈਕਟਰਾਂ ਨੂੰ ਇਕੋ ਸਕੇਲ ਦਿੱਤਾ ਜਾ ਰਿਹਾ ਹੈ ਤਾਂ ਫੂਡ ਐਂਡ ਸਪਲਾਈਜ਼ ਡਿਪਾਰਟਮੈਂਟ ਵਿਚ ਇਕੋ ਸਕੇਲ ਕਿਉਂ ਨਹੀਂ ਦਿੱਤਾ ਗਿਆ ? ਮੈਂ ਇਸ ਦੇ ਕਾਰਨ ਜਾਣਨਾ ਚਾਹੁੰਦਾ ਹਾਂ ।

ਵਿੱਤ ਮੰਤਰੀ : ਸਪੀਕਰ ਸਾਹਿਬ, ਜਿਸ ਕੋਆਪ੍ਰੇਟਿਵ ਡਿਪਾਰਟਮੈਂਟ ਦਾ ਇਨ੍ਹਾਂ ਨੇ ਜ਼ਿਕਰ ਕੀਤਾ ਹੈ, ਉਹ ਮਾਮਲਾ ਅਦਾਲਤ ਵਿਚ ਹੈ ਅਤੇ ਉਸ ਵਿਚਲੀ ਮਰਜਰ ਨੂੰ

ਚੈਲਿੰਜ ਕੀਤਾ ਗਿਆ ਹੈ। ਇਨ੍ਹਾਂ ਨੇ ਕਈ ਹੋਰ ਵਿਭਾਗਾਂ ਦਾ ਜ਼ਿਕਰ ਵੀ ਕੀਤਾ ਹੈ। ਪਰ ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਬਹੁਤ ਸਾਰੇ ਵਿਭਾਗ ਐਸੇ ਹਨ ਜਿਨ੍ਹਾਂ ਵਿਚ ਇੰਸਪੈਕਟਰ ਵੀ ਹਨ ਅਤੇ ਸਬ-ਇੰਸਪੈਕਟਰ ਵੀ ਹਨ ਜਿਵੇਂ ਕਿ ਪੁਲਿਸ ਡਿਪਾਰਟਮੈਂਟ ਵਿਚ ਹੈ। ਉਨ੍ਹਾਂ ਦੇ ਸਕੇਲ ਵੀ ਵੱਖਰੇ ਵੱਖਰੇ ਹਨ। ਇਨ੍ਹਾਂ ਨੇ ਫੂਡ ਐਂਡ ਸਪਲਾਈਜ਼ ਡਿਪਾਰਟਮੈਂਟ ਦੀ ਗੱਲ ਕੀਤੀ ਹੈ, ਇਸ ਮਹਿਕਮੇ ਵਿਚ ਜਿਹੜਾ ਇੰਸਪੈਕਟਰ ਦਾ ਕੰਮ ਹੈ, ਉਸ ਵਿਚ ਪ੍ਰਚੇਜ਼ ਕਰਨਾ, ਸੁਪਰਵੀਜ਼ਨ ਕਰਨਾ ਅਤੇ ਡਿਸਟਰੀਬਿਊਸ਼ਨ ਕਰਨਾ ਆਦਿ ਸ਼ਾਮਲ ਹੈ। ਇਨ੍ਹਾਂ ਸਾਰੇ ਕੰਮਾਂ ਵਿਚ ਉਸ ਨੂੰ ਅਸਿਸਟ ਕਰਨ ਵਾਸਤ ਕੋਈ ਸਿਸਟਮ ਚਾਹੀਦਾ ਹੈ। ਇਸੇ ਕਰਕੇ ਵਿਭਾਗ ਨੇ ਸਬ-ਇੰਸਪੈਕਟਰ ਅਤੇ ਇੰਸਪੈਕਟਰ, ਦੋਵੇਂ ਆਸਾਮੀਆਂ ਰੱਖੀਆਂ ਹਨ।

ਸਰਦਾਰ ਗੁਰਬਿੰਦਰ ਸਿੰਘ ਅਟਵਾਲ : ਸਪੀਕਰ ਸਾਹਿਬ, ਸਬ-ਇੰਸਪੈਕਟਰ ਅਤੇ ਇੰਸਪੈਕਟਰ ਦੇ ਕੰਮ ਵਿਚ ਕੋਈ ਫਰਕ ਨਹੀਂ ਹੈ। ਕੀ ਸਰਕਾਰ ਨੇ ਕੋਈ ਅਜਿਹਾ ਹੁਕਮ ਕੀਤਾ ਹੈ ਕਿ ਨਿਰੀਖਕ-I ਅਤੇ ਨਿਰੀਖਕ-II, 2-2 ਸ਼ਹਿਰਾਂ ਅਤੇ 8-8 ਪਿੰਡਾਂ ਦਾ ਕੰਮ ਸੰਭਾਲਿਆ ਕਰਨਗੇ ਜਾਂ ਜਿਸ ਤੋਂ ਪਤਾ ਲਗਦਾ ਹੋਵੇ ਕਿ ਇਨ੍ਹਾਂ ਦੋਨਾਂ ਦੀਆਂ ਡਿਊਟੀਆਂ ਵਿਚ ਕੋਈ ਫਰਕ ਹੈ ?

ਸ਼੍ਰੀ ਸਪੀਕਰ : ਇਸ ਵਾਸਤੇ ਤਾਂ ਤੁਸੀਂ ਸੈਪਰੇਟ ਕੁਐਸਚਨ ਪੱਛ ਸਕਦੇ ਹੋ।

ਸਰਦਾਰ ਗੁਰਬਿੰਦਰ ਸਿੰਘ ਅਟਵਾਲ : ਸਪੀਕਰ ਸਾਹਿਬ, ਜਦ ਦਨਾਂ ਪਸਟਾਂ ਦਾ ਕੰਮ ਵੀ ਇਕੋ ਹੀ ਹੈ ਤਾਂ ਫਿਰ ਦੋਨਾਂ ਪੋਸਟਾਂ ਨੂੰ ਤਨਖਾਹਾਂ ਵੀ ਇਕੋ ਹੀ ਮਿਲਣੀਆਂ ਚਾਹੀਦੀਆਂ ਹਨ। ਇਹ ਫ਼ਰਕ ਕਿਉਂ ਰਖਿਆ ਗਿਆ ਹੈ ? ਦੋਨਾਂ ਪੋਸਟਾਂ ਦਾ ਸਕੇਲ ਬਰਾਬਰ ਕਿਉਂ ਨਹੀਂ ਹੈ ?

ਸ਼੍ਰੀ ਸਪੀਕਰ : ਤੁਸੀਂ ਜੇ ਦੋਨਾਂ ਪੋਸਟਾਂ ਦੀ ਨੇਚਰ ਆਫ ਡਿਊਟੀ ਪੁਛਣੀ ਹੈ ਤਾਂ ਇਸ ਦੇ ਵਾਸਤੇ ਸੈਪਰੇਟ ਨੋਟਿਸ ਦੇ ਦਿਓ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਇਹ ਪ੍ਰਸ਼ਨ ਬੜਾ ਵਾਜਬ ਹੈ ਜਿਹੜਾ ਆਨਰੇਬਲ ਮੈਂਬਰ ਜੀ ਨੇ ਪੁਛਿਆ ਹੈ। ਜਿਹੜੇ ਨਿਰੀਖਕ-I ਅਤੇ ਨਿਰੀਖਕ-II ਹਨ, ਇਨ੍ਹਾਂ ਦੋਨਾਂ ਦੀ ਕੁਆਲੀਫਿਕੇਸ਼ਨ ਵੀ ਸੇਮ ਹੈ ਅਤੇ ਕੰਮ ਵੀ ਸੇਮ ਹੈ। ਇਸ ਸਬੰਧ ਵਿਚ ਮਿਤੀ 13-1-93 ਨੂੰ ਇਨ੍ਹਾਂ ਦੀ ਯੂਨੀਅਨ ਅਤੇ ਡਾਇਰੈਕਟਰ ਵਿਚਕਾਰ ਇਕ ਮੀਟਿੰਗ ਵੀ ਹੋਈ ਸੀ ਅਤੇ ਉਸ ਮੀਟਿੰਗ ਵਿਚ ਇਹ ਐਸ਼ੋਰੈਂਸ ਦਿੱਤੀ ਗਈ ਸੀ ਕਿ ਤੁਹਾਡੀ ਮੰਗ ਪ੍ਰਵਾਨ ਕਰ ਲਈ ਜਾਵੇਗੀ। ਸਰਕਾਰੀ ਅਧਿਕਾਰੀਆਂ ਨੇ ਯੂਨੀਅਨ ਨੂੰ ਇਸ ਗੱਲ ਦਾ ਵਿਸ਼ਵਾਸ ਵੀ ਦਿਵਾਇਆ ਸੀ। ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਫਿਰ ਉਸ ਗੱਲ ਤੇ ਅਮਲ ਕਿਉਂ ਨਹੀਂ ਕੀਤਾ ਜਾ ਰਿਹਾ ?

ਮੰਤਰੀ : ਵੈਸੇ, ਸਪੀਕਰ ਸਾਹਿਬ, ਕਿਸੇ ਕਿਸਮ ਦਾ ਵਿਸ਼ਵਾਸ਼ ਤਾਂ ਕੋਈ ਨਹੀਂ ਦਿਵਾਇਆ, ਗਲਬਾਤ ਜ਼ਰੂਰ ਹੋਈ ਹੈ। ਲੇਕਿਨ ਡਿਪਾਰਟਮੈਂਟ ਨੇ ਫੈਸਲਾ ਕੀਤਾ ਹੈ ਕਿ

[ਵਿੱਤ ਮੰਤਰੀ]

ਮਸਲਾ ਜਿਹੜਾ ਹੈ ਉਹ ਕੰਮ ਦਾ ਹੈ, ਇਨਸਪੈਕਟਰ ਦੇ ਲਈ ਸਹਾਇਤਾ ਦੀ ਬਹੁਤ ਜ਼ਰੂਰਤ ਹੈ ਇਸ ਕਰਕੇ ਇਕ ਇਨਸਪੈਕਟਰ ਲਈ ਉਸ ਨੂੰ ਅਸਿਸਟ ਕਰਨ ਲਈ ਇਕ ਸਬ-ਇਨਸਪੈਕਟਰ ਬਹੁਤ ਜ਼ਰੂਰੀ ਹੈ ।

ਸਰਦਾਰ ਗੁਰਬਿੰਦਰ ਸਿੰਘ ਅਟਵਾਲ: ਸਰ, ਮੈਂ ਹਾਉਸ ਦੀ ਟੇਬਲ ਤੇ ਕੁਝ ਕਾਗਜ਼ ਪੇਸ਼ ਕਰਨਾ ਚਾਹੁੰਦਾ ਹਾਂ । ਸਪੀਕਰ ਸਾਹਿਬ, ਮਹਿਕਮੇ ਵੱਲੋਂ ਸੈਕਟਰੀ ਸਾਹਿਬ ਨੇ ਐਸ਼ੋਰੈਂਸ਼ ਦਿੱਤੀ ਹੈ ਔਰ ਉਹ ਐਸ਼ੋਰੈਂਸ ਮੈਂ ਹਾਉਸ ਵਿਚ ਪੇਸ਼ ਕਰਨਾ ਚਾਹੁੰਦਾ ਹਾਂ । ਕੀ ਮੰਤਰੀ ਜੀ ਇਸ ਗੱਲ ਤੋਂ ਮੁਨਕਰ ਹਨ ? ਕ੍ਰਿਪਾ ਕਰਕੇ ਇਹ ਚੀਜ਼ ਦੱਸਣ ਦੀ ਖੇਚਲ ਕਰਨ ।

ਮੰਤਰੀ: ਸਪੀਕਰ ਸਾਹਿਬ, ਮੈਨੂੰ ਹੁਣੇ ਹੀ ਮਹਿਕਮੇ ਵੱਲੋਂ ਸਲਿੱਪ ਆਈ ਹੈ ਉਨ੍ਹਾਂ ਨੇ ਇਸ ਰਾਹੀਂ ਕਿਹਾ ਹੈ ਕਿ No assurance was given at all.

श्रीमति लक्ष्मी कांता चावला: अध्यक्ष महोदय, मैं आपके द्वारा मन्त्री जी से पूछना चाहती हूं कि अगर सब-इन्सपैक्टरज़ की इतनी जरूरत थी तो 1975 से एक भी सब-इन्सपैक्टर भरती नहीं किया गया । यह क्या सिर्फ जनता को तंग करने के लिए किया जाता है । एक काम के लिए दो कैटैगरीज़ रखी गई है । क्या इन दोनों के काम में कोई फर्क रखा गया है ?

ਸ਼੍ਰੀ ਸਪੀਕਰ: ਇਹ ਕੋਈ ਸਪਲੀਮੈਂਟਰੀ ਨਹੀਂ ਹੈ ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ: ਤੁਸੀਂ ਮੇਰੇ ਕਿਸੇ ਪ੍ਰਸ਼ਨ ਦਾ ਉੱਤਰ ਨਹੀਂ ਦਿਵਾਉਂਦੇ, ਮੇਰਾ ਪ੍ਰਸ਼ਨ ਠੀਕ ਹੁੰਦਾ ਹੈ ।

(ਇਸ ਵੇਲੇ ਸਰਦਾਰ ਗੁਰਬਿੰਦਰ ਸਿੰਘ ਅਟਵਾਲ ਸਪਲੀਮੈਂਟਰੀ ਦੀ ਮੰਗ ਕਰ ਰਹੇ ਸਨ ਅਤੇ ਆਪਣੀ ਸੀਟ ਤੇ ਖੜ੍ਹੇ ਕੁਝ ਕਹਿਣਾ ਚਾਹੁੰਦੇ ਸਨ ।)

ਸ਼੍ਰੀ ਸਪੀਕਰ: ਅਟਵਾਲ ਜੀ, ਤੁਸੀਂ ਸਾਰੀ ਗੱਲ ਪੁੱਛ ਲਈ ਹੈ । ਮੈਂ ਤੁਹਾਨੂੰ ਦੋ ਤੋਂ ਵੱਧ ਸਪਲੀਮੈਂਟਰੀ ਅਲਾਓ ਕਰ ਦਿੱਤੇ ਹਨ ! ਮੈਂ ਪੰਜ ਸਪਲੀਮੈਂਟਰੀ ਤੋਂ ਵੱਧ ਨਹੀਂ ਹੋਣ ਦਿੰਦਾ ਪਰ ਇਸ ਵਿਚ ਪਹਿਲਾਂ ਹੀ ਕਾਫੀ ਸਪਲੀਮੈਂਟਰੀ ਹੋ ਗਏ ਹਨ । The question has already been dealt properly ਜੋ ਪੇਪਰ ਤੁਸੀਂ ਸਦਨ ਦੀ ਮੇਜ਼ ਤੇ ਲੇਅ ਕਰਨ ਦੀ ਗੱਲ ਕੀਤੀ ਹੈ, ਮੈਂ ਇਹ ਅਲਾਓ ਨਹੀਂ ਕਰਦਾ ।

ਤਹਿਸੀਲ ਖਰੜ ਵਿਚ 25 ਬਿਸਤਰਿਆਂ ਵਾਲੇ ਹਸਪਤਾਲ/ਡਿਸਪੈਂਸਰੀਆਂ

*717. **ਸਰਦਾਰ ਹਰਗੋਪਾਲ ਸਿੰਘ ਐਡਵੋਕੇਟ**: ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਤਹਿਸੀਲ ਖਰੜ, ਜ਼ਿਲ੍ਹਾ ਰੋਪੜ ਵਿਚ ਕੁੱਲ ਕਿੰਨੇ ਅਤੇ ਕਿਹੜੇ ਕਿਹੜੇ ਪਿੰਡ ਹਨ ਜਿਨ੍ਹਾਂ ਵਿਚ ਇਸ ਵਕਤ 25 ਬਿਸਤਰਿਆਂ ਵਾਲੇ ਹਸਪਤਾਲ ਅਤੇ ਡਿਸਪੈਂਸਰੀਆਂ ਹਨ ਅਤੇ ਅਜਿਹੇ ਹਸਪਤਾਲਾਂ/ਡਿਸਪੈਂਸਰੀਆਂ ਦਾ ਵੇਰਵਾ ਅਤੇ ਗਿਣਤੀ ਕਿੰਨੀ ਹੈ ਜੋ ਸੁਰੱਖਿਆ ਅਮਲੇ ਦੇ ਕਬਜ਼ੇ ਹੇਠ ਹਨ ?

ਸਰਦਾਰ ਲਾਲ ਸਿੰਘ : ਤਹਿਸੀਲ ਖਰੜ, ਜ਼ਿਲ੍ਹਾ ਰੋਪੜ, ਵਿਚ 3 ਹਸਪਤਾਲ, ਕੁਰਾਲੀ, ਖਰੜ ਅਤੇ ਮੁਹਾਲੀ ਵਿਖੇ ਚੱਲ ਰਹੇ ਹਨ । ਇਸ ਤੋਂ ਇਲਾਵਾ, 30 ਪਿੰਡਾਂ ਵਿਚ ਡਿਸਪੈਂਸਰੀਆਂ (ਸਬ-ਸਿਡਰੀ ਹੈਲਥ ਸੈਂਟਰ) ਅਤੇ 8 ਪਿੰਡਾਂ ਵਿਚ ਪ੍ਰਾਇਮਰੀ ਹੈਲਥ ਸੈਂਟਰ ਚੱਲ ਰਹੇ ਹਨ, ਜਿਨ੍ਹਾਂ ਦੇ ਨਾਮ ਨਾਲ ਨੱਥੀ ਲਿਸਟ ਵਿਚ ਦਿੱਤੇ ਗਏ ਹਨ । ਇਸ ਸਮੇਂ 25 ਬਿਸਤਰਿਆਂ ਦਾ ਕੋਈ ਵੀ ਹਸਪਤਾਲ/ਡਿਸਪੈਂਸਰੀ ਸੁਰਖਿਆ ਅਮਲੇ ਦੇ ਕਬਜ਼ੇ ਵਿਚ ਨਹੀਂ ਹੈ ।

ਤਹਿਸੀਲ ਖਰੜ, ਜ਼ਿਲ੍ਹਾ ਰੋਪੜ ਵਿਚ ਚੱਲ ਰਹੀਆਂ ਡਿਸਪੈਂਸਰੀਆਂ (ਸਬ-ਸਿਡਰੀ ਹੈਲਥ ਸੈਂਟਰ) ਅਤੇ ਪ੍ਰਾਇਮਰੀ ਹੈਲਥ ਸੈਂਟਰਾਂ ਦੀ ਲਿਸਟ

ਲੜੀ ਨੰ:	ਸੰਸਥਾ ਦਾ ਨਾਮ	ਜਗ੍ਹਾ
1	2	3
1.	ਸਬ-ਸਿਡਰੀ ਹੈਲਥ ਸੈਂਟਰ ..	ਭਾਗੋ ਮਾਜਰਾ
2.	,, ..	ਲਾਂਡਰਾਂ
3.	,, ..	ਬੱਕਰਪੁਰ
4.	,, ..	ਮਨੌਲੀ
5.	,, ..	ਨਵਾਂ ਗਰਾਉਂ
6.	,, ..	ਸੋਹਾਣਾ
7.	,, ..	ਤੰਗੌਰੀ
8.	,, ..	ਦੌਲਤ ਸਿੰਘ ਵਾਲਾ
9.	,, ..	ਦਾਉਂ
10.	,, ..	ਬੱਟਾ
11.	,, ..	ਬ੍ਰਾਹਮਣ ਬੱਸੀਆਂ
12.	,, ..	ਸੁਕਰੁਲਾਪੁਰ

[ਸਿਹਤ ਅਤੇ ਪਰਿਵਾਰ ਭਲਾਈ ਮੰਤਰੀ]

1	2		3
13.	ਸਬ-ਸਿਡਰੀ ਹੈਲਥ ਸੈਂਟਰ	..	ਗੜਾਂਗਾਂ
14.	,,	..	ਬਡਾਲੀ
15.	,,	..	ਝੰਜੇੜੀ
16.	,,	..	ਚੰਡਿਆਲਾ
17.	,,	..	ਮਟੌਰ
18.	,,	..	ਸਨੇਟਾ
19.	,,	..	ਕੁਬਾਹੇੜੀ
20.	,,	..	ਕਨੌਰਾਂ
21.	,,	..	ਮੁੰਦਨ ਸੰਗਤੀਆਂ
22.	,,	..	ਬਹਿਲੋਲਪੁਰ
23.	,,	..	ਪੜੌਲ
24.	,,	..	ਪੜਿਆਲਾ
25.	,,	..	ਸਿਆਲਬਾ
26.	,,	..	ਬੜੌਦੀ
27.	,,	..	ਸਿੰਘਪੁਰਾ
28.	,,	..	ਤੋਗਾਂ
29.	,,	..	ਤਾਰਾਪੁਰ ਮਾਜਰੀ
30.	,,	..	ਚਟੋਲੀ
31.	ਪ੍ਰਾਇਮਰੀ ਹੈਲਥ ਸੈਂਟਰ	..	ਦਾਉਂ ਮਾਜਰਾ
32.	,,	..	ਮਜਾਤ
33.	,,	..	ਮੁਲਾਂਪੁਰ ਗਰੀਬ ਦਾਸ
34.	,,	..	ਚੰਦੋਨ
35.	,,	..	ਬੂਥਗੜ੍ਹ
36.	,,	..	ਖਿਜਰਾਬਾਦ
37.	,,	..	ਪਲਹੇੜੀ
38.	,,	..	ਘੰੜੂਆਂ

ਸਰਦਾਰ ਹਰਗੋਪਾਲ ਸਿੰਘ ਐਡਵੋਕੇਟ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਜਿਹੜਾ ਜਵਾਬ ਦਿੱਤਾ ਹੈ ਉਸ ਦੇ ਸੀਰੀਅਲ ਨੰਬਰ 32 ਤੇ ਇਕ ਪਿੰਡ ਮਜਾਤ ਹੈ ਜੋ ਕਿ ਚੰਡੀਗੜ੍ਹ ਸਰਹਿੰਦ ਰੋਡ ਤੇ ਹੈ। ਸਪੀਕਰ ਸਾਹਿਬ, ਇਸ ਵੇਲੇ ਜੇ ਇਹ ਆਪ ਇਨਸਪੈਕਸ਼ਨ ਕਰਕੇ ਦੇਖ ਲੈਣ ਉਥੇ ਪੁਲਿਸ ਦਾ ਬੋਰਡ ਲੱਗਾ ਹੋਇਆ ਹੈ। ਇਸ ਪ੍ਰਾਇਮਰੀ ਹੈਲਥ ਸੈਂਟਰ ਤੇ ਸੁਰੱਖਿਆ ਅਮਲੇ ਨੇ ਆਪਣਾ ਕਬਜ਼ਾ ਕੀਤਾ ਹੋਇਆ ਹੈ। ਬੇਸ਼ਕ ਇਹ ਮੌਕਾ ਦੇਖ ਲੈਣ। ਕੀ ਇਹ ਆਪਣੇ ਆਪ ਸਾਬਤ ਕਰਨਗੇ ਕਿ ਇਹ ਅਯੋਗ ਨਹੀਂ ?

ਮੰਤਰੀ: ਸਪੀਕਰ ਸਾਹਿਬ, ਇਨ੍ਹਾਂ ਨੇ ਆਪਣੇ ਪ੍ਰਸ਼ਨ ਵਿਚ ਪੁੱਛਿਆ ਸੀ ਕਿ ਕੀ ਕੋਈ 25 ਬਿਸਤਿਰਿਆ ਵਾਲਾ ਹਸਪਤਾਲ ਜਾਂ ਕੋਈ ਡਿਸਪੈਂਸਰੀ ਪੁਲਿਸ ਕਬਜ਼ੇ ਵਿਚ ਹੈ। ਮੈਂ ਇਸ ਦਾ ਉੱਤਰ ਨਾਂਹ ਵਿਚ ਦਿੱਤਾ ਹੈ। ਹੁਣ ਇਹ ਪ੍ਰਾਇਮਰੀ ਹੈਲਥ ਸੈਂਟਰ ਦੀ ਗੱਲ ਕਰ ਰਹੇ ਹਨ ਜਿਸ ਦੇ ਬਾਰੇ ਇਨ੍ਹਾਂ ਨੇ ਪੁਛਿਆ ਨਹੀਂ। ਹਸਪਤਾਲ ਦੇ ਸਟਾਫ ਲਈ ਜੋ ਰਿਹਾਇਸ਼ੀ ਕੁਆਰਟਰ ਬਣੇ ਹੋਏ ਹਨ ਉਹ ਇਸ ਵੇਲੇ ਪੁਲਿਸ ਵਿਭਾਗ ਦੇ ਕਬਜ਼ੇ ਵਿਚ ਹਨ ਜਿਨ੍ਹਾਂ ਨੂੰ ਖਾਲੀ ਕਰਵਾਉਣ ਲਈ ਸਿਵਲ ਸਰਜਨ, ਰੋਪੜ, ਵੱਲੋਂ ਪੁਲਿਸ ਵਿਭਾਗ ਦੇ ਅਧਿਕਾਰੀਆਂ ਨਾਲ ਲਿਖਾਪੜ੍ਹੀ ਕੀਤੀ ਜਾ ਰਹੀ ਹੈ ਕਿ ਉਹ ਜਲਦੀ ਤੋਂ ਜਲਦੀ ਖਾਲੀ ਕਰਨ। ਤੁਸੀਂ ਪ੍ਰਾਇਮਰੀ ਹੈਲਥ ਸੈਂਟਰ ਬਾਰੇ ਪੁਛਿਆ ਨਹੀਂ ਇਸ ਲਈ ਮੈਂ ਜਵਾਬ ਨਹੀਂ ਦਿੱਤਾ।

ਸਰਦਾਰ ਹਰਗੋਪਾਲ ਸਿੰਘ ਐਡਵੋਕੇਟ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਪ੍ਰਾਇਮਰੀ ਹੈਲਥ ਸੈਂਟਰਾਂ ਨੂੰ ਹੈਲਥ ਵਿਭਾਗ ਦੀ ਪ੍ਰਾਪਰਟੀ ਨਹੀਂ ਸਮਝਦੇ ?

ਸ਼੍ਰੀ ਸਪੀਕਰ ਇਹ ਤਾਂ ਕੁਐਸਚਨ ਅਰਾਈਜ਼ ਹੀ ਨਹੀਂ ਹੁੰਦਾ।

ਕਾਮਰੇਡ ਅਜੈਬ ਸਿੰਘ ਰੌਂਤਾ: ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਮੰਤਰੀ ਜੀ ਨੇ ਦੱਸਿਆ ਹੈ ਕਿ ਅੱਜ ਤੱਕ ਕੋਈ ਵੀ ਡਿਸਪੈਂਸਰੀ ਜਾਂ ਹਸਪਤਾਲ ਜਿਹੜੇ ਹਨ ਉਹ ਪੁਲਿਸ ਦੇ ਕਬਜ਼ੇ ਵਿਚ ਨਹੀਂ ਹਨ ਜਾਂ ਸੁਰੱਖਿਆ ਫੋਰਸਾਂ ਦੇ ਕਬਜ਼ੇ ਹੇਠ ਨਹੀਂ ਹਨ। ਸਪੀਕਰ ਸਾਹਿਬ, ਮੈਂ ਆਪਣੇ ਪਿੰਡ ਰੌਂਤਾ ਦੀ ਮਿਸਾਲ ਦਿੰਦਾ ਹਾਂ। ਉਥੇ ਅਜੇ ਵੀ ਹਸਪਤਾਲ ਵਿਚ ਸੀ.ਆਰ.ਪੀ.ਐਫ. ਬੈਠੀ ਹੈ ਜਿਸ ਕਰਕੇ ਉਥੇ ਲੋਕਾਂ ਨੂੰ ਬਹੁਤ ਜ਼ਿਆਦਾ ਮੁਸ਼ਕਲ ਆਉਂਦੀ ਹੈ। ਕੀ ਮੰਤਰੀ ਜੀ ਇਹ ਵਿਸ਼ਵਾਸ ਦਿਵਾਉਣਗੇ ਕਿ ਉਹ ਇਸ ਹਸਪਤਾਲ ਨੂੰ ਸੀ.ਆਰ.ਪੀ.ਐਫ. ਕੋਲੋਂ ਕਦੋਂ ਖਾਲੀ ਕਰਵਾਉਣਗੇ ਜਾਂ ਫੋਰਸ ਦਾ ਬਦਲਵਾਂ ਪ੍ਰਬੰਧ ਕਰਾਉਣਗੇ ?

ਮੰਤਰੀ: ਸਪੀਕਰ ਸਾਹਿਬ, ਇਹ ਤਹਿਸੀਲ ਖਰੜ ਬਾਰੇ ਸਵਾਲ ਸੀ। ਇਹ ਸਵਾਲ ਸਾਰੇ ਪੰਜਾਬ ਦਾ ਨਹੀਂ ਸੀ। ਇਹ ਮੈਨੂੰ ਇਸ ਬਾਰੇ ਲਿਖ ਕੇ ਭੇਜ ਦੇਣ, ਜੋ ਵੀ ਠੀਕ ਹੋਵੇਗਾ, ਵਾਜਬ ਕਾਰਵਾਈ ਕੀਤੀ ਜਾਵੇਗੀ।

ਸ੍ਰੀ ਸਪੀਕਰ : ਸਰਦਾਰ ਲਾਲ ਸਿੰਘ ਜੀ, ਜਿਹੜਾ ਮੈਂਬਰ ਨੇ ਸਵਾਲ ਕੀਤਾ ਹੈ ਤੁਹਾਡੇ ਜਵਾਬ ਦੇ ਨਾਲ ਉਹ ਕਵਰ ਨਹੀਂ ਹੁੰਦਾ। ਉਨ੍ਹਾਂ ਨੇ ਪੁੱਛਿਆ ਹੈ ਕਿ ਜਿਹੜੀਆਂ ਵੀ ਹਸਪਤਾਲਾਂ ਦੀਆਂ ਬਿਲਡਿੰਗਾਂ ਹਨ ਅਤੇ ਭਾਵੇਂ ਪ੍ਰਾਇਮਰੀ ਹੈਲਥ ਸੈਂਟਰ ਦੀਆਂ ਬਿਲਡਿੰਗਾਂ ਹਨ ਅਤੇ ਉਹ ਪੁਲਿਸ ਅਮਲੇ ਨੇ ਦੱਬੀਆਂ ਹੋਈਆਂ ਹਨ, ਕੀ ਤੁਸੀਂ ਉਨ੍ਹਾਂ ਨੂੰ ਖਾਲੀ ਕਰਾਉਣ ਦੇ ਯਤਨ ਕਰੋਗੇ ?

ਮੰਤਰੀ : ਜਿਥੋਂ ਤੱਕ ਅਜਿਹੀਆਂ ਬਿਲਡਿੰਗਾਂ ਸੁਰੱਖਿਆ ਅਮਲੇ ਪਾਸੋਂ ਖਾਲੀ ਕਰਾਉਣ ਦਾ ਸਵਾਲ ਹੈ, ਅਸੀਂ ਉਨ੍ਹਾਂ ਨੂੰ ਖਾਲੀ ਕਰਾਉਣ ਦਾ ਪੂਰਾ ਯਤਨ ਕਰ ਰਹੇ ਹਾਂ ਅਤੇ ਅੱਗੇ ਨੂੰ ਵੀ ਕਰਦੇ ਰਹਾਂਗੇ।

ਕਾਮਰੇਡ ਤਰਸੇਮ ਜੋਧਾਂ : ਮਾਨਯੋਗ ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਜਿਹੜੇ ਵੀ ਅਧਿਕਾਰੀ ਨੇ ਇਨ੍ਹਾਂ ਨੂੰ ਸੂਚਨਾ ਭੇਜੀ ਹੈ, ਉਸ ਨੇ ਹਾਊਸ ਨੂੰ ਗੁਮਰਾਹ ਕੀਤਾ ਹੈ। । ਪਿੰਡ ਮਜਾਤ ਵਿਚ ਡਿਸਪੈਂਸਰੀ ਵੀ ਹੈ ਅਤੇ ਹਸਪਤਾਲ ਵੀ ਹੈ। ਕੀ ਮੰਤਰੀ ਜੀ ਇਥੇ ਭਰੋਸਾ ਦਿਵਾਉਣਗੇ ਕਿ ਜਿਹੜੇ ਵੀ ਅਧਿਕਾਰੀ ਨੇ ਇਹ ਗਲਤ ਸੂਚਨਾ ਭੇਜੀ ਹੈ, ਉਸ ਦੇ ਖਿਲਾਫ ਐਕਸ਼ਨ ਲਿਆ ਜਾਵੇਗਾ ?

ਸ੍ਰੀ ਸਪੀਕਰ: ਇਹ ਕੋਈ ਸਪਲੀਮੈਂਟਰੀ ਨਹੀਂ ਹੈ।

ਸਰਦਾਰ ਅਵਤਾਰ ਸਿੰਘ ਕਰੀਮਪੁਰੀ : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਵੀ ਪ੍ਰਾਇਮਰੀ ਹੈਲਥ ਸੈਂਟਰ, ਡਿਸ-ਪੈਂਸਰੀਆਂ ਜਾਂ ਹਸਪਤਾਲ ਸੁਰੱਖਿਆ ਅਮਲੇ ਨੇ ਆਪਣੇ ਕਬਜ਼ੇ ਵਿਚ ਕੀਤੇ ਹੋਏ ਹਨ, ਉਨ੍ਹਾਂ ਨੂੰ ਖਾਲੀ ਕਰਾਉਣ ਲਈ ਉਹ ਕੋਈ ਟਾਈਮ-ਬਾਊਂਡ ਸਮਾਂ ਦੱਸਣਗੇ ਕਿ ਇਹ ਕਦੋਂ ਤੱਕ ਖਾਲੀ ਕਰਵਾ ਲਏ ਜਾਣਗੇ ?

ਸ੍ਰੀ ਸਪੀਕਰ: ਇਸ ਬਾਰੇ ਉਨ੍ਹਾਂ ਦਾ ਜਵਾਬ ਪਹਿਲਾਂ ਹੀ ਆ ਗਿਆ ਹੈ।

ਸਰਦਾਰ ਅਵਤਾਰ ਸਿੰਘ ਕਰੀਮਪੁਰੀ : ਸਪੀਕਰ ਸਾਹਿਬ, ਮੰਤਰੀ ਜੀ ਦਾ ਜਵਾਬ ਸਪੱਸ਼ਟ ਨਹੀਂ ਹੈ ਕਿ ਅਸੀਂ ਕੋਸ਼ਿਸ਼ ਕਰਾਂਗੇ ਅਤੇ ਕਰ ਰਹੇ ਹਾਂ। ਇਕ ਤਾਂ ਅਸੀਂ ਆਮ ਲੋਕਾਂ ਨੂੰ ਸਹੂਲਤਾਂ ਦੇਣ ਵਾਸਤੇ ਉਨ੍ਹਾਂ ਨੂੰ ਸਹੀ ਮਾਅਨਿਆਂ ਵਿਚ ਪ੍ਰਾਇਮਰੀ ਹੈਲਥ ਸੈਂਟਰ, ਡਿਸ-ਪੈਂਸਰੀਆਂ ਦੇ ਸਟਾਫ ਨੂੰ ਬਿਲਡਿੰਗਾਂ ਖਾਲੀ ਕਰਵਾ ਕੇ ਨਹੀਂ ਦੇ ਸਕੇ। ਦੂਜਾ ਅਸੀਂ ਉਨ੍ਹਾਂ ਬਿਲਡਿੰਗਾਂ ਨੂੰ ਖਾਲੀ ਕਰਾਉਣ ਲਈ ਕੋਈ ਟਾਈਮ-ਬਾਊਂਡ ਸਮਾਂ ਨਹੀਂ ਦੇ ਸਕੇ ਕਿ ਕਿੰਨੀ ਜਲਦੀ ਇਹ ਖਾਲੀ ਕਰਵਾ ਲਈਆਂ ਜਾਣਗੀਆਂ।

ਸ੍ਰੀ ਸਪੀਕਰ: ਸਰਦਾਰ ਲਾਲ ਸਿੰਘ ਜੀ, ਤੁਸੀਂ ਇਸ ਕੰਮ ਨੂੰ ਐਕਸਪੀਡਾਈਟ ਕਰਵਾ ਦਿਓ।

ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ, ਫਰੀਦਕੋਟ ਵਿਖੇ ਅਮਲੇ ਦੀਆਂ ਨਿਯੁਕਤੀਆਂ

*679. **ਡਾਕਟਰ (ਸ਼੍ਰੀਮਤੀ) ਮਾਲਤੀ ਥਾਪਰ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਜੀ ਕਿਰਪਾ ਕਰਕੇ ਦੱਸਣਗੇ ਕਿ ਕੀ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ, ਫਰੀਦਕੋਟ ਵਿਚ ਪੜ੍ਹਾਉਣ ਵਾਲੇ ਅਮਲੇ ਦੀਆਂ ਨਿਯੁਕਤੀਆਂ ਮੈਡੀਕਲ ਕੌਂਸਲ ਆਫ ਇੰਡੀਆ ਦੁਆਰਾ ਨਿਰਧਾਰਤ ਪੱਧਰ ਦੇ ਅਨੁਸਾਰ ਕੀਤੀਆਂ ਜਾਂਦੀਆਂ ਹਨ ; ਜੇ ਨਹੀਂ, ਤਾਂ ਇਸ ਦੇ ਕੀ ਕਾਰਨ ਹਨ ?

ਸਰਦਾਰ ਲਾਲ ਸਿੰਘ : ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ, ਫਰੀਦਕੋਟ ਵਿਚ ਪੜ੍ਹਾਉਣ ਵਾਲੇ ਅਮਲੇ ਦੀਆਂ ਨਿਯੁਕਤੀਆਂ ਪੰਜਾਬ ਮੈਡੀਕਲ ਸਿੱਖਿਆ ਸੇਵਾਵਾਂ (ਕਲਾਸ-1) ਨਿਯਮ 1978 ਜਿਨ੍ਹਾਂ ਦੀ ਸੋਧ ਮਿਤੀ 20 ਸਤੰਬਰ, 1985 ਨੂੰ ਹੋਈ ਅਤੇ ਪੰਜਾਬ ਸਟੇਟ ਮੈਡੀਕਲ ਸਿੱਖਿਆ ਸੇਵਾਵਾਂ (ਕਲਾਸ-2) ਨਿਯਮ 1979 ਵਿਚ ਦਰਜ ਉਪਬੰਧਾਂ ਅਨੁਸਾਰ ਸਰਕਾਰ ਵਲੋਂ ਮੈਡੀਕਲ ਕੌਂਸਲ ਆਫ ਇੰਡੀਆ ਦੇ ਨਾਰਮ ਨੂੰ ਮੁੱਖ ਰੱਖਦਿਆਂ, ਰਚੀਆਂ ਆਸਾਮੀਆਂ ਤੇ ਕੀਤੀਆਂ ਜਾਂਦੀਆਂ ਹਨ ।

ਡਾਕਟਰ (ਸ਼੍ਰੀਮਤੀ) ਮਾਲਤੀ ਥਾਪਰ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦੀ ਹਾਂ ਕਿ ਜਿਸ ਤਰ੍ਹਾਂ ਉਨ੍ਹਾਂ ਨੇ ਦੱਸਿਆ ਹੈ ਭਰਤੀ ਮੈਡੀਕਲ ਕੌਂਸਲ ਆਫ ਇੰਡੀਆ ਦੀਆਂ ਇੰਸਟਰਕਸ਼ਨਾਂ ਅਨੁਸਾਰ ਕੀਤੀ ਜਾਂਦੀ ਹੈ, ਇਸ ਅਨੁਸਾਰ ਉਨ੍ਹਾਂ ਨੇ ਕਿੰਨੀਆਂ ਅਸਾਮੀਆਂ ਤੇ ਨਿਯੁਕਤੀਆਂ ਕਰਨੀਆਂ ਸਨ, ਕਿੰਨੀਆਂ ਕੀਤੀਆਂ ਹਨ ਅਤੇ ਕਿੰਨੀਆਂ ਅਜੇ ਖਾਲੀ ਹਨ ?

ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬਾ ਨੇ ਇਹ ਸਵਾਲ ਤਾਂ ਪੁੱਛਿਆ ਹੀ ਨਹੀਂ । ਉਹ ਦੁਬਾਰਾ ਲਿਖ ਕੇ ਦੇਣ । ਮੈਂ ਉਨ੍ਹਾਂ ਨੂੰ ਸੂਚਨਾ ਦੱਸ ਦਿਆਂਗਾ ।

ਡਾਕਟਰ (ਸ਼੍ਰੀਮਤੀ) ਮਾਲਤੀ ਥਾਪਰ ਸਪੀਕਰ ਸਾਹਿਬ, ਮੇਰਾ ਕੁਐਸਚਨ ਪੁੱਛਣ ਦਾ ਮਤਲਬ ਤਾਂ ਇਹੀ ਸੀ ਕਿ ਮੈਡੀਕਲ ਕੌਂਸਲ ਆਫ ਇੰਡੀਆ ਵਲੋਂ ਨਿਰਧਾਰਤ ਸਟੈਂਡਰਡ ਅਨੁਸਾਰ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਪਰ ਇਸ ਤਰ੍ਹਾਂ ਨਹੀਂ ਕੀਤਾ ਜਾ ਰਿਹਾ । ਅਜੇ ਵੀ ਅਸਾਮੀਆਂ ਖਾਲੀ ਪਈਆਂ ਹਨ ।

ਸ਼੍ਰੀ ਸਪੀਕਰ : ਤੁਹਾਡਾ ਇਹ ਸਪਲੀਮੈਂਟਰੀ ਤੁਹਾਡੇ ਵੱਲੋਂ ਪੁੱਛੇ ਗਏ ਸਵਾਲ ਵਿਚ ਕਵਰ ਨਹੀਂ ਹੁੰਦਾ । It needs a separate notice, separate question.

ਡਾਕਟਰ (ਸ਼੍ਰੀਮਤੀ) ਮਾਲਤੀ ਥਾਪਰ . ਸਪੀਕਰ ਸਾਹਿਬ, ਮੈਂ ਆਪਣਾ ਅਗਲਾ ਸਪਲੀਮੈਂਟਰੀ ਪੁੱਛ ਲੈਂਦੀ ਹਾਂ ।

ਸ਼੍ਰੀ ਸਪੀਕਰ : ਹਾਂ ਪੁੱਛੋ, but it must concern this question only.

ਡਾਕਟਰ (ਸ਼੍ਰੀਮਤੀ) ਮਾਲਤੀ ਥਾਪਰ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦੀ ਹਾਂ ਕਿ ਇਨ੍ਹਾਂ ਮੈਡੀਕਲ ਕਾਲਿਜਾਂ ਵਿਚ ਜਿਹੜੀਆਂ ਆਸਾਮੀਆਂ ਖਾਲੀ ਪਈਆਂ ਹਨ, ਬੱਚਿਆਂ ਨੂੰ ਪੜ੍ਹਾਉਣ ਲਈ ਟੀਚਰਜ਼ ਨਹੀਂ ਹਨ, ਉਹ ਆਸਾਮੀਆਂ ਕਦੋਂ ਤਕ ਭਰਨ ਦਾ ਸਰਕਾਰ ਵਿਚਾਰ ਰੱਖਦੀ ਹੈ ?

ਮੰਤਰੀ : ਸਪੀਕਰ ਸਾਹਿਬ, ਜਿਥੋਂ ਤਕ ਖ਼ਾਲੀ ਆਸਾਮੀਆਂ ਦਾ ਸਵਾਲ ਹੈ, ਕੋਈ ਲੰਮੀ ਚੌੜੀ ਲਿਸਟ ਨਹੀਂ, ਪੰਜ ਛੇ ਦੇ ਕਰੀਬ ਆਸਾਮੀਆਂ ਖਾਲੀ ਹਨ । ਯੋਗ ਬੰਦੇ ਨਾ ਮਿਲਣ ਕਰਕੇ ਇਹ ਆਸਾਮੀਆਂ ਖ਼ਾਲੀ ਹਨ । ਪਬਲਿਕ ਸਰਵਿਸ ਕਮਿਸ਼ਨ ਨੂੰ ਇਹ ਆਸਾਮੀ ਛੇਤੀ ਭਰਨ ਲਈ ਲਿਖਿਆ ਹੋਇਆ ਹੈ, ਜਿਹੜੀ ਘਾਟ ਹੈ ਜਲਦੀ ਪੂਰੀ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ ।

ਸ਼੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਸਪੀਕਰ ਸਾਹਿਬ ਮੰਤਰੀ ਜੀ ਨੇ ਹੁਣੇ ਹੁਣੇ ਦੱਸਿਆ ਹੈ ਕਿ ਪੰਜ ਛੇ ਆਸਾਮੀਆਂ ਖਾਲੀ ਹਨ । ਪੰਜ ਛੇ ਆਸਾਮੀਆਂ ਇਕ ਕਾਲਜ ਵਿਚ, ਜਿਥੇ ਮੈਡੀਕਲ ਦੇ ਸਟੂਡੈਂਟਸ ਪੜ੍ਹਦੇ ਹੋਣ, ਖਾਲੀ ਹੋਣ, ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਸਟੂਡੈਂਟਸ ਪੜ੍ਹਕੇ ਡਾਕਟਰੀ ਦਾ ਪੂਰਾ ਕੰਮ ਕਰ ਸਕਣਗੇ ? ਇਹ ਬੜਾ ਅਹਿਮ ਮਸਲਾ ਹੈ ਜਿਹੜਾ ਇਨ੍ਹਾਂ ਨੇ ਕਿਹਾ ਹੈ ?

ਮੰਤਰੀ : ਸਪੀਕਰ ਸਾਹਿਬ, ਜਿਥੋਂ ਤੱਕ ਆਸਾਮੀਆਂ ਦੇ ਖਾਲੀ ਹੋਣ ਦਾ ਸਵਾਲ ਹੈ ਇਕ ਸਬਜੈਕਟ ਵਾਸਤੇ ਪ੍ਰੋਫੈਸਰ, ਐਸੋਸੀਏਟ ਪ੍ਰੋਫੈਸ਼ਰ, ਸਹਾਇਕ ਪ੍ਰੋਫੈਸਰ, ਸੀਨੀਅਰ ਲੈਕਚਰਾਰ, ਲੈਕਚਰਾਰ, ਇਹ ਪੰਜ ਛੇ ਪੜ੍ਹਾਉਣ ਵਾਲੇ ਹੁੰਦੇ ਹਨ, ਇਨ੍ਹਾਂ ਵਿਚੋਂ ਇਕ ਅੱਧੀ ਆਸਾਮੀ ਖਾਲੀ ਹੋਵੇਗੀ, ਜ਼ਿਆਦਾ ਨਹੀਂ । ਇਸ ਲਈ ਕੰਮ ਸਫਰ ਨਹੀਂ ਕਰਦਾ ਸਗੋਂ ਠੀਕ ਠਾਕ ਚਲ ਰਿਹਾ ਹੈ ।

ਸਿੱਖਿਆ ਵਿਭਾਗ ਵਿਚ ਰਿਜ਼ਰਵੇਸ਼ਨ ਨੀਤੀ

*737. **ਸ਼੍ਰੀ ਸੰਤੋਖ ਸਿੰਘ ਚੌਧਰੀ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ --

(ੳ) ਕੀ ਅਪਾਹਜ ਵਿਅਕਤੀਆਂ ਨੂੰ ਅਧਿਆਪਕਾਂ ਵਜੋਂ ਨਿਯੁਕਤ ਕਰਨ ਅਤੇ ਬਾਅਦ ਵਿਚ ਮਾਸਟਰਾਂ ਅਤੇ ਲੈਕਚਰਾਰਾਂ ਵਜੋਂ ਤਰੱਕੀਆਂ ਦੇਣ ਦੇ ਮਾਮਲੇ ਵਿਚ ਕੋਈ ਰਿਜ਼ਰਵੇਸ਼ਨ ਦਿੱਤੀ ਜਾਂਦੀ ਹੈ; ਜੇਕਰ ਨਹੀਂ ਤਾਂ ਉਸ ਦੇ ਕਾਰਨ ਕੀ ਹਨ ;

(ਅ) ਕੀ ਰਿਜ਼ਰਵੇਸ਼ਨ ਦੇ ਆਧਾਰ ਤੇ ਤਰੱਕੀ ਦੇਣ ਲਈ ਅਪਾਹਜ ਅਧਿਆਪਕਾਂ ਦੀਆਂ ਕੋਈ ਪ੍ਰਤਿਬੇਨਤੀਆਂ ਸਿੱਖਿਆ ਵਿਭਾਗ ਵਿਚ ਇਸ ਸਮੇਂ ਪੈਂਡਿੰਗ ਪਈਆਂ ਹਨ ; ਜੇਕਰ ਅਜਿਹਾ ਹੋਵੇ, ਤਾਂ ਕਿੰਨੀਆਂ ਅਤੇ ਇਨ੍ਹਾਂ ਦਾ ਕਦੋਂ ਤੱਕ ਨਿਪਟਾਰਾ ਕੀਤੇ ਜਾਣ ਦੀ ਸੰਭਾਵਨਾ ਹੈ ?

ਸ੍ਰੀਮਤੀ ਸੁਸ਼ੀਲ ਮਹਾਜਨ (ਰਾਜ ਮੰਤਰੀ, ਸਿਖਿਆ ਅਤੇ ਭਾਸ਼ਾ) : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਨੂੰ ਦੱਸਣਾ ਚਾਹੁੰਦੀ ਹਾਂ ਕਿ 3% ਰੀਜ਼ਰਵੇਸ਼ਨ ਅਸੀਂ ਹੈਂਡੀਕੈਪਜ਼ ਲਈ ਰੱਖੀ ਹੋਈ ਹੈ। ਲੇਕਿਨ ਪ੍ਰਮੋਸ਼ਨ ਦੇ ਵਿਚ ਕੋਈ ਰਿਜ਼ਰਵੇਸ਼ਨ ਨਹੀਂ।

(ਅ) ਸਿਖਿਆ ਵਿਭਾਗ ਵਿਚ ਕੋਈ ਰੀਪਰੈਜ਼ੈਂਟੇਸ਼ਨ ਪੈਂਡਿੰਗ ਨਹੀਂ ਪਈ ਅਤੇ ਇਨ੍ਹਾਂ ਨੂੰ ਰਿਜ਼ਰਵੇਸ਼ਨ ਦੇਣ ਦਾ ਕੋਈ ਲਾਅ ਨਹੀਂ। ਜੇ ਮੈਂਬਰ ਸਾਹਿਬ ਕੋਲ ਇਹੋ ਜਿਹੀ ਹੋਈ ਰੀਪਰੈਜ਼ੇਂਟੇਸ਼ਨ ਹੈ ਤਾਂ ਸਾਡੇ ਧਿਆਨ ਵਿਚ ਲਿਆਉਣ, ਪੰਜਾਬ ਸਰਕਾਰ ਹਰ ਇਕ ਦੀ ਬਿਹਤਰੀ ਵਾਸਤੇ, ਉਨ੍ਹਾਂ ਦੇ ਹੱਕ ਦੇਣ ਵਾਸਤੇ ਤਿਆਰ ਹੈ।

ਸ੍ਰੀ ਸੰਤੋਖ ਸਿੰਘ ਚੌਧਰੀ : ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਇਨ੍ਹਾਂ ਨੇ 3% ਰਿਜ਼ਰਵੇਸ਼ਨ ਐਪੁਇੰਟਮੈਂਟਸ ਵਿਚ ਰੱਖਣ ਬਾਰੇ ਕਿਹਾ ਹੈ, ਕੀ ਮਹਿਕਮੇ ਨੇ ਇਸ ਸਬੰਧ ਵਿਚ ਕੋਈ ਰੋਸਟਰ ਰਜਿਸਟਰ ਮੇਨਟੇਨ ਕੀਤਾ ਹੈ ? ਦੂਜਾ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਸਾਲ 1993 ਜਿਹੜਾ ਹੈ ਇਹ ਜੋ ਇੰਟਰਨੈਸ਼ਨਲ ਦੇਸ਼ ਹਨ ਜਿਸ ਵਿਚ ਭਾਰਤ ਵੀ ਸ਼ਾਮਲ ਹੈ, ਇਹ ਸਾਲ ਅੰਗਹੀਣਾਂ ਦਾ ਸਾਲ ਮਨਾਇਆ ਜਾ ਰਿਹਾ ਹੈ ਔਰ ਮੈਂ ਜਾਣਨਾ ਚਾਹੁੰਦਾ ਹਾਂ ਕਿ ਕੀ ਸਰਕਾਰ ਨੇ ਇਨ੍ਹਾਂ ਅੰਗਹੀਣਾਂ ਦੀ ਭਲਾਈ ਵਾਸਤੇ ਪ੍ਰਮੋਸ਼ਨ ਦੇਣ ਜਾਂ ਹੋਰ ਸਹੂਲਤਾਂ ਦੇਣ ਵਾਸਤੇ ਕੋਈ ਪ੍ਰੋਗਰਾਮ ਬਣਾਇਆ ਹੈ ?

ਰਾਜ ਮੰਤਰੀ, ਸਿਖਿਆ ਅਤੇ ਭਾਸ਼ਾ : ਸਪੀਕਰ ਸਾਹਿਬ, ਮੈਂ ਚੌਧਰੀ ਸਾਹਿਬ ਨੂੰ ਦੱਸਣਾ ਚਾਹੁੰਦੀ ਹਾਂ ਕਿ ਅੱਜ 26 ਫਰਵਰੀ, 1993 ਹੈ, ਦੋ ਮਹੀਨੇ ਬੀਤ ਚੁੱਕੇ ਹਨ, ਹਾਲੇ ਤਕ ਅਸੀਂ ਕੋਈ ਐਪੁਇੰਟਮੈਂਟਸ ਨਹੀਂ ਕੀਤੀਆਂ। ਅਪਾਹਜਾਂ ਦੇ ਹੱਕਾਂ ਦੇ ਸੰਤਰੀ ਬੈਠੇ ਹਾਂ। ਮੈਂ ਪਹਿਲਾਂ ਹੀ ਕਹਿ ਚੁਕੀ ਹਾਂ ਕਿ ਜੇ ਮਾਨਯੋਗ ਮੈਂਬਰ ਸਾਹਿਬ ਕੋਲ ਕੋਈ ਰੀਪਰੈਜ਼ੈਂਟੇਸ਼ਨ ਹੈ ਤਾਂ ਸਾਡੇ ਕੋਲ ਆਉਣ। ਅਸੀਂ ਇਨ੍ਹਾਂ ਦੇ ਹੱਕਾਂ ਦੀ ਰਾਖੀ ਕਰਾਂਗੇ। ਅਪਾਹਜਾਂ ਨੂੰ ਅਸੀਂ ਪੜ੍ਹਾਈ ਲਈ ਮੁਫ਼ਤ ਕਿਤਾਬਾਂ ਦਿੰਦੇ ਹਾਂ ਅਤੇ ਇਨ੍ਹਾਂ ਨੂੰ ਹੋਰ ਵੀ ਪੜ੍ਹਾਈ ਲਈ ਕਈ ਸਹੂਲਤਾਂ ਦੇ ਰਹੇ ਹਾਂ।

श्रीमती लक्ष्मी कांता चावला : अध्यक्ष महोदय, आप के द्वारा मैं मंत्री महोदय से पूछना चाहती हूं कि 1992-93 में कितने अपाहज व्यक्तियों को नौकरी दी गई है ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਮਿਸਿਜ਼ ਚਾਵਲਾ ਨੂੰ ਕਹਿਣਾ ਚਾਹੁੰਦੀ ਹਾਂ ਕਿ ਵੱਖਰਾ ਸਵਾਲ ਦੇ ਦੇਣ, ਜਵਾਬ ਦੇ ਦਿਤਾ ਜਾਵੇਗਾ।

ਸਰਦਾਰ ਅਵਤਾਰ ਸਿੰਘ ਕਰੀਮਪੁਰੀ : ਮਾਨਯੋਗ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਜੋ ਹੈਂਡੀਕੈਪਜ਼ ਦੇ ਲਈ 3% ਦਾ ਕੋਟਾ ਰੱਖਿਆ ਹੈ, ਕੀ ਉਨ੍ਹਾਂ ਦਾ ਬਣਦਾ ਹਿੱਸਾ ਉਨ੍ਹਾਂ ਨੂੰ ਦਿਤਾ ਗਿਆ ਹੈ ਜਾਂ ਪੈਂਡਿੰਗ ਪਿਆ ਹੈ ?

ਰਾਜ ਮੰਤਰੀ: ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦੀ ਹਾਂ ਕਿ ਉਨ੍ਹਾਂ ਦਾ ਬਣਦਾ ਹਿੱਸਾ ਦੇ ਦਿੱਤਾ ਗਿਆ ਹੈ। ਜੇ ਫਿਰ ਵੀ ਉਨ੍ਹਾਂ ਦੇ ਧਿਆਨ ਵਿਚ ਕੋਈ ਹੋਵੇ ਤਾਂ ਉਸ ਦਾ ਹਿੱਸਾ ਸਰਕਾਰ ਦੇਣ ਨੂੰ ਤਿਆਰ ਹੈ।

ਦੇਵ ਸਮਾਜ ਕਾਲਜ ਫਾਰ ਵਿਮੈਨ, ਫਿਰੋਜ਼ਪੁਰ ਸ਼ਹਿਰ ਦੇ ਪ੍ਰਬੰਧਕਾਂ ਵਿਰੁਧ ਜਾਂਚ ਪੜਤਾਲ

*676. **ਡਾਕਟਰ (ਸ੍ਰੀਮਤੀ) ਮਾਲਤੀ ਥਾਪਰ** : ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਮਾਰਚ, 1992 ਦੇ ਦੌਰਾਨ ਜਾਂ ਇਸ ਤੋਂ ਬਾਅਦ ਸਰਕਾਰ ਨੇ ਦੇਵ ਸਮਾਜ ਕਾਲਜ ਫਾਰ ਵਿਮੈਨ, ਫਿਰੋਜ਼ਪੁਰ ਸ਼ਹਿਰ ਦੇ ਫੰਡਾਂ ਦੀ ਕਥਿਤ ਕੁਵਰਤੋਂ ਲਈ ਡਿਪਟੀ ਕਮਿਸ਼ਨਰ, ਫਿਰੋਜ਼ਪੁਰ ਦੁਆਰਾ ਕੋਈ ਜਾਂਚ ਪੜਤਾਲ ਕੀਤੇ ਜਾਣ ਲਈ ਹੁਕਮ ਜਾਰੀ ਕੀਤੇ ਸਨ, ਜੇਕਰ ਅਜਿਹਾ ਹੋਵੇ ਤਾਂ ਉਕਤ ਜਾਂਚ-ਪੜਤਾਲ ਦੀ ਰਿਪੋਰਟ ਅਤੇ ਉਸ ਤੇ ਕੀਤੀ ਗਈ ਕਾਰਵਾਈ ਦੀ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਵੇ ;

(ਅ) ਕੀ ਸਰਕਾਰ ਦੀ ਉਪਰੋਕਤ ਭਾਗ (ੳ) ਵਿਚ ਵਰਣਿਤ ਕਾਲਜ ਨੂੰ ਆਪਣੇ ਅਧਿਕਾਰ ਹੇਠ ਲੈਣ ਦੀ ਕੋਈ ਤਜਵੀਜ਼ ਹੈ; ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ ?

ਸ਼੍ਰੀਮਤੀ ਸੁਸ਼ੀਲ ਮਹਾਜਨ (ਰਾਜ ਮੰਤਰੀ, ਸਿਖਿਆ ਅਤੇ ਭਾਸ਼ਾ) :

(ੳ) ਜੀ ਪੜਤਾਲੀਆ ਰਿਪੋਰਟ ਨੂੰ ਸਦਨ ਦੀ ਮੇਜ਼ ਤੇ ਰੱਖਣ ਦੀ ਪ੍ਰਥਾ ਨਹੀਂ ਹੈ। ਫਿਰ ਵੀ ਪੜਤਾਲੀਆ ਰਿਪੋਰਟ ਦੇ ਤੱਥਾਂ ਨੂੰ ਮੁੱਖ ਰੱਖਦੇ ਹੋਏ ਸਰਕਾਰ ਵਲੋਂ ਕਾਲਜ ਪ੍ਰਬੰਧਕ ਕਮੇਟੀ ਨੂੰ ਕੀਤੀਆਂ ਗਈਆਂ ਹਦਾਇਤਾਂ-ਬਾਰੇ ਜਾਰੀ ਕੀਤੇ ਗਏ ਪੱਤਰ ਦੀ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

(ਅ) ਨਹੀਂ ਜੀ, ਅਜਿਹੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ, ਨਾ ਹੀ ਕਾਲਜ/ਜਨਤਾ ਵਲੋਂ ਕੋਈ ਮੰਗ ਕੀਤੀ ਗਈ ਹੈ।

ਕਾਪੀ

ਜੇ. ਪੀ. ਐਸ. ਪੁਰੀ
ਆਈ. ਏ. ਐਸ.
ਸੰਯੁਕਤ ਸਕੱਤਰ ਸਿਖਿਆ-II

ਅ. ਸ. ਪੱ. ਨੰ: 14/24/91-6 ਸਿ-(1) । 5446
ਸਿਖਿਆ ਵਿਭਾਗ
(ਸਿਖਿਆ ਸ਼ਾਖਾ-1)
ਮਿਤੀ, ਚੰਡੀਗੜ੍ਹ 5 ਨਵੰਬਰ, 1992

ਵਿਸ਼ਾ :— ਸ਼ਿਕਾਇਤ ਵਲੋਂ ਟੀਚਰਜ਼ ਦੇਵ ਸਮਾਜ ਕਾਲਜ ਫਾਰ ਵਿਮੈਨ, ਫਿਰੋਜ਼ਪੁਰ ਸ਼ਹਿਰ ।

ਮੇਰੇ ਪਿਆਰੇ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਦੇ ਕਾਲਜ ਦੀ ਪ੍ਰਬੰਧਕੀ ਕਮੇਟੀ ਨੂੰ ਹੇਠ ਦੱਸੇ ਨੁਕਤਿਆਂ ਤੇ ਹਦਾਇਤਾਂ ਜਾਰੀ ਕਰਨ ਦੇ ਹੁਕਮ ਹੋਏ ਹਨ ਕਿ :

(ੳ) ਆਪ ਦੇ ਕਾਲਜ ਦੀ ਪ੍ਰਬੰਧਕੀ ਕਮੇਟੀ ਦੇ ਸਕੱਤਰ ਇਕ ਪੁਰਸ਼ ਹਨ, ਇਸ ਲਈ ਉਹ ਅਪਣੀ ਰਿਹਾਇਸ਼ ਲੜਕੀਆਂ ਦੇ ਹੋਸਟਲ ਪਾਸ/ਕਾਲਜ ਕੰਪਲੈਕਸ ਵਿਚ ਨਾ ਰੱਖਣ ;

(ਅ) ਜਿਹੜਾ ਡਾਕਟਰ ਲੜਕੀਆਂ ਦੇ ਇਲਾਜ ਲਈ ਰੱਖਿਆ ਗਿਆ ਹੈ ਉਹ ਪੁਰਸ਼ ਨਹੀਂ ਹੋਣਾ ਚਾਹੀਦਾ ਬਲਕਿ ਇਸਤਰੀ ਹੋਣੀ ਚਾਹੀਦੀ ਹੈ ।

2. ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਉਪਰੋਕਤ ਪੈਰਾ-1 ਵਿਚ ਦਰਸਾਈਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣ ਕਰਨ ਉਪਰੰਤ ਸਰਕਾਰ ਨੂੰ ਸੂਚਿਤ ਕੀਤਾ ਜਾਵੇ ।

ਹਿਤੂ
ਸਹੀ/—
(ਜੇ. ਪੀ. ਐਸ. ਪੁਰੀ)

ਸ਼੍ਰੀ ਨਿਰਮਲ ਸਿੰਘ,
ਚੇਅਰਮੈਨ,
ਮੈਨੇਜਿੰਗ ਕਮੇਟੀ, ਦੇਵ ਸਮਾਜ ਕਾਲਜ ਫਾਰ ਵਿਮੈਨ,
ਫਿਰੋਜ਼ਪੁਰ ਸ਼ਹਿਰ
ਅਸਲ ਤੇ ਛਾਪਿਆ ਜਾਵੇ ਜੀ

ਪਿੱਠ ਅੰਕਣ ਨੰ: 14/24/91-6ਸਿ1/5447 ਮਿਤੀ, ਚੰਡੀਗੜ੍ਹ 5 ਨਵੰਬਰ, 1992

ਇਕ ਕਾਪੀ ਡਿਪਟੀ ਕਮਿਸ਼ਨਰ, ਫਿਰੋਜ਼ਪੁਰ ਨੂੰ ਉਨ੍ਹਾਂ ਦੇ ਪੱਤਰ ਨੰ: 1105/ਏ. ਡੀ. ਸੀ. ਕਏਆਂ/ਮਿਤੀ 9 ਜੂਨ, 1992 ਦੇ ਹਵਾਲੇ ਵਿਚ ਸੂਚਨਾ ਅਤੇ ਜ਼ਰੂਰੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ ।

ਸਹੀ/—
(ਜੇ. ਪੀ. ਐਸ. ਪੁਰੀ)

[ਰਾਜ ਮੰਤਰੀ, ਸਿਖਿਆ ਅਤੇ ਭਾਸ਼ਾ]

ਪਿੱਠ ਅੰਕਣ ਨੰ: 14/24/91-6 ਸਿ-1/5448 ਮਿਤੀ, ਚੰਡੀਗੜ੍ਹ 5 ਨਵੰਬਰ, 1992

ਇਕ ਕਾਪੀ ਡਾਇਰੈਕਟਰ, ਸਿਖਿਆ (ਕਾਲਜਾਂ), ਪੰਜਾਬ, ਚੰਡੀਗੜ੍ਹ ਨੂੰ ਉਨ੍ਹਾਂ ਦੇ ਮੀਮੋ ਨੰ: 153 (ਸ)-6/3-92 ਗ੍ਰਾਂਟ-II (3), ਮਿਤੀ 24 ਜੁਲਾਈ, 1992 ਦੇ ਹਵਾਲੇ ਵਿਚ ਸੂਚਨਾ ਅਤੇ ਜ਼ਰੂਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

ਸਹੀ/-

(ਜੇ. ਪੀ. ਐਸ. ਪੁਰੀ)

ਡਾਕਟਰ (ਸ਼੍ਰੀਮਤੀ) ਮਾਲਤੀ ਥਾਪਰ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦੀ ਹਾਂ ਕਿ ਮੈਨੂੰ ਜੋ ਆਨਸਰ ਵਿਚ ਰਿਪੋਰਟ ਮਿਲੀ ਹੈ, ਉਹ ਗੱਲਾਂ ਨਹੀਂ ਲਿਖੀਆਂ ਗਈਆਂ ਜੋ ਇਨ੍ਹਾਂ ਨੇ ਦੱਸੀਆਂ ਹਨ । ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦੀ ਹਾਂ ਕਿ ਦੇਵ ਸਮਾਜ ਸਕੂਲ ਦੇ ਪ੍ਰਿੰਸੀਪਲ ਨੂੰ ਹਟਾ ਕੇ ਡੀ-ਗਰੇਡ ਕੀਤਾ ਗਿਆ ਅਤੇ ਫਿਰ ਇਨਕੁਆਰੀ ਕਰਵਾਈ ਗਈ । ਜਿਹੜੀ ਇਨਕੁਆਰੀ ਦੀ ਰਿਪੋਰਟ ਆਈ ਹੈ, ਉਸ ਤੇ ਇੰਪਲੀਮੈਂਟੇਸ਼ਨ ਨਹੀਂ ਕੀਤੀ ਗਈ । ਮੈਂ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦੀ ਹਾਂ ਕਿ ਉਸ ਰਿਪੋਰਟ ਦੀ ਇੰਪਲੀਮੈਨਟੇਸ਼ਨ ਕਦੋਂ ਤਕ ਕੀਤੀ ਜਾਵੇਗੀ ਅਤੇ ਉਸ ਪ੍ਰਿੰਸੀਪਲ ਨੂੰ ਵਾਪਸ ਕਦੋਂ ਤਕ ਲਗਾਇਆ ਜਾਵੇਗਾਂ ?

ਰਾਜ ਮੰਤਰੀ, ਸਿਖਿਆ ਅਤੇ ਭਾਸ਼ਾ : ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬਾ ਨੂੰ ਦੱਸਣਾ ਚਾਹੁੰਦੀ ਹਾਂ ਕਿ ਮੇਲ ਡਾਕਟਰ ਦੀ ਥਾਂ ਲੇਡੀ ਡਾਕਟਰ ਲਗਾ ਦਿੱਤੀ ਗਈ ਹੈ । ਮਿਸਿਜ਼ ਮਨਚੰਦਾ ਜਿਸ ਨੇ ਬਹੁਤ ਜ਼ਿਆਦਾ ਇੰਟਰਫੀਅਰੈਂਸ ਕੀਤੀ ਸੀ, ਉਸ ਨੂੰ ਰਿਮੂਵ ਕਰ ਦਿੱਤਾ ਗਿਆ ਹੈ । ਉਸ ਤੋਂ ਬਾਅਦ ਮਿਤੀ 1 ਨਵੰਬਰ 1984 ਤੋਂ 31 ਜਨਵਰੀ, 1985 ਤਕ ਮਿਸਿਜ਼ ਰਾਜੇਸ਼ ਨੂੰ ਐਕਟਿੰਗ ਪ੍ਰਿੰਸੀਪਲ ਲਗਾਇਆ ਗਿਆ ਸੀ । ਫਿਰ ਸ਼੍ਰੀਮਤੀ ਉਰਮਿਲਾ ਗੁਪਤਾ, ਸ਼੍ਰੀਮਤੀ ਸਤਿਆ ਜੋਸ਼ੀ ਅਤੇ ਬਲਬੀਰ ਕੌਰ ਨੂੰ ਲਗਾਇਆ ਸੀ । ਇਸ ਵੇਲੇ ਮਿਸਿਜ਼ ਮਧੂ ਪ੍ਰਕਾਸ਼ ਪ੍ਰਿੰਸੀਪਲ ਹਨ ।

ਡਾਕਟਰ (ਸ਼੍ਰੀਮਤੀ) ਮਾਲਤੀ ਥਾਪਰ : ਸਪੀਕਰ ਸਾਹਿਬ, ਮੇਰਾ ਸਵਾਲ ਇਹ ਸੀ ਕਿ . . (ਵਿਘਨ)

Mr. Speaker: The reply is quite clear. We come to the next question. ਉਨ੍ਹਾਂ ਨੇ ਜਵਾਬ ਦੇ ਦਿੱਤਾ ਹੈ ਅਤੇ ਆਮ ਜਵਾਬ ਤੋਂ ਵੱਧ ਜਵਾਬ ਦਿੱਤਾ ਹੈ ।

ਜ਼ਿਲ੍ਹਾ ਹੁਸ਼ਿਆਰਪੁਰ ਵਿਚ ਪਸ਼ੂ-ਚਕਿਤਸਾ ਡਾਕਟਰਾਂ ਦੀਆਂ ਖਾਲੀ ਆਸਾਮੀਆਂ

*652. **ਸਰਦਾਰ ਅਵਤਾਰ ਸਿੰਘ ਕਰੀਮਪੁਰੀ**: ਕੀ ਪਸ਼ੂ ਪਾਲਣ ਅਤੇ ਮੱਛੀ ਪਾਲਣ ਦੇ ਰਾਜ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਇਸ ਸਮੇਂ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਕੁੱਲ ਕਿੰਨੀਆਂ ਪਸ਼ੂ ਚਕਿਤਸਾ ਡਿਸਪੈਂਸਰੀਆਂ ਹਨ ਅਤੇ ਕੀ ਉਕਤ ਸਾਰੀਆਂ ਡਿਸਪੈਂਸਰੀਆਂ ਵਿਚ ਡਾਕਟਰ ਲਗਾ ਦਿੱਤੇ ਗਏ ਹਨ ?

ਸਰਦਾਰ ਹਰਬੰਸ ਸਿੰਘ ਸਿੱਧੂ : (ੳ) ਹੁਸ਼ਿਆਰਪੁਰ ਜ਼ਿਲ੍ਹੇ ਵਿਚ ਕੁਲ 74 ਪਸ਼ੂ ਡਿਸਪੈਂਸਰੀਆਂ ਹਨ

(ਅ) ਡਿਸਪੈਂਸਰੀਆਂ ਵਿਚ ਵੈਟਨਰੀ ਅਫ਼ਸਰ ਦੀ ਕੋਈ ਅਸਾਮੀ ਨਹੀਂ ਹੈ । ਫਿਰ ਵੀ ਸਾਰੀਆਂ ਡਿਸਪੈਂਸਰੀਆਂ ਵਿਚ ਵੈਟਰੀਨਰੀ ਫਾਰਮਾਸਿਸਟ ਲੱਗੇ ਹੋਏ ਹਨ ।

ਸਰਦਾਰ ਅਵਤਾਰ ਸਿੰਘ ਕਰੀਮਪੁਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪਿੰਡ ਢਾਡਾਕਲਾਂ ਦੀ ਵੈਟਰੀਨਰੀ ਡਿਸਪੈਂਸਰੀ ਵਿਚ ਕੋਈ ਵੀ ਫਾਰਮਾਸਿਸਟ ਐਪੁਆਇੰਟ ਨਹੀਂ ਕੀਤਾ ਗਿਆ । ਕੀ ਮੰਤਰੀ ਜੀ ਐਸ਼ੋਰੈਂਸ ਦਿਵਾਉਣਗੇ ਕਿ ਉਥੇ ਫਾਰਮਾਸਿਸਟ ਐਪੁਆਇੰਟ ਕੀਤਾ ਜਾਵੇਗਾ ।

ਰਾਜ ਮੰਤਰੀ: ਜ਼ਰੂਰ ਕਰ ਦਿਆਂਗੇ ।

ਡਾਕਟਰ ਰਮੇਸ਼ ਦੱਤ ਸ਼ਰਮਾ : ਸਪੀਕਰ ਸਾਹਿਬ, ਕੀ ਮਾਨਯੋਗ ਮੰਤਰੀ ਜੀ ਇਹ ਦੱਸਣਗੇ ਕਿ ਜਿਨ੍ਹਾਂ ਫ਼ਾਰਮਾਸਿਸਟਾਂ ਨੂੰ 'ਬੀ' ਕਲਾਸ ਰਜਿਸਟਰਡ ਨਹੀਂ ਕੀਤਾ ਗਿਆ, ਉਨ੍ਹਾਂ ਨੂੰ ਪੰਜਾਬ ਸਰਕਾਰ ਨੇ ਜਿਹੜੀ ਚਿੱਠੀ ਕੱਢੀ ਹੈ, ਉਸ ਰਾਹੀਂ ਡਿਸਪੈਂਸਰੀ ਵਿਚ ਫਸਟ ਏਡ ਦੀ ਆਗਿਆ ਦੇ ਦਿੱਤੀ ਗਈ ਹੈ ? . . . .(ਵਿਘਨ)

ਸ਼੍ਰੀ ਸਪੀਕਰ: ਇਹ ਕੁਐਸਚਨ ਕੱਲ੍ਹ ਕਾਫੀ ਡਿਸਕਸ ਹੋ ਚੁੱਕਾ ਹੈ । ਮੈਂ ਕਾਫੀ ਸਪਲੀਮੈਂਟਰੀਜ਼ ਅਲਾਓ ਕੀਤੀਆਂ ਸਨ ।

ਰਾਜ ਮੰਤਰੀ: ਸਪੀਕਰ ਸਾਹਿਬ, ਇਹ ਸੈਪਰੇਟ ਕੁਐਸਚਨ ਦੇ ਦੇਣ, ਮੈਂ ਜ਼ਰੂਰ ਇਨ੍ਹਾਂ ਨੂੰ ਜਾਣਕਾਰੀ ਦੇ ਦੇਵਾਂਗਾ, ਕਿਉਂਕਿ ਇਸ ਸਵਾਲ ਦੇ ਨਾਲ ਇਸ ਦਾ ਸਬੰਧ ਨਹੀਂ ਹੈ ।

ਸ਼੍ਰੀ ਸਪੀਕਰ : ਤੁਸੀਂ ਸੈਪਰੇਟ ਸਪੈਸਿਫਿਕ ਕੁਐਸਚਨ ਦੇ ਦਿਉ ।

(At this stage the Hon'ble Minister of State for Animal Husbandry and Fishery left his seat)

Shri Madan Mohan Mittal: The Minister should know the policy of the Government. He should reply what is the policy of the Government, Speaker Sahib, the Minister is going. This is derogatory.

(At this stage the hon'ble Minister of State resumed his seat)

ਸ਼੍ਰੀ ਸਪੀਕਰ: ਜੋ ਇਸ ਵੇਲੇ ਗੋਰਮਿੰਟ ਦੀ ਪ੍ਰੈਜ਼ੈਂਟ ਪਾਲਿਸੀ ਹੈ, ਉਹ ਤੁਸੀਂ ਦੱਸ ਦਿਉ ।

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੁੱਢਲੀ ਸਹਾਇਤਾ ਵਾਸਤੇ ਅਸੀਂ ਉਨ੍ਹਾਂ ਨੂੰ ਆਗਿਆ ਦਿੱਤੀ ਹੋਈ ਹੈ। ਪਿਛਲੀ ਵਾਰੀ ਵੀ ਜਦੋਂ ਇਹ ਕੁਐਸਚਨ ਆਇਆ ਸੀ ਤਾਂ ਉਸ ਵੇਲੇ ਵੀ ਬੜੇ ਵਿਸਥਾਰ ਨਾਲ ਦੱਸ ਦਿੱਤਾ ਸੀ ਕਿ ਮੁੱਢਲੀ ਸਹਾਇਤਾ ਦੇਣ ਵਾਸਤੇ ਉਨ੍ਹਾਂ ਨੂੰ ਅਖਤਿਆਰ ਹੈ।

ਕਾਲੀ ਬੇਈਂ ਤੇ ਪੁਲ ਬਣਾਉਣੇ

*726. **ਸਰਦਾਰ ਜਗਤਾਰ ਸਿੰਘ ਮੁਲਤਾਨੀ :** ਕੀ ਲੋਕ ਨਿਰਮਾਣ (ਭਵਨ ਤੇ ਸੜਕਾਂ) ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਜ਼ਿਲ੍ਹਾ ਕਪੂਰਥਲਾ ਵਿਚ ਅਵਾਂਨ (ਸਬ-ਤਹਿਸੀਲ ਭੁਲੱਥ) ਅਤੇ ਭਗਵਾਨਪੁਰ (ਬੇਗੋਵਾਲ ਲਾਗੇ) ਦੇ ਨੇੜੇ ਕਾਲੀ ਬੇਈਂ ਤੇ ਪੁਲ ਬਣਾਉਣ ਦਾ ਵਿਚਾਰ ਰੱਖਦੀ ਹੈ ?

ਸਰਦਾਰ ਜੋਗਿੰਦਰ ਸਿੰਘ ਮਾਨ : ਪਿੰਡ ਅਵਾਨ ਅਤੇ ਪਿੰਡ ਬਾਗਵਾਨਪੁਰ ਸਬ-ਤਹਿਸੀਲ ਭੁਲੱਥ ਜ਼ਿਲ੍ਹਾ ਕਪੂਰਥਲਾ ਨੇੜੇ ਕਾਲੀ ਬੇਈਂ ਤੇ ਪੁਲ ਉਸਾਰਨ ਦੀ ਤਜਵੀਜ਼ ਨਹੀਂ ਹੈ।

ਸਰਦਾਰ ਜਗਤਾਰ ਸਿੰਘ ਮੁਲਤਾਨੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਪਿਛਲੇ 15 ਸਾਲਾਂ ਤੋਂ ਅਸੈਂਬਲੀ ਹਲਕੇ ਭੁਲੱਥ ਵਿਚ ਕੋਈ ਇਕ ਪੈਸਾ ਵੀ ਪੁੱਲਾਂ ਤੇ ਲਗਾਇਆ ਗਿਆ ਹੈ।

ਰਾਜ ਮੰਤਰੀ : ਸਪੀਕਰ ਸਾਹਿਬ, ਬੇਗੋਵਾਲ ਤੋਂ ਪਿੰਡ ਅਵਾਨ ਨੂੰ ਜਾਂਦੀ ਲਿੰਕ ਸੜਕ ਅੰਦਾਜ਼ਨ 4.98 ਕਿਲੋਮੀਟਰ ਲੰਬੀ ਹੈ। ਕਾਲੀ ਬੇਈ ਦਾ ਛੋਟਾ ਖਾਲਾ ਪਿੰਡ ਅਵਾਨ ਨੇੜੇ ਇਸ ਲਿੰਕ ਸੜਕ ਤੋਂ ਲੰਘਦਾ ਹੈ ਅਤੇ ਦੋ ਸਪੈਨ ਦਾ. ਹਰ ਇਕ 15 ਫੁਟ ਆਰ. ਸੀ. ਸੀ. ਪੁੱਲ ਪਹਿਲਾਂ ਹੀ ਉਥੇ ਮੌਜੂਦ ਹੈ। ਪਿੰਡ ਅਵਾਨ ਨੇੜੇ ਕਾਲੀ ਬੇਈਂ ਲੰਘਦੀ ਹੈ ਪਰ ਪੀ. ਡਬਲਿਯੂ. ਡੀ. ਦੀ ਸੜਕ ਇਸ ਬੇਈਂ ਨੂੰ ਪਾਰ ਨਹੀਂ ਕਰਦੀ।

ਸ੍ਰੀ ਸਪੀਕਰ : ਮੈਂ ਮੈਂਬਰ ਸਾਹਿਬਾਨ ਨੂੰ ਰਿਕੁਐਸਟ ਕਰਾਂਗਾਂ ਕਿ ਇਨਬਿਟਵੀਨ ਕਰਾਸ ਨਾ ਕਰਿਆ ਕਰਨ। ਹੁਣ ਮੈਂ ਸਰਦਾਰ ਬਲਦੇਵ ਸਿੰਘ ਨੂੰ ਕਹਾਂਗਾ ਕਿ ਉਹ ਆਪਣੀ ਸੀਟ ਤੇ ਵਾਪਸ ਚਲੇ ਜਾਣ।

ਰਾਜ ਮੰਤਰੀ : ਪਿੰਡ ਅਵਾਨ ਨੇੜੇ ਕਾਲੀ ਬੇਈਂ ਤੇ ਪੁੱਲ ਉਸਾਰਨ ਦੀ ਕੋਈ ਤਜਵੀਜ਼ ਨਹੀਂ ਹੈ। ਦੂਸਰਾ, ਸਪੀਕਰ ਸਾਹਿਬ, ਪਿੰਡ ਕਮਰਾਏ ਤੋਂ ਬਾਗਵਾਨਪੁਰ ਲਿੰਕ ਸੜਕ ਤਕਰੀਬਨ 4 ਕਿਲੋਮੀਟਰ ਲੰਬੀ ਹੈ। ਕਾਲੀ ਬੇਈਂ ਦਾ ਛੋਟਾ ਖਾਲਾ ਇਸ ਲਿੰਕ ਸੜਕ ਤੋਂ ਲੰਘਦਾ ਹੈ। ਪਰ ਉਥੇ 3 ਸਪੈਨ, 20 ਫੁੱਟ ਹਰ ਇਕ ਦਾ ਆਰ. ਸੀ. ਸੀ. ਪੁੱਲ ਪਹਿਲਾਂ ਹੀ ਮੌਜੂਦ ਹੈ। ਪਿੰਡ ਬਾਗਵਾਨਪੁਰ ਨੇੜੇ ਕਾਲੀ ਬੇਈਂ ਲੰਘਦੀ ਹੈ ਅਤੇ ਪੀ. ਡਬਲਿਯੂ. ਡੀ. ਦੀ ਸੜਕ ਇਸ ਬੇਈਂ ਨੂੰ ਪਾਰ ਨਹੀਂ ਕਰਦੀ। ਪਿੰਡ ਬਾਗਵਾਨ-ਪੁਰ ਨੇੜੇ ਕਾਲੀ ਬੇਈਂ ਤੇ ਪੁੱਲ ਉਸਾਰਨ ਦੀ ਕੋਈ ਤਜਵੀਜ਼ ਨਹੀਂ ਹੈ।

ਸਰਦਾਰ ਜਗਤਾਰ ਸਿੰਘ ਮੁਲਤਾਨੀ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਨੂੰ ਪੁੱਛਿਆ ਹੈ ਕਿ ਕੀ ਪਿਛਲੇ 15 ਸਾਲਾਂ ਤੋਂ ਇਕ ਵੀ ਪੁੱਲ ਉਥੇ ਬਣਾਇਆ ਗਿਆ ਹੈ ? ਕੀ ਮਨਿਸਟਰ ਸਾਹਿਬ ਇਸ ਗੱਲ ਦਾ ਭਰੋਸਾ ਦਿਵਾਉਣਗੇ ਕਿ ਆਉਣ ਵਾਲੇ ਸਾਲਾਂ ਵਿੱਚ ਜਦੋਂ ਪੁੱਲਾਂ ਵਾਸਤੇ ਕੋਈ ਰਕਮ ਰੱਖੀ ਗਈ ਤਾਂ ਇਹ ਦੋਨੋਂ ਪੁੱਲ ਜੋ ਨਿਹਾਇਤ ਹੀ ਜ਼ਰੂਰੀ ਹਨ ਅਤੇ ਜੋ ਛੋਟੇ ਛੋਟੇ ਦੋ ਪੁੱਲ ਹਨ ਜਿਨ੍ਹਾਂ ਤੇ ਤਕਰੀਬਨ 10 ਲੱਖ ਰੁਪਿਆ ਹੀ ਖ਼ਰਚ ਹੋਣਾ ਹੈ, ਇਨ੍ਹਾਂ ਦੋ ਪੁੱਲਾਂ ਦਾ ਧਿਆਨ ਰਖਿਆ ਜਾਵੇਗਾ । ਇਹ ਪੁੱਲ ਬਣ ਜਾਣ ਨਾਲ ਭੋਗਪੁਰ ਸ਼ੂਗਰ ਮਿੱਲ ਨੂੰ ਜਾਣ ਲਈ ਕਿਸਾਨਾਂ ਨੂੰ (15-20 ਕਿਲੋਮੀਟਰ) ਭੋਗਪੁਰ ਸ਼ੂਗਰ ਮਿੱਲ ਨੇੜੇ ਹੋ ਜਾਂਦੀ ਹੈ । ਕੀ ਮਨਿਸਟਰ ਸਾਹਿਬ ਇਸ ਗੱਲ ਦਾ ਭਰੋਸਾ ਦੇਣਗੇ ਕਿ ਇਹ ਦੋ ਪੁੱਲ ਬਣਾਏ ਜਾਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਗੌਰਮਿੰਟ ਦੀ ਪਾਲਿਸੀ ਹੈ ਕਿ ਜਿਥੇ ਸੜਕ ਐਗਜ਼ਿਸਟ ਕਰਦੀ ਹੈ, ਪੁੱਲ ਉਥੇ ਬਣਾਇਆ ਜਾਂਦਾ ਹੈ, ਇਸ ਲਈ ਜਿੰਨਾ ਚਿਰ ਉਥੇ ਸੜਕ ਨਹੀਂ ਬਣਦੀ, ਪੁੱਲ ਨਹੀਂ ਬਣਾਇਆ ਜਾ ਸਕਦਾ ।

ਸਰਦਾਰ ਜਗਤਾਰ ਸਿੰਘ ਮੁਲਤਾਨੀ : ਸਪੀਕਰ ਸਾਹਿਬ, ਜਿਹੜਾ ਬਾਗਵਾਨਪੁਰ ਪੁੱਲ ਬਣਾਇਆ ਹੈ, ਉਥੇ ਰਿਪੇਅਰ ਦਾ ਕੰਮ ਹੋਣ ਵਾਲਾ ਹੈ, ਉਹ ਪੁੱਲ 4-4 ਫੁੱਟ ਨੀਚੇ ਹੈ ਔਰ ਉਹ ਉਚਾ ਕਰਨ ਦੀ ਜ਼ਰੂਰਤ ਹੈ । ਇਹ ਬਹੁਤ ਜ਼ਰੂਰੀ ਹੈ ਕਿਉਂਕਿ ਉਥੇ ਗੱਡੇ ਵਗੈਰਾ ਵੀ ਨਹੀਂ ਲੰਘ ਸਕਦੇ । ਮੈਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਬਾਗਵਾਨਪੁਰ ਦਾ ਪੁੱਲ ਜੋ ਨੀਵਾਂ ਹੈ ਉਸ ਦੀ ਰਿਪੇਅਰ ਜਲਦੀ ਕਰਵਾ ਦੇਣਗੇ ?

ਰਾਜ ਮੰਤਰੀ : ਸਰ, ਇਨ੍ਹਾਂ ਦੀ ਮੰਗ ਯੋਗ ਹੈ ਪਰ ਕਿੰਨਾ ਚੰਗਾ ਹੁੰਦਾ ਕਿ ਜੇ ਇਹ ਸੈਪਰੇਟ ਨੋਟਿਸ ਦੇ ਦਿੰਦੇ ਤਾਂ ਮੈਂ ਅੱਛੀ ਤਰ੍ਹਾਂ ਜਵਾਬ ਦੇ ਦਿੰਦਾ ।

———

ਅਨੁਸੂਚਿਤ ਜਾਤੀਆਂ/ਪੱਛੜੀਆਂ ਸ਼੍ਰੇਣੀਆਂ ਨੂੰ ਸ਼ਾਮਲਾਤ ਜ਼ਮੀਨ ਅਲਾਟ ਕਰਨਾ

*715. **ਸਰਦਾਰ ਹਰਗੋਪਾਲ ਸਿੰਘ ਐਡਵੋਕੇਟ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਇਸ ਸਮੇਂ ਪਿੰਡ ਬਾਹੋਵਾਲ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ਕੁਲ ਕਿੰਨੇ ਏਕੜ ਸ਼ਾਮਲਾਤ ਜ਼ਮੀਨ ਹੈ ;

(ਅ) ਉਪਰ ਭਾਗ (ੳ) ਵਿਚ ਵਰਣਿਤ ਸ਼ਾਮਲਾਤ ਜ਼ਮੀਨ ਵਿਚੋਂ ਅਜਿਹੀ ਕੁਲ ਸ਼ਾਮਲਾਤ ਜ਼ਮੀਨ ਦਾ ਵੇਰਵਾ ਕੀ ਹੈ ਜੋ ਅਨੁਸੂਚਿਤ ਜਾਤੀਆਂ/ਪੱਛੜੀਆਂ ਸ਼੍ਰੇਣੀਆਂ ਦੇ ਵਿਅਕਤੀਆਂ ਨੂੰ ਅਲਾਟ ਕਰ ਦਿੱਤੀ ਗਈ ਹੈ / ਇਨ੍ਹਾਂ ਲਈ ਰਾਖਵੀਂ ਰੱਖੀ ਗਈ ਹੈ ?

ਸਰਦਾਰ ਬੇਅੰਤ ਸਿੰਘ : (ੳ) 131 ਏਕੜ 2 ਕਨਾਲ 1 ਮਰਲਾ।

(ਅ) ਅਨੁਸੂਚਿਤ ਜਾਤੀਆਂ/ਪਛੜੀਆਂ ਸ਼ਰੇਣੀਆਂ ਲਈ ਕੋਈ ਸ਼ਾਮਲਾਤ ਜ਼ਮੀਨ ਨਾ ਤਾਂ ਅਲਾਟ ਕੀਤੀ ਗਈ ਹੈ ਅਤੇ ਨਾ ਹੀ ਰਾਖਵੀਂ ਰੱਖੀ ਗਈ ਹੈ ਕਿਉਂਕਿ ਇਹ ਸਾਰੀ ਜ਼ਮੀਨ ਬੰਜਰ ਕਦੀਮ ਹੈ।

ਸਰਦਾਰ ਹਰਗੋਪਾਲ ਸਿੰਘ ਐਡਵੋਕੇਟ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਜ਼ਮੀਨ ਹੈ, ਸਰਕਾਰੀ ਕਾਗਜ਼ਾਂ ਵਿਚ ਪੰਚਾਇਤ ਦੇ ਰੈਜ਼ੋਲਿਊਸ਼ਨ ਵਿਚ ਇਸ ਦਾ ਚੌਥਾ ਹਿੱਸਾ ਸ਼ਡਿਊਲਡ ਕਾਸਟਸ ਲਈ ਰਿਜ਼ਰਵ ਰਖਿਆ ਹੋਇਆ ਹੈ। 1988 ਵਿਚ ਇਸ ਬਾਰੇ ਫੈਸਲਾ ਹੋਇਆ ਸੀ ਕਿ ਇਸ ਜ਼ਮੀਨ ਦੇ ਚੌਥੇ ਹਿੱਸੇ ਤੇ ਸ਼ਡਿਊਲਡ ਕਾਸਟਸ ਦਾ ਹੱਕ ਹੈ, ਕੀ ਸਰਕਾਰ ਕੋਰਟ ਦੇ ਉਸ ਫੈਸਲੇ ਤੇ ਪਾਬੰਦ ਹੈ ਜਾਂ ਨਹੀਂ ?

ਮੁੱਖ ਮੰਤਰੀ : ਸਪੀਕਰ ਸਾਹਿਬ, ਬੇਨਤੀ ਹੈ ਕਿ ਉਹ ਜ਼ਮੀਨ ਜੋ ਬੰਜਰ ਕਦੀਮ ਹੈ ਉਸ ਵਿਚੋਂ ਚੌਥਾ ਹਿੱਸਾ ਦੇਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ। ਉਹ ਸਾਰੀ ਜ਼ਮੀਨ ਡੰਗਰਾਂ ਲਈ ਰੱਖੀ ਗਈ ਸੀ। ਉਸ ਦੇ ਬਾਅਦ ਪੰਚਾਇਤ ਨੇ ਰੈਜ਼ੋਲਿਊਸ਼ਨ ਪਾ ਕੇ ਜੰਗਲਾਤ ਦੇ ਮਹਿਕਮੇ ਨੂੰ ਦਰਖਤ ਲਗਾਉਣ ਲਈ ਦੇ ਦਿਤੀ। ਪਿੰਡ ਦਾ ਇਕ ਸ਼ਖ਼ਸ਼ ਹਾਈ ਕੋਰਟ ਵਿਚ ਗਿਆ। ਮੇਰੀ ਇਨਫ਼ਰਮੇਸ਼ਨ ਹੈ ਕਿ ਉਸ ਵਿਚ ਫ਼ੈਸਲਾ ਪੰਚਾਇਤ ਦੇ ਹੱਕ ਵਿਕ ਹੋਇਆ। ਪੰਚਾਇਤ ਹੀ ਉਸ ਦੀ ਮਾਲਕ ਹੈ ਅਤੇ ਉਸ ਨੇ ਹੀ ਉਹ ਜ਼ਮੀਨ ਫ਼ੋਰੈਸਟ ਡਿਪਾਰਟਮੈਂਟ ਨੂੰ ਦਿਤੀ ਹੈ।

ਸਰਦਾਰ ਹਰਗੋਪਾਲ ਸਿੰਘ ਐਡਵੋਕੇਟ : ਸਪੀਕਰ ਸਾਹਿਬ, ਜਿਥੇ ਸੀ. ਐਮ. ਸਾਹਿਬ ਨੇ ਕਿਹਾ ਕਿ ਪੰਚਾਇਤ ਮਾਲਕ ਹੈ, ਇਹ ਠੀਕ ਹੈ ਕਿ ਪੰਚਾਇਤ ਮਾਲਕ ਹੈ ਪਰ ਜੰਗਲਾਤ ਦੀ ਜਿਹੜੀ ਲੱਕੜ ਹੈ, ਚਾਰਾ ਹੈ, ਆਦਿ ਉਸ ਦਾ ਚੌਥਾ ਹਿੱਸਾ ਸ਼ਡਿਊਲਡ ਕਾਸਟਸ ਲਈ ਹੈ।

ਸ੍ਰੀ ਸਪੀਕਰ : ਤੁਸੀਂ ਡਾਕੂਮੈਂਟਸ ਦੇ ਦਿਓ, ਵੇਖ ਲੈਣਗੇ।

ਸਰਦਾਰ ਅਵਤਾਰ ਸਿੰਘ ਕਰੀਮਪੁਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਪੁਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਬਾਹੋਵਾਲ ਪਿੰਡ ਹੈ, ਇਸ ਦੇ ਵਿਚ ਸ਼ਾਮਲਾਤ ਜ਼ਮੀਨ ਜਿਹੜੀ ਹੈ ਉਹ ਅਨੁਸੂਚਿਤ ਜਾਤੀਆਂ ਲਈ ਵੀ ਹੈ। ਇਸ ਦਾ ਫ਼ੈਸਲਾ ਪਹਿਲਾਂ 1973 ਵਿਚ ਅਤੇ ਫਿਰ 1988 ਵਿਚ ਅਨੁਸੂਚਿਤ ਜਾਤੀਆਂ ਦੇ ਹੱਕ ਵਿਚ ਹੋਇਆ ਸੀ।

ਸ੍ਰੀ ਸਪੀਕਰ : ਤੁਸੀਂ ਰਿਪੀਟ ਕਿਉਂ ਕਰਦੇ ਹੋ ?

ਸਰਦਾਰ ਅਵਤਾਰ ਸਿੰਘ ਕਰੀਮਪੁਰੀ : ਸਪੀਕਰ ਸਾਹਿਬ, ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਮੈਂ ਮੁੱਖ ਮੰਤਰੀ ਜੀ ਨੂੰ ਖੁਦ ਮਿਲ ਕੇ ਉਹ ਸਾਰੀ ਫ਼ਾਈਲ ਦਿਤੀ ਸੀ ਜਿਸ ਵਿਚ 1937 ਅਤੇ 1988 ਦਾ ਫ਼ੈਸਲਾ ਸੀ। ਕੀ ਮੁੱਖ ਮੰਤਰੀ ਜੀ ਕੋਈ ਅਸ਼ਿਓਰੈਂਸ ਦੇਣਗੇ

ਕਿ ਇਸ ਸ਼ਾਮਲਾਤ ਜਗ੍ਹਾ ਵਿਚੋਂ ਅਨੁਸੂਚਿਤ ਜਾਤੀਆਂ ਨੂੰ ਘਾਹ, ਸਰਕੰਡਾ, ਲਕੜੀ ਆਦਿ ਲੈਣ ਦਾ ਹੱਕ ਹੋਵੇਗਾ ਤਦ ਹੀ ਕੋਰਟ ਦੇ ਫ਼ੈਸਲੇ ਤੇ ਅਮਲ ਹੋ ਸਕਦਾ ਹੈ ਅਤੇ ਤਾਂ ਹੀ ਸਰਕਾਰ ਕੋਰਟ ਦੇ ਫ਼ੈਸਲੇ ਤੇ ਪਾਬੰਦ ਰਹੇਗੀ ?

ਮੁੱਖ ਮੰਤਰੀ : ਮੈਂ ਇਨਕੁਆਇਰੀ ਕਰਵਾ ਲਵਾਂਗਾ ਜੇ ਕੋਈ ਇਨ੍ਹਾਂ ਦੀ ਗੱਲ ਵਿਚ ਵਜ਼ਨ ਹੋਇਆ ਤਾਂ ਕਰਾਂਗੇ । ਮੈਂ ਸਮਝਦਾ ਹਾਂ ਕਿ ਉਥੇ ਸਰਕਾਰ ਨੇ ਬੜਾ ਅੱਛਾ ਕੰਮ ਕੀਤਾ ਹੈ ਜੋ ਉਥੇ ਕ੍ਰਿਸ਼ੀ ਵਿਗਿਆਨ ਕੇਂਦਰ ਖੋਲ੍ਹਿਆ ਹੈ. 50.2 ਏਕੜ ਜ਼ਮੀਨ ਦਿੱਤੀ ਹੈ, ਉਸ ਦੇ ਲਈ ਮੈਂ ਸਮਝਦਾ ਹਾਂ ਕਿ ਇਸ ਨਾਲ ਉਸ ਦੀ ਬੜੀ ਭਾਰੀ ਪ੍ਰਗਤੀ ਹੋਣ ਵਾਲੀ ਹੈ। ਬਾਕੀ ਜੋ ਇਨ੍ਹਾਂ ਨੇ ਚੌਥੇ ਹਿੱਸੇ ਦੀ ਗੱਲ ਕੀਤੀ ਹੈ ਇਸ ਬਾਰੇ ਮੈਂ ਇਨਕੁਆਇਰੀ ਕਰਵਾ ਲਵਾਂਗਾ ।

ਕਾਨੂੰਗੋਆਂ ਨੂੰ ਤਰੱਕੀ

*689. **ਡਾਕਟਰ ਰਮੇਸ਼ ਦੱਤ** : ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਉਨ੍ਹਾਂ ਕਾਨੂੰਗੋਆਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਨੂੰ 31 ਮਾਰਚ, 1992 ਤੋਂ 31 ਅਕਤੂਬਰ, 1992 ਤੱਕ ਦੇ ਸਮੇਂ ਦੌਰਾਨ ਤਰੱਕੀ ਦੇ ਕੇ ਨਾਇਬ ਤਹਿਸੀਲਦਾਰ ਬਣਾਇਆ ਗਿਆ ?

ਸਰਦਾਰ ਬੇਅੰਤ ਸਿੰਘ : 17

ਡਾਕਟਰ ਰਮੇਸ਼ ਦੱਤ : ਸਪੀਕਰ ਸਾਹਿਬ, ਕੀ ਮੁੱਖ ਮੰਤਰੀ ਸਾਹਿਬ ਦੱਸਣਗੇ ਕਿ ਇਹ ਜਿਹੜੇ 17 ਕਾਨੂੰਗੋ ਪਰਮੋਟ ਹੋਏ ਹਨ ਇਨ੍ਹਾਂ ਵਿਚ ਕੁਝ ਐਸੇ ਵੀ ਹਨ ਜਿਨ੍ਹਾਂ ਨੂੰ ਕੁਰਪਸ਼ਨ ਦੇ ਇਲਜ਼ਾਮ ਵਿਚ ਸਸਪੈਂਡ ਕੀਤਾ ਗਿਆ ਸੀ ਅਤੇ ਡੀ. ਸੀ. ਸਾਹਿਬ ਨੇ ਰਿਕਾਰਡ ਟੈਂਪਰ ਕਰਨ ਦੇ ਸਿਲਸਿਲੇ ਵਿਚ ਸਜ਼ਾਵਾਂ ਦਿਤੀਆਂ ਸਨ ?

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬ ਇਸ ਦਾ ਸੈਪਰੇਟ ਨੋਟਿਸ ਦੇ ਦੇਣ, ਨਾਂ ਵੀ ਲਿਖ ਕੇ ਦੇਣ ਕਿ ਕਿਹੜੇ ਕਿਹੜੇ ਕਾਨੂੰਗੋ ਸਨ, ਮੈਂ ਜਵਾਬ ਦੇ ਦਿਆਂਗਾ ।

Mr. Speaker : Next question.

(ਇਸ ਸਮੇਂ ਮਾਨਯੋਗ ਮੈਂਬਰ ਡਾਕਟਰ ਰਮੇਸ਼ ਦੱਤ ਜੀ ਸਪਲੀਮੈਂਟਰੀ ਕਰਨ ਲਈ ਖੜ੍ਹੇ ਹੋਏ ।)

ਸ਼੍ਰੀ ਸਪੀਕਰ : ਡਾਕਟਰ ਸਾਹਿਬ, ਬੈਠੋ ; ਉਨ੍ਹਾਂ ਨੇ ਕਿਹਾ ਹੈ ਕਿ ਲਿਖ ਕੇ ਦੇ ਦਿਓ ।

ਡਾਕਟਰ ਰਮੇਸ਼ ਦੱਤ : ਸਪੀਕਰ ਸਾਹਿਬ, ਕੋਈ ਦੂਸਰਾ ਸਪਲੀਮੈਂਟਰੀ ਵੀ ਤਾਂ ਹੋ ਸਕਦਾ ਹੈ । ਸਪੀਕਰ ਸਾਹਿਬ, ਮੈਂ ਮਾਨਯੋਗ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਿਰਪਾ ਕਰਕੇ ਇਹ ਵੀ ਦੱਸਣ ਕਿ ਕੀ ਰੂਲਜ਼ ਦੀ ਵਾਇਲੇਸ਼ਨ ਵੀ ਹੋਈ ਹੈ, ਜੋ ਇਨਸਟਰੱਕਸ਼ਨਜ਼ ਸਰਕਾਰ ਨੇ ਦਿੱਤੀਆਂ ਹੋਈਆਂ ਹਨ ਕਿ ਉਨ੍ਹਾਂ ਦੇ ਮੁਤਾਬਿਕ ਲਗਾਏ ਗਏ ਹਨ, ਕੀ ਕੋਈ ਐਸੀ ਗੱਲ ਤਾਂ ਨਹੀਂ ਕਿ ਉਸੇ ਕਾਨੂੰਗੋ ਨੂੰ ਜਿੱਥੇ ਉਹ ਪਹਿਲਾਂ ਸੀ ਉਥੇ ਹੀ ਉਸੇ ਸਟੇਸ਼ਨ ਉਤੇ ਰੱਖ ਲਿਆ ਗਿਆ ਹੋਵੇ ?

ਸ੍ਰੀ ਸਪੀਕਰ : ਇਸ ਬਾਰੇ ਸੈਪਰੇਟ ਕੁਐਸਚਨ ਦੇ ਦਿਓ । ਨੈਕਸਟ ਕੁਐਸਚਨ ਨੰ. 704 ਜਿਸ ਬਾਰੇ ਸਰਦਾਰ ਇੰਦਰਜੀਤ ਸਿੰਘ ਜ਼ੀਰਾ ਵਲੋਂ ਆਥੋਰਾਈਜ਼ੇਸ਼ਨ ਆਈ ਹੋਈ ਹੈ । ਹਾਂ ਜੀ, ਕਾਮਰੇਡ ਜੀ ।

ਤਹਿਸੀਲ ਜ਼ੀਰਾ ਵਿੱਚ ਪਿੰਡਾਂ ਦਾ ਬਿਜਲੀਕਰਨ

*704. **ਸਰਦਾਰ ਇੰਦਰਜੀਤ ਸਿੰਘ ਜ਼ੀਰਾ** (ਕਾਮਰੇਡ ਤਰਸੇਮ ਜੋਧਾਂ ਵਲੋਂ ਪੇਸ਼ ਕੀਤਾ ਗਿਆ) : ਕੀ ਸਿੰਚਾਈ ਅਤੇ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਬ-ਡਵੀਜ਼ਨ ਜ਼ੀਰਾ ਵਿਚ ਅਜਿਹੇ ਪਿੰਡਾਂ ਦੀ ਗਿਣਤੀ ਕਿੰਨੀ ਹੈ, ਜਿਨ੍ਹਾਂ ਨੂੰ ਅਜੇ ਤੱਕ ਬਿਜਲੀ ਨਹੀਂ ਦਿੱਤੀ ਗਈ ਹੈ ਅਤੇ ਉਕਤ ਪਿੰਡਾਂ ਨੂੰ ਕਦੋਂ ਤਕ ਬਿਜਲੀ ਦਿੱਤੇ ਜਾਣ ਦੀ ਸੰਭਾਵਨਾ ਹੈ ?

ਸ੍ਰੀ ਸੁਰਿੰਦਰ ਕਪੂਰ (ਰਾਜ ਮੰਤਰੀ, ਸਿੰਜਾਈ ਅਤੇ ਬਿਜਲੀ) : ਤਹਿਸੀਲ ਜ਼ੀਰਾ ਵਿਚ ਕੋਈ ਪਿੰਡ ਨਹੀਂ ਹੈ ਜਿਥੇ ਬਿਜਲੀ ਨਾ ਪਹੁੰਚੀ ਹੋਵੇ ।

ਕਾਮਰੇਡ ਤਰਸੇਮ ਜੋਧਾਂ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜ਼ੀਰਾ ਸਬ-ਡਵੀਜ਼ਨ ਵਿਚ ਤਿੰਨ ਪਿੰਡ ਹਨ—ਮਹਿਮੂਵਾਲ ਹੈ, ਫਿਰ ਰੁਕਨੇਵਾਲ ਹੈ ਔਰ ਤੀਸਰਾ ਮੰਨੂੰ ਮਾਛੀਆਂ ਹੈ, ਇਨ੍ਹਾਂ ਤਿੰਨਾਂ ਪਿੰਡਾਂ ਨੂੰ ਬਿਜਲੀ ਨਹੀਂ ਗਈ । ਕੀ ਇਹ ਤਿੰਨ ਪਿੰਡ ਵੀ ਇਨ੍ਹਾਂ ਦੀ ਲਿਸਟ ਵਿਚ ਹਨ ?

ਰਾਜ ਮੰਤਰੀ, ਸਿੰਚਾਈ ਅਤੇ ਬਿਜਲੀ : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਦੀ ਜਾਣਕਾਰੀ ਲਈ ਦੱਸਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਪਿੰਡਾਂ ਦੇ ਨਾਮ ਇਨ੍ਹਾਂ ਨੇ ਲਏ ਹਨ ਉਨ੍ਹਾਂ ਪਿੰਡਾਂ ਵਿਚ ਬਿਜਲੀ ਪੁੱਜੀ ਹੋਈ ਹੈ । ਜਿੱਥੋਂ ਤਕ ਕਿਸੇ ਨਵੀਂ ਬਸਤੀ ਦਾ ਜਾਂ ਨਵੇਂ ਘਰ ਦਾ ਸਵਾਲ ਹੈ ਉਥੇ ਬਿਜਲੀ ਦੇ ਵਾਸਤੇ ਅਪਲਾਈ ਕਰਨਾ ਪੈਂਦਾ ਹੈ । ਡਿਮਾਂਡ ਨੋਟਿਸ ਦਿੱਤੇ ਗਏ ਹਨ ਲੇਕਿਨ ਹਾਲਾਂ ਤਕ ਫ਼ਾਰਮੈਲਿਟੀਜ਼ ਪੂਰੀਆਂ ਨਹੀਂ ਕੀਤੀਆਂ ਗਈਆਂ । ਉਹ ਫਾਰਮੈਲਿਟੀਆਂ ਪੂਰੀਆਂ ਕਰ ਦੇਣ, ਕੁਨੈਕਸ਼ਨ ਦੇ ਦਿੱਤਾ ਜਾਵੇਗਾ ।

ਕਾਮਰੇਡ ਤਰਸੇਮ ਜੋਧਾਂ : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਲੰਮੇ ਸਮੇਂ ਤੋਂ ਉਹ ਆਪਣੀਆਂ ਐਪਲੀਕਸ਼ਨਾਂ ਦੇ ਚੁੱਕੇ ਹਨ, ਫਾਰਮੈਲਿਟੀਜ਼ ਪੂਰੀਆਂ ਹੋ ਗਈਆਂ ਹਨ ਔਰ ਉਹ ਲੋਕ ਬਾਰ ਬਾਰ ਸਰਕਾਰ ਦਾ ਦਰਵਾਜ਼ਾ ਖੜਕਾ ਰਹੇ ਹਨ ਪਰ ਕੋਈ ਰਿਸਪਾਂਸ ਨਹੀਂ ਹੈ, ਕੀ ਸਰਕਾਰ ਹੁਣ ਕੁਨੈਕਸ਼ਨ ਦੇ ਦੇਵੇਗੀ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਉਹ ਫਾਰਮੈਲਿਟੀਜ਼ ਪੂਰੀਆਂ ਕਰ ਦੇਣ । ਡਿਮਾਂਡ ਨੋਟਿਸ ਵਿਚ ਜੋ ਪੈਸੇ ਦੱਸੇ ਗਏ ਹਨ, ਉਹ ਪੈਸੇ ਭਰ ਦੇਣ, ਕੁਨੈਕਸ਼ਨ ਦੇ ਦਿੱਤਾ ਜਾਵੇਗਾ ।

ਸਿੰਚਾਈ ਬ੍ਰਾਂਚ ਦਾ ਨਵਾਂ ਉਪ-ਮੰਡਲ ਦਫ਼ਤਰ ਖੋਲ੍ਹਣਾ

*671. **ਕਾਮਰੇਡ ਹਰਦੇਵ ਸਿੰਘ ਅਰਸ਼ੀ** : ਕੀ ਸਿੰਚਾਈ ਅਤੇ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਿੰਚਾਈ ਬ੍ਰਾਂਚ ਲਹਿਲ ਮੰਡਲ ਸਰਕਲ, ਪਟਿਆਲਾ ਦਾ ਨਵਾਂ ਉਪ-ਮੰਡਲ ਦਫਤਰ ਬੁਢਲਾਡਾ ਵਿਖੇ ਖੋਲ੍ਹਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ : ਜੇਕਰ ਅਜਿਹਾ ਹੋਵੇ, ਤਾਂ ਉਕਤ ਦਫ਼ਤਰ ਦੇ ਕਦੋਂ ਤਕ ਸ਼ੁਰੂ ਕਰਨ ਦੀ ਸੰਭਾਵਨਾ ਹੈ ?

ਸ਼੍ਰੀ ਸੁਰਿੰਦਰ ਕਪੂਰ (ਰਾਜ ਮੰਤਰੀ, ਸਿੰਚਾਈ ਅਤੇ ਬਿਜਲੀ) : ਹਾਂ ਜੀ । ਇਹ ਤਜਵੀਜ਼ ਵਿਚਾਰ-ਅਧੀਨ ਹੈ । ਇਸ ਬਾਰੇ ਫੈਸਲਾ ਲਏ ਜਾਣ ਉਪਰੰਤ ਇਹ ਉਪ-ਮੰਡਲ ਕੰਮ ਕਰਨਾ ਆਰੰਭ ਕਰ ਦੇਵੇਗਾ ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂ ਇਨ੍ਹਾਂ ਦਾ ਧੰਨਵਾਦ ਵੀ ਕਰਨਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਹਾ ਹੈ ਕਿ ਜਲਦੀ ਹੀ ਫੈਸਲਾ ਕਰ ਦਿਤਾ ਜਾਵੇਗਾ । ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਦੋ-ਤਿੰਨ ਸਾਲਾਂ ਤੋਂ ਇਹ ਕੇਸ ਵਿਚਾਰ ਅਧੀਨ ਹੈ, ਇਸ ਵਿਚ ਜਲਦੀ ਫੈਸਲਾ ਕਰਨ ਵਿਚ ਮੁੱਖ ਰੁਕਾਵਟ ਕੀ ਹੈ, ਜਿਸ ਕਰਕੇ ਕਿ ਇਹ ਫੈਸਲਾ ਹੁਣ ਤਕ ਨਹੀਂ ਹੋ ਸਕਿਆ ? ਲੋਕਾਂ ਨੂੰ ਬੜੀ ਔਕੜ ਪੇਸ਼ ਆ ਰਹੀ ਹੈ ।

ਰਾਜ ਮੰਤਰੀ, ਸਿੰਚਾਈ ਤੇ ਬਿਜਲੀ : ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦਸਿਆ ਹੈ ਕਿ ਫੈਸਲਾ ਛੇਤੀ ਕਰ ਦਿੱਤਾ ਜਾਵੇਗਾ ਕਿਉਂਕਿ ਕੇਸ ਵਿੱਤ ਵਿਭਾਗ ਨੂੰ ਵੀ ਭੇਜਣਾ ਪੈਂਦਾ ਹੈ ਔਰ ਵਿੱਤ ਵਿਭਾਗ ਵੀ ਕੁਝ ਕੁਆਇਰੀਆਂ ਦਾ ਜਵਾਬ ਮੰਗ ਲੈਂਦਾ ਹੈ, ਇਸ ਲਈ ਦੇਰ ਹੋ ਜਾਂਦੀ ਹੈ । ਸਪੀਕਰ ਸਾਹਿਬ, ਲੋਕਾਂ ਦੀਆਂ ਔਕੜਾਂ ਨੂੰ ਦੂਰ ਕਰਨ ਲਈ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਵਚਨਬੱਧ ਹੈ ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, 'ਛੇਤੀ' ਦਾ ਮੀਨਿੰਗ ਤਾਂ ਐਂਡਲੈਸ ਹੈ, ਪਤਾ ਨਹੀਂ ਕਦੋਂ ਕਰਨਗੇ । ਇਸ ਲਈ ਇਹ ਕਿਰਪਾ ਕਰਕੇ ਦੱਸਣ ਕਿ ਘੱਟੋ-ਘੱਟ ਕਿਤਨਾ ਚਿਰ ਵਿਚ ਫੈਸਲਾ ਕਰ ਦੇਣਗੇ, ਦੋ ਮਹੀਨਿਆਂ ਵਿਚ ਜਾਂ ਛੇ ਮਹੀਨਿਆਂ ਵਿਚ । ਮੇਰੀ ਬੇਨਤੀ ਹੈ ਕਿ ਟਾਈਮ ਬਾਊਂਡ ਕਰਨ ਦੀ ਖੇਚਲ ਕਰਨ ।

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਤਾਂ ਕਹਿ ਦਿੱਤਾ ਹੈ ਕਿ ਲੋਕਾਂ ਦੀਆਂ ਔਕੜਾਂ ਦੂਰ ਕਰਨ ਲਈ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਹਰ ਵੇਲੇ ਤਿਆਰ ਰਹਿੰਦੀ ਹੈ । ਜਲਦੀ ਹੀ ਇਸ ਕੰਮ ਉਤੇ ਵਿਚਾਰ ਕੀਤਾ ਜਾ ਰਿਹਾ ਹੈ ।

ਸਿਵਲ ਹਸਪਤਾਲ, ਜ਼ੀਰਾ ਵਿਚ ਬਲੱਡ ਬੈਂਕ

*703. **ਸਰਦਾਰ ਇੰਦਰਜੀਤ ਸਿੰਘ ਜ਼ੀਰਾ** (ਕਾਮਰੇਡ ਤਰਸੇਮ ਜੋਧਾਂ ਵਲੋਂ ਪੇਸ਼ ਕੀਤਾ ਗਿਆ) : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਿਵਲ ਹਸਪਤਾਲ, ਜ਼ੀਰਾ ਵਿਖੇ ਕੋਈ ਬਲੱਡ ਬੈਂਕ ਹੈ, ਜੇਕਰ ਅਜਿਹਾ ਹੋਵੇ, ਤਾਂ ਉਥੇ ਖ਼ੂਨ ਬਦਲਣ ਦਾ ਕੰਮ ਕਰ ਰਹੇ ਡਾਕਟਰਾਂ ਦੇ ਨਾਂ ਕੀ ਕੀ ਹਨ ?

ਸਰਦਾਰ ਲਾਲ ਸਿੰਘ : ਨਹੀਂ ਜੀ, ਇਸ ਲਈ ਡਾਕਟਰਾਂ ਦੇ ਨਾਂ ਦੱਸਣ ਦਾ ਸਵਾਲ ਨਹੀਂ ਉਠਦਾ ਹੈ ਜੀ ।

ਸ਼੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਹੈਲਥ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਉਥੇ ਬਲੱਡ ਬੈਂਕ ਤਾਂ ਹੈ ਪਰ ਮੁਲਾਜ਼ਮ ਨਹੀਂ ਹੈ, ਡਾਕਟਰ ਨਹੀਂ ਹੈ, ਇਹ ਕਿਰਪਾ ਕਰਕੇ ਸਟਾਫ ਭਿਜਵਾ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਸਿਵਲ ਹਸਪਤਾਲ, ਜ਼ੀਰਾ ਵਿਖੇ ਇਕ ਬਲੱਡ ਬੈਂਕ ਦੀ ਪਰੋਵੀਜ਼ਨ ਹੈ । ਇਸ ਮੰਤਵ ਲਈ ਇਮਾਰਤ ਦੀ ਉਸਾਰੀ ਚਲ ਰਹੀ ਹੈ, ਜੂਨ ਤਕ ਕੰਪਲੀਟ ਹੋਣ ਦੀ ਆਸ ਹੈ । ਜਦੋਂ ਇਹ ਇਮਾਰਤ ਕੰਪਲੀਟ ਹੋ ਜਾਵੇਗੀ, ਡਾਕਟਰ ਵੀ ਲਗ ਜਾਵੇਗਾ ।

ਵਿਕਾਸ ਅਫ਼ਸਰ, ਖੇਤੀਬਾੜੀ ਅਤੇ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਦੇ ਤਨਖਾਹ ਸਕੇਲਾਂ ਵਿਚ ਤਰੁੱਟੀ

*738. **ਸ਼੍ਰੀ ਸੰਤੋਖ ਸਿੰਘ ਚੌਧਰੀ** : ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਬਲਾਕ ਵਿਕਾਸ ਅਤੇ ਪੰਚਾਇਤ ਅਫਸਰਾਂ ਦੇ ਤਨਖਾਹ ਸਕੇਲਾਂ ਵਿਚ ਤਰੁੱਟੀ ਨੂੰ ਇਸ ਤੱਥ ਤੇ ਮੱਦੇ ਨਜ਼ਰ ਕਿ ਖੇਤੀਬਾੜੀ ਇੰਸਪੈਕਟਰਾਂ (ਜਿਨ੍ਹਾਂ ਨੂੰ ਹੁਣ ਵਿਕਾਸ ਅਫਸਰ, ਖੇਤੀਬਾੜੀ ਦਾ ਨਾਂ ਦਿੱਤਾ ਗਿਆ ਹੈ) ਦਾ ਤਨਖਾਹ ਸਕੇਲ ਹੁਣ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ ਨਾਲੋਂ ਵੱਧ ਹੈ, ਦੂਰ ਕਰਨ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ, ਤਾਂ ਅਜਿਹਾ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

Sardar Beant Singh (Chief Minister) : The demand of the Association of Officers of the Development Department for rectification of anomaly/revision of their pay scales is under consideration of the Government.

ਸ਼੍ਰੀ ਸੰਤੋਖ ਸਿੰਘ ਚੌਧਰੀ : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਕਿਹਾ ਹੈ ਕਿ ਅੰਡਰ ਕੰਸਿਡਰੇਸ਼ਨ ਹੈ । ਮੈਂ ਬੇਨਤੀ ਕਰਾਂਗਾ ਕਿ ਵਿਕਾਸ ਅਫ਼ਸਰ ਜਿਹੜੇ ਕਿ ਪਿੰਡਾਂ ਦੇ ਵਿਕਾਸ ਦਾ ਕਮ ਕਰਦੇ ਹਨ ਔਰ ਕੋਆਰਡੀਨੇਟਰ ਦੇ ਤੌਰ ਤੇ ਕੰਮ ਕਰਦੇ ਹਨ, ਉਨ੍ਹਾਂ ਵਿਚ ਇਸ ਸਬੰਧ ਵਿਚ ਬੇਚਨੀ ਹੈ । ਕੀ ਮੁੱਖ ਮੰਤਰੀ ਸਾਹਿਬ ਇਹ ਦੱਸਣਗੇ ਕਿ ਇਹ ਅਨਾਮਲੀ ਕਦੋਂ ਤਕ ਖ਼ਤਮ ਕਰ ਦਿੱਤੀ ਜਾਵੇਗੀ ?

ਮੁੱਖ ਮੰਤਰੀ : ਸਪੀਕਰ ਸਾਹਿਬ, ਕੋਈ ਟਾਈਮ ਲਿਮਿਟ ਫਿਕਸ ਨਹੀਂ ਕੀਤੀ

ਰਾਜ ਵਿੱਚ ਨਵੇਂ ਵਿਕਾਸ ਬਲਾਕ ਬਣਾਉਣੇ

*727 **ਸਰਦਾਰ ਜਗਤਾਰ ਸਿੰਘ ਮੁਲਤਾਨੀ** : ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿੱਚ ਹੋਰ ਵਿਕਾਸ ਬਲਾਕ ਬਣਾਉਣ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ, ਤਾਂ ਇਸ ਦੇ ਵੇਰਵੇ ਕੀ ਹਨ ?

ਸਰਦਾਰ ਬੇਅੰਤ ਸਿੰਘ (ਮੁੱਖ ਮੰਤਰੀ) : ਹਾਂ ਜੀ। ਰਾਜ ਵਿੱਚ ਬਲਾਕਾਂ ਦੀ ਰਚਨਾ ਅਤੇ ਪੁਨਰਗਠਨ ਸਬੰਧੀ ਮਾਮਲਾ ਸਰਗਰਮੀ ਨਾਲ ਸਰਕਾਰ ਦੇ ਵਿਚਾਰ ਅਧੀਨ ਹੈ।

ਸਰਦਾਰ ਜਗਤਾਰ ਸਿੰਘ ਮੁਲਤਾਨੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਭੁਲੱਥ ਇਕ ਐਸਾ ਬਲਾਕ ਹੈ ਜਿਹੜਾ ਕਿ ਢਿਲਵਾਂ ਦੇ ਨੇੜੇ ਲਗਦਾ ਹੈ। ਕੀ ਚੀਫ਼ ਮਨਿਸਟਰ ਸਾਹਿਬ, ਜਦੋਂ ਨਵੇਂ ਬਲਾਕ ਬਣਾਉਣਗੇ ਤਾਂ ਢਿਲਵਾਂ ਹਲਕੇ ਨੂੰ ਬਲਾਕ ਬਣਾਉਣ ਦੀ ਕ੍ਰਿਪਾ ਕਰਨਗੇ ?

ਮੁੱਖ ਮੰਤਰੀ : ਇਹ ਸੈਪਰੇਟ ਸਵਾਲ ਦੇ ਦੇਣ, ਵਿਚਾਰ ਲਿਆ ਜਾਵੇਗਾ।

ਸ਼੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਬਲਾਕ ਬਣਾਉਣ ਦੇ ਬਾਰੇ ਵਿਚਾਰਿਆ ਜਾਣਾ ਹੈ ਤਾਂ ਕੀ ਉਸ ਵੇਲੇ ਇਸ ਗੱਲ ਦਾ ਧਿਆਨ ਰਖਿਆ ਜਾਵੇਗਾ ਕਿ ਅਸੈਂਬਲੀ ਕਾਂਸਟੀਚੂਐਂਸੀ ਬੇਸ ਮੰਨ ਕੇ ਬਲਾਕ ਬਣਾਏ ਜਾਣ ਕਿਉਂਕਿ ਕਈ ਵਾਰ ਇਕ ਕਾਂਸਟੀਚੂਐਂਸੀ ਵਿਚ 2-3 ਬਲਾਕ ਆ ਜਾਂਦੇ ਹਨ ਔਰ ਐਮ.ਐਲ.ਏ. ਲਈ ਕੋਆਰਡੀਨੇਟ ਕਰਨਾ ਮੁਸ਼ਕਲ ਹੋ ਜਾਂਦਾ ਹੈ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਗੱਲ ਨਹੀਂ ਕਹੀ ਜਾ ਸਕਦੀ ਕਿਉਂਕਿ ਬਲਾਕ ਪਰਮਾਨੈਂਟ ਹੁੰਦੇ ਹਨ ਔਰ ਕਾਂਸਟੀਚੂਐਂਸੀ ਕਈ ਵਾਰ ਬਦਲਦੀ ਰਹਿੰਦੀ ਹੈ।

ਰਾਜ ਦੇ ਪ੍ਰਸ਼ਾਸਨ ਵਿਚ ਛਾਂਟੀ

*692. **ਡਾਕਟਰ ਰਮੇਸ਼ ਦੱਤ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਨਿਮਨਲਿਖਤ ਸਮਿਆਂ ਦੌਰਾਨ ਆਈ.ਏ.ਐਸ. ਅਫ਼ਸਰਾਂ ਦੀ ਕੁੱਲ ਗਿਣਤੀ ਕਿੰਨੀ ਕਿੰਨੀ ਸੀ;

(1) 1 ਅਪਰੈਲ 1957;

(2) 1966 ਵਿਚ ਰਾਜ ਦੇ ਪੁਨਰਗਠਨ ਤੋਂ ਪਹਿਲਾਂ ; ਅਤੇ

(3) ਇਸ ਸਮੇਂ;

ਅਤੇ ਉਨ੍ਹਾਂ ਵਿਚੋਂ ਵਿੱਤ ਕਮਿਸ਼ਨਰ ਅਤੇ ਸਰਕਾਰ ਦੇ ਸਕੱਤਰ ਕਿੰਨੇ ਕਿੰਨੇ ਸਨ/ਹਨ ;

[ਡਾਕਟਰ ਰਮੇਸ਼ ਦੱਤ]

(ਅ) ਕੀ ਇਹ ਠੀਕ ਹੈ ਕਿ 1966 ਤੋਂ ਬਾਅਦ ਹੁਣ ਤਕ ਵਿੱਤ ਕਮਿਸ਼ਨਰਾਂ,ਸਰਕਾਰ ਦੇ ਸਕੱਤਰਾਂ ਅਤੇ ਕਮਿਸ਼ਨਰ ਰੈਂਕ ਦੇ ਅਫਸਰਾਂ ਦੀ ਗਿਣਤੀ ਕਾਫੀ ਵੱਧ ਗਈ ਹੈ। ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਕਾਰਨ ਅਤੇ ਉਚਿਤਤਾ ਕੀ ਹੈ;

(ੲ) ਕੀ ਮੌਜੂਦਾ ਵਿੱਤੀ ਸੰਕਟ ਦੇ ਮੱਦੇ ਨਜ਼ਰ ਸਰਕਾਰ ਦੀ ਉਪਰੋਕਤ ਭਾਗ (ਅ) ਵਿਚ ਵਰਣਿਤ ਆਸਾਮੀਆਂ ਦੀ ਗਿਣਤੀ ਨੂੰ ਘੱਟ ਕਰਨ ਦੀ ਕੋਈ ਤਜਵੀਜ਼ ਹੈ ?

ਸਰਦਾਰ ਬੇਅੰਤ ਸਿੰਘ : (ੳ) ਲੋੜੀਂਦੀ ਸੂਚਨਾਂ ਹੇਠ ਲਿਖੇ ਅਨੁਸਾਰ ਹੈ :-

(1) 72

(2) 167

(3) 187

ਨੋਟ:- ਉਪਰੋਕਤ (1) ਅਤੇ (2) ਵਿਚ ਆਈ.ਸੀ.ਐਸ. ਅਫ਼ਸਰ ਵੀ ਸ਼ਾਮਲ ਹਨ ।

ਵਿੱਤ ਕਮਿਸ਼ਨਰ ਅਤੇ ਸਰਕਾਰ ਦੇ ਸਕੱਤਰਾਂ ਦੀ ਗਿਣਤੀ

	ਵਿੱਤ ਕਮਿਸ਼ਨਰ	ਸਕੱਤਰ
(1)	1	10
(2)	3	12
(3)	7	29

(ਅ) ਹਾਂ ਜੀ, 1966 ਤੋਂ ਬਾਅਦ ਹੁਣ ਵਿੱਤ ਕਮਿਸ਼ਨਰਾਂ, ਸਰਕਾਰ ਦੇ ਸਕੱਤਰਾਂ ਅਤੇ ਕਮਿਸ਼ਨਰ ਰੈਂਕ ਦੇ ਅਫਸਰਾਂ ਦੀ ਗਿਣਤੀ ਵਿਚ ਵਾਧਾ ਹੋਇਆ ਹੈ । ਅਜਿਹਾ ਤਾਂ ਹੋਇਆ ਹੈ ਕਿਉਂਕਿ ਰਾਜ ਦੇ ਪੁਨਰ-ਗਠਨ ਤੋਂ ਬਾਅਦ ਰਾਜ ਦੇ ਸਰਬਪੱਖੀ ਵਿਕਾਸ ਲਈ ਵੱਡੀ ਪੱਧਰ ਤੇ ਕੰਮ ਸ਼ੁਰੂ ਕੀਤਾ ਗਿਆ ਹੈ, ਜਿਸ ਦੀ ਨਿਗਰਾਨੀ ਲਈ ਵੱਧ ਅਫਸਰਾਂ ਦੀ ਜ਼ਰੂਰਤ ਪਈ ਹੈ ।

(ੲ) ਨਹੀਂ ਜੀ, ਕਾਰਨ ਉਪਰੋਕਤ 'ਅ' ਅਨੁਸਾਰ ਹੈ ।

ਡਾਕਟਰ ਰਮੇਸ਼ ਦੱਤ : ਸਪੀਕਰ ਸਾਹਿਬ, ਪੰਜਾਬ ਵਿਚ ਰੀ-ਆਰਗੇਨਾਈਜ਼ੇਸ਼ਨ 1966 ਤੋਂ ਬਾਅਦ ਅਫਸਰਾਂ ਦੀ ਗਿਣਤੀ ਕਮਿਸ਼ਨਰ ਰੈਂਕ ਵਿਚ ਢਾਈ ਗੁਣਾਂ ਅਤੇ ਸੈਕਟਰੀਜ਼ ਵਿਚ ਢਾਈ ਗੁਣਾਂ ਵਾਧਾ ਹੋਇਆ ਹੈ ਅਤੇ ਇਸੇ ਤਰ੍ਹਾਂ ਆਈ.ਏ.ਐਸ.

ਅਫਸਰਾਂ ਦੀ ਗਿਣਤੀ ਵਧੀ ਹੈ ਪਰ ਉਤਨਾ ਡਿਵੈਲਪਮੈਂਟ ਦਾ ਕੰਮ ਨਹੀਂ ਵਧਿਆ। ਕੀ ਮੁੱਖ ਮੰਤਰੀ ਸਾਹਿਬ, ਪੰਜਾਬ ਦੇ ਫਾਈਨੈਂਸ਼ੀਅਲ ਕਰਾਈਸਿਜ਼ ਨੂੰ ਮੁੱਖ ਰਖਦੇ ਹੋਏ ਇਨ੍ਹਾਂ ਪੋਸਟਾਂ ਵਿਚ ਕਮੀ ਕਰਨਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਜਿਸ ਤਰ੍ਹਾਂ ਮਾਨਯੋਗ ਮੈਂਬਰ ਸਾਹਿਬ ਨੇ ਕਿਹਾ ਹੈ ਕਿ ਰੀ-ਆਰਗੇਨਾਈਜ਼ੇਸ਼ਨ ਤੋਂ ਬਾਅਦ ਅਫਸਰਾਂ ਦੀ ਗਿਣਤੀ ਬਹੁਤ ਵਧੀ ਹੈ। ਰੀ-ਆਰਗੇਨਾਈਜ਼ੇਸ਼ਨ ਤੋਂ ਬਾਅਦ ਡਿਵੈਲਪਮੈਂਟ ਦਾ ਬਹੁਤ ਜ਼ਿਆਦਾ ਕੰਮ ਵੀ ਵਧਿਆ ਹੈ, ਇਸ ਤੋਂ ਪਹਿਲਾਂ ਡਿਵੈਲਪਮੈਂਟ ਦਾ ਬਿਲਕੁਲ ਕੰਮ ਨਹੀਂ ਹੁੰਦਾ ਸੀ। ਇਸ ਤੋਂ ਬਾਅਦ ਅਸੀਂ ਡਿਵੈਲਪਮੈਂਟ ਡਿਸਟ੍ਰਿਕਟ ਲੈਵਲ ਤੇ ਕੀਤੀ ਹੈ ਅਤੇ ਅਡੀਸ਼ਨਲ ਡੀ.ਸੀ. ਲਗਾਏ ਹਨ ਅਤੇ ਹੋਰ ਜਗ੍ਹਾ ਵੀ ਡਿਵੈਲਪਮੈਂਟ ਦੇ ਕੰਮ ਵਧੇ ਹਨ। ਰੈਵੇਨਿਊ ਦਾ ਕੰਮ ਵਧਿਆ ਹੈ ਜਿਸ ਤਰ੍ਹਾਂ ਮੈਂ ਸਮਝਦਾ ਹਾਂ ਕਿ ਪੀ.ਡਬਲਿਊ.ਡੀ. ਦਾ ਪਹਿਲੇ ਇਕ ਮਹਿਕਮਾ ਹੁੰਦਾ ਸੀ। ਹੁਣ ਇਸ ਮਹਿਕਮੇ ਵਿਚੋਂ ਇਰੀਗੇਸ਼ਨ ਐਂਡ ਪਾਵਰਜ਼, ਪਬਲਿਕ; ਹੈਲਥ ਬੀ.ਐਂਡ.ਆਰ. ਅਲਹਿਦਾ ਅਲਹਿਦਾ ਮਹਿਕਮੇ ਬਣ ਗਏ ਹਨ। ਇਸ ਤਰ੍ਹਾਂ ਬਹੁਤ ਜ਼ਿਆਦਾ ਕੰਮ ਵਧਿਆ ਹੈ। ਇਸ ਗੱਲ ਨੂੰ ਮੱਦੇ ਨਜ਼ਰ ਰਖਦੇ ਹੋਏ ਪੋਸਟਾਂ ਵਿਚ ਕਟੌਤੀ ਨਹੀਂ ਕੀਤੀ ਜਾ ਸਕਦੀ।

ਡਾਕਟਰ ਰਮੇਸ਼ ਦੱਤ : ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਜਿਹੜੇ ਰੀਜ਼ਨ ਦੱਸੇ ਹਨ ਕੀ ਡਿਵੈਲਪਮੈਂਟ ਦੇ ਕੰਮ ਥੱਲੇ ਲੈਵਲ ਤੇ ਨਹੀਂ ਵਧਿਆ ? ਫੇਰ ਕੀ ਕਲਾਸ-3 ਅਤੇ ਕਲਾਸ-4 ਦੀਆਂ ਪੋਸਟਾਂ ਨੂੰ ਵਧਾਇਆ ਜਾਵੇਗਾ ? ਕੀ ਇਸ ਗੱਲ ਦਾ ਯਕੀਨ ਦਿਵਾਇਆ ਜਾਵੇਗਾ ?

ਮੁੱਖ ਮੰਤਰੀ : ਸਪੀਕਰ ਸਾਹਿਬ ਹੇਠਲੇ ਲੈਵਲ ਤੇ ਵੀ ਬਹੁਤ ਸਾਰੀਆਂ ਪੋਸਟਾਂ ਵਧੀਆਂ ਹਨ।

ਸ਼੍ਰੀ ਸਪੀਕਰ : ਅਗਰ ਤੁਸੀਂ ਜ਼ਿਆਦਾ ਵੇਰਵਾ ਚਾਹੁੰਦੇ ਹੋ ਤਾਂ ਸੈਪਰੇਟ ਨੋਟਿਸ ਦੇ ਦਿਓ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਕਿਹਾ ਹੈ ਕਿ ਕੰਮ ਬਹੁਤ ਜ਼ਿਆਦਾ ਵੱਧ ਜਾਣ ਕਰਕੇ ਅਫਸਰਾਂ ਦੀ ਗਿਣਤੀ ਜ਼ਿਆਦਾ ਕੀਤੀ ਗਈ ਹੈ ਪਰ, ਸਪੀਕਰ ਸਾਹਿਬ, ਵਿਧਾਨ ਸਭਾ ਵਿਚ ਕੰਮ ਬਹੁਤ ਜ਼ਿਆਦਾ ਵਧ ਗਿਆ ਹੈ ਇਥੇ ਹੋਰ ਪੋਸਟਾਂ ਕਿਉਂ ਨਹੀਂ ਕਰੀਏਟ ਕੀਤੀਆਂ ਜਾ ਰਹੀਆਂ ? ਸਟਾਫ ਵਿਚ ਹੋਰ ਵਾਧਾ ਕੀਤਾ ਜਾਵੇ।

Mr. Speaker : As it pertains to the Vidhan Sabha ਮੈਂ ਇਸ ਨੂੰ ਡਿਸਅਲਾਓ ਕਰ ਦਿੱਤਾ ਹੈ।

ਸ਼੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਅਫ਼ਸਰਾਂ ਦੀ ਗਿਣਤੀ ਵਿਚ ਵਾਧਾ ਪਾਪੂਲਰ ਸਰਕਾਰਾਂ ਦੇ ਵੇਲੇ ਕੀਤਾ ਗਿਆ ਹੈ ਜਾਂ ਗਵਰਨਰੀ ਰਾਜ ਵੇਲੇ ਵਾਧਾ ਹੋਇਆ ਹੈ ਜਦੋਂ ਅਫਸਰ ਵਜ਼ੀਰਾਂ ਦਾ ਵੀ ਕੰਮ ਕਰਦੇ ਸਨ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਸੈਪਰੇਟ ਨੋਟਿਸ ਦੇ ਦੇਣ ਜਵਾਬ ਦੇ ਦੇਵਾਂਗਾ । ਪਰ ਮੈਂ ਇਨ੍ਹਾਂ ਨੂੰ ਦੱਸ ਦਿੰਦਾ ਹਾਂ ਕਿ ਪਾਪੂਲਰ ਸਰਕਾਰਾਂ ਵੇਲੇ ਕੰਮ ਬਹੁਤ ਜ਼ਿਆਦਾ ਵਧ ਗਿਆ ਹੈ ।

ਡਿਪਟੀ ਕਮਿਸ਼ਨਰ, ਮਾਨਸਾ ਦੇ ਦਫ਼ਤਰ ਵਿਚ ਖ਼ਾਲੀ ਆਸਾਮੀਆਂ ਨੂੰ ਭਰਨਾ

*668. **ਕਾਮਰੇਡ ਹਰਦੇਵ ਸਿੰਘ ਅਰਸ਼ੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦਸਣਗੇ ਕਿ ਨਵੇਂ ਬਣਾਏ ਗਏ ਜ਼ਿਲ੍ਹਾ ਮਾਨਸਾ ਵਿਚ ਡਿਪਟੀ ਕਮਿਸ਼ਨਰ ਦੇ ਦਫ਼ਤਰ ਵਿਚ ਸ਼੍ਰੇਣੀ III ਅਤੇ IV ਦੀਆਂ ਕੁੱਲ ਕਿੰਨੀਆਂ ਨਵੀਆਂ ਆਸਾਮੀਆਂ ਸਿਰਜਿਤ ਕਰਨ ਦੀ ਲੋੜ ਹੈ ਅਤੇ ਇਨ੍ਹਾਂ ਆਸਾਮੀਆਂ ਦੇ ਕਦੋਂ ਤੱਕ ਸਿਰਜਿਤ ਕੀਤੇ ਜਾਣ ਅਤੇ ਭਰੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਬੇਅੰਤ ਸਿੰਘ : ਨਵੇਂ ਰਚੇ ਜ਼ਿਲ੍ਹੇ ਮਾਨਸਾ ਵਿਖੇ ਦਰਜਾ-3 ਅਤੇ 4 ਵਰਗ ਦੇ ਕਰਮਚਾਰੀਆਂ ਲਈ ਨਵੀਆਂ ਆਸਾਮੀਆਂ ਦੀ ਰਚਨਾ ਬਾਰੇ ਕੋਈ ਤਜਵੀਜ਼ ਨਹੀਂ ਹੈ ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਆਪਣੇ ਜਵਾਬ ਵਿਚ ਦਸਿਆ ਹੈ ਕਿ ਨਵੀਆਂ ਪੋਸਟਾਂ ਕਰੀਏਟ ਕਰਨ ਦਾ ਸਰਕਾਰ ਦਾ ਕੋਈ ਇਰਾਦਾ ਨਹੀਂ ਹੈ । ਮਾਨਸਾ ਨਵਾਂ ਜ਼ਿਲ੍ਹਾ ਬਣਿਆ ਹੈ, ਇਥੇ ਨਵੇਂ ਸ਼ਟਾਫ਼ ਦੀ ਬਹੁਤ ਜ਼ਰੂਰਤ ਹੈ । ਕੀ ਇਥੇ ਨਵਾਂ ਸਟਾਫ਼ ਭਰਤੀ ਕਰਨਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਨਵਾਂ ਸਟਾਫ਼ ਕਲਾਸ-3 ਅਤੇ ਕਲਾਸ-4 ਦੀਆਂ ਪੋਸਟਾਂ ਭਰੀਆਂ ਜਾ ਚੁੱਕੀਆਂ ਹਨ । ਜਦੋਂ ਨਵਾਂ ਜ਼ਿਲ੍ਹਾਂ ਮਾਨਸਾ ਬਣਿਆ ਸੀ ਅਤੇ ਪਹਿਲੇ ਇਹ ਬਠਿੰਡੇ ਜ਼ਿਲ੍ਹੇ ਦਾ ਹਿੱਸਾ ਸੀ, ਸਾਨੂੰ ਬਠਿੰਡੇ ਜ਼ਿਲ੍ਹੇ ਦੇ ਸਟਾਫ਼ ਨੇ ਲਿਖ ਕੇ ਦਿੱਤਾ ਕਿ ਸਾਨੂੰ ਨਵੇਂ ਜ਼ਿਲ੍ਹਾ ਮਾਨਸਾ ਵਿਚ ਤਬਦੀਲ ਕਰ ਦਿੱਤਾ ਜਾਵੇ ਅਤੇ ਬਹੁਤ ਸਾਰੇ ਉਥੇ ਲਗਾ ਦਿੱਤੇ ਗਏ ਹਨ ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਜ਼ਿਲ੍ਹਾ ਐਡਮਨਿਸਟਰੇਸ਼ਨ ਵਲੋਂ ਇਨ੍ਹਾਂ ਨੂੰ ਪੂਰੀ ਜਾਣਕਾਰੀ ਨਹੀਂ ਦਿੱਤੀ ਕਿ ਹਾਲੇ ਤਕ ਕਲਾਸ-4 ਦੇ ਵਿਅਕਤੀਆਂ ਨੂੰ ਨਹੀਂ ਲਗਾਇਆ ਗਿਆ । 30 ਦੇ ਕਰੀਬ ਪੋਸਟਾਂ ਖਾਲੀ ਪਈਆਂ ਹਨ । ਉਨ੍ਹਾਂ ਦੀ ਦੋ ਵਾਰ ਇੰਟਰਵਿਊ ਹੋ ਚੁੱਕੀ ਹੈ । ਅਸਿਸਟੈਂਟ ਦੀਆਂ 7 ਪੋਸਟਾਂ ਖਾਲ੍ਹੀ ਪਈਆਂ ਹਨ । ਸਪੀਕਰ ਸਾਹਿਬ, 6 ਮਹੀਨਿਆਂ ਤੋਂ ਵੱਧ ਦਾ ਸ਼ਮਾਂ ਹੋ ਗਿਆ ਹੈ । ਕੀ ਸਰਕਾਰ ਉਨ੍ਹਾਂ ਦੀ ਇੰਟਰਵਿਊ ਨੂੰ ਫਾਈਨਲ ਕਰਕੇ ਮੈਰਿਟ ਦੇ ਆਧਾਰ ਤੇ ਨਿਯੁਕਤੀਆਂ ਡਿਕਲੇਅਰ ਕਰੇਗੀ ਔਰ ਇਹ ਕਦੋਂ ਤਕ ਕਰ ਦੇਵੇਗੀ ਕਿਉਂਕਿ ਡੀਲੇਅ ਪਹਿਲਾਂ ਹੀ ਬਹੁਤ ਹੋ ਚੁਕੀ ਹੈ ?

ਮੁੱਖ ਮੰਤਰੀ : ਸਪੀਕਰ ਸਾਹਿਬ, ਸਵਾਲ ਨਵੀਆਂ ਪੋਸਟਾਂ ਦੀ ਕਰੀਏਸ਼ਨ ਬਾਰੇ ਸੀ, ਸਿਲੈਕਸ਼ਨ ਬਾਰੇ ਨਹੀਂ ਸੀ । ਮੈਂਬਰ ਸਾਹਿਬ ਇਸ ਬਾਰੇ ਸੈਪਰੇਟ ਕੁਐਸਚਨ ਦੇ ਦੇਣ ।

ਸ਼ੈਲਰਾਂ ਅਤੇ ਦੂਸਰੇ ਉਦਯੋਗਾਂ ਲਈ ਬਿਜਲੀ ਦੀਆਂ ਦਰਾਂ

*604. **ਸ੍ਰੀਮਤੀ ਵਿਮਲਾ ਡਾਂਗ** : ਕੀ ਸਿੰਜਾਈ ਅਤੇ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਰਾਈਸ ਸ਼ੈਲਰਾਂ ਨੂੰ ਸਪਲਾਈ ਕੀਤੀ ਜਾਂਦੀ ਬਿਜਲੀ ਲਈ, ਉਨ੍ਹਾਂ ਤੋਂ ਦੂਸਰੇ ਉਦਯੋਗਾਂ ਦੇ ਮੁਕਾਬਲੇ ਬਿਜਲੀ ਦੇ ਦਰ ਜ਼ਿਆਦਾ ਵਸੂਲ ਕੀਤੇ ਜਾਂਦੇ ਹਨ; ਜੇਕਰ ਅਜਿਹਾ ਹੈ, ਤਾਂ ਇਨ੍ਹਾਂ ਦਰਾਂ ਵਿਚ ਕਿੰਨਾ ਫਰਕ ਹੈ ਅਤੇ ਇਸ ਦੇ ਕੀ ਕਾਰਨ ਹਨ ?

ਸ਼੍ਰੀ ਸੁਰਿੰਦਰ ਕਪੂਰ (ਰਾਜ ਮੰਤਰੀ, ਸਿੰਜਾਈ ਅਤੇ ਬਿਜਲੀ) : ਨਹੀਂ ਜੀ । ਰਾਈਸ ਸ਼ੈਲਰਾਂ ਦੇ ਬਿਜਲੀ ਦੇ ਰੇਟ ਉਹੀ ਹਨ ਜੋ ਕਿ ਦੂਜੀਆਂ ਉਦਯੋਗਿਕ ਸਨਅਤਾਂ ਲਈ ਹਨ ।

ਸ੍ਰੀਮਤੀ ਵਿਮਲਾ ਡਾਂਗ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦੀ ਹਾਂ ਕਿ ਪਹਿਲਾ ਕੀ ਕੋਈ ਫ਼ਰਕ ਸੀ ਜੋ ਰਾਈਸ ਸ਼ੈਲਰਾਂ ਨੂੰ ਬਿਜਲੀ ਸਪਲਾਈ ਕੀਤੀ ਜਾਂਦੀ ਸੀ ? ਜੇਕਰ ਕੋਈ ਫ਼ਰਕ ਸੀ ਤਾਂ ਪੰਜਾਬ ਸਰਕਾਰ ਨੇ ਉਸ ਦੇ ਲਈ ਕੀ ਕੀਤਾ ?

ਰਾਜ ਮੰਤਰੀ, (ਸਿੰਚਾਈ ਅਤੇ ਬਿਜਲੀ) : ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਕਹਿ ਚੁੱਕਾਂ ਹਾਂ ਕਿ ਰਾਈਸ ਸ਼ੈਲਰਾਂ ਦੇ ਬਿਜਲੀ ਦੇ ਰੇਟ ਵਿੱਚ ਕੋਈ ਫਰਕ ਨਹੀਂ ਹੈ । ਇਸ ਸਬੰਧੀ ਹਾਈ ਕੋਰਟ ਵਿਚ ਵੀ ਕੇਸ ਦਰਜ ਹਨ । ਬਿਜਲੀ ਬੋਰਡ ਦੇ ਵਿਚਾਰ ਹਾਈ ਕੋਰਟ ਨੇ ਸੁਣਨੇ ਹਨ ।

ਸ਼੍ਰੀ ਸਪੀਕਰ : ਹੁਣ ਸਵਾਲਾਂ ਦਾ ਸਮਾਂ ਖ਼ਤਮ ਹੋ ਚੁੱਕਾ ਹੈ ।

UNSTARRED QUESTION AND ANSWER

ਪ੍ਰਾਈਵੇਟ ਪੈਟਰੋਲ ਪੰਪਾਂ ਦੇ ਮਾਲਕਾਂ ਨੂੰ ਪੁਲਿਸ ਵਿਭਾਗ ਵੱਲੋਂ ਬਣਦੀ ਬਕਾਇਆ ਰਕਮ ਦੀ ਅਦਾਇਗੀ

103. **ਸ੍ਰੀਮਤੀ ਵਿਮਲਾ ਡਾਂਗ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ 1-4-92 ਨੂੰ ਪੁਲਿਸ ਵਿਭਾਗ ਦੁਆਰਾ ਪ੍ਰਾਈਵੇਟ ਪੈਟਰੋਲ ਪੰਪਾਂ ਦੇ ਡੀਲਰਾਂ ਨੂੰ ਕੋਈ ਰਕਮ ਦੇਣੀ ਬਣਦੀ ਸੀ; ਜੇਕਰ ਅਜਿਹਾ ਹੋਵੇ, ਤਾਂ ਉਸਦਾ ਪੁਲਿਸ ਜ਼ਿਲ੍ਹਾਵਾਰ ਵੇਰਵਾ ਕੀ ਹੈ ਅਤੇ ਇਸ ਦੇ ਕਾਰਨ ਕੀ ਹਨ ?

ਸਰਦਾਰ ਬੇਅੰਤ ਸਿੰਘ : ਮਿਤੀ 1-4-1992 ਤੱਕ ਪ੍ਰਾਈਵੇਟ ਪੈਟਰੋਲ ਪੰਪ ਮਾਲਕਾਂ ਨੂੰ ਅਦਾ ਕਰਨ ਯੋਗ ਰਕਮਾਂ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ ।

(ਇਸ ਵੇਲੇ ਬਹੁਤ ਸਾਰੇ ਮੈਂਬਰ, ਸਾਹਿਬਾਨ ਆਪਣੀਆਂ ਸੀਟਾਂ ਤੋਂ ਉਠ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ । (ਵਿਘਨ)

Mr. Speaker. : One at a time, please.

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਮੇਰੀ ਇਕ ਪ੍ਰਿਵਿਲੇਜ ਮੋਸ਼ਨ ਸੀ ।

ਸ਼੍ਰੀ ਸਪੀਕਰ : ਮੈਂ ਉਹ ਡਿਸਅਲਾਉ ਕਰ ਦਿੱਤੀ ਹੈ । ਕੈਂਥ ਸਾਹਿਬ, ਤੁਹਾਡਾ ਪੁਆਇੰਟ ਆਫ ਆਰਡਰ ਕੀ ਹੈ ?

POINTS OF ORDER RE. MAKING POLICY STATEMENT OUTSIDE THE HOUSE WHEN THE ASSEMBLY WAS IN SESSION

ਸ਼੍ਰੀ ਸਤਨਾਮ ਸਿੰਘ ਕੈਂਥ : ਸਪੀਕਰ ਸਾਹਿਬ, ਇਸ ਵੇਲੇ ਹਾਊਸ ਦੀ ਕਾਰਵਾਈ ਚਲ ਰਹੀ ਹੈ । ਹਾਊਸ ਤੋਂ ਬਾਹਰ, ਸਪੀਕਰ ਸਾਹਿਬ, ਐਕਸਾਈਜ਼ ਦੀ ਪਾਲਿਸੀ ਸਰਕਾਰ ਨੇ ਡਿਕਲੇਅਰ ਕਰ ਦਿੱਤੀ ਹੈ । ਇਸ ਲਈ ਪੰਜਾਬ ਸਰਕਾਰ ਨੂੰ ਸਦਨ ਵਿਚ ਬਿਆਨ ਦੇਣਾ ਚਾਹੀਦਾ ਹੈ ਜਦੋਂ ਕਿ ਸਦਨ ਦੀ ਕਾਰਵਾਈ ਚਲ ਰਹੀ ਹੈ, ਸਰਕਾਰ ਨੂੰ ਬਾਹਰ ਇਸ ਤਰ੍ਹਾਂ ਦਾ ਬਿਆਨ ਨਹੀਂ ਦੇਣਾ ਚਾਹੀਦਾ ਸੀ । ਸਰਕਾਰ ਨੂੰ ਹੁਣੇ ਇਸ ਬਾਰੇ ਬਿਆਨ ਦੇਣਾ ਚਾਹੀਦਾ ਹੈ ।

ਸ਼੍ਰੀਮਤੀ ਵਿਮਲਾ ਡਾਂਗ : ਸਪੀਕਰ ਸਾਹਿਬ, ਇਹ ਬਿਆਨ ਮਨਿਸਟਰ ਸਾਹਿਬ ਨੇ ਐਕਸਾਈਜ਼ ਬਾਰੇ ਬਾਹਰ ਦੇ ਕੇ ਪਾਲਿਸੀ ਨੂੰ ਡਿਕਲੇਅਰ ਕਰ ਦਿਤਾ ਹੈ । ਇਹ ਪ੍ਰਿਵਿਲੇਜ ਬਣ ਜਾਂਦਾ ਹੈ ।

ਸ਼੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਸਪੀਕਰ ਸਾਹਿਬ, ਬਜਟ ਪੇਸ਼ ਕਰਨ ਤੋਂ ਪਹਿਲਾਂ ਹੀ ਐਕਸਾਈਜ਼ ਪਾਲਿਸੀ ਡਿਕਲੇਅਰ ਕਰ ਦਿਤੀ ਗਈ ਹੈ । ਮੈਂ ਸਮਝਦਾ ਹਾਂ ਕਿ ਇਹ ਹਾਊਸ ਦੀ ਬੇ-ਪੱਤੀ ਵਾਲੀ ਗੱਲ ਹੈ । ਇਹ ਇਕ ਬਹੁਤ ਹੀ ਵੱਡੀ ਅਹਿਮ ਗੱਲ ਹੈ ਸਰਕਾਰ ਆਪਣੇ ਤੌਰ ਤੇ ਕੋਈ ਫੈਸਲਾ ਬਾਹਰ ਨਹੀਂ ਕਰ ਸਕਦੀ ਇਸ ਲਈ ਇਹ ਚੀਜ਼। ਹਾਊਸ ਵਿਚ ਡਿਸਕਸ ਕੀਤੀ ਜਾਵੇ । ਡਾਂਗ ਸਾਹਿਬਾ ਦੀ ਵੀ ਗੱਲ ਠੀਕ ਹੈ । ਸਰਕਾਰ ਨੂੰ ਹਾਊਸ ਵਿਚ ਇਸ ਬਾਰੇ ਬਿਆਨ ਦੇਣਾ ਚਾਹੀਦਾ ਹੈ ।

ਕਾਮਰੇਡ ਤਰਸੇਮ ਜੋਧਾਂ : ਸਪੀਕਰ ਸਾਹਿਬ, ਅਸੀਂ ਪਰਿਵਿਲੇਜ ਮੋਸ਼ਨ ਦਿੱਤਾ ਹੈ ਜਿਹੜਾ ਰਿਵਿਊਜ਼ ਕੀਤਾ ਗਿਆ ਹੈ । ਇਹ ਸਪਸ਼ਟ ਹੈ ਕਿ ਜਿਹੜੀ ਐਕਸਾਈਜ਼ ਨੀਤੀ ਦਾ ਐਲਾਨ ਕੱਲ ਮੰਤਰੀ ਜੀ ਵਲੋਂ ਕੀਤਾ ਗਿਆ ਹੈ, ਉਹ ਪ੍ਰੈਸ ਵਿਚ ਆ ਚੁੱਕਾ ਹੈ ਇਧਰ ਹਾਊਸ ਚੱਲ ਰਿਹਾ ਹੈ । ਇਹ ਸਦਨ ਦਾ ਅਪਮਾਨ ਕਰਨ ਵਾਲੀ ਗੱਲ ਹੈ । ਇਕ ਏਨੀ ਅਹਿਮ ਪਾਲਿਸੀ ਦੀ ਗੱਲ ਸਰਕਾਰ ਹਾਊਸ ਚਲਦੇ ਸਮੇਂ ਬਾਹਰ ਕਰੇ, ਇਸ ਬਾਰੇ ਸਰਕਾਰ ਨੂੰ ਇਥੇ ਬਿਆਨ ਦੇਣਾ ਚਾਹੀਦਾ ਹੈ । ਮੇਰੀ ਮੰਗ ਹੈ ਕਿ ਸਰਕਾਰ ਬਿਆਨ ਦੇਵੇ ।

ਸ਼੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਇਹ ਗੱਲ ਠੀਕ ਹੈ ਕਿ ਜਦੋਂ ਸਦਨ ਚਲਦਾ ਹੋਵੇ, ਹਮੇਸ਼ਾਂ ਇਹ ਹਾਊਸ ਦੀ ਮਰਿਆਦਾ ਰਹੀ ਹੈ parnicularly when

House is in Session, the Policy must be declared only in the House itself. ਹਾਊਸ ਤੋਂ ਬਾਹਰ ਗੌਰਮਿੰਟ ਦਾ ਕੋਈ ਵੀ ਅਧਿਕਾਰੀ ਜਾਂ ਮਨਿਸਟਰ ਕੋਈ ਵੀ ਪਾਲਿਸੀ ਮੈਟਰਜ਼ ਬਾਰੇ ਗੱਲ ਕਰਦਾ ਹੈ ਤਾਂ ਉਹ ਇਸ ਹਾਊਸ ਦੀ ਮਾਰਯਾਦਾ ਨੂੰ ਭੰਗ ਕਰਦਾ ਹੈ ਅਤੇ ਉਸ ਪ੍ਰਤੀ ਰਿਸਪੈਕਟ ਸ਼ੋਅ ਨਹੀਂ ਕਰਦਾ। ਇਸ ਬਾਰੇ ਇਹੀ ਨਹੀਂ ਕਿ ਜੋ ਪਾਲਿਸੀ ਅੱਜ ਡਿਕਲੇਅਰ ਹੋ ਚੁਕੀ ਹੈ, ਉਸ ਬਾਰੇ ਸੂਓ-ਮੋਟੋ ਨੋਟਿਸ ਲੈਣਾ ਚਾਹੀਦਾ ਸੀ Since notice has been given on that, the Speaker is fully competent to take action and the Chief Minister should also ensure that in future whenever the House is in Session, no such statement should be made outside the House.

ਸ੍ਰੀ ਸਪੀਕਰ: ਮੈਂ ਸਾਰਿਆਂ ਦੇ ਪੁਆਇੰਟ ਆਫ਼ ਆਰਡਰ ਸੁਣੇ ਹਨ। ਇਕ ਐਡਜਰਨਮੈਂਟ ਮੋਸ਼ਨ ਆਇਆ ਸੀ ਅਤੇ ਇਕ ਪ੍ਰਿਵਿਲੇਜ ਮੋਸ਼ਨ ਆਈ ਸੀ। ਉਹ ਇਸ ਬਾਰੇ ਸੀ ਕਿ ਸਰਕਾਰ ਨੂੰ ਕੋਈ ਪਾਲਿਸੀ ਸਟੇਟਮੈਂਟ ਜਦੋਂ ਹਾਊਸ ਇਨ ਸੈਸ਼ਨ ਹੋਵੇ, ਬਾਹਰ ਨਹੀਂ ਸੀ ਦੇਣੀ ਚਾਹੀਦੀ। ਇਸ ਦੇ ਬਾਰੇ ਸਪੈਸਿਫ਼ਿਕ ਰੂਲਜ਼ ਕੋਈ ਨਹੀਂ ਜਿਹੜੇ ਮਨਿਸਟਰ ਸਾਹਿਬ ਨੂੰ ਕੋਈ ਗੱਲ ਬਾਹਰ ਤੋਂ ਡੀਬਾਰ ਕਰਦੇ ਹੋਣ। ਮੈਂ ਦੋਨੋਂ ਮੋਸ਼ਨਜ਼, ਐਡਜਰਨਮੈਂਟ ਮੋਸ਼ਨ ਅਤੇ ਪ੍ਰਿਵਿਲਜ ਮੋਸ਼ਨ, ਡਿਸਅਲਾਓ ਕੀਤੀਆਂ ਹਨ। ਮੈਂ ਇਹ ਗੱਲ ਜ਼ਰੂਰ ਕਹਾਂਗਾ ਕਿ it would have been in the fitness of things that if the House is in Session ਤਾਂ ਵਜ਼ੀਰ ਸਾਹਿਬ ਗੱਲ ਹਾਊਸ ਵਿਚ ਕਹਿਣ।

ਕਾਲ ਅਟੈਨਸ਼ਨ ਮੋਸ਼ਨਜ਼। ਅਰਸ਼ੀ ਜੀ।

ਡਾਕਟਰ ਰਮੇਸ਼ ਦੱਤ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਵੀ ਸੁਣ ਲਓ। ਮੈਂ ਥਰਮਲ ਪਲਾਂਟ ਬਾਰੇ ਗੱਲ ਕਰਨੀ ਚਾਹੁੰਦਾ ਹਾਂ। ਇਹ ਗੱਲ ਸਾਰੇ ਪੰਜਾਬ ਨਾਲ ਰਿਲੇਟਿਡ ਹੈ। ਉਥੇ ਸਾਰੇ ਇੰਜਨੀਅਰਾਂ ਨੇ ਹੜਤਾਲ ਕੀਤੀ ਹੋਈ ਹੈ। ਇਹ ਬੜਾ ਅਹਿਮ ਮਸਲਾ ਹੈ।

ਸ੍ਰੀ ਸਪੀਕਰ : ਤੁਸੀਂ ਇਸ ਬਾਰੇ ਕਾਲ ਅਟੈਨਸ਼ਨ ਦੇ ਦਿਓ। ਦੇਖ ਲਵਾਂਗੇ।

CALL ATTENTION NOTICES UNDER RULE 66

(*Serial No. 14*)

(Read in Punjabi)

1. **Comrade Hardev Singh Arshi**
2. **Comrade Gurnam Singh Dhirowal**
3. **Smt. Vimla Dang**
4. **Shri Ajaib Singh Raunta**

} Sir, I beg to draw the attention of the Government towards a matter of urgent public importance,

[Comrade Hardev Singh Arshi]

namely, the Punjab Government have decided at the fag end of the academic session to hold the Annual Examination of the Middle Standard through the Director of the State Council of Education, Research and Training (SCERT). This has put the future of 8 lakh students in the state at stake.

There is a great resentment among students as well as managements of all Private Schools. Students of English medium Schools will be affected the most as they follow books published by the National Council of Education Research & Training. The Punjab School Education Board books are not available in English.

In view of the very obvious and urgent importance of the matter, the Minister for Education may please be asked to make a statement in the House.

ਰਾਜ ਮੰਤਰੀ, ਸਿਖਿਆ ਅਤੇ ਭਾਸ਼ਾ (ਸ਼੍ਰੀਮਤੀ ਸੁਸ਼ੀਲ ਮਹਾਜਨ) : ਸਪੀਕਰ ਸਾਹਿਬ, 1987 ਤੱਕ ਮਿਡਲ ਦੀਆਂ ਪ੍ਰੀਖਿਆਵਾਂ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਲੈਂਦਾ ਸੀ । ਫੇਰ ਐਜੂਕੇਸ਼ਨ ਬੋਰਡ ਤੇ ਕਾਫੀ ਬੋਝ ਪੈ ਗਿਆ ਉਦੋਂ ਇਨ੍ਹਾਂ ਦੀਆਂ ਪ੍ਰੀਖਿਆਵਾਂ ਬੰਦ ਕਰ ਦਿੱਤੀਆਂ । ਹੁਣ ਫੇਰ ਜਿਸ ਵੇਲੇ ਨਕਲ ਦਾ ਜ਼ੋਰ ਪੰਜਾਬ ਵਿੱਚ ਇੰਨਾ ਪੈ ਗਿਆ ਜਿਸ ਨਾਲ ਬੱਚਿਆਂ ਦਾ ਵੀ ਨੁਕਸਾਨ ਹੋ ਰਿਹਾ ਹੈ, ਟੀਚਰਜ਼ ਨੂੰ ਵੀ ਹਰਾਸਮੈਂਟ ਹੋ ਰਹੀ ਹੈ ਅਤੇ ਮਾਂ-ਬਾਪ ਨੂੰ ਵੀ ਬੜੀ ਮੁਸ਼ਕਲ ਪੈਂਦੀ ਹੈ, ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਰੋਕਣ ਵਾਸਤੇ ਅਤੇ ਸਿਖਿਆ ਦੇ ਮਿਆਰ ਨੂੰ ਉੱਚਾ ਕਰਨ ਵਾਸਤੇ, ਬਚਿਆਂ ਨੂੰ ਅੱਗੇ ਆਉਣ ਵਾਲੇ ਵਡੇ ਇਮਤਿਹਾਨਾਂ ਵਾਸਤੇ ਤਿਆਰ ਕਰਨ ਲਈ ਅਸੀਂ ਫੈਸਲਾ ਕੀਤਾ ਕਿ ਮਿਡਲ ਸਟੈਂਡਰਡ ਦੀ ਜਿਹੜੀ ਪ੍ਰੀਖਿਆ ਹੈ, ਉਹ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਕੋਲੋਂ ਲੈ ਲਈ ਜਾਵੇ । (ਵਿਘਨ) 24 ਦਸੰਬਰ, 1992 ਨੂੰ ਸਾਨੂੰ ਸਕੂਲ ਐਜੂਕੇਸ਼ਨ ਬੋਰਡ ਨੇ ਕਹਿ ਦਿੱਤਾ ਕਿ ਸਾਡੇ ਕੋਲ 10ਵੀਂ ਅਤੇ 12ਵੀਂ ਕਲਾਸ ਦੇ ਬਹੁਤ ਜ਼ਿਆਦਾ ਸਟੂਡੈਂਟਸ ਹਨ ਅਤੇ ਸਾਡੇ ਕੋਲੋਂ ਇਹ ਸਾਰਾ ਬੋਝ ਸਹਾਰਿਆ ਨਹੀਂ ਜਾਂਦਾ । ਇਸ ਵਾਸਤੇ ਅਸੀਂ ਸਟੇਟ ਕੌਂਸਲ ਆਫ ਐਜੂਕੇਸ਼ਨ, ਰਿਸਰਚ ਐਂਡ ਟਰੇਨਿੰਗ ਨੂੰ 8ਵੀਂ ਦਾ ਇਮਤਿਹਾਨ ਲੈਣ ਵਾਸਤੇ ਕਹਿ ਦਿੱਤਾ । ਇਹ ਕੁਲ 3 ਲੱਖ 17 ਹਜ਼ਾਰ ਦੇ ਕਰੀਬ ਵਿਦਿਆਰਥੀ ਹਨ । ਇਹ ਪ੍ਰੀਖਿਆ 27 ਮਾਰਚ ਨੂੰ ਸ਼ੁਰੂ ਹੋਵੇਗੀ ਅਤੇ 7 ਅਪ੍ਰੈਲ ਨੂੰ ਇਹ ਮਿਡਲ ਸਟੈਂਡਰਡ ਦੀ ਪ੍ਰੀਖਿਆ ਖ਼ਤਮ ਹੋ ਜਾਵੇਗੀ ।

ਸਪੀਕਰ ਸਾਹਿਬ, ਮੈਂ ਮਾਨਯੋਗ ਅਰਸ਼ੀ ਜੀ ਨੂੰ ਇਹ ਦੱਸਣਾ ਚਾਹੁੰਦੀ ਹਾਂ ਕਿ ਬੱਚੇ ਸਾਡੇ ਦੇਸ਼ ਦਾ ਸਰਮਾਇਆ ਹਨ, ਸਾਡੇ ਦੇਸ਼ ਦਾ ਭਵਿੱਖ ਹਨ । ਸਿਖਿਆ ਦੇ ਡਿੱਗ ਰਹੇ ਮਿਆਰ ਨੂੰ ਰੋਕਣ ਲਈ ਮੈਂ ਅਰਸ਼ੀ ਸਾਹਿਬ ਅਤੇ ਬਾਕੀ ਸਾਰੇ ਮੈਂਬਰ ਸਾਹਿਬਾਨ ਨੂੰ ਵੀ ਬੇਨਤੀ ਕਰਾਂਗੀ ਕਿ ਉਹ ਬੱਚਿਆਂ ਨੂੰ ਅਤੇ ਉਨ੍ਹਾਂ ਦੇ ਮਾਂ-ਬਾਪ ਨੂੰ ਇਸ ਗੱਲ ਲਈ ਤਿਆਰ ਕਰਨ ਕਿ ਬੱਚੇ ਇਮਤਿਹਾਨ ਦੇਣ ਅਤੇ ਕਿਸੇ ਕਿਸਮ ਦੀ ਮੁਸ਼ਕਲ ਫੀਲ ਨਾ ਕਰਨ । ਮੈਂ ਉਨ੍ਹਾਂ ਨੂੰ ਦੱਸਣਾ ਚਾਹੁੰਦੀ ਹਾਂ ਕਿ ਬੱਚਿਆਂ ਦੇ ਸਿਲੇਬਸ ਦੇ ਮੁਤਾਬਿਕ ਹੀ ਉਨ੍ਹਾਂ ਨੂੰ ਪੇਪਰ ਦਿੱਤੇ ਜਾਣਗੇ । ਜਿਹੜੀਆਂ ਕਿਤਾਬਾਂ ਸਕੂਲ ਐਜੂਕੇਸ਼ਨ ਬੋਰਡ ਦੀਆਂ ਉਨ੍ਹਾਂ ਨੂੰ ਪੜ੍ਹਾਈਆਂ ਜਾਂਦੀਆਂ ਹਨ, ਜਿਹੜੀਆਂ ਕਿਤਾਬਾਂ ਉਨ੍ਹਾਂ ਵਾਸਤੇ ਪ੍ਰੈਸਕਰਾਈਬਡ ਹਨ, ਉਨ੍ਹਾਂ ਵਿਚੋਂ ਹੀ ਉਨ੍ਹਾਂ ਨੂੰ ਪੇਪਰ ਦਿੱਤੇ ਜਾਣਗੇ । ਜਿਹੜੇ ਇੰਗਲਿਸ਼ ਮੀਡੀਅਮ ਸਕੂਲ ਹਨ, ਉਨ੍ਹਾਂ ਵਾਸਤੇ ਵੀ ਸਕੂਲ ਅਜੂਕੇਸ਼ਨ ਬੋਰਡ ਵਲੋਂ ਜਿਹੜਾ ਐਸ. ਸੀ. ਈ. ਆਰ. ਟੀ. ਦਾ ਸਿਲੇਬਸ ਪ੍ਰੈਸਕਰਾਈਬਡ ਹੈ, ਉਸ ਵਿਚੋਂ ਹੀ ਪੇਪਰ ਦਿੱਤੇ ਜਾਣਗੇ । ਜਿਸ ਵੇਲੇ ਇੰਗਲਸ਼ ਮੀਡੀਅਮ ਸਕੂਲਾਂ ਨੂੰ ਐਫੀਲੀਏਸ਼ਨ ਦਿੱਤੀ ਜਾਂਦੀ ਹੈ, ਉਸ ਵੇਲੇ ਉਨ੍ਹਾਂ ਕੋਲੋਂ ਇਹ ਅੰਡਰਟੇਕਿੰਗ ਲਈ ਜਾਂਦੀ ਹੈ ਕਿ ਉਹ ਉਹੀ ਸਿਲੇਬਸ ਪੜ੍ਹਾਉਣਗੇ ਜਿਹੜਾ ਸਿਲੇਬਸ ਸਕੂਲ ਐਜੂਕੇਸ਼ਨ ਬੋਰਡ ਪ੍ਰੈਸਕਰਾਈਬਡ ਕਰੇਗਾ ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਬੇਸੀਕਲੀ ਮੈਂ ਇਮਤਿਹਾਨ ਸਕੂਲ ਸਿਖਿਆ ਬੋਰਡ ਵਲੋਂ ਲਏ ਜਾਣ ਦੇ ਹੱਕ ਵਿਚ ਹਾਂ । ਮੰਤਰੀ ਜੀ ਨੇ ਇਥੇ ਵਿਦਿਆ ਦੇ ਮਿਆਰ ਨੂੰ ਉਚਾ ਚੁੱਕਣ ਦੀ ਗੱਲ ਕੀਤੀ ਹੈ ਪਰ ਮੈਂ ਇਹਨਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਹੁਣ ਜਦੋਂ ਕਿ ਸਾਰਾ ਸਾਲ ਬੀਤ ਚੁੱਕਾ ਹੈ, ਇਨ੍ਹਾਂ ਨੂੰ ਹੁਣ ਹੀ ਇਹ ਖਿਆਲ ਕਿਉਂ ਆਇਆ ਪਹਿਲਾਂ ਇਹ ਖਿਆਲ ਕਿਉਂ ਨਹੀਂ ਆਇਆ ? ਸੈਸ਼ਨ ਦੇ ਅੰਤ ਤੇ ਆ ਕੇ ਹੀ ਇਨ੍ਹਾਂ ਨੂੰ ਇਹ ਖਿਆਲ ਕਿਉਂ ਆਇਆ ਕਿ ਵਿਦਿਆ ਦਾ ਪੱਧਰ ਉਚਾ ਚੁੱਕਣ ਦੀ ਜ਼ਰੂਰਤ ਹੈ ? ਸੈਸ਼ਨ ਦੇ ਅੰਤ ਤੇ ਆ ਕੇ ਹੀ ਇਸ ਤਰ੍ਹਾਂ ਦਾ ਫੈਸਲਾ ਲਏ ਜਾਣ ਨਾਲ ਵਿਦਿਆ ਦਾ ਪੱਧਰ ਉਚਾ ਨਹੀਂ ਹੋਵੇਗਾ । ਜਿਹੜਾ ਫੈਸਲਾ ਇਨ੍ਹਾਂ ਨੇ ਲਿਆ ਹੈ. ਵਿਦਿਆਰਥੀ ਉਸ ਦੇ ਵਾਸਤੇ ਮੈਂਟਲੀ ਤਿਆਰ ਨਹੀਂ ਹਨ । ਸਮਾਂ ਰਹਿੰਦੇ ਪਹਿਲਾਂ ਵੀ ਇਹ ਡਿਸੀਜ਼ਨ ਲਿਆ ਜਾ ਸਕਦਾ ਸੀ । ਮੈਂ ਸਮਝਦਾ ਹਾਂ ਕਿ ਸੈਸ਼ਨ ਦੇ ਐਂਡ ਤੇ ਆ ਕੇ ਇਹ ਜਿਹੜਾ ਡਿਸੀਜ਼ਨ ਲਿਆ ਗਿਆ ਹੈ, ਇਸ ਦੇ ਸਿੱਟੇ ਮਾੜੇ ਹੀ ਨਿਕਲਣਗੇ । ਲੋਕਾਂ ਵਿਚ, ਵਿਦਿਆਰਥੀਆਂ ਵਿਚ ਅਤੇ ਉਨ੍ਹਾਂ ਦੇ ਮਾਪਿਆਂ ਵਿਚ ਇਸ ਫੈਸਲੇ ਪ੍ਰਤੀ ਬੜਾ ਰੋਸ ਹੈ । ਇਸ ਸਬੰਧ ਵਿਚ ਸੀ. ਐਮ. ਸਾਹਿਬ ਨੂੰ ਕਈ ਡੈਪੂਟੇਸ਼ਨ ਵੀ ਮਿਲੇ ਹਨ । ਸਪੀਕਰ ਸਾਹਿਬ, ਅਖਬਾਰਾਂ ਵਿਚ ਬੜੇ ਵੱਡੇ ਵੱਡੇ ਇਸ਼ਤਿਹਾਰ ਛਪਦੇ ਹਨ-ਗਾਗਰ ਵਿਚ ਸਾਗਰ ਬੰਦ ਕੀਤਾ ਹੋਇਆ ਹੈ । ਮੈਂ ਸਮਝਦਾ ਹਾਂ ਕਿ ਇਸ ਫੈਸਲੇ ਨਾਲ ਲੋਕਾਂ ਨੂੰ ਫਾਇਦਾ ਨਹੀਂ ਹੋਵੇਗਾ, ਉਨ੍ਹਾਂ ਕਮਰਸ਼ੀਅਲ ਅਦਾਰਿਆਂ ਨੂੰ ਹੀ ਫਾਇਦਾ ਹੋਵੇਗਾ ਜਿਹੜੇ ਇਹ ਗਾਈਡਜ਼ ਛਾਪਦੇ ਹਨ, ਜਿਹੜੇ ਇਸ ਕਿਸਮ ਦੀਆਂ ਦੁਕਾਨਾਂ ਚਲਾ ਰਹੇ ਹਨ । ਇਨ੍ਹਾਂ ਸਾਰੀਆਂ ਗੱਲਾਂ ਨੂੰ ਧਿਆਨ ਵਿਚ ਰਖਦਿਆਂ ਹੋਇਆਂ ਕੀ ਮੰਤਰੀ ਜੀ ਅਸ਼ੋਰੈਂਸ ਦੇਣਗੇ ਕਿ ਐਤਕੀਂ ਇਮਤਿਹਾਨ ਪੁਰਾਣੇ ਤਰੀਕੇ ਨਾਲ ਹੀ ਲਏ ਜਾਣਗੇ ਅਤੇ ਅਗਲੇ ਸਾਲ ਤੋਂ ਇਹ ਇਸੇ ਤਰੀਕੇ ਨਾਲ ਲੈ ਲੈਣ ਜਿਸ ਤਰੀਕੇ ਨਾਲ ਇਨ੍ਹਾਂ ਨੇ ਹੁਣ ਲੈਣ ਬਾਰੇ ਸੋਚਿਆ ਹੈ ?

ਰਾਜ ਮੰਤਰੀ : ਸਪੀਕਰ ਸਾਹਿਬ, ਸਾਰਾ ਸਾਲ ਬੱਚਿਆਂ ਨੇ ਪੜ੍ਹਿਆ ਹੈ ਅਤੇ ਅਧਿਆਪਕਾਂ ਨੇ ਪੜ੍ਹਾਇਆ ਹੈ । ਮਾਂ-ਬਾਪ ਨੇ ਵੀ ਆਪਣੀ ਤਸੱਲੀ ਕੀਤੀ ਹੈ । ਜੇ ਪਹਿਲਾਂ ਪੇਪਰ ਸਕੂਲ ਬੋਰਡ ਵਲੋਂ ਸੈੱਟ ਕੀਤੇ ਜਾਣੇ ਸਨ ਅਤੇ ਹੁਣ ਐਸ.ਸੀ.ਈ.ਆਰ.ਟੀ. ਵਲੋਂ ਸੈੱਟ ਕੀਤੇ ਜਾਣੇ ਹਨ ਤਾਂ ਮੈਂ ਨਹੀਂ ਸਮਝਦੀ ਕਿ ਬੱਚਿਆਂ ਨੂੰ ਕੋਈ ਮੁਸ਼ਕਲ ਆਏਗੀ । ਆਖਿਰ ਪੇਪਰ ਤਾਂ ਉਨ੍ਹਾਂ ਬੱਚਿਆਂ ਦੇ ਸਿਲੇਬਸ ਵਿਚੋਂ ਹੀ ਆਉਣੇ ਹਨ ।

(ਕ੍ਰਮ ਨੰ: 18)

ਕਾਮਰੇਡ ਹਰਦੇਵ ਸਿੰਘ ਅਰਸ਼ੀ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ, ਕਿ ਗੰਨਾਂ ਮਿਲਾਂ ਵਿਸ਼ੇਸ਼ ਕਰਕੇ ਦੁਆਬੇ ਵਿਚ ਸਥਿਤ ਮਿਲਾਂ ਵਿਚ ਕਿਸਾਨਾਂ ਦੇ ਗੱਡੇ, ਟਰਾਲੀਆਂ ਦੀ ਲੁਹਾਈ ਚਾਰ ਚਾਰ ਦਿਨਾਂ ਤੋਂ ਨਹੀਂ ਹੋ ਰਹੀ ਜਦੋਂ ਕਿ ਸ਼ੂਗਰ ਐਕਟ ਅਨੁਸਾਰ ਚਾਰ ਘੰਟੇ ਵਿਚ ਗੱਡਾ ਜਾਂ ਟਰਾਲੀ ਦਾ ਖਾਲੀ ਹੋਣਾ ਜ਼ਰੂਰੀ ਹੈ । ਇਸ ਤੋਂ ਇਲਾਵਾ ਗੰਨਾ ਉਤਪਾਦਕਾਂ ਨੂੰ ਸਮੇਂ ਸਿਰ ਗੰਨੇ ਦੀ ਅਦਾਇਗੀ ਨਹੀਂ ਹੋ ਰਹੀ, ਮਿਸਾਲ ਦੇ ਤੌਰ ਤੇ ਭੋਗਪੁਰ ਗੰਨਾਂ ਮਿੱਲ ਵਿਚ 26 ਦਸੰਬਰ, 1992 ਤੋਂ ਗੰਨੇ ਦਾ ਭੁਗਤਾਨ ਬਾਕੀ ਹੈ । ਉਕਤ ਕਾਰਨਾਂ ਕਰਕੇ ਗੰਨਾਂ ਉਤਪਾਦਕਾਂ ਵਿਚ ਸਖਤ ਬੇਚੈਨੀ ਤੇ ਗੁੱਸਾ ਪਾਇਆ ਜਾ ਰਿਹਾ ਹੈ । ਮਸਲੇ ਦੀ ਗੰਭੀਰਤਾ ਨੂੰ ਧਿਆਨ ਵਿਚ ਰਖਦੇ ਹੋਏ ਸਬੰਧਤ ਮੰਤਰੀ ਜੀ ਹਾਊਸ ਵਿਚ ਬਿਆਨ ਦੇਣ ਦੀ ਖੇਚਲ ਕਰਨ ।

ਖੇਤੀਬਾੜੀ ਅਤੇ ਵਣ ਮੰਤਰੀ (ਸਰਦਾਰ ਦਿਲਬਾਗ ਸਿੰਘ ਨਵਾਂ ਸ਼ਹਿਰ) : ਸਪੀਕਰ ਸਾਹਿਬ, ਅਰਸ਼ੀ ਸਾਹਿਬ ਦੀ ਦੁਆਬੇ ਦੀਆਂ ਕੋਆਪ੍ਰੇਟਿਵ ਮਿੱਲਾਂ ਬਾਰੇ ਕਾਲ ਅਟੈਨਸ਼ਨ ਹੈ । ਉਨ੍ਹਾਂ ਦੀ ਪਹਿਲੀ ਗੱਲ ਤਾਂ ਇਹ ਹੈ ਕਿ ਕਿਸਾਨਾਂ ਨੂੰ ਗੰਨੇ ਦੀ ਕੀਮਤ ਦਾ ਭੁਗਤਾਨ ਠੀਕ ਨਹੀਂ ਹੋ ਰਿਹਾ ਅਤੇ ਦੂਸਰੀ ਗੱਲ ਹੈ ਕਿ ਟਰਾਲੀਆਂ ਦੀ ਲੁਹਾਈ ਵਿਚ ਦੇਰੀ ਹੁੰਦੀ ਹੈ । ਜਿਥੋਂ ਤਕ ਲੁਹਾਈ ਦਾ ਸਵਾਲ ਹੈ, ਇਲੈਕਸ਼ਨ ਦੇ ਦਿਨਾਂ ਵਿਚ ਲੋਕ ਜਦੋਂ ਇਲੈਕਸ਼ਨਾਂ ਵਿਚ ਹਿੱਸਾ ਲੈ ਰਹੇ ਸੀ ਉਸ ਵੇਲੇ ਕਿਸਾਨ ਪਰਚੀਆਂ ਤੇ ਮਾਲ ਮਿੱਲਾਂ ਵਿਚ ਨਹੀਂ ਲਿਆਏ । ਇਲੈਕਸ਼ਨ ਤੋਂ ਬਾਅਦ ਪੁਰਾਣੀਆਂ ਪਰਚੀਆਂ ਤੇ ਗੰਨਾ ਲੈ ਆਏ ਜਿਸ ਕਰਕੇ ਹੋ ਸਕਦਾ ਹੈ ਕਿ ਇਕ ਦੋ ਜਗ੍ਹਾ ਦੇਰੀ ਹੋ ਗਈ ਹੋਵੇ । ਦੁਆਬੇ ਦੀਆਂ ਤਿੰਨ ਮਿਲਾਂ ਹਨ । ਉਥੇ ਦੋ ਚਾਰ ਘੰਟੇ ਦੇ ਅੰਦਰ ਮਾਲ ਉਤਰਦਾ ਰਿਹਾ ਹੈ ਥੋਹੜਾ ਬਹੁਤ ਸਮਾਂ ਅੱਗੇ ਪਿੱਛੇ ਹੋ ਸਕਦਾ ਹੈ ਲੇਕਿਨ ਠੀਕ ਭੁਗਤਾਨ ਹੁੰਦੀ ਰਹੀ ਹੈ । ਦੂਸਰੀ ਜਿਹੜੀ ਪੇਮੈਂਟ ਦੀ ਗੱਲ ਹੈ, ਨਵਾਂ ਸ਼ਹਿਰ ਸ਼ੂਗਰ ਮਿੱਲ ਜਿਹੜੀ ਹੈ ਇਸ ਦੀ ਪੰਜ ਫਰਵਰੀ, 1993 ਤੱਕ ਪੇਮੈਂਟ ਹੋ ਗਈ ਹੈ, ਨਕੋਦਰ ਦੀ 23 ਜਨਵਰੀ, 1993 ਤੱਕ ਦੀ ਹੋ ਗਈ ਹੈ ਅਤੇ ਭੋਗਪੁਰ ਦੀ 7 ਜਨਵਰੀ, 1993 ਤੱਕ ਦੀ ਪੇਮੈਂਟ ਹੋ ਗਈ ਹੈ । ਇਨ੍ਹਾਂ ਤਿੰਨੇ ਸ਼ੂਗਰ ਮਿੱਲਾਂ ਵਿਚੋਂ ਨਵਾਂ ਸ਼ਹਿਰ, ਨਕੋਦਰ ਅਤੇ ਭੋਗਪੁਰ ਦੀ ਪੁਜ਼ੀਸ਼ਨ ਬਹੁਤ ਅੱਛੀ ਹੈ ਅਤੇ ਪੇਮੈਂਟ ਦੀ ਬਹੁਤੀ ਮੁਸ਼ਕਲ ਨਹੀਂ ਹੈ ਕਿ ਪੈਸੇ ਨਹੀਂ । ਲੇਕਿਨ ਇਹ ਗੱਲ ਠੀਕ ਹੈ ਕਿ ਭੋਗਪੁਰ ਦੀ ਹਾਲਤ ਕੁਝ ਬਹੁਤੀ ਚੰਗੀ ਨਹੀਂ, ਲੇਕਿਨ ਇਸ ਦੇ ਹੁੰਦਿਆਂ ਹੋਇਆਂ ਵੀ ਅਸੀਂ ਇਸ ਦਾ

ਕੋਈ ਇੰਤਜ਼ਾਮ ਬੈਂਕਾਂ ਤੋਂ ਪੈਸੇ ਲੈ ਕੇ ਕਰ ਰਹੇ ਹਾਂ ਪਰ ਅਜਿਹੀ ਕੋਈ ਗੱਲ ਨਹੀਂ ਕਿ ਅਸੀਂ ਪੇਮੈਂਟ ਨਹੀਂ ਕਰ ਸਕਦੇ। ਸਾਡੇ ਕੋਲ 10 ਕਰੋੜ 17 ਲੱਖ ਦਾ ਜੋ ਸਟਾਕ ਹੈ ਉਹ ਅਸੀਂ ਜਲਦੀ ਤੋਂ ਜਲਦੀ ਰਿਲੀਜ਼ ਕਰਕੇ ਅਦਾਇਗੀ ਕਰ ਦਿਆਂਗੇ, ਕੋਈ ਮੁਸ਼ਕਲ ਨਹੀਂ ਹੈ।

ਕਾਮਰੇਡ ਹਰਦੇਵ ਸਿੰਘ ਅਰਸ਼ੀ: ਸਪੀਕਰ ਸਾਹਿਬ, ਇਕ ਚੀਜ਼ ਤਾਂ ਇਨ੍ਹਾਂ ਨੇ ਆਪਣੇ ਉੱਤਰ ਵਿੱਚ ਹੀ ਮੰਨ ਲਈ ਹੈ ਪਰ ਜਿਹੜੀ ਦੂਸਰੀ ਗੱਲ ਹੈ ਜਿਸ ਦਾ ਜ਼ਿਕਰ ਇਨ੍ਹਾਂ ਨੇ ਉੱਤਰ ਵਿੱਚ ਨਹੀਂ ਕੀਤਾ ਉਹ ਇਹ ਹੈ ਕਿ ਸ਼ੂਗਰ ਐਕਟ ਦੇ ਅਨੁਸਾਰ ਚਾਰ ਘੰਟੇ ਦੇ ਵਿੱਚ ਵਿੱਚ ਗੱਡੇ ਟਰਾਲੀ ਦੀ ਲੁਹਾਈ ਹੋਣੀ ਜ਼ਰੂਰੀ ਹੈ ਅਤੇ ਇੱਕ ਹਫ਼ਤੇ ਜਾਂ ਚਾਰ ਦਿਨਾਂ ਦੇ ਵਿੱਚ ਵਿੱਚ ਪੇਮੈਂਟ ਕਰਨੀ ਹੁੰਦੀ ਹੈ ਜੋ ਕਿ ਬਿਲਕੁਲ ਨਹੀਂ ਕੀਤੀ ਜਾ ਰਹੀ। ਇਸ ਕਾਰਣ ਲੋਕਾਂ ਨੂੰ ਬੜੀ ਪਰੇਸ਼ਾਨੀ ਹੁੰਦੀ ਹੈ। ਪੇਮੈਂਟ ਸਮੇਂ-ਸਿਰ ਨਾ ਹੋਣ ਕਾਰਣ ਗੰਨਾ ਉਤਪਾਦਕਾਂ ਨੂੰ ਬੜੇ ਲੰਮੇਂ ਸਮੇਂ ਤੋਂ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸ਼ੂਗਰ ਐਕਟ ਦੇ ਮੁਤਾਬਿਕ ਗੰਨੇ ਦੀ ਲੁਹਾਈ ਚਾਰ ਘੰਟੇ ਦੇ ਵਿੱਚ ਵਿੱਚ ਔਰ ਉਸਦਾ ਭੁਗਤਾਨ ਇੱਕ ਹਫ਼ਤੇ ਦੇ ਵਿੱਚ ਵਿੱਚ ਹੋਣਾ ਚਾਹੀਦਾ ਹੈ। ਜੇਕਰ ਪੇਮੈਂਟ ਹਫਤੇ ਦੇ ਵਿਚ ਵਿਚ ਨਹੀਂ ਹੁੰਦੀ ਤਾਂ ਉਸ ਤੋਂ ਬਾਅਦ ਸਮੇਤ ਵਿਆਜ ਹੋਣੀ ਚਾਹੀਦੀ ਹੈ। ਸਰਕਾਰ ਗੰਨੇ ਦਾ ਭੁਗਤਾਨ ਸਮੇਤ ਵਿਆਜ ਅਤੇ ਗੰਨੇ ਦੀ ਲੁਹਾਈ ਸਮੇਂ ਸਿਰ ਗਰੰਟੀ ਨਾਲ ਕਰਵਾਉਣ ਲਈ ਕੀ ਕਦਮ ਪੁੱਟ ਰਹੀ ਹੈ?

ਮੰਤਰੀ: ਸਪੀਕਰ ਸਾਹਿਬ, ਜਿਵੇਂ ਕਿ ਮੈਂ ਪਹਿਲਾਂ ਕਹਿ ਚੁੱਕਾ ਹਾਂ ਕਿ ਇਨ੍ਹਾਂ ਨੇ ਦੁਆਬੇ ਦੀਆਂ ਤਿੰਨ ਮਿੱਲਾਂ ਬਾਰੇ ਪੁੱਛਿਆ ਸੀ, ਮੈਂ ਉਸ ਬਾਰੇ ਇਨ੍ਹਾਂ ਨੂੰ ਦੱਸ ਦਿੱਤਾ ਹੈ। ਪੰਚਾਇਤਾਂ ਦੀਆਂ ਚੋਣਾਂ ਦੇ ਦਿਨਾਂ ਵਿੱਚ ਹੋ ਸਕਦਾ ਹੈ ਕਿਤੇ ਕੋਈ ਦੇਰੀ ਹੋ ਗਈ ਹੋਵੇ। ਬਾਕੀ ਅਸੀਂ ਛਾਪੇ ਵੀ ਮਾਰੇ ਹਨ ਔਰ ਛਾਪਿਆਂ ਦੌਰਾਨ 38 ਕੇਸ ਅਸੀਂ ਪਕੜੇ ਹਨ। ਤਰਨ ਤਾਰਨ 2, ਰਖੜਾ 1, ਧੂਰੀ 3, ਬੁੱਢੇਵਾਲ 14, ਜ਼ੀਰਾ 3, ਜਗਰਾਉਂ 7 ਅਤੇ ਅਜਨਾਲਾ 8 ਕੁੱਲ 38 ਕੇਸ ਹਨ, ਔਰ ਇਨ੍ਹਾਂ ਦੇ ਚਲਾਨ ਕੀਤੇ ਗਏ ਹਨ।

Mr. Speaker : Now, the House will resume discussion on the Motion of Thanks on the Governor's Address.

ਸ਼੍ਰੀਮਤੀ ਵਿਮਲਾ ਡਾਂਗ: ਸਪੀਕਰ ਸਾਹਿਬ, ਮੈਂ ਕੱਲ੍ਹ ਵੀ ਪੰਜ ਵਾਰੀ ਖੜ੍ਹੀ ਹੋਈ ਸੀ ਪਰ ਮੈਨੂੰ ਬੋਲਣ ਦਾ ਸਮਾਂ ਨਹੀਂ ਦਿੱਤਾ। ਮੈਨੂੰ ਬੋਲਣ ਲਈ ਸਮਾਂ ਦਿੱਤਾ ਜਾਵੇ। ਮੈਂ ਇਕ ਬੜੇ ਹੀ ਜ਼ਰੂਰੀ ਇਸ਼ੂ ਤੇ ਗੱਲ ਕਰਨੀ ਚਾਹੁੰਦੀ ਹਾਂ। ਪੁਲਿਸ ਵੱਲੋਂ ਬੜਾ ਤਸ਼ੱਦਦ ਕੀਤਾ ਗਿਆ ਹੈ। I should be permitted.

Mr. Speaker. Please resume your seat now. I have called upon ....(interruption).

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਸਾਡੀ ਪਾਰਟੀ ਦੇ ਆਗੂ ਕੁਝ ਕਹਿਣਾ ਚਾਹੁੰਦੇ ਹਨ। ਇਨ੍ਹਾਂ ਨੂੰ ਸਮਾਂ ਦਿੱਤਾ ਜਾਵੇ। ਇਹ ਆਪਣੀ ਗੱਲ ਕਹਿਣਾ ਚਾਹੁੰਦੇ ਹਨ।

ਸ਼੍ਰੀਮਤੀ ਵਿਮਲਾ ਡਾਂਗ : ** ** **

ਸ਼੍ਰੀ ਸਪੀਕਰ : ਤੁਸੀਂ ਆਪਣਾ ਪੁਆਇੰਟ ਆਫ ਆਰਡਰ ਰੇਜ਼ ਕਰ ਦਿੱਤਾ ਹੈ, ਮੈਂ ਇਹ ਸੁਣ ਲਿਆ ਹੈ। Please resume your seat now. ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਇਹ ਬੜਾ ਅਹਿਮ ਮਸਲਾ ਹੈ। ਸਾਨੂੰ ਮੌਕਾ ਦੇਣਾ ਚਾਹੀਦਾ ਹੈ।

ਸ਼੍ਰੀ ਸਪੀਕਰ : ਸ਼੍ਰੀਮਤੀ ਡਾਂਗ ਜੀ ਨੇ ਆਪਣਾ ਪੁਆਇੰਟ ਆਫ ਆਰਡਰ ਦੱਸ ਦਿੱਤਾ ਹੈ and I have given my decision on that.

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਜੇਕਰ ਤੁਸੀਂ ਸਾਨੂੰ ਇਸ ਅਹਿਮ ਮਸਲੇ ਤੇ ਬੋਲਣ ਦਾ ਮੌਕਾ ਨਹੀਂ ਦੇਣਾ ਤਾਂ ਸਾਡੇ ਪਾਸ ਇਸ ਤੋਂ ਸਿਵਾਏ ਕੋਈ ਹੋਰ ਚਾਰਾ ਨਹੀਂ ਰਹਿ ਜਾਂਦਾ ਕਿ ਅਸੀਂ ਵਾਕ-ਆਊਟ ਕਰੀਏ। (ਇਸ ਸਮੇਂ ਵਿਰੋਧੀ ਬੈਂਚਾਂ ਵੱਲੋਂ ਸ਼ੋਰ ਪਾਇਆ ਜਾ ਰਿਹਾ ਸੀ)।

ਸ਼੍ਰੀ ਮਦਨ ਮੋਹਨ ਮਿੱਤਲ : ਜਦੋਂ ਸਾਡੇ ਮੈਂਬਰ ਡਾਕਟਰ ਰਮੇਸ਼ ਦੱਤ ਜੀ ਨੇ ਇਹ ਪੁਆਇੰਟ ਆਫ ਆਰਡਰ ਰੇਜ਼ ਕਰਨਾ ਚਾਹਿਆ ਤਾਂ ਉਸ ਨੂੰ ਤੁਸੀਂ ਅਲਾਓ ਨਹੀਂ ਕੀਤਾ ਜਦੋਂ ਕਿ ਸ਼੍ਰੀਮਤੀ ਵਿਮਲਾ ਡਾਂਗ ਨੂੰ ਤੁਸੀਂ ਅਲਾਓ ਕਰ ਦਿੱਤਾ ਹੈ। The same point was raised by Dr. Romesh Dutt.

Mr. Speaker The Leader of the House is on his legs. Please listen to him.

STATEMENT BY CHIEF MINISTER RE. POLICE EXCESSES

ਮੁੱਖ ਮੰਤਰੀ (ਸਰਦਾਰ ਬੇਅੰਤ ਸਿੰਘ) : ਸਪੀਕਰ ਸਾਹਿਬ, ਵੈਸੇ ਤਾਂ ਇਹ ਗੱਲ ਮਰਯਾਦਾ ਦੇ ਉਲਟ ਹੈ ਕਿਉਂਕਿ ਪੁਆਇੰਟ ਆਫ ਆਰਡਰ ਰੇਜ਼ ਕਰਨ ਲਈ ਜ਼ੀਰੋ ਆਵਰ ਤਾਂ ਕੋਈ ਹੁੰਦਾ ਹੀ ਨਹੀਂ। ਪਰ ਕਿਉਂਕਿ ਇਹ ਗੱਲ ਸਾਡੇ ਇਕ ਸੀਨੀਅਰ ਮੈਂਬਰ ਸ਼੍ਰੀਮਤੀ ਵਿਮਲਾ ਡਾਂਗ ਨੇ ਉਠਾਈ ਹੈ ਇਸ ਲਈ ਮੈਂ ਕੁਝ ਕਹਿਣਾ ਚਾਹੁੰਦਾ ਹਾਂ। ਉਥੇ ਬੜੀ ਭਾਰੀ ਚੋਰੀ ਹੋਈ ਸੀ ਅਤੇ ਬੜਾ ਭਾਰੀ ਤਸ਼ੱਦਦ ਹੋਇਆ ਹੈ। ਇਸ ਦੇ ਵਿੱਚ ਇਹ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਸ਼ਾਇਦ ਸਟਾਫ ਦੀ ਕੋਈ ਆਪਸੀ ਮਿਲੀ ਭੁਗਤ ਹੋਵੇ ਜਿਸ ਕਰਕੇ ਇਹ ਤਸ਼ੱਦਦ ਕੀਤਾ। ਮੈਂ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਬੜਾ ਪਰੋਂਮਪਟ ਐਕਸ਼ਨ ਲਿਆ। ਜਿਹੜਾ ਉਥੇ ਸੀ. ਆਈ. ਏ. ਦਾ ਇੰਸਪੈਕਟਰ ਸੀ ਉਸ ਨੂੰ ਸਸਪੈਂਡ ਕੀਤਾ ਗਿਆ, ਸਬ-ਇੰਸਪੈਕਟਰ ਨੂੰ ਸਸਪੈਂਡ ਕੀਤਾ ਗਿਆ ਅਤੇ ਡੀ. ਐਸ. ਪੀ. ਨੂੰ

** Expunged as ordered by the Chair.

ਉਥੋਂ ਬਦਲਿਆ ਗਿਆ ਹੈ। ਇਸ ਤੋਂ ਵੱਧ ਅਸੀਂ ਕੀ ਕਰ ਸਕਦੇ ਹਾਂ।

ਸ਼੍ਰੀਮਤੀ ਵਿਮਲਾ ਡਾਂਗ. ਮੈਂ ਪੁੱਛਣਾ ਚਾਹੁੰਦੀ ਹਾਂ ਕਿ ਜਿਹੜਾ ਪੁਲਿਸ ਦਾ ਭਾਰੀ ਤਸ਼ੱਦਦ ਅਤੇ ਐਕਸੈਸਿਜ਼ ਹੋਈਆਂ ਹਨ, ਮੁਲਾਜ਼ਮਾਂ ਨੂੰ ਟਾਰਚਰ ਕੀਤਾ ਗਿਆ ਹੈ, ਹੱਡੀਆਂ ਤੋੜੀਆਂ ਗਈਆਂ ਹਨ ਅਤੇ ਉਹ ਇੰਪੋਟੈਂਟ ਹੋ ਗਏ ਹਨ, ਕੀ ਇਹ ਪੰਜਾਬ ਦੀ ਸਰਕਾਰ ਦੀ ਪਾਲਿਸੀ ਹੈ ? ਕੀ ਇਸ ਤਰੀਕੇ ਨਾਲ ਚੋਰੀ ਲੱਭੀ ਜਾਂਦੀ ਹੈ ? ਹਾਂ, ਚੋਰੀ ਜ਼ਰੂਰ ਲੱਭਣੀ ਚਾਹੀਦੀ ਹੈ ਪਰ ਕਿਸੇ ਤਰੀਕੇ ਨਾਲ ਲੱਭਣੀ ਚਾਹੀਦੀ ਹੈ।

ਸ਼੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ: ਸਪੀਕਰ ਸਾਹਿਬ, ਸਾਡੇ ਪਾਸ ਇਸ ਦੇ ਵਿਰੁੱਧ ਪ੍ਰੋਟੈਸਟ ਕਰਦੇ ਸਮੇਂ ਹਾਊਸ ਵਿਚੋਂ ਵਾਕ-ਆਊਟ ਕਰਨ ਤੋਂ ਇਲਾਵਾ ਕੋਈ ਚਾਰਾ ਨਹੀਂ ਰਹਿ ਜਾਂਦਾ। (ਇਸ ਸਮੇਂ ਵਿਰੋਧੀ ਬੈਂਚਾਂ ਵੱਲੋਂ ਕਾਫੀ ਸ਼ੋਰ ਹੋ ਰਿਹਾ ਸੀ)।

ਕਾਮਰੇਡ ਹਰਦੇਵ ਸਿੰਘ ਅਰਸ਼ੀ: ਸਪੀਕਰ ਸਾਹਿਬ, ਸਾਡੀ ਮੰਗ ਹੈ ਕਿ ਇਸ ਮਸਲੇ ਵਿੱਚ ਜੁਡੀਸ਼ੀਅਲ ਇਨਕੁਆਰੀ ਹੋਣੀ ਚਾਹੀਦੀ ਹੈ.....

WALK-OUT

(ਇਸ ਸਮੇਂ ਸੀ. ਪੀ. ਆਈ. ਦੇ ਸਾਰੇ ਹਾਜ਼ਰ ਮੈਂਬਰ ਸਾਹਿਬਾਨ ਸਦਨ ਵਿਚੋਂ ਵਾਕ-ਆਊਟ ਕਰ ਗਏ। ਉਨ੍ਹਾਂ ਦੇ ਨਾਲ ਹੀ ਜਨਤਾ ਦਲ ਦੇ ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ, ਸੀ. ਪੀ. ਐਮ. ਦੇ ਕਾਮਰੇਡ ਤਰਸੇਮ ਜੋਧਾਂ ਅਤੇ ਬੀ. ਜੇ. ਪੀ. ਦੇ ਡਾਕਟਰ ਰਮੇਸ਼ ਦੱਤ ਸ਼ਰਮਾ ਵੀ ਸਦਨ ਵਿਚੋਂ ਵਾਕ-ਆਊਟ ਕਰ ਗਏ)।

ਸ਼੍ਰੀ ਸਪੀਕਰ: ਹੁਣ ਅਸੀਂ ਗਵਰਨਰ ਸਾਹਿਬ ਦੇ ਐਡਰੈਸ ਤੇ ਧੰਨਵਾਦ ਦੇ ਮਤੇ ਨੂੰ ਲੈਂਦੇ ਹਾਂ। ਪਰਸੋਂ (24 ਫ਼ਰਵਰੀ, 1993) ਜਦੋਂ ਹਾਊਸ ਐਡਜਰਨ ਹੋਇਆ ਸੀ ਤਾਂ ਉਸ ਵਕਤ ਸ਼੍ਰੀਮਤੀ ਮਾਲਤੀ ਥਾਪਰ ਜੀ ਬੋਲ ਰਹੇ ਸਨ। ਮੈਂ ਉਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਉਹ ਆਪਣੀ ਤਕਰੀਰ ਜਾਰੀ ਰੱਖਣ।

RESUMPTION OF DISCUSSION ON GOVERNOR'S ADDRESS

ਡਾਕਟਰ (ਸ਼੍ਰੀਮਤੀ) ਮਾਲਤੀ ਥਾਪਰ (ਮੋਗਾ): ਰਿਸਪੈਕਟਿਡ ਸਪੀਕਰ ਸਾਹਿਬ, ਮੈਂ ਤੁਹਾਡੀ ਬੜੀ ਧੰਨਵਾਦੀ ਹਾਂ ਕਿ ਤੁਸੀਂ ਅੱਜ ਮੌਕਾ ਦਿੱਤਾ ਹੈ ਕਿ ਮੈਂ ਇਸ ਪਵਿੱਤਰ ਸਦਨ ਦੇ ਵਿਚ ਖੜ੍ਹੇ ਹੋ ਕੇ ਸ੍ਰੀ ਰਾਜਪਾਲ ਜੀ ਦੇ ਭਾਸ਼ਣ ਤੇ ਜਿਹੜਾ ਕਿ ਉਨ੍ਹਾਂ ਨੇ 22 ਫ਼ਰਵਰੀ, 1993 ਨੂੰ ਇਸ ਪਵਿੱਤਰ ਸਦਨ ਵਿੱਚ ਦਿੱਤਾ ਅਤੇ ਉਸ ਉਤੇ ਧੰਨਵਾਦ ਦਾ ਮਤਾ ਜਿਹੜਾ ਸਰਦਾਰ ਅਵਤਾਰ ਸਿੰਘ ਬਰਾੜ ਵੱਲੋਂ ਪੇਸ਼ ਕੀਤਾ ਗਿਆ ਜਿਸ ਦਾ ਸਮਰਥਨ ਸ੍ਰੀ ਖੁਸ਼ਹਾਲ ਬਹਿਲ ਜੀ ਨੇ ਕੀਤਾ, ਉਸ ਓਤੇ ਆਪਣੇ ਵਿਚਾਰ ਦੇ ਸਕਾਂ। ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦੀ ਹਾਂ ਕਿ ਸਾਡੇ ਰਾਜਪਾਲ ਜੀ ਨੇ ਜਿਹੜਾ ਭਾਸ਼ਣ ਦਿੱਤਾ ਉਹ ਠੀਕ ਲੋਕ-ਪੱਖੀ ਹੈ ਅਤੇ ਲੋਕਾਂ ਦੇ ਹਿੱਤਾਂ ਨੂੰ ਇਸ ਵਿੱਚ ਪਹਿਲ

[ਡਾਕਟਰ (ਸ੍ਰੀਮਤੀ) ਮਾਲਤੀ ਥਾਪਰ]

ਦਿੱਤੀ ਗਈ ਹੈ । 25 ਫ਼ਰਵਰੀ, 1992 ਨੂੰ ਪੰਜਾਬ ਦੇ ਵਿੱਚ ਜਦੋਂ ਸਰਦਾਰ ਬੇਅੰਤ ਸਿੰਘ ਜੀ ਦੀ ਅਗਵਾਈ ਦੇ ਹੇਠ ਚੁਣੀ ਹੋਈ ਸਰਕਾਰ ਬਣ ਕੇ ਆਈ ਸੀ ਤਾਂ ਉਨ੍ਹਾਂ ਨੇ ਆਉਂਦੇ ਸਾਰ ਮੁੱਖ ਮੰਤਰੀ ਬਣਨ ਤੋਂ ਬਾਅਦ ਇਸ ਪਵਿੱਤਰ ਸਦਨ ਦੇ ਵਿੱਚ ਕਿਹਾ ਸੀ ਕਿ ਮੈਂ ਇਕ ਸਾਲ ਦੇ ਅੰਦਰ ਅੰਦਰ ਪੰਜਾਬ ਦੀ ਲਾਅ ਐਂਡ ਆਰਡਰ ਦੀ ਪ੍ਰਾਬਲਮ ਜੋ ਹੈ ਉਹ ਸਭ ਤੋਂ ਪਹਿਲਾਂ ਠੀਕ ਕਰਾਂਗਾ । ਸਪੀਕਰ ਸਾਹਿਬ, ਕੱਲ੍ਹ ਪੂਰਾ ਇੱਕ ਸਾਲ ਹੋ ਗਿਆ ਸੀ ਸਾਡੀ ਪੰਜਾਬ ਦੇ ਵਿੱਚ ਲੋਕਤੰਤਰੀ ਰਾਜ ਸਰਕਾਰ ਬਣੀ ਨੂੰ ਅਤੇ ਮੁੱਖ ਮੰਤਰੀ ਜੀ ਜਿਨ੍ਹਾਂ ਨੇ ਇਸ ਸਦਨ ਵਿੱਚ ਇਹ ਵਾਇਦਾ ਕੀਤਾ ਸੀ, ਇਹ ਇਕ ਕਿਸਮ ਦਾ ਉਨ੍ਹਾਂ ਨੇ ਚਮਤਕਾਰ ਕਰਕੇ ਦਿਖਾਇਆ ਹੈ ਅਤੇ ਮੈਨੂੰ ਇਹ ਦੱਸਦੇ ਹੋਏ ਬੜੀ ਖੁਸ਼ੀ ਮਹਿਸੂਸ ਹੁੰਦੀ ਹੈ ਕਿ ਪੰਜਾਬ ਦੇ ਵਿੱਚ ਅੱਤਵਾਦ ਦਾ ਲੱਗਭਗ ਖਾਤਮਾ ਕਰ ਦਿੱਤਾ ਗਿਆ ਹੈ । ਇਸ ਦਾ ਸਬੂਤ ਸਾਨੂੰ ਇੱਕ ਛੋਟੇ ਜਿਹੇ ਆਂਕੜਿਆਂ ਤੋਂ ਹੀ ਪਤਾ ਲਗਦਾ ਹੈ ਕਿਉਂਕਿ ਪਿਛਲੇ ਸਾਲ ਜਨਵਰੀ, 1992 ਵਿੱਚ ਅੱਤਵਾਦੀਆਂ ਨੇ 95 ਸਿਵਲੀਅਨ ਦੀ ਅਤੇ 15 ਪੁਲਿਸ ਦੇ ਆਦਮੀਆਂ ਦੀ ਹੱਤਿਆ ਕੀਤੀ ਸੀ ਜਦ ਕਿ ਇਸ ਸਾਲ ਜਨਵਰੀ, 1993 ਵਿੱਚ 2 ਸਿਵਲੀਅਨ ਅਤੇ 5 ਪੁਲਿਸਮੈਨ ਦੀ ਹੱਤਿਆ ਹੋਈ ਹੈ । ਇਸ ਲਈ, ਸਪੀਕਰ ਸਾਹਿਬ, ਮੈਂ ਇਹ ਤੁਹਾਨੂੰ ਕਹਿਣਾ ਚਾਹੁੰਦੀ ਹਾਂ, ਤੁਹਾਨੂੰ ਦੱਸਣਾ ਚਾਹੁੰਦੀ ਹਾਂ ਕਿ people of Punjab have rejected the cult of violence and they have opted for democracy. ਸਪੀਕਰ ਸਾਹਿਬ, ਅਕਾਲੀ ਲੀਡਰਜ਼ ਬੇਸ਼ੱਕ ਅਜੇ ਵੀ ਇਸ ਗੱਲ ਨੂੰ ਨਹੀਂ ਮੰਨਦੇ । ਉਹ ਕਹਿੰਦੇ ਹਨ ਕਿ ਪਿਛਲੇ ਸਾਲ ਸਵਾਏ ਵਾਇਲੈਂਸ ਤੋਂ ਸਾਡੇ ਪੰਜਾਬ ਵਿੱਚ ਕੁਝ ਨਹੀਂ ਹੋਇਆ । ਸਪੀਕਰ ਸਾਹਿਬ, ਮੈਂ ਤੁਹਾਡੇ ਦੁਆਰਾ ਉਨ੍ਹਾਂ ਨੂੰ ਜਿਹੜੇ ਇਹ ਗੱਲ ਕਹਿੰਦੇ ਹਨ, ਦੱਸ ਦੇਣਾ ਚਾਹੁੰਦੀ ਹਾਂ ਕਿ ਸਾਡੇ ਸਰਦਾਰ ਬੇਅੰਤ ਸਿੰਘ ਜੀ ਦੀ ਕਾਰਗੁਜ਼ਾਰੀ ਦਾ ਸੱਭ ਤੋਂ ਵੱਡਾ ਪਰੂਫ ਹੈ ਕਿ ਉਹ ਅਕਾਲੀ ਲੀਡਰ ਜਿਹੜੇ ਕਿ ਆਪਣੇ ਘਰਾਂ ਵਿੱਚ ਛੁਪ ਕੇ ਬੈਠੇ ਸਨ ਸਰਦਾਰ ਬੇਅੰਤ ਸਿੰਘ ਜੀ ਦੇ ਹੀ ਕਾਰਨ ਉਹ ਅੱਜ ਆਜ਼ਾਦੀ ਦੇ ਨਾਲ ਬਿਨਾਂ ਸਿਕਿਉਰਟੀ ਤੋਂ ਰੈਲੀਜ਼ ਕਰਨ ਦਾ ਅਤੇ ਭਾਸ਼ਣ ਦੇਣ ਦਾ ਵਿਚਾਰ ਰੱਖਦੇ ਹਨ । ਸਪੀਕਰ ਸਾਹਿਬ, ਰਾਜਪਾਲ ਜੀ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਇੱਕ ਸਾਲ ਦੇ ਅੰਦਰ ਅੰਦਰ ਜਿਹੜਾ ਦਹਿਸ਼ਤਵਾਦ ਹੈ, ਉਸਦਾ ਸਫਾਇਆ ਕਰ ਦਿੱਤਾ ਗਿਆ ਹੈ । ਸਪੀਕਰ ਸਾਹਿਬ, ਇਸ ਦਾ ਸਿਹਰਾ ਜਾਂਦਾ ਹੈ ਸਾਡੇ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਜੀ ਨੂੰ ਜਿਨ੍ਹਾਂ ਨੇ ਸਾਡੇ ਪੰਜਾਬ ਦੇ ਵਿੱਚ ਭੈਣਾਂ ਦੇ ਸੁਹਾਗ ਬਚਾਏ ਅਤੇ ਜਿਹੜੀਆਂ ਮਾਵਾਂ ਦੀਆਂ ਗੋਦੀਆਂ ਉਜੜਦੀਆਂ ਸਨ ਉਨ੍ਹਾਂ ਨੂੰ ਬਚਾਇਆ । ਸਪੀਕਰ ਸਾਹਿਬ, ਇਸ ਦੇ ਬਾਅਦ ਮੈਂ ਦੱਸਣਾ ਚਾਹੁਦੀ ਹਾਂ ਕਿ ਸਾਡੇ ਮੁੱਖ ਮੰਤਰੀ ਜੀ ਨੇ ਵਾਇਦਾ ਕੀਤਾ ਸੀ ਇਸ ਸਦਨ ਦੇ ਵਿੱਚ ਕਿ ਮੈਂ ਇਕ ਸਾਲ ਦੇ ਅੰਦਰ ਅੰਦਰ ਪੰਜਾਬ ਦੇ ਵਿੱਚ ਗਰਾਸ-ਰੂਟ ਤੇ ਡੈਮੋਕਰੇਸੀ ਬਹਾਲ ਕਰਾਂਗਾ । ਮੈਨੂੰ ਇਹ ਦੱਸਦੇ ਹੋਏ ਬਹੁਤ ਖੁਸ਼ੀ ਹੁੰਦੀ ਹੈ ਕਿ ਇਨ੍ਹਾਂ ਨੇ ਸਤੰਬਰ, 1992 ਵਿਚ ਮਿਉਂਸਪਲ ਕਮੇਟੀਆਂ ਦੀਆਂ ਚੋਣਾਂ ਕਰਵਾ ਕੇ ਗਰਾਸ-ਰੂਟ ਲੈਵਲ ਤੇ ਡੈਮੋਕਰੇਸੀ ਨੂੰ ਬਹਾਲ ਕੀਤਾ । ਸਪੀਕਰ ਸਾਹਿਬ, ਮੈਂ ਸਦਨ ਦੇ ਵਿੱਚ ਆਪੋਜੀਸ਼ਨ ਦੇ ਮੈਂਬਰਾਂ

ਦੀਆਂ ਬਹੁਤ ਸਾਰੀਆਂ ਤਕਰੀਰਾਂ ਸੁਣੀਆਂ। ਉਨ੍ਹਾਂ ਦੇ ਇਹ ਵਿਚਾਰ ਸਨ ਕਿ ਮਿਉਂਸਪਲ ਕਮੇਟੀਆਂ ਦੀਆਂ ਇਲੈਕਸ਼ਨਜ਼ ਦੇ ਵਿੱਚ ਵੀ ਧਾਂਦਲੀਆਂ ਹੋਈਆਂ ਹਨ ਅਤੇ ਕਾਂਗਰਸ ਨੇ ਬਹੁਤ ਸਾਰੀਆਂ ਬੋਗਸ ਵੋਟਾਂ ਪਵਾਈਆਂ ਹਨ। ਸਪੀਕਰ ਸਾਹਿਬ, ਇਸ ਸਬੰਧ ਵਿੱਚ ਮੈਂ ਇਹ ਗੱਲ ਕਹਿਣੀ ਚਾਹੁੰਦੀ ਹਾਂ ਕਿ ਜੇ ਕਾਂਗਰਸ ਨੇ ਮਿਉਂਸਪਲ ਕਮੇਟੀ ਦੇ ਇਲੈਕਸ਼ਨ ਵਿੱਚ ਧਾਂਦਲੀਆਂ ਕੀਤੀਆਂ ਹੁੰਦੀਆਂ ਤਾਂ ਇਨ੍ਹਾਂ ਵਿੱਚ ਕਾਂਗਰਸ ਦੇ ਜ਼ਿਆਦਾ ਕੈਂਡੀਡੇਟਸ ਜਿੱਤ ਕੇ ਆਉਂਦੇ ਅਤੇ ਪ੍ਰੈਜ਼ੀਡੈਂਟਸ ਦੀ ਚੋਣ ਲਈ ਉਨ੍ਹਾਂ ਨੂੰ ਇੰਡੀਪੈਂਡੈਂਟਸ ਤੋਂ ਐਫੀਡੇਵਿਟ ਨਾ ਲੈਣੇ ਪੈਂਦੇ। ਇਸ ਦੇ ਬਾਅਦ ਸਪੀਕਰ ਸਾਹਿਬ, ਪੰਚਾਇਤਾਂ ਦੀਆਂ ਚੋਣਾਂ ਜੋ ਹੁਣੇ ਹੀ ਜਨਵਰੀ, 1993 ਵਿੱਚ ਹੋਈਆਂ, ਬੜੇ ਹੀ ਅੱਛੇ ਢੰਗ ਨਾਲ ਹੋਈਆਂ ਹਨ। ਬੜੀ ਹੀ ਖੁਸ਼ੀ ਹੁੰਦੀ ਹੈ ਕਿ 85% ਤੋਂ ਵੀ ਜ਼ਿਆਦਾ ਲੋਕਾਂ ਨੇ ਬੜੇ ਉਤਸ਼ਾਹ-ਪੂਰਵਕ ਢੰਗ ਨਾਲ ਆਪਣੀਆਂ ਵੋਟਾਂ ਦਾ ਇਸਤੇਮਾਲ ਕੀਤਾ। ਅੰਕੜਿਆਂ ਦੇ ਮੁਤਾਬਿਕ ਤਾਂ ਸਪੀਕਰ ਸਾਹਿਬ, ਸਾਨੂੰ ਪਤਾ ਹੈ ਕਿ 85% ਦੇ ਕਰੀਬ ਲੋਕਾਂ ਨੇ ਵੋਟ ਪਾਏ ਪਰ ਮੈਂ ਇਹ ਦੱਸਣਾ ਚਾਹੁੰਦੀ ਹਾਂ ਕਿ 100% ਹੀ ਵੋਟਾਂ ਪਈਆਂ ਹਨ ਕਿਉਂਕਿ ਉਨ੍ਹਾਂ ਵਿਚੋਂ ਬਹੁਤ ਸਾਰੇ ਵੋਟਰ ਡੈਡ ਸਨ, ਕੁਝ ਬੋਗਸ ਸਨ ਅਤੇ ਕੁਝ ਵੋਟਰ ਮਾਈਗਰੇਟ ਕਰਕੇ ਚਲੇ ਗਏ ਸਨ।

ਸਪੀਕਰ ਸਾਹਿਬ, ਇਸ ਤੋਂ ਬਾਅਦ ਮੈਂ ਇਹ ਕਹਿਣਾ ਚਾਹੁੰਦੀ ਹਾਂ ਕਿ ਕਿਸੇ ਵੀ ਕਿਸਮ ਦੀ ਕੋਈ ਧਾਂਦਲੀ ਨਾ ਤਾਂ ਮਿਉਂਸਪਲ ਚੋਣਾਂ ਵਿਚ ਹੋਈ ਅਤੇ ਨਾ ਹੀ ਪੰਚਾਇਤ ਇਲੈਕਸ਼ਨਾਂ ਵਿਚ ਹੋਈ। ਇਨ੍ਹਾਂ ਮਿਉਂਸਪਲ ਚੋਣਾਂ ਅਤੇ ਪੰਚਾਇਤ ਚੋਣਾਂ ਵਿਚ ਕਾਂਗਰਸ ਪਾਰਟੀ ਦੇ ਸਮੱਰਥਕ ਹੀ ਜਿੱਤੇ ਕਿਉਂਕਿ ਪੰਜਾਬ ਦੇ ਲੋਕਾਂ ਨੂੰ ਇਹ ਵਿਸ਼ਵਾਸ ਹੋ ਗਿਆ ਸੀ ਕਿ ਕਾਂਗਰਸ ਪਾਰਟੀ ਹੀ ਇਕ ਐਸੀ ਪਾਰਟੀ ਹੈ ਜਿਹੜੀ ਕਿ ਪੰਜਾਬ ਵਿਚ ਸ਼ਾਂਤੀ ਲਿਆ ਸਕਦੀ ਹੈ ਅਤੇ ਪੰਜਾਬ ਵਿਚ ਸਟੇਬਲ ਗੌਰਮਿੰਟ ਬਣਾ ਸਕਦੀ ਹੈ।

ਸਪੀਕਰ ਸਾਹਿਬ, ਇਸ ਤੋਂ ਬਾਅਦ ਮੈਂ ਹੋਰ ਕੁਝ ਨਾ ਕਹਿੰਦੀ ਹੋਈ ਸਿਰਫ ਮੈਡੀਕਲ ਐਜੂਕੇਸ਼ਨ ਅਤੇ ਹੈਲਥ ਡਿਪਾਰਟਮੈਂਟ ਬਾਰੇ ਦੱਸਣਾ ਚਾਹੁੰਦੀ ਹਾਂ। ਇਸ ਵਾਰੀ ਮਾਨਯੋਗ ਰਾਜਪਾਲ ਜੀ ਨੇ ਜੋ ਵੀ ਨੀਤੀਆਂ ਸਾਨੂੰ ਦਿੱਤੀਆਂ ਹਨ, ਉਹ ਬਹੁਤ ਹੀ ਪ੍ਰਸ਼ੰਸਾਯੋਗ ਅਤੇ ਸ਼ਲਾਘਾਯੋਗ ਹਨ। ਪਰ ਮੇਰਾ ਖਿਆਲ ਹੈ ਕਿ ਹੈਲਥ ਵਾਸਤੇ ਬਹੁਤ ਹੀ ਘੱਟ ਫੰਡਜ਼ ਦੀ ਐਲੋਕੇਸ਼ਨ ਹੋਈ ਹੈ। ਸਾਨੂੰ ਪਤਾ ਹੈ ਕਿ ਮਲੇਰੀਆ, ਟੀ. ਬੀ ਅਤੇ ਐਚ. ਆਈ. ਵੀ ਇਨਫੈਕਸ਼ਨ ਬਹੁਤ ਹੀ ਸਪਰੈਡ ਹੋ ਰਹੀਆਂ ਹਨ। ਇਸ ਵਾਸਤੇ ਮੇਰਾ ਸੁਜੈਸ਼ਨ ਹੈ ਕਿ ਪ੍ਰਾਇਮਰੀ ਹੈਲਥ ਸੈਂਟਰਾਂ ਵਿਚ ਇਨ੍ਹਾਂ ਨੂੰ ਦੂਰ ਕਰਨ ਲਈ ਧਿਆਨ ਦੇਣਾ ਚਾਹੀਦਾ ਹੈ।

ਸਪੀਕਰ ਸਾਹਿਬ, ਔਰਤਾਂ ਵਿਚ ਲਿਟਰੇਸੀ ਬਹੁਤ ਜ਼ਿਆਦਾ ਵਧਣ ਕਰਕੇ ਰੂਰਲ ਏਰੀਆਜ ਵਿਚ ਡਿਮਾਂਡਸ ਪੈਦਾ ਹੋ ਰਹੀਆਂ ਹਨ। ਬੇਟਰ ਸੈਨੀਟੇਸ਼ਨ ਅਤੇ ਜ਼ਿਆਦਾ ਕੈਲੋਰੀਫਾਈ ਡਾਈਟ ਜ਼ਰੂਰੀ ਹੈ। ਸਪੀਕਰ ਸਾਹਿਬ, ਜਿਹੜੀਆਂ ਸਾਡੀਆਂ ਪੰਜ ਮੇਨ ਕਿੱਲਰ ਡਿਜ਼ੀਜ਼ਿਜ਼ ਹਨ, ਉਨ੍ਹਾਂ ਦੀ ਇਮੂਨਾਈਜ਼ੇਸ਼ਨ ਦੀ ਬਹੁਤ ਹੀ ਜ਼ਰਰਤ ਹੈ। ਸਪੀਕਰ ਸਾਹਿਬ, ਸਾਡੇ ਹਿੰਦੁਸਤਾਨ ਦੇ ਲੋਕਾਂ ਦਾ ਲਾਈਫ ਸਪੈਨ

[ਡਾਕਟਰ (ਸ੍ਰੀਮਤੀ) ਮਾਲਤੀ ਥਾਪਰ]

ਬਹੁਤ ਹੀ ਘੱਟ ਹੈ ਅਤੇ ਇਹ ਸਿਰਫ 60 ਸਾਲ ਹੈ ਜਦ ਕਿ ਆਸਟਰੇਲੀਆ ਦੇ ਲੋਕਾਂ ਦਾ ਲਾਈਫ ਸਪੈਨ 77 ਸਾਲ ਹੈ। ਉਨ੍ਹਾਂ ਦੇ ਮੁਕਾਬਲੇ ਹਿੰਦੁਸਤਾਨ ਦੀ ਕੈਲੋਰੀ ਇੰਟੇਕ ਬਹੁਤ ਹੀ ਘੱਟ ਹੈ ਅਤੇ 2104 ਪਰ ਕੈਪੀਟਾ ਕੈਲੋਰੀ ਹੈ। ਸਿੰਘਾਪੁਰ ਵਿਚ ਮੈਰੀਡ ਕਪਲ ਕੰਟਰਾਸੈਪਟਿਵ ਯੂਜ਼ 74.5% ਹੈ। ਇਸ ਦੇ ਮੁਕਾਬਲੇ ਇੰਡੀਆ ਵਿਚ ਬਹੁਤ ਹੀ ਘੱਟ ਅਰਥਾਤ 37.5% ਹੈ। ਸਪੀਕਰ ਸਾਹਿਬ, ਇਹ ਅੰਕੜੇ ਮੈਂ ਇਸ ਲਈ ਦੇ ਰਹੀ ਹਾਂ ਤਾਂ ਕਿ ਕਿਸੇ ਕਿਸਮ ਦਾ ਕੋਈ ਵੀ ਸ਼ੱਕ ਨਾ ਰਹੇ। ਸਾਡੀ ਜਦੋਂ ਵੀ ਪਾਪੂਲਰ ਗੌਰਮਿੰਟ ਆਈ ਹੈ, ਸਾਡੇ ਹਸਪਤਾਲਾਂ ਵਿਚ, ਸਾਡੇ ਪ੍ਰਾਇਮਰੀ ਹੈਲਥ ਸੈਂਟਰਾਂ ਵਿਚ, ਸਾਡੀਆਂ ਡਿਸਪੈਂਸਰੀਆਂ ਵਿਚ ਕੰਮ ਦਾ ਢੰਗ ਅੱਗੇ ਨਾਲੋਂ ਕਾਫੀ ਅੱਛਾ ਹੋ ਰਿਹਾ ਹੈ। ਪਰ ਫਿਰ ਵੀ ਅਜੇ ਲੋਕਾਂ ਦੀ ਸੈਟਿਸਫੈਕਸ਼ਨ ਪੂਰੀ ਨਹੀਂ ਹੋਈ। ਇਸ ਲਈ ਮੈਂ ਕਹਿਣਾ ਚਾਹੁੰਦੀ ਹਾਂ ਕਿ ਹਸਪਤਾਲਾਂ ਅਤੇ ਪ੍ਰਾਇਮਰੀ ਹੈਲਥ ਸੈਂਟਰਾਂ ਵਿਚ ਲੋਕਾਂ ਨੂੰ ਇਨਵਾਲਵ ਕਰੀਏ ਅਤੇ ਉਨ੍ਹਾਂ ਦੀ ਇਨਵਾਲਵਮੈਂਟ ਵਾਸਤੇ ਕਮੇਟੀਆਂ ਬਣਾਈਏ ਜਿਹੜੀਆਂ ਹਸਪਤਾਲਾਂ ਵਿਚ ਚੈਕਿੰਗ ਕਰਨ ਅਤੇ ਰਿਪੋਰਟ ਭੇਜਣ। ਇਨ੍ਹਾਂ ਗੱਲਾਂ ਨਾਲ ਲੋਕਾਂ ਨੂੰ ਇਹ ਮਹਿਸੂਸ ਹੋਵੇਗਾ ਕਿ ਇਹ ਜਿਹੜੇ ਅਦਾਰੇ ਹਨ, ਇਹ ਸਾਡੇ ਆਪਣੇ ਅਦਾਰੇ ਹਨ, ਇਹ ਜਿਹੜੀ ਸਰਕਾਰ ਹੈ, ਇਹ ਸਾਡੀ ਆਪਣੀ ਸਰਕਾਰ ਹੈ।

ਸਪੀਕਰ ਸਾਹਿਬ, ਜਿਹੜੀ ਸਾਡੀ ਡਰੱਗਜ਼ ਪਾਲਿਸੀ ਹੈ, ਉਸ ਬਾਰੇ ਮੈਂ ਮਨਿਸਟਰ ਸਾਹਿਬ ਨੂੰ ਕੁਐਸਚਨ ਵੀ ਕੀਤਾ ਸੀ, ਉਸ ਨੂੰ ਨਵਾਂ ਰੂਪ ਦੇਣਾ ਚਾਹੀਦਾ ਹੈ ਕਿਉਂਕਿ ਅਸੈਂਸ਼ੀਅਲ ਡਰੱਗਜ਼ ਦੀ ਲੋਕਾਂ ਨੂੰ ਬਹੁਤ ਹੀ ਜ਼ਰੂਰਤ ਹੈ। ਅਸੈਂਸ਼ੀਅਲ ਡਰੱਗਜ਼ ਤੋਂ ਭਾਵ ਰੁਟੀਨ ਜਾਂ ਡੇਅਲੀ ਵਰਤੋਂ ਵਿਚ ਆਉਣ ਵਾਲੀਆਂ ਦਵਾਈਆਂ ਜਿਵੇਂ ਸਟਿਚਿਜ਼ ਲਗਾਉਣਾ ਜਾਂ ਡਰੈਸਿੰਗ ਕਰਨਾ ਆਦਿ। ਸਿੰਪਲ ਮੈਡੀਸਨ ਪਰਚੇਜ਼ ਕਰਨ ਵਾਸਤੇ ਡਰੱਗਜ਼ ਪਾਲਿਸੀ ਹਰ ਹਸਪਤਾਲ, ਹਰ ਡਿਸਪੈਂਸਰੀ ਵਿਚ ਪ੍ਰੋਵਾਈਡ ਹੋਣੀ ਚਾਹੀਦੀ ਹੈ ਕਿਉਂਕਿ ਉਥੇ ਕਾਸਟਲੀ ਮੈਡੀਸਨ ਚਲੀਆਂ ਜਾਂਦੀਆਂ ਹਨ ਅਤੇ ਕਈ ਵਾਰੀ ਉਨ੍ਹਾਂ ਦੀ ਡੇਟ ਵੀ ਐਕਸਪਾਇਰ ਹੋ ਜਾਂਦੀ ਹੈ। ਇਸ ਕਰਕੇ ਕਾਸਟਲੀ ਮੈਡੀਸਨਜ਼ ਲੋਕਾਂ ਦੇ ਘੱਟ ਇਸਤੇਮਾਲ ਵਿਚ ਆਉਂਦੀਆਂ ਹਨ।

ਸ੍ਰੀ ਸਪੀਕਰ: ਭੈਣ ਮਾਲਤੀ ਥਾਪਰ ਜੀ, ਟਾਈਮ ਦਾ ਥੋੜ੍ਹਾ ਖਿਆਲ ਰੱਖੋ। ਬਾਕੀ ਮੈਂਬਰ ਸਾਹਿਬਾਨ ਨੇ ਵੀ ਬੋਲਣਾ ਹੈ।

ਡਾਕਟਰ (ਸ੍ਰੀਮਤੀ) ਮਾਲਤੀ ਥਾਪਰ: ਠੀਕ ਹੈ ਜੀ। ਮੈਂ ਤਜਵੀਜ਼ ਕਰਦੀ ਹਾਂ ਕਿ ਡਰਗਜ਼ ਵਾਜਿਬ ਕੁਆਲਿਟੀ ਦੀਆਂ ਖਰੀਦਣੀਆਂ ਚਾਹੀਦੀਆਂ ਹਨ। ਪੰਜਾਬ ਦੇ ਜਿਨ੍ਹਾਂ ਮੈਨੂਫੈਕਚਰਰਜ਼ ਦੀਆਂ ਡਰੱਗਜ਼ ਕੁਆਲਿਟੀ ਦੀਆਂ ਹਨ ਉਨ੍ਹਾਂ ਤੋਂ ਖਰੀਦਣੀਆਂ ਚਾਹੀਦੀਆਂ ਹਨ। ਇਸ ਤਰ੍ਹਾਂ ਉਨ੍ਹਾਂ ਨੂੰ ਅਸੀਂ ਐਨਕਰੇਜ ਕਰੀਏ ਤਾਂ ਕਿ ਉਹ ਪੰਜਾਬ ਛੱਡ ਕੇ ਕਿਧਰੇ ਹੋਰ ਇੰਡਸਟਰੀ ਲਾਉਣ ਦਾ ਖਿਆਲ ਹੀ ਨਾ ਕਰਨ।

ਸਪੀਕਰ ਸਾਹਿਬ, ਜਿਹੜੀ ਸਾਡੀ ਹਿੰਦੁਸਤਾਨ ਦੀ ਇਕ ਬਰਨਿੰਗ ਪ੍ਰਾਬਲਮ ਹੈ ਜਿਸ ਦੇ ਵੱਲ ਅਸੀਂ ਬਹੁਤ ਘੱਟ ਧਿਆਨ ਦਿੱਤਾ ਹੈ ਉਹ ਹੈ ਪਾਪੂਲੇਸ਼ਨ ਐਕਸਪਲੋਜ਼ਨ। ਮਨਿਸਟਰ ਸਾਹਿਬ ਨੇ ਜਿਹੜਾ ਬਰਥ ਰੇਟ ਦੱਸਿਆ ਹੈ ਉਹ ਉਨ੍ਹਾਂ ਨੇ 27.5 ਪਰ ਥਾਊਜ਼ੈਂਡ ਦੱਸਿਆ ਹੈ .ਪਰ ਮੈਂ ਦੱਸਣਾ ਚਾਹੁੰਦੀ ਹਾਂ ਕਿ ਜਿਹੜਾ ਇਨ੍ਹਾਂ ਨੇ ਬਰਥ ਰੇਟ ਦੱਸਿਆ ਹੈ ਉਹ ਬਹੁਤਾ ਤਸੱਲੀਬਖਸ਼ ਨਹੀਂ ਹੈ ਕਿਉਂਕਿ ਜਿਹੜਾ 20 ਸਾਲਾਂ ਦੇ ਵਿੱਚ ਅਸੀਂ ਟਾਰਗੇਟ ਅਚੀਵ ਕਰਨਾ ਸੀ ਉਸ ਦੇ ਮੁਤਾਬਿਕ ਜਿਹੜਾ ਮੈਨੂੰ ਇਨ੍ਹਾਂ ਨੇ ਗਰੋਥ ਰੇਟ ਦੱਸਿਆ ਉਹ ਅੰਕੜੇ ਕੋਈ ਠੀਕ ਨਹੀਂ ਲਗਦੇ। ਮੈਂ ਮਹਿਸੂਸ ਕਰਦੀ ਹਾਂ ਇਸ ਤਰੀਕੇ ਨਾਲ ਅਸੀਂ ਗਰੋਥ ਰੇਟ ਦਾ ਜੋ ਟਾਰਗੇਟ ਹੈ ਉਹ ਪੂਰਾ ਨਹੀਂ ਕਰ ਸਕਦੇ ਔਰ ਜਦੋਂ ਤਕ ਅਸੀਂ ਗਰੋਥ ਰੇਟ ਨੂੰ ਜ਼ੀਰੋ ਤਕ ਨਹੀਂ ਲਿਆਂਦੇ ਅਸੀਂ ਪਾਪੂਲੇਸ਼ਨ ਨੂੰ ਕੰਟਰੋਲ ਨਹੀਂ ਕਰ ਸਕਦੇ। ਸਪੀਕਰ ਸਾਹਿਬ, ਮੈਂ ਇਥੇ ਦਸਣਾ ਚਾਹੁੰਦੀ ਹਾਂ, ਬੇਸ਼ਕ ਤੁਸੀਂ ਦੱਸਿਆ ਹੈ ਕਿ ਟਾਈਮ ਬਹੁਤ ਘੱਟ ਹੈ ਪਰ ਅਜੇ ਤਾਂ ਮੈਂ ਮੈਡੀਕਲ ਦੇ ਬਾਰੇ ਹੀ ਕੁਝ ਗੱਲਾਂ ਦੱਸੀਆਂ ਹਨ, ਜਦੋਂ 1987 ਦੇ ਵਿੱਚ ਪਾਕਿਸਤਾਨ ਦੇ ਵਿੱਚ ਇਕ ਮੈਡੀਕਲ ਕਾਨਫਰੰਸ ਹੋਈ ਤਾਂ ਉਥੋਂ ਦੇ ਪ੍ਰੈਜ਼ੀਡੈਂਟ ਜ਼ੀਆ-ਉਲ-ਹੱਕ ਨੇ ਸਾਡੀ ਕਾਨਫਰੰਸ ਨੂੰ ਸੰਬੋਧਨ ਕੀਤਾ ਸੀ ਅਤੇ ਉਨ੍ਹਾਂ ਨੇ ਦੱਸਿਆ ਕਿ ਚਾਈਨਾ ਵਰਲਡ ਦੇ ਵਿੱਚ ਫੈਮਿਲੀ ਪਲੈਨਿੰਗ ਦੇ ਵਿੱਚ ਸਭ ਤੋਂ ਅਗੇ ਹੈ। ਉਨ੍ਹਾਂ ਨੇ ਦੱਸਿਆ ਕਿ ਉਥੇ ਦੇ ਚੇਅਰਮੈਨ ਨਾਲ ਜਦੋਂ ਉਨ੍ਹਾਂ ਦੀ ਪਹਿਲਾਂ ਫੈਮਿਲੀ ਪਲੈਨਿੰਗ ਦੇ ਬਾਰੇ ਗੱਲ ਬਾਤ ਹੋਈ ਅਤੇ ਜਦੋਂ ਉਨ੍ਹਾਂ ਨੂੰ ਫੈਮਿਲੀ ਪਲੈਨਿੰਗ ਦਾ ਸਵਾਲ ਕੀਤਾ ਤਾਂ ਉਨ੍ਹਾਂ ਨੇ ਕਿਹਾ ਕਿ ਫੈਮਿਲੀ ਪਲੈਨਿੰਗ ਦੀ ਸਾਨੂੰ ਕੋਈ ਜ਼ਰੂਰਤ ਨਹੀਂ ਹੈ ਕਿਉਂਕਿ ਸਾਡੀ ਤਾਕਤ ਜਨਤਾ ਹੀ ਹੈ। ਉਨ੍ਹਾਂ ਨੇ ਦੱਸਿਆ ਕਿ 2 ਸਾਲ ਦੇ ਬਾਅਦ ਜਦੋਂ ਫਿਰ ਉਨ੍ਹਾਂ ਨੂੰ ਪੁੱਛਿਆ ਤਾਂ ਉਨ੍ਹਾਂ ਨੇ ਕਿਹਾ ਕਿ ਸਾਨੂੰ ਫੈਮਿਲੀ ਪਲੈਨਿੰਗ ਦੀ ਜ਼ਰੂਰਤ ਹੈ ਕਿਉਂਕਿ ਜਦੋਂ ਤਕ ਅਸੀਂ ਲੋਕਾਂ ਨੂੰ ਇਨਸੈਂਟਿਵ ਨਹੀਂ ਦਿੰਦੇ, ਅਸੀਂ ਅਲਿਉਰਮੈਂਟ ਨਹੀਂ ਦਿੰਦੇ, ਫੈਮਿਲੀ ਪਲੈਨਿੰਗ ਪੂਰੀ ਨਹੀਂ ਹੁੰਦੀ। ਮੈਨੂੰ ਇਥੇ ਇਹ ਦੱਸ ਕੇ ਖੁਸ਼ੀ ਹੁੰਦੀ ਹੈ ਕਿ 5 ਸਾਲਾਂ ਦੇ ਵਿੱਚ ਉਨ੍ਹਾਂ ਦਾ ਗਰੋਥ ਰੇਟ ਨੈਗੇਟਿਵ ਵੈਲਿਯੂ ਵਿੱਚ ਆ ਗਿਆ ਹੈ! ਮੈਂ ਸਰਦਾਰ ਬੇਅੰਤ ਸਿੰਘ ਜੀ, ਮੁੱਖ ਮੰਤਰੀ ਸਾਹਿਬ ਨੂੰ ਅਤੇ ਹੈਲਥ ਮਨਿਸਟਰ ਸਾਹਿਬ, ਸਰਦਾਰ ਲਾਲ ਸਿੰਘ ਜੀ ਨੂੰ ਰਿਕੁਐਸਟ ਕਰਦੀ ਹਾਂ ਕਿ ਉਹ ਸਾਡੇ ਪੰਜਾਬ ਦੇ ਵਿੱਚ ਲੋਕਾਂ ਨੂੰ ਇਤਨੇ ਇਨਸੈਂਟਿਵ ਦੇਣ, ਇਤਨੀਆਂ ਅਲਿਉਰਮੈਂਟਸ ਦੇਣ ਕਿ ਜਿਸ ਦੇ ਨਾਲ ਲੋਕ ਸਿੰਗਲ ਚਾਈਲਡ ਫੈਮਿਲੀ ਅਪਨਾਉਣ। ਜਦੋਂ ਅਸੀਂ ਉਨ੍ਹਾਂ ਨੂੰ ਇਨਸੈਂਟਿਵਜ਼ ਦੇਵਾਂਗੇ ਤਾਂ ਲੋਕੀ ਆਪਣੇ ਆਪ ਸਿੰਗਲ ਚਾਈਲਡ ਫੈਮਿਲੀ ਅਪਨਾਉਣਗੇ। ਮੈਂ ਇਹ ਕਹਿਣਾ ਚਾਹੁੰਦੀ ਹਾਂ ਕਿ ਅਸੀਂ ਬੱਚੇ ਕਿਉਂ ਪੈਦਾ ਕਰਦੇ ਹਾਂ ? ਅਸੀਂ ਬੱਚੇ ਇਸ ਕਰਕੇ ਪੈਦਾ ਕਰਦੇ ਹਾਂ ਕਿ ਉਹ ਸਾਡੇ ਵਰਕਿੰਗ ਹੈਂਡਜ਼ ਬਣਨ, ਸਾਡੇ ਬੁੜਾਪੇ ਦਾ ਸਹਾਰਾ ਬਣਨ। ਜੇ ਅਸੀਂ ਇਕ ਕਪਲ ਨੂੰ ਇਹ ਐਸ਼ੋਅਰ ਕਰਵਾਵਾਂਗੇ ਕਿ ਅਸੀਂ ਤੁਹਾਨੂੰ ਇਨਸੈਂਟਿਵਜ਼ ਇਤਨੇ ਦੇਣੇ ਹਨ, ਅਲਿਉਰਮੈਂਟਸ ਇਤਨੀਆਂ ਦੇਣੀਆਂ ਹਨ ਤਾਂ ਉਹ ਇਸ ਪਾਸੇ ਵੱਲ ਨੂੰ ਆਪੇ ਤੁਰਨਗੇ। ਮੈਂ ਕਹਿਣਾ ਚਾਹੁੰਦੀ ਹਾਂ ਹੈ ਕਿ ਜੇ ਉਨ੍ਹਾਂ ਦੇ ਬੁੜਾਪੇ ਦਾ ਖਿਆਲ ਰੱਖਿਆ ਜਾਵੇ ਜੇ ਉਨ੍ਹਾਂ ਨੂੰ ਬੁੜਾਪਾ ਪੈਨਸ਼ਨ ਜਾਂ ਹੋਰ ਇਸ ਕਿਸਮ ਦੀਆਂ ਸਹੂਲਤਾਂ, ਇਨਸੈਂਟਿਵ ਦਿੱਤੇ ਜਾਣ ਤਾਂ ਮੈਂ ਕਹਿ ਸਕਦੀ ਹਾਂ ਕਿ ਪੰਜਾਬ ਇਕ ਇਹੋ

[ਡਾਕਟਰ (ਸ੍ਰੀਮਤੀ) ਮਾਲਤੀ ਥਾਪਰ]

ਜਿਹਾ ਸੂਬਾ ਹੋਵੇਗਾ, ਸਾਰੇ ਹਿੰਦੁਸਤਾਨ ਦੇ ਵਿੱਚ ਪੰਜਾਬ ਇਕ ਪਹਿਲਾ ਸੂਬਾ ਹੋਵੇਗਾ ਜਿਥੇ ਅਸੀਂ ਗਰੋਥ ਰੇਟ ਬਹੁਤ ਹੀ ਘੱਟ ਕਰ ਸਕਾਂਗੇ । So, for Family Planning ਸਾਨੂੰ ਕਿਸੇ ਪ੍ਰੈਸ਼ਰ ਜਾਂ ਜਬਰਦਸਤੀ ਦੀ ਜ਼ਰੂਰਤ ਨਹੀਂ । ਜ਼ਰੂਰਤ ਹੈ ਸਟਰੌਂਗ ਪੁਲਿਟੀਕਲ ਵਿੱਲ ਦੀ ।

ਸਰ, ਮੈਡੀਕਲ ਐਜੂਕੇਸ਼ਨ ਦੇ ਬਾਰੇ ਮੈਂ ਇਹ ਕਹਿਣਾ ਚਾਹੁੰਦੀ ਹਾਂ ਕਿ ਇਸ ਵਕਤ ਸਾਡੇ ਪੰਜਾਬ ਦੇ ਵਿੱਚ ਤਿੰਨ ਗੌਰਮਿੰਟ ਮੈਡੀਕਲ ਕਾਲਿਜ ਹਨ ਔਰ 2 ਪ੍ਰਾਈਵੇਟ ਮੈਡੀਕਲ ਕਾਲਜ ਹਨ । ਪਰ ਇਹ ਸਾਰੇ ਅਲੱਗ ਅਲੱਗ ਯੂਨੀਵਰਸਿਟੀਆਂ ਦੇ ਅੰਡਰ ਹਨ ਔਰ ਇਨ੍ਹਾਂ ਦਾ ਸਟੈਂਡਰਡ ਅਲੱਗ ਅਲੱਗ ਹੈ । ਮੈਂ ਹੈਲਥ ਮਨਿਸਟਰ ਸਾਹਿਬ ਨੂੰ ਰਿਕੁਐਸਟ ਕਰਾਂਗੀ ਕਿ ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਇਕ ਮੈਡੀਕਲ ਯੂਨੀਵਰਸਿਟੀ ਬਣਾਉਣ ਜਿਸ ਦੇ ਅੰਡਰ ਪੈਰਾ ਮੈਡੀਕਲ ਅਤੇ ਮੈਡੀਕਲ ਕਾਲਿਜਿਜ਼ ਸਾਰੇ ਆਉਣ ਅਤੇ ਉਨ੍ਹਾਂ ਦਾ ਸਟੈਂਡਰਡ ਇਕੋ ਜਿਹਾ ਹੋ ਸਕੇ । ਇਸ ਦੇ ਵਿੱਚ ਇਕ ਹੋਰ ਸੁਜੈਸ਼ਨ ਹੈ ਕਿ ਪ੍ਰਾਈਵੇਟ ਮੈਡੀਕਲ ਕਾਲਜ ਜ਼ਿਆਦਾ ਤਾਂ ਅਸੀਂ ਪਰੈਫਰ ਨਹੀਂ ਕਰਦੇ ਪਰ ਅਸੀਂ ਰੀਜ਼ਨੇਬਲ ਪ੍ਰਾਈਵੇਟ ਮੈਡੀਕਲ ਕਾਲਿਜਿਜ਼ ਨੂੰ ਪ੍ਰੈਫਰੈਂਸ ਦੇ ਸਕਦੇ ਹਾਂ । ਇਸ ਦੇ ਨਾਲ ਸਾਡੇ ਸਟੂਡੈਂਟਸ ਜੋ ਕਰੋੜਾਂ ਰੁਪਏ ਦੇ ਕੇ ਬਾਹਰ ਦੂਸਰੀਆਂ ਥਾਵਾਂ ਤੇ ਐਡਮਿਸ਼ਨਜ਼ ਲੈਂਦੇ ਹਨ ਉਹ ਮਨੀ ਪੰਜਾਬ ਦੇ ਵਿੱਚ ਯੂਜ਼ ਹੋ ਸਕਦੀ ਹੈ ।

ਸਪੀਕਰ ਸਾਹਿਬ, ਇੰਡਸਟਰੀ ਦੇ ਬਾਰੇ ਮੈਂ ਇਹ ਕਹਿਣਾ ਚਾਹਾਂਗੀ ਕਿ ਜਿਹੜੀ ਸਾਡੀ ਮੇਨ ਪ੍ਰਾਬਲਮ ਹੈ ਉਹ ਐਲੋਕੇਸ਼ਨ ਆਫ ਫੰਡਜ਼ ਦੀ ਹੈ । 50 ਲੱਖ ਰੁਪਿਆ ਰਖਿਆ ਗਿਆ ਔਰ ਸਮਾਲ ਸਕੇਲ ਇੰਡਸਟਰੀ ਜੋ ਹੈ ਉਸ ਦੇ 500 ਯੂਨਿਟ ਹਨ ਜੋ ਪਰ-ਡਿਸਟ੍ਰਿਕਟ 30 ਯੂਨਿਟ ਹੀ ਬਣਦੇ ਹਨ । ਜਿਹੜੀ ਸਾਡੀ ਬਜਟ ਐਲੋਕੇਸ਼ਨ ਹੈ ਉਹ ਬਹੁਤ ਘੱਟ ਹੈ । ਜਿਹੜੇ ਸਾਨੂੰ ਇਨਸੈਂਟਿਵ ਦਿੱਤੇ ਜਾਂਦੇ ਹਨ ਉਨ੍ਹਾਂ ਵਿਚ ਵੀ ਤਰਤੀਬ ਬਣਾਈ ਹੋਈ ਹੈ । ਇਕ ਬਾਰਡਰ ਏਰੀਆ ਅਤੇ ਦੂਜੇ ਨਾਨ-ਬਾਰਡਰ ਏਰੀਆਜ਼ । ਬਾਰਡਰ ਏਰੀਆਜ਼ ਨੂੰ 30 % ਇਨਸੈਂਟਿਵਜ਼ ਦਿਤੇ ਜਾਂਦੇ ਹਨ ਅਤੇ ਨਾਨ-ਬਾਰਡਰ ਏਰੀਆਜ਼ ਵਿਚ 20% । ਫਿਰ ਨਾਨ- ਬਾਰਡਰ ਏਰੀਆਜ਼ ਵਿਚ ਦੋ ਕਲਾਸਾਂ ਹਨ । ਇਕ ਬੈਕਵਰਡ ਏਰੀਆਜ਼ ਅਤੇ ਦੂਜੇ ਨਾਨ-ਬੈਕਵਰਡ ਏਰੀਆਜ਼। ਮੇਰੀ ਅਰਜ਼ ਹੈ ਕਿ ਜਿਹੜੇ ਬੈਕਵਰਡ ਏਰੀਆਜ਼ ਹਨ ਉਨ੍ਹਾਂ ਨੂੰ ਜ਼ਿਆਦਾ ਤਰੱਕੀ ਦਿਤੀ ਜਾਵੇ । ਇਸ ਦੇ ਨਾਲ ਹੀ ਮੇਰੀ ਇਹ ਅਰਜ਼ ਹੈ ਕਿ ਮੌਡਰੇਨਾਇਜ਼ੇਸ਼ਨ ਆਫ ਇੰਡਸਟਰੀ ਵਾਸਤੇ ਕੋਈ ਨਵੀਂ ਪਾਲਿਸੀ ਬਣਾਈ ਜਾਵੇ, ਉਨ੍ਹਾਂ ਨੂੰ ਵੀ ਕੋਈ ਇਨਸੈਂਟਿਵਜ਼ ਦਿਤੇ ਜਾਣ । ਇਸ ਦੇ ਨਾਲ ਹੀ ਜਿਹੜੇ ਐਨ. ਆਰ. ਆਈ. ਹਨ ਉਨ੍ਹਾਂ ਨੂੰ ਵੀ ਇਨਸੈਂਟਿਵਜ਼ ਦਿਤੇ ਜਾਣ ਤਾਂ ਕਿ ਸਾਡੇ ਪੰਜਾਬ ਵਿਚ ਜ਼ਿਆਦਾ ਤੋਂ ਜ਼ਿਆਦਾ ਇੰਡਸਟਰੀ ਲੱਗ ਸਕੇ । ਸਾਡੀ ਇੰਡਸਟਰੀ ਵਿਚ ਇਕ ਬੜਾ ਭਾਰੀ ਡਰਾਅ ਬੈਕ ਇਹ ਰਹਿ ਗਿਆ ਹੈ ਕਿ ਜਿਹੜੇ ਇਨਸੈਂਟਿਵਜ਼ ਔਰ ਅਚਿਉਰਮੈਂਟਸ ਐਨ.ਆਈ.ਐਫ.ਐਲ. ਅਤੇ ਸਬਸਿਡੀ ਇੰਡਸਟਰੀਅਲ ਯੂਨਿਟਸ ਨੂੰ ਦਿਤੇ ਜਾਣੇ ਚਾਹੀਦੇ ਸਨ, ਫਾਈਨਾਂਸ਼ਨ ਐਲੋਕੇਸ਼ਨ ਘੱਟ ਹੋਣ ਕਰਕੇ ਨਹੀਂ ਦਿਤੇ ਜਾ ਸਕੇ ਔਰ ਪਿਛਲੇ ਸਾਲ ਦੇ ਏਰੀਅਰਜ਼ ਹਾਲੇ ਤਕ ਦੇਣੇ ਰਹਿੰਦੇ ਹਨ ਜਿਸ ਕਰਕੇ ਲੋਕ ਇਥੇ ਜ਼ਿਆਦਾ

ਇੰਡਸਟਰੀ ਨਹੀਂ ਲਗਾਂਦੇ । ਮੇਰੀ ਰਿਕੁਐਸਟ ਹੈ ਕਿ ਇੰਡਸਟਰੀ ਵਿਚ ਲੇਡੀਜ਼ ਨੂੰ, ਵੂਮੇਨ ਨੂੰ ਐਨਕਰੇਜ ਕਰਨਾ ਚਾਹੀਦਾ ਹੈ, ਜ਼ਿਆਦਾ ਇਨਸੈਂਟਿਵਜ਼ ਦਿਤੇ ਜਾਣੇ ਚਾਹੀਦੇ ਹਨ । ਉਨ੍ਹਾਂ ਦੇ ਲੋਨਜ਼ ਜਲਦੀ ਸੈਂਕਸ਼ਨ ਕਰਨੇ ਚਾਹੀਦੇ ਹਨ, ਸਬਸਿਡੀ ਵਿਚ ਵੀ ਪਹਿਲ ਦੇਣੀ ਚਾਹੀਦੀ ਹੈ । ਜਿਹੜੀਆਂ ਵਿਡੋਜ਼ ਹਨ ਜਾਂ ਟੈਰੋਰਿਸਟ ਫੈਮਿਲੀ ਇਫੈਕਟਿਡ ਹਨ ਉਨ੍ਹਾਂ ਨੂੰ ਜ਼ਿਆਦਾ ਇਨਸੈਂਟਿਵ ਦਿਤੇ ਜਾਣ । ਸਾਡੀ ਪਾਪੂਲੇਸ਼ਨ ਦੇ ਨਾਲ ਨਾਲ ਜਿਹੜੀ ਬਰਨਿੰਗ ਪ੍ਰਾਬਲਮ ਹੈ ਉਹ ਹੈ ਅਨਐਮਪਲਾਇਮੈਂਟ ਦੀ । ਇਹ ਵੀ ਅਗੇ ਦੋ ਤਰ੍ਹਾਂ ਦੀ ਹੈ । ਇਕ ਹੈ ਐਜੂਕੇਟਿਡ ਅਨਇਮਪਲਾਇਡ ਅਤੇ ਦੂਜੇ ਅਨਐਜੂਕੇਟਿਡ ਅਨਇਮਪਲਾਇਡ ਦੀ । ਇਨ੍ਹਾਂ ਵਿਚੋਂ ਜਿਹੜੀ ਮੇਨ ਪ੍ਰਾਬਲਮ ਹੈ ਉਹ ਹੈ ਐਜੂਕੇਟਿਡ ਅਨਐਮਪਲਾਇਡ ਦੀ । ਜਿਹੜੇ ਬੱਚੇ ਕੋਰਸ ਕਰਕੇ ਆਉਂਦੇ ਹਨ ਡਰਾਫਟਸਮੈਨ ਦਾ ਜਾਂ ਇੰਜੀਨੀਅਰਿੰਗ ਦਾ ਜਾਂ ਕੋਈ ਹੋਰ, ਉਨ੍ਹਾਂ ਨੂੰ ਕੋਰਸ ਦੇ ਦੌਰਾਨ ਪ੍ਰੈਕਟੀਕਲ ਟਰੇਨਿੰਗ ਪੂਰੀ ਨਹੀਂ ਦਿਤੀ ਜਾਂਦੀ ਜਿਸ ਕਰਕੇ ਉਨ੍ਹਾਂ ਨੂੰ ਕਾਫੀ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਹੈ । ਮੇਰੀ ਰਿਕੁਐਸਟ ਹੈ ਕਿ ਟਰੇਨਿੰਗ ਦੇ ਦੌਰਾਨ ਉਨ੍ਹਾਂ ਨੂੰ ਪੂਰੀ ਪ੍ਰੈਕਟੀਕਲ ਟਰੇਨਿੰਗ ਦਿਤੀ ਜਾਣੀ ਚਾਹੀਦੀ ਹੈ ਜਿਸ ਦੇ ਨਾਲ ਕਾਫੀ ਫਾਇਦਾ ਹੋ ਸਕਦਾ ਹੈ । ਪਿੱਛੇ ਜਿਹੇ ਕੁਝ S. D. O. ਦੀਆਂ ਪੋਸਟਾਂ ਨਿਕਲੀਆਂ ਸਨ ਜਿਨ੍ਹਾਂ ਲਈ 1200 ਐਪਲੀਕੇਸ਼ਨ ਆਈਆਂ ਸਨ ਔਰ ਇਹ ਪੋਸਟਾਂ 5 ਸਾਲਾਂ ਬਾਅਦ ਐਡਵਰਟਾਈਜ਼ ਹੋਈਆਂ ਸਨ । 200 ਬੱਚਿਆਂ ਨੇ ਰਿਟਨ ਟੈਸਟ ਪਾਸ ਕੀਤਾ ਅਤੇ 48 ਰਖੇ ਗਏ । ਉਨ੍ਹਾਂ ਵਿਚੋਂ 18 ਰਿਜ਼ਰਵ ਅਤੇ 30 ਉੱਤਮ ਸ਼੍ਰੇਣੀਆਂ ਦੇ ਸਨ । ਜਿਹੜੀ ਹੁਣ ਡਾਕਟਰ ਚਲੱਈਆ ਕਮੇਟੀ ਦੀ ਰਿਪੋਰਟ ਆਈ ਸੀ ਜਿਸ ਨੂੰ ਸਾਡੇ ਮੁੱਖ ਮੰਤਰੀ ਸਾਹਿਬ ਨੇ ਰਿਜੈਕਟ ਕਰ ਦਿਤਾ ਇਹ ਬਹੁਤ ਅੱਛੀ ਗੱਲ ਹੋਈ । ਪੰਜਾਬ ਦੇ ਸਪੈਸ਼ਲ ਸਰਕਮਸਟਾਂਸਿਜ਼ ਕਰਕੇ ਇਹ ਕੋਈ ਸਲੂਸ਼ਨ ਨਹੀਂ ਕਿ ਆਪਣੇ ਬੱਚਿਆਂ ਨੂੰ ਜੌਬਜ਼ ਨਾ ਦਿਓ ਬਲਕਿ ਸਾਨੂੰ ਇੰਮਪਲਾਇਮੈਂਟ ਦੇ ਸੋਰਸਿਜ਼ ਜੈਨਰੇਟ ਕਰਨੇ ਚਾਹੀਦੇ ਹਨ । ਇਹ ਜਿਹੜੀ ਪਾਪੂਲੇਸ਼ਨ ਪ੍ਰਾਬਲਮ ਅਤੇ ਅਨਇੰਮਪਲਾਇਮੈਂਟ ਦੀਆਂ ਪ੍ਰਾਬਲਮਜ਼ ਹਨ ਇਹ ਇੰਟਰਲਿੰਕਡ ਹਨ । ਜੇਕਰ ਪਾਪੂਲਸ਼ਨ ਤੇ ਕੰਟਰੋਲ ਕਰ ਲਵਾਂਗੇ ਤਾਂ ਸਾਡੀ ਅਨਇੰਮਪਲਾਇਮੈਂਟ ਦੀ ਪ੍ਰਾਬਲਮ ਵੀ ਕਾਫੀ ਹਦ ਤਕ ਦੂਰ ਹੋ ਜਾਵੇਗੀ । (ਘੰਟੀ)

ਸਪੀਕਰ ਸਾਹਿਬ, ਹੁਣ ਮੈਂ ਫਾਇਨਾਂਸਿਜ਼ ਬਾਰੇ ਅਰਜ਼ ਕਰਨਾ ਚਾਹਾਂਗੀ । ਜਦੋਂ ਸਰਦਾਰ ਬੇਅੰਤ ਸਿੰਘ ਜੀ ਚੀਫ ਮਨਿਸਟਰ ਬਣੇ ਸਾਡੀ ਫਾਇਨਾਂਸ਼ਲ ਹਾਲਤ ਅੱਛੀ ਨਹੀਂ ਸੀ । ਸਾਡੇ ਚੀਫ ਮਨਿਸਟਰ ਸਾਹਿਬ ਔਰ ਫਾਇਨਾਂਸ ਮਨਿਸਟਰ ਸਾਹਿਬ ਨੇ ਕੋਸ਼ਿਸ਼ ਕੀਤੀ ਅਤੇ ਗੈਰ—ਜ਼ਰੂਰੀ ਖਰਚੇ ਘਟਾ ਦਿਤੇ ਹਨ । ਹੋਰ ਵੀ ਬਹੁਤ ਸਾਰੀਆਂ ਸਕੀਮਾਂ ਬਣਾ ਕੇ ਸਾਡੇ ਪੰਜਾਬ ਦੀ ਫਾਇਨਾਂਸ਼ਲ ਪੋਜ਼ੀਸ਼ਨ ਠੀਕ ਕਰਨ ਦੀ ਕੋਸ਼ਿਸ਼ ਕੀਤੀ । ਸਾਡੇ ਇਥੇ ਸੇਲਜ਼ ਟੈਕਸ 10% ਹੈ । ਸੇਲਜ਼ ਟੈਕਸ ਚੋਰੀ ਦੀ ਲੋਕਾਂ ਨੂੰ ਟੈਮਪਟੇਸ਼ਨ ਹੁੰਦੀ ਹੈ । ਜੇਕਰ ਥੋੜ੍ਹਾ ਜਿਹਾ ਸੇਲਜ਼ ਟੈਕਸ ਘੱਟ ਕਰ ਦੇਈਏ ਤਾਂ ਉਹ ਟੈਂਪਟੇਸ਼ਨ ਖ਼ਤਮ ਹੋ ਜਾਵੇਗੀ ਅਤੇ ਸਾਡੇ ਸੇਲਜ਼ ਟੈਕਸ ਰਿਕਵਰੀ ਜ਼ਿਆਦਾ ਹੋ ਸਕਦੀ ਹੈ । ਸਪੀਕਰ ਸਾਹਿਬ, ਪੰਜਾਬ ਵਿਚ ਜਿਹੜੀ ਲੜਾਈ ਅਸੀਂ ਲੜ ਰਹੇ ਹਾਂ ਇਹ ਪ੍ਰੌਕਸੀ ਵਾਰ ਹੈ । ਜਿਹੜਾ ਖ਼ਰਚ ਪੰਜਾਬ ਦੀ ਸਿਕਿਉਰਟੀ ਤੇ ਹੋ ਰਿਹਾ ਹੈ

[ਡਾਕਟਰ (ਸ਼੍ਰੀਮਤੀ) ਮਾਲਤੀ ਥਾਪਰ]

ਇਸ ਨੂੰ ਵਾਰ ਖਰਚ ਡਿਕਲੇਅਰ ਕਰਕੇ ਸੈਂਟਰ ਨੂੰ ਬਰਦਾਸ਼ਤ ਕਰਨਾ ਚਾਹੀਦਾ ਹੈ ਅਤੇ ਪੰਜਾਬ ਨੂੰ ਇਹ ਖਰਚਾ ਮਾਫ ਕਰਨਾ ਚਾਹੀਦਾ ਹੈ ।

ਹੁਣ, ਸਪੀਕਰ ਸਾਹਿਬ, ਮੈਂ ਐਗਰੀਕਲਚਰ ਦੇ ਮੁਤੱਲਕ ਅਰਜ਼ ਕਰਨੀ ਚਾਹੁੰਦੀ ਹਾਂ । ਜਿਹੜੀਆਂ ਸਕੀਮਾਂ ਐਗਰੀਕਲਚਰ ਮਨਿਸਟਰ ਸਾਹਿਬ ਨੇ ਰਖੀਆਂ ਹਨ ਉਹ ਬਹੁਤ ਅੱਛੀਆਂ ਹਨ । ਸਪੀਕਰ ਸਾਹਿਬ, ਮੈਂ ਇਹ ਜਾਣਦੀ ਹਾਂ ਅੌਰ ਤੁਹਾਨੂੰ ਵੀ ਪਤਾ ਹੈ ਕਿ ਸਾਡਾ ਕਿਸਾਨ ਸਾਰੀ ਦੁਨੀਆਂ ਦਾ ਪੇਟ ਪਾਲ ਸਕਦਾ ਹੈ ਪਰ ਕਈ ਵਾਰੀ ਭੁੱਖੇ ਪੇਟ ਹੀ ਉਨ੍ਹਾਂ ਨੂੰ ਸੌਣਾ ਪੈਂਦਾ ਹੈ । ਇਸ ਕਰਕੇ ਮੈਂ ਮਾਨਯੋਗ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਾਂਗੀ ਕਿ ਕਿਸਾਨਾਂ ਨੂੰ ਜ਼ਿਆਦਾ ਤੋਂ ਜ਼ਿਆਦਾ ਫੈਸਿਲਿਟੀਜ਼ ਦੇਣੀਆਂ ਚਾਹੀਦੀਆਂ ਹਨ ਅੌਰ ਉਨ੍ਹਾਂ ਦੀ ਐਕਸਪਲਾਇਟੇਸ਼ਨ ਬੰਦ ਕੀਤੀ ਜਾਵੇ ਤਾਂਕਿ ਕਿਸਾਨ ਬਦਲਦੇ ਹਾਲਾਤ ਵਿਚ ਹੋਰ ਮਿਹਨਤ ਨਾਲ ਪੈਦਾਵਾਰ ਕਰ ਸਕੇ ।

ਸ਼੍ਰੀ ਸਪੀਕਰ : ਡਾਕਟਰ ਸਾਹਿਬ, ਵਾਈਂਡ ਅੱਪ ਕਰਨ ਦੀ ਕੋਸ਼ਿਸ਼ ਕਰੋ ।

ਡਾਕਟਰ (ਸ਼੍ਰੀਮਤੀ) ਮਾਲਤੀ ਥਾਪਰ : ਸਪੀਕਰ ਸਾਹਿਬ, ਇਕ ਮੇਨ ਪ੍ਰਾਬਲਮ ਹੈ ਅੌਰ ਉਹ ਹੈ ਪਾਣੀ ਦੀ ਪ੍ਰਾਬਲਮ । ਆਉਣ ਵਾਲੇ ਦਿਨਾਂ ਵਿਚ ਪੰਜਾਬ ਦੇ ਵਿਚ ਪਾਣੀ ਦੀ ਪ੍ਰਾਬਲਮ ਬਹੁਤ ਹੀ ਗੰਭੀਰ ਹੁੰਦੀ ਜਾ ਰਹੀ ਹੈ । 20 ਸਾਲ ਪਹਿਲਾਂ 10/12 ਫੁੱਟ ਥੱਲੇ ਪਾਣੀ ਹੁੰਦਾ ਸੀ ਪਰ ਹੁਣ ਉਹ 70 ਫੁੱਟ ਥੱਲੇ ਚਲਾ ਗਿਆ ਹੈ । ਇਸ ਲਈ ਮੈਂ ਰਿਕੁਐਸਟ ਕਰਨੀ ਚਾਹੁੰਦੀ ਹਾਂ ਕਿ ਐਕਸਪਰਟ ਕਮੇਟੀ ਬਣਾਉਣੀ ਚਾਹੀਦੀ ਹੈ ਜਿਹੜੀ ਕਿ ਪੰਜਾਬ ਦੀ ਇਸ ਪ੍ਰਾਬਲਮ ਨੂੰ ਦੂਰ ਕਰ ਸਕੇ ।

ਲਿੰਕ ਰੋਡਜ਼ ਦੇ ਬਾਰੇ ਦੱਸਿਆ ਗਿਆ ਹੈ, ਬਹੁਤ ਅੱਛੀ ਗੱਲ ਹੈ । ਮੇਰੀ ਸੁਜੈਸ਼ਨ ਹੈ ਕਿ ਇਹ ਜਿਹੜੇ ਹੁਸ਼ਿਆਰਪੁਰ, ਕੰਡੀ ਅੌਰ ਪਠਾਨਕੋਟ ਦੇ ਇਲਾਕੇ ਹਨ ਉਥੇ ਚੋਆਂ ਦਾ ਪਾਣੀ ਸੜਕਾਂ ਨੂੰ ਖਰਾਬ ਕਰਦਾ ਰਹਿੰਦਾ ਹੈ । ਇਸ ਲਈ ਜੇਕਰ ਸੜਕਾਂ ਦੇ ਨਾਲ ਜਿਥੇ ਬ੍ਰਿਜਾਂ ਦੀ ਲੋੜ ਹੈ, ਉਥੇ ਨਾਲ ਦੀ ਨਾਲ ਬ੍ਰਿਜ ਬਣ ਸਕਣ ਤਾਂ ਠੀਕ ਹੈ । ਸੜਕਾਂ ਠੀਕ ਰਹਿ ਸਕਣਗੀਆਂ ਪਰ ਜੇਕਰ ਪੁਲ ਨਹੀਂ ਹੋਣਗੇ ਤਾਂ ਸੜਕਾਂ ਖਰਾਬ ਹੋ ਜਾਣਗੀਆਂ ।

ਸਪੀਕਰ ਸਾਹਿਬ, ਪਿੰਡਾਂ ਵਿਚ ਪਾਣੀ ਦੀ ਸਮੱਸਿਆ ਬੜੀ ਜ਼ਿਆਦਾ ਹੈ ਕਿਉਂਕਿ ਆਲਰੇਡੀ ਜੋ ਸਕੀਮਾਂ ਬਣਾਈਆਂ ਹੋਈਆਂ ਹਨ ਉਨ੍ਹਾਂ ਥੱਲੇ ਇਕ ਇਕ ਸਕੀਮ ਅਧੀਨ 15/20 ਪਿੰਡ ਲਏ ਹਨ । ਉਸ ਨਾਲ ਕੀ ਹੁੰਦਾ ਹੈ ਕਿ ਜੋ ਲਾਸਟ ਉਤੇ ਪਿੰਡ ਹੁੰਦਾ ਹੈ, ਪਾਣੀ ਉਥੇ ਜਦੋਂ ਪੁੱਜਦਾ ਹੈ ਤਾਂ ਬਹੁਤ ਘੱਟ ਜਾਂਦਾ ਹੈ । ਪਹਿਲਾਂ ਇਹ ਲੋੜ, ਸਪੀਕਰ ਸਾਹਿਬ 10 ਗੈਲਨ ਪਰ ਕੈਪੀਟਾ ਰੱਖੀ ਗਈ ਸੀ ਅੌਰ ਸ਼ਹਿਰਾਂ ਵਿਚ 40 ਗੈਲਨ

ਪਰ ਕੈਪੀਟਾ ਸੀ । ਫਿਰ ਪਿੰਡਾਂ ਦੇ ਵਿਚ ਜੋ ਪਸ਼ੂਆਂ ਵਾਸਤੇ ਪਾਣੀ ਚਾਹੀਦਾ ਹੁੰਦਾ ਹੈ ਉਸ ਦਾ ਵੱਖਰਾ ਪਾਣੀ ਰਿਜ਼ਰਵ ਨਹੀਂ ਰੱਖਿਆ ਗਿਆ । ਇਸ ਲਈ ਮੇਰੀ ਰਿਕੁਐਸਟ ਹੈ ਕਿ ਪਿੰਡਾਂ ਵਿਚ ਪਾਣੀ ਦਾ ਪਰ ਕੈਪੀਟਾ ਦਾ ਮਿਆਰ ਇਨਕਰੀਜ਼ ਕਰ ਦੇਣਾ ਚਾਹੀਦਾ ਹੈ । ਸਰ, ਮੈਨੂੰ ਪਤਾ ਲਗਾ ਹੈ ਕਿ ਜਿਹੜੇ ਅਸੀਂ ਯੁਵਕਾਂ ਨੂੰ ਖੇਡ ਵਿਕਾਸ ਸਕੀਮ ਥੱਲੇ ਲਿਆਂਦਾ ਹੈ, ਇਹ ਸਕੀਮ ਅੱਛੀ ਹੈ, ਰਾਜਪਾਲ ਜੀ ਨੇ ਆਪਣੇ ਭਾਸ਼ਣ ਵਿਚ ਇਸ ਬਾਰੇ ਦੱਸਿਆ ਹੈ ਪਰ ਸ਼ਰਮ ਵਾਲੀ ਗੱਲ ਹੈ ਕਿ ਬਾਰਸੀਲੋਨਾ ਵਿਚ ਜੋ ਓਲੰਪਿਕਸ ਹੋਈਆਂ ਉਸ ਵਿਚੋਂ 87 ਕਰੋੜ ਦੀ ਆਬਾਦੀ ਵਾਲੇ ਦੇਸ਼ ਦਾ ਕੋਈ ਵੀ ਖਿਡਾਰੀ ਤਮਗਾ ਨਹੀਂ ਲੈ ਸਕਿਆ । ਇਹ ਗੱਲ ਨਹੀਂ ਹੈ ਕਿ ਸਾਡੇ ਬੱਚਿਆਂ ਵਿਚ ਕੋਈ ਟੈਲੇਂਟ ਦੀ ਕਮੀ ਹੈ ਜਾਂ ਅੱਛੇ ਖਿਲਾੜੀ ਨਹੀਂ ਹਨ ਪਰ ਜੇਕਰ ਕਮੀ ਹੈ ਤਾਂ ਇਸ ਗੱਲ ਦੀ ਕਿ ਅਸੀਂ ਉਨ੍ਹਾਂ ਨੂੰ ਅੱਛੇ ਸਾਧਨ ਨਹੀਂ ਦੇ ਸਕਦੇ ਔਰ ਇਹ ਨਹੀਂ ਖਿਡਾਰੀਆਂ ਨੂੰ ਕਹਿ ਸਕਦੇ ਕਿ ਤੁਸੀਂ ਗੇਮ ਨੂੰ ਇਕ ਕੈਰੀਅਰ ਦੇ ਤੌਰ ਤੇ ਅਡਾਪਟ ਕਰੋ । ਜਦੋਂ ਕੋਈ ਅੱਛਾ ਖਿਡਾਰੀ ਹੁੰਦਾ ਹੈ ਤਾਂ ਉਸ ਦੇ ਮਾਂ-ਬਾਪ ਕਹਿੰਦੇ ਹਨ ਕਿ ਛੱਡ ਖੇਡਾਂ ਨੂੰ ਇਹ ਤੈਨੂੰ ਕਿਹੜੀ ਰੋਟੀ ਖਾਣ ਨੂੰ ਦੇਣਗੀਆਂ ।

ਸ੍ਰੀ ਸਪੀਕਰ : ਡਾਕਟਰ ਸਾਹਿਬ, ਵਾਈਂਡ ਅੱਪ ਕਰੋ ।

ਡਾਕਟਰ (ਸ੍ਰੀਮਤੀ) ਮਾਲਤੀ ਥਾਪਰ : ਸਪੀਕਰ ਸਾਹਿਬ, ਸਾਨੂੰ ਚਾਹੀਦਾ ਹੈ ਕਿ ਖਿਡਾਰੀਆਂ ਨੂੰ ਪੂਰੀਆਂ ਸਹੂਲਤਾਂ ਦੇ ਕੇ ਉਨ੍ਹਾਂ ਨੂੰ ਕਿਹਾ ਜਾਵੇ ਕਿ ਉਹ ਗੇਮਜ਼ ਨੂੰ ਐਜ਼ ਏ ਕੈਰੀਅਰ ਅਡਾਪਟ ਕਰਨ ।

ਸਪੀਕਰ ਸਾਹਿਬ, ਐਜੂਕੇਸ਼ਨ ਦੇ ਮਾਮਲੇ ਵਿਚ ਜੋ ਡਿਸਕਸ਼ਨ ਹੋਈ ਔਰ ਭਾਸ਼ਣ ਵਿਚ ਰਾਜਪਾਲ ਜੀ ਨੇ ਕਿਹਾ ਹੈ, ਮੈਂ ਇਹ ਕਹਿੰਦੀ ਹਾਂ ਕਿ ਫਰੀ ਐਜੂਕੇਸ਼ਨ ਕੁੜੀਆਂ ਨੂੰ ਦੇਣੀ ਚਾਹੀਦੀ ਹੈ । ਮੈਂ ਇਹ ਸੁਝਾਓ ਦੇਵਾਂਗੀ ਕਿ ਇਹ ਫਰੀ ਐਜੂਕੇਸ਼ਨ ਗਰੇ-ਜੂਏਸ਼ਨ ਤਕ ਹੋਣੀ ਚਾਹੀਦੀ ਹੈ । ਐਜੂਕੇਸ਼ਨ ਦਾ ਸਟੈਂਡਰਡ ਹੋਰ ਉੱਚਾ ਹੋਣਾ ਚਾਹੀਦਾ ਹੈ । ਸਪੀਕਰ ਸਾਹਿਬ, ਜੇਕਰ ਅਸੀਂ ਐਜੂਕੇਸ਼ਨ ਸਿਸਟਮ ਜਾਂ ਐਗਜ਼ਾਮੀਨੇਸ਼ਨ ਸਿਸਟਮ ਨੂੰ ਚੇਂਜ ਕਰਨਾ ਹੋਵੇ ਤਾਂ ਸ਼ੁਰੂ ਸਾਲ ਵਿਚ ਹੀ ਕਰਨਾ ਚਾਹੀਦਾ ਹੈ, ਲਾਸਟ ਵਿਚ ਨਹੀਂ ਕਰਨਾ ਚਾਹੀਦਾ ਕਿਉਂਕਿ ਇਸ ਤਰ੍ਹਾਂ ਬਹੁਤ ਮੁਸ਼ਕਲਾਂ ਆਉਣਗੀਆਂ । ਫਿਰ ਮੈਂ ਇਹ ਵੀ ਕਹਾਂਗੀ ਕਿ ਟੀਚਰਾਂ ਦੀਆਂ ਪੋਸਟਾਂ ਬਹੁਤ ਖਾਲ੍ਹੀ ਪਈਆਂ ਹਨ ਉਹ ਵੀ ਭਰੀਆਂ ਜਾਣ ।

ਆਖਿਰ ਵਿਚ ਮੈਂ ਆਪਣੀ ਇਲਾਕੇ ਦੀਆਂ ਪ੍ਰਾਬਲਮਜ਼ ਬਾਰੇ ਕਹਿਣਾ ਹੈ । ਮੇਰੇ ਇਲਾਕੇ ਵਿਚ ਪਾਣੀ ਦੀ ਪ੍ਰਾਬਲਮ ਹੈ । ਉਥੇ ਟਿਊਬੈੱਲ ਹੋਰ ਲਗਾਏ ਜਾਣ ਜਿਸ ਬਾਰੇ ਫਾਇਨਾਂਸ ਮਨਿਸਟਰ ਸਾਹਿਬ ਨੇ ਵੀ ਕਿਹਾ ਸੀ । ਫਿਰ ਮੋਗੇ ਨੂੰ ਡਿਸਟਰਿਕਟ ਬਣਾਉਣ ਦਾ ਮਸਲਾ ਹੈ । ਉਸ ਨੂੰ ਕਮੇਟੀ ਵੇਖ ਚੁੱਕੀ ਹੈ, ਅਸੀਂ ਮੰਗ ਕਰ ਰਹੇ ਹਾਂ ਕਿ ਉਹ ਜ਼ਿਲ੍ਹਾ ਜਲਦੀ ਬਣਾ ਦਿੱਤਾ ਜਾਵੇ । ਫਿਰ ਪੰਜ ਹਜ਼ਾਰ ਰੁਪਏ ਦੇ ਕਰਜ਼ੇ ਬਾਰ ਬਾਰ ਮੁਆਫ ਕਰਨ ਬਾਰੇ ਕਹਿ ਚੁੱਕੇ ਹਾਂ, ਉਸ ਆਰਡਰ ਦੀ ਇੰਮਪਲੀਮੇਂਟੇਸ਼ਨ ਕਰ ਦਿੱਤੀ ਜਾਵੇ ਔਰ ਮੈਂ ਬੇਨਤੀ ਕਰਦੀ ਹਾਂ ਔਰ ਮੁੱਖ. ਮੰਤਰੀ ਜੀ ਤੋਂ ਉਮੀਦ ਹੈ ਕਿ

[ਡਾਕਟਰ (ਸ਼੍ਰੀਮਤੀ) ਮਾਲਤੀ ਥਾਪਰ]

ਉਹ ਦੇਸ਼ ਦੀ ਅਖੰਡਤਾ ਔਰ ਏਕਤਾ ਨੂੰ ਕਿਸੇ ਵੀ ਕੀਮਤ ਉਤੇ ਭੰਗ ਨਹੀਂ ਹੋਣ ਦੇਣਗੇ। ਫਿਰਕਾਪ੍ਰਸਤ ਤਾਕਤਾਂ ਦਾ ਚਾਹੇ ਉਹ ਹਿੰਦੁਸਤਾਨ ਵਿਚ ਹਨ ਜਾਂ ਪੰਜਾਬ ਵਿਚ ਉਨ੍ਹਾਂ ਦਾ ਮੁਕਾਬਲਾ ਕਰਨਾ ਚਾਹੀਦਾ ਹੈ। ਅਸੀਂ ਸਾਰੇ ਪੰਜਾਬ ਦੇ ਲੋਕ ਆਪਣੇ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਕੱਲ੍ਹ ਹੀ ਆਪਣਾ ਇਕ ਸਾਲ ਪੂਰਾ ਕੀਤਾ ਹੈ ਔਰ ਜਿਹੜਾ ਅਕਾਲੀਆਂ ਨੇ ਧਰਮ ਔਰ ਰਾਜਨੀਤੀ ਨੂੰ ਇਕੱਠਾ ਕਰਨ ਦਾ ਨਾਹਰਾ ਦਿੱਤਾ ਸੀ ਉਸ ਨੂੰ ਅਲੱਗ ਕਰਕੇ ਦਸਿਆ ਹੈ। ਆਖ਼ਿਰ ਵਿਚ ਮੈਂ ਫਿਰ ਆਪਣੇ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਦੀ ਹਾਂ ਕਿ ਉਨ੍ਹਾਂ ਨੇ ਪੰਜਾਬ ਵਿਚ ਫਿਰਕਾਪ੍ਰਸਤੀ ਨੂੰ ਖਤਮ ਕੀਤਾ ਹੈ ਔਰ ਪ੍ਰਾਈਮ ਮਨਿਸਟਰ ਸਾਹਿਬ ਨੇ ਜਿਹੜਾ ਹੋਰ ਸਟੇਟਾਂ ਵਿਚੋਂ ਵੀ ਫਿਰਕਾਪ੍ਰਸਤੀ ਨੂੰ ਖ਼ਤਮ ਕਰਨ ਵਾਸਤੇ ਕਦਮ ਉਠਾਇਆ ਹੈ ਉਸ ਨਾਲ ਵੀ ਡੱਟ ਕੇ ਸਟੈਂਡ ਕੀਤਾ ਹੈ। ਮੈਂ ਉਮੀਦ ਕਰਦੀ ਹਾਂ ਕਿ ਜਦੋਂ ਸਾਡੇ ਪੰਜਾਬ ਦਾ ਇਤਿਹਾਸ ਲਿਖਿਆ ਜਾਵੇਗਾ ਜਾਂ ਹਿੰਦੁਸਤਾਨ ਦਾ ਇਤਿਹਾਸ ਲਿਖਿਆ ਜਾਵੇਗਾ ਤਾਂ ਉਸ ਵੇਲੇ ਸਾਡੇ ਮੁੱਖ ਮੰਤਰੀ ਸਾਹਿਬ ਦਾ ਨਾਂ ਸੁਨਹਿਰੀ ਅੱਖਰਾਂ ਵਿਚ ਲਿਖਿਆ ਜਾਵੇਗਾ। ਧੰਨਵਾਦ

ਸ਼੍ਰੀ ਮਦਨ ਮੋਹਨ ਮਿੱਤਲ (ਨੰਗਲ) : ਸਪੀਕਰ ਸਾਹਿਬ, ਮੈਂ ਆਪ ਦਾ ਗਰੇਟਫੁਲ ਹਾਂ। ਪਹਿਲੇ ਤਾਂ ਮੈਂ ਇਸ ਗੱਲ ਵਾਸਤੇ ਧੰਨਵਾਦ ਕਰਦਾ ਹਾਂ ਕਿ ਗਵਰਨਰ ਸਾਹਿਬ ਨੇ ਇਥੇ ਆ ਕੇ ਐਡਰੈਸ ਕੀਤਾ। ਜਿਥੋਂ ਤੱਕ ਇਸ ਐਡਰੈਸ ਵਿਚ ਪੰਜਾਬ ਦੀ ਪਾਲਿਸੀਜ਼ ਦਾ ਸਬੰਧ ਹੈ ਉਸ ਬਾਰੇ ਸਾਡੇ ਮਤਭੇਦ ਹਨ ਅਤੇ ਅਸੀਂ ਇਸ ਨਾਲ ਸਹਿਮਤ ਨਹੀਂ। ਅਸੀਂ ਉਸ ਦਿਨ ਸਦਨ ਵਿਚ ਨਹੀਂ ਸੀ ਆਏ ਕਿਉਂਕਿ ਜਿਸ ਤਰ੍ਹਾਂ ਨਾਲ ਅੱਜ ਲੋਕ ਰਾਜ ਵਿਚ ਲੋਕਾਂ ਦਾ ਗਲਾ ਘੁੱਟਣ ਵਾਸਤੇ ਕਦਮ ਚੁਕੇ ਗਏ ਹਨ ਅਸੀਂ ਉਸ ਦਾ ਵਿਰੋਧ ਕਰਦੇ ਸੀ ਔਰ ਅਸੀਂ ਆਪਣੀ ਇਹ ਬੇਚੈਨੀ ਉਨ੍ਹਾਂ ਤੱਕ ਪਹੁੰਚਾਉਣਾ ਚਾਹੁੰਦੇ ਸੀ। ਬਾਕੀ ਸਾਡਾ ਕੋਈ ਇਹ ਮਨਸ਼ਾ ਨਹੀਂ ਸੀ ਕਿ ਉਨ੍ਹਾਂ ਨੂੰ ਡਿਸਰਿਸਪੈਕਟ ਸ਼ੋਅ ਕੀਤੀ ਜਾਵੇ। ਉਨ੍ਹਾਂ ਨੂੰ ਆਪਣਾ ਡੈਮੋਕਰੈਟਿਕ ਹੈੱਡ ਮੰਨਦੇ ਹੋਏ ਅਸੀਂ ਆਪਣਾ ਸਾਇਲੈਂਟ ਪਰੋਟੈਸਟ ਦਾ ਪ੍ਰਗਟਾਵਾ ਕਰਨਾ ਚਾਹੁੰਦੇ ਸੀ ਕਿਉਂਕਿ ਜਿਸ ਤਰ੍ਹਾਂ ਨਾਲ ਅੱਜ ਡੈਮੋਕਰੇਸੀ ਨੂੰ ਥਰੋਟਲ ਕੀਤਾ ਜਾ ਰਿਹਾ ਹੈ, ਇਹ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ ਔਰ ਇਸ ਪਰੋਟੈਸਟ ਪ੍ਰਗਟਾਵਾ ਕਰਨ ਵਾਸਤੇ ਹੀ ਅਸੀਂ ਉਸ ਦਿਨ ਸਦਨ ਵਿਚ ਨਹੀਂ ਆਏ, ਬਾਕੀ ਕੋਈ ਉਨ੍ਹਾਂ ਦਾ ਡਿਸਰਿਸਪੈਕਟ ਕਰਨ ਦੀ ਭਾਵਨਾ ਨਹੀਂ ਸੀ।

ਇਸ ਤੋਂ ਬਾਅਦ ਮੈਂ ਮੁੱਖ ਮੰਤਰੀ ਸਾਹਿਬ ਨੂੰ ਵਧਾਈ ਦਿੰਦਾ ਹਾਂ ਜਿਨ੍ਹਾਂ ਨੇ ਕੱਲ ਪਿਛਲੀਆਂ ਚੋਣਾ ਹੋਣ ਤੋਂ ਬਾਅਦ ਆਪਣਾ ਇਕ ਸਾਲ ਪੂਰਾ ਕੀਤਾ ਹੈ। ਹੁਣ ਮੈਂ ਉਨ੍ਹਾਂ ਚੋਣਾਂ ਦੇ ਸਬੰਧ ਵਿਚ ਕੁਝ ਨਹੀਂ ਕਹਿਣਾ ਚਾਹੁੰਦਾ ਕਿ ਕਿਸ ਤਰ੍ਹਾਂ ਹੋਈਆਂ ਕਿਉਂਕਿ ਇਸ ਬਾਰੇ ਪਹਿਲੇ ਹੀ ਬਹੁਤ ਵਾਰ ਕਿਹਾ ਜਾ ਚੁਕਿਆ ਹੈ। ਅੱਜ ਮੈਂ ਉਹ ਗੱਲਾਂ ਕਰਾਂਗਾ ਕਿ ਜਿਸ ਨਾਲ ਪੰਜਾਬ ਵਿਚ ਖੁਸ਼ਹਾਲੀ ਆ ਸਕੇ ਔਰ ਲੋਕਾਂ ਨੂੰ ਰੀਹੈਬਲੀਟੇਟ ਕੀਤਾ ਜਾ ਸਕੇ। ਬਾਕੀ ਜਿਹੜਾ ਇਥੇ ਆਤੰਕਵਾਦ ਵਧਿਆ ਹੈ ਇਸ ਵਿਚ ਕਾਂਗਰਸ ਪਾਰਟੀ ਵੀ ਉਤਨੀ ਹੀ ਦੋਸ਼ੀ ਹੈ ਜਿਤਨੀ ਕਿ ਅਕਾਲੀ ਪਾਰਟੀ ਹੈ। ਇਹ ਸਭ ਨੂੰ ਪਤਾ ਹੈ। ਅੱਜ ਮੈਂ ਇਸ

ਐਲੀਗੇਸ਼ਨ ਐਂਰ ਕਾਂਊਟਰ ਐਲੀਗੇਸ਼ਨ ਵਿਚ ਵੀ ਨਹੀਂ ਪੈਣਾ ਚਾਹੁੰਦਾ। ਅਸੀਂ ਸਬਜੈਕਟਿਵ ਗੱਲਾਂ ਛੱਡਕੇ ਓਬਜੈਕਟਵ ਗੱਲਾਂ ਕਰੀਏ। ਬਾਕੀ ਅੱਜ ਇਨ੍ਹਾਂ ਦਾ ਇਹ ਕਹਿਣਾ ਕਿ ਅਤਿਵਾਦ ਦੀ ਲੜਾਈ ਖ਼ਤਮ ਹੋ ਗਈ ਹੈ ਐਂਰ ਪੰਜਾਬ ਵਿਚ ਗਰਾਸ ਰੂਟ ਲੈਵਲ ਤੇ ਡੈਮੋਕਰੇਸੀ ਲਿਆਉਣ ਦੀ ਜਿਹੜੀ ਦੁਹਾਈ ਦਿੰਦੇ ਹਨ, ਮੈਂ ਨਹੀਂ ਸਮਝਦਾ ਕਿ ਇਸ ਵਿਚ ਸਿਰਫ਼ ਇਨ੍ਹਾਂ ਨੂੰ ਹੀ ਕਰੈਡਿਟ ਜਾਂਦਾ ਹੈ। ਇਹ ਠੀਕ ਹੈ ਕਿ ਪਿਛਲੇ ਸਾਲ ਦੇ ਦੌਰਾਨ ਮਿਊਂਸਪਲ ਕਮੇਟੀਆਂ ਦੀਆਂ ਇਲੈਕਸ਼ਨਾਂ ਵੀ ਹੋਈਆਂ ਐਂਰ ਪੰਚਾਇਤਾਂ ਦੀਆਂ ਵੀ ਇਲੈਕਸ਼ਨਾਂ ਕਰਵਾਈਆਂ ਗਈਆਂ, ਇਹ ਇਲੈਕਸ਼ਨਾਂ ਕਿਸ ਤਰ੍ਹਾਂ ਹੋਈਆਂ ਐਂਰ ਕਾਂਗਰਸ ਵਲੋਂ ਕੀ ਕੀਤਾ ਗਿਆ ਅੱਜ ਮੈਂ ਇਸ ਵਿਚ ਨਾ ਜਾਂਦਾ ਹੋਇਆ ਇਹ ਜ਼ਰੂਰ ਕਹਾਂਗਾ ਕਿ ਇਹ ਜਿਹੜੀਆਂ ਇਲੈਕਸ਼ਨਾਂ ਹੋਈਆਂ ਐਂਰ ਜੋ ਗਰਾਸ ਰੂਟ ਲੈਵਲ ਤੇ ਐਸਟੈਬਲਿਸ਼ ਹੋਈ ਹੈ ਇਸ ਵਿਚ ਹੋਰ ਪਾਰਟੀਆਂ ਨੂੰ ਵੀ ਕਰੈਡਿਟ ਜਾਂਦਾ ਹੈ ਜਿਨ੍ਹਾਂ ਨੇ ਇਸ ਤਰ੍ਹਾਂ ਦਾ ਵਾਤਾਵਰਣ ਪੈਦਾ ਕੀਤਾ। ਸਪੀਕਰ ਸਾਹਿਬ, ਜੇ ਇਹ ਕਿਹਾ ਜਾਵੇ ਕਿ ਲੜਾਈ ਦੇ ਮੈਦਾਨ ਵਿਚ ਜਿਹੜਾ ਜਿੱਤ ਗਿਆ ਉਸੇ ਨੂੰ ਹੀ ਕਰੈਡਿਟ ਦਿੱਤਾ ਜਾਵੇ ਇਹ ਠੀਕ ਨਹੀਂ ਬਲਕਿ ਜਿਹੜੇ ਲੜੇ ਐਂਰ ਉਹ ਮੈਦਾਨ ਤਿਆਰ ਕੀਤਾ ਉਨ੍ਹਾਂ ਨੂੰ ਵੀ ਕਰੈਡਿਟ ਜਾਂਦਾ ਹੈ।

ਸਪੀਕਰ ਸਾਹਿਬ, ਇਹ ਠੀਕ ਹੈ ਕਿ ਸਰਕਾਰ ਨੇ ਡੈਮੋਕਰੇਸੀ ਨੂੰ ਗਰਾਸ ਰੂਟ ਲੇਵਲ ਤੇ ਬਹਾਲ ਕੀਤਾ ਹੈ। ਕਾਂਸਟੀਚਿਊਸ਼ਨਲ ਅਮੈਂਡਮੈਂਟ 72 ਐਂਰ 73 ਤੇ ਕਿਹਾ ਸੀ ਕਿ ਮਹਾਤਮਾ ਗਾਂਧੀ ਜੀ ਨੇ ਕਿਹਾ ਸੀ ਕਿ ਲੋਕਰਾਜ ਦੀ ਨੀਂਹ ਪੰਚਾਇਤੀ ਰਾਜ ਨੂੰ ਮਜ਼ਬੂਤ ਕਰਨ ਦੇ ਨਾਲ ਹੋਵੇਗੀ ਐਂਰ ਗ੍ਰਾਮ ਪੰਚਾਇਤਾਂ ਨੂੰ ਬਹਾਲ ਕਰੋ, ਲੋਕ ਰਾਜੀ ਢਾਂਚੇ ਨੂੰ ਪੰਚਾਇਤਾਂ ਤੱਕ ਬਹਾਲ ਕਰੋ। ਲੋਕ ਚੋਣਾਂ ਵਿਚ ਹਿੱਸਾ ਲੈਣ, ਜਮਹੂਰੀਅਤ ਢਾਂਚੇ ਨੂੰ ਮਜ਼ਬੂਤ ਕੀਤਾ ਜਾਵੇ। ਜਿਥੇ ਪੰਜਾਬ ਵਿਚ ਸਿਕਿਉਰਿਟੀ ਫੋਰਸਿਜ਼ ਨੇ ਲੋਕਰਾਜ਼ ਨੂੰ ਕਾਇਮ ਕਰਨ ਵਿਚ ਅਤੇ ਅੱਤਵਾਦ ਦੇ ਖਿਲਾਫ ਲੜਾਈ ਲੜੀ ਅਤੇ ਸਾਡਾ ਸਿਰ ਉੱਚਾ ਕੀਤਾ, ਅੱਜ ਅਸੀਂ ਓਪਨਲੀ ਆਪਣਾ ਕੰਮ ਕਾਰ ਕਰ ਸਕਦੇ ਹਾਂ। ਪੰਜਾਬ ਸਰਕਾਰ ਨੇ ਦਿੱਲੀ ਵਿਚ ਪੁਲਿਸ ਫੋਰਸਿਜ਼ ਨੂੰ ਭੇਜ ਕੇ ਸਾਰਾ ਪਾਣੀ ਫੇਰ ਦਿੱਤਾ, ਸਾਰਾ ਪੋਚਾ ਫੇਰ ਦਿੱਤਾ ਹੈ। ਪੰਜਾਬ ਦੇ ਵਿਰੋਧੀ ਜੋ ਅੱਤਵਾਦ ਦਾ ਸਮਰਥਨ ਕਰਦੇ ਸੀ ਅਤੇ ਪੰਜਾਬ ਪੁਲਿਸ ਉਤੇ ਦੋਸ਼ ਲਗਾਉਂਦੇ ਸੀ ਕਿ ਪੰਜਾਬ ਪੁਲਿਸ ਬੜੀਆਂ ਜ਼ਿਆਦਤੀਆਂ ਕਰ ਰਹੀ ਹੈ ਅਤੇ ਪੰਜਾਬ ਪੁਲਿਸ ਲੋਕਾਂ ਨੂੰ ਅਤੇ ਪਰਟੀਕੁਲਰ ਕਲਾਸ ਦੇ ਬੱਚਿਆਂ ਨੂੰ ਤੰਗ ਕਰ ਰਹੀ ਹੈ ਅਤੇ ਟਾਰਚਰ ਕਰ ਰਹੀ ਹੈ ਅਤੇ ਪੈਸੇ ਦੀ ਐਕਸਟਾਰਸ਼ਨ ਕਰ ਰਹੀ ਹੈ, ਸਾਡੇ ਦੇਸ਼ ਦੇ ਬਾਰਡਰ ਤੇ ਵਿਦੇਸ਼ੀ ਪਾਕਿਸਤਾਨ ਨੇ ਜੋ ਪਰਾਕਸੀ ਵਾਰ ਹਿੰਦੁਸਤਾਨ ਦੇ ਸ਼ੁਰੂ ਕੀਤੀ ਹੋਈ ਹੈ ਉਨ੍ਹਾਂ ਦੇ ਖਿਲਾਫ ਸਾਡੀਆਂ ਫੋਰਸਿਜ਼ ਲੜ ਰਹੀਆਂ ਸਨ, ਇਨ੍ਹਾਂ ਦੀਆਂ ਜ਼ਿਆਦਤੀਆਂ, ਰਾਜਨੀਤਕ ਪਾਰਟੀਆਂ ਵਾਲੇ ਪੁਲਿਸ ਦੀਆਂ ਜ਼ਿਆਦਤੀਆਂ ਨੂੰ ਨਜ਼ਰ ਅੰਦਾਜ਼ ਕਰ ਦਿੰਦੀਆਂ ਸਨ। ਪੰਜਾਬ ਪੁਲਿਸ ਨੇ ਦਿੱਲੀ ਵਿਚ ਜਾ ਕੇ ਜੋ ਜ਼ਿਆਦਤੀਆਂ ਕੀਤੀਆਂ, ਦਿੱਲੀ ਦੇ ਲੋਕਾਂ ਨੇ ਦੋਸ਼ ਲਗਾਇਆ ਕਿ ਪੰਜਾਬ ਪੁਲਿਸ ਨੇ ਦਿੱਲੀ ਦੇ ਲੋਕਾਂ ਉਤੇ ਜ਼ਿਆਦਤੀਆਂ ਕੀਤੀਆਂ, ਲਾਠੀ ਚਾਰਜ ਕੀਤਾ ਤਾਂ ਇਸ ਦੇ ਨਾਲ ਜਿਹੜੀ ਸਿਕਿਉਰਿਟੀ ਫੋਰਸਿਜ਼ ਦੇ ਕਰੈਡਿਟ ਵਾਲੀ ਗੱਲ ਹੈ ਡਿਸਕਰੈਡਿਟ ਵਿਚ ਬਦਲ ਗਈ ਹੈ ਅਤੇ ਉਨ੍ਹਾਂ ਨੇ ਲੋਕਾਂ ਦੇ ਦੋਸ਼ ਨੂੰ ਸਾਬਤ ਕਰ ਦਿੱਤਾ। ਬੋਟ ਕਲੱਬ ਵਿਚ ਵਿਲੀਅਨ ਦਾ ਰੋਲ ਅਦਾ ਕੀਤਾ। ਮੈਂ ਸਮਝਦਾ ਹਾਂ ਕਿ ਪੰਜਾਬ ਦੇ

[ਸ਼੍ਰੀ ਮਦਨ ਮੋਹਨ ਮਿੱਤਲ]

ਮੁਖੀ ਜਿਸ ਨੂੰ ਪਦਮ ਸ਼੍ਰੀ ਦਾ ਅਵਾਰਡ ਦਿੱਤਾ ਹੋਵੇ ਅਤੇ ਜਿਸ ਨੇ ਜਮਹੂਰੀਅਤ ਨੂੰ ਬਹਾਲ ਕੀਤਾ ਹੋਵੇ ਅਤੇ ਜਿਸ ਆਦਮੀ ਨੇ ਹਿੰਦੁਸਤਾਨ ਦੀ ਆਜ਼ਾਦੀ ਨੂੰ ਬਰਕਰਾਰ ਰਖਣ ਲਈ ਪਾਕਿਸਤਾਨ ਵਲੋਂ ਸ਼ੁਰੂ ਕੀਤੀ ਗਈ ਪਰੌਕਸੀ ਵਾਰ ਦੇ ਖਿਲਾਫ ਲੜਾਈ ਲੜੀ ਹੋਵੇ ਉਸਨੂੰ ਬੋਟ ਕਲੱਬ ਤੇ ਲਗਾ ਦਿੱਤਾ, ਇਹ ਕੋਈ ਅੱਛੀ ਗੱਲ ਨਹੀਂ ਕੀਤੀ । ਸਪੀਕਰ ਸਾਹਿਬ, ਫੋਟੋ ਵਿਚ ਵੇਖਿਆ ਗਿਆ ਹੈ ਕਿ ਸਾਡੇ ਪੁਲਿਸ ਦੇ ਮੁਖੀ ਅਤੇ ਉਨ੍ਹਾਂ ਦੇ ਨਾਲ ਖੜ੍ਹੇ ਹਨ ਇੰਟਰਨਲ ਸਿਕਿਉਰਿਟੀ ਹੋਮ ਮਨਿਸਟਰ, ਪਾਇਲਟ ਸਾਹਿਬ, ਜੋ ਪੰਜਾਬ ਪੁਲਿਸ ਦਾ ਡੀਮਾਂਸਟਰੇਸ਼ਨ ਵੇਖ ਰਹੇ ਹਨ । ਬੋਟ ਕਲੱਬ ਤੇ ਜਿਹੜੀ 25 ਫਰਵਰੀ ਨੂੰ ਲੋਕਰਾਜੀ ਦੀ ਬਹਾਲੀ ਲਈ ਰੈਲੀ ਹੋ ਰਹੀ ਸੀ ਆਪਣੀ ਗੱਲ ਕਹਿਣ ਲਈ ਬੀ. ਜੇ. ਪੀ. ਦੇ ਵਰਕਰਜ਼ ਪਹੁੰਚ ਰਹੇ ਸਨ । ਮੈਂ ਸਮਝਦਾ ਹਾਂ ਕਿ ਹਰ ਪੁਲੀਟੀਕਲ ਪਾਰਟੀ ਨੂੰ ਆਪਣੀ ਗੱਲ ਕਹਿਣ ਦਾ ਅਧਿਕਾਰ ਹੋਣਾ ਚਾਹੀਦਾ ਹੈ । ਲੋਕਰਾਜ ਵਿਚ ਲੋਕਾਂ ਨੂੰ ਆਪਣੀ ਗੱਲ ਕਹਿਣ ਦਾ ਕਾਂਸਟੀਚਿਊਸ਼ਨਲ ਰਾਈਟ ਹੈ । ਪਾਰਲੀਮੈਂਟ ਵਿੱਚ ਮੇਨ ਅਪੋਜ਼ੀਸ਼ਨ ਪਾਰਟੀ ਜਿਹੜੀ ਰਿਕੁਗਨਾਈਜ਼ ਹੋਵੇ ਉਸਨੂੰ ਆਪਣੀ ਗੱਲ ਕਹਿਣ ਜਮਹੂਰੀਅਤ ਵਿਚ ਖੁੱਲ੍ਹ ਹੈ ਅਤੇ ਆਪਣੀ ਆਈਡੀਆਲੋਜੀ ਦੀ ਲੜਾਈ ਲੜ ਸਕਦੀ ਹੈ । There is a Parliamentary form of Govt. and the main opposition party is B. J. P. in the Parliament and it can even form a shadow cabinet. ਸਾਡੇ ਆਈਡੀਆਲੋ ਉਤੇ, ਸੈਕੂਲੇਰਿਜ਼ਮ ਉੱਤੇ, ਨੈਸ਼ਨੇਲਿਜ਼ਮ, ਮਾਈਨੋਰੇਇਜ਼ਮ ਦੀ ਪ੍ਰੀਭਾਸ਼ਾ ਉਤੇ ਮਦਭੇਦ ਹੋ ਸਕਦੇ ਹਨ । ਸਰਕਾਰ ਕੋਲ ਕਾਫੀ ਸਾਧਨ ਹੁੰਦੇ ਹਨ ਉਹ ਆਪਣੀ ਗੱਲ ਰੇਡੀਓ, ਟੀ. ਵੀ. ਉਤੇ ਕਹਿ ਸਕਦੀ ਹੈ ਪਰ ਅਪੋਜ਼ੀਸ਼ਨ ਨੇ ਰੈਲੀ ਕਰਕੇ ਆਪਣੇ ਵਿਚਾਰ ਰਖਣੇ ਹੁੰਦੇ ਹਨ । ਅਸੀਂ ਕਿਹਾ ਸਰਕਾਰ ਨੂੰ ਸਾਡੇ ਨਾਲ ਡੀਬੇਟ ਕਰ ਲਵੋ ਰੇਡੀਓ ਤੇ, ਟੀ. ਵੀ. ਤੇ, ਸੈਮੀਨਾਰ ਕਰ ਲਵੋ ਤਾਂਕਿ ਅਸੀਂ ਆਪਣੇ ਵਿਚਾਰ ਲੋਕਾਂ ਦੇ ਅੱਗੇ ਰਖ ਸਕੀਏ ।

Mr. Speaker : Please speak on the Governor's Address.

ਸ਼੍ਰੀ ਮਦਨ ਮੋਹਨ ਮਿੱਤਲ : ਸਾਡੀਆਂ ਫੋਰਸਿਜ਼ ਨੇ ਅੱਤਵਾਦ ਦੇ ਖਿਲਾਫ ਲੜਾਈ ਲੜੀ । ਪੰਜਾਬ ਸਰਕਾਰ ਨੇ ਸੈਂਟਰ ਦੀ ਸਰਕਾਰ ਦੇ ਕਹਿਣ ਤੇ ਆਪਣੀ ਪੰਜਾਬ ਪੁਲਿਸ ਨੂੰ ਦਿੱਲੀ ਭੇਜਿਆ ਅਤੇ ਪੰਜਾਬ ਪੁਲਿਸ ਨੇ ਜ਼ਿਆਦਤੀਆਂ ਕਰਕੇ ਪੰਜਾਬ ਨੂੰ ਕਲੰਕ ਲਗਾ ਦਿੱਤਾ, ਲੋਕਰਾਜ ਨੂੰ ਕਲੰਕ ਲਗਾ ਦਿੱਤਾ । ਦਿੱਲੀ ਦੇ ਲੋਕਾਂ ਉਤੇ ਪੰਜਾਬ ਪੁਲਿਸ ਨੇ ਜ਼ਿਆਦਤੀਆਂ ਕੀਤੀਆਂ ਅਤੇ ਲੋਕਾਂ ਦਾ ਜਿਹੜਾ ਦੋਸ਼ ਪੰਜਾਬ ਪੁਲਿਸ ਉਤੇ ਲਗਦਾ ਸੀ ਉਸ ਨੂੰ ਇਨ੍ਹਾਂ ਨੇ ਦਿੱਲੀ ਦੀ ਰੈਲੀ ਵਿਚ ਸਾਬਤ ਕਰ ਦਿੱਤਾ । We have the right to put-forth our views and to hold a rally in a democratic manner

ਸਪੀਕਰ ਸਾਹਿਬ, ਸਾਡੇ ਵਿਚਾਰਾਂ ਦੇ ਨਾਲ ਸਰਕਾਰ ਦਾ ਮਤਭੇਦ ਹੋ ਸਕਦਾ ਹੈ ਸੈਕੂਲੇਰਿਜ਼ਮ ਅਤੇ ਨੈਸ਼ਨੇਲਿਜ਼ਮ ਤੇ ਮਤਭੇਦ ਹੋ ਸਕਦਾ ਹੈ । ਇਸ ਉਤੇ ਬਹਿਸ ਹੋ ਸਕਦੀ ਹੈ । ਹਰ ਆਦਮੀ ਨੂੰ ਆਪਣੇ ਵਿਚਾਰ ਰਖਣ ਦਾ ਹੱਕ ਹੋਣਾ ਚਾਹੀਦਾ ਹੈ । ਦੂਸਰਿਆਂ ਦੇ ਵਿਚਾਰਾਂ ਨੂੰ ਕਰੱਸ਼ ਨਹੀਂ ਕਰਨਾ ਚਾਹੀਦਾ । ਦੂਸਰਿਆਂ ਦੀ ਗੱਲ ਨੂੰ ਸੁਣਨਾ ਚਾਹੀਦਾ

ਹੈ । ਸਾਨੂੰ ਵੀ ਆਪਣੇ ਵਿਚਾਰ ਲੋਕਾਂ ਤੱਕ ਪਹੁੰਚਾਉਣ ਦਾ ਲੋਕਰਾਜੀ ਹੱਕ ਹੈ । ਸਪੀਕਰ ਸਾਹਿਬ, ਮੈਂ ਪੰਜਾਬ ਦੀ ਪੁਲਿਸ ਦੀ ਗੱਲ ਕਰ ਰਿਹਾ ਸੀ ।

ਸ਼੍ਰੀ ਸਪੀਕਰ : ਮੈਂ ਬੇਨਤੀ ਕੀਤੀ ਸੀ ਕਿ ਤੁਸੀਂ ਐਡਰੈਸ ਤੇ ਬੋਲੋ ।

ਸ਼੍ਰੀ ਮਦਨ ਮੋਹਨ ਮਿਤਲ : ਸਪੀਕਰ ਸਾਹਿਬ, ਮੈਂ ਦਿੱਲੀ ਦੀ ਪੁਲਿਸ ਦੀ ਗੱਲ ਨਹੀਂ ਕਰ ਰਿਹਾ ਬਲਕਿ ਪੰਜਾਬ ਪੁਲਿਸ ਦੀ ਗੱਲ ਕੀਤੀ ਹੈ

ਸ਼੍ਰੀ ਰਘੂਨਾਥ ਸਹਾਏ ਪੁਰੀ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

ਸ਼੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਜੋ ਸਾਡੀ ਪੁਲਿਸ ਦੀ ਟੈਲੇਂਟ ਹੈ ਉਹ ਲੋਕਾਂ ਦੀ ਰਕਸ਼ਾ ਵਾਸਤੇ ਇਸਤੇਮਾਲ ਕੀਤੀ ਜਾਵੇ, ਜੋ ਲੜਾਈ ਪੰਜਾਬ ਵਿਚ ਲੜੀ ਜਾ ਰਹੀ ਹੈ ਉਸ ਦੇ ਲਈ ਇਸਤੇਮਾਲ ਕੀਤੀ ਜਾਵੇ । ਸਪੀਕਰ ਸਾਹਿਬ, ਇਥੇ ਟੈਰੋਰਿਜ਼ਮ ਦੇ ਬਾਰੇ ਕਿਹਾ ਗਿਆ ਹੈ ਕਿ 15 ਮਾਰਚ ਤਕ ਖ਼ਤਮ ਕਰ ਦੇਵਾਂਗੇ । 3-4 ਦਿਨ ਪਹਿਲਾਂ ਮੁੱਖ ਮੰਤਰੀ ਜੀ ਦਾ ਬਿਆਨ ਆਇਆ ਸੀ ਕਿ ਆਤੰਕਵਾਦ ਜਲਦੀ ਹੀ ਖ਼ਤਮ ਨਹੀਂ ਹੋਵੇਗਾ । ਮੈਨੂੰ ਇਸ ਗੱਲ ਦਾ ਖ਼ਦਸ਼ਾ ਹੈ । ਗਵਰਨਰ ਰੂਲ ਵਿਚ ਬੜਾ ਪ੍ਰਚਾਰ ਕੀਤਾ ਗਿਆ ਕਿ ਭ੍ਰਿਸ਼ਟਾਚਾਰ ਬਹੁਤ ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਟੈਰੋਰਿਜ਼ਮ ਦੀ ਲੜਾਈ ਵਿਚ ਪੁਲਿਸ ਦਾ ਪ੍ਰਚਾਰ ਕੀਤਾ ਜਾਂਦਾ ਹੈ ਕਿ ਟੈਰੋਰਿਜ਼ਮ ਨੂੰ ਖ਼ਤਮ ਕਰਨ ਵਾਸਤੇ ਪੁਲਿਸ ਹੀ ਠੀਕ ਕੰਮ ਕਰ ਰਹੀ ਹੈ । ਬਿਆਨ ਆ ਜਾਂਦਾ ਹੈ ਕਿ 10 ਟੈਰੋਰਿਸਟ ਮਾਰ ਦਿੱਤੇ ਅਤੇ ਦੋ ਪੁਲਿਸ ਦੇ ਆਦਮੀ ਮਰ ਗਏ, ਚਾਰ ਸਿਵਲੀਅਨ ਵੀ ਮਾਰੇ ਗਏ । ਟੈਰੋਰਿਜ਼ਮ ਨੂੰ ਖਤਮ ਕਰਨ ਲਈ ਆਈਡਿਆਲੋਜੀ ਦੇ ਆਧਾਰ ਤੇ ਸੁਧਾਰ ਦੀ ਲੋੜ ਹੈ । ਮੈਂ ਮਹਿਸੂਸ ਕਰਦਾ ਹਾਂ ਕਿ ਗਵਰਨਰ ਐਡਰੈਸ ਵਿਚ ਇਸ ਬਾਰੇ ਕੁਝ ਨਹੀਂ ਕਿਹਾ ਗਿਆ ! ਸਿਕਿਉਰਿਟੀ ਫੋਰਸਿਜ਼ ਦਾ ਜ਼ਿਕਰ ਨਹੀਂ ਹੈ । ਸਪੀਕਰ ਸਾਹਿਬ, ਟੈਰੋਰਿਜ਼ਮ ਦੀ ਲੜਾਈ ਵਿਚ ਆਈਡਿਆਲੋਜੀ ਦੇ ਆਧਾਰ ਤੇ ਲੜਾਈ ਦੀ ਲੋੜ ਹੈ । ਕਿਤਨੇ ਟੈਰੋਰਿਸਟਾਂ ਨੇ ਸਰੰਡਰ ਕੀਤਾ ਔਰ ਕਿਤਨੇ ਲੋਕਾਂ ਨੂੰ ਮੁੱਖ ਧਾਰਾ ਵਿਚ ਤੁਸੀਂ ਲਿਆ ਸਕੇ ਹੋ । ਇਸ ਬਾਰੇ ਕੋਈ ਜ਼ਿਕਰ ਐਡਰੈਸ ਵਿਚ ਨਹੀਂ ਹੈ । ਕਿਸੇ ਨਾ ਕਿਸੇ ਕਾਰਣ ਕਰਕੇ ਅਤਿਵਾਦੀ ਇਥੋਂ ਚਲੇ ਗਏ ਹਨ । ਸਪੀਕਰ ਸਾਹਿਬ, ਇਹ ਕਹਿਣ ਨਾਲ ਕੁਝ ਨਹੀਂ ਬਣਦਾ ਕਿ ਇਤਨੇ ਆਦਮੀਆਂ ਨੇ ਹਥਿਆਰ ਸੁੱਟ ਦਿਤੇ । ਇਹ ਅਤਿਵਾਦ ਦੀ ਲੜਾਈ ਚਲ ਰਹੀ ਹੈ । ਇਸ ਲਈ ਉਨ੍ਹਾਂ ਲੋਕਾਂ ਨੂੰ ਦੇਸ਼ ਭਗਤੀ ਦੀ ਭਾਵਨਾ ਨਾਲ ਓਤ-ਪੋਤ ਕਰਕੇ ਅਤੇ ਉਨ੍ਹਾਂ ਨੂੰ ਸਮਝਾ ਬੁਝਾ ਕੇ ਇਸ ਮੇਨ ਸਟਰੀਮ ਵਿੱਚ ਲਿਆਉਣਾ ਪਵੇਗਾ ਸਪੀਕਰ ਸਾਹਿਬ, ਗਵਰਨਰ ਐਡਰੈਸ ਵਿਚ ਇਸ ਬਾਰੇ ਕੋਈ ਦਿਸ਼ਾ ਨਹੀਂ ਹੈ । ਮੈਂ ਪੰਜਾਬ ਸਰਕਾਰ ਦਾ ਧਿਆਨ ਇਸ ਪਾਸੇ ਵੱਲ ਵੀ ਦਿਵਾਉਣਾ ਚਾਹੁੰਦਾ ਹਾਂ । ਇਕ ਸਾਲ ਦੇ ਅਰਸੇ ਵਿਚ ਸਿਕਿਉਰਿਟੀ ਫੋਰਸਿਜ਼ ਨੇ ਕਿਤਨਾ ਕੰਮ ਕੀਤਾ ਉਸ ਦਾ ਜ਼ਿਕਰ ਇਸ

** Expunged as ordered by the Chair.

[ਸ੍ਰੀ ਮਦਨ ਮੋਹਨ ਮਿੱਤਲ]

ਐਡਰੈਸ ਵਿਚ ਨਹੀਂ ਹੈ । ਜਿਵੇਂ ਇਥੇ ਕਿਹਾ ਗਿਆ ਹੈ ਕਿ ਪੁਲਿਸ ਵਲੋਂ ਐਕਸੈਸਿਜ਼ ਹੋਈਆਂ ਹਨ । ਜੇਕਰ ਕਿਸੇ ਨੂੰ, ਸਪੀਕਰ ਸਾਹਿਬ, ਪਾਵਰ ਜ਼ਿਆਦਾ ਮਿਲ ਜਾਏ ਤਾਂ ਉਹ ਪਾਵਰ ਮਿਸਯੂਜ਼ ਹੋ ਸਕਦੀ ਹੈ । ਇਸ ਬਾਰੇ ਅਖਬਾਰਾਂ ਵਿਚ ਵੀ ਆਇਆ ਹੈ । ਇਸ ਬਾਰੇ ਗਵਰਨਰ ਐਡਰੈਸ ਵਿਚ ਕੋਈ ਜ਼ਿਕਰ ਨਹੀਂ ਹੈ ਔਰ ਕਿਸੇ ਦੇ ਖਿਲਾਫ ਕੋਈ ਕਾਰਵਾਈ ਕੀਤੀ ਗਈ, ਇਸ ਬਾਰੇ ਵੀ ਕੋਈ ਜ਼ਿਕਰ ਨਹੀਂ ਹੈ । ਐਸਾ ਨਹੀਂ ਹੈ ਕਿ ਕਿਸੇ ਨੇ ਕੋਈ ਜ਼ਿਆਦਤੀ ਨਹੀਂ ਕੀਤੀ । ਜਿਥੇ ਐਡਰੈਸ ਵਿੱਚ ਚੈਕਸ ਐਂਡ ਬੈਲੈਂਸਿਜ਼ ਦਾ ਜ਼ਿਕਰ ਨਹੀਂ ਹੈ, ਇਹਦਾ ਵੀ ਨਹੀਂ ਹੈ ਕਿ ਸਾਡੇ ਨੋਟਿਸ ਵਿੱਚ ਇਹ ਗੱਲ ਆਈ ਅਤੇ ਉਸ ਤੇ ਇਹ ਕਾਰਵਾਈ ਕੀਤੀ । ਸਰਕਾਰ ਨੂੰ ਇਸ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ । ਜਦੋਂ ਤੱਕ ਜਨਤਾ ਦਾ ਭਰੋਸਾ ਨਹੀਂ ਮਿਲਦਾ, ਜਨਤਾ ਪ੍ਰਸ਼ਾਸਨ ਨਾਲ ਨਹੀਂ ਜੁੜੇਗੀ, ਜਨਤਾ ਦਾ ਪੁਲਿਸ ਵਿੱਚ ਭਰੋਸਾ ਕਾਇਮ ਨਹੀਂ ਹੋਵੇਗਾ, ਉਦੋਂ ਤਕ ਜਿਹੜੀ ਲੜਾਈ ਅਸੀਂ ਲੜ ਰਹੇ ਹਾਂ, ਉਹ ਫਯੂਜ਼ਲੈਸ ਹੋ ਜਾਵੇਗੀ ਅਤੇ ਅਸੀਂ ਕਿਸੇ ਨਤੀਜੇ ਤੇ ਨਹੀਂ ਪਹੁੰਚ ਸਕਾਂਗੇ । ਇਨ੍ਹਾਂ ਤੇ ਥੋੜ੍ਹਾ ਜਿਹਾ ਚੈਕ ਲਗਾਉਣ ਦੀ ਜ਼ਰੂਰਤ ਹੈ । ਇਸ ਵੱਲ ਸਰਕਾਰ ਜ਼ਰੂਰ ਧਿਆਨ ਦੇਵੇ ਨਹੀਂ ਤਾਂ ਸਾਰੀ ਲੜਾਈ ਗਲਤ ਰਸਤੇ ਤੇ ਜਾ ਸਕਦੀ ਹੈ ।

ਇਸ ਦੇ ਨਾਲ ਹੀ, ਸਪੀਕਰ ਸਾਹਿਬ, ਅਸੀਂ ਜਦੋਂ ਵੀ ਇਥੇ ਬੋਲਦੇ ਹਾਂ ਹਰ ਗੱਲ ਦਾ ਜਵਾਬ ਇਹ ਆ ਜਾਂਦਾ ਹੈ ਕਿ ਪਿਛੇ 57 ਮਹੀਨੇ ਗਵਰਨਰ ਰਾਜ ਰਿਹਾ ਹੈ ਅਤੇ ਉਦੋਂ ਦੀ ਪ੍ਰਸ਼ਾਸਕ ਬਿਊਰੋਕਰੇਸੀ ਸੀ, ਉਨ੍ਹਾਂ ਨੇ ਗਲਤ ਕੰਮ ਕੀਤੇ । ਮੈਂ ਮੰਨਦਾ ਹਾਂ ਕਿ ਉਨ੍ਹਾਂ ਨੇ ਵੀ ਕੀਤੇ, ਫਿਰ ਤੁਸੀਂ ਉਨ੍ਹਾਂ ਦੇ ਖਿਲਾਫ ਕੋਈ ਕਾਰਵਾਈ ਕੀਤੀ ਹੋਵੇ, ਉਹਦਾ ਕੋਈ ਜ਼ਿਕਰ ਇਸ ਐਡਰੈਸ ਵਿਚ ਨਹੀਂ ਹੈ । Have we compromised with them ? We have no agency to check them. ਇਥੇ ਮੈਂ ਭ੍ਰਿਸ਼ਟਾਚਾਰ ਦੇ ਖਿਲਾਫ ਲੜਾਈ ਦਾ ਗਵਰਨਰ ਐਡਰੈਸ ਵਿੱਚ ਦੇਖਿਆ ਹੈ ਇਨ੍ਹਾਂ ਨੇ ਜ਼ਿਕਰ ਕੀਤਾ ਹੈ ਕਿ ਕਿੰਨੇ ਕੇਸਿਜ਼ ਰਿਪੋਰਟ ਕੀਤੇ ਹਨ । ਮੈਂ, ਸਪੀਕਰ ਸਾਹਿਬ, ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਜਿਥੇ ਇਨ੍ਹਾਂ ਨੇ ਪੇਜ-12 ਤੇ ਕਿਹਾ ਹੈ ਕਿ 116 cases were trapped, 13 gazetted and 111 non gazetted officers were caught red-handed, 6 criminal cases under the provisions of Corruption Act, 155 regular enquiries and 27 preliminary enquiries were registered. Investigations of 79 regular enquiries, 13 preliminary enquiries against 125 gazetted Officers, 117 non-gazetted officers and private persons were completed. Departmental action was completed against 9 gazetted and 19 non-gazetted officers. ਕੀ ਭ੍ਰਿਸ਼ਟਾਚਾਰ ਕੇਵਲ 4 ਪਟਵਾਰੀ ਪਕੜ ਲਏ, 2 ਸਿਪਾਹੀ ਪਕੜ ਲਏ 3 ਜੇ.ਈ. ਪਕੜ ਲਏ ਇਸ ਗੱਲ ਨਾਲ ਦੂਰ ਹੋ ਜਾਵੇਗਾ ? ਕੀ ਇਸ ਤਰ੍ਹਾਂ ਇਸ ਦੇ ਖਿਲਾਫ ਲੜਾਈ ਲੜੀ ਜਾ ਸਕਦੀ ਹੈ ? ਜੇ ਭ੍ਰਿਸ਼ਟਾਚਾਰ ਦੇ ਖਿਲਾਫ ਕੇਵਲ ਕੁਝ ਪ੍ਰਸ਼ਾਸਕਾਂ ਨੂੰ ਦੋਸ਼ ਦੇ ਕੇ ਅਸੀਂ ਕਹੀਏ ਕਿ ਅਸੀਂ ਭ੍ਰਿਸ਼ਟਾਚਾਰ ਦੇ ਖਿਲਾਫ ਲੜ ਰਹੇ ਹਾਂ ਤਾਂ ਕਿਥੋਂ ਤੱਕ ਠੀਕ

ਹੋਵੇਗਾ ? ਪਹਿਲਾਂ ਪੁਲੀਟਿਕਲ ਕੁਰੱਪਸ਼ਨ ਦੂਰ ਕਰਨੀ ਚਾਹੀਦੀ ਹੈ ਜਦੋਂ ਪੁਲੀਟਿਕਲ ਸਾਸ਼ਕ (Ruler) ਕੋਈ ਡਿਮਾਂਡ ਰਖਦੇ ਹਨ ਤਾਂ ਇਹ ਐਡਮਨਿਸਟ੍ਰੇਸ਼ਨ ਨੂੰ ਕੁਰੱਪਸ਼ਨ ਵਾਸਤੇ ਐਨਕਰੇਜ ਕਰਦੇ ਹਨ । ਜਦੋਂ ਇਹ ਐਡਮਨਿਸਟ੍ਰੇਸ਼ਨ ਅੱਗੇ 10 ਲੱਖ ਦੇ ਫੰਡ ਦੀ ਡਿਮਾਂਡ ਰਖਦੇ ਹਨ ਤਾਂ ਉਹ ਪਹਿਲਾਂ 20 ਲੱਖ ਇਕੱਠਾ ਕਰਦੇ ਹਨ ਅਤੇ ਵਿਚੋਂ 10 ਲੱਖ ਦੇ ਦਿੰਦੇ ਹਨ। ਜਦੋਂ ਤੱਕ ਪੁਲੀਟਿਕਲ ਕੁਰੱਪਸ਼ਨ ਦੂਰ ਨਹੀਂ ਕੀਤੀ ਜਾਂਦੀ ਉਦੋਂ ਤਕ ਥੱਲੜੇ ਲੈਵਲ ਤੇ ਕੋਈ ਚੈਕ ਨਹੀਂ ਰਖਿਆ ਜਾ ਸਕਦਾ । ਜਦੋਂ ਐਡਮਨਿਸਟ੍ਰੇਟਰ ਦੇਖਦਾ ਹੈ ਕਿ ਮੇਰਾ ਪੁਲੀਟਿਕਲ ਬਾਸ ਵੀ ਕੁਰੱਪਸ਼ਨ ਕਰ ਰਿਹਾ ਹੈ ਤਾਂ ਉਹ ਵੀ ਨਹੀਂ ਝਿਜਕਦਾ । ਇਥੇ ਅਸੀਂ ਪਿਛਲੇ 57 ਮਹੀਨੇ ਤੇ ਦੋਸ਼ ਦੇ ਕੇ ਇਕ ਮਿੰਟ ਵਿੱਚ ਗੱਲ ਖ਼ਤਮ ਕਰ ਦਿੰਦੇ ਹਾਂ । ਪਰ ਪ੍ਰਮੁੱਖ ਅਫਸਰ ਦੇ ਖਿਲਾਫ ਕੋਈ ਕੇਸ ਦਰਜ ਨਹੀਂ, ਕਿਸੇ ਨੂੰ ਚਾਰਜਸ਼ੀਟ ਨਹੀਂ ਕੀਤਾ ਗਿਆ । ਹਾਲੇ ਤੱਕ ਕੋਈ ਕੇਸ ਕਿਸੇ ਸੀਨੀਅਰ ਅਫਸਰ ਦੇ ਖ਼ਿਲਾਫ ਨਹੀਂ ਆਇਆ । ਜੇ ਕੋਈ ਅੰਡਰਗਰਾਉਂਡ ਚਲ ਰਹੇ ਹਨ ਤਾਂ ਮੈਂ ਕਹਿ ਨਹੀਂ ਸਕਦਾ but it has not come to this House or to the light of the House or to the light of the people of Punjab.

ਜਿਥੇ ਸਰਕਾਰ ਨੇ ਅਨਾਊਂਸ ਕੀਤਾ ਹੋਵੇ ** ** **

ਸ਼੍ਰੀ ਸਪੀਕਰ : ਇਹ ਵਾਈਲਡ ਐਲੀਗੇਸ਼ਨਜ਼ ਐਕਸਪੰਜ ਕੀਤੇ ਜਾਂਦੇ ਹਨ ।

ਸ਼੍ਰੀ ਮਦਨ ਮੋਹਨ ਮਿੱਤਲ : ਮੁੱਖ ਮੰਤਰੀ ਸਾਹਿਬ ਨੂੰ ਐਜੂਕੇਸ਼ਨ ਡਿਪਾਰਟਮੈਂਟ ਦੀਆਂ ਟ੍ਰਾਂਸਫਰਜ਼ ਵਾਸਤੇ 3 ਵਾਰ ਪਾਲਿਸੀ ਚੇਂਜ ਕਰਨੀ ਪਈ । ਬਾਹਰ ਇਸ ਗੱਲ ਦੀ ਆਮ ਚਰਚਾ ਹੈ ਕਿ ਬਿਨਾ ਪੈਸਿਆਂ ਤੋਂ ਕੋਈ ਟ੍ਰਾਂਸਫਰ ਨਹੀਂ ਹੁੰਦੀ । ਪਿਛੇ ਜਿਹੇ ਬਹੁਤ ਸਾਰੇ ਟੀਚਰਜ਼ ਦੀ ਇੰਟਰਵਿਊ ਲਈ ਗਈ ਹੈ । ਇਸ ਗੱਲ ਦੀ ਵੀ ਚਰਚਾ ਹੈ ਕਿ ਬਿਨਾਂ ਪੈਸਿਆਂ ਤੋਂ ਕਿਸੇ ਦੀ ਸਿਲੈਕਸ਼ਨ ਨਹੀਂ ਹੋਣੀ । ਜੇ ਸਰਕਾਰ ਇਹ ਗੱਲ ਕਹਿ ਕੇ ਪਿੱਛਾ ਛੁਡਾਉਣ ਦੀ ਕੋਸ਼ਿਸ਼ ਕਰੇ ਕਿ ਅਸੀਂ ਅੱਤਵਾਦ ਦੇ ਖਿਲਾਫ ਲੜ ਰਹੇ ਹਾਂ, ਅਤੇ ਸਰਕਾਰ ਦੀਆਂ ਬਾਕੀ ਗੱਲਾਂ ਲੋਕੀਂ ਨਜ਼ਰਅੰਦਾਜ਼ ਕਰ ਦੇਣਗੇ ਤਾਂ ਸਰਕਾਰ ਭੁਲੇਖੇ ਵਿਚ ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਡੀਆਂ, ਲੋਕਾਂ ਦੇ ਨੁਮਾਇੰਦਿਆਂ ਦੀਆਂ, ਕਿਤਾਬਾਂ ਖੁਲ੍ਹੀਆਂ ਹਨ । ਲੋਕਾਂ ਦਾ ਧਿਆਨ ਹਰ ਵੇਲੇ ਸਾਡੇ ਉਪਰ ਹੈ । ਅਸੀਂ ਤਾਂ ਜੇ ਸੁੱਤੇ ਵੀ ਹੋਈਏ, ਫਿਰ ਵੀ ਲੋਕ ਸਾਨੂੰ ਮਿਲ ਸਕਦੇ ਹਨ, ਅਸੀਂ ਕਿਸੇ ਨੂੰ ਮਿਲਣ ਤੋਂ ਨਾਂਹ ਨਹੀਂ ਕਰ ਸਕਦੇ । ਇਹੀ ਤਾਂ ਫਰਕ ਹੈ ਗਵਰਨਰ ਰੂਲ ਵਿਚ ਅਤੇ ਪਾਪੂਲਰ ਰੂਲ ਵਿਚ । ਮੈਂ ਕਿਸੇ ਖਾਸ ਆਦਮੀ ਦੇ ਵਿਰੁੱਧ ਨਹੀਂ ਲੇਕਿਨ ਇਸ ਸਿਸਟਮ ਦੇ ਖਿਲਾਫ ਜ਼ਰੂਰ ਹਾਂ । ਇਸ ਸਿਸਟਮ ਨੂੰ ਸੁਧਾਰਨ ਦੀ ਲੋੜ ਹੈ । ਅਗਰ ਉਪਰਲੇ ਲੈਵਲ ਤੇ ਕੁਰੱਪਸ਼ਨ ਨੂੰ ਠੱਲ੍ਹ ਪਾਈ ਜਾ ਸਕੇ ਤਾਂ ਕੋਈ ਕਾਰਨ ਨਹੀਂ ਕਿ ਨੀਚਲੇ ਲੈਵਲ ਦੀ ਕੁਰੱਪਸ਼ਨ ਬੰਦ ਨਾ ਹੋ ਸਕੇ । ਮੈਂ ਇਸ ਗੱਲ ਦੇ ਖ਼ਿਲਾਫ਼ ਨਹੀਂ ਕਿ ਸੇਲਜ਼ ਟੈਕਸ ਜਾਂ ਪੈਸੰਜਰ ਟੈਕਸ ਦੀ ਚੈਕਿੰਗ ਨਾ ਕੀਤੀ ਜਾਵੇ । ਮੈਂ ਕਹਿੰਦਾ ਹਾਂ ਕਿ ਉਨ੍ਹਾਂ ਦੀ ਜ਼ਰੂਰ ਚੈਕਿੰਗ ਕਰੋ, ਜ਼ਰੂਰ ਛਾਪੇ ਮਾਰੋ, ਲੇਕਿਨ ਇਹ ਕਿਸੇ ਨੂੰ ਵੀ

**Expunged as ordered by the Chair.

[ਸ੍ਰੀ ਮਦਨ ਮੋਹਨ ਮਿੱਤਲ]

ਅਧਿਕਾਰ ਨਹੀਂ ਕਿ ਤੁਸੀਂ ਲੋਕਾਂ ਨੂੰ ਟੈਰੋਰਾਈਜ਼ ਕਰੋ । ਅੱਜ ਇਹ ਕਹਾਵਤ ਮਸ਼ਹੂਰ ਹੈ ਕਿ ਜਿਹੜੇ ਅਫ਼ਸਰ ਇੰਸਪੈਕਟੋਰੇਟ ਵਿਚ ਕੰਮ ਕਰ ਰਹੇ ਹਨ, ਉਹ ਕਹਿੰਦੇ ਹਨ ਕਿ ਅਸੀਂ ਦਫ਼ਤਰ ਵਿਚ ਤਨਖਾਹ ਹਾਜ਼ਰੀ ਲਗਾਉਣ ਲਈ ਲੈਂਦੇ ਹਾਂ ਅਸੀਂ ਉਥੇ ਹਾਜ਼ਰੀ ਕੰਮ ਲਈ ਨਹੀਂ ਲਗਾਉਂਦੇ ਤਨਖਾਹ ਨਾਲ ਤਾਂ ਸਾਡਾ ਬਣਦਾ ਹੀ ਕੁਝ ਨਹੀਂ । ਅਸਲ ਕਮਾਈ ਤਾਂ ਉਨ੍ਹਾਂ ਨੂੰ ਬਾਹਰੋਂ ਹੁੰਦੀ ਹੈ । ਉਹ ਕਹਿੰਦੇ ਹਨ ਕਿ ਐਨੇ ਪੈਸੇ ਤਾਂ ਲੋਕਾਂ ਨੇ ਸਾਨੂੰ ਦੇਣੇ ਹੀ ਦੇਣੇ ਹਨ । ਚਾਹੇ ਪਾਲੂਸ਼ਨ ਕੰਟਰੋਲ ਬੋਰਡ ਹੋਵੇ ਅਤੇ ਚਾਹੇ ਸੇਲਜ਼ ਟੈਕਸ ਹੋਵੇ, ਉਨ੍ਹਾਂ ਨੇ ਚੈਕਿੰਗ ਕਰਕੇ, ਛਾਪੇ ਮਾਰ ਕੇ, ਲੋਕਾਂ ਨੂੰ ਡਰਾ ਧਮਕਾ ਕੇ, ਪੈਸੇ ਲੈਣੇ ਹੀ ਹਨ । ਜਿਹੜੇ ਲੋਕ ਇੰਸਪੈਕਟੋਰੇਟ ਵਿਚ ਕੰਮ ਕਰਦੇ ਹਨ, ਅਗਰ ਉਨ੍ਹਾਂ ਦੀ ਪ੍ਰਾਪਰਟੀ ਵੱਲ ਵੇਖੀਏ ਤਾਂ ਉਹ ਦੂਸਰੇ ਗਜ਼ਟਿਡ ਅਫ਼ਸਰਾਂ ਜਾਂ ਆਈ.ਏ.ਐਸ. ਅਫ਼ਸਰਾਂ ਤੋਂ ਕਿਤੇ ਜ਼ਿਆਦਾ ਹੈ । ਉਨ੍ਹਾਂ ਦੀ ਆਮਦਨੀ ਇਨ੍ਹਾਂ ਵੱਡੇ ਅਧਿਕਾਰੀਆਂ ਨਾਲੋਂ ਕਿਤੇ ਵੱਧ ਹੈ । ਇੰਸਪੈਕਟੋਰੇਟ ਦੇ ਕਰਮਚਾਰੀਆਂ ਦੀ ਆਮਦਨ ਦੇ ਕਈ ਕਈ ਸੋਰਸਿਜ਼ ਹਨ । ਉਨ੍ਹਾਂ ਦੀਆਂ ਬਹੁਤ ਜ਼ਿਆਦਾ ਸੇਵਿੰਗਜ਼ ਹਨ, ਪ੍ਰਾਪਰਟੀ ਵੀ ਬਹੁਤ ਵੱਡੀ ਹੈ । ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਇਸ ਗੱਲ ਵੱਲ ਧਿਆਨ ਦੇਵੇਗੀ ?

ਆਬਕਾਰੀ ਅਤੇ ਕਰ ਮੰਤਰੀ (ਸਰਦਾਰ ਸਮਸ਼ੇਰ ਸਿੰਘ ਦੂਲੋਂ) : ਪੁਆਇੰਟ ਆਫ਼ ਆਰਡਰ, ਸਰ । ਸਪੀਕਰ ਸਾਹਿਬ, ਇਨ੍ਹਾਂ ਨੇ ਮੇਰੇ ਡਿਪਾਰਟਮੈਂਟ ਦੀ ਗੱਲ ਕੀਤੀ ਹੈ । ਜੋ ਇਨ੍ਹਾਂ ਨੇ ਕਿਹਾ ਹੈ ਕਿ ਚੈਕਿੰਗ ਦੇ ਦੌਰਾਨ ਲੋਕਾਂ ਨੂੰ ਟੈਰੋਰਾਈਜ਼ ਕੀਤਾ ਜਾਂਦਾ ਹੈ, ਇਸ ਸਿਲਸਿਲੇ ਵਿਚ ਮੈਂ ਇਨ੍ਹਾਂ ਕਹਿਣਾ ਚਾਹੁੰਦਾ ਹਾਂ ਕਿ ਅਗਰ ਇਨ੍ਹਾਂ ਦੇ ਨੋਟਿਸ ਵਿਚ ਕੋਈ ਅਜਿਹੀ ਗੱਲ ਹੈ ਤਾਂ ਇਹ ਮੈਨੂੰ ਸਪੈਸੇਫਿਕ ਕੰਪਲੇਂਟ ਦੇ ਦੇਣ, ਅਸੀਂ ਇਨਕੁਆਇਰੀ ਕਰਵਾ ਲਵਾਂਗੇ ਅਤੇ ਐਕਸ਼ਨ ਲੇ ਲਵਾਂਗੇ ।

ਸ੍ਰੀ ਸਪੀਕਰ : ਮਿੱਤਲ ਸਾਹਿਬ, ਤੁਸੀਂ ਕੰਟੀਨਿਊ ਕਰੋ ।

ਸ੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਮੰਤਰੀ ਜੀ ਨੇ ਜੋ ਕਿਹਾ ਹੈ, ਮੈਂ ਉਸ ਦਾ ਵੈਲਕਮ ਕਰਦਾ ਹਾਂ । He has come forward to take action against his department and what action will be taken that we will also see and it must come on the floor of the House. ਮੈਂ ਇਨ੍ਹਾਂ ਨੂੰ ਦੱਸਦਾ ਹਾਂ ਕਿ ਗੋਬਿੰਦਗੜ੍ਹ ਦੇ ਵਿਚ 5 ਫ਼ਰਵਰੀ ਨੂੰ ਇਕ ਮਿੱਲ ਤੇ ਰੇਡ ਕੀਤਾ ਗਿਆ । ਉਸ ਮਿੱਲ ਦੇ ਮਾਲਕ ਨੇ ਉਨ੍ਹਾਂ ਰੇਡ ਕਰਨ ਵਾਲਿਆਂ ਨੂੰ ਆਪਣੀਆਂ ਅਕਾਊਂਟਸ ਬੁਕਸ ਦੇ ਦਿੱਤੀਆਂ । ਉਸ ਨੇ ਆਪਣੇ ਸਾਰੇ ਕਾਗਜ਼ਾਤ ਦੇ ਦਿੱਤੇ । ਕਾਗਜ਼ਾਤ ਦੇਣ ਤੋਂ ਬਾਅਦ ਉਸ ਨੇ ਉਸ ਦੀ ਇਕ ਕਾਪੀ ਮੰਗੀ । ਕਾਗਜ਼ਾਤ ਦੇਣ ਤੋਂ ਬਾਅਦ ਇਹ ਅਸੈਸੀ ਦਾ ਰਾਈਟ ਹੈ ਕਿ ਉਹ ਉਨ੍ਹਾਂ ਕਾਗਜ਼ਾਤ ਜਾਂ ਕੇਸ ਦੀ ਕਾਪੀ ਮੰਗੇ । ਇਹ ਲਾਅ ਵਿਚ ਪ੍ਰੋਵਾਈਡਿਡ ਹੈ । ਉਸ ਨੇ ਕਿਹਾ ਕਿ ਮੈਨੂੰ ਕਾਪੀ ਦੇ ਦਿਓ । ਪੁਲਿਸ ਵੀ ਜੇ ਕਿਤੇ ਛਾਪਾ ਮਾਰਦੀ ਹੈ ਜਾਂ ਤਲਾਸ਼ੀ ਲੈਂਦੀ ਹੈ ਤਾਂ ਉਸ ਇਨਕੁਆਰੀ ਦੀ ਇਕ ਕਾਪੀ ਦਿੰਦੀ ਹੈ ਜਿਸ ਨੂੰ ਪੰਚਨਾਮਾ ਕਿਹਾ ਜਾਂਦਾ ਹੈ । ਸੋ,

ਉਸ ਆਦਮੀ ਨੇ ਕਿਹਾ ਕਿ ਮੈਨੂੰ ਇਸ ਦੀ ਇਕ ਕਾਪੀ ਦੇ ਦਿਓ । ਉਸ ਨ ਕਾਪੀ ਡਿਮਾਂਡ ਕੀਤੀ । ਕਾਪੀ ਡਿਮਾਂਡ ਕਰਨ ਦਾ ਨਤੀਜਾ ਇਹ ਹੋਇਆ ਕਿ ਉਸ ਅਫਸਰ ਨੇ ਉਸ ਬਿਜ਼ਨਸਮੈਨ ਨੂੰ ਥੱਪੜ ਮਾਰ ਦਿੱਤਾ । He is a specially appointed officer of the department. I do not know what is the reason. He is a blue eyed boy of the department. ਇਸ ਗੱਲ ਤੇ ਲੋਕ ਤੈਸ਼ ਵਿਚ ਆ ਗਏ । ਲੋਕਾਂ ਵਿਚ ਬੜਾ ਗੁੱਸਾ ਸੀ । ਜਿਨ੍ਹਾਂ ਲੋਕਾਂ ਨੇ ਪੈਸੀਵਾਈ ਕਰਨ ਦੀ ਕੋਸ਼ਿਸ਼ ਕੀਤੀ ਉਨ੍ਹਾਂ ਉਤੇ ਹੀ 307 I.P.C. ਦਾ ਮੁਕੱਦਮਾ ਕਰਵਾ ਦਿੱਤਾ ਗਿਆ । ਇਹ ਇਕੱਲੀ ਘਟਨਾ ਨਹੀਂ ਹੈ । ਉਹ ਅਫਸਰ ਹਾਲੇ, ਮਹਿਕਮੇ ਵਿਚ ਸਰਵਿਸ ਕਰ ਰਿਹਾ ਹੈ । It is one instance. At one place the same officer was involved in a case U/S 307 I.P.C. Still he is serving in the department. Let the enquiry be held and if the businessman is at fault, action be taken, but if the officer is at fault he should be brought to book.' ਉਨ੍ਹਾਂ ਦੇ ਖਿਲਾਫ ਕਾਨੂੰਨੀ ਕਾਰਵਾਈ ਹੋਣੀ ਚਾਹੀਦੀ ਹੈ । ਕਾਨੂੰਨ ਦੁਆਰਾ ਜੋ ਕਾਰਵਾਈ ਕਰਨੀ ਬਣਦੀ ਹੈ ਉਹ ਜ਼ਰੂਰ ਕੀਤੀ ਜਾਣੀ ਚਾਹੀਦੀ ਹੈ । Let an enquiry be held. ਉਹ ਸਾਨੂੰ ਰੇਵੀਨਿਊ ਕੁਲੈਕਟ ਕਰਕੇ ਦਿੰਦਾ ਹੈ and after all these are revenue earning agencies, they deserve honour and respect. ਅਸੀਂ ਕਹਿੰਦੇ ਹਾਂ ਕਿ ਜਿਹੜਾ ਸਾਡਾ ਇਕ ਪੰਚਾਇਤ ਦਾ ਮੈਂਬਰ ਚੁਣ ਕੇ ਆਉਂਦਾ ਹੈ ਜਦੋਂ ਉਹ ਬਾਹਰ ਕਿਤੇ ਦੂਸਰੇ ਦਫ਼ਤਰਾਂ ਵਿੱਚ ਜਾਂਦਾ ਹੈ ਤਾਂ ਉਸ ਦਾ ਅਫ਼ਸਰ ਸਵਾਗਤ ਕਰਨ ਪਰ ਜਿਹੜਾ ਬਿਜ਼ਨੈਸਮੈਨ ਹੈ, ਜਿਹੜਾ ਸਾਨੂੰ ਲਾਟ ਆਫ ਮਨੀ ਟੈਕਸ ਦੇ ਰੂਪ ਵਿੱਚ ਦੇ ਰਿਹਾ ਹੈ, ਅਸੀਂ ਉਸ ਕੋਲੋਂ ਟੈਕਸ ਰੀਕਵਰ ਕਰਕੇ ਆਪਣੀ ਆਮਦਨੀ ਵਧਾਉਂਦੇ ਹਾਂ, ਅਗਰ ਇਸ ਤਰੀਕੇ ਦੇ ਨਾਲ ਉਸ ਨੂੰ ਬੇਇੱਜ਼ਤ ਕੀਤਾ ਜਾਵੇ how can it be justified ? Why should he help you ? ਸਾਡੇ ਪੰਜਾਬ ਦੇ ਮੁੱਖ ਮੰਤਰੀ ਬਾਹਰੋਂ ਐਨ.ਆਰ.ਆਈਜ਼ ਨੂੰ ਇਨਵਾਈਟ ਕਰਕੇ ਕਹਿ ਰਹੇ ਹਨ ਕਿ ਪੰਜਾਬ ਦੇ ਹਾਲਾਤ ਠੀਕ ਹੋ ਗਏ ਹਨ, ਇਥੇ ਆਉ ਕੇ ਪੰਜਾਬ ਵਿੱਚ ਇੰਡਸਟਰੀ ਲਗਾਓ ਤਾਂਕਿ ਇਥੇ ਵਪਾਰ ਵਧੇ । ਪਰ, ਸਪੀਕਰ ਸਾਹਿਬ, ਏਥੇ ਦੇ ਕਿਸਾਨ ਨੇ, ਪੰਜਾਬ ਦੇ ਵਪਾਰੀ ਨੇ ਇਥੇ ਰਹਿ ਕੇ 10 ਸਾਲ ਆਤੰਕਵਾਦ ਦਾ ਸਾਹਮਣਾ ਕੀਤਾ । ਉਹ ਇਥੋਂ ਉਠਕੇ ਨਹੀਂ ਗਏ, ਉਨ੍ਹਾਂ ਨੇ ਆਪਣੀ ਇੰਡਸਟਰੀ ਨੂੰ ਕਾਇਮ ਰੱਖਿਆ ਔਰ ਪੰਜਾਬ ਦੀ ਫਾਇਨੈਂਸ਼ਲ ਪੁਜ਼ੀਸ਼ਨ ਨੂੰ ਗਿਰਨ ਨਹੀਂ ਦਿੱਤਾ ਸਗੋਂ ਫਾਇਨੈਂਸ਼ਲ ਪੁਜ਼ੀਸ਼ਨ ਨੂੰ ਇਮਪਰੂਵ ਕੀਤਾ ਹੈ । ਅਸੀਂ ਆਤੰਕਵਾਦ ਦੀ ਲੜਾਈ ਲੜੀ ਹੈ ਔਰ ਸਰਕਾਰ ਦਾ ਕੋਈ ਅਫਸਰ ਜਾ ਕੇ ਇਸ ਤਰ੍ਹਾਂ ਉਨ੍ਹਾਂ ਲੋਕਾਂ ਨੂੰ ਟੈਰਾਰਾਈਜ਼ ਕਰੇ, I don't think it is justified and the Department must check those officers. ਕੋਈ ਵੀ ਹਜ਼ੂਰੇ ਨਜ਼ਰ ਬਣ ਕੇ ਇਸ ਤਰੀਕੇ ਨਾਲ ਅਤਿਆਚਾਰ ਕਰੇ ਤਾਂ ਮੈਂ ਨਹੀਂ ਸਮਝਦਾ ਕਿ ਇਸ ਨਾਲ ਸਰਕਾਰ ਦੀ ਪਾਪੂਲੈਰਿਟੀ ਵਧੇਗੀ । ਅਸੀਂ ਲੋਕ ਇਕ ਸਪੈਸ਼ਲ ਹਾਲਾਤ ਵਿੱਚੋਂ ਲੰਘ ਕੇ ਇਥੇ ਤੱਕ ਪਹੁੰਚੇ ਹਾਂ । ਸਾਨੂੰ ਇਸ ਵਾਸਤੇ ਹਰ ਤਬਕੇ ਦੇ ਸਹਿਯੋਗ ਦੀ ਬਹੁਤ ਲੋੜ ਹੈ ਔਰ ਸੂਬੇ ਦੇ ਅੰਦਰ ਸ਼ਾਂਤੀ ਵਾਸਤੇ ਸਾਨੂੰ ਹਰ ਖੇਤਰ ਦੇ ਲੋਕਾਂ, ਵਪਾਰੀਆਂ, ਕਿਸਾਨਾਂ ਅਤੇ ਕਾਰਖਾਨੇਦਾਰਾਂ ਸਾਰਿਆਂ ਦੇ ਸਹਿਯੋਗ ਦੀ ਬਹੁਤ ਜ਼ਰੂਰਤ ਹੈ ।

[ਸ਼੍ਰੀ ਮਦਨ ਮੋਹਨ ਮਿੱਤਲ]

ਮੰਡੀ ਗੋਬਿੰਦਗੜ੍ਹ ਇਕ ਅਜਿਹਾ ਟਾਊਨ ਹੈ ਜਿਸ ਦੇ ਵਿੱਚ ਸਰਕਾਰ ਨੇ ਕੋਈ ਕੋਟਾ ਨਹੀਂ ਦਿੱਤਾ, ਕੋਈ ਫੰਡਜ਼ ਨਹੀਂ ਦਿੱਤੇ। ਲੋਕਾਂ ਨੇ ਆਪਣੇ ਪੈਰਾਂ ਤੇ ਆਪ ਖੜ੍ਹੇ ਹੋ ਕੇ ਸੈਲਫ ਇੰਪਲਾਇਮੈਂਟ ਖੜ੍ਹੀ ਕਰਕੇ ਲੱਖਾਂ ਲੋਕਾਂ ਨੂੰ ਰੋਜ਼ਗਾਰ ਦਿੱਤਾ ਹੈ। ਉਹ ਲੋਕ ਮੈਕਸੀਮੱਮ ਸੇਲਜ਼ ਟੈਕਸ ਅਤੇ ਇਨਕਮ ਟੈਕਸ ਰੀਟਰਨ ਵਿੱਚ ਦਿੰਦੇ ਹਨ ਪਰ ਫਿਰ ਵੀ ਜੇਕਰ ਉਥੋਂ ਦੇ ਲੋਕਾਂ ਨੂੰ ਨਜਾਇਜ਼ ਤੰਗ ਕੀਤਾ ਜਾਵੇ ਤਾਂ ਇਹ ਕੋਈ ਚੰਗੀ ਗੱਲ ਨਹੀਂ ਹੈ। ਜੇਕਰ ਕੋਈ ਕਸੂਰਵਾਰ ਹੋਵੇ ਤਾਂ Minister of the Department must take action. If the businessman is wrong, he will face enquiry. Whatever tax is payable he will pay, but if the officer is at fault ਤਾਂ ਉਸ ਨੂੰ ਵੀ ਕੋਈ ਪਰਿਵਿਲੇਜ ਨਹੀਂ ਹੋਣੀ ਚਾਹੀਦੀ ਕਿ ਉਸ ਨੂੰ ਕੋਈ ਹਟਾ ਨਹੀਂ ਸਕਦਾ। But he says that the Department is in his pocket. The Minister is in his pocket. I do not know: what is the reason. Only the Department knows, only the Minister knows. ਮੈਂ, ਸਪੀਕਰ ਸਾਹਿਬ, ਸਪੈਸ਼ਲ ਇਨਸਟਾਂਸ ਤੁਹਾਡੇ ਨੋਟਿਸ ਵਿੱਚ ਲਿਆਉਂਦਾ ਹਾਂ, ਲੋਕਾਂ ਨੂੰ ਇਸ ਬਾਰੇ ਬੜਾ ਭਾਰੀ ਗੁੱਸਾ ਹੈ। These are two instances I have quoted. There are many instances. Many businessmen are complaining about that officer and no action is being taken against that officer.

ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਭ੍ਰਿਸ਼ਟਾਚਾਰ ਦੀ ਲੜਾਈ ਲੜੀ ਜਾ ਰਹੀ ਹੈ, ਇਸ ਦੇ ਵਾਸਤੇ ਸਾਨੂੰ ਇਰਾਦੇ ਮਜ਼ਬੂਤ ਕਰਨੇ ਪੈਣਗੇ ਔਰ ਪਰਟੀਕੁਲਰਲੀ ਸਰਕਾਰ ਦੇ ਜੋ ਪੁਲੀਟੀਕਲ ਬਾਸਿਜ਼ ਹਨ ਉਨ੍ਹਾਂ ਨੂੰ ਵੀ ਆਪਣੇ ਇਰਾਦੇ ਮਜ਼ਬੂਤ ਕਰਨੇ ਚਾਹੀਦੇ ਹਨ ਭਾਵੇਂ ਜਿੰਨੀਆਂ ਮਰਜ਼ੀ ਮਜ਼ਬੂਰੀਆਂ ਹੋਣ। ਜੋ ਬਾਹਰ ਆਵਾਜ਼ ਉਠ ਰਹੀ ਹੈ ਮੈਂ ਇਸ ਬਾਰੇ ਮੁੱਖ ਮੰਤਰੀ ਜੀ ਦੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਲੋਕੀਂ ਇਹ ਆਮ ਚਰਚਾ ਕਰਦੇ ਹਨ ਕਿ ਕੁਰੱਪਸ਼ਨ ਬਹੁਤ ਚੱਲ ਰਹੀ ਹੈ। ਅਸੀਂ ਇਸ ਭ੍ਰਿਸ਼ਟਾਚਾਰ ਦੇ ਖਿਲਾਫ ਪੂਰਾ ਸਹਿਯੋਗ ਦਿਆਂਗੇ। ਅਸੀਂ ਚਾਹੁੰਦੇ ਹਾਂ ਕਿ ਪੰਜਾਬ ਦੇ ਵਿਚ ਪਿਛਲੇ 10-12 ਸਾਲਾਂ ਵਿਚ ਜੋ ਪੁਜ਼ੀਸ਼ਨ ਰਹੀ ਹੈ, ਉਸ ਵਿਚ ਜ਼ਰੂਰ ਬਿਹਤਰੀ ਆਏ ਪਰ ਇਸ ਦਾ ਇਹ ਮਤਲਬ ਨਹੀਂ ਕਿ ਹਰ ਜਗ੍ਹਾ ਤੇ ਦੋਨੋਂ ਹੱਥਾਂ ਨਾਲ, ਬਦਲੀ ਕਰਨ ਲਈ, ਪੋਸਟਿੰਗ ਕਰਨ ਲਈ, ਇਧਰੋਂ-ਉਧਰ ਬਦਲੀ ਕਰਨ ਲਈ ਪੈਸੇ ਇਕੱਠੇ ਕੀਤੇ ਜਾਣ। ਇਸ ਚੀਜ਼ ਤੇ ਜ਼ਰੂਰ ਰੋਕ ਲੱਗਣੀ ਚਾਹੀਦੀ ਹੈ। ਜੇਕਰ ਇਹ ਰੋਕ ਨਾ ਲੱਗੀ ਤਾਂ ਲੋਕਾਂ ਦਾ ਪਾਪੂਲਰ ਗੌਰਮਿੰਟ ਤੋਂ ਭਰੋਸਾ ਉਠ ਜਾਵੇਗਾ, ਫਿਰ ਤਾਂ ਲੋਕੀਂ ਕਹਿਣਗੇ ਕਿ ਇਸ ਦੇ ਨਾਲੋਂ ਗਵਰਨਰੀ ਰਾਜ ਹੀ ਚੰਗਾ ਸੀ। ਪਹਿਲਾਂ ਚਾਰ-ਚਾਰ, ਪੰਜ-ਪੰਜ ਹਜ਼ਾਰ ਰੁਪਏ ਲਏ ਜਾਂਦੇ ਸਨ ਪਰ ਹੁਣ ਤਾਂ 10-10 ਹਜ਼ਾਰ ਰੁਪਏ ਦੇਣੇ ਪੈਂਦੇ ਹਨ। ਮੁੜ ਕੇ ਫਿਰ ਉਹੀ ਸਰਕਲ ਲੋਕਾਂ ਵਿਚ ਸ਼ੁਰੂ ਹੋ ਜਾਵੇਗਾ।

ਸ਼੍ਰੀ ਸਪੀਕਰ : ਮਿੱਤਲ ਸਾਹਿਬ, ਹੁਣ ਤੁਸੀਂ ਆਪਣੀ ਹੋਰ ਗੱਲ ਵੀ ਦੱਸੋ।

ਸ਼੍ਰੀ ਮਦਨ ਮਹਨ ਮਿੱਤਲ : ਸਪੀਕਰ ਸਾਹਿਬ, ਇਰੀਗੇਸ਼ਨ ਔਰ ਪਾਵਰ ਬਾਰੇ ਗਵਰਨਰ ਸਾਹਿਬ ਨੇ ਭਾਸ਼ਣ ਵਿਚ ਕਿਹਾ ਹੈ। ਮੈਂ ਇਸ ਦੇ ਨਾਲ ਹੀ ਐਗਰੀਕਲਚਰ

ਦੇ ਬਾਰੇ ਵੀ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਜੋ ਹੈ ਉਹ ਅਜਿਹਾ ਪ੍ਰਾਂਤ ਹੈ ਜਿਥੋਂ ਦੇ ਲੋਕ ਮੇਨ ਕਾਸ਼ਤ ਕਰਦੇ ਹਨ, ਇੰਡਸਟਰੀ ਵੀ ਚਲਾਉਂਦੇ ਹਨ। ਇਹ ਲੋਕ ਇਹ ਕੰਮ ਕੇਵਲ ਆਪਣਾ ਪੇਟ ਪਾਲਣ ਵਾਸਤੇ ਹੀ ਨਹੀਂ ਕਰਦੇ ਸਗੋਂ ਕਿਸਾਨ ਬੜੇ ਉਤਸ਼ਾਹ ਨਾਲ ਇਹ ਖੇਤੀ ਦਾ ਕੰਮ ਕਰਦਾ ਹੈ। ਇਥੋਂ ਦਾ ਕਿਸਾਨ ਨਾ ਕੇਵਲ ਪੰਜਾਬ ਦੇ ਲੋਕਾਂ ਨੂੰ ਅਨਾਜ ਦਿੰਦਾ ਹੈ ਸਗੋਂ ਸਾਰੇ ਹਿੰਦੁਸਤਾਨ ਦੇ ਨੈਸ਼ਨਲ ਪੂਲ ਵਿਚ ਵੀ ਸਭ ਤੋਂ ਵੱਧ ਹਿੱਸਾ ਪਾਉਂਦਾ ਹੈ। ਸਾਨੂੰ ਅਤੇ ਹਰ ਪੰਜਾਬੀ ਨੂੰ ਇਸ ਗੱਲ ਦਾ ਮਾਣ ਹੈ। ਇਸ ਗੱਲ ਕਰਕੇ ਦੂਜੇ ਸੂਬਿਆਂ ਵਿਚ ਪੰਜਾਬ ਦਾ ਆਦਰ ਵੀ ਕੀਤਾਂ ਜਾਂਦਾ ਹੈ ਅਤੇ ਇਸ ਨੂੰ ਇੱਜ਼ਤ ਦੇ ਨਾਲ ਦੇਖਿਆ ਜਾਂਦਾ ਹੈ। ਪੰਜਾਬ ਦਾ ਕਿਸਾਨ ਬਹਾਦਰ ਹੈ। ਉਹ ਉਤਪਾਦਨ ਵਿਚ ਸਭ ਤੋਂ ਅੱਗੇ ਹੈ। ਮਿਹਨਤ ਵਿਚ ਵੀ ਅੱਗੇ ਹੈ ਅਤੇ ਮਿਲਵਰਤਨ ਵਿਚ ਵੀ ਅੱਗੇ ਹੈ। ਅਸੀਂ ਇਸ ਗੱਲ ਦਾ ਤਾਂ ਸੰਤੋਸ਼ ਕਰ ਲਿਆ ਕਿ ਕੇਂਦਰ ਦੀ ਸਰਕਾਰ ਨੇ ਕਣਕ ਦਾ ਭਾਅ 330/-ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਹੈ ਔਰ ਪੰਜਾਬ ਦੇ ਮੁੱਖ ਮੰਤਰੀ ਨੇ ਬਿਆਨ ਦਿੱਤਾ ਸੀ ਕਿ ਅਸੀਂ 370/- ਰੁ: ਪ੍ਰਤੀ ਕੁਇੰਟਲ ਭਾਅ ਮਿਥਣ ਤੇ ਜ਼ੋਰ ਦੇਵਾਂਗੇ ਅਤੇ ਇਹ ਭਾਅ ਦਿਵਾਵਾਂਗੇ। ਇਸ ਬਿਆਨ ਤੇ ਉਨ੍ਹਾਂ ਨੇ ਵਾਹ ਵਾਹ ਵੀ ਲਈ। ਹੁਣ ਜਦੋਂ ਕੇਂਦਰ ਸਰਕਾਰ ਨੇ 330/- ਰੁਪਏ ਦਾ ਭਾਅ ਮਿਥ ਦਿੱਤਾ ਹੈ ਤਾਂ ਪੰਜਾਬ ਸਰਕਾਰ ਨੇ ਕਿਸਾਨਾਂ ਨੂੰ ਕੀ ਅਡੀਸ਼ਨਲ ਦੇਣ ਬਾਰੇ ਫੈਸਲਾ ਲਿਆ ਹੈ? ਜੇਕਰ ਚੀਫ਼ ਮਨਿਸਟਰ ਸਾਹਿਬ ਨੇ ਕਮਿਟਮੈਂਟ ਕੀਤੀ ਹੈ ਕਿ 370/- ਰੁਪਏ ਭਾਅ ਦਿਵਾਇਆ ਜਾਵੇਗਾ ਤਾਂ ਫਿਰ ਪੰਜਾਬ ਦੇ ਕਿਸਾਨਾਂ ਨੂੰ ਇਹ ਭਾਅ ਜ਼ਰੂਰ ਦਿੱਤਾ ਜਾਣਾ ਚਾਹੀਦਾ ਹੈ। ਨਿਰਾ ਬਿਆਨ ਦੇ ਕੇ ਵਾਹ ਵਾਹ ਨਹੀਂ ਕਰਾਉਣੀ ਚਾਹੀਦੀ "He should be quite brave and he should say, "I demand Rs. 370/- per quintal for wheat being grown by the farmers of Punjab." ਮੈਂ ਸਮਝਦਾ ਹਾਂ ਕਿ ਪੰਜਾਬ ਸਰਕਾਰ ਆਪਣੇ ਵਾਅਦੇ ਤੋਂ ਪਿੱਛੇ ਹਟੀ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਅੱਜ ਕਣਕ ਦੀ ਕਾਸਟ ਆਫ਼ ਪ੍ਰੋਡਕਸ਼ਨ ਬਹੁਤ ਵੱਧ ਗਈ ਹੈ। ਸਬਸਿਡੀਆਂ ਬੰਦ ਕੀਤੀਆਂ ਜਾ ਰਹੀਆਂ ਹਨ, ਲੇਬਰ ਰੇਟ ਵੀ ਵਧ ਰਹੇ ਹਨ ਤਾਂ ਫਿਰ ਅਸੀਂ 330/- ਰੁਪਏ ਦੇ ਰੇਟ ਨੂੰ ਜਸਟੀਫ਼ਾਈ ਨਹੀਂ ਕਰ ਸਕਦੇ। ਪੰਜਾਬ ਦੇ ਕਿਸਾਨ ਨੇ ਪਿਛਲੇ ਖ਼ਰਾਬ ਹਾਲਾਤਾਂ ਵਿਚ ਵੀ ਆਪਣੀ ਮਿਹਨਤ ਨਾਲ ਵਧੇਰੇ ਅੰਨ ਪੈਦਾ ਕੀਤਾ ਹੈ। ਅਸੀਂ ਦੇਖਦੇ ਹਾਂ ਕਿ ਪਿਛਲੇ ਸਮੇਂ ਵਿਚ ਉਨ੍ਹਾਂ ਦੇ ਫਾਰਮ ਹਾਊਸ ਵੀ ਉਜਾੜ ਦਿੱਤੇ ਗਏ ਅਤੇ ਉਹ ਸੂਰਜ ਛਿਪਣ ਤੋਂ ਲੈ ਕੇ ਸਵੇਰੇ ਸੂਰਜ ਚੜ੍ਹਨ ਤੱਕ ਆਪਣੇ ਖੇਤਾਂ ਵਿਚ ਵੀ ਨਹੀਂ ਸਨ ਜਾ ਸਕਦੇ, ਦੂਜੇ ਦੇ ਖੇਤਾਂ ਵਿਚ ਜਾਣ ਦੀ ਤਾਂ ਗੱਲ ਦੂਰ ਹੈ। ਅਜਿਹੇ ਹਾਲਾਤਾਂ ਵਿਚ ਵੀ ਉਨ੍ਹਾਂ ਨੇ ਪ੍ਰੋਡਕਸ਼ਨ ਵਿਚ ਕਮੀ ਨਹੀਂ ਆਉਣ ਦਿੱਤੀ। ਮੈਂ ਸਮਝਦਾ ਹਾਂ ਕਿ ਪੰਜਾਬ ਸਰਕਾਰ ਨੂੰ ਆਪਣੇ ਵਾਅਦੇ ਨੂੰ ਪੂਰਾ ਕਰਨਾ ਚਾਹੀਦਾ ਹੈ। ਪਿਛਲੀ ਵਾਰ ਵੀ ਤੁਸੀਂ 5/- ਰੁਪਏ ਬੋਨਸ ਦੇ ਕੇ 280/- ਰੁਪਏ ਦਾ ਰੇਟ ਦਿੱਤਾ ਸੀ। ਇਸ ਵਾਰ ਵੀ ਮੈਂ ਪੰਜਾਬ ਦੇ ਖ਼ਜ਼ਾਨਾ ਮੰਤਰੀ ਜੀ ਨੂੰ ਕਹਾਂਗਾ ਭਾਵੇਂ ਉਹ ਮੇਰੇ ਨਾਲ ਨਾਰਾਜ਼ ਹੀ ਹੋਣਗੇ ਕਿ ਮੈਂ ਹਰ ਵਾਰ ਉਨ੍ਹਾਂ ਦੇ ਖਜ਼ਾਨੇ ਬਾਰੇ ਹੀ ਗੱਲ ਕਰਦਾ ਹਾਂ ਕਿ ਉਹਨਾਂ ਨੂੰ ਇਸ ਵਿਚ ਜ਼ਰੂਰ ਕੁਝ ਕੰਟਰੀਬਿਊਟ ਕਰਨਾ ਚਾਹੀਦਾ ਹੈ।

ਦੂਜੀ ਗੱਲ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਜਿਹੜੀ ਇਰੀਗੇਸ਼ਨ ਦੀ ਮਾਈਲੇਜ ਦਿੱਤੀ ਗਈ ਹੈ, ਉਹ ਘੱਟ ਹੈ। ਪੰਜਾਬ ਵਿਚ ਅਜ ਵੀ ਬਹੁਤ ਸਾਰੀ ਜ਼ਮੀਨ ਅਜਿਹੀ ਹੈ ਜਿਥੇ ਕਿ ਪਾਣੀ ਨਹੀਂ ਪਹੁੰਚਦਾ ਔਰ ਜਦੋਂ ਤੱਕ ਅਸੀਂ ਸਾਰੀ ਜ਼ਮੀਨ ਦੀ ਇਰੀਗੇਸ਼ਨ

[ਸ਼੍ਰੀ ਮਦਨ ਮੋਹਨ ਮਿੱਤਲ]

ਐਸ਼ਿਓਰਡ ਨਹੀਂ ਕਰ ਲੈਂਦੇ ਉਤਨੀ ਦੇਰ ਤੱਕ ਗੱਲ ਨਹੀਂ ਬਣਨੀ । ਭਾਰਤ ਸਰਕਾਰ ਪਤਾ ਨਹੀਂ ਕਿਹੜੇ ਮੋਟਿਵ ਨਾਲ ਕਦੀ ਤਾਂ ਇਹ ਐਲਾਨ ਕਰ ਦਿੰਦੀ ਹੈ ਕਿ ਸਾਡੇ ਪਾਸ ਅਨਾਜ ਦੇ ਭੰਡਾਰ ਬਹੁਤ ਮੌਜੂਦ ਹਨ, ਅਸੀਂ ਐਕਸਪੋਰਟ ਕਰ ਸਕਦੇ ਹਾਂ। ਪਰ ਫਿਰ ਮਹੀਨੇ ਕੁ ਪਿਛੋਂ ਇੰਪੋਰਟ ਵੀ ਕਰ ਲੈਂਦੇ ਹਨ । ਕਿਤੇ ਇਹ ਨਾ ਹੋਵੇ ਕਿ ਇਰੀਗੇਸ਼ਨ ਪੂਰੀ ਨਾ ਕਰਨ ਦੇ ਕਾਰਨ ਸਾਨੂੰ ਇਹ ਇੰਪੋਰਟ ਹੀ ਕਰਨੀ ਪਵੇ । ਪੰਜਾਬ ਸਰਕਾਰ ਨੂੰ ਫਸਟ ਪਰਿਆਰਟੀ ਦੇ ਕੇ ਪੰਜਾਬ ਦੀ ਸਾਰੀ ਜ਼ਮੀਨ ਨੂੰ ਇਰੀਗੇਸ਼ਨ ਦੀ ਸਹੂਲਤ ਪਹੁੰਚਾਉਣੀ ਚਾਹੀਦੀ ਹੈ ਕਿਉਂਕਿ ਇਥੋਂ ਦੇ ਕਿਸਾਨ ਬੜੇ ਪ੍ਰੋਗਰੇਸਿਵ ਹਨ ਅਤੇ ਭਾਰਤ ਦੀ ਅਨਾਜ ਦੀ ਲੋੜ ਨੂੰ ਪੂਰਾ ਕਰ ਸਕਦੇ ਹਨ।

ਬਿਜਲੀ ਦੇ ਬਾਰੇ ਕਿਹਾ ਗਿਆ ਹੈ ਕਿ ਰੂਰਲ ਸੈਕਟਰ ਨੂੰ ਬਿਜਲੀ 'ਰਾਉਂਡ ਦੀ ਕਲਾਕ' ਸਪਲਾਈ ਕਰ ਦੇਵਾਂਗੇ ਲੇਕਿਨ ਇਸ ਬਾਰੇ ਐਡਰੈਸ ਵਿਚ ਕੋਈ ਸਮਾਂ ਨਹੀਂ ਦੱਸਿਆ ਗਿਆ ਕਿ ਕਦੋਂ ਤੱਕ ਕਰ ਦੇਵਾਂਗੇ । ਮੈਂ ਕਹਿੰਦਾ ਹਾਂ ਕਿ ਜੇਕਰ ਸਰਕਾਰ ਡੁਮੈਸਟਿਕ ਕੁਨੈਕਸ਼ਨ ਅਜੇ ਰਾਉਂਡ ਦੀ ਕਲਾਕ ਨਹੀਂ ਕਰ ਸਕਦੀ ਤਾਂ ਘੱਟੋ ਘੱਟ ਫਾਰ-ਮਰਜ਼ ਨੂੰ ਹੀ ਰਾਉਂਡ ਦੀ ਕਲਾਕ ਬਿਜਲੀ ਸਪਲਾਈ ਕਰ ਦਿੱਤੀ ਜਾਵੇ ਤਾਂਕਿ ਉਹ ਆਪਣੀ ਖੇਤੀਬਾੜੀ ਵਾਸਤੇ ਇਸ ਦਾ ਲਾਭ ਉਠਾ ਸਕਣ, ਕਿਉਂਕਿ ਡੀਜ਼ਲ ਬਹੁਤ ਮਹਿੰਗਾ ਪੈਂਦਾ ਹੈ । ਡੀਜ਼ਲ ਤੇ ਮੋਟਰਾਂ ਚਲਾਉਣ ਅਤੇ ਬਿਜਲੀ ਨਾਲ ਮੋਟਰਾਂ ਚਲਾਉਣ ਵਿਚ ਕਾਫ਼ੀ ਅੰਤਰ ਹੁੰਦਾ ਹੈ । ਇਸ ਬਾਰੇ ਜਦੋਂ ਕਿਸਾਨ ਆਪਣੀ ਟੋਟਲ-ਆਊਟ-ਪੁੱਟ ਗਿਣਦਾ ਹੈ ਤਾਂ ਉਸ ਨੂੰ ਪਤਾ ਲਗਦਾ ਹੈ ਕਿ ਕਿਤਨਾ ਲਾਸ ਹੋਇਆ ਹੈ ਅਤੇ ਕਿਤਨਾ ਪਰਾਫਿਟ ਹੋਇਆ ਹੈ । ਇਸ ਗੱਲ ਵੱਲ ਸਰਕਾਰ ਨੂੰ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ । ਸਰਕਾਰ ਇਹ ਦਾਅਵਾ ਕਰਦੀ ਹੈ ਕਿ ਸਾਰੇ ਪੰਜਾਬ ਦੇ ਅੰਦਰ ਰੂਰਲ ਇਲੈਕਟਰੀਫਿਕੇਸ਼ਨ ਕਰ ਦਿੱਤੀ ਗਈ ਹੈ, ਲੇਕਿਨ, ਸਪੀਕਰ ਸਾਹਿਬ, ਪੰਜਾਬ ਵਿਚ ਅਜੇ ਵੀ ਬਹੁਤ ਸਾਰੇ ਪਿੰਡ ਅਤੇ ਥਾਵਾਂ ਐਸੀਆਂ ਹਨ, ਬਹੁਤ ਸਾਰੇ ਘਰ ਐਸੇ ਹਨ ਜਿਥੇ ਬਿਜਲੀ ਨਹੀਂ ਲੱਗੀ ਹੋਈ । ਹਰ ਘਰ ਵਿਚ ਬਿਜਲੀ ਦੇਣੀ ਚਾਹੀਦੀ ਹੈ । ਡਾਕਟਰ ਮਾਲਤੀ ਥਾਪਰ ਜੀ ਨੇ ਕਿਹਾ ਹੈ ਕਿ ਆਬਾਦੀ ਬਹੁਤ ਵੱਧ ਗਈ ਹੈ । ਅਸੀਂ ਉਸ ਵਧ ਗਈ ਆਬਾਦੀ ਨੂੰ ਤਾਂ ਖ਼ਤਮ ਨਹੀਂ ਕਰ ਸਕਦੇ, ਹਾਂ, ਆਉਣ ਵਾਲੀ ਆਬਾਦੀ ਤੇ ਰੋਕਥਾਮ ਜ਼ਰੂਰ ਲਗਾ ਸਕਦੇ ਹਾਂ । ਪਿੰਡਾਂ ਵਿਚ ਆਬਾਦੀ ਦਾ ਫਲੋਅ ਕਾਫ਼ੀ ਜ਼ਿਆਦਾ ਹੈ ਪਰ ਜਦੋਂ ਉਥੇ ਬਿਜਲੀ ਦੀ ਡੀਮਾਂਡ ਕੀਤੀ ਜਾਂਦੀ ਹੈ ਤਾਂ ਬਿਜਲੀ ਬੋਰਡ ਵਲੋਂ ਕਿਹਾ ਜਾਂਦਾ ਹੈ ਕਿ ਇਕ ਪੁਆਇੰਟ ਦਾ ਅੱਠ ਹਜ਼ਾਰ ਰੁਪਏ ਸਰਵਿਸ ਰੈਂਟ ਦੇਣਾ ਪਵੇਗਾ, ਜੋ ਕਿ ਉਹ ਗ਼ਰੀਬ ਲੋਕ ਨਹੀਂ ਦੇ ਸਕਦੇ ।

ਸ਼੍ਰੀ ਸਪੀਕਰ : ਮਿੱਤਲ ਸਾਹਿਬ, ਟਾਈਮ ਦਾ ਧਿਆਨ ਰੱਖਿਆ ਜਾਵੇ ਤਾਂਕਿ ਬਾਕੀ ਮੈਂਬਰਾਂ ਨੂੰ ਬੋਲਣ ਦਾ ਅਵਸਰ ਮਿਲ ਸਕੇ ।

ਸ਼੍ਰੀ ਮਦਨ ਮੋਹਨ ਮਿੱਤਲ : ਸਰ, ਮੈਂ ਆਪਣੇ ਟਾਈਮ ਵਿਚ ਹੀ ਖ਼ਤਮ ਕਰਨ ਦੀ ਕੋਸ਼ਿਸ਼ ਕਰਾਂਗਾ । ਸਪੀਕਰ ਸਾਹਿਬ, ਜੇ ਸਾਡਾ ਇਹ ਟੀਚਾ ਹੈ ਕਿ ਹਰ ਘਰ ਨੂੰ ਬਿਜਲੀ ਦੇਣੀ ਹੈ ਤਾਂ ਸਾਨੂੰ ਇਕ ਟਾਈਮ ਬਾਊਂਡ ਪ੍ਰੋਗਰਾਮ ਬਣਾਉਣਾ ਚਾਹੀਦਾ ਹੈ । ਲੇਕਿਨ ਫਿਲਹਾਲ ਸਾਨੂੰ ਇਸ ਤੇ ਧਿਆਨ ਦੇਣਾ ਚਾਹੀਦਾ ਹੈ, ਉਨ੍ਹਾਂ ਗਰੀਬ ਲੋਕਾਂ ਨੂੰ ਵੀ ਬਿਜਲੀ

ਦਿੱਤੀ ਜਾਵੇ ਤਾਂਕਿ ਉਹ ਲੋਕ ਵੀ ਇਸ ਗੱਲ ਦਾ ਅਹਿਸਾਸ ਕਰ ਸਕਣ ਕਿ ਪੰਜਾਬ ਤਰੱਕੀ ਕਰ ਰਿਹਾ ਹੈ ਜਿਸ ਲਈ ਬੜੇ ਜ਼ੋਰ ਸ਼ੋਰ ਨਾਲ ਵਧਾਈਆਂ ਦਿਤੀਆਂ ਜਾਂਦੀਆਂ ਹਨ ਅਤੇ ਮੈਂ ਵੀ ਦਿਤੀਆਂ ਹਨ, ਉਹ ਵੀ ਇਸ ਦਾ ਲਾਭ ਉਠਾ ਸਕਣ ।

ਸਪੀਕਰ ਸਾਹਿਬ, ਇਸ ਐਡਰੈਸ ਦੇ ਵਿਚ ਅਨ-ਇਮਪਲਾਇਮੈਂਟ ਬਾਰੇ ਕਿਹਾ ਗਿਆ ਹੈ। ਮੈਂ ਸਮਝਦਾ ਹਾਂ ਕਿ ਇਸ ਵੱਲ ਪੂਰਾ ਧਿਆਨ ਨਹੀਂ ਦਿਤਾ ਗਿਆ । ਸਰ, ਇਸ ਸਬੰਧੀ ਬੜਾ ਛੋਟਾ ਪੈਰ੍ਹਾ ਇਸ ਦੇ ਵਿਚ ਲਿਖਿਆ ਗਿਆ ਹੈ । ਏਡੇ ਮਹੱਤਵਪੂਰਨ ਸਬਜੈਕਟ ਜੋ ਕਿ ਅੱਜ ਹਿੰਦੁਸਤਾਨ ਦੇ, ਮੈਂ ਹਿੰਦੁਸਤਾਨ ਦ ਗੱਲ ਨਹੀਂ ਕਰਦਾ ਕਿਉਂਕਿ ਮੇਰੇ ਕਈ ਸਾਥੀ ਨਾਰਾਜ਼ ਹੋ ਜਾਣਗੇ, ਮੈਂ ਸਿਰਫ ਪੰਜਾਬ ਦੀ ਗੱਲ ਹੀ ਕਰਦਾ ਹਾਂ, ਮੈਂ ਸਮਝਦਾ ਹਾਂ ਕਿ ਅੱਤਵਾਦ ਨੂੰ ਜਨਮ ਵੀ ਇਸ ਅਨ-ਇਮਪਲਾਇਮੈਂਟ ਨੇ ਹੀ ਦਿਤਾ ਸੀ, ਇਸ ਦੇ ਬਾਰੇ ਇਸ ਐਡਰੈਸ ਵਿਚ ਕੇਵਲ ਛੇ ਲਾਈਨਾਂ ਹੀ ਲਿਖੀਆਂ ਗਈਆਂ ਹਨ ਕਿ ਇਸ ਸਕੀਮ ਅਧੀਨ 4906 ਯੁਵਕਾਂ ਨੂੰ ਸਿਖਲਾਈ ਕੈਂਪਾਂ ਵਿਚ ਵੱਖ ਵੱਖ ਕਿੱਤਿਆਂ ਦੀ ਸਿਖਲਾਈ ਦਿਤੀ ਜਿਨ੍ਹਾਂ ਵਿਚੋਂ 3024 ਯੁਵਕਾਂ ਨੂੰ ਵੱਖ ਵੱਖ ਵਿਭਾਗਾਂ, ਸੰਗਠਨਾਂ ਵਿੱਚ ਲਗਾ ਦਿਤਾ ਗਿਆ ਹੈ ਅਤੇ 395 ਯੁਵਕਾਂ ਨੇ ਸਵੈ ਰੋਜ਼ਗਾਰ ਅਡਾਪਟ ਕਰ ਲਿਆ ਹੈ । ਸਾਲ 1993-94 ਦੌਰਾਨ ਅਜਿਹੇ 10,000 ਯੁਵਕਾਂ ਨੂੰ ਨਾਲ ਰਲਾਉਣ ਦਾ ਟੀਚਾ ਹੈ । ਸਰ, ਇਸ ਵਿਚ 10,000 ਯੁਵਕਾਂ ਦਾ ਜ਼ਿਕਰ ਕੀਤਾ ਹੈ । ਬਹੁਤ ਸਾਰੇ ਲੋਕ ਪ੍ਰੋਜੈਕਟਾਂ ਤੇ ਕੰਮ ਕਰ ਰਹੇ ਹਨ, ਡੇਅਲੀ ਵੇਜਿਜ਼ ਤੇ ਕੰਮ ਕਰ ਰਹੇ ਹਨ ਅਤੇ ਜਦੋਂ ਪ੍ਰਾਜੈਕਟਾਂ ਤੇ ਕੰਮ ਖਤਮ ਹੋ ਜਾਂਦਾ ਹੈ ਤਾਂ ਉਨ੍ਹਾਂ ਨੂੰ ਹਟਾ ਦਿਤਾ ਜਾਂਦਾ ਹੈ । ਕਈ ਕੋਰਟਾਂ ਵਿਚ ਚਲੇ ਗਏ ਹਨ ਅਤੇ ਲਿਟੀਗੇਸ਼ਨ ਵਿਚ ਪੈ ਗਏ ਹਨ । ਇਸ ਦੇ ਬਾਰੇ ਸਰਕਾਰ ਨੂੰ ਪਾਲਿਸੀ ਬਣਾਉਣੀ ਚਾਹੀਦੀ ਹੈ । ਪਿਛਲੇ ਸਾਲ ਇਨ੍ਹਾਂ ਨੇ ਕਿਹਾ ਸੀ ਕਿ ਇਕ ਪਰਟੀਕੂਲਰ ਡੇਟ ਨੂੰ, ਜਿਨ੍ਹਾਂ ਨੂੰ ਦੋ ਸਾਲ ਹੋ ਗਏ ਹਨ, ਉਨ੍ਹਾਂ ਨੂੰ ਰੈਗੂਲਰ ਕਰ ਦਿੱਤਾ ਜਾਵੇਗਾ, ਲੇਕਿਨ ਇਸ ਐਡਰੈਸ ਵਿਚ ਕੁਝ ਨਹੀਂ ਕਿਹਾ ਗਿਆ ਕਿ ਜੋ ਅਜਿਹੇ ਪ੍ਰਾਜੈਕਟਾਂ ਤੇ ਕੰਮ ਕਰ ਰਹੇ ਹਨ ਅਤੇ ਉਨ੍ਹਾਂ ਪ੍ਰਾਜੈਕਟਾਂ ਤੇ ਕੰਮ ਖਤਮ ਹੋਣ ਉਪਰੰਤ ਉਨ੍ਹਾਂ ਨੂੰ ਕਿਧਰੇ ਹੋਰ ਐਡਜਸਟ ਕੀਤਾ ਜਾਵੇਗਾ । ਸਰਕਾਰ ਨੇ ਇਸ ਸਬੰਧੀ ਕੋਈ ਕਾਰਵਾਈ ਨਹੀਂ ਕੀਤੀ ਅਤੇ ਇਸ ਤਰ੍ਹਾਂ ਕਰਦੇ ਕਰਾਉਂਦੇ ਇਹ ਮਾਮਲਾ ਸੁਪਰੀਮ ਕੋਰਟ ਤਕ ਚਲਾ ਗਿਆ ਜਿਸ ਤੇ ਸੁਪਰੀਮ ਕੋਰਟ ਨੇ ਸਟੇਟ ਨੂੰ ਐਥੋਰ-ਈਜ਼ ਕਰਦੇ ਹੋਏ ਕਿਹਾ ਕਿ ਇਨ੍ਹਾਂ ਲੋਕਾਂ ਬਾਰੇ ਗਾਈਡ-ਲਾਈਨਜ਼ ਬਣਾਈਆਂ ਜਾਣ ਕਿ ਇਨ੍ਹਾਂ ਲੋਕਾਂ ਨੂੰ ਕਿਸ ਤਰ੍ਹਾਂ ਐਡਜੈਸਟ ਕਰਨਾ ਹੈ । ਲੇਕਿਨ ਇਸ ਐਡਰੈਸ ਵਿਚ ਇਸ ਦਾ ਕੋਈ ਜ਼ਿਕਰ ਨਹੀਂ । ਮੈਂ ਸਮਝਦਾ ਹਾਂ ਕਿ ਪੰਜਾਬ ਦਾ ਨੌਜਵਾਨ ਤਕੜਾ ਹੈ, ਲੜਨ ਨੂੰ ਵੀ । ਜੇ ਉਸ ਦੀ ਪਾਵਰ ਨੂੰ ਚੈਨੇਲਾਈਜ਼ ਨਾ ਕੀਤਾ ਗਿਆ ਤਾਂ ਅਜਿਹਾ ਨਾ ਹੋਵੇ ਕਿ ਉਹ ਮੁੜ ਫਿਰ ਗਲਤ ਰਾਹ ਤੇ ਚਲ ਪਵੇ । ਸਪੀਕਰ ਸਾਹਿਬ hundred days of the Government ਦਾ ਜ਼ਿਕਰ ਕੀਤਾ ਗਿਆ ਸੀ ਅਤੇ ਕਿਹਾ ਸੀ ਕਿ ਜੋ ਕੋਟਾ ਸਿਸਟਮ ਹੈ ਆਰਮੀ ਦੇ ਵਿਚ, ਉਸ ਅਧੀਨ ਵਧ ਤੋਂ ਵਧ ਇਮਪਲਾਇਮੈਂਟ ਦੇਵਾਂਗੇ ਲੇਕਿਨ ਇਸ ਦਾ ਵੀ ਇਸ ਐਡਰੈਸ ਦੇ ਵਿਚ ਕੋਈ ਜ਼ਿਕਰ ਨਹੀਂ ਕਿ ਕੀ ਇਸ ਗਲ ਨੂੰ ਲੈ ਕੇ ਕੇਂਦਰ ਸਰਕਾਰ ਤਕ ਗਏ ? ਅਤੇ ਇਸ ਦੇ ਕੀ ਰੀਜ਼ਲਟ ਨਿਕਲੇ ? ਇਸ ਦੇ ਅਨੁਸਾਰ ਕਿੰਨੇ ਲੋਕਾਂ ਨੂੰ ਐਡਜਸਟ ਕਰਾਉਣ ਵਿਚ ਕਾਮਯਾਬ ਹੋਏ ? ਇਹ ਠੀਕ ਹੈ ਕਿ ਪੰਜਾਬ ਦੀ ਫਾਈਨੈਂਸ਼ੀਅਲ ਕੰਡੀਸ਼ਨ ਨੂੰ ਧੱਕਾ ਲਗਾ, ਅੱਤਵਾਦ ਦੇ ਕਾਰਨ ਔਰ ਸਾਨੂੰ ਬਹੁਤ ਸਾਰਾ ਖਰਚਾ ਪੈਰਾ ਮਿਲਟਰੀ ਫੋਰਸਿਜ਼ ਤੇ ਕਰਨਾ ਪੈ ਰਿਹਾ ਹੈ । ਜਨਤਾ ਦੀ ਸਿਕਿਉਰਟੀ ਲਈ ਅਤੇ

[ਸ਼੍ਰੀ ਮਦਨ ਮੋਹਨ ਮਿੱਤਲ]

ਵਿਧਾਇਕਾਂ ਦੀ ਸਿਕਿਉਰਟੀ ਲਈ ਵੀ ਕਾਫੀ ਖਰਚਾ ਹੋ ਰਿਹਾ ਹੈ ਅਤੇ ਸਰਕਾਰ ਵਲੋਂ ਇਹ ਕਿਹਾ ਗਿਆ ਸੀ ਕਿ ਅਸੀਂ ਸੈਂਟਰਲ ਐਕਸਾਈਜ਼ ਡਿਉਟੀ ਅਤੇ ਸੇਲਜ਼ ਟੈਕਸ ਵਿੱਚ ਪੰਜਾਬ ਦਾ ਜੋ ਹਿੱਸਾ ਹੈ, ਜੋ ਸ਼ੇਅਰ ਹੈ, ਉਸ ਨੂੰ ਬੜਵਾਵਾਂਗੇ, ਇਸ ਸਬੰਧ ਵਿਚ ਵੀ ਇਸ ਐਡਰੈਸ ਵਿਚ ਕੁਝ ਨਹੀਂ ਲਿਖਿਆ ਗਿਆ ਕਿ ਅਸੀਂ ਕਿੰਨਾ ਵਾਧਾ ਕਰਵਾ ਸਕੇ ਹਾਂ ਅਤੇ ਕੀ ਕੇਂਦਰ ਸਰਕਾਰ ਸਾਡੀ ਗੱਲ ਨਾਲ ਸਹਿਮਤ ਹੋਈ ਹੈ ਜਾਂ ਨਹੀਂ This address is silent. It is only a coverage of the Public Relations Department because this address is a document of policy. It is a policy document. ਇਸ ਐਡਰੈਸ ਵਿਚ ਡਿਵੈਲਪਮੈਂਟ ਪਾਲਿਸੀ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ। ਮੈਂ ਸਮਝਦਾ ਹਾਂ ਕਿ ਅਨ-ਇੰਪਲਾਇਡ ਲੋਕਾਂ ਵਾਸਤੇ ਐਜੂਕੇਸ਼ਨ ਸਿਸਟਮ ਨੂੰ ਬਦਲਣ ਦੀ ਜ਼ਰੂਰਤ ਹੈ। ਇਸ ਐਡਰੈਸ ਵਿਚ ਇਹ ਵੀ ਨਹੀਂ ਲਿਖਿਆ ਕਿ ਅਨ-ਇੰਪਲਾਇਡ ਵਾਸਤੇ ਐਜੂਕੇਸ਼ਨ ਸਿਸਟਮ ਵਿਚ ਕੀ ਤਬਦੀਲੀ ਕੀਤੀ ਗਈ ਹੈ। ਗਰੈਜੂਏਸ਼ਨ ਤਾਂ ਲੋਕ ਬਹੁਤ ਕਰ ਗਏ ਹਨ and we are unable to absorb all of them, even post graduates are there. ਜਦੋਂ ਕੋਈ ਪੋਸਟ ਨਿਕਲਦੀ ਹੈ ਤਾਂ ਲਾਈਨਾਂ ਦੀਆਂ ਲਾਈਨਾਂ ਲੱਗ ਜਾਂਦੀਆਂ ਹਨ। ਇਸ ਐਡਰੈਸ ਵਿਚ ਸਕੂਲਾਂ, ਕਾਲਜਾਂ ਦੇ ਢਾਂਚੇ ਵਿਚ ਕਿਸੇ ਕਿਸਮ ਦੀ ਚੇਂਜ ਦਾ ਕੋਈ ਵਿਚਾਰ ਨਹੀਂ ਹੈ। ਇਹ ਤਾਂ ਨਹੀਂ ਕਿ ਅਸੀਂ ਸਿਰਫ ਵ੍ਹਾਈਟ ਕਾਲਰਡ ਗਰੈਜੂਏਟ ਹੀ ਪੈਦਾ ਕਰੀ ਜਾਈਏ। ਇਸ ਸਬੰਧੀ ਸਰਕਾਰ ਦੇ ਵਿਚਾਰ ਅਧੀਨ ਕਿਸੇ ਪਾਲਿਸੀ ਦਾ ਕੋਈ ਜ਼ਿਕਰ ਨਹੀਂ ਹੈ।

Mr. Speaker: Try to wind up, Mittal Ji.

Shri Madan Mohan Mittal: Sir, I am coming to the closing lines.

ਮੈਂ ਕਹਿਣਾ ਚਾਹੁੰਦਾ ਹਾਂ ਕਿ ਪੇਜ਼ 20 ਤੇ ਐਜੂਕੇਸ਼ਨ ਪਾਲਿਸੀ ਦਾ ਜ਼ਿਕਰ ਹੈ ਕਿ 70 ਸਕੂਲ ਹਾਈ ਤੋਂ ਸੀਨੀਅਰ ਸੈਕੰਡਰੀ ਵਿਚ ਅਪਗਰੇਡ ਕੀਤੇ ਜਾਣਗੇ। On Page 20 this is so mentioned :—

> "......During 1993-94 it is proposed to provide full building to 300 buildingless schools, 100 single room schools will be provided additional rooms and 500 Government Primary schools will be supplied additional furniture......".

Sir, I was shocked when I read that only 500 Primary Schools will be supplied addititional furniture. ਪ੍ਰਾਇਮਰੀ ਸਕੂਲ ਬੱਚੇ ਦੀ ਡਿਵੈਲਪਮੈਂਟ ਲਈ ਹੁੰਦੇ ਹਨ। ਇਸ ਲਈ ਉਥੇ ਬੱਚੇ ਦਾਖਲ ਕਰਵਾਉਣ ਲਈ ਲੋਕਾਂ ਵਿਚ ਹੋੜ ਲੱਗੀ ਹੋਈ ਹੈ ਪਰ ਗੌਰਮਿੰਟ ਸਕੂਲਾਂ ਵੱਲ ਕੋਈ ਅਟਰੈਕਸ਼ਨ ਨਹੀਂ ਹੈ। ਇਸ ਤਰ੍ਹਾਂ ਗਰੀਬ ਲੋਕ ਪਿੱਛੇ ਰਹਿ ਜਾਣਗੇ। Those who cannot go to Model Schools and Nursery Schools their future will be in the dark. ਇਸ ਵਾਸਤੇ ਉਨ੍ਹਾਂ ਨੂੰ ਅੱਛਾ ਫਰਨੀਚਰ ਦਿੱਤਾ ਜਾਵੇ। ਇਹ ਚਾਹੀਦਾ ਸੀ ਕਿ all Primary schools will be equipped with better furniture so that these may become

the centre of education and temple of learning for the new generation. ਇਸ ਦੇ ਵਾਸਤੇ ਨਿਰਦੇਸ਼ ਨਹੀਂ ਦਿੱਤੇ ਗਏ । ਇਸ ਗੱਲ ਦਾ ਵੀ ਜ਼ਿਕਰ ਨਹੀਂ ਕੀਤਾ ਗਿਆ ਕਿ ਬੱਚਿਆਂ ਨੂੰ ਮਾਰਲ ਐਜੂਕੇਸ਼ਨ ਦਿਆਂਗੇ ਅਤੇ ਸੰਸਾਰਕ ਤਰੀਕੇ ਸਿਖਾਵਾਂਗੇ । ਇਸ ਪ੍ਰਕਾਰ ਦੀ ਕਿਸੇ ਵੀ ਵਿਧੀ ਦਾ ਜ਼ਿਕਰ ਨਹੀਂ ਕੀਤਾ ਗਿਆ । ਪੰਜਾਬ ਵਿਚ ਗੁਰੂ ਨਾਨਕ ਬਾਣੀ ਦਾ ਪਸਾਰ ਹੈ । ਜਦ ਤਕ ਅਸੀਂ ਮਾਰਲ ਐਜੂਕੇਸ਼ਨ ਨਹੀਂ ਦਿੰਦੇ ਆਪਣੇ ਸਿਸਟਮ ਵਿਚ ਸੁਧਾਰ ਨਹੀਂ ਕਰਦੇ । ਤਰੱਕੀ ਅਸੀਂ ਨਹੀਂ ਕਰ ਸਕਦੇ Ultimately we have come to the conclusion that unless we improve the moralethics of the people we cannot fight all these systems, we cannot bring better system.

ਇਸ ਵਿਚ ਮਾਰਲ ਐਜੂਕੇਸ਼ਨ ਵਾਸਤੇ ਧਿਆਨ ਨਹੀਂ ਦਿੱਤਾ ਗਿਆ । ਜਿਥੋਂ ਅਸੀਂ ਪੜ੍ਹ ਕੇ ਆਏ ਹਾਂ, ਉਥੇ ਮਾਰਲ ਐਜੂਕੇਸ਼ਨ ਦਾ ਇਕ ਪੇਪਰ ਹੁੰਦਾ ਸੀ । ਭਾਵੇਂ ਯੂਨੀਵਰ-ਸਿਟੀ ਕਲੰਡਰ ਵਿਚ ਪੇਪਰ ਨਹੀਂ ਸੀ but moral education was regularly imparted. ਇਸ ਲਈ ਇਸ ਗੱਲ ਵੱਲ ਧਿਆਨ ਦਿੱਤਾ ਜਾਵੇ । ਜਿਥੋਂ ਸਾਡੀ ਆਉਣ ਵਾਲੀ ਪੀੜ੍ਹੀ ਇਹ ਚੀਜ਼ ਸਮਝੇ ਤੇ ਹਿੰਦੁਸਤਾਨ ਨੂੰ ਆਪਣਾ ਹਿੰਦੁਸਤਾਨ ਸਮਝੇ ।

ਸ਼੍ਰੀ ਸਪੀਕਰ : ਮਿੱਤਲ ਜੀ, ਵਾਈਂਡ ਅੱਪ ਕਰੋ ।

ਸ਼੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਇਥੇ ਜਿਹੜਾ ਲੀਗਲ ਸਿਸਟਮ ਬਾਰੇ ਜ਼ਿਕਰ ਕੀਤਾ ਗਿਆ ਹੈ, ਉਸ ਨਾਲ ਵੀ ਮੇਰਾ ਸਬੰਧ ਹੈ । ਮੈਂ ਕਹਿਣਾ ਚਾਹੁੰਦਾ ਹਾਂ ਇਥੇ ਲੋਕ ਅਦਾਲਤ ਦਾ ਜ਼ਿਕਰ ਕੀਤਾ ਗਿਆ ਹੈ । It is a good step. I welcome it. ਇਸ ਗੱਲ ਦਾ ਪੇਜ਼ 9 ਤੇ ਜ਼ਿਕਰ ਕੀਤਾ ਗਿਆ ਹੈ ਪਰ ਜਿੰਨਾ ਜ਼ਿਕਰ ਹੋਣਾ ਚਾਹੀਦਾ ਸੀ, ਉਹ ਨਹੀਂ । ਇਸ ਵਿਚ ਸਿਰਫ ਐਕਸੀਡੈਂਟਸ ਕਲੇਮਜ਼ ਦਾ ਜ਼ਿਕਰ ਹੈ । II is a very good step. ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਿਰਫ ਇਹੀ ਕੇਸ ਡਿਸਕਸ ਕਰਕੇ ਲੋਕ ਅਦਾਲਤ ਦਾ ਮੰਤਵ ਪੂਰਾ ਹੋ ਜਾਂਦਾ ਹੈ । ਸਰ, ਅਸੀਂ ਸਾਰੇ ਲੋਕ ਪਿੰਡਾਂ ਨਾਲ, ਕਿਸਾਨਾਂ ਨਾਲ ਸੰਬੰਧਿਤ ਹਾਂ । ਅੱਜ ਸਭ ਤੋਂ ਜ਼ਿਆਦਾ ਜੋ ਟਾਈਮ ਵੇਸਟ ਹੋ ਰਿਹਾ ਹੈ ਉਹ ਉਨ੍ਹਾਂ ਲੋਕਾਂ ਦਾ ਕੋਰਟਾਂ ਵਿਚ ਵੇਸਟ ਹੋ ਰਿਹਾ ਹੈ and during this whole process of litigation, most of it is false prestige litigation. ਕੋਈ ਐਸਾ ਸਿਸਟਮ ਡਿਸਕਸ ਨਹੀਂ ਹੋਇਆ ਜਿਸ ਦੇ ਨਾਲ ਲਿਟੀਗੇਸ਼ਨ ਜੋ ਹੈ, ਫਾਲਸ ਪ੍ਰੈਸਟੀਜ਼ ਦੀ ਲਿਟੀਗੇਸ਼ਨ ਜੋ ਹੈ, ਉਹ ਬੰਦ ਹੋ ਸਕੇ । ਅਜੇ ਤਕ ਇਸ ਤਰ੍ਹਾਂ ਦਾ ਕੋਈ ਪ੍ਰਿਲਿਮੀਨਰੀ ਸਿਸਟਮ ਇੰਟਰੋਡਿਊਸ ਨਹੀਂ ਕੀਤਾ ਗਿਆ . . . . .

ਸ਼੍ਰੀ ਸਪੀਕਰ : ਮਿੱਤਲ ਸਾਹਿਬ, ਤੁਹਾਡਾ ਟਾਈਮ ਹੋ ਗਿਆ ਹੈ । ਤੁਸੀਂ ਹੁਣ ਵਾਈਂਡ ਅੱਪ ਕਰੋ ।

ਸ਼੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਸਰਕਾਰ ਵਲੋਂ ਕੋਈ ਐਸੇ ਸਟੈਪਸ ਅਦਾਲਤਾਂ ਦੇ ਮਾਮਲੇ ਵਿਚ ਲੈਣੇ ਚਾਹੀਦੇ ਹਨ ਜਿਸ ਦੇ ਨਾਲ ਰੀਕਨਸੀਲੀਏਸ਼ਨ ਆਫ ਪ੍ਰਾਸੈਸ ਹੋਣਾ ਚਾਹੀਦਾ ਹੈ ਜਿਸ ਤਰ੍ਹਾਂ ਲੇਬਰ ਟਰੀਬਿਊਨਲਜ਼ ਅਤੇ ਹਿੰਦੂ ਮੈਰਿਜ ਐਕਟ

[ਸ਼੍ਰੀ ਮਦਨ ਮੋਹਨ ਮਿੱਤਲ]

ਵਿਚ ਹੈ। ਇਸ ਤਰ੍ਹਾਂ ਦਾ ਕੋਈ ਕਮਪਲਸਰੀ ਰੀਕੰਨਸੀਲੀਏਸ਼ਨ ਪ੍ਰਾਸੈਸ ਹਵੇ। and that should be without the assistance of the legal practitioners ਤਾਂਕਿ ਲੋਕੀ ਸਚਾਈ ਸਾਹਮਣੇ ਆਉਣ ਤੋਂ ਬਾਅਦ ਖੁਦ ਮਹਿਸੂਸ ਕਰਨ ਕਿ ਲਿਟੀਗੇਸ਼ਨ ਉਨ੍ਹਾਂ ਦੇ ਲਈ ਠੀਕ ਨਹੀਂ ਅਤੇ ਉਹ ਕਨਸੀਲੀਏਸ਼ਨ ਵੱਲ ਆਉਣ। ਮੈਂ ਸਮਝਦਾ ਹਾਂ ਕਿ ਇਸ ਦੇ ਨਾਲ ਲਿਟੀਗੇਸ਼ਨ ਕਾਫੀ ਰਿਡਿਊਸ ਹੋ ਸਕਦੀ ਹੈ।

Mr. Speaker : Please, wind up.

ਸ਼੍ਰੀ ਮਦਨ ਮੋਹਨ ਮਿੱਤਲ : ਆਖਿਰ ਵਿਚ, ਸਪੀਕਰ ਸਾਹਿਬ, ਮੈਂ ਇਕ ਗੱਲ ਇਹ ਕਹਿਣਾ ਚਾਹੁੰਦਾ ਹਾਂ ਕਿ ਬੜੇ ਅਫ਼ਸੋਸ ਦੀ ਗੱਲ ਹੈ ਕਿ ਪੰਜਾਬ ਇਕ ਐਸਾ ਸੂਬਾ ਹੈ ਜਿਸ ਨੇ ਜਦੋਂ ਵੀ ਕੋਈ ਬਾਹਰਲੇ ਹਮਲੇ ਹੋਏ ਪੰਜਾਬ ਦੇ ਲੋਕਾਂ ਨੇ ਉਨ੍ਹਾਂ ਨੂੰ ਫੇਸ ਕੀਤਾ ਪਰ ਸ਼ਾਇਦ ਹਾਲੀਂ ਵੀ ਕੁਝ ਲੋਕਾਂ ਦੇ ਮਨਾਂ ਵਿਚ ਬਾਬਰ ਦਾ ਭੂਤ ਸਵਾਰ ਹੈ। ਸਪੀਕਰ ਸਾਹਿਬ, ਜੋ ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ ਉਹ ਮੈਂ ਦੱਸਣਾ ਚਾਹੁੰਦਾ ਹਾਂ। ਉਨ੍ਹਾਂ ਨੇ ਕਿਹਾ ਹੈ-

'ਖੁਰਾਸਾਨ ਖਸਮਾਨਾਂ ਕੀਆ ਹਿੰਦੁਸਤਾਨ ਡਰਾਇਆ।
ਆਪੇ ਦੋਸ਼ ਨਾ ਦੇਈ ਕਰਤਾ ਜਮ ਕਰ ਮੁਗਲ ਚੜ੍ਹਾਇਆ।
ਏਤੀਂ ਮਾਰ ਪਈ ਕੁਰਲਾਣੇ ਤੈਂ ਕੀ ਦਰਦ ਨਾ ਆਇਆ;

ਸਪੀਕਰ ਸਾਹਿਬ, ਮੈਨੂੰ ਬੜਾ ਅਫ਼ਸੋਸ ਹੈ ਕਿ ਹਾਲੀਂ ਵੀ ਕੁਝ ਸਾਥੀ ਭਾਵੇਂ ਪੰਜਾਬ ਵਿਚ ਹਨ, ਭਾਵੇਂ ਉਹ ਹਿੰਦੁਸਤਾਨ ਵਿਚ ਹਨ ਉਹ ਬਾਬਰ ਦੇ ਨਾਲ ਆਪਣੇ ਆਪ ਨੂੰ ਜੋੜਨਾ ਚਾਹੁੰਦੇ ਹਨ। They are very much impatient to identify themselves with mughal invador Babur.

Mr. Speaker: Mittal Ji, please wind up.

Shri Madan Mohan Mittal: Sir, I will speek for only two minutes more with your permission.

ਸ਼੍ਰੀ ਸਪੀਕਰ : ਮੇਰਾ ਮਤਲਬ ਹੈ ਕਿ ਫਿਰ ਇਨਟ੍ਰਪਸ਼ਨ ਹੋਵੇਗੀ ਤਾਂ ਮੁਸ਼ਕਲ ਹੋ ਜਾਵੇਗੀ।

ਸ਼੍ਰੀ ਮਦਨ ਮੋਹਨ ਮਿੱਤਲ: ਜਦ ਬਾਬਰ ਮਰਿਆ ਉਸ ਨੇ ਕਿਹਾ ਸੀ ਕਿ ਮੇਰਾ ਜੋ ਮਕਬਰਾ ਹੈ ਉਹ ਹਿੰਦੁਸਤਾਨ ਤੋਂ ਬਾਹਰ ਬਣਾਇਆ ਜਾਵੇ। ਪਰ ਅੱਜ ਵੀ ਇਹ ਲੋਕ ਇਸ ਤਰ੍ਹਾਂ ਦੀਆਂ ਗੱਲਾਂ ਕਰਦੇ ਹਨ। ਉਹ ਰਾਜਨੀਤਕ ਤੌਰ ਤੇ ਪੋਲੀਟੀਕਲ ਅਨਟੱਚੇਬਿਲਟੀ ਕਰੀਏਟ ਕਰ ਰਹੇ ਹਨ, ਸੈਕੂਲੇਰਿਜ਼ਮ ਦਾ ਨਾਮ ਹੀ ਭੁੱਲ ਗਏ ਹਨ।

Mr. Speaker: Please wind up. You have taken much time.

ਸ਼੍ਰੀ ਮਦਨ ਮੋਹਨ ਮਿੱਤਲ : ਸਰ, ਗੌਰਮਿੰਟ ਦਾ ਵ੍ਹਾਈਟ ਪੇਪਰ ਆਇਆ ਹੈ। ਜਿਸ ਸਰਕਾਰ ਨੇ ਇਹ ਵ੍ਹਾਈਟ ਪੇਪਰ ਛਾਪਿਆ ਹੈ....(ਵਿਘਨ)

Mr. Speaker: No interruptions, please. Please sit down.

ਵਿੱਤ ਮੰਤਰੀ: (ਡਾਕਟਰ ਕੇਵਲ ਕ੍ਰਿਸ਼ਨ) ਆਨ ਏ ਪੁਆਇੰਟ ਆਫ ਅਰਡਰ ਸਰ ।

Mr. Speaker: Doctor Sahib, on a Point of Order.

ਵਿੱਤ ਮੰਤਰੀ : ਸਪੀਕਰ ਸਾਹਿਬ, ਰੂਲਿਜ਼ ਦੇ ਮੁਤਾਬਿਕ ਮੈਂ ਮਹਿਸੂਸ ਕਰਦਾ ਹਾਂ ਕਿ ਇਥੇ ਸੈਂਟ੍ਰਲ ਗੌਰਮਿੰਟ ਤੇ ਕ੍ਰਿਟਿਸਿਜ਼ਮ ਔਰ ਬਾਬਰੀ ਮਸਜਿਦ ਦੇ ਜ਼ਿਕਰ ਦੀ ਕੋਈ ਰੈਲੇਵੈਂਸ ਨਹੀਂ ਹੈ । ਸ਼ਾਇਦ ਕੋਈ ਗੱਲ ਜਸਟੀਫਾਈ ਕਰਨ ਵਾਸਤੇ ਵਾਰ ਵਾਰ ਰੈਪੀਟੀਸ਼ਨ ਕਰ ਰਹੇ ਹਨ ਜਿਹੜੀ ਅਲਾਓ ਨਹੀਂ ਹੋਣੀ ਚਾਹੀਦੀ ।

ਸਰਦਾਰ ਅਵਤਾਰ ਸਿੰਘ ਕਰੀਮਪੁਰੀ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

ਸ਼੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ (ਸ਼ੋਰ) (ਵਿਘਨ) ਮੈਂ ਸੈਂਟਰਲ ਗੌਰਮੈਂਟ ਦੇ ਬਾਰੇ ਕੁਝ ਨਹੀਂ ਕਿਹਾ ।

ਸ਼੍ਰੀ ਸਪੀਕਰ : ਮਿੱਤਲ ਸਾਹਿਬ, ਤੁਹਾਡਾ ਟਾਈਮ ਹੋ ਗਿਆ ਹੈ । Please wind up

ਸ਼੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਇਸ ਐਡਰੈਸ ਵਿਚ ਗੱਲਾਂ ਪੰਜਾਬ ਦੀ ਉੱਨਤੀ ਵਾਸਤੇ ਸਰਵਪੱਖੀ ਆਉਣੀਆਂ ਚਾਹੀਦੀਆਂ ਸਨ ਜਿਹੜੀਆਂ ਕਿ ਰਹਿ ਗਈਆਂ । ਅਗਰ ਉਨ੍ਹਾਂ ਪੱਖਾਂ ਉਤੇ ਘੋਖ ਕਰਕੇ, ਵਿਚਾਰ ਕਰਕੇ ਜਿਨ੍ਹਾਂ ਵੱਲ ਮੈਂ ਧਿਆਨ ਦਿਵਾਇਆ ਹੈ ਐਡਰੈਸ ਦੇ ਵਿਚ ਪਾ ਦਿਤੀਆਂ ਜਾਂਦੀਆਂ ਤਾਂ ਪੰਜਾਬ ਅੱਛੀ ਤਰੱਕੀ ਕਰ ਸਕਦਾ ਹੈ ਔਰ ਪੱਕੇ ਤੌਰ ਤੇ ਪੰਜਾਬ ਵਿਚ ਪੀਸ ਹੋ ਸਕਦਾ ਹੈ । ਪੰਜਾਬ ਦਾ ਹਰ ਨਾਗਰਿਕ not only in Punjab ਬਲਕਿ ਸਾਰੇ ਹਿੰਦੁਸਤਾਨ ਵਿਚ ਬਿਲਾਖੌਫ ਵਿਚਰ ਸਕਦਾ ਹੈ । ਭ੍ਰਿਸ਼ਟਾਚਾਰ ਦਾ ਮੁਕਾਬਲਾ ਕਰਨਾ ਪਵੇਗਾ । ਇਸ ਦੇ ਵਾਸਤੇ ਕੋਡ ਆਫ਼ ਕੰਡਕਟ ਤਹਿ ਕਰਨਾ ਚਾਹੀਦਾ ਹੈ ਔਰ ਇਹ ਪਹਿਲਾਂ ਆਪਣੇ ਲੋਕਾਂ ਵਿਚ ਲਿਆਉਣਾ ਪਵੇਗਾ ।

Mr. Speaker: Mittal ji, no repetition.

ਸ਼੍ਰੀ ਮਦਨ ਮੋਹਨ ਮਿੱਤਲ : ਬਸ ਜੀ, ਮੈਂ ਵਾਈਂਡ ਅੱਪ ਕਰਨ ਲਗਾ ਹਾਂ । ਜੋ ਮਤਾ ਆਨਰੇਬਲ ਮੈਂਬਰ ਸਾਹਿਬ ਨੇ ਗਵਰਨਰ ਸਾਹਿਬ ਦੇ ਧੰਨਵਾਦ ਦਾ ਰਖਿਆ ਹੈ ਚੂੰਕਿ ਉਸ ਵਿਚ ਬਹੁਤ ਸਾਰੀਆਂ ਖਾਮੀਆਂ ਹਨ, ਇਸ ਲਈ ਮੈਂ ਇਸ ਦੀ ਵਿਰੋਧਤਾ ਕਰਦਾ ਹਾਂ ।

ਸਰਦਾਰ ਗੁਰਚਰਨ ਸਿੰਘ ਪੰਜਗਰਾਈਂ (ਪੰਜਗਰਾਈਂ, ਐਸ. ਸੀ.) : ਪਰਮ ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦਾ ਅਤਿ ਰਿਣੀ ਹਾਂ ਕਿ ਇਸ ਪਵਿੱਤਰ ਹਾਊਸ ਵਿਚ ਗਵਰਨਰ

**Expunged as ordered by the Chair.

[ਸਰਦਾਰ ਗੁਰਚਰਨ ਸਿੰਘ ਪੰਜਗਰਾਈਂ]

ਸਾਹਿਬ ਦੇ ਐਡਰੈਸ ਤੇ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿਤਾ ਹੈ । ਗਵਰਨਰ ਸਾਹਿਬ ਦੇ ਭਾਸ਼ਣ ਦੇ ਸ਼ੁਰੂਆਤ ਵਿਚ ਇਹ ਕਿਹਾਂ ਗਿਆ ਹੈ ਕਿ ਸਰਦਾਰ ਬੇਅੰਤ ਸਿੰਘ ਦੀ ਰਹਿਨੁਮਾਈ ਹੇਠ ਪੰਜਾਬ ਸਰਕਾਰ ਬਣੀ ਨੂੰ ਇਕ ਸਾਲ ਹੋਣ ਵਾਲਾ ਹੈ । ਉਸ ਵਿਚ ਜ਼ਿਕਰ ਕੀਤਾ ਹੈ ਕਿ ਕਿਸ ਤਰ੍ਹਾਂ ਸਰਕਾਰ ਨੇ ਆਪਣੀਆਂ ਨੀਤੀਆਂ ਦਾ ਸਹੀ ਇਸਤੇਮਾਲ ਕਰਦਿਆਂ ਕੀ ਪ੍ਰਾਪਤੀਆਂ ਕੀਤੀਆਂ ਔਰ ਕੀ ਕੁਝ ਕਰਨ ਜਾ ਰਹ ਹਨ । ਮੈਂ, ਸਪੀਕਰ ਸਾਹਿਬ, ਅਰਜ਼ ਕਰਨੀ ਚਾਹਾਂਗਾ ਕਿ ਇਕ ਪੰਜਾਬੀ ਦੀ ਕਹਾਵਤ ਹੈ—

'ਪੇਟ ਨਾ ਪਈਆਂ ਰੋਟੀਆਂ, ਤੇ ਸਭੇ ਗੱਲਾਂ ਖੋਟੀਆਂ ।'

ਮੇਰੇ ਕਹਿਣ ਦਾ ਭਾਵ ਇਹ ਹੈ ਕਿ ਪਿਛਲੇ 12, 13 ਸਾਲਾਂ ਤੋਂ ਜ਼ਿੰਦਗੀ ਔਰ ਮੌਤ ਦੇ ਦਰਮਿਆਨ ਜੂਝਦੇ ਹੋਏ ਕਿ ਜ਼ਿੰਦਗੀ ਜਿਊਣੀ ਹੈ ਜਾਂ ਮਰਨੀ ਹੈ, ਇਸ ਤਰ੍ਹਾਂ ਦੇ ਖ਼ਿਆਲਾਤ ਮਨ ਵਿਚ ਲੈ ਕੇ ਲੋਕੀਂ ਆਪਣੇ ਦਿਨ ਕਟਦੇ ਰਹੇ ਸੀ । ਕੋਈ ਪਤਾ ਨਹੀਂ ਸੀ ਲਗਦਾ ਕਦ ਕਿਸੇ ਭੈਣ ਦਾ ਵੀਰ, ਕਿਸੇ ਦਾ ਸੁਹਾਗ, ਕਿਸ ਮਾਂ ਦਾ ਪੁਤਰ, ਕਦ ਕਿਸੇ ਮਾਸੂਮ ਪੁੱਤਰੀ ਦੀ ਮੌਤ ਹੋ ਜਾਵੇ । ਉਸ ਦੌਰ ਵਿਚੋਂ ਅਸੀਂ ਗੁਜ਼ਰੇ ਹਾਂ । ਜਿਸ ਤਰ੍ਹਾਂ ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿਚ ਜ਼ਿਕਰ ਕੀਤਾ ਹੈ ਕਿ ਬੜੇ ਸੁਚੱਜੇ ਢੰਗ ਨਾਲ, ਨੇਕਨੀਤੀ ਨਾਲ ਔਰ ਇਮਾਨਦਾਰੀ ਨਾਲ ਔਰ ਦਲੇਰੀ ਨਾਲ ਸਰਦਾਰ ਬੇਅੰਤ ਸਿੰਘ ਹੋਰਾਂ ਦੀ ਰਹਿਨੁਮਾਈ ਹੇਠ ਪੰਜਾਬ ਵਿਚ ਵੱਖਵਾਦ ਅਤੇ ਅੱਤਵਾਦ ਦਾ ਖ਼ਾਤਮਾ ਹੋਣ ਲਗਾ ਹੈ । ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਆਪਣੇ ਮੁੱਖ ਮੰਤਰੀ ਸਾਹਿਬ ਨੂੰ ਮੁਬਾਰਕਬਾਦ ਦੇਣਾ ਚਾਹਾਂਗਾ । ਸਪੀਕਰ ਸਾਹਿਬ, ਕੋਈ ਦੌਰ ਸੀ ਜਦੋਂ ਸਵੇਰੇ ਉਠਦਿਆਂ ਸਾਰ ਖਬਰ ਪੜ੍ਹਦੇ ਸੀ ਔਰ ਉਸਦੀ ਸਭ ਤੋਂ ਮੋਟੀ ਸੁਰਖੀ ਇਹ ਹੁੰਦੀ ਸੀ ਕਿ ਅੱਜ ਬੱਸ ਵਿਚੋਂ 40 ਬੰਦੇ ਉਤਾਰ ਕੇ ਮਾਰ ਦਿਤੇ ਗਏ, ਫਲਾਣੇ ਪਿੰਡ ਵਿਚ ਸੁਤੇ ਪਏ ਇੰਨੇ ਬੰਦੇ ਮਾਰ ਦਿਤੇ ਗਏ । ਇਸ ਤਰ੍ਹਾਂ ਦੀਆਂ ਖਬਰਾਂ ਹੁੰਦੀਆਂ ਸਨ । ਉਹ ਸੰਕੀਰਣ ਨੀਤੀ ਵਾਲੇ ਲੋਕ ਸਨ ਜਿਹੜੇ ਪੰਜਾਬ ਵਿਚ ਅਮਨ ਨਹੀਂ ਸੀ ਚਾਹੁੰਦੇ ।

ਉਹ ਲੋਕ ਕਿਹਾ ਕਰਦੇ ਸਨ ਕਿ ਅੱਜ ਦਾ ਸਕੋਰ ਕੀ ਹੈ । ਉਸ ਅਤਿਵਾਦ ਨੂੰ ਉਹ ਕਰਿਕਟ ਦੀ ਖੇਡ ਦਾ ਮੈਚ ਹੀ ਸਮਝਦੇ ਸਨ ਔਰ ਖੁਸ਼ੀਆਂ ਮਨਾ ਰਹੇ ਸਨ । ਜਦੋਂ ਦੇਸ਼ ਵਿਚ ਸ਼ਾਂਤੀ ਦੀ ਬਹਾਲੀ ਦੀ ਸੋਚ ਰੱਖਣ ਵਾਲੇ ਗੱਲ ਕਰਦੇ ਸਨ ਤਾਂ ਉਨ੍ਹਾਂ ਦੇ ਸਾਹਮਣੇ ਇਕੋ ਹੀ ਗੱਲ ਆਉਂਦੀ ਸੀ ਔਰ ਉਨ੍ਹਾਂ ਦੀ ਜ਼ੁਬਾਨ ਵਿਚੋਂ ਨਿਕਲਦੀ ਸੀ ਕਿ ਪੰਜਾਬ ਵਿਚ ਸ਼ਾਂਤੀ ਦੀ ਭਾਵਨਾ ਪੈਦਾ ਹੋਵੇ । ਦੇਸ਼ ਦਾ ਕੀ ਬੁੱਢਾ, ਕੀ ਬੱਚਾ ਤੇ ਕੀ ਨੌਜਵਾਨ, ਛੋਟੇ ਤੋਂ ਲੈ ਕੇ ਵੱਡੇ ਵੱਡੇ ਅਫਸਰਾਂ ਤਕ ਉਨ੍ਹਾਂ ਲੋਕਾਂ ਦੇ ਡਰ ਤੇ ਸਹਿਮ ਤੋਂ ਮਜ਼ਬੂਰ ਸਨ । ਉਹ ਜੋ ਕੁਝ ਕਹਿੰਦੇ ਸਨ ਕਰਦੇ ਸਨ ਔਰ ਜੇਕਰ ਕੋਈ ਆਵਾਜ਼ ਬੁਲੰਦ ਕਰਦਾ ਸੀ ਤਾਂ ਉਸ ਨੂੰ ਦਿਨ ਚੜ੍ਹਦੇ ਨੂੰ ਮਾਰ ਦਿੱਤਾ ਜਾਂਦਾ ਸੀ । ਇਸ ਗੱਲ ਦੀ ਮੈਂ ਵਧਾਈ ਦਿੰਦਾ ਹਾਂ 13/14 ਸਾਲਾਂ ਦਾ ਅਰਸਾ ਬੜੇ ਦੁੱਖਾਂ ਵਿਚ ਲੰਘਿਆ ਹੈ ਪਰ ਪਿਛਲੇ 7/8 ਮਹੀਨਿਆਂ ਵਿਚ ਸਰਦਾਰ ਬੇਅੰਤ ਸਿੰਘ ਜੀ ਦੀ ਰਹਿਨੁਮਾਈ ਥੱਲੇ ਅਤਿਵਾਦ ਤੇ ਕੰਟਰੋਲ ਕੀਤਾ ਗਿਆ ਹੈ । ਇਸ ਲਈ, ਸਪੀਕਰ ਸਾਹਿਬ, ਮੈਂ ਦੁਬਾਰਾ ਫਿਰ ਮੁਬਾਰਿਕਬਾਦ ਦਿੰਦਾ ਹਾਂ । ਇਸ ਵਿਚ ਕੋਈ ਸ਼ਕ ਨਹੀਂ ਹੈ ਕਿ ਜਿਤਨੀਆਂ ਵੀ

ਦੇਸ਼ ਭਗਤ ਸ਼ਕਤੀਆਂ ਸਨ, ਉਨ੍ਹਾਂ ਨੇ ਅਤਿਵਾਦ ਦੇ ਖ਼ਿਲਾਫ਼ ਆਵਾਜ਼ ਉਠਾਈ ਹੈ। ਸਾਡੀ ਇਹ ਗੁਰੂਆਂ, ਪੀਰਾਂ ਤੇ ਪੈਗੰਬਰਾਂ ਦੀ, ਸੰਤਾਂ, ਸਾਧੂਆਂ ਤੇ ਫਕੀਰਾਂ ਦੀ ਧਰਤੀ ਹੈ। ਜਿਹੜਾ ਇਥੇ ਬੇਦੋਸ਼ਿਆਂ ਦਾ ਖ਼ੂਨ ਡੁਲਦਾ ਸੀ ਉਹ ਨਿੰਦਣਯੋਗ ਗੱਲ ਹੈ ਔਰ ਇਸ ਨੂੰ ਜਿਤਨਾ ਵੀ ਮਾੜਾ ਕਿਹਾ ਜਾਵੇ, ਥੋਹੜਾ ਹੈ। ਦੇਸ਼ ਵਿਰੋਧੀ ਤਾਕਤਾਂ ਨੇ ਬਹੁਤ ਹੀ ਕੋਸ਼ਿਸ਼ ਕੀਤੀ ਕਿ ਪੰਜਾਬ ਦੇ ਵਿਚ ਫਿਰਕਾਪ੍ਰਸਤੀ ਫੈਲਾਅ ਕੇ ਪੰਜਾਬ ਦੇ, ਦੇਸ਼ ਦੇ ਟੁਕੜੇ ਟੁਕੜ ਕਰ ਦਿੱਤੇ ਜਾਣ ਔਰ ਪੰਜਾਬ ਦੇ ਭਾਈਚਾਰੇ ਨੂੰ ਬਰਬਾਦ ਕਰ ਦਿੱਤਾ ਜਾਵੇ ਲੇਕਿਨ ਪੰਜਾਬ ਦੇ ਸੂਝਵਾਨ ਲੋਕਾਂ ਨੇ ਪੰਜਾਬ ਵਿਚ ਉਨ੍ਹਾਂ ਦਾ ਇਹ ਜੋ ਮਨਸ਼ਾ ਸੀ, ਪੂਰਾ ਨਹੀਂ ਹੋਣ ਦਿੱਤਾ। ਪੰਜਾਬ ਦੇ ਭਾਈਚਾਰੇ ਨੂੰ ਕਾਇਮ ਰੱਖਿਆ ਔਰ ਦੇਸ਼ ਵਿਚ ਸ਼ਾਂਤੀ ਤੇ ਦੇਸ਼ ਦੀ ਆਖੰਡਤਾ ਬਣਾਈ ਰੱਖੀ। ਮੈਂ ਪੰਜਾਬ ਦੇ ਲੋਕਾਂ ਨੂੰ ਵੀ ਇਸ ਗੱਲ ਦੀ ਵਧਾਈ ਦਿੰਦਾ ਹਾਂ। ਇਥੇ ਹੀ ਬੱਸ ਨਹੀਂ, ਇਸ ਤੋਂ ਜ਼ਿਆਦਾ ਸਰਕਾਰ ਵਲੋਂ, ਸਰਦਾਰ ਬੇਅੰਤ ਸਿੰਘ ਜੀ ਵਲੋਂ ਉਸ ਭਾਈਚਾਰੇ ਨੂੰ ਕਾਇਮ ਰੱਖਣ ਲਈ ਉਪਰਾਲੇ ਕੀਤੇ ਗਏ ਹਨ। ਮੈਂ ਉਨ੍ਹਾਂ ਦਾ ਜ਼ਿਕਰ ਕਰਨਾ ਜ਼ਰੂਰ ਚਾਹਵਾਂਗਾ। ਸਾਡੀ ਇਸ ਮਹਾਨ, ਗੁਰੂ-ਪੀਰਾਂ ਦੀ ਧਰਤੀ ਉਤੇ ਜਿਤਨੇ ਵੀ ਪੀਰ ਪੈਗੰਬਰ ਹੋਏ ਹਨ, ਉਨ੍ਹਾਂ ਤੋਂ ਸਾਨੂੰ ਇਹ ਹੀ ਪ੍ਰੇਰਨਾ ਮਿਲਦੀ ਹੈ ਕਿ ਇਨਸਾਨੀਅਤ ਨੂੰ ਪਿਆਰ ਕਰੋ, ਇਨਸਾਨੀਅਤ ਸਭ ਤੋਂ ਵੱਡੀ ਜ਼ਾਤ ਹੈ। ਇਸ ਲਈ ਉਨ੍ਹਾਂ ਨੇ ਕਿਤੇ ਵੀ ਜ਼ਿਕਰ ਨਹੀਂ ਕੀਤਾ ਕਿ ਇਨਸਾਨ ਇਨਸਾਨ ਦਾ ਵੈਰੀ ਬਣੇ, ਇਨਸਾਨ ਇਨਸਾਨ ਦਾ ਖ਼ੂਨ ਬਹਾਵੇ, ਐਸੀ ਕੋਈ ਪ੍ਰੇਰਣਾ ਨਹੀਂ ਮਿਲਦੀ ਲੇਕਿਨ ਪਿਛਲੇ ਕੁਝ ਸਾਲਾਂ ਵਿਚ ਸਾਡੇ ਬਹੁਤ ਸਾਰੇ ਧਰਮ ਦੇ ਠੇਕੇਦਾਰਾਂ ਨੇ, ਉਨ੍ਹਾਂ ਲੋਕਾਂ ਨੂੰ, ਬੇਗੁਨਾਹ ਲੋਕਾਂ ਨੂੰ ਬੱਸਾਂ ਵਿਚੋਂ, ਘਰਾਂ ਵਿਚੋਂ ਕੱਢ ਕੇ ਗੋਲੀਆਂ ਦੇ ਨਿਸ਼ਾਨੇ ਬਣਾਏ ਔਰ ਇਸ ਪਵਿਤਰ ਧਰਤੀ ਉਤੇ ਖ਼ੂਨ ਦੇ ਦਰਿਆ ਵਹਾਏ। ਉਨ੍ਹਾਂ ਨੇ ਅਤਿਵਾਦੀਆਂ ਨੂੰ ਸਹਾਰਾ ਦਿੱਤਾ, ਧਰਮ ਸਥਾਨਾਂ ਵਿਚ ਉਨ੍ਹਾਂ ਨੂੰ ਜਗ੍ਹਾ ਦਿੱਤੀ। ਸਾਡਾ ਸਿਰ ਸ਼ਰਮ ਨਾਲ ਉਦੋਂ ਝੁਕ ਜਾਂਦਾ ਹੈ ਜਦੋਂ ਅਸੀਂ ਵੇਖਦੇ ਹਾਂ ਕਿ ਸਾਡੇ ਪੀਰਾਂ, ਪੈਗੰਬਰਾਂ ਦੀ ਧਰਤੀ ਉਤੇ ਕਿਸ ਤਰ੍ਹਾਂ ਹੁੰਦਾ ਰਿਹਾ।

ਪੀਰਾਂ ਪੈਗੰਬਰਾਂ ਦੀ ਧਰਤੀ ਉਤੇ ਅਤਿਵਾਦੀ ਕਿਸ ਤਰ੍ਹਾਂ ਲੋਕਾਂ ਦਾ ਕਤਲ ਕਰਦੇ ਰਹੇ ਹਨ :-

"ਅਵਲਿ ਅਲਾ ਨੂਰ ਉਪਾਇਆ ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥"

ਔਰ

"ਮਾਨਸ ਕੀ ਜਾਤਿ ਸਭੈ ਏਕੈ ਪਹਿਚਾਨਬੋ"

ਸਪੀਕਰ ਸਾਹਿਬ, ਇਹ ਕਹਿਣ ਵਾਲਿਆਂ ਦੀ ਧਰਤੀ ਉਤੇ ਇਸ ਤਰ੍ਹਾਂ ਕਤਲ ਹੁੰਦੇ ਰਹੇ। ਪੁਲੀਟੀਕਲ ਪਾਰਟੀਆਂ ਦੇ ਲੋਕਾਂ ਦੇ, ਮੁਲਾਜ਼ਮਾਂ ਦੇ ਵੀ ਔਰ ਹੋਰ ਸਿਵਲ ਮੁਲਾਜ਼ਮਾਂ ਦੇ ਵੀ ਕਤਲ ਕੀਤੇ ਗਏ। ਲੇਕਿਨ ਇਹ ਖੁਸ਼ੀ ਦੀ ਗੱਲ ਹੈ ਕਿ ਦੇਸ਼ ਭਗਤ ਪਾਰਟੀਆਂ ਨੇ ਤਾਂ ਇਸ ਦੇ ਖਿਲਾਫ਼ ਅਵਾਜ਼ ਉਠਾਈ ਲੇਕਿਨ ਜਿਹੜੀਆਂ ਫਿਰਕਾਪ੍ਰਸਤ ਪਾਰਟੀਆਂ ਸਨ, ਉਨ੍ਹਾਂ ਨੇ ਇਸ ਨੂੰ ਨਹੀਂ ਨਿੰਦਿਆ। ਸਪੀਕਰ ਸਾਹਿਬ, ਸਾਡੇ ਮੁੱਖ ਮੰਤਰੀ ਸਾਹਿਬ ਨੇ ਬੜੀ ਦਲੇਰੀ ਨਾਲ ਕਦਮ ਚੁੱਕੇ ਔਰ ਅਤਿਵਾਦ ਨਾਲ ਪ੍ਰਭਾਵਿਤ ਹੋਏ ਲੋਕਾਂ ਦੇ

[ਸਰਦਾਰ ਗੁਰਚਰਨ ਸਿੰਘ ਪੰਜਗਰਾਈਂ]

ਘਰਾਂ ਵਿਚ ਜਾ ਕੇ ਵੀ ਉਨ੍ਹਾਂ ਨੂੰ ਸ਼ਾਂਤੀ ਦਿੰਦੇ ਰਹ। ਉਨ੍ਹਾਂ ਨਾਲ ਦੁਖ ਸਾਂਝਾ ਕਰਦੇ ਰਹੇ ਉਨ੍ਹਾਂ ਨੇ ਆਪਣੀ ਕੁਰਸੀ ਔਰ ਜਾਨ ਦੀ ਕੋਈ ਪਰਵਾਹ ਨਾ ਕੀਤੀ ਔਰ ਲੋਕਾਂ ਦੀ ਸੇਵਾ ਵਿਚ ਲਗੇ ਰਹੇ।

ਸਪੀਕਰ ਸਾਹਿਬ, ਜਦੋਂ ਅਜ਼ਾਦੀ ਲੈਣੀ ਸੀ ਤਾਂ ਜਿਹੜੀਆਂ ਦੇਸ਼ ਭਗਤ ਪਾਰਟੀਆਂ ਸਨ, ਉਨ੍ਹਾਂ ਦੇ ਦਿਲਾਂ ਵਿਚ ਇਹ ਨਹੀਂ ਸੀ ਕਿ ਉਨ੍ਹਾਂ ਨੇ ਰਾਜ ਕਰਨਾ ਹੈ ਜਾਂ ਕੋਈ ਵਜ਼ੀਰੀ ਲੈਣੀ ਹੈ, ਉਸ ਵੇਲੇ ਉਨ੍ਹਾਂ ਦੇ ਮਨ ਵਿਚ ਇਹ ਸੀ ਕਿ ਅਸੀਂ ਅਜ਼ਾਦੀ ਲੈਣੀ ਹੈ। ਉਨ੍ਹਾਂ ਨੂੰ ਇਹ ਪਤਾ ਸੀ ਕਿ ਅਸੀਂ ਜ਼ਿੰਦਾ ਨਹੀਂ ਰਹਿਣਾ ਪਰ ਉਹ ਇਸ ਦੀ ਵੀ ਪਰਵਾਹ ਨਾ ਕਰਕੇ ਅਜ਼ਾਦੀ ਲੈਣ ਵਾਸਤੇ ਆਪਣੀ ਲੜਾਈ ਲੜਦੇ ਰਹੇ। ਉਨ੍ਹਾਂ ਦੇ ਦਿਲਾਂ ਵਿਚ ਤਾਂ ਬਸ ਇਹੋ ਸੀ ਕਿ..

ਸਰ ਫਰੋਸ਼ੀ ਕੀ ਤਮੰਨਾ ਅਬ ਹਮਾਰੇ ਦਿਲ ਮੇਂ ਹੈ।
ਦੇਖਨਾ ਹੈ ਜ਼ੋਰ ਕਿਤਨਾ ਬਾਜ਼ੂਏ ਕਾਤਲ ਮੇਂ ਹੈ।

ਇਸੇ ਕਾਰਨ ਨੂੰ ਹੀ ਸਾਹਮਣੇ ਰੱਖ ਕੇ ਸਾਡੇ ਮੁੱਖ ਮੰਤਰੀ ਜੀ ਅੱਗੇ ਵਧੇ ਹਨ। ਉਨ੍ਹਾਂ ਦੇ ਦਿਲ ਵਿਚ ਇਹੋ ਹੀ ਹੈ ਕਿ ਪੰਜਾਬ ਨੂੰ ਅਤਿਵਾਦ ਤੋਂ ਛੁਟਕਾਰਾ ਦੁਆਉਣਾ ਹੈ ਔਰ ਇਸ ਵਾਸਤੇ ਉਨ੍ਹਾਂ ਨੇ ਆਪਣੀ ਜਾਨ ਵੀ ਤਲੀ ਤੇ ਰਖੀ ਹੋਈ ਹੈ। ਘਰ ਘਰ ਜਾ ਕੇ ਸ਼ਾਂਤੀ ਦਾ ਪਰਚਾਰ ਕਰਦੇ ਰਹਿੰਦੇ ਹਨ ਔਰ ਲੋਕਾਂ ਦੀ ਸੇਵਾ ਕਰਨ ਦੀ ਤਮੰਨਾ ਇਨ੍ਹਾਂ ਦੇ ਦਿਲ ਵਿਚ ਹੈ। ਇਸ ਕਰਕੇ ਹੀ ਸਾਡੇ ਪ੍ਰਾਈਮ ਮਨਿਸਟਰ ਸਾਹਿਬ ਨੇ ਜਦੋਂ ਪਿੱਛੇ ਫ਼ਰਵਰੀ ਵਿਚ ਚੋਣਾਂ ਹੋਈਆਂ ਤਾਂ ਇਨ੍ਹਾਂ ਨੂੰ ਹੀ ਇਸ ਸੇਵਾ ਵਾਸਤੇ ਚੁਣਿਆ ਔਰ ਇਨ੍ਹਾਂ ਦੇ ਕੰਮਾਂ ਦੀ ਸਰਾਹਨਾ ਕੀਤੀ ਹੈ। ਉਨ੍ਹਾਂ ਨੇ ਸੋਚਿਆ ਕਿ ਇਨ੍ਹਾਂ ਹਾਲਾਤ ਵਿਚ ਸਿਰਫ਼ ਸਰਦਾਰ ਬੇਅੰਤ ਸਿੰਘ ਜੀ ਹੀ ਕੰਟਰੋਲ ਕਰ ਸਕਦੇ ਹਨ। ਜਦੋਂ ਚੋਣਾਂ ਹੋਣ ਤੋਂ ਬਾਅਦ ਸਰਦਾਰ ਬੇਅੰਤ ਸਿੰਘ ਮੁੱਖ ਮੰਤਰੀ ਬਣੇ ਸਨ ਤਾਂ ਪੰਜਾਬ ਸਰਕਾਰ ਨੇ ਇਹ ਫੈਸਲਾ ਲਿਆ ਸੀ ਕਿ ਲੋਕਾਂ ਵਿਚ ਲੋਕਤੰਤਰ ਨੂੰ ਬਹਾਲ ਕਰਨਾ ਹੈ.. (ਘੰਟੀ) ਔਰ ਇਨ੍ਹਾਂ ਨੇ ਇਹ ਲੋਕਤੰਤਰ ਬਹਾਲ ਕਰਕੇ ਬਹੁਤ ਪਰਉਪਕਾਰ ਕੀਤਾ ਹੈ ਔਰ ਇਕ ਬਹੁਤ ਵੱਡੀ ਦੇਣ ਪੰਜਾਬ ਦੇ ਲੋਕਾਂ ਨੂੰ ਦਿੱਤੀ ਹੈ ਔਰ ਇਸ ਤਰ੍ਹਾਂ ਕਰਕੇ ਲੋਕਾਂ ਵਿਚ ਇਕ ਐਸੀ ਤਜਰਬੇ ਦੀ ਗੱਲ ਰੱਖੀ ਹੈ ਜਿਸ ਨਾਲ ਅੱਜ ਪੰਜਾਬ ਦੇ ਲੋਕ ਇਹ ਕਹਿਣ ਲਗ ਪਏ ਹਨ ਵਾਕਿਆ ਈ ਸਰਦਾਰ ਬੇਅੰਤ ਸਿੰਘ ਬੇ-ਅੰਤ ਹੈ ਜਿਸ ਨੇ 13 ਸਾਲ ਦੇ ਵਿਗੜੇ ਹੋਏ ਹਾਲਾਤ ਨੂੰ 6-7 ਮਹੀਨੇ ਵਿਚ ਹੀ ਖਤਮ ਕਰ ਦਿੱਤਾ ਹੈ। ਮੈਂ ਇਕ ਮਿਸਾਲ ਦਿੰਦਾ ਹਾਂ ਕਿ ਮੇਰਾ ਇਕ ਦੋਸਤ ਅਮਰੀਕਾ ਗਿਆ ਸੀ ਔਰ ਉਹ ਜਦੋਂ ਡੇਢ ਮਹੀਨੇ ਬਾਅਦ ਵਾਪਸ ਆਇਆ ਤਾਂ ਉਸ ਨੇ ਆ ਕੇ ਦਸਿਆ ਕਿ ਉਥੇ ਵੀ ਹਰ ਵਿਚਾਰਧਾਰਾ ਦੇ ਲੋਕ ਇਹ ਕਹਿਣ ਲਗ ਪਏ ਹਨ ਕਿ ਸਰਦਾਰ ਬੇਅੰਤ ਸਿੰਘ ਵਾਕਿਆ ਈ ਬੇ-ਅੰਤ ਹੈ, ਕੋਈ ਕਰਿਸ਼ਮਾ ਹੈ ਜਿਸ ਨੇ ਇਤਨੇ ਸਾਲਾਂ ਦੇ ਅਤਿਵਾਦ ਨੂੰ ਖਤਮ ਕਰ ਦਿੱਤਾ ਹੈ। (ਘੰਟੀ) ਸਰਦਾਰ ਬੇਅੰਤ ਸਿੰਘ, ਸਾਡੇ ਮੁੱਖ ਮੰਤਰੀ ਸਾਹਿਬ ਨੇ ਲੋਕਾਂ ਨਾਲ ਜਿਹੜਾ ਲੋਕ-ਤੰਤਰ ਬਹਾਲ ਕਰਨ ਦਾ ਵਾਇਦਾ ਕੀਤਾ ਸੀ ਉਸ ਨੂੰ ਇਕ ਸਾਲ ਦੇ ਅੰਦਰ ਮਿਉਂਸਪਲ ਕਮੇਟੀਆਂ ਔਰ ਪੰਚਾਇਤਾਂ ਦੀਆਂ ਇਲੈਕਸ਼ਨਾਂ ਕਰਵਾ ਕੇ ਪੂਰਾ ਕਰ ਵਿਖਾਇਆ ਹੈ।

ਅੱਜ ਇਹ ਲੋਕਤੰਤਰ ਪੰਜਾਬ ਵਿਚ ਫਿਰ ਤੋਂ ਕਾਇਮ ਕਰਕੇ ਇਕ ਮਿਸਾਲ ਕਾਇਮ ਕਰ ਦਿੱਤੀ ਹੈ । ਸਪੀਕਰ ਸਾਹਿਬ, ਅਸੀਂ ਪੰਚਾਇਤਾਂ ਦੀਆਂ ਇਲੈਕਸ਼ਨਾਂ ਵਿਚ ਪਿੰਡਾਂ ਦੀਆਂ ਗਲੀਆਂ ਵਿਚ ਰਾਤ ਦੇ ਇਕ ਇਕ ਵਜੇ ਤੱਕ ਫਿਰਦੇ ਰਹੇ ਅਤੇ ਸਾਡੇ ਵਿਚ ਡਰ ਦਾ ਮਾਹੌਲ ਖਤਮ ਹੋ ਗਿਆ ਸੀ ਅਤੇ ਲੋਕਾਂ ਵਿਚ ਵੋਟਾਂ ਪਾਉਣ ਵਿਚ ਬੜਾ ਵੱਡਾ ਉਤਸ਼ਾਹ ਸੀ । ਇਸ ਨੂੰ ਦੇਖਦੇ ਹੋਏ ਬਹੁਤ ਸਾਰੀਆਂ ਪੰਚਾਇਤਾਂ ਵਿਚ 90% ਵੋਟਾਂ ਪੋਲ ਹੋਈਆਂ, ਕਿਧਰੇ 80% ਵੋਟਾਂ ਪੋਲ ਹੋਈਆਂ ਅਤੇ ਰਾਜ ਵਿਚ ਦਹਿਸ਼ਤਵਾਦ ਦਾ ਮਾਹੌਲ ਖ਼ਤਮ ਹੋ ਗਿਆ ਸੀ ਅਤੇ ਲੋਕਾਂ ਨੇ ਆਪਣੀ ਵੋਟ ਦਾ ਇਸਤੇਮਾਲ ਕੀਤਾ, ਖੁਲ੍ਹ ਕੇ ਵੋਟਾਂ ਪਈਆਂ (ਘੰਟੀ) ਸਰਦਾਰ ਬੇਅੰਤ ਸਿੰਘ ਦੀ ਸਰਕਾਰ ਬਣਨ ਨਾਲ ਅੱਤਵਾਦ ਨੂੰ ਠੱਲ ਪਈ ਹੈ ਅਤੇ ਡਿਵੈਲਪਮੈਂਟ ਦੇ ਕੰਮਾਂ ਵਿਚ ਸਰਕਾਰ ਨੇ ਧਿਆਨ ਦਿੱਤਾ ਹੈ ਅਤੇ ਪੰਜਾਬ ਵਿਚ ਡਿਵੈਲਪਮੈਂਟ ਕਾਫੀ ਹੋਈ ਹੈ । ਇਸ ਦੇ ਲਈ ਸਰਦਾਰ ਬੇਅੰਤ ਸਿੰਘ ਵਧਾਈ ਦੇ ਪਾਤਰ ਹਨ ਅਤੇ ਸਰਕਾਰ ਨੇ ਬੜੇ ਪ੍ਰਸ਼ੰਸਾਯੋਗ ਕੰਮ ਕੀਤੇ ਹਨ ।

ਖੇਤੀ ਦੇ ਕੰਮ ਵਿਚ ਕਾਫੀ ਡਿਵੈਲਪਮੈਂਟ ਕੀਤੀ ਹੈ ਅਤੇ ਸਰਕਾਰ ਨੂੰ ਛੋਟੇ ਕਿਸਾਨਾਂ ਨੂੰ ਹੋਰ ਸਾਧਨ ਅਤੇ ਸਹੂਲਤਾਂ ਦੇਣੀਆਂ ਚਾਹੀਦੀਆਂ ਹਨ ਅਤੇ ਛੋਟੇ ਕਿਸਾਨ ਨੂੰ ਹੋਰ ਮਜ਼ਬੂਤ ਕਰਨ ਦੀ ਲੋੜ ਹੈ । ਪੰਜਾਬ ਦੇ ਕਿਸਾਨ ਇਕੱਲੇ ਨੇ ਹੀ ਸਾਰੇ ਹਿੰਦੁਸਤਾਨ ਦੇ ਅੰਨ ਦੇ ਭੰਡਾਰ ਨੂੰ ਭਰਿਆ ਅਤੇ ਦੇਸ਼ ਵਿਚ ਅੰਨ ਦੀ ਕਮੀ ਨਹੀਂ ਰਹਿਣ ਦਿੱਤੀ ਜਦ ਕਿ ਪਹਿਲੇ ਸਾਨੂੰ ਅਨਾਜ ਵਿਦੇਸ਼ਾਂ ਤੋਂ ਮੰਗਵਾਉਣਾ ਪੈਂਦਾ ਸੀ ਜਿਹੜਾ ਕਿ ਘਟੀਆ ਕਿਸਮ ਦਾ ਅਨਾਜ ਹੁੰਦਾ ਸੀ ਔਹ ਸਾਨੂੰ ਮਜ਼ਬੂਰੀ ਦੀ ਹਾਲਤ ਵਿਚ ਖਾਣਾ ਪੈਂਦਾ ਸੀ ਪਰ ਪੰਜਾਬ ਦੇ ਕਿਸਾਨ ਨੇ ਇਸ ਕਮੀ ਨੂੰ ਦੂਰ ਕਰ ਦਿੱਤਾ ਹੈ ਅਤੇ ਦੇਸ਼ ਦੇ ਅੰਨ ਦੇ ਭੰਡਾਰ ਨੂੰ ਭਰ ਦਿੱਤਾ ਹੈ । (ਘੰਟੀ)

ਇਸੇ ਤਰ੍ਹਾਂ ਇੰਡਸਟਰੀ ਜਿਹੜੀ ਕਿ ਕਿਸੇ ਰਾਜ ਦੇ ਰੀੜ੍ਹ ਦੀ ਹੱਡੀ ਹੁੰਦੀ ਹੈ, ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿਚ ਕਈ ਨਵੇਂ ਐਲਾਨ ਕੀਤੇ ਹਨ ਅਤੇ ਇੰਡਸਟਰੀ ਨੂੰ ਤਰੱਕੀ ਦੇ ਰਸਤੇ ਤੇ ਲਿਆਉਣ ਲਈ ਸਰਕਾਰ ਕਾਫੀ ਕਦਮ ਚੁੱਕ ਰਹੀ ਹੈ ਜੋ ਸ਼ਲਾਘਾਯੋਗ ਕਦਮ ਹਨ ਅਤੇ ਜਿਹੜੇ ਯਤਨ ਕੀਤੇ ਜਾ ਰਹੇ ਹਨ ਇਨ੍ਹਾਂ ਦੇ ਨਾਲ ਰਾਜ ਵਿਚ ਇੰਡਸਟਰੀ ਤਰੱਕੀ ਕਰੇਗੀ ਅਤੇ ਰਾਜ ਵਿਚ ਹੋਰ ਜ਼ਿਆਦਾ ਡਿਵੈਲਪਮੈਂਟ ਹੋਵੇਗੀ ।

ਇਸੇ ਤਰ੍ਹਾਂ ਬਿਜਲੀ ਦੇ ਵਿਚ ਵਾਧਾ ਕਰਨ ਵਿਚ ਯਤਨ ਕੀਤੇ ਜਾ ਰਹੇ ਹਨ । ਇਕ ਗੱਲ ਮੈਂ ਇਥੇ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਪਿਛੇ ਸਰਦਾਰ ਬੇਅੰਤ ਸਿੰਘ ਜੀ ਨੇ 8 ਜਨਵਰੀ ਨੂੰ ਪੰਜਗਰਾਈਂ ਜੋ ਮੇਰਾ ਹਲਕਾ ਹੈ ਉਥੇ ਬਿਜਲੀ ਦਾ 66 ਕੇ. ਵੀ. ਸਬ-ਸਟੇਸ਼ਨ ਦਾ ਬਿਜਲੀ ਘਰ ਬਣਾ ਦਿੱਤਾ । ਇਸ ਦੇ ਲਈ ਮੈਂ ਸਰਦਾਰ ਬੇਅੰਤ ਸਿੰਘ ਦਾ ਧੰਨਵਾਦੀ ਹਾਂ । ਸਾਡੇ ਹਲਕੇ ਦੀ ਮੰਗ ਕਾਫੀ ਦੇਰ ਤੋਂ ਸੀ ਕਿ ਇਥੇ 66 ਕੇ. ਵੀ. ਦਾ ਸਬ ਸਟੇਸ਼ਨ ਲਗਾਇਆ ਜਾਵੇ। ਇਸ ਦਾ ਨੀਂਹ ਪੱਥਰ 8 ਜਨਵਰੀ ਨੂੰ ਰਖਿਆ ਗਿਆ ਪਰ ਇਸ ਵਿਚ ਖੁਸ਼ੀ ਦੀ ਗੱਲ ਇਹ ਹੋਰ ਵੀ ਹੈ ਕਿ ਇਥੇ ਚੀਫ ਮਨਿਸਟਰ ਸਾਹਿਬ ਨੇ 66 ਕੇ. ਵੀ. ਦੀ ਥਾਂ 132 ਕੇ. ਵੀ. ਦਾ ਸਬ ਸਟੇਸ਼ਨ ਲਗਵਾ ਦਿੱਤਾ ਹੈ ਜਿਹੜਾ ਅਪ੍ਰੈਲ ਵਿਚ ਵਿਸਾਖੀ ਵਾਲੇ ਦਿਨ ਚਾਲੂ ਹੋ ਜਾਵੇਗਾ । 24 ਘੰਟੇ ਬਿਜਲੀ ਦੇਣੀ ਸ਼ੁਰੂ ਕਰ ਦਿੱਤੀ ਹੈ ਅਤੇ ਪਿੰਡਾਂ ਦੇ ਬਿਜਲੀ ਫੀਡਰ ਨੂੰ ਅਤੇ ਸ਼ਹਿਰ ਦੇ ਬਿਜਲੀ ਫੀਡਰ ਨੂੰ

[ਸਰਦਾਰ ਗੁਰਚਰਨ ਸਿੰਘ ਪੰਜਗਰਾਈਂ]

ਅਲੱਗ ਅਲੱਗ ਕਰ ਦਿੱਤਾ ਹੈ । ਇਸ ਤਰ੍ਹਾਂ ਕਰਨ ਦੇ ਨਾਲ ਬਿਜਲੀ ਦੀ ਸਪਲਾਈ ਲਗਾਤਾਰ ਹੋ ਗਈ ਹੈ ਅਤੇ ਪਾਵਰ ਸਬ-ਸਟੇਸ਼ਨ ਲਗਣ ਨਾਲ ਕਾਫੀ ਸਪਲਾਈ ਹੋ ਜਾਵੇਗੀ । ਇਸ ਦੇ ਲਈ ਚੀਫ ਮਨਿਸਟਰ ਸਾਹਿਬ ਵਧਾਈ ਦੇ ਪਾਤਰ ਹਨ ਅਤੇ ਮੈਂ ਇਨ੍ਹਾਂ ਦਾ ਧੰਨਵਾਦੀ ਹਾਂ । (ਘੰਟੀ)

ਇਸੇ ਤਰ੍ਹਾਂ ਸੜਕਾਂ ਦੀ ਹਾਲਤ ਸਰਕਾਰ ਦੇ ਆਉਣ ਤੋਂ ਪਹਿਲਾਂ ਬਹੁਤ ਹੀ ਮਾੜੀ ਸੀ, ਪੈਦਲ ਚਲਣਾ ਬੜਾ ਮੁਸ਼ਕਲ ਸੀ । ਪਿਛਲੇ ਸਾਲ ਸਰਕਾਰ ਨੇ ਮੁਰੰਮਤ ਦਾ ਸਾਲ ਰਖਿਆ ਸੀ ਅਤੇ ਕਾਫੀ ਮਾਤਰਾ ਵਿਚ ਸੜਕਾਂ ਦੀ ਮੁਰੰਮਤ ਕਰ ਦਿੱਤੀ ਹੈ ਅਤੇ ਇਸ ਸਾਲ ਨਵੀਆਂ ਸੜਕਾਂ ਬਣਾਉਣ ਦਾ ਸਰਕਾਰ ਦਾ ਵਿਚਾਰ ਹੈ ਅਤੇ ਬਜਟ ਵਿਚ ਪ੍ਰੋਵੀਜ਼ਨ ਕੀਤੀ ਜਾ ਰਹੀ ਹੈ । ਸੜਕਾਂ ਦੇ ਬਣਨ ਨਾਲ ਕਾਫੀ ਤਰੱਕੀ ਹੋਵੇਗੀ । ਇਸੇ ਤਰ੍ਹਾਂ ਖੇਡਾਂ ਦੇ ਵਿਚ ਖਿਡਾਰੀਆਂ ਨੂੰ ਉਤਸ਼ਾਹ ਦੇਣ ਲਈ ਸਪੈਸ਼ਲ ਕੋਚਾਂ ਦਾ ਇੰਤਜ਼ਾਮ ਕਰਨਾ ਚਾਹੀਦਾ ਹੈ । ਜਿਵੇਂ ਹਾਕੀ ਵਾਸਤੇ ਅੱਛੇ ਖਿਡਾਰੀ ਪੈਦਾ ਕਰਨੇ ਚਾਹੀਦੇ ਹਨ ਜਿਹੜੀ ਸਾਨੂੰ ਵਿਰਾਸਤ ਵਿਚ ਮਿਲੀ ਹੋਈ ਹੈ । ਇਸ ਨੂੰ ਉਤਸ਼ਾਹਤ ਕਰਨ ਦੀ ਲੋੜ ਹੈ ਅਤੇ ਵਧੀਆ ਕਿਸਮ ਦੇ ਕੋਚਾਂ ਨੂੰ ਲਗਾ ਕੇ ਖਿਡਾਰੀਆਂ ਨੂੰ ਸਿਖਲਾਈ ਦੇਣੀ ਚਾਹੀਦੀ ਹੈ ਅਤੇ ਖੇਡਾਂ ਦੇ ਖੇਤਰ ਵਿਚ ਸਰਕਾਰ ਵਲੋਂ ਕੀਤੇ ਜਾ ਰਹੇ ਯਤਨ ਉਤਸ਼ਾਹਯੋਗ ਹੋਣ, ਇਹ ਪ੍ਰਸ਼ੰਸਾ ਵਾਲੀ ਗੱਲ ਹੋਵੇਗੀ ।

Mr. Speaker : Please wind up.

ਸਰਦਾਰ ਗੁਰਚਰਨ ਸਿੰਘ ਪੰਜਗਰਾਈਂ : ਸਪੀਕਰ ਸਾਹਿਬ, ਪੰਜ ਸੱਤ ਮਿੰਟਾਂ ਦੀ ਹੀ ਗੱਲ ਹੈ ।

ਸ੍ਰੀ ਸਪੀਕਰ : ਸਰਦਾਰ ਗੁਰਚਰਨ ਸਿੰਘ ਜੀ ਅਜੇ ਬਹੁਤ ਸਾਰੇ ਮੈਂਬਰ ਸਾਹਿਬਾਨ ਬੋਲਣ ਵਾਲੇ ਹਨ । ਇਸ ਲਈ ਟਾਈਮ ਲਿਮਟਿਡ ਹੀ ਹੋਣਾ ਹੈ ।

ਸਰਦਾਰ ਗੁਰਚਰਨ ਸਿੰਘ ਪੰਜਗਰਾਈਂ : ਸਪੀਕਰ ਸਾਹਿਬ, ਮੈਂ ਇਕ ਗੱਲ ਜ਼ਰੂਰ ਕਹਾਂਗਾ ਜੋ ਕਿ ਵਿਦਿਆ ਬਾਰੇ ਹੈ । ਵਿਦਿਆ ਇਕ ਬਹੁਤ ਤਕੜਾ ਅੰਗ ਹੈ ਜਿਸ ਦੇ ਸਹਾਰੇ ਸਾਡੇ ਇੰਜੀਨੀਅਰਜ਼ ਅਤੇ ਆਈ. ਏ. ਐਸ. ਅਫ਼ਸਰ ਵਗੈਰਾ ਬਣਦੇ ਹਨ । ਵਿਦਿਆ ਤੋਂ ਬਾਅਦ ਦੇਸ਼ ਦੀ ਮੁੱਖ ਧਾਰਾ ਵਿਚ ਸ਼ਾਮਿਲ ਹੁੰਦੇ ਹਨ । ਮੈਂ ਵਿਦਿਆ ਦੀ ਜ਼ਰੂਰ ਗਲ ਕਰਨੀ ਚਾਹਵਾਂਗਾ । ਸਪੀਕਰ ਸਾਹਿਬ, ਪਿਛਲੇ ਸਮੇਂ ਵਿਚ ਗਵਰਨਰੀ ਰਾਜ ਵਿਚ ਬਦਲੀਆਂ ਸਮੇਂ ਬੜੀ ਧਾਂਦਲੀ ਅਤੇ ਬੇਨਿਯਮੀਆਂ ਹੋਈਆਂ ਸਨ । ਲੋਕਾਂ ਨੂੰ ਬਦਲੀਆਂ ਖਾਤਰ ਹਰ ਤਰ੍ਹਾਂ ਦੇ ਹਥਕੰਡੇ ਵਰਤਣੇ ਪਏ ਸਨ । ਸਰਕਾਰ ਨੇ ਹੁਣ ਇਸ ਸਾਲ ਬੜੇ ਹੀ ਸੋਹਣੇ ਢੰਗ ਨਾਲ, ਸੁਚੱਜੇ ਤਰੀਕੇ ਦੇ ਨਾਲ ਕੰਟ੍ਰੋਲ ਕੀਤਾ ਹੈ । ਮੇਰੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਸਰਕਾਰ ਨੂੰ ਬੇਨਤੀ ਹੈ ਕਿ ਬਦਲੀਆਂ ਦੇ ਅਧਾਰ ਤੇ ਕਿਸੇ ਵੀ ਕਰਮਚਾਰੀ ਨੂੰ ਚੰਡੀਗੜ੍ਹ ਦੇ ਚੱਕਰ ਨਾ ਲਗਾਣੇ ਪੈਣ ਅਤੇ ਨਾ ਹੀ ਐਮ. ਐਲ. ਏਜ਼ ਨੂੰ ਅਰਜ਼ੀਆਂ ਦੇਣ ਕਿ ਇਹ ਮੇਰੀ ਬਦਲੀ ਕਰਾ ਦਿਉ । ਉਨ੍ਹਾਂ ਕਰਮਚਾਰੀਆਂ

ਨੂੰ ਅਫਸਰਾਂ ਦੀ ਹਾਜ਼ਰੀ ਨਾ ਪਾਉਣੀ ਪਵੇ । ਬਦਲੀਆਂ ਦੇ ਸੰਬੰਧ ਵਿਚ ਕੋਈ ਠੋਸ ਨੀਤੀ ਅਪਨਾਉਣੀ ਚਾਹੀਦੀ ਹੈ । ਅੱਜ ਤਕ ਵੀ ਲੋਕ ਸਾਡੇ ਕੋਲ ਆਉਂਦੇ ਹਨ ਅਤੇ ਕਹਿੰਦੇ ਹਨ ਕਿ ਫਲਾਣੀ ਜਗ੍ਹਾ ਪੋਸਟ ਖਾਲੀ ਪਈ ਹੈ ਔਰ ਇਹ ਅਰਜ਼ੀ ਲੈ ਲਉ ਅਤੇ ਸਾਡੀ ਬਦਲੀ ਕਰਵਾ ਦਿਉ ।

ਸ੍ਰੀ ਸਪੀਕਰ : ਸਰਦਾਰ ਗੁਰਚਰਨ ਸਿੰਘ ਜੀ, ਵਾਈਂਡ ਅੱਪ ਕਰੋ ।

ਸਰਦਾਰ ਗੁਰਚਰਨ ਸਿੰਘ ਪੰਜਗਰਾਈਂ : ਸਪੀਕਰ ਸਾਹਿਬ, ਇਤਨੀ ਗੱਲ ਕਰਦਾ ਹੋਇਆ ਮੈਂ ਤੁਹਾਡਾ ਬਹੁਤ ਮਸ਼ਕੂਰ ਹਾਂ ਕਿ ਤੁਸੀਂ ਮੈਨੂੰ ਇਸ ਸਦਨ ਵਿਚ ਬੋਲਣ ਦਾ ਮੌਕਾ ਦਿਤਾ ਹੈ । ਮੈਂ ਮਤੇ ਦੀ ਪ੍ਰੋੜ੍ਹਤਾ ਕਰਦਾ ਹੋਇਆ, ਸਪੀਕਰ ਸਾਹਿਬ, ਆਪਣੀ ਜਗ੍ਹਾ ਲੈਂਦਾ ਹਾਂ ।

ਸ੍ਰੀ ਸਪੀਕਰ : ਸਰਦਾਰ ਮਲਕੀਅਤ ਸਿੰਘ ਜੀ, ਭਾਵੇਂ ਤੁਹਾਡਾ ਮੈਟਰ ਜ਼ਿਆਦਾ ਹੋਵੇ ਪਰ ਤੁਸੀਂ ਟਾਈਮ ਦਾ ਜ਼ਰੂਰ ਖਿਆਲ ਰਖਣਾ ਹੈ ।

ਸਰਦਾਰ ਮਲਕੀਅਤ ਸਿੰਘ ਦਾਖਾ (ਦਾਖਾ, ਐਸ. ਸੀ.) ਪਰਮ ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਅੱਜ ਸਦਨ ਵਿਚ ਮਾਨਯੋਗ ਰਾਜਪਾਲ ਦੇ ਭਾਸ਼ਣ ਤੇ ਬੋਲਣ ਦਾ ਮੌਕਾ ਦਿਤਾ ਹੈ ।

ਮੈਨੂੰ ਇਸ ਗੱਲ ਦਾ ਪਤਾ ਹੈ ਕਿ ਅਸੀਂ ਜਦੋਂ ਸਾਰੇ ਮੈਂਬਰ ਚੁਣ ਕੇ ਇਸ ਪਵਿਤਰ ਸਦਨ ਵਿਚ ਆਏ ਸੀ ਤਾਂ ਸਾਡੇ ਮਨਾਂ ਵਿਚ ਵੀ ਬੜਾ ਭਾਰੀ ਭਰਮ ਅਤੇ ਭੁਲੇਖਾ ਸੀ ਕਿ ਆਉਣ ਵਾਲੇ ਸਮੇਂ ਵਿਚ ਪੰਜਾਬ ਦਾ ਕੀ ਬਣੇਗਾ, ਪੰਜਾਬ ਦੇ ਲੋਕਾਂ ਦਾ ਕੀ ਬਣੇਗਾ ? ਸਾਡੇ ਬਹਾਦੁਰ ਮੁੱਖ ਮੰਤਰੀ, ਸਰਦਾਰ ਬੇਅੰਤ ਸਿੰਘ ਜੀ ਨੇ ਬੜੀ ਦਲੇਰੀ ਅਤੇ ਦ੍ਰਿੜ੍ਹਤਾ ਦੇ ਨਾਲ ਆਪਣੀ ਸਰਕਾਰ ਦੇ ਸਾਥੀਆਂ ਦੇ ਸਹਿਯੋਗ ਨਾਲ, ਪੰਜਾਬ ਦੇ ਲੋਕਾਂ ਦੇ ਸਹਿਯੋਗ ਦੇ ਨਾਲ ਆਪਣਾ ਕੰਮ ਕਰਨਾ ਸ਼ੁਰੂ ਕੀਤਾ । ਪੁਲਿਸ ਫੋਰਸਿਜ਼ ਅਤੇ ਅਫ਼ਸਰਾਂ ਨੇ ਵੀ ਸਹਿਯੋਗ ਦਿੱਤਾ । ਸਪੀਕਰ ਸਾਹਿਬ, ਇਸ ਦਾ ਨਤੀਜਾ ਇਹ ਹੋਇਆ ਕਿ ਪੰਜਾਬ ਦੇ ਵਿਚ ਮੁੱਖ ਮੰਤਰੀ, ਸਰਦਾਰ ਬੇਅੰਤ ਸਿੰਘ ਜੀ ਨੇ ਚੋਣਾਂ ਦੇ ਸਮੇਂ ਲੋਕਾਂ ਦੇ ਨਾਲ ਵਾਇਦਾ ਕੀਤਾ ਸੀ ਕਿ ਅਗਰ ਮੇਰੀ ਸਰਕਾਰ ਬਣੀ ਤਾਂ ਸਭ ਤੋਂ ਪਹਿਲਾ ਕੰਮ ਪੰਜਾਬ ਵਿਚ ਅਮਨ ਅਤੇ ਸ਼ਾਂਤੀ ਲਿਆਉਣ ਦਾ ਹੋਵੇਗਾ । ਉਨ੍ਹਾਂ ਨੇ ਇਹ ਵਾਇਦਾ ਇਕ ਸਾਲ ਦੇ ਅੰਦਰ ਹੀ ਪੂਰਾ ਕਰ ਦਿਤਾ । (ਥੰਪਿੰਗ) ਅੱਜ ਜੋ ਪੰਜਾਬ ਦਾ ਮਾਹੌਲ ਠੀਕ ਹੋਇਆ ਹੈ, ਉਹ ਤੁਹਾਡੇ ਸਾਰਿਆਂ ਦੇ ਸਾਹਮਣੇ ਹੈ । ਸਪੀਕਰ ਸਾਹਿਬ, ਇਕ ਸਾਲ ਵਿਚ ਹੀ ਮਿਉਂਸਿਪਲ ਕਮੇਟੀਆਂ ਦੀਆਂ ਚੋਣਾਂ ਕਰਾਈਆਂ ਅਤੇ ਉਸ ਤੋਂ ਬਾਅਦ ਪੰਚਾਇਤਾਂ ਦੀਆਂ ਚੋਣਾਂ ਕਰਾਈਆਂ । ਪੰਚਾਇਤਾਂ ਦੀਆਂ ਚੋਣਾਂ ਵਿਚ 92% ਲੋਕਾਂ ਨੇ ਵੋਟਾਂ ਪਾਈਆਂ । ਸਪੀਕਰ ਸਾਹਿਬ, ਲੋਕਾਂ ਨੇ ਖੁਲ੍ਹਦਿਲੀ ਨਾਲ ਵੋਟਾਂ ਪਾਈਆਂ ਹਨ ਔਰ ਚੋਣਾਂ ਦੇ ਦੌਰਾਨ ਸਰਦਾਰ ਬੇਅੰਤ ਸਿੰਘ, ਮੁੱਖ ਮੰਤਰੀ ਸਾਹਿਬ ਨੇ ਪੰਜਾਬ ਵਿਚ ਚਿੜੀ ਨਹੀਂ ਫੜਕਨ ਦਿੱਤੀ । ਇਹ ਮੈਂ ਪੰਜਾਬ ਦੇ ਲੋਕਾਂ ਨੂੰ, ਸਰਦਾਰ ਬੇਅੰਤ ਸਿੰਘ ਨੂੰ ਵਧਾਈ ਦੇਣੀ ਚਾਹੁੰਦਾ

[ਸਰਦਾਰ ਮਲਕੀਅਤ ਸਿੰਘ ਦਾਖਾ]

ਹਾਂ ਜੋ ਉਨ੍ਹਾਂ ਨੇ ਇਹ ਮਾਅਰਕੇ ਦਾ ਕੰਮ ਕੀਤਾ ਹੈ ਜਿਹੜਾ ਕਿ ਪੰਜਾਬ ਦੇ ਲੋਕਾਂ ਨੇ ਸੁਪਨੇ ਵਿੱਚ ਵੀ ਨਹੀਂ ਸੋਚਿਆ ਸੀ ਕਿ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਆਏਗੀ ਅਤੇ ਪੰਜਾਬ ਵਿੱਚ ਐਸਾ ਮਾਹੌਲ ਪੈਦਾ ਕਰ ਦੇਵੇਗੀ ।

ਦੂਜੀ ਗੱਲ, ਇਕ ਸਾਲ ਵਿੱਚ ਪੰਜਾਬ ਦੇ ਅੰਦਰ ਆਰਥਿਕ ਤੌਰ ਤੇ, ਸਮਾਜਿਕ ਤੌਰ ਤੇ, ਰਾਜਨੀਤਿਕ ਤੌਰ ਤੇ ਅਤੇ ਧਾਰਮਿਕ ਤੌਰ ਤੇ ਪੰਜਾਬ ਦੇ ਲੋਕਾਂ ਨੇ ਕਿੰਨੀ ਤਰੱਕੀ ਕੀਤੀ ਹੈ । ਪੰਜਾਬ ਇਕ ਖੇਤੀ-ਬਾੜੀ ਪ੍ਰਧਾਨ ਸੂਬਾ ਹੈ । ਪੰਜਾਬ ਦੇ ਲੋਕ, ਪੰਜਾਬ ਦੇ ਕਿਰਤੀ, ਕਾਮੇ ਅਤੇ ਕਿਸਾਨ ਬਹੁਤ ਮਿਹਨਤੀ ਹਨ, ਉਦਮੀ ਹਨ । ਪੰਜਾਬ ਦੀ ਜ਼ਮੀਨ ਦਾ ਰਕਬਾ ਉਨਾ ਹੀ ਹੈ । ਇਹ ਨਾ ਕਦੇ ਵਧਣਾ ਹੈ ਅਤੇ ਨਾ ਹੀ ਘਟਣਾ ਹੈ ਪਰ ਪੰਜਾਬ ਦੇ ਕਿਸਾਨਾਂ ਦੀ ਰਾਖੀ ਪੰਜਾਬ ਦੀ ਸਰਕਾਰ ਕੋਈ ਇਹੋ ਜਿਹੀਆਂ ਸਕੀਮਾਂ ਬਣਾ ਕੇ ਕਰੇਗੀ ਔਰ ਇਹੋ ਜਿਹੇ ਔਜ਼ਾਰ ਉਨ੍ਹਾਂ ਨੂੰ ਬਣਾ ਕੇ ਦੇਵੇਗੀ ਜਿਸ ਨਾਲ ਪੰਜਾਬ ਦਾ ਕਿਸਾਨ ਆਪਣੀ ਖੇਤੀ-ਬਾੜੀ ਨੂੰ ਲਾਹੇਵੰਦ ਬਣਾ ਸਕੇਗਾ ਅਤੇ ਉਸਦੀ ਉਪਜ ਵਧੇਗੀ । ਖੇਤੀ-ਬਾੜੀ ਵਿਭਾਗ ਕੋਲ ਕਈ ਚੰਗੀਆਂ ਸਕੀਮਾਂ ਹਨ ਜੋ ਰਾਜਪਾਲ ਦੇ ਭਾਸ਼ਣ ਵਿਚ ਰਖੀਆਂ ਗਈਆਂ ਹਨ । ਇਨ੍ਹਾਂ ਸਕੀਮਾਂ ਰਾਹੀਂ ਪੰਜਾਬ ਖੇਤੀਬਾੜੀ ਪਖੋਂ ਵੀ ਤਰੱਕੀ ਕਰੇਗਾ ਅਤੇ ਆਰਥਿਕ ਪਖੋਂ ਵੀ ਅੱਗੇ ਵਧੇਗਾ । ਸਰਦਾਰ ਬੇਅੰਤ ਸਿੰਘ ਦੀ ਸਰਕਾਰ ਆਉਣ ਤੋਂ ਬਾਅਦ ਪੰਜਾਬ ਵਿਚ ਸਮਾਜਿਕ ਤੌਰ ਤੇ ਵੀ ਤਰੱਕੀ ਹੋਈ ਹੈ । ਸਾਡਾ ਭਾਈਚਾਰਾ ਬਿਲਕਲ ਨਹੀਂ ਟੁਟਿਆ । ਅਸੀਂ ਦੂਸਰੇ ਧਰਮਾਂ ਦਾ ਸਤਿਕਾਰ ਕਰਦੇ ਹਾਂ ਅਤੇ ਕਰਾਂਗੇ । ਭਾਵੇਂ ਅਸੀਂ ਹਿੰਦੂ ਹਾਂ, ਸਿੱਖ ਹਾਂ ਜਾਂ ਮੁਸਲਮਾਨ, ਇਸਾਈ ਹਾਂ, ਅਸੀਂ ਸਾਰੇ ਧਰਮਾਂ ਦਾ ਆਦਰ ਤੇ ਸਤਿਕਾਰ ਕੀਤਾ ਜਿਸ ਦੀ ਜਿਉਂਦੀ ਜਾਗਦੀ ਮਿਸਾਲ ਸਾਡੇ ਸਾਮ੍ਹਣੇ ਹੈ । ਸਾਡੇ ਗੁਰੂਧਾਮਾਂ ਅੰਦਰ, ਭਾਵੇਂ ਉਹ ਸਾਡੇ ਮੰਦਰ ਹਨ ਜਾਂ ਗੁਰਦਵਾਰੇ ਹਨ, ਇਨ੍ਹਾਂ ਦਿਨਾਂ ਵਿੱਚ ਚੜ੍ਹਾਵਾ ਬਹੁਤ ਵਧਿਆ ਹੈ ਕਿਉਂਕਿ ਲੋਕ ਖੁਲ੍ਹ ਕੇ ਘਰਾਂ ਵਿਚੋਂ ਬਾਹਰ ਆਉਣ ਲਗੇ ਹਨ, ਮੱਥਾ ਟੇਕਣ ਲਗੇ ਹਨ ਅਤੇ ਜੋ ਸ਼ਰਧਾ ਹੈ, ਉਹ ਪ੍ਰਗਟਾਉਣ ਲਗੇ ਹਨ । ਪਹਿਲਾਂ ਲੋਕ ਡਰਦੇ ਮਾਰੇ ਬਾਹਰ ਨਹੀਂ ਸੀ ਨਿਕਲਦੇ ।

ਇਥੇ ਖਜ਼ਾਨੇ ਦੀ ਗੱਲ ਕੀਤੀ ਗਈ । ਜਦੋਂ ਪੰਜਾਬ ਸਰਕਾਰ ਬਣੀ, ਖਜ਼ਾਨਾ ਖਾਲੀ ਸੀ । ਮੈਂ ਸਰਦਾਰ ਬੇਅੰਤ ਸਿੰਘ ਜੀ ਨੂੰ ਵਧਾਈ ਦਿੰਦਾ ਹਾਂ ਜਿਨ੍ਹਾਂ ਦੀ ਪਾਰਖੂ ਅੱਖ ਨੇ ਪਰਖ ਕੇ ਆਪਣੇ ਸੂਝਵਾਨ ਸਾਥੀ ਵਜ਼ੀਰ ਬਣਾਏ ਜਿਨ੍ਹਾਂ ਵਿਚ ਜ਼ਿੰਦਾ ਸ਼ਹੀਦ ਡਾਕਟਰ ਕੇਵਲ ਕ੍ਰਿਸ਼ਨ ਜੀ ਹਨ ਜਿਨ੍ਹਾਂ ਨੂੰ ਪੰਜਾਬ ਦਾ ਅਰਥ ਸ਼ਾਸਤਰੀ ਕਿਹਾ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ । (ਥੰਪਿੰਗ) ਉਨ੍ਹਾਂ ਨੇ ਬੜੀ ਸਿਆਣਪ ਨਾਲ ਆਪਣਾ ਖਜ਼ਾਨਾ ਦੇਖਿਆ ਔਰ ਜੋ ਟੈਕਸ ਲਾਉਣੇ ਵੀ ਚਾਹੁੰਦੇ ਸਨ, ਉਹ ਵੀ ਉਨ੍ਹਾਂ ਨੇ ਪੰਜਾਬ ਤੇ ਨਹੀਂ ਲਾਏ ਅਤੇ ਆਪਣੇ ਹੀ ਮੁਤਾਬਿਕ ਤਰੀਕੇ ਅਪਣਾ ਕੇ ਪੰਜਾਬ ਦਾ ਖਜ਼ਾਨਾ ਜੋ ਖਾਲੀ ਪਿਆ ਸੀ, ਉਸ ਦੇ ਉਪਰ ਪੰਜਾਬ ਸਰਕਾਰ ਦਾ ਬੜ ਝੱਲਿਆ । ਮੈਂ ਉਨ੍ਹਾਂ ਨੂੰ ਵੀ ਵਧਾਈ ਦੇਣੀ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਪੰਜਾਬ ਦਾ ਜੋ ਖਜ਼ਾਨਾ ਖਾਲੀ ਪਿਆ ਸੀ, ਉਸ ਨਾਲ ਹੀ ਪੰਜਾਬ ਦੀ ਆਰਥਿਕਤਾ ਨੂੰ ਅੱਗੇ ਤੋਰਿਆ ਹੈ ।

ਸਰਦਾਰ ਹਰਗੋਪਾਲ ਸਿੰਘ ਐਡਵੋਕੇਟ : ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

ਸਰਦਾਰ ਮਲਕੀਅਤ ਸਿੰਘ ਦਾਖਾ : ਫਿਰ ਏਥੇ ਸਨਅੱਤ ਦੀ ਗੱਲ ਕੀਤੀ ਗਈ ਹੈ ਜੋ ਪੰਜਾਬ ਵਿੱਚ ਬਾਕਾਇਦਾ ਤੌਰ ਤੇ ਬੰਦ ਹੋ ਗਈ ਸੀ ਅਤੇ ਇਥੋਂ ਦੇ ਸਨਅੱਤਕਾਰ ਗੁਆਂਢੀ ਸੂਬਿਆਂ ਵਿੱਚ ਜਾਣ ਲਗ ਪਏ ਸਨ ਅਤੇ ਪੰਜਾਬ ਵਿੱਚ ਚਿਮਨੀਆਂ ਵਿਚੋਂ ਧੂੰਆਂ ਨਿਕਲਣਾ ਬੰਦ ਹੋ ਗਿਆ ਸੀ । ਸਾਡੇ ਬਹਾਦੁਰ ਜਰਨੈਲ ਸਰਦਾਰ ਬੇਅੰਤ ਸਿੰਘ ਜੀ ਨੇ ਉਨ੍ਹਾਂ ਨੂੰ ਹੌਸਲਾ ਦਿੱਤਾ, ਕਿ ਉਹ ਸਨਅੱਤ ਪੰਜਾਬ ਵਿੱਚ ਰਖਣ, ਮੈਂ ਤੁਹਾਡੀ ਮਦਦ ਕਰਾਂਗਾ ਜਿਸ ਨਾਲ ਪੰਜਾਬ ਦੇ ਮਜ਼ਦੂਰਾਂ ਦਾ, ਮੁਲਾਜ਼ਮਾਂ ਦਾ, ਕਿਰਤੀਆਂ ਦਾ ਅਤੇ ਕਾਮਿਆਂ ਦਾ ਵੀ ਭਲਾ ਹੋਇਆ । ਬੇਸ਼ੱਕ ਸੰਗਰੂਰ ਦੇ ਕੋਲ ਬਹੁਤ ਸਾਰੇ ਇੰਜਨੀਅਰ ਮਾਰੇ ਗਏ ਸਨ । ਉਥੇ ਖ਼ੂਨ ਡਲ੍ਹਿਆ । ਉਸ ਖ਼ੂਨ ਤੋਂ ਇਹ ਪਤਾ ਨਹੀਂ ਸੀ ਲਗਦਾ ਕਿ ਇਹ ਕਿਸੇ ਮਦਰਾਸੀ ਇੰਜਨੀਅਰ ਦਾ ਖ਼ੂਨ ਹੈ ਜਾਂ ਕਿਸੇ ਪੰਜਾਬੀ ਇੰਜਨੀਅਰ ਦਾ ਖ਼ੂਨ ਹੈ । ਖ਼ੂਨ ਤਾਂ ਸਾਰਿਆਂ ਦਾ ਇਕੋ ਜਿਹਾ ਹੀ ਹੁੰਦਾ ਹੈ । ਲੇਕਿਨ ਜਦੋਂ ਕੋਈ ਬਾਹਰਲਾ ਬੰਦਾ ਮਾਰਿਆ ਜਾਂਦਾ ਹੈ ਤਾਂ ਇਸ ਗੱਲ ਦਾ ਬਹੁਤ ਅਸਰ ਪੈਂਦਾ ਹੈ । ਇਸ ਗਲ ਦਾ ਸ਼ੱਕ ਪੈਦਾ ਹੋ ਜਾਂਦਾ ਹੈ ਕਿ ਪਤਾ ਨਹੀਂ ਹੁਣ ਕੋਈ ਬਾਹਰਲਾ ਇੰਜਨੀਅਰ ਇਥੇ ਆ ਕੇ ਪੰਜਾਬ ਦੀ ਸਨਅੱਤ ਨੂੰ ਚਲਾਉਣ ਦਾ ਯਤਨ ਕਰੇਗਾ ਜਾਂ ਨਹੀਂ ਕਰੇਗਾ । ਸਰਦਾਰ ਬੇਅੰਤ ਸਿੰਘ ਜੀ ਉਥੇ ਗਏ । ਸਰਦਾਰ ਬੇਅੰਤ ਸਿੰਘ ਜੀ ਨੇ ਉਥੇ ਸਨਅੱਤਕਾਰਾਂ ਨੂੰ ਦਿਲਾਸਾ ਦਿੱਤਾ, ਕਾਮਿਆਂ ਨੂੰ ਅਤੇ ਮਜ਼ਦੂਰਾਂ ਨੂੰ ਭਰੋਸਾ ਦਿੱਤਾ । ਉਨ੍ਹਾਂ ਵਲੋਂ ਤਸੱਲੀ ਦਿਵਾਉਣ ਤੋਂ ਬਾਅਦ ਉਨ੍ਹਾਂ ਲੋਕਾਂ ਨੇ ਫਿਰ ਇਸੇ ਪੰਜਾਬ ਵਿਚ ਆਪਣਾ ਕੰਮ ਚਲਾਇਆ, ਆਪਣੀ ਸਨੱਅਤ ਚਲਾਈ ।

ਸਪੀਕਰ ਸਾਹਿਬ, ਰਾਜਪਾਲ ਸਾਹਿਬ ਦੇ ਭਾਸ਼ਨ ਵਿਚ ਵੈਲਫੇਅਰ ਡਿਪਾਰਟਮੈਂਟ ਦੀਆਂ ਸਕੀਮਾਂ ਬਾਰੇ ਵੀ ਗੱਲ ਕੀਤੀ ਗਈ ਹੈ । ਸਰਕਾਰ ਦਾ ਲੇਖਾ ਜੋਖਾ ਇਨ੍ਹਾਂ ਸਕੀਮਾਂ ਤੋਂ ਹੀ ਲੋਕਾਂ ਨੂੰ ਪਤਾ ਲਗਦਾ ਹੈ । ਇਸ ਸਬੰਧ ਵਿਚ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਠੀਕ ਹੈ ਕਿ ਸਰਕਾਰ ਨੇ ਅਨੁਸੂਚਿਤ ਜਾਤੀਆਂ ਦੇ ਲੋਕਾਂ ਵਾਸਤੇ ਸਕੀਮਾਂ ਬਣਾਈਆਂ ਹਨ, ਪਰ ਉਨ੍ਹਾਂ ਸਕੀਮਾਂ ਵਾਸਤੇ ਫ਼ੰਡ ਬਹੁਤ ਘਟ ਹਨ । ਉਨ੍ਹਾਂ ਗਰੀਬ ਲੋਕਾਂ ਜਿਨ੍ਹਾਂ ਦੀ ਆਬਾਦੀ ਕੁੱਲ ਆਬਾਦੀ ਦਾ 33% ਹੈ, ਵਾਸਤੇ ਫੰਡਾਂ ਦੀ ਬਹੁਤ ਘਾਟ ਹੈ । ਇਸ ਵਾਸਤੇ ਮੈਂ ਸੁਝਾਓ ਦੇਣਾ ਚਾਹੁੰਦਾ ਹਾਂ ਕਿ ਇਨ੍ਹਾਂ ਵਾਸਤੇ ਫੰਡ ਜ਼ਿਆਦਾ ਰੱਖੇ ਜਾਣ ਤਾਂ ਕਿ ਪੰਜਾਬ ਦੇ ਗਰੀਬ ਲੋਕਾਂ ਦਾ ਭਲਾ ਕੀਤਾ ਜਾ ਸਕੇ । (ਥੰਪਿੰਗ) ।

ਸਪੀਕਰ ਸਾਹਿਬ, ਇਥੇ ਸਿੰਚਾਈ ਅਤੇ ਬਿਜਲੀ ਦੀ ਗੱਲ ਵੀ ਕੀਤੀ ਗਈ ਹੈ । ਪਾਣੀਆਂ ਦੀ ਵੰਡ, ਦਰਿਆਵਾਂ ਦੀ ਗੱਲ ਹਰ ਰੋਜ਼ ਚਰਚਾ ਦਾ ਵਿਸ਼ਾ ਬਣੀ ਰਹਿੰਦੀ

**Expunged as ordered by the Chair.

[ਸਰਦਾਰ ਮਲਕੀਅਤ ਸਿੰਘ ਦਾਖਾ]

ਹੈ । ਜਿਥੇ ਸਰਦਾਰ ਬੇਅੰਤ ਸਿੰਘ ਜੀ ਨੇ ਬਹੁਤ ਵੱਡੇ ਵੱਡੇ ਕੰਮ ਕੀਤੇ ਹਨ, ਨਵੇਂ ਜ਼ਿਲ੍ਹੇ ਬਣਾਏ ਹਨ, ਪੰਜਾਬ ਵਿਚੋਂ ਭ੍ਰਿਸ਼ਟਾਚਾਰ ਦੂਰ ਕਰਨ ਦਾ ਬੀੜਾ ਚੁਕਿਆ ਹੋਇਆ ਹੈ ਅਤੇ ਪੰਜਾਬ ਦੇ ਲੋਕਾਂ ਦਾ ਜੀਵਨ ਪੱਧਰ ਉਚਾ ਚੁੱਕਣ ਦਾ ਸੰਕਲਪ ਲਿਆ ਹੋਇਆ ਹੈ ਭਾਵੇਂ ਉਸ ਦੇ ਵਾਸਤੇ ਕੋਈ ਵੀ ਤਰੀਕਾ ਅਖਤਿਆਰ ਕਿਉਂ ਨਾ ਕਰਨਾ ਪਵੇ, ਉਥੇ ਉਹ ਦਰਿਆਈ ਪਾਣੀਆਂ ਦਾ ਪੰਜਾਬ ਦਾ ਬਣਦਾ ਹਿੱਸਾ ਲੈਣ ਲਈ ਵੀ ਪੂਰੀ ਕੋਸ਼ਿਸ਼ ਕਰ ਰਹੇ ਹਨ । ਪੰਜਾਬ ਦੇ ਲੋਕਾਂ ਦੀ ਬਿਹਤਰੀ ਵਾਸਤੇ ਉਹ ਡਿਪਟੀ ਚੇਅਰਮੈਨ, ਪਲੈਨਿੰਗ ਸ੍ਰੀ ਪਰਨਾਬ ਮੁਖਰਜੀ ਨੂੰ ਵੀ ਮਿਲੇ । ਉਨ੍ਹਾਂ ਸਾਹਮਣੇ ਵੀ ਸਰਦਾਰ ਬੇਅੰਤ ਸਿੰਘ ਜੀ ਨੇ ਇਹ ਪੱਖ ਪੇਸ਼ ਕੀਤਾ ਕਿ ਭਾਵੇਂ ਪੰਜਾਬ ਦਾ ਮਾਹੌਲ ਸੁਖਾਵਾਂ ਜ਼ਰੂਰ ਹੋਇਆ ਹੈ ਪਰ ਸਾਡਾ ਵਧੇਰੇ ਖਰਚਾ ਸਿਕਿਉਰਟੀ ਫੋਰਸਿਜ਼ ਤੇ ਖਰਚ ਹੋ ਜਾਂਦਾ ਹੈ । ਉਨ੍ਹਾਂ ਨੇ ਸਾਡੇ ਮੁੱਖ ਮੰਤਰੀ ਜੀ ਦੀ ਇਹ ਗੱਲ ਮੰਨ ਕੇ ਪੰਜਾਬ ਨੂੰ ਹੋਰ ਪੈਸਾ ਦਿੱਤਾ ਅਤੇ ਉਨ੍ਹਾਂ ਪੈਸਿਆਂ ਨਾਲ ਸਾਡੇ ਰਾਜ ਦਾ ਭਲਾ ਹੋਇਆ । ਜਿਥੋਂ ਤੱਕ ਦਰਿਆਈ ਪਾਣੀਆਂ ਦਾ ਸਬੰਧ ਹੈ, ਸਰਦਾਰ ਬੇਅੰਤ ਸਿੰਘ ਜੀ ਅਤੇ ਸਾਡੇ ਸਿੰਚਾਈ ਤੇ ਬਿਜਲੀ ਮੰਤਰੀ ਸਰਦਾਰ ਹਰਚਰਨ ਸਿੰਘ ਬਰਾੜ, ਦੋਨੋਂ ਉਨ੍ਹਾਂ ਮੀਟਿੰਗਾਂ ਵਿਚ ਜਾਂਦੇ ਹਨ ਜਿਨ੍ਹਾਂ ਵਿਚ ਇਨਾਂ ਪਾਣੀਆਂ ਦਾ ਮਸਲਾ ਵਿਚਾਰਿਆ ਜਾ ਰਿਹਾ ਹੋਵੇ । ਸਾਡੇ ਇਹ ਲੀਡਰ ਬੜੀ ਦਲੇਰੀ ਅਤੇ ਦ੍ਰਿੜ੍ਹਤਾ ਨਾਲ ਆਪਣਾ ਸਟੈਂਡ ਲੈਂਦੇ ਹਨ ਕਿ ਜੋ ਪਾਣੀ 1985 ਵਿਚ ਮਿਲਦਾ ਸੀ ਅਤੇ ਉਹ ਪਾਣੀ ਜਿਸ ਤੇ ਸਾਡਾ ਆਪਣਾ ਹੱਕ ਬਣਦਾ ਹੈ, ਅਸੀਂ ਉਸ ਤੋਂ ਕਦੇ ਪਿਛੇ ਨਹੀਂ ਹਟਾਂਗੇ । ਇਸ ਦੇ ਨਾਲ ਹੀ ਉਨ੍ਹਾਂ ਕਿਹਾ ਹੈ ਕਿ ਅਸੀਂ ਯਮਨਾ ਦੇ ਪਾਣੀ ਵਿਚੋਂ ਆਪਣਾ ਹਿੱਸਾ ਲੈਣ ਲਈ ਵੀ ਸੰਘਰਸ਼ ਜਾਰੀ ਰੱਖਾਂਗੇ (ਥੰਪਿੰਗ) । ਇਸ ਗੱਲ ਦੇ ਲਈ ਮੈਂ ਸਰਦਾਰ ਬੇਅੰਤ ਸਿੰਘ ਜੀ ਨੂੰ ਮੁਬਾਰਕਬਾਦ ਦਿੰਦਾ ਹਾਂ ਕਿਉਂਕਿ ਉਨ੍ਹਾਂ ਨੇ ਪੰਜਾਬ ਦਾ ਕੇਸ ਬੜੇ ਅੱਛੇ ਤਰੀਕੇ ਨਾਲ ਸੈਂਟਰ ਸਰਕਾਰ ਦੇ ਸਾਹਮਣੇ, ਲੋਕਾਂ ਦੇ ਸਾਹਮਣੇ ਰੱਖਿਆ । ਇਨ੍ਹਾਂ ਪਾਣੀਆਂ ਤੇ ਸਾਡਾ ਕਲੇਮ ਬਣਦਾ ਸੀ ਪਰ ਇਸ ਹਾਊਸ ਵਿਚ ਪਿਛਲੇ ਸਮੇਂ ਵਿਚ ਕਈ ਅਜਿਹੇ ਲੋਕ ਆਏ, ਅਜਿਹੀਆਂ ਸਰਕਾਰਾਂ ਆਈਆਂ ਜਿਨ੍ਹਾਂ ਨੇ ਪਾਣੀਆ ਦੇ ਮਾਮਲੇ ਵਿਚ ਪੰਜਾਬ ਦਾ ਕੇਸ ਖਰਾਬ ਕੀਤਾ । ਇਥੋਂ ਤੱਕ ਕਿ ਸਾਡੇ ਗਵਾਂਢੀ ਰਾਜ ਹਰਿਆਣਾ ਜਿਸ ਦਾ ਪੰਜਾਬ ਦੇ ਪਾਣੀਆਂ ਤੇ ਕੋਈ ਵੀ ਕਲੇਮ ਨਹੀਂ ਸੀ ਬਣਦਾ, ਉਸ ਨੇ ਆਪਣਾ ਹਿੱਸਾ ਕਲੇਮ ਕੀਤਾ ਅਤੇ ਸਾਡਾ ਕੇਸ ਖਰਾਬ ਕੀਤਾ । ਸਰਦਾਰ ਬੇਅੰਤ ਸਿੰਘ ਜੀ ਜੋ ਸਾਡੀ ਪੰਜਾਬ ਸਰਕਾਰ ਦੀ ਸਰਪ੍ਰਸਤੀ ਕਰਦੇ ਹਨ ਅਤੇ ਬੜੇ ਦਲੇਰ ਲੀਡਰ ਹਨ, ਮੈਨੂੰ ਵਿਸ਼ਵਾਸ ਹੈ ਕਿ ਆਉਣ ਵਾਲੇ ਸਮੇਂ ਵਿਚ ਉਹ ਪੰਜਾਬ ਦਾ ਜੋ ਹਿੱਸਾ ਬਣਦਾ ਹੈ, ਕਲੇਮ ਬਣਦਾ ਹੈ, ਉਹ ਹਿੱਸਾ ਸੈਂਟਰਲ ਗੌਰਮਿੰਟ ਕੋਲੋਂ ਲੈ ਕੇ ਸਾਨੂੰ ਦੇਣਗੇ । ਇਸ ਦੇ ਨਾਲ ਹੀ, ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਰਾਜਪਾਲ ਸਾਹਿਬ, ਦੇ ਭਾਸ਼ਣ ਤੇ ਜੋ ਸਰਦਾਰ ਅਵਤਾਰ ਸਿਘ ਬਰਾੜ ਜੀ ਨੇ ਧੰਨਵਾਦ ਦਾ ਮਤਾ ਰੱਖਿਆ ਹੈ, ਉਸ ਦੀ ਪ੍ਰੋੜ੍ਹਤਾ ਕਰਨ ਦਾ ਮੌਕਾ ਦਿੱਤਾ ਹੈ ।

ਕਾਮਰੇਡ ਬਲਦੇਵ ਸਿੰਘ ਬਲਮਗੜ੍ਹ (ਮਲੋਟ, ਐਸ. ਸੀ.) : ਸਤਿਕਾਰਯੋਗ ਸਪੀਕਰ ਸਾਹਿਬ, ਤੁਹਾਡਾ ਮੈਂ ਬੜਾ ਸ਼ੁਕਰ ਗੁਜ਼ਾਰ ਹਾਂ ਕਿ ਤੁਸੀਂ ਮੈਨੂੰ ਇਸ ਮਤੇ ਦੇ ਸਬੰਧ ਵਿੱਚ

ਬੋਲਣ ਦਾ ਮੌਕਾ ਦਿੱਤਾ ਹੈ। ਕਾਫੀ ਕੁਝ ਸਾਡੇ ਹਾਊਸ ਦੇ ਸਤਿਕਾਰਯੋਗ ਮੈਂਬਰ ਸਾਹਿਬਾਨ ਨੇ ਇਸ ਭਾਸ਼ਣ ਦੇ ਵਿੱਚ ਹਿੱਸਾ ਲੈਂਦਿਆਂ ਇਸ ਮਤੇ ਦੇ ਬਾਰੇ ਕਿਹਾ ਹੈ। ਸਪੀਕਰ ਸਾਹਿਬ, ਜੋ ਪਿਛਲੇ ਸਮੇਂ ਤੋਂ 10-12 ਸਾਲਾਂ ਤੋਂ ਸਾਡਾ ਪੰਜਾਬ ਦਹਿਸ਼ਤ-ਵਾਦ ਦੀ ਅੱਗ ਵਿੱਚ ਸੜ ਰਿਹਾ ਸੀ ਔਰ ਉਸ ਨੂੰ ਜੋ ਪਿਛਲੇ ਸਮੇਂ ਵਿੱਚ ਰਾਹਤ ਸਾਡੀ ਸਰਕਾਰ ਨੇ ਦਿਵਾਈ ਹੈ ਇਸ ਦਾ ਸਿਹਰਾ ਸਾਡੇ ਚੀਫ ਮਨਿਸਟਰ ਸਾਹਿਬ ਸਿਰ, ਸਾਡੀ ਸਰਕਾਰ ਸਿਰ, ਸਾਡੇ ਪੰਜਾਬ ਦੇ ਲੋਕਾਂ ਦੇ ਸਿਰ ਜਾਂਦਾ ਹੈ (ਥੰਪਿੰਗ) ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਦੇ ਵਿੱਚ ਇਹ ਗੱਲ ਬੜੇ ਜ਼ੋਰਦਾਰ ਢੰਗ ਨਾਲ ਕਹੀ ਹੈ ਔਰ ਇਸ ਗੱਲ ਦਾ ਮੈਂ ਬਹੁਤ ਬਹੁਤ ਸ਼ੁਕਰ-ਗੁਜ਼ਾਰ ਹਾਂ। ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਇਹ ਜਿਹੜਾ ਅੱਤਵਾਦ ਸਾਡੇ ਪੰਜਾਬ ਦੇ ਵਿੱਚ ਪੈਦਾ ਹੋਇਆ ਹੈ, ਇਸ ਦੀਆਂ ਜੜ੍ਹਾਂ ਧਾਰਮਕ ਮੂਲ ਵਾਦ ਵਿੱਚ ਹਨ ਔਰ ਉਸ ਧਾਰਮਿਕ ਮੂਲ ਵਾਦ ਨੇ ਜਿਹੜਾ ਸਿਆਸੀ ਰੂਪ ਧਾਰਨ ਕਰਕੇ ਸਾਡੇ ਪੰਜਾਬ ਦੇ ਵਿੱਚ ਅੱਤਵਾਦ ਵਧਾਇਆ ਸੀ, ਪੰਜਾਬ ਦੇ ਅੰਦਰ ਜਿਹੜੀ ਲੋਕਾਂ ਨੇ ਧਰਮ ਅਤੇ ਸਿਆਸਤ ਨੂੰ ਇਕੱਠੇ ਚਲਾਉਣ ਦੀ ਗੱਲ ਕੀਤੀ ਸੀ, ਅਸੀਂ ਉਸ ਸਮੇਂ ਵੀ ਔਰ ਪਿਛਲੇ ਲਗਾਤਾਰ 10 ਸਾਲਾਂ ਤੋਂ ਸਾਰੀ ਕਮਿਊਨਿਸਟ ਲਹਿਰ ਨੇ ਵੀ, ਸਾਰੀ ਸੈਕੂਲਰ ਲਹਿਰ ਨੇ ਵੀ ਇਹ ਗੱਲ ਲੋਕਾਂ ਦੇ ਸਾਹਮਣੇ ਰੱਖੀ ਸੀ ਕਿ ਧਰਮ ਅਤੇ ਸਿਆਸਤ ਨੂੰ ਚਲਾਉਣ ਨਾਲ ਇਸ ਦੇ ਸਿੱਟੇ ਗੰਭੀਰ ਹੋਣਗੇ ਔਰ ਜਿਹੜੇ ਲੋਕ ਪੰਜਾਬ ਦੇ ਵਿੱਚ ਧਰਮ ਅਤੇ ਸਿਆਸਤ ਨੂੰ ਰਲਾ ਕੇ ਚਲਦੇ ਸੀ ਇਸ ਰੁਝਾਣ ਦੇ ਸਿੱਟੇ ਉਨ੍ਹਾਂ ਦੇ ਸਾਹਮਣੇ ਹਨ ਔਰ ਅੱਤਵਾਦ ਨੇ ਉਨ੍ਹਾਂ ਨੂੰ ਵੀ ਨਹੀਂ ਬਖਸ਼ਿਆ। ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਧਾਰਮਕ ਮੂਲਵਾਦ, ਧਾਰਮਕ ਕੱਟੜ-ਪੰਥੀ ਚਾਹੇ ਉਹ ਕਿਸੇ ਵੀ ਢੰਗ ਦੀ ਹੋਵੇ, ਉਹ ਲੋਕਾਂ ਨੂੰ ਆਪਸ ਦੇ ਵਿੱਚ ਲੜਾਉਂਦੀ ਹੈ ਔਰ ਲੋਕਾਂ ਦੇ ਵਿੱਚ ਪਾੜਾ ਪਾਉਂਦੀ ਹੈ ਔਰ ਹਰ ਕਿਸਮ ਦੀ ਧਾਰਮਿਕ ਕੱਟੜਪੰਥੀ ਦੇ ਖਿਲਾਫ ਸਾਰੀਆਂ ਸੈਕੂਲਰ ਫੋਰਸਿਜ਼ ਨੂੰ ਇਕੱਠੇ ਹੋ ਕੇ ਲੜਨਾ ਚਾਹੀਦਾ ਹੈ ਔਰ ਅੱਜ ਮੈਂ ਇਸ ਸਭਾ ਵਿੱਚ ਸਾਰਿਆਂ ਨੂੰ ਸੱਦਾ ਦਿੰਦਾ ਹਾਂ ਕਿ ਉਹ ਚਾਹੇ ਕਿਸੇ ਕਿਸਮ ਦੀ ਕੱਟੜ-ਪੰਥੀ ਹੋਵੇ ਔਰ ਸਾਡੇ ਪੰਜਾਬ, ਸਾਡੇ ਹਿੰਦੁਸਤਾਨ ਜਿਹੜੀ ਕਿ ਗੁਰੂਆਂ, ਪੀਰਾਂ, ਪੈਗੰਬਰਾਂ ਦੀ ਧਰਤੀ ਹੈ ਜਿਹੜੀ ਕਿ ਸਾਨੂੰ ਸਾਰਿਆਂ ਨੂੰ ਸੈਕੂਲਰਜ਼ਿਮ ਦਾ ਪਾਠ ਪੜ੍ਹਾਉਂਦੀ ਔਰ ਇਨਸਾਨ ਦੀ ਕਦਰ ਕਰਨਾ ਸਿਖਾਉਂਦੀ ਹੈ, ਉਥੇ ਧਰਮ ਅਤੇ ਸਿਆਸਤ ਨੂੰ ਇਕੱਠੇ ਰੱਖਣ ਦੀਆਂ ਗੱਲਾਂ ਚਾਹੇ ਉਹ ਪੰਜਾਬ ਵਿੱਚ ਕਰੋ ਜਾਂ ਦਿੱਲੀ ਵਿੱਚ ਕਰੋ, ਇਹ ਨਿਖੇਧੀਯੋਗ ਹਨ ਕਿਉਂਕਿ ਇਹ ਚੀਜ਼ਾਂ ਲੋਕਾਂ ਦੇ ਮਨਾਂ ਵਿੱਚ ਪਾੜੇ ਪਾਉਂਦੀਆਂ ਹਨ। ਸਪੀਕਰ ਸਾਹਿਬ, ਜਿਥੋਂ ਤੱਕ ਗਵਰਨਰ ਸਾਹਿਬ, ਦੇ ਭਾਸ਼ਣ ਵਿੱਚ ਲੋਕਤੰਤਰੀ ਦੀ ਬਹਾਲੀ ਦੀ ਗੱਲ ਕੀਤੀ ਗਈ ਹੈ, ਉਸ ਵਿੱਚ ਇਕ ਗੱਲ ਬੜੀ ਤਸੱਲੀ ਵਾਲੀ ਹੈ ਕਿ ਸਾਡੇ ਪਿੰਡਾਂ ਤੇ ਸ਼ਹਿਰਾਂ ਦੇ ਵਿੱਚ, ਮਿਉਂਸਪਲ ਕਮੇਟੀਆਂ ਦੀਆਂ ਚੋਣਾਂ ਕਰਾਕੇ, ਪੰਚਾਇਤਾਂ ਦੀਆਂ ਚੋਣਾਂ ਕਰਾ ਕੇ ਲੋਕਤੰਤਰ ਨੂੰ ਗਰਾਸ ਰੂਟ ਤੱਕ ਲੈ ਜਾਣ ਦਾ ਯਤਨ ਕੀਤਾ ਹੈ। ਇਹ ਬੜੀ ਚੰਗੀ ਗੱਲ ਹੈ ਔਰ ਮੈਨੂੰ ਆਸ ਹੈ ਕਿ ਇਹ ਜਿਹੜਾ ਅਮਲ ਹੈ ਜਿਹੜਾ ਕਿ ਫਰਵਰੀ, 1992 ਤੋਂ ਸ਼ੁਰੂ ਹੋਇਆ ਸੀ ਔਰ ਹੁਣ ਤੱਕ ਕਾਫੀ ਅਗੇ ਵੱਧ ਚੁੱਕਾ ਹੈ, ਸਾਡੀਆਂ ਬਲਾਕ ਸੰਮਤੀਆਂ, ਜ਼ਿਲ੍ਹਾ ਪ੍ਰੀਸ਼ਦਾਂ, ਮਾਰਕੀਟ ਕਮੇਟੀਆਂ ਦੀਆਂ ਚੋਣਾਂ ਨਾਲ ਇਹ ਹੋਰ ਅੱਗੇ ਤੁਰੇਗਾ ਔਰ ਸਰਕਾਰ ਇਸ ਪਾਸੇ ਅੱਗੇ ਵਧੇਗੀ। ਇਸ ਗੱਲ ਦੀ ਮੈਨੂੰ ਆਸ ਹੈ। ਜਿੱਥੋਂ ਤੱਕ, ਸਪੀਕਰ ਸਾਹਿਬ, ਵਿੱਤੀ ਸਮੱਸਿਆਵਾਂ ਦਾ ਸਵਾਲ ਹੈ, ਗਵਰਨਰ

[ਕਾਮਰੇਡ ਬਲਦੇਵ ਸਿੰਘ ਬਲਮਗੜ੍ਹ]

ਸਾਹਿਬ, ਦੇ ਭਾਸ਼ਣ ਵਿੱਚ ਇਹ ਗੱਲ ਬੜੀ ਠੀਕ ਕਹੀ ਹੈ ਕਿ ਪਿਛਲੇ ਲੰਮੇ ਸਮੇਂ ਤੋਂ ਪੰਜਾਬ ਦੇ ਵਿਚ ਦਹਿਸ਼ਤਵਦ ਦਾ ਮਾਹੌਲ ਰਹਿਣ ਕਾਰਨ ਔਰ ਜਿਹੜਾ ਸਿਕਿਉਰਟੀ ਫੋਰ-ਸਿਜ਼ ਤੇ ਵਧ ਖਰਚਾ ਸਾਡੇ ਪੰਜਾਬ ਤੇ ਹੋਇਆ ਹੈ ਔਰ ਜਿਸ ਦੀ ਖਾਤਰ ਵਿੱਤੀ ਘਾਟਾ ਪੰਜਾਬ ਨੂੰ ਪਿਆ ਅਤੇ ਵਿੱਤੀ ਸਮੱਸਿਆਵਾਂ ਖੜ੍ਹੀਆਂ ਹੋਈਆਂ, ਉਸ ਵਾਸਤੇ ਗਵਰਨਰ ਸਾਹਿਬ ਦੇ ਭਾਸ਼ਣ ਵਿੱਚ ਸੋਧ ਦੱਸੀ ਗਈ ਹੈ. ਇਹ ਚੰਗੀ ਹੈ। ਸਪੀਕਰ ਸਾਹਿਬ, ਮੇਰਾ ਸੁਝਾਅ ਹੈ ਕਿ ਸਾਡੀ ਸਰਕਾਰ ਕੇਂਦਰ ਦੀ ਸਰਕਾਰ ਤੇ ਜ਼ੋਰ ਪਾਵੇ, ਅਸੀਂ ਸਾਰੇ ਸੈਂਟਰ ਦੀ ਸਰਕਾਰ ਤੇ ਜ਼ੋਰ ਪਾਈਏ ਕਿ ਜਿਹੜੀ ਪੰਜਾਬ ਨੂੰ ਵਿੱਤੀ ਸਹਾਇਤਾ ਦਿੱਤੀ ਗਈ ਹੈ, ਜਿਹੜਾ ਕੇਂਦਰ ਦਾ ਪੰਜਾਬ ਤੇ ਕਰਜ਼ਾ ਹੈ, ਉਹ ਸਾਡਾ ਮੁਆਫ ਕਰ ਦਿੱਤਾ ਜਾਵੇ ਕਿਉਂਕਿ ਪੰਜਾਬ ਨੇ, ਪੰਜਾਬ ਦੇ ਲੋਕਾਂ ਨੇ, ਜਿਹੜੀ ਹਿੰਦੁਸਤਾਨ ਦੇ ਖਿਲਾਫ ਇਹ ਪਰਾਕਸੀ ਵਾਰ ਵਿਦੇਸ਼ੀ ਮੁਲਕਾਂ ਨੇ ਛੇੜੀ ਸੀ ਇਸ ਤਰ੍ਹਾਂ ਦੀ ਇਕ ਅਸੀਂ ਪੰਜਾਬ ਵਿਚ ਲੜ ਰਹੇ ਹਾਂ। ਇਸ ਬੈਟਲ ਵਿੱਚ ਖਰਚਾ ਹੋਇਆ ਹੈ, ਇਸ ਕਰਕੇ ਸਾਨੂੰ ਇਹ ਵਿੱਤੀ ਸਾਧਨ ਵੱਧ ਦਿੱਤੇ ਜਾਣੇ ਚਾਹੀਦੇ ਹਨ। ਸਪੀਕਰ ਸਾਹਿਬ, ਗਵਰਨਰ ਸਾਹਿਬ ,ਦੇ ਭਾਸ਼ਣ ਵਿੱਚ ਖੇਤੀਬਾੜੀ ਦੇ ਵਿਕਾਸ, ਸਨਅੱਤ ਦੇ ਵਿਕਾਸ ਦੀ ਗੱਲ ਵਾਜ਼ੇ ਤੌਰ ਤੇ ਕਹੀ ਗਈ ਹੈ। ਪਰ ਮੈਂ ਮਹਿਸੂਸ ਕਰਦਾ ਹਾਂ ਕਿ ਜੇ ਖੇਤੀਬਾੜੀ ਵਿੱਚ ਵਿਕਾਸ ਹੋਣਾ ਹੈ, ਸਨਅਤ ਵਿੱਚ ਵਿਕਾਸ ਹੋਣਾ ਹੈ, ਇਹ ਉਨੀ ਦੇਰ ਤੱਕ ਨਹੀਂ ਹੋਣਾ ਜਿੰਨੀ ਦੇਰ ਤੱਕ ਜਿਹੜੇ ਖੇਤੀਬਾੜੀ ਦੇ ਸੰਦ ਹਨ, ਇਨ-ਪੁੱਟਸ ਹਨ ਉਹ ਕਿਸਾਨਾਂ ਨੂੰ ਮੁਹੱਈਆ ਕਰਾਉਣ ਵਿੱਚ ਅਸੀਂ ਵਿਸ਼ੇਸ਼ ਮਦਦ ਨਹੀਂ ਕਰਦੇ। ਇਸ ਕਰਕੇ ਜਿਹੜੇ ਇਨਪੁੱਟਸ ਹਨ, ਦਵਾਈਆਂ ਹਨ ਅਤੇ ਚਾਹੇ ਟਰੈਕਟਰ ਹਨ ਜਾਂ ਕੋਈ ਹੋਰ ਸੰਦ ਹਨ, ਉਨ੍ਹਾਂ ਉਤੇ ਸੇਲਜ਼ ਟੈਕਸ ਘੱਟ ਕਰਕੇ, ਉਨ੍ਹਾਂ ਉਤੇ ਸਬਸਿਡੀਆਂ ਦੇ ਕੇ ਕਿਸਾਨਾਂ ਨੂੰ ਮੁਹੱਈਆ ਕਰਾਉਣੇ ਚਾਹੀਦੇ ਹਨ। ਸਪੀਕਰ ਸਾਹਿਬ, ਸਾਡੀ ਖੇਤੀ ਉਨੀ ਦੇਰ ਤੱਕ ਤਰੱਕੀ ਨਹੀਂ ਕਰ ਸਕਦੀ ਜਿੰਨੀ ਦੇਰ ਤੱਕ ਸਨਅਤੀ ਤੌਰ ਤੇ ਤਰੱਕੀ ਨਹੀਂ ਹੁੰਦੀ। ਸਨਅੱਤ ਦੀ ਤਰੱਕੀ ਵਾਸਤੇ ਸਾਡੇ ਜਿਹੜੇ ਕਾਮੇ ਹਨ, ਉਹ ਰੀੜ੍ਹ ਦੀ ਹੱਡੀ ਹਨ, ਉਨ੍ਹਾਂ ਦੀਆਂ ਉਜਰਤਾਂ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ ਜਿਹੜੀਆਂ ਕਿ ਪਿਛਲੇ ਲੰਮੇ ਸਮੇਂ ਤੋਂ ਉਥੇ ਦੀਆਂ ਉਥੇ ਹੀ ਖੜੀਆਂ ਹੋਈਆਂ ਹਨ। ਗਵਰਨਰ ਸਾਹਿਬ, ਦੇ ਭਾਸ਼ਣ ਵਿੱਚ ਇਸ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ। ਮੈਂ ਇਸ ਬਾਰੇ ਬੇਨਤੀ ਕਰਨਾ ਚਾਹੁੰਦਾ ਹਾਂ।

ਅਗਲੀ ਗੱਲ ਸਾਡੀ ਖੇਤੀ ਦੇ ਸਬੰਧ ਵਿੱਚ ਗਵਰਨਰ ਸਾਹਿਬ ਦੇ ਭਾਸ਼ਣ ਵਿਚ ਕਹੀ ਹੈ, ਉਹ ਪਸ਼ੂ ਧਨ ਬਾਰੇ ਹੈ। ਇਸ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ। ਸਰਕਾਰ ਨੇ ਬਹੁਤ ਜ਼ਿਆਦਾ ਡਿਸਪੈਂਸਰੀਆਂ ਖੋਲ੍ਹੀਆਂ ਹੋਈਆਂ ਹਨ ਉਨ੍ਹਾਂ ਡਿਸਪੈਂਸਰੀਆਂ ਵਿੱਚ ਕੰਮ ਕਰਨ ਵਾਲੇ ਮੁਲਾਜ਼ਮਾਂ ਦੀਆਂ ਮੰਗਾਂ ਮੰਨਣ ਦੇ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ ਤਾਂ ਕਿ ਉਹ ਹੋਰ ਵਧੇਰੇ ਸਾਡੇ ਕਿਸਾਨਾਂ ਦੀ ਅਤੇ ਪਸ਼ੂਆਂ ਦੀ ਸੇਵਾ ਕਰ ਸਕਣ ਅਤੇ ਸਾਰੇ ਪੰਜਾਬ ਦੀ ਸੇਵਾ ਵਧੀਆ ਤਰੀਕੇ ਨਾਲ ਕਰ ਸਕਣ।

ਪੀਣ ਦੇ ਪਾਣੀ ਦੀ ਜਿਹੜੀ ਗੱਲ ਹੈ ਗਵਰਨਰ ਸਾਹਿਬ, ਦੇ ਭਾਸ਼ਣ ਵਿੱਚ ਜਿਹੜਾ

ਵਾਤਾਵਰਣ ਨੂੰ ਸੁਧਾਰਣ ਦੀ ਗੱਲ ਕਹੀ ਗਈ ਹੈ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਸਾਡੇ ਬਹੁਤ ਸਾਰੀਆਂ ਨਹਿਰਾਂ ਅਤੇ ਸੇਮ ਨਾਲੇ ਅਜਿਹੇ ਹਨ, ਜਿਨ੍ਹਾਂ ਤੋਂ ਲੋਕੀਂ ਪੀਣ ਦਾ ਪਾਣੀ ਲੈ ਲੈਂਦੇ ਹਨ ਅਤੇ ਖੇਤੀ ਲਈ ਵੀ ਪਾਣੀ ਵਰਤਦੇ ਹਨ, ਉਨ੍ਹਾਂ ਪਾਣੀਆਂ ਦੇ ਵਿੱਚ ਸਨੱਅਤੀ ਪੋਲਿਊਸ਼ਨ ਲਗਾਤਾਰ ਵੱਧ ਰਿਹਾ ਹੈ । ਬਠਿੰਡੇ ਦੇ ਕੋਲ ਜਿਹੜੀ ਨਹਿਰ ਜਾਂਦੀ ਹੈ, ਥਰਮਲ ਦੇ ਕੋਲ ਦੀ ਹੋ ਕੇ ਉਹ ਮੇਰੇ ਇਲਾਕੇ ਤੱਕ ਜਾਂਦੀ ਹੈ ਔਰ ਲੋਕੀਂ ਉਸ ਤੋਂ ਪੀਣ ਲਈ ਪਾਣੀ ਵਰਤਦੇ ਹਨ, ਉਸ ਦੇ ਵਿੱਚ ਬਹੁਤ ਪੋਲਿਊਸ਼ਨ ਵਧ ਰਿਹਾ ਹੈ ਪਤਾ ਨਹੀਂ ਵਾਤਾਵਰਣ ਸੁਧਾਰ ਬੋਰਡ ਵਾਲੇ ਕੀ ਕਰਦੇ ਰਹਿੰਦੇ ਹਨ । ਇਸ ਪਾਸੇ ਵੱਲ ਵੀ ਧਿਆਨ ਦਿੱਤਾ ਜਾਣਾ ਚਾਹੀਦਾ ਹੈ । ਇਹ ਜਿਹੜਾ ਲੋਕਾਂ ਦੀ ਸਿਹਤ ਨਾਲ ਅਤੇ ਪਸ਼ੂਆਂ ਦੀ ਸਿਹਤ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ, ਇਸ ਨੂੰ ਬੰਦ ਕੀਤਾ ਜਾਣਾ ਚਾਹੀਦਾ ਹੈ । ਇਸ ਤਰੀਕੇ ਨਾਲ, ਸਪੀਕਰ ਸਾਹਿਬ, ਜੋ ਬਿਜਲੀ ਦੀ ਗੱਲ ਕੀਤੀ ਗਈ ਹੈ, ਸਾਡੀ ਖੇਤੀ ਤੇ ਸਨਅੱਤ ਉਤਨੀ ਦੇਰ ਤਕ ਤਰੱਕੀ ਨਹੀਂ ਕਰ ਸਕਦੀ ਜਿਤਨੀ ਦੇਰ ਤੱਕ ਕੰਪਲੀਟ ਇਲੈਕਟਰੀਫਿਕੇਸ਼ਨ ਨਹੀਂ ਕੀਤੀ ਜਾਂਦੀ । ਇਸ ਦੇ ਵਾਸਤੇ ਇਹ ਬਹੁਤ ਜ਼ਰੂਰੀ ਹੈ ਕਿ ਥੀਨ ਡੈਮ ਦੇ ਕੰਮ ਨੂੰ ਜਲਦੀ ਪੂਰਾ ਕੀਤਾ ਜਾਵੇ । ਸਰਕਾਰ ਨੂੰ ਇਸ ਪਾਸੇ ਵੱਲ ਵਿਸ਼ੇਸ਼ ਧਿਆਨ ਦੇ ਕੇ, ਸੈਂਟਰ ਦੀ ਸਰਕਾਰ ਤੇ ਪੂਰਾ ਦਬਾਅ ਪਾ ਕੇ ਥੀਨ ਡੈਮ ਵਾਸਤੇ ਵੱਧ ਤੋਂ ਵੱਧ ਪੈਸਾ ਲੈਣਾ ਚਾਹੀਦਾ ਹੈ । ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਜਿਸ ਵੇਲੇ ਥੀਨ ਡੈਮ ਦਾ ਪ੍ਰਾਜੈਕਟ ਸ਼ੁਰੂ ਹੋਇਆ ਸੀ ਤਾਂ ਉਸ ਵੇਲੇ ਇਹ 60 ਕਰੋੜ ਦਾ ਪ੍ਰੋਜੈਕਟ ਸੀ ਪਰ ਹੁਣ ਇਹ ਵਧ ਕੇ 2,000 ਕਰੋੜ ਰੁਪਏ ਤੱਕ ਪਹੁੰਚ ਗਿਆ ਹੈ । ਜੇਕਰ ਇਹੀ ਰਫ਼ਤਾਰ ਰਹੀ ਤਾਂ ਇਹ 1997 ਤੱਕ ਵੀ ਸਾਥੋਂ ਪੂਰਾ ਨਹੀਂ ਹੋਣਾ ਕਿਉਂਕਿ ਪੈਸੇ ਦੀ ਬੜੀ ਘਾਟ ਹੈ । ਇਸ ਪਾਸੇ ਵਿਸ਼ੇਸ਼ ਧਿਆਨ ਦੇ ਕੇ ਥੀਨ ਡੈਮ ਦੇ ਪ੍ਰੋਜੈਕਟ ਨੂੰ ਜਲਦੀ ਤੋਂ ਜਲਦੀ ਪੂਰਾ ਕਰਨਾ ਚਾਹੀਦਾ ਹੈ ।

ਗਵਰਨਰ ਸਾਹਿਬ ਦੇ ਭਾਸ਼ਣ ਵਿੱਚ ਇਹ ਗੱਲ ਕਹੀ ਗਈ ਹੈ ਕਿ ਪੰਜਾਬ ਦੇ ਲੋਕਾਂ ਨੂੰ ਪਾਣੀ ਦੇਣਾ ਹੈ ਔਰ ਇਹ ਗੱਲ ਬੜੇ ਜ਼ੋਰ ਦੇ ਨਾਲ ਕਹੀ ਗਈ ਹੈ । ਸਪੀਕਰ ਸਾਹਿਬ, ਮੈਂ ਉਨ੍ਹਾਂ ਲੋਕਾਂ ਵਿੱਚ ਸ਼ਾਮਲ ਨਹੀਂ ਹਾਂ ਜਿਹੜੇ ਇਹ ਕਹਿੰਦੇ ਹਨ ਕਿ ਅਸੀਂ ਪੰਜਾਬ ਦਾ ਪਾਣੀ ਜਮਾਂ ਹੀ ਨਹੀਂ ਦੇਣਾ ਨਾ ਹਰਿਆਣੇ ਨੂੰ ਅਤੇ ਨਾ ਕਿਸੇ ਹੋਰ ਸਟੇਟ ਨੂੰ । ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਪੰਜਾਬ ਦਾ ਪਾਣੀ ਵਾਧੂ ਬਣਦਾ ਹੈ ਉਹ ਜ਼ਰੂਰ ਦਿੱਤਾ ਜਾਣਾ ਚਾਹੀਦਾ ਹੈ ਪਰ ਸਾਡੇ ਪੰਜਾਬ ਨੂੰ ਸੋਕੇ ਵਿੱਚ ਰੱਖ ਕੇ, ਸਾਡੇ ਪੰਜਾਬ ਦਾ ਹੱਕ ਮਾਰ ਕੇ ਇਹ ਪਾਣੀ ਬਿਲਕੁਲ ਨਹੀਂ ਦਿੱਤਾ ਜਾਣਾ ਚਾਹੀਦਾ ਮੈਂ ਬੇਨਤੀ ਕਰਦਾ ਹਾਂ ਕਿ ਸਬੰਧਤ ਸਟੇਟਾਂ ਦਾ ਇਕ ਸੈਂਟਰਲ ਪੂਲ ਬਣਾ ਦੇਣਾ ਚਾਹੀਦਾ ਹੈ, ਜਿਸ ਵਿਚ ਸਾਰੇ ਦਰਿਆਵਾਂ ਦਾ ਪਾਣੀ ਇਕੱਠਾ ਕਰਕੇ ਇਕ ਵਾਟਰ ਗਰਿੱਡ ਬਣਾ ਦੇਣਾ ਚਾਹੀਦਾ ਹੈ ਪੰਜਾਬ, ਹਰਿਆਣਾ ਅਤੇ ਹਿਮਾਚਲ ਨੂੰ ਮਿਲਾ ਕੇ ਤਾਂ ਜੋ ਉਥੋਂ ਪਾਣੀ ਸੌਖੀ ਤਰ੍ਹਾਂ ਵਰਤਿਆ ਜਾ ਸਕੇ ਅਤੇ ਪੰਜਾਬ ਨੂੰ ਸੌਖੀ ਤਰ੍ਹਾਂ ਪਾਣੀ ਦਿੱਤਾ ਜਾ ਸਕੇ । ਜੋ ਯਮਨਾ ਦੇ ਪਾਣੀ ਵਿੱਚ ਪੰਜਾਬ ਦੇ ਹਿੱਸੇ ਦੀ ਗੱਲ ਕੀਤੀ ਗਈ ਹੈ ਇਹ ਬੜੀ ਠੀਕ ਗੱਲ ਹੈ, ਇਸ ਦਾ ਵੀ ਮੈਂ ਸਮਰਥਨ ਕਰਦਾ ਹਾਂ ।

ਸ਼੍ਰੀ ਸਪੀਕਰ : ਵਾਈਂਡ-ਅੱਪ ਕਰੋ, ਬਲਮਗੜ੍ਹ ਜੀ ।

ਕਾਮਰੇਡ ਬਲਦੇਵ ਸਿੰਘ ਬਲਮਗੜ੍ਹ : ਸਪੀਕਰ ਸਾਹਿਬ ਮੇਰੀ ਬੇਨਤੀ ਇਹ ਹੈ ਕਿ ਜਿਹੜੀ ਇਹ ਅਸੀਂ ਅਮਨ ਅਤੇ ਕਾਨੂੰਨ ਦੀ ਸਮੱਸਿਆ ਹੱਲ ਕੀਤੀ ਹੈ, ਜਿਹੜਾ ਪੰਜਾਬ ਵਿੱਚ ਅਮਨ ਆਇਆ ਹੈ, ਇਹ ਅਮਨ ਉਨ੍ਹਾਂ ਚਿਰ ਸਥਾਈ ਨਹੀ ਰਹਿ ਸਕਦਾ ਜਿੰਨਾਂ ਚਿਰ ਅਸੀਂ ਪੁਲਿਸ ਅਤੇ ਲੋਕਾਂ ਵਿੱਚ ਪਏ ਪਾੜੇ ਨੂੰ ਦੂਰ ਨਹੀ ਕਰ ਸਕਦੇ । ਪਿਛਲੇ ਸਾਲ ਜਦੋਂ ਅਸੀਂ ਪਵਿੱਤਰ ਹਾਊਸ ਵਿੱਚ ਆਏ ਸੀ, ਮੈਂ ਬੇਨਤੀ ਕੀਤੀ ਸੀ, ਮੈਂ ਬੋਲਿਆ ਸੀ, ਇੱਥੇ ਮੈਂ ਇਹ ਗੱਲ ਕਹੀ ਸੀ ਕਿ ਪੁਲਿਸ ਦੀਆਂ ਜ਼ਿਆਦਤੀਆਂ ਗਵਰਨਰੀ ਰਾਜ ਵਿੱਚ ਵੀ ਹੁੰਦੀਆਂ ਰਹੀਆਂ ਹਨ ਹੁਣ ਵੀ ਇੱਕਾ-ਦੁੱਕਾ ਘਟਨਾ ਹੁੰਦੀ ਰਹਿੰਦੀ ਹੈ ਔਰ ਪਿਛਲੇ ਸਾਲ ਮੈਂ ਕਿਹਾ ਸੀ ਕਿ ਮੇਰੇ ਅਪਣੇ ਇਲਾਕੇ ਵਿੱਚ ਪਿੰਡ ਬੰਦੀਵਾਲਾ ਥਾਣਾ ਮਲੋਟ ਦੇ ਮੁਜ਼ਾਰਿਆਂ ਨੂੰ ਉਜਾੜਨ ਖਾਤਰ ਇੱਕ ਡੀ. ਐਸ. ਪੀ. ਨੇ ਪੈਸੇ ਲੈ ਕੇ ਉਨ੍ਹਾਂ ਨੂੰ ਬੱਬਰ-ਖਾਲਸਾ ਦੇ ਅੱਤਵਾਦੀ ਕਹਿ ਕੇ ਮਾਰਿਆ । ਮੈਂ ਬੇਨਤੀ ਕੀਤੀ ਸੀ ਕਿ ਇਸ ਕੇਸ ਦੀ ਇਨਕੁਆਰੀ ਹੋਣੀ ਚਾਹੀਦੀ ਹੈ ਪਰ, ਸਪੀਕਰ ਸਾਹਿਬ, ਉਸ ਦੀ ਅਜੇ ਤੱਕ ਵੀ ਇਨਕੁਆਰੀ ਨਹੀਂ ਹੋਈ । ਮੈਂ ਉਥੇ ਲੋਕਾਂ ਨਾਲ ਵਾਇਦਾ ਕਰਕੇ ਆਇਆ ਸੀ ਕਿ ਇਹ ਸਰਾਸਰ ਗਲਤ ਹੋਇਆ ਹੈ ਮੈਂ ਇਸ ਕੇਸ ਦੀ ਇਨਕੁਆਰੀ ਕਰਵਾਵਾਂਗਾ ਅਤੇ ਤੁਹਾਡੀ ਮੱਦਦ ਕਰਾਂਗਾ ਪਰ, ਸਪੀਕਰ ਸਾਹਿਬ, ਮੈਨੂੰ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਇਸ ਕੇਸ ਵਿੱਚ ਕੋਈ ਇਨਕੁਆਰੀ ਨਹੀਂ ਹੋਈ । ਸਪੀਕਰ ਸਾਹਿਬ, ਪਿਛਲੇ ਇਲੈਕਸ਼ਨਾਂ ਵਿੱਚ ਉਹ ਡੀ. ਐਸ. ਪੀ. ** ਸਪੀਕਰ ਸਾਹਿਬ, ਮੇਰੀ ਜੀਪ ਇਸੇ ਕਰਕੇ ਖੋਹ ਕੇ ਲੈ ਗਿਆ ਕਿ ਮੈਂ ਉਸ ਦੇ ਖਿਲਾਫ ਆਵਾਜ਼ ਉਚੀ ਕਰਦਾ ਹਾਂ । ਸਪੀਕਰ ਸਾਹਿਬ, ਇਲੈਕਸ਼ਨਾਂ ਦੇ ਦੌਰਾਨ, ਮੁਕਤਸਰ ਜੋ ਫਾਜ਼ਿਲਕਾ ਤੋਂ 70 ਕਿਲੋਮੀਟਰ ਪੈਂਦਾ ਹੈ ਅਤੇ ਮੁਕਤਸਰ ਫਰੀਦਕੋਟ ਡਿਸਟ੍ਰਿਕਟ ਵਿੱਚ ਹੈ, ਉਹ ** ਵਿਖੇ ਲਗਿਆ ਹੋਇਆ ਹੈ, ਉਹ ਉਥੇ ਮੁਕਤਸਰ ਆਇਆ ਔਰ ਕਾਮਰੇਡ ਕੌਰ ਸਿੰਘ ਦੇ ਘਰ ਗਿਆ ਔਰ ਕਹਿਣ ਲੱਗਾ ਕਿ ਬਲਦੇਵ ਕੌਣ ਹੈ । ਮੈਂ ਬਲਦੇਵ ਬੱਲਮਗੜ੍ਹ ਨੂੰ ਵੀ ਸਮਝਾਂਗਾ, ਮੈਂ ਡੀ. ਜੀ. ਪੀ. ਸਾਹਿਬ ਨੂੰ ਲਿੱਖ ਕੇ ਦਿਤਾ ਹੈ, ਸੀ. ਐਮ. ਸਾਹਿਬ ਨੂੰ ਵੀ ਲਿੱਖ ਕੇ ਦਿੱਤਾ ਹੈ । ਜੇ ਸਪੀਕਰ ਸਾਹਿਬ, ਇਹੋ ਜਿਹੀਆਂ ਜ਼ਿਆਦਤੀਆਂ ਹੁੰਦੀਆਂ ਰਹੀਆਂ ਔਰ ਜਿਹੜੇ ਅਸੀਂ ਚੁਣੇ ਹੋਏ ਲੋਕ ਹਾਂ ਜਿਨ੍ਹਾਂ ਨੇ ਲੋਕਾਂ ਦੀ ਗੱਲ ਕਰਨੀ ਹੈ ਜੇ ਸਾਡੀਆਂ ਵੀ ਗਰੀਵੈਂਸਿਜ਼ ਦੂਰ ਨਾ ਹੋਈਆਂ ਤਾ ਇਹ ਬੜੀ ਮਾੜੀ ਗੱਲ ਹੈ, ਘੱਟੋ ਘੱਟ ਉਸ ਕੇਸ ਦੀ ਇਨਕੁਆਰੀ ਜ਼ਰੂਰ ਹੋਣੀ ਚਾਹੀਦੀ ਹੈ ਜੇ ਮੈਂ ਝੂਠ ਬੋਲਦਾ ਹੋਵਾਂ ਤਾਂ ਮੇਰੇ ਖ਼ਿਲਾਫ ਕਾਰਵਾਈ ਕਰੋ, ਮੈਂ ਇਹ ਗੱਲ ਬੜੀ ਜ਼ਿੰਮੇਵਾਰੀ ਨਾਲ ਕਹਿੰਦਾ ਹਾਂ ।

ਸ਼੍ਰੀ ਸਪੀਕਰ : ਬਲਮਗੜ੍ਹ ਜੀ, ਵਾਈਂਡ-ਅੱਪ ਕਰੋ, ਟਾਈਮ ਥੋੜ੍ਹਾ ਹੈ । ਡੀ. ਐਸ, ਪੀ. ਦਾ ਨਾਉਂ ਵੀ ਕੱਟ ਦਿਤਾ ਜਾਵੇ

ਕਾਮਰੇਡ ਬਲਦੇਵ ਸਿੰਘ ਬਲਮਗੜ੍ਹ : ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਮੈਂ ਜਿਹੜਾ ਪੁਆਇੰਟ ਉਠਾਉਣਾ ਚਾਹੁੰਦਾ ਹਾਂ ਉਹ ਇਹ ਹੈ ਕਿ ਜਿਹੜੀਆਂ ਪੁਲਿਸ ਦੀਆਂ ਜ਼ਿਆਦਤੀਆਂ ਹਨ ਇੱਕਾ-ਦੁੱਕਾ, ਮੈਂ ਇਹ ਨਹੀਂ ਕਹਿੰਦਾ ਕਿ ਸਾਰੇ

** Expunged as ordered by the Chair.

ਪੁਲਿਸ ਵਾਲੇ ਜ਼ਿਆਦਤੀਆਂ ਕਰਦੇ ਹਨ, ਮੈਂ ਇਹ ਕਹਿਣਾ ਚਾਹੁੰਦਾ ਹੈ ਕਿ ਸਾਡੇ ਮੁੱਖ ਮੰਤਰੀ ਜੀ ਨੇ ਜੋ ਕੋਈ ਇਸ ਪੰਜਾਬ ਦੀ ਬਿਹਤਰੀ ਲਈ ਰੋਲ ਅਦਾ ਕੀਤਾ ਪੁਲਿਸ ਵਾਲੇ ਇੱਕ ਅੱਧੀ ਅਜਿਹੀ ਵਧੀਕੀ ਕਰਕੇ ਉਸ ਤੇ ਮਿੱਟੀ ਪਾ ਦਿੰਦੇ ਹਨ ਜ਼ਿਆ-ਦਤੀਆਂ ਕਰਨ ਵਾਲੇ ਕਰਮਚਾਰੀਆਂ ਦੇ ਵਿਰੁੱਧ ਐਕਸ਼ਨ ਹੋਣਾ ਚਾਹੀਦਾ ਹੈ । ਮੈਂ ਇੱਕ ਗੱਲ ਹੋਰ ਆਪ ਜੀ ਦੇ ਧਿਆਨ ਵਿੱਚ ਲਿਆਉਣੀ ਚਾਹੁੰਦਾ ਹਾਂ ਕਿ ਇਲੈਕਸ਼ਨਾਂ ਦੇ ਦੌਰਾਨ ਪਿੰਡ ਮਹਾਂ ਬਧਰ ਵਿਚ ਅਨੁਸੂਚਿਤ ਜਾਤੀਆਂ ਦੇ ਭਰਾ ਸਰਪੰਚ ਅਤੇ ਪੰਚਾਂ ਦੀ ਚੋਣ ਲਈ ਖੜ੍ਹੇ ਹੋਏ । ਸਾਡੇ ਇਕ ਲੜਕਾ ਜੋ ਰਮਦਾਸੀਆਂ ਦਾ ਮੁੰਡਾ ਸੀ, ਸਰਪੰਚੀ ਦੀ ਚੋਣ ਲਈ ਖੜ੍ਹਾ ਹੋਇਆ ਔਰ ਹਾਰ ਗਿਆ ਔਰ ਸ਼ਾਮ ਨੂੰ ਗੁਆਢੀ ਪਿੰਡ ਝੀਂਡਵਾਲਾ ਵਾਲਿਆਂ ਦਾ ਮੁੰਡਾ ਸੁੱਖੀ ਉਨ੍ਹਾਂ ਦੇ ਮੁਹੱਲੇ ਵਿੱਚ ਜਾ ਕੇ ਕਹਿਣ ਲੱਗਾ ਕਿ ਮੈਂ ਦੱਸਦਾ ਹਾਂ ਕਿ ਚੋਣ ਕਿਸ ਤਰ੍ਹਾਂ ਲੜੀਦੀ ਹੈ । ਉਸ ਨੇ ਚਾਰ ਦਿਨ ਫਾਇਰਿੰਗ ਵੀ ਕੀਤੀ ਲੇਕਿਨ ਅੱਜ ਤੱਕ ਉਸਦੇ ਖਿਲਾਫ ਕੋਈ ਐਕਸ਼ਨ ਨਹੀਂ ਲਿਆ ਹਾਲਾਂ ਕਿ ਡਿਪਟੀ ਕਮਿਸ਼ਨਰ ਨੇ ਵੀ ਐਸ. ਐਸ. ਪੀ. ਨੂੰ ਲਿਖਿਆ ਸੀ ਕਿ Regist r Cas and inquire and also ensure safety of the aggricved person . ਐਸ. ਐਸ. ਪੀ. ਨੇ ਕੋਈ ਪ੍ਰਵਾਹ ਨਹੀਂ ਕੀਤੀ । ਇਸ ਲਈ ਪੰਜਾਬ ਸਰਕਾਰ ਵਲੋਂ ਜੋ ਅਮਨ, ਸ਼ਾਂਤੀ ਅਤੇ ਪੰਜਾਬ ਦੀ ਤਰੱਕੀ ਲਈ ਕੰਮ ਕੀਤੇ ਜਾ ਰਹੇ ਹਨ, ਇਹੋ ਜਿਹੇ ਲੋਕ ਉਸ ਤੇ ਪਾਣੀ ਫੇਰ ਦਿੰਦੇ ਹਨ । ਸਪੀਕਰ ਸਾਹਿਬ, ਮੈਂ ਇੰਨੀ ਗੱਲ ਕਹਿੰਦਾ ਹੋਇਆ ਗਵਰਨਰ ਸਾਹਿਬ ਦੇ ਭਾਸ਼ਣ ਤੇ ਮੈਂ ਸਹਿਮਤੀ ਪ੍ਰਗਟ ਕਰਦਾ ਹਾਂ ਔਰ ਇਹ ਸਤਰਾਂ ਕਹਿੰਦਾ ਹੋਇਆ ਆਪਣਾ ਸਥਾਨ ਲੈਂਦਾ ਹਾਂ

ਆਏ ਖਬਰ ਨੂੰ ਨਾਲ ਪਰ ਲੈ ਕੇ ਰਕੀਬ ਨੂੰ,
ਪੀਣਾ ਪਿਆ ਏ ਜ਼ਹਿਰ ਵੀ ਦਰਦੇ ਦਵਾ ਦੇ ਨਾਲ ।

ਸਰਦਾਰ ਜਗਤਾਰ ਸਿੰਘ ਮੁਲਤਾਨੀ (ਭੁਲੱਥ) : ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ । ਫਰਵਰੀ, 1992 ਵਿਚ ਚੋਣਾਂ ਹੋਈਆਂ ਅਤੇ ਪੰਜਾਬ ਦੀ ਸਰਕਾਰ ਬਣੀ । ਫਰਵਰੀ, 1993 ਆਇਆ ਅਤੇ ਅਸੀਂ ਫਰਕ ਦੇਖਦੇ ਹਾਂ ਫਰਵਰੀ, 1992 ਵਿਚ ਅਤੇ ਫਰਵਰੀ, 1993 ਵਿਚ । ਫਰਵਰੀ, 1992 ਤੋਂ ਪਹਿਲਾਂ ਲਾਅ ਐਂਡ ਆਰਡਰ ਦੀ ਸਥਿਤੀ ਸੀ ਘੁਸਮਸੀ ਜਾਂ ਰਾਤ ਦੇ ਹਨੇਰੇ ਵਰਗੀ ਪਰ ਫਰਵਰੀ, 1993 ਦੀ ਸਥਿਤੀ ਪੂਰਨ ਦਿਨ ਵਾਲੀ ਹੈ, ਪੂਰੀ ਰੌਸ਼ਨੀ ਵਾਲੀ ਹੈ । ਲੋਕੀਂ ਖੁਸ਼ ਹਨ । ਬੜੇ ਸਤਿਕਾਰ ਅਤੇ ਅਦਬ ਨਾਲ ਇੱਕ ਦੂਜੇ ਨੂੰ ਮਿਲਦੇ ਹਨ । ਜਿਹੜਾ ਖਾਣਾ-ਪੀਣਾ, ਜਿਹੜੇ ਰਸਮੋ-ਰਿਵਾਜ, ਜਿਹੜਾ ਦੇਰ ਰਾਤ ਆਉਣਾ-ਜਾਣਾ ਬੰਦ ਹੋ ਗਿਆ ਸੀ, ਉਹ ਹੁਣ ਖੁਲ੍ਹ ਗਿਆ ਹੈ । ਇਹ ਸਾਰਾ ਸਿਹਰਾ ਪੰਜਾਬ ਦੇ ਬਹਾਦਰ ਲੋਕਾਂ ਨੂੰ ਜਾਂਦਾ ਹੈ ਜਿਨ੍ਹਾਂ ਨੇ ਪੰਜਾਬ ਦੀ ਸਰਕਾਰ ਨਾਲ ਕੋ-ਆਪਰੇਟ ਕੀਤਾ ਹੈ । ਇਸ ਦੇ ਨਾਲ ਨਾਲ ਇਹ ਸਿਹਰਾ ਮਾਨਯੋਗ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਜੀ ਨੂੰ ਵੀ ਜਾਂਦਾ ਹੈ । (ਥੰਪਿੰਗ) ।

ਸਪੀਕਰ ਸਾਹਿਬ, ਬਿਜਲੀ ਅਤੇ ਸਪਲਾਈ ਦੇ ਸਬੰਧ ਵਿਚ ਰਾਜਪਾਲ ਜੀ ਦੇ ਭਾਸ਼ਣ ਵਿਚ ਜ਼ਿਕਰ ਆਇਆ ਕਿ 89 ਕਰੋੜ ਰੁਪਿਆ ਖਾਲੇ ਪੱਕੇ ਕਰਨ ਲਈ ਖਰਚ ਕਰ ਰਹੇ

[ਸਰਦਾਰ ਜਗਤਾਰ ਸਿੰਘ ਮੁਲਤਾਨੀ]

ਹਾਂ ਅਤੇ ਪੇਂਡੂ ਏਰੀਆ ਵਾਸਤੇ ਖਰਚ ਰਹੇ ਹਾਂ । ਇਹ ਬਹੁਤ ਹੀ ਚੰਗੀ ਗੱਲ ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਕਪੂਰਥਲਾ ਅਤੇ ਹੁਸ਼ਿਆਰਪੁਰ ਕਲ ਜਿਹੜਾ ਧੁਸੀ ਬੰਨ ਬਿਆਸ ਹੈ । ਇਹ ਬੰਨ੍ਹ ਦਸੂਹਾ ਤੋਂ ਢਿੱਲਵਾਂ ਅਤੇ ਢਿੱਲਵਾਂ ਤੋਂ ਸੁਲਤਾਨਪੁਰ ਤੱਕ ਹੈ । ਇਸ ਬੰਨ ਨੂੰ ਠੀਕ ਕਰਨਾ ਚਾਹੀਦਾ ਹੈ ਅਤੇ ਮਜ਼ਬੂਤ ਕਰਨਾ ਚਾਹੀਦਾ ਹੈ । ਇਸ ਤੇ ਤਕਰੀਬਨ 5-6 ਕਰੋੜ ਰੁਪਿਆ ਖਰਚ ਆਉਣ ਦੀ ਸੰਭਾਵਨਾ ਹੈ । ਜਦੋਂ ਹੜ੍ਹ ਆਉਂਦਾ ਹੈ ਤਾਂ ਫਸਲਾਂ ਦਾ ਬਹੁਤ ਜ਼ਿਆਦਾ ਨੁਕਸਾਨ ਹੋ ਜਾਂਦਾ ਹੈ । ਇਸ ਲਈ ਇਸ ਨੁਕਸਾਨ ਤੋਂ ਬਚਣ ਲਈ ਧੁਸੀ ਬੰਨ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ । ਇਸ ਤੋਂ ਇਲਾਵਾ ਮੈਂਟਲ ਰੋਡ ਵੀ ਉਥੇ ਬਣਾਉਣੀ ਚਾਹੀਦੀ ਹੈ ਤਾਂਕਿ ਜਿਹੜੇ ਬੈਕਵਰਡ ਕਲਾਸ ਅਤੇ ਸ਼ਡਿਊਲਡ ਕਾਸਟਸ ਦੇ ਲੋਕ ਹਨ, ਜੋ ਅਨਾਜ ਪੈਦਾ ਕਰਦੇ ਹਨ, ਉਨ੍ਹਾਂ ਨੂੰ ਵੀ ਫਾਇਦਾ ਹੋ ਸਕੇ । ਇਸ ਬੰਨ ਦੇ ਮਜ਼ਬੂਤ ਹੋਣ ਦਾ ਇਹ ਵੀ ਲਾਭ ਹੋਵੇਗਾ ਕਿ ਦੋਵੇਂ ਜ਼ਿਲ੍ਹਿਆਂ (ਕਪੂਰਥਲਾ ਅਤੇ ਹੁਸ਼ਿਆਰਪੁਰ) ਨੂੰ ਫਸਲਾਂ ਤੋਂ ਹੋਣ ਵਾਲੇ ਕਰੋੜਾਂ ਰੁਪਿਆਂ ਦਾ ਨੁਕਸਾਨ ਨਹੀਂ ਹੋਵੇਗਾ । ਇਸ ਵਾਸਤੇ ਜੇ ਸੈਂਟਰ ਗੌਰਮਿੰਟ ਤੋਂ ਸਪੈਸ਼ਲ ਰਕਮ ਵੀ ਲੈਣੀ ਪਵੇ ਤਾਂ ਉਹ ਲੈਣੀ ਚਾਹੀਦੀ ਹੈ ਕਿਉਂਕਿ ਪੰਜਾਬ 60% ਅਨਾਜ ਕੇਂਦਰ ਨੂੰ ਦਿੰਦਾ ਹੈ ।

ਸ੍ਰੀ ਸਪੀਕਰ : ਮੈਂ ਪੁੱਛਦਾ ਹਾਂ ਕਿ ਮਨਿਸਟਰ ਸਾਹਿਬਾਨ ਪੁਆਇੰਟਸ ਨੋਟ ਕਰ ਰਹੇ ਹਨ ?

ਖੇਤੀਬਾੜੀ ਅਤੇ ਵਣ ਮੰਤਰੀ : ਹਾਂ ਜੀ ।

ਸ੍ਰੀ ਸਪੀਕਰ : ਠੀਕ ਹੈ । Multani ji, carry on.

ਸਰਦਾਰ ਜਗਤਾਰ ਸਿੰਘ ਮੁਲਤਾਨੀ : ਸਪੀਕਰ ਸਾਹਿਬ, ਪਿਛਲੇ ਸਾਲ ਮੈਂ ਇੱਕ ਸੁਐਸਚਨ ਦਿੱਤਾ ਸੀ ਕਿ ਪਿੰਡਾਂ ਵਿਚ 24 ਘੰਟੇ ਬਿਜਲੀ ਰੈਗੂਲਰ ਕੀਤੀ ਜਾਵੇ । ਮੈਂ ਇਸ ਵਾਸਤੇ ਪੰਜਾਬ ਸਰਕਾਰ ਦਾ ਅਤੇ ਖਾਸ ਕਰਕੇ ਸਰਦਾਰ ਬੇਅੰਤ ਸਿੰਘ ਜੀ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਕਿ ਇਹ ਮੁਤਾਲਬਾ ਮੰਨ ਲਿਆ ਹੈ । ਹੁਣ ਪਿੰਡਾਂ ਵਿਚ ਬਿਜਲੀ ਰੈਗੂਲਰ ਆਉਣ ਲੱਗ ਪਈ ਹੈ । ਇਸ ਨਾਲ ਘਰੇਲੂ ਉਦਯੋਗਾਂ ਨੂੰ ਵੀ ਫਾਇਦਾ ਹੋਇਆ ਹੈ । ਮੈਂ ਇਸ ਦੀ ਪੁਰਜ਼ੋਰ ਸਰਾਹਨਾ ਕਰਦਾ ਹਾਂ । ਜਿਵੇਂ ਕਿ ਪਹਿਲਾਂ ਲੋਕੀਂ ਕਹਿੰਦੇ ਸਨ ਕਿ ਪੰਜਾਬ ਦੀ ਕਾਂਗਰਸ ਪਾਰਟੀ ਦੀ ਸਰਕਾਰ ਪਿੰਡਾਂ ਵਾਸਤੇ ਤਾਂ ਪੈਸੇ ਖਰਚ ਨਹੀਂ ਕਰਦੀ ਸਿਰਫ ਸ਼ਹਿਰਾਂ ਲਈ ਕਰਦੀ ਹੈ, ਉਸ ਦਾ ਇਨ੍ਹਾਂ ਨੇ ਮੂੰਹ-ਤੋੜ ਜਵਾਬ ਦਿੱਤਾ ਹੈ । ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਪੇਂਡੂ ਲੋਕਾਂ ਵਾਸਤੇ ਚੌਵੀ ਘੰਟੇ ਬਿਜਲੀ ਰੈਗੂਲੇਰਾਈਜ਼ਡ ਕਰਨ ਲਈ ਸਰਕਾਰ 350 ਕਰੋੜ ਰੁਪਏ ਖਰਚ ਰਹੀ ਹੈ । ਸਪੀਕਰ ਸਾਹਿਬ, ਪਿਛਲੇ ਸਾਲ ਨਾਲੋਂ 11% ਵੱਧ ਬਿਜਲੀ ਦਿੱਤੀ ਗਈ ਹੈ । ਇਸ ਨਾਲ ਪੰਜਾਬ ਦੀ ਖੇਤੀ ਵਿਚ ਵੀ ਵਾਧਾ ਹੋਇਆ ਹੈ । ਤਕਰੀਬਨ 135 ਕਰੋੜ ਰੁਪਏ ਦਾ ਕਿਸਾਨਾਂ ਨੂੰ ਬੋਨਸ ਦਾ ਲਾਭ ਹੋਇਆ ਹੈ । ਮੈਂ ਪੇਂਡੂ ਲੋਕਾਂ ਦੇ ਸਬੰਧ ਵਿਚ ਦੱਸਣਾ ਚਾਹੁੰਦਾ ਹਾਂ ਕਿ ਖੇਤੀਬਾੜੀ ਬਾਰੇ ਸਰਕਾਰ ਨੇ ਕੀ ਕਝ ਕੀਤਾ ਹੈ (ਵਿਘਨ) ਇਸੇ ਤਰ੍ਹਾਂ ਅਡੀਸ਼ਨਲ ਚੌਲ ਪੈਦਾ ਹੋਇਆ 70 ਲੱਖ ਟਨ ਔਰ ਇਸ ਦੇ ਲਈ 30

ਕਰੋੜ ਰੁਪਿਆ ਜ਼ਿਮੀਦਾਰਾਂ ਨੂੰ ਮਿਲਿਆ । ਮੱਕੀ ਦੀ ਫਸਲ ਵੀ ਜ਼ਿਆਦਾ ਪ੍ਰੋਕਿਉਰ ਹੋਈ ਹੈ ਜਿਸ ਦੇ ਨਾਲ 24 ਕਰੋੜ ਰੁਪਿਆ ਜ਼ਿਮੀਦਾਰਾਂ ਨੂੰ ਮਿਲਿਆ ਹੈ । ਇਸੇ ਤਰ੍ਹਾਂ ਸਨ-ਫਲਾਵਰ ਦੀ ਫਸਲ ਦਾ 132 ਕਰੋੜ ਰੁਪਿਆ ਮਿਲਿਆ ਹੈ । ਇਥੇ, ਸਪੀਕਰ ਸਾਹਿਬ, ਕੋਈ ਮੈਂਬਰ ਸਾਹਿਬ ਦੱਸ ਰਿਹਾ ਸੀ ਕਿ ਪਿੰਡਾਂ ਦੇ ਵਿੱਚ ਪਿੰਡਾਂ ਦੇ ਲੋਕਾਂ ਵਾਸਤੇ ਕੋਈ ਚੰਗੀ ਸਕੀਮ ਨਹੀਂ ਬਣਾਈ ਗਈ, ਮੈਂ ਉਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਵਿੱਚ ਇਸ ਕਾਂਗਰਸ ਦੀ ਸਰਕਾਰ ਦੇ ਸਦਕੇ ਹੀ, ਪੰਜਾਬ ਸਰਕਾਰ ਦੀਆਂ ਚੰਗੀਆਂ ਸਕੀਮਾਂ ਦੇ ਸਦਕਾ ਹੀ ਪਿੰਡਾਂ ਦੇ ਲੋਕਾਂ ਨੂੰ ਇਤਨਾ ਫਾਇਦਾ ਹੋਇਆ ਹੈ । ਪੰਜਾਬ ਵਿੱਚ ਇਸ ਕਾਂਗਰਸ ਦੀ ਸਰਕਾਰ ਨੇ ਪਿੰਡਾਂ ਦੇ ਲੋਕਾਂ ਨੂੰ ਫਰਟੇਲਾਈਜ਼ਰ ਦੇ ਲਈ 44 ਕਰੋੜ ਰੁਪਏ ਦੀ ਸਬਸਿਡੀ ਦੇ ਕੇ ਜ਼ਿਮੀਦਾਰਾਂ ਦਾ ਫਾਇਦਾ ਕੀਤਾ ਹੈ । ਛੋਟੇ ਕਿਸਾਨ ਨੂੰ, ਮਾਰਜਨਲ ਕਿਸਾਨ ਨੂੰ ਟਿਊਬਵੈੱਲ ਲਾਉਣ ਵਾਸਤੇ 25 ਕਰੋੜ ਰੁਪਏ ਦਾ ਫਾਇਦਾ ਇਸ ਸਰਕਾਰ ਨੇ ਦਿੱਤਾ ਹੈ (ਥੰਪਿੰਗ) ਮੈਂ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੂੰ ਮੁਬਾਰਿਕ-ਬਾਦ ਦਿੰਦਾ ਹਾਂ ਜਿਨ੍ਹਾਂ ਨੇ ਛੋਟੇ ਕਿਸਾਨਾਂ ਦੇ ਲਈ ਇਤਨੇ ਫਾਇਦੇ ਦੇ ਕੰਮ ਕੀਤੇ ਹਨ । ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਛੋਟੇ ਕਿਸਾਨਾਂ ਨੂੰ 537 ਟਰੈਕਟਰ ਖਰੀਦਣ ਦੇ ਵਾਸਤੇ 30 ਹਜ਼ਾਰ ਰੁਪਿਆ ਫੀ ਟਰੈਕਟਰ ਖਰੀਦਣ ਦੇ ਲਈ ਸਬਸਿਡੀ ਦਿੱਤੀ ਹੈ । ਇਸ ਦੇ ਲਈ ਮੈਂ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੂੰ ਮੁਬਾਰਿਕਬਾਦ ਦਿੰਦਾ ਹਾਂ । ਸਪੀਕਰ ਸਾਹਿਬ, ਪੈਸਟੀਸਾਈਡ ਜਿਹੜੇ ਹਨ, ਇਥੇ ਮਿੱਤਲ ਸਾਹਿਬ ਬੋਲ ਰਹੇ ਸਨ, ਮਨਿਸਟਰ ਸਾਹਿਬ ਨੇ ਠੀਕ ਕਿਹਾ ਸੀ ਕਿ ਪਿਛਲੇ ਸਾਰੇ ਸਾਲ ਵਿੱਚ ਕੋਈ ਪੈਸਟੀ-ਸਾਈਡ ਦੀ ਸ਼ਿਕਾਇਤ ਨਹੀਂ ਆਈ (ਥੰਪਿੰਗ) ਖਾਦ ਬਿਲਕੁਲ ਠੀਕ ਲੋਕਾਂ ਨੂੰ ਮਿਲੀ ਹੈ ਔਰ ਇਸ ਦਾ ਠੀਕ ਬੰਦੋਬਸਤ ਕੀਤਾ ਹੈ । ਇਸ ਦੇ ਲਈ ਵੀ ਮੈਂ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੂੰ ਮੁਬਾਰਿਕਬਾਦ ਦਿੰਦਾ ਹਾਂ ਕਿ ਉਸ ਨੇ 13 ਕਰੋੜ ਰੁਪਏ ਦੀ ਸਬਸਿਡੀ ਦਿੱਤੀ ਹੈ । ਕੁਲ 513 ਕਰੋੜ ਰੁਪਿਆ ਖੇਤੀਬਾੜੀ ਵਲ ਸਰਕਾਰ ਨੇ ਜ਼ਿਮੀਦਾਰਾਂ ਨੂੰ ਦਿੱਤਾ ਹੈ । ਇਸ ਸਰਕਾਰ ਨੇ, ਪੰਜਾਬ ਵਿੱਚ ਜੋ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਹੈ ਔਰ ਸੈਂਟਰਲ ਸਰਕਾਰ ਵਿੱਚ ਚੌਧਰੀ ਬਲਰਾਮ ਜਾਖੜ ਖੇਤੀਬਾੜੀ ਮੰਤਰੀ ਹਨ, ਉਨ੍ਹਾਂ ਨੇ, ਪ੍ਰਧਾਨ ਮੰਤਰੀ ਸ੍ਰੀ ਨਰਸਿਮ੍ਹਾ ਰਾਓ ਜੀ ਨੇ ਪੰਜਾਬ ਦੇ ਕਿਸਾਨ ਨੂੰ ਕਣਕ ਦਾ ਭਾਅ ਬਹੁਤ ਚੰਗਾ ਦਿੱਤਾ ਹੈ । ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਕੋਸ਼ਿਸ਼ ਕਰਕੇ ਸੈਂਟਰਲ ਸਰਕਾਰ ਤੋਂ ਕਣਕ ਦਾ ਭਾਅ 330/- ਰੁਪਏ ਕੁਇੰਟਲ ਦੁਆ-ਇਆ ਜਿਹੜੀ ਪਿਛਲੇ ਕਣਕ ਦੇ ਭਾਅ ਨਾਲੋਂ 46.6% ਇਨਕਰੀਜ਼ ਹੈ । ਪਿਛਲੀਆਂ ਜੋ ਸਰਕਾਰਾਂ ਬਣੀਆਂ ਜਿਸ ਦੇ ਵਿੱਚ ਬੀ. ਜੇ. ਪੀ. ਹਿੱਸੇਦਾਰ ਬਣਿਆਂ ਉਨ੍ਹਾਂ ਸਰਕਾਰਾਂ ਨੇ ਕਦੇ ਵੀ ਇਤਨੇ ਰੇਟ ਨਹੀਂ ਵਧਾਏ ਜਿਤਨਾ ਇਸ ਸਰਕਾਰ ਨੇ ਰੇਟ ਇਨਕਰੀਜ਼ ਕਰਾਇਆ ਹੈ ਅਤੇ ਜ਼ਿਮੀਦਾਰਾਂ ਨੂੰ ਹੋਰ ਫਾਇਦੇ ਦਿੱਤੇ ਹਨ । (ਵਿਘਨ)

Doctor Ramesh Datt : On a point of order, Sir. ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਜਿਨ੍ਹਾਂ ਨੇ ਜ਼ਿਕਰ ਕੀਤਾ ਹੈ, ਕਿ ਜਿਹੜੀਆਂ ਪਿਛਲੀਆਂ ਸਰਕਾਰਾਂ ਆਈਆਂ ਜਿਸ ਦੇ ਵਿੱਚ ਬੀ. ਜੇ. ਪੀ. ਵੀ ਹਿੱਸੇਦਾਰ ਰਿਹਾ ਹੈ ਉਸ ਨੇ ਕਦੇ ਇਤਨਾ ਰੇਟ ਨਹੀਂ ਦਿੱਤਾ, ਇਹ ਜ਼ਰਾ ਉਸ ਵੇਲੇ ਦੇ ਖਾਦ ਦੇ ਅਤੇ ਬਾਕੀ ਦੇ ਇਨ ਪੁਟਸ ਦਾ ਵੀ ਰੇਟ ਦੱਸ ਦੇਣ ਕਿ ਉਸ ਵੇਲੇ ਕੀ ਰੇਟ ਹੁੰਦੇ ਸਨ ।

Mr. Speaker : Do not interrupt please. Carry on, Sardar Jagtar Singh Multani.

ਸਰਦਾਰ ਜਗਤਾਰ ਸਿੰਘ ਮੁਲਤਾਨੀ. ਸਪੀਕਰ ਸਾਹਿਬ, ਪੰਜਾਬ ਇਕ ਸਿੱਖ ਡੋਮੀਨੇਟਿਡ ਸਟੇਟ ਹੈ। ਮੈਂ ਵੀ ਐਸ. ਜੀ. ਪੀ. ਸੀ. ਦਾ ਮੈਂਬਰ ਰਿਹਾ ਹਾਂ ਔਰ ਮੈਨੂੰ ਇਸ ਗੱਲ ਦਾ ਪਤਾ ਹੈ ਕਿ ਜੋ ਐਸ. ਜੀ. ਪੀ. ਸੀ. ਦਾ ਬਜਟ ਹੁੰਦਾ ਸੀ ਉਹ ਬਜਟ ਵੀ ਐਸ. ਜੀ. ਪੀ. ਸੀ. ਦਾ ਬਹੁਤ ਵੱਧਿਆ ਹੈ ਔਰ ਲਾਅ ਐਂਡ ਆਰਡਰ ਦੀ ਸਥਿੱਤੀ ਦਾ ਉਸ ਤੇ ਵੀ ਅਸਰ ਪਿਆ ਹੈ। ਮੇਰਾ ਖਿਆਲ ਹੈ ਕਿ 12 ਸਾਲਾਂ ਵਿੱਚ ਲਾਅ ਐਂਡ ਆਰਡਰ ਦੀ ਜੋ ਹਾਲਤ ਹੋ ਗਈ ਸੀ ਉਸ ਦੀ ਸਥਿੱਤੀ ਨੂੰ ਸੁਧਾਰਨ ਦੇ ਲਈ ਸਰਦਾਰ ਬੇਅੰਤ ਸਿੰਘ ਜੀ ਨੇ ਅਤੇ ਉਨ੍ਹਾਂ ਦੀ ਸਰਕਾਰ ਨੇ ਜੋ ਯਤਨ ਕੀਤਾ ਹੈ ਉਸ ਦੀ ਜਿੰਨੀ ਵੀ ਤਾਰੀਫ਼ ਕੀਤੀ ਜਾਵੇ ਉਤਨੀ ਥੋੜ੍ਹੀ ਹੈ। ਇਸ ਲਾਅ ਐਂਡ ਆਰਡਰ ਦੀ ਸਥਿੱਤੀ ਦੇ ਸੁਧਾਰ ਕਰਕੇ ਹੀ ਫਤਹਿਗੜ੍ਹ ਸਾਹਿਬ ਦੇ ਵਿੱਚ ਜੋ ਸ਼ਹੀਦੀ ਜੋੜ ਮੇਲੇ ਦਾ ਜਲੂਸ ਨਿਕਲਿਆ ਉਸ ਦੇ ਵਿਚ ਐਸ. ਜੀ. ਪੀ. ਸੀ. ਦੇ ਪ੍ਰਧਾਨ ਸ਼ਾਮਲ ਹੋਏ। ਲੋਕੀਂ ਸਰਦਾਰ ਬੇਅੰਤ ਸਿੰਘ ਜੀ ਨੂੰ ਘਰਾਂ ਵਿੱਚ ਬੈਠੇ ਅਸੀਸਾਂ ਦਿੰਦੇ ਹਨ ਬਾਹਰੋਂ ਭਾਵੇਂ ਉਹ ਜੋ ਮਰਜ਼ੀ ਕਹਿੰਦੇ ਰਹਿਣ।

ਸਪੀਕਰ ਸਾਹਿਬ, ਰੂਰਲ ਡਿਵੈਲਪਮੈਂਟ ਵਾਸਤੇ ਸਰਕਾਰ ਨੇ 120 ਕਰੋੜ ਜੋ ਖਰਚ ਕੀਤੇ ਹਨ ਉਸ ਦੇ ਨਾਲ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਦਾ ਲੋਕਾਂ ਦੇ ਦਿਲਾਂ ਵਿੱਚ ਮਾਣ ਅਤੇ ਸਤਿਕਾਰ ਵਧਿਆ ਹੈ। ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਪੰਚਾਇਤਾਂ ਦੀਆਂ ਚੋਣਾਂ ਕਰਵਾਈਆਂ, ਇਨ੍ਹਾਂ ਦੇ ਵਿੱਚ 80-90% ਪੰਚਾਇਤਾਂ ਦੇ ਵਿੱਚ ਕਾਂਗਰਸ ਪਾਰਟੀ ਆਈ, 80-90% ਪੰਚਾਇਤਾਂ ਕਾਂਗਰਸ ਪਾਰਟੀ ਦੀਆਂ ਬਣੀਆਂ।

ਸਪੀਕਰ ਸਾਹਿਬ, ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਦੇ ਜਿਹੜੇ ਨੇਕ ਕੰਮ ਹਨ, ਜਿਹੜੇ ਚੰਗੇ ਹਨ ਜਿਨ੍ਹਾਂ ਦੀ ਲੋਕ ਬਹੁਤ ਤਾਰੀਫ਼ ਕਰਦੇ ਹਨ ਉਨ੍ਹਾਂ ਨੇਕ ਕੰਮਾਂ ਵਿਚੋਂ, ਚੰਗੇ ਕੰਮਾਂ ਵਿੱਚੋਂ 2-3 ਕੰਮਾਂ ਦਾ ਮੈਂ ਇਥੇ ਵਰਨਣ ਕਰਨਾ ਚਾਹੁੰਦਾ ਹਾਂ। ਇਸ ਸਰਕਾਰ ਨੇ 2 ਨਵੇਂ ਜ਼ਿਲ੍ਹੇ ਬਣਾਏ, ਫਤਹਿਗੜ੍ਹ ਸਾਹਿਬ ਨਵਾਂ ਜ਼ਿਲ੍ਹਾ ਬਣਾਇਆ ਅਤੇ ਮਾਨਸਾ ਨਵਾਂ ਜ਼ਿਲ੍ਹਾ ਬਣਾਇਆ ਔਰ ਕਈ ਨਵੀਆਂ ਸਬ-ਡਵੀਜ਼ਨਾਂ ਬਣੀਆਂ ਹਨ ਜਿਨ੍ਹਾਂ ਦੇ ਨਾਲ ਲੋਕਾਂ ਦਾ ਫਾਇਦਾ ਹੋਵੇਗਾ ਅਤੇ ਪੰਜਾਬ ਦੇ ਲੋਕਾਂ ਵਾਸਤੇ ਤਰੱਕੀ ਦੇ ਕੰਮ ਹੋਣਗੇ। ਜਿਹੜੇ ਵਡੇ ਵਡੇ ਪਿੰਡ ਸਨ ਜੋ ਤਕਰੀਬਨ 2-3 ਕਿਲੋਮੀਟਰ ਲੰਬੇ ਹਨ ਜਿਨ੍ਹਾਂ ਦੇ ਵਿੱਚ ਡਰੇਨੇਜ ਸਿਸਟਮ ਠੀਕ ਨਹੀਂ ਸੀ, ਗਲੀਆਂ ਨਾਲੀਆਂ ਦੀ ਕੋਈ ਸਫਾਈ ਨਹੀਂ ਸੀ ਔਰ ਉਨ੍ਹਾਂ ਪਿੰਡਾਂ ਦੀ ਐਸੀ ਹਾਲਤ ਸੀ ਜੋ ਨਰਕ ਬਣੇ ਹੋਏ ਸੀ, ਇਹ 22 ਪਿੰਡ ਹਨ ਜੋ ਨਰਕ ਬਣੇ ਹੋਏ ਸੀ ਉਨ੍ਹਾਂ ਨੂੰ ਸਵਰਗ ਬਣਾਉਣ ਦੇ ਵਾਸਤੇ ਇਸ ਸਰਕਾਰ ਨੇ ਕੰਮ ਕੀਤਾ ਜੋ ਕਿ ਬੜਾ ਸਰਾਹਨਾ ਯੋਗ ਹੈ। ਇਸ ਤੋਂ ਇਲਾਵਾ, ਸਪੀਕਰ ਸਾਹਿਬ, ਇਸ ਸਰਕਾਰ ਨੇ ਮਿਉਂਸਪਲ ਕਮੇਟੀਆਂ ਦੀਆਂ ਚੋਣਾਂ ਕਰਵਾਈਆਂ, 11506 ਪੰਚਾਇਤਾਂ ਦੀਆਂ ਚੋਣਾ ਕਰਵਾਈਆਂ ਜਿਹੜੀਆਂ ਕਿ ਬਿਲਕੁਲ ਸ਼ਾਂਤੀ ਪੂਰਵਕ ਹੋਈਆਂ। ਇਹ ਸਾਰਾ ਕਰੈਡਿਟ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਨੂੰ ਜਾਂਦਾ ਹੈ। ਇਸ ਤੋਂ ਇਲਾਵਾ ਸਪੀਕਰ

ਸਾਹਿਬ, 643 ਨਵੀਆਂ ਪੰਚਾਇਤਾਂ ਐਸੀਆਂ ਬਣਾਈਆਂ ਹਨ ਜਿਨ੍ਹਾਂ ਦੇ ਸਬੰਧ ਵਿਚ ਮੈਂ ਆਪਣੀ ਸਰਕਾਰ ਨੂੰ ਮੁਬਾਰਿਕਬਾਦ ਦਿੰਦਾ ਹਾਂ। ਇਹ ਪੰਚਾਇਤਾਂ ਉਨ੍ਹਾਂ ਛੋਟੇ ਛੋਟੇ ਪਿੰਡਾਂ ਦੀਆਂ ਹਨ ਜਿਨ੍ਹਾਂ ਦੀ ਆਬਾਦੀ ਦੋ ਦੋ, ਚਾਰ ਚਾਰ ਸੌ ਦੀ ਹੈ ਅਤੇ ਜਿਨ੍ਹਾਂ ਵਿਚ ਬਹੁਤ ਹੀ ਗਰੀਬ ਆਦਮੀ ਰਹਿੰਦੇ ਹਨ। ਪਹਿਲਾਂ ਇਹ ਵੱਡੇ ਪਿੰਡਾਂ ਦੀਆਂ ਪੰਚਾਇਤਾਂ ਨਾਲ ਲਗਾਏ ਹੋਏ ਸਨ ਇਕ ਹੱਦਬਸਤ ਕਰਕੇ ਇਨ੍ਹਾਂ ਦਾ ਕੋਈ ਸੁਧਾਰ ਨਾ ਹੋ ਸਕਿਆ। ਹੁਣ ਪੰਚਾਇਤਾਂ ਬਣਨ ਨਾਲ ਇਨ੍ਹਾਂ ਨੂੰ ਗ੍ਰਾਂਟਾਂ ਆਦਿ ਮਿਲਣਗੀਆਂ ਅਤੇ ਇਨ੍ਹਾਂ ਪਿੰਡਾਂ ਦਾ ਵੀ ਸੁਧਾਰ ਹੋ ਸਕੇਗਾ।

ਸ਼੍ਰੀ ਸਪੀਕਰ : ਵਾਈਂਡ ਅੱਪ ਕਰੋ ਜੀ।

ਸਰਦਾਰ ਜਗਤਾਰ ਸਿੰਘ ਮੁਲਤਾਨੀ: ਸਪੀਕਰ ਸਾਹਿਬ, ਸਮਾਜ ਭਲਾਈ ਦੇ ਸਬੰਧ ਵਿਚ ਰਾਜਪਾਲ ਜੀ ਨੇ ਆਪਣੇ ਭਾਸ਼ਣ ਵਿਚ ਕਿਹਾ ਹੈ ਕਿ ਬਹੁਤ ਚੰਗਾ ਕੰਮ ਹੋ ਰਿਹਾ ਹੈ, ਇਸ ਵਿਚ ਕੋਈ ਸ਼ੱਕ ਨਹੀਂ। ਲੇਕਿਨ ਜਿਸ ਤਰ੍ਹਾਂ ਸ਼੍ਰੀ ਭਜਨ ਲਾਲ ਜੀ ਨੇ ਬੈਕਵਰਡ ਕਲਾਸਿਜ਼ ਦਾ ਰਿਜ਼ਰਵੇਸ਼ਨ ਕੋਟਾ ਹਰਿਆਣਾ ਵਿਚ 5% ਦੀ ਬਜਾਏ 10% ਕਰ ਦਿੱਤਾ ਹੈ, ਹੁਣ ਮੰਡਲ ਕਮਿਸ਼ਨ ਦੇ ਸਬੰਧ ਵਿਚ ਸੁਪਰੀਮ ਕੋਰਟ ਦਾ ਫ਼ੈਸਲਾ ਆ ਚੁੱਕਾ ਹੈ ਅਤੇ ਬੈਕਵਰਡ ਕਲਾਸਿਜ ਦਾ ਕੋਟਾ 5% ਤੋਂ ਵੱਧਾ ਕੇ 27% ਕਰ ਦੇਣਾ ਚਾਹੀਦਾ ਹੈ। ਨਾਲ ਹੀ ਮੈਂ ਸਰਕਾਰ ਤੋਂ ਮੰਗ ਕਰਦਾ ਹਾਂ ਕਿ ਬੈਕਵਰਡ ਕਲਾਸਿਜ਼ ਦੀ ਅਤੇ ਸ਼ਡਿਊਲਡ ਕਾਸਟਸ ਦੀ ਸੈਨਸਿਜ਼ ਕਰਾਉਣੀ ਚਾਹੀਦੀ ਹੈ ਤਾਂਕਿ ਪਤਾ ਲਗੇ ਕਿ ਉਨ੍ਹਾਂ ਦੀ ਨਫ਼ਰੀ ਕਿੰਨੀ ਕਿੰਨੀ ਹੈ। ਮੈਂ ਇਸ ਸਬੰਧੀ ਪਿਛਲੇ ਸਾਲ ਵੀ ਮੰਗ ਕੀਤੀ ਸੀ ਅਤੇ ਇਸ ਸਾਲ ਫਿਰ ਦੁਹਰਾਉਂਦਾ ਹਾਂ ਕਿ ਇਨਕਮ ਬਾਰ ਖ਼ਤਮ ਹੋਣੀ ਚਾਹੀਦੀ ਹੈ।

ਸਪੀਕਰ ਸਾਹਿਬ, ਕਪੂਰਥਲਾ, ਜਲੰਧਰ ਅਤੇ ਹੁਸ਼ਿਆਰਪੁਰ ਵਿਚ ਕੋਈ ਮੈਡੀਕਲ ਕਾਲਜ ਨਹੀਂ ਸੀ। ਉਥੇ ਹੁਣ 500 ਬੈਡਜ਼ ਦਾ ਹਸਪਤਾਲ ਬਣਨ ਲਗਾ ਹੈ ਅਤੇ ਮੈਡੀਕਲ ਕਾਲਜ ਵੀ ਬਣਾਉਣਾ ਹੈ। ਇਹ ਜਿਹੜਾ ਮੈਡੀਕਲ ਕਾਲਜ ਬਣਨਾ ਹੈ ਅਸੀਂ ਕਪੂਰਥਲੇ ਵਿਚ ਇਸ ਲਈ ਬਹੁਤ ਵਧੀਆ ਸਾਈਟ ਦੇ ਦਿੱਤੀ ਹੈ ਔਰ ਆਸ ਹੈ ਕਿ ਇਹ ਕਾਲਜ ਜਲਦੀ ਕਪੂਰਥਲਾ ਵਿਚ ਬਣਾ ਦਿੱਤਾ ਜਾਵੇਗਾ।

ਕੋਆਪ੍ਰੇਸ਼ਨ ਦੇ ਮਹਿਕਮੇ ਦੇ ਸਬੰਧ ਵਿਚ ਮੈਂ ਅਰਜ਼ ਕਰਾਂ ਕਿ ਇਸ ਪੱਖ ਵਿਚ ਵੀ ਬਹੁਤ ਅੱਛਾ ਕੰਮ ਹੋ ਰਿਹਾ ਹੈ। ਹਾਊਸ ਫ਼ੈਡ, ਮਾਰਕਫ਼ੈਡ ਦੇ ਇਲੈਕਸ਼ਨਜ਼ ਹੋ ਗਏ ਹਨ। ਇਹ ਸਰਕਾਰ ਦਾ ਕੰਮ ਸਰਾਹਨਾਯੋਗ ਹੈ। ਮੇਰੀ ਬੇਨਤੀ ਹੈ ਕਿ ਇਨ੍ਹਾਂ ਦੀ ਟਰਮ 5 ਸਾਲ ਕਰ ਦਿਤੀ ਜਾਵੇ ਕਿਉਂਕਿ ਗੁਜਰਾਤ ਵਿਚ ਵੀ ਪੰਜ ਸਾਲ ਹੀ ਹੈ।

ਸਰਕਾਰ ਨੇ 14 ਫੋਕਲ ਪੁਆਇੰਟਸ ਨਵੇਂ ਬਣਾਉਣੇ ਹਨ ਅਤੇ 170 ਕਰੋੜ ਰੁਪਿਆ ਪਿੰਡਾਂ ਵਿਚ ਖਰਚ ਕੀਤਾ ਜਾਵੇਗਾ। ਮੇਰੀ ਮੰਗ ਹੈ ਕਿ ਮੇਰੇ ਭੁਲੱਥ ਇਲਾਕੇ ਵਿਚ ਇਕ ਇੰਡਸਟਰੀਅਲ ਪੁਆਇੰਟ ਹਮੀਰਾ ਵਿਖੇ ਜ਼ਰੂਰ ਦਿੱਤਾ ਜਾਵੇ।

[ਸਰਦਾਰ ਜਗਤਾਰ ਸਿੰਘ ਮੁਲਤਾਨੀ]

ਬ੍ਰਿਜ ਔਰ ਓਵਰ-ਬ੍ਰਿਜ ਜੋ ਸਰਕਾਰ ਨੇ ਬਣਾਏ ਹਨ ਇਹ ਬਹੁਤ ਅੱਛੀ ਗੱਲ ਹੈ। ਜਿਸ ਤਰ੍ਹਾਂ ਲੁਧਿਆਣਾ ਵਿਚ ਓਵਰ ਬ੍ਰਿਜ ਬਣਾਇਆ ਹੈ ਇਸ ਨਾਲ ਕਾਫ਼ੀ ਫ਼ਾਇਦਾ ਹੋ ਗਿਆ ਹੈ। ਦਿਲਵਾਂ ਢੱਲੇਵਾਲ ਵਾਲਾ ਰੇਲ ਓਵਰ ਬ੍ਰਿਜ ਨਾਮੁਕੰਮਲ ਪਿਆ ਹੈ ਇਸ ਨੂੰ ਜਲਦੀ ਮੁਕੰਮਲ ਕਰ ਦੇਣਾ ਚਾਹੀਦਾ ਹੈ। ਇਸ ਤਰ੍ਹਾਂ ਸੁਜਾਨਪੁਰ ਵਾਲਾ ਜਿਹੜਾ ਰੇਲ ਫਾਟਕ ਬੰਦ ਹੀ ਰਹਿੰਦਾ ਹੈ, ਉਸ ਤੇ ਵੀ ਕਾਫ਼ੀ ਐਕਸੀਡੈਂਟ ਹੁੰਦੇ ਹਨ ਉਹ ਵੀ ਰੇਲ ਓਵਰ ਬ੍ਰਿਜ ਬਣਾ ਦਿਤਾ ਜਾਏ ਤਾਂ ਕਿ ਲੋਕਾਂ ਦੇ ਮਾਲ ਔਰ ਜਾਨ ਦਾ ਬਚਾਅ ਹੋ ਜਾਵੇ।

ਇਕ ਗੱਲ ਮੈਂ ਮਾਲ ਦੇ ਮਹਿਕਮੇ ਦੇ ਸਬੰਧ ਵਿਚ ਕਰਨੀ ਚਾਹੁੰਦਾ ਹਾਂ। ਪਿੰਡਾਂ ਵਿਚ ਬਹੁਤ ਸਾਰੀ ਇਨਫ਼ੀਰੀਅਰ ਲੈਂਡ ਪਈ ਹੈ, ਕੋਈ ਨਜ਼ੂਲ ਲੈਂਡ ਪਈ ਹੈ। ਇਸ ਸਬੰਧ ਵਿਚ ਮੇਰੀ ਬੇਨਤੀ ਹੈ ਕਿ ਹੁਣ ਸਾਰਾ ਸਿਲਸਿਲਾ ਐਸਾ ਹੋ ਗਿਆ ਹੈ ਕਿ ਪੰਜਾਬ ਵਿਚ ਬਿਲਕੁਲ ਸ਼ਾਂਤੀ ਔਰ ਅਮਨ ਹੋ ਗਿਆ ਹੈ। ਸ਼ਾਂਤੀ ਦੇ ਮਸੀਹਾ ਸਰਦਾਰ ਬੇਅੰਤ ਸਿੰਘ ਅਤੇ ਸਰਕਾਰ ਦੇ ਮੰਤਰੀ ਥਾਂ ਥਾਂ ਤੇ ਜਾ ਰਹੇ ਹਨ, ਐਮ. ਐਲ. ਏ. ਸਾਹਿਬਾਨ ਵੀ ਜਾ ਰਹੇ ਹਨ ਉਨ੍ਹਾਂ ਸਭ ਦਾ ਸ਼ਾਨ-ਓ-ਸ਼ੌਕਤ ਨਾਲ ਸੁਆਗਤ ਹੋ ਰਿਹਾ ਹੈ। ਪਹਿਲਾਂ ਕਹਿੰਦੇ ਸਨ ਕਿ ਵੋਟਾਂ ਨਹੀਂ ਪੈਣਗੀਆਂ ਹੁਣ ਦੇਖ ਲਵੋ ਵੋਟਾਂ ਪੈ ਗਈਆਂ ਹਨ। ਜਿਹੜੀਆਂ ਜ਼ਮੀਨਾਂ ਪਈਆਂ ਹਨ ਉਨ੍ਹਾਂ ਤੋਂ ਕੋਈ ਸੋਰਸ ਆਫ਼ ਇਨਕਮ ਕਰਨ ਲਈ ਮਹਿਕਮੇ ਨੂੰ ਮੋਬੇਲਾਈਜ਼ ਕਰਨਾ ਚਾਹੀਦਾ ਹੈ।

ਸਪੀਕਰ ਸਾਹਿਬ, ਹੁਣ ਐਕਸਾਈਜ਼ ਐਂਡ ਟੈਕਸੇਸ਼ਨ ਵਿਚ 115 ਕਰੋੜ ਰੁਪਏ ਦਾ ਵਾਧਾ ਹੋਇਆ ਹੈ, ਸੇਲਜ਼ ਟੈਕਸ ਵਿਚ 182 ਕਰੋੜ ਰੁਪਏ ਦਾ ਵਾਧਾ ਹੋਇਆ ਹੈ। ਇਹ ਇਕ ਰਿਕਾਰਡ ਵਾਧਾ ਹੈ। ਇਸ ਦੀ ਮੈਂ ਪੁਰਜ਼ੋਰ ਐਪ੍ਰੀਸੀਏਸ਼ਨ ਕਰਦਾ ਹਾਂ। ਸਰਕਾਰ ਦੇ ਕਦਮ ਸਹੀ ਡਾਇਰੈਕਸ਼ਨ ਵਿਚ ਜਾ ਰਹੇ ਹਨ।

ਸ੍ਰੀ ਸਪੀਕਰ : ਹੁਣ ਤੁਸੀਂ ਵਾਈਂਡ ਅੱਪ ਕਰੋ।

ਸਰਦਾਰ ਜਗਤਾਰ ਸਿੰਘ ਮੁਲਤਾਨੀ : ਬਸ ਜੀ, ਮੈਂ ਵਾਈਂਡ ਅੱਪ ਕਰਨ ਲਗਾ ਹਾਂ। ਸਪੀਕਰ ਸਾਹਿਬ, ਸਾਡੇ ਹਲਕੇ ਰਾਏਪੁਰ ਵਿਚ ਕੋਈ 300 ਏਕੜ ਜ਼ਮੀਨ ਪਈ ਹੈ ਜਿਹੜੀ ਕਿ ਬਹੁਤ ਹੀ ਅੱਛੀ ਹੈ। ਜਦੋਂ ਅਸੀਂ 60% ਦੇਸ਼ ਨੂੰ ਅਨਾਜ ਦਿੰਦੇ ਹਾਂ। ਅਸੀਂ ਉਹ ਤਿੰਨ ਸੌ ਦੀ ਤਿੰਨ ਸੌ ਏਕੜ ਜ਼ਮੀਨ ਦੇਣ ਨੂੰ ਤਿਆਰ ਹਾਂ ਉਥੇ ਕੋਈ ਐਗਰੀ-ਕਲਚਰਲ ਕਾਲਜ ਬਣਾਇਆ ਜਾਵੇ ਜਾਂ ਕੋਈ ਸੈਲਫ਼ ਐਮਪਲਾਇਮੈਂਟ ਦੀ ਸਕੀਮ ਬਣਾਈ ਜਾਵੇ ਜਿਸ ਤਰ੍ਹਾਂ ਗੁਰਦਾਸਪੁਰ ਵਿਚ ਬਣਾਈ ਹੈ, ਮੈਂ ਸਰਕਾਰ ਦਾ ਧੰਨਵਾਦੀ ਹੋਵਾਂਗਾ। ਉਹੋ ਜਿਹੀ ਸਕੀਮ ਸਾਡੇ ਹਲਕੇ ਵਿਚ ਵੀ ਚਾਲੂ ਕਰ ਦਿੱਤੀ ਜਾਵੇ ਤਾਂ ਮੈਂ ਸਰਕਾਰ ਦਾ ਬਹੁਤ ਧੰਨਵਾਦੀ ਹੋਵਾਂਗਾ। ਮੈਨੂੰ ਖ਼ੁਸ਼ੀ ਹੈ ਕਿ ਸਰਕਾਰ ਦਾ ਇੰਟਰਨੈਸ਼ਨਲ ਈਵੈਂਟਸ ਪੰਜਾਬ ਵਿਚ ਕਰਾਉਣ ਦਾ ਫ਼ੈਸਲਾ ਸ਼ਲਾਘਾਯੋਗ ਹੈ। ਮੈਂ ਇਸ ਦਾ ਪੁਰਜ਼ੋਰ ਸਵਾਗਤ ਕਰਦਾ ਹਾਂ। ਇਸ ਨਾਲ ਦੇਸ਼ ਔਰ ਵਿਦੇਸ਼ਾਂ ਦੇ ਲੋਕ ਪਾਰਟੀਸਿਪੇਟ ਕਰਨਗੇ। ਉਹ ਵੇਖਣਗੇ ਕਿ ਪੰਜਾਬ ਜੋ ਇਕ ਪ੍ਰਾਬਲਮ ਸਟੇਟ ਬਣੀ ਹੋਈ ਸੀ ਉਹ ਪ੍ਰਾਸਪਰਸ ਸਟੇਟ ਹੋ ਗਈ ਹੈ। ਬਿਜਲੀ ਦੀ ਸਪਲਾਈ 24 ਘੰਟੇ ਕਰਨ ਦਾ ਫ਼ੈਸਲਾ ਬਹੁਤ ਅੱਛਾ ਹੈ।....

ਸ਼੍ਰੀ ਸਪੀਕਰ: ਵਾਈਂਡ ਅੱਪ ਕਰੋ ਜੀ ।

ਸਰਦਾਰ ਜਗਤਾਰ ਸਿੰਘ ਮੁਲਤਾਨੀ: ਇਸ ਨਾਲ ਸਪੀਕਰ ਸਾਹਿਬ, ਜਿਹੜੇ ਜ਼ਿਮੀਦਾਰ ਖੇਤੀ ਕਰਦੇ ਹਨ ਉਨ੍ਹਾਂ ਨੂੰ ਬੜਾ ਫਾਇਦਾ ਹੋਵੇਗਾ, ਰਾਹਤ ਮਿਲੇਗੀ ।....

Mr. Speaker : Multani Ji, please wind up.

ਸਰਦਾਰ ਜਗਤਾਰ ਸਿੰਘ ਮੁਲਤਾਨੀ: ਸਪੀਕਰ ਸਾਹਿਬ, ਮੰਡੀ ਦੇ ਵਿਚ ਫਸਲ ਜਦੋਂ ਪਹਿਲਾਂ ਆਉਂਦੀ ਸੀ ਤਾਂ ਉਸ ਦੀ ਖਰੀਦ ਦਾ ਹੋਰ ਭਾਅ ਹੁੰਦਾ ਸੀ ਪਰ ਚੇਤਰ ਦੇ ਮਹੀਨੇ ਵਿਚ ਰੇਟ ਹੋਰ ਹੁੰਦਾ ਸੀ ਪਰ ਇਸ ਸਾਲ ਰੇਟ ਜਿਨਸ ਦਾ ਸਟੈਗਨੈਂਟ ਰਿਹਾ ਹੈ । ਇਸ ਵਾਸਤੇ ਮੈਂ ਸਰਕਾਰ ਨੂੰ ਮੁਬਾਰਿਕਬਾਦ ਦਿੰਦਾ ਹਾਂ ਔਰ ਇਸ ਦੇ ਵਾਸਤੇ ਸੈਂਟਰਲ ਸਰਕਾਰ ਨੂੰ ਵੀ ਮੁਬਾਰਿਕਬਾਦ ਦਿੰਦਾ ਹਾਂ ।

ਸਪੀਕਰ ਸਾਹਿਬ, ਬੱਸ ਜੀ, ਮੈਂ ਸਿਹਤ ਦੇ ਬਾਰੇ ਇਕ ਪੁਆਇੰਟ ਕਹਿਣਾ ਹੈ । ਸਰਕਾਰ ਨੇ, ਹੈਲਥ ਮਨਿਸਟਰ ਨੇ, ਪਿਛਲੇ ਸੈਸ਼ਨ ਵਿਚ ਵਾਇਦਾ ਕੀਤਾ ਸੀ ਸੰਤ ਬਾਬਾ ਮਾੜਾ ਸਿੰਘ ਦੀ ਯਾਦ ਵਿਚ ਇਕ 25 ਬੈੱਡਾਂ ਦਾ ਹਸਪਤਾਲ ਬਣਨਾ ਹੈ ਉਸ ਵਾਸਤੇ ਸੰਤ ਰੋਸ਼ਨ ਸਿੰਘ ਨੇ 5 ਕਿਲੇ ਜ਼ਮੀਨ ਮੁਫਤ ਦਿੱਤੀ ਹੈ । ਮੈਂ ਮੰਗ ਕਰਦਾ ਹਾਂ ਕਿ ਉਸ ਹਸਪਤਾਲ ਦੀ ਛੇਤੀ ਤੋਂ ਛੇਤੀ ਤਕਵੀਰ ਕਰਵਾਉਣੀ ਚਾਹੀਦੀ ਹੈ ।

ਸ਼੍ਰੀ ਸਪੀਕਰ: ਸਰਦਾਰ ਹਰਗੋਪਾਲ ਸਿੰਘ ਜੀ, ਤੁਹਾਡਾ ਦਸ ਮਿੰਟ ਟਾਈਮ ਹੈ । Try to wind up within that time please.

ਸਰਦਾਰ ਹਰਗੋਪਾਲ ਸਿੰਘ ਐਡਵੋਕੇਟ (ਬਲਾਚੌਰ): ਸਪੀਕਰ ਸਾਹਿਬ, 22 ਫਰਵਰੀ, 1993 ਨੂੰ ਜੋ ਭਾਸ਼ਣ ਇਸ ਹਾਊਸ ਵਿਚ ਰਾਜਪਾਲ ਜੀ ਵਲੋਂ ਦਿੱਤਾ ਗਿਆ ਮੈਂ ਉਸ ਨਾਲ ਪੂਰੀ ਤਰ੍ਹਾਂ ਸਹਿਮਤ ਨਹੀਂ ਹਾਂ ਕਿਉਂਕਿ ਇਕ ਸਾਲ ਦੇ ਅਰਸੇ ਦੇ ਵਿਚ ਪੰਜਾਬ ਦੇ ਵਿਚ ਲੋਕ ਤੰਤਰ ਦੀ ਬਹਾਲੀ ਤੋਂ ਬਾਅਦ ਸਾਰੇ ਹਾਊਸ ਦੇ ਮੈਂਬਰਾਂ ਨੇ ਜਾਂ ਸਰਕਾਰ ਨੇ ਇਨ੍ਹਾਂ ਦੋਹਾਂ ਮੁੱਦਿਆਂ ਤੋਂ ਸਿਵਾਏ ਹੋਰ ਕੋਈ ਮੁੱਦਾ ਮੋਹਰੇ ਨਹੀਂ ਰੱਖਿਆ । ਇਕ ਪਾਸੇ ਪੰਜਾਬ ਵਿਚ ਇਲੈਕਸ਼ਨਾਂ ਨੂੰ ਦੱਸਿਆ ਗਿਆ ਔਰ ਦੂਸਰੇ ਪਾਸੇ ਸ਼ਰਾਰਤੀ ਅਨਸਰਾਂ ਨੂੰ ਖ਼ਤਮ ਕਰਨ ਲਈ ਆਖਿਆ ਗਿਆ । ਇਨ੍ਹਾਂ ਦੋ ਨੁਕਤਿਆਂ ਤੋਂ ਸਿਵਾਏ, ਦੋ ਮੁੱਦਿਆਂ ਤੋਂ ਸਿਵਾਏ, ਹੋਰ ਕੋਈ ਮੁੱਦਾ ਹਾਊਸ ਵਿਚ ਨਹੀਂ ਰੱਖਿਆ ਗਿਆ ਹੈ । ਜਿਤਨੇ ਵੀ ਮੈਂਬਰ ਬੋਲੇ ਹਨ ਉਨ੍ਹਾਂ ਇਕ ਸਾਲ ਵਿਚ ਕਿਹਾ ਕਿ ਬੜੀਆਂ ਪ੍ਰਾਪਤੀਆਂ ਹੋਈਆਂ ਹਨ ਔਰ ਦੂਸਰੇ ਪਾਸੇ ਪੰਜਾਬ ਵਿਚ ਵਸਦੇ ਉਹ ਲੋਕ ਜਿਹੜੇ ਅੱਜ ਵੀ ਉਸ ਗੱਲ ਦੇ ਸ਼ਿਕਾਰ ਹਨ, ਉਹੀ ਹਨ । ਜਿਸ ਤਰ੍ਹਾਂ ਪੁਲਿਸ ਨੂੰ ਸਾਡੇ ਸਾਹਮਣੇ ਇਹ ਕਹਿ ਕੇ ਸਲਾਹਿਆ ਗਿਆ ਹੈ ਕਿ ਪੁਲਿਸ ਨੇ ਬਹੁਤ ਚੰਗਾ ਕੰਮ ਕੀਤਾ ਹੈ । ਮੈਂ ਇਸ ਗੱਲ ਨਾਲ ਮੁਤਫਿਕ ਹਾਂ । ਪਰ ਇਸ ਦਾ ਪਾਜ਼ੇਟਿਵ ਪੱਖ ਹੀ ਨਹੀਂ ਲੈਣਾ ਚਾਹੀਦਾ, ਨਗੇਟਿਵ ਪੱਖ ਵੀ ਲੈਣਾ ਚਾਹੀਦਾ ਹੈ । ਇਸ ਪੰਜਾਬ ਵਿਚ ਤਿੰਨ ਤਰ੍ਹਾਂ ਦੀ ਹਕੂਮਤ ਹੈ । ਇਕ ਪਾਸੇ ਲੋਕਤੰਤਰ ਦੀ ਸਰਕਾਰ ਹੈ, ਦੂਸਰੇ ਪਾਸੇ ਪੁਲਿਸ ਹੈ ਔਰ ਤੀਸਰੇ ਪਾਸੇ ਆਈ. ਏ. ਐਸ. ਲਾਬੀ ਹੈ । ਇਸ ਲਈ ਮੈਂ ਇਹ

[ਸਰਦਾਰ ਹਰਗੋਪਾਲ ਸਿੰਘ ਐਡਵੋਕੇਟ]

ਸੁਜੈਸ਼ਨ ਦਿੰਦਾ ਹਾਂ ਕਿ ਇਨ੍ਹਾਂ ਇਨ੍ਹਾਂ ਤਿੰਨਾਂ ਵਿਚ ਤਾਲਮੇਲ ਹੋਣਾ ਚਾਹੀਦਾ ਹੈ ਜੋ ਨਹੀਂ ਹੋ ਰਿਹਾ। ਅਗਰ ਤਿੰਨਾਂ ਦਾ ਤਾਲ-ਮੇਲ ਹੋ ਜਾਵੇ ਤਾਂ ਪੰਜਾਬ ਦੀ ਖੁਸ਼ੀ ਜਿਹੜੀ ਹੈ ਉਹ ਹਮੇਸ਼ਾ ਲਈ ਆ ਜਾਵੇਗੀ । ਅੱਜ ਇਹ ਕਿਉਂ ਹੈ, ਕਿਉਂਕਿ ਪੰਜਾਬ ਦੇ ਵਿਚ ਵੇਖਿਆ ਗਿਆ ਕਿ ਇਕ ਪਾਸੇ ਤਾਂ ਸ਼ਰਾਰਤੀ ਅਨਸਰਾਂ ਨੂੰ ਨੱਥ ਪਾਉਣ ਦੀ ਕਾਫੀ ਕੋਸ਼ਿਸ਼ ਕੀਤੀ ਗਈ ਹੈ ਔਰ ਦੂਸਰੇ ਪਾਸੇ ਗਵਰਨਰ ਸਾਹਿਬ ਦੇ ਭਾਸ਼ਣ ਵਿਚ ਪੰਚਾਇਤਾਂ ਦੀਆਂ ਇਲੈਕਸ਼ਨਾਂ ਬਾਰੇ ਹਰ ਤਰ੍ਹਾਂ ਨਾਲ ਸਲਾਹਿਆ ਗਿਆ ਹੈ । ਮਿਉਂਸਪਲ ਕਮੇਟੀਆਂ ਔਰ ਪੰਚਾਇਤਾਂ ਦੀਆਂ ਇਲੈਕਸ਼ਨਾਂ ਹੋਈਆਂ ਪਰ ਸਰਕਾਰ ਨੇ ਆਪਣੇ ਫਾਇਦੇ ਦਾ ਹੀ ਕੰਮ ਕੀਤਾ । ਪੰਚਾਇਤ ਰੂਲਜ਼ 1960 ਵਿਚ ਅਮੈਂਡਮੈਂਟ ਕੀਤੀ ਹੈ ਕਿ ਜਿਥੇ ਮੁਨਾਸਿਬ ਸਮਝੇ ਡਿਪਟੀ ਕਮਿਸ਼ਨਰ ਰਿਟਰਨਿੰਗ ਅਫਸਰ ਜਾਂ ਪਰਜ਼ਾਈਡਿੰਗ ਅਫਸਰ ਇਲੈਕਸ਼ਨ ਰੱਦ ਕਰ ਸਕਦਾ ਹੈ । ਲੋਕਾਂ ਨੂੰ ਤੁਸੀਂ ਦੱਸਦੇ ਹੋ ਕਿ ਲੋਕ ਤੰਤਰ ਬਹਾਲ ਕੀਤਾ ਹੈ ਸਾਰੇ ਪੰਜਾਬ ਵਿਚ, ਪਰ ਉਸ ਗੱਲ ਨਾਲ ਬਹੁਤਾ ਮੈਂ ਸਹਿਮਤ ਨਹੀਂ ਹਾਂ ਕਿਉਂਕਿ ਸਰਦਾਰ ਬੇਅੰਤ ਸਿੰਘ ਹੋਰਾਂ ਨੇ ਪਿਛਲੇ ਦਿਨਾਂ ਵਿਚ ਕਿਹਾ ਸੀ ਕਿ 100 ਪਿੰਡਾਂ ਦੇ ਚੋਣ ਰਹਿ ਗਏ ਹਨ । ਪਰ ਜੇਕਰ ਸਹੀ ਚੋਣ ਕਰਵਾਉਣੇ ਹਨ ਤਾਂ ਫਿਰ 100 ਪਿੰਡਾਂ ਦੇ ਕਿਸ ਤਰ੍ਹਾਂ ਰਹਿ ਗਏ, ਉਥੇ ਚੋਣ ਵਿਚ ਝਗੜਾ ਕਿਉਂ ਹੋਈ ? ਉਨ੍ਹਾਂ ਦੀਆਂ ਚੋਣਾਂ ਵੀ ਦੂਸਰੀਆਂ ਪੰਚਾਇਤਾਂ ਦੇ ਨਾਲ ਹੀ ਹੋਣੀਆਂ ਚਾਹੀਦੀਆਂ ਸਨ ਫਿਰ ਜਿਹੜੀਆਂ ਚੋਣਾਂ ਹੋਈਆਂ ਉਸ ਦੇ ਵਿਚ ਸਰਕਾਰ ਨੇ ਬਹੁਤ ਦਖ਼ਲ ਅੰਦਾਜ਼ੀ ਕੀਤੀ । ਜੇ ਇਨ੍ਹਾਂ ਦੀ ਮਨਸ਼ਾ ਠੀਕ ਹੁੰਦੀ ਤਾਂ ਪੰਚਾਇਤ ਐਕਟ ਵਿਚ ਇਨ੍ਹਾਂ ਨੂੰ ਤਰਮੀਮ ਕਰਨ ਦੀ ਲੋੜ ਹੀ ਨਹੀਂ ਪੈਣੀ ਸੀ । 1983 ਵਿਚ ਜਦੋਂ ਇਲੈਕਸ਼ਨਾਂ ਹੋਈਆਂ ਸਨ ਤਾਂ ਉਸ ਵੇਲੇ ਉਂਗਲੀ ਤੇ ਨਿਸ਼ਾਨ ਲਾਏ ਜਾਂਦੇ ਸਨ ਪਰ ਇਨ੍ਹਾਂ ਪੰਚਾਇਤ ਇਲੈਕਸ਼ਨਾਂ ਵਿਚ ਇਹ ਸ਼ਰਤ ਹੀ ਖ਼ਤਮ ਕਰ ਦਿੱਤੀ । ਜਿਸ ਤਰੀਕੇ ਨਾਲ ਇਹ ਆਪ ਜਿਤ ਕੇ ਆਏ ਇਹ ਸਭ ਨੂੰ ਪਤਾ ਹੈ ਸਿਰਫ 8-9% ਵੋਟਾਂ ਨਾਲ ਹੀ ਆਏ । ਸੋ ਮੈਂ ਇਹ ਕਹਿੰਦਾ ਹਾਂ ਕਿ ਇਹ ਜਿਹੜਾ ਇਲੈਕਸ਼ਨਾਂ ਦਾ ਨਾਂ ਲੈ ਕੇ ਦਸਿਆ ਜਾਂਦਾ ਹੈ ਇਹ ਲੋਕਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਹ ਜਿਹੜੀਆਂ ਮਿਉਂਸਪਲ ਔਰ ਪੰਚਾਇਤਾਂ ਦੀਆਂ ਇਲੈਕਸ਼ਨਾਂ ਹੋਈਆਂ ਇਹ ਤਾਂ ਸਰਕਾਰ ਦਾ ਫਰਜ਼ ਹੁੰਦਾ ਹੈ ਕਾਂਸਟੀਚਿਊਸ਼ਨ ਦੇ ਮੁਤਾਬਿਕ । ਵੇਖਣਾ ਇਹ ਹੈ ਕਿ ਇਹ ਚੋਣਾਂ ਕਿਸ ਤਰ੍ਹਾਂ ਨਾਲ ਕਰਵਾਈਆਂ ਗਈਆਂ, ਇਹ ਸਭ ਨੂੰ ਪਤਾ ਹੈ ।

ਸਰਕਾਰ ਜਿਹੜੇ ਸਮਾਜ ਭਲਾਈ ਦੇ ਕੰਮ ਕਰਨ ਦਾ ਨਾਹਰਾ ਦਿੰਦੀ ਹੈ ਉਸ ਦੇ ਬਾਰੇ ਮੈਂ ਦਸਦਾ ਹਾਂ ਕਿ ਇਸ ਗਵਰਨਰ ਐਡਰੈਸ ਵਿਚ ਇਸ ਦਾ ਕੋਈ ਜ਼ਿਕਰ ਹੀ ਨਹੀਂ ਹੈ । ਤੁਹਾਨੂੰ ਯਾਦ ਹੋਵੇਗਾ ਕਿ 30 ਮਾਰਚ, 1987 ਨੂੰ ਇਸੇ ਸਦਨ ਵਿਚ ਬਿਲ ਨੰ: 6 ਆਫ 1987 ਪੇਸ਼ ਕੀਤਾ ਗਿਆ ਸੀ ਪਰ ਉਹ ਅੱਜ ਤਕ ਪਾਸ ਨਹੀਂ ਕੀਤਾ ਗਿਆ । ਫਿਰ ਜਦੋਂ ਕਾਂਗਰਸ ਸਰਕਾਰ ਆਈ ਤਾਂ ਇਸ ਨੇ ਵੀ ਕਿਹਾ ਕਿ ਅਸੀਂ ਰਿਜ਼ਰਵੇਸ਼ਨ ਐਕਟ ਲਿਆਵਾਂਗੇ । ਇਸੇ ਹਾਊਸ ਵਿਚ 27 ਮਾਰਚ, 1992 ਨੂੰ ਸਾਡੇ ਮੁੱਖ ਮੰਤਰੀ ਨੇ ਵੀ ਇਹ ਕਿਹਾ ਸੀ ਕਿ ਅਸੀਂ ਇਹ ਬਿਲ ਰਿਜ਼ਰਵੇਸ਼ਨ ਦਾ ਇਸ ਹਾਊਸ ਵਿਚ ਲਿਆਵਾਂਗੇ ਪਰ ਉਸ ਤੋਂ ਬਾਅਦ ਅੱਜ ਤਕ ਉਸ ਦਾ ਕੋਈ ਜ਼ਿਕਰ ਨਹੀਂ ਔਰ ਨਾ ਹੀ ਗਵਰਨਰ ਐਡਰਸ ਵਿਚ ਜ਼ਿਕਰ ਕੀਤਾ ਗਿਆ ਹੈ । ਇਨ੍ਹਾਂ ਦੀਆਂ ਇਹ ਗੱਲਾਂ ਸਾਬਤ ਕਰਦੀਆਂ ਹਨ ਕਿ ਇਹ ਲੋਕ

ਹਿੱਤ ਦੇ ਕੋਈ ਕੰਮ ਨਹੀਂ ਕਰ ਰਹੇ ਸਿਰਫ ਗੁੰਮਰਾਹ ਕਰ ਰਹੇ ਹਨ । ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਅੱਜ ਸਮਾਂ 1947 ਵਾਲਾ ਨਹੀਂ ਰਿਹਾ ਜਦੋਂ ਲੋਕ ਗੁੰਮਰਾਹ ਹੋ ਜਾਂਦੇ ਸਨ, ਅੱਜ ਲੋਕ ਜਾਗ੍ਰਤ ਹੋ ਚੁਕੇ ਹਨ । ਜਿਹੜੀਆਂ ਪੰਚਾਇਤਾਂ ਦੀਆਂ ਇਲੈਕਸ਼ਨਾਂ ਹੋਈਆਂ ਉਸ ਵਿਚ ਅਸਲ ਇਨ੍ਹਾਂ ਨੂੰ 10% ਹੀ ਵੋਟਾਂ ਪਈਆਂ । ਲੋਕਾਂ ਨੇ ਡਰਦੇ ਮਾਰੇ ਆਪਣੇ ਆਪ ਕਾਂਗਰਸ ਦਾ ਕਹਿ ਕੇ ਇਲੈਕਸ਼ਨਾਂ ਲੜੀਆਂ ਅਤੇ ਲੋਕਾਂ ਨੇ ਬੜੇ ਡਰ ਵਿਚ ਵੋਟਾਂ ਪਾਈਆਂ ਔਰ ਜਿਸ ਤਰਾਂ ਨਾਲ ਵੋਟਾਂ ਦਾ ਕੰਮ ਹੋਇਆ ਉਹ ਸਭ ਨੂੰ ਪਤਾ ਹੈ । ਇਸੇ ਕਰਕੇ ਹੀ 100 ਪੰਚਾਇਤਾਂ ਦੀਆਂ ਇਲੈਕਸ਼ਨਾਂ ਬਾਕੀ ਪੰਚਾਇਤ ਇਲੈਕਸ਼ਨਾਂ ਨਾਲ ਨਹੀਂ ਕਰਵਾ ਸਕੇ । ਇਹ ਸਾਬਤ ਕਰਦਾ ਹੈ ਕਿ ਲੋਕਾਂ ਦੇ ਕਿੰਨੇ ਹਿਤ ਦੀ ਗਲ ਕਰਦੇ ਹਨ । 30 ਮਾਰਚ,1987 ਵਾਲਾ ਬਿਲ ਅੱਜ ਤਕ ਇਹ ਪਾਸ ਨਹੀਂ ਕਰਵਾ ਸਕੇ । ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਸ਼ਡਿਊਲਡ ਕਾਸਟਸ ਔਰ ਬੈਕਵਰਡ ਕਲਾਸਿਜ਼ ਲੋਕਾਂ ਦੇ ਨਾਲ ਧੋਖਾ ਹੈ । ਇਹ ਬਿਲ ਇਥੇ ਨਾ ਲਿਆ ਕੇ ਉਨ੍ਹਾਂ ਦੇ ਹਿੱਤਾਂ ਦੀ ਰਾਖੀ ਨਹੀਂ ਕਰ ਰਹੇ । ਜੇ ਸਰਕਾਰ ਸਹੀ ਮਾਨਿਆਂ ਵਿਚ ਸ਼ਡਿਊਲਡ ਕਾਸਟਸ ਲੋਕਾਂ ਦੇ ਹਿੱਤਾਂ ਦੀ ਰਾਖੀ ਕਰਨੀ ਚਾਹੁੰਦੀ ਹੈ ਤਾਂ ਇਨ੍ਹਾਂ ਨੂੰ ਇਸੇ ਸੈਸ਼ਨ ਵਿਚ ਇਸ ਬਾਰੇ ਬਿਆਨ ਦੇਣਾ ਚਾਹੀਦਾ ਹੈ ਔਰ ਉਹ ਬਿਲ ਇਥੇ ਲਿਆ ਕੇ ਪਾਸ ਕਰਨਾ ਚਾਹੀਦਾ ਹੈ । ਮੈਂ ਚਾਹੁੰਦਾ ਹਾਂ ਕਿ ਸੀ. ਐਮ. ਸਾਹਿਬ ਆਪਣੇ ਜਵਾਬ ਵਿਚ ਇਸ ਬਾਰੇ ਜ਼ਰੂਰ ਦੱਸਣ ਔਰ ਇਸ ਬਿਲ ਦਾ ਖਰੜਾ ਤਿਆਰ ਕਰਕੇ ਇਸ ਸਦਨ ਦੀ ਟੇਬਲ ਤੇ ਰਖਣਾ ਚਾਹੀਦਾ ਹੈ ।

ਇਸ ਤੋਂ ਇਲਾਵਾ ਮੈਂ ਇਹ ਵੀ ਇਥੇ ਦੱਸਣਾ ਚਾਹੁੰਦਾ ਹਾਂ ਕਿ ਅੱਜ ਵੇਖੋ ਗਰੀਬ ਲੋਕਾਂ ਨਾਲ ਕਿਸ ਤਰ੍ਹਾਂ ਅਨਿਆਏ ਹੋ ਰਿਹਾ ਹੈ । ਇਸ ਦੀ ਇਕ ਮਿਸਾਲ ਮੈਂ ਦਸਦਾ ਹਾਂ । ਜਿਹੜੀ ਬੁਢਾਪਾ ਪੈਨਸ਼ਨ ਦਿੱਤੀ ਜਾਂਦੀ ਹੈ ਉਸ ਦੇ ਬਾਰੇ ਇਨ੍ਹਾਂ ਨੇ ਐਕਟ ਵਿਚ ਲਿਖਿਆ ਹੈ ਕਿ ਪਤੀ ਪਤਨੀ ਦੋਨੋਂ ਦੀ ਇਨਕਮ 30/- ਰੁਪਏ ਤੋਂ ਘੱਟ ਹੋਣੀ ਚਾਹੀਦੀ ਹੈ ਔਰ ਦੂਸਰੇ ਪਾਸੇ ਨਿਆਸਰੇ ਇਕ ਵਿਅਕਤੀ ਵਾਸਤੇ ਇਨ੍ਹਾਂ ਨੇ 50/- ਰੁਪਏ ਦੀ ਲਿਮਿਟ ਰਖੀ ਹੈ ਤੁਸੀਂ ਵੇਖੋ ਕਿ ਲੋਕਾਂ ਨਾਲ ਕੀ ਹੋ ਰਿਹਾ ਹੈ ਜਿਹੜੇ ਪਤੀ ਪਤਨੀ ਹਨ ਉਨ੍ਹਾਂ ਦੀ ਹੱਦ 30/- ਰੁਪਏ ਰਖੀ ਹੈ ਔਰ ਇਕ ਆਦਮੀ ਦੀ ਜਿਹੜਾ ਨਿਆਸਰਾ ਹੈ ਉਸ ਦੀ 50/- ਰੁਪਏ ਰਖੀ ਹੈ ਜਦ ਕਿ ਚਾਹੀਦਾ ਹੈ ਕਿ ਇਹ ਜਿਹੜੀ ਬੁਢਾਪਾ ਪੈਨਸ਼ਨ ਵਾਸਤੇ ਇਨਕਮ ਦੀ ਹੱਦ ਹੈ ਇਸ ਨੂੰ ਘੱਟੋ ਘੱਟ 100/- ਰੁਪਏ ਰਖਣਾ ਚਾਹੀਦਾ ਹੈ । ਜੇ ਇਕ ਨਿਆਸਰ ਵਾਸਤੇ ਇਹ ਹੱਦ 50/- ਰੁਪਏ ਦੀ ਹੈ ਤਾਂ ਫਿਰ ਪਤੀ ਪਤਨੀ ਨੂੰ ਜਿਹੜੀ ਬੁਢਾਪਾ ਪੈਨਸ਼ਨ ਮਿਲਣੀ ਹੈ ਇਸ ਦੇ ਵਾਸਤੇ 100/- ਰੁਪਏ ਦੀ ਹੱਦ ਮਕਰਰ ਕਰਨੀ ਚਾਹਦੀ ਸੀ । ਸਪੀਕਰ ਸਾਹਿਬ, ਇਸ ਦੇ ਵਿਚ ਤਰਮੀਮ ਕਰਨ ਦੀ ਲੋੜ ਹੈ । ਇਸ ਵੱਲ ਸਰਕਾਰ ਨੂੰ ਧਿਆਨ ਦੇਣ ਦੀ ਲੋੜ ਹੈ । ਇਹ ਠੀਕ ਹੈ ਕਿ ਪੰਜਾਬ ਸਰਕਾਰ ਨੇ ਇਥੇ ਇਲੈਕਸ਼ਨਾਂ ਕਰਵਾ ਕੇ ਲੋਕਰਾਜੀ ਢਾਂਚੇ ਨੂੰ ਬਹਾਲ ਕੀਤਾ ਹੈ ਪਰ ਮੈਨੂੰ ਇਸ ਗੱਲ ਦਾ ਦੁੱਖ ਹੈ ਕਿ ਇਸ ਹਾਊਸ ਵਿਚ ਇਕ ਮਤਾ, 6 ਦਸੰਬਰ ਨੂੰ ਆਯੁਧਿਆ ਦੇ ਵਿਚ ਜੋ ਕੁਝ ਹੋਇਆ ਬਾਬਰੀ ਮਸਜਿਦ ਢਾਹੀ ਗਈ, ਉਸ ਨੂੰ ਕੰਡੇਮ ਕਰਨ ਲਈ ਲਿਆਇਆ ਜਾਣਾ ਚਾਹੀਦਾ ਸੀ ਅਤੇ ਇਸ ਮਤੇ ਨੂੰ ਪਾਸ ਕਰਕੇ ਸੈਂਟਰ ਦੀ ਸਰਕਾਰ ਕੋਲ ਭੇਜਿਆ ਜਾਣਾ ਚਾਹੀਦਾ ਸੀ ਪਰ ਐਸਾ ਨਹੀਂ ਹੋਇਆ । ਭਾਵੇਂ 6 ਦਸੰਬਰ ਦੀ ਘਟਨਾ ਵਿਚ ਸੈਂਟਰ ਸਰਕਾਰ ਦੀ

[ਸਰਦਾਰ ਹਰਗੋਪਾਲ ਸਿੰਘ ਐਡਵੋਕੇਟ]

ਮਿਲੀਭੁਗਤ ਸੀ ਪਰ ਇਸ ਮਤੇ ਨੂੰ ਇਸ ਹਾਊਸ ਦੇ ਵਿਚ ਲਿਆ ਕੇ ਸਾਨੂੰ ਸਾਰਿਆਂ ਨੂੰ ਮਿਲ ਕੇ ਕੰਡੈਮ ਕਰਨਾ ਚਾਹੀਦਾ ਸੀ ਅਤੇ ਮਤਾ ਪਾਸ ਕਰਕੇ ਸੈਂਟਰ ਦੀ ਸਰਕਾਰ ਪਾਸ ਭੇਜਣਾ ਚਾਹੀਦਾ ਸੀ ਚਾਹੇ ਇਸ ਮਤੇ ਦਾ ਵਿਰੋਧ ਭਾਰਤੀਯ ਜਨਤਾ ਪਾਰਟੀ ਕਰਦੀ। ਇਸ ਤਰ੍ਹਾਂ ਮਤਾ ਨਾ ਲਿਆ ਕੇ ਪੰਜਾਬ ਦੇ ਇਤਿਹਾਸ ਵਿਚ ਇਕ ਲਾਹਨਤ ਵਾਲੀ ਗੱਲ ਹੋਵੇਗੀ ਅਸੀਂ ਹਰ ਧਰਮ ਨੂੰ ਮੰਨਦੇ ਹਾਂ ਅਤੇ ਹਰ ਧਰਮ ਦੀ ਇਜ਼ਤ ਕਰਨਾ ਸਾਡਾ ਫਰਜ਼ ਹੈ। ਇਹ ਜਿਹੜਾ ਇਨਜਸਟਿਸ ਮੁਸਲਿਮ ਲੋਕਾਂ ਦੇ ਨਾਲ ਹੋਇਆ ਹੈ, ਨੂੰ ਕੰਡੈਮ ਕਰਨਾ ਚਾਹੀਦਾ ਸੀ ਅਤੇ ਲੋਕਾਂ ਨੂੰ ਦਸਣਾ ਚਾਹੀਦਾ ਸੀ।

ਅਗਲੀ ਗੱਲ ਸਮਾਜ ਭਲਾਈ ਵਿਭਾਗ ਦੀ ਹੈ ਜਿਹੜੀ ਵਿਡੋਅ ਪੈਨਸ਼ਨ ਦਿਤੀ ਜਾਂਦੀ ਹੈ ਇਹ ਉਸ ਨੂੰ ਲਗਾਤਾਰ ਮਿਲਣੀ ਚਾਹੀਦੀ ਹੈ ਪਰ ਇਹ ਜਦ ਉਸ ਦਾ ਕੋਈ ਲੜਕਾ ਜਵਾਨ ਹੋ ਜਾਂਦਾ ਹੈ, ਉਸ ਦੀ ਸ਼ਾਦੀ ਹੋ ਜਾਂਦੀ ਹੈ ਤਾਂ ਸਰਕਾਰ ਵਿਡੋਅ ਦੀ ਪੈਨਸ਼ਨ ਬੰਦ ਕਰ ਦਿੰਦੀ ਹੈ। ਇਹ ਬੰਦ ਨਹੀਂ ਹੋਣੀ ਚਾਹੀਦੀ। ਕੀ ਉਸ ਦਾ ਲੜਕਾ ਜਵਾਨ ਹੋ ਜਾਣ ਦੇ ਨਾਲ ਵਿਡੋਅ ਦੀ ਡੈਫੀਨੇਸ਼ਨ ਬਦਲ ਜਾਂਦੀ ਹੈ ? ਪੰਜਾਬ ਵਿਚ ਇਸ ਸਮੇਂ ਭ੍ਰਿਸ਼ਟਾਚਾਰ ਦਾ ਬੋਲ ਬਾਲਾ ਹੈ ਅਤੇ ਇਹ ਕਰਪਸ਼ਨ ਥੱਲਿਉਂ ਚਪੜਾਸੀ ਤੋਂ ਲੈ ਕੇ ਮਾਲਿਕਾਂ ਤਕ ਚਲੀ ਗਈ ਹੈ। ਜਦ ਰਾਜ ਦੇ ਮਾਲਿਕ ਹੀ ਕੁਰੱਪਸ਼ਨ ਕਰਨਗੇ ਫੇਰ ਚਪੜਾਸੀ ਤਾਂ ਆਪਣੇ ਮਾਲਿਕ ਨੂੰ ਵੇਖ ਕੇ ਕੁਰੱਪਸ਼ਨ ਕਰਨਗੇ ਹੀ। ਇਸ ਲਈ ਪਹਿਲੇ ਸਰਕਾਰ ਨੂੰ ਕੁਰੱਪਸ਼ਨ ਖੁਦ ਬੰਦ ਕਰਨੀ ਚਾਹੀਦੀ ਹੈ। ਤੁਸੀਂ ਜ਼ਿਲ੍ਹਾ ਲੈਵਲ ਤੇ ਬਲਾਕ ਲੈਵਲ ਤੇ, ਤਹਿਸੀਲ ਲੈਵਲ ਤੇ ਕਮੇਟੀਆਂ 4-5 ਮੈਂਬਰਾਂ ਦੀਆਂ ਬਣਾ ਦਿਓ ਤਾਂਕਿ ਕੋਈ ਅਫਸਰ ਕਰੱਪਸ਼ਨ ਨਾ ਕਰ ਸਕੇ ਅਤੇ ਅਫਸਰਾਂ ਉੱਤੇ ਚੈਕ ਰਖ ਸਕਣ (ਘੰਟੀ)

ਸ਼੍ਰੀ ਸਪੀਕਰ : ਟਾਈਮ ਵੱਲ ਧਿਆਨ ਰੱਖੋ, ਕਾਫੀ ਹੋ ਗਿਆ ਹੈ।

ਸਰਦਾਰ ਹਰਗੋਪਾਲ ਸਿੰਘ ਐਡਵੋਕੇਟ : ਸਪੀਕਰ ਸਾਹਿਬ, ਹੁਣ ਮੈਂ ਵਿਦਿਆ ਦੇ ਬਾਰੇ ਗੱਲ ਕਰਦਾ ਹਾਂ। ਇਸ ਵਿਦਿਆ ਦੇ ਮਿਆਰ ਨੂੰ ਉੱਚਾ ਚੁਕਣ ਦੀ ਲੋੜ ਹੈ ਕਿਉਂਕਿ ਅਮੀਰਾਂ ਦੇ ਬੱਚੇ ਡੇਹਰਾਦੂਨ ਦੇ ਇੰਗਲਿਸ਼ ਸਕੂਲਾਂ ਦੇ ਵਿਚ ਪੜ੍ਹਦੇ ਹਨ ਅਤੇ ਗਰੀਬਾਂ ਦੇ ਬੱਚੇ ਇਥੇ ਆਰਡਨਰੀ ਸਕੂਲਾਂ ਵਿਚ ਪੜ੍ਹਦੇ ਹਨ। ਇਸ ਲਈ ਸਾਨੂੰ ਆਪਣਾ ਵਿਦਿਆ ਦਾ ਮਿਆਰ ਉੱਚਾ ਰਖਣਾ ਚਾਹੀਦਾ ਹੈ ਤਾਂ ਕਿ ਗਰੀਬਾਂ ਦੇ ਬੱਚੇ ਵੀ ਅੱਛੇ ਸਕੂਲਾਂ ਵਾਲੀ ਵਿਦਿਆ ਪ੍ਰਾਪਤ ਕਰ ਸਕਣ। ਬਾਕੀ ਜਿਹੜੇ ਪੰਜਾਬ ਵਿਚ ਮਾਡਲ ਸਕੂਲ ਹਨ ਉਨ੍ਹਾਂ ਦਾ ਮਿਆਰ ਹੋਰ ਉੱਚਾ ਚੁੱਕਣਾ ਚਾਹੀਦਾ ਹੈ ਅਤੇ ਜਿਹੜੇ ਆਰਡੇਨਰੀ ਸਕੂਲਜ਼ ਹਨ ਇਨ੍ਹਾਂ ਨੂੰ ਮਾਡਲ ਸਕੂਲਾਂ ਦੇ ਵਿਚ ਤਬਦੀਲ ਕਰ ਦੇਣਾ ਚਾਹੀਦਾ ਹੈ ਤਾਂਕਿ ਅਮੀਰ ਅਤੇ ਗਰੀਬ ਦੇ ਬੱਚੇ ਇਕੋ ਜਿਹੀ ਵਿਦਿਆ ਪ੍ਰਾਪਤ ਕਰ ਸਕਣ। ਇਹ ਇਨਜਸਟਿਸ ਦੂਰ ਹੋਣਾ ਚਾਹੀਦਾ ਹੈ। ਕਿਉਂਕਿ ਵਿਦਿਆ ਪ੍ਰਾਪਤ ਕਰਕੇ ਕਿਸੇ ਨੇ ਸਾਇੰਸ ਪੜ੍ਹ ਕੇ ਇੰਜੀਨੀਅਰ ਬਣਨਾ ਹੈ, ਕਿਸੇ ਨੇ ਡਾਕਟਰ ਬਣਨਾ ਹੈ ਅਤੇ ਕਿਸੇ ਨੇ ਇੰਡਸਟਰੀ ਲਗਾਉਣੀ ਹੈ। ਇਸ ਲਈ ਸਾਡਾ ਵਿਦਿਆ ਦਾ ਮਿਆਰ ਜਿਹੜਾ ਗਿਰ ਗਿਆ ਹੈ ਇਸ ਨੂੰ ਉੱਚਾ ਚੁੱਕਣ ਦੀ ਲੋੜ ਹੈ। ਜਿਸ ਤਰ੍ਹਾਂ ਸਰਦਾਰ ਕੁਲਵੰਤ ਸਿੰਘ ਐਡਵੋਕੇਟ ਰੇਪਡ ਨੂੰ ਅਤੇ ਉਸ ਦੇ ਡੇਢ ਸਾਲ ਦੇ ਬੱਚੇ ਨੂੰ ਅਤੇ

ਉਸ ਦੀ ਪਤਨੀ ਦਾ ਮਰਡਰ ਕਰ ਦਿੱਤਾ ਅਤੇ ਉਨ੍ਹਾਂ ਦੀ ਲਾਸ਼ ਤੱਕ ਨਹੀਂ ਮਿਲੀ ਇਸ ਤੋਂ ਪੁਲਿਸ ਦੀਆਂ ਜ਼ਿਆਦਤੀਆਂ ਦਾ ਪਤਾ ਲਗਦਾ ਹੈ (ਘੰਟੀ)

ਸ਼੍ਰੀ ਸਪੀਕਰ : ਸਰਦਾਰ ਹਰਗੋਪਾਲ ਸਿੰਘ ਜੀ, ਤੁਸੀਂ ਖੁਦ ਐਡਵੋਕੇਟ ਹੋ ਅਤੇ ਤੁਹਾਨੂੰ ਪਤਾ ਹੈ ਕਿ ਇਹ ਮਟਰ ਸਬ-ਜੁਡਿਸ਼ ਹੋ ਗਿਆ ਹੈ ਔਰ ਡਿਸਕਸ ਨਹੀਂ ਹੋ ਸਕਦਾ ।

ਸਰਦਾਰ ਹਰਗੋਪਾਲ ਸਿੰਘ ਐਡਵੋਕੇਟ : ਸਪੀਕਰ ਸਾਹਿਬ, ਮੈਂ ਤੁਹਾਨੂੰ ਇਹ ਗੱਲ ਦਸਣਾ ਚਾਹੁੰਦਾ ਹਾਂ ਕਿ ਤੁਹਾਡੀ ਰਹਿਨੁਮਾਈ ਥੱਲੇ ਪ੍ਰਿਵਿਲਿਜ ਕਮੇਟੀ ਬਣਾਈ ਗਈ ਹੈ । ਮੈਂ, ਸਪੀਕਰ ਸਾਹਿਬ, ਤੁਹਾਡੇ ਕੋਲੋਂ ਪੁੱਛਣਾ ਚਾਹੁੰਦਾ ਹਾਂ ਕਿ ਪ੍ਰਿਵਿਲਿਜ ਕਮੇਟੀ ਕੋਲ ਕਿਤਨੇ ਕੇਸ ਆਏ ਹਨ ਅਤੇ ਉਨ੍ਹਾਂ ਤੇ ਕੀ ਕਾਰਵਾਈ ਕੀਤੀ ਗਈ ਹੈ । ਐਸ. ਐਚ. ਓ. ਪੂਰਨ ਚੰਦ ਦੇ ਖਿਲਾਫ ਕੀ ਕੀਤਾ ਗਿਆ ?

ਸ਼੍ਰੀ ਸਪੀਕਰ : ਜੇ ਤੁਸੀਂ ਮੇਰੇ ਮੁਤੱਲਕ ਗੱਲ ਕਰਨੀ ਹੈ ਤਾਂ ਤੁਸੀਂ ਮੇਰੇ ਚੈਂਬਰ ਵਿਚ ਆਉ । ਤੁਸੀਂ ਮੇਰੇ ਬਾਰੇ ਇਥੇ ਡਿਸਕਸ ਨਹੀਂ ਕਰ ਸਕਦੇ ।

ਸਰਦਾਰ ਹਰਗੋਪਾਲ ਸਿੰਘ ਐਡਵੋਕੇਟ : ਐਸ. ਐਚ. ਓ. ਨੇ ਸਪੀਕਰ ਸਾਹਿਬ, ਉਸ ਬੰਦੇ ਦੇ ਖਿਲਾਫ ਕੇਸ ਦਰਜ ਕਰ ਲਿਆ । ਪੁਲਿਸ ਨੇ ਮੇਰੇ ਖਿਲਾਫ ਉਸ ਤੋਂ ਝੂਠੇ ਜੁਰਮ ਲਿਖਾਏ । ਮੈਂ ਐਸ. ਐਚ. ਓ. ਨੂੰ ਮਿਲਿਆ ਔਰ ਐਸ. ਐਚ. ਓ. ਨੇ ਮਜਬੂਰੀ ਜ਼ਾਹਿਰ ਕੀਤੀ ਕਿ ਮੈਨੂੰ ਹਾਈ ਲੈਵਲ ਤੋਂ ਇਨਸਟਰਕਸ਼ਨਾਂ ਆਈਆਂ ਹਨ । ਉਸ ਬੰਦੇ ਨੇ ਅਤੇ ਉਸ ਦੀ ਪਤਨੀ ਨੇ ਮੈਨੂੰ ਦਸਿਆ ਹੈ ਕਿ ਮੇਰੇ ਕੋਲੋਂ ਪੁਲਿਸ ਨੇ ਡਰਾ ਧਮਕਾ ਕੇ ਐਫੀਡੇਵਿਟ ਲਿਖਵਾਇਆ ਹੈ । ਉਨ੍ਹਾਂ ਨੇ ਐਸ. ਐਸ. ਪੀ. ਦੇ ਸਾਹਮਣੇ ਬਿਆਨ ਦਿਤਾ ਕਿ ਪੁਲਿਸ ਨੇ ਮੈਨੂੰ ਡਰਾਇਆ ਧਮਕਾਇਆ ਹੈ ਕਿ ਐਮ. ਐਲ. ਏ. ਦੇ ਖਿਲਾਫ ਐਫੀਡੇਵਿਟ ਦੇ । ਸਪੀਕਰ ਸਾਹਿਬ, ਐਸ. ਐਚ. ਓ. ਨੇ ਵੀ ਮੈਨੂੰ ਸਾਰੀ ਗੱਲ ਦਸੀ ਹੈ । ਪੰਜਾਬ ਸਰਕਾਰ ਵਿਰੋਧੀ ਪਾਰਟੀਆਂ ਦੇ ਮੈਂਬਰ ਨਾਲ ਇਹੋ ਜਿਹਾ ਵਰਤਾਉ ਕਰ ਰਹੀ ਹੈ । ਸਪੀਕਰ ਸਾਹਿਬ, ਫਿਰ ਇਥੇ ਪ੍ਰਿਵਿਲਿਜ ਕਮੇਟੀ ਕਿਸ ਖਾਤਰ ਬਣਾਈ ਗਈ ਹੈ ? ਉਸ ਐਸ.ਐਚ.ਓ. ਤੇ ਨੱਥ ਪੰਜਾਬ ਸਰਕਾਰ ਕਿਉਂ ਨਹੀਂ ਪਾਉਂਦੀ ? ਮੈਂ ਡੀ. ਆਈ. ਜੀ. ਕੋਲ 5-7 ਮੈਂਬਰਾਂ ਨੂੰ ਨਾਲ ਲੈ ਕੇ ਗਿਆ ਪਰ ਕੋਈ ਕਾਰਵਾਈ ਨਹੀਂ ਕੀਤੀ ਗਈ । ਹਾਲਾਂਕਿ ਲਿਖਿਆ ਗਿਆ ਸੀ ਕਿ ਉਸ ਨੂੰ ਸਸਪੈਂਡ ਕਰ ਦਿਉ । ਮੈਂ ਮੁੱਖ ਮੰਤਰੀ ਸਾਹਿਬ ਨੂੰ ਵੀ ਮਿਲਿਆ ਹਾਂ । ਮੁੱਖ ਮੰਤਰੀ ਜੀ ਨੇ ਤਿੰਨ ਚਾਰ ਵਾਰੀ ਫੋਨ ਵੀ ਕੀਤਾ । ਇਕ ਐਮ. ਐਲ. ਏ. ਦੇ ਖਿਲਾਫ ਝੂਠਾ ਐਫੀਡੇਵਿਟ ਹੋਵੇ ਅਤੇ ਇਹ ਚੀਜ਼ ਹਾਊਸ ਦੇ ਸਾਹਮਣੇ ਰਖੀ ਗਈ ਹੋਵੇ, ਸਪੀਕਰ ਸਾਹਿਬ, ਐਸ. ਐਸ. ਪੀ. ਦੇ ਸਾਹਮਣੇ ਉਸ ਬੰਦੇ ਨੇ ਬਿਆਨ ਦਿਤਾ ਹੋਵੇ ਅਤੇ ਉਸ ਦੇ ਸਬੂਤ ਮੇਰੇ ਕੋਲ ਸਾਰੇ ਮੌਜੂਦ ਹਨ ਜੇਕਰ ਤੁਸੀਂ ਕਹੋ ਤਾਂ ਮੈਂ ਇਹ ਸਾਰੇ ਕਾਗਜ਼ ਹਾਊਸ ਦੀ ਟੇਬਲ ਤੇ ਲੇਅ ਕਰ ਦਿੰਦਾ ਹਾਂ ।

ਸ਼੍ਰੀ ਸਪੀਕਰ : ਇਸ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ ।

ਸਰਦਾਰ ਹਰਗੋਪਾਲ ਸਿੰਘ ਐਡਵੋਕੇਟ : ਸਪੀਕਰ ਸਾਹਿਬ, ਪੰਜਾਬ ਦੀ ਪੁਲਿਸ ਇਸ ਤਰ੍ਹਾਂ ਨਾਲ ਅਤਿਆਚਾਰ ਕਰ ਰਹੀ ਹੈ । ਇਸ ਸਰਕਾਰ ਨੂੰ ਫਿਰ ਕੋਈ ਗੱਲ ਕਹਿਣ ਦਾ

[ਸਰਦਾਰ ਹਰਗੋਪਾਲ ਸਿੰਘ ਐਡਵੋਕੇਟ]

ਹੱਕ ਨਹੀਂ ਹੈ । ਇਸ ਬਾਰੇ ਅਖਬਾਰਾਂ ਵਿਚ ਵੀ ਆਇਆ ਹੈ । ਮੇਰੇ ਖ਼ਿਲਾਫ਼ ਹਾਈ ਲੈਵਲ ਤੋਂ ਰਿਮਾਰਕਸ ਲਿਖ ਕੇ ਆਏ ਹਨ । ਮੇਰੇ ਖਿਲਾਫ ਝੂਠਾ ਐਫੀਡੇਵਿਟ ਦਿਤਾ ਗਿਆ ਹੈ । (ਵਿਘਨ) (ਸ਼ੋਰ)

Mr. Speaker: Sardar Hargopal Singh, please, please.. You will have to look to the Chair. You will have to address the Chair. Your time is over. You will have to regulate your time accordingly.

ਸਰਦਾਰ ਹਰਗੋਪਾਲ ਸਿੰਘ ਐਡਵੋਕੇਟ: ਸਪੀਕਰ ਸਾਹਿਬ, ਜੇਕਰ ਪੰਜਾਬ ਸਰਕਾਰ ਇੱਕ ਐਮ. ਐਲ. ਏ. ਦੀ ਹਿਫਾਜ਼ਤ ਨਹੀਂ ਕਰ ਸਕਦੀ ਤਾਂ ਹੋਰ ਕੀ ਕਰ ਸਕਦੀ ਹੈ । ਵਿਰੋਧੀ ਪਾਰਟੀ ਦੇ ਮੈਂਬਰਾਂ ਨੂੰ ਤੰਗ ਕੀਤਾ ਜਾ ਰਿਹਾ ਹੈ । ਐਸ. ਐਸ. ਪੀ. ਨੇ ਫੋਨ ਕੀਤਾ ਕਿ ਫੌਰਨ ਰਿਪੋਰਟ ਦਿਉ ਅਤੇ ਫੌਰਨ ਉਸ ਨੂੰ ਬਦਲੋ । ਚਾਰ ਵਾਰੀ ਮੁੱਖ ਮੰਤਰੀ ਜੀ ਤੋਂ ਫੋਨ ਕਰਵਾਇਆ ਗਿਆ ਪਰ ਉਸ ਬੰਦੇ ਨੂੰ ਅਜੇ ਤਕ ਨਹੀਂ ਫੜ੍ਹਿਆ ਗਿਆ । ਸਪੀਕਰ ਸਾਹਿਬ, ਡੀ. ਜੀ. ਪੀ. ਦੇ ਨਾਲ ਵੀ ਮੈਂ ਪਰਸਨਲ ਤੌਰ ਤੇ ਗੱਲ ਕੀਤੀ ਪਰ ਐਸ. ਐਚ. ਓ. ਦੇ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਗਈ । ਮੇਰੇ ਕਹਿਣ ਦੇ ਬਾਵਜੂਦ ਵੀ ਕੋਈ ਨੋਟਿਸ ਕਿਉਂ ਨਹੀਂ ਲਿਤਾ ਜਾ ਰਿਹਾ ?

Mr. Speaker: Please wind up.

ਸਰਦਾਰ ਹਰਗੋਪਾਲ ਸਿੰਘ ਐਡਵੋਕੇਟ: ਸਪੀਕਰ ਸਾਹਿਬ, ਹੁਣ ਤਕ ਇਨਕੁਆਇਰੀ ਹੋ ਜਾਣੀ ਚਾਹੀਦੀ ਸੀ । ਮੈਂ ਸਮਝਦਾ ਹਾਂ ਕਿ ਸਰਕਾਰ ਨਾਂ ਦੀ ਕੋਈ ਚੀਜ਼ ਨਹੀਂ ਹੈ । ਮੈਂ ਜੋ ਚੀਜ਼ ਇਥੇ ਕੋਟ ਕੀਤੀ ਹੈ ਉਸ ਬਾਰੇ ਸਬੂਤ ਪੇਸ਼ ਕਰਨ ਦੀ ਹਿੰਮਤ ਰਖਦਾ ਹਾਂ । ਗਵਰਨਰ ਐਡਰੈਸ ਵਿਚ ਜੋ ਵੀ ਲਾਅ ਐਂਡ ਆਰਡਰ ਬਾਰੇ ਲਿਖਿਆ ਗਿਆ ਹੈ ਉਹ ਠੀਕ ਨਹੀਂ ਹੈ । ਉਨ੍ਹਾਂ ਪੱਤਰਕਾਰਾਂ ਦੀ ਜਿਨ੍ਹਾਂ ਨੇ ਅੱਜ ਦੀ ਗੱਲ ਕੱਲ੍ਹ ਨੂੰ ਦੱਸਣੀ ਹੈ ਅਤੇ ਕੱਲ੍ਹ ਦੀ ਗੱਲ ਪਰਸੋਂ ਨੂੰ ਦੱਸਣੀ ਹੈ, ਹਰ ਸਿਆਸੀ ਆਦਮੀ ਅਖਬਾਰਾਂ ਨਾਲ ਅਟੈਚਡ ਹੈ, ਜਦੋਂ ਤੱਕ ਉਨ੍ਹਾਂ ਪੱਤਰਕਾਰਾਂ ਨੂੰ ਕੋਈ ਮਾਨ ਨਹੀਂ ਦੇਣਾ, ਕੋਈ ਰਿਆਇਤਾਂ ਨਹੀਂ ਦੇਣੀਆਂ, ਉਦੋਂ ਤੱਕ ਦੇਸ਼ ਦਾ ਨਿਰਮਾਣ ਵੀ ਠੀਕ ਢੰਗ ਨਾਲ ਨਹੀਂ ਹੋ ਸਕੇਗਾ ਅਤੇ ਉਸ ਵਿੱਚ ਕਾਫੀ ਕਮੀ ਆ ਸਕਦੀ ਹੈ ।

ਸ੍ਰੀ ਸਪੀਕਰ ਤੁਹਾਡੇ ਬੋਲਣ ਦਾ ਟਾਈਮ ਪੂਰਾ ਹੋ ਗਿਆ ਹੈ ।

ਸਰਦਾਰ ਹਰਗੋਪਾਲ ਸਿੰਘ ਐਡਵੋਕੇਟ: ਸਪੀਕਰ ਸਾਹਿਬ, ਮੈਂ ਅਖੀਰ ਵਿੱਚ ਦੱਸਣਾ ਚਾਹੁੰਦਾ ਹਾਂ ਕਿ ਜਿਥੇ ਕੁਲਵੰਤ ਸਿੰਘ ਐਡਵੋਕੇਟ ਬੁੱਧੀਜੀਵੀਆਂ ਦੀ ਪ੍ਰਤੀਨਿਧਤਾ ਕਰਨ ਵਾਲਾ ਬੰਦਾ ਸੀ, ਉਸ ਬਾਰੇ ਕਹਿੰਦੇ ਹਨ ਕਿ ਉਹ ਮਾਰਿਆ ਗਿਆ । ਕਿਸ ਹੱਥੋਂ ਮਾਰਿਆ ਗਿਆ ? ਉਹ ਪੁਲਿਸ ਹੱਥੋਂ ਮਾਰਿਆ ਗਿਆ ਹੈ ।

ਕਹਿੰਦੇ ਹਨ ਕਿ ਉਸ ਕੋਲ ਖਾੜਕੂ ਆਉਂਦੇ ਸਨ । ਦੂਜੇ ਪਾਸੇ ਸਰਕਾਰ ਦਾ ਰਵੱਈਆ ਇਹ ਹੈ ਕਿ ਇਕ ਖਾੜਕੂ ਦੀ ਭੈਣ ਨੂੰ ਨੌਕਰੀ ਦਿੱਤੀ ਗਈ ਹੈ, ਉਸ ਨੂੰ ਨਵਾਂ ਸ਼ਹਿਰ ਵਿੱਚ ਨੌਕਰੀ ਦਿੱਤੀ ਗਈ ਹੈ । ਇਹ ਸਰਕਾਰ ਦੀ ਦੋਗਲੀ ਨੀਤੀ ਹੈ । ਸਰਕਾਰ ਦਾ ਤਾਂ ਰਵੱਈਆ ਨਿਰਪੱਖ ਹੋਣਾ ਚਾਹੀਦਾ ਹੈ ।

ਸ਼੍ਰੀ ਸਪੀਕਰ: ਇਸ ਗੱਲ ਦਾ ਜ਼ਿਕਰ ਤੁਸੀਂ ਆਲਰੈਡੀ ਕਰ ਚੁਕੇ ਹੋ ।

ਸਰਦਾਰ ਹਰਗੋਪਾਲ ਸਿੰਘ ਐਡਵੋਕੇਟ: ਫੇਰ ਪੰਚਾਇਤਾਂ ਦੀਆਂ ਚੋਣਾਂ ਬਾਰ ਗੱਲ ਆਈ ਹੈ । ਕਿਹਾ ਗਿਆ ਹੈ ਕਿ ਜਿਹੜਾ ਪਹਿਲਾਂ ਸਰਪੰਚ ਨੂੰ 5/- ਰੁਪਏ ਡੀ. ਏ. ਮਿਲਦਾ ਸੀ, ਉਹ 20/- ਰੁਪਏ ਕਰ ਦਿੱਤਾ ਗਿਆ ਹੈ । ਪਰ ਮੈਂ ਕਹਿੰਦਾ ਹਾਂ ਕਿ ਐਕਟ ਵਿੱਚ ਤਾਂ ਡੀ. ਏ. ਨਾਂ ਦੀ ਕੋਈ ਚੀਜ਼ ਹੈ ਹੀ ਨਹੀਂ । ਮੈਂ ਵੀ ਕਈ ਸਾਲ ਪੰਚਾਇਤ ਵਿੱਚ ਰਿਹਾ ਹਾਂ । ਆਖਿਰ ਵਿੱਚ ਮੈਂ ਸਾਰੇ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਥੇ ਹੁੰਦੇ ਭ੍ਰਿਸ਼ਟਾਚਾਰ ਦੀ ਗੱਲ ਸਾਰੇ ਦੇਸ਼ ਦੇ ਕੋਨੇ ਕੋਨੇ ਵਿੱਚ ਫੈਲ ਚੁਕੀ ਹੈ ।

ਸ਼੍ਰੀ ਸਪੀਕਰ ਸਰਦਾਰ ਹਰਗੋਪਾਲ ਸਿੰਘ, ਤੁਸੀਂ ਹੁਣ ਬੈਠ ਜਾਓ ।

ਸਰਦਾਰ ਹਰਗੋਪਾਲ ਸਿੰਘ ਐਡਵੋਕੇਟ: ਸਪੀਕਰ ਸਾਹਿਬ, ਮੈਂ ਰਾਜਪਾਲ ਦੇ ਭਾਸ਼ਣ ਨਾਲ ਸਹਿਮਤ ਨਹੀਂ । ਸਰਕਾਰ ਨੂੰ ਇਨ੍ਹਾਂ ਸਾਰੇ ਮਸਲਿਆਂ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ ।

ਸ਼੍ਰੀ ਅਵਤਾਰ ਹੈਨਰੀ (ਜਲੰਧਰ ਉੱਤਰੀ) : ਸਤਿਕਾਰਯੋਗ ਸਪੀਕਰ ਸਾਹਿਬ, ਤੁਸੀਂ ਜਿਹੜਾ ਮੈਨੂੰ ਰਾਜਪਾਲ ਦੇ ਭਾਸ਼ਣ ਤੇ ਬੋਲਣ ਲਈ ਟਾਈਮ ਦਿੱਤਾ ਹੈ, ਉਸ ਲਈ ਮੈਂ ਤੁਹਾਡਾ ਬੜਾ ਧੰਨਵਾਦੀ ਹਾਂ । ਮੈਂ ਗਵਰਨਰ ਸਾਹਿਬ ਦੇ ਐਡਰੈਸ ਦੀ ਪੁਰਜ਼ੋਰ ਹਮਾਇਤ ਕਰਦਾ ਹਾਂ । ਇਕ ਸਾਲ ਹੋ ਗਿਆ ਹੈ ਸਰਕਾਰ ਬਣੀ ਨੂੰ, ਸਰਦਾਰ ਬੇਅੰਤ ਸਿੰਘ ਨੂੰ ਸਰਕਾਰ ਦੀ ਵਾਗਡੋਰ ਸੰਭਾਲੀ ਨੂੰ । ਇਕ ਸਾਲ ਤੋਂ ਪਹਿਲਾਂ ਜਿਸ ਦਿਨ ਸਰਦਾਰ ਬੇਅੰਤ ਸਿੰਘ ਏਥੇ ਸੌਂਹ ਚੁੱਕ ਰਹੇ ਸਨ, ਦੇਸ਼-ਧਰੋਹੀ ਤਾਕਤਾਂ ਨੇ ਚੈਲੰਜ ਕਰਨ ਲਈ ਚੰਡੀਗੜ੍ਹ ਦੇ ਪੀ. ਜੀ. ਆਈ. ਵਿੱਚ ਤਿੰਨ ਪੁਲਿਸ ਮੁਲਾਜ਼ਮਾਂ ਨੂੰ ਕਤਲ ਕਰ ਦਿੱਤਾ ਅਤੇ ਇਕ ਅਤਿਵਾਦੀ ਨੂੰ ਛੁਡਾ ਕੇ ਲੈ ਗਏ । ਇਹ ਉਨ੍ਹਾਂ ਵਲੋਂ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੂੰ ਚੈਲੰਜ ਕੀਤਾ ਗਿਆ ਸੀ ਕਿ ਅਸੀਂ ਉਨ੍ਹਾਂ ਦੀ ਸਰਕਾਰ ਨਹੀਂ ਚਲਣ ਦਿਆਂਗੇ । ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਉਸ ਦ੍ਰਿੜ ਇਰਾਦਿਆਂ ਵਾਲੇ ਸਰਦਾਰ ਨੇ, ਸਾਡੇ ਸੀ. ਐਮ. ਨੇ ਸਾਬਤ ਕਰਕੇ ਦਿਖਾ ਦਿੱਤਾ ਕਿ ਜੋ ਕੰਮ 12 ਸਾਲਾਂ ਵਿੱਚ ਕੋਈ ਨਹੀਂ ਕਰ ਸਕਿਆ, ਉਹ ਉਸ ਨੇ ਇਕ ਸਾਲ ਵਿੱਚ ਕਰਕੇ ਦਿਖਾ ਦਿੱਤਾ ਹੈ । (ਥੰਪਿੰਗ) ਪੰਜਾਬ ਵਿੱਚ ਐਸੀਆਂ ਐਸੀਆਂ ਵਾਰਦਾਤਾਂ ਹੁੰਦੀਆਂ ਰਹੀਆਂ ਹਨ ਕਿ 9-9 ਜੀਅ ਇਕ ਘਰ ਦੇ ਮਾਰੇ ਗਏ ਹਨ । ਮੈਂ ਉਦਾਹਰਣ ਦੇ ਤੌਰ ਤੇ ਦੱਸਣਾ ਚਾਹੁੰਦਾ ਹਾਂ ਕਿ ਬਾਬਾ ਬਕਾਲਾ ਦੇ ਲਾਗੇ ਦੇ ਇੱਕ ਪਿੰਡ ਵਿੱਚ ਇਕ ਆਦਮੀ ਦੇ

[ਸ੍ਰੀ ਅਵਤਾਰ ਹੈਨਰੀ]

ਘਰ ਦੇ 9 ਜੀਅ ਮਾਰੇ ਗਏ ਜਿਨ੍ਹਾਂ ਵਿੱਚ ਉਸ ਦੀਆਂ 4 ਭੈਣਾਂ, 2 ਭਾਈ, ਬਾਪ, ਮਾਂ ਅਤੇ ਭਤੀਜਾ ਸ਼ਾਮਿਲ ਸਨ । ਉਸ ਵਕਤ ਕੀ ਹੋਇਆ, ਕੋਈ ਜੁਰਅੱਤ ਨਹੀਂ ਸੀ ਕਰ ਸਕਿਆ ਕਿ ਉਥੇ ਜਾ ਕੇ ਲਾਸ਼ਾਂ ਨੂੰ ਚੁਕਿਆ ਜਾਵੇ, ਬਾਹਰ ਲਿਆਂਦਾ ਜਾਵੇ । ਉਹ ਇਕੱਲਾ ਇਨਸਾਨ ਗਿਆ, 9 ਲਾਸ਼ਾਂ ਨੂੰ ਇਕੱਠਾ ਕੀਤਾ, ਉਦੋਂ ਵੀ ਕਿਸੇ ਨੇ ਮਦਦ ਨਹੀਂ ਕੀਤੀ । ਪਿੰਡ ਵਾਲੇ ਬਲਕਿ ਇਹ ਕਹਿਣ ਲੱਗੇ ਕਿ ਇਨ੍ਹਾਂ ਨੂੰ ਬਿਆਸ ਵਿੱਚ ਰੋੜ੍ਹ ਦੇ । ਉਸ ਨੇ ਇਕੱਲੇ ਨੇ ਲੱਕੜੀਆਂ ਇਕੱਠੀਆਂ ਕੀਤੀਆਂ, ਇਕੱਲੇ ਆਦਮੀ ਨੇ ਅੱਗ ਲਗਾਈ ਅਤੇ ਜਦੋਂ ਵਾਰੀ ਆਈ ਭੋਗ ਪਾਉਣ ਦੀ ਤਾਂ ਕੋਈ ਪਾਠੀ ਭੋਗ ਪਾਉਣ ਨੂੰ ਤਿਆਰ ਨਹੀਂ ਸੀ ਹੋਇਆ । ਉਸ ਨੇ ਹਜ਼ੂਰ ਸਾਹਿਬ ਵਿੱਚ ਜਾ ਕੇ ਭੋਗ ਪਾਇਆ । ਇਸ ਦੇ ਉਲਟ ਅੱਜ ਦੇ ਪੰਜਾਬ ਦੀ ਗੱਲ ਕਰੀਏ । ਅੱਜ ਉਹੀ ਲੋਕ ਖੂਹਾਂ ਤੇ ਬਹਿ ਕੇ ਗੱਲਾਂ ਬਾਤਾਂ ਕਰਦੇ ਹਨ, ਉਹੀ ਪੁਰਾਣਾ ਮਾਹੌਲ ਬਹਾਲ ਹੋ ਗਿਆ ਹੈ । (ਥੰਪਿੰਗ) ਅੱਜ ਸਾਰੇ ਹਿੰਦੁਸਤਾਨ ਵਿੱਚ ਗੱਲਾਂ ਹੋ ਰਹੀਆਂ ਹਨ ਕਿ ਕੋਈ ਇਨਸਾਨ ਵੀ ਇਹ ਨਹੀਂ ਸੀ ਕਹਿ ਸਕਦਾ ਕਿ ਪੰਜਾਬ ਵਿੱਚ ਮੁੜ ਕੇ ਅਮਨ ਬਹਾਲ ਹੋਵੇਗਾ । ਕੋਈ ਇੰਟਰਨੈਸ਼ਨਲ ਆਦਮੀ, ਕੋਈ ਬਾਹਰਲਾ ਪੰਜਾਬੀ ਜਾਂ ਹਿੰਦੁਸਤਾਨੀ, ਕਦੀ ਇਹ ਨਹੀਂ ਸੀ ਸੋਚਦਾ, ਡਰ ਕਰਕੇ, ਕਿ ਮੈਂ ਪੰਜਾਬ ਵਿਚ ਆ ਕੇ ਇਥੇ ਕੋਈ ਇੰਡਸਟਰੀ ਲਾਵਾਂ ਪਰ ਹੁਣ ਪਿਛੇ ਜਿਹੇ ਇਥੇ ਐਨ. ਆਰ. ਆਈਜ਼ ਵੀ ਆਏ ਹਨ । ਉਹ ਹੁਣ ਇਥੇ ਇੰਡਸਟਰੀ ਲਾਉਣਾ ਚਾਹੁੰਦੇ ਹਨ । ਉਹ ਪੱਕੇ ਇਰਾਦੇ ਨਾਲ ਇਥੇ ਆਏ ਹਨ ਕਿਉਂਕਿ ਹੁਣ ਪਹਿਲਾਂ ਵਾਲੀ ਡਰ ਵਾਲੀ ਗੱਲ ਨਹੀਂ ਰਹੀ । ਮੈਂ ਉਨ੍ਹਾਂ ਅਕਾਲੀ ਵੀਰਾਂ ਦੀ ਗੱਲ ਵੀ ਕਰਨੀ ਚਾਹੁੰਦਾ ਹਾਂ ਜਿਹੜੇ ਡਰ ਕਰਕੇ ਘਰੋਂ ਬਾਹਰ ਨਹੀਂ ਸਨ ਨਿਕਲਦੇ । ਅੱਜ ਉਹ ਵੀ ਘਰਾਂ ਤੋਂ ਬਾਹਰ ਬਿਨਾ ਕਿਸੇ ਡਰ ਦੇ ਜਾਂਦੇ ਹਨ ਅਤੇ ਆਪਣੀਆਂ ਸਪੀਚਾਂ ਕਰਦੇ ਹਨ । ਡਰ ਦਾ ਮਾਹੌਲ ਖਤਮ ਹੋਣ ਨਾਲ ਉਨ੍ਹਾਂ ਨੂੰ ਵੀ ਬੋਲਣ ਦੀ ਇਜਾਜ਼ਤ ਮਿਲ ਗਈ ਹੈ । ਇਨ੍ਹਾਂ ਅਕਾਲੀ ਲੀਡਰਾਂ ਵਿਚੋਂ ਕਈਆਂ ਦੇ ਬੱਚੇ ਅਤੇ ਕਈ ਖੁਦ ਡਰ ਕਰਕੇ ਫਾਰਨ ਚਲੇ ਗਏ ਸਨ । ਇਥੋਂ ਡਰ ਕਰਕੇ ਇੰਡਸਟਰੀ ਸ਼ਿਫਟ ਹੋ ਗਈ ਸੀ । ਹੁਣ ਪਹਿਲਾਂ ਵਾਲਾ ਸ਼ਾਂਤੀ ਦਾ ਮਾਹੌਲ ਫਿਰ ਇਥੇ ਸਥਾਪਤ ਹੋ ਗਿਆ ਹੈ । ਇਥੇ ਜਦੋਂ ਪੰਜਾਬ ਵਿਚ ਲੋਕਤੰਤਰ ਆਇਆ ਤਾਂ ਸਰਦਾਰ ਬੇਅੰਤ ਸਿੰਘ ਨੇ ਉਦੋਂ ਹੀ ਕਿਹਾ ਸੀ ਕਿ ਅਸੀਂ ਜਲਦੀ ਤੋਂ ਜਲਦੀ ਮਿਉਂਸਪੈਲਟੀਆਂ ਦੀਆਂ ਚੋਣਾਂ ਕਰਵਾਵਾਂਗੇ. ਪੰਚਾਇਤ ਦੀਆਂ ਚੋਣਾ ਕਰਵਾਵਾਂਗੇ । ਉਨ੍ਹਾਂ ਨੇ ਕਮੇਟੀਆਂ ਦੀਆਂ ਚੋਣਾ ਕਰਵਾਈਆਂ ਜਿਸ ਵਿਚ 62% ਦੇ ਕਰੀਬ ਵੋਟਾਂ ਪਈਆਂ । ਫਿਰ ਪੰਚਾਇਤਾਂ ਦੀਆਂ ਚੋਣਾਂ ਕਰਵਾਈਆਂ ਜਿਸ ਵਿਚ 82% ਦੇ ਕਰੀਬ ਵੋਟਾਂ ਪਈਆਂ । 12,556 ਪੰਚਾਇਤਾਂ ਦੀਆਂ ਚੋਣਾਂ ਹੋਈਆਂ । ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ, ਕਾਂਗਰਸ ਪਾਰਟੀ ਦੀ ਸਰਕਾਰ ਨੇ 82% ਸੀਟਾਂ ਹਾਸਲ ਕੀਤੀਆਂ (ਥੰਪਿੰਗ) । ਅੱਜ ਦੂਸਰੀਆਂ ਪਾਰਟੀਆਂ ਭਾਵੇਂ ਜੋ ਮਰਜ਼ੀ ਦਾਅਵੇ ਕਰੀ ਜਾਣ, ਉਨ੍ਹਾਂ ਵਿਚ ਕੋਈ ਸਚਾਈ ਨਹੀਂ ਹੈ । ਮੇਰੇ ਅਕਾਲੀ ਵੀਰ ਆਪੋ ਆਪਣੇ ਦਾਅਵੇ ਕਰੀ ਜਾਂਦੇ ਹਨ । ਬਾਦਲ ਸਾਹਿਬ ਕਹਿੰਦੇ ਹਨ ਕਿ ਅਸੀਂ 82% ਸੀਟਾਂ ਲਈਆਂ,

ਮਾਨ ਸਾਹਿਬ ਕਹਿੰਦੇ ਹਨ ਕਿ ਅਸੀਂ 70% ਸੀਟਾਂ ਲਈਆਂ ਅਤੇ ਬਰਨਾਲਾ ਸਾਹਿਬ ਕਹਿੰਦੇ ਹਨ ਕਿ ਅਸੀਂ 80% ਸੀਟਾਂ ਹਾਸਲ ਕੀਤੀਆਂ । ਇਨ੍ਹਾਂ ਸਾਰਿਆਂ ਦਾ ਜੋ ਟੋਟਲ ਕਰੀਏ ਤਾਂ ਫਿਰ ਤਾਂ ਸਾਰੀਆਂ ਸੀਟਾਂ ਤੇ ਇਨ੍ਹਾਂ ਦਾ ਹੀ ਕਬਜ਼ਾ ਹੋ ਗਿਆ, ਕਾਂਗਰਸ ਪਾਰਟੀ ਨੂੰ ਤਾਂ ਫਿਰ ਕੋਈ ਵੀ ਸੀਟ ਨਾ ਮਿਲੀ । ਅੱਜ ਜਿਹੜੇ ਲੋਕ ਇਹ ਕਲੇਮ ਕਰਦੇ ਹਨ ਕਿ ਅਸੀਂ ਐਨੀਆਂ ਸੀਟਾਂ ਜਿੱਤੀਆਂ, ਉਹ ਕਿਸ ਤਰ੍ਹਾਂ ਇਹ ਕਲੇਮ ਕਰ ਸਕਦੇ ਹਨ ? ਜਦ ਉਹ ਆਪ ਡਰਦੇ ਮਾਰੇ ਬਾਹਰ ਨਹੀਂ ਸਨ ਨਿਕਲਦੇ ਹੁੰਦੇ । ਕਈ ਹੋਰ ਲੋਕ ਪੰਚਾਇਤ ਇਲੈਕਸ਼ਨਾਂ ਵਿਚ ਹੋਈਆਂ ਕਥਿਤ ਹੇਰਾ ਫੇਰੀਆਂ ਦੀਆਂ ਗੱਲਾਂ ਵੀ ਕਰਦੇ ਹਨ ਜੋ ਕਿ ਬੇਸਲੈਸ ਹੈ । ਅੱਜ ਤੋਂ ਇਕ ਸਾਲ ਪਹਿਲਾਂ ਜੋ ਚੀਜ਼ ਨਾ-ਮੁਮਕਿਨ ਸੀ, ਸਰਦਾਰ ਬੇਅੰਤ ਸਿੰਘ ਜੀ ਨੇ ਉਹ ਚੀਜ਼ ਮੁਮਕਿਨ ਕਰਕੇ ਦਿਖਾਈ । ਅੱਜ ਦੂਸਰੀਆਂ ਪਾਰਟੀਆਂ ਦੇ ਲੋਕ ਭਾਵੇਂ ਕੁਝ ਕਹੀ ਜਾਣ ਪਰ ਪੰਜਾਬ ਵਿਚ ਅਮਨ ਸ਼ਾਂਤੀ ਲਿਆਉਣ ਦਾ ਕਰੈਡਿਟ ਸਰਦਾਰ ਬੇਅੰਤ ਸਿੰਘ ਜੀ ਨੂੰ ਹੀ ਜਾਂਦਾ ਹੈ । ਪਹਿਲਾਂ ਇਥੇ ਇਹ ਹਾਲ ਹੁੰਦਾ ਸੀ ਕਿ ਪਿੰਡਾਂ ਵਿਚ ਲੋਕ ਖੇਤਾਂ ਨੂੰ ਪਾਣੀ ਲਾਉਣ ਨਹੀਂ ਸੀ ਜਾਂਦੇ, ਡਰ ਕਰਕੇ । ਪੰਜ ਵਜੇ ਜਦੋਂ ਸੂਰਜ ਡਾਊਨ ਹੁੰਦਾ ਸੀ ਤਾਂ ਲੋਕ ਮੋਟਰਾਂ ਛੱਡ ਕੇ ਆ ਜਾਂਦੇ ਸਨ । ਉਨ੍ਹਾਂ ਨੂੰ ਡਰ ਹੁੰਦਾ ਸੀ ਕਿ ਰਾਤ ਨੂੰ ਜੇਕਰ ਮੋਟਰਾਂ ਚਲਾਉਣ ਜਾਵਾਂਗੇ ਤਾਂ ਪਤਾ ਨਹੀਂ ਮੁੜ ਕੇ ਵਾਪਸ ਘਰਾਂ ਨੂੰ ਆਵਾਂਗੇ ਵੀ ਜਾਂ ਨਹੀਂ । ਅੱਜ ਫਿਰ ਪਹਿਲਾਂ ਵਾਲੀ ਸ਼ਾਂਤੀ ਬਹਾਲ ਹੋ ਗਈ ਹੈ । ਇਹ ਕਿਸ ਨੇ ਕੀਤਾ ? ਇਹ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਕੀਤਾ । ਇਸ ਸਰਕਾਰ ਨੇ ਹਰ ਪਾਸੇ ਉਨਤੀ ਕੀਤੀ ਹੈ, ਚਾਹੇ ਉਹ ਟ੍ਰਾਂਸਪੋਰਟ ਹੋਵੇ, ਚਾਹੇ ਕੋਈ ਹੋਰ ਖੇਤਰ ਹੋਵੇ । ਇਸ ਸਰਕਾਰ ਦੇ ਆਉਣ ਤੋਂ ਪਹਿਲਾਂ ਜਦੋਂ ਕਦੀ ਜਲੰਧਰ ਤੋਂ ਚੰਡੀਗੜ੍ਹ ਨੂੰ ਚਲਦੇ ਸੀ ਤਾਂ ਰਸਤੇ ਵਿਚ 10-10 ਬੱਸਾਂ ਖੜ੍ਹੀਆਂ ਹੁੰਦੀਆਂ ਸਨ । ਜਦੋਂ ਤੋਂ ਇਹ ਸਰਕਾਰ ਆਈ ਹੈ, ਰਸਤੇ ਵਿਚ ਇਕ ਵੀ ਮੋਟਰ ਨਹੀਂ ਖੜ੍ਹੀ ਹੁੰਦੀ । ਇਕ ਟ੍ਰਾਂਸਪੋਰਟਰ ਹੋਣ ਤੇ ਨਾਤੇ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਇਸ ਸਰਕਾਰ ਦੇ ਆਉਣ ਤੋਂ ਪਹਿਲਾਂ ਜਿੰਨੀ ਵੀ ਰੋਡਵੇਜ਼ ਦੀ ਟ੍ਰਾਂਸਪੋਰਟ ਚਲਦੀ ਰਹੀ, ਉਹ ਸਾਰੇ ਘਾਟੇ ਵਿਚ ਹੀ ਚਲਦੀ ਰਹੀ । ਇਹ ਪਹਿਲੀ ਵਾਰ ਹੈ ਕਿ ਇਸ ਸਰਕਾਰ ਦੇ ਟਾਈਮ ਵਿਚ ਇਹ ਮੁਨਾਫੇ ਵਿਚ ਗਈ ਹੈ । (ਥੰਪਿੰਗ) ਹੁਣ ਲੋਕੀਂ ਸਵੇਰੇ 6-00 ਵਜੇ ਤੋਂ ਚਲਣਾ ਸ਼ੁਰੂ ਕਰ ਦਿੰਦੇ ਹਨ ਅਤੇ ਰਾਤ ਨੂੰ ਅੱਠ ਅੱਠ ਵਜੇ ਤੱਕ ਚਲਦੇ ਰਹਿੰਦੇ ਹਨ । ਹੁਣ ਸਫਰ ਕਰਨ ਵਿਚ ਪਹਿਲਾਂ ਵਾਲਾ ਡਰ ਨਹੀਂ ਰਿਹਾ । ਲੋਕੀਂ ਸੇਫ ਮਹਿਸੂਸ ਕਰਦੇ ਹਨ ।

ਇਸ ਦੇ ਨਾਲ ਜੇ ਅਸੀਂ ਸੜਕਾਂ ਦੀ ਗੱਲ ਕਰੀਏ ਤਾਂ ਉਸ ਵਿਚ ਵੀ ਇਸ ਸਰਕਾਰ ਨੇ ਤਰੱਕੀ ਕੀਤੀ ਹੈ । ਸਰਹੰਦ ਤੋਂ ਲੈ ਕੇ ਜਲੰਧਰ ਤੱਕ ਸਾਰੀ ਜੀ.ਟੀ. ਰੋਡ ਡਬਲ ਕਰ ਦਿੱਤੀ ਗਈ ਹੈ । ਪਹਿਲਾਂ ਜਦੋਂ ਇਸ ਸੜਕ ਤੇ ਟਰੈਵਲ ਕਰਦੇ ਹੁੰਦੇ ਸੀ, ਮਾਨਯੋਗ ਸਪੀਕਰ ਸਾਹਿਬ, ਤੁਸੀਂ ਵੀ ਇਸ ਸੜਕ ਤੇ ਟਰੈਵਲ ਕਰਦੇ ਸੀ, ਤੁਹਾਨੂੰ ਪਤਾ ਹੋਵੇਗਾ ਕਿ ਇਸ ਸੜਕ ਵਿਚ ਖੱਡੇ ਹੀ ਖੱਡੇ ਹੁੰਦੇ ਸਨ, ਟਰੈਵਲ ਕਰਨ ਤੋਂ ਬਾਅਦ ਇਹ ਵੇਖਣਾ ਪੈਂਦਾ ਸੀ ਕਿ ਕਾਰ ਦੇ ਕਿਹੜੇ ਕਿਹੜੇ ਦਰਵਾਜ਼ੇ ਬਾਕੀ ਰਹਿ ਗਏ ਹਨ !

[ਸ਼੍ਰੀ ਅਵਤਾਰ ਹੈਨਰੀ]

ਮੈਨੂੰ ਪੂਰੀ ਉਮੀਦ ਹੈ ਕਿ ਆਉਣ ਵਾਲੇ ਸਾਲ ਵਿਚ ਸਰਹੰਦ ਤੋਂ ਲੈ ਕੇ ਸ਼ੰਭੂ ਬੈਰੀਅਰ ਤੱਕ ਦੀ ਸੜਕ ਵੀ ਬਣਾ ਦਿੱਤੀ ਜਾਵੇਗੀ । ਲਿੰਕ ਸੜਕਾਂ ਵੱਲ ਵੀ ਇਸ ਸਰਕਾਰ ਨੇ ਕਾਫੀ ਧਿਆਨ ਦਿੱਤਾ ਹੈ । ਪਿਛਲੇ 10 ਸਾਲਾਂ ਵਿਚ ਪੰਜਾਬ ਨੂੰ ਜਿਹੜਾ ਸੈੱਟ-ਬੈਕ ਲਗਿਆ ਸੀ, ਉਹ ਇਸ ਕਾਂਗਰਸ ਸਰਕਾਰ ਨੇ ਪੂਰਾ ਕਰ ਦਿੱਤਾ ਹੈ । ਕੁਰੱਪਸ਼ਨ ਨੂੰ ਠੱਲ੍ਹ ਪਾਉਣ ਲਈ ਵੀ ਇਹ ਸਰਕਾਰ ਵਚਨਬੱਧ ਹੈ । ਇਸ ਤੇ ਕਾਬੂ ਪਾਉਣ ਲਈ ਇਸ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਇਹ ਸਾਲ ਐਂਟੀ-ਕੁਰੱਪਸ਼ਨ ਸਾਲ ਹੋਵੇਗਾ, ਕਿਸੇ ਨੂੰ ਵੀ ਕੁਰੱਪਸ਼ਨ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ ।

ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਅਜਿਹਾ ਇਕ ਸਮਾਂ ਸੀ, ਇਕ ਅਜਿਹਾ ਟਾਈਮ ਸੀ, ਅੱਠ ਦਸ ਸਾਲ ਪਹਿਲਾਂ ਤੱਕ ਕਿ ਸਕੂਲਾਂ ਦੇ ਵਿੱਚ ਮਾਸਟਰ ਸਮੇਂ ਸਿਰ ਪੜ੍ਹਾਉਣ ਨਹੀਂ ਜਾਂਦੇ ਸਨ ਅਤੇ ਬੱਚੇ ਸਮੇਂ ਸਿਰ ਸਕੂਲਾਂ ਦੇ ਅੰਦਰ ਪੜ੍ਹਣ ਲਈ ਨਹੀਂ ਜਾਂਦੇ ਸਨ । ਉਨ੍ਹਾਂ ਨੂੰ ਇਹ ਨਹੀਂ ਸੀ ਪਤਾ ਕਿ ਉਹ ਕਿਹੜੇ ਕਪੜੇ ਪਾਉਣ । ਉਨ੍ਹਾ ਨੂੰ ਕਿਹਾ ਜਾਂਦਾ ਸੀ ਕਿ ਦੁਪੱਟਾ ਗੁਲਾਬੀ ਲਿਆ ਜਾਵੇ, ਦੂਸਰਾ ਲਿਆ ਜਾਵੇ, ਇਹ ਲਿਆ ਜਾਵੇ, ਇਹ ਕੁਝ ਚਲਦਾ ਸੀ ਪਰ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਨੇ ਇਕ ਸਾਲ ਦੇ ਵਿੱਚ ਜੋ ਹਾਲਾਤ ਬਦਲ ਕੇ ਰੱਖ ਦਿੱਤੇ ਹਨ, ਉਹ ਸਾਡੇ ਸਾਰਿਆਂ ਦੇ ਸਾਹਮਣੇ ਹਨ । ਅੱਜ ਕੋਈ ਬੱਚਾ ਜੋ ਵੀ ਮਰਜ਼ੀ ਰੰਗ ਦੇ ਕਪੜੇ ਪਾਏ, ਮਨ ਮਰਜ਼ੀ ਦੇ ਕਪੜੇ ਪਾਵੇ, ਕਿਸੇ ਹੋਰ ਦੀ ਰਿੱਟ ਨਹੀਂ ਚੱਲ ਸਕਦੀ । ਪੰਜਾਬ ਦੇ ਵਿੱਚ ਐਜੂਕੇਸ਼ਨ ਦੇ ਖੇਤਰ ਵਿੱਚ ਬਹੁਤ ਇੰਪਰੂਵਮੈਂਟ ਹੋਈ ਹੈ । ਇਹ ਸਾਰਾ ਸਿਹਰਾ ਸਰਦਾਰ ਬੇਅੰਤ ਸਿੰਘ ਜੀ ਨੂੰ ਜਾਂਦਾ ਹੈ ਜਿਨ੍ਹਾਂ ਨੇ ਨਾ ਦਿਨ ਦੇਖਿਆ, ਨਾ ਰਾਤ ਦੇਖੀ ਅਤੇ ਨਾ ਹੀ ਆਪਣੀ ਸਿਹਤ ਦੇਖੀ । ਉਹ ਸਾਰੇ ਇਲਾਕਿਆਂ ਦੇ ਵਿੱਚ ਬਿਧੜਕ ਜਾਂਦੇ ਰਹੇ ਅਤੇ ਲੋਕਾਂ ਵਿੱਚ ਜਾ ਕੇ ਉਨ੍ਹਾਂ ਦਾ ਮਨ ਜਿੱਤਿਆ, ਲੋਕਾਂ ਵਿਚ ਜਾ ਕੇ ਅਜਿਹੀ ਜਾਗ੍ਰਤੀ ਪੈਦਾ ਕੀਤੀ ਕਿ ਪੰਜਾਬੀਆਂ ਨੇ ਇਸ ਅਤਵਾਦ ਦਾ ਡੱਟ ਕੇ ਮੁਕਾਬਲਾ ਕੀਤਾ । ਸਪੀਕਰ ਸਾਹਿਬ, ਇਸ ਦਾ ਸਾਰਾ ਸਿਹਰਾ ਸਰਦਾਰ ਬੇਅੰਤ ਸਿੰਘ ਨੂੰ ਜਾਂਦਾ ਹੈ।

ਇਸ ਤੋਂ ਬਾਅਦ ਮੈਂ ਟੈਕਨੀਕਲ ਐਜੂਕੇਸ਼ਨ ਦੇ ਬਾਰੇ ਵਿੱਚ ਕਹਿਣਾ ਚਾਹੁੰਦਾ ਹਾਂ । ਸਪੀਕਰ ਸਾਹਿਬ, ਜਦੋਂ ਪੰਜਾਬ ਦੇ ਵਿੱਚ ਕਾਂਗਰਸ ਦੀ ਸਰਕਾਰ, ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਟੇਕ-ਓਵਰ ਕੀਤਾ ਤਾਂ ਉਸ ਵਕਤ ਸਾਡੇ ਰਾਜ ਵਿਚ ਕੋਈ ਪੈਸਾ ਨਹੀਂ ਸੀ ਪਰ ਇਨ੍ਹਾਂ ਨੇ ਬਿਨਾਂ ਕੋਈ ਟੈਕਸ ਲਗਾਏ, ਸਗੋਂ ਟੈਕਸਾਂ ਦੀ ਵਸੂਲੀ ਜ਼ਿਆਦਾ ਕਰਕੇ ਇਸ ਪੰਜਾਬ ਦੀ ਵਿੱਤੀ ਪੋਜ਼ੀਸ਼ਨ ਨੂੰ ਠੀਕ ਕੀਤਾ ਹੈ । ਆਬਕਾਰੀ ਕਰ ਵੱਧ ਤੋਂ ਵੱਧ ਇਕੱਤਰ ਕੀਤਾ ਜਿਸ ਨਾਲ ਪੰਜਾਬ ਸਟੇਟ ਨੂੰ ਰਨ ਕੀਤਾ ਗਿਆ । ਬਾਹਰ ਦੂਸਰੀਆਂ ਸਟੇਟਾਂ ਦੇ ਵਿੱਚ ਕਿਹਾ ਜਾਂਦਾ ਰਿਹਾ ਹੈ ਕਿ ਪੰਜਾਬ ਦਾ ਖਜ਼ਾਨਾ ਖਾਲੀ ਹੈ, ਪਰ ਸਪੀਕਰ ਸਾਹਿਬ, ਮੈਂ ਇਸ ਗੱਲ ਨਾਲ ਬਿਲਕੁਲ ਸਹਿਮਤ ਨਹੀਂ । ਕਈ ਸਟੇਟਾਂ ਦੇ ਵਿੱਚ ਸਟੇਟ ਦੇ ਮੁਲਾਜ਼ਮਾਂ ਨੂੰ ਤਨਖਾਹ ਨਹੀਂ ਦਿੱਤੀ ਜਾਂਦੀ । ਪਰ ਪੰਜਾਬ ਦੇ ਵਿੱਚ ਕਦੇ ਵੀ ਅਜਿਹਾ ਨਹੀਂ ਹੋਇਆ ਕਿ ਕਦੇ ਕਿਸੇ ਦੀ ਤਨਖਾਹ ਨਾ ਦਿੱਤੀ ਗਈ ਹੋਵੇ । ਪੰਜਾਬ ਵਿੱਚ ਡੀਵੈਲਪਮੈਂਟ ਦੇ ਕੰਮ ਵੀ ਹੋ ਰਹੇ ਹਨ, ਚਾਹੇ ਲਿੰਕ ਸੜਕਾਂ ਦੇ ਕੰਮ ਹਨ, ਚਾਹੇ ਸਕੂਲਾਂ ਦੇ ਕੰਮ ਹਨ, ਸਾਡਾ ਪੰਜਾਬ ਤਰੱਕੀ ਕਰ ਰਿਹਾ ਹੈ । ਖੇਤੀਬਾੜੀ ਦੇ

ਖੇਤਰ ਵਿੱਚ ਵੀ ਸਾਡਾ ਰਾਜ ਬਾਕੀ ਸੂਬਿਆਂ ਨਾਲੋਂ ਸਭ ਤੋਂ ਅੱਗੇ ਹੈ। ਚਾਹੇ ਕਣਕ ਹੋਵੇ, ਚਾਹੇ ਚਾਵਲ ਹੋਵੇ ਅਸੀਂ ਕਿਸੇ ਪਾਸੇ ਹੋਰ ਸੂਬਿਆਂ ਨਾਲੋਂ ਪਿੱਛੇ ਨਹੀਂ ਹਾਂ। ਸਪੀਕਰ ਸਾਹਿਬ, 25 ਕਰੋੜ ਰੁਪਏ ਦੀ ਲਾਗਤ ਨਾਲ ਕੰਡੀ ਏਰੀਆ ਵਿੱਚ ਪਾਣੀ ਲਿਫਟ ਕਰਕੇ ਚੁੱਕਿਆ ਜਾਵੇਗਾ। ਛੋਟੇ ਛੋਟੇ ਡੈਮ ਬਣਾ ਕੇ ਪਾਣੀ ਦਿੱਤਾ ਜਾਵੇਗਾ ਜਿਸ ਨਾਲ ਪੰਜਾਬ ਦੀ ਧਰਤੀ ਅੱਗੇ ਨਾਲੋਂ ਵੀ ਵੱਧ ਅਨਾਜ ਪੈਦਾ ਕਰੇਗੀ। ਪੰਜਾਬ ਦੇ ਵਿੱਚ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਟਰੈਫਿਕ ਦੇ ਮਹਿਕਮੇ ਨੂੰ ਬੰਦ ਕਰਕੇ ਇਕ ਭਲੇ ਦਾ ਕੰਮ ਕੀਤਾ ਹੈ ਅੱਗੇ ਹਰ ਇਕ ਕੋਨੇ ਤੇ ਟਰੈਫਿਕ ਦਾ ਪੁਲਿਸ ਅਫਸਰ ਖੜ੍ਹਾ ਹੁੰਦਾ ਸੀ ਔਰ ਗੱਡੀਆਂ ਦੀ ਮੂਵਮੈਂਟ ਬੰਦ ਰਹਿੰਦੀ ਸੀ। ਲੇਕਿਨ ਹੁਣ ਇਹ ਟਰੈਫਿਕ ਦਾ ਮਹਿਕਮਾ ਬੰਦ ਕਰ ਦਿੱਤਾ ਗਿਆ ਹੈ ਔਰ ਪੰਜਾਬ ਦੇ ਟਰਾਂਸਪੋਰਟਰਾਂ ਨੇ ਇਸ ਗੱਲ ਦਾ ਬੜਾ ਧੰਨਵਾਦ ਕੀਤਾ ਹੈ, ਇਸ ਨਾਲ ਟਰਾਂਸਪੋਰਟ ਦੇ ਵਿੱਚ ਜੋ ਕੁਰੱਪਸ਼ਨ ਸੀ ਉਹ ਖ਼ਤਮ ਹੋਈ ਹੈ।

ਖੇਡਾਂ ਬਾਰੇ ਸਾਡੇ ਬੱਚੇ ਅਤੇ ਉਨ੍ਹਾਂ ਦੇ ਮਾਂ-ਬਾਪ ਪਹਿਲਾਂ ਸੋਚ ਵੀ ਨਹੀਂ ਸਕਦੇ ਸੀ ਕਿ ਅਸੀਂ ਆਪਣੇ ਬੱਚੇ ਬਾਹਰ ਖੇਡਣ ਵਾਸਤੇ ਭੇਜੀਏ ਅਤੇ ਨਾ ਹੀ ਸਾਡੇ ਪਿੰਡਾਂ, ਸ਼ਹਿਰਾਂ ਦੇ ਬੱਚੇ ਬਾਹਰ ਖੇਡਣ ਵਾਸਤੇ ਜਾਇਆ ਕਰਦੇ ਸਨ। ਉਨ੍ਹਾਂ ਦੇ ਮਨਾਂ ਵਿੱਚ ਡਰ ਸੀ, ਉਹ ਡਰਦੇ ਬਾਹਰ ਨਹੀਂ ਨਿਕਲਦੇ ਸਨ ਪਰ ਹੁਣ ਹਾਲਾਤ ਬਿਲਕੁਲ ਬਦਲ ਗਏ ਹਨ। ਪਿੰਡਾਂ, ਸ਼ਹਿਰਾਂ ਵਿੱਚ ਬੱਚੇ ਬਾਹਰ ਖੇਡਣ ਵਾਸਤੇ ਜਾਂਦੇ ਹਨ ਅਤੇ ਉਨ੍ਹਾਂ ਦੇ ਮਾਂ-ਬਾਪ ਬੜੀ ਖੁਸ਼ੀ ਨਾਲ ਉਨ੍ਹਾਂ ਨੂੰ ਭੇਜਦੇ ਹਨ। ਹੁਣ ਡਰ ਵਾਲੀ ਕੋਈ ਗੱਲ ਨਹੀਂ ਰਹਿ ਗਈ। ਜਿਸ ਦਲੇਰੀ ਦੇ ਨਾਲ ਸਾਡੇ ਪੰਜਾਬੀਆਂ ਨੇ ਖੇਡਣਾ ਸ਼ੁਰੂ ਕੀਤਾ ਹੈ, ਉਨ੍ਹਾਂ ਦੀ ਸ਼ਮੂਲੀਅਤ ਦੇ ਨਾਲ ਮੈਂ ਯਕੀਨ ਦਿਵਾਉਂਦਾ ਹਾਂ ਕਿ ਆਉਣ ਵਾਲੇ ਸਮੇਂ ਵਿਚ ਓਲੰਪਿਕ ਵਿੱਚ ਵੀ, ਹਾਕੀ ਹੋਵੇ ਚਾਹੇ ਕੋਈ ਹੋਰ ਸਪੋਰਟ ਹੋਵੇ, ਪੰਜਾਬ ਹਮੇਸ਼ਾ ਪਹਿਲੇ ਨੰਬਰ ਤੇ ਆਏਗਾ।

ਯੁਵਕਾਂ ਦੀ ਭਲਾਈ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਨੇ, ਸਰਦਾਰ ਬੇਅੰਤ ਸਿੰਘ ਦੀ ਸਰਕਾਰ ਨੇ ਯੁਵਕਾਂ ਦੀ ਭਲਾਈ ਲਈ ਜੋ ਪੈਸਾ ਰੱਖਿਆ ਹੈ ਉਹ ਤਸੱਲੀ-ਬਖਸ਼ ਹੈ। ਯੁਵਕਾਂ ਦੀ ਭਲਾਈ ਲਈ ਰੋਜ਼ਗਾਰ ਦੇ ਮੌਕੇ ਪੈਦਾ ਹੋਣਗੇ।

ਸ਼੍ਰੀ ਸਪੀਕਰ ਹੈਨਰੀ ਜੀ, ਹੁਣ ਵਾਈਂਡ ਅੱਪ ਕਰਨ ਦੀ ਕੋਸ਼ਿਸ਼ ਕਰੋ।

ਸ਼੍ਰੀ ਅਵਤਾਰ ਹੈਨਰੀ : ਸਾਡੀ ਸਰਕਾਰ ਨੇ ਜ਼ਿਲ੍ਹਾ ਹੈਡਕੁਆਟਰਾਂ ਤੇ ਗਰੀਵੈਂਸਿਜ਼ ਕਮੇਟੀਆਂ ਬਣਾਈਆਂ ਹਨ ਜਿਨ੍ਹਾਂ ਵਿੱਚ ਹਰ ਇਕ ਪੁਲੀਟੀਕਲ ਪਾਰਟੀ ਦੇ ਨੁਮਾਇੰਦਿਆਂ ਨੂੰ ਨਾਲ ਲਿਆ ਗਿਆ ਹੈ ਕਿਸੇ ਨੂੰ ਵੀ ਕੋਈ ਸ਼ਿਕਾਇਤ ਹੋਵੇ ਉਹ ਆਪਣੀ ਸ਼ਿਕਾਇਤ ਉਥੇ ਆ ਕੇ ਦੱਸ ਸਕਦਾ ਹੈ ਅਤੇ ਉਹ ਰੀਮੂਵ ਕੀਤੀ ਜਾਂਦੀ ਹੈ। ਇਨ੍ਹਾਂ ਕਮੇਟੀਆਂ ਦੇ ਚੇਅਰਮੈਨ ਸਾਡੇ ਕੈਬਨਿਟ ਮੰਤਰੀ ਹੁੰਦੇ ਹਨ ਜੋ ਵੀ ਕਿਸੇ ਨੂੰ ਸ਼ਿਕਾਇਤ ਹੁੰਦੀ ਹੈ ਉਸ ਦਾ ਮੌਕੇ ਤੇ ਹੀ ਨਿਪਟਾਰਾ ਕਰ ਦਿੱਤਾ ਜਾਂਦਾ ਹੈ। ਇਹ ਚੀਜ਼ ਪਹਿਲਾਂ ਗਵਰਨਰੀ ਰਾਜ ਵੇਲੇ ਨਹੀਂ ਸੀ। ਤਹਿਸੀਲ ਪੱਧਰ ਤੇ ਵੀ ਅਜਿਹੀਆਂ ਕਮੇਟੀਆਂ ਬਣਾਈਆਂ ਗਈਆਂ ਹਨ। ਸਾਡੀ ਸਰਕਾਰ ਨੇ ਭ੍ਰਿਸ਼ਟਾਚਾਰ ਦੇ ਖਿਲਾਫ ਇਕ ਮੁਹਿੰਮ ਚਲਾਈ ਹੈ। ਤੁਸੀਂ ਆਉਣ

[ਸ੍ਰੀ ਅਵਤਾਰ ਹੈਨਰੀ]

ਵਾਲੇ ਦਿਨਾਂ ਦੇ ਵਿੱਚ ਦੇਖੋਗੇ ਕਿ ਕੋਈ ਵੀ ਅਫਸਰ ਚਾਹੇ ਉਹ ਕਿੰਨਾ ਹੀ ਵੱਡੇ ਤੋਂ ਵਡਾ ਕਿਉਂ ਨਾ ਹੋਵੇ ਉਸ ਨੂੰ ਭ੍ਰਿਸ਼ਟਾਚਾਰ ਦੇ ਕਾਰਨ ਬਖਸ਼ਿਆ ਨਹੀਂ ਜਾਵੇਗਾਂ ।

ਸ੍ਰੀ ਸਪੀਕਰ : ਵਾਈਂਡ ਅੱਪ ਕਰੋ ,ਪਲੀਜ਼ ।

ਸ੍ਰੀ ਅਵਤਾਰ ਹੈਨਰੀ : ਲੋਕ ਸੰਪਰਕ ਵਿਭਾਗ ਸਾਡਾ ਬਿਲਕੁਲ ਹੀ ਬੰਦ ਹੋ ਗਿਆ ਸੀ । ਹੁਣ ਇਹ ਮੁੜ ਬਹਾਲ ਹੋ ਗਿਆ ਹੈ । ਲੋਕ ਸੰਪਰਕ ਵਾਲੇ ਪਿੰਡਾਂ ਵਿਚ ਜਾ ਕੇ ਲੋਕਾਂ ਨਾਲ ਸੰਪਰਕ ਕਰਦੇ ਹਨ । ਪਹਿਲਾਂ ਲੋਕ ਡਰਦੇ ਬਿਲਕੁਲ ਸੁਣਨ ਨਹੀਂ ਸਨ ਆਉਂਦੇ । ਹਣ ਜਦੋਂ ਉਨ੍ਹਾਂ ਨੂੰ ਕਿਸੇ ਫੰਕਸ਼ਨ ਦਾ ਪਤਾ ਲਗਦਾ ਹੈ ਤਾਂ ਉਹ ਹਜ਼ਾਰਾਂ ਹੀ ਨਹੀਂ ਬਲਕਿ ਲਖਾਂ ਦੀ ਤਦਾਦ ਵਿੱਚ ਪੁੱਜ ਕੇ ਸੁਣਦੇ ਹਨ । ਇਹ ਸਾਰਾ ਕੁਝ ਸਪੀਕਰ ਸਾਹਿਬ, ਲਾਅ ਐਂਡ ਆਰਡਰ ਦੀ ਹਾਲਤ ਤੇ ਕੰਟਰੋਲ ਪਾਉਣ ਨਾਲ ਹੀ ਹੋਇਆ ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦੀ ਜਿੰਨੀ ਵੀ ਪ੍ਰਾਬਲਮ ਸੀ ਉਹ ਲਾਅ ਐਂਡ ਆਰਡਰ ਦੀ ਪ੍ਰਾਬਲਮ ਸੀ ਅਤੇ ਸਰਦਾਰ ਬੇਅੰਤ ਸਿੰਘ ਜੀ ਨੇ ਇਸ ਨੂੰ ਠੀਕ ਕੀਤਾ ਹੈ । ਇਸ ਨਾਲ ਹਰ ਚੀਜ਼ ਮੂਵ ਹੋਈ ਹੈ ਭਾਵੇਂ ਉਹ ਟਰਾਂਸਪੋਰਟ ਹੈ ਜਾਂ ਕੋਈ ਹੋਰ । ਇਸ ਲਈ ਮੈਂ ਉਨ੍ਹਾਂ ਨੂੰ ਵਧਾਈ ਦਿੰਦਾ ਹਾਂ । ਇਸ ਦੇ ਨਾਲ ਹੀ ਮੈਂ ਆਪਣਾ ਸਥਾਨ ਲੈਂਦਾ ਹਾਂ । ਜੈ ਹਿੰਦ ।

ਸ੍ਰੀ ਸਪੀਕਰ : ਕਾਮਰੇਡ ਤਰਸੇਮ ਜੋਧਾਂ ਜੀ, ਤੁਹਾਨੂੰ 10 ਮਿੰਟ ਵਿਚ ਵਾਂਈਂਡ ਅੱਪ ਕਰਨਾ ਪਵੇਗਾ ।

ਕਾਮਰੇਡ ਤਰਸੇਮ ਜੋਧਾਂ (ਕਿਲਾ ਰਾਏਪੁਰ) : ਹੁਣ ਤਾਂ ਹਾਉਸ ਖਤਮ ਹੋਣ ਦਾ ਸਮਾਂ ਹੀ 14 ਮਿੰਟ ਰਹਿ ਗਿਆ ਹੈ । ਮਾਨਯੋਗ ਸਪੀਕਰ ਸਾਹਿਬ, ਗਵਰਨਰ ਸਾਹਿਬ ਵੱਲੋਂ ਇਸ ਹਾਊਸ ਵਿੱਚ ਜਿਹੜਾ ਭਾਸ਼ਣ ਦਿੱਤਾ ਗਿਆ ਹੈ, ਉਸ ਵਿੱਚ ਕੇਵਲ ਇਕ ਦੋ ਮੱਦਾਂ ਨੂੰ ਛੱਡ ਕੇ ਬਾਕੀਆਂ ਦੀਆਂ ਸਾਰੀਆਂ ਗੱਲਾਂ ਫਿੱਕੀਆਂ ਹਨ । ਇਸ ਵਿਚ ਜਿਹੜੀਆਂ ਗੱਲਾਂ ਪੰਜਾਬ ਦੇ ਲੋਕਾਂ ਬਾਰੇ ਕੀਤੀਆਂ ਗਈਆਂ ਹਨ, ਉਨ੍ਹਾਂ ਗੱਲਾਂ ਨਾਲ ਪੰਜਾਬ ਦੇ ਲੋਕਾਂ ਦੀ ਤਸੱਲੀ ਨਹੀਂ ਹੁੰਦੀ । ਜਿਥੋਂ ਤੱਕ ਅਮਨ ਅਤੇ ਕਾਨੂੰਨ ਦੇ ਸਵਾਲ ਤੇ ਬੜੀ ਭਾਰੀ ਚਰਚਾ ਹੋਈ ਹੈ ਅਤੇ ਉਸ ਦੇ ਬਾਰੇ ਵਿੱਚ ਬੜੀ ਪ੍ਰਸ਼ੰਸਾ ਕੀਤੀ ਗਈ ਹੈ, ਅਸੀਂ ਵੀ ਇਹ ਸਮਝਦੇ ਹਾਂ ਕਿ ਪਿਛਲੇ ਸਾਲ ਨਾਲੋਂ ਪੰਜਾਬ ਵਿੱਚ ਜਿਹੜੀ ਅਮਨ ਤੇ ਕਾਨੂੰਨ ਦੀ ਹਾਲਤ ਹੈ, ਉਸ ਨੇ ਅੱਛੇ ਪਾਸੇ ਵੱਲ ਮੋੜਾ ਕੱਟਿਆ ਹੈ । ਪਰ ਮੈਂ ਤੁਹਾਨੂੰ ਯਾਦ ਕਰਾਉਣਾ ਚਾਹੁੰਦਾ ਹਾਂ ਕਿ ਜਿਤਨੀ ਦੇਰ ਤੱਕ ਪੰਜਾਬ ਦੇ ਮਸਲੇ ਦਾ ਕੋਈ ਰਾਜਨੀਤਕ ਹੱਲ ਨਹੀਂ ਕੀਤਾ ਜਾਂਦਾ ਇਹ ਜਿਹੜੀ ਅਮਨ ਅਤੇ ਕਾਨੂੰਨ ਦੀ ਹਾਲਤ ਅੱਛੀ ਹੋਣ ਦੀ ਪ੍ਰਾਪਤੀ ਹੈ ਇਹ ਅਸਥਾਈ ਹੋਵੇਗੀ । ਅਸਥਾਈ ਇਸ ਕਰਕੇ ਹੋਵੇਗੀ ਕਿਉਂਕਿ ਰਾਜੀਵ-ਲੌਂਗੋਵਾਲ ਅਕਾਰਡ ਹੋਣ ਤੋਂ ਪਿੱਛੋਂ ਵੀ ਕੁਝ ਚਿਰ ਸ਼ਾਂਤੀ ਹੋਈ ਸੀ ਅਤੇ ਅਮਨ ਕਾਨੂੰਨ ਦੀ ਹਾਲਤ ਸੁਧਰੀ ਸੀ ਅੱਤਵਾਦੀਆਂ ਨੇ ਚੋਣਾਂ ਦਾ ਬਾਈਕਾਟ ਕੀਤਾ ਸੀ ਪਰ ਪੰਜਾਬ ਦੇ ਸਮੁੱਚੇ ਲੋਕਾਂ ਨੇ ਇਸ ਬਾਈਕਾਟ ਦੀ ਪ੍ਰਵਾਹ ਨਾ ਕਰਦਿਆਂ ਹੋਇਆਂ ਵੋਟਾਂ ਪਾਈਆਂ ਅਤੇ ਸਰਦਾਰ ਬਰਨਾਲਾ ਜੀ ਦੀ ਸਰਕਾਰ ਨੂੰ ਹੋਂਦ ਵਿੱਚ ਲਿਆਂਦਾ । ਉਸ

ਤੋਂ ਬਾਅਦ ਓਪਰੇਸ਼ਨ ਬਲੈਕ ਥੰਡਰ ਹੋਇਆ । ਅੱਤਵਾਦੀ ਨਿਖੇੜੇ ਗਏ । ਉਸ ਸਮੇਂ ਵੀ ਅਮਨ ਕਾਨੂੰਨ ਦੀ ਹਾਲਤ ਵਿਚ ਸੁਧਾਰ ਆਇਆ ਸੀ। ਜਿਹੜੀ ਇਹ ਚਰਚਾ ਕੀਤੀ ਗਈ ਹੈ ਕਿ ਪੰਜਾਬ ਦੀ ਸਰਕਾਰ ਨੇ ਅਮਨ ਤੇ ਕਾਨੂੰਨ ਦੀ ਹਾਲਤ ਵਿਚ ਬੜਾ ਸੁਧਾਰ ਲਿਆਂਦਾ ਹੈ, ਇਹ ਜਿਹੜਾ ਅਮਨ ਤੇ ਕਾਨੂੰਨ ਵਿਚ ਸੁਧਾਰ ਆਇਆ ਹੈ, ਇਸ ਨੂੰ ਲਿਆਉਣ ਵਾਸਤੇ ਦੇਸ਼ ਭਗਤ ਤਾਕਤਾਂ, ਫਿਰਕਾਪ੍ਰਸਤ ਵਿਰੋਧੀ ਤਾਕਤਾਂ ਆਦਿ ਸਾਰਿਆਂ ਨੇ ਜੀਅ ਜਾਨ ਦੀ ਲੜਾਈ ਲੜੀ ਹੈ । ਮੇਰੇ ਕਾਂਗਰਸੀ ਵੀਰ ਨਰਾਜ਼ ਨਾ ਹੋਣ, ਉਸ ਵੇਲੇ ਇਹ ਡਰਦੇ ਬਿਲਕੁਲ ਹੀ ਬਾਹਰ ਨਹੀਂ ਸਨ ਨਿਕਲਦੇ। ਅੱਜ ਜਦੋਂ ਅਸੀਂ ਸੁਰੱਖਿਆ ਫੋਰਸਿਜ਼ ਦੇ ਨਾਲ ਪੰਜਾਬ ਵਿੱਚ ਘੁੰਮਣ ਲਗ ਪਏ ਹਾਂ ਇਸ ਨੂੰ ਤਾਂ ਹੀ ਮੰਨਿਆ ਜਾ ਸਕਦਾ ਹੈ ਜੇਕਰ ਇਹ ਸੁਰੱਖਿਆ ਫੋਰਸਿਜ਼ ਤੋਂ ਬਿਨਾਂ ਸਾਰੇ ਪੰਜਾਬ ਵਿੱਚ ਘੁੰਮਣ । ਮੈਂ ਕਹਿੰਦਾ ਹਾਂ ਕਿ ਅੱਜ ਅੱਤਵਾਦੀਆਂ ਦਾ ਕੋਡ ਚਲਦਾ ਹੈ । ਮੀਡੀਆ ਅੱਜ ਉਨ੍ਹਾਂ ਨੂੰ ਖਾੜਕੂ ਕਹਿੰਦਾ ਹੈ। ਅਸੈਂਬਲੀਆਂ ਵਿੱਚ ਅੱਜ ਵੀ ਉਨ੍ਹਾਂ ਬਾਰੇ ਖਾੜਕੂ ਸ਼ਬਦ ਵਰਤਿਆ ਜਾਂਦਾ ਹੈ। ਅੱਜ ਵੀ ਸਕੂਲਾਂ ਵਿੱਚ ਉਹੀ ਪੁਰਾਣੀਆਂ ਉਨ੍ਹਾਂ ਦੀਆਂ ਲਗਾਈਆਂ ਹੋਈਆਂ ਵਰਦੀਆਂ ਚਲਦੀਆਂ ਹਨ । ਦਸੰਬਰ ਅਤੇ ਜਨਵਰੀ ਵਿੱਚ ਵੀ ਕਈ ਕੱਟੜ ਅੱਤਵਾਦੀ ਭਗੌੜੇ ਹੋਏ ਹਨ। ਹਰ ਜ਼ਿਲ੍ਹੇ ਵਿੱਚ 10-10 ਜਾਂ 15-15 ਅੱਤਵਾਦੀ ਭਗੌੜੇ ਹੋਏ ਹਨ। ਜੇਕਰ ਇਹ ਕਹਿੰਦੇ ਹਨ ਕਿ ਅਮਨ ਤੇ ਕਾਨੂੰਨ ਦੀ ਹਾਲਤ ਠੀਕ ਹੋ ਗਈ ਹੈ ਤਾਂ ਇਹ ਜਿਹੜੇ ਸਾਡੇ ਵਜ਼ੀਰ ਹਨ, ਐਮ.ਐਲ.ਏ. ਸਾਹਿਬਾਨ ਹਨ ਉਨ੍ਹਾਂ ਨੂੰ ਬਗੈਰ ਸੁਰੱਖਿਆ ਫੋਰਸ ਦੇ ਪੰਜਾਬ ਵਿੱਚ ਜਾਣਾ ਚਾਹੀਦਾ ਹੈ ਤਾਂ ਜੋ ਇਨ੍ਹਾਂ ਨੂੰ ਪਤਾ ਲੱਗੇ ਕਿ ਅਮਨ ਕਾਨੂੰਨ ਪੂਰੀ ਤਰ੍ਹਾਂ ਲਾਗੂ ਹੋ ਗਿਆ ਹੈ ਜਾਂ ਨਹੀਂ ।

ਗਵਰਨਰ ਸਾਹਿਬ ਦੇ ਭਾਸ਼ਣ ਵਿੱਚ ਜਿਹੜਾ ਪਾਣੀ ਦਾ ਮਸਲਾ ਦੱਸਿਆ ਗਿਆ ਹੈ ਇਸ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦਾ ਪਾਣੀ ਜਿਹੜਾ ਧਰਤੀ ਥੱਲਿਉਂ ਨਿਕਲਦਾ ਹੈ, ਉਹ ਦਿਨੋਂ ਦਿਨ ਥੱਲੇ ਜਾ ਰਿਹਾ ਹੈ। ਤਕਰੀਬਨ 70% ਬਲਾਕਾਂ ਵਿੱਚ ਪਾਣੀ ਦੀ ਸਤਹ ਬੜੀ ਥੱਲੇ ਜਾ ਰਹੀ ਹੈ । ਪਰ ਪੰਜਾਬ ਦੀ ਸਰਕਾਰ ਪਾਣੀ ਦੀ ਲੜਾਈ ਦੀ ਗੱਲ ਨੂੰ ਠੀਕ ਤਰੀਕੇ ਨਾਲ ਨਿਭਾਉਣ ਅਤੇ ਹੱਲ ਕਰਨ ਲਈ ਤਿਆਰ ਨਹੀਂ । ਜੇਕਰ ਪੰਜਾਬ ਦਾ ਬਣਦਾ ਪਾਣੀ ਨਾ ਲਿਆ ਗਿਆ ਤਾਂ 15-20 ਸਾਲਾਂ ਵਿੱਚ ਸਾਡਾ ਪੰਜਾਬ ਰੇਗਿਸਤਾਨ ਬਣ ਜਾਵੇਗਾ। ਚੰਡੀਗੜ੍ਹ ਦਾ ਮਸਲਾ ਬੜੇ ਲੰਮੇ ਸਮੇਂ ਤੋਂ ਲਟਕਦਾ ਆ ਰਿਹਾ ਹੈ । ਚੰਡੀਗੜ੍ਹ ਪ੍ਰਾਪਤ ਕਰਨ ਵਾਸਤੇ ਪਿਛਲੇ ਸਮੇਂ ਵਿੱਚ ਸੈਂਟਰ ਦੀ ਸਰਕਾਰ ਨੇ ਪੰਜਾਬ ਨਾਲ ਬੜਾ ਧੋਖਾ ਕੀਤਾ । ਕਈ ਕਮਿਸ਼ਨ ਬਿਠਾਏ ਜਦੋਂ ਫੈਸਲਾ ਨੇੜੇ ਪਹੁੰਚਿਆ ਤਾਂ ਆਪਣੇ ਸੌੜੇ ਹਿੱਤਾਂ ਦੀ ਖਾਤਰ ਲਾਗੂ ਨਹੀਂ ਕੀਤਾ । ਦਿੱਲੀ ਦੇ ਦੰਗਾ-ਕਾਰੀਆਂ ਦੇ ਖਿਲਾਫ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਅੱਤ-ਵਾਦੀਆਂ ਨੇ ਪੰਜਾਬ ਦੇ ਲੋਕਾਂ ਦਾ ਅਪਮਾਨ ਕੀਤਾ, ਕਤਲ ਕੀਤਾ ਉਨ੍ਹਾਂ ਨੂੰ ਸਖ਼ਤ ਸਜ਼ਾਵਾਂ ਮਿਲਣੀਆਂ ਚਾਹੀਦੀਆਂ ਹਨ। ਅਸੀਂ ਕਦੇ ਡਰ ਕੇ ਨਹੀਂ ਕਹਿੰਦੇ, ਖੁਲ੍ਹ ਕੇ ਕਹਿੰਦੇ ਹਾਂ ਕਿ ਜਿਨ੍ਹਾਂ ਨੇ ਸਾਢੇ ਤਿੰਨ ਹਜ਼ਾਰ ਪੰਜਾਬੀ ਦਿੱਲੀ ਵਿੱਚ ਕਤਲ ਕਰ ਦਿਤੇ, ਬੋਕਾਰੋ, ਕਾਨਪੁਰ ਵਿੱਚ ਕਤਲ ਕਰ ਦਿਤੇ ਅੱਜ ਉਹ ਲੋਕ ਗੱਦੀਆਂ ਤੇ ਬੈਠੇ ਹੋਣ, ਉਹ ਅੱਤਵਾਦੀਆਂ ਤੋਂ ਕਿਵੇਂ ਘੱਟ ਹਨ ? ਜਿੰਨਾਂ ਚਿਰ ਤੱਕ ਦਿੱਲੀ ਦੇ ਦੰਗਾ ਕਾਰੀਆਂ ਨੂੰ ਸਜ਼ਾਵਾਂ ਨਹੀਂ ਦਿਤੀਆਂ ਜਾਂਦੀਆਂ ਉਨ੍ਹਾਂ ਚਿਰ ਤੱਕ ਪੰਜਾਬੀਆਂ ਦੇ ਦਿਲ ਸ਼ਾਂਤ ਨਹੀਂ ਹੁੰਦੇ ।

[ਕਾਮਰੇਡ ਤਰਸੇਮ ਜੋਧਾਂ]

ਸੂਬਿਆਂ ਨੂੰ ਵੱਧ ਅਧਿਕਾਰ ਦੇਣ ਦੀ ਗੱਲ ਹੈ। ਸੂਬੇ ਮਿਉਂਸਪਲ ਕਮੇਟੀਆਂ ਬਣਾ ਕੇ ਰੱਖ ਦਿਤੀਆਂ ਗਈਆਂ ਹਨ। ਕੋਈ ਨਵਾਂ ਪ੍ਰਾਜੈਕਟ ਨਹੀਂ ਲਗਦਾ। ਪੰਜਾਬੀ ਬੋਲੀ ਨੂੰ ਇਨਸਾਫ ਨਹੀਂ ਦਿੱਤਾ ਜਾ ਰਿਹਾ। ਅੱਜ ਵੀ ਸਰਕਾਰੀ ਦਫਤਰਾਂ ਦੇ ਵਿੱਚ, ਅੱਜ ਵੀ ਸਾਡੀ ਅਸੈਂਬਲੀ ਦੇ ਇਸ ਸਦਨ ਦੇ ਵਿੱਚ ਅੰਗਰੇਜ਼ੀ ਦੀ ਵਰਤੋਂ ਕੀਤੀ ਜਾ ਰਹੀ ਹੈ। ਗਵਾਂਢੀ ਰਾਜ ਦੇ ਵਿੱਚ, ਹਰਿਆਣਾ ਦੇ ਵਿੱਚ ਪੰਜਾਬੀ ਨੂੰ ਦੂਜਾ ਦਰਜਾ ਨਹੀਂ ਦਿੱਤਾ ਗਿਆ। ਉਥੇ ਤਾਮਿਲ ਭਾਸ਼ਾ ਨੂੰ ਦੂਜਾ ਦਰਜਾ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਮੈਂ ਤੁਹਾਡੇ ਰਾਹੀਂ ਸਦਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਵਿੱਚ ਉਦੋਂ ਤੱਕ ਸ਼ਾਂਤੀ ਨਹੀਂ ਹੋ ਸਕਦੀ (ਵਿਘਨ) ਪੰਜਾਬ ਦੇ ਵਿੱਚ ਲਗਾਤਾਰ ਬੇਕਾਰੀ ਵੱਧ ਰਹੀ ਹੈ। ਗਵਰਨਰ ਸਾਹਿਬ ਦੇ ਭਾਸ਼ਣ ਵਿੱਚ ਕਿਹਾ ਗਿਆ ਹੈ ਕਿ 3024 ਯੁਵਕਾਂ ਨੂੰ ਨੌਕਰੀ ਦਿਤੀ ਗਈ ਹੈ, 3024 ਨਹੀਂ, ਹਜ਼ਾਰਾਂ ਨਹੀਂ, ਲੱਖਾਂ ਯੁਵਕ ਬੇਕਾਰ ਹਨ, ਡਾਕਟਰ ਬੇਕਾਰ ਹਨ, ਇੰਜੀਨੀਅਰ ਬੇਕਾਰ ਹਨ, ਬੀ. ਏ., ਬੀ. ਐਸ. ਸੀ. ਕਰਕੇ ਨੌਜਵਾਨ ਬੇਕਾਰ ਫਿਰ ਰਹੇ ਹਨ ਜੇਕਰ ਉਨ੍ਹਾਂ ਨੂੰ ਨੌਕਰੀ ਨਾ ਦਿਤੀ ਗਈ ਤਾਂ ਬੇਰੋਜ਼ਗਾਰੀ ਹੋਰ ਵਧੇਗੀ ਅਤੇ ਇਸਦੇ ਲਈ ਵੀ ਭਾਸ਼ਣ ਦੇ ਵਿੱਚ ਕੋਈ ਚਰਚਾ ਨਹੀਂ। ਕੇਂਦਰ ਸਰਕਾਰ ਨੇ ਨਵੀਆਂ ਨੀਤੀਆਂ ਬਣਾਈਆਂ ਹਨ ਉਨ੍ਹਾਂ ਵਿੱਚ ਜੋ ਜੋ ਢੰਗ ਨਾਲ ਆਈ, ਐਮ. ਐਫ. ਬੈਂਕ ਤੋਂ ਕਰਜ਼ਾ ਲਿਆ ਗਿਆ, ਸ਼ਰਤਾਂ ਰੱਖੀਆਂ ਗਈਆਂ ਨੇ, ਸਬਸਿਡੀਆਂ ਖਤਮ ਕੀਤੀਆਂ ਜਾ ਰਹੀਆਂ ਹਨ ਸਾਡੀ ਸੈਂਟਰ ਦੀ ਸਰਕਾਰ ਅੰਗੂਠਾ ਲਾ ਕੇ ਆ ਗਈ ਹੈ ਜੇਕਰ ਉਹ ਮਲਟੀਨੈਸ਼ਨਲ ਕਾਰਪੋਰੇਸ਼ਨਾਂ ਪੰਜਾਬ ਦੇ ਵਿੱਚ ਆਉਣਗੀਆਂ, ਸਾਡੀ ਸੱਨਅਤ ਜਿਹੜੀ ਪਹਿਲਾਂ ਹੀ ਤਬਾਹ ਹੋ ਗਈ ਹੈ ਕੁਝ ਅੱਤਵਾਦ ਅਤੇ ਵੱਖਵਾਦ ਦੇ ਹੱਥੋਂ, ਅੱਜ ਦੇਸ਼ ਦੇ ਵਿੱਚ ਜੋ ਵਾਤਾਵਰਣ ਅਯੁੱਧਿਆ ਦੇ ਮਸਲੇ ਤੋਂ ਬਾਅਦ ਪੈਦਾ ਹੋਇਆ ਹੈ ਔਰ ਦੇਸ਼ ਵਿੱਚ ਆਰਥਿਕ ਸੰਕਟ ਹੈ, ਜੇ ਉਹ ਕਾਰਪੋਰੇਸ਼ਨਾਂ ਆ ਗਈਆਂ ਤਾਂ ਸਾਡੇ ਦੇਸ਼ ਦੀ ਸੱਨਅਤ ਤਬਾਹ ਹੋ ਜਾਵੇਗੀ। ਸਾਡੇ ਇੱਕ ਈਸਟ ਇੰਡੀਆ ਕੰਪਨੀ ਆਈ ਸੀ, ਉਸ ਦੇ ਬਾਅਦ ਉਸ ਨੇ ਇੰਨਾ ਗਲਬਾ ਪਾਇਆ ਕਿ ਦੇਸ਼ ਦੀ ਆਰਥਿਕਤਾ ਤੇ ਕੰਟਰੋਲ ਕਰ ਗਈ ਅਤੇ ਦੇਸ਼ ਨੂੰ ਗੁਲਾਮ ਕਰਕੇ ਰੱਖ ਗਈ। ਇਸ ਐਡਰੈਸ ਦੇ ਵਿੱਚ ਕੋਈ ਚਰਚਾ ਨਹੀਂ ਕੀਤੀ। ਜੇ ਇਨ੍ਹਾਂ ਨੇ ਇਨ੍ਹਾਂ ਸੱਨਅਤਾਂ ਨੂੰ ਖੁਲ੍ਹਾ ਛੱਡ ਦਿਤਾ, ਇਹ ਠੀਕ ਹੈ ਕਿ ਮੁਨਾਫਾ ਵਧੇਗਾ, ਨਵੀਂ ਟੈਕਨਾਲੋਜੀ ਆਵੇਗੀ ਪਰ ਇਸ ਦੇ ਨਾਲ ਹੀ ਬੇਕਾਰੀ ਵੀ ਵਧੇਗੀ ਸਾਡੇ ਦੇਸ਼ ਵਿੱਚ, ਖਾਸ ਕਰਕੇ ਪੰਜਾਬ ਵਿੱਚ ਪਹਿਲਾਂ ਹੀ ਬੇਰੋਜ਼ਗਾਰੀ ਬਹੁਤ ਵੱਧ ਰਹੀ ਹੈ। ਨੌਕਰੀਆਂ ਤੇ ਬੈਨ ਹੈ, ਸਕੂਲਾਂ ਵਿਚ, ਹਸਪਤਾਲਾਂ ਵਿੱਚ ਅਤੇ ਹੋਰ ਮਹਿਕਮਿਆਂ ਵਿੱਚ 10-10, 15-15 ਸਾਲਾਂ ਤੋਂ ਭਰਤੀ ਨਹੀਂ ਕੀਤੀ ਗਈ, ਜਿਹੜੇ ਨੌਜਵਾਨ ਬੇਕਾਰ ਹਨ ਉਹ ਹੋਰ ਬੇਕਾਰ ਹੋਣਗੇ ਔਰ ਇਸ ਦੇ ਨਾਲ ਅੱਤਵਾਦੀਆਂ ਅਤੇ ਵੱਖਵਾਦੀਆਂ ਨੂੰ ਉਧਾਰ ਮਹੱਈਆ ਹੋਵੇਗਾ। ਇਸ ਦੇ ਨਾਲ ਹੀ, ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਗਵਰਨਰ ਪੰਜਾਬ ਦੇ ਭਾਸ਼ਣ ਵਿੱਚ ਫਿਰਕਾ-ਪ੍ਰਸਤੀ ਨਾਲ ਹੀ, ਸਮਝੌਤਾ ਕੀਤਾ ਗਿਆ ਹੋ ਸਕਦਾ ਹੈ ਕਿ ਹਿੰਦੂ ਲੋਕਾਂ ਦੀਆਂ ਵੋਟਾਂ ਲੈਣੀਆਂ ਹੋਣ। ਸਾਡੇ ਸੀ. ਐਮ. ਸਾਹਿਬ ਪੰਜ ਜੰਨ-ਮਸਾਲਾਂ ਨੂੰ ਰਲੀਜ਼ ਕਰਦੇ ਹਨ, ਸੈਂਟਰ ਦੀ ਸਰਕਾਰ ਜੋ

ਹੈ ਉਹ ਜਦੋਂ ਅਯੁਧਿਆ ਵਿੱਚ 6 ਦਸੰਬਰ, ਨੂੰ ਘਟਨਾ ਵਾਪਰਦੀ ਹੈ, ਉਥੇ ਸੁਰੱਖਿਆ ਫੋਰਸਾਂ ਨੂੰ ਕੋਈ ਹੁਕਮ ਦੇਣ ਲਈ ਤਿਆਰ ਨਹੀਂ । ਆਸਾਮ ਦੇ ਵਿੱਚ ਗੜਬੜ ਵਾਲਾ ਇਲਾਕਾ ਕਰਾਰ ਕਰ ਦਿਤਾ ਗਿਆ ਜਦ ਕਿ ਮੁੱਖ ਮੰਤਰੀ ਕਹਿੰਦਾ, ਕਿ ਸੰਕੇਤਕ ਉਸਾਰੀ ਹੋਵੇਗੀ, ਇਹ ਸਮਝੌਤਾ ਕੀਤਾ ਗਿਆ ਫਿਰਕਾ-ਪ੍ਰਸਤ ਸ਼ਕਤੀਆਂ ਦੇ ਨਾਲ, ਸਪੀਕਰ ਸਾਹਿਬ, ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ....

ਸ਼੍ਰੀ ਮਦਨ ਮੋਹਨ ਮਿੱਤਲ : ਪੁਆਇੰਟ ਆਫ ਆਰਡਰ, ਸਰ ।

ਸ਼੍ਰੀ ਸਪੀਕਰ : ਮਿੱਤਲ ਜੀ, ਤੁਹਾਡਾ ਪੁਅਇੰਟ ਆਫ ਆਰਡਰ ਕੀ ਹੈ ?

ਸ਼੍ਰੀ ਮਦਨ ਮੋਹਨ ਮਿੱਤਲ : ਮੇਰਾ ਪੁਆਇੰਟ ਆਫ ਆਰਡਰ ਹੈ ਕਿ ਇਸ ਸਦਨ ਵਿੱਚ ਇਹ ਰੂਲਿੰਗ ਦਿਤੀ ਗਈ ਸੀ ਕਿ ਕੇਂਦਰ ਦੇ ਮਾਮਲੇ ਵਿੱਚ ਕੋਈ ਚਰਚਾ ਨਹੀਂ ਕੀਤੀ ਜਾਵੇਗੀ, ਪ੍ਰੰਤੂ ਮਾਨਯੋਗ ਮੈਂਬਰ ਅਜਿਹੇ ਮਸਲੇ ਡਿਸਕਸ ਕਰ ਰਿਹਾ ਹੈ, ਇਹ ਨਹੀਂ ਹੋਣੇ ਚਾਹੀਦੇ ?

ਸ਼੍ਰੀ ਸਪੀਕਰ : ਤਰਸੇਮ ਜੀ, ਤੁਸੀਂ ਗਵਰਨਰ ਸਾਹਿਬ ਦੇ ਭਾਸ਼ਣ ਤੇ ਬੋਲੋ ।

ਕਾਮਰੇਡ ਤਰਸੇਮ ਜੋਧਾਂ : ਜਿੱਥੋਂ ਤੱਕ ਪੰਜਾਬ ਦੇ ਮਸਲੇ ਦਾ ਸਵਾਲ ਹੈ, ਪੰਜਾਬ ਦੇ ਵਿੱਚ ਪੁਲਿਸ ਦੇ ਬਹੁਤ ਸਾਰੇ ਕਰਮਚਾਰੀਆਂ ਨੇ ਕੁਰਬਾਨੀਆਂ ਦਿਤੀਆਂ, ਆਪਣੇ ਪ੍ਰੀਵਾਰਾਂ ਨੂੰ ਸ਼ਹੀਦ ਕਰਵਾ ਗਏ ਔਰ ਪੰਜਾਬ ਦੀ ਲੜਾਈ ਲੜੀ ਹੈ, ਪਰ ਨਾਲ ਹੀ ਮੈਂ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਦਾ ਇੱਕ ਬਹੁਤ ਵੱਡਾ ਹਿੱਸਾ ਜਿਸ ਨੇ ਮਨ-ਮਾਨੀਆਂ ਕੀਤੀਆਂ ਹਨ ਜਿਨ੍ਹਾਂ ਨੇ ਬੇ-ਦੋਸ਼ੇ ਲੋਕਾਂ ਨੂੰ ਮਾਰ ਕੇ ਫੀਤੀਆਂ ਲਗਾਈਆਂ ਹਨ, ਜਿਨ੍ਹਾਂ ਨੇ ਮੋਟੇ ਪੈਸੇ ਇਕੱਠੇ ਕੀਤੇ ਔਰ ਜਿਨ੍ਹਾਂ ਨੇ ਬੇਦੋਸ਼ੀਆਂ ਨੂੰ ਮਾਰਿਆ, ਜੋ ਅੱਤਵਾਦੀ ਬੇ-ਦੋਸ਼ ਲੋਕਾਂ ਨੂੰ ਮਾਰਦੇ ਹਨ, ਬੱਚਿਆਂ ਨੂੰ ਮਾਰਦੇ ਹਨ, ਜਿਹੜੇ ਪੁਲਸ ਵਾਲੇ ਦੂਸਰੇ ਡੇਢ, ਡੇਢ ਦੋ ਦੋ ਸਾਲ ਦੇ ਬੱਚਿਆਂ ਨੂੰ ਮਾਰਦੇ ਹਨ ਚਾਹੇ ਕੁਲਵੰਤ ਸਿੰਘ ਵਕੀਲ ਹੋਵੇ, ਉਸ ਦੀ ਘਰ ਵਾਲੀ ਹੋਵੇ, ਉਸ ਦਾ ਬੱਚਾ ਹੋਵੇ ......

ਸ਼੍ਰੀ ਸਪੀਕਰ : ਇਹ ਰਿਪੀਟ ਨਾ ਕਰੋ, ਇਹ ਮਸਲਾ ਪਹਿਲਾਂ ਹੀ ਹਾਊਸ ਵਿੱਚ ਡਿਸਕਸ ਹੋ ਚੁਕਿਆ ਹੈ ।

ਕਾਮਰੇਡ ਤਰਸੇਮ ਜੋਧਾਂ : ਜਿਹੜੇ ਪਿੰਡ ਲਤਾੜੇ ਗਏ ਅਤੇ ਬੀਬੀ ਰਜਿੰਦਰ ਕੌਰ ਅਤੇ ਉਸ ਦੇ ਪਤੀ ਨੂੰ ਕੱਟ ਕੱਟ ਕੇ ਮਾਰ ਦਿਤਾ ਅਤੇ ਇਸਦੀ ਇਨਕੁਆਇਰੀ ਹੋਣੀ ਚਾਹੀਦੀ ਸੀ ਪਰ ਲੁਧਿਆਣੇ ਦਾ ਜਿਹੜਾ ਡਿਸਟ੍ਰਿਕਟ ਮੈਜਿਸਟਰੇਟ ਹੈ ਉਹ ਕਹਿ ਰਿਹਾ ਹੈ ....

ਸ਼੍ਰੀ ਸਪੀਕਰ : ਤਰਸੇਮ ਜੀ, ਪਲੀਜ਼ ਇਸ ਤੇ ਵੀ ਪਹਿਲਾਂ ਹੀ ਚਰਚਾ ਹੋ ਚੁੱਕੀ ਹੈ । Do not repeat it. Try to touch some new subject.

ਕਾਮਰੇਡ ਤਰਸੇਮ ਜੋਧਾਂ : ਮੇਰੇ ਹੱਥ ਖੜ੍ਹੇ ਹਨ, ਬੀਰਮਾਜਰੀ ਦਾ ਸਵਾਲ ਹੈ। ਬੀਰੋਮਾਜਰੀ ਵਿਚ ਕੀ ਹੋਇਆ ? ਉਥੇ ਪੁਲਿਸ ਕਰਮਚਾਰੀਆਂ ਨੇ ਰੇਪ ਕੀਤਾ। ਉਹ ਦੁਬਾਰਾ ਫਿਰ ਗਏ, ਲੜਕੀ ਨੇ ਕੰਬਲ ਪਛਾਣ ਲਿਆ। ਉਥੇ ਪੁਲਿਸ ਨੇ ਜੋ ਜਬਰ ਕੀਤਾ, ਅੱਜ ਤੱਕ ਵੀ ਬੀਰੋਮਾਜਰੀ ਦੇ ਲੋਕ ਇਸ ਕਰਕੇ ਪਿੰਡ ਵਿਚ ਵੜਨ ਤੋਂ ਡਰਦੇ ਹਨ। ਲੋਕਾਂ ਦੇ ਟਰੈਕਟਰ ਲੈ ਲਏ, ਟਰੈਕਟਰ ਭੰਨ ਦਿੱਤੇ ਗਏ। ਇਸ ਦੇ ਨਾਲ ਹੀ ਮੈਂ ਆਪਣੇ ਪੁਲਿਸ ਜ਼ਿਲ੍ਹੇ, ਜਗਰਾਉਂ ਦੀ ਗੱਲ ਕਰਨੀ ਚਾਹੁੰਦਾ ਹਾਂ। ਉਥੇ ਔਰਤਾਂ ਨੂੰ ਫੜਿਆ ਗਿਆ। ਚੀਮਨੇ ਪਿੰਡ ਵਿਚ ਜਾ ਕੇ 16-16 ਸਾਲ ਦੀਆਂ ਲੜਕੀਆਂ ਦੇ ਸਰਪੰਚਾਂ ਦੇ ਘਰ ਕੱਪੜੇ ਉਤਾਰ ਕੇ ਉਨ੍ਹਾਂ ਨੂੰ ਟਾਰਚਰ ਕੀਤਾ ਗਿਆ ਉਨ੍ਹਾਂਦੀਆਂ ਲੱਤਾਂ ਪਾੜ ਦਿੱਤੀਆਂ ਗਈਆਂ। ਜਗਦੇਵ ਸਿੰਘ ਤਲਵੰਡੀ ਦੇ ਪਿੰਡ ਤਲਵੰਡੀ ਦੇ ਸਧਾਰ ਥਾਣੇ ਵਿਚ 60 ਸਾਲ ਦੀ ਮਾਤਾ ਅਤੇ 16-17 ਸਾਲ ਦੀ ਔਰਤ ਨੂੰ ਕੁੱਟਿਆ ਗਿਆ। ਇਸ ਤੋਂ ਇਲਾਵਾ, ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਸੱਠ-ਸੱਠ ਸਾਲਾਂ ਦੀਆਂ ਔਰਤਾਂ ਦੇ ਕੱਪੜੇ ਲਾਹੇ ਗਏ। ਮੈਂ ਆਪ ਜਾ ਕੇ ਉਨ੍ਹਾਂ ਪੁਲਿਸ ਵਾਲਿਆਂ ਨਾਲ ਲੜਿਆ ਕਿ ਵਧੀਕੀਆਂ ਨਹੀਂ ਹੋਣੀਆਂ ਚਾਹੀਦੀਆਂ। ਕੀ ਉਹ ਅੱਤਵਾਦੀ ਹਨ ਜਾਂ ਉਨ੍ਹਾਂ ਕਿਸੇ ਨਾਲ ਜੁਰਮ ਕੀਤਾ ਹੈ ? ਪੈਸੇ ਬਣਾਉਣ ਦੀ ਖਾਤਰ ਉਹ ਭੁਲੇਰ ਪਿੰਡ ਵਿਚ ਰਾਮਦਾਸੀਆਂ ਦੇ ਇੱਕ ਲੜਕੇ ਨੂੰ ਚੋਰੀ ਦੇ ਕੇਸ ਵਿਚ ਲੈ ਆਏ। ਮੈਂ ਜਾ ਕੇ ਐਸ. ਐਚ. ਓ. ਨੂੰ ਕਿਹਾ ਇਸ ਤੋਂ ਬਾਅਦ ਇੱਕ ਹੋਰ ਬੰਦਾ ਵੀ ਗਿਆ। ਉਸ ਨੂੰ ਕਿਹਾ ਕਿ 35,000/- ਰੁਪਏ ਦਿਓ ਜਾਂ ਫਿਰ ਅਖੰਡ ਪਾਠ ਕਰਵਾਓ। ਜੇਕਰ ਪੁਲਿਸ ਦੀਆਂ ਵਧੀਕੀਆਂ ਨਹੀਂ ਰੋਕਾਂਗੇ ਤਾਂ ਸ਼ਾਂਤੀ ਨਹੀਂ ਆਵੇਗੀ ਇਸ ਤਰ੍ਹਾਂ ਦੇ ਇੱਕ ਕੇਸ ਨਹੀਂ, ਅਨੇਕਾਂ ਕੇਸ ਅਜਿਹੇ ਹਨ।

Mr. Speaker : Try to wind up please.

ਕਾਮਰੇਡ ਤਰਸੇਮ ਜੋਧਾਂ : ਜਿੱਥੋਂ ਤੱਕ ਵਿੱਤ ਦਾ ਸਵਾਲ ਹੈ, ਲੋਕਾਂ ਤੇ ਨਵੇਂ ਟੈਕਸ ਲਗਾਏ ਗਏ ਹਨ, ਬੱਸਾਂ ਦਾ ਕਰਾਇਆ ਵਧਾਇਆ ਗਿਆ ਹੈ। ਬਿਜਲੀ ਅਤੇ ਸੀਵਰੇਜ ਦੇ ਬਿਲ ਵਧਾਏ ਗਏ ਹਨ। ਟੈਕਸ ਵਿਚ ਚੋਰੀ ਨੂੰ ਰੋਕਿਆ ਨਹੀਂ ਗਿਆ। ਬਿਜਲੀ ਦੀ ਚੋਰੀ ਨੂੰ ਰੋਕਿਆ ਨਹੀਂ ਗਿਆ। ਇਸ ਤਰ੍ਹਾਂ ਵਿੱਤ ਦੀ ਹਾਲਤ ਆਉਣ ਵਾਲੇ ਸਮੇਂ ਵਿਚ ਹੋਰ ਵੀ ਮਾੜੀ ਹੋਣ ਵਾਲੀ ਹੈ।

ਜਿੱਥੋਂ ਤੱਕ ਇੰਡਸਟਰੀ ਦਾ ਸਵਾਲ ਹੈ, ਐਗਰੋ ਇੰਡਸਟਰੀ ਨਹੀਂ ਲਗਾਈ ਜਾ ਰਹੀ। ਪੈਟਰੋ ਕੈਮੀਕਲ ਇੰਡਸਟਰੀ ਨਹੀਂ ਲਗਾਈ ਜਾ ਰਹੀ। ਸਮਾਲ ਸਕੇਲ ਇੰਡਸਟਰੀ ਨੂੰ ਉਤਸ਼ਾਹਤ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਲੋਕਾਂ ਨੂੰ ਰੁਜ਼ਗਾਰ ਮਿਲ ਸਕੇ।

ਜਿੱਥੋਂ ਤੱਕ ਖੇਤੀ ਮਜ਼ਦੂਰਾਂ ਦਾ ਸਵਾਲ ਹੈ, ਉਨ੍ਹਾ ਵਾਸਤੇ ਪਲਾਟਾ ਦੀ ਗੱਲ ਨਹੀਂ ਹੈ। ਪਿੰਡਾ ਵਿਚ ਉਨ੍ਹਾਂ ਵਾਸਤੇ ਲੈਟਰਿਨਾਂ ਬਣਾਉਣ ਦੀ ਕੋਈ ਗੱਲ ਨਹੀਂ ਹੈ। ਅੱਜ ਉਨ੍ਹਾਂ ਨੂੰ ਬਾਈਕਾਟ ਦਾ ਸਾਹਮਣਾ ਕਰਨਾ ਪੈਂਦਾ ਹੈ। ਅਸੀਂ ਦੇਖ ਰਹੇ ਹਾਂ ਕਿ

ਸਮਾਜ ਭਲਾਈ ਮਹਿਕਮੇ ਦੀਆਂ ਗੱਲਾਂ ਲੋਕਾਂ ਤਕ ਨਹੀਂ ਪਹੁੰਚ ਰਹੀਆਂ ਹਨ । ਇਸ ਤੋਂ ਇਲਾਵਾ ਸ਼ਡਿਊਲਡ ਕਾਸਟਸ ਅਤੇ ਖੇਤੀ ਮਜ਼ਦੂਰਾਂ ਦੇ ਕਰਜ਼ੇ ਮਾਫ ਨਹੀਂ ਕੀਤੇ ਜਾ ਰਹੇ ਹਨ ਕਰਜ਼ੇ ਲੈਣ ਵਾਸਤੇ ਉਨ੍ਹਾਂ ਨੂੰ ਦਫਤਰਾਂ ਦੇ ਚੱਕਰ ਕੱਟਣੇ ਪੈਂਦੇ ਹਨ । ਸਾਡੀ ਖੇਤੀਬਾੜੀ ਦਾ ਹਾਲ ਬਹੁਤ ਹੀ ਮੰਦਾ ਹੈ ; ਸਾਡੀਆਂ ਵਪਾਰਕ ਫ਼ਸਲਾਂ ਦੇ ਭਾਅ ਡਿੱਗ ਰਹੇ ਹਨ । ਚਾਹੇ ਉਹ ਫਸਲ ਆਲੂ ਦੀ ਹੈ ਜਾਂ ਨਰਮੇ ਦੀ । ਇਸ ਦੇ ਨਾਲ ਹੀ ਖੇਤੀ ਦੀਆਂ ਜਿਹੜੀਆਂ ਇਨਪੁਟਸ ਹਨ, ਉਨ੍ਹਾਂ ਦੀਆਂ ਕੀਮਤਾਂ ਵੱਧ ਹੋ ਰਹੀਆਂ ਹਨ । ਭਾਵੇਂ ਉਹ ਖਾਦਾਂ ਹਨ, ਕੀੜੇ ਮਾਰ ਦਵਾਈਆਂ ਹਨ । ਪੰਜਾਬ ਦੀ ਕਿਸਾਨੀ ਲਗਾਤਾਰ ਕਰਜ਼ੇ ਥੱਲੇ ਜਾ ਰਹੀ ਹੈ ।

ਵਿਧਵਾ ਪੈਨਸ਼ਨਰਾਂ ਨੂੰ ਬੜੇ ਸਬਜ਼ ਬਾਗ ਦਿਖਾਏ ਜਾ ਰਹੇ ਹਨ । ਮੈਂ ਦੱਸਣਾ ਚਾਹੁੰਦਾ ਹਾਂ ਕਿ ਇਸ ਅਸੈਂਬਲੀ ਵਿਚ ਐਲਾਨ ਕੀਤਾ ਸੀ ਕਿ ਪੈਨਸ਼ਨ 100/- ਰੁਪਏ ਤੋਂ 150/- ਰੁਪਏ ਕਰ ਦਿੱਤੀ ਹੈ । ਪਿਛਲੇ ਸਾਲ ਜਦੋਂ 100/- ਰੁਪਏ ਪੈਨਸ਼ਨ ਸੀ ਤਾਂ ਲੁਧਿਆਣੇ ਜ਼ਿਲ੍ਹੇ ਨੂੰ ਦਸ ਲੱਖ ਰੁਪਿਆ ਮਿਲਿਆ ਪਰ ਜਦੋਂ 150/- ਰੁਪਏ ਹੋ ਗਈ ਤਾਂ 7 ਲੱਖ 81 ਹਜ਼ਾਰ ਰੁਪਿਆ ਦਿੱਤਾ । ਪੈਸੇ ਘਟਾ ਦਿੱਤੇ ਗਏ ਹਨ ਅਤੇ ਬਲਾਕਾਂ ਵਿਚ ਜਾ ਕੇ ਡਰਾਮੇ ਕੀਤੇ ਜਾ ਰਹੇ ਹਨ । ਉਥੇ 500-500 ਰੁਪਏ ਦੇ ਫਾਰਮ ਭਰੇ ਜਾ ਰਹੇ ਹਨ । ਸਪੀਕਰ ਸਾਹਿਬ, ਇਨ੍ਹਾਂ ਡਰਾਮਿਆਂ ਨਾਲ ਕੰਮ ਨਹੀਂ ਚੱਲਣਾ । ਸਾਨੂੰ ਚਾਹੀਦਾ ਹੈ ਕਿ ਲੋਕਾਂ ਨੂੰ ਕੁਝ ਦੇਈਏ ਤਾਂ ਹੀ ਪੰਜਾਬ ਵਿਚ ਖੁਸ਼ਹਾਲੀ ਆਵੇਗੀ ।

ਸ਼੍ਰੀ ਸਪੀਕਰ : ਵਾਈਂਡ ਅੱਪ ਕਰੋ ।

ਕਾਮਰੇਡ ਤਰਸੇਮ ਜੋਧਾਂ : ਜਿੱਥੋਂ ਤੱਕ ਰੁਜ਼ਗਾਰ ਦਾ ਸਵਾਲ ਹੈ, ਪਹਿਲਾਂ ਵੀ ਮੈਂ ਗੱਲ ਕੀਤੀ ਹੈ, ਕੁਰੱਪਸ਼ਨ ਵੱਧ ਰਹੀ ਹੈ । ਇੱਥੇ ਟਰਾਂਸਪੋਰਟ ਦੀ ਗੱਲ ਕੀਤੀ ਗਈ ਹੈ । ** ** ** **

ਸ਼੍ਰੀ ਸਪੀਕਰ : ਇਹ ਤੁਹਾਡੇ ਰੀਮਾਰਕਸ ਐਕਸਪੰਜ ਕੀਤੇ ਜਾਂਦੇ ਹਨ ।

ਕਾਮਰੇਡ ਤਰਸੇਮ ਜੋਧਾਂ : ਮੈਂ ਦੱਸਣਾ ਚਾਹੁੰਦਾ ਹਾਂ ਕਿ ਡੀ. ਪੀ. ਆਈ. ਦੇ ਦਫ਼ਤਰ ਵਿਚ ਵੀ ਬਦਲੀਆਂ ਪੈਸੇ ਨਾਲ ਹੀ ਹੁੰਦੀਆਂ ਹਨ ।

ਸ਼੍ਰੀ ਸਪੀਕਰ : ਵਾਈਂਡ ਅੱਪ ਕਰੋ ਜੀ । Time is over.

ਕਾਮਰੇਡ ਤਰਸੇਮ ਜੋਧਾਂ : ਇਸ ਲਈ ਮੈਂ ਗਵਰਨਰ ਸਾਹਿਬ ਦੇ ਭਾਸ਼ਣ ਨਾਲ ਸਹਿਮਤ ਨਾ ਹੁੰਦਾ ਹੋਇਆ ਇਸ ਦੀ ਵਿਰੋਧਤਾ ਕਰਦਾ ਹਾਂ । ਮੈਂ ਸਰਕਾਰ ਨੂੰ ਦੱਸਣਾ ਚਾਹੁੰਦਾ ਹਾਂ ਕਿ ਆਉਣ ਵਾਲੇ ਸਮੇਂ ਵਿਚ ਜੇ ਪੰਜਾਬ ਦੇ ਲੋਕਾਂ ਨਾਲ ਕੀਤੇ ਵਾਇਦੇ

**Expunged as ordered by the Chair.

[ਕਾਮਰੇਡ ਤਰਸੇਮ ਜੋਧਾਂ]

ਪੂਰੇ ਨਾ ਕੀਤੇ ਗਏ, ਖੇਤੀ ਮਜ਼ਦੂਰਾਂ, ਸੱਨਅਤੀ ਮਜ਼ਦੂਰਾਂ, ਭੱਠਾ ਮਜ਼ਦੂਰਾਂ, ਦੇ ਨਾਲ ਕੀਤੇ ਵਾਇਦੇ ਪੂਰੇ ਨਾ ਕੀਤੇ ਗਏ ਤਾਂ ਲੋਕਾਂ ਵਿਚ ਬੜੀ ਬੇਚੈਨੀ ਫੈਲ ਜਾਵੇਗੀ ।

ਸ਼੍ਰੀ ਸਪੀਕਰ : ਵਾਈਂਡ ਅੱਪ ਕਰੋ ਜੀ ।

ਕਾਮਰੇਡ ਤਰਸੇਮ ਜੋਧਾਂ : ਇਨ੍ਹਾਂ ਗੱਲਾਂ ਨਾਲ ਮੈਂ ਖ਼ਤਮ ਕਰਦਾ ਹੋਇਆ ਗਵਰਨਰ ਸਾਹਿਬ ਦੇ ਐਡਰੈਸ ਨਾਲ ਅਸਹਿਮਤੀ ਪ੍ਰਗਟ ਕਰਦਾ ਹਾਂ ਅਤੇ ਆਪਣੀ ਜਗ੍ਹਾ ਲੈਂਦਾ ਹਾਂ ।

ਸ਼੍ਰੀ ਸਪੀਕਰ : ਇਹ ਹਾਊਸ ਸੋਮਵਾਰ, 1 ਮਾਰਚ, 1993 ਨੂੰ 2-00 ਵਜੇ ਬਾਅਦ ਦੁਪਹਿਰ ਤੱਕ ਸਥਿੱਗਤ ਕੀਤਾ ਜਾਂਦਾ ਹੈ ।

*1.30 P.M. | *(The Sabha then adjourned* till 2.00 p.m. on Monday, the Ist March, 1993.)*

342—11-6-93—307—ਪੰਜਾਬ ਸਰਕਾਰ ਪ੍ਰੈਸ, ਪਟਿਆਲਾ ।

Published under the authority of the Punjab Vidhan Sabha and printed by the Controller, Printing and Stationery, Punjab at the Govt. Press, Patiala.

Punjab Vidhan Sabha

Debates

Ist March, 1993

Vol. IV—No. 5

OFFICAL REPORT

CONTENTS

Monday, the Ist March, 1993

Punjab Vidhan Sabha Secretariat, Chandigarh

Price : Rs. 125

PUNJAB VIDHAN SABHA

Monday, the 1st March, 1993

*The Vidhan Sabha met in the Punjab Vidhan Sabha Hall, Vidhan Bhavan, Sector-*1, *Chandigarh, at* 2.00 *P.M. Mr. Speaker (Sardar Harcharn Singh Ajnala) in the Chair.*

STARRED QUESTIONS AND ANSWERS

ਤਹਿਸੀਲ ਜ਼ੀਰਾ ਵਿਚ ਲਿੰਕ ਸੜਕਾਂ ਦੀ ਮੁਰੰਮਤ

*705. **ਸਰਦਾਰ ਇੰਦਰਜੀਤ ਸਿੰਘ ਜ਼ੀਰਾ** : ਕੀ ਖੇਤੀਬਾੜੀ ਅਤੇ ਜੰਗਲਾਤ ਮੰਤਰੀ ਕਿਰਪਾ ਕਰਕੇ ਦਸਣਗੇ ਕਿ ਤਹਿਸੀਲ ਜ਼ੀਰਾ ਵਿਚ ਇਸ ਸਮੇਂ ਲਿੰਕ ਸੜਕਾਂ ਦੀ ਕੁਲ ਲੰਬਾਈ ਕਿੰਨੀ ਹੈ ਅਤੇ ਸਾਲ 1990 ਤੋਂ ਲੈ ਕੇ ਅਜਿਹੀਆਂ ਕਿੰਨੀਆਂ ਲਿੰਕ ਸੜਕਾਂ ਦੀ ਮੁਰੰਮਤ ਕੀਤੀ ਗਈ ਹੈ ਅਤੇ ਕਿੰਨੀਆਂ ਲਿੰਕ ਸੜਕਾਂ ਦੀ ਅਜੇ ਮੁਰੰਮਤ ਕੀਤੀ ਜਾਣੀ ਹੈ ਅਤੇ ਇਨ੍ਹਾਂ ਦੀ ਮੁਰੰਮਤ ਕਦੋਂ ਤਕ ਕੀਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਦਿਲਬਾਗ ਸਿੰਘ ਨਵਾਂਸ਼ਹਿਰ : ਲਿੰਕ ਸੜਕਾਂ ਦੀ ਕੁਲ ਲੰਬਾਈ 704 ਕਿਲੋਮੀਟਰ ਹੈ। ਸਾਲ 1990 ਤੋਂ ਲੈ ਕੇ 142 ਲਿੰਕ ਸੜਕਾਂ ਦੀ ਮੁਰੰਮਤ ਕੀਤੀ ਜਾ ਚੁੱਕੀ ਹੈ। ਜਿਹਨਾਂ ਲਿੰਕ ਸੜਕਾਂ ਦੀ ਮੁਰੰਮਤ ਅਜੇ ਕਰਨੀ ਹੈ ਉਹਨਾਂ ਦੀ ਗਿਣਤੀ 55 ਹੈ ਅਤੇ ਇੰਨਾਂ ਦੀ ਮੁਰੰਮਤ 30 ਜੂਨ, 1993 ਤਕ ਹੋ ਜਾਣ ਦੀ ਉਮੀਦ ਹੈ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁਛਣਾ ਚਾਹੁੰਦਾ ਹਾਂ ਕਿ ਹਾੜੀ ਦੀ ਫਸਲ ਆ ਰਹੀ ਹੈ ਜਦੋਂ ਕਿ ਸੜਕਾਂ ਦਾ ਬਹੁਤ ਬੁਰਾ ਹਾਲ ਹੈ। ਇਨ੍ਹਾਂ ਨੇ 30 ਜੂਨ, 1993 ਤਕ ਹੋ ਜਾਣ ਲਈ ਦੱਸਿਆ ਹੈ ਜਦ ਕਿ 2 ਮਹੀਨੇ ਬਾਅਦ ਬਾਰਸ਼ਾਂ ਦਾ ਸਮਾਂ ਆ ਜਾਵੇਗਾ ਕੀ ਮਨਿਸਟਰ ਸਾਹਿਬ ਕੋਸ਼ਿਸ਼ ਕਰਨਗੇ ਕਿ ਹਾੜੀ ਦੀ ਫਸਲ ਤੋਂ ਪਹਿਲਾਂ ਪਹਿਲਾਂ ਇਨ੍ਹਾਂ ਲਿੰਕ ਸੜਕਾਂ ਦੀ ਮੁਰੰਮਤ ਕਰ ਦਿੱਤੀ ਜਾਵੇ ?

ਮੰਤਰੀ : ਪੂਰੀ ਕੋਸ਼ਿਸ਼ ਕਰਾਂਗੇ ਜੀ। ਅੱਗੇ ਵੀ ਬੜੀ ਕੋਸ਼ਿਸ਼ ਕੀਤੀ ਹੈ ਔਰ ਇਕ ਸਾਲ ਹੋ ਗਿਆ ਹੈ ਕੋਸ਼ਿਸ਼ ਕਰ ਰਹੇ ਹਾਂ।

ਡਾਕਟਰ ਹਰਬੰਸ ਲਾਲ: ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਲਿੰਕ ਸੜਕਾਂ ਦੀ ਰਿਪੇਅਰ ਬੜੀ ਦੇਰ ਤੋਂ ਰੁਕੀ ਹੋਈ ਸੀ ਇਹ ਰਿਪੇਅਰ ਕਰ ਰਹੇ ਹਨ, ਬੜੀ ਖੁਸ਼ੀ ਦੀ ਗੱਲ ਹੈ ਕਿਉਂਕਿ ਸੜਕਾਂ ਡਿਵੈਲਪਮੈਂਟ ਵਾਸਤੇ ਬੜੀਆਂ ਜ਼ਰੂਰੀ ਹਨ। ਇਹ ਇਕ ਬਹੁਤ ਵਡਾ ਮਸਲਾ ਹੈ। ਸੜਕਾਂ ਤੇ ਜੋ ਪੈਸਾ ਖਰਚਿਆ ਜਾ ਰਿਹਾ ਹੈ ਜੋ ਬਰਮ ਕਿਸਾਨਾਂ ਨੇ ਰੋਕੇ ਹੋਏ ਹਨ, ਵਾਹੇ ਹੋਏ ਹਨ ਜਦੋਂ ਤਕ, ਬਰਮਾਂ ਨੂੰ ਸਹੀ ਰੂਪ ਨਹੀਂ ਦਿੱਤਾ ਜਾਂਦਾ, ਉਤੋਂ ਤਕ ਇਹ ਜਿਹੜਾ ਪੈਸਾ ਖਰਚਿਆ ਜਾਂਦਾ ਹੈ ਇਸ ਦਾ ਸਹੀ ਲਾਭ ਨਹੀਂ ਹੁੰਦਾ, ਕੀ ਬਰਮਾਂ ਨੂੰ ਸਹੀ ਰੂਪ ਦੇਣ ਲਈ ਸਰਕਾਰ ਕੋਈ ਕਦਮ ਚੁੱਕ ਰਹੀ ਹੈ ?

ਸ੍ਰੀ ਸਪੀਕਰ : ਇਸ ਦੇ ਲਈ ਸੈਪਰੇਟ ਕੁਐਸਚਨ ਦੇ ਦਿਉ।

ਡਾਕਟਰ ਹਰਬੰਸ ਲਾਲ: ਸਪੀਕਰ ਸਾਹਿਬ, ਇਹ ਬਿਲਕੁਲ ਇਸ ਦੇ ਨਾਲ ਮਿਲਦਾ ਜੁਲਦਾ ਹੈ।

ਮੰਤਰੀ : ਜਿਹੜੀ ਗੱਲ ਤੁਸੀਂ ਕਹਿੰਦੇ ਹੋ, ਇਹ ਲਿਖ ਕੇ ਭੇਜ ਦਿਉ, ਠੀਕ ਕਰ ਦੇਵਾਂਗੇ। (ਵਿਘਨ) ਸਪੈਸਿਫਿਕ ਲਿਖ ਕੇ ਦੱਸ ਦਿਉ।

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕਈ ਸੜਕਾਂ ਆਪਣੀ ਮੁਨਿਆਦ ਤੋਂ ਪਹਿਲਾਂ ਹੀ ਟੁੱਟ ਗਈਆਂ ਹਨ, ਜਦੋਂ ਰਿਪੇਅਰ ਦੀ ਗੱਲ ਆਉਂਦੀ ਹੈ ਤਾਂ ਇਹ ਕਹਿੰਦੇ ਹਨ ਕਿ ਉਤੋਂ ਮਨਜ਼ੂਰੀ ਲਿਆਉਣੀ ਹੈ, ਜਿਹੜੀਆਂ ਸੜਕਾਂ ਮੁਨਿਆਦ ਤੋਂ ਪਹਿਲਾਂ ਟੁੱਟ ਗਈਆਂ ਅਤੇ ਉਸ ਦੇ ਵਿੱਚ ਜੋ ਘੱਪਲੇ ਵਗੈਰਾ ਹੋਏ ਹਨ ਉਹ ਅਲਾਇਦਾ ਗੱਲ ਹੈ ਪਰ ਇਨ੍ਹਾਂ ਟੁੱਟੀਆਂ ਹੋਈਆਂ ਲਿੰਕ ਸੜਕਾਂ ਬਾਰੇ ਮੰਤਰੀ ਜੀ ਬਿਆਨ ਦੇਣ ਕਿ ਕਦੋਂ ਤਕ ਰਿਪੇਅਰ ਹੋ ਜਾਣਗੀਆਂ ?

Mr. Speaker : No supplementary. Next *753.

ਇਸ ਸਵਾਲ ਦੇ ਲਈ ਸਰਦਾਰ ਹਮੀਰ ਸਿੰਘ ਨੂੰ ਅਥਾਰਿਟੀ ਮਿਲੀ ਹੋਈ ਹੈ, ਉਹ ਪੁੱਛਣਗੇ। ਉਹ ਵੀ ਹਾਜ਼ਰ ਨਹੀਂ ਹਨ।

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਇਆ।)

ਸ੍ਰੀ ਸਪੀਕਰ : ਅਗਲਾ ਸਵਾਲ ਨੰ: 754 ਇਸ ਦੀ ਅਥਾਰਟੀ ਵੀ ਸਰਦਾਰ ਹਮੀਰ ਸਿੰਘ ਨੂੰ ਮਿਲੀ ਹੋਈ ਹੈ ਪਰ ਉਹ ਵੀ ਹਾਜ਼ਰ ਨਹੀਂ ਹਨ।

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਇਆ।)

Mr. Speaker. Next question.

ਸਿੰਜਾਈ ਸ਼ਾਖਾ ਦੇ ਇੰਜੀਨੀਅਰਾਂ ਨੂੰ ਮਿਲਟਰੀ ਸੇਵਾ ਦਾ ਲਾਭ

*752. ਸਰਦਾਰ ਜਗਤਾਰ ਸਿੰਘ ਮੁਲਤਾਨੀ : ਕੀ ਸਿੰਜਾਈ ਅਤੇ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਲੋਕ ਨਿਰਮਾਣ ਵਿਭਾਗ (ਸਿੰਜਾਈ ਸ਼ਾਖਾ) ਦੇ ਕੁੱਝ ਇੰਜੀਨੀਅਰਾਂ, ਜਿਨ੍ਹਾਂ ਨੇ 1962-63 ਦੇ ਦੌਰਾਨ ਭਾਰਤੀ ਸੈਨਾ ਵਿਚ ਸੇਵਾ ਕਰਨ ਲਈ ਆਪਣੇ ਆਪ ਨੂੰ ਪੇਸ਼ ਕੀਤਾ ਸੀ, ਨੂੰ ਪੰਜਾਬ ਸਰਕਾਰ ਸੰਕਟਕਾਲੀ (ਰਿਆਇਤ) ਨਿਯਮਾਵਲੀ, 1965 ਅਧੀਨ ਮਿਲਟਰੀ ਸੇਵਾ ਦਾ ਲਾਭ ਨਹੀਂ ਦਿੱਤਾ ਗਿਆ। ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦੀ ਗਿਣਤੀ ਅਤੇ ਨਾਂ ਕੀ ਕੀ ਹਨ ਅਤੇ ਉਨ੍ਹਾਂ ਨੂੰ ਉਕਤ ਸੇਵਾ ਲਾਭ ਨਾ ਦਿੱਤੇ ਜਾਣ ਦੇ ਕੀ ਕਾਰਣ ਹਨ?

ਸ੍ਰੀ ਸੁਰਿੰਦਰ ਕਪੂਰ (ਰਾਜ ਮੰਤਰੀ, ਸਿੰਜਾਈ ਅਤੇ ਬਿਜਲੀ): ਸਾਲ 1962-63 ਦੌਰਾਨ ਸਿੰਚਾਈ ਵਿਭਾਗ ਦੇ ਦੋ ਅਫਸਰ ਸਰਵਸ੍ਰੀ ਪੀ.ਐਸ. ਨਰੂਲਾ ਅਤੇ ਜੋਸਫ ਬਖਸ਼ ਫੌਜ ਦੀ ਸੇਵਾ ਵਿਚ ਗਏ ਸਨ। ਉਨਾਂ ਨੂੰ ਮਿਲਟਰੀ ਸੇਵਾ ਦਾ ਲਾਭ ਦੇਣ ਦਾ ਕੇਸ ਵਿਚਾਰ ਅਧੀਨ ਹੈ।

ਸਰਦਾਰ ਜਗਤਾਰ ਸਿੰਘ ਮੁਲਤਾਨੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕਿਉਂਕਿ ਪੰਜਾਬ ਵਿੱਚ 57 ਮਹੀਨੇ ਪਰੈਜ਼ੀਡੈਂਟ ਰੂਲ ਰਿਹਾ ਹੈ ਪਰ ਹੁਣ ਲੋਕ ਰਾਜ ਦੀ ਸਰਕਾਰ ਬਣ ਗਈ ਹੈ ਜਿਸ ਦੇ ਆਉਣ ਨਾਲ ਬੜੇ ਚੰਗੇ ਕੰਮ ਹੋ ਰਹੇ ਹਨ, ਇਸ ਲਈ ਇਹ ਜਿਹੜਾ ਕੇਸ ਹੈ ਜਿਨ੍ਹਾਂ ਲੋਕਾਂ ਨੇ ਵਿਸ਼ੇਸ਼ ਸੇਵਾ ਕੀਤੀ ਹੈ, ਇਹ ਕੇਸ ਕਿੰਨੇ ਟਾਈਮ ਵਿਚ ਮੁਕੰਮਲ ਹੋ ਜਾਏਗਾ?

ਰਾਜ ਮੰਤਰੀ, ਸਿੰਚਾਈ ਅਤੇ ਬਿਜਲੀ : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਸ ਕੇਸ ਵਿਚ ਥੋੜ੍ਹੀ ਜਿਹੀ ਦੇਰ ਇਸ ਕਰਕੇ ਹੋਈ ਹੈ ਕਿ ਕੁਝ ਕਲੈਰੀਫਿਕੇਸ਼ਨਜ਼ ਇਸ ਡਿਪਾਰਟਮੈਂਟ ਨੇ ਮੰਗੀਆਂ ਸਨ । ਅਤੇ ਪਰਸੋਨਲ ਡਿਪਾਰਟਮੈਂਟ ਜਿੰਨੀ ਛੇਤੀ ਉਹ ਕਾਗਜ਼ਾਤ ਭੇਜ ਦੇਵੇਗਾ ਉਤਨੀ ਛੇਤੀ ਇਹ ਫੈਸਲਾ ਕਰ ਦਿਤਾ ਜਾਵੇਗਾ।

ਸ਼੍ਰੀ ਮਦਨ ਮੋਹਨ ਮਿੱਤਲ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਜੋ ਸਵਾਲ ਹੈ ਕੇਵਲ ਇੰਜੀਨੀਅਰਜ਼ ਬਾਰੇ ਹੈ। ਕੀ ਮੰਤਰੀ ਜੀ ਇਸ ਗੱਲ ਦਾ ਭਰੋਸਾ ਦਿਵਾਉਣਗੇ ਕਿ ਜਿਹੜੇ ਦੂਸਰੇ ਅਫਸਰ ਕਲਾਸ ਦੋ ਜਾਂ ਤਿੰਨ ਦੇ ਹਨ ਔਰ ਜਿਨ੍ਹਾਂ ਲੋਕਾਂ ਨੇ ਡਿਊਰਿੰਗ ਐਮਰਜੈਂਸੀ ਆਰਮੀ ਵਿਚ ਸਰਵਿਸ ਕੀਤੀ ਕੀ ਉਨ੍ਹਾਂ ਨੂੰ ਇਹ ਬੈਨੀਫਿਟ ਦਿੱਤਾ ਜਾਏਗਾ?

ਰਾਜ ਮੰਤਰੀ : ਸਪੀਕਰ ਸਾਹਿਬ, ਇਹ ਪਰਸੋਨਲ ਡਿਪਾਰਟਮੈਂਟ ਨਾਲ ਸਬੰਧਤ ਹੈ। ਇਹ ਸਪਲੀਮੈਂਟਰੀ ਇਸ ਸੁਆਲ ਨਾਲ ਸਬੰਧਤ ਨਹੀਂ। ਮਾਨਯੋਗ ਮੈਂਬਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਸੈਪਰੇਟ ਸੁਆਲ ਦੇ ਦੇਣ ਜਵਾਬ ਦੇ ਦਿਆਂਗੇ।

ਸ਼੍ਰੀ ਸਪੀਕਰ : ਕਪੂਰ ਸਾਹਿਬ, ਕੀ ਇਸ ਵਿਚ ਪਾਲਿਸੀ ਇਨਵਾਲਵਡ ਹੈ।

ਰਾਜ ਮੰਤਰੀ ਸਪੀਕਰ ਸਾਹਿਬ, ਇਹ ਜਿਹੜਾ ਪਾਲਿਸੀ ਮੈਟਰ ਹੈ, ਇਹ ਪਰਸੋਨਲ ਡਿਪਾਰਟਮੈਂਟ ਦਾ ਹੈ ਔਰ ਪਾਰਟੀਕੁਲਰਲੀ ਜਿਹੜੇ ਦੋ ਅਫਸਰ ਹਨ ਉਨ੍ਹਾਂ ਬਾਰੇ ਹੈ, ਜਦੋਂ ਉਨ੍ਹਾਂ ਤੋਂ ਕੁਝ ਪੇਪਰਜ਼ ਔਰ ਕਲੈਰੀਫੀਕੇਸ਼ਨਜ਼ ਜਿਹੜੀਆਂ ਮੰਗੀਆਂ ਹਨ ਆ ਜਾਣਗੀਆਂ ਤਾਂ ਪਾਲਿਸੀ ਮੁਤਾਬਕ ਕਰ ਦੇਣਾ ਹੈ।

ਸ਼੍ਰੀ ਮਦਨ ਮੋਹਨ ਮਿੱਤਲ: ਸਪੀਕਰ ਸਾਹਿਬ, ਗੌਰਮਿੰਟ ਨੇ ਕੋਈ ਆਪਣੀ ਪਾਲਿਸੀ ਲੇਡ ਡਾਊਨ ਕੀਤੀ ਹੈ ਔਰ ਸੁਪਰੀਮ ਕੋਰਟ ਨੇ ਇਸ ਸਬੰਧੀ ਕਲੀਅਰ ਗਾਈਡਲਾਈਨਜ਼ ਦਿਤੀਆਂ ਹਨ। ਉਹ ਇਨਸਟਰਕਸ਼ਨਜ਼ ਪੰਜਾਬ ਸਰਕਾਰ ਕੋਲ ਵੀ ਅਤੇ ਦੂਜੇ ਆਦਾਰਿਆਂ ਕੋਲ ਵੀ ਆ ਚੁਕੀਆਂ ਹਨ। ਸਪੀਕਰ ਸਾਹਿਬ, ਜੋ ਸਪਰੀਮ ਕੋਰਟ ਦੀ ਜੱਜਮੈਂਟ ਹੈ ਉਸ ਤੇ ਅਮਲ ਕਰ ਦੇਣਾ ਚਾਹੀਦਾ ਹੈ। Instead of those people going to the Court of Law, getting the decree and then getting it enforced, ਕੀ ਮੰਤਰੀ ਜੀ ਇਸ ਗਲ ਦਾ ਭਰੋਸਾ ਦਿਵਾਉਣਗੇ ਕਿ ਉਹ ਸੁਪਰੀਮ ਕੋਰਟ ਦੀ ਜਜਮੈਂਟ ਰੂਲਜ਼ ਮੁਤਾਬਕ ਹਰ ਕੇਸ ਵਿਚ ਐਨਫੋਰਸ ਕਰ ਦੇਣਗੇ?

ਰਾਜ ਮੰਤਰੀ : ਸਪੀਕਰ ਸਾਹਿਬ ਇਨ੍ਹਾਂ ਦੇ ਨੋਟਿਸ ਵਿਚ ਅਗਰ ਕਿਸੇ ਅਫਸਰ ਦਾ ਕੇਸ ਹੈ ਤਾਂ ਦਸ ਦੇਣ ਉਸ ਦੀ ਘੋਖ ਕਰਕੇ ਵੇਖ ਲਿਆ ਜਾਵੇਗਾ।

ਸ਼੍ਰੀ ਸਪੀਕਰ: ਮਿੱਤਲ ਸਾਹਿਬ, ਕੋਈ ਐਸਾ ਕੇਸ ਦਸ ਦਿਓ ਜਿਸ ਵਿਚ ਡਿਨਾਇਲ ਹੋਈ ਹੋਵੇ। ਬਾਕੀ ਇਸ ਦੇ ਲਈ ਸੈਪਰੇਟ ਕੁਐਸਚਨ ਚਾਹੀਦਾ ਹੈ।

ਬੱਸ ਸਟੈਂਡ ਮੱਖੂ ਤੋਂ ਜੀ.ਟੀ. ਰੋਡ, ਮੋਗਾ ਤੱਕ ਬਾਈਪਾਸ ਬਣਾਉਣਾ

*706. **ਸਰਦਾਰ ਇੰਦਰਜੀਤ ਸਿੰਘ ਜ਼ੀਰਾ** : ਕੀ ਲੋਕ ਨਿਰਮਾਣ (ਭਵਨ ਅਤੇ ਸੜਕਾਂ) ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰ ਬੱਸ ਸਟੈਂਡ, ਮੱਖੂ ਤੋਂ ਜੀ.ਟੀ. ਰੋਡ, ਮੋਗਾ ਤਕ ਸੜਕ ਤੇ ਬਾਈਪਾਸ ਬਣਾਉਣ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ, ਤਾਂ ਅਜਿਹਾ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਜੋਗਿੰਦਰ ਸਿੰਘ ਮਾਨ : ਹਾਲ ਦੀ ਘੜੀ ਇਸ ਬਾਰੇ ਕੋਈ ਸਕੀਮ ਨਹੀਂ ਹੈ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਉਥੇ ਬਾਈਪਾਸ ਤੇ ਨੀਂਹ ਪੱਥਰ ਰਖਿਆ ਗਿਆ ਸੀ ਕੀ ਇਹ ਚੀਜ਼ ਵਜ਼ੀਰ ਸਾਹਿਬ ਦੇ ਨੋਟਿਸ ਵਿਚ ਹੈ ?

ਰਾਜ ਮੰਤਰੀ: ਐਸੀ ਕੋਈ ਪਰਪੋਜ਼ਲ ਮੇਰੇ ਆਉਣ ਤੋਂ ਪਹਿਲਾਂ ਹੋਈ ਹੋਵੇ, ਮੇਰੇ ਨੋਟਿਸ ਵਿਚ ਨਹੀਂ ਆਈ ਹੈ। ਜੇਕਰ ਇਹ ਕੁਝ ਫ਼ਰਦਰ ਪੁਛਣਾ ਚਾਹੁੰਦੇ ਹਨ ਤਾਂ ਸੈਪਰੇਟ ਕੁਐਸਚਨ ਦੇ ਦੇਣ, ਸਾਰਾ ਘੋਖ ਕਰਕੇ ਦਸ ਦਿਆਂਗੇ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਸਪੀਕਰ ਸਾਹਿਬ, ਬਾਈ ਪਾਸ ਤੇ ਜਿਹੜਾ ਨੀਂਹ ਪੱਥਰ ਰਖਿਆ ਗਿਆ ਸੀ ਉਸ ਦੇ ਬਾਰੇ ਪੁੱਛਿਆ ਹੈ ਕਿ ਆਇਆ ਰਖਿਆ ਗਿਆ ਸੀ ਜਾਂ ਨਹੀਂ?

ਰਾਜ ਮੰਤਰੀ : ਸਪੀਕਰ ਸਾਹਿਬ, ਇਸ ਸਰਕਾਰ ਨੂੰ ਆਇਆਂ ਇਕ ਸਾਲ ਹੋ ਗਿਆ ਹੈ ਡਿਊਰਿੰਗ ਦਿਸ ਪੀਰੀਅਡ ਕੋਈ ਨੀਂਹ ਪੱਥਰ ਨਹੀਂ ਰਖਿਆ ਗਿਆ ਹੈ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਸਪੀਕਰ ਸਾਹਿਬ, ਮੈਂ ਇਨਾਂ ਬਾਰੇ ਨਹੀਂ ਪੁੱਛਿਆ। ਸਰਕਾਰ ਇਨ੍ਹਾਂ ਤੋਂ ਪਹਿਲਾਂ ਵੀ ਸੀ ਚਾਹੇ ਕਿਸੇ ਦੀ ਸੀ, ਚਾਹੇ ਗਵਰਨਰ ਸਾਹਿਬ ਦਾ ਸੀ ਜਾਂ ਅਕਾਲੀਆਂ ਦੀ ਸੀ, ਸਰਕਾਰ ਤਾਂ ਸੀ। ਮੈਂ ਪੁੱਛਦਾ ਹਾਂ ਕਿ ਕੀ ਇਸ ਬਾਈ ਪਾਸ ਦਾ ਕੋਈ ਪਰੋਗਰਾਮ ਬਣਿਆ ਸੀ ਜਾਂ ਕੋਈ ਨੀਂਹ ਪੱਥਰ ਰਖਿਆ ਗਿਆ ਸੀ। ਇਹ ਇਕ ਸਾਲ ਦੀ ਗੱਲ ਨਾ ਕਰਨ?

ਸ੍ਰੀ ਸਪੀਕਰ : ਤੁਸਾਂ ਕਿਹਾ ਹੈ ਕਿ ਇਹ ਮਾਨ ਸਾਹਿਬ ਨੇ ਪੱਥਰ ਰੱਖਿਆ ਹੈ। which was wrong on the face of it. I won't allow any more supplementary. We came to the next question.

ਰੋਪੜ ਨੂਰਪੁਰ ਬੇਦੀ ਰੂਟ ਤੇ ਬੱਸ ਸੇਵਾ ਦਾ ਸੁਧਾਰ

*685. **ਡਾਕਟਰ ਰਮੇਸ਼ ਦੱਤ**: ਕੀ ਟਰਾਂਸਪੋਰਟ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰੋਪੜ ਤੋਂ ਨੂਰਪੁਰ ਬੇਦੀ ਅਤੇ ਨੂਰਪੁਰ ਬੇਦੀ ਤੋਂ ਰੋਪੜ ਨੂੰ ਕਿੰਨੇ ਬੱਸ ਰੂਟ ਮੰਨਜ਼ੂਰ ਕੀਤੇ ਗਏ ਹਨ ਅਤੇ ਉਨ੍ਹਾਂ ਦਾ ਸਮਾਂ ਕੀ ਕੀ ਹੈ ;

(ਅ) ਕੀ ਉਪ੍ਰੋਕਤ ਭਾਗ (ੳ) ਵਿਚ ਵਰਣਿਤ ਰੂਟਾਂ ਤੇ ਬੱਸਾਂ ਚਲਾਈਆਂ ਜਾ ਰਹੀਆਂ ਹਨ;

(ੲ) ਕੀ ਸਰਕਾਰ ਦੀ ਉਕਤ ਰੂਟਾਂ ਤੇ ਬੱਸਾਂ ਦੇ ਫੇਰੇ ਵਧਾਉਣ ਦੀ ਕੋਈ ਤਜਵੀਜ਼ ਹੈ, ਜੇਕਰ ਅਜਿਹਾ ਹੋਵੇ, ਤਾਂ ਇਹ ਕਿੰਨੇ ਸਮੇਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

ਮਾਸਟਰ ਜਾਗੀਰ ਸਿੰਘ: (ੳ) 8 ਰੂਟ ਪਰਮਿਟ ਸਮੇਤ 18 ਵਾਪਸੀ ਫੇਰਿਆਂ ਦੇ ਰੋਪੜ ਤੋਂ ਨੂਰਪੁਰ ਬੇਦੀ ਅਤੇ ਨੂਰਪੁਰ ਬੇਦੀ ਤੋਂ ਰੋਪੜ ਲਈ ਮਨਜ਼ੂਰ ਕੀਤੇ ਹੋਏ ਹਨ। ਰੋਪੜ ਤੋਂ ਨੂਰਪੁਰ ਬੇਦੀ ਅਤੇ ਨੂਰਪੁਰ ਬੇਦੀ ਤੋਂ ਰੋਪੜ ਦੇ ਇਸ ਰੂਟ ਦੇ ਟਾਈਮ ਹੇਠ ਲਿਖੇ ਅਨੁਸਾਰ ਹਨ:—

ਰੋਪੜ ਤੋਂ ਰਵਾਨਗੀ	ਨੂਰਪੁਰ ਬੇਦੀ ਤੋਂ ਰਵਾਨਗੀ
6.40	6.00
7.30	6.10 (ਮਿਨੀ ਬੱਸ)
7.50 (ਮਿਨੀ ਬੱਸ)	6.20
8.30	6.40 (ਮਿਨੀ ਬੱਸ)
8.50 (ਮਿਨੀ ਬੱਸ)	7.00
9.30	8.45
9.35	9.15 (ਮਿਨੀ ਬੱਸ)
10.20	10.00
11.10 (ਮਿਨੀ ਬੱਸ)	10.50 (ਮਿਨੀ ਬੱਸ)
12.00	11.05
12.30	11.40
12.40 (ਮਿਨੀ ਬੱਸ)	13.30 (ਮਿਨੀ ਬੱਸ)
13.30	14.00
14 30	14.30 (ਮਿਨੀ ਬੱਸ)
15.00 (ਮਿਨੀ ਬੱਸ)	14.45
16.10 (ਮਿਨੀ ਬੱਸ)	16.00
17.25	17.00
17.50	

[ਰਾਜ ਮੰਤਰੀ, ਟਰਾਂਸਪੋਰਟ]

(ਅ) ਜੀ ਹਾਂ।

(ੲ) ਜੀ ਹਾਂ, ਇਸ ਰੂਟ ਤੇ 2 ਪਰਮਿਟ ਸਮੇਤ 8 ਵਾਪਸੀ ਫੇਰੇ ਚਲਾਉਣ ਲਈ ਦਰਖਾਸਤਾਂ ਮੰਗੀਆਂ ਹੋਈਆਂ ਹਨ ਅਤੇ ਰਸਮੀ ਕਾਰਵਾਈ ਮੁਕੰਮਲ ਹੋਣ ਉਪਰੰਤ ਉਚਿਤ ਸਮੇਂ ਵਿੱਚ ਪਰਮਿਟ ਮਨਜ਼ੂਰ ਕੀਤੇ ਜਾਣਗੇ।

ਡਾਕਟਰ ਰਮੇਸ਼ ਦੱਤ: ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਇਹ ਦੱਸਿਆਂ ਹੈ ਕਿ ਇਹ ਐਸੇ ਰੂਟ ਹਨ ਜੋ ਅੱਧੇ ਅੱਧੇ ਘੰਟੇ ਬਾਅਦ ਰੋਪੜ ਤੋਂ ਨੂਰਪੁਰ ਬੇਦੀ ਨੂੰ ਚਲਦੇ ਹਨ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਰੂਟਾਂ ਵਿਚੋਂ ਕਿਤਨੇ ਰੂਟ ਹਨ ਜਿਹੜੇ ਕਿ ਸਿੱਧੇ ਚਲਦੇ ਹਨ ਔਰ ਕਿਤਨੇ ਹਨ ਜਿਹੜੇ ਪਿੰਡਾਂ ਵਿਚੋਂ ਦੀ ਚਲਦੇ ਹਨ।

ਰਾਜ ਮੰਤਰੀ: ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਨੂੰ ਦੱਸਣਾ ਚਾਹੁੰਦਾ ਹਾਂ ਕਿ ਰੋਪੜ ਤੋਂ ਨੂਰਪੁਰ ਬੇਦੀ ਨੂੰ 17 ਰੂਟ ਚਲਦੇ ਹਨ ਅੱਧੇ ਅੱਧੇ ਘੰਟੇ ਦੇ ਬਾਅਦ। ਪਹਿਲਾਂ 6.40 ਵਜੇ ਰੋਪੜ ਨੂੰ ਚਲਦਾ ਹੈ, ਫਿਰ 7.30 ਤੇ ਫਿਰ ਤੀਸਰਾ 7.50 ਉਤੇ ਮਿੰਨੀ ਬੱਸ ਚਲਦੀ ਹੈ (ਵਿਘਨ) ਤੁਸੀਂ ਸਾਰੀਆਂ ਸੁਣ ਤਾਂ ਲਵੋ।...........

ਡਾਕਟਰ ਰਮੇਸ਼ ਦੱਤ: ਸਪੀਕਰ ਸਾਹਿਬ, ਮੇਰਾ ਤਾਂ ਇਹ ਸਪਲੀਮੈਂਟਰੀ ਨਹੀਂ ਹੈ ਜੀ। ਮੇਰਾ ਤਾਂ ਸਪਲੀਮੈਂਟਰੀ ਹੈ ਜੀ ਕੀ ਇਨ੍ਹਾਂ ਵਿਚੋਂ ਪਿੰਡਾਂ ਵਿਚੋਂ ਦੀ ਕਿਤਨੀਆਂ ਚਲਦੀਆਂ ਹਨ?

ਰਾਜ ਮੰਤਰੀ: ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਦੱਸ ਰਿਹਾ ਹਾਂ ਕਿ ਇਹ ਬੱਸਾਂ ਚਲ ਰਹੀਆਂ ਹਨ, ਜੇਕਰ ਇਨ੍ਹਾਂ ਨੂੰ ਸ਼ੱਕ ਹੈ ਤਾਂ ਮੈਂ ਉਨ੍ਹਾਂ ਦੇ ਟਾਈਮ ਵੀ ਦੁਬਾਰਾ ਦੱਸ ਦਿੰਦਾ ਹਾਂ। ਜੇਕਰ ਇਹ ਕਹਿੰਦੇ ਹਨ ਤਾਂ ਮੈਂ ਦਸ ਦਿੰਦਾ ਹਾਂ ਪਰ ਅਸਲ ਵਿਚ ਲਗਦਾ ਹੈ ਕਿ ਇਨ੍ਹਾਂ ਨੂੰ ਇਸ ਦੀ ਕੋਈ ਜਾਣਕਾਰੀ ਨਹੀਂ ਹੈ। ਇਹ ਤਾਂ ਵੈਸੇ ਹੀ ਸਵਾਲ ਕਰਨ ਲਈ ਹੀ ਸਪਲੀਮੈਂਟਰੀ ਕਰ ਰਹੇ ਹਨ। ਕਿਉਂਕਿ ਇਹ ਸਮਝਦੇ ਹਨ ਕਿ ਇਹ ਮੈਂਬਰ ਸਾਹਿਬ ਹਨ ਇਸ ਕਰਕੇ ਇਨ੍ਹਾਂ ਨੇ ਸਵਾਲ ਕਰਨਾ ਹੈ।

ਸ਼੍ਰੀ ਸਪੀਕਰ: ਤੁਹਾਡੇ ਪਾਸ ਜਿਤਨੀਂ ਵੀ ਇਨਫਰਮੇਸ਼ਨ ਅਵੇਲੇਬਲ ਹੈ kindly try to supply that.

ਰਾਜ ਮੰਤਰੀ: ਸਪੀਕਰ ਸਾਹਿਬ, ਰੋਪੜ ਤੋਂ ਨੂਰਪੁਰ ਬੇਦੀ ਰਾਹੀਂ ਜੋ ਬੱਸਾਂ ਚਲਦੀਆਂ ਹਨ ਉਨ੍ਹਾਂ ਦੇ ਟਾਈਮ ਕਿਸ ਤਰ੍ਹਾਂ ਹਨ, ਉਹ ਮੈਂ ਦੱਸੇ ਹਨ। ਉਹ ਮੈਂ ਦੁਬਾਰਾ ਦੱਸ ਦਿੰਦਾ ਹਾਂ, ਪਹਿਲੀ ਬੱਸ ਰੋਪੜ ਤੋਂ ਨੂਰਪੁਰ ਬੇਦੀ ਲਈ 6.40 ਵਜੇ ਸਵੇਰੇ ਚਲਦੀ ਹੈ ਔਰ ਇਸ ਤਰ੍ਹਾਂ 6.00 ਵਜੇ ਸਵੇਰੇ ਨੂਰਪੁਰ ਬੇਦੀ ਤੋਂ ਰੋਪੜ ਨੂੰ ਚਲਦੀ ਹੈ। ਅਗਲੀ ਬੱਸ ਰੋਪੜ ਤੋਂ 7.30 ਵਜੇ ਸਵੇਰੇ ਚਲਦੀ ਹੈ। ਫਿਰ 7.50 ਵਜੇ ਸਵੇਰੇ, 8.30 ਵਜੇ ਸਵੇਰ ਭਾਵ ਇਸ, ਤਰ੍ਹਾਂ ਤਕਰੀਬਨ ਅੱਧੇ ਅੱਧੇ ਘੰਟੇ ਦੇ ਫਰਕ ਤੇ ਚਲਦੀਆਂ ਹਨ ਪਰ ਜੇਕਰ ਕਿਸੇ ਰੂਟ ਦਾ ਇਨ੍ਹਾਂ ਨੂੰ ਇਤਰਾਜ਼ ਹੈ ਤਾਂ ਮੈਂ ਕੱਟ ਦਿੰਦਾ ਹਾਂ।..

ਡਾਕਟਰ ਰਮੇਸ਼ ਦੱਤ: ਸਪੀਕਰ ਸਾਹਿਬ, ਇਹ ਤਾਂ ਜਵਾਬ ਮੇਰੇ ਪਾਸ ਆ ਗਿਆ ਹੈ ਕਿ ਕਿਹੜੇ ਕਿਹੜੇ ਸਮੇਂ ਚਲਦੀਆਂ ਹਨ। 17 ਰੂਟ ਇਨ੍ਹਾਂ ਨੇ ਦੱਸੇ ਹਨ। ਮੇਰਾ ਤਾਂ ਸਿੱਧਾ ਸਾਧਾ ਸਪਲੀਮੈਂਟਰੀ ਹੈ ਕਿ ਰੋਪੜ ਤੋਂ ਨੂਰਪੁਰ ਬੇਦੀ ਨੂੰ ਡਾਇਰੈਕਟ ਬੱਸਾਂ ਕਿਤਨੀਆਂ ਜਾਂਦੀਆਂ ਹਨ ਤੇ ਜੋ ਪਿੰਡਾਂ ਦੇ ਰਸਤੇ ਜਾਂਦੀਆਂ ਹਨ ਉਹ ਕਿਤਨੀਆਂ ਹਨ, ਘੁੰਮ ਕੇ ਕਿਤਨੀਆਂ ਜਾਂਦੀਆਂ ਹਨ ?

ਸ਼੍ਰੀ ਸਪੀਕਰ : ਡਾਕਟਰ ਰਮੇਸ਼ ਦੱਤ ਜੀ ਜਿਹੜੀਆਂ ਬੱਸਾਂ ਰੋਪੜ ਤੋਂ ਨੂਰਪੁਰ ਬੇਦੀ ਨੂੰ ਜਾਣਗੀਆਂ ਜਿਹੜੇ ਪਿੰਡ ਰਸਤੇ ਵਿਚ ਆਉਂਦੇ ਹਨ ਉਹ ਉਨ੍ਹਾਂ ਵਿਚੋਂ ਦੀ ਜਾਂਦੀਆਂ ਹੀ ਹੋਣਗੀਆਂ। ਜਾਂ ਤਾਂ ਤੁਸੀਂ ਸਪੈਸੇਫਿਕ ਕੁਐਸਚਨ ਕਰੋ ਕਿ ਫਲਾਣੇ-ਫਲਾਣੇ ਪਿੰਡ ਜੋ ਰਸਤੇ ਵਿਚ ਆਉਂਦੇ ਹਨ ਕੀ ਉਨ੍ਹਾਂ ਵਿਚੋਂ ਦੀ ਹੋ ਕੇ ਵੀ ਬੱਸਾਂ ਜਾਂਦੀਆਂ ਹਨ ਜਾਂ ਨਹੀਂ?

ਡਾਕਟਰ ਰਮੇਸ਼ ਦੱਤ : ਸਪੀਕਰ ਸਾਹਿਬ, ਮੇਨ ਰੂਟ ਤੇ ਜਿਹੜੇ ਪਿੰਡ ਆਉਂਦੇ ਹਨ ਉਥੋਂ ਦੀ ਤਾਂ ਜਾਂਦੀਆਂ ਹੀ ਹਨ ਮੈਂ ਤਾਂ ਇਹ ਪੁੱਛਿਆ ਹੈ ਕਿ ਜਿਹੜਾ ਦੂਸਰਾ ਰੂਟ ਚਲਾਇਆ ਹੈ ਉਸ ਰਸਤੇ ਕਿਤਨੀਆਂ ਬੱਸਾਂ ਚਲਦੀਆਂ ਹਨ। ਸਿੱਧੀਆਂ ਕਿਤਨੀਆਂ ਚਲਦੀਆਂ ਹਨ? ਜਿਤਨੇ ਰੂਟ ਇਨ੍ਹਾਂ ਨੇ ਦੱਸੇ ਹਨ ਕੀ ਇਹ ਸਾਰੇ ਚਲਦੇ ਵੀ ਹਨ ਜਾਂ ਨਹੀਂ?

(ਕੋਈ ਉੱਤਰ ਨਹੀਂ ਆਇਆ)

ਸ਼੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ ਜੋ ਇਨ੍ਹਾਂ ਨੇ 17 ਰੂਟ ਦੱਸੇ ਹਨ ਇਕ ਸੜਕ ਤਾਂ ਰੋਪੜ ਤੋਂ ਨੂਰਪੁਰ ਬੇਦੀ ਨੂੰ ਡਾਇਰੈਕਟ ਜਾਂਦੀ ਹੈ ਪਰ ਜਿਹੜੀਆਂ ਸਰਾਏ ਪੱਤਨ ਰਾਹੀਂ ਜਾਂਦੀਆਂ ਹਨ, ਨੰਗਲ ਹੋ ਕੇ ਜਾਂਦੀਆਂ ਹਨ, ਉਹ ਕਿਹੜੀਆਂ ਹਨ ਔਰ ਵਾਇਆ ਨੰਗਲ ਕਿਹੜੀਆਂ ਹਨ ਔਰ ਵਾਇਆ ਸਰਾਏ ਪੱਤਣ ਜਾਂਦੀਆਂ ਹਨ ਉਹ ਕਿਹੜੀਆਂ ਹਨ?

ਸ਼੍ਰੀ ਸਪੀਕਰ : ਮਿੱਤਲ ਜੀ ਇਹ ਇਨਫਰਮੇਸ਼ਨ ਕਾਫੀ ਲੰਬੀ ਹੈ। ਤੁਸੀਂ ਸੈਪਰੇਟ ਸਵਾਲ ਦੇ ਦਿਓ, ਜਵਾਬ ਦਿੱਤਾ ਜਾਵੇਗਾ।

ਸ਼੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਇਨ੍ਹਾਂ ਨੇ 17 ਰੂਟ ਦੱਸੇ ਹਨ ਜੀ and the Minister must have the information about them.

Mr. Speaker : You cannot cast reflection on him.

ਸਰਦਾਰ ਸ਼ਮਸ਼ੇਰ ਸਿੰਘ ਰਾਏ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਰੀਮੋਟ ਏਰੀਆ ਰੂਟ ਪੰਜਾਬ ਦੇ ਹਾਲਾਤ ਖਰਾਬ ਹੋਣ ਕਰਕੇ ਬੰਦ ਕਰ ਦਿੱਤੇ ਗਏ ਸਨ, ਕੀ ਉਹ ਹੁਣ ਚਾਲੂ ਕਰ ਦਿੱਤੇ ਗਏ ਹਨ ਜਾਂ ਕਦੋਂ ਤਕ ਚਾਲੂ ਕਰ ਦੇਣਗੇ?

ਸ਼੍ਰੀ ਸਪੀਕਰ : ਸੈਪਰੇਟ ਨੋਟਿਸ ਚਾਹੀਦਾ ਹੈ।

ਡਾਕਟਰ ਰਮੇਸ਼ ਦੱਤ : ਇਹ ਜਿਹੜਾ ਜਵਾਬ ਦਿੱਤਾ ਹੈ ਇਸ ਵਿਚ ਜਿਹੜੇ ਸ਼ਾਮ ਦੇ 6.40 ਦੇ ਰੂਟ ਹਨ, ਜਿਹੜੇ ਹਾਲਾਤ ਖਰਾਬ ਹੋਣ ਕਰਕੇ ਬੰਦ ਕਰ ਦਿੱਤੇ ਸਨ ਕੀ ਹੁਣ ਇਹ ਚਲਦੇ ਹਨ ਜਾਂ ਸਿਰਫ ਇਹ ਟਾਈਮ ਕਾਗਜ਼ਾਂ ਵਿਚ ਹੀ ਦਿੱਤਾ ਹੈ?

ਸ਼੍ਰੀ ਸਪੀਕਰ : ਜਿਹੜੀ ਤੁਹਾਡੀ ਇਨਫਰਮੇਸ਼ਨ ਹੈ, ਇਹ ਬੜੀ ਹਾਈਪੋਥੇਟੀਕਲ ਹੈ।

ਰਾਜ ਮੰਤਰੀ : ਇਹ ਜਿਹੜੇ ਰੂਟਸ ਦਸੇ ਹਨ, ਇਹ ਚਲ ਰਹੇ ਹਨ। ਇਨ੍ਹਾਂ ਦਾ ਸਵਾਲ ਬੜਾ ਸਿੱਧਾ ਸੀ ਔਰ ਉਸ ਦਾ ਜਵਾਬ ਦੱਸ ਦਿੱਤਾ ਹੈ (ਵਿਘਨ) ਮੈਂ ਇਹ ਕਹਿ ਰਿਹਾ ਹਾਂ ਕਿ ਇਹ ਰੋਪੜ-ਨੂਰਪੁਰ ਬੇਦੀ ਦੇ ਰੂਟ ਚਲਦੇ ਹਨ ਜੇ ਕੋਈ ਨਹੀਂ ਚਲਦੇ ਮੈਨੂੰ ਦਸ ਦੇਣ, ਮੈਂ ਪਤਾ ਕਰ ਲਵਾਂਗਾ।

ਡਾਕਟਰ ਰਮੇਸ਼ ਦੱਤ : ਇਕ ਸਪਲੀਮੈਂਟਰੀ।

ਸ੍ਰੀ ਸਪੀਕਰ : ਸਪਲੀਮੈਂਟਰੀ ਬਹੁਤ ਅਲਾਓ ਕਰ ਦਿੱਤੇ ਹਨ। ਤੁਹਾਡੇ ਕੋਲ ਕੋਈ ਇਨਫਰਮੇਸ਼ਨ ਹੈ ਤਾਂ ਉਨ੍ਹਾਂ ਨੂੰ ਦੱਸ ਦੇਣਾ।

———

ਪਿੰਡ ਮੂੜ੍ਹਾਂ ਅਤੇ ਵਰਿਆਣ (ਸ੍ਰੀ ਹਰਗੋਬਿੰਦਪੁਰ) ਵਿਚਕਾਰ ਵਾਟਰ ਟੈਂਕ ਦੀ ਉਸਾਰੀ

*762. **ਕਾਮਰੇਡ ਗੁਰਨਾਮ ਸਿੰਘ ਧੀਰੋਵਾਲ :** ਕੀ ਜਨ ਸਿਹਤ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡਾਂ ਮੂੜ ਅਤੇ ਵਰਿਆਣ ਵਿਚਕਾਰਲੇ ਵਾਟਰ ਟੈਂਕ ਦੀ ਉਸਾਰੀ ਕਿਸ ਮਿਤੀ ਨੂੰ ਕੀਤੀ ਗਈ ;

(ਅ) ਕੀ ਸਰਕਾਰ ਨੇ ਉਪਰੋਕਤ ਭਾਗ (ੳ) ਵਿਚ ਵਰਣਿਤ ਪਿੰਡਾਂ ਦੀਆਂ ਅਨੁਸੂਚਿਤ ਜਾਤੀਆਂ ਦੀਆਂ ਬਸਤੀਆਂ ਨੂੰ ਉਕਤ ਵਾਟਰ ਟੈਂਕ ਤੋਂ ਪਾਣੀ ਸਪਲਾਈ ਕਰਨ ਲਈ ਕੋਈ ਸਟੈਂਡ ਪੋਸਟ ਮੁਹੱਈਆ ਕੀਤੀ ਹੈ?

ਸਰਦਾਰ ਮਨਿੰਦਰਜੀਤ ਸਿੰਘ ਬਿੱਟਾ : (ੳ) ਅਪ੍ਰੈਲ, 1980

(ਅ) ਹਾਂ ਜੀ। ਪਿੰਡ ਮੂੜ੍ਹ ਦੀ ਹਰੀਜਨ ਬਸਤੀ ਵਿੱਚ ਇੱਕ ਸਟੈਂਡ ਪੋਸਟ ਲਗਾਈ ਗਈ ਹੈ। ਪਿੰਡ ਵਰਿਆਣ ਵਿੱਚ ਕੋਈ ਹਰੀਜਨ ਬਸਤੀ ਨਹੀਂ। ਇਸ ਲਈ ਸਟੈਂਡ ਪੋਸਟ ਲਗਾਣ ਦਾ ਸਵਾਲ ਪੈਦਾ ਨਹੀਂ ਹੁੰਦਾ।

ਕਾਮਰੇਡ ਗੁਰਨਾਮ ਸਿੰਘ ਧੀਰੋਵਾਲ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਜਵਾਬ ਦਿੱਤਾ ਹੈ ਕਿ ਇਕ ਸਟੈਂਡ ਪੋਸਟ ਲੱਗਾ ਹੈ ਔਰ 1980 ਦਾ ਵਾਟਰ ਟੈਂਕ ਬਣਿਆ ਸੀ। ਮੇਰਾ ਸਵਾਲ ਇਹ ਹੈ ਕਿ ਹੁਣ ਕਿੰਨੇ ਸ਼ਡਿਊਲਡ ਕਾਸਟਸ ਬਸਤੀ ਵਿਚ ਸਟੈਂਡ ਪੋਸਟਸ ਹਨ?

ਰਾਜ ਮੰਤਰੀ : ਮੈਂ ਦੱਸਣਾ ਚਾਹੁੰਦਾ ਹਾਂ ਕਿ ਇਸ ਅਬਾਦੀ ਵਿਚ 10 ਨਲਕੇ ਲਗੇ ਹੋਏ ਹਨ, ਜੇ ਕੋਈ ਸ਼ਡਿਊਲਡ ਕਾਸਟ ਬਸਤੀ ਹੈ ਤਾਂ ਦੱਸ ਦੇਣ, ਲਗਵਾ ਦੇਵਾਂਗੇ।

ਕਾਮਰੇਡ ਗੁਰਨਾਮ ਸਿੰਘ ਧੀਰੋਵਾਲ : ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਇਕ ਸਟੈਂਡ ਪੋਸਟ ਹੈ ਮੈਂ ਪੁੱਛਣਾ ਇਹ ਚਾਹੁੰਦਾ ਹਾਂ ਕਿ ਕਿੰਨੇ ਸਟੈਂਡ ਪੋਸਟ ਮਨਜ਼ੂਰ ਹੋਏ ਔਰ ਕਿੰਨੇ ਮੌਜੂਦ ਹਨ?

ਰਾਜ ਮੰਤਰੀ : ਸਪੀਕਰ ਸਾਹਿਬ, ਮੂੜ੍ਹ ਪਿੰਡ ਵਿਚ ਇਕ ਹੈ, ਇਕ ਸਿੱਧਵਾਂ ਵਿਚ ਹੈ ਇਕ ਰੋੜੀ ਪਿੰਡ ਵਿਚ ਹੈ।

ਕਾਮਰੇਡ ਗੁਰਨਾਮ ਸਿੰਘ ਧੀਰੋਵਾਲ : ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਨਹੀਂ ਆਇਆ। ਮੈਂ ਪੁਛਿਆ ਹੈ ਕਿ ਕਿੰਨੇ ਸਟੈਂਡ ਪੋਸਟ ਮੂੜ ਔਰ ਵਰਿਆਣ ਪਿੰਡਾਂ ਵਿਚ ਲਗੇ ਹਨ ਅਤੇ ਕਿੰਨੇ ਮਨਜ਼ੂਰ ਹੋਏ ?

ਸ੍ਰੀ ਸਪੀਕਰ : ਉਨ੍ਹਾਂ ਨੇ ਦੱਸ ਦਿੱਤਾ ਹੈ ਕਿ ਇਕ ਲਗਾ ਹੈ। ਤੁਸੀਂ ਸਪਲੀਮੈਂਟਰੀ ਕਲੀਅਰ ਪੁੱਛੋ ?

ਕਾਮਰੇਡ ਗੁਰਨਾਮ ਸਿੰਘ ਧੀਰੋਵਾਲ : ਮੈਂ ਪੁਛਿਆ ਹੈ ਕਿ ਕਿੰਨੇ ਸਟੈਂਡ ਪੋਸਟ ਮਨਜ਼ੂਰ ਹੋਏ ਸਨ।

ਰਾਜ ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੇ ** **ਬਸਤੀਆਂ ਦੇ ਬਾਰੇ ਸਵਾਲ ਪੁੱਛਿਆ ਸੀ ਉਸ ਬਾਰੇ ਮੈਂ ਇਨਾਂ ਨੂੰ ਡੀਟੇਲ ਵਿਚ ਦੱਸ ਦਿੱਤਾ ਹੈ।

ਸ੍ਰੀ ਸਿਂਗਾਰਾ ਰਾਮ ਸਹੂੰਗੜਾ : ਸਪੀਕਰ ਸਾਹਿਬ, ** **ਸ਼ਬਦ ਰਿਪੀਟ ਕੀਤਾ ਜਾ ਰਿਹਾ ਹੈ, ਇਹ ਸ਼ਬਦ ਰਿਕਾਰਡ ਉਤੇ ਨਹੀਂ ਆਉਣਾ ਚਾਹੀਦਾ।

Mr. Speaker : It should not form part of the record.

ਇਸ ਸਵਾਲ ਉਤੇ 3–4 ਸਪਲੀਮੈਂਟਰੀ ਅਲਾਓ ਕਰ ਦਿੱਤੀਆਂ ਹਨ ਅਤੇ ਮਨਿਸਟਰ ਸਾਹਿਬ ਨੇ ਜਵਾਬ ਦੇ ਦਿੱਤਾ ਹੈ।

ਨਿਸ਼ਾਨ ਵਾਲੇ ਪ੍ਰਸ਼ਨ ਨੰ: 680 ਅਤੇ 756

(ਸਬੰਧਤ ਮਾਨਯੋਗ ਮੈਂਬਰ ਸਾਹਿਬਾਨ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਰਕੇ ਇਹ ਪ੍ਰਸ਼ਨ ਪੇਸ਼ ਨਹੀਂ ਹੋਏ)

ਜ਼ਿਲ੍ਹਾ ਗੁਰਦਾਸਪੁਰ ਵਿਚ ਪਿੰਡ ਸਠਿਆਲੀ ਤੋਂ ਬੂਲਪੁਰ ਤਕ ਰਜਵਾਹੇ ਦੀ ਸਫਾਈ/ਖੁਦਾਈ

*763. **ਕਾਮਰੇਡ ਗੁਰਨਾਮ ਸਿੰਘ ਧੀਰੋਵਾਲ** : ਕੀ ਸਿੰਚਾਈ ਅਤੇ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਜ਼ਿਲ੍ਹਾ ਗੁਰਦਾਸਪੁਰ ਵਿਚ ਪਿੰਡ ਸਠਿਆਲੀ ਤੋਂ ਬੂਲਪੁਰ ਬਹਾਦੁਰ ਰਜੋਆ, ਬਰਾਸਤਾ ਭਠੀਆਂ, ਘੋੜੇਵਾਹ, ਠਕਰਵਾਲ, ਹਰਚੋਵਾਲ, ਮੂੜ, ਵਰਿਆਣ ਪਿੰਡਾਂ ਰੇੜੀ, ਬੂਲਪੁਰ ਖੋਜਕੀਪੁਰ ਬਹਾਦੁਰ ਰਜੋਆ, ਤਕ ਰਾਜਬਾਹੇ ਦੀ ਪਿਛੇ ਖੁਦਾਈ ਅਤੇ ਸਫਾਈ ਕਿਸ ਮਿਤੀ ਨੂੰ ਕੀਤੀ ਗਈ ਸੀ ;

(ਅ) ਕੀ ਉਕਤ ਰਾਜਬਾਹੇ ਦਾ ਪਾਣੀ ਅੰਤ ਤਕ ਟੇਲ ਤੇ ਪੁੱਜਦਾ ਹੈ;

(ੲ) ਕੀ ਵਿਭਾਗ ਨੇ ਉਪਰੋਕਤ ਭਾਗ (ੳ) ਵਿਚ ਵਰਣਿਤ ਰਾਜਬਾਹੇ ਰਾਹੀਂ ਮਾਧੋਪੁਰ ਨਹਿਰ ਦਾ ਪਾਣੀ ਪਿੰਡ ਹੰਬੋਵਾਲ (ਬਲਾਕ ਕਾਹਨੂੰਵਾਂ) ਦੇ ਨੇੜਿਉਂ ਪਿੰਡਾਂ ਬਹਾਦੁਰ ਰਜੋਆ-ਬੂਲਪੁਰ ਤਕ ਸਪਲਾਈ ਕਰਨ ਸਬੰਧੀ ਕੋਈ ਸਰਵੇਖਣ ਕੀਤਾ ਸੀ; ਜੇਕਰ ਅਜਿਹਾ ਹੋਵੇ ਤਾਂ ਵਿਭਾਗ ਦੁਆਰਾ ਇਸ ਸਬੰਧ ਵਿਚ ਕੀ ਕਾਰਵਾਈ ਕੀਤੀ ਹੈ?

ਸ੍ਰੀ ਸੁਰਿੰਦਰ ਕਪੂਰ (ਰਾਜ ਮੰਤਰੀ, ਸਿੰਚਾਈ ਅਤੇ ਬਿਜਲੀ) : (ੳ) ਮਾਰਚ, 1991.

(ਅ) ਨਹੀਂ ਜੀ।

(ੲ) ਨਹੀਂ ਜੀ।

ਕਾਮਰੇਡ ਗੁਰਨਾਮ ਸਿੰਘ ਧੀਰੋਵਾਲ : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਦ ਦੇ ਰਾਜਬਾਹੇ 10-15 ਪਿੰਡਾਂ ਦੇ ਲਈ ਬਣੇ ਹਨ ਕੀ ਇਸ ਦੀ ਕਦੇ ਖੁਦਾਈ ਹੋਈ ਹੈ ਜਾਂ ਨਹੀਂ? ਕੀ ਇਹ ਕਾਗਜ਼ਾਂ ਦੇ ਵਿਚ ਕਰ ਦਿੱਤੀ ਹੈ?

---

*Not recorded as ordered by the Chair.

ਸ੍ਰੀ ਸਪੀਕਰ : ਇਹ ਕੋਈ ਸਪਲੀਮੈਂਟਰੀ ਨਹੀਂ ਬਣਦੀ। ਤੁਸੀਂ ਹੋਰ ਸਵਾਲ ਪੁੱਛ ਲਵੋ। ਅਗਰ ਤੁਹਾਡੇ ਕੋਲ ਅਥੈਂਟਿਕ ਇਨਫਰਮੇਸ਼ਨ ਹੈ ਤਾਂ ਪੁੱਛ ਲਓ। ਤੁਸੀਂ ਐਲੀਗੇਸ਼ਨ ਨਾ ਲਗਾਓ।

ਕਾਮਰੇਡ ਗੁਰਨਾਮ ਸਿੰਘ ਧੀਰੋਵਾਲ : ਸਪੀਕਰ ਸਾਹਿਬ, ਇਹ ਰਜਬਾਹੇ ਜਦ ਦੇ ਬਣੇ ਹਨ ਇਨ੍ਹਾਂ ਦੀ ਖੁਦਾਈ ਕਦੇ ਨਹੀਂ ਕੀਤੀ ਗਈ। ਇਨ੍ਹਾਂ ਰਜਬਾਹਿਆਂ ਤੋਂ 15 ਪਿੰਡਾਂ ਨੂੰ ਪਾਣੀ ਦੀ ਸਪਲਾਈ ਹੋਣੀ ਹੈ। ਪਾਣੀ ਦੀ ਸਪਲਾਈ ਨਾ ਹੋਣ ਕਰਕੇ ਇਹ ਮਾੜੇ ਪਿੰਡ ਹਨ। ਜਗ੍ਹਾ ਉੱਚੀ ਹੋਣ ਕਰਕੇ ਸਰਕਾਰੀ ਟਿਊਬਵੈਲਜ਼ ਦਾ ਪਾਣੀ ਨਹੀਂ ਪਹੁੰਚਦਾ। ਇਸ ਲਈ ਇਸ ਰਜਬਾਹੇ ਦੀ ਕਦੋਂ ਤੱਕ ਖੁਦਾਈ ਕਰਵਾਉਣ ਦਾ ਵਿਚਾਰ ਹੈ ਅਤੇ ਕਦੋਂ ਤੱਕ ਕਰ ਦੇਣਗੇ?

ਰਾਜ ਮੰਤਰੀ, ਸਿੰਜਾਈ ਅਤੇ ਬਿਜਲੀ : ਸਪੀਕਰ ਸਾਹਿਬ, ਆਰ.ਡੀ.5400 ਤੋਂ 67500 ਤੱਕ ਇਸ ਦੀ ਡਿਸਿਲਟਿੰਗ ਕੀਤੀ ਗਈ ਸੀ ਲੇਕਿਨ ਹਾਲਾਤ ਐਸੇ ਉਥੇ ਬਣੇ ਰਹੇ ਕਿ ਇਥੇ ਪੂਰੀ ਤਰਾਂ ਡੀਸਿਲਟਿੰਗ ਨਹੀਂ ਹੋ ਸਕੀ। ਟੇਲ ਤੱਕ ਪਾਣੀ ਪਹੁੰਚਾਉਣ ਦਾ ਕੰਮ ਮਈ 1993 ਤੱਕ ਕਰ ਦਿੱਤਾ ਜਾਵੇਗਾ।

ਸ੍ਰੀ ਸਪੀਕਰ : ਠੀਕ ਹੈ ਜੀ। ਐਸ਼ੋਰੈਂਸ ਬਣ ਗਈ ਹੈ।

ਸਿੰਜਾਈ ਵਿਭਾਗ ਦੇ ਛਾਂਟੀ ਕੀਤੇ ਗਏ ਮੁਲਾਜ਼ਮਾਂ ਨੂੰ ਲਗਾਉਣਾ

*742. **ਸ੍ਰੀ ਮਦਨ ਮੋਹਨ ਮਿੱਤਲ** : ਕੀ ਸਿੰਚਾਈ ਅਤੇ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਕੀ ਇਹ ਠੀਕ ਹੈ ਕਿ ਵੱਖ ਵੱਖ ਪ੍ਰਾਜੈਕਟਾਂ , ਜਿਵੇਂ ਕਿ ਐਸ.ਵਾਈ.ਐਲ, ਪ੍ਰਾਜੈਕਟ, ਆਨੰਦਪੁਰ ਹਾਈਡਲ ਪ੍ਰਾਜੈਕਟ, ਮੁਕੇਰੀਆਂ ਹਾਈਡਲ ਪ੍ਰਾਜੈਕਟ, ਦੇ ਕੁੱਝ ਮੁਲਾਜ਼ਮਾਂ ਦੀ ਜੁਲਾਈ, 1985 ਤੋਂ ਲੈ ਕੇ ਸਮੇਂ ਸਮੇਂ ਤੇ ਛਾਂਟੀ ਕੀਤੀ ਗਈ ਹੈ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦੀ ਪ੍ਰਾਜੈਕਟਵਾਰ ਗਿਣਤੀ ਕਿੰਨੀ ਹੈ ਅਤੇ ਉਨ੍ਹਾਂ ਕਰਮਚਾਰੀਆਂ ਦੀ ਸਾਲਵਾਰ ਗਿਣਤੀ ਕਿੰਨੀ ਹੈ ਅਤੇ ਨਾਂ ਕੀ ਕੀ ਹਨ ਜਿਨ੍ਹਾਂ ਨੂੰ ਹੋਰਨਾਂ ਪ੍ਰਾਜੈਕਟਾਂ ਵਿਚ ਲਗਾ ਲਿਆ ਗਿਆ ਹੈ ।

(ਅ) ਕੀ ਸਰਕਾਰ ਬਾਕੀ ਕਰਮਚਾਰੀਆਂ ਨੂੰ ਵੀ ਲਗਾ ਲੈਣ ਦਾ ਪ੍ਰਸਤਾਵ ਰੱਖਦੀ ਹੈ; ਜੇਕਰ ਅਜਿਹਾ ਹੋਵੇ, ਤਾਂ ਉਸਦਾ ਵੇਰਵਾ ਕੀ ਹੈ?

ਸ੍ਰੀ ਸੁਰਿੰਦਰ ਕਪੂਰ (ਰਾਜ ਮੰਤਰੀ, ਸਿੰਚਾਈ ਅਤੇ ਬਿਜਲੀ) : (ੳ) ਹਾਂ ਜੀ । ਅਨੰਦਪੁਰ ਸਾਹਿਬ ਹਾਈਡਲ ਪਰੋਜੈਕਟ ਅਤੇ ਮੁਕੇਰੀਆਂ ਹਾਈਡਲ ਪਰੋਜੈਕਟਾਂ ਸਬੰਧੀ ਵੇਰਵੇ ਨਾਲ ਨੱਥੀ ਸੂਚੀ ਵਿਚ ਦਿੱਤੇ ਗਏ ਹਨ। ਐਸ.ਵਾਈ.ਐਲ. ਪਰੋਜੈਕਟ ਵਿਚੋਂ ਕੋਈ ਛਾਂਟੀ ਨਹੀਂ ਕੀਤੀ ਗਈ।

(ਅ) ਵਾਧੂ ਅਮਲੇ ਨੂੰ ਖਪਾਉਣ ਬਾਰੇ ਵਿਚਾਰ ਸੁਪਰੀਮ ਕੋਰਟ ਦੀਆਂ ਹਦਾਇਤਾਂ ਤੇ ਅਧਾਰਿਤ ਪਾਲਿਸੀ, ਜੋ ਪਰਸੋਨਲ ਵਿਭਾਗ ਵਲੋਂ ਤਿਆਰ ਕੀਤੀ ਜਾ ਰਹੀ ਹੈ, ਅਨੁਸਾਰ ਕੀਤਾ ਜਾਵੇਗਾ।

ਜੁਲਾਈ, 1985 ਤੋਂ ਛਾਂਟੀ ਕੀਤੇ ਗਏ ਕਾਮਿਆਂ ਦੀ ਸਾਲ ਵਾਰ ਸੂਚੀ

ਸਾਲ		ਅਨੰਦਪੁਰ ਸਾਹਿਬ ਹਾਈਡਲ ਪ੍ਰਾਜੈਕਟ	ਮੁਕੇਰੀਆਂ ਹਾਈਡਲ ਪ੍ਰਾਜੈਕਟ
7/1985 ਤੋਂ 12/1985.		5150	...
1986	...	196	...
1987	...	...	...
1988	...	...	459
		5346	459

ਅਨੰਦਪੁਰ ਸਾਹਿਬ ਹਾਈਡਲ ਪ੍ਰਾਜੈਕਟ ਦੇ ਛਾਂਟੀ ਕੀਤੇ ਗਏ 5346 ਵਰਕਰਾਂ ਵਿਚੋਂ ਦੂਜੇ ਕਟਾਂ ਤੇ ਹਰ ਸਾਲ ਐਡਜਸਟ ਕੀਤੇ ਗਏ ਕਾਮਿਆਂ ਦੀ ਗਿਣਤੀ :

ਸਾਲ		ਰਣਜੀਤ ਸਾਗਰ ਡੈਮ ਪ੍ਰਾਜੈਕਟ	ਮੁਕੇਰੀਆਂ ਹਾਈਡਲ ਪ੍ਰਜੈਕਟ	ਜੋੜ
1985	...	544	46	500
1986	...	181	100	281
1987	...	108	...	108
	...	833	146	979

ਮੁਕੇਰੀਆਂ ਹਾਈਡਲ ਪ੍ਰਾਜੈਕਟ ਦੇ 459 ਛਾਂਟੀ ਕੀਤੇ ਗਏ ਵਰਕਰਾਂ ਵਿਚੋਂ 24 ਰਣਜੀਤ ਸਾਗਰ ਡੈਮ ਤੇ ਖਪਾਏ ਗਏ ਹਨ।

ਸ਼੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਅਨੰਦਪੁਰ ਹਾਈਡਲ ਪ੍ਰਾਜੈਕਟ ਅਤੇ ਮੁਕੇਰੀਆਂ ਹਾਈਡਲ ਪ੍ਰਾਜੈਕਟਾਂ ਸਬੰਧੀ ਵੇਰਵੇ ਨਾਲ ਨੱਥੀ ਸੂਚੀ ਵਿੱਚ, ਦਿੱਤੇ ਗਏ ਹਨ। 5346 ਵਰਕਰਜ਼ ਰਿਟਰੈਂਚ ਹੋਏ ਸਨ ਜਿਨ੍ਹਾਂ ਵਿਚੋਂ ਕੇਵਲ 979 ਵਰਕਰਜ਼ ਨੂੰ ਹੀ ਐਬਜ਼ਾਰਵ ਕੀਤਾ ਗਿਆ ਹੈ। It is less than one-fifth of the total workers retrenched since 1985 onwards ਸਪੀਕਰ ਸਾਹਿਬ, ਇਹ ਖੂਬ ਵਰਕਰਜ਼ ਉਹ ਸਨ ਜਿਨ੍ਹਾਂ ਨੇ ਇਨ੍ਹਾਂ ਪ੍ਰਾਜੈਕਟਾਂ ਤੇ ਕੰਮ ਕੀਤਾ ਹੈ. ਸਰਕਾਰ ਸੁਪਰੀਮ ਕੋਰਟ ਦੀ ਜਜਮੈਂਟ ਦੇ ਤੌਰ ਤੇ ਇਨ੍ਹਾਂ ਨੂੰ ਐਬਜ਼ਾਰਵ ਕਰਨ ਲਈ ਵਿਚਾਰ ਕਰ ਰਹੀ

[ਸ੍ਰੀ ਮਦਨ ਮੋਹਨ ਮਿਤਲ]

ਹੈ। ਇਸ ਉਤੇ ਪਾਲਿਸੀ ਕਦੋਂ ਤੱਕ ਬਣਾ ਲੈਣਗੇ ਹਾਲੇ ਤੱਕ ਕੋਈ ਡੇਟ ਨਿਰਾਧਾਰਿਤ ਨਹੀਂ ਕੀਤੀ ਗਈ ? ਇਨ੍ਹਾਂ ਬੇਰੁਜ਼ਗਾਰ ਵਰਕਰਜ਼ ਨੂੰ ਕਦੋਂ ਤੱਕ ਸਰਕਾਰ ਐਬਜ਼ਾਰਬ ਕਰ ਦੇਵੇਗੀ ? ਕਿੰਨਾ ਟਾਈਮ ਹੋਰ ਲਗੇਗਾ ?

ਰਾਜ ਮੰਤਰੀ, ਸਿੰਚਾਈ ਅਤੇ ਬਿਜਲੀ : ਸਪੀਕਰ ਸਾਹਿਬ, ਇਸ ਬਾਰੇ ਮੈਂ ਪਹਿਲਾਂ ਹੀ ਬੇਨਤੀ ਕਰ ਚੁੱਕਾ ਹਾਂ। ਮੈਂਬਰ ਸਾਹਿਬ ਨੂੰ ਦੱਸ ਚੁਕਾ ਹਾਂ ਕਿ ਜਿਹੜੇ ਪ੍ਰਾਜੈਕਟਸ ਖ਼ਤਮ ਹੋਣ ਤੇ ਕਰਮਚਾਰੀਆਂ ਨੂੰ ਐਬਜ਼ਾਰਵ ਕਰਨਾ ਸੀ ਉਹ ਕੋਰਟ ਦੇ ਫੈਸਲੇ ਦੇ ਮੁਤਾਬਿਕ ਜੋ ਸੁਪਰੀਮ ਕੋਰਟ ਨੇ ਗਾਈਡ ਲਾਈਨਜ਼ ਦਿਤੀਆਂ ਹਨ, ਉਸ ਦੇ ਮੁਤਾਬਿਕ ਹੀ ਪਰਸੋਨਲ ਵਿਭਾਗ ਵਲੋਂ ਕਰਮਚਾਰੀਆਂ ਨੂੰ ਛੇਤੀ ਹੀ ਐਬਜ਼ਾਰਵ ਕਰਨ ਦੇ ਉਪਰਾਲੇ ਕੀਤੇ ਜਾ ਰਹੇ ਹਨ।

ਸ਼੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, 'ਛੇਤੀ' ਵੇਗ ਵਰਡ ਹੈ। ਕੋਈ ਡੇਟ ਫਿਕਸ ਕੀਤੀ ਜਾਵੇ ਚਾਹੇ ਦੋ ਮਹੀਨੇ ਦੀ ਫਿਕਸ ਕਰ ਦਿੱਤੀ ਜਾਵੇ ਜਾਂ 4 ਮਹੀਨੇ ਦੀ ਕਰ ਦਿੱਤੀ ਜਾਵੇ। 1985 ਤੋਂ ਇਹ ਕੇਸ ਚੱਲ ਰਿਹਾ ਹੈ ਪਰ ਇਹ ਕੇਸ ਅਜੇ ਤਕ ਫਾਈਨਲ ਨਹੀਂ ਹੋਇਆ।

There should be some certainty. After all these people have been going to the courts because the Government has not cared. Some date should be fixed so that the Department may become quick. After all the must have discussed the matter with the Department before coming to the House. Some time should be fixed.

ਰਾਜ ਮੰਤਰੀ : ਮੈਂ ਮੈਂਬਰ ਸਾਹਿਬ ਨੂੰ ਦੱਸ ਚੁਕਾ ਹਾਂ ਕਿ ਕਈ ਵਾਰੀ ਬਹੁਤ ਸਾਰੀਆਂ ਇਨਫਰਮੇਸ਼ਨਜ਼ ਕੁਲੈਕਟ ਕਰਨੀਆਂ ਹੁੰਦੀਆਂ ਹਨ, ਇਨਫਰਮੇਸ਼ਨ ਕੁਲੈਕਟ ਕਰ ਰਹੇ ਹਾਂ, ਜਦੋਂ ਉਹ ਸਾਰੀਆਂ ਫਾਰਮੈਲਿਟੀਜ਼ ਕੰਪਲੀਟ ਹੋ ਜਾਣਗੀਆਂ ਤਾਂ ਵਿਭਾਗ ਵਲੋਂ ਉਨ੍ਹਾਂ ਨੂੰ ਜਲਦੀ ਲਗਾਉਣ ਦੇ ਯਤਨ ਕੀਤੇ ਜਾਣਗੇ।

ਡਾਕਟਰ ਰਮੇਸ਼ ਦੱਤ : ਸਪੀਕਰ ਸਾਹਿਬ, 15-15, 20-20 ਸਾਲਾਂ ਤੋਂ ਵਰਕ ਚਾਰਜ ਮੁਲਾਜ਼ਮ ਕੰਮ ਕਰ ਰਹੇ ਹਨ। ਕੀ ਸਰਕਾਰ ਉਨ੍ਹਾਂ ਵਰਕ ਚਾਰਜ ਮੁਲਾਜ਼ਮਾਂ ਨੂੰ ਰੈਗੂਲਰ ਕਰੇਗੀ ?

ਸ਼੍ਰੀ ਸਪੀਕਰ : ਤੁਸੀਂ ਇਸ ਬਾਰੇ ਸੈਪਰੇਟ ਕੁਐਸਚਨ ਦੇ ਦਿਉ। ਇਸ ਕੁਐਸਚਨ ਵਿਚ ਇਹ ਕਵਰ ਨਹੀਂ ਹੁੰਦਾ।

ਧੂਰੀ ਮਿਉਂਸਪਲ ਕਮੇਟੀ ਦੇ ਮੈਂਬਰਾਂ ਦੁਆਰਾ ਸਰਕਾਰੀ ਜ਼ਮੀਨ/ਜਾਇਦਾਦਾਂ ਤੇ ਨਜ਼ਾਇਜ਼ ਕਬਜ਼ਾ

***769. ਸਰਦਾਰ ਧਨਵੰਤ ਸਿੰਘ :** ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਮਿਉਂਸਪਲ ਕਮੇਟੀ, ਧੂਰੀ, ਜ਼ਿਲ੍ਹਾ ਸੰਗਰੂਰ ਦੇ ਕੁੱਝ ਮੈਂਬਰਾਂ ਨੇ ਸਰਕਾਰੀ ਜ਼ਮੀਨ/ ਜਾਇਦਾਦਾਂ ਤੇ ਨਜਾਇਜ਼ ਕਬਜ਼ਾ ਕੀਤਾ ਹੋਇਆ ਹੈ; ਜੇਕਰ ਅਜਿਹਾ ਹੋਵੇ, ਤਾਂ ਉਸ ਦਾ ਵੇਰਵਾ ਕੀ ਹੈ ਅਤੇ ਸਰਕਾਰ ਦੁਆਰਾ ਉਕਤ ਜ਼ਮੀਨ/ਜਾਇਦਾਦ ਨੂੰ ਖਾਲੀ ਕਰਵਾਉਣ ਲਈ ਕੀ ਕਾਰਵਾਈ ਕੀਤੀ ਗਈ/ਕੀਤੇ ਜਾਣ ਦਾ ਵਿਚਾਰ ਹੈ ?

ਡਾਕਟਰ ਕੇਵਲ ਕਿਸ਼ਨ : ਨਹੀਂ ਜੀ। ਕਿਉਂਕਿ ਕੋਈ ਨਜਾਇਜ਼ ਕਬਜ਼ਾ ਨਹੀਂ ਹੈ ਇਸ ਲਈ ਕੋਈ ਕਾਰਵਾਈ ਕਰਨ ਦਾ ਸਵਾਲ ਪੈਦਾ ਨਹੀਂ ਹੁੰਦਾ।

ਸਰਦਾਰ ਧਨਵੰਤ ਸਿੰਘ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਮੇਰੇ ਕੋਲ ਡਾਕੂਮੈਂਟਰੀ ਪਰੂਫ ਹਨ ਜਿਥੇ ਕਿ ਨਜਾਇਜ਼ ਕਬਜ਼ਾ ਹੋਇਆ ਹੈ। ਇਹ ਮਿਤੀ 15 ਅਕਤੂਬਰ, 1992 ਦਾ ਹੈ। ਮੈਂ ਇਸ ਬਾਰੇ ਆਲਰੇਡੀ ਸੈਕਟਰੀ ਸਾਹਿਬ ਨੂੰ ਕੰਪਲੇਂਟ ਕੀਤੀ ਹੋਈ ਹੈ ਪਰ ਕੋਈ ਐਕਸ਼ਨ ਅੱਜ ਤਕ ਨਹੀਂ ਹੋਇਆ।

ਮੰਤਰੀ : ਰਾਮ ਲਾਲ ਪੁੱਤਰ ਸੰਤ ਰਾਮ ਤੇ ਐਲੀਗੇਸ਼ਨ ਲਗੇ ਸੀ। ਨਾਇਬ ਤਹਿਸੀਲਦਾਰ ਨੇ ਇਨਕੁਆਇਰੀ ਕੀਤੀ ਅਤੇ ਉਸ ਦੀ ਰਿਪੋਰਟ ਮਿਤੀ 19 ਜੁਲਾਈ, 1986 ਦੀ ਹੈ ਜਿਸ ਵਿਚ ਉਸ ਨੇ ਦਸਿਆ ਹੈ ਕਿ ਕੋਈ ਕਬਜ਼ਾ ਨਹੀਂ ਹੋਇਆ। ਦੂਸਰਾ ਗੋਪਾਲਦਾਸ ਪੁੱਤਰ ਬਾਬੂ ਰਾਮ ਸੀ। ਉਹ ਹਾਈ ਕੋਰਟ ਵਿਚ ਚਲਾ ਗਿਆ ਅਤੇ ਹਾਈਕੋਰਟ ਵਿੱਚ ਉਸ ਦਾ ਕੇਸ ਡਿਸਮਿਸ ਹੋ ਗਿਆ।

ਸਰਦਾਰ ਧਨਵੰਤ ਸਿੰਘ : ਇਹ ਕੇਸ ਸਪੀਕਰ ਸਾਹਿਬ, ਨਾ ਰਾਮ ਲਾਲ ਪੁੱਤਰ ਸੰਤਰਾਮ ਦਾ ਹੈ ਅਤੇ ਨਾ ਹੀ ਗੋਪਾਲਦਾਸ ਪੁੱਤਰ ਬਾਬੂ ਰਾਮ ਦਾ ਹੈ। ਮੈਂ, ਸਪੀਕਰ ਸਾਹਿਬ, ਕਹਿ ਰਿਹਾ ਹਾਂ ਕਿ ਮੇਰੇ ਕੋਲ ਡਾਕੂਮੈਂਟਰੀ ਪਰੂਫ ਹਨ। ਰਜਿਸਟਰਾਰ ਦੀ ਸੇਲ ਡੀਡ ਹੈ। ਮੈਂ ਸੈਕਟਰੀ ਸਾਹਿਬ ਦੇ ਨੋਟਿਸ ਵਿਚ ਵੀ ਲਿਆਂਦਾ ਹੈ ਪਰ ਕੋਈ ਐਕਸ਼ਨ ਨਹੀਂ ਲਿਆ ਗਿਆ। ਨਜਾਇਜ਼ ਕਬਜ਼ਾ ਹੈ। ਇਸ ਤੇ ਫੌਰਨ ਐਕਸ਼ਨ ਲਿੱਤਾ ਜਾਵੇ।

ਮੰਤਰੀ : ਸਪੀਕਰ ਸਾਹਿਬ, ਧੂਰੀ ਰਜਿਸਟਰਾਰ ਦੇ ਦਫਤਰ ਵਿਚੋਂ ਮੈਨੂੰ ਇਨਫਰਮੇਸ਼ਨ ਆਈ ਹੈ, ਉਹ ਮੈਂ ਦੱਸ ਦਿਤੀ ਹੈ। ਜੇਕਰ ਇਹ ਹੋਰ ਕੇਸ ਹੈ ਤਾਂ ਮੇਰੇ ਨੋਟਿਸ ਵਿਚ ਲਿਆਉਣ ਔਰ ਜੇਕਰ ਕੋਈ ਨਜਾਇਜ਼ ਕਬਜ਼ਾ ਹੋਇਆ ਤਾਂ ਜ਼ਰੂਰ ਐਕਸ਼ਨ ਲਿਤਾ ਜਾਵੇਗਾ ਔਰ ਉਸ ਦੀ ਇਨਕੁਆਇਰੀ ਜ਼ਰੂਰ ਕਰਾਵਾਂਗੇ।

ਬਲਾਕ ਨੂਰਪੁਰ ਬੇਦੀ, ਜ਼ਿਲਾ ਰੋਪੜ ਵਿਚ ਡਿਗਰੀ ਕਾਲਜ ਖੋਲ੍ਹਣਾ

*686. **ਡਾਕਟਰ ਰਮੇਸ਼ ਦੱਤ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਕਿਸੇ ਬਲਾਕ ਵਿਚ ਡਿਗਰੀ ਕਾਲਜ ਖੋਲ੍ਹਣ ਲਈ ਕਿਹੜੀਆਂ ਕਿਹੜੀਆਂ ਸ਼ਰਤਾਂ ਪੂਰੀਆਂ ਕੀਤੀਆਂ ਜਾਣੀਆਂ ਜ਼ਰੂਰੀ ਹਨ ;

(ਅ) ਕੀ ਨੂਰਪੁਰ ਬੇਦੀ ਬਲਾਕ ਡਿਗਰੀ ਕਾਲਜ ਖੋਲ੍ਹਣ ਲਈ ਲੋੜੀਦੀਆਂ ਸ਼ਰਤਾਂ ਪੂਰੀਆਂ ਕਰਦਾ ਹੈ ;

(ੲ) ਜੇਕਰ ਉਪਰੋਕਤ ਭਾਗ (ਅ) ਦਾ ਉੱਤਰ ਹਾਂ ਵਿਚ ਹੋਵੇ, ਤਾਂ ਸਰਕਾਰ ਦੀ ਉਕਤ ਬਲਾਕ ਵਿਚ ਡਿਗਰੀ ਕਾਲਜ ਖੋਲ੍ਹਣ ਲਈ ਕੀ ਕਾਰਵਾਈ ਕੀਤੇ ਜਾਣ ਦੀ ਤਜ਼ਵੀਜ਼ ਹੈ?

ਸ਼੍ਰੀਮਤੀ ਸੁਸ਼ੀਲ ਮਹਾਜਨ (ਰਾਜ ਮੰਤਰੀ, ਸਿਖਿਆ ਅਤੇ ਭਾਸ਼ਾ) : (ੳ) ਰਾਜ ਵਿੱਚ ਕਾਲਜ ਬਲਾਕ ਦੇ ਅਧਾਰ ਤੇ ਨਹੀਂ ਬਲਕਿ ਖੇਤਰ ਦੀ ਜ਼ਰੂਰਤ ਦੇ ਅਧਾਰ ਤੇ ਖੋਲ੍ਹੇ ਜਾਂਦੇ ਹਨ। ਫਿਰ ਵੀ ਜੇਕਰ ਮਾਨਯੋਗ ਮੈਂਬਰ ਕਿਸੇ ਵਿਸ਼ੇਸ਼ ਥਾਂ ਕਾਲਜ ਖੁਲ੍ਹਵਾਉਣ ਦੇ ਇੱਛਕ ਹਨ, ਤਾਂ ਉਸ ਬਾਰੇ ਵਿਚਾਰ ਕਰ ਲਿਆ ਜਾਵੇਗਾ।

[ਰਾਜ ਮੰਤਰੀ, ਸਿਖਿਆ ਅਤੇ ਭਾਸ਼ਾ]

(ਬੀ) ਨਹੀਂ ਜੀ, ਉਪਰੋਕਤ (ਏ) ਦੇ ਸਨਮੁੱਖ।

(ਸੀ) ਸਵਾਲ ਨਹੀਂ ਉਠਦਾ।

ਡਾਕਟਰ ਰਮੇਸ਼ ਦੱਤ: ਸਪੀਕਰ ਸਾਹਿਬ, ਮੰਤਰੀ ਜੀ ਤੋਂ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਹਾ ਹੈ ਕਿ ਕਾਲਜ ਖੋਲ੍ਹਣ ਲਈ ਬਲਾਕ ਕੋਈ ਆਧਾਰ ਨਹੀਂ ਹੈ। ਮੈਂ ਕਹਿੰਦਾ ਹਾਂ ਕਿ ਡਿਵੈਲਪਮੈਂਟ ਜਿਹੜੀ ਚਲ ਰਹੀ ਹੈ, ਉਸਦੇ ਮੁਤਾਬਿਕ ਬਲਾਕ ਵਿੱਚ ਵੀ ਬਹੁਤ ਸਾਰੇ, ਤਕਰੀਬਨ 14-14, 16-16, ਸਕੂਲ ਹਨ। ਸ਼ਹਿਰਾਂ ਅੰਦਰ ਥੋੜ੍ਹੇ ਸਕੂਲਾਂ ਦੇ ਬੱਚਿਆਂ ਲਈ ਵੀ ਕਾਲਜ ਖੋਲ੍ਹ ਦਿੱਤੇ ਜਾਂਦੇ ਹਨ। ਨੂਰਪੁਰ ਬੇਦੀ ਇਕ ਪਛੜਿਆ ਹੋਇਆ ਇਲਾਕਾ ਹੈ, ਕੀ ਸਰਕਾਰ ਉਥੋਂ ਦੇ ਬੱਚਿਆਂ ਦੀ ਜ਼ਰੂਰਤ ਨੂੰ ਮੁੱਖ ਰਖਦੇ ਹੋਏ ਉਥੇ ਵੀ ਕਾਲਜ ਖੋਲ੍ਹਣ ਦਾ ਯਤਨ ਕਰੇਗੀ ਤਾਂ ਕਿ ਉਥੋਂ ਦੇ ਬੱਚੇ ਵੀ ਸਿੱਖਿਆ ਲੈ ਸਕਣ ?

ਰਾਜ ਮੰਤਰੀ, ਸਿਖਿਆ ਅਤੇ ਭਾਸ਼ਾ: ਸਪੀਕਰ ਸਾਹਿਬ, ਉਸ ਏਰੀਆ ਵਿੱਚ ਇਕ ਖੱਜੇਵਾਲ ਕਾਲਜ ਹੈ, ਜਿਹੜਾ 15 ਕਿਲੋਮੀਟਰ ਦੂਰੀ ਤੇ ਹੈ। ਇਕ ਕਾਲਜ ਰੋਪੜ ਵੀ ਹੈ, ਗੜ੍ਹਸ਼ੰਕਰ ਅਤੇ ਅਨੰਦਪੁਰ ਸਾਹਿਬ ਵੀ ਹੈ। ਫੇਰ ਵੀ ਜੇ ਮਾਨਯੋਗ ਮੈਂਬਰ ਸਾਹਿਬ ਕੋਈ ਐਸੀ ਜ਼ਰੂਰਤ ਮਹਿਸੂਸ ਕਰਦੇ ਹੋਣ ਤਾਂ ਦੱਸ ਦੇਣ, ਸਰਕਾਰ ਇਸ ਤੇ ਵਿਚਾਰ ਕਰ ਲਵੇਗੀ।

ਡਾਕਟਰ ਰਮੇਸ਼ ਦੱਤ: ਸਪੀਕਰ ਸਾਹਿਬ, ਜਿੰਨੇ ਕਾਲਜ ਇਨ੍ਹਾਂ ਨੇ ਦੱਸੇ ਹਨ, ਉਨ੍ਹਾਂ ਵਿਚੋਂ ਇਕ ਹੁਸ਼ਿਆਰਪੁਰ ਜ਼ਿਲ੍ਹੇ ਦਾ ਹੈ, ਇਕ ਰੋਪੜ ਡਿਸਟ੍ਰਕਟ ਹੈਡ-ਕੁਆਰਟਰ ਤੇ ਹੈ। ਇਸ ਬਲਾਕ ਦੇ ਅੰਦਰ 14-16 ਸਕੂਲ ਹਨ। ਬੜਾ ਪਛੜਿਆ ਹੋਇਆ ਬਲਾਕ ਹੈ। ਕੀ ਸਰਕਾਰ ਪਹਿਲ ਦੇ ਆਧਾਰ ਤੇ ਇਸ ਬਲਾਕ ਵਿੱਚ ਕਾਲਜ ਖੋਲ੍ਹਣ ਵਾਸਤੇ ਗੌਰ ਕਰੇਗੀ ?

ਰਾਜ ਮੰਤਰੀ: ਸਪੀਕਰ ਸਾਹਿਬ, ਬਲਾਕ ਨੂੰ ਆਧਾਰ ਬਨਾਉਣ ਦੀ ਕੋਈ ਗੱਲ ਨਹੀਂ ਹੁੰਦੀ। ਜ਼ਰੂਰਤ ਦੇ ਆਧਾਰ ਤੇ ਇਕ ਇਕ ਬਲਾਕ ਵਿੱਚ ਦੋ ਦੋ ਕਾਲਜ ਵੀ ਹੋ ਸਕਦੇ ਹਨ।

ਸ਼੍ਰੀ ਮਦਨ ਮੋਹਨ ਮਿੱਤਲ: ਸਪੀਕਰ ਸਾਹਿਬ, ਮੇਰਾ ਸਪਲੀਮੈਂਟਰੀ ਹੈ ਕਿ ਜਿਵੇਂ ਮੰਤਰੀ ਜੀ ਨੇ ਕਿਹਾ ਹੈ ਕਿ ਅਗਰ ਜ਼ਰੂਰਤ ਹੋਵੇ ਤਾਂ ਕਾਲਜ ਖੋਲ੍ਹ ਸਕਦੇ ਹਨ in case it fulfils the qualifications required for that. ਮੇਰਾ ਪ੍ਰਸ਼ਨ ਹੈ ਕਿ already there is a College at Nangal ਜਿਹੜਾ ਨੋਟੀਫਾਈਡ ਏਰੀਆ ਕਮੇਟੀ ਚਲਾ ਰਹੀ ਹੈ। ਉਸ ਦੀ ਜਿਹੜੀ ਮੈਨੇਜਿੰਗ ਕਮੇਟੀ ਹੈ ਉਸ ਨੇ ਰਿਕੁਮੈਂਡ ਕੀਤਾ ਹੈ ਕਿ ਇਸ ਨੂੰ ਗੌਰਮਿੰਟ ਟੇਕ-ਓਵਰ ਕਰ ਲਵੇ। and in this college building is there, staff is there, library is there, laboratory is there. ਉਥੇ ਸਾਰਾ ਕੁਝ ਕੰਪਲੀਟ ਹੈ। ਕੀ ਮੰਤਰੀ ਜੀ ਉਸਨੂੰ ਟੇਕ ਓਵਰ ਕਰਨ ਦਾ ਵਿਚਾਰ ਕਰਨਗੇ ?

ਸ਼੍ਰੀ ਸਪੀਕਰ: ਇਸ ਤੇ ਤੁਸੀਂ ਸੈਪਰੇਟ ਕੁਐਸਚਨ ਦੇ ਦੇਣਾ। ਵਿਚਾਰ ਕਰ ਲੈਣਗੇ।

ਰਾਜ ਮੰਤਰੀ: ਸਪੀਕਰ ਸਾਹਿਬ, ਇਹ ਇਨ੍ਹਾਂ ਦੀ ਪਰੋਪੋਜ਼ਲ ਹੈ। ਇਸ ਤੇ ਵਿਚਾਰ ਕਰ ਲਵਾਂਗੇ।

ਅਨੰਦਪੁਰ ਸਾਹਿਬ ਸਬ-ਡਵੀਜ਼ਨ ਵਿਚ ਸਕੂਲ ਅਪਗ੍ਰੇਡ ਕਰਨਾ

*743.. **ਸ੍ਰੀ ਮਦਨ ਮੋਹਨ ਮਿੱਤਲ:** : ਕੀ ਸਿਖਿਆ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ—

(ੳ) ਅਨੰਦਪੁਰ ਸਾਹਿਬ ਸਬ-ਡਵੀਜ਼ਨ ਵਿਚ ਇਸ ਸਮੇਂ ਹਾਈ ਸਕੂਲਾਂ ਦੀ ਗਿਣਤੀ ਕਿੰਨੀ ਹੈ ;

(ਅ) ਕੀ ਸਰਕਾਰ ਇਸ ਸਾਲ ਜਾਂ ਅਗਲੇ ਸਾਲ ਦੇ ਦੌਰਾਨ ਅਨੰਦਪੁਰ ਸਾਹਿਬ ਸਬ-ਡਿਵੀਜ਼ਨ ਵਿਚ ਕਿਸੇ ਮਿਡਲ ਸਕੂਲ ਨੂੰ ਹਾਈ ਸਕੂਲ ਤਕ ਅਪਗਰੇਡ ਕਰਨ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ ਤਾਂ ਅਜਿਹੇ ਸਕੂਲਾਂ ਦੀ ਗਿਣਤੀ ਕਿੰਨੀ ਹੈ?

ਸ੍ਰੀਮਤੀ ਸੁਸ਼ੀਲ ਮਹਾਜਨ (**ਰਾਜ ਮੰਤਰੀ, ਸਿਖਿਆ ਅਤੇ ਭਾਸ਼ਾ**) : ਇਸ ਸਮੇਂ ਆਨੰਦਪੁਰ ਸਾਹਿਬ ਸਬ ਡਿਵੀਜ਼ਨ ਵਿੱਚ 24 ਮਿਡਲ ਸਕੂਲ ਹਨ ਤੇ ਸਰਕਾਰ ਨੇ ਪ੍ਰਾਇਮਰੀ ਤੋਂ ਮਿਡਲ 10 ਸਕੂਲ, ਮਿਡਲ ਤੋਂ ਹਾਈ 10 ਸਕੂਲ ਤੇ ਹਾਈ ਤੋਂ ਹਾਇਰ ਸੈਕੰਡਰੀ 50 ਸਕੂਲ ਕਰਨ ਦੀ ਕੋਸ਼ਿਸ਼ ਕੀਤੀ ਸੀ। ਮੁੱਖ ਮੰਤਰੀ ਸਾਹਿਬ ਨੇ ਸਕੂਲਾਂ ਦੇ ਹਾਲਾਤ ਨੂੰ ਹੋਰ ਖਿਹਤਰ ਬਣਾਉਣ ਵਾਸਤੇ ਇਨ੍ਹਾਂ ਵਿੱਚ ਵਾਧਾ ਕਰਨ ਦੀ ਵੀ ਤਜ਼ਵੀਜ਼ ਰਖੀ ਹੋਈ ਹੈ ਜਿਸ ਦੇ ਵਾਸਤੇ ਬੜੀ ਜਲਦੀ ਮੀਟਿੰਗ ਹੋ ਰਹੀ ਹੈ ਜੋ ਮੁਖ ਮੰਤਰੀ ਸਾਹਿਬ ਕਰ ਰਹੇ ਹਨ । ਅਸੀਂ ਇਸ ਕਰੰਟ ਈਅਰ ਵਿੱਚ 100 ਸਕੂਲ ਸਾਰੇ ਪੰਜਾਬ ਨੂੰ ਦੇ ਰਹੇ ਹਾਂ। ਬਾਕੀ ਕੋਈ ਖਾਸ ਜਗ੍ਹਾ ਤੇ ਮੈਂਬਰ ਸਾਹਿਬ ਸਪੈਸਿਫਿਕ ਦੱਸ ਦੇਣ, ਕਰ ਦਿਆਂਗੇ।

ਸ੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਮੇਰਾ ਸਪਲੀਮੈਂਟਰੀ ਹੈ ਕਿ ਜਿਹੜੀ ਸਕੂਲ ਅਪਗ੍ਰੇਡ ਕਰਨ ਦੀ ਪਰੋਪੋਜ਼ਲ ਹੈ, ਕੀ ਮੰਤਰੀ ਜੀ ਸਕੂਲ ਅਪਗ੍ਰੇਡ ਕਰਨ ਵੇਲੇ ਇਸ ਗੱਲ ਦਾ ਧਿਆਨ ਰਖਣਗੇ ਕਿ ਜਿਹੜੇ ਬੱਚੇ ਪੜ੍ਹਨ ਵਾਸਤੇ ਜਾਣ, ਉਨ੍ਹਾਂ ਦੇ ਡਿਸਟੈਂਸ ਦਾ ਕਰਾਈਟੇਰੀਆ ਵੀ ਵਿਚਾਰ ਵਿੱਚ ਰਖਣਗੇ ਜਾਂ ਕਿ ਜਿਹੜੇ ਸਕੂਲ ਕੋਈ ਰਿਕਮੈਂਡ ਹੋ ਕੇ ਆਉਣਗੇ, ਉਨ੍ਹਾਂ ਨੂੰ ਹੀ ਕਰਨਗੇ, ਤਾਂਕਿ ਬੱਚਿਆਂ ਨੂੰ ਦੋ-ਦੋ ਢਾਈ ਢਾਈ ਕਿਲੋਮੀਟਰ ਤੋਂ ਦੂਰ ਨਾ ਜਾਣਾ ਪਵੇ। ਕੀ ਇਸ ਕਰਾਈਟੇਰੀਏ ਨੂੰ ਧਿਆਨ ਵਿਚ ਰਖ ਕੇ ਅਪਗ੍ਰੇਡ ਕਰਨਗੇ ?

ਰਾਜ ਮੰਤਰੀ, ਸਿਖਿਆ ਅਤੇ ਭਾਸ਼ਾ : ਇਸ ਵਾਸਤੇ ਮਾਨਯੋਗ ਮੈਂਬਰ ਸੈਪਰੇਟ ਨੋਟਿਸ ਦੇ ਦੇਣ ।

ਸ੍ਰੀ ਸਪੀਕਰ : ਤੁਸੀਂ ਹੁਣ ਇਹ ਪੁੱਛ ਰਹੇ ਹੋ ਕਿ ਕਰਾਈਟੇਰੀਆ ਕੀ ਹੈ ਜਦ ਕਿ ਤੁਹਾਡਾ ਸਵਾਲ ਇਹ ਹੈ ਕਿ ਕੀ ਗੌਰਮਿੰਟ ਨਵੇਂ ਸਕੂਲ ਅਪਗ੍ਰੇਡ ਕਰਨ ਵਾਸਤੇ ਪਰੋਪੋਜ਼ ਕਰਦੀ ਹੈ ਜਾਂ ਨਹੀਂ ਇਨ੍ਹਾਂ ਦੋਹਾਂ ਵਿਚ ਅੰਤਰ ਹੈ, ਇਸ ਵਾਸਤੇ ਮੈਂ ਇਹ ਸਪਲੀਮੈਂਟਰੀ ਅਲਾਓ ਨਹੀਂ ਕਰਦਾ।

ਪੁਲਿਸ ਹਿਰਾਸਤ ਵਿਚ ਮੌਤਾਂ

*608. **ਸ੍ਰੀਮਤੀ ਵਿਮਲਾ ਡਾਂਗ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਮੌਜੂਦਾ ਸਰਕਾਰ ਦੁਆਰਾ ਆਪਣਾ ਕਾਰਜਭਾਰ ਸੰਭਾਲਣ ਦੀ ਮਿਤੀ ਤੋਂ 9 ਅਗਸਤ, 1992 ਤੱਕ ਪੁਲਿਸ ਹਿਰਾਸਤ ਵਿਚ ਮਰੇ ਵਿਅਕਤੀਆਂ ਦੇ ਜ਼ਿਲ੍ਹਾਵਾਰ

[ਸ਼੍ਰੀਮਤੀ ਵਿਮਲਾ ਡਾਂਗ]

ਨਾਂ ਕੀ ਕੀ ਹਨ ਉਨ੍ਹਾਂ ਥਾਣਿਆਂ/ਚੌਕੀਆਂ ਦੇ ਨਾਂ ਕੀ ਕੀ ਹਨ ਜਿਨ੍ਹਾਂ ਵਿਚ ਅਜਿਹੀਆਂ ਮੌਤਾਂ ਹੋਈਆਂ ਅਤੇ ਇਨ੍ਹਾਂ ਦੇ ਕਾਰਣ ਕੀ ਕੀ ਸਨ;

(ਅ) ਕੀ ਅਜਿਹੀਆਂ ਮੌਤਾਂ ਦੀ ਕੋਈ ਜਾਂਚ ਕੀਤੀ ਗਈ ਸੀ; ਜੇਕਰ ਕੀਤੀ ਗਈ ਤਾਂ ਜ਼ਿੰਮੇਵਾਰ ਪਾਏ ਗਏ ਵਿਅਕਤੀਆਂ ਦੇ ਵਿਰੁਧ ਕੀ ਕਾਰਵਾਈ ਕੀਤੀ ਗਈ ?

Sardar Beant Singh: The requisite information ad-seriatem is as under:

(A) During the period from 25th February, 1992 to 9th August, 1992 the following 6 persons died while in Police custody in the Police Stations mentioned against their names.

1) Hira Singh S/o Babu Singh, r/o Fatehpur, Distt. Patiala, died in Police Station Sudhar, Police Distt. Jagraon.

2) Jarnail Singh at Jalla, S/o Gurmej Singh r/o Jandiala, PS Nurmahal died in Police Station, Division No.4, Jalandhar.

3) Amrit Lal S/o Sant Ram Brahmin r/o Amritsar died in Police Station Chheharta, Amritsar.

4) Sher Singh S/o Bhajan Singh r/o Badauchi Kalan died while being taken in a Allyan Nishan Truck to Police Station, Mulepur, District Fatehgarh Sahib.

5) Baljit Kumar r/o Village Kasauli died in Police Station Lalru, District Patiala.

(6) Smt. Balbir Kaur @ Balbiro died in Police Station, Ropar.

(B) Yes, enquiries were conducted. No one was found to be at fault in cases mentioned at Serial No. 1, 3 and 4. Endiry in cases mentioned at Sr. No. 2 and 5 are in progress. A case u/s 302/304-A/304-B/34 IPC has been registered in the case at Serial No. 6, against the three police officials who have since been arrested. The case is under investigation.

ਸ਼੍ਰੀਮਤੀ ਵਿਮਲਾ ਡਾਂਗ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੁੱਖ ਮੰਤਰੀ ਜੀ ਨੂੰ ਇਹ ਪੁੱਛਣਾ ਚਾਹੁੰਦੀ ਹਾਂ ਕਿ ਜਿਹੜੀ ਲਿਸਟ ਹੈ, ਕੀ ਇਸ ਦੇ ਵਿਚ ਉਹ ਲੋਕ ਵੀ ਸ਼ਾਮਲ ਹਨ, ਜਿਹੜੇ ਇਨਟੈਰੋਗੇਸ਼ਨ ਦੇ ਦੌਰਾਨ ਮਾਰੇ ਗਏ?

ਮੁੱਖ ਮੰਤਰੀ : ਜ਼ਰੂਰ ਹਨ ਜੀ। ਇਨ੍ਹਾਂ ਵਿਚੋਂ ਕਈ ਜਗ੍ਹਾ ਤੇ ਇਨਟੈਰੋਗੇਸ਼ਨ ਕੀਤੀ ਗਈ ਹੈ ਅਤੇ ਕਈ ਜਗ੍ਹਾ ਤੇ ਹਾਲੇ ਨਹੀਂ ਸੀ ਕੀਤੀ ਗਈ ਪਰ ਕਿਸੇ ਨਾ ਕਿਸੇ ਜਗ੍ਹਾ ਤੇ ਜ਼ਰੂਰ ਕੀਤੀ ਗਈ ਹੈ, ਜਿਸ ਤਰ੍ਹਾਂ ਕਿ 6 ਨੰਬਰ ਤੇ ਬਲਬੀਰੋ ਦਾ ਕੇਸ ਹੈ।

ਕਾਮਰੇਡ ਤਰਸੇਮ ਜੋਧਾਂ : ਸਪੀਕਰ ਸਾਹਿਬ, ਜਿਹੜੀ ਲਿਸਟ ਮੁੱਖ ਮੰਤਰੀ ਜੀ ਨੇ ਦਿੱਤੀ ਹੈ, ਉਸ ਤੋਂ ਇਲਾਵਾ ਬਹੁਤ ਸਾਰੇ ਕੇਸ ਅਜਿਹੇ ਹਨ ਜਿਹੜੇ ਇਨ੍ਹਾਂ ਦੇ ਨੋਟਿਸ ਵਿਚ ਨਹੀਂ ਅਤੇ ਪੁਲਿਸ ਅਫਸਰ ਸਾਡੇ ਕੋਲ ਮੰਨ ਚੁਕੇ ਹਨ ਅਤੇ ਪ੍ਰੈਸ ਵਿਚ ਵੀ ਉਹ ਆ ਚੁਕੇ ਹਨ। ਕੀ ਇਹ ਇਸ ਦੀ ਪੜਤਾਲ ਕਰਾਉਣਗੇ ?

ਸ੍ਰੀ ਸਪੀਕਰ : ਇਸ ਚੀਜ਼ ਦਾ ਸਵਾਲ ਪੈਦਾ ਨਹੀਂ ਹੁੰਦਾ ਕਿਉਂਕਿ ਤੁਸੀਂ ਇਨਫਰਮੇਸ਼ਨ ਸਪਲਾਈ ਕਰ ਰਹੇ ਹੋ, ਲੈ ਨਹੀਂ ਰਹੇ ਹੋ।

ਸ੍ਰੀਮਤੀ ਵਿਮਲਾ ਡਾਂਗ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦੀ ਹਾਂ ਕਿ ਜਿਥੇ ਪੁਲਿਸ ਦੋਸ਼ੀ ਠਹਿਰਾਈ ਗਈ ਹੈ ਅਤੇ ਇਨੋਸੈਂਟ ਲੋਕ ਮਾਰੇ ਗਏ ਹਨ, ਕੀ ਸਰਕਾਰ ਉਨ੍ਹਾਂ ਦੇ ਵਾਰਸਾਂ ਨੂੰ ਮੁਆਵਜ਼ਾ ਦੇਵੇਗੀ ?

ਮੁੱਖ ਮੰਤਰੀ : ਮੁਆਵਜ਼ਾ ਦੇਣ ਦਾ ਕੋਈ ਪ੍ਰੋਵੀਜ਼ਨ ਨਹੀਂ ਹੈ। ਜਦੋਂ ਅਜਿਹੇ ਲੋਕਾਂ ਤੇ ਤਸ਼ੱਦਦ ਕੀਤਾ ਗਿਆ ਤਾਂ ਕਸੂਰਵਾਰ ਕਰਮਚਾਰੀਆਂ ਦੇ ਵਿਰੁੱਧ ਕੇਸ ਬਣ ਗਿਆ ਹੈ ਅਤੇ ਉਨ੍ਹਾਂ ਦਾ ਚਲਾਨ ਹੋਣ ਵਾਲਾ ਹੈ, ਤਾਂ ਸਮਝਦਾ ਹਾਂ ਕਿ ਮੁਆਵਜ਼ੇ ਦਾ ਸਵਾਲ ਪੈਦਾ ਨਹੀਂ ਹੁੰਦਾ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ (ਵਿਘਨ) ਮੈਡਮ ਜੀ ਦਾ ਸਵਾਲ ਬੜਾ ਸਪੱਸ਼ਟ ਹੈ ਜਿਹੜਾ ਇਨ੍ਹਾਂ ਨੇ ਕੀਤਾ ਹੈ। (ਵਿਘਨ)

ਸ੍ਰੀ ਸਪੀਕਰ : ਗੁਰਪਾਲ ਚੰਦ ਜੀ, ਮੁਆਫ ਕਰਨਾ, ਮੈਂ ਤੁਹਾਨੂੰ ਪਛਾਣਿਆ ਨਹੀਂ ਸੀ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਮੈਂ ਬੇਨਤੀ ਕਰ ਰਿਹਾ ਹਾਂ ਕਿ ਬੜਾ ਸਪੱਸ਼ਟ ਜਿਹਾ ਪ੍ਰਸ਼ਨ ਕੀਤਾ ਸੀ ਮਿਸਿਜ਼ ਵਿਮਲਾ ਡਾਂਗ ਜੀ ਨੇ ਕਿ ਅਗਰ ਕੋਈ ਵਿਅਕਤੀ ਪੁਲਿਸ ਕਸਟੱਡੀ ਦੇ ਵਿੱਚ ਮਾਰਿਆ ਜਾਏ ਪੁਲਿਸ ਦੁਆਰਾ ਅਤੇ ਇਨਕੁਆਰੀ ਦੌਰਾਨ ਪੁਲਿਸ ਗਿਲਟੀ ਸਾਬਤ ਹੋ ਜਾਏ ਤਾਂ ਫਿਰ ਉਸ ਬੰਦੇ ਦੇ ਵਾਰਸਾਂ ਨੂੰ ਜਿਹੜਾ ਕਿ ਪੁਲਿਸ ਕਸਟੱਡੀ ਵਿਚ ਨਜਾਇਜ਼ ਤੌਰ ਤੇ ਮਾਰਿਆ ਗਿਆ ਹੈ, ਮੁਆਵਜ਼ਾ ਦਿੱਤਾ ਜਾਣਾ ਚਾਹੀਦਾ ਹੈ। ਜੇਕਰ ਇਸ ਸਬੰਧ ਵਿੱਚ ਪਹਿਲਾਂ ਕੋਈ ਨਿਯਮਾਂ ਵਿੱਚ ਪਰੋਵੀਜ਼ਨ ਨਹੀਂ ਤਾਂ ਭਵਿੱਖ ਵਿੱਚ ਕੀ ਸੀ.ਐਮ. ਸਾਹਿਬ ਅਜਿਹਾ ਕੋਈ ਪ੍ਰੋਵੀਜ਼ਨ ਕਰਾਉਣ ਬਾਰੇ ਵਿਚਾਰ ਕਰਨਗੇ ?

ਸ੍ਰੀ ਸਪੀਕਰ : ਇਹ ਤਾਂ ਅਰਸ਼ੀ ਜੀ, ਤੁਸੀਂ ਉਹੀ ਰੀਪੀਟ ਕੀਤਾ ਹੈ ਜੋ ਸ੍ਰੀਮਤੀ ਵਿਮਲਾ ਡਾਂਗ ਜੀ ਨੇ ਕਿਹਾ ਹੈ। Just a repetition

श्रीमति लक्ष्मी **कांता चावला :** अध्यक्ष महोदय, **मैं** आप के द्वारा मुख्य मन्त्री जी से पूछना चाहती हूं कि अगर कोई निर्दोष व्यक्ति उग्रवाद से मारा जाए तो पहले तो उसको कंपेनसेशन देने के लिए प्रोवीजन नहीं थी पर अब कर दिया गया है। लेकिन अगर कोई निर्दोष व्यक्ति पुलिस द्वारा मारा जाए तो उसको वित्ती सहायता क्यों न दी जाए ?

ਮੁੱਖ ਮੰਤਰੀ : ਸਵਾਲ ਉਹੀ ਹੈ ਜੀ। ਮੈਂ ਪਹਿਲਾਂ ਵੀ ਕਈ ਵਾਰ ਇਹ ਗੱਲ ਦੱਸੀ ਹੈ ਕਿ ਵੱਖਰੀ ਵੱਖਰੀ ਨੌਈਅੱਤ ਹੁੰਦੀ ਹੈ ਅਗਰ ਕੋਈ ਆਦਮੀ ਅੱਤਵਾਦ ਦੇ ਹੱਥੋਂ ਮਾਰਿਆ ਜਾਏ ਤਾਂ ਉਸ ਨੂੰ ਕੰਪਨਸੇਸ਼ਨ ਦਿੱਤਾ ਜਾਂਦਾ ਹੈ ਪਰ ਪੁਲਿਸ ਸਟੇਸ਼ਨ ਵਿੱਚ, ਪੁਲਿਸ ਕਸਟੱਡੀ ਵਿੱਚ ਜੇਕਰ ਕੋਈ ਇਨਟੈਰੋਗੇਸ਼ਨ ਦੇ ਵਿੱਚ ਜਾਂ ਹੋਰ ਕੋਈ ਗਲਬਾਤ ਹੋ ਜਾਏ ਜਿਵੇਂ ਕਿ ਤੁਸੀਂ ਪਿੱਛੇ ਦੇਖਿਆ ਹੀ ਹੈ ਕਿ ਕਈ ਵਾਰ ਕੋਈ ਆਦਮੀ ਸਾਇਨਾਇਡ ਖਾ ਕੇ ਵੀ ਮਰ ਜਾਂਦਾ ਹੈ ਤਾਂ ਮੈਂ ਸਮਝਦਾ ਹਾਂ ਕਿ ਕੋਈ ਪਰੋ-ਵੀਜ਼ਨ ਨਹੀਂ ਬਾਕੀ ਤੁਸੀਂ ਮੇਰੇ ਨਾਲ ਗੱਲ ਕਰ ਲੈਣਾ, ਜੇਕਰ ਕੋਈ ਪਰੋਵੀਜ਼ਨ ਹੋ ਸਕੀ ਤਾਂ ਦੇਖ ਲਵਾਂਗੇ।

ਸੀ.ਆਰ.ਪੀ.ਐਫ., ਬੀ.ਐਸ.ਐਫ., ਅਤੇ ਪੰਜਾਬ ਪੁਲਿਸ ਦੇ ਵਿਅੱਕਤੀਆਂ ਦੇ ਨਜ਼ਦੀਕੀ ਰਿਸ਼ਤੇਦਾਰਾਂ ਨੂੰ ਅਨੁਗ੍ਰਹਿ ਗਰਾਂਟ

*610. **ਸ੍ਰੀਮਤੀ ਵਿਮਲਾ ਡਾਂਗ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸੀ.ਆਰ. ਪੀ.ਐਫ., ਬੀ.ਐਸ.ਐਫ., ਅਤੇ ਪੰਜਾਬ ਪੁਲਿਸ ਦੇ ਅਜਿਹੇ ਕਰਮਚਾਰੀਆਂ ਜਿਨ੍ਹਾਂ ਦੀ ਡਿਊਟੀ ਸਮੇਂ ਦੁਰਘਟਨਾ ਕਾਰਣ ਮੌਤ ਹੋ ਜਾਂਦੀ ਹੈ, ਦੇ ਨਜ਼ਦੀਕੀ ਰਿਸ਼ਤੇਦਾਰਾਂ ਨੂੰ ਪੰਜਾਬ ਸਰਕਾਰ ਦੁਆਰਾ ਕੋਈ ਅਨੁਗ੍ਰਹਿ ਰਾਸ਼ੀ ਦਿੱਤੀ ਜਾਂਦੀ ਹੈ ?

Sardar Beant Singh : Only the breaved families of Punjab Police Personnel who died as a result of accidents while on duty, are given *ex-gratia* grant according to the Rules, by the State Government.

ਸ੍ਰੀਮਤੀ ਵਿਮਲਾ ਡਾਂਗ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹਾਂਗੀ ਕਿ ਅੱਤਵਾਦ ਵਿਰੁੱਧ ਸੰਘਰਸ਼ ਦੇ ਦੌਰਾਨ ਜਿਹੜੇ ਵੀ.ਆਈ.ਪੀਜ਼. ਨਾਲ ਸੀ.ਆਰ.ਪੀ.ਐਫ. ਔਰ ਬੀ.ਐਸ.ਐਫ. ਦੇ ਕਰਮਚਾਰੀ ਲੱਗੇ ਹੁੰਦੇ ਹਨ ਉਹ ਪੰਜਾਬ ਦੀ ਧਰਤੀ ਤੇ ਆ ਕੇ ਕੁਰਬਾਨੀ ਕਰਦੇ ਹਨ। ਅਗਰ ਕਿਸੇ ਦੀ ਕੋਈ ਡਿਊਟੀ ਦਿੰਦੀਆਂ ਐਕਸੀਡੈਂਟਲ ਮੌਤ ਹੋ ਜਾਵੇ ਤਾਂ ਸਰਕਾਰ ਵੱਲੋਂ ਉਨ੍ਹਾਂ ਨੂੰ ਕੋਈ ਐਕਸ ਗਰੇਸੀਆਂ ਗਰਾਂਟ ਕਿਉਂ ਨਹੀਂ ਦਿੱਤੀ ਜਾਂਦੀ ? ਇਹ ਉਨ੍ਹਾਂ ਨਾਲ ਬੇਇਨਸਾਫੀ ਹੈ। ਕੀ ਸੀ.ਐਮ. ਸਾਹਿਬ ਇਸ ਨੂੰ ਦੂਰ ਕਰਵਾਉਣਗੇ?

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਵਾਜਿਆ ਤੌਰ ਤੇ ਦੱਸਣਾ ਚਾਹੁੰਦਾ ਹਾਂ ਕਿ ਸੀ.ਆਰ.ਪੀ.ਐਫ. ਔਰ ਬੀ.ਐਸ.ਐਫ. ਦੇ ਜੋ ਕਰਮਚਾਰੀ ਹਨ ਉਨ੍ਹਾਂ ਦੀਆਂ ਆਪਣੀਆਂ ਆਪਣੀਆਂ ਰਿਸਪੈਕਟਿਵ ਯੂਨਿਟ ਹਨ ਜੋ ਕਿ ਉਨ੍ਹਾਂ ਦੇ ਕੰਪਨਸੇਸ਼ਨ ਦਿੰਦੀਆਂ ਹਨ ਔਰ ਉਨ੍ਹਾਂ ਨਾਲ ਕੋਈ ਬੇਇਨਸਾਫੀ ਨਹੀਂ ਹੁੰਦੀ। ਉਨ੍ਹਾਂ ਨੂੰ ਅਜਿਹੀ ਹਾਲਤ ਵਿੱਚ ਪੂਰੇ ਤੌਰ ਤੇ ਕੰਪਨਸੇਟ ਕੀਤਾ ਜਾਂਦਾ ਹੈ।

श्रीमति लक्ष्मी कांता चावला : अध्यक्ष महोदय, मैं मुख्य मंत्री जी से आप के दारा पूछना चाहती हूं कि जो हमारे साथ सुरक्षा कर्मी लगे हुये हैं, वो आंतकवाद के खिलाफ लड़ रहे हैं, अगर उन में से किसी एक की मौत ऐक्सीडैंट के कारण हो जाये तो उनको कम कम्पनसेशन मिलता है और अगर किसी की मौत गोली से हो जाये तो उस की राशी अधिक होती है। यह उसकी बदकिस्मती है कि वो ऐक्सीडैंट के कारण मारा गया। क्या सी.एम. साहिब इस बात की ओर अपना ध्यान देंगे।

ਸ੍ਰੀ ਸਪੀਕਰ : ਨਹੀਂ, ਭੈਣ ਜੀ। ਇਹ ਕੋਈ ਸਪਲੀਮੈਂਟਰੀ ਨਹੀਂ।

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਤੁਸੀਂ ਆਰਡਰ ਦੇ ਕੇ ਕਰਵਾ ਸਕਦੇ ਹੋ ਜੀ ।

ਸ੍ਰੀ ਸਪੀਕਰ : ਇਨ੍ਹਾਂ ਨੇ ਜੋ ਸਰਕਾਰ ਦੀ ਪਾਲਿਸੀ ਬਣਾਈ ਹੋਈ ਹੈ ਉਹ ਈਨੀਸ਼ੀਏਟ ਕਰ ਦਿੱਤੀ ਹੈ।

ਸ੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਠੀਕ ਹੈ, ਸੀ.ਐਮ. ਸਾਹਿਬ ਨੇ ਇਹ ਗੱਲ ਕਹਿ ਦਿੱਤੀ ਹੈ ਕਿ ਪੰਜਾਬ ਪੁਲਿਸ ਦਾ ਅਗਰ ਕੋਈ ਆਦਮੀ ਐਕਸੀਡੈਂਟ ਵਿੱਚ ਡੈਡ ਹੋ ਜਾਏ ਤਾਂ ਉਸ ਨੂੰ ਪੰਜਾਬ

ਸਰਕਾਰ ਨੇ ਨਿਯਮਾਂ ਅਨੁਸਾਰ ਅਦਾਇਗੀ ਕਰ ਦਿੱਤੀ ਜਾਂਦੀ ਹੈ ਪਰ ਕਿਉਂ ਕਿ ਸੀ.ਆਰ.ਪੀ.ਐਫ, ਐਰ ਬੀ.ਐਸ.ਐਫ. ਦੇ ਕਰਮਚਾਰੀ ਸਾਡੇ ਪੰਜਾਬ ਦੇ ਵਿਚ ਆਤੰਕਵਾਦ ਦੇ ਖਿਲਾਫ ਲੜਾਈ ਲੜ ਰਹ ਹਨ ਅਗਰ ਉਨ੍ਹਾਂ ਦੀ ਮੌਤ ਹੋ ਜਾਵੇ ਤਾਂ ਕੀ ਸੀ.ਐਮ. ਪੰਜਾਬ ਵਿੱਚੋਂ ਸਬਸੀਡਾਈਜ਼ ਨਹੀਂ ਕਰਨਗੇ ਜਾਂ ਇਹ ਮਾਮਲਾ ਸੀ.ਆਰ.ਪੀ. ਅਤੇ. ਬੀ.ਐਸ.ਐਫ. ਦੇ ਅਧਿਕਾਰੀਆਂ ਨਾਲ ਟੇਕਅਪ ਕਰਕੇ ਉਨ੍ਹਾਂ ਨੂੰ ਵੀ ਪੰਜਾਬ ਪੁਲਿਸ ਦੇ ਬਰਾਬਰ ਮੁਆਵਜ਼ਾ ਦਿਵਾਉਣਗੇ ?

ਸ੍ਰੀ ਸਪੀਕਰ : ਮੁੱਖ ਮੰਤਰੀ ਜੀ ਨੇ ਦੱਸ ਦਿੱਤਾ ਹੈ ਕਿ ਆਲਰੈਡੀ ਉਨ੍ਹਾਂ ਦੇ ਰੂਲਜ਼ ਬਣੇ ਹੋਏ ਹਨ ਅਤੇ ਉਨ੍ਹਾਂ ਦੇ ਮੁਤਾਬਿਕ ਸੀ.ਆਰ.ਪੀ.ਐਫ. ਅਤੇ ਬੀ.ਐਸ.ਐਫ. ਨੂੰ ਕੰਪਨਸੇਟ ਕੀਤਾ ਜਾਂਦਾ ਹੈ।

ਸ੍ਰੀ ਮਦਨ ਮੋਹਨ ਮਿੱਤਲ : ਇਹ ਠੀਕ ਹੈ ਕਿ rules are there ਅਤੇ ਉਨ੍ਹਾਂ ਰੂਲਾਂ ਦੇ ਮਤਾਬਿਕ ਹੀ ਉਨ੍ਹਾਂ ਨੂੰ ਪੇਮੈਂਟ ਕੀਤੀ ਜਾਂਦੀ ਹੈ। ਕੀ ਸੀ.ਐਮ. ਸਾਹਿਬ ਉਨ੍ਹਾਂ ਦੇ ਡਿਪਾਰਟਮੈਂਟ ਨਾਲ ਜਾਂ ਗੌਰਮਿੰਟ ਆਫ ਇੰਡੀਆ ਨਾਲ ਇਹ ਗੱਲ ਟੇਕ-ਅੱਪ ਕਰਨਗੇ ਕਿ ਜਦੋਂ ਉਹ ਜਵਾਨ ਲੜਦੇ ਹੋਏ ਸ਼ਹੀਦ ਹੁੰਦੇ ਹਨ ਤਾਂ ਉਨ੍ਹਾਂ ਨੂੰ ਵੀ ਪੰਜਾਬ ਵਿੱਚ ਮਿਲਦੀ ਸਹਾਇਤਾ ਦੇ ਬਰਾਬਰ ਹੀ ਦਿੱਤੀ ਜਾ ਸਕੇ।

ਮੁੱਖ ਮੰਤਰੀ : ਮੈਂ ਸਮਝਦਾ ਹਾਂ ਕਿ ਮਾਨਯੋਗ ਮੈਂਬਰ, ਮਿੱਤਲ ਸਾਹਿਬ ਕਹਿਣਾ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਪੰਜਾਬ ਵਿੱਚ ਦਿੱਤੀ ਜਾਂਦੀ ਸਹਾਇਤਾ ਦੇ ਬਰਾਬਰ ਦਿੱਤੀਆਂ ਜਾਇਆ ਕਰੇ। ਪਰ ਮੈਂ ਸਮਝਦਾ ਹਾਂ ਕਿ ਉਨ੍ਹਾਂ ਦੇ ਰੂਲਜ਼ ਵਿਚ ਪ੍ਰੋਵਾਈਡਿਡ ਹੈ ਅਤੇ ਉਨ੍ਹਾਂ ਨੂੰ ਹੈਂਡਸਮਲੀ ਅਕੋਮੋਡੇਟ ਕੀਤਾ ਜਾਂਦਾ ਹੈ। ਮੈਂ ਜ਼ਰੂਰੀ ਨਹੀਂ ਸਮਝਦਾ ਕਿ ਉਨ੍ਹਾਂ ਨੂੰ ਹੋਰ ਜ਼ਿਆਦਾ ਪੈਸਾ ਦਿੱਤਾ ਜਾਵੇ।

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 757*

ਸ੍ਰੀ ਸਪੀਕਰ : ਕੁਐਸਚਨ ਨੰਬਰ 757 ਦੀ ਐਕਸਟੈਨਸ਼ਨ ਮੰਗੀ ਗਈ ਹੈ ਜਿਹੜੀ ਕਿ ਮੈਂ ਅਲਾਓ ਕਰ ਦਿੱਤੀ ਹੈ।

ਰਾਜ ਵਿਚ ਹਿਸਾਬ (ਮੈਥੇਮੈਟਿਕਸ) ਦੇ ਅਧਿਆਪਕਾਂ ਦੀ ਚੋਣ

*658. 1. **ਕਾਮਰੇਡ ਹਰਦੇਵ ਸਿੰਘ ਅਰਸ਼ੀ**
2. **ਸ੍ਰੀਮਤੀ ਵਿਮਲਾ ਡਾਂਗ** } : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ

ਦਸਣਗੇ ਕਿ—

(ੳ) ਕੀ ਸਾਲ 1989 ਦੇ ਦੌਰਾਨ ਹਿਸਾਬ ਦੇ ਅਧਿਆਪਕਾਂ ਦੀ ਚੋਣ ਲਈ ਕੋਈ ਰਾਜ ਪੱਧਰੀ ਚੋਣ ਕਮੇਟੀ ਬਣਾਈ ਗਈ ਸੀ; ਜੇਕਰ ਅਜਿਹਾ ਹੋਵੇ ਤਾਂ ਉਕਤ ਕਮੇਟੀ ਨੇ ਕਿੰਨੇ ਉਮੀਦਵਾਰਾਂ ਦੀ ਇੰਟਰਵਿਊ ਲਈ ਅਤੇ ਕਿੰਨੀਆਂ ਦੀ ਚੋਣ ਕੀਤੀ;

(ਅ) ਕੀ ਕੀਤੀਆਂ ਗਈਆਂ ਚੋਣਾਂ ਦੇ ਸਬੰਧ ਵਿਚ ਕਥਿਤ ਗੰਭੀਰ ਬੇਕਾਇਦਗੀਆਂ, ਭ੍ਰਿਸ਼ਟਾਚਾਰ ਅਤੇ ਕੁਨਬਾ ਪਰਵਰੀ ਸਬੰਧੀ ਕੋਈ ਸ਼ਿਕਾਇਤਾਂ ਪ੍ਰਾਪਤ ਹੋਈਆਂ, ਜੇਕਰ ਅਜਿਹਾ ਹੋਵੇ, ਤਾਂ ਕੀ ਇਸ ਮਾਮਲੇ ਦੀ ਪੜਤਾਲ ਕਰਨ ਦੇ ਹੁਕਮ ਜਾਰੀ ਕੀਤੇ ਗਏ ਸਨ;

*For Starred Question No. 757 and reply thereto, please see P.V.S Debates dated 16th March, 1993.

[ਕਾਮਰੇਡ ਹਰਦੇਵ ਸਿੰਘ ਅਰਸ਼ੀ]

(ੲ) ਜੇਕਰ ਉਪਰੋਕਤ ਭਾਗ(ਅ) ਦਾ ਉੱਤਰ ਹਾਂ ਵਿਚ ਹੋਵੇ, ਤਾਂ ਪੜਤਾਲੀਈ ਰਿਪੋਰਟ ਦੀ ਕਾਪੀ ਅਤੇ ਉਸ ਤੇ ਕੀਤੀ ਗਈ ਕਾਰਵਾਈ ਸਦਨ ਦੀ ਮੇਜ਼ ਤੇ ਰੱਖੀ ਜਾਵੇ ?

ਸ੍ਰੀਮਤੀ ਸੁਸ਼ੀਲ ਮਹਾਜਨ (ਰਾਜ ਮੰਤਰੀ, ਸਿੱਖਿਆ ਅਤੇ ਭਾਸ਼ਾ) (ੳ) ਹਾਂ ਜੀ, ਇੰਟ੍ਰਵਿਊ ਕੀਤੇ ਉਮੀਦਵਾਰਾਂ ਦੀ ਗਿਣਤੀ 3927 ਹੈ ਅਤੇ ਚੁਣੇ ਗਏ ਉਮੀਦਵਾਰਾਂ ਦੀ ਗਿਣਤੀ 728 ਹੈ।

(ਅ) ਹਾਂ ਜੀ ।

(ੲ) ਅਜਿਹੀਆਂ ਸ਼ਕਾਇਤਾਂ ਹਾਊਸ ਦੇ ਮੇਜ਼ ਤੇ ਰੱਖਣ ਦੀ ਪ੍ਰਥਾ ਨਹੀਂ ਹੈ। ਜਿਵੇਂ ਕਿ ਮਾਮਲਾ ਅਦਾਲਤ ਦੇ ਵਿਚਾਰ ਅਧੀਨ ਹੈ, ਇਸ ਲਈ ਇਹ ਇਨਕੁਆਰੀ ਹੁਣ ਤੱਕ ਮੁਕੰਮਲ ਨਹੀਂ ਕੀਤੀ ਗਈ ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਇਹ ਗੱਲ ਤਾਂ ਕੋਈ ਲੌਜਿਕ ਵਾਲੀ ਨਹੀਂ ਕਿ ਅਗਰ ਕੋਈ ਮੈਂਬਰ ਆਪਣੇ ਪ੍ਰਸ਼ਨ ਵਿੱਚ ਕੋਈ ਕਾਗਜ਼ ਹਾਊਸ ਵਿਚ ਮੇਜ਼ ਤੇ ਰੱਖਣ ਲਈ ਕਹਿੰਦਾ ਹੈ ਤਾਂ ਉਹ ਨਾ ਰੱਖੇ ਜਾਣ। ਕਿਰਪਾ ਕਰਕੇ ਇਹ ਦੱਸਿਆ ਜਾਵੇ ਕਿ ਇਹ ਸਦਨ ਦੀ ਮੇਜ਼ ਤੇ ਕਿਉਂ ਨਹੀਂ ਰੱਖੀ ਗਈ ?

ਸ੍ਰੀ ਸਪੀਕਰ : ਅਰਸ਼ੀ ਜੀ, ਇਹ ਜਿਹੜੀਆਂ ਡਿਪਾਰਟਮੈਂਟਲ ਇਨਕੁਆਇਰੀਆਂ ਹੁੰਦੀਆਂ ਹਨ, ਇਨ੍ਹਾਂ ਨੂੰ ਸਦਨ ਦੇ ਮੇਜ਼ ਤੇ ਰੱਖਣ ਦੀ ਪ੍ਰਥਾ ਤਾਂ ਕੋਈ ਨਹੀਂ ਹੈ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਮੈਂ ਸਾਰੀ ਰਿਪੋਰਟ ਸਦਨ ਦੀ ਮੇਜ਼ ਤੇ ਰੱਖਣ ਵਾਸਤੇ ਤਾਂ ਕਿਹਾ ਹੀ ਨਹੀਂ। ਮੈਂ ਤਾਂ ਕੇਵਲ ਓਪਰੇਟਿਵ ਪਾਰਟ ਰੱਖਣ ਦੀ ਹੀ ਮੰਗ ਕੀਤੀ ਸੀ। ਚਲੋ, ਮੈਂ ਆਪਣੀ ਅਗਲੀ ਸਪਲੀਮੈਂਟਰੀ ਪੁੱਛ ਲੈਂਦਾ ਹਾਂ ।

ਸਪੀਕਰ ਸਾਹਿਬ, ਮੰਤਰੀ ਜੀ ਨੇ ਕਿਹਾ ਹੈ ਕਿ ਮਾਮਲਾ ਅਦਾਲਤ ਦੇ ਵਿਚਾਰ ਅਧੀਨ ਹੈ ਅਤੇ ਇਸ ਤੇ ਹੋਰ ਵਿਚਾਰ ਨਹੀਂ ਕੀਤਾ ਜਾ ਸਕਦਾ। ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਇਸ ਮਮਲੇ ਵਿੱਚ ਬਹੁਤ ਸਾਰੀਆਂ ਬੇਨਿਯਮੀਆਂ ਹੋਈਆਂ ਹਨ......

ਸ੍ਰੀ ਸਪੀਕਰ : ਅਰਸ਼ੀ ਜੀ, ਭਾਸ਼ਣ ਨਾ ਕਰੋ। You may simply ask a supplementary question. Please put a supplementary.

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੋਰਟ ਵਿੱਚ ਕੇਸ ਸਰਕਾਰ ਨੇ ਕੀਤਾ ਹੈ ਜਾਂ ਸਟੂਡੈਂਟਸ ਨੇ ?

ਰਾਜ ਮੰਤਰੀ : ਸ੍ਰੀਮਤੀ ਰੋਜ਼ੀ ਅਤੇ 11 ਹੋਰਨਾਂ ਨੇ ਕੋਰਟ ਵਿੱਚ ਰਿਟ ਕਰ ਦਿਤੀ, ਜਿਸ ਕਰਕੇ ਹਾਲੇ ਡਿਸੀਜ਼ਨ ਨਹੀਂ ਲਿਆ। ਮਾਮਲਾ ਸਬ-ਜੁਡਿਸ਼ ਹੈ, ਜਦੋਂ ਕੋਈ ਰਿਜ਼ਲਟ ਆਵੇਗਾ ਤਾਂ ਦੇਖ ਲਿਆ ਜਾਵੇਗਾ ।

ਕਾਮਰੇਡ ਹਰਦੇਵ ਸਿੰਘ ਅਰਸ਼ੀ: ਜਿਹੜੇ ਕੈਂਡੀਡੇਟਸ ਅਪੀਅਰ ਹੋਏ, ਜਿਨ੍ਹਾਂ ਨੂੰ ਜਸਟਿਸ ਨਾ ਮਿਲਿਆ ਉਹ ਕੋਰਟ ਵਿੱਚ ਚਲੇ ਗਏ। ਕੀ ਐਜੂਕੇਸ਼ਨ ਡਿਪਾਰਟਮੈਂਟ ਇਸ ਗੱਲ ਵਲ ਕੋਈ ਧਿਆਨ

ਦੇਵੇਗਾ ਕਿ ਉਨ੍ਹਾਂ ਨੂੰ ਜਸਟਿਸ ਨਾ ਮਿਲਣ ਕਾਰਨ ਕੋਰਟ ਜਾਣਾ ਪਿਆ ਹੈ, ਇਸ ਲਈ ਮਹਿਕਮਾ ਕੋਰਟ ਵਿੱਚ ਉਨ੍ਹਾਂ ਦੇ ਪੱਖ ਵਿੱਚ ਕੋਈ ਬਿਆਨ ਦੇਵੇਗਾ ਤਾਂ ਜੋ ਕੋਰਟ ਵਿੱਚ ਲੰਮੇ ਸਮੇਂ ਤੋਂ ਬਚ ਕੇ ਉਨ੍ਹਾਂ ਦਾ ਜਲਦੀ ਫੈਸਲਾ ਹੋ ਸਕੇ ?

Mr. Speaker : Court is a final authority. Whatever it is, let it decide.

ਵਿਭਾਗੀ ਚੋਣ ਕਮੇਟੀ (ਸਿਖਿਆ ਵਿਭਾਗ) ਸਥਾਪਿਤ ਕਰਨਾ।

*660. ਕਾਮਰੇਡ ਹਰਦੇਵ ਸਿੰਘ ਅਰਸ਼ੀ: ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) 1 ਜਨਵਰੀ, 1991 ਤੋਂ 31 ਅਕਤੂਬਰ, 1992 ਤੱਕ ਦੇ ਸਮੇਂ ਦੌਰਾਨ ਸਿਖਿਆ ਵਿਭਾਗ ਵਿਚ ਕਿੰਨੀਆਂ ਵਿਭਾਗੀ ਚੋਣ ਕਮੇਟੀਆਂ ਹੋਂਦ ਵਿਚ ਸਨ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਕਮੇਟੀਆਂ ਨੇ ਹੁਣ ਤਕ ਮਾਸਟਰਾਂ ਦੀਆਂ ਅਸਾਮੀਆਂ ਲਈ ਕਿੰਨੇ ਉਮੀਦਵਾਰਾਂ ਦੀ ਇੰਟਰਵਿਊ ਲਈ ;

(ੲ) ਕੀ ਕੋਈ ਅਜਿਹੀਆਂ ਨਵੀਆਂ ਚੋਣ ਕਮੇਟੀਆਂ ਸਥਾਪਿਤ ਕੀਤੀਆਂ ਜਾ ਰਹੀਆਂ ਹਨ ?

ਸ਼੍ਰੀਮਤੀ ਸੁਸ਼ੀਲ ਮਹਾਜਨ (ਰਾਜ ਮੰਤਰੀ, ਸਿੱਖਿਆ ਅਤੇ ਭਾਸ਼ਾ) : 1 ਜਨਵਰੀ, 1991 ਤੱਕ ਗਵਰਨਰੀ ਰਾਜ ਸਮੇਂ ਕੇਵਲ 2 ਕਮੇਟੀਆਂ ਬਣੀਆਂ ਹੋਈਆਂ ਸਨ। ਜਦੋਂ ਪਾਪੂਲਰ ਗੌਰਮਿੰਟ ਆਈ ਤਾਂ ਇਹ ਵਿਭਾਗੀ ਕਮੇਟੀਆਂ 11 ਬਣਾ ਦਿੱਤੀਆਂ ਅਤੇ ਇਹ 31 ਅਕਤੂਬਰ, 1992 ਤੱਕ ਰਹੀਆਂ। ਫਿਰ ਬਹੁਤ ਸਾਰੇ ਕੈਂਡੀਡੇਟਾਂ ਦੀਆਂ ਰਿਪਰੇਜ਼ੈਂਟੇਸ਼ਨਜ਼ ਆਈਆਂ ਅਤੇ ਇੰਪਲਾਇਮੈਂਟ ਐਕਸਚੇਂਜ ਤੋਂ ਵੀ ਕੈਂਡੀਡੇਟ ਨਹੀਂ ਸਨ ਬੁਲਾਏ। ਇਸ ਲਈ 31 ਅਕਤੂਬਰ, 1992 ਨੂੰ ਇਹ ਕਮੇਟੀਆਂ ਭੰਗ ਕਰ ਦਿੱਤੀਆਂ ਫਿਰ ਨਵੀਆਂ 45 ਸਿਲੈਕਸ਼ਨ ਕਮੇਟੀਆਂ ਬਣਾ ਦਿੱਤੀਆਂ ਗਈਆਂ।

(ਬੀ) ਮਾਸਟਰਜ਼/ਮਿਸਟਰੈਸਿਜ਼ ਦੀਆਂ ਆਸਾਮੀਆਂ ਲਈ 26,000 ਪ੍ਰਾਰਥੀਆਂ ਦਾ ਇੰਟਰਵਿਊ ਕੀਤਾ ਗਿਆ।

(ਸੀ) ਨਹੀਂ ਜੀ।

ਕਾਮਰੇਡ ਹਰਦੇਵ ਸਿੰਘ ਅਰਸ਼ੀ: ਸਪੀਕਰ ਸਾਹਿਬ, ਜੋ ਰਿਟਨ ਰਿਪਲਾਈ ਮੈਨੂੰ ਮਿਲਿਆ ਹੈ ਔਰ ਜੋ ਮੈਡਮ ਨੇ ਦਿਤਾ ਹੈ, ਉਸ ਵਿੱਚ ਕਾਫ਼ੀ ਫਰਕ ਹੈ ਕਿਉਂਕਿ ਮੈਡਮ ਨੇ 'ਸੀ' ਭਾਗ ਦੇ ਉਤਰ ਵਿੱਚ ਕਿਹਾ ਹੈ ਕਿ ਅਸੀਂ ਕੋਈ ਕਮੇਟੀ ਨਹੀਂ ਬਣਾਈ।

ਰਾਜ ਮੰਤਰੀ, ਸਿਖਿਆ ਅਤੇ ਭਾਸ਼ਾ : ਮੈਂ 'ਸੀ' ਭਾਗ ਦੇ ਜਵਾਬ ਵਿੱਚ ਕਿਹਾ ਹੈ ਕਿ ਅਸੀਂ ਕੋਈ ਕਮੇਟੀ ਨਹੀਂ ਬਣਾਈ। 31 ਅਕਤੂਬਰ ਨੂੰ ਅਸੀਂ ਜਿਹੜੀਆਂ ਪਹਿਲਾਂ ਕਮੇਟੀਆਂ ਸਨ ਉਹ ਭੰਗ ਕਰ ਦਿਤੀਆਂ ਕਿਉਂਕਿ ਉਸ ਵਿੱਚ ਇਤਰਾਜ਼ ਸੀ ਕਿ ਅਸੀਂ ਇਮਪਲਾਇਮੈਂਟ ਐਕਸਚੇਂਜ ਵਿਚੋਂ ਪੂਰੇ ਨਾਉਂ ਨਹੀਂ ਸੀ ਲਏ ਅਤੇ ਉਸ ਵਿੱਚ ਕਾਫ਼ੀ ਨਾਮ ਰਹਿ ਗਏ ਸਨ ਜਿਨ੍ਹਾਂ ਕਰਕੇ ਉਹ ਕਮੇਟੀਆਂ ਭੰਗ ਕਰ ਦਿਤੀਆਂ ਗਈਆਂ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਫੇਰ ਸਪੱਸ਼ਟ ਉੱਤਰ ਨਹੀਂ ਦਿੱਤਾ ਗਿਆ । ਮੇਰਾ ਸਵਾਲ ਸੀ ਕਿ ਕਿੰਨੀਆਂ ਕਮੇਟੀਆਂ ਮੌਜੂਦ ਸਨ, ਉਸ ਦੇ ਬਾਅਦ ਕਿੰਨੀਆਂ ਨਵੀਆਂ ਬਣੀਆਂ ਅਤੇ ਉੱਤਰ ਵਿੱਚ ਇਨ੍ਹਾਂ ਨੇ ਦੱਸਿਆ ਹੈ ਕਿ ਨਵੀਆਂ ਕਮੇਟੀਆਂ ਬਣਾਈਆਂ ਹੀ ਨਹੀਂ ਗਈਆਂ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਕਿਹਾ ਹੈ ਕਿ ਨਵੀਆਂ ਨਹੀਂ ਬਣਾਈਆਂ, 31 ਅਕਤੂਬਰ, ਨੂੰ ਪਹਿਲੀਆਂ ਕਮੇਟੀਆਂ ਭੰਗ ਕਰਕੇ ਬਣਾਈਆਂ ਗਈਆਂ ਹਨ । ਜਿਹੜੇ ਬੱਚੇ ਇਮਪਲਾਇਮੈਂਟ ਐਕਸਚੇਂਜ ਤੋਂ ਰਹਿ ਗਏ ਸਨ ਉਹ ਵੀ ਮੰਗ ਲਏ ਅਤੇ ਹੋਰ ਵੀ ਮੰਗੇ ਹਨ ।

ਸ੍ਰੀ ਸਪੀਕਰ : ਅਰਸ਼ੀ ਜੀ, ਹੋਰ ਸਪਲੀਮੈਂਟਰੀ ਪੁੱਛਣਾ ਚਾਹੁੰਦੇ ਹੋ ?

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ ਮੇਰੀ ਪਹਿਲਾਂ ਹੀ ਤਸੱਲੀ ਨਹੀਂ ਹੋਈ ਕਿਉਂਕਿ ਇਨ੍ਹਾਂ ਵੱਲੋਂ ਜੋ ਉੱਤਰ ਦਿਤਾ ਗਿਆ ਹੈ, ਉਹ ਸਪੱਸ਼ਟ ਨਹੀਂ ਹੈ । ਮੇਰੇ ਸਵਾਲ ਦਾ ਜਿਹੜਾ ਭਾਗ 'ਏ' ਹੈ ਉਸ ਵਿੱਚ ਪੁਛਿਆ ਸੀ ਕਿ ਕਿੰਨੀਆਂ ਕਮੇਟੀਆਂ ਬਣਾਈਆਂ ਗਈਆਂ, ਕਿੰਨੇ ਉਮੀਦਵਾਰਾਂ ਦੀ ਇੰਟਰਵਿਊ ਲਈ ਗਈ, ਕੀ ਕੋਈ ਹੋਰ ਕਮੇਟੀਆਂ ਬਣਾਈਆਂ ਜਾ ਰਹੀਆਂ ਹਨ, ਇਨ੍ਹਾਂ ਨੇ ਉੱਤਰ ਦਿੱਤਾ ਹੈ ਕਿ ਅਸੀਂ ਕਮੇਟੀਆਂ ਬਣਾਈਆਂ ਹੀ ਨਹੀਂ ?

ਸ੍ਰੀ ਸਪੀਕਰ : ਮਹਾਜਨ ਜੀ, ਉਨੀ ਇਨਫਰਮੇਸ਼ਨ ਦਿਓ ਜੋ ਤੁਹਾਡੇ ਕੋਲ ਮੌਜੂਦ ਹੈ ।

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਪਹਿਲਾਂ ਕਿਹਾ ਹੈ ਕਿ ਜਿਹੜੀਆਂ ਪਹਿਲਾਂ ਪਾਪੂਲਰ ਗੌਰਮਿੰਟ ਤੋਂ ਕਮੇਟੀਆਂ ਬਣੀਆਂ ਸਨ ਫਿਰ 11 ਕਮੇਟੀਆਂ ਅਸੀਂ ਹੋਰ ਬਣਾਈਆਂ । ਇਸ ਵਿੱਚ ਸਟੂਡੈਂਟਸ ਦਾ ਅਤੇ ਪੰਜਾਬ ਦੇ ਵਾਸੀਆਂ ਦਾ ਇਤਰਾਜ਼ ਸੀ ਕਿ ਇਮਪਲਾਇਮੈਂਟ ਐਕਸਚੇਂਜ ਵਿਚੋਂ ਪੂਰੇ ਉਮੀਦਵਾਰ ਇੰਟਰਵਿਊ ਲਈ ਨਹੀਂ ਬੁਲਾਏ ਗਏ । ਫਿਰ 31 ਅਕਤੂਬਰ ਨੂੰ ਸਾਰੀਆਂ ਪਿਛਲੀਆਂ ਕਮੇਟੀਆਂ ਭੰਗ ਕਰਕੇ ਮੁੜ ਨਵੀਆਂ ਕਮੇਟੀਆਂ ਸਥਾਪਿਤ ਕੀਤੀਆਂ ਗਈਆਂ ਜਿਨ੍ਹਾਂ ਵਿੱਚ 26,000 ਲੋਕ ਅਪੀਅਰ ਹੋਏ ।

ਕਾਮਰੇਡ ਹਰਦੇਵ ਸਿੰਘ ਅਰਸ਼ੀ: ਮੇਰੀ ਸਪਲੀਮੈਂਟਰੀ ਇਹ ਹੈ ਕਿ ਜਿਹੜਾ ਪਾਰਟ 'ਬੀ' ਵਿਚ ਉੱਤਰ ਦਿੱਤਾ ਗਿਆ ਹੈ ਕਿ 26,000 ਕੈਂਡੀਡੇਟਸ ਅਪੀਅਰ ਹੋਏ ਕੀ ਉਨ੍ਹਾਂ ਦੀ ਇੰਟਰਵਿਊ ਕਮੇਟੀ ਵਲੋਂ ਰੱਖੀ ਗਈ ਹੈ ਜਾਂ ਕਿ ਉਨ੍ਹਾਂ ਨੂੰ ਡਿਸਟ੍ਰਿਕਟ ਲੈਵਲ ਤੇ ਜੋ ਕਮੇਟੀਆਂ ਬਣਾਈਆਂ ਗਈਆਂ, ਉਨ੍ਹਾਂ ਨੂੰ ਰੈਫਰ ਕਰ ਦਿਤਾ ?

ਰਾਜ ਮੰਤਰੀ : 26 ਹਜ਼ਾਰ ਲੋਕ ਅਪੀਅਰ ਹੋਏ ਸੀ ਇੰਟਰਵਿਊ ਵਾਸਤੇ ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪਲੀਮੈਂਟਰੀ, ਸਰ ।

ਸ੍ਰੀ ਸਪੀਕਰ : ਹਰਦੇਵ ਜੀ, ਤੁਸੀਂ ਤਾਂ ਪਹਿਲਾਂ ਹੀ ਬਹੁਤ ਸਪਲੀਮੈਂਟਰੀਜ਼ ਪੁੱਛ ਚੁੱਕੇ ਹੋ ।

ਪ੍ਰਸ਼ਨ ਸਾਰੇ ਖ਼ਤਮ ਹੋ ਗਏ ਹਨ ।

UNSTARRED QUESTIONS AND ANSWERS

ਖਾੜਕੂਆਂ ਵਿਰੁੱਧ ਲੜਨ ਲਈ ਦਿੱਤੇ ਗਏ ਬਹਾਦਰੀ ਦੇ ਇਨਾਮ

106. **ਸ੍ਰੀਮਤੀ ਵਿਮਲਾ ਡਾਂਗ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:—

(ੳ) ਉਨ੍ਹਾਂ ਵਿਅੱਕਤੀਆਂ ਦੇ ਨਾਂ ਅਤੇ ਪਤੇ ਕੀ ਕੀ ਹਨ ਜਿਨ੍ਹਾਂ ਦੀ ਸਾਲ 1988 ਤੋਂ 1992 ਤੱਕ ਦੇ ਸਮੇਂ ਦੌਰਾਨ ਰਾਜ ਸਰਕਾਰ ਦੁਆਰਾ ਖਾੜਕੂਆਂ ਵਿਰੁੱਧ ਹੌਸਲੇ ਅਤੇ ਬਹਾਦਰੀ ਨਾਲ ਲੜਾਈ ਲੜਨ ਲਈ ਸ਼ੌਰਯਾ ਚੱਕਰ ਪ੍ਰਦਾਨ ਕਰਨ ਲਈ ਸਿਫਾਰਸ਼ ਕੀਤੀ ਗਈ ਸੀ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਵਿਅੱਕਤੀਆਂ ਵਿਚੋਂ ਉਨ੍ਹਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਨੂੰ ਸ਼ੌਰਯਾ ਚੱਕਰ ਪ੍ਰਦਾਨ ਕੀਤੇ ਗਏ ਅਤੇ ਰਾਜ ਸਰਕਾਰ ਦੁਆਰਾ ਹਰੇਕ ਇਨਾਮ ਲੈਣ ਵਾਲੇ ਨੂੰ ਦਿਤੀਆਂ ਗਈਆਂ ਸਹੂਲਤਾਂ/ ਰਿਆਇਤਾਂ/ਸਹਾਇਤਾ ਦੇ ਵੇਰਵੇ ਕੀ ਹਨ ?

ਸਰਦਾਰ ਬੇਅੰਤ ਸਿੰਘ: (ੳ) ਸਾਲ 1988 ਤੋਂ 1992 ਦੇ ਦੌਰਾਨ ਜਿਨ੍ਹਾਂ ਵਿਅੱਕਤੀਆਂ ਨੂੰ ਰਾਜ ਸਰਕਾਰ ਵਲੋਂ ਸ਼ੌਰਯਾਂ ਚੱਕਰ ਅਵਾਰਡ ਦੇਣ ਦੀ ਸਿਫਾਰਸ਼ ਕੀਤੀ ਗਈ, ਹੇਠ ਲਿਖੇ ਅਨੁਸਾਰ ਹਨ:—

1988:

1. ਸ੍ਰੀ ਮਦਨ ਲਾਲ,
ਪਿੰਡ ਰਹੀਮਾਬਾਦ, ਡਾਕਖਾਨਾ ਕਲਾਨੌਰ,
ਤਹਿਸੀਲ ਡੇਰਾ ਬਾਬਾ ਨਾਨਕ,
ਜ਼ਿਲ੍ਹਾ ਗੁਰਦਾਸਪੁਰ ।

2. ਸ੍ਰੀਮਤੀ ਰਾਣੋ, ਪਤਨੀ ਸ੍ਰੀ ਮਦਨ ਲਾਲ,
ਪਿੰਡ ਰਹੀਮਾਬਾਦ ਡਾਕਖਾਨਾ, ਕਲਾਨੌਰ,
ਤਹਿਸੀਲ ਡੇਰਾ ਬਾਬਾ ਨਾਨਕ,
ਜ਼ਿਲ੍ਹਾ ਗੁਰਦਾਸਪੁਰ ।

1989

3. ਸ੍ਰੀ ਬੂਟਾ ਰਾਮ,
ਕਰਿਆਨਾ ਮਰਚੇਂਟ,
ਸੁਲਤਾਨਵਿੰਡ ਰੋਡ,
ਅੰਮ੍ਰਿਤਸਰ ।

1990:

ਨ੍ਹਿਲ

1991

[ਮੁੱਖ ਮੰਤਰੀ]

4. ਲੇਟ ਸ੍ਰੀ ਸੁਰਦਰਸ਼ਨ ਕੁਮਾਰ, ਨਿਵਾਸੀ ਖੋਟਵਿੰਡ, ਤਹਿਸੀਲ ਬਾਬਾ ਬਕਾਲਾ, ਜ਼ਿਲ੍ਹਾ ਅੰਮ੍ਰਿਤਸਰ। (ਇਸ ਵਿਅੱਕਤੀ ਨੂੰ ਰਾਜ ਸਰਕਾਰ ਵੱਲੋਂ ਅਸ਼ੋਕ ਚੱਕਰ ਅਵਾਰਡ ਦੀ ਸਿਫਾਰਸ਼ ਕੀਤੀ ਗਈ ਸੀ ਪਰ ਭਾਰਤ ਸਰਕਾਰ ਵੱਲੋਂ ਸੋਰਯਾਂ ਚੱਕਰ ਪ੍ਰਦਾਨ ਕੀਤਾ ਗਿਆ।

1992 :

5. ਕਾਮਰੇਡ ਬਲਵਿੰਦਰ ਸਿੰਘ ਸੰਧੂ,
ਪਿੰਡ ਤੇ ਡਾਕਖਾਨਾ ਭਿੱਖੀਵਿੰਡ,
ਤਹਿਸੀਲ ਪੱਟੀ, ਜ਼ਿਲ੍ਹਾ ਅੰਮ੍ਰਿਤਸਰ।

6. ਸ੍ਰੀਮਤੀ ਜਗਦੀਸ ਕੌਰ, ਪਤਨੀ ਕਾਮਰੇਡ ਬਲਵਿੰਦਰ ਸਿੰਘ ਸੰਧੂ,
ਪਿੰਡ ਤੇ ਡਾਕਖਾਨਾ ਭਿੱਖੀਵਿੰਡ,
ਜ਼ਿਲ੍ਹਾ ਅੰਮ੍ਰਿਤਸਰ।

7. ਕਾਮਰੇਡ ਰਣਜੀਤ ਸਿੰਘ ਸੰਧੂ,
ਪਿੰਡ ਤੇ ਡਾਕਖਾਨਾ ਭਿੱਖੀਵਿੰਡ,
ਤਹਿਸੀਲ ਪੱਟੀ, ਜ਼ਿਲ੍ਹਾ ਅੰਮ੍ਰਿਤਸਰ।

8. ਸ੍ਰੀਮਤੀ ਬਲਰਾਜ ਕੌਰ, ਪਤਨੀ ਕਾਮਰੇਡ ਰਣਜੀਤ ਸਿੰਘ ਸੰਧੂ,
ਪਿੰਡ ਤੇ ਡਾਕਖਾਨਾ ਭਿੱਖੀਵਿੰਡ,
ਤਹਿਸੀਲ ਪੱਟੀ, ਜ਼ਿਲ੍ਹਾ ਅੰਮ੍ਰਿਤਸਰ।

9. ਸ੍ਰੀ ਮੋਹਨ ਸਿੰਘ, ਪੁੱਤਰ ਸ੍ਰੀ ਗੰਡਾ ਸਿੰਘ,
ਪਿੰਡ ਵਡਾਈ, ਜ਼ਿਲ੍ਹਾ ਗੁਰਦਾਸਪੁਰ।

10. ਸ੍ਰੀ ਯੁਧਵੀਰ ਸਿੰਘ, ਪੁੱਤਰ ਸ੍ਰੀ ਪੂਰਨ ਚੰਦ,
ਪਿੰਡ ਹੱਲਾ, ਜ਼ਿਲ੍ਹਾ ਗੁਰਦਾਸਪੁਰ।

(ਅ) ਉਨ੍ਹਾਂ ਦੇ ਨਾਂਓਂ ਅਤੇ ਪਤੇ ਜਿਨ੍ਹਾਂ ਵਿਅੱਕਤੀਆਂ ਨੂੰ ਸੌਰਯਾ ਚੱਕਰ, ਭਾਰਤ ਸਰਕਾਰ ਵੱਲੋਂ ਪ੍ਰਦਾਨ ਕੀਤੇ ਗਏ :—

1. ਸ੍ਰੀਮਤੀ ਰਾਣੋ, ਪਤਨੀ ਸ੍ਰੀ ਮਦਨ ਲਾਲ,
ਪਿੰਡ ਰਹੀਮਾਬਾਦ, ਡਾਕਖਾਨਾ ਕਲਾਨੌਰ,
ਜ਼ਿਲ੍ਹਾ ਗੁਰਦਾਸਪੁਰ।

2. ਸ੍ਰੀ ਬੂਟਾ ਰਾਮ,
ਕਰਿਆਣਾ ਮਰਚੈਂਟ,
ਸੁਲਤਾਨ ਵਿੰਡ ਰੋਡ, ਅੰਮ੍ਰਿਤਸਰ।

3. ਲੇਟ ਸ੍ਰੀ ਸੁਦਰਸ਼ਨ ਕੁਮਾਰ,

ਵਾਸੀ ਖੋਟਵਿੰਡ, ਤਹਿਸੀਲ ਬਾਬਾ ਬਕਾਲਾ,
ਜ਼ਿਲ੍ਹਾ ਅੰਮ੍ਰਿਤਸਰ ।

4. ਕਾਮਰੇਡ ਬਲਵਿੰਦਰ ਸਿੰਘ ਸੰਧੂ,
ਪਿੰਡ ਤੇ ਡਾਕਖਾਨਾ ਭਿੱਖੀਵਿੰਡ,
ਜ਼ਿਲ੍ਹਾ ਅੰਮ੍ਰਿਤਸਰ ।

5. ਸ਼੍ਰੀਮਤੀ ਜਗਦੀਸ਼ ਕੌਰ, ਪਤਨੀ ਕਾਮਰੇਡ
ਬਲਵਿੰਦਰ ਸਿੰਘ ਸੰਧੂ,
ਪਿੰਡ ਤੇ ਡਾਕਖਾਨਾ ਭਿੱਖੀਵਿੰਡ,
ਜ਼ਿਲ੍ਹਾ ਅੰਮ੍ਰਿਤਸਰ ।

6. ਕਾਮਰੇਡ ਰਣਜੀਤ ਸਿੰਘ ਸੰਧੂ,
ਪਿੰਡ ਤੇ ਡਾਕਖਾਨਾ ਭਿੱਖੀਵਿੰਡ,
ਜ਼ਿਲ੍ਹਾ ਅੰਮ੍ਰਿਤਸਰ ।

ਇਹ ਇਕ ਰਾਸ਼ਟਰੀ ਅਵਾਰਡ ਹੈ ਜਿਹੜਾ ਕਿ ਰਾਜ ਸਰਕਾਰ ਦੀ ਸਿਫਾਰਸ਼ ਤੇ ਭਾਰਤ ਸਰਕਾਰ ਵਲੋਂ ਪ੍ਰਦਾਨ ਕੀਤਾ ਜਾਂਦਾ ਹੈ। ਅਜਿਹਾ ਕੋਈ ਉਪਬੰਧ ਨਹੀਂ ਹੈ ਜਿਸ ਅਧੀਨ ਰਾਜ ਸਰਕਾਰ ਵੱਲੋਂ ਅਜਿਹੇ ਅਵਾਰਡੀਜ਼ ਨੂੰ ਕੋਈ ਵਿਸ਼ੇਸ਼ ਸਹੂਲਤ/ਰਿਆਇਤ/ਮਦਦ ਦਿੱਤੀ ਜਾ ਸਕੇ ।

ਐਮ.ਪੀ.ਡਬਲਿਊ. (ਫੀਮੇਲ) ਟਰੇਨਿੰਗ ਸੈਂਟਰ ਬਠਿੰਡਾ ਦੇ ਅਮਲੇ ਨੂੰ ਤਨਖਾਹਾਂ ਦੀ ਅਦਾਇਗੀ ਨਾ ਕਰਨਾ

107. **ਸ਼੍ਰੀਮਤੀ ਵਿਮਲਾ ਡਾਂਗ** : ਕੀ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ 1 ਜਨਵਰੀ, 1993 ਤੱਕ ਮਲਟੀ-ਪਰਪਜ਼ ਵਰਕਰਜ਼ (ਫੀਮੇਲ) ਸੈਂਟਰ ਬਠਿੰਡਾ ਦੇ ਅਮਲੇ ਨੂੰ 6 ਮਹੀਨਿਆਂ ਤੋਂ ਵੱਧ ਸਮੇਂ ਲਈ ਉਨ੍ਹਾਂ ਦੀਆਂ ਤਨਖਾਹਾਂ/ਉਜਰਤਾਂ/ਭੱਤੇ/ਸਟਾਈਪੈਂਡਜ਼ ਦੀ ਅਦਾਇਗੀ ਨਹੀਂ ਕੀਤੀ ਗਈ ਹੈ; ਜੇਕਰ ਨਹੀਂ ਕੀਤੀ ਗਈ ਹੈ, ਤਾਂ ਇਸ ਦੇ ਕੀ ਕਾਰਣ ਹਨ?

ਸਰਦਾਰ ਲਾਲ ਸਿੰਘ : ਇਹ ਠੀਕ ਹੈ ਕਿ ਮਲਟੀ-ਪਰਪਜ਼ ਵਰਕਰਜ਼ (ਫੀਮੇਲ) ਟਰੇਨਿੰਗ ਸੈਂਟਰ ਬਠਿੰਡਾ ਦੇ ਅਮਲੇ ਨੂੰ 1 ਜਨਵਰੀ, 1993 ਤੱਕ 6 ਮਹੀਨਿਆਂ ਤੋਂ ਵੱਧ ਸਮੇਂ ਲਈ ਤਨਖਾਹ ਉਜਰਤਾਂ/ਭੱਤੇ/ਸਟਾਈਪੈਂਡਜ਼ ਦੀ ਅਦਾਇਗੀ ਨਹੀਂ ਕੀਤੀ ਜਾ ਸਕੀ। ਪਰ ਹੁਣ ਅਮਲੇ ਦੀ ਤਨਖਾਹ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ। ਦੇਰੀ ਨਾਲ ਤਨਖਾਹ ਦੇਣ ਦਾ ਕਾਰਣ ਇਹ ਹੈ ਕਿ ਇਸ 100 ਪ੍ਰਤੀਸ਼ਤ ਸੈਂਟਰਲੀ ਸਪੋਂਸਰਡ ਸਕੀਮ ਨੂੰ ਸਾਲ 1992-93 ਵਿਚ ਚਾਲੂ ਰੱਖਣ ਦੀ ਪ੍ਰਵਾਨਗੀ ਦੇਣ ਦਾ ਮਾਮਲਾ ਪਲੈਨਿੰਗ ਬੋਰਡ ਨਾਲ ਪੱਤਰ-ਵਿਹਾਰ ਅਧੀਨ ਰਿਹਾ। ਪਲੈਨਿੰਗ ਬੋਰਡ ਨੂੰ ਮਿਸਲ ਤਿੰਨ ਵੇਰਾਂ ਭੇਜੀ ਗਈ । ਪਹਿਲੀ ਵਾਰ ਮਿਤੀ 20-4-92 ਨੂੰ, ਦੂਜੀ ਵਾਰ ਮਿਤੀ 10-7-92 ਨੂੰ ਅਤੇ ਤੀਜੀ ਵਾਰ ਮਿਤੀ 24 ਦਸੰਬਰ, 1992 ਨੂੰ। ਪਲੈਨਿੰਗ ਬੋਰਡ ਨੇ ਇਸ ਮਾਮਲੇ ਦੀ ਮਨਜ਼ੂਰੀ ਮਿਤੀ 27 ਜਨਵਰੀ, 1993 ਨੂੰ ਭੇਜੀ ਅਤੇ ਲੋੜੀਂਦੀ ਮਨਜ਼ੂਰੀ ਸਿਹਤ ਵਿਭਾਗ ਦੁਆਰਾ ਮਿਤੀ 4 ਫਰਵਰੀ, 1993 ਨੂੰ ਜਾਰੀ ਕਰ ਦਿੱਤੀ ਗਈ।

ਸੰਤ ਰਾਮ ਮੈਟਰਨਿਟੀ ਹਸਪਤਾਲ, ਛੇਹਰਟਾ ਦੇ ਪ੍ਰਬੰਧਕਾਂ ਵਿਰੁੱਧ ਸ਼ਿਕਾਇਤਾਂ

108. **ਸ੍ਰੀਮਤੀ ਵਿਮਲਾ ਡਾਂਗ** : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਮਿਊਂਨਿਸਪਲ ਕਾਰਪੋਰੇਸ਼ਨ, ਅੰਮ੍ਰਿਤਸਰ ਦੁਆਰਾ ਚਲਾਏ ਜਾ ਰਹੇ ਸੰਤ ਰਾਮ ਮੈਟਰਨਿਟੀ ਹਸਪਤਾਲ, ਛੇਹਰਟਾ, ਜ਼ਿਲ੍ਹਾ ਅੰਮ੍ਰਿਤਸਰ ਵਿਚ ਅਸੰਤੋਸ਼ਜਨਕ ਅਤੇ ਮਾੜੇ ਕੰਮ-ਕਾਰ ਸਬੰਧੀ ਕੋਈ ਸ਼ਿਕਾਇਤਾਂ ਸਰਕਾਰ ਪਾਸ ਪੈਂਡਿੰਗ ਪਈਆਂ ਹਨ; ਜੇਕਰ ਹਨ, ਤਾਂ ਇਨ੍ਹਾਂ ਦੇ ਵੇਰਵੇ ਕੀ ਹਨ ਅਤੇ ਉਨ੍ਹਾਂ ਤੇ ਕੀ ਕਾਰਵਾਈ ਕੀਤੇ ਜਾਣ ਦੀ ਤਜਵੀਜ਼ ਹੈ?

ਡਾਕਟਰ ਕੇਵਲ ਕ੍ਰਿਸ਼ਨ : ਹਾਂ ਜੀ । ਸ੍ਰੀ ਸੱਤਪਾਲ ਡਾਂਗ ਵੱਲੋਂ ਮਿਤੀ 19 ਮਈ, 1992 ਨੂੰ ਇਕ ਸ਼ਿਕਾਇਤ ਪ੍ਰਾਪਤ ਹੋਈ ਸੀ, ਜਿਸ ਵਿਚ ਦਸਿਆ ਗਿਆ ਸੀ ਕਿ ਇਕ ਐਲ.ਐਚ.ਵੀ. ਅਤੇ ਦੂਜੇ ਸਟਾਫ ਮੈਂਬਰਾਂ ਵੱਲੋਂ ਹਸਪਤਾਲ ਨੂੰ ਨਜਾਇਜ਼ ਪ੍ਰਾਈਵੇਟ ਪਰੈਕਟਿਸ ਦੇ ਤੌਰ ਤੇ ਇਸਤੇਮਾਲ ਕੀਤਾ ਜਾ ਰਿਹਾ ਹੈ, ਕਿਉਂ ਜੋ ਸਬੰਧਤ ਐਲ.ਐਚ.ਵੀ. ਨੂੰ ਰਾਜਨੀਤਿਕ ਹਮਾਇਤ ਹਾਸਲ ਹੈ । ਸਬੰਧਤ ਐਲ.ਐਚ.ਵੀ. ਦੀ ਦਿਲਚਸਪੀ ਕੇਵਲ ਆਪਣੀ ਪ੍ਰਾਈਵੇਟ ਪਰੈਕਟਿਸ ਵਿੱਚ ਹੀ ਨਹੀਂ ਸਗੋਂ ਉਸ ਦੇ ਪਤੀ ਦੁਆਰਾ ਹਸਪਤਾਲ ਦੇ ਬਾਹਰ ਚਲਾਈ ਜਾ ਰਹੀ ਦਵਾਈਆਂ ਦੀ ਦੁਕਾਨ ਵਿਚ ਵੀ ਹੈ। ਸ਼ਿਕਾਇਤ ਵਿਚ ਅੱਗੇ ਇਹ ਵੀ ਦਸਿਆ ਗਿਆ ਹੈ ਕਿ ਇਕ ਗਰੀਬ ਹਰੀਜਨ ਔਰਤ ਸ੍ਰੀਮਤੀ ਮਨਜੀਤ ਕੌਰ ਪਤਨੀ ਸ੍ਰੀ ਰਾਜ ਕੁਮਾਰ ਵਾਸੀ ਬੋਪਾਰਾਏ ਬਾਜ ਸਿੰਘ ਵਾਲਾ, ਜ਼ਿਲ੍ਹਾ ਅੰਮ੍ਰਿਤਸਰ ਵਲੋਂ ਹਸਪਤਾਲ ਦੇ ਸਟਾਫ ਨੂੰ ਰਿਸ਼ਵਤ ਨਾ ਦੇਣ ਕਾਰਨ ਹਸਪਾਤਲ ਦੇ ਬਾਹਰ ਹੀ ਬੱਚੇ ਨੂੰ ਮਜਬੂਰਨ ਜਨਮ ਦੇਣਾ ਪਿਆ (ਜੋ ਮਰ ਗਿਆ) । ਇਸ ਸ਼ਿਕਾਇਤ ਦੀ ਪੜਤਾਲ ਕਮਿਸ਼ਨਰ, ਨਗਰ ਨਿਗਮ, ਅੰਮ੍ਰਿਤਸਰ ਰਾਹੀਂ ਕਰਵਾਈ ਗਈ। ਕਿਉਂਕਿ ਪ੍ਰਾਪਤ ਹੋਈ ਰਿਪੋਰਟ ਅਧੂਰੀ ਸੀ, ਇਸ ਲਈ ਸਰਕਾਰ ਵਲੋਂ ਇਸ ਬਾਰੇ ਹੋਰ ਪੜਤਾਲ ਕੀਤੀ ਜਾ ਰਹੀ ਹੈ ਅਤੇ ਇਸ ਨਾਲ ਸਬੰਧਤ ਰਿਕਾਰਡ ਵੀ ਕਮਿਸ਼ਨਰ, ਨਗਰ ਨਿਗਮ, ਅੰਮ੍ਰਿਤਸਰ ਤੋਂ ਮੰਗਿਆ ਗਿਆ ਹੈ ।

Mr. Speaker. Now we come to Call Attention Metions.

ਅਰਸ਼ੀ ਜੀ, ਤੁਸੀਂ ਆਪਣੀ ਕਾਲ ਅਟੈਂਨਸ਼ਨ ਪੜ੍ਹੋ ।

CALL ATTENTION NOTICE UNDER RULE, 66

(*Serial No. 20*) (*Read in Punjabi*)

1. **Comrade Hardev Singh Arshi**
2. **Shrimati Vimla Dang**

: I beg to draw the attention of the Government towards a matter of urgent public importance, namely that the construction work of the 6th unit of Guru Gobind Singh Thermal Plant, Ropar came to a stand still on 23rd February, 1993, when the Engineers of the plant stopped work in protest against the alleged torture of an Assistant Executive Engineer by the police.

In view of the obvious and urgent importance of the matter, the Minister for Irrigation & Power may please be asked to make a statement in the House.

ਸ੍ਰੀ ਸੁਰਿੰਦਰ ਕਪੂਰ (ਰਾਜ ਮੰਤਰੀ, ਸਿੰਚਾਈ ਅਤੇ ਬਿਜਲੀ) : ਸਪੀਕਰ ਸਾਹਿਬ, ਮੈਂ ਇਸ ਸਬੰਧ ਵਿੱਚ ਦੱਸਣਾ ਚਾਹੁੰਦਾ ਹਾਂ ਮੈਂਬਰ ਸਾਹਿਬ ਨੂੰ ਕਿ 21 ਫਰਵਰੀ, 1993 ਨੂੰ ਪੁਲਿਸ ਸਟੇਸ਼ਨ, ਰੋਪੜ ਵਿੱਚ ਇਕ ਐਫ.ਆਈ.ਆਰ. ਦਰਜ ਕਰਾਈ ਗਈ ਕਿ 19 ਔਰ 20 ਦੀ ਰਾਤ ਨੂੰ 426 ਕੰਡੈਨਸਰ ਟਿਊਬ ਚੋਰੀ ਹੋ ਗਏ ਸਨ, ਜਿਸ ਦੀ ਕੀਮਤ 8 ਲੱਖ 20 ਹਜ਼ਾਰ ਰੁਪਏ ਬਣਦੀ ਸੀ। ਐਫ.ਆਈ.

ਆਰ. ਦਰਜ ਕਰਾਉਣ ਉਪਰੰਤ ਉਸ ਦੇ ਵਿੱਚ ਪੁਲਿਸ ਨੇ ਜੋ ਇਨਵੈਸਟੀਗੇਸ਼ਨ ਕੀਤੀ, ਪੜਤਾਲ ਕੀਤੀ, ਉਸ ਦੇ ਵਿੱਚ ਸਟੋਰਕੀਪਰ, ਚੌਂਕੀਦਾਰ ਅਤੇ ਹੋਰ ਸਟਾਫ ਤੋਂ ਪੁਲਿਸ ਵਲੋਂ ਪੁੱਛ-ਪੜਤਾਲ ਕੀਤੀ ਗਈ। ਪਰੰਤੂ ਪੁੱਛ ਪੜਤਾਲ ਵਿਚ ਠੀਕ ਵਰਤਾਓ ਨਾ ਕਰਨ ਕਾਰਨ ਉਥੇ ਹੜਤਾਲ ਕਰ ਦਿੱਤੀ ਗਈ। ਇਹ ਹੜਤਾਲ ਕੁੱਝ ਕਰਮਚਾਰੀਆਂ ਨੇ ਕੀਤੀ। ਇਹ ਚੋਰੀ ਟਿਊਬਾਂ ਦੀ ਹੋਈ ਸੀ ਅਤੇ ਇਹ ਬਹੁਤ ਹੀ ਮਹੱਤਵਪੂਰਨ ਪ੍ਰਾਜੈਕਟ ਸੀ। ਸਪੀਕਰ ਸਾਹਿਬ, ਜਿਨ੍ਹਾਂ ਪੁਲਿਸ ਕਰਮਚਾਰੀਆਂ ਨੇ ਪੜਤਾਲ ਵੇਲੇ ਚੰਗਾ ਢੰਗ ਨਹੀਂ ਵਰਤਿਆ, ਉਨ੍ਹਾਂ ਨੂੰ ਸਸਪੈਂਡ ਕਰ ਦਿੱਤਾ ਗਿਆ ਹੈ। ਇਨ੍ਹਾਂ ਵਿਚ ਸੀ.ਆਈ.ਏ ਦਾ ਇਕ ਇੰਸਪੈਕਟਰ ਸੀ ਅਤੇ ਇਕ ਸਬ-ਇੰਸਪੈਕਟਰ ਸੀ। ਹੁਣ ਇਹ ਪੜਤਾਲ ਐਸ:ਪੀ. ਰੈਂਕ ਦੇ ਅਫਸਰ ਕੋਲੋਂ ਕਰਵਾਈ ਜਾ ਰਹੀ ਹੈ। ਮੈਂ ਸਦਨ ਨੂੰ ਅਤੇ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਰੇ ਕਰਮਚਾਰੀ ਕੰਮ ਦੀ ਮਹੱਤਤਾ ਨੂੰ ਦੇਖਦੇ ਹੋਏ ਵਾਪਸ ਆ ਗਏ ਹਨ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਮਾਨਯੋਗ ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਵੇਂ ਤੁਹਾਨੂੰ ਪਤਾ ਹੈ ਕਿ ਇਹ ਮਾਮਲਾ ਬੜਾ ਗੰਭੀਰ ਹੈ ਅਤੇ 26 ਤਾਰੀਖ ਨੂੰ ਇਸ ਬਾਰੇ ਪ੍ਰੋਟੈਸਟ ਵੀ ਕੀਤਾ ਗਿਆ। ਸੀ. ਐਮ. ਸਾਹਿਬ ਨੇ ਵੀ ਆਪਣੀ ਸਟੇਟਮੈਂਟ ਦਿੱਤੀ ਸੀ ਅਤੇ ਇੰਟਰਵੀਨ ਕੀਤਾ ਸੀ। ਅੱਜ ਅਖਬਾਰਾਂ ਵਿਚ ਧਰਨੇ ਬਾਰੇ ਵੀ ਛਪਿਆ ਹੈ। ਵਰਕਰਾਂ ਵਲੋਂ ਇੱਕ ਸਟੇਟਮੈਂਟ ਵੀ ਦਿੱਤੀ ਗਈ ਹੈ ਕਿ ਇਸ ਚੋਰੀ ਦੇ ਮਾਮਲੇ ਵਿਚ ਪੁਲਿਸ ਵੀ ਸ਼ਾਮਲ ਹੈ। ਇਸ ਮਾਮਲੇ ਦੀ ਜੁਡੀ-ਸ਼ੀਅਲ ਇਨਕੁਆਰੀ ਕਰਵਾਈ ਗਈ ਅਤੇ ਦੋ ਜੂਨੀਅਰ ਪੁਲਿਸ ਵਾਲੇ ਸਸਪੈਂਡ ਕੀਤੇ ਗਏ ਪਰੰਤੂ ਜਿਸ ਡੀ.ਐਸ.ਪੀ. ਦੇ ਹੁਕਮ ਨਾਲ ਇੰਜੀਨੀਅਰਾਂ ਨੂੰ ਟਾਰਚਰ ਕਰਵਾਇਆ ਗਿਆ, ਉਸ ਨੂੰ ਸਸਪੈਂਡ ਕਿਉਂ ਨਹੀਂ ਕੀਤਾ ਗਿਆ। ਸਰਕਾਰ ਵਰਕਰਾਂ ਨੂੰ ਠੰਡਾ ਕਰਨ ਵਾਸਤੇ ਅਤੇ ਪਲਾਂਟ ਦਾ ਕੰਮ ਠੀਕ ਤਰੀਕੇ ਨਾਲ ਚਲਾਉਣ ਲਈ ਡੀ.ਐਸ.ਪੀ. ਨੂੰ ਸਸਪੈਂਡ ਕਰੇ।

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਵਰਕਰਾਂ ਨਾਲ ਮਹਿਕਮੇ ਦੇ ਅਧਿਕਾਰੀਆਂ ਨੇ ਉਨ੍ਹਾਂ ਦੀ ਤਸੱਲੀ ਮੁਤਾਬਿਕ ਮੁਕੰਮਲ ਗੱਲਬਾਤ ਕਰਕੇ ਡੀ.ਐਸ.ਪੀ. ਨੂੰ ਟਰਾਂਸਫਰ ਕਰ ਦਿੱਤਾ ਗਿਆ ਹੈ। ਇਸ ਗੱਲ ਵਾਸਤੇ ਕਹਾਂਗਾ ਕਿ ਜਿਸ ਪ੍ਰਾਜੈਕਟ ਵਿਚੋਂ ਚੋਰੀ ਹੋਈ ਹੈ, ਉਹ ਬਹੁਤ ਹੀ ਮਹੱਤਵਪੂਰਨ ਪ੍ਰਾਜੈਕਟ ਸੀ ਅਤੇ ਮੈਂ ਕਰਮਚਾਰੀਆਂ ਨੂੰ ਕਹਾਂਗਾ ਕਿ ਇਸ ਚੋਰੀ ਦੀ ਪੜਤਾਲ ਵਾਸਤੇ ਸਰਕਾਰ ਦਾ ਸਹਿਯੋਗ ਦੇਣ।

ਸ੍ਰੀਮਤੀ ਵਿਮਲਾ ਡਾਂਗ : ਸਪੀਕਰ ਸਾਹਿਬ, ਜਿਹੜੀ ਰੋਪੜ ਦੇ ਥਰਮਲ ਪਲਾਂਟ ਦੇ ਸਟੋਰ ਵਿਚ ਚੋਰੀ ਹੋਈ ਹੈ, ਉਸ ਵਿਚ ਕੰਡੈਂਸਰ ਟਿਊਬਾਂ 26-26 ਫੁੱਟ ਲੰਬੀਆਂ ਸਨ ਅਤੇ ਉਨ੍ਹਾਂ ਦਾ ਵੇਟ 25 ਕੁਇੰਟਲ ਸੀ। ਉਥੇ ਕਰਮਚਾਰੀਆਂ ਵਿਚ ਇਹ ਫੀਲਿੰਗ ਹੈ ਕਿ ਇਸ ਵਿਚ ਇਕੱਲੇ ਬੰਦੇ ਦਾ ਕੰਮ ਨਹੀਂ ਹੋ ਸਕਦਾ, ਇਸ ਵਿਚ ਪੁਲਿਸ ਦੀ ਕੋਨਾਈਵੈਂਸ ਵੀ ਹੈ। ਜਿਹੜੇ ਦੋ ਪੁਲਿਸ ਕਰਮਚਾਰੀਆਂ ਨੂੰ ਪਨਿਸ਼-ਮੈਂਟ ਦਿੱਤੀ ਗਈ ਹੈ, ਉਹ ਛੋਟੇ ਕਰਮਚਾਰੀ ਹਨ। ਉਨ੍ਹਾਂ ਵਿਚ ਇਹ ਬੇਚੈਨੀ ਹੈ ਕਿ ਡੀ.ਐਸ.ਪੀ. ਜਿਹੜਾ ਮੇਨ ਬੰਦਾ ਹੈ, ਉਸ ਦੇ ਖਿਲਾਫ ਕਾਰਵਾਈ ਕਿਉਂ ਨਹੀਂ ਕੀਤੀ ਗਈ ਅਤੇ ਉਸ ਨੂੰ ਸਸਪੈਂਡ ਕਿਉਂ ਨਹੀਂ ਕੀਤਾ ਗਿਆ। ਜਿਹੜੇ ਫਸਟ ਕਲਾਸ ਇੰਜੀਨੀਅਰ ਸਨ, ਉਨ੍ਹਾਂ ਨੂੰ ਨੰਗਾ ਕਰਕੇ ਪੁੱਠਾ ਲਟਕਾਇਆ ਗਿਆ ਅਤੇ ਡੀ.ਐਸ.ਪੀ. ਦੇ ਹੁਕਮ ਨਾਲ ਉਨਾਂ ਨੂੰ ਟਾਰਚਰ ਕੀਤਾ ਗਿਆ ਪਰ ਉਸ ਨੂੰ ਸਿਰਫ ਟਰਾਂਸਫਰ ਹੀ ਕੀਤਾ ਗਿਆ ਹੈ, ਜਿਨ੍ਹਾਂ ਨੂੰ ਟਾਰਚਰ ਕੀਤਾ ਉਹ ਨਿਰਦੋਸ਼ ਸੀ ਤੇ ਛੱਡ ਦਿੱਤੇ ਗਏ।

ਸ੍ਰੀ ਸਪੀਕਰ : ਮਿਸਿਜ਼ ਵਿਮਲਾ ਡਾਂਗ ਜੀ, ਉਸ ਦਿਨ ਸੀ.ਐਮ. ਸਾਹਿਬ ਨੇ ਇੰਟਰਵੀਨ ਕਰਕੇ ਦੱਸ ਦਿੱਤਾ ਸੀ। ਇਹੀ ਜਵਾਬ ਮਨਿਸਟਰ ਸਾਹਿਬ ਨੇ ਵੀ ਰਿਪੀਟ ਕਰ ਦਿੱਤਾ ਹੈ। ਦੋ ਆਫੀਸਰ ਸਸਪੈਂਡ ਹੋਏ ਹਨ ਔਰ ਡੀ.ਐਸ.ਪੀ. ਨੂੰ ਬਦਲ ਦਿੱਤਾ ਗਿਆ ਹੈ। ਮੈਂ ਅਰਸ਼ੀ ਜੀ ਨੂੰ ਬੇਨਤੀ ਕਰਦਾ

[ਸ੍ਰੀ ਸਪੀਕਰ]

ਹਾਂ ਕਿ ਉਹ ਐਨੀ ਛੇਤੀ ਨਾ ਕਰਿਆ ਕਰਨ ਅਤੇ ਡਿਟੇਲ ਦੇਖ ਲਿਆ ਕਰਨ। ਖਬਰਾਂ ਤਾਂ ਛਪਦੀਆਂ ਰਹਿੰਦੀਆਂ ਹਨ। ਹੁਣ ਕਾਲ ਅਟੈਨਸ਼ਨ ਮੋਸ਼ਨ ਖਤਮ ਹੋ ਗਈ ਹੈ। Now, we come to the resumption of the discussion on the Governor's Address.

(ਇਸ ਸਮੇਂ ਕੁਝ ਮੈਂਬਰ ਸਾਹਿਬਾਨ ਖੜੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

ਸ੍ਰੀ ਸਪੀਕਰ : ਮੈਂ ਰਿਕੁਐਸਟ ਕਰਾਂਗਾ ਕਿ ਮੈਂਬਰਜ਼ ਬਹੁਤ ਉਤਾਵਲੇ ਹਨ ਅਤੇ ਸਾਰੇ ਚਾਹੁੰਦੇ ਹਨ ਕਿ ਗਵਰਨਰ ਐਡਰੈਸ ਤੇ ਬੋਲੀਏ। ਅਗਰ ਅਸੀਂ ਇਸੀ ਤਰ੍ਹਾਂ ਹਾਊਸ ਦਾ ਸਮਾਂ ਲਵਾਂਗੇ ਤਾਂ ਮੈਂਬਰ ਸਾਹਿਬਾਨ ਨਾਲ ਬੇ-ਇਨਸਾਫੀ ਹੋਵੇਗੀ। ਇਸ ਲਈ ਮੈਂਬਰ ਸਾਹਿਬਾਨ ਨੂੰ ਮੈਂ ਰਿਕੁਐਸਟ ਕਰਾਂਗਾ ਕਿ ਉਹ ਬੈਠ ਜਾਣ। Now, the House will resume discussion on the Motion of Thanks on the Governor's Address moved by Sardar Avtar Singh Brar, M.L.A. and seconded by Shri Khushal Behal, M.L.A. ਮੈਂ ਪਰੋਫੈਸਰ ਲਕਸ਼ਮੀ ਕਾਂਤਾ ਚਾਵਲਾ ਨੂੰ ਰਿਕੁਐਸਟ ਕਰਦਾ ਹਾਂ ਕਿ ਉਹ ਆਪਣਾ ਭਾਸ਼ਣ ਸ਼ੁਰੂ ਕਰਨ।

RESUMPTION OF DISCUSSION ON GOVERNOR'S ADDRESS

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਗਵਰਨਰ ਸਾਹਿਬ ਦੇ ਭਾਸ਼ਣ ਦੇ ਸਬੰਧ ਵਿੱਚ ਪੁਆਇੰਟ ਆਫ ਆਰਡਰ ਕਰਨਾ ਹੈ, ਮੈਂ ਸਮਝਦਾ ਹਾਂ ਕਿ ਅਲਾਓ ਕਰਨਾ ਚਾਹੀਦਾ ਹੈ।

ਸ੍ਰੀ ਸਪੀਕਰ : ਮੈਂ ਉਨ੍ਹਾਂ ਨੂੰ ਗਵਰਨਰ ਸਾਹਿਬ ਦੇ ਭਾਸ਼ਣ ਤੇ ਬੋਲਣ ਲਈ ਅਲਾਓ ਕੀਤਾ ਹੈ।

श्रीमति लक्ष्मी कांता चावला (अमृतसर केन्द्रीय) : अध्यक्ष महोदय, राज्यपाल साहिब का भाषण बहुत सुन्दर शब्दों में लिखा है ।

ਸ੍ਰੀ ਸਪੀਕਰ : ਤੁਸੀਂ ਬੜੇ ਮੋਹਤਰਮ ਮੈਂਬਰ ਹੋ, ਮੈਂ ਤੁਹਾਨੂੰ ਟਾਈਮ ਦੀ ਬੰਦਸ਼ ਦਾ ਧਿਆਨ ਰਖਣ ਲਈ ਜ਼ਰੂਰ ਰਿਕੁਐਸਟ ਕਰਾਂਗਾ।

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਜੋ ਸਾਰਿਆਂ ਵਾਸਤੇ ਤੁਸੀਂ ਕੀਤਾ ਹੈ, ਉਹ ਮੇਰੇ ਵਾਸਤੇ ਵੀ ਕਰਨਾ।

मैं राज्यपाल जी के भाषण के बारे में कहूंगी कि बहुत सुन्दर शब्दों में लिखा है ।

ਇੱਕ ਅਵਾਜ਼ : ਪੰਜਾਬੀ ਵਿੱਚ ਬੋਲੋ।

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਮਾਸਟਰ ਜੀ ਪਹਿਲਾਂ ਅੰਗਰੇਜ਼ੀ ਬੋਲਣੀ ਛੱਡੋ, ਫਿਰ ਮੈਂ ਵੀ ਪੰਜਾਬੀ ਵਿੱਚ ਬੋਲਾਂਗੀ।

Mr. Speaker : Mrs. Chawla, you are not to address any Member. You have to look to the Chair and address the Chair.

श्रीमती लक्ष्मी कांता चावला : मैं सिर्फ आप ही की तरफ देखूंगी ।

ਵਿੱਚ ਆਵਾਜ਼ : ਇਹ ਸਿਰਫ਼ ਲੇਡੀ ਮੈਂਬਰ ਵਾਸਤੇ ਹੀ ਹੈ।

ਸ੍ਰੀ ਸਪੀਕਰ : ਨਹੀਂ, ਤੁਹਾਡੇ ਵਾਸਤੇ ਵੀ ਹੈ।

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਤੁਹਾਡੇ ਕੋਲੋਂ ਖਤਰਾ ਹੈ, ਮੇਰੇ ਕੋਲੋਂ ਖਤਰਾ ਕੋਈ ਨਹੀਂ ਹੈ।

श्रीमान जी, राज्यपाल साहिब के भाषण में शब्द बहुत सुन्दर हैं। आश्वासन भी हैं लेकिन आश्वासनों की परिभाषा मुझे इस सदन में समझ आई है। आश्वासन का अर्थ होता है जब तक श्वास हैं तब तक जो काम है वह न हो, यह परिभाषा मुझे इस सदन में आकर ही पता चली है। हम लोगों को पिछली बार यह आश्वासन दिये गये कि स्कूल टीचर्ज को पैनशन मिल जायेगी, कालिज टीचर्ज को पैंशन मिल जायेगी। नगर निगम के पास जो ट्रांस्पोर्ट विभाग है वह हमारे वित्त-मन्त्री जी के कहे अनुसार वापस आ चुका है। उन्होंने कहा कि यह समझें कि यह वापस आ गया लेकिन अभी वापस नहीं आया। हमें कहा गया था कि बसें इतनी चलेंगी कि बसों की छत्तों पर चढ़ कर लोगों को सफर नहीं करना पड़ेगा लेकिन अब भी लोगों को बसों की छतों पर चढ़ कर सफर करते देखा जाता है। इस सदन में पहला धन्यवाद तो यह करती हूं कि आश्वासन शब्द की परिभाषा पिछले वर्ष से लेकर अब तक हम लोगों को मिल गई है, जो अभी तक पूरे नहीं हुए। राज्यपाल जी के भाषण में भ्रष्टाचार को बंद करने की बात बहुत जोर से कही गई है। मैं यह प्रार्थना करना चाहती हूं कि जो कहा गया है उसे अगर पूरा ही कर दिया जाये तो यह बात सिद्ध हो जाये—

मनस्येक वचस्येक कमण्येकम मडासना एकम्

लेकिन यहां मन स्यमत वचस्येनत की बात हो रही है। पिछली बार 17 जुलाई को मैं एक फाईल, में भ्रष्टाचार की बात कर रही हूं, मुख्य मन्त्री जी की टेबल पर रखी थी और मेरे से दुर्भाग्यपूर्ण एक कार्य हो गया कि पी० सी० एस० के एक अधिकारी के विरुद्ध आरोपों वाली फाईल जांच के लिये दे दी। मैंने कहा कि फाईल मेरे पास आई है आप जांच करवा लें। अध्यक्ष महोदय, "ऐसी जांच हुई कि दो कर्मचारी पहिले टरमींनेट कर दिये फिर तीसरे को अक्तूबर में टरमींनेट कर दिया टरमींनेशन आर्डर में लिख दिया कि तूने बी० जे०पी० की एम०एल०ए० को जानकारी दी है। इस लिये तुम्हें टरमींनेट किया जा रहा है। अगर भ्रष्टाचार के विरुद्ध बोलने से कर्मचारियों को इतना अतंकित किया जाएगा, उनकी रोजी रोटी छीन ली जायेगी तो भ्रष्टाचार बन्द कैसे होगा और फिर ट्रांसफरों के मामलों में भरोसा दिया गया था कि हम नीति बनायेंगे और उस नीति के अनुसार ही ट्रांसफर्ज करेंगे। पता नहीं कौन सी नीति बनी। 18 वर्षों से एक अपहाहिज लड़की जो अपनी दोनों भुजाओं में वैसाखी लेकर जाती है वह तो गांव में रहेगी लेकिन नये लोग ऐसे कुछ है जो शहर में नियुक्त होते हैं और शहर में ही रिटायर

[श्रीमति लक्ष्मी कांता चावला]

हो कर वापस चले जाते हैं। आखिर दाल में कुछ काला या बहुत काला है। वह कौन पकड़ेगा यह नही बताया। पिछले महीने 14 फरवरी से 18 फरवरी तक अमृतसर में इक़बाल रोड पर सरेआम छूट दी गई कि जितनी जमीन पर कब्जा कर सकते हो उतनी जमीन पर कब्जा करलो और वहां पंजाब के एक सम्माननीय मन्त्री महोदय के नाम का बैनर लगा करके यह सारी लूट हुई। इसकी 16 फरवरी को कमिश्नर साहिब ने कुछ सफाई करवा दी है, अमृतसर में लोग यह कह रहे हैं कि एक करोड़ चालीस लाख का एक होटल बिक गया है, जिसे खरीदने वाला एक उग्रवादी है, दूसरे पंजाब के एक मन्त्री का नाम लिया जा रहा है। जो पुराना होटल वाला था उससे वह होटल जब्री खाली करवाने का प्रयास किया गया। अगर भ्रष्टाचार में यह बातें नहीं आती है तो और कौनसी चीजें आती है, मैं कह सकती हूं कि प्रयास कम है और बातें ज्यादा हैं।

स्पीकर साहिब, आपने भी पढ़ा होगा कि पंजाब के एक मन्त्री ने बिजली की चोरी की, और पकड़ी गई। लेकिन हुआ यह कि एक इन्जीनियर को, परेशान और ट्रांसफर कर दिया गया, ऐसा इस राज्य में हो रहा है।

स्पीकर साहिब, पिछले साल इसी सदन में मैंने कैपीटेशन फीस के बारे में कहा था और मुझे इन्क्वायरी के लिये आश्वासन दिया गया। लेकिन उल्टे बांस बरेली वाली बात हो गई, जिस कालिज के विरुद्ध 23 लाख रुपया लेना सिद्ध हो गया था वहां पर पंजाब के तीन मन्त्री जा कर स्वागत करवा आये हैं। ऐसे हालात में क्या कैपीटेशन फीस की बुराई बढ़ेगी या नहीं।

स्पीकर साहिब, महेन्द्र सिंह नाम के एक आदमी का मुंह काला करके उसको तरनतारन के गांवों में थानेदार ने घुमाया। वह बलाक कांग्रेस आई का प्रधान था। उसका दोष केवल इतना था कि उसने एक मंत्री के कहने के अनुसार पंचायत के चुनाव में काम करने से इन्कार कर दिया था।

मैं कहना चाहती हूं कि भ्रष्टाचार सचिवालय की सातवीं मन्जिल से खत्म करने के प्रयास करने पड़ेंगे, वरना मुश्किल हो जायेगी।

स्वास्थ्य विभाग में जैसा अभी मंत्री जी ने कहा आम लोगों का ईलाज ए०एन०एम० और फार्मासिस्ट करते हैं। वैसे स्थीति सत्य यह है अगर मन्त्री जी दी अक्ख विच कक्ख पै जावे ते उस दा इलाज कई लख लगा के विदेशां विच हुन्दा है पर गरीब जनता का ईलाज केवल एक फार्मासिस्ट करेगा। स्वास्थ्य मन्त्री और स्वास्थ्य सचिव को अनेक बार प्रार्थना की है कि हस्पतालों में जो धांधली मची हुई है उसके सुधार के लिये कुछ किया जाए लेकिन कुछ नही किया जा रहा है। स्पीकर साहिब, डी० एम० सी० कालिज लुधियाना में पोस्ट ग्रैजूएट के दाखले के लिये 20 हजार रुपये ले लिये गये। मुझ से गल्ती हो गई कि मैं असली चिट्ठी इनको दे आई। एक साल का समय बीत गया है लेकिन अभी तक कोई उत्तर नहीं दिया गया। इसके बारे में पता करने के लिये मैंने लगभग 500 रु० के टैलीफोन ही कर दिये होंगे लेकिन कोई जवाब नहीं दिया गया।

स्पीकर साहिब, दयानन्द मैडीकल कालिज में मोटी मोटी कैपीटेशन फीस ली जाती है। एक तरफ सर्वोच्च न्यायालय ने कहा कि कैपीटेशन फीस नहीं लेनी चाहिए दूसरी तरफ सरकार कहती है कि वह उसके खिलाफ कोई ऐक्शन नहीं ले सकती क्योंकि वे हम से कोई ग्रांट वगैरा नहीं लेते। मैं बताना चाहती हूं कि एक पकौड़े तलने वाला जो तेल और बेसन का प्रयोग करता है उसकी दुकान पर तो यह छापे मारते हैं क्या वह सरकार से कोई ग्रांट लेता है? लेकिन वे कालिज वाले इतनी कैपीटेशन फीस लेते हैं, कोई नहीं पूछता। 20, 20 हजार रु० वे दाखले के समय ले रहे हैं, गरीब विद्यार्थी कहां से लायें। मैं एक मिसाल देना चाहती हूं कि सबसे कम 12, अधिक्तिम नंबर 63, एक आयुर्वेदक कालिज में अधिक्तम अंक 63 थे और न्यूनतम 12.1, कम नम्बरों वाले को एडमिशन मिल गई है क्योंकि उसके पिता के पास देने को पैसे हैं। मैंने यह केस स्वास्थ्य सचिव को दिया लेकिन कुछ नहीं किया गया। इसके साथ ही मैं कहना चाहती हूं कि जो प्राईवेट स्कूल हैं उनमें भी मोटी मोटी कैपीटेशन फीस चलती है। टीचरों की तन्खवाह 300 रु, 400 रु०, 500 रु० या 600 रु० दी जाती है। जो सरकार ने न्यूनतम वेतन नियत किये हैं वह भी एम० ए० पास को नही मिलते। राज्यपाल जी के इस भाषण में इस बारे कुछ नही कहा गया। इन स्कूलों में बच्चे दाखले के लिये जब जाते हैं तो उनके मां बाप का इण्टरवियु लिया जाता है जो मोटा चन्दा देता है उसको दाखला दिया जाता है। इसके बारे में इस भाषण में कुछ नहीं कहा गया।

अब मैं अमृतसर हस्पताल इन्टैंसिव केयर यूनिट के बारे में कहना चाहती हूं, मोटे मोटे पैसे खर्च करके वहां मशीन आ गई हैं लेकिन वहां जन-शक्ति नहीं है, डाकटर नहीं हैं। अगर किसी मरीज को पी० जी० आई० ले जाने के लिए कहा जाता है तो कई तो रास्ते में आते मर जाते हैं।

अब शिक्षा विभाग के साथ हमारे मुख्य मन्त्री महोदय ने कुछ प्रामेंजिज किए थे। मालेरकोटला के कालिज में 1989 में, जब मुख्य मन्त्री नहीं थे, कांग्रेस पार्टी के अध्यक्ष थे, तो उन्होंने शिक्षा सचिव को तब पत्र लिखा था कि इस कालेज को गरांट दी जाए। अब अप्रैल, 1992 में मुख्य मत्र्त्री बनने के बाद यह ईद वाले पवित्र दिन घोषणा करके आए थे कि इस कालेज को ग्रांट दे दी जाएगी

लेकिन पन्चा दा कहा सिर मथ्थे
परनाला ओथे दा ओथे।'

अब तक कुछ भी नहीं हुआ है।

अगली बात राहत और पुनर्वास की है। एक बात जब मैं बाहर मुख्य मन्त्री जी से कही तो उन्होंने कहा कि यह बात बहुत अच्छी है लेकिन यह भाषण पंजाब विधान सभा में करने के लायक है। जो उन दुखियों के परिवारों की मैंने कहानी सुनाई तो श्रीमान जी ने कहा कि यह विधान सभा भवन में भाषण सजेगा। उन को सजने ना सजने की बात लगी। मेरे पंजाब के अनेक बुर्जुग ऐसे है जिन का कोई बच्चा नहीं। उन बुजुर्गों को कौन देखेगा, ऐसा कोई बात नहीं है। उनका प्रबन्ध करने की कोई बात नहीं कहीं गई। हमारे बहुत से बच्चे ... हैं

[श्रीमति लक्ष्मी कांता चावला]
जिनके पिता माता उग्रवाद ने ले लिए। उन बच्चों को पढ़ाने के लिए आवासीय स्कूल बनाने की कोई बात इस में बिल्कुल नहीं कही गई है। हमारी वह बहने जिन के कारण अतंकबाद बहुत मात्रा में खत्म हुआ है, जिन की इज्जत उग्रवादियों ने लूटी थी वह बेइज़त है, अपमानित हैं, समाज उन को कोई सहारा देने के लिए तैयार नही है। उन लड़कियों को बसाने के लिए सरकार क्या करेगी इस विषय में भी यहां पर कोई बात नहीं कहीं गई और विधवा बहनों को जो पैंशन मिलती है उस के लिए एड़ियां रगड़नी पड़ती है। 11-11 महीनें चक्कर लगाते बीत गए तब जा कर पैंशन की राशी अमृतसर में गई है। उन की तरफ देखा जाए, उन की तरफ ध्यान दिया जाए।

अब मैं अध्यापकों की बात करूंगी। प्राईवेट स्कूलों के अध्यापकों को पैंशन देने का यह प्रामिज कर चुके हैं। और अब तक 16 करोड़ रुपया प्राईवेट स्कूल गवर्नमैंट को दे चुके हैं जो अध्यापकों का हिस्सा था। जनरल प्रावीडेंट फन्ड का और 11 लाख रुपया हर महीने देते जा रहे हैं। वह पैसा तो सरकार ने ले लिया है। लेकिन उन को पैंशन की बात अभी तक शुरू नहीं हुई। मुझे आज पता लगा कि 50 टीचर पैंशन की प्रतीक्षा करते करते 1987 से ईश्वर को प्यारे हो गए हैं। फैमली पैंशन की अब नौबत आ गई है लेकिन उन टीचरज के बारे में कुछ नहीं कहा। एक सही बात अमृतसर नगर निगम के अधिकारियों से जब कभी मैं पूछती हूं कि क्या वजह है कि जब भी पैसा लगता है तो माल रोड, कारट रोड और हवाई अड्डे की सड़क पर ही लगता है। वह कहते हैं कि जिन से पैसे लेते हैं उन का रास्ता भी तो अच्छा बनाना है। मैं कहती हूं कि अगर पैसे वहां ही लगाने हैं जहां से लिये हैं, उन की आने की सड़क राजा सांसी से सरकट हाऊस तक, तो फिर और काम कैसे होंगे। शहर में टूटी सड़के हैं। गन्दा पानी निकालने का प्रबन्ध, पीने वाले पानी का प्रबन्ध नहीं है। गन्दा पानी निकालने का प्रबन्ध नहीं है। इस तरह का अमृतसर का हाल है। आप गुरदासपुर की गलीयें देखीए, बटाले की गलीयें देखीए पटियाला की गलीयें, देखीए, बरनाले की गलीयां देखीए। वहां तो सरकट हाऊस, माल रोड, और कोर्ट रोड के इलावा सफाई नहीं करते, मुरम्मत नहीं करते। (विघ्न)

ट्रांस्पोर्ट की बसों की जो हालत है वह मैं बताती हूं:—

ना बूहा ना बारी
धक्का लगाये बदकिस्मत सवारी।"

जो उस बस में सवारी चढ़ती है उन को पता होता है कि कहां पहुंचना है लेकिन कब पहुंचना है, उन को बिलकुल नहीं पता। उन को तो चढ़ने का पता है।

अगली बात यह है कि सरकार की अपनी जो विकास योजनाएं है उन के लिए कह देते हैं कि हमारे पास धन नहीं है। अगर धन नहीं है तो मुझे समझ नहीं आई कि विधान परिषद् बनाने की चर्चा चल रही है, उस के लिए पैसा कहां से आएगा। अगर धन है तब ही विधान

परिषद बनाने की सोची जा रही है। मैं कहती हूं कि अगर सरकार के विज्ञापनों का ही हिसाब किताब लगा लिया जाए तो पता चलेगा कि एक साल में ही सरकार का खर्चा लाखों करोड़ों का होगा। इस ओर सदन को ध्यान करना चाहिए।

राजनीती में आतम प्रंसंसा भी एक जरूरी बात बन गई है। मैंने काफी रुपया लड़ झगड़ कर सदन का बचाया है, विधान सभा का बचाया है। चाहे आप को बुरा ही लगा हो। अगर विधान सभा कमेटीज की मीटिंगज दूसरे सूबों में जैसे कि सिक्कम,मनाली और लेह वगैरा है, होती रहती तो फिर पता नहीं आप रुपये का प्रबन्ध कैसे करते। मैंने उपराला करके काफी रुपया बचाया है। वह रुपया मेरे अमृतसर शहर की भलाई कार्यों पर लगा दिया जाए। मैं आप से एक प्रार्थना करती हूं कि राज्यपाल के भाषण में थोड़ा कहा जाये और उस को पूरा किया जाये। महापुरुषों का कथन है कि जो कहा जाये उसे पूरा किया जाये। यह सरकार जो नियम बनाती है उस पर स्वयं चलती नही जो पूछो तो बताती नहीं। "एक चुप और सौ सुख" यह इन की नीती है। एग्रीकल्चर यूनीवर्सिटी लुधियाना में पिछले 133 दिन से हड़ताल चल रही है। प्रोफैसरों को शिकायत है कि वह क्लासों में पढ़ा रहे हैं। पर सरकार उन की मांगों की तरफ ध्यान नहीं दे रही। यूनिवर्सिटी की यह हालत है कि आज कनक की वेरायटी ठीक साबित हो रही है बाकी सब दिल्ली से लेनी पड़ रही है। वहां के प्रोफैसर सी० एम० साहिब से भी मिल चुके हैं पर उन की मांगों के साथ खिलवाड़ किया जाता है वह प्रोफैसर ऐसे शरीफ है कि पहले बच्चों को पढ़ाते है और फिर हड़ताल पर बैठते हैं। पर उन की मांगों पर कोई ध्यान नहीं दिया जाता। नई पीढी को बेईमानी के रास्ते पर चलाया जाता है। मैं आप एक अध्यापक रही हूं। जब कोई बच्चा/खिलाड़ी मैट्रिक या प्लस–2 पास कर लेता था तो उस को अपने कालिजों में लेने के लिए संस्थाए उन के पीछे भागती हैं। केवल पास करवाने का ही बचन नहीं दिया यह भी तय होता है कि इस डिवीजन में पास करवा देगें। पर आज की शिक्षा नवयुवक खिलड़ियों को बेईमान बनाती है। सरकार को इस तरफ ज्यादा ध्यान देना चाहिए। (घंटी)

Mr. Speaker : Try to wind up please.

श्रीमति लक्ष्मी कांता चावला : मैं एक बात अन्त में और कहती हू कि आज भ्रष्टाचार जो चल रहा है इस को खतम करना चाहिए। यह ऊपर से खत्म करना चाहिए न कि पटवारी स्तर से। कहा जाता है कि यदि ईट लगानी है तो नीचे से शुरु की जाती है और अगर सफेदी करनी है तो ऊपर से की जाती है। सब बातन की एक बात अन्त में बताए जाती हुं कि भ्रष्टाचार को मिटाना है तो उपर से शुरु कीजिए।

धन्यवाद।

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ (ਬਾਘਾ ਪੁਰਾਣਾ) : ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਤੁਸੀਂ ਮੈਨੂੰ ਅੱਜ ਇਸ ਗਵਰਨਰ ਐਡਰੈਸ ਤੇ ਬੋਲਣ ਦਾ ਸਮਾਂ ਦਿੱਤਾ ਹੈ। ਸਪੀਕਰ ਸਾਹਿਬ, ਇਹ ਜਿਹੜਾ ਭਾਸ਼ਣ 22 ਤਾਰੀਖ ਨੂੰ ਇਥੇ ਪੜ੍ਹਿਆ ਗਿਆ ਮੈਂ ਉਸ ਨਾਲ ਸਹਿਮਤੀ ਪ੍ਰਗਟ ਨਹੀਂ ਕਰਦਾ। ਸਭ ਤੋਂ ਪਹਿਲਾਂ ਮੈਂ ਸਫਾ ਨੰ:18 ਤੇ ਆਪ ਦਾ ਧਿਆਨ ਦਿਵਾਉਂਦਾ ਹਾਂ। ਇਸ ਵਿਚ ਲਿਖਿਆ ਹੈ ;

[ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ]

"ਭੰਗੀਆਂ ਤੇ ਉਨ੍ਹਾਂ ਦੇ ਆਸ਼ਰਿਤਾਂ ਨੂੰ ਮੁਕਤ ਕਰਾਉਣ ਤੇ ਮੁੜ ਵਸਾਉਣ ਦੀ ਰਾਸ਼ਟਰੀ ਸਕੀਮ ਨੂੰ ਲਾਗੂ ਕਰਾਉਣ ਤੇ ਵਿਸ਼ੇਸ਼ ਜ਼ੋਰ ਦਿੱਤਾ ਜਾ ਰਿਹਾ ਹੈ ਤਾਂ ਜੋ ਮੁਕਤ ਹੋਏ ਭੰਗੀ ਤੇ ਉਨ੍ਹਾਂ ਦੇ ਆਸ਼ਰਿਤਾਂ ..."।

ਇਹ ਉਹ ਲਫ਼ਜ਼ ਹਨ ਜਿਨ੍ਹਾਂ ਦੇ ਬਾਰੇ ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਨੇ ਲਾਲ ਕਿਲੇ ਤੇ ਖੜ੍ਹੇ ਹੋ ਕੇ ਮਾਫੀ ਮੰਗੀ ਸੀ। ਸੋ ਸਭ ਤੋਂ ਪਹਿਲਾਂ ਮੈਂ ਇਹ ਬੇਨਤੀ ਕਰਦਾ ਹਾਂ ਕਿ ਇਹ ਜਿਹੜੇ ਲਫਜ਼ ਹਨ ਇਸ ਗਵਰਨਰ ਐਡਰੈਸ ਵਿਚ ਇਹ, ਇਸ ਵਿਚੋਂ ਕੱਢੇ ਜਾਣ।

ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਇਸ ਗਵਰਨਰ ਐਡਰੈਸ ਵਿਚ ਗੱਲ ਚਲੀ ਹੈ ਇਲੈਕਸ਼ਨਾਂ ਦੇ ਬਾਰੇ ਵਿਚ। ਇਹ ਇਲੈਕਸ਼ਨਾਂ ਜਿਹੜੀਆਂ ਕਰਵਾਈਆਂ ਗਈਆਂ ਹਨ ਇਸ ਬਾਰੇ ਮੈਂ ਕੁਝ ਸਬੂਤ ਦੇਣਾ ਚਾਹੁੰਦਾ ਹਾਂ। ਇਹ ਜਿਹੜੀ ਇਲੈਕਸ਼ਨ ਹੋਈ ਇਹ ਇਕ ਇਨਸਾਨੀ ਤੌਰ ਤੇ ਖਿਲਵਾੜ ਸੀ। ਮੈਂ ਦੱਸਦਾ ਹਾਂ ਕਿ ਮੇਰੇ ਹਲਕੇ ਵਿਚ ਸੰਧਵਾਂ ਪਿੰਡ ਹੈ ਉਥੇ ਜਿਹੜੀਆਂ 15 ਟੈਂਡਰ ਵੋਟਾਂ ਸਨ ਉਨ੍ਹਾਂ ਦੇ ਬਾਰੇ ਮੈਂ ਦੱਸਦਾ ਹਾਂ ਕਿ 514083, 514071, 514086, 514077 ਆਦਿ ਇਨਾਂ ਟੈਂਡਰ ਵੋਟਾਂ ਦੀ ਗਿਣਤੀ ਹੀ ਨਹੀਂ ਕੀਤੀ ਗਈ। ਇਸ ਤੋਂ ਇਲਾਵਾ ਇਕ ਕੈਂਡੀਡੇਟ ਅਨੁਸੂਚਿਤ ਜਾਤੀ ਦਾ ਜਿਹੜਾ ਸਰਪੰਚ ਲਈ ਖੜਾ ਹੋਇਆ, ਉਸ ਬਾਰੇ ਪੰਜਾਬ ਪੁਲਿਸ ਤੋਂ ਵਾਇਰਲੈਸ ਆ ਗਈ ਔਰ ਉਸ ਕੈਂਡੀ-ਡੇਟ ਨੂੰ ਜਿਤਣ ਹੀ ਨਹੀਂ ਦਿੱਤਾ ਗਿਆ। ਫਿਰ ਇਕ ਹੋਰ ਮੰਡੀਰਾਂ ਪਿੰਡ ਹੈ ਉਥੇ ਇਕ ਸੁਰਜੀਤ ਸਿੰਘ ਨਾਂ ਦੇ ਲੜਕੇ ਨੇ ਸਰਪੰਚ ਦੀ ਮਦਦ ਕੀਤੀ ਸੀ ਅੱਜ ਉਸ ਲੜਕੇ ਤੇ ਪੰਜਾਬ ਪੁਲਿਸ ਵਲੋਂ ਹਥਿਆਰਾਂ ਦਾ ਕੇਸ ਪਾ ਦਿੱਤਾ ਗਿਆ ਹੈ ਜਦ ਕਿ ਉਸ ਦੇ ਨਾਲ ਲਗਦੇ ਦੋ ਪਿੰਡਾਂ ਦੇ ਸਰਪੰਚਾਂ ਵਲੋਂ ਵੀ ਇਹੀ ਰਿਪੋਰਟ ਹੈ ਕਿ ਇਹ ਮੁੰਡਾ ਬੜਾ ਸ਼ਰੀਫ ਹੈ। ਇਸ ਨੂੰ ਟੈਰੋਰਿਸਟ ਐਕਟੀਵਿਟੀ ਵਿਚ ਨਹੀਂ ਦੇਣਾ ਚਾਹੀਦਾ ਸੀ। ਸਪੀਕਰ ਸਾਹਿਬ, ਪੰਚਾਇਤ ਦੀਆਂ ਇਲੈਕਸ਼ਨਾਂ ਦੇ ਵਿਚ ਇਹੋ ਜਿਹੀਆਂ ਗੱਲਾਂ ਹੋਈਆਂ ਅਤੇ ਇਸ ਦੇ ਵਿਚ ਪੰਜਾਬ ਪੁਲਿਸ ਦਾ ਜਿਹੜਾ ਰੋਲ ਰਿਹਾ ਹੈ, ਉਹ ਸਰਕਾਰ ਪੱਖੀ ਰਿਹਾ ਹੈ। ਇਹ ਕੋਈ ਅੱਛੀ ਗੱਲ ਨਹੀਂ ਹੋਈ।

ਸ੍ਰੀ ਸਪੀਕਰ : ਸਾਥੀ ਜੀ, ਤੁਸੀਂ ਗਵਰਨਰ ਸਾਹਿਬ ਦੇ ਐਡਰੈਸ ਉਤੇ ਬੋਲੋ।

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਸਪੀਕਰ ਸਾਹਿਬ, ਇਸ ਦੇ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ ਪੰਜਾਬ ਦੇ ਵਿਚ ਹਾਲਾਤ ਸੁਧਰੇ ਹਨ ਲੇਕਿਨ ਇਸ ਦੇ ਵਿਚ ਅਸੀਂ ਦੇਖਣਾ ਇਹ ਹੈ ਕਿ ਆਇਆ ਇਹ ਹਾਲਾਤ ਪਰਮਾਨੈਂਟ ਸੁਧਰੇ ਹਨ ਜਾਂ ਟੈਂਪਰੇਰੀ ਸੁਧਰੇ ਹਨ। ਅਸੀਂ ਇਹ ਵੀ ਵੇਖਣਾ ਹੈ ਕਿ ਪੰਜਾਬ ਦੀ ਸਮੱਸਿਆ ਨੈਚੁਰਲ ਹੈ ਜਾਂ ਕਰੀਏਟਿਡ ਹੈ। ਮੈਂ ਸਮਝਦਾ ਹਾਂ ਕਿ ਪੰਜਾਬ ਸਮੱਸਿਆ ਕਰੀਏਟਿਡ ਹੈ। ਪੰਜਾਬ ਦੀ ਸਮੱਸਿਆ ਕੇਵਲ ਵੋਟਾਂ ਦੀ ਖਾਤਰ ਖੜੀ ਕੀਤੀ ਗਈ ਸੀ ਲੇਕਿਨ ਕਿਸ ਪਾਸੇ ਚਲੀ ਗਈ। ਇਕ ਛੋਟੀ ਲਕੀਰ ਸੀ ਉਸ ਉਤੇ ਵੱਡੀ ਲਕੀਰ ਖਿਚ ਦਿੱਤੀ। ਇਸ ਲਈ ਮੈਂ ਸਮਝਦਾ ਹਾਂ ਕਿ ਪੰਜਾਬ ਦੀ ਸਮਸਿਆ ਨੂੰ ਆਟੋਮੈਟਿਕ ਲੋਕਾਂ ਨੇ ਸਸਪੈਂਡ ਕਰ ਦਿੱਤਾ ਅਤੇ ਅਖ਼ਬਾਰ ਵਿਚ ਖਬਰ ਆਈ ਹੈ ਕਿ ਮਾਨੋਚਾਹਲ ਨੂੰ ਸਾਡੀ ਫੋਰਸਿਜ਼ ਨੇ ਮਾਰ ਦਿੱਤਾ ਹੈ। ਇਸ ਦੇ ਸਿਰ ਉਤੇ ਕਿੰਨਾ ਇਨਾਮ ਸੀ ਅਤੇ ਜਿਹੜੇ ਪਹਿਲੇ ਅੱਤਵਾਦੀ ਮਾਰੇ ਗਏ ਸਨ ਉਨ੍ਹਾਂ ਦੇ ਸਿਰ ਉਤੇ ਕਿੰਨਾ ਕਿੰਨਾ ਇਨਾਮ ਸੀ। ਕੀ ਇਨਾਮ ਬਾਅਦ ਵਿਚ ਅਨਾਊਂਸ ਕਰਦੇ ਹੋ? ਜਿਹੜਾ ਅੱਤਵਾਦ ਅਤੇ ਵੱਖ-ਵਾਦ ਹੈ ਉਸ ਨੂੰ ਕਰੀਏਟ ਜਿਨ੍ਹਾਂ ਲੋਕਾਂ ਨੇ ਕੀਤਾ ਸੀ ਉਹ ਹੁਣ ਆਪਣੇ ਤੌਰ ਤਰੀਕੇ ਨਾਲ ਇਸ ਨੂੰ ਖਤਮ ਕਰ ਰਹੇ ਹਨ। ਇਨਾਮ ਕਲੇਮਜ਼ ਕਰਨ ਵਾਲੇ ਨੂੰ ਦਿੱਤਾ ਜਾਵੇਗਾ। ਪੰਜਾਬ ਦੀ ਸਮੱਸਿਆ ਕਰੀਏਟਿਡ ਹੈ ਪਿਛਲੇ 5 ਮਹੀਨਿਆਂ ਦੇ ਇੰਡੀਆ ਟੂਡੇ ਵਿਚ ਜੋ ਪੰਜਾਬ ਸਮੱਸਿਆ ਦੇ ਬਾਰੇ ਲਿਖਿਆ ਹੈ ਉਹ ਮੈਂ ਪੜ੍ਹ ਕੇ ਸੁਣਾ ਦਿੰਦਾ ਹਾਂ ਕਿ ** ** **

**Expunged as ordered by the Chair.

ਸ੍ਰੀ ਸਪੀਕਰ : ਸਾਥੀ ਜੀ, ਤੁਸੀਂ ਹਾਊਸ ਵਿੱਚ ਕਿਸੇ ਮੈਗਜ਼ੀਨ ਵਿਚੋਂ ਜਾਂ ਅਖਬਾਰ ਵਿਚੋਂ ਕੋਟ ਨਹੀਂ ਕਰ ਸਕਦੇ।

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਸਪੀਕਰ ਸਾਹਿਬ, ਇਸ ਦੇ ਵਿਚ ਸਰਕਾਰ ਨੂੰ ਚਿਤਾਵਨੀ ਦਿੱਤੀ ਹੈ ਕਿ : ** ** ** **

Mr Speaker : Sathi ji, you cannot refer to the newspaper or magazine. I have not allowed it.

ਸੰਸਦੀ ਮਾਮਲਿਆਂ ਦੇ ਮੰਤਰੀ : ਸਪੀਕਰ ਸਾਹਿਬ, ਇਸ ਹਾਊਸ ਦੀ ਪਰੰਪਰਾ ਰਹੀ ਹੈ ਕਿ ਅਖਬਾਰ ਵਾਲਿਆਂ ਦੀ ਆਪਣੀ ਰਾਏ ਹੁੰਦੀ ਹੈ। ਇਸ ਲਈ ਉਸ ਨੂੰ ਹਾਊਸ ਦੇ ਵਿਚ ਕੋਟ ਨਹੀਂ ਕੀਤਾ ਜਾ ਸਕਦਾ।

ਸ੍ਰੀ ਸਪੀਕਰ : ਮੈਂ ਇਸ ਨੂੰ ਅਲਾਓ ਨਹੀਂ ਕੀਤਾ ਹੈ।

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਸਪੀਕਰ ਸਾਹਿਬ, ਪੰਜਾਬ ਦੀ ਸਮੱਸਿਆ ਇਕ ਪੁਲੀਟੀਕਲ ਸਮੱਸਿਆ ਹੈ। ਇਸ ਵੱਲ ਗੌਰ ਕਰਨ ਦੀ ਲੋੜ ਹੈ। ਚੰਡੀਗੜ੍ਹ ਦੇ ਮਸਲੇ ਦਾ ਹੱਲ ਹੋਣਾ ਚਾਹੀਦਾ ਹੈ ਅਤੇ ਲੋਕਾਂ ਦੇ ਜ਼ਖਮਾਂ ਉਤੇ ਮੱਲ੍ਹਮ ਲਗਾਉਣੀ ਚਾਹੀਦੀ ਹੈ।

ਸਪੀਕਰ ਸਾਹਿਬ, ਹੁਣ ਮੈਂ ਖੇਤੀਬਾੜੀ, ਇੰਡਸਟਰੀ ਅਤੇ ਇਰੀਗੇਸ਼ਨ ਐਂਡ ਪਾਵਰ ਉਤੇ ਇਕੱਠੀ ਬਹਿਸ ਕਰਨ ਦੀ ਕੋਸ਼ਿਸ਼ ਕਰਾਂਗਾ। ਜਿਥੋਂ ਤੱਕ ਖੇਤੀਬਾੜੀ ਦਾ ਸਬੰਧ ਹੈ। ਇਸ ਉਤੇ ਸਰਦਾਰ ਅਵਤਾਰ ਸਿੰਘ ਬਰਾੜ ਨੇ ਕਿਹਾ ਸੀ ਕਿ ਸਰਕਾਰ ਦੀਆਂ ਪਾਲਿਸੀਆਂ ਕਿਸਾਨਾਂ ਦੇ ਲਈ ਬੜੀਆਂ ਲਾਹੇਵੰਦ ਹਨ। ਸਰਦਾਰ ਬੇਅੰਤ ਸਿੰਘ ਖੁਦ ਇਕ ਕਿਸਾਨ ਹਨ। ਇਨ੍ਹਾਂ ਨੂੰ ਪਤਾ ਹੋਵੇਗਾ ਕਿ ਹਿੰਦੁਸਤਾਨ ਦੀ ਸਰਕਾਰ ਨੇ ਪੰਜਾਬ ਦੇ ਕਿਸਾਨ ਦੇ ਨਾਲ ਜਸਟਿਸ ਨਹੀਂ ਕੀਤਾ। ਪੰਜਾਬ ਦੇ ਕਿਸਾਨ ਨੇ ਹਿੰਦੁਸਤਾਨ ਦੇ ਭੰਡਾਰ ਵਿਚ ਕਣਕ, ਚੌਲ, ਕਪਾਹ, ਅਤੇ ਦੁੱਧ ਕਾਫੀ ਮਿਕਦਾਰ ਵਿਚ ਪੈਦਾ ਕਰਕੇ ਦਿੱਤਾ ਹੈ। ਭੰਡਾਰ ਹੀ ਨਹੀਂ ਭਰੇ ਬਲਕਿ ਜਿਹੜੀ ਕਮੀ ਸੀ, ਉਸ ਨੂੰ ਵੀ ਦੂਰ ਕੀਤਾ ਹੈ। ਸਾਡੇ ਮੋਗਾ ਅਤੇ ਖੰਨਾ ਮੰਡੀਆਂ ਦੇ ਵਿਚ ਰੋਜ਼ 10-10 ਹਜ਼ਾਰ ਬੋਰੀਆਂ ਕਣਕ ਦੀਆਂ ਆਉਂਦੀਆਂ ਰਹੀਆਂ। ਬਾਹਰਲੇ ਮੁਲਕਾਂ ਤੋਂ ਆਈ ਕਣਕ 540 ਰੁਪਏ ਹੁੰਦੀ ਸੀ ਜਦ ਕਿ ਸਾਡੇ ਕਿਸਾਨ ਦੀ ਵਧੀਆ ਕਣਕ ਦਾ ਮੁੱਲ 400 ਰੁਪਿਆ ਹੁੰਦਾ ਸੀ। ਇਹ ਜਿਹੜਾ 140 ਰੁਪਏ ਦਾ ਫਰਕ ਸੀ ਉਸ ਨੂੰ ਸਾਡੇ ਗਰੀਬ ਕਿਸਾਨਾਂ ਦੇ ਵਿਚ ਸਬਸਿਡੀ ਦੇ ਤੌਰ ਤੇ ਦੇਣਾ ਚਾਹੀਦਾ ਸੀ। (ਵਿਘਨ) ਆਲੂਆਂ ਦੀ ਪੰਜਾਬ ਵਿਚ ਬੁਰੀ ਹਾਲਤ ਹੈ। ਮੈਂ ਆਪਣੇ ਸਾਥੀ ਨਾਲ ਆਪਣੇ ਹਲਕੇ ਵਿਚ ਜਾ ਰਿਹਾ ਸੀ ਤਾਂ ਰਸਤੇ ਵਿਚ ਮੈਨੂੰ ਕੋਈ ਕਿਸਾਨ ਮਿਲਿਆ ਤਾਂ ਉਸ ਨੇ ਮੈਨੂੰ ਦਸਿਆ ਕਿ ਆਲੂ 35-40 ਰੁਪਏ ਦੇ ਹਿਸਾਬ ਨਾਲ ਵਿਕ ਰਿਹਾ ਹੈ। ਮੰਤਰੀ ਜੀ ਇਸ ਬਾਰੇ ਹਾਊਸ ਵਿਚ ਬਿਆਨ ਦੇਣ। ਪੰਜਾਬ ਦੀ ਸਰਕਾਰ ਕਿਸਾਨਾਂ ਵਾਸਤੇ ਕੁਝ ਨਹੀਂ ਕਰ ਰਹੀ ਹੈ। ਅਗਰ, ਸਪੀਕਰ ਸਾਹਿਬ, ਪੰਜਾਬ ਦਾ ਕਿਸਾਨ ਅਤੇ ਪੰਜਾਬ ਦਾ ਮਜਦੂਰ ਖਤਮ ਹੋ ਗਿਆ ਤਾਂ ਪੰਜਾਬ ਖਤਮ ਹੋ ਜਾਵੇਗਾ ਔਰ ਜੇਕਰ ਪੰਜਾਬ ਖਤਮ ਹੋ ਗਿਆ ਤਾਂ ਹਿੰਦੁਸਤਾਨ ਖਤਮ ਹੋ ਜਾਵੇਗਾ ਕਮ-ਸੇ-ਕਮ ਕਿਸਾਨਾਂ ਨੂੰ ਉਨ੍ਹਾਂ ਦੀ ਲਾਗਤ ਕੀਮਤ ਤਾਂ ਦਿਓ।

ਖੇਤੀਬਾੜੀ ਅਤੇ ਵਣ ਮੰਤਰੀ : ਪੁਆਇੰਟ ਆਫ ਆਰਡਰ। ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਮੈਂਬਰ ਸਾਹਿਬਾਨ ਨੇ ਕਿਹਾ ਕਿ ਕਿਸਾਨ ਜਾ ਰਿਹਾ ਸੀ ਉਸ ਨੇ ਮੈਨੂੰ ਦਸਿਆ ਕਿ 30-35 ਰੁਪਏ ਆਲੂਆਂ ਦਾ ਰੇਟ ਹੈ। ਐਕਚੂਅਲ ਭਾਅ ਜ਼ਿਆਦਾ ਹੈ। ਇਹ ਗਲਤ

**Expunged as ordered by the Chair.

[ਖੇਤੀਬਾੜੀ ਅਤੇ ਵਣ ਮੰਤਰੀ]

ਕੱਟ ਕਰ ਰਹੇ ਹਨ। ਆਲੂਆਂ ਦੇ ਭਾਅ ਅਖਬਾਰ ਅਤੇ ਰੇਡੀਓ ਰਾਹੀਂ ਪ੍ਰਸਾਰ ਕੀਤੇ ਜਾਂਦੇ ਹਨ। ਸਪੀਕਰ ਸਾਹਿਬ, ਮੈਂਬਰ ਸਾਹਿਬ ਹਾਊਸ ਵਿਚ ਗਲਤ ਬਿਆਨੀ ਕਰ ਰਹੇ ਹਨ।

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਸਪੀਕਰ ਸਾਹਿਬ, ਸ੍ਰੀ ਤਰਸੇਮ ਜੋਧਾਂ ਜੀ ਮੇਰੇ ਨਾਲ ਸਨ। ਇਹ ਗੱਲ ਇਨ੍ਹਾਂ ਦੇ ਸਾਹਮਣੇ ਹੋਈ ਹੈ।

ਸ੍ਰੀ ਸਪੀਕਰ : ਤੁਸੀਂ ਗਵਰਨਰ ਐਡਰੈਸ ਤੇ ਕਨਫਾਈਨ ਕਰੋ। You try to confine to the Governor's address. Your time is running short now.

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਸਪੀਕਰ ਸਾਹਿਬ, ਇਹ ਮੈਨੂੰ ਇਨਟਰੱਪਟ ਨਾ ਕਰਨ। ਸਪੀਕਰ ਸਾਹਿਬ, ਕਿਸਾਨਾਂ ਨੂੰ ਠੀਕ ਕੀਮਤ ਮਿਲਣੀ ਚਾਹੀਦੀ ਹੈ। ਕਿਸਾਨਾਂ ਨੂੰ ਮਜ਼ਬੂਰ ਨਾ ਕਰੋ ਅਤੇ ਉਹ ਪੰਜਾਬ ਵਿਚ ਵੀ ਰਹਿ ਸਕਣ। ਉਨ੍ਹਾਂ ਕਿਸਾਨਾਂ ਦੇ ਖਰਚਿਆਂ ਨੂੰ ਵੇਖੋ। ਪੰਜਾਬ ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ।

ਹੁਣ ਮੈਂ ਇੰਡਸਟਰੀ ਦੇ ਬਾਰੇ ਕਹਿਣਾ ਚਾਹੁੰਦਾ ਹਾਂ। ਸਰਕਾਰ ਐਗਰੋ ਬੇਸਿਡ ਇੰਡਸਟਰੀ ਨਹੀਂ ਲਗਾਉਂਦੀ। ਪੰਜਾਬ ਵਿਚ ਐਗਰੋ ਬੇਸਿਡ ਇੰਡਸਟਰੀ ਲਗਾਉਣੀ ਚਾਹੀਦੀ ਹੈ। 15 ਗੰਨੇ ਦੀਆਂ ਪੰਜਾਬ ਵਿਚ ਮਿਲਾਂ ਹਨ ਸਿਰਫ 2 ਮਿਲਾਂ ਹੀ ਨਫੇ ਵਿਚ ਜਾ ਰਹੀਆਂ ਹਨ। 13 ਗੰਨਾ ਮਿਲਾਂ ਘਾਟੇ ਵਿਚ ਜਾ ਰਹੀਆਂ ਹਨ। 4 ਹੋਰ ਗੰਨਾ ਮਿਲਾਂ ਪੰਜਾਬ ਵਿਚ ਲਗਾਈਆਂ ਜਾ ਰਹੀਆਂ ਹਨ ਪਰ ਬੜੇ ਦੁੱਖ ਦੇ ਨਾਲ ਕਹਿਣਾ ਪੈਂਦਾ ਹੈ ਕਿ ਪੰਜਾਬ ਵਿਚ ਕਮਾਦ ਨਹੀਂ ਹੈ ਪਰ ਗੰਨਾ ਮਿਲਾਂ 4 ਹੋਰ ਲਗਾ ਰਹੇ ਹਨ।

Mr. Speaker : Pleaes try to wind up.

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਸਪੀਕਰ ਸਾਹਿਬ, ਸਮਾਲ ਸਕੇਲ ਇੰਡਸਟਰੀ ਪੰਜਾਬ ਵਿਚ ਹੋਰ ਲਗਾਉਣੀ ਚਾਹੀਦੀ ਹੈ। ਦੁੱਧ ਪੰਜਾਬ ਵਿਚ ਹੋਰ ਜ਼ਿਆਦਾ ਪੈਦਾ ਕਰਨਾ ਚਾਹੀਦਾ ਹੈ। ਦੁੱਧ ਦੇ ਪਲਾਂਟ ਲਗਾਉਣੇ ਚਾਹੀਦੇ ਹਨ। ਛੋਟੀ ਛੋਟੀ ਇੰਡਸਟਰੀ ਲਗਾਉਣੀ ਚਾਹੀਦੀ ਹੈ। (ਵਿਘਨ)

ਖੇਤੀਬਾੜੀ ਅਤੇ ਵਣ ਮੰਤਰੀ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਕੱਲ ਇਨ੍ਹਾਂ ਦੇ ਸਾਥੀ ਕੁਝ ਹੋਰ ਕਹਿੰਦੇ ਸਨ, ਅੱਜ ਇਹ ਕੁਝ ਹੋਰ ਕਹਿੰਦੇ ਹਨ। ਇਨ੍ਹਾਂ ਦੇ ਸਾਥੀ ਜੋ ਕੁਝ ਕਹਿ ਰਹੇ ਹਨ, ਇਹ ਉਹ ਕੁਝ ਨਹੀਂ ਕਹਿ ਰਹੇ ਹਨ।(ਵਿਘਨ)

ਸ੍ਰੀ ਸਪੀਕਰ : ਮੈਂ ਰਿਕੁਐਸਟ ਕਰਾਂਗਾ ਕਿ ਤੁਸੀਂ ਕਿਸੇ ਨੂੰ ਵੀ ਇਨਟਰੈਪਟ ਨਾ ਕਰੋ। ਸਾਥੀ ਜੀ, ਤੁਸੀਂ ਜਲਦੀ ਵਾਈਂਡ ਅਪ ਕਰੋ।

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਸਪੀਕਰ ਸਾਹਿਬ, ਪਰ ਚਾਂਸ ਥੋੜ੍ਹੀ ਮੋਟੀ ਚੀਜ਼ ਆ ਜਾਂਦੀ ਹੈ। ਸਰਕਾਰ ਦਾ ਫਰਜ਼ ਬਣਦਾ ਹੈ ਕਿ ਹਰ ਪਰਾਬਲਮ ਨੂੰ ਹੱਲ ਕਰੇ। ਸਪੀਕਰ ਸਾਹਿਬ, ਪਾਣੀ ਕਿਸਾਨਾਂ ਦੀ ਜਾਨ ਹੈ। ਸਾਡੇ ਨਾਲ ਦੇ ਸਦਨ ਵਿਚ ਹਰਿਆਣੇ ਦੇ ਗਵਰਨਰ ਸਾਹਿਬ ਨੇ ਅਤੇ ਹਰਿਆਣੇ ਦੇ ਮੁੱਖ ਮੰਤਰੀ ਸਾਹਿਬ ਨੇ ਕਿਹਾ ਹੈ ਕਿ ਅਸੀਂ ਯਮੁਨਾ ਦਾ ਪਾਣੀ ਨਹੀਂ ਦੇਣਾ ਹੈ। 1966 ਤੋਂ ਬਾਅਦ ਜੋ ਗੱਲ ਹੋਈ ਹੈ, ਪੰਜਾਬ ਨੂੰ ਛੋੜ ਕਰ ਹਰਿਆਣੇ ਨੇ ਯਮੁਨਾ ਦਾ ਪਾਣੀ ਨਹੀਂ ਦੇਣਾ ਤਾਂ ਰਾਵੀ, ਸਤਿਲੁਜ ਅਤੇ ਬਿਆਸ ਦਾ ਪਾਣੀ ਵੀ ਅਸੀਂ ਨਹੀਂ ਦੇਣਾ। ਅਸੀਂ ਪੰਜਾਬ ਦੇ ਕਿਸਾਨ ਨੂੰ

ਭੁਖਾ ਮਟਨ ਨਹੀਂ ਦੇਣਾ। ਇਸ ਬਾਰੇ ਸੀ.ਐਮ. ਸਾਹਿਬ ਜਦੋਂ ਗਵਰਨਰ ਐਡਰੈਸ ਤੇ ਜਵਾਬ ਦੇਣ ਤਾਂ ਇਸ ਬਾਰੇ ਜ਼ਰੂਰ ਗਲ ਕਰਨ।

Mr. Speaker : Sathi ji, try to wind up.

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਸਪੀਕਰ ਸਾਹਿਬ ਜਿਥੋਂ ਤੱਕ ਰੋਜ਼ਗਾਰ ਦਾ ਤਾਅਲੁੱਕ ਹੈ, ਇਹ ਯੁਵਕਾਂ ਲਈ ਬੜੀ ਮਜ਼ਾਕ ਵਾਲੀ ਗੱਲ ਹੈ ਕਿ ਇਨ੍ਹਾਂ ਨੇ ਜਿਨ੍ਹਾਂ ਨੂੰ ਇੰਪਲਾਈਮੈਂਟ ਦਿੱਤੀ ਹੈ, ਉਨ੍ਹਾਂ ਦਾ ਨੰਬਰ 3024 ਦੱਸਿਆ ਹੈ। ਦੂਜੇ ਪਾਸੇ ਜਿਥੋਂ ਤੱਕ ਤਾਅਲੁੱਕ ਹੈ ਚੱਲ੍ਹਿਆਂ ਕਮੇਟੀ ਦਾ, ਇਹ ਸਾਡੇ ਸਿਰ ਤੇ ਇਕ ਨਵੀਂ ਕਿਰਪਾਨ ਲਟਕ ਰਹੀ ਹੈ। ਅੱਜ ਪੰਜਾਬ ਵਿੱਚ ਚੱਲ੍ਹਿਆ ਕਮੇਟੀ ਦੀ ਰਿਪੋਰਟ ਮੁਤਾਬਿਕ ਯੁਵਕਾਂ ਲਈ ਨੌਕਰੀਆਂ ਨੂੰ ਬੰਦ ਕਰ ਦਿੱਤਾ ਗਿਆ, ਹੱਥ ਦੇ ਕੰਮ ਨੂੰ ਬੰਦ ਕਰ ਦਿਤਾ ਗਿਆ, ਤਾਂ ਉਸ ਨਾਲ ਬੇਰੋਜ਼ਗਾਰੀ ਹੋਰ ਵਧੇਗੀ, ਭੁੱਖਮਰੀ ਹੋਰ ਵਧੇਗੀ ਅਤੇ ਅਤਿਵਾਦ ਹੋਰ ਵਧੇਗਾ।

ਸ੍ਰੀ ਸਪੀਕਰ : ਤੁਸੀਂ ਵਾਈਂਡ ਅੱਪ ਕਰੋ।

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਸਪੀਕਰ ਸਾਹਿਬ, ਇਥੇ ਲੋਕ ਸੰਪਰਕ ਅਤੇ ਦੁੱਖ ਨਿਵਾਰਨ ਕਮੇਟੀਆਂ ਦੀ ਗੱਲ ਕੀਤੀ ਗਈ ਹੈ। ਪਰ ਮੈਂ ਕਹਿੰਦਾ ਹਾਂ ਕਿ ਪੰਜਾਬ ਦੀ ਕਿਸੇ ਵੀ ਦੁੱਖ ਨਿਵਾਰਣ ਕਮੇਟੀ ਵਿੱਚ ਐਸ.ਐਸ.ਪੀ. ਸਾਹਿਬ ਤਾਂ ਆਉਂਦੇ ਹੀ ਨਹੀਂ, ਬੈਠਦੇ ਹੀ ਨਹੀਂ। ਜਦੋਂ ਕਿ ਮੈਂ ਤਾਂ ਇਹ ਵੀ ਕਹਾਂਗਾ ਕਿ ਇਨ੍ਹਾਂ ਨੇ ਇਥੋਂ ਤੱਕ ਕਿ ਆਉਣਾ ਵੀ ਬੰਦ ਕਰ ਦਿੱਤਾ ਹੈ। ਸਪੀਕਰ ਸਾਹਿਬ, ਮੈਂ ਪਿਛਲੀ ਮੀਟਿੰਗ ਵਿੱਚ ਵੀ ਇਹ ਗੱਲ ਕਹੀ ਸੀ।

ਸ੍ਰੀ ਸਪੀਕਰ : ਸਾਥੀ ਜੀ, ਜੋ ਤੁਸੀਂ ਬੋਲਣਾ ਹੈ, ਗਵਰਨਰ ਐਡਰੈਸ ਤੇ ਹੀ ਬੋਲੋ।

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਇਨ੍ਹਾਂ ਕਮੇਟੀਆਂ ਬਾਰੇ ਤਾਂ ਜੀ ਗਵਰਨਰ ਐਡਰੈਸ ਵਿੱਚ ਹੀ ਕਿਹਾ ਗਿਆ ਹੈ। ਸਪੀਕਰ ਸਾਹਿਬ, ਜਿਥੋਂ ਤੱਕ ਪਲਾਨਿੰਗ ਬੋਰਡ ਦਾ ਤਾਅਲੁੱਕ ਹੈ, ਮੈਂ ਇਥੇ ਹਾਊਸ ਦੇ ਵਿੱਚ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਵਿਰੋਧੀ ਪਾਰਟੀਆਂ ਦੇ ਐਮ.ਐਲ.ਏਜ਼. ਹਨ, ਉਨ੍ਹਾਂ ਨੂੰ ਉਨ੍ਹਾਂ ਦਾ ਹਿੱਸਾ ਪਰਾਪਰ ਨਹੀਂ ਦਿੱਤਾ ਜਾ ਰਿਹਾ। ਸਪੀਕਰ ਸਾਹਿਬ, ਇਹ ਗੱਲ ਵੀ ਉਥੇ ਜ਼ਾਹਿਰ ਹੋਈ ਹੈ। ਇਸ ਦਾ ਇਸ ਐਡਰੈਸ ਵਿੱਚ ਕੋਈ ਜ਼ਿਕਰ ਨਹੀਂ ਕੀਤਾ ਗਿਆ।

ਸ੍ਰੀ ਸਪੀਕਰ : ਤੁਸੀਂ ਵਾਈਂਡ ਅੱਪ ਕਰ ਦਿਓ।

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਸਪੀਕਰ ਸਾਹਿਬ, ਜਿਥੋਂ ਤੱਕ ਤਾਅਲੁੱਕ ਹੈ ਭ੍ਰਿਸ਼ਟਾਚਾਰੀ ਦਾ, ਉਸਦੇ ਖਿਲਾਫ ਇਸ ਐਡਰੈਸ ਵਿੱਚ ਗੱਲ ਕੀਤੀ ਗਈ ਹੈ। ਇਥੇ ਮਦਨ ਮੋਹਨ ਮਿੱਤਲ ਜੀ ਨੇ ਬੜੇ ਸਪੱਸ਼ਟ ਸ਼ਬਦਾਂ ਵਿੱਚ ਗੱਲ ਕੀਤੀ ਸੀ। ਮੈਂ ਵੀ ਚਾਹੁੰਦਾ ਸੀ ਕਿ ਕੁਝ ਐਮ.ਐਲ.ਏਜ਼. ਹੋਸਟਲ ਬਾਰੇ ਵੀ ਕਹਾਂ, ਪਰ ਉਨ੍ਹਾਂ ਨੇ ਕੁਝ ਅਟੈਚੀ ਕੇਸਾਂ ਆਦਿ ਬਾਰੇ ਦੱਸ ਹੀ ਦਿੱਤਾ ਹੈ ਅਤੇ ਏਨਾ ਹੀ ਕਾਫੀ ਹੈ। ਮੈਂ ਤਾਂ ਮੁੱਖ ਮੰਤਰੀ ਜੀ ਨੂੰ ਕਹਾਂਗਾ ਕਿ ਉਹ ਉਤਲੇ ਸਿਰਿਉਂ ਭ੍ਰਿਸ਼ਟਾਚਾਰ ਦੇ ਖਿਲਾਫ ਹੱਥ ਪਾਉਣ, ਉਸਤੇ ਨੱਥ ਪਾਉਣ ਤਾਂ ਕਿ ਸਰਦਾਰ ਬੇਅੰਤ ਸਿੰਘ ਜੀ ਦੀ ਬਦਨਾਮੀ ਨਾ ਹੋਵੇ। ਨਹੀਂ ਤਾਂ ਸਰਕਾਰ ਬਦਨਾਮ ਹੋ ਜਾਵੇਗੀ।

ਸ੍ਰੀ ਸਪੀਕਰ : ਵਾਈਂਡ ਅੱਪ ਕਰੋ।

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਸਪੀਕਰ ਸਾਹਿਬ, ਮੈਂ ਬੜੀ ਅਹਿਮ ਗੱਲ ਕਰਨੀ ਚਾਹੁੰਦਾ ਹਾਂ ਖੁਰਾਕ ਤੇ ਸਪਲਾਈ ਬਾਰੇ। ਖੰਡ ਮਹਿੰਗੀ ਹੈ, ਤੇਲ ਮਹਿੰਗਾ ਹੈ। ਇਕ ਹੋਰ ਸਬੂਤ ਮੈਂ ਦੇਣਾ ਚਾਹੁੰਦਾ ਹਾਂ। ਮੈਂ ਪੰਜਾਬ ਭਵਨ, ਦਿੱਲੀ ਗਿਆ ਹਾਂ। ਉਥੋਂ ਡਬਲ ਰੋਟੀ ਦਾ ਸੈਂਪਲ ਵੀ ਲਿਆਇਆ ਹਾਂ। ਪੰਜਾਬ ਦੀ ਡਬਲ ਰੋਟੀ 9 ਰੁਪਏ ਦੀ 800 ਗਰਾਮ ਮਿਲ ਰਹੀ ਹੈ ਜਦ ਕਿ ਦਿੱਲੀ ਦੀ ਸਾਢੇ 5 ਰੁਪਏ ਅਤੇ 6 ਰੁਪਏ ਦੀ ਮਿਲ ਰਹੀ ਹੈ। ਸਾਡੀ ਕਣਕ ਵੀ ਸਸਤੀ, ਸਾਡੀ ਜ਼ਮੀਨ ਵੀ ਸਸਤੀ ਅਤੇ ਸਾਡੀ ਬਿਜਲੀ ਵੀ ਸਸਤੀ, ਲੇਬਰ ਵੀ ਸਸਤੀ ਮਗਰ ਦੂਜੇ ਪਾਸੇ ਡਬਲ ਰੋਟੀ ਉਨ੍ਹਾਂ ਦੀ ਸਸਤੀ ਮਿਲੇ। ਉਨ੍ਹਾਂ ਦੀ ਕਣਕ ਮਹਿੰਗੀ, ਜ਼ਮੀਨ ਮਹਿੰਗੀ, ਬਿਜਲੀ ਉਨ੍ਹਾਂ ਨੂੰ ਮਹਿੰਗੀ ਮਿਲੇ। ਮੈਂ ਕਹਿੰਦਾ ਹਾਂ ਕਿ ਸਾਡੇ ਖੁਰਾਕ ਅਤੇ ਸਪਲਾਈ ਵਿਭਾਗ ਵਿੱਚ ਲੁੱਟ ਮਚੀ ਹੋਈ ਹੈ। ਇਸਨੂੰ ਨੱਥ ਪਾਈ ਜਾਣੀ ਚਾਹੀਦੀ ਹੈ ਜਾਂ ਨਹੀਂ, ਇਹ ਸਰਕਾਰ ਦੇਖੇ। ਮੈਂ ਇਥੇ ਇਹੀ ਗੱਲ ਕਹਿ ਰਿਹਾ ਸੀ ਕਿ ਸਰਕਾਰ ਦੀਆਂ ਗਲਤ ਨੀਤੀਆਂ ਕਾਰਣ ਹੀ ਇਹੋ ਜਿਹੀਆਂ ਗੱਲਾਂ ਸਾਹਮਣੇ ਆ ਰਹੀਆਂ ਹਨ।

ਸ੍ਰੀ ਸਪੀਕਰ : ਸਾਥੀ ਜੀ, ਤੁਸੀਂ ਵਾਈਂਡ ਅੱਪ ਕਰੋ।

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਸਪੀਕਰ ਸਾਹਿਬ, ਮੈਂ ਇਕ ਪੇਂਡੂ ਇਲਾਕੇ ਨੂੰ ਰਿਪਰਜੈਂਟ ਕਰਦਾ ਹਾਂ, ਬਾਘੇ ਪੁਰਾਣੇ ਨੂੰ, ਜਿਹੜਾ ਕਿ ਮੋਗੇ ਤਹਿਸੀਲ ਵਿੱਚ ਪੈਂਦਾ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਸੀ.ਐਮ.ਸਾਹਿਬ ਨੇ ਇਕ ਕਮੇਟੀ ਐਪੁਆਇੰਟ ਕੀਤੀ ਹੈ ਜ਼ਿਲ੍ਹੇ ਬਣਾਉਣ ਲਈ। ਉਸ ਸਬੰਧੀ ਮੈਂ ਹਾਊਸ ਵਿੱਚ ਕਹਿਣਾ ਚਾਹੁੰਦਾ ਹਾਂ ਕਿ ਮੋਗੇ ਨੂੰ ਆਨ ਮੈਰਿਟ ਜਿਲ੍ਹਾ ਬਣਾਇਆ ਜਾਣਾ ਚਾਹੀਦਾ ਹੈ ਅਤੇ ਬਾਘਾ ਪੁਰਾਣਾ ਨੂੰ ਸਬ-ਡਿਵੀਜ਼ਨ ਡਿਕਲੇਅਰ ਕੀਤਾ ਜਾਣਾ ਚਾਹੀਦਾ ਹੈ। ਇਹ ਲੋਕਾਂ ਦੀ ਮੰਗ ਹੈ। ਜਿਥੋਂ ਤੱਕ ਸਮਾਜ ਭਲਾਈ ਦਾ ਤਾਅਲੁੱਕ ਹੈ, ਮੈਂ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਸੋਸ਼ਲ ਜਸਟਿਸ ਤੇ ਖੜੇ ਹਾਂ। ਸਾਨੂੰ ਪਛੜੀਆਂ ਸ੍ਰੇਣੀਆਂ ਦਾ ਧਿਆਨ ਵੀ ਜ਼ਰੂਰ ਕਰਨਾ ਚਾਹੀਦਾ ਹੈ। ਸੁਪਰੀਮ ਕੋਰਟ ਆਪਣਾ ਫੈਸਲਾ ਦੇ ਚੁੱਕੀ ਹੈ। ਉਸ ਨੂੰ ਲਾਗੂ ਕਰਨਾ ਚਾਹੀਦਾ ਹੈ। ਸੁਪਰੀਮ ਕੋਰਟ ਨੇ ਹਦਾਇਤ ਕੀਤੀ ਸੀ ਕਿ 4 ਮਹੀਨੇ ਦੇ ਅੰਦਰ ਅੰਦਰ ਪਛੜੀਆਂ ਸ੍ਰੇਣੀਆਂ ਬਾਰੇ ਅਸੀਂ ਡਿਕਲੇਅਰ ਕਰ ਦਿਆਂਗੇ ਕਿ ਕਿਹੜੀਆਂ ਕਿਹੜੀਆਂ ਇਸ ਦੇ ਅੰਦਰ ਆਉਂਦੀਆਂ ਹਨ। 16 ਤਰੀਕ ਨੂੰ ਇਹ ਟਾਈਮ ਖਤਮ ਹੋਣ ਵਾਲਾ ਹੈ ਲੇਕਿਨ ਮੈਂ ਸਮਝਦਾ ਹਾਂ ਕਿ ਸਰਕਾਰ ਝੂਠਾ ਲਾਰਾ ਦੇ ਰਹੀ ਹੈ। ਇਸ ਕਰਕੇ ਮੈਂ ਅਰਜ਼ ਕਰਦਾ ਹਾਂ ਕਿ ਪਛੜੀਆਂ ਸ਼੍ਰੇਣੀਆਂ ਅਤੇ ਅਨੁਸੂਚਿਤ ਜਾਤੀਆਂ ਨੂੰ ਨਿਆਂ ਮਿਲਣਾ ਚਾਹੀਦਾ ਹੈ ...... ।

ਸ੍ਰੀ ਸਪੀਕਰ : ਸਾਥੀ ਜੀ, ਕ੍ਰਿਪਾ ਕਰਕੇ ਵਾਈਂਡ ਅੱਪ ਕਰੋ ਅਤੇ ਆਪਣੀ ਸੀਟ ਤੇ ਬੈਠ ਜਾਓ।

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਸਪੀਕਰ ਸਾਹਿਬ, ਮੈਂ ਇਕ ਮਿੰਟ ਐਜੂਕੇਸ਼ਨ ਤੇ ਵੀ ਗੱਲ ਕਰਨੀ ਹੈ।

ਸ੍ਰੀ ਸਪੀਕਰ : ਚਲੋਂ ਇੱਕ ਮਿੰਟ ਹੋਰ ਲੈ ਲਓ।

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਜਿਥੋਂ ਤੱਕ ਐਜੂਕੇਸ਼ਨ ਦਾ ਤਾਅਲੁੱਕ ਹੈ, ਮੈਂ ਸਮਝਦਾ ਹਾਂ ਕਿ ਇਹ ਇਕ ਬਹੁਤ ਜ਼ਰੂਰੀ ਚੀਜ਼ ਹੈ, ਇਸ ਲਈ ਕੁੱਲ ਬਜਟ ਦਾ 10 ਪ੍ਰਤੀਸ਼ਤ ਸਿਰਫ ਐਜੂਕੇਸ਼ਨ ਲਈ ਹੀ ਰੱਖਿਆ ਜਾਣਾ ਚਾਹੀਦਾ ਹੈ। ਜੇ ਲੋਕ ਪੜ੍ਹੇ ਲਿਖੇ ਹੋਣਗੇ, ਸੁਚੇਤ ਹੋਣਗੇ ਤਾਂ ਹੀ ਉਹ ਆਪਣੇ ਹੱਕਾਂ ਦੀ ਰਾਖੀ ਕਰ ਸਕਣਗੇ। ਅੱਜ ਲੋਕਾਂ ਨੂੰ ਸੁਚੇਤ ਕਰਨਾ ਬਹੁਤ ਜ਼ਰੂਰੀ ਹੋ ਗਿਆ ਹੈ।

ਸਪੀਕਰ ਸਾਹਿਬ, ਗਵਰਨਰ ਸਾਹਿਬ ਦੇ ਭਾਸ਼ਣ ਵਿਚ ਅਯੋਧਿਆ ਬਾਰੇ ਕੋਈ ਗੱਲ ਨਹੀਂ ਕੀਤੀ ਗਈ। ਅਯੋਧਿਆ ਦਾ ਮਸਲਾ ਹਿੰਦੁਸਤਾਨ ਦਾ ਮਸਲਾ ਹੈ। ਇਸੇ ਮਸਲੇ ਕਰਕੇ ਮਲੇਰਕੋਟਲਾ ਵਿਚ

ਕਰਵਿਊ ਲਗਿਆ ਸੀ। ਕੁਝ ਲੋਕ ਇਹ ਸਮਝਦੇ ਹਨ ਕਿ ਅਯੋਧਿਆ ਦਾ ਮਸਲਾ ਪੰਜਾਬ ਨਾਲ ਸਬੰਧਤ ਨਹੀਂ ਹੈ ਪਰ ਮੈਂ ਸਮਝਦਾ ਹਾਂ ਕਿ ਪੰਜਾਬ ਨਾਲ ਵੀ ਇਸ ਦਾ ਤਾਅਲੁੱਕ ਹੈ। ਅਯੋਧਿਆ ਦੇ ਮਸਲੇ ਕਾਰਨ ਜਿਨ੍ਹਾਂ ਲੋਕਾਂ ਨੇ ਆਮ ਲੋਕਾਂ ਦੇ ਮਨਾਂ ਵਿਚ ਤਰੇੜ ਪਾਈ ਹੈ, ਉਨ੍ਹਾਂ ਨੂੰ ਨੱਥ ਪਾਈ ਜਾਣੀ ਚਾਹੀਦੀ ਹੈ। (ਥੰਪਿੰਗ)।

ਸ੍ਰੀ ਸਪੀਕਰ : ਤੁਸੀਂ ਹੁਣ ਵਾਈਂਡ ਅਪ ਕਰੋ। ਹਾਂ ਜੀ, ਪੰਡਿਤ ਸੋਮ ਦੱਤ ਜੀ।

(ਮਾਨਯੋਗ ਮੈਂਬਰ ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ ਹਾਲੇ ਵੀ ਬੋਲੀ ਜਾ ਰਹੇ ਸਨ ** ** ** ... (ਸ਼ੋਰ-ਵਿਘਨ)

ਸ੍ਰੀ ਸਪੀਕਰ : ਇਹ ਜੋ ਬਗੈਰ ਪਰਮਿਸ਼ਨ ਦੇ ਬੋਲ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ।

ਪੰਡਿਤ ਸੋਮ ਦਤ ਸ਼ਰਮਾ (ਬਰਨਾਲਾ) : ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਜੋ ਤੁਸੀਂ ਮੈਨੂੰ ਇਸ ਪਵਿੱਤਰ ਸਦਨ ਵਿਚ ਗਵਰਨਰ ਸਾਹਿਬ ਦੇ ਭਾਸ਼ਣ ਦੇ ਉਸ ਮਤੇ ਤੇ ਬੋਲਣ ਦਾ ਮੌਕਾ ਦਿੱਤਾ ਹੈ ਜੋ ਸਰਦਾਰ ਅਵਤਾਰ ਸਿੰਘ ਬਰਾੜ ਨੇ ਪੇਸ਼ ਕੀਤਾ ਹੈ ਅਤੇ ਜਿਸ ਦੀ ਸ੍ਰੀ ਖੁਸ਼ਹਾਲ ਬਹਿਲ ਜੀ ਨੇ ਪਰੋੜਤਾ ਕੀਤੀ ਹੈ। ਕਈ ਦਿਨਾਂ ਤੋਂ ਇਸ ਮਤੇ ਤੇ ਬਹੁਤ ਭਾਰੀ ਬਹਿਸ ਹੋ ਰਹੀ ਹੈ। ਮੈਂ ਸਾਰੇ ਮੈਂਬਰ ਸਾਹਿਬਾਨ ਦੇ ਵਿਚਾਰ ਬੜੇ ਗੌਰ ਨਾਲ ਸੁਣੇ ਹਨ। ਮੈਂ ਸਮਝਦਾ ਹਾਂ ਕਿ ਜੋ ਸੱਜਣ ਵਿਰੋਧੀ ਧਿਰ ਵਲੋਂ ਬੋਲੇ ਹਨ ਉਨ੍ਹਾਂ ਦੀ ਵੀ ਹਿੰਮਤ ਨਹੀਂ ਪਈ ਇਹ ਕਹਿਣ ਦੀ ਕਿ ਗਵਰਨਰ ਸਾਹਿਬ ਵਲੋਂ ਜੋ ਭਾਸ਼ਣ ਦਿੱਤਾ ਗਿਆ ਹੈ, ਉਹ ਠੀਕ ਨਹੀਂ ਹੈ ਕਿਉਂਕਿ ਜਦੋਂ ਵੀ ਕੋਈ ਸੱਜਣ ਬੋਲਦਾ ਸੀ ਤਾਂ ਇਹ ਗੱਲ ਉਚੇਚੇ ਤੌਰ ਤੇ ਉਹ ਕਹਿੰਦਾ ਸੀ ਕਿ ਲਾਅ ਐਂਡ ਆਰਡਰ ਦੀ ਸਥਿਤੀ ਸੁਧਰੀ ਹੈ। ਮੈਂ ਸਮਝਦਾ ਹਾਂ ਕਿ ਇਸ ਵਿਚ ਦੋ ਰਾਵਾਂ ਵੀ ਨਹੀਂ ਹਨ ਕਿਉਂਕਿ ਜਦੋਂ ਇਸ ਸਰਕਾਰ ਨੇ ਰਾਜਭਾਗ ਸੰਭਾਲਿਆ ਸੀ ਤਾਂ ਕੋਈ ਸੱਜਣ ਇਹ ਨਹੀਂ ਸੀ ਕਹਿੰਦਾ ਕਿ ਹਾਲਾਤ ਠੀਕ ਹੋ ਜਾਣਗੇ। ਉਸ ਵੇਲੇ ਸਾਰੇ ਲੋਕ ਇਹ ਕਹਿੰਦੇ ਸਨ ਕਿ ਕੋਈ ਤਰੱਕੀ ਹੋਵੇ ਜਾ ਨਾ ਹੋਵੇ, ਸਾਨੂੰ ਕੁਝ ਮਿਲੇ ਭਾਵੇਂ ਨਾ ਮਿਲੇ ਪਰ ਸਭ ਤੋਂ ਪਹਿਲਾ ਹਾਲਾਤ ਸਾਡੇ ਪੰਜਾਬ ਵਿਚ ਜ਼ਰੂਰ ਸਾਜ਼ਗਾਰ ਹੋਣੇ ਚਾਹੀਦੇ ਹਨ। ਲੇਕਿਨ ਉਸ ਮਹਾਨ ਸ਼ਖਸੀਅਤ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਇਕ ਸਾਲ ਦੇ ਅੰਦਰ ਅੰਦਰ ਜੋ ਲਾਅ ਐਂਡ ਆਰਡਰ ਦੀ ਸਥਿੱਤੀ ਵਿਚ ਸੁਧਾਰ ਲਿਆਂਦਾ, ਉਹ ਅੱਜ ਸਾਰੇ ਲੋਕਾਂ ਦੇ ਸਾਹਮਣੇ ਹੈ, ਸਾਰੇ ਸਦਨ ਦੇ ਸਾਹਮਣੇ ਹੈ। ਇਸ ਸਰਕਾਰ ਦੇ ਰਾਜਭਾਗ ਸੰਭਾਲਣ ਤੋਂ ਪਹਿਲਾਂ ਲੋਕਾਂ ਵਿਚ ਇੰਨਾ ਡਰ ਸੀ ਕਿ ਉਹ ਸ਼ਾਮ ਨੂੰ 5 ਵਜੇ ਤੋਂ ਪਹਿਲਾਂ ਪਹਿਲਾਂ ਘਰੀਂ ਆ ਵੜਦੇ ਸਨ। ਹੁਣ ਪਿਛੇ ਜਿਹੇ ਜਦੋਂ ਸ੍ਰੀ ਮਦਨ ਮੋਹਨ ਮਿੱਤਲ ਜੀ ਬਰਨਾਲੇ ਗਏ ਅਤੇ ਰਾਤ ਨੂੰ 10.00 ਵਜੇ ਉਨ੍ਹਾਂ ਭਾਸ਼ਣ ਦਿੱਤਾ ਤਾਂ ਉਨ੍ਹਾਂ ਨੂੰ ਮੰਨਣਾ ਪਿਆ ਕਿ ਅੱਜ ਸਰਦਾਰ ਬੇਅੰਤ ਸਿੰਘ ਜੀ ਦੀ ਵਜ੍ਹਾ ਕਰਕੇ ਮੈਂ ਰਾਤ ਨੂੰ ਇੰਨੀ ਦੇਰ ਤੱਕ ਬੋਲ ਰਿਹਾ ਹਾਂ। ਲੇਕਿਨ ਅੱਜ ਵੀ ਕੁਝ ਅਜਿਹੇ ਲੋਕ ਮੌਜੂਦ ਹਨ ਜਿਨ੍ਹਾਂ ਨੂੰ ਜੇਕਰ ਇਹ ਕਿਹਾ ਜਾਵੇ ਕਿ ਇਹ ਗੱਡੀ ਖੜ੍ਹੀ ਹੈ ਤਾਂ ਉਹ ਕਹਿੰਦੇ ਹਨ ਕਿ ਅਸੀਂ ਨਹੀਂ ਮੰਨਦੇ। ਚਾਹੇ ਉਨ੍ਹਾਂ ਨੂੰ ਕਹੀ ਵੀ ਜਾਓ ਕਿ ਇਹ ਗੱਡੀ ਹੈ ਅਤੇ ਇਹ ਇਸ ਦੇ ਦਰਵਾਜ਼ੇ ਹਨ, ਇਹ ਇਸ ਦੀਆਂ ਤਾਕੀਆਂ ਹਨ ਤਾਂ ਉਹ ਫਿਰ ਵੀ ਮੰਨਣ ਨੂੰ ਤਿਆਰ ਨਹੀਂ। ਇਨ੍ਹਾਂ ਨੂੰ ਚਾਹੀਦਾ ਹੈ ਕਿ ਜੋ ਗੱਲ ਸਹੀ ਹੈ, ਉਸ ਨੂੰ ਡੰਕੇ ਦੀ ਚੋਟ ਨਾਲ ਉਹ ਸਹੀ ਕਹਿਣ। ਇਕੱਲੇ ਲਾਅ ਐਂਡ ਆਰਡਰ ਦੀ ਹੀ ਗੱਲ ਨਹੀਂ। ਤਰੱਕੀ ਨੂੰ ਵੀ ਲੈ ਲਓ। ਕੀ ਪਿਛਲੇ ਸਾਲ ਵਿਚ ਖੇਤੀਬਾੜੀ ਨੇ ਤਰੱਕੀ ਨਹੀਂ ਕੀਤੀ? ਕੀ ਇਸ ਸਾਲ ਵਿਚ 105 ਰੁਪਏ ਵਧ ਕਿਸਾਨਾਂ ਨੂੰ ਨਹੀਂ ਮਿਲੇ ? ਕਿਸੇ ਸਮੇਂ ਸਾਡੇ ਇਲਾਕੇ ਵਿਚ ਇਕ ਘੁਮਾਂ ਵਿਚ 7 ਮਣ ਤੋਂ ਵਧ ਫਸਲ ਨਹੀਂ ਸੀ ਹੁੰਦੀ। ਚਾਹੇ ਸਰਦਾਰ ਪ੍ਰਤਾਪ ਸਿੰਘ ਕੈਰੋਂ ਦਾ ਜ਼ਮਾਨਾ ਸੀ ਚਾਹੇ

**Not recorded as ordered by the Chair.

[ਪੰਡਿਤ ਸ਼ੰਮ ਦੇਵ ਸ਼ਰਮਾ]

ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਸੀ, ਚਾਹੇ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਸੀ ਅਤੇ ਚਾਹੇ ਹੁਣ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਹੈ ਇਨ੍ਹਾਂ ਸਾਰਿਆਂ ਨੇ, ਕਾਂਗਰਸ ਦੀਆਂ ਸਰਕਾਰਾਂ ਨੇ ਪਹਿਲਾਂ ਨਾਲੋਂ ਵੱਧ ਰੇਟ ਕਿਸਾਨ ਨੂੰ ਦਿੱਤਾ ਹੈ ਤਾਂ ਕਿ ਉਸ ਨੂੰ ਵੱਧ ਪੈਸੇ ਮਿਲ ਸਕਣ ਅਤੇ ਕਿਸਾਨ ਨੂੰ ਆਰਥਕ ਤੌਰ ਤੇ ਖੁਸ਼ਹਾਲ ਕੀਤਾ ਜਾ ਸਕੇ। ਅੱਜ ਉਸੇ ਦਾ ਹੀ ਸਿੱਟਾ ਹੈ ਕਿ ਅੱਜ ਪੰਜਾਬ ਦੇ ਕਿਸਾਨਾਂ ਨੇ ਭਾਰਤ ਸਰਕਾਰ ਨੂੰ 68 ਫੀਸਦੀ ਅਨਾਜ ਪੈਦਾ ਕਰਕੇ ਦਿੱਤਾ ਹੈ । ਇਸ ਦਾ ਸਿਹਰਾ ਅੱਜ ਜਿੱਥੇ ਪਿਛਲੀਆਂ ਕਾਂਗਰਸ ਦੀਆਂ ਸਰਕਾਰਾਂ ਨੂੰ ਜਾਂਦਾ ਹੈ, ਉਥੇ ਸੱਭ ਤੋਂ ਵੱਡਾ ਸਿਹਰਾ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੂੰ ਵੀ ਜਾਂਦਾ ਹੈ ਜਿਸ ਨੇ ਇੰਨਾ ਅਨਾਜ ਪੈਦਾ ਕਰਕੇ ਅੰਨ ਭੰਡਾਰ ਨੂੰ ਹੋਰ ਵਧਾਇਆ ਹੈ। ਇਸ ਦੇ ਨਾਲ ਹੀ ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਇਥੇ ਕਿਹਾ ਜਾਂਦਾ ਹੈ ਕਿ ਕੁਰੱਪਸ਼ਨ ਬਹੁਤ ਜ਼ਿਆਦਾ ਹੈ। ਕੁਝ ਗੱਲਾਂ ਐਸੀਆਂ ਹਨ, ਇਸ ਵਿੱਚ ਕੋਈ ਦੋ ਰਾਵਾਂ ਨਹੀਂ ਕਿ ਜਿਹੜੇ ਸਾਡੇ ਅਫਸਰ ਸਾਹਿਬਾਨ ਹਨ, ਜੋ ਇਮਾਨਦਾਰ ਅਫਸਰ ਹਨ, ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਉਨ੍ਹਾਂ ਈਮਾਨਦਾਰ ਅਫਸਰਾਂ ਦੀ ਸਪੋਰਟ ਕੀਤੀ ਜਾਵੇ ਅਤੇ ਸਾਡੀ ਇਹ ਭੀ ਡਿਊਟੀ ਬਣਦੀ ਹੈ, ਸਦਨ ਦੇ ਸਮੂਹ ਮੈਂਬਰ ਸਾਹਿਬਾਨ ਦੀ ਕਿ ਜਿਹੜੇ ਬੇਈਮਾਨ ਅਫਸਰ ਹਨ ਉਨ੍ਹਾਂ ਦੀ ਮਦਦ ਨਹੀਂ ਕੀਤੀ ਜਾਣੀ ਚਾਹੀਦੀ ਬਲਕਿ ਬੇਈਮਾਨ ਅਫਸਰਾਂ ਦੇ ਵਿਰੁੱਧ ਐਕਸ਼ਨ ਲਿਆ ਜਾਣਾ ਚਾਹੀਦਾ ਹੈ। ਜੇਕਰ ਅਜਿਹਾ ਨਹੀਂ ਹੋਵੇਗਾ ਤਾਂ ਕੁਰੱਪਸ਼ਨ ਦੇ ਵਿੱਚ ਹੋਰ ਵਾਧਾ ਹੋ ਸਕਦਾ ਹੈ। ਜਿੰਨਾਂ ਚਿਰ ਅਜਿਹੇ ਅਫਸਰਾਂ ਦੇ ਖਿਲਾਫ ਐਕਸ਼ਨ ਨਹੀਂ ਹੁੰਦਾ ਕੁਰੱਪਸ਼ਨ ਨਹੀਂ ਰੁਕ ਸਕਦੀ। ਇਸ ਲਈ, ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਾਂਗਾ ਸਦਨ ਦੇ ਮੈਂਬਰਾਂ ਨੂੰ ਕਿ ਭ੍ਰਿਸ਼ਟਾਚਾਰ ਬਹੁਤ ਜਿਆਦਾ ਹੈ ਪਰ ਇਸ ਨੂੰ ਖਤਮ ਕਰਨ ਵਿੱਚ ਸਾਨੂੰ ਸਾਰਿਆਂ ਨੂੰ ਸਰਕਾਰ ਨੂੰ ਸਹਿਯੋਗ ਦੇਣਾ ਚਾਹੀਦਾ ਹੈ। ਜੋ ਹਾਲਾਤ, ਸਪੀਕਰ ਸਾਹਿਬ, ਸਰਦਾਰ ਬੇਅੰਤ ਸਿੰਘ ਜੀ ਨੇ ਇਕ ਸਾਲ ਵਿੱਚ ਸੁਧਾਰੇ ਹਨ ਅਤੇ ਸਰਦਾਰ ਬੇਅੰਤ ਸਿੰਘ ਨੇ ਇਕ ਸਾਲ ਵਿੱਚ ਮਿਊਂਸੀਪਲ ਚੋਣਾਂ ਕਰਾਈਆਂ ਹਨ, ਸ਼ਲਾਘਾਯੋਗ ਕੰਮ ਕੀਤਾ ਹੈ। ਜੋ ਆਰਥਕ ਸਮੱਸਿ-ਆਵਾਂ ਸੀ, ਲੋਕਾਂ ਨੂੰ ਖਦਸ਼ਾ ਸੀ ਕਿ ਸਾਡੀ ਆਰਥਕ ਹਾਲਤ ਕਾਫੀ ਖਰਾਬ ਹੋ ਰਹੀ ਹੈ ਪਰ ਡਾਕਟਰ ਕੇਵਲ ਕ੍ਰਿਸ਼ਨ ਜੀ ਨੇ ਜਿਸ ਢੰਗ ਦੇ ਨਾਲ ਸਾਡੀ ਆਰਥਕ ਸਥਿੱਤੀ ਨੂੰ ਬਿਹਤਰ ਬਣਾਇਆ ਹੈ, ਬਹੁਤ ਸ਼ਲਾਘਾਯੋਗ ਹੈ ਅਤੇ ਜਿਸ ਢੰਗ ਨਾਲ ਸਰਦਾਰ ਬੇਅੰਤ ਸਿੰਘ ਹੋਰਾਂ ਨੇ ਇਨ੍ਹਾਂ ਹਾਲਾਤ ਨੂੰ ਕਾਬੂ ਕੀਤਾ ਹੈ, ਉਸ ਨਾਲ ਪੰਜਾਬ ਦਾ ਦੂਜੇ ਸੂਬਿਆਂ ਦੇ ਵਿੱਚ ਸਿਰ ਉੱਚਾ ਹੋਇਆ ਹੈ। ਇਹ ਵਿਧਾਈ ਚੀਫ ਮਨਿਸਟਰ ਸਾਹਿਬ ਨੂੰ ਜਾਂਦੀ ਹੈ । ਮੈਂ ਸਮਝਦਾ ਹਾਂ ਕਿ ਇਨ੍ਹਾਂ ਦਾ (ਵਿਰੋਧੀ ਧਿਰ) ਕਹਿਣ ਦਾ ਭਾਵ ਇਹ ਸੀ।

ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਦੀ ਇਹ ਸਰਕਾਰ ਹੋਂਦ ਵਿਚ ਆਈ ਹੈ ਇਸ ਨੇ ਬੜੇ ਹੀ ਸੋਹਣੇ ਢੰਗ ਦੇ ਨਾਲ ਜੋ ਹਾਲਾਤ ਵਿਗੜੇ ਹੋਏ ਸਨ ਉਸ ਨੂੰ ਠੀਕ ਕੀਤਾ ਹੈ, ਚਾਹੇ ਖੇਤੀ ਦਾ ਮਸਲਾ ਸੀ, ਚਾਹੇ ਕੋਈ ਦੂਸਰਾ ਹੋਰ ਮਸਲਾ ਸੀ। ਲੇਕਿਨ ਮੈਂ ਇੱਕ ਗੱਲ ਜ਼ਰੂਰ ਕਹਾਂਗਾ ਕਿ ਸਾਡੇ ਵੀ ਮੈਂਬਰ ਸਾਹਿਬਾਨ ਦੇ ਫਰਜ਼ ਬਣਦੇ ਹਨ ਕਿ ਅਸੀਂ ਭੀ ਸਹੀ ਗੱਲ ਕਰੀਏ। ਸਾਨੂੰ ਵੀ ਆਪਣਾ ਫਰਜ਼ ਨਿਭਾਉਣਾ ਚਾਹੀਦਾ ਹੈ। ਮੈਂ ਦੱਸਦਾ ਹਾਂ ਕਿ ਕਿਸ ਤਰ੍ਹਾਂ ਬਿੱਲ ਬਣਦੇ ਹਨ, ਕੋਈ ਵੀ ਬੀਮਾਰੀ ਨਹੀਂ ਹੁੰਦੀ ਪਰ ਬੀਮਾਰੀ ਦੇ ਬਿੱਲ ਬਣਾਏ ਜਾਂਦੇ ਹਨ । ਇਸ ਤੋਂ ਇਲਾਵਾ ਹੋਰ ਵੀ ਬਹੁਤ ਵਡੀਆਂ ਵੱਡੀਆਂ ਗੱਲਾਂ ਹੁੰਦੀਆਂ ਹਨ। ਸਾਨੂੰ ਇਸ ਤਰ੍ਹਾਂ ਦੀਆਂ ਗੱਲਾਂ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਇਸ ਵਿੱਚ ਕੋਈ ਦੋ ਰਾਵਾਂ ਨਹੀਂ ਕਿ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਦੀ ਹਰ ਪਾਸਿਉਂ ਤਾਰੀਫ ਕੀਤੀ ਜਾ ਰਹੀ ਹੈ ਔਰ ਕਰਨੀ ਵੀ ਚਾਹੀਦੀ ਹੈ ਕਿਉਂਕਿ ਸਰਦਾਰ ਬੇਅੰਤ

ਸਿੰਘ ਹੋਰਾਂ ਦੇ ਆਉਣ ਤੋਂ ਬਾਅਦ ਸਾਰਿਆਂ ਨੂੰ ਇਹ ਅਹਿਸਾਸ ਹੋ ਗਿਆ ਹੈ ਕਿ ਹੁਣ ਜਿਹੜਾ ਪਰੋਗਰਾਮ ਗਵਰਨਰ ਸਾਹਿਬ ਦੇ ਭਾਸ਼ਣ ਵਿੱਚ ਪੇਸ਼ ਕੀਤਾ ਹੈ, ਉਹ ਬਿਲਕੁਲ ਠੀਕ ਢੰਗ ਨਾਲ ਇਕ ਸਾਲ ਦੇ ਵਿੱਚ ਪੂਰਾ ਹੋਵੇਗਾ, ਇਸ ਬਾਰੇ ਸਾਨੂੰ ਪੂਰਾ ਵਿਸ਼ਵਾਸ ਹੈ। ਜਿਸ ਤਰ੍ਹਾਂ ਪਿਛਲੇ ਦਿਨਾਂ ਵਿੱਚ ਪੰਚਾਇਤ ਚੋਣਾਂ ਹੋਈਆਂ ਹਨ। ਸਾਨੂੰ ਪੂਰਨ ਵਿਸ਼ਵਾਸ ਹੈ ਕਿ ਉਸੇ ਤਰ੍ਹਾਂ ਹੀ ਇਹ ਸਰਕਾਰ ਅੱਗੇ ਵੀ ਕਾਮਯਾਬ ਹੁੰਦੀ ਰਹੇਗੀ। ਲਾਅ ਐਂਡ ਆਰਡਰ ਪਹਿਲਾਂ ਨਾਲੋਂ ਕਾਫੀ ਠੀਕ ਹੋਇਆ ਹੈ। ਹੁਣ ਇਹ ਸਰਕਾਰ ਲਈ ਸਭ ਤੋਂ ਵਡੀ ਗੱਲ ਡਿਵੈਲਪਮੈਂਟ ਦੀ ਹੈ। ਇਹ ਡਿਵੈਲਪਮੈਂਟ ਕਿਵੇਂ ਹੋਣੀ ਚਾਹੀਦੀ ਹੈ। ਸਪੀਕਰ ਸਾਹਿਬ, ਇਹ ਗੱਲ ਬਿਲਕੁਲ ਠੀਕ ਹੈ ਕਿ ਚਾਹੇ ਕੋਈ ਵਿਰੋਧੀ ਧਿਰ ਦਾ ਨੁਮਾਇੰਦਾ/ਐਮ.ਐਲ.ਏ. ਹੋਵੇ ਉਸ ਦੇ ਹਲਕੇ ਵਿੱਚ ਵੀ ਉਨੀਂ ਹੀ ਡਿਵੈਲਪਮੈਂਟ ਹੋਣੀ ਚਾਹੀਦੀ ਹੈ ਜਿੰਨੀ ਕਿ ਦੂਸਰੇ ਮੈਂਬਰਾਂ ਦੇ ਹਲਕਿਆਂ ਵਿੱਚ । ਇਸ ਵਿੱਚ ਕੋਈ ਦੋ ਰਾਵਾਂ ਨਹੀਂ , ਸਾਨੂੰ ਸਾਰਿਆਂ ਨੂੰ ਸਰਦਾਰ ਬੇਅੰਤ ਸਿੰਘ ਹੋਰਾਂ ਦੀ ਤਾਰੀਫ ਕਰਨੀ ਚਾਹੀਦੀ ਹੈ ਕਿਉਂਕਿ ਇਸ ਮਹਾਨ ਸ਼ਖਸੀਅਤ ਨੇ ਸਾਨੂੰ ਹਰ ਪੱਖੋਂ, ਹਰ ਖੇਤਰ ਵਿੱਚ ਅੱਗੇ ਲੈ ਜਾਣ ਦੀ ਕੋਸ਼ਿਸ਼ ਕੀਤੀ ਹੈ ਔਰ ਮੈਂ ਬੇਨਤੀ ਕਰਦਾ ਹਾਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਕਿ ਜਿਥੇ ਇਹ ਇਨ੍ਹਾਂ ਹਾਲਾਤ ਦੇ ਵਿੱਚ ਪੰਜਾਬ ਨੂੰ ਅੱਗੇ ਲਿਜਾ ਰਹੇ ਹਨ, ਉਥੇ ਸਾਡੇ ਹੋਰ ਵੀ ਸਾਰੇ ਮੈਂਬਰ ਸਾਹਿਬਾਨ ਦਾ ਫਰਜ਼ ਬਣਦਾ ਹੈ ਕਿ ਉਨ੍ਹਾਂ ਨੂੰ ਸਹਿਯੋਗ ਦੇਣ।

ਸਪੀਕਰ ਸਾਹਿਬ, ਖੇਤੀਬਾੜੀ ਬਾਰੇ ਕਿਹਾ ਗਿਆ ਹੈ ਕਿ ਸੂਰਜ-ਮੁੱਖੀ ਦੀ ਉਪਜ ਬਾਰੇ ਅੱਗੇ ਨਾਲੋਂ ਵੱਧ ਹੈਕਟੇਅਰ ਦੇ ਵਿੱਚ ਲਾਇਆ ਗਿਆ ਹੈ, ਇਹ ਬੜੀ ਸ਼ਾਲਾਘਾ-ਯੋਗ ਗੱਲ ਹੈ। ਇਹ ਫਸਲ 3 ਮਹੀਨੇ ਦੇ ਕਰੀਬ ਚਲਦੀ ਹੈ ਔਰ ਇਸ ਨਾਲ ਕਿਸਾਨ ਨੂੰ ਕਾਫੀ ਲਾਭ ਮਿਲਦਾ ਹੈ। ਕਣਕ ਵੀ ਹੁਣ ਅੱਗੇ ਨਾਲੋਂ 40-45 ਮਣ ਵੱਧ ਨਿਕਲਦੀ ਹੈ। ਇਹ, ਸਪੀਕਰ ਸਾਹਿਬ, ਇਸ ਕਰਕੇ ਹੋ ਸਕਿਆ ਹੈ ਕਿਉਂ-ਕਿ ਪਹਿਲਾਂ ਜਿਹੜੀ ਖਾਦਾਂ ਦੇ ਵਿੱਚ ਮਿਲਾਵਟ ਹੁੰਦੀ ਸੀ, ਉਹ ਹੁਣ ਇਕ ਸਾਲ ਦੇ ਇਸ ਛੋਟੇ ਜਿਹੇ ਅਰਸੇ ਦੇ ਵਿਚ ਕਿਤੇ ਵੀ ਨਜ਼ਰ ਨਹੀਂ ਆਈ, ਸਾਹਮਣੇ ਨਹੀਂ ਆਈ। ਹੁਣ ਦਵਾਈਆਂ ਦੇ ਵਿੱਚ ਵੀ ਕੋਈ ਮਿਲਾਵਟ ਨਹੀਂ ਹੋ ਰਹੀ। ਹਾਂ, ਇਹ ਗੱਲ ਜ਼ਰੂਰ ਹੈ ਕਿ ਖਾਦ ਦੀ ਬੋਰੀ 100 ਰੁਪਏ ਮਹਿੰਗੀ ਹੋ ਗਈ ਹੈ, ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਖਾਦਾਂ ਦੇ ਵਿੱਚ 50 ਪ੍ਰਤੀਸ਼ਤ ਤੱਕ ਮਿਲਾਵਟ ਹੁੰਦੀ ਸੀ ਤਾਂ ਉਹੀ ਖਾਦ ਦੀ ਬੋਰੀ 400 ਰੁਪਏ ਵੱਧ ਮਹਿੰਗੀ ਪੈਂਦੀ ਸੀ ਅਤੇ ਜੇਕਰ ਹੁਣ ਇਹ ਖਾਦ ਦੀ ਬੋਰੀ 100 ਰੁਪਏ ਮਹਿੰਗੀ ਹੋ ਗਈ ਹੈ ਤਾਂ ਮਿਲਾਵਟ ਵਾਲੀ ਨਾਲੋਂ ਸਸਤੀ ਹੈ। ਇਹ ਜਿਹੜੇ ਹਾਲਾਤ ਠੀਕ ਹੋਏ ਹਨ ਇਸ ਦੇ ਕਾਰਨ ਹੀ ਖਾਦਾਂ ਦੇ ਵਿੱਚ ਹੁਣ ਮਿਲਾਵਟ ਨਹੀਂ ਹੁੰਦੀ ਅਤੇ ਨਾ ਹੀ ਦਵਾਈਆਂ ਦੇ ਵਿੱਚ ਮਿਲਾਵਟ ਹੁੰਦੀ ਹੈ। ਇਸ ਦੇ ਨਾਲ ਹੀ ਇਹ ਵੀ ਵੱਡੀ ਗੱਲ ਹੋਈ ਹੈ ਕਿ ਇਕ ਸਾਲ ਦੇ ਅੰਦਰ ਕਣਕ ਦਾ 105 ਰੁਪਏ ਪ੍ਰਤੀ ਕੁਇੰਟਲ ਭਾਅ ਵੱਧਾ ਦਿੱਤਾ ਗਿਆ ਹੈ, ਇਹ ਕੋਈ ਛੋਟੀ ਗੱਲ ਨਹੀਂ। ਇਸ ਗੱਲ ਦੀ ਮੁਬਾਰਕਬਾਦ ਜਾਂਦੀ ਹੈ ਸੈਂਟਰ ਦੀ ਸਰਕਾਰ ਨੂੰ ਸਰਦਾਰ ਬੇਅੰਤ ਸਿੰਘ ਜੀ ਨੂੰ ਜਿਹੜੇ ਕਿ ਆਪ ਵੀ ਕਿਸਾਨ ਨੇ। ਇਸ ਦੇ ਨਾਲ ਹੀ ਮੁਬਾਰਕਬਾਦ ਜਾਂਦੀ ਹੈ ਸ੍ਰੀ ਬਲਰਾਮ ਜਾਖੜ ਜੀ ਨੂੰ ਜਿਹੜੇ ਕਿ ਸਾਡੇ ਉਪਰ/ਆਪ ਕਿਸਾਨ ਬੈਠੇ ਹੋਏ ਹਨ। ਇਸ ਲਈ ਮੁਬਾਰਕਬਾਦ ਸਾਰੇ ਹਾਊਸ ਨੂੰ ਜਾਂਦੀ ਹੈ, ਇਕੱਲੀ ਕਾਂਗਰਸ ਨੂੰ ਹੀ ਨਹੀਂ ਜਾਂਦੀ ਸਗੋਂ ਵਿਰੋਧੀ ਧਿਰ ਨੂੰ ਵੀ ਜਾਂਦੀ ਹੈ ਜਿਨ੍ਹਾਂ ਨੇ ਕਿ ਇਸ ਵਿਚ ਸਾਥ ਦਿੱਤਾ।

ਹੁਣ ਸਵਾਲ ਇਸ ਗੱਲ ਦਾ ਹੈ ਕਿ ਇਹ ਜਿਹੜੇ ਕਰੋੜਾਂਪਤੀ ਅਤੇ ਅਰਬਾਂਪਤੀ ਲੋਕ ਹਨ ਇਹ ਛੋਟੇ ਆਦਮੀ ਨੂੰ ਬਹੁਤ ਨੁਕਸਾਨ ਪਹੁੰਚਾਉਂਦੇ ਹਨ। ਇਹ ਠੀਕ ਹੈ ਕਿ ਪਾਣੀ ਹੇਠਾਂ ਨੂੰ ਹੀ ਜਾਂਦਾ ਹੈ, ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ। ਹੁਣ ਸਰਦਾਰ ਬੇਅੰਤ ਸਿੰਘ ਜੀ ਨੇ ਜਿਹੜੀ ਕੁਰੱਪਸ਼ਨ ਖਤਮ ਕਰਨੀ ਹੈ, ਉਸ ਨੂੰ ਤਕੜੇ ਹੱਥੀਂ ਲੈਣਾ ਹੈ। ਅਸੀਂ ਸਰਦਾਰ ਸਾਹਿਬ ਦਾ ਸਾਥ ਦੇਈਏ। ਜੇਕਰ ਅਸੀਂ ਇਸ ਨੂੰ ਤਕੜੇ ਹੋ ਕੇ ਹੱਥ ਨਾ ਪਾਇਆ ਤਾਂ ਗੱਲ ਨਹੀਂ ਬਣਨੀ।

[ਪੰਡਿਤ ਸੋਮ ਦੱਤ ਸ਼ਰਮਾ]

ਪੁਲਿਸ ਦੀਆਂ ਵਧੀਕੀਆਂ ਬਾਰੇ ਗੱਲ ਕੀਤੀ ਗਈ ਹੈ। ਕੁਝ ਵਧੀਕੀਆਂ ਹੋਈਆਂ ਵੀ ਹਨ ਇਸ ਵਿੱਚ ਵੀ ਕੋਈ ਦੋ ਰਾਵਾਂ ਨਹੀਂ ਹਨ। ਜਦੋਂ ਹਾਲਾਤ ਚੰਗੀ ਤਰ੍ਹਾਂ ਸੁਧਾਰਨੇ ਹੁੰਦੇ ਹਨ ਤਾਂ ਕੁਝ ਨਾ ਕੁਝ ਤਾਂ ਸਹਿਣਾ ਹੀ ਪੈਂਦਾ ਹੈ। ਪਰ ਇਸ ਦਾ ਮਤਲਬ ਇਹ ਨਹੀਂ ਕਿ ਪੁਲਿਸ ਵਾਲੇ ਆਪਣੀਆਂ ਮਨ-ਮਰਜ਼ੀਆਂ ਹੀ ਕਰੀ ਜਾਣ, ਉਹ ਕਿਸੇ ਦੀ ਜਾਇਜ਼ ਗੱਲ ਨਾ ਸੁਣਨ, ਐਮ. ਐਲ. ਏ. ਸਾਹਿਬਾਨ ਦਾ ਸਤਿਕਾਰ ਨਾ ਕਰਨ। ਜਿਹੜੇ ਅਫਸਰ ਅਜਿਹਾ ਕਰਦੇ ਹਨ, ਉਨ੍ਹਾਂ ਦੇ ਖਿਲਾਫ ਡੱਟ ਕੇ ਐਕਸ਼ਨ ਲੈਣਾ ਚਾਹੀਦਾ ਹੈ। ਹੁਣ ਪਿੱਛੇ ਜਿਹੇ ਇਰੀਗੇਸ਼ਨ ਦੇ ਇਕ ਚੀਫ ਇੰਜੀਨੀਅਰ ਸਨ, ਮੈਨੂੰ ਤਾਂ ਇਹ ਸਮਝ ਨਹੀਂ ਆਉਂਦੀ ਐਸੇ ਬੰਦੇ ਨੂੰ ਨੌਕਰੀ ਤੇ ਭਰਤੀ ਕਿਵੇਂ ਕਰ ਲਿਆ ਗਿਆ, । ਉਹ ਪਹਿਲਾਂ 7-8 ਸਾਲ ਸਸਪੈਂਡ ਰਿਹਾ, ਫਿਰ ਬਹਾਲ ਹੋ ਗਿਆ ਪਰ ਹੁਣ ਸਾਡੇ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਜੀ ਨੇ ਉਸਨੂੰ ਫਿਰ ਕੁਰੱਪਸ਼ਨ ਕਰਕੇ ਸਸਪੈਂਡ ਕੀਤਾ। ਇਸੇ ਤਰ੍ਹਾਂ ਇਕ ਮਿਲਕਫੈਡ ਦਾ ਅਫਸਰ ਵੀ ਹਟਾਇਆ ਗਿਆ ਹੈ। ਜੇਕਰ ਅਸੀਂ ਇਸ ਭ੍ਰਿਸ਼ਟਾਚਾਰ ਨੂੰ ਖਤਮ ਕਰਨਾ ਹੈ ਤਾਂ ਸਾਨੂੰ ਇਹ ਪਛਾਣ ਕਰਨੀ ਪਵੇਗੀ ਕਿ ਕਿਹੜਾ ਆਈ.ਪੀ.ਐਸ. ਜਾਂ ਆਈ.ਏ.ਐਸ. ਅਫਸਰ ਇਮਾਨਦਾਰ ਹੈ ਅਤੇ ਕਿਹੜਾ ਕੁਰੱਪਟ ਹੈ। ਇਹ ਕਰਨਾ ਸਾਡੀ ਸਾਰਿਆਂ ਦੀ ਡਿਊਟੀ ਬਣਦੀ ਹੈ। ਸਾਨੂੰ ਇਥੇ ਇਹ ਨਹੀਂ ਕਰਨਾ ਚਾਹੀਦਾ ਕਿ ਜੇਕਰ ਸਾਨੂੰ ਕਿਸੇ ਆਈ.ਏ.ਐਸ. ਜਾਂ ਆਈ.ਪੀ.ਐਸ. ਅਫਸਰ ਕੋਲ ਕੰਮ ਪੈ ਗਿਆ ਹੈ ਅਤੇ ਜੇ ਤਾਂ ਉਸ ਨੇ ਕੰਮ ਕਰ ਦਿੱਤਾ ਤਾਂ ਤੇ ਉਹ ਇਮਾਨਦਾਰ ਹੈ ਅਤੇ ਜੇ ਕੰਮ ਨਹੀਂ ਕੀਤਾ ਤਾਂ ਉਹ ਕੁਰੱਪਟ ਹੈ/ਜਾਂ ਮਾੜਾ ਹੈ। ਇਸ ਗੱਲ ਵੱਲ ਵੀ ਪੂਰਾ ਧਿਆਨ ਦਿੱਤਾ ਜਾਣਾ ਚਾਹੀਦਾ ਹੈ। ਸਾਡਾ ਵੀ ਕੋਈ ਫਰਜ਼ ਹੈ, ਸਾਡਾ ਵੀ ਕੋਈ ਅਸੂਲ ਹੈ। ਅੱਜ ਸਾਨੂੰ ਸਾਰਿਆਂ ਨੂੰ ਇਸ ਹਾਊਸ ਦੇ ਵਿੱਚ ਤਹੱਈਆ ਕਰਨਾ ਚਾਹੀਦਾ ਹੈ ਕਿ ਜਿਹੜਾ ਵੀ ਮਾੜਾ ਅਫਸਰ ਹੈ ਭਾਵੇਂ ਉਹ ਕਿਸੇ ਦਾ ਵੀ ਰਿਸ਼ਤੇਦਾਰ ਕਿਉਂ ਨਾ ਹੋਵੇ ਉਸਨੂੰ ਛੱਡਣਾ ਨਹੀਂ ਚਾਹੀਦਾ। ਇਸੇ ਤਰ੍ਹਾਂ ਸੰਗਰੂਰ ਜ਼ਿਲ੍ਹੇ ਦੇ ਵਿੱਚ ਇਕ ਸਿਆਸੀ ਆਦਮੀ ਦਾ ਬੜਾ ਵੱਡਾ ਕਾਰਖਾਨਾ ਹੈ, ਉਹ ਵਿਅਕਤੀ ਬੜਾ ਵੱਡਾ ਸਰਮਾਏਦਾਰ ਹੈ ਅਤੇ ਅਕਾਲੀ ਪਾਰਟੀ ਦਾ ਕਿਸੇ ਵੇਲੇ ਆਗੂ ਵੀ ਰਿਹਾ ਹੈ । ਉਸਦੇ ਕਾਰਖਾਨੇ ਵਿਚੋਂ ਸਿਵਲ ਸਰਜਨ, ਸੰਗਰੂਰ ਨੇ ਨਮੂਨੇ ਭਰੇ ਅਤੇ ਸਾਰੇ ਦੇ ਸਾਰੇ ਹੀ ਫੇਲ੍ਹ ਹੋਏ ਪਰ ਉਸਨੂੰ ਇਸ ਕਰਕੇ ਮੁਆਫ ਕਰ ਦਿੱਤਾ ਗਿਆ ਕਿਉਂਕਿ ਉਹ ਇਕ ਵੱਡਾ ਸਰਮਾਏਦਾਰ ਅਤੇ ਅਕਾਲੀ ਪਾਰਟੀ ਦਾ ਵੱਡਾ ਆਗੂ ਸੀ । ਉਸ ਦੇ ਖਿਲਾਫ ਅੱਠ ਨਮੂਨੇ ਭਰੇ ਗਏ ਅਤੇ ਸਾਰੇ ਹੀ ਫੇਲ੍ਹ ਹੋ ਗਏ। ਉਸ ਦੇ ਖਿਲਾਫ ਕੋਈ ਸ਼ਬਦ ਤਾਂ ਕਹੋ। ਸਾਨੂੰ ਕੁਝ ਕਹਿਣਾ ਚਾਹੀਦਾ ਹੈ। ਕਾਰਖਾਨੇ ਵਿਚੋਂ ਦਵਾਈਆਂ ਦੇ ਸੈਂਪਲ ਭਰੇ ਜਾਣ, ਉਹ ਫੇਲ੍ਹ ਹੋ ਜਾਣ ਅਤੇ ਮਰੀਜ਼ ਮਰ ਰਹੇ ਹੋਣ ਪਰ ਅਸੀਂ ਕੁਝ ਨਾ ਕਹੀਏ। ਕਿਸੇ ਦੇ ਵੀ ਰਿਸ਼ਤੇਦਾਰ ਦੇ ਸੈਂਪਲ ਹੋਣ, ਭਾਵੇਂ ਸਰਦਾਰ ਬੇਅੰਤ ਸਿੰਘ ਜੀ ਦੇ ਵੀ ਕਿਸੇ ਰਿਸ਼ਤੇਦਾਰ ਦੇ ਹੋਣ, ਉਹਨੂੰ ਵੀ ਮੁਆਫ ਨਹੀਂ ਕਰਨਾ ਚਾਹੀਦਾ ਇਸ ਲਈ ਮੈਂ ਸਦਨ ਵਿੱਚ ਸਪੀਕਰ ਸਾਹਿਬ, ਤੁਹਾਡੀ ਮਾਰਫਤ ਕਹਿਣਾ ਚਾਹੁੰਦਾ ਹਾਂ, ਮੈਂ ਕਿਸੇ ਦਾ ਨਾਮ ਇਸ ਪਵਿੱਤਰ ਸਦਨ ਵਿੱਚ ਨਹੀਂ ਲੈਣਾ ਚਾਹੁੰਦਾ ਕਿਉਂਕਿ, ਸਪੀਕਰ ਸਾਹਿਬ, ਤੁਸੀਂ ਕਿਹਾ ਹੈ ਕਿ ਇੱਥੇ ਕਿਸੇ ਦਾ ਨਾਂ ਨਹੀਂ ਲੈਣਾ, ਇੱਕ ਅਕਾਲੀ ਲੀਡਰ, ਜਿਹੜਾ ਕਿ ਇਸ ਸਦਨ ਦਾ ਆਗੂ ਵੀ ਰਹਿ ਚੁੱਕਾ ਹੈ, ਜਿਸ ਦਾ ਕਾਰਖਾਨਾ ਸੰਗਰੂਰ ਜ਼ਿਲ੍ਹੇ ਵਿੱਚ ਸੁਨਾਮ ਰੋਡ ਤੇ ਸੰਗਰੂਰ ਤੋਂ 8 ਕਿਲੋਮੀਟਰ ਦੀ ਦੂਰੀ ਤੇ ਹੈ, ਜਿੱਥੋਂ ਸੈਂਪਲ ਭਰੇ ਗਏ ਸਨ, ਸੀ.ਐਮ.ਓ., ਸੰਗਰੂਰ ਵਲੋਂ ਅਤੇ ਹਾਲੇ ਤੱਕ ਉਸਦਾ ਕੁਝ ਨਹੀਂ ਕੀਤਾ, ਇਸੇ ਤਰ੍ਹਾਂ ਇਕ ਹੋਰ ਜਿਸ ਦੀ ਜੱਗਬਾਣੀ ਵਿੱਚ ਖਬਰ ਆਈ ਹੈ ਕੱਲ, ਕੌਣ ਹੈ ਉਹ ਬੰਦਾ? ਜੱਗਬਾਣੀ ਵਿੱਚ ਖਬਰ ਪੜ੍ਹੋ ਅਕਾਲੀ ਪਾਰਟੀ ਦਾ ਬੰਦਾ ਹੈ ਜਿਸ ਨੇ 13 ਬੰਦੇ ਕਾਰਖਾਨੇ ਵਿੱਚ ਮਰਵਾਏ। ਕਾਰਖਾਨੇਦਾਰ ਭੱਜ ਰਿਹਾ ਸੀ ਪਰ ਸੀ.ਐਮ.ਸਾਹਿਬ ਨੇ ਉਸਦਾ ਉਦਘਾਟਨ ਕਰਕੇ ਉਸ ਕਾਰਖਾਨੇ ਨੂੰ ਚਲਣ ਲਾ ਦਿੱਤਾ ਅਤੇ ਉਸ ਨਾਲ ਹਮਦਰਦੀ ਦਿਖਾਈ ਅਤੇ ਕਿਹਾ ਕਿ ਤੁਸੀਂ ਚਿੰਤਾ ਨਾ ਕਰੋ। ਉਸ ਅਕਾਲੀ ਦੀ ਜੱਗਬਾਣੀ ਵਿੱਚ ਪੂਰੀ ਸੁਰਖੀ ਲੱਗੀ ਹੈ ਕਿ 40 ਲੱਖ

ਰੁਪਏ ਦਾ ਸੌਦਾ ਕੀਤਾ ਅਤੇ ਕਿਹਾ ਕਿ ਮੈਂ ਤੁਹਾਡਾ ਕਾਰਖਾਨਾ ਦੋਬਾਰਾ ਚਾਲੂ ਕਰਵਾ ਦਿੰਦਾ ਹਾਂ, ਇਹ ਤਾਂ ਅਖਬਾਰਾਂ ਵਿੱਚ ਖਬਰ ਲੱਗੀ ਹੈ, ਜੇ ਅਖਬਾਰਾਂ ਦੀ ਹੀ ਗੱਲ ਕਰਦੇ ਹੋ ਤਾਂ ਇਹ ਗੱਲ ਵੀ ਕਰੋ, ਤੁਸੀਂ ਦੱਸਦੇ ਹੋ ਜੋ ਇੰਡੀਆ ਟੂਡੇ ਵਿੱਚ ਆਇਆ, ਇਹ ਵੀ ਦੱਸ ਦਿਓ ਕਿ ਇੱਕ ਅਕਾਲੀ ਲੀਡਰ ਨੇ 40 ਲੱਖ ਰੁਪਿਆ ਲੈ ਕੇ ਇਸ ਕਾਰਖਾਨੇ ਨੂੰ ਚਲਣ ਦਿਤਾ। ਇਸ ਸਬੰਧ ਵਿੱਚ ਜਦੋਂ ਇੱਕ ਖਾੜਕੂ ਫੜਿਆ ਗਿਆ ਤਾਂ ਉਸਨੇ ਦੱਸਿਆ ਕਿ 40 ਲੱਖ ਦੇ ਵਿੱਚੋਂ ਉਸਨੂੰ ਤਾਂ ਕੇਵਲ 17 ਲੱਖ ਹੀ ਮਿਲਿਆ ਹੈ, ਬਾਕੀ ਦਾ ਮੈਨੂੰ ਨਹੀਂ ਪਤਾ। ਇਸਦੀ ਵੀ ਇਨਕੁਆਰੀ ਕਰਾਓ। ਸੰਗਦੇ ਕਿਉਂ ਹੋ ? ਇਸਦੇ ਖਿਲਾਫ ਵੀ ਬੋਲੋ ਤਾਂ ਹੀ ਗੱਲ ਬਣੇਗੀ ਵਿਰੋਧੀ ਧਿਰ ਵਾਲਿਓ।

ਸ਼੍ਰੀ ਸਪੀਕਰ : ਪੰਡਿਤ ਸੋਮ ਦੱਤ ਜੀ, ਵਾਈਂਡ ਅੱਪ ਕਰੋ।

ਪੰਡਤ ਸੋਮ ਦੱਤ ਸ਼ਰਮਾ : ਅਰਸ਼ੀ ਜੀ ਨੇ ਬੜਾ ਸੋਹਣਾ ਰੈਜ਼ੋਲਿਊਸ਼ਨ ਇਸ ਸਦਨ ਵਿੱਚ ਲਿਆਂਦਾ, ਮੈਂ ਕਹਿੰਦਾ ਹਾਂ ਕਿ ਸਾਡੀ ਡਿਊਟੀ ਬਣਦੀ ਹੈ ਕਿ ਅਸੀਂ ਸਾਰੇ ਸਰਦਾਰ ਬੇਅੰਤ ਸਿੰਘ ਜੀ ਦੇ ਹੱਥ ਮਜ਼ਬੂਤ ਕਰੀਏ ਤਾਂ ਕਿ ਆਉਣ ਵਾਲਾ ਸਮਾਂ ਜਿਹੜਾ ਹੈ, ਉਸ ਵਿੱਚ ਉਹ ਹਰ ਅੱਛੇ ਢੰਗ ਨਾਲ ਕੰਮ ਕਰ ਸਕਣ। ਸਪੀਕਰ ਸਾਹਿਬ, ਮੈਂ ਇੱਕ ਡਿਸਿਪਲਿਨ ਦੇ ਵਿੱਚ ਰਹਿਣ ਵਾਲਾ ਬੰਦਾ ਹਾਂ, ਤੁਸੀਂ ਹੁਕਮ ਦਿਤਾ ਹੈ, ਇਸ ਤੋਂ ਅੱਗੇ ਨਹੀਂ ਜਾਵਾਂਗਾ। ਇੱਕ ਗੱਲ ਜ਼ਰੂਰ ਕਹਾਂਗਾ ਕਿ ਤੁਸੀਂ ਬੜੇ ਸਿਆਣੇ, ਸੁਚੱਜੇ ਅਤੇ ਸੋਹਣੇ ਢੰਗ ਨਾਲ ਇਸ ਸਦਨ ਨੂੰ ਚਲਾ ਰਹੇ ਹੋ ਅਤੇ ਸਾਨੂੰ ਤੁਹਾਡੇ ਤੇ ਮਾਣ ਹੈ, ਇਸ ਦੇ ਲਈ ਮੈਂ ਤੁਹਾਨੂੰ ਮੁਬਾਰਿਕਬਾਦ ਦਿੰਦਾ ਹਾਂ। ਸਪੀਕਰ ਸਾਹਿਬ, ਮੈਂ ਇਸ ਗਵਰਨਰ ਸਾਹਿਬ ਦੇ ਭਾਸ਼ਣ ਦੇ ਮਤੇ ਦੀ ਪਰੋੜ੍ਹਤਾ ਕਰਦਾ ਹੋਇਆ ਸਰਕਾਰ ਨੂੰ ਫਿਰ ਬੇਨਤੀ ਕਰਦਾ ਹਾਂ ਕਿ ਜਿਸ ਸਰਕਾਰ ਨੇ ਇੰਨੀ ਹਿੰਮਤ ਕੀਤੀ ਹੈ, ਇਥੇ ਸ਼ਾਂਤੀ ਲਿਆਂਦੀ ਹੈ, ਇਹ ਜਿਹੜਾ ਇਨ੍ਹਾਂ ਨੂੰ ਖਦਸ਼ਾ ਹੈ ਭ੍ਰਿਸ਼ਟਾਚਾਰ ਬਾਰੇ, ਇਸ ਨੂੰ ਵੀ ਖਤਮ ਕਰਨ ਲਈ ਉਦਮ ਕੀਤਾ ਜਾਵੇ। ਅੰਤ ਵਿੱਚ ਮੈਂ ਬੇਨਤੀ ਕਰਾਂਗਾ ਕਿ ਆਰਥਿਕ ਸਮੱਸਿਆ ਜੋ ਹੈ, ਇਸ ਨੂੰ ਹੱਲ ਕਰਨ ਦੇ ਵੀ ਹੋਰ ਉਪਰਾਲੇ ਕੀਤੇ ਜਾਣ। ਮੈਂ ਇਨ੍ਹਾਂ ਨੂੰ ਇਹ ਵੀ ਬੇਨਤੀ ਕਰਦਾ ਹਾਂ ਕਿ ਅਖਬਾਰਾਂ ਵਿੱਚ ਨਾ ਜਾਇਆ ਕਰੋ, ਠੀਕ ਨਹੀਂ। ਇਸ ਕਰਕੇ ਸਾਡਾ ਫਰਜ਼ ਬਣਦਾ ਹੈ, ਸਾਡੀ ਡਿਊਟੀ ਬਣਦੀ ਹੈ ਕਿ ਇਸ ਤਰ੍ਹਾਂ ਨਾ ਕੀਤਾ ਜਾਵੇ ਕਿਉਂਕਿ ਇਸ ਤਰ੍ਹਾਂ ਹਾਲਾਤ ਵਿਗੜਦੇ ਹਨ। ਇਸ ਸਦਨ ਦੇ ਹੀ ਸਾਰੇ ਮਾਨਯੋਗ ਮੈਂਬਰਾਂ ਦਾ ਇਹ ਫਰਜ਼ ਬਣਦਾ ਹੈ ਕਿ ਡਿਸਿਪਲਿਨ ਵਿੱਚ ਰਹੀਏ। ਮੈਂ ਡਿਸਿਪਲਿਨ ਦੀ ਗੱਲ ਕੀਤੀ ਸੀ, ਮੈਂ ਬੇਨਤੀ ਕਰਦਾ ਹਾਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਕਿ ਸਾਡੇ ਨਾਲ ਬਹੁਤ ਵੱਡਾ ਧੱਕਾ ਹੋਇਆ ਹੈ। ਪਹਿਲਾਂ ਬਰਨਾਲਾ ਡਿਸਟ੍ਰਿਕਟ ਹੁੰਦਾ ਸੀ ਅਤੇ ਉਸਨੂੰ ਤੋੜ ਦਿਤਾ ਗਿਆ। ਸਾਡਾ ਬਰਨਾਲਾ ਮੁੜ ਕੇ ਜ਼ਿਲ੍ਹਾ ਬਣਨਾ ਚਾਹੀਦਾ ਹੈ। ਮੈਂ ਨਹੀਂ ਕਹਿੰਦਾ ਕਿ ਦੂਜੇ ਜ਼ਿਲ੍ਹੇ ਨਾ ਬਣਾਓ, ਜ਼ਰੂਰ ਬਣਾਉ, ਪਰ ਜਿੱਥੇ ਕੋਈ ਖਰਚਾ ਨਹੀਂ ਆਉਂਦਾ ਉਸ ਨੂੰ ਤਾਂ ਜ਼ਰੂਰ ਜ਼ਿਲ੍ਹਾ ਬਣਾਉ। ਬਰਨਾਲੇ ਵਿੱਚ ਸੈਸ਼ਨ ਜੱਜ ਦੀ ਪੋਸਟ ਮੌਜੂਦ ਹੈ, ਸੈਸ਼ਨ ਜੱਜ ਦੀ ਪੋਸਟ ਲੈਣ ਲਈ ਸਮਾਂ ਲਗਦਾ ਹੈ ਲੇਕਿਨ ਬਰਨਾਲੇ ਵਿੱਚ ਤਾਂ ਪਹਿਲਾਂ ਹੀ ਸੈਸ਼ਨ ਜੱਜ ਮੌਜੂਦ ਹੈ, ਤੁਸੀਂ ਉਥੇ ਡਿਪਟੀ ਕਮਿਸ਼ਨਰ ਭੇਜਣਾ ਹੈ, ਬਾਕੀ ਸਭ ਕੁਝ ਉਥੇ ਮੌਜੂਦ ਹੈ। ਕਚਿਹਰੀਆਂ ਬਣੀਆਂ ਹੋਈਆਂ ਹਨ, ਜਗ੍ਹਾ ਸਾਡੇ ਕੋਲ ਪਈ ਹੋਈ ਹੈ, ਸਭ ਕੁਝ ਹੈ, ਕਿਸੇ ਪ੍ਰਕਾਰ ਦਾ ਕੋਈ ਰੌਲਾ ਨਹੀਂ ਹੈ। ਰਾਏਕੋਟ ਦਾ ਏਰੀਆ ਸਾਡੇ ਨਾਲ ਲਗਾ ਦਿੱਤਾ ਜਾਵੇ। ਮੇਰੇ ਵੀਰ ਅਜ਼ੀਜ਼ ਬੈਠੇ ਹਨ, ਗੁੱਸਾ ਕਰਨ ਵਾਲੀ ਗੱਲ ਨਹੀਂ, ਨਿਹਾਲ ਸਿੰਘ ਵਾਲਾ ਏਰੀਆ ਹੈ, ਉਹ ਵੀ ਨਾਲ ਲਗਾ ਦੇਣ। ਕੋਈ ਫਰਕ ਨਹੀਂ ਪੈਂਦਾ। ਇਸ ਨਾਲ ਸਭ ਤੋਂ ਵਧੀਆ ਡਿਸਟ੍ਰਿਕਟ ਸਾਡਾ ਬਣ ਸਕੇਗਾ। ਇਥੇ ਸਕੂਲ ਬਣੇ, ਕਾਲਜ ਬਣੇ, ਹਸਪਤਾਲ ਬਣੇ, ਲੋਕਾਂ ਨੇ ਆਪਣੀ ਪਾਕਿਟ ਵਿਚੋਂ ਸਾਰਾ ਪੈਸਾ ਖਰਚ ਕੀਤਾ। ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿੰਨੇ ਗੌਰਮਿੰਟ ਦੇ ਸਕੂਲ ਬਣੇ ਹਨ, ਉਹ ਸਾਰੇ

[ਪੰਡਿਤ ਸੋਮ ਦੱਤ ਸ਼ਰਮਾ]

ਲੋਕਾਂ ਨੇ ਆਪਣੇ ਰੁਪਿਆਂ ਨਾਲ ਬਣਾਏ, ਆਪਣੇ ਪੈਸੇ ਖਰਚੇ, ਨਾ ਕਿ ਗੌਰਮਿੰਟ ਤੋਂ ਪੈਸੇ ਲੈ ਕੇ ਖਰਚੇ। ਸਰਦਾਰ ਬੇਅੰਤ ਸਿੰਘ ਜੀ ਨੂੰ ਪਤਾ ਹੈ। ਉਨ੍ਹਾਂ ਨੇ ਕਈ ਦਫਾ ਉਥੇ ਉਦਘਾਟਨ ਵੀ ਕੀਤਾ ਹੈ। ਉਥੇ ਕਾਲਜ ਵੀ ਹੈ ਅਤੇ ਹੁਣ ਗੌਰਮਿੰਟ ਗਰਲਜ਼ ਸਕੂਲ ਬਣਾ ਰਹੇ ਹਾਂ। ਉਸ ਤੇ 50 ਲੱਖ ਰੁਪਿਆ ਖਰਚ ਹੋਣਾ ਹੈ, ਅਸੀਂ ਸਰਕਾਰ ਤੋਂ ਉਹ ਪੈਸਾ ਵੀ ਨਹੀਂ ਮੰਗ ਰਹੇ ਕਿਉਂਕਿ ਅਸੀਂ ਸਮਝਦੇ ਹਾਂ ਕਿ ਸਰਕਾਰ ਦੀ ਵੀ ਮਜਬੂਰੀ ਹੁੰਦੀ ਹੈ ਪਰ ਜਿਹੜੀ ਗੱਲ ਠੀਕ ਹੈ, ਜਿਹੜੀ ਗੱਲ ਹੋ ਸਕਦੀ ਹੈ, ਸਾਡਾ ਹੱਕ ਸਾਨੂੰ ਮਿਲਣਾ ਚਾਹੀਦਾ ਹੈ ਅਤੇ ਜ਼ਿਲ੍ਹਾ ਬਣਨਾ ਚਾਹੀਦਾ ਹੈ। ਕੈਪਟਨ ਕਰਮ ਸਿੰਘ ਜੀ ਬਾਰੇ ਮੈਂ ਗੱਲ ਕੀਤੀ ਸੀ, ਸਾਰਿਆਂ ਨੇ ਉਨ੍ਹਾਂ ਨੂੰ ਸ਼ਰਧਾਂਜਲੀ ਵੀ ਭੇਂਟ ਕੀਤੀ। ਕੈਪਟਨ ਕਰਮ ਸਿੰਘ ਜਿਸ ਨੇ ਜਿਤ ਪ੍ਰਾਪਤ ਕੀਤੀ ਹੋਵੇ, ਪਹਿਲਾ ਪਰਮਵੀਰ ਚੱਕਰ ਲਿਆ ਹੋਵੇ। ਅੱਜ ਭੈਣ ਸੁਸ਼ੀਲਾ ਮਹਾਜਨ ਨੇ ਕਿਹਾ ਕਿ 25 ਏਕੜ ਜ਼ਮੀਨ ਦੇਵੋ ਕਾਲਜ ਬਣਾ ਦੇਵਾਂਗੇ ਪਰ ਅਸੀਂ 32 ਏਕੜ ਜ਼ਮੀਨ ਦੇਣ ਨੂੰ ਤਿਆਰ ਹਾਂ ਕੈਪਟਨ ਕਰਮ ਸਿੰਘ ਜੀ ਦੇ ਨਾਂ ਤੇ ਕਾਲਜ ਬਣਾਇਆ ਜਾਵੇ, ਇਥੇ ਕਾਲਜ ਬਣਾਇਆ ਜਾਵੇ ਜਿਸ ਨਾਲ ਆਲੇ-ਦੁਆਲੇ ਦੇ ਚੌਵੀ ਸਕੂਲਾਂ ਨੂੰ ਫਾਇਦਾ ਹੋਵੇਗਾ। ਅਜਿਹਾ 40–40 ਕਿਲੋਮੀਟਰ ਤੱਕ ਕੋਈ ਕਾਲਜ ਨਹੀਂ ਹੈ। ਇਸ ਨਾਲ ਕਿੰਨੀ ਵੱਡੀ ਸ਼ਾਨ ਹੋਵੇਗੀ ਅਤੇ ਅੰਤ ਵਿਚ ਫਿਰ ਮੈਂ ਆਪਣੇ ਜ਼ਿਲ੍ਹੇ ਦੀ ਗੱਲ ਕਰਦਾ ਹਾਂ। ਸੀ.ਐਮ. ਸਾਹਿਬ ਵੀ ਬੈਠੇ ਹਨ, ਉਹ ਕਮੇਟੀ ਦੇ ਚੇਅਰਮੈਨ ਵੀ ਹਨ, ਉਨ੍ਹਾਂ ਨੂੰ ਸਾਰੀ ਗੱਲ ਦਾ ਪਤਾ ਹੈ। ਮੈਂ ਜ਼ਿਆਦਾ ਵਿਸਥਾਰ ਵਿਚ ਨਾ ਜਾਂਦਾ ਹੋਇਆ, ਸਪੀਕਰ ਸਾਹਿਬ, ਰਾਜਪਾਲ ਜੀ ਦੇ ਭਾਸ਼ਣ ਦਾ ਸਮਰਥਨ ਕਰਦਾ ਹਾਂ ਅਤੇ ਇਹੀ ਕਹਾਂਗਾ ਕਿ ਸਾਰੇ ਸੱਜਣ ਆਪਣੀਆਂ ਆਪਣੀਆਂ ਡਿਊਟੀਆਂ ਨੂੰ ਨਿਭਾਉਣ।

"ਜੈ ਹਿੰਦ"

ਸਰਦਾਰ ਸ਼ੇਰ ਸਿੰਘ ਗੱਗੋਵਾਲ (ਮਾਨਸਾ): ਮਾਨਯੋਗ ਸਪੀਕਰ ਸਹਿਬ, ਮੈਂ ਸਭ ਤੋਂ ਪਹਿਲਾਂ ਰਾਜਪਾਲ ਜੀ ਦੇ ਭਾਸ਼ਣ ਦੀ ਪੁਰਜ਼ੋਰ ਸ਼ਬਦਾਂ ਵਿਚ ਸ਼ਲਾਘਾ ਕਰਦਾ ਹਾਂ। ਸਪੀਕਰ ਸਾਹਿਬ, ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਬਣਿਆਂ ਇਕ ਸਾਲ ਅਤੇ ਕੁਝ ਦਿਨ ਹੋਏ ਹਨ। ਅਮਨ ਅਤੇ ਕਾਨੂੰਨ ਦੇ ਸਬੰਧ ਵਿਚ ਮੈਥੋਂ ਪਹਿਲਾਂ ਬੋਲਣ ਵਾਲੇ ਅਣਗਿਣਤ ਵਿਅਕਤੀਆਂ ਨੇ ਬੜੇ ਵਿਸਥਾਰ ਨਾਲ ਦੱਸਿਆ, ਪੰਡਿਤ ਜੀ ਨੇ ਵੀ ਦੱਸਿਆ ਹੈ। ਸਾਰਿਆਂ ਨੇ ਹੀ ਅਮਨ ਅਤੇ ਕਾਨੂੰਨ ਦੀ ਜੋ ਹਾਲਤ ਸੁਧਰੀ ਹੈ, ਉਸ ਦੀ ਸ਼ਲਾਘਾ ਕੀਤੀ ਹੈ। ਸਪੀਕਰ ਸਾਹਿਬ, ਜੇ ਮੈਂ ਇਹ ਗੱਲ ਕਹਿ ਦਿਆਂ ਤਾਂ ਇਸ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਪਿਛਲਾ ਸਾਲ ਜਿਹੜਾ ਅਸੀਂ ਕਲਜੁੱਗ ਵਿਚ ਬਤੀਤ ਕੀਤਾ, ਉਸ ਨੂੰ ਇਸ ਸਾਲ ਸਰਦਾਰ ਬੇਅੰਤ ਸਿੰਘ ਜੀ ਨੇ, ਸੱਤਯੁਗ ਵਿਚ ਬਦਲ ਦ੍ਰਿਤਾ ਹੈ । (ਥੰਪਿੰਗ)। ਸਪੀਕਰ ਸਾਹਿਬ, ਜਿੱਥੇ ਅਮਨ ਅਤੇ ਕਾਨੂੰਨ ਦੀ ਹਾਲਤ ਸੁਧਰੀ ਹੈ, ਸਾਡੇ ਡਿਵੈਲਪਮੈਂਟ ਦੇ ਕੰਮਾਂ ਅਤੇ ਸਾਡੇ ਵਿਕਾਸ ਦੇ ਕੰਮਾਂ ਵਿਚ ਜੋ ਸੁਧਾਰ ਆਇਆ ਹੈ, ਉਸ ਦੀ ਮੈਂ ਜਿੰਨੀ ਸ਼ਲਾਘਾ ਕਰਾਂ ਉਨੀ ਥੋੜ੍ਹੀ ਹੈ। ਵਿਕਾਸ ਦੇ ਕੰਮਾਂ ਵਿਚ ਜਿੰਨੀ ਤੇਜ਼ੀ ਨਾਲ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਘਾਲਣਾ ਘਾਲ ਰਹੀ ਹੈ, ਉਹ ਆਪਣੇ ਆਪ ਵਿਚ ਇਕ ਜਿਊਂਦੀ ਜਾਗਦੀ ਮਿਸਾਲ ਹੈ। ਮਾਨਸਾ ਨੂੰ ਜ਼ਿਲ੍ਹਾ, ਬਣਾਉਣਾ ਫਤਿਹਗੜ੍ਹ ਸਾਹਿਬ ਨੂੰ ਜ਼ਿਲ੍ਹਾ ਬਣਾਉਣਾ, ਰਾਏਕੋਟ ਨੂੰ ਸਬ-ਡਿਵੀਜ਼ਨ ਬਣਾਉਣਾ, ਮਲੋਟ ਨੂੰ ਸਬ-ਡਿਵੀਜ਼ਨ ਬਣਾਉਣਾ। ਸਪੀਕਰ ਸਾਹਿਬ, ਅਰਬਾਂ ਰੁਪਿਆ ਖਰਚ ਕਰਕੇ ਫਿਰ ਜ਼ਿਲ੍ਹਾ ਬਣਦਾ ਹੈ। ਸਪੀਕਰ ਸਾਹਿਬ, ਜਿਕਰ ਆਇਆ, ਪੰਚਾਇਤਾਂ ਦੇ ਵਿਕਾਸ ਮੰਤਰੀ ਜੀ ਨੇ ਸਦਨ ਨੂੰ ਦੱਸਿਆ ਕਿ ਪਿੰਡਾਂ ਦੇ ਸੁਧਾਰ ਲਈ ਅਰਬਾਂ ਰੁਪਿਆ ਸਰਕਾਰ ਨੇ ਇੱਕ ਸਾਲ ਵਿਚ ਖਰਚ ਕੀਤਾ। ਕਿਹਾ ਜਾਂਦਾ ਹੈ ਕਿ ਜਦੋਂ ਵਿਕਾਸ ਦੇ ਕੰਮਾਂ ਦਾ ਜ਼ਿਕਰ ਆਉਂਦਾ ਹੈ ਤਾਂ ਸਰਕਾਰ ਕਹਿੰਦੀ ਹੈ ਕਿ ਪੈਸੇ ਮੁੱਕ ਗਏ ਹਨ। ਸਰਦਾਰ ਬੇਅੰਤ ਸਿੰਘ ਜੀ ਦਾ ਵੀ ਜ਼ਿਕਰ ਕਈ ਵਾਰ ਕੀਤਾ ਗਿਆ ਹੈ ਕਿ ਨਾਉਂ ਦੇ ਹੀ ਬੇਅੰਤ ਨਹੀਂ, ਉਹ ਹਨ ਹੀ ਬੇਅੰਤ।

ਉਨ੍ਹਾਂ ਦੇ ਰਾਜ ਵਿੱਚ ਵਿਕਾਸ ਬੜੀ ਤੇਜ਼ੀ ਨਾਲ ਹੋ ਰਿਹਾ ਹੈ। ਸਪੀਕਰ ਸਾਹਿਬ, ਤੁਸੀਂ ਬਹੁਤ ਹੀ ਸੂਝਵਾਨ ਤੇ ਪੁਰਾਣੇ ਪੌਲੀਟੀਸ਼ਨ ਹੋ ਅਤੇ ਮਨਿਸਟਰ ਵੀ ਰਹਿ ਚੁੱਕੇ ਹੋ। 1966 ਦੇ ਵਿੱਚ ਹਰਿਆਣਾ ਤੇ ਪੰਜਾਬ ਜੁਦਾ ਜੁਦਾ ਹੋਇਆ ਔਰ ਮੇਰੇ ਦਿਮਾਗ ਵਿੱਚ ਇਹ ਗੱਲ ਆਉਂਦੀ ਹੈ ਕਿ ਇਤਨਾ ਉਸ ਸਮੇਂ ਤੋਂ ਲੈ ਕੇ ਮਗਰਲੇ ਸਾਲਾਂ ਤਕ ਵਿਕਾਸ ਪੰਜਾਬ ਦਾ ਕਦੇ ਨਹੀਂ ਹੋਇਆ ਜਿਤਨਾ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਦੇ ਇਕ ਸਾਲ ਦੇ ਸਮੇਂ ਵਿਚ ਹੋਇਆ ਹੈ। ਰਾਜਪਾਲ ਸਾਹਿਬ ਦੇ ਭਾਸ਼ਣ ਦੇ ਵਿੱਚ ਜੋ ਖੇਤੀਬਾੜੀ ਦੇ ਬਾਰੇ ਜ਼ਿਕਰ ਕੀਤਾ ਗਿਆ ਹੈ, ਉਸ ਦੇ ਬਾਰੇ ਮੇਰੇ ਬਹੁਤ ਸਾਰੇ ਦੋਸਤ ਬੋਲ ਚੁੱਕੇ ਹਨ। ਪੰਜਾਬ ਦੇ ਵਿੱਚ ਜੋ ਇਸ ਸਰਕਾਰ ਨੇ ਨਵੀਆਂ ਸਕੀਮਾਂ ਬਣਾਈਆਂ ਉਨ੍ਹਾਂ ਸਕੀਮਾਂ ਦੇ ਨਾਲ ਉਤਪਾਦਨ ਜ਼ਿਆਦਾ ਹੋਇਆ ਹੈ। ਇਸ ਦੇ ਲਈ ਮੈਂ ਸਰਕਾਰ ਨੂੰ ਵਧਾਈ ਦਿੰਦਾ ਹਾਂ। ਉਤਪਾਦਨ ਦੀ ਬਹੁਤ ਜ਼ਰੂਰਤ ਹੈ। ਭਾਵੇਂ ਅਸੀਂ ਸਿਰੇ ਤੇ ਖੜੇ ਹੋ ਗਏ ਹਾਂ ਪਰ ਖੇਤੀਬਾੜੀ ਦੇ ਧੰਦੇ ਵਿੱਚ ਫਿਰ ਵੀ ਨਵੀਂ ਟੈਕਨਾਲੋਜੀ ਦੀ ਜ਼ਰੂਰਤ ਹੈ, ਨਵੇਂ ਵਿਗਿਆਨ ਦੀ ਜ਼ਰੂਰਤ ਹੈ। ਨਵੀਂ ਟੈਕਨਾਲੋਜੀ ਦੇ ਨਾਲ ਖੇਤੀਬਾੜੀ ਦੇ ਧੰਦੇ ਨੂੰ ਵਧਾਇਆ ਜਾਵੇ ਜੇ ਜ਼ਿਆਦਾ ਨਹੀਂ ਤਾਂ ਘਟੋ ਘੱਟ ਇਸ ਨੂੰ ਘਟਣ ਨਾ ਦਿਤਾ ਜਾਵੇ। ਮੈਂ ਇਸ ਦੇ ਲਈ ਸਰਕਾਰ ਨੂੰ ਵਧਾਈ ਦਿੰਦਾ ਹਾਂ ਕਿ ਉਸ ਨੇ ਇਸ ਧੰਦੇ ਨੂੰ ਵਧਾਇਆ ਹੈ। ਇਸ ਦੇ ਲਈ ਮੇਰੇ ਕੁਝ ਸੁਝਾਵ ਹਨ ਜੋ ਮੈਂ ਇਥੇਂ ਦੱਸਣਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਜਿਹੜੀ ਸੀਡ ਕਾਰਪੋਰੇਸ਼ਨ ਹੈ, ਉਹ ਸੁਧਰੇ ਹੋਏ ਬੀਜ ਕਿਸਾਨਾਂ ਨੂੰ ਮੁਹੱਈਆ ਕਰਦੀ ਹੈ ਅਤੇ ਕਈ ਵਾਰੀ ਬਹੁਤ ਸਾਰੀ ਹੇਰਾਫੇਰੀ ਵੀ ਕਰ ਜਾਂਦੀ ਹੈ। ਜਦੋਂ ਉਹ ਬੀਜ ਵਿਚ ਕੋਈ ਹੇਰਾਫੇਰੀ ਕਰਦੀ ਹੈ, ਉਸ ਦੇ ਲਈ ਜੇ ਸਰਕਾਰ ਦੇ ਧਿਆਨ ਵਿੱਚ ਕੋਈ ਚੀਜ਼ ਲਿਆਂਦੀ ਜਾਂਦੀ ਹੈ ਤਾਂ ਜਿਵੇਂ ਬਾਕੀ ਦੀਆਂ ਮਾਰਕਿਟ ਦੀਆਂ ਚੀਜ਼ਾਂ ਹਨ ਉਨ੍ਹਾਂ ਵਿੱਚ ਕੋਈ ਐਸੀ ਗੱਲ ਹੋਵੇ ਤਾਂ ਉਸ ਦੇ ਲਈ ਕੇਸ ਰਜਿਸਟਰ ਹੁੰਦਾ ਹੈ। ਉਸੇ ਤਰ੍ਹਾਂ ਜੋ ਕੋਈ ਗੱਲ ਹੇਰਾਫੇਰੀ ਦੇ ਬਾਰੇ ਦੀ ਇਨ੍ਹਾਂ ਧਿਆਨ ਵਿਚ ਲਿਆਂਦੀ ਜਾਂਦੀ ਹੈ ਤਾਂ ਇਨ੍ਹਾਂ ਦੇ ਖਿਲਾਫ ਵੀ ਕੇਸ ਰਜਿਸਟਰ ਹੋਣਾ ਜ਼ਰੂਰੀ ਹੈ। ਦੂਸਰਾ, ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜੋ ਸਬਸਿਡੀ ਦਿੱਤੀ ਜਾਂਦੀ ਹੈ ਜਾਂ ਸੁਧਰੇ ਬੀਜ ਮਹਿਕਮੇ ਵਲੋਂ ਸਪਲਾਈ ਕੀਤੇ ਜਾਂਦੇ ਹਨ, ਉਹ ਵਕਤ ਸਿਰ ਹੋਣੇ ਚਾਹੀਦੇ ਹਨ। ਮੈਨੂੰ ਆਪਣੇ ਜ਼ਾਤੀ ਤਜ਼ਰਬੇ ਤੋਂ ਪਤਾ ਹੈ ਕਿ ਜਦੋਂ ਫ਼ਸਲ ਦਾ ਸੀਜ਼ਨ ਚਲਾ ਜਾਂਦਾ ਹੈ ਉਦੋਂ ਮਹਿਕਮੇ ਵਲੋਂ ਕਈ ਵਾਰੀ ਬੀਜ ਸਪਲਾਈ ਕੀਤੇ ਜਾਂਦੇ ਹਨ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਮਹਿਕਮੇਂ ਵਲੋਂ ਜੋ ਵੀ ਸਬਸਿਡੀ ਦਿੱਤੀ ਜਾਵੇ, ਸੁਧਰੇ ਬੀਜ ਕਿਸਾਨਾਂ ਨੂੰ ਦਿੱਤੇ ਜਾਣ, ਉਹ ਵਕਤ ਸਿਰ ਦਿੱਤੇ ਜਾਣ।

ਸਪੀਕਰ ਸਾਹਿਬ, ਭਾਅ ਦੇ ਸਬੰਧ ਵਿੱਚ ਪੰਡਿਤ ਸੋਮ ਦੱਤ ਜੀ ਨੇ ਹੁਣੇ ਹੀ ਬਹੁਤ ਕੁਝ ਦੱਸਿਆ ਹੈ ਪਰ ਥੋੜ੍ਹੀ ਜਿਹੀ ਮੈਂ ਵੀ ਅਰਜ਼ ਕਰਨੀ ਚਾਹੁੰਦਾ ਹਾਂ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਦਾ ਅੱਜ ਵੀ ਅਖਬਾਰ ਵਿੱਚ ਬਿਆਨ ਆਇਆ ਹੈ ਅਤੇ ਇਸ ਤੋਂ ਪਹਿਲਾਂ ਅਗੇ ਵੀ ਭਾਆਂ ਦੇ ਸਬੰਧ ਵਿੱਚ ਬਿਆਨ ਆਏ, ਉਹ ਕਹਿੰਦੇ ਹਨ ਕਿ ਆਓ ਆਪਾਂ ਜਲੰਧਰ ਰੈਲੀ ਵਿੱਚ ਚਲੀਏ ਕਿਉਂਕਿ ਕਿਸਾਨ ਨੂੰ ਨਾ-ਵਾਜਿਬ ਭਾਅ ਦੇ ਕੇ ਕਿਸਾਨ ਨੂੰ ਸਰਕਾਰ ਨੇ ਥਲੇ ਲਾ ਦਿੱਤਾ ਹੈ। ਉਹ ਕਹਿੰਦੇ ਹਨ ਕਿ ਕਿਸਾਨ ਦਾ ਸਰਕਾਰ ਨੇ ਬੁਰਾ ਹਾਲ ਕਰ ਦਿੱਤਾ ਹੈ। ਸਪੀਕਰ ਸਾਹਿਬ, 1967 ਦੇ ਵਿੱਚ ਜਦੋਂ ਸਰਕਾਰ ਬਣੀ ਸੀ ਤਾਂ ਉਸ ਸਰਕਾਰ ਦੇ ਵਿਚ ਸਰਦਾਰ ਪ੍ਰਕਾਸ਼ ਸਿੰਘ ਬਾਦਲ, ਵਿਕਾਸ ਅਤੇ ਪੰਚਾਇਤ ਮੰਤਰੀ ਸਨ ਔਰ ਸ੍ਰੀ ਸੱਤਪਾਲ ਡਾਂਗ, ਖੁਰਾਕ ਤੇ ਸਪਲਾਈ ਮੰਤਰੀ ਸਨ। 1967 ਦੇ ਵਿੱਚ ਕਣਕ ਦਾ ਭਾਅ 66 ਰੁਪਏ ਡਾਂਗ ਸਾਹਿਬ ਨੇ ਮਿਥਿਆ ਸੀ ਔਰ ਫਿਰ ਉਹ ਸਰਕਾਰ 8 ਮਹੀਨਿਆਂ ਬਾਅਦ ਟੁੱਟ ਗਈ ਅਤੇ 1968 ਦੇ ਵਿੱਚ ਸਰਦਾਰ ਲਛਮਣ ਸਿੰਘ ਗਿੱਲ ਦੀ ਸਰਕਾਰ ਬਣੀ, ਉਨ੍ਹਾਂ ਨੇ 67 ਰੁਪਏ ਕਣਕ ਦਾ ਭਾਅ ਕੀਤਾ ਔਰ ਉਸ ਤੋਂ ਬਾਅਦ ਤਕਰੀਬਨ 8 ਮਹੀਨੇ ਬਾਅਦ ਇਹ ਸਰਕਾਰ ਵੀ ਟੁੱਟ ਗਈ ਔਰ ਦੁਬਾਰਾ ਚੋਣਾਂ ਹੋਈਆਂ। ਚੋਣਾਂ ਤੋਂ ਬਾਅਦ ਸਰਦਾਰ ਗੁਰਨਾਮ ਸਿੰਘ ਦੀ ਸਰਕਾਰ

[ਸਰਦਾਰ ਸ਼ੇਰ ਸਿੰਘ ਗੱਗੋਵਾਲ]

ਬਣੀ ਔਰ ਸਰਦਾਰ ਗੁਰਨਾਮ ਸਿੰਘ ਚੀਫ ਮਨਿਸਟਰ ਹਟੇ ਤਾਂ ਸਰਦਾਰ ਪਰਕਾਸ਼ ਸਿੰਘ ਬਾਦਲ ਚੀਫ ਮਨਿਸਟਰ ਬਣ ਗਏ। 1971 ਤੀਕਰ ਕਿਸੇ ਚੀਜ਼ ਦੇ ਭਾਅ ਵਿਚ ਇਕ ਪੈਸਾ ਵੀ ਵਾਧਾ ਨਹੀਂ ਕਰ ਸਕੇ। ਫਿਰ 1972 ਵਿਚ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਆਈ ਉਸ ਨੇ 1976 ਵਿਚ 108 ਰੁਪਏ ਕਣਕ ਦੇ ਭਾਅ ਮੁਕੱਰਰ ਕੀਤੇ ਅਤੇ ਨਾਲ ਹੀ 5 ਰੁਪਏ ਬੋਨਸ ਦਿਤਾ ਗਿਆ। ਫਿਰ 1977 ਵਿਚ ਬਾਦਲ ਸਰਕਾਰ ਆਈ। ਸਪੀਕਰ ਸਾਹਿਬ, ਮੈਂ ਥੋਹੜਾ ਜਿਹਾ ਲਾਂਬੇ ਜਾਣ ਲਗਾ ਹਾਂ, ਮੈਨੂੰ ਮਾਫ ਕਰ ਦੇਣਾ। ਕਿਸੇ ਦਾ ਬਲਦ ਖੋਹ ਗਿਆ ਉਹ ਸੁਖਾਂ ਸੁਖਣ ਲਗ ਪਿਆ। ਮੇਰੇ ਵਰਗੇ ਨੇ ਕਿਹਾ ਕਿ ਇਤਨੇ ਦਾ ਤਾਂ ਬਲਦ ਹੀ ਨਹੀਂ ਜਿੰਨੇ ਦੀਆਂ ਸੁਖਾਂ ਸੁਖ ਲਈਆਂ। ਉਹ ਕਹਿਣ ਲਗਾ ਜ਼ਰਾ ਬਲਦ ਦੀ ਨੱਥ ਆ ਲੈਣ ਦੇ ਮੇਰੇ ਹੱਥ ਵਿਚ ਫਿਰ ਸੁਖਾਂ ਵਾਲਿਆਂ ਨੂੰ ਮੈਂ ਪੁਛ ਲਵਾਂਗਾ। ਇਸੇ ਤਰ੍ਹਾਂ ਬਾਦਲ ਸਾਹਿਬ ਨੇ ਕੀਤਾ। ਪੰਜਾਬ ਵਿਚ ਮੁੱਖ ਮੰਤਰੀ ਬਾਦਲ ਸਾਹਿਬ ਸਨ ਅਤੇ ਸੈਂਟਰ ਵਿਚ ਬਰਨਾਲਾ ਸਾਹਿਬ, ਇਨ੍ਹਾਂ ਨੇ ਕਿਸਾਨਾਂ ਦੇ ਭਾਅ 9 ਰੁਪਏ ਘਟਾ ਦਿਤੇ। ਫਿਰ ਦਰਬਾਰਾ ਸਿੰਘ ਦੀ ਸਰਕਾਰ ਆਈ ਅਤੇ ਉਸ ਨੇ ਜਿਨਸ ਦੇ ਭਾਅ ਜਾ ਕੇ ਕੁਝ ਠੀਕ ਕੀਤੇ। ਟਾਈਮ ਲੰਘਦਾ ਗਿਆ ਹੁਣ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਆਈ ਹੈ ਇਸ ਨੇ ਕਣਕ ਦੇ 55 ਰੁਪਏ ਅਤੇ ਝੋਨੇ ਦੇ 40 ਰੁਪਏ ਭਾਅ ਵਧਾ ਦਿਤੇ ਹਨ। ਇਸ ਤਰ੍ਹਾਂ ਕਰਕੇ ਸਾਰੇ ਪਿਛਲੇ ਰਿਕਾਰਡ ਮਾਤ ਕਰ ਦਿਤੇ ਹਨ। ਮੈਂ ਕਹਿੰਦਾ ਹਾਂ ਕਿ ਸਹੀ ਨੂੰ ਸਹੀ ਕਹਿਣਾ ਚਾਹੀਦਾ ਹੈ। ਮੈਂ ਸਰਦਾਰ ਬੇਅੰਤ ਸਿੰਘ ਜੀ ਨੂੰ, ਖੇਤੀਬਾੜੀ ਮੰਤਰੀ ਨੂੰ ਅਤੇ ਆਪਣੀ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਪੰਜਾਬ ਦੇ ਕਿਸਾਨ ਦਾ ਪੂਰਾ ਪੂਰਾ ਖਿਆਲ ਰਖਿਆ ਜਾਏ ਕਿਉਂਕਿ ਜੇ ਪੰਜਾਬ ਦਾ ਕਿਸਾਨ ਮਜ਼ਬੂਤ ਹੈ ਤਾਂ ਸਾਡਾ ਹਿੰਦੁਸਤਾਨ ਮਜ਼ਬੂਤ ਹੈ। ਰੋਟੀ ਬਿਨਾਂ ਬਿਲਕੁਲ ਨਹੀਂ ਸਰਦਾ। ਸਪੀਕਰ ਸਾਹਿਬ, ਜਿਸ ਤਰ੍ਹਾਂ ਖੇਤੀਬਾੜੀ ਦੇ ਨਾਲ ਸਬੰਧਤ ਚੀਜ਼ਾਂ ਦੇ ਭਾਅ ਵਧਦੇ ਜਾ ਰਹੇ ਹਨ ਉਸੇ ਤਰ੍ਹਾਂ ਕਿਸਾਨਾਂ ਦੀ ਜਿਨਸ ਦੇ ਭਾਅ ਵੀ ਵੱਧਦੇ ਰਹਿਣੇ ਚਾਹੀਦੇ ਹਨ। ਸਪੀਕਰ ਸਾਹਿਬ, ਇਥੇ ਹੁਣੇ ਪਾਣੀ ਦਾ ਜ਼ਿਕਰ ਆਇਆ ਸੀ। ਮਾਨਸਾ, ਬਠਿੰਡਾ, ਫਰੀਦਕੋਟ ਅਤੇ ਫਿਰੋਜ਼ਪੁਰ ਡਿਸਟ੍ਰਿਕਟ ਨੂੰ ਨਹਿਰੀ ਪਾਣੀ ਦੀ ਬਹੁਤ ਜ਼ਰੂਰਤ ਹੈ। ਮੈਂ ਕਹਿੰਦਾ ਹਾਂ ਕਿ ਇਸ ਤੋਂ ਜਿਉਂਦੀ ਜਾਗਦੀ ਮਿਸਾਲ ਹੋਰ ਕੀ ਮਿਲ ਸਕਦੀ ਹੈ ਕਿ ਸਾਡੇ ਮੁੱਖ ਮੰਤਰੀ ਸਾਹਿਬ ਨੇ 1966 ਦਾ ਕੇਸ ਜਿਹੜਾ ਦਬਿਆ ਹੋਇਆ ਸੀ ਕਢਿਆ ਅਤੇ ਕਿਹਾ ਕਿ ਯਮੁਨਾ ਨਹਿਰ ਦਾ ਪਾਣੀ ਲਵਾਂਗੇ, ਕੇਸ ਪੂਰੀ ਤਰ੍ਹਾਂ ਪਲੀਡ ਕੀਤਾ। ਇਹ ਕਿਸ ਦੇ ਲਈ ਕੀਤਾ, ਕੀ ਇਹ ਪਾਕਿਸਤਾਨ ਲਈ ਕੀਤਾ? ਨਹੀਂ, ਇਹ ਸਾਡੇ ਲਈ ਹੀ ਕੀਤਾ ਹੈ। ਫਿਰ ਇਹ ਕਹਿੰਦੇ ਹਨ ਕਿ ਪਾਣੀ ਦਾ ਜ਼ਿਕਰ ਨਹੀਂ ਕੀਤਾ ਗਿਆ। ਮੈਂ ਕਹਿੰਦਾ ਹਾਂ ਕਿ ਸਾਨੂੰ ਪੂਰੇ ਜ਼ੋਰ ਨਾਲ ਇਸ ਸਰਕਾਰ ਦਾ ਸਮਰਥਨ ਕਰਨਾ ਚਾਹੀਦਾ ਹੈ ਕਿ ਸਾਨੂੰ ਪਾਣੀ ਵੱਧ ਮਿਲੇ, ਪੰਜਾਬ ਨੂੰ ਪਾਣੀ ਪੂਰਾ ਮਿਲੇ, ਖਾਸ ਕਰਕੇ ਜਿਹੜੇ ਸਾਡੇ ਇਲਾਕੇ ਹਨ ਮਾਨਸਾ, ਬਠਿੰਡਾ, ਫਰੀਦਕੋਟ ਆਦਿ ਇਨ੍ਹਾਂ ਜ਼ਿਲ੍ਹਿਆਂ ਦੀ ਜਿਹੜਾ ਹੇਠਲੀ ਸਤਾਹ ਦਾ ਪਾਣੀ ਹੈ, ਉਹ ਬਹੁਤ ਮਾੜਾ ਹੈ, ਅਤੇ ਖੇਤੀ ਯੋਗ ਨਹੀਂ ਹੈ। ਨਹਿਰ ਦੇ ਪਾਣੀ ਨਾਲ ਹੀ ਅਸੀਂ ਖੇਤੀ ਕਰ ਸਕਦੇ ਹਾਂ ਔਰ ਜਿਨਸ ਪੈਦਾ ਕਰ ਸਕਦੇ ਹਾਂ। ਮੇਰੀ ਬੇਨਤੀ ਹੈ ਸਰਦਾਰ ਬੇਅੰਤ ਸਿੰਘ ਜੀ ਨੂੰ ਅਤੇ ਸਿੰਜਾਈ ਮੰਤਰੀ ਜੀ ਨੂੰ ਕਿ ਸਾਨੂੰ ਪਾਣੀ ਵੱਧ ਦੇਣ ਦੀ ਕ੍ਰਿਪਾਲਤਾ ਕਰਨ।

ਸਪੀਕਰ ਸਾਹਿਬ, ਗਵਰਨਰ ਸਾਹਿਬ ਦੇ ਭਾਸ਼ਣ ਵਿਚ ਸਹਿਕਾਰਤਾ ਦਾ ਜ਼ਿਕਰ ਆਇਆ ਹੈ। ਸਹਿਕਾਰਤਾ ਨੇ ਬਹੁਤ ਵੱਡੇ ਮਰਹਲੇ ਤੇ ਕੰਮ ਕੀਤਾ ਹੈ। ਚਾਹੇ ਖੇਤੀ ਦੇ ਮਾਮਲੇ ਵਿਚ ਲੈ ਲਵੋ, ਚਾਹੇ ਦੁਧ ਦੇ ਉਤਪਾਦਨ ਨੂੰ ਲੈ ਲਵੋ। ਮੈਂ ਮੁੱਖ ਮੰਤਰੀ ਸਾਹਿਬ ਨੂੰ ਇਕ ਬੇਨਤੀ ਇਸ ਸਬੰਧੀ ਇਹ ਕਰਨੀ ਚਾਹੁੰਦਾ ਹਾਂ ਕਿ ਜਿਹੜਾ ਲੈਂਡ ਮਾਰਟਗੇਜ਼ ਬੈਂਕ ਦਾ ਸਿਸਟਮ ਹੈ, ਇਹ ਬਾਕੀ ਨਾਲੋਂ ਕੁਝ ਵੱਖਰਾ ਹੈ, ਹੋ ਸਕਦਾ ਹੈ ਕਿ ਮੇਰੀ ਸਮਝ ਵਿਚ ਕੋਈ ਫਰਕ ਹੋਵੇ। ਉਹ ਪੰਜ ਰੁਪਏ ਲੋਨ ਫੀਸ ਲੈ ਲੈਂਦੇ

ਹਨ, 50 ਰੁਪਏ ਹੋਰ ਵਾਧੂ ਲੈ ਲੈਂਦੇ ਹਨ ਜਿਸ ਦਾ ਕੋਈ ਵਿਆਜ ਨਹੀਂ ਦਿੰਦੇ। ਜਦੋਂ ਜ਼ਿਮੀਂਦਾਰ ਸਾਰੀਆਂ ਕਿਸ਼ਤਾਂ ਵਾਪਿਸ ਮੋੜ ਦਿੰਦਾ ਹੈ ਤਾਂ ਉਸ ਦੇ ਬਾਅਦ ਉਹ ਦਰਖਾਸਤ ਵਾਪਸ ਲੈਂਦੇ ਹਨ। ਮੈਂ ਬੇਨਤੀ ਕਰਦਾ ਹਾਂ ਕਿ ਇਸ ਵਿਚ ਵੀ ਮੁੱਖ ਮੰਤਰੀ ਸਾਹਿਬ ਸੋਧ ਕਰਕੇ ਜ਼ਿਮੀਂਦਾਰ ਨੂੰ ਰਾਹਤ ਦੇਣ।

ਜਿਥੋਂ ਤਕ ਮੇਰੇ ਇਸ ਭਾਸ਼ਣ ਦਾ ਸਬੰਧ ਹੈ, ਮੇਰੀ ਆਪਣੀ ਰਾਏ ਹੈ ਕਿ ਇਸ ਤੋਂ ਅੱਛੀ ਸਰਕਾਰ ਦੀ ਕਾਰਗੁਜ਼ਾਰੀ, ਸਪੀਕਰ ਸਾਹਿਬ, ਕਿਧਰੇ ਵੇਖਣ ਵਿਚ ਨਹੀਂ ਮਿਲਦੀ। ਇਕ ਸਾਲ ਦੇ ਵਿਚ ਇਤਨਾ ਕੁਝ ਕਰ ਲੈਣਾ ਬੜਾ ਸ਼ਲਾਘਾਯੋਗ ਹੈ । ਮੈਂ ਤੁਹਾਡਾ ਬਹੁਤ ਬਹੁਤ ਹੀ ਧੰਨਵਾਦੀ ਹਾਂ। ਇਕ ਗੱਲ ਕਹਿ ਕੇ ਸਮਾਪਤ ਕਰਦਾ ਹਾਂ ਕਿ ਇਥੇ ਬੋਲਦਿਆਂ ਹੋਇਆਂ ਸਾਰੀਆਂ ਪਾਰਟੀਆਂ ਦੇ ਮੈਂਬਰ ਸਾਹਿਬਾਨ ਨੇ ਗੁਰਬਾਣੀ ਦੇ ਸਲੋਕ ਬੋਲੇ ਹਨ, ਹੋਰ ਵੀ ਬੋਲੇ ਹਨ ਲੇਕਿਨ ਉਨ੍ਹਾਂ ਵਿਚੋਂ ਜ਼ਿਆਦਾ ਗੁਰਬਾਣੀ ਦੇ ਸ਼ਲੋਕ ਹੀ ਬੋਲੇ ਹਨ। ਇਹ ਅੱਛੀ ਗੱਲ ਹੈ। ਅਸੀਂ ਸਾਰੇ ਆਪਣੇ ਆਪਣੇ ਧਰਮ ਉਤੇ ਵਿਸ਼ਵਾਸ ਰਖਦੇ ਹਾਂ, ਇਹ ਚੰਗੀ ਗੱਲ ਹੈ । ਪਰ ਜੋ ਸ੍ਰੀ ਗੁਰੂ ਗਰੰਥ ਸਾਹਿਬ ਦੇ ਸ਼ਲੋਕ ਬੋਲੇ ਹਨ ਉਨ੍ਹਾਂ ਨੂੰ ਮੈਂ ਸਮਝ ਸਕਿਆ ਹਾਂ। ਗੁਰਬਾਣੀ, ਜਿਹੜੀ ਗੁਰੂ ਗਰੰਥ ਸਾਹਿਬ ਦੀ ਬਾਣੀ ਹੈ ਉਹ ਫਰਮਾਉਂਦੀ ਹੈ--

"ਅਵਲਿ ਅਲਹ ਨੂਰ ਉਪਾਇਆ ਕੁਦਰਤਿ ਕੇ ਸਭ ਬੰਦੇ
ਏਕ ਨੂਰ ਤੇ ਸਭ ਜਗੁ ਉਪਜਿਆ ਕਉਨ ਭਲੇ ਕੋ ਮੰਦੇ"

ਅਸੀਂ ਫਿਰ ਜਦੋਂ ਇਕ ਪਿਉ ਦੇ ਪੁੱਤਰ ਹਾਂ ਤਾਂ ਫਿਰ ਇਸ ਗੱਲ ਵਿਚ ਫਸ ਕੇ, ਧਰਮ ਵਿਚ ਫਸ ਕੇ ਇਹ ਕਿਉਂ ਸੋਚਦੇ ਹਾਂ ਕਿ ਇਹ ਮੰਦਰ ਢਾਉਣਾ ਹੈ, ਇਹ ਬਣਾਉਣਾ ਹੈ, ਗੁਰਦਵਾਰਾ ਢਾਹੁਣਾ ਹੈ, ਗਿਰਜਾ ਘਰ ਬਨਾਉਣਾ ਹੈ, ਇਸ ਤਰਾਂ ਕਿਉਂ ਸੋਚਦੇ ਹਾਂ ਗੁਰਬਾਣੀ ਕਹਿੰਦੀ ਹੈ "ਮਨ ਤੂੰ ਜੋਤਿ ਸਰੂਪ ਹੈਂ ਆਪਣਾ ਮੂਲ ਪਛਾਣ ਮਨ ਹਰਿ ਜੀ ਤੇਰੇ ਨਾਲਿ ਹੈ ਗੁਰਮਤੀ ਰੰਗ ਮਾਣੁ।"

ਸਾਨੂੰ ਇਸ ਉਪਰ ਅਮਲ ਵੀ ਕਰਨਾ ਚਾਹੀਦਾ ਹੈ। ਸਲੋਕ ਪੜ੍ਹਦੇ ਤਾਂ ਹਾਂ ਪਰ ਅਮਲ ਹੋਣਾ ਚਾਹੀਦਾ ਹੈ। ਮੈਂ, ਸਪੀਕਰ ਸਾਹਿਬ, ਇਤਨਾ ਸਪਸ਼ਟ ਕਹਿੰਦਾ ਹਾਂ ਕਿ ਰਾਜਪਾਲ ਸਾਹਿਬ ਦਾ ਜੋ ਭਾਸ਼ਣ ਹੈ, ਉਸ ਦਾ ਮੈਂ ਦਿਲੋਂ ਸਮਰਥਨ ਕਰਦਾ ਹਾਂ, ਸ਼ਲਾਘਾ ਕਰਦਾ ਹਾਂ ਤੇ ਤੁਹਾਡਾ ਧੰਨਵਾਦ ਕਰਦਾ ਹਾਂ। ਬਹੁਤ ਬਹੁਤ ਧੰਨਵਾਦ। (ਥੰਪਿੰਗ)

ਸ੍ਰੀ ਸਪੀਕਰ : ਹਾਂ ਜੀ, ਸਰਦਾਰ ਹਰਨੇਕ ਸਿੰਘ ਜੀ।

ਸਰਦਾਰ ਅਵਤਾਰ ਸਿੰਘ ਕਰੀਮਪੁਰੀ : ਸਪੀਕਰ ਸਾਹਿਬ, ਬੀ.ਐਸ.ਪੀ. ਦੇ ਮੈਂਬਰ ਵੀ ਸਦਨ ਵਿਚ ਬੈਠੇ ਹਨ ਉਨ੍ਹਾਂ ਦਾ ਵੀ ਖਿਆਲ ਰੱਖੋ ।

ਸ੍ਰੀ ਸਪੀਕਰ : ਪੂਰਾ ਖਿਆਲ ਕਰਦਾ ਹਾਂ ਜੀ, ਤਿਆਰ ਰਹੋ ਤੁਸੀਂ ਵੀ।

ਸਰਦਾਰ ਹਰਨੇਕ ਸਿੰਘ ਘੜੂੰਆਂ(ਖਰੜ) : ਸਤਿਕਾਰਯੋਗ ਸਪੀਕਰ ਸਾਹਿਬ, ਤੁਸੀਂ ਕਿਰਪਾ ਕੀਤੀ ਹੈ, ਮੈਨੂੰ ਬੋਲਣ ਲਈ ਟਾਈਮ ਦਿੱਤਾ ਹੈ। ਗਵਰਨਰ ਸਾਹਿਬ ਦੇ ਭਾਸ਼ਣ ਦੇ ਵਿਚ ਪਹਿਲੀ ਗੱਲ ਕੀਤ ਗਈ ਹੈ ਲਾਅ ਐਂਡ ਆਰਡਰ ਵਿਚ ਜੋ ਚਮਤਕਾਰ, ਸੁਧਾਰ ਆਇਆ ਹੈ ਉਸ ਦੀ । ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਵਲੋਂ ਲਾਅ ਐਂਡ ਆਰਡਰ ਵਿਚ ਬੜਾ ਸੁਧਾਰ ਹੋਇਆ ਹੈ। ਕਈ ਮੇਰੇ ਆਨਰੇਬਲ ਮੈਂਬਰ ਸਾਹਿਬਾਨ ਨੇ ਜ਼ਿਕਰ ਕੀਤਾ ਹੈ ਕਿ ਜੇਕਰ ਲੌਂਗੋਵਾਲ ਅਕਾਰਡ ਲਾਗੂ ਪਹਿਲਾਂ ਹੋ ਜਾਂਦਾ ਤਾਂ ਸ਼ਾਇਦ ਇਹ ਲਾਅ ਐਂਡ ਆਰਡਰ ਵਿਚ ਸੁਧਾਰ ਪਹਿਲਾਂ ਆ ਜਾਂਦਾ। ਸਪੀਕਰ ਸਾਹਿਬ ਕੌਣ ਲੋਕ ਸਨ ਜਿਨ੍ਹਾਂ ਨੇ ਪੰਜਾਬ ਵਿਚ ਹੱਤਿਆਵਾਂ ਕੀਤੀਆਂ, ਕੌਣ ਉਹ ਲੋਕ ਸਨ ਜਿਨ੍ਹਾਂ ਨੇ ਪੰਜਾਬ

[ਸਰਦਾਰ ਹਰਨੇਕ ਸਿੰਘ ਘੜੂੰਆਂ]

ਦੇ ਮਾਹੌਲ ਨੂੰ ਗੰਦਾ ਕੀਤਾ? ਮੇਰਾ ਆਪਣਾ ਰੋਪੜ ਦਾ ਜ਼ਿਲ੍ਹਾ ਵੀ ਇਸ ਗੱਲ ਤੋਂ ਨਾ ਬੱਚ ਸਕਿਆ ਸਾਡੇ ਆਪਣੇ ਜ਼ਿਲ੍ਹੇ ਦੇ ਵਿਚ ਇਕ ਬਦਨਾਮ ਕਿਸਮ ਦਾ ਅਤਿਵਾਦੀ ਸੀ, ਜਿਸ ਨੂੰ ਬਾਬਾ ਜੈਲੇ ਦੇ ਨਾਮ ਨਾਲ ਜਾਣਿਆ ਜਾਂਦਾ ਰਿਹਾ ਹੈ, ਜਿਸ ਨੇ ਸੈਂਕੜੇ ਲੋਕਾਂ ਦੀਆਂ ਜਾਨਾਂ ਲਈਆਂ ਔਰ ਉਨ੍ਹਾਂ ਦੀਆਂ ਬਹੂ-ਬੇਟੀਆਂ ਦੀ ਇਜ਼ਤ ਨਾਲ ਖਿਲਵਾੜ ਕੀਤਾ। ਜੇਕਰ ਅਸੀਂ ਵਖੀਏ ਤਾਂ ਪਤਾ ਲਗਦਾ ਹੈ ਕਿ ਉਨ੍ਹਾਂ ਦੀ ਲੌਂਗੋਵਾਲ ਅਕਾਰਡ ਨਾਲ ਕੋਈ ਹਮਦਰਦੀ ਨਹੀਂ। ਜੇਕਰ ਹਮਦਰਦੀ ਹੁੰਦੀ ਤਾਂ ਉਨ੍ਹਾਂ ਨੇ ਸਭ ਤੋਂ ਪਹਿਲਾਂ ਲੌਂਗੋਵਾਲ ਦੀ ਜਾਨ ਕਿਉਂ ਲਈ। ਅਸਲ ਵਿਚ ਇਹ ਉਹ ਲੋਕ ਸਨ, ਜਿਨ੍ਹਾਂ ਦੀ ਡਿਊਟੀ ਕਿਸੇ ਹੋਰ ਏਜੰਸੀ ਨੇ ਲਗਾਈ ਸੀ ਇਨ੍ਹਾਂ ਕੰਮਾਂ ਵਾਸਤੇ। ਮੈਂ ਉਸ ਜ਼ਿਲ੍ਹੇ ਦਾ ਰਹਿਣ ਵਾਲਾ ਹਾਂ ਜਿਸ ਜ਼ਿਲ੍ਹੇ ਵਿਚ ਕਦੇ ਅਸੀਂ ਫਖਰ ਨਾਲ ਕਹਿ ਸਕਦੇ ਸੀ ਕਿ ਸਾਡੇ ਜ਼ਿਲ੍ਹੇ ਰੋਪੜ ਵਿਚ ਚੱਪੇ ਚੱਪੇ ਤੇ ਨੀਲੇ ਘੋੜੇ ਦੀ ਚਾਲ ਦੀ ਅਵਾਜ਼ ਆਉਂਦੀ ਸੀ, ਅੱਜ ਉਸ ਜ਼ਿਲ੍ਹੇ ਨੂੰ ਵੇਖ ਕੇ ਸਿਰ ਸ਼ਰਮਿੰਦਗੀ ਨਾਲ ਝੁਕ ਜਾਂਦਾ ਹੈ। ਜਿਨ੍ਹਾਂ ਪਿੰਡਾਂ ਵਿਚ ਚੱਪੇ ਚੱਪੇ ਤੇ ਨੀਲੇ ਘੋੜੇ ਦੀ ਅਵਾਜ਼ ਆਉਂਦੀ ਸੀ ਅੱਜ ਉਨ੍ਹਾਂ ਪਿੰਡਾਂ ਦੇ ਵਿਚੋਂ ਕੋਈ ਵੀ ਮੁਖੀਆ ਇਹ ਨਹੀਂ ਕਹਿ ਸਕਦਾ ਕਿ ਉਸ ਦੀ ਕਿਸੇ ਧੀ ਭੈਣ ਦੀ ਇਜ਼ਤ ਬਚੀ ਹੋਵੇ। ਸਪੀਕਰ ਸਾਹਿਬ, ਇਨ੍ਹਾਂ ਲੋਕਾਂ ਨੇ ਧੜਾ ਧੜ ਲੋਕਾਂ ਦੀਆਂ ਧੀਆਂ ਭੈਣਾਂ ਦੀ ਇਜ਼ਤ ਲੁਟੀ। ਮੈਨੂੰ ਇਕ ਕਿੱਸਾ ਯਾਦ ਆਉਂਦਾ ਹੈ ਕਿ ਦੋ ਭਰਾਵਾਂ ਦਾ ਆਪਸ ਵਿਚ ਜ਼ਮੀਨਾ ਦਾ ਝਗੜਾ ਸੀ। ਕੁਝ ਲੋਕਾਂ ਨੇ ਬਦੋਬਦੀ ਉਸ ਝਗੜੇ ਵਿਚ ਐਂਟਰ ਹੋ ਕੇ ਉਸ ਝਗੜੇ ਨੂੰ ਵਧਾਇਆ ਉਸ ਵਿਚ ਇਕ ਭਰਾ ਦੀ ਬੇਟੀ ਜਿਹੜੀ ਬੜੀ ਖੂਬਸੂਰਤ ਸੀ, ਉਸ ਨੂੰ ਚੁਕ ਕੇ ਲੈ ਗਏ ਉਸ ਦੀ ਇਜ਼ਤ ਲੁਟੀ ਫਿਰ ਬਾਅਦ ਵਿਚ ਉਸ ਨੂੰ ਇਨਸਾਫ ਦਿਵਾਉਣ ਲਈ ਇਕ ਬਾਬੇ ਕੋਲ ਲੈ ਗਏ ਉਸ ਬਾਬੇ ਨੇ ਕੀ ਇਨਸਾਫ ਦਿੱਤਾ ਕਿ ਉਹ ਲੜਕੀ ਨੂੰ ਭਤੀਜੇ ਨਾਲ ਹਰਿਆਣੇ ਵਿਚ ਜਿਸ ਦਾ ਫਾਰਮ ਹੈ ਉਥੇ ਭੇਜ ਦਿੱਤਾ। ਉਥੇ ਵੀ ਉਸ ਦਾ ਬੁਰਾ ਹਾਲ ਕੀਤਾ। ਜਦੋਂ ਕੁਝ ਸਮੇਂ ਬਾਅਦ ਉਸ ਲੜਕੀ ਨੇ ਉਥੋਂ ਭਜਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੂੰ ਇਕ ਅਤਿਵਾਦੀ ਦੇ ਹਵਾਲੇ ਕਰ ਦਿੱਤਾ ਔਰ ਬਾਅਦ ਵਿਚ ਉਸ ਲੜਕੀ ਨੂੰ ਮਾਰ ਦਿੱਤਾ ਗਿਆ। ਬਾਅਦ ਵਿਚ ਉਸ ਦੇ ਦੁਖਾਂ ਦੀ ਕਹਾਣੀ ਪਤਾ ਲਗੀ। ਅਜਿਹੇ ਕਈ ਕੇਸ ਹੋਏ ਪਰ ਹਾਲਾਤ ਨਹੀਂ ਸੁਧਰੇ। ਜਦੋਂ ਸੰਤ ਲੌਂਗੋਵਾਲ ਅਕਾਰਡ ਹੋਇਆ ਸੀ ਤਾਂ ਉਸ ਵੇਲੇ ਇਨ੍ਹਾਂ ਨੂੰ ਹਥਿਆਰ ਸੁਟ ਦੇਣੇ ਚਾਹੀਦੇ ਸੀ ਔਰ ਮੇਜ਼ ਤੇ ਗੱਲ ਕਰਨੀ ਚਾਹੀਦੀ ਸੀ। ਇਨ੍ਹਾਂ ਦੀ ਬਰਨਾਲਾ ਸਰਕਾਰ ਵੀ ਇਥੇ ਬਣੀ। ਭਾਰਤ ਸਰਕਾਰ ਦੀ ਸ਼ਹਿ ਤੇ ਹੀ ਉਹ ਅਕਾਲੀ ਸਰਕਾਰ ਇਥੇ ਬਣੀ ਸੀ ਹਾਲਾਂਕਿ 1984 ਵਿਚ ਸੈਂਟਰ ਸਰਕਾਰ ਦੀ ਕਮਰ ਤੋੜੀ ਗਈ ਸੀ ਪਰ ਫਿਰ ਵੀ ਇਥੇ ਹਾਲਾਤ ਠੀਕ ਕਰਨ ਲਈ ਇਨ੍ਹਾਂ ਨਾਲ ਇਕ ਐਗਰੀਮੈਂਟ ਹੋਇਆ ਪਰ ਕੁਝ ਸ਼ਕਤੀਆਂ ਉਸ ਅਕਾਰਡ ਨੂੰ ਸਿਰੇ ਨਹੀਂ ਸੀ ਚੜ੍ਹਨ ਦੇਣਾ ਚਾਹੁੰਦੀਆਂ। ਜਦੋਂ ਲੌਂਗੋਵਾਲ ਜੀ ਉਸ ਅਕਾਰਡ ਦੀ ਗੱਲ ਕਰਦੇ ਸੀ ਤਾਂ ਉਹ ਸ਼ਕਤੀਸ਼ਾਲੀ ਉਸ ਵਿਚ ਅੜਚਨਾ ਪਾਉਂਦੇ ਸਨ। ਜਦੋਂ ਫਿਰ ਬਰਨਾਲਾ ਸਾਹਿਬ ਦੀ ਸਰਕਾਰ ਬਣੀ ਤਾਂ ਉਸ ਨੇ ਉਸ ਅਕਾਰਡ ਨੂੰ ਸਿਰੇ ਚਾੜ੍ਹਨ ਦੀ ਬੜੀ ਕੋਸ਼ਿਸ਼ ਕੀਤੀ ਪਰ ਉਹ ਸ਼ਕਤੀਆਂ ਉਸ ਅਕਾਰਡ ਨੂੰ ਸਿਰੇ ਨਹੀਂ ਸੀ ਚੜ੍ਹਨ ਦਿੰਦੀਆਂ ਔਰ ਬਾਅਦ ਵਿਚ ਉਨ੍ਹਾਂ ਨੇ ਹਰਿਮੰਦਰ ਸਾਹਿਬ ਤੋਂ ਜਾ ਕੇ ਖਾਲਿਸਤਾਨ ਦਾ ਐਲਾਨ ਕਰ ਦਿੱਤਾ। ਜਦੋਂ ਫਿਰ ਬਰਨਾਲਾ ਸਾਹਿਬ ਨੇ ਫੋਰਸ ਭੇਜੀ ਤਾਂ ਉਹ ਸ਼ਕਤੀ ਉਸ ਪਾਰਟੀ ਵਿਚੋਂ ਹੀ ਅੱਡ ਹੋ ਗਈ। ਪਰ ਸਾਡੀ ਕਾਂਗਰਸ ਪਾਰਟੀ ਨੇ ਜਿਹੜੀ ਉਸ ਵੇਲੇ ਅਪੋਜ਼ੀਸ਼ਨ ਵਿਚ ਸੀ, ਉਸ ਨੇ ਬਰਨਾਲਾ ਸਾਹਿਬ ਨੂੰ ਸਪੋਰਟ ਕੀਤਾ ਕਿ ਕਿਤੇ ਕੋਈ ਗੱਲ ਬਣ ਜਾਵੇ ਪਰ ਉਸ ਸ਼ਕਤੀ ਨੇ ਕੋਈ ਗੱਲ ਨਹੀਂ ਬਣਨ ਦਿੱਤੀ। ਅੰਤ ਵਿਚ ਬਰਨਾਲਾ ਸਾਹਿਬ ਨੂੰ ਵੀ ਉਸ ਸ਼ਕਤੀ ਦੇ ਪਰੈਸ਼ਰ ਥਲੇ ਆਉਣਾ ਪਿਆ ਔਰ ਉਹ ਖੁਦ ਕਹਿਣ ਲਗੇ ਕਿ ਇਸ ਅਕਾਰਡ ਨੂੰ ਕੁਝ ਲੇਟ ਕੀਤਾ ਜਾਵੇ। ਸੋ, ਸਪੀਕਰ ਸਾਹਿਬ, ਜਦੋਂ ਇਨ੍ਹਾਂ ਦੀ ਸਰਕਾਰ ਬਣਦੀ ਹੈ ਤਾਂ ਇਹ ਚਲਾ ਨਹੀਂ ਸਕਦੇ ਔਰ

ਜਦੋਂ ਨਹੀਂ ਬਣਦੀ ਤਾਂ ਇਹ ਮੋਰਚੇ ਲਾ ਕੇ ਸਰਕਾਰ ਲਭਦੇ ਹਨ। ਇਨ੍ਹਾਂ ਦਾ ਉਹ ਹਾਲ ਹੈ; 'ਹਾਸੇ ਵਿਚ ਯਾਰ ਗਵਾਇਆ, ਹੰਝੂਆਂ ਵਿਚ ਲਭਦੀ ਫਿਰਾਂ' ਉਸ ਤੋਂ ਬਾਅਦ ਸਾਡੀ ਕਾਂਗਰਸ ਪਾਰਟੀ ਨੇ ਜਿਸ ਦੇ ਪ੍ਰਧਾਨ ਸਰਦਾਰ ਬਹਾਦੁਰ ਬੇਅੰਤ ਸਿੰਘ ਹਨ ਅੌਰ ਬੜੇ ਪੱਕੇ ਦ੍ਰਿੜ ਇਰਾਦੇ ਦੇ ਹਨ, ਉਨ੍ਹਾਂ ਨੇ ਇਨ੍ਹਾਂ ਸ਼ਕਤੀਆਂ ਦਾ ਮੁਕਾਬਲਾ ਕੀਤਾ। ਇਨ੍ਹਾਂ ਅੱਤਵਾਦੀਆਂ ਨੇ ਸਾਡੇ ਪਿਆਰੇ ਲੋਕਾਂ ਦੀਆਂ ਜਾਨਾਂ ਲਈਆਂ। ਹੁਣ ਹਾਲਾਤ ਸੁਧਰੇ ਹਨ। ਜਨਵਰੀ, 1991 ਦੇ ਅੰਕੜੇ ਦਸਦੇ ਹਨ ਕਿ 95 ਕਤਲ ਹੋਏ ਸਨ ਅਤੇ ਜਨਵਰੀ, 1992 ਦੇ ਅੰਕੜੇ ਦਸਦੇ ਹਨ ਕਿ ਕੇਵਲ 2 ਕਤਲ ਹੋਏ ਹਨ। ਤੁਸੀਂ ਖੁਦ ਦੇਖ ਸਕਦੇ ਹੋ ਕਿ ਪੰਜਾਬ ਵਿਚ ਕਿੰਨੇ ਹਾਲਾਤ ਸੁਧਰ ਗਏ ਹਨ। ਪੰਚਾਇਤਾਂ ਦੀਆਂ ਇਲੈਕਸ਼ਨਾਂ ਵਿਚ 82 ਪ੍ਰਤੀਸ਼ਤ ਵੋਟਾਂ ਪਈਆਂ ਇਥੋਂ ਪਤਾ ਲਗਦਾ ਹੈ ਕਿੰਨਾ ਪੰਜਾਬ ਵਿਚ ਸੁਧਾਰ ਹੋਇਆ ਹੈ। ਫਤਿਹਗੜ੍ਹ ਸਾਹਿਬ ਵਿਖੇ ਪਿਛਲੇ 10 ਸਾਲਾਂ ਤੋਂ ਸਰਦਾਰ ਗੁਰਚਰਨ ਸਿੰਘ ਟੌਹੜਾ ਪਾਲਕੀ ਸਾਹਿਬ ਦੇ ਨਾਲ ਨਹੀਂ ਚਲ ਸਕੇ, ਉਹ ਇਸ ਸਾਲ ਪਾਲਕੀ ਦੇ ਨਾਲ ਹਾਲਾਤ ਠੀਕ ਹੋਣ ਕਰਕੇ ਹੀ ਚਲ ਸਕੇ ਹਨ। ਲੋਕਤੰਤਰ ਦੀ ਬਹਾਲੀ ਸਾਡੀ ਸਰਕਾਰ ਨੇ ਕੀਤੀ ਹੈ। ਪੰਚਾਇਤਾਂ ਅਤੇ ਮਿਊਂਸਪਲ ਕਮੇਟੀਜ਼ ਦੀਆਂ ਇਲੈਕਸ਼ਨਾਂ ਕਰਵਾ ਕੇ ਸਰਕਾਰ ਨੇ ਲੋਕਤੰਤਰ ਦੀ ਬਹਾਲੀ ਹੇਠਲੇ ਲੈਵਲ ਤੱਕ ਕਰ ਦਿੱਤੀ ਹੈ।

ਬਾਕੀ, ਸਪੀਕਰ ਸਾਹਿਬ, ਪੰਜਾਬ ਦਾ ਆਰਥਿਕ ਢਾਂਚਾ ਖਰਾਬ ਪਿਆ ਸੀ ਅਤੇ ਖਜ਼ਾਨਾ ਖਾਲੀ ਪਿਆ ਸੀ ਉਸ ਦੇ ਵਿਚ ਸੁਧਾਰ ਸਾਡੇ ਅਰਥ ਸ਼ਾਸਤਰੀ ਖਜ਼ਾਨਾਂ ਮੰਤਰੀ ਡਾਕਟਰ ਕੇਵਲ ਕ੍ਰਿਸ਼ਨ ਜੀ ਨੇ ਲਿਆਂਦਾ ਹੈ। ਇਸੇ ਤਰ੍ਹਾਂ ਖੇਤੀਬਾੜੀ ਦੇ ਵਿਚ ਕਾਫੀ ਸੁਧਾਰ ਲਿਆਂਦੇ ਹਨ ਅਤੇ ਇਸ ਵਿੱਚ ਤਰੱਕੀ ਹੋ ਰਹੀ ਹੈ। ਕਣਕ ਦੇ ਭਾਅ ਵਿਚ 100 ਰੁਪਏ ਦਾ ਵਾਧਾ ਕੀਤਾ ਹੈ। ਇਸ ਸਾਲ ਇਸ ਦੇ ਜੋ ਭਾਅ ਮਿੱਥੇ ਗਏ ਹਨ ਇਹ 275, 280 ਰੁਪਏ ਕੁਇੰਟਲ ਮਿੱਥੇ ਗਏ ਹਨ ਅਤੇ 55 ਰੁਪਏ ਦਾ ਵਾਧਾ ਕੀਤਾ ਹੈ। ਜਿਹੜੀ ਕਿਸਾਨਾਂ ਨੂੰ ਸਬਸਿਡੀ ਦਿੱਤੀ ਜਾਂਦੀ ਹੈ ਇਹ ਵੱਡੇ ਕਿਸਾਨਾਂ ਨੂੰ ਚਲੀ ਜਾਂਦੀ ਹੈ। ਇਸ ਸਬਸਿਡੀ ਦੇ ਤਰੀਕੇ ਨੂੰ ਸਹੀ ਢੰਗ ਨਾਲ ਅਖਤਿਆਰ ਕਰਕੇ ਛੋਟੇ ਕਿਸਾਨਾਂ ਤੱਕ ਸਬਸਿਡੀ ਦਾ ਫਾਇਦਾ ਪਹੁੰਚਾਉਣਾ ਚਾਹੀਦਾ ਹੈ।

ਇੰਡਸਟਰੀ ਦੇ ਖੇਤਰ ਵਿਚ ਕਾਫੀ ਸੁਧਾਰ ਹੋਇਆ ਹੈ ਅਤੇ ਇਥੇ 4121 ਯੂਨਿਟ ਨਵੇਂ ਲਗਾਏ ਗਏ ਹਨ ਅਤੇ ਇਸ ਦੇ ਵਿਚ 14,900 ਬੰਦਿਆਂ ਨੂੰ ਅਸਿੱਧੇ ਤੌਰ ਤੇ ਰੁਜ਼ਗਾਰ ਮਿਲਿਆ ਹੈ। ਇਸ ਤੋਂ ਇਲਾਵਾ 8 ਵੱਡੇ ਯੂਨਿਟਸ ਲਗ ਰਹੇ ਹਨ ਜਿਸ ਦੇ ਵਿਚ 1850 ਲੋਕਾਂ ਨੂੰ ਰੁਜ਼ਗਾਰ ਮਿਲੇਗਾ। 14 ਨਵੇਂ ਫੋਕਲ ਪੁਆਇੰਟਾਂ ਦੀ ਗੱਲ ਕੀਤੀ ਗਈ ਹੈ। ਪਿਛਲੇ ਸਮੇਂ ਵਿਚ ਇੰਡਸਟਰੀ ਦੀ ਹਾਲਾਤ ਇਹ ਸੀ ਕਿ ਮੈਂ ਤੁਹਾਨੂੰ ਮੋਹਾਲੀ ਦੀ ਗੱਲ ਦਸਦਾ ਹਾਂ ਕਿ ਇਥੇ ਪਹਿਲੇ ਦਿਨ ਰਾਤ ਬੰਦ ਹੁੰਦੇ ਸਨ, ਦਿਨ ਰਾਤ ਫੈਕਟਰੀਆਂ ਮੁਹਾਲੀ ਵਿਚ ਬੰਦ ਰਹਿੰਦੀਆਂ ਸਨ। ਲਾਅ ਐਂਡ ਆਰਡਰ ਵਿਚ ਸੁਧਾਰ ਹੋਣ ਕਰਕੇ ਲੋਕਾਂ ਵਿਚ ਬੜੀ ਖੁਸ਼ੀ ਦੀ ਲਹਿਰ ਆਈ ਹੈ ਅਤੇ ਮੁਹਾਲੀ ਵਿਚ ਹਾਲਾਤ ਵਿਚ ਸੁਧਾਰ ਹੋਣ ਕਰਕੇ ਫੈਕਟਰੀਆਂ ਚਲ ਰਹੀਆਂ ਹਨ ਅਤੇ ਬੰਦੇ ਜਿਹੜੇ ਪਹਿਲੇ ਹੁੰਦੇ ਸਨ ਉਹ ਖ਼ਤਮ ਹੋ ਗਏ ਹਨ।

ਸਿੰਚਾਈ ਅਤੇ ਪਾਵਰ ਦੇ ਬਾਰੇ ਮੈਂ ਦਸਦਾ ਹਾਂ ਕਿ ਥਰਮਲ ਪਲਾਂਟ ਵਿਚ 5ਵਾਂ ਯੂਨਿਟ ਹੁਣ ਚਾਲੂ ਹੋ ਗਿਆ ਹੈ ਅਤੇ 6ਵੇਂ ਯੂਨਿਟ ਨੂੰ ਚਾਲੂ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਯਮੁਨਾ ਨਹਿਰ ਦੇ ਪਾਣੀ ਵਿਚ ਪਹਿਲੀ ਵਾਰੀ ਸਾਡੇ ਮੁੱਖ ਮੰਤਰੀ ਸਾਹਿਬ ਨੇ ਹੌਸਲਾ ਕਰਕੇ ਦਿੱਲੀ ਵਿਚ ਪੰਜਾਬ ਦੇ ਹਿੱਸੇ ਦੀ ਗੱਲ ਕੀਤੀ ਹੈ ਅਤੇ ਮੰਗ ਕੀਤੀ ਹੈ ਕਿ ਸਾਨੂੰ ਇਸ ਯਮੁਨਾ ਦੇ ਪਾਣੀ ਵਿਚੋਂ ਹਿੱਸਾ ਮਿਲਣਾ ਚਾਹੀਦਾ ਹੈ।

[ਸਰਦਾਰ ਹਰਨੇਕ ਸਿੰਘ ਘੜੂੰਆਂ]

ਇਸੇ ਤਰ੍ਹਾਂ ਲੋਕ ਨਿਰਮਾਣ ਦੀ ਗੱਲ ਹੈ। ਜਦੋਂ ਕੋਈ ਕਾਰ ਜਾਂ ਸਕੂਟਰ ਚੰਡੀਗੜ੍ਹ ਤੋਂ ਪੰਜਾਬ ਵਿਚ ਐਂਟਰ ਕਰਦਾ ਸੀ ਅਤੇ ਝਟਕੇ ਮਾਰਨੇ ਸ਼ੁਰੂ ਕਰ ਦਿੰਦਾ ਸੀ ਤਾਂ ਇਹ ਸਮਝਿਆ ਜਾਂਦਾ ਸੀ ਕਿ ਪੰਜਾਬ ਵਿਚ ਅਸੀਂ ਐਂਟਰ ਕਰ ਗਏ ਹਾਂ, ਮੁਹਾਲੀ ਵਿਚ ਐਂਟਰ ਕਰ ਗਏ ਹਾਂ। ਇਸ ਤੋਂ ਪਤਾ ਲਗਦਾ ਹੈ ਕਿ ਸੜਕਾਂ ਦੀ ਇਸ ਸਰਕਾਰ ਦੇ ਆਉਣ ਤੋਂ ਪਹਿਲਾਂ ਕਿੰਨੀ ਮਾੜੀ ਹਾਲਤ ਸੀ ਅਤੇ ਅਸੀਂ ਇਸ ਦੇ ਵਿਚ ਕਾਫੀ ਮਾਤਰਾ ਵਿਚ ਹੁਣ ਸੁਧਾਰ ਲਿਆਂਦੇ ਹਨ। ਸੜਕਾਂ ਦੀ ਮੁਰੰਮਤ ਕੀਤੀ ਹੈ ਅਤੇ ਨਵੀਆਂ ਸੜਕਾਂ ਬਣਾ ਰਹੇ ਹਾਂ। ਹੁਣ ਤੁਸੀਂ ਮੁਹਾਲੀ ਅਤੇ ਸ਼ੰਭੂ ਬੈਰੀਅਰ ਤੇ ਜਾ ਕੇ ਦੇਖੋ ਤਾਂ ਤੁਹਾਨੂੰ ਪਤਾ ਲਗੇਗਾ ਕਿ ਸੜਕਾਂ ਦੀ ਹਾਲਤ ਕਿੰਨੀ ਠੀਕ ਹੋ ਗਈ ਹੈ ਅਤੇ ਉਹ ਸਾਡਾ ਖੂਬਸੂਰਤੀ ਨਾਲ ਸਵਾਗਤ ਕਰਦੀਆਂ ਹਨ।

ਇਸੇ ਤਰ੍ਹਾਂ ਸਭਿਆਚਾਰਕ ਮਾਮਲੇ ਵਿਚ ਅਸੀਂ ਬਹੁਤ ਤਰੱਕੀ ਕੀਤੀ ਹੈ। ਹੁਣ ਵਿਆਹ ਸ਼ਾਦੀਆਂ ਵਿਚ ਫਿਰ ਰੌਣਕ ਆਉਣ ਲਗ ਗਈ ਹੈ ਅਤੇ ਲੋਕ ਆਪਣੀ ਮਰਜ਼ੀ ਨਾਲ ਵਿਆਹ ਸ਼ਾਦੀਆਂ ਕਰ ਰਹੇ ਹਨ। ਇਸ ਦੇ ਵਿਚ ਲੋਕਾਂ ਨੂੰ ਰਾਹਤ ਮਿਲੀ ਹੈ। ਲੋਕਾਂ ਦੇ ਮੁੜ ਵਸੇਬੇ ਬਾਰੇ ਜਿਹੜੀਆਂ ਅੱਤਵਾਦੀਆਂ ਦੀਆਂ ਵਿਕਟਮ ਫੈਮਿਲੀਜ਼ ਸਨ, ਉਨ੍ਹਾਂ ਨੂੰ 1,500 ਰੁਪਏ ਦੀ ਪੈਨਸ਼ਨ ਦਿੱਤੀ ਜਾਂਦੀ ਹੈ ਅਤੇ ਉਨ੍ਹਾਂ ਦੇ ਬੱਚਿਆਂ ਦੀ ਸ਼ਾਦੀ ਦੇ ਲਈ 25,000 ਰੁਪਿਆ ਦਿੱਤਾ ਜਾਂਦਾ ਹੈ। (ਵਿਘਨ) ਸਪੀਕਰ ਸਾਹਿਬ, ਸੜਕਾਂ ਵਾਸਤੇ 35.38 ਕਰੋੜ ਰੁਪਿਆ ਰਖਿਆ ਗਿਆ ਹੈ। ਨੋਟੀਫਾਈਡ ਏਰੀਆ ਕਮੇਟੀਆਂ ਬਣਾਈਆਂ ਗਈਆਂ ਹਨ ਜੋ ਪੰਜਾਬ ਵਿੱਚ ਅੱਛੀ ਸੇਵਾ ਕਰਨਗੀਆਂ। ਟਰਾਂਸਪੋਰਟ ਵਿਭਾਗ ਬਾਰੇ ਵੀ ਸਰਕਾਰ ਨੇ ਬਹੁਤ ਅੱਛਾ ਕਦਮ ਉਠਾਇਆ ਹੈ। ਟਰੈਫਿਕ ਵਾਲੇ ਬਹੁਤ ਤੰਗ ਕਰਦੇ ਸਨ ਅਤੇ ਉਹ ਆਪਣੀਆਂ ਜੇਬਾਂ ਭਰਦੇ ਸਨ, ਉਹ ਸਿਸਟਮ ਹੁਣ ਖ਼ਤਮ ਕਰ ਦਿਤਾ ਗਿਆ ਹੈ। ਸਪੀਕਰ ਸਾਹਿਬ, ਨਵੇਂ ਜ਼ਿਲ੍ਹੇ ਪੰਜਾਬ ਦੇ ਬਣਾਏ ਗਏ ਹਨ ਜਿਥੇ ਕਿ ਜ਼ਰੂਰਤ ਸੀ। ਨਵਾਂ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਬਣਾਇਆ ਗਿਆ ਹੈ। ਉਥੇ ਦੋ ਬੱਚਿਆਂ ਨੇ ਦੇਸ਼ ਦੀ ਖਾਤਰ ਜਾਨ ਦਿਤੀ। ਪੰਜਾਬ ਸਰਕਾਰ ਨੇ ਇਹ ਇਕ ਅਹਿਮ ਕੰਮ ਕੀਤਾ ਹੈ। ਸਪੀਕਰ ਸਾਹਿਬ, ਸੈਰ ਸਪਾਟਾ ਮਹਿਕਮੇ ਲਈ 1.30 ਕਰੋੜ ਰੁਪਿਆ ਰਖਿਆ ਗਿਆ ਹੈ। ਜਦੋਂ ਅਸੀਂ ਦਿੱਲੀ ਜਾਂਦੇ ਹਾਂ ਤਾਂ ਰਸਤੇ ਵਿਚ ਹਰਿਆਣੇ ਨੂੰ ਕਰਾਸ ਕਰਦੇ ਹਾਂ (ਵਿਘਨ) ਇਹ ਜੋ ਰਕਮ ਪੰਜਾਬ ਸਰਕਾਰ ਵਲੋਂ ਰਖੀ ਗਈ ਹੈ ਇਹ ਇੱਕ ਬਹੁਤ ਹੀ ਚੰਗਾ ਕੰਮ ਕੀਤਾ ਗਿਆ ਹੈ।

ਸਪੀਕਰ ਸਾਹਿਬ, ਸਿਖਿਆ ਵਿਚ 200 ਪ੍ਰਾਇਮਰੀ ਸਕੂਲਾਂ ਨੂੰ ਮਿਡਲ, 100 ਮਿਡਲ ਸਕੂਲਾਂ ਨੂੰ ਹਾਈ ਅਤੇ 70 ਹਾਈ ਸਕੂਲਾਂ ਨੂੰ ਸੈਕੰਡਰੀ ਵਿਚ ਅਪਗਰੇਡ ਕਰਨਾ ਹੈ। ਜਿਥੇ ਅਸੀਂ ਸਕੂਲ ਅਪਗਰੇਡ ਕਰਨੇ ਹਨ, ਉਥੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਐਜੂਕੇਸ਼ਨ ਸਿਸਟਮ ਵਿਚ ਵੀ ਸੁਧਾਰ ਕਰਨ ਦੀ ਲੋੜ ਹੈ। ਉਹ ਛੋਟੇ ਛੋਟੇ ਬੱਚੇ ਵਿਚਾਰੇ ਬਹੁਤ ਭਾਰੀ ਬਸਤੇ ਚੁੱਕ ਕੇ ਸਕੂਲ ਲੈ ਕੇ ਜਾਂਦੇ ਹਨ। ਵਿਦਿਆਰਥੀ ਪੜ੍ਹਕੇ ਵਿਹਲੇ ਫਿਰਦੇ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਕਿਤੇ ਨੌਕਰੀਆਂ ਨਹੀਂ ਮਿਲਦੀਆਂ। ਉਨ੍ਹਾਂ ਵਿਦਿਆਰਥੀਆਂ ਨੂੰ ਅਜਿਹੀ ਸਿਖਿਆ ਦੇਣੀ ਚਾਹੀਦੀ ਹੈ ਜਿਸ ਨਾਲ ਵਿਦਿਆਰਥੀ ਪੜ੍ਹ ਕੇ ਨਾਲ ਦੀ ਨਾਲ ਰੋਜ਼ਗਾਰ ਵਿਚ ਲਗ ਸਕਣ।

ਸਪੀਕਰ ਸਾਹਿਬ, ਹਰ ਜ਼ਿਲ੍ਹਾ ਪੱਧਰ ਤੇ 1992-97 ਦੌਰਾਨ 10 ਬਿਸਤਰਿਆਂ ਵਾਲੇ ਆਯੂਰਵੈਦਿਕ ਹਸਪਤਾਲ ਖੋਲ੍ਹੇ ਜਾਣੇ ਹਨ ਅਤੇ 100 ਬਿਸਤਰਿਆਂ ਵਾਲਾ ਪਟਿਆਲਾ ਵਿਖੇ ਹੋਮੋਪੈਥੀ ਹਸਪਤਾਲ ਖੋਲ੍ਹਣ ਦੀ ਤਜਵੀਜ਼ ਹੈ। ਇਹ ਬੜੀ ਹੀ ਖੁਸ਼ੀ ਦੀ ਗੱਲ ਹੈ ਕਿ ਪੰਜਾਬ ਸਰਕਾਰ ਨੇ ਇਹ ਫੈਸਲਾ ਕੀਤਾ ਹੈ। ਲੋਕਾਂ ਦਾ ਵਿਸ਼ਵਾਸ ਹੈ ਕਿ ਐਲੋਪੈਥੀ ਇਲਾਜ ਨਾਲ ਕਈ ਸਾਈਡ ਇਫੈਕਟ ਹੋ

ਜਾਂਦੇ ਹਨ। ਇਸ ਤਰ੍ਹਾਂ ਦੇ ਹਸਪਤਾਲ ਖੋਲ੍ਹਣ ਦੇ ਨਾਲ ਪੰਜਾਬ ਦੇ ਲੋਕਾਂ ਦੀ ਵਧੀਆ ਸੇਵਾ ਹੋ ਸਕੇਗੀ ।

ਸਪੀਕਰ ਸਾਹਿਬ, ਦਿਹਾਤੀ ਵਿਕਾਸ ਵਿਚ ਸਰਦਾਰ ਬੇਅੰਤ ਸਿੰਘ ਮੁੱਖ ਮੰਤਰੀ ਜੀ ਨੇ ਪਿੰਡਾਂ ਅਤੇ ਸ਼ਹਿਰਾਂ ਦੀ ਦੂਰੀ ਨੂੰ ਘਟਾਇਆ ਹੈ। ਦਿਹਾਤੀ ਵਿਕਾਸ ਸਕੀਮਾਂ ਲਈ ਕਰੋੜਾਂ ਰੁਪਏ ਰਖੇ ਗਏ ਹਨ। ਪੰਜਾਬ ਸਰਕਾਰ ਵਲੋਂ ਨਵੀਆਂ ਸਕੀਮਾਂ ਚਾਲੂ ਕੀਤੀਆਂ ਗਈਆਂ ਹਨ। ਇਹ ਬੜਾ ਹੀ ਪੰਜਾਬ ਸਰਕਾਰ ਦਾ ਸ਼ਲਾਘਾਯੋਗ ਕੰਮ ਹੈ।

ਸਪੀਕਰ ਸਾਹਿਬ, ਹੁਣ ਮੈਂ ਆਪਣੇ ਹਲਕੇ ਦੀ ਗੱਲ ਕਰ ਰਿਹਾ ਹਾਂ। ਮੇਰੇ ਹਲਕੇ ਵਿਚ ਡੂੰਘੇ ਟਿਊਬਵੈਲ ਪਾਣੀ ਵਾਲੇ ਬਹੁਤ ਘੱਟ ਹਨ। ਇਸ ਦੇ ਬਾਰੇ ਪੰਜਾਬ ਸਰਕਾਰ ਨੂੰ ਪ੍ਰਬੰਧ ਕਰਨਾ ਚਾਹੀਦਾ ਹੈ। ਮੋਹਾਲੀ ਵਿਚ ਸ਼ਹਿਰਾਂ ਵਾਂਗ ਔਰ ਚੰਡੀਗੜ੍ਹ ਪੈਟਰਨ ਤੇ ਲੋਕਾਂ ਨੂੰ ਉਥੇ ਵਸਾਇਆ ਜਾਵੇ। ਮੋਹਾਲੀ ਵਿਚ ਲੋਕਾਂ ਨੂੰ ਜੋ ਰੇੜੀਆਂ ਲਗਾਉਂਦੇ ਹਨ, ਚੰਡੀਗੜ੍ਹ ਵਾਂਗ ਰਿਆਇਤਾਂ ਦਿਤੀਆਂ ਜਾਣ। ਉਨ੍ਹਾਂ ਲਈ ਰਹਿਣ ਦਾ ਪ੍ਰਬੰਧ ਕੀਤਾ ਜਾਵੇ। ਅੰਤ ਵਿਚ, ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਗਵਰਨਰ ਸਾਹਿਬ ਦੇ ਭਾਸ਼ਣ ਤੇ ਬੋਲਣ ਦਾ ਮੌਕਾ ਦਿਤਾ ਹੈ। ਮੈਂ ਰਾਜਪਾਲ ਜੀ ਦੇ ਭਾਸ਼ਣ ਦੀ ਪੁਰਜ਼ੋਰ ਪ੍ਰੋੜਤਾ ਕਰਦਾ ਹਾਂ, ਜਿਸ ਵਿਚ ਪੰਜਾਬ ਦੇ ਲੋਕਾਂ ਵਾਸਤੇ ਪੰਜਾਬ ਦੀ ਭਲਾਈ ਵਾਸਤੇ ਜ਼ਿਕਰ ਕੀਤਾ ਗਿਆ ਹੈ। ਧੰਨਵਾਦ।

ਸਰਦਾਰ ਸ਼ਮਸ਼ੇਰ ਸਿੰਘ ਰਾਏ (ਚਮਕੌਰ ਸਾਹਿਬ, ਐਸ.ਸੀ.) : ਸਪੀਕਰ ਸਾਹਿਬ, ਮੈਂ ਆਪ ਜੀ ਦਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਗਵਰਨਰ ਐਡਰੈਸ ਤੇ ਬੋਲਣ ਦਾ ਮੌਕਾ ਦਿਤਾ ਹੈ। ਅਸੀਂ ਅੱਜ ਸਾਰੇ ਇਸ ਗੱਲ ਤੇ ਬੜੇ ਹੀ ਖੁਸ਼ ਹਾਂ ਕਿ ਪੰਜਾਬ ਦਾ ਮਾਹੌਲ ਠੀਕ ਹੋਇਆ ਹੈ। ਜਦੋਂ ਅਸੀਂ ਇਕ ਸਾਲ ਪਹਿਲਾਂ ਇਥੇ ਸਦਨ ਵਿਚ ਆ ਕੇ ਬੈਠੇ ਸੀ ਤਾਂ ਮਹਿਸੂਸ ਕਰਦੇ ਸਾਂ ਕਿ ਅਸੀਂ ਲੋਕਾਂ ਦੇ ਪ੍ਰਤੀਨਿਧ ਹਾਂ ਔਰ ਅਸੀਂ ਲੋਕਾਂ ਦੀ ਸੇਵਾ ਕਰਨੀ ਹੈ। ਇਹ ਸਾਡੀ ਸੋਚ ਬਣੀ ਹੋਈ ਸੀ। ਉਸ ਵੇਲੇ ਦੇ ਹਾਲਾਤ ਨੂੰ ਮਦੇ ਨਜ਼ਰ ਰਖਦੇ ਹੋਏ ਮੁੱਖ ਮੰਤਰੀ, ਸਰਦਾਰ ਬੇਅੰਤ ਸਿੰਘ ਜੀ, ਨੇ ਦਿਨ ਰਾਤ ਮਿਹਨਤ ਕਰਕੇ ਪੰਜਾਬ ਦੇ ਮਾਹੌਲ ਨੂੰ ਠੀਕ ਕੀਤਾ ਹੈ। ਸਪੀਕਰ ਸਾਹਿਬ, ਅਸੀਂ ਲੋਕਾਂ ਦੇ ਪ੍ਰਤੀਨਿਧ ਬਣਕੇ ਆਏ ਹਾਂ ਔਰ ਅਸੀਂ ਸਭ ਤੋਂ ਪਹਿਲਾਂ ਸੋਚਿਆ ਕਿ ਅਸੀਂ ਇਹ ਮਾਹੌਲ ਠੀਕ ਕਰਨਾ ਹੈ ਅਤੇ ਪੰਜਾਬ ਸਰਕਾਰ ਨੇ ਇਹ ਮਾਹੌਲ ਠੀਕ ਕੀਤਾ ਹੈ। (ਥੰਪਿੰਗ) ਜਿਸਦੇ ਨਾਲ ਅਸੀਂ ਇਹ ਮਹਿਸੂਸ ਕਰਦੇ ਹਾਂ ਕਿ ਅੱਜ ਅਸੀਂ ਵੱਧ ਤੋਂ ਵੱਧ ਆਪਣੇ ਲੋਕਾਂ ਦੀ ਸੇਵਾ ਕਰਨ ਵਿੱਚ ਕਾਮਯਾਬ ਹੋਏ ਹਾਂ। ਜਿਸ ਤਰ੍ਹਾਂ ਕਿ ਪਿਛਲੇ 10 ਸਾਲਾਂ ਤੋਂ ਇਹ ਇਕ ਤਰ੍ਹਾਂ ਦੀ ਦਹਿਸ਼ਤ ਛਾਈ ਹੋਈ ਸੀ ਕਿ ਅਸੀਂ ਸਵੇਰੇ ਪੁਲਿਸ ਨਾਲ ਘਰੋਂ ਬਾਹਰ ਇਲੈਕਸ਼ਨ ਕੰਪੇਨ ਨੂੰ ਨਿਕਲਦੇ ਸੀ ਤਾਂ ਸ਼ਾਮ ਨੂੰ 5.00 ਵਜੇ ਸਾਨੂੰ ਪੁਲਿਸ ਵਾਲੇ ਘਰ ਵਾੜ ਦਿੰਦੇ ਸਨ। ਅਸੀਂ ਕਿਸੇ ਦੇ ਘਰ ਨਹੀਂ ਸੀ ਦਾਖਲ ਹੋ ਸਕਦੇ, ਪੁਲਿਸ ਪਹਿਲਾਂ ਘਰ ਅੰਦਰ ਜਾਂਦੀ ਸੀ ਤਾਂ ਕਿ ਕੈਂਡੀਡੇਟ ਤੇ ਅਟੈਕ ਨਾ ਹੋ ਜਾਵੇ। ਮਾਹੌਲ ਬੜਾ ਖਤਰਨਾਕ ਸੀ ਅਤੇ ਏਨਾ ਖਤਰਨਾਕ ਸੀ ਕਿ ਉਸ ਨੂੰ ਬਦਲਣ ਦਾ ਸਿਰਫ ਸਾਡੇ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਜੀ, ਨੂੰ ਸਿਹਰਾ ਜਾਂਦਾ ਹੈ। ਅੱਜ ਅਸੀਂ ਦੇਖਦੇ ਹਾਂ ਕਿ ਇਕ ਦਿਨ ਦਾ ਅਤੇ ਇਕ ਰਾਤ ਦਾ ਫਰਕ ਪੈ ਚੁੱਕਾ ਹੈ। ਇਸ ਮਾਹੌਲ ਵਿੱਚ ਵੀ ਕਈ ਤਰ੍ਹਾਂ ਦੇ ਚੈਲੈਂਜ ਆਏ ਹਨ। ਦੂਸਰੀਆਂ ਪਾਰਟੀਆਂ ਵਿਚੋਂ ਸਾਡੇ ਅਕਾਲੀ ਭਰਾ ਸਨ ਜਿਹੜੇ ਇਸ ਗੱਲ ਤੇ ਕਹਿੰਦੇ ਸਨ ਕਿ ਤੁਸੀਂ ਇਲੈਕਸ਼ਨਾਂ ਤਾਂ ਲੜ ਕੇ ਆ ਗਏ ਹੋ ਪਰ ਪਿੰਡਾਂ ਵਿੱਚ ਵੜ ਕੇ ਦਿਖਾਉ। ਤੁਹਾਨੂੰ ਤਾਂ 20-25 ਪ੍ਰਤੀਸ਼ਤ ਵੋਟਾਂ ਮਿਲੀਆਂ ਹਨ। ਸਾਡੇ ਮੁੱਖ ਮੰਤਰੀ ਜੀ ਨੇ ਮੀਟਿੰਗ ਕੀਤੀ ਅਤੇ ਸਾਨੂੰ ਕਿਹਾ ਕਿ ਪਿੰਡਾਂ ਵਿੱਚ ਅਸੀਂ

[ਸਰਦਾਰ ਸ਼ਮਸ਼ੇਰ ਸਿੰਘ ਰਾਏ]

ਜਾਣਾ ਹੈ ਅਤੇ ਜਨ-ਸੰਪਰਕ ਪ੍ਰੋਗਰਾਮ ਸ਼ੁਰੂ ਕੀਤਾ। ਅਸੀਂ ਪਿੰਡਾਂ ਵਿੱਚ ਗਏ, ਸਾਨੂੰ ਲੋਕਾਂ ਦਾ ਹੁੰਗਾਰਾ ਮਿਲਿਆ। ਅਸੀਂ ਲੋਕਾਂ ਦੀਆਂ ਗੱਲਾਂ ਸੁਣੀਆਂ, ਉਨ੍ਹਾਂ ਨੇ ਸਾਡੀਆਂ ਗੱਲਾਂ ਸੁਣੀਆਂ। ਇਸ ਤਰ੍ਹਾਂ ਗੱਲ ਵਧਦੀ ਗਈ। ਅਕਾਲੀ ਪਾਰਟੀਆਂ ਚਾਹੁੰਦੀਆਂ ਸਨ ਕਿ ਇਹ ਮਾਹੌਲ ਨਾ ਸੁਧਰੇ। ਇਸ ਤੋਂ ਬਾਦ ਜਦੋਂ ਅਸੀਂ ਮਿਉਂਸਪਲ ਕਮੇਟੀਆਂ ਦੀਆਂ ਇਲੈਕਸ਼ਨਾਂ ਕਰਾਈਆਂ ਤਾਂ ਸਾਡੇ ਸਾਹਮਣੇ ਇਹ ਗੱਲ ਰੱਖ ਦਿੱਤੀ ਕਿ ਤੁਸੀਂ ਸ਼ਹਿਰਾਂ ਵਿੱਚ ਹੀ ਜਾ ਸਕਦੇ ਹੋ, ਪਿੰਡਾਂ ਵਿੱਚ ਜਾ ਕੇ ਦਿਖਾਓ। ਉਥੇ ਵੀ ਅਸੀਂ ਗਏ ਅਤੇ ਸਾਨੂੰ 80 ਪ੍ਰਤੀਸ਼ਤ ਵੋਟਾਂ ਪਈਆਂ। ਮਿਉਂਸਪਲ ਕਮੇਟੀਆਂ ਦੀਆਂ ਇਲੈਕਸ਼ਨਾਂ ਵਿੱਚ ਇਹ ਸਾਬਤ ਕਰਕੇ ਅਸੀਂ ਦਿਖਾ ਦਿੱਤਾ ਕਿ ਲੋਕ ਸਾਡੇ ਨਾਲ ਹਨ। ਅੱਜ ਮਿਉਂਸਪਲ ਕਮੇਟੀਆਂ ਦੀ ਪ੍ਰਧਾਨਗੀ ਤੇ 73 ਪ੍ਰਤੀਸ਼ਤ ਸਾਡਾ ਕਬਜ਼ਾ ਹੋਇਆ ਹੈ। ਇਸੇ ਤਰ੍ਹਾਂ ਸਾਨੂੰ ਵੰਗਾਰ ਹੋਈ ਕਿ ਪਿੰਡਾਂ ਵਿੱਚ ਜਾ ਕੇ ਦਿਖਾਓ। ਅਸੀਂ ਫੇਰ ਪੰਚਾਇਤਾਂ ਦੀਆਂ ਇਲੈਕਸ਼ਨਾਂ ਕਰਾਈਆਂ, ਜੋ ਸਰਦਾਰ ਬੇਅੰਤ ਸਿੰਘ ਨੇ ਬੜੀ ਬਹਾਦਰੀ ਨਾਲ ਕਰਾਈਆਂ। ਅਸੀਂ ਪਹਿਲਾਂ ਇਹ ਮਹਿਸੂਸ ਕਰ ਰਹੇ ਸੀ ਕਿ ਅਸੀਂ ਪਿੰਡਾਂ ਵਿੱਚ ਇਲੈਕਸ਼ਨਾਂ ਕਰਾਉਣ ਤਾਂ ਜਾ ਰਹੇ ਹਾਂ, ਪਤਾ ਨਹੀਂ ਇਨ੍ਹਾਂ ਦਾ ਕੀ ਹਸ਼ਰ ਹੋਵੇਗਾ, ਇਸ ਦਾ ਕੀ ਫੈਸਲਾ ਹੋਵੇਗਾ। ਸਾਰੇ ਹਿੰਦੁਸਤਾਨ ਦੀਆਂ ਹੀ ਨਹੀਂ ਬਲਕਿ ਸਾਰੀ ਦੁਨੀਆਂ ਦੀਆਂ ਨਜ਼ਰਾਂ ਇਨ੍ਹਾਂ ਵੱਲ ਲਗੀਆਂ ਹੋਈਆਂ ਸਨ ਕਿ ਇਲੈਕਸ਼ਨ ਕਾਮਯਾਬ ਵੀ ਹੋਣਗੇ ਜਾਂ ਨਹੀਂ, ਲੋਕ ਸਵੀਕਾਰ ਵੀ ਕਰਨਗੇ ਜਾਂ ਨਹੀਂ। ਇਸ ਗੱਲ ਦਾ ਸਿਹਰਾ ਸਰਦਾਰ ਬੇਅੰਤ ਸਿੰਘ ਨੂੰ ਜਾਂਦਾ ਹੈ ਕਿਉਂ ਕਿ ਪਿੰਡਾਂ ਵਿੱਚ ਵੀ 85 ਪ੍ਰਤੀਸ਼ਤ ਵੋਟਾਂ ਪਈਆਂ। ਉਹ ਇਸ ਕਰਕੇ ਪਈਆਂ ਕਿ ਲੋਕ ਚਾਹੁੰਦੇ ਸਨ ਕਿ ਹਿੰਦੁਸਤਾਨ ਵਿੱਚ, ਪੰਜਾਬ ਵਿੱਚ ਕਾਨੂੰਨ ਦੀ ਬਹਾਲੀ ਹੋਵੇ, ਅਤੇ ਉਹ ਬਹਾਲੀ ਹੋਈ। ਇਥੇ ਕਿਹਾ ਜਾਂਦਾ ਰਿਹਾ ਕਿ ਕੰਸਟੀਚਿਊਸ਼ਨ ਨੂੰ ਪਾੜ ਦਿੱਤਾ ਜਾਵੇ, ਹਿੰਦੁਸਤਾਨ ਦਾ ਕੋਈ ਸੰਵਿਧਾਨ ਨਹੀਂ ਮੰਨਣਾ, ਸਿੱਖਾਂ ਦਾ ਉਸ ਨਾਲ ਕੋਈ ਮਤਲਬ ਨਹੀਂ ਹੈ, ਉਨ੍ਹਾਂ ਨੇ ਇਸ ਵਿੱਚ ਨਹੀਂ ਰਹਿਣਾ ਪਰ ਪੰਜਾਬੀਆਂ ਨੇ ਇਹ ਸਾਬਤ ਕਰਕੇ ਦਿਖਾ ਦਿੱਤਾ ਕਿ ਉਹ ਹਿੰਦੁਸਤਾਨ ਦੇ ਨਾਲ ਹਨ, ਸੰਵਿਧਾਨ ਨੂੰ ਮੰਨਦੇ ਹਨ। ਇਸ ਸਾਰੇ ਮਾਹੌਲ ਨੂੰ ਬਦਲਣ ਦਾ ਸਿਹਰਾ ਸਰਦਾਰ ਬੇਅੰਤ ਸਿੰਘ ਨੂੰ ਜਾਂਦਾ ਹੈ ਅਤੇ ਨਾਲ ਦੀ ਨਾਲ ਸਮੁੱਚੇ ਪੰਜਾਬੀ ਭਰਾਵਾਂ ਨੂੰ ਜਾਂਦਾ ਹੈ ਜਿਨ੍ਹਾਂ ਨੇ ਇਕ ਆਵਾਜ਼ ਨਾਲ ਆਪਣੀ ਆਵਾਜ਼ ਮਿਲਾਈ। ਅਸੀਂ ਆਪੋਜ਼ੀਸ਼ਨ ਦੇ ਮੈਂਬਰ ਸਾਹਿਬਾਨ ਦਾ ਜਿਨ੍ਹਾਂ ਨੇ ਇਹ ਇਲੈਕਸ਼ਨਾਂ ਲੜੀਆਂ, ਉਨ੍ਹਾਂ ਦਾ ਵੀ ਧੰਨਵਾਦ ਕਰਦੇ ਹਾਂ ਕਿ ਉਹ ਸਾਡੇ ਨਾਲ ਚਲੇ। ਉਨ੍ਹਾਂ ਪਾਰਟੀਆਂ ਨੇ ਜਿਨ੍ਹਾਂ ਨੇ ਕਿ ਇਲੈਕਸ਼ਨਾਂ ਵਿੱਚ ਹਿੱਸਾ ਨਹੀਂ ਲਿਆ, ਅੱਜ ਪਛਤਾਉਂਦੀਆਂ ਹਨ। ਉਨ੍ਹਾਂ ਨੇ ਇਹ ਗੱਲ ਮਹਿਸੂਸ ਕਰਕੇ ਜਦੋਂ ਪੰਚਾਇਤਾਂ ਦੀਆਂ ਇਲੈਕਸ਼ਨਾਂ ਵਿੱਚ ਵੀ ਹਿੱਸਾ ਲਿਆ ਤਾਂ ਉਨ੍ਹਾਂ ਨੂੰ ਮੂੰਹ ਦੀ ਖਾਣੀ ਪਈ। ਅੱਜ ਉਹ ਕੋਈ ਵੀ ਗੱਲ ਬੋਲਣ ਤੋਂ ਅਸਮਰੱਥ ਹਨ। ਉਹ ਕੋਈ ਵੀ ਗੱਲ ਕਹਿਣ ਦੇ ਕਾਬਲ ਨਹੀਂ ਹਨ। ਜਿਸ ਤਰ੍ਹਾਂ ਕਿ ਇਲੈਕਸ਼ਨਾਂ ਵਿੱਚ ਸਾਡੇ ਕਈ ਆਪੋਜ਼ੀਸ਼ਨ ਦੇ ਮੈਂਬਰ ਸਾਹਿਬਾਨ ਨੇ ਦੱਸਿਆ ਹੈ ਕਿ ਕਈ ਵਧੀਕੀਆਂ ਹੋਈਆਂ ਅਸੀਂ ਉਨ੍ਹਾਂ ਨਾਲ ਬਿਲਕੁਲ ਸਹਿਮਤ ਨਹੀਂ ਹਾਂ। ਕਿਉਂਕਿ ਜੇ ਵਧੀਕੀਆਂ ਵਾਲੀ ਗੱਲ ਹੁੰਦੀ ਤਾਂ ਇਲੈਕਸ਼ਨਾਂ ਵਿਚ 85 ਪ੍ਰਤੀਸ਼ਤ ਵੋਟਾਂ ਨਾ ਪੈਂਦੀਆਂ। ਮੇਰੇ ਹਲਕੇ ਵਿਚ ਇਕ ਪਿੰਡ ਭੁਲਚੀ ਮਾਜਰਾ ਹੈ। ਉਥੇ ਇਕ ਪੁਲਿਸ ਵਾਲੇ ਨੇ ਇਕ ਸਰਪੰਚ ਨੂੰ ਚੁਕਿਆ, ਉਹ ਦੂਸਰੇ ਆਦਮੀ ਨੂੰ ਸਰਪੰਚ ਬਣਾਉਣਾ ਚਾਹੁੰਦਾ ਸੀ। ਜਦੋਂ ਮੈਨੂੰ ਇਸ ਗੱਲ ਦਾ ਪਤਾ ਲਗਾ ਤਾਂ ਮੈਂ ਇੰਟਰਵੀਨ ਕੀਤਾ। ਮੈਂ ਐਸ.ਐਸ.ਪੀ. ਅਤੇ ਡੀ.ਸੀ. ਨੂੰ ਕਿਹਾ ਕਿ ਅਸੀਂ ਇਹ ਕੰਮ ਨਹੀਂ ਹੋਣ ਦਿਆਂਗੇ। ਐਸ.ਡੀ.ਐਮ. ਨੇ ਉਹ ਇਲੈਕਸ਼ਨ ਪੋਸਟਪੋਨ ਕਰਵਾ ਦਿੱਤਾ। ਇਸ ਕਰਕੇ ਕੋਈ ਅਜਿਹੀ ਗੱਲ ਨਹੀਂ ਹੋਈ ਜਿਸ ਤੋਂ ਇਹ ਕਿਹਾ ਜਾ ਸਕੇ ਕਿ ਵਧੀਕੀ ਹੋਈ ਹੈ। ਅਸੀਂ ਵੀ ਇਹ ਗੱਲ ਮੰਨਦੇ ਹਾਂ ਕਿ ਜਿਹੜਾ ਇਲੈਕਸ਼ਨ ਹੈ, ਉਹ ਬਿਲਕੁਲ ਠੀਕ ਹੋਣਾ ਚਾਹੀਦਾ ਹੈ।

ਅਕਾਲੀ ਭਰਾ ਆਮ ਕਰਕੇ 'ਮੀਰੀ' ਤੇ 'ਪੀਰੀ' ਦੀ ਗੱਲ ਕਰਦੇ ਹਨ। ਮੀਰੀ ਤੇ ਪੀਰੀ ਦਾ ਮਤਲਬ ਇਹ ਨਿਕਲਦਾ ਹੈ ਕਿ ਧਰਮ ਅਤੇ ਸਿਆਸਤ ਇਕ ਹੈ, ਅੱਜ ਧਰਮ ਤੇ ਸਿਆਸਤ ਇਕੱਠੇ ਨਹੀਂ ਚਾਹੀਦੇ ਕਿਉਂਕਿ ਭਾਰਤ ਇਕ ਨਿਰਪੱਖ ਦੇਸ਼ ਹੈ। ਅਸੀਂ ਇਹ ਚਾਹੁੰਦੇ ਹਾਂ ਅਤੇ ਇਹ ਜੋ ਸਾਡੀ ਸਰਕਾਰ ਹੈ, ਇਹ ਵੀ ਇਸ ਗੱਲ ਤੇ ਜ਼ੋਰ ਦਿੰਦੀ ਹੈ ਕਿ ਧਰਮ ਦਾ ਸਿਆਸਤ ਨਾਲ ਕੋਈ ਤਾਅਲੁੱਕ ਨਹੀਂ ਹੋਣਾ ਚਾਹੀਦਾ। ਪਿਛੇ ਇਕ ਵਾਰ ਟੌਹੜਾ ਸਾਹਿਬ ਤੇ ਹਮਲਾ ਹੋਇਆ ਸੀ। ਟੌਹੜਾ ਸਾਹਿਬ ਧਾਰਮਿਕ ਮੁੱਖੀ ਹਨ। ਧਾਰਮਿਕ ਮੁੱਖੀ ਤੇ ਹਮਲਾ ਹੋਣ ਦਾ ਮਤਲਬ ਹੈ-ਧਰਮ ਤੇ ਹਮਲਾ। ਉਹ ਹਮਲਾ ਇਸ ਕਰਕੇ ਹੋਇਆ ਕਿਉਂਕੇ ਟੌਹੜਾ ਸਾਹਿਬ ਧਰਮ ਤੇ ਸਿਆਸਤ ਨੂੰ ਮਿਲਾਉਂਦੇ ਹਨ। ਇਸ ਕਰਕੇ ਮੈਂ ਸਾਰੀਆਂ ਪਾਰਟੀਆਂ ਨੂੰ ਅਤੇ ਖਾਸ ਤੌਰ ਤੇ ਬੀ.ਜੇ.ਪੀ. ਨੂੰ ਕਹਿੰਦਾ ਹਾਂ ਕਿ ਧਰਮ ਦੀ ਆੜ ਨਾ ਲਓ (ਥੰਪਿੰਗ) ਇਸ ਨਾਲ ਇਸ ਅੱਤਵਾਦ ਦਾ ਕੰਮ ਹੋਰ ਵਧੇਗਾ। (ਥੰਪਿੰਗ)। ਹੁਣ ਤੱਕ ਸਾਡੇ ਅਕਾਲੀ ਭਰਾ ਸਿਆਸਤ ਵਿਚ ਧਰਮ ਨੂੰ ਮਿਲਾਉਂਦੇ ਆਏ ਹਨ। ਉਨ੍ਹਾਂ ਦੀ ਇਸ ਗੱਲ ਦੇ ਵਿਰੁਧ ਬੀ.ਜੇ.ਪੀ. ਵਾਲੇ ਖੁਲ੍ਹੇ ਤੌਰ ਤੇ ਪਹਿਲਾਂ ਇਹ ਕਹਿੰਦੇ ਸਨ ਕਿ ਸਿੱਖਾਂ ਨੂੰ ਧਰਮ ਨੂੰ ਸਿਆਸਤ ਨਾਲੋਂ ਵੱਖ ਰੱਖਣਾ ਚਾਹੀਦਾ ਹੈ ਲੇਕਿਨ ਅੱਜ ਉਹ ਆਪ ਧਰਮ ਨੂੰ ਸਿਆਸਤ ਨਾਲ ਮਿਲਾਉਣ ਲੱਗ ਪਏ ਹਨ। ਇਸ ਕਰਕੇ ਕੋਈ ਅਜਿਹਾ ਕਾਨੂੰਨ ਚਾਹੀਦਾ ਹੈ ਤਾਂ ਜੋ ਧਰਮ ਨੂੰ ਸਿਆਸਤ ਨਾਲੋਂ ਵੱਖ ਰੱਖਿਆ ਜਾ ਸਕੇ।

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਪੁਆਇੰਟ ਆਫ ਆਰਡਰ, ਸਰ। ਜੋ ਕੁਝ ਇਹ ਕਹਿ ਰਹੇ ਹਨ, ਕੀ ਇਹ ਗਵਰਨਰ ਸਾਹਿਬ ਦੇ ਭਾਸ਼ਣ ਤੇ ਬੋਲ ਰਹੇ ਹਨ ? ਇਹ ਹੁਣ ਤੁਸੀਂ ਆਪ ਹੀ ਫੈਸਲਾ ਕਰ ਲਵੋ ਕਿ ਕੀ ਇਹ ਗਵਰਨਰ ਐਡਰੈਸ ਤੇ ਬੋਲ ਰਹੇ ਹਨ ?

ਸ੍ਰੀ ਸਪੀਕਰ : ਸਰਦਾਰ ਸ਼ਮਸ਼ੇਰ ਸਿੰਘ ਜੀ, ਕ੍ਰਿਪਾ ਕਰਕੇ ਆਪਣੀ ਸਪੀਚ ਨੂੰ ਗਵਰਨਰ ਐਡਰੈਸ ਤੱਕ ਹੀ ਸੀਮਿਤ ਰੱਖੋ। ਵਾਈਂਡ ਅੱਪ ਕਰਨ ਦੀ ਕੋਸ਼ਿਸ਼ ਕਰੋ।

ਸਰਦਾਰ ਸ਼ਮਸ਼ੇਰ ਸਿੰਘ ਰਾਏ : ਸਪੀਕਰ ਸਾਹਿਬ, ਮੈਂ ਲਾਅ ਐਂਡ ਆਰਡਰ ਬਾਰੇ ਹੀ ਬੋਲ ਰਿਹਾ ਸੀ। ਹੁਣ ਅਕਾਲੀ ਭਰਾਵਾਂ ਨੇ 14 ਤਰੀਕ ਨੂੰ ਜਲੰਧਰ ਵਿਚ ਕਾਨਫਰੰਸ ਰੱਖੀ ਹੈ। ਮੇਰਾ ਖਿਆਲ ਹੈ ਕਿ ਉਹ ਉਥੇ ਕੋਈ ਨਾ ਕੋਈ ਐਸੀ ਗੱਲ ਜ਼ਰੂਰ ਕਰਨਗੇ ਜਿਸ ਨਾਲ ਦੁਬਾਰਾ ਲਾਅ ਐਂਡ ਆਰਡਰ ਨੂੰ ਖ਼ਤਰਾ ਹੋ ਸਕਦਾ ਹੈ। ਅੱਜ ਜਲੰਧਰ ਵਿਚ ਵੀ. ਪੀ. ਸਿੰਘ ਅਤੇ ਚੰਦਰ ਸ਼ੇਖਰ ਨੂੰ ਬੁਲਾਇਆ ਗਿਆ ਹੈ। ਮੈਂ ਕਹਿੰਦਾ ਹਾਂ ਕਿ ਉਦੋਂ ਇਹ ਕਿਥੇ ਸਨ ਜਦੋਂ ਇਨ੍ਹਾਂ ਦਾ ਆਪ ਰਾਜਭਾਗ ਸੀ ?

ਸ੍ਰੀ ਸਪੀਕਰ : ਤੁਸੀਂ ਸਿਰਫ ਗਵਰਨਰ ਐਡਰੈਸ ਤੇ ਬੋਲੋ।

ਸਰਦਾਰ ਸ਼ਮਸ਼ੇਰ ਸਿੰਘ ਰਾਏ : ਸਪੀਕਰ ਸਾਹਿਬ, ਮੈਂ ਗਵਰਨਰ ਐਡਰੈਸ ਦੀ ਗੱਲ ਹੀ ਕਰ ਰਿਹਾ ਹਾਂ। ਅੱਜ ਪੰਜਾਬ ਦੇ ਕਿਸਾਨ ਨੇ ਹਰ ਪਾਸੇ ਤਰੱਕੀ ਕੀਤੀ ਹੈ ਕਿਉਂਕਿ ਲਾਅ ਐਂਡ ਆਰਡਰ ਦੀ ਸਥਿਤੀ ਵਿਚ ਬਹੁਤ ਸੁਧਾਰ ਹੋਇਆ ਹੈ। ਲਾਅ ਐਂਡ ਆਰਡਰ ਸਾਡੀ ਮੇਨ ਪ੍ਰਾਬਲਮ ਸੀ। ਸਰਕਾਰ ਨੇ ਪਿੰਡਾਂ ਵਿਚ ਉੱਨਤ ਗ੍ਰਾਮ ਸਕੀਮ ਅਧੀਨ ਪੈਸਾ ਦਿੱਤਾ। ਉਨ੍ਹਾਂ ਪਿੰਡਾਂ ਨੂੰ ਇਤਨਾ ਪੈਸਾ ਦਿੱਤਾ ਕਿ ਦੁਬਾਰਾ ਉਨ੍ਹਾਂ ਪਿੰਡਾਂ ਨੂੰ ਹੋਰ ਪੈਸਾ ਲੈਣ ਦੀ ਲੋੜ ਨਾ ਰਹੇ। ਲੋਕ ਇਸ ਗੱਲ ਤੋਂ ਬਹੁਤ ਖੁਸ਼ ਹਨ। ਇਸ ਤੋਂ ਇਲਾਵਾ ਸਰਕਾਰ ਨੇ ਕਈ ਨਵੀਆਂ ਇੰਸਟੀਚਿਊਸ਼ਨਜ਼ ਬਣਾਈਆਂ ਹਨ। ਨਵੇਂ ਜ਼ਿਲ੍ਹੇ ਬਣਾਏ ਹਨ, ਨਵੀਆਂ ਸਬ-ਡਿਵੀਜ਼ਨਾਂ ਬਣਾਈਆਂ ਹਨ। ਇਹ ਸਬ-ਡਿਵੀਜ਼ਨਾਂ ਅਤੇ ਜ਼ਿਲ੍ਹੇ ਬਣਾਉਣ ਨਾਲ ਵੀ ਲੋਕਾਂ ਨੂੰ ਬਹੁਤ ਰਾਹਤ ਮਿਲੀ ਹੈ। ਪਹਿਲਾਂ ਉਨ੍ਹਾਂ ਨੂੰ ਆਪਣੇ ਕੰਮਾਂ ਕਾਰਾਂ

[ਸਰਦਾਰ ਸ਼ਮਸ਼ੇਰ ਸਿੰਘ ਰਾਏ]

ਲਈ ਡਿਵੀਜ਼ਨ ਅਤੇ ਜ਼ਿਲ੍ਹਾ ਪੱਧਰ ਤੱਕ ਜਾਣ ਲਈ ਬੜਾ ਲੰਮਾ ਸਫਰ ਕਰਨਾ ਪੈਂਦਾ ਸੀ। ਹੁਣ ਉਨ੍ਹਾਂ ਨੂੰ ਬਹੁਤ ਸਹੂਲਤ ਮਿਲੀ ਹੈ। ਗਵਰਨਰ ਐਡਰੈਸ ਵਿਚ ਇਸ ਤਰ੍ਹਾਂ ਦੀਆਂ ਹੋਰ ਵੀ ਕਈ ਗੱਲਾਂ ਦਾ ਜ਼ਿਕਰ ਹੈ। ਗਵਰਨਰ ਸਾਹਿਬ ਦੇ ਐਡਰੈਸ ਵਿੱਚ ਜੋ ਗੱਲਾਂ ਹੋਈਆਂ ਹਨ, ਉਹ ਹਰ ਪੱਖੋਂ ਚੰਗੀਆਂ ਹੋਈਆਂ ਹਨ ਲੇਕਿਨ ਜਿਹੜੀ ਗੱਲ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਉਹ ਇਹ ਹੈ ਕਿ ਮੇਰਾ ਹਲਕਾ ਚਮਕੌਰ ਸਾਹਿਬ ਹੈ। ਸਭ ਤੋਂ ਵਡੀ ਗੱਲ ਉਥੇ ਪੁਲਾਂ ਦੀ ਪਰਾਬਲਮ ਹੈ। ਬਾਰਸ਼ਾਂ ਦੇ ਦਿਨਾਂ ਵਿੱਚ ਲੋਕਾਂ ਨੂੰ ਬਹੁਤ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਹੈ ਔਰ ਇਲਾਕਾ ਟੋਟਲੀ ਬਾਕੀ ਡਿਸਟ੍ਰਿਕਟ ਨਾਲੋਂ ਕਟ-ਆਫ ਹੋ ਜਾਂਦਾ ਹੈ। ਰੋਪੜ-ਚਮਕੌਰ ਸਾਹਿਬ ਵਿਖੇ ਦੋ ਪੁੱਲ ਪੈਂਦੇ ਹਨ। ਬੇਲਾ-ਰੋਪੜ ਇਕ ਪੁਲ, ਪੁਰਖਾਲੀ-ਰੋਪੜ ਵਾਸਤੇ ਇਕ ਪੁਲ ਦੀ ਬਹੁਤ ਜ਼ਰੂਰਤ ਹੈ। ਇਸ ਲਈ, ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਪੁਲਾਂ ਦੀ ਕੰਸ-ਟਰੱਕਸ਼ਨ ਜਲਦੀ ਤੋਂ ਜਲਦੀ ਕੀਤੀ ਜਾਵੇ ਤਾਂ ਕਿ ਲੋਕਾਂ ਦੀਆਂ ਮੁਸ਼ਕਲਾਂ ਠੀਕ ਹੋ ਸਕਣ। ਅੰਤ ਵਿੱਚ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਗਵਨਰ ਸਾਹਿਬ ਦੇ ਐਡਰੈਸ ਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਇਸ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ।

ਸਰਦਾਰ ਅਵਤਾਰ ਸਿੰਘ ਕਰੀਮਪੁਰੀ (ਮਾਹਿਲਪੁਰ, ਐਸ.ਸੀ.) : ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਹੀ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਪਵਿਤਰ ਸਦਨ ਅੰਦਰ ਗਵਰਨਰ ਸਾਹਿਬ ਦੇ ਐਡਰੈਸ ਤੇ ਬੋਲਣ ਲਈ ਸਮਾਂ ਦਿੱਤਾ ਹੈ। ਅਸੀਂ ਤਾਂ ਬੋਲਣ ਲਈ ਬੜੇ ਹੀ ਉਤਵਾਲੇ ਸੀ ਪਰ ਹੁਣ ਸਮਾਂ ਹੀ ਬਹੁਤ ਘੱਟ ਰਹਿ ਗਿਆ ਹੈ। ਚਲੋ ਇਸ ਲਈ ਤੁਹਾਡਾ ਧੰਨਵਾਦ।

ਸਪੀਕਰ ਸਾਹਿਬ, ਗਵਰਨਰ ਸਾਹਿਬ ਨੇ ਇਥੇ 22 ਫਰਵਰੀ ਨੂੰ ਜੋ ਭਾਸ਼ਣ ਦਿੱਤਾ ਹੈ ਮੈਂ ਔਰ ਸਾਡੀ ਪਾਰਟੀ, ਬਹੁਜਨ ਸਮਾਜ ਪਾਰਟੀ, ਗਵਰਨਰ ਸਾਹਿਬ ਦੇ ਭਾਸ਼ਣ ਨਾਲ ਬਿਲਕੁਲ ਸਹਿਮਤ ਨਹੀਂ ਹੈ ਕਿਉਂਕਿ ਇਸ ਭਾਸ਼ਣ ਦੇ ਅੰਦਰ ਸਮੁੱਚੇ ਪੰਜਾਬੀਆਂ ਦੇ ਭਲੇ ਲਈ ਕੋਈ ਗੱਲ ਨਹੀਂ ਕੀਤੀ ਸਭ ਤੋਂ ਜ਼ਿਆਦਾ ਲਾਅ ਐਂਡ ਆਰਡਰ ਤੇ ਜ਼ੋਰ ਦਿੱਤਾ ਗਿਆ ਹੈ। ਪੰਜਾਬ ਦੇ ਅੰਦਰ ਜੇ ਅਸੀਂ ਕਦੇ ਕਹਿੰਦੇ ਸੀ ਕਿ ਪੰਜਾਬੀ ਮਿਲੀਟੈਂਸੀ ਤੋਂ ਦੁਖੀ ਹਨ ਤਾਂ ਅੱਜ ਮੈਂ ਮਹਿਸੂਸ ਕਰਦਾ ਹਾਂ ਕਿ ਪਹਿਲਾਂ ਨਾਲੋਂ ਜ਼ਿਆਦਾ ਪਿੰਡਾਂ ਦੇ ਪਿੰਡ ਪੁਲਿਸ ਦੀਆਂ ਜ਼ਿਆਦਤੀਆਂ ਤੋਂ ਦੁਖੀ ਹਨ ਔਰ, ਸਪੀਕਰ ਸਾਹਿਬ, ਜੇਕਰ ਇਸ ਪੱਖ ਨੂੰ ਗੰਭੀਰਤਾ ਨਾਲ ਨਾ ਲਿਆ ਗਿਆ, ਡੱਟ ਕੇ ਨਾ ਵਿਚਾਰਿਆ ਗਿਆ ਔਰ ਪੁਲਿਸ ਦੀਆਂ ਜ਼ਿਆਦਤੀਆਂ ਨੂੰ ਜੋ ਕਿ ਦਿਨ-ਬ-ਦਿਨ ਵਧਦੀਆਂ ਹੀ ਜਾ ਰਹੀਆਂ ਹਨ ਇਨ੍ਹਾਂ ਨੂੰ ਨੱਥ ਨਾ ਪਾਈ ਗਈ ਤਾਂ ਪੰਜਾਬ ਤਬਾਹ ਹੋਵੇਗਾ। ਉਹ ਦਿਨ ਦੂਰ ਨਹੀਂ ਹੋਵੇਗਾ ਕਿ ਪੰਜਾਬ ਦੇ ਵਿੱਚ ਫਿਰ ਪਹਿਲਾਂ ਵਾਲੇ ਹੀ ਹਾਲਾਤ ਦੇਖਣ ਨੂੰ ਮਿਲਣਗੇ ਔਰ ਅੱਜ ਜੋ ਅਸੀਂ ਸਮਝ ਰਹੇ ਹਾਂ ਕਿ ਅਮਨ ਹੋ ਗਿਆ ਹੈ, ਪੰਜਾਬ ਦੇ ਵਿੱਚ ਲੋਕੀਂ ਅਮਨ ਵਿੱਚ ਜੀ ਰਹੇ ਹਨ ਤਾਂ, ਸਪੀਕਰ ਸਾਹਿਬ, ਇਹ ਸਰਕਾਰ ਦਾ ਭੁਲੇਖਾ ਹੈ। ਪੰਜਾਬ ਦੇ ਵਿੱਚ ਕੋਈ ਅਮਨ ਨਹੀਂ ਹੈ। ਅਸੀਂ ਜਦੋਂ ਸਵੇਰੇ ਉਠਦੇ ਹਾਂ ਤਾਂ ਸਾਡੇ ਤੋਂ ਪਹਿਲਾਂ ਹੀ ਸਾਡੇ ਇਲਾਕੇ ਦੇ ਲੋਕ, ਪਿੰਡਾਂ ਦੇ ਲੋਕ ਇਕੱਠੇ ਹੋ ਕੇ ਆਉਂਦੇ ਹਨ ਅਤੇ ਕਹਿੰਦੇ ਹਨ ਕਿ ਸਾਡੇ ਮੁੰਡੇ ਨੂੰ ਪੁਲਿਸ ਵਾਲੇ ਚੁੱਕ ਕੇ ਲੈ ਗਏ ਹਨ। ਔਰ ਇਹ ਵੀ ਪਤਾ ਨਹੀਂ ਲਗਦਾ ਕਿ ਉਹ ਪੁਲਿਸ ਕੌਣ ਸੀ ਔਰ ਕਿੱਥੋਂ ਦੀ ਸੀ। ਕਦੇ ਅਸੀਂ ਗੜ੍ਹਸ਼ੰਕਰ ਜਾਂਦੇ ਹਾਂ, ਕਦੇ ਆਦਮਪੁਰ ਪਰ ਪਤਾ ਨਹੀਂ ਲਗਦਾ ਕਿ ਡੀ.ਆਈ.ਜੀ. ਜਾਂ ਡੀ.ਜੀ.ਪੀ. ਕਿਸ ਨੂੰ ਅਪਰੋਚ ਕਰੀਏ। ਪਿੰਡਾਂ ਦੇ ਵਿੱਚ ਹਾਲਤ ਹਾਲੇ ਵੀ ਬਹੁਤ ਖ਼ਰਾਬ ਹੈ। ਇਸ ਲਈ ਪੁਲਿਸ ਦੀਆਂ ਵਧੀਕੀਆਂ ਨੂੰ ਜਲਦੀ ਤੋਂ ਜਲਦੀ ਰੋਕਿਆ ਜਾਣਾ ਚਾਹੀਦਾ ਹੈ।

ਸਪੀਕਰ ਸਾਹਿਬ, ਤੁਹਾਡੇ ਸਾਹਮਣੇ ਮਿਸਾਲ ਹੈ ਕਿ ਕਿਸ ਤਰ੍ਹਾਂ ਕੁਲਵੰਤ ਸਿੰਘ ਅਤੇ ਉਸ ਦੇ ਪਰਵਾਰ ਦੇ ਮੈਂਬਰਾਂ ਨੂੰ ਘਰੋਂ ਚੁੱਕਿਆ ਗਿਆ।

ਸ੍ਰੀ ਸਪੀਕਰ : ਕਰੀਮਪੁਰੀ ਜੀ, ਇਹ ਮਸਲਾ ਸਬ-ਜੁਡਿੱਸ ਹੈ। ਪਲੀਜ਼ ਤੁਸੀਂ ਇਸ ਨੂੰ ਅਵਾਇਡ ਕਰੋ।

ਸਰਦਾਰ ਅਵਤਾਰ ਸਿੰਘ ਕਰੀਮਪੁਰੀ : ਸਪੀਕਰ ਸਾਹਿਬ ਤੁਹਾਡੀ ਇਜ਼ਾਜਤ ਨਾਲ ਅਸੀਂ ਕੁਲਵੰਤ ਸਿੰਘ ਐਡਵੋਕੇਟ ਤੇ ਬੋਲਣ ਲੱਗੇ ਹਾਂ ਤੁਸੀਂ ਗਵਰਨਰ ਸਾਹਿਬ ਦੇ ਭਾਸ਼ਣ ਵੇਲੇ ਇਸ ਮੁੱਦੇ ਤੇ ਬੋਲਣ ਲਈ ਆਗਿਆ ਦਿੱਤੀ ਸੀ ਉਸੇ ਅਨੁਸਾਰ ਅਸੀਂ ਅੱਜ ਇਸ ਤੇ ਬੋਲਣ ਲੱਗੇ ਹਾਂ। ਸਪੀਕਰ ਸਾਹਿਬ, ਜਿਸ ਤਰੀਕੇ ਦੇ ਨਾਲ ਸਰਦਾਰ ਕੁਲਵੰਤ ਸਿੰਘ ਐਡਵੋਕੇਟ ਅਤੇ ਉਸਦੇ ਪਰਿਵਾਰ ਨੂੰ ਪੁਲਿਸ ਨੇ ਕਤਲ ਕੀਤਾ ਹੈ ਇਹ ਬਹੁਤ ਮਾੜੀ ਗੱਲ ਹੈ। ਇਸ ਤਰ੍ਹਾਂ ਦੇ ਗਲਤ ਕੰਮਾਂ ਨੂੰ ਰੋਕਣਾ ਚਾਹੀਦਾ ਹੈ। ਜੇ ਇਕ ਪੜ੍ਹੇ ਲਿਖੇ ਆਦਮੀ ਦੇ ਇਸ ਤਰ੍ਹਾਂ ਕਤਲ ਹੋਣ ਲੱਗਣ ਤਾਂ ਤੁਸੀਂ ਆਪ ਅੰਦਾਜ਼ਾ ਲਗਾ ਲਓ ਕਿ ਸਮੁੱਚੇ ਪੰਜਾਬੀਆਂ ਦਾ ਕੀ ਹਸ਼ਰ ਹੋਏਗਾ। ਸਾਨੂੰ ਇਹ ਗੱਲ ਨਜ਼ਰ-ਅੰਦਾਜ਼ ਨਹੀਂ ਕਰਨੀ ਚਾਹੀਦੀ।

ਇਸ ਤੋਂ ਅੱਗੇ, ਸਪੀਕਰ ਸਾਹਿਬ, ਹੁਸ਼ਿਆਰਪੁਰ ਦੇ ਵਿੱਚ ਸ਼ੇਰਗੜ੍ਹ ਵਿੱਚ ਜੋ ਘਟਨਾ ਵਾਪਰੀ ਇਸ ਬਾਰੇ ਵੀ ਸਭ ਨੂੰ ਪਤਾ ਹੈ। ਸਪੀਕਰ ਸਾਹਿਬ, ਸਾਡੀ ਸਰਕਾਰ ਕਹਿ ਰਹੀ ਹੈ ਕਿ ਅਸੀਂ ਪੰਜਾਬ ਦੇ ਵਿੱਚ ਅਮਨ ਪੈਦਾ ਕਰ ਦਿੱਤਾ ਹੈ ਔਰ ਅੱਤਵਾਦ ਨੂੰ ਕੰਟਰੋਲ ਕਰ ਲਿਆ ਹੈ ਪਰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਅੱਤਵਾਦ ਜਿਸ ਦੇ ਬਾਰੇ ਬਹੁਤ ਜ਼ਿਆਦਾ ਕਿਹਾ ਗਿਆ ਕਿ ਅਸੀਂ ਕੰਟਰੋਲ ਕਰ ਲਿਆ ਹੈ, ਸਪੀਕਰ ਸਾਹਿਬ, ਇਹ ਸਰਕਾਰ ਜੋ ਅੱਤਵਾਦ ਨੂੰ ਕੰਟਰੋਲ ਕਰ ਲੈਣ ਦਾ ਜੋ ਦਾਅਵਾ ਕਰਦੀ ਹੈ, ਇਹ ਠੀਕ ਨਹੀਂ ਹੈ। ਪਿੰਡਾਂ ਦੇ ਵਿੱਚ ਪੁਲਿਸ ਵਰਦੀ ਵਿੱਚ ਲੁੱਟਾਂ ਖੋਹਾਂ ਕਰਦੀ ਹੈ। ਪੁਲਿਸ ਵਰਦੀ ਵਿੱਚ ਲੁਟੇਰੇ ਲੋਕਾਂ ਨੂੰ ਤੰਗ ਕਰਦੇ ਹਨ। ਇਨ੍ਹਾਂ ਨੂੰ ਕਿਤੇ ਨਹੀਂ ਨੱਥ ਪਾਈ ਜਾ ਰਹੀ। ਅੱਜ ਪਿੰਡਾਂ ਦੇ ਪਿੰਡ ਦੁਖੀ ਹਨ। ਰੋਪੜ ਜ਼ਿਲ੍ਹੇ ਦੇ ਵਿੱਚ ਵੀ ਅਜਿਹੀ ਘਟਨਾ ਵਾਪਰੀ। ਆਪ ਇਹ ਦਾਅਵਾ ਕਰਦੇ ਹਾਂ ਕਿ ਸਰਕਾਰ ਨੇ ਪੰਜਾਬ ਵਿਚੋਂ ਅੱਤਵਾਦ ਚੁੱਕਿਆ ਹੈ। ਕਈ ਪਿੰਡਾਂ ਦੇ ਪਿੰਡਾਂ ਅਤੇ ਪਰਿਵਾਰ ਅਜਿਹੇ ਹਨ ਜਿਥੇ ਧੀਆਂ-ਭੈਣਾਂ ਦੀ ਬੇਪਤੀ ਕੀਤੀ ਗਈ। ਰੋਪੜ ਦੇ ਪਿੰਡ ਬੀਰੋਵਾਲ ਵਿੱਚ ਵਾਪਰੀ ਘਟਨਾ ਸਾਰਿਆਂ ਨੂੰ ਪਤਾ ਹੈ। ਉਥੇ ਲੜਕੀਆਂ ਦੀ ਬੇਪਤੀ ਕੀਤੀ ਗਈ। ਬਜ਼ੁਰਗਾਂ ਨੂੰ ਕੁੱਟਿਆ ਗਿਆ, ਪਰ ਕਾਰਵਾਈ ਕੋਈ ਨਹੀਂ ਹੋਈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸੀ.ਐਮ. ਸਾਹਿਬ ਨੂੰ ਕਨਵੇਅ ਕਰਨਾ ਚਾਹੁੰਦਾ ਹਾਂ ਕਿ ਪੰਜਾਬ ਦੇ ਲੋਕ ਅੱਜ ਬੜੇ ਕਨਫਿਊਜ਼ਡ ਹਨ ਅਤੇ ਸੋਚ ਰਹੇ ਹਨ ਕਿ ਪੰਜਾਬ ਦਾ ਮੁੱਖ ਮੰਤਰੀ, ਸਰਦਾਰ ਬੇਅੰਤ ਸਿੰਘ ਹੈ ਜਾਂ ਕਿ ਗਿੱਲ ਸਾਹਿਬ/ ਡੀ.ਜੀ.ਪੀ. ਹੈ। ਸਰਕਾਰ ਨੂੰ ਆਪਣੀ ਇਸ ਜ਼ਿੰਮੇਵਾਰੀ ਤੋਂ ਭੱਜਣਾ ਨਹੀਂ ਚਾਹੀਦਾ। ਜਿਥੇ ਸਰਕਾਰ ਨੇ ਲਾਅ ਐਂਡ ਆਰਡਰ ਦੀ ਹਾਲਤ ਤੇ ਕੰਟਰੋਲ ਕਰਨਾ ਹੈ ਉਥੇ ਪੁਲਿਸ ਉਤੇ ਵੀ ਕੰਟਰੋਲ ਕਰਨਾ ਚਾਹੀਦਾ ਹੈ।

ਮਿਉਂਸਪਲ ਕਮੇਟੀਆਂ ਦੀਆਂ ਚੋਣਾਂ ਦੇ ਬਾਰੇ ਕਿਹਾ ਗਿਆ ਹੈ ਕਿ ਪੰਜਾਬ ਵਿੱਚ ਮਿਉਂਸਪਲ ਕਮੇਟੀਆਂ ਦੀਆਂ ਚੋਣਾਂ ਬੜੇ ਪੁਰ ਅਮਨ ਤਰੀਕੇ ਨਾਲ ਹੋਈਆਂ ਹਨ। ਸਪੀਕਰ ਸਾਹਿਬ, ਮੇਰੇ ਆਪਣੇ ਹਲਕੇ ਵਿੱਚ ਵਿਰੋਧੀ ਉਮੀਦਵਾਰਾਂ ਦੇ ਕਾਗਜ਼ ਜਾਣ ਕੇ ਰੱਦ ਕਰ ਦਿੱਤੇ, ਉਨ੍ਹਾਂ ਨੂੰ ਪੁਲਿਸ ਕੋਲੋਂ ਚੁਕਵਾਇਆ ਗਿਆ। ਮਿਊਂਸਪਲ ਕਮੇਟੀਆਂ ਦੇ ਐਮ.ਸੀ. ਚੁੱਕੇ ਗਏ, ਉਨ੍ਹਾਂ ਨੂੰ ਤਿੰਨ ਦਿਨ ਪਾ[illegible]ਆ ਗਿਆ, ਉਨ੍ਹਾਂ ਨੂੰ ਗੋਡੇ ਰਗੜਵਾ ਕੇ ਛੱਡਿਆ ਗਿਆ। ਇਸ ਤਰ੍ਹਾਂ ਕਮੇਟੀਆਂ ਦੇ ਪ੍ਰਧਾਨ [illegible] ਦੇ

[ਸਰਦਾਰ ਅਵਤਾਰ ਸਿੰਘ ਕਰੀਮਪੁਰੀ]

ਯਤਨ ਕੀਤੇ ਗਏ। ਸਾਨੂੰ ਖੋਖਲਿਆਂ ਦਾਅਵਿਆਂ ਅਤੇ ਭਰਮ ਵਿੱਚ ਨਹੀਂ ਰਹਿਣਾ ਚਾਹੀਦਾ। ਇਸੇ ਤਰ੍ਹਾਂ ਦੀ ਇਕ ਘਟਨਾ ਪਾਤੜਾਂ ਵਿਚ ਵੀ ਵਾਪਰੀ ਜਿਸ ਬਾਰੇ ਮੈਂ ਵਿਸਥਾਰ ਨਹੀਂ ਦੱਸਣਾ ਚਾਹੁੰਦਾ।

ਇਸ ਤੋਂ ਅਗਲੀ ਗੱਲ ਮੈਂ ਖੇਤੀਬਾੜੀ ਦੇ ਬਾਰੇ ਕਹਿਣਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਪਿਛਲੇ ਇਕ ਸਾਲ ਦੇ ਸਮੇਂ ਵਿੱਚ ਖੇਤੀਬਾੜੀ ਦੇ ਭਾਵਾਂ ਵਿੱਚ ਬੜਾ ਡਾਊਨ-ਫਾਲ ਆਇਆ ਹੈ ਅਤੇ ਵੱਡੇ ਪੈਮਾਨੇ ਤੇ ਆਇਆ ਹੈ। ਆਲੂਆਂ ਨੂੰ ਕੋਈ ਨਹੀਂ ਪੁੱਛਦਾ। ਨਰਮੇ ਦਾ ਭਾਅ ਡਿੱਗਿਆ ਹੈ। ਸੂਰਜਮੁਖੀ ਦਾ ਭਾਅ ਡਿੱਗਿਆ ਹੈ। ਇਸ ਦੇ ਉਲਟ ਖਾਦਾਂ ਦੇ ਭਾਅ ਵਧੇ ਹਨ। ਮੈਂ ਮਹਿਸੂਸ ਕਰਦਾ ਹਾਂ ਕਿ ਪੰਜਾਬ ਦੇ ਕਿਸਾਨਾਂ ਨੂੰ ਬਚਾਉਣ ਲਈ, ਉਨ੍ਹਾਂ ਨੂੰ ਖੇਤੀਬਾੜੀ ਦੇ ਖੇਤਰ ਵਿੱਚ ਉਤਸ਼ਾਹਤ ਕਰਨ ਲਈ ਅੱਜ ਕਿਸੇ ਐਸੀ ਮਹਾਨ ਸ਼ਖਸ਼ੀਅਤ ਦੀ ਲੋੜ ਹੈ, ਜਿਹੜੀ ਕਿ ਖੇਤੀਬਾੜੀ ਦੇ ਖੇਤਰ ਵਿੱਚ ਕਿਸਾਨਾਂ ਨੂੰ ਸਹੀ ਸੇਧ ਪ੍ਰਦਾਨ ਕਰ ਸਕੇ।

ਇਸ ਤੋਂ ਬਾਅਦ ਮੈਂ ਬੇਰੁਜ਼ਗਾਰੀ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ। ਗਵਰਨਰ ਸਾਹਿਬ ਦੇ ਭਾਸ਼ਣ ਵਿੱਚ ਬੇਰੁਜ਼ਗਾਰੀ ਨੂੰ ਦੂਰ ਕਰਨ ਬਾਰੇ ਕੁਝ ਵੀ ਠੋਸ ਨਹੀਂ ਕਿਹਾ ਗਿਆ। ਬੇਰੁਜ਼ਗਾਰੀ ਸਾਡੇ ਪੰਜਾਬ ਦੀ ਇਕ ਵੱਡੀ ਪ੍ਰਾਬਲਮ ਹੈ। ਅਗਰ ਅਸੀਂ ਬੇਰੁਜ਼ਗਾਰੀ ਦੇ ਮਸਲੇ ਨੂੰ ਗੰਭੀਰਤਾ ਨਾਲ ਨਾ ਲਿਆ ਤਾਂ ਜਿਹੜੇ ਸਾਡੇ ਨੌਜਵਾਨ ਬੀ.ਏ. ਜਾਂ ਐਮ.ਏ. ਕਰਕੇ ਬੇਰੁਜ਼ਗਾਰ ਘੁੰਮਦੇ ਫਿਰਦੇ ਹਨ ਉਨ੍ਹਾਂ ਦਾ ਰੁਜ਼ਗਾਰ ਸਬੰਧੀ ਕੋਈ ਜਲਦੀ ਬੰਦੋਬਸਤ ਨਾ ਕੀਤਾ ਤਾਂ ਸਾਡਾ ਪੰਜਾਬ ਕੋਈ ਜ਼ਿਆਦਾ ਤਰੱਕੀ ਨਹੀਂ ਕਰ ਸਕੇਗਾ। ਅਤੇ ਅਸੀਂ ਪੰਜਾਬ ਦੇ ਮਾਹੌਲ ਨੂੰ ਸ਼ਾਂਤੀ ਵੱਲ ਅੱਗੇ ਨਹੀਂ ਲਿਜਾ ਸਕਾਂਗੇ।

ਇਸ ਤੋਂ ਅਗਲੀ ਗੱਲ ਨਿਆਂ ਬਾਰੇ ਕਹਾਂਗਾ। ਕਿਹਾ ਗਿਆ ਹੈ ਕਿ ਬੜੇ ਲੰਮੇ ਸਮੇਂ ਤੋਂ ਲਟਕਦੇ ਆ ਰਹੇ ਕੇਸਾਂ ਨੂੰ ਖੁਲ੍ਹੀਆਂ ਅਦਾਲਤਾਂ ਲਗਾ ਕੇ ਨਿਆਂ ਦਿੱਤਾ ਗਿਆ ਹੈ। ਪਰ ਜੋ ਸਾਡੇ ਪੰਜਾਬ ਵਿੱਚ ਵਕੀਲਾਂ ਦੀ ਹੜਤਾਲ ਚਲ ਰਹੀ ਹੈ, ਉਹ ਇਕ ਬੜਾ ਅਹਿਮ ਮੁੱਦਾ ਹੈ ਅਤੇ ਇਸ ਨੂੰ ਸਰਕਾਰ ਨੂੰ ਬੜੀ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਕਈ ਕੇਸ ਅਜਿਹੇ ਹੁੰਦੇ ਹਨ ਜਿਨ੍ਹਾਂ ਵਿੱਚ ਲੋਕਾਂ ਨੂੰ ਅਚਨਚੇਤੀ ਅਤੇ ਤੁਰੰਤ ਸਟੇਅ ਲੈਣੀ ਜ਼ਰੂਰੀ ਹੋ ਜਾਂਦੀ ਹੈ। ਜੇਕਰ ਸਰਕਾਰ ਵਕੀਲਾਂ ਦੀ ਹੜਤਾਲ ਨੂੰ ਸੀਰੀਅਸਲੀ ਨਹੀਂ ਲਵੇਗੀ ਤਾਂ ਆਮ ਲੋਕਾਂ ਅਤੇ ਬੁੱਧੀਜੀਵੀ ਵਰਗ ਇਸ ਤੋਂ ਬੜੇ ਪਰੇਸ਼ਾਨ ਹੋਣਗੇ।

ਭਰਿਸ਼ਟਾਚਾਰ ਦੇ ਬਾਰੇ ਮੈਂ ਤੁਹਾਡੇ ਰਾਹੀ ਸੀ.ਐਮ. ਸਾਹਿਬ ਨੂੰ ਇਹ ਗੱਲ ਕਹਿਣਾ ਚਾਹੁੰਦਾ ਹਾਂ ਕਿ ਜੇ ਸਹੀ ਮਾਅਨਿਆਂ ਵਿੱਚ ਭਰਿਸ਼ਟਾਚਾਰ ਨੂੰ ਖਤਮ ਕਰਨਾ ਹੈ ਤਾਂ ਪਹਿਲਾਂ ਜਿਹੜੀ ਪੰਜਾਬ ਦੀ ਲੀਡਰਸ਼ਿਪ ਹੈ ਜਿਸਨੇ ਕਿ ਪੰਜਾਬ ਦੀ ਵਾਗਡੋਰ ਸੰਭਾਲੀ ਹੋਈ ਹੈ, ਇਸ ਲੀਡਰਸ਼ਿਪ ਨੂੰ ਆਪਣੇ ਅੰਦਰੋਂ ਭਰਿਸ਼ਟਾਚਾਰ ਖਤਮ ਕਰਨਾ ਚਾਹੀਦਾ ਹੈ, ਜਿਵੇਂ ਕਿ ਟਰਾਂਸਪੋਰਟ ਦੇ ਮਾਮਲੇ ਵਿੱਚ ਬੜੀਆਂ ਬੇਈਮਾਨੀਆਂ ਹੋਈਆਂ ਹਨ, ਘਪਲੇਬਾਜ਼ੀਆਂ ਹੋਈਆਂ ਹਨ, ਪੈਸੇ ਖਾਧੇ ਗਏ ਹਨ। ਅਸੀਂ ਉਨਾਂ ਚਿਰ ਭਰਿਸ਼ਟਾਚਰ ਨੂੰ ਨੱਥ ਨਹੀਂ ਪਾ ਸਕਦੇ ਜਿੰਨੀ ਦੇਰ ਤੱਕ ਸਾਡੇ ਪੰਜਾਬ ਦੀ ਵਾਗਡੋਰ ਸੰਭਾਲੀ ਬੈਠੀ ਲੀਡਰਸ਼ਿਪ ਆਪਣੇ ਆਪ ਵਿਚੋਂ ਇਸ ਭਰਿਸ਼ਟਾਚਾਰ ਨੂੰ ਖਤਮ ਨਹੀਂ ਕਰਦੀ।

ਅਗਲੀ ਗੱਲ ਮੈਂ ਵਿਦਿਆ ਦੇ ਬਾਰੇ ਕਰਨੀ ਚਾਹੁੰਦਾ ਹਾਂ। ਜਦੋਂ ਅਸੀਂ ਸਰਕਾਰ ਦੀ ਵਿਦਿਆ ਪਾਲਿਸੀ ਨੂੰ ਵੇਖਦੇ ਹਾਂ ਤਾਂ ਪਤਾ ਲਗਦਾ ਹੈ ਕਿ ਜਾਂ ਤਾਂ ਸਕੂਲਾਂ ਦੀਆਂ ਇਮਾਰਤਾਂ ਹੀ ਨਹੀਂ ਹਨ ਅਤੇ ਬਹੁਤੇ ਸਕੂਲਾਂ ਦੇ ਵਿੱਚ ਪੂਰਾ ਸਟਾਫ ਨਹੀਂ। ਕਈ ਪ੍ਰਾਇਮਰੀ ਸਕੂਲਾਂ ਵਿੱਚ ਇਕ-ਇਕ ਟੀਚਰ ਹੀ ਹੈ, ਉਹ ਵੀ ਕਦੀ ਸਕੂਲ ਆਉਂਦਾ ਹੈ ਅਤੇ ਕਦੀ ਨਹੀਂ ਆਉਂਦਾ। ਵਿਦਿਆ ਦੇ ਮਾਮਲੇ ਵਿਚ

ਸਰਕਾਰ ਨੂੰ ਚਾਹੀਦਾ ਹੈ ਕਿ ਕੁਝ ਪਾਲਿਸੀ ਹੀ ਇਹੋ ਜਿਹੀ ਬਣਾਈ ਜਾਵੇ ਕਿ ਇੰਨੇ ਪਿੰਡਾਂ ਪਿੱਛੇ ਮਿਡਲ ਸਕੂਲ, ਇੰਨੇ ਪਿੰਡਾਂ ਪਿੱਛੇ ਹਾਈ ਸਕੂਲ ਅਤੇ ਇੰਨੇ ਪਿੰਡਾਂ ਪਿੱਛੇ ਸੀਨੀਅਰ ਸੈਕੰਡਰੀ ਸਕੂਲ ਦੇਣਾ ਹੈ, ਪਰ ਜੋ ਪ੍ਰਥਾ ਹੁਣ ਚਲ ਰਹੀ ਹੈ ਉਹ ਤਾਂ ਇਹੋ ਗੱਲ ਹੈ ਕਿ :— 'ਅੰਨ੍ਹਾਂ ਵੰਡੇ ਸੀਰਨੀ, ਮੁੜ ਮੁੜ ਆਪਣਿਆਂ ਨੂੰ' ਜਿਹੜੇ ਪਿੰਡ ਜ਼ਰੂਰਤ ਮੰਦ ਹਨ ਉਨ੍ਹਾਂ ਬਾਰੇ ਨਹੀਂ ਸੋਚਿਆ ਜਾਂਦਾ। ਜੋ ਪਲੈਨਿੰਗ ਬੋਰਡ ਅਤੇ ਗਰੀਵੈਂਸਿਜ਼ ਕਮੇਟੀਆਂ ਬਣਾਈਆਂ ਗਈਆਂ ਉਨ੍ਹਾਂ ਤੋਂ ਪਰੋਪਰਲੀ ਕੰਮ ਨਹੀਂ ਕਰਵਾਇਆ ਜਾਂਦਾ ਔਰ ਨਿਯਮਾਂ ਦੀਆਂ ਧੱਜੀਆਂ ਉਡਾਈਆਂ ਜਾਂਦੀਆਂ ਹਨ, ਇਸ ਪੱਖ ਤੋਂ ਸਰਕਾਰ ਨੂੰ ਗੰਭੀਰ ਹੋਣਾ ਚਾਹੀਦਾ ਹੈ। ਮੈਂ ਇਹ ਗੱਲ ਬੜੇ ਦੁੱਖ ਨਾਲ ਕਹਾਂਗਾ ਕਿ ਪੰਜਾਬ ਦੇ ਵਿੱਚ ਸਰਕਾਰ ਇਕ ਸਾਲ ਤੋਂ ਲੋਕਾਂ ਨਾਲ ਬੜੇ ਵਾਅਦੇ ਕਰਦੀ ਚਲੀ ਆ ਰਹੀ ਹੈ। ਪਿਛਲੇ ਸੈਸ਼ਨ ਦੇ ਸ਼ੁਰੂ ਵਿਚ ਸੀ.ਐਮ. ਸਾਹਿਬ ਨੇ ਕਿਹਾ ਸੀ ਕਿ ਅਸੀਂ ਰਿਜ਼ਰਵੇਸ਼ਨ ਐਕਟ ਲਿਆਂਵਾਗੇ। ਇਕ ਸਾਲ ਦਾ ਸਮਾਂ ਬੀਤ ਗਿਆ ਅਜੇ ਤਕ ਕੁਝ ਨਹੀਂ ਹੋਇਆ ਔਰ ਇਸ ਤੋਂ ਵੀ ਬੜੇ ਦੁੱਖ ਦੀ ਗੱਲ ਇਹ ਹੈ ਕਿ ਗਵਰਨਰ ਸਾਹਿਬ ਦਾ ਭਾਸ਼ਣ ਵੀ ਰਿਜ਼ਰਵੇਸ਼ਨ ਐਕਟ ਦੇ ਬਾਰੇ ਬਿਲਕੁਲ ਚੁੱਪ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸੀ.ਐਮ. ਸਾਹਿਬ ਨੂੰ ਕਹਾਂਗਾ ਕਿ ਰਿਜ਼ਰਵੇਸ਼ਨ ਐਕਟ ਜਲਦੀ ਤੋਂ ਜਲਦੀ ਇਸ ਸਦਨ ਦੇ ਅੰਦਰ ਲਿਆਂਦਾ ਜਾਣਾ ਚਾਹੀਦਾ ਹੈ ਤਾਂ ਕਿ ਸਮਾਜ ਦੀ ਜਿਹੜੀ ਬਹੁ-ਗਿਣਤੀ ਹੈ ਜਿਨ੍ਹਾਂ ਦੀ ਲੱਗਭਗ 27 ਪ੍ਰਤੀਸ਼ਤ ਆਬਾਦੀ ਦੱਸੀ ਗਈ ਹੈ, ਉਨ੍ਹਾਂ ਨੂੰ ਵੀ ਨਿਆਂ ਮਿਲ ਸਕੇ। ਬੜੇ ਲੰਮੇ ਸਮੇਂ ਤੋਂ ਪਏ ਬੈਕਲਾਗ ਨੂੰ ਪੂਰਾ ਕਰਨ ਲਈ ਬੈਕਲਾਗ ਕਮੇਟੀ ਬਣਾਈ ਗਈ ਹੈ ਪਰੰਤੂ ਇਸ ਨੇ ਪਰੈਕਟੀਕਲੀ ਕੁਝ ਨਹੀਂ ਕੀਤਾ। ਮੀਟਿੰਗਾਂ ਸੱਦਦੇ ਰਹੇ, ਕੈਂਸਲ ਕਰਦੇ ਰਹੇ। ਕਦੇ ਕਹਿ ਦਿੰਦੇ ਹਨ ਕਿ ਪੰਜ ਹਜ਼ਾਰ ਰੁਪਏ ਦਾ ਕਰਜ਼ਾ ਮੁਆਫ ਕਰ ਦਿਤਾ ਗਿਆ, ਮੇਰੇ ਕੋਲ 75 ਨੋਟਿਸ ਹਨ, ਕੱਲ ਪਿੰਡਾਂ ਵਿੱਚ ਅਸੀਂ ਗਏ ਮੈਂ ਤੁਹਾਨੂੰ ਇਹ ਨੋਟਿਸ ਦਿਖਾ ਸਕਦਾ ਹਾਂ, ਪਿੰਡਾਂ ਦੇ ਲੋਕ ਰੋ ਰਹੇ ਹਨ, ਕਦੇ ਰੇਡੀਓ ਕਹਿੰਦਾ, ਕਦੇ ਅਖਬਾਰਾਂ ਕਹਿੰਦੀਆਂ ਕਿ ਪੰਜ ਹਜ਼ਾਰ ਰੁਪਏ ਦੇ ਕਰਜ਼ੇ ਮੁਆਫ ਹੋ ਗਏ, ਬੈਕ-ਲਾਗ ਲਈ ਕਮੇਟੀ ਸਥਾਪਿਤ ਕਰ ਦਿਤੀ ਗਈ ਹੈ, ਅਸੀਂ ਰਿਜ਼ਰਵੇਸ਼ਨ ਐਕਟ ਬਣਾ ਰਹੇ ਹਾਂ, ਸਪੀਕਰ ਸਾਹਿਬ, ਸੀ.ਐਮ.ਸਾਹਿਬ ਨੂੰ ਨੂੰ ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇ ਤੁਸੀਂ ਇਸ ਤਰ੍ਹਾਂ ਹੀ ਲਾਰੇ-ਲੱਪੇ ਲਗਾਈ ਜਾਣੇ ਹਨ ਤਾਂ ਲੋਕਾਂ ਦਾ ਪੂਰਨ ਤੌਰ ਤੇ ਮੀਡੀਏ ਵਿਚੋਂ ਵੀ ਵਿਸ਼ਵਾਸ ਉਡ ਜਾਵੇਗਾ ਅਤੇ ਸਰਕਾਰ ਵਿਚੋਂ ਵੀ ਵਿਸ਼ਵਾਸ ਉਡ ਜਾਵੇਗਾ ਔਰ ਬਹੁਤ ਜ਼ਿਆਦਾ ਇਨ੍ਹਾਂ ਨੂੰ ਉਸਾਰੂ ਤੌਰ ਤੇ ਐਕਸ਼ਨ ਲੈਣਾ ਚਾਹੀਦਾ ਹੈ। ਸਮਾਜ ਦਾ ਬਹੁਤ ਵੱਡਾ ਹਿੱਸਾ, ਜਿਸ ਦੇ ਬਾਰੇ ਇਨ੍ਹਾਂ ਨੇ ਦੱਸਿਆ ਹੈ ਕਿ ਪਿਛਲੇ ਸਾਲ ਨਾਲੋਂ ਸਿਰਫ 159.04 ਲੱਖ ਰੁਪਿਆ ਉਨ੍ਹਾਂ ਦੇ ਵਾਸਤੇ ਬਜਟ ਵਿੱਚ ਰੱਖਿਆ ਗਿਆ ਹੈ, ਵਧਾਇਆ ਗਿਆ ਹੈ, ਇਹ ਬਿਲਕੁਲ ਨਾ-ਮਾਤਰ ਹੈ, ਇਨ੍ਹਾਂ ਦੀ ਬੈਟਰਮੈਂਟ ਤੇ ਹੋਰ ਵੱਧ ਖਰਚਾ ਹੋਣਾ ਚਾਹੀਦਾ ਹੈ ਕਿਉਂਕਿ ਜਨਤਾ ਦਾ ਸਾਰਾ ਪਾਣੀ ਇਕੱਠਾ ਕਰਕੇ ਪਿੰਡਾਂ ਦੀਆਂ ਅਨੁਸੂਚਿਤ ਜਾਤੀਆਂ ਦੀਆਂ ਬਸਤੀਆਂ ਵਿਚ ਪਾਇਆ ਜਾਂਦਾ ਹੈ ਜਦੋਂ ਅਸੀਂ ਪਲੈਨਿੰਗ ਬੋਰਡ ਵਿੱਚ ਗੱਲ ਕਰਦੇ ਹਾਂ ਕਿ ਇਸ ਪਾਣੀ ਦੇ ਨਿਕਾਸ ਦਾ ਇੰਤਜ਼ਾਮ ਕੀਤਾ ਜਾਵੇ ਤਾਂ ਉਹ ਲੋਕ, ਐਮ.ਐਲ.ਏ. ਜਿਹੜੇ ਚੁਣ ਕੇ ਆਏ ਹਨ, ਉਨ੍ਹਾਂ ਦੀ ਗੱਲ ਸੁਣਦੇ ਨਹੀਂ ਅਤੇ ਕਹਿੰਦੇ ਹਨ ਕਿ ਅਸੀਂ ਦੇਖਾਂਗੇ ਕਿ ਲੋਕਾਂ ਦੀ ਕੀ ਜ਼ਰੂਰਤ ਹੈ। ਪਤਾ ਨਹੀਂ ਲੋਕਾਂ ਦੀ ਜ਼ਰੂਰਤ ਦੇਖਣ ਲਈ ਉਨ੍ਹਾਂ ਨੇ ਕਿਹੜਾ ਮੀਟਰ ਲਗਾਇਆ ਹੋਇਆ ਹੈ ਕਿ ਇਨ੍ਹਾਂ ਲੋਕਾਂ ਨੂੰ ਇਸ ਚੀਜ਼ ਦੀ ਜ਼ਰੂਰਤ ਹੈ ਜਾਂ ਨਹੀਂ। ਅਗਲੀ ਗੱਲ ਬਾਰੇ ਮੈਂ, ਸਪੀਕਰ ਸਾਹਿਬ, ਦੱਸਣਾ ਚਾਹੁੰਦਾ ਹਾਂ ਕਿ......

ਸ੍ਰੀ ਸਪੀਕਰ : ਕਰੀਮਪੁਰੀ ਜੀ, ਵਾਈਂਡ ਅੱਪ ਕਰਨ ਦੀ ਕੋਸ਼ਿਸ਼ ਕਰੋ।

ਸਰਦਾਰ ਅਵਤਾਰ ਸਿੰਘ ਕਰੀਮਪੁਰੀ : ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਡੀ ਸਿਹਤ ਸੇਵਾਵਾਂ ਦਾ ਬੜਾ ਮਾੜਾ ਹਾਲ ਹੈ, ਜੋ ਸਰਕਾਰ ਦੇ ਹਸਪਤਾਲ ਹਨ, ਡਿਸਪੈਂਸਰੀਆਂ ਹਨ,

[ਸਰਦਾਰ ਅਵਤਾਰ ਸਿੰਘ ਕਰੀਮਪੁਰੀ]

ਪ੍ਰਾਇਮਰੀ ਹੈਲਥ ਸੈਂਟਰ ਹਨ, ਉਨ੍ਹਾਂ ਦਾ ਬੜਾ ਮਾੜਾ ਹਾਲ ਹੈ। ਬੜੇ ਦੁੱਖ ਦੀ ਗੱਲ ਹੈ ਕਿ ਜਿਨ੍ਹਾਂ ਬੀਮਾਰੀਆਂ ਤੋਂ ਇਹ ਦੁਨੀਆਂ ਚਿੰਤਿਤ ਹੈ ਉਹ ਹੈ 'ਏਡਜ਼' ਇਸ ਦੇ ਬਾਰੇ ਗਵਰਨਰ ਸਾਹਿਬ ਦੇ ਭਾਸ਼ਣ ਵਿੱਚ ਕੁਝ ਨਹੀਂ ਕਿਹਾ ਗਿਆ ਔਰ 'ਏਡਜ਼' ਅਤੇ ਕੈਂਸਰ ਬਾਰੇ ਅਤੇ ਸਿਹਤ ਸੇਵਾਵਾਂ ਬਾਰੇ ਬਿਲਕੁਲ ਚੁੱਪ ਹੈ। ਇਸ ਦੇ ਬਾਰੇ ਵਿੱਚ ਗਵਰਨਰ ਸਾਹਿਬ ਦੇ ਭਾਸ਼ਣ ਵਿੱਚ ਕੋਈ ਨਵੀਂ ਗੱਲ ਨਹੀਂ ਰੱਖੀ ਗਈ ਔਰ ਇਹ ਰੱਖਣੀ ਚਾਹੀਦੀ ਸੀ। ਇਸ ਤੋਂ ਅਖੀਰ ਦੇ ਵਿੱਚ ਮੈਂ ਇਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਪਾਣੀਆਂ ਦਾ ਜੋ ਮਸਲਾ ਹੈ, ਕਿਉਂਕਿ ਬੜੇ ਦੁੱਖ ਦੀ ਗੱਲ ਹੈ ਅਤੇ ਬੜੇ ਅਫਸੋਸ ਦੀ ਗੱਲ ਹੈ ਕਿ ਪਾਣੀਆਂ ਦੇ ਮੁੱਦੇ ਤੇ ਪੰਜਾਬ ਸਰਕਾਰ ਦੀ ਰਾਏ ਡਿਫਰ ਕਰਦੀ ਹੈ। ਸੀ.ਐਮ. ਸਾਹਿਬ ਦੀ ਸਟੇਟਮੈਂਟ ਕੁਝ ਹੋਰ ਆਉਂਦੀ ਹੈ ਅਤੇ ਬਰਾੜ ਸਾਹਿਬ ਦੀ ਸਟੇਟਮੈਂਟ ਕੁਝ ਹੋਰ ਆਉਂਦੀ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਾਨੂੰ ਪੰਜਾਬ ਦੇ ਹੱਕ ਸੈਂਟਰ ਤੋਂ ਦਿਵਾਉਣ ਲਈ ਘੱਟੋ-ਘੱਟ ਆਪਣੀ ਸਰਕਾਰ ਅੰਦਰ ਇਕ ਰਾਇ ਪੈਦਾ ਕਰਨੀ ਚਾਹੀਦੀ ਹੈ। ਮੈਨੂੰ ਅਫਸੋਸ ਹੈ ਕਿ ਗਵਰਨਰ ਸਾਹਿਬ ਦੇ ਭਾਸ਼ਣ ਅੰਦਰ ਸਿਰਫ ਐਨੀ ਗੱਲ ਕਹੀ ਗਈ ਹੈ ਕਿ ਪੰਜਾਬ ਨੂੰ ਯਮੁਨਾ ਦੇ ਪਾਣੀ ਵਿਚੋਂ ਹਿੱਸਾ ਮਿਲਣਾ ਚਾਹੀਦਾ ਸੀ। ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਲਾਈਨ ਵਿਚ ਸੋਧ ਕਰਨੀ ਚਾਹੀਦੀ ਹੈ ਅਤੇ ਇਹ ਕਹਿਣਾ ਚਾਹੀਦਾ ਹੈ ਕਿ ਪੰਜਾਬ ਨੂੰ ਯਮੁਨਾ ਦੇ ਪਾਣੀਆਂ ਵਿਚੋਂ ਹਿੱਸਾ ਦਿਵਾਵਾਂਗੇ ਔਰ ਦਿਵਾਉਣ ਲਈ ਸਾਨੂੰ ਜਦੋਜਹਿਦ ਕਰਨੀ ਚਾਹੀਦੀ ਹੈ ਤਾਂ ਹੀ ਅਸੀਂ ਪੰਜਾਬ ਦੀ ਕਿਸਾਨੀ ਨੂੰ ਬਚਾ ਸਕਦੇ ਹਾਂ।

ਸਪੀਕਰ ਸਾਹਿਬ, ਇਕ ਗੱਲ ਮੈਂ ਹੋਰ ਕਹਿਣੀ ਚਾਹੁੰਦਾ ਹਾਂ ਕਿ ਸਾਡੇ ਪੰਜਾਬ ਦੇ ਪੱਤਰਕਾਰਾਂ ਨੇ ਬੜੇ ਤਰਾਸਦੇ ਹਾਲਾਤਾਂ ਵਿਚ ਆਪਣੀ ਬੜੀ ਵਡੀ ਜ਼ਿੰਮੇਵਾਰੀ ਨੂੰ ਨਿਭਾਇਆ ਹੈ ਔਰ ਗਵਰਨਰ ਸਾਹਿਬ ਦੇ ਭਾਸ਼ਣ ਵਿਚ ਬਜਾਏ ਇਸ ਦੇ ਕਿ ਉਨ੍ਹਾਂ ਨੂੰ ਸਹੂਲਤ ਦਿੰਦੇ, ਉਨ੍ਹਾਂ ਲਈ ਕੋਈ ਯੋਜਨਾ ਬਣਾਉਂਦੇ ਤਾਂ ਕਿ ਉਹ ਸੁੱਖ-ਚੈਨ ਨਾਲ ਜੀ ਸਕਣ, ਉਨ੍ਹਾਂ ਨੂੰ ਐਪਰੀਸ਼ੀਏਟ ਵੀ ਨਹੀਂ ਕੀਤਾ ਗਿਆ, ਉਨ੍ਹਾਂ ਨੂੰ ਸ਼ਾਬਾਸ਼ ਵੀ ਨਹੀਂ ਦਿੱਤੀ ਗਈ। ਇਹ ਬੜੇ ਦੁੱਖ ਦੀ ਗੱਲ ਹੈ। ਸਪੀਕਰ ਸਾਹਿਬ, ਸਾਨੂੰ ਇਹ ਵੇਖਣਾ ਚਾਹੀਦਾ ਹੈ ਕਿ ਜਿਹੜੇ ਪੱਤਰਕਾਰ ਭਰਾ ਆਪਣੀ ਜ਼ਿੰਮੇਵਾਰੀ ਨੂੰ ਬੜੀ ਗੰਭੀਰਤਾ ਨਾਲ ਨਿਭਾ ਰਹੇ ਹਨ, ਉਨ੍ਹਾਂ ਲਈ ਸਰਕਾਰ ਨੂੰ ਕੁਝ ਨਾ ਕੁਝ ਸੋਚਣਾ ਚਾਹੀਦਾ ਹੈ। ਅੰਤ ਵਿਚ ਮੈਂ ਇਹ ਕਹਾਂਗਾ ਕਿ ਗਵਰਨਰ ਸਾਹਿਬ ਦੇ ਭਾਸ਼ਣ ਅੰਦਰ ਪੰਜਾਬੀਆਂ ਲਈ ਕੋਈ ਗੱਲ ਨਹੀਂ ਕੀਤੀ ਗਈ। ਪੰਜਾਬ ਸਮੱਸਿਆ ਨੂੰ ਕਿਸ ਤਰ੍ਹਾਂ ਹੱਲ ਕਰਨਾ ਚਾਹੀਦਾ ਹੈ, ਇਸ ਬਾਰੇ ਗਵਰਨਰ ਸਾਹਿਬ ਦਾ ਭਾਸ਼ਣ ਚੁੱਪ ਹੈ। ਰਾਜੀਵ-ਲੌਂਗੋਵਾਲ ਦੇ ਸਮਝੌਤੇ ਬਾਰੇ ਗਵਰਨਰ ਸਾਹਿਬ ਦਾ ਭਾਸ਼ਣ ਚੁੱਪ ਹੈ। ਪੰਜਾਬ ਦੀ ਸਮੱਸਿਆ ਸਿਰਫ ਇਸ ਗੱਲ ਨਾਲ ਹੱਲ ਨਹੀਂ ਹੁੰਦੀ ਕਿ ਇੰਨੇ ਮਿਲੀਟੈਂਟ ਮਾਰ ਦਿੱਤੇ, 10-12 ਫੜ ਲਏ, 2-3 ਭੱਜ ਗਏ। ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸੀ.ਐਮ. ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਨੂੰ ਗੰਭੀਰਤਾ ਨਾਲ ਸੋਚਣ ਅਤੇ ਪੰਜਾਬ ਸਮੱਸਿਆ ਦਾ ਕੋਈ ਹੱਲ ਕੱਢਣ। ਸਪੀਕਰ ਸਾਹਿਬ, ਰਿਜ਼ਰਵੇਸ਼ਨ ਐਕਟ ਬਾਰੇ ਗਵਰਨਰ ਸਾਹਿਬ ਦਾ ਭਾਸ਼ਣ ਚੁੱਪ ਹੈ। 5,000 ਰੁਪਏ ਦੇ ਕਰਜ਼ੇ ਮਾਫ ਕਰਨ ਬਾਰੇ ਗਵਰਨਰ ਸਾਹਿਬ ਦਾ ਭਾਸ਼ਣ ਚੁੱਪ ਹੈ। ਬੈਕਵਰਡ ਕਲਾਸ ਲਈ ਮੰਡਲ ਕਮਿਸ਼ਨ ਦੀ ਜਿਹੜੀ ਰਿਪੋਰਟ ਹੈ, ਉਸ ਬਾਰੇ ਸਰਕਾਰ ਦਾ ਕੀ ਨਜ਼ਰੀਆ ਹੈ। ਮੈਨੂੰ ਅਫਸੋਸ ਹੈ ਕਿ ਗਵਰਨਰ ਸਾਹਿਬ ਦਾ ਭਾਸ਼ਣ ਬੈਕਵਰਡ ਕਲਾਸ ਬਾਰੇ ਸੌ ਫੀਸਦੀ ਚੁੱਪ ਹੈ। ਮੰਡਲ ਕਮਿਸ਼ਨ ਦੀ ਰਿਪੋਰਟ ਲਾਗੂ ਹੋਣੀ ਚਾਹੀਦੀ ਹੈ। ਪੁਲਿਸ ਵਧੀਕੀਆਂ ਬੰਦ ਹੋਣੀਆਂ ਚਾਹੀਦੀਆਂ ਹਨ। ਪਰੈਸ ਦੀ ਆਜ਼ਾਦੀ ਬਰਕਰਾਰ ਰੱਖਣੀ ਚਾਹੀਦੀ ਹੈ। ਪੱਤਰਕਾਰਾਂ ਦੇ ਹਿੱਤਾਂ ਵਾਸਤੇ ਯੋਜਨਾਵਾਂ ਬਣਾਉਣੀਆਂ ਚਾਹੀਦੀਆਂ ਹਨ। ਐਡਵੋਕੇਟ ਕੁਲਵੰਤ ਸਿੰਘ ਦੇ ਕਤਲ ਬਾਰੇ ਜੁਡੀਸ਼ੀਅਲ ਇਨਕੁਆਰੀ ਕਰਵਾਉਣੀ ਚਾਹੀਦੀ ਹੈ।

ਸ੍ਰੀ ਸਪੀਕਰ : ਵਾਰ-ਵਾਰ ਗੱਲਾਂ ਰਪੀਟ ਨਾ ਕਰੋ ਜੀ।

ਸਰਦਾਰ ਅਵਤਾਰ ਸਿੰਘ ਕਰੀਮਪੁਰੀ : ਫਾਰਮਾਸਿਸਟਾਂ ਦੀਆਂ ਮੰਗਾਂ ਨੂੰ ਪੂਰਾ ਕਰਨਾ ਚਾਹੀਦਾ ਹੈ । ਉਨ੍ਹਾਂ ਦੀਆਂ ਜਾਇਜ਼ ਮੰਗਾਂ ਮੰਨ ਕੇ ਹੜਤਾਲ ਖਤਮ ਕਰਨੀ ਚਾਹੀਦੀ ਹੈ ਤਾਂ ਕਿ ਉਹ ਕੰਮ ਤੇ ਵਾਪਸ ਆ ਸਕਣ ।

ਰਾਜ ਮੰਤਰੀ, ਪਸ਼ੂ ਪਾਲਣ ਅਤੇ ਮੱਛੀ ਪਾਲਣ : ਸਰ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਉਨ੍ਹਾਂ ਦੀਆਂ ਮੰਗ ਮੰਨ ਲਈਆ ਹਨ ਅਤੇ ਹੜਤਾਲ ਖਤਮ ਹੋ ਗਈ ਹੈ।

ਸਰਦਾਰ ਅਵਤਾਰ ਸਿੰਘ ਕਰਮੀਪੁਰੀ : ਠੀਕ ਹੈ ਜੀ। ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਅਯੁੱਧਿਆ ਵਿਚ ਜਿਹੜੀਆਂ ਘਟਨਾਵਾਂ ਹੋਈਆਂ, ਉਨ੍ਹਾਂ ਬਾਰੇ ਗਵਰਨਰ ਸਾਹਿਬ ਦੇ ਭਾਸ਼ਣ ਵਿਚ ਕੁਝ ਨਹੀਂ ਕਿਹਾ ਗਿਆ, ਇਹ ਬਹੁਤ ਹੀ ਅਹਿਮ ਮਾਮਲਾ ਸੀ। ਜਿਹੜੇ ਉਥੇ ਸ਼ਹੀਦ ਕੀਤੇ ਗਏ ਸਾਨੂੰ ਉਨ੍ਹਾਂ ਬਾਰੇ ਘੱਟੋ-ਘੱਟ ਕੰਡੇਮ ਕਰਨਾ ਚਾਹੀਦਾ ਹੈ ਤਾਂ ਕਿ ਘੱਟ ਗਿਣਤੀ ਲੋਕਾਂ ਦਾ ਵਿਸ਼ਵਾਸ ਵੱਧ ਸਕੇ। ਅੰਤ ਵਿੱਚ ਮੈਂ ਇਕ ਗੱਲ ਕਹਿਣਾ ਚਾਹੁੰਦਾ ਹਾਂ ਕਿ ਪਿੱਛਲੇ ਇਕ ਸਾਲ ਤੋਂ ਪੰਜਾਬ ਦੀ ਸਰਕਾਰ ਨੇ ਜੋ ਨਜ਼ਰੀਆ ਰਖਿਆ ਹੋਇਆ ਹੈ ਮੈਂ ਇਹ ਬੇਨਤੀ ਕਰਾਂਗਾ ਕਿ ਉਹ ਇਸ ਨਜ਼ਰੀਏ ਨੂੰ ਬਦਲਣ। ਕਿਉਂਕਿ ਉਹ ਆਪਣੇ ਰਾਜਨੀਤਕ ਲਾਭ ਦੀ ਖਾਤਰ ਸਿਆਸੀ ਵਿਰੋਧੀਆਂ ਨੂੰ ਪਰੇਸ਼ਾਨ ਕਰ ਰਹੇ ਹਨ, ਹਰਾਸ ਕਰ ਰਹੇ ਹਨ। ਅਫਸਰਸ਼ਾਹੀ ਨੂੰ ਉਪਰੇਟ ਕਰਕੇ ਇਨ੍ਹਾਂ ਦੇ ਰਸਤਿਆਂ ਵਿੱਚ ਰੁਕਾਵਟਾਂ ਪਾ ਕੇ ਉਨ੍ਹਾਂ ਨੂੰ ਹਰਾਸ ਕਰ ਰਹੇ ਹਨ।(ਵਿਘਨ)

Mr. Speaker : Please sit down.

ਸਰਦਾਰ ਅਵਤਾਰ ਸਿੰਘ ਕਰੀਮਪੁਰੀ : ਸਪੀਕਰ ਸਾਹਿਬ, ਆਖਿਰ ਵਿੱਚ ਮੈਂ ਬਾਹੋਵਾਲ ਪਿੰਡ ਦੇ ਬਾਰੇ ਇਕ ਗੱਲ ਕਹਿਣਾ ਚਾਹੁੰਦਾ ਹਾਂ ਕਿ ਉਥੇ ਇਕ ਕ੍ਰਿਸ਼ੀ ਵਿਗਿਆਨ ਕੇਂਦਰ ਹੈ।

Mr. Speaker : No, no. Please resume your seat.

ਸਰਦਾਰ ਅਵਤਾਰ ਸਿੰਘ ਕਰੀਮਪੁਰੀ : ਉਥੇ ਉਸ ਵਿਗਿਆਨ ਕੇਂਦਰ ਦੀ ਉਸਾਰੀ ਨਹੀਂ ਕਰਨੀ ਚਾਹੀਦੀ। ਕੋਰਟ ਵਿਚੋਂ ਇਸ ਦੇ ਲਈ ਸਟੇਅ ਮਿਲ ਗਈ ਹੈ। ਮੈਂ ਮਾਨਯੋਗ ਮੁੱਖ ਮੰਤਰੀ ਜੀ ਨੂੰ ਕਹਾਂਗਾ ਕਿ ਕੋਰਟ ਦੇ ਫੈਸਲੇ ਤੋਂ ਬਾਅਦ ਜੋ ਉਥੇ ਉਸਾਰੀ ਕੀਤੀ ਜਾ ਰਹੀ ਹੈ ਉਸ ਨੂੰ ਰੁਕਵਾਇਆ ਜਾਵੇ — ਉਥੇ ਦੇ ਅਨੁਸੂਚਿਤ ਜਾਤੀਆਂ ਦੇ ਲੋਕਾਂ ਨਾਲ ਜੋ ਬੇਇਨਸਾਫੀ ਹੋ ਰਹੀ ਹੈ ਉਹ ਦੂਰ ਹੋਣੀ ਚਾਹੀਦੀ ਹੈ। (ਵਿਘਨ) ਇਤਨਾ ਕਹਿ ਕੇ ਮੈਂ ਗਵਰਨਰ ਸਾਹਿਬ ਦਾ ਜੋ ਭਾਸ਼ਣ ਹੈ ਉਸ ਦਾ ਵਿਰੋਧ ਕਰਦਾ ਹਾਂ ।

ਕਾਮਰੇਡ ਹਰਦੇਵ ਸਿੰਘ ਅਰਸ਼ੀ (ਬੁਢਲਾਡਾ) : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਰਾਜਪਾਲ ਜੀ ਦੇ ਭਾਸ਼ਣ ਉਪਰ ਬੋਲਣ ਦਾ ਸਮਾਂ ਦਿੱਤਾ ਹੈ। ਗਵਰਨਰ ਸਾਹਿਬ ਦੇ ਭਾਸ਼ਣ ਤੇ ਤਿੰਨ ਦਿਨ ਵਿੱਚ ਕਾਫੀ ਬਹਿਸ ਹੋ ਚੁੱਕੀ ਹੈ ਔਰ ਇਸ ਸਦਨ ਵਿੱਚ ਬਹੁਤ ਸਾਰੇ ਨੁਕਤੇ ਆ ਚੁੱਕੇ ਹਨ । ਮੈਂ ਪੂਰੀ ਕੋਸ਼ਿਸ਼ ਕਰਾਂਗਾ ਕਿ ਰੈਪੀਟੀਸ਼ਨ ਨਾ ਹੋਵੇ ਔਰ ਵਿਰੋਧ ਵਾਸਤੇ ਹੀ ਵਿਰੋਧ ਨਾ ਕੀਤਾ ਜਾਵੇ। ਸਾਡੇ ਗਰੁਪ ਨੇ, ਸਪੀਕਰ ਸਾਹਿਬ, ਗਵਰਨਰ ਸਾਹਿਬ ਦੇ ਭਾਸ਼ਣ ਨੂੰ ਚੰਗੀ ਤਰ੍ਹਾਂ ਐਗਜ਼ਾਮਿਨ ਕੀਤਾ ਹੈ ਅਤੇ ਪਿਛਲੇ ਭਾਸ਼ਣ ਨੂੰ ਜੋ ਗਵਰਨਰ ਸਾਹਿਬ ਨੇ ਦਿੱਤਾ ਸੀ ਔਰ ਮਾਨਯੋਗ ਮੁੱਖ ਮੰਤਰੀ ਜੀ ਨੇ ਜੋ ਪਿਛਲੇ ਭਾਸ਼ਣ ਤੇ ਹੋਈ ਬਹਿਸ ਨੂੰ ਸਮੇਟਦੇ ਹੋਏ ਕਿਹਾ ਸੀ ਜੋ ਪ੍ਰਿੰਟਿਡ ਸਪੀਚ ਦੇ ਰੂਪ ਵਿੱਚ ਵੀ ਮਿਲਿਆ, ਉਹ ਸਾਰਾ ਕੁਝ ਉਬਜੈਕਟਿਵਲੀ ਰਿਆਲਿਟੀ ਵਿੱਚ ਦੇਖਿਆ ਤੇ ਵਾਚਿਆ ਹੈ ਔਰ ਰਿਆਲਿਟੀ ਵਿੱਚ ਦੇਖਣ ਤੋਂ ਬਾਅਦ ਪਹਿਲੇ ਚੈਪਟਰ ਦੇ ਵਿੱਚ

[ਕਾਮਰੇਡ ਹਰਦੇਵ ਸਿੰਘ ਅਰਸ਼ੀ]

ਜਿਹੜੀਆਂ ਦੋ ਗੱਲਾਂ ਸਰਕਾਰ ਨੇ ਦੱਸੀਆਂ ਉਨ੍ਹਾਂ ਨਾਲ ਇੰਨ ਬਿੰਨ ਸ਼ਬਦਾਂ ਵਿੱਚ ਤਾਂ ਅਸੀਂ ਸਹਿਮਤ ਨਹੀਂ ਪਰ ਪੀਸ ਆਇਆ ਹੈ ਇਸ ਨਾਲ ਐਗਰੀਮੈਂਟ ਹੈ, ਲੋਕਾਂ ਵਿੱਚ ਕੰਫੀਡੈਂਸ ਵੱਧਿਆ, ਇਹ ਵੀ ਐਗਰੀਮੈਂਟ ਹੈ (ਥੰਪਿੰਗ) ਲੇਕਿਨ ਇਸ ਗੱਲ ਦੇ ਨਾਲ ਐਗਰੀਮੈਂਟ ਨਹੀਂ ਹੈ ਕਿ ਇਕੱਲੀ ਸਰਕਾਰ ਹੀ ਪੀਸ ਲਿਆਉਣ ਵਿੱਚ ਹੈ। ਇਹ ਪੀਸ ਲਿਆਉਣ ਦੇ ਵਿੱਚ ਲੋਕਾਂ ਦਾ ਵੀ ਪੂਰਾ ਯੋਗਦਾਨ ਹੈ ਜਿੰਨ੍ਹਾਂ ਨੇ ਅਨੇਕਾਂ ਭਾਈਚਾਰਕ ਸਾਂਝਾਂ ਨੂੰ ਤੋੜਨ ਵਾਲੇ ਯਤਨਾਂ ਨੂੰ ਹਾਰ ਦਿਤੀ ਤੇ ਆਪਣੀ ਰਵਾਇਤੀ ਸਾਂਝ ਕਾਇਮ ਰੱਖੀ। ਦੂਸਰਾ, ਅਮਨ ਸਥਾਪਤ ਕਰਨ ਹਿੱਤ ਉਨ੍ਹਾਂ ਖੱਬੀਆਂ ਜ਼ਮਹੂਰੀ ਤੇ ਦੇਸ਼ ਭਗਤ ਤਾਕਤਾਂ ਦਾ ਵੀ ਯੋਗ ਦਾਨ ਹੈ ਜਿਨ੍ਹਾਂ ਨੇ ਕਾਲੀਆਂ ਤਾਕਤਾਂ ਵਿਰੁੱਧ ਦ੍ਰਿੜ ਸੰਕਲਪ ਕੀਤਾ ਤੇ ਆਪਣੇ ਸੈਂਕੜੇ ਲੀਡਰਾਂ/ਵਰਕਰਾਂ ਨੂੰ ਕੁਰਬਾਨ ਕੀਤਾ ਇਥੇ ਡੈਮੋਕਰੇਸੀ ਬਹਾਲ ਹੋਈ ਬਲਕਿ ਇਸ ਗੱਲ ਦੀ ਖੁਸ਼ੀ ਵੀ ਹੋਈ ਕਿ ਕੁਝ ਸਾਥੀਆਂ ਨੇ ਜਿਨ੍ਹਾਂ ਨੇ ਪਹਿਲਾਂ ਚੋਣਾਂ ਵਿਚ ਪਾਰਟੀਸੀਪੇਟ ਨਹੀਂ ਸੀ ਕੀਤਾ ਉਨ੍ਹਾਂ ਦੀ ਪਾਰਟੀਸੀਪੇਸ਼ਨ ਪੰਚਾਇਤਾਂ ਦੀਆਂ ਚੋਣਾਂ ਵਿੱਚ ਹੋਈ, ਮਿਊਂਸਪਲ ਕਮੇਟੀਆਂ ਦੀਆਂ ਚੋਣਾਂ ਵਿੱਚ ਉਨ੍ਹਾਂ ਦੀ ਪਾਰਟੀਸੀਪੇਸ਼ਨ ਹੋਈ। ਡੈਮੋਕਰੇਸੀ ਨੂੰ ਬਹਾਲ ਕਰਨ ਵਿੱਚ ਉਨ੍ਹਾਂ ਦੀ ਪਾਰਟੀਸੀਪੇਸ਼ਨ ਇਕ ਬਹੁਤ ਵਧੀਆ ਗੱਲ ਹੈ ਅਕਾਲੀ ਭਰਾਵਾਂ ਦੇ ਹਿਸਾ ਲੈਣ ਤੇ, ਸ਼ਾਮਲ ਹੋਣ ਨਾਲ ਨਾ ਕਿਸੇ ਦੀ ਹਾਰ ਹੈ ਨਾ ਕਿਸੇ ਦੀ ਜਿੱਤ ਹੈ। ਇਸ ਨੂੰ ਇਸ ਤਰ੍ਹਾਂ ਲੈਣਾ ਚਾਹੀਦਾ ਹੈ ਕਿ ਇਸ ਦੇ ਵਿਚ ਡੈਮੋਕਰੇਸੀ ਦੀ ਜਿੱਤ ਹੈ ਔਰ ਡੈਮੋਕਰੇਟਿਕ ਵੇਅ ਨਾਲ ਹੀ, ਡੈਮੋਕਰੇਟਿਕ ਢੰਗ ਨਾਲ ਹੀ ਕੋਈ ਵੀ ਮਸਲਾ ਹੈ ਉਸਨੂੰ ਹੱਲ ਕੀਤਾ ਜਾ ਸਕਦਾ ਹੈ। ਇਸ ਲਈ ਸਾਡਾ ਗਰੁਪ, ਸਪੀਕਰ ਸਾਹਿਬ, ਇਹ ਮਹਿਸੂਸ ਕਰਦਾ ਹੈ ਅਕਾਲੀ ਸੱਜਣ ਜਿਨ੍ਹਾਂ ਦੀ ਕਿ ਪੰਜਾਬ ਦੇ ਵਿੱਚ ਇਕ ਬਹੁਤ ਵੱਡੀ ਪਾਰਟੀ ਹੈ ਉਨ੍ਹਾਂ ਦੇ ਨਾਲ ਟਕਰਾਅ ਦੀ ਨੀਤੀ ਰਖਣਾ ਅਸੀਂ ਇਸ ਦੇ ਨਾਲ ਸਹਿਮਤ ਨਹੀਂ ਹਾਂ ਪਰ ਅਸੀਂ ਇਸ ਗੱਲ ਦੇ ਨਾਲ ਵੀ ਸਹਿਮਤ ਨਹੀਂ ਜੋ ਕੁਝ ਪਿੱਛਲੇ 10 ਸਾਲਾਂ ਵਿੱਚ ਇਥੇ ਹੋਇਆ, ਅਕਾਲੀ ਉਸ ਤੋਂ ਜ਼ਰੂਰ ਸਬਕ ਸਿੱਖਣਗੇ। ਸਾਨੂੰ ਆਸ ਕਰਨੀ ਚਾਹੀਦੀ ਹੈ ਕਿ ਜੋ ਪੰਜਾਬ ਦੀ ਇਤਨੀ ਵੱਡੀ ਪਾਰਟੀ ਹੈ, ਉਹ ਇਸ ਹਾਊਸ ਦੇ ਵਿੱਚ ਵੀ ਹਿੱਸੇਦਾਰ ਹੋਵੇ, ਹਾਊਸ ਦੀ ਪਾਰਟੀ ਬਣੇ, ਇਹ ਸਾਡੀ ਕਾਮਨਾ ਹੋਣੀ ਚਾਹੀਦੀ ਹੈ। ਸਪੀਕਰ ਸਾਹਿਬ, ਰਾਜਪਾਲ ਜੀ ਦੇ ਭਾਸ਼ਣ ਵਿੱਚ ਬਹੁਤ ਸਾਰੀਆਂ ਗੱਲਾਂ ਇਨਕਲੂਡ ਨਹੀਂ ਕੀਤੀ ਗਈਆਂ, ਇਸ ਦੇ ਵਿੱਚ ਉਨ੍ਹਾਂ ਗੱਲਾਂ ਦੇ ਉਨ੍ਹਾਂ ਨੁਕਤਿਆਂ ਦੇ ਇਨਕਲੂਡ ਨਾ ਹੋਣ ਨਾਲ ਕੋਈ ਸੰਤੁਸ਼ਟੀ ਨਹੀਂ ਮਿਲਣੀ। ਉਨ੍ਹਾਂ ਦੇ ਬਾਰੇ ਮੈਂ ਕੁਝ ਕਹਿਣਾ ਚਾਹੁੰਦਾ ਹਾਂ। ਸਮੇਂ ਦੀ ਮਜ਼ਬੂਰੀ ਹੋਵੇਗੀ ਇਸ ਲਈ ਮੈਂ ਉਨ੍ਹਾਂ ਗੱਲਾਂ ਦਾ ਸੰਖੇਪ ਵਿੱਚ ਹੀ ਜ਼ਿਕਰ ਕਰਾਂਗਾ। ਸਭ ਤੋਂ ਪਹਿਲਾ ਨੁਕਤਾ ਜੋ ਇਸ ਦੇ ਵਿੱਚ ਸ਼ਾਮਲ ਨਹੀਂ ਕੀਤਾ ਮਿਸਾਲ ਦੇ ਤੌਰ ਤੇ ਪੰਜਾਬੀ ਭਾਸ਼ਾ ਦੇ ਵਿਕਾਸ ਦਾ ਸਵਾਲ ਹੈ। ਬਹੁਤ ਸਾਰੇ ਲੇਖਕਾਂ ਨੇ ਐਜੀਟੇਸ਼ਨ ਵੀ ਕੀਤੀ ਹੈ ਤੇ ਕਰ ਰਹੇ ਹਨ ਕਿ ਪੰਜਾਬ ਦੇ ਵਿੱਚ ਪੰਜਾਬੀ ਭਾਸ਼ਾ ਦਾ ਵਿਕਾਸ ਨਹੀਂ ਹੋਇਆ ਮੇਰੇ ਕਹਿਣ ਦਾ ਭਾਵ ਇਹ ਨਹੀਂ ਕਿ ਪੰਜਾਬੀ ਭਾਸ਼ਾ ਦਾ ਵਿਕਾਸ ਹੋਇਆ ਹੀ ਨਹੀਂ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿੰਨਾ ਵਿਕਾਸ ਹੋਣਾ ਚਾਹੀਦਾ ਸੀ ਉਤਨਾ ਨਹੀਂ ਹੋਇਆ। ਸਭ ਤੋਂ ਵੱਡੀ ਮੰਗ ਹੈ ਜਿਹੜੀ ਮੰਨਣੀ ਚਾਹੀਦੀ ਹੈ ਉਹ ਇਹ ਕਿ ਰਾਜ ਭਾਸ਼ਾ ਐਕਟ, 1967 ਵਿੱਚ ਪ੍ਰਵਾਨ ਕੀਤਾ ਗਿਆ ਸੀ ਜੋ ਐਕਟ ਪ੍ਰਵਾਨ ਕੀਤਾ ਗਿਆ ਉਹ ਠੀਕ ਹੈ ਪਰ ਉਸ ਦੇ ਵਿੱਚ ਕੁਝ ਅਮੈਂਡਮੈਂਟ ਦੀ ਲੋੜ ਹੈ ਜੋ ਕਰਨੀ ਚਾਹੀਦੀ ਹੈ ਕਿ ਜਿਹੜਾ ਕੋਈ ਐਕਟ ਦੀ ਉਲੰਘਣਾ ਕਰਦਾ ਹੈ, ਉਸ ਨੂੰ ਯੋਗ ਸਜ਼ਾ ਦਿੱਤੀ ਜਾਵੇ। ਉਸ ਦੇ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇ। ਸਪੀਕਰ ਸਾਹਿਬ, 1990 ਦੇ ਵਿੱਚ ਦਫਤਰਾਂ ਵਿੱਚ ਚੈਕਿੰਗ ਸਮੇਂ 700 ਤੋਂ ਵੱਧ ਅਫਸਰ ਅਤੇ 1700 ਤੋਂ ਵੱਧ ਕਰਮਚਾਰੀ ਗਿਲਟੀ ਪਾਏ ਗਏ। ਜਿਨ੍ਹਾਂ ਨੇ ਪੰਜਾਬੀ ਦੀ ਉਲੰਘਣਾ ਕੀਤੀ ਸੀ, ਜਿਥੇ ਪੰਜਾਬੀ ਇਸਤੇਮਾਲ ਕਰਨੀ ਚਾਹੀਦੀ ਸੀ, ਨਹੀਂ ਕੀਤੀ ਸੀ ਪਰ ਉਨ੍ਹਾਂ ਦੇ ਖਿਲਾਫ ਕੋਈ ਐਕਸ਼ਨ ਨਹੀਂ ਹੋਇਆ ਅੱਜ ਦੁਨੀਆਂ ਵਿਚ ਬੜੇ ਬੋਲਣ ਵਾਲੇ ਲੋਕਾਂ ਦੀ ਗਿਣਤੀ ਦੇ ਪਖੋਂ ਪੰਜਾਬੀ ਬੋਲਣ ਵਾਲੇ 10 ਵੇਂ ਨੰਬਰ ਤੇ ਹਨ, ਪਰ ਪੰਜਾਬੀ ਭਾਸ਼ਾ ਬਾਰੇ ਸਰਕਾਰ ਕੀ ਕਰ ਰਹੀ ਹੈ ਡਾਇਰੈਕਸ਼ਨ ਮਿਸਿੰਗ ਹੈ। ਪਿਛਲੇ

ਸਮੇਂ ਵਿਚ ਤਿੰਨ ਯੂਨੀਵਰਸਿਟੀਆਂ ਗਿਆਨੀ ਪੜ੍ਹਾਇਆ ਕਰਦੀਆਂ ਸਨ ਪਰ ਹੁਣ ਕੁਝ ਪਾਬੰਦੀਆਂ ਲਗਾ ਦਿੱਤੀਆਂ ਹਨ। ਅਗੇ ਹਰ ਸਾਲ 30, 35 ਹਜ਼ਾਰ ਗਿਆਨੀ ਕਰਕੇ ਯਾਨੀ ਪੰਜਾਬੀ ਪੜ੍ਹ ਕੇ ਬਾਹਰ ਨਿਕਲਦੇ ਸਨ ਪਰ ਹੁਣ ਹਜ਼ਾਰ ਡੇਢ ਹਜ਼ਾਰ ਦੇ ਕਰੀਬ ਮਸਾਂ ਨਿਕਲਦੇ ਹਨ। ਪੰਜਾਬ ਵਿੱਚੋਂ 1980 ਤੋਂ ਓ.ਟੀ. ਬੰਦ ਕੀਤੀ ਹੋਈ ਹੈ ਔਰ ਜਿਹੜੇ ਹਰਿਆਣਾ ਤੋਂ ਓ.ਟੀ. ਕਰਕੇ ਆਏ ਉਨ੍ਹਾਂ ਤੇ ਵੀ 1986 ਵਿਚ ਬੈਨ ਲਗਾ ਦਿੱਤਾ ਗਿਆ । ਇਸ ਬਾਰੇ ਰਾਜਪਾਲ ਦਾ ਭਾਸ਼ਣ ਬਿਲਕੁਲ ਚੁੱਪ ਹੈ । ਇਸ ਬਾਰੇ ਉਚੇਚਾ ਧਿਆਨ ਦੇਣਾ ਚਾਹੀਦਾ ਹੈ।

ਇਸ ਤੋਂ ਅਗੇ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਗਵਰਨਰ ਸਾਹਿਬ ਦੇ ਭਾਸ਼ਣ ਵਿੱਚ ਖੇਤੀ ਬਾੜੀ ਦਾ ਜ਼ਿਕਰ ਜਿਸ ਤਰ੍ਹਾਂ ਹੋਣਾ ਚਾਹੀਦਾ ਸੀ ਉਸ ਤਰ੍ਹਾਂ ਨਹੀਂ ਹੋਇਆ ਇਸ ਲਈ ਜੋ ਜ਼ਿਕਰ ਕੀਤਾ ਗਿਆ ਹੈ ਮੈਂ ਇਸ ਦੇ ਨਾਲ ਸਹਿਮਤ ਨਹੀਂ ਹਾਂ। ਭਾਵੇਂ ਪੰਜਾਬ ਵਿੱਚ ਗਰੀਨ ਰੈਵੋਲਿਊਸ਼ਨ ਆ ਗਿਆ ਹੈ ਅਤੇ ਖੇਤੀਬਾੜੀ ਦੀ ਉਪਜ ਵਿਚ ਪੰਜਾਬ ਹਿੰਦੁਸਤਾਨ ਭਰ ਵਿੱਚ ਨੰਬਰ ਇਕ ਤੇ ਹੈ, ਅਗਰ ਅਸੀਂ ਖੇਤੀਬਾੜੀ ਵਿੱਚ ਬੜੀਆਂ ਬੁਨਿਆਦੀ ਤਬਦੀਲੀਆਂ ਨਾ ਕੀਤੀਆਂ ਤਾਂ ਉਹ ਦਿਨ ਦੂਰ ਨਹੀਂ ਜਦ ਸਾਡਾ ਪੰਜਾਬ ਇਸ ਖੇਤਰ ਤੋਂ ਪੱਛੜ ਜਾਏਗਾ। ਮੈਂ ਕਹਿੰਦਾ ਹਾਂ ਕਿ 1970 ਤੋਂ 1980 ਤਕ ਦੇ ਅਤੇ 1980 ਤੋਂ 1990 ਤਕ ਦੇ ਅੰਕੜੇ ਵੇਖ ਲਓ, ਕੋਈ 13 ਲੱਖ ਦੇ ਕਰੀਬ ਲੋਕ ਜੁਤਾਈ ਕਰਨ ਵਾਲੇ ਸਨ ਪਰ ਉਨ੍ਹਾਂ ਵਿਚੋਂ ਸਾਢੇ ਤਿੰਨ ਲੱਖ ਦੇ ਕਰੀਬ ਲੋਕ ਉੜ ਗਏ ਭਾਵ ਖੇਤੀਬਾੜੀ ਚੋ ਨਿਕਲ ਗਏ ਜ਼ਮੀਨ ਵੱਡੇ ਲੋਕਾਂ ਕੋਲ ਚਲੀ ਗਈ। ਮੌਜੂਦਾ ਸਿਸਟਮ ਜੋ ਚਲ ਰਿਹਾ ਹੈ ਇਸ ਦੇ ਵਿਚੋਂ ਛੋਟੇ ਕਿਸਾਨ ਖੇਤੀ ਚੋਂ ਨਿਕਲੇਗਾ ਅਤੇ ਵੱਡਾ ਜ਼ਿਮੀਂਦਾਰ ਫਿਰ ਇਥੇ ਆ ਰਿਹਾ ਹੈ। ਅੱਜ ਇਸ ਗਲ ਤੇ ਤਸੱਲੀ ਨਹੀਂ ਕੀਤੀ ਜਾ ਸਕਦੀ ਕਿ ਕਣਕ ਦਾ ਭਾਅ ਕਿੰਨਾ ਵਧਿਆ ਅਤੇ ਚੌਲਾਂ ਦਾ ਭਾਅ ਕਿੰਨਾ ਵਧਿਆ, ਬਾਕੀ ਚੀਜ਼ਾਂ ਵੱਲ ਵੀ ਧਿਆਨ ਰਖਣਾ ਪਏਗਾ। ਜਿਹੜੀਆਂ ਕਮਰਸ਼ੀਅਲ ਕਰੌਪਸ ਹਨ ਜਿਹੜਾ ਸਰਮਾਇਦਾਰ ਆਪਣੇ ਪ੍ਰਾਫਿਟ ਲਈ ਕਰਦਾ ਹੈ ਜਿਵੇਂ ਕੀਨੂੰ ਹੈ, ਨਰਮਾ ਹੈ, ਅੰਗੂਰ ਹਨ, ਗੰਨਾ ਹੈ ਆਦਿ ਇਨ੍ਹਾਂ ਦੀਆਂ ਪ੍ਰਾਪਤੀਆਂ ਬਾਰੇ ਕੀ ਹੋਇਆ ਕਿੰਨੇ ਭਾਅ ਮਿਲੇ। ਇਹ ਜਦੋਂ ਮਾਰਕਿਟ ਵਿੱਚ ਆ ਜਾਣ ਤਾਂ ਉਸ ਦੇ ਬਾਰੇ ਵਿੱਚ ਕਿੰਨੀ ਪ੍ਰਾਪਤੀ ਹੈ ਜੇਕਰ ਸਾਰਾ ਕੁਝ ਦੇਖੀਏ ਤਾਂ ਸਾਰੀ ਹੀ ਤਸਵੀਰ ਮਾੜੀ ਹੀ ਮਾੜੀ ਹੈ। (ਵਿਘਨ) ਸਪੀਕਰ ਸਾਹਿਬ, ਮੈਂ ਕਦੇ ਕਿਸੇ ਨੂੰ ਇੰਟਰੱਪਟ ਨਹੀਂ ਕਰਦਾ, ਇਸ ਲਈ ਮੇਰੀ ਬੇਨਤੀ ਹੈ ਕਿ ਮੈਨੂੰ ਇੰਟਰੱਪਟ ਨਾ ਕੀਤਾ ਜਾਏ ।

ਇਸ ਕਰਕੇ, ਸਪੀਕਰ ਸਾਹਿਬ, ਮੈਂ ਬੇਨਤੀ ਕਰ ਰਿਹਾ ਸੀ ਕਿ ਜਿਥੇ ਖੇਤੀ ਉਪਜ ਦੀਆਂ ਚੀਜ਼ਾਂ ਦੇ ਭਾਅ ਵੱਧਦੇ ਜਾ ਰਹੇ ਹਨ ਖੇਤੀਕਾਰ ਜਿਹੜਾ ਹੈ ਉਸਦੀ ਪਹੁੰਚ ਤੋਂ ਇਹ ਚੀਜ਼ਾਂ ਬਾਹਰ ਜਾ ਰਹੀਆਂ ਹਨ, ਦੂਸਰੇ ਪਾਸੇ ਜਿਹੜੀ ਸਰਵਜਨਕ ਵੰਡ ਪ੍ਰਣਾਲੀ ਹੈ ਉਹ ਠੀਕ ਨਹੀਂ ਹੈ ਅਤੇ ਵਾਜਬ ਦਰਾਂ ਤੇ ਕੋਈ ਚੀਜ਼ ਨਹੀਂ ਮਿਲ ਰਹੀ ਦੂਸਰੇ ਸਰਵਜਨਕ ਵੰਡ ਪ੍ਰਣਾਲੀ ਵਿੱਚ ਸਾਰੀਆਂ ਚੀਜ਼ਾਂ ਨਹੀਂ ਮਿਲਦੀਆਂ। ਇਸ ਕਰਕੇ ਇਸ ਗਲ ਦਾ ਜ਼ਿਕਰ ਰਾਜਪਾਲ ਜੀ ਦੇ ਭਾਸ਼ਣ ਵਿੱਚ ਕਰਨਾ ਜ਼ਰੂਰੀ ਸੀ। ਅੱਜ ਜ਼ੋਰ ਦਿਤਾ ਜਾ ਰਿਹਾ ਹੈ ਡਾਈਵਰਸੀਫਿਕੇਸ਼ਨ ਆਫ ਕਰੌਪਸ ਬਾਰੇ, ਯੂਨੀਵਰਸਿਟੀਆਂ ਵੀ ਇਸ ਤਰਫ ਕਾਫੀ ਰਿਸਰਚ ਕਰ ਰਹੀਆਂ ਹਨ, ਪਰ ਆਮ ਲੋਕਾਂ ਨੂੰ ਇਸ ਦਾ ਕੋਈ ਲਾਭ ਨਹੀਂ ਹੋ ਰਿਹਾ । ਮੇਰੇ ਇਲਾਕੇ ਵਿੱਚ ਲੋਕ ਅੰਗੂਰਾਂ ਦੀਆਂ ਵੇਲਾਂ ਪੁੱਟਣ ਲਗੇ ਹੋਏ ਹਨ ਕਿਉਂਕਿ ਉਨ੍ਹਾਂ ਦੀ ਫਸਲ ਦਾ ਮਾਰਕਿਟ ਵਿਚ ਕੋਈ ਮੁਲ ਨਹੀਂ ਮਿਲ ਰਿਹਾ। ਉਨ੍ਹਾਂ ਨੂੰ ਵਰਗਲਾਇਆ ਗਿਆ ਸੀ ਕਿ ਅੰਗੂਰਾਂ ਦੀ ਉਪਜ ਸ਼ੁਰੂ ਕੀਤੀ ਜਾਵੇ ਅਤੇ ਇਸ ਦੇ ਲਈ ਅਸੀਂ ਗਲੂਕੋਸ ਦੀ ਫੈਕਟਰੀ ਲਗਾ ਰਹੇ ਹਾਂ ਪਰ ਹਾਲੇ ਤਕ

[ਕਾਮਰੇਡ ਹਰਦੇਵ ਸਿਘ ਅਰਸ਼ੀ]

ਕੋਈ ਫੈਕਟਰੀ ਨਹੀਂ ਲਗਾਈ ਗਈ। ਇਨ੍ਹਾਂ ਦੇ ਵਾਇਦੇ ਹੀ ਰਹੇ, ਅਮਲ ਵਿਚ ਕੁੱਝ ਨਹੀਂ ਕੀਤਾ ਗਿਆ ਅੱਜ ਜਿਹੜੀ ਪੰਜਾਬ ਦੀ ਐਗਰੀਕਲਚਰ ਹੈ ਉਹ ਪੁਰਾਣੀ ਰਿਵਾਇਤਾਂ ਵਾਲੀ ਨਹੀਂ ਰਹੀ, ਇਸ ਵਿਚ ਬੁਨਿਆਦੀ ਤਬਦੀਲੀਆਂ ਆ ਗਈਆਂ ਹਨ ਔਰ ਮਸ਼ੀਨਰੀ ਦਾ ਪ੍ਰਯੋਗ ਭਰਪੂਰ ਹੋ ਰਿਹਾ ਹੈ ਔਰ ਮਸ਼ੀਨਰੀ ਦੇ ਮੁਲ ਕਿਤੇ ਵੱਧ ਗਏ ਹਨ। ਮਸ਼ੀਨਰੀ ਤੋਂ ਇਲਾਵਾ ਦੂਸਰੀਆਂ ਜਿਹੜੀਆਂ ਚੀਜ਼ਾਂ ਹਨ ਖੇਤੀ ਦੇ ਕੰਮ ਆਉਣ ਵਾਲੀਆਂ ਭਾਵੇਂ ਕੀੜੇ ਮਾਰ ਦਵਾਈਆਂ ਹਨ ਜਾਂ ਹੋਰ ਚੀਜ਼ਾਂ ਹਨ ਉਨ੍ਹਾਂ ਦੀਆਂ ਕੀਮਤਾਂ ਬਹੁਤ ਵੱਧ ਗਈਆਂ ਹਨ। ਜਿਹੜੀ ਕਿਸਾਨ ਦੀ ਇਨਪੁਟ ਹੈ, ਕਿਸਾਨ ਦਾ ਜਿਹੜਾ ਕੱਚਾ ਮਾਲ ਹੈ ਉਸ ਦੇ ਭਾਅ ਬਹੁਤ ਘੱਟ ਹਨ। ਜਿਹੜਾ ਪੱਕਾ ਮਾਲ ਉਹ ਖਰੀਦਦਾ ਹੈ ਉਹ ਉਸ ਨੂੰ ਕਾਫੀ ਮਹਿੰਗਾ ਮਿਲਦਾ ਹੈ। ਉਸਦੇ ਕੱਚੇ ਮਾਲ ਦੇ ਭਾਅ ਨੂੰ ਪੱਕੇ ਮਾਲ ਦੇ ਨਾਲ ਜੋੜਿਆ ਜਾਵੇ ਤਾਂ ਹੀ ਅਸੀਂ ਕਹਾਂਗੇ ਕਿ ਕਿਸਾਨ ਵਾਸਤੇ ਕੁਝ ਕੰਮ ਕੀਤਾ ਹੈ।

ਸਪੀਕਰ ਸਾਹਿਬ, ਇਹ ਜਿਹੜੀ ਗ੍ਰਾਂਟ ਸੰਸਥਾ ਬਣੀ ਹੈ ਜਿਸ ਵਿੱਚ 107 ਦੇਸ਼ ਹਨ ਅਤੇ ਹਿੰਦੁਸਤਾਨ ਵੀ ਉਸ ਦਾ ਮੈਂਬਰ ਹੈ। ਉਸਦਾ ਡਾਇਰੈਕਟਰ ਜਨਰਲ, ਆਰਥਰ ਡੰਕਲ ਇਕ ਪਰਪੋਜ਼ਲ ਲੈ ਕੇ ਆਇਆ ਹੈ ਔਰ ਉਸ ਵਿੱਚ ਬੜੀਆਂ ਅਜੀਬੋਗਰੀਬ ਚੀਜ਼ਾਂ ਰਖੀਆਂ ਹੋਈਆਂ ਹਨ। ਸਾਡਾ ਪੰਜਾਬ ਦਾ ਸੂਬਾ ਖੇਤੀ ਬਾੜੀ ਦਾ ਸੂਬਾ ਹੈ ਔਰ ਪੰਜਾਬ ਹਿੰਦੁਸਤਾਨ ਦਾ ਪਾਰਟ ਹੈ। ਇਸ ਲਈ ਮੈਂ ਕਹਾਂਗਾ ਕਿ ਉਹ ਜਿਹੜੀਆਂ ਪਰਪੋਜਲਾਂ ਤੇ ਦਸਤਖਤ ਕਰਾਉਣ ਲਗਾ ਹੈ ਉਸ ਤੇ ਦਸਤਖਤ ਨਹੀਂ ਕਰਨੇ ਚਾਹੀਦੇ ਨਹੀਂ ਤਾਂ ਸਾਡੇ ਸੂਬੇ ਦੀ ਖੇਤੀ ਬਾੜੀ ਤਬਾਹ ਹੋ ਜਾਵੇਗੀ ਇਸ ਬਾਰੇ ਡਿਸਕਸ਼ਨ ਚਲ ਰਹੀ ਹੈ ਔਰ ਮੇਰੀ ਸਰਕਾਰ ਅਗੇ ਬੇਨਤੀ ਹੈ ਕਿ ਉਹ ਭਾਰਤ ਸਰਕਾਰ ਤੇ ਜ਼ੋਰ ਪਾਵੇ ਕਿ ਜਿਹੜੇ ਉਹ ਦਸਤਖਤ ਕਰਨ ਜਾ ਰਹੇ ਹਨ ਉਹ ਦਸਤਖਤ ਨਾ ਕਰਨ। ਅਸੀਂ ਨਵੇਂ ਬੀਜਾਂ ਬਾਰੇ ਕੁਝ ਨਹੀਂ ਕਰ ਸਕਦੇ। ਔਰ ਵਿਕਸਤ ਦੇਸ਼ਾਂ ਦੀ ਆਰਥਕਤਾ ਨਾਲ ਆਪਣੇ ਆਪ ਨੂੰ ਜੋੜਨ ਦੀ ਕੋਸ਼ਿਸ਼ ਕਰ ਰਹੇ ਹਾਂ। ਸਬਸਿੱਡੀ ਖਤਮ ਕਰ ਦਿਉ, ਸਾਰਵ-ਜ਼ਨਕ ਵੰਡ ਪ੍ਰਣਾਲੀ ਖਤਮ ਕਰ ਦਿਉ। ਇਸ ਤਰ੍ਹਾਂ ਨਾਲ ਸਾਡੀ ਆਰਥਕਤਾ ਨੂੰ ਉਨ੍ਹਾਂ ਦੇਸ਼ਾਂ ਦੀ ਆਰਥਕਤਾ ਨਾਲ ਦੇਸ਼ ਨੂੰ ਜੋੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਦਾ ਨਤੀਜਾ ਇਹ ਹੋਵੇਗਾ ਕਿ ਅਨਾਜ ਦੀ ਪੈਦਾਵਾਰ ਘਟੇਗੀ, ਕਿਸਾਨ ਦੀ ਹਾਲਤ ਮਾੜੀ ਹੁੰਦੀ ਜਾਵੇਗੀ। ਡੰਕਲ ਦੀ ਪ੍ਰੋਪੋਜ਼ਲ ਹੈ। ਉਸ ਮੁਤਾਬਿਕ 2 ਫੀਸਦੀ ਅਨਾਜ ਸੰਨ 1998 ਤਕ ਬਾਹਰੋਂ ਖਰੀਦਾਂਗੇ ਔਰ ਇਹ 2003 ਤਕ 3.33 ਫੀਸਦੀ ਹੋ ਜਾਵੇਗਾ।

ਇਹ ਕੰਪਲਸਰੀ ਹੋਵੇਗਾ ਕਿ ਸਰਮਾਏਦਾਰ ਦੇਸ਼ਾਂ ਤੋਂ ਅਨਾਜ ਦੀ ਖਰੀਦ ਕਰੀਏ ਭਾਵ ਘਰੇਲੂ ਖਪਤ ਦੀ ਖਰੀਦ ਵੀ ਜ਼ਰੂਰ ਕਰੀਏ ਭਾਵੇਂ ਇਹ ਮਾਲ ਸਾਡੇ ਕੋਲ ਵੀ ਮੌਜੂਦ ਕਿਉਂ ਨਾ ਹੋਵੇ। ਇਸ ਲਈ ਇਸ ਨੂੰ ਬੜੀ ਗੰਭੀਰਤਾ ਨਾਲ ਸੋਚਣਾ ਪਵੇਗਾ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਕੇਂਦਰ ਦੀ ਸਰਕਾਰ ਨੂੰ ਅਪਰੋਚ ਕਰੇ, ਉਸ ਨੂੰ ਦੱਸੇ ਕਿ ਇਸ ਤਰ੍ਹਾਂ ਨਾਲ ਬਹੁਤ ਬੁਰਾ ਅਸਰ ਸਾਡੀ ਖੇਤੀਬਾੜੀ ਉਪਰ ਪਵੇਗਾ। ਮੈਂ ਇਹ ਗੱਲ ਜ਼ਰੂਰ ਕਹਿਣਾ ਚਾਹਵਾਂਗਾ। ਕਿਉਂਕਿ ਟਾਈਮ ਇਜ਼ਾਜ਼ਤ ਨਹੀਂ ਦਿੰਦਾ, ਇਸ ਲਈ ਇਸ਼ਾਰਾ ਹੀ ਕਰਨਾ ਚਾਹੁੰਦਾ ਹਾਂ। ਇਹ ਗੱਲ ਠੀਕ ਹੈ ਕਿ ਪੰਜਾਬ ਐਗਰੀਕਲਚਰ ਵਿਚ ਯੂਨੀਵਰਸਿਟੀ ਦਾ ਸਾਡੀ ਖੇਤੀ ਦੀ ਪੈਦਾਵਾਰ ਵਿੱਚ ਬੜਾ ਯੋਗਦਾਨ ਹੈ। ਪਰ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਐਗਰੀਕਲਚਰਲ ਯੂਨੀਵਰਸਿਟੀ ਦਾ ਹੈਡ ਅਗਰ ਇਹ ਹੀ ਰਿਹਾ ਤਾਂ ਸਾਲ ਦੋ ਸਾਲਾਂ ਵਿਚ ਤਬਾਹ ਹੋ ਜਾਵੇਗੀ। ਮੈਨੂੰ ਨਹੀਂ ਸਮਝ ਆਉਂਦੀ ਕਿ ਸਰਕਾਰ ਦੇ ਇਹ ਗੱਲ ਨਜ਼ਰ ਵਿੱਚ ਕਿਉਂ ਨਹੀਂ ਆ ਰਹੀ ਕਿ ਹੈਡਰਡ ਪਰਸੈਂਟ ਉਥੋਂ ਦਾ ਸਟਾਫ ਇਕ ਪਾਸੇ ਉਹ ਇਕ ਪਾਸੇ ਸੋਚ ਰਿਹਾ ਹੈ। ਇਕ ਦੋ ਵਿਅਕਤੀ ਹਨ ਜੋ ਉਲਟੇ ਪਾਸੇ ਸੋਚ ਰਹੇ ਹਨ। ਉਥੇ ਭ੍ਰਿਸ਼ਟਾਚਾਰ ਹੈ, ਯੋਗ ਬੰਦੇ ਯੂਨੀਵਰਸਿਟੀ ਨੂੰ ਛੱਡ ਛੱਡ

ਕੇ ਜਾ ਰਹੇ ਹਨ ਔਰ ਅਯੋਗ ਬੰਦੇ ਭਰਤੀ ਕੀਤੇ ਜਾ ਰਹੇ ਹਨ। ਜਿਤਨੀਆਂ ਬੀਜਾਂ ਦੀਆਂ ਸੁਧਰੀਆਂ ਕਿਸਮਾਂ ਇਸ ਵੇਲੇ ਪੰਜਾਬ ਦਾ ਕਿਸਾਨ ਬੀਜਦਾ ਹੈ ਉਸ ਵਿਚੋਂ 90 ਫੀਸਦੀ ਉਹ ਕਿਸਮਾਂ ਬੀਜਦਾ ਹੈ ਜੋ ਦੂਸਰੀਆਂ ਯੂਨੀਵਰਸਿਟੀਆਂ ਨੇ ਰਿਕੂਮੈਂਡ ਕੀਤੀਆਂ ਹਨ ਪੰਜਾਬ ਚੋਂ ਤਿਆਰ ਕਿਸਮਾਂ ਚੋਂ ਕੇਵਲ 10 ਫੀਸਦੀ ਹੀ ਵਰਤਦਾ ਹੈ ਉਹ ਉਹ ਵੈਰਾਇਟੀਆਂ ਇਸਤੇਮਾਲ ਕਰ ਰਿਹਾ ਹੈ। ਇਸ ਲਈ ਗੰਭੀਰਤਾ ਨਾਲ ਇਸ਼ ਪਾਸੇ ਧਿਆਨ ਦੇਣਾ ਚਾਹੀਦਾ ਹੈ।

ਫਿਰ ਸੱਨਅਤ ਬਾਰੇ ਕਿਹਾ ਗਿਆ ਹੈ। ਕਿਸੇ ਵੀ ਦੇਸ਼ ਦੀ ਤਰੱਕੀ ਦੀ ਬੁਨਿਆਦ ਸੱਨਅਤ ਹੁੰਦੀ ਹੈ ਪਰ ਹਾਲੇ ਤਕ ਅਸੀਂ ਸੱਨਅਤੀ ਵਾਤਾਵਰਣ ਪੈਦਾ ਨਹੀਂ ਕਰ ਸਕੇ। ਦਸ ਸਾਲਾਂ ਦੀ ਗੜਬੜ ਦਾ ਮੈਂ ਮੰਨਦਾ ਹਾਂ ਕਿ ਇਫੈਕਟ ਜ਼ਰੂਰ ਹੋਇਆ ਹੈ, ਇਹ ਗੱਲ ਵੀ ਨਜ਼ਰ ਅੰਦਾਜ਼ ਨਹੀਂ ਕੀਤੀ ਜਾ ਸਕਦੀ ਪਰ ਸੱਨਅਤੀ ਵਾਤਾਵਰਣ ਵੀ ਪੈਦਾ ਕਰਨਾ ਚਾਹੀਦਾ ਹੈ। ਨਾਨ-ਰੈਜ਼ੀਡੈਂਟ ਇੰਡੀਅਨਜ਼ ਜੋ ਹਨ ਉਨ੍ਹਾਂ ਨੂੰ ਵੀ ਅਪ੍ਰੋਚ ਕੀਤਾ ਗਿਆ ਪਰ ਉਸ ਦੇ ਵੀ ਕੋਈ ਠੋਸ ਸਿੱਟੇ ਨਹੀਂ ਨਿਕਲੇ। ਮੇਰੀ ਅੰਕੜਿਆਂ ਨਾਲ ਤਸੱਲੀ ਨਹੀਂ ਹੁੰਦੀ ਕਿਉਂਕਿ ਅੰਕੜੇ ਤਾਂ ਕਿਤਾਬਾਂ ਵਿਚ ਹੀ ਹੁੰਦੇ ਹਨ, ਪ੍ਰੈਕਟੀਕਲੀ ਤਾਂ ਕੁਝ ਹੋਰ ਹੀ ਹੁੰਦਾ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਪ੍ਰੈਕਟੀਕਲ ਗੱਲ ਹੋਣੀ ਚਾਹੀਦੀ ਹੈ ਔਰ ਸੱਨਅਤ ਦੀ ਤਰੱਕੀ ਵਾਸਤੇ ਸੱਨਅਤੀ ਵਾਤਾਵਰਣ ਤਿਆਰ ਕਰਨਾ ਚਾਹੀਦਾ ਹੈ, ਇਸ ਗੱਲ ਦੀ ਘੋਖ ਕਰਕੇ ਸਨੱਅਤ ਲਗਾਈ ਜਾਵੇ। ਕੁਝ ਗੱਲਾਂ ਹਨ ਜੋ ਬੁਨਿਆਦੀ ਹਨ ਸਨੱਅਤ ਲਗਾਉਣ ਵਾਸਤੇ। ਗੰਨੇ ਦੀ ਘਾਟ ਜਿਥੇ ਹੋਵੇ, ਉਥੇ ਅਗਰ ਮਿੱਲ ਲਗਾ ਦਿੱਤੀ ਜਾਵੇ ਤਾਂ ਕਿਸ ਤਰ੍ਹਾਂ ਚਲ ਸਕਦੀ ਹੈ। ਇਕ ਮਿੱਲ ਲਗਾਈ ਬੁਢਲਾਡਾ (ਮਾਨਸਾ ਵਿਖੇ 25 ਹਜ਼ਾਰ ਟਨ ਦੀ ਕਪੈਸਟੀ ਦੀ, 10 ਲੱਖ ਟੰਨ ਗੰਨਾਂ ਜਾਣਾ ਚਾਹੀਦਾ ਸੀ ਪਰ ਤਿੰਨ ਚਾਰ ਲੱਖ ਟਨ ਗੰਨਾ ਹੀ ਮਿਲਿਆ ਹੈ। ਇਸ ਲਈ ਇੰਡਸਟਰੀ ਲਗਾਉਣ ਲਗੇ ਇਹ ਜ਼ਰੂਰ ਵੇਖ ਲੈਣਾ ਚਾਹੀਦਾ ਹੈ ਕਿ ਉਸ ਦਾ ਪੋਟੈਂਸ਼ੀਅਲ ਹੋਵੇ ਉਥੇ ਤਾਂ ਲਗਾਉਣੀ ਚਾਹੀਦੀ ਹੈ (ਥੰਪਿੰਗ)। ਸਨਅਤ ਉਹ ਹੋਵੇ ਜੋ ਕਿ ਖੇਤੀਬਾੜੀ ਉਤੇ ਅਧਾਰਤ ਹੋਵੇ। ਇਸ ਗੱਲ ਵੱਲ ਧਿਆਨ ਦੇਵੋ ਕਿ ਕਿਸ ਚੀਜ਼ ਦਾ ਸਕੋਪ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਜ਼ਿਲ੍ਹੇ ਫਰੀਦਕੋਟ, ਬਠਿੰਡਾ ਜਾਂ ਅੰਮ੍ਰਿਤਸਰ ਹਨ, ਇਹ ਕਾਟਨ ਬੈਲਟ ਹੈ। ਸਪੀਕਰ ਸਾਹਿਬ, ਖੁਸ਼ੀ ਹੈ ਕਿ ਸਾਡਾ ਪੰਜਾਬ ਸਾਰੇ ਹਿੰਦੁਸਤਾਨ ਵਿਚ ਇਸ ਪ੍ਰਪੱਖ ਤੋਂ ਨੰਬਰ ਇਕ ਉਤੇ ਹੈ ਜਿੰਨਿੰਗ ਮਿੱਲਾਂ ਹਨ, ਸਪਿਨਿੰਗ ਮਿੱਲਾਂ ਹਨ ਪਰ ਟੈਕਸਟਾਈਲ ਮਿੱਲਾਂ ਘੱਟ ਹਨ, ਉਹ ਮਿਲਾਂ ਅਸੀਂ ਲਾਈਏ ਜਿਨ੍ਹਾਂ ਵਾਸਤੇ ਕੱਚਾ ਮਾਲ ਉਥੋਂ ਮਿਲ ਸਕੇ। ਪੰਜਾਬ ਦੇ ਲੋਕਾਂ ਨੂੰ ਉਸ ਨਾਲ ਰੋਜ਼ਗਾਰ ਵੀ ਮਲੇ। ਇਨ੍ਹਾਂ ਗੱਲਾਂ ਨੂੰ ਸਰਕਾਰ ਐਗਜ਼ਾਮਿਨ ਪਹਿਲਾਂ ਕਰੇ ਕਿ ਕਿਹੜੀ ਮਿਲ ਦੀ ਜ਼ਰੂਰਤ ਕਿਥੇ ਹੈ। ਅੰਮ੍ਰਿਤਸਰ ਦੀ ਟੈਕਸਟਾਈਲ ਇੰਡਸਟਰੀ ਹੈ। ਉਥੇ ਦੀ ਹੌਜਰੀ ਦਾ ਮਾਲ ਦੁਨੀਆਂ ਭਰ ਵਿੱਚ ਪਾਪੂਲਰ ਹੈ ਪਰ ਉਸ ਪਾਸੇ ਕਦੇ ਸਰਕਾਰ ਨੇ ਧਿਆਨ ਨਹੀਂ ਦਿੱਤਾ। ਅੰਮ੍ਰਿਤਸਰ ਦੀ ਹੌਜਰੀ ਦੀ ਸਨੱਅਤ ਲਈ ਵਧੀਆ ਵੂਲ ਦੀ ਘਾਟ ਹੈ। ਮਹਿੰਗੇ ਭਾਅ ਤੇ ਵਿਦੇਸ਼ਾਂ ਚੋਂ ਮੰਗਾਣੀ ਪੈਂਦੀ ਹੈ। ਅਸੀਂ ਕਿਉਂ ਯਤਨ ਨਹੀਂ ਕਰਦੇ ਕਿ ਇਥੇ ਹੀ ਅਬੋਹਵਾ ਦੀਆਂ ਉਨ੍ਹਾਂ ਥਾਵਾਂ ਉਪਰ ਵਧੀਆ ਨਸਲ ਦੀਆਂ ਭੇਡਾਂ ਦੇ ਫਾਰਮ ਬਣਾ ਲਈਏ ਤਾਂ ਕਿ ਸਾਨੂੰ ਵਧੀਆ ਉਨ (ਵੂਲ) ਮਿਲ ਸਕੇ। ਇਸ ਦਾ ਨਤੀਜਾ, ਸਪੀਕਰ ਸਾਹਿਬ, ਕੀ ਹੋਵੇਗਾ ? ਆਇਸਤਾ, ਆਇਸਤਾ ਇਹ ਇੰਡਸਟਰੀ ਤਬਾਹ ਹੁੰਦੀ ਜਾ ਰਹੀ ਹੈ। ਅੱਜ ਇਸ ਗੱਲ ਦਾ ਖਤਰਾ ਪੈਦਾ ਹੋਇਆ ਹੋਇਆ ਹੈ। ਇਸ ਕਰਕੇ ਸਿਲਕ ਅਸੀਂ ਬਾਹਰਲੇ ਸੂਬਿਆਂ ਤੋਂ ਮੰਗਵਾਉਂਦੇ ਪਏ ਹਾਂ। ਇਸ ਲਈ ਸਾਨੂੰ ਇਸ ਪਾਸੇ ਸੋਚਣਾ ਚਾਹੀਦਾ ਹੈ ਕਿ ਜੇਕਰ ਅਸੀਂ ਇਥੇ ਅੱਛੀ ਸਿਲਕ ਪੈਦਾ ਕਰ ਸਕਦੇ ਹਾਂ। ਤਾਂ ਜ਼ਰੂਰ ਕਰੀਏ। ਪਰ ਅਸੀਂ ਕਿਉਂਕਿ ਸਨੱਅਤੀ ਵਾਤਾਵਰਣ ਨਹੀਂ ਬਣਾਇਆ ਔਰ ਨਤੀਜਾ ਇਹ ਹੈ ਕਿ 47 ਸਾਲਾਂ ਵਿੱਚ ਅੱਜ ਇਹ ਹਾਲਤ ਬਣੀ ਹੋਈ ਹੈ। ਸੋ, ਜਿਤਨਾ ਚਿਰ ਤੱਕ ਕਿਸੇ ਸਟੇਟ ਵਿੱਚ ਟੈਕਨੀਕਲ ਡਿਵੈਲਪਮੈਂਟ ਨਹੀਂ ਹੁੰਦੀ, ਖੇਤੀਬਾੜੀ ਦਾ ਵਿਕਾਸ ਨਹੀਂ ਹੁੰਦਾ, ਦੇਸ਼ ਦਾ ਵਿਕਾਸ ਨਹੀਂ ਹੁੰਦਾ। ਮੈਂ ਇਕ ਹੋਰ ਗੱਲ ਕਹਾਂਗਾ ਕਿਉਂਕਿ

[ਕਾਮਰੇਡ ਹਰਦੇਵ ਸਿਘ ਅਰਸ਼ੀ]

ਸਮਾਂ ਥੋੜ੍ਹਾ ਹੈ, ਇੰਡਸਟਰੀ ਦੇ ਬਾਰੇ ਮੈਂ ਇਹ ਗੱਲ ਜ਼ੋਰ ਦੇ ਕੇ ਕਹਿਣਾ ਚਾਹਾਂਗਾ ਕਿ ਇਸ ਦੇ ਵਿੱਚ ਜਿਹੜੀ ਬੇਸਿਕ ਚੀਜ਼ ਵੇਖਣ ਵਾਲੀ ਹੈ. ਉਹ ਵੇਖਣੀ ਚਾਹੀਦੀ ਹੈ। ਸਪੀਕਰ ਸਾਹਿਬ, ਜਿਹੜਾ ਸਾਡਾ ਪਬਲਿਕ ਸੈਕਟਰ ਹੈ ਅੱਜ ਜੋ ਇਸ ਦਾ ਹਾਲ ਹੈ ਉਹ ਤੁਹਾਨੂੰ ਪਤਾ ਹੀ ਹੈ, ਘਾਟੇ ਵੱਲ ਨੂੰ ਜਾ ਰਿਹਾ ਹੈ ਔਰ ਇਸ ਨੂੰ ਬੰਦ ਕਰਨ ਦੇ ਬਾਰੇ ਸੋਚਿਆ ਜਾ ਰਿਹਾ ਹੈ। ਮੈਂ ਦੱਸਦਾ ਹਾਂ ਕਿ ਜਿਸ ਪਬਲਿਕ ਸੈਕਟਰ ਵਾਸਤੇ ਸਾਡੇ ਪੰਡਿਤ ਜਵਾਹਰ ਲਾਲ ਨੇ ਇਤਨੀ ਕੋਸ਼ਿਸ਼ ਕੀਤੀ, ਮੈਂ ਇਹ ਕਹਿੰਦਾ ਹਾਂ ਕਿ ਜੇ ਅੱਜ ਇਥੇ ਪਬਲਿਕ ਸੈਕਟਰ ਨਾ ਹੁੰਦਾ ਤਾਂ ਸਾਡਾ ਹਾਲ ਪਾਕਿਸਤਾਨ ਤੋਂ ਵੀ ਮਾੜਾ ਹੋਣਾ ਸੀ। ਅੱਜ ਜਿਹੜਾ ਇਹ ਘਾਟੇ ਵਿਚ ਜਾ ਰਿਹਾ ਹੈ ਇਸ ਵਿਚ ਐਪਰੋਚ ਗ਼ਲਤ ਹੈ। ਗਲਤ ਹੱਥਾਂ ਵਿੱਚ ਦਿੱਤਾ ਹੋਇਆ ਹੈ। ਐਸੇ ਅਫ਼ਸਰਾਂ ਦੇ ਹੱਥਾਂ ਵਿੱਚ ਹੈ ਜਿਹੜੇ ਨਹੀਂ ਚਾਹੁੰਦੇ, ਜਿਨ੍ਹਾਂ ਨੂੰ ਪਤਾ ਹੀ ਨਹੀਂ, ਉਨ੍ਹਾਂ ਨੂੰ ਇਸ ਪਬਲਿਕ ਸੈਕਟਰ ਵਿਚ ਕੋਈ ਦਿਲਚਸਪੀ ਹੀ ਨਹੀਂ ਹੈ। ਮੈਂ ਕਹਿੰਦਾ ਹਾਂ ਕਿ ਇਸ ਨੂੰ ਵਪਾਰਕ ਤੌਰ ਤੇ ਚਲਾਉਣਾ ਚਾਹੀਦਾ ਹੈ,। ਜੇ ਵਪਾਰਕ ਤੌਰ ਤੇ ਚਲਾਓਗੇ ਤਾਂ ਇਹ ਅਦਾਰਾ ਕਦੇ ਫੇਲ੍ਹ ਨਹੀਂ ਹੋਵੇਗਾ ਔਰ ਪ੍ਰਾਫਿਟ ਵਿਚ ਜਾਵੇਗਾ। ਇਸ ਨੂੰ ਅੱਜ ਜਾਣ ਬੁਝ ਕੇ ਫੇਲ੍ਹ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਮੈਂ ਇਸ ਦੀ ਇਕ ਐਗਜ਼ਾਂਪਲ ਦਿੰਦਾ ਹਾਂ, ਸਾਡੇ ਬਠਿੰਡੇ ਵਿੱਚ ਇਕ ਸਪਿਨਿੰਗ ਮਿਲ ਲਗੀ ਸੀ, ਪੀ.ਐਸ.ਆਈ. ਡੀ.ਸੀ. ਵਲੋਂ ਲਗੀ ਸੀ ਔਰ ਉਹ ਪ੍ਰਾਫਿਟ ਵੀ ਵਿਖਾ ਰਹੀ ਸੀ ਪਰ ਬਾਅਦ ਵਿੱਚ ਕੁਝ ਪ੍ਰਾਈਵੇਟ ਲਾਬੀ ਨੇ ਇਸ ਨੂੰ ਫੇਲ੍ਹ ਕਰਨ ਦੀ ਕੋਸ਼ਿਸ਼ ਕੀਤੀ ਤਾਂ ਕਿ ਉਹ ਖਰੀਦ ਲਵੇ

ਕਾਮਰੇਡ ਤਰਸੇਮ ਜੋਧਾਂ : ** ** **

Mr. Speaker :No point of order. No interruption please.

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਮੈਂ ਗੱਲ ਕਰ ਰਿਹਾ ਸੀ ਕਿ ਇਕ ਪ੍ਰਾਈਵੇਟ ਲਾਬੀ ਨੇ ਉਸ ਅਦਾਰੇ ਨੂੰ ਫੇਲ੍ਹ ਕਰਨ ਦੀ ਕੋਸ਼ਿਸ਼ ਕੀਤੀ ਔਰ ਉਸ ਨੂੰ ਫੇਲ੍ਹ ਕਰਕੇ ਤੋੜਿਆ ਗਿਆ। ਫਿਰ ਇਹ ਪ੍ਰਾਈਵੇਟ ਹੱਥਾਂ ਵਿੱਚ ਅਦਾਰਾ ਦਿੱਤਾ ਗਿਆ। ਕੁੱਝ ਸਮੇਂ ਬਾਅਦ ਫਿਰ ਇਸ ਨੂੰ ਪੀ.ਐਸ.ਆਈ. ਡੀ.ਸੀ. ਨੇ ਆਪਣੇ ਹੱਥਾਂ ਵਿੱਚ ਲਿਆ ਔਰ ਪ੍ਰਾਫਿਟ ਵੀ ਸ਼ੋਅ ਕੀਤਾ। ਪਰ ਅੱਜ ਫਿਰ ਉਸ ਅਦਾਰੇ ਨੂੰ ਫੇਲ੍ਹ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿਉਂਕਿ ਇਸ ਨੂੰ ਇਕ ਲਾਬੀ ਪ੍ਰਾਈਵੇਟ ਹੱਥਾਂ ਵਿੱਚ ਪਾਉਣਾ ਚਾਹੁੰਦੀ ਹੈ। ਤੁਸੀਂ ਵੇਖੋ ਇਕ ਵਾਰ ਪਬਲਿਕ ਸੈਕਟਰ ਵਿਚ ਇਹ ਅਦਾਰਾ ਬਣਿਆ ਮੁਨਾਫੇ ਵਿੱਚ ਗਿਆ ਫਿਰ ਤੋੜਿਆ, ਫਿਰ ਬਣਿਆ, ਔਰ ਹੁਣ ਫਿਰ ਇਸ ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸਰਕਾਰ ਨੂੰ ਐਗਜ਼ਾਮਿਨ ਕਰਨਾ ਚਾਹੀਦਾ ਹੈ । ਇਹ ਜੋ ਪਬਲਿਕ ਅਦਾਰੇ ਹਨ ਇਹ ਸਾਰੇ ਸਰਕਾਰ ਨੂੰ ਐਗਜ਼ਾਮਿਨ ਕਰਕੇ ਠੀਕ ਹੱਥਾਂ ਵਿੱਚ ਦੇਣੇ ਚਾਹੀਦੇ ਹਨ। ਮੈਂ ਦਸਦਾ ਹਾਂ ਕਿ ਇਨ੍ਹਾਂ ਅਦਾਰਿਆਂ ਨਾਲ ਪੰਜਾਬ ਦਾ ਬਹੁਤ ਲਾਭ ਹੋ ਸਕਦਾ ਹੈ। ਪੰਜਾਬ ਵਿੱਚ ਇਲੈਕਟ੍ਰੌਨਿਕ ਇੰਡਸਟਰੀ ਲਗਾਈ ਜਾ ਸਕਦੀ ਹੈ। ਟੂ ਵੀਲਰ, ਥਰੀ ਵੀਲਰ ਔਰ ਫੋਰ ਵੀਲਰਜ਼ ਦੀ ਇੰਡਸਟਰੀ ਲਗਾਈ ਜਾਣੀ ਚਾਹੀਦੀ ਹੈ, ਅੱਜ ਇਸ ਦੀ ਪਬਲਿਕ ਵਿੱਚ ਬਹੁਤ ਡਿਮਾਂਡ ਹੈ। ਇਸ ਨੂੰ ਐਗਜ਼ਾਮਿਨ ਕਰਨਾ ਚਾਹੀਦਾ ਹੈ' ਔਰ ਇਹ ਫੇਲ੍ਹ ਵੀ ਨਹੀਂ ਹੋ ਸਕਦੀ ਜੇ ਇਸ ਨੂੰ ਸਹੀ ਹੱਥਾਂ ਵਿੱਚ ਦਿੱਤਾ ਜਾਵੇ। ਹੋਰ ਵੀ ਜਿਹੜੇ ਅਦਾਰੇ ਹਨ ਉਨ੍ਹਾਂ ਨੂੰ ਐਗਜ਼ਾਮਿਨ ਕਰਕੇ ਸਹੀ ਹੱਥਾਂ ਵਿੱਚ ਦੇਣਾ ਚਾਹੀਦਾ ਹੈ।

ਇਕ ਗਲ ਮੈਂ ਰੋਜ਼ਗਾਰ ਦੇ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਇਸ ਬਾਰੇ ਪਿਛਲੀ ਵਾਰ ਸੀ. ਐਮ. ਸਾਹਿਬ ਨੇ ਵੀ ਇਥੇ ਕਿਹਾ ਸੀ ਕਿ 20 ਹਜ਼ਾਰ ਨੂੰ ਰੋਜ਼ਗਾਰ ਦਿੱਤਾ ਜਾਵੇਗਾ ਪਰ ਹਾਲੇ ਤਕ ਅਜਿਹੀ ਕੋਈ

**Expunged as ordered by the Chair.

ਸਕੀਮ ਸਿਰੇ ਨਹੀਂ ਚੜ੍ਹੀ। ਹੋਰ ਤਾਂ ਹੋਰ ਜਿਹੜੇ ਰਿਟਾਇਰ ਹੋ ਰਹੇ ਹਨ ਉਤਨੀ ਵੀ ਭਰਤੀ ਇਸ ਵੇਲੇ ਨਹੀਂ ਕੀਤੀ ਜਾ ਰਹੀ। ਇਹ ਹਕੀਕਤ ਹੈ ਕਿ ਅੱਜ ਪੁਲਿਸ ਵਿਚ ਵੀ ਦੋ ਗਰੁਪ ਬਣੇ ਹਨ। ਇਕ ਤਾਂ ਹੋਮਗਾਰਡਜ਼ ਦਾ ਹੈ ਔਰ ਇਕ ਐਸ.ਪੀ.ਓਜ਼ ਦਾ ਹੈ। ਜਿਹੜੇ 25--30 ਹਜ਼ਾਰ ਐਸ.ਪੀ.ਓਜ਼. ਭਰਤੀ ਕੀਤੇ ਸਨ, ਅੱਜ ਉਨ੍ਹਾਂ ਨੂੰ ਵੀ ਕਢਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਹ ਉਨ੍ਹਾਂ ਵਾਸਤੇ ਸਿਰਦਰਦੀ ਬਣੀ ਹੋਈ ਹੈ। ਮੇਰੀ ਬੇਨਤੀ ਹੈ ਉਨ੍ਹਾਂ ਨੂੰ ਕਿਸੇ ਨਾ ਕਿਸੇ ਪਾਸੇ ਐਡਜਸਟ ਕਰਨਾ ਚਾਹੀਦਾ ਹੈ, ਉਨ੍ਹਾਂ ਵਿੱਚ ਇਹ ਬਹੁਤ ਬੇਚੈਨੀ ਹੈ।

ਇਸ ਦੇ ਨਾਲ ਹੀ ਮੈਂ ਉਜਰਤ ਦੇ ਸਵਾਲ ਤੇ ਕੁਝ ਕਹਿਣਾ ਚਾਹੁੰਦਾ ਹਾਂ ਇਹ ਹਕੀਕਤ ਹੈ ਕਿ ਮਿਨੀਅਮ ਵੇਜਿਜ਼ ਦੇ ਸਵਾਲ ਤੇ ਇਕ ਬਹੁਤ ਬੜੀ ਐਜੀਟੇਸ਼ਨ ਹੋਣ ਵਾਲੀ ਹੈ ਜੇ ਉਨ੍ਹਾਂ ਦੀਆਂ ਉਜਰਤਾਂ ਨਾ ਵਧਾਈਆਂ ਗਈਆਂ। ਅੱਜ ਜੇ ਸਾਰੇ ਹਿੰਦੁਸਤਾਨ ਦੀ ਐਵਰੇਜ ਵੇਜ ਕੱਢੀ ਜਾਵੇ ਤਾਂ ਸਾਡਾ ਹਿੰਦੁਸਤਾਨ ਦਾ ਥਲੇ ਤੋਂ 4-5ਵਾਂ ਨੰਬਰ ਆਉਂਦਾ ਹੈ। ਸਰਕਾਰ ਗਲਤ ਅੰਕੜੇ ਦੱਸ ਕੇ ਗੁਮਰਾਹ ਕਰ ਰਹੀ ਹੈ ਕਿ ਪੰਜਾਬ 'ਚ ਸਭ ਤੋਂ ਵੱਧ ਉਜਰਤਾਂ ਹਨ। ਹਕੀਕਤ ਇਹ ਹੈ ਕਿ ਪੰਜਾਬ 'ਚ ਘੱਟੋ ਘੱਟ ਹੀ ਵੱਧ ਤੋਂ ਵੱਧ ਉਜਰਤਾਂ ਹਨ। ਮੇਰੀ ਬੇਨਤੀ ਹੈ ਕਿ ਘੱਟੋ ਘੱਟ ਉਜਰਤਾਂ ਵਿਚ ਸਰਕਾਰ ਤੁਰੰਤ ਸੋਧ ਕਰੇ।

ਸਪੀਕਰ ਸਾਹਿਬ, ਹਰ ਡਿਪਾਰਟਮੈਂਟ ਦੇ ਵਿਚ ਬੈਕਲਾਗ ਬਹੁਤ ਚਲ ਰਿਹਾ ਹੈ ਅਤੇ ਇਸ ਬੈਕਲਾਗ ਨੂੰ ਪੂਰਾ ਕਰਨ ਦੇ ਸਰਕਾਰ ਵਲੋਂ ਕੋਈ ਯਤਨ ਨਹੀਂ ਕੀਤੇ ਜਾ ਰਹੇ। ਐਜੂਕੇਸ਼ਨ ਡਿਪਾਰਟ-ਮੈਂਟ ਦੇ ਵਿੱਚ ਕੁਝ ਮਾਸਟਰਾਂ ਨੂੰ ਪਰਮੋਟ ਕਰਕੇ 34 ਸੀਟਾਂ ਬਣਦੀਆਂ ਸੀ ਉਹ ਸਾਰੀਆਂ ਦੀ ਸਾਰੀਆਂ ਸੀਟਾਂ ਵਿੱਚ ਇਗਨੋਰ ਕਰ ਦਿੱਤਾ ਗਿਆ ਹੈ। ਇਨ੍ਹਾਂ ਸੀਟਾਂ ਨੂੰ ਭਰ ਦੇਣਾ ਚਾਹੀਦਾ ਹੈ। ਸਪੀਕਰ ਸਾਹਿਬ, ਖੁਸ਼ੀ ਦੀ ਗੱਲ ਹੈ ਕਿ ਸਰਕਾਰ ਨੇ ਲੋਕਲ ਬਾਡੀਜ਼ ਦੇ ਵਿੱਚ ਡੈਮੋਕਰੇਸੀ ਨੂੰ ਰਿਸਟੋਰ ਕੀਤਾ ਹੈ ਪੰਚਾਇਤਾਂ ਅਤੇ ਮਿਉਂਸਪਲ ਕਮੇਟੀਜ਼ ਦੀਆਂ ਇਲੈਕਸ਼ਨਾਂ ਸਰਕਾਰ ਨੇ ਕਰਵਾ ਦਿੱਤੀਆਂ ਹਨ ਪਰ ਸਰਕਾਰ ਉਪਰ ਤੋਂ ਉਨ੍ਹਾਂ ਨੂੰ ਟੈਕਸ ਲਗਾਉਣ ਲਈ ਕਹਿ ਰਹੀ ਹੈ। ਸੀਵਰੇਜ ਟੈਕਸ, ਪਾਣੀ ਟੈਕਸ ਦੇ ਰੇਟ ਵਧਾਉਣ ਲਈ ਸਰਕਾਰ ਵਲੋਂ ਜ਼ੋਰ ਪਾਇਆ ਜਾ ਰਿਹਾ ਹੈ। ਇਹ ਸਰਕਾਰ ਨੂੰ ਨਹੀਂ ਕਰਨਾ ਚਾਹੀਦਾ। ਲੋਕਲ ਬਾਡੀਜ਼ ਦੇ ਚੁਣੇ ਹੋਏ ਜੋ ਨੁਮਾਇੰਦੇ ਹਨ ਉਨ੍ਹਾਂ ਦੀ ਪ੍ਰਾਬਲਮਜ਼ ਨੂੰ ਉਨ੍ਹਾਂ ਉੱਤੇ ਛੱਡ ਦੇਣਾ ਚਾਹੀਦਾ ਹੈ ਅਤੇ ਉਹ ਦੇਖਣ ਕਿ ਇਸ ਬਾਰੇ ਕੀ ਕਰਨਾ ਹੈ। ਤੁਸੀਂ ਲੋਕਾਂ ਨੂੰ ਪੇਟ ਸਾਫ ਕਰਨ ਉਤੇ ਵੀ ਟੈਕਸ ਲਗਾ ਰਹੇ ਹੋ। ਜਿਹੜੀ ਤੁਸੀਂ ਲੋਕਾਂ ਨੂੰ ਰਾਹਤ ਦੇਣੀ ਹੈ ਉਸ ਦੇ ਵਿਚ ਸਰਕਾਰ ਵਿਤਕਰਾ ਕਰ ਰਹੀ ਹੈ; ਫੰਡਜ਼ ਦੇਣ ਵਿੱਚ ਵਿਤਕਰਾ ਕੀਤਾ ਜਾ ਰਿਹਾ ਹੈ। ਹੁਣ ਸਰਕਾਰ ਬਲਾਕ ਸਮਿਤੀਆਂ ਦੀਆਂ ਇਲੈਕਸ਼ਨਾਂ ਕਰਵਾਉਣ ਜਾ ਰਹੀ ਹੈ ਅਤੇ ਫੇਰ ਮਾਰਕਿਟ ਕਮੇਟੀਜ਼ ਦੀਆਂ ਇਲੈਕਸ਼ਨਾਂ ਸਰਕਾਰ ਕਰਵਾ ਦੇਵੇਗੀ। ਇਸ ਗੱਲ ਦਾ ਯਕੀਨ ਹੋਣਾ ਚਾਹੀਦਾ ਹੈ ਕਿ ਕਿਸੇ ਡੈਮੋਕਰੇਟਿਕ ਢਾਂਚੇ ਵਿੱਚ ਸਰਕਾਰ ਵੱਲੋਂ ਨੋਮੀਨੇਸ਼ਨਾਂ ਨਹੀਂ ਕੀਤੀਆਂ ਜਾਣਗੀਆਂ ਅਤੇ ਇਸ ਦੇ ਵਿਚ ਲੋਕ ਤੰਤਰ ਤਰੀਕੇ ਨਾਲ ਨੁਮਾਇੰਦਿਆਂ ਨੂੰ ਚੁਣਿਆਂ ਜਾਵੇਗਾ।

ਸਪੀਕਰ ਸਾਹਿਬ, ਸਵਤੰਤਰਤਾ ਸੰਗਰਾਮੀਆਂ ਦੇ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਇਸ ਐਡਰੈਸ ਵਿੱਚ ਕੋਈ ਜ਼ਿਕਰ ਨਹੀਂ ਕੀਤਾ ਗਿਆ। ਪਰ 2-4 ਇੰਸੀਡੈਂਟ ਕੋਟ ਕਰਾਂਗਾ ਕਿ 15 ਫਰਵਰੀ, 1947 ਤੋਂ ਲੈ ਕੇ 15 ਅਗਸਤ, 1947ਤੱਕ ਹੁਸ਼ਿਆਰਪੁਰ ਦੇ ਪਿੰਡ ਉਰਮਰ ਵਿੱਚ ਇਕ ਬਹੁਤ ਤਕੜਾ ਅੰਗਰੇਜ਼ ਵਿਰੋਧੀ ਕਿਸਾਨ ਮੋਰਚਾ ਲੱਗਾ ਸੀ। ਇਹ ਮੋਰਚਾ 15 ਅਗਸਤ, 1947 ਤੱਕ ਚਲਦਾ ਰਿਹਾ ਸੀ। ਉਨ੍ਹਾਂ ਵਿੱਚ ਭਾਗ ਲੈਣ ਵਾਲੇ ਫਰੀਡਮ ਫਾਈਟਰਜ਼ ਨੂੰ ਮੰਨਿਆ ਜਾ ਰਿਹਾ ਸੀ ਇਸ ਸਬੰਧ ਵਿੱਚ ਇਕ ਕਮੇਟੀ ਬਣਾਈ ਗਈ ਸੀ ਜਿਸ ਦੇ ਵਿੱਚ ਸਰਦਾਰ ਦਰਬਾਰਾ ਸਿੰਘ ਸਾਬਕਾ ਮੁੱਖ ਮੰਤਰੀ, ਸ੍ਰੀ ਸੋਹਣ ਸਿੰਘ

[ਕਾਮਰੇਡ ਹਰਦੇਵ ਸਿੰਘ ਅਰਸ਼ੀ]

ਜਲਾਲ ਉਸਮਾਨ ਅਤੇ ਵਿਰਿੰਦਰ ਜੀ ਸਨ ਅਤੇ ਉਨ੍ਹਾਂ ਨੇ ਇਸ ਸਬੰਧ ਵਿੱਚ ਆਪਣੀਆਂ ਰਿਕੂਮੈਂਡੇਸ਼ਨਾਂ ਸਰਕਾਰ ਨੂੰ ਦੇ ਦਿੱਤੀਆਂ ਸਨ ਪਰ ਉਹ ਹਾਲੇ ਤੱਕ ਨਹੀਂ ਮੰਨੀਆਂ ਗਈਆਂ। ਇਸੇ ਤਰ੍ਹਾਂ ਹਰਸ਼ਾ ਛੀਨਾ ਮੋਰਚਾ ਲੱਗਾ ਸੀ। ਇਸ ਦੇ ਵਿਚ ਬਹੁਤ ਸਾਰੇ ਲੋਕਾਂ ਨੂੰ ਪੈਨਸ਼ਨਾਂ ਮਿਲ ਰਹੀਆਂ ਹਨ ਅਤੇ ਬਹੁਤ ਸਾਰੇ ਬਿਰਧ ਅਵਸਥਾ ਦੇ ਵਿਚ ਹਨ। ਇਨ੍ਹਾਂ ਵਿੱਚ ਕੁੱਝ ਐਸੇ ਲੋਕ ਹਨ ਜਿਨ੍ਹਾਂ ਦੇ ਸਰਟੀਫੀਕੇਟ ਪੰਜਾਬ ਜੇਲ ਦੇ ਵਿਚੋਂ ਨਹੀਂ ਮਿਲੇ ਹਨ ਅਤੇ ਉਨ੍ਹਾਂ ਨੂੰ ਪੈਨਸ਼ਨਾਂ ਨਹੀਂ ਦਿੱਤੀਆਂ ਜਾ ਰਹੀਆਂ। ਸਰਕਾਰ ਇਹ ਬਹਾਨਾ ਲਗਾ ਦਿੰਦੀ ਹੈ ਕਿ ਤੁਹਾਡੇ ਸਰਟੀਫੀਕੇਟ ਪੰਜਾਬ ਜੇਲ੍ਹ ਤੋਂ ਨਹੀਂ ਮਿਲੇ। ਉਸ ਵਕਤ ਇਨ੍ਹਾਂ ਲੋਕਾਂ ਨੇ ਲਾਹੌਰ ਅਤੇ ਮੁਲਤਾਨ ਦੀਆਂ ਜੇਲ੍ਹਾਂ ਕੱਟੀਆਂ ਸਨ। ਮੈਂ ਕਹਿੰਦਾ ਹਾਂ ਕਿ ਅਗਰ ਸਰਕਾਰ ਨੂੰ ਉਥੋਂ ਜੇਲ੍ਹਾਂ ਵਿਚੋਂ ਸਰਟੀਫੀਕੇਟ ਨਹੀਂ ਆਏ ਤਾਂ ਜਿਹੜੇ ਬੰਦਿਆਂ ਨੂੰ ਪੈਨਸ਼ਨਾਂ ਮਿਲ ਰਹੀਆਂ ਹਨ ਉਨ੍ਹਾਂ ਤੋਂ ਸਰਟੀਫਾਈ ਕਰਵਾ ਲਿਆ ਜਾਵੇ ਕਿ ਇਹ ਆਦਮੀ ਮੇਰੇ ਨਾਲ ਜੇਲ੍ਹ ਵਿੱਚ ਸੀ ਅਤੇ ਇਸ ਨੂੰ ਮੰਨ ਲਿਆ ਜਾਵੇ। ਤੀਸਰੀ ਗੱਲ, ਦੋ ਤਰ੍ਹਾਂ ਦੀਆਂ ਪੈਨਸ਼ਨਾਂ ਹਨ, ਇਕ ਸੈਂਟਰ ਦੀ ਸਰਕਾਰ ਨੇ ਦੇਣੀ ਹੁੰਦੀ ਹੈ ਅਤੇ ਦੂਜੀ ਸਟੇਟ ਗੌਰਮਿੰਟ ਨੇ ਦੇਣੀ ਹੁੰਦੀ ਹੈ। ਜਦੋਂ ਫਾਰਮਿਲਟੀਜ਼ ਪੂਰੀਆਂ ਹੋ ਜਾਂਦੀਆਂ ਹਨ ਤਾਂ ਸੈਂਟਰ ਦੀ ਸਰਕਾਰ ਨੂੰ ਸਟੇਟ ਵਲੋਂ ਕੇਸ ਬਣਾ ਕੇ ਭੇਜ ਦਿੱਤਾ ਜਾਂਦਾ ਹੈ। ਫਿਰ ਸਟੇਟ ਦੀ ਸਰਕਾਰ ਨੂੰ ਬਿਨਾਂ ਸੈਂਟਰ ਦੀ ਸਰਕਾਰ ਦਾ ਜਵਾਬ ਜਾਂ ਇੰਤਜ਼ਾਰ ਕੀਤੇ ਪੈਨਸ਼ਨ ਦੇ ਦੇਣੀ ਚਾਹੀਦੀ ਹੈ ਪਰ ਇਹ ਕਹਿੰਦੇ ਹਨ ਕਿ ਸਾਨੂੰ ਜਦ ਤੱਕ ਸੈਂਟਰ ਦੀ ਸਰਕਾਰ ਤੋਂ ਕਲੀਅਰੈਂਸ ਨਹੀਂ ਆ ਜਾਂਦੀ ਉਤਨੀ ਦੇਰ ਤੱਕ ਅਸੀਂ ਪੈਨਸ਼ਨ ਰਿਲੀਜ਼ ਨਹੀਂ ਕਰ ਸਕਦੇ। ਜਦ ਤੁਸੀਂ ਕੇਸ ਐਗਜ਼ਾਮਿਨ ਕਰ ਲਿਆ ਫੇਰ ਤੁਹਾਨੂੰ ਪੈਨਸ਼ਨ ਰਿਲੀਜ਼ ਕਰ ਦੇਣੀ ਚੀਹੀਦੀ ਹੈ।

ਅਗਲੀ ਗਲ ਬਰਨਿੰਗ ਇਸ਼ੂ ਹੈ। ਮਾਨਵਤਾ ਦੇ ਨਾਤੇ ਸਾਡਾ ਫਰਜ਼ ਹੈ ਕਿ ਅਫਗਾਨ ਵਿੱਚ ਬੁਨਿਆਦੀ ਵਾਦੀਆਂ ਵਲੋਂ ਘੱਟ ਗਿਣਤੀ ਦੇ ਲੋਕਾਂ ਉਤੇ ਵਿਸ਼ੇਸ਼ ਕਰ ਸਿੱਖਾਂ ਉਤੇ ਹਮਲੇ ਹੋ ਰਹੇ ਹਨ, ਉਹ ਉਥੋਂ ਅਫਗਾਨ ਤੋਂ ਉਠ ਕੇ ਪੰਜਾਬ ਵਿੱਚ ਆ ਰਹੇ ਹਨ, ਇਹ ਪੰਜਾਬ ਦੀ ਇਕਨੋਮੀ ਨੂੰ ਇਫੈਕਟ ਕਰਨਗੇ। ਇਹ ਅਫਗਾਨ ਰਿਫਿਊਜੀਆਂ ਨੂੰ ਪੰਜਾਬ ਵਿਚ ਰੀਸੈਟਲ ਕਰਨ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਣੀ ਚਾਹੀਦੀਹੈ ਅਤੇ ਸੈਂਟਰ ਦੀ ਸਰਕਾਰ ਦੇ ਨਾਲ ਮਿਲ ਕੇ ਇਸ ਨੂੰ ਅਫਗਾਨ ਸਰਕਾਰ ਦੇ ਨਾਲ ਟੇਕਅਪ ਕਰਨਾ ਚਾਹੀਦਾ ਹੈ। ਉਨ੍ਹਾਂ ਨੂੰ ਫੌਰੀ ਰਾਹਤ ਦਿਤੀ ਜਾਵੇ।

ਸ੍ਰੀ ਸਪੀਕਰ: ਅਰਸ਼ੀ ਜੀ, ਵਾਈਂਡ ਅੱਪ ਕਰੋ। ਕਾਫੀ ਟਾਈਮ ਹੋ ਗਿਆ ਹੈ।

ਕਾਮਰੇਡ ਹਰਦੇਵ ਸਿੰਘ ਅਰਸ਼ੀ. ਸਪੀਕਰ ਸਾਹਿਬ, ਇਸ ਮੈਟਰ ਨੂੰ ਪੰਜਾਬ ਸਰਕਾਰ ਨੂੰ ਕੇਂਦਰ ਦੀ ਸਰਕਾਰ ਦੇ ਨਾਲ ਡੀਲ ਕਰਨਾ ਚਾਹੀਦਾ ਹੈ ਅਤੇ ਇਸ ਦੀ ਜ਼ਿੰਮੇਵਾਰੀ ਸੈਂਟਰ ਦੀ ਸਰਕਾਰ ਉਤੇ ਪਾਈ ਜਾਣੀ ਚਾਹੀਦੀ ਹੈ। ਇਸੇ ਤਰ੍ਹਾਂ ਔਰਤਾਂ ਦੇ ਵਿਕਾਸ ਲਈ ਭਾਸ਼ਣ ਵਿੱਚ ਕੁਝ ਨਹੀਂ ਕਿਹਾ ਗਿਆ ਵੂਮੈਨ ਦੀ ਆਬਾਦੀ 50 ਫੀਸਦੀ ਹੈ। ਇਨ੍ਹਾਂ ਦੇ ਵਿਕਾਸ ਲਈ ਅਤੇ ਜਿਹੜੇ ਅਤਿਆਚਾਰ ਵੂਮਨ ਦੇ ਨਾਲ ਹੋ ਰਹੇ ਹਨ ਉਹ ਰੋਕਣ ਲਈ ਅਤੇ ਇਨ੍ਹਾਂ ਦੇ ਲਈ ਵਿਦਿਆ ਅਤੇ ਕਲਚਰਲ ਦੇ ਵਿਕਾਸ ਲਈ ਸਰਕਾਰ ਵਲੋਂ ਯਤਨ ਕੀਤੇ ਜਾਣੇ ਚਾਹੀਦੇ ਹਨ। ਇਕ ਗੱਲ ਮੈਂ ਇਥੇ ਜਿਹੜੀ ਕਹਿਣੀ ਚਾਹੁੰਦਾ ਹਾਂ ਕਿ ਕੇਂਦਰ, ਦੀ ਸਰਕਾਰ ਨੇ ਇਕ ਵੂਮੈਨ ਕਮਿਸ਼ਨ ਬਣਾਇਆ ਹੈ ਅਤੇ 4 ਸਟੇਟਾਂ ਪੱਛਮੀ ਬੰਗਾਲ, ਕਰਨਾਟਕਾ ਉੜੀਸਾ ਤੇ ਤ੍ਰੀਪੁਰਾ ਨੇ ਵੀ ਅਜਿਹਾ ਕਮਿਸ਼ਨ ਬਣਾਇਆ ਹੈ। ਇਸ ਤਰ੍ਹਾਂ ਦਾ ਕਮਿਸ਼ਨ ਪੰਜਾਬ ਦੀ ਸਰਕਾਰ ਨੂੰ ਵੂਮੈਨ ਦੇ ਵੈਲਫੇਅਰ ਲਈ ਬਣਾਉਣਾ ਚਾਹੀਦਾ ਹੈ।

ਇਸੇ ਤਰ੍ਹਾਂ ਗਵਰਨਰ ਸਾਹਿਬ ਦੇ ਐਡਰੈਸ ਦੇ ਵਿੱਚ ਪਲੈਨਿੰਗ ਬੋਰਡਾਂ ਦੇ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ ਭਾਵੇ ਭਾਸ਼ਣ ਚੁੱਪ ਹੈ, ਚੁੱਪ ਹਮੇਸ਼ਾਂ ਖਤਰੇ ਦਾ ਸੰਕੇਤ ਹੁੰਦੀ ਹੈ। ਇਸ ਪਲੈਨਿੰਗ

ਬੋਰਡਾਂ ਦੇ ਨਾਲ ਰੂਰਲ ਏਰੀਆ ਦੇ ਵਿੱਚ ਕਾਫੀ ਤਰੱਕੀ ਹੋ ਰਹੀ ਹੈ ਪਰ ਇਸ ਮਾਮਲੇ ਵਿੱਚ ਸਰਕਾਰ ਗਵਰਨਰ ਦੇ ਐਡਰੈਸ ਵਿੱਚ ਚੁੱਪ ਹੋਣ ਕਰਕੇ ਖਦਸ਼ਾ ਹੋ ਰਿਹਾ ਹੈ ਕਿ ਕਿਧਰੇ ਸਰਕਾਰ ਇਸ ਨੂੰ ਖਤਮ ਕਰਕੇ ਬਿਊਰੋਕਰੇਸੀ ਦੇ ਹੱਥ ਪਾਵਰਜ਼ ਤਾਂ ਨਹੀਂ ਦੇ ਰਹੀ, ਜਿਹੜੀਆਂ ਪਲੈਨਿੰਗ ਬੋਰਡ ਦੀਆਂ ਪਾਵਰਜ਼ ਹਨ, ਉਸ ਦੇ ਫੰਕਸ਼ਨਜ਼ ਬਿਊਰੋਕਰੇਸੀ ਨੂੰ ਤਾਂ ਨਹੀਂ ਦੇਣਾ ਚਾਹੁੰਦੀ ਹੋਵੇ। ਇਸ ਦੇ ਜਿਹੜੇ ਨੁਮਾਇੰਦੇ ਹਨ ਉਨ੍ਹਾਂ ਨੂੰ ਕੰਮ ਕਰਨ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ ਅਤੇ ਡੈਮੋਕਰੇਸੀ ਨੂੰ ਬਹਾਲ ਰਖਣਾ ਚਾਹੀਦਾ ਹੈ। ਪੰਚਾਇਤਾਂ ਦੇ ਨੁਮਾਇੰਦੀਆਂ ਨੂੰ ਪਲੈਨਿੰਗ ਬੋਰਡਾਂ ਦੇ ਵਿੱਚ ਕੰਮ ਕਰਨ ਦਿਉ ਅਤੇ ਡੈਮੋਕਰੇਟਿਕ ਢਾਂਚੇ ਨੂੰ ਬਹਾਲ ਰੱਖੋ। ਇਸ ਦਾ ਘੇਰਾ ਹੋਰ ਵਿਸ਼ਾਲ ਕਰੋ ਨਾ ਕਿ ਤੋੜਨ ਦੀਆਂ ਸਕੀਮਾਂ ਬਣਾਉ।

ਸਪੀਕਰ ਸਾਹਿਬ, ਜੋ ਸਰਕਾਰੀਆ ਕਮਿਸ਼ਨ ਦੀ ਡੀਸੈਂਟਰੇਲਾਈਜੇਸ਼ਨ ਬਾਰੇ ਰਿਕੁਮੈਂਡੇਸ਼ਨ ਹੈ ਉਸ ਨੂੰ ਵੀ ਵੇਖਣਾ ਚਾਹੀਦਾ ਹੈ। ਸਾਨੂੰ ਕੇਂਦਰੀਕਰਣ ਦੀ ਬਜਾਏ ਵਿਕੇਂਦਰੀਕਰਨ ਵੱਲ ਵਧਣਾ ਚਾਹੀਦਾ ਹੈ।

Mr. Speaker: Wind up please.

ਕਾਮਰੇਡ ਹਰਦੇਵ ਸਿੰਘ ਅਰਸ਼ੀ: ਸਪੀਕਰ ਸਾਹਿਬ, ਆਖਿਰ ਵਿੱਚ ਮੈਂ ਇਕ ਗੱਲ ਕਹਿਣਾ ਚਾਹੁੰਦਾ ਹਾਂ ਕਿ ਲਾਰਜ ਸਕੇਲ ਤੇ ਕੁਰੱਪਸ਼ਨ ਹੋ ਰਹੀ ਹੈ, ਮੈਂ ਬਾਰਬਾਰ ਰੈਪੀਟੈਸ਼ਨ ਨਹੀਂ ਕਰਨਾ ਚਾਹੁੰਦਾ ਮਿਤੀ 3 ਅਪ੍ਰੈਲ, 1992 ਤੋਂ 17 ਅਪ੍ਰੈਲ, 1992 ਤਕ ਭਾਖੜਾ ਡੈਮ ਤੇ ਜੋ ਕੰਮ ਹੋਇਆ ਹੈ ਉਸ ਵਿਚ ਲੱਖਾਂ ਰੁਪਏ ਦਾ ਸਕੈਂਡਲ ਹੈ। ਪੰਜਾਬ ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ। ਜੋ ਲੇਬਰ ਕੋਰਟ ਵਿੱਚ ਫ਼ੈਸਲੇ ਹੁੰਦੇ ਹਨ ਉਹ ਵੀ ਠੀਕ ਫੈਸਲੇ ਨਹੀਂ ਹੁੰਦੇ। ਉਨ੍ਹਾਂ ਬਾਰੇ ਐਕਟ ਬਣਿਆ ਹੋਇਆ ਹੈ। ਉਸ ਵੱਲ ਸਰਕਾਰ ਨੂੰ ਪੂਰਾ ਧਿਆਨ ਦੇਣ ਦੀ ਲੋੜ ਹੈ।

ਸਪੀਕਰ ਸਾਹਿਬ, ਐਜੂਕੇਸ਼ਨ ਵਿੱਚ ਵੀ ਬਹੁਤ ਸੁਧਾਰ ਚਾਹੀਦਾ ਹੈ। ਐਜੂਕੇਸ਼ਨ ਅੱਜ ਕਿਸ ਤਰਫ਼ ਜਾ ਰਹੀ ਹੈ। ਅਨਪੜ੍ਹ ਟੀਚਰ ਲਗਣੇ ਸ਼ੁਰੂ ਹੋ ਗਏ ਹਨ। ਡਿਸਟ੍ਰਿਕ ਕਮੇਟੀਆਂ ਬਣਾਈਆਂ ਹੋਈਆਂ ਹਨ। ਉਨ੍ਹਾਂ ਦਾ ਕੰਮ ਵੇਖੋ। ਇਹ ਬੜਾ ਹੀ ਸੀਰੀਅਸ ਮਸਲਾ ਹੈ। ਟੋਟਲ 100 ਨੰਬਰ ਹੁੰਦੇ ਹਨ। 35 ਨੰਬਰ ਬੀ.ਐਂਡ ਦੇ ਦਿੰਦੇ ਹਨ। 35 ਨੰਬਰ ਵਿਦਿਆ ਦੇ ਫਸਟ ਡਿਵੀਜ਼ਨ ਵਾਲਿਆਂ ਨੂੰ ਵੀ ਦੇ ਦਿੰਦੇ ਹਨ। 35 ਨੰਬਰ ਸੈਕਿੰਡ ਡਿਵੀਜ਼ਨ ਵਾਲਿਆਂ ਨੂੰ ਦੇ ਦਿੰਦੇ ਹਨ ਅਤੇ 35 ਨੰਬਰ ਹੀ ਥਰਡ ਡਿਵੀਜ਼ਨ ਵਾਲਿਆ ਨੂੰ ਵੀ ਦੇ ਦਿੰਦੇ ਹਨ। ਬਾਕੀ 30 ਨੰਬਰ ਰਹਿ ਗਏ ਜਿਸ ਵਿਚੋਂ 15 ਨੰਬਰ ਉਰਲ ਐਗਜ਼ਾਮੀਨੇਸ਼ਨ ਦੇ ਦਿੰਦੇ ਹਨ ਤੇ 15 ਖੇਡਾਂ ਦੇ ਜਿਸ ਨੂੰ ਡੀਫਾਈਨ ਨਹੀਂ ਕੀਤਾ ਕਿ ਕਿਹੜੀਆਂ ਹਨ। ਹੁਣ ਤੁਸੀਂ ਦੇਖ ਲਵੋਂ, ਸਪੀਕਰ ਸਾਹਿਬ, ਐਜੂਕੇਸ਼ਨ ਦਾ ਕੀ ਹਸ਼ਰ ਹੋਵੇਗਾ। ਇਹ ਸਿੱਧੀ ਸਿਆਸੀ ਕੁਰੱਪਸ਼ਨ ਹੈ। ਯੋਗ ਬੰਦਾ ਪਿਛੇ ਰਹਵੇਗਾ ਅਤੇ ਅਯੋਗ ਅੱਗੇ ਆਵੇਗਾ।

Mr. Speaker : Wind up, please.

ਕਾਮਰੇਡ ਹਰਦੇਵ ਸਿੰਘ ਅਰਸ਼ੀ: ਸਪੀਕਰ ਸਾਹਿਬ, ਇਕ ਨੁਕਤਾ ਹੋਰ ਰਹਿ ਗਿਆ ਹੈ। ਉਹ ਪੰਜਾਬ ਦੇ ਮੁਲਾਜ਼ਮਾਂ ਬਾਰੇ ਹੈ। ਚਾਹੇ ਉਹ ਮੁਲਾਜ਼ਮ ਪੀ. ਡਬਲਿਊ. ਡੀ. ਦਾ ਹੈ, ਚਾਹੇ ਉਹ ਵੈਟਰਨਰੀ ਮੁਲਾਜ਼ਮ ਹੈ ਅਤੇ ਚਾਹੇ ਕੋਈ ਹੋਰ ਮਹਿਕਮੇ ਦਾ ਹੈ, ਕੋਈ ਮੁਲਾਜ਼ਮੀ ਦਾ ਵਿੰਗ ਨਹੀਂ ਜੋ ਐਜੀਟੇਸ਼ਨ ਨਾ ਕਰ ਰਿਹਾ ਹੋਵੇ ਜਾਂ ਜਿਨ੍ਹਾ ਵਿੱਚ ਰਿਜੈਂਟਮੈਂਟ ਨਹੀਂ ਹੈ। ਇਸ ਵੱਲ ਪੰਜਾਬ

[ਕਾਮਰੇਡ ਹਰਦੇਵ ਸਿੰਘ ਅਰਸ਼ੀ]

ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਮੁਲਾਜ਼ਮਾਂ ਦੀਆਂ ਯੋਗ ਮੰਗਾਂ ਪ੍ਰਵਾਨ ਕਰਕੇ ਉਨ੍ਹਾਂ ਨੂੰ ਸੰਤੁਸ਼ਟ ਕਰਨਾ ਚਾਹੀਦਾ ਹੈ।

ਆਖਰੀ ਨੁਕਤਾ, ਸਪੀਕਰ ਸਾਹਿਬ. ਮੈਂ ਕਹਿਣਾ ਚਾਹੁੰਦਾ ਹਾਂ ਕਿ ਜੋ ਕਿਹਾ ਗਿਆ ਹੈ ਕਿ ਹਾਲਾਤ ਠੀਕ ਹੋ ਗਏ ਹਨ, ਸਿਕਿਉਰਟੀ ਫੋਰਸਿਜ਼ ਨੇ ਡੈਮੋਕਰੇਸੀ ਰੈਸਟੋਰ ਕਰ ਲਈ ਹੈ। ਇਹ ਚੀਜ਼ ਸਪੀਕਰ ਸਾਹਿਬ, ਮੈਂ ਸਪਸ਼ਟ ਕਰ ਦੇਣੀ ਚਾਹੁੰਦਾ ਹਾਂ ਕਿ ਕੇਵਲ ਬਲ ਨਾਲ ਹੀ ਸ਼ਾਂਤੀ ਸਥਾਪਤ ਨਹੀਂ ਹੁੰਦੀ, ਸਾਰੀਆਂ ਫੋਰਸਿਜ਼ ਨੂੰ ਇਕ ਪਲੈਟ ਫਾਰਮ ਤੇ ਇਕੱਠਾ ਕਰਨ ਦਾ ਯਤਨ ਕਰੋ। ਡੈਮੋਕਰੇਸੀ ਸਿਰਫ ਫੋਰਸਿਜ਼ ਦੇ ਨਾਲ ਹੀ ਬਰਕਰਾਰ ਨਹੀਂ ਰਹਿੰਦੀ। ਸਾਰੀਆਂ ਧਰਮ ਨਿਰਪੱਖ ਦੇਸ਼ ਭਗਤ ਤਾਕਤਾਂ, ਫੋਰਸਿਜ਼ ਨੂੰ ਤਕੜਾ ਕਰਨ ਦੀ ਲੋੜ ਹੈ। ਵਿਚਾਰਧਾਰਕ ਖੇਤਰ 'ਚ ਕੋਈ ਜ਼ਹਿਰੀਲਾ ਪਰਚਾਰ ਨਹੀਂ ਹੋਣਾ ਚਾਹੀਦਾ, ਜੋ ਹੋ ਰਿਹਾ ਹੈ ਉਸਦਾ ਮੁਕਾਬਲਾ ਨਹੀਂ ਕੀਤਾ ਜਾ ਰਿਹਾ ਸਪੀਕਰ ਸਾਹਿਬ, ਮੈਂ ਬਸ ਇਕ ਛੋਟੀ ਜਿਹੀ ਹੋਰ ਗੱਲ ਕਹਿਣੀ ਹੈ ਕਿ ਅੱਜ ਸਮਾਂ ਆ ਗਿਆ ਹੈ ਕਿ ਸਾਰੀਆਂ ਫੋਰਸਿਜ਼ ਨੂੰ ਤਕੜਾ ਕਰੋ। ਇਨ੍ਹਾਂ ਨੂੰ ਤਕੜਾ ਕਰਨ ਦੀ ਲੋੜ ਹੈ। ਪੰਜਾਬ ਸਰਕਾਰ ਵਰ੍ਹਾ ਗੰਢ ਮਨਾ ਰਹੀ ਹੈ। ਮੈਂ ਇਹ ਨਹੀਂ ਕਹਿੰਦਾ ਕਿ ਵਰ੍ਹਾ ਗੰਢ ਨਾ ਮਨਾਓ ਪਰ, ਸਪੀਕਰ ਸਾਹਿਬ, ਅਜੇ ਤੱਕ ਸਿਵਿਆਂ ਵਿਚੋਂ ਸੇਕ ਆ ਰਿਹਾ ਹੈ। ਮੈਂ ਕਹਿੰਦਾ ਹਾਂ ਕਿ ਨਾਚ ਗਾਣਿਆ ਨਾਲ ਵਰ੍ਹਾਂ ਗੰਢ ਨਹੀਂ ਮਨਾਉਣੀ ਚਾਹੀਦੀ। ਹਾਲੇ ਨਾਚ ਗਾਣਿਆਂ ਦਾ ਸਮਾਂ ਨਹੀਂ ਹੈ। ਅੱਜ ਦੇਸ਼ ਨੂੰ ਫਿਰਕੂ ਤਾਕਤਾਂ ਤੋਂ ਚਣੌਤੀ ਬਣੀ ਹੋਈ ਹੈ। ਤੁਸੀਂ ਵਰ੍ਹੇ ਗੰਢ ਮਨਾਉਂਦੇ ਹੋਏ ਸਾਰੀਆਂ ਧਰਮ ਨਿਰਪੱਖ ਤਾਕਤਾਂ ਨੂੰ ਸੱਦਾ ਦਿਓ ਕਿ ਆਓ ਇਕ ਮੰਚ ਤੇ ਇਕਠੇ ਹੋ ਕੇ ਫਿਰਕੂ ਤਾਕਤਾਂ ਦਾ ਮੁਕਾਬਲਾ ਕਰੀਏ, ਵਰ੍ਹੇ ਗੰਢ ਫਿਰਕੂ ਤਾਕਤਾਂ ਵਿਰੁੱਧ ਰੈਲਿਆਂ ਕਰਕੇ ਮਨਾਓ। ਰਾਜਨੀਤੀ ਨੂੰ ਦੂਹਰਾ ਮਾਪ ਦੰਡ ਨਹੀਂ ਅਪਣਾਉਣਾ ਚਾਹੀਦਾ। ਇਥੇ ਕਿਹਾ ਗਿਆ ਹੈ ਕਿ ਪੰਜਾਬ ਪੁਲਿਸ ਦੇ ਮੁਖੀ ਨੇ ਬੜਾ ਹੀ ਬਹਾਦੁਰੀ ਦਾ ਕੰਮ ਕੀਤਾ ਹੈ। ਪੁਲਿਸ ਦਾ ਮੁੱਖੀ ਪੰਜਾਬ ਵਿੱਚ ਹੀਰੋ ਬਣ ਜਾਂਦਾ ਹੈ ਕਿਉਂਕਿ ਉਸ ਨੂੰ ਘੱਟ ਗਿਣਤੀ ਫਿਰਕੇ ਦੀ ਫਿਰਕਾਪ੍ਰਸਤੀ ਵਿਰੁੱਧ ਲੜਾਈ ਲੜੀ ਪਰ ਦਿੱਲੀ ਵਿੱਚ ਜ਼ੀਰੋ ਬਣ ਗਿਆ (ਥਪਿੰਗ) ਅਯੁੱਧਿਆ ਵਿਚ ਕੀ ਹੋਇਆ, ਜੇ ਦਿੱਲੀ 'ਚ ਕਰਨ ਦੀ ਆਗਿਆ ਦਿਤੀ ਜਾਂਦੀ ਤਾਂ ਦੇਸ਼ ਟੁੱਟ ਜਾਣਾ ਸੀ। ਇਸ ਬਾਰੇ, ਸਪੀਕਰ ਸਾਹਿਬ, ਸਭ ਨੂੰ ਪਤਾ ਹੈ ਪੁਲਿਸ ਵਾਲੇ ਚੰਗਾ ਕੰਮ ਕਰਨ ਅਤੇ ਦੇਸ਼ ਭਗਤੀ ਵਾਲੇ ਕੰਮ ਕਰੋ ਤਾਂ ਅਸੀਂ ਤੁਹਾਡੇ ਨਾਲ ਹਾਂ। ਗਿੱਲ ਦਿਲੀ 'ਚ ਵੀ ਜ਼ੀਰੋ ਨਹੀਂ ਹੀਰੋ ਬਣਿਆ ਹੈ ਮੈਂ ਕਹਾਂਗਾ ਕਿ ਗਿੱਲ ਸਾਹਿਬ ਤੁਸੀਂ ਚੰਗੇ ਕੰਮ ਲਈ ਪੰਜਾਬ ਤੋਂ ਬਾਹਰ ਵੀ ਜਾਓ ਪਰ ਜ਼ਿਆਦਤੀਆਂ ਨਾਲ ਲੈ ਕੇ ਨਾ ਜਾਣਾ (ਘੰਟੀ) ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਬਹੁਤ ਨੁਕਤੇ ਰਹਿ ਗਏ ਹਨ ਪਰ ਫਿਰ ਵੀ ਤੁਸੀਂ ਮੈਨੂੰ ਕਾਫੀ ਅਕਾਮੋਡੇਟ ਕੀਤਾ ਹੈ, ਇਸ ਲਈ ਮੈਂ ਤੁਹਾਡਾਂ ਧੰਨਵਾਦ ਕਰਦਾ ਹਾਂ।

ਸਰਦਾਰ ਸੁਖਦੇਵ ਸਿੰਘ ਸ਼ਾਹਬਾਜਪੁਰੀ (ਅਟਾਰੀ, ਐਸ.ਸੀ.) : ਮਾਨਯੋਗ ਸਪੀਕਰ ਸਾਹਿਬ, ਮੈਂ ਸਭ ਤੋਂ ਪਹਿਲਾਂ ਆਪ ਜੀ ਦਾ ਅਭਾਰੀ ਹਾਂ ਕਿ ਜਿਨ੍ਹਾਂ ਨੇ ਮੈਨੂੰ ਇਸ ਪਵਿੱਤਰ ਸਦਨ ਵਿੱਚ ਗਵਰਨਰ ਸਾਹਿਬ ਦੇ ਭਾਸ਼ਣ ਤੇ ਬੋਲਣ ਦੀ ਆਗਿਆ ਦਿੱਤੀ ਹੈ। ਸਭ ਤੋਂ ਪਹਿਲਾਂ ਲੋਕਤੰਤਰ ਦੀ ਬਹਾਲੀ ਦਾ ਪੁਆਇੰਟ ਗਵਰਨਰ ਸਾਹਿਬ ਦੇ ਭਾਸ਼ਣ ਵਿੱਚ ਲਿਖਿਆ ਹੋਇਆ ਹੈ ਅਤੇ ਇਸ ਵਿੱਚ ਕੋਈ ਅਤਿਕਥਨੀ ਨਹੀਂ ਹੈ ਕਿ ਬੁਨਿਆਦੀ ਤੌਰ ਤੇ ਲੋਕਤੰਤਰ ਪ੍ਰਣਾਲੀ ਪੰਜਾਬ ਵਿੱਚ ਜੋ ਕਈਆਂ ਸਾਲਾਂ ਤੋਂ ਖ਼ਤਮ ਹੁੰਦੀ ਦਿਖਾਈ ਦਿੰਦੀ ਸੀ, ਉਹ ਲੋਕਤੰਤਰ ਪ੍ਰਣਾਲੀ ਹੁਣ ਬਹਾਲ ਹੋ ਚੁੱਕੀ ਹੈ। ਕੁੱਝ ਲੋਕ ਇਹ ਕਹਿੰਦੇ ਸਨ ਕਿ ਇਹ ਘੱਟ ਵੋਟਾਂ ਨਾਲ ਚੁਣੀ ਹੋਈ ਸਰਕਾਰ ਹੈ। ਪਰ ਅੱਜ ਉਸ ਘੱਟ ਵੋਟਾਂ ਨਾਲ ਚੁਣੀ ਹੋਈ ਸਰਕਾਰ ਨੇ ਲੋਕਤੰਤਰ ਵਿੱਚ ਵਿਸ਼ਵਾਸ ਰਖਦਿਆਂ ਹੋਇਆਂ ਪੰਜਾਬ ਵਿਧਾਨ ਸਭਾ ਬਹਾਲ ਹੋਣ ਤੋਂ

ਬਾਅਦ ਨਗਰਪਾਲਕਾਵਾਂ ਦੀਆਂ ਇਲੈਕਸ਼ਨਾਂ ਕਰਾਈਆਂ । ਇਹ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਦਾ ਲੋਕਤੰਤਰ ਦੀ ਬਹਾਲੀ ਹੋਣ ਵਲ ਇਕ ਬਹੁਤ ਵੱਡਾ ਕਦਮ ਹੈ । ਫਿਰ ਇਸ ਦੇ ਬਾਅਦ ਗ੍ਰਾਸ ਰੂਟ ਰਾਹੀਂ ਲੋਕਤੰਤਰ ਦੀ ਬਹਾਲੀ ਹੋਈ ਅਤੇ ਪੰਚਾਇਤਾਂ ਦੀਆਂ ਇਲੈਕਸ਼ਨਾਂ ਕਰਾਈਆਂ ਗਈਆਂ । ਪੰਚਾਇਤਾਂ ਦੀਆਂ ਇਲੈਕਸ਼ਨਾਂ ਵਿੱਚ ਪੰਜਾਬ ਦੇ ਸੂਰਵੀਰ, ਬਹਾਦੁਰ ਲੋਕਾਂ ਨੇ ਜਿੰਨੀ ਗਿਣਤੀ ਦੇ ਵਿੱਚ ਆਪਣੀਆਂ ਵੋਟਾਂ ਦਾ ਅਧਿਕਾਰ ਵਰਤਿਆ, ਇਹ ਲੋਕ ਤੰਤਰ ਪ੍ਰਣਾਲੀ ਦੀ ਬਹਾਲੀ ਦਾ ਪ੍ਰਤੱਖ ਸਬੂਤ ਹੈ । ਇਸ ਨਾਲ ਇਹ ਵੀ ਸਬੂਤ ਦਿੱਤਾ ਹੈ ਕਿ ਪੰਜਾਬ ਦੇ ਲੋਕ ਲੋਕਤੰਤਰ ਪ੍ਰਣਾਲੀ ਵਿੱਚ ਵਿਸ਼ਵਾਸ ਰਖਦੇ ਹਨ । ਪੰਜਾਬ ਦੇ ਲੋਕਾਂ ਨੇ ਉਨ੍ਹਾਂ ਲੋਕਾਂ ਦੀਆਂ ਨੀਤੀਆਂ ਨੂੰ ਜੋ ਅਨੇਕਤਾ ਦੇ ਬਾਨੀ ਸਨ, ਪਾਕਿਸਤਾਨ ਦੇ ਪਿੱਠੂ ਸਨ, ਲੋਕਤੰਤਰ ਪ੍ਰਣਾਲੀ ਵਿੱਚ ਪੂਰ ਜ਼ੋਰ ਵਿਸ਼ਵਾਸ ਰਖਦਿਆਂ ਠੁਕਰਾ ਕੇ ਰੱਖ ਦਿੱਤਾ ਹੈ ਅਤੇ ਇਸ ਦਾ ਸਬੂਤ ਉਨ੍ਹਾਂ ਨੇ ਨਗਰਪਾਲਕਾਵਾਂ ਦੀਆਂ ਇਲੈਕਸ਼ਨਾਂ ਅਤੇ ਪੰਚਾਇਤਾਂ ਦੀਆਂ ਇਲੈਕਸ਼ਨਾਂ ਨੂੰ ਕਾਮਯਾਬ ਬਣਾ ਕੇ ਦਿੱਤਾ ਹੈ । ਅੱਜ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਨੇ ਇਹ ਇਲੈਕਸ਼ਨਾਂ ਕਰਾ ਕੇ ਅਤੇ ਲੋਕਾਂ ਦੇ ਵਿਸ਼ਵਾਸ਼ ਨੂੰ ਬਹਾਲ ਕਰਾ ਕੇ ਪੰਜਾਬ ਵਿੱਚ ਹੀ ਨਹੀਂ, ਸਾਰੇ ਹਿੰਦੁਸਤਾਨ ਵਿੱਚ ਹੀ ਨਹੀਂ ਬਲਕਿ ਸਾਰੇ ਦੇਸ਼ਾਂ ਦੇ ਵਿੱਚ ਲੋਕਤੰਤਰ ਪ੍ਰਣਾਲੀ ਦੇ ਆਧਾਰ ਨੂੰ ਮਜ਼ਬੂਤੀ ਬਖਸ਼ੀ ਹੈ ਅਤੇ ਸਭ ਨੂੰ ਅਹਿਸਾਸ ਕਰਾਇਆ ਹੈ ਕਿ ਪੰਜਾਬ ਦੇ ਲੋਕਾਂ ਨੇ ਸੁਚੱਜੇ ਢੰਗ ਨਾਲ ਜਦੋਂ ਵਿਧਾਨ ਸਭਾ ਦੀ ਇਲੈਕਸ਼ਨ ਹੋਈ ਤਾਂ ਆਪਣੇ ਸਿਰਾਂ ਤੇ ਕਫਨ ਬੰਨ੍ਹ ਕੇ ਇਨ੍ਹਾਂ ਇਲੈਕਸ਼ਨਾਂ ਨੂੰ ਕਾਮਯਾਬ ਬਣਾਇਆ ਅਤੇ ਲੋਕਤੰਤਰ ਦੀ ਪ੍ਰਣਾਲੀ ਵਿੱਚ ਆਪਣਾ ਵਿਸ਼ਵਾਸ਼ ਪ੍ਰਗਟਾਇਆ । ਮੈਂ ਇਸ ਦੇ ਨਾਲ ਹੀ ਵਿਰੋਧੀ ਪਾਰਟੀਆਂ ਦੀ ਵੀ ਪ੍ਰਸ਼ੰਸਾ ਕਰਾਂਗਾ, ਸ਼ਲਾਘਾ ਕਰਾਂਗਾ ਜਿਨ੍ਹਾਂ ਨੇ ਵਿਧਾਨ ਸਭਾ ਦੀਆਂ ਇਲੈਕਸ਼ਨਾਂ ਵਿੱਚ ਯੋਗਦਾਨ ਪਾਇਆ, ਹਿੱਸਾ ਲਿਆ, ਨਗਰਪਾਲਕਾਵਾਂ ਦੀਆਂ ਅਤੇ ਪੰਚਾਇਤਾਂ ਦੀਆਂ ਇਲੈਕਸ਼ਨਾਂ ਵਿੱਚ ਹਿੱਸਾ ਪਾਇਆ । ਜੇ ਕੱਲ੍ਹ ਦਾ ਰੁੱਸਿਆ ਮੁੜ ਘਰ ਆ ਜਾਵੇ ਤਾਂ ਉਸ ਨੂੰ ਰੁੱਸਿਆ ਨਹੀਂ ਸਮਝਣਾ ਚਾਹੀਦਾ । ਮੈਂ ਉਨ੍ਹਾਂ ਵੀਰਾਂ ਨੂੰ, ਜੋ ਅੱਜ ਕਹਿੰਦੇ ਹਨ ਕਿ ਅਮਨ ਤੇ ਸ਼ਾਂਤੀ ਬਹਾਲ ਨਹੀਂ ਹੋਈ, ਪ੍ਰਤੱਖ ਪ੍ਰਮਾਣ ਦਿੰਦਾ ਹਾਂ ਕਿ ਜਿਥੇ ਪੰਜਾਬ ਦੇ ਲੋਕ ਗ਼ਮ ਦੀਆਂ ਰਾਤਾਂ ਝਾਕਦੇ ਸਨ, ਉਥੇ ਲੋਕ ਅੱਜ ਅਮਨ ਤੇ ਸ਼ਾਂਤੀ ਨਾਲ ਰਾਤਾਂ ਬਿਤਾਉਣ ਲਗ ਪਏ ਹਨ । ਜਿਥੇ ਰਿਸ਼ਤੇਦਾਰ ਵੀ ਆਉਣੋਂ ਕੰਨੀ ਕਰਤਾਉਂਦੇ ਸਨ, ਜਿਥੇ ਕੋਈ ਰਿਸ਼ਤੇਦਾਰ ਘਰ ਆਉਣ ਤੋਂ ਪਹਿਲਾਂ ਸੋਚਦਾ ਸੀ ਅਤੇ ਘਰ ਵਾਲੇ ਵੀ ਡਰਦੇ ਸਨ ਕਿ ਸਾਡੇ ਘਰ ਪੁਲਿਸ ਛਾਪਾ ਮਾਰ ਕੇ ਗ੍ਰਿਫਤਾਰ ਨਾ ਕਰ ਲਵੇ, ਜਿਥੇ ਰਿਸ਼ਤੇਦਾਰੀਆਂ ਅਤੇ ਪ੍ਰਾਹੁਣਚਾਰੀਆਂ ਮੁੱਕ ਗਈਆਂ ਸਨ, ਉਥੇ ਅੱਜ ਉਸ ਤੇ 1978 ਤੋਂ ਪਹਿਲਾਂ ਵਾਂਗ ਰਿਸ਼ਤੇਦਾਰ ਆਉਣ ਜਾਣ ਲਗ ਪਏ ਹਨ ਅਤੇ ਪ੍ਰਾਹੁਣਚਾਰੀਆਂ ਮੁੜ ਬਹਾਲ ਹੋ ਗਈਆਂ ਹਨ । ਇਸ ਦੇ ਨਾਲ ਹੀ ਲਾਅ ਐਂਡ ਆਰਡਰ ਦੀ ਸਥਿੱਤੀ ਵੀ ਕਾਫੀ ਸੁਧਰੀ ਹੈ । ਇਸ ਦਾ ਪ੍ਰਤੱਖ ਪ੍ਰਮਾਣ ਹੈ ਕਿ ਵੱਡੇ ਵੱਡੇ ਆਤਿਵਾਦੀ ਜਿਨ੍ਹਾਂ ਵਿਚੋਂ ਬੜਾ ਖੂੰਖਾਰ ਆਤਿਵਾਦੀ ਮਾਨੋਚਾਹਲ ਹਾਲੇ ਕੱਲ੍ਹ ਹੀ ਮਾਰਿਆ ਗਿਆ ਹੈ। ਸਰਕਾਰ ਨੂੰ ਫੇਰ ਵੀ ਕਿਹਾ ਜਾਵੇ ਕਿ ਇਹ ਕਿਸੇ ਖੁਸ਼ ਫਹਿਮੀ ਵਿੱਚ ਹੀ ਹੈ, ਤਾਂ ਠੀਕ ਨਹੀਂ ਹੋਵੇਗਾ । ਅਸਲ ਨੂੰ ਅਸਲ ਕਹਿਣਾ ਅਤੇ ਗਲਤ ਨੂੰ ਗਲਤ ਕਹਿਣਾ ਕੋਈ ਬੁਰੀ ਗੱਲ ਨਹੀਂ । ਇਸ ਵਿੱਚ ਅਤਿਕਥਨੀ ਨਹੀਂ ਕਿ ਅਤਿਵਾਦ ਨੇ ਜਿਸ ਨੇ ਸਮੁੱਚੇ ਪੰਜਾਬ ਦੇ ਵਿੱਚ ਹੀ ਨਹੀਂ, ਸਮੁੱਚੇ ਬਾਹਰਲੇ ਸੂਬਿਆਂ ਵਿੱਚ ਵੀ ਅੱਗ ਲਾਈ ਹੋਈ ਸੀ, ਸਮੁੱਚੇ ਦੁਨੀਆਂ ਦੇ ਦੇਸ਼ਾਂ ਤੇ ਆਤੰਕਵਾਦ ਫੈਲਿਆ ਹੋਇਆ ਸੀ । ਸਰਦਾਰ ਬੇਅੰਤ ਸਿੰਘ ਜੀ ਨੇ ਆਪਣੀ ਸੁਚੱਜੀ ਅਗਵਾਈ ਦੇ ਨਾਲ, ਆਪਣੀ ਉਚੀ ਤੇ ਸੁੱਚੀ ਸੋਚ ਦੇ ਨਾਲ, ਆਪਣੀਆਂ ਸਿਆਸੀ ਪਾਰਟੀਆਂ ਦੇ ਸਾਥੀਆਂ ਦੇ ਨਾਲ ਜਿਸ ਤਰ੍ਹਾਂ ਸੀ.ਪੀ.ਆਈ., ਸੀ.ਪੀ.ਐਮ, ਹਨ ਉਨ੍ਹਾਂ ਦੇ ਨਾਲ ਆਤੰਕਵਾਦ ਦਾ ਪ੍ਰੋਟੈਸਟ ਕੀਤਾ ਸੀ ਅਤੇ ਹੋਰ ਸਿਆਸੀ ਪਾਰਟੀਆਂ ਜਿਹੜੀਆਂ ਆਤੰਕਵਾਦ ਨੂੰ ਪ੍ਰੋਟੈਸਟ ਕਰਦੀਆਂ ਆਈਆਂ ਹਨ, ਉਨ੍ਹਾਂ ਨੂੰ ਸਾਥ ਲੈ ਕੇ ਅੱਜ ਮਾਰਗ ਦਰਸ਼ਨ ਦਿੱਤਾ ਹੈ, ਆਤੰਕਵਾਦ ਨੂੰ ਦਫਨਾਉਣ ਦਾ ਸਾਰੀ ਦੁਨੀਆਂ ਦੇ ਵਿਚ ਇਤਿਹਾਸ

[ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ]

ਸਿਰਜਿਆ ਹੈ। ਇਹ ਪੰਜਾਬ ਦੇ ਮੁੱਖ ਮੰਤਰੀ ਸ਼ੇਰੇ-ਪੰਜਾਬ ਸਰਦਾਰ ਬੇਅੰਤ ਸਿੰਘ ਜੀ ਹਨ ਜਿਨ੍ਹਾਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਆਤੰਕਵਾਦ ਦੇ ਨਾਲ ਨਜਿੱਠਣ ਵਿਚ ਉਹ ਪੂਰੀ ਤਰ੍ਹਾਂ ਕਾਮਯਾਬ ਰਹੇ ਹਨ।

ਸਰਦਾਰ ਹਰਗੋਪਾਲ ਸਿੰਘ ਐਡਵੋਕੇਟ : ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਬਾਕੀ ਲੋਕ ਵੀ ਸਦਨ ਦੇ ਮੈਂਬਰ ਹਨ। ਉਨ੍ਹਾਂ ਨੂੰ ਵੀ ਟਾਈਮ ਦਿੱਤਾ ਜਾਣਾ ਚਾਹੀਦਾ ਹੈ। ਇਨ੍ਹਾਂ ਨੂੰ ਪਹਿਲਾਂ ਵੀ ਗਵਰਨਰ ਸਾਹਿਬ ਦੇ ਭਾਸ਼ਣ ਤੇ ਟਾਇਮ ਦਿੱਤਾ ਗਿਆ ਹੈ ਅਤੇ ਹੁਣ ਦੁਆਰਾ ਫਿਰ ਦਿੱਤਾ ਗਿਆ ਹੈ।

ਸ੍ਰੀ ਸਪੀਕਰ : ਤੁਹਾਡੇ ਕਈ ਮੈਂਬਰ ਬੋਲ ਚੁੱਕੇ ਹਨ। ਇਨ੍ਹਾਂ ਨੂੰ ਵੀ ਬੋਲ ਲੈਣ ਦਿਓ।

ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ : ਜੋ ਲੋਕ ਸਿਆਸਤ ਤੇ ਧਰਮ ਨੂੰ ਰਲਗੱਡ ਕਰਨ ਦੀਆਂ ਬਾਤਾਂ ਕਰਦੇ ਸਨ, ਕਈ ਸਾਲ ਪਹਿਲਾਂ ਗੀਤ ਗਾਉਂਦੇ ਰਹੇ ਕਿ ਸਿਆਸਤ ਤੇ ਧਰਮ ਨੂੰ ਅੱਡ ਰੱਖਣਾ ਚਾਹੀਦਾ ਹੈ, ਅੱਜ ਸਾਨੂੰ ਮਹਿਸੂਸ ਹੁੰਦਾ ਹੈ ਕਿ ਉਹੀ ਲੋਕ ਅੱਜ ਧਰਮ ਦੇ ਨਾਂ ਹੇਠ ਸਮੁੱਚੇ ਹਿੰਦੁਸਤਾਨ ਨੂੰ ਅੱਗ ਦੀ ਭੱਠੀ ਵਿਚ ਝੋਕਣਾ ਚਾਹੁੰਦੇ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ ਬੀ.ਜੇ.ਪੀ. ਵਾਲੇ ਜੋ ਕਹਿੰਦੇ ਹਨ ਕਿ ਸ੍ਰੀ ਰਾਮ ਚੰਦਰ ਜੀ ਸਾਡੇ ਹਨ, ਇਹ ਬਿਲਕੁਲ ਗਲਤ ਹੈ। ਸ੍ਰੀ ਰਾਮ ਚੰਦਰ ਜੀ ਸਮੁੱਚੇ ਲੋਕਾਈ ਦੇ ਹਨ। ਇਸ ਦੇ ਸੰਕੇਤ ਹਨ, ਪ੍ਰਤੱਖ ਪ੍ਰਮਾਣ ਹਨ, ਗੁਰੂ ਗਰੰਥ ਸਾਹਿਬ ਦੇ ਵਿਚ। ਸਭ ਤੋਂ ਪਹਿਲਾਂ ਅਵਤਾਰ ਸਾਡੇ ਹਿੰਦੁਸਤਾਨ ਦੇ ਵਿਚ ਬਾਮਨ ਰੂਪ ਅਵਤਾਰ ਆਏ ਹਨ। ਪਵਿੱਤਰ ਬਾਣੀ ਵਿਚ ਅੰਕਤ ਹੈ:—

ਸਤਜੁਗਿ ਤ ਮਾਣਿਓ ਛਲਿਓ ਬਲਿ ਬਾਵਨ ਭਾਇਓ ॥
ਤ੍ਰੇਤੈ ਤੈ ਮਾਣਿਓ ਰਾਮ ਰਘੁਵੰਸ ਕਹਾਇਓ ॥
ਦੁਆਪਰਿ ਕ੍ਰਿਸ਼ਨ ਮੁਰਾਰਿ ਕੰਸੁ ਕਿਰਤਾਰਥ ਕੀਓ ॥
ਉਗ੍ਰਸੈਣਕਉ ਰਾਜ ਅਭੈ ਭਗਤਿਹ ਜਨ ਦੀਓ ॥

ਹੇ ਸੱਚੇ ਪਾਤਸ਼ਾਹ! ਸਤਿਜੁਗ ਦੇ ਵਿਚ ਤੂੰ ਬਾਮਨ ਰੂਪੀ ਅਵਤਾਰ ਹੈ। ਤੂੰ ਹੀ ਦੁਆਪਰ ਦੇ ਵਿਚ ਰਾਮ ਚੰਦਰ ਹੈ; ਤੂੰ ਹੀ ਤ੍ਰੇਤੇ ਦੇ ਵਿਚ ਕ੍ਰਿਸ਼ਨ ਮੁਰਾਰ ਹੈ ਤੇ ਤੂੰ ਹੀ ਕਲਜੁਗ ਦੇ ਵਿਚ ਗੁਰੂ ਨਾਨਕ ਗੁਰੂ ਅੰਗਦ, ਗੁਰੂ ਅਮਰ ਦਾਸ ਅਤੇ ਸ੍ਰੀ ਗੁਰੂ ਰਾਜ ਅਬਚਲ ਅਟੱਲ ਆਦਿ ਪ੍ਰਤੱਖ ਪੁਰਖ ਫੁਰਮਾਏ। ਅੱਜ ਵੀ ਤੁਹਾਡੀ ਹੀ ਕਿਰਪਾ ਹੈ।

ਉਨ੍ਹਾਂ ਵੀਰਾਂ ਨੂੰ ਜੋ ਇਹ ਕਹਿੰਦੇ ਹਨ ਕਿ ਗੁਰੂ ਨਾਨਕ ਸਾਡਾ ਹੈ, ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਸ੍ਰੀ ਹਰਮਿੰਦਰ ਸਾਹਿਬ ਦੀ ਪਵਿੱਤਰਤਾ ਕਿੰਨੀ ਉੱਚੀ ਹੈ।

ਧੰਨ ਧੰਨ ਸ੍ਰੀ ਰਾਮ ਦਾਸ ਗੁਰੂ ॥
ਜਿਨਿ ਸਿਰਿਆ ਤਿਨੈ ਸਵਾਰਿਆ ॥
ਡਿਠੇ ਸਭੇ ਥਾਵ ਨਹੀਂ ਤੁਧੁ ਜੇਹਿਆ ॥
ਬਧਹੁ ਪੁਰਖਿ ਬਿਧਾਤੈ ਤਾਂ ਤੂੰ ਸੋਹਿਆ ॥
ਵਸਦੀ ਸਘਨ ਅਪਾਰ ਅਨੂਪ ਰਾਮਦਾਸਪੁਰ ॥
ਰਹਿ ਹਾਂ ਨਾਨਕ ਕਸਮਲ ਜਾਹਿ।
ਨਾਇਐ ਰਾਮਦਾਸ ਸਰ!

ਉੱਥੇ ਅੱਠ ਸੱਠ ਤੀਰਥਾਂ ਦਾ ਫਲ ਮਿਲਦਾ ਹੈ, ਹਰਿਮੰਦਰ ਸਾਹਿਬ ਜਾ ਕੇ ਇਸ਼ਨਾਨ ਕਰਨ ਦਾ। ਉਸ ਪਵਿੱਤਰ ਤੀਰਥ ਵਿਚ ਜੋ ਹੁੰਦਾ ਰਿਹਾ, ਉਹ ਸਾਨੂੰ ਸਾਰਿਆਂ ਨੂੰ ਪਤਾ ਹੈ। ਮੈਂ ਕਹਿੰਦਾ ਹਾਂ ਕਿ ਬਾਦਲ ਸਾਹਿਬ, ਟੌਹੜਾ ਸਾਹਿਬ, ਤਲਵੰਡੀ ਸਾਹਿਬ, ਅੱਖਾਂ ਖੋਲ੍ਹੋ। ਅੱਜ ਜਿਹੜੇ ਤੁਸੀਂ ਲੰਬੇ ਚੌੜੇ ਬਿਆਨ ਦਿੰਦੇ ਹੋ, ਇਹ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਦੀ ਮਿਹਰਬਾਨੀ ਸਦਕਾ ਹੀ ਹੈ। ਇਸ ਸਰਕਾਰ ਨੇ ਤੁਹਾਨੂੰ ਖੁੱਡਾਂ ਵਿੱਚੋਂ ਲੁਕਿਆਂ ਹੋਇਆਂ ਨੂੰ ਬਾਹਰ ਕੱਢਿਆ ਹੈ। ਸਰਦਾਰ ਬੇਅੰਤ ਸਿੰਘ ਨੇ ਤੁਹਾਡੀ ਅਣਖ ਨੂੰ ਜਗਾਇਆ ਹੈ। ਇਹ ਉਨ੍ਹਾਂ ਦੀ ਸਰਕਾਰ ਦੀ ਮਿਹਰਬਾਨੀ ਹੈ। ਤੁਸੀਂ ਆਪਣੀ ਅਣਖ ਤੇ ਗੈਰਤ ਗੁਆ ਚੁੱਕੇ ਸੀ। ਅੱਜ ਫਿਰ ਸਾਡੇ ਵੱਡੇ ਵੱਡੇ ਮੇਲੇ ਲਗਦੇ ਹਨ ਜੋ ਇਸ ਗੱਲ ਲਈ ਮਸ਼ਹੂਰ ਸਨ, ਜਿਥੇ ਸਿਆਸੀ ਪਾਰਟੀਆਂ ਆਪਣੀਆਂ ਕਾਨਫਰੰਸਾਂ ਕਰਕੇ ਪੰਜਾਬ ਦੀ ਜਨਤਾ ਨੂੰ ਆਪਣੇ ਹੱਕਾਂ ਬਾਰੇ ਜਾਗਰੂਕ ਕਰਦੀਆਂ ਸਨ। ਅੱਜ ਸਾਰੇ ਮੇਲਿਆਂ ਵਿਚ ਸਾਰੀਆਂ ਪਾਰਟੀਆਂ ਨੂੰ ਫਿਰ ਅਧਿਕਾਰ ਮਿਲੇ ਹਨ। ਸਰਦਾਰ ਬੇਅੰਤ ਸਿੰਘ ਜੀ ਨੇ ਜਨਮ ਸਿਧ ਅਧਿਕਾਰ ਦਿੱਤੇ ਹਨ ਕਿ ਜਾਓ, ਜਾ ਕੇ ਆਪੋ ਆਪਣੇ ਖਿਆਲ ਜ਼ਾਹਿਰ ਕਰੋ ਮੇਲਿਆਂ ਵਿਚ ਕਾਨਫਰੰਸਾਂ ਕਰਕੇ। ਅੱਜ ਤੁਸੀਂ ਕਿਸ ਤਰ੍ਹਾਂ ਕਹਿ ਰਹੇ ਹੋ ਕਿ ਅਮਨ ਤੇ ਸ਼ਾਂਤੀ ਦੀ ਬਹਾਲੀ ਨਹੀਂ ਹੋਈ ? ਅੱਜ ਮੇਰੇ ਕਈ ਵੀਰ ਇਹ ਵੀ ਕਹਿ ਰਹੇ ਹਨ ਕਿ ਆਤੰਕਵਾਦ ਜਿਨ੍ਹਾਂ ਲੋਕਾਂ ਦੀ ਦੇਣ ਸੀ, ਉਹ ਖਤਮ ਹੋ ਗਏ ਹਨ। ਪਰ ਮੈਂ ਕਹਿੰਦਾ ਹਾਂ ਕਿ ਇਹ ਦੇਣ ਉਨ੍ਹਾਂ ਦੀ ਸੀ ਜੋ ਅੱਜ ਵੀ ਉਨ੍ਹਾਂ ਦੀ ਤੂਤੀ ਵਜਾਉਂਦੇ ਹਨ। ਦੇਣ ਉਨ੍ਹਾਂ ਦੀ ਹੈ ਜੋ ਸਰਦਾਰ ਬੇਅੰਤ ਸਿੰਘ ਜੀ ਦੇ ਕਾਰਨਾਮਿਆਂ ਤੋਂ ਮੁਨਕਰ ਹੋਈ ਜਾਂਦੇ ਹਨ। ਮੈਂ ਉਨ੍ਹਾਂ ਨੂੰ ਕਹਿੰਦਾ ਹਾਂ ਕਿ ਸੱਚ ਨੂੰ ਸੱਚ ਮੰਨੋ––

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ।

ਸੱਚ ਨੂੰ ਆਂਚ ਨਹੀਂ। ਮੈਂ ਇਨ੍ਹਾਂ ਸ਼ਬਦਾਂ ਦੇ ਨਾਲ ਗਵਰਨਰ ਸਾਹਿਬ ਦੇ ਭਾਸ਼ਣ ਵਿੱਚ ਜੋ ਨੁਕਤੇ ਉਠਾਏ ਗਏ ਹਨ, ਉਸ ਪਾਸੇ ਵੱਲ ਆਉਂਦਾ ਹਾਂ। ਸਾਡੀ ਸਰਕਾਰ ਨੇ ਸਿੰਚਾਈ ਤੇ ਬਿਜਲੀ ਦੇ ਪੁਆਇੰਟ ਉਠਾਏ ਹਨ। ਗਵਰਨਰ ਰੂਲ ਦੇ ਵਿਚ ਬਾਰਡਰ ਏਰੀਏ ਦੀਆਂ ਨਹਿਰਾਂ ਤੇ ਸੂਏ ਬਿਲਕੁਲ ਇਸ ਤਰ੍ਹਾਂ ਜਾਪਦੇ ਸਨ ਜਿਸ ਤਰ੍ਹਾਂ ਨਹਿਰਾਂ ਤੇ ਸੂਏ ਕਦੇ ਚੱਲੇ ਹੀ ਨਾ ਹੋਣ। ਅੱਜ ਸਾਡੀ ਸਰਕਾਰ ਨੇ ਸਬੰਧਤ ਮਹਿਕਮਿਆਂ ਨੂੰ ਇਸ ਸਬੰਧੀ ਹਦਾਇਤਾਂ ਦਿੱਤੀਆਂ ਹਨ। ਮੈਂ ਆਪਣੀ ਕੰਸਟੀਚਿਊਸੀ ਅਟਾਰੀ ਦੇ ਵਿਚ ਕੁੱਝ ਪੁਆਇੰਟ ਦਿੱਤੇ ਸਨ, ਉਨ੍ਹਾਂ ਦੀ ਖਲਾਈ ਸ਼ੁਰੂ ਹੋ ਚੁੱਕੀ ਹੈ। ਇਸ ਤੋਂ ਇਲਾਵਾ ਹੋਰ ਵੀ ਜੋ ਸਿੰਚਾਈ ਤੇ ਬਿਜਲੀ ਦਾ ਸੁਧਾਰ ਹੋਇਆ ਹੈ, ਮੈਂ ਉਸ ਦਾ ਸਮਰਥਨ ਕਰਦਾ ਹਾਂ।

ਸਪੀਕਰ ਸਾਹਿਬ, ਦਿਹਾਤੀ ਵਿਕਾਸ ਦੇ ਵਿੱਚ ਅੱਜ ਅਸੀਂ ਦੇਖਦੇ ਹਾਂ ਕਿ ਗਵਰਨਰੀ ਰਾਜ ਦੇ ਵਿਚ ਡਿਵੈਲਪਮੈਂਟ ਦਾ ਕੋਈ ਕੰਮ ਹੋਇਆ ਦਿਖਾਈ ਨਹੀਂ ਦਿੰਦਾ ਪਰ ਜਦੋਂ ਦੀ ਸਾਡੀ ਇਹ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਆਈ ਹੈ ਦਿਹਾਤੀ ਵਿਕਾਸ ਦੇ ਵਿੱਚ ਡਿਵੈਲਪਮੈਂਟ ਦੇ ਬਹੁਤ ਕੰਮ ਹੋਏ ਹਨ। ਅਨੁਸੂਚਿਤ ਜਾਤੀਆਂ, ਵਿੱਚ ਬਸਤੀ ਸੁਧਾਰ ਦਾ ਕੰਮ ਬੜੀ ਤੇਜ਼ੀ ਨਾਲ ਸ਼ੁਰੂ ਹੋਇਆ ਹੈ। ਲੋਕ ਨਿਰਮਾਣ ਦੇ ਵਿੱਚ ਜੇਕਰ ਅਸੀਂ ਅੱਜ ਦੇਖੀਏ ਤਾਂ ਜੋ ਸੜਕਾਂ ਟੁੱਟੀਆਂ ਪਈਆਂ ਸਨ, ਸੜਕਾਂ ਵਿੱਚ ਖੱਡੇ ਬਣ ਕੇ ਰਹਿ ਗਏ ਸਨ ਅੱਜ ਉਹ ਸਾਰੀਆਂ ਸੜਕਾਂ ਫਸਟ ਕਲਾਸ ਬਣਾ ਦਿੱਤੀਆਂ ਗਈਆਂ ਹਨ। ਬੇਸ਼ਕ ਕਈ ਜਗ੍ਹਾ ਹਾਲੇ ਮੁਰੰਮਤਾਂ ਹੋਣ ਵਾਲੀਆਂ ਹਨ ਪਰ ਸਾਡੇ ਮਹਿਕਮੇ ਦੇ ਸਬੰਧਤ ਮੰਤਰੀ ਸਾਹਿਬ ਜਿਸ ਢੰਗ ਦੇ ਨਾਲ ਆਪਣੇ ਕੰਮ ਕਾਜ ਨੂੰ ਪੂਰੇ ਯਤਨਾਂ ਅਤੇ ਤਨ-ਦੇਹੀ ਨਾਲ ਕਰ ਰਹੇ ਹਨ ਉਹ ਬੜਾ ਹੀ ਪਰਸ਼ੰਸਾ ਯੋਗ ਹੈ। ਮੈਂ ਹਾਊਸ ਦੇ ਮੈਂਬਰਾਂ ਦੇ ਧਿਆਨ ਵਿੱਚ ਇਹ ਵੀ ਲਿਆਉਣਾ ਚਾਹੁੰਦਾ ਹਾਂ ਕਿ ਸਰਦਾਰ ਬੇਅੰਤ ਸਿੰਘ ਅਤੇ ਸਾਡੇ ਲੋਕ ਨਿਰਮਾਣ ਵਿਭਾਗ ਦੇ ਮੰਤਰੀ ਜੀ ਨੇ ਸਾਡਾ ਵਾਗਾ ਬਾਰਡਰ ਜੋ ਕਿ ਗੇਟ ਵੇ ਆਫ ਇੰਡੀਆ ਹੈ ਔਰ ਜਿਸ ਨੂੰ ਕਿ ਬਾਦਲ ਸਾਹਿਬ ਨੇ 15 ਕਿਲੋਮੀਟਰ ਪਿੱਛੇ ਦਿੱਤਾ

[ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ]

ਸੀ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਨੇ ਉਸ ਨੂੰ ਵਿਸ਼ੇਸ਼ ਤੌਰ ਤੇ ਧਿਆਨ ਵਿੱਚ ਲਿਆ ਕੇ ਗੇਟਵੇਂ ਆਫ ਇੰਡੀਆ ਜੋ ਕਿ ਕਿਸੇ ਵੀ ਦੇਸ਼ ਦੀ ਧਰਤੀ ਜਿਸ ਜਗ੍ਹਾ ਤੋਂ ਸ਼ੁਰੂ ਹੁੰਦੀ ਹੈ ਉਥੇ ਹੋਣਾ ਚਹੀਦਾ ਹੈ ਨੂੰ ਧਿਆਨ ਵਿੱਚ ਰੱਖ ਕੇ ਜਿਥੇ ਬਣਾਉਣਾ ਚਾਹੀਦਾ ਸੀ ਉਥੇ ਬਣਾਉਣ ਦਾ ਐਲਾਨ ਕੀਤਾ ਹੈ। ਅੱਜ ਸਾਡਾ ਬਾਰਡਰ ਕਿਉਂਕਿ ਮੇਰੇ ਹਲਕੇ ਅਟਾਰੀ ਵਿੱਚ ਪੈਂਦਾ ਹੈ, ਇਸ ਲਈ ਮੈਂ ਇਥੇ ਦੱਸਣਾ ਚਾਹੁੰਦਾ ਹਾਂ ਕਿ ਜੋ ਬਾਰਡਰ ਪਹਿਲਾਂ ਸੁੰਨ-ਸਾਨ ਲਗਦਾ ਸੀ ਅੱਜ ਉੱਥੇ ਕਿਸ ਤੇਜ਼ੀ ਦੇ ਨਾਲ ਕੰਮ ਸ਼ੁਰੂ ਹੋ ਰਿਹਾ ਹੈ, ਮੈਂ ਮਾਨਯੋਗ ਮੈਂਬਰ ਸਾਹਿਬਾਨ ਨੂੰ ਕਹਾਂਗਾ ਕਿ ਉਹ ਲਾਜ਼ਮੀ ਤੌਰ ਤੇ ਜਾ ਕੇ ਦੇਖਣ ਕਿ ਕਿੰਨਾ ਉਥੇ ਪਰਿਵਰਤਨ ਹੋਇਆ ਹੈ।

ਇਸ ਤੋਂ ਇਲਾਵਾ ਐਨੀਮਲ ਹਸਬੈਂਡਰੀ ਦੇ ਵਿੱਚ ਜੋ ਸਰਕਾਰ ਨੇ ਮੁਬਾਈਲ ਡਿਸਪੈਂਸਰੀਆਂ ਦਾ ਪ੍ਰੋਗਰਾਮ ਲਾਗੂ ਕੀਤਾ ਹੈ ਇਸ ਦੇ ਨਾਲ ਸਾਡੇ ਕਿਸਾਨਾਂ ਨੂੰ ਬਹੁਤ ਫਾਇਦਾ ਹੋਵੇਗਾ। ਉਨ੍ਹਾਂ ਦੀ ਪਸ਼ੂਆਂ ਦੇ ਰੋਗਾਂ ਬਾਰੇ ਹਰ ਰੋਜ਼ ਦੀ ਚਿੰਤਾ ਖਤਮ ਹੋਈ ਹੈ। ਇਨ੍ਹਾਂ 11 ਮੋਬਾਈਲ ਡਿਸਪੈਂਸਰੀਆਂ ਦਾ ਉਦਘਾਟਨ ਸਰਦਾਰ ਹਰਬੰਸ ਸਿੰਘ ਸਿੱਧੂ ਨੇ ਖੇਮਕਰਨ ਤੋਂ ਕੀਤਾ ਸੀ। ਇਨ੍ਹਾਂ ਦੇ ਕੰਮ-ਕਾਜ ਸਦਕਾ ਸਾਰਿਆਂ ਕਿਸਾਨਾਂ ਨੂੰ, ਸਾਡੇ ਸਾਰੇ ਵੀਰਾਂ ਨੂੰ ਸੁਖ ਦਾ ਸਾਹ ਆਇਆ ਹੈ ਜਿਹੜੇ ਕਿ ਡੇਅਰੀ ਫਾਰਮਾਂ ਦੇ ਮਾਲਕ ਹਨ ਉਨ੍ਹਾਂ ਦੇ ਪਸ਼ੂਆਂ ਦੀ ਸਿਹਤ ਸੰਭਾਲ ਅਤੇ ਅਰੋਗਤਾ ਵਾਸਤੇ ਹੁਣ ਕੋਈ ਚਿੰਤਾ ਨਹੀਂ ਹੋਵੇਗੀ।

ਸਪੀਕਰ ਸਾਹਿਬ, ਖੇਤੀਬਾੜੀ ਦੇ ਸਵਾਲ ਤੇ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਨੇ ਕਿਸਾਨਾਂ ਦੀ ਨੁਮਾਇੰਦਗੀ ਦਾ ਪਰਤੱਖ ਸਬੂਤ ਦਿੱਤਾ ਹੈ। ਕਣਕ ਦਾ ਭਾਅ ਜੋ ਵਧਿਆ ਹੈ ਅਜ ਤੱਕ ਕਿਸੇ ਸਰਕਾਰ ਨੇ 55 ਰੁਪਏ ਭਾਅ ਨਹੀਂ ਦਿੱਤਾ ਸੀ। ਮੈਂ ਮੁਬਾਰਕਬਾਦ ਦਿੰਦਾ ਹਾਂ ਮੁੱਖ ਮੰਤਰੀ ਜੀ ਨੂੰ ਅਤੇ ਇਸ ਸਰਕਾਰ ਨੂੰ ਜਿਸ ਨੇ ਕਿਸਾਨਾਂ ਦੀ ਫਸਲ ਦੇ ਭਾਅ ਵਧਾਏ ਹਨ। ਇਸ ਤੋਂ ਪਹਿਲਾਂ ਕਦੇ ਵੀ ਅਜਿਹਾ ਸਮਾਂ ਨਹੀਂ ਆਇਆ ਜਦੋਂ ਕਿਸਾਨਾਂ ਨੂੰ ਏਨਾ ਭਾਅ ਦਿੱਤਾ ਗਿਆ ਹੋਵੇ।

ਸਿਵਲ ਸਪਲਾਈਜ਼ ਦੇ ਮਹਿਕਮੇ ਵਿੱਚ, ਸਪੀਕਰ ਸਾਹਿਬ, ਕਾਫੀ ਸੁਧਾਰ ਹੋਇਆ ਹੈ ਪੰਜਾਬ ਵਿੱਚ।

ਸ਼੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ** ** **

Mr. Speaker: This no point of order

ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ : ਪੰਜਾਬ ਦੇ ਵਿੱਚ ਜਿਥੇ ਰਾਸ਼ਨ ਡੀਪੂ ਸਥਾਪਿਤ ਸਨ ਉਨ੍ਹਾਂ ਡੀਪੂਆਂ ਦੇ ਵਿੱਚ ਰਾਸ਼ਨ ਹੀ ਨਹੀਂ ਪਹੁੰਚਦਾ ਸੀ ਲੇਕਿਨ ਸਾਡੀ ਸਰਕਾਰ ਨੇ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਨੇ ਸਥਾਪਨਾ ਤੋਂ ਬਾਅਦ (ਵਿਘਨ)

ਸਪੀਕਰ ਸਾਹਿਬ, ਸਰਦਾਰ ਬੇਅੰਤ ਸਿੰਘ ਦੀ ਸਰਕਾਰ ਨੇ ਜੋ ਭਾਅ ਦਿੱਤਾ ਹੈ ਸਾਥੀ ਜੀ ਨੂੰ ਸ਼ਾਇਦ ਪਤਾ ਨਹੀਂ ਕਿ ਏਨਾ ਭਾਅ ਅੱਜ ਤਕ ਕਿਸੇ ਸਰਕਾਰ ਨੇ ਨਹੀਂ ਦਿੱਤਾ ਜਿੰਨਾਂ ਇਨ੍ਹਾਂ ਨੇ ਦਿੱਤਾ ਹੈ।

ਸਪੀਕਰ ਸਾਹਿਬ, ਪਾਣੀਆਂ ਦਾ ਮਸਲਾ ਬਣਿਆ ਹੋਇਆ ਸੀ। ਇਕ ਸਾਥੀ ਨੇ ਪਿਛਲੇ ਦਿਨੀ ਕਿਹਾ ਸੀ ਕਿ ਸਰਦਾਰ ਬੇਅੰਤ ਸਿੰਘ ਜੀ ਠੀਕ ਢੰਗ ਦੇ ਨਾਲ ਪਾਣੀ ਦਾ ਮਸਲਾ ਰੱਖ ਨਹੀਂ ਸਕੇ।

**Expunged as ordered by the Chair.

ਮੈਂ ਇਨ੍ਹਾਂ ਦੀ ਜਾਣਕਾਰੀ ਲਈ ਦੱਸਣਾ ਚਾਹੁੰਦਾ ਹਾਂ ਮਾਨਯੋਗ ਮੈਂਬਰ ਸਾਹਿਬ ਨੂੰ ਕਿ ਸਰਦਾਰ ਜੀ ਨੇ ਪਿਛਲੇ ਸਾਲ ਪਾਣੀ ਦਾ ਮਸਲਾ ਜਿਸ ਸੁਚੱਜੇ ਢੰਗ ਦੇ ਨਾਲ ਉਠਾਇਆ ਸੀ, ਯਮੁਨਾ ਦੇ ਪਾਣੀ ਦੀ ਮੰਗ ਜਿਸ ਤਰੀਕੇ ਦੇ ਨਾਲ ਉਠਾਈ ਸੀ ਉਸ ਦਾ ਕਰੈਡਿਟ ਇਸ ਸਰਕਾਰ ਨੂੰ ਜਾਂਦਾ ਹੈ । ਇਨ੍ਹਾਂ ਨੇ ਕਿਹਾ ਹੈ ਕਿ ਯਮੁਨਾ ਦੇ ਪਾਣੀ ਵਿੱਚ ਪੰਜਾਬ ਦਾ ਜੋ ਹੱਕ ਬਣਦਾ ਹੈ ਅਸੀਂ ਉਹ ਲੈ ਕੇ ਰਹਾਂਗੇ। ਇਸ ਦਾ ਕਰੈਡਿੱਟ ਸਰਦਾਰ ਬੇਅੰਤ ਸਿੰਘ ਨੂੰ ਜਾਂਦਾ ਹੈ । ਮੈਂ ਇਨ੍ਹਾਂ ਸ਼ਬਦਾਂ ਦੇ ਨਾਲ ਗਵਰਨਰ ਸਾਹਿਬ ਨੇ ਆਪਣੇ ਐਡਰੈਸ ਵਿੱਚ ਜਿਹੜੇ ਪੁਆਇੰਟ ਲਏ ਹਨ ਉਨ੍ਹਾਂ ਦਾ ਪੁਰਜ਼ੋਰ ਸਮਰਥਨ ਕਰਦਾ ਹਾਂ ।

ਸ੍ਰੀ ਫ਼ਕੀਰ ਚੰਦ ਸ਼ਰਮਾ (ਅੰਮ੍ਰਿਤਸਰ ਉੱਤਰੀ): ਆਦਰਨੀਯ ਸਪੀਕਰ ਸਾਹਿਬ, ਮੈਂ ਆਪ ਜੀ ਦਾ ਹਾਰਦਿਕ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ ਅਤੇ ਵਿਚਾਰ ਰੱਖਣ ਦਾ ਮੌਕਾ ਦਿੱਤਾ ਹੈ । ਮੈਂ ਆਪ ਜੀ ਦੇ ਦੁਆਰਾ ਕਹਿਣਾ ਚਾਹੁੰਦਾ ਹਾਂ ਕਿ 22 ਫਰਵਰੀ, 1993 ਨੂੰ ਗਵਰਨਰ ਸਾਹਿਬ ਨੇ ਜੋ ਭਾਸ਼ਣ ਦਿੱਤਾ ਅਤੇ ਰੋਸ਼ਨੀ ਪਾਈ ਕਿ ਪਿਛਲੇ ਸਾਲ 1992-93 ਵਿੱਚ ਕੀ ਕੁਝ ਕੀਤਾ ਗਿਆ ਅਤੇ ਅਗਲੇ ਸਾਲ 1993-94 ਵਿੱਚ ਕੀ ਕੁਝ ਕੀਤਾ ਜਾਣਾ ਹੈ, ਇਸ ਦਾ ਮੈਂ ਹਾਰਦਿਕ ਸਵਾਗਤ ਕਰਦਾ ਹਾਂ ਅਤੇ ਸੈਕਿੰਡ ਕਰਦਾ ਹਾਂ । ਸਭ ਤੋਂ ਪਹਿਲਾਂ ਮੈਂ ਪੰਜਾਬ ਦੇ ਮੁੱਖ ਮੰਤਰੀ ਸਰਵਪ੍ਰਿਯ ਮਾਨਯੋਗ ਸਰਦਾਰ ਬੇਅੰਤ ਸਿੰਘ ਜੀ ਨੂੰ ਵਧਾਈ ਦਿੰਦਾ ਹਾਂ ਕਿਉਂਕਿ ਪੰਜਾਬ ਦੇ ਵਿੱਚ ਵੀ ਕੋਈ ਅਨੁਮਾਨ ਨਹੀਂ ਸੀ ਕਰਦਾ ਕਿ ਇੰਨੀ ਛੇਤੀ ਸ਼ਾਂਤੀ ਆ ਸਕਦੀ ਹੈ ਜਿਤਨੇ ਥੋੜ੍ਹੇ ਸਮੇਂ ਵਿੱਚ ਕਿ ਸਾਡੇ ਸਰਦਾਰ ਬੇਅੰਤ ਸਿੰਘ ਜੀ ਨੇ ਲਿਆ ਕੇ ਵਿਖਾਈ ਹੈ। ਲੋਕੀਂ ਕਹਿੰਦੇ ਸਨ ਕਿ ਸਰਕਾਰ ਥੋੜ੍ਹੀਆਂ ਵੋਟਾਂ ਨਾਲ ਬਣੀ ਹੈ, ਇਹ ਚਲੇਗੀ ਨਹੀਂ ਔਰ ਸ਼ਾਂਤੀ ਨਹੀਂ ਲਿਆ ਸਕੇਗੀ ਲੇਕਿਨ ਮੈਂ ਕਹਿੰਦਾ ਹਾਂ ਕਿ Impossible is a word in the dictionary of fools. But also add that Impossible is a word in the dictionary of those persons who are indecisive and fattering ਸਰਦਾਰ ਬੇਅੰਤ ਸਿੰਘ ਜੀ ਨੇ ਇਹ ਗੱਲ ਪੂਰਨ ਕਰਕੇ ਵਿਖਾਈ ਹੈ The word 'Impossible' is not in the dictionary of those persons who have dedicated dynemic and committed personality and that person is Sardar Beant Singh. Nothing is impossible for him. Everything is possible if determiation is there and he has I again thank Sardar Beant Singh ਮੈਂ ਪ੍ਰਾਰਥਨਾ ਕਰਦਾ ਹਾਂ ਕਿ ਸਰਦਾਰ ਬੇਅੰਤ ਸਿੰਘ ਜੀ ਦੀ ਉਮਰ ਲੰਮੀ ਹੋਵੇ ਅਤੇ ਉਨ੍ਹਾਂ ਦੀਆਂ ਪੰਜਾਬ ਪ੍ਰਤੀ ਜੋ ਖਾਹਸ਼ਾਂ ਹਨ, ਉਹ ਪੂਰੀਆਂ ਹੋਣ । ਮੈਂ ਕਹਾਂਗਾ ਕਿ ਸਾਡਾ ਪੰਜਾਬ ਜਿਹੜਾ ਕਿ ਸਵਰਗ ਸ਼ਾਂਤੀ ਅਤੇ ਪਵਿੱਤਰਤਾ ਦਾ ਘਰ ਹੁੰਦਾ ਸੀ, ਉਸ ਨੂੰ ਕੁਝ ਲੋਕਾਂ ਨੇ ਆਪਣੇ ਸਵਾਰਥ ਕਾਰਨ ਸਾਡੇ ਨੌਜਵਾਨਾਂ ਨੂੰ ਲਾਲਚ ਦੇ ਕੇ ਕਲੰਕਿਤ ਕਰਨ ਦਾ ਯਤਨ ਕੀਤਾ ਅਤੇ ਧਰਮ ਦੇ ਗਲਤ ਅਰਥ ਲਏ ਅਤੇ ਜਿਸਦੇ ਫਲਸਰੂਪ ਕੀ ਹੋਇਆ ਕਿ ਸਾਡੇ ਪੰਜਾਬ ਦੇ ਹਜ਼ਾਰਾਂ ਹੀ ਨੌਜਵਾਨ ਮਾਰੇ ਗਏ, ਬੱਚੇ ਯਤੀਮ ਹੋ ਗਏ ਅਤੇ ਹੋਰ ਕਰੋੜਾਂ ਰੁਪਏ ਦਾ ਨੁਕਸਾਨ ਹੋਇਆ, ਪੰਜਾਬ ਦਾ ਵਿਕਾਸ ਰੁਕ ਗਿਆ ਸਾਡੀ ਇੰਡਸਟਰੀ ਰੁਕ ਗਈ। ਇਹੋ ਜਿਹੇ ਹਾਲਾਤਾਂ ਦੇ ਵਿਚ ਸਰਦਾਰ ਬੇਅੰਤ ਸਿੰਘ ਨੇ ਗੌਰਮਿੰਟ ਸੰਭਾਲੀ ਅਤੇ 1992 ਵਿੱਚ ਸਹੀ ਅਰਥਾਂ ਵਿੱਚ ਜਨਤਾ ਦਾ ਰਾਜ ਬਣਿਆ। ਉਨ੍ਹਾਂ ਨੇ ਕਿਹਾ ਕਿ ਜਿਹੜਾ ਮੇਰਾ ਜੀਵਨ ਹੈ ਉਹ ਦੇਸ਼ ਦੇ ਵਾਸਤੇ ਹੋਵੇਗਾ। ਮੈਂ ਉਗਰਵਾਦ ਦਾ ਮੁਕਾਬਲਾ ਕਰਾਂਗਾ ਭਾਵੇਂ ਜੋ ਕੁਝ ਵੀ ਹੋਵੇ He wiped out terrorism from Punjab. The credit goes to his Government also. ਮੇਰਾ ਪਿੰਡ ਵਣੀਆਂ ਕੇ ਬਾਰਡਰ ਦੇ ਏਰੀਏ ਵਿੱਚ ਪੈਂਦਾ ਹੈ ਮੈਂ ਉਥੇ ਇਕ ਸਰਪੰਚ ਜਿਹੜਾ ਕਿ ਚੋਣਾਂ ਵਿੱਚ ਜਿਤਿਆ ਸੀ ਅਤੇ ਉਸ ਨੇ ਖੁਸ਼ੀ ਵਿੱਚ ਪਾਠ ਰਖਾਇਆ ਸੀ ਮੈਂ ਉਸ ਪਾਠ ਦੇ ਭੋਗ ਤੇ ਗਿਆ ਸੀ। ਮੈਂ ਉਥੇ ਵੇਖਿਆ ਕਿ ਉਨ੍ਹਾਂ ਦੇ ਚਿਹਰਿਆਂ ਤੇ ਬੜੀ ਖੁਸ਼ੀ ਅਤੇ ਰੌਣਕ ਸੀ ਨਿਰਾਸ਼ਾ

[ਸ੍ਰੀ ਫਕੀਰ ਚੰਦ ਸਰਮਾ]

ਦਾ ਕਿਤੇ ਵੀ ਨਾ-ਨਿਸ਼ਾਨ ਨਹੀਂ ਸੀ। ਜਿਹੜਾ ਇਹ ਕਿਹਾ ਗਿਆ ਹੈ ਕਿ ਜੋ ਪੰਚਾਇਤ ਚੋਣਾਂ ਹਨ ਇਹ ਪੁਲਿਸ ਨੇ ਕਰਵਾਈਆਂ ਹਨ, ਇਹ ਗੱਲ ਠੀਕ ਨਹੀਂ। ਸਪੀਕਰ ਸਾਹਿਬ, ਮੇਰਾ ਵੀ ਕਾਂਗਰਸ ਦੇ ਨਾਲ ਕਾਫੀ ਪਿਆਰ ਹੈ। ਮੈਂ ਆਪਣੇ ਇਲਾਕੇ ਵਿੱਚ ਬੜੇ ਪਿੰਡਾਂ ਵਿੱਚ ਗਿਆ ਹਾਂ, ਦੌਰਾ ਕੀਤਾ ਹੈ ਖਾਸ ਕਰਕੇ ਰਣਗੜ੍ਹ, ਕਿਰਰਗੜ੍ਹ, ਰਣੀਆਂ ਕੇ, ਪੁਲ ਕੰਜਰੀ, ਬੱਚੀਵਿੰਗ, ਮਾਧੋਕੇ ਆਦਿ, ਉੱਥੇ ਮੈਂ ਵੇਖਿਆ ਹੈ ਕਿ ਲੋਕ ਹੁਣ ਅਰਾਮ ਦੇ ਨਾਲ ਰਹਿ ਰਹੇ ਹਨ।ਲੋਕਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ। ਜਿਹੜੇ ਲੋਕ ਪਹਿਲਾਂ ਡਰ ਅਤੇ ਭੈਅ ਦੇ ਵਾਤਾਵਰਣ ਵਿੱਚ ਰਹਿ ਰਹੇ ਸਨ ਖਾਸ ਕਰਕੇ ਔਰਤਾਂ ਉਹ ਹੁਣ ਸਾਰੇ ਹੀ ਬੜੇ ਅੱਛੇ ਮਾਹੌਲ ਵਿਚ ਰਹਿ ਰਹੇ ਹਨ। ਮੈਂ ਕਹਿੰਦਾ ਹਾਂ ਕਿ ਸਾਡੀ ਸਰਕਾਰ ਨੇ 12,000 ਦੇ ਕਰੀਬ ਪਿੰਡਾਂ ਦੀਆਂ ਪੰਚਾਇਤਾਂ ਦੀਆਂ ਚੋਣਾਂ ਕਰਵਾਈਆਂ ਹਨ। ਅੱਜ ਜੇ ਬਾਦਲ ਸਾਹਿਬ ਕਹਿੰਦੇ ਹਨ ਕਿ ਉਨ੍ਹਾਂ ਨੇ 70 ਪ੍ਰਤੀਸ਼ਤ ਚੋਣਾਂ ਜਿੱਤੀਆਂ ਹਨ ਜਾਂ ਦੂਸਰੇ ਅਕਾਲੀ ਕਹਿੰਦੇ ਹਨ ਕਿ ਉਨ੍ਹਾਂ ਨੇ ਇੰਨੀਆਂ ਚੋਣਾਂ ਜਿੱਤੀਆਂ ਹਨ, ਮੈਂ ਕਹਿੰਦਾ ਹਾਂ ਕਿ ਜੇਕਰ ਇਹ ਚੋਣਾਂ ਪੁਲਿਸ ਨੇ ਕਰਵਾਈਆਂ ਹੁੰਦੀਆਂ ਤਾਂ ਉਹ ਕਿਸ ਤਰ੍ਹਾਂ ਕਹਿ ਸਕਦੇ ਸਨ ਕਿ ਉਨ੍ਹਾਂ ਨੇ ਵੀ ਇੰਨੀਆਂ ਪ੍ਰਤੀਸ਼ਤ ਚੋਣਾਂ ਜਿੱਤੀਆਂ ਹਨ ਪੰਚਾਇਤ ਇਲੈਕਸ਼ਨਾਂ ਦੀ ਜੋ ਗੱਲ ਆਉਂਦੀ ਹੈ, ਇਹ ਡੈਮੋਕਰੇਸੀ ਦਾ ਮੁਢਲਾ ਯੂਨਿਟ ਹੈ, ਪੰਚਾਇਤ ਇਲੈਕਸ਼ਨ ਹੋਏ ਔਰ ਲੋਕਾਂ ਨੇ ਆਪਣੀ ਵੋਟ ਦਾ ਇਸਤੇਮਾਲ ਕੀਤਾ ਅਤੇ ਜਿਹੜੇ ਲੋਕ ਇਸ ਗੌਰਮਿੰਟ ਬਾਰੇ ਕਹਿੰਦੇ ਸਨ ਕਿ ਥੋੜ੍ਹੀਆਂ ਵੋਟਾਂ ਲੈ ਕੇ ਚੁਣੀ ਹੋਈ ਸਰਕਾਰ ਹੈ, ਉਨ੍ਹਾਂ ਵੋਟਰਾਂ ਨੇ ਇਹ ਸਾਬਤ ਕਰ ਦਿੱਤਾ ਕਿ ਹਰ ਪੰਜਾਬੀ ਸਰਦਾਰ ਬੇਅੰਤ ਸਿੰਘ ਜੀ ਦੇ ਪਿੱਛੇ ਹੈ ਔਰ ਸਰਦਾਰ ਬੇਅੰਤ ਸਿੰਘ ਜੀ ਦੀ ਗੌਰਮਿੰਟ ਵਿੱਚ ਭਰੋਸੇ ਦੀ ਛਾਪ ਹੈ ਮੈਂ ਕਹਾਂਗਾ ਕਿ ਇਸ ਸਰਕਾਰ ਨੇ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਬੜਾ ਕੰਮ ਕੀਤਾ ਹੈ, ਫਾਇਨਾਂਸ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਫਾਇਨਾਂਸ ਜਿਹੜਾ ਹੈ, ਕਿਸੇ ਵੀ ਸੂਬੇ ਦੀ ਤਰੱਕੀ ਲਈ ਉੱਥੋਂ ਦੀ ਫਾਈਨੈਂਸ਼ੀਅਲ ਹਾਲਤ ਚੰਗੀ ਹੋਣੀ ਬਹੁਤ ਜ਼ਰੂਰੀ ਹੈ, ਜਿਸ ਵੇਲੇ ਇਹ ਸਰਕਾਰ ਹੋਂਦ ਵਿੱਚ ਆਈ ਇਸ ਸੂਬੇ ਦੀ ਆਰਥਿਕ ਹਾਲਤ ਬੜੀ ਮਾੜੀ ਸੀ, ਖਜ਼ਾਨਾ ਖਾਲੀ ਸੀ, ਕੈਸ਼ ਬਿਲਕੁਲ ਨਹੀਂ ਸੀ ਔਰ ਸਾਰੇ ਪਾਸੇ ਹਨੇਰਾ ਹੀ ਹਨੇਰਾ ਸੀ। ਲੇਕਿਨ ਕੋਸ਼ਿਸ਼ ਕੀਤੀ ਗਈ ਸੋਰਸਿਜ਼ ਮੋਬੇਲਾਈਜ਼ ਕਰਕੇ ਲੌਂਗ ਟਰਮ ਅਤੇ ਸ਼ਾਰਟ ਟਰਮ ਤੇ ਕੇਂਦਰ ਤੋਂ ਕਰਜ਼ਾ ਲਿਆ ਗਿਆ ਅਤੇ ਇਸ ਦੇ ਨਾਲ ਸਟੇਟ ਵਿੱਚ ਜੋ ਸੁਧਾਰ ਹੋਏ ਹਨ ਉਹ ਤੁਹਾਡੇ ਸਾਹਮਣੇ ਹੀ ਹਨ।

ਹੁਣ ਮੈਂ ਇੰਡਸਟਰੀ ਵੱਲ ਆਉਂਦਾ ਹਾਂ। ਜਿੱਥੇ ਏਡੀ ਵੱਡੀ ਸਮੱਸਿਆ ਹੋਵੇ ਲਾਅ ਐਂਡ ਆਰਡਰ ਦੀ ਲੇਕਿਨ ਸਰਦਾਰ ਬੇਅੰਤ ਸਿੰਘ ਜੀ ਨੇ ਇੱਕ ਸਾਲ ਦੇ ਅੰਦਰ-ਅੰਦਰ ਹੀ ਕੇਵਲ ਲਾਅ ਐਂਡ ਆਰਡਰ ਦੀ ਸਮੱਸਿਆ ਨੂੰ ਹੀ ਹੱਲ ਨਹੀਂ ਕੀਤਾ ਸਗੋਂ ਇਨ੍ਹਾਂ ਨੇ ਹਰ ਖੇਤਰ ਵੱਲ ਧਿਆਨ ਦਿੱਤਾ। ਇੰਡਸਟਰੀ ਵੱਲ ਧਿਆਨ ਦਿੱਤਾ, ਐਗਰੀਕਲਚਰਲ ਵੱਲ ਧਿਆਨ ਦਿੱਤਾ ਅਤੇ ਰੂਰਲ ਡਿਵੈਲਪਮੈਂਟ ਵੱਲ ਵੀ ਧਿਆਨ ਦਿੱਤਾ। ਮੈਂ ਇੱਥੇ ਇਹ ਵੀ ਦੱਸ ਦੇਣਾ ਚਾਹੁੰਦਾ ਹਾਂ ਕਿ ਸਾਡੇ ਕੁਝ ਮੰਤਰੀ ਸਾਹਿਬਾਨ ਸਰਦਾਰ ਉਮਰਾਓ ਸਿੰਘ ਜੀ ਅਤੇ ਸਰਦਾਰ ਜੋਗਿੰਦਰ ਸਿੰਘ ਜੀ ਮਾਨ ਜ਼ਿਲ੍ਹਾ ਪਲੈਨਿੰਗ ਬੋਰਡਾਂ ਦੀਆਂ ਮੀਟਿੰਗਾਂ ਵਿੱਚ ਜਾਂਦੇ ਹਨ ਅਤੇ ਇਨ੍ਹਾਂ ਨੇ ਪਿੰਡਾਂ ਵਿੱਚ ਬੜਾ ਸੁਧਾਰ ਕੀਤਾ ਹੈ। ਮਾਨ ਸਾਹਿਬ ਨੇ ਪਿੰਡਾਂ ਦੀਆਂ ਲਿੰਕ ਰੋਡਜ਼ ਦੀ ਰੀਪੇਅਰ ਅਤੇ ਹੋਰ ਨਵੀਆਂ ਸੜਕਾਂ ਬਣਾਉਣ ਵੱਲ ਬੜੀ ਦਿਲਚਸਪੀ ਲਈ ਹੈ ਅਤੇ ਉਨ੍ਹਾਂ ਨੇ ਕਿਹਾ ਹੈ ਕਿ ਮੇਰੀ ਡੈਡ-ਲਾਈਨ 1993 ਹੈ, ਮੈਂ ਪਿੰਡਾਂ ਵਿੱਚ ਸੜਕਾਂ ਦੀ ਹਾਲਤ ਸੁਧਾਰ ਦੇਵਾਂਗਾ। ਇੱਕ ਹੋਰ ਗਲ ਮੈਂ ਕਹਾਂਗਾ ਭ੍ਰਿਸ਼ਟਾਚਾਰ ਬਾਰੇ। ਮੈਨੂੰ ਪੂਰਨ ਯਕੀਨ ਹੈ ਸਰਦਾਰ ਬੇਅੰਤ ਸਿੰਘ ਜੀ ਇਸ ਤੇ ਵੀ ਪੂਰੀ ਤਰ੍ਹਾਂ ਕਾਬੂ ਪਾਉਣਗੇ ਅਤੇ

ਕਾਮਯਾਬ ਹੋਣਗੇ। ਕਲੀਨ ਐਡਮਨਿਟਰੇਸ਼ਨ ਦੇਣਗੇ ਅਤੇ ਪੰਜਾਬ ਵਿਚ ਮੁੜ ਤੋਂ ਸਾਡੀਆਂ ਵਿਛਾਂ-ੜੀਆਂ ਹੋਈਆਂ ਖੁਸ਼ੀਆਂ ਲੈ ਕੇ ਆਣਗੇ । ਅੰਤ ਵਿਚ ਮੈਂ ਪੰਜਾਬ ਸਰਕਾਰ ਦਾ ਧੰਨਵਾਦ ਕਰਦਾ ਹਾਂ ਅਤੇ ਉਨ੍ਹਾਂ ਕਰਮਚਾਰੀਆਂ ਦਾ ਜੋ ਕੰਮ ਕੀਤਾ ਹੈ ਜਿਸ ਵਿੱਚ ਸਿਕਿਉਰਟੀ ਫੋਰਸਿਜ਼ ਸ਼ਾਮਿਲ ਹਨ ਅਤੇ ਦੂਜੇ ਆਫੀਸਰਜ਼ ਹਨ, ਉਨ੍ਹਾਂ ਦਾ ਵੀ ਮੈਂ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਆਪਣੀ ਡਿਊਟੀ ਨੂੰ ਨਿਭਾਇਆ ਅਤੇ ਆਪਣੀ ਡਿਊਟੀ ਨਿਭਾਉਂਦੇ ਹੋਏ ਦੇਸ਼ ਦੀ ਅਖੰਡਤਾ ਅਤੇ ਏਕਤਾ ਲਈ ਕੰਮ ਕਰਦੇ ਰਹੇ।

ਆਦਰਨੀਯ ਸਪੀਕਰ ਸਾਹਿਬ, ਹੁਣ ਮੈਂ ਤੁਹਾਡੇ ਦੁਆਰਾ ਆਪਣੇ ਸ਼ਹਿਰ ਦੇ ਵਾਸਤੇ ਕੁਝ ਕਹਿਣਾ ਚਾਹੁੰਦਾ ਹਾਂ। ਅੰਮ੍ਰਿਤਸਰ ਇਕ ਇਤਿਹਾਸਕ ਅਤੇ ਰਿਸ਼ੀਆਂ ਮੁਨੀਆਂ ਅਤੇ ਸ਼ਹੀਦਾਂ ਦੀ ਧਰਤੀ ਹੈ। ਇੰਡਸਟਰੀ ਦੇ ਵਿਚ ਇਸ ਨੂੰ ਮਾਨਚੈਸਟਰ ਆਫ ਇੰਡੀਆ ਕਹਿੰਦੇ ਸਨ। ਲੇਕਿਨ ਪੰਜਾਬ ਦੇ ਖਰਾਬ ਹਾਲਤਾਂ ਕਾਰਨ ਇਥੇ ਇੰਡਸਟਰੀ ਨੂੰ ਬੜਾ ਹੀ ਧੱਕਾ ਲਗਾ ਹੈ। ਮਾਨਯੋਗ ਰਾਜਪਾਲ ਜੀ ਦੇ ਭਾਸ਼ਣ ਵਿਚ ਗੁਰਦਾਸਪੁਰ, ਫਿਰੋਜ਼ਪਰ ਅਤੇ ਦੂਜੇ ਸ਼ਹਿਰਾਂ ਦੇ ਵਿਚ ਇੰਡਸਟਰੀ ਕਾਲਜ ਅਤੇ ਯਾਤਰੀ ਕੰਪਲੈਕਸ ਖੋਲ੍ਹੇ ਜਾ ਰਹੇ ਹਨ। ਮੈਂ ਬੇਨਤੀ ਕਰਾਂਗਾ ਕਿ "ਅੰਮਿਤਸਰ ਜਿਹੜਾ ਕਿ ਬਾਰਡਰ ਟਾਊਨ ਹੈ ਇਸ ਦੀ ਸਥਿਤੀ ਨੂੰ ਬਹਾਲ ਕਰਨ ਲਈ ਅੰਮ੍ਰਿਤਸਰ ਦੇ ਬਾਰੇਵੀ ਸੋਚਿਆ ਜਾਵੇ । ਸਪੀਕਰ ਸਾਹਿਬ, ਇੰਨਾਂ ਕਹਿੰਦਾ ਹੋਇਆ ਮੈਂ ਫਿਰ ਧੰਨਵਾਦ ਕਰਦਾ ਹਾਂ ਸਰਦਾਰ ਬੇਅੰਤ ਸਿੰਘ ਜੀ ਹੁਰਾਂ ਦਾ। ਸਪੀਕਰ ਸਾਹਿਬ, ਤੁਸੀਂ ਮੈਨੂੰ ਬੈਠਣ ਲਈ ਕਿਹਾ ਹੈ। ਇਨ੍ਹਾਂ ਸ਼ਬਦਾਂ ਨਾਲ ਮੈਂ ਆਪਣੀ ਸੀਟ ਲੈਂਦਾ ਹਾਂ । ਜੈ ਹਿੰਦ"

ਸ੍ਰੀ ਸਪੀਕਰ : ਸ੍ਰੀ ਰਘੂਨਾਥ ਸਹਾਏਪੁਰੀ ਜੀ, ਤੁਸੀਂ ਬੋਲੋ।

ਸ੍ਰੀ ਰਘੂਨਾਥ ਸਹਾਏ ਪੁਰੀ (ਸੁਜਾਨਪਰ): ਸਪੀਕਰ ਸਾਹਿਬ, ਤੁਸੀਂ ਮੈਨੂੰ ਰਾਜਪਾਲ ਜੀ ਦੇ ਭਾਸ਼ਣ ਤੇ ਬੋਲਣ ਦਾ ਸਮਾਂ ਦਿਤਾ, ਮੈਂ ਤੁਹਾਡਾ ਬੜਾ ਧੰਨਵਾਦ ਕਰਦਾ ਹਾਂ। ਸਪੀਕਰ ਸਾਹਿਬ, ਗਵਰਨਰ ਸਾਹਿਬ ਨੇ ਪਿਛਲੇ ਸਾਲ ਇਲੈਕਸ਼ਨਾਂ ਦੀ ਗੱਲ ਕੀਤੀ, ਜਿਸ ਵੇਲੇ ਇਲੈਕਸ਼ਨ ਅਨਾਊਂਸ ਹੋਏ ਲੋਕਾਂ ਦੇ ਮਨਾਂ ਵਿੱਚ ਬੜਾ ਭੈਅ ਸੀ ਕਿਉਂਕਿ ਉਸ ਸਮੇਂ ਪਿੰਡਾਂ ਦੇ ਵਿੱਚ ਅਤੇ ਸ਼ਹਿਰਾਂ ਦੇ ਵਿੱਚ ਬੇ-ਗੁਨਾਹ ਲੋਕਾਂ ਦੀਆਂ ਹੱਤਿਆਵਾਂ ਹੋ ਰਹੀਆਂ ਸਨ, ਸਾਡੇ ਬੱਚੇ ਸ਼ਹੀਦ ਕੀਤੇ ਜਾ ਰਹੇ ਸਨ, ਸਾਡੇ ਬੱਚੇ ਯਤੀਮ ਕੀਤੇ ਜਾ ਰਹੇ ਸਨ, ਸਾਡੀਆਂ ਭੈਣਾਂ ਦੇ ਸੁਹਾਗ ਲੁੱਟੇ ਜਾਰਹੇ ਸਨ, ਨੌਜਵਾਨਾਂ ਦੇ ਕਤਲ ਕੀਤੇ ਜਾ ਰਹੇ ਸਨ, । ਕੋਈ ਦੁਕਾਨ ਤੇ ਬੈਠਾ ਕਤਲ ਕੀਤਾ ਜਾ ਰਿਹਾ ਸੀ, ਕੋਈ ਬੱਸ ਵਿੱਚ ਬੈਠਾ ਸਫਰ ਕਰਦਾ ਕਤਲ ਕੀਤਾ ਜਾ ਰਿਹਾ ਸੀ ਅਤੇ ਕੋਈ ਡਿਊਟੀ ਤੇ ਜਾਂਦਾ ਕਤਲ ਕੀਤਾ ਜਾ ਰਿਹਾ ਸੀ, ਉਹ ਫੋਰਸਿਜ਼ ਜਿਹੜੀਆਂ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਪੰਜਾਬ ਨੂੰ ਇਕੱਠਾ ਰੱਖਣ ਲਈ ਡਿਊਟੀ ਨਿਭਾ ਰਹੀਆਂ ਸਨ ਉਨ੍ਹਾਂ ਦੇ ਪ੍ਰਵਾਰ ਕਤਲ ਕੀਤੇ ਜਾ ਰਹੇ ਸਨ। ਅਖੀਰ ਸੈਂਟਰ ਦੀ ਸਰਕਾਰ ਦੇ ਸਾਡੇ ਪ੍ਰਧਾਨ ਮੰਤਰੀ ਜੀ ਨੇ ਇਹ ਕਿਹਾ ਕਿ ਮੈਂ ਪੰਜਾਬ ਦੇ ਵਿੱਚ ਪਾਪੂਲਰ ਗੌਰਮਿੰਟ ਚਾਹੁੰਦਾ ਹਾਂ, ਇਲੈਕਸ਼ਨ ਅਨਾਊਂਸ ਹੋਏ ਔਰ ਇਲੈਕਸ਼ਨ ਦੀ ਅਨਾਊਂਸਮੈਂਟ ਦੇ ਨਾਲ ਹੀ ਸਾਡੇ ਗੁਆਂਢੀ ਦੇਸ਼ ਪਾਕਿਸਤਾਨ ਨੇ ਇਹ ਚੈਲਿੰਜ਼ ਕੀਤਾ ਕਿ ਉਹ ਪੰਜਾਬ ਦੇ ਵਿੱਚ ਇਲੈਕਸ਼ਨ ਨਹੀਂ ਹੋਣ ਦੇਣਗੇ ਅਤੇ ਅੱਤਵਾਦੀਆਂ ਨੇ ਧਾਰਮਿਕ ਸਥਾਨਾਂ ਵਿੱਚੋਂ ਅਨਾਊਂਸਮੈਂਟ ਕੀਤੀ ਅਤੇ ਪਿੰਡਾਂ ਵਿੱਚ ਇਸ਼ਤਿਹਾਰ ਲਗਾਏ ਗਏ ਕਿ ਜਿਹੜੇ ਵੋਟਰ ਵੋਟ ਪਾਉਣ ਜਾਣਗੇ, ਜਿਸ ਦੀ ਉਂਗਲ ਤੇ ਨਿਸ਼ਾਨ ਹੋਵੇਗਾ, ਉਹਦਾ ਪਰਿਵਾਰ ਕਤਲ ਕਰ ਦਿੱਤਾ ਜਾਵੇਗਾ, ਉਸ ਦੀ ਹੱਤਿਆ ਕਰ ਦਿੱਤੀ ਜਾਵੇਗੀ। ਜਿਹੜੇ ਕਰਮਚਾਰੀ ਇਲੈਕਸ਼ਨਾਂ ਵਿਚ ਆਪਣੀ ਡਿਊਟੀ ਤੇ ਜਾਣਗੇ, ਉਸ ਨੂੰ ਮਾਰ ਦਿੱਤਾ ਜਾਵੇਗਾ, ਉਨ੍ਹਾਂ ਦੀ ਹੱਤਿਆ ਕਰ ਦਿੱਤੀ ਜਾਵੇਗੀ। ਮੈਂ ਆਪਣੇ ਪ੍ਰਧਾਨ ਮੰਤਰੀ ਜੀ

[ਸ੍ਰੀ ਰਘੂਨਾਥ ਸਹਾਇ ਪੁਰੀ]

ਦਾ ਔਰ ਆਪਣੇ ਹੋਮ ਮਨਿਸਟਰ ਸਾਹਿਬ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਇਲੈਕਸ਼ਨਾਂ ਵਿਚ ਸਿਕਿਉਰਟੀ ਪਰੋਵਾਈਡ ਕੀਤੀ। ਪਹਿਲੇ ਇਲੈਕਸ਼ਨਾਂ ਵਿਚ ਜਿਵੇਂ 27 ਕੈਂਡੀਡੇਟ ਮਾਰੇ ਗਏ ਸਨ, ਇਨ੍ਹਾਂ ਇਲੈਕਸ਼ਨਾਂ ਵਿਚ ਕਿਸੇ ਦੀ ਹੱਤਿਆ ਨਹੀਂ ਹੋਈ। ਸਾਡੇ ਚੀਫ ਮਨਿਸਟਰ ਸਾਹਿਬ ਜਿਹੜੇ ਉਸ ਵੇਲੇ ਪੰਜਾਬ ਪ੍ਰਦੇਸ਼ ਕਾਂਗਰਸ (ਆਈ) ਦੇ ਪ੍ਰਧਾਨ ਵੀ ਸਨ, ਉਨ੍ਹਾਂ ਨੇ ਪੰਜਾਬ ਦਾ ਦੌਰਾ ਕੀਤਾ ਅਤੇ ਲੋਕਾਂ ਨੂੰ ਕਿਹਾ ਕਿ ਅਗਰ ਸਾਡੀ ਸਰਕਾਰ ਬਣੀ ਤਾਂ ਜਿਹੜੇ ਲੋਕ ਡਰਾਵਣਾ ਜੀਵਨ ਜੀ ਰਹੇ ਹਨ, ਉਹਨਾਂ ਵਾਸਤੇ ਅਤੇ ਪਿੰਡਾਂ ਵਿਚ ਅਮਨ ਬਹਾਲ ਕਰਵਾਵਾਂਗੇ। ਪੰਜਾਬ ਵਿਚ ਲੋਕਾਂ ਨੂੰ ਸ਼ਾਂਤੀ ਨਾਲ ਰਹਿਣ ਲਈ ਅਮਨ ਦਾ ਮਾਹੌਲ ਬਣਾਵਾਂਗੇ। ਪੰਜਾਬ ਦੇ ਬਹਾਦੁਰ ਲੋਕਾਂ ਨੇ ਸਾਨੂੰ ਜਿਤਾ ਕੇ ਅਸੈਂਬਲੀ ਵਿਚ ਭੇਜਿਆ। ਅਕਾਲੀ ਵੀਰਾਂ ਨੇ ਇਨ੍ਹਾਂ ਇਲੈਕਸ਼ਨਾਂ ਵਿਚ ਹਿੱਸਾ ਨਹੀਂ ਲਿਆ। ਜਿਹੜੀਆਂ ਪਾਰਟੀਆਂ ਨੇ ਹਿੱਸਾ ਲਿਆ, ਉਨ੍ਹਾਂ ਦਾ ਮੈਂ ਸਤਿਕਾਰ ਕਰਦਾ ਹਾਂ। ਇਲੈਕਸ਼ਨਾਂ ਹੋਈਆਂ, ਪੰਜਾਬ ਦੇ ਬਹਾਦੁਰ ਲੋਕਾਂ ਨੇ ਕਾਂਗਰਸ ਦੇ ਸਤਾਸੀ ਐਮ.ਐਲ.ਏ. ਇਸ ਅਸੈਂਬਲੀ ਵਿਚ ਭੇਜੇ। ਸਾਡੇ ਬਹਾਦੁਰ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਜੀ, ਜਿਨ੍ਹਾਂ ਦਾ ਨਾਂ ਹਿੰਦੁਸਤਾਨ ਵਿਚ ਹੀ ਨਹੀਂ ਸਗੋਂ ਸਾਰੀ ਦੁਨੀਆਂ ਵਿਚ ਲਿਆ ਜਾਂਦਾ ਹੈ, ਮੈਂ ਸਮਝਦਾ ਹਾਂ ਕਿ ਹਿਸਟਰੀ ਵਿੱਚ ਉਨ੍ਹਾਂ ਦਾ ਨਾਂ ਸੁਨਹਿਰੀ ਅੱਖਰਾਂ ਨਾਲ ਲਿਖਿਆ ਜਾਵੇਗਾ। ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਕਿਹਾ ਸੀ ਕਿ ਜੇ ਮੇਰੀ ਸਰਕਾਰ ਬਣੀ ਤਾਂ ਲੋਕਾਂ ਵਿਚ ਸ਼ਾਂਤੀ ਬਹਾਲ ਕੀਤੀ ਜਾਵੇਗੀ, ਪੰਜਾਬ ਵਿਚ ਡਿਵੈਲਪਮੈਂਟ ਕੀਤੀ ਜਾਵੇਗੀ। ਉਨ੍ਹਾਂ ਨੇ ਇਹ ਵੀ ਕਿਹਾ ਕਿ ਮੈਂ ਪੰਜਾਬ ਦੇ ਪਿੰਡਾਂ ਦਾ ਵਿਕਾਸ ਕਰਵਾਵਾਂਗਾ, ਜਿਹੜੀਆਂ ਗਲੀਆਂ ਕੱਚੀਆਂ ਹਨ, ਜਿਹੜੇ ਪਿੰਡਾਂ ਵਿਚ ਗੰਦ ਪਿਆ ਸੀ, ਉਨ੍ਹਾਂ ਪਿੰਡਾਂ ਦਾ ਵਿਕਾਸ ਕਰਵਾਵਾਂਗਾ, ਉਨ੍ਹਾਂ ਨੇ ਉਹ ਗੱਲ ਪੂਰੀ ਕੀਤੀ। ਉਨ੍ਹਾਂ ਕਿਹਾ ਸੀ ਕਿ ਪੰਜਾਬ ਵਿਚ ਲੋਕਤੰਤਰ ਬਹਾਲ ਕਰਾਂਗਾ, ਪੰਜਾਬ ਵਿਚ ਮਿਉਂਸਪਲ ਕਮੇਟੀਆਂ ਦੀਆਂ ਇਲੈਕਸ਼ਨਾਂ ਕਰਵਾਵਾਂਗੇ, ਅਜਿਹਾ ਹੀ ਕੀਤਾ। ਪੰਜਾਬ ਵਿਚ 95 ਮਿਉਂਸੀਪਲ ਕਮੇਟੀਆਂ ਦੇ ਇਲੈਕਸ਼ਨ ਕਰਵਾਏ ਅਤੇ ਉਨ੍ਹਾਂ ਵਿਚ ਲੋਕਾਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ। ਬਾਹਰਲੇ ਮੁਲਕ ਅਤੇ ਦੂਸਰੀਆਂ ਪਾਰਟੀਆਂ, ਜਿਹੜੀਆਂ ਵਿਰੋਧ ਕਰਦੀਆਂ ਸਨ, ਨੇ ਕਿਹਾ ਕਿ ਇਹ ਤਾਂ ਸ਼ਹਿਰਾਂ ਦੀਆਂ ਵੋਟਾਂ ਹਨ, ਪੰਚਾਇਤ ਇਲੈਕਸ਼ਨਾਂ ਕਰਾਓ ਤਾਂ ਜ਼ਾਣਾਂਗੇ। ਸਰਦਾਰ ਬੇਅੰਤ ਸਿੰਘ ਜੀ ਨੇ ਪੰਚਾਇਤ ਇਲੈਕਸ਼ਨਾਂ ਕਰਾਈਆਂ ਅਤੇ 90 ਪ੍ਰਤੀਸ਼ਤ ਵੋਟਾਂ ਪਈਆਂ। ਲੋਕਾਂ ਨੇ ਆਪਣੇ ਸਰਪੰਚ ਚੁਣੇ ਉਸ ਤੋਂ ਪਹਿਲੇ ਸਰਪੰਚਾਂ ਅਤੇ ਪੰਚਾਂ ਨੂੰ ਅੱਤਵਾਦੀਆਂ ਨੇ ਚਿੱਠੀਆਂ ਭੇਜੀਆਂ ਸਨ ਕਿ ਉਹ ਰਿਜ਼ਾਈਨ ਕਰ ਦੇਣ ਪਰ ਇਨ੍ਹਾਂ ਇਲੈਕਸ਼ਨਾਂ ਰਾਹੀਂ ਲੋਕਾਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਉਹ ਲੋਕਤੰਤਰ ਚਾਹੁੰਦੇ ਹਨ, ਪਾਪੂਲਰ ਸਰਕਾਰ ਚਾਹੁੰਦੇ ਹਨ। ਉਹ ਇਸ ਵਿਚ ਕਾਮਯਾਬ ਹੋਏ ਅਤੇ ਲੋਕਾਂ ਨੇ ਪੰਚਾਇਤ ਇਲੈਕਸ਼ਨਾਂ ਰਾਹੀਂ ਆਪਣੇ ਸਰਪੰਚ ਚੁਣੇ।

ਮੈਂ ਗੱਲ ਕਰਦਾ ਹਾਂ ਕਿ ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿਚ ਕਿਹਾ ਕਿ ਜਦੋਂ ਸਾਡੀ ਸਰਕਾਰ ਬਣੀ ਸੀ ਤਾਂ ਫਾਈਨਾਂਸ ਦੀ ਹਾਲਤ ਬੜੀ ਕਮਜ਼ੋਰ ਸੀ। ਸਾਡੀ ਸਰਕਾਰ ਨੇ ਇਸ ਬਾਰੇ ਮਿਹਨਤ ਕੀਤੀ ਅਤੇ ਸਾਡੇ ਸੀ.ਐਮ. ਸਾਹਿਬ, ਸਾਡੇ ਡਾਕਟਰ ਕੇਵਲ ਕ੍ਰਿਸ਼ਨ ਜੀ ਅਤੇ ਸਾਡੇ ਐਕਸਾਈਜ਼ ਮਨਿਸਟਰ ਜੀ ਨੇ ਸਰਕਾਰੀ ਆਮਦਨ ਵਿੱਚ 22 ਪ੍ਰਤੀਸ਼ਤ ਵਾਧਾ ਕੀਤਾ। ਕ੍ਰਿਸ਼ੀ ਵਿਚ ਸੁਧਾਰ ਲਿਆਉਣ ਲਈ ਖਾਸ ਧਿਆਨ ਦਿੱਤਾ। ਫਸਲਾਂ ਦੇ ਭਾਅ ਅੱਛੇ ਹੋਏ। ਕਣਕ ਦਾ ਭਾਅ 330 ਰੁਪਏ ਕੀਤਾ। ਮੈਂ ਸਮਝਦਾ ਹਾਂ ਕਿ ਸਾਡਾ ਪੰਜਾਬ ਕ੍ਰਿਸ਼ੀ ਪ੍ਰਧਾਨ ਸੂਬਾ ਹੈ। ਮੈਂ ਸੀ.ਐਮ. ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਜਿਹੜਾ ਜ਼ਿਮੀਦਾਰਾਂ ਨੂੰ ਇਨਟਰੈਸਟ ਤੇ ਲੋਨ ਦਿੱਤਾ ਜਾਂਦਾ ਹੈ, ਉਹ ਇਨਟਰੈਸਟ ਘੱਟ ਹੋਣਾ ਚਾਹੀਦਾ ਹੈ। ਮੇਰਾ ਸੁਝਾਓ ਹੈ ਕਿ ਉਨ੍ਹਾਂ ਦੀ ਮਦਦ ਕੀਤੀ ਜਾਵੇ ਅਤੇ ਇਨਟਰੈਸਟ 6 ਪ੍ਰਤੀਸ਼ਤ ਕੀਤਾ ਜਾਵੇ। ਇਸ ਨਾਲ ਲੋਕਾਂ ਨੂੰ ਰਾਹਤ ਮਿਲੇਗੀ ਅਤੇ ਉਤਸ਼ਾਹ ਮਿਲੇਗਾ।

ਬਿਜਲੀ ਦੇ ਬਾਰੇ, ਸਪੀਕਰ ਸਾਹਿਬ, ਸਾਡੇ ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿੱਚ ਦੱਸਿਆ ਹੈ ਕਿ 24 ਘੰਟੇ ਬਿਜਲੀ ਪੰਜਾਬ ਨੂੰ ਦਿੱਤੀ ਜਾ ਰਹੀ ਹੈ। ਮੈਂ ਸਮਝਦਾ ਹਾਂ ਕਿ ਇਹ ਬਹੁਤ ਹੀ ਮੁਬਾਰਿਕਬਾਦ ਵਾਲੀ ਗੱਲ ਹੈ। ਸਾਡੀਆਂ ਫੋਰਸਿਜ਼ ਨੇ ਦੇਸ਼ ਦੀ ਅਖੰਡਤਾ ਲਈ, ਹਿੰਦੁਸਤਾਨ ਦੇ ਨਾਲ ਪੰਜਾਬ ਨੂੰ ਰੱਖਣ ਲਈ ਬੜੀਆਂ ਕੁਰਬਾਨੀਆਂ ਦਿੱਤੀਆਂ। ਅੱਜ ਤੁਹਾਡੇ ਸਾਹਮਣੇ ਹੈ ਕਿ ਬੜੇ ਵੱਡੇ ਵੱਡੇ ਆਂਤੰਕਵਾਦੀਆਂ ਨੂੰ ਮਾਰਿਆ ਗਿਆ ਅਤੇ ਪੰਜਾਬ ਦੇ ਹਾਲਾਤ ਦੇ ਵਿੱਚ ਬਿਹਤਰੀ ਲਿਆਂਦੀ। ਪੰਜਾਬ ਦੇ ਵਿੱਚ ਇਸ ਵੇਲੇ ਹਾਲਾਤ ਵਿੱਚ ਇਤਨੀ ਬਿਹਤਰੀ ਆ ਗਈ ਹੈ ਕਿ ਹੁਣ ਫਿਰ ਇਕ ਵਾਰ ਪਹਿਲੇ ਵਾਲੀ ਖੁਸ਼ੀ ਪੰਜਾਬ ਦੇ ਵਿੱਚ ਵਾਪਸ ਆ ਗਈ ਹੈ।

ਪਿੰਡਾਂ ਦੀ ਡਿਵੈਲਪਮੈਂਟ ਦੇ ਬਾਰੇ, ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਪਿੰਡਾਂ ਦੇ ਵਿੱਚ ਬਹੁਤ ਜ਼ਿਆਦਾ ਡਿਵੈਲਪਮੈਂਟ ਹੋਈ ਹੈ ਔਰ ਲਿੰਕ ਸੜਕਾਂ ਜੋ ਕਈ ਸਾਲਾਂ ਤੋਂ ਟੁੱਟੀਆਂ ਹੋਈਆਂ ਸਨ ਉਸ ਦੇ ਲਈ ਸਾਡੀ ਸਰਕਾਰ ਨੇ ਕਿਹਾ ਕਿ ਇਨ੍ਹਾਂ ਦੀ ਮੁਰੰਮਤ ਕੀਤੀ ਜਾਵੇਗੀ ਔਰ ਇਕ ਸਾਲ ਦੇ ਪੀਰੀਅਡ ਵਿੱਚ ਲਿੰਕ ਸੜਕਾਂ ਤੇ ਪ੍ਰੀਮਿਕਸ ਪਾਇਆ ਜਾਵੇਗਾ, ਜਿਹੜੀਆਂ ਟੁੱਟੀਆਂ ਹੋਈਆਂ ਸੜਕਾਂ ਹਨ ਉਨ੍ਹਾਂ ਲਿੰਕ ਸੜਕਾਂ ਦੀ ਰਿਪੇਅਰ ਹੋ ਜਾਵੇਗੀ। ਇਸ ਦੇ ਲਈ, ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਸਾਹਿਬ ਨੂੰ ਔਰ ਆਪਣੇ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਜਿਹੜੀਆਂ ਸੜਕਾਂ ਬਣਦੀਆਂ ਹਨ ਉਨ੍ਹਾਂ ਵੱਲ ਖਾਸ ਤੌਰ ਤੇ ਧਿਆਨ ਦਿੱਤਾ ਜਾਵੇ ਤਾਂ ਕਿ ਜਿਹੜੀਆਂ ਸੜਕਾਂ ਹੁਣ ਬਣ ਰਹੀਆਂ ਹਨ ਉਹ ਆਪਣਾ ਪੀਰੀਅਡ ਪੂਰਾ ਕਢ ਸਕਣ ਅਤੇ ਥਲੇ ਦੇ ਲੈਵਲ ਤੇ ਕੋਈ ਹੇਰਾ ਫੇਰੀ ਨਾ ਹੋਵੇ।

ਸਪੀਕਰ ਸਾਹਿਬ, ਯੁਵਕਾਂ ਦੇ ਬਾਰੇ ਗਵਰਨਰ ਸਾਹਿਬ ਦੇ ਭਾਸ਼ਣ ਵਿੱਚ ਕਿਹਾ ਹੈ ਕਿ ਉਨ੍ਹਾਂ ਨੂੰ ਰੁਜ਼ਗਾਰ ਦਿੱਤਾ ਜਾਵੇਗਾ। ਬੇਰੁਜ਼ਗਾਰੀ ਦਾ ਜਿਹੜਾ ਮਸਲਾ ਹੈ ਉਸ ਦੇ ਬਾਰੇ ਮੈਂ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਇਸ ਬੇਰੁਜ਼ਗਾਰੀ ਦੇ ਮਸਲੇ ਵੱਲ ਉਹ ਆਪਣਾ ਖਾਸ ਧਿਆਨ ਦੇਣ ਤਾਂਕਿ ਜਿਹੜੇ ਸਾਡੇ ਬੱਚੇ ਪੜ੍ਹੇ ਲਿਖੇ ਹਨ ਉਨ੍ਹਾਂ ਨੂੰ ਕਾਰੋਬਾਰ ਮਿਲ ਸਕੇ।

ਪੰਜਾਬ ਦੇ ਵਿਚ ਪਹਿਲਾਂ, ਸਪੀਕਰ ਸਾਹਿਬ, ਪਲੈਨਿੰਗ ਦਾ ਚੇਅਰਮੈਨ ਡੀ.ਸੀ. ਸੀ ਪਰ ਹੁਣ ਇਸ ਦੇ ਚੇਅਰਮੈਨ ਕੈਬਨਿਟ ਮਨਿਸਟਰ ਸਾਹਿਬ ਹਨ ਅਤੇ ਇਸ ਦੇ ਮੈਂਬਰ ਐਮ.ਐਲ.ਏ. ਹਨ। ਪਲੈਨਿੰਗ ਬੋਰਡ ਦੇ ਰਾਹੀਂ ਪਿੰਡਾਂ ਦੀ ਬਹੁਤ ਡਿਵੈਲਪਮੈਂਟ ਹੋ ਰਹੀ ਹੈ। ਇਹ ਵੀ ਸਰਕਾਰ ਦਾ ਇਕ ਸ਼ਲਾਘਾਯੋਗ ਕੰਮ ਹੈ। ਮੈਂ ਸਮਝਦਾ ਹਾਂ ਕਿ ਐਮ.ਐਲ.ਏ. ਸਾਹਿਬ ਨੂੰ ਪਤਾ ਹੁੰਦਾ ਹੈ ਕਿ ਕਿਹੜੀਆਂ ਸੜਕਾਂ ਖਰਾਬ ਹਨ, ਕਿਹੜੇ ਪਿੰਡਾਂ ਦੀਆਂ ਸੜਕਾਂ ਟੁੱਟੀਆਂ ਹੋਈਆਂ ਹਨ, ਕਿਹੜੇ ਪਿੰਡ ਦੀਆਂ ਗੱਲੀਆਂ ਖਰਾਬ ਹਨ, ਕਿਹੜੇ ਪਿੰਡ ਦੀ ਹਾਲਤ ਖਸਤਾ ਹੈ। ਪਲੈਨਿੰਗ ਬੋਰਡ ਦੇ ਰਾਹੀਂ ਹੁਣ ਬਹੁਤ ਡਿਵੈਲਪਮੈਂਟ ਦੇ ਕੰਮ ਹੋ ਰਹੇ ਹਨ ਔਰ ਇਹ ਇਕ ਬਹੁਤ ਹੀ ਅਹਿਮ ਰੋਲ ਅਦਾ ਕਰ ਰਿਹਾ ਹੈ। ਸਰਕਾਰ ਦਾ ਇਹ ਕਦਰ ਵੀ ਸ਼ਲਾਘਾਯੋਗ ਹੈ । ਬਾਕੀ ਗਰੀਵੈਂਸਿਜ਼ ਕਮੇਟੀਆਂ ਜੋ ਬਣਾਈਆਂ ਹਨ ਉਨ੍ਹਾਂ ਵਿੱਚ ਸਾਰੀਆਂ ਪਾਰਟੀਆਂ ਨੂੰ ਨੁਮਾਇੰਦਗੀ ਦਿੱਤੀ ਗਈ ਹੈ। ਜਿਹੜੇ ਚੇਅਰਮੈਨ ਹਨ ਉਹ ਮੌਕੇ ਤੇ ਜਾਂਦੇ ਹਨ, ਮੀਟਿੰਗਾਂ ਵਿੱਚ ਜਾਂਦੇ ਹਨ, ਮੈਂ ਇਹ ਗੱਲ ਨਹੀਂ ਮੰਨਦਾ ਕਿ ਇਸ ਦਾ ਕੋਈ ਫਾਇਦਾ ਨਹੀਂ ਹੋਇਆ, ਇਸ ਦਾ ਬਹੁਤ ਫਾਇਦਾ ਹੁੰਦਾ ਹੈ, ਉਹ ਮੌਕੇ ਤੇ ਜਾ ਕੇ ਹੀ ਜਿਹੜੀਆਂ ਪ੍ਰਾਬਲਮਜ਼ ਹਨ ਉਹ ਦੂਰ ਕਰਦੇ ਹਨ ਅਤੇ ਇਸ ਤਰ੍ਹਾਂ ਲੋਕਾਂ ਦੀਆਂ ਜੋ ਤਕਲੀਫਾਂ ਹਨ, ਲੋਕਾਂ ਦੇ ਜੋ ਦੁੱਖ ਹਨ ਉਹ ਮੌਕੇ ਤੇ ਦੂਰ ਹੋ ਜਾਂਦੇ ਹਨ ।

ਕੋਆਪਰੇਟਿਵ ਦੇ ਬਾਰੇ, ਸਪੀਕਰ ਸਾਹਿਬ, ਗਵਰਨਰ ਸਾਹਿਬ ਨੇ ਜ਼ਿਕਰ ਕੀਤਾ ਹੈ। ਜਿਹੜੀ ਟਰੈਕਟਰਾਂ ਦੇ ਲਈ 30 ਹਜ਼ਾਰ ਰੁਪਏ ਦੀ ਸਬਸਿਡੀ ਦਿੱਤੀ ਜਾਂਦੀ ਹੈ ਇਹ ਬਹੁਤ ਹੀ ਅੱਛੀ ਗੱਲ ਹੈ। ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਹਾਊਸਫੈਡ ਨੇ ਜਿਹੜਾ 6 ਹਜ਼ਾਰ ਮਕਾਨ

[ਸ੍ਰੀ ਰਘੂਨਾਥ ਸਹਾਏ ਪੁਰੀ]

ਬਣਾਉਣਾ ਦਾ ਕੰਮ ਅਪਣੇ ਹੱਥਾਂ ਵਿੱਚ ਲਿਆ ਹੋਇਆ ਹੈ ਇਹ ਵੀ ਬਹੁਤ ਅੱਛੀ ਗੱਲ ਹੈ । ਮੈਂ ਸਮਝਦਾ ਹਾਂ ਕਿ ਇਸ ਦੇ ਨਾਲ ਸਾਡਾ ਪੰਜਾਬ ਬਹੁਤ ਤਰੱਕੀ ਕਰੇਗਾ ਅਤੇ ਲੋਕਾਂ ਨੂੰ ਰਹਿਣ ਵਾਸਤੇ ਜਗ੍ਹਾ ਮਿਲੇਗੀ।

ਸਪੀਕਰ ਸਾਹਿਬ, ਅਤਿਵਾਦੀਆਂ ਦੇ ਹੱਥੋਂ ਜਿਹੜੀਆਂ ਸਾਡੀਆਂ ਭੈਣਾਂ ਵਿਧਵਾ ਹੋ ਗਈਆਂ ਹਨ ਜਿਨ੍ਹਾਂ ਦਾ ਸੁਹਾਗ ਲੁੱਟਿਆ ਮਾਰਿਆ ਗਿਆ ਉਨ੍ਹਾਂ ਦੇ ਵਾਸਤੇ ਸਾਡੇ ਮੁੱਖ ਮੰਤਰੀ, ਸਰਦਾਰ ਬੇਅੰਤ ਸਿੰਘ ਜੀ, ਨੇ ਪੈਨਸ਼ਨ ਇਕ ਹਜ਼ਾਰ ਰੁਪਏ ਤੋਂ ਵਧਾ ਕੇ 1500 ਰੁਪਏ ਕਰ ਦਿੱਤੀ ਹੈ (ਥੰਪਿੰਗ) ਇਹ ਵੀ ਬਹੁਤ ਸ਼ਲਾਘਾਯੋਗ ਗੱਲ ਹੈ। ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਸਮਾਜ ਕਲਿਆਣ ਵੱਲ ਵੀ ਖਾਸ ਧਿਆਨ ਦਿੱਤਾ ਜਾ ਰਿਹਾ ਹੈ। ਅਨੁਸੂਚਿਤ ਜਾਤੀਆਂ ਦੀ ਭਲਾਈ ਵਲ ਵੀ ਖਾਸ ਧਿਆਨ ਦਿੱਤਾ ਜਾ ਰਿਹਾ ਹੈ। ਉਨ੍ਹਾਂ ਨੂੰ ਵਜ਼ੀਫੇ ਦਿੱਤੇ ਜਾ ਰਹੇ ਹਨ ਔਰ ਸਾਡੀ ਸਰਕਾਰ ਉਨ੍ਹਾਂ ਨੂੰ ਹੋਰ ਕਈ ਕਿਸਮ ਦੀਆਂ ਸਹੂਲਤਾਂ ਮੁਹੱਈਆ ਕਰ ਰਹੀ ਹੈ। ਪਸ਼ੂ ਪਾਲਣ ਵਲ ਵੀ ਖਾਸ ਧਿਆਨ ਦਿੱਤਾ ਜਾ ਰਿਹਾ ਹੈ। ਦੁੱਧ ਦਾ ਉਤਪਾਦਨ ਬਹੁਤ ਵਧਾਇਆ ਗਿਆ ਹੈ। ਹੁਣ ਜਿਥੇ ਜ਼ਿਮੀਦਾਰ ਨੂੰ ਐਗਰੀਕਲਚਰ ਦੇ ਨਾਲ ਇਨਕਮ ਵੱਧੇਗੀ ਉਥੇ ਉਸ ਨੂੰ ਪਸ਼ੂ ਪਾਲਣ ਦੇ ਨਾਲ ਵੀ ਇਨਕਮ ਹੋਵੇਗੀ।

ਸਪੀਕਰ ਸਾਹਿਬ, ਹੁਣ ਮੈਂ ਸਿਖਸ਼ਾ ਦੇ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ। ਇਸ ਸਾਲ 200 ਪ੍ਰਾਈਮਰੀ ਸਕੂਲ ਮਿਡਲ ਬਣਾਏ ਜਾਣਗੇ, 100 ਮਿਡਲ ਸਕੂਲ ਹਾਈ ਬਣਾਏ ਜਾਣਗੇ ਅਤੇ 70 ਹਾਇਰ ਸੈਕੰਡਰੀ ਬਣਾਏ ਜਾਣਗੇ ਅਤੇ ਇਹ ਬੜੀ ਸ਼ਲਾਘਾਯੋਗ ਗੱਲ ਹੈ। ਜਿਥੋਂ ਤਕ ਟੈਕਨੀਕਲ ਸਿਖਸ਼ਾ ਦਾ ਸਬੰਧ ਹੈ ਦੋ ਜਿਹੜੇ ਬਾਰਡਰ ਦੇ ਡਿਸਟ੍ਰਿਕਟ ਹਨ ਉਥੇ ਸਾਡੀ ਸਰਕਾਰ ਨੇ ਐਗਰੀਕਲਚਰਲ ਕਾਲਜ ਖੋਲ੍ਹਣ ਲਈ ਅਨਾਊਂਸ ਕੀਤਾ ਹੈ ਅਤੇ ਇਕ ਇੰਜੀਨੀਅਰਿੰਗ ਕਾਲਜ ਵੀ ਖੋਲ੍ਹਣਾ ਹੈ। ਇਹ ਬਾਰਡਰ ਡਿਸਟ੍ਰਿਕਟਸ ਹਨ ਗੁਰਦਾਸਪੁਰ ਅਤੇ ਫਿਰੋਜ਼ਪੁਰ। ਇਨ੍ਹਾਂ ਦੇ ਇਲਾਵਾ ਉਥੇ ਆਈ.ਟੀ.ਆਈ. ਕਾਲਜ ਵੀ ਖੋਲ੍ਹੇ ਜਾ ਰਹੇ ਹਨ।

ਸ੍ਰੀ ਸਪੀਕਰ : ਹੁਣ ਤੁਸੀਂ ਵਾਈਂਡ ਅੱਪ ਕਰੋ।

ਸ੍ਰੀ ਰਘੂਨਾਥ ਸਹਾਏ ਪੁਰੀ : ਸਪੀਕਰ ਸਾਹਿਬ, ਹੁਣ ਮੈਂ ਆਪਣੇ ਹਲਕੇ ਦੀ ਗੱਲ ਕਰਨਾ ਚਾਹਾਂਗਾ। ਮੇਰਾ ਸੁਜਾਨਪੁਰ ਹਲਕਾ ਸੱਬ-ਡਿਵੀਜ਼ਨ ਪਠਾਨਕੋਟ ਵਿੱਚ ਪੈਂਦਾ ਹੈ ਅਤੇ ਬੜਾ ਬੈਕਵਰਡ ਇਲਾਕਾ ਹੈ। ਇਥੇ ਕੋਈ ਕਾਲਜ ਨਹੀਂ। ਇਕ ਡਿਗਰੀ ਕਾਲਜ ਹੈ ਜਿਹੜਾ ਕਿ ਗੁਰਦਾਸਪੁਰ ਵਿਚ ਹੈ, ਇਸ ਲਈ ਇੱਥੇ ਇਕ ਡਿਗਰੀ ਕਾਲਜ ਚਾਹੀਦਾ ਹੈ। ਸੀ.ਐਮ. ਸਾਹਿਬ ਜਦੋਂ ਸੁਜਾਨਪੁਰ ਗਏ ਸਨ ਤਾਂ ਮੈਂ ਬੇਨਤੀ ਕੀਤੀ ਸੀ ਕਿ ਇੱਥੇ ਇਕ ਡਿਗਰੀ ਕਾਲਜ ਦਿੱਤਾ ਜਾਏ। ਇਥੇ ਲਈ ਇਕ ਇੰਡਸ-ਟਰੀਅੱਲ ਕੰਪਲੈਕਸ ਅਨਾਊਂਸ ਕੀਤਾ ਗਿਆ ਸੀ ਪਰ ਹਾਲੇ ਤਕ ਕੰਮ ਸ਼ੁਰੂ ਨਹੀਂ ਕੀਤਾ ਗਿਆ, ਇਹ ਜਲਦੀ ਕਰਨਾ ਚਾਹੀਦਾ ਹੈ। ਇਸ ਦੇ ਨਾਲ ਹੀ ਸੁਜਾਨਪੁਰ ਵਿਚ 25 ਬੈਡਜ਼ ਦਾ ਹਸਪਤਾਲ ਅਨਾਊਂਸ ਕੀਤਾ ਸੀ, ਉਹ ਵੀ ਜਲਦੀ ਸ਼ੁਰੂ ਕੀਤਾ ਜਾਏ ਅਤੇ ਨਾਲ ਹੀ ਇਕ ਆਈ.ਟੀ.ਆਈ ਕਾਲਜ ਜ਼ਰੂਰ ਖੋਲ੍ਹਿਆ ਜਾਵੇ।

ਸਪੀਕਰ ਸਾਹਿਬ, ਸਾਡੇ ਧਾਰ ਦਾ ਜਿਹੜਾ ਇਲਾਕਾ ਹੈ ਉਸ ਵਿਚ ਪਾਣੀ ਦੀ ਬੜੀ ਕਿੱਲਤ ਹੈ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸੀ.ਐਮ. ਸਾਹਿਬ ਨੂੰ ਕਹਾਂਗਾ ਕਿ ਇਸ ਇਲਾਕੇ ਵਿਚ ਕਾਫੀ ਪਾਣੀ ਮਹੱਈਆ ਕਰਨ ਲਈ ਖਾਸ ਧਿਆਨ ਦਿਤਾ ਜਾਵੇ ਤਾਂ ਜੋ ਲੋਕਾਂ ਨੂੰ ਪੀਣ ਦਾ ਪਾਣੀ ਵੱਧ ਤੋਂ ਵੱਧ ਮਿਲ

ਸਕੇ। ਉਹ ਲੋਕ ਆਪਣੀ ਜ਼ਿੰਦਗੀ ਅੱਛੀ ਤਰ੍ਹਾਂ ਜੀ ਸਕਣ। ਵੈਸੇ ਸਾਡੀ ਸਰਕਾਰ ਇਸ ਵੱਲ ਪਹਿਲਾਂ ਵੀ ਧਿਆਨ ਦੇ ਰਹੀ ਹੈ ਅਤੇ ਹੁਣ ਵੀ ਧਿਆਨ ਦੇਵੇਗੀ। ਨਾਲ ਹੀ ਮੈਂ ਇਹ ਮੰਗ ਕਰਦਾ ਹਾਂ ਕਿ ਸੱਬ-ਡਿਵੀਜ਼ਨ ਪਠਾਨਕੋਟ ਨੂੰ ਜ਼ਿਲ੍ਹਾ ਬਣਾਇਆ ਜਾਵੇ।

ਬਾਕੀ, ਸਪੀਕਰ ਸਾਹਿਬ, ਰਾਜਪਾਲ ਜੀ ਦੇ ਭਾਸ਼ਣ ਵਿਚ ਐਂਟੀ ਕੁਰੱਪਸ਼ਨ ਬਾਰੇ ਜ਼ਿਕਰ ਕੀਤਾ ਗਿਆ ਹੈ। ਮੈਂ ਆਸ ਕਰਦਾ ਹਾਂ ਕਿ ਜਿਸ ਤਰ੍ਹਾਂ ਸਰਦਾਰ ਬੇਅੰਤ ਸਿੰਘ ਨੇ ਅਤੇ ਸਰਦਾਰ ਬੇਅੰਤ ਸਿੰਘ ਦੀ ਟੀਮ ਨੇ ਅੱਤਵਾਦ ਤੇ ਕੰਟਰੋਲ ਕੀਤਾ ਹੈ ਹੁਣ ਕੁਰੱਪਸ਼ਨ ਵੱਲ ਵੀ ਪੂਰਾ ਧਿਆਨ ਦਿੱਤਾ ਜਾਏਗਾ ਅਤੇ ਕੁਰੱਪਸ਼ਨ ਨੂੰ ਬਿਲਕੁਲ ਖਤਮ ਕੀਤਾ ਜਾਏਗਾ। ਮੇਰੇ ਵੀਰ ਕਈ ਪੁੱਛਦੇ ਹਨ ਕਿ ਕੁਰੱਪਸ਼ਨ ਕਿਸ ਤਰ੍ਹਾਂ ਖਤਮ ਕੀਤੀ ਜਾਏਗੀ। ਮੈਂ ਇਹ ਕਿਹਾ ਕਿ ਜਿਸ ਤਰ੍ਹਾਂ ਅਤਿਵਾਦ ਖਤਮ ਕੀਤਾ ਹੈ ਉਸ ਤਰ੍ਹਾਂ ਕੁਰੱਪਸ਼ਨ ਖਤਮ ਕਰਕੇ ਲੋਕਾਂ ਨੂੰ ਸਾਫ ਸੁਥਰੀ ਐਡਮਨਿਸਟਰੇਸ਼ਨ ਦਿੱਤੀ ਜਾਏਗੀ ਅਤੇ ਹਰ ਇਕ ਨੂੰ ਪੂਰਾ ਪੂਰਾ ਇਨਸਾਫ ਮਿਲੇਗਾ।

ਸਪੀਕਰ ਸਾਹਿਬ, ਸਾਡੇ ਸਬ-ਡਿਵੀਜ਼ਨ ਪਠਾਨਕੋਟ ਵਿਚ ਧਾਰ ਵਿਚ ਡੀਪ ਟਿਊਬਵੈਲਜ਼ ਦੀ ਕਾਫੀ ਜ਼ਰੂਰਤ ਹੈ। ਪਹਿਲਾਂ ਵੀ ਸਾਡੀ ਸਰਕਾਰ ਨੇ ਇਸ ਪਾਸੇ ਧਿਆਨ ਦਿਤਾ ਹੈ, ਹੁਣ ਜ਼ਰੂਰਤ ਨੂੰ ਮੱਦੇ ਨਜ਼ਰ ਰਖਦੇ ਹੋਏ ਹੋਰ ਜ਼ਿਆਦਾ ਧਿਆਨ ਦਿੱਤਾ ਜਾਏਗਾ। ਮੈਂ ਆਸ ਕਰਦਾ ਹਾਂ ਕਿ ਜਿਸ ਤਰ੍ਹਾਂ ਸਾਡਾ ਪੰਜਾਬ ਪਹਿਲਾਂ ਖੁਸ਼ਹਾਲ ਸੀ ਉਸੇ ਤਰ੍ਹਾਂ ਹੁਣ ਫਿਰ ਉਹ ਖੁਸ਼ੀਆਂ ਵਾਪਸ ਆਈਆਂ ਹਨ। ਇਹ ਸਭ ਸਰਦਾਰ ਬੇਅੰਤ ਸਿੰਘ ਜੀ ਦੀਆਂ ਐਫਰਟਸ ਦਾ ਸਦਕਾ ਹੈ।

ਸਪੀਕਰ ਸਾਹਿਬ, ਮੈਂ ਅਰਜ਼ ਕਰਾਂ ਕਿ ਸਰਦਾਰ ਬੇਅੰਤ ਸਿੰਘ ਬਤੌਰ ਪ੍ਰਧਾਨ ਕਾਂਗਰਸ ਪਾਰਟੀ ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਦੇ ਇਕ ਪਿੰਡ ਵਿਚ ਇਕ ਕਾਨਫਰੰਸ ਵਿਚ ਗਏ ਸਨ ਉਸ ਪਿੰਡ ਦਾ ਜਿਹੜਾ ਸਰਪੰਚ ਸੀ ਸਰਦਾਰ ਪ੍ਰਿਤਪਾਲ ਸਿੰਘ ਉਸ ਨੇ ਉਹ ਕਾਨਫਰੰਸ ਦਾ ਪ੍ਰਬੰਧ ਕੀਤਾ ਸੀ ਪਰ ਦੂਜੇ ਦਿਨ ਹੀ ਉਸ ਸਰਪੰਚ ਨੂੰ ਮਾਰ ਦਿਤਾ ਸੀ ਜਿਸ ਨੇ ਪੰਜਾਬ ਦੀ ਏਕਤਾ ਲਈ ਇਹ ਕਨਫਰੰਸ ਦਾ ਪ੍ਰਬੰਧ ਕੀਤਾ ਸੀ ਅਤੇ ਉਸ ਦਾ ਭਰਾ ਜਿਹੜਾ ਟੀਚਰ ਸੀ ਉਸ ਨੂੰ ਵੀ ਥੋੜ੍ਹੇ ਦਿਨਾਂ ਬਾਅਦ ਮਾਰ ਦਿੱਤਾ ਸੀ। ਸਰਦਾਰ ਬੇਅੰਤ ਸਿੰਘ ਜੀ, ਜਦੋਂ ਕੋਈ ਅਤਿਵਾਦ ਦਾ ਸ਼ਿਕਾਰ ਹੁੰਦਾ ਸੀ, ਉੱਥੇ ਜ਼ਰੂਰ ਜਾਇਆ ਕਰਦੇ ਸਨ ਅਤੇ ਇਨ੍ਹਾਂ ਨੂੰ ਹਰ ਗੱਲ ਦਾ ਪਤਾ ਹੈ, ਇਸ ਲਈ ਇਹ ਅੱਤਵਾਦ ਤੇ ਕੰਟਰੋਲ ਕਰਨ ਵਿਚ ਕਾਮਯਾਬ ਹੋਏ ਹਨ। ਇਸ ਤੋਂ ਇਲਾਵਾ ਸਰਦਾਰ ਬੇਅੰਤ ਸਿੰਘ ਇਕ ਸਰਪੰਚ ਤੋਂ ਚੀਫ਼ ਮਨਿਸਟਰ ਬਣੇ ਹਨ ਉਨ੍ਹਾਂ ਨੂੰ ਲੋਕਾਂ ਦੀਆਂ ਤਕਲੀਫਾਂ ਦਾ ਪਤਾ ਹੈ। ਮੈਂ ਉਨ੍ਹਾਂ ਦੀ ਲੰਮੀ ਉਮਰ ਲਈ ਦੁਆ ਕਰਦਾ ਹਾਂ ਤਾਂ ਕਿ ਪੰਜਾਬ ਦੇ ਜਿਹੜੇ ਹਾਲਾਤ ਹਨ ਉਹ ਹੋਰ ਬਿਹਤਰ ਹੋਣ ਔਰ ਪੰਜਾਬ ਹੋਰ ਤਰੱਕੀ ਕਰ ਸਕੇ। ਧੰਨਵਾਦ।

ਸਰਦਾਰ ਇੰਦਰਜੀਤ ਸਿੰਘ (ਜ਼ੀਰਾ) : ਮਾਨਯੋਗ ਸਪੀਕਰ ਸਾਹਿਬ, ਮੈਂ ਗਵਰਨਰ ਸਾਹਿਬ ਦੇ ਭਾਸ਼ਣ ਲਈ ਧੰਦਵਾਦ ਦੇ ਮਤੇ ਉੱਤੇ ਬੋਲਣ ਲਈ ਖੜ੍ਹਾ ਹੋਇਆ ਹਾਂ ਪਰ ਇਸ ਵਿਚ ਕੋਈ ਵੀ ਅਜਿਹੀ ਗੱਲ ਨਹੀਂ ਕਹੀ ਗਈ ਜਿਸ ਦੀ ਕਿ ਪਰਸ਼ੰਸਾ ਕੀਤੀ ਜਾਵੇ। ਸਾਡੇ ਕੁਝ ਵੀਰਾਂ ਨੇ ਜੋ ਗੱਲਾਂ ਕਹੀਆਂ ਹਨ, ਉਨ੍ਹਾਂ ਰਾਹੀਂ ਅਕਾਲੀ ਦਲ ਨੂੰ ਕੋਸਿਆ ਗਿਆ ਕਿ ਅਤਿਵਾਦ ਇਸ ਨੇ ਪੈਦਾ ਕੀਤਾ ਹੈ। ਮੈਂ ਸਿਰਫ ਦੋ ਮਿੰਟਾਂ ਵਾਸਤੇ ਇਸ ਉਤੇ ਬੋਲਾਂਗਾ। ਅਤਵਾਦ ਬਾਰੇ ਮੇਰੇ ਮਾਨਯੋਗ ਸਾਥੀ ਸ਼ਾਹਬਾਜ਼-ਪੁਰੀ ਜੀ ਨੇ ਕਿਹਾ ਸੀ ਕਿ ਦਰਬਾਰ ਸਾਹਿਬ ਵਿਚ ਹਥਿਆਰ ਭੇਜੇ ਗਏ। ਸਪੀਕਰ ਸਾਹਿਬ, ਹਥਿਆਰ

[ਸਰਦਾਰ ਇੰਦਰਜੀਤ ਸਿੰਘ ਜ਼ੀਰਾ]

ਕਿਸ ਨੇ ਭੇਜੇ? ਇਸ ਲਈ ਮੈਂ ਕਹਾਂਗਾ ਕਿ ਅੱਜ ਹਾਈਕੋਰਟ ਦੀ ਜਾਂ ਸੁਪਰੀਮ ਕੋਰਟ ਦੇ ਜੱਜਾਂ ਦੀ ਇਕ ਕਮੇਟੀ ਬਣਾ ਦਿੱਤੀ ਜਾਵੇ ਜਿਹੜੀ ਕਿ ਇਸ ਗੱਲ ਦੀ ਪੜਚੋਲ ਕਰੇ ਕਿ ਅਤਿਵਾਦ ਕਿਸ ਨੇ ਪੈਦਾ ਕੀਤਾ ਹੈ (ਥੰਪਿੰਗ)

ਸਪੀਕਰ ਸਾਹਿਬ, ਸੰਨ 1982 ਦੇ ਵਿਚ ਜਦੋਂ ਕਿ ਉਥੇ ਹਥਿਆਰ ਗਏ ਉਦੋਂ ਸਰਕਾਰ ਕਿਸ ਦੀ ਸੀ? ਕਾਂਗਰਸ ਪਾਰਟੀ ਦੀ ਸੀ। ਸਪੀਕਰ ਸਾਹਿਬ, ਅਤਿਵਾਦ ਇਸ ਕਰਕੇ ਇਨ੍ਹਾਂ ਵੱਲੋਂ ਪੈਦਾ ਕੀਤਾ ਗਿਆ ਤਾਂ ਕਿ ਸ਼ਰੋਮਣੀ ਅਕਾਲੀ ਦਲ ਪੰਜਾਬ ਦੀ ਜੋ ਗੱਲ ਕਰਦਾ ਹੈ, ਇਸ ਨੂੰ ਨੀਂਵਾ ਵਿਖਾਇਆ ਜਾਵੇ।...... (ਵਿਘਨ) ਦਰਬਾਰ ਸਾਹਿਬ ਦੇ ਅੰਦਰ ਹਥਿਆਰ ਕਿਸ ਨੇ ਭੇਜੇ?

ਸ੍ਰੀ ਸਪੀਕਰ : ਜ਼ੀਰਾ ਸਾਹਿਬ, ਗਵਰਨਰ ਸਾਹਿਬ ਦੇ ਭਾਸ਼ਣ ਤੇ ਬੋਲੋ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਸਪੀਕਰ ਸਾਹਿਬ, ਮੈਂ ਇਸ ਕਰਕੇ ਬੋਲਦਾ ਹਾਂ ਕਿ ਤੁਸੀਂ ਉਨ੍ਹਾਂ ਨੂੰ ਬੋਲਦਿਆਂ ਹੋਇਆ ਰੋਕਿਆ ਨਹੀਂ। ਇਸ ਅਤਿਵਾਦ ਦਾ ਨੁਕਸਾਨ ਕਿਸ ਨੂੰ ਹੋਇਆ ਹੈ? ਸਭ ਤੋਂ ਵੱਧ ਨੁਕਸਾਨ ਸ਼ਰੋਮਣੀ ਅਕਾਲੀ ਦਲ ਨੂੰ ਹੋਇਆ ਹੈ, ਭਾਰਤੀ ਜਨਤਾ ਪਾਰਟੀ ਨੂੰ ਹੋਇਆ ਹੈ। ਸਭ ਤੋਂ ਵੱਧ ਨੁਮਾਇੰਦੇ ਸ਼ਹੀਦ ਕਰ ਦਿੱਤੇ ਗਏ। ਅੱਜ ਇਕ ਕਮੇਟੀ ਬਣਾ ਦਿੱਤੀ ਜਾਵੇ ਜਿਹੜੀ ਕਿ ਵੇਖੇ ਕਿ ਅਤਵਾਦ ਕਿਥੇ ਪੈਦਾ ਹੋਇਆ ਹੈ?

ਸ੍ਰੀ ਸਪੀਕਰ : ਜ਼ੀਰਾ ਜੀ, ਜੋ ਰਾਜਪਾਲ ਦੇ ਭਾਸ਼ਣ ਦੇ ਬਾਹਰ ਬੋਲੋਗੇ, ਰਿਕਾਰਡ ਤੇ ਨਹੀਂ ਆਵੇਗਾ। ਤੁਸੀਂ ਭਾਸ਼ਣ ਉਤੇ ਬੋਲੋ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ** ** ** (ਵਿਘਨ, ਸ਼ੋਰ)

ਸ੍ਰੀ ਸਪੀਕਰ : ਇਹ ਜੋ ਜ਼ੀਰਾ ਜੀ ਕਹਿ ਰਹੇ ਹਨ, ਰਿਕਾਰਡ ਤੇ ਨਹੀਂ ਆਵੇਗਾ।

ਪੇਂਡੂ ਵਿਕਾਸ ਅਤੇ ਪੰਚਾਇਤਾਂ ਮੰਤਰੀ: ** ** **

ਸ੍ਰੀ ਸਪੀਕਰ: ਇਹ ਪੁਆਇੰਟ ਆਫ ਆਰਡਰ ਨਹੀਂ ਹੈ। ਜ਼ੀਰਾ ਜੀ, ਪਲੀਜ਼ ਗਵਰਨਰ ਐਡਰੈਸ ਤੇ ਹੀ ਬੋਲੋ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਸਪੀਕਰ ਸਾਹਿਬ, ਇਹ ਕਿੱਦਾਂ ਬੋਲਦੇ ਰਹੇ ਹਨ। ਸਾਡੇ ਬਹੁਤ ਸਾਰੇ ਮੈਂਬਰ ਸ਼ਹੀਦ ਹੋਏ ਹਨ। ਅਮਰਜੀਤ ਸਿੰਘ ਸਰਹਾਲ ਸ਼ਹੀਦ ਕੀਤਾ ਗਿਆ, ਫਿਰ ਸਰਦਾਰ ਬਲਵੰਤ ਸਿੰਘ ਸ਼ਹੀਦ ਕੀਤਾ ਗਿਆ। ਇਸ ਤਰ੍ਹਾਂ ਸ਼ਰੋਮਣੀ ਅਕਾਲੀ ਦਲ ਦੇ 15 ਮੈਂਬਰ ਸ਼ਹੀਦ ਕੀਤੇ ਗਏ। ਸੈਕਟਰੀ, ਭਾਨ ਸਿੰਘ ਨੂੰ ਸ਼ਹੀਦ ਕੀਤਾ ਗਿਆ। ਹੋਰ ਸਾਡੇ ਬਹੁਤ ਸਾਰੇ ਨੇਤਾ ਸ਼ਹੀਦ ਕੀਤੇ ਗਏ। ਸੱਭ ਤੋਂ ਵੱਧ ਨੁਕਸਾਨ ਹੋਇਆ ਹੈ ਤਾਂ ਸ਼ਰੋਮਣੀ ਅਕਾਲੀ ਦਲ ਦਾ ਹੋਇਆ ਹੈ, ਕਾਂਗਰਸ ਪਾਰਟੀ ਦਾ ਕਝ ਨਹੀਂ ਹੋਇਆ ਕਿਉਂਕਿ ਇਹ ਅਤਵਾਦ ਇਨ੍ਹਾਂ ਦੀ ਹੀ ਦੇਣ ਸੀ। (ਥੰਪਿੰਗ)

**Not recorded/Expuged as Ordered by the Chair.

ਜਦੋਂ ਪਾਰਲੀਮੈਂਟ ਦੇ ਇਲੈਕਸ਼ਨ ਲੜ ਰਹੇ ਸਨ......

ਸ਼੍ਰੀ ਸਪੀਕਰ : ਜ਼ੀਰਾ ਸਾਹਿਬ, ਜੇਕਰ ਗਵਰਨਰ ਸਾਹਿਬ ਦੇ ਐਡਰੈਸ ਤੇ ਬੋਲਣਾ ਹੈ ਤਾਂ ਤੇ ਤੁਹਾਨੂੰ ਟਾਈਮ ਦੇਵਾਂਗਾ, ਨਹੀਂ ਤਾਂ ਨਹੀਂ ਦੇਵਾਂਗਾ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਬੜੇ ਦੁੱਖ ਦੇ ਨਾਲ ਕਹਿਣਾ ਪੈਂਦਾ ਹੈ ਕਿ ਸ਼ਰੋਮਣੀ ਕਮੇਟੀ ਦਾ ਜਿਹੜਾ ਐਕਟ ਹੈ ਉਸ ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਗਈ ....

Mr. Speaker : Please Sit down ਵੇਖੋ ਗਵਰਨਰ ਸਾਹਿਬ ਦੇ ਭਾਸ਼ਣ ਤੇ ਬਹਿਸ ਹੋ ਰਹੀ ਹੈ, ਮੈਂ ਕਿਸੇ ਤਰ੍ਹਾਂ ਵੀ ਇੰਟਰਪਸ਼ਨ ਅਲਾਓ ਨਹੀਂ ਕੀਤੀ। ਪੀਸਫੁਲੀ ਖਿਆਲਾਤ ਇਥੇ ਰਖੇ ਗਏ ਹਨ। ਮੈਂ ਇਹ ਬੇਨਤੀ ਕਰਦਾ ਹਾਂ ਕਿ ਤੁਹਾਡੇ ਪੰਜ ਚਾਰ ਮਿੰਟ ਰਹਿ ਗਏ ਹਨ ਆਪਣੇ ਇਲਾਕੇ ਦੀ ਗੱਲ ਕਹਿ ਲਓ, ਗਵਰਨਰ ਭਾਸ਼ਣ ਤੇ ਕੁਝ ਕਹਿ ਲਓ। ਮੈਂ ਤੁਹਾਨੂੰ 6.20 ਵਜੇ ਤਕ ਦਾ ਟਾਈਮ ਦਿੱਤਾ ਹੈ। 6.15 ਹੋ ਚੁੱਕੇ ਹਨ।

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਜੋ ਕਝ ਮੈਂਬਰ ਸਾਹਿਬ ਨੇ ਕਿਹਾ ਹੈ ਅਕਾਲੀ ਪਾਰਟੀ ਦੇ ਲੀਡਰਜ਼ ਦੀ ਗੱਲ ਕਹੀ ਹੈ, ਚਾਹੇ ਉਹ ਪਰਮਾਤਮਾ ਨੂੰ ਪਿਆਰੇ ਹੋ ਗਏ ਹਨ, ਉਨ੍ਹਾਂ ਬਾਰੇ ਇਹ ਸਾਬਤ ਹੋ ਚੁੱਕਾ ਹੈ ਕਿ ਉਹ ਲੀਡਰ ਕਿਹੜੇ ਲੋਕਾਂ ਨੇ ਮਾਰੇ ਹਨ। ਉਹ ਗੈਰ ਸੋਚੇ ਸਮਝੇ ਕਹੀ ਜਾ ਰਹੇ ਹਨ। ਹਰ ਇਕ ਨੂੰ ਪਤਾ ਹੈ ਕਿ ਲੌਂਗੋਵਾਲ ਕਿਸ ਨੇ ਮਾਰਿਆ। ਗੁਰਦੁਆਰੇ ਵਿਚ ਕਤਲ ਕੀਤਾ ਗਿਆ। ਸੋ ਇਸ ਦੀ ਰੇਲੇਵੈਂਸੀ ਇਥੇ ਨਹੀਂ ਹੈ ਮੈਂ ਬੇਨਤੀ ਕਰਦਾ ਹਾਂ ਕਿ ਉਹ ਲਫਜ਼ ਐਕਸਪੰਜ ਕਰਨੇ ਚਾਹੀਦੇ ਹਨ।

ਸਰਦਾਰ ਅਵਤਾਰ ਸਿੰਘ ਕਰੀਮਪੁਰੀ : ** ** **

Mr. Speaker : This is no point of order ਮੈਂ ਅਲਾਓ ਨਹੀਂ ਕੀਤਾ। ਜਦੋਂ ਤੁਸੀਂ ਬੋਲੇ ਸੀ ਮੈਂ ਤੁਹਾਨੂੰ ਇੰਟਰਪਟ ਨਹੀਂ ਹੋਣ ਦਿੱਤਾ। ਜੋ ਉਨ੍ਹਾਂ ਨੇ ਲਫਜ਼ ਕਹੇ ਹਨ ਮੈਂ ਉਹ ਐਕਸਪੰਜ ਕੀਤੇ ਹਨ।

ਸ਼੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਜੋ ਕੁਝ ਜ਼ੀਰਾ ਸਾਹਿਬ ਨੇ ਅਤਵਾਦ ਦੇ ਬਾਰੇ ਕਿਹਾ ਹੈ ਉਹ ਇਥੇ ਬਹੁਤ ਸਾਰੇ ਮੈਂਬਰਾਂ ਨੇ ਅਤਵਾਦ ਦੇ ਬਾਰੇ ਕਿਹਾ ਹੈ। ਇਥੇ ਹਰਿਮੰਦਰ ਸਾਹਿਬ ਦੇ ਬਾਰੇ ਗੱਲ ਕਹੀ ਹੈ। ਅਗਰ ਕੋਈ ਮੈਂਬਰ ਆਪਣੀ ਪਾਰਟੀ ਦੇ ਡਿਫੈਂਸ ਵਿਚ ਕੁਝ ਕਹਿੰਦਾ ਹੈ ਤਾਂ ਉਸ ਨੂੰ ਕਹਿ ਲੈਣ ਦੇਣਾ ਚਾਹੀਦਾ ਹੈ ਉਨ੍ਹਾਂ ਨੇ ਤਾਂ ਇਹ ਕਿਹਾ ਹੈ ਕਿ ਕਿਸੇ ਜੱਜ ਤੋਂ ਇਨਕੁਆਰੀ ਕਰਵਾ ਲਈ ਜਾਵੇ। There was tussle for chair between the two top leaders that brought the conflict. This is relevant to Governor's Address because in the Governors Address itself, there has been lot of talk on terrorism ਮੈਂ ਸਮਝਦਾ ਹਾਂ ਕਿ ਉਹ ਲਫਜ਼ ਐਕਸਪੰਜ਼ ਨਹੀਂ ਹੋਣੇ ਚਾਹੀਦੇ।

ਸ਼੍ਰੀ ਸਪੀਕਰ : ਤੁਹਾਨੂੰ ਪਤਾ ਹੈ ਕਿ ਜਦੋਂ ਇਥੇ ਗਵਰਨਰ ਸਾਹਿਬ ਦੇ ਐਡਰੈਸ ਤੇ ਬਹਿਸ ਹੋਈ ਹੈ ਤਾਂ ਮੈਂ ਕੋਸ਼ਿਸ਼ ਕੀਤੀ ਹੈ ਕਿ ਕੋਈ ਕੰਟਰੋਵਰਸ਼ੀਅਲ ਮਸਲਾ ਇਥੇ ਨਾ ਉਠੇ। ਕੰਸਟਰੱਕਟੀਵ ਗੱਲਾਂ ਇਥੇ ਕੀਤੀਆਂ ਜਾਣ।

**Expunged as ordered by the Chair.

ਸੰਸਦੀ ਮਾਮਲਿਆਂ ਦੇ ਮੰਤਰੀ: ਸਪੀਕਰ ਸਾਹਿਬ, ਮਿੱਤਲ ਸਾਹਿਬ ਨੇ ਜੋ ਕਿਹਾ ਹੈ ਮੈਂ ਦੱਸਦਾ ਹਾਂ ਕਿ ਇਸ ਦੇ ਬਾਰੇ 93 ਰੂਲ ਬੜਾ ਕਲੀਅਰ ਹੈ। ਉਸ ਵਿਚ ਲਿਖਿਆ ਹੈ ਕਿ member, while speaking, shall not utter offensive, defamatory words. These are baseless charges and that is clearly not only offensive but defamatory also.

ਇਕ ਪਾਰਟੀ ਦੇ ਖਿਲਾਫ ਇਸ ਤਰ੍ਹਾਂ ਦੇ ਬੇਸਲੈਸ ਚਾਰਜਿਜ਼ ਕੋਈ ਨਹੀਂ ਲਾ ਸਕਦਾ।

(ਇਸ ਸਮੇਂ ਮਾਨਯੋਗ ਮੈਂਬਰਜ਼, ਸਰਦਾਰ ਇੰਦਰਜੀਤ ਸਿੰਘ ਜ਼ੀਰਾ ਅਤੇ ਸਰਦਾਰ ਨਿਰਮਲ ਸਿੰਘ ਨਿੰਮਾ ਨਾਹਰੇ ਲਗਾ ਰਹੇ ਸਨ। *** ***

ਸ਼੍ਰੀ ਸਪੀਕਰ: ਇਹ ਨਾਹਰੇ ਰਿਕਾਰਡ ਨਾ ਕੀਤੇ ਜਾਣ।

WALK-OUT

(ਇਸ ਸਮੇਂ ਬੀ. ਐਸ. ਪੀ. ਦੇ ਸਦਨ ਵਿੱਚ ਸਾਰੇ ਹਾਜ਼ਰ ਮਾਨਯੋਗ ਮੈਂਬਰਜ਼, ਸ਼੍ਰੋਮਣੀ ਅਕਾਲੀ ਦਲ (ਕੇ) ਦੇ ਮੈਂਬਰ ਸਰਦਾਰ ਇੰਦਰਜੀਤ ਸਿੰਘ ਜ਼ੀਰਾ, ਸੀ. ਪੀ. ਆਈ. (ਐਮ) ਦੇ ਮੈਂਬਰ ਕਾਮਰੇਡ ਤਰਸੇਮ ਜੋਧਾਂ ਅਤੇ ਜਨਤਾ ਦਲ ਦੇ ਮੈਂਬਰ ਸ਼੍ਰੀ ਵਿਜੇ ਕੁਮਾਰ ਸਾਥੀ, ਐਡਵੋਕੇਟ ਵਾਕ-ਆਊਟ ਕਰ ਗਏ ਅਤੇ ਉਹ ਸਦਨ ਵਿਚੋਂ ਬਾਹਰ ਜਾਂਦੇ ਹੋਏ ਨਾਹਰੇ ਲਗਾ ਰਹੇ ਸਨ ** ** ।

ਸ਼੍ਰੀ ਸਪੀਕਰ: ਇਹ ਅਨਡਿਜ਼ਾਇਰੇਬਲ/ਅਨਪਾਰਲੀਮੈਂਟਰੀ ਨਾਹਰੇ ਰਿਕਾਰਡ ਦਾ ਹਿੱਸਾ ਨਹੀਂ ਬਣਨਗੇ ।

RESUMPTION OF DISCUSSION ON GOVERNOR'S ADDRESS

ਸਰਦਾਰ ਮਲਕੀਅਤ ਸਿੰਘ ਬਿਰਮੀ (ਲੁਧਿਆਣਾ ਦਿਹਾਤੀ) ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਗਵਰਨਰ ਸਾਹਿਬ ਦੇ ਐਡਰੇਸ ਦੇ ਉਤੇ ਇਸ ਪਵਿੱਤਰ ਹਾਊਸ ਵਿੱਚ ਬੋਲਣ ਦਾ ਮੌਕਾ ਦਿਤਾ ਹੈ। ਸਪੀਕਰ ਸਾਹਿਬ, ਇਕ ਸਾਲ ਦੇ ਅੰਦਰ ਸਾਡੀ ਸਰਕਾਰ ਨੇ ਪੰਜਾਬ ਵਿਚ ਲੋਕਰਾਜੀ ਢਾਂਚੇ ਨੂੰ ਬਹਾਲ ਕੀਤਾ ਹੈ। ਪਿਛਲੇ ਸਾਲ ਇਸ ਮਹੀਨੇ ਫਰਵਰੀ 25 ਨੂੰ ਸਾਡੀ ਕਾਂਗਰਸ ਦੀ ਸਰਕਾਰ ਸਰਦਾਰ ਬੇਅੰਤ ਸਿੰਘ ਦੀ ਅਗਵਾਈ ਵਿਚ ਬਣੀ ਸੀ। ਪਿਛਲੇ ਸਾਲ ਸਰਕਾਰ ਬਣਨ ਤੋਂ ਪਹਿਲਾਂ ਪੰਜਾਬ ਵਿਚ ਜਿਹੜੇ ਹਾਲਾਤ ਸਨ ਅਗਰ ਉਸ ਦਾ ਜ਼ਿਕਰ ਕੀਤਾ ਜਾਵੇ ਤਾਂ ਸਾਡੇ ਸਾਰਿਆਂ ਦੇ ਰੌਂਗਟੇ ਖੜ੍ਹੇ ਹੋ ਜਾਂਦੇ ਹਨ। ਇਸ ਬਹਾਦਰ ਇਨਸਾਨ ਨੇ ਬੜੀ ਨਿਡਰਤਾ ਦੇ ਨਾਲ ਅਤੇ ਸੱਚੇ ਸੁਚੇ ਤੌਰ ਤੇ ਇਸ ਬਲਦੀ ਅੱਗ ਵਿਚ ਅਤੇ ਵਰਦੀਆਂ ਗੋਲੀਆਂ ਦੇ ਵਿਚ ਪੰਜਾਬ ਦੇ ਅੰਦਰ ਜਿਹੜਾ ਮਾਹੌਲ ਸੀ ਉਸਨੂੰ ਆਪਣੇ ਤਰੀਕੇ ਨਾਲ ਕੰਟਰੋਲ ਵਿਚ ਲਿਆਂਦਾ ਅਤੇ ਇਸ ਦੇ ਲਈ ਸਰਦਾਰ ਬੇਅੰਤ ਸਿੰਘ ਵਧਾਈ ਦੇ ਪਾਤਰ ਹਨ । ਇਨ੍ਹਾਂ ਨੇ ਅਣਹੋਣੀ ਨੂੰ ਹੋਣੀ ਵਿਚ ਬਦਲ ਦਿੱਤਾ ਅਤੇ ਇਸ ਦੀ ਪ੍ਰਸ਼ੰਸਾ ਕੇਵਲ ਪੰਜਾਬ ਵਿਚ ਹੀ ਨਹੀਂ ਬਲਿਕ ਹਿੰਦੁਸਤਾਨ ਦੇ ਹਰ ਕੋਨੇ ਤੋਂ ਹੋਈ ਅਤੇ ਸੰਸਾਰ ਦੇ ਲੋਕਾਂ ਨੇ ਸਰਦਾਰ ਬੇਅੰਤ ਸਿੰਘ ਦੀ ਪ੍ਰਸ਼ੰਸਾ ਕੀਤੀ। ਲਾਅ ਐਂਡ

**Not recorded as ordered by the chair.

ਆਰਡਰ ਨੂੰ ਜਿਹੜੀ ਸੇਧ ਦਿੱਤੀ ਹੈ ਇਸ ਦੇ ਲਈ ਇਹ ਵਧਾਈ ਦੇ ਪਾਤਰ ਹਨ। ਸਰਦਾਰ ਬੇਅੰਤ ਸਿੰਘ ਨੇ ਸਰਕਾਰ ਬਨਾਉਣ ਵੇਲੇ ਪੰਜਾਬ ਦੇ ਲੋਕਾਂ ਨਾਲ ਵਾਅਦੇ ਕੀਤਾ ਸੀ ਕਿ ਮੇਰਾ ਪਹਿਲਾ ਕੰਮ ਲਾਅ ਐਂਡ ਆਰਡਰ ਨੂੰ ਕਾਇਮ ਕਰਨਾ ਹੈ, ਕੰਟਰੋਲ ਵਿਚ ਲਿਆਉਣਾ ਹੈ ਅਤੇ ਉਨ੍ਹਾਂ ਨੇ ਲਾਅ ਐਂਡ ਆਰਡਰ ਨੂੰ ਬਹਾਲ ਕੀਤਾ ਹੈ। 90 ਪ੍ਰਤੀਸ਼ਤ ਲਾਅ ਐਂਡ ਆਰਡਰ ਨੂੰ ਪੰਜਾਬ ਦੇ ਅੰਦਰ ਬਹਾਲ ਕੀਤਾ ਹੈ ਅਤੇ ਪੰਜਾਬ ਵਿਚ ਲੋਕਤੰਤਰ ਨੂੰ ਕਾਇਮ ਕੀਤਾ ਹੈ। ਸਰਦਾਰ ਬੇਅੰਤ ਸਿੰਘ ਇਸ ਦੇ ਲਈ ਵਧਾਈ ਦੇ ਪਾਤਰ ਹਨ।

ਸਪੀਕਰ ਸਾਹਿਬ, ਪੰਜਾਬ ਵਿਚ 95 ਮਿਊਂਸਪਲ ਕਮੇਟੀਆਂ ਦੀਆਂ ਪੰਜਾਬ ਸਰਕਾਰ ਨੇ ਚੋਣਾ ਕਰਾਈਆਂ ਜਿਹੜੀਆਂ ਬੜੇ ਹੀ ਸੁਚੱਜੇ ਢੰਗ ਦੇ ਨਾਲ ਹੋਈਆਂ। ਇਥੇ ਕਿਹਾ ਗਿਆ ਕਿ ਚੋਣਾਂ ਵਿਚ ਬੜੀ ਘਪਲੇਬਾਜ਼ੀ ਹੋਈ ਹੈ, ਪੁਲਿਸ ਵੱਲੋਂ ਜ਼ਿਆਦਤੀਆਂ ਹੋਈਆਂ ਹਨ, ਗਲਤ ਵੋਟਾਂ ਭੁਗਤੀਆਂ ਹਨ। ਮੈਂ ਸਿਰਫ ਇੱਕ ਗੱਲ ਇਸ ਬਾਰੇ ਕਹਿਣੀ ਚਾਹਵਾਂਗਾ ਕਿ ਮੇਰੇ ਹਲਕੇ ਦੀ ਗੱਲ ਹੈ। ਮੇਰੀ ਉਸ ਹਲਕੇ ਵਿਚ ਡਿਊਟੀ ਲਗੀ ਹੋਈ ਹੈ। ਸਪੀਕਰ ਸਾਹਿਬ, ਤਿੰਨ ਨੰਬਰ ਵਾਰਡ ਸੀ ਅਤੇ ਸਾਡਾ ਕਾਂਗਰਸ ਦਾ ਕੈਂਡੀਡੇਟ 13 ਵੋਟਾਂ ਤੇ ਹਾਰ ਗਿਆ ਜੇਕਰ ਜਾਲੀ ਵੋਟਾਂ ਪਈਆਂ ਸਨ ਤਾਂ ਫਿਰ 13 ਵੋਟਾਂ ਵੀ ਅਸੀਂ ਪੁਆ ਸਕਦੇ ਸੀ। ਇਸ ਤੋਂ ਤੁਸੀਂ ਅੰਦਾਜ਼ਾ ਲਗਾ ਸਕਦੇ ਹੋ। ਵੋਟਾਂ ਬੜੇ ਹੀ ਸੋਹਣੇ ਅਤੇ ਸੁਚੱਜੇ ਢੰਗ ਨਾਲ ਪਈਆਂ ਹਨ, ਪੁਲਿਸ ਨੇ ਕਿਸੇ ਨਾਲ ਵੀ ਜ਼ਿਆਦਤੀ ਨਹੀਂ ਕੀਤੀ। ਇਲੈਕਸ਼ਨਾਂ ਠੀਕ ਤਰੀਕੇ ਦੇ ਨਾਲ ਹੋਈਆਂ ਹਨ। ਰਾਤ ਨੂੰ ਪਹਿਲਾਂ ਕੋਈ ਘਰ ਤੋਂ ਬਾਹਰ ਨਹੀਂ ਨਿਕਲ ਸਕਦਾ ਸੀ। ਪਹਿਲਾਂ ਇਲੈਕਸ਼ਨਾਂ ਦੇ ਪਰਚਾਰ ਲਈ ਪੁਲਿਸ ਫੋਰਸਿਜ਼ ਅਤੇ ਸੀ.ਆਰ.ਪੀ.ਐਫ. ਦੇ 10-10 ਬੰਦੇ ਲਗੇ ਹੋਏ ਸਨ ਪਰ ਪੁਣ ਜੋ ਵੋਟਾਂ ਪਈਆਂ ਹਨ ਤਾਂ ਫੋਰਸਿਜ਼ ਦੀ ਇਤਨੀ ਜ਼ਿਆਦਾ ਲੋੜ ਨਹੀਂ ਸੀ। ਸਪੀਕਰ ਸਾਹਿਬ, ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਜੀ ਦੀ ਰਹਿਨੁਮਾਈ ਹੇਠ ਬੜੇ ਹੀ ਸੁਚੱਜੇ ਢੰਗ ਦੇ ਨਾਲ ਵੋਟਾਂ ਪਈਆਂ ਹਨ। ਅਸੀਂ ਜਦੋਂ ਪਿੰਡਾਂ ਵਿਚ ਪਰਚਾਰ ਕਰਨ ਜਾਂਦੇ ਸੀ ਤਾਂ ਇਹ ਨਹੀਂ ਵੇਖਦੇ ਸੀ ਕਿ ਜਿਪਸੀ ਮਗਰ ਆ ਰਹੀ ਹੈ ਜਾਂ ਨਹੀਂ ਆ ਰਹੀ। (ਥੰਪਿੰਗ) ਪਹਿਲਾਂ ਪਿੰਡਾਂ ਵਿਚ 5.00 ਵਜੇ ਤੋਂ ਬਾਅਦ ਕੋਈ ਘਰੋਂ ਨਹੀਂ ਸੀ ਨਿਕਲਦਾ ਪਰ ਅੱਜ 12.00 ਵਜੇ ਤਕ ਰਾਤ ਨੂੰ ਵੀ ਕਿਸਾਨ ਪਿੰਡਾਂ ਵਿਚ ਕੰਮ ਕਰਦੇ ਹਨ। ਪਾਣੀ ਦੇ ਟਿਊਬਵੈਲ ਚਲਦੇ ਰਹਿੰਦੇ ਹਨ, ਰੈਸਟੋਰੈਂਟ ਖੁਲ੍ਹੇ ਰਹਿੰਦੇ ਹਨ, ਦੁਕਾਨਾਂ ਖੁਲ੍ਹੀਆਂ ਰਹਿੰਦੀਆਂ ਹਨ। ਸਬਜ਼ੀਆਂ ਦੀਆਂ ਦੁਕਾਨਾਂ ਖੁਲ੍ਹੀਆਂ ਰਹਿੰਦੀਆਂ ਹਨ। ਪਹਿਲੇ 5.00 ਵਜੇਂ ਤੋਂ ਬਾਅਦ ਬਾਜ਼ਾਰ ਬੰਦ ਹੋ ਜਾਂਦੇ ਸਨ ਅਤੇ ਸਬਜ਼ੀ ਵਗੈਰਾ ਵੀ ਨਹੀਂ ਮਿਲਦੀ ਸੀ। ਹੁਣ ਮੁੱਖ ਮੰਤਰੀ, ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਬਹੁਤ ਹੀ ਅੱਛਾ ਮਾਹੌਲ ਪੈਦਾ ਕਰ ਦਿੱਤਾ ਹੈ। (ਥੰਪਿੰਗ) ਪੰਜਾਬ ਵਿੱਚ 11,596 ਪਿੰਡਾਂ ਵਿਚ ਪੰਚਾਇਤਾਂ ਦੀਆਂ ਚੋਣਾਂ ਹੋਈਆਂ ਹਨ। ਡੈਮੋਕਰੇਸੀ ਗਰਾਸ ਰੂਟਸ ਤਕ ਪਹੁੰਚੀ ਹੈ। ਪਿਛਲੇ ਦਸ ਸਾਲਾਂ ਤੋਂ ਬਾਅਦ ਹੁਣ ਪੰਚਾਇਤਾਂ ਦੀਆਂ ਇਲੈਕਸ਼ਨਾਂ ਹੋਈਆਂ ਹਨ। ਤਕਰੀਬਨ 85% ਤੋਂ 90% ਤਕ ਵੋਟਾਂ ਪੰਚਾਇਤ ਦੀਆਂ ਇਲੈਕਸ਼ਨਾਂ ਵਿਚ ਪਈਆਂ ਹਨ। ਕਿਸੇ ਇਕ ਕੈਂਡੀਡੇਟ ਨੂੰ ਵੀ ਝਰੀਟ ਤਕ ਨਹੀਂ ਆਈ। ਕੋਈ ਵੀ ਕਿਸੇ ਵੋਟਰ ਨਾਲ ਮਾੜੀ ਘਟਨਾ ਨਹੀਂ ਹੋਈ। ਸਪੀਕਰ ਸਾਹਿਬ, ਕੱਕਾ ਪਿੰਡ ਹੈ। ਉਥੇ ਜਿਹੜਾ ਪ੍ਰਜ਼ਾਈਡਿੰਗ ਅਫਸਰ ਸੀ ਉਹ ਕਿਸੀ ਦੂਸਰੀ ਪਾਰਟੀ ਦੀ ਸਪੋਰਟ ਕਰਦਾ ਸੀ। ਮੈਂ ਖੁਦ ਉਪਰਲੇ ਅਫਸਰ ਨੂੰ ਮਿਲਿਆ ਕਿ ਵੋਟਾਂ ਇਥੋਂ ਦੀਆਂ ਕੈਂਸਲ ਕਰ ਦਿਉ। ਮੈਂ ਸਪੀਕਰ ਸਾਹਿਬ, ਕਹਿਣਾ ਚਾਹਵਾਂਗਾ ਕਿ ਡੀ.ਸੀ. ਸਾਹਿਬ, ਨੂੰ ਵੀ ਮਿਲਿਆ ਹਾਂ ਅਤੇ ਐਸ. ਪੀ ਹੈਡ ਕੁਆਰਟਰ, ਸਿਕਿਉਰਿਟੀ ਵਾਲੇ ਵੀ ਮੌਜੂਦ ਸਨ ਉਨ੍ਹਾਂ ਨੇ ਕਿਹਾ ਕਿ ਡੀ. ਸੀ. ਸਾਹਿਬ ਨਾਲ ਗੱਲ ਕਰੋ ਤਾਂ ਮੈਂ ਡੀ. ਸੀ. ਸਾਹਿਬ ਨਾਲ

[ਸਰਦਾਰ ਮਲਕੀਅਤ ਸਿੰਘ ਬਿਰਮੀ]

ਵੀ ਗੱਲ ਕੀਤੀ ਕਿ ਚੋਣਾਂ ਇਥੇ ਦੋਬਾਰਾ ਹੋਣੀਆਂ ਚਾਹੀਦੀਆਂ ਹਨ ਪਰ ਡੀ. ਸੀ. ਸਾਹਿਬ ਨੇ ਮੈਨੂੰ ਕਿਹਾ ਕਿ ਜੇਕਰ ਕੋਈ ਗਲਤੀ ਹੋਈ ਹੈ ਜਾਂ ਕੋਈ ਤੁਹਾਨੂੰ ਰੰਜਸ਼ ਹੈ ਤਾਂ ਤੁਸੀਂ ਪਟੀਸ਼ਨ ਦੇ ਦੇਣਾ ।

Mr Speaker : Is it the pleasure of the House ਕਿ ਹਾਊਸ ਨੂੰ ਪੰਜ ਮਿੰਟ ਹੋਰ ਵਧਾ ਲਈਏ ?

We are to adjourn the House at 6.30 P. M. We can give him another five minutes because he is on his legs.

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਨਾਨ-ਆਫੀਸ਼ੀਅਲ ਦੇ ਵਾਲੇ ਦਿਨ ਜਦੋਂ ਮੈਂ ਮਤਾ ਰਖਿਆ ਸੀ ਤਾਂ ਉਹ ਮਤਾ ਸਾਰੇ ਹਾਊਸ ਦੇ ਮੈਂਬਰਾਂ ਨੂੰ ਪ੍ਰਵਾਨ ਵੀ ਸੀ ਪਰ ਤੁਸੀਂ ਉਸ ਦਿਨ ਤਾਂ 3-4 ਮਿੰਟਾਂ ਲਈ ਵੀ ਹਾਊਸ ਨੂੰ ਐਕਸਟੈਂਡ ਨਹੀਂ ਕੀਤਾ ਸੀ। (ਵਿਘਨ)

ਸਰਦਾਰ ਮਲਕੀਅਤ ਸਿੰਘ ਬਿਰਮੀ : ਸਪੀਕਰ ਸਾਹਿਬ, ਬਲਾਕ ਸੰਮਤੀਆਂ ਤੇ ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਇਲੈਕਸ਼ਨਾਂ ਕਰਾਕੇ ਪਾਵਰ ਡੀਸੈਂਟਰੈਲਾਈਜ਼ ਕਰਾਕੇ ਹੱਕਦਾਰ ਲੋਕਾਂ ਨੂੰ ਦਿੱਤੀ ਜਾਵੇਗੀ। (ਵਿਘਨ) ਗੱਲਾਂ ਹੋਰ ਵੀ ਬਹੁਤ ਕਰਨ ਵਾਲੀਆਂ ਸਨ ਪਰ ਮੈਂ ਹੁਕਮ ਦਾ ਪਾਬੰਦ ਹੁੰਦਾ ਹੋਇਆ ਸਥਾਨ ਲੈਂਦਾ ਹਾਂ। ਧੰਨਵਾਦ।

Mr Speaker : The House stands adjouned till 9.00 A. M., on Tuesday, the 2nd March, 1993.

*6.30. P.M.

(The Sabha then adjourned till 9.00 A.M. on Tuesday, the 2nd March, 1993).*

Published under the authority of the Punjab Vidhan Sabha and printed by the Controller Govt. Press, (U. T.), Chandigarh,

6

Punjab Vidhan Sabha Debates

2nd March, 1993

Vol. IV-No. 6

OFFICIAL REPORT

CONTENTS

Tuesday, the 2nd March, 1993

Punjab Vidhan Sabha Secretariat, Chandigarh.

Price Rs. :

PUNJAB VIDHAN SABHA

Tuesday, the 2nd March, 1993

The Vidhan Sabha met in the Punjab Vidhan Sabha Hall, Vidhan Bhavan, Sector—1, Chandigarh, at 9.00 A.M. Mr. Speaker (Sardar Harcharn Singh Ajnala) in the Chair.

STARRED QUESTIONS AND ANSWERS

ਐਮ. ਬੀ. ਬੀ. ਐਸ. ਅਤੇ ਬੀ. ਡੀ. ਐਸ. ਕੋਰਸਾਂ ਵਿੱਚ ਨਾਮਜ਼ਦਗੀਆਂ

*803. **ਕਾਮਰੇਡ ਹਰਦੇਵ ਸਿੰਘ ਅਰਸ਼ੀ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ 21 ਦਸੰਬਰ, 1992 ਲਈ ਨਿਸ਼ਾਨ ਵਾਲੇ ਪ੍ਰਸ਼ਨਾਂ ਦੀ ਸੂਚੀ ਵਿੱਚ ਸ਼ਾਮਲ ਨਿਸ਼ਾਨ ਵਾਲੇ ਪ੍ਰਸ਼ਨ ਨੰ: 512 ਦੇ ਉਤਰ ਦੇ ਹਵਾਲੇ ਨਾਲ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਮੈਡੀਕਲ ਕਾਲਜਾਂ ਵਿੱਚ ਐਮ. ਬੀ. ਬੀ. ਐਸ. ਅਤੇ ਬੀ. ਡੀ. ਐਸ. ਕੋਰਸਾਂ ਲਈ ਨਾਮਜ਼ਦਗੀਆਂ ਦੇ ਸਬੰਧ ਵਿੱਚ ਪੰਜਾਬ ਕੈਬਨਿਟ ਦੁਆਰਾ ਅਪਣਾਈ ਗਈ ਕਸੌਟੀ ਕੀ ਹੈ ?

ਸਰਦਾਰ ਲਾਲ ਸਿੰਘ: 21 ਦਸੰਬਰ, 1992 ਨੂੰ ਨਿਸ਼ਾਨ ਵਾਲੇ ਪ੍ਰਸ਼ਨਾਂ ਦੀ ਲਿਸਟ ਵਿਚ ਦਰਜ ਨਿਸ਼ਾਨ ਵਾਲਾ ਸਵਾਲ ਨੰ: 512 ਦੇ ਹਵਾਲੇ ਵਿੱਚ ਪੰਜਾਬ ਕੈਬਨਿਟ ਦੁਆਰਾ ਪੰਜਾਬ ਦੇ ਮੈਡੀਕਲ ਕਾਲਜਾਂ ਅਤੇ ਡੈਂਟਲ ਕਾਲਜਾਂ ਵਿੱਚ ਐਮ. ਬੀ. ਬੀ. ਐਸ. ਅਤੇ ਬੀ. ਡੀ. ਐਸ. ਕੋਰਸਾਂ ਵਿੱਚ ਨਾਮੀਨੇਸ਼ਨਾਂ ਸਬੰਧੀ ਅਪਣਾਈ ਗਈ ਕਸੌਟੀ ਹੇਠਾਂ ਦਿੱਤੇ ਅਨੁਸਾਰ ਹੈ:--

"(1) ਉਮੀਦਵਾਰ ਜੋ ਅਜਿਹੇ ਰਾਜਸੀ ਕਾਰਜਕਾਰੀਆਂ/ਜਨਤਕ ਵਿਅਕਤੀਆਂ/ਅਫਸਰਾਂ ਦੇ ਪਰਿਵਾਰਾਂ ਨਾਲ ਸਬੰਧ ਰੱਖਦੇ ਹੋਣ ਜੋ ਸਿੱਧੇ ਜਾਂ ਅਸਿੱਧੇ ਤੌਰ ਤੇ ਕਾਨੂੰਨ ਵਿਵਸਥਾ ਨਾਲ ਜੂਝਣ ਸਬੰਧੀ ਆਪਣੇ ਫਰਜ਼ ਨਿਭਾ ਰਹੇ ਹੋਣ;

(2) ਅਜਿਹੇ ਉਮੀਦਵਾਰ ਜਿਨ੍ਹਾਂ ਲਈ ਮੌਜੂਦਾ ਕਾਨੂੰਨ ਵਿਵਸਥਾ ਦੇ ਹਾਲਾਤ ਅੰਦਰ ਸੁਰੱਖਿਆ ਦੇ ਪੱਖ ਤੋਂ ਰਾਜ ਵਿਚੋਂ ਬਾਹਰ ਜਾਣਾ ਮੁਸ਼ਕਿਲ ਜਾਂ ਅਸੰਭਵ ਹੋਵੇ;

(3) ਅਜਿਹੇ ਉਮੀਦਵਾਰ ਜੋ ਅੱਤਵਾਦ ਤੋਂ ਪ੍ਰਭਾਵਿਤ ਹੋਏ ਪਰਿਵਾਰਾਂ ਨਾਲ ਸਬੰਧ ਰੱਖਦੇ ਹੋਣ;

(4) ਅਜਿਹੇ ਉਮੀਦਵਾਰ ਜਿਨ੍ਹਾਂ ਦੇ ਪਰਿਵਾਰਾਂ ਵੱਲੋਂ ਵਿੱਤੀ ਤੌਰ ਤੇ ਉਨ੍ਹਾਂ ਨੂੰ ਰਾਜ ਤੋਂ ਬਾਹਰ ਸਿੱਖਿਆ ਲਈ ਭੇਜਣਾ ਮੁਸ਼ਕਿਲ ਹੋਵੇ।

(5) ਉਪਰੋਕਤ ਤੋਂ ਇਲਾਵਾ ਸਰਕਾਰ ਵੱਲੋਂ ਕੋਈ ਵੀ ਚੁਣਿਆ ਗਿਆ ਉਮੀਦਵਾਰ ਜਿਸ ਨੂੰ ਨਾਮੀਨੇਸ਼ਨ ਦੀ ਪਾਤਰਤਾ ਲਈ ਯੋਗ ਸਮਝਿਆ ਜਾਵੇ।

ਐਪਰ ਅਜਿਹੇ ਦਾਖਲੇ ਕੇਵਲ ਅਜਿਹੇ ਉਮੀਦਵਾਰਾਂ ਨੂੰ ਦਿੱਤੇ ਜਾਣਗੇ ਜੋ ਦਾਖਲੇ ਲਈ ਘੱਟੋ ਘਟ ਮਿਥੀ ਯੋਗਤਾ ਨੂੰ ਪੂਰਾ ਕਰਦੇ ਹੋਣ।

[ਸਿਹਤ ਅਤੇ ਪਰਿਵਾਰ ਭਲਾਈ ਮੰਤਰੀ]

ਸਰਕਾਰ ਅਜਿਹੇ ਦਾਖਲੇ ਇਸ ਮੰਤਵ ਲਈ ਮਿਥੀਆਂ ਸੀਟਾਂ ਜਾਂ ਸਰਕਾਰ ਵੱਲੋਂ ਅਜਿਹੀਆਂ ਨਾਮੀਨੇਸ਼ਨਾਂ ਲਈ ਹੋਰ ਵਧਾਈਆਂ ਗਈਆਂ ਸੀਟਾਂ ਦੇ ਵਿਰੁੱਧ ਹੀ ਕਰੇਗੀ।

ਅਜਿਹੇ ਦਾਖਲਿਆਂ ਲਈ ਨਾਮੀਨੇਸ਼ਨਾਂ ਮੁੱਖ ਮੰਤਰੀ ਜੀ ਦੀ ਪੱਧਰ ਤੇ ਕੀਤੀਆਂ ਜਾਣਗੀਆਂ"।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਮੈਡੀਕਲ ਕਾਲਜਾਂ ਵਿੱਚ ਨਾਮੀਨੇਸ਼ਨ ਜਾਂ ਦਾਖਲਿਆਂ ਵਾਸਤੇ ਸੁਪਰੀਮ ਕੋਰਟ ਦੀ ਇਕ ਜਜਮੈਂਟ ਹੈ। ਉਸ ਵਿੱਚ ਪੰਜਾਬ ਸਰਕਾਰ ਦਾ ਵੀ ਐਗਰੀਮੈਂਟ ਹੈ। ਜਿਹੜੀਆਂ ਸਟੇਟਾਂ ਸਹਿਮਤ ਹਨ, ਉਨ੍ਹਾਂ ਦੀ ਸਹਿਮਤੀ ਨਾਲ ਹੀ ਇਹ ਜਜਮੈਂਟ ਦਿੱਤੀ ਗਈ ਹੈ। ਸੈਂਟਰਲ ਐਜੂਕੇਸ਼ਨ ਬੋਰਡ ਉਨ੍ਹਾਂ ਸਟੇਟਾਂ ਵਿੱਚ 15% ਸੀਟਾਂ ਰਾਖਵੀਆਂ ਰੱਖਦਾ ਹੈ, ਜਿਨ੍ਹਾਂ ਨੇ ਉਸ ਐਗਰੀਮੈਂਟ ਵਿੱਚ ਦਸਤਖਤ ਕੀਤੇ ਹੋਣਗੇ ਔਰ ਇਥੇ ਜੋ ਨਾਮੀਨੇਸ਼ਨਾਂ ਕੀਤੀਆਂ ਗਈਆਂ ਹਨ, ਉਹ ਸੁਪਰੀਮ ਕੋਰਟ ਦੀ ਜਜਮੈਂਟ ਨੂੰ ਵੀ ਬਾਈ-ਪਾਸ ਕਰਕੇ ਭਾਈ ਭਤੀਜਾ-ਵਾਦ ਪੈਦਾ ਕਰਕੇ ਹਾਈ ਅਫਸਰਾਂ ਔਰ ਵੱਡੇ ਬਿਜ਼ਨਸਮੈਨਾਂ ਤੇ ਮੰਤਰੀਆਂ ਦੇ ਬਹਿਰਮਾ ਨੂੰ 26 ਐਮ. ਬੀ. ਬੀ. ਐਸ. ਔਰ 6 ਬੀ. ਡੀ. ਐਸ. ਵਿਚ ਜਿਹੜੇ ਦਾਖਲੇ ਕੀਤੇ ਗਏ ਹਨ, ਉਹ ਸੁਪਰੀਮ ਕੋਰਟ ਦੀ ਜਿਹੜੀ ਜਜਮੈਂਟ ਹੈ, ਉਸਨੂੰ ਬਾਈ-ਪਾਸ ਕਰਕੇ ਕਿਉਂ ਕੀਤੇ ਗਏ ਹਨ ?

ਮੰਤਰੀ : ਸਪੀਕਰ ਸਾਹਿਬ, ਜਿਥੋਂ ਤੱਕ ਸੁਪਰੀਮ ਕੋਰਟ ਦੀ ਜਜਮੈਂਟ ਦਾ ਸਵਾਲ ਹੈ, ਮੇਰਾ ਖਿਆਲ ਹੈ, ਉਸ ਦੀ ਅਸੀਂ ਕੋਈ ਉਲੰਘਣਾ ਨਹੀਂ ਕੀਤੀ। ਜਿਹੜੀਆਂ ਇਸ ਤੋਂ ਉੱਲਟ ਜਾ ਕੇ ਨਾਮੀਨੇਸ਼ਨਾਂ ਕੀਤੀਆਂ ਹੋਣ, ਇਹ ਮੈਨੂੰ ਭੇਜ ਦੇਣ, ਮੈਂ ਦੇਖ ਲਵਾਂਗਾ। ਬਾਕੀ ਜਿੱਥੋਂ ਤੱਕ ਸੀ. ਬੀ. ਐਸ. ਈ. ਦੇ ਕੋਟੇ ਵਿਚੋਂ 15% ਸੀਟਾਂ ਦਾ ਸਵਾਲ ਹੈ, ਉਸ ਵਾਸਤੇ ਸੈਂਟਰ ਦੇ ਵਜ਼ੀਰ ਨਾਲ ਸੀ. ਐਮ. ਸਾਹਿਬ ਨੇ ਗੱਲ ਕੀਤੀ ਸੀ, ਕਿਉਂਕਿ ਪਿਛਲੇ ਕਈ ਸਾਲਾਂ ਤੋਂ ਕੋਈ ਵੀ ਵਿਅ-ਕਤੀ ਜਿਸ ਨੂੰ ਸੀ. ਬੀ. ਐਸ. ਈ. ਕੋਟੇ ਵਿਚੋਂ ਨਾਮੀਨੇਸ਼ਨ ਮਿਲੀ ਹੋਵੇ, ਉਹ ਇਥੇ ਦਾਖਲੇ ਵਾਸਤੇ ਨਹੀਂ ਸੀ ਆਏ। ਉਹ ਸੀਟਾਂ ਖਾਲੀ ਰਹਿੰਦੀਆਂ ਸਨ। ਉਨ੍ਹਾਂ ਨੂੰ ਪੂਰਾ ਕਰਨ ਵਾਸਤੇ ਇਹ ਕੀਤਾ ਗਿਆ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਮੇਰੇ ਪ੍ਰਸ਼ਨ ਦਾ ਪੂਰਾ ਉਤਰ ਨਹੀਂ ਦਿੱਤਾ ਗਿਆ। ਮੈਂ ਚੈਲੰਜ ਕਰ ਸਕਦਾ ਹਾਂ ਕਿ ਜਿਹੜੇ ਸਟੂਡੈਂਟਸ ਸੀ. ਬੀ. ਐਸ. ਈ. ਵਿਚੋਂ ਅਪੀਅਰ ਹੋਏ ਸੀ, ਉਥੋਂ ਪਾਸ ਹੋਏ, ਇਥੇ ਆਏ, ਲੇਕਿਨ ਕਿਉਂਕਿ ਪਹਿਲਾਂ ਹੀ ਉਨ੍ਹਾਂ ਨੂੰ ਜਵਾਬ ਦੇ ਦਿੱਤਾ ਗਿਆ ਸੀ ਕਿ ਇਥੇ ਨਾਮੀਨੇਸ਼ਨਾਂ ਹੋ ਗਈਆਂ ਹਨ, ਪਤਾ ਨਹੀਂ ਉਨ੍ਹਾਂ ਦੇ ਭਵਿੱਖ ਦਾ ਕੀ ਬਣਿਆ ਹੋਵੇਗਾ। ਔਰ ਦੂਸਰੇ ਜਿਹੜੇ ਇਥੇ ਨਾਮੀਨੇਟ ਕੀਤੇ ਗਏ ਹਨ, ਕੀ ਮੰਤਰੀ ਜੀ ਇਥੇ ਦੱਸਣਗੇ ਕਿ ਉਨ੍ਹਾਂ ਨੇ ਪੀ. ਐਮ. ਟੀ. ਜਾਂ ਹੋਰ ਕਿਸੇ ਤਰ੍ਹਾਂ ਦਾ ਜਿਹੜਾ ਸੀ. ਬੀ. ਐਸ. ਈ. ਦਾ ਜਿਹੜਾ ਐਗਜ਼ਾਮ ਹੈ, ਉਨ੍ਹਾਂ ਵਿਚੋਂ ਪਾਸ ਹੋਏ ਹੋਣ ਔਰ ਮੇਰਾ ਖਿਆਲ ਹੈ ਕਿ ਨਾ ਤਾਂ ਉਹ ਪੀ. ਐਮ. ਟੀ. ਵਿਚ ਅਪੀਅਰ ਹੋਏ, ਨਾ ਕੋਈ ਹੋਰ ਐਗਜ਼ਾਮ ਵਿੱਚ ਬੈਠੇ। ਇਹ ਨਾਮੀਨੇਸ਼ਨਾਂ ਬਿਲਕੁਲ ਕੁਰੱਪਸ਼ਨ ਦੇ ਆਧਾਰ ਤੇ ਭਾਈ ਭਤੀਜਾਵਾਦ ਅਨੁਸਾਰ ਸਾਰੇ ਅਸੂਲਾਂ ਨੂੰ ਛਿੱਕੇ ਟੰਗ ਕੇ ਮਾਈਗਰੇਸ਼ਨ ਦੇ ਮਾਮ-ਲਿਆਂ ਵਿੱਚ ਵੀ ਕੀਤੀਆਂ ਗਈਆਂ ਹਨ। ਇਸ ਤਰ੍ਹਾਂ ਕਿਉਂ ਕੀਤਾ ਗਿਆ ਹੈ ?

ਸ਼੍ਰੀ ਸਪੀਕਰ : ਤੁਸੀਂ ਇਨਫਰਮੇਸ਼ਨ ਲਓ। ਐਲੀਗੇਸ਼ਨ ਨਾ ਲਗਾਓ।

ਮੰਤਰੀ : ਸਪੀਕਰ ਸਾਹਿਬ, ਨਾਮੀਨੇਸ਼ਨਾਂ ਵਾਸਤੇ ਪੀ. ਐਮ. ਟੀ. ਜਾਂ ਸੀ. ਬੀ. ਐਸ. ਈ. ਦਾ ਇਮ-ਤਿਹਾਨ ਪਾਸ ਕਰਨਾ ਜ਼ਰੂਰੀ ਨਹੀਂ। ਇਸ ਦੀ ਮਿਨੀਮਮ ਯੋਗਤਾ ਦੇ ਮੁਤਾਬਿਕ 50% ਨੰਬਰ

ਲੈਣੇ ਜ਼ਰੂਰੀ ਹਨ ਅਤੇ ਇਸ ਗੱਲ ਨੂੰ ਧਿਆਨ ਵਿਚ ਰੱਖਿਆ ਗਿਆ ਹੈ ਕਿ ਜਿਸ ਨੂੰ ਨਾਮੀਨੇਸ਼ਨ ਦਿੱਤੀ ਜਾਵੇ, ਉਸ ਨੇ 50% ਨੰਬਰ ਜ਼ਰੂਰ ਲਏ ਹੋਣ ।

ਡਾਕਟਰ ਰਮੇਸ਼ ਦੱਤ : ਸਪੀਕਰ ਸਾਹਿਬ, ਮੰਤਰੀ ਜੀ ਨੇ ਇਸ ਦਾ ਕਰਾਈਟੇਰੀਆ ਦੱਸਦੇ ਹੋਏ ਕਿਹਾ ਹੈ ਕਿ ਅੱਤਵਾਦ ਤੋਂ ਪ੍ਰਭਾਵਿਤ ਹੋਏ ਲੋਕਾਂ ਨੂੰ ਪਰੈਫਰੈਂਸ ਦਿੱਤੀ ਜਾਂਦੀ ਹੈ। ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਅੱਤਵਾਦ ਤੋਂ ਪ੍ਰਭਾਵਿਤ ਹੋਏ ਕਿੰਨੇ ਲੋਕਾਂ ਨੂੰ ਨਾਮੀ-ਨੇਸ਼ਨ ਦਿੱਤੀ ਗਈ ਹੈ ?

ਸ਼੍ਰੀ ਸਪੀਕਰ : ਇਸ ਦੇ ਵਾਸਤੇ ਤੁਸੀਂ ਸੈਪਰੇਟ ਕੁਐਸਚਨ ਦੇ ਦਿਓ।

ਮੰਤਰੀ : ਮੈਂ ਦੱਸ ਦਿੰਦਾ ਹਾਂ ਜੀ।

ਸ਼੍ਰੀ ਸਪੀਕਰ : ਠੀਕ ਹੈ, ਜੇ ਤੁਹਾਡੇ ਕੋਲ ਇਸ ਗੱਲ ਦੀ ਇਨਫਰਮੇਸ਼ਨ ਹੈ ਤਾਂ ਦੇ ਦਿਓ।

ਮੰਤਰੀ : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਨਾਮੀਨੇਸ਼ਨਜ਼ ਤੋਂ ਇਲਾਵਾ ਵੀ ਰਿਜ਼ਰਵੇਸ਼ਨ ਰੱਖੀ ਗਈ ਹੈ ਅਤੇ ਜਿਹੜੇ ਅੱਤਵਾਦ ਤੋਂ ਪ੍ਰਭਾਵਿਤ ਲੋਕ ਹਨ, ਉਨ੍ਹਾਂ ਨੂੰ ਹਿੱਸਾ ਮਿਲਿਆ ਹੈ ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਮਾਈਗਰੇਸ਼ਨ ਦੇ ਮਾਮਲੇ ਵਿਚ ਵੀ ਆਲ ਇੰਡੀਆ ਮੈਡੀਕਲ ਕੌਂਸਲ ਨੇ ਕੁਝ ਰੂਲ ਤਹਿ ਕੀਤੇ ਹੋਏ ਹਨ। ਸਰਕਾਰ ਵੱਲੋਂ ਮਾਈਗਰੇਸ਼ਨ ਦੇ ਇਨ੍ਹਾਂ ਰੂਲਾਂ ਦੀ ਪੂਰੀ ਤਰ੍ਹਾਂ ਉਲੰਘਣਾ ਕੀਤੀ ਗਈ ਹੈ ਅਤੇ ਮਾਨਯੋਗ ਹਾਈ ਕੋਰਟ ਨੇ ਇਸ ਗੱਲ ਲਈ ਪੰਜਾਬ ਸਰਕਾਰ ਨੂੰ ਝਾੜ ਵੀ ਪਾਈ ਹੈ। ਮੈਂ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਸੱਚ ਹੈ ?

ਮੰਤਰੀ : ਸਪੀਕਰ ਸਾਹਿਬ, ਇਸ ਗੱਲ ਦਾ ਇਨ੍ਹਾਂ ਦੇ **ਸਵਾਲ** ਨਾਲ ਤੁਅੱਲਕ **ਨਹੀਂ ਹੈ** । ਇਨ੍ਹਾਂ ਦੀ ਇਹ ਗੱਲ ਮਾਈਗਰੇਸ਼ਨ ਨਾਲ ਤੁਅੱਲਕ ਰੱਖਦੀ ਹੈ, ਨਾਮੀਨੇਸ਼ਨ ਨਾਲ ਨਹੀਂ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਮੈਂ ਸਪਲੀਮੈਂਟਰੀ ਕਰਨ ਵਾਸਤੇ 4 ਵਾਰ ਖੜ੍ਹੀ ਹੋਈ ਹਾਂ ਪਰ ਹਰ ਵਾਰ ਮੈਂ ਤੁਹਾਡਾ ਮਾਣ ਰੱਖ ਕੇ ਬੈਠ ਜਾਂਦੀ ਹਾਂ। ਤੁਸੀਂ ਮੈਨੂੰ ਬੋਲਣ ਵਾਸਤੇ ਟਾਈਮ ਨਹੀਂ ਦਿੱਤਾ।

ਸ਼੍ਰੀ ਸਪੀਕਰ : ਮੈਂ ਸ਼ਾਇਦ ਤੁਹਾਨੂੰ ਦੇਖ ਨਹੀਂ ਸਕਿਆ, ਇਸ ਵਿਚ ਮੇਰੀ ਗਲਤੀ ਹੋ ਸਕਦੀ ਹੈ।

(ਇਸ ਵਕਤ ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ ਕੁਝ ਬੋਲ ਰਹੇ ਸਨ ਜੋ ਸਾਫ ਸੁਣਾਈ ਨਹੀਂ ਸੀ ਦੇ ਰਿਹਾ।)

ਸ਼੍ਰੀ ਸਪੀਕਰ : ਮੈਂ ਤੁਹਾਨੂੰ ਅਲਾਓ ਨਹੀਂ ਕੀਤਾ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਇਹ ਬੜਾ ਇੰਪਾਰਟੈਂਟ ਇਸ਼ੂ ਹੈ......

ਸ਼੍ਰੀ ਸਪੀਕਰ : ਅਰਸ਼ੀ ਜੀ, ਮੈਂ ਤੁਹਾਨੂੰ ਪਹਿਲਾਂ ਹੀ 3 ਸਪਲੀਮੈਂਟਰੀਜ਼ ਅਲਾਓ ਕਰ ਦਿੱਤੀਆਂ ਹਨ ਜਦ ਕਿ ਨਾਰਮਲੀ ਇਕ ਮੈਂਬਰ ਨੂੰ 2 ਸਪਲੀਮੈਂਟਰੀਜ਼ ਹੀ ਦਿੱਤੀਆਂ ਜਾਂਦੀਆਂ ਹਨ। ਇਸ ਕਰਕੇ ਤੁਸੀਂ ਹੋਰ ਸਪਲੀਮੈਂਟਰੀ ਨਾ ਕਰੋ। ਅਗਲਾ ਸਵਾਲ ।

ਹਸਪਤਾਲਾਂ/ਡਿਸਪੈਂਸਰੀਆਂ ਵਿੱਚੋਂ ਦਵਾਈਆਂ ਦੀ ਚੋਰੀ

*615. **ਸ੍ਰੀਮਤੀ ਵਿਮਲਾ ਡਾਂਗ**: ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ---

(ੳ) ਕੀ ਇਹ ਠੀਕ ਹੈ ਕਿ ਮੈਡੀਕਲ ਸੁਪਰਡੰਟ, ਈ.ਐਸ. ਆਈ. ਹਸਪਤਾਲ, ਅੰਮ੍ਰਿਤਸਰ ਨੇ ਦਸੰਬਰ, 1991 ਦੌਰਾਨ ਸਟਾਫ ਕੁਆਰਟਰਾਂ ਤੇ ਛਾਪਾ ਮਾਰਿਆ ਅਤੇ ਇਕ ਕੁਆਰਟਰ ਤੋਂ ਹਸਪਤਾਲ, ਚੋਂ ਚੋਰੀ ਹੋਈਆਂ ਕੁਝ ਦਵਾਈਆਂ ਮਿਲੀਆਂ ; ਜੇਕਰ ਜੇਕਰ ਅਜਿਹਾ ਹੈ, ਤਾਂ ਉਕਤ ਛਾਪੇ ਦੇ ਦੌਰਾਨ ਫੜੀਆਂ ਗਈਆਂ ਦਵਾਈਆਂ ਕਿੰਨੀ ਕੀਮਤ ਦੀਆਂ ਸਨ ;

(ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਚੋਰੀ ਵਿੱਚ ਸ਼ਾਮਲ ਵਿਅਕਤੀਆਂ ਦੇ ਨਾਂ ਕੀ ਕੀ ਹਨ ਅਤੇ ਉਨ੍ਹਾਂ ਵਿਰੁੱਧ ਕੀ ਕਾਰਵਾਈ ਕੀਤੀ ਗਈ ;

(ੲ) ਕੀ ਉਪਰੋਕਤ ਕੇਸ ਦੇ ਸਬੰਧ ਵਿੱਚ ਪੁਲਿਸ ਪਾਸ ਕੋਈ ਐਫ. ਆਈ. ਆਰ. ਦਰਜ ਕਰਵਾਈ ਗਈ ਸੀ ; ਜੇਕਰ ਨਹੀਂ ਤਾਂ ਇਸ ਦੇ ਕੀ ਕਾਰਣ ਹਨ ?

ਸਰਦਾਰ ਲਾਲ ਸਿੰਘ : (ੳ) ਹਾਂ ਜੀ। ਚੁਰਾਈਆਂ ਗਈਆਂ ਦਵਾਈਆਂ ਦੀ ਕੀਮਤ 468 ਰੁਪਏ ਬਣਦੀ ਸੀ।

(ਅ) ਸ੍ਰੀ ਲਾਲ ਚੰਦ, ਦਰਜਾ-4 ਕਰਮਚਾਰੀ ਨੂੰ ਇਸ ਚੋਰੀ ਲਈ ਜ਼ਿੰਮੇਂਵਾਰ ਪਾਇਆ ਗਿਆ ਸੀ ਅਤੇ ਉਸ ਦੀਆਂ 4-ਸਾਲਾਨਾ ਤਰੱਕੀਆਂ ਪੱਕੇ ਤੌਰ ਤੇ ਬੰਦ ਕਰ ਦਿੱਤੀਆਂ ਗਈਆਂ ਸਨ।

(ੲ) ਨਹੀਂ ਜੀ। ਕਿਉਂਜੋ ਚੋਰੀ ਹੋਈਆਂ ਦਵਾਈਆਂ ਬਰਾਮਦ ਹੋ ਗਈਆਂ ਸਨ ਅਤੇ ਕੋਈ ਸਰਕਾਰੀ ਨੁਕਸਾਨ ਨਹੀਂ ਹੋਇਆ। ਇਸ ਕਰਕੇ ਪੁਲਿਸ ਕੇਸ ਦਰਜ ਨਹੀਂ ਕਰਵਾਇਆ ਗਿਆ।

ਸ੍ਰੀਮਤੀ ਵਿਮਲਾ ਡਾਂਗ : ਸਪੀਕਰ ਸਾਹਿਬ, ਇਸ ਸਿਲਸਿਲੇ ਵਿਚ ਮੈਂ ਇਹ ਕਹਿਣਾ ਚਾਹੁੰਦੀ ਹਾਂ ਕਿ ਜਿਹੜੀਆਂ ਦਵਾਈਆਂ ਪਕੜੀਆਂ ਗਈਆਂ, ਉਹ ਕਿਸੇ ਵੱਡੇ ਅਫਸਰ ਦੇ ਘਰੋਂ ਪਕੜੀਆਂ ਗਈਆਂ ਸਨ। ਜਿਸ ਬੰਦੇ ਦਾ ਨਾਂ ਮੰਤਰੀ ਜੀ ਨੇ ਦੱਸਿਆ ਹੈ' ਉਸ ਤੋਂ ਇਲਾਵਾ ਇਸ ਕੇਸ ਵਿਚ ਕਈ ਹੋਰ ਬੰਦੇ ਵੀ ਇਨਵਾਲਵਡ ਹਨ। ਅਸਲ ਚੋਰੀ ਜੋ ਹੈ, ਉਹ ਬਹੁਤ ਜ਼ਿਆਦਾ ਹੈ ਅਤੇ ਉਸ ਵੱਡੇ ਅਫਸਰ ਨੂੰ ਇਸ ਕੇਸ ਵਿਚ ਸ਼ੀਲਡ ਕੀਤਾ ਗਿਆ ਹੈ। ਕੀ ਮੰਤਰੀ ਜੀ ਇਨਕੁਆਇਰੀ ਕਰਵਾ ਕੇ ਸਹੀ ਸਥਿਤੀ ਸਦਨ ਦੇ ਸਾਹਮਣੇ ਰੱਖਣਗੇ ?

ਮੰਤਰੀ : ਸਪੀਕਰ ਸਾਹਿਬ, ਮੈਡੀਕਲ ਸੁਪਰਡੰਟ, ਈ.ਐਸ. ਆਈ. ਹਸਪਤਾਲ, ਅੰਮ੍ਰਿਤਸਰ ਦੇ ਕਹਿਣ ਤੇ ਸ੍ਰੀ ਲਾਲ ਚੰਦ, ਦਰਜਾ-4 ਦੇ ਸਟਾਫ ਕੁਆਰਟਰ ਤੇ ਡਾ: ਹਰਦੇਵ ਸਿੰਘ ਈ. ਐਮ. ਓ. ਵਲੋਂ ਮਿਤੀ 6 ਫਰਵਰੀ, 1991 ਨੂੰ ਛਾਪਾ ਮਰਵਾਇਆ ਗਿਆ ਸੀ। ਛਾਪੇ ਦੌਰਾਨ ਉਥੋਂ ਦਵਾਈਆਂ ਬਰਾਮਦ ਹੋਈਆਂ ਜਿਨ੍ਹਾਂ ਦੀ ਕੀਮਤ 468 ਰੁਪਏ ਬਣਦੀ ਹੈ। ਮੈਡੀਕਲ ਸੁਪਰਡੰਟ, ਈ. ਐਸ. ਆਈ. ਹਸਪਤਾਲ, ਅੰਮ੍ਰਿਤਸਰ ਵਲੋਂ ਇਨਕੁਆਇਰੀ ਕਰਵਾਈ ਗਈ ਹੈ। ਉਸ ਇਨਕੁਆਇਰੀ ਰਿਪੋਰਟ

ਦੇ ਅਧਾਰ ਤੇ ਸ੍ਰੀ ਲਾਲ ਚੰਦ ਨੂੰ ਸਜ਼ਾ ਦਿੱਤੀ ਗਈ ਹੈ। ਇਸ ਆਦਮੀ ਤੋਂ ਇਲਾਵਾ ਜੇ ਕੋਈ ਹੋਰ ਆਦਮੀ ਇਨਵਾਲਵਡ ਹੈ ਤਾਂ ਇਹ ਮੈਨੂੰ ਦੱਸ ਦੇਣ, ਮੈਂ ਇਨਕੁਆਇਰੀ ਕਰਵਾ ਲਵਾਂਗਾ।

ਸ੍ਰੀਮਤੀ ਵਿਮਲਾ ਡਾਂਗ : ਸਪੀਕਰ ਸਾਹਿਬ, ਮੰਤਰੀ ਜੀ ਨੇ ਉਹੀ ਉਤਰ ਦੇ ਦਿਤਾ ਹੈ ਜਿਹੜਾ ਇਨ੍ਹਾਂ ਨੇ ਲਿਖ ਕੇ ਪਹਿਲਾਂ ਦਿਤਾ ਹੋਇਆ ਹੈ। ਮੈਂ ਬੇਨਤੀ ਕਰਨੀ ਚਾਹੁੰਦੀ ਹਾਂ ਕਿ ਸਾਡੀ ਸੂਚਨਾ ਦੇ ਮੁਤਾਬਿਕ ਦਵਾਈਆਂ ਕਿਸੇ ਵੱਡੇ ਅਫਸਰ ਦੇ ਘਰੋਂ ਪਕੜੀਆਂ ਗਈਆਂ ਸਨ ਪਰ ਸਜ਼ਾ ਛੋਟੇ ਮੁਲਾਜ਼ਮ ਨੂੰ ਦਿੱਤੀ ਗਈ ਹੈ । ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦੀ ਹੀ ਕਿ ਕੀ ਇਹ ਇਸ ਕੇਸ ਦੀ ਪੂਰੀ ਇਨਕੁਆਇਰੀ ਕਰਵਾ ਕੇ ਅਸਲ ਪੁਜ਼ੀਸ਼ਨ ਸਦਨ ਦੇ ਸਾਹਮਣੇ ਰੱਖਣ ਦੀ ਖੇਚਲ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਇਹ 1991 ਦਾ ਵਾਕਿਆ ਹੈ ਜੀ, ਬਹੁਤ ਪੁਰਾਣਾ ਹੈ । ਜੋ ਦਫਤਰ ਵਾਲਿਆਂ ਨੇ, ਮਹਿਕਮੇਂ ਨੇ, ਮੈਨੂੰ ਰਿਪੋਰਟ ਦਿੱਤੀ ਹੈ ਮੈਂ ਤਾਂ ਉਹੀ ਦੇਣੀ ਹੈ । ਉਸ ਵੇਲੇ ਮੈਂ ਵਜ਼ੀਰ ਵੀ ਨਹੀਂ ਸੀ। ਜੇਕਰ ਇਨ੍ਹਾਂ ਨੂੰ ਕੋਈ ਤੌਖਲਾ ਹੈ ਕਿ ਇਹ ਇਨਕੁਆਇਰੀ ਠੀਕ ਨਹੀਂ ਹੋਈ ਤਾਂ ਇਹ ਦੁਬਾਰਾ ਮੈਨੂੰ ਲਿਖ ਕੇ ਭੇਜ ਦੇਣ, ਅਸੀਂ ਪੜਤਾਲ ਕਰਵਾ ਲਵਾਂਗੇ।

ਮਿਡਲ ਸਕੂਲ ਅਪਗ੍ਰੇਡ ਕਰਨਾ

*744. **ਸ੍ਰੀ ਮਦਨ ਮੋਹਨ ਮਿੱਤਲ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਆਨੰਦਪੁਰ ਸਾਹਿਬ ਸਬ-ਡਵੀਜ਼ਨ ਵਿਚ ਇਸ ਵੇਲੇ ਮਿਡਲ ਸਕੂਲਾਂ ਦੀ ਗਿਣਤੀ ਕਿੰਨੀ ਹੈ ;

(ਅ) ਕੀ ਸਰਕਾਰ ਉਕਤ ਸਬ-ਡਵੀਜ਼ਨ ਵਿਚ ਕਿਸੇ ਪ੍ਰਾਇਮਰੀ ਸਕੂਲ ਨੂੰ ਮਿਡਲ ਸਕੂਲ ਵਿਚ ਅੱਪਗਰੇਡ ਕਰਨ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦੀ ਗਿਣਤੀ ਕਿੰਨੀ ਹੈ ?

ਸ੍ਰੀ ਹਰਨਾਮ ਦਾਸ ਜੌਹਰ : (ੳ) ਆਨੰਦਪੁਰ ਸਾਹਿਬ ਸਬ-ਡਵੀਜ਼ਨ ਵਿੱਚ ਕੁੱਲ 24 ਮਿਡਲ ਸਕੂਲ ਹਨ।

(ਅ) ਸਾਲ 1992-93 ਦੌਰਾਨ ਇਸ ਸਬ-ਡਵੀਜ਼ਨ ਵਿੱਚ ਕਿਸੇ ਪ੍ਰਾਇਮਰੀ ਸਕੂਲ ਨੂੰ ਮਿਡਲ ਪੱਧਰ ਤੱਕ ਅੱਪਗਰੇਡ ਕਰਨ ਦੀ ਕੋਈ ਤਜਵੀਜ਼ ਨਹੀਂ ਹੈ ।

ਸ੍ਰੀ ਮਦਨ ਮੋਹਨ ਮਿੱਤਲ : ਸਰ, 1992-93 ਵਿਚ ਇਨ੍ਹਾਂ ਨੇ ਕਿਹਾ ਹੈ ਕਿ ਕੋਈ ਨਹੀਂ ਹੋਇਆ। ਸਪੀਕਰ ਸਾਹਿਬ, ਕੀ ਮੰਤਰੀ ਜੀ ਦੱਸਣਗੇ ਕਿ ਆਉਣ ਵਾਲੇ ਸਾਲ 1993-94 ਵਿੱਚ ਕੋਈ ਸਕੂਲ ਅੱਪਗਰੇਡ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਸਾਰੀ ਸਟੇਟ ਵਿੱਚ ਅਗਲੇ ਸਾਲ 200 ਪ੍ਰਾਇਮਰੀ ਤੋਂ ਮਿਡਲ ਸਕੂਲ ਅੱਪਗਰੇਡ ਕਰਨੇ ਹਨ, ਉਸ ਵਿਚ ਅਗਰ ਉਥੇ ਲੋੜ ਹੋਵੇਗੀ ਤਾਂ ਉਹ ਵੀ ਵਿਚਾਰਿਆ ਜਾਵੇਗਾ ।

ਸ਼੍ਰੀ ਮਦਨ ਮੋਹਨ ਮਿੱਤਲ: ਸਰ, ਮੇਰਾ ਪ੍ਰਸ਼ਨ ਹੈ ਕਿ ਸਰਕਾਰ ਅਗਲੇ ਸਾਲ 200 ਸਕੂਲ ਅੱਪਗਰੇਡ ਕਰ ਰਹੀ ਹੈ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਆਨੰਦਪੁਰ ਸਾਹਿਬ ਸਬ-ਡਵੀਜ਼ਨ ਦਾ ਕੋਈ ਸਕੂਲ ਇਨ੍ਹਾਂ ਦੀ ਲਿਸਟ ਵਿੱਚ ਹੈ ?

ਸ਼੍ਰੀ ਸਪੀਕਰ: ਮਿੱਤਲ ਜੀ, ਇਨ੍ਹਾਂ ਨੇ ਕਿਹਾ ਹੈ ਕਿ ਅਸੀਂ ਕਨਸਿਡਰ ਕਰ ਰਹੇ ਹਾਂ। ਤੁਹਾਡਾ ਬਲਾਕ ਵੀ ਵਿਚਾਰਿਆ ਜਾਵੇਗਾ।

ਸ਼੍ਰੀ ਹਰਬੰਸ ਲਾਲ: ਸਪੀਕਰ ਸਾਹਿਬ, ਇਨ੍ਹਾਂ ਨੇ ਦੱਸਿਆ ਹੈ ਕਿ 200 ਸਕੂਲ ਪ੍ਰਾਇਮਰੀ ਤੋਂ ਅੱਪਗਰੇਡ ਕਰਨੇ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਬਾਰੇ ਲਿਸਟ ਬਣ ਚੁੱਕੀ ਹੈ ਜਾਂ ਕਿ ਨਵੇਂ ਸਿਰੇ ਤੋਂ ਬਣਨੀ ਹੈ ?

ਮੰਤਰੀ: ਹਾਲੇ ਕੋਈ ਲਿਸਟ ਨਹੀਂ ਬਣੀ ਜੀ।

ਡਾਕਟਰ ਰਮੇਸ਼ ਦੱਤ: ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਸਕੂਲ ਪ੍ਰਾਇਮਰੀ ਤੋਂ ਮਿਡਲ ਅੱਪਗਰੇਡ ਕਰਨੇ ਹਨ। ਕੀ ਇਸ ਬਾਰੇ ਸਟੂਡੈਂਟਸ ਦੀ ਗਿਣਤੀ, ਬੈਕਵਰਡ ਏਰੀਆ, ਜਾਂ ਇਕ ਸਕੂਲ ਤੋਂ ਦੂਸਰੇ ਸਕੂਲ ਤੱਕ ਦਾ ਡਿਸਟੈਂਸ ਨੂੰ ਕਰਾਈ-ਟੇਰੀਆ ਫਿਕਸ ਕੀਤਾ ਜਾਣਾ ਹੈ ਔਰ ਕੀ ਸੈਮੀ-ਹਿੱਲ ਏਰੀਆ ਨੂੰ ਅਜਿਹਾ ਕਰਨ ਵੇਲੇ ਕੋਈ ਪਰੈਫਰੈਂਸ ਦਿੱਤੀ ਜਾਵੇਗੀ ?

ਮੰਤਰੀ: ਸਪੀਕਰ ਸਾਹਿਬ, ਜਿਸ ਤਰ੍ਹਾਂ ਕਿ ਹਮੇਸ਼ਾ ਹੁੰਦਾ ਹੈ ਇਲਾਕੇ ਦੀ ਲੋੜ, ਉਥੇ ਦੇ ਇਰਦ-ਗਿਰਦ ਦੇ ਸਕੂਲ ਔਰ ਸਟੂਡੈਂਟਸ ਦੀ ਜਿਹੜੀ ਸੰਖਿਆ ਹੈ ਉਸ ਨੂੰ ਵੇਖ ਕੇ ਉਸ ਅਨੁਸਾਰ ਹੀ ਸਕੂਲ ਅੱਪਗਰੇਡ ਕੀਤੇ ਜਾਂਦੇ ਹਨ।

ਰਾਜ ਵਿਚ ਸਕੂਲਾਂ ਨੂੰ ਅਪਗਰੇਡ ਕਰਨਾ

*758. **ਸ਼੍ਰੀ ਹੰਸ ਰਾਜ ਜੋਸਨ**: ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ, ਇਸ ਸਮੇਂ, ਵੱਖ ਵੱਖ ਹਾਈ ਅਤੇ ਮਿਡਲ ਸਕੂਲਾਂ ਦੀ ਗਿਣਤੀ ਕੁੱਲ ਕਿੰਨੀ ਕਿੰਨੀ ਹੈ ;

(ਅ) ਕੀ ਸਰਕਾਰ ਉਪਰੋਕਤ ਭਾਗ (ੳ) ਵਿਚ ਵਰਣਿਤ ਕੁਝ ਹਾਈ ਅਤੇ ਮਿਡਲ ਸਕੂਲਾਂ ਨੂੰ ਅੱਪਗਰੇਡ ਕਰਨ ਦਾ ਵਿਚਾਰ ਰੱਖਦੀ ਹੈ ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦੀ ਗਿਣਤੀ ਕਿੰਨੀ ਹੈ ?

ਸ਼੍ਰੀ ਹਰਨਾਮ ਦਾਸ ਜੌਹਰ: (ੳ) ਹਾਈ ਸਕੂਲ ... 1752

ਮਿਡਲ ਸਕੂਲ ... 1290

(ਅ) ਹਾਂ ਜੀ, ਸਾਲ 1992-93 ਦੇ ਦੌਰਾਨ 50 ਹਾਈ ਸਕੂਲਾਂ ਦਾ ਦਰਜਾ ਵਧਾ ਕੇ ਸੀਨੀਅਰ ਸੈਕੰਡਰੀ ਕਰਨ ਦੀ ਤਜਵੀਜ਼ ਹੈ। ਸਾਲ 1992-93 ਦੌਰਾਨ 10 ਮਿਡਲ ਸਕੂਲਾਂ ਦਾ ਦਰਜਾ ਵਧਾ ਕੇ ਹਾਈ ਸਕੂਲ ਕਰਨ ਦੀ ਤਜਵੀਜ਼ ਹੈ ਜੀ।

ਸ਼੍ਰੀ ਹੰਸ ਰਾਜ ਜੋਸਨ: ਸਪੀਕਰ ਸਾਹਿਬ, ਮੈਂ ਤੁਹਾਨੂੰ ਬੇਨਤੀ ਕਰਾਂਗਾ ਕਿ ਮੈਂ ਹੁਣੇ ਹੀ ਆ ਕੇ ਬੈਠਿਆ ਹਾਂ ਔਰ ਹੁਣੇ ਹੀ ਮੈਨੂੰ ਜਵਾਬ ਮਿਲਿਆ ਹੈ, ਇਸ ਲਈ ਮੇਰੇ ਲਈ ਕੋਈ ਸਪਲੀ-ਮੈਂਟਰੀ ਕਰਨੀ ਔਖੀ ਹੈ ਪਰ ਫਿਰ ਵੀ ਮੈਂ ਮੰਤਰੀ ਜੀ ਤੋਂ ਪੁੱਛਾਂਗਾ ਕਿ ਫਿਰੋਜ਼ਪੁਰ ਜ਼ਿਲ੍ਹਾ ਜੋ ਹੈ

ਉਹ ਬਾਰਡਰ ਦਾ ਜ਼ਿਲ੍ਹਾ ਹੈ ਔਰ ਬੈਕਵਰਡ ਜ਼ਿਲ੍ਹਾ ਹੈ। ਕੀ ਮੰਤਰੀ ਜੀ ਯਕੀਨ ਦਿਵਾਉਣਗੇ ਕਿ ਜਦੋਂ ਸਕੂਲ ਅਪਗਰੇਡ ਕੀਤੇ ਜਾਣਗੇ ਸਰਕਾਰ ਵੱਲੋਂ ਤਾਂ ਉਸ ਵੇਲੇ ਜਿਹੜੇ ਬੈਕਵਰਡ ਏਰੀਆ ਅਤੇ ਬੈਕਵਰਡ ਜ਼ਿਲ੍ਹਾ ਹੈ ਉਥੋਂ ਦੇ ਸਕੂਲਾਂ ਨੂੰ ਅੱਪਗਰੇਡ ਕਰਨ ਵਿੱਚ ਪਹਿਲ ਦੇ ਆਧਾਰ ਤੇ ਵਿਚਾਰ ਕਰੇਗੀ ?

ਮੰਤਰੀ : ਸਪੀਕਰ ਸਾਹਿਬ, ਬੱਚਿਆਂ ਦੀ ਸਿਖਿਆ ਅਤੇ ਇਲਾਕੇ ਦੀ ਲੋੜ ਨੂੰ ਮੁੱਖ ਰੱਖਦੇ ਹੋਏ ਜਿਹੜੀ ਪਰਪੋਜ਼ਲ ਪਲਾਨਿੰਗ ਬੋਰਡ ਵਿੱਚ ਆਵੇਗੀ ਉਸ ਤੇ ਵਿਚਾਰ ਕਰਦੇ ਹੋਏ ਉਸ ਦੇ ਮੁਤਾਬਿਕ ਹੀ ਅੱਪਗਰੇਡ ਕਰਨ ਬਾਰੇ ਸੋਚਿਆ ਜਾਵੇਗਾ।

Starred Question No. 802*

Mr. Speaker: Extension has been asked for in respect of * 802.

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਤਾਂ ਕੋਈ ਇਨਫਰਮੇਸ਼ਨ ਡਿਸਟ੍ਰਿਕਟ ਲੈਵਲ ਤੋਂ ਕੁਲੈਕਟ ਕਰਨੀ ਸੀ ਤਾਂ ਐਕਸਟੈਨਸ਼ਨ ਦੇਣੀ ਠੀਕ ਸੀ। ਪਰ ਇਸ ਪ੍ਰਸ਼ਨ ਦਾ ਜਵਾਬ ਤਾਂ ਆਲਰੈਡੀ ਮੇਰੇ ਕੋਲ ਹੈ ਅਤੇ ਕੇਵਲ ਚੰਡੀਗੜ੍ਹ ਤੋਂ ਹੀ ਇਨ-ਫਰਮੇਸ਼ਨ ਕੁਲੈਕਟ ਕਰਨੀ ਸੀ ਅਤੇ ਉਹ ਵੀ ਕੇਵਲ ਇਕ ਨੁਕਤੇ ਉਤੇ। ਕੀ ਜਿਨ੍ਹਾਂ ਦੀ ਨੌਮੀ-ਨੇਸ਼ਨ ਕੀਤੀ ਗਈ ਹੈ ਉਨ੍ਹਾਂ ਦੇ ਫਾਰਮ ਵਿਚ ਫਾਦਰ ਦੇ ਆਕੂਪੇਸ਼ਨ ਬਾਰੇ ਕਾਲਮ ਬਣਾਇਆ ਸੀ ਜਾਂ ਨਹੀਂ, ਜੇਕਰ ਨਹੀਂ ਤਾਂ ਕਿਉਂ ? ਮੈਨੂੰ ਇਸ ਪ੍ਰਸ਼ਨ ਦਾ ਜਵਾਬ ਮਿਲਣਾ ਚਾਹੀਦਾ ਹੈ।

Mr. Speaker: Extension has been granted. We will have to wait till then.

ਕਾਮਰੇਡ ਹਰਦੇਵ ਸਿੰਘ ਅਰਸ਼ੀ: ਮੇਰੀ ਬੇਨਤੀ ਹੈ ਕਿ ਮੈਨੂੰ ਇਸ ਸੈਸ਼ਨ ਦੇ ਵਿੱਚ ਹੀ ਇਸ ਸਵਾਲ ਦਾ ਜਵਾਬ ਮਿਲਣਾ ਚਾਹੀਦਾ ਹੈ। ਤਦ ਹੀ ਮੈਂ ਤੁਹਾਡੀ ਐਕਸਟੈਨਸ਼ਨ ਨਾਲ ਐਗਰੀ ਹੋਵਾਂਗਾ।

Mr. Speaker: You cannot question my discretion.

Minister for Parliamentary Affairs: There is no question of agreement. He should withdraw his words.

ਕਾਮਰੇਡ ਹਰਦੇਵ ਸਿੰਘ ਅਰਸ਼ੀ : ਮੇਰੀ ਬੇਨਤੀ ਤਾਂ ਇਹ ਹੈ ਕਿ ਮੈਨੂੰ ਇਸ ਸਵਾਲ ਦਾ ਜਵਾਬ ਇਸ ਸੈਸ਼ਨ ਦੇ ਦੌਰਾਨ ਮਿਲਣਾ ਚਾਹੀਦਾ ਹੈ।

Mr. Speaker : I have granted extension and I will have to wait till then.

Minister for Parliamentary Affairs : He has said, "I will only agree." This is objectionable. He cannot say such things about Speaker's Ruling. He should withdraw or it may be expunged because he cannot say that he will not agree with the Speaker's Ruling. This is most objectionable.

ਕਾਮਰੇਡ ਹਰਦੇਵ ਸਿੰਘ ਅਰਸ਼ੀ: ਸਪੀਕਰ ਸਾਹਿਬ, ਸੰਸਦੀ ਮਾਮਲਿਆਂ ਬਾਰੇ ਮੰਤਰੀ ਮੇਰੀ ਗੱਲ ਨੂੰ ਗਲਤ ਇੰਟਰਪਰੈਟ ਕਰ ਰਹੇ ਹਨ। ਮੈਂ ਤੁਹਾਡੀ ਰੂਲਿੰਗ ਨੂੰ ਕੁਐਸਚਨ ਨਹੀਂ ਕੀਤਾ। ਤੁਸੀਂ ਐਕਸਟੈਨਸ਼ਨ ਠੀਕ ਦਿੱਤੀ ਹੈ। ਮੇਰੀ ਬੇਨਤੀ ਤਾਂ ਇੰਨੀ ਹੈ ਕਿ ਮੈਨੂੰ ਇਸ ਸੈਸ਼ਨ ਦੇ ਦੌਰਾਨ ਜਵਾਬ ਮਿਲਣਾ ਚਾਹੀਦਾ ਹੈ।

Mr. Speaker: You cannot question my discreation. It cannot be questioned in the House. We come to the next Question.

---

*For Starred Question No,802 and reply thereto, please see Appendix to this Debate.

ਨੰਗਲ ਵਿਖੇ ਡਭੇਟਾ ਕਲੋਨੀ ਵਿੱਚ ਅਣ-ਅਧਿਕਾਰਤ ਉਸਾਰੀ

*688. **ਡਾਕਟਰ ਰਮੇਸ਼ ਦੱਤ** : ਕੀ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਾਲ 1991-92 ਵਿੱਚ ਨੰਗਲ ਟਾਊਨਸ਼ਿਪ ਵਿੱਚ ਡਭੇਟਾ ਕਲੋਨੀ ਵਿਖੇ ਆਬਾਦਕਾਰੀ ਐਕਟ ਦੇ ਉਪਬੰਧਾਂ ਦੀ ਉਲੰਘਣਾ ਕਰਕੇ ਅਣ-ਅਧਿਕਾਰਤ ਮਕਾਨ (ਫਲੈਟਸ) ਬਣਾਏ ਗਏ; ਜੇਕਰ ਅਜਿਹਾ ਹੋਵੇ ਤਾਂ, ਆਬਾਦਕਾਰੀ ਐਕਟ ਦੀ ਉਲੰਘਣਾ ਕਰਨ ਲਈ ਕੀਤੀ ਗਈ ਕਾਰਵਾਈ ਦੇ ਵੇਰਵੇ ਕੀ ਹਨ ?

Chaudhary Jagjit Singh : No Sir. The construction of flats does not violate the provisions of the Punjab Regulation of Colonies Act 1975.

ਡਾਕਟਰ ਰਮੇਸ਼ ਦੱਤ : ਸਪੀਕਰ ਸਾਹਿਬ, ਕੀ ਮੰਤਰੀ ਜੀ ਦੱਸਣਗੇ ਕਿ ਜੇਕਰ ਫਲੈਟਾਂ ਦੀ ਉਸਾਰੀ ਰੂਲਾਂ ਨੂੰ ਵਾਇਓਲੇਟ ਨਹੀਂ ਕਰਦੀ ਤਾਂ ਉਥੇ ਜਿਸ ਆਦਮੀ ਦੀ ਜ਼ਮੀਨ ਤੇ ਫਲੈਟ ਬਣ ਰਹੇ ਹਨ, ਉਸਦੀ ਕੰਸਟਰਕਸ਼ਨ ਬੰਦ ਕਿਉਂ ਕੀਤੀ ਗਈ ਅਤੇ ਨਕਸ਼ੇ ਜ਼ਬਤ ਕਿਉਂ ਕੀਤੇ ਗਏ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਜਵਾਬ ਬੜਾ ਕਲੀਅਰ ਦਿੱਤਾ ਹੈ। ਇਨ੍ਹਾਂ ਨੇ ਜਿਸ ਪਿੰਡ ਦਾ ਜ਼ਿਕਰ ਕੀਤਾ ਹੈ ਉਥੇ ਭਾਖੜਾ ਮੈਨੇਜਮੈਂਟ ਬੋਰਡ ਦੇ ਫਲੈਟ ਬਣੇ ਹੋਏ ਹਨ ਅਤੇ ਉਥੇ ਭਾਖੜਾ ਮੈਨੇਜਮੈਂਟ ਬੋਰਡ ਦੇ ਕਰਮਚਾਰੀ ਰਹਿੰਦੇ ਹਨ। ਉਥੇ ਇਸ ਤਰ੍ਹਾਂ ਦਾ ਕੇਸ ਸਾਡੇ ਨੋਟਿਸ ਵਿਚ ਕੋਈ ਨਹੀਂ ਆਇਆ ।

ਸ਼੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਮੰਤਰੀ ਜੀ ਨੇ ਕਿਹਾ ਹੈ ਕਿ ਜਿਹੜੇ ਭਾਖੜਾ ਮੈਨੇਜਮੈਂਟ ਬੋਰਡ ਦੇ ਮਕਾਨ ਉਥੇ ਕੰਸਟਰਕਟ ਹੋਏ ਹਨ ਉਸਦੀ ਗੱਲ ਨਹੀਂ ਹੋ ਰਹੀ । ਇਹ ਜਿਹੜੀ ਅਣਔਥੋਰਾਈਜ਼ਡ ਕੰਸਟਰਕਸ਼ਨ ਹੈ ਉਹ ਪ੍ਰਾਈਵੇਟ ਵਿਅਕਤੀ ਵੱਲੋਂ ਕੀਤੀ ਗਈ ਹੈ । ਕੀ ਉਹ ਵਿਦ-ਇਨ ਰੂਲਜ਼ ਸੀ ? ਜੇਕਰ ਵਿਦ-ਇਨ ਰੂਲਜ਼ ਸੀ ਤਾਂ ਫਿਰ ਉਸਦੀ ਕੰਸਟਰਕਸ਼ਨ ਰੋਕੀ ਕਿਉਂ ਗਈ। ਉਥੇ ਨੋਟੀਫਾਈਡ ਏਰੀਆ ਕਮੇਟੀ ਵੱਲੋਂ ਨਕਸ਼ੇ ਰੋਕ ਲਏ ਗਏ। Was it a violation of Construction Rules or violation of the Colonization Rules.

ਰਾਜ ਮੰਤਰੀ : ਸਪੀਕਰ ਸਾਹਿਬ, ਜਿਥੋਂ ਤੱਕ ਕੋਲੋਨਾਈਜੇਸ਼ਨ ਰੂਲਜ਼ ਦਾ ਤੁਅੱਲਕ ਹੈ, ਉਥੇ ਕਲੋਨੀ ਪਹਿਲਾਂ ਹੀ ਬਣੀ ਹੋਈ ਹੈ। ਫਲੈਟਾਂ ਦੀ ਗੱਲ ਸਾਡੇ ਨੋਟਿਸ ਵਿੱਚ ਕੋਈ ਨਹੀਂ ਹੈ ਜੀ ।

ਸ਼੍ਰੀ ਸਪੀਕਰ : ਮਿੱਤਲ ਜੀ, ਤੁਸੀਂ ਜੇਕਰ ਕੋਈ ਸਪੈਸੀਫਿਕ ਇਨਫਰਮੇਸ਼ਨ ਚਾਹੁੰਦੇ ਹੋ ਤਾਂ ਵੱਖਰੇ ਤੌਰ ਤੇ ਲਿਖ ਕੇ ਦੇ ਦਿਓ।

ਚੰਡੀਗੜ੍ਹ ਤੋਂ ਸਰਹਿੰਦ ਤਕ ਬਰਾਸਤਾ ਚੁੰਨੀ ਬੱਸਾਂ ਚਲਾਉਣਾ

*718. **ਸਰਦਾਰ ਹਰਗੋਪਾਲ ਸਿੰਘ ਐਡਵੋਕੇਟ** : ਕੀ ਟ੍ਰਾਂਸਪੋਰਟ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਚੰਡੀਗੜ੍ਹ ਤੋਂ ਸਰਹਿੰਦ ਤੱਕ ਬਰਾਸਤਾ ਚੁੰਨੀ ਇਸ ਵਕਤ ਚਲ ਰਹੇ ਪੈਪਸੂ ਰੋਡ ਟ੍ਰਾਂਸਪੋਰਟ [illegible] ਦੇ ਰੂਟਾਂ ਦੀ ਕੁਲ ਗਿਣਤੀ ਕਿੰਨੀ ਹੈ ;

(ਅ) ਪਿਛਲੇ ਤਿੰਨ ਮਹੀਨਿਆਂ ਦੇ ਦੌਰਾਨ ਉਪਰੋਕਤ ਭਾਗ (ੳ) ਵਿਚ ਵਰਣਿਤ ਰੂਟਾਂ ਤੇ ਆਉਣ ਤੇ ਜਾਣ ਦੇ ਕਿੰਨੇ ਗੇੜੇ ਨਹੀਂ ਲੱਗ ਸਕੇ ?

ਮਾਸਟਰ ਜਾਗੀਰ ਸਿੰਘ: (ੳ) ਪੈਪਸੂ ਰੋਡ ਟ੍ਰਾਂਸਪੋਰਟ ਕਾਰਪੋਰੇਸ਼ਨ ਦੇ ਚਾਰ ਰੂਟ ਚੰਡੀਗੜ੍ਹ ਸਰਹੰਦ ਵਾਇਆ ਚੂੰਨੀ ਜਾਂਦੇ ਹਨ ।

ਪੰਜਾਬ ਰੋਡਵੇਜ਼ ਨੂੰ ਇਸ ਸਮੇਂ ਚੰਡੀਗੜ੍ਹ-ਸਰਹਿੰਦ ਵਾਇਆ ਚੂੰਨੀ ਰੂਟ ਤੇ 8 ਵਾਪਸੀ ਫੇਰੇ ਮਨਜ਼ੂਰ ਕੀਤੇ ਹੋਏ ਹਨ। ਜਨਤਾ ਦੀ ਮੰਗ ਕਾਰਨ ਵਾਧੂ ਟਰਿਪ ਵੀ ਚਲਾਏ ਜਾ ਰਹੇ ਹਨ । ਕੁੱਲ ਮਿਲਾਕੇ 13 ਵਾਪਸੀ ਫੇਰੇ ਚੰਡੀਗੜ੍ਹ-ਸਰਹਿੰਦ ਰੂਟ ਤੇ ਇਸ ਸਮੇਂ ਪੰਜਾਬ ਰੋਡਵੇਜ਼ ਵਲੋਂ ਚਲਾਏ ਜਾ ਰਹੇ ਹਨ ।

(ਅ) ਪੈਪਸੂ ਟਰਾਂਸਪੋਰਟ ਕਾਰਪੋਰੇਸ਼ਨ ਵਲੋਂ ਪਿਛਲੇ ਤਿੰਨ ਮਹੀਨਿਆਂ ਦੌਰਾਨ ਇਸ ਰੂਟ ਤੇ 736 ਵਿਚੋਂ 251 ਰੂਟ ਮਿਸ ਕੀਤੇ ਗਏ ।

ਪੰਜਾਬ ਰੋਡਵੇਜ਼ ਵਲੋਂ ਪਿਛਲੇ ਤਿੰਨ ਮਹੀਨਿਆਂ ਦੌਰਾਨ ਕੋਈ ਸ਼ਡਿਊਲਡ ਟਰਿਪ ਮਿਸ ਨਹੀਂ ਕੀਤਾ ।

ਸਰਦਾਰ ਹਰਗੋਪਾਲ ਸਿੰਘ ਐਡਵੋਕੇਟ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਆਪਣੇ ਉੱਤਰ ਦੇ ਭਾਗ 'ਅ' ਵਿੱਚ ਕਿਹਾ ਕਿ 736 ਰੂਟਾਂ ਵਿਚੋਂ 251 ਮਿਸ ਕੀਤੇ ਗਏ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਰੂਟ ਮਿਸ ਕੀਤੇ ਗਏ ਉਹ ਡਰਾਈਵਰ, ਕੰਡਕਟਰਾਂ ਵਲੋਂ ਜਾਣਬੁਝ ਕੇ ਮਿਸ ਕੀਤੇ ਗਏ ਜਾਂ ਕਿ ਸਰਕਾਰ ਦੇ ਹੁਕਮ ਨਾਲ ਮਿਸ ਕੀਤੇ ਗਏ ? ਕੀ ਮੰਤਰੀ ਜੀ ਇਹ ਵੀ ਭਰੋਸਾ ਦਿਵਾਉਣਗੇ ਕਿ ਅੱਗੇ ਨੂੰ ਇਹ ਰੂਟ ਮਿਸ ਨਹੀਂ ਕੀਤੇ ਜਾਣਗੇ ?

ਰਾਜ ਮੰਤਰੀ: ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਨੂੰ ਦੱਸਣਾ ਚਾਹੁੰਦਾ ਹਾਂ ਕਿ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਕੋਲ 736 ਕੁੱਲ ਰੂਟ ਹਨ ਜੋ ਸਿੱਧੇ ਵਾਯਾ ਮੋਰਿੰਡਾ ਮਨਜ਼ੂਰ ਸਨ, ਲੇਕਿਨ ਲੋਕਾਂ ਦੀ ਮੰਗ ਨੂੰ ਮੁੱਖ ਰੱਖਦੇ ਹੋਏ ਸਿੱਧੇ ਜਾਣ ਦੀ ਬਜਾਏ ਚੂੰਨੀ ਪਿੰਡ ਦੇ ਵਿਚੋਂ ਦੀ ਵੀ ਜਾਂਦੇ ਹਨ, ਲੇਕਿਨ ਇਨ੍ਹਾਂ ਵਿਚੋਂ ਕੁਝ ਰੂਟ ਮਿਸ ਹੋਏ, ਕਿਉਂਕਿ ਉਹ ਸਿੱਧੇ ਵੀ ਚਲੇ ਜਾਂਦੇ ਹਨ, ਕਿਉਂਕਿ ਉਨ੍ਹਾਂ ਕੋਲ ਰੂਟ ਹੀ ਸਿੱਧੇ ਜਾਣ ਦੇ ਹਨ।

ਸਰਦਾਰ ਹਰਗੋਪਾਲ ਸਿੰਘ ਐਡਵੋਕੇਟ : ਸਪੀਕਰ ਸਾਹਿਬ, ਜਵਾਬ ਸਮਝ ਵਿੱਚ ਨਹੀਂ ਆਇਆ ?

ਸ੍ਰੀ ਸਪੀਕਰ: ਮਾਸਟਰ ਜੀ ਨੇ ਜਵਾਬ ਬੜਾ ਕਲੀਅਰ ਦਿਤਾ ਹੈ, ਤੁਸੀਂ ਕੋਈ ਹੋਰ ਸਪਲੀਮੈਂਟਰੀ ਪੁੱਛ ਲਵੋ।

ਸਰਦਾਰ ਹਰਗੋਪਾਲ ਸਿੰਘ ਐਡਵੋਕੇਟ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਚੰਡੀਗੜ੍ਹ ਤੋਂ ਸਰਹਿੰਦ ਜੋ ਬੱਸਾਂ ਵਾਇਆ ਖਰੜ ਜਾਂਦੀਆਂ ਹਨ, ਖਰੜ ਅਤੇ ਮੋਰਿੰਡਾ ਤੋਂ ਕੁਝ ਪ੍ਰਾਈਵੇਟ ਬੱਸਾਂ ਵੀ ਚਲਦੀਆਂ ਹਨ ਅਤੇ ਇਨ੍ਹਾਂ ਦੇ ਟਾਈਮ ਆਪਸ ਵਿੱਚ ਤਕਰੀਬਨ ਮੇਲ ਖਾਂਦੇ ਹਨ, ਕੀ ਡਰਾਈਵਰ ਕੰਡਕਟਰ ਉਨ੍ਹਾਂ ਨਾਲ ਮਿਲ ਕੇ ਤਾਂ ਟਾਈਮ ਮਿਸ ਨਹੀਂ ਕਰਦੇ ?

ਰਾਜ ਮੰਤਰੀ : ਜੇ ਕੋਈ ਸਬੂਤ ਹੈ ਤਾਂ ਲਿਖ ਕੇ ਭੇਜ ਦਿਓ, ਮੈਂ ਇਨਕੁਆਇਰੀ ਕਰਵਾ ਲਵਾਂਗਾ ।

ਸ੍ਰੀ ਸਪੀਕਰ : ਅਗਲਾ ਸਵਾਲ ਨੰ: 707 ਸਰਦਾਰ ਇੰਦਰਜੀਤ ਸਿੰਘ ਜ਼ੀਰਾ।

(ਇਸ ਵੇਲੇ ਮਾਨਯੋਗ ਮੈਂਬਰ ਸਰਦਾਰ ਇੰਦਰਜੀਤ ਸਿੰਘ ਜ਼ੀਰਾ ਆਪਣਾ ਸਵਾਲ ਪੇਸ਼ ਕਰਨ ਲਈ ਖੜ੍ਹੇ ਨਹੀਂ ਹੋਏ)

Mr. Speaker: Question No. 707 not put. Next question.

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਸਪੀਕਰ ਸਾਹਿਬ, ਮੇਰਾ ਸਵਾਲ ਨੰ: 707 ਹੈ।

ਸ੍ਰੀ ਸਪੀਕਰ : ਮੈਂ ਜ਼ੀਰਾ ਜੀ, ਤੁਹਾਨੂੰ ਆਪਣਾ ਸਵਾਲ ਪੁੱਟ ਕਰਨ ਲਈ ਕਿਹਾ ਸੀ ਪਰ ਤੁਸੀਂ ਪਹਿਲਾਂ ਖੜ੍ਹੇ ਨਹੀਂ ਹੋਏ। ਇਸ ਲਈ ਮੈਂ ਕਹਿ ਦਿੱਤਾ ਹੈ 'ਨਾਟ ਪੁੱਟ' ਅਤੇ ਸਰਦਾਰ ਹਰ-ਗੋਪਾਲ ਸਿਘ ਨੂੰ ਆਪਣਾ ਸਵਾਲ ਪੁੱਟ ਕਰਨ ਲਈ ਕਹਿ ਦਿੱਤਾ ਹੈ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਰ, ਕਿਸੇ ਨੇ ਵੀ ਨਹੀਂ ਸੁਣਿਆ।

Mr. Speaker: As a special case ਤੁਸੀਂ ਪੁੱਟ ਕਰ ਲਵੋ, ਪਰ ਅੱਗੇ ਤੋਂ ਧਿਆਨ ਨਾਲ ਬੈਠਿਆ ਕਰੋ।

ਜ਼ੀਰਾ ਵਿਖੇ ਬੱਸ ਅੱਡੇ ਦਾ ਨੀਂਹ ਪੱਥਰ ਰੱਖਣਾ

*707. **ਸਰਦਾਰ ਇੰਦਰਜੀਤ ਸਿੰਘ ਜ਼ੀਰਾ** : ਕੀ ਟ੍ਰਾਂਸਪੋਰਟ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਜ਼ੀਰਾ ਵਿਖੇ ਬੱਸ ਅੱਡੇ ਦਾ ਨੀਂਹ ਪੱਥਰ ਕਿਸ ਤਰੀਕ ਨੂੰ ਰੱਖਿਆ ਗਿਆ ਸੀ ਅਤੇ ਉਕਤ ਨੀਂਹ ਪੱਥਰ ਰੱਖਣ ਵਾਲੇ ਉਚ-ਅਧਿਕਾਰੀ ਦਾ ਨਾਂ ਕੀ ਹੈ;

(ਅ) ਟ੍ਰਾਂਸਪੋਰਟ ਵਿਭਾਗ ਦੁਆਰਾ ਨੀਂਹ ਪੱਥਰ ਰੱਖਣ ਦੀ ਰਸਮ ਤੇ ਕੱਲ ਕਿੰਨਾ ਖਰਚ ਕੀਤਾ ਗਿਆ ?

ਮਾਸਟਰ ਜਾਗੀਰ ਸਿੰਘ : (ੳ ਤੇ ਅ) ਬੱਸ ਸਟੈਂਡ ਜ਼ੀਰਾ ਦੀ ਉਸਾਰੀ ਲੋਕ ਨਿਰਮਾਣ ਵਿਭਾਗ (ਭ ਅਤੇ ਮ) ਵੱਲੋਂ ਕੀਤੀ ਗਈ ਸੀ। ਇਸ ਉਸਾਰੀ ਉਪਰ 7,74,408.00 ਰੁਪਏ ਖਰਚ ਹੋਏ ਸਨ। ਇਸ ਬੱਸ ਸਟੈਂਡ ਦਾ ਉਦਘਾਟਨ ਕਰਨ ਦਾ ਪੱਖਰ ਉਸ ਸਮੇਂ ਦੇ ਰਾਜ ਮੰਤਰੀ ਟ੍ਰਾਂਸਪੋਰਟ ਸ੍ਰੀ ਸੁਖਦੇਵ ਸਿੰਘ ਢੀਂਡਸਾ ਵੱਲੋਂ ਰੱਖਿਆ ਗਿਆ ਸੀ। ਉਦਘਾਟਨ ਕਰਨ ਦੀ ਰਸਮ ਉਪਰ 7[illegible].07 ਰੁਪਏ ਖਰਚ ਹੋਏ ਸੀ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਦੋਬਾਰਾ ਸਵਾਲ ਕਰਨ ਦਾ ਮੌਕਾ ਦਿਤਾ ਹੈ। ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ 7,74,408.00 ਰੁਪਏ ਵਿਚੋਂ ਕਿੰਨੇ ਰੁਪਏ ਬਿਲਡਿੰਗ ਤੇ ਅਤੇ ਕਿੰਨੇ ਰੁਪਏ ਪੈਟਰੋਲ ਪੰਪ ਤੇ ਲਗਾਏ ਗਏ ਹਨ ?

ਰਾਜ ਮੰਤਰੀ : ਸਪੀਕਰ ਸਾਹਿਬ, ਇਸ ਮਾਮਲੇ ਬਾਰੇ ਮੈਂ ਮਾਨਯੋਗ ਮੈਂਬਰ ਨੂੰ ਦੱਸਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਪਿਛਲੇ ਸੈਸ਼ਨ ਦੇ ਵਿੱਚ ਵੀ ਇਹ ਸਵਾਲ ਲਿਆਂਦਾ ਸੀ, ਹੁਣ ਫਿਰ ਦੋਬਾਰਾ ਲੈ ਆਂਦਾ ਹੈ, ਮੈਨੂੰ ਕੋਈ ਇਤਰਾਜ਼ ਨਹੀਂ ਜੇ ਤੁਸੀਂ ਹੁਕਮ ਕਰੋ ਤਾਂ ਮੈਂ ਮਾਨਯੋਗ ਮੈਂਬਰ ਸਾਹਿਬ

ਨੂੰ ਦਸਦਾ ਹਾਂ ਕਿ 1975-76 ਵਿਚ ਬੱਸ ਸਟੈਂਡ, ਜ਼ੀਰਾ ਨੇ ਕੰਮ ਸ਼ੁਰੂ ਕੀਤਾ। ਉਥੇ ਨੀਂਹ ਪੱਥਰ ਕਿਸੇ ਨੇ ਵੀ ਨਹੀਂ ਰੱਖਿਆ। ਬੀ. ਐਂਡ. ਆਰ. ਨੇ ਸਿੱਧਾ ਕੰਮ ਸ਼ੁਰੂ ਕਰ ਦਿੱਤਾ ਸੀ। ਉਥੇ ਜਿੰਨੀ ਰਾਸ਼ੀ ਖਰਚ ਹੋਈ ਹੈ, ਉਹ ਮੈਂ ਦੱਸ ਦਿੱਤੀ ਹੈ। ਪੈਟਰੋਲ ਪੰਪ ਬਾਰੇ ਇਹ ਸੈਪਰੇਟ ਸਵਾਲ ਦੇ ਦੇਣ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ: ਸਪੀਕਰ ਸਾਹਿਬ, ਮੇਰਾ ਸਵਾਲ ਤਾਂ ਬੜਾ ਸਿੱਧਾ ਹੈ ਕਿ ਬਿਲਡਿੰਗ ਤੇ ਕਿੰਨੇ ਰੁਪਏ ਖਰਚੇ ਅਤੇ ਪੈਟਰੋਲ ਪੰਪ ਤੇ ਕਿੰਨੇ ਰੁਪਏ ਲੱਗੇ। ਇਸ ਬਾਰੇ ਵੱਖਰਾ ਸਵਾਲ ਨਹੀਂ ਬਣਦਾ।

ਰਾਜ ਮੰਤਰੀ: ਸਪੀਕਰ ਸਾਹਿਬ, ਇਨ੍ਹਾਂ ਦਾ ਤਾਂ ਸਵਾਲ ਹੀ ਬੜਾ ਕਲੀਅਰ ਹੈ ਕਿ:

"(a) the date on which the foundation stone of Bus- stand at Zira was laid together with the name of the dignitory who laid the said foundation stone;

(b) the total expenditure incurred by the Transport Department on the foundation stone laying ceremony?"

ਇਸ ਵਿੱਚ ਤਾਂ ਪੈਟਰੋਲ ਪੰਪ ਦੀ ਗੱਲ ਹੀ ਨਹੀਂ ਕੀਤੀ ਗਈ। ਇਸ ਲਈ ਇਨ੍ਹਾਂ ਨੂੰ ਪੈਸੇ ਦੀ ਗੱਲ ਨਹੀਂ ਕਰਨੀ ਚਾਹੀਦੀ ਸੀ। (ਥੰਪਿੰਗ)

ਸਰਦਾਰ ਇੰਦਰਜੀਤ ਸਿੰਘ ਜ਼ੀਰਾ: ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਕਹਾਂਗਾ ਕਿ ਮੈਂ ਸਵਾਲ ਪੰਜਾਬੀ ਵਿੱਚ ਕੀਤਾ ਹੈ, ਇਸ ਲਈ ਇਹ ਪੰਜਾਬੀ ਵਿੱਚ ਹੀ ਜਵਾਬ ਦੇਣ।

ਸ੍ਰੀ ਸਪੀਕਰ: ਮਾਸਟਰ ਜੀ, ਇਸ ਸਵਾਲ ਦਾ ਜਵਾਬ ਤੁਸੀਂ ਆਪੇ ਹੀ ਦਿੱਤਾ ਹੈ, ਮੈਂ ਪੁਛਵਾਇਆ ਨਹੀਂ ਸੀ।

ਪਿੰਡ ਕਾਹਨਗੜ੍ਹ, ਜ਼ਿਲ੍ਹਾ ਸੰਗਰੂਰ ਦੇ ਟਾਡਾ ਅਧੀਨ ਗ੍ਰਿਫਤਾਰ ਕੀਤੇ ਗਏ ਵਿਅਕਤੀ

*755. **ਸਰਦਾਰ ਹਰਗੋਪਾਲ ਸਿੰਘ ਐਡਵੋਕੇਟ:** ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਆਤੰਕਵਾਦੀ ਅਤੇ ਭੰਨ ਤੋੜ ਦੀਆਂ ਸਰਗਰਮੀਆਂ (ਰੋਕ) ਐਕਟ, 1987 ਅਧੀਨ ਪਿੰਡ ਕਾਹਨ-ਗੜ੍ਹ, ਤਹਿਸੀਲ ਸੁਨਾਮ, ਜ਼ਿਲ੍ਹਾ ਸੰਗਰੂਰ ਦੇ ਮਿਤੀ ਅੰਤ ਤੱਕ ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਦੀ ਗਿਣਤੀ ਅਤੇ ਵੇਰਵੇ ਕੀ ਕੀ ਹਨ ਅਤੇ ਉਨ੍ਹਾਂ ਥਾਣਿਆਂ/ਜੇਲ੍ਹਾਂ ਦੇ ਨਾਂ ਕੀ ਕੀ ਹਨ ਜਿਥੇ ਗ੍ਰਿਫਤਾਰ ਕੀਤੇ ਵਿਅਕਤੀ ਨਜ਼ਰਬੰਦ ਕੀਤੇ/ਰੱਖੇ ਗਏ ਹਨ?

Sardar Beant Singh: No person of village Kahangarh, Tehsil Sunam, District Sangrur has been arrested under T.A.D.A. to-day by the Punjab Police. However, former Sarpanch of this village Shri Jagjiwan Singh son of Shri Raunaq Singh was arrested by U. T. Chandigarh Police on 29th October, 1991 in case F. I. R. No. 170, dated 29th October, 1991, under section 212 Indian Penal Code, 25/24/59 Arms Act and 3/4/5 Tada, Police Station West, Chandigarh, on the charge of harbouring K. L. F. activists. At the time of his arrest, he was resident of H. No. 236, Milk Colony, Dhanas U. T. Chandigarh. Challan of this case was put in Court on 27th October, 1992 and Shri Jagjiwan Singh was released on bail on 11th December, 1991. This case is under trial.

ਸਰਦਾਰ ਹਰਗੋਪਾਲ ਸਿੰਘ ਐਡਵੋਕੇਟ : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਐਫ. ਆਈ. ਆਰ. ਨੰਬਰ 170 ਅਤੇ ਡੇਟ ਐਡਮਿਟ ਕੀਤੀ ਹੈ, ਕੀ ਉਹ ਕਿਸੇ ਕਾਂਗਰਸ (ਆਈ.) ਦੇ ਵਰਕਰ ਦੇ ਖਿਲਾਫ ਹੈ ?

ਸ੍ਰੀ ਸਪੀਕਰ : ਇਹ ਕੋਈ ਸਪਲੀਮੈਂਟਰੀ ਨਹੀਂ ਬਣਦਾ।

ਸਰਦਾਰ ਹਰਗੋਪਾਲ ਸਿੰਘ ਐਡਵੋਕੇਟ : ਇਸ ਨਾਲ ਸਬੰਧਤ ਹੈ। ਮੇਰੇ ਕੋਲ ਡਾਕੂਮੈਂਟ ਹਨ।

ਮੁੱਖ ਮੰਤਰੀ : ਇਸ ਦਾ ਜਵਾਬ ਤਾਂ ਨਹੀਂ ਬਣਦਾ ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਕਿਸੇ ਵੀ ਪਾਰਟੀ ਦਾ ਕੋਈ ਵੀ ਵਰਕਰ ਅਗਰ ਬੁਰਾ ਕੰਮ ਕਰੇਗਾ ਤਾਂ ਮੈਂ ਉਸ ਨੂੰ ਅੰਦਰ ਦੇਣ ਨੂੰ ਤਿਆਰ ਹਾਂ। (ਥੰਪਿੰਗ)

ਸਰਦਾਰ ਹਰਗੋਪਾਲ ਸਿੰਘ ਐਡਵੋਕੇਟ : ਸਪੀਕਰ ਸਾਹਿਬ, ਮੈਂ ਮਾਨਯੋਗ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਪ੍ਰਦੇਸ਼ ਕਾਂਗਰਸ (ਆਈ.) ਦਾ ਦਿੜ੍ਹਬਾ ਬਲਾਕ ਦਾ ਜਿਹੜਾ ਪ੍ਰਧਾਨ ਨਿਯੁਕਤ ਕੀਤਾ ਹੈ, ਉਸ ਤੇ ਉਨ੍ਹਾਂ ਦੇ ਦਸਤਖਤ ਹਨ। ਕੀ ਮੁੱਖ ਮੰਤਰੀ ਜੀ ਇਸ ਗੱਲ ਨਾਲ ਸਹਿਮਤ ਹਨ ਕਿ ਇਹ ਉਨ੍ਹਾਂ ਦੇ ਦਸਤਖਤ ਹਨ ?

Mr. Speaker : This is not the way of putting a supplementary. No supplementary, please.

Sardar Hargopal Singh Advocate : ** ** **

Mr. Speaker : This is not to be laid without my permission. It cannot be laid. I have not allowed you to put the supplementary. Nothing to form part of the record.

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਆਇਆ ਉਹ ਕਾਂਗਰਸ ਨਾਲ ਸਬੰਧਤ ਸੀ ਜਾਂ ਨਹੀਂ ?

ਸ੍ਰੀ ਸਪੀਕਰ : ਮੈਂ ਇਸੇ ਬੇਸਿਜ਼ ਤੇ ਅਗੇ ਹੀ ਡਿਸਅਲਾਓ ਕੀਤਾ ਹੈ। party considration is no considration.

ਮੁੱਖ ਮੰਤਰੀ : ਮੈਂ ਤਾਂ, ਸਪੀਕਰ ਸਾਹਿਬ, ਅਗੇ ਹੀ ਕਹਿ ਚੁੱਕਾ ਹਾਂ ਕਿ ਜੇ ਕੋਈ ਆਦਮੀ ਬੁਰੀ ਗੱਲ ਕਰਦਾ ਹੈ ਤਾਂ ਬੇਸ਼ਿਕ ਉਹ ਕਾਂਗਰਸ ਪਾਰਟੀ ਦਾ ਹੈ ਜਾਂ ਹੋਰ ਪਾਰਟੀ ਦਾ ਹੈ ਉਹ ਲਾਅ ਐਂਡ ਆਰਡਰ ਤੋਂ ਅਬੱਵ ਨਹੀਂ ਹੈ। (ਥੰਪਿੰਗ) ਇਸ ਤੋਂ ਵੱਡੀ ਗੱਲ ਮੈਂ ਹੋਰ ਨਹੀਂ ਕਹਿ ਸਕਦਾ। (ਵਿਘਨ) ਇਹ ਕਹਿੰਦੇ ਹਨ ਕਿ ਕਿਸ ਪਾਰਟੀ ਦਾ ਹੈ, ਮੰਨ ਲਓ ਉਹ ਸਾਡੀ ਪਾਰਟੀ ਦਾ ਬੰਦਾ ਹੈ ਉਹ ਵੀ ਲਾਅ ਤੋਂ ਅਬੱਵ ਨਹੀਂ ਹੈ। (ਵਿਘਨ) (ਸ਼ੋਰ)

ਪੰਜਾਬ ਰਾਜ ਬਿਜਲੀ ਬੋਰਡ ਦੁਆਰਾ ਟ੍ਰਾਂਸਫਾਰਮਾਂ ਦੀ ਖਰੀਦ

*745. **ਸ੍ਰੀ ਮਦਨ ਮੋਹਨ ਮਿੱਤਲ** : ਕੀ ਸਿੰਚਾਈ ਅਤੇ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਪੰਜਾਬ ਰਾਜ ਬਿਜਲੀ ਬੋਰਡ ਦੁਆਰਾ 1 ਅਪਰੈਲ, 1987 ਤੋਂ ਹੁਣ ਤੱਕ ਖਰੀਦੇ ਗਏ ਟ੍ਰਾਂਸਫਾਰਮਰਾਂ ਦੀ ਸਾਲਵਾਰ ਗਿਣਤੀ ਕਿੰਨੀ ਹੈ;

**Not recorded as ordered by the Chair.

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਸਾਰੇ ਟ੍ਰਾਂਸਫਾਰਮਰ ਚਾਲੂ ਹਾਲਤ ਵਿੱਚ ਹਨ ਅਤੇ ਪਾਵਰ ਲਾਈਨਾਂ ਤੇ ਕੰਮ ਕਰ ਰਹੇ ਹਨ ਅਤੇ ਉਨ੍ਹਾਂ ਟ੍ਰਾਂਸਫਾਰਮਰਾਂ ਦੀ ਗਿਣਤੀ ਕਿੰਨੀ ਹੈ ਜੋ ਸਟੋਰਾਂ ਵਿੱਚ ਪਏ ਹਨ ?

ਸ੍ਰੀ ਸੁਰਿੰਦਰ ਕਪੂਰ (ਰਾਜ ਮੰਤਰੀ ਸਿੰਚਾਈ ਅਤੇ ਬਿਜਲੀ): ਸੂਚਨਾ ਥੱਲੇ ਅਨੁਲੱਗ ਤੇ ਰੱਖੀ ਜਾਂਦੀ ਹੈ।

ਅਨੁਲੱਗ

(ੳ) 1 ਅਪਰੈਲ, 1987 ਤੋਂ ਅੱਜ ਮਿਤੀ ਤੱਕ ਪੰਜਾਬ ਰਾਜ ਬਿਜਲੀ ਬੋਰਡ ਦੁਆਰਾ ਖਰੀਦੇ ਗਏ ਟਰਾਂਸਫਾਰਮਰਾਂ ਦੀ ਵਰ੍ਹੇ-ਵਾਰ ਗਿਣਤੀ ਹੇਠ ਦਿੱਤੀ ਗਈ ਹੈ:—

ਸਾਲ		ਬਿਜਲੀ ਟਰਾਂਸਫਾਰਮਰ	ਵੰਡ ਟਰਾਂਸਫਾਰਮਰ
1987-88	...	29	15,363
1988-89	...	55	19,905
1989-90	...	30	14,882
1990-91	...	32	13,128
1991-92	...	18	15,391
1992-93	...	29	7,058
		193	85,727

(ਅ) ਬਿਜਲੀ/ਵੰਡ ਟਰਾਂਸਫਾਰਮਰਾਂ ਸਬੰਧੀ ਸਥਿਤੀ ਹੇਠ ਦਿੱਤੀ ਗਈ ਹੈ:—

(1) **ਬਿਜਲੀ ਟਰਾਂਸਫਾਰਮਰ**

ਸਾਰੇ ਬਿਜਲੀ ਟਰਾਂਸਫਾਰਮਰ ਚਾਲੂ ਹਾਲਤ ਵਿਚ ਹਨ ਅਤੇ ਬਿਜਲੀ ਲਾਈਨਾਂ ਉਤੇ ਕਾਰਜ ਕਰ ਰਹੇ ਹਨ, ਸਿਵਾਏ 2 ਟਰਾਂਸਫਾਰਮਰਾਂ ਦੇ, ਜਿਹੜੇ ਸੰਚਾਲਨ ਦੌਰਾਨ ਖਰਾਬ ਹੋ ਗਏ ਸਨ ਅਤੇ ਮੁਰੰਮਤ ਕੀਤੇ ਜਾ ਰਹੇ ਹਨ, ਕੋਈ ਵੀ ਬਿਜਲੀ ਟਰਾਂਸਫਾਰਮਰ ਸਟੋਰ ਵਿਚ ਨਹੀਂ ਪਿਆ ਹੈ।

(2) **ਵੰਡ ਟਰਾਂਸਫਾਰਮਰ**

ਸਿਸਟਮ ਵਿਚ ਸਥਾਪਤ ਕੀਤੇ ਗਏ ਸਾਰੇ ਟਰਾਂਸਫਾਰਮਾਂ ਨੂੰ ਚਾਲੂ ਹਾਲਤ ਵਿਚ ਰੱਖਣ ਲਈ ਕਾਇਮ ਰੱਖਿਆ ਗਿਆ ਹੈ। ਉਪਰੋਕਤ ਦੱਸੇ ਟਰਾਂਸਫਾਰਮਰਾਂ ਵਿਚੋਂ ਕੁਝ ਟਰਾਂਸਫਾਰਮਰ ਟਿਊਬ-ਵੈਲਾਂ ਦੀਆਂ ਪ੍ਰੇਰਣ (ਇੰਡਕਸ਼ਨ) ਮੋਟਰਾਂ ਦੇ ਪ੍ਰਤੀ ਕ੍ਰਿਆਸ਼ੀਲ (ਰੀ-ਐਕਟਿਵ) ਲੋਡ, ਮਨਜ਼ੂਰ ਕੀਤੇ

[ਰਾਜ ਮੰਤਰੀ, ਸਿੰਚਾਈ ਅਤੇ ਬਿਜਲੀ]

ਲੋਡ ਨਾਲੋਂ ਵੱਧ ਦਰਤਾ ਵਾਲੀਆਂ ਟਿਊਬਵੈਲ ਮੋਟਰਾਂ ਦੀ ਸਥਾਪਨਾ (ਕਿਉਂਕਿ ਪਾਣੀ ਦਾ ਲੈਵਲ ਹੇਠਾਂ ਜਾ ਰਿਹਾ ਹੈ), ਟਰਾਂਸਫਾਰਮਰਾਂ ਦੀ ਅਣ-ਅਧਿਕਾਰਤ ਉਵਰਲੋਡਿੰਗ ਵਿਸ਼ੇਸ਼ ਕਰਕੇ ਦੁਰੇਡੇ ਪੇਂਡੂ ਖੇਤਰਾਂ ਵਿਚ ਕਿਸਾਨਾਂ ਦੁਆਰਾ ਸਿੰਗਲ ਫੇਜ਼ਿੰਗ ਦੌਰਾਨ ਮੋਟਰਾਂ ਦੇ ਚਲਾਉਣ ਆਦਿ ਵਰਗੇ ਬਹੁਤ ਸਾਰੇ ਕਾਰਨਾਂ ਕਰਕੇ ਖਰਾਬ ਹੋ ਗਏ। ਅਜਿਹੇ ਟਰਾਂਸਫਾਰਮਰਾਂ ਨੂੰ ਛੇਤੀ ਤੋਂ ਛੇਤੀ ਬਦਲਿਆ ਗਿਆ ਤਾਂ ਕਿ ਜੋ ਖਪਤਕਾਰਾਂ ਨੂੰ ਨਿਰੰਤਰ ਸਪਲਾਈ ਦੇਣ ਲਈ ਸਥਾਪਤ ਕੀਤੇ ਗਏ ਸਾਰੇ ਟਰਾਂਸ-ਫਾਰਮਰਾਂ ਨੂੰ ਚਾਲੂ ਰੱਖਿਆ ਜਾ ਸਕੇ। ਖਰਾਬ ਹੋਏ ਟਰਾਂਸਫਾਰਮਰਾਂ ਨੂੰ ਠੀਕ ਕਰਵਾਇਆ ਗਿਆ ਅਤੇ ਦੋਬਾਰਾ ਕੰਮ ਵਿਚ ਲਿਆਂਦਾ ਗਿਆ ਹੈ। ਜਿਹੜੇ ਟਰਾਂਸਫਾਰਮਰਜ਼ ਵਾਰੰਟੀ ਮਿਆਦ ਦੌਰਾਨ ਖਰਾਬ ਹੋਏ ਉਨ੍ਹਾਂ ਦੀ ਨਿਰਮਾਣ-ਕਰਤਾਵਾਂ ਤੋਂ ਮੁਫਤ ਮੁਰੰਮਤ ਕਰਵਾਈ ਗਈ ਅਤੇ ਦੂਜੇ ਟਰਾਂਸ-ਫਾਰਮਰਾਂ ਦੀ ਪੰਜਾਬ ਰਾਜ ਬਿਜਲੀ ਬੋਰਡ ਟਰਾਂਸਫਾਰਮਰ ਮੁਰੰਮਤ ਵਰਕਸ਼ਾਪਾਂ ਵਿਚ ਜਾਂ ਫਰਮਾਂ ਤੋਂ ਉਨ੍ਹਾਂ ਦੇ ਮੁਰੰਮਤ ਮੁਆਇਦਿਆਂ ਵਿਰੁੱਧ ਕਰਵਾਈ ਗਈ।

14 ਫਰਵਰੀ 1993 ਨੂੰ ਪੰਜਾਬ ਰਾਜ ਬਿਜਲੀ ਬੋਰਡ ਦੇ ਵੱਖ-ਵੱਖ ਸਟੋਰਾਂ ਵਿਚ ਕੇਵਲ 220 ਨਵੇਂ ਵੰਡ ਟਰਾਂਸਫਾਰਮਰ ਪਏ ਹਨ।

ਸ੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਮੰਤਰੀ ਜੀ ਨੇ ਆਪਣੇ ਜਵਾਬ ਦੇ ਅਨੈਕਸੇਚਰ ਵਿੱਚ ਜਾਣਕਾਰੀ ਦਿੱਤੀ ਹੈ ਅਤੇ ਦੱਸਿਆ ਹੈ ਕਿ 1 ਅਪਰੈਲ, 1987 ਤੋਂ ਲੈ ਕੇ 14 ਫਰਵਰੀ, 1993 ਤੱਕ 85,727 ਡਿਸਟ੍ਰੀਬਿਊਟਸ਼ਨ ਟਰਾਂਸਫਾਰਮਰਜ਼ ਔਰ 193 ਬਿਜਲੀ ਟਰਾਂਸਫਾਰਮਰਜ਼ ਪ੍ਰਚੇਜ਼ ਕੀਤੇ ਹਨ ਔਰ ਇਹ ਵੀ ਦੱਸਿਆ ਹੈ ਕਿ 220 ਡਿਸਟ੍ਰੀਬਿਊਸ਼ਨ ਟਰਾਂਸਫਾਰਮਰਜ਼ ਸਟੋਰ ਵਿੱਚ ਪਏ ਹਨ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜੋ ਟਰਾਂਸਫਾਰਮਰਜ਼ ਪਰਚੇਜ਼ ਕੀਤੇ ਗਏ ਉਨ੍ਹਾਂ ਤੇ ਜੋ ਇਨਸਪੈਕਟਿੰਗ ਅਫਸਰ ਔਰ ਸਟੋਰ ਅਫਸਰ ਨੇ ਰਿਪੋਰਟ ਦਿੱਤੀ ਉਹ ਦੋਨਾਂ ਦੀ ਰਿਪੋਰਟ ਮੁਖਤਲਿਫ ਸੀ ਕਿ ਜੋ ਸਪੈਸੀਫਿਕੇਸ਼ਨ ਪ੍ਰੋਵਾਈਡਡ ਸੀ ਇਹ ਟਰਾਂਸਫਾਰਮਰਜ਼ ਉਸ ਦੇ ਮੁਤਾਬਿਕ ਨਹੀਂ। ਕੀ ਮੰਤਰੀ ਜੀ ਦੱਸਣਗੇ ਕਿ was there any such report against the purchase or that it is not as per specifications.

ਰਾਜ ਮੰਤਰੀ, ਸਿੰਚਾਈ ਅਤੇ ਬਿਜਲੀ : ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਦੀ ਜਾਣਕਾਰੀ ਲਈ ਦੱਸਣਾ ਚਾਹੁੰਦਾ ਹਾਂ ਕਿ ਜਿਹੜੇ ਟਰਾਂਸਫਾਰਮਰਜ਼ ਪ੍ਰਚੇਜ਼ ਕੀਤੇ ਗਏ ਸਨ, ਇਹ ਲੈਬਾਰਟਰੀ ਤੋਂ ਟੈਸਟ ਕਰਵਾਏ ਗਏ ਸਨ ਔਰ ਇਨ੍ਹਾਂ ਦੀ ਇਨਸਪੈਕਸ਼ਨ ਰਿਪੋਰਟ ਵੀ ਲਈ ਗਈ ਸੀ। 85,727 ਟਰਾਂਸਫਾਰਮਰਜ਼ ਦੇ ਵਿਚੋਂ, ਸਪੀਕਰ ਸਾਹਿਬ, 220 ਟਰਾਂਸਫਾਰਮਰਜ਼ ਸਟੋਰ ਵਿੱਚ ਪਏ ਹਨ ਜਿਹੜੇ ਕਿ ਵਰੰਟੀ ਪੀਰੀਅਡ ਵਿੱਚ ਹਨ ਔਰ ਇਹ ਫਰਮ ਤੋਂ ਠੀਕ ਕਰਵਾਏ ਜਾ ਰਹੇ ਹਨ, ਇਸ ਕਰਕੇ ਬਿਜਲੀ ਬੋਰਡ ਤੇ ਇਸ ਦਾ ਵਿੱਤੀ ਬੋਝ ਨਹੀਂ ਪੈਂਦਾ।

ਸ੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਮੇਰਾ ਸਪੈਸਿਫਿਕ ਕੁਐਸਚਨ ਸੀ...........

Mr. Speaker : Zira Ji, would you please resume your seat ?

ਸ੍ਰੀ ਮਦਨ ਮੋਹਨ ਮਿੱਤਲ: ਜਿਹੜੇ ਟਰਾਂਸਫਾਰਮਰਜ਼ ਖਰਾਬ ਹੋ ਗਏ ਹਨ, ਟਰਾਂਸਫਾਰਮਰਜ਼ ਜਦੋਂ ਟੈਸਟ ਕੀਤੇ ਗਏ ਸਨ ਤਾਂ ਇਨਸਪੈਕਟਿੰਗ ਅਫਸਰ ਨੇ ਜੋ ਰਿਪੋਰਟ ਦਿੱਤੀ ਉਸ ਵਿੱਚ ਉਸ ਨੇ ਕਿਹਾ that these are not as per the specifications as some defects were found during the tests. Whether these transformers were as per the

original specifications and in conformity with the specifications or scheduled or tests which are required to be conducted before the purchases or ordered ? And whether these are liable to be repaired by the firm ?

ਰਾਜ ਮੰਤਰੀ: ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੈਂ ਪਹਿਲਾਂ ਹੀ ਬੜੇ ਵਿਸਥਾਰ ਨਾਲ ਦੱਸ ਦਿਤਾ ਹੈ ਜਦੋਂ ਟਰਾਂਸਫਾਰਮਰਜ਼ ਖਰੀਦੇ ਗਏ ਤਾਂ ਇਹ ਲੈਬਾਰਟਰੀ ਵਿਚੋਂ ਟੈਸਟ ਕਰਵਾਏ ਗਏ ਔਰ ਇਨ੍ਹਾਂ ਦੀ ਇਨਸਪੈਕਸ਼ਨ ਰਿਪੋਰਟ ਵੀ ਲਈ ਗਈ ਸੀ। ਜਿਹੜੇ ਟਰਾਂਸਫਰਮਰਜ਼ ਲਗਾਏ ਗਏ ਉਹ ਪੀਕ ਲੋਡ ਤੇ ਸਪੈਸ਼ਲੀ ਪੈਡੀ ਦੇ ਸੀਜ਼ਨ ਵਿੱਚ ਟਰਾਂਸਫਾਰਮਰਜ਼ ਓਵਰ ਲੋਡ ਹੋਣ ਕਰਕੇ ਖਰਾਬ ਹੋ ਗਏ ਔਰ ਉਨ੍ਹਾਂ ਨੂੰ ਵਾਪਸ ਲਿਆ ਕੇ ਰੱਖ ਦਿੱਤਾ ਔਰ ਉਨ੍ਹਾਂ ਦੀ ਥਾਂ ਤੇ ਨਵੇਂ ਲਗਾ ਦਿੱਤੇ। ਜੋ ਇਸ ਤਰ੍ਹਾਂ ਖਰਾਬ ਹੋ ਜਾਂਦੇ ਹਨ ਉਹ ਵਰੰਟੀ ਪੀਰੀਅਡ ਦੇ ਅੰਦਰ ਅੰਦਰ ਫਰਮ ਤੋਂ ਠੀਕ ਕਰਵਾਏ ਜਾਂਦੇ ਹਨ।

Mr. Speaker : Next Question.

Shri Hans Raj Josan : *759.

Shri Madan Mohan Mittal : Sir, you have called the next question, but the reply of the Minister is evasive.

Mr. Speaker : It is very clear. The information has been given in detail. I have called the next question.

ਫਾਜ਼ਿਲਕਾ ਉਪ-ਮੰਡਲ ਵਿੱਚ ਪਿਡ ਚਕ ਸੁਖੇਰਾ ਅਤੇ ਪਿੰਡ ਚੱਕ ਲੱਖੋਵਾਲੀ ਵਿਖੇ 33 ਕੇ. ਵੀ. ਦੇ ਸਬ-ਸਟੇਸ਼ਨ ਸਥਾਪਤ ਕਰਨੇ

*759. **ਸ੍ਰੀ ਹੰਸ ਰਾਜ ਜੋਸਨ** : ਕੀ ਸਿੰਚਾਈ ਅਤੇ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦੁਆਰਾ ਫਾਜ਼ਿਲਕਾ ਉਪ ਮੰਡਲ ਵਿਚ ਪਿੰਡਾ ਚੱਕ ਸੁਖੇਰਾ ਅਤੇ ਚੱਕ ਲੱਖੋ-ਵਾਲੀ ਵਿੱਚ ਨਵੇਂ 33 ਕੇ. ਵੀ. ਸਬ-ਸਟੇਸ਼ਨ ਸਥਾਪਤ ਕਰਨ ਦੀ ਤਜਵੀਜ਼ ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ? ਜੇਕਰ ਅਜਿਹਾ ਹੋਵੇ, ਤਾਂ ਉਕਤ ਸਬ-ਸਟੇਸ਼ਨਾਂ ਤੇ ਕੰਮ ਦੇ ਕਦੋਂ ਤੱਕ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ ?

ਸ੍ਰੀ ਸੁਰਿੰਦਰ ਕਪੂਰ (ਰਾਜ ਮੰਤਰੀ, ਸਿੰਚਾਈ ਅਤੇ ਬਿਜਲੀ): 33 ਕੇ. ਵੀ. ਸਬ-ਸਟੇਸ਼ਨ ਚੱਕ ਲੱਖੋਵਾਲੀ ਪਹਿਲਾਂ ਹੀ ਇਕ ਪ੍ਰਵਾਨਿਤ ਸਬ-ਸਟੇਸ਼ਨ ਹੈ ਅਤੇ ਇਸ ਨੂੰ 1993-94 ਵਿਚ ਚਾਲੂ ਕਰਨ ਦਾ ਟੀਚਾ ਹੈ। ਇਸ ਸਬ-ਸਟੇਸ਼ਨ ਲਈ ਜ਼ਮੀਨ ਦਾ ਕਬਜ਼ਾ ਲੈ ਲਿਆ ਗਿਆ ਹੈ ਅਤੇ ਲਾਈਨ ਦੀ ਸਰਵੇ ਦਾ ਕੰਮ ਪ੍ਰਗਤੀ ਅਧੀਨ ਹੈ। ਪਿੰਡ ਚੱਕ ਸੁਖੇੜਾ ਵਿਖੇ 66 ਕੇ. ਵੀ. ਸਬ-ਸਟੇਸ਼ਨ ਹਾਲੀ ਤੱਕ ਪ੍ਰਵਾਨਤ ਨਹੀਂ ਹੈ।

ਸ੍ਰੀ ਹੰਸ ਰਾਜ ਜੋਸਨ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ 33 ਕੇ. ਵੀ. ਸਬ-ਸਟੇਸ਼ਨ ਚੱਕ ਲੱਖੋਵਾਲੀ ਜਿਹੜਾ ਪਹਿਲਾਂ ਮਨਜ਼ੂਰ ਹੋ ਚੁਕਾ ਹੈ ਇਸ ਦੇ ਕੰਮ ਦੀ ਸ਼ੁਰੂਆਤ ਕਦੋਂ ਤੱਕ ਕਰ ਦਿਤੀ ਜਾਏਗੀ ਔਰ ਗੌਰਮਿੰਟ ਕਦ ਤੱਕ ਹਰਕਤ ਵਿੱਚ ਆਏਗੀ ?

ਰਾਜ ਮੰਤਰੀ, ਸਿੰਚਾਈ ਅਤੇ ਬਿਜਲੀ: ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਦੀ ਜਾਣਕਾਰੀ ਲਈ ਦੱਸਣਾ ਚਾਹੁੰਦਾ ਹਾਂ ਕਿ ਲੋਕਾਂ ਦੀਆਂ ਤਕਲੀਫਾਂ ਨੂੰ ਮੁੱਖ ਰਖਦੇ ਹੋਏ ਉਸ ਤੇ ਬੜੀ ਛੇਤੀ ਕੰਮ ਕੀਤਾ ਜਾ ਰਿਹਾ ਹੈ ਔਰ ਇਹ ਕੰਮ ਸਤੰਬਰ, 1993 ਤੱਕ ਮੁਕੰਮਲ ਹੋ ਜਾਏਗਾ।

ਉਪ ਖਜ਼ਾਨਾ ਨੂਰਪੁਰ ਬੇਦੀ ਜ਼ਿਲ੍ਹਾ ਰੋਪੜ ਵਿੱਚ ਸਟਰਾਂਗ ਰੂਮ ਬਣਾਉਣ ਬਾਰੇ

***687 ਡਾਕਟਰ ਰਮੇਸ਼ ਦੱਤ :** ਕੀ ਵਿੱਤ ਮੰਤਰੀ ਇਹ ਦੱਸਣ ਦੀ ਕ੍ਰਿਪਾਲਤਾ ਕਰਨਗੇ ਕਿ—

(ੳ) ਕਿ ਇਹ ਸਚਾਈ ਹੈ ਕਿ ਨੂਰਪੁਰ ਬੇਦੀ ਉਪ ਖਜ਼ਾਨਾ ਵਿੱਚ ਸਟਰਾਂਗ ਰੂਮ ਨਹੀਂ ਹੈ ਜੋ ਕਿ ਜ਼ਿਲ੍ਹਾ ਰੋਪੜ ਦੀ ਸਬ-ਤਹਿਸੀਲ ਹੈ ;

(ਅ) ਜੇਕਰ ਉਪਰੋਕਤ ਦਾ ਜਵਾਬ ਹਾਂ ਵਿੱਚ ਹੈ ਤਾਂ ਸਰਕਾਰ ਦੀ ਕੋਈ ਯੋਜਨਾ ਹੈ ਕਿ ਉਥੇ ਸਟਰਾਂਗ ਰੂਮ ਬਣਾਇਆ ਜਾਵੇ ਜੇ ਹਾਂ ਤਾਂ ਕਦੋਂ ?

Doctor Kewal Krishan : (a) Yes Sir, it is a fact that there is no strong room in the sub-treasury at Nurpur Bedi, Distt. Roper. The office of sub-treasury Nurpur Bedi is housed in the building of Panchayat Samiti.

(b) Government does not as yet propose to construct a strong room in the existing office of the sub-treasury Nurpur Bedi because this office is situated in a building of Panchayat Samiti. The Department of Revenue have intimated to us that a case for construction of sub-tehsil complex at Nurpur Bedi is under consideration and a piece of land measuring 4 Kanal 9 marlas is to be transferred to the Revenue Department by the Home Department. The office of sub-treasury will be part of the proposed Sub-Tehsil complex and there is a provision of Strong room. It may, therefore, be seen that this department does not propose to construct strong room in the sub-treasury building.

ਡਾਕਟਰ ਰਮੇਸ਼ ਦੱਤ: ਸਪੀਕਰ ਸਾਹਿਬ, ਕੀ ਮੰਤਰੀ ਸਾਹਿਬ ਦੱਸਣਗੇ ਕਿ ਜਿਥੇ ਇਹ ਖਜ਼ਾਨੇ ਦਾ ਦਫਤਰ ਹੈ ਇਥੇ ਅੱਜ ਤੋਂ ਥੋੜੀ ਦੇਰ ਪਹਿਲਾਂ ਸਬ-ਤਹਿਸੀਲ ਦੀ ਬਿਲਡਿੰਗ ਬਣਾਉਣ ਵਾਸਤੇ ਫਾਉਂਡੇਸ਼ਨ ਸਟੋਨ ਰੱਖਿਆ ਗਿਆ ਸੀ ਔਰ ਇਸ ਵਿੱਚ ਹੀ ਸਟਰੌਂਗ ਰੂਮ ਦੀ ਪ੍ਰੋਵੀਜ਼ਨ ਵੀ ਸੀ। ਜੇਕਰ ਇਥੇ ਬਿਲਡਿੰਗ ਬਣਾਉਣੀ ਬੰਦ ਕਰ ਦਿੱਤੀ ਹੈ ਤਾਂ ਇਸ ਦੇ ਕੀ ਕਾਰਣ ਹਨ ?

ਮੰਤਰੀ: ਸਪੀਕਰ ਸਾਹਿਬ, ਟਰਾਂਸਫਰ ਆਫ ਲੈਂਡ ਦਾ ਪ੍ਰਾਸੈਸ ਬਹੁਤ ਜ਼ਰੂਰੀ ਸੀ ਔਰ ਲੈਂਡ ਟਰਾਂਸਫਰ ਹੋ ਜਾਣ ਤੋਂ ਬਾਅਦ ਹੀ ਬਿਲਡਿੰਗ ਬਣਾਈ ਜਾਏਗੀ ਔਰ ਉਸ ਵਿਚ ਸਟਰੌਂਗ ਰੂਮ ਵੀ ਬਣਾਇਆ ਜਾਏਗਾ।

ਡਾਕਟਰ ਰਮੇਸ਼ ਦੱਤ: ਸਪੀਕਰ ਸਾਹਿਬ, ਜਿਥੇ ਖਜ਼ਾਨੇ ਦੀ ਬਿਲਡਿੰਗ ਹੈ ਉਥੇ ਸਬ-ਤਹਿਸੀਲ ਦੀ ਬਿਲਡਿੰਗ ਅਤੇ ਸਟਰੌਂਗ ਰੂਮ ਬਣਾਉਣ ਦਾ ਪ੍ਰੋਵੀਜ਼ਨ ਸੀ, ਪਰ ਉਥੇ ਜਿਹੜਾ ਕੰਮ ਬੰਦ ਕਰ ਦਿੱਤਾ ਹੈ ਉਸ ਦੇ ਕੀ ਕਾਰਣ ਹਨ ?

ਸ਼੍ਰੀ ਸਪੀਕਰ: ਡਾਕਟਰ ਸਾਹਿਬ, ਤੁਹਾਨੂੰ ਜਵਾਬ ਦੇ ਦਿੱਤਾ ਹੈ ਕਿ ਬਿਲਡਿੰਗ ਬਣਾਈ ਜਾਏਗੀ ਅਤੇ ਸਟਰੌਂਗ ਰੂਮ ਵੀ ਬਣਾ ਦਿਤਾ ਜਾਵੇਗਾ।

ਮੰਤਰੀ: ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਦੀ ਜਾਣਕਾਰੀ ਲਈ ਦੱਸਣਾ ਚਾਹੁੰਦਾ ਹਾਂ ਕਿ ਉਹ ਪੰਚਾਇਤ ਸਮਿਤੀ ਦੀ ਬਿਲਡਿੰਗ ਹੈ ਔਰ ਉਸ ਬਿਲਡਿੰਗ ਵਿੱਚ ਸਟਰੌਂਗ ਰੂਮ ਨਹੀਂ ਬਣਾਇਆ ਜਾ ਸਕਦਾ। ਜਿਹੜੀ ਤਹਿਸੀਲ ਬਿਲਡਿੰਗ ਬਣੇਗੀ ਉਸ ਵਿੱਚ ਸਟਰੌਂਗ ਰੂਮ ਜ਼ਰੂਰ ਬਣੇਗਾ।

ਸ੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਜਿਹੜਾ ਆਨਰੇਬਲ ਮੈਂਬਰ ਨੇ ਪੁਛਿਆ ਹੈ ਦੋ ਸਾਲ ਪਹਿਲਾਂ ਉਥੇ ਫਾਉਂਡੇਸ਼ਨ ਸਟੋਨ ਰੱਖਿਆ ਗਿਆ ਸੀ ਨਵਾਂ ਕੰਪਲੈਕਸ ਬਣਾਉਣ ਲਈ, ਉਹ ਪੰਜਾਬ ਸਰਕਾਰ ਦੀ ਹਸਪਤਾਲ ਦੀ ਬਿਲਡਿੰਗ ਖਾਲੀ ਹੋਈ ਸੀ, ਉਥੇ ਹੀ ਸਬ-ਤਹਿਸੀਲ ਦੀ ਬਿਲਡਿੰਗ ਬਣਨੀ ਸੀ ਅਤੇ ਨਾਲ ਹੀ ਸਟਰੌਂਗ ਰੂਮ ਬਣਨਾ ਸੀ। ਇਸ ਤਰ੍ਹਾਂ ਉਹ ਬਿਲਡਿੰਗ ਵੀ ਯੂਟੇਲਾਈਜ਼ੇਸ਼ਨ ਵਿੱਚ ਆ ਜਾਣੀ ਸੀ। ਮੈਂ ਪੁੱਛਣਾ ਇਹ ਚਾਹੁੰਦਾ ਹਾਂ ਕਿ ਕੀ ਸਬ-ਤਹਿਸੀਲ ਦੀ ਬਿਲਡਿਗ ਉਥੇ ਬਣਾਉਣ ਦਾ ਕੋਈ ਵਿਚਾਰ ਹੈ ?

ਮੰਤਰੀ : ਸਪੀਕਰ ਸਾਹਿਬ, ਜਿਹੜੀ ਪਹਿਲਾਂ ਟਰੈਜ਼ਰੀ ਬਣੀ ਸੀ ਉਹ ਬਿਲਡਿੰਗ ਪੰਚਾਇਤ ਸੰਮਤੀ ਦੀ ਸੀ। 23 ਨਵੰਬਰ, 1992 ਨੂੰ ਰੈਵੇਨਿਊ ਡਿਪਾਰਟਮੈਂਟ ਨੇ ਐਨੀਸ਼ੀਏਟ ਕੀਤਾ ਕਿ ਨੂਰਪੁਰ ਬੇਦੀ ਸਬ-ਤਹਿਸੀਲ ਕੰਪਲੈਕਸ ਬਣਾਉਣਾ ਹੈ, ਉਥੇ ਟਰੈਜਰੀ ਵੀ ਹੋਵੇਗੀ। ਜ਼ਮੀਨ ਦੀ ਟਰਾਂਸਫਰ ਦੀ ਗੱਲ ਗ੍ਰਹਿ ਵਿਭਾਗ ਨਾਲ ਚਲ ਰਹੀ ਹੈ। ਉਮੀਦ ਹੈ ਕਿ ਜ਼ਮੀਨ ਜਲਦੀ ਟਰਾਂਸਫਰ ਹੋ ਜਾਵੇਗੀ ਔਰ ਤਹਿਸੀਲ ਦੀ ਬਿਲਡਿੰਗ ਜਲਦੀ ਤੋਂ ਜਲਦੀ ਬਣਨੀ ਸ਼ੁਰੂ ਹੋ ਜਾਵੇਗੀ।

ਜ਼ਿਲ੍ਹਾ ਯੋਜਨਾ ਬੋਰਡ (ਬੋਰਡਾਂ) ਦੁਆਰਾ ਬੇਕਾਇਦਾ ਮਨਜ਼ੂਰੀਆਂ

***621 ਸ੍ਰੀਮਤੀ ਵਿਮਲਾ ਡਾਂਗ** : ਕੀ ਵਿੱਤ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ —

(ੳ) ਕੀ ਸਾਲ 1990-91 ਜਾਂ 1991-92 ਦੌਰਾਨ ਵਿੱਚ ਕਿਸੇ ਜ਼ਿਲ੍ਹਾ ਯੋਜਨਾ ਬੋਰਡ (ਬੋਰਡਾਂ) ਨੇ ਡਿਪਟੀ ਕਮਿਸ਼ਨਰਾਂ ਦੇ ਦਫ਼ਤਰਾਂ ਵਿੱਚ ਉਨ੍ਹਾਂ ਦੇ ਕੰਮ-ਕਾਰ ਵਿੱਚ ਸੁਧਾਰ ਲਿਆਉਣ ਲਈ ਉਨ੍ਹਾਂ ਦੇ ਦਫ਼ਤਰਾਂ ਵਿੱਚ ਇੰਟਰਕਾਮ ਸਿਸਟਮ ਲਗਾਉਣ ਅਤੇ ਡਿਪਟੀ ਕਮਿਸ਼ਨਰਾਂ ਦੇ ਨਿਵਾਸ ਸਥਾਨਾ ਤੇ ਕੋਈ ਵਾਧੇ/ਤਬਦੀਲੀਆਂ ਕਰਨ/ਏਅਰ ਕੰਡੀਸ਼ਨ ਲਗਾਉਣ ਅਤੇ ਕਾਰਪੈਟਾਂ ਲਈ ਫੰਡ ਮਨਜ਼ੂਰ ਕੀਤੇ ਸਨ ; ਜੇਕਰ ਅਜਿਹਾ ਹੈ ਤਾਂ ਉਨ੍ਹਾਂ ਜ਼ਿਲ੍ਹਾ ਯੋਜਨਾ ਬੋਰਡਾਂ ਦੇ ਨਾਂ, ਹਰੇਕ ਅਜਿਹੀ ਚੀਜ਼ ਲਈ ਮਨਜ਼ੂਰ ਕੀਤੀ ਗਈ ਰਕਮ ਅਤੇ ਰਕਮਾਂ ਮਨਜ਼ੂਰ ਕੀਤੇ ਜਾਣ ਦੀਆਂ ਮਿਤੀਆਂ ਦਰਸਾਉਂਦੇ ਵੇਰਵੇ ਸਦਨ ਦੀ ਮੇਜ਼ ਤੇ ਰੱਖੇ ਜਾਣ ;

(ਅ) ਕੀ ਉਪਰੋਕਤ ਭਾਗ (ੳ) ਵਿੱਚ ਵਰਣਿਤ ਖਰਚਾ ਜਾਇਜ਼ ਪਾਇਆ ਗਿਆ ਸੀ ; ਜੇਕਰ ਨਹੀਂ ਤਾਂ ਇਸ ਸਬੰਧ ਵਿੱਚ ਕੀ ਕਾਰਵਾਈ ਕੀਤੀ ਗਈ ?

Doctor Kewal Krishan : (a) Yes. The detailed statement is laid on the Table of the House.

(b) The expenditure of the nature mentioned in part (a) was not found justifiable. Instructions were issued,—*vide* this office Memo No. 2/8/88-LPD-II-92/4631, dated 11.6.92 and Memo No. 2/8/88-LPD-II-92/6068, dated 30.7.92 to all Deputy Commissioners in the State not to incur expenditure on intangible, assets and consumable articles such as purchase of furniture, installation of air conditioners, computer cultural, activities, purchase of Stationary etc. and they were also advised not to incur expenditure on construction, additions, alterations or repaire of residential & office accomodation of officers.

[Minister for Finance]

STATEMENT

The following District Planning and Development Boards sanctioned funds during the year 1990-91 and 1991-92 for following purposes as mentioned below:—

(In Rupees)

Serial No.	Name of the District and purpose for which funds provided by District Planning and Development Boards	During the year 1990-91	During the year 1991-92	Date/year on which sanctioned
1	2	3	4	5
1	**Amritsar**			
	(1) Providing intercom in Deputy Commissioner office for improvement	..	..	..
	(2) For providing Air conditioner at Deputy Commissioner's residence/office	..	..	..
	(3) For providing carpets at the residence of Deputy Commissioner	..	..	..
	(4) Additions/Alterations at Deputy Commissioner's residence—			
	(i) Installation of 150' deep submersible tubewell at the official/residence of Deputy Commissioner	85,465	..	7-11-90
	(ii) Construction of guard room in Deputy Commissioner's residence	48,000	..	14-2-91
	(iii) Providing one No. Toilet set including storage tank for 30 member security guard in Deputy Commissioner's residence	61,000	..	25-3-91
	Total ..	1,94,465	..	..
2	**Bathinda**			
	(1) Providing intercome in Deputy Commissioner's office for improvement	..	..	..
	(2) For Air Conditioner at the residence of Deputy Commissioner	..	..	..
	(3) For providing carpet at residence of Deputy Commissioner	..	..	..
	(4) Additions/Alterations (extension of visitor room in Deputy Commissioner Camp office)	15,000	..	28-6-1990
	Total ..	15,000	..	..

In Rupees

1	2	3	4	5
3	**Faridkot**			
	(1) Providing intercom system in the office of Deputy Commissioner in order to bring improvement in their office working	..	..	..
	(2) For making any Additions/Altèrations at the residence of Deputy Commissioner	58,900	..	1990-91
	(3) Providing air conditioners at the residence/office of Deputy Commissioner	..	..	..
	(4) For providing carpets at the residence of Deputy Commissioner	..	..	..
	(5) For providing computer in the office of Chairman District Planning and Development Board	1,00,000	..	On 12-7-90
	(6) Construction of visitor room in camp office and for the fitting of furniture	1,20,000	..	On 20-8-90
	Total ..	2,78,900	..	..
4	**Fatehgarh Sahib**			
	(1) Providing intercom system in the office of Deputy Commissioner in in order to bring improvement in their office working	..	..	New District created on 13-4-1992
	(2) For making any additions/alterations at the residence of Deputy Commissioner	..	..	Ditto
	(3) For providing Air Conditioners at residence/office of Deputy Commissioner	..	..	Ditto
	(4) For providing carpets at the residence of Deputy Commissioner	..	..	..
	Total ..	..	..	..
5	**Ferozepur**			
	(1) Providing intercom in Deputy Commissioner's office for improvement	..	..	..
	(2) For providing Air Conditioners at the residence/office of Deputy Commissioner	..	..	..
	(3) For providing carpets at the residence of Deputy Commissioner	..	..	..
	(4) Additions/Alterations at the residence of Deputy Commissioner	..	..	..
	Total ..	..	..	..

1	2	3	4	5
6	**Gurdaspur**			(In Rupees)
	(1) For providing intercom in Deputy Commissioner office for improvement	..	35 000	On 10-1-92
	(2) For providing Air Conditioner at the residence/Office of Deputy Commissioner	..	..	..
	(3) For providing carpets in Deputy Commissioners' residence	27,830	27,460	On 21-3-91 and and 9-8-91
	(4) Additions/Alterations in Deputy Commissioner's residence/office	1,93,450	..	On 16-1-1991
	(5) Providing Electric installation(16327—32) in camp office in Deputy Commissioner's residence	24,185	..	On 21-2-1991
	(6) Supply of office table at camp office	12,060	..	On 23-3-91
	(7) Improvement in Deputy Commissioner's residence	..	1,25,000	On 12-2-92 =1·00 lakh on 27·3 92 =9·25 lakh
	(8) Providing Peenling one teakdoor, conference room table in D.C. office	79,000	..	1990-91
	(9) Renovation of electric installation at D.C. Office Gurdaspur	11,855	..	1990-91
	(10) Supply of carpet in D.C. office	51,120	..	1990-91
	(11) Providing Papling foot rest in Deputy Commissioner's office	16,396	..	1990-91
	(12) Procurement of vacum cleaner and hastes in Deputy Commissioner's office Gurdaspur	98,300	..	1990 91
	Total ..	4,64,196	1,87 400	..
7	**Hoshiarpur**			
	(1) For providing intercom at the office/residence of Deputy Commissioner	..	..	..
	(2) For providing air conditioners at the office/residence of Deputy Commissioner	..	..	..
	(3) For providing carpets at the residence/office of Deputy Commissioner	..	..	..
	(4) Additions/Alterations at the residence/office of Deputy Commissioner	..	..	..
	Office of Deputy Commissioner. Hoshiarpur			
	Infrastructure funds			
	(i) Extension of meeting hall adjoining Deputy Commissioner's court room, Hoshiarpur	5,00,000	.	On 12-7 90

1	2	3	4	5
		(In Rupees)		
	(ii) Special repairs to Deputy Commissioner's office in the District Court, Hoshiarpur	1,84,000	..	On 14-9-90
	(iii) For providing Electrical installation in Deputy Commissioner's office at Hoshiarpur	17,121	..	On 14-9-90
	Untied funds			
	(iv) Extension of Central record room in District Court Complex Hoshiarpur	1,95,400	..	On 30-11-90
	(v) For providing Electrical installation in the Extension of Central record room District Court Complex, Hoshiarpur	17,600	..	On 30-11-90
	(vi) For providing Electrical installation in meeting hall adjoining Deputy Commissioner's Court Room, Hoshiarpur	50,000	..	On 7-7-91
	(vii) For providing Estate public health services in Meeting Hall adjoining Deputy Commissioner's Court room, Hoshiarpur	..	10,163	On 17-6-91
	(viii) Special Repairs to Deputy Commissioner's office in District Court Complex	..	1,11,700	On 3-7-91
	(ix) Providing false ceiling in meeting hall in Deputy Commissioner's office complex at Hoshiarpur	..	52,000	On 18-7 91
	(x) Construction of Deputy Commissioner's Court Balance Portion	..	7,50,000	On 26-2-92
	(xi) Purchase of one laminating machine (12" size)	..	33,000	On 30-5-91
	(xii) Purchase of one binding machine	..	22,000	On 30-5-91
	(xiii) Purchase of furniture and other articles to equip the office of the Chairman District Planning and Development Board	..	75,000	On 30-5-91
	(xiv) For providing new sound system in the meeting hall adjoining Deputy Commissioner's Court Room at Hoshiarpur	..	1,00,000	On 16-9-91
	(xv) For providing furniture in the meeting hall adjoining Deputy Commissioner's Court Room	..	1,79,400	On 7-10-91
	Total (A)—Expenditure on office ..	9,14,121	13,83,263	..

1	2	3	4	5
	B. At the residence of Deputy Commissioner Infrastructure funds	(In Rupees)		
	(xvi) Construction of guard room at the exit gate	81,800	..	On 14-9-90
	(xvii) Construction of visitor's room..	67,000	..	On 14-9-90
	(xviii) Construction of guard room part II and III	1,58,000	..	On 14-9-90
	(xix) Providing Electrical Installation —			
	(a) Guard room at the exit gate and guard room Part I, II and III	11,935	..	On 14-9-90
	(b) Visitor's room ..	4,930	..	On 14-9-90
	(xx) For providing electrical installation in —			
	(a) Guard room Part I, II and III	..	8,280	On 7-6-91
	(b) Visitor's room ..	..	8,520	On 7-6-91
	(xxi) Construction of one quarter for Class-IV employee, Generator room and cattle shed	..	1,97,858	On 17-6-91
	(xxii) For providing Electrical installation in one quarter for class-IV employee, generator room and cattle shed	..	19,708	On 17-6-91
	(xxiii) For providing public health facilities in—			
	(a) One quarter for class-IV employee, generator room and cattle shed	..	39,434	On 17-6-91
	(xxiv) Visitor's room ..	..	14,943	On 17-6-91
	(xxv) Guard room in Part-I, II & III	..	13,999	Ditto
	(xxi) For providing water supply sewerage and S.T. for class IV quarters	..	75,744	Ditto
	(xxvii) For providing security lights in complex of Deputy Commissioner's residence	..	50,450	On 3-7-91
	(xxviii) Purchase of Twin Screen Attachment colour monitor bush with CAG adopter and Key Board with 101 keys	..	29,000	On 31-1-92
	(xix) Purchase of L. & T. colour print	..	12,000	On 31-1-92
	(xxx) For the installation of PABX Telephone system	..	61,000	On 12-2-92
	(xxxi) Purchase of FAX system ..	...	45,893	On 31-3-92
	(xxxii) Purchase of FAX system ..	..	45,108	On 2-4-92

1	2	3	4	5
	United funds		(In Rupees)	
	(xxxiii) For providing additional Electrical installation and security lights	..	20,800	On 30-5-91
	(xxxiv) Providing of installation Machinery and pipeline on Tubewell	..	33,120	On 3-7-91
	Total (B) ..	3,22,865	6,75,857	..
	Grand Total (A+B) ..	12,36,986	20,59,120	.
Jalandhar				
	1. Providing intercom in Deputy Commissioner's office for improvement	..	..	..
	2. For providing air conditioners at the residence/office of Deputy Commissioner	..	..	..
	3. For providing carpets ..	..	..	..
	4. Additions/Alterations at the residence of Deputy Commissioner—			
	(i) Construction of toilet blocks for officer/renovation of existing Lav. Block in Deputy Commissioner's office	1,37,000	..	On 29-2-91
	(ii) Providing and fixing marble tiles flooring (excluding skripping) in Deputy Commissioner's residence	..	39,690	On 25-6-91
	(iii) Providing and installing I. D. Straight tubewell in the premises of Deputy Commissioner's residence	..	1,17,600	On 6-6-91
	Total ..	1,37,000	1,57,290	
9	**Kapurthala**			
	(i) For providing intercom in Yojana Bhawan (For D.C. Dy. E. S.A. and Computer Centre)	..	22,820	During 1991-92
	(2) For providing Air Conditioners at the residence/office of Deputy Commissioner	..	..	..
	(3) For providing carpets at the residence/office of Deputy Commissioner	..	..	..
	(4) Additions/Alterations at the residence of Deputy Commissioner	..	..	..
	Total ..	..	**22,820**	..

[Minister for Finance]

1	2	3	4	5
10	**Ludhiana**			(In Rupees)
	(1) Providing Intercom system in the office of Deputy Commissioner for improvement	..	..	..
	(2) For providing Air Conditioner at the residence/office of the Deputy Commissioner	..	..	..
	(3) For providing carpets at the residence of Deputy Commissioner	..	..	..
	(4) Additions/Alterations at the residence of Deputy Commissioner			
	Construction of camp office at Deputy Commissioner's residence	..	6,50 000	This expenditure is justified since this allocation has been approved by Revenue Deptt. under the scheme PW 3.1 District Administrative/Tehsil Complexes',— *vide* letter No 50/1/91/RE-II-(III) 13757—72 dated 16-10-1991
	(5) False ceiling in D.C. office ..	..	30,000	On 27-9-91
	Total ..	..	6,89,000	..
11	**Mansa** :			
	(1) For providing intercom in Deputy Commissioner's office for improvement	..	..	New District created on 13-4-92
	(2) For providing Air Conditioners at the residence/office of Deputy Commissioner	..	..	..
	(3) For providing carpets at the residence of Deputy Commissioner	..	..	..
	(4) Additions/Alterations in Deputy Commissioner's residence	..	..	..
	Total ..	..	..	..

1	2	3	4	5
12	**Patiala :**			
	(1) Providing intercom system in the office of Deputy Commissioner in order to bring improvement in their office working	..	..	..
	(2) For making any additions/alterations at the residence of Deputy Commissioner	..	..	..
	(3) For providing Air Conditioners at the residence of Deputy Commissioner	..	..	..
	(4) For providing carpets at the residence of Deputy Commissioner	..	..	..
	(5) For additions/alterations at the camp office of Deputy Commissioner	..	1,15,484	1991-92
	Total ..	..	1,15,484	..
13	**Rup Nagar :**			
	(1) Providing intercom in Deputy Commissioner office for improvement	..	..	..
	(2) For providing air conditioners at the office/residence of Deputy Commissioner	..	..	..
	(3) For providing carpets at the residence of Deputy Commissioner	..	..	..
	(4) Additions/alterations at the residence of Deputy Commissioner—	..	..	...
	(i) For construction of security guard and sanitary work at Deputy Commssioner's residence	..	1,23,000	On 11-2-92
	Total ..	..	1,23,000	
14	**Sangrur :**			
	(1) Providing intercom in Deputy Commissioners' office for improvement	..	..	..
	(2) For providing Air Conditioners at the residence/office of Deputy Commissioner	..	..	..
	(3) For providing carpets at the residence of Deputy Commissioner	..	..	..
	(4) Additions/Alterations in Deputy Commissioner's residence—			
	(i) Construction of waiting room for the visitors	96,000	..	1991-91
	Total ..	96,000	..	..

ਸ਼੍ਰੀਮਤੀ ਵਿਮਲਾ ਡਾਂਗ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਮਹੋਦਯ ਨੂੰ ਪੁੱਛਣਾ ਚਾਹਵਾਂਗੀ ਕਿ ਇਨ੍ਹਾਂ ਦੇ ਉੱਤਰ ਦੇ ਵਿਚ ਇਹ ਗੱਲ ਕਹੀ ਗਈ ਹੈ ਕਿ ਡਿਪਟੀ ਕਮਿਸ਼ਨਰਾਂ ਦੀਆਂ ਕੋਠੀਆਂ ਅਤੇ ਦਫਤਰਾਂ ਦੇ ਲਈ ਫਰਨੀਚਰ, ਏਅਰ ਕੰਡੀਸ਼ਨਰ, ਦਰੀਆਂ, ਇੰਟਰਕਾਮ ਕੰਪਿਊਟਰਜ਼ ਔਰ ਗਲੀਚੇ ਵਗੈਰਾ ਖਰੀਦੇ ਗਏ। ਡਿਪਟੀ ਕਮਿਸ਼ਨਰ, ਗੁਰਦਾਸਪੁਰ ਨੇ 6 ਲੱਖ ਖਰਚ ਕੀਤੇ, ਡਿਪਟੀ ਕਮਿਸ਼ਨਰ, ਹੁਸ਼ਿਆਰਪੁਰ ਨੇ 23 ਲੱਖ ਔਰ ਲੁਧਿਆਣੇ ਦੇ ਡਿਪਟੀ ਕਮਿਸ਼ਨਰ ਨੇ ਵੀ ਕਈ ਲੱਖ ਰੁਪਿਆ ਖਰਚ ਕੀਤਾ। ਪਲਾਨਿੰਗ ਬੋਰਡ ਦੀਆਂ ਇਨਸਟਰਕਸ਼ਨਾਂ ਦੀ ਇਹ ਟੋਟਲ ਵਾਇਓਲੇਸ਼ਨ ਹੈ। ਮੈਂ ਇਹ ਪੁੱਛਣਾ ਚਾਹੁੰਦੀ ਹਾਂ ਕਿ ਜਿਨ੍ਹਾਂ ਨੇ ਇਹ ਵਾਇਓਲੇਸ਼ਨ ਕੀਤੀ ਹੈ ਕੀ ਉਨ੍ਹਾਂ ਦੇ ਵਿਰੁੱਧ ਕੋਈ ਕਾਰਵਾਈ ਕੀਤੀ ਹੈ। ਮੰਤਰੀ ਮਹੋਦਯ ਨੇ ਕਿਹਾ ਹੈ ਕਿ ਅੱਗੇ ਵਾਸਤੇ ਇਸ ਤਰ੍ਹਾਂ ਨਹੀਂ ਹੋਵੇਗਾ ਪਰ ਜੋ ਕੁਝ ਪਿੱਛੇ ਵਾਇਓਲੇਸ਼ਨ ਹੋਈ ਹੈ ਉਸ ਦੇ ਬਾਰੇ ਸਰਕਾਰ ਕੀ ਕਰੇਗੀ ?

ਮੰਤਰੀ: ਸਪੀਕਰ ਸਾਹਿਬ, ਇਹ ਠੀਕ ਹੈ ਕਿ ਸੰਨ 1990-91 ਔਰ 1991-92 ਵਿਚ ਖਾਸ ਤੌਰ ਤੇ ਜਦੋਂ ਪਾਪੂਲਰ ਸਰਕਾਰ ਅਜੇ ਨਹੀਂ ਸੀ ਆਈ ਪਲਾਨਿੰਗ ਡਿਪਾਰਟਮੈਂਟ ਵੱਲੋਂ ਜੋ ਇਨਸਟਰਕਸ਼ਨਜ਼ ਦਿੱਤੀਆਂ ਗਈਆਂ ਸਨ ਉਨ੍ਹਾਂ ਦੀ ਵਾਇਓਲੇਸ਼ਨ ਹੋਈ ਹੈ ਔਰ ਫਰਨੀਚਰ, ਕਾਰਪੇਟਸ ਏਅਰ-ਕੰਡੀਸ਼ਨਰਜ਼ ਵਗੈਰਾ ਉੱਤੇ ਖਰਚ ਕੀਤਾ ਗਿਆ ਹੈ ਜਿਹੜਾ ਕਿ ਨਹੀਂ ਸੀ ਹੋਣਾ ਚਾਹੀਦਾ। ਜਦੋਂ ਪਾਪੂਲਰ ਸਰਕਾਰ ਆਈ, ਉਸ ਨੇ ਮਹਿਸੂਸ ਕੀਤਾ ਕਿ ਇਹ ਖਰਚਾ ਨਹੀਂ ਹੋਣਾ ਚਾਹੀਦਾ, ਇਨਸਟਰੱਕਸ਼ਨਾਂ ਦੀ ਵਾਇਓਲੇਸ਼ਨ ਹੈ, ਇਸ ਲਈ ਫਿਰ ਇਨਸਟਰੱਕਸ਼ਨਜ਼ ਭੇਜ ਦਿੱਤੀਆਂ ਗਈਆਂ ਹਨ। ਸੰਨ 1990-91 ਵਿਚ 24 ਲੱਖ ਹੋਇਆ ਔਰ 1991-92 ਵਿਚ 33 ਲੱਖ ਖਰਚ ਹੋਇਆ ਹੈ ਪਰ ਸੰਨ 1992-93 ਵਿਚ ਉਸ ਤੋਂ ਬਾਅਦ 10 ਲੱਖ 92 ਹਜ਼ਾਰ ਖਰਚ ਹੋਇਆ ਹੈ ਜਿਹੜਾ ਕਿ ਮੁਨਾਸਿਬ ਨਹੀਂ ਹੈ। ਪੰਜਾਬ ਸਰਕਾਰ ਚਾਹਵੇਗੀ ਕਿ ਪੂਰੀ ਤਰ੍ਹਾਂ ਨਾਲ ਇਨਸਟਰੱਕਸ਼ਨਾਂ ਦੀ ਪਾਲਣਾ ਹੋਵੇ। ਬਾਕੀ ਸਪੀਕਰ ਸਾਹਿਬ, ਇਹ ਵੀ ਗੱਲ ਹੈ ਕਿ ਇਹ ਖਰਚਾ ਕਿਸੇ ਨੇ ਵੀ ਪਰਸਨਲ ਆਪਣੀ ਜ਼ਾਤ ਲਈ ਨਹੀਂ ਕੀਤਾ, ਸਰਕਾਰੀ ਬਿਲਡਿੰਗ ਦੇ ਇਕੁਐਪਮੈਂਟ ਵਾਸਤੇ ਖਰਚ ਕੀਤਾ ਹੈ, ਭਾਵੇਂ ਇਹ ਗਲਤ ਸੀ, ਪਰ ਆਪਣੇ ਲਈ ਨਹੀਂ ਕੀਤਾ ਗਿਆ। ਸਰਕਾਰ ਇਹ ਚਾਹਵੇਗੀ ਕਿ ਅੱਗੇ ਤੋਂ ਵਾਇਓਲੇਸ਼ਨ ਨਾ ਹੋਵੇ।

ਸ਼੍ਰੀਮਤੀ ਵਿਮਲਾ ਡਾਂਗ: ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੰਤਰੀ ਮਹੋਦਯ ਨੂੰ ਪੁੱਛਣਾ ਚਾਹੁੰਦੀ ਹਾਂ ਕਿ ਵਾਇਓਲੇਸ਼ਨ ਇਸ ਗੱਲ ਦੀ ਹੈ ਕਿ ਜੋ ਪੈਸਾ ਖਰਚ ਹੋਇਆ ਹੈ ਉਹ ਮਾਰਕਿਟ ਵੈਲਿਯੂ ਨਾਲੋਂ ਜ਼ਿਆਦਾ ਲਗਾਇਆ ਗਿਆ ਹੈ, ਕਾਫੀ ਜ਼ਿਆਦਾ ਹੈ। ਤੁਸੀਂ ਕਿਹਾ ਹੈ ਕਿ ਪੰਜਾਬ ਸਰਕਾਰ ਬਰਸਰੇ-ਇਕਤਦਾਰ ਆਈ ਹੈ ਤਾਂ ਵਾਇਓਲੇਸ਼ਨ ਨਹੀਂ ਹੋਈ ਪਰ ਜੋ ਪਿੱਛੇ ਹੋਈ ਹੈ, ਹੱਕਬਜਾਨਬ ਹੈ ਕਿ ਉਸ ਦੀ ਇਨਕੁਆਇਰੀ ਕਰਾਉਣੀ ਚਾਹੀਦੀ ਹੈ। ਮਿਸ-ਐਪਰੋਪਰੀਏਸ਼ਨ ਆਫ ਫੰਡਜ਼ ਹੈ। ਉਹ ਦਫਤਰਾਂ ਵਾਸਤੇ ਖਰਚ ਨਹੀਂ ਹੋਇਆ ਬਲਿਕ ਰਹਿਣ ਦੀ ਅਕਾਮੋਡੇਸ਼ਨ ਵਾਸਤੇ ਹੋਇਆ ਹੈ, ਦਰੀਆਂ ਗਲੀਚੇ ਵਗੈਰਾ ਉਤੇ ਹੋਇਆ ਹੈ। ਤੁਸੀਂ ਸਾਰੀ ਲਿਸਟ ਐਗਜ਼ਾਮਿਨ ਕਰ ਲਵੋ। ਕੀ ਮੰਤਰੀ ਮਹੋਦਯ ਇਸ ਦੀ ਇਨਕੁਆਇਰੀ ਕਰਾਉਣ ਦੀ ਖੇਚਲ ਕਰਨਗੇ ?

ਮੰਤਰੀ: ਸਪੀਕਰ ਸਾਹਿਬ, ਆਨਰੇਬਲ ਮੈਂਬਰ ਸਾਹਿਬਾ ਦੀ ਸ਼ੰਕਾ ਠੀਕ ਹੈ ਵਾਇਓਲੇਸ਼ਨ ਹੋਈ ਹੈ। ਮਿਸਐਪਰੋਪ੍ਰੀਏਸ਼ਨ ਤੇ ਵੀ ਉਨ੍ਹਾਂ ਨੇ ਸ਼ੱਕ ਕੀਤਾ ਹੈ। ਅਸੀਂ ਸਾਰੇ ਖਰਚਿਆਂ ਦੀ ਦੇਖ-ਭਾਲ ਕਰਾਂਗੇ ਔਰ ਜਿਥੇ ਮਿਸਯੂਟੇਲਾਈਜੇਸ਼ਨ ਹੋਈ ਹੈ ਜਾਂ ਗਲਤ ਖਰਚ ਹੋਇਆ ਹੈ ਉਸ ਦੀ ਇਨ-ਕੁਆਇਰੀ ਕਰਕੇ ਐਕਸ਼ਨ ਵੀ ਲਵਾਂਗੇ ਔਰ ਅੱਗੇ ਵਾਸਤੇ ਵਾਇਓਲੇਸ਼ਨ ਨਾ ਹੋਵੇ ਇਹ ਵੇਖਾਂਗਵੀ।

ਸ਼੍ਰੀ ਸਪੀਕਰ : ਅਗਲਾ ਸਵਾਲ ਸਰਦਾਰ ਗੁਰਬਿੰਦਰ ਸਿੰਘ ਅਟਵਾਲ ਜੀ ਦਾ ਹੈ । ਉਹ ਸਰਦਾਰ ਜਸਬੀਰ ਸਿੰਘ ਜੀ ਨੂੰ ਕਹਿ ਗਏ ਹਨ। ਆਥੋਰਾਈਜ਼ੇਸ਼ਨ ਲੈਟਰ ਆਈ ਹੈ ।

ਬੀ. ਡੀ. ਪੀ. ਓਜ਼ ਦੇ ਤਨਖਾਹ ਸਕੇਲ ਸੋਧਣਾ

*801. **ਸਰਦਾਰ ਗੁਰਬਿੰਦਰ ਸਿੰਘ ਅਟਵਾਲ,** (ਸਰਦਾਰ ਜਸਬੀਰ ਸਿੰਘ ਵੱਲੋਂ ਪੇਸ਼ ਕੀਤਾ ਗਿਆ) : ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਇਸ ਸਮੇਂ ਰਾਜ ਵਿਚ ਬਲਾਕ ਵਿਕਾਸ ਅਤੇ ਪੰਚਾਇਤ ਅਫਸਰਾਂ ਵੱਜੋਂ ਕੁਲ ਕਿੰਨੇ ਵਿਅਕਤੀ ਕੰਮ ਕਰ ਰਹੇ ਹਨ ਅਤੇ ਇਸ ਆਸਾਮੀ ਲਈ ਮਨਜ਼ੂਰ ਸ਼ੁਦਾ ਤਨਖਾਹ ਸਕੇਲ ਕੀ ਹੈ ;

(ਅ) ਕੀ ਇਹ ਠੀਕ ਹੈ ਕਿ ਉਨ੍ਹਾਂ ਦਾ ਤਨਖਾਹ ਸਕੇਲ 10 ਸਾਲਾਂ ਤੋਂ ਵੱਧ ਸਮੇਂ ਤੋਂ ਨਹੀਂ ਸੋਧਿਆ ਗਿਆ। ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਉਨ੍ਹਾਂ ਦਾ ਤਨਖਾਹ ਸਕੇਲ ਸੋਧਣ ਦਾ ਵਿਚਾਰ ਰਖਦੀ ਹੈ ?

Sardar Umrao Singh : (a) 118 persons as per details given below :—

(i) 89 in the pay scale of Rs. 2,100—3,700.

(ii) 22 in the pay scale of Rs. 1,500—2,640.

(iii) 7 in the pay scale of Rs. 1,800—3,200.

(b) No, the pay scale of Block Development & Panchayat Officers was revised w.e.f. 1-1-1986. Their demand for further revision is under consideration of the Government.

ਸਰਦਾਰ ਜਸਬੀਰ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਿਕਾਸ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਪੇਂਡੂ ਵਿਕਾਸ ਅਫਸਰਾਂ ਔਰ ਪੰਚਾਇਤ ਅਫਸਰਾਂ ਦੇ ਬਾਰੇ ਵਿਸ਼ਵਾਸ਼ ਦਿਵਾਇਆ ਗਿਆ ਹੈ ਇਹ ਕਿੰਨੇ ਸਮੇਂ ਵਿਚ ਬੇਇਨਸਾਫੀ ਦੂਰ ਕੀਤੀ ਜਾਵੇਗੀ ?

ਮੰਤਰੀ : ਮੇਰੀ ਕੋਸ਼ਿਸ਼ ਹੈ ਔਰ ਚੀਫ ਮਨਿਸਟਰ ਸਾਹਿਬ ਨੇ ਵੀ ਕਿਹਾ ਹੈ ਕਿ ਜਲਦੀ ਕਰ ਲਿਆ ਜਾਵੇਗਾ। ਕਿਉਂਕਿ ਹੁਣੇ ਹੀ ਪੰਚਾਇਤਾਂ ਦੀਆਂ ਇਲੈਕਸ਼ਨਾਂ ਹੋਈਆਂ ਹਨ ਜਿਸ ਢੰਗ ਨਾਲ ਲੋਕਾਂ ਵਿਚ ਜਾਗ੍ਰਤੀ ਆਈ ਹੈ ਅਸੀਂ ਚਾਹੁੰਦੇ ਹਾਂ ਕਿ ਡਿਵੈਲਪਮੈਂਟ ਅਫਸਰ ਪੂਰੇ ਜ਼ੋਰ ਨਾਲ ਕੰਮ ਕਰਨ। ਅਸੀਂ ਜਲਦੀ ਕੋਸ਼ਿਸ਼ ਕਰਾਂਗੇ ਕਿ ਇਨ੍ਹਾਂ ਡੀਮਾਂਡਜ਼ ਦਾ ਨਿਪਟਾਰਾ ਕੀਤਾ ਜਾ ਸਕੇ।

Mr. Speaker : Questions are over. (*Interruptions*)

ਸ਼੍ਰੀਮਤੀ ਵਿਮਲਾ ਡਾਂਗ : ** ** **

Mr. Speaker : No discussion Please. I disallow your Point of Order.

ਕਾਮਰੇਡ ਹਰਦੇਵ ਸਿੰਘ ਅਰਸ਼ੀ : ** ** **

ਸ਼੍ਰੀ ਸਪੀਕਰ : ਮੈਂ ਇਹ ਅਲਾਓ ਨਹੀਂ ਕਰਦਾ। ਤੁਸੀਂ ਮੇਰੇ ਚੈਂਬਰ ਵਿਚ ਆ ਜਾਣਾ, ਗਲ ਕਰ ਲਵਾਂਗੇ।

**Expunged not recoreed as ordered by the Chair.

Smt. Vimla Dang : ** ** **

ਸ੍ਰੀ ਸਪੀਕਰ : ਮੈਂ ਇਹ ਅਲਾਓ ਨਹੀਂ ਕਰਦਾ। ਮਿਸਿਜ਼ ਡਾਂਗ, ਤੁਸੀਂ ਗੱਲ ਤਾਂ ਸੁਣ ਲਿਆ ਕਰੋ।

WALK-OUT

ਸ੍ਰੀਮਤੀ ਵਿਮਲਾ ਡਾਂਗ : ਅਸੀਂ ਐਜ਼ ਏ ਪ੍ਰੋਟੈਸਟ ਵਾਕ-ਆਊਟ ਕਰਦੇ ਹਾਂ।

(ਇਸ ਵੇਲੇ ਸੀ. ਪੀ. ਆਈ. ਦੇ ਸਦਨ ਵਿੱਚ ਹਾਜ਼ਰ ਸਾਰੇ ਮੈਂਬਰ ਸਾਹਿਬਾਨ ਸਦਨ ਵਿੱਚੋਂ ਵਾਕ-ਆਊਟ ਕਰ ਗਏ।)

ਸਰਦਾਰ ਨਿਰਮਲ ਸਿੰਘ ਨਿੰਮਾ : ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਸਰਦਾਰ ਨਿਰਮਲ ਸਿੰਘ ਨਿੰਮਾ : ** ** **

Mr. Speaker : Nothing should form part of the record.

Smt. Lakshmi Kanta Chawla: ** ** **

Mr. Speaker: This is no Point of Order.

(*Interruption and Noise*).

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਤੁਸੀਂ ਮੇਰੀ ਗੱਲ ਤਾਂ ਸੁਣ ਲਓ।

Mr. Speaker: Mrs. Lakshmi Kanta Chawla, you are on a Point of Order. Please put your Point of Order.

Smt. Lakshmi Kanta Chawla: ** ** ** **

Mr. Speaker: It is no Point of Order. I have not allowed it. Lakshmi Kanta Chawla Ji, please sit down. I have not allowed your Point of Order. (*interruption and noise*). Nothing should form part of the record. I have not allowed it (Noise) Please sit down. (*Interruption*).

Birmi Sahib, last day you were on your legs when the House was adjourned. Please resume your speech.

(At this stage many Opposition Members were standing on Points of Order and there were noises in the House).

Mr. Speaker: I do not allow. Birmi Ji, you please resume your speech.

**Expunged not recorded as ordered by the Chair.

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ** ** **

Mr. Speaker: It is no Point of Order. I have not allowed it. (*interruption* and *Noise*). I have not allowed it. Nothing should form part of the record.

RESUMPTION OF DISCUSSION ON GOVERNOR'S ADDRESS

ਸਰਦਾਰ ਮਲਕੀਅਤ ਸਿੰਘ ਬਿਰਮੀ (ਲੁਧਿਆਣਾ ਦਿਹਾਤੀ) : ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਗਵਰਨਰ ਸਾਹਿਬ ਦੇ ਐਡਰੈਸ ਉਤੇ ਆਪਣੀ ਸਪੀਚ ਕੰਟੀਨਿਊ ਕਰਨ ਦਾ ਸਮਾਂ ਦਿਤਾ ਹੈ ।

ਸਪੀਕਰ ਸਾਹਿਬ, ਮੈਂ ਕੱਲ੍ਹ ਲਾਅ ਐਂਡ ਆਰਡਰ ਦੇ ਬਾਰੇ ਬੋਲ ਰਿਹਾ ਸੀ । ਕਈ ਮੈਂਬਰ ਸਾਹਿਬਾਨ ਨੇ ਇਥੇ ਕਿਹਾ ਹੈ ਕਿ ਪੁਲਿਸ ਜ਼ਿਆਦਤੀਆਂ ਕਰਦੀ ਹੈ । ਮੈਂ ਇਸ ਗੱਲ ਨਾਲ ਸਹਿਮਤ ਨਹੀਂ ਹਾਂ । ਫੋਰਸਿਜ਼ ਨੇ ਇੱਕ ਬਹੁਤ ਹੀ ਅੱਛਾ ਕੰਮ ਕੀਤਾ ਹੈ । ਕਿਸੇ ਕੈਡੀਂਡੇਟ ਦੇ ਝਰੀਟ ਤਕ ਨਹੀਂ ਆਈ । ਅੰਤ ਵਿਚ ਅਕਾਲੀ ਪਾਰਟੀ ਨੇ ਅਤੇ ਹੋਰ ਪਾਰਟੀਆਂ ਨੇ ਪੰਚਾਇਤਾਂ ਦੀਆਂ ਇਲੈਕਸ਼ਨਾਂ ਵਿਚ ਹਿੱਸਾ ਲਿਆ । (ਥੰਪਿੰਗ) ਸਾਰਿਆਂ ਨੇ ਡੈਮੋਕਰੇਸੀ ਦੇ ਹੱਥ ਮਜ਼ਬੂਤ ਕੀਤੇ । ਸਪੀਕਰ ਸਾਹਿਬ, ਮੈ ਸਾਰੀਆਂ ਪਾਰਟੀਆਂ ਨੂੰ ਬੇਨਤੀ ਕਰਾਂਗਾ ਕਿ ਉਹ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਜੀ ਦੇ ਹੱਥ ਮਜ਼ਬੂਤ ਕਰਨ ਤਾਂ ਕਿ ਪੰਜਾਬ ਵਿਚ ਪੂਰੀ ਸ਼ਾਂਤੀ ਹੋਵੇ ਅਤੇ ਅੱਛਾ ਮਾਹੌਲ ਹੋਵੇ । ਪੰਜ ਸਾਲ ਲਗਾਤਾਰ ਪ੍ਰੈਜ਼ੀਡੈਂਟ ਰੂਲ ਤੋਂ ਬਾਅਦ ਕਾਂਗਰਸ ਸਰਕਾਰ ਪੰਜਾਬ ਵਿਚ ਬਣੀ ਹੈ (ਵਿਘਨ)ਪੰਜਾਬ ਵਿਚ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਜੀ ਨੇ ਵਾਗਡੋਰ ਸੰਭਾਲੀ । (ਵਿਘਨ)(ਸ਼ੋਰ)

ਇਸ ਵੇਲੇ ਬਹੁਤ ਸਾਰੇ ਮੈਂਬਰ ਸਾਹਿਬਾਨ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ ਅਤੇ ਹਾਊਸ ਵਿੱਚ ਬਹੁਤ ਸ਼ੋਰ ਸੀ ।)

WALK-OUT

ਇਸ ਸਮੇਂ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸ਼ਿਸਟ) ਜਨਤਾ ਦਲ, ਅਤੇ ਸ਼੍ਰੋਮਣੀ ਅਕਾਲੀ ਦਲ (ਕਾਬਲ) ਦੇ ਸਦਨ ਵਿਚ ਹਾਜਰ ਮਾਨਯੋਗ ਮੈਂਬਰ ਸਾਹਿਬਾਨ ਨਾਅਰੇ** ਲਗਾਉਂਦੇ ਹੋਏ ਵਾਕ ਆਊਟ ਕਰ ਗਏ ।)

ਸ੍ਰੀ ਸਪੀਕਰ : ਨਾਅਰੇ ਰਿਕਾਰਡ ਨਹੀਂ ਕਰਨੇ ਹਨ ।

RESUMPTION OF DISCUSSION ON GOVERNOR'S ADDRESS

ਸਰਦਾਰ ਮਲਕੀਅਤ ਸਿੰਘ ਬਿਰਮੀ : ਸਾਡੇ ਵਿੱਤ ਮੰਤਰੀ ਡਾਕਟਰ ਕੇਵਲ ਕ੍ਰਿਸ਼ਨ ਜੀ ਨੇ ਬਜਟ ਦੇ ਹਾਲਾਤ ਨੂੰ ਬਹੁਤ ਅੱਛੀ ਤਰ੍ਹਾਂ ਦੇ ਨਾਲ ਸੁਧਾਰਿਆ ਹੈ । (ਵਿੱਤ ਮੰਤਰੀ ਜੀ ਨੇ ਡਿਸਟ੍ਰਿਕਟਸ ਪਲੈਨਿੰਗ ਬੋਰਡ ਬਣਾਏ ਹਨ । ਮੁੱਖ ਮੰਤਰੀ ਜੀ ਦੀ ਅਗਵਾਈ ਹੇਠ ਸਾਰੀਆਂ ਕਮੇਟੀਆਂ ਬਹੁਤ ਅੱਛੇ ਤਰੀਕੇ ਦੇ ਨਾਲ ਕੰਮ ਕਰ ਰਹੀਆਂ ਹਨ । ਪਿੰਡਾਂ ਵਿਚ ਬਹੁਤ ਚੰਗੀ ਤਰ੍ਹਾਂ ਦੇ ਨਾਲ ਕੰਮ ਹੋ ਰਿਹਾ ਹੈ । ਪਿੰਡਾਂ ਵਿਚ ਬਹੁਤ ਜ਼ਿਆਦਾ ਡਿਵੈਲਪਮੈਂਟ ਹੋ ਰਹੀ ਹੈ । ਪਿੰਡਾਂ ਦੀਆਂ ਨਾਲੀਆਂ ਅਤੇ ਗਲੀਆਂ ਪਕੀਆਂ ਹੋ ਰਹੀਆਂ ਹਨ । ਪਿੰਡਾਂ ਵਿਚ ਬੜੇ ਅੱਛੇ ਤਰੀਕੇ ਨਾਲ ਸਾਡੀ ਸਰਕਾਰ ਕੰਮ ਕਰ ਰਹੀ ਹੈ । ਮੈਂ ਵਿੱਤ ਮੰਤਰੀ ਜੀ ਦੀ ਸਲਾਘਾ ਕਰਦਾ ਹਾਂ ਕਿ ਉਨ੍ਹਾਂ ਨੇ ਨੋਟੀਫਿਕੇਸ਼ਨ ਇਸ਼ੂ ਕੀਤੀ ਹੈ ।

**Not recorded as ordered by the Chair.

[Sardar Malkiat Singh Birmi]

It is No. 6, X-A issued by the Local Government Department—*vide* letter No. 505-4CI-73/677, dated 16th January, 1973. It reads as under—

> In exercise of the powers conferred by Section 3 of the East Punjab Urban Rent Restriction Act., 1949 (East Punjab Act No. 111 of 1949), the Governor of Punjab is pleased to direct that the provisions of the said Act shall not apply to the properties of Rajindera Leva Orophanage, Patiala.

ਸਪੀਕਰ ਸਾਹਿਬ, ਇਸ ਤਰ੍ਹਾਂ ਪੰਜਾਬ ਦੇ ਲੋਕ ਪੰਜਾਬ ਸਰਕਾਰ ਤੋਂ ਵੱਧ ਹਮਦਰਦੀ ਦੇ ਪਾਤਰ ਹਨ। ਇਸ ਵਾਸਤੇ ਪੰਜਾਬ ਸਰਕਾਰ ਨੂੰ ਕੋਈ ਗੁਰੇਜ਼ ਕਰਨ ਦੀ ਲੋੜ ਨਹੀਂ ਹੈ। ਕੇਵਲ ਫੈਸਲਾ ਹੀ ਕਰਨ ਦੀ ਲੋੜ ਹੈ। ਕਿਸੇ ਵੀ ਬਿਲਡਿੰਗ ਤੇ ਭਾਵੇਂ ਰਿਹਾਇਸ਼ੀ ਹੋਵੇ, ਭਾਵੇਂ ਵਪਾਰਕ ਹੋਵੇ। ਸਪੀਕਰ ਸਾਹਿਬ, ਐਕਟ 1949 ਦੀ ਕੋਈ ਵੀ ਧਾਰਾ ਲਾਗੂ ਨਹੀਂ ਹੋਵੇਗੀ। ਇਹ ਫੈਸਲਾ ਤੁਰੰਤ ਲਾਗੂ ਕਰਕੇ ਇਕ ਬਹੁਤ ਹੀ ਵੱਡਾ ਪੁੰਨ ਦਾ ਕੰਮ ਕੀਤਾ ਹੈ।

ਸਪੀਕਰ ਸਾਹਿਬ, ਮੈਂ ਵਿੱਤ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਜੋ ਕਿਰਾਏਦਾਰ 15-15, 20-20 ਸਾਲਾਂ ਤੋਂ ਰੈਂਟ ਤੇ ਬੈਠੇ ਹਨ ਉਨ੍ਹਾਂ ਦੇ ਰੈਂਟ ਵੀ ਵਧਾਏ ਜਾਣ ਕਿਉਂਕਿ ਉਹ ਸਿਰਫ 15-20 ਰੁਪਏ ਮਹੀਨਾ ਕਿਰਾਏ ਦਿੰਦੇ ਹਨ। ਕਿਰਾਇਆ ਵਧਾਉਣ ਨਾਲ ਸਰਕਾਰ ਨੂੰ ਕੋਈ ਫਰਕ ਨਹੀਂ ਪੈਂਦਾ ਅਤੇ ਨਾ ਹੀ ਪੰਜਾਬ ਸਰਕਾਰ ਤੇ ਕੋਈ ਬੋਝ ਪਵੇਗਾ ਬਲਕਿ ਵਧਿਆ ਹੋਇਆ ਕਿਰਾਇਆ ਤਾਂ ਦੁਕਾਨਦਾਰ ਨੇ ਜਾਂ ਘਰ ਵਿਚ ਰਹਿਣ ਵਾਲੇ ਨੇ ਹੀ ਦੇਣਾ ਹੈ। ਹੁਣ ਮੈਂ, ਸਪੀਕਰ ਸਾਹਿਬ, ਖੇਤੀਬਾੜੀ ਦੇ ਮੁਤੱਲਕ ਕੁਝ ਕਹਿਣਾ ਚਾਹੁੰਦਾ ਹਾਂ। ਖੇਤੀਬਾੜੀ ਦੇ ਮੁਤੱਲਕ ਬਹੁਤ ਹੀ ਚੰਗੇ ਕਦਮ ਚੁੱਕੇ ਗਏ ਹਨ। ਕਿਸਾਨਾਂ ਨੂੰ 30-30 ਹਜ਼ਾਰ ਰੁਪਏ ਦੀ ਸਬਸਿਡੀ ਟਰੈਕਟਰ ਖਰੀਦਣ ਵਾਸਤੇ ਦਿੱਤੀ ਗਈ ਹੈ। ਮੈਂ ਕਹਾਂਗਾ ਕਿ ਜੋ ਛੋਟੇ ਕਿਸਾਨ ਹਨ ਉਨ੍ਹਾਂ ਵਲ ਸਰਕਾਰ ਨੂੰ ਹੋਰ ਜ਼ਿਆਦਾ ਧਿਆਨ ਦੇਣਾ ਚਾਹੀਦਾ ਹੈ। ਜੋ ਨਵੀਆਂ ਹੋਰ ਸਕੀਮਾਂ ਬਣਾਉਣੀਆਂ ਹਨ ਉਸ ਵੱਲ ਵਿਸ਼ੇਸ਼ ਧਿਆਨ ਦਿਤਾ ਜਾਵੇਗਾ ਜਿਸ ਨਾਲ ਪੰਜਾਬ ਦੇ ਕਿਸਾਨ ਨੂੰ ਹੋਰ ਜ਼ਿਆਦਾ ਲਾਭ ਹੋਵੇਗਾ। ਉਨ੍ਹਾਂ ਦੀ ਇਨਕਮ ਵਧੇਗੀ ਅਤੇ ਜਿਹੜੇ ਆਉਣ ਵਾਲੇ 3-4 ਸਾਲਾਂ ਵਿੱਚ ਸਰਕਾਰ ਨੇ ਰੁਜ਼ਗਾਰ ਦੇਣ ਦਾ ਫੈਸਲਾ ਕੀਤਾ ਹੈ, ਮੈਂ ਉਸ ਲਈ ਸਰਕਾਰ ਦੀ ਪੁਰਜ਼ੋਰ ਸ਼ਾਲਾਘਾ ਕਰਦਾ ਹਾਂ। ਏਥੇ ਹੀ ਬੱਸ ਨਹੀਂ, ਸਰਕਾਰ ਨੇ ਕਣਕ ਦਾ ਭਾਅ 275 ਰੁਪਏ ਤੋਂ 330 ਰੁਪਏ ਕਰਕੇ ਪੰਜਾਬ ਦੇ ਕਿਸਾਨਾਂ ਨੂੰ ਬਹੁਤ ਵੱਡੀ ਰਾਹਤ ਦਿੱਤੀ ਹੈ। ਇਸ ਨਾਲ ਕਿਸਾਨਾਂ ਦੀ 320 ਕਰੋੜ ਰੁਪਏ ਦੀ ਆਮਦਨੀ ਜ਼ਿਆਦਾ ਹੋਵੇਗੀ।

ਸਪੀਕਰ ਸਾਹਿਬ, ਉਦਯੋਗ ਬਾਰੇ ਜਿਹੜੀਆਂ ਸਰਕਾਰ ਨੇ ਸਬਸਿਡੀਆਂ ਦੇਣ ਦਾ ਫੈਸਲਾ ਕੀਤਾ ਹੈ, ਉਹ ਸ਼ਲਾਘਾਯੋਗ ਗੱਲ ਹੈ ਅਤੇ ਹੁਣ ਜਿੰਨੀਆਂ ਵੀ ਸਾਡੇ ਪੰਜਾਬ ਦੇ ਅੰਦਰ ਨਵੀਆਂ ਯੂਨਿਟਾਂ ਲਗਾਈਆਂ ਜਾਂ ਰਹੀਆਂ ਹਨ, ਇਹ ਬੜੀ ਵੱਡੀ ਪ੍ਰਾਪਤੀ ਹੈ। ਪਿਛਲੇ ਗਲਤ ਮਾਹੌਲ ਵਿੱਚ ਪੰਜਾਬ ਦੇ ਅੰਦਰੋਂ ਇੰਡਸਟਰੀ ਬਾਹਰ ਜਾਣ ਲੱਗ ਪਈ ਸੀ, ਅੱਜ ਫੇਰ ਸਾਡੀ ਸਰਕਾਰ ਨੇ ਐਸਾ ਮਾਹੌਲ ਪੈਦਾ ਕੀਤਾ ਹੈ ਇੰਡਸਟਰੀ ਵਾਸਤੇ ਕਿ ਸਾਰੀ ਇੰਡਸਟਰੀ ਹੁਣ ਵਾਪਸ ਆ ਗਈ ਹੈ ਅਤੇ ਵਿਦੇਸ਼ਾਂ ਦੇ ਵਿਚੋਂ ਵੀ ਅਤੇ ਸਾਡੇ ਆਪਣੇ ਦੇਸ਼ ਵਿਚੋਂ ਵੀ ਵੱਡੇ ਵੱਡੇ ਪ੍ਰਾਜੈਕਟ ਪੰਜਾਬ ਵਿੱਚ ਲਗ ਰਹੇ ਹਨ। ਇਸ ਨਾਲ ਇਹੀ ਨਹੀਂ ਕਿ ਪੰਜਾਬ ਵਿੱਚ ਤਰੱਕੀ ਹੋਵੇਗੀ, ਹੋਰ ਪੈਸਾ ਮਿਲੇਗਾ, ਬਲਕਿ ਇਸ ਨਾਲ ਪੰਜਾਬ ਦੇ ਬੇਰੋਜ਼ਗਾਰ ਲੋਕਾਂ ਨੂੰ ਰੋਜ਼ਗਾਰ ਵੀ ਮਿਲੇਗਾ। ਇਹ ਬੜੀ ਸ਼ਲਾਘਾਯੋਗ ਗੱਲ ਹੈ। ਬਾਕੀ ਜਿਹੜੇ 170 ਕਰੋੜ ਰੁਪਏ ਦੀ ਕੀਮਤ ਨਾਲ ਏਥੇ 14 ਨਵੇਂ ਫੋਕਲ ਪੁਆਇੰਟ ਬਣਾਏ ਜਾ ਰਹੇ ਹਨ, ਇਹ ਬਹੁਤ ਪ੍ਰਸ਼ੰਸਾਯੋਗ ਗੱਲ ਹੈ। ਇਸ ਨਾਲ ਪੰਜਾਬ ਦੇ ਅੰਦਰ ਲੋਕਾਂ ਨੂੰ ਇੰਡਸਟਰੀ ਲਗਾਉਣ ਵਾਸਤੇ ਨਵੀਂ ਜਗ੍ਹਾਂ ਮਿਲੇਗੀ, ਸਹੂਲਤਾਂ ਮਿਲਣਗੀਆਂ, ਲਾਅ ਐਂਡ ਆਰਡਰ ਤਾਂ ਸੁਧਰੇਗਾ ਹੀ, ਬੇਰੋਜ਼ਗਾਰ ਲੋਕਾਂ ਨੂੰ ਕੰਮ ਵੀ ਮਿਲੇਗਾ ਅਤੇ ਉਨ੍ਹਾਂ ਬੇਰੋਜ਼ਗਾਰ ਯੁਵਕਾਂ ਦਾ ਧਿਆਨ ਗਲਤ ਕੰਮਾਂ ਤੋਂ ਹੱਟ ਕੇ ਅੱਛੇ ਕੰਮਾਂ ਵੱਲ ਲਗੇਗਾ।

ਸਪੀਕਰ ਸਾਹਿਬ, ਹੁਣ ਮੈਂ ਸਿੰਚਾਈ ਤੇ ਬਿਜਲੀ ਬਾਰੇ ਵੀ ਸਰਕਾਰ ਦੀ ਸ਼ਲਾਘਾ ਕਰਾਂਗਾ ਜਿਹੜਾ ਉਨ੍ਹਾਂ ਨੇ ਬਹੁਤ ਅੱਛਾ ਕੰਮ ਕੀਤਾ ਹੈ ਕਿ 24 ਘੰਟੇ ਕਿਸਾਨਾਂ ਨੂੰ ਬਿਜਲੀ ਮੁਹੱਈਆ ਕਰਨ ਦਾ ਫੈਸਲਾ ਕੀਤਾ ਹੈ। ਜਿਹੜੀ ਪੰਜਾਬ ਦੇ ਕਿਸਾਨਾਂ ਨੂੰ ਪਾਣੀ ਦੀ ਦਿੱਕਤ ਆਉਂਦੀ ਸੀ, ਉਹ ਪਰੇਸ਼ਾਨੀ ਹੁਣ ਬਿਜਲੀ ਪੂਰੀ ਤਰ੍ਹਾਂ ਦੇਣ ਨਾਲ ਦੂਰ ਹੋਵੇਗੀ। ਇਸ ਦੇ ਨਾਲ-ਨਾਲ ਸਰਕਾਰ ਨੇ ਪਾਣੀ ਮੁਹੱਈਆ ਕਰਨ ਵਾਸਤੇ ਡੂੰਘੇ ਟਿਊਬਵੈਲਜ਼ ਲਗਾਉਣ ਦਾ ਵੀ ਫੈਸਲਾ ਕੀਤਾ ਹੈ। ਜਿਹੜਾ ਕੰਡੀ ਨਹਿਰ ਦੀ ਉਸਾਰੀ ਦਾ ਕੰਮ ਹੋ ਰਿਹਾ ਹੈ, ਇਹ ਵੀ ਬੜਾ ਸ਼ਘਾਲਾਯੋਗ ਕੰਮ ਹੈ। ਇਸ ਦੇ ਨਾਲ-ਨਾਲ ਮੈਂ ਸਰਕਾਰ ਨੂੰ ਬੇਨਤੀ ਕਰਾਂਗਾ......

ਸ੍ਰੀ ਸਪੀਕਰ : ਤੁਸੀਂ ਹੁਣ ਵਾਈਂਡ ਅੱਪ ਕਰੋ।

ਸਰਦਾਰ ਮਲਕੀਅਤ ਸਿੰਘ ਬਿਰਮੀ : ਸਪੀਕਰ ਸਾਹਿਬ, ਲੋਕ ਨਿਰਮਾਣ ਅਤੇ ਜਨ-ਸਿਹਤ ਬਾਰੇ ਮੈਂ ਕੁੱਝ ਕਹਾਂਗਾ। ਜਿਸ ਤਰ੍ਹਾਂ 4 ਲੇਨ ਹਾਈ-ਵੇਅ ਬਣ ਰਿਹਾ ਹੈ, ਸ਼ਾਹ ਨਹਿਰ ਤੇ ਫਲਾਈ ਓਵਰ ਬਣ ਰਿਹਾ ਹੈ, ਇਹ ਬੜੇ ਅੱਛੇ ਕੰਮ ਹਨ। ਇਸ ਦੇ ਨਾਲ ਦਾ ਹਾਈ ਵੇਅ ਹਿੰਦੁਸਤਾਨ ਵਿੱਚ ਹੋਰ ਕਿਧਰੇ ਨਹੀਂ ਮਿਲੇਗਾ। ਮੈਂ ਇਸ ਸਬੰਧੀ ਮੁੱਖ-ਮੰਤਰੀ ਨੂੰ ਬੇਨਤੀ ਕਰਾਂਗਾ ਕਿ ਉਹ ਗਵਾਂਢੀ ਪ੍ਰਦੇਸ਼ ਨਾਲ ਗੱਲ ਕਰਕੇ ਇਸ ਹਾਈ-ਵੇਅ ਨੂੰ ਮਾਰੂਥਲ ਤੱਕ ਪੂਰਾ ਕਰਾਉਣ ਜਿਸ ਨਾਲ ਦਿੱਲੀ, ਲੁਧਿਆਣਾ, ਅੰਮ੍ਰਿਤਸਰ ਜਾਣ ਵਾਲੇ ਲੋਕਾਂ ਨੂੰ ਬਹੁਤ ਵੱਡੀ ਫਸਿਲਿਟੀ ਮਿਲੇਗੀ। ਚਾਲੂ ਸਾਲ ਦੌਰਾਨ 33.55 ਕਰੋੜ ਰੁਪਏ ਦੀ ਲਾਗਤ ਨਾਲ 406 ਪਿੰਡ ਜਲ ਸਪਲਾਈ ਪ੍ਰੋਗਰਾਮ ਅਧੀਨ ਲੈ ਲਏ ਗਏ ਹਨ ਅਤੇ ਅਗਲੇ ਸਾਲ ਦੌਰਾਨ 575 ਹੋਰ ਪਿੰਡ ਇਸ ਸਕੀਮ ਅਧੀਨ ਲੈ ਲਏ ਜਾਣਗੇ। ਇਹ ਬਹੁਤ ਅੱਛੀ ਸਕੀਮ ਹੈ।

ਮੈਂ ਅਗਲੀ ਗੱਲ ਖੇਡਾਂ ਬਾਰੇ ਕਰਾਂਗਾ ਕਿ ਏਥੇ ਕਈ ਮੈਂਬਰ ਸਾਹਿਬਾਨ ਨੇ ਕਿਹਾ ਸੀ ਕਿ ਸਾਡੇ ਲੋਕ ਜਾਂਦੇ ਹਨ ਅਤੇ ਹਾਰ ਕੇ ਆ ਜਾਂਦੇ ਹਨ, ਇਹ ਅੱਛੇ ਖਿਡਾਰੀ ਨਹੀਂ ਹਨ। ਜਿਹੜੇ ਦੇਸ਼ ਦੇ ਅੰਦਰ, ਪੰਜਾਬ ਦੇ ਅੰਦਰ ਲਾਅ ਐਂਡ ਆਰਡਰ ਹੀ ਕਾਇਮ ਨਹੀਂ ਹੋਵੇਗਾ, ਹਾਲਾਤ ਹੀ ਠੀਕ ਨਹੀਂ ਹੋਣਗੇ, ਉਥੇ ਕੀ ਖੇਡਾਂ ਹੋਣਗੀਆਂ। ਐਸੇ ਮਾਹੌਲ ਵਿੱਚ ਲਾਅ ਐਂਡ ਆਰਡਰ ਨੂੰ ਕਾਇਮ ਕਰਨਾ ਹੀ ਸਭ ਤੋਂ ਵੱਡੀ ਡਿਵੈਲਪਮੈਂਟ ਹੈ ਜਿਹੜੀ ਕਿ ਸਰਦਾਰ ਬੇਅੰਤ ਸਿੰਘ ਨੇ ਕਰਕੇ ਦਿਖਾ ਦਿੱਤੀ ਹੈ। ਹੁਣ ਖੇਡਾਂ ਅਤੇ ਜਲਸੇ ਵੀ ਸ਼ੁਰੂ ਹੋ ਏ ਹਨ। ਜਿਹੜੀ ਇਥੇ ਗੱਲ ਕੀਤੀ ਗਈ ਸੀ ਕਿ ਵਰ੍ਹੇ ਗੰਢ ਮਨਾਈ ਜਾ ਰਹੀ ਹੈ ਅਤੇ ਨਾਚ ਗਾਣੇ ਹੋ ਰਹੇ ਹਨ, ਇਹ ਵੀ ਸਰਦਾਰ ਬੇਅੰਤ ਸਿੰਘ ਨੇ ਆਪਣੇ ਲਈ ਨਹੀਂ ਕਰਵਾਏ, ਇਹ ਵੀ ਲੋਕਾਂ ਵਿੱਚ ਨਵੇਂ ਨਰੋਏ ਜ਼ਜਬਾਤ ਪੈਦਾ ਕਰਨ ਵਾਸਤੇ ਕਰਵਾਏ ਹਨ, ਦਹਿਸ਼ਤ ਖਤਮ ਕਰਨ ਵਾਸਤੇ ਕਰਵਾਏ ਹਨ। ਉਨ੍ਹਾਂ ਨੂੰ ਵੇਖ ਕੇ ਲੋਕ ਖੁਸ਼ ਹੁੰਦੇ ਹਨ। ਰਾਤ ਦਿਨ ਫੰਕਸ਼ਨ ਹੁੰਦੇ ਹਨ, ਗੇਮਾਂ ਹੁੰਦੀਆਂ ਹਨ। ਕਈ ਕਿਸਮ ਦੀਆਂ ਖੇਡਾਂ ਹੁੰਦੀਆਂ ਹਨ। ਕਬੱਡੀ ਹੁੰਦੀ ਹੈ, ਰੱਸਾ ਕਸ਼ੀ ਹੁੰਦੀ ਹੈ। ਮੈਂ ਖੇਡ ਮੰਤਰੀ ਸ੍ਰੀ ਮਹਿੰਦਰ ਸਿੰਘ ਕੇ.ਪੀ. ਦੀ ਤਾਰੀਫ ਕਰਦਾ ਹਾਂ ਜਿਹੜੇ ਪਿੰਡ-ਪਿੰਡ ਜਾ ਕੇ ਲੋਕਾਂ ਨੂੰ ਉਤਸ਼ਾਹਤ ਕਰਦੇ ਹਨ। ਖੇਡਾਂ ਦੀ ਤਰੱਕੀ ਵਾਸਤੇ ਸਰਕਾਰ ਨੇ ਹੋਰ ਸਟੇਡੀਅਮ ਬਣਾਉਣ ਦਾ ਜੋ ਫੈਸਲਾ ਕੀਤਾ ਹੈ, ਉਸ ਦੇ ਲਈ ਮੈਂ ਸਰਕਾਰ ਦੀ ਪੁਰਜ਼ੋਰ ਸ਼ਲਾਘਾ ਕਰਦਾ ਹਾਂ। ਇਨ੍ਹਾਂ ਸਟੇਡੀਅਮ ਦੇ ਬਣਨ ਨਾਲ ਖਿਡਾਰੀਆਂ ਨੂੰ ਬਹੁਤ ਉਤਸ਼ਾਹ ਮਿਲੇਗਾ ਅਤੇ ਉਨ੍ਹਾਂ ਨੂੰ ਇਕ ਵਧੀਆ ਜਗ੍ਹਾ ਮਿਲੇਗੀ ਜਿਥੇ ਜਾ ਕੇ ਉਹ ਖੇਡ ਸਕਿਆ ਕਰਨਗੇ।

ਇਸ ਤੋਂ ਬਾਦ, ਇਥੇ ਭ੍ਰਿਸ਼ਟਾਚਾਰ ਦੀ ਗੱਲ ਚਲ ਰਹੀ ਸੀ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਥੇ ਕਿਸੇ ਨੂੰ ਹੋਰ ਕੋਈ ਗੱਲ ਨਹੀਂ ਆਉਂਦੀ, ਉਥੇ ਉਹ ਭ੍ਰਿਸ਼ਟਾਚਾਰ ਦੀ ਗੱਲ ਨੂੰ ਲੈ ਕੇ ਬੈਠ ਜਾਂਦਾ ਹੈ। ਸਰਕਾਰ ਇਕ ਗੱਲ ਨੂੰ ਮੰਨਦੀ ਹੈ ਕਿ ਭ੍ਰਿਸ਼ਟਾਚਾਰ ਨਹੀਂ ਹੋਣਾ ਚਾਹੀਦਾ ਅਤੇ ਉਸ ਨੂੰ ਬੰਦ ਕਰਨ ਲਈ ਸਰਕਾਰ ਦੀ ਸਕੀਮ ਵੀ ਹੈ। ਇਸ ਦਾ ਮਤਲਬ ਇਹ ਨਹੀਂ ਕੱਢਣਾ ਚਾਹੀਦਾ ਕਿ ਭ੍ਰਿਸ਼ਟਾਚਾਰ ਰਾਜ ਅੰਦਰ

[ਸਰਦਾਰ ਮਲਕੀਅਤ ਸਿੰਘ ਬਿਰਮੀ]

ਹੋ ਰਿਹਾ ਹੈ। ਮੈਂ ਦਾਅਵੇ ਨਾਲ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਜੀ ਨੇ ਆਪਣੀ ਹਾੜੀ ਅਤੇ ਸਾਉਣੀ ਵੇਚ ਵੇਚ ਕੇ ਇਸ ਸਰਕਾਰ ਨੂੰ ਚਲਾਇਆ ਹੈ। ਮੈਂ ਚੈਲਿੰਜ ਕਰਦਾ ਹਾਂ ਜੇ ਕੋਈ ਆਦਮੀ ਕਹਿ ਦੇਵੇ ਕਿ ਇਨ੍ਹਾਂ ਨੇ ਭ੍ਰਿਸ਼ਟਾਚਾਰ ਕੀਤਾ ਹੈ । ਉਹ ਐਸੇ ਸ਼ਖਸ ਹਨ ਜਿਹੜੇ ਨਾ ਆਪ ਭ੍ਰਿਸ਼ਟਾਚਾਰ ਕਰਨਗੇ ਅਤੇ ਨਾ ਕਿਸੇ ਦੂਜੇ ਨੂੰ ਕਰਨ ਦੇਣਗੇ। ਮੈਂ ਇਸ ਸਦਨ ਨੂੰ ਦਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਸਰਕਾਰ ਨੇ 116 ਛਾਪੇ ਮਰਵਾਏ ਹਨ। ਕਈ ਅਲੱਗ-ਅਲੱਗ ਕਰਮਚਾਰੀ, ਗਜ਼ਟਿਡ ਅਫਸਰ ਜਿਹੜੇ ਫੜੇ ਗਏ ਹਨ, ਉਨ੍ਹਾਂ ਤੇ ਐਕਸ਼ਨ ਕਰਵਾਇਆ ਗਿਆ ਹੈ ਅਤੇ ਬਹੁਤ ਸਾਰਿਆਂ ਦੀ ਇਨ-ਕੁਆਰੀ ਚਲ ਰਹੀ ਹੈ। ਇਹ ਆਪਣੇ ਵੱਲੋਂ ਪੂਰੀ ਕੋਸ਼ਿਸ਼ ਕਰ ਰਹੇ ਹਨ ਭ੍ਰਿਸ਼ਟਾਚਾਰ ਨੂੰ ਬੰਦ ਕਰਨ ਦੀ ਪਰ ਸਰਦਾਰ ਬੇਅੰਤ ਸਿੰਘ ਕੋਲ ਕੋਈ ਗਿਦੜਸਿੰਘੀ ਤਾਂ ਹੈ ਨਹੀਂ ਜਿਸ ਨਾਲ ਇਹ ਭ੍ਰਿਸ਼ਟਾਚਾਰ ਨੂੰ ਰਾਤੋ ਰਾਤ ਬੰਦ ਕਰ ਦੇਣ । ਇਸ ਵਾਸਤੇ ਥੋੜ੍ਹਾ ਟਾਈਮ ਤਾਂ ਲਗੇਗਾ ਹੀ। ਪਰ ਇੰਨੀ ਗੱਲ ਮੈਂ ਯਕੀਨ ਨਾਲ ਕਹਿ ਸਕਦਾ ਹਾਂ ਕਿ ਸਰਦਾਰ ਬੇਅੰਤ ਸਿੰਘ ਜੀ ਇਸ ਨੂੰ ਜ਼ਰੂਰ ਨੱਥ ਪਾਉਣਗੇ ਅਤੇ ਇਕ ਅਜਿਹਾ ਮਾਹੌਲ ਤਿਆਰ ਕਰਨਗੇ ਕਿ ਲੋਕ ਉਨ੍ਹਾਂ ਨੂੰ ਯਾਦ ਰੱਖਣਗੇ।

ਇਥੇ ਸਥਾਨਕ ਸਰਕਾਰ ਦੀ ਗੱਲ ਵੀ ਹੋਈ ਹੈ। ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਲੋਕ-ਰਾਜ ਬਹਾਲ ਕੀਤਾ ਹੈ ਅਤੇ ਲੋਕਾਂ ਦੀਆਂ ਗੁੰਮੀਆਂ ਹੋਈਆਂ ਪਾਵਰਾਂ ਡੀਸੈਂਟਰਲਾਈਜ਼ ਕਰਕੇ ਫਿਰ ਉਨ੍ਹਾਂ ਦੇ ਹੱਥਾਂ ਵਿਚ ਦਿੱਤੀਆਂ ਹਨ ।

(ਇਸ ਵਕਤ ਇਕ ਮਾਨਯੋਗ ਮੈਂਬਰ ਸਰਦਾਰ ਮਲਕੀਅਤ ਸਿੰਘ ਬਿਰਮੀ ਅਤੇ ਮਾਨਯੋਗ ਸਪੀਕਰ ਦੇ ਵਿਚਕਾਰੋਂ ਲੰਘ ਰਿਹਾ ਸੀ) ।

ਸ਼੍ਰੀ ਸਪੀਕਰ : ਮੈਂ ਰਿਕੁਐਸਟ ਕਰਾਂਗਾ ਕਿ ਜਿਸ ਵੇਲੇ ਮੈਂਬਰ ਬੋਲ ਰਹੇ ਹੋਣ ਤਾਂ ਮੇਰੇ ਤੇ ਉਨ੍ਹਾਂ ਦੇ ਦਰਮਿਆਨ ਲੰਘਣਾ ਠੀਕ ਨਹੀਂ ।

ਸਰਦਾਰ ਮਲਕੀਅਤ ਸਿੰਘ ਬਿਰਮੀ : ਸਪੀਕਰ ਸਾਹਿਬ, ਪਿਛਲੇ ਸਾਲਾਂ ਵਿਚ ਸਾਡੇ ਰਾਜ ਅੰਦਰ ਸੈਰ ਸਪਾਟੇ ਨੂੰ ਬਹੁਤ ਵੱਡਾ ਧੱਕਾ ਲੱਗਾ ਹੈ। ਇਸ ਮਾਮਲੇ ਵਿਚ ਅੱਤਵਾਦ ਅਤੇ ਵੱਖਵਾਦ ਨੇ ਸਾਡੇ ਪੰਜਾਬ ਨਾਲ ਬੜਾ ਧੱਕਾ ਕੀਤਾ ਹੈ। ਇਸ ਵਜ੍ਹਾ ਕਰਕੇ ਜਿਥੇ ਇਨ੍ਹਾਂ ਸੈਰ ਸਪਾਟੇ ਦੇ ਅਦਾਰਿਆਂ ਨੂੰ ਇਨ-ਕਮ ਹੋਣੀ ਸੀ, ਉਥੇ ਇਨ੍ਹਾਂ ਨੂੰ ਬਹੁਤ ਘਾਟਾ ਪੈਣਾ ਸ਼ੁਰੂ ਹੋ ਗਿਆ। ਲੋਕਾਂ ਨੇ ਪੰਜਾਬ ਅੰਦਰ ਆਉਣਾ ਜਾਣਾ ਬੰਦ ਕਰ ਦਿੱਤਾ ਸੀ ਲੇਕਿਨ ਅੱਜ ਫਿਰ ਹਾਲਾਤ ਬਦਲ ਗਏ ਹਨ। ਮੈਂ ਸਮਝਦਾ ਹਾਂ ਕਿ ਬਦਲੇ ਹੋਏ ਹਾਲਾਤ ਵਿਚ ਜਿੰਨੇ ਟੂਰਿਸਟ ਕਦੀ ਪਹਿਲਾਂ ਪੰਜਾਬ ਵਿਚ ਆਉਂਦੇ ਹੁੰਦੇ ਸਨ, ਆਉਣ ਵਾਲੇ ਸਾਲਾਂ ਵਿਚ ਉਸ ਤੋਂ ਕਿਤੇ ਜ਼ਿਆਦਾ ਆਉਣਗੇ। ਇਸ ਨਾਲ ਸਿਰਫ ਪੰਜਾਬ ਦੇ ਲੋਕ ਟੂਰਿਜ਼ਮ ਦਾ ਅਨੰਦ ਮਾਨਣਗੇ, ਸਗੋਂ ਭਾਰਤ ਦੇ ਦੂਸਰੇ ਰਾਜਾਂ ਤੋਂ ਅਤੇ ਭਾਰਤ ਤੋਂ ਬਾਹਰਲੇ ਦੇਸ਼ਾਂ ਤੋਂ ਵੀ ਲੋਕ ਇਥੇ ਆਉਣਗੇ ਅਤੇ ਆ ਕੇ ਵੇਖਣਗੇ ਕਿ ਜੋ ਕੁਝ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਨੇ ਪੰਜਾਬ ਵਿਚ ਸ਼ਾਂਤੀ ਦੀ ਬਹਾਲੀ ਵਾਸਤੇ ਕੀਤਾ ਹੈ, ਕੀ ਵਾਕਈ ਉਹ ਸੱਚ ਹੈ? ਇਸ ਨਾਲ ਸਾਡੇ ਪੰਜਾਬ ਦੇ ਟੂਰਿਜ਼ਮ ਨੂੰ ਨਫਾ ਹੋਵੇਗਾ ਅਤੇ ਪਿਛਲੇ ਸਾਲਾਂ ਵਿਚ ਪਏ ਘਾਟੇ ਦੂਰ ਹੋਣਗੇ। ਮੈਂ ਸਰਦਾਰ ਕਰਮ ਸਿੰਘ ਗਿੱਲ ਜੀ ਦੀ, ਜੋ ਕਿ ਸੈਰ ਸਪਾਟੇ ਦੇ ਮੰਤਰੀ ਹਨ, ਬਹੁਤ ਸ਼ਾਲਾਘਾ ਕਰਦਾ ਹਾਂ ਜਿਨ੍ਹਾਂ ਨੇ ਇਕ ਬਹੁਤ ਵੱਡੀ ਰਕਮ ਖਰਚ ਕਰਕੇ ਕਈ ਨਵੇਂ ਟੂਰਿਸਟ ਕੰਪਲੈਕਸ ਬਣਾਉਣ ਦਾ ਫੈਸਲਾ ਕੀਤਾ ਹੈ। ਕਈ ਟੂਰਿਸਟ ਸਪਾਟ ਬਣ ਚੁੱਕੇ ਹਨ ਅਤੇ ਚਲ ਰਹੇ ਹਨ। ਕਈ ਹਾਲੇ ਕੰਪਲੀਟ ਹੋ ਰਹੇ ਹਨ। ਇਹ ਸੈਰ ਸਪਾਟੇ ਦੇ ਵਿਕਾਸ ਲਈ ਬਹੁਤ ਵੱਡੀ ਚੀਜ਼ ਹੈ। ਕਈ ਲੋਕ ਹਿਮਾਚਲ ਅਤੇ ਹਰਿਆਣਾ ਦੀ ਗੱਲ ਕਰਦੇ ਹਨ ਕਿ ਉਨ੍ਹਾਂ ਦਾ ਟੂਰਿਜ਼ਮ ਸਾਡੇ ਨਾਲੋਂ ਬਹੁਤ ਅੱਗੇ ਹੈ ਪਰ ਮੈਂ ਉਨ੍ਹਾਂ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਹਾਲਾਤ ਨੂੰ ਵੇਖਦੇ ਹੋਏ,

ਅਸੀਂ ਇਸ ਵਿਚ ਕੁਝ ਨਹੀਂ ਸੀ ਕਰ ਸਕਦੇ। ਅੱਜ ਹਾਲਾਤ ਠੀਕ ਹੋ ਰਹੇ ਹਨ ਅਤੇ ਟੂਰਿਜ਼ਮ ਦੀ ਹਾਲਾਤ ਵੀ ਬਹੁਤ ਛੇਤੀ ਠੀਕ ਹੋ ਜਾਵੇਗੀ। ਸਾਡੀ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਹਰ 15 ਕਿਲੋਮੀਟਰ ਦੇ ਘੇਰੇ ਵਿਚ ਇਕ ਟੂਰਿਸਟ ਕੰਪਲੈਕਸ ਜ਼ਰੂਰ ਹੋਵੇ ਤਾਂ ਕਿ ਲੋਕ ਟੂਰਿਜ਼ਮ ਦਾ ਅਨੰਦ ਮਾਣ ਸਕਣ। ਇਸ ਗੱਲ ਲਈ ਮੈਂ ਇਸ ਸਰਕਾਰ ਦੀ ਪੁਰਜ਼ੋਰ ਨਾਲ ਸ਼ਲਾਘਾ ਕਰਦਾ ਹਾਂ।

ਸ੍ਰੀ ਸਪੀਕਰ ; ਬਿਰਮੀ ਜੀ. ਵਾਈਂਡ ਅਪ ਕਰੋ।

ਸਰਦਾਰ ਮਲਕੀਅਤ ਸਿੰਘ ਬਿਰਮੀ : ਸਪੀਕਰ ਸਾਹਿਬ 1-2 ਮਿੰਟ ਹੋਰ ਲਗਾਣਾ ਚਾਹੁੰਦਾ ਹਾਂ। ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ੍ਰੇਣੀਆਂ ਜਿਨ੍ਹਾਂ ਦੀ ਸਾਡੇ ਰਾਜ ਵਿਚ ਆਬਾਦੀ 28.31 ਫੀ ਸਦੀ ਹੈ, ਦੀ ਬਿਹਤਰੀ ਵਾਸਤੇ ਵੀ ਸਾਡੀ ਸਰਕਾਰ ਨੇ ਬਹੁਤ ਕੁਝ ਕੀਤਾ ਹੈ। ਸਾਡੀ ਸਰਕਾਰ ਨੇ ਉਨ੍ਹਾਂ ਨੂੰ ਮੁਫਤ ਸਿੱਖਿਆ ਦੇਣ ਦਾ ਫੈਸਲਾ ਕੀਤਾ ਹੈ, ਸਟਾਈਪੈਂਡ ਦਿੱਤੇ ਹਨ। 10ਵੀਂ ਜਮਾਤ ਤੱਕ ਉਨ੍ਹਾਂ ਨੂੰ ਮੁਫਤ ਕਿਤਾਬਾਂ ਸਰਕਾਰ ਦੇ ਰਹੀ ਹੈ। ਇਸ ਦੇ ਨਾਲ ਹੀ ਮੈਂ ਸਰਕਾਰ ਨੂੰ ਅਪੀਲ ਕਰਾਂਗਾ ਕਿ ਅਨੁਸੂਚਿਤ ਜਾਤੀਆਂ ਜਿੰਨਾਂ ਉਹ ਵੱਧ ਤੋਂ ਵੱਧ ਕਰ ਸਕਦੀ ਹੋਵੇ, ਕਰੇ। ਇਹ ਮੇਰੀ ਸਰਕਾਰ ਨੂੰ ਪੁਰਜ਼ੋਰ ਅਪੀਲ ਹੈ।

ਇਸ ਤੋਂ ਬਾਦ ਮੈਂ ਹਵਾਬਾਜ਼ੀ ਦੀ ਗੱਲ ਵੀ ਕਰਨੀ ਚਾਹੁੰਦਾ ਹਾਂ। ਸਾਡੀ ਸਰਕਾਰ ਨੇ ਸਿਵਲ ਐਵੀਏਸ਼ਨ ਬਾਰੇ ਨਿਰਣਾ ਲਿਆ ਹੈ ਜਿੰਨੇ ਸਾਡੇ ਪੰਜਾਬ ਦੇ ਅੰਦਰ ਫਲਾਇੰਗ ਕਲੱਬ ਹਨ ਉਨ੍ਹਾਂ ਨੂੰ ਸੈਂਟਰੇਲਾਈਜ਼ ਕਰ ਰਹੇ ਹਾਂ ਅਤੇ ਪਟਿਆਲਾ ਨੂੰ ਅਕਾਦਮੀ ਪੱਧਰ ਤੇ ਲਿਆ ਕੇ ਸਟੂਡੈਂਟਸ ਨੂੰ ਹੋਰ ਵੀ ਅੱਛੀਆਂ ਫੈਸਿਲਿਟੀਜ਼ ਦਿਤੀਆਂ ਜਾਣਗੀਆਂ। ਇਸ ਬਾਰੇ ਮੈਂ ਸਰਕਾਰ ਨੂੰ ਇਕ ਬੇਨਤੀ ਕਰਾਂਗਾ ਕਿ ਇਹ ਜਿਹੜੇ ਫਲਾਂਈਇੰਗ ਕਲੱਬ ਹਨ ਮੈਂ ਵੀ ਇਨ੍ਹਾਂ ਵਿੱਚ ਸਟੂਡੈਂਟ ਰਿਹਾ ਹਾਂ, ਮੇਰਾ ਆਪਣਾ ਤਜਰਬਾ ਵੀ ਹੈ ਕਿਉਂਕਿ ਮੈਂ ਫਲਾਇੰਗ ਵੀ ਕੀਤੀ ਹੈ ਕਿ ਜਿਸ ਵੀ ਜਹਾਜ਼ ਨੂੰ ਮੁਰੰਮਤ ਕਰਨ ਲਈ ਇਕ ਜਾਂ ਡੇਢ ਮਹੀਨਾ ਲੱਗਣਾ ਹੁੰਦਾ ਹੈ ਉਸ ਨੂੰ ਡੇਢ-ਡੇਢ ਸਾਲ ਮੁਰੰਮਤ ਵਾਸਤੇ ਲੱਗ ਜਾਂਦਾ ਹੈ ਔਰ ਉਨੀ ਦੇਰ ਨੂੰ ਗਰਾਂਊਡ ਤੇ ਰਹਿਣਾ ਪੈਦਾ ਹੈ ਉਹ ਇਸ ਕਰਕੇ ਹੁੰਦਾ ਹੈ ਕਿਉਂਕਿ ਕਈ ਵਰੀ ਵਰਕਸ਼ਾਪ ਵਿੱਚ ਸਕਰਿਊ ਨਹੀਂ ਹੁੰਦੇ, ਕਈ ਵਾਰ ਟਾਇਰ ਨਹੀਂ ਹੁੰਦੇ ਜਾਂ ਕਦੇ ਹੋਰ ਕੁਝ ਹੋਰ ਨਹੀਂ ਹੁੰਦਾ। ਕਿਉਂਕਿ ਉਨ੍ਹਾਂ ਕੋਲ ਰੀਸੋਰਸਿਜ਼ ਨਹੀਂ ਹੁੰਦੇ, ਫੰਡਜ਼ ਨਹੀਂ ਹੁੰਦੇ ਔਰ ਸਪੇਅਰ ਪਾਰਟਸ ਨਹੀਂ ਮਿਲਦੇ ਅਤੇ ਜਿਹੜੇ ਵਿਦੇਸ਼ਾਂ ਵਿੱਚੋਂ ਜਾਂ ਦੂਸਰੇ ਸੂਬਿਆਂ ਦੇ ਵਿੱਚੋਂ ਸਟੂਡੈਂਟਸ ਏਥੇ ਟ੍ਰੇਨਿੰਗ ਲਈ ਆਉਂਦੇ ਹਨ ਉਨ੍ਹਾਂ ਨੂੰ ਇਨ੍ਹਾਂ ਕਾਰਨਾਂ ਕਰਕੇ ਬੜੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ ਇਸ ਲਈ ਮੇਰੀ ਬੇਨਤੀ ਹੈ ਕਿ ਫਲਾਇੰਗ ਕਲੱਬਾਂ ਨੂੰ ਪ੍ਰਾਈਵੇਟਾਈਜ਼ ਕੀਤਾ ਜਾਵੇ।

ਸ੍ਰੀ ਸਪੀਕਰ : ਬਿਰਮੀ ਜੀ. ਕਾਫੀ ਮੈਂਬਰ ਸਾਹਿਬਾਨ ਬੋਲਣ ਦੀ ਖਾਹਿਸ਼ ਰੱਖਦੇ ਹਨ। ਸੀ. ਐਮ. ਸਾਹਿਬ ਨੇ ਵੀ 12.00 ਵਜੇ ਬੋਲਣਾ ਹੈ। ਇਸ ਵਾਸਤੇ ਟਾਈਮ ਦਾ ਜ਼ਰੂਰ ਖਿਆਲ ਰੱਖਿਆ ਜਾਵੇ।

ਸਰਦਾਰ ਮਲਕੀਅਤ ਸਿੰਘ ਬਿਰਮੀ : ਇਸ ਵਾਸਤੇ, ਸਪੀਕਰ ਸਾਹਿਬ, ਮੈਂ ਕਹਾਂਗਾ ਕਿ ਇਨ੍ਹਾਂ ਕਲੱਬਾਂ ਨੂੰ ਪ੍ਰਾਈਵੇਟਾਈਜ਼ ਕੀਤਾ ਜਾਵੇ ਜਿਸ ਨਾਲ ਕਿ ਇਹ ਹੋਰ ਅੱਛੇ ਤਰੀਕੇ ਨਾਲ ਮੇਨਟਨ ਹੋਣਗੇ ਔਰ ਸਟੂਡੈਂਟਸ ਨੂੰ ਹੋਰ ਵੀ ਜ਼ਿਆਦਾ ਸਹੂਲਤਾਂ ਮਿਲਣੀਆਂ। ਸਪੀਕਰ ਸਾਹਿਬ, ਮੇਰੇ ਹੋਰ ਵੀ ਬਹੁਤ ਪੁਆਇੰਟ ਰਹਿੰਦੇ ਹਨ ਪਰ ਮੈਂ ਤੁਹਾਡੇ ਹੁਕਮਾਂ ਨਾਲ ਦੋ ਬੇਨਤੀਆਂ ਕਰਾਂਗਾ। ਸਪੀਕਰ ਸਾਹਿਬ, ਮੈਂ ਆਪਣੇ ਹਲਕੇ ਦੀ ਗੱਲ ਕਰਾਂਗਾ ਮੇਰਾ ਹਲਕਾ, ਜ਼ਿਲ੍ਹਾ ਲੁਧਿਆਣਾ ਦੇ ਵਿੱਚ ਪੈਂਦਾ ਹੈ। ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਇਹ ਹਲਕਾ ਸਭ ਤੋਂ ਵੱਡਾ ਹਲਕਾ ਹੈ, ਸ਼ਾਇਦ ਹੀ ਪੰਜਾਬ ਦੇ ਵਿੱਚ ਕੋਈ ਹੋਰ ਏਨਾ ਵੱਡਾ ਹਲਕਾ ਹੋਵੇ। ਇਸ ਵਿੱਚ 2 ਲੱਖ 32 ਹਜ਼ਾਰ ਦੇ ਕਰੀਬ ਵੋਟਾਂ ਹਨ ਔਰ ਸ਼ਹਿਰ ਦੇ ਆਲੇ ਦੁਆਲੇ ਲਗਭੱਗ 61

[ਸਰਦਾਰ ਮਲਕੀਅਤ ਸਿੰਘ ਬਿਤਾਕੀ]

ਪਿੰਡ ਇਸ ਹਲਕੇ ਦੇ ਵਿੱਚ ਆਉਂਦੇ ਹਨ। ਮੈਂ ਵਿੱਤ ਮੰਤਰੀ ਜੀ ਅਤੇ ਮੁੱਖ ਮੰਤਰੀ ਜੀ ਨੂੰ ਤੁਹਾਡੇ ਰਾਹੀਂ ਬੇਨਤੀ ਕਰਾਂਗਾ ਕਿ ਸਾਡੇ ਇਸ ਹਲਕੇ ਨੂੰ ਮੱਦੇ ਨਜ਼ਰ ਰਖਦੇ ਹੋਏ ਸਾਨੂੰ ਕੋਈ ਸਪੈਸ਼ਲ ਗਰਾਂਟਸ ਦਿੱਤੀਆਂ ਜਾਣ। ਪੀਣ ਵਾਲੇ ਪਾਣੀ ਦੇ ਸਾਧਨ ਮੁਹੱਈਆ ਕੀਤੇ ਜਾਣ, ਸੀਵਰੇਜ ਦੇ ਸਾਧਨ ਦਿੱਤੇ ਜਾਣ ਪਹਿਲ ਦੇ ਆਧਾਰ ਤੇ। ਇਸ ਤੋਂ ਇਲਾਵਾ ਜਿਹੜੀਆਂ ਗਲੀਆਂ ਨਾਲੀਆਂ ਹਨ ਉਨ੍ਹਾਂ ਦੀ ਹਾਲਤ ਬਹੁਤ ਮਾੜੀ ਹੈ ਉਨ੍ਹਾਂ ਨੂੰ ਸੁਧਾਰਨ ਦੇ ਵਾਸਤੇ ਵੀ ਸਪੈਸ਼ਲ ਗਰਾਂਟਸ ਮੁਹੱਈਆਂ ਕੀਤੀਆਂ ਜਾਣ। ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਸਪੀਕਰ ਸਾਹਿਬ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਗਵਰਨਰ ਐਡਰੈਸ ਤੇ ਬੋਲਣ ਲਈ ਸਮਾਂ ਦਿੱਤਾ ਹੈ। ਮੈਂ ਐਡਰੈਸ ਦੀ ਪ੍ਰੋੜਤਾ ਕਰਦਾ ਹਾਂ ਅਤੇ ਇਕ ਵਾਰ ਫਿਰ ਤੁਹਾਡਾ ਧੰਨਵਾਦ ਕਰਦਾ ਹਾਂ। ਜੈ ਹਿੰਦ।

ਸੰਸਦੀ ਮਾਮਲਿਆਂ ਦੇ ਮੰਤਰੀ (ਸਰਦਾਰ ਉਮਰਾਓ ਸਿੰਘ): ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ ਮੈਂ ਗੁਜ਼ਾਰਿਸ਼ ਕਰਨੀ ਚਾਹੁੰਦਾ ਹਾਂ ਕਿ ਇਸ ਹਾਊਸ ਦੇ ਵਿੱਚ ਜ਼ੀਰੋ ਆਵਰ ਦੇ ਵਿੱਚ ਕੁਝ ਅਜਿਹੀਆਂ ਗੱਲਾਂ ਹੁੰਦੀਆਂ ਹਨ ਜੋ ਕਿ ਤੁਸੀਂ ਅਲਾਓ ਨਹੀਂ ਕਰਦੇ ਪਰ ਫਿਰ ਵੀ ਉਹ ਛਪ ਜਾਂਦੀਆਂ ਹਨ। ਮੈਂ ਸਦਨ ਦੇ ਪੇਸ਼ ਲਿਆਉਣਾ ਚਾਹੁੰਦਾ ਹਾਂ ਕਿ ਜਦੋਂ ਕੋਈ ਪੁਆਇੰਟ ਆਫ ਆਡਰ ਰੇਜ਼ ਕੀਤਾ ਜਾਂਦਾ ਹੈ ਅਤੇ ਸਪੀਕਰ ਸਾਹਿਬ ਉਹ ਉਸ ਨੂੰ ਨਾਟ ਅਲਾਉਡ ਡਿਕਲੇਅਰ ਕਰ ਦੇਣ ਤਾਂ ਉਸ ਨੂੰ ਪ੍ਰੈਸ ਵਿੱਚ ਨਹੀਂ ਆਉਣਾ ਚਾਹੀਦਾ। ਕਿਉਂਕਿ ਉਹ ਟੋਟਲੀ ਐਕਸਪੰਜ ਹੋਣਾ ਚਾਹੀਦਾ ਹੈ ਅਕਾਰਡਿੰਗ ਟੂ ਰੂਲਜ਼। ਇਥੇ ਚਲੱਈਆ ਰਿਪੋਰਟ ਦਾ ਜ਼ਿਕਰ ਕੀਤਾ ਗਿਆ। ਮੈਂ ਇਸ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਅੱਜ ਤੱਕ ਨਾ ਗਵਰਨਰ ਐਡਰੈਸ ਦੇ ਵਿੱਚ ਇਸਦਾ ਜ਼ਿਕਰ ਹੈ ਅਤੇ ਨਾ ਹੀ ਗੌਰਮਿੰਟ ਨੇ ਇਸ ਨੂੰ ਕਨਸਿਡਰ ਕੀਤਾ ਹੈ। ਇਹ ਤਾਂ ਕੇਵਲ ਐਨਟੈਰਿਮ ਰਿਪੋਰਟ ਹੀ ਹੈ ਪਰ ਇਸ ਤੇ ਹੀ ਵਾਵਰੋਲਾ ਕੀਤਾ ਜਾ ਰਿਹਾ ਹੈ। ਗੌਰਮਿੰਟ ਨੇ ਇਸ ਤੇ ਕੋਈ ਐਕਸ਼ਨ ਨਹੀਂ ਲਿਆ ਬਲਕਿ ਸੀ.ਐਮ. ਸਾਹਿਬ ਨੇ ਇਸ ਬਾਰੇ ਰੀਐਕਸ਼ਨ ਵੀ ਦਿੱਤੇ ਹਨ। ਜਿੰਨੀਆਂ ਵੀ ਪਾਰਟੀਆਂ ਵੱਲੋਂ ਇਸ ਬਾਰੇ ਗੱਲਾਂ ਕੀਤੀਆਂ ਗਈਆਂ ਹਨ ਮੈਂ ਰਿਕੁਐਸਟ ਕਰਾਗਾ ਕਿ ਇਹ ਬਿਲਕੁਲ ਅਨ-ਫਾਊਂਡਿਡ ਹਨ, ਇਸ ਕਰਕੇ ਅਜਿਹੇ ਮਸਲੇ ਲੈ ਕੇ ਹਾਊਸ ਵਿੱਚੋਂ ਵਾਕ-ਆਊਟ ਕਰਨਾ ਕੋਈ ਵਾਜ਼ਬ ਨਹੀਂ ਹੈ ਔਰ ਖਾਸ ਤੌਰ ਤੇ ਕੋਈ ਚੀਜ਼ ਜਿਸ ਦੇ ਲਈ ਰੂਲਜ਼ ਪਰਮਿੱਟ ਨਹੀਂ ਕਰਦੇ, ਨਹੀਂ ਹੋਣੀ ਚਾਹੀਦੀ। ਸੋ ਮੇਰੀ ਗੁਜ਼ਾਰਿਸ਼ ਹੈ ਕਿ ਇਸ ਚੀਜ਼ ਦਾ ਧਿਆਨ ਰੱਖਿਆ ਜਾਣਾ ਚਾਹੀਦਾ ਹੈ।

ਸ੍ਰੀ ਸਪੀਕਰ : ਮੈਂ ਤਾਂ ਹਮੇਸ਼ਾ ਹੀ ਜਿਹੜੀ ਚੀਜ਼ ਰੂਲਜ਼ ਅਨੁਸਾਰ ਨਾ ਹੋਵੇ ਡਿਸਅਲਾਓ ਕਰ ਦਿੰਦਾ ਹਾਂ ਅਤੇ ਕਹਿ ਦਿੰਦਾ ਹਾਂ ਕਿ nothing should form part of the record. It is very clear and I think, Parliamentary Affairs Minister knows it.

ਹਾਂ ਜੀ। ਹੁਣ ਸ੍ਰੀ ਸ਼ਿੰਗਾਰਾ ਰਾਮ ਸਹੁੰਗੜਾ ਬੋਲਣ। ਪਰ ਟਾਈਮ ਕਾਫੀ ਘੱਟ ਹੈ, ਟਾਈਮ ਦਾ ਜ਼ਰੂਰ ਖਿਆਲ ਰੱਖਣ। ਗਵਰਨਰ ਐਡਰੈਸ ਤੇ ਹੀ ਬੋਲਣ।

ਸ੍ਰੀ ਸ਼ਿੰਗਾਰਾ ਰਾਮ ਸਹੁੰਗੜਾ (ਗੜ੍ਹਸ਼ੰਕਰ) : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ। 22 ਫਰਵਰੀ ਨੂੰ ਗਵਰਨਰ ਸਾਹਿਬ ਨੇ ਇਸ ਸਦਨ ਦੇ ਅੱਗੇ ਆਪਣਾ ਜਿਹੜਾ ਭਾਸ਼ਣ ਰੱਖਿਆ ਹੈ ਮੈਂ ਉਸਦੇ ਨਾਲ ਅਸਹਿਮਤੀ ਪ੍ਰਗਟਾਉਂਦਾ ਹਾਂ ਕਿਉਂਕਿ ਉਨ੍ਹਾਂ ਨੇ ਆਪਣੇ ਭਾਸ਼ਣ ਦੇ ਵਿੱਚ ਸਭ ਤੋਂ ਪਹਿਲਾਂ ਪੰਜਾਬ ਦੇ ਵਿੱਚ ਹੇਠਲੀ ਪੱਧਰ ਉਤੇ ਲੋਕ ਰਾਜ ਦੀ ਬਹਾਲੀ ਲਾਗੂ ਕੀਤੀ ਹੈ, ਬਾਰੇ ਕਿਹਾ ਹੈ। ਪਰ ਅਸੀਂ ਮਹਿਸੂਸ ਕਰਦੇ ਹਾਂ, ਸਾਡੀ ਪਾਰਟੀ ਮਹਿਸੂਸ ਕਰਦੀ ਹੈ ਕਿ ਪੰਜਾਬ ਦੇ ਵਿੱਚ

ਇਕ ਵੱਡੀ ਪਾਰਟੀ ਨੂੰ ਜਾਂ ਵੱਡੀ ਧਿਰ ਨੂੰ ਲੋਕ ਰਾਜ ਤੋਂ ਲਾਂਭੇ ਰੱਖ ਕੇ ਲੋਕ ਰਾਜ ਦੀ ਬਹਾਲੀ ਦਾ ਢੰਡੋਰਾ ਪਿੱਟਣਾ ਕੋਈ ਮੀਨਿੰਗ ਨਹੀਂ ਰੱਖਦਾ। ਅਸੀਂ ਮਹਿਸੂਸ ਕਰਦੇ ਹਾਂ ਕਿ ਪੰਜਾਬ ਦੇ ਵਿੱਚ ਲੋਕ ਰਾਜ ਦੀ ਬਹਾਲੀ ਨਹੀਂ ਬਲਕਿ ਪੰਜਾਬ ਦੀ ਕਾਂਗਰਸ ਸਰਕਾਰ ਨੇ, ਸਰਕਾਰੀ ਪੈਸੇ ਰਾਹੀਂ, ਸਰਕਾਰੀ ਮੀਡੀਏ ਰਾਹੀਂ ਅਤੇ ਸਰਕਾਰੀ ਸਾਧਨਾਂ ਰਾਹੀਂ ਪੰਜਾਬ ਦੇ ਵਿੱਚ ਆਪਣੀ ਗਿਰੀ ਹੋਈ ਸ਼ਾਖ ਨੂੰ ਬਹਾਲ ਕਰਨ ਦੀ ਕੋਸ਼ਿਸ਼ ਕੀਤੀ। ਉਸ ਤੋਂ ਅੱਗੇ ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿੱਚ ਲਾਅ ਐਂਡ ਆਰਡਰ ਦੀ ਗੱਲ ਤੇ ਜ਼ੋਰ ਦਿੱਤਾ। ਲਾਅ ਐਂਡ ਆਰਡਰ ਦੀ ਸਥਿਤੀ ਦੇ ਬਾਰੇ ਵਿੱਚ ਅਸੈਂਬਲੀ ਦੇ ਬਹੁਤ ਸਾਰੇ ਮਾਣਯੋਗ ਮੈਂਬਰਾਂ ਨੇ ਆਪਣੇ ਖਿਆਲਤ ਰੱਖੇ ਹਨ ਕਿ ਪੰਜਾਬ ਵਿੱਚ ਸ਼ਾਂਤੀ ਹੋ ਰਹੀ ਹੈ, ਸ਼ਾਂਤੀ ਹੋ ਚੁੱਕੀ ਹੈ। ਅਸੀਂ ਵੀ ਅਤੇ ਸਾਡੀ ਪਾਰਟੀ ਵੀ ਇਸ ਗੱਲ ਦੇ ਲਈ ਹੀ ਖੜ੍ਹੀ ਹੈ ਕਿ ਜਿਵੇਂ ਸਾਡੇ ਸਾਥੀ ਵਿਜੇ ਕੁਮਾਰ ਜੀ ਨੇ ਕਿਹਾ ਹੈ ਕਿ ਜਿਨ੍ਹਾਂ ਨੇ ਗੜਬੜ ਪੈਦਾ ਕੀਤੀ ਸੀ ਅਤੇ ਜੇ ਉਨ੍ਹਾਂ ਨੇ ਪੰਜਾਬ ਵਿੱਚ ਸ਼ਾਂਤੀ ਬਹਾਲ ਕਰ ਦਿੱਤੀ ਤਾਂ ਅਸੀਂ ਉਨ੍ਹਾਂ ਦਾ ਧੰਨਵਾਦ ਕਰਦੇ ਹਾਂ ਅਤੇ ਮੈਂ ਸਾਥੀ ਜੀ ਦੇ ਸ਼ਬਦਾਂ ਦੀ ਪ੍ਰੋੜਤਾ ਕਰਦਾ ਹਾਂ ਅਤੇ ਤਾਈਦ ਕਰਦਾ ਹਾਂ। ਅਸੀਂ ਚਾਹੁੰਦੇ ਹਾਂ ਕਿ ਪੰਜਾਬ ਦੇ ਵਿੱਚ ਹੁਣ ਜਿਹੜੀ ਅਸਥਾਈ ਸ਼ਾਂਤੀ ਹੋਈ ਹੈ, ਉਸ ਸ਼ਾਂਤੀ ਨੂੰ ਸਥਾਈ ਰੂਪ ਵਿੱਚ ਬਦਲਣ ਵਾਸਤੇ ਪੰਜਾਬ ਦੀ ਸਮੱਸਿਆ ਦਾ ਰਾਜਸੀ ਹੱਲ ਜ਼ਰੂਰ ਕੱਢਿਆ ਜਾਣਾ ਚਾਹੀਦਾ ਹੈ ਤਾਂ ਕਿ ਆਉਣ ਵਾਲੇ ਸਮੇਂ ਵਿੱਚ ਪੰਜਾਬ ਦੇ ਲੋਕ ਸੁੱਖ ਦਾ ਸਾਹ ਲੈ ਸਕਣ, ਪੰਜਾਬ ਨੂੰ ਅੱਗੇ ਲਿਜਾ ਸਕਣ।

ਇਸ ਤੋਂ ਅਗਲੀ ਗੱਲ ਮੈਂ ਖੇਤੀਬਾੜੀ ਦੇ ਬਾਰੇ ਕਹਿਣੀ ਚਾਹੁੰਦਾ ਹਾਂ। ਸਰਦਾਰ ਅਵਤਾਰ ਸਿੰਘ ਬਰਾੜ ਜੀ ਨੇ ਪਿਛਲੇ ਦਿਨੀ ਆਪਣੇ ਭਾਸ਼ਣ ਵਿੱਚ ਕਿਹਾ ਸੀ ਕਿ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਨੇ ਇਕ ਸਾਲ ਦੇ ਵਿੱਚ ਕਿਸਾਨਾਂ ਨੂੰ 105 ਰੁਪਏ ਕਣਕ ਦਾ ਭਾਅ ਵੱਧ ਦਿਵਾਇਆ ਹੈ ਅਤੇ ਕਿਸਾਨਾਂ ਨਾਲ ਬੜਾ ਵੱਡਾ ਇਨਸਾਫ ਕੀਤਾ ਹੈ। ਮੈਂ ਇਹ ਗੱਲ ਦਾਅਵੇ ਨਾਲ ਕਹਿੰਦਾ ਹਾਂ ਕਿ ਇਕ ਪਾਸੇ ਤਾਂ ਕਿਸਾਨ ਦੀ ਜਿਣਸ ਦਾ ਭਾਅ ਵਧਾਇਆ ਜਾਂਦਾ ਹੈ ਪਰ ਦੂਸਰੇ ਪਾਸੇ ਮਜ਼ਦੂਰਾਂ ਦਾ ਗਲਾ ਘੋਟਣ ਦੇ ਬਰਾਬਰ ਕੰਮ ਹੋ ਰਿਹਾ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਕਿਸਾਨਾਂ ਨੂੰ ਵਧੇਰੇ ਜਿਣਸ ਪੈਦਾ ਕਰਨ ਲਈ ਸੰਦ ਜਿਵੇਂ ਟਰੈਕਟਰ ਆਦਿ, ਖਾਦਾਂ, ਬਿਜਲੀ ਪਾਣੀ ਆਦਿ ਵਸਤਾਂ ਦੇਵੇ ਤਾਂ ਕਿ ਗਰੀਬ ਮਜ਼ਦੂਰ, ਦਲਿਤ ਲੋਕ ਉਨ੍ਹਾਂ ਦੀ ਜਿਣਸ ਨੂੰ ਆਸਾਨੀ ਨਾਲ ਖਰੀਦ ਕੇ ਖਾ ਸਕਣ ਅਤੇ ਪੰਜਾਬ ਦੇ ਮਜ਼ਦੂਰ ਵੀ ਕਿਸਾਨਾਂ ਦੇ ਬਰਾਬਰ ਖੁਸ਼ਹਾਲ ਹੋ ਸਕਣ।

ਗਵਰਨਰ ਸਾਹਿਬ ਨੇ ਪਿਛਲੇ ਸਾਲ ਕਿਹਾ ਸੀ ਕਿ ਇਕ ਸਾਲ ਦੇ ਵਿੱਚ ਪੰਜਾਬ ਵਿੱਚ ਬਾਬਾ ਸਾਹਿਬ ਡਾ: ਅੰਬੇਦਕਰ ਜੀ ਦੇ ਭਵਨ ਜ਼ਿਲ੍ਹਾ ਹੈਡ ਕੁਆਟਰਜ਼ ਤੇ ਬਣਾਏ ਜਾਣਗੇ। ਇਸ ਮਾਮਲੇ ਵਿੱਚ ਇਕ ਸਾਲ ਦੇ ਬਾਅਦ ਕੋਈ ਵੱਡੀ ਪ੍ਰਾਪਤੀ ਨਜ਼ਰ ਨਹੀਂ ਆਉਂਦੀ। ਇਸ ਦੇ ਨਾਲ ਹੀ ਮੈਂ ਸਪੀਕਰ ਸਾਹਿਬ ਤੁਹਾਡੇ ਰਾਹੀਂ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਦੁਆਬੇ ਦੇ ਇਲਾਕੇ ਦੀ ਇਕ ਉੱਘੀ ਸ਼ਖਸ਼ੀਅਤ ਸ੍ਰੀ ਮੰਗੂ ਰਾਮ ਮੁਗੋਵਾਲੀਆ ਜਿਨ੍ਹਾਂ ਨੇ 1925 ਵਿੱਚ 'ਆਦਿ ਧਰਮ ਮੰਡਲ' ਬਣਾ ਕੇ ਸੰਘਰਸ਼ ਕੀਤਾ ਅਤੇ ਉਸ ਸੰਘਰਸ਼ ਦਾ ਸਦਕਾ 1932 ਵਿੱਚ ਪੂਨਾ ਦੀ ਜਰਬਦਾ ਜੇਲ੍ਹ ਵਿੱਚ ਬਾਬਾ ਅੰਬੇਦਕਰ ਜੀ ਨਾਲ ਇਕ ਪੂਨਾ ਪੈਕਟ ਹੋਇਆ ਸੀ। ਮਹਾਤਮਾ ਗਾਂਧੀ ਜੀ ਵੱਲੋਂ ਇਸ ਪੂਨਾ ਪੈਕਟ ਦਾ ਵਿਰੋਧ ਕੀਤਾ ਗਿਆ ਕਿ ਇਸ ਨੂੰ ਪੰਜਾਬ ਵਿੱਚ ਲਾਗੂ ਨਹੀਂ ਕੀਤਾ ਜਾਣਾ ਚਾਹੀਦਾ। ਸ੍ਰੀ ਮੰਗੂ ਰਾਮ ਮੂਗੋਵਾਲੀਆ ਨੇ ਮਹਾਤਮਾ ਗਾਂਧੀ ਦੇ 5 ਦਿਨ ਦੇ ਵਰਤ ਦੇ ਮੁਕਾਬਲੇ 27 ਦਿਨਾਂ ਦਾ ਵਰਤ ਰੱਖ ਕੇ ਪੰਜਾਬ ਵਿੱਚ ਲਾਗੂ ਕਰਵਾਇਆ ਸੀ। ਸ੍ਰੀ ਮੰਗੂ ਰਾਮ ਜੀ ਨੇ 1937 ਵਿੱਚ ਭਾਰਤ ਦੀਆਂ ਪਹਿਲੀਆਂ ਚੋਣਾਂ ਵਿੱਚ ਇਲੈਕਸ਼ਨਾਂ ਲੜ ਕੇ 8 ਸੀਟਾਂ ਹਾਸਲ ਕੀਤੀਆਂ ਅਤੇ ਲਾਹੌਰ ਅਸੈਂਬਲੀ ਵਿੱਚ ਗਏ। ਜਦੋਂ ਭਾਰਤ ਅਤੇ ਪਾਕਿਸਤਾਨ ਦੀ ਵੰਡ ਹੋਣੀ ਸੀ ਤਾਂ 'ਆਦਿ ਧਰਮ ਮੰਡਲ' ਦੇ ਬਾਬਾ ਮੰਗੂ ਰਾਮ ਨੂੰ ਕਿਹਾ ਗਿਆ ਜੇਕਰ ਉਹ ਪਾਕਿਸਤਾਨ ਦੇ

[ਸ਼੍ਰੀ ਸ਼ਿੰਗਾਰਾ ਰਾਮ ਸਹੂੰਗੜਾ]

ਹੱਕ ਵਿੱਚ ਚਲੇ ਜਾਣਗੇ, ਆਪਣੀ ਵੋਟ ਦੇ ਦੇਣਗੇ ਤਾਂ ਜਿਹੜਾ ਪਾਕਿਸਤਾਨ ਹੈ ਉਹ ਦਿੱਲੀ ਤੱਕ ਹੋਵੇਗਾ। ਬਾਬਾ ਮੰਗੂ ਰਾਮ ਜੀ ਨੂੰ ਧਮਕੀਆਂ ਵੀ ਦਿਤੀਆਂ ਗਈਆਂ ਅਤੇ ਉਹ ਰਾਤ ਨੂੰ ਹਨੇਰੇ ਵਿੱਚ ਆਪਣੀਆਂ ਜੁੱਤੀਆਂ ਛੱਡ ਕੇ ਨੱਸੇ ਪਰ ਉਨ੍ਹਾਂ ਨੇ ਪਾਕਿਸਤਾਨ ਦੇ ਹੱਕ ਵਿੱਚ ਵੋਟ ਨਹੀਂ ਦਿੱਤੀ। ਮੈਂ ਸਦਨ ਦੇ ਵਿੱਚ ਇਹ ਗੱਲ ਕਹਿੰਦਾ ਹਾਂ ਕਿ ਸਰਦਾਰ ਬੇਅੰਤ ਸਿੰਘ ਜੀ ਨੂੰ ਜਾਂ ਮੌਕੇ ਦੀ ਸਰਕਾਰ ਨੂੰ ਦੁਆਬੇ ਦੇ ਇਲਾਕੇ ਦੀ ਇਸ ਮਹਾਨ ਸ਼ਖਸ਼ੀਅਤ ਦੀ ਕੋਈ ਐਸੀ ਯਾਦ ਜਾਂ ਸਥਾਨ ਬਣਾਉਣਾ ਚਾਹੀਦਾ ਹੈ ਕਿ ਉਨ੍ਹਾਂ ਦੀ ਦੇਸ਼ ਭਗਤੀ ਵਾਲੇ ਜ਼ਜਬੇ ਤੇ ਕੁਰਬਾਨੀ ਤੋਂ ਆਉਣ ਵਾਲੀਆਂ ਨਸਲਾਂ ਚੰਗੀ ਪ੍ਰੇਰਨਾ ਲੈ ਸਕਣ, ਸੰਘਰਸ਼ ਕਰਕੇ ਹੋਰ ਅੱਗੇ ਵਧ ਸਕਣ।

ਇਸ ਤੋਂ ਅੱਗੇ ਗਵਰਨਰ ਜੀ ਨੇ ਆਪਣੇ ਭਾਸ਼ਣ ਵਿੱਚ ਸਮਾਜ ਭਲਾਈ ਤੇ ਜ਼ੋਰ ਦਿਤਾ ਹੈ ਜਾਂ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਦੀ ਭਲਾਈ ਤੇ ਜ਼ੋਰ ਦਿਤਾ ਹੈ। ਕਿਉਂਕਿ 45, 47 ਸਾਲਾਂ ਦੀ ਆਜ਼ਾਦੀ ਤੋਂ ਬਾਅਦ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਦੇ ਦਲਿਤ ਲੋਕਾਂ ਦੀ ਭਲਾਈ ਦੇ ਦਮਗੱਜੇ ਵੱਜਦੇ ਰਹੇ ਹਨ, ਲਾਰੇ-ਲੱਪੇ ਲਗਦੇ ਆ ਰਹੇ ਹਨ ਪਰ ਅਜੇ ਵੀ ਦੇਸ਼ ਦੇ ਇਸ ਲਿਤਾੜੇ ਹੋਏ ਸਮਾਜ ਨੂੰ ਆਪਣੇ ਪੈਰਾਂ ਤੇ ਖੜ੍ਹੇ ਕਰਨ ਲਈ ਕੁਝ ਵੀ ਨਹੀਂ ਕੀਤਾ ਗਿਆ। ਇਸਦੇ ਨਾਲ ਨਾਲ ਗਵਰਨਰ ਸਾਹਿਬ ਦਾ ਜਿਹੜਾ ਭਾਸ਼ਣ ਹੈ; ਉਨ੍ਹਾਂ ਨੇ ਆਪਣੇ ਭਾਸ਼ਣ ਵਿੱਚ ਉੱਨਤ-ਗ੍ਰਾਮ ਬਣਾਉਣ ਬਾਰੇ ਜ਼ਿਕਰ ਕੀਤਾ ਹੈ। ਮੈਂ, ਸਪੀਕਰ ਸਾਹਿਬ, ਆਪ ਜੀ ਦੇ ਰਾਹੀਂ ਪੰਜਾਬ ਸਰਕਾਰ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਕਿ ਜਦੋਂ ਪੰਜਾਬ ਦੇ ਸਾਰੇ ਪਿੰਡਾਂ ਨੂੰ ਉਨਤ-ਗਰਾਮ ਬਣਾਇਆ ਜਾਣਾ ਹੈ ਤਾਂ ਪਿੰਡਾਂ ਦੀਆਂ ਉਨ੍ਹਾਂ ਗੰਦੀਆਂ ਬਸਤੀਆਂ ਜਿੱਥੇ ਕਿ ਦਲਿਤ ਲੋਕ ਰਹਿੰਦੇ ਹਨ, ਉਨ੍ਹਾਂ ਦੀ ਡੀਵੈਲਪਮੈਂਟ ਵੱਲ ਵੱਧ ਤੋਂ ਵੱਧ ਧਿਆਨ ਦਿਤਾ ਜਾਵੇ। ਇਹ ਵੀ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਕਿ ਗਰਾਂਟ ਜਿਹੜੀ ਪਿੰਡ ਵਿੱਚ ਦਿਤੀ ਜਾਂਦੀ ਹੈ ਉਹ ਪਿੰਡ ਦੀਆਂ ਗੰਦੀਆਂ ਬਸਤੀਆਂ ਤੇ ਲਗਣੀ ਚਾਹੀਦੀ ਹੈ ਤਾਂ ਕਿ ਪਿੰਡਾਂ ਦੀ ਸਹੀ ਮਾਅਨਿਆਂ ਵਿੱਚ ਡੀਵੈਲਪਮੈਂਟ ਹੋ ਸਕੇ ਅਤੇ ਗੰਦ ਵਿਚੋਂ ਦਲਿਤ ਨਿਕਲ ਸਕਣ। ਗਵਰਨਰ ਸਾਹਿਬ ਦੇ ਭਾਸ਼ਣ ਵਿੱਚ, ਬੈਕ-ਲਾਗ ਅਤੇ ਰੀਜ਼ਰਵੇਸ਼ਨ ਐਕਟ ਬਾਰੇ ਕੋਈ ਗੱਲ ਨਹੀਂ ਕੀਤੀ ਗਈ। ਸਪੀਕਰ ਸਾਹਿਬ ਮੈਂ ਤੁਹਾਡੇ ਰਾਹੀਂ ਮੰਗ ਕਰਦਾ ਹਾਂ ਕਿ ਜਲਦੀ ਤੋਂ ਜਲਦੀ ਰੀਜ਼ਰਵੇਸ਼ਨ ਐਕਟ ਸਦਨ ਵਿੱਚ ਲਿਆਂਦਾ ਜਾਵੇ ਬੈਕਲਾਗ ਪੂਰਾ ਕਰਵਾਇਆ ਜਾਵੇ ਔਰ ਜੋ ਪੰਜ ਹਜ਼ਾਰ ਰੁਪਏ ਤੱਕ ਦੇ ਕਰਜ਼ੇ ਮੁਆਫ ਕਰਨ ਦਾ ਐਲਾਨ ਕੀਤਾ ਸੀ ਉਹ ਲਾਗੂ ਕੀਤਾ ਜਾਵੇ। ਸੀ.ਐਮ. ਸਾਹਿਬ ਨੇ ਜੋ ਇੰਸ਼ੋਰੈਂਸ ਦਿਤੀ ਸੀ ਉਸ ਤੇ ਅਮਲ ਹੋਣਾ ਚਾਹੀਦਾ ਹੈ ਔਰ ਮੰਡਲ-ਕਮਿਸ਼ਨ ਦੀ ਰਿਪੋਰਟ ਜਿਸ ਵਿੱਚ 52 ਫੀਸਦੀ ਲੋਕਾਂ ਦਾ ਹਿੱਤ ਹੈ, ਉਸ ਨੂੰ ਵੀ ਲਾਗੂ ਕਰਵਾਇਆ ਜਾਵੇ ਤਾਂ ਕਿ ਗਰੀਬ ਲੋਕਾਂ ਨੂੰ ਇਨਸਾਫ ਮਿਲ ਸਕੇ ਅਤੇ ਉਹ ਆਪਣੇ ਖੇਤਰ ਵਿੱਚ ਖੁਸ਼ਹਾਲ ਹੋ ਸਕਣ। ਸਪੀਕਰ ਸਾਹਿਬ ਮੈਂ ਤੁਹਾਡੇ ਰਾਹੀਂ ਪੰਜਾਬ ਸਰਕਾਰ ਨੂੰ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਵਿੱਚ ਅੱਜ ਸ਼ਾਂਤੀ ਦੀ ਅਸੀਂ ਗੱਲ ਕਰਦੇ ਹਾਂ ਔਰ ਸਦਨ ਦੇ ਵਿੱਚ ਜਦੋਂ ਕੋਈ ਮੈਂਬਰ ਬੋਲਦਾ ਹੈ, ਔਰ ਖਾਸ ਕਰਕੇ ਜਦੋਂ ਰੂਲਿੰਗ ਪਾਰਟੀ ਦਾ ਕੋਈ ਮੈਂਬਰ ਬੋਲਦਾ ਹੈ ਤਾਂ ਵੱਧ-ਚੜ੍ਹ ਕੇ ਅਕਾਲੀਆਂ ਨੂੰ ਕੋਸਿਆ ਜਾਂਦਾ ਹੈ। ਅਸੀਂ ਚਾਹੁੰਦੇ ਹਾਂ, ਸਾਡੀ ਪਾਰਟੀ ਚਾਹੁੰਦੀ ਹੈ ਕਿ ਜਦੋਂ ਉਸ ਪਾਰਟੀ ਦੇ ਲੀਡਰ ਇਸ ਸਦਨ ਵਿੱਚ ਮੌਜੂਦ ਹੀ ਨਹੀਂ ਤਾਂ ਇਹੋ ਜਿਹੀਆਂ ਗੱਲਾਂ ਕਰਨੀਆਂ ਬੇ-ਮਾਇਨਾ ਹਨ। ਚਾਹੀਦਾ ਤਾਂ ਇਹ ਹੈ ਕਿ ਸਾਨੂੰ ਇਸ ਗੱਲ ਤੇ ਖੁਲ੍ਹ ਦੇ ਖਤਿਸ ਕਰਾਉਣੀ ਚਾਹੀਦੀ ਹੈ ਕਿ ਪੰਜਾਬ ਵਿੱਚ ਅਕਾਲੀਆਂ ਨੇ ਆਪਣੇ ਆਪ ਬਾਈਕਾਟ ਕੀਤਾ ਜਾਂ ਉਨ੍ਹਾਂ ਤੋਂ ਕਰਵਾਇਆ ਗਿਆ। ਮੈਂ ਸਪੀਕਰ ਸਾਹਿਬ ਤੁਹਾਡੇ ਰਾਹੀਂ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਸ ਪਵਿੱਤਰ ਸਦਨ ਵਿੱਚ ਇਹੋ ਜਿਹੀਆਂ ਬੇ-ਤੁਕੀਆਂ ਗੱਲਾਂ ਨਹੀਂ ਹੋਣੀਆ ਚਾਹੀਦੀਆਂ।

ਇਸ ਦੇ ਨਾਲ ਹੀ ਮੈਂ ਇਸ ਸਰਕਾਰ ਦਾ ਧਿਆਨ ਆਪਣੇ ਇਲਾਕੇ ਵੱਲ ਵੀ ਦਿਵਾਉਣਾ ਚਾਹੁੰਦਾ ਹਾਂ, ਗੜ੍ਹਸ਼ੰਕਰ ਦਾ ਇਲਾਕਾ ਜਿਸ ਦੇ ਵਿੱਚ ਕੰਡੀ-ਏਰੀਆ ਪੈਂਦਾ ਹੈ ਉਥੇ ਸੜਕਾਂ, ਸਿਹਤ ਸੇਵਾਵਾਂ ਅਤੇ ਸਕੂਲਾਂ ਦਾ ਮੰਦਾ ਹਾਲ ਹੈ। ਸਕੂਲਾਂ ਵਿੱਚ ਪੂਰਾ ਸਟਾਫ ਨਹੀਂ ਹੈ ਅਤੇ ਇਸੇ ਤਰ੍ਹਾਂ ਹਸਪਤਾਲਾਂ ਦਾ ਵੀ ਮੰਦਾ ਹਾਲ ਹੈ। ਮੇਰੇ ਇਲਾਕੇ ਵਿੱਚ ਬੇਟ ਏਰੀਆਂ ਵੀ ਪੈਂਦਾ ਹੈ। ਬੇਟ-ਏਰੀਏ ਦੇ 25 ਪਿੰਡ ਹਨ ਜਿੱਥੇ ਸਕੂਲਾਂ ਦਾ ਮੰਦਾ ਹਾਲ ਹੈ। ਜੇ ਇਸ ਖੇਤਰ ਵਿਚੋਂ ਕੋਈ ਪੜ੍ਹ-ਲਿਖ ਜਾਂਦਾ ਹੈ ਤਾਂ ਉਥੋਂ ਦੀਆਂ ਸਹੂਲਤਾਂ ਨੂੰ ਦੇਖਦੇ ਹੋਏ ਉਹ ਖੇਤਰ ਉਸਨੂੰ ਬੜੇ ਦੁੱਖ ਨਾਲ ਛੱਡਣਾ ਪੈਂਦਾ ਹੈ। ਮੈਂ ਸਰਕਾਰ ਤੋਂ ਮੰਗ ਕਰਦਾ ਹਾਂ ਕਿ ਕੰਡੀ-ਏਰੀਏ- ਔਰ ਬੇਟ-ਏਰੀਏ ਦਾ ਜਿਹੜਾ ਇਹ ਇਲਾਕਾ ਹੈ ਇਸ ਦੀ ਡੀਵੈਲਪਮੈਂਟ ਲਈ ਵਿਸ਼ੇਸ਼ ਫੰਡਜ਼ ਰੱਖੇ ਜਾਣ ਤਾਂ ਇਸ ਏਰੀਏ ਦੇ ਲੋਕ ਵੀ ਖੁਸ਼ਹਾਲ ਹੋ ਸਕਣ।

ਸ੍ਰੀ ਸਪੀਕਰ : ਸੰਹੂਗੜਾ ਜੀ, ਟਾਈਮ ਦਾ ਵੀ ਖਿਆਲ ਰੱਖੋ।

ਸ੍ਰੀ ਸ਼ਿੰਗਾਰਾ ਰਾਮ ਸਹੂੰਗੜਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਕੰਡੀ ਏਰੀਏ ਵਿੱਚ ਔਰ ਖਾਸ ਕਰਕੇ ਮੇਰੇ ਇਲਾਕੇ ਵਿੱਚ ਜੋ ਅਨੁਸੂਚਿਤ ਜਾਤੀਆਂ ਦੇ ਲੋਕ ਹਨ, ਉਨ੍ਹਾਂ ਦੀਆਂ ਸਮੱਸਿਆਵਾਂ ਬਹੁਤ ਜ਼ਿਆਦਾ ਹਨ। ਇੱਕ ਸੇਖੋਵਾਲ ਪਿੰਡ ਹੈ, ਉਸ ਵਿੱਚ ਸ਼ਾਮਲਾਤ ਜ਼ਮੀਨ ਦਾ ਝਗੜਾ ਹੋਣ ਕਰਕੇ ਕਾਫੀ ਚਿਰ ਤੋਂ ਉਨ੍ਹਾਂ ਦਾ ਬਾਈਕਾਟ ਚਲਿਆ ਆ ਰਿਹਾ ਹੈ, ਇਹ ਬਾਈਕਾਟ ਅਜੇ ਤੱਕ ਬਹਾਲ ਨਹੀਂ ਹੋਇਆ। ਮੈਂ ਸੀ.ਐਮ. ਸਾਹਿਬ ਨੂੰ ਬੇਨਤੀ ਕੀਤੀ ਸੀ ਅਤੇ ਉਨ੍ਹਾਂ ਨੇ ਡੀ.ਸੀ. ਦੀ ਡਿਊਟੀ ਲਗਾਈ ਸੀ ਇੰਨਕੁਆਰੀ ਕਰਨ ਲਈ ਪਰ ਉਸ ਨੇ ਅੱਗੇ ਏ.ਡੀ.ਸੀ. ਦੀ ਡਿਊਟੀ ਲਗਾ ਦਿਤੀ ਸੀ, ਉਨ੍ਹਾਂ ਵਲੋਂ ਇੰਨਕੁਆਰੀ ਕਰਕੇ ਰਿਪੋਰਟ ਦੇ ਦਿਤੀ ਗਈ ਹੈ ਪਰੰਤੂ ਅਜੇ ਤੱਕ ਹੋਰ ਕੋਈ ਕਾਰਵਾਈ ਨਹੀਂ ਹੋਈ। ਇਸੇ ਤਰ੍ਹਾਂ ਇੱਕ ਪਿੰਡ ਹੈ ਛੋਟਰਾਮ ਮਲਵੀ, ਉਥੇ 36 ਕਨਾਲ ਜ਼ਮੀਨ ਦਾ ਝਗੜਾ ਹੈ ਅਤੇ ਅਨੁਸੂਚਿਤ ਜਾਤੀਆਂ ਦੇ ਲੋਕਾਂ ਨੂੰ ਉਥੋਂ ਉਜਾੜਨ ਲਈ ਉਨ੍ਹਾਂ ਤੋਂ ਆਪਣਾ ਮਾਲਕੀ ਹੱਕ ਖੋਹਿਆ ਜਾ ਰਿਹਾ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੌਜੂਦਾ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਗਰੀਬ ਲੋਕਾਂ, ਮਜ਼ਦੂਰ ਲੋਕਾਂ ਨੂੰ ਉਨ੍ਹਾਂ ਦਾ ਹੱਕ ਦਿੱਤਾ ਜਾਵੇ। ਪਿੰਡ ਬਹੂਵਾਲ ਵਿਚ ਸ਼ਾਮਲਾਤ ਦਾ ਮਾਮਲਾ ਹੈ। ਸਾਡੀ ਬੀ.ਐਸ.ਪੀ. ਪਾਰਟੀ ਨੇ ਧਰਨਾ ਵੀ ਦਿੱਤਾ ਸੀ ਅਤੇ ਗਵਰਨਰ ਸਾਹਿਬ ਨੂੰ ਵਿਗਿਆਪਨ ਵੀ ਦਿੱਤਾ ਸੀ ਕਿ ਮਜ਼ਦੂਰਾਂ ਦਾ ਹੱਕ ਖੋਹਣਾ ਨਹੀਂ ਚਾਹੀਦਾ। ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਹੁਸ਼ਿਆਰਪੁਰ ਵਿਚ ਗਰਗ ਸਾਹਿਬ ਦੀ ਅਦਾਲਤ ਵਿਚ ਉਨ੍ਹਾਂ ਦੇ ਹੱਕ ਵਿਚ ਫੈਸਲਾ ਦਿੱਤਾ ਗਿਆ। ਮੈਂ ਕਹਿਣਾ ਚਾਹੁੰਦਾ ਹਾਂ ਕਿ ਬਹੂਵਾਲ ਦੇ ਗਰੀਬ ਲੋਕਾਂ ਨੂੰ ਉਨ੍ਹਾਂ ਦਾ ਹੱਕ ਮਿਲਣਾ ਚਾਹੀਦਾ ਹੈ।

ਮੈਂ ਆਪਣੀ ਗੱਲ-ਬਾਤ ਜ਼ਿਆਦਾ ਵਿਸਥਾਰ ਵਿਚ ਨਾ ਕਰਦਾ ਹੋਇਆ, ਮਾਨਯੋਗ ਸਪੀਕਰ ਸਾਹਿਬ, ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਗਵਰਨਰ ਸਾਹਿਬ ਦੇ ਐਡਰੈਸ ਤੇ ਬੋਲਣ ਦਾ ਮੌਕਾ ਦਿਤਾ।

ਡਾਕਟਰ ਰਮੇਸ਼ ਦੱਤ (ਆਨੰਦਪੁਰ ਸਾਹਿਬ) : ਮਾਨਯੋਗ ਸਪੀਕਰ ਸਾਹਿਬ, ਤੁਸੀਂ ਮੈਨੂੰ ਗਵਰਨਰ ਸਾਹਿਬ ਦੇ ਐਡਰੈਸ ਤੇ ਟਾਈਮ ਦਿੱਤਾ ਹੈ, ਧੰਨਵਾਦ। ਦੋ ਗੱਲਾਂ ਤੇ ਕਾਫੀ ਕੁੱਝ ਕਿਹਾ ਜਾ ਚੁੱਕਾ ਹੈ। ਮੈਂ ਉਨ੍ਹਾਂ ਦੀ ਰੈਪੀਟੀਸ਼ਨ ਨਹੀਂ ਕਰਾਂਗਾ। ਸੱਭ ਤੋਂ ਪਹਿਲੀ ਗੱਲ ਕਿ ਜਿਸ ਵਾਸਤੇ ਬਹੁਤੇ ਮੈਂਬਰਾਂ ਅਤੇ ਖਾਸ ਤੌਰ ਤੇ ਕਾਂਗਰਸ ਦੇ ਮੈਂਬਰਾਂ ਨੇ ਸਰਦਾਰ ਬੇਅੰਤ ਸਿੰਘ ਜੀ ਦਾ ਧੰਨਵਾਦ ਕੀਤਾ ਹੈ ਜਿਨ੍ਹਾਂ ਨੇ ਪੰਜਾਬ ਦੇ ਲੋਕਾਂ ਵਾਸਤੇ ਅਮਨ-ਕਾਨੂੰਨ ਦੀ ਹਾਲਤ ਸੁਧਾਰੀ। ਇਸ ਗੱਲ ਬਾਰੇ ਮੈਨੂੰ ਕਹਿਣ ਵਿਚ ਕੋਈ ਇਤਰਾਜ਼ ਨਹੀਂ ਕਿ ਵਾਕਿਆ ਹੀ ਪੰਜਾਬ ਵਿਚ ਅਮਨ-ਕਾਨੂੰਨ ਦੀ ਹਾਲਤ ਸੁਧਰੀ ਹੈ। (ਥੰਪਿੰਗ) । ਪਰ ਜਿਸ ਤਰੀਕੇ ਨਾਲ ਪੰਜਾਬ ਦੀ ਪੁਲਿਸ ਨੂੰ ਅਧਿਕਾਰ ਦਿੱਤੇ ਗਏ ਹਨ, ਉਸ ਬਾਰੇ ਹੁਣ ਮੈਂ ਕੁਝ ਕਹਿਣਾ ਚਾਹੁੰਦਾ ਹਾਂ। ਪੰਜਾਬ ਦੇ ਲੋਕ ਆਤੰਕਵਾਦ ਤੋਂ ਬਹੁਤ ਦੁਖੀ ਸਨ। ਮੇਰੇ ਰੋਪੜ ਜ਼ਿਲ੍ਹੇ

[ਡਾਕਟਰ ਰਮੇਸ਼ ਦੱਤ]

ਵਿਚ ਤਿੰਨ ਕਾਂਡ ਹੋਏ। ਇਹ ਤਿੰਨੇ ਇੱਕ ਸਾਲ ਵਿਚ ਹੀ ਹੋਏ। ਪਹਿਲਾਂ ਕਾਂਡ ਬਲਬੀਰੋ ਕਾਂਡ ਸੀ। ਫਿਰ ਰੋਪੜ ਦੇ ਵਕੀਲ ਦਾ ਕਾਂਡ ਹੋਇਆ। ਇਹ ਬੜਾ ਹੀ ਬਰਨਿੰਗ ਇਸ਼ੂ ਬਣਿਆ ਹੋਇਆ ਹੈ। ਪੰਜਾਬ ਦੇ ਵਕੀਲ ਇਸ ਵਾਸਤੇ ਪੂਰੀ ਤਰ੍ਹਾਂ ਹੜਤਾਲ ਤੇ ਹਨ। ਮੇਰਾ ਖਿਆਲ ਹੈ ਕਿ ਸ਼ਾਇਦ ਉਨ੍ਹਾਂ ਵਕੀਲਾਂ ਨੂੰ ਇੰਨਾ ਨੁਕਸਾਨ ਨਹੀਂ ਹੋਇਆ ਜਿੰਨਾ ਉਨ੍ਹਾਂ ਲੋਕਾਂ ਨੂੰ ਹੋਇਆ ਹੈ ਜਿਨ੍ਹਾਂ ਦੇ ਕੇਸ ਅਦਾਲਤ ਵਿਚ ਚਲ ਰਹੇ ਸਨ। ਉਨ੍ਹਾਂ ਨੂੰ ਬੜੀ ਤਕਲੀਫ ਹੋਈ ਹੈ। ਫਿਰ ਥਰਮਲ ਪਲਾਂਟ ਦਾ ਕੇਸ ਹੋਇਆ ਹੈ। ਇਨ੍ਹਾਂ ਸਾਰੇ ਕੇਸਾਂ ਵਿਚ ਪੰਜਾਬ ਪੁਲਸ ਦੀ ਚੰਗੀ ਤਸਵੀਰ ਸਾਹਮਣੇ ਨਹੀਂ ਆਈ ਹੈ। ਪੰਜਾਬ ਪੁਲਿਸ ਨੇ ਜਿਥੇ ਆਤੰਕਵਾਦੀਆਂ ਦੇ ਖਿਲਾਫ ਲੜਾਈ ਲੜੀ, ਸਾਡੀ ਪਾਰਟੀ ਨੇ ਵੀ ਇਸ ਵਿਚ ਪੂਰਾ ਯੋਗਦਾਨ ਪਾਇਆ ਹੈ। ਸੰਨ 1991 ਵਿਚ ਜਿਹੜੀਆਂ ਇਲੈਕਸ਼ਨਾਂ ਹੋਣੀਆਂ ਸਨ, ਉਸ ਦਾ ਕਾਂਗਰਸ ਨੇ ਬਾਈਕਾਟ ਕੀਤਾ। ਸਾਡੀ ਪਾਰਟੀ ਉਸ ਵੇਲੇ ਚੋਣ ਲੜ ਰਹੀ ਸੀ। ਲੋਕਤੰਤਰ ਦੀ ਬਹਾਲੀ ਦੀ ਬਾਕੀ ਪਾਰਟੀਆਂ ਨੇ ਵੀ ਉਨਾ ਹੀ ਯੋਗਦਾਨ ਪਾਇਆ ਜਿੰਨਾ ਕਾਂਗਰਸ ਨੇ। ਗਵਰਨਰ ਸਾਹਿਬ ਦੇ ਐਡਰੈਸ ਵਿਚ ਬਾਕੀ ਪਾਰਟੀਆਂ ਬਾਰੇ ਕੋਈ ਗੱਲ ਨਹੀਂ ਕੀਤੀ ਗਈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਪੁਲਿਸ ਨੇ ਆਤੰਕਵਾਦ ਦੇ ਖਿਲਾਫ ਜੋ ਲੜਾਈ ਲੜੀ, ਉਸ ਦਾ ਤਾਂ ਅਸੀਂ ਸਮਰਥਨ ਕਰਦੇ ਰਹੇ ਪਰ ਜੋ ਛੋਟੀ-ਮੋਟੀ ਗਲ ਉਨ੍ਹਾਂ ਨੇ ਕੀਤੀ, ਉਸ ਨੂੰ ਅਸੀਂ ਵੱਖ ਕਰਦੇ ਰਹੇ। ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ--

"ਖਾਮੋਸ਼ੀ ਹੈ ਗੁਨਾਹ ਤੋਂ ਸਚਾਈ ਜੁਰਮ ਹੈ,
ਕਿਸ ਤਰ੍ਹਾਂ ਸੇ ਦੁਨੀਆਂ ਮੇ ਗੁਜ਼ਾਰਾ ਕਰੇ ਕੋਈ।"

ਪੰਜਾਬ ਪੁਲਿਸ ਦੇ ਸਬੰਧ ਵਿਚ ਮੈਂ ਇੱਕ ਚੁਟਕਲਾ ਸੁਣਾਉਣਾ ਚਾਹੁੰਦਾ ਹਾਂ। ਇੱਕ ਵਕੀਲ ਨੇ ਅਦਾਲਤ ਵਿਚ ਕੇਸ ਕੀਤਾ। ਉਸ ਦੇ ਮੁਦਈ ਕੋਲ ਪੈਸੇ ਨਹੀਂ ਸਨ। ਉਸ ਨੇ ਕਿਹਾ ਕਿ ਜਦੋਂ ਗੱਲ ਹੋਵੇ ਤਾਂ ਕਹਿਣਾ 'ਹੁੜ'। ਜੱਜ ਨੇ ਜਿਹੜਾ ਵੀ ਸਵਾਲ ਪੁੱਛਿਆ ਤਾਂ ਉਸ ਨੇ ਕਿਹਾ 'ਹੁੜ'। ਜਦੋਂ ਵਕੀਲ ਨੇ ਕੇਸ ਜਿੱਤ ਲਿਆ ਤਾਂ ਉਸ ਨੇ ਮੁੱਦਈ ਤੋਂ ਪੈਸੇ ਮੰਗੇ ਤਾਂ ਉਸ ਜਵਾਬ ਦਿੱਤਾ 'ਹੁੜ'। ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਲੋਕਾਂ ਨੂੰ ਵੀ ਪੁਲਿਸ ਨੂੰ 'ਹੁੜ' ਹੀ ਕਰਨੀ ਚਾਹੀਦੀ ਹੈ। ਪੁਲਿਸ ਵਲੋਂ ਜਿਵੇਂ ਲੋਕਾਂ ਨੂੰ ਤੰਗ ਕੀਤਾ ਜਾ ਰਿਹਾ ਹੈ, ਉਸ ਨੂੰ ਨੱਥ ਪਾਉਣੀ ਚਾਹੀਦੀ ਹੈ।

ਸੋ ਜਿਸ ਤਰੀਕੇ ਨਾਲ ਲੋਕਤੰਤਰ ਦੀ ਗੱਲ ਕੀਤੀ ਹੈ, ਇਸ ਗੱਲ ਦੀ ਵੀ ਬੜੀਆਂ ਅਖ਼ਬਾਰਾਂ ਬੜੀਆਂ ਵਿੱਚ ਆਇਆ ਕਿ ਸਾਰੇ ਬਲਾਕਾਂ ਦੇ ਅੰਦਰ, ਸਾਡੇ ਪੰਜਾਬ ਦੇ ਅੰਦਰ ਜਿਸ ਤਰੀਕੇ ਨਾਲ ਮਿਉਂਸਪਲ ਕਮੇਟੀਆਂ ਦੀਆਂ ਚੋਣਾਂ ਕਰਵਾਈਆਂ ਗਈਆਂ, ਜਿਸ ਤਰੀਕੇ ਦੇ ਨਾਲ ਪੰਚਾਇਤਾਂ ਦੀਆਂ ਚੋਣਾਂ ਕਰਵਾਈਆਂ ਗਈਆਂ ਔਰ ਜੋ ਕੁਝ ਵਾਪਰਿਆ ਉਹ ਸਭ ਨੂੰ ਪਤਾ ਹੀ ਹੈ ਕਿ ਕਿਸ ਤਰ੍ਹਾਂ ਪੁਲਿਸ ਕੈਂਡੀਡੇਟਸ ਨੂੰ ਚੁੱਕ ਕੇ ਲੈ ਗਈ ਉਸ ਤੋਂ ਪੁਲਿਸ ਦੀ ਭਾਵਨਾ ਪਤਾ ਲਗਦੀ ਹੈ। ਅੱਜ ਪੁਲਿਸ ਕਹਿੰਦੀ ਹੈ ਕਿ ਅਸੀਂ ਜਿਸ ਨੂੰ ਮਰਜ਼ੀ ਸਰਪੰਚ ਬਣਾਈਏ, ਜਿਸ ਨੂੰ ਮਰਜ਼ੀ ਐਮ.ਐਲ.ਏ. ਬਣਾਈਏ। ਅਸੀਂ ਸਰਕਾਰ ਦੇ ਪ੍ਰਮਾਨੈਂਟ ਮੁਲਾਜ਼ਮ ਹਾਂ ਔਰ ਜਿਹੜੇ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਹਨ ਉਹ ਟੈਂਪਰੇਰੀ ਮੁਲਾਜ਼ਮ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਭਾਵਨਾ ਸਹੀ ਹੋਣੀ ਚਾਹੀਦੀ ਹੈ, ਇਸ ਤਰ੍ਹਾਂ ਦੀ ਭਾਵਨਾ ਹੋਣਾ ਬਹੁਤ ਬੁਰੀ ਗੱਲ ਹੈ। ਜੇ ਆਪਣੇ ਰਾਜਨੀਤਕ ਮੁਫਾਦ ਲਈ ਪੁਲਿਸ ਅਫ਼ਸਰਾਂ ਅਤੇ ਸਰਕਾਰੀ ਅਫ਼ਸਰਾਂ ਨੂੰ ਵਰਤਿਆ ਗਿਆ ਤਾਂ ਇਹ ਲੋਕ-ਤੰਤਰ ਦੀ ਕਬਰ ਤੇ ਆਖ਼ਰੀ ਕਿਲ ਸਾਬਤ ਹੋਵੇਗਾ। ਸਰਕਾਰ ਨੂੰ ਆਪਣੇ ਤੌਰ ਤੇ ਇਸ ਗੱਲ ਦੇ ਬਾਰੇ ਦੱਸਣਾ ਚਾਹੀਦਾ ਹੈ ਅਤੇ ਇਸ ਤਰ੍ਹਾਂ ਦੀਆਂ ਹੋ ਰਹੀਆਂ ਗੱਲਾਂ ਤੇ ਨੱਥ ਪਾਉਣ ਲਈ ਕੁਝ ਦੱਸਣਾ ਚਾਹੀਦਾ ਹੈ ਪਰ ਇਸ ਗਵਰਨਰ ਸਾਹਿਬ ਦੇ ਭਾਸ਼ਣ ਵਿੱਚ ਇਸ ਦੇ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ।

ਦੂਸਰੀ ਗੱਲ, ਸਪੀਕਰ ਸਾਹਿਬ, ਲੋਕਤੰਤਰ ਦੀ ਬਹਾਲੀ ਤੋਂ ਬਾਅਦ ਜੋ ਕੁਝ ਗੱਲਾਂ ਕੀਤੀਆਂ ਗਈਆਂ ਹਨ ਉਨ੍ਹਾਂ ਵਿੱਚ ਦੱਸਿਆ ਗਿਆ ਹੈ ਕਿ ਖੇਤੀਬਾੜੀ ਦੀ ਕਾਫੀ ਤਰੱਕੀ ਦੀ ਗੱਲ ਕੀਤੀ ਗਈ ਹੈ। ਇਹ ਵੀ ਕਿਹਾ ਗਿਆ ਹੈ ਕਿ ਕਣਕ ਦਾ ਭਾਅ ਵਧਾਇਆ ਗਿਆ ਹੈ। ਪੰਜਾਬ ਸਰਕਾਰ ਨੇ ਕਣਕ ਦੇ ਭਾਅ ਦੀ ਮੰਗ 370 ਰੁਪਏ ਕੀਤੀ ਸੀ। ਇਹ ਠੀਕ ਹੈ ਕਿ ਕਣਕ ਦਾ ਭਾਅ ਕੁਝ ਵਧਿਆ ਪਰ ਇਸ ਦੇ ਨਾਲ ਦੀ ਨਾਲ ਇਹ ਵੀ ਗੱਲ ਠੀਕ ਹੈ ਕਿ ਜਿਹੜੀਆਂ ਇਨਪੁੱਟਸ ਹਨ ਉਨ੍ਹਾਂ ਦੇ ਭਾਅ ਵੀ ਕਾਫੀ ਵੱਧੇ ਹਨ। ਜ਼ਿਮੀਦਾਰ ਨੂੰ ਜਿਨ੍ਹਾਂ ਚੀਜ਼ਾਂ ਦੀ ਲੋੜ ਰਹਿੰਦੀ ਹੈ ਜਿਸ ਤਰ੍ਹਾਂ ਬਿਜਲੀ ਹੈ, ਬਿਜਲੀ ਦੇ ਰੇਟ ਕਾਫੀ ਵਧਾਏ ਗਏ ਹਨ ਅਤੇ ਇਸੇ ਤਰ੍ਹਾਂ ਹੋਰ ਜਿਹੜੀਆਂ ਜ਼ਿਮੀਂਦਾਰ ਨੂੰ ਚੀਜ਼ਾਂ ਚਾਹੀਦੀਆ ਹਨ ਉਨ੍ਹਾਂ ਦੇ ਰੇਟ ਵੀ ਕਾਫੀ ਵੱਧੇ ਹਨ, ਐਗਰੀਕਲਚਰ ਨਾਲ ਸਬੰਧਤ ਇਨਪੁੱਟਸ ਦੇ ਰੇਟਸ ਵੀ ਕਾਫੀ ਵੱਧੇ ਹਨ। ਐਗਰੋ ਬੇਸਡ ਇੰਡਸਟਰੀ ਵਲ ਵੀ ਮੈਂ ਸਮਝਦਾ ਹਾਂ ਕਿ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਜਿਹੜੀ ਸਾਡੀ ਖੇਤੀਬਾੜੀ ਯੂਨੀਵਰਸਿਟੀ ਹੈ, ਅਰਸ਼ੀ ਸਾਹਿਬ ਨੇ ਵੀ ਇਸ ਦਾ ਜ਼ਿਕਰ ਕੀਤਾ ਹੈ, ਜਿਹੜੇ ਬੀਜ ਜ਼ਿਮੀਦਾਰਾਂ ਨੂੰ ਦਿੱਤੇ ਜਾਂਦੇ ਹਨ ਉਹ ਪੰਜਾਬ ਵਿੱਚ ਖੇਤੀਬਾੜੀ ਯੂਨੀਵਰਸਿਟੀ ਦੇ 5 ਜਾਂ 10 ਫੀਸਦੀ ਬੀਜ ਦਿੱਤੇ ਜਾਂਦੇ ਹਨ ਬਾਕੀ ਦੇ ਬਾਹਰਲੀਆਂ ਯੂਨੀਵਰਸਿਟੀਆਂ ਤੋਂ ਲਿਆਏ ਜਾਂਦੇ ਹਨ ਜੋ ਮਹਿੰਗੇ ਭਾਅ ਤੇ ਮਿਲਦੇ ਹਨ। ਜਿਥੇ ਐਗਰੀਕਲਚਰ ਦੇ ਰੇਟ ਵਧਾਏ ਹਨ ਉਥੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਜ਼ਿਮੀਦਾਰਾਂ ਨੂੰ ਖੇਤੀ-ਬਾੜੀ ਦੇ ਲਈ ਬਾਕੀ ਦੀਆਂ ਜਿਹੜੀਆਂ ਚੀਜ਼ਾਂ ਦੀ ਜ਼ਰੂਰਤ ਹੈ ਉਹ ਵੀ ਸਸਤੀਆਂ ਕਰਨ ਵਾਸਤੇ ਸਰਕਾਰ ਨੂੰ ਯਤਨ ਕਰਨੇ ਚਾਹੀਦੇ ਹਨ।

ਇਕ ਗੱਲ, ਸਪੀਕਰ ਸਾਹਿਬ, ਮੈਂ ਪਸ਼ੂ ਪਾਲਣ ਵਿਭਾਗ ਦੇ ਬਾਰੇ ਕਹਾਗਾਂ ਕਿ ਪਸ਼ੂ ਪਾਲਣ ਵਿਭਾਗ ਪਸ਼ੂਆਂ ਲਈ ਰੋਗ ਰਹਿਤ ਦਵਾਈਆਂ ਦਿੰਦਾ ਹੈ ਕਿ ਜ਼ਿਮੀਦਾਰਾਂ ਦੇ ਜਿਹੜੇ ਪਸ਼ੂ ਹਨ ਉਹ ਰੋਗ ਰਹਿਤ ਹੋਣੇ ਚਾਹੀਦੇ ਹਨ। ਬਾਕੀ ਜ਼ਿਲ੍ਹਿਆਂ ਵਿੱਚ ਵੀ ਇਹ ਦਵਾਈਆਂ ਵਰਤੀਆਂ ਜਾਂਦੀਆਂ ਹਨ, ਮੇਰੇ ਜ਼ਿਲ੍ਹੇ ਰੋਪੜ ਵਿੱਚ ਤਹਿਸੀਲ ਅਨੰਦਪੁਰ ਸਾਹਿਬ ਵਿੱਚ ਪਸ਼ੂਆਂ ਨੂੰ ਜੋ ਆਮ ਗੱਲ ਘੋਟੂ ਬੀਮਾਰੀ ਹੋ ਜਾਂਦੀ ਹੈ ਉਸ ਗਲ ਘੋਟੂ ਬੀਮਾਰੀ ਦੇ ਲਈ ਸਰਕਾਰ ਦਵਾਈਆਂ ਦਿੰਦੀ ਹੈ। ਆਮ ਤੌਰ ਤੇ ਇਹ ਬਿਮਾਰੀ ਪਸ਼ੂਆਂ ਨੂੰ ਬਰਸਾਤ ਦੇ ਦਿਨਾਂ ਵਿੱਚ ਲਗਦੀ ਹੈ ਅਤੇ ਬਰਸਾਤ ਦੇ ਸੀਜ਼ਨ ਵਿੱਚ ਗਲ ਘੋਟੂ ਦੀ ਬਿਮਾਰੀ ਵਾਸਤੇ ਦਵਾਈ ਦਿਤੀ ਜਾਂਦੀ ਹੈ। ਇਹ ਇਕ 4 ਫਰਵਰੀ ਨੂੰ ਇਕ ਚਿਠੀ ਕੱਢੀ ਗਈ ਕਿ ਵੈਕਸੀਨੇਸ਼ਨ ਕੀਤੀ ਜਾਵੇ। 5, 6 ਨੂੰ ਵੈਕਸੀਨੇਸ਼ਨ ਪਸ਼ੂਆਂ ਦੀ ਕੀਤੀ ਗਈ ਔਰ ਜਿਹੜੀ ਦਵਾਈ ਹੈ ਇਸ ਦੀ ਐਕਸਪਾਇਰੀ 9 ਤਾਰੀਖ ਦੀ ਹੈ। ਮੇਰੇ ਪਾਸ ਇਕ ਬੋਤਲ ਹੈ ਜਿਸ ਤੇ ਐਕਸਪਾਇਰੀ ਡੇਟ ਲਿਖੀ ਹੋਈ ਹੈ ਔਰ ਇਹ 9 ਤਰੀਖ ਹੈ ਔਰ 5, 6 ਤਰੀਖ ਨੂੰ ਵੈਕਸੀਨੇਸ਼ਨ ਕੀਤੀ ਗਈ। ਇਹ ਵੈਕਸੀਨੇਸ਼ਨ ਗਲ ਘੋਟੂ ਦੀ ਬਿਮਾਰੀ ਵਾਸਤੇ ਕੀਤੀ ਗਈ ਜਦ ਕਿ ਇਸ ਦਾ ਹਾਲੀ ਕੋਈ ਸੀਜ਼ਨ ਵੀ ਨਹੀਂ ਔਰ ਦਵਾਈ ਦੀ ਐਕਸਪਾਇਰੀ ਡੇਟ 9 ਤਾਰੀਖ ਹੈ। ਇਹ ਬੋਤਲ ਮੈਂ ਹਾਊਸ ਦੀ ਟੇਬਲ ਤੇ ਰਖਦਾ ਹਾਂ।

Mr. Speaker : Not allowed.

ਡਾਕਟਰ ਰਮੇਸ਼ ਦੱਤ : ਮੈਂ ਸਮਝਦਾ ਹਾਂ ਕਿ ਇਸ ਕਿਸਮ ਦੀਆਂ ਦਵਾਈਆਂ ਜਿਨ੍ਹਾਂ ਦੀ ਐਕਸ-ਪਾਇਰੀ ਡੇਟ ਇਸ ਤਰ੍ਹਾਂ ਹੋਵੇ ਅਤੇ ਡੰਗਰਾਂ ਨੂੰ ਦਿੱਤੀ ਜਾਵੇ ਤਾਂ ਇਸ ਦੇ ਨਾਲ ਉਹ ਕੀ ਰੋਗ ਰਹਿਤ ਹੋਣਗੇ। ਮੈਂ ਸਮਝਦਾ ਹਾਂ ਕਿ ਇਹ ਇਕ ਕਿਸਮ ਦਾ ਸਕੈਂਡਲ ਹੈ ਔਰ ਇਸ ਦੀ ਇਨਕੁਆਰੀ ਹੋਣੀ ਚਾਹੀਦੀ ਹੈ।

ਸਪੀਕਰ ਸਾਹਿਬ, ਭ੍ਰਿਸ਼ਟਾਚਾਰ ਦੇ ਬਾਰੇ ਸਰਕਾਰ ਨੇ ਦਾਅਵਾ ਕੀਤਾ ਹੈ। ਮੈਂ ਇਸ ਦੇ ਬਾਰੇ ਵਿੱਚ 2 ਮਿਸਾਲਾਂ ਦੇਣੀਆਂ ਚਾਹੰਦਾ ਹਾਂ। 14 ਫਰਵਰੀ ਜਿਹੜੀ ਪਿਛੇ ਬੀਤੀ ਹੈ ਉਸ ਦਿਨ ਪਟਵਾਰੀਆਂ ਦਾ

[ਡਾਕਟਰ ਰਮੇਸ਼ ਦੱਤ]

ਇਕ ਟੈਸਟ ਹੋਇਆ। ਬਾਕੀ ਥਾਂ ਤੇ ਵੀ ਹੋਇਆ ਹੋਵੇਗਾ ਰੋਪੜ ਦੇ ਵਿੱਚ ਇਹ ਟੈਸਟ ਹੋਇਆ ਔਰ ਇਸ ਟੈਸਟ ਦੇ ਵਿੱਚ 52 ਹਜ਼ਾਰ ਕੈਂਡੀਡੇਟਸ ਸਨ ਜੋ ਅਪੀਅਰ ਹੋਏ। ਇਹ ਓਬਜੈਕਟਿਵ ਟਾਈਪ ਪੇਪਰ ਸੀ। ਇਹ ਪੇਪਰ ਬਾਹਰ ਆਏ ਅਤੇ ਬਾਹਰੋਂ ਹੱਲ ਸਾਰੇ ਹੋ ਕੇ ਗਏ। ਇਹ ਪੇਪਰ ਵਿਕੇ ਹਨ ਔਰ ਇਸ ਦੇ ਲਈ ਤਾਂ ਸਰਕਾਰ ਨੂੰ ਕਹਾਂਗਾ ਕਿ ਇਸ ਦਾ ਪਤਾ ਕਰੇ। ਜਿੱਥੇ ਇਸ ਤਰੀਕੇ ਨਾਲ ਭਰਤੀ ਹੋਣੀ ਹੈ, ਜਿਹੜੀ ਭਰਤੀ ਕੁਰਪਸ਼ਨ ਦੇ ਆਧਾਰ ਤੇ ਹੋਣੀ ਹੈ, ਜਿਹੜੀ ਭਰਤੀ ਵਿਚ ਕੁਝ ਅਫ਼ਸਰਾਂ ਦੇ ਬੰਦੇ ਅਤੇ ਕੁਝ ਵੱਡੇ ਬੰਦਿਆਂ ਦੇ ਬੰਦੇ ਭਰਤੀ ਕਰਨੇ ਹਨ ਤਾਂ ਫਿਰ ਉਨ੍ਹਾਂ ਨੇ ਕੰਮ ਵੀ ਉਸੇ ਤਰ੍ਹਾਂ ਹੀ ਕਰਨਾ ਹੈ। ਮੈਂ ਚਾਹੁੰਦਾ ਹਾਂ ਕਿ ਸਰਕਾਰ ਇਸ ਦੀ ਚੰਗੀ ਤਰ੍ਹਾਂ ਇਨਕੁਆਇਰੀ ਕਰਵਾਏ। ਪਿੰਡਾਂ ਦੇ ਜਿਹੜੇ ਲੋਕ ਹਨ, ਜਿਹੜੇ ਇੰਟੈਲੀਜੈਂਟ ਮੁੰਡੇ ਹਨ ਅਗਰ ਸਹੀ ਤਰੀਕੇ ਨਾਲ ਭਰਤੀ ਹੋਵੇ ਤਾਂ ਉਹ ਇੰਪਲਾਇਮੈਂਟ ਵਿਚ ਆ ਕੇ ਸੇਵਾ ਕਰ ਸਕਦੇ ਹਨ।

ਤੀਸਰੀ ਗੱਲ, ਸਪੀਕਰ ਸਾਹਿਬ, ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਨਾਨ ਰੈਜ਼ੀਡੈਂਸ਼ੀਅੱਲ ਇੰਡੀਅੱਨਜ਼ ਬੁਲਾਏ ਗਏ ਹਨ......

ਸ੍ਰੀ ਸਪੀਕਰ : ਡਾਕਟਰ ਸਾਹਿਬ, ਤੁਸੀਂ ਟਾਈਮ ਦਾ ਧਿਆਨ ਰਖੋ।

ਡਾਕਟਰ ਰਮੇਸ਼ ਦੱਤ : ਠੀਕ ਹੈ ਜੀ, ਬੱਸ ਮੈਂ ਦੋ ਹੀ ਗਲਾਂ ਕਰਨੀਆਂ ਹਨ। ਸਪੀਕਰ ਸਾਹਿਬ ਮੋਹਾਲੀ ਦੇ ਅੰਦਰ ਇਕ ਨਵਾਂ ਸਕੈਂਡਲ ਹੋਇਆ ਹੈ ਜਿਸ ਬਾਰੇ ਮੈਂ ਸਰਕਾਰ ਨੂੰ ਚਿੱਠੀ ਵੀ ਲਿਖੀ ਹੈ। ਨਾਨ ਰੈਜ਼ੀਡੈਂਟਸ ਦੇ ਨਾਂ ਤੇ 40 ਏਕੜ ਜ਼ਮੀਨ ਦਿਤੀ ਗਈ ਜਿਸ ਦੀ ਕੀਮਤ ਸਟੈਂਡਰਡ ਕੀਮਤ ਤੋਂ ਵੀ ਥਲੇ ਹੈ ਅਤੇ ਜਿਸਦੀ ਮਾਰਕੀਟ ਪ੍ਰਾਈਸ 2 ਲੱਖ ਰੁਪਏ ਪ੍ਰਤੀ ਏਕੜ ਹੈ। ਮੈਨੂੰ ਕੋਈ ਇਤਰਾਜ਼ ਨਹੀਂ ਕਿ ਨਾਨ-ਰੈਜ਼ੀਡੈਂਸਲ ਲਿਆਂਦੇ ਜਾਣ ਇਨਵੈਸਟ ਕਰਨ ਲਈ, ਪਰ ਇਸ ਸਕੀਮ ਥੱਲੇ ਜੋ ਜਗ੍ਹਾ ਅਲਾਟ ਕੀਤੀ ਗਈ, ਇਸ ਵਿਚ ਕਾਫੀ ਘਪਲਾ ਹੋਇਆ ਹੈ। ਇਕ ਪ੍ਰੈਸ ਕਟਿੰਗ ਵੀ ਮੇਰੇ ਕੋਲ ਦਿੱਤੀ ਹੈ......

ਸ੍ਰੀ ਸਪੀਕਰ : ਡਾਕਟਰ ਸਾਹਿਬ, ਇਹ ਤੁਹਾਡੀ ਐਂਟੀਸਿਪੇਸ਼ਨ ਹੈ।

ਡਾਕਟਰ ਰਮੇਸ਼ ਦੱਤ : ਸਪੀਕਰ ਸਾਹਿਬ, ਇਹ ਐਂਟੀਸਿਪੇਸ਼ਨ ਨਹੀਂ ਹੈ। ਮੈਂ ਕਾਲ ਅਟੈਨਸ਼ਨ ਮੋਸ਼ਨ ਵੀ ਇਸ ਬਾਰੇ ਦਿਤੀ ਸੀ, ਤੁਸੀਂ ਰਿਜੈਕਟ ਕਿਤੀ ਹੈ।

ਹੁਣ, ਸਪੀਕਰ ਸਾਹਿਬ, ਮੈਂ ਐਜੂਕੇਸ਼ਨ ਦੇ ਬਾਰੇ ਕਹਾਂਗਾ ਕਿ ਐਜੂਕੇਸ਼ਨ ਦਾ ਤਾਂ ਬਾਬਾ ਆਦਮ ਹੀ ਨਿਰਾਲਾ ਹੈ। ਨਾ ਇਸ ਦੀ ਕੋਈ ਪਾਲਿਸੀ ਹੈ ਔਰ ਨਾ ਹੀ ਕੋਈ ਨੀਤੀ ਹੈ। ਸਪੀਕਰ ਸਾਹਿਬ, ਪਹਿਲਾਂ ਕਿਤਾਬਾਂ ਬੁਕ ਸੈਲਰਜ਼ ਦੇ ਥਰੂ ਜਾਂਦੀਆਂ ਸੀ ਪਰ ਇਸ ਨਵੇਂ ਸਾਲ ਵਿਚ ਕਿਤਾਬਾਂ ਮਾਸਟਰਾਂ ਨੂੰ ਦੇ ਦਿਤੀਆਂ ਜਿਸਦਾ ਕਮਿਸ਼ਨ ਮਾਸਟਰਾਂ ਨੂੰ ਜਾਣਾ ਹੈ ਬਾਕੀ ਸਕੂਲਾਂ ਵਿਚ ਹੀ ਰਹਿ ਜਾਣਾ ਸੀ। ਪਹਿਲਾਂ ਕਿਹਾ ਕਿ ਐਮ. ਬੀ.ਡੀ ਸਕੂਲਾਂ ਵਿਚ ਨਹੀਂ ਲਗਾਉਣੀਆਂ ਪਰ ਫਿਰ ਲਗਾ ਦਿਤੀਆਂ। ਹੁਣ ਪਤਾ ਨਹੀਂ ਅੱਠਵੀਂ ਦੇ ਪੇਪਰਾਂ ਦੀ ਕੀ ਪਾਲਿਸੀ ਬਣਾ ਦਿਤੀ ਹੈ, ਪਹਿਲਾਂ ਸਾਰਾ ਪੁਰਾਣਾ ਸਿਸਟਮ ਚਲਿਆ ਆ ਰਿਹਾ ਸੀ ਹੁਣ ਕੋਈ ਕੌਂਸਲ ਬਣਾ ਦਿਤੀ ਹੈ। ਸਕੂਲਾਂ ਵਿਚ ਬੱਚਿਆਂ ਨੂੰ ਪਤਾ ਤਕ ਨਹੀਂ ਉਨ੍ਹਾਂ ਨੇ ਅਖ਼ਬਾਰਾਂ ਵਿਚ ਕਢਾ ਦਿਤਾ ਕਿ ਹੁਣ ਅੱਠਵੀਂ ਦੇ ਪੇਪਰ ਐਸ.ਸੀ.ਈ.ਆਰ.ਟੀ. ਲਵੇਗੀ। ਪਤਾ ਨਹੀਂ ਕਿਹੜੀ ਲਾਬੀ ਇਸ ਦੇ ਪਿਛੇ ਕੰਮ ਕਰ ਰਹੀ ਹੈ। ਇਸ ਤਰ੍ਹਾਂ ਕਿਹਾ ਗਿਆ ਸੀ ਕਿ ਜਿਹੜੀਆਂ ਬਦਲੀਆਂ ਕਰਨੀਆਂ ਹਨ ਉਨ੍ਹਾਂ ਦਾ ਕੋਈ ਕਰਾਈਟੇਰੀਆਂ ਫਿਕਸ ਕੀਤਾ ਜਾਏਗਾ। ਪਰ ਜਿਹੜੀਆਂ ਵੀ ਬਦਲੀਆਂ ਕੀਤੀਆਂ ਗਈਆਂ ਉਹ ਪੈਸੇ ਲੈ ਕੇ ਹੀ ਕੀਤੀਆਂ ਗਈਆਂ ਹਨ। ਜਿਨ੍ਹਾਂ ਨੇ ਪੈਸੇ ਨਹੀਂ ਦਿਤੇ ਉਨ੍ਹਾਂ ਦੀਆਂ ਬਦਲੀਆਂ ਨਹੀਂ ਹੋਈਆਂ। ਕੁਰਪਸ਼ਨ ਨੂੰ ਨੱਥ ਪਾਉਣ ਵਾਸਤੇ ਮੈਂ ਮੁੱਖ ਮੰਤਰੀ ਸਾਹਿਬ ਨੂੰ ਕਹਾਂਗਾ ਕਿ ਇਧਰ ਧਿਆਨ ਦੇਣ ਦੀ ਕਿਰਪਾ ਕਰਨ।

ਇਸ ਦੇ ਨਾਲ ਹੀ ਮੈਂ ਮੁੱਖ ਮੰਤਰੀ ਸਾਹਿਬ ਨੂੰ ਕਹਾਂਗਾ ਕਿ ਜਿੰਨੇ ਵੀ ਮਨਿਸਟਰ ਸਾਹਿਬ ਹਨ, ਐਮ.ਐਲ.ਏ. ਸਾਹਿਬ ਹਨ ਉਨ੍ਹਾਂ ਦੀ ਮੂਵੇਬਲ ਔਰ ਇਮੂਵੇਬਲ ਜਾਇਦਾਦਾਂ ਦੀ ਪੜਤਾਲ ਕਰਵਾਈ ਜਾਵੇ ਕਿ ਮਨਿਸਟਰ ਔਰ ਐਮ.ਐਲ.ਏ. ਬਣਨ ਤੋਂ ਪਹਿਲਾਂ ਕਿੰਨੀ ਸੀ ਔਰ ਹੁਣ ਕਿੰਨੀ ਹੈ ਤਾਂ ਹੀ ਪਤਾ ਲਗ ਸਕੇਗਾ ਕਿ ਕਿਸ ਨੇ ਨਾਜਾਇਜ਼ ਤਰੀਕੇ ਨਾਲ ਕਿੰਨੀ ਜਾਇਦਾਦ ਬਣਾਈ ਹੈ ਔਰ ਉਸਦੇ ਮੁਤਾਬਕ ਹੀ ਕੋਈ ਐਕਸ਼ਨ ਹੋ ਸਕੇਗਾ।

ਸਪੀਕਰ ਸਾਹਿਬ, ਇਕ ਗਲ ਮੈਂ ਹੋਰ ਤੁਹਾਡੇ ਰਾਹੀਂ ਸਰਕਾਰ ਦੇ ਨੋਟਿਸ ਵਿਚ ਲਿਆਉਣੀ ਚਾਹੁੰਦਾ ਹਾਂ ਕਿ ਪਿਛਲੇ 30, 40 ਸਾਲਾਂ ਤੋਂ ਇਹ ਵੇਖਿਆ ਗਿਆ ਹੈ ਕਿ ਸਾਰੇ ਪੰਜਾਬ ਦੇ ਅੰਦਰ ਜਿਤਨੇ ਫ਼ਾਰਵਰਡ ਏਰੀਆਜ਼ ਹਨ ਉਨ੍ਹਾਂ ਨੂੰ ਹੋਰ ਫ਼ਾਰਵਰਡ ਕਰਨ ਦੇ ਯਤਨ ਕੀਤੇ ਜਾ ਰਹੇ ਹਨ ਔਰ ਜਿਹੜੇ ਬੈਕਵਰਡ ਏਰੀਅਜ਼ ਹਨ ਉਨ੍ਹਾਂ ਵਲ ਕੋਈ ਧਿਆਨ ਨਹੀਂ ਦਿਤਾ ਜਾ ਰਿਹਾ। ਮੇਰੀ ਬੇਨਤੀ ਹੈ ਕਿ ਇਨ੍ਹਾਂ ਬੈਕਵਰਡ ਬਲਾਕਾਂ ਵਾਸਤੇ, ਤਹਿਸੀਲਾਂ ਵਾਸਤੇ ਜ਼ਿਲ੍ਹਿਆਂ ਵਾਸਤੇ ਖਾਸ ਫੰਡਜ਼ ਰਖਣੇ ਚਾਹੀਦੇ ਹਨ ਤਾਂ ਕਿ ਜਿਹੜੇ ਪਛੜੇ ਲੋਕ ਹਨ ਉਹ ਵੀ ਤਰੱਕੀ ਕਰ ਸਕਣ। ਬਾਕੀ ਸਟੇਟਾਂ ਨਾਲ ਲਗਦੇ ਜਿਹੜੇ ਸਾਡੇ ਹਿਮਾਚਲ ਬਾਰਡਰ ਦੇ ਇਲਾਕੇ ਹਨ ਉਨ੍ਹਾਂ ਵਿਚ ਤਾਂ ਲਿਫ਼ਟ ਇਰੀਗੇਸ਼ਨ ਸ਼ੁਰੂ ਹੋ ਚੁੱਕੀ ਹੈ ਪਰ ਸਾਡੇ ਖਾਸ ਕਰਕੇ ਅਨੰਦਪੁਰ ਸਾਹਿਬ ਸਬ-ਤਹਿਸੀਲ ਵਾਸਤੇ ਖਾਸ ਧਿਆਨ ਦਿਤਾ ਜਾਣਾ ਚਾਹੀਦਾ ਹੈ ਤਾਂ ਕਿ ਇਥੇ ਵੀ ਤਰੱਕੀ ਹੋਵੇ। ਸਪੀਕਰ ਸਾਹਿਬ, 1966 ਵਿਚ ਦੋ ਬਲਾਕ ਊਨਾ ਤਹਿਸੀਲ ਤੋਂ ਕਟ ਕੇ ਰੋਪੜ ਜ਼ਿਲ੍ਹੇ ਵਿਚ ਪਾਏ ਗਏ, ਮੈਂ ਇਸ ਬਾਰੇ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਇਹ ਇਲਾਕਾ ਦੂਸਰੇ ਸੂਬਿਆਂ ਨਾਲ ਜੋ ਲਗਦਾ ਹੈ ਉਸ ਵੱਲ ਖਾਸ ਧਿਆਨ ਦਿਤਾ ਜਾਵੇ, ਉਹ ਤਰੱਕੀ ਕਰੇ ਤਾਂ ਬਾਹਰਲੇ ਸੂਬੇ ਦੇ ਲੋਕ ਜੋ ਨਾਲ ਲਗਦੇ ਹਨ ਉਹ ਪੰਜਾਬ ਵਿਚ ਆਉਣ ਦੀ ਗੱਲ ਕਰਨ ਔਰ ਉਨ੍ਹਾਂ ਨੂੰ ਵੀ ਤਰੱਕੀ ਕਰਨ ਦਾ ਮੌਕਾ ਮਿਲ ਸਕੇ।

ਸ੍ਰੀ ਸਪੀਕਰ : ਵਾਈਂਡ ਅੱਪ ਕਰੋ ਜੀ।

ਡਾਕਟਰ ਰਮੇਸ਼ ਦੱਤ : ਸਪੀਕਰ ਸਾਹਿਬ, ਖਾਸ ਤੌਰ ਤੇ ਆਨੰਦਪੁਰ ਸਾਹਿਬ ਦੀ ਤਹਿਸੀਲ ਦੇ ਅੰਦਰ ਵਾਟਰ ਲਾਗਿੰਗ ਦੀ ਸਕੀਮ ਹੋਵੇ, ਜਿਸ ਤਰ੍ਹਾਂ ਕਿ ਕੀਰਤਪੁਰ ਸਾਹਿਬ ਹੈ, ਬਰਹਮਪੁਰਾ ਹੈ, ਘਨੌਲੀ ਹੈ ਉਥੇ ਦਾ ਜੋ ਏਰੀਆ ਹੈ, ਉਥੋਂ ਦੀ ਦੋ ਨਹਿਰਾਂ ਕੱਢੀਆਂ ਗਈਆਂ ਹਨ ਔਰ ਜ਼ਮੀਨ ਸਰਕਾਰ ਨੇ ਲੈ ਲਈ ਹੈ। ਉਥੇ ਨਾ ਪੀਣ ਵਾਲੇ ਪਾਣੀ ਦੀ ਸਮੱਸਿਆ ਹੱਲ ਹੋਈ ਹੈ ਔਰ ਨਾ ਇਰੀਗੇਸ਼ਨ ਦੀ ਸਕੀਮ ਕੋਈ ਚਲਾਈ ਗਈ ਹੈ। ਮੈਂ ਸਰਕਾਰ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪਾਣੀ ਬਾਰੇ ਗੱਲ ਚਲਦੀ ਹੈ। ਜਮਨਾ ਦਾ ਪਾਣੀ ਪੰਜਾਬ ਨੂੰ ਮਿਲੇ ਮੈਨੂੰ ਕੋਈ ਇਤਰਾਜ਼ ਨਹੀਂ ਹੈ, ਹੋਰ ਪਾਣੀ ਮਿਲੇ ਮੈਨੂੰ ਖੁਸ਼ੀ ਹੈ। ਪਰ ਇਕ ਅਪ੍ਰੈਲ, 1970 ਨੂੰ ਰਾਵੀ ਦੇ ਪਾਣੀ ਦੀ ਸਾਰੀ ਕੀਮਤ ਦਿੱਤੀ ਗਈ ਸੀ ਔਰ ਉਸ ਪਾਣੀ ਉਤੇ ਪੂਰਨ ਅਧਿਕਾਰ ਪੰਜਾਬ ਦੇ ਲੋਕਾਂ ਦਾ ਬਣ ਗਿਆ ਹੈ ਲੇਕਿਨ ਬਹੁਤ ਸਾਰਾ ਪਾਣੀ ਅਜੇ ਵੀ ਪਾਕਿਸਤਾਨ ਨੂੰ ਜਾ ਰਿਹਾ ਹੈ। ਉਸ ਲਈ ਕਹਿੰਦੇ ਸਨ ਕਿ ਰਣਜੀਤ ਡੈਮ ਬਣਨਾ ਹੈ, ਉਹ ਡੈਮ ਬਣਾ ਦਿੱਤਾ ਜਾਵੇ। ਉਸ ਡੈਮ ਤੇ ਪਹਿਲਾਂ ਤਾਂ ਛੇ ਸੱਤ ਸੌ ਕਰੋੜ ਰੁਪਿਆ ਲਗਣਾ ਸੀ ਪਰ ਹੁਣ ਦੋ ਹਜ਼ਾਰ ਕਰੋੜ ਰੁਪਿਆ ਲਗੇਗਾ। ਇਸ ਵੇਲੇ ਬਿਜਲੀ ਦੀ ਤੰਗੀ ਹੋ ਰਹੀ ਹੈ, ਪੀਣ ਵਾਲੇ ਪਾਣੀ ਦੀ ਤੰਗੀ ਹੋ ਰਹੀ ਹੈ, ਇਰੀਗੇਸ਼ਨ ਲਈ ਪਾਣੀ ਜ਼ਰੂਰੀ ਹੈ, ਉਸ ਦੀ ਤਕਲੀਫ ਹੈ। ਮੈ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਪਾਣੀ ਪੰਜਾਬ ਵਿਚ ਹੈ ਉਸ ਦੀ ਠੀਕ ਤਰੀਕੇ ਨਾਲ ਵਰਤੋਂ ਕਰਕੇ ਪੰਜਾਬ ਦੇ ਕਿਸਾਨਾਂ ਨੂੰ ਦਿੱਤਾ ਜਾਵੇ।

ਇਸ ਤਰੀਕੇ ਨਾਲ, ਸਪੀਕਰ ਸਾਹਿਬ, ਭਾਸ਼ਾ ਦੀ ਗੱਲ ਹੈ। ਮੈਂ ਪੰਜਾਬੀ ਭਾਸ਼ਾ ਦਾ ਸਮਰਥਨ ਕਰਦਾ ਹਾਂ (ਥੰਪਿੰਗ)। ਪੰਜਾਬ ਵਿਚ ਪੰਜਾਬੀ ਭਾਸ਼ਾ ਦਾ ਵਿਕਾਸ ਹੋਣਾ ਚਾਹੀਦਾ ਹੈ, ਇਹ ਭਾਸ਼ਾ ਹਿਮਾਚਲ

[ਡਾਕਟਰ ਰਮੇਸ਼ ਦੱਤ]

ਪ੍ਰਦੇਸ਼ ਵਿਚ ਲਾਉਣੀ ਚਾਹੀਦੀ ਹੈ, ਹਰਿਆਣਾ ਵਿਚ ਦੂਜੀ ਭਾਸ਼ਾ ਦੇ ਤੌਰ ਤੇ ਪੜ੍ਹਾਈ ਜਾਣੀ ਚਾਹੀਦੀ ਹੈ, ਮੈਂ ਇਸ ਗੱਲ ਦਾ ਸਮੱਰਥਕ ਹਾਂ। ਪੰਜਾਬੀ ਭਾਸ਼ਾ ਦੀ ਵਰਤੋਂ ਦੇ ਨਾਲ ਨਾਲ ਜੋ ਸਾਡੀ ਰਾਸ਼ਟਰੀ ਭਾਸ਼ਾ ਹੈ ਉਸ ਦਾ ਵੀ ਖਿਆਲ ਰਖਣਾ ਚਾਹੀਦਾ ਹੈ। ਮੈਂ ਮੁੱਖ ਮੰਤਰੀ ਜੀ ਨੂੰ ਚਿੱਠੀ ਲਿੱਖੀ ਸੀ ਪਰ ਉਨ੍ਹਾਂ ਦਾ ਜਵਾਬ ਨਹੀਂ ਆਇਆ, ਕਿ ਜੋ ਸੜਕਾਂ ਹਨ, ਜੋ ਬ੍ਰਿਜ ਵਗੈਰਾ ਹਨ ਉਥੇ ਜੋ ਬੋਰਡ ਲਿਖੇ ਗਏ ਹਨ, ਰਾਸ਼ਟਰ ਭਾਸ਼ਾ ਨਾਲੋਂ ਅੰਗਰੇਜ਼ੀ ਨੂੰ ਉਥੇ ਪਰੈਫਰੈਂਸ ਦਿੱਤੀ ਗਈ ਹੈ। ਇਹ ਕੋਈ ਠੀਕ ਚੀਜ਼ ਨਹੀਂ ਹੈ। ਜੇਕਰ ਬਾਹਰਲੇ ਸੂਬਿਆਂ ਤੋਂ ਅਸੀਂ ਹਮਦਰਦੀ ਚਾਹੁੰਦੇ ਹਾਂ ਤਾਂ ਬਾਹਰਲੇ ਸੂਬਿਆਂ ਦੇ ਲੋਕ ਜਦੋਂ ਕਿਸੇ ਜੀ.ਟੀ. ਰੋਡ ਉਤੇ ਸਫਰ ਕਰਦੇ ਹਨ, ਕਿਸੇ ਮੇਨ ਰੋਡ ਉਤੇ ਸਫਰ ਕਰਦੇ ਹਨ ਪੰਜਾਬ ਦੇ ਅੰਦਰ ਉਨ੍ਹਾਂ ਦੀ ਸਹੂਲਤ ਲਈ ਪੰਜਾਬੀ ਦੇ ਨਾਲ ਨਾਲ ਹਿੰਦੀ ਵਿਚ ਵੀ ਲਿੱਖ ਦਿੱਤਾ ਜਾਵੇ ਤਾਂ ਕਿ ਰਾਸ਼ਟਰੀ ਭਾਸ਼ਾ ਲਈ ਸਾਡੇ ਦਿਲਾਂ ਵਿਚ ਸਨਮਾਨ ਵੀ ਜਾਗੇ। ਇਸ ਬਾਰੇ ਸਰਕਾਰ ਨੂੰ ਵਿਚਾਰ ਕਰਨਾ ਚਾਹੀਦਾ ਹੈ। ਅੰਤ ਵਿਚ ਮੈਂ ਬਹੁਤਾ ਟਾਈਮ ਨਾ ਲੈਂਦਾ ਹੋਇਆ ਇਹ ਕਹਿਣਾ ਚਾਹੀਦਾ ਹਾਂ ਕਿ ਤੁਹਾਡਾ ਧੰਨਵਾਦੀ ਹਾਂ ਔਰ ਗਵਰਨਰ ਸਾਹਿਬ ਦੇ ਐਡਰੈਸ ਦੇ ਅੰਦਰ ਕੋਈ ਐਸੀ ਗੱਲ ਨਹੀਂ ਹੈ ਜਿਸ ਨਾਲ ਪੰਜਾਬ ਦੀ ਜਨਤਾ ਨੂੰ ਕੋਈ ਸੇਧ ਮਿਲ ਸਕੇ।

ਇਲੈਕਸ਼ਨ ਦਾ ਪਹਿਲਾਂ ਵੀ ਬੜਾ ਰੌਲਾ ਪਾਇਆ ਗਿਆ, ਇਲੈਕਸ਼ਨ ਤੋਂ ਬਾਅਦ ਵੀ ਬੜਾ ਰੌਲਾ ਪਾਇਆ ਗਿਆ ਪਰ ਅੱਜ ਤਕ ਪ੍ਰਧਾਨ ਮੰਤਰੀ ਨੇ ਪੰਜਾਬ ਵਿਚ ਆ ਕੇ ਪੰਜਾਬ ਦੇ ਲੋਕਾਂ ਦੇ ਜ਼ਖਮਾਂ ਉਤੇ ਮੱਲ੍ਹਮ ਲਗਉਣ ਦੀ ਕੋਈ ਗੱਲ ਨਹੀਂ ਕੀਤੀ, ਕੋਈ ਮੌਕਾ ਉਨ੍ਹਾਂ ਨੂੰ ਅਜੇ ਤਕ ਨਹੀਂ ਮਿਲਿਆ, ਕੋਈ ਪੈਕੇਜ ਪੰਜਾਬ ਨੂੰ ਨਹੀਂ ਦਿੱਤਾ ਗਿਆ। ਦਸ ਸਾਲ ਤੋਂ ਪੰਜਾਬ ਦੇ ਲੋਕ ਅਤਿਵਾਦ ਤੋਂ ਪ੍ਰਭਾਵਤ ਹੁੰਦੇ ਰਹੇ ਹਨ। ਆਰਥਕ ਹਾਲਾਤ ਨੂੰ ਠੀਕ ਕਰਨ ਲਈ ਕੋਈ ਉਪਰਾਲਾ ਨਹੀਂ ਕੀਤਾ ਗਿਆ। ਸੈਂਟਰ ਦੀ ਸਰਕਾਰ ਵੀ ਕਾਂਗਰਸ ਪਾਰਟੀ ਦੀ ਸਰਕਾਰ ਹੈ। ਸਾਡੇ ਪੰਜਾਬ ਦੇ ਲੋਕਾਂ ਦੇ ਸਿਰ ਜੋ 7 ਹਜ਼ਾਰ ਕਰੋੜ ਦਾ ਕਰਜ਼ਾ ਕਢ ਦਿੱਤਾ ਹੈ ਜੇ ਕੋਈ ਰੀਲਿਫ ਦੇਣਾ ਹੈ, ਉਹ ਦੇਣ, ਚੰਡੀਗੜ੍ਹ ਦਾ ਮਾਮਲਾ ਹੈ, ਚਾਹੇ ਹੋਰ ਇਲਾਕਿਆਂ ਦਾ ਮਾਮਲਾ ਹੈ, ਉਸ ਦਾ ਹੱਲ ਕਰਨ, ਤਾਂ ਜੋ ਅਤਿਵਾਦੀ ਸਾਡੇ ਨਾਲੋਂ ਹਿੰਦੋਸਤਾਨ ਨਾਲੋਂ ਅੱਡ ਹੋਣ ਦੀ ਗੱਲ ਕਰਦੇ ਹਨ, ਉਨ੍ਹਾਂ ਦਾ ਹੌਸਲਾ ਨਹੀਂ ਹੋਵੇਗਾ ਔਰ ਉਹ ਵੀ ਇਸ ਤਰ੍ਹਾਂ ਦੀ ਗੱਲ ਨਹੀ ਕਰਨਗੇ। ਇਸ ਲਈ ਸਾਡੀ ਪੰਜਾਬ ਦੀ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਹਰ ਤਰੀਕੇ ਨਾਲ ਦਬਾ ਪਾ ਕੇ ਸੈਂਟਰ ਦੀ ਸਰਕਾਰ ਤੋਂ ਆਪਣੀਆਂ ਮੰਗਾਂ ਮਨਾਉਣ ਦੀ ਕੋਸ਼ਿਸ ਕਰਨ। ਇਸ ਅਡਰੈਸ ਵਿਚ ਪੰਜਾਬ ਦੇ ਲੋਕਾਂ ਲਈ ਕੋਈ ਸੇਧ ਨਹੀਂ ਹੈ। ਇਸ ਲਈ ਮੈਂ ਇਸ ਦਾ ਵਿਰੋਧ ਕਰਦਾ ਹਾਂ ਔਰ ਜੋ ਧੰਨਵਾਦ ਦਾ ਪ੍ਰਸਤਾਵ ਆਇਆ ਹੈ ਉਸ ਦਾ ਸਮਰਥਨ ਨਾ ਕਰਦਾ ਹੋਇਆ ਆਪ ਦਾ ਧੰਨਵਾਦ ਕਰਦਾ ਹਾਂ।

(ਇਸ ਸਮੇਂ ਰਾਜ ਮੰਤਰੀ, ਪਸ਼ੂ ਪਾਲਣ ਬੋਲਣ ਲਈ ਖੜ੍ਹੇ ਹੋਏ)

ਸ੍ਰੀ ਸਪੀਕਰ : ਸਿੱਧੂ ਸਾਹਿਬ, ਡਾਕਟਰ ਸਾਹਿਬ ਨੇ ਪੁਆਇੰਟ ਕਲੀਅਰ ਕਰ ਦਿੱਤਾ ਸੀ। ਜੋ ਬੋਤਲ ਉਨ੍ਹਾਂ ਨੇ ਹਾਊਸ ਵਿਚ ਰਖੀ ਹੈ I have not allowed it.

PERSONAL EXPLANATION BY MINISTER OF STATE FOR ANIMAL HUSBANDRY

ਰਾਜ ਮੰਤਰੀ, ਪਸ਼ੂ ਪਾਲਣ (ਸਰਦਾਰ ਹਰਬੰਸ ਸਿੰਘ ਸਿਧੂ) : ਸਪੀਕਰ ਸਾਹਿਬ, ਮੇਰੀ ਪਰਸਨਲ ਐਕਸਪਲੇਨੇਸ਼ਨ ਹੈ ਜੀ। ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਨੇ ਦੱਸਿਆ ਹੈ ਦਵਾਈ ਬਾਰੇ, ਪਰ ਇਨ੍ਹਾਂ ਨੂੰ ਪਤਾ ਹੈ ਔਰ ਇਨ੍ਹਾਂ ਨੇ ਇਹ ਗੱਲ ਆਪ ਹੀ ਕਹੀ ਹੈ ਕਿ ਗਰਮੀਆਂ ਵਿਚ ਜਦੋਂ

ਬਿਮਾਰੀ ਪੈਂਦੀ ਹੈ ਤਾਂ ਇਹ ਦਵਾਈ ਵਰਤੀ ਜਾਂਦੀ ਹੈ, ਪਰ ਇਹ ਅੱਜ ਕੱਲ੍ਹ ਪਤਾ ਨਹੀਂ ਹੈ ਕਿਥੋਂ ਲੈ ਆਂਦੀ ਹੈ। ਇਸ ਲਈ ਮੈਂ ਇਨ੍ਹਾਂ ਨੂੰ ਕਹਾਂਗਾ ਕਿ ਇਹ ਇਨ੍ਹਾਂ ਨੂੰ ਕੁਰੈਕਟ ਕਰ ਲੈਣਾ ਚਾਹੀਦਾ ਹੈ, ਹਾਂ ਉਸ ਨੂੰ ਗਲਤ ਇਨਫਰਮੇਸ਼ਨ ਨਹੀਂ ਦੇਣੀ ਚਾਹੀਦੀ।

ਸ੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਜਿਹੜੀ ਚੀਜ਼ ਟੇਬਲ ਤੇ ਆ ਗਈ that becomes the property of the House and it goes to your charge. It should be taken on record.

Mr. Speaker : I have not allowed it. ਮੈਂ ਉਦੋਂ ਵੀ ਕਹਿ ਦਿੱਤਾ ਸੀ ਔਰ ਉਨ੍ਹਾਂ ਨੇ ਪੁਆਇੰਟ ਕਲੀਅਰ ਕਰ ਦਿੱਤਾ ਸੀ।

RESUMPTION OF DISCUSSION ON GOVERNOR'S ADDRESS

ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਹਨੂੰਵਾਨ) : ਸਪੀਕਰ ਸਾਹਿਬ, ਮੈਂ ਤੁਹਾਡਾ ਦਿਲੋਂ ਅਭਾਰੀ ਹਾਂ ਕਿ ਤੁਸੀਂ ਮੈਨੂੰ ਗਵਰਨਰ ਐਡਰਸ ਤੇ ਬੋਲਣ ਦਾ ਮੌਕਾ ਦਿੱਤਾ। ਮੈਨੂੰ ਯਾਦ ਹੈ...(ਵਿਘਨ)

(ਇਸ ਵੇਲੇ ਮਾਨਯੋਗ ਮੈਂਬਰ ਸ੍ਰੀ ਮਦਨ ਮੋਹਨ ਮਿੱਤਲ ਬੋਲਣ ਲਈ ਖੜੇ ਸਨ।)

ਸ੍ਰੀ ਸਪੀਕਰ : ਮਿੱਤਲ ਸਾਹਿਬ, ਇੰਟਰਪਸ਼ਨ ਨਾ ਹੋਵੇ। ਮੈਂ ਹੁਣ ਬਾਜਵਾ ਸਾਹਿਬ ਨੂੰ ਬੋਲਣ ਲਈ ਕਹਿ ਦਿੱਤਾ ਹੈ।

ਸਰਦਾਰ ਪ੍ਰਤਾਪ ਸਿੰਘ ਬਾਜਵਾ : ਸਪੀਕਰ ਸਾਹਿਬ, ਮੈਨੂੰ ਯਾਦ ਹੈ ਕਿ ਅੱਜ ਤੋਂ ਇਕ ਸਾਲ ਪਹਿਲੇ ਜਦੋਂ ਪੰਜਾਬ ਵਿਚ ਇਲੈਕਸ਼ਨਜ਼ ਹੋਈਆਂ ਸਨ ਤਾਂ ਇਲੈਕਸ਼ਨ ਹੋਣ ਤੋਂ ਬਾਅਦ ਅਸੀਂ ਸਾਰੇ ਦਿੱਲੀ ਵਿਚ ਇਕੱਠੇ ਹੋਏ ਸੀ ਪ੍ਰਧਾਨ ਮੰਤਰੀ ਸਾਹਿਬ ਦਾ ਸ਼ੁਕਰੀਆ ਅਦਾ ਕਰਨ ਲਈ। ਉਥੇ ਸਾਡੇ ਪ੍ਰਧਾਨ ਮੰਤਰੀ ਜੀ ਨੇ, ਸਾਡੇ ਚੁਣੇ ਹੋਏ ਲੀਡਰ ਨੇ ਹਾਲੇ ਕਸਮ ਨਹੀਂ ਸੀ ਉਠਾਈ, ਸਰਦਾਰ ਬੇਅੰਤ ਸਿੰਘ ਨੂੰ ਇਹ ਗੱਲ ਕਹੀ ਸੀ ਕਿ ਜਿਹੜਾ ਤਾਜ ਅੱਜ ਤੇਰੇ ਸਿਰ ਤੇ ਪਹਿਨਾਇਆ ਜਾ ਰਿਹਾ ਹੈ, ਇਹ ਕੰਡਿਆ ਦਾ ਤਾਜ ਹੈ, ਪੰਜਾਬ ਵਿਚ ਲਗੀ ਅੱਗ ਨੂੰ ਬੁਝਾਉਣਾ ਹੈ ਔਰ ਪੰਜਾਬ ਵਿਚ ਫਿਰ ਤੋਂ ਅਮਨ ਅਤੇ ਸ਼ਾਂਤੀ ਲਿਆਉਣੀ ਹੈ। ਉਸ ਤੋਂ ਬਾਅਦ ਜਦੋਂ ਅਸੀਂ ਪ੍ਰਾਈਮ ਮਨਿਸਟਰ ਹਾਊਸ ਤੋਂ ਅਲਵਿਦਾ ਹੋਣ ਲਈ ਬਾਹਰ ਆਏ ਤਾਂ ਫਿਰ ਪ੍ਰਧਾਨ ਮੰਤਰੀ ਜੀ ਨੇ ਕਿਹਾ ਸੀ ਕਿ "ਸ਼ੇਰੇ ਬੁਲੰਦ ਚਲੋ, ਸ਼ੇਰੇ ਬੁਲੰਦ ਚਲੋ, ਆਗੇ ਸਫਰ ਮੇਂ ਫਤਿਹ ਮਨਾਣੀ ਹੈ" ਅੱਜ ਮੈਨੂੰ ਇਹ ਫਖਰ ਹੈ ਕਿ ਅੱਜ ਸਾਡੇ ਲੀਡਰ ਨੇ ਉਹ ਕਾਨਫੀਡੈਂਸ ਪੋਜ਼ ਕੀਤਾ ਹੈ। ਅੱਜ ਉਹ ਕਾਨਫੀਡੈਂਸ ਪੋਜ਼ ਕਰਕੇ ਸਿਰਫ ਪੰਜਾਬ ਦਾ ਹੀ ਸਿਰ ਉਚਾ ਨਹੀਂ ਕੀਤਾ ਬਲਿਕ ਸਾਰੇ ਹਿੰਦੁਸਤਾਨ ਦਾ ਨਾਂ ਉਚਾ ਕੀਤਾ ਹੈ। ਹਿੰਦੁਸਤਾਨ ਵਿਚ ਹੀ ਨਹੀਂ ਬਲਕਿ ਸਾਰੀ ਦੁਨੀਆਂ ਵਿਚ ਪੰਜਾਬ ਦਾ ਨਾਂ ਉਚਾ ਕੀਤਾ ਹੈ (ਥੰਪਿੰਗ) ਸਪੀਕਰ ਸਾਹਿਬ, ਮੈਨੂੰ ਅੱਜ ਇਸ ਹਾਊਸ ਵਿਚ ਉਹ ਲਲਕਾਰ ਯਾਦ ਆ ਰਹੀ ਹੈ ਜਿਹੜੀ ਸ਼ਹੀਦੇ ਆਜ਼ਮ ਭਗਤ ਸਿੰਘ ਔਰ ਰਾਜਗੁਰੂ ਨੇ ਦਿੱਤੀ ਸੀ। ਉਨ੍ਹਾਂ ਨੇ ਦੇਸ਼ ਦੇ ਨੌਜਵਾਨਾਂ ਨੂੰ ਇਹ ਨਾਅਰਾ ਦਿੱਤਾ ਸੀ ਕਿ :

"ਪਗੜੀ ਸੰਭਾਲ ਜੱਟਾ, ਪਗੜੀ ਸੰਭਾਲ ਓਏ"

ਉਸ ਵੇਲੇ ਅਜ਼ਾਦੀ ਦੀ ਲੜਾਈ ਵਿਚ ਸਾਡੇ ਪੰਜਾਬ ਦੇ ਨੌਜਵਾਨਾਂ ਨੇ ਪੂਰਾ ਸਾਥ ਦਿੱਤਾ ਔਰ ਇਸ ਦੇਸ਼ ਨੂੰ ਅਜ਼ਾਦ ਕਰਵਾਇਆ ਔਰ ਉਸ ਅਜ਼ਾਦੀ ਦੀ ਲੜਾਈ ਵਿਚ ਬੜਾ ਅਹਿਮ ਰੋਲ ਅਦਾ ਕੀਤਾ। ਉਸ ਅਜ਼ਾਦੀ ਨੂੰ ਬਰਕਰਾਰ ਰਖਣ ਲਈ ਅੱਜ ਇਕ ਵਾਰ ਫਿਰ ਉਹ ਲਲਕਾਰ ਸਾਡੇ ਲੀਡਰ ਨੇ ਦਿੱਤੀ ਔਰ

[ਸਰਦਾਰ ਪ੍ਰਤਾਪ ਸਿੰਘ ਬਾਜਵਾ]

ਉਸ ਵਿਚ ਸਾਡੇ ਅਨੇਕਾਂ ਮੰਤਰੀ ਸਾਹਿਬਾਨ, ਐਮ.ਐਲ.ਏਜ਼., ਸਾਹਿਬਾਨ ਔਰ ਸਾਡੇ ਵਰਕਰਾਂ ਨੇ ਕੁਰਬਾਨੀ ਦਿੱਤੀ। ਸਿਰਫ਼ ਕਾਂਗਰਸ ਨਹੀਂ ਬਲਕਿ ਬੀ.ਜੇ.ਪੀ. ਦੇ ਵਰਕਰਜ਼ ਵੀ ਸ਼ਹੀਦ ਹੋਏ, ਬੀ.ਐਸ.ਪੀ., ਸੀ.ਪੀ.ਆਈ. ਦੇ ਵਰਕਰਜ਼ ਵੀ ਸ਼ਹੀਦ ਹੋਏ ਹੋਰ ਵੀ ਕਈ ਵਰਕਰਜ਼ ਨੌਜਵਾਨ ਸ਼ਹੀਦ ਹੋਏ ਅੱਜ ਮੈਂ ਉਨ੍ਹਾਂ ਸਾਰਿਆਂ ਨੂੰ ਆਪਣੀ ਸ਼ਰਧਾ ਦੇ ਫੁਲ ਭੇਂਟ ਕਰਦਾ ਹਾਂ। ਸਪੀਕਰ ਸਹਿਬ, ਅੱਜ ਸਾਨੂੰ ਲੋੜ ਮਾਨੋਚਹਿਲ ਦੀ ਨਹੀਂ, ਲੋੜ ਜਫਰਵਾਲ ਦੀ ਨਹੀਂ ਬਲਕਿ ਲੋੜ ਹੈ ਕਰਤਾਰ ਸਿੰਘ ਸਰਾਭਾ ਦੀ, ਸੁਖਦੇਵ ਸਿੰਘ ਰਾਜਗੁਰੂ ਦੀ ਅੱਜ ਸਾਨੂੰ ਇਥੇ ਸੋਹਨ ਸਿੰਘ ਦੀ ਲੋੜ ਨਹੀਂ, ਬਲਕਿ ਲੋੜ ਹੈ ਸਫਰੂਅਲੀਦੀਨ ਅਲੀ ਕਿਚਲੂ ਦੀ ਜਿਹੜੇ ਅਮਨ ਦਾ ਸੰਦੇਸ਼ ਲੈਕੇ ਇਥੇ ਆਏ, ਜਿਨ੍ਹਾਂ ਨੇ ਗੋਲੀਆਂ ਦੇ ਸ਼ਿਕਾਰ ਹੋਏ ਲੋਕਾਂ ਤੇ ਮਰਹਮ ਲਾਉਣ ਦੀ ਕੋਸ਼ਿਸ਼ ਕੀਤੀ। ......

ਸਰਦਾਰ ਨਿਰਮਲ ਸਿੰਘ ਨਿੰਮਾ : ਸਪੀਕਰ ਸਾਹਿਬ, ਮੈਂਬਰ ਸਾਹਿਬ ਇਥੇ ਸੋਹਨ ਸਿੰਘ ਦਾ ਨਾਂ ਲੈ ਕੇ ਗਲ ਕਰ ਰਹੇ ਹਨ, ਕੀ ਇਹ ਬੇਇਨਸਾਫੀ ਵਾਲੀ ਗਲ ਨਹੀਂ ?

Mr. Speaker : No interruption. Carry on please.

ਸਰਦਾਰ ਪ੍ਰਤਾਪ ਸਿੰਘ ਬਾਜਵਾ : ਸਪੀਕਰ ਸਾਹਿਬ, ਜੋ ਰੋਲ ਅੱਜ ਸਾਡੇ ਲੀਡਰ ਸਾਹਿਬ ਨੇ ਅਦਾ ਕੀਤਾ ਹੈ, ਉਸ ਲਈ ਉਹ ਵਧਾਈ ਦੇ ਪਾਤਰ ਹਨ। ਉਨ੍ਹਾਂ ਨੇ ਇਕ ਸਾਲ ਪਹਿਲੇ ਦੋ ਵਾਇਦੇ ਕੀਤੇ ਸਨ। ਇਕ ਵਾਅਦਾ ਸੀ ਪੰਜਾਬ ਵਿਚ ਅਮਨ ਸ਼ਾਂਤੀ ਲਿਆਉਣ ਦਾ ਔਰ ਦੂਜਾ ਸੀ ਗਰਾਸ ਰੂਟ ਲੈਵਲ ਤੇ ਡੈਮੋਕਰੇਸੀ ਲਿਆਉਣ ਦਾ। ਅੱਜ ਮੈਂ ਉਨ੍ਹਾਂ ਨੂੰ ਇਸ ਗਲ ਲਈ ਮੁਬਾਰਕਬਾਦ ਦਿੰਦਾ ਹਾਂ। ਪੰਜਾਬ ਦੇ ਸਾਰੇ ਲੋਕ ਉਨ੍ਹਾਂ ਨੂੰ ਮੁਬਾਰਕਬਾਦ ਦਿੰਦੇ ਹਨ ਕਿ ਉਨ੍ਹਾਂ ਨੇ ਪੰਜਾਬ ਵਿਚ ਗਰਾਸ ਰੂਟ ਲੈਵਲ ਤੇ ਡੈਮੋਕਰੇਸੀ ਨੂੰ ਬਹਾਲ ਕੀਤਾ ਹੈ। ਸਰਦਾਰ ਬੇਅੰਤ ਸਿੰਘ ਦੀ ਸਰਕਾਰ ਨੇ ਪੰਜਾਬ ਵਿਚ ਮਿਊਂਸਪਲ ਕਮੇਟੀਜ਼ ਅਤੇ ਪੰਚਾਇਤਾਂ ਦੀਆਂ ਇਲੈਕਸ਼ਨਾਂ ਕਰਵਾਈਆਂ। ਇਹ ਪੰਜਾਬ ਦੀ 40-45 ਸਾਲ ਦੀ ਹਿਸਟਰੀ ਵਿਚ ਪਹਿਲੀ ਵਾਰ ਹੋਇਆ ਹੈ ਕਿ ਗਾਰਸ ਰੂਟ ਲੈਵਲ ਤੇ ਡੈਮੋਕਰੈਸੀ ਨੂੰ ਬਹਾਲ ਕੀਤਾ ਹੈ। ਇਨ੍ਹਾਂ ਇਲੈਕਸ਼ਨਾਂ ਦੇ ਵਿਚ ਲੋਕਾਂ ਨੇ 85 ਤੋਂ 90 ਫੀਸਦੀ ਵੋਟਾਂ ਵਿਚ ਹਿੱਸਾ ਲਿਆ ਅਤੇ 70 ਤੋਂ 85 ਫ਼ੀਸਦੀ ਕਾਂਗਰਸ ਪਾਰਟੀ ਦੇ ਨਾਲ ਸਬੰਧਤ ਸਰਪੰਚ ਅਤੇ ਪੰਚ, ਮਿਊਂਸਪਲ ਕਮੇਟੀਜ਼ ਦੇ ਮੈਂਬਰਜ਼ ਚੁਣੇ ਗਏ ਹਨ। ਇਕ ਸਾਲ ਦੇ ਸਮੇਂ ਵਿਚ ਸਾਨੂੰ ਹਰ ਪਿੰਡ ਦੀ ਤਰੱਕੀ ਅਤੇ ਹਰ ਸ਼ਹਿਰ ਦੀ ਤਰੱਕੀ ਨਜ਼ਰ ਆਉਣ ਲਗ ਪਈ ਹੈ। ਕਿਧਰੇ ਸੜਕਾਂ ਦੀਆਂ ਮੁਰੰਮਤਾਂ ਹੋ ਰਹੀਆਂ ਹਨ ਅਤੇ ਕਿਧਰੇ ਨਵੀਆਂ ਸੜਕਾਂ ਬਣ ਰਹੀਆਂ ਹਨ ਅਤੇ ਕਿਧਰੇ ਖੇਡਾਂ ਦੇ ਸਟੇਡੀਅਮ ਬਣ ਰਹੇ ਹਨ। ਪਿਛਲੇ 10 ਸਾਲਾਂ ਦੇ ਵਿਚ ਇਸ ਕਿਸਮ ਦੀ ਤਰੱਕੀ ਅਸੀਂ ਬਿਲਕੁਲ ਭੁੱਲ ਗਏ ਸੀ। ਮੈਂ ਇਸ ਗੱਲ ਲਈ ਸਰਦਾਰ ਬੇਅੰਤ ਸਿੰਘ ਜੀ ਨੂੰ ਮੁਬਾਰਕਬਾਦ ਦਿੰਦਾ ਹਾਂ। ਇਨ੍ਹਾਂ ਨੇ ਸਟੇਟ ਵਿਚ ਬਹੁਤ ਅੱਛਾ ਕੰਮ ਕੀਤਾ ਹੈ ਅਤੇ ਰਾਜ ਦੀ ਤਰੱਕੀ ਕੀਤੀ ਹੈ। ਮੈਂ ਇਥੇ ਆਪਣੇ ਅਕਾਲੀ ਵੀਰਾਂ ਨੂੰ ਪੁਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਧਰਮ ਦੇ ਨਾਂ ਉਤੇ ਵੋਟਾਂ ਲੈ ਕੇ ਰਾਜ ਵਿਚ 2-3 ਵਾਰੀ ਸਰਕਾਰ ਬਣਾਈ ਸੀ ਕੀ ਉਨ੍ਹਾਂ ਦੇ ਸਮੇਂ ਵਿਚ ਇਤਨੀ ਤਰੱਕੀ ਕਦੇ ਹੋਈ ਸੀ ? ਕਦੇ ਉਨ੍ਹਾਂ ਨੇ ਦੇਸ਼ ਦੇ ਕੋਹਨੂਰ ਗੁਰੂ ਗੋਬਿੰਦ ਸਿੰਘ ਦੇ ਸਪੁੱਤਰ ਜਿਨਾਂ ਨੇ ਧਰਮ ਦੀ ਖਾਤਰ ਅਤੇ ਦੇਸ਼ ਦੀ ਖਾਤਰ ਇਤਨੀ ਮਹਾਨ ਕੁਰਬਾਨੀ ਦਿੱਤੀ ਸੀ, ਉਨ੍ਹਾਂ ਨੂੰ ਕੋਈ ਸੂਟੇਬਲ ਮੈਮੋਰੀਅਲ ਬਣਾ ਕੇ ਦਿੱਤਾ ? ਉਹ ਸੂਟੇਬਲ ਮੈਮੋਰੀਅਲ ਨਹੀਂ ਦੇ ਸਕੇ ਇਸ ਦਾ ਮਾਣ ਸਰਦਾਰ ਬੇਅੰਤ ਸਿੰਘ ਜੀ ਨੂੰ ਜਾਂਦਾ ਹੈ, ਜਿਨ੍ਹਾਂ ਨੇ ਉਨ੍ਹਾਂ ਦੀ ਮਹਾਨ ਕੁਰਬਾਨੀ ਨੂੰ ਦੇਖਦੇ ਹੋਏ ਉਨ੍ਹਾਂ ਦੀ ਯਾਦ ਵਿਚ ਫਤਹਿਗੜ੍ਹ ਸਾਹਿਬ ਨੂੰ ਜ਼ਿਲ੍ਹਾ ਬਣਾ ਦਿੱਤਾ। ਮੈਂ ਸਰਦਾਰ ਬੇਅੰਤ ਸਿੰਘ ਜੀ ਨੂੰ ਇਸ ਗੱਲ ਲਈ ਮੁਬਾਰਕਬਾਦ ਦਿੰਦਾ ਹਾਂ। ਸਪੀਕਰ ਸਾਹਿਬ, ਬੜੀ

ਬਦਕਿਸਮਤੀ ਦੀ ਗੱਲ ਇਹ ਹੈ ਕਿ ਅਕਾਲੀ ਲੀਡਰਸ਼ਿਪ ਨੇ ਪਿਛਲੇ 40--45 ਸਾਲਾਂ ਵਿਚ ਆਪਣੇ ਸੂਬੇ ਦੇ ਨੌਜਵਾਨਾਂ ਨੂੰ ਚੰਗੇ ਕੰਮਾਂ ਵਿਚ ਲਗਾਉਣ ਦੀ ਬਜਾਏ ਉਨ੍ਹਾਂ ਦੇ ਹੱਥਾਂ ਵਿਚ ਏ.ਕੇ.-47 ਫੜਾ ਦਿੱਤੀ ਅਤੇ ਉਨ੍ਹਾਂ ਨੂੰ ਤਬਾਹੀ ਦੇ ਰਸਤੇ ਤੇ ਲਗਾ ਦਿੱਤਾ ਪਰ ਸਾਡੇ ਬਹਾਦਰ ਲੀਡਰ ਸਰਦਾਰ ਬੇਅੰਤ ਸਿੰਘ ਜੀ ਨੇ ਉਨ੍ਹਾਂ ਨੌਜਵਾਨਾ ਦੇ ਹੱਥੋਂ ਏ.ਕੇ.-47 ਛੁੜਵਾ ਕੇ ਫਿਰ ਉਨ੍ਹਾਂ ਨੂੰ ਤਰੱਕੀ ਦੇ ਰਸਤੇ ਤੇ ਲਿਆਂਦਾ ਹੈ ਅਤੇ ਉਨ੍ਹਾਂ ਨੂੰ ਪੰਚਾਇਤਾਂ ਦੀਆਂ ਇਲੈਕਸ਼ਨਾਂ ਵਿਚ ਸਰਪੰਚ/ਪੰਚ ਅਤੇ ਮਿਊਂਸਪਲ ਕਮੇਟੀਜ਼ ਦੀਆਂ ਇਲੈਕਸ਼ਨ ਵਿਚ ਮੈਂਬਰ ਬਣਾ ਕੇ ਲੋਕਤੰਤਰ ਦੀ ਬਹਾਲੀ ਕੀਤੀ ਅਤੇ ਉਨ੍ਹਾਂ ਦਾ ਸਹਿਯੋਗ ਲਿਆ ਹੈ ਅਤੇ ਭਰੋਸਾ ਜਿਤਿਆ ਹੈ ਅਤੇ ਉਨ੍ਹਾਂ ਨੂੰ ਸੂਬੇ ਦੀ ਤਰੱਕੀ ਲਈ ਯੋਗਦਾਨ ਦੇਣ ਲਈ ਉਕਸਾਇਆ ਹੈ। ਉਨ੍ਹਾਂ ਵਿਚ ਉਤਸ਼ਾਹ ਭਰਿਆ ਹੈ। ਇਸ ਚੀਜ਼ ਦਾ ਮਾਣ ਸਰਦਾਰ ਬੇਅੰਤ ਸਿੰਘ ਜੀ ਨੂੰ ਜਾਂਦਾ ਹੈ। ਮੈਂ ਆਪਣੇ ਅਕਾਲੀ ਵੀਰਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਹੁਣ ਡੈਮੋਕਰੇਸੀ ਦੀ ਦੁਹਾਈ ਦਿੰਦੇ ਹਨ ਅਤੇ ਐਸ.ਵਾਈ. ਐਲ. ਦਾ ਜ਼ਿਕਰ ਕਰਦੇ ਹਨ ਅਤੇ ਕਹਿੰਦੇ ਹਨ ਕਿ ਇਹ ਨਹੀਂ ਬਨਣੀ ਚਾਹੀਦੀ ਅਤੇ ਮੰਗ ਕਰਦੇ ਹਨ ਕਿ ਚੰਡੀਗੜ੍ਹ ਪੰਜਾਬ ਨੂੰ ਦਿੱਤਾ ਜਾਵੇ ਅਤੇ ਹਰਿਆਣਾ ਅਤੇ ਹਿਮਾਚਲ ਪ੍ਰਦੇਸ ਵਿਚ ਪੰਜਾਬੀ ਭਾਸ਼ਾ ਨੂੰ ਦੂਜਾ ਦਰਜ਼ਾ ਦਿੱਤਾ ਜਾਵੇ। ਅਗਰ ਅਕਾਲੀ ਵੀਰ ਕੁਰਸੀਆਂ ਦੀ ਖਾਤਰ ਇਸ ਮਹਾਂਨ ਸੂਬੇ ਦੇ ਟੋਟੇ ਹੀ ਨਾ ਹੋਣ ਦਿੰਦੇ ਫੇਰ ਨਾ ਚੰਡੀਗੜ੍ਹ ਹੀ ਅਤੇ ਨਾ ਪੰਜਾਬੀ ਭਾਸ਼ਾ ਨੂੰ ਦੂਜਾ ਦਰਜਾ ਦੇਣ ਦੀ ਮੰਗ ਪੈਦਾ ਹੋਣੀ ਸੀ। ਉਸ ਵੇਲੇ ਚੰਡੀਗੜ੍ਹ ਪੰਜਾਬ ਦੀ ਕੈਪੀਟਲ ਸੀ। ਪੰਜਾਬ ਦੀ ਵੰਡ ਅਕਾਲੀ ਵੀਰਾਂ ਨੇ ਕਰਵਾਈ ਭਾਸ਼ਾਈ ਆਧਾਰ ਤੇ। ਹੁਣ ਜਿਥੇ ਸਾਡੇ ਚੀਫ ਮਨਿਸਟਰ ਸਾਹਿਬ ਰਾਵੀ ਅਤੇ ਬਿਆਸ ਦੇ ਪਾਣੀ ਦੀ ਵੰਡ ਵਾਸਤੇ ਲੜ ਰਹੇ ਹਨ ਉਥੇਂ ਇਹ ਯਮਨਾ ਨਹਿਰ ਦੇ ਪਾਣੀ ਉਤੇ ਵੀ ਲੜਾਈ ਕਰ ਰਹੇ ਹਨ।

ਜਦੋਂ 1977 ਵਿਚ ਜਨਤਾ ਪਾਰਟੀ ਦੀ ਸਰਕਾਰ ਸੈਂਟਰ ਵਿਚ ਬਣੀ, ਉਸ ਵਕਤ ਸਰਦਾਰ ਸੁਰਜੀਤ ਸਿੰਘ ਬਰਨਾਲਾ, ਸੈਂਟਰ ਵਿਚ ਐਗਰੀਕਲਚਰ ਦੇ ਨਾਲ ਇਰੀਗੇਸ਼ਨ ਐਂਡ ਪਾਵਰਜ਼ ਮਨਿਸਟਰ ਵੀ ਰਹੇ ਸਨ। ਉਸ ਵਕਤ ਆਪਣੇ ਵੱਡੇ ਭਾਈ ਦੇਵੀ ਲਾਲ ਤੋਂ ਐਸ.ਵਾਈ.ਐਲ. ਬਨਾਉਣ ਲਈ 2 ਕਰੋੜ ਰੁਪਿਆ ਲੈ ਲਿਆ ਅਤੇ ਐਸ.ਵਾਈ.ਐਲ. ਤੇ ਕੰਮ ਸ਼ੁਰੂ ਕਰਵਾ ਦਿੱਤਾ। ਹੁਣ ਇਹ ਐਸ.ਵਾਈ.ਐਲ. ਨਾ ਬਣਾਈ ਜਾਵੇ ਦੀ ਦੁਹਾਈ ਦਿੰਦੇ ਹਨ। ਮੇਰੀ ਅਕਾਲੀ ਵੀਰਾਂ ਨੂੰ ਅਤੇ ਇਨ੍ਹਾਂ ਦੀ ਲੀਡਰਸ਼ਿਪ ਨੂੰ ਬੇਨਤੀ ਹੈ ਕਿ ਉਹ ਆਪੋਜ਼ੀਸਨ ਦੇ ਵਿਚ ਬੈਠ ਕੇ ਕੰਸਟਰੈਕਿਟਵ ਰੋਲ ਅਦਾ ਕਰਨ। ਜਿਸ ਤਰ੍ਹਾਂ ਪਹਿਲੇ ਅਕਾਲੀ ਵੀਰ ਬੁਜ਼ਦਿਲਾਂ ਵਾਂਗ ਇਲੈਕਸ਼ਨਾਂ ਦੇ ਦੌਰਾਨ ਬਾਈਕਾਟ ਕਰ ਗਏ ਸਨ ਅਤੇ ਇਲੈਕਸ਼ਨਾਂ ਵਿਚ ਹਿੱਸਾ ਨਹੀਂ ਲਿਆ ਸੀ। ਹੁਣ ਇਨ੍ਹਾਂ ਨੂੰ ਕੰਸਟ੍ਰਕਟਿਵ ਰੋਲ ਅਦਾ ਕਰਨਾ ਚਾਹੀਦਾ ਹੈ ਅਤੇ ਪੰਜਾਬ ਦੀ ਤਰੱਕੀ ਵਾਸਤੇ ਕੰਮ ਕਰਨੇ ਚਾਹੀਦੇ ਹਨ। ਜਦੋਂ ਵੀ ਕਾਂਗਰਸ ਪਾਰਟੀ ਦੀ ਸਰਕਾਰ ਪੰਜਾਬ ਵਿਚ ਆਈ ਹੈ, ਪੰਜਾਬ ਵਿਚ ਤਰੱਕੀ ਹੋਣੀ ਸ਼ੁਰੂ ਹੋ ਗਈ ਹੈ। ਪੰਜਾਬ ਦੀ ਤਰੱਕੀ ਕਾਂਗਰਸ ਰਾਜ ਵੇਲੇ ਹੀ ਹੁੰਦੀ ਹੈ। ਕਾਂਗਰਸ ਪਾਰਟੀ ਨੇ ਹੀ ਪੰਜਾਬ ਵਿਚ ਮਜ਼ਬੂਤ ਲੀਡਰਸ਼ਿਪ ਦਿੱਤੀ ਹੈ ਅਤੇ ਐਗਰੀਕਲਚਰ ਸੈਕਟਰ ਵਿਚ ਤਰੱਕੀ ਕੀਤੀ ਹੈ। ਇਸ ਖੇਤਰ ਵਿਚ ਸਰਦਾਰ ਪ੍ਰਤਾਪ ਸਿੰਘ ਕੈਰੋਂ ਦੇ ਟਾਈਮ ਵਿਚ ਕਾਫੀ ਤਰੱਕੀ ਹੋਈ ਸੀ, ਉਸ ਸਮੇ ਪੰਜਾਬ ਵਿਚ ਭਾਖੜਾ ਡੈਮ ਬਣਿਆ ਸੀ। ਇਸ ਦਾ ਮਾਣ ਕਾਂਗਰਸ ਪਾਰਟੀ ਨੂੰ ਜਾਂਦਾ ਹੈ......... ।

ਸ਼੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, 1977 ਵਿਚ ਜਨਤਾ ਪਾਰਟੀ ਦੀ ਸਰਕਾਰ ਦੇ ਬਾਰੇ ਗੱਲ ਕੀਤੀ ਹੈ......

ਸ਼੍ਰੀ ਸਪੀਕਰ : ਸਾਥੀ ਜੀ, ਤੁਸੀਂ ਇਨ੍ਹਾਂ ਨੂੰ ਇਨਟਰਪਟ ਨਾ ਕਰੋ। Please allow him to continue.

ਸਰਦਾਰ ਪ੍ਰਤਾਪ ਸਿੰਘ ਬਾਜਵਾ : ਸਪੀਕਰ ਸਾਹਿਬ, ਪੰਜਾਬ ਵਿਚ ਫਿਰੋਜ਼ਪੁਰ ਅਤੇ ਗੁਰਦਾਸਪੁਰ ਵਿਚ ਦੋ ਇੰਜੀਨੀਅਰਿੰਗ ਕਾਲਿਜ ਖੋਲ੍ਹੇ ਗਏ ਹਨ। ਇਸ ਨਾਲ ਪੰਜਾਬ ਦੇ ਲੋਕਾਂ ਨੂੰ ਬਹੁਤ ਹੀ ਫਾਇਦਾ ਹੋਵੇਗਾ । (ਵਿਘਨ)

ਸ੍ਰੀ ਵਿਜੇ ਕੁਮਾਰ ਸਾਥੀ, ਐਡਵੋਕੇਟ : ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਸਰਦਾਰ ਪ੍ਰਤਾਪ ਸਿੰਘ ਬਾਜਵਾ : ਸਪੀਕਰ ਸਾਹਿਬ, ਮੈਂ ਇਸ ਪੁਆਇੰਟ ਨੂੰ ਕਲੀਅਰ ਕਰ ਦੇਣਾ ਚਾਹੁੰਦਾ ਹਾਂ। ਜਦੋਂ ਕਾਂਗਰਸ ਨੇ ਇਲੈਕਸ਼ਨ ਨਹੀਂ ਸੀ ਲੜੀ ਤਾਂ ਉਸ ਵੇਲੇ ਖਾਲਿਸਥਾਨ ਦਾ ਇਸ਼ੂ ਸੀ ਅਤੇ ਕਿਹਾ ਗਿਆ ਸੀ ਕਿ ਪੰਜਾਬ ਹਿੰਦੁਸਤਾਨ ਦਾ ਹਿੱਸਾ ਨਹੀਂ ਰਹੇਗਾ। ਪੰਜਾਬ ਹਿੰਦੁਸਤਾਨ ਤੋਂ ਵੱਖ ਹੋਵੇਗਾ। ਇਸ ਕਰਕੇ ਕਾਂਗਰਸ ਪਾਰਟੀ ਵੱਖ ਹੋਈ ਸੀ। ਉਸ ਵੇਲੇ 28 ਕੈਂਡੀਡੇਟ ਮਾਰੇ ਗਏ ਸੀ। ਕਾਂਗਰਸ ਪਾਰਟੀ ਨੇ ਉਸ ਵੇਲੇ ਇਲੈਕਸ਼ਨਾਂ ਵਿੱਚ ਹਿੱਸਾ ਲਿਤਾ ਜਦੋਂ ਕਿ ਪੰਜਾਬ ਹਿੰਦੁਸਤਾਨ ਦਾ ਹਿੱਸਾ ਰਹੇਗਾ । (ਥੰਪਿੰਗ) ਕਾਂਗਰਸ ਪਾਰਟੀ ਨੇ ਫਿਰ ਇਲੈਕਸ਼ਨਾਂ ਵਿਚ ਯੋਗਦਾਨ ਪਾਇਆ ਅਤੇ ਪੰਜਾਬ ਦੇ ਲੋਕਾਂ ਨੇ ਕਾਂਗਰਸ ਪਾਰਟੀ ਦੇ ਹੱਕ ਵਿਚ ਫਤਵਾ ਦਿੱਤਾ। ਮੈਂ ਪੰਜਾਬ ਦੀਆਂ ਕੁਝ ਡਿਮਾਂਡਜ਼ ਦੀ ਗੱਲ ਕਰਨਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਪਾਣੀ ਬਾਰੇ ਸਰਦਾਰ ਬੇਅੰਤ ਸਿੰਘ ਮੁੱਖ ਮੰਤਰੀ ਜੀ ਲੜ ਰਹੇ ਹਨ। ਪੰਜਾਬੀ ਨੂੰ ਦੂਸਰਾ ਦਰਜਾ ਦਿੱਲੀ, ਹਿਮਾਚਲ ਅਤੇ ਹਰਿਆਣੇ ਵਿੱਚ ਦਿਵਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਤੀਸਰੀ ਚੀਜ਼ ਮੈਂ ਸਪੀਕਰ ਸਾਹਿਬ, ਪੰਜਾਬ ਸਰਕਾਰ ਦੇ ਨੋਟਿਸ ਵਿਚ ਲਿਆਉਣੀ ਚਾਹੁੰਦਾ ਹਾਂ ਕਿ ਸੈਂਟਰ ਨੇ ਬਜਟ ਵਿਚ ਜੇ. ਐਂਡ ਕੇ. ਨੂੰ ਪੰਜ ਸਾਲ ਵਾਸਤੇ ਹੋਲੀਡੇ ਕਨਸੈਸ਼ਨ ਦਿੱਤਾ ਗਿਆ ਹੈ ਪਰ ਇਸ ਵਿਚ ਪੰਜਾਬ ਨੂੰ ਸ਼ਾਮਿਲ ਨਹੀਂ ਕੀਤਾ ਗਿਆ ਕਿਉਂਕਿ ਪੰਜਾਬ ਦੇ ਹਾਲਾਤ ਠੀਕ ਹੋ ਗਏ ਹਨ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਿੱਤ ਮੰਤਰੀ ਅਤੇ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਉਹ ਪ੍ਰਾਇਮ ਮਨਿਸਟਰ ਸਾਹਿਬ ਨਾਲ ਇਸ ਬਾਰੇ ਕੇਸ ਟੇਕ-ਅਪ ਕਰਨ। (ਥੰਪਿੰਗ) ਇਸ ਕਰਕੇ ਪੰਜਾਬ ਨੂੰ ਨੁਕਸਾਨ ਨਹੀਂ ਹੋਣਾ ਚਾਹੀਦਾ ਕਿ ਪੰਜਾਬ ਵਿਚ ਹਾਲਾਤ ਠੀਕ ਹੋ ਗਏ ਹਨ। ਇਸ ਲਈ ਪੰਜਾਬ ਨੂੰ ਬਾਹਰ ਰਖ ਦਿੱਤਾ ਜਾਵੇ। ਦੂਸਰਾ ਕਿਹਾ ਜਾਂਦਾ ਸੀ ਕਿ ਮੰਡ ਵਿਚ ਅਤਿਵਾਦੀ ਛਿਪ ਜਾਂਦੇ ਸਨ। ਮੈਂ ਇਸ ਬਾਰੇ ਕਹਿੰਦਾ ਹਾਂ ਕਿ ਪੰਜਾਬ ਦੇ ਨੌਜਵਾਨਾਂ ਨੂੰ ਮੰਡ ਦੇ ਇਲਾਕੇ ਵਿਚ 10-10, 15-15 ਏਕੜ ਜ਼ਮੀਨ ਦੇ ਦਿਤੀ ਜਾਵੇ। ਜੇਕਰ ਮੁੰਡੇ ਤਰਾਈ ਦੇ ਇਲਾਕੇ ਨੂੰ ਠੀਕ ਕਰ ਸਕਦੇ ਹਨ ਤਾਂ ਮੰਡ ਦੇ ਇਲਾਕੇ ਨੂੰ ਵੀ ਠੀਕ ਕਰ ਸਕਦੇ ਹਨ। ਇਸ ਦੇ ਨਾਲ ਸਪੀਕਰ ਸਾਹਿਬ, 15-20 ਹਜ਼ਾਰ ਪਰਿਵਾਰਾਂ ਨੂੰ ਰੋਜ਼ਗਾਰ ਮਿਲੇਗਾ। ਸਪੀਕਰ ਸਾਹਿਬ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਵੇਲੇ ਕਣਕ ਦਾ ਭਾਅ ਸਿਰਫ ਉਸ ਵੇਲੇ 5 ਰੁਪਏ ਵਧਾਇਆ ਗਿਆ ਸੀ ਜਦੋਂ ਕਿ ਅੱਜ 50 ਰੁਪਏ ਕਣਕ ਦਾ ਰੇਟ ਵਧਾਇਆ ਹੈ। (ਥੰਪਿੰਗ) ਮੈਂ ਇਹ ਵੀ ਬੇਨਤੀ ਕਰਾਂਗਾ ਆਪਣੀ ਸਰਕਾਰ ਨੂੰ ਕਿ 25 ਰੁਪਏ ਸੈਂਟਰ ਸਰਕਾਰ ਤੋਂ ਬੋਨਸ ਲੈ ਕੇ ਕਿਸਾਨਾਂ ਨੂੰ ਦਿਤਾ ਜਾਵੇ। ਮੈਂ ਖੇਤੀਬਾੜੀ ਮੰਤਰੀ ਜੀ ਦੀ ਵੀ ਸ਼ਲਾਘਾ ਕਰਦਾ ਹਾਂ ਕਿ ਉਨ੍ਹਾਂ ਨੇ ਕਿਸਾਨਾਂ ਵਾਸਤੇ ਪੈਸਟੀਸਾਈਡਜ਼, ਸੀਡਜ਼ ਅਤੇ ਖਾਦਾਂ ਦਾ ਪ੍ਰਬੰਧ ਕੀਤਾ ਹੈ। ਇਸ ਪਾਸੇ ਪੰਜਾਬ ਸਰਕਾਰ ਨੇ ਸਖਤ ਕਦਮ ਉਠਾਏ ਤਾਂ ਕਿ ਕਿਸਾਨਾਂ ਨੂੰ ਸਹੀ ਵਕਤ ਸਿਰ ਚੀਜ਼ਾਂ ਮਿਲ ਸਕਣ। (ਥੰਪਿੰਗ) ਸਰਦਾਰ ਬੇਅੰਤ ਸਿੰਘ ਮੁੱਖ ਮੰਤਰੀ ਜੀ ਨੇ ਜਿਮੀਦਾਰਾਂ ਨੂੰ ਖਾਦ, ਬੀਜ ਆਦਿ ਦਿੱਤੇ ਹਨ। ਸਪੀਕਰ ਸਾਹਿਬ, ਅਗਲਾ ਸਾਲ ਐਂਟੀ ਕੁਰਪਸ਼ਨ ਦਾ

**Expunged as ordered by the Chair.

ਮਨਾਉਣਾ ਹੈ । ਇਹ ਬੜਾ ਹੀ ਅੱਛਾ ਕਦਮ ਹੈ । ਮੇਰੇ ਆਪੋਜ਼ੀਸ਼ਨ ਦੇ ਭਰਾ ਇਸ ਗੱਲ ਨਾਲ ਸਹਿਮਤ ਹੋਣਗੇ ਕਿ ਹੁਣ ਪੰਜਾਬ ਵਿਚ ਅਮਨ ਹੋ ਗਿਆ ਹੈ ਅਤੇ ਉਹ ਇਸ ਗੱਲ ਨੂੰ ਮੰਨਦੇ ਹਨ । ਇਸੇ ਤਰ੍ਹਾਂ ਹੀ ਅਗਲੇ ਸਾਲ ਐਂਟੀ ਕੁਰਪਸ਼ਨ ਠੀਕ ਹੋ ਗਈ, ਬਾਰੇ ਕਹਿਣਗੇ ਅਤੇ ਸਹਿਮਤ ਹੋਣਗੇ । (ਥੰਪਿੰਗ) ਸਾਰਿਆਂ ਤੋਂ ਪਹਿਲਾ ਕੰਮ ਸੀ ਪੰਜਾਬ ਵਿੱਚ ਅਮਨ ਸ਼ਾਂਤੀ ਲੈ ਕੇ ਆਉਣਾ, ਜਿਸ ਨੂੰ ਇਨ੍ਹਾਂ ਇਕ ਸਾਲ ਵਿੱਚ ਬਹਾਲ ਕੀਤਾ ਹੈ । ਜੇ ਕਿਸੇ ਫਰੰਟ ਤੇ ਊਨੀ ਇੱਕੀ ਹੋਈ ਹੈ, ਤਾਂ ਵਿਸ਼ਵਾਸ ਕਰੋ, ਇਹ ਵੀ ਬਿਲਕੁਲ ਦੂਰ ਕਰ ਦਿੱਤੀ ਜਾਵੇਗੀ । ਇਨ੍ਹਾਂ ਨੇ ਇਸ ਪਾਸੇ ਆਲਰੇਡੀ ਸਟੈਪਸ ਲੈ ਲਏ ਹਨ ਔਰ ਇਸ ਲਈ ਕੰਮ ਚਲਦਾ ਪਿਆ ਹੈ । ਇਕ ਦਰਜਨ ਪੁਲਿਸ ਅਫਸਰ ਜਿਨ੍ਹਾਂ ਵਿੱਚ ਇਕ ਐਸ.ਪੀ. ਵੀ ਸ਼ਾਮਿਲ ਹੈ, ਪਿਛਲੇ ਦਿਨਾਂ ਵਿੱਚ, ਸੀ.ਐਮ. ਸਾਹਿਬ ਨੇ ਉਨ੍ਹਾਂ ਨੂੰ ਡਿੱਸਮਿੱਸ ਕਰ ਦਿੱਤਾ ਹੈ । 32 ਡਾਕਟਰ ਇਸ ਕਿਸਮ ਦੇ ਡਿਸਮਿੱਸ ਕੀਤੇ ਹਨ । ਇਸ ਚਾਰਜ ਦੇ ਅੰਡਰ 7 ਸੀਨੀਅਰ ਡਾਕਟਰ ਹਨ ਜਿਨ੍ਹਾਂ ਵਿੱਚ ਸੀ.ਐਮ.ਓ. ਅਤੇ ਐਸ.ਐਮ.ਓ. ਵੀ ਸ਼ਾਮਿਲ ਹਨ, ਜਿਨ੍ਹਾਂ ਨੂੰ ਸਸਪੈਂਡ ਕੀਤਾ ਗਿਆ ਹੈ । ਹੁਣ ਗੱਡੀ ਚਲ ਰਹੀ ਹੈ, ਇੰਜਣ ਦਾ ਮੂੰਹ ਕਿਸ ਪਾਸੇ ਹੁੰਦਾ ਹੈ, ਇਹ ਦੇਖ ਲਵਾਂਗੇ । ਮੈਂ ਮੁੱਖ ਮੰਤਰੀ ਜੀ ਦੇ ਪਿਛਲੇ 40 ਸਾਲ ਦੇ ਪੁਲੀਟਿਕਲ ਕੈਰੀਅਰ ਬਾਰੇ ਕਹਿਣਾ ਚਾਹੁੰਦਾ ਹਾਂ ।

ਸਰਦਾਰ ਅਵਤਾਰ ਸਿੰਘ ਕਰੀਮਪੁਰੀ : ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

ਸਰਦਾਰ ਪ੍ਰਤਾਪ ਸਿੰਘ ਬਾਜਵਾ : ਸਪੀਕਰ ਸਾਹਿਬ, ਮੈਂ ਸੀ.ਐਮ. ਸਾਹਿਬ ਬਾਰੇ ਗੱਲ ਕਰ ਰਿਹਾ ਸੀ । ਜੇ ਲੀਡਰ ਅੱਛਾ ਹੋਵੇ ਤਾਂ ਸਾਰਾ ਕੁਝ ਠੀਕ ਹੋ ਸਕਦਾ ਹੈ । ਅੱਜ ਏਥੇ ਏਨੀ ਐਂਟੀ ਕੁਰੱਪਸ਼ਨ ਦੀ ਗੱਲ ਹੁੰਦੀ ਹੈ । ਜੇ ਮੇਰੇ ਵੀਰ ਇਨ੍ਹਾਂ ਦੇ 40 ਸਾਲ ਦੇ ਪਬਲਿਕ ਕੈਰੀਅਰ ਵਿਚੋਂ ਇਕ ਵੀ ਇਹੋ ਜਿਹੀ ਗੱਲ ਸਾਬਤ ਕਰ ਦੇਣ ਤਾਂ ਕੋਈ ਗੱਲ ਮੰਨੀ ਜਾ ਸਕਦੀ ਹੈ । ਜੇ ਇਹ ਅਮਨ ਸ਼ਾਂਤੀ ਦੀ ਪ੍ਰਾਬਲਮ ਨੂੰ ਏਨੇ ਤਕੜੇ ਹੋ ਕੇ ਹੱਥ ਪਾ ਸਕਦੇ ਹਨ, ਤਾਂ ਇਹ ਚੀਜ਼ ਤਾਂ ਮਾਮੂਲੀ ਹੈ । ਇਸ ਨੂੰ ਵੀ ਜ਼ਰੂਰ ਦੂਰ ਕੀਤਾ ਜਾਵੇਗਾ ।

ਸ੍ਰੀ ਸਪੀਕਰ : ਤੁਸੀਂ ਵਾਈਂਡ ਅੱਪ ਕਰੋ ।

ਸਰਦਾਰ ਪ੍ਰਤਾਪ ਸਿੰਘ ਬਾਜਵਾ : ਮੈਂ ਅਖੀਰ ਵਿੱਚ ਆਪਣੇ ਅਕਾਲੀ ਲੀਡਰਾਂ ਨੂੰ ਫੇਰ ਬੇਨਤੀ ਕਰਾਂਗਾ ਕਿਉਂਕ ਉਨ੍ਹਾਂ ਨੇ ਤਾਂ ਸੌਂਹ ਖਾਧੀ ਹੋਈ ਹੈ ਕਿ ਪੰਜਾਬ ਦੀ ਜਦੋਂ ਤਰੱਕੀ ਹੋ ਰਹੀ ਹੋਵੇ, ਕੰਸਟ੍ਰਕਟਿਵ ਕੰਮ ਹੋ ਰਹੇ ਹੋਣ, ਉਨ੍ਹਾਂ ਨੇ ਰੋੜੇ ਜ਼ਰੂਰ ਅਟਕਾਉਣੇ ਹਨ । ਮੈਂ ਆਪਣੇ ਆਪੋਜ਼ੀਸ਼ਨ ਦੇ ਲੀਡਰਾਂ ਨੂੰ ਵੀ ਬੇਨਤੀ ਕਰਾਂਗਾ ਕਿਉਂਕਿ ਕਈ ਵਾਰ ਉਹ ਵੀ ਕੰਸਟ੍ਰਕਟਿਵ ਰੋਲ ਅਦਾ ਕਰ ਲੈਂਦੇ ਹਨ, ਕਿ ਆਓ ਸਾਰੇ ਰਲਕੇ ਪੰਜਾਬ ਨੂੰ ਅੱਗੇ ਲਿਜਾਈਏ । ਹੁਣੇ ਜਿਹੇ ਸਭ ਨੇ ਬਾਦਲ ਸਾਹਿਬ ਦੀ ਸਟੇਟਮੈਂਟ ਪੜੀ ਹੋਵੇਗੀ ਕਿ ਉਹ ਚੌਥਾ ਧਰਮ-ਯੁੱਧ ਮੋਰਚਾ ਲਗਾ ਰਹੇ ਹਨ । ਜਦੋਂ ਆਪੋਜ਼ੀਸ਼ਨ ਵਿੱਚ ਬੈਠਦੇ ਹਨ, ਉਦੋਂ ਹਮੇਸ਼ਾ ਉਨ੍ਹਾਂ ਨੂੰ ਧਰਮ ਦੀ ਗੱਲ ਯਾਦ ਆ ਜਾਂਦੀ ਹੈ । ਜਦੋਂ ਆਪ ਕੁਰਸੀ ਤੇ ਹੁੰਦੇ ਸੀ, ਉਦੋਂ ਧਰਮ ਦੀ ਕੋਈ ਗੱਲ ਯਾਦ ਨਹੀਂ ਰਹਿ ਜਾਂਦੀ । ਇਨ੍ਹਾਂ ਧਰਮ ਦੇ ਠੇਕੇਦਾਰਾਂ ਨੂੰ ਮੈਂ ਕਹਿਣਾ ਚਾਹੁੰਦਾ ਹਾਂ ਕਿ ਉਹ ਕੋਈ ਕੰਸਟ੍ਰਕਟਿਵ ਰੋਲ ਅਦਾ ਕਰਨ । ਮੈਂ ਇਨ੍ਹਾਂ ਲੀਡਰਾਂ ਨੂੰ ਕਹਾਗਾਂ ਕਿ ਜਿਥੇ ਰਾਜ ਕਰਨਾ ਹੈ, ਉਥੇ ਗੋਲੀਆਂ ਵੀ ਖਾਣੀਆਂ ਪੈਂਦੀਆਂ ਹਨ । ਇਨ੍ਹਾਂ 10 ਸਾਲਾਂ ਵਿੱਚ ਇਹ ਅਕਾਲੀ ਲੀਡਰਸ਼ਿਪ ਕੀ ਕਰਦੀ ਰਹੀ । ਇਹ ਆਪ ਤਾਂ ਸਿਕਿਓਰਟੀ ਦੀ ਸ਼ੈਲਟਰ ਵਿਚੋਂ ਬਾਹਰ ਨਹੀਂ ਨਿਕਲੇ । ਜਦੋਂ ਗੁਰਦਵਾਰਾ ਸਾਹਿਬ ਦੀ ਬੇਅਦਬੀ ਹੁੰਦੀ ਪਈ ਸੀ, ਉਦੋਂ ਗੁਰਚਰਨ ਸਿੰਘ ਟੌਹੜਾ ਕਿਥੇ ਸੀ ?

**Expunged as ordered by the Chair.

ਸ੍ਰੀ ਸਪੀਕਰ : ਵਾਈਂਡ ਅੱਪ ਕਰੋ ।

ਸਰਦਾਰ ਪ੍ਰਤਾਪ ਸਿੰਘ ਬਾਜਵਾ : ਜੇ ਲੀਡਰਸ਼ਿਪ ਦੀ ਕੋਈ ਕੁਆਲਿਟੀ ਸਿੱਖਣੀ ਹੈ ਤਾਂ ਉਹ ਸਰਦਾਰ ਬੇਅੰਤ ਸਿੰਘ ਤੋਂ ਸਿੱਖਣ ।

"ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੇ ਹੇਤ
ਪੁਰਜਾ ਪੁਰਜਾ ਕਟ ਮਰੈ ਕਬਹੂੰ ਨਾ ਛਾਡੇ ਖੇਤ ।"

ਜਦੋਂ ਖੇਤਾਂ ਵਿੱਚ ਰਹਿਣ ਦੀ ਲੋੜ ਸੀ, ਉਦੋਂ ਇਹ ਆਪਣੇ ਡਰਾਇੰਗ ਰੂਮਾਂ ਵਿੱਚ ਲੁਕੇ ਹੋਏ ਸੀ, ਆਪਣੇ ਬੈਡ ਰੂਮਾਂ ਵਿੱਚ ਲੁਕੇ ਹੋਏ ਸੀ। ਏਥੇ ਜਿਵੇਂ ਖਿਰਮੀ ਜੀ ਨੇ ਵੀ ਕਿਹਾ ਹੈ, ਉਦੋਂ ਸਾਡੇ ਸਰਦਾਰ ਬੇਅੰਤ ਸਿੰਘ ਜੀ ਅਪਣੀ ਫਸਲ ਵੇਚ ਕੇ ਉਨ੍ਹਾਂ ਲੋਕਾਂ ਦਾ ਹਾਲ ਪੁੱਛਣ ਗਏ ਸਨ। ਇਸ ਗੱਲ ਦੀ ਅਕਾਲੀ ਲੀਡਰਸ਼ਿਪ ਨੂੰ ** ਆਉਣੀ ਚਾਹੀਦੀ ਹੈ । ਉਹ ਇਸ ਸੂਰਮੇ ਨੂੰ ਚੈਲੰਜ ਕਰਦੇ ਹਨ ।

"ਨਾ ਖੰਜਰ ਉਠੇਗਾ ਨਾ ਤਲਵਾਰ ਉਠੇਗੀ
ਯੇ ਬਾਜੂ ਹਮਾਰੇ ਆਜਮਾਏ ਹੂਏ ਹੈਂ ।"

ਸ੍ਰੀ ਸਪੀਕਰ : ** ਲਫਜ਼ ਐਕਸਪੰਜ ਕੀਤਾ ਜਾਂਦਾ ਹੈ ।

(ਇਸ ਵਕਤ ਮਾਨਯੋਗ ਮੈਂਬਰ ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ ਬੈਠੇ ਬੈਠੇ ਕੁਝ ਬੋਲ ਰਹੇ ਸਨ ਜੋ ਕਿ ਸਾਫ ਸੁਣਾਈ ਨਹੀਂ ਸੀ ਦੇ ਰਿਹਾ ।)

ਸ੍ਰੀ ਸਪੀਕਰ : ਭੈਣ ਜੀ, ਮੈਂ ਕਹਿੰਦਾ ਹਾਂ ਕਿ ਤੁਸੀਂ ਬੈਠੇ ਬੈਠੇ ਗੱਲ ਨਾ ਕਰਿਆ ਕਰੋ ।

ਡਾਕਟਰ ਮਹਿੰਦਰ ਕੁਮਾਰ ਰਿਨਵਾ (ਫਾਜ਼ਿਲਕਾ) : ਸਪੀਕਰ ਸਾਹਿਬ, ਮੈਂ ਤੁਹਾਡਾ ਧਨਵਾਦੀ ਹਾਂ ਜਿਨ੍ਹਾਂ ਨੇ ਮੈਨੂੰ ਇਸ ਸਦਨ ਵਿਚ ਬੋਲਣ ਦਾ ਮੌਕਾ ਦਿੱਤਾ ਹੈ। ਇਸ ਮੌਕੇ ਤੇ ਮੈਂ ਸਰਦਾਰ ਬੇਅੰਤ ਸਿੰਘ ਜੀ ਦੀ ਸ਼ਲਾਘਾ ਕਰਦਾ ਹਾਂ । ਇਨ੍ਹਾਂ ਨੇ ਅੱਜ ਤੋਂ ਇਕ ਸਾਲ ਪਹਿਲਾਂ ਇਸ ਗੱਲ ਦਾ ਪ੍ਰਗਟਾਂਵਾ ਕੀਤਾ ਸੀ ਕਿ ਅਸੀਂ ਗਰਾਸ ਰੂਟ ਲੈਵਲ ਤੇ ਡੈਮੋਕਰੇਸੀ ਨੂੰ ਬਹਾਲ ਕਰਾਂਗੇ। ਇਨ੍ਹਾਂ ਨੇ ਆਪਣੀ ਇਸ ਗੱਲ ਨੂੰ ਪੂਰਾ ਕੀਤਾ ਹੈ ਅਤੇ ਇਕ ਸਾਲ ਤੋਂ ਪਹਿਲਾਂ ਹੀ ਮਿਊਂਸਿਪਲੈਟੀਜ਼ ਦੀਆਂ ਇਲੈਕਸ਼ਨਾਂ ਕਰਵਾਈਆਂ । ਉਸ ਤੋਂ ਬਾਦ ਪੰਚਾਇਤਾਂ ਦੀਆਂ ਇਲੈਕਸ਼ਨਾਂ ਕਰਵਾ ਕੇ ਇਨ੍ਹਾਂ ਨੇ ਆਪਣੀ ਕਹੀ ਹੋਈ ਗੱਲ ਨੂੰ ਸਾਬਤ ਕਰ ਦਿੱਤਾ । ਪੰਚਾਇਤਾਂ ਦੀਆਂ ਇਲੈਕਸ਼ਨਾਂ, ਹਿਸਟੋਰਿਕ ਇਲੈਕਸ਼ਨਾਂ ਸਨ । ਬੀਤੇ ਸਮੇਂ ਵਿਚ ਅਕਾਲੀ ਸਰਕਾਰ ਦਾ ਰਾਜ ਵੀ ਰਿਹਾ, ਗਵਰਨਰ ਰੂਲ ਵੀ ਰਿਹਾ ਪਰ ਇਤਨੇ ਲੰਮੇ ਅਰਸੇ ਵਿਚ ਕੋਈ ਵੀ ਸਰਕਾਰ ਇਹ ਇਲੈਕਸ਼ਨਾਂ ਨਹੀਂ ਕਰਵਾ ਸਕੀ ਲੇਕਿਨ ਇਸ ਸਰਕਾਰ ਨੇ ਦ੍ਰਿੜ ਨਿਸ਼ਚਾ ਕੀਤਾ ਸੀ ਕਿ ਇਲੈਕਸ਼ਨਾਂ ਕਰਵਾਉਣੀਆਂ ਹਨ। ਇਨ੍ਹਾਂ ਨੇ ਇਹ ਇਲੈਕਸ਼ਨਾਂ ਕਰਾਈਆਂ ਅਤੇ ਬੜੇ ਪੀਸਫੁਲ ਤਰੀਕੇ ਨਾਲ ਕਰਵਾਈਆਂ । ਇਕ ਵੀ ਬੰਦਾ ਕਤਲ ਨਹੀਂ ਹੋਇਆ । ਇਸ ਤੋਂ 6 ਮਹੀਨੇ ਪਹਿਲਾਂ ਮਿਊਂਸਿਪੈਲਟੀਆਂ ਦੀਆਂ ਇਲੈਕਸ਼ਨਾਂ ਕਰਵਾਈਆਂ ਜਿਨ੍ਹਾਂ ਵਿਚ 65 ਫੀਸਦੀ ਦੇ ਕਰੀਬ ਵੋਟਾਂ ਪੋਲ ਹੋਈਆਂ ਅਤੇ ਸਥਾਨਕ ਸਰਕਾਰਾਂ ਲਈ ਲੋਕਾਂ ਦੇ ਨੁਮਾਇੰਦੇ ਚੁਣੇ ਗਏ। ਇਨ੍ਹਾਂ ਗੱਲਾਂ ਲਈ ਮੈਂ ਮੁੱਖ ਮੰਤਰੀ ਜੀ ਨੂੰ ਵਧਾਈ ਦਿੰਦਾ ਹਾਂ। (ਥੰਪਿੰਗ) ਹੁਣ ਇਨ੍ਹਾਂ ਨੇ ਡੈਮੋਕਰੇਸੀ ਨੂੰ ਪੂਰੀ ਤਰ੍ਹਾਂ ਬਹਾਲ ਕਰਨ ਵਾਸਤੇ ਬਲਾਕ ਸੰਮਤੀਆਂ ਅਤੇ ਜ਼ਿਲ੍ਹਾ ਪਰੀਸ਼ਦਾਂ ਦੇ ਇਲੈਕਸ਼ਨ ਕਰਵਾਉਣ ਬਾਰੇ ਅਨਾਊਂਸ ਕੀਤਾ ਹੋਇਆ ਹੈ ਅਤੇ ਮੈਨੂੰ ਯਕੀਨ ਹੈ ਕਿ ਬਹੁਤ ਜਲਦੀ ਇਹ ਕੰਮ ਵੀ ਪੂਰਾ ਹੋ ਜਾਵੇਗਾ ਕਿਉਂਕਿ ਜਿਹੜੀ ਗੱਲ ਸਰਦਾਰ ਬੇਅੰਤ ਸਿੰਘ ਜੀ

**Expunged as ordered by the Chair.

ਕਹਿੰਦੇ ਹਨ, ਉਹ ਪੂਰੀ ਕਰਕੇ ਵਿਖਾ ਦਿੰਦੇ ਹਨ। ਅੱਜ ਤੋਂ ਇਕ ਸਾਲ ਪਹਿਲਾਂ ਜਦੋਂ ਉਨ੍ਹਾਂ ਪੰਜਾਬ ਦੀ ਵਾਗ-ਡੋਰ ਸੰਭਾਲੀ ਸੀ ਤਾਂ ਉਸ ਵੇਲੇ ਪੰਜਾਬ ਵਿਚ ਇਕ ਕਿਸਮ ਦੀ ਅੱਗ ਲੱਗੀ ਹੋਈ ਸੀ ਜਿਹੜੀ ਕਿ ਪਿਛਲੇ 10 ਸਾਲਾਂ ਤੋਂ ਚਲ ਰਹੀ ਸੀ। ਅੱਜ ਉਸ ਦੇ ਬਿਲਕੁਲ ਉਲਟ ਅਜੀਬੋ ਗਰੀਬ ਹਾਲਾਤ ਪੈਦਾ ਹੋ ਗਏ ਹਨ। ਅੱਜ ਪੰਜਾਬ ਵਿਚ ਅਮਨ ਚੈਨ ਹੈ। ਅੱਜ ਇਥੇ ਸ਼ਾਂਤੀ ਦਾ ਵਾਤਾਵਰਣ ਹੈ ਹਾਲਾਂ ਕਿ ਪੰਜਾਬ ਤੋਂ ਇਲਾਵਾ ਸਾਰਾ ਦੇਸ਼ ਜਲ ਰਿਹਾ ਹੈ ਕਿਉਂਕਿ ਪਿਛਲੇ 6 ਦਸੰਬਰ ਨੂੰ ਜਦੋਂ ਅਯੋਧਿਆ ਵਿਚ ਮਸਜਿਦ ਢਾਹੀ ਗਈ ਤਾਂ ਉਸ ਤੋਂ ਬਾਦ ਦੇਸ਼ ਦੇ ਤਕਰੀਬਨ ਹਰ ਸੂਬੇ ਵਿਚ ਕਰਫਿਊ ਲਗ ਗਿਆ, ਤੋੜ ਫੋੜ ਹੋਈ; ਲੇਕਿਨ ਪੰਜਾਬ ਬਿਲਕੁਲ ਅਮਨ ਚੈਨ ਨਾਲ ਵੱਸ ਰਿਹਾ ਹੈ। ਇਹ ਸਰਕਾਰ ਵਾਸਤੇ ਇਕ ਬਹੁਤ ਵੱਡੀ ਵਧਾਈ ਦੀ ਗੱਲ ਹੈ। (ਥੰਪਿੰਗ) ਜਿਹੜੇ ਮੇਰੇ ਬੀ. ਜੇ. ਪੀ. ਦੇ ਵੀਰ ਹਮੇਸ਼ਾ ਅਕਾਲੀਆਂ ਤੇ ਲਾਂਛਨ ਲਾਉਂਦੇ ਰਹਿੰਦੇ ਸਨ ਕਿ ਉਨ੍ਹਾਂ ਨੇ ਧਰਮ ਨੂੰ ਰਾਜਨੀਤੀ ਨਾਲ ਮਿਲਾ ਦਿੱਤਾ ਹੈ, ਉਹੀ ਕੰਮ ਹੁਣ ਉਹ ਕਰ ਰਹੇ ਹਨ ਅਤੇ 6 ਦਸੰਬਰ ਦੀ ਅਯੋਧਿਆ ਦੀ ਘਟਨਾ ਨੇ ਇਹ ਸਾਬਤ ਕਰ ਕਰ ਦਿੱਤਾ ਹੈ ਕਿ ਉਹ ਰਾਜਨੀਤੀ ਨੂੰ ਧਰਮ ਦੇ ਨਾਂ ਤੇ ਚਲਾਉਣਾ ਚਾਹੁੰਦੇ ਹਨ। ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਦੋ ਵਾਰ ਅਯੋਧਿਆ ਦਾ ਕਾਰਡ ਚਲਾ ਕੇ ਵੇਖ ਲਿਆ ਹੈ.........

ਸ੍ਰੀ ਸਪੀਕਰ : ਤੁਸੀਂ ਆਪਣੇ ਆਪ ਨੂੰ ਗਵਰਨਰ ਐਡਰੈਸ ਤੱਕ ਹੀ ਸੀਮਤ ਰੱਖੋ।

(ਇਸ ਵਕਤ ਮਾਨਯੋਗ ਮੈਂਬਰ ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ ਆਪਣੀ ਸੀਟ ਤੇ ਬੈਠੇ ਬੈਠੇ ਬਗੈਰ ਇਜ਼ਾਜ਼ਤ ਦੇ ਬੋਲ ਰਹੇ ਸਨ, ਜੋ ਸਾਫ ਸੁਣਾਈ ਨਹੀਂ ਸੀ ਦੇ ਰਿਹਾ)

ਮਿੱਤਲ ਸਾਹਿਬ, ਮੈਂ ਤੁਹਾਡੇ ਰਾਹੀਂ ਭੈਣ ਜੀ ਨੂੰ ਰਿਕੁਐਸਟ ਕਰਦਾ ਹਾਂ ਕਿ ਇਹ ਜ਼ਰਾ ਬੈਠੇ ਬੈਠੇ ਨਾ ਬੋਲਿਆ ਕਰਨ।

ਡਾਕਟਰ ਮਹਿੰਦਰ ਕੁਮਾਰ ਰਿਨਵਾ : ਮੈਂ ਇਨ੍ਹਾਂ ਬੀ.ਜੇ.ਪੀ. ਦੇ ਵੀਰਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਆਪਣੀਆਂ ਗੱਲਾਂ ਵਿਚ ਫਰਕ ਨਾ ਰਖਿਆ ਕਰੋ। ਜਿਹੜੀ ਗੱਲ ਕਹਿੰਦੇ ਹੋ ਉਸ ਤੇ ਅਮਲ ਕਰਿਆ ਕਰੋ।

ਸਪੀਕਰ ਸਾਹਿਬ, ਕਈ ਹੋਰ ਮੇਰੇ ਵੀਰ ਕਹਿੰਦੇ ਹਨ ਕਿ ਇਹ ਜੋ ਪੰਜਾਬ ਵਿਚ ਸ਼ਾਂਤੀ ਆਈ ਹੈ, ਇਹ ਅਸਥਾਈ ਸ਼ਾਂਤੀ ਹੈ, ਸਥਾਈ ਨਹੀਂ ਹੈ। ਮੈਂ ਉਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਇਹ ਸ਼ਾਂਤੀ ਸਥਾਈ ਤੌਰ ਤੇ ਹੀ ਰਹੇਗੀ। ਅੱਜ ਪੰਜਾਬ ਵਿਚ ਪੂਰਾ ਅਮਨ ਚੈਨ ਹੈ। ਕਦੀ ਇਥੇ ਲੋਕਾਂ ਦੇ ਚਿਹਰੇ ਸਹਿਮੇਂ ਹੁੰਦੇ ਸਨ ਪਰ ਅੱਜ ਪਿੰਡਾਂ ਵਿਚ ਟੂਰਨਾਮੈਂਟ ਹੋ ਰਹੇ ਹਨ, ਰੰਗਾ ਰੰਗ ਪ੍ਰੋਗਰਾਮ ਹੋ ਰਹੇ ਹਨ ਪਿਛਲੀਆਂ ਇਲੈਕਸ਼ਨਾਂ ਵਿਚ ਲੋਕਾਂ ਨੇ ਰਾਤ ਦੇ 12-12 ਵਜੇ ਤੱਕ ਕਨਵੈਸਿੰਗ ਕੀਤੀ। ਇਸ ਤੋਂ ਪਤਾ ਲਗਦਾ ਹੈ ਕਿ ਹਾਲਾਤ ਹੁਣ ਕਿੰਨੇ ਬਦਲ ਗਏ ਹਨ।

ਮੈਂ ਹੁਣ ਇਰੀਗੇਸ਼ਨ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ। ਇਸ ਗੱਲ ਲਈ ਵੀ ਸਾਡੀ ਸਰਕਾਰ ਵਧਾਈ ਦੀ ਪਾਤਰ ਹੈ ਕਿ ਅੱਜ ਜਦ ਕਿ ਬਾਕੀ ਸੂਬਿਆਂ ਵਿਚ ਬਿਜਲੀ ਦੀ ਘਾਟ ਹੈ, ਇਥੇ ਪੰਜਾਬ ਦੇ ਪੇਂਡੂ ਇਲਾਕਿਆਂ ਵਿਚ ਵੀ 24 ਘੰਟੇ ਬਿਜਲੀ ਦੀ ਸਪਲਾਈ ਮਿਲ ਰਹੀ ਹੈ। ਲੇਕਿਨ ਇਕ ਗੱਲ ਮੈਂ ਸਰਕਾਰ ਨੂੰ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਟਿਊਬਵੈਲਾਂ ਦੇ ਕੁਨੈਕਸ਼ਨ ਖੋਲ੍ਹ ਦਿੱਤੇ ਜਾਣ। ਮੈਂ ਇਹ ਮਹਿਸੂਸ ਕਰਦਾ ਹਾਂ ਕਿ ਸਾਡੇ ਰਾਜ ਵਿਚ ਆਰਥਿਕ ਸੰਕਟ ਕਾਫੀ ਜ਼ਿਆਦਾ ਹੈ, ਫਿਰ ਵੀ ਇਤਨਾ ਜ਼ਰੂਰ ਕਹਿਣਾ ਚਾਹਾਂਗਾ ਕਿ ਖਾਸ ਤੌਰ ਤੇ ਬਾਰਡਰ ਏਰੀਏ ਵਿਚ ਟਿਊਬਵੈਲਾਂ ਦੇ ਕੁਨੈਕਸ਼ਨ ਜ਼ਰੂਰ ਪ੍ਰਾਇਰਿਟੀ ਤੇ ਦਿੱਤੇ ਜਾਣ।

[ਡਾਕਟਰ ਮਹਿੰਦਰ ਕੁਮਾਰ ਰਿਨਵਾ]

ਸਰਕਾਰ ਇਸ ਗੱਲ ਲਈ ਬਹੁਤ ਵਧਾਈ ਦੀ ਪਾਤਰ ਹੈ ਕਿ ਕੰਡੀ ਕੈਨਾਲ ਜਿਹੜਾ ਪ੍ਰਾਜੈਕਟ ਸੀ ਉਹ ਬੜੀ ਤੇਜ਼ੀ ਨਾਲ ਅੱਗੇ ਆ ਰਿਹਾ ਹੈ ਤੇ ਜਿਵੇਂ ਗਵਰਨਰ ਐਡਰੈਸ ਦੇ ਵਿੱਚ ਦੱਸਿਆ ਗਿਆ ਹੈ 33 ਕਿਲੋਮੀਟਰ ਤੱਕ ਉਹ ਨਹਿਰ ਬਣ ਚੁੱਕੀ ਹੈ ਅਤੇ ਅੱਗੇ ਕੰਮ ਚਾਲੂ ਹੈ। ਮੇਰੇ ਏਰੀਏ ਵਿੱਚ ਜੋ ਕਿ ਪਿਛਲੇ ਅੱਠ ਦਸ ਸਾਲਾਂ ਤੋਂ ਕੰਮ ਬੰਦ ਪਿਆ ਸੀ, ਉਹ ਹੁਣ ਦੁਬਾਰਾ ਬਨਣੀ ਸ਼ੁਰੂ ਹੋ ਗਈ ਹੈ, ਮੈਂ ਮੁਖ ਮੰਤਰੀ ਅਤੇ ਪੀ.ਐਮ. ਜੀ ਦਾ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਉਦਮ ਕਰਕੇ ਜੋ ਕੰਮ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਨੇ ਚਾਲੂ ਕੀਤਾ ਸੀ ਅਤੇ ਜਿਹੜਾ ਪਿਛਲੇ 8-10 ਸਾਲਾਂ ਤੋਂ ਚਾਲੂ ਨਹੀਂ ਹੋ ਸਕਿਆ ਉਹ ਸ਼ੁਰੂ ਕਰਵਾ ਦਿੱਤਾ ਹੈ।

ਬਜਟ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਸੀ ਕਿ ਇਰੀਗੇਸ਼ਨ ਡਿਪਾਰਟਮੈਂਟ ਦਾ ਬਜਟ ਵਧਾ ਦਿੱਤਾ ਜਾਣਾ ਚਾਹੀਦਾ ਹੈ ਤਾਂ ਕਿ ਨਹਿਰਾਂ ਠੀਕ ਤਰ੍ਹਾਂ ਮੇਨਟੇਨ ਹੋ ਸਕਣ ਅਤੇ ਉਨ੍ਹਾਂ ਦੀ ਸਫ਼ਾਈ ਹੋ ਸਕੇ ਕਿਉਂਕਿ ਜਿਹੜਾ ਪਾਣੀ ਹੈ ਉਹ ਖੇਤੀ ਦੀ ਲਾਈਫ-ਲਾਈਨ ਹੈ ਇਸ ਕਰਕੇ ਮੈਂ ਮੁੱਖ ਮੰਤਰੀ ਜੀ ਅੱਗੇ ਬੇਨਤੀ ਕਰਾਂਗਾ ਕਿ ਫਿਰੋਜ਼ਪੁਰ, ਬਠਿੰਡਾ ਅਤੇ ਫਰੀਦਕੋਟ ਜ਼ਿਲ੍ਹਿਆਂ ਨੂੰ ਫੀਡਰ ਲਾਈਨਜ਼ ਦਿੱਤੀਆਂ ਜਾਣ ਕਿਉਂਕਿ ਉਸ ਹਲਕੇ ਵਿੱਚ ਜ਼ਮੀਨ ਦਾ ਜਿਹੜਾ ਪਾਣੀ ਹੈ ਉਹ ਖਾਰਾ ਹੈ, ਸੈਲਾਈਨ ਵਾਟਰ ਹੈ ਜਿਸ ਕਰਕੇ ਉਥੇ ਦੇ ਲੋਕ ਹਮੇਸ਼ਾਂ ਇਹ ਮੁਸ਼ਕਲ ਮਹਿਸੂਸ ਕਰਦੇ ਹਨ। (ਇਕ ਆਵਾਜ਼ : ਮਾਨਸਾ ਦਾ ਨਾਂ ਵੀ ਲੈ ਦਿਓ) ਮਾਨਸਾ ਜ਼ਿਲ੍ਹਾ ਬਠਿੰਡਾ ਵਿੱਚ ਆਉਂਦਾ ਸੀ ਇਸ ਕਰਕੇ ਮੈਂ ਪੁਰਾਣਾ ਜ਼ਿਲ੍ਹਾ ਬਠਿੰਡਾ ਕਹਿ ਦਿੱਤਾ ਹੈ। ਦੂਸਰੇ ਜਿੱਥੇ ਲੰਮੀਆਂ ਲਾਈਨਜ਼ ਹਨ, ਉਥੇ 33 ਕੇ.ਵੀ. ਦੇ ਗ੍ਰਿਡ ਸਟੇਸ਼ਨ ਜ਼ਰੂਰ ਲਾਏ ਜਾਣ ਤਾਂ ਕਿ ਵੋਲਟੇਜ ਫਲੱਕਚੂਏਸ਼ਨ ਜੋ ਬਹੁਤ ਹੁੰਦੀ ਹੈ ਔਰ ਟਰਾਂਸਮਿਸ਼ਨ ਲਾਸਿਜ਼ ਜੋ ਬਹੁਤ ਹੁੰਦੇ ਹਨ ਉਹ ਨਾ ਹੋਣ। ਬਾਰਡਰ ਏਰੀਏ ਦੇ ਵਿੱਚ ਬਿਜਲੀ ਦੀ ਸਪਲਾਈ ਵੀ ਅਨਇਨਟਰੱਪਟਿਡ ਹੋਣੀ ਚਾਹੀਦੀ ਹੈ।

ਹੈਲਥ ਡਿਪਾਰਟਮੈਂਟ ਦੇ ਬਾਰੇ ਗੱਲ ਕਰੀਏ। ਸੱਭ ਤੋਂ ਪਹਿਲਾਂ ਜਿਹੜੇ ਸਰਕਾਰ ਨੇ ਬਰਥ ਰੇਟ ਨੂੰ ਕੰਟਰੋਲ ਕਰਨ ਵਾਸਤੇ ਕਦਮ ਚੁੱਕੇ ਹਨ, ਉਸ ਲਈ ਸਰਕਾਰ ਵਧਾਈ ਦੀ ਪਾਤਰ ਹੈ। ਮੈਂ ਇਕ ਜ਼ਰੂਰੀ ਬੇਨਤੀ ਕਰਾਂਗਾ ਕਿ ਜਿਹੜੀਆਂ ਡਾਕਟਰਾਂ ਦੀਆਂ ਪੋਸਟਾਂ ਖਾਲੀ ਪਈਆਂ ਹਨ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਭਰਨ ਦੀ ਕੋਸ਼ਿਸ਼ ਕੀਤੀ ਜਾਵੇ ਤਾਂ ਕਿ ਜਿਹੜੇ ਹਸਪਤਾਲਾਂ ਅਤੇ ਡਿਸਪੈਂਸਰੀਆਂ ਦੇ ਵਿੱਚ ਡਾਕਟਰ ਨਹੀਂ ਹਨ ਉਹ ਸਚਾਰੂ ਰੂਪ ਨਾਲ ਕੰਮ ਕਰ ਸਕਣ ਅਤੇ ਨਵੇਂ ਹਸਪਤਾਲ ਜਾਂ ਡਿਸਪੈਸਰੀਆਂ ਖੋਲ੍ਹਣ ਦੀ ਬਜਾਏ ਜਿਹੜਾ ਪਹਿਲਾ ਇਨਫਰਾਸਟਰੱਕਚਰ ਪਿਆ ਹੈ, ਉਸ ਨੂੰ ਹੀ ਜ਼ਿਆਦਾ ਮਜ਼ਬੂਤ ਕੀਤਾ ਜਾਵੇ। ਖਾਸ ਕਰਕੇ ਪਿੰਡਾਂ ਦੇ ਇਲਾਕਿਆਂ ਦੇ ਵਿੱਚ ਜੋ ਪੋਸਟਾਂ ਹਨ ਅਤੇ ਸਬ ਡਵੀਜ਼ਨ ਲੈਵਲ ਤੇ ਜਿਹੜੇ 50 ਬੈਡਿੱਡ ਹਸਪਤਾਲ ਹਨ, ਉਨ੍ਹਾਂ ਵਿੱਚ ਸਪੈਸ਼ਲਾਈਜ਼ਡ ਸਰਵਿਸਿਜ਼ ਚਾਲੂ ਕੀਤੀਆਂ ਜਾਣੀਆਂ ਚਾਹੀਦੀਆਂ ਹਨ, ਜਿੱਥੇ ਨਹੀਂ ਉਥੇ ਨਵੀਆਂ ਪੋਸਟਾਂ ਭਰੀਆਂ ਜਾਂਣੀਆਂ ਚਾਹੀਦੀਆਂ ਹਨ ਤਾਂ ਕਿ ਲੋਕਾਂ ਦੇ ਵਿੱਚ ਜੋ ਪ੍ਰਾਈਵੇਟ ਪ੍ਰੈਕਟਿਸ ਕਰਨ ਵਾਲਾ ਰੁਝਾਨ ਹੈ ਜਾਂ ਕਿ ਦਵਾਈ ਅਤੇ ਇਲਾਜ ਦਾ ਖਰਚਾ ਬਹੁਤ ਜ਼ਿਆਦਾ ਮਹਿੰਗਾ ਹੈ ਉਹ ਘਟੇ। ਇਸ ਵੱਲ ਗੌਰਮਿੰਟ ਨੂੰ ਧਿਆਨ ਦੇਣਾ ਚਾਹੀਦਾ ਹੈ।

ਕੋਆਪ੍ਰੇਟਿਵ ਸੈਕਟਰ ਦੀ ਮੈਂ ਹੁਣ ਗੱਲ ਕਰਨਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਪੰਜਾਬ ਦੇ ਵਿੱਚ ਇਕ ਸਾਲ ਵਿੱਚ 15 ਸ਼ੂਗਰ ਮਿੱਲਾਂ ਚੱਲ ਰਹੀਆਂ ਹਨ। ਪਰ ਤਿੰਨ ਚਾਰ ਸ਼ੂਗਰ ਮਿੱਲਾਂ ਨੂੰ ਛੱਡ ਕੇ ਬਾਕੀ

ਸਾਰੀਆਂ ਮਿੱਲਾਂ ਦੀ ਕਾਰ-ਗੁਜ਼ਾਰੀ ਚੰਗੀ ਨਹੀਂ ਹੈ। ਫਾਜ਼ਿਲਕਾ ਸ਼ੂਗਰ ਮਿੱਲ ਜੋ ਕਿ 10 ਕਰੋੜ ਰੁਪਏ ਦੀ ਲਾਗਤ ਨਾਲ 6-7 ਸਾਲ ਪਹਿਲਾਂ ਚਾਲੂ ਕੀਤੀ ਗਈ ਸੀ, ਉਸ ਮਿੱਲ ਵਿੱਚ ਹੁਣ ਬਹੁਤ ਘਾਟਾ ਪੈ ਗਿਆ ਹੈ। ਸਾਢੇ ਦਸ ਕਰੋੜ ਰੁਪਏ ਦਾ ਘਾਟਾ ਪੈ ਗਿਆ ਹੈ, ਇਸ ਦੀ ਇਨਕੁਆਰੀ ਕੀਤੀ ਜਾਣੀ ਚਾਹੀਦੀ ਹੈ। ਪਿਛਲੇ ਸਾਲ ਜਦੋਂ ਕਿ 16 ਹਜ਼ਾਰ ਏਕੜ ਵਿੱਚ ਗੰਨਾ ਬੀਜਿਆ ਗਿਆ ਸੀ ਤਾਂ ਇਸ ਵਾਰ ਕੇਵਲ 6 ਹਜ਼ਾਰ ਏਕੜ ਵਿੱਚ ਗੰਨਾ ਕਿਉਂ ਬੀਜਿਆ ਗਿਆ ਹੈ। ਨਵੀਂ ਪਲਾਂਟੇਸ਼ਨ ਕਿਉਂ ਨਹੀਂ ਹੋਈ। ਮੈਂ ਮੁੱਖ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣ ਚਾਹੁੰਦਾ ਹਾਂ ਕਿ ਇਸ ਗੱਲ ਦੀ ਇਨਕੁਆਰੀ ਕਰਵਾਉਣੀ ਚਾਹੀਦੀ ਹੈ। ਇਹ ਸ਼ੂਗਰ ਮਿੱਲ ਕੋਆਪ੍ਰੇਟਿਵ ਸੈਕਟਰ ਵਿੱਚ ਲੋਕਾਂ ਦੇ ਭਲੇ ਵਾਸਤੇ ਲਗਾਈ ਗਈ ਸੀ ਔਰ ਲੋਕ ਖੁਦ ਇਸ ਦੇ ਮਾਲਕ ਸਨ। ਇਹ ਵੀ ਪਤਾ ਕੀਤਾ ਜਾਵੇ ਕਿ ਗੰਨੇ ਦੀ ਪਲਾਂਟੇਸ਼ਨ ਕਿਉਂ ਨਹੀਂ ਹੋਈ, ਇਸ ਦੇ ਕੀ ਕਾਰਨ ਹਨ। ਇਸ ਸ਼ੂਗਰ ਮਿੱਲ ਦੀ ਮੈਨੇਜਮੈਂਟ ਦੀ ਹਾਲਤ ਬਹੁਤ ਮਾੜੀ ਸੀ। ਕਦੇ ਵੀ ਇਸ ਦੀ ਜਨਰਲ ਬਾਡੀ ਦੀ ਮੀਟਿੰਗ ਨਹੀਂ ਹੋਈ ਸੀ ਔਰ ਨਾ ਹੀ ਪਿਛਲੇ ਸੱਤ ਸਾਲਾਂ ਵਿੱਚ ਇਸ ਦੀ ਕੋਈ ਇਲੈਕਸ਼ਨ ਕਰਵਾਈ ਗਈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਨਾਲ ਦੇ ਪੜੋਸੀ ਸੂਬਿਆਂ ਵਿੱਚ ਸ਼ੂਗਰਫੈਡ ਫਾਇਦੇ ਵਿੱਚ ਚੱਲ ਰਹੀ ਹੈ ਤਾਂ ਸਾਡੇ ਇਥੇ ਘਾਟੇ ਦੇ ਕੀ ਕਾਰਨ ਹਨ। ਸਾਡੀ ਸ਼ੂਗਰਫੈਡ ਫਾਇਦੇ ਵਿੱਚ ਕਿਉਂ ਨਹੀਂ ਹੈ? ਮਹਾਂਰਾਸ਼ਟਰ ਦੇ ਪੈਟਰਨ ਤੇ ਕੋਆਪ੍ਰੇਟਿਵ ਸੈਕਟਰ ਦੀਆਂ ਸਕੀਮਾਂ ਲਾਗੂ ਕਰਨੀਆਂ ਚਾਹੀਦੀਆਂ ਹਨ।

ਸਪੀਕਰ ਸਾਹਿਬ, ਐਜੂਕੇਸ਼ਨ ਦੇ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਹੜੇ ਸਕੂਲ ਬਾਰਡਰ ਏਰੀਆ ਵਿੱਚ ਹਨ, ਉਨ੍ਹਾਂ ਵਿੱਚ ਬੱਚਿਆਂ ਨੂੰ ਬਹੁਤ ਦੂਰ ਦੂਰ ਤੱਕ ਤੁਰ ਕੇ ਸਕੂਲ ਜਾਣਾ ਪੈਂਦਾ ਹੈ। ਇਸ ਲਈ ਉਨ੍ਹਾਂ ਸਕੂਲਾਂ ਨੂੰ ਪਹਿਲ ਦੇ ਆਧਾਰ ਤੇ ਅਪਗ੍ਰੇਡ ਕੀਤਾ ਜਾਣਾ ਚਾਹੀਦਾ ਹੈ ਅਤੇ ਫਿਰੋਜ਼ਪੁਰ ਜ਼ਿਲ੍ਹੇ ਵਿੱਚ ਸਿਰਫ ਦੋ ਹੀ ਗੌਰਮਿੰਟ ਕਾਲਜ ਹਨ, ਜਿਨਾਂ ਵਿੱਚੋਂ ਇਕ ਫਾਜ਼ਿਲਕਾ ਅਤੇ ਇਕ ਜ਼ੀਰੇ ਵਿੱਚ ਹੈ। ਸਾਡੇ ਬੱਚਿਆਂ ਨੂੰ ਬਹੁਤ ਦੂਰ ਤੱਕ ਉਥੇ ਪੋਸਟ ਗਰੇਜੂਏਟ ਕਲਾਸਿਜ਼ ਨਾ ਹੋਣ ਕਰਕੇ ਜਾਣਾ ਪੈਂਦਾ ਹੈ। ਇਸ ਕਰਕੇ ਪੋਸਟ ਗਰੈਜੂਏਟ ਕਲਾਸਿਜ਼ ਇਸੇ ਸੈਸ਼ਨ ਤੋਂ ਆਉਣ ਵਾਲੇ ਸੈਸ਼ਨ ਤੋਂ ਸ਼ੁਰੂ ਕਰਨੀਆਂ ਚਾਹੀਦੀਆਂ ਹਨ।

ਮੈਂ ਮੁੱਖ ਮੰਤਰੀ ਜੀ ਨੂੰ ਫਿਰ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ ਬਾਰਡਰ ਦੇ ਦੋ ਜ਼ਿਲ੍ਹਿਆਂ ਗੁਰਦਾਸਪੁਰ ਅਤੇ ਫਿਰੋਜ਼ਪਰ ਵਿੱਚ ਦੋ ਨਵੇਂ ਇੰਜੀਨੀਅਰਿੰਗ ਕਾਲਜ ਖੋਲ੍ਹਣ ਦਾ ਵਾਅਦਾ ਕੀਤਾ ਹੈ। (ਥੰਪਿੰਗ) ਮੈਂ ਉਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਫਾਜ਼ਿਲਕਾ ਦਾ ਏਰੀਆ ਜਿਹੜਾ ਕਿ ਬੜਾ ਪਛੜਿਆ ਹੋਇਆ ਹੈ ਅਤੇ ਬਾਰਡਰ ਦਾ ਏਰੀਆ ਹੈ, ਉਸ ਇਲਾਕੇ ਵਿਚ ਇਹ ਕਾਲਜ ਖੋਲ੍ਹਿਆ ਜਾਣਾ ਚਾਹੀਦਾ ਹੈ। ਫਾਜ਼ਿਲਕਾ ਦੀ ਕਮੇਟੀ ਨੇ ਇਕ ਮਤਾ ਵੀ ਪਾਸ ਕੀਤਾ ਹੈ ਕਿ ਉਹ ਇਸ ਕਾਲਜ ਵਾਸਤੇ 150 ਏਕੜ ਜ਼ਮੀਨ ਮੁਫਤ ਦੇਣ ਨੂੰ ਤਿਆਰ ਹੈ। ਇਸ ਕਰਕੇ ਮੇਰੀ ਫਿਰ ਇਹ ਬੇਨਤੀ ਹੈ ਕਿ ਨਵਾਂ ਇੰਜੀਨੀਅਰਿੰਗ ਕਾਲਜ ਫਾਜ਼ਿਲਕਾ ਵਿੱਚ ਖੋਲ੍ਹਿਆ ਜਾਵੇ।

ਮੈਂ ਐਕਸਾਈਜ਼ ਡਿਪਾਰਟਮੈਂਟ ਦੇ ਬਾਰੇ ਐਕਸਾਈਜ਼ ਮਨਿਸਟਰ ਸਾਹਿਬ ਨੂੰ ਵੀ ਵਧਾਈ ਦਿੰਦਾ ਹਾਂ ਜਿਨ੍ਹਾਂ ਨੇ ਕਿ ਪਿਛਲੇ ਸਾਲ 22% ਰੈਵੀਨਿਊ ਵਧਾਇਆ ਹੈ ਕਿਉਂਕਿ ਪੰਜਾਬ ਦੀ ਸਰਕਾਰ ਦਾ ਆਮਦਨ ਦਾ ਸਭ ਤੋਂ ਵੱਡਾ ਸਾਧਨ ਐਕਸਾਈਜ਼ ਹੀ ਹੈ ਇਸ ਲਈ ਉਹ ਵਧਾਈ ਦੇ ਪਾਤਰ ਹਨ। (ਥੰਪਿੰਗ) ਸਾਡੇ ਸਥਾਨਿਕ ਸਰਕਾਰ ਦੇ ਮੰਤਰੀ ਡਾਕਟਰ ਕੇਵਲ ਕ੍ਰਿਸ਼ਨ ਸਾਹਿਬ ਨੇ ਯੂ. ਆਰ. ਪੀ. ਸਕੀਮ ਜਿਹੜੀ ਕਿ ਪਹਿਲਾਂ ਤੋਂ ਹੀ ਚਲ ਰਹੀ ਹੈ, ਉਸਨੂੰ ਸਖਤੀ ਨਾਲ ਲਾਗੂ ਕਰਕੇ ਜਿਹੜੇ ਸ਼ਹਿਰ ਇਸਦੇ ਅਧੀਨ ਸਨ, ਉਥੇ ਅੱਛੀ ਪ੍ਰੋਗਰੈਸ ਵਿਖਾਈ ਹੈ। ਮੈਂ ਆਸ ਕਰਦਾ ਹਾਂ ਕਿ ਹੋਰ ਸ਼ਹਿਰਾਂ

[ਡਾਕਟਰ ਮਹਿੰਦਰ ਕੁਮਾਰ ਰਿਨਵਾ]

ਨੂੰ ਵੀ ਇਸ ਸਕੀਮ ਦੇ ਅਧੀਨ ਲਿਆਂਦਾ ਜਾਵੇਗਾ ਅਤੇ ਉਥੇ ਇਸ ਸਕੀਮ ਨੂੰ ਜਲਦੀ ਤੋਂ ਜਲਦੀ ਲਾਗੂ ਕੀਤਾ ਜਾਵੇਗਾ ਤਾਂ ਜੋ ਜਿਹੜੀਆਂ ਸ਼ਹਿਰੀਆਂ ਨੂੰ ਬੇਸਿਕ ਅਮੈਨਟੀਜ਼ ਜਿਵੇਂ ਡਰੇਨੇਜ, ਸੀਵਰੇਜ ਅਤੇ ਰੋਡਜ਼ ਵਰਗੀਆਂ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ, ਉਨ੍ਹਾਂ ਦਾ ਫਾਇਦਾ ਉਨ੍ਹਾਂ ਨੂੰ ਜ਼ਰੂਰ ਮਿਲ ਸਕੇ।

ਸ਼੍ਰੀ ਸਪੀਕਰ : ਡਾਕਟਰ ਸਾਹਿਬ, ਵਾਈਂਡ ਅੱਪ ਕਰੋ।

ਡਾਕਟਰ ਮਹਿੰਦਰ ਕੁਮਾਰ ਰਿਨਵਾ : ਐਗਰੀਕਲਚਰ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਰਦਾਰ ਬੇਅੰਤ ਸਿੰਘ ਜੀ ਨੇ ਪੰਜਾਬ ਦਾ ਕੇਸ ਲੜ ਕੇ 50 ਰੁਪਏ ਕਣਕ ਦਾ ਭਾਅ ਵਧਾਇਆ ਹੈ (ਥੰਪਿੰਗ) ਜਦੋਂ ਕਿ ਬਾਕੀ ਦੀਆਂ ਸਰਕਾਰਾਂ ਜਿਹੜੀਆਂ ਕਿ ਆਪਣੇ ਆਪ ਨੂੰ ਕਿਸਾਨਾਂ ਦੀਆਂ ਹਮ-ਦਰਦ ਅਖਵਾਉਂਦੀਆਂ ਸਨ, ਉਨ੍ਹਾਂ ਦੇ ਸਮੇਂ ਵਿਚ ਕਦੀ ਵੀ 5 ਜਾਂ 10 ਰੁਪਏ ਤੋਂ ਵੱਧ ਭਾਅ ਨਹੀਂ ਸੀ ਵਧਿਆ। ਲੇਕਿਨ ਮੁੱਖ ਮੰਤਰੀ ਜੀ ਨੂੰ ਮੈਂ ਇਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਫਰਟੀਲਾਈਜ਼ਰ ਡੀਜ਼ਲ ਅਤੇ ਪੈਸਟੀਸਾਈਡਜ਼ ਦੇ ਭਾਅ ਬਹੁਤ ਵਧ ਗਏ ਹਨ, ਇਸ ਲਈ ਸੈਂਟਰ ਦੀ ਸਰਕਾਰ ਨਾਲ ਗੱਲ ਕਰਕੇ ਕਿਸਾਨਾਂ ਨੂੰ ਕੁਝ ਨਾ ਕੁਝ ਬੋਨਸ ਜ਼ਰੂਰ ਦਿਵਾਉਣਾ ਚਾਹੀਦਾ ਹੈ। ਇਹ ਮੇਰੀ ਪੁਰ-ਜ਼ੋਰ ਅਪੀਲ ਹੈ। ਪਿਛਲੇ ਸਾਲ ਵਿੱਚ ਨਰਮੇ ਦੇ ਭਾਅ ਘਟੇ ਹਨ ਅਤੇ ਇਨ-ਪੁਟਸ ਦੇ ਖਰਚੇ ਬਹੁਤ ਵਧ ਗਏ ਹਨ, ਜਿਸ ਕਰਕੇ ਫਾਰਮਰਜ਼ ਵਿੱਚ ਥੋੜ੍ਹੀ ਰਿਜ਼ੈਂਟਮੈਂਟ ਸੀ। ਲੇਕਿਨ, ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਹੁਣ ਫਿਰ ਨਰਮੇ ਦੇ ਭਾਅ ਵਧ ਰਹੇ ਹਨ ਅਤੇ ਸਟੇਬਲ ਹੋ ਗਏ ਹਨ। ਆਉਣ ਵਾਲੇ ਸਾਲ ਵਿਚ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਇਸ ਬਾਰੇ ਕੋਈ ਹੋਰ ਅਜਿਹੀ ਪਾਲਿਸੀ ਬਣਾਵੇ ਅਤੇ ਭਾਅ ਨਿਸ਼ਚਿਤ ਕਰੇ ਤਾਂ ਕਿ ਕਿਸਾਨਾਂ ਨੂੰ ਫਾਇਦਾ ਮਿਲ ਸਕੇ।

ਸ਼੍ਰੀ ਸਪੀਕਰ : ਡਾਕਟਰ ਸਾਹਿਬ, ਹੁਣ ਵਾਈਂਡ ਅੱਪ ਕਰੋ ਜੀ।

ਡਾਕਟਰ ਮਹਿੰਦਰ ਕੁਮਾਰ ਰਿਨਵਾ: ਅਗਲੀ ਗੱਲ ਮੈਂ ਪੰਚਾਇਤਾਂ ਦੀਆਂ ਚੋਣਾਂ ਬਾਰੇ ਕਹਿਣਾ ਚਾਹੁੰਦਾ ਹਾਂ। ਸਾਡੇ ਮੁੱਖ ਮੰਤਰੀ ਅਤੇ ਪੰਚਾਇਤ ਮੰਤਰੀ ਜੀ ਨੇ ਜਿਸ ਅੱਛੇ ਢੰਗ ਦੇ ਨਾਲ ਇਹ ਚੋਣਾਂ ਕੰਡਕਟ ਕਰਵਾਈਆਂ ਹਨ, ਇਸ ਦੇ ਲਈ ਮੈਂ ਉਨ੍ਹਾਂ ਦਾ ਧੰਨਵਾਦੀ ਹਾਂ। (ਥੰਪਿੰਗ) ਇਕ ਗੱਲ ਜਿਹੜੀ ਉਨ੍ਹਾਂ ਨੇ ਪਹਿਲਾਂ ਆਖੀ ਸੀ ਕਿ ਪੰਚਾਂ ਅਤੇ ਸਰਪੰਚਾਂ ਨੂੰ ਸਰਕਾਰੀ ਦਫਤਰਾਂ ਵਿੱਚ ਮਾਣ ਸਨਮਾਨ ਦਿਵਾਵਾਂਗੇ, ਇਸ ਗੱਲ ਨੂੰ ਜ਼ਰੂਰ ਸਿਰੇ ਚੜ੍ਹਾਉਣਾ ਚਾਹੀਦਾ ਹੈ। ਇਹ ਜਿਹੜਾ ਥਰੀ ਟਾਇਰ ਸਿਸਟਮ ਪਿਛਲੇ 20 ਸਾਲਾਂ ਤੋਂ ਪਿਛਲੀਆਂ ਸਰਕਾਰਾਂ ਇਸ ਨੂੰ ਨਹੀਂ ਅਪਣਾ ਸਕੀਆਂ, ਇਸ ਨੂੰ ਜ਼ਰੂਰ ਅਪਨਾਉਣਾ ਚਾਹੀਦਾ ਹੈ। ਮੈਂ ਧੰਨਵਾਦੀ ਹਾਂ ਕਿ ਸਰਦਾਰ ਬੇਅੰਤ ਸਿੰਘ ਜੀ ਜਿਹੜੀ ਗੱਲ ਕਹਿੰਦੇ ਹਨ, ਉਸ ਨੂੰ ਸਮੇਂ ਤੋਂ ਪਹਿਲਾਂ ਹੀ ਲਾਗੂ ਕਰ ਵਿਖਾਉਂਦੇ ਹਨ। ਇਸ ਕਰਕੇ ਜਿਹੜੀਆਂ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਚੋਣਾਂ ਹਨ, ਉਹ ਵੀ ਜਲਦੀ ਤੋਂ ਜਲਦੀ ਕਰਵਾ ਦੇਣਗੇ।

ਸ਼੍ਰੀ ਸਪੀਕਰ : ਪਲੀਜ਼, ਵਾਈਂਡ ਅੱਪ ਕਰੋ।

ਡਾਕਟਰ ਮਹਿੰਦਰ ਕੁਮਾਰ ਰਿਨਵਾ : ਅਗਲੀ ਗੱਲ ਮੈਂ ਡਰਿੰਕਿੰਗ ਵਾਟਰ ਅਤੇ ਪਬਲਿਕ ਹੈਲਥ ਬਾਰੇ ਕਰਾਂਗਾ। ਪਿੰਡਾਂ ਵਿਚ ਸਰਕਾਰ ਨੂੰ ਪੀਣ ਵਾਲੇ ਪਾਣੀ ਦੀ ਸਪਲਾਈ ਨੂੰ ਜ਼ਰੂਰ ਸਾਰਿਆਂ ਤੱਕ ਪਹੁੰਚਾਉਣਾ ਚਾਹੀਦਾ ਹੈ। ਜਿਨ੍ਹਾਂ ਪਿੰਡਾਂ ਵਿੱਚ ਪਾਣੀ ਦੀਆਂ ਸੁਵਿਧਾਵਾਂ ਨਹੀਂ ਹਨ, ਉਨ੍ਹਾਂ ਵਾਸਤੇ ਐਕਸਟੈਨਸ਼ਨ ਸਕੀਮ ਬਣਾਈ ਜਾਵੇ।

ਸ੍ਰੀ ਸਪੀਕਰ : ਡਾਕਟਰ ਸਾਹਿਬ, ਤੁਹਾਡਾ ਟਾਈਮ ਖਤਮ ਹੋ ਗਿਆ ਹੈ। ਹੁਣ ਵਾਈਂਡ ਅੱਪ ਕਰੋ ।

ਡਾਕਟਰ ਮਹਿੰਦਰ ਕੁਮਾਰ ਰਿਨਵਾ : ਅਗਲੀ ਗੱਲ ਮੈਂ ਲਿੰਕ ਰੋਡਜ਼ ਬਾਰੇ ਕਹਿਣਾ ਚਾਹੁੰਦਾ ਹਾਂ। ਜਿਨ੍ਹਾਂ ਪਿੰਡਾਂ ਵਿੱਚ ਫਸਟ ਲਿੰਕ ਰੋਡਜ਼ ਨਹੀਂ ਹਨ, ਫਿਰਨੀਆਂ ਪੱਕੀਆਂ ਨਹੀਂ ਬਣੀਆਂ, ਜਾਂ ਇਨਕੰਪਲੀਟ ਸੜਕਾਂ ਹਨ, ਉਨ੍ਹਾਂ ਨੂੰ ਪ੍ਰਾਇਰਟੀ ਦੇ ਕੇ ਬਣਾਇਆ ਜਾਵੇ। ਰੈਵੇਨਿਊ ਦੇ ਬਾਰੇ ਮੈਂ ਮੁੱਖ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ। ਜੋ ਕੰਮ ਪਿਛਲੇ ਸਾਲਾਂ ਵਿੱਚ ਆਉਣ ਵਾਲੀਆਂ ਸਰਕਾਰਾਂ ਨੇ ਨਹੀਂ ਕੀਤਾ, ਉਹ ਕੰਮ ਸਾਡੇ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਜੀ ਨੇ ਕਰ ਵਿਖਾ-ਇਆ ਜਿਨ੍ਹਾਂ ਨੇ ਦੋ ਜ਼ਿਲ੍ਹੇ ਬਣਾਏ ਅਤੇ 10 ਡਵੀਜ਼ਨਾਂ ਬਣਾਈਆਂ। ਸਬ-ਤਹਿਸੀਲਾਂ ਵੀ ਨਵੀਆਂ ਬਣਾਈਆਂ। ਨਵੇਂ ਜ਼ਿਲ੍ਹਿਆਂ ਦੇ ਪੁਨਰਗਠਨ ਬਾਰੇ ਕਮੇਟੀ ਦਾ ਗਠਨ ਕੀਤਾ ਹੈ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਮੇਰੇ ਇਲਾਕੇ ਵਿੱਚ ਜੋ ਫਾਜ਼ਿਲਕਾ ਸਬ-ਤਹਿਸੀਲ ਹੈ ਇਸ ਨੂੰ ਜ਼ਿਲ੍ਹਾ ਬਣਾ-ਇਆ ਜਾਵੇ ਕਿਉਂਕਿ ਇਸਦੇ ਵਿੱਚ 248 ਪਿੰਡ ਪੈਂਦੇ ਹਨ ਅਤੇ ਸਭ ਤੋਂ ਪੁਰਾਣੀ ਸਬ-ਡਵੀਜ਼ਨ ਹੈ ਇਥੇ ਕੋਰਟਸ ਪਹਿਲਾਂ ਹੀ ਕੰਮ ਕਰ ਰਹੀਆਂ ਹਨ ਅਤੇ ਸਰਕਾਰ ਨੂੰ ਇੱਥੇ ਜ਼ਿਆਦਾ ਖਰਚਾ ਵੀ ਨਹੀਂ ਕਰਨਾ ਪਵੇਗਾ ।

Mr. Speaker : Doctor Sahib, please wind up.

ਡਾਕਟਰ ਮਹਿੰਦਰ ਕੁਮਾਰ ਰਿਨਵਾ : ਮੈਂ ਫਿਰ ਸਪੀਕਰ ਸਾਹਿਬ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਮੈਨੂੰ ਗਵਰਨਰ ਐਡਰੈਸ ਤੇ ਬੋਲਣ ਦਾ ਮੌਕਾ ਦਿੱਤਾ, ਜੈ ਹਿੰਦ।

ਸ੍ਰੀ ਸਪੀਕਰ : ਗਿੱਲ ਸਾਹਿਬ, ਟਾਈਮ ਦਾ ਧਿਆਨ ਜ਼ਰੂਰ ਰੱਖਣਾ ਕਿਉਂਕਿ 12 ਵਜੇ ਮੁੱਖ ਮੰਤਰੀ ਸਾਹਿਬ ਨੇ ਬੋਲਣਾ ਹੈ।

ਸਰਦਾਰ ਮਹਿੰਦਰ ਸਿੰਘ ਗਿੱਲ (ਬਨੂੜ) : ਸਪੀਕਰ ਸਾਹਿਬ, ਤੁਸੀਂ ਮੈਨੂੰ ਪੰਜਾਬ ਦੇ ਲਾਟ ਸਾਹਿਬ ਜੋ 22 ਫਰਵਰੀ ਨੂੰ ਸਾਡੇ ਸਦਨ ਵਿੱਚ ਆਏ ਸਨ ਔਰ ਇਸ ਮਹਾਨ ਸਦਨ ਨੂੰ ਸੰਬੋਧਨ ਕਰਨ ਲਈ ਆਏ ਸਨ, ਉਨ੍ਹਾਂ ਦੇ ਭਾਸ਼ਣ ਤੇ ਬੋਲਣ ਦਾ ਮੌਕਾ ਦਿੱਤਾ ਹੈ, ਤੁਹਾਡਾ ਬਹੁਤ ਬਹੁਤ ਧੰਨਵਾਦ ਔਰ ਆਪਣੀ ਪਾਰਟੀ ਦਾ ਵੀ ਧੰਨਵਾਦ । 19 ਫਰਵਰੀ, ਨੂੰ ਪਿਛਲੇ ਸਾਲ ਪੰਜਾਬ ਦੇ ਵਿੱਚ ਜਿਨ੍ਹਾਂ ਹਾਲਾਤ ਵਿੱਚ ਇਹ ਇਲੈਕਸ਼ਨ ਹੋਏ ਸੰਸਾਰ ਦਾ ਕੋਈ ਵੀ ਦੇਸ਼ ਜਾਂ ਸਾਡੇ ਦੇਸ਼ ਦਾ ਕੋਈ ਵੀ ਪ੍ਰਾਂਤ ਇਹ ਨਹੀਂ ਸੀ ਸਮਝਦਾ ਕਿ ਇਹ ਜਿਹੜੇ ਇਲੈਕਸ਼ਨ ਹਨ, ਪੰਜਾਬ ਦੇ ਵਿੱਚ ਅਮਨ ਅਮਾਨ ਨਾਲ ਸਿਰੇ ਚੜ੍ਹ ਸਕਣਗੇ, ਪਰ ਜਿਸ ਢੰਗ ਨਾਲ ਪੰਜਾਬ ਦੇ ਸਪੂਤ ਵੋਟਰ ਵੀਰਾਂ ਨੇ ਨਿਧੜਕ ਹੋ ਕੇ ਵੋਟਾਂ ਪਾਈਆਂ ਉਹ ਸ਼ਲਾਘਾਯੋਗ ਉਦਮ ਸੀ, ਠੀਕ ਹੈ ਕਿ ਕੁਝ ਲੋਕ ਡਰੇ ਵੀ ਹਨ, ਕੁਝ ਨੇ ਬਾਈ-ਕਾਟ ਵੀ ਕੀਤਾ ਪਰ ਉਨ੍ਹਾਂ ਨੇ ਡਰ ਕਾਰਨ ਬਾਈਕਾਟ ਕੀਤਾ, ਇਸਦੇ ਬਾਰੇ ਮੈਂ ਸਪਸ਼ਟੀਕਰਨ ਦਿੰਦਾ ਹਾਂ ਕਿ ਉਨ੍ਹਾਂ ਹੀ ਵੋਟਰ ਵੀਰਾਂ ਨੇ ਹੁਣ ਦੀਆਂ ਨਗਰਪਾਲਿਕਾ ਅਤੇ ਪੰਚਾਇਤੀ ਇਲੈਕਸ਼ਨਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ ਹੈ। ਪੰਜਾਬ ਦੇ ਹਾਲਾਤ ਪਿਛਲੇ 15 ਸਾਲਾਂ ਤੋਂ ਖਰਾਬ ਹੋਏ ਹਨ ਇਹ ਕੋਈ ਸਾਲ 1982-83 ਤੋਂ ਖਰਾਬ ਨਹੀਂ ਹੋਏ। ਪੰਜਾਬ ਦਾ ਮਸਲਾ 1978 ਤੋਂ ਸ਼ੁਰੂ ਹੋਇਆ ਉਸ ਵੇਲੇ ਪੰਜਾਬ ਦੇ ਵਿੱਚ ਅਕਾਲੀ ਸਰਕਾਰ ਸੀ ਅਤੇ ਉਸ ਵੇਲੇ ਪੰਜਾਬ ਦੇ ਮੁੱਖ ਮੰਤਰੀ ਸਰਦਾਰ

[ਸਰਦਾਰ ਮਹਿੰਦਰ ਸਿੰਘ ਗਿੱਲ]

ਪ੍ਰਕਾਸ਼ ਸਿੰਘ ਬਾਦਲ ਸਨ। ਅੰਮ੍ਰਿਤਸਰ ਵਿੱਚ ਦਿੱਲੀ ਤੋਂ ਆ ਕੇ ਨਿਰੰਕਾਰੀਆਂ ਨੇ ਇਕ ਸਮਾਗਮ ਕੀਤਾ ਔਰ ਇਸ ਨੂੰ ਰੋਕਣ ਲਈ ਮੰਜੀ ਸਾਹਿਬ ਤੋਂ ਅਕਾਲੀ ਦਲ ਅਤੇ ਜਿਸ ਵਿਚ ਸਰਦਾਰ ਜੀਵਨ ਸਿੰਘ ਉਮਰਾਨੰਗਲ ਅਤੇ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਚੇਲੇ ਸ਼ਾਮਿਲ ਸਨ, ਇਸ ਸਮਾਗਮ ਨੂੰ ਰੋਕਣ ਵਾਸਤੇ ਗਏ। ਉਸ ਵੇਲੇ ਦੀ ਅਕਾਲੀ ਸਰਕਾਰ ਫੇਲ੍ਹ ਹੋਈ ਕਿਉਂਕਿ ਜਾਂ ਤਾਂ ਉਸ ਨੂੰ ਇਹ ਸਮਾਗਮ ਕਰਨ ਦੀ ਇਜਾਜ਼ਤ ਹੀ ਨਹੀਂ ਸੀ ਦੇਣੀ ਚਾਹੀਦੀ ਅਤੇ ਜੇ ਇਜਾਜ਼ਤ ਦਿਤੀ ਸੀ ਤਾਂ ਲਾਅ ਐਂਡ ਆਰਡਰ ਦਾ ਵੀ ਪੂਰਾ ਪੂਰਾ ਪ੍ਰਬੰਧ ਕਰਨਾ ਚਾਹੀਦਾ ਸੀ। ਮੰਜੀ ਸਾਹਿਬ ਗੁਰ-ਦੁਆਰੇ ਤੋਂ ਇਸ ਸਮਾਗਮ ਨੂੰ ਰੋਕਣ ਵਾਸਤੇ ਕੁਝ ਲੀਡਰ ਗਏ ਅਤੇ 13 ਅਪਰੈਲ 1978 ਨੂੰ ਵਿਸਾਖੀ ਵਾਲੇ ਦਿਨ ਜਿਹੜਾ ਕਿ ਪਵਿੱਤਰ ਦਿਹਾੜਾ ਹੁੰਦਾ ਹੈ, ਉਸ ਦਿਨ ਉਥੇ 12-13 ਆਦਮੀਆਂ ਨੂੰ ਮਾਰ ਦਿੱਤਾ ਗਿਆ ਇਹ ਕਤਲੇਆਮ 1978 ਵਿੱਚ 13 ਅਪਰੈਲ ਨੂੰ ਵਿਸਾਖੀ ਵਾਲੇ ਦਿਨ ਤੋਂ ਸ਼ੁਰੂ ਹੋਇਆ, ਉਹ ਵੱਧਦਾ ਵੱਧਦਾ ਅਖੀਰ ਸਾਰੇ ਪੰਜਾਬ ਵਿੱਚ ਫੈਲ ਗਿਆ। ਜਿਸ ਢੰਗ ਨਾਲ ਇਹ ਪੰਜਾਬ ਵਿੱਚ ਫੈਲਿਆ, ਉਹ ਸਾਰਾ ਹਾਊਸ ਜਾਣਦਾ ਹੈ ਅਤੇ ਸਾਰਾ ਕੁਝ ਸਾਰੇ ਹਾਊਸ ਦੇ ਸਾਹਮਣੇ ਹੋਇਆ ਹੈ। ਇਸ ਪੰਜਾਬ ਦੇ ਟੁਕੜੇ ਟੁਕੜੇ ਹੋਏ, ਇਸ ਦੀ ਵੰਡ ਹੋਈ। 1947 ਤੋਂ ਪਹਿਲਾਂ ਦਾ ਪੂਰਾ ਪੰਜਾਬ ਗਿਣਿਆ ਜਾਂਦਾ ਸੀ, 1947 ਦੀ ਵੰਡ ਵੇਲੇ ਇਸ ਪੰਜਾਬ ਦਾ ਇੱਕ ਹਿੱਸਾ ਪਾਕਿਸਤਾਨ ਵਿੱਚ ਰਹਿ ਗਿਆ ਅਤੇ 1966 ਵਿੱਚ ਫਿਰ ਇਸ ਪੰਜਾਬ ਦੀ ਵੰਡ ਹੋਈ। ਇਸਦੇ ਬਾਰੇ ਕਾਂਗਰਸ ਵਰਕਿੰਗ ਕਮੇਟੀ ਦਾ ਮਤਾ ਤਾਂ ਇਹ ਸੀ ਕਿ ਮੌਜੂਦਾ ਪੰਜਾਬ ਵਿਚੋਂ ਪੰਜਾਬੀ ਸੂਬਾ ਜੋ ਪੰਜਾਬੀ ਜ਼ਬਾਨ ਦਾ ਜਿਹੜਾ ਖਿੱਤਾ ਹੈ ਉਹ ਕਾਰਵ ਆਊਟ ਕੀਤਾ ਜਾਵੇ ਪਰ ਇਸਦੀ ਬਜਾਏ ਹਿੰਦੀ ਸਪੀਕਿੰਗ ਸਟੇਟ ਹਰਿਆਣਾ ਕੱਢ ਦਿੱਤੀ ਗਈ। ਇਹ ਬੜੀ ਵੱਡੀ ਗੱਲ ਸੀ। ਇਸ ਦੇ ਬਾਅਦ ਸ਼ਿਮਲਾ ਔਰ ਇਸ ਦੀਆਂ ਦੂਜੀਆਂ ਪਹਾੜੀਆਂ ਜਿਹੜੀਆਂ ਕਿ ਮਹਾਂਰਾਜਾ ਰਣਜੀਤ ਸਿੰਘ ਵੇਲੇ ਤੋਂ ਪਹਿਲਾਂ ਦੀਆਂ ਇਸ ਪੰਜਾਬ ਦੀ ਸ਼ਾਨ ਸਨ ਉਹ ਵੀ ਤਸਤਰੀ ਵਿੱਚ ਰੱਖ ਕੇ ਹਿਮਾਚਲ ਨੂੰ ਦੇ ਦਿਤੀਆਂ ਗਈਆਂ, ਅੱਜ ਇਹ ਤੁਹਾਡੇ ਸਭ ਦੇ ਸਾਹਮਣੇ ਹਨ। ਤੁਹਾਨੂੰ ਸੱਭ ਨੂੰ ਪਤਾ ਹੋਵੇਗਾ ਅਤੇ ਸੀ.ਐਮ. ਸਾਹਿਬ ਸਰਦਾਰ ਬੇਅੰਤ ਸਿੰਘ ਜੀ ਨੂੰ ਪਤਾ ਹੀ ਹੋਵੇਗਾ ਕਿ ਸਾਡੀ ਪਹਿਲਾਂ ਰਾਜਧਾਨੀ ਸ਼ਿਮਲੇ ਹੁੰਦੀ ਸੀ, ਗਰਮੀਆਂ ਵਿੱਚ ਉਥੇ ਹੁੰਦੀ ਸੀ ਅਤੇ ਸਰਦੀਆਂ ਵਿਚ ਅਸੀਂ ਆਮ ਤੌਰ ਤੇ ਚੰਡੀਗੜ੍ਹ ਆ ਜਾਂਦੇ ਸੀ। 13 ਅਪਰੈਲ ਨੂੰ ਅਸੀਂ ਸ਼ਿਫਟ ਹੁੰਦੇ ਸਾਂ। ਪਰ ਉਸ ਵੇਲੇ ਕੁਝ ਦਿਨ ਲੇਟ ਹੋ ਗਏ। ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਜੀ ਨੇ ਉਸ ਸਮੇਂ ਦੇ ਮੁੱਖ ਮੰਤਰੀ ਸਰਦਾਰ ਪ੍ਰਤਾਪ ਸਿੰਘ ਕੈਰੋਂ ਨੂੰ ਕਿਹਾ ਕਿ ਤੁਹਾਡਾ ਸ਼ਿਮਲਾ ਖਾਲੀ ਪਿਆ ਹੈ, ਤੁਸੀਂ ਹਿਮਾਚਲ ਪ੍ਰਦੇਸ਼ ਨੂੰ ਕਿਰਾਏ ਤੇ ਦੇ ਦਿਓ। ਉਹ ਸਕੱਤਰੇਤ ਨੂੰ ਕਿਰਾਏ ਤੇ ਵਰਤ ਸਕਦੇ ਹਨ। ਪਰ ਸਰਦਾਰ ਪ੍ਰਤਾਪ ਸਿੰਘ ਕੈਰੋਂ ਜੀ ਨੇ ਕਿਹਾ ਕਿ "ਆਪ ਕਲ੍ਹ ਕਹਿ ਦੇਤੇ ਤੋਂ ਹਮ ਵਹਾਂ ਨਾ ਜਾਤੇ। ਹਮ ਨੇ ਤੋ ਆਜ ਹੀ ਸ਼ਿਫਟ ਕੀਆ ਹੈ। ਫਿਰ ਉਨਹੋਂ ਨੇ ਮੁੱਖ ਸਕੱਤਰ ਕੋ ਹੁਕਮ ਦੀਆ ਕਿ ਆਜ ਹੀ ਸ਼ਿਫਟ ਕੀਆ ਜਾਏ। ਤੋ ਕੱਲ੍ਹ ਹੀ ਕੈਬਨਿਟ ਕੀ ਮੀਟਿੰਗ ਕੀ ਜਾਏ। ਅਗਲੇ ਦਿਨ 11 ਵਜੇ ਕੈਬਨਿਟ ਕੀ ਮੀਟਿੰਗ ਹੂਈ। ਫਿਰ ਉਨਹੋਨੇ ਪੰਡਤ ਜੀ ਕੋ ਟੈਲੀਫੋਨ ਕੀਆ ਕਿ ਕੈਬਨਿਟ ਕੀ ਮੀਟਿੰਗ ਕੀ ਹੈ ਮੈਂ ਸ਼ਿਮਲਾ ਸੇ ਬੋਲ ਰਹਾ ਹੂੰ।"

ਪੰਜਾਬ ਦਾ ਪਿਛੋਕੜ ਹੈ ਕਿ ਅਕਾਲੀਆਂ ਨੇ ਕੁਝ ਵੀ ਨਹੀਂ ਕੀਤਾ। 1966 ਵਿਚ ਜਦੋਂ ਪੰਜਾਬੀ ਸੂਬਾ ਬਣਿਆ, ਉਹ ਤੁਹਾਡੇ ਸਾਹਮਣੇ ਹੈ। ਜਦੋਂ ਸੂਬਾ ਬਣਨ ਦੀ ਤਿਆਰੀ ਹੋਈ, ਕਮਿਸ਼ਨ ਬਣਿਆ ਤਾਂ ਅਕਾਲੀ ਦਲ ਨੇ ਬਾਈਕਾਟ ਕੀਤਾ। ਸੰਤ ਫਤਿਹ ਸਿੰਘ ਇੰਗਲੈਂਡ ਚਲਾ ਗਿਆ।

ਪੰਜਾਬੀ ਸੂਬਾ ਬਣਿਆ, ਇਲੈਕਸ਼ਨਾਂ ਹੋਈਆਂ ਅਤੇ 1966 ਵਿਚ ਪਹਿਲੀ ਅਸੰਬਲੀ ਇਸ ਪਵਿੱਤਰ ਸਦਨ ਵਿਚ ਇਕੱਠੀ ਹੋਈ ਅਤੇ ਰਲ ਮਿਲ ਕੇ ਸਰਕਾਰ ਬਣੀ। ਉਸ ਸਮੇਂ ਮੁੱਖ ਮੰਤਰੀ ਸਨ ਜਸਟਿਸ ਗੁਰਨਾਮ ਸਿੰਘ। ਇਹ ਗੱਲ ਤੁਹਾਡੇ ਸਾਹਮਣੇ ਹੈ ਕਿ ਉਨ੍ਹਾਂ ਦੇ ਹੀ ਇੱਕ ਮੰਤਰੀ ਸਵਰਗਵਾਸੀ ਸ: ਬਲਵੰਤ ਸਿੰਘ ਨੇ ਬਗਾਵਤ ਕਰ ਦਿੱਤੀ ਅਤੇ ਉਨ੍ਹਾਂ ਦੀ ਸਰਕਾਰ ਟੁੱਟ ਗਈ। 9 ਮਹੀਨੇ ਲਈ ਹੋਰ ਸਰਕਾਰ ਬਣੀ। ਮੈਂ ਵੀ ਉਸ ਵੇਲੇ ਐਮ. ਐਲ. ਏ. ਹੁੰਦਾ ਸੀ। ਅਸੀਂ ਉਨ੍ਹਾਂ ਦੀ ਸਪੋਰਟ ਕੀਤੀ। ਸਾਡੀ ਸਪੋਰਟ ਨਾਲ ਹੀ ਪੰਜਾਬੀ ਭਾਸ਼ਾ ਲਾਗੂ ਕਰਨ ਦਾ ਮਤਾ ਪਾਸ ਹੋਇਆ। ਇਹ ਸਾਰਾ ਕੁੱਝ ਕਾਂਗਰਸ ਦੀ ਸਪੋਰਟ ਨਾਲ ਹੀ ਹੋਇਆ। ਫਿਰ ਪਿੰਡਾਂ ਵਿਚ ਸੜਕਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ ਉਸ ਸਮੇਂ ਸਾਡੇ 43 ਐਮ.ਐਲ.ਏ. ਸਨ ਅਤੇ ਸ. ਲਛਮਣ ਸਿੰਘ ਦੀ ਪਾਰਟੀ ਦੇ 17 ਐਮ.ਐਲ.ਏ. ਸਨ। ਪਿੰਡਾਂ ਵਿਚ ਜਿਹੜੀਆਂ ਸੜਕਾਂ ਬਣੀਆਂ, ਉਸ ਵਿਚ ਕਾਂਗਰਸ ਦਾ ਹੀ ਹੱਥ ਹੈ। ਫਿਰ 1969 ਵਿਚ ਪੰਜਾਬ ਵਿਚ ਇਲੈਕਸ਼ਨਾਂ ਹੋਈਆਂ। ਉਸ ਸਮੇਂ ਇਹ ਪੰਜਾਬ ਬੜਾ ਜ਼ਖਮੀ ਸੀ। ਇਸ ਤੇ ਕਾਫੀ ਬੋਝ ਸੀ।ਇਸ ਦੇ ਅਰਥਚਾਰੇ ਤੇ ਬੋਝ ਪੈਂਦਾ ਰਿਹਾ ਹੈ। 1969 ਦੀਆਂ ਇਲੈਕਸ਼ਨਾਂ ਵਿਚ ਜਸਟਿਸ ਗੁਰਨਾਮ ਸਿੰਘ ਦੀ ਸਰਕਾਰ ਫੇਰ ਬਣੀ। ਉਨ੍ਹਾਂ ਨੂੰ ਉਨ੍ਹਾਂ ਦੀ ਪਾਰਟੀ ਨੇ ਹੀ ਡੇਗਿਆ ਫਿਰ ਬਾਦਲ ਸਾਹਿਬ ਮੁੱਖ ਮੰਤਰੀ ਬਣੇ ਤਾਂ ਅਕਾਲੀਆਂ ਦੀ ਇੱਕ ਹੋਰ ਸਰਕਾਰ ਆਈ ਪਰ ਡਿਗ ਗਈ ਪਰ ਕਾਂਗਰਸ ਦੀ ਸਰਕਾਰ 1972 ਤੋਂ 1977 ਤੱਕ ਸਫਲਤਾ ਨਾਲ ਚੱਲੀ। 1966 ਤੋਂ ਬਾਅਦ ਜਿਹੜੀ ਅਕਾਲੀ ਸਰਕਾਰ ਬਣੀ, ਉਹ ਕੋਈ ਦੋ ਸਾਲ ਚੱਲੀ, ਕੋਈ ਢਾਈ ਸਾਲ, ਕੋਈ ਨੌਂ ਮਹੀਨੇ' ਕੋਈ ਇੱਕ ਸਾਲ ਚੱਲੀ। 7-8 ਸਰਕਾਰਾਂ ਅਕਾਲੀਆਂ ਦੀਆਂ ਬਣੀਆਂ। ਜਦੋਂ ਉਹ ਦਿੱਲੀ ਗਏ, ਉਹ ਕੁੱਝ ਦੇ ਕੇ ਹੀ ਆਉਂਦੇ ਰਹੇ ਹਨ ਲੈ ਕੇ ਨਹੀਂ ਆਏ। ਤੁਸੀਂ ਚੰਡੀਗੜ੍ਹ ਦੀਆਂ ਗੱਲਾਂ ਕਰਦੇ ਹੋ। ਉਨ੍ਹਾਂ ਨੇ ਸ੍ਰੀ ਅਕਾਲ ਤਖਤ ਸਾਹਿਬ ਉਤੇ ਅਗਨ ਕੁੰਡ ਬਣਾਏ। ਸੰਤ ਫਤਿਹ ਸਿੰਘ ਨੇ ਅਤੇ ਜੀਵਨ ਸਿੰਘ ਉਮਰਾਨੰਗਲ ਨੇ ਸੜਨ-ਮਰਨ ਦਾ ਪ੍ਰਣ ਕੀਤਾ ਸੀ। ਉਨ੍ਹਾਂ ਦੀ ਜਾਨ ਬਚਾਉਣ ਲਈ ਜਸਟਿਸ ਗੁਰਨਾਮ ਸਿੰਘ ਚੰਡੀਗੜ੍ਹ ਬਾਰੇ ਗੱਲਬਾਤ ਕਰਨ ਦਿੱਲੀ ਗਏ ਪਰ ਉਥੇ ਫੈਸਲਾ ਇਹ ਕਰਵਾਇਆ ਕਿ ਫਾਜ਼ਿਲਕਾ, ਅਬੋਹਰ ਅਤੇ 126 ਪਿੰਡ ਹਰਿਆਣੇ ਨੂੰ ਦੇ ਦਿੱਤੇ ਜਾਣਗੇ। ਪਰ ਕਾਂਗਰਸ ਦੀ ਸਰਕਾਰ ਦਿੱਲੀ ਤੋਂ ਕੁੱਝ ਨਾ ਕੁੱਝ ਲੈ ਕੇ ਆਈ ਹੈ। ਮੈਨੂੰ ਖੁਸ਼ੀ ਹੈ ਕਿ ਇੱਕ ਸਾਲ ਵਿਚ ਚੰਗੇ ਢੰਗ ਨਾਲ ਸਰਕਾਰ ਚੱਲੀ ਹੈ। ਮੈਂ ਇੱਕ ਇਤਿਹਾਸਿਕ ਗੱਲ ਕਹਿਣੀ ਭੁੱਲ ਗਿਆ ਹਾਂ। 1969 ਵਿਚ ਮਹਾਨ ਸ਼ਹੀਦ ਦਰਸ਼ਨ ਸਿੰਘ ਫੇਰੂਮਾਨ ਨੇ ਮਰਨ ਵਰਤ ਰੱਖਿਆ। ਮੇਰਾ ਖਿਆਲ ਹੈ ਕਿ ਉਹ ਭਾਰਤੀ ਇਤਿਹਾਸ ਵਿਚ 20ਵੀਂ ਸਦੀ ਦਾ ਸੁਪਰੀਮ ਸ਼ਹੀਦ ਹੋਇਆ ਹੈ। ਉਹ ਆਪਣੀ ਮਰਜ਼ੀ ਨਾਲ, ਆਪਣੀ ਮਨਸ਼ਾ ਨਾਲ ਸ਼ਹੀਦ ਹੋਇਆ ਹੈ। ਉਸ ਨੂੰ ਅਸੀਂ ਕਿਸ ਤਰ੍ਹਾਂ ਭੁੱਲ ਸਕਦੇ ਹਾਂ ਉਹ 76 ਦਿਨ ਭੁੱਖਾ ਰਿਹਾ। ਉਹ ਚੰਡੀਗੜ੍ਹ ਵਾਸਤੇ ਸ਼ਹੀਦ ਹੋ ਗਿਆ। ਉਸ ਦੀ ਡੈਡ ਬਾਡੀ ਨੂੰ ਅਸੀਂ ਲਿਜਾਉਣਾ ਚਾਹੁੰਦੇ ਸਾਂ। ਉਸ ਦੀ ਇੱਛਾ ਸੀ ਕਿ ਉਸ ਦੀ ਡੈਡ ਬਾਡੀ ਨੂੰ ਦਰਬਾਰ ਸਾਹਿਬ ਮੱਥਾ ਟਿਕਾਇਆ ਜਾਵੇ ਪਰ ਉਸ ਸਮੇਂ ਦੀ ਅਕਾਲੀ ਸਰਕਾਰ ਨੇ ਘੋੜਿਆਂ ਅਤੇ ਡਾਂਗਾਂ ਨਾਲ ਸਾਨੂੰ ਰੋਕਿਆ ਅਤੇ ਕੁੱਟਿਆ ਅਤੇ ਉਨ੍ਹਾਂ ਦੀ ਡੈਡ ਬਾਡੀ ਨੂੰ ਦਰਬਾਰ ਸਾਹਿਬ ਨਾ ਲਿਜਾਣ ਦਿੱਤਾ। ਇਹ ਅਕਾਲੀ ਪੰਜਾਬ ਦੀ ਜ਼ੁੰਮੇਵਾਰੀ ਤੋਂ ਕਿਸ ਤਰ੍ਹਾਂ ਬਚ ਸਕਦੇ ਹਨ। ਮੈਨੂੰ ਖੁਸ਼ੀ ਹੈ ਕਿ ਸਰਦਾਰ ਬੇਅੰਤ ਸਿੰਘ ਜੀ ਜਿਹੜੇ ਕਿ ਪਹਿਲਾਂ ਪਾਰਟੀ ਦੇ ਪ੍ਰਧਾਨ ਸਨ ਅਤੇ ਹੁਣ ਮੁੱਖ ਮੰਤਰੀ ਹਨ, ਜਦੋਂ ਦੀ ਉਨ੍ਹਾਂ ਨੇ ਰਾਜ-ਗੱਦੀ ਸੰਭਾਲੀ ਹੈ, ਪੰਜਾਬ ਵਿਚ ਅਮਨ ਹੋਣਾ ਸ਼ੁਰੂ ਹੋ ਗਿਆ ਹੈ ਨਹੀਂ ਤਾਂ ਜੋ ਪੰਜਾਬ ਦੀ ਹਾਲਤ ਸੀ, ਕੀ ਤਰਨਤਾਰਨ, ਡੇਰਾਬਾਬਾ ਨਾਨਕ, ਖੇਮ ਕਰਨ, ਪੱਟੀ ਤੇ ਕੀ ਕਾਦੀਆਂ, ਜ਼ੀਰਾ ਤੇ ਮਖੂ, ਇਹ ਰੋਪੜ ਵੀ ਜਾਂ ਹੋਰ ਥਾਵਾਂ ਤੇ ਵੈਣ ਹੀ ਪੈਂਦੇ ਸਨ। ਇਕ ਪਰਿਵਾਰ ਨਹੀਂ ਕਈ ਕਈ ਪਰਿਵਾਰ ਕੀ

[ਸਰਦਾਰ ਮਹਿੰਦਰ ਸਿੰਘ ਗਿੱਲ]

ਦਾਦਾ, ਕੀ ਪੋਤਾ, ਕੀ ਧੀ ਤੇ ਕੀ ਨੂੰਹ, ਚਾਰ ਚਾਰ ਸਾਲ ਦੇ, ਤਿੰਨ ਤਿੰਨ ਸਾਲ ਦੇ ਦੋ ਦੋ ਸਾਲ ਦੇ ਬੱਚੇ ਕੋਹੇ ਗਏ ਅਤੇ ਕਹਿੰਦੇ ਕੀ ਸਨ? ਕਹਿੰਦੇ ਸਨ ਕਿ ਅਸੀ ਖਾਲਿਸਤਾਨ ਬਣਾਉਣਾ ਹੈ। ਉਹ ਖਾਲਿਸ-ਤਾਨ ਤਾਂ ਨਹੀਂ ਕਬਾਰਸਤਾਨ ਬਣਾਉਣਾ ਚਾਹੁੰਦੇ ਸਨ (ਥੰਪਿੰਗ) ਮੈਂ ਤਾਂ ਕਹਿੰਦਾ ਹਾਂ ਪੰਜਾਬ ਨੂੰ ਕਬਰਿਸਤਾਨ ਬਣਨ ਤੋ ਰੋਕਿਆ ਹੈ ਸਾਡੀ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ। ਪੰਜਾਬ ਵਿੱਚ ਲੋਕਾਂ ਨੂੰ ਮਾਰਿਆ ਜਾ ਰਿਹਾ ਹੈ, ਲੋਕਾਂ ਨੂੰ ਕੋਹਿਆ ਜਾ ਰਿਹਾ ਹੈ, ਮੌਤ ਦੇ ਘਾਟ ਉਤਾਰਿਆ ਜਾ ਰਿਹਾ ਹੈ, ਪਰ ਉਨ੍ਹਾਂ ਨੂੰ ਕਹਿੰਦੇ ਕੀ ਸਨ ? ਖਾੜਕੂ। ਖਾੜਕੂ ਤਾਂ ਕੋਈ ਚੰਗੇ ਕੰਮ ਕਰਦਾ ਹੈ, ਖਾੜਕੂ ਇਸ ਤਰ੍ਹਾਂ ਦੇ ਕੰਮ ਨਹੀਂ ਕਰਦਾ। ਮੈਂ ਸਮਝਦਾ ਹਾਂ ਕਿ ਉਨ੍ਹਾਂ ਦੇ ਲਈ ਖਾੜਕੂ ਸ਼ਬਦ ਦੀ ਰਾਜਪਾਲ ਦੇ ਭਾਸ਼ਣ ਵਿਚ ਵਰਤੋਂ ਠੀਕ ਨਹੀਂ ਸੀ। ਸਰਕਾਰ ਨੇ ਵੀ ਉਨ੍ਹਾਂ ਨੂੰ ਖਾੜਕੂ ਕਿਹਾ, ਹੋਰਨਾ ਨੇ ਵੀ ਉਨ੍ਹਾਂ ਨੂੰ ਖਾੜਕੂ ਕਿਹਾ, ਖਾੜਕੂ ਤਾਂ ਉਨ੍ਹਾਂ ਨੇ ਏ.ਕੇ. 47 ਦੀ ਨੋਕ ਦੇ ਨਾਲ ਕੁਹਾਇਆ। ਖਾੜਕੂ ਇਸ ਤਰ੍ਹਾਂ ਕੰਮ ਨਹੀਂ ਕਰਦਾ, ਖਾੜਕੂ ਤਾਂ ਚੰਗੇ ਕੰਮ ਕਰਦਾ ਹੈ। ਇਸ ਲਈ ਮੈਂ ਸਮਝਦਾ ਹਾਂ ਕਿ ਉਨ੍ਹਾਂ ਨੂੰ ਖਾੜਕੂ ਕਹਿਣਾ ਵੀ ਠੀਕ ਨਹੀਂ।

ਸਾਡੇ ਮਾਨਯੋਗ ਮੁੱਖ ਮੰਤਰੀ, ਸਰਦਾਰ ਬੇਅੰਤ ਸਿੰਘ ਜੀ ਨੇ ਜਦੋਂ ਪਦ ਸੰਭਾਲਿਆ, ਉਨ੍ਹਾਂ ਨੇ ਜੋ ਪ੍ਰਾਈਮ ਮਨਿਸਟਰ ਸਾਹਿਬ ਨੂੰ ਚਿਠੀ ਲਿਖੀ, ਕੇਂਦਰ ਦੀ ਸਰਕਾਰ ਨੂੰ ਜੋ ਚਿਠੀ ਲਿਖੀ ਕਿ ਪਾਣੀ ਦਾ ਜੋ ਮਸਲਾ ਹੈ, 1 ਨਵੰਬਰ, 1966 ਨੂੰ ਜੋ ਪੋਜੀਸ਼ਨ ਸੀ, ਉਸ ਨੂੰ ਕਾਇਮ ਰੱਖਿਆ ਜਾਵੇ। ਜੋ ਲੈਟਰ ਉਨ੍ਹਾਂ ਨੇ ਲਿਖੀ ਮੈਂ ਸਮਝਦਾ ਹਾਂ ਕਿ ਉਹ ਲੈਟਰ ਹਾਊਸ ਦੀ ਟੇਬਲ ਤੇ ਵੀ ਰੱਖ ਦੇਣੀ ਚਾਹੀਦੀ ਹੈ, ਉਹ ਲੈਟਰ ਪਰੈਸ ਵਿੱਚ ਆ ਚੁੱਕੀ ਹੈ ਔਰ ਉਸ ਦੇ ਬਾਰੇ ਬਾਦਲ ਸਾਹਿਬ ਅਤੇ ਹੋਰ ਅਕਾਲੀ ਦਲਾਂ ਵਾਲੇ ਚੁੱਪ ਹਨ। ਉਹ ਮੁੰਡਿਆਂ ਤੋਂ ਇਤਨੇ ਡਰੇ ਹੋਏ ਸਨ ਕਿ, ਮੇਰੇ ਇਕ ਵੀਰ ਨੇ ਵੀ ਇਸ ਦਾ ਜ਼ਿਕਰ ਇਥੇ ਕੀਤਾ ਹੈ ਕਿ ਸਰਦਾਰ ਬਾਦਲ ਨੇ ਆਪਣੀ ਰਾਖੀ ਲਈ 2 ਜਿਪਸੀਆਂ ਹਰਿਆਣਾ ਤੋਂ ਮੰਗਵਾਈਆਂ। ਸ਼ਾਇਦ ਪੰਜਾਬ ਪੁਲਿਸ ਤੇ ਉਨ੍ਹਾਂ ਨੂੰ ਇਤਬਾਰ ਨਹੀਂ ਸੀ, ਚੌਧਰੀ ਦੇਵੀ ਲਾਲ ਹਰਿਆਣਾ ਦੇ ਜਦੋਂ ਚੀਫ ਮਨਿਸਟਰ ਸਨ ਉਨ੍ਹਾਂ ਤੋਂ 2 ਜਿਪਸੀਆਂ ਮੰਗੀਆਂ, 2 ਜਿਪਸੀਆਂ ਸੀ.ਆਰ.ਪੀ.ਐਫ., 2 ਜਿਪਸੀਆਂ ਬੀ.ਐਸ.ਐਫ. ਦੀਆਂ, 2 ਜਿਪਸੀਆਂ ਪੰਜਾਬ ਸਰਕਾਰ ਦੀਆਂ ਉਨ੍ਹਾਂ ਕੋਲ ਸਨ। 8 ਜਿਪਸੀਆਂ ਉਨ੍ਹਾਂ ਦੀ ਸਿਕਿਉਰਿਟੀ ਵਾਸਤੇ ਸਨ । ਟੋਹੜਾ ਸਾਹਿਬ ਵਾਸਤੇ ਵੀ ਇਸ ਤਰ੍ਹਾਂ ਹੀ ਸਿਕਿਉਰਿਟੀ ਹੈ ਕਿ ਇਕ ਜਿਪਸੀ ਉਨ੍ਹਾਂ ਦੇ ਅੱਗੇ ਅਤੇ ਇਕ ਪਿੱਛੇ ਰਹਿੰਦੀ ਹੈ ਉਨ੍ਹਾਂ ਨੇ ਇਲੈਕਸ਼ਨਾਂ ਦਾ ਬਾਈਕਾਟ ਆਪ ਨਹੀਂ ਸੀ ਕੀਤਾ ਸਗੋਂ ਡਰਦੇ ਮਾਰੇ ਉਨ੍ਹਾਂ ਨੇ ਇਹ ਬਾਈਕਾਟ ਕੀਤਾ ਸੀ। ਮੌਤ ਤੋਂ ਡਰਦਿਆਂ ਮਾਰਿਆਂ ਉਨ੍ਹਾਂ ਨੇ ਬਾਈਕਾਟ ਕੀਤਾ ਸੀ। ਰਾਂਜਨੀਤਿਕ ਤੌਰ ਤੇ ਉਨ੍ਹਾਂ ਨੇ ਇਲੈਕਸ਼ਨਾਂ ਦਾ ਕੋਈ ਬਾਈਕਾਟ ਨਹੀਂ ਸੀ ਕੀਤਾ, ਉਨ੍ਹਾਂ ਨੂੰ ਡਰਾਇਆ ਗਿਆ ਸੀ ਕਿ ਤੇਰਾ ਇਕੋ ਇਕ ਮੁੰਡਾ ਹੈ, ਉਸ ਨੂੰ ਮਾਰ ਦਿਆਂਗੇ ਜੇ ਤੂ ਇਲੈਕਸ਼ਨਾਂ ਦਾ ਬਾਈਕਾਟ ਨਾ ਕੀਤਾ ਤਾਂ, ਇਸ ਲਈ ਉਨ੍ਹਾਂ ਨੇ ਡਰਦਿਆਂ ਮਾਰਿਆਂ ਬਾਈਕਾਟ ਕੀਤਾ ਸੀ। ਜੇ ਡਰਦਿਆਂ ਮਾਰਿਆਂ ਬਾਈਕਾਟ ਨਾ ਕੀਤਾ ਹੁੰਦਾ ਤਾਂ ਫਿਰ ਹੁਣ ਮਿਊਂਸਪਲ ਕਮੇਟੀਆਂ ਦੀਆਂ ਇਲੈਕਸ਼ਨਾਂ ਵਿੱਚ, ਪੰਚਾਇਤਾਂ ਦੀਆਂ ਇਲੈਕਸ਼ਨਾਂ ਵਿੱਚ ਹਿੱਸਾ ਨਾ ਲੈਂਦੇ। ਸਾਥੀ ਸਾਹਿਬ ਨੇ ਇਥੇ ਇਹ ਗੱਲ ਕਹੀ ਹੈ ਕਿ ਕਾਂਗਰਸ ਨੇ ਵੀ ਬਾਈਕਾਟ ਕੀਤਾ ਸੀ। ਅਸੀਂ ਇਸ ਗੱਲ ਨੂੰ ਮੰਨਦੇ ਹਾਂ, ਇਹ ਇਕ ਇਤਿਹਾਸਕ ਫੈਕਟ ਹੈ। ਉਸ ਵੇਲੇ ਸਵਰਗ-ਵਾਸੀ ਸ੍ਰੀ ਰਾਜੀਵ ਗਾਂਧੀ ਜੀ ਦੀ ਸੋਚ ਠੀਕ ਸੀ। ਕਿ ਇਹ ਇਲੈਕਸ਼ਨ ਜੋ ਹਨ ਇਹ ਅਮਨ ਅਤੇ ਸ਼ਾਂਤੀ ਨਾਲ ਨਹੀਂ ਹੋ ਸਕਦੇ। ਤੁਸੀਂ ਦੇਖਿਆ ਕਿ 27 ਕੈਂਡੀਡੇਟਸ ਉਸ ਇਲੈਕਸ਼ਨ ਵਿੱਚ ਮਾਰੇ ਗਏ। ਗੱਡੀ ਵਿੱਚੋਂ ਜੋ ਲੁਧਿਆਣਾ ਤੇ ਫੀਰੋਜ਼ਪੁਰ ਨੂੰ ਜਾ ਰਹੀ ਸੀ, ਉਸ ਦੇ ਵਿੱਚ ਅੰਧਾ ਧੁੰਧ ਫਾਇਰਿੰਗ ਜੋ

ਕੀਤੀ ਗਈ, ਉਸ ਤਰ੍ਹਾਂ ਤਾਂ 1947 ਵਿੱਚ ਵੀ ਨਹੀਂ ਸੀ ਹੋਇਆ ਜਿਸ ਤਰ੍ਹਾਂ ਉਸ ਵੇਲੇ ਕੀਤਾ ਗਿਆ। ਲੁਧਿਆਣਾ ਵਿਚ ਹੋਮ ਮਨਿਸਟਰ ਸਾਹਿਬ ਦੀ ਕਾਰ ਨੂੰ ਉਡਾਉਣ ਦਾ ਯਤਨ ਕੀਤਾ ਗਿਆ। (ਸ੍ਰੀ ਵਿਜੇ ਕੁਮਾਰ ਸਾਥੀ ਵਲੋਂ ਵਿਘਨ) ਉਸ ਵੇਲੇ ਤੁਹਾਡਾ ਰਾਜ ਸੀ। ਚੰਦਰ ਸ਼ੇਖਰ ਜੀ ਦਾ ਰਾਜ ਸੀ। ਸਾਥੀ ਸਾਹਿਬ ਜੇ ਮੈਂ ਦਿੱਲੀ ਦਾ ਕਿੱਸਾ ਖੋਲ੍ਹਣ ਲਗਾਂ ਤਾਂ ਇਹ ਠੀਕ ਨਹੀਂ ਹੋਵੇਗਾ। ਅਕਾਲੀਆਂ ਨਾਲੋਂ ਤੁਹਾਡਾ ਵੀ ਹਾਲ ਕੋਈ ਚੰਗਾ ਨਹੀਂ (ਵਿਘਨ) ਇਹ ਇਤਿਹਾਸਕ ਗੱਲਾਂ ਹਨ, ਜਦੋਂ ਵੀ ਪੰਚਾਇਤਾਂ ਦੀਆਂ ਇਲੈਕਸ਼ਨਾਂ ਹੋਈਆਂ ਉਹ ਕਾਂਗਰਸ ਦੇ ਰਾਜ ਵਿੱਚ ਹੋਈਆਂ। ਮੈਂ ਹਾਊਸ ਦੇ ਵਿੱਚ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਸਪੱਸ਼ਟ ਤੌਰ ਤੇ ਪੰਜਾਬ ਦੇ ਲੋਕਾਂ ਤਕ ਇਹ ਗੱਲ ਪਹੁੰਚਾਉਣੀ ਚਾਹੁੰਦਾ ਹਾਂ ਕਿ ਜਦੋਂ ਵੀ ਪੰਚਾਇਤਾਂ ਦੀਆਂ ਇਲੈਕਸ਼ਨਾਂ ਹੋਈਆਂ ਇਹ ਕਾਂਗਰਸ ਦੇ ਰਾਜ ਵਿੱਚ ਹੀ ਹੋਈਆਂ 1960 ਦੇ ਵਿੱਚ ਜਦੋਂ ਇਹ ਇਲੈਕਸ਼ਨਾਂ ਹੋਈਆਂ ਤਾਂ ਉਸ ਵੇਲੇ ਸਰਦਾਰ ਪ੍ਰਤਾਪ ਸਿੰਘ ਕੈਰੋਂ ਦਾ ਰਾਜ ਇਥੇ ਸੀ । (ਥੰਪਿੰਗ) ਉਸ ਵੇਲੇ ਪ੍ਰਧਾਨ ਮੰਤਰੀ, ਪੰਡਿਤ ਜਵਾਹਰ ਲਾਲ ਨਹਿਰੂ ਨੇ ਚੰਡੀਗੜ੍ਹ ਰਾਜਿੰਦਰਾ ਪਾਰਕ ਵਿਚ ਕਲੱਬ ਦੇ ਕੋਲ ਪੰਚਾਂ ਅਤੇ ਸਰਪੰਚਾਂ ਨੂੰ ਸੋਹੁੰਆਂ ਚੁਕਵਾਈਆਂ । ਫਿਰ 1963 ਵਿੱਚ ਇਲੈਕਸ਼ਨਾਂ ਹੋਈਆਂ। ਮੈਂ ਵੀ ਫੇਰੂਸ਼ਹਿਰ, ਜ਼ਿਲ੍ਹਾ ਫਿਰੋਜ਼ਪੁਰ ਦੇ ਪਿੰਡ ਦਾ ਸਰਪੰਚ ਉਸ ਵੇਲੇ ਬਣਿਆ ਸੀ। ਉਹ ਇਲੈਕਸ਼ਨਾਂ ਵੀ ਕਾਂਗਰਸ ਦੇ ਰਾਜ ਵਿਚ ਹੋਈਆਂ। ਫਿਰ 1973 ਵਿਚ ਹੋਈਆਂ ਤਾਂ 1972 ਤੋਂ 1977 ਤਕ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਸੀ, ਕਾਂਗਰਸ ਦੀ ਸਰਕਾਰ ਸੀ, ਉਸ ਵੇਲੇ ਹੋਈਆਂ। ਫਿਰ 1983 ਵਿਚ ਇਲੈਕਸ਼ਨਾਂ ਹੋਈਆਂ ਤਾਂ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਸੀ, ਕਾਂਗਰਸ ਦੀ ਸਰਕਾਰ ਸੀ ਅਤੇ ਅੱਜ 1993 ਵਿਚ ਪੰਜਾਬ ਦੇ ਲੋਕਾਂ ਨੂੰ ਆਪਣੇ ਨੁਮਾਇੰਦੇ ਚੁਣਨ ਦਾ, ਪੰਚ ਸਰਪੰਚ ਚੁਣਨ ਦਾ ਮੌਕਾ ਮਿਲਿਆ ਹੈ ਤਾਂ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਹੈ, ਕਾਂਗਰਸ ਦੀ ਸਰਕਾਰ ਹੈ । ਪਰ ਇਨ੍ਹਾਂ ਅਕਾਲੀਆਂ ਨੇ ਤਾਂ ਕਦੇ ਪਿੰਡਾਂ ਦੇ ਲੋਕਾਂ ਨੂੰ ਵੀ ਹੱਕ ਨਹੀਂ ਦਿਤਾ ਕਿ ਉਹ ਆਪਣੇ ਨੁਮਾਇੰਦੇ ਚੁਣ ਸਕਣ। ਬਲਕਿ ਇਹ ਤਾਂ ਇਸ ਤਰ੍ਹਾਂ ਦੀ ਅਮੈਂਡਮੈਂਟ ਕਰਨ ਲਗੇ ਸੀ ਕਿ ਪੰਚ ਹੀ ਸਰਪੰਚ ਚੁਣਨ ਔਰ ਜਦ ਮਰਜ਼ੀ ਆਏ ਉਸ ਨੂੰ ਲਾਹ ਕੇ ਸੁੱਟ ਦੇਣ। ਹੁਣ ਸਾਰੇ ਪਿੰਡ ਵਾਲਿਆਂ ਨੇ ਆਪਣਾ ਸਿੱਧਾ ਸਰਪੰਚ ਚੁਣਿਆ ਹੈ, ਮਜਾਲ ਹੈ ਕਿ ਕੋਈ ਉਸ ਨੂੰ ਹਿਲਾ ਸਕੇ। ਮੈਂ ਕਹਿੰਦਾ ਹਾਂ ਕਿ ਸਰਦਾਰ ਬੇਅੰਤ ਸਿੰਘ ਨੇ ਇਲੈਕਸ਼ਨ ਕਰਵਾਏ, ਮੈਂ ਪਹਿਲਾਂ ਇਤਿਹਾਸ ਦਸ ਚੁੱਕਾਂ ਹਾਂ, ਅਕਾਲੀਆਂ ਨੇ ਕਦੇ ਪੰਜਾਬ ਦੇ ਲੋਕਾਂ ਦੇ ਹਿਤ ਦੀ ਕੋਈ ਗੱਲ ਨਹੀਂ ਕੀਤੀ।

ਹੁਣ ਮੈਂ ਪੰਜਾਬ ਦੇ ਮਸਲੇ ਦੀ ਗੱਲ ਹਾਊਸ ਵਿਚ ਖੁਲ੍ਹ ਕੇ ਕਰਨੀ ਚਾਹੁੰਦਾ ਹਾਂ । ਇਹ ਜਿਹੜੇ ਮੇਰੇ ਸਾਥੀ ਬੈਠੇ ਹਨ (ਆਪੋਜੀਸ਼ਨ ਵਲ ਇਸ਼ਾਰਾ) ਔਰ ਕਾਂਗਰਸ ਪਾਰਟੀ ਵਾਲੇ ਵੀ ਧਿਆਨ ਦੇਣਗੇ ਕਿ ਸਾਡੇ ਮੁੱਖ ਮੰਤਰੀ ਸਾਹਿਬ ਨੇ ਮਹਾਂ ਪੰਜਾਬ ਦੀ ਗੱਲ ਕੀਤੀ ਹੈ ਅਤੇ ਸ੍ਰੀ ਭਜਨ ਲਾਲ ਨੇ ਵੀ ਮਹਾਂ ਪੰਜਾਬ ਦੀ ਗਲ ਕੀਤੀ ਹੈ। ਹਿਮਾਚਲ ਵਾਲੇ ਚੁਪ ਹਨ, ਉਹ ਸ਼ਾਮਲ ਕੀਤੇ ਜਾਣਗੇ ਜਾਂ ਨਹੀਂ। ਮੈਂ ਹਾਊਸ ਵਿਚ ਆਪਣੀ ਇਕ ਨਿਜੀ ਰਾਏ ਦੇਣਾ ਚਾਹੁੰਦਾ ਹਾਂ। ਇਸ ਹਾਊਸ ਵਿਚ ਸਾਰੇ ਅੱਛੇ ਆਦਮੀ ਚੁਣ ਕੇ ਆਏ ਹਨ ਔਰ ਜਿਨ੍ਹਾਂ ਨੇ ਪੰਜਾਬ ਦਾ ਬੇੜਾ ਗਰਕ ਕੀਤਾ ਹੈ, ਉਹ ਨਹੀਂ ਆਏ ਅਗਰ ਉਹ ਵੀ ਬੈਠੇ ਹੁੰਦੇ ਤਾਂ ਉਹ ਵੀ ਸੁਣ ਲੈਂਦੇ। ਸਰਦਾਰ ਬੇਅੰਤ ਸਿੰਘ ਦੀ ਮਹਿਮਾਂ ਇਕੱਲੇ ਪੰਜਾਬ ਵਿਚ ਹੀ ਨਹੀਂ, ਹਿੰਦੁਸਤਾਨ ਵਿਚ ਹੀ ਨਹੀਂ ਬਲਕਿ ਸਾਰੀ ਦੁਨੀਆਂ ਵਿਚ ਹੈ ਅਮਰੀਕਾਂ ਵਿੱਚੋਂ ਨਿਊ ਜਰਸੀ ਵਾਲਿਆਂ ਨੇ ਮਤਾ ਪਾਸ ਕਰਕੇ ਵਧਾਈ ਭੇਜੀ ਹੈ ਕਿ ਪੰਜਾਬ ਵਿਚ 80 ਪ੍ਰਤੀਸ਼ਤ ਟੈਰੋਰਿਜ਼ਮ ਖਤਮ ਕਰ ਦਿਤਾ ਗਿਆ ਹੈ (ਵਿਘਨ) ਉਨ੍ਹਾਂ ਨੇ ਮਤਾ ਪਾਸ ਕੀਤਾ ਹੈ ਕਿ ਸੰਸਾਰ ਦੇ ਕਿਸੇ ਵੀ ਦੇਸ਼ ਵਿਚ ਇਸ ਤਰ੍ਹਾਂ ਦੀ ਵੱਡੀ ਗਲ ਨਹੀਂ ਹੋਈ, ਜਿਹੜੀ ਸਰਦਾਰ ਬੇਅੰਤ ਸਿੰਘ ਨੇ ਕੀਤੀ ਹੈ। ਮੈਂ ਆਪਣੀ ਖੁੱਲ੍ਹੀ ਰਾਏ ਦੇਣਾ ਚਾਹੁੰਦਾ ਹਾਂ ਕਿ ਦਿੱਲੀ ਨੂੰ ਮਹਾਂ ਦਿੱਲੀ ਬਣਾ ਦਿਤਾ ਜਾਏ ਔਰ ਪੰਜਾਬ ਨੂੰ

[ਸਰਦਾਰ ਮਹਿੰਦਰ ਸਿੰਘ ਗਿੱਲ]

ਅਸਲੀ ਪੰਜਾਬ ਬਣਾ ਦਿਤਾ ਜਾਏ, ਅੱਜ ਵੀ ਇਸ ਤੇ ਵਿਚਾਰ ਹੋ ਸਕਦਾ ਹੈ ਜੇਕਰ ਸਾਰਾ ਹਾਊਸ ਸਹਿਮਤ ਹੋਵੇ। ਸਰਦਾਰ ਬੇਅੰਤ ਸਿੰਘ ਸਾਡੀ ਕਾਂਗਰਸ ਵਰਕਿੰਗ ਕਮੇਟੀ ਦੇ ਵੀ ਮੈਂਬਰ ਹਨ ਅਤੇ ਡਿਸਪਲਨਰੀ ਐਕਸ਼ਨ ਕਮੇਟੀ ਦੇ ਵੀ ਮੈਂਬਰ ਹਨ। ਮੈਂ ਕਹਿੰਦਾ ਹਾਂ ਕਿ ਇਸ ਪੰਜਾਬ ਨੂੰ ਅਸਲ ਪੰਜਾਬ ਬਣਾਇਆ ਜਾਏ ਇਸਨੂੰ ਜ਼ਖਮੀ ਦਾਂ ਲੰਗੜਾ ਪੰਜਾਬ ਨਾ ਰਹਿਣ ਦਿਤਾ ਜਾਏ। ਮਹਾਂ ਦਿੱਲੀ ਬਣ ਜਾਏ ਔਰ ਦਿੱਲੀ ਦੇ ਨਾਲ ਲਗਦੇ ਇਲਾਕੇ ਹਿਸਾਰ, ਰੋਹਤਕ, ਗੁੜਗਾਵਾਂ ਅਤੇ ਮਹਿੰਦਰਗੜ੍ਹ ਆਦਿ ਲਗਾ ਦਿਤੇ ਜਾਣ ਅਤੇ ਪੰਜਾਬ ਇਧਰ ਪਾਨੀਪਤ ਤਕ ਇਸ ਦੀ ਹੱਦ ਬਣ ਜਾਵੇ ਤਾਂ ਹੀ ਇਹ ਸਾਡਾ ਅਸਲੀ ਪੰਜਾਬ ਹੋਵੇਗਾ। ਸ਼ਿਮਲਾ ਸਮੇਤ ਕਸੌਲੀ ਔਰ ਡਲਹੌਜ਼ੀ ਵਗੈਰਾ ਪੰਜਾਬ ਨਾਲ ਲਗਾ ਦੇਣ। ਜੇ ਕਰ ਅਸੀਂ ਹੁਣ ਉਥੇ ਕਮੇਟੀ ਦੀਆਂ ਮੀਟਿੰਗਾਂ ਰਖਦੇ ਹਾਂ ਤਾਂ ਸਾਨੂੰ ਉਨ੍ਹਾਂ ਤੋਂ ਇਜਾਜ਼ਤ ਲੈਣੀ ਪੈਂਦੀ ਹੈ, ਜੇਕਰ ਇਹ ਇਲਾਕੇ ਪੰਜਾਬ ਵਿਚ ਆ ਜਾਣਗੇ ਤਾਂ ਅਸੀਂ ਆਪਣੀਆਂ ਕਮੇਟੀਆਂ ਦੀਆਂ ਮੀਟਿੰਗਾਂ ਵਗੈਰਾ ਗਰਮੀਆਂ ਵਿਚ ਉਥੇ ਕਰ ਸਕਦੇ ਹਾਂ। ਮੈਂ ਕਹਿੰਦਾ ਹਾਂ ਕਿ ਅਗਰ ਮੁੱਖ ਮੰਤਰੀ ਜੀ ਚਾਹੁਣ ਤਾਂ ਇਸ ਕਿਸਮ ਦਾ ਇਕ ਰੈਜ਼ੋਲਿਊਸ਼ਨ ਹਾਊਸ ਵਿਚ ਲੈ ਆਉਣ ਜਿਸ ਨਾਲ ਹਰਿਆਣਾ ਦੀ ਹੋਂਦ ਖਤਮ ਹੋ ਕੇ ਮਹਾਂ ਦਿੱਲੀ ਬਣ ਜਾਏ ਇਸ ਨਾਲ ਚੰਡੀਗੜ੍ਹ ਦਾ ਮਸਲਾ ਵੀ ਹਲ ਹੋ ਜਾਵੇਗਾ। ਇਸ ਤਰ੍ਹਾਂ ਉਧਰ ਮਹਾਂ ਦਿਲੀ ਬਣ ਜਾਏ। ਸ੍ਰੀ ਭਜਨ ਲਾਲ ਜੀ ਉਥੇ ਦੇ ਮੁੱਖ ਮੰਤਰੀ ਆਸਾਨੀ ਨਾਲ ਬਣ ਸਕਦੇ ਹਨ, ਇਧਰ ਸਾਨੂੰ ਸਾਡਾ ਅਸਲੀ ਪੰਜਾਬ ਮਿਲ ਜਾਏਗਾ। 1966 ਤੋਂ ਪਹਿਲਾਂ ਸਾਡਾ ਬਾਰਡਰ ਦਿੱਲੀ ਨੂੰ ਟੱਚ ਕਰਦਾ ਸੀ ਅਤੇ ਸਾਰੇ ਰਾਜ ਵਿਚ ਪੰਜਾਬੀ ਦਾ ਬੋਲ ਬਾਲਾ ਸੀ। ਹੁਣ ਹਰਿਆਣਾ ਵਿੱਚ ਜਿਥੇ ਸੈਕੰਡ ਲੈਂਗੁਏਜ਼ ਸ਼ਾਇਦ ਤੈਲਗੂ ਰੱਖੀ ਹੈ। ਇਹ ਬਹੁਤ ਬੜਾ ਗੰਭੀਰ ਮਸਲਾ ਹੈ। ਇਹ ਮੇਰੀ ਨਿਜੀ ਰਾਏ ਹੈ। ਇਸ ਉਤੇ ਵਿਚਾਰ ਕਰ ਲਵੋ। ਇਹ ਮੇਰਾ ਆਪਣਾ ਨਿੱਜੀ ਵਿਚਾਰ ਹੈ। ਹਰਿਆਣੇ ਦੀ ਕੋਈ ਲੋੜ ਨਹੀਂ ਹੈ। ਮਹਾਂ ਦਿੱਲੀ ਬਣਾ ਦਿੱਤਾ ਜਾਵੇ ਔਰ ਪਾਨੀਪਤ ਤਕ ਦਾ ਇਲਾਕਾ ਪੰਜਾਬ ਵਿਚ ਸ਼ਾਮਲ ਕਰ ਦਿਤਾ ਜਾਵੇ ......

ਸ੍ਰੀ ਸਪੀਕਰ : ਵਾਈਂਡ ਅੱਪ ਕਰੋ ਜੀ।

ਸਰਦਾਰ ਮਹਿੰਦਰ ਸਿੰਘ ਗਿੱਲ : ਸਪੀਕਰ ਸਾਹਿਬ, ਜਦੋਂ ਦੀ ਇਨ੍ਹਾਂ ਨੇ ਪੰਜਾਬ ਦੀ ਸਰਕਾਰ ਦੀ ਵਾਗਡੋਰ ਸੰਭਾਲੀ ਹੈ ਸਰਦਾਰ ਬੇਅੰਤ ਸਿੰਘ ਹੋਰਾਂ ਨੇ ਅਤਿਵਾਦ ਨੂੰ ਨੱਥ ਪਾਈ ਹੈ। ਬਾਜਵਾ ਸਾਹਿਬ ਨੇ ਠੀਕ ਹੀ ਦੱਸਿਆ ਹੈ ਕਿ ਜਦੋਂ ਅਸੀਂ ਪ੍ਰਧਾਨ ਮੰਤਰੀ ਜੀ ਦੀ ਕੋਠੀ ਗਏ ਸੀ ਤਾਂ ਉਨ੍ਹਾਂ ਕਿਹਾ ਸੀ ਕਿ ਇਹ ਕੰਡਿਆ ਦੀ ਸੇਜ ਹੈ। ਔਰ ਹੈ ਵੀ ਬਿਲਕੁਲ ਠੀਕ, ਕਿਉਂਕਿ ਉਸ ਵੇਲੇ ਕੋਈ ਮਾਈ ਦਾ ਲਾਲ ਅੱਗੇ ਨਹੀਂ ਆਉਂਦਾ ਸੀ। ਪਰ ਅਸੀਂ ਇਹ ਮਾਣ ਨਾਲ ਕਹਿ ਸਕਦੇ ਹਾਂ ਕਿ ਕਾਂਗਰਸ ਪਾਰਟੀ ਅੱਗੇ ਆਈ ਜਦੋਂ ਕਿ ਹਰ ਕੋਈ ਸੋਚਦਾ ਸੀ ਕਿ ਪਤਾ ਨਹੀਂ ਹੈ ਕਿਹੜੇ ਵੇਲੇ ਗੋਲੀ ਦਾ ਸ਼ਿਕਾਰ ਹੋ ਜਾਈਏ। ਇਹੋ ਕਾਰਨ ਹੈ ਕਿ ਬਹੁਤ ਸਾਰੇ ਨਵੇਂ ਮੈਂਬਰ ਸਾਹਿਬਾਨ ਸਦਨ ਵਿਚ ਆਏ ਹਨ। ਸਰਦਾਰ ਉਮਰਾਓ ਸਿੰਘ ਸੰਨ 1957 ਦੇ ਹਨ, ਬਰਾੜ ਸਾਹਿਬ 1962 ਦੇ ਹਨ, ਮੈਂ ਅਤੇ ਬਹਿਲ ਸਾਹਿਬ ਸੰਨ 1967 ਦੇ ਹਾਂ ਔਰ ਸ. ਬੇਅੰਤ ਸਿੰਘ, ਡਾਕਟਰ ਕੇਵਲ ਕ੍ਰਿਸ਼ਨ ਜੀ ਅਤੇ ਸ. ਦਿਲਬਾਗ ਸਿੰਘ ਡਾਲੇਕੇ ਵੀ 1979 ਦੇ ਮੈਂਬਰ ਹਨ। ਮੈਨੂੰ ਖੁਸ਼ੀ ਹੈ ਕਿ ਮੁੱਖ ਮੰਤਰੀ ਜੀ ਨੇ ਅਤਿਵਾਦ ਨੂੰ ਨੱਥ ਪਾਈ ਹੈ। ਇਹ ਪੂਰੀ ਮੁਬਾਰਿਕਬਾਦ ਦੇ ਹੱਕਦਾਰ ਹਨ (ਥੰਪਿੰਗ) ਅੱਜ ਅਤਿਵਾਦੀਆਂ ਦੀ ਗਿਣਤੀ ਦੋ-ਚਾਰ ਹੀ ਰਹਿ ਗਈ ਹੈ। ਪੰਜਵੜ ਹੈ, ਜਫਰਵਾਲ ਹੈ ਜਾਂ ਬਿੱਟੂ ਹੈ, ਇਹ ਤਿੰਨ ਰਹਿ ਗਏ ਹਨ। ਮੈਂ ਸਰਦਾਰ ਬੇਅੰਤ ਸਿੰਘ ਜੀ ਨੂੰ ਵਧਾਈ ਦਿੰਦਾ ਹਾਂ ਕਿ ਜਿਸ ਢੰਗ ਨਾਲ ਪੰਜਾਬ ਦੀ ਪੱਗ ਨੂੰ ਔਰ ਪੰਜਾਬ ਦੀ ਇਜ਼ਤ ਨੂੰ ਇਨ੍ਹਾਂ ਨੇ ਬਚਾਇਆ ਹੈ, ਇਹ ਵਧਾਈ ਦੇ ਪਾਤਰ ਹਨ (ਥੰਪਿੰਗ)।

ਸਪੀਕਰ ਸਾਹਿਬ, ਮੈਂ ਇੱਕ ਗੱਲ ਹੋਰ ਕਹਿਣਾ ਚਾਹੁੰਦਾ ਹਾਂ ਸਾਰੇ ਮੈਂਬਰ ਸਾਹਿਬਾਨ ਦੀ ਦਿਲ-ਚਸਪੀ ਦੀ ਇਹ ਗੱਲ ਹੈ ਕਿ ਪੰਜਾਬ ਦਾ ਐਮ.ਐਲ.ਏ. ਜਿਹੜਾ ਹੈ, ਪਰੋਟੋਕੋਲ ਦੇ ਹਿਸਾਬ ਨਾਲ ਉਹ ਚੀਫ ਸੈਕਟਰੀ ਤੋਂ ਸੀਨੀਅਰ ਹੈ ਪਰ ਪੰਜਾਬ ਵਿਚ ਪੰਜਾਬ ਦੇ ਐਮ.ਐਲ.ਏ. ਨੂੰ ਪ੍ਰਾਪਰ ਮਾਨਤਾ ਨਹੀਂ ਦਿੱਤੀ ਜਾਂਦੀ (ਥੰਪਿੰਗ)। ਮੈਨੂੰ ਪੂਰੀ ਉਮੀਦ ਹੈ ਕਿ ਤੁਸੀਂ ਪੁਰਾਣੇ ਆਦਮੀ ਹੋ, ਤੁਸੀਂ ਵੀ ਸੰਨ 1972 ਵਿਚ ਐਮ.ਐਲ.ਏ. ਸੀ ਫਿਰ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਵਿਚ ਮੰਤਰੀ ਵੀ ਰਹੇ ਹੋ, ਸਰਦਾਰ ਬੇਅੰਤ ਸਿੰਘ ਵੀ 1972 ਵਿਚ ਐਮ.ਐਲ.ਏ. ਸਨ ਔਰ ਇਹ ਪ੍ਰਦੇਸ਼ ਕਾਂਗਰਸ ਪਾਰਟੀ ਦੇ ਪ੍ਰਧਾਨ ਰਹੇ ਹਨ। ਇਨ੍ਹਾਂ ਨੇ ਪੰਜਾਬ ਦੀ ਬਹੁਤ ਸੇਵਾ ਕੀਤੀ ਹੈ। ਸਪੀਕਰ ਸਾਹਿਬ, ਸੰਨ 1962 ਤੋਂ ਜਾਂ ਸੰਨ 1972 ਤੋਂ ਚਲਦੇ ਆ ਰਹੇ ਮਾਨਯੋਗ ਮੈਂਬਰ ਕਿਤਨੇ ਕੁ ਹਨ ? ਬਹੁਤ ਥੋੜੇ ਹਨ ਔਰ ਉਹ ਜਾਣਦੇ ਹਨ ਕਿ ਪਹਿਲਾਂ ਕਿਤਨੀਂ ਇਜ਼ਤ ਹੁੰਦੀ ਸੀ ਮੈਂਬਰ ਸਾਹਿਬਾਨ ਦੀ। ਇਸ ਲਈ, ਮੈਂ ਕਹਾਂਗਾ ਕਿ ਅਫਸਰਾਂ ਨੂੰ ਕਹੋ ਕਿ ਉਹ ਮਾਨਯੋਗ ਮੈਂਬਰਾਂ ਦਾ ਪੂਰਾ ਪੂਰਾ ਆਦਰ ਮਾਨ ਕਰਿਆ ਕਰਨ, ਨਹੀਂ ਤਾਂ ਉਨ੍ਹਾਂ ਨੂੰ ਵੀ ਨੱਥ ਪਾਓ। ਮੈਂ ਤੁਹਾਨੂੰ ਦੱਸਦਾ ਹਾਂ ਕਿ ਸਾਡਾ ਇਕ ਮਾਨਯੋਗ ਮੈਂਬਰ ਐਸ.ਐਸ. ਪੀ. ਫਿਰੋਜ਼ਪੁਰ ਨੂੰ ਉਸ ਦੇ ਘਰ ਮਿਲਣ ਗਿਆ ਹਾਲਾਂ ਕਿ ਉਹ ਅਫਸਰ ਘਰ ਦੇ ਅੰਦਰ ਸੀ ਪਰ ਉਸ ਨੂੰ ਬਾਹਰੋਂ ਹੀ ਮੋੜ ਦਿੱਤਾ ਕਿ ਘਰ ਨਹੀਂ ਹੈ। ਅੱਜ ਕਿਸੇ ਐਸ.ਐਸ.ਪੀ. ਜਾਂ ਕਿਸੇ ਡਿਪਟੀ ਕਮਿਸ਼ਨਰ ਦੀ ਕੋਠੀ ਵਿਚ ਐਮ.ਐਲ.ਏ. ਦੀ ਕਾਰ ਨਹੀਂ ਜਾ ਸਕਦੀ। ਠੀਕ ਹੈ, ਐਸ.ਐਸ.ਪੀ. ਹੈ ਜਾਂ ਡਿਪਟੀ ਕਮਿਸ਼ਨਰ ਹੈ, ਉਨ੍ਹਾਂ ਦੀਆਂ ਕੋਠੀਆਂ ਦੇ ਬਾਹਰ ਸਕਿਊਰਿਟੀ ਫੋਰਸਜ਼ ਲੱਗੀਆਂ ਹੋਈਆਂ ਹਨ ਲੇਕਿਨ ਕਿਸੇ ਐਸ.ਐਸ.ਪੀ. ਜਾਂ ਡੀ.ਸੀ. ਦੇ ਘਰ ਐਮ.ਐਲ.ਏ. ਤੁਰ ਕੇ ਜਾਵੇ ਇਹ ਠੀਕ ਨਹੀਂ ਹੈ। ਉਸ ਦੀ ਕਾਰ ਅੰਦਰ ਜਾਣੀ ਚਾਹੀਦੀ ਹੈ। ਐਮ.ਐਲ.ਏ. ਪਰੋਟੋਕੋਲ ਦੇ ਹਿਸਾਬ ਨਾਲ ਚੀਫ ਸੈਕਟਰੀ ਤੋਂ ਉਪਰ ਆਉਂਦਾ ਹੈ ਪਰ ਪ੍ਰਾਪਰ ਮਾਣ ਨਹੀਂ ਮਿਲ ਰਿਹਾ। ਇਸ ਲਈ ਪੰਜਾਬ ਦੇ ਅਫਸਰ ਜੋ ਇਸ ਤਰ੍ਹਾਂ ਦੇ ਹਨ, ਉਨ੍ਹਾਂ ਨੂੰ ਠੀਕ ਕਰਨਾ ਚਾਹੀਦਾ ਹੈ। ਉਹ ਆਪਣੇ ਸੀਨੀਅਰ ਅਫਸਰਾਂ ਨੂੰ ਤਾਂ ਸਾਰੀ ਉਮਰ ਹੀ ਸਰ, ਸਰ ਕਰਦੇ ਰਹਿੰਦੇ ਹਨ ਪਰ ਐਮ.ਐਲ.ਏ. ਨੇ ਜਿਸ ਨੇ ਪੰਜ ਸਾਲ ਰਹਿਣਾ ਹੈ, ਉਨ੍ਹਾਂ ਨੂੰ ਪੂਰੀ ਇਜ਼ਤ ਨਹੀਂ ਦਿੰਦੇ। ਸਪੀਕਰ ਸਾਹਿਬ, ਮੈਂ ਇਹ ਗੱਲ ਦਾਅਵੇ ਨਾਲ ਕਹਿੰਦਾ ਹਾਂ ਕਿ ਇਹ ਪੰਜ ਸਾਲ ਸਰਕਾਰ ਚਲੇਗੀ ਕਿਉਂਕਿ ਇਹ ਪਾਰਟੀ ਅਕਾਲੀ ਦਲ ਵਰਗਾ ਕੰਮ ਨਹੀਂ ਕਰਦੀ ਕਿ ਇਕ ਦੂਜੇ ਦੀ ਲੱਤ ਖਿੱਚੀ ਜਾਏ ਕਾਂਗਰਸ ਪਾਰਟੀ ਨੇ ਕਦੇ ਵੀ ਇਨ੍ਹਾਂ ਵਾਂਗ ਡਿਫੈਕਸ਼ਨ ਕਰਕੇ ਕਦੇ 15 ਉਪਰ ਚਲੇ ਗਏ ਤੇ ਕਦੇ 10 ਇਧਰ ਆ ਗਏ ਇਸ ਤਰ੍ਹਾਂ ਨਹੀਂ ਕੀਤਾ ਕਾਂਗਰਸ ਪਾਰਟੀ ਦੇ ਮੈਂਬਰ ਅੱਜ ਤਕ ਕਦੇ ਟੁੱਟ ਕੇ ਦੂਸਰੇ ਪਾਸੇ ਨਹੀਂ ਗਏ। (ਥੰਪਿੰਗ) (ਵਿਘਨ) ਮੈਨੂੰ ਖੁਸ਼ੀ ਹੈ ਕਿ ਪੰਜ ਸਾਲ ਸਰਕਾਰ ਚਲੇਗੀ।

ਹੁਣ, ਸਪੀਕਰ ਸਾਹਿਬ, ਮੈਂ ਆਪਣੇ ਹਲਕੇ ਦੀਆਂ ਦੋ ਚਾਰ ਗੱਲਾਂ ਕਰਨੀਆਂ ਚਾਹੁੰਦਾ ਹਾਂ। ਮੈਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕੀਤੀ ਸੀ ਕਿ 10 ਸਬ ਡਿਵੀਜ਼ਨ ਬਣਾ ਦਿੱਤੇ ਹਨ, ਦੋ ਜ਼ਿਲ੍ਹੇ ਬਣਾ ਦਿੱਤੇ ਹਨ ਇਸ ਲਈ ਉਹ ਵਧਾਈ ਦੇ ਪਾਤਰ ਹਨ ਲੇਕਿਨ ਡੇਰਾ ਬੱਸੀ ਨੂੰ ਵੀ ਸਬ-ਡਵੀਜ਼ਨ ਬਣਾ ਦਿਓ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ** ** **

Mr. Speaker : This is no point of order

**Expunged as ordered by the Chair.

ਸਰਦਾਰ ਮਹਿੰਦਰ ਸਿੰਘ ਗਿੱਲ : ਸਪੀਕਰ ਸਾਹਿਬ ਮੈਂ ਇਕ ਬੇਨਤੀ ਮੁੱਖ ਮੰਤਰੀ ਸਾਹਿਬ ਨੂੰ ਜ਼ਰੂਰ ਕਰਾਂਗਾ ਕਿ ਡੇਰਾਬੱਸੀ ਨੂੰ ਸਬ-ਡਵੀਜ਼ਨ ਜ਼ਰੂਰ ਬਣਾਇਆ ਜਾਣਾ ਚਾਹੀਦਾ ਹੈ। ਇਸ ਦੇ ਸਬ-ਡਵੀਜ਼ਨ ਨਾ ਬਣਨ ਨਾਲ ਲੋਕਾਂ ਨੂੰ ਬੜੀ ਤਕਲੀਫ ਹੋ ਰਹੀ ਹੈ। ਲੋਕਾਂ ਨੂੰ ਜੀਰਕਪੁਰ ਤੋਂ ਜਾਕੇ ਬੱਸ ਬਦਲਣੀ ਪੈਂਦੀ ਹੈ ਔਰ ਰਾਜਪੁਰੇ ਵਾਸਤੇ ਅੰਬਾਲੇ ਤੋਂ ਬੱਸ ਲੈਣੀ ਪੈਂਦੀ ਹੈ। ਇਸ ਵਾਸਤੇ ਮੁੱਖ ਮੰਤਰੀ ਸਾਹਿਬ ਦਾ ਰਿਣੀ ਹੋਵਾਂਗਾ, ਕਿ ਇਹ ਲੋਕਾਂ ਦੀ ਜਿਹੜੀ ਤਕਲੀਫ ਹੈ ਇਸ ਨੂੰ ਦੂਰ ਕੀਤਾ ਜਾਵੇ, ਔਰ ਡੇਰਾਬੱਸੀ ਨੂੰ ਜਲਦੀ ਹੀ ਇਕ ਦੋ ਮਹੀਨੇ ਵਿਚ ਸਬਡਵੀਜ਼ਨ ਬਣਾਉਣਾ ਚਾਹੀਦਾ ਹੈ।

ਇਕ ਗੱਲ ਮੈਂ ਹੋਰ ਜਿਹੜੀ ਬੀਰੋਮਾਜਰੀ ਦੀ ਅਖਬਾਰਾਂ ਵਿਚ ਆਈ ਹੈ, ਉਸ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਚੂਨੀ ਲਾਲ ਸਰਪੰਚ ਦਾ ਕੇਸ ਸੀ, ਉਥੇ ਦੂਲੋਂ ਸਾਹਿਬ ਵੀ ਗਏ ਸਨ। ਕੇ.ਪੀ. ਐਸ. ਗਿੱਲ ਵੀ ਗਏ ਹਨ ਔਰ ਮਾਮਲਾ ਸੁਲਝਾਉਣ ਦੀ ਕੋਸ਼ਿਸ਼ ਕੀਤੀ ਸੀ। ਮੈਂ ਇਸ ਦੇ ਨਾਲ ਇਹ ਕਹਿਣਾ ਚਾਹੁੰਦਾ ਹਾਂ ਕਿ ਉਨ੍ਹਾਂ ਤੇ ਜਿਹੜੇ ਕੇਸ ਚਲਦੇ ਪਏ ਹਨ ਉਹ ਵਿਦਡਰਾਅ ਕੀਤੇ ਜਾਣੇ ਚਾਹੀਦੇ ਹਨ ਔਰ ਜਿਨ੍ਹਾਂ ਲੋਕਾਂ ਦਾ ਉਸ ਪਿੰਡ ਵਿਚ ਨੁਕਸਾਨ ਹੋਇਆ ਹੈ, ਉਨ੍ਹਾਂ ਲੋਕਾਂ ਦੀਆਂ ਮੱਝਾਂ ਗਾਵਾਂ ਡੰਗਰ ਆਦਿ ਮਰੇ ਹਨ ਉਸ ਲਈ ਉਨ੍ਹਾਂ ਨੂੰ ਮੁਆਵਜ਼ਾ ਮਿਲਣਾ ਚਾਹੀਦਾ ਹੈ। ਸੋ ਮੈਂ ਅੰਤ ਵਿਚ ਸਾਰੇ ਮੈਂਬਰਜ਼ ਸਾਹਿਬਾਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਸ ਹਾਊਸ ਦੀ ਟਰਮ 5 ਸਾਲ ਚੱਲੇਗੀ। ਇਸ ਲਈ ਤਕੜੇ ਹੋ ਕੇ ਸਾਨੂੰ ਪੰਜਾਬ ਵਿਚ ਵਿਕਾਸ ਦੇ ਕੰਮ ਕਰਨੇ ਚਾਹੀਦੇ ਹਨ। ਮੁੱਖ ਮੰਤਰੀ ਸਾਹਿਬ ਨੂੰ ਵੀ ਕਹਾਂਗਾ ਕਿ ਉਹ ਜਿਸਤਰ੍ਹਾਂ ਨਾਲ ਪੰਜਾਬ ਵਿਚ ਅਮਨ ਲੈ ਆਏ ਹਨ ਜੇ ਉਸੇ ਤਰ੍ਹਾਂ ਨਾਲ ਹੁਣ ਪੁਲਿਸ ਨੂੰ ਪੰਜਾਬ ਵਿਚ ਮਜ਼ਬੂਤੀ ਨਾਲ ਹੱਥ ਪਾਉਣ ਤਾਂ ਇਨ੍ਹਾਂ ਦਾ ਨਾਂ ਸੁਨਹਿਰੀ ਅੱਖਰਾਂ ਵਿਚ ਲਿਖਿਆ ਜਾਵੇਗਾ। ਜਿਸਤਰ੍ਹਾਂ ਇਨ੍ਹਾਂ ਨੇ ਕਿਹਾ ਹੈ ਕਿ ਇਹ ਸਾਲ ਕੁਰੱਪਸ਼ਨ ਨੂੰ ਹਟਾਉਣ ਵਾਸਤੇ ਮਨਾਉਣਾ ਹੈ ਜੇ ਇਹ ਸਰਦਾਰ ਪ੍ਰਤਾਪ ਸਿੰਘ ਕੈਰੋਂ ਦੀ ਤਰ੍ਹਾਂ ਮਜ਼ਬੂਤੀ ਨਾਲ ਹੱਥ ਪਾਉਣ, ਕਿਸੇ ਨੂੰ ਸਸਪੈਂਡ ਔਰ ਕੋਈ ਕਿਧਰੇ ਔਰ ਕੋਈ ਕਿਧਰੇ ਭੇਜ ਕੇ ਇਸ ਪੁਲਿਸ ਵਿਚ ਸੁਧਾਰ ਲਿਆ ਦੇਣ ਤਾਂ ਇਹ ਬਹੁਤ ਵੱਡੀ ਗੱਲ ਹੋਵੇਗੀ। ਐਨਾ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

ਸ੍ਰੀ ਸਪੀਕਰ : ਚੌਧਰੀ ਸਾਹਿਬ, 12 ਮਿੰਟ ਬਾਕੀ ਹਨ, 12 ਵਜੇ ਮੁੱਖ ਮੰਤਰੀ ਸਾਹਿਬ ਨੇ ਬੋਲਣਾ ਹੈ। ਤੁਸੀਂ ਜਲਦੀ ਖਤਮ ਕਰ ਦੇਣਾ।

ਸ੍ਰੀ ਸੰਤੋਖ ਸਿੰਘ ਚੌਧਰੀ (ਫਿਲੌਰ, ਐਸ.ਸੀ) : ਸਪੀਕਰ ਸਾਹਿਬ, ਮੈਂ ਅੱਜ ਇਥੇ ਸਰਦਾਰ ਅਵਤਾਰ ਸਿੰਘ ਬਰਾੜ ਵਲੋਂ ਗਵਰਨਰ ਸਾਹਿਬ ਦੇ ਧੰਨਵਾਦ ਦੇ ਮਤੇ ਤੇ ਸਮਰਥਨ ਕਰਨ ਵਾਸਤੇ ਖੜਾ ਹੋਇਆ ਹਾਂ। ਜਦੋਂ ਪਿਛਲੇ ਸਾਲ ਇਲੈਕਸ਼ਨਾਂ ਤੋਂ ਬਾਅਦ ਇਥੇ ਗਵਰਨਰ ਸਾਹਿਬ ਨੇ ਆਪਣਾ ਭਾਸ਼ਣ ਦਿੱਤਾ ਸੀ ਤਾਂ ਉਨ੍ਹਾਂ ਨੇ ਕਿਹਾ ਸੀ ਕਿ ਅਗਲੇ ਸਾਲ ਪੰਜਾਬ ਵਿਚ ਅਮਨ ਅਤੇ ਸ਼ਾਂਤੀ ਦਾ ਮਾਹੌਲ ਹੋਵੇਗਾ। ਅੱਜ ਸਾਨੂੰ ਖੁਸ਼ੀ ਹੈ ਕਿ ਸਾਡੇ ਮੁੱਖ ਮੰਤਰੀ ਸਾਹਿਬ ਨੇ ਉਹ ਵਾਅਦਾ ਪੂਰਾ ਕੀਤਾ ਹੈ। ਤੁਹਾਨੂੰ ਯਾਦ ਹੋਵੇਗਾ ਕਿ ਇਲੈਕਸ਼ਨਾਂ ਤੋਂ ਪਹਿਲਾਂ ਇਥੇ ਬੜਾ ਭਿਆਨਕ ਸਮਾਂ ਗੁਜ਼ਰਿਆ ਹੈ। ਜਦੋਂ ਇਲੈਕਸ਼ਨ ਡਿਕਲੇਅਰ ਹੋਏ ਸਨ ਤਾਂ ਪੰਜਾਬ ਵਿਚ ਜਗ੍ਹਾ ਜਗ੍ਹਾ ਗੋਲੀਆਂ ਚਲਦੀਆਂ ਸਨ। ਪੰਜਾਬ ਵਿਚ ਭੈਣਾਂ ਔਰ ਬੱਚਿਆਂ ਦੀਆਂ ਚੀਖਾਂ ਹੀ ਸੁਣਾਈ ਦਿੰਦੀਆਂ ਸਨ। ਬਜ਼ੁਰਗਾਂ ਦੀਆਂ ਚੀਖਾਂ ਸੁਣਾਈ ਦਿੰਦੀਆਂ ਸਨ। ਇਸੇ ਤਰ੍ਹਾਂ ਦੇ ਭਿਆਨਕ ਸਮੇਂ ਵਿਚੋਂ ਸਾਡਾ ਪੰਜਾਬ ਗੁਜਰਿਆ ਹੈ ਔਰ ਇਸ ਅੱਗ ਵਿਚ ਸਾਡੇ ਕਈ ਪੁਰਾਣੇ ਮੰਤਰੀ ਅਤੇ ਹੋਰ ਲੀਡਰ ਵੀ ਲਪੇਟ ਵਿਚ ਆਏ। ਉਸ ਵੇਲੇ

ਧਾਰਮਿਕ ਅਸਥਾਨਾਂ ਤੋਂ ਹੁਕਮਨਾਮੇ ਜਾਰੀ ਕੀਤੇ ਜਾਂਦੇ ਸਨ, ਧਾਰਮਿਕ ਅਸਥਾਨਾਂ ਤੋਂ ਹਿੱਟ ਲਿਸਟਾਂ ਬਣਾਈਆਂ ਜਾਂਦੀਆਂ ਸਨ । ਬੱਸਾਂ ਵਿਚੋਂ ਲਾਹ ਕੇ ਲੋਕਾਂ ਨੂੰ ਗੋਲੀਆਂ ਨਾਲ ਮਾਰਿਆ ਜਾਂਦਾ ਸੀ, ਗੱਡੀਆਂ ਵਿੱਚ ਲਹੂ ਲੁਹਾਨ ਕੀਤਾ ਜਾਂਦਾ ਸੀ । ਇਸ ਤਰ੍ਹਾਂ ਦਾ ਇਕ ਭਿਆਨਕ ਵਾਤਾਵਰਣ ਬਣਿਆ ਹੋਇਆ ਸੀ ਇਥੋਂ ਤਕ ਕਿ ਜਿਹੜੇ ਇਥੋਂ ਦੇ ਕਵੀ ਸਨ ਉਹਵੀ ਘਬਰਾ ਗਏ ਔਰ ਉਨ੍ਹਾਂ ਨੇ ਇਹ ਲਿਖਿਆ ਕਿ :—

"ਲਗੀ ਨਜ਼ਰ ਹੈ ਪੰਜਾਬ ਨੂੰ ਕੋਈ ਮਿਰਚਾਂ ਵਾਰੋ
ਲਗੀ ਅੱਗ ਹੈ ਪੰਜਾਬ ਨੂੰ ਕੋਈ ਆ ਬਚਾਓ"

ਸਪੀਕਰ ਸਾਹਿਬ, ਇਸ ਪੰਜਾਬ ਦੀ ਨਜ਼ਰ ਉਤਾਰੀ ਹੈ ਸਰਦਾਰ ਬੇਅੰਤ ਸਿੰਘ ਜੀ ਨੇ, ਜਿਨ੍ਹਾਂ ਦੀ ਕਾਰਗੁਜ਼ਾਰੀ ਨੇ ਪੰਜਾਬ ਵਿਚ ਸੁੱਖ ਅਤੇ ਸ਼ਾਂਤੀ ਲਿਆਂਦੀ ਹੈ ਅਤੇ ਇਨ੍ਹਾਂ ਨੇ ਆਪਣੀ ਲੀਡਰਸ਼ਿਪ ਵਿਚ ਚਮਤਕਾਰ ਵਿਖਾ ਦਿੱਤਾ ਹੈ । ਇਨ੍ਹਾਂ ਗੋਲੀਆਂ ਦੇ ਮਾਹੌਲ ਨੂੰ ਖਤਮ ਕੀਤਾ ਅਤੇ ਬੰਦੂਕ/ਬੰਬਾਂ ਦੀ ਆਵਾਜ਼ ਨੂੰ ਬੰਦ ਕਰ ਦਿੱਤਾ ਸੀ ਅਤੇ ਪੰਜਾਬ ਵਿਚ ਵਾਤਾਵਰਨ ਸ਼ਾਂਤੀਪੂਰਣ ਬਣਿਆ ਹੈ । ਮੈਨੂੰ ਖੁਸ਼ੀ ਹੈ ਕਿ ਇਸ ਦੀ ਪ੍ਰਸ਼ੰਸਾ ਨਾ ਕੇਵਲ ਪੰਜਾਬ ਦੇ ਲੋਕਾਂ ਨੇ ਕੀਤੀ ਇਸ ਤੋਂ ਇਲਾਵਾ ਹਿੰਦੁਸਤਾਨ ਦੇ ਹਰ ਸੂਬੇ ਵਿਚ ਸਰਦਾਰ ਬੇਅੰਤ ਸਿੰਘ ਦੀ ਤਾਰੀਫ ਅਤੇ ਪ੍ਰਸ਼ੰਸਾ ਹੋ ਰਹੀ ਹੈ ਇਥੋਂ ਤਕ ਕਿ ਇਕ ਅਮਰੀਕੀ ਪ੍ਰੋਫੈਸਰ ਨੇ ਪੰਜਾਬ ਵਿਚ ਆ ਕੇ ਮਾਹੌਲ ਨੂੰ ਦੇਖਿਆ ਤੇ ਕਿਹਾ ਕਿ ਸਾਨੂੰ ਅੱਤਵਾਦ ਅਤੇ ਵੱਖਵਾਦ ਨੂੰ ਖਤਮ ਕਰਨ ਲਈ ਸਰਦਾਰ ਬੇਅੰਤ ਸਿੰਘ ਤੋਂ ਸਿਖਣਾ ਚਾਹੀਦਾ ਹੈ । ਸਰਦਾਰ ਬੇਅੰਤ ਸਿੰਘ ਦੀ ਸਰਕਾਰ ਬਣੇ ਨੂੰ ਇਕ ਸਾਲ ਹੋ ਗਿਆ ਹੈ । ਇਸ ਅਰਸੇ ਵਿਚ ਸ਼ਾਂਤੀ ਦਾ ਮਾਹੌਲ ਪੈਦਾ ਹੋਇਆ ਹੈ । ਉਸ ਵਕਤ ਪੰਜਾਬ ਵਿਚ ਇਕਾਨੋਮੀ ਦੀ ਹਾਲਤ ਬੜੀ ਮਾੜੀ ਸੀ, ਇਸ ਵਿਚ ਡਾਕਟਰ ਕੇਵਲ ਕ੍ਰਿਸ਼ਨ ਨੇ ਸੁਧਾਰ ਲਿਆਂਦਾ ਅਤੇ ਸਟੇਟ ਦਾ 22 ਪ੍ਰਤੀਸ਼ਤ ਰੈਵੇਨਿਊ ਵਧਿਆ ਹੈ ਔਰ ਕੱਟੌਤੀ ਕਰਕੇ ਇਕਾਨੋਮੀ ਨੂੰ ਸਟੇਬਲ ਕੀਤਾ ਹੈ । ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਖੇਤੀ ਬਾੜੀ ਦੇ ਖੇਤਰ ਵਿਚ ਕਿਸਾਨਾਂ ਨੇ ਕਾਫੀ ਤਰੱਕੀ ਕੀਤੀ ਹੈ । ਕਪਾਹ ਅਤੇ ਝੋਨੇ ਵਿਚ 60 ਤੋਂ 70 ਪ੍ਰਤੀਸ਼ਤ ਵਾਧਾ ਕਰਕੇ ਸੈਂਟਰ ਦੇ ਭੰਡਾਰ ਵਿਚ ਵਾਧਾ ਕੀਤਾ ਹੈ । ਪਿਛਲੇ ਸਾਲ ਨਾਲੋਂ ਇਸ ਸਾਲ 3 ਲੱਖ ਟਨ ਜ਼ਿਆਦਾ ਪੈਦਾਵਾਰ ਕੀਤੀ ਹੈ । ਇਸੇ ਤਰ੍ਹਾਂ ਪੰਜਾਬ ਵਿਚ ਕਪਾਹ, ਝੋਨਾ ਅਤੇ ਕਣਕ ਦੇ ਖੇਤਰ ਵਿਚ ਕਾਫੀ ਵਾਧੂ ਪੈਦਾਵਾਰ ਕੀਤੀ ਹੈ । ਸੂਰਜ ਮੁਖੀ ਦੇ ਖੇਤਰ ਵਿਚ 14 ਹਜ਼ਾਰ ਹੈਕਟਰ ਹੋਰ ਰਕਬਾ ਕਾਸ਼ਤ ਕੀਤਾ ਹੈ । ਪਿਛਲੇ ਸਾਲ 78 ਹਜ਼ਾਰ ਹੈਕਟਰ ਰਕਬੇ ਵਿਚ ਕਾਸ਼ਤ ਹੋਈ ਸੀ ਇਸ ਸਾਲ ਇਹ ਰਕਬਾ ਵੱਧਣ ਨਾਲ 132 ਕਰੋੜ ਰੁਪਏ ਦਾ ਫਾਇਦਾ ਕਿਸਾਨਾਂ ਨੂੰ ਹੋਵੇਗਾ । 1990 ਵਿਚ ਇਸ ਦਾ ਭਾਅ 225 ਰੁਪਏ ਸੀ ਅਤੇ ਇਹ ਵੱਧ ਕੇ 270 ਰੁਪਏ ਪਿਛਲੇ ਸਾਲ ਤੱਕ ਚਲਾ ਗਿਆ ਸੀ । ਇਸ ਸਾਲ ਇਸ ਦਾ ਭਾਅ 330 ਰੁਪਏ ਹੋ ਰਿਹਾ ਹੈ ਜਿਸ ਦਾ ਫਾਇਦਾ ਪੰਜਾਬ ਦੇ ਕਿਸਾਨ ਨੂੰ ਹੋਵੇਗਾ। ਇਸ ਦੇ ਨਾਲ ਹੀ ਨਵੇਂ ਬੀਜ ਕਿਸਾਨਾਂ ਨੂੰ ਦਿੱਤੇ ਜਾਣਗੇ ਅਤੇ ਇਨ੍ਹਾਂ ਨਵੇਂ ਬੀਜਾਂ ਦੇ ਵਿਚ ਸੁਧਾਰ ਲਿਆਂਦਾ ਜਾਵੇਗਾ ਜਿਸ ਨਾਲ ਕਿਸਾਨਾਂ ਨੂੰ ਫਾਇਦਾ ਹੋ ਸਕੇ। ਇਸ ਤਰੀਕੇ ਨਾਲ ਸੁਧਰੇ ਹੋਏ ਬੀਜ ਕਿਸਾਨਾਂ ਨੂੰ ਦੇ ਕੇ 100 ਕਰੋੜ ਰੁਪਏ ਦਾ ਫਾਇਦਾ ਪੰਜਾਬ ਦੇ ਕਿਸਾਨਾਂ ਨੂੰ ਹੋਵੇਗਾ। ਇਸੇ ਤਰੀਕੇ ਨਾਲ ਬਿਜਲੀ ਵਿਚ ਸੁਧਾਰ ਹੋਇਆ ਹੈ। ਨਵੇਂ ਥਰਮਲ ਪਲਾਂਟ ਲਗਾਏ ਜਾ ਰਹੇ ਹਨ ਪਿਛੇ ਚੀਫ ਮਿਨਿਸਟਰ ਸਾਹਿਬ ਨੇ 5ਵੇਂ ਥਰਮਲ ਪਾਵਰ ਪਲਾਂਟ ਦਾ ਉਦਘਾਟਨ ਕੀਤਾ। ਮੇਰੇ ਜ਼ਿਲੇ ਵਿਚ 220 ਕੇ. ਵੀ. ਸਬ-ਸਟੇਸ਼ਨ ਬਿਜਲੀ ਦਾ ਲਗਾਇਆ ਗਿਆ। ਇਸ ਦੇ ਨਾਲ ਮਾਝਾ ਅਤੇ ਦੁਆਬਾ ਦੇ ਲੋਕਾਂ ਨੂੰ ਲਗਾਤਾਰ ਬਿਜਲੀ ਦੀ ਸਪਲਾਈ ਮਿਲੀ ਹੈ। ਇਸੇ ਤਰ੍ਹਾਂ ਧੁਸੀ ਬੰਧ ਹੈ, ਇਹ ਬੰਧ ਬਣਾ ਕੇ ਇਥੋਂ ਦੇ ਲੋਕਾਂ ਨੂੰ

[ਸ੍ਰੀ ਸੰਤੋਖ ਸਿੰਘ ਚੌਧਰੀ]

ਹੜ੍ਹਾਂ ਦੀ ਮਾਰ ਤੋਂ ਬਚਾਇਆ ਜਾਵੇ। ਇਸ ਵਾਸਤੇ ਸਰਕਾਰ ਨੂੰ ਕੋਈ ਨਾ ਕੋਈ ਉਪਰਾਲੇ ਕਰਨੇ ਚਾਹੀਦੇ ਹਨ। ਜਿਸ ਤਰ੍ਹਾਂ ਸਰਦਾਰ ਬੇਅੰਤ ਸਿੰਘ ਜੀ ਨੇ ਯਮੁਨਾ ਦੇ ਪਾਣੀ ਦੀ ਵੰਡ ਵਿਚ ਪੰਜਾਬ ਦਾ ਸਟੈਂਡ ਲਿਆ ਹੈ, ਇਸ ਗੱਲ ਦੇ ਲਈ ਸਾਰਾ ਪੰਜਾਬ ਤੁਹਾਡੇ ਮਗਰ ਹੈ। ਰੀਪੇਰੀਅਨ ਥਿਊਰੀ ਨਾਲ ਜਿਹੜੇ ਪੰਜਾਬ ਦੇ ਪਾਣੀ ਦੀ ਵੰਡ ਹੋਈ ਸੀ ਉਸ ਵਕਤ ਪੰਜਾਬ ਵਿਚ 114 ਮੀਲੀਅਨ ਕਿਯੂਬਕ ਫੀਟ ਪਾਣੀ ਸਰਪਲਸ ਸੀ। ਇਸ ਐਕਟ ਦੀ ਸੈਕਸ਼ਨ 75 ਅਧੀਨ 1976 ਵਿਚ 23 ਮਿਲੀਅਨ ਕਯੂਬਿਕ ਫੀਟ ਪਾਣੀ ਰਾਵੀ ਦਾ ਸ਼ਾਮਲ ਕੀਤਾ ਗਿਆ ਸੀ ਅਤੇ ਯਮੁਨਾ ਦੇ ਪਾਣੀ ਦੀ ਵੰਡ ਨਹੀਂ ਕੀਤੀ ਗਈ ਸੀ। ਮੇਰੀ ਬੇਨਤੀ ਹੈ ਕਿ ਇਸ ਮਸਲੇ ਨੂੰ ਸਖਤੀ ਦੇ ਨਾਲ ਭਾਰਤ ਸਰਕਾਰ ਦੇ ਨਾਲ ਟੇਕ ਅੱਪ ਕੀਤਾ ਜਾਵੇ ਤਾਂਕਿ ਜਿਹੜਾ ਪੰਜਾਬ ਦਾ ਪਾਣੀ ਦੇ ਵੰਡ ਵਿਚ ਹਿੱਸਾ ਬਣਦਾ ਹੈ, ਉਹ ਮਿਲ ਸਕੇ। ਪਾਣੀ ਦੀ ਘਾਟ ਕਰਕੇ ਪੰਜਾਬ ਵਿਚ 9 ਲੱਖ ਏਕੜ ਜਮੀਨ ਬੰਜਰ ਹੋ ਜਾਵੇਗੀ। ਇਹ ਗੱਲ ਸੈਂਟਰ ਦੇ ਐਗਰੀਕਲਚਰ ਕਮਿਸ਼ਨ ਨੇ ਵੀ ਕਹੀ ਹੈ ਕਿ ਪੰਜਾਬ ਦੇ 4 ਜ਼ਿਲ੍ਹਿਆਂ ਵਿਚ ਪਾਣੀ ਦੀ ਘਾਟ ਮਹਿਸੂਸ ਕੀਤੀ ਜਾਵੇਗੀ, ਉਹ ਚਾਰ ਜ਼ਿਲ੍ਹੇ ਹਨ ਫਰੀਦਕੋਟ, ਫਿਰੋਜ਼ਪੁਰ, ਬਠਿੰਡਾ ਅਤੇ ਸੰਗਰੂਰ। ਇਨ੍ਹਾਂ ਗੱਲਾਂ ਵੱਲ ਸਰਦਾਰ ਬੇਅੰਤ ਸਿੰਘ ਜੀ ਨੂੰ ਧਿਆਨ ਦੇਣਾ ਚਾਹੀਦਾ ਹੈ। ਮੈਂ ਸਰਦਾਰ ਬੇਅੰਤ ਸਿੰਘ ਮੁੱਖ ਮੰਤਰੀ ਜੀ ਨੂੰ ਵਧਾਈ ਦਿੰਦਾ ਹਾਂ ਕਿ ਇਨ੍ਹਾਂ ਨੇ ਪੰਜਾਬ ਦੇ ਨੌਜਵਾਨਾਂ ਨੂੰ ਫਿਰ ਤਰੱਕੀ ਦੇ ਰਸਤੇ ਤੇ ਲਿਆਂਦਾ ਹੈ। ਜਿਨ੍ਹਾਂ ਨੂੰ ਅਕਾਲੀ ਲੀਡਰਾਂ ਨੇ ਏ.ਕੇ.-47 ਫੜਾ ਦਿੱਤੀ ਸੀ, ਉਨ੍ਹਾਂ ਦੇ ਹੱਥੋਂ ਇਹ ਛੁੜਵਾ ਕੇ ਉਨ੍ਹਾਂ ਨੂੰ ਡੈਮੋਕਰੇਸੀ ਵਿਚ ਹਿੱਸਾ ਲੈਣ ਲਈ ਅਤੇ ਖੇਡਾਂ ਦੇ ਖੇਤਰ ਵਿਚ ਉਕਸਾਇਆ ਹੈ ਐਂਰ ਪੰਜਾਬ ਵਿਚ ਖੇਡਾਂ ਦੇ ਲਈ ਪੰਜਾਬ ਦੇ ਕੋਨੇ ਕੋਨੇ ਤੇ ਟੂਰਨਾਮੈਂਟ ਹੋ ਰਹੇ ਹਨ ਅਤੇ 303 ਟੂਰਨਾਮੈਂਟ ਹੋ ਚੁੱਕੇ ਹਨ। ਸਪੀਕਰ ਸਾਹਿਬ, 118 ਦੇ ਕਰੀਬ ਬਲਾਕ ਪੱਧਰ ਮੁਕਾਬਲੇ ਦੇ ਹੋਏ ਹਨ। ਮੈਂ ਇਸ ਬਾਰੇ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਜੀ ਨੂੰ ਵਧਾਈ ਦਿੰਦਾ ਹਾਂ। ਪੰਜਾਬ ਸਰਕਾਰ ਨੇ ਪਹਿਲਾਂ 95 ਮਿਊਂਸਪਲ ਕਮੇਟੀਆਂ ਦੀਆਂ ਇਲੈਕਸ਼ਨਾਂ ਕਰਾਈਆਂ ਹਨ ਅਤੇ ਕਾਂਗਰਸ ਸਰਕਾਰ ਨੇ ਜਿੱਤ ਪਰਾਪਤ ਕੀਤੀ ਹੈ। ਫਿਰ ਸਪੀਕਰ ਸਾਹਿਬ, ਪੰਚਾਇਤਾਂ ਦੀਆਂ 11190 ਪਿੰਡਾਂ ਵਿਚ ਇਲੈਕਸ਼ਨਾਂ ਹੋਈਆਂ ਹਨ। ਪੰਜਾਬ ਵਿਚ ਪੰਚਾਇਤਾਂ ਦੀਆਂ ਇਲੈਕਸ਼ਨਾਂ ਵਿਚ 82 ਪ੍ਰਤੀਸ਼ਤ ਲੋਕਾਂ ਨੇ ਰਿਸਪੌਂਸ ਦਿਤਾ ਹੈ। ਇਹ ਇੱਕ ਕਿਸਮ ਦਾ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਜੀ ਦੇ ਹੱਕ ਵਿਚ ਰੈਫਰੈਂਡਮ ਹੈ। (ਥੰਪਿੰਗ) ਮੈਨੂੰ ਇਸ ਗੱਲ ਦੀ ਖੁਸ਼ੀ ਹੈ ਸਪੀਕਰ ਸਾਹਿਬ, ਕਿ ਪਿੰਡਾਂ ਦਾ ਵਿਕਾਸ ਬੜੇ ਹੀ ਸੁਹਣੇ ਢੰਗ ਨਾਲ ਹੋ ਰਿਹਾ ਹੈ। ਪੰਜਾਬ ਸਰਕਾਰ ਵਲੋਂ ਪਿੰਡਾਂ ਦੇ ਵਿਕਾਸ ਲਈ ਹੋਰ ਉਪਰਾਲੇ ਕੀਤੇ ਜਾ ਰਹੇ ਹਨ। ਮੇਰੇ ਸਾਥੀ ਨੇ ਇਥੇ ਸ਼ਡਿਊਲਡ ਕਾਸਟ ਅਤੇ ਸ਼ਡਿਊਲਡ ਟਰਾਈਬਜ਼ ਦੇ ਬਾਰੇ ਕਿਹਾ ਹੈ। (ਵਿਘਨ) ਮੈਨੂੰ ਇਹ ਦੱਸ ਕੇ ਖੁਸ਼ੀ ਹੁੰਦੀ ਹੈ ਕਿ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਸ਼ਡਿਊਲਡ ਕਾਸਟਾਂ ਅਤੇ ਬੈਕਵਰਡ ਕਲਾਸਾਂ ਦੇ ਭਲੇ ਵਾਸਤੇ ਨਵੀਆ ਸਕੀਮਾਂ ਜਾਰੀ ਕੀਤੀਆਂ ਹਨ, ਜਿਹੜੀਆਂ ਕਿ ਅਨੁਸੂਚਿਤ ਜਾਤੀਆਂ ਦੇ ਲੋਕਾਂ ਵਾਸਤੇ ਹਨ। (ਥੰਪਿੰਗ)। ਪੰਜਾਬ ਵਿਚ 28 ਪ੍ਰਤੀਸ਼ਤ ਆਬਾਦੀ ਅਨੁ-ਸੂਚਿਤ ਜਾਤੀਆਂ ਦੇ ਨਾਲ ਸਬੰਧ ਰਖਦੀ ਹੈ। ਬੜੀ ਖੁਸ਼ੀ ਦੀ ਗੱਲ ਹੈ ਕਿ ਪਿਛੇ ਜੋ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਜੀ ਨੇ ਭਾਸ਼ਣ ਦਿਤਾ ਹੈ, ਉਸ ਤੋਂ ਬਾਅਦ 4-5 ਮੇਜਰ ਫੈਸਲੇ ਲਏ ਗਏ ਹਨ। ਸਭ ਤੋਂ ਪਹਿਲਾ ਫੈਸਲਾ, ਸਪੀਕਰ ਸਾਹਿਬ, 5,000 ਰੁਪਏ ਤਕ ਦੇ ਕਰਜ਼ੇ ਸ਼ਡਿਊਲਡ ਕਾਸਟਾਂ ਦੇ ਮਾਫ ਕਰਨ ਬਾਰੇ ਹੈ। ਕਮਰਸ਼ੀਅਲ ਬੈਂਕਾਂ ਵਾਲੇ ਕਰਜ਼ੇ ਅਜੇ ਮਾਫ ਨਹੀਂ ਹੋਏ। ਦੂਸਰੇ ਕਰਜ਼ੇ ਮਾਫ ਹੋਏ ਹਨ। ਮੈਂ ਪੰਜਾਬ ਸਰਕਾਰ ਨੂੰ ਕਹਾਂਗਾ ਕਿ ਰਿਜ਼ਰਵ ਬੈਂਕ ਆਫ ਇੰਡੀਆ ਤੋਂ ਇਜ਼ਾਜ਼ਤ ਲੈ ਕੇ ਕਰਜ਼ੇ ਮਾਫ ਕਰਨ ਦੇ ਉਪਰਾਲੇ ਕੀਤੇ ਜਾਣ। ਇਹ ਕਰਜ਼ੇ ਜਲਦੀ ਤੋਂ ਜਲਦੀ ਮਾਫ ਕੀਤੇ ਜਾਣ। ਸਪੀਕਰ

ਸਾਹਿਬ, ਇਹ ਇਕ ਇਤਿਹਾਸਿਕ ਫੈਸਲਾ ਕੀਤਾ ਸੀ। ਇਸ ਬਾਰੇ ਮੈਨੂੰ ਅਫਸੋਸ ਦੇ ਨਾਲ ਕਹਿਣਾ ਪੈਂਦਾ ਹੈ ਕਿ ਕੁਝ ਮਹਿਕਮਿਆਂ ਵਿਚ ਅਨੁਸੂਚਿਤ ਜਾਤੀਆਂ ਦੇ ਮੁਲਾਜ਼ਮਾਂ ਨੂੰ ਪਰਮੋਸ਼ਨਾਂ ਨਹੀਂ ਮਿਲ ਰਹੀਆਂ ਹਨ। ਨਵੀਂ ਜਜਮੈਂਟ ਵੀ ਹਾਈਕੋਰਟ ਵਲੋਂ ਆਈ ਹੈ। ਮੈਂ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਜੀ ਨੂੰ ਕਹਾਂਗਾ ਕਿ ਜਲਦੀ ਤੋਂ ਜਲਦੀ ਨਵੀਆਂ ਇਨਸਟਰਕਸ਼ਨਾਂ ਜਾਰੀ ਕੀਤੀਆਂ ਜਾਣ। ਇਸ ਨਾਲ ਜੋ ਸਾਡਾ ਪਰਮੋਸ਼ਨਾਂ ਦਾ ਬੈਕਲਾਗ ਰੁਕਿਆ ਹੋਇਆ ਹੈ, ਉਹ ਵੀ ਦੂਰ ਕੀਤਾ ਜਾਵੇ। ਅਨੁਸੂਚਿਤ ਜਾਤੀਆਂ ਦੀ ਪ੍ਰਤੀਨਿਧਤਾ ਵੀ ਹਰ ਮਹਿਕਮੇ ਵਿਚ ਪੂਰੀ ਕੀਤੀ ਜਾਵੇ। ਸਪੀਕਰ ਸਾਹਿਬ, ਇਥੇ ਕਿਸੇ ਮੈਂਬਰ ਨੇ ਸ੍ਰੀ ਮੰਗੂ ਰਾਮ ਦਾ ਜ਼ਿਕਰ ਕੀਤਾ ਸੀ। ਕਿ ਉਹ ਬੜੀ ਹੀ ਮਹਾਨ ਸ਼ਖਸ਼ੀਅਤ ਹੋਏ ਹਨ ਉਨ੍ਹਾਂ ਦੇ ਨਾਲ ਜੋ ਹੋਰ ਲੋਕ ਸਨ ਉਹ ਵੀ ਮਹਾਨ ਸ਼ਖਸ਼ੀਅਤ ਸਨ। ਮਾਸਟਰ ਗੁਰਬੰਤਾ ਸਿੰਘ ਜੀ ਨੇ ਜੋ ਬਿਆਨ ਦਿਤਾ ਸੀ, ਉਸ ਬਾਰੇ ਮੈਨੂੰ ਦੱਸ ਕਿ ਬੜੀ ਹੀ ਖੁਸ਼ੀ ਹੁੰਦੀ ਹੈ। ਗੁਰੂ ਰਵਿਦਾਸ ਜੀ ਦਾ 500 ਸਾਲਾ ਦਿਵਸ ਮਨਾਇਆ ਗਿਆ ਸੀ, ਉਸ ਦਿਵਸ ਵਿਚ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਜੀ ਵੀ ਸ਼ਾਮਿਲ ਹੋਏ ਸਨ। ਉਥੇ ਮੁੱਖ ਮੰਤਰੀ ਜੀ ਵਲੋਂ ਬੀ.ਐਡ.ਕਾਲਿਜ ਖੋਲ੍ਹਣ ਬਾਰੇ ਅਨਾਉਂਸ ਕੀਤਾ ਸੀ। ਮੈਂ ਸਰਦਾਰ ਬੇਅੰਤ ਸਿੰਘ ਜੀ ਦਾ ਧੰਨਵਾਦੀ ਹਾਂ ਕਿ ਉਹ ਸਾਡੇ ਲੀਡਰ ਹਨ ਅਤੇ ਸਾਡਾ ਪੂਰਾ ਖਿਆਲ ਰਖਦੇ ਹਨ। ਸਪੀਕਰ ਸਾਹਿਬ, ਹਜ਼ਾਰਾਂ ਦੀ ਗਿਣਤੀ ਵਿਚ ਉਥੇ ਲੋਕ ਆਏ ਸਨ।

ਗੁਰੂ ਰਵੀਦਾਸ ਜੀ ਦਾ ਸਲੋਕ ਹੈ:

''ਬੇਗਮਪੁਰਾ ਸਹਿਰ ਕੋ ਨਾਉ
ਦੂਖੁ ਅੰਦੋਹੁ ਨਹੀਂ ਤਿਹਿ ਠਾਉਂ ॥
ਨਾ ਤਸਵੀਸ ਖਿਰਾਜੁ ਨ ਮਾਲੁ
ਖਉਫੁ ਨ ਖਤਾ ਨ ਤਰਸੁ ਜਵਾਲੁ ॥
ਅਬ ਮੋਹਿ ਖੂਬ ਵਤਨ ਗਹ ਪਾਈ
ਊਹਾਂ ਖੈਰਿ ਸਦਾ ਮੇਰੇ ਭਾਈ ॥
ਕਾਇਮੁ ਦਾਇਮੁ ਸਦਾ ਪਾਤਿਸਾਹੀ
ਦੋਮ ਨ ਸੇਮ ਏਕ ਸੋ ਆਹੀ ॥
ਆਬਾਦਾਨੁ ਸਦਾ ਮਸਹੂਰ
ਊਹਾਂ ਗਨੀ ਬਸਹਿ ਮਾਮੂਰ ॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ
ਮਹਰਮ ਮਹਲ ਨ ਕੋ ਅਟਕਾਵੈ ॥
ਕਹਿ ਰਵਿਦਾਸ ਖਲਾਸ ਚਮਾਰਾ
ਜੋ ਹਮ ਸਹਰੀ ਸੁ ਮੀਤੁ ਹਮਾਰਾ ॥

ਮੈਨੂੰ ਖੁਸ਼ੀ ਹੁੰਦੀ ਹੈ ਕਿ ਗੁਰੂ ਰਵੀਦਾਸ ਦੇ ਸਲੋਕ ਵਿੱਚ ਇਕ ਐਸੇ ਸ਼ਹਿਰ ਦੀ ਕਲਪਨਾ ਹੈ, ਇਕ ਐਸੇ ਸਮਾਜ ਦੀ, ਐਸੇ ਦੇਸ਼ ਦੀ ਜਿਥੇ ਕੋਈ ਦੁਖ ਤਕਲੀਫ ਨਾ ਹੋਵੇ, ਮਤਭੇਦ ਨਾ ਹੋਵੇ, ਜਿਥੇ ਸਟੇਬਲ ਸਰਕਾਰ ਹੋਵੇ, ਜਿਹੜਾ ਉਥੋਂ ਦਾ ਵਾਸੀ ਹੋਵੇ, ਉਹ ਸਾਡਾ ਮਿੱਤਰ ਹੋਵੇ, ਜਿਸ ਨੂੰ ਕਿਸੇ ਵੀ ਮੁਸੀਬਤ ਨਾਲ ਤੁਅਲੱਕ ਨਾ ਰਖਣਾ ਪਵੇ, ਕੋਈ ਟੈਕਸ ਜਜ਼ੀਆ ਨਾ ਦੇਣਾ ਪਵੇ, ਇਕ ਸਾਲ ਵਿੱਚ ਸਰਦਾਰ ਬੇਅੰਤ ਸਿੰਘ ਨੇ ਪੰਜਾਬ ਨੂੰ ਉਹ ਬੇਗਮਪੁਰਾ ਸ਼ਹਿਰ ਬਣਾਇਆ ਹੈ। ਏਥੇ ਐਸਾ ਮਾਹੌਲ ਕਾਇਮ ਕੀਤਾ ਹੈ, ਜਿਥੇ ਕਿਸੇ ਨੂੰ ਕਿਸੇ ਤਰ੍ਹਾਂ ਦੀ ਦੁਖ ਤਕਲੀਫ ਜਾਂ ਕੋਈ ਮਤਭੇਦ ਨਹੀਂ ਹੈ। ਮੈਂ ਇਨ੍ਹਾਂ

[ਸ਼੍ਰੀ ਸੰਤੋਖ ਸਿਘ ਚੌਧਰੀ]

ਸ਼ਬਦਾਂ ਨਾਲ, ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਗਵਰਨਰ ਸਾਹਿਬ ਦੇ ਭਾਸ਼ਣ ਤੇ ਬੋਲਣ ਦਾ ਮੌਕਾ ਦਿੱਤਾ ਹੈ । ਜੈ ਹਿੰਦ।

ਮੁੱਖ ਮੰਤਰੀ (ਸਰਦਾਰ ਬੇਅੰਤ ਸਿੰਘ): ਸਪੀਕਰ ਸਾਹਿਬ, 22 ਫਰਵਰੀ ਨੂੰ ਗਵਰਨਰ ਸਾਹਿਬ ਨੇ ਇਸ ਅਗਸਟ ਹਾਊਸ ਦੇ ਅੰਦਰ ਆਪਣਾ ਭਾਸ਼ਣ ਰਖਿਆ ਔਰ 24 ਫਰਵਰੀ ਨੂੰ ਸਰਦਾਰ ਅਵਤਾਰ ਸਿੰਘ ਬਰਾੜ, ਐਮ.ਐਲ.ਏ. ਨੇ ਉਸ ਗਵਰਨਰ ਐਡਰੈਸ ਦੇ ਉਤੇ ਗਵਰਨਰ ਸਾਹਿਬ ਦਾ ਧੰਨਵਾਦ ਕਰਨ ਵਾਸਤੇ ਮਤਾ ਰਖਿਆ ਔਰ ਖੁਸ਼ਹਾਲ ਬਹਿਲ ਜੀ, ਐਮ.ਐਲ.ਏ. ਨੇ ਉਸ ਦੀ ਤਾਈਦ ਕੀਤੀ। ਉਸ ਮਤੇ ਤੇ ਬੜੀ ਬਹਿਸ ਹੋਈ ਔਰ ਬੜੇ ਚੰਗੇ-ਚੰਗੇ ਸੁਝਾਓ ਸਾਡੇ ਬੈਂਚਿਜ਼ ਵਲੋਂ ਆਏ ਔਰ ਮੈਨੂੰ ਇਹ ਕਹਿ ਕੇ ਥੋੜ੍ਹਾ ਅਫਸੋਸ ਤਾਂ ਹੁੰਦਾ ਹੈ ਕਿ ਆਪੋਜੀਸ਼ਨ ਵਲੋਂ ਕੋਈ ਨਿੱਗਰ ਸੁਝਾਓ ਨਹੀਂ ਆਏ ਅਤੇ ਇਨ੍ਹਾਂ ਵਲੋਂ ਛੋਟੀਆਂ ਮੋਟੀਆਂ ਗੱਲਾਂ ਕਰਨ ਦਾ ਹੀ ਯਤਨ ਕੀਤਾ ਗਿਆ। ਇਕ ਇਤਫਾਕ ਦੀ ਬਾਤ ਹੈ ਸਪੀਕਰ ਸਾਹਿਬ, ਕਿ ਜੋ ਇਸ ਸਰਕਾਰ ਦਾ ਇਕ ਸਾਲ ਪੂਰਾ ਹੋਇਆ, ਉਹ ਵੀ 24 ਤਾਰੀਖ ਨੂੰ ਹੀ ਪੂਰਾ ਹੋਇਆ ਹੈ ਔਰ ਉਸੇ ਦਿਨ ਇਹ ਮਤਾ ਵੀ ਰਖਿਆ ਗਿਆ। ਸਪੀਕਰ ਸਾਹਿਬ, ਪਿਛਲੇ ਸਾਲ ਇਲੈਕਸ਼ਨਾਂ ਹੋਈਆਂ ਔਰ ਉਨ੍ਹਾਂ ਇਲੈਕਸ਼ਨਾਂ ਦੇ ਅੰਦਰ ਮੇਰੀ ਪਾਰਟੀ ਜਿੱਤ ਕੇ ਆਈ। 19 ਤਾਰੀਖ ਨੂੰ ਇਲੈਕਸ਼ਨਾਂ ਹੋਈਆਂ ਔਰ ਜੋ ਅਤਿਵਾਦੀ ਸਨ, ਉਨ੍ਹਾਂ ਨੇ 18 ਔਰ 19 ਤਾਰੀਖ ਨੂੰ ਪੋਲਿੰਗ ਵਾਲੇ ਦਿਨ ਔਰ ਉਸ ਤੋਂ ਇਕ ਦਿਨ ਪਹਿਲਾਂ ਬੰਦ ਦਾ ਸੱਦਾ ਦਿੱਤਾ। ਬੰਦ ਬੜਾ ਕੰਪਲੀਟ ਹੋਇਆ। ਮੈਂ ਹੈਰਾਨ ਸੀ, ਸਪੀਕਰ ਸਾਹਿਬ, ਮੈਂ ਆਪ ਇਲੈਕਸ਼ਨ ਲੜ ਰਿਹਾ ਸੀ ਜਲੰਧਰ ਤੋਂ ਔਰ ਜਦੋਂ ਅਸੀਂ ਲੋਕਾਂ ਨੂੰ ਮਿਲੇ ਤਾਂ ਕੋਈ ਆਦਮੀ ਵੋਟ ਪਾਉਣ ਵਾਸਤੇ ਤਿਆਰ ਨਹੀਂ ਸੀ । ਲੋਕ ਕਹਿੰਦੇ ਸਨ ਕਿ ਅਸੀਂ ਅੰਦਰ ਬੈਠ ਕੇ ਗੁਜ਼ਾਰਾ ਕਰ ਲਵਾਂਗੇ, ਅਸੀਂ ਇਸ ਜਮਹੂਰੀਅਤ ਤੋਂ ਕੀ ਲੈਣਾ ਹੈ। ਇਹ ਬੜੇ ਅਫਸੋਸ ਦੀ ਗੱਲ ਹੈ ਕਿ ਇਹ ਸਾਰੀਆਂ ਗੱਲਾਂ ਉਦੋਂ ਦੇਖਣ ਵਿੱਚ ਆਈਆ। ਇਲੈਕਸ਼ਨ ਹੋਏ, ਲੋਕ ਬੜੇ ਘੱਟ ਬਾਹਰ ਆਏ, ਵੋਟਾਂ ਵੀ ਘੱਟ ਪਈਆਂ । ਅਸੀਂ ਜਦੋਂ ਹਲਫ ਲਿਆ 25 ਤਾਰੀਖ ਨੂੰ ਤਾਂ ਬੜੀ ਚਿੰਤਾ ਦੇ ਅੰਦਰ ਹਲਫ ਲਿਆ ਔਰ ਪ੍ਰੈਸ ਨੇ ਸ਼ਾਮ ਨੂੰ ਜਦੋਂ ਮੈਨੂੰ ਇਹ ਗੱਲ ਪੁੱਛੀ ਕਿ ਤੁਹਾਡਾ ਕਿੰਨੇ ਪੁਆਇੰਟ ਪਰੋਗਰਾਮ ਹੈ, ਇਸ ਸਰਕਾਰ ਨੂੰ ਅੱਗੇ ਚਲਾਉਣ ਦਾ ਤਾਂ ਮੈਂ ਉਨ੍ਹਾਂ ਨੂੰ ਸਿਰਫ ਇਹ ਗੱਲ ਆਖੀ ਕਿ ਸਾਡਾ 2 ਪੁਆਇੰਟਾਂ ਦਾ ਪਰੋਗਰਾਮ ਹੈ। ਇਕ ਤਾਂ ਅਸੀਂ ਇਸ ਸੋਹਣੇ ਸੂਬੇ ਦੇ ਅੰਦਰ, ਇਸ ਸੁਹਣੀ ਸਟੇਟ ਦੇ ਅੰਦਰ, ਇਸ ਸੁਹਣੇ ਪੰਜਾਬ ਦੇ ਅੰਦਰ ਸ਼ਾਂਤੀ ਔਰ ਅਮਨ ਲਿਆਉਣਾ ਚਾਹੁੰਦੇ ਹਾਂ (ਥੰਪਿੰਗ) ਔਰ ਦੂਸਰਾ, ਅਸੀਂ ਜੋ ਡੈਮੋਕਰੇਸੀ ਹੈ, ਜਮਹੂਰੀਅਤ ਹੈ, ਲੋਕ ਰਾਜ ਹੈ; ਉਸ ਨੂੰ ਅਸੀਂ ਗਰਾਸ ਰੂਟ ਤੱਕ ਲਿਜਾਣਾ ਚਾਹੁੰਦੇ ਹਾਂ। (ਥੰਪਿੰਗ)। ਕਿਉਂਕਿ ਇਹ ਗੱਲ ਮੈਂ ਇਥੇ ਆਖੀ ਸੀ ਅਤੇ ਮੇਰੇ ਮਨ ਦੇ ਅੰਦਰ ਵੀ ਇਹ ਗੱਲ ਸੀ ਕਿ ਅਸੀਂ ਕਿੰਨੇ ਵੀ ਉਪਰਾਲੇ ਕਿਉਂ ਨਾ ਕਰੀ ਜਾਈਏ, ਇਸ ਸਮੱਸਿਆ ਦਾ ਅਸਲ ਹੱਲ ਲੋਕ ਹੀ ਕਰ ਸਕਦੇ ਹਨ। ਲੋਕ ਹੀ ਲੋਕਰਾਜ ਨੂੰ, ਜਮਹੂਰੀਅਤ ਨੂੰ ਲਿਆ ਕੇ ਇਨ੍ਹਾਂ ਮਸਲਿਆਂ ਦਾ ਹੱਲ ਕਰ ਸਕਦੇ ਹਨ। ਸਪੀਕਰ ਸਾਹਿਬ, ਸਰਕਾਰ ਬਣੀ ਔਰ ਇਸ ਦਾ ਕੰਮ ਕਾਜ ਚਲਣਾ ਸ਼ੁਰੂ ਹੋ ਗਿਆ। ਮੈਂ ਕਹਿੰਦਾ ਹਾਂ ਕਿ ਇਹ ਮੇਰੇ ਵੀਰ ਜਿਹੜੇ ਇਥੇ ਬੈਠੇ ਹਨ (ਟਰੈਜ਼ਰੀ ਬੈਂਚਾ ਵੱਲ ਇਸ਼ਾਰਾ), ਇਹ ਐਨੀਆ ਕੁਰਬਾਨੀਆਂ ਦੇ ਕੇ ਅਤੇ ਐਨੀ ਦ੍ਰਿੜਤਾ ਨਾਲ ਇਸ ਸਰਕਾਰ ਨੂੰ ਚਲਾਉਣ ਲਈ ਅੱਗੇ ਆਏ ਕਿ ਮੈਂ ਇਨ੍ਹਾਂ ਦੀ ਤਾਰੀਫ ਕੀਤੇ ਬਿਨਾ ਨਹੀਂ ਰਹਿ ਸਕਦਾ। ਮੈਨੂੰ ਇਨ੍ਹਾਂ ਵਿਚੋਂ ਕੋਈ ਐਸਾ ਸਾਥੀ ਨਜ਼ਰ ਨਹੀਂ ਆਉਂਦਾ ਜੋ ਅੱਤਵਾਦ ਦਾ ਸ਼ਿਕਾਰ ਨਾ ਹੋਇਆ ਹੋਵੇ। ਮੈਂ ਕਹਿ ਸਕਦਾ ਹਾਂ ਕਿ ਕਈਆਂ ਨੇ ਆਪਣੇ ਆਪ ਤੇ ਗੋਲੀਆਂ ਖਾਧੀਆਂ, ਕਈਆਂ ਨੇ ਆਪਣੇ ਨਜ਼ਦੀਕੀ ਰਿਸ਼ਤੇਦਾਰ ਗੁਆਏ, ਕਈਆਂ ਨੇ ਆਪਣੇ ਦੂਰ ਦੇ ਰਿਸ਼ਤੇਦਾਰ ਗੁਆਏ। ਇਲੈਕਸ਼ਨ ਦੇ ਅੰਦਰ ਕਈਆਂ ਤੇ ਬੰਬ ਭੀ ਚੱਲੇ

ਮੈਂ ਜੇ ਇਕੱਲੇ ਇਕੱਲੇ ਦਾ ਨਾਂ ਲਵਾਂ ਤਾਂ ਬਹੁਤ ਟਾਈਮ ਲੱਗ ਜਾਵੇਗਾ ਲੇਕਿਨ ਮੈਂ ਇਹ ਜ਼ਰੂਰ ਕਹਾਂਗਾ ਕਿ ਸਾਡੇ ਇਸ ਹਾਊਸ ਦੇ ਅੰਦਰ ਵੀ ਐਸੇ ਬਹੁਤ ਸਾਰੇ ਲੋਕ , ਜਿਨ੍ਹਾਂ ਨੂੰ ਜ਼ਿੰਦਾ ਸ਼ਹੀਦ ਕਹਿਣਾ ਹੀ ਠੀਕ ਰਹੇਗਾ ਮੌਜੂਦ ਹਨ । ਸਰਦਾਰ ਮਨਿੰਦਰਜੀਤ ਸਿੰਘ ਬਿੱਟਾ, ਜੋ ਸਾਡੇ ਯੂਥ ਦੇ ਪ੍ਰਧਾਨ ਵੀ ਰਹੇ ਔਰ ਅੱਜ ਪੰਜਾਬ ਪਬਲਿਕ ਹੈਲਥ ਦੇ ਮਨਿਸਟਰ ਵੀ ਹਨ, ਉਨ੍ਹਾਂ ਤੇ ਗੋਲੀਆਂ ਚਲੀਆਂ। ਉਨ੍ਹਾਂ ਦੀ ਲੱਤ ਦਾ ਨੁਕਸਾਨ ਹੋ ਗਿਆ। ਅੱਤਵਾਦੀਆਂ ਨੇ ਕਿਹਾ ਕਿ ਅਸੀਂ ਇਸ ਨੂੰ ਛੱਡਣਾ ਨਹੀਂ ਔਰ ਉਸ ਤੋਂ ਬਾਅਦ ਬੰਬ ਅਟੈਕ ਵੀ ਉਨ੍ਹਾਂ ਤੇ ਹੋਇਆ। ਸਪੀਕਰ ਸਾਹਿਬ, ਅੱਜ ਉਹ ਨੌਜਵਾਨ ਸਾਡੇ ਕੋਲ ਬੈਠਾ ਹੈ। ਉਹ ਲੰਗੜੇ ਤਾਂ ਹੋ ਗਏ ਹਨ ਪਰ ਉਨ੍ਹਾਂ ਆਪਣੇ ਅਸੂਲ ਨਹੀਂ ਛੱਡੇ। ਇਹ ਡਾਕਟਰ ਸਾਹਿਬ ਬੈਠੇ ਹਨ, ਡਾਕਟਰ ਕੇਵਲ ਕ੍ਰਿਸ਼ਨ ਜੀ, ਸਾਡੇ ਫਾਈਨਾਂਸ ਮਨਿਸਟਰ। ਇਨ੍ਹਾਂ ਤੇ ਵੀ ਗੋਲੀਆਂ ਚੱਲੀਆਂ ਔਰ ਦੋਨੋਂ ਬਾਹਾਂ ਜ਼ਖਮੀ ਹੋ ਗਈਆਂ। ਜੇ ਉਸ ਵੇਲੇ ਇਹ ਅਲਮਾਰੀ ਦੇ ਪਿੱਛੇ ਨਾ ਲੁਕਦੇ ਤਾਂ ਸ਼ਾਇਦ ਅੱਜ ਇਹ ਸਾਡੇ ਕੋਲ ਨਾ ਹੁੰਦੇ ਲੇਕਿਨ ਇਸ ਬਹਾਦਰ ਯੋਧੇ ਨੇ ਹੌਸਲਾ ਨਹੀਂ ਛੱਡਿਆ। ਮੈਂ ਤਾਰੀਫ ਨਹੀਂ ਕਰ ਰਿਹਾ, ਮੈਂ ਹਕੀਕਤ ਦਸ ਰਿਹਾ ਹਾਂ। ਕੋਈ ਐਸੀ ਗੱਲ ਨਹੀਂ ਕਿ ਮੈਂ ਤਾਰੀਫ ਕਰਕੇ ਕੋਈ ਸਿਲਾ ਲੈਣਾ ਚਾਹੁੰਦਾ ਹਾਂ ਲੇਕਿਨ ਮੈਂ ਹਕੀਕਤ ਦੱਸੇ ਬਗੈਰ ਨਹੀਂ ਰਹਿ ਸਕਦਾ। ਇਨ੍ਹਾਂ ਦੇ ਗੋਲੀਆਂ ਲਗੀਆਂ। ਇਨ੍ਹਾਂ ਦਾ ਪਤਾ ਲੈਣ ਵਾਸਤੇ ਜਦੋਂ ਮੈਂ ਲੁਧਿਆਣੇ ਹਸਪਤਾਲ ਵਿਚ ਪੁੱਜਾ ਤਾਂ ਡਾਕਟਰ ਸਾਹਿਬ ਉਸ ਵੇਲੇ ਨੀਮ ਬੇਹੋਸ਼ੀ ਦੀ ਹਾਲਤ ਵਿਚ ਸਨ। ਡਾਕਟਰ ਸਾਹਿਬ ਨੇ ਉਸ ਵੇਲੇ ਟੀ.ਵੀ. ਵਾਲਿਆਂ ਨੂੰ ਸਟੇਟਮੈਂਟ ਦਿਤੀ ਕਿ ਬੇਸ਼ਕ ਮੈਂ ਸ਼ਹੀਦ ਹੋ ਜਾਵਾਂ ਲੇਕਿਨ ਮੈਂ ਹਿੰਦੁ-ਸਤਾਨ ਦਾ ਬਟਵਾਰਾ ਨਹੀਂ ਹੋਣ ਦਿਆਂਗਾ। ਮੈਂ ਹਿੰਦੁਸਤਾਨ ਦੀ ਖਾਤਰ, ਪੰਜਾਬ ਦੀ ਖਾਤਰ ਲੜਨਾ ਹੈ। ਹੁਣੇ ਇਥੇ ਸਰਦਾਰ ਪ੍ਰਤਾਪ ਸਿੰਘ ਬਾਜਵਾ ਬੋਲ ਰਹੇ ਸਨ । ਉਨ੍ਹਾਂ ਨੇ ਆਪਣੇ ਬਾਪ ਨੂੰ ਮਰਵਾਇਆ। ਬਾਪ ਵੀ ਕੋਈ ਛੋਟਾ ਮੋਟਾ ਨਹੀਂ ਸੀ। ਉਹ ਮਨਿਸਟਰ ਵੀ ਰਹੇ। ਇਕ ਵਾਰ ਉਹ ਇਸ ਜਗ੍ਹ ਤੇ ਲੀਡਰ ਆਫ ਆਪੋਜੀਸ਼ਨ ਵੀ ਰਹੇ। ਉਹ ਔਰ ਉਨ੍ਹਾਂ ਦੇ ਸਾਥੀਆਂ ਨੂੰ ਗੋਲੀਆਂ ਮਾਰ-ਮਾਰ ਕੇ ਜਿਸ ਤਰੀਕੇ ਨਾਲ ਮਾਰਿਆ ਗਿਆ, ਜਦੋਂ ਉਹ ਤਸਵੀਰ ਮੇਰੇ ਸਾਹਮਣੇ ਆਉਂਦੀ ਹੈ ਤਾਂ ਰੋਂਗਟੇ ਖੜ੍ਹੇ ਹੋ ਜਾਂਦੇ ਹਨ । ਮੈਂ ਇਥੇ ਹੀ ਬਸ ਨਹੀਂ ਕਰਦਾ । ਸ੍ਰੀ ਮਹਿੰਦਰ ਸਿੰਘ ਕੇ.ਪੀ. ਜੋ ਸਾਡੇ ਸਟੇਟ ਮਨਿਸਟਰ ਹਨ, ਸ਼ਾਇਦ ਇਸ ਵੇਲੇ ਇਥੇ ਬੈਠੇ ਨਹੀਂ ਹਨ। ਉਨ੍ਹਾਂ ਨੇ ਵੀ ਆਪਣਾ ਬਾਪ ਗੁਆਇਆ। ਸਰਦਾਰ ਦਰਸ਼ਨ ਸਿੰਘ ਕੇ.ਪੀ. ਸਾਡੇ ਪੰਜਾਬ ਦੇ ਮਨਿਸਟਰ ਰਹੇ। ਉਨ੍ਹਾਂ ਨੂੰ ਜਲੰਧਰ ਵਿਚ ਬੜੀ ਬੇਰਹਿਮੀ ਨਾਲ ਮਾਰਿਆ ਗਿਆ। ਸਪੀਕਰ ਸਾਹਿਬ, ਕਿਥੇ-ਕਿਥੇ ਗੱਲਾਂ ਕਰੀਏ। ਸਰਦਾਰ ਗੁਲਜ਼ਾਰ ਸਿੰਘ ਸਾਡੇ ਮਨਿਸਟਰ ਹਨ, ਉਸ ਦੇ ਭਾਈ ਨੂੰ ਮਾਰ ਕੇ ਜ਼ਮੀਨ ਦੇ ਅੰਦਰ ਦਬਾਇਆ ਗਿਆ। ਪਤਾ ਨਹੀਂ ਸੀ ਲਗਦਾ। ਪਰ ਮਹੀਨੇ ਤੋਂ ਬਾਅਦ ਉਸ ਦੀ ਲਾਸ਼ ਕਢੀ ਗਈ ਔਰ ਲਾਸ਼ ਕੱਢ ਕੇ ਜਦੋਂ ਅਸੀਂ ਉਥੇ ਪਹੁੰਚੇ ਤਾਂ ਇਕ ਐਸਾ ਦ੍ਰਿਸ਼ ਸੀ ਮੈਂ ਸਮਝਦਾ ਹਾਂ ਕਿ ਜਿਸ ਨੂੰ ਅਗਰ ਅੱਜ ਯਾਦ ਨਾ ਕਰੀਏ ਤਾਂ ਠੀਕ ਰਹੇਗਾ। ਮੈਂ ਕਹਿਣਾ ਚਾਹੁੰਦਾ ਹਾਂ, ਸਪੀਕਰ ਸਾਹਿਬ, ਬੜੀ ਲੰਮੀ ਹੋ ਜਾਏਗੀ ਮੇਰੀ ਗਲ ਜੇ ਉਨ੍ਹਾਂ ਦੇ ਰਿਸ਼ਤੇਦਾਰਾਂ ਦੀ ਗਲ ਵੀ ਕਰਨ ਚਲੀਏ । ਸਰਦਾਰ ਗੁਰਮੇਜ ਸਿੰਘ ਅਜ ਏਥੇ ਨਹੀਂ ਹਨ ਉਨ੍ਹਾਂ ਨੇ ਆਪਣਾ ਲਾਡਲਾ ਪੁੱਤਰ ਜੋ ਟਿਊਬਵੈਲ ਤੇ ਕਿਸੇ ਕੰਮ ਵਾਸਤੇ ਗਿਆ ਸੀ ਪਰ ਉਥੇ ਦੋ ਦਹਿਸ਼ਤਗਰਦ ਲੁਕੇ ਹੋਏ ਸਨ, ਜਿਨ੍ਹਾਂ ਨੇ ਗੋਲੀਆਂ ਮਾਰ ਕੇ ਉਸ ਨੂੰ ਸਦਾ ਦੀ ਨੀਂਦ ਸਿਲਾ ਦਿਤਾ ਔਰ ਅੱਜ ਉਹ ਬਹਾਦਰ ਗੁਰਮੇਜ ਸਿੰਘ ਹਾਲੇ ਵੀ ਮੈਂ ਸਮਝਦਾ ਹਾਂ ਪੰਜਾਬ ਦੀ ਸੁੱਖ ਮਨਾਉਂਦਾ ਫਿਰਦਾ ਹੈ ਔਰ ਮੈਂ ਅਰਜ਼ ਕਰ ਰਿਹਾ ਸੀ ਕਿ ਮੈਂ ਔਰ ਮੇਰੇ ਸਾਥੀ ਦ੍ਰਿੜਤਾ ਨਾਲ ਲਗੇ ਇਸ ਅਤਵਾਦ ਨੂੰ ਖਤਮ ਕਰਨ ਵਾਸਤੇ ਔਰ ਕਿਹਾ ਗਿਆ ਹੈ ਕਿ Where there is a well, there is a way.

[ਮੁੱਖ ਮੰਤਰੀ]

ਅਸੀਂ ਆਪਣੀ ਵਿਲ ਨੂੰ ਮਜ਼ਬੂਤ ਕੀਤਾ, ਆਪਣੇ ਇਰਾਦੇ ਨੂੰ ਤਕੜਾ ਕੀਤਾ ਔਰ ਦ੍ਰਿੜਤਾ ਦੇ ਨਾਲ ਚਲੇ ਔਰ ਇਹ ਵੀ ਕਿਹਾ ਗਿਆ ਹੈ ਕਿ:--

"ਖੁਦੀ ਕੋ ਕਰ ਬੁਲੰਦ ਇਤਨਾ
ਕਿ ਹਰ ਤਕਦੀਰ ਸੇ ਪਹਿਲੇ
ਖੁਦਾ ਬੰਦੇ ਸੇ ਖੁਦ ਪੁਛੇ
ਬਤਾ ਤੇਰੀ ਰਜ਼ਾ ਕਿਆ ਹੈ।"

ਇਨ੍ਹਾਂ ਗਲਾਂ ਦੇ ਨਾਲ, ਸਪੀਕਰ ਸਾਹਿਬ, ਸਾਡੀ ਸਰਕਾਰ ਦੀ ਸ਼ੁਰੂਆਤ ਹੋਈ। ਅਸੀਂ ਅਤਵਾਦ ਦੇ ਖਿਲਾਫ ਲੜਾਈ ਲੜੀ ਔਰ ਸਾਡੇ ਕੋਲ ਜੋ ਫੋਰਸਿਜ਼ ਸਨ ਪੁਲਿਸ, ਸੀ.ਆਰ.ਪੀ.ਐਫ., ਬੀ.ਐਸ.ਐਫ., ਆਰਮੀ ਵੀ ਆਈ, ਲੇਕਿਨ ਆਰਮੀ ਆਪਣੀ ਜਗ੍ਹਾ ਤੇ ਰਹੀ। ਮੈਂ ਕਹਿਣਾ ਚਾਹੁੰਦਾ ਹਾਂ, ਸਪੀਕਰ ਸਾਹਿਬ, ਸਾਰੀਆਂ ਫੋਰਸਿਜ਼ ਦੇ ਅੰਦਰ ਜੇ ਕੋਈ ਸਿਰਕਢ ਫੋਰਸ ਸੀ ਤਾਂ ਉਹ ਸੀ ਸਾਡੀ ਪੰਜਾਬ ਪੁਲਿਸ, ਜਿਸ ਨੇ ਬੜੀ ਦਲੇਰੀ ਦੇ ਨਾਲ, ਬੜੀ ਦ੍ਰਿੜਤਾ ਦੇ ਨਾਲ ਇਸ ਹਾਲਾਤ ਤੇ ਕਾਬੂ ਪਾਇਆ। ਮੇਰੇ ਦੋਸਤ ਅੱਜ ਕਹਿੰਦੇ ਹਨ, ਪੁਲਿਸ ਨੂੰ ਅੱਜ ਆਪੋਜੀਸ਼ਨ ਵਾਲੇ ਨਿੰਦਦੇ ਹਨ ਔਰ ਕਹਿੰਦੇ ਹਨ ਕਿ ਉਨ੍ਹਾਂ ਦੀਆਂ ਵਾਗਾਂ ਸ਼ਾਇਦ ਕੁਝ ਖੁਲ੍ਹੀਆਂ ਨਹੀਂ ਲੇਕਿਨ ਮੈਂ, ਸਪੀਕਰ ਸਾਹਿਬ, ਕਹਿਣਾ ਚਾਹੁੰਦਾ ਹਾਂ ਕਿ ਪੁਲਿਸ ਵਾਲਿਆਂ ਨੇ ਜਿੰਨੇ ਆਪਣੇ ਪੁਲਿਸ ਆਫੀਸ਼ੀਅਲ ਮਰਵਾਏ ਸਾਲ ਦੇ ਅੰਦਰ 252, ਸਾਡੇ ਪੁਲਿਸ ਨੌਜਵਾਨ ਆਪਣੀਆਂ ਜਾਨਾਂ ਕੁਰਬਾਨ ਕਰ ਗਏ ਔਰ ਉਨ੍ਹਾਂ ਦੇ ਨਜ਼ਦੀਕੀ ਰਿਸ਼ਤੇਦਾਰ, ਜੇ ਮੈਂ ਉਨ੍ਹਾਂ ਦੀਆਂ ਜਾਨਾਂ ਦੀ ਤਾਇਦਾਦ ਦਸਣ ਲਗਾਂ ਤਾਂ ਸ਼ਾਇਦ ਤੁਸੀਂ ਮੰਨੋਗੇ ਨਹੀਂ, ਉਹ ਤਾਇਦਾਦ 300 ਤੋਂ ਉਤੇ ਹੈ। ਏਨੀ ਵੱਡੀ ਤਾਇਦਾਦ ਵਿਚ ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਮਾਰਿਆ ਗਿਆ। ਉਨ੍ਹਾਂ ਦਾ ਕਸੂਰ ਕੀ ਸੀ? ਉਨ੍ਹਾਂ ਦਾ ਕਸੂਰ ਕੇਵਲ ਇਹ ਸੀ ਕਿ ਉਨ੍ਹਾਂ ਦਾ ਭਰਾ, ਉਨ੍ਹਾਂ ਦਾ ਤਾਇਆ, ਚਾਚਾ ਰੋਜ਼ਗਾਰ ਲੈਣ ਵਾਸਤੇ ਪੁਲਿਸ ਦੀ ਨੌਕਰੀ ਕਰਦਾ ਸੀ। ਪਰ ਸਾਡੀ ਪੁਲਿਸ ਨੇ ਬੜੇ ਹੌਸਲੇ ਦੇ ਨਾਲ ਇਸ ਅਤਵਾਦ ਦੇ ਖਿਲਾਫ ਲੜਾਈ ਲੜੀ ਔਰ ਸੰਨ 1992 ਦੇ ਅੰਦਰ ਜੋ ਅਤਵਾਦੀਆਂ ਨੂੰ ਸਬਕ ਮਿਲਿਆ ਉਹ ਇਕ ਇਹ ਕਿ 2111 ਅਤਵਾਦੀ ਇਕ ਸਾਲ ਦੇ ਅੰਦਰ-ਅੰਦਰ ਮਾਰੇ ਗਏ। ਮੈਂ ਸਮਝਦਾ ਹਾਂ, ਆਖਿਰਕਾਰ ਆਪੋਜੀਸ਼ਨ ਵਾਲਿਆਂ ਨੂੰ ਦਸਣਾ ਚਾਹੁੰਦਾ ਹਾਂ ਕਿ ਜੇ ਸਾਡੀ ਪੁਲਿਸ ਫੋਰਸ ਇਤਨੀ ਤਕੜੀ ਨਾ ਹੁੰਦੀ ਤਾਂ ਅਤਵਾਦੀਆਂ ਦੇ ਏਨੇ ਬੰਦੇ ਕਿਸ ਤਰ੍ਹਾਂ ਇਲੀਮੀਨੇਟ ਹੁੰਦੇ। ਕਿਸ ਤਰ੍ਹਾਂ ਉਨ੍ਹਾਂ ਦਾ ਮੁਕਾਬਲਾ ਕੀਤਾ ਜਾਂਦਾ। ਪੁਲਿਸ ਅਤਵਾਦ ਦੇ ਖਿਲਾਫ ਲੜੀ ਔਰ ਏਨੇ ਅੱਛੇ ਢੰਗ ਨਾਲ ਲੜੀ ਕਿ ਇਸ ਸਾਲ ਜਨਵਰੀ ਦੇ ਅੰਦਰ ਕੇਵਲ 8 ਮੌਤਾਂ ਹੋਈਆ ਪੁਲਿਸ ਵਾਲਿਆਂ ਦੀਆਂ। ਮੁਕਾਬਲਿਆਂ ਦੇ ਅੰਦਰ ਪੁਲਿਸ ਦੇ ਬੰਦੇ ਮਾਰੇ ਗਏ, ਜੇ ਮੁਕਾਬਲੇ ਨਹੀਂ ਹੁੰਦੇ ਤਾਂ ਪੁਲਿਸ ਦੇ ਬੰਦੇ ਕਿਵੇਂ ਮਾਰੇ ਜਾਂਦੇ ਹਨ। ਕਿਹਾ ਜਾਂਦਾ ਹੈ ਕਿ ਫੜ ਫੜ ਕੇ ਮਾਰੇ ਜਾਂਦੇ ਹਨ। ਲੇਕਿਨ ਮੈਂ ਕਹਿੰਦਾ ਹਾਂ ਕਿ ਕੋਈ ਵੀ ਮਿਸਾਲ ਦੱਸ ਦਿਓ ਜਿਥੇ ਫੜ ਕੇ ਮਾਰਿਆ ਹੋਵੇ ਤਾਂ ਮੈਂ ਤੁਹਾਡਾ ਦੇਣਦਾਰ ਹੋਵਾਂਗਾ (ਥੰਪਿੰਗ)। ਇਹ ਗੱਲ ਤੁਹਾਡੇ ਸਾਹਮਣੇ ਹੈ ਕਿ ਜਨਵਰੀ 1993 ਦੇ ਮਹੀਨੇ ਵਿਚ ਦੋ ਸਿਵ-ਲਿਅਨ ਮਾਰੇ ਗਏ। ਜਿਹੜਾ ਕਾਰਸਪੌਂਡੈਂਸ ਮਹੀਨਾ ਸੀ ਜਨਵਰੀ 1992 ਦਾ ਜਦੋਂ ਕਿ ਅਜੇ ਇਲੈਕਸ਼ਨਾਂ ਨਹੀਂ ਸੀ ਹੋਈਆਂ, ਉਸ ਮਹੀਨੇ 168 ਪਬਲਿਕ ਦੇ ਬੰਦੇ ਮਾਰੇ ਗਏ ਸਨ ਔਰ ਜਨਵਰੀ 1993 ਦੇ ਮਹੀਨੇ ਵਿੱਚ ਕੇਵਲ ਦੋ ਸਿਵਿਲਿਅਨ ਹੀ ਮਾਰੇ ਗਏ ਹਨ। ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਕਿੰਨੀ ਭਾਰੀ ਇੰਪਰੂਵਮੈਂਟ ਹੋਈ ਹੈ (ਥੰਪਿੰਗ)। ਇਥੇ ਮੈਂ, ਸਪੀਕਰ ਸਾਹਿਬ, ਇਹ ਗੱਲ ਵੀ ਕਹਿਣੀ ਚਾਹੁੰਦਾ ਹਾਂ ਕਿ ਕੱਲ੍ਹ ਇਕ ਬੜਾ ਵੱਡਾ ਅੱਤਵਾਦੀ ਮਾਰਿਆ ਗਿਆ, ਜਿਸ ਦਾ ਨਾਂ ਗੁਰਬਚਨ ਸਿੰਘ

ਮਾਨੋਚਾਹਲ ਸੀ। ਮੈਂ ਅੱਜ ਖੁਸ਼ੀ ਦੇ ਨਾਲ ਕਹਿ ਸਕਦਾ ਹਾਂ ਕਿ ਜਿਹੜੇ ਵੱਡੇ-ਵੱਡੇ ਅੱਤਵਾਦੀ ਉਸ ਦੇ ਲੈਵਲ ਦੇ ਸਨ ਜਿਸ ਦੇ ਵਿਚ ਸੁਖਦੇਵ ਸਿੰਘ ਬੱਬਰ ਦਾ ਨਾਂ ਲਿਆ ਜਾ ਸਕਦਾ ਹੈ, ਤਲਵਿੰਦਰ ਸਿੰਘ ਪਰਮਾਰ ਦਾ ਨਾਂ ਲਿਆ ਜਾ ਸਕਦਾ ਹੈ, ਉਹ ਵੱਡੇ-ਵੱਡੇ ਅੱਤਵਾਦੀ, ਕੇਵਲ ਇਕ ਦੋ ਨੂੰ ਛੱਡ ਕੇ, ਸਾਡੇ ਵਿੱਚ ਨਹੀਂ ਰਹੇ। ਮੈਂ ਇਸ ਗੱਲ ਵੱਲ ਵੀ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਜਦੋਂ ਵੀ ਪਹਿਲਾਂ ਕੋਈ ਅੱਤਵਾਦੀ ਮਰਦਾ ਸੀ ਤਾਂ ਬੰਦ ਦੀ ਕਾਲ ਦਿੱਤੀ ਜਾਂਦੀ ਸੀ ਜਿਸ ਤਰ੍ਹਾਂ ਕਿ ਪਿਛਲੇ ਸਾਲ 18 ਅਤੇ 19 ਫਰਵਰੀ ਨੂੰ ਵੀ ਬੰਦ ਦੀ ਕਾਲ ਦਿੱਤੀ ਗਈ ਸੀ। ਲੇਕਿਨ ਅੱਜ ਕੋਈ ਬੰਦ ਦੀ ਕਾਲ ਨਹੀਂ ਦਿੱਤੀ ਜਾਂਦੀ। (ਥੰਪਿੰਗ) ਕੀ ਹੈ ਅੱਜ ਕੋਈ ਉਨ੍ਹਾਂ ਦੀ ਮੌਤ ਤੇ ਅਾਂਸੂ ਬਹਾਉਣ ਵਾਲਾ? ਸਪੀਕਰ ਸਾਹਿਬ, ਅਖਬਾਰਾਂ ਨੇ ਮਾਨੋਚਾਹਲ ਦੇ ਬਾਰੇ ਵਿੱਚ ਲਿਖਿਆ । ਉਸ ਦਾ ਪਿੰਡ ਮਾਨੋਚਾਹਲ ਸੀ। ਅਸਲ ਵਿੱਚ ਉਹ ਨੌਸ਼ਹਿਰਾ ਪੰਨੂਆਂ ਦਾ ਵਸਨੀਕ ਸੀ। ਉਸ ਦਾ ਉਥੇ ਵੀ ਮਕਾਨ ਸੀ ਅਤੇ ਉਥੇ ਵੀ ਮਕਾਨ ਸੀ। ਉਥੋਂ ਦੇ ਸਰਪੰਚ ਨੂੰ ਮਿਲੇ ਅਤੇ ਉਨ੍ਹਾਂ ਦੱਸਿਆ ਕਿ ਲੋਕਾਂ ਨੇ ਉਸਦੀ ਮੌਤ ਤੇ ਖੁਸ਼ੀ ਮਨਾਈ, ਦੀਵਾਲੀ ਮਨਾਈ, ਬੱਤੀਆਂ ਜਗਾਈਆਂ ਔਰ ਮਠਿਆਈਆਂ ਵੰਡੀਆਂ (ਥੰਪਿੰਗ)। ਅੱਜ ਕਿਧਰੇ ਵੀ ਬੰਦ ਦੀ ਕਾਲ ਨਹੀਂ। ਮੈਂ ਇਸ ਬਾਰੇ ਨਿਵੇਦਨ ਕਰਨਾ ਚਾਹੁੰਦਾ ਹਾਂ ਕਿ ਇਸ ਮੂਵਮੈਂਟ ਨੂੰ ਕਿਸੇ ਨੇ ਸਮਝਿਆ ਨਹੀਂ। ਉਸ ਮੂਵਮੇਂਟ ਨੂੰ ਗਲਤ ਤਰ੍ਹਾਂ ਦੇ ਨਾਲ ਰੰਗਤ ਦਿੱਤੀ। ਮੈਂ ਦੱਸਦਾ ਹਾਂ ਕਿ ਕੌਣ-ਕੌਣ ਬੰਦੇ ਕਿਸ-ਕਿਸ ਤੱਰ੍ਹਾਂ ਨਾਲ ਗਲਤ ਰੰਗਤ ਦਿੰਦੇ ਰਹੇ ਹਨ, ਇਥੇ ਮੈਂ ਇਕ ਗੱਲ ਕਹਾਂਗਾ। ਕਿ ਇਕ ਅੱਤਵਾਦੀ ਸੁਖਦੇਵ ਸਿੰਘ ਬੱਬਰ ਪਟਿਆਲੇ ਦੇ ਅੰਦਰ ਰਹਿੰਦਾ ਸੀ ਸੁਖਦੇਵ ਸਿੰਘ ਬੱਬਰ ਨੇ ਤਿੰਨ ਕੋਠੀਆਂ ਬਣਾਈਆਂ, ਵਾਈਟ ਹਾਊਸ, ਗਰੀਨ ਹਾਊਸ ਅਤੇ ਪਿੰਕ ਹਾਊਸ। ਸਪੀਕਰ ਸਾਹਿਬ, ਉਸ ਅੱਤਵਾਦੀ ਨੇ ਤਰਨਤਾਰਨ ਦੇ ਇਲਾਕੇ ਵਿੱਚ ਪਿੰਡ ਦਾਸਵਾਲ ਕੱਚੇ ਕੋਠੇ ਵਿੱਚ ਵਿਆਹ ਕਰਵਾਇਆ ਅਤੇ ਫਿਰ ਆਪਣੀ ਘਰਵਾਲੀ ਨੂੰ ਛੱਡ ਕੇ ਨਾਭੇ ਵਾਲੀ ਬੀਬੀ ਦੇ ਨਾਲ ਵਿਆਹ ਕਰਵਾਇਆ ਅਤੇ ਵਾਈਟ-ਹਾਊਸ ਵਿੱਚ ਰਹਿਣ ਲਗ ਪਿਆ। ਸਪੀਕਰ ਸਾਹਿਬ, ਮੈਂ ਉਨ੍ਹਾਂ ਲੋਕਾਂ ਨੂੰ ਕਹਿਣਾ ਚਾਹੁੰਦਾ ਹਾਂ ਜਿਹੜੇ ਉਸ ਮੂਵਮੈਂਟ ਨੂੰ ਧਾਰਮਿਕ ਮੂਵਮੈਂਟ ਦੱਸਦੇ ਸਨ ਅਤੇ ਉਸ ਨੂੰ ਧਾਰਮਿਕ ਕਹਿੰਦੇ ਸਨ, ਜਦੋਂ ਉਹ ਮਾਰਿਆ ਗਿਆ ਤਾਂ ਮੈਂ ਪੁਲਿਸ ਵਾਲਿਆਂ ਨੂੰ ਪੁੱਛਿਆ ਕਿ ਉਹ ਬੜਾ ਧਾਰਮਿਕ ਸੀ ਅਤੇ ਉਸ ਦੇ ਘਰ ਵਿਚੋਂ ਤਾਂ ਗੁਰੂ ਗਰੰਥ ਸਾਹਿਬ ਦੀ ਸਵਾਰੀ ਨਿਕਲੀ ਹੋਣੀ ਹੈ। ਉਨ੍ਹਾਂ ਨੇ ਮੈਨੂੰ ਦੱਸਿਆ ਕਿ ਗੁਰੂ ਗਰੰਥ ਸਾਹਿਬ ਦੀ ਤਾਂ ਗੱਲ ਛੱਡੋ ਉਸ ਦੇ ਘਰ ਵਿਚੋਂ ਪਾਠ ਕਰਨ ਵਾਸਤੇ ਜਪੁਜੀ ਸਾਹਿਬ ਦਾ ਇਕ ਗੁਟਕਾ ਵੀ ਨਹੀਂ ਨਿਕਲਿਆ (ਇਸ ਸਮੇਂ ਸਦਨ ਵਿੱਚ ਸ਼ੇਮ ਸ਼ੇਮ ਦੀਆਂ ਅਵਾਜ਼ਾਂ ਆਈਆਂ।) ਔਰ ਜੋ ਮਰਨ ਪਿੱਛੋਂ ਉਸ ਦੇ ਘਰੋਂ ਮਾਲ ਨਿਕਲਿਆ ਉਹ ਤੁਹਾਨੂੰ ਸਾਰਿਆਂ ਨੂੰ ਹੀ ਪਤਾ ਹੈ, ਪਤਾ ਨਹੀਂ ਕਿਥੋਂ ਲਿਆਂਦਾ ਸੀ ਸਮਾਨ। ਉਸਦੇ ਬਾਹਰਲੇ ਮੁਲਕਾਂ ਦੇ ਨਾਲ ਲਿੰਕ ਸਨ। ਸਪੀਕਰ ਸਾਹਿਬ, ਇੱਥੇ ਜ਼ੀਰਾ ਸਾਹਿਬ ਨਹੀਂ ਬੈਠੇ, ਸਰਦਾਰ ਇੰਦਰਜੀਤ ਸਿੰਘ ਜ਼ੀਰਾ ਨੇ ਕੱਲ੍ਹ ਬੜਾ ਜ਼ੋਰ ਲਗਾ-ਲਗਾ ਕੇ ਗੱਲਾਂ ਕਹੀਆਂ, ਇੰਨਾਂ ਜ਼ੋਰ ਲਗਾਇਆ ਉਨ੍ਹਾਂ ਨੇ ਕਿ ਮੈਨੂੰ ਕਈ ਵੇਰ ਫਿਕਰ ਹੁੰਦਾ ਸੀ ਕਿ ਕਿਤੇ ਉਨ੍ਹਾਂ ਦੇ ਦਿਮਾਗ ਦੀ ਨਾੜੀ ਨਾ ਫੱਟ ਜਾਏ ਔਰ ਉਨ੍ਹਾਂ ਨੇ ਸਾਡੇ ਤੇ ਇਲਜ਼ਾਮ ਲਗਾਇਆ ਸੀ ਕਿ ਤੁਸੀਂ ਫਲਾਣੇ ਨੂੰ ਮਰਵਾ ਦਿਤਾ, ਫਲਾਣੇ ਨੂੰ ਮਰਵਾ ਦਿਤਾ, ਫਲਾਣੇ ਨੂੰ ਮਰਵਾ ਦਿਤਾ, ਲੇਕਿਨ ਮੈਂ ਕਹਿੰਦਾ ਹਾਂ ਕਿ ਨਿਸ਼ਾਨ ਸਿੰਘ ਮਖੂ ਜ਼ੀਰੇ ਦੇ ਕੋਲ ਦਾ ਰਹਿਣ ਵਾਲਾ ਬਹੁਤ ਬੜਾ ਭਾਰੀ ਅੱਤਵਾਦੀ ਸੀ, ਉਸਦਾ ਡਿਪਟੀ ਪੰਜਾਬ ਸਿੰਘ ਮਨਵਾ ਪੁਲਿਸ ਮੁਕਾਬਲੇ ਵਿੱਚ ਮਾਰਿਆ ਗਿਆ, ਲੇਕਿਨ ਮੈਂ ਕਹਿਣਾ ਚਾਹੁੰਦਾ ਹਾਂ ਕਿ ਨਿਸ਼ਾਨ ਸਿੰਘ ਮਖੂ ਜ਼ੀਰੇ ਦੇ ਇਲਾਕੇ ਦੇ ਅੰਦਰ ਔਰ ਸਰਦਾਰ ਇੰਦਰਜੀਤ ਸਿੰਘ ਜੀ ਇੱਥੇ ਬੈਠੇ ਨਹੀਂ, ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਉਸਨੇ ਜੋ ਕੋਠੀ ਉਥੇ ਬਣਾਈ ਹੈ ਜੋ ਕਿ ਬੜਾ ਭਾਰੀ ਪੈਲੇਸ ਦਿੱਸਦੀ ਹੈ, ਮੈਂ ਇੰਦਰਜੀਤ ਸਿੰਘ ਨੂੰ

[ਮੁੱਖ ਮੰਤਰੀ]

ਕਹਾਂਗਾ ਕਿ ਕੀ ਕਦੇ ਤੁਸੀਂ ਤਾਂ ਉਸ ਕੋਠੀ ਵਿੱਚ ਨਹੀਂ ਗਏ, ਜੇ ਉਸ ਕੋਠੀ ਦੇ ਅੰਦਰ ਗਏ ਹੋ ਤਾਂ ਤੁਹਾਨੂੰ ਜੇ ਉਨ੍ਹਾਂ ਨਾਲ ਹਮਦਰਦੀ ਹੈ ਤਾਂ ਮੇਰੇ ਨਾਲ ਗੱਲ ਤਾਂ ਕਰ ਲੈਣੀ ਸੀ। ਸਪੀਕਰ ਸਾਹਿਬ, ਮੈਂ ਤਾਂ ਇਹ ਗੱਲ ਕਹਾਂਗਾ ਕਿ ਅੱਤਵਾਦ ਜੋ ਸਾਡੇ ਪੰਜਾਬ ਦੇ ਅੰਦਰ ਆਇਆ, ਅੱਜ ਮੈਨੂੰ ਇਸ ਗੱਲ ਨੂੰ ਦੱਸਦੇ ਹੋਏ ਬੜੇ ਦੁੱਖ ਦੇ ਨਾਲ ਕਹਿਣਾ ਪੈਂਦਾ ਹੈ ਕੀ ਮੇਰੇ ਦੋਸਤ ਅਕਾਲੀ ਮਨਿਸਟਰੀਆਂ ਦੇ ਖਿਲਾਫ ਬੜਾ ਬੋਲਦੇ ਰਹੇ ਹਨ, ਠੀਕ ਹੈ ਕਿ ਕਿਉਂ ਨਾ ਬੋਲਣ, ਲੇਕਿਨ ਇਹ ਗੱਲ ਮੈਂ ਜ਼ਰੂਰ ਕਹਾਂਗਾ ਕਿ ਜਦੋਂ ਅਕਾਲੀ ਭਰਾ ਸਰਕਾਰ ਦੇ ਅੰਦਰ ਸੀ ਤਾਂ ਕੋਈ ਮਸਲਾ ਹੱਲ ਨਹੀਂ ਕੀਤਾ ਲੇਕਿਨ ਜਦੋਂ ਸਰਕਾਰ ਤੋਂ ਬਾਹਰ ਗਏ ਤਾਂ ਹਮੇਸ਼ਾ ਕਿਹਾ ਕਿ ਧਰਮ ਦਾ ਮੋਰਚਾ ਲਗਾਇਆ ਹੋਇਆ ਹੈ । ਧਰਮ ਦਾ ਮੋਰਚਾ 1947 ਤੋਂ ਬਾਅਦ ਕਦੇ ਨਹੀਂ ਲੱਗਾ। ਮੈਂ ਵਾਰ-ਵਾਰ ਕਹਿਣਾ ਚਾਹੁੰਦਾ ਹਾਂ ਕਿ ਧਰਮ ਕਹਿ ਕਹਿ ਕੇ ਇਨ੍ਹਾਂ ਪੋਲੀਟੀਸ਼ਨਾਂ ਨੇ ਇਸ ਅੱਤਵਾਦ ਨੂੰ ਵਧਾਉਣ ਦੇ ਵਿੱਚ ਜੋ ਰੋਲ ਅਦਾ ਕੀਤਾ ਉਹ ਸਾਡੇ ਸੱਭ ਦੇ ਸਾਹਮਣੇ ਹੈ। ਕੁਝ ਪੋਲੀਟੀਸ਼ਨ, ਉਹ ਪੋਲੀਟੀਸ਼ਨ ਜਿਹੜੇ ਆਪਣੇ ਆਪ ਨੂੰ ਮਜ਼ਬ ਔਰ ਸਿਆਸਤ ਨੂੰ ਇਕੱਠਾ ਕਰਕੇ ਫਿਰ ਦੋਬਾਰਾ ਗੁਆਚੀ ਹੋਈ ਆਪਣੀ ਸ਼ਾਖ ਨੂੰ ਇਕੱਠੀ ਕਰਨੀ ਚਾਹੁੰਦੇ ਸਨ ਉਹ ਪੋਲੀਟੀਸ਼ਨ ਰਲੇ ਉਨ੍ਹਾਂ ਨੇ ਮਨਸੂਬੇ ਬਣਾਏ ਔਰ ਉਨ੍ਹਾਂ ਲੋਕਾਂ ਨੂੰ ਮਿਲੇ ਜੋ ਆਪਣੇ ਆਪ ਨੂੰ ਮਜ਼ਬ ਦੇ ਬੜੇ ਭਾਰੀ ਠੇਕੇਦਾਰ ਸਮਝਦੇ ਸਨ ਅਤੇ ਜਦੋਂ ਇਹ ਦੋਵੇਂ ਬੜੇ ਘਿਓ-ਖਿਚੜੀ ਹੋ ਗਏ ਔਰ ਗੱਲਾਂ ਕਰਨ ਲੱਗ ਗਏ ਕਿ ਉਹ ਆਪਣੀ ਹਕੂਮਤ ਬਣਾ ਕੇ ਸੇਪਰੇਟਿਜ਼ਮ ਦਾ ਨਾਅਰਾ ਲਗਾਉਣ, ਤਾਂ ਪਾਕਿਸਤਾਨ ਨੇ ਆਪਣੀ ਉਂਗਲ ਉਨ੍ਹਾਂ ਲੜਕਿਆਂ ਤੇ ਰੱਖੀ ਜਿਹੜੇ ਲੜਕੇ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਤਿਆਰ ਕੀਤੇ ਸੀ ਕਿ ਮਰਜੀਵੜੇ ਬਣੋ, 2 ਲੱਖ ਦੇ ਕਰੀਬ ਦੇ ਉਸ ਨੇ ਦਸਤਖਤ ਕਰਵਾਏ ਸੀ, ਉਨ੍ਹਾਂ ਤੇ ਉਂਗਲੀ ਰੱਖ ਲਈ ਪਾਕਿਸਤਾਨ ਨੇ। ਮੈਨੂੰ ਵਿਸ਼ਵਾਸ ਹੈ ਇਸ ਗੱਲ ਦਾ ਸਿੱਖ ਕੌਮ ਵਿੱਚ ਵਿਸ਼ਵਾਸ-ਘਾਤ ਨਹੀਂ, ਮੈਂ ਅੱਜ ਵੀ ਉਹ ਸਿੱਖ ਸੂਰਬੀਰਾਂ ਨੂੰ ਜਿੰਨਾਂ ਨੇ ਕੁਰਬਾਨੀਆਂ ਕੀਤੀਆਂ ਹਨ ਮੁਲਕ ਦੀ ਖਾਤਰ, ਧਰਮ ਦੀ ਖਾਤਰ, ਉਨ੍ਹਾਂ ਦਾ ਸਤਿਕਾਰ ਕਰਦਾ ਹਾਂ। ਮੈਂ ਅੱਜ ਅੱਤਵਾਦੀ ਸਿੱਖਾਂ ਨੂੰ ਸਿੱਖ ਨਹੀਂ ਕਹਿ ਸਕਦਾ ਉਹ ਲੋਕ ਜਿਹੜੇ ਅੱਜ ਲੋਕਾਂ ਨੂੰ ਮਾਰਦੇ ਫਿਰਦੇ ਹਨ, ਪਾਕਿਸਤਾਨ ਤੋਂ ਹਥਿਆਰ ਲੈਂਦੇ ਹਨ, ਪਾਕਿਸਤਾਨ ਤੋਂ ਪੈਸੇ ਲੈਂਦੇ ਹਨ, ਜ਼ੀਰਾ ਸਾਹਿਬ ਇੱਥੇ ਨਹੀਂ ਬੈਠੇ, ਮੈਂ ਫਿਰ ਵੀ ਕਹਿਣਾ ਚਾਹੁੰਦਾ ਹਾਂ, ਸਪੀਕਰ ਸਾਹਿਬ, ਤੁਹਾਡੀ ਮਾਰਫਤ, ਇਨ੍ਹਾਂ ਲੋਕਾਂ ਨੂੰ ਕਿ ਉਨ੍ਹਾਂ ਨੇ ਕਿਹਾ ਸੀ ਕਿ ਲੌਂਗੋਵਾਲ ਵੀ ਮਰ ਗਿਆ, ਬਲਵੰਤ ਸਿੰਘ ਵੀ ਮਰ ਗਿਆ ਔਰ ਮਾਸਟਰ ਤਾਰਾ ਸਿੰਘ ਦੀ ਲੜਕੀ ਮਰੀ ਨਹੀਂ ਮਾਰ ਦਿਤੀ ਗਈ ਸੀ ਔਰ ਮਾਨੋਚਾਹਲ ਜੋ ਕੱਲ੍ਹ ਮਾਰਿਆ ਗਿਆ ਹੈ, ਉਸ ਦੇ ਬਾਰੇ ਮੈਂ ਦੱਸ ਦੇਣਾ ਚਾਹੁੰਦਾ ਹਾਂ ਕਿ ਉਸਨੇ ਅਵਿਨਾਸ਼ੀ ਸਿੰਘ ਨੂੰ ਕੀ ਕੀਤਾ ਸੀ, ਉਸ ਅਵਿਨਾਸ਼ੀ ਸਿੰਘ ਨੂੰ ਜੋ ਐਸ.ਜੀ.ਪੀ.ਸੀ ਦਾ ਸੈਕਟਰੀ ਸੀ ਅਤੇ ਜੋ ਡਾ: ਬਲਰਾਜ ਸੀ, ਅੰਮ੍ਰਿਤਸਰ ਅੰਦਰ ਰਹਿ ਕੇ ਪਰੈਕਟਿਸ ਕਰਦਾ ਸੀ, ਉਥੇ ਤਿਆਰੀ ਕਰਦਾ ਸੀ। ਗੁਰੂ ਰਾਮ ਦਾਸ ਸਰਾਂ ਅੰਦਰ ਡਾਕਟਰੀ ਕਰਦਾ ਸੀ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਲੋਕ ਜੋ ਜ਼ੀਰਾ ਸਾਹਿਬ ਦੇ ਸਾਥੀ ਹਨ, ਉਨ੍ਹਾਂ ਨੂੰ ਨਿੰਦਦੇ ਨਹੀਂ, ਅੱਤਵਾਦ ਬਾਰੇ ਕੁਝ ਨਹੀਂ ਕਹਿੰਦੇ। ਜੇ ਉਨ੍ਹਾਂ ਨੇ ਅੱਤਵਾਦ ਬਾਰੇ ਕੁੱਝ ਕਹਿਣਾ ਨਹੀਂ ਤਾਂ, ਸਪੀਕਰ ਸਾਹਿਬ, ਮੈਂ ਕਹਾਂਗਾ ਕਿ ਕੁੱਝ ਨਾ ਕੁੱਝ ਉਨ੍ਹਾਂ ਵਿਚ ਨੁਕਸ ਹੈ। ਇਹ ਨੁਕਸ ਕਿੱਥੇ ਹੈ। ਸਾਡਾ ਫਰਜ਼ ਹੈ, ਉਨ੍ਹਾਂ ਦੀ ਨਬਜ਼ ਤੇ ਹੱਥ ਰੱਖ ਕੇ ਵੇਖਣਾ। ਮੈਂ ਉਨ੍ਹਾਂ ਵੀਰਾਂ ਨੂੰ ਕਹਾਂਗਾ ਜਿਹੜੇ ਅੱਤਵਾਦ ਨੂੰ ਸ਼ਹਿ ਦਿੰਦੇ ਹਨ, ਉਹ ਨੌਜਵਾਨਾਂ ਦੇ ਜਜ਼ਬਾਤ ਨਾਲ ਨਾ ਖੇਡਣ ਕਿਉਂਕਿ ਅਗਰ ਇਥੇ ਕੋਈ ਹਨੇਰੀ ਝੁਲਦੀ ਹੈ ਤਾਂ ਉਸ ਦਾ ਅਸਰ ਸਾਡੇ ਪੰਜਾਬ ਤੇ ਹੀ ਨਹੀ ਹੁੰਦਾ ਸਗੋਂ ਉਸਦਾ ਅਸਰ ਕਲਕੱਤੇ ਅੰਦਰ, ਤਰਾਈ ਅੰਦਰ, ਬੰਬੇ ਅੰਦਰ ਔਰ ਦਿੱਲੀ ਅੰਦਰ ਪੈਂਦਾ ਹੈ। ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਹਿੰਦੁਸਤਾਨ ਨੂੰ ਇਕੱਠੇ ਕਰਨ ਦਾ ਯਤਨ ਕੀਤਾ ਹੈ।

ਮੈਂ ਇਸ ਨੂੰ ਸਮ-ਅੱਪ ਕਰਦਾ ਹੋਇਆ ਕਹਿਣਾ ਚਾਹੁੰਦਾ ਹਾਂ ਕਿ ਮੇਰੇ ਦੋਸਤਾਂ ਨੇ ਕਈ ਵਾਰ ਲਾਅ ਅਤੇ ਆਰਡਰ ਮਸਲੇ ਬਾਰੇ ਗੱਲ ਆਖੀ ਹੈ। ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਮੈਂ ਕਦੇ ਇਹ ਗੱਲ ਨਹੀਂ ਕਹੀ ਕਿ ਇਹ ਲਾਅ ਐਂਡ ਆਰਡਰ ਦਾ ਮਸਲਾ ਹੈ। ਮੈਂ ਇਹ ਗੱਲ ਕਹੀ ਹੈ ਕਿ ਨੰਬਰ ਵਨ ਤੇ ਲਾਅ ਐਂਡ ਆਰਡਰ ਦਾ ਮਸਲਾ ਹੈ ਅਤੇ ਨੰਬਰ ਦੋ ਤੇ ਸਾਡੀਆਂ ਮੰਗਾਂ ਹਨ। ਜਿਵੇਂ ਚੰਡੀਗੜ੍ਹ ਦੀ ਮੰਗ ਹੈ, ਪਾਣੀ ਦੀ ਮੰਗ ਹੈ। ਇਨ੍ਹਾਂ ਮੰਗਾਂ ਦੇ ਬਦਸਤੂਰ ਮੈਂ ਦੱਸਦਾ ਹਾਂ ਕਿ ਇਹ ਮੰਗਾਂ ਮੈਂ ਅਕਾਲੀ ਸਾਥੀਆਂ ਨਾਲੋਂ ਜ਼ਿਆਦਾ ਮੰਗਦਾ ਹਾਂ, ਮੇਰੀ ਪਾਰਟੀ ਮੰਗਦੀ ਹੈ ਅਤੇ ਉਹ ਮੰਗਾਂ ਲੈਣੀਆਂ ਹਨ। (ਥੰਪਿੰਗ)। ਸਾਡੇ ਪ੍ਰਧਾਨ ਮੰਤਰੀ ਜੀ ਸਾਡੇ ਨਾਲ ਹਮਦਰਦੀ ਰੱਖਦੇ ਹਨ, ਉਨ੍ਹਾਂ ਨੂੰ ਸਿੰਪਥੀ ਹੈ। ਉਨ੍ਹਾਂ ਨੇ ਮੈਨੂੰ ਕਿਹਾ ਸੀ ਕਿ ਸਾਨੂੰ ਕੁੱਝ ਮਸਲੇ ਨਜਿੱਠਣ ਲੈਣ ਦਿਓ, ਤੁਸੀਂ ਵੀ ਨਜਿੱਠ ਲਓ। ਫਿਰ ਅਸੀਂ ਬੈਠਾਂਗੇ ਅਤੇ ਹਰਿਆਣੇ ਦੇ ਚੀਫ ਮਨਿਸਟਰ ਸਾਹਿਬ ਨੂੰ ਵੀ ਬੁਲਾਵਾਂਗੇ। ਸਾਰੀ ਗੱਲਬਾਤ ਫਿਰ ਖੁੱਲ ਕੇ ਕਰਾਂਗੇ। ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਥੋੜ੍ਹੇ ਸਾਲ ਪਹਿਲਾਂ ਰਾਜੀਵ ਗਾਂਧੀ ਜੀ ਪ੍ਰਾਈਮ ਮਨਿਸਟਰ ਸਨ। ਉਸ ਸਮੇਂ ਰਾਜੀਵ-ਲੌਂਗੋਵਾਲ ਸਮਝੌਤਾ ਹੋਇਆ। ਟੈਰੀਟੋਰੀਅਲ ਇਲਾਕਿਆਂ ਬਾਰੇ ਮੈਥਿਓ ਕਮਿਸ਼ਨ ਬਿਠਾਇਆ ਗਿਆ। ਇਸ ਬਾਰੇ ਬੜੀਆਂ ਫੀਲਿੰਗਜ਼ ਕੀਤੀਆਂ ਗਈਆਂ ਔਰ ਮੈਥਿਓ ਕਮਿਸ਼ਨ ਨੇ ਇਹ ਗੱਲ ਆਖੀ ਕਿ ਫਾਜ਼ਿਲਕਾ ਔਰ ਅਬੋਹਰ ਦੇ ਇਲਾਕੇ ਪੰਜਾਬ ਦੇ ਹਨ। ਮੈਂ ਰਿਪੀਟ ਕਰਕੇ ਕਹਿਣਾ ਚਾਹੁੰਦਾ ਹਾਂ ਕਿ ਅਬੋਹਰ ਅਤੇ ਫਾਜ਼ਿਲਕਾ ਦੇ ਇਲਾਕੇ ਨਹੀਂ ਛੱਡਣੇ ਅਤੇ ਆਪਣੇ ਨਾਲ ਰੱਖਾਂਗੇ। (ਥੰਪਿੰਗ)। ਸਪੀਕਰ ਸਾਹਿਬ, ਚੰਡੀਗੜ੍ਹ ਬਾਰੇ ਇੱਕ ਹੋਰ ਕਮਿਸ਼ਨ ਬੈਠਾ। ਉਹ ਕਮਿਸ਼ਨ ਸੀ ਵੈਂਕਟਾਰਮਈਆਂ ਕਮਿਸ਼ਨ। ਵੈਂਕਟਾਰਮਈਆਂ ਕਮਿਸ਼ਨ ਨੇ ਕਿਹਾ ਕਿ 77000 ਏਕੜ ਜ਼ਮੀਨ ਹਰਿਆਣੇ ਨੂੰ ਦੇਵੋ। ਅਸੀਂ ਹਿੰਦੀ ਬੋਲਦੇ ਇਲਾਕੇ ਮਾਰਕ ਕੀਤੇ ਹਨ। ਅਗਰ ਨੌਬਤ ਆਈ ਤਾਂ ਉਹ ਇਲਾਕੇ ਦੇਵਾਂਗੇ ਪਰ ਚੰਡੀਗੜ੍ਹ ਦੀ ਪਾਰਟੀਸ਼ਨ ਨਹੀਂ ਹੋਣ ਦਿਆਂਗੇ। ਅਸੀਂ ਚੰਡੀਗੜ੍ਹ ਇਥੇ ਹੀ ਰੱਖਣਾ ਚਾਹੁੰਦੇ ਹਾਂ। ਸਪੀਕਰ ਸਾਹਿਬ, ਕਿਹੜੀ-ਕਿਹੜੀ ਗੱਲ ਕਰੀਏ। ਐਸ.ਵਾਈ.ਐਲ. ਕੈਨਾਲ ਦੀ ਗੱਲ ਕਰਦੇ ਹਨ। ਇਸ ਸੀਟ ਤੇ ਖੜ੍ਹੇ ਹੋ ਕੇ ਬਾਦਲ ਸਾਹਿਬ ਨੇ ਕਿਹਾ ਸੀ, ਅਸੀਂ 1977 ਵਿੱਚ ਆਪੋਜੀਸ਼ਨ ਵਿੱਚ ਸੀ ਔਰ ਮੈਂ ਉਸ ਸੀਟ (ਸਾਹਮਣੇ ਆਪੋਜੀਸ਼ਨ ਬੈਂਚਾਂ ਦੀ ਤਰਫ਼ ਇਸ਼ਾਰਾ) ਤੇ ਬੈਠਾ ਸੀ। ਮੈਂ ਉਸ ਵਕਤ ਲੈਜਿਸਲੇਟਿਵ ਪਾਰਟੀ ਦਾ ਜਨਰਲ ਸੈਕਟਰੀ ਸੀ, ਆਪੋਜੀਸ਼ਨ ਪਾਰਟੀ ਦੇ ਉਦੋਂ ਚੌਧਰੀ ਬਲਰਾਮ ਜਾਖੜ ਜੀ ਲੀਡਰ ਸਨ ਔਰ ਸਾਡੇ ਕਈ ਸਾਥੀ ਡਾਕਟਰ ਸਾਹਿਬ, ਸਰਦਾਰ ਉਮਰਾਓ ਸਿੰਘ ਹੋਰੀਂ ਤੇ ਹੋਰ ਕਈ ਉਸ ਵੇਲੇ ਮੈਂਬਰ ਸਨ, ਅਸੀਂ ਉਸ ਵਕਤ ਇਹ ਗੱਲ ਆਪਣੇ ਕੰਨੀ ਸੁਣੀ ਜੋ ਬਾਦਲ ਸਾਹਿਬ ਨੇ ਕਹੀ। ਬਾਦਲ ਸਾਹਿਬ ਨੇ ਕਿਹਾ ਕਿ ਚੌਧਰੀ ਦੇਵੀ ਲਾਲ, ਜੋ ਉਸ ਵੇਲੇ ਹਰਿਆਣਾ ਦਾ ਚੀਫ ਮਨਿਸਟਰ ਸਨ, ਮੇਰੇ ਵਡੇ ਭਰਾ ਹਨ ਔਰ ਮੈਂ 2 ਕਰੋੜ ਰੁਪਿਆ ਬਿਆਨਾ ਲੈ ਕੇ ਹਰਿਆਣਾ ਨੂੰ ਪਾਣੀ ਦੇਣਾ ਹੈ, ਐਸ.ਵਾਈ.ਐਲ. ਬਣਾਉਣੀ ਹੈ। ਇਹ ਬਾਦਲ ਸਾਹਿਬ ਦੇ ਲਫਜ਼ ਸਨ । ਇਹ ਰਿਕਾਰਡ ਤੇ ਹਨ ਔਰ ਬੇਸ਼ਕ ਰਿਕਾਰਡ ਕਢਵਾ ਕੇ ਦੇਖ ਲਓ। ਸਪੀਕਰ ਸਾਹਿਬ, 1980 ਵਿੱਚ ਜਦੋਂ ਸਰਦਾਰ ਦਰਬਾਰਾ ਸਿੰਘ ਜੀ ਪੰਜਾਬ ਦੇ ਚੀਫ਼ ਮਨਿਸਟਰ ਬਣੇ, ਮੈਂ ਉਸ ਵੇਲੇ ਇਧਰਲੇ ਪਾਸੇ ਅਸੈਂਬਲੀ ਵਿੱਚ ਸੀ ਔਰ ਬਾਦਲ ਸਾਹਿਬ ਉਧਰ (ਆਪੋਜੀਸ਼ਨ ਬੈਂਚਾਂ ਵਲ ਇਸ਼ਾਰਾ) ਬੈਠੇ ਸਨ। ਉਸ ਵਕਤ ਬਾਦਲ ਸਾਹਿਬ ਨੇ ਇਥੇ ਬੋਲਦਿਆਂ ਕਿਹਾ ਕਿ ਇਸ ਨਹਿਰ ਦਾ ਪਾਣੀ ਨਹੀਂ ਜਾ ਸਕਦਾ, ਖ਼ੂਨ ਤਾਂ ਜਾ ਸਕਦਾ ਹੈ ਪਰ ਪਾਣੀ ਨਹੀਂ ਜਾ ਸਕਦਾ ਇਹ ਬਾਦਲ ਸਾਹਿਬ ਦੀ ਦੋ ਰੁਖੀ ਗੱਲ ਸੀ ਔਰ ਬਾਦਲ ਸਾਹਿਬ ਦੀ ਦੋ ਰੁੱਖੀ ਨੇ ਪੰਜਾਬ ਨੂੰ ਬਰਬਾਦ ਕਰਕੇ ਰੱਖ ਦਿੱਤਾ (ਥੰਪਿੰਗ) ਜੇ ਇਸ ਤਰ੍ਹਾਂ ਦੀ ਗੱਲ ਨਾ ਹੁੰਦੀ ਤਾਂ ਪੰਜਾਬ ਬਹੁਤ ਵੱਧੀਆ ਤਰੀਕੇ ਨਾਲ ਚਲਦਾ ਸੀ । ਬਾਦਲ ਸਾਹਿਬ ਨੇ ਹਮੇਸ਼ਾਂ ਦੋ ਰੁਖੀ ਗੱਲਾਂ ਕੀਤੀਆਂ ਹਨ। ਮੈਂ ਅਰਜ਼ ਕਰਾਂਗਾ ਕਿ ਐਸ.

[ਮੁੱਖ ਮੰਤਰੀ]

ਵਾਈ.ਐਲ. ਕਾਫੀ ਸਾਰੀ ਬਣ ਚੁੱਕੀ ਹੈ, ਤਕਰੀਬਨ ਤਿੰਨ ਹਿੱਸੇ ਇਹ ਬਣ ਚੁੱਕੀ ਹੈ। ਮੈਂ ਇਸ ਗੱਲ ਦਾ ਕਾਇਲ ਹਾਂ ਕਿ ਐਸ.ਵਾਈ.ਐਲ. ਬਣਨੀ ਚਾਹੀਦੀ ਹੈ। ਪਾਣੀ ਦਾ ਭੀ ਨਾਲ ਬੰਦੋਬਸਤ ਹੋਵੇ। ਹਰਿਆਣਾ ਹਿੰਦੁਸਤਾਨ ਦਾ ਹਿੱਸਾ ਹੈ, ਜ਼ਿਮੀਦਾਰ, ਫਾਰਮਰ ਜੋ ਉਧਰ ਵਸਦਾ ਹੈ, ਉਨ੍ਹਾਂ ਨੂੰ ਅਸੀਂ ਪਾਣੀ ਦੇਣਾ ਹੈ। (ਇਕ ਆਵਾਜ਼: ਸਰਪਲੱਸ) ਅਕਾਲੀ ਦੱਲ ਵਾਲੇ ਜਿਹੜੀਆਂ ਗੱਲਾਂ ਕਰਦੇ ਰਹੇ ਪਾਣੀ ਦੇ ਬਾਰੇ, ਐਸ. ਵਾਈ. ਐਲ ਦੇ ਬਾਰੇ ਪੰਜਾਬੀ ਸੂਬਾ ਬਣਾਉਣ ਵਿੱਚ ਅੱਗੇ ਅੱਗੇ ਸਨ। ਸਪੀਕਰ ਸਾਹਿਬ, ਇਰੀਗੇਸ਼ਨ ਔਰ ਪਾਵਰ ਦੋ ਅਸਲ ਧੁਰੇ ਹਨ ਡਿਵੈਲਪਮੈਂਟ ਦੇ ਲਈ ਔਰ ਤੀਸਰਾ ਤੇਲ ਹੈ, ਤੇਲ ਵੀ ਸਾਡੇ ਕੋਲ ਹੈ ਨਹੀਂ, ਸਾਨੂੰ ਬਾਹਰੋਂ ਤੇਲ ਲੈਣਾ ਪੈਂਦਾ ਹੈ। ਇਰੀਗੇਸ਼ਨ ਦਾ ਸਾਡਾ ਸਾਧਨ ਹੈ ਪਰ ਪਾਵਰ ਤੋਂ ਬਿਨਾਂ ਅਸੀਂ ਕੁਝ ਨਹੀਂ ਕਰ ਸਕਦੇ, ਪਾਵਰ ਤੋਂ ਬਿਨਾਂ ਸਾਡਾ ਕੰਮ ਨਹੀਂ ਚਲਦਾ। ਅਪੋਜ਼ੀਸ਼ਨ ਦੇ ਲੀਡਰ ਨੇ ਕਿਹਾ ਹੈ ਕਿ ਹਿਮਾਚਲ ਪ੍ਰਦੇਸ਼ ਵਿੱਚ ਤੁਸੀਂ ਹਿੱਸਾ ਕਿਉਂ ਨਹੀਂ ਪਾਉਂਦੇ। ਸਪੀਕਰ ਸਾਹਿਬ ਉਹ ਬੜਾ ਮਹਿੰਗਾ ਪੈਂਦਾ ਹੈ। ਮੈਂ ਸਪੀਕਰ ਸਾਹਿਬ ਉਹ ਟਾਈਮ ਯਾਦ ਕਰਾਉਣਾ ਚਾਹੁੰਦਾ ਹਾਂ ਜਦੋਂ ਪੰਜਾਬੀ ਸੂਬਾ ਬਣਿਆ। ਇਸੇ ਸਰਕਾਰ ਬਣਾਉਣ ਦੇ ਲਾਲਚ ਵਿੱਚ, ਰਾਜ ਭਾਗ ਸੰਭਾਲਣ ਦੇ ਨਸ਼ੇ ਅੰਦਰ ਪੰਜਾਬ ਦਾ ਉਸ ਵੇਲੇ ਬਿਲਕੁਲ ਧਿਆਨ ਨਹੀਂ ਕੀਤਾ ਗਿਆ, ਪੰਜਾਬ ਦਾ ਉਸ ਵੇਲੇ ਸਤਿਆਨਾਸ ਕਰ ਦਿੱਤਾ ਅਤੇ ਉਸ ਵੇਲੇ ਪਾਣੀ ਦਾ ਬਿਜਲੀ ਦਾ ਬਿਲਕੁਲ ਕੋਈ ਧਿਆਨ ਨਹੀਂ ਦਿਤਾ। ਸਾਨੂੰ ਕੋਲਾ ਵੀ ਬਾਹਰੋਂ ਮੰਗਵਾਉਣਾ ਪੈਂਦਾ ਹੈ। ਅਸੀਂ ਬੜਾ ਯਤਨ ਕੀਤਾ ਥੀਨ ਡੈਮ ਮੁਕੰਮਲ ਕਰੀਏ। ਰਣਜੀਤ ਡੈਮ ਜੋ ਮਹਾਰਾਜਾ ਰਣਜੀਤ ਸਿੰਘ ਦੇ ਸੋਹਣੇ ਨਾਮ ਤੇ ਰਖਿਆ ਗਿਆ ਹੈ। (ਵਿਘਨ) 1560 ਕਰੋੜ ਰੁਪਏ ਦੀ ਲਾਗਤ ਆਉਣੀ ਸੀ। ਥੀਨ ਡੈਮ ਤੇ ਬਹੁਤ ਜ਼ੋਰ ਸ਼ੋਰ ਨਾਲ ਕੰਮ ਚਲ ਰਿਹਾ ਹੈ। 1022 ਕਰੋੜ ਰੁਪਿਆ ਉਸ ਤੇ ਲਗਿਆ ਹੈ ਔਰ 1996 ਦੇ ਅੰਦਰ ਜਦੋਂ ਤਕ ਸਾਡੀ ਸਰਕਾਰ ਰਹੇਗੀ ਥੀਨ ਡੈਮ ਬਿਲਕੁਲ ਮਕੰਮਲ ਕਰਕੇ ਤੁਹਾਡੇ ਸਾਹਮਣੇ ਰਖਾਂਗੇ। (ਥੰਪਿੰਗ) ਰਣਜੀਤ ਡੈਮ ਦਾ 1996 ਵਿੱਚ ਪਹਿਲਾ ਯੂਨਿਟ ਚਾਲੂ ਹੋਵੇਗਾ। 220 ਮੈਗਾਵਾਟ ਬਿਜਲੀ ਉਥੋਂ ਸਾਨੂੰ ਮਿਲੇਗੀ। ਸ਼ਾਹਪੁਰ ਕੰਡੀ ਪਰੋਜੈਕਟ ਦੇ ਲਈ ਬੜੀ ਕੋਸ਼ਿਸ਼ ਵਿੱਚ ਹਾਂ, ਸੈਂਟਰ ਤੋਂ ਕਲੀਅਰੈਂਸ ਮਿਲਣ ਵਾਲੀ ਹੈ। 550 ਕਰੋੜ ਰੁਪਏ ਦੇ ਕਰੀਬ ਉਸ ਤੇ ਖਰਚ ਕੀਤਾ ਜਾਵੇਗਾ ਔਰ 166 ਮੈਗਾਵਾਟ ਬਿਜਲੀ ਇਥੋਂ ਪੈਦਾ ਹੋਵੇਗੀ। ਮੈਂ, ਸਪੀਕਰ ਸਾਹਿਬ, ਕਹਿਣਾ ਚਾਹੁੰਦਾ ਹਾਂ ਕਿ ਥੋੜ੍ਹੇ ਹੀ ਦਿਨ ਹੋਏ, ਦੋ ਮਹੀਨੇ ਦੀ ਗੱਲ ਹੈ ਮੈਨੂੰ ਇਸ ਗਲ ਦਾ ਮਾਣ ਮਿਲਿਆ, ਮੈਂ ਗੁਰੂ ਗੋਬਿੰਦ ਸਿੰਘ ਥਰਮਲ ਪਲਾਂਟ, ਕਿਡਾ ਸੋਹਣਾ ਨਾਮ ਦਿਤਾ ਹੈ; ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਤੇ ਰਖਿਆ ਗਿਆ ਹੈ, ਗੁਰੂ ਗੋਬਿੰਦ ਸਿੰਘ ਥਰਮਲ ਪਲਾਂਟ ਦਾ ਪੰਜਵਾਂ ਯੂਨਿਟ ਜੋ 220 ਮੈਗਾਵਾਟ ਦਾ ਹੈ ਉਸਦੀ ਇਨਆਗੂਰੇਸ਼ਨ ਕਰਨ ਵਾਸਤੇ ਗਿਆ ਔਰ ਉਹ ਚਾਲੂ ਹੋ ਗਿਆ ਔਰ ਛੇਵੇਂ ਯੂਨਿਟ ਤੇ ਕੰਮ ਕਰਾਉਣਾ ਸ਼ੁਰੂ ਕੀਤਾ ਹੈ। ਮੈਨੂੰ ਇਸ ਗਲ ਦਾ ਬੜਾ ਦੁਖ ਹੁੰਦਾ ਹੈ ਕਿ ਰੋਪੜ ਜ਼ਿਲ੍ਹੇ ਵਿਚ ਆਨੰਦਪੁਰ ਸਾਹਿਬ ਜਿਥੇ ਗੁਰੂ ਗੋਬਿੰਦ ਸਿੰਘ ਜੀ ਰਹੇ ਅਤੇ ਉਨ੍ਹਾਂ ਦੇ ਸੋਹਣੇ ਨਾਮ ਤੇ ਸ਼ਹਿਰ ਵਸਿਆ ਲੇਕਿਨ ਆਨੰਦਪੁਰ ਸਾਹਿਬ ਅੰਦਰ ਜੋ ਯੂਨਿਟੀ ਔਰ ਇੰਟੈਗਰਿਟੀ ਵਾਸਤੇ ਗੁਰੂ ਗੋਬਿੰਦ ਸਿੰਘ ਔਰ ਉਨ੍ਹਾਂ ਦਾ ਪਰਿਵਾਰ ਲੜਿਆ ਸੀ, ਸ਼ਹੀਦੀ ਦਿਤੀ, ਕੋਈ ਲੁਕੀ ਛੁਪੀ ਗਲ ਨਹੀਂ ਇਤਿਹਾਸ ਦਸਦਾ ਹੈ ਉਹ ਇਤਿਹਾਸ ਖਾਸ ਕਰਕੇ ਮੈਂ ਅਕਾਲੀ ਦਲ ਵਾਲਿਆਂ ਨੂੰ ਦਸਣਾ ਚਾਹੁੰਦਾ ਹਾਂ ਕਿ ਕਦੇ ਪੜ੍ਹਿਆ ਹੈ ਕਿ ਗੁਰੂ ਤੇਗ ਬਹਾਦਰ ਜੀ ਨੇ ਕਿਉਂ ਸੀਸ ਦਿਤਾ ? ਉਹ ਜ਼ੁਲਮ–ਓ ਜਬਰ ਦਾ ਨਾਸ਼ ਕਰਨਾ ਚਾਹੁੰਦੇ ਸੀ। ਸਪੀਕਰ ਸਾਹਿਬ, ਦੁਖ ਦੀ ਗਲ ਇਹ ਹੈ ਕਿ ਆਨੰਦਪੁਰ ਸਾਹਿਬ ਅੰਦਰ ਮੱਤਾ ਪਾਇਆ ਗਿਆ ਉਸ ਨੂੰ ਆਨੰਦਪੁਰ ਰੈਜ਼ੋਲਿਊਸ਼ਨ ਕਿਹਾ ਗਿਆ ਔਰ ਇਹ ਕਿਹਾ ਗਿਆ

ਕਿ ਅਸੀਂ ਅਲੱਗ ਹੋ ਜਾਣਾ ਹੈ। ਇਹ ਰੈਜ਼ੋਲਿਊਸ਼ਨ ਪਾ ਕੇ ਸਾਡੀਆਂ ਅੱਖਾਂ ਵਿਚ ਘੱਟਾ ਪਾ ਕੇ ਆਪਣਾ ਕੰਮ ਸਿਧਾ ਕਰਨਾ ਚਾਹੁੰਦੇ ਸਨ, ਪਰ ਇਹ ਪੰਜਾਬੀਆਂ ਨੂੰ ਮਨਜ਼ੂਰ ਨਹੀਂ ਸੀ, ਪੰਜਾਬੀਆਂ ਨੇ ਅਲੱਗ ਨਹੀਂ ਹੋਣਾ। ਸਪੀਕਰ ਸਾਹਿਬ, ਹਰ ਸਾਲ ਹੋਲੇ ਮਹਲੇ ਤੇ ਅਨੰਦਪੁਰ ਸਾਹਿਬ ਅੰਦਰ ਹੋਲੀ ਹੋਲਾ ਮਨਾਇਆ ਜਾਂਦਾ ਹੈ। ਖੁਸ਼ੀਆਂ ਦਾ ਦਿਨ ਹੁੰਦਾ ਹੈ ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਆਪ ਹੋਲੀ ਖੇਡਦੇ ਸਨ ਜਿਸਨੂੰ ਹੋਲਾ ਕਿਹਾ ਗਿਆ। ਮੈਨੂੰ ਅਫ਼ਸੋਸ ਹੈ ਕਿ ਪਿਛਲੇ ਸਾਲ ਵਿਚ ਉਥੇ ਕੁਝ ਲੋਕ ਇਕੱਠੇ ਹੁੰਦੇ ਰਹੇ ਜਿਨ੍ਹਾਂ ਦਾ ਮਨੋਰਥ ਇਨਸਾਨੀ ਜ਼ਿੰਦਗੀ ਨੂੰ ਬਰਬਾਦ ਕਰਨਾ ਸੀ ਮੈਂ ਕਹਾਂਗਾ ਕਿ ਸੋ ਕਾਲਡ ਇੰਟਾਲੈਕਚੁਅਲਜ਼ ਉਥੇ ਇਕੱਠੇ ਹੋਏ, ਉਨ੍ਹਾਂ ਵਿਚੋਂ ਇਕ ਸਾਬਕਾ ਜੱਜ ਅਜੀਤ ਸਿੰਘ ਬੈਂਸ, ਜਿਹੜੇ ਪ੍ਰੀਟੈਂਡ ਕਰਦੇ ਸਨ ਆਪਣੇ ਆਪ ਨੂੰ ਹੂਮੈਨ ਰਾਈਟਸ ਦੇ ਚੈਂਪੀਅਨ ਕਹਿੰਦੇ ਸਨ ਔਰ ਮੈਂ ਕਹਾਂਗਾ ਕਿ ਉਸ ਨੂੰ ਪਤਾ ਨਹੀਂ ਕਿ ਹੂਮੈਨ ਰਾਈਟਸ ਹੁੰਦੇ ਕੀ ਹਨ। ਪੁਲਿਸ ਵਾਲੇ ਦੂਰ ਖੜੇ ਸਨ, ਉਸ ਦੇ ਨੇੜੇ ਨਹੀਂ ਸੀ ਜਾ ਸਕਦੇ ਕਿਉਂਕਿ ਗਵਰਨਰ ਸਾਹਿਬ ਦੀਆਂ ਹਦਾਇਤਾਂ ਐਸੀਆਂ ਸਨ। ਬੈਂਸ ਸਾਹਿਬ ਨੇ ਉਥੇ ਕਿਹਾ ਕਿ ਅਸੀਂ ਇਕ ਐਸਾ ਰੈਜ਼ੋਲਿਊਸ਼ਨ ਪਾਈਏ ਜੋ ਰੈਜ਼ੋਲਿਊਸ਼ਨ 1941 ਵਿਚ ਮੁਸਲਮ ਲੀਗ ਨੇ ਪਾਇਆ ਸੀ। ਮੁਸਲਮ ਲੀਗ ਨੇ ਰੈਜ਼ੋਲਿਊਸ਼ਨ ਪਾਇਆ ਸੀ ਕਿ **We do not want Hindustan we want Pakistan** ਸਾਨੂੰ ਐਸਾ ਰੋਜ਼ੋਲਿਊਸ਼ਨ ਪਾਉਣਾ ਚਾਹੀਦਾ ਹੈ ਜਿਸ ਵਿਚ ਲਿਖਿਆ ਹੋਵੇ ਕਿ **We do not want Hindustan we want Khalistan.** ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਉਹ ਅਜੀਤ ਸਿੰਘ ਬੈਂਸ ਜੱਜ ਔਰ ਸੋ ਕਾਲਡ ਇੰਟਾਲੈਕਚੁਅੱਲ ,ਹੂਮੈਨ ਰਾਈਟਸ ਦਾ ਨਾਅਰਾ ਲਾ ਕੇ ਲੋਕਾਂ ਨੂੰ ਕਈ ਸਾਲ ਵਰਗਲਾਉਂਦਾ ਰਿਹਾ। ਮੈਂ ਕਹਿੰਦਾ ਹਾਂ ਕਿ ਹੂਮੈਨ ਰਾਈਟਸ ਦੀ ਪਹਿਚਾਨ ਤਾਂ ਕਾਂਗਰਸ ਨੂੰ ਹੈ, ਸੀ.ਪੀ.ਆਈ., ਸੀ.ਪੀ.ਐਮ., ਜਨਤਾ ਦਲ, ਬੀ.ਜੇ.ਪੀ ਆਦਿ ਪਾਰਟੀਆਂ ਨੂੰ ਹੈ। (ਵਿਘਨ) (ਬੀ.ਜੇ.ਪੀ ਵਲ ਇਸ਼ਾਰਾ) ਮੈਂ ਤੁਹਾਡੀ ਇੰਨੀ ਗਲ ਦੀ ਕਦਰ ਕਰਦਾ ਹਾਂ ਕਿ ਤੁਹਾਨੂੰ ਹੂਮੈਨ ਰਾਈਟਸ ਦਾ ਪਤਾ ਹੈ। ਸੋ ਸਪੀਕਰ ਸਾਹਿਬ, ਬੜੇ ਅਜੀਬੋ ਗਰੀਬ ਹਾਲਾਤ ਹੋਏ ਇੰਟਰਨੈਸ਼ਨਲ ਅਮੈਨਸਿਟੀ ਤੇ ਲੋਕ ਚਿੱਠੀਆਂ ਪਾਉਂਦੇ ਰਹੇ, ਜਦੋਂ ਗ੍ਰਿਫਤਾਰ ਹੋਏ ਸਰਦਾਰ ਅਜੀਤ ਸਿੰਘ ਬੈਂਸ ਬੜੀਆਂ ਚਿਠੀਆਂ ਪਾਈਆਂ ਪਰ ਮੈਂ ਵੀ ਵਾਜ਼ੇਹ ਤੌਰ ਤੇ ਕਹਿੰਦਾ ਰਿਹਾ ਮੈਂ ਇਹ ਗੱਲ ਉਨ੍ਹਾਂ ਨੂੰ ਕਹੀ, ਇਸ ਗੱਲ ਦੇ ਉਤੇ ਪਹਿਲਾਂ ਜਦੋਂ ਮੈਨੂੰ ਵਕੀਲ ਮਿਲਣ ਆਏ ਮੈਂ ਇਹ ਗੱਲ ਕਹੀ ਕਿ ਮੈਂ ਬੈਂਸ ਸਾਹਿਬ ਨੂੰ ਬਿਲਕੁਲ ਮੁਕਦਮੇਂ ਤੋਂ ਬਰੀ ਕਰ ਦਿੰਦਾ ਹਾਂ, ਛੱਡ ਦਿੰਦਾ ਹਾਂ ਲੇਕਿਨ ਸ਼ਰਤ ਇਹ ਹੈ ਕਿ ਜਿੱਥੇ ਬੇਗੁਨਾਹ ਮਰਦੇ ਹਨ, ਉਥੇ ਉਹ ਮੇਰੇ ਨਾਲ ਚੱਲਣ (ਥੰਪਿੰਗ) ਮੈਂ ਸਪੀਕਰ ਸਾਹਿਬ, ਇਸ ਗੱਲ ਦੀ ਪਰਵਾਹ ਨਹੀਂ ਸੀ ਕੀਤੀ ਕਿ ਕਿਸ ਪਾਰਟੀ ਦੇ ਉਹ ਬੰਦੇ ਸਨ । ਆਰ.ਐਸ. ਐਸ. ਦੇ ਬੰਦੇ ਮੋਗੇ ਦੇ ਅੰਦਰ ਪਰੇਡ ਕਰਦੇ ਮਾਰੇ ਗਏ। 28 ਬੰਦੇ ਮਾਰੇ ਗਏ । ਸਪੀਕਰ ਸਾਹਿਬ, ਮੈਂ ਉਨ੍ਹਾਂ ਦੇ ਘਰ ਗਿਆ, ਮੇਰੇ ਸਾਥੀ ਮੇਰੇ ਨਾਲ ਸਨ। ਮੈਂ ਘਰ ਘਰ ਜਾ ਕੇ ਅਫਸੋਸ ਕੀਤਾ ਔਰ ਉਨ੍ਹਾਂ ਦੀ ਕਿਰਿਆ ਉਤੇ ਵੀ ਗਿਆ ਅਤੇ ਮੈਨੂੰ ਹੂਟ ਕੀਤਾ ਗਿਆ। ਮੈਂ ਨਹੀਂ ਕਹਿਣਾ ਚਾਹੁੰਦਾ ਕਿ ਮੇਰੀ ਬੇਇਜ਼ਤੀ ਹੋਈ ਲੇਕਿਨ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਹਿਊਮੈਨ ਰਾਈਟਸ ਦਾ ਦਰਦ ਮੇਰੇ ਅੰਦਰ ਸੀ, ਮੇਰੇ ਦਿਲ ਦੇ ਅੰਦਰ ਸੀ ਔਰ ਹਿਊਮੈਨ ਰਾਈਟਸ ਦਾ ਦਰਦ ਲੈ ਕੇ ਉਥੇ ਪੁੱਜਾ ਸੀ (ਥੰਪਿੰਗ) ਮੈਨੂੰ ਖੁਸ਼ੀ ਹੈ ਕਿ ਐਡਵਾਨੀ ਸਾਹਿਬ ਨੇ ਉਥੇ ਕਿਹਾ ਸੀ ਕਿ ਜੇਕਰ ਬੇਅੰਤ ਸਿੰਘ ਨਹੀਂ ਬੋਲੇਗਾ ਤਾਂ ਮੈਂ ਵੀ ਨਹੀਂ ਬੋਲਾਂਗਾ। ਉਹ ਲੋਕ ਉਥੇ ਸਨ । ਉਥੇ ਇਕ ਘੰਟਾ ਮੈਂ ਬੋਲਿਆ, ਬੜੀਆਂ ਭਾਰੀ ਗੱਲਾਂ ਕੀਤੀਆਂ। ਸਪੀਕਰ ਸਾਹਿਬ, ਅੱਜ ਗੱਲ ਹੋ ਰਹੀ ਹੈ ਹਿਊਮੈਨ ਰਾਈਟਸ ਦੀ। ਹਿਊਮੈਨ ਰਾਈਟਸ ਵਾਲਿਆਂ ਨੇ ਜਲੂਸ ਕੱਢਿਆ ਲੁਧਿਆਣੇ ਵਿਚ। ਜਦੋਂ ਉਹ ਜਲੂਸ ਕੱਢ ਰਹੇ ਸਨ ਤਾਂ ਅਫ਼ਸਰਾਂ ਨੇ ਉਨ੍ਹਾਂ ਨੂੰ ਕਿਹਾ ਕਿ 'ਆਓ' ਇਹ ਕੰਮ ਨਾ ਕਰੋ: ਮੇਰੀ ਕੋਠੀ ਚਲੋਂ, ਮੈਂ ਤੁਹਾਨੂੰ ਚਾਹ

[ਮੁੱਖ ਮੰਤਰੀ]ਃ

ਵੀ ਪਿਲਾਵਾਂਗਾ ਔਰ ਆਪਾਂ ਡਿਸਕਸ਼ਨ ਵੀ ਕਰਾਂਗੇ। ਉਥੇ ਜਾ ਕੇ ਕਿਹਾ ਗਿਆ, ਸਪੀਕਰ ਸਾਹਿਬ, ਬੈਂਸ ਸਾਹਿਬ ਨੂੰ ਕਿਹਾ ਕਿ ਤੁਸੀਂ ਵੀ ਜਾ ਕੇ ਮੋਗੇ 28 ਘਰਾਂ ਦੇ ਅੰਦਰ ਜਾ ਕੇ ਅਫਸੋਸ ਕਰ ਦਿਓ ਤਾਂ ਮੈਂ ਮੰਨ ਜਾਵਾਂਗਾ ਕਿ ਤੁਹਾਡਾ ਹਿਊਮੈਨ ਰਾਈਟਸ ਠੀਕ ਹੈ ਪਰ ਬੈਂਸ ਸਾਹਿਬ ਨੂੰ ਕੋਈ ਦਰਦ ਨਹੀਂ ਹੈ। ਇਸ ਲਈ ਮੈਂ ਪੁੱਛਣਾ ਚਾਹੁੰਦਾ ਹਾਂ ਸੋ ਕਾਲਡ ਹਿਊਮੈਨ ਰਾਈਟਸ ਵਾਲਿਆਂ ਨੂੰ ਕਿ ਕੀ ਉਨ੍ਹਾਂ ਨੇ ਇਹ ਫੈਸਲਾ ਕੀਤਾ ਸੀ ਕਿ ਜੇਕਰ ਕੋਈ ਅਤਿਵਾਦੀ ਮਾਰਿਆ ਜਾਵੇ ਤਾਂ ਹਿਊਮੈਨ ਰਾਈਟਸ ਵਿਚ ਸ਼ਾਮਲ ਕਰ ਲਵੋ ਪਰ ਜੇਕਰ ਕੋਈ ਗਰੀਬ ਭੈਣ ਵਿਧਵਾ ਹੋ ਜਾਵੇ, ਕੋਈ ਬੱਚਾ ਯਤੀਮ ਹੋ ਜਾਵੇ ਤਾਂ ਉਸ ਨੂੰ ਉਸ ਵਿਚ ਦਰਜ ਨਾ ਕਰੋ? ਇਹ ਗੱਲ ਸੀ ਜੋ ਅਜ ਦਰੁਸਤੀ ਵਾਲੇ ਪਾਸੇ ਚਲੀ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਅੱਜ ਲੋੜ ਇਸ ਗੱਲ ਦੀ ਹੈ ਕਿ ਅਸੀਂ ਇਕੱਠੇ ਹੋਈਏ ਔਰ ਇਕੱਠੇ ਹੋ ਕੇ ਸਾਰੀਆਂ ਪਾਰਟੀਆਂ ਨੇ ਜਿਸ ਤਰ੍ਹਾਂ ਮੈਨੂੰ ਕੋਆਪ੍ਰੇਸ਼ਨ ਦਿੱਤੀ ਹੈ, ਲੋਕਾਂ ਨੇ ਕੋਆਪ-ਰੇਸ਼ਨ ਦਿੱਤੀ ਹੈ, ਮੈਂ ਲੋਕਾਂ ਨੂੰ ਇਸ ਗੱਲ ਦਾ ਕਰੈਡਿਟ ਦਿੰਦਾ ਹਾਂ, ਪੰਜਾਬ ਦੇ ਲੋਕਾਂ ਨੂੰ ਦਿੰਦਾ ਹਾਂ, ਜਦੋਂ ਅਸੀਂ ਮਾਸਕਾਂਟੈਕਟ ਕੀਤਾ ਤਾਂ ਲੋਕ ਖੁਲ੍ਹ ਕੇ ਅੱਗੇ ਆਏ ਉਨ੍ਹਾਂ ਨੇ ਖੁਲ੍ਹ ਕੇ ਸਾਡਾ ਸਾਥ ਦਿੱਤਾ, ਸਾਡੀ ਮੱਦਦ ਕੀਤੀ ਜਿਸ ਨਾਲ ਸਾਨੂੰ ਹੌਸਲਾ ਹੋ ਗਿਆ।

ਮੈਨੂੰ ਇਕ ਵਾਰੀ ਪ੍ਰੈੱਸ ਵਾਲਿਆਂ ਨੇ ਕਿਹਾ ਕਿ ਸਰਪੰਚ ਤਾਂ ਰਿਜ਼ਾਇਨ ਦੇਈ ਜਾਂਦੇ ਹਨ। ਮੈਨੂੰ ਬੜਾ ਫਿਕਰ ਹੋਇਆ, ਮੈਂ ਡਿਵੈਲਪਮੈਂਟ ਮਨਿਸਟਰ ਨੂੰ ਕਿਹਾ ਕਿ ਆਓ ਚੱਲੀਏ। ਅਸੀਂ ਗਏ, ਸਰਪੰਚਾਂ ਨੂੰ ਇਕੱਠਾ ਕੀਤਾ, ਫਿਰੋਜ਼ਪੁਰ ਵਿਚ, ਪਟਿਆਲੇ ਵਿਚ, ਜਲੰਧਰ ਵਿਚ ਇਕੱਠਾ ਕੀਤਾ ਤਾਂ ਸਰਪੰਚਾਂ ਨੇ ਕਿਹਾ ਕਿ ਅਸੀਂ ਰਿਜ਼ਾਇਨ ਕੋਈ ਨਹੀਂ ਦਿੰਦੇ, ਸਾਡੀ ਇਲੈਕਸ਼ਨ ਭਾਵੇਂ ਕਰਵਾ ਦਿਓ। ਅਸੀਂ ਉਨ੍ਹਾਂ ਦਾ ਟਾਕਰਾ ਕਰਦੇ ਹਾਂ, ਅਸੀਂ ਉਨ੍ਹਾਂ ਦੇ ਕਹੇ ਉਤੇ ਰਿਜ਼ਾਇਨ ਨਹੀਂ ਕਰ ਸਕਦੇ। (ਥੰਪਿੰਗ) ਸਪੀਕਰ ਸਾਹਿਬ, ਅਸੀਂ ਇਲੈਕਸ਼ਨਾਂ ਬਾਰੇ ਗੱਲ ਤੋਰੀ। ਮਿਊਂਸਿਪਲ ਕਮੇਟੀਆਂ ਦੀਆਂ ਇਲੈਕਸ਼ਨਾਂ ਕਰਵਾਈਆਂ। 95 ਮਿਊਂਸਿਪਲ ਕਮੇਟੀਆਂ ਦੀਆਂ ਇਲੈਕਸ਼ਨਾਂ ਕਰਵਾਈਆਂ। ਐਸੀਆਂ ਇਲੈਕਸ਼ਨਾਂ ਹੋਈਆਂ ਕਿ ਕਿਸੇ ਨੇ ਸਕਿਉਰਟੀ ਨਹੀਂ ਮੰਗੀ, ਕਿਸੇ ਨੇ ਨਹੀਂ ਕਿਹਾ ਕਿ ਮੈਨੂੰ ਕੋਈ ਸਿਪਾਹੀ ਤਕ ਦੇ ਦਿਓ। ਰਾਤਾਂ ਨੂੰ ਚਲਦੇ ਵੀ ਰਹੇ। ਸਪੀਕਰ ਸਾਹਿਬ, ਮੈਂ ਰਾਤ ਨੂੰ ਨੌਂ ਵਜੇ ਦੇ ਕਰੀਬ ਭਵਾਨੀਗੜ੍ਹ ਸੀ। ਜਲਸਾ ਜਾਰੀ ਸੀ, ਗੱਲਾਂ ਹੋਈਆਂ ਮੈਂ ਉਸ ਪਾਸੇ ਨਹੀਂ ਜਾਂਦਾ ਕਿਉਂਕਿ ਭਾਸ਼ਣ ਲੰਬਾ ਹੋ ਜਾਵੇਗਾ ਲੇਕਿਨ ਮੈਨੂੰ ਹੌਂਸਲਾ ਹੋਇਆ ਕਿ ਲੋਕ ਖੁਲ੍ਹ ਕੇ ਆ ਗਏ ਹਨ, ਸਾਡੀ ਪਿਠ ਉਤੇ ਹਨ, ਔਰ ਉਹ ਸਾਡੇ ਨਾਲ ਹਨ। (ਥੰਪਿੰਗ) ਇਸ ਗੱਲ ਨੇ ਬੜੀ ਭਾਰੀ ਤਾਕਤ ਦਿੱਤੀ ਹੈ। ਉਸ ਤੋਂ ਬਾਅਦ ਮੈਂ ਇਕ ਦਿਨ ਮੋਗਾ ਗਿਆ। ਉਥੇ ਦੀ ਐਮ.ਐਲ.ਏ. ਮਿਸਿਜ਼ ਮਾਲਤੀ ਅਤੇ ਸਰਦਾਰ ਦਰਸ਼ਨ ਸਿੰਘ ਬਰਾੜ ਵੀ ਉਥੇ ਸਨ। ਉਥੇ ਦਾਨਾ ਮੰਡੀ ਵਿਚ ਬੜਾ ਵਡਾ ਜਲਸਾ ਹੋਇਆ। ਜਲਸੇ ਵਿਚ ਬਹੁਤ ਭਾਰੀ ਤਕਰੀਰਾਂ ਹੋਈਆਂ 10 ਹਜ਼ਾਰ ਤੋਂ ਵੱਧ ਉਸ ਬੰਦੇ ਮੌਜੂਦ ਸਨ। ਲੋਕਾਂ ਨੇ ਧੂੰਆਂਧਾਰ ਤਕਰੀਰਾਂ ਕੀਤੀਆਂ। ਮੈਨੂੰ ਖੁਸ਼ੀ ਇਸ ਵਿਚ ਨਹੀਂ ਕਿ ਕੋਈ ਜਿਤਦਾ ਜਾਂ ਨਾ ਜਿਤਦਾ, ਪਰ ਮੈਨੂੰ ਇਹ ਵੇਖ ਕੇ ਬੜੀ ਖੁਸ਼ੀ ਹੋਈ ਕਿ ਲੋਕਾਂ ਵਿਚ ਲੋਕ ਰਾਜ ਲਿਆਉਣ ਲਈ ਬੜਾ ਉਤਸ਼ਾਹ ਹੈ, ਬੜੀ ਖੁਸ਼ੀ ਹੈ। ਫਿਰ ਪੰਚਾਇਤਾਂ ਦੀਆਂ ਚੋਣਾ ਹੋਈਆਂ। ਮੈਂ ਮਹਿਕਮਾ ਡਿਵੈਲਪਮੈਂਟ ਦੀ ਤਾਰੀਫ ਕਰਦਾ ਹਾਂ ਉਸ ਨੇ ਬੜਾ ਕੰਮ ਕੀਤਾ ਅਸੀਂ ਇਕ ਫੈਸਲਾ ਕੀਤਾ ਕਿ ਜਿਥੇ ਅਬਾਦੀ 200 ਤੋਂ ਵੱਧ ਬਣਦੀ ਹੈ ਉਥੇ ਵਖਰੀ ਪੰਚਾਇਤ ਬਣਾ ਦਿੱਤੀ ਜਾਵੇ, ਇਸ ਦਾ ਨਤੀਜਾ ਇਹ ਹੋਇਆ ਕਿ ਜਿਥੇ ਪਹਿਲੇ 10 ਹਜ਼ਾਰ ਪੰਚਾਇਤਾਂ ਸਨ ਉਹ 11,995 ਹੋ ਗਈਆਂ। ਫਿਰ ਇਲੈਕਸ਼ਨ ਹੋਏ, ਫਿਰ ਕਿਸੇ ਨੇ ਕੋਈ ਸਿਕਓਰਿਟੀ ਨਹੀਂ ਮੰਗੀ। ਅਸੀਂ ਬੜਾ ਬੰਦੋਬਸਤ ਕੀਤਾ ਸੀ, ਡੀ.ਆਈ.ਜੀ ਨੂੰ ਇੰਚਾਰਜ ਬਣਾਇਆ ਸੀ, ਲੇਕਿਨ

ਵੇਖਣ ਵਾਲੀ ਇਹ ਗਲ ਹੈ ਕਿ ਕਿਸੇ ਕੈਂਡੀਡੇਟ ਨੇ ਕੋਈ ਸਿਕਿਓਰਟੀ ਨਹੀਂ ਮੰਗੀ। ਉਨ੍ਹਾਂ ਨੇ ਕਿਹਾ ਕਿ ਕੋਈ ਲੋੜ ਨਹੀਂ। ਉਨ੍ਹਾਂ ਨੇ ਕਿਹਾ ਕਿ ਅਸੀਂ ਇਲੈਕਸ਼ਨ ਲੜਨੀ ਹੈ ਬਗੈਰ ਸਿਕਊਰਿਟੀ ਦੇ। ਸਪੀਕਰ ਸਾਹਿਬ, ਇਥੇ ਹੁਣੇ ਇਕ ਮੈਂਬਰ ਸਾਹਿਬ ਨੇ ਜਿਸ ਨਾਲ ਸਾਡੇ ਮਤਭੇਦ ਹਨ ਨੇ ਕਿਹਾ ਕਿ ਬਾਈਕਾਟ ਵੀ ਕੀਤਾ ਗਿਆ। ਮੈਂ ਦਸਦਾ ਹਾਂ ਕਿ ਇਹ ਕਿਉਂ ਕੀਤਾ। ਇਹ ਦੁਬਾਰਾ ਬਾਈਕਾਟ ਕਿਉਂ ਕੀਤਾ। ਇਸ ਦੀਆਂ 3 ਵਜ੍ਹਾ ਸਨ ਪਹਿਲੀ ਵਜ੍ਹਾ, ਤਾਂ ਇਹ ਸੀ ਕਿ ਇਨ੍ਹਾਂ ਦੀ ਆਪਸ ਵਿਚ ਪਾਰਟੀਬਾਜ਼ੀ ਹੋ ਗਈ ਸੀ। ਛੋਟੇ ਛੋਟੇ ਗਰੁੱਪ ਬਣ ਗਏ ਸਨ, ਉਹ ਇਕੱਠੇ ਨਹੀਂ ਸਨ ਹੋ ਸਕਦੇ। ਦੂਸਰੀ ਵਜ੍ਹਾ ਇਹ ਸੀ ਕਿ ਉਨ੍ਹਾਂ ਪਿੰਡਾਂ ਵਿਚ ਉਨ੍ਹਾਂ ਨੂੰ ਅਤਿਵਾਦੀਆਂ ਦਾ ਡਰ ਪੈ ਗਿਆ ਸੀ ਕਿ ਉਹ ਗੋਲੀ ਨਾ ਮਾਰ ਦੇਣ ਔਰ ਤੀਜੀ ਵਜ੍ਹਾ ਇਹ ਸੀ ਕਿ ਪਾਕਿਸਤਾਨ ਤੋਂ ਬੈਠੇ ਜਿਹੜੇ ਅਤਿਵਾਦ ਨੂੰ ਵਧਾ ਰਹੇ ਹਨ ਉਨ੍ਹਾਂ ਤੋਂ ਡਰ ਲਗਦਾ ਸੀ। ਸਪੀਕਰ ਸਾਹਿਬ, ਮੈਨੂੰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਇਹ ਇਕ ਅਕਾਲੀ ਪਾਰਟੀ ਹੈ, ਜਿਸ ਨੂੰ ਪਾਕਿਸਤਾਨ ਤੋਂ ਬੈਠੇ ਬੰਦਿਆਂ ਤੋਂ ਹੁਕਮ ਲੈਣਾ ਪੈਂਦਾ ਹੈ। ਇਹ ਲੋਕ ਪੰਜਾਬ ਦੀ ਕੀ ਸੇਵਾ ਕਰਨਗੇ, ਹਿੰਦੁਸਤਾਨ ਦੀ ਕੀ ਸੇਵਾ ਕਰਨਗੇ ? ਫਿਰ ਵੇਖੋ ਇਨ੍ਹਾਂ ਨੇ ਖੁਸ਼ੀ ਵੀ ਜ਼ਾਹਿਰ ਕੀਤੀ ਕਿ ਉਹ ਕਈ ਜਗ੍ਹਾ ਤੋਂ ਜਿੱਤ ਕੇ ਆਏ ਹਨ। ਸਪੀਕਰ ਸਾਹਿਬ, ਇਨ੍ਹਾਂ ਅਕਾਲੀਆਂ ਬਾਰੇ ਮੈਨੂੰ ਇਕ ਕਹਾਵਤ ਯਾਦ ਆ ਗਈ ਹੈ "ਇਕ ਵਾਰ ਕੁਮਹਾਰਾਂ ਦੇ ਘਰੋਂ ਬਹੂ ਰੁਸ ਕੇ ਚਲੀ ਗਈ ਪਿਛੋਂ ਕੋਈ ਮਨਾਉਣ ਲਈ ਨਹੀਂ ਗਿਆ। ਉਸ ਵੇਲੇ ਇਕ ਕਾਲੇ ਰੰਗ ਦੀ ਗਧੀ ਹੁੰਦੀ ਸੀ, ਆਖਰ ਵਿਚ ਉਹ ਉਸ ਗਧੀ ਦੀ ਪੂੰਛ ਨੂੰ ਪਕੜ ਕੇ ਘਰ ਵਾਪਸ ਆ ਗਈ ਔਰ ਕਹਿਣ ਲਗੀ ਕਿ ਮੈਂ ਤੈਨੂੰ ਜਵਾਬ ਨਹੀਂ ਦੇ ਸਕਦੀ, ਤੇਰੇ ਨਾਲ ਤਾਂ ਮੈਂ ਜ਼ਰੂਰ ਚਲਾਂਗੀ"। ਸੋ ਇਨ੍ਹਾਂ ਦਾ ਹਾਲ ਹੈ। ਇਕ ਪਾਸੇ ਤਾਂ ਜਿੱਤਣ ਦੇ ਕਲੇਮ ਕਰਦੇ ਹਨ ਔਰ ਦੂਜੇ ਪਾਸੇ ਬਿਆਨ ਦਿੰਦੇ ਹਨ ਕਿ ਰਿਗਿੰਗ ਹੋਈ ਹੈ ਇਲੈਕਸ਼ਨਾਂ ਵਿਚ। ਸਪੀਕਰ ਸਾਹਿਬ, ਜਿਥੇ 90-95 ਪ੍ਰਤੀਸ਼ਤ ਵੋਟਿੰਗ ਹੋਈ ਹੋਵੇ ਔਸਤ 82 ਪ੍ਰਤੀਸ਼ਤ ਹੋਵੇ ਉਥੇ ਇਸ ਤਰ੍ਹਾਂ ਦੀ ਰਿਗਿੰਗ ਕਿਵੇਂ ਹੋ ਸਕਦੀ ਹੈ। ਅਗਰ 15-20 ਪ੍ਰਤੀਸ਼ਤ ਹੋਵੇ ਤਾਂ ਗਲ ਕਹੀ ਜਾ ਸਕਦੀ ਹੈ। ਫਿਰ ਤੁਸੀਂ ਵੇਖੋ ਬਾਦਲ ਦੇ ਪਿੰਡ ਵਿਚੋਂ ਕਾਂਗਰਸ ਦਾ ਮੈਂਬਰ ਜਿੱਤਿਆ। ਸਪੀਕਰ ਸਾਹਿਬ, ਤੁਹਾਨੂੰ ਵੀ ਪਤਾ ਹੈ ਕਿ ਬਾਦਲ ਦੇ ਪਿੰਡ ਦੇ ਵਿਚੋਂ ਕਾਂਗਰਸੀ ਸਰਪੰਚ ਸਰਦਾਰ ਮਹਿੰਦਰ ਸਿੰਘ ਕਾਲਾ ਜਿਤਿਆ। ਇਨ੍ਹਾਂ ਨੂੰ ਸ਼ਰਮ ਆਉਣੀ ਚਾਹੀਦੀ ਸੀ। ਫੇਰ ਬਾਦਲ ਸਾਹਿਬ ਨੇ ਕਲੇਮ ਕੀਤਾ ਕਿ ਪੰਚਾਇਤਾਂ ਦੀਆਂ ਇਲੈਕਸ਼ਨਾਂ ਵਿਚ ਸਾਨੂੰ 80 ਪ੍ਰਤੀਸ਼ਤ ਵੋਟਾਂ ਪਈਆਂ। ਮਾਨ ਸਾਹਿਬ ਨੇ ਕਿਹਾ ਕਿ ਸਾਡੇ ਧੜੇ ਨੂੰ 85 ਪ੍ਰਤੀਸ਼ਤ ਤੋਂ ਵੱਧ ਵੋਟਾਂ ਪਈਆਂ ਹਨ ਔਰ ਮਨਜੀਤ ਸਿੰਘ ਨੇ ਕਿਹਾ ਕਿ 85 ਪ੍ਰਤੀਸ਼ਤ ਤੋਂ ਜ਼ਿਆਦਾ ਵੋਟਾਂ ਮੇਰੇ ਧੜੇ ਨੂੰ ਪਈਆਂ ਹਨ। ਇਸ ਤਰ੍ਹਾਂ ਇਹ ਵੋਟਾਂ 300 ਪ੍ਰਤੀਸ਼ਤ ਇਹ ਅਕਾਲੀ ਭਰਾ ਹੀ ਲੈ ਗਏ। ਮੈਂ ਕਿਹਾ ਕਿ ਸਾਡੇ ਵਾਸਤੇ ਤਾਂ ਵੋਟਾਂ ਛੱਡ ਦਿਓ। ਸਾਰੀਆਂ ਵੋਟਾਂ ਤੁਸੀਂ ਹੀ ਲੈ ਗਏ ਪਰ ਸਰਪੰਚ ਅਤੇ ਪੰਚ ਸਾਡੀ ਕਾਂਗਰਸ ਪਾਰਟੀ ਦੇ ਜਿੱਤੇ। ਮੈਂ ਇਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਇਹ ਗੱਲਾਂ ਬਹੁਤ ਅੱਛੀਆਂ ਕਰਦੇ ਹਨ ਪਰ ਇਨ੍ਹਾਂ ਦੀਆਂ ਕਰਤੂਤਾਂ ਬਹੁਤ ਮਾੜੀਆਂ ਹਨ। ਇਨ੍ਹਾਂ ਦੀਆਂ ਕਰਤੂਤਾਂ ਦੇਖੀਆਂ ਜਾਣ, ਇਨ੍ਹਾਂ ਦੀਆਂ ਕਰਤੂਤਾਂ ਦੇ ਕਾਰਣ ਹੀ ਸਾਰਾ ਪੰਜਾਬ ਪਿਛਲੇ 10 ਸਾਲਾਂ ਤੋਂ ਸੂਕਣੇ ਪਿਆ ਰਿਹਾ। ਫੇਰ ਇਹ ਰਾਜੀਵ ਸੰਤ-ਲੌਂਗੋਵਾਲ ਦੇ ਸਮਝੌਤੇ ਦੀ ਗੱਲ ਕਰਦੇ ਹਨ ਸੰਤ ਲੌਂਗੋਵਾਲ ਜੀ ਨੇ ਸਮਝੌਤਾ ਕਰਕੇ ਜਦੋਂ ਆਨੰਦਪੁਰ ਸਾਹਿਬ ਆਪਣੇ ਡੈਲੀਗੇਟਸ ਦੀ ਮੀਟਿੰਗ ਬੁਲਾਈ ਤਾਂ ਉਸ ਮੀਟਿੰਗ ਦੇ ਵਿਚ ਬਾਦਲ ਸਾਹਿਬ ਅਤੇ ਟੌਹੜਾ ਸਾਹਿਬ ਨੇ ਸਮਝੌਤੇ ਦੇ ਬਰਖਿਲਾਫ ਵੋਟਾਂ ਪਾਈਆਂ ਅਤੇ ਸਮਝੌਤਾ ਮੰਨਣ ਤੋਂ ਇਨਕਾਰ ਕਰ ਦਿੱਤਾ। ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕਿਸ ਨੇ ਸ਼ੇਰਪੁਰ ਦੇ ਗੁਰਦੁਆਰੇ ਵਿਚ ਸੰਤ ਲੌਂਗੋਵਾਲ ਦਾ ਕਤਲ ਕੀਤਾ ਸੀ? ਸੰਤ ਲੌਂਗੋਵਾਲ

[ਮੁੱਖ ਮੰਤਰੀ]

ਨੂੰ ਛੋਟਾ ਸ਼ਹੀਦ ਕਹਿੰਦੇ ਸਨ ਅਤੇ ਹਲਵਾੜੇ ਵਾਲੇ ਜਰਨੈਲ ਸਿੰਘ ਨੂੰ ਵੱਡਾ ਸ਼ਹੀਦ ਕਹਿੰਦੇ ਸਨ। ਬਰਨਾਲਾ ਸਾਹਿਬ ਦੀ ਸਰਕਾਰ ਕਿਉਂ ਨਹੀਂ ਕਾਮਯਾਬ ਹੋਈ ਅਤੇ ਰਾਜੀਵ ਲੌਂਗੋਵਾਲ ਸਮਝੌਤਾ ਕਿਉਂ ਨਹੀਂ ਲਾਗੂ ਹੋਇਆ, ਸਿਰੇ ਕਿਉਂ ਨਹੀਂ ਚੜ੍ਹਿਆ। ਇਸੇ ਹਾਊਸ ਦੇ ਅੰਦਰ ਬਰਨਾਲਾ ਸਾਹਿਬ ਚੀਫ ਮਨਿਸਟਰ ਸਨ ਪਰ ਉਨ੍ਹਾਂ ਦੇ ਮਨ ਵਿਚ ਮੈਲ ਸੀ ਔਰ ਉਨਾਂ ਦੀ ਹੀ ਪਾਰਟੀ ਦੇ 30-32 ਮੈਂਬਰ ਬਾਦਲ ਸਾਹਿਬ ਦੀ ਅਗਵਾਈ ਵਿਚ ਇਕੱਠੇ ਹੋ ਕੇ ਆਪਣਾ ਕਰਤਵ ਕਰਦੇ ਰਹੇ । ਇਕ ਦਿਨ, ਸਪੀਕਰ ਸਾਹਿਬ, ਮੈਂ ਇਸ ਹਾਊਸ ਵਿਚ ਵੇਖਿਆ ਕਿ ਬਰਨਾਲਾ ਸਾਹਿਬ ਤੋਂ ਅਲਗ ਗਰੁਪ ਬਾਦਲ ਸਾਹਿਬ ਦੇ ਮੈਂਬਰ ਹਾਊਸ ਵਿਚ ਖੜ੍ਹੇ ਹੋ ਗਏ ਔਰ ਮੈਂ ਸਮਝਦਾ ਸੀ ਕਿ ਉਹ ਵਾਕ ਆਊਟ ਕਰਨਗੇ ਪਰ ਉਹ ਵਾਕ ਆਊਟ ਨਹੀਂ ਹੋਏ ਬਲਕਿ ਤੁਹਾਡੀ ਕੁਰਸੀ ਦੇ ਵੱਲ ਚਲੇ ਗਏ। ਉਸ ਸਮੇਂ ਹਾਊਸ ਦੇ ਚੇਅਰ ਤੇ ਸਪੀਕਰ ਸਰਦਾਰ ਸੁਰਜੀਤ ਸਿਘ ਮਿਨਹਾਸ ਬੈਠੇ ਹੋਏ ਸਨ ਉਨ੍ਹਾਂ ਨੂੰ ਬਾਦਲ ਸਾਹਿਬ ਦੇ ਮੈਂਬਰਾਂ ਨੇ ਚਪੇੜ੍ਹਾਂ ਮਾਰੀਆਂ ਅਤੇ ਉਨ੍ਹਾਂ ਦੀ ਹਾਊਸ ਵਿਚ ਪਗੜੀ ਉਤਾਰ ਦਿੱਤੀ। ਕਿੰਨੀ ਸ਼ਰਮ ਵਾਲੀ ਗੱਲ ਸੀ। ਹੁਣ ਇਹ ਡੈਮੋਕਰੇਸੀ ਦੀ ਗੱਲ ਕਰਦੇ ਹਨ। ਇਹ ਗੱਲ ਮੈਂ ਹਾਊਸ ਵਿਚ ਆਪਣੀ ਅੱਖੀਂ ਵੇਖੀ ਸੀ। ਉਸ ਵੇਲੇ ਇਹ ਲੋਕਾਂ ਦੇ ਬੜੇ ਹਮਦਰਦ ਬਣਦੇ ਸਨ ਅਤੇ ਡੈਮੋਕਰੇਸੀ ਦੀਆਂ ਗੱਲਾਂ ਕਰਦੇ ਸਨ। ਇਥੇ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਹਕੀਕਤ ਨੂੰ ਹਕੀਕਤ ਵਿਚ ਮੰਨ ਲੈਣਾ ਚਾਹੀਦਾ ਹੈ। ਸਪੀਕਰ ਸਾਹਿਬ, ਅਸੀਂ ਪੰਚਾਇਤਾਂ ਦੀਆਂ ਚੋਣਾਂ ਮੁਕੰਮਲ ਕਰਵਾਈਆਂ ਔਰ ਅਸੀਂ ਪਿਛਲੇ ਸਾਲ ਪੰਚਾਇਤਾਂ ਨੂੰ ਇਕ ਅਰਬ ਰੁਪਿਆ ਦਿੱਤਾ। ਤੁਸੀਂ ਪੰਜਾਬ ਦੀ ਹਿਸਟਰੀ ਕਢ ਕੇ ਵੇਖ ਲਵੋਂ ਕਿਸੇ ਸਰਕਾਰ ਨੇ ਇਕ ਅਰਬ ਰੁਪਿਆ ਪੰਚਾਇਤਾਂ ਨੂੰ ਨਹੀਂ ਦਿੱਤਾ ਹੋਵੇਗਾ (ਤਾੜੀਆਂ) ਸਪੀਕਰ ਸਾਹਿਬ, ਤੁਸੀਂ ਵੀ ਦੇਖਿਆ ਹੋਵੇਗਾ ਕਿ ਇਨ੍ਹਾਂ ਪੰਚਾਇਤਾਂ ਦੀਆਂ ਇਲੈਕਸ਼ਨਾਂ ਵਿਚ ਕਾਫੀ ਮਾਤਰਾ ਵਿਚ ਲੇਡੀਜ਼ ਸਰਪੰਚ ਅਤੇ ਪੰਚ ਚੁਣਕੇ ਆਈਆਂ। ਜਦੋਂ ਇਨ੍ਹਾਂ ਨੂੰ ਮੈਂ ਅੰਮ੍ਰਿਤਸਰ ਸ਼ਹਿਰ ਸੌਂਹ ਚੁਕਾਉਣ ਲਈ ਗਿਆ ਤਾਂ ਉਸ ਵਕਤ ਸਟੇਡੀਅਮ ਵਿਚ ਪੰਚਾਂ ਅਤੇ ਸਰਪੰਚਾਂ ਤੋਂ ਇਲਾਵਾ ਲੋਕਾਂ ਦਾ ਹਜ਼ੂਮ ਬਹੁਤ ਜ਼ਿਆਦਾ ਸੀ। ਮੈਂ ਸਰਦਾਰ ਉਮਰਾਓ ਸਿੰਘ ਨੂੰ ਕਿਹਾ ਕਿ ਇਤਨਾ ਹਜੂਮ ਕਿਥੋਂ ਆ ਗਿਆ ਹੈ ਤਾਂ ਉਥੇ ਅੱਗੇ ਬੈਠੀਆਂ ਸਾਡੀਆਂ ਭੈਣਾਂ ਜਿੰਨ੍ਹਾਂ ਨੂੰ ਡੈਮੋਕਰੇਸੀ ਦਾ ਥੰਮ੍ਹ ਕਿਹਾ ਜਾਂਦਾ ਹੈ ਉਨ੍ਹਾਂ ਨੇ ਤਾਲੀਆਂ ਮਾਰ ਕੇ ਸਾਡੀ ਹੌਸਲਾ ਅਫਜਾਈ ਕੀਤੀ ਅਤੇ ਕਿਹਾ ਕਿ ਅਸੀਂ ਤੁਹਾਡੇ ਨਾਲ ਹਾਂ। (ਥੰਪਿੰਗ) ਸਪੀਕਰ ਸਾਹਿਬ, ਜਦੋਂ ਅਸੀਂ ਜਲਸਾ ਕੀਤਾ ਤਾਂ ਲੋਕਾਂ ਨੇ ਖੁਸ਼ੀ ਦੇ ਨਾਲ ਤਾੜੀਆਂ ਵਜਾਈਆਂ। ਸਭ ਤੋਂ ਪਹਿਲਾਂ ਤਾੜੀਆਂ ਲੜਕੀਆਂ ਨੇ ਵਜਾਈਆਂ ਅਤੇ ਉਸ ਤੋਂ ਬਾਅਦ ਆਦਮੀਆਂ ਨੇ ਤਾੜੀਆਂ ਵਜਾਈਆਂ। ਡੈਮੋਕਰੇਸੀ ਵਿਚ ਲੜਕੀਆਂ ਨੇ ਬੜਾ ਭਾਰੀ ਹਿਸਾ ਪਾਇਆ ਹੈ। ਸਪੀਕਰ ਸਾਹਿਬ, ਅਸੀਂ ਲੜਕੀਆਂ ਦੀ ਬੜੀ ਇਜ਼ਤ ਕਰਦੇ ਹਾਂ। ਇਥੇ ਕਿਹਾ ਗਿਆ ਕਿ ਇਕ ਲੜਕੀ ਅਤਿਵਾਦੀ ਦੀ ਸੀ ਅਤੇ ਉਸ ਨੂੰ ਨਵਾਂ ਸ਼ਹਿਰ ਨੌਕਰੀ ਦੇ ਦਿਤੀ ਗਈ। ਇੱਕ ਪ੍ਰੇਮ ਸਿੰਘ ਜੋ ਸ਼ਡਿਊਲਡ ਕਾਸਟ ਸੀ, ਅਤਿਵਾਦੀ ਦੇ ਹਥੋਂ ਮਾਰਿਆ ਗਿਆ ਸੀ। ਉਸ ਦੀ ਘਰਵਾਲੀ ਨੂੰ ਜੋ 20,000 ਰੁਪਿਆ ਮਿਲਦਾ ਹੁੰਦਾ ਸੀ ਉਹ ਸਰਕਾਰ ਵਲੋਂ ਦਿਤਾ ਗਿਆ। ਘਰ ਵਾਲੀ ਘਰ ਛੱਡਕੇ ਚਲੀ ਗਈ। ਪਿਛੋਂ ਬੁੱਢਾ ਬਾਪ ਅਤੇ ਲੜਕੀ ਸੀ। ਲੜਕੀ ਥੋੜ੍ਹੀ ਪੜ੍ਹੀ ਲਿਖੀ ਸੀ। ਸਪੀਕਰ ਸਾਹਿਬ, ਜੇਕਰ ਮਾਰਕਿਟ ਕਮੇਟੀ ਨਵਾ ਸ਼ਹਿਰ ਵਿਚ ਉਸ ਲੜਕੀ ਨੂੰ ਨੌਕਰੀ ਦੇ ਦਿਤੀ ਗਈ ਤਾਂ ਤੁਸੀਂ ਦਸੋ ਕਿ ਅਸੀਂ ਕੀ ਗੁਨਾਹ ਕੀਤਾ ਹੈ। (ਥੰਪਿੰਗ)।

Sardar Avtar Singh Karimpuri: Point of Order, Sir.

Mr. Speaker: Don't interrupt, please.

Sardar Avtar Singh Karimpuri: ** ** **

Mr. Speaker: Whatever he says is not to form part of the record.

ਮੁੱਖ ਮੰਤਰੀ: ਸਪੀਕਰ ਸਾਹਿਬ, ਅਸੀਂ ਮਿਉਂਸਪਲ ਕਮੇਟੀ ਅਤੇ ਪੰਚਾਇਤਾਂ ਦੀ ਨੁਹਾਰ ਨੂੰ ਬਦਲਣਾ ਹੈ। ਸਪੀਕਰ ਸਾਹਿਬ, ਮੈਂ ਲੁਧਿਆਣੇ ਦੇ ਅੰਦਰ 65 ਲੱਖ ਰੁਪਏ ਦਾ ਇਕ ਪ੍ਰਾਜੈਕਟ ਸ਼ੁਰੂ ਕੀਤਾ ਹੈ। ਇਸ ਪ੍ਰਾਜੈਕਟ ਦਾ ਮੈਂ ਨੀਂਹ ਪੱਥਰ ਰੱਖਿਆ ਹੈ। (ਥੰਪਿੰਗ) ਪੰਜਾਬ ਦੇ ਅੰਦਰ ਸੜਕਾਂ ਬਨਾਉਣੀਆਂ ਹਨ ਅਤੇ ਠੀਕ ਕਰਨੀਆਂ ਹਨ ਉਨ੍ਹਾਂ ਪਿਡਾਂ ਅਤੇ ਸ਼ਹਿਰਾਂ ਦਾ ਹੁਲੀਆਂ ਚੰਦ ਸਾਲਾਂ ਦੇ ਅੰਦਰ ਹੀ ਬਦਲ ਕੇ ਰਖ ਦੇਵਾਂਗੇ । (ਥਪਿੰਗ) ਸਪੀਕਰ ਸਾਹਿਬ, ਅਸੀਂ ਫੈਸਲਾ ਕੀਤਾ ਹੈ ਕਿ 2 ਅਰਬ ਰੁਪਿਆ ਪੰਚਾਇਤਾਂ ਨੂੰ ਦੇਣਾ ਹੈ। (ਥੰਪਿੰਗ) ਪੰਚਾਇਤਾਂ ਦੀ ਡਿਵੈਲਪਮੈਂਟ ਤਾਂ ਹੀ ਹੁੰਦੀ ਹੈ ਜੇਕਰ ਸਾਰੇ ਸਾਥ ਦੇਣ। ਅਸੀਂ ਪਿੰਡਾਂ ਦੀ ਡਿਵੈਲਪਮੈਂਟ ਕਰਾਂਗੇ ਤਾਂਕਿ ਜੋ ਮਹਾਤਮਾ ਗਾਂਧੀ ਜੀ ਦਾ ਸੁਪਨਾ ਸੀ ਉਹ ਪੂਰਾ ਕਰ ਸਕੀਏ। ਮੇਰੀ ਸਰਕਾਰ ਮਹਾਤਮਾ ਗਾਂਧੀ ਜੀ ਦੇ ਨਕਸ਼ੇ ਕਦਮ ਤੇ ਚਲੇਗੀ ਸਪੀਕਰ ਸਾਹਿਬ, ਮੇਰੀ ਸਰਕਾਰ ਜਲਦੀ ਤੋਂ ਜਲਦੀ ਪੰਜਾਬ ਨੂੰ ਬਹਿਸ਼ਤ ਬਨਾਉਣਾ ਚਾਹੁੰਦੀ ਹੈ। (ਥੰਪਿੰਗ) ਸਪੀਕਰ ਸਾਹਿਬ, ਅਸੀਂ ਬੜਾ ਹੀ ਯਤਨ ਕੀਤਾ ਹੈ ਕਿ ਡਿਵੈਲਪਮੈਂਟ ਕਰੀਏ ਲੇਕਿਨ ਡਿਵੈਲਪਮੈਂਟ ਅਸੀਂ ਤਾਂ ਹੀ ਕਰ ਸਕਦੇ ਹਾਂ ਜੇਕਰ ਅਸੀਂ ਪੰਜਾਬ ਵਿਚ ਇੰਡਸਟਰੀ ਲਗਾਈਏ। ਇੰਡਸਟਰੀ ਲਗਾਉਣ ਦੇ ਨਾਲ ਲੋਕਾਂ ਨੂੰ ਨੌਕਰੀ ਮਿਲੇਗੀ । ਅਸੀਂ ਪੰਜਾਬ ਵਿਚ ਇੰਡਸਟਰੀ ਲਗਾਉਣ ਦਾ ਪੂਰਾ ਯਤਨ ਕੀਤਾ ਹੈ ਅਤੇ ਇੱਕ ਸਾਲ ਦੇ ਅੰਦਰ ਅੰਦਰ 4,000 ਤੋਂ ਉਪਰ ਸਮਾਲ ਯੂਨਿਟ ਲਗਾਏ ਹਨ। (ਥੰਪਿੰਗ) ਸਪੀਕਰ ਸਾਹਿਬ, ਮੈਨੂੰ ਇਹ ਗੱਲ ਦਸਣ ਵਿਚ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਜਿਹੜੇ ਇੰਡਸਟਰੀਲਿਸਟ ਬਾਹਰ ਚਲੇ ਗਏ ਸਨ, ਉਹ ਦੋਬਾਰਾ ਪੰਜਾਬ ਵਿਚ ਵਾਪਿਸ ਆਏ ਹਨ । (ਥੰਪਿੰਗ) ਸਪੀਕਰ ਸਾਹਿਬ, ਹਾਲਾਤ ਕਾਫੀ ਸੁਖਾਵੇਂ ਹੋ ਚੁਕੇ ਹਨ। ਅੰਮ੍ਰਿਤਸਰ ਦਾ ਇਕ ਮੁੰਡਾ, ਬੜੀ ਛੋਟੀ ਉਮਰ ਦਾ ਸੀ ਜਿਸ ਦੇ ਬਾਪ ਨੂੰ ਅਤਿਵਾਦੀਆਂ ਨੇ ਗੰਨਡਾਊਨ ਕਰ ਦਿੱਤਾ । ਉਸਤੋਂ ਪ੍ਰੈਸ ਵਾਲਿਆਂ ਨੇ ਇੰਟਰਵਿਊ ਵਿੱਚ ਪੁੱਛਿਆ ਤਾਂ ਉਸਨੇ ਕਿਹਾ ਕਿ ਜੇ ਥੋੜ੍ਹਾ ਚਿਰ ਅਮਨ ਨਾ ਆਉਂਦਾ ਤਾਂ ਮੈਂ ਆਪਣਾ ਸਭ ਕੁਝ ਵੇਚ ਕੇ ਯਮੁਨਾਨਗਰ ਚਲਾ ਜਾਣਾ ਸੀ। ਸਪੀਕਰ ਸਾਹਿਬ, ਅੱਜ ਉਹ ਯਤੀਮ ਬੱਚਾ ਅੰਮ੍ਰਿਤਸਰ ਵਿੱਚ ਹੀ ਬਿਰਾਜਮਾਨ ਹੈ। ਸਪੀਕਰ ਸਾਹਿਬ, ਉਹ ਲੋਕ ਸਰਕਾਰ ਨੂੰ ਅਸੀਸਾਂ ਦੇਂਦੇ ਹਨ।

ਫਿਰ, ਸਪੀਕਰ ਸਾਹਿਬ, ਅਸੀਂ ਇੰਡਸਟਰੀ ਲਗਾਈ। ਐਕਰਿਲਿਕ ਧਾਗੇ ਦੀ ਫੈਕਟਰੀ ਸੰਗਰੂਰ ਜ਼ਿਲ੍ਹੇ ਦੇ ਅੰਦਰ ਭਵਾਨੀਗੜ੍ਹ ਦੇ ਕੋਲ ਲਗ ਰਹੀ ਸੀ। ਆਰ ਕੇ. ਗਰਗ ਆ ਰਿਹਾ ਸੀ, ਅਮਰੀਕਨ ਕੋਲੈਬਰੇਸ਼ਨ ਨਾਲ ਲਗਣੀ ਸੀ। ਲੇਕਿਨ ਜਦੋਂ ਸਾਡੀ ਸਰਕਾਰ ਬਣੀ ਨੂੰ ਹਾਲੇ 2 ਮਹੀਨੇ ਹੀ ਹੋਏ ਸਨ, ਜੋ ਅਤਿਵਾਦੀ ਸਾਡੀ ਸਰਕਾਰ ਨੂੰ ਡੀਸਟੇਬਲਾਈਜ਼ ਕਰਨਾ ਚਾਹੁੰਦੇ ਸੀ, ਉਨ੍ਹਾਂ ਉਥੇਂ ਉਹ ਮਦਰਾਸੀ ਇੰਜੀਨੀਅਰ ਜੋ ਕੰਸਟਕਸ਼ਨ ਕਰਨ ਵਾਸਤੇ ਆਏ ਹੋਏ ਸਨ, ਜੋ ਆਪਣਾ ਖੂਨ ਡੋਲ੍ਹਣ ਵਾਸਤੇ ਆਏ ਸਨ, ਖੂਨ ਉਨ੍ਹਾਂ ਡੋਲ੍ਹਿਆਂ ਵੀ, ਰਾਤ ਨੂੰ 3-4 ਅਤਿਵਾਦੀ ਉਥੇ ਗਏ, ਸਪੀਕਰ ਸਾਹਿਬ, ਅਤੇ ਬੜੀ ਬੇਰਹਿਮੀ ਨਾਲ ਉਨ੍ਹਾਂ ਨੂੰ ਮਾਰ ਦਿੱਤਾ। ਮੈਂ ਜਦੋਂ ਉਥੇ ਪਹੁੰਚਿਆਂ, ਸਪੀਕਰ ਸਾਹਿਬ' ਤਾਂ ਹਾਲੇ ਮਾਲਕ ਵੀ ਨਹੀਂ ਪਹੁੰਚਿਆ ਸੀ, ਮੈਂ ਉਸ ਤੋਂ ਪਹਿਲਾਂ ਪਹੁੰਚ ਗਿਆ, ਮੈਂ ਉਥੇ ਖੂਨ ਡੁਲ੍ਹਿਆ ਵੇਖਿਆ। ਖੂਨ ਵੀ ਲਾਲ, ਖੂਨ ਦਾ ਪਤਾ ਨਹੀਂ ਲਗ ਸਕਦਾ, ਖੂਨ ਤਾਂ ਖੂਨ ਹੁੰਦਾ ਹੈ ਚਾਹੇ ਉਹ ਸਿੱਖ ਦਾ ਹੋਵੇ, ਹਿੰਦੂ ਦਾ ਹੋਵੇ ਜਾਂ ਮੁਸਲਮਾਨ ਦਾ ਹੋਵੇ, ਖੂਨ ਤਾਂ ਲਾਲ ਹੀ ਹੁੰਦਾ ਹੈ। ਖੂਨ ਡੁਲ੍ਹਿਆ ਵੇਖ ਕੇ ਮਨ

**Not recorded as ordered by the Chair.

[ਮੁੱਖ ਮੰਤਰੀ]

ਵਿਚੋਂ ਅਾਂਸੂ ਨਿਕਲੇ ਅਤੇ ਦਿਲ ਅੰਦਰ ਸਾੜ ਵੀ ਪਿਆ। ਮੈਂ ਅਫਸਰਾਂ ਨੂੰ ਬੁਲਾ ਕੇ ਇੰਡਸਟਰੀ ਦੀ ਸਕਿਉਰਟੀ ਦਾ ਇੰਤਜ਼ਾਮ ਕੀਤਾ। ਕੁਝ ਮਹੀਨਿਆਂ ਬਾਅਦ ਅਮਰੀਕਨ ਜਿਹੜੇ ਕਿ ਡਰ ਕੇ ਚਲੇ ਗਏ ਸੀ, ਉਹ ਮੇਰੇ ਕੋਲ ਆਏ। ਮੈਂ ਉਨ੍ਹਾਂ ਨਾਲ ਗੱਲਬਾਤ ਕੀਤੀ, ਉਨ੍ਹਾਂ ਨੂੰ ਹੌਸਲਾ ਦਿੱਤਾ। ਸਪੀਕਰ ਸਾਹਿਬ, ਅੱਜ ਮੈਨੂੰ ਇਹ ਕਹਿ ਕੇ ਖੁਸ਼ੀ ਹੁੰਦੀ ਹੈ ਕਿ ਉਹ ਦੋਸਤੋ, 32 ਕਰੋੜ ਰੁਪਏ ਦਾ ਪ੍ਰਾਜੈਕਟ ਅੱਜ ਸ਼ੁਰੂ ਹੋਇਆ ਹੈ। (ਥੰਪਿੰਗ) ਮੈਂ ਉਥੇ ਜਾਂ ਕੇ ਉਦਘਾਟਨ ਕਰਕੇ ਆਇਆ ਹਾਂ। ਤਬਦੀਲੀ ਕੈਸੀ ਹੋਈ ਹੈ। ਸਪੀਕਰ ਸਾਹਿਬ, ਸਾਇੰਸ ਦੇ ਵੀ ਵੱਡੇ ਵੱਡੇ ਕਰਿਸ਼ਮੇਂ ਹਨ। ਉਸ ਸੰਗਰੂਰ ਦੀ ਫੈਕਟਰੀ ਵਿਚ ਕੈਮੀਕਲਜ਼ ਕੋਈ ਬਣਾ ਕੇ ਉਨ੍ਹਾਂ ਦਾ ਪ੍ਰਾਸੈਸ ਕੁਝ ਐਸਾ ਕਰਦੇ ਹਨ ਕਿ ਰੂੰ ਜਿਹਾ ਬਣ ਜਾਂਦਾ ਹੈ। ਉਹ ਬੜੀ ਸੋਹਣੀ ਉੱਨ ਵਰਗੀ ਰੂੰ ਬਣ ਜਾਂਦੀ ਹੈ। ਉਹ ਲੁਧਿਆਣਾ ਅੰਦਰ ਟੈਕਸਟਾਈਲ ਇੰਡਸਟਰੀ ਵਿੱਚ ਇਸਤੇਮਾਲ ਹੋਣੀ ਹੈ। ਉਹ ਮੈਨੂੰ ਦੱਸ ਰਹੇ ਸੀ ਕਿ ਇਸ ਦੀ ਵੱਡੀ ਮਾਰਕੀਟ ਲੁਧਿਆਣਾ ਅੰਦਰ ਹੈ। ਮੈਂ ਏਥੇ ਇਹ ਗੱਲ ਕਹਿੰਦਾ ਹਾਂ ਕਿ ਅੱਜ ਇਹ ਜੋ ਫੈਕਟਰੀ ਬਣਦੀ ਹੈ, ਇਹ ਲੁਧਿਆਣਾ ਔਰ ਸੰਗਰੂਰ ਦੇ ਅੰਦਰ ਇਕ ਪੁੱਲ ਬਣ ਕੇ ਰਹੇਗੀ ਔਰ ਇਹ ਦੋਵੇਂ ਯੂਨਾਈਟ ਹੋ ਜਾਣਗੇ ਅਤੇ ਤਰੱਕੀ ਕਰਨਗੇ। ਸਪੀਕਰ ਸਾਹਿਬ, ਬਾਕੀ ਲੋਕਾਂ ਦੀ ਨਬਜ਼ ਤੇ ਹੱਥ ਰੱਖਣ ਤੋਂ ਬਾਅਦ, ਉਨ੍ਹਾਂ ਦੀਆਂ ਗੱਲਾਂ ਬਾਤਾਂ ਤੋਂ ਹੀ ਉਨ੍ਹਾਂ ਦੇ ਵਿਚਾਰਾਂ ਦਾ ਪਤਾ ਲਗਦਾ ਹੈ। ਭਾਈ ਮੋਹਨ ਸਿੰਘ ਹੈ, ਜੋ ਬਹੁਤ ਵੱਡਾ ਦਿੱਲੀ ਦਾ ਕਾਰਖਾਨੇਦਾਰ ਹੈ, ਉਸ ਵੱਲੋਂ ਇਥੇ 50 ਕਰੋੜ ਰੁਪਏ ਦੀ ਲਾਗਤ ਨਾਲ ਲਾਈਫ ਸੇਵਿੰਗ ਡਰੱਗਜ਼ ਦਾ ਕਾਰਖਾਨਾ, ਉਹ ਡਰੱਗਜ਼ ਜਿਹੜੀਆਂ ਆਦਮੀ ਦੀ ਜ਼ਿੰਦਗੀ ਬਖਸ਼ਦੀਆਂ ਹਨ, ਔਰ ਇਥੇ ਨਹੀਂ ਸਨ ਮਿਲਦੀਆਂ, ਉਨ੍ਹਾਂ ਦਾ 50 ਕਰੋੜ ਰੁਪਏ ਦਾ ਕਾਰਖਾਨਾ ਉਸ ਵਲੋਂ ਇਥੇ ਪੰਜਾਬ ਅੰਦਰ ਲਗਾਇਆ ਜਾ ਰਿਹਾ ਹੈ। ਇਹ ਕਾਰਖਾਨਾ ਡੱਚ ਕੋਲਬੋਰੇਸ਼ਨ ਨਾਲ, ਉਹ ਡੱਚ ਜਿਹੜੇ ਨੀਦਰਲੈਂਡ ਦੇ ਰਹਿਣ ਵਾਲੇ ਹਨ, ਉਨ੍ਹਾਂ ਦੀ ਕੋਆਪ੍ਰੇਸ਼ਨ ਨਾਲ ਲਗ ਰਿਹਾ ਹੈ। ਇਹ ਤੁਹਾਡੇ ਸਾਹਮਣੇ ਆ ਜਾਵੇਗਾ ਅਤੇ ਮੈਂ ਉਸਦਾ ਨੀਂਹ ਪੱਥਰ ਰੱਖਾਂਗਾਂ।

ਸ੍ਰੀ ਸਪੀਕਰ: ਸੀ.ਐਮ. ਸਾਹਿਬ, ਤੁਸੀਂ ਵਾਈਂਡ ਅੱਪ ਕਰਨ ਵਾਸਤੇ ਕਿੰਨਾ ਟਾਈਮ ਲਉਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਕਹਿ ਰਿਹਾ ਸੀ ਕਿ ਸਾਰੇ ਪੰਜਾਬ ਅੰਦਰ ਇੰਡਸਟਰੀ ਆਏਗੀ। ਇਥੇ ਬਿਜਲੀ ਬਹੁਤ ਹੈ। ਇਕ ਸਪੀਕਰ ਸਾਹਿਬ, ਮੈਂ ਹੋਰ ਗੱਲ ਕਹਿਣੀ ਚਾਹੁੰਦਾ ਹਾਂ, ਤੁਸੀਂ ਧਿਆਨ ਨਾਲ ਸੁਣ ਲੈਣਾ ਕਿ ਜੋ ਥਰਮਲ ਪਲਾਂਟ ਦੀ ਐਸ਼ ਜਾਇਆ ਹੋ ਰਹੀ ਸੀ ਜਿਹੜੀ ਐਸ਼ ਪਾਲੂਸ਼ਨ ਪੈਦਾ ਕਰ ਰਹੀ ਸੀ, ਜਿਹੜੀ ਐਸ਼ ਉਡ ਕੇ ਲੋਕਾਂ ਦੇ ਘਰਾਂ ਅੰਦਰ ਜਾਂਦੀ ਸੀ ਅਤੇ ਬਿਮਾਰੀਆਂ ਪੈਦਾ ਕਰਦੀ ਸੀ, ਉਸ ਐਸ਼ ਨੂੰ ਵਰਤ ਕੇ ਇਕ ਸੀਮਿੰਟ ਦਾ ਕਾਰਖਾਨਾ ਲਗਾਉਣ ਦਾ ਫੈਸਲਾ ਕੀਤਾ ਹੈ। ਅਸੀਂ ਉਸ ਸਾਰੀ ਐਸ਼ ਨੂੰ ਇਕੱਠਾ ਕਰਾਂਗੇ ਔਰ ਸੀਮਿੰਟ ਪੈਦਾ ਕਰਾਂਗੇ। ਇਸ ਤੋਂ ਇਲਾਵਾ ਸਪੀਕਰ ਸਾਹਿਬ, ਇਕ ਸ੍ਰੀ ਰਾਮ ਗਰੁੱਪ ਹੈ ਜਿਸ ਦਾ ਬੜਾ ਨਾਂ ਹੈ । ਜਦ ਇਥੇ ਸਿਕਿਓਰਟੀ ਆਈ, ਹਾਲਾਤ ਸਾਜ਼ਗਾਰ ਹੋਏ ਤਾਂ ਉਸ ਸ੍ਰੀ ਰਾਮ ਗਰੁੱਪ ਦੇ ਬੰਦੇ ਮੇਰੇ ਕੋਲ ਆਏ ਔਰ ਮੈਨੂੰ ਉਨ੍ਹਾਂ ਨੇ ਇਹ ਗੱਲ ਕਹੀ ਕਿ ਇਥੇ ਇੰਡਸਟਰੀ ਲਾਉਣਾ ਚਾਹੁੰਦੇ ਹਾਂ, ਕੈਮੀਕਲ ਪਲਾਂਟ ਲਗਾਉਣਾ ਚਾਹੁੰਦੇ ਹਾਂ। ਇਸ ਦੇ ਵਾਸਤੇ ਸਾਨੂੰ ਇਕ ਹਜ਼ਾਰ ਏਕੜ ਜ਼ਮੀਨ ਰਾਜਪੁਰੇ ਔਰ ਪਟਿਆਲੇ ਦੇ ਦਰਮਿਆਨ ਦੇ ਦਿਓ। ਪਹਿਲਾਂ ਅਸੀਂ ਆਪਣਾ ਪਲਾਂਟ ਲਗਾਵਾਂਗੇ। ਫਿਰ ਅਸੀਂ ਹੋਰ ਪਲਾਂਟ ਵੀ ਲੁਆਵਾਂਗੇ। ਉਨ੍ਹਾਂ ਕਿਹਾ ਕਿ ਅਸੀਂ 50 ਮੈਗਾਵਾਟ ਬਿਜਲੀ ਆਪਣੇ ਕਾਰਖਾਨੇ ਤੋਂ ਪੈਦਾ ਕਰਾਂਗੇ। ਜੋ ਬਿਜਲੀ ਪੈਦਾ ਕਰਨ ਵਾਲੀਆਂ ਕੰਪਨੀਆਂ ਹਨ, ਜੋ ਬੜੇ ਵੱਡੇ ਵੱਡੇ ਧਨਾਢ ਲੋਕ ਹਨ, ਅੱਜ ਜੇ ਉਹ ਪੰਜਾਬ ਵੱਲ

ਨੂੰ ਮੂੰਹ ਕਰਦੇ ਹਨ ਤਾਂ ਮੈਂ ਆਪਣੇ ਦੂਸਰੇ ਸਾਥੀਆਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਦਾ ਇਹ ਚੰਗਾ ਕੰਮ ਕਿਉਂ ਸਾਨੂੰ ਵਾਰਾ ਨਹੀਂ ਖਾਂਦਾ? ਇਹ ਲੋਕ ਕਿਉਂ ਇਸ ਗੱਲ ਤੋਂ ਦੁੱਖੀ ਹੁੰਦੇ ਹਨ? ਇਨ੍ਹਾਂ ਸੁਧਰੇ ਹਾਲਾਤ ਦੇ ਕਾਰਣ ਅੱਜ ਪੰਜਾਬ ਦੇ ਅੰਦਰ ਗਾਣੇ-ਵਜਾਣੇ ਹੋ ਰਹੇ ਹਨ। ਥਾਂ ਥਾਂ ਤੇ ਅੱਜ ਗਾਣਿਆਂ ਦੇ ਪਰੋਗਰਾਮ ਹੋ ਰਹੇ ਹਨ। ਸਪੀਕਰ ਸਾਹਿਬ, ਮੈਨੂੰ ਤਾਂ ਇਹ ਪਰੋਗਰਾਮ ਵੇਖਣ ਦਾ ਕਦੇ ਮੌਕਾ ਨਹੀਂ ਮਿਲਦਾ ਲੇਕਿਨ ਮੈਨੂੰ ਮੇਰੇ ਦੋਸਤ ਆ ਕੇ ਦਸਦੇ ਹਨ ਕਿ ਬੜੇ ਗਾਣੇ ਹੋਏ, ਬੜਾ ਚੰਗਾ ਕਲਚਰਲ ਪਰੋਗਰਾਮ ਹੋਇਆ। ਅੱਜ ਬੜੀਆਂ ਖੇਲਾਂ ਹੋ ਰਹੀਆਂ ਹਨ, ਕਲਚਰਲ ਪਰੋਗਰਾਮ ਹੋ ਰਹੇ ਹਨ। ਅੱਜ ਗੁਰਦਾਸ ਮਾਨ ਦਾ ਪਰੋਗਰਾਮ ਹੈ, ਹੋਰ ਕਈ ਆਰਟਿਸਟਾਂ ਦੇ ਪਰੋਗਰਾਮ ਹੁੰਦੇ ਹਨ। ਕਦੀ ਉਹ ਵੀ ਸਮਾਂ ਸੀ ਜਦੋਂ ਚਮਕੀਲਾ ਵਰਗੇ ਆਰਟਿਸਟ ਨੂੰ ਮਾਰ ਦਿੱਤਾ ਗਿਆ ਸੀ। ਹੁਣੇ ਜਿਹੇ ਲੁਧਿਆਣਾ ਵਿਚ ਮਲਕੀਅਤ ਸਿੰਘ ਜੋ ਇਗਲੈਂਡ ਤੋਂ ਆਇਆ ਸੀ, ਉਸ ਦੀ ਨਾਈਟ ਮਨਾਈ ਗਈ। ਇਕੱਲਾ ਗੁਰਦਾਸ ਮਾਨ ਜਾਂ ਮਲਕੀਅਤ ਸਿੰਘ ਹੀ ਨਹੀਂ, ਇਕ ਲੜਕੀ ਆਗਾ ਪਰਵੀਨ ਪਾਕਿਸਤਾਨ ਤੋਂ ਵੀ ਇਥੇ ਗਾਉਣ ਵਾਸਤੇ ਆਈ। ਸਪੀਕਰ ਸਾਹਿਬ, ਮੈਨੂੰ ਤਾਂ ਭਾਵੇਂ ਮੌਕਾ ਨਹੀਂ ਮਿਲਦਾ ਪਰ ਤੁਸੀਂ ਤਾਂ ਸ਼ੌਕ ਰੱਖਦੇ ਹੋ, ਇਨ੍ਹਾਂ ਪਰੋਗਰਾਮਾਂ ਨੂੰ ਵੇਖਣ ਦਾ......(ਹਾਸਾ)

ਸ੍ਰੀ ਸਪੀਕਰ: ਪਰ ਤੁਸੀਂ ਵੇਲੇ ਸਿਰ ਤਾਂ ਇਹੋ ਜਿਹੇ ਪਰੋਗਰਾਮਾਂ ਬਾਰੇ ਦੱਸਦੇ ਨਹੀਂ। (ਹਾਸਾ)

ਮੁੱਖ ਮੰਤਰੀ: ਸਪੀਕਰ ਸਾਹਿਬ, ਸਾਡੀ ਤਾਂ ਉਹ ਗੱਲ ਹੈ :–

'ਇਕਬਾਲ ਤੇਰੇ ਇਸ਼ਕ ਨੇ ਸਭ ਬਲ ਦੀਏ ਨਿਕਾਲ,
ਮੁੱਦਤ ਸੇ ਆਰਜ਼ੂ ਥੀ ਸੀਧਾ ਕਰੇ ਕੋਈ।'

ਮੈਂ ਕਹਿ ਰਿਹਾ ਸੀ ਕਿ ਇਥੇ ਪਰਵੀਨ ਵੀ ਆਈ ਔਰ ਬੜੇ ਭਾਰੀ ਜਸ਼ਨ ਇਥੇ ਹੋਏ। ਲੋਕਾਂ ਨੇ ਆਪਣੇ ਦਿਲਾਂ ਵਿਚੋਂ ਡਰ ਕੱਢ ਕੇ ਬਾਹਰ ਰੱਖ ਦਿੱਤਾ। ਲੋਕੀ ਇਹ ਸਮਝਣ ਲਗ ਪਏ ਕਿ ਸਾਨੂੰ ਦੁਬਾਰਾ ਜ਼ਿੰਦਗੀ ਮਿਲੀ ਹੈ। ਜ਼ਿੰਦਗੀ ਦੇਣ ਵਾਲੇ ਅਸੀਂ ਤਾਂ ਨਹੀਂ ਹਾਂ, ਫਿਰ ਵੀ ਸਮੇਂ ਨੇ ਕਰਵਟ ਖਾਧੀ ਹੈ। ਲੋਕਾਂ ਨੇ ਆਪਣਾ ਰਵਈਆਂ ਬਦਲਿਆ ਹੈ। ਜਿਥੇ ਵੀ ਜਾਓ, ਅੱਜ ਰਾਤ ਨੂੰ 12-12 ਵਜੇ ਤੱਕ ਗਾਣੇ ਹੋ ਰਹੇ ਹਨ। ਸਪੀਕਰ ਸਾਹਿਬ, ਗਾਣੇ ਸੁਣਨ ਜਾਂ ਕਲਚਰਲ ਪਰੋਗਰਾਮ ਵੇਖਣਾ ਇਕ ਅਲਹਿਦਾ ਗੱਲ ਹੈ ਲੇਕਿਨ ਅਸਲ ਮਾਅਨਿਆਂ ਵਿਚ ਜੋ ਸਾਡੀ ਤਰੱਕੀ ਦੀ ਰਫਤਾਰ ਹੈ, ਉਸ ਨੂੰ ਵੀ ਅਸੀਂ ਢਿੱਲਾ ਨਹੀਂ ਪੈਣ ਦਿੱਤਾ। ਜੇ ਮੈਂ ਸੜਕਾਂ ਦੀ ਗੱਲ ਕਰਾਂ ; ਮੈਨੂੰ ਜਦ ਵੀ ਮੌਕਾ ਮਿਲਦਾ ਰਿਹਾ ਹੈ, ਮੈਂ ਸੇਵਾ ਕਰਦਾ ਰਿਹਾ ਹਾਂ। ਕਿਸੇ ਵੇਲੇ ਮੇਰੇ ਕੋਲ ਪੀ.ਡਬਲਯੂ.ਡੀ ਮਹਿਕਮਾ ਹੁੰਦਾ ਸੀ। ਅੱਜ ਉਹ ਮਹਿਕਮਾ ਸਰਦਾਰ ਜੋਗਿੰਦਰ ਸਿੰਘ ਮਾਨ ਕੋਲ ਹੈ। ਮੈਨੂੰ ਪਤਾ ਹੈ ਕਿ ਜੇ ਲੋਕਾਂ ਨੇ ਡਿਵੈਲਪਮੈਂਟ ਵੇਖਣੀ ਹੁੰਦੀ ਹੈ ਤਾਂ ਸਭ ਤੋਂ ਪਹਿਲਾਂ ਉਹ ਸੜਕਾਂ ਨੂੰ ਵੇਖਦੇ ਹਨ। ਜੇ ਸੜਕ ਮਾੜੀ ਹੋਵੇ ਤਾਂ ਲੋਕਾਂ ਦੀ ਗਾਲ੍ਹ ਮਿਲਦੀ ਹੈ। ਜੇ ਬੱਸ ਮਾੜੀ ਹੋਵੇ ਤਾਂ ਫਿਰ ਵੀ ਲੋਕਾਂ ਦੀ ਗਾਲ੍ਹ ਮਿਲਦੀ ਹੈ। ਸਪੀਕਰ ਸਾਹਿਬ, ਮੈਂ ਆਪਣੀ ਵਡਿਆਈ ਨਹੀਂ ਕਰ ਰਿਹਾ ਲੇਕਿਨ ਹਕੀਕਤ ਜ਼ਰੂਰ ਦਸਾਂਗਾ ਕਿ ਜਦੋਂ 4-ਲੇਨਿੰਗ ਵਾਲੀ ਸੜਕ ਦੀ ਫਾਈਲ ਮੇਰੇ ਕੋਲ ਆਈ ਤਾਂ ਮੈਂ ਉਸ ਤੇ ਲਿਖਿਆ ਸੀ Global tenders should be invited. ਗਲੋਬਲ ਟੈਂਡਰ ਹੋਏ ਔਰ ਸਰਹੰਦ ਤੋਂ ਲੈ ਕੇ ਜਲੰਧਰ ਤੱਕ ਦੀ ਸੜਕ ਦਾ ਇਕ ਅੰਗਰੇਜ਼ ਨੇ ਠੇਕਾ ਲਿਆ। ਉਸ ਠੇਕੇਦਾਰ ਨੇ ਨਿਹਾਇਤ ਚੰਗਾ ਕੰਮ ਕੀਤਾ। ਥੋੜ੍ਹੇ ਦਿਨ ਹੋਏ ਮੈਂ ਮਾਨ ਸਾਹਿਬ ਨਾਲ ਉਨ੍ਹਾਂ ਦੀ ਮਸ਼ੀਨਰੀ ਵਗੈਰਾ ਦੇਖਣ ਗਿਆ ਸੀ। ਮੈਂ ਕਹਿਣਾ ਚਾਹੁੰਦਾ ਹਾਂ ਕਿ ਉਨ੍ਹਾਂ ਦੀ ਮਸ਼ੀਨਰੀ ਜੋ ਮੈਂ ਦੇਖੀ ਅਸੀਂ ਯਤਨ ਕਰਾਂਗੇ, ਸਪੀਕਰ ਸਾਹਿਬ, ਕਿ ਸਾਡਾ ਸਾਰਾ ਕੰਮ ਮਸ਼ੀਨਰੀ ਦੇ ਨਾਲ ਹੋਏ। ਅਸੀਂ

[ਮੁੱਖ ਮੰਤਰੀ]

ਆਪ ਮਸ਼ੀਨਰੀ ਖਰੀਦ ਕੇ ਸੜਕਾਂ ਨੂੰ ਬਨਾਉਣ ਦਾ ਯਤਨ ਕਰਾਂਗੇ। ਅੱਜ ਸਪੀਕਰ ਸਾਹਿਬ, ਪੁੱਲ ਬਣ ਰਹੇ ਹਨ, ਵੱਡੇ ਵੱਡੇ ਪੁੱਲ ਬਣ ਰਹੇ ਹਨ। ਇਕ ਪੁੱਲ ਬਣਿਆ ਬਠਿੰਡੇ ਰੇਲਵੇ ਦੇ ਉਤੇ, ਇਕ ਪੁੱਲ ਬਣਿਆ ਲੁਧਿਆਣਾ ਫਲਾਈ ਓਵਰ ਪਰ ਹਾਲੇ ਉਹ ਸਾਫ ਨਹੀਂ ਹੋਇਆ ਲੇਕਿਨ ਬਣ ਗਿਆ ਹੈ। ਦਰਿਆਵਾਂ ਅਤੇ ਨਹਿਰਾਂ ਉਤੇ ਪੁੱਲ ਬਣ ਰਹੇ ਹਨ ਔਰ ਸਭ ਨਾਲੋਂ ਵੱਡੀ ਗੱਲ, ਸਪੀਕਰ ਸਾਹਿਬ, ਆਨੰਦਪੁਰ ਸਾਹਿਬ ਜਾਣ ਵਾਲੇ ਲੋਕਾਂ ਵਾਸਤੇ ਬਹੁਤ ਵੱਡਾ ਪੱਲ ਬਣਾਇਆ ਜਾ ਰਿਹਾ ਹੈ ਨੰਗਲ ਤੋਂ ਆਨੰਦਪੁਰ ਦੇ ਰਸਤੇ ਵਿਚ ਜਿੱਥੇ ਅਸੀਂ ਗੁਰੂ ਸਾਹਿਬ ਦਾ ਨਾਂ ਲੈਣ ਜਾਵਾਂਗੇ। ਅਸੀਂ, ਸਪੀਕਰ ਸਾਹਿਬ, ਇਸ ਵਾਰ ਆਨੰਦਪੁਰ ਸਾਹਿਬ ਜਾਣ ਦਾ ਫੈਸਲਾ ਕੀਤਾ ਹੈ। ਅਸੀਂ ਚਾਹੁੰਦੇ ਹਾਂ ਕਿ ਉਹ ਲੋਕ ਜਿਹੜੇ ਖਾਹਮਖਾਹ ਪੰਜਾਬ ਨੂੰ ਤੰਗ ਕਰਦੇ ਰਹੇ, ਜਿਹੜੇ ਲੋਕ ਉਥੇ ਗਲਤ ਕਿਸਮ ਦੀਆਂ ਤਕਰੀਰਾਂ ਕਰਦੇ ਰਹੇ ਹਨ, ਅਸੀਂ ਉਥੇ ਜਾਈਏ ਔਰ ਅਸੀਂ, ਸਪੀਕਰ ਸਾਹਿਬ, ਉਥੇ ਜਾ ਕੇ ਆਪਣਾ ਪ੍ਰੋਗਰਾਮ ਉਨ੍ਹਾਂ ਦੇ ਅੱਗੇ ਰੱਖੀਏ। ਸਪੀਕਰ ਸਾਹਿਬ, ਮੈਨੂੰ ਕਿਹਾ ਗਿਆ ਹੈ ਕਿ ਕੁਰੱਪਸ਼ਨ ਬੜੀ ਹੈ। ਏਥੇ, ਸਪੀਕਰ ਸਾਹਿਬ, ਪੁਲਿਸ ਦੀ ਗੱਲ ਕੀਤੀ ਗਈ ਹੈ। ਪੁਲਿਸ ਦੇ ਅੰਦਰ ਅਸੀਂ ਜਿੱਥੇ ਦੇਖਿਆ ਹੈ ਕਿ ਗਲਤ ਕੰਮ ਚੱਲ ਰਿਹਾ ਸੀ ਉਥੇ ਅਸੀਂ ਐਕਸ਼ਨ ਲਿਆ ਔਰ ਇਨ੍ਹਾਂ ਦਿਨਾਂ ਦੇ ਅੰਦਰ-ਅੰਦਰ ਹੀ ਇਕ ਐਸ.ਪੀ ਨੂੰ ਡਿਸਮਿਸ ਕੀਤਾ ਹੈ, ਦੋ ਡੀ.ਐਸ.ਪੀ., ਇੱਕ ਮਾਨਸਾ ਦਾ ਐਸ.ਐਸ.ਪੀ. ਡਿਸਮਿਸ ਹੋਇਆ। 6 ਸਬ ਇਨਸਪੈਕਟਰ ਡਿਸਮਿਸ ਹੋਏ, ਔਰ 8 ਥਾਣੇਦਾਰ ਡਿਸਮਿਸ ਹੋਏ। ਕਿੰਨੀ ਵੱਡੀ ਗੱਲ ਹੈ। ਸਪੀਕਰ ਸਾਹਿਬ, 17 ਏ.ਐਸ.ਆਈ. ਡਿਸਮਿਸ ਹੋਏ ਔਰ 22 ਹਵਾਲਦਾਰ ਡਿਸਮਿਸ ਹੋਏ। ਇਨ੍ਹਾਂ ਤੋਂ ਇਲਾਵਾ 38 ਕਾਂਸਟੇਬਲ ਡਿਸਮਿਸ ਹੋਏ। ਏਨੀ ਵੱਡੀ ਗੱਲ ਕਿਸੇ ਸਰਕਾਰ ਨੇ ਕਦੇ ਨਹੀਂ ਕੀਤੀ, ਜਿੰਨੀ ਮੇਰੀ ਸਰਕਾਰ ਨੇ ਕੀਤੀ ਹੈ। ਸਪੀਕਰ ਸਾਹਿਬ, ਏਥੇ ਹੀ ਬੱਸ ਨਹੀਂ ਇਕ ਐਸ.ਪੀ. ਵੀ ਡਿਸਮਿਸ ਹੋਇਆ। ਐਸ.ਪੀ. ਦਾ ਰੈਂਕ ਕੋਈ ਛੋਟਾ ਨਹੀਂ ਹੁੰਦਾ। ਸਿਪਾਹੀ ਤੋਂ ਲੈ ਕੇ ਉਪਰ ਤੱਕ ਜਿੱਥੇ ਲੋੜ ਮਹਿਸੂਸ ਕੀਤੀ, ਐਕਸ਼ਨ ਲਿਆ ਗਿਆ। ਜੋ ਮੈਨੂੰ ਇਹ ਗੱਲ ਕਹੀ ਗਈ ਹੈ, ਜਿਸ ਦੀ ਏਥੇ ਚਰਚਾ ਹੋਈ ਹੈ, ਉਸ ਬਾਰੇ ਮੈਂ ਇਸ ਸਦਨ ਦੇ ਵਿੱਚ ਜਵਾਬ ਦੇ ਦਿੱਤਾ ਪਰ ਸਾਡੇ ਸਾਥੀ ਵਾਕ-ਆਊਟ ਕਰ ਗਏ। ਥਰਮਲ ਪਲਾਂਟ, ਰੋਪੜ ਦੇ ਵਿੱਚ ਚੋਰੀ ਅਤੇ ਸਟਾਫ ਤੇ ਕੁਝ ਜ਼ਿਆਦਤੀਆਂ ਬਾਰੇ ਜਦੋਂ ਪਤਾ ਲੱਗਾ ਤਾਂ ਅਸੀਂ ਇਕ ਡੀ.ਐਸ.ਪੀ, ਨੂੰ ਬਦਲ ਦਿੱਤਾ ਅਤੇ ਇਕ ਇਨਸਪੈਕਟਰ ਤੇ ਇਕ ਸਬ-ਇਨਸਪੈਕਟਰ ਨੂੰ ਸਸਪੈਂਡ ਕੀਤਾ। ਔਰ ਮੈਂ, ਸਪੀਕਰ ਸਾਹਿਬ, ਏਥੇ ਕਹਿਣਾ ਚਾਹੁੰਦਾ ਹਾਂ, ਮੈਂ ਰੀਪੀਟ ਨਹੀਂ ਕਰਦਾ, ਸਰਦਾਰ ਸੰਤੋਖ ਸਿੰਘ ਹੋਰਾਂ ਨੇ ਮੈਨੂੰ ਦੱਸਿਆ ਹੈ ਕਿ ਕਿੰਨੇ ਡਾਕਟਰ ਡਿਸਮਿਸ ਹੋਏ। ਇਕ ਸਿਵਲ ਸਰਜਨ ਸਸਪੈਂਡ ਕੀਤਾ। ਸਿਵਲ ਸਰਜਨ ਬਹੁਤ ਵੱਡੇ ਰੈਂਕ ਦਾ ਬੰਦਾ ਹੁੰਦਾ ਹੈ, ਮੈਡੀਕਲ ਸਾਈਡ ਦਾ ਅਫਸਰ ਹੁੰਦਾ ਹੈ।

ਸਪੀਕਰ ਸਾਹਿਬ, ਮੈਂ ਕਹਿ ਰਿਹਾ ਸੀ ਕਿ ਅਸੀਂ ਡੀਵੈਲਪਮੈਂਟ ਵਾਲੇ ਪਾਸੇ ਤੁਰੇ ਹਾਂ। ਅਸੀਂ ਇਸ ਵਾਰ ਟੈਕਨੀਕਲ ਐਜੂਕੇਸ਼ਨ ਨੂੰ ਬੜੀ ਭਾਰੀ ਤਰਜੀਹ ਦੇਣੀ ਹੈ ਔਰ ਅਸੀਂ ਵਰਲਡ ਬੈਂਕ ਤੋਂ ਰੁਪਏ ਲੈ ਕੇ ਟੈਕਨੀਕਲ ਐਜੂਕੇਸ਼ਨ ਨੂੰ ਏਥੇ ਲਿਆਉਣਾ ਹੈ। ਕਿਉਂਕਿ ਮੈਂ ਸਮਝਦਾ ਹਾਂ ਕਿ ਟੈਕਨੀਕਲ ਐਜੂਕੇਸ਼ਨ ਇਕ ਅਜਿਹੀ ਚੀਜ਼ ਹੈ ਜਿਹੜੀ ਕਿ ਸਾਡੇ ਬੱਚਿਆਂ ਨੂੰ ਹੁਨਰ ਵੀ ਸਿਖਾਉਂਦੀ ਹੈ ਔਰ ਸਾਡੇ ਬੱਚਿਆਂ ਨੂੰ ਰੋਜ਼ਗਾਰ ਵੀ ਦੇਣਾ ਪ੍ਰਵਾਨ ਕਰੇਗੀ। ਅਸੀਂ, ਸਪੀਕਰ ਸਾਹਿਬ, ਟੈਕਨੀਕਲ ਐਜੂਕੇਸ਼ਨ ਦਾ ਇਕ ਬੋਰਡ ਵੀ ਬਣਾਇਆ ਹੈ ਜੋ ਕਿ ਇਕ ਬਹੁਤ ਵੱਡੀ ਗੱਲ ਹੈ ਅਤੇ ਆਪਣੇ ਆਪ ਵਿਚ ਇਕ ਮੀਲ ਪੱਥਰ ਹੈ। ਮੈਂ ਇਸ ਦੀ ਬਿਲਡਿੰਗ ਦਾ ਨੀਂਹ ਪੱਥਰ ਰੱਖਿਆ ਹੈ ਔਰ ਮੈਂ ਏਥੇ ਕਹਿਣਾ

ਚਾਹੁੰਦਾ ਹਾਂ ਕਿ ਉਹ ਦਿਨ ਦੂਰ ਨਹੀਂ ਹੋਏਗਾ ਜਦੋਂ ਸਾਡੇ ਨੌਜਵਾਨ, ਆਪਣੇ ਹੱਥਾਂ ਦੇ ਵਿੱਚ ਰੈਂਚ ਲੈ ਕੇ, ਸਪੈਨਰ ਲੈ ਕੇ, ਹਥਿਆਰ ਲੈ ਕੇ ਆਪਣਾ ਕੰਮ ਕਰਨ ਲਈ ਫੈਕਟਰੀਆਂ ਦੇ ਵਿੱਚ ਜਾਣਗੇ ਸਪੀਕਰ ਸਾਹਿਬ, ਅਸੀਂ ਲੋਕਾਂ ਨੂੰ, ਨੌਜਵਾਨਾਂ ਨੂੰ ਇੰਡੀਪੈਂਡੈਂਟ ਬਨਾਉਣਾ ਚਾਹੁੰਦੇ ਹਾਂ ਤਾਂ ਕਿ ਉਹ ਇੰਡੀਪੈਂਡੈਂਟ ਹੋ ਕੇ ਆਪਣੇ ਪੈਰਾਂ ਤੇ ਖੜ੍ਹੇ ਹੋ ਸਕਣ। ਇਸ ਕਰਕੇ ਅਸੀਂ, ਸਪੀਕਰ ਸਾਹਿਬ, ਦੋ ਇੰਜੀਨੀਅਰਿੰਗ ਕਾਲਜ ਵੀ ਖੋਲ੍ਹਣੇ ਹਨ ਅਤੇ 10 ਪਾਲੀਟੈਕਨਿਕ ਖੋਲ੍ਹਣੇ ਹਨ। ਇਕ ਫਿਰੋਜ਼ਪੁਰ ਦੇ ਬਾਰਡਰ ਦੇ ਇਲਾਕੇ ਵਿੱਚ ਖੋਲ੍ਹਣਾ ਹੈ ਅਤੇ ਦੂਸਰਾ ਇੰਜੀਨੀਰਿੰਗ ਕਾਲਜ ਗੁਰਦਾਸਪੁਰ ਦੇ ਅੰਦਰ ਖੋਲ੍ਹਣਾ ਹੈ ਉਹਨ੍ਹਾਂ ਲੋਕਾਂ ਵਾਸਤੇ ਜਿਹੜੇ ਕਿ ਬਾਰਡਰ ਤੇ ਅੱਤਵਾਦ ਨੇ ਸਤਾਏ ਹੋਏ ਸਨ। ਅਸੀਂ ਅਜਿਹਾ ਕਰਕੇ ਉਨ੍ਹਾਂ ਲੋਕਾਂ ਲਈ ਰਾਹਤ ਵੀ ਖੱਟਾਂਗੇ। ਟੈਕਨੀਕਲ ਐਜੂਕੇਸ਼ਨ ਸਾਡਾ ਬੜਾ ਭਾਰੀ ਨਾਅਰਾ ਹੋਏਗਾ। ਜਿੱਥੇ, ਸਪੀਕਰ ਸਾਹਿਬ, ਅਸੀਂ ਸਟੇਟ ਦੇ ਵਿੱਚ ਡੀਵੈਲਪਮੈਂਟ ਕਰਨੀ ਹੈ ਉਥੇ ਅਸੀਂ ਟੈਕਨੀਕਲ ਐਜੂਕੇਸ਼ਨ ਨੂੰ ਵੀ ਬੜਾਵਾ ਦੇਣਾ ਹੈ ਔਰ ਇਸ ਨੂੰ ਅੱਗੇ ਲੈ ਕੇ ਚਲਣਾ ਹੈ।

ਸਪੀਕਰ ਸਾਹਿਬ, ਰੋਜ਼ ਰੋਜ਼ ਮੈਨੂੰ ਕਿਹਾ ਗਿਆ ਹੈ ਕਿ ਸਰਕਾਰ ਦੀ ਫਾਈਨੈਂਸ਼ੀਅਲ ਪੁਜੀਸ਼ਨ ਅੱਛੀ ਨਹੀਂ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਮੇਰੀ ਸਰਕਾਰ ਦੀ ਫਾਈਨੈਂਸ਼ੀਅਲ ਪੁਜੀਸ਼ਨ ਬੜੀ ਫਰਮ ਹੈ ਅਤੇ ਇਹ ਫਰਮ ਪੈਰਾਂ ਤੇ ਖੜੀ ਹੈ (ਥੰਪਿੰਗ)। ਸਪੀਕਰ ਸਾਹਿਬ, ਸਾਡੀ ਸਰਕਾਰ ਨੇ ਪਿਛਲੇ ਸਾਲ ਤਕਰੀਬਨ 400 ਕਰੋੜ ਦੇ ਨਵੇਂ ਟੈਕਸ ਲਾਏ ਔਰ 400 ਕਰੋੜ ਰੁਪਿਆ ਮੇਰੇ ਦੋਸਤਾਂ ਨੇ ਦਿੱਤਾ ਔਰ ਉਸ ਦੇ ਵਿੱਚ ਸਾਨੂੰ ਜ਼ਰਾ ਵੀ ਐਜੀਟੇਸ਼ਨ ਦੇਖਣ ਨੂੰ ਨਹੀਂ ਮਿਲਿਆ ਅਤੇ ਕਿਸੇ ਨੇ ਵੀ ਐਜੀਟੇਸ਼ਨ ਨਹੀਂ ਕੀਤਾ ਕਿਉਂਕਿ ਲੋਕ ਸਮਝਦੇ ਸਨ ਕਿ ਇਹ ਲੋਕਾਂ ਦੀ ਚੁਣੀ ਹੋਈ ਸਰਕਾਰ ਹੈ ਅਤੇ ਇਸ ਸਰਕਾਰ ਨੂੰ ਖਜ਼ਾਨੇ ਵਿੱਚ ਪੈਸੇ ਦੀ ਲੋੜ ਹੈ। ਅਸੀਂ ਟਰਾਂਸਪੋਰਟ ਵਿੱਚ ਟੈਕਸ ਲਗਾਇਆ, ਇੰਡਸਟਰੀ ਤੇ ਵੀ ਲਗਾਇਆ ਔਰ ਜ਼ਿਮੀਦਾਰਾਂ ਤੇ ਵੀ ਲਗਾਇਆ (ਥੰਪਿੰਗ)। ਸਪੀਕਰ ਸਾਹਿਬ, ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਅਸੀਂ 30 ਕਰੋੜ ਰੁਪਏ ਦਾ ਮੁਲਾਜ਼ਮਾਂ ਨੂੰ ਬੋਨਸ ਦਿੱਤਾ। ਇਹ 30 ਕਰੋੜ ਰੁਪਏ ਸ਼ਾਇਦ ਟੋਟਲ ਵਿੱਚ ਸ਼ਾਮਲ ਨਹੀਂ ਹਨ। ਲੇਕਿਨ ਮੁਲਾਜ਼ਮਾਂ ਨੂੰ ਰਾਹਤ ਮਿਲੀ ਹੈ। ਹੁਣ ਅਸੀਂ ਅਡੀਸ਼ਨਲ ਡੀ.ਏ. ਵੀ ਬਹੁਤ ਹੀ ਜਲਦੀ ਮੁਲਾਜ਼ਮਾਂ ਨੂੰ ਦੇਣ ਜਾ ਰਹੇ ਹਾਂ। ਕਿਸੇ ਵੀ ਸਰਕਾਰ ਨੇ ਮੁਲਾਜ਼ਮਾਂ ਵਾਸਤੇ ਇੰਨਾ ਨਹੀਂ ਕੀਤਾ ਜਿੰਨਾ ਕਿ ਅਸੀਂ ਕੀਤਾ। ਸਪੀਕਰ ਸਾਹਿਬ, ਜਦੋਂ ਬੱਜਟ ਆਵੇਗਾ ਤਾਂ ਸਾਡੇ ਵਿੱਤ ਮੰਤਰੀ ਡਾਕਟਰ ਕੇਵਲ ਕ੍ਰਿਸ਼ਨ ਜੀ ਦੱਸਣਗੇ । ਲੇਕਿਨ ਮੈਂ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਸੈਂਟਰ ਦੀ ਸਰਕਾਰ ਦੇ ਧੰਨਵਾਦੀ ਹਾਂ। ਜਦੋਂ ਅਸੀਂ ਆਏ ਸੀ ਸਾਡੀ ਸਰਕਾਰ ਤੇ 6600 ਕਰੋੜ ਰੁਪਏ ਦਾ ਕਰਜ਼ਾ ਸੀ। ਅਜੇ ਉਹ 6600 ਕਰੋੜ ਰੁਪਏ ਉਨ੍ਹਾਂ ਸਾਥੋਂ ਲਿਆ ਨਹੀਂ ਅਤੇ ਮੈਨੂੰ ਪੱਕੀ ਉਮੀਦ ਹੈ ਉਹ 6600 ਕਰੋੜ ਰੁਪਿਆ ਸਾਡਾ ਮੁਆਫ ਹੋ ਜਾਵੇਗਾ। ਕਿਉਂਕਿ ਇਹ ਸਾਡਾ ਕਸੂਰ ਨਹੀਂ ਅਸੀਂ ਤਾਂ ਪੰਜਾਬ ਵਿੱਚ ਵਾਰ ਲੜੀ ਹੈ, ਪਰੌਕਸੀ ਵਾਰ ਲੜੀ ਹੈ। ਇਹ ਖਰਚਾ ਤਾਂ ਸਾਡੇ ਆਉਣ ਤੋਂ ਪਹਿਲਾਂ ਗਵਰਨਰੀ ਰਾਜ ਸਮੇਂ ਹੋਇਆ ਹੈ ਕਿਉਂਕਿ ਗਵਰਨਰ ਦੀ ਸਰਕਾਰ ਟੈਕਸ ਨਹੀਂ ਲਗਾ ਸਕੀ। ਅਸੀਂ ਤਾਂ ਟੈਕਸ ਵੀ ਲਗਾਇਆ ਹੈ। ਅਸੀਂ ਤਿੰਨ ਸਾਲ ਦੀ 5000 ਕਰੋੜ ਰੁਪਏ ਦੀ ਪਲਾਨ ਬਣਾ ਕੇ ਸੈਂਟਰ ਨੂੰ ਦੇ ਕੇ ਆਏ ਹਾਂ। ਮੈਨੂੰ ਯਕੀਨ ਹੈ ਕਿ ਥੋੜ੍ਹੀ ਬਹੁਤੀ ਕਾਂਟ-ਛਾਂਟ ਤੋਂ ਪਿਛੋਂ ਉਹ ਪਲਾਨ ਮਨਜ਼ੂਰ ਹੋ ਜਵੇਗੀ ਅਤੇ ਪੰਜਾਬ ਨੂੰ ਅਸੀਂ ਮੁੜ ਪੈਰਾਂ ਤੇ ਖੜੇ ਕਰ ਸਕਾਂਗੇ।

ਸਪੀਕਰ ਸਾਹਿਬ, ਇਕ ਗੱਲ ਮੈਂ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਚਲ੍ਹਈਆ ਰਿਪੋਰਟ ਦਾ ਬੜਾ ਭਾਰੀ ਚਰਚਾ ਹੋਇਆ ਹੈ। ਬਾਹਰ ਵੀ ਬੜਾ ਭਾਰੀ ਚਰਚਾ ਹੋਇਆ ਹੈ । ਚਲੱਈਆ ਸਾਹਿਬ ਇਕ ਵੱਡੇ ਇਕੋਨੌਮਿਸਟ ਹਨ ਅਤੇ ਆਲਮ ਫਾਜ਼ਲ ਬੰਦੇ ਹਨ ਜਿਨ੍ਹਾਂ ਦਾ ਜ਼ਿਕਰ ਡਾਕਟਰ ਮਨਮੋਹਨ ਸਿੰਘ ਜੀ

[ਮੁੱਖ ਮੰਤਰੀ]

ਨੇ ਆਪਣੀ ਸਪੀਚ ਵਿੱਚ ਵੀ ਕੀਤਾ ਹੈ। ਉਨ੍ਹਾਂ ਦੀਆਂ ਸਿਫਾਰਸ਼ਾਂ ਸੈਂਟਰ ਦੀ ਸਰਕਾਰ ਨੇ ਮੰਨੀਆਂ ਹਨ। ਉਹ ਸਾਡੇ ਪਾਸ ਵੀ ਆਪਣੀ ਇਨਟੈਰਿਮ ਰਿਪੋਰਟ ਲੈ ਕੇ ਆਏ ਸਨ ਅਤੇ ਦੇ ਕੇ ਗਏ ਹਨ। ਅਸੀਂ ਅਜੇ ਉਸ ਰਿਪੋਰਟ ਨੂੰ ਆਪਣੀ ਕੈਬਨਿਟ ਵਿੱਚ ਡਿਸਕਸ ਨਹੀਂ ਕੀਤਾ। ਲੇਕਿਨ ਮੈਂ ਉਨ੍ਹਾਂ ਨੂੰ ਇਕ ਗੱਲ ਜ਼ਰੂਰ ਕਹੀ ਹੈ ਕਿ ਸਾਡੇ ਹਾਲਾਤ ਕੁਝ ਡਿਫਰੈਂਟ ਹਨ। ਅਸੀਂ ਮੁਲਾਜ਼ਮਾਤ ਕਰੀਏਟ ਕਰਨੀ ਹੈ, ਲੋਕਾਂ ਨੂੰ ਇੰਪਲਾਏਮੈਂਟ ਦੇਣੀ ਹੈ, ਨੌਕਰੀਆਂ ਦੇਣੀਆਂ ਹਨ (ਥੰਪਿੰਗ) ਚਲੱਈਆ ਸਾਹਿਬ ਨੇ ਇਕ ਦੋ ਗੱਲਾਂ ਕਹੀਆਂ ਹਨ। ਉਹ ਗੱਲਾਂ ਐਸੀਆਂ ਹਨ ਜਿਹੜੀਆਂ ਅਸੀਂ ਕਰ ਰਹੇ ਹਾਂ। ਉਨ੍ਹਾਂ ਨੇ ਕਿਹਾ ਹੈ ਕਿ ਅਸੀਂ ਸ਼ੇਅਰ ਲੈ ਲਿਆ ਕਰੀਏ ਅਤੇ ਉਹ ਸ਼ੇਅਰ ਪਬਲਿਕ ਵਿੱਚ ਵੇਚਿਆ ਕਰੀਏ। ਅਸੀਂ ਉਹ ਵੇਚ ਰਹੇ ਹਾਂ ਅਤੇ ਉਸ ਨਾਲ ਆਮਦਨ ਹੋ ਰਹੀ ਹੈ। ਦੂਜਾ ਉਨ੍ਹਾਂ ਨੇ ਇਹ ਕਿਹਾ ਹੈ ਕਿ ਜਿਹੜੀਆਂ ਕਾਰਪੋਰੇਸ਼ਨਾਂ ਚੰਗੀਆਂ ਨਹੀਂ ਚਲ ਰਹੀਆਂ ਭਾਵ ਘਾਟੇ ਵਿੱਚ ਚੱਲ ਰਹੀਆਂ ਹਨ, ਉਨ੍ਹਾਂ ਨੂੰ ਤੋੜ ਦਿਓ। ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਤਾਂ ਪਹਿਲਾਂ ਹੀ ਇਸ ਸਬੰਧ ਵਿਚ ਐਕਸ਼ਨ ਲੈ ਰਹੇ ਹਾਂ। ਜਿਹੜੀਆਂ ਕਾਰਪੋਰੇਸ਼ਨਾਂ ਘਾਟੇ ਵਿਚ ਚਲ ਰਹੀਆਂ ਹਨ, ਉਹ ਅਸੀਂ ਤੋੜੀਆਂ ਹਨ। ਹੁਣ ਪੀ.ਆਰ.ਟੀ.ਸੀ ਨੇ ਮੁਨਾਫਾ ਕਮਾਇਆ ਹੈ, ਸਪਿਨਫੈਡ ਨੇ ਮੁਨਾਫਾ ਦਿੱਤਾ ਹੈ 50 ਲੱਖ ਰੁਪਏ ਦਾ ਮੁਨਾਫਾ ਮਿਲਕਫੈਡ ਨੇ ਮੁਨਾਫਾ ਕਮਾਇਆ ਹੈ। ਮਾਰਕਫੈਡ ਨੇ 70 ਕਰੋੜ ਰੁਪਏ ਦਾ ਮੁਨਾਫਾ ਕਮਾਇਆ ਹੈ। ਮੈਂ ਸਮਝਦਾ ਹਾਂ ਕਿ ਜਿਹੜੀਆਂ ਐਸੀਆਂ ਕਾਰਪੋਰੇਸ਼ਨਾਂ ਹਨ ਉਨ੍ਹਾਂ ਉਤੇ ਚਲੱਈਆ ਸਾਹਿਬ ਦੀਆਂ ਸਿਫਾਰਸ਼ਾਂ ਲਾਗੂ ਨਹੀਂ ਹੁੰਦੀਆਂ। ਲੇਕਿਨ ਫਿਰ ਵੀ ਉਨ੍ਹਾਂ ਦਾ ਸਤਿਕਾਰ ਕਰਦੇ ਹੋਏ ਉਨ੍ਹਾਂ ਦੀ ਰਿਪੋਰਟ ਨੂੰ ਫਿਰ ਸਟੱਡੀ ਕਰਾਂਗੇ, ਕੈਬਨਿਟ ਦੇ ਅੰਦਰ ਰੱਖਾਂਗੇ ਔਰ ਦੇਖਾਂਗੇ ਕਿ ਅਸੀਂ ਇਸ ਤੇ ਕਿਸ ਤਰ੍ਹਾਂ ਇੱਕ ਦੂਜੇ ਦੀ ਰਾਏ ਲੈਣੀ ਹੈ ਔਰ ਇਸ ਨੂੰ ਕਿਸ ਤਰ੍ਹਾਂ ਲਾਗੂ ਕਰਨਾ ਹੈ। ਮੈਂ ਸਪੀਕਰ ਸਾਹਿਬ ਕਹਿਣਾ ਚਾਹੁੰਦਾ ਹਾਂ ਕਿ ਚਲੱਈਆ ਸਾਹਿਬ ਦੀ ਗੱਲ ਸੈਂਟਰ ਵਿੱਚ ਵੀ ਮੰਨੀ ਗਈ ਹੈ। ਮੈਂ ਡਾਕਟਰ ਮਨਮੋਹਨ ਸਿੰਘ ਨੂੰ ਵੀ ਮੁਬਾਰਿਕਬਾਦ ਦੇਣ ਤੋਂ ਪਿਛੋਂ ਨਹੀਂ ਰਹਿ ਸਕਦਾ ਕਿਉਂਕਿ ਉਨ੍ਹਾਂ ਨੇ ਜੋ ਬਜਟ ਪੇਸ਼ ਕੀਤਾ, ਇੱਕ ਕਾਮਨ ਮੈਨ ਦਾ ਬਜਟ, ਇੱਕ ਐਗਰੀ-ਕਲਚਰਿਸਟ ਦਾ ਬਜਟ ਹੈ। ਮੈਂ ਇਥੇ ਇਹ ਕਹਿਣਾ ਤਾਂ ਭੁੱਲ ਗਿਆ, ਸਪੀਕਰ ਸਾਹਿਬ, ਕਿ ਐਗਰੀ-ਕਲਚਰਲ ਦੇ ਵਿਚ ਅਸੀਂ ਬੜਾ ਭਾਰੀ ਰੈਵੋਲਿਊਸ਼ਨ ਲਿਆਂਦਾ ਹੈ। 25 ਕਰੋੜ ਰੁਪਿਆ ਤਾਂ ਅਸੀਂ ਐਤਕੀਂ ਦੇ ਦਿਤਾ ਹੈ ਜਿਸ ਵਿਚ 125 ਡੀਪ-ਟਿਊਬਵੈਲ ਲਗਾਉਣ ਵਾਸਤੇ 75 ਪ੍ਰਤੀਸ਼ਤ ਸਬਸਿਡੀ ਦਿੱਤੀ ਹੈ। ਅਤੇ 500 ਟਰੈਕਟਰ ਦੇਣ ਵਾਸਤੇ 30,000 ਫੀ ਟਰੈਕਟਰ ਸਬਸਿਡੀ ਦਿੱਤੀ ਹੈ ਔਰ ਜੋ ਸੈਲੋ-ਟਿਊਬਵੈਲ ਲਾਉਣੇ ਹਨ, ਉਨ੍ਹਾਂ ਵਾਸਤੇ 50 ਪ੍ਰਤੀਸ਼ਤ ਸਬਸਿਡੀ ਦੇ ਕੇ ਇਹ ਸਾਰੇ 25 ਕਰੋੜ ਰੁਪਏ ਇਸਤੇਮਾਲ ਕੀਤੇ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜੋ ਪਾਲਸੀ ਸੈਂਟਰ ਦੀ ਹੁੰਦੀ ਹੈ ਉਸ ਤੇ ਸਾਨੂੰ ਚਲਣਾ ਪੈਂਦਾ ਹੈ। ਮੇਰੇ ਦੋਸਤਾਂ ਨੇ ਕਿਹਾ ਕਿ ਭਾਅ ਬੜੇ ਤਕੜੇ ਹੋਏ, ਐਗਰੀਕਲਚਰ ਦੀ ਬੈਕ-ਬੋਨ ਮਜ਼ਬੂਤ ਹੋਵੇ ਇਹ ਗੱਲ ਠੀਕ ਹੈ, ਪਰ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਡਾਕਟਰ ਮਨਮੋਹਨ ਸਿੰਘ ਦੇ ਬਜਟ ਵਿੱਚ ਪਹਿਲੀ ਵਾਰ ਟਰੈਕਟਰ 20,000 ਰੁਪਏ ਸਸਤਾ ਹੋਇਆ ਸਪੀਕਰ ਸਾਹਿਬ ਹੋਰ ਵੀ ਬੜੀਆਂ ਗੱਲਾਂ ਹੋਈਆਂ। ਅਸੀਂ ਕਾਰਾਂ ਤੇ ਵੀ ਟੈਕਸ ਘਟਾਇਆ ਹੈ, ਸੈਲਜ਼ ਟੈਕਸ ਘਟਾਇਆ ਹੈ, ਹੈ ਚਾਹ ਤੇ, ਦਾਲਾਂ ਤੇ, ਪਲਾਸਟਿਕ ਗੁਡਜ਼ ਤੇ, ਰਬੜ ਤੇ।** ** ** ** **

ਸ੍ਰੀ ਸਪੀਕਰ: ਇਹ ਜੋ ਕੁਝ ਬੀਬੀਆਂ ਦੇ ਬਾਰੇ ਕਿਹਾ ਗਿਆ ਹੈ, ਇਹ ਰਿਕਾਰਡ ਤੇ ਨਾ ਆਵੇ।

ਮੁੱਖ ਮੰਤਰੀ: : ਸਪੀਕਰ ਸਾਹਿਬ, ਮੈਨੂੰ ਕੋਈ ਇਤਰਾਜ਼ ਨਹੀਂ, ਮੈਂ ਆਪਣੇ ਲਫਜ਼ ਵਾਪਸ ਲੈਂਦਾ ਹਾਂ।

**Not recorded as ordered by the Chair.

Mr. Speaker : Prof. Laxmi Kanta Chawla, please sit down.

ਉਨ੍ਹਾਂ ਨੇ ਆਪਣੇ ਲਫਜ਼ ਵਾਪਸ ਲੈ ਲਏ ਹਨ।

WALK-OUT

(ਇਸ ਸਮੇਂ ਮਾਨਯੋਗ ਮੈਂਬਰ ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ ਅਤੇ ਸ੍ਰੀਮਤੀ ਵਿਮਲਾ ਡਾਂਗ ਸਦਨ ਵਿਚੋਂ ਵਾਕ-ਆਊਟ ਕਰ ਗਏ)।

(ਇਸ ਸਮੇਂ ਸਦਨ ਵਿਚ ਕਾਫੀ ਸ਼ੋਰ ਸੀ)

Shri Vijay Kumar Sathi Advocate : Point of Order, Sir,

Mr. Speaker : No Point of Order, please sit down. Sathi ji, please resume your seat.

ਸ੍ਰੀ ਵਿਜ ਕੁਮਾਰ ਸਾਥੀ ਐਡਵੋਕੇਟ : ** ** **

Mr. Speaker : Sathi ji, please resume your seat. I have not allowed you to speak.

EXTENSION OF TIME OF THE SITTING

Mr. Speaker : Is it the pleasure of the House that the time of the sitting be extended by 15 minutes ?

(Voices : Yes, yes)

The sitting is extended upto 1.45 P.M.

RESUMPTION OF DISCUSSION ON GOVERNOR'S ADDRESS

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਲਫਜ਼ ਮੈਂ ਇਸ ਕਰਕੇ ਵਰਤੇ ਹਨ ਕਿਉਂਕਿ ਮੈਂ ਇਹ ਕਹਿਣਾ ਚਾਹੁੰਦਾ ਸੀ ਕਿ ਚੂੜੀਆਂ ਤੇ ਸੇਲਜ਼ ਟੈਕਸ ਖਤਮ ਕਰ ਦਿੱਤਾ ਹੈ। ਭਾਵੇਂ ਉਹ ਕੱਚ ਦੀਆਂ ਚੂੜੀਆਂ ਹੋਣ ਜਾਂ ਪਲਾਸਟਿਕ ਦੀਆਂ ਚੂੜੀਆਂ। ਤੁਸੀਂ ਸਾਡੇ ਨਾਲ ਨਾਰਾਜ਼ ਨਾ ਹੋਵੋ।

(ਇਸ ਸਮੇਂ ਸਦਨ ਵਿਚ ਕਾਫੀ ਸ਼ੋਰ ਸੀ)

ਇਹ ਅਪਮਾਨ ਵਾਸਤੇ ਲਫਜ਼ ਮੈਂ ਨਹੀਂ ਵਰਤੇ। ਜੇ ਇਨ੍ਹਾਂ ਨੂੰ ਅਪਮਾਨ ਲੱਗਦਾ ਹੈ ਤਾਂ ਮੈਂ ਵਾਪਸ ਲੈਂਦਾ ਹਾਂ। (ਸ਼ੋਰ)

Mr. Speaker : Carry on, C. M. Sahib.

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਪੰਜਾਬ ਦੇ ਹਾਲਾਤ ਬੜੇ ਡਾਵਾਂ-ਡੋਲ ਹਨ। ਅਸੀਂ ਬੜੇ ਭੈੜੇ ਸਮੇਂ ਵਿਚੋਂ ਨਿਕਲ ਕੇ ਚੰਗੇ ਸਮੇਂ ਅੰਦਰ ਦਾਖਲ ਹੋਣ ਦਾ ਯਤਨ ਕਰ

**Expunged as ordered by the Chair.

[ਮੁੱਖ ਮੰਤਰੀ]
ਰਹੇ ਹਾਂ। ਮੈਂ ਨਹੀਂ ਕਹਿ ਸਕਦਾ ਕਿ ਅਸੀਂ ਮਜੇ ਚੰਗੇ ਸਮੇਂ ਅੰਦਰ ਦਾਖਲ ਹੋਏ ਹਾਂ। ਇਸ ਨਾਲ ਤੁਸੀਂ ਸਹਿਮਤ ਹੋਵੋਗੇ। ਲੇਕਿਨ ਮੈਂ ਕਹਿਣਾ ਚਾਹੁੰਦਾ ਹਾਂ ਕਿ ਵਕਤ ਦਾ ਤਕਾਜ਼ਾ ਹੈ ਕਿ ਅਜੇ ਵੀ ਉਹ ਜਿਹੜੇ ਰੈਲੀਆਂ ਕਰਦੇ ਹਨ ਮੈਂ ਕਹਿਣਾ ਚਾਹੁੰਦਾ ਹਾਂ ਕਿ ਵਕੀਲ ਸਾਹਿਬ ਕੁਲਵੰਤ ਸਿੰਘ ਹੋਰੀਂ ਮਾਰੇ ਗਏ ਉਸ ਦਾ ਮੈਨੂੰ ਦੁੱਖ ਹੈ। ਰੋਪੜ ਅੰਦਰ ਉਹ ਮਾਰੇ ਗਏ। ਲੇਕਿਨ ਮੇਰੇ ਕੋਲ ਇਸ ਗੱਲ ਦਾ ਸਬੂਤ ਹੈ ਕਿ ਅੱਤਵਾਦੀਆਂ ਨਾਲ ਉਨ੍ਹਾਂ ਦੇ ਸਬੰਧ ਸਨ। ਮੈਂ ਹਾਊਸ ਵਿਚ ਕਹਿਣ ਤੋਂ ਗੁਰੇਜ਼ ਨਹੀਂ ਕਰਦਾ। ਉਨ੍ਹਾਂ ਨੇ ਪ੍ਰੋਗਰਾਮ ਬਣਾਇਆ ਸੀ ਕਿ ਥਰਮਲ ਪਲਾਂਟ, ਰੋਪੜ ਨੂੰ ਉਡਾ ਦਿੱਤਾ ਜਾਵੇ। ਸਪੀਕਰ ਸਾਹਿਬ, ਜੇ ਉਹ ਥਰਮਲ ਪਲਾਂਟ ਉਡਾ ਦਿੱਤਾ ਜਾਂਦਾ ਤਾਂ ਫਿਰ ਪੰਜਾਬ ਦਾ ਕੀ ਹਸ਼ਰ ਹੁੰਦਾ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਉਹ ਵਕੀਲ ਸਾਹਿਬਾਨ......

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਸਪੀਕਰ ਸਾਹਿਬ, ਉਸ ਦਾ ਸਬੰਧ ਤਾਂ ਹੋ ਸਕਦਾ ਹੈ ਪਰ ਡੇਢ ਸਾਲ ਦੇ ਬੱਚੇ ਦਾ ਕਿਸ ਨਾਲ ਸਬੰਧ ਹੋ ਸਕਦਾ ਹੈ?

Mr. Speaker : Let him finish and then you may seek clarification.

Finance Minister: Sir, interruption should not be allowed.

(At this stage Shri Vijay Kumar Sathi Advocate and Comrade Tarsem Jodhan were standing on point of order).

Mr. Speaker: No Point of Order. Please sit down.

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ** ** **

Mr. Speaker: Let C.M. complete. I won't allow any interruption. Sathiji, I have not allowed you. Please sit down.

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਬੇਨਤੀ ਕਰ ਰਿਹਾ ਸੀ ਕਿ ਉਸ ਦਾ ਸਬੰਧ ਅਤਿਵਾਦੀਆਂ ਨਾਲ ਨਹੀਂ ਹੋਣਾ ਚਾਹੀਦਾ। ਇਕ ਲੜਕਾ ਹਰਪ੍ਰੀਤ ਸਿੰਘ ਇਸ ਵੇਲੇ ਵੀ ਪੁਲਿਸ ਦੀ ਹਿਰਾਸਤ ਵਿਚ ਹੈ। ਹਰਪ੍ਰੀਤ ਸਿੰਘ ਪਕੜਿਆ ਗਿਆ। ਅਵਤਾਰ ਸਿੰਘ ਇਕ ਹੋਰ ਨੰਬਰਦਾਰ ਜਿਸ ਨੇ ਇਹ ਗੱਲ ਦੱਸੀ। ਇਨ੍ਹਾਂ ਨੇ ਉਸ ਦੇ ਲੜਕੇ ਦੀ ਗੱਲ ਕੀਤੀ ਹੈ, ਮੈਨੂੰ ਦੁੱਖ ਹੈ ਕਿ ਉਸ ਦਾ ਲੜਕਾ ਮਾਰਿਆ ਗਿਆ, ਉਸ ਦੀ ਘਰਵਾਲੀ ਵੀ ਮਾਰੀ ਗਈ। ਇਸ ਗੱਲ ਦਾ ਮੈਨੂੰ ਦੁੱਖ ਹੈ ਪਰ ਅਸੀਂ ਦੇਖਿਆ ਹੈ ਕਿ ਜਿਥੇ ਸਾਰੇ ਦਾ ਸਾਰਾ ਟਬਰ ਮਾਰਿਆ ਗਿਆ। (ਵਿਘਨ)

ਕਾਮਰੇਡ ਤਰਸੇਮ ਜੋਧਾਂ : ਜਿਹੜੇ ਅਤਿਵਾਦੀ ਮਾਰਦੇ ਹਨ ਉਹ ਵੀ ਮਾੜੀ ਗੱਲ ਹੈ, ਜਿਹੜੇ ਪੁਲਿਸ ਮਾਰਦੀ ਹੈ ਉਹ ਵੀ ਮਾੜੀ ਗੱਲ ਹੈ। (ਵਿਘਨ)

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਆਨ ਏ ਪੁਆਇੰਟ ਆਫ ਆਰਡਰ, ਸਰ।

Mr. Speaker : No Point of Order. I won't allow. Please sit down. C. M. Sahib, please try to wind up.

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਇਕ ਗੱਲ ਕਹਿ ਕੇ ਵਾਈਂਡ ਅੱਪ ਕਰ ਦੇਵਾਂਗਾ।

**Expunged as ordered by the Chair.

ਸਪੀਕਰ ਸਾਹਿਬ, ਮੈਂ ਬੇਨਤੀ ਕਰ ਰਿਹਾ ਸੀ ਕਿ ਹਰਪ੍ਰੀਤ ਸਿੰਘ ਪਕੜਿਆ ਗਿਆ। ਉਹ ਪੁਲਿਸ ਦੀ ਹਿਰਾਸਤ ਵਿੱਚ ਹੈ। ਇਕ ਹੋਰ ਜਿਸ ਨੂੰ ਲੋਕ ਲੱਕੀ ਕਹਿੰਦੇ ਸਨ ਉਸ ਨੇ ਸਾਇਨਾਈਡ ਖਾ ਲਈ। ਫਿਰ ਦੱਸੋ ਇਨਕੁਆਰੀ ਵਿੱਚ ਕੋਈ ਗੁੰਜਾਇਸ਼ ਰਹਿੰਦੀ ਹੈ। ਚਾਲਾਨ ਹੋ ਗਿਆ, ਕਨ-ਫੈਸ਼ਨ ਕਰਨ ਨੂੰ ਤਿਆਰ ਹੈ। ਮੈਂ ਬੇਨਤੀ ਕਰਾਂਗਾ ਕਿ ਵਕੀਲ ਸਾਹਿਬ ਨੂੰ, ਇਸ ਜਗ੍ਹਾਂ ਤੇ ਖੜ੍ਹ ਕੇ ਸਾਰੇ ਪੰਜਾਬ ਦੇ ਵਕੀਲ ਸਾਹਿਬਾਨ ਨੂੰ ਬੇਨਤੀ ਕਰਾਂਗਾ ਕਿ ਜ਼ਰਾ ਇਸ ਗੱਲ ਤੇ ਠਰੰਮੇ ਨਾਲ ਸੋਚੋ ਕਿ ਪੰਜਾਬ ਦੇ ਹਾਲਾਤ ਕੀ ਹਨ। ਅਸੀਂ ਹਰ ਇਕ ਨੂੰ ਇਨਸਾਫ ਦੇਣ ਨੂੰ ਤਿਆਰ ਹਾਂ। ਮੈਂ ਕਿਹਾ ਸੀ ਕਿ ਮੈਂ ਇਨਕੁਆਰੀ ਕਰਵਾਵਾਂਗਾ।

ਸ਼੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ** ** **

Mr. Speaker : Please sit down. I have not allowed your Point of Order. It is not to form part of the record at all. Please sit down.

ਪੇਂਡੂ ਵਿਕਾਸ ਅਤੇ ਪੰਚਾਇਤਾਂ ਮੰਤਰੀ : ਇਹ ਕੰਟੀਨਿਉਸਲੀ ਇਨਟਰੱਪਟ ਕਰ ਰਹੇ ਹਨ।

ਮੁੱਖ ਮੰਤਰੀ : ਸਪੀਕਰ ਸਾਹਿਬ, ਆਖਿਰ ਵਿੱਚ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਦਿਨਾਂ ਦੇ ਵਿੱਚ ਪੰਜਾਬ ਦੇ ਅੰਦਰ ਇਕ ਕੰਟਰੋਵਰਸੀ ਬੜੀ ਭਾਰੀ ਬਣੀ ਹੋਈ ਹੈ ਗੱਲਾਂ ਹੋਈਆਂ ਗੁਰਦੁਆਰਾ ਐਕਟ ਦੀਆਂ। ਸਪੀਕਰ ਸਾਹਿਬ, ਗੁਰਦੁਆਰਾ ਐਕਟ ਦੇ ਬਾਰੇ ਮੈਂ ਕਦੇ ਕੰਟਰੋਵਰਸ਼ੀਅਲ ਨਹੀਂ ਬਣਿਆ। ਸਪੀਕਰ ਸਾਹਿਬ, ਮੈਂ ਗੁਰਦਵਾਰਾ ਐਕਟ ਬਾਰੇ ਕਦੇ ਵੀ ਕੰਟਰੋਵਰਸੀ ਵਿਚ ਨਹੀਂ ਪਿਆ। ਮੈਨੂੰ ਪਤਾ ਹੈ ਕਿ ਗੁਰਦੁਆਰਾ ਐਕਟ ਕਦੋਂ ਬਣਿਆ ਸੀ, ਕਿੰਨੇ ਆਦਮੀ ਕਾਬਲ ਸਨ, ਔਰ ਕਿਨੇ ਆਦਮੀ ਮੋਰਚੇ ਅੰਦਰ ਗਏ ਸਨ। ਲੇਕਿਨ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਪੀਕਰ ਸਾਹਿਬ ਤੁਹਾਡੇ ਰਾਹੀਂ ਕਿ ਉਹ ਲੋਕ ਜਿਹੜੇ ਗੁਰਦੁਆਰਿਆਂ ਦਾ ਗਲਤ ਇਸਤੇਮਾਲ ਕਰਦੇ ਹਨ, ਜਿਹੜੇ ਗੁਰਦੁਆਰਿਆਂ ਨੂੰ ਸਿਆਸੀ ਪਲੇਟ ਫਾਰਮ ਬਣਾ ਕੇ ਵਰਤਦੇ ਹਨ, ਜੋ ਪਰੈਜ਼ੀਡੈਂਟ ਐਸ.ਜੀ.ਪੀ.ਸੀ. ਦੇ ਬਣੇ ਉਹਨਾਂ ਨੇ ਐਸ.ਜੀ.ਪੀ.ਸੀ. ਦੀ ਪਰਵਾਹ ਘੱਟ ਕੀਤੀ ਅਤੇ ਰਾਜ ਸਭਾ ਵਿਚ ਜਾਣ ਦੀ ਔਰ ਲੋਕ ਸਭਾ ਵਿਚ ਜਾਣ ਦੀ ਪਰਵਾਹ ਜ਼ਿਆਦਾ ਕੀਤੀ। ਸਪੀਕਰ ਸਾਹਿਬ, ਮੇਰੀ ਸਭ ਤੋਂ ਵੱਡੀ ਗਲ ਇਹ ਹੈ ਕਿ ਮੈਂ ਕਿਸੇ ਮਜ਼ਹਬ ਦੀ ਗੱਲ ਨਹੀਂ ਜਦੋਂ ਸਰਕਾਰ ਇਲੈਕਸ਼ਨਜ਼ ਕਰਾਉਂਦੀ ਸੀ ਸੀ ਔਰ ਨਿਰਪੱਖ ਇਲੈਕਸ਼ਨਜ਼ ਕਰਾਉਂਦੀ ਸੀ ਤਾਂ ਇਹ ਗਲ ਆਈ ਕਿ ਸਰਕਾਰ ਸਾਡੇ ਧਰਮ ਦੇ ਅੰਦਰ ਦਖਲ ਦਿੰਦੀ ਹੈ। ਹੁਣ ਜਦੋਂ ਅਸੀਂ ਕਹਿੰਦੇ ਹਾਂ ਕਿ ਅਸੀਂ ਦਖਲ ਨਹੀਂ ਦਿੰਦੇ ਤਾਂ ਫਿਰ ਕਿਉਂ ਇਨ੍ਹਾਂ ਦੇ ਢਿੱਡ ਪੀੜ ਹੁੰਦੀ ਹੈ। ਸਪੀਕਰ ਸਾਹਿਬ ਮੈਂ ਇਸ ਗਲ ਦੇ ਬਰਖਿਲਾਫ ਹਾਂ ਕਿ ਸਿਆਸਤ ਦੇ ਅੰਦਰ ਧਰਮ ਨੂੰ ਇਸਤੇਮਾਲ ਕੀਤਾ ਜਾਵੇ, ਪਰ ਅਕਾਲੀ ਦਲ ਵਾਲਿਆਂ ਨੇ ਕੀਤਾ ਹੈ। ਕਲ ਜਦੋਂ ਜ਼ੀਰਾ ਸਾਹਿਬ ਬੋਲ ਰਹੇ ਸਨ ਤਾਂ ਉਸ ਦਾ ਸਾਥ ਮਿਤਲ ਸਾਹਿਬ ਦੇ ਰਹੇ ਸਨ ਮੈਨੂੰ ਪੁਰਾਣੇ ਦਿਨਾਂ ਦੀ ਯਾਦ ਆ ਰਹੀ ਸੀ।

PERSONAL EXPLANATION BY SHRI MADAN MOHAN MITTAL

Shri Madan Mohan Mittal: On a Point of Personal Explanation.

Mr. Speaker: What is your Point of Explanation ? What is the form of your making this point? Is it a point of Order or a Point of Explanation?

**Not recorded as ordered by the Chair.

Shri Madan Mohan Mittal: Speaker Sahib, you may treat it whatever you like. I want to say that the Chief Minister has dragged my name unnecessarily. I only said yesterday and even today I stick to that, if this demand was raised in the House that the enquiry be held by a Supreme Court or a High Court Judge regarding the activities of terrorists in Punjab as to which agencies or individuals were involved in these activities the Leader of the House will also agree with me. There should be no dispute on it. I said only to that extent, not for other matters.

RESUMPTION OF DISCUSSION ON GOVERNOR'S ADDRESS

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਨੂੰ ਖ਼ਤਮ ਕਰ ਲੈਣ ਦਿਓ ਜਿਹੜੇ ਇਹ ਪੁਆਇੰਟ ਆਫ਼ ਆਰਡਰ ਹੋ ਰਹੇ ਹਨ ਇਨ੍ਹਾਂ ਨੂੰ ਰੋਕਣ ਦੀ ਕਿਰਪਾ ਕਰੋ।

ਸ੍ਰੀ ਸਪੀਕਰ : ਸਾਰੇ ਬੈਠ ਗਏ ਹਨ ਜੀ।

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਕਹਿ ਰਿਹਾ ਸੀ ਕਿ ਪਿਆਰ ਦੀਆਂ ਪੀਂਘਾਂ ਪੈ ਰਹੀਆਂ ਸਨ। ਮੈਨੂੰ ਡਰ ਸੀ ਕਿ ਕਿਤੇ ਦੁਬਾਰਾ ਪਿਆਰ ਦੀਆਂ ਪੀਘਾਂ ਨਾ ਪੈ ਜਾਣ ਤਾਂ ਮੈਂ ਕਿਹਾ ਸੀ।

ਸਪੀਕਰ ਸਾਹਿਬ, ਪੁਰਾਣੀ ਗਲ ਹੈ ਜਦੋਂ ਬਾਦਲ ਸਾਹਿਬ ਚੀਫ਼ ਮਨਿਸਟਰ ਦੀ ਕੁਰਸੀ ਤੇ ਬ੍ਰਾਜਮਾਨ ਸਨ ਅਤੇ ਬਲਰਾਮਜੀ ਦਾਸ ਟੰਡਨ ਨੰਬਰ ਦੋ ਤੇ ਸਨ ਅਤੇ ਉਨ੍ਹਾਂ ਕੋਲ ਇੰਡਸਟਰੀ ਦਾ ਮਹਿਕਮਾ ਸੀ ਔਰ ਰੋਜ਼ ਇਥੇ ਅਕਾਲੀਆਂ ਨੇ ਕਹਿਣਾ ਕਿ ਸਾਨੂੰ ਆਨੰਦਪੁਰ ਸਾਹਿਬ ਰੈਜ਼ੋਲਿਊਸ਼ਨ ਚਾਹੀਦਾ ਹੈ। ਮੈਂ ਇਕ ਦਿਨ ਇਥੇ ਅਸੰਬਲੀ ਵਿਚ ਟੰਡਨ ਸਾਹਿਬ ਤੋਂ ਪੁਛਿਆ ਇਸ ਬਾਰੇ ਤੁਹਾਡਾ ਕੀ ਵਿਚਾਰ ਹੈ। ਟੰਡਨ ਸਾਹਿਬ ਕਹਿਣ ਲਗੇ ਕਿ ਅਸੀਂ ਤਾਂ ਫ਼ਾਈਨਾਂਸ਼ਲ ਪਾਵਰਜ਼ ਚਾਹੁੰਦੇ ਹਾਂ। ਜੇਕਰ ਫਾਈਨਾਂਸ਼ਲ ਪਾਵਰਜ਼ ਚਾਹੁੰਦੇ ਹੋ ਤਾਂ ਫਿਰ ਅਕਾਲੀਆਂ ਨਾਲ ਗੱਠਜੋੜ ਕਿਉਂ ਕੀਤਾ ਸੀ?

Shri Madan Mohan Mittal : It is totally false. It is mis-statement of facts.

ਮੁੱਖ ਮੰਤਰੀ : ਪਰ ਕਹਿੰਦੇ ਹਨ ਕਿ ਜਦੋਂ ਲਗਦੀ ਹੈ ਤਾਂ ਇਸ ਤਰ੍ਹਾਂ ਹੀ ਹੁੰਦਾ ਹੈ। (ਥੰਪਿੰਗ)

EXTENSION OF TIME OF THE SITTING

ਸ੍ਰੀ ਸਪੀਕਰ : ਹਾਊਸ ਦਾ ਸਮਾਂ, ਸਾਰੇ ਹਾਊਸ ਦੀ ਮਨਜ਼ੂਰੀ ਨਾਲ, 10 ਮਿੰਟ ਹੋਰ ਵਧਾਇਆ ਜਾਂਦਾ ਹੈ।

RESUMPTION OF DISCUSSION ON GOVERNOR'S ADDRESS (*Concluded*)

ਮੁੱਖ ਮੰਤਰੀ : ਪਰ, ਸਪੀਕਰ ਸਾਹਿਬ, ਇਕ ਹੋਰ ਪੰਜਾਬੀ ਵਿਚ ਕਹਾਵਤ ਹੈ—

"ਲਗਦੀ ਕਿਸੇ ਨਾ ਵੇਖੀ, ਟੁੱਟਦੀ ਨੂੰ ਜੱਗ ਜਾਣਦਾ" (ਥੰਪਿੰਗ) (ਇਸ ਸਮੇਂ ਮਾਨਯੋਗ ਮੈਂਬਰ ਸ੍ਰੀਮਤੀ ਲਕਸ਼ਮੀ ਚਾਵਲਾ ਖੜੇ ਹੋਏ) (ਵਿਘਨ)

ਸ੍ਰੀ ਸਪੀਕਰ : ਤੁਸੀਂ ਬੈਠ ਜਾਓ। Please don't interrupt.

ਮੁੱਖ ਮੰਤਰੀ ਜੀ, ਅੱਜ ਤਾਂ ਤੁਹਾਡਾ ਮੂਡ ਬੜਾ ਰੋਮਾਂਟਿਕ ਹੈ।(ਹਾਸਾ)

ਡਾਕਟਰ ਰਮੇਸ਼ ਦੱਤ : ** ** **

Mr, Speaker : Please sit down. Nothing is going on record.
ਹਾਂ ਜੀ , ਮੁੱਖ ਮੰਤਰੀ ਜੀ।

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਇਹ ਗੱਲ ਕਹਿਣਾ ਚਾਹੁੰਦਾ ਹਾਂ ਅਕਾਲੀ ਦਲ ਬਾਦਲ ਹੈ, ਉਨ੍ਹਾਂ ਨੇ ਹੁਣ ਹੋਰ ਕਿਹਾ ਹੈ ਕਿ ਅਸੀਂ ਧਰਮ-ਯੁੱਧ ਲਗਾਉਣ ਵਾਲੇ ਹਾਂ, ਅਸੀਂ ਜਲੰਧਰ ਦੇ ਅੰਦਰ 14 ਮਾਰਚ ਨੂੰ ਰੈਲੀ ਕਰਨ ਵਾਲੇ ਹਾਂ। ਮੈਂ ਸਪੀਕਰ ਸਾਹਿਬ, ਇਹ ਕਹਿਣਾ ਚਾਹੁੰਦਾ ਹਾਂ ਕਿ ਸਾਡੀ ਪਾਰਟੀ ਡੈਮੋਕਰੇਟਿਕ ਪਾਰਟੀ ਹੈ, ਡੈਮੋਕਰੇਸੀ ਵਿਚ ਵਿਸ਼ਵਾਸ ਰਖਣ ਵਾਲੀ ਪਾਰਟੀ ਹੈ, ਅਸੀਂ ਕਿਸੇ ਰੈਲੀ ਰੂਲੀ ਵਿਚ ਰੁਕਾਵਟ ਨਹੀਂ ਖੜੀ ਕਰਨਾ ਚਾਹੁੰਦੇ, ਉਹ ਰੈਲੀਆਂ ਕਰਨ, ਉਹ ਤੁਹਾਡੇ ਸਾਹਮਣੇ ਆਉਣ ਪਰ ਇਹ ਗੱਲ ਮੈਂ ਜ਼ਰੂਰ ਦੱਸਣੀ ਚਾਹੁੰਦਾ ਹਾਂ ਕਿ ਲੋਕ ਉਨ੍ਹਾਂ ਨੂੰ ਨਹੀਂ ਬਖਸ਼ਣਗੇ। ਜਿਨਾਂ ਲੋਕਾਂ ਨੇ ਸੋਹਣੇ ਪੰਜਾਬ ਦੇ ਜਜ਼ਬਾਤ ਨਾਲ ਖਿਲਵਾੜ ਕੀਤਾ ਹੈ ਉਸ ਨੂੰ ਬਰਬਾਦੀ ਉਤੇ ਲਿਆ ਖੜਾ ਕੀਤਾ ਹੈ। ਔਰ ਪਰਵਾਹ ਨਹੀਂ ਕੀਤੀ ਕਿ ਸਾਡੇ ਘਰਾਂ ਦੇ ਅੰਦਰ ਕੀ ਬੀਤ ਰਹੀ ਹੈ। ਉਹ ਲੋਕ ਅੱਜ ਬਖਸ਼ੇ ਨਹੀਂ ਜਾਣਗੇ ਕਿਉਂਕਿ ਪੰਜਾਬ ਦੇ ਲੋਕ ਅੱਜ ਉਠ ਖੜੇ ਹੋਏ ਹਨ। ਜੇਕਰ ਧਰਮ-ਯੁੱਧ ਦੀ ਗਲ ਹੁੰਦੀ ਹੈ ਤਾਂ ਲੋਕ ਧਰਮ ਨੂੰ ਵੀ ਸਮਝ ਗਏ ਹਨ, ਅੱਜ ਇਹ ਮੁਗਾਲਤ ਲੋਕਾਂ ਦੇ ਅੰਦਰ ਇਹ ਕਹਿ ਕੇ ਨਹੀਂ ਪਾ ਸਕਦੇ ਕਿ ਇਹ ਧਰਮ-ਯੁਧ ਹੈ। ਇਕ ਸਾਲ ਹੋ ਗਿਆ ਹੈ ਸਾਡੀ ਸਰਕਾਰ ਚਲਦੀ ਨੂੰ। ਦੱਸ ਦਿਓ ਜਦੋਂ ਕਿਸੇ ਧਰਮ ਦੀ ਤੌਹੀਨ ਹੋਈ ਹੋਵੇ ਸਾਡੀ ਪਾਰਟੀ ਵਲੋਂ । ਲੇਕਿਨ ਉਹ ਧਰਮ ਚੰਗਾ ਹੈ ਜਿਹੜਾ ਦੂਸਰੇ ਧਰਮ ਦੀ ਕਦਰ ਕਰੇ। ਇਸ ਲਈ ਮੈਂ ਮਿੱਤਲ ਸਾਹਿਬ ਨੂੰ ਕਹਾਂਗਾ ਕਿ ਸਾਡੀ ਮੱਦਦ ਕਰੋ ਇਥੇ ਵੀ ਔਰ ਦਿੱਲੀ ਦੇ ਅੰਦਰ ਵੀ ਜੋ ਹੁੰਦਾ ਹੈ, ਉਥੇ ਵੀ ਮੱਦਦ ਕਰੋ, ਜੋ ਕਾਜ ਹੈ ਉਸ ਵਿਚ ਸਾਡੀ ਮੱਦਦ ਕਰੋ, ਔਰ ਮੰਦਰਾਂ ਮਸਜਿਦਾਂ ਦੇ ਝਗੜਿਆਂ ਵਿਚ ਨਾ ਪਵੋ। (ਥੰਪਿੰਗ)

ਸੋ, ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਪੰਜਾਬ ਦਾ ਵਾਤਾਵਰਣ ਚੰਗੇ ਪਾਸੇ ਜਾ ਰਿਹਾ ਹੈ ਔਰ ਪੰਜਾਬ ਦੇ ਅੰਦਰ ਅਤਿਵਾਦ ਖਾਤਮੇ ਵਾਲੇ ਪਾਸੇ ਜਾ ਰਿਹਾ ਹੈ । ਜੋ ਦਰਿੰਦਗੀ ਸੀ ਉਹ ਖਤਮ ਹੋ ਰਹੀ ਹੈ। ਇਸ ਲਈ ਮੈਂ ਆਪਣਾ ਚੌੜਾ ਦਿਲ ਲੈ ਕੇ ਸਾਰੀਆਂ ਪਾਰਟੀਆਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਜੋ ਵੀ ਥੋੜ੍ਹੇ ਬਹੁਤ ਝਗੜੇ ਝੇੜੇ ਹਨ ਉਹ ਛੱਡੋ ਔਰ ਸਾਡੀ ਮੱਦਦ ਕਰੋ ਤਾਂਕਿ ਅਤਿਵਾਦ ਨੂੰ ਸਦਾ ਵਾਸਤੇ ਇਥੋਂ ਕੱਢ ਦੇਈਏ ਫਿਰ ਆਪੇ ਡੈਮੋਕਰੇਸੀ ਆਉਂਦੀ ਰਹੇਗੀ ਸਪੀਕਰ ਸਾਹਿਬ, ਮੈਂ ਅਪੀਲ ਕੀਤੀ ਸੀ ਇਕ ਹਥਿਆਰ ਸੁਟ ਦਿਓ। ਹਥਿਆਰ ਸੁਟਣ ਲਈ ਪੂਰੇ ਜ਼ੋਰ ਨਾਲ ਅਵਾਜ਼ ਉਠਾਈ ਔਰ ਉਸ ਵੇਲੇ 500 ਬੰਦਿਆਂ ਨੇ ਹਥਿਆਰ ਸੁਟੇ ਸਨ ਔਰ ਉਸ ਤੋਂ ਬਾਅਦ ਫਿਰ 155 ਦੇ ਕਰੀਬ ਹੋਰ ਬੰਦਿਆਂ ਨੇ ਹਥਿਆਰ ਸੁਟੇ ਇਸ ਤਰ੍ਹਾਂ ਕੋਈ 700 ਦੇ ਕਰੀਬ ਲੋਕਾਂ ਨੇ ਹਥਿਆਰ ਸੁਟੇ (ਥੰਪਿੰਗ) ਫਿਰ ਸਪੀਕਰ ਸਾਹਿਬ, ਜਿਹੜੀਆਂ ਪੰਚਾਇਤਾਂ ਆਈਆਂ ਹਨ, ਇਨ੍ਹਾਂ ਨੇ ਬੜਾ ਅੱਛਾ ਕੰਮ ਕਰਨਾ ਸ਼ੁਰੂ ਕੀਤਾ ਹੈ। ਜਿਹੜੇ ਪਿੰਡਾਂ ਵਿਚ ਹਥਿਆਰ ਪਏ ਸਨ, ਇਨ੍ਹਾਂ ਪੰਚਾਇਤਾਂ ਨੇ ਉਹ ਹਥਿਆਰ ਅੰਮ੍ਰਿਤਸਰ ਪੁਲਿਸ ਕੋਲ ਜਮ੍ਹਾਂ ਕਰਵਾਏ ਹਨ। 30 ਹਥਿਆਰ ਜਮ੍ਹਾਂ ਕਰਵਾਏ ਹਨ। ਇਸ ਵਿਚ 2 ਮਸ਼ੀਨ ਗਨਜ਼ ਹਨ, 7 ਏ.ਕੇ. 47 ਹਨ ਔਰ ਦੋ ਰਾਕੇਟ ਲਾਂਚਰ ਹਨ। ਇਸ ਤਰ੍ਹਾਂ ਕੋਈ 30 ਦੇ ਕਰੀਬ ਅਸਲਾ ਜਮ੍ਹਾਂ ਕਰਵਾਇਆ ਹੈ। ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਨਾਲ ਇਹ ਜਿਹੜੀਆਂ ਪੰਚਾਇਤਾਂ ਬਣੀਆਂ ਹਨ ਇਨ੍ਹਾਂ ਨੇ ਸਰਕਾਰ ਦਾ ਪੂਰਾ ਸਾਥ ਦਿੱਤਾ ਹੈ ਔਰ ਮੈਂ ਦਾਵੇ ਨਾਲ ਕਹਿੰਦਾ ਹਾਂ

[ਮੁੱਖ ਮੰਤਰੀ]

ਕਿ ਇਥੇ ਜੋ ਪੰਚਾਇਤੀ ਰਾਜ ਆਇਆ ਹੈ ਇਸ ਨਾਲ ਲੋਕ ਬਹੁਤ ਖੁਸ਼ ਹੋਏ ਹਨ। ਫਿਰ ਇਨ੍ਹਾਂ ਇਲੈਕਸ਼ਨਾ ਵਿਚ 80-85 ਪ੍ਰਤੀਸ਼ਤ ਵੋਟਿੰਗ ਹੋਈ ਹੈ ਔਰ ਅਸੀਂ ਇਸੇ ਤਰ੍ਹਾਂ ਹੁਣ ਪੰਚਾਇਤ ਸੰਮਤੀਆਂ ਦੀਆਂ ਇਲੈਕਸ਼ਨਜ਼ ਵੀ ਜਲਦੀ ਕਰਵਾ ਰਹੇ ਹਾਂ। ਅਸੀਂ ਡਰਦੇ ਨਹੀਂ, ਤਕੜੇ ਹੋਕੇ ਹੁਣ ਫਿਰ ਜ਼ੋਰ ਅਜਮਾਈ ਕਰ ਲੈਣ। ਅਸੀਂ ਵੈਲਕਮ ਕਰਾਂਗੇ।

ਸੋ, ਸਪੀਕਰ ਸਾਹਿਬ, ਬੜਾ ਕੰਮ ਕੀਤਾ ਹੈ ਪਿਛਲੇ ਸਾਲ ਵਿਚ, ਬਲਾਕ 12 ਬਣਾਏ ਹਨ, 2 ਜ਼ਿਲ੍ਹੇ ਬਣਾਏ ਹਨ, 8 ਸਬ ਡਵੀਜ਼ਨਜ਼ ਬਣਾਈਆਂ ਹਨ ਔਰ 6 ਸਬ ਤਹਿਸੀਲਾਂ ਵੀ ਬਣਾਈਆਂ ਹਨ, ਇਹ ਸਭ ਕੁਝ ਲੋਕਾਂ ਵਾਸਤੇ ਹੀ ਕੀਤਾ। ਔਰ ਮੈ ਦਾਅਵੇ ਨਾਲ ਕਹਿੰਦਾ ਹਾਂ ਕਿ ਅਸੀਂ ਲੋਕਾਂ ਵਾਸਤੇ ਹੀ ਜੀਣਾ ਹੈ ਔਰ ਲੋਕਾਂ ਵਾਸਤੇ ਹੀ ਮਰਨਾ ਹੈ।(ਥੰਪਿੰਗ) ਸਪੀਕਰ ਸਾਹਿਬ, ਇਥੇ ਕੁਰਪੱਸ਼ਨ ਦੀ ਗਲ ਕੀਤੀ ਗਈ ਹੈ। ਮੈਂ ਫਿਗਰਜ਼ ਵੀ ਦਸ ਦਿੱਤੀਆਂ ਹਨ। ਮੈਂ ਮਿਤੱਲ ਸਾਹਿਬ ਨੂੰ ਦਸਣਾ ਚਾਹੁੰਦਾ ਹਾਂ ਕਿ ਜੋ ਕੋਰਸਪੌਂਡੈਂਸ ਨੇ ਗਲਤ ਫਹਿਮੀ ਨਾਲ ਇਲਜ਼ਾਮ ਲਾਏ ਸਨ, ਅਸੀਂ ਉਨ੍ਹਾਂ ਨੂੰ ਲਿਖ ਕੇ ਦਿੱਤਾ ਹੈ ਕਿ ਇਕ ਦੀ ਵਜ੍ਹਾ ਬਿਆਨ ਕਰੋ ਕਿ ਕਿਉਂ ਨਾ ਤੁਹਾਡੇ ਤੇ ਮੁਕੱਦਮਾਂ ਚਲਾਇਆ ਜਾਵੇ। ਉਹ ਗਲਤ-ਫਹਿਮੀ ਨਾਲ ਲਿਖ ਦਿੱਤਾ ਹੈ ਔਰ ਮੈਂ ਤੁਹਾਨੂੰ ਵੀ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਕੁਰੱਪਸ਼ਨ ਦੇ ਖਿਲਾਫ ਹਾਂ ਤੁਸੀਂ ਸਾਡੇ ਨਾਲ ਹੱਥ ਮਿਲਾਓ। ਅਸੀਂ ਕੁਰੱਪਸ਼ਨ ਦੇ ਖਿਲਾਫ ਖੁਲ੍ਹ ਕੇ ਲੜਾਂਗੇ। ਜਿਨ੍ਹਾਂ ਨੇ ਕੁਰੱਪਸ਼ਨ ਕੀਤੀ ਹੈ ਅਸੀਂ ਅੱਜ ਤੱਕ ਉਨ੍ਹਾਂ ਨੂੰ ਬਖਸ਼ਿਆ ਨਹੀਂ ਔਰ ਨਾ ਹੀ ਬਖਸ਼ਣ ਨੂੰ ਤਿਆਰ ਹਾਂ। ਕੁਰੱਪਸ਼ਨ ਦੀ ਬੜੀ ਲੰਬੀ ਚੋੜੀ ਡੈਫੀਨੇਸ਼ਨ ਹੈ ਥੋੜੀ ਵੀ ਕੁਰੱਪਸ਼ਨ ਹੈ ਅਤੇ ਵੱਡੀ ਵੀ ਕੁਰਪਸ਼ਨ ਹੈ। ਮੈ ਇਨ੍ਹਾਂ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਸ਼ੀਸ਼ੇ ਦੇ ਘਰਾਂ ਵਿਚ ਰਹਿੰਦੇ ਹਨ ਉਨ੍ਹਾਂ ਨੂੰ ਦੂਸਰੇ ਘਰਾਂ ਉਤੇ ਇੱਟਾਂ ਨਹੀਂ ਮਾਰਨੀਆਂ ਚਾਹੀਦੀਆਂ। ਜੇ ਕਿਸੇ ਨੇ ਉਨ੍ਹਾਂ ਤੇ ਇੱਟ ਸੁਟ ਦਿੱਤੀ ਤਾਂ ਉਨ੍ਹਾਂ ਦਾ ਕੁਝ ਨਹੀਂ ਬਚਣਾ। ਪਹਿਲੇ ਇਨ੍ਹਾਂ ਨੂੰ ਆਪਣੀ ਪੀੜ੍ਹੀ ਹੇਠ ਤਾਂ ਸੋਟਾ ਫੇਰ ਲੈਣਾ ਚਾਹੀਦਾ ਹੈ। ਬਾਕੀ ਅਸੀਂ ਵੀ ਕੁਰੱਪਸ਼ਨ ਦੇ ਖਿਲਾਫ ਹਾਂ ਔਰ ਤਕੜੇ ਹੋਕੇ ਇਸ ਦੇ ਖਿਲਾਫ ਲੜਾਈ ਕਰਨੀ ਹੈ। ਲੋਕ ਡੈਮੋਕਰੇਸੀ ਵਿਚ ਆਏ ਹਨ ਔਰ ਬੜਾ ਪਰਿਵਰਤਨ ਆਇਆ ਹੈ। ਇਸ ਦੇ ਨਾਲ ਹੀ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

Mr. Speaker: There are seven amendments. I would put them to the the vote of the House one by one.

The first amendment is in the names of Smt. Vimla Dang, Comrade Hardev Arshi, Comrade Ajaib Singh Raunta and Comrade Gurnam Singh Dhirowal. I put to the vote of the House.

Mr. Speaker: Question is—

That in the motion, the following be added at the end namely:—

However, the House regrets that the Address makes no mention of the premises which the Governor and his Government made during the 1992 Budget Session of the Assembly and which have not been fudlfilled e.g., abolition of conditions for eligibility for widow and old age pensions; for writing off loans upto Rs. 5,000 of Scheduled Castes; of giving pensions to Local Government and University employees. Consequently the address dees not say as to by when these premises will be fulfilled.

The motion was lost.

Mr. Speaker: The second amendment is in the names of Comrade Ajaib Singh Raunta, Shrimati Vimla Dang, Comrade Hardev Arshi and Comrade Gurnam Singh Dhirowal. I put it to the vote of the House.

Mr. Speaker: Question is—

That in the motion, the following be added at the end namely:—

However, the House regrets that the Address does not make any reference to all the problems of industrial and agricultural workers.

The motion was lost.

Mr. Speaker: The third amendment is in the names of Comrade Hardev Arshi, Shrimati Vimla Dang, Comrade Gurnam Singh Dhirowal and Comrade Ajaib Singh Raunta. I put to the vote of the House.

Mr. Speaker: Question is—

That in the motion,the following be added at the end namely:—

However, the House regrets that the Address does not make any mention of step rise in prices and consequent sufferings of the weaker sections of the people.

The motion was lost.

Mr. Speaker: The fourth amendment is in the names of Shrimati Vimla Dang, Comrade Hardev Arshi, Comrade Gurnam Singh Dhirowal and Comrade Ajaib Singh Raunta. I put it to the vote of the House.

Mr. Speaker: Question is—

That in the motion, the following be added at the end namely:—

However, the House regrets that there is no mention in the Address of Police excesses against innocent persons. Consequently there is no indication as to what steps Government will take to end the same.

The motion was lost.

Mr. Speaker: The Fifth amendment is in the names of Shrimati Vimla Dang, Comrade Hardev Arshi, Comrade Gurnam Singh Dhirowal and Comrade Ajaib Singh Raunta. I put this to the vote of the House.

Mr. Speaker: Question is—

That in the motion, the following be added at the end namely:—

However, the House regrets that political dimensions of the Punjab problems are not recognised.

The motion was lost.

Mr. Speaker: The sixth amendment is in the names of Shrimati Vimla Dang, Comrade Tarsem Jodhan, Comrade Hardev Arshi, Comrade Ajaib Singh Raunta and Comrade Gurnam Singh Dhirowal. I put it to the vote of the House.

Mr. Speaker: Question is—

That in the motion, the following be added at the end namely:—

However, it is regretted that there is no reference at all to the problems which Women of the State face and what his Government will do for them in the coming year.

The motion was lost.

Mr. Speaker: The seventh amendment is in the names of Comrade Ajaib Singh Raunta, Shrimati Vimla Dang, Comrade Hardev Arshi, Comrade Tarsem Jodhan and Comrade Gurnam Singh Dhirowal. I put it the vote of the House.

Mr. Speaker: Question is—

That in the motion, the following be added at the end namely:—

However, it is regretted that there is no reference to the problems of Scheduled Castes in general and to the non-fulfilment of promises made during the Budget 1992 Session in connection with the backlog of reserved quota for them.

The motion was lost.

Mr. Speaker: Now I put the motion moved by Sardar Avtar Singh Brar and seconded by Shri Khushhal Bahl to the vote of the House.

Mr. Speaker: Question is—

That an Address be presented to the Governor in the following terms:—

'That the Members of this House assembled in this Session are deeply grateful to the Governor for the Address which he has been pleased to deliver to the House on the 22nd February, 1993".

The motion was carried. (thumping)

Mr. Speaker: The House stands adjourned till 9.00 A.M. on Wednesday, the 3rd March, 1993.

*1.55 P.M. | *(The Sabha then adjourned *till 9.00 A.M. on Wednesday, the 3rd March, 1993)*

APPENDIX

TO

PUNJAB VIDHAN SABHA DEBATES

Dated 2nd March, 1993

Vol. IV—No. 6

STARRED QUESTION AND ANSWER

Nomination of Students in the Engineering Colleges

*802. **Comrade Hardev Singh Arshi** : Will the Minister for Technical Education and Industrial Training with reference to the reply to Starred Question No. 449 (converted into Unstarred) entered in the Supplementary List of Questions for the 22nd December, 1992 be pleased to state whether it is a fact that no mention has been made in the application forms about the occupation of fathers of these candidates who have been nominated for admission to the Engineering Colleges, if so, the reasons therefor?

ਸਰਦਾਰ ਲਖਮੀਰ ਸਿੰਘ ਰੰਧਾਵਾ : ਪ੍ਰਾਰਥੀਆਂ ਵਲੋਂ ਦਿੱਤੀਆਂ ਗਈਆਂ ਦਰਖਾਸਤਾਂ ਵਿੱਚ ਪਿਤਾ ਦੇ ਕਿੱਤੇ ਦਾ ਨਾਂ ਦੇਣਾ ਜ਼ਰੂਰੀ ਨਹੀਂ ਸੀ ਕਿਉਂਕਿ ਨਾਮਜ਼ਦਗੀਆਂ ਪਿਤਾ ਦੇ ਕਿੱਤੇ ਦੇ ਆਧਾਰ ਨਹੀਂ ਕੀਤੀਆਂ ਜਾਂਦੀਆਂ ।

———

7202 PVS. Govt Press, U.T., Chd.

Published under the authority of the Punjab Vidhan Sabha and printed by the Controller, Govt. Press (U. T.), Chandigarh,

Punjab Vidhan Sabha

Debates

3rd March, 1993

Vol. IV—No. 7

OFFICIAL REPORT

CONTENTS

Wednesday, the 3rd March, 1993

Punjab Vidhan Sabha Secretariat, Chandigarh.

Price : Rs.

PUNJAB VIDHAN SABHA

Wednesday, the 3rd March, 1993

The Vidhan Sabha met in the Punjab Vidhan Sabha Hall, Vidhan Bhavan, Sector-1, Chandigarh, at 9.00 A.M. Mr. Speaker (Sardar Harcharn Singh Ajnala) in the Chair.

STARRED QUESTIONS AND ANSWERS

ਰਾਜ ਵਿੱਚ ਪੈਨਸ਼ਨਰਾਂ ਨੂੰ ਐਲ. ਟੀ. ਸੀ.

*774. **ਸਰਦਾਰ ਗੁਰਬਿੰਦਰ ਸਿੰਘ ਅਟਵਾਲ** : ਕੀ ਰਾਹਤ ਅਤੇ ਪੁਨਰਵਾਸ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਇਸ ਸਮੇਂ ਪੰਜਾਬ ਸਰਕਾਰ ਦੇ ਪੈਨਸ਼ਨਰਾਂ ਅਤੇ ਪਰਿਵਾਰਕ ਪੈਨਸ਼ਨਰਾਂ ਨੂੰ ਐਲ. ਟੀ. ਸੀ. ਦੀ ਸਹੂਲਤ ਮਿਲਦੀ ਹੈ; ਜੇਕਰ ਅਜਿਹਾ ਹੈ, ਤਾਂ ਕਦੋਂ ਤੋਂ ਅਤੇ ਜੇਕਰ ਨਹੀਂ ਤਾਂ ਇਸ ਦੇ ਕਾਰਣ ਕੀ ਹਨ ?

ਸ੍ਰੀ ਬਾਲ ਮੁਕੰਦ ਸ਼ਰਮਾ : ਇਸ ਸਮੇਂ ਲੀਵ ਟਰੈਵਲ ਕਨਸੈਸ਼ਨ ਦੀ ਸਹੂਲਤ ਕੇਵਲ ਸਟੇਟ ਪੈਨਸ਼ਨਰਜ਼ ਨੂੰ ਹੀ ਮਿਤੀ 1 ਜਨਵਰੀ, 1989 ਤੋਂ ਉਪਲਬੱਧ ਹੈ। ਪਰਿਵਾਰਕ ਪੈਨਸ਼ਨਰਜ਼ ਨੂੰ ਇਹ ਸਹੂਲਤ ਉਪਲਬੱਧ ਨਹੀਂ ਹੈ ਕਿਉਂਕਿ ਲੋਕ ਹਿੱਤ ਵਿਚ ਉਨ੍ਹਾਂ ਨੂੰ ਇਹ ਸਹੂਲਤ ਦੇਣਾ ਵਾਜਬ ਨਹੀਂ ਸਮਝਿਆ ਗਿਆ।

ਸਰਦਾਰ ਗੁਰਬਿੰਦਰ ਸਿੰਘ ਅਟਵਾਲ : ਜਦੋਂ ਸਪੀਕਰ ਸਾਹਿਬ, ਕਿਸੇ ਦਾ ਪਤੀ ਮਰ ਜਾਂਦਾ ਹੈ ਤਾਂ ਉਸ ਨੂੰ ਗਰੈਚੁਇਟੀ, ਪੈਨਸ਼ਨ ਅਤੇ ਹੋਰ ਸਭ ਕੁਝ ਮਿਲਦਾ ਹੈ ਪਰ ਐਲ. ਟੀ. ਸੀ. ਦੀ ਸਹੂਲਤ ਕਿਉਂ ਨਹੀਂ ਦਿੱਤੀ ਗਈ ਅਤੇ ਇਹ ਪਬਲਿਕ ਹਿੱਤ ਵਿਚ ਕਿਉਂ ਨਹੀਂ ਹੈ। ਇਸ ਦੇ ਕਾਰਣ ਦੱਸੇ ਜਾਣ।

ਮੰਤਰੀ : ਸਪੀਕਰ ਸਾਹਿਬ, ਇਸ ਬਾਰੇ ਪਹਿਲਾਂ ਪ੍ਰੈਜ਼ੀਡੈਂਟ ਰੂਲ ਵਿਚ ਇਕ ਇੰਪਲੀਮੈਂਟੇਸ਼ਨ ਕਮੇਟੀ ਬਣਾਈ ਗਈ ਸੀ ਔਰ ਗਵਰਨਰ-ਇਨ-ਕੌਂਸਲ ਵਿਚ ਇਹ ਫੈਸਲਾ ਕੀਤਾ ਗਿਆ ਸੀ ਕਿ ਐਲ. ਟੀ. ਸੀ. ਦੇਣਾ ਮੁਨਾਸਿਬ ਨਹੀਂ ਹੈ। ਇਹ ਪਬਲਿਕ ਹਿੱਤ ਵਿਚ ਨਹੀਂ ਹੈ। ਇਸ ਦਾ ਮਿਸਯੂਜ਼ ਹੁੰਦਾ ਹੈ ।

ਸਰਦਾਰ ਗੁਰਬਿੰਦਰ ਸਿੰਘ ਅਟਵਾਲ: ਸਪੀਕਰ ਸਾਹਿਬ, ਇਸ ਦੇ ਕੀ ਕਾਰਣ ਹਨ, ਮਨਿਸਟਰ ਸਾਹਿਬ ਨੇ ਨਹੀਂ ਦੱਸਿਆ। ਇਸ ਦਾ ਜਵਾਬ ਨਹੀਂ ਆਇਆ ਕਿ ਇਹ ਚੀਜ਼ ਮੁਲਾਜ਼ਮਾਂ ਦੇ ਹਿੱਤ ਵਿਚ ਕਿਉਂ ਨਹੀਂ ਹੈ ? ਪਤੀ ਦੀ ਮੌਤ ਦੇ ਬਾਅਦ ਉਹ ਵਿਧਵਾ ਹੋ ਜਾਂਦੀਆਂ ਹਨ ।

ਮੰਤਰੀ : ਮੈਂ ਮੈਂਬਰ ਸਾਹਿਬ ਨੂੰ ਕਹਾਂਗਾ ਕਿ ਜਦੋਂ ਬੰਦਾ ਮਰ ਜਾਂਦਾ ਹੈ ਤਾਂ ਬਾਅਦ ਵਿਚ ਲੇਡੀ ਬੱਚਿਆਂ ਤੇ ਡੀਪੈਂਡੈਂਟ ਹੋ ਜਾਂਦੀ ਹੈ। ਬੱਚੇ ਵੀ ਸਰਵਿਸ ਵਿਚ ਆ ਜਾਂਦੇ ਹਨ । ਇਸ ਕਰਕੇ ਕਾਫੀ ਸੋਚ ਵਿਚਾਰ ਕਰਕੇ ਹੀ ਫੈਸਲਾ ਕੀਤਾ ਗਿਆ ਹੈ ਕਿ ਇਸ ਦਾ ਕੋਈ ਫਾਇਦਾ ਨਹੀਂ ਹੈ।

ਡਾਕਟਰ (ਸ੍ਰੀਮਤੀ) ਮਾਲਤੀ ਥਾਪਰ : ਸਪੀਕਰ ਸਾਹਿਬ, ਜਿਹੜੀ ਇਹ ਕਮੇਟੀ ਬਣਾਈ ਗਈ ਸੀ ਉਹ ਗਵਰਨਰ ਰੂਲ ਵਿਚ ਬਣਾਈ ਗਈ ਸੀ। ਇਹ ਬਹੁਤ ਹੀ ਗਲਤ ਗੱਲ ਹੈ ਕਿ ਪਰਿਵਾਰਕ ਪੈਨਸ਼ਨਰਜ਼ ਨੂੰ ਇਹ ਐਲ. ਟੀ. ਸੀ. ਦੀ ਸਹੂਲਤ ਉਪਲਬੱਧ ਨਹੀਂ ਹੈ। ਕੀ ਹੁਣ ਮਨਿਸਟਰ ਸਾਹਿਬ ਅਸ਼ੋਰੈਂਸ ਦੇਣਗੇ ਕਿ ਦੋਬਾਰਾ ਕਮੇਟੀ ਬਣਾ ਕੇ ਵਿਚਾਰ ਕੀਤਾ ਜਾਵੇਗਾ ਕਿ ਐਲ. ਟੀ. ਸੀ. ਦੀ ਸਹੂਲਤ ਫੈਮਿਲੀਜ਼ ਨੂੰ ਦਿੱਤੀ ਜਾਵੇ।

ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬਾ ਦੀ ਇਹ ਗੱਲ ਵੀ ਠੀਕ ਹੈ ਕਿ ਕਮੇਟੀ ਬਣਾਈ ਗਈ ਸੀ ਅਤੇ ਇਸ ਤੇ ਵਿਚਾਰ ਵੀ ਕੀਤਾ ਗਿਆ ਸੀ। ਮੈਂਬਰ ਸਾਹਿਬਾ ਨੂੰ ਬਜ਼ੁਰਗਾਂ ਦਾ ਬਹੁਤ ਖਿਆਲ ਹੈ। ਪਰ ਬੱਚੇ ਆਮ ਤੌਰ ਤੇ ਬਜ਼ੁਰਗਾਂ ਨੂੰ ਘਰ ਹੀ ਛੱਡ ਦਿੰਦੇ ਹਨ ਅਤੇ ਨਾਲ ਸਫਰ ਵਿਚ ਉਨ੍ਹਾਂ ਨੂੰ ਲੈ ਕੇ ਨਹੀਂ ਜਾਂਦੇ। ਫਿਰ ਵੀ ਇਸ ਤੇ ਸਪੀਕਰ ਸਾਹਿਬ ਦੋਬਾਰਾ ਵਿਚਾਰ ਕਰ ਲਿਆ ਜਾਵੇਗਾ।

ਸਰਦਾਰ ਹਰਗੋਪਾਲ ਸਿੰਘ ਐਡਵੋਕੇਟ : ਜਦੋਂ ਕੋਈ ਜਵਾਨੀ ਵਿਚ ਆਦਮੀ ਮਰ ਜਾਂਦਾ ਹੈ ਤਾਂ ਉਸ ਦੀ ਔਰਤ ਉਸ ਵੇਲੇ ਬੁੱਢੀ ਨਹੀਂ ਹੁੰਦੀ। ਇਹ ਬੈਨੀਫਿਟ ਐਲ. ਟੀ. ਸੀ. ਦਾ ਫਿਰ ਕਿਉਂ ਨਹੀਂ ਉਨ੍ਹਾਂ ਨੂੰ ਦਿੱਤਾ ਜਾਂਦਾ ?

ਮੰਤਰੀ : ਸਪੀਕਰ ਸਾਹਿਬ, ਇਸ ਸਪਲੀਮੈਂਟਰੀ ਬਾਰੇ ਸਮਝ ਨਹੀਂ ਆਈ ਔਰ ਇਹ ਦੋਬਾਰਾ ਕਰਨ।

ਸ੍ਰੀ ਸਪੀਕਰ : ਇਹ ਕੋਈ ਸਪਲੀਮੈਂਟਰੀ ਨਹੀਂ ਹੈ। ਨੈਕਸਟ ਕੁਐਸਚਨ ਨੰ: *775. ਕੋਈ ਅਥਾਰਟੀ ਵੀ ਨਹੀਂ ਹੈ।

(ਸਬੰਧਤ ਮਾਨਯੋਗ ਮੈਂਬਰ ਸਾਹਿਬ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

ਪਟਿਆਲਾ ਅਤੇ ਰੋਪੜ ਜ਼ਿਲ੍ਹਿਆਂ ਵਿਚ ਪ੍ਰਿੰਸੀਪਲਾਂ/ਮੁੱਖ ਅਧਿਆਪਕਾਂ ਦੀਆਂ ਖਾਲੀ ਆਸਾਮੀਆਂ

*691. **ਡਾਕਟਰ ਰਮੇਸ਼ ਦੱਤ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰੋਪੜ ਅਤੇ ਪਟਿਆਲਾ ਜ਼ਿਲ੍ਹਿਆਂ ਵਿਚ ਅਜਿਹੇ ਸੀਨੀਅਰ ਸੈਕੰਡਰੀ ਸਕੂਲਾਂ ਦੀ ਗਿਣਤੀ ਕਿੰਨੀ ਕਿੰਨੀ ਹੈ ਜਿਨ੍ਹਾਂ ਵਿਚ ਇਸ ਸਮੇਂ ਮੁੱਖ ਅਧਿਆਪਕ/ਪ੍ਰਿੰਸੀਪਲ ਨਹੀਂ ਹਨ ਅਤੇ ਇਹ ਆਸਾਮੀਆਂ ਕਦੋਂ ਤੋਂ ਖਾਲੀ ਪਈਆਂ ਹਨ;

(ਅ) ਕੀ ਇਹ ਠੀਕ ਹੈ ਕਿ ਕੁਝ ਮੁੱਖ ਅਧਿਆਪਕ/ਪ੍ਰਿੰਸੀਪਲ ਆਪਣੀਆਂ ਤਨਖਾਹਾਂ ਕੁਝ ਦੂਜੇ ਸਕੂਲਾਂ ਤੋਂ ਲੈ ਰਹੇ ਹਨ ਜਦੋਂ ਕਿ ਅਸਲ ਵਿਚ ਉਹ ਚੰਡੀਗੜ੍ਹ ਦੇ ਨੇੜੇ ਦੇ ਸਕੂਲਾਂ ਵਿਚ ਕੰਮ ਕਰ ਰਹੇ ਹਨ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦੇ ਨਾਂ ਕੀ ਕੀ ਹਨ ਅਤੇ ਇਸ ਤਰ੍ਹਾਂ ਕਦੋਂ ਤੋਂ ਹੋ ਰਿਹਾ ਹੈ ?

ਸ੍ਰੀ ਹਰਨਾਮ ਦਾਸ ਜੌਹਰ : (ੲ) ਜ਼ਿਲ੍ਹਾ ਰੋਪੜ ਅਤੇ ਪਟਿਆਲਾ ਵਿਚ ਪ੍ਰਿੰਸੀਪਲਾਂ ਦੀ ਇਸ ਸਮੇਂ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਖਾਲੀ ਆਸਾਮੀਆਂ ਦੀ ਗਿਣਤੀ ਹੇਠ ਲਿਖੇ ਅਨੁਸਾਰ ਹੈ :—

ਜ਼ਿਲ੍ਹੇ ਦਾ ਨਾਂ	ਪ੍ਰਿੰਸੀਪਲਾਂ ਦੀ ਖਾਲੀ ਆਸਾਮੀਆਂ ਦੀ ਗਿਣਤੀ	ਜਿਸ ਸਮੇਂ ਤੋਂ ਖਾਲੀ ਹਨ
1	2	3
ਰੋਪੜ	3	6/92 ਤੋਂ 1 1/93 ਤੋਂ 1 2/93 ਤੋਂ 1
ਪਟਿਆਲਾ	2	2/93 ਤੋਂ 2

(ਅ) ਨਹੀਂ, ਸ੍ਰੀਮਾਨ ਜੀ।

ਡਾਕਟਰ ਰਮੇਸ਼ ਦੱਤ: ਸਪੀਕਰ ਸਾਹਿਬ, ਕੀ ਮੰਤਰੀ ਜੀ ਦੱਸਣਗੇ ਕਿ ਜਿਨ੍ਹਾਂ ਸੀਨੀਅਰ ਸੈਕੰਡਰੀ ਸਕੂਲਾਂ ਅਤੇ ਹਾਈ ਸਕੂਲਾਂ ਵਿੱਚ ਪਿਛਲੇ 7-8 ਮਹੀਨੇ ਤੋਂ ਪ੍ਰਿੰਸੀਪਲ ਹੀ ਨਹੀਂ ਹਨ, ਉਥੋਂ ਦੇ ਸਕੂਲਾਂ ਦੇ ਬੱਚਿਆਂ ਦੀ ਕੀ ਹਾਲਤ ਹੋਵੇਗੀ ? ਕੀ ਮੰਤਰੀ ਜੀ ਆਉਣ ਵਾਲੇ ਕੁਝ ਦਿਨਾਂ ਵਿੱਚ ਇਹ ਪੋਸਟਾਂ ਭਰਨ ਦੀ ਅਸ਼ੋਰੈਂਸ ਦੇਣਗੇ ?

ਮੰਤਰੀ: ਸਪੀਕਰ ਸਾਹਿਬ, ਅਸੀਂ ਟੋਟਲ ਪੋਸਟਾਂ ਭਰ ਦਿੱਤੀਆਂ ਸਨ। 1-6-92 ਤੋਂ ਖਾਲੀ ਹੈ ਅਤੇ ਦੂਸਰੀਆਂ 1-2 ਪੋਸਟਾਂ ਪਹਿਲੇ ਮਹੀਨੇ ਔਰ ਦੂਸਰੇ ਮਹੀਨੇ ਤੋਂ ਖਾਲੀ ਹਨ । ਇਨ੍ਹਾਂ ਨੂੰ ਭਰਨ ਦਾ ਪ੍ਰਾਸੈਸ ਚਲ ਰਿਹਾ ਹੈ। As soon as the process is completed, all of them will be posted.

ਸ੍ਰੀ ਸਪੀਕਰ: ਜੌਹਰ ਸਾਹਿਬ, ਇਨ੍ਹਾਂ ਨੇ ਪ੍ਰਿੰਸੀਪਲ ਐਪੁਆਇੰਟ ਕੀਤੇ ਜਾਣ ਦੇ ਸਮੇਂ ਬਾਰੇ ਪੁੱਛਿਆ ਹੈ। ਉਹ ਦੱਸ ਦਿਓ, ਕਿੰਨੇ ਚਿਰ ਵਿੱਚ ਐਪੁਆਇੰਟ ਹੋ ਜਾਣਗੇ ?

ਮੰਤਰੀ: ਟਾਈਮ ਤਾਂ ਜੀ ਐਗਜ਼ੈਕਟ ਨਹੀਂ ਦੱਸਿਆ ਜਾ ਸਕਦਾ। ਜਿਹੜਾ ਪ੍ਰਿੰਸੀਪਲ ਲੰਬੇ ਚਿਰ ਤੋਂ ਜੁਆਇਨ ਨਹੀਂ ਕਰ ਰਿਹਾ, ਉਸਦੀ ਜਗ੍ਹਾ ਹੋਰ ਲਗਾ ਰਹੇ ਹਾਂ।

ਡਾਕਟਰ ਰਮੇਸ਼ ਦੱਤ: ਸਪੀਕਰ ਸਾਹਿਬ, ਸਵਾਲ ਤਾਂ ਟਾਈਮ ਦਾ ਹੈ। ਗੌਰਮਿੰਟ ਅਸ਼ਿਓਰ ਕਰੇ ਕਿ 2-3 ਮਹੀਨਿਆਂ ਵਿਚ ਜਾਂ ਕਿੰਨੇ ਮਹੀਨਿਆਂ ਵਿੱਚ ਪ੍ਰਿੰਸੀਪਲ ਲਗਾ ਦਿੱਤੇ ਜਾਣਗੇ । ਬੱਚਿਆਂ ਦੀ ਪੜ੍ਹਾਈ ਦਾ ਸਵਾਲ ਹੈ। ਉਨ੍ਹਾਂ ਦੀ ਹੋਰ ਪੜ੍ਹਾਈ ਸਫਰ ਨਾ ਕਰੇ।

ਮੰਤਰੀ: ਅਗਲਾ ਅਕੈਡਮਿਕ ਸੈਸ਼ਨ ਸ਼ੁਰੂ ਹੋਣ ਤੋਂ ਪਹਿਲਾਂ ਹਰ ਹਾਲਤ ਵਿੱਚ ਲਗਾ ਦਿੱਤੇ ਜਾਣਗੇ।

ਕਾਮਰੇਡ ਹਰਦੇਵ ਸਿੰਘ ਅਰਸ਼ੀ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਵੇਂ ਉਨ੍ਹਾਂ ਨੇ ਕਿਹਾ ਹੈ ਕਿ ਜੋ ਵੇਕੈਂਟ ਪੋਸਟਾਂ ਹਨ ਸਾਰੇ ਪੰਜਾਬ ਦੇ ਸਕੂਲਾਂ ਵਿੱਚ ਟੀਚਰਾਂ ਦੀਆਂ ਉਹ ਹੁਣ ਭਰ ਦਿੱਤੀਆਂ ਜਾਣਗੀਆਂ। ਉਨ੍ਹਾਂ ਬਾਰੇ ਮੇਰੀ ਜਾਣਕਾਰੀ ਵਿੱਚ ਹੈ ਕਿ ਕਿਸੇ ਸਾਲ ਵਿੱਚ ਬਹੁਤ ਵੱਡੀ ਗਿਣਤੀ ਵਿੱਚ, ਹਜ਼ਾਰਾਂ ਦੀ ਗਿਣਤੀ ਵਿੱਚ ਰਿਟਾਇਰ-ਮੈਂਟ ਹੋਣ ਜਾ ਰਹੀ ਹੈ। ਇਨ੍ਹਾਂ ਕਿਹਾ ਕਿ ਖਾਲੀ ਆਸਾਮੀਆਂ ਨੂੰ ਭਰਨ ਵਾਸਤੇ ਪ੍ਰਾਸੈਸ ਚਲ ਰਿਹਾ ਹੈ। ਕੀ ਰੀਟਾਇਰਮੈਂਟ ਹੋਣ ਤੋਂ ਬਾਅਦ ਜੋ ਖਾਲੀ ਆਸਾਮੀਆਂ ਦਾ ਖੱਪਾ ਹੋਵੇਗਾ ਕੀ ਉਹ ਜਿਉਂ ਦਾ ਤਿਉਂ ਨਹੀਂ ਰਹੇਗਾ ? ਕੀ ਇਨ੍ਹਾਂ ਨੇ ਇਸ ਗੱਲ ਨੂੰ ਐਗਜ਼ਾਮਿਨ ਕੀਤਾ ਹੈ ਕਿ ਉਨ੍ਹਾਂ ਸਕੂਲਾਂ ਦਾ ਕੀ ਬਣੇਗਾ ?

ਮੰਤਰੀ: ਸਪੀਕਰ ਸਾਹਿਬ, ਜਿਸ ਤਰਾਂ ਤੁਹਾਨੂੰ ਪਤਾ ਹੈ ਕਿ ਇਸ ਡਿਪਾਰਟਮੈਂਟ ਵਿੱਚ ਰਿਟਾਇਰਮੈਂਟ ਵੀ ਬਹੁਤ ਹੁੰਦੀ ਹੈ। ਪੋਸਟਾਂ ਜਦੋਂ ਖਾਲੀ ਹੁੰਦੀਆਂ ਜਾਣਗੀਆਂ, ਨਾਲ ਦੀ ਨਾਲ ਭਰ ਦਿੱਤੀਆਂ ਜਾਣਗੀਆਂ।

ਜਲਾਲਾਬਾਦ (ਵੈਸਟ) ਵਿਖੇ ਬਾਲ ਵਿਕਾਸ ਪ੍ਰਾਜੈਕਟ ਅਫ਼ਸਰ ਦਾ ਦਫ਼ਤਰ ਖੋਲ੍ਹਣਾ

*811. **ਸ਼੍ਰੀ ਹੰਸ ਰਾਜ ਜੋਸਨ**: ਕੀ ਸਮਾਜ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਰਾਜ ਦੇ ਵੱਖ ਵੱਖ ਬਲਾਕਾਂ ਵਿਚ ਇਸ ਵੇਲੇ ਕੰਮ ਕਰ ਰਹੇ ਬਾਲ ਵਿਕਾਸ ਪ੍ਰਾਜੈਕਟ ਅਫਸਰਾਂ ਦੀ ਕੁੱਲ ਗਿਣਤੀ ਕਿੰਨੀ ਹੈ;

(ਅ) ਕੀ ਸਰਕਾਰ ਜਲਾਲਾਬਾਦ (ਵੈਸਟ) ਵਿਖੇ ਬਾਲ ਵਿਕਾਸ ਪ੍ਰਾਜੈਕਟ ਅਫਸਰ ਦਾ ਦਫਤਰ ਖੋਲ੍ਹਣ ਦੀ ਤਜਵੀਜ਼ ਰਖਦੀ ਹੈ; ਜੇਕਰ ਅਜਿਹਾ ਹੋਵੇ, ਤਾਂ ਇਹ ਕਦੋਂ ਤਕ ਖੋਲੇ ਜਾਣ ਦੀ ਸੰਭਾਵਨਾ ਹੈ ?

ਸ੍ਰੀ ਬ੍ਰਹਮ ਮਹਿੰਦਰਾ : (ੳ) ਸਮਾਜ ਭਲਾਈ ਵਿਭਾਗ ਵਿਚ ਬਾਲਵਿਕਾਸ ਸੰਗਠਿਤ ਸੇਵਾਵਾਂ ਸਕੀਮ ਅਧੀਨ ਇਸ ਸਮੇਂ ਪੰਜਾਬ ਰਾਜ ਦੇ ਵੱਖ ਵੱਖ ਬਲਾਕਾਂ ਵਿੱਚ 62 ਬਾਲ ਵਿਕਾਸ ਪ੍ਰਾਜੈਕਟ ਅਫਸਰ ਕੰਮ ਕਰ ਰਹੇ ਹਨ।

(ਅ) ਨਹੀਂ ਜੀ।

ਸ੍ਰੀ ਹੰਸ ਰਾਜ ਜੋਸਨ: ਸਪੀਕਰ ਸਾਹਿਬ, ਮੈਂ ਮੰਤਰੀ ਜੀ ਕੋਲੋਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਜਲਾਲਾਬਾਦ ਸ਼ਹਿਰ ਜੋ ਪਾਕਿਸਤਾਨ-ਹਿੰਦੁਸਤਾਨ ਬਾਰਡਰ ਤੇ ਸਥਿਤ ਹੈ, ਉਥੇ ਇਸ ਪ੍ਰਾਜੈਕਟ ਦੀ ਖਾਸ ਜ਼ਰੂਰਤ ਹੈ। ਕੀ ਮੰਤਰੀ ਜੀ ਯਕੀਨ ਦਿਵਾਉਣਗੇ ਕਿ ਲੋਕਾਂ ਦੀ ਮੰਗ ਨੂੰ ਮੁੱਖ ਰੱਖਦੇ ਹੋਏ ਇਹ ਪ੍ਰਾਜੈਕਟ ਉਥੇ ਚਾਲੂ ਕਰ ਦਿੱਤਾ ਜਾਵੇਗਾ ?

ਮੰਤਰੀ: ਸਪੀਕਰ ਸਾਹਿਬ, ਬਾਲ ਵਿਕਾਸ ਦੀ ਆਈ.ਸੀ.ਡੀ.ਐਸ. ਸਕੀਮ ਸੈਂਟਰਲ ਗੌਰਮਿੰਟ ਦੀ ਸਕੀਮ ਹੈ। ਇਸ ਸਕੀਮ ਵਿਚ ਜਿਥੇ ਸ਼ਡਿਊਲਡ ਕਾਸਟਸ ਪਾਪੂਲੇਸ਼ਨ ਦੀ ਹਾਈਐਸਟ ਪਰਸੈਂਟੇਜ ਹੁੰਦੀ ਹੈ, ਉਸ ਦੇ ਮੁਤਾਬਿਕ ਹੀ ਆਈ.ਸੀ.ਡੀ.ਐਸ. ਸਕੀਮ ਵਾਸਤੇ ਬਲਾਕ ਚੁਣੇ ਜਾਂਦੇ ਹਨ। ਜੇ ਇਨ੍ਹਾਂ ਦੀ ਕੋਈ ਇਹੋ ਜਿਹੀ ਮੰਗ ਹੈ ਤਾਂ ਇਹ ਮੈਨੂੰ ਲਿਖ ਕੇ ਦੇ ਦੇਣ, ਅਸੀਂ ਰਿਕੁਮੈਂਡ ਕਰ ਦਿਆਂਗੇ।

ਡਿਪਟੀ ਕਮਿਸ਼ਨਰਾਂ ਦੇ ਸਰਕਾਰੀ ਨਿਵਾਸਾਂ ਦੇ ਨਵੀਕਰਣ ਤੇ ਖਰਚਾ

*631. **ਸ੍ਰੀਮਤੀ ਵਿਮਲਾ ਡਾਂਗ** : ਕੀ ਰਾਜ ਮੰਤਰੀ, ਲੋਕ ਨਿਰਮਾਣ (ਭਵਨ ਤੇ ਮਾਰਗ) ਕਿਰਪਾ ਕਰਕੇ ਦੱਸਣਗੇ ਕਿ ਵਿੱਤੀ ਸਾਲਾਂ 1991-92 ਅਤੇ 1992-93 (ਹੁਣ ਤੱਕ) ਦੇ ਦੌਰਾਨ ਰਾਜ ਵਿਚ ਹਰ ਇਕ ਡਿਪਟੀ ਕਮਿਸ਼ਨਰ ਦੇ ਸਰਕਾਰੀ ਨਿਵਾਸ ਦੀ ਮੁਰੰਮਤ ਆਦਿ ਤੇ ਹਰ ਸਾਲ ਜ਼ਿਲ੍ਹਾ-ਵਾਰ ਕਿੰਨਾ ਕਿੰਨਾ ਖਰਚ ਕੀਤਾ ਗਿਆ ?

ਸਰਦਾਰ ਜੋਗਿੰਦਰ ਸਿੰਘ ਮਾਨ : ਰਾਜ ਵਿੱਚ ਸਮੂਹ ਡਿਪਟੀ ਕਮਿਸ਼ਨਰਾਂ ਦੀ ਸਰਕਾਰੀ ਰਿਹਾਇਸ਼ ਤੇ ਸਾਲ 1991-92 ਅਤੇ ਸਾਲ 1992-93 (ਹੁਣ ਤੱਕ) ਹੋਇਆ ਖਰਚਾ ਹੇਠ ਲਿਖੇ ਅਨੁਸਾਰ ਹੈ :—

(1) ਸਾਲ 1991-92 ਵਿੱਚ ਹੋਇਆ ਖਰਚਾ	...	ਰੁ: 17,14,676.00
(2) ਸਾਲ 1992-93 ਵਿੱਚ ਹੋਇਆ ਖਰਚਾ	...	ਰੁ: 15,70,362.00
ਕੁੱਲ	...	ਰੁ: 32,85,038.00

ਰਾਜ ਵਿੱਚ ਹਰ ਇੱਕ ਡਿਪਟੀ ਕਮਿਸ਼ਨਰ ਸਬੰਧੀ ਜ਼ਿਲ੍ਹੇ-ਵਾਰ ਖਰਚੇ ਦਾ ਵੇਰਵਾ ਅਨੁਲੱਗ—1 ਤੇ ਦਿਤਾ ਹੈ।

ਅਨੁਲੱਗ-1

ਜ਼ਿਲ੍ਹਾ		1991-92	1992-93
1. ਅੰਮ੍ਰਿਤਸਰ	...	88,617	82,164
2. ਬਠਿੰਡਾ	...	65,283	1,10,705
3. ਫਰੀਦਕੋਟ	...	6,500	30,315
4. ਫਤਿਹਗੜ੍ਹ ਸਾਹਿਬ	...	...	16,431
5. ਫਿਰੋਜ਼ਪੁਰ	...	1,24,955	1,59,749
6. ਗੁਰਦਾਸਪੁਰ	...	1,51,929	2,98,774
7. ਹੁਸ਼ਿਆਰਪੁਰ	...	3,19,233	1,38,906
8. ਜਲੰਧਰ	...	3,31,305	79,29[illegible]
9. ਕਪੂਰਥਲਾ	...	1,36,326	59,022

"[ਰਾਜ ਮੰਤਰੀ, ਲਕ ਕਲਿਆਣ(ਭਵਨ ਤੇ ਮਾਰਗ)]

	ਜ਼ਿਲ੍ਹਾ		1991-92	1992-93
10.	ਲੁਧਿਆਣਾ	...	1,22,600	47,400
11.	ਮਾਨਸਾ	...	...	89,328
12.	ਪਟਿਆਲਾ	...	1,46,922	46,554
13.	ਰੋਪੜ	...	1,13,500	1,42,000
14.	ਸੰਗਰੂਰ	...	1,07,486	46,554
			17,14,676	15,70,362

ਸ੍ਰੀਮਤੀ ਵਿਮਲਾ ਡਾਂਗ: ਸਪੀਕਰ ਸਾਹਿਬ, ਕੱਲ੍ਹ ਇਥੇ ਹਾਊਸ ਵਿਚ ਦੱਸਿਆ ਗਿਆ ਸੀ ਕਿ ਪਲੈਨਿੰਗ ਬੋਰਡ ਦੇ ਰੂਲਜ਼ ਦੀ ਵਾਇਲੇਸ਼ਨ ਕਰਕੇ ਹੋਰ ਕੰਮਾਂ ਵਾਸਤੇ ਪੈਸਾ ਖਰਚ ਕੀਤਾ ਗਿਆ ਹੈ। ਡੀ.ਸੀ. ਦੇ ਦਫਤਰਾਂ ਤੇ ਵੀ ਇਸੇ ਤਰ੍ਹਾਂ ਹੀ ਪੈਸਾ ਖਰਚ ਕੀਤਾ ਗਿਆ ਹੈ। ਤੁਸੀਂ ਵੇਖੋ ਕਿ ਡੀ.ਸੀ. ਦੇ ਘਰਾਂ ਦੀ ਰੈਨੋਵੇਸ਼ਨ ਉਪਰ ਕਿਸ ਤਰ੍ਹਾਂ ਪੈਸਾ ਖਰਚ ਹੋ ਰਿਹਾ ਹੈ 1-1 ਲੱਖ, 2-2 ਲੱਖ, 3-3 ਲੱਖ ਅਤੇ ਸਾਢੇ ਚਾਰ ਲੱਖ ਰੁਪਏ ਤੱਕ ਖਰਚਾ ਹੋ ਰਿਹਾ ਹੈ। ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦੀ ਹਾਂ ਕਿ ਕੀ ਤੁਸੀਂ ਇਸ ਨੂੰ ਵਾਜਬ ਸਮਝਦੇ ਹੋ ? ਕੀ ਇਸ ਤਰ੍ਹਾਂ ਦਾ ਖਰਚਾ ਕਰਨ ਦਾ ਕੋਈ ਰੂਲ ਜਾਂ ਕੋਈ ਲਿਮਿਟ ਹੈ ?

ਰਾਜ ਮੰਤਰੀ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬਾ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਸਾਰਾ ਖਰਚਾ ਸਰਕਾਰੀ ਹਾਊਸਿਜ਼ ਤੇ ਹੋਇਆ ਹੈ। ਇਹ ਉਨ੍ਹਾਂ ਦੀ ਕੋਈ ਨਿੱਜੀ ਜਾਇਦਾਦ ਨਹੀਂ ਹੈ। ਜਿਸ ਤਰ੍ਹਾਂ ਦੇ ਹਾਲਾਤ ਪਿਛਲੇ 10 ਸਾਲਾਂ ਵਿਚ ਪੰਜਾਬ ਅੰਦਰ ਰਹੇ, ਉਸ ਨੂੰ ਵੇਖਦਿਆਂ ਹੋਇਆਂ ਬਹੁਤ ਸਾਰਾ ਖਰਚਾ ਸਿਕਿਉਰਿਟੀ ਫੋਰਸਿਜ਼ ਤੇ ਹੋਇਆ। ਇਸ ਖਰਚੇ ਦੀ ਜ਼ਰੂਰਤ ਮਹਿਸੂਸ ਕੀਤੀ ਗਈ ਸੀ। ਇਸ ਤੋਂ ਬਾਅਦ ਜਿਹੜਾ ਮੈਂਬਰ ਸਾਹਿਬਾ ਨੇ ਕੱਲ੍ਹ ਵਾਲਾ ਸਵਾਲ ਕੋਟ ਕੀਤਾ ਹੈ, ਉਸ ਬਾਰੇ ਡਾਕਟਰ ਸਾਹਿਬ ਦੀ ਬੜੀ ਸਪਸ਼ਟ ਸਟੇਟਮੈਂਟ ਆ ਚੁੱਕੀ ਹੈ ਅਤੇ ਮੈਂ ਉਸ ਸਟੇਟਮੈਂਟ ਨਾਲ ਸਹਿਮਤ ਹਾਂ।

ਕਾਮਰੇਡ ਹਰਦੇਵ ਸਿੰਘ ਅਰਸ਼ੀ: ਸਪੀਕਰ ਸਾਹਿਬ, ਕਲ੍ਹ ਐਫ. ਐਮ. ਸਾਹਿਬ, ਨੇ ਬੜਾ ਸਪਸ਼ਟ ਅਤੇ ਸੈਟਿਸਫੈਕਟਰੀ ਜਵਾਬ ਦਿੱਤਾ ਸੀ ਕਿ ਪਲੈਨਿੰਗ ਬੋਰਡਾਂ ਦੇ ਰੂਲਜ਼ ਨੂੰ ਬਾਈ ਪਾਸ ਕਰਕੇ ਪਲੈਨਿੰਗ ਬੋਰਡਾਂ ਵਿਚੋਂ ਪੈਸਾ ਖਰਚ ਕੀਤਾ ਗਿਆ ਹੈ। ਜਿਸ ਤਰ੍ਹਾਂ ਹੁਣ ਮੰਤਰੀ ਜੀ ਨੇ ਸਟੇਟਮੈਂਟ ਦਿੱਤੀ ਹੈ, ਡੀ.ਸੀ. ਦੀ ਸਰਕਾਰੀ ਰਿਹਾਇਸ਼ ਅਤੇ ਰੈਨੋਵੇਸ਼ਨ ਤੇ 1991-92 ਵਿਚ 17 ਲੱਖ ਰੁਪਏ ਤੋਂ ਉਪਰ ਅਤੇ 1992-93 ਵਿਚ 15 ਲੱਖ ਰੁਪਏ ਤੋਂ ਉਪਰ ਖਰਚ ਕੀਤਾ ਗਿਆ ਹੈ । ਅੱਜ ਸਾਡੇ ਰਾਜ ਨੂੰ ਜਿਸ ਗੰਭੀਰ ਆਰਥਿਕ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਸਨੂੰ ਵੇਖਦੇ ਹੋਏ ਇਹ ਖਰਚਾ ਕਿਉਂ ਕੀਤਾ ਗਿਆ ਅਤੇ ਅੱਗੇ ਤੋਂ ਇਹੋ ਜਿਹਾ ਖਰਚਾ ਨਾ ਹੋਵੇ, ਇਸ ਦੇ ਵਾਸਤੇ ਮੰਤਰੀ ਜੀ ਕੋਈ ਕਦਮ ਉਠਾਉਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਐਫ. ਐਮ. ਸਾਹਿਬ ਨੇ ਕੱਲ੍ਹ ਬੜੀ ਅੱਛੀ ਅਸ਼ੋਰੈਂਸ ਹਾਊਸ ਵਿਚ ਦਿੱਤੀ ਸੀ ਪਰ ਜਿਸ ਤਰ੍ਹਾਂ ਮੈਂ ਪਹਿਲਾਂ ਕਿਹਾ ਹੈ, ਇਹ ਸਰਕਾਰੀ ਹਾਊਸਿਜ਼ ਹਨ, ਕੋਈ ਪ੍ਰਾਈਵੇਟ ਹਾਉਸਿਜ਼ ਨਹੀਂ। ਇਹ ਖਰਚਾ ਸਰਕਾਰੀ ਮਕਾਨਾਂ ਤੇ ਕੀਤਾ ਗਿਆ ਹੈ। ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹੋ ਜਿਹੇ ਖਰਚਿਆਂ ਬਾਰੇ ਗੌਰਮਿੰਟ ਅੱਗੇ ਵਾਸਤੇ ਸੁਚੇਤ ਰਹੇਗੀ। ਮੈਂ ਦੁਬਾਰਾ ਫਿਰ ਕਹਿੰਦਾ ਹਾਂ ਕਿ ਐਫ. ਐਮ. ਸਾਹਿਬ ਨੇ ਕੱਲ੍ਹ ਜਿਹੜੀ ਸਟੇਟਮੈਂਟ ਦਿੱਤੀ ਸੀ, ਮੈਂ ਉਸ ਨੂੰ ਐਡਮਿਟ ਕਰਦਾ ਹਾਂ ਅਤੇ ਅੱਗੇ ਵਾਸਤੇ ਗੌਰਮਿੰਟ ਸੁਚੇਤ ਰਹੇਗੀ।

ਸ੍ਰੀ ਮਦਨ ਮੋਹਨ ਮਿੱਤਲ: ਸਪੀਕਰ ਸਾਹਿਬ, ਮੰਤਰੀ ਜੀ ਨੇ ਦਸਿਆ ਹੈ ਕਿ ਇਹ ਜਿਹੜਾ ਪੈਸਾ ਪਿਛਲੇ 2 ਸਾਲਾਂ ਵਿਚ ਡਿਪਟੀ ਕਮਿਸ਼ਨਰਾਂ ਦੀ ਸਰਕਾਰੀ ਰਿਹਾਇਸ਼ ਤੇ ਖਰਚ ਕੀਤਾ ਗਿਆ. ਇਹ ਪੈਸਾ ਸਿਕਿਉਰਿਟੀ ਦੇ ਕਾਰਨਾਂ ਨੂੰ ਧਿਆਨ ਵਿਚ ਰਖਦਿਆਂ ਵੀ ਕੀਤਾ ਗਿਆ ਸੀ। ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਸਾਰੇ ਖਰਚੇ ਵਿਚੋਂ ਕਿੰਨਾ ਪੈਸਾ ਸਿਕਿ-ਉਰਿਟੀ ਵਾਸਤੇ ਅਤੇ ਕਿੰਨਾ ਪੈਸਾਂ ਬਾਕੀ ਕੰਮਾਂ ਵਾਸਤੇ ਖਰਚ ਕੀਤਾ ਗਿਆ ਹੈ ? ਮੰਤਰੀ ਜੀ ਦੋਨੋਂ ਆਈਟਮਾਂ ਤੇ ਹੋਇਆ ਵੱਖਰਾ ਵੱਖਰਾ ਖਰਚਾ ਦੱਸ ਦੇਣ।

ਸ੍ਰੀ ਸਪੀਕਰ: ਮਿੱਤਲ ਜੀ, ਇਸ ਦੇ ਵਾਸਤੇ ਤੁਸੀਂ ਸੈਪਰੇਟ ਨੋਟਿਸ ਦੇ ਦਿਓ, ਇਹ ਜਵਾਬ ਦੇ ਦੇਣਗੇ। ਅਗਲਾ ਸਵਾਲ।

ਪੰਜਾਬ ਰਾਜ ਬਿਜਲੀ ਬੋਰਡ ਅਤੇ ਉਨ੍ਹਾਂ ਜ਼ਮੀਨ ਮਾਲਕਾਂ, ਜਿਨ੍ਹਾਂ ਦੀ ਜ਼ਮੀਨ ਥਰਮਲ ਪਲਾਂਟ ਰੋਪੜ ਦੀ ਉਸਾਰੀ ਲਈ ਪ੍ਰਾਪਤ ਕੀਤੀ ਗਈ, ਵਿਚਕਾਰ ਨੌਕਰੀਆਂ ਲਈ ਸਮਝੌਤਾ

*690. **ਡਾਕਟਰ ਰਮੇਸ਼ ਦੱਤ:** ਕੀ ਸਿੰਚਾਈ ਅਤੇ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪੰਜਾਬ ਰਾਜ ਬਿਜਲੀ ਬੋਰਡ ਅਤੇ ਉਨ੍ਹਾਂ ਪਿੰਡਾਂ ਦੇ ਜ਼ਮੀਨ ਮਾਲਕਾਂ, ਜਿਨ੍ਹਾਂ ਦੀ ਜ਼ਮੀਨ ਗੁਰੂ ਗੋਬਿੰਦ ਸਿੰਘ ਥਰਮਲ ਪਲਾਂਟ, ਰੋਪੜ ਦੀ ਸਥਾਪਨਾ ਲਈ ਪ੍ਰਾਪਤ ਕੀਤੀ ਗਈ ਸੀ, ਵਿਚਕਾਰ ਕੋਈ ਸਮਝੌਤਾ ਕੀਤਾ ਗਿਆ ਸੀ ਕਿ ਅਜਿਹੇ ਜ਼ਮੀਨ ਮਾਲਕਾਂ ਦੇ ਯੋਗ ਬੱਚਿਆਂ ਨੂੰ ਨੌਕਰੀ ਦਿੱਤੀ ਜਾਵੇਗੀ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਵਿਅਕਤੀਆਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਨੂੰ ਉਕਤ ਸਮਝੌਤੇ ਅਧੀਨ 31 ਜਨਵਰੀ, 1993 ਤੱਕ ਨੌਕਰੀਆਂ ਮੁਹੱਈਆ ਕੀਤੀਆਂ ਗਈਆਂ ?

Sardar Harcharan Singh Brar : No, Sir.

ਡਾਕਟਰ ਰਮੇਸ਼ ਦੱਤ : ਸਪੀਕਰ ਸਾਹਿਬ, ਮੇਰੇ ਕੋਲ ਉਸ ਸਮਝੌਤੇ ਦੀ ਫੋਟੋਸਟੇਟ ਕਾਪੀ ਹੈ ਜਿਸ ਤੇ ਪੰਜਾਬ ਗੌਰਮਿੰਟ ਦੀ ਮੋਹਰ ਵੀ ਲੱਗੀ ਹੋਈ ਹੈ। ਜਿਸ ਮੀਟਿੰਗ ਵਿਚ ਇਹ ਸਮਝੌਤਾ ਹੋਇਆ, ਉਸ ਵਿਚ ਸਰਦਾਰ ਸੁਰਜੀਤ ਸਿੰਘ ਬਰਨਾਲਾ ਵੀ ਹਾਜ਼ਰ ਸਨ। ਚੀਫ ਇੰਜੀਨੀਅਰ ਦੇ ਦਫਤਰ ਵਿਚ ਜੋ ਮੀਟਿੰਗ ਹੋਈ, ਉਸ ਦੇ ਮਿਨਟਸ ਵੀ ਮੇਰੇ ਕੋਲ ਹਨ। ਇਸ ਸਭ ਕੁਝ ਦੇ ਬਾਵਜੂਦ ਮੰਤਰੀ ਜੀ ਨੇ "ਨਾਂਹ" ਵਿਚ ਜਵਾਬ ਦੇ ਦਿਤਾ ਹੈ। ਕਿਸੇ ਵੇਲੇ ਨੰਗਲ ਵਿਚ ਐਨ. ਐਫ. ਐਲ. ਵਾਸਤੇ ਲੋਕਾਂ ਦੀ ਜ਼ਮੀਨ ਲਈ ਗਈ ਸੀ ਅਤੇ ਕਿਹਾ ਗਿਆ ਸੀ ਕਿ ਜਿਨ੍ਹਾਂ ਲੋਕਾਂ ਦੀ ਜ਼ਮੀਨ ਲਈ ਗਈ ਹੈ, ਉਨ੍ਹਾਂ ਲੋਕਾਂ ਦੇ ਹਰ ਘਰ ਵਿੱਚੋਂ ਇਕ ਆਦਮੀ ਨੂੰ ਪ੍ਰਾਇਰਟੀ ਤੇ ਨੌਕਰੀ ਦਿੱਤੀ ਜਾਵੇਗੀ ਅਤੇ ਉਹ ਅਸ਼ੋਰੈਂਸ ਤਕਰੀਬਨ ਬਹੁਤ ਹੱਦ ਤੱਕ ਪੂਰੀ ਕੀਤੀ ਵੀ ਗਈ ਹੈ। ਇਸੇ ਤਰ੍ਹਾਂ ਹੀ ਐਸ. ਵਾਈ. ਐਲ. ਅਤੇ ਥਰਮਲ ਪਲਾਂਟ ਰੋਪੜ ਵਾਸਤੇ ਲੋਕਾਂ ਦੀ ਜ਼ਮੀਨ ਲਈ ਗਈ ਹੈ। ਕੀ ਮੰਤਰੀ ਜੀ ਉਨ੍ਹਾਂ ਲੋਕਾਂ ਨੂੰ ਵੀ ਇਸ ਤਰੀਕੇ ਨਾਲ ਕੰਪਨਸੇਟ ਕਰਨ ਦੀ ਕੋਸ਼ਿਸ਼ ਕਰਨਗੇ ?

[ਡਾਕਟਰ ਰਮੇਸ਼ ਦੱਤ]

ਕੀ ਮੰਤਰੀ ਜੀ ਇਹ ਗੱਲ ਵੀ ਦੱਸਣਗੇ ਕਿ ਉਨ੍ਹਾਂ ਲੋਕਾਂ ਨੂੰ ਜਿਨ੍ਹਾਂ ਨੂੰ ਹਾਲੇ ਤੱਕ ਨਾ ਕੋਈ ਮੁਆਵਜ਼ਾ ਦਿੱਤਾ ਗਿਆ ਹੈ ਅਤੇ ਐਸ. ਵਾਈ. ਐਲ. ਕਾਰਨ ਜਿਨ੍ਹਾਂ ਪਿੰਡਾਂ ਦੇ ਲੋਕਾਂ ਦੀ ਜ਼ਮੀਨ ਵਿੱਚ ਆ ਗਈ ਹੈ, ਕੀ ਸਰਕਾਰ ਉਨ੍ਹਾਂ ਲੋਕਾਂ ਨੂੰ ਪ੍ਰਾਇਰਿਟੀ ਬੇਸਿਜ਼ ਤੇ ਉਨ੍ਹਾਂ ਲੋਕਾਂ ਦੇ ਬੱਚਿਆਂ ਨੂੰ ਜਿਹੜੇ ਕਿ ਅਨ ਇੰਪਲਾਇਡ ਹਨ, ਨੌਕਰੀਆਂ ਦੇਣ ਬਾਰੇ ਵਿਚਾਰ ਕਰੇਗੀ ?

ਮੰਤਰੀ: ਜਿਨ੍ਹਾਂ ਮਾਲਕਾਂ ਦੀ ਜ਼ਮੀਨ ਇਸ ਪ੍ਰਾਜੈਕਟ ਵਾਸਤੇ ਐਕੁਆਇਰ ਕੀਤੀ ਗਈ ਹੈ ਔਰ ਜੇਕਰ ਉਨ੍ਹਾਂ ਵਿਚੋਂ ਕਿਸੇ ਨੂੰ ਕੋਈ ਮੁਆਵਜ਼ਾ ਨਹੀਂ ਮਿਲਿਆ, ਕਿਸੇ ਦਾ ਕੋਈ ਕੇਸ ਪੈਂਡਿੰਗ ਹੈ ਤਾਂ ਉਹ ਜ਼ਰੂਰ ਦਿੱਤਾ ਜਾਵੇਗਾ।

ਸ੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਮੇਰਾ ਸਪਲੀਮੈਂਟਰੀ ਇਹ ਹੈ ਕਿ ਜਿਵੇਂ ਮੰਤਰੀ ਜੀ ਨੇ ਭਰੋਸਾ ਦਿਵਾਇਆ ਹੈ ਕਿ ਥਰਮਲ ਪਲਾਂਟ ਵਿੱਚ ਜਿਨ੍ਹਾਂ ਪਿੰਡਾਂ ਦੇ ਲੋਕਾਂ ਦੀ ਜ਼ਮੀਨ ਆਈ ਹੈ ਉਨ੍ਹਾਂ ਨੂੰ ਅਸੀਂ ਪ੍ਰਾਇਰਿਟੀ ਦੇ ਕੇ ਇੰਪਲਾਇਮੈਂਟ ਦਿੱਤੀ ਹੈ। ਮੁੱਖ ਮੰਤਰੀ ਜੀ ਨੇ ਅਨਾਊਂਸਮੈਂਟ ਕੀਤੀ ਸੀ ਕਿ ਥਰਮਲ ਪਲਾਂਟ ਦੀ ਬਾਈ ਪਰੋਡਕਟ ਦੇ ਨਾਲ ਇਕ ਬਹੁਤ ਵੱਡਾ ਸੀਮਿੰਟ ਦਾ ਪਲਾਂਟ ਲਗਾਇਆ ਜਾ ਰਿਹਾ ਹੈ ਔਰ ਇਸ ਨਾਲ ਕਾਫੀ ਇੰਪਲਾਇਮੈਂਟ ਵੀ ਜੈਨਰੇਟ ਹੋਵੇਗੀ। ਕੀ ਮੰਤਰੀ ਜੀ ਇਸ ਗੱਲ ਦਾ ਭਰੋਸਾ ਦਿਵਾਉਣਗੇ ਕਿ ਜੋ ਸੀਮਿੰਟ ਪਲਾਂਟ ਥਰਮਲ ਪਲਾਂਟ ਦੀ ਬਾਈ ਪਰੋਡਕਟ ਦੇ ਨਾਲ ਪੰਜਾਬ ਵਿੱਚ ਲੱਗ ਰਿਹਾ ਹੈ ਔਰ ਇਸ ਪ੍ਰਾਜੈਕਟ ਦੇ ਲਈ ਜਿਨ੍ਹਾਂ ਇਲਾਕੇ ਦੇ ਲੋਕਾਂ ਦੀ ਜ਼ਮੀਨ ਐਕੁਆਇਰ ਕੀਤੀ ਜਾਵੇਗੀ ਉਨ੍ਹਾਂ ਦੇ ਬੱਚਿਆਂ ਨੂੰ ਨੌਕਰੀਆਂ ਦੇ ਵਿੱਚ ਕੋਈ ਪ੍ਰਾਇਰਿਟੀ ਦਿੱਤੀ ਜਾਵੇਗੀ, So that they may be absorbed on priority basis because that plant is being erected in that area.

ਸ੍ਰੀ ਸਪੀਕਰ: ਮਿੱਤਲ ਸਾਹਿਬ, ਇੰਡਸਟਰੀਜ਼ ਦੇ ਥੱਲੇ ਜਿਹੜਾ ਸੀਮਿੰਟ ਪਲਾਂਟ ਹੈ ਉਸ ਦੀ ਇਨਸਟਾਲੇਸ਼ਨ ਹੋਏਗੀ। You can put a separate question.

ਰਾਜ ਵਿਚ ਸਿੰਚਾਈ ਸਹੂਲਤਾਂ

*746. **ਸ੍ਰੀ ਮਦਨ ਮੋਹਨ ਮਿੱਤਲ :** ਕੀ ਸਿੰਚਾਈ ਅਤੇ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਇਸ ਵੇਲੇ ਰਾਜ ਸੁਨਿਸ਼ਚਿਤ ਸਿੰਚਾਈ ਸਹੂਲਤਾਂ ਹੇਠ ਜ਼ਮੀਨ ਦਾ ਕੁਲ ਕਿੰਨਾ ਰਕਬਾ ਆਉਂਦਾ ਹੈ ; ਅਤੇ ਬਾਕੀ ਅਣ-ਸਿੰਜੀ ਜ਼ਮੀਨ ਜੇਕਰ ਕੋਈ ਹੋਵੇ, ਨੂੰ ਵੀ ਸਿੰਚਾਈ ਸਹੂਲਤਾਂ ਮੁਹੱਈਆ ਕਰਨ ਲਈ ਕੀ ਕਾਰਵਾਈ ਕੀਤੀ ਜਾ ਰਹੀ ਹੈ ?

Sardar Harcharan Singh Brar: The total area of land covered under the assured irrigation facilities from the canals and the State tubewells at present is 15.91 lakhs hectares.

In order to provide irrigation facilities to some of the remaining-un-irrigated land, schemes like construction of low Dams in Kandi Area, construction of Kandi Canal, Lining of Channels, lining of water courses and installation of deep Tubewells are in progress.

Shri Madan Mohan Mittal : Shri Brar has stated that the total area of land covered under the assured irrigation facilities from the canals and the state tubewells at present is 15.91 lakh hectare.

In order to provide irrigation facilities to some of remaining unirrigated land, the schemes like construction of low dam in Kandi

area, construction of Kandi, canal lining of channels, lining of water-courses and installation of deep tubewells are in progress. ਕੀ ਮੰਤਰੀ ਜੀ ਇਹ ਦੱਸਣਗੇ ਕਿ ਇਹ ਜਿਹੜੀਆਂ ਸਾਰੀਆਂ ਪਰੋਗਰੈਸ ਦੀਆਂ ਸਕੀਮਾਂ ਹਨ, ਕਿਹੜੀ ਕਿਹੜੀ ਸਕੀਮ ਕਦੋਂ ਤੱਕ ਕੰਪਲੀਟ ਹੋ ਜਾਵੇਗੀ ਅਤੇ ਕਿੰਨੀ ਜ਼ਮੀਨ ਐਸ਼ਿਓਰਡ ਇਰੀਗੇਸ਼ਨ ਥੱਲੇ ਆ ਜਾਵੇਗੀ ?

ਮੰਤਰੀ: ਇਸ ਵਾਸਤੇ ਸੈਪਰੇਟ ਨੋਟਿਸ ਦੇ ਦਿਓ ਕਿਉਂਕਿ ਇਹ ਬੜੀ ਡਿਟੇਲ ਵਾਲਾ ਸਵਾਲ ਹੈ।

ਕਾਮਰੇਡ ਹਰਦੇਵ ਸਿੰਘ ਅਰਸ਼ੀ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕਈ ਇਲਾਕੇ ਟੇਲਾਂ ਉਪਰ ਸਥਿਤ ਹਨ ਜਿਥੇ ਪਾਣੀ ਖਾਰਾ ਹੈ। ਪੰਜਾਬ ਦੇ ਕਈ ਇਲਾਕੇ ਐਸੇ ਹਨ। ਮੇਰਾ ਬੁਢਲਾਡਾ ਦਾ ਇਲਾਕਾ ਉਨ੍ਹਾਂ ਵਿਚੋਂ ਇਕ ਹੈ। ਉਥੇ ਸਧਾਰਨ ਕਿਸਾਨ ਡੂੰਘੇ ਟਿਊਬਵੈਲ ਨਹੀਂ ਲਗਾ ਸਕਦਾ ਉਸਨੂੰ ਪਾਣੀ ਪੂਰਾ ਮਿਲ ਨਹੀਂ ਸਕਦਾ। ਕੀ ਜਿਸ ਤਰ੍ਹਾਂ ਕੰਡੀ ਏਰੀਆ ਵਿੱਚ ਟਿਊਬਵੈਲ ਕਾਰਪੋਰੇਸ਼ਨ ਰਾਹੀਂ ਡੂੰਘੇ ਟਿਊਬਵੈਲ ਲਗਵਾ ਕੇ ਪਾਣੀ ਦੇਣ ਦੀ ਤਜਵੀਜ਼ ਹੈ। ਉਸੇ ਤਰ੍ਹਾਂ ਜਿਹੜੇ ਇਲਾਕੇ ਵਿੱਚ ਨਹਿਰੀ ਪਾਣੀ ਦੀ ਘਾਟ ਹੈ ਉਥੇ ਵੀ ਟਿਊਬਵੈਲ ਕਾਰਪੋਰੇਸ਼ਨ ਰਾਹੀਂ ਡੂੰਘੇ ਟਿਊਬਵੈਲ ਲਾਉਣ ਦੀ ਕੋਈ ਤਜਵੀਜ਼ ਹੈ ?

ਮੰਤਰੀ: ਅਜੇ ਤੱਕ ਤਾਂ ਕੰਡੀ ਏਰੀਆ ਵਿੱਚ ਹੀ 200 ਡੀਪ ਟਿਊਬਵੈਲ ਲਗਾਉਣ ਦੀ ਤਜਵੀਜ਼ ਹੈ। ਜਦੋਂ ਸਾਨੂੰ ਪੈਸਾ ਹੋਰ ਮਿਲ ਜਾਵੇਗਾ ਤਾਂ ਅਸੀਂ ਉਥੇ ਵੀ ਕਨਸਿਡਰ ਕਰ ਲਵਾਂਗੇ ਪਰ ਜਿਥੇ ਪਾਣੀ ਹੀ ਖਾਰਾ ਹੈ ਉਥੇ ਟਿਊਬਵੈਲਾਂ ਦਾ ਪਾਣੀ ਕਿਸੇ ਕੰਮ ਨਹੀਂ ਆ ਸਕੇਗਾ।

ਡਾਕਟਰ ਰਮੇਸ਼ ਦੱਤ: ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਇਹ ਟਿਊਬਵੈਲ ਕੰਡੀ ਏਰੀਆ ਦੇ ਖੇਤਰ ਵਿੱਚ ਲਗਾਏ ਜਾਣੇ ਹਨ ਉਨ੍ਹਾਂ ਦਾ ਕਰਾਈਟੇਰੀਆ ਅਤੇ ਪਰੀਓਰਟੀ ਕੀ ਹੈ ? ਕੀ ਉਸ ਵਿੱਚ ਅਨੰਦਪੁਰ ਤਹਿਸੀਲ ਦਾ ਏਰੀਆ ਸ਼ਾਮਲ ਹੈ। ਜਿਥੇ ਕਿ ਟਿਊਬਵੈਲ ਲਗਾਏ ਜਾਣੇ ਹਨ ?

ਮੰਤਰੀ: ਡਾਕਟਰ ਸਾਹਿਬ ਨੂੰ ਪਤਾ ਹੈ ਕਿ ਅਸੀਂ ਉਨ੍ਹਾਂ ਦੇ ਏਰੀਆ ਵਿੱਚ ਪਹਿਲਾਂ ਟਿਊਬਵੈਲ ਲਗਾਉਣ ਦੀ ਕੋਸ਼ਿਸ਼ ਕੀਤੀ ਸੀ ਪਰ ਪਾਣੀ ਨਹੀਂ ਸੀ ਮਿਲਿਆ ਅਤੇ ਉਹ ਅਬੰਡਨ ਕਰ ਦਿੱਤੇ। ਇਹ ਮੈਨੂੰ ਮਿਲੇ ਵੀ ਸਨ। ਅਸੀਂ ਫਿਰ ਕੋਸ਼ਿਸ਼ ਕਰ ਲਵਾਂਗੇ ਉਥੇ ਟਿਊਬਵੈਲ ਲਗਵਾਉਣ ਦੀ ਪਰ ਜੇਕਰ ਪਾਣੀ ਨਾ ਮਿਲਿਆ ਤਾਂ ਟਿਊਬਵੈਲ ਲਗਾਉਣ ਦਾ ਸਾਰਾ ਖਰਚਾ ਫਜ਼ੂਲ ਹੀ ਜਾਵੇਗਾ।

Mr. Speaker : Next question No. *776. Sajwar Ji is not present and there is no authority from his side.

(ਸਬੰਧਤ ਮਾਨਯੋਗ ਮੈਂਬਰ ਸਾਹਿਬ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਣ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

ਜ਼ਿਲ੍ਹਾ ਮਾਨਸਾ ਵਿਚ ਨਵੇਂ ਵਿਕਾਸ ਬਲਾਕ ਬਣਾਉਣਾ

*667. **ਕਾਮਰੇਡ ਹਰਦੇਵ ਸਿੰਘ ਅਰਸ਼ੀ:** ਕੀ ਪੇਂਡੂ ਵਿਕਾਸ ਅਤੇ ਪੰਚਾਇਤਾਂ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ 13 ਅਪਰੈਲ, 1992 ਤੋਂ ਨਵੇਂ ਬਣਾਏ ਗਏ ਜ਼ਿਲ੍ਹਾ ਮਾਨਸਾ ਵਿਚ ਨਵੇਂ ਵਿਕਾਸ ਬਲਾਕਾਂ ਦੀ ਹੱਦਬੰਦੀ ਕਰਨ ਦਾ ਕੋਈ ਪ੍ਰਸਤਾਵ ਸਰਕਾਰ ਦੇ ਵਿਚਾਰ ਅਧੀਨ ਹੈ ;

[ਕਾਮਰੇਡ ਹਰਦੇਵ ਸਿੰਘ ਅਰਸ਼ੀ]

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ 'ਹਾਂ' ਵਿਚ ਹੋਵੇ, ਤਾਂ ਨਵੇਂ ਬਣਾਏ ਜਾਣ ਵਾਲੇ ਬਲਾਕਾਂ ਦੇ ਨਾਂ ਕੀ ਕੀ ਹਨ ਅਤੇ ਇਨਾਂ ਦੇ ਕਦੋਂ ਤੱਕ ਬਣਾਏ ਜਾਣ ਦੀ ਸੰਭਾਵਨਾ ਹੈ ?.

Sardar Umrao Singh : (a & b) The case for re-organisation and creation of Blocks in the State is under active consideration of the Government.

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਮਾਨਸਾ ਨੂੰ ਨਵਾਂ ਜ਼ਿਲ੍ਹਾ ਬਣਾਇਆ ਗਿਆ ਤਾਂ ਕੀ ਉਸ ਵੇਲੇ ਸਰਕਾਰ ਪਾਸ ਕੋਈ ਮਾਨਸਾ ਜ਼ਿਲ੍ਹੇ ਵਿਚ ਨਵੇਂ ਬਲਾਕ ਬਣਾਉਣ ਦੀ ਪਰਪੋਜ਼ਲ ਆਈ ਸੀ ?

ਮੰਤਰੀ : ਰਾਜ ਦੇ ਸਾਰੇ ਜ਼ਿਲ੍ਹਿਆਂ ਤੋਂ ਨਵੇਂ ਬਲਾਕਾਂ ਸਬੰਧੀ ਪਰਪੋਜ਼ਲਾਂ ਮੰਗੀਆਂ ਗਈਆਂ ਹਨ ਅਤੇ ਸਰਕਾਰ ਉਨ੍ਹਾਂ ਤੇ ਵਿਚਾਰ ਕਰ ਰਹੀ ਹੈ ਔਰ ਮੇਰਾ ਖਿਆਲ ਹੈ ਕਿ ਪੰਚਾਇਤ ਸੰਮਤੀਆਂ ਦੀਆਂ ਚੋਣਾਂ ਤੋਂ ਪਹਿਲਾਂ ਇਨ੍ਹਾਂ ਬਾਰੇ ਫੈਸਲਾ ਕਰ ਲਿਆ ਜਾਵੇਗਾ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਮੈਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਮਾਨਸਾ ਜ਼ਿਲ੍ਹੇ ਦੇ ਨਵੇਂ ਬਲਾਕਾਂ ਦੀ ਪਰਪੋਜ਼ਲ ਆਈ ਹੈ, ਉਨ੍ਹਾਂ ਬਲਾਕਾਂ ਦੇ ਨਾਂ ਦੱਸਣਗੇ ?

ਸ੍ਰੀ ਸਪੀਕਰ : ਅਰਸ਼ੀ ਜੀ, ਤੁਸੀਂ ਇਸ ਬਾਰੇ ਸੈਪਰੇਟ ਤੌਰ ਤੇ ਪੁੱਛ ਲਵੋ।

ਡਾਕਟਰ ਹਰਬੰਸ ਲਾਲ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਨਵਾਂ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਬਣਿਆ ਹੈ, ਉਸ ਦੇ ਵਿੱਚ ਬਹੁਤ ਸਾਰੇ ਪਿੰਡ ਐਸੇ ਹਨ ਜਿਹੜੇ ਕਿ ਪਟਿਆਲਾ ਜ਼ਿਲ੍ਹੇ ਦੇ ਨਾਲੋਂ ਤੋੜ ਕੇ ਲਗਾਏ ਗਏ ਹਨ। ਨਾ ਤਾਂ ਉਨ੍ਹਾਂ ਪਿੰਡਾਂ ਨੂੰ ਫਤਿਹਗੜ੍ਹ ਸਾਹਿਬ ਵਾਲੇ ਝਲਦੇ ਹਨ ਅਤੇ ਨਾ ਹੀ ਪਟਿਆਲਾ ਵਾਲੇ। ਉਹ ਦੱਸੋ ਕਿਸ ਕੋਲ ਜਾਣ।

ਮੰਤਰੀ : ਫਤਿਹਗੜ੍ਹ ਸਾਹਿਬ ਨਵਾਂ ਜ਼ਿਲ੍ਹਾ ਬਣਾਇਆ ਗਿਆ ਹੈ। ਜਿਹੜੀ ਅਸੀਂ ਨਵੇਂ ਬਲਾਕਾਂ ਦੀ ਪਰਪੋਜ਼ਲ ਨੂੰ ਕਨਸਿਡਰ ਕਰ ਰਹੇ ਹਾਂ, ਉਸ ਵਿਚ ਸਾਰਿਆਂ ਪਿੰਡਾਂ ਦਾ ਫੈਸਲਾ ਹੋ ਜਾਵੇਗਾ ਅਤੇ ਇਹ ਬਾਕੀਆਂ ਦੇ ਨਾਲ ਹੋਵੇਗਾ।

ਸ੍ਰੀ ਸੰਤੋਖ ਸਿੰਘ ਚੌਧਰੀ : ਸਪੀਕਰ ਸਾਹਿਬ, ਕੀ ਮੰਤਰੀ ਜੀ ਇਹ ਦੱਸਣ ਦੀ ਖੇਚਲ ਕਰਨਗੇ ਕਿ ਕੰਸਟੀਚਿਊਐਂਸੀਜ਼ ਦੇ ਬਹੁਤੇ ਪਿੰਡ ਕਈ ਕਈ ਬਲਾਕਾਂ ਦੇ ਵਿੱਚ ਸਕੈਟਰਡ ਹੋਏ ਹੋਏ ਹਨ। ਕੀ ਸਰਕਾਰ ਦੇ ਵਿਚਾਰ ਅਧੀਨ ਅਜਿਹੀ ਕੋਈ ਪਾਲਿਸੀ ਹੈ ਕਿ ਉਨ੍ਹਾਂ ਨੂੰ ਇੱਕ ਬਲਾਕ ਵਿੱਚ ਇਕੱਠਾ ਕਰ ਦਿਤਾ ਜਾਵੇ ?

ਮੰਤਰੀ : ਸਪੀਕਰ ਸਾਹਿਬ, ਇਹ ਜਿਹੜੇ ਬਲਾਕ ਹਨ ਉਹ ਤਾਂ ਪਰਮਾਨੈਂਟ ਹਨ, ਕੰਸਟੀ-ਚਊਐਂਸੀਜ਼ ਬਦਲਦੀਆਂ ਰਹਿੰਦੀਆਂ ਹਨ। ਇਸ ਕਰਕੇ ਇਹ ਨਹੀਂ ਹੋ ਸਕਦਾ। ਜੇ ਕੋਈ ਪ੍ਰੋਪੋਜ਼ਲ ਮੈਂਬਰ ਸਾਹਿਬ ਜਾਂ ਡਿਸਟ੍ਰਿਕਟ ਲੈਵਲ ਤੋਂ ਆਵੇਗੀ ਤਾਂ ਉਸ ਨੂੰ ਅਸੀਂ ਜ਼ਰੂਰ ਕੰਸਿਡਰ ਕਰਾਂਗੇ ਕਿਉਂਕਿ ਅਸੀਂ ਖੁਦ ਚਾਹੁੰਦੇ ਹਾਂ ਕਿ ਬਲਾਕ ਕੰਪੈਕਟ ਹੋਣ।

ਰਾਜ ਵਿਚ ਕਣਕ ਦੀ ਪੈਦਾਵਾਰ ਅਤੇ ਖਰੀਦ

*747. **ਸ੍ਰੀ ਮਦਨ ਮੋਹਨ ਮਿੱਤਲ**: ਕੀ ਖੇਤੀਬਾੜੀ ਅਤੇ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਹਾੜ੍ਹੀ 1990 ਤੋਂ ਲੈ ਕੇ ਹੁਣ ਤੱਕ ਸਾਲ-ਵਾਰ ਜ਼ਮੀਨ ਦਾ ਕੁੱਲ ਕਿੰਨਾ ਰਕਬਾ ਕਣਕ ਦੀ ਪੈਦਾਵਾਰ ਹੇਠ ਰਿਹਾ; ਅਤੇ ਸਾਲ ਵਾਰ ਕਣਕ ਦੀ ਕੁੱਲ ਕਿੰਨੀ ਪੈਦਾਵਾਰ ਹੋਈ ?

ਸਰਦਾਰ ਦਿਲਬਾਗ ਸਿੰਘ ਨਵਾਂ ਸ਼ਹਿਰ: ਪੰਜਾਬ ਰਾਜ ਵਿਚ ਕਣਕ ਦੀ ਫ਼ਸਲ ਅਧੀਨ ਸਾਲ (ਰਬੀ) 1990 ਤੋਂ ਲੈ ਕੇ ਅੱਜ ਤੀਕ ਦੇ ਰਕਬੇ ਅਤੇ ਪੈਦਾਵਾਰ ਦੇ ਅੰਕੜੇ ਇਸ ਪ੍ਰਕਾਰ ਹਨ :—

ਸਾਲ		ਰਕਬਾ (000 ਹੈਕਟੇਅਰ)	ਪੈਦਾਵਾਰ (000 ਟਨ)
1990-91	...	3,272	12,155
1991-92	...	3,233	12,295
1992-93 (ਆਰਜ਼ੀ)	...	3,150	12,000

ਸ੍ਰੀ ਮਦਨ ਮੋਹਨ ਮਿੱਤਲ: ਸਰ, ਇਹ ਸਾਲ 1990-91, 1991-92 ਅਤੇ 1992-93 ਦੇ ਅੰਕੜੇ ਦੇਖ ਕੇ ਐਸਾ ਲਗਦਾ ਹੈ ਕਿ ਪੰਜਾਬ ਵਿੱਚ ਗੰਦਮ ਦੀ ਉਪਜ ਥੋੜੀ ਘਟੀ ਹੈ ਲੇਕਿਨ ਜੋ ਫਾਲ ਆਉਂਦਾ ਜਾ ਰਿਹਾ ਹੈ ਕੀ ਪੰਜਾਬ ਦੇ ਕਿਸਾਨ ਨੇ ਗੰਦਮ ਦੀ ਫਸਲ ਘੱਟ ਬੀਜਣੀ ਸ਼ੁਰੂ ਕੀਤੀ ਹੈ ਜਾਂ ਪੰਜਾਬ ਦਾ ਕਿਸਾਨ ਇਹ ਮਹਿਸੂਸ ਕਰ ਰਿਹਾ ਹੈ ਕਿ ਕੇਂਦਰ ਦੀ ਸਰਕਾਰ ਦੀ ਜੋ ਨੀਤੀ ਹੈ ਉਸਨੂੰ ਕੀਮਤ ਦੇਣ ਦੀ, ਉਹ ਘੱਟ ਗਈ ਹੈ ਔਰ ਕਿਸਾਨ ਨੂੰ ਪੂਰਾ ਇਨਸੈਨਟਿਵ ਨਹੀਂ ਮਿਲ ਰਿਹਾ, ਜਿਸ ਕਾਰਨ ਕਣਕ ਦੀ ਉਪਜ ਇਤਨੀ ਘੱਟ ਗਈ ਹੈ ? ਕੱਲ ਹਰਿਆਣਾ ਵਿੱਚ ਵੀ ਇਸ ਸਬੰਧੀ ਗੱਲ ਹੋ ਰਹੀ ਸੀ। ਇਸ ਲਈ ਮੈਂ ਸਪੀਕਰ ਸਾਹਿਬ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਫਾਲ ਕਿਉਂ ਆ ਰਿਹਾ ਹੈ ਅਤੇ ਇਸ ਨੂੰ ਵਧਾਉਣ ਲਈ ਕੀ ਉਪਰਾਲੇ ਕੀਤੇ ਜਾ ਰਹੇ ਹਨ ਤਾਂ ਕਿ ਸੈਂਟਰਲ ਪੂਲ ਵਿੱਚ ਕਮੀ ਨਾ ਆਵੇ ?

ਮੰਤਰੀ: ਮਿੱਤਲ ਸਾਹਿਬ ਨੂੰ ਚਿੰਤਾ ਕਰਨ ਦੀ ਕੋਈ ਜ਼ਰੂਰਤ ਨਹੀਂ, ਜਿੱਥੇ 1990-91 ਵਿੱਚ 3.72 ਲੱਖ ਟਨ ਫੀ ਹੈਕਟਰ, ਸਾਲ 1991-92 ਵਿੱਚ 3.80 ਅਤੇ 1992-93 ਵਿੱਚ 3.81 ਟਨਫੀ ਹੈਕਟਰ ਉਪਜ ਹੋਈ ਹੈ। ਇਹ 3.81 ਇਸ ਵਾਸਤੇ ਹਨ ਕਿ ਮੌਸਮ ਅੱਛਾ ਰਿਹਾ ਤਾਂ 3.91 ਫੀ ਹੈਕਟਰ ਵੀ ਹੋ ਜਾਵੇਗੀ। ਦੂਸਰੇ ਪਾਸੇ ਜਿਹੜਾ ਏਰੀਆ ਹੈ, ਉਹ ਘਟਦਾ ਜਾ ਰਿਹਾ ਹੈ। ਅਸੀਂ ਕੁਝ ਏਰੀਆ ਤੇਲਾਂ ਦੀ ਉਪਜ, ਜਿਵੇਂ ਸੂਰਜ ਮੁਖੀ ਹੈ, ਸਰੋਂ ਹੈ, ਉਸ ਪਾਸੇ ਕਨਵਰਟ ਕਰ ਰਹੇ ਹਾਂ। ਤਾਂ ਕਿ ਖਾਣ ਵਾਲੇ ਜੋ ਤੇਲ ਹਨ ਅਤੇ ਜੋ ਬਾਹਰੋਂ ਮੰਗਵਾਏ ਜਾਂਦੇ ਹਨ ਉਹ ਵੀ ਇੱਥੇ ਮਿਲਣ ਲੱਗ ਪੈਣ ਔਰ ਪੰਜਾਬ ਦੇ ਸੈਂਟਰਲ ਪੂਲ ਵਿੱਚ ਕਦੇ ਵੀ ਅਸੀਂ ਘਾਟ ਨਹੀਂ ਪੈਣ ਦਿਆਂਗੇ ਔਰ ਜ਼ਿਆਦਾ ਤੋਂ ਜ਼ਿਆਦਾ ਹਿੱਸਾ ਪਾਵਾਂਗੇ।

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਜਿਹੜਾ ਰਕਬਾ 3 ਸਾਲਾਂ ਦਾ ਸੀ ਉਹ ਦੱਸ ਦਿੱਤਾ ਹੈ। ਇਸ ਰਕਬੇ ਵਿਚ ਜਿਹੜੀਆਂ ਸਰਕਾਰੀ ਅਫਸਰਾਂ ਦੀਆਂ ਕੋਠੀਆਂ ਵਿੱਚ ਜ਼ਮੀਨਾਂ ਤੋਂ ਫਸਲਾਂ ਲਗਦੀਆਂ ਹਨ ਉਨ੍ਹਾਂ ਦਾ ਵੀ ਜ਼ਿਕਰ ਕੀਤਾ ਗਿਆ ਹੈ ਜਾਂ ਨਹੀਂ ?

ਸ਼੍ਰੀ ਸਪੀਕਰ: ਇਹ ਸਪਲੀਮੈਂਟਰੀ ਨਹੀਂ ਬਣਦੀ।

ਮੰਤਰੀ: ਸਪੀਕਰ ਸਾਹਿਬ, ਇਹ ਜਿਹੜਾ ਸਵਾਲ ਹੈ ਇਸ ਦਾ ਜਵਾਬ ਨਹੀਂ ਦਿੱਤਾ ਜਾ ਸਕਦਾ।

ਸ਼੍ਰੀ ਸਪੀਕਰ: ਮੈਂ ਸਪਲੀਮੈਂਟਰੀ ਤਾਂ ਅਲਾਓ ਹੀ ਨਹੀਂ ਕੀਤੀ। ਜੇ ਤੁਸੀਂ ਇਨਫਰਮੇਸ਼ਨ ਹਾਊਸ ਨੂੰ ਦੇਣੀ ਚਾਹੁੰਦੇ ਹੋ ਤਾਂ ਬੇਸ਼ੱਕ ਦੇ ਦਿਓ।

ਡਾਕਟਰ ਹਰਬੰਸ ਲਾਲ: ਸਪੀਕਰ ਸਾਹਿਬ, ਮੈ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਝਾੜ ਘੱਟ ਰਿਹਾ ਹੈ ਅਤੇ ਬਹੁਤ ਸਾਰੇ ਕਿਸਾਨ ਆਪਣੇ ਤੌਰ ਤੇ ਖੋਜ ਕਰਕੇ ਫਸਲ ਵਧਾ-ਉਣ ਲਈ ਉਪਰਾਲੇ ਕਰ ਰਹੇ ਹਨ, ਕੀ ਇਹੋ ਜਿਹੇ ਕਿਸਾਨ ਜਿਹੜੇ ਹਨ ਉਨ੍ਹਾਂ ਨੂੰ ਅਵਾਰਡ ਦੇਣ ਵਾਸਤੇ ਕੋਈ ਸਕੀਮ ਹੈ, ਤਾਂ ਕਿ ਕਿਸਾਨ ਅੱਗੇ ਉਭਰ ਸਕੇ ?

ਸ਼੍ਰੀ ਸਪੀਕਰ: ਇਹ ਸਪਲੀਮੈਂਟਰੀ ਨਹੀਂ ਪਰ ਮੰਤਰੀ ਸਾਹਿਬ ਤੁਹਾਡੇ ਤੇ ਦਿਆਲ ਹਨ, ਉਹ ਉੱਤਰ ਦੇ ਦੇਣ।

ਮੰਤਰੀ: ਇਹ ਗੱਲ ਬਿਲਕੁਲ ਗਲਤ ਹੈ ਕਿ ਝਾੜ ਘੱਟ ਰਿਹਾ ਹੈ। ਮੈਂ ਕਿਹਾ ਹੈ ਕਿ ਝਾੜ ਤਾਂ ਵੱਧ ਰਿਹਾ ਹੈ ਪਰ ਏਰੀਆ ਘੱਟ ਰਿਹਾ ਹੈ। ਏਰੀਏ ਦੇ ਘਟਣ ਦਾ ਕਾਰਨ ਇਹ ਹੈ ਕਿ ਅਸੀਂ ਕੁਝ ਰਕਬਾ ਖਾਣ ਵਾਲੇ ਤੇਲਾਂ ਦੇ ਬੀਜ ਉਗਾਉਣ ਲਈ ਕਨਵਰਟ ਕਰ ਰਹੇ ਹਾਂ।

ਅੰਮ੍ਰਿਤਸਰ ਵਿਖੇ 100-ਬਿਸਤਰਿਆਂ ਦਾ ਸਿਵਲ ਹਸਪਤਾਲ ਖੋਲ੍ਹਣਾ

*630. **ਸ਼੍ਰੀਮਤੀ ਵਿਮਲਾ ਡਾਂਗ**: ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਅੰਮ੍ਰਿਤਸਰ ਵਿਖੇ 100 ਬਿਸਤਰਿਆਂ ਵਾਲਾ ਇਕ ਹੋਰ ਸਿਵਲ ਹਸਪਤਾਲ ਖੋਲ੍ਹਣ ਦੀ ਤਜਵੀਜ਼ ਰੱਖਦੀ ਹੈ; ਜੇਕਰ ਅਜਿਹਾ ਹੋਵੇ, ਤਾਂ ਉਕਤ ਹਸਪਤਾਲ ਕਦੋਂ ਤੱਕ ਖੋਲ੍ਹਿਆ ਜਾਵੇਗਾ ?

ਸਰਦਾਰ ਲਾਲ ਸਿੰਘ: ਹਾਂ ਜੀ।

ਪੰਜਾਬ ਸ਼ਰਕਾਰ ਨੇ ਅੰਮ੍ਰਿਤਸਰ ਵਿਖੇ ਇਕ 100 ਬਿਸਤਰਿਆਂ ਦਾ ਹਸਪਤਾਲ ਸਥਾਪਿਤ ਕਰਨ ਦਾ ਫੈਸਲਾ ਕੀਤਾ ਹੈ। ਇਸ ਹਸਪਤਾਲ ਨੇ ਸ਼ੁਰੂ ਵਿਚ 50 ਇਨਡੋਰ ਬਿਸਤਰਿਆਂ ਦੀ ਸਮਰੱਥਾ ਨਾਲ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ।

ਸ਼੍ਰੀਮਤੀ ਵਿਮਲਾ ਡਾਂਗ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦੀ ਹਾਂ ਕਿ 100 ਬੈਡਜ਼ ਦਾ ਹਸਪਤਾਲ ਬਣਾਉਣ ਦਾ ਜੋ ਫੈਸਲਾ ਕੀਤਾ ਹੈ, ਇਹ ਕਦੋਂ ਤੱਕ ਪੂਰਾ ਹੋ ਜਾਵੇਗਾ। ਇਸ ਤੋਂ ਇਲਾਵਾ ਜੋ ਹਸਪਤਾਲ ਖੋਲ੍ਹਿਆ ਹੈ, ਉਸ ਵਿਚ ਐਕਸਰੇ ਅਤੇ ਹੋਰ ਇਕੁ-ਇਪਮੈਂਟ ਅਜੇ ਤੱਕ ਨਹੀਂ ਆਇਆ, ਇਹ ਸਾਰਾ ਅਤੇਜਮੈਂਟ ਕਦੋਂ ਤੱਕ ਹੋ ਜਾਵੇਗਾ ਤਾਂ ਕਿ ਸੈਲਫ ਸਫੀਸ਼ੀਐਂਟ ਹਸਪਤਾਲ ਬਣ ਸਕੇ।

ਮੰਤਰੀ : ਸਪੀਕਰ ਸਾਹਿਬ, ਕੰਮ-ਕਾਰ ਚਲਾਉਣ ਲਈ ਵਾਧੂ ਸਮਾਨ ਅਤੇ ਪੈਸਾ ਜਿਹੜਾ ਪਿਆ ਸੀ; ਉਸ ਨੂੰ ਡਾਈਵਰਟ ਕਰਕੇ ਹਸਪਤਾਲ ਵਿਚ ਲਾਇਆ ਜਾ ਰਿਹਾ ਹੈ। ਬਾਕੀ ਦਾ ਲੋੜੀਂਦਾ ਸਮਾਨ ਵੀ ਜਲਦੀ ਖਰੀਦਿਆ ਜਾਵੇਗਾ ਅਤੇ 50 ਤੋਂ 100 ਬਿਸਤਰਿਆਂ ਦਾ ਪ੍ਰਬੰਧ ਵੀ ਛੇਤੀ ਕੀਤਾ ਜਾਵੇਗਾ ।

श्रीमति लक्ष्मी कांता चावला : अध्यक्ष महोदय, मैं आपके द्वारा मंत्री महोदय से पूछना चाहती हूं कि 50 बिस्तरों का जो अस्पताल है, उसमें क्या ऐमरजेंसी वार्ड काम कर रहा है ?

ਮੰਤਰੀ : ਸਪੀਕਰ ਸਾਹਿਬ, ਇਹ ਹਸਪਤਾਲ ਸ਼ੁਰੂ ਕਰਨ ਦਾ ਫੈਸਲਾ ਅਸੀਂ ਹੁਣੇ ਹੀ ਥੋੜਾ ਚਿਰ ਪਹਿਲਾਂ ਕੀਤਾ ਸੀ। ਐਮਰਜੰਸੀ ਸਿਸਟਮ ਵੀ ਜਲਦੀ ਹੀ ਲਾਗੂ ਕਰਾਂਗੇ

ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ ਵਿਚ ਫੰਡਾਂ ਦੀ ਕੁਵਰਤੋਂ

*666. **ਕਾਮਰੇਡ ਹਰਦੇਵ ਸਿੰਘ ਅਰਸ਼ੀ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਕਿਸੇ ਵਿਧਾਇਕ ਨੇ ਅਕਤੂਬਰ, 1992 ਦੇ ਮਹੀਨੇ ਵਿਚ ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ ਵਿਚ ਫੰਡਾਂ ਦੀ ਕੁਵਰਤੋਂ ਸਬੰਧੀ ਸਕੱਤਰ, ਸਿੱਖਿਆ ਵਿਭਾਗ ਨੂੰ ਕੋਈ ਪੱਤਰ ਲਿਖਿਆ ਸੀ; ਜੇਕਰ ਅਜਿਹਾ ਹੋਵੇ ਤਾਂ ਉਸਦੀ ਕਾਪੀ ਅਤੇ ਉਸ ਤੇ ਕੀਤੀ ਗਈ ਕਾਰਵਾਈ, ਜੇਕਰ ਹੋਵੇ, ਸਦਨ ਦੀ ਮੇਜ਼ ਤੇ ਰੱਖੀ ਜਾਵੇ ?

ਸ੍ਰੀ ਹਰਨਾਮ ਦਾਸ ਜੌਹਰ : ਹਾਂ ਜੀ। ਮਾਨਯੋਗ ਵਿਧਾਇਕ ਵਲੋਂ ਪ੍ਰਾਪਤ ਹੋਏ ਪੱਤਰ ਦੀ ਕਾਪੀ ਅਨੁਲੱਗ 'ੳ' ਤੇ ਹੈ। ਇਸ ਪੱਤਰ ਦਾ ਉੱਤਰ ਵੀ ਮਾਨਯੋਗ ਵਿਧਾਇਕ ਨੂੰ ਭੇਜਿਆ ਗਿਆ ਸੀ ਜਿਸ ਦੀ ਕਾਪੀ ਅਨੁਲੱਗ 'ਅ' ਤੇ ਹੈ। ਇਸ ਪੱਤਰ ਵਿਚ ਲਗਾਏ ਗਏ ਦੋਸ਼ਾਂ ਬਾਰੇ ਅਗਲੀ ਕਾਰਵਾਈ ਕੀਤੀ ਜਾ ਰਹ ਹੈ ।

ਅਨੁਲਗ 'ੳ'

ਮੈਂਬਰ,

ਪੰਜਾਬ ਵਿਧਾਨ ਸਭਾ ।

ਪੱਤਰ ਨੰ: 167/ਐਮ.ਐਲ.ਏ.

ਮਿਤੀ 15 ਅਕਤੂਬਰ, 1992

ਪਿਆਰੇ ਛਾਬੜਾ ਜੀ,

ਆਪ ਦੇ ਅਧੀਨ ਵਿਭਾਗ ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ ਵਿੱਚ ਕੰਮ ਕਰਦੇ ਸੀਨੀਅਰ ਸਹਾਇਕ ਅਤੇ ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ ਕਰਮਚਾਰੀ ਯੂਨੀਅਨ ਦੇ ਪ੍ਰਧਾਨ ਸ੍ਰੀ ਕਰਮਿੰਦਰ ਸਿੰਘ ਨੂੰ ਲੋਕ-ਹਿਤ ਵਿਰੋਧੀ ਅਨਸਰਾਂ ਦੁਆਰਾ ਮੁਅੱਤਲ ਕਰ ਦਿੱਤਾ ਗਿਆ ਹੈ ਕਿਉਂਕਿ ਉਹ ਆਪ ਦੇ ਆਦੇਸ਼ਾਂ ਅਨੁਸਾਰ ਸਰਕਾਰੀ ਡਿਊਟੀ ਕਰ ਰਿਹਾ ਸੀ। ਇਸ ਮੁਅੱਤਲੀ ਸਬੰਧੀ ਕੋਈ ਪ੍ਰੀਮਾ ਫੇਸੀ ਕੇਸ ਨਹੀਂ ਹੈ ਤੇ ਨਾ ਹੀ ਕੋਈ ਦੋਸ਼-ਪੱਤਰ ਦਿੱਤਾ ਗਿਆ ਹੈ ।

[ਸਿੱਖਿ ਆ ਮੰਤਰੀ]

ਸ੍ਰੀ ਕਰਮਿੰਦਰ ਸਿੰਘ ਨੂੰ ਦਫ਼ਤਰ ਵੱਲੋਂ ਜਾਰੀ ਪੱਤਰਾਂ ਤੋਂ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਬੋਰਡ ਦੀਆਂ ਬੇ-ਨਿਯਮੀਆਂ ਬਾਰੇ ਅਖ਼ਬਾਰਾਂ ਵਿੱਚ ਪ੍ਰਕਾਸ਼ਿਤ ਹੋਈਆਂ ਖਬਰਾਂ ਛਪਵਾਉਣ ਦਾ ਦੋਸ਼ ਉਸ ਉੱਤੇ ਅਨਉਚਿਤ ਮੜ੍ਹਿਆ ਜਾ ਰਿਹਾ ਹੈ ਤਾਂ ਜੋ ਦਫ਼ਤਰ ਵਿਚ ਹੋਈ ਲਗਭਗ ਤੀਹ ਲੱਖ ਦੀ ਹੇਰਾਫੇਰੀ ਨੂੰ ਢਕੀ ਰੱਖਿਆ ਜਾ ਸਕੇ। ਕਿਉਂਕਿ ਆਪ ਦੇ ਆਦੇਸ਼ਾਂ ਅਨੁਸਾਰ ਉਸ ਨੇ ਇਹ ਪਾਜ ਉਧੇੜਨ ਦਾ ਯਤਨ ਕੀਤਾ ਹੈ। ਇਸ ਵਿਚ ਬੋਰਡ ਦਾ ਸੁਪਰਡੈਂਟ ਪੂਰੀ ਤਰ੍ਹਾਂ ਦੋਸ਼ੀ ਹੈ। ਇਸ ਲਈ ਉਹ ਹਰ ਹੀਲੇ ਅਫ਼ਸਰਾਂ ਦਾ ਧਿਆਨ ਇਸ ਮੁੱਦੇ ਤੋਂ ਹਟਾਉਣ ਲਈ ਅਖਬਾਰਾਂ ਵਿਚ ਹੋਰ ਦਫ਼ਤਰੀ ਮਾਮਲਿਆਂ ਬਾਰੇ ਖੁਦ ਖਬਰਾਂ ਦੇ ਕੇ ਦੋਸ਼ ਸ੍ਰੀ ਕਰਮਿੰਦਰ ਸਿੰਘ ਦੇ ਨਾਂ ਮੜ੍ਹਨ ਦੇ ਯਤਨਾਂ ਵਿਚ ਹੈ।

ਇਹ ਗੱਲ ਦਫ਼ਤਰ ਖੁਦ ਮੰਨਦਾ ਹੈ ਕਿ ਅਖ਼ਬਾਰਾਂ ਵਿਚ ਖਬਰਾਂ ਸ੍ਰੀ ਕਰਮਿੰਦਰ ਸਿੰਘ ਦੇ ਸਬੰਧਤ ਸੀਟ ਛੱਡਣ ਤੋਂ ਬਾਅਦ ਆਈਆਂ ਹਨ। ਫਿਰ ਇਸ ਸਬੰਧੀ ਬਿਨਾਂ ਕਿਸੇ ਇਨਵੈਸਟੀਗੇਸ਼ਨ ਦੇ ਦੋਸ਼ ਉਸ ਉੱਤੇ ਮੜ੍ਹਨਾ ਕਿਸ ਤਰ੍ਹਾਂ ਵਾਜਬ ਹੈ ? ਅਖ਼ਬਾਰ ਵਿਚ ਖਬਰਾਂ ਛਪਣ ਤੋਂ ਬਾਅਦ ਖੁਦ ਕਰਮਿੰਦਰ ਸਿੰਘ ਉਹ ਵਾਹਿਦ ਸ਼ਖਸ ਸੀ ਜਿਸ ਨੇ ਦਫ਼ਤਰ ਨੂੰ ਇਹ ਲਿਖ ਕੇ ਬੇਨਤੀ ਕੀਤੀ ਕਿ ਇਹ ਉਸ ਵਿਰੁੱਧ ਕਿਸੇ ਸਾਜਿਸ਼ ਦਾ ਸੂਤਰਪਾਤ ਹੈ ਤੇ ਇਸ ਦੀ ਤੁਰੰਤ ਜਾਂਚ ਕੀਤੀ ਜਾਣੀ ਚਾਹੀਦੀ ਹੈ। ਪਰੰਤੂ ਜਾਂਚ ਦੀ ਗੱਲ ਤਾਂ ਦੂਰ ਉਸ ਨੂੰ ਸਿੱਧਾ ਬਿਨਾਂ ਚਾਰਜਸੀਟ ਤੋਂ ਮੁਅੱਤਲ ਕਰ ਦਿੱਤਾ ਗਿਆ ਹੈ। ਕੀ ਸਰਕਾਰ ਵੱਲੋਂ ਸਰਕਾਰੀ ਦਫ਼ਤਰਾਂ ਵਿਚੋਂ ਕੁਰੱਪਸ਼ਨ ਖਤਮ ਕਰਨ ਦਾ ਇਹ ਨਵਾਂ ਜਮਹੂਰੀ ਢੰਗ ਹੈ ਕਿ ਦੋਸ਼ੀ ਦੀ ਇਨ-ਕੁਆਰੀ ਰੋਕਣ ਲਈ ਲੋਕ-ਹਿਤ ਵਿਚ ਇਮਾਨਦਾਰੀ ਅਤੇ ਨੇਕ-ਨੀਤੀ ਨਾਲ ਕੰਮ ਕਰਨ ਵਾਲੇ ਕਰਮਚਾਰੀਆਂ ਨੂੰ ਸਜ਼ਾ ਦਿੱਤੀ ਜਾਵੇ ?

ਅਖ਼ਬਾਰਾਂ ਵਿਚ ਛਪੀਆਂ ਖ਼ਬਰਾਂ ਤੀਹ ਲੱਖ ਦੀ ਹੇਰਾਫੇਰੀ ਸੁਪਰਡੈਂਟ ਦੁਆਰਾ ਕੀਤੀਆਂ ਬੇ-ਨਿਯਮੀਆਂ ਦੀ ਤੁਰੰਤ ਜਾਂਚ ਕੀਤੀ ਜਾਣੀ ਚਾਹੀਦੀ ਹੈ ਅਤੇ ਨੇਕ-ਨੀਅਤ, ਇਮਾਨਦਾਰ ਤੇ ਮਿਹਨਤੀ ਕਰਮ-ਚਾਰੀਆਂ ਨੂੰ ਅੱਗੋਂ ਲਈ ਉਤਸ਼ਾਹ ਮਿਲੇ। ਇਸ ਲਈ ਸ੍ਰੀ ਕਰਮਿੰਦਰ ਸਿੰਘ ਨੂੰ ਤੁਰੰਤ ਬਹਾਲ ਕੀਤਾ ਜਾਣਾ ਚਾਹੀਦਾ ਹੈ। ਜੇਕਰ ਸ੍ਰੀ ਕਰਮਿੰਦਰ ਸਿੰਘ ਵਿਰੁੱਧ ਇਨਕੁਆਰੀ ਕਰਕੇ ਕੋਈ ਦੋਸ਼ ਸਾਬਿਤ ਕੀਤਾ ਜਾ ਸਕਦਾ ਹੈ ਤਾਂ ਉਸ ਬਾਰੇ ਨਿਯਮਾਂ ਅਧੀਨ ਵੱਖਰੀ ਕਾਰਵਾਈ ਕੀਤੀ ਜਾ ਸਕਦੀ ਹੈ।

ਮੈਂ ਆਸ ਕਰਦਾ ਹਾਂ ਕਿ ਜਮਹੂਰੀਅਤ ਦੀ ਰਾਖੀ ਲਈ ਨਿਯਮਾਂ ਅਧੀਨ ਢੁਕਵੇਂ ਢੰਗ ਹੀ ਇਸਤੇਮਾਲ ਕੀਤੇ ਜਾਣੇ ਬਣਦੇ ਹਨ।

ਕੀਤੀ ਕਾਰਵਾਈ ਸਬੰਧੀ ਜਾਣਕਾਰੀ ਦੇਣ ਲਈ ਧੰਨਵਾਦੀ ਹੋਵਾਂਗਾ।

ਆਪ ਦਾ ਹਿਤੂ

ਸਹੀ

ਹਰਦੇਵ ਸਿੰਘ ਅਰਸ਼ੀ,

ਐਮ.ਐਲ.ਏ.

ਬੁਢਲਾਡਾ (ਮਾਨਸਾ)

ਸ੍ਰੀ ਰਾਜੇਸ਼ ਛਾਬੜਾ,

ਆਈ.ਏ.ਐਸ.

ਸਕੱਤਰ, ਪੰਜਾਬ ਸਰਕਾਰ

ਸਿੱਖਿਆ ਵਿਭਾਗ।

ਅਨੁਲੱਗ 'ਅ'

ਨੰ: 1907,

ਮਿਤੀ 2 ਦਸੰਬਰ, 1992

ਸੇਵਾ ਵਿਖੇ,

ਸ੍ਰੀ ਹਰਦੇਵ ਸਿੰਘ ਅਰਸ਼ੀ,
ਮੈਂਬਰ, ਪੰਜਾਬ ਵਿਧਾਨ ਸਭਾ,
ਬੁਢਲਾਡਾ (ਮਾਨਸਾ)।

ਸ੍ਰੀਮਾਨ ਜੀ,

ਆਪ ਜੀ ਵੱਲੋਂ ਸ੍ਰੀ ਰਾਜੇਸ਼ ਛਾਬੜਾ, ਆਈ.ਏ.ਐਸ. ਸਕੱਤਰ ਪੰਜਾਬ ਸਰਕਾਰ, ਸਿੱਖਿਆ ਵਿਭਾਗ ਚੰਡੀਗੜ੍ਹ ਜੀ ਦੇ ਨਾਂ ਲਿਖੇ ਗਏ ਅਰਧ-ਸਰਕਾਰੀ ਪੱਤਰ ਨੰ: 167/ਐਮ.ਐਲ.ਏ. ਮਿਤੀ 15 ਅਕਤੂਬਰ, 1992 ਦੇ ਹਵਾਲੇ ਵਿਚ ਬੇਨਤੀ ਹੈ ਕਿ ਸ੍ਰੀ ਕਰਮਿੰਦਰ ਸਿੰਘ, ਸੀਨੀਅਰ ਸਹਾਇਕ ਨੂੰ ਗੰਭੀਰ ਦੁਰਾਚਾਰ ਅਤੇ ਅਨੁਸਾਸ਼ਨੀ/ਵਿੱਤੀ ਬੇ-ਨਿਯਮੀਆਂ ਦੇ ਦੋਸ਼ਾਂ ਕਾਰਨ ਮੁਅੱਤਲ ਕੀਤਾ ਗਿਆ ਹੈ। ਉਸ ਦੀ ਮੁਅੱਤਲੀ ਦੇ ਸਬੰਧ ਵਿਚ ਨਿਯਮਾਂ ਅਨੁਸਾਰ ਦੋਸ਼ ਪੱਤਰ ਉਨ੍ਹਾਂ ਨੂੰ ਮਿਤੀ 17 ਨਵੰਬਰ, 1992 ਨੂੰ ਜਾਰੀ ਕਰ ਦਿੱਤਾ ਗਿਆ ਹੈ ਅਤੇ ਉਸ ਵੱਲੋਂ ਇਸ ਦਾ ਉੱਤਰ ਪ੍ਰਾਪਤ ਹੋਣ ਉਪਰੰਤ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

ਜਿਥੋਂ ਤੱਕ ਦੂਸਰੇ ਮਸਲਿਆਂ ਦਾ ਸੰਬੰਧ ਹੈ ਇਨ੍ਹਾਂ ਬਾਰੇ ਦਫ਼ਤਰ ਦੀ ਪੱਧਰ ਤੇ ਪੜਤਾਲ ਕਰਵਾਈ ਜਾ ਰਹੀ ਹੈ ਅਤੇ ਸਥਿਤੀ ਸਪਸ਼ਟ ਹੋਣ ਉਪਰੰਤ ਦੋਸ਼ੀਆਂ ਵਿਰੁੱਧ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

ਧੰਨਵਾਦ ਸਹਿਤ,

ਵਿਸ਼ਵਾਸਪਾਤਰ,

ਸਹੀ।

ਡਾਇਰੈਕਟਰ,
ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ-ਬੁੱਕ ਬੋਰਡ,
ਚੰਡੀਗੜ੍ਹ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਜਿਹੜੀ ਚਿੱਠੀ ਲਿਖੀ ਗਈ ਹੈ, ਉਹ ਨਾਲ ਲਗਾ ਦਿੱਤੀ ਗਈ ਹੈ। 1 ਦਸੰਬਰ, 1992 ਦਾ ਉੱਤਰ ਵੀ ਨਾਲ ਲਗਾ ਦਿੱਤਾ ਗਿਆ ਹੈ ਅਤੇ ਉਸ ਵਿਚ ਦੱਸਿਆ ਗਿਆ ਹੈ ਕਿ ਕਾਰਵਾਈ ਕੀਤੀ ਜਾ ਰਹੀ ਹੈ। ਮੇਰਾ ਮੇਨ ਮੁੱਦਾ ਇਹ ਹੈ ਕਿ ਇਸ ਵਿਚ 30 ਲੱਖ ਦਾ ਸਕੈਂਡਲ ਹੈ। 1982 ਦੀ ਬੈਲੰਸ ਸ਼ੀਟ ਵਿਚ, 1985 ਦੀ ਬੈਲੰਸ ਸ਼ੀਟ ਵਿਚ ਅਤੇ ਹੁਣ ਦੀ ਬੈਲੰਸ ਸ਼ੀਟ ਵਿਚ 30 ਲੱਖ ਦਾ ਗਬਨ ਜਿਉਂ ਦਾ ਤਿਉਂ ਹੈ। ਇਹ ਸਾਰਾ ਪੈਸਾ ਕਿਥੇ ਗਿਆ ਅਤੇ ਸੁਪਰਡੰਟ ਦੇ ਖਿਲਾਫ਼ ਕੀ ਕਾਰਵਾਈ ਕੀਤੀ ਜਾ ਰਹੀ ਹੈ ?

ਮੰਤਰੀ : ਸਪੀਕਰ ਸਾਹਿਬ, ਜਦੋਂ ਡਿਪਾਰਟਮੈਂਟ ਨੂੰ ਪਤਾ ਲੱਗਿਆ ਤਾਂ 18 ਸਤੰਬਰ, 1992 ਨੂੰ ਕਰਮਚਾਰੀ ਸਸਪੈਂਡ ਕਰ ਦਿੱਤਾ ਗਿਆ ਹੈ। ਅਕਤੂਬਰ, 1992 ਨੂੰ ਮਾਨਯੋਗ ਐਮ.ਐਲ.ਏ. ਸਾਹਿਬ ਦਾ ਪੱਤਰ ਮਿਲਿਆ ਹੈ। । ਕਰਮਚਾਰੀ ਅੰਡਰ ਸਸਪੈਨਸ਼ਨ ਹੈ ਅਤੇ 17 ਨਵੰਬਰ, 1992 ਨੂੰ ਉਸ ਨੂੰ ਚਾਰਜ-ਸ਼ੀਟ ਇਸ਼ੂ ਕੀਤੀ ਗਈ ਹੈ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਮੈਨੂੰ ਅਫਸੋਸ ਹੈ ਕਿ ਮੰਤਰੀ ਜੀ ਮੇਰੇ ਸਵਾਲ ਨੂੰ ਟਾਲ ਰਹੇ ਹਨ। ਮੇਰਾ ਪ੍ਰਸ਼ਨ ਕਲਰਕ ਬਾਰੇ ਨਹੀਂ ਬਲਕਿ ਸੁਪਰਡੰਟ ਬਾਰੇ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਸਟੇਟ ਐਜੂਕੇਸ਼ਨ ਸੈਕਟਰੀ ਨੇ ਇਨਕੁਆਰੀ ਮਾਰਕ ਕੀਤੀ ਹੈ। 15 ਦਿਨਾਂ ਦਾ ਨੋਟਿਸ ਦਿੱਤਾ ਹੈ। ਉਸ ਇਨਕੁਆਰੀ ਦੀ ਰਿਪੋਰਟ ਆ ਗਈ ਹੈ ਅਤੇ 17 ਸਤੰਬਰ 1992 ਨੂੰ ਸਬਮਿਟ ਕਰ ਦਿੱਤੀ ਗਈ ਹੈ । ਜਿਸ ਵਿਚ 30 ਲੱਖ ਵਿਚੋਂ 12 ਲੱਖ ਦਾ ਦੋਸ਼ ਸਾਬਤ ਹੋ ਗਿਆ ਹੈ ਪਰ ਹਾਲੇ ਤੱਕ ਉਸ ਖਿਲਾਫ ਕਾਰਵਾਈ ਕਿਉਂ ਨਹੀ ਕੀਤੀ ਗਈ ਹੈ ?

ਮੰਤਰੀ : ਸਤਿਕਾਰਯੋਗ ਸਪੀਕਰ ਸਾਹਿਬ, ਜਿਸ ਤਰ੍ਹਾਂ ਮੈਂ ਪਹਿਲਾਂ ਵੀ ਦੱਸਿਆ ਹੈ ਕਿ ਕਾਰਵਾਈ ਕੀਤੀ ਜਾ ਰਹੀ ਹੈ, ਕਾਰਵਾਈ ਇਕ ਦਿਨ ਵਿੱਚ ਤਾਂ ਹੋ ਨਹੀਂ ਜਾਂਦੀ, ਜਿਹੜਾ ਪ੍ਰੋਸੈਸ ਹੈ ਉਹ ਚਲ ਰਿਹਾ ਹੈ। ਜੋ ਐਕਸ਼ਨ ਹੋਵੇਗਾ ਉਹ ਮਾਨਯੋਗ ਮੈਂਬਰ ਨੂੰ ਦੱਸ ਦਿੱਤਾ ਜਾਵੇਗਾ ਅਤੇ ਸਦਨ ਦੀ ਮੇਜ਼ ਤੇ ਵੀ ਰੱਖ ਦਿੱਤਾ ਜਾਵੇਗਾ ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪਲੀਮੈਂਟਰੀ ਸਰ ।

ਸ੍ਰੀ ਸਪੀਕਰ : ਅਰਸ਼ੀ ਜੀ, ਤੁਸੀਂ ਪਹਿਲਾਂ ਹੀ 2–3 ਸਪਲੀਮੈਂਟਰੀ ਪੁੱਛ ਲਈਆਂ ਹਨ ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਇਹ ਮਾਮਲਾ ਬੜਾ ਸੀਰੀਅਸ ਹੈ ।

ਸ੍ਰੀ ਸਪੀਕਰ : ਚਲੋ ਇਕ ਹੋਰ ਸਪਲੀਮੈਂਟਰੀ ਤੁਸੀਂ ਪੁੱਛ ਲਓ ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਦੱਸਿਆ ਹੈ ਕਿ ਕਾਰਵਾਈ ਕੀਤੀ ਜਾ ਰਹੀ ਹੈ। ਰਿਪੋਰਟ ਸਬਮਿਟ ਹੋ ਗਈ ਹੈ ਔਰ ਉਸ ਦੇ ਵਿੱਚ ਸੁਪਰਡੰਟ ਗਿਲਟੀ ਸਾਬਤ ਕਰ ਦਿੱਤਾ ਗਿਆ ਹੈ। ਉਸ ਸੁਪਰਡੰਟ ਨੇ ਆਪਣੇ ਡਾਇਰੈਕਟਰ ਨੂੰ ਲਿਖ ਕੇ ਦਿੱਤਾ ਕਿ ਉਸ ਨੂੰ ਇਨਕੁਆਇਰੀ ਰਿਪੋਰਟ ਦਿੱਤੀ ਜਾਵੇ ਔਰ 26 ਨਵੰਬਰ, 1992 ਨੂੰ ਸਾਰੀ ਦੀ ਸਾਰੀ ਰਿਪੋਰਟ ਉਸ ਨੂੰ ਦੇ ਦਿੱਤੀ ਗਈ। ਉਹ ਦੋਸ਼ੀ ਸਾਬਤ ਹੋ ਗਿਆ ਹੈ, ਇਹ ਕਿਸ ਤਰ੍ਹਾਂ ਦੀ ਸਜ਼ਾ ਉਸ ਨੂੰ ਦਿੱਤੀ ਜਾ ਰਹੀ ਹੈ ?

ਸ੍ਰੀ ਸਪੀਕਰ : ਅਰਸ਼ੀ ਜੀ, ਉਨ੍ਹਾਂ ਦੇ ਦੱਸ ਦਿੱਤਾ ਹੈ ਕਿ ਇਨਕੁਆਰੀ ਚਲ ਰਹੀ ਹੈ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਉਸ ਨੂੰ ਸਜ਼ਾ ਦੇਣ ਦੀ ਬਜਾਏ ਇਨਕੁਆਰੀ ਰਿਪੋਰਟ ਸੁਪਰਡੰਟ ਨੇ ਆਪਣੇ ਕੋਲ ਮੰਗਵਾ ਲਈ ....(ਵਿਘਨ)

ਪੇਂਡੂ ਵਿਕਾਸ ਅਤੇ ਪੰਚਾਇਤਾਂ ਮੰਤਰੀ : ਸਪੀਕਰ ਸਾਹਿਬ, ਇਨਫਰਮੇਸ਼ਨ ਤਾਂ ਮੈਂਬਰ ਸਾਹਿਬ ਕੋਲ ਉਨ੍ਹਾਂ ਤੋਂ ਵੀ ਜ਼ਿਆਦਾ ਹੈ। ਫਿਰ ਸਾਡੇ ਕੋਲੋਂ ਕੀ ਪੁੱਛਣਾ ਚਾਹੁੰਦੇ ਹਨ ?

ਕਾਮਰੇਡ ਹਰਦੇਵ ਸਿੰਘ ਅਰਸ਼ੀ : ਅਜਿਹੇ ਅਫ਼ਸਰ ਜੋ ਹਨ ਉਨ੍ਹਾਂ ਨੂੰ ਕਿਉਂ ਬਚਾਇਆ ਜਾ ਰਿਹਾ ਹੈ ?

ਸ੍ਰੀ ਸਪੀਕਰ : ਅਰਸ਼ੀ ਜੀ, ਮਨਿਸਟਰ ਸਾਹਿਬ ਨੇ ਦੱਸ ਦਿੱਤਾ ਹੈ ਕਿ ਇਨਕੁਆਰੀ ਦਾ ਪ੍ਰਾਸੈਸ ਕਾਂਟੀਨਿਊ ਹੈ ਜੋ ਰਿਜ਼ਲਟਜ਼ ਆਉਣਗੇ ਉਹ ਤੁਹਾਨੂੰ ਵੀ ਦੱਸਣਗੇ ਔਰ ਹਾਊਸ ਦੀ ਟੇਬਲ ਤੇ ਵੀ ਲੇ ਡਾਊਨ ਕਰ ਦਿੱਤੇ ਜਾਣਗੇ ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਮੈਂ ਤੁਹਾਡੀ ਰੂਲਿੰਗ ਦਾ ਸਤਿਕਾਰ ਕਰਦਾ ਹਾਂ। ਇਹ ਮਾਮਲਾ ਬੜਾ ਸੀਰੀਅਸ ਹੈ। ਰਿਪੋਰਟ ਦੇ ਮੁਤਾਬਿਕ ਉਹ ਗਿਲਟੀ ਪਾਇਆ ਗਿਆ ਪਰ ਐਕਸ਼ਨ ਕਿਉਂ ਨਹੀਂ ਲਿਆ ਜਾ ਰਿਹਾ ? (ਵਿਘਨ)

ਸ੍ਰੀ ਸਪੀਕਰ : ਜੇ ਤੁਸੀਂ ਕਿਹਾ ਹੈ ਕਿ ਮਾਮਲਾ ਸੀਰੀਅਸ ਹੈ ਤਾਂ ਹੀ ਮੈਂ ਤੁਹਾਨੂੰ ਇਕ ਹੋਰ ਸਪਲੀਮੈਂਟਰੀ ਅਲਾਓ ਕਰ ਦਿੱਤਾ ਹੈ ਔਰ ਉਨ੍ਹਾਂ ਦਾ ਕਲੀਅਰ ਜਵਾਬ ਦੇ ਦਿੱਤਾ ਹੈ ਕਿ ਪ੍ਰਾਸੈਸ ਜਾਰੀ ਹੈ ।

ਸ੍ਰੀ ਮਦਨ ਮੋਹਨ ਮਿੱਤਲ : ਸਰ, ਮੇਰਾ ਸਪਲੀਮੈਂਟਰੀ ਇਹ ਹੈ ਕਿ ਭਾਵੇਂ ਇਨਫਰਮੇਸ਼ਨ, ਆਨਰੇਬਲ ਮੈਂਬਰ ਨੇ ਦਿੱਤੀ ਹੈ ਤੇ ਭਾਵੇਂ ਮਨਿਸਟਰ ਸਾਹਿਬ ਨੇ ਦਿੱਤੀ ਹੈ ਪਰ ਇਹ ਇਨਫਰਮੇਸ਼ਨ ਹਾਊਸ ਵਿੱਚ ਆ ਗਈ ਹੈ ਕਿ ਸੁਪਰਡੰਟ ਨੇ ਉਰਿਜਨਲ ਰਿਪੋਰਟ ਮੰਗ ਲਈ ਤਾਂ ਉਸ ਸੁਪਰਡੰਟ ਨੂੰ ਜਿਸ ਦੇ ਖਿਲਾਫ ਚਾਰਜ ਸ਼ੀਟ ਹੈ ਉਸ ਨੂੰ ਦੇ ਦਿੱਤੀ। ਕੀ ਇਨਕੁਆਇਰੀ ਰਿਪੋਰਟ ਬੰਦ ਹੋ ਗਈ or it is still in process ? If it is in process, by which time it will be completed ?

ਮੰਤਰੀ : ਸਪੀਕਰ ਸਾਹਿਬ, ਮੈਂ ਤਾਂ ਪਹਿਲਾ ਹੀ ਭਰੋਸਾ ਦਿਵਾ ਚੁੱਕਾ ਹਾਂ ਕਿ ਪ੍ਰਾਸੈਸ ਜਾਰੀ ਹੈ। ਸਰਕਾਰ ਦਾ ਕੰਮ ਲੀਗਲੀ ਹਰ ਚੀਜ਼ ਦੇਖ ਕੇ ਉਸ ਤੇ ਐਕਸ਼ਨ ਲਿਆ ਜਾਂਦਾ ਹੈ। ਜਦੋਂ ਉਸ ਦੀ ਫੁੱਲ ਰਿਪੋਰਟ ਆ ਜਾਵੇਗੀ, ਜੋ ਐਕਸ਼ਨ ਹੋਵੇਗਾ, ਜੋ ਸਖ਼ਤ ਤੋਂ ਸਖ਼ਤ ਸਰਕਾਰੀ ਤੌਰ ਤੇ ਆਫੀਸ਼ੀਅਲੀ ਹੋ ਸਕਦਾ ਹੈ ਕਰਮਚਾਰੀ ਦੇ ਖਿਲਾਫ਼ ਉਹ ਐਕਸ਼ਨ ਲਿਆ ਜਾਵੇਗਾ ਔਰ ਮੈਂਬਰ ਸਾਹਿਬ ਨੂੰ ਉਸ ਤੋਂ ਜਾਣੂ ਕਰਵਾਇਆ ਜਾਵੇਗਾ ।

ਜ਼ਿਲ੍ਹਾ ਫਿਰੋਜ਼ਪੁਰ ਵਿਚ ਮਮਦੋਟ ਰਜਬਾਹੇ ਨੂੰ ਪੱਕਾ ਕਰਨਾ

*760. **ਸ੍ਰੀ ਹੰਸ ਰਾਜ ਜੋਸਨ** : ਕੀ ਸਿੰਜਾਈ ਅਤੇ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪੂਰਬੀ ਮੰਡਲ, ਫਿਰੋਜ਼ਪੁਰ ਵਿਚ ਪੈਂਦੇ ਮਮਦੋਟ ਰਜਬਾਹੇ (ਲਕਸ਼ਮਨ ਮਾਈਨਰ) ਨੂੰ ਪੱਕਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਉਕਤ ਮਾਈਨਰ ਨੂੰ ਪੱਕਾ ਕਰਨ ਦੇ ਕੰਮ ਦੇ ਕਦੋਂ ਤੱਕ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ ?

Sardar Harcharan Singh Brar : No, Sir. There is no proposal to brick-line the Mamdot Distributary.

ਸ੍ਰੀ ਹੰਸ ਰਾਜ ਜੋਸਨ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਨਹਿਰ ਫਿਰੋਜ਼ਪੁਰ ਜ਼ਿਲ੍ਹੇ ਵਿੱਚ ਸਾਰਿਆਂ ਨਾਲੋਂ ਲੰਮੀ ਨਹਿਰ ਹੈ, ਡਿਸਟ੍ਰਿਬਿਊਟਰੀ ਹੈ।

[ਸ੍ਰੀ ਹੰਸ ਰਾਜ ਜੋਸਨ]

1987 ਵਿੱਚ ਜਦੋਂ ਫਲੱਡ ਆਇਆ ਸੀ ਤਾਂ ਉਦੋਂ ਇਥੇ ਬੜੀ ਤਬਾਹੀ ਹੋਈ ਸੀ। ਇਹ 45 ਕਿਲੋਮੀਟਰ ਲੰਮੀ ਹੈ ਔਰ 10 ਕਿਲੋਮੀਟਰ ਟੇਲ ਤੇ ਪਾਣੀ ਨਹੀਂ ਜਾਂਦਾ, ਮੰਤਰੀ ਸਾਹਿਬ ਹੋਰਾਂ ਨੇ ਕਹਿ ਦਿਤਾ ਕਿ ਪੱਕਾ ਕਰਨ ਦਾ ਕੋਈ ਇਰਾਦਾ ਨਹੀਂ। ਮੈਂ ਮੰਤਰੀ ਸਾਹਿਬ ਨੂੰ ਪੁਛਾਂਗਾ ਕਿ ਉਸ ਕੱਚੀ ਨਹਿਰ ਨੂੰ ਠੀਕ ਕਰਨ ਦੀ ਗੌਰਮਿੰਟ ਦੀ ਕੋਈ ਤਜਵੀਜ਼ ਹੈ ਜਾਂ ਨਹੀਂ : ਜੇ ਹੈ, ਤਾਂ ਕੀ ਕੋਈ ਪੈਸੇ ਦੀ ਵਿਵਸਥਾ ਕੀਤੀ ਹੈ ?

ਮੰਤਰੀ : ਸਪੀਕਰ ਸਾਹਿਬ, ਮੈਂ ਇਹ ਤਾਂ ਨਹੀਂ ਕਿਹਾ ਕਿ ਕੋਈ ਇਰਾਦਾ ਨਹੀਂ, ਮੈਂ ਤਾਂ ਇਹ ਕਿਹਾ ਸੀ ਕਿ ਇਸ ਵਕਤ ਵਿਚਾਰ ਕਰਨ ਦੀ ਕੋਈ ਪਰਪੋਜ਼ਲ ਨਹੀਂ।

ਸ੍ਰੀ ਹੰਸ ਰਾਜ ਜੋਸਨ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਉਸ ਕੱਚੀ ਨਹਿਰ ਨੂੰ, ਜਿਸ ਦਾ 10, 12 ਪਿੰਡਾਂ ਨੂੰ ਪਾਣੀ ਜਾਂਦਾ ਹੈ ਉਸ ਦੇ ਲਈ ਕੋਈ ਪ੍ਰਬੰਧ ਕਰ ਰਹੇ ਹਨ ਕਿ ਉਸ ਕੱਚੀ ਨਹਿਰ ਨੂੰ ਠੀਕ ਕਰਾਇਆ ਜਾਏ ਤਾਂ ਕਿ ਪਿੰਡਾਂ ਨੂੰ ਪਾਣੀ ਠੀਕ ਤਰ੍ਹਾਂ ਨਾਲ ਜਾ ਸਕੇ ?

ਮੰਤਰੀ : ਸਪੀਕਰ ਸਾਹਿਬ, ਨਹਿਰਾਂ ਪਾਣੀ ਪਹੁੰਚਾਉਣ ਵਾਸਤੇ ਹੁੰਦੀਆਂ ਹਨ।

ਸ੍ਰੀ ਸਪੀਕਰ : ਕੁਐਸਚਨਜ਼ ਖ਼ਤਮ ਹੋ ਗਏ ਹਨ।

(ਇਸ ਸਮੇਂ ਹਾਊਸ ਵਿਚ ਬਹੁਤ ਸਾਰੇ ਮੈਂਬਰ ਸਾਹਿਬਾਨ ਪੁਆਇੰਟ ਆਫ਼ ਆਰਡਰ ਦੀ ਮੰਗ ਕਰ ਰਹੇ ਸਨ ਅਤੇ ਸ੍ਰੀ ਸਪੀਕਰ ਨੇ ਕਾਮਰੇਡ ਹਰਦੇਵ ਸਿੰਘ ਅਰਸ਼ੀ ਨੂੰ ਬੋਲਣ ਦੀ ਆਗਿਆ ਦਿਤੀ।)

ਕਾਮਰੇਡ ਹਰਦੇਵ ਸਿੰਘ ਅਰਸ਼ੀ : ** ** **

ਸ੍ਰੀ ਸਪੀਕਰ : ਅਰਸ਼ੀ ਸਾਹਿਬ, ਤੁਸੀਂ ਪੁਰਾਣੇ ਪਾਰਲੀਆਮੈਂਟੇਰੀਅਨ ਹੋ......

ਕਾਮਰੇਡ ਹਰਦੇਵ ਸਿੰਘ ਅਰਸ਼ੀ : ਮੈਂ ਤਾਂ ਜੀ ਹਾਊਸ ਵਿਚ ਪਹਿਲੀ ਵਾਰ ਆਇਆ ਹਾਂ।

ਸ੍ਰੀ ਸਪੀਕਰ : ਇਹ ਤੁਹਾਡਾ ਪੁਆਇੰਟ ਆਫ਼ ਆਰਡਰ ਹੈ ਜਾਂ ਭਾਸ਼ਣ ਹੈ। You can yourself decide whether it is a Point of Order or a speach. (*Interruptions*....)

ਮੈਂ ਇਹ ਅਲਾਉ ਨਹੀਂ ਕਰਦਾ, ਜਿਹੜੇ ਕੱਲ ਹਾਊਸ ਵਿਚ ਸ਼ਬਦ ਕਹੇ ਗਏ ਸਨ ਉਹ ਵਾਪਸ ਹੋ ਗਏ ਸਨ। The matter ended yesterday-

ਸ੍ਰੀ ਮਦਨ ਮੋਹਨ ਮਿੱਤਲ : : ** ** **

Mr. Speaker: I have to decide whether you are relevant or not.

ਸ੍ਰੀ ਮਦਨ ਮੋਹਨ ਮਿੱਤਲ : ** ** **

**Expunged as ordered by the Chair.

Mr. Speaker: Please listen to me. Please resume your seat. It is no Point of Order (Interruption).

ਇਹ ਮਸਲਾ ਇਕ ਦਫ਼ਾ ਤੋਂ ਜ਼ਿਆਦਾ ਵਾਰ ਇਸ ਹਾਊਸ ਵਿਚ ਉਠਾਇਆ ਗਿਆ ਹੈ। ਇਸ ਬਾਰੇ ਸੀ. ਐਮ. ਸਾਹਿਬ ਵਲੋਂ ਜਵਾਬ ਵੀ ਆ ਚੁੱਕਾ ਹੈ। ਕਲ ਦੀ ਜਿਹੜੀ ਉਨ੍ਹਾਂ ਦੀ ਵਾਈਂਡਿੰਗ ਅੱਪ ਸਪੀਚ ਸੀ ਉਸ ਵਿਚ ਉਨ੍ਹਾਂ ਨੇ ਬੜੇ ਵਿਸਥਾਰ ਨਾਲ ਟੱਚ ਕੀਤਾ ਸੀ। ਜੋ ਉਨ੍ਹਾਂ ਨੇ ਕਹਿ ਦਿਤਾ ਉਹ ਸੁਣ ਲਿਆ।

It is a part of the record also.It will be a repetition. (Interruption).

Shri Madan Mohan Mittal : ** ** **

Mr. Speaker: I don't allow, Please resume your seat.(Interruption).

PAPERS LAID ON THE TABLE

Minister for Parliamentary Affairs (Sardar Umrao Singh): Sir, I beg to lay on the Table the Annual Statements of Accounts of the Punjab Housing Development Board for the years from 1986-87 to 1989-90, as required under section 68 (3) of the Punjab Housing Development Board Act, 1972.

(ਇਸ ਸਮੇਂ ਮਾਨਯੋਗ ਮੈਂਬਰ ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ ਬੋਲਣ ਲਈ ਖੜੇ ਸਨ।

Mr. Speaker: No please. I have not called you.

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ** ** **

Mr. Speaker: It is no Point of Order. I have not allowed you. Whatever you say is not forming part of the record. I have not allowed it. You have to speak with my permission.

(ਇਸ ਸਮੇਂ ਮਾਨਯੋਗ ਮੈਂਬਰ ਸ੍ਰੀਮਤੀ ਵਿਮਲਾ ਡਾਂਗ ਅਤੇ ਕਾਮਰੇਡ ਤਰਸੇਮ ਜੋਧਾਂ ਖੜੇ ਸਨ) (ਵਿਘਨ)

ਕਾਮਰੇਡ ਤਰਸੇਮ ਜੋਧਾਂ : ** ** **

ਸ੍ਰੀ ਸਪੀਕਰ : ਜੋ ਮੇਰੀ ਪਰਮਿਸ਼ਨ ਤੋਂ ਬਗੈਰ ਬੋਲਿਆ ਜਾ ਰਿਹਾ ਹੈ, ਰਿਕਾਰਡ ਨਹੀਂ ਕਰਨਾ।

WALK-OUT

ਕਾਮਰੇਡ ਤਰਸੇਮ ਜੋਧਾਂ : ਮੈਂ ਵਾਕ ਆਊਟ ਕਰਦਾ ਹਾਂ ਜੀ।

(ਇਸ ਸਮੇਂ ਸੀ. ਪੀ. ਆਈ. (ਐਮ) ਦੇ ਮਾਨਯੋਗ ਮੈਂਬਰ ਕਾਮਰੇਡ ਤਰਸੇਮ ਜੋਧਾਂ ਸਦਨ ਵਿਚੋਂ ਵਾਕ ਆਊਟ ਕਰ ਗਏ।

Mr. Speaker: We are coming to the Financial Business.

**Not recorded as ordered by the Chair.

FINANCIAL BUSINESS

Presentation of Supplementary Demands for Grants for Expenditure of the Government of Punjab for the year 1992-93

Finance Minister (Doctor Kewal Krishan): Sir, I beg to present the Supplementary Demands for Grants for Expenditure of the Government of Punjab for the year 1992-93.

PRESENTATION OF REPORT OF THE COMMITTEE ON ESTIMATES ON THE SUPPLEMENTARY DEMANDS FOR GRANTS FOR EXPENDITURE OF THE GOVERNMENT OF PUNJAB FOR THE YEAR 1992-93

ਸ੍ਰੀ ਸਭਾਪਤੀ: ਅਨੁਮਾਨ ਕਮੇਟੀ (ਸਰਦਾਰ ਮਹਿੰਦਰ ਸਿੰਘ ਗਿੱਲ) : ਮਾਨਯੋਗ ਸਪੀਕਰ ਸਾਹਿਬ, ਮੈਂ ਸਾਲ 1992-93 ਲਈ ਪੰਜਾਬ ਸਰਕਾਰ ਦੇ ਖਰਚੇ ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ ਤੇ ਅਨੁਮਾਨ ਕਮੇਟੀ ਦੀ ਰਿਪੋਰਟ ਪੇਸ਼ ਕਰਦਾ ਹਾਂ ।

SUPPLEMENTARY DEMANDS FOR GRANTS FOR EXPENDITURE OF THE GOVERNMENT OF PUNJAB FOR THE YEAR 1992-93

(i) Discussion on the Estimates of the expenditure charged on revenue of the State

Mr. Speaker: If any Hon'ble Member wants to discuss any charged item, he may do so.

(No one rose to speak)

(ii) Voting on demands for Supplementary Grants

Mr. Speaker: There are 15 Demands for Supplementary Grants which are to be discussed and voted upon today. If the Hon'ble Members agree, all these Demands may be deemed to have been read and moved as per past practice ?

(Voices: yes, yes).

Demand No. 1

That a Supplementary sum not exceeding Rs. 52,31,86,000 on account of Revenue Account be granted to the Governor to defray the charges that will come in course of payment for the year ending 31st March, 1993, in respect of Agriculture and Forests.

Demand No. 3

That a Supplementary sum not exceeding Rs. 61,91,000 on account of Revenue Account be granted to the Governor to defray the charges that will come in course of payment for the year ending 31st March, 1993, in respect of Co-operation.

Demand No. 5

That a Supplementary sum not exceeding Rs. 81,50,000 on account of Revenue Account be granted to the Governor to defray the charges that will come in course of payment forthe year ending 31st March, 1993, in respect of Education.

Demand No. 8

That a Supplementary sum not exceeding Rs. 10,70,95,000 on account of Capital Account be granted to the Governor to defray the charges that will come in course of payment for the year ending 31st March, 1993, in respect of Finance.

Demand No. 10

That a Supplementary sum not exceeding Rs. 2,95,38,000 on account of Revenue Account be granted to the Governor to defray the charges that will come in course of payment for the year ending 31st March, 1993, in respect of General Administration.

Demand No. 12

That a Supplementary sum not exceeding Rs. 102,02,39,000 on account of Revenue Account and Rs. 2,07,92,000 on account of Capital Account be granted to the Governor to defray the charges that will come in course of payment for the year ending 31st March, 1993, in respect of Home Affairs and Justice.

Demand No. 14

That a Supplementary sum not exceeding Rs. 1,85,000 on account of Revenue Account be granted to the Governor to defray the charges that will come in course of payment for the year ending 31st March, 1993, in respect of Information and Public Relations.

Demand No. 17

That a Supplementary sum not exceeding Rs. 4,21,17,000 on account of Capital Account be granted to the Governor to defray the charges that will come in course of payment for the year ending 31st March, 1993, in respect of Local Government, Housing and Urban Development.

Demand No. 22

That a Supplementary sum not exceeding Rs. 2,38,52,000 on account of Revenue Account be granted to the Governor to defray the charges that will come in course of payment for the year ending 31st March, 1993, in respect of Revenue and Rehabilitation.

Demand No. 23

That a Supplementary sum not exceeding Rs. 1,70,84,000 on account of Revenue Account be granted to the Governor to defray the charges that will come in course, of payment for the year ending 31st March, 1993, in respect of Rural Development and Panchayats.

Demand No. 25

That a Supplementary sum not exceeding Rs. 1,000 on account of Revenue Account be granted to the Governor to defray the charges that will come in course of payment for the year ending 31st March, 1993, in respect of Social and Women's Welfare and Welfare of Scheduled Castes and Backward Classes.

[Mr. Speaker]

Demand No. 26

That a Supplementary sum not exceeding Rs. 30,44,000 on account of Revenue Account be granted to the Governor to defray the charges that will come in course of payment for the year ending 31st March, 1993, in respect of State Legislature.

Demand No. 27

That a Supplementary sum not exceeding Rs. 6,54,06,000 on account of Capital Account be granted to the Governor to defray the charges that will come in course of payment for the year ending 31st March, 1993, in respect of Technical Education and Industrial Training.

Demand No. 29

That a Supplementary sum not exceeding Rs. 5,49,23,000 on account of Revenue Account be granted to the Governor to defray the charges that will come in course of payment for the year ending 31st March, 1993, in respect of Transport.

Demand No. 30

That a Supplementary sum not exceeding Rs. 18,40,000 on account of Revenue Account be granted to the Governor to defray the charges that will come in course of payment for the year ending 31st March, 1993, in respect of Vigilance.

Mr. Speaker: I will request the Hon. Members that while raising discussion, the Demand Number on which the discussion is sought to be raised may please be indicated by the Member concerned.

The Guillotine will be applied under sub-rule (4) of Rule 168 of the Rules of Procedure at 12.30 p.m.

ਵਿੱਤ ਮੰਤਰੀ : ਸਪੀਕਰ ਸਾਹਿਬ, ਤੁਹਾਡੀ ਇਜਾਜ਼ਤ ਨਾਲ ਮੈਂ ਆਪਣੀ ਗੱਲ ਕਹਿਣੀ ਚਾਹੁੰਦਾ ਹਾਂ। ਜੇਕਰ ਤੁਹਾਡੀ ਇਜਾਜ਼ਤ ਹੋਵੇ ਤਾਂ ਬੋਲਾਂ।

ਸ੍ਰੀ ਸਪੀਕਰ : ਹਾਂ ਜੀ, ਡਾਕਟਰ ਸਾਹਿਬ।

ਵਿੱਤ ਮੰਤਰੀ (ਡਾਕਟਰ ਕੇਵਲ ਕ੍ਰਿਸ਼ਨ) : ਸਪੀਕਰ ਸਾਹਿਬ, ਸਪਲੀਮੈਂਟਰੀ ਡਿਮਾਂਡਜ਼ ਸਾਲ 1992-93 ਲਈ ਹਾਊਸ ਵਿਚ ਪ੍ਰੈਜ਼ੈਂਟ ਕੀਤੀਆਂ ਗਈਆਂ ਹਨ ਕਿਉਂਕਿ ਹੁਣੇ ਹੀ ਪ੍ਰੈਜ਼ੈਂਟ ਕੀਤੀਆਂ ਗਈਆਂ ਹਨ, ਸ਼ਾਇਦ ਮਾਨਯੋਗ ਮੈਂਬਰ ਸਾਹਿਬਾਨ ਨੇ ਇਨ੍ਹਾਂ ਨੂੰ ਸਟੱਡੀ ਨਹੀਂ ਕੀਤਾ ਹੋਣਾ। ਪਰ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਕਲ੍ਹ ਸਾਢੇ ਤਿੰਨ ਘੰਟੇ ਇਨ੍ਹਾਂ ਡਿਮਾਂਡਜ਼ ਬਾਰੇ ਐਸਟੀਮੇਟਸ ਕਮੇਟੀ ਵਿਚ ਬਹਿਸ ਹੋ ਚੁਕੀ ਹੈ, ਔਰ ਜਿਹੜੇ ਮਾਨਯੋਗ ਮੈਂਬਰ ਐਸਟੀਮੇਟਸ ਕਮੇਟੀ ਦੇ ਮੈਂਬਰ ਹਨ ਉਨ੍ਹਾਂ ਨੇ ਅੱਛੀ ਤਰ੍ਹਾਂ ਇਸ ਨੂੰ ਸਟੱਡੀ ਕਰ ਲਿਆ ਹੋਵੇਗਾ। ਮੈਂ ਕੁੱਝ ਅੰਕੜਿਆਂ ਵਿਚ ਦੱਸਣਾ ਚਾਹੁੰਦਾ ਹਾਂ ਕਿ ਸਪਲੀਮੈਂਟਰੀ ਡਿਮਾਂਡਜ਼ ਕਿਤਨੇ ਰੁਪਏ ਦੀਆਂ ਹਨ ਔਰ ਕਿਉਂ ਹਾਊਸ ਵਿਚ ਰੱਖੀਆਂ ਗਈਆਂ ਹਨ।

ਸਪੀਕਰ ਸਾਹਿਬ, ਆਮ ਤੌਰ ਤੇ ਜਦੋਂ ਕੁਝ ਐਸਾ ਖਰਚਾ ਆ ਜਾਂਦਾ ਹੈ, ਜਿਸ ਨੂੰ ਅਨਫੋਰਸੀਨ ਜਿਸ ਦਾ ਪਹਿਲੇ ਅਨੁਮਾਨ ਨਹੀਂ ਲਗਾਇਆ ਜਾ ਸਕਦਾ, ਕਿਹਾ ਜਾ ਸਕਦਾ ਹੈ, ਉਹ ਖਰਚਾ ਸਪਲੀਮੈਂਟਰੀ ਡਿਮਾਂਡਜ਼ ਫਾਰ ਗਰਾਂਟਸ ਦੀ ਸੂਰਤ ਵਿਚ ਹਾਊਸ ਵਿਚ ਆਉਂਦਾ ਹੈ। ਪਿਛਲੇ ਬਜਟ ਦੇ ਵਿਚ 312 ਕਰੋੜ ਰੁਪਏ ਦਾ ਇਹ ਖਰਚਾ ਸੀ, ਸਾਲ 1991-92 ਜਿਹੜਾ ਖਤਮ ਹੋਇਆ ਸੀ ਉਸ ਦਾ। ਇਸ ਸਾਲ

ਵਿਚ 196 ਕਰੋੜ ਹੋਇਆ। ਕਿਉਂਕਿ ਪਿਛਲੇ ਸਾਲ ਹਾਉਸ ਦੇ ਵਿਚ ਇਹ ਐਸ਼ੋਅਰੈਂਸ ਦਿੱਤੀ ਗਈ ਸੀ ਕਿ ਅਸੀਂ ਇਸ ਤਰ੍ਹਾਂ ਦਾ ਖਰਚਾ ਘਟ ਕਰਾਂਗੇ, ਪਰ ਫਿਰ ਵੀ ਸਪੀਕਰ ਸਾਹਿਬ, ਜਿਸ ਤਰ੍ਹਾਂ ਤੁਸੀਂ ਜਾਣਦੇ ਹੋ ਕਿ ਸਭ ਤੋਂ ਪਹਿਲਾ ਪੰਜਾਬ ਨੂੰ ਅਮਨ ਅਤੇ ਸ਼ਾਂਤੀ ਦੀ ਲੋੜ ਸੀ ਔਰ ਉਸ ਦੇ ਲਈ ਪੰਜਾਬ ਸਰਕਾਰ. ਸਰਦਾਰ ਬੇਅੰਤ ਸਿੰਘ ਜੀ ਮੁੱਖ ਮੰਤਰੀ ਦੀ ਸਰਕਾਰ ਵਚਨਬੱਧ ਸੀ ਕਿ ਇਥੇ ਅਮਨ ਸ਼ਾਂਤੀ ਹੋਵੇ, ਚਾਹੇ ਉਸ ਦੇ ਵਾਸਤੇ ਕਿਤਨੀ ਵੀ ਕੀਮਤ ਅਦਾ ਕਰਨੀ ਪਵੇ, ਪਰ ਪੰਜਾਬ ਨੂੰ ਪੂਰ ਅਮਨ ਬਣਾਇਆ ਜਾਵੇ। ਹੋਮ ਅਫੇਅਰਜ਼ ਔਰ ਜਸਟਿਸ ਵਾਸਤੇ 104 ਕਰੋੜ ਰੁਪਿਆ ਖਰਚ ਹੋਇਆ ਹੋਮਗਾਰਡਜ਼ ਉੱਤੇ, ਐਮ.ਪੀ.ਓਜ਼ ਉੱਤੇ, ਜੋ ਅਡੀਸ਼ਨਲ ਫੋਰਸ ਪੰਚਾਇਤ ਇਲੈਕਸ਼ਨ ਵਾਸਤੇ ਲਗਾਈ, ਉਸ ਵਾਸਤੇ। ਸਪੀਕਰ ਸਾਹਿਬ, ਪੰਚਾਇਤ ਇਲੈਕਸ਼ਨ ਵੀ ਪੰਜਾਬ ਸਰਕਾਰ ਦੀ ਬਹੁਤ ਵੱਡੀ ਉਪਲਭਦੀ ਹੈ । ਪਹਿਲਾਂ ਵੀ ਇਹ ਇਲੈਕਸ਼ਨ ਕਾਂਗਰਸ ਪਾਰਟੀ ਦੀ ਸਰਕਾਰ ਨੇ ਹੀ ਕਰਵਾਏ, ਹੋਰ ਕਿਸੇ ਪਾਰਟੀ ਦੀ ਸਰਕਾਰ ਨੇ ਨਹੀਂ ਕਰਵਾਏ, ਭਾਵੇਂ ਉਨ੍ਹਾਂ ਦੀਆਂ ਸਰਕਾਰਾਂ ਬਣਦੀਆਂ ਰਹੀਆਂ। ਇਸ ਸਰਕਾਰ ਨੇ ਇਹ ਇਲੈਕਸ਼ਨ ਕਰਵਾ ਕੇ ਇਕ ਨਵਾਂ ਮੀਲ-ਪੱਥਰ ਸਥਾਪਤ ਕੀਤਾ ਹੈ। ਜਿਸ ਤੇ 3 ਕਰੋੜ 36 ਲੱਖ ਰੁਪਿਆ ਖਰਚ ਹੋਇਆ । ਇਸੇ ਤਰ੍ਹਾਂ ਬੋਨਸ ਵਾਸਤੇ ਔਰ ਏ.ਡੀ.ਏ. ਦੀਆਂ ਕਿਸ਼ਤਾਂ ਵਾਸਤੇ ਜੋ ਪੁਲਿਸ ਡਿਪਾਰਟਮੈਂਟ ਨੂੰ ਦਿੱਤੀਆਂ ਹਨ, ਉਸ ਤੇ ਕੋਈ 15 ਕਰੋੜ ਖਰਚ ਕੀਤਾ ਹੈ। ਇਸੇ ਤਰ੍ਹਾਂ ਮੇਨਟੀਨੈਂਸ ਆਫ਼ ਪੁਲਿਸ ਵਹੀਕਲਜ਼ ਜ਼ਰੂਰੀ ਸੀ ਔਰ ਪੈਟ੍ਰੋਲ ਵਾਸਤੇ ਵੀ ਖਰਚਾ ਵੱਧ ਹੋਇਆ ਹੈ, ਇਸ ਤੇ ਕੋਈ 25 ਕਰੋੜ ਰੁਪਿਆ ਵਾਧੂ ਖਰਚ ਹੋਇਆ ਹੈ। ਪਰਚੇਜ਼ ਆਫ਼ ਪੁਲਿਸ ਵਹੀਕਲਜ਼ ਬੜੀ ਜ਼ਰੂਰੀ ਸੀ ਕਿਉਂਕਿ ਬਗੈਰ ਮੋਬਾਈਲਜ਼ ਦੇ ਪੁਲਿਸ ਟੈਰੋਰਿਸਟਸ ਤੇ ਕਾਬੂ ਨਹੀਂ ਪਾ ਸਕਦੀ। ਇਸ ਤੇ ਵੀ 16 ਕਰੋੜ ਰੁਪਿਆ ਖਰਚ ਵਾਧੂ ਹੋਇਆ ਹੈ। ਇਸ ਤੋਂ ਬਾਅਦ ਪਰਚੇਜ਼ ਆਫ਼ ਕਮਿਊਨੀਕੇਸ਼ਨ ਇਕੁਇਪਮੈਂਟ ਤੇ ਖਰਚ ਹੋਇਆ ਹੈ। ਪੁਲਿਸ ਵਾਸਤੇ ਵਾਇਰਲੈਸ ਸੈਟਸ ਆਦਿ ਜ਼ਰੂਰੀ ਸਨ ਤਾਂਕਿ ਤਾਲਮੇਲ ਬਣਿਆ ਰਹਿ ਸਕੇ, ਇਸ ਤੇ ਵੀ ਕੋਈ 6 ਕਰੋੜ ਰੁਪਿਆ ਵਾਧੂ ਖਰਚਿਆ ਹੈ। ਸਪੀਕਰ ਸਾਹਿਬ, ਇਸ ਤੋਂ ਇਲਾਵਾ ਕੁਝ ਅਜਿਹੇ ਵੀ ਖਰਚੇ ਹਨ ਜਿਹੜੇ ਇਨਾਮ ਦੇ ਤੌਰ ਤੇ ਜਾਂ ਹੋਰ ਕਿਸੇ ਰੂਪ ਵਿਚ ਖਰਚਣੇ ਜ਼ਰੂਰੀ ਹੁੰਦੇ ਹਨ, ਇਸ ਤੇ 2 ਕਰੋੜ ਖਰਚ ਵਾਧੂ ਹੋਇਆ ਹੈ।

ਸਪੀਕਰ ਸਾਹਿਬ, ਇਸ ਤੋਂ ਬਾਅਦ ਐਗਰੀਕਲਚਰ ਪੰਜਾਬ ਲਈ ਇਕ ਫਖਰ ਵਾਲੀ ਚੀਜ਼ ਹੈ ਜਿਸ ਉੱਤੇ ਪੰਜਾਬ ਨਾਜ਼ ਕਰਦਾ ਹੈ ਔਰ ਹਿੰਦੁਸਤਾਨ ਦੇ ਅੰਨ ਭੰਡਾਰ ਵਿਚ 60-70 ਫੀਸਦੀ ਅਨਾਜ ਪਾਉਂਦਾ ਹੈ। ਇਸ ਲਈ ਜਿੰਨਾ ਖਰਚ ਵੀ ਐਗਰੀਕਲਚਰ ਔਰ ਫੌਰੈਸਟ ਵਾਸਤੇ ਹੋਇਆ ਹੈ, ਉਹ ਲਗਭਗ 5 ਕਰੋੜ ਵਾਧੂ ਹੈ। ਮੈਂ ਦਸਣਾ ਚਾਹੁੰਦਾ ਹਾਂ ਕਿ ਸਾਰੇ ਦਾ ਸਾਰਾ ਇਹ ਖਰਚਾ ਸੈਂਟਰ ਗੌਰਮਿੰਟ ਨੇ ਦਿੱਤਾ ਹੈ। ਇਹ ਸਾਡੀ ਸੈਂਟਰ ਗੌਰਮਿੰਟ ਨੇ ਮੱਦਦ ਕੀਤੀ ਹੈ। ਫਰਟੇਲਾਈਜ਼ਰ ਵਾਸਤੇ ਵੀ ਮਾਰਜਿਨਲ ਔਰ ਸਮਾਲ ਫਾਰਮਰਜ਼ ਨੂੰ ਜਿਹੜੀ ਸਬਸਿਡੀ ਦਿੱਤੀ ਹੈ, ਇਹ ਸਬਸਿਡੀ ਸਮਾਲ ਫਾਰਮਰਜ਼ ਲਈ ਜ਼ਰੂਰੀ ਹੁੰਦੀ ਹੈ ਤਾਂਕਿ ਉਹ ਆਪਣੇ ਖੇਤਾਂ ਵਿਚ ਜ਼ਿਆਦਾ ਅਨਾਜ ਪੈਦਾ ਕਰ ਸਕਣ। ਇਸ ਲਈ ਸਪੈਸ਼ਲ ਗਰਾਂਟ ਦੇ ਤੌਰ ਤੇ ਉਨ੍ਹਾਂ ਨੂੰ ਪੈਸਾ ਦਿੱਤਾ ਗਿਆ ਹੈ। ਸਾਨੂੰ ਘਾਟਾ ਹੋਣ ਦੇ ਬਾਵਜੂਦ ਵੀ ਅਸੀਂ ਸਮਾਲ ਫਾਰਮਰਜ਼ ਦੀ ਮਦਦ ਕੀਤੀ ਹੈ।

ਸਪੀਕਰ ਸਾਹਿਬ, ਇਸ ਤੋਂ ਬਾਅਦ ਟਰਾਂਸਪੋਰਟ ਡਿਪਾਰਟਮੈਂਟ ਲਈ ਟਾਇਰ-ਟਿਊਬਜ਼ ਅਤੇ ਹੋਰ ਸਪੇਅਰ ਪਾਰਟਸ ਖਰੀਦਣ ਤੇ 5 ਕਰੋੜ ਰੁਪਿਆ ਵਾਧੂ ਖਰਚਿਆ ਹੈ। ਫਿਰ ਰੈਵੇਨਿਊ ਡਿਪਾਰਟਮੈਂਟ ਲਈ ਵੀ ਜਿਹੜੇ ਨਵੇਂ ਡਿਸਟ੍ਰਿਕਟਸ ਬਣੇ ਹਨ, ਫਤਿਹਗੜ੍ਹ ਸਾਹਿਬ ਔਰ ਮਾਨਸਾ ਔਰ ਕੁਝ ਸਬਡਵੀਜ਼ਨ ਵੀ ਬਣਾਏ ਹਨ ਉਸ ਲਈ ਵੀ ਟੈਲੀਫੂਨ, ਵਹੀਕਲਜ਼ ਅਤੇ ਹੋਰ ਜ਼ਰੂਰੀ ਖਰਚੇ ਪੂਰੇ ਕਰਨ ਲਈ 2 ਕਰੋੜ 38 ਲੱਖ ਖਰਚ ਵਾਧੂ ਹੋਇਆ ਹੈ। ਫਿਰ ਐਫ.ਡੀ.ਦੀ ਤਰਫੋਂ 10 ਕਰੋੜ ਰੁਪਿਆ ਵ੍ਹੀਟ ਲੋਨ ਲਈ ਜਿਹੜੇ

[ਵਿੱਤ ਮੰਤਰੀ]

ਕਲਾਸ-4 ਦੇ ਮੁਲਾਜ਼ਮ ਸਨ, ਉਨ੍ਹਾਂ ਨੂੰ ਕਣਕ ਖ਼ਰੀਦ ਕੇ ਰਖਣ ਲਈ ਪੇਸ਼ਗੀ ਰਕਮ ਦਿੱਤੀ ਹੈ। ਇਸੇ ਤਰ੍ਹਾਂ 8 ਕਰੋੜ ਰੁਪਿਆ ਹਾਊਸ ਬਿਲਡਿੰਗ ਐਡਵਾਂਸ ਲਈ ਅਤੇ 1 ਕਰੋੜ 65 ਲੱਖ ਰੁਪਿਆ ਐਮ.ਐਲ.ਏਜ਼ ਦੇ ਲਈ ਵਾਧੂ ਖਰਚਿਆ ਹੈ ਔਰ ਜਿਹੜਾ ਉਨਾਂ ਦੀ ਕਨਵੇਐਂਸ ਵਾਸਤੇ ਵਾਧੂ ਖਰਚ ਹੋਇਆ ਹੈ, ਉਹ 10.73 ਲੱਖ ਰੁਪਿਆ ਹੈ।

ਇਸ ਤੋਂ ਅੱਗੇ ਜਿਹੜੀ ਵਰਣਨਯੋਗ ਗੱਲ ਹੈ ਉਹ ਹੈ ਟੈਕਨੀਕਲ ਐਜੂਕੇਸ਼ਨ, ਇਹ ਬੜੀ ਜ਼ਰੂਰੀ ਹੈ। ਇਸ ਵਿਚ ਵੋਕੇਸ਼ਨਲ ਕੋਰਸਿਜ਼ ਸ਼ੁਰੂ ਕੀਤੇ ਹਨ ਤਾਂਕਿ ਸਾਡੇ ਨੌਜਵਾਨ ਸਕਿੱਲ ਹਾਸਲ ਕਰਕੇ ਰੋਜ਼ਗਾਰ ਤੇ ਲਗ ਸਕਣ ਔਰ ਦੇਸ਼ ਦੀ ਸੇਵਾ ਕਰ ਸਕਣ। ਇਸ ਵਾਸਤੇ ਵੀ 6 ਕਰੋੜ 49 ਲੱਖ ਰੁਪਿਆ ਵਾਧੂ ਖਰਚਿਆ ਹੈ।

ਸਪੀਕਰ ਸਾਹਿਬ, ਹਾਊਸਿੰਗ ਵਾਸਤੇ ਅਸੀਂ ਜ਼ਮੀਨ ਖਰੀਦ ਰਹੇ ਹਾਂ, ਅਤੇ ਖਰੀਦ ਵੀ ਲਈ ਹੈ। ਸਾਡੇ ਬਹੁਤ ਸਾਰੇ ਮਨਿਸਟਰ ਸਾਹਿਬਾਨ, ਜਿਸ ਵੇਲੇ ਮਨਿਸਟਰੀ ਬਣੀ ਉਸ ਵਕਤ ਹਾਊਸਿਜ਼ ਦੀ ਬੜੀ ਕਮੀ ਮਹਿਸੂਸ ਕੀਤੀ ਗਈ, ਅਤੇ ਬਹੁਤ ਸਾਰੇ ਮਨਿਸਟਰ ਸਾਹਿਬਾਨ ਇਕ ਕਮਰੇ ਵਿਚ ਰਹੇ ਅਤੇ ਇਹ ਸਾਰਾ ਬਿਊਰੋਕਰੇਸੀ ਨੇ ਢਾਂਚਾ ਖਰਾਬ ਕੀਤਾ ਹੋਇਆ ਸੀ। ਜਿਸ ਕਰਕੇ ਕਈ ਮਨਿਸਟਰ ਆਊਟ ਆਫ ਹਾਊਸਿਜ਼ ਰਹੇ। ਸਾਡੇ ਟੈਕਨੀਕਲ ਐਜੂਕੇਸ਼ਨ ਮਨਿਸਟਰ ਹਾਲੇ ਵੀ ਇਕ ਕਮਰੇ ਵਿਚ ਰਹਿ ਰਹੇ ਹਨ। ਇਸ ਕੰਮ ਨੂੰ ਪੂਰਾ ਕਰਨ ਲਈ 4.21 ਕਰੋੜ ਰੁਪਿਆ ਖਰਚ ਕੀਤਾ ਜਾ ਰਿਹਾ ਹੈ। ਇਸ ਜ਼ਰੂਰਤ ਨੂੰ ਮਹਿਸੂਸ ਕਰਦੇ ਹੋਏ ਇਹ ਖਰਚਾ ਕੀਤਾ ਜਾ ਰਿਹਾ ਹੈ। ਇਸ ਲਈ ਮੇਰੀ ਮੈਂਬਰ ਸਾਹਿਬਾਨ ਅਗੇ ਰਿਕੁਐਸਟ ਹੈ ਕਿ ਉਹ ਇਸ ਉਤੇ ਆਪਣੀ ਰਾਏ ਦੇਣ ਅਤੇ ਬਹਿਸ ਵਿਚ ਹਿੱਸਾ ਲੈਣ। ਕੱਲ ਨਾਨ ਆਫੀਸ਼ਲ ਡੇ ਹੈ ਅਤੇ ਪਰਸੋਂ ਐਪਰੋਪਰੀਏਸ਼ਨ ਬਿਲ ਤੇ ਚੰਗੀ ਤਰ੍ਹਾਂ ਸਟੱਡੀ ਕਰਕੇ ਡਿਸਕਸ ਕਰ ਸਕਦੇ ਹਨ। ਅੱਜ ਇਨ੍ਹਾਂ ਗ੍ਰਾਂਟਾਂ ਉਤੇ ਬਹਿਸ ਖਤਮ ਕਰਨ ਤੋਂ ਇਕ ਘੰਟਾ ਪਹਿਲੇ ਗਿਲੋਟੀਨ ਅਪਲਾਈ ਹੋਣੀ ਹੈ ਅਤੇ ਇਸ ਉਤੇ ਜਵਾਬ ਦੇਣਾ ਹੈ। ਹੁਣ ਮੈਂ ਸਦਨ ਦੇ ਮੈਂਬਰ ਸਾਹਿਬਾਨ ਨੂੰ ਰਿਕੁਐਸਟ ਕਰਾਂਗਾ ਕਿ ਉਹ ਇਨਾਂ ਗ੍ਰਾਂਟਸ ਉਤੇ ਆਪਣੇ ਆਪਣੇ ਵਿਚਾਰ ਰਖਣ।

ਕਾਮਰੇਡ ਹਰਦੇਵ ਸਿੰਘ ਅਰਸ਼ੀ (ਬੁਢਲਾਡਾ): ਮਾਨਯੋਗ ਸਪੀਕਰ ਸਾਹਿਬ, ਟੈਕਨੀਕਲੀ ਮੈਨੂੰ ਇਸ ਉਤੇ ਕੋਈ ਇਤਰਾਜ਼ ਨਹੀਂ ਹੈ। ਇਹ ਠੀਕ ਹੈ ਕਿ ਇਸ ਉੱਤੇ ਵਿਚਾਰ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਦੀ ਮੀਟਿੰਗ ਵਿਚ ਹੋ ਚੁੱਕਾ ਹੈ ਅਤੇ ਇਸ ਦੇ ਏਜੰਡੇ ਦੀ ਪਰਵਾਨਗੀ ਵੀ ਦਿੱਤੀ ਸੀ ਅਤੇ ਇਸ ਸਾਰੇ ਪਰੋਸੀਜ਼ਰ ਨੂੰ ਟੈਕਨੀਕਲੀ ਅਡਾਪਟ ਕੀਤਾ ਗਿਆ ਸੀ ਅਤੇ ਮੈਂ ਸਮਝਦਾ ਹਾਂ ਕਿ ਕਿਉਂਕਿ ਇਸ ਹਾਊਸ ਦੇ ਬਹੁਤ ਸਾਰੇ ਮੈਂਬਰ ਸਾਹਿਬਾਨ ਨਵੇਂ ਆਏ ਹਨ, ਇਸ ਕਰਕੇ ਨਵੇਂ ਮੈਂਬਰ ਸਾਹਿਬਾਨ ਨੂੰ ਜ਼ਿਆਦਾ ਇਸ ਟੈਕਨੀਕਲ ਪਰੋਸੀਜ਼ਰ ਬਾਰੇ ਜਾਣਕਾਰੀ ਨਹੀਂ ਹੈ। ਘੱਟੋ ਘੱਟ ਇਸ ਦਾ ਫਾਇਦਾ ਟਰੈਜ਼ਰੀ ਬੈਂਚਿਜ਼ ਨੂੰ ਨਹੀਂ ਲੈਣਾ ਚਾਹੀਦਾ। ਬਿਜ਼ਨੈਸ ਐਡਵਾਇਜ਼ਰੀ ਕਮੇਟੀ ਦੀ ਮੀਟਿੰਗ ਵਿਚ ਸਬੰਧਤ ਪਾਰਲੀਮੈਂਟਰੀ ਮਨਿਸਟਰ ਹਾਜ਼ਰ ਸਨ ਅਤੇ ਹੁਣ ਹਾਊਸ ਵਿਚ ਹਾਜ਼ਰ ਹਨ, ਆਪੋਜ਼ੀਸ਼ਨ ਦੇ ਮੈਂਬਰ ਸਾਹਿਬਾਨ ਅਤੇ ਤੁਸੀਂ ਵੀ ਮੇਰੀ ਇਸ ਗੱਲ ਉਤੇ ਸਹਿਮਤ ਹੋਵੋਗੇ ਕਿ ਹੁਣੇ ਇਕ ਮਿੰਟ ਹੋਇਆ, ਸਾਡੇ ਕੋਲ ਇਹ ਸਪਲੀਮੈਂਟਰੀ ਐਸਟੀਮੇਟਸ ਡੀਮਾਂਡਜ਼ ਆਈਆਂ ਹਨ ਅਤੇ ਇਤਨੀ ਜਲਦੀ ਅਸੀਂ ਇਸ ਉਤੇ ਕਿਸ ਤਰ੍ਹਾਂ ਚੰਗੀ ਤਰ੍ਹਾਂ ਸਟੱਡੀ ਕਰਕੇ ਹੈਲਦੀ ਬਹਿਸ ਕਰ ਸਕਦੇ ਹਾਂ। ਇਸ ਲਈ ਮੈਂ ਸਮਝਦਾ ਹਾਂ ਕਿ ਇਹ ਤਰੀਕਾ ਠੀਕ ਨਹੀਂ ਹੈ। ਬੇਹਤਰ ਹੁੰਦਾ ਕਿ ਇਸ ਨੂੰ ਇਕ ਦਿਨ ਪਹਿਲੇ ਟੇਬਲ ਤੇ ਰੱਖ ਦਿੰਦੇ ਤਾਂ ਕਿ ਅਸੀਂ ਇਥੇ ਉਸ ਨੂੰ ਸਟੱਡੀ ਕਰ ਲੈਂਦੇ। ਪਿਛਲੇ ਸਾਲ ਬਜਟ ਸੈਸ਼ਨ ਵਿਚ ਵੀ ਸੇਮ ਡੇ ਨਹੀਂ ਬਲਕਿ ਇਕ ਦਿਨ ਪਹਿਲੇ ਪੇਸ਼ ਕੀਤੀਆਂ ਸਨ। ਮੈਂ ਉਸ ਵੇਲੇ

ਵੀ ਇਤਰਾਜ਼ ਕੀਤਾ ਸੀ ਅਤੇ ਘੱਟ ਮੈਂਬਰਾਂ ਨੇ ਉਸ ਵਿਚ ਪਾਰਟੀਸਿਪੇਟ ਕੀਤਾ ਸੀ। ਅਗਰ ਤੁਸੀਂ ਸਾਨੂੰ ਪੂਰਾ ਟਾਈਮ ਦਿਓ ਤਾਂ ਹੀ ਅਸੀਂ ਆਪਣੀ ਠੋਸ ਰਾਏ ਦੇ ਸਕਦੇ ਹਾਂ। ਪਿਛਲੇ ਸਾਲ, ਫਾਈਨੈਂਸ ਮਨਿਸਟਰ ਸਾਹਿਬ ਨੇ ਇਸ ਗੱਲ ਨੂੰ ਮੰਨਿਆ ਸੀ ਕਿ ਅੱਗੇ ਤੋਂ ਇਸ ਚੀਜ਼ ਦਾ ਧਿਆਨ ਰਖਿਆ ਜਾਵੇਗਾ। ਸਪੀਕਰ ਸਾਹਿਬ, ਮੈਂ ਇਸ ਸਪਲੀਮੈਂਟਰੀ ਗਰਾਂਟ ਉਤੇ ਹੁਣੇ ਹੀ ਇਕ ਮਿੰਟ ਵਿਚ ਨਜ਼ਰ ਮਾਰੀ ਹੈ। ਮੈਂ ਇਸ ਉਤੇ ਬਹਿਸ ਵਿਚ ਪੂਰਾ ਯੋਗਦਾਨ ਨਹੀਂ ਕਰ ਸਕਦਾ। ਇਸ ਉਤੇ ਮੈਂ 2-4 ਪੇਜਿਜ਼ ਤੇ ਝਾਤ ਮਾਰੀ ਹੈ ਅਤੇ ਜੋ ਮੇਰੇ ਦਿਮਾਗ ਵਿਚ ਹੈ ਅਤੇ ਪਿਛਲੇ ਸਪਲੀਮੈਂਟਰੀ ਗਰਾਂਟ ਤੇ ਬੋਲਦੇ ਹੋਏ ਅਤੇ ਬਜਟ ਉਤੇ ਡਿਸਕਸ਼ਨ ਕਰਦੇ ਹੋਏ ਕੁਝ ਪੁਆਇੰਟ ਮੇਰੀ ਨਜ਼ਰ ਵਿਚ ਹਨ। ਇਨ੍ਹਾਂ ਗਰਾਂਟਸ ਵਿਚ 1-2 ਡਿਪਾਰਟਮੈਂਟ ਨੂੰ ਛੱਡ ਕੇ ਬਾਕੀ ਉਤੇ ਮੈਂ ਆਪਣੇ ਵਿਚਾਰ ਰੱਖਾਂਗਾ। ਨਵੀਆਂ ਕਾਰਾਂ ਦੀ ਖਰੀਦ ਬਾਰੇ ਡੀਮਾਂਡ ਕੀਤੀ ਗਈ ਹੈ ਤਾਂ ਕਿ ਪੁਰਾਣੀਆਂ ਕਾਰਾਂ ਦੀ ਰਿਪਲੇਸਮੈਂਟ ਕੀਤੀ ਜਾ ਸਕੇ। ਜਦੋਂ ਕੋਈ ਡਿਪਾਰਟਮੈਂਟ ਨਵੀਂ ਕਾਰ ਖਰੀਦਣ ਲਈ ਪਰਪੋਜ਼ਲ ਭੇਜਦਾ ਹੈ, ਕੀ ਫਾਈਨੈਂਸ ਡਿਪਾਰਟਮੈਂਟ ਵਾਲੇ ਉਸ ਪਰਪੋਜ਼ਲ ਨੂੰ ਥਾਰੋਲੀ ਐਗਜਾਮਿਨ ਕਰਦੇ ਹਨ? ਕੀ ਉਸ ਡਿਪਾਰਟਮੈਂਟ ਨੂੰ ਨਵੀਂ ਕਾਰ ਖਰੀਦਣ ਦੀ ਜ਼ਰੂਰਤ ਹੈ? ਕੀ ਉਸ ਉਤੇ ਬਿਨਾਂ ਵਿਚਾਰ ਵਟਾਂਦਰਾ ਕੀਤੇ ਪਰਪੋਜ਼ਲ ਦੀ ਮੰਜ਼ੂਰੀ ਦੇ ਦਿੰਦੇ ਹੋ? ਜਿਹੜੀ ਪੁਰਾਣੀ ਕਾਰ ਨੂੰ ਕੰਡਮ ਕੀਤਾ ਜਾਂਦਾ ਹੈ, ਉਸ ਕਾਰ ਦੀ ਐਕਸਪਾਇਰੀ ਡੇਟ ਲਿਖੀ ਹੋਵੇਗੀ ਅਤੇ ਕੀ ਇਸ ਨੂੰ ਐਫ,ਡੀ. ਵਾਲੇ ਐਗਜਾਮਿਨ ਕਰਦੇ ਹਨ ਕਿ ਐਕਸਪਾਇਰੀ ਡੇਟ ਕਾਰ ਦੀ ਹੋ ਗਈ ਹੈ ਅਤੇ ਹੁਣ ਨਵੀਂ ਕਾਰ ਦੀ ਇਜਾਜ਼ਤ ਦੇ ਦਿੱਤੀ ਜਾਵੇ? ਇਸ ਗੱਲ ਨੂੰ ਧਿਆਨ ਵਿਚ ਰਖਿਆ ਜਾਣਾ ਚਾਹੀਦਾ ਹੈ। ਮੈਂ ਸਮਝਦਾ ਹਾਂ ਕਿ ਜਿਹੜਾ ਪੈਸਾ ਪਿਛਲੇ ਸਾਲ ਬਜਟ ਵਿਚ ਲਿਆ ਗਿਆ ਸੀ ਉਸ ਤੋਂ ਹੋਰ ਐਕਸਟਰਾਂ ਖਰਚਾ ਰਿਜਰਵ ਫੰਡਜ਼ ਵਿਚੋਂ ਸਰਕਾਰ ਕਰ ਰਹੀ ਹੈ। ਇਸ ਨੂੰ ਬਚਾਇਆ ਜਾ ਸਕਦਾ ਸੀ। ਪੈਟਰੋਲ ਅਤੇ ਲੁਬਰੀਕੈਂਟਸ ਤੇ ਬਹੁਤ ਜ਼ਿਆਦਾ ਖਰਚ ਕੀਤਾ ਜਾ ਰਿਹਾ ਹੈ।

ਸਪੀਕਰ ਸਾਹਿਬ, ਚਾਹੇ ਕੋਈ ਮੰਤਰੀ ਹੋਵੇ ਔਰ ਚਾਹੇ ਕੋਈ ਅਫਸਰ ਸਾਹਿਬਾਨ ਹੋਣ ਜਾਂ ਕੋਈ ਹੋਰ ਮੈਂਬਰ ਸਾਹਿਬਾਨ ਹੋਣ, ਉਨ੍ਹਾਂ ਸਾਰਿਆਂ ਦਾ ਟੀ.ਏ., ਡੀ.ਏ. ਦਾ ਖਰਚਾ ਬਹੁਤ ਹੈ। ਅਫਸਰਾਂ ਵੱਲੋਂ ਅਨ-ਨਸੈਸਰੀ ਟੂਰ ਬਾਹਰ ਦੇ ਨਹੀਂ ਹੋਣੇ ਚਾਹੀਦੇ। ਲੌਗ ਬੁਕ ਵਿਚ ਐਂਟਰੀਆਂ ਕੀਤੀਆਂ ਜਾਣ। ਸਪੀਕਰ ਸਾਹਿਬ, ਇਹ ਨਾ ਹੋਵੇ ਕਿ ਪ੍ਰਾਈਵੇਟ ਕੰਮ ਤੇ ਕਿਸੇ ਨੇ ਜਾਣਾ ਹੋਵੇ ਪਰ ਅਫਸਰ ਸਰਕਾਰੀ ਟੂਰ ਪਾ ਦਿੰਦੇ ਹੋਣ। ਇਸ ਗੱਲ ਨੂੰ ਰੋਕਣ ਦੀ ਜ਼ਰੂਰਤ ਹੈ। ਇਸ ਤਰ੍ਹਾਂ ਨਾਲ ਸਰਕਾਰ ਦਾ ਪੈਸਾ ਗਲਤ ਖਰਚ ਹੁੰਦਾ ਹੈ। ਇਸ ਤਰ੍ਹਾਂ ਨਾਲ ਪੰਜਾਬ ਦਾ ਬਹੁਤ ਨੁਕਸਾਨ ਹੁੰਦਾ ਹੈ।

ਸਪੀਕਰ ਸਾਹਿਬ, ਇਹ ਇਥੇ ਅਦਾਲਤੀ ਡਿਗਰੀਆਂ ਦਾ ਖਰਚ ਦਰਸਾਇਆ ਗਿਆ ਹੈ। ਹਰ ਡਿਪਾਰਟਮੈਂਟ ਵਿਚ ਮੁਲਾਜ਼ਮਾਂ ਦਾ ਅਤੇ ਕਿਰਤੀ ਕਾਮਿਆਂ ਦਾ ਡਿਸਪਿਊਟ ਚਲਦਾ ਰਹਿੰਦਾ ਹੈ। ਜਦੋਂ ਕਿਸੇ ਨੂੰ ਜਸਟਿਸ ਨਹੀਂ ਮਿਲਦਾ ਤਾਂ ਉਹ ਕੋਰਟ ਵਿਚ ਚਲਾ ਜਾਂਦਾ ਹੈ। ਕੋਰਟ ਵੱਲੋਂ ਮੁਲਾਜ਼ਮਾਂ ਦੇ ਹੱਕ ਅਤੇ ਕਿਰਤੀ ਕਾਮਿਆਂ ਦੇ ਹੱਕ ਵਿਰ ਆਰਡਰ ਹੋ ਜਾਂਦੇ ਹਨ। ਫਿਰ ਮੁਲਾਜ਼ਮਾਂ ਨੂੰ ਪਿਛਲਾ ਸਾਰਾ ਪੈਸਾ ਦੇਣਾ ਪੈਂਦਾ ਹੈ ਅਤੇ ਸਰਕਾਰ ਦਾ ਪੈਸਾ ਬਹੁਤ ਖਰਚ ਹੁਦਾਂ ਹੈ। ਇਸ ਤਰੀਕੇ ਦੇ ਨਾਲ ਕੰਮ ਦਾ ਵੀ ਬਹੁਤ ਨੁਕਸਾਨ ਹੁੰਦਾ ਹੈ। ਮੈ ਵਿੱਤ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹਾਂਗਾ ਕਿ ਉਹ ਸਾਰੇ ਮਹਿਕਮਿਆਂ ਨੂੰ ਇਸ ਸਬੰਧੀ ਹਦਾਇਤਾਂ ਭੇਜਣ ਤਾਂ ਕਿ ਜੋ ਮੁਲਾਜ਼ਮ ਦਾ, ਲੇਬਰ ਦਾ ਡਿਪਾਰਟਮੈਂਟ ਦੇ ਨਾਲ ਡਿਸਪਿਊਟ ਹੈ, ਉਹ ਹਮਦਰਦੀ ਭਰੇ ਤਰੀਕੇ ਨਾਲ ਸੈਟਲ ਕੀਤਾ ਜਾਵੇ। ਕੋਰਟ ਵਿਚ ਸਰਕਾਰ ਨੂੰ ਵਾਧੂ ਪੈਸੇ ਨਾ ਦੇਣੇ ਪੈਣ। ਮੈਂ ਪਿਛਲੇ ਸਾਲ ਵੀ ਇਸ ਬਾਰੇ ਜ਼ਿਕਰ ਕੀਤਾ ਸੀ।

[ਕਾਮਰੇਡ ਹਰਦੇਵ ਸਿੰਘ ਅਰਸ਼ੀ]

ਸਪੀਕਰ ਸਾਹਿਬ, ਟੈਲੀਫੂਨ ਦੇ ਖਰਚੇ ਵੀ ਬਹੁਤ ਹਨ । ਮੈਂ ਇਹ ਨਹੀਂ ਕਹਿੰਦਾ ਕਿ ਟੈਲੀਫੋਨ ਨਹੀਂ ਹੋਣੇ ਚਾਹੀਦੇ ਜਾਂ ਟੈਲੀਫੂਨ ਦੀ ਅਹਿਮ ਜ਼ਰੂਰਤ ਨਹੀਂ ਹੈ । ਪਰ ਮੈਂ ਇਹ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਟੈਲੀਫੂਨ ਹੋਣ ਪਰ ਅਨ-ਨਸੈਸਰੀ ਕਾਲਾਂ ਨਾ ਕੀਤੀਆਂ ਜਾਣ। ਜਿਥੋਂ ਖਰਚਾ ਬੱਚ ਸਕਦਾ ਹੈ ਉਥੋਂ ਖਰਚਾ ਬਚਾਇਆ ਜਾਣਾ ਚਾਹੀਦਾ ਹੈ। ਬਹੁਤ ਸਾਰੇ ਗਲਤ ਖਰਚੇ ਸ਼ੋਅ ਕੀਤੇ ਗਏ ਹਨ। ਸਪੀਕਰ ਸਾਹਿਬ, ਪੁਲਿਸ ਦੇ ਖਰਚੇ ਬਾਰੇ ਵੀ ਮੈਂ ਕਹਿਣਾ ਚਾਹੁੰਦਾ ਹਾਂ, ਪੁਲਿਸ ਡਿਪਾਰਟਮੈਂਟ ਦੇ ਵੀ ਬਹੁਤ ਲੰਮੇ ਚੌੜੇ ਖਰਚੇ ਹਨ। ਇਹ ਠੀਕ ਹੈ ਕਿ ਪੰਜਾਬ ਦੀ ਹਾਲਤ ਪਿਛੇ ਬਹੁਤ ਹੀ ਖਰਾਬ ਰਹੀ ਹੈ । ਇਹ ਵੀ ਠੀਕ ਹੈ ਕਿ ਉਨ੍ਹਾਂ ਨੂੰ ਪੈਸਿਆਂ ਦੀ ਲੋੜ ਹੈ ਪਰ ਖਰਚੇ ਬਾਰੇ ਇਤਨੀ ਖੁੱਲ੍ਹੀ ਛੁੱਟੀ ਨਹੀਂ ਦੇਣੀ ਚਾਹੀਦੀ ਕਿ ਜਿਤਨਾ ਮਰਜ਼ੀ ਖਰਚਾ ਪੁਲਿਸ ਵਾਲੇ ਕਰੀ ਜਾਣ, ਪੁਲਿਸ ਵਿਭਾਗ ਨੂੰ ਕੋਈ ਪੁੱਛਣ ਵਾਲਾ ਹੀ ਨਾ ਹੋਵੇ। ਮੈਂ ਪਰਸਨਲੀ ਬਠਿੰਡੇ ਵੇਖਿਆ ਹੈ ਔਰ ਮੈਂ ਪੁਲਿਸ ਡਿਪਾਰਟਮੈਂਟ ਦੇ ਦਫਤਰ ਬਠਿੰਡੇ ਗਿਆ ਸੀ। ਉਥੇ ਇਕ ਬਹੁਤ ਹੀ ਵੱਡਾ ਸਕੈਂਡਲ ਪਕੜਿਆ ਗਿਆ ਹੈ। ਇਹ 40,000 ਰੁਪਏ ਦਾ ਸਕੈਂਡਲ ਸੀ। ਐਸ.ਐਸ.ਪੀ. ਸਾਹਿਬ ਬਠਿੰਡਾ ਵਲੋਂ ਕੁਝ ਕਰਮਚਾਰੀਆਂ ਨੂੰ ਫੜਿਆ ਗਿਆ। ਝੂਠੇ ਹੀ ਬਿਲ ਬਣਾ ਕੇ ਪਾ ਦਿਤੇ ਗਏ । ਸਪੀਕਰ ਸਾਹਿਬ, ਇਸ ਨੂੰ ਸਖਤੀ ਦੇ ਨਾਲ ਰੋਕਣ ਦੀ ਜ਼ਰੂਰਤ ਹੈ।

ਸਪੀਕਰ ਸਾਹਬ, ਇਥੇ ਹੋਮ ਗਾਰਡਜ਼ ਦਾ ਜ਼ਿਕਰ ਕੀਤਾ ਗਿਆ ਕਿ ਪੰਚਾਇਤਾਂ ਦੀਆਂ ਚੋਣਾਂ ਵਿਚ ਇਨ੍ਹਾਂ ਨੂੰ ਭਰਤੀ ਕਰਨਾ ਪਿਆ ਸੀ। ਐਸ.ਪੀ.ਓਜ਼ ਭਰਤੀ ਕੀਤੇ ਗਏ। ਉਨ੍ਹਾਂ ਨੂੰ ਭਰਤੀ ਤੋਂ ਬਾਅਦ 10–15 ਦਿਨਾਂ ਦੀ ਟਰੇਨਿੰਗ ਵੀ ਦਿੱਤੀ ਗਈ। ਰਾਈਫਲ ਵਗੈਰਾ ਚਲਾਉਣ ਦੀ ਵੀ ਟਰੇਨਿੰਗ ਉਨ੍ਹਾਂ ਨੂੰ ਦਿਤੀ ਗਈ। ਸਪੀਕਰ ਸਾਹਿਬ, ਚੋਣਾਂ ਤੋਂ ਬਾਅਦ ਉਨ੍ਹਾਂ ਮੁਲਾਜ਼ਮਾਂ ਨੂੰ ਕੱਢ ਦਿਤਾ ਗਿਆ ਅਤੇ ਉਹ ਘਰ ਬੈਠੇ ਹਨ। ਹੋ ਸਕਦਾ ਹੈ ਕਿ ਉਹ ਗਲਤ ਪਾਸੇ ਚਲੇ ਜਾਣ। ਸਪੀਕਰ ਸਾਹਿਬ, ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਨ੍ਹਾਂ ਦੀ ਛਾਂਟੀ ਨਾ ਕੀਤੀ ਜਾਵੇ। ਪੰਜਾਬ ਸਰਕਾਰ ਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਉਨਾਂ ਨੂੰ ਕਿਤੇ ਨਾ ਕਿਤੇ ਜ਼ਰੂਰ ਰੱਖ ਲੈਣ।

ਹੋਰ ਸਪੀਕਰ ਸਾਹਿਬ, ਇਸ ਵਿੱਚ ਐਗਰੀਕਲਚਰ ਦਾ 52 ਕਰੋੜ ਰੁਪਏ ਦਾ ਐਕਸਟਰਾ ਖਰਚਾ ਸ਼ੋਅ ਕੀਤਾ ਗਿਆ ਹੈ। ਮੈਂ ਸਰਕਾਰ ਦੇ ਨਾਲ ਇਸ ਗੱਲ ਤੇ ਮਹਿਮਤ ਹਾਂ ਕਿ ਪਿਛਲੇ ਸਮੇਂ ਸੈਂਟਰ ਵਿੱਚ ਵੀ ਫਰਟੇਲਾਈਜ਼ਰ ਤੇ ਕੀਟ ਨਾਸ਼ਕ ਦਵਾਈਆਂ ਤੇ ਸਬਸਿਡੀ ਦਿੱਤੀ ਜਾਂਦੀ ਸੀ, ਫਿਰ ਉਹ ਸਕੀਮ ਬੰਦ ਕਰ ਦਿੱਤੀ ਗਈ। ਪਰ ਪੰਜਾਬ ਦੇ ਕਿਸਾਨ ਦਾ ਉਤਸ਼ਾਹ ਕਾਇਮ ਰੱਖਣ ਲਈ, ਸਟੇਟ ਦੀ ਸਰਕਾਰ ਨੇ ਇਹ ਸਬਸਿਡੀ ਜਾਰੀ ਰੱਖੀ ਹੈ, ਮੈਂ ਇਸ ਲਈ ਧੰਨਵਾਦ ਕਰਨਾ ਚਾਹੁੰਦਾ ਹਾਂ। ਪਰ ਇਹ ਮਾਮਲਾ ਏਥੇ ਹੀ ਖਤਮ ਨਹੀਂ ਹੁੰਦਾ। ਮੈਂ ਸਰਕਾਰ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਇਸ ਗੰਭੀਰ ਮਾਲੀ ਹਾਲਾਤ ਦੌਰਾਨ ਜਿਸ ਵਿਚੋਂ ਸਰਕਾਰ ਲੰਘ ਰਹੀ ਹੈ, ਆਪਣੇ ਖਜ਼ਾਨੇ ਵਿਚੋਂ ਕਿਸਾਨਾਂ ਨੂੰ ਇਹ ਲਾਭ ਦੇਣ ਲਈ ਆਪਣੇ ਪੈਰਾਂ ਤੇ ਹੋਵੇਗੀ ? ਪੰਜਾਬ ਦੇ ਆਪਣੇ ਮਾਲੀ ਸਾਧਨ ਏਨੇ ਨਹੀਂ ਕਿ ਉਹ ਆਪਣੇ ਤੌਰ ਤੇ ਏਨਾ ਭਾਰ ਚੁੱਕੀ ਰਖੇ। ਇਹ ਪੰਜਾਬ ਦੀ ਸਰਕਾਰ ਤੇ ਦਬਾਓ ਹੈ। ਇਸ ਗੱਲ ਦਾ ਭਾਰ ਕੇਂਦਰ ਦੀ ਸਰਕਾਰ ਤੇ ਪੈਣਾ ਚਾਹੀਦਾ ਹੈ। ਕਿਉਂਕਿ ਪੰਜਾਬ ਦੇ ਕਿਸਾਨ ਨੇ ਸਮੁੱਚੇ ਦੇਸ਼ ਦੇ ਅੰਨ ਭੰਡਾਰ ਵਿੱਚ ਆਪਣਾ ਮੇਜਰ ਯੋਗਦਾਨ ਪਾਇਆ ਹੈ। ਮੈਂ ਇਹ ਕਹਾਂਗਾ ਕਿ ਪੰਜਾਬ ਦੇ ਕਿਸਾਨ ਨੂੰ ਹੀ ਨਹੀਂ ਬਲਕਿ ਸਾਰੇ ਕਿਸਾਨਾਂ ਨੂੰ ਫਰਟੇਲਾਈਜ਼ਰ ਤੇ ਅਤੇ ਕੀਟ ਨਾਸ਼ਕ ਦਵਾਈਆਂ ਤੇ ਸਬਸਿਡੀ ਕੇਂਦਰ ਸਰਕਾਰ ਵਲੋਂ ਹੀ ਮਿਲਣੀ ਚਾਹੀਦੀ ਹੈ। ਇਸ ਨਾਲ ਕਰੋੜਾਂ ਰੁਪਏ ਦੇ ਖਰਚੇ ਤੋਂ ਬਚਿਆ ਜਾ ਸਕਦਾ ਹੈ।

ਸਪੀਕਰ ਸਾਹਿਬ, ਮੈਂ ਅੱਗੇ ਟਰਾਂਸਪੋਰਟ ਬਾਰੇ ਕਹਿਣਾ ਚਾਹੁੰਦਾ ਹਾਂ। ਉਸ ਲਈ ਵੀ ਕੁਝ ਖਰਚਾ ਵਾਧੂ ਦਿਖਾਇਆ ਗਿਆ ਹੈ। ਟਰਾਂਸਪੋਰਟ ਦੇ ਮਾਮਲੇ ਵਿੱਚ ਵੀ ਗੰਭੀਰਤਾ ਨਾਲ ਵਿਚਾਰਨ ਦੀ ਲੋੜ

ਹੈ। ਏਥੇ ਸਪੇਅਰ ਪਾਰਟਸ ਖਰੀਦਣ ਵਿੱਚ ਵੀ ਕੁਰੱਪਸ਼ਨ ਹੁੰਦੀ ਹੈ। ਇਸ ਮਹਿਕਮੇ ਦੀ ਸਮੁੱਚੀ ਕਾਰਗੁਜ਼ਾਰੀ ਨੂੰ ਚੰਗੀ ਤਰ੍ਹਾਂ ਐਗਜ਼ਾਮਿਨ ਕਰਨਾ ਚਾਹੀਦਾ ਹੈ ਤਾਂ ਕਿ ਜਿਵੇਂ ਪ੍ਰਾਈਵੇਟ ਟਰਾਂਸਪੋਰਟਰ ਪਰਾਫਿਟ ਵਿੱਚ ਜਾ ਰਹੇ ਹਨ, ਇਹ ਮਹਿਕਮਾ ਵੀ ਪਰਾਫਿਟ ਵਿੱਚ ਜਾਵੇ ਅਤੇ ਕਿਸੇ ਵੀ ਖਰੀਦੋਫਰੋਖਤ ਵਿੱਚ ਕੋਈ ਘਪਲੇਬਾਜ਼ੀ ਨਾ ਹੋ ਸਕੇ।

ਅੱਗੇ, ਸਪੀਕਰ ਸਾਹਿਬ, ਮਾਲ ਵਿਭਾਗ ਬਾਰੇ ਲਿਖਿਆ ਗਿਆ ਹੈ ਕਿ ਇਹ ਖਰਚਾ ਮਾਲ ਪ੍ਰਬੰਧ ਨੂੰ ਮਜ਼ਬੂਤ ਕਰਨ ਵਾਸਤੇ ਕੀਤਾ ਗਿਆ, ਪੂਰੀ ਤਰ੍ਹਾਂ ਵੈਸੇ ਵਿਆਖਿਆ ਨਹੀਂ ਕੀਤੀ ਗਈ। ਅਸੀਂ ਅਖਬਾਰਾਂ ਵਿੱਚ ਹੀ ਪੜ੍ਹਿਆ ਹੈ ਕਿ ਸਰਕਾਰ ਮਾਲ ਵਿਭਾਗ ਦੇ ਸਾਰੇ ਰਿਕਾਰਡ ਨੂੰ ਕੰਪਿਊਟਰੀਕਰਣ ਕਰਨ ਵਾਸਤੇ ਜਾ ਰਹੀ ਹੈ। ਇਹ ਅੱਛੀ ਸਕੀਮ ਹੈ, ਸਾਰੇ ਡਿਸਟ੍ਰਿਕਟਸ ਵਿੱਚ ਚਾਲੂ ਕਰਨੀ ਚਾਹੀਦੀ ਹੈ। ਪਰ ਅਗਰ ਇਹ ਸਕੀਮ ਹਾਲੇ ਤੱਕ ਕਿਧਰੇ ਵੀ ਲਾਗੂ ਨਹੀਂ ਕੀਤੀ ਗਈ ਤਾਂ ਮੈਨੂੰ ਏਥੇ ਕਰਨ ਦਾ ਕੋਈ ਲੌਜਿਕ ਸਮਝ ਨਹੀਂ ਆਇਆ ਕਿਉਂਕਿ ਅਸੀਂ ਸਾਰੀ ਚੀਜ਼ ਤਾਂ ਪੂਰੀ ਤਰ੍ਹਾਂ ਐਗਜ਼ਾਮਿਨ ਨਹੀਂ ਕਰ ਸਕੇ ਲੇਕਿਨ ਫੇਰ ਵੀ ਮੈਂ ਸਮਝਦਾ ਹਾਂ ਕਿ ਜਿਹੜੇ ਵੀ ਫੌਰੀ ਤੌਰ ਤੇ ਪੁਆਇੰਟਸ ਰਖੇ ਹਨ, ਉਨ੍ਹਾਂ ਬਾਰੇ ਮੈਂ ਵਿੱਤ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਉਨ੍ਹਾਂ ਦਾ ਭਵਿੱਖ ਵਿੱਚ ਪੂਰੀ ਤਰ੍ਹਾਂ ਧਿਆਨ ਰਖਿਆ ਜਾਵੇ ਤਾਂ ਕਿ ਉਨਾਂ ਹੀ ਵਾਧੂ ਖਰਚਾ ਕੀਤਾ ਜਾਵੇ ਜਿੰਨਾਂ ਜ਼ਰੂਰੀ ਹੋਵੇ। ਬੇਲੋੜੇ ਖਰਚੇ ਤੇ ਸ਼ਿਕੰਜਾ ਕੱਸਿਆ ਜਾਵੇ। ਜਿਹੜੇ ਖਰਚੇ **ਅਸੀ** ਘਟਾ ਸਕਦੇ ਹਾਂ, ਉਨ੍ਹਾਂ ਵੱਲ ਜ਼ਿਆਦਾ ਧਿਆਨ ਦਿੱਤਾ ਜਾਵੇ। ਅਫਸਰਾਂ ਦੇ ਟੂਰਾਂ ਦਾ, ਮੰਤਰੀਆਂ ਦੇ ਟੂਰਾਂ ਦਾ ਬਹੁਤ ਵੱਡਾ ਭਾਰ ਖਜ਼ਾਨੇ ਤੇ ਪੈ ਰਿਹਾ ਹੈ। ਸਰਕਾਰ ਨੇ ਮਾਸ ਕਾਂਟੈਕਟ ਪ੍ਰੋਗਰਾਮ ਚਲਾਇਆ ਸੀ। ਠੀਕ ਹੈ, ਉਸਦੇ ਫਰੂਟਫੁੱਲ ਰਿਜ਼ਲਟਸ ਵੀ ਸਾਹਮਣੇ ਆ ਗਏ ਹਨ। ਹੁਣ ਸਰਕਾਰ ਨੇ ਕਿਹਾ ਹੈ ਕਿ ਸਾਡਾ ਨਵਾਂ ਟਾਰਗੈਟ ਪੰਜਾਬ ਦੀ ਡਿਵੈਲਪਮੈਂਟ ਦਾ ਹੋਵੇਗਾ। ਉਸ ਲਈ ਏਥੇ ਬੈਠੇ, ਲੋਕਾਂ ਨੂੰ ਜਿਹੜੇ ਆਪਣੀਆਂ ਗਰੀਵੈਂਸਿਜ਼ ਲੈ ਕੇ ਆਉਂਦੇ ਹਨ, ਉਨ੍ਹਾਂ ਨੂੰ ਪੂਰਾ ਸਮਾਂ ਦਿਉ, ਦੁਖ ਤਕਲੀਫ਼ਾਂ ਸੁਣੋ। ਏਥੇ ਬੈਠ ਕੇ ਵੀ ਨਿਸ਼ਾਨਾ ਪ੍ਰਾਪਤ ਕੀਤਾ ਜਾ ਸਕਦਾ ਹੈ ਅਤੇ ਡਿਵੈਲਪਮੈਂਟ ਵੀ ਚੰਗੀ ਤਰ੍ਹਾਂ ਹੋ ਸਕਦੀ ਹੈ ਅਤੇ ਇਸਦੇ ਨਾਲ ਹੀ ਟੂਰਾਂ ਦੇ ਟੀ.ਏ./ਡੀ.ਏ. ਦੇ ਬੇਲੋੜੇ ਖਰਚੇ ਨੂੰ ਘਟਾਇਆ ਜਾ ਸਕਦਾ ਹੈ। ਮੰਤਰੀਆਂ ਦੇ ਪੈਟਰੋਲ ਆਦਿ ਦੇ ਖਰਚੇ ਤੇ ਵੀ ਬੰਦਿਸ਼ ਹੋਣੀ ਚਾਹੀਦੀ ਹੈ। ਜਿਵੇਂ ਐਮ.ਐਲ.ਏਜ਼ ਤੇ ਬੰਦਿਸ਼ ਹੈ ਕਿ 450 ਲਿਟਰ ਤੋਂ ਵੱਧ ਪੈਟਰੋਲ ਦਾ ਖਰਚਾ ਨਹੀਂ ਹੋਣਾ ਚਾਹੀਦਾ ਠੀਕ ਹੈ, ਮੈਂ ਸਹਿਮਤ ਹਾਂ ਮੰਤਰੀ ਇਹ ਖਰਚਾ ਡਬਲ ਜਾਂ ਤਿੰਨ ਗੁਣਾਂ ਜ਼ਿਆਦਾ ਕਰ ਸਕਦੇ ਹਨ, ਲੇਕਿਨ ਖਰਚਾ ਅਨ-ਲਿਮਿਟਡ ਹੋਵੇ, ਇਹ ਗੱਲ ਠੀਕ ਨਹੀਂ ਜਾਪਦੀ। ਐਵੇਂ ਹੀ ਮੇਲਿਆਂ ਤੇ ਮੰਤਰੀ ਇਸ਼ਤਿਹਾਰ-ਬਾਜ਼ੀ ਕਰਦੇ ਤੁਰੇ ਫਿਰਦੇ ਹਨ, ਉਸ ਗੱਲ ਤੋਂ ਬਚਿਆ ਜਾ ਸਕਦਾ ਹੈ। ਏਥੇ ਬੈਠ ਕੇ ਵੀ ਲੋਕਾਂ ਦੀਆਂ ਸਮੱਸਿਆਵਾਂ ਸੁਲਝਾਈਆਂ ਜਾ ਸਕਦੀਆਂ ਹਨ। ਸਪੀਕਰ ਸਾਹਿਬ, ਇਹ ਮੈਂ ਜੋ ਥੋੜ੍ਹੇ ਸਮੇਂ ਵਿੱਚ ਸੁਝਾਓ ਦਿੱਤੇ ਹਨ, ਮੈਂ ਸਤਿਕਾਰਯੋਗ ਅਤੇ ਸੁਲਝੇ ਹੋਏ ਖਜ਼ਾਨਾ ਮੰਤਰੀ ਜੀ ਤੋਂ ਆਸ ਕਰਦਾ ਹਾਂ ਕਿ ਉਹ ਇਨ੍ਹਾਂ ਵੱਲ ਧਿਆਨ ਦੇਣਗੇ ਤਾਂ ਕਿ ਭਵਿੱਖ ਵਿੱਚ ਇਨ੍ਹਾਂ ਬੇਲੋੜੇ ਖਰਚਿਆਂ ਤੋਂ ਪੰਜਾਬ ਸਟੇਟ ਨੂੰ ਬਚਾਇਆ ਜਾ ਸਕੇ ਅਤੇ ਵਿੱਤੀ ਸਥਿਤੀ ਨੂੰ ਸੁਧਾਰਿਆ ਜਾ ਸਕੇ। ਇਸਦੇ ਨਾਲ ਹੀ ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ।

ਮੁੱਖ ਮੰਤਰੀ (ਸਰਦਾਰ ਬੇਅੰਤ ਸਿੰਘ): ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ ਆਰਡਰ। ਸਪੀਕਰ ਸਾਹਿਬ, ਕਲ੍ਹ ਜੋ ਮੈਂ ਇਸ ਸੈਸ਼ਨ ਦੇ ਅੰਦਰ ਅਪਣੀ ਸਪੀਚ ਵਿਚ ਕਿਹਾ ਸੀ, ਉਹ ਬੜਾ ਸਪੱਸ਼ਟ ਸੀ ਲੇਕਿਨ ਮੈਨੂੰ ਹੁਣੇ ਇਕ ਚਿੱਠੀ ਮਿਲੀ ਹੈ ਕਿ ਸੀ.ਪੀ.ਆਈ, ਗਰੁੱਪ ਨੇ ਸਰਦਾਰ ਅਜਾਇਬ ਸਿੰਘ, ਐਮ.ਐਲ.ਏ. ਦੀ ਪ੍ਰਧਾਨਗੀ ਹੇਠ ਇਕ ਮੀਟਿੰਗ ਕੀਤੀ ਹੈ। ਇਨ੍ਹਾਂ ਨੇ ਕਿਹਾ ਹੈ ਕਿ ਇਥੇ ਚੀਫ ਮਨਿਸਟਰ ਨੇ ਸਾਡੀਆਂ 2 ਭੈਣਾਂ ਬਾਰੇ ਡੈਰੋਗੇਟਰੀ ਰਿਮਾਰਕਸ ਦਿੱਤੇ ਹਨ। ਇਸ ਸਬੰਧ ਵਿਚ ਮੈਂ ਇਹ ਕਹਿਣਾ

[ਮੁੱਖ ਮੰਤਰੀ]

ਚਾਹੁੰਦਾ ਹਾਂ ਕਿ ਮੈਂ ਕੋਈ ਡੈਰੋਗੇਟਰੀ ਰਿਮਾਰਕਸ ਨਹੀਂ ਦਿੱਤੇ ਸਨ। ਅਸਲ ਵਿਚ ਉਨ੍ਹਾਂ ਨੂੰ ਇਸ ਗੱਲ ਦੀ ਚੰਗੀ ਤਰ੍ਹਾਂ ਸਮਝ ਹੀ ਨਹੀਂ ਲੱਗੀ। ਮੈਂ ਫਿਰ ਇਸ ਗੱਲ ਨੂੰ ਰਿਪੀਟ ਕਰ ਦਿੰਦਾ ਹਾਂ, ਹਾਲਾਂ ਕਿ ਮੈਂ ਇਸ ਦੀ ਕੋਈ ਲੋੜ ਤਾਂ ਨਹੀਂ ਸਮਝਦਾ ਕਿਉਂਕਿ ਮੈਂ ਉਹ ਲਫਜ਼ ਵਾਪਸ ਲੈ ਲਏ ਸੀ। ਮੈਂ ਇਹ ਗੱਲ ਆਖੀ ਸੀ ਸਾਡੀਆਂ ਭੈਣਾ, ਸਾਡੀਆਂ ਪੋਲੀਟੀਕਲ ਸਾਥਣਾਂ, ਜਿਹੜੀਆਂ ਇਸ ਹਾਊਸ ਵਿਚ ਹਨ ਅਤੇ ਹਾਊਸ ਤੋਂ ਬਾਹਰ ਵੀ ਹਨ। ਮੈਂ ਕਿਹਾ ਸੀ ਕਿ ਅਸੀਂ ਵੰਗਾਂ ਤੇ ਟੈਕਸ ਖਤਮ ਕੀਤਾ ਹੈ ਇਹ ਤਾਂ ਸਗੋਂ ਇਨ੍ਹਾਂ ਦੇ ਕਰੈਡਿਟ ਤੇ ਗੱਲ ਜਾਂਦੀ ਹੈ। ਮੈਂ ਕੋਈ ਗਲਤ ਗੱਲ ਨਹੀਂ ਆਖੀ ਸੀ। ਮੈਂ ਕਿਹਾ ਸੀ ਇਨ੍ਹਾਂ ਵਿਚੋਂ ਬਹੁਤੀਆਂ ਨੂੰ ਆਪਣੇ ਸਹੁਰਿਆਂ ਦਾ ਜ਼ਿਆਦਾ ਪਤਾ ਨਹੀਂ ਹੁੰਦਾ। ਜਿਹੜੇ ਸਾਡੇ ਸਮਾਜ ਦੇ ਰਿਵਾਜ਼ ਹਨ, ਮੈਂ ਉਨ੍ਹਾਂ ਦੀ ਗੱਲ ਕੀਤੀ ਸੀ। ਫਿਰ ਹਾਲੇ ਮੈਂ ਗੱਲ ਪੂਰੀ ਕੀਤੀ ਵੀ ਨਹੀਂ ਸੀ ਕਿ ਇਨ੍ਹਾਂ ਨੇ ਵਾਕ-ਆਊਟ ਕਰ ਦਿੱਤਾ ਹਾਲਾਂ ਕਿ ਮੈਂ ਉਹ ਲਫਜ਼ ਵਾਪਸ ਵੀ ਲੈ ਲਏ ਸਨ ਅਤੇ ਉਹ ਲਫਜ਼ ਐਕਸ-ਪੰਜ ਵੀ ਹੋ ਗਏ ਸਨ। ਇਨ੍ਹਾਂ ਹਾਲਾਤ ਵਿਚ ਮੈਂ ਨਹੀਂ ਸਮਝਦਾ ਕਿ ਇਨ੍ਹਾਂ ਦੀ ਕੋਈ ਮੀਟਿੰਗ ਇਸ ਸਬੰਧ ਵਿਚ ਹੋਵੇ। ਇਹ ਸਾਡੀਆਂ ਹਾਈਅਲੀ ਰਿਸਪੈਕਟਿਡ ਭੈਣਾਂ ਹਨ। ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਅਗਰ ਇਨ੍ਹਾਂ ਨੂੰ ਕੋਈ ਮੁਗਾਲਤਾ ਲੱਗਾ ਹੈ ਤਾਂ ਇਹ ਉਸ ਨੂੰ ਆਪਣੇ ਮਨਾਂ ਵਿਚੋਂ ਕੱਢ ਦੇਣ। ਮੈਂ ਆਪਣੇ ਲਫਜ਼ ਵਾਪਸ ਲੈ ਲਏ ਸੀ, ਵਿਦਡਰਾਅ ਕਰ ਲਏ ਸੀ।

ਸ੍ਰੀ ਸਤਨਾਮ ਸਿੰਘ ਕੈਂਥ (ਬੰਗਾ, ਐਸ.ਸੀ.) : ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਨ੍ਹਾਂ ਸਪਲੀਮੈਂਟਰੀ ਡਿਮਾਂਡਜ਼ ਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਅਰਸ਼ੀ ਸਾਹਿਬ ਦੀ ਇਸ ਗੱਲ ਨਾਲ ਵੀ ਸਹਿਮਤ ਹਾਂ ਕਿ ਜਿਹੜੀਆਂ ਇਥੇ ਸਪਲੀਮੈਂਟਰੀ ਡਿਮਾਂਡਜ਼ ਰੱਖੀਆਂ ਗਈਆਂ ਹਨ, ਉਹ ਲਗਭਗ 4–5 ਮਿੰਟ ਪਹਿਲਾਂ ਹੀ ਸਾਡੇ ਕੋਲ ਪੁੱਜੀਆਂ ਹਨ। ਮੈਂ ਸਮਝਦਾ ਹਾਂ ਕਿ ਨਵੇਂ ਐਮ.ਐਲ.ਏ. ਤਾਂ ਕੀ, ਪੁਰਾਣੇ ਐਮ.ਐਲ.ਏ. ਵੀ ਇਨ੍ਹਾਂ ਸਪਲੀਮੈਂਟਰੀ ਡਿਮਾਂਡਜ਼ ਤੇ ਡਿਸਕਸ਼ਨ ਨਹੀਂ ਕਰ ਸਕਦੇ ਜਦੋਂ ਤੱਕ ਉਨ੍ਹਾਂ ਨੂੰ ਟਾਈਮ ਸਿਰ ਇਹ ਮੁਹਈਆ ਨਾ ਕੀਤੀਆਂ ਜਾਣ। ਇਹ ਬੜੀ ਭਾਰੀ ਡਿਸਕਸ਼ਨ ਹੈ। ਪਿਛੇ ਜਿਹੜੀ ਬੀ.ਏ.ਸੀ. ਦੀ ਮੀਟਿੰਗ ਹੋਈ ਸੀ, ਉਸ ਵਿਚ ਵੀ ਇਹ ਗੱਲ ਚਲੀ ਸੀ ਕਿ ਅਜੰਡਾ ਟਾਈਮ ਸਿਰ ਮਿਲਣਾ ਚਾਹੀਦਾ ਹੈ ਲੇਕਿਨ ਮੈਨੂੰ ਇਸ ਗੱਲ ਦਾ ਬਹੁਤ ਦੁੱਖ ਹੁੰਦਾ ਹੈ ਕਿ ਇਸ ਦੇ ਬਾਵਜੂਦ ਸਾਨੂੰ 4–5 ਮਿੰਟ ਪਹਿਲਾਂ ਹੀ **ਇਹ** ਡਿਮਾਂਡਜ਼ ਮਿਲੀਆਂ ਹਨ। ਮੈਨੂੰ ਸਮਝ ਨਹੀਂ ਆਉਂਦੀ ਕਿ 4–5 ਮਿੰਟ ਵਿਚ ਅਸੀਂ ਇਨ੍ਹਾਂ ਨੂੰ ਸਟਡੀ ਕਰਕੇ ਕੀ ਡਿਸਕਸ਼ਨ ਕਰੀਏ ? ਇਹ ਬਹੁਤ ਜ਼ਿਆਦਾ ਪੇਜ ਹਨ, ਤਕਰੀਬਨ 44–45 ਪੇਜ ਹਨ। ਇੰਨੇ ਥੋੜ੍ਹੇ ਟਾਈਮ ਵਿਚ ਤਾਂ ਇਨ੍ਹਾਂ ਨੂੰ ਪੇਜਵਾਈਜ਼ ਵੇਖਿਆ ਵੀ ਨਹੀਂ ਜਾ ਸਕਦਾ ਜਿਸ ਤਰ੍ਹਾਂ ਪਿਛਲੇ ਸੈਸ਼ਨ ਦੌਰਾਨ ਸਾਡੇ ਐਫ.ਐਮ. ਸਾਹਿਬ ਨੇ ਵਾਅਦਾ ਕੀਤਾ ਸੀ ਕਿ ਆਉਣ ਵਾਲੇ ਸਮੇਂ ਅੰਦਰ ਸਪਲੀਮੈਂਟਰੀ ਡੀਮਾਂਡਜ਼ ਸਮੇਂ ਸਿਰ ਆਉਣਗੀਆਂ।

ਹੁਣ ਵੀ ਕੱਲ੍ਹ 196 ਕਰੋੜ ਰੁਪਏ ਦਾ ਜੋ ਖਰਚ ਦੱਸਿਆ ਹੈ ਕਾਫੀ ਜ਼ਿਆਦਾ ਹੈ। ਇਹ ਆਸ ਤੋਂ ਕਿਤੇ ਉਪਰ ਹੈ ਕਿਉਂਕਿ ਅਸੀਂ ਆਸ ਰਖਦੇ ਹਾਂ ਕਿ ਬਹੁਤ ਸਾਰਾ ਪੈਸਾ, ਜੋ ਪੰਚਾਇਤਾਂ ਦੇ ਉਤੇ 31 ਕਰੋੜ ਰੁਪਿਆ ਖਰਚ ਕੀਤਾ ਗਿਆ ਹੈ, ਮੁਲਾਜ਼ਮਾਂ ਨੂੰ ਬੋਨਸ ਦੇਣ ਤੇ ਖਰਚਿਆ ਹੈ ਜਾਂ ਮੇਨਟੇਨੈਂਸ ਤੇ ਰੁਪਿਆ ਰਖਿਆ ਹੈ, ਇਹ ਸਾਰਾ ਪੈਸਾ ਗਰਾਂਟਸ ਮਨਜ਼ੂਰ ਕਰਦੇ ਸਮੇਂ ਜਾਂਚ ਲੈਣਾ ਚਾਹੀਦਾ ਹੈ ਕਿ ਕਿਤੇ ਕੋਈ ਅਜਿਹਾ ਡਿਪਾਰਟਮੈਂਟ ਤਾਂ ਨਹੀਂ ਜਿਹੜਾ ਐਕਸਟਰਾ ਖਰਚਾ ਕਰਦਾ ਹੋਵੇ। ਜਿਸ ਤਰ੍ਹਾਂ ਪਹਿਲਾਂ ਵੀ ਕਿਹਾ ਗਿਆ ਹੈ, ਗਵਰਨਰ ਐਡਰੈਸ ਤੇ ਵੀ ਕਿਹਾ ਸੀ ਕਿ ਪਟਿਆਲੇ ਦੇ ਅੰਦਰ ਹੋਮ ਗਾਰਡਜ਼ ਦਾ ਸਕੈਂਡਲ ਹੋਇਆ। ਐਸ.ਪੀ ਓਜ਼ ਦੀ ਭਰਤੀ ਕਰਕੇ ਉਨ੍ਹਾਂ ਤੋਂ ਪੰਜ ਪੰਜ ਹਜ਼ਾਰ ਰੁਪਏ ਲਏ ਗਏ।

ਇਸ ਮਾਮਲੇ ਨੂੰ ਪਟਿਆਲਾ ਦੀ ਗਰੀਵੇਂਸਿਜ਼ ਕਮੇਟੀ ਦੇ ਵਿੱਚ ਵੀ ਉਠਾਇਆ ਗਿਆ, ਇਹ ਬੜਾ ਹੀ ਸੀਰੀਅੱਸ ਮਸਲਾ ਸੀ। ਇਸ ਦੇ ਨਾਲ-ਨਾਲ ਮੈਂ ਕਹਿਣਾ ਚਾਹੁੰਦਾ ਹਾਂ ਕਿ 52 ਕਰੋੜ ਰੁਪਿਆ ਐਗਰੀ-ਕਲਚਰ ਤੇ ਖਰਚਿਆਂ ਗਿਆ ਹੈ ਜਿਸ ਵਿੱਚੋਂ 30 ਹਜ਼ਾਰ ਰੁਪਏ ਦੀ ਸਬਸਿਡੀ ਦੇਣੀ ਹੈ। ਇਹ ਸਬਸਿਡੀ ਕੇਵਲ 18 ਹਾਰਸ ਪਾਵਰ ਵਾਲੇ ਟਰੈਕਟਰ ਤੇ ਹੀ ਦਿੱਤੀ ਜਾਣੀ ਹੈ। ਇਸ ਵਿੱਚ ਇਹ ਦੇਖਣਾ ਵੀ ਬਹੁਤ ਜ਼ਰੂਰੀ ਹੈ ਕਿ ਕਿਤੇ ਇਹ ਚੀਜ਼ ਕਿਸੇ ਸਪੈਸ਼ਲ ਫਰਮ ਨੂੰ ਹੀ ਫਾਇਦਾ ਪਹੁੰਚਾਉਣ ਵਾਸਤੇ ਤਾਂ ਨਹੀਂ ਕੀਤੀ ਜਾ ਰਹੀ।

ਇਸ ਦੇ ਨਾਲ-ਨਾਲ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਕਈ ਫੰਕਸ਼ਨ ਹੁੰਦੇ ਹਨ, ਹਰ ਐਮ.ਐਲ.ਏ. ਵਾਸਤੇ 450 ਲਿਟਰ ਪੈਟਰੋਲ ਫਿਕਸ ਕੀਤਾ ਹੋਇਆ ਹੈ। ਕਈ ਵਾਰੀ ਅਸੀਂ ਦੇਖਿਆ ਹੈ ਕਿ ਸੀ ਐਮ. ਸਾਹਿਬ ਫੰਕਸ਼ਨ ਤੇ ਗਏ ਹੁੰਦੇ ਹਨ ਅਤੇ ਸਾਰੇ ਦੇ ਸਾਰੇ ਮਨਿਸਟਰ ਉਥੇ ਪਹੁੰਚੇ ਹੁੰਦੇ ਹਨ, ਐਮ.ਐਲ.ਏਜ਼. ਵੀ ਪਹੁੰਚੇ ਹੁੰਦੇ ਹਨ। ਉਦੋਂ ਪੁਲਿਸ ਲਾਈਨ ਤੋਂ ਸਾਨੂੰ ਪੈਟਰੋਲ ਨਹੀਂ ਦਿੰਦੇ ਔਰ ਉਹ ਕਹਿ ਦੇਂਦੇ ਹਨ ਕਿ ਪੈਟਰੋਲ ਨਹੀਂ ਹੈ ਕਿਉਂਕਿ ਸਾਡੀ ਮਨਿਸਟਰੀ ਏਥੇ ਆਈ ਹੈ। ਇਸ ਲਈ ਮੈਂ ਮੁੱਖ ਮੰਤਰੀ ਜੀ ਨੂੰ ਕਹਿਣਾ ਚਾਹੁੰਦਾ ਹਾਂ ਆਪਣੇ ਮਾਧਿਅਮ ਰਾਹੀਂ ਕਿ ਮਨਿਸਟਰ ਆਪਣੇ ਪ੍ਰੋਗਰਾਮ ਇਸ ਹਿਸਾਬ ਨਾਲ ਬਨਾਉਣ ਕਿ ਐਕਸਟਰਾ ਬਰਡਨ, ਵਾਧੂ ਖਰਚਾ ਨਾ ਹੋਵੇ। ਇਸ ਦੇ ਨਾਲ-ਨਾਲ ਜਿਸ ਤਰ੍ਹਾਂ ਸਪਲੀਮੈਂਟਰੀ ਗਰਾਂਟਸ ਦੇ ਪੰਨਾ ਨੰ: 20 ਤੇ ਕਿਹਾ ਗਿਆ ਹੈ ਕਿ ਪੁਲਿਸ ਵਾਲਿਆਂ ਵਾਸਤੇ ਪੈਟਰੋਲ ਤੇ ਲਗਭੱਗ 25.3 ਔਰ 0.18 ਲੱਖ ਰੁਪਏ ਖਰਚਾ ਆਇਆ, ਇਸ ਬਾਰੇ ਸਾਨੂੰ ਸਾਰੀਆਂ ਚੀਜ਼ਾਂ ਨੂੰ ਬੜੀ ਬਾਰੀਕੀ ਨਾਲ ਜਾਂਚ ਲੈਣਾ ਚਾਹੀਦਾ ਹੈਕਿ ਕੀ ਇਹ ਖਰਚੇ ਜਾਇਜ਼ ਹਨ? ਅੰਤ ਵਿੱਚ, ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਭਾਵੇਂ ਅਸੀਂ ਥਾਰੋਲੀ ਤਾਂ ਬਿਆਨ ਨਹੀਂ ਕਰ ਸਕੇ । ਹੁਣ ਮੈਂ ਰਜ਼ਾ ਲੈਦਾ ਹਾਂ। ਜੈ ਭੀਮ, ਜੈ ਭਾਰਤ।

ਸ਼੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ (ਬਾਘਾ ਪੁਰਾਣਾ): ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਸਪਲੀਮੈਂਟਰੀ ਡੀਮਾਂਡਜ਼ ਤੇ ਬੋਲਣ ਦਾ ਸਮਾਂ ਦਿੱਤਾ ਹੈ। **
** ** **

ਸ਼੍ਰੀ ਸਪੀਕਰ: ਸਾਥੀ ਜੀ, ਤੁਸੀਂ ਕੈਬਿਨਟ ਮੀਟਿੰਗ ਦੀ ਪਰੋਸੀਡਿੰਗ ਦੇ ਵਿੱਚ ਨਾ ਜਾਓ। ਤੁਹਾਡੇ ਇਹ ਰਿਮਾਰਕਸ ਰਿਕਾਰਡ ਵਿਚੋਂ ਕੱਢੇ ਜਾਂਦੇ ਹਨ।

ਸ਼੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ: ਅੱਛਾ ਜੀ, ਸਪੀਕਰ ਸਾਹਿਬ, ਜਿੱਥੋਂ ਤੱਕ ਐਸਟੀਮੇਟ ਕਮੇਟੀ ਦੀ ਮੀਟਿੰਗ ਦਾ ਤੁਅੱਲਕ ਹੈ ਇਸ ਦਾ ਮੈਂਬਰ ਹੋਣ ਦੇ ਨਾਤੇ ਮੈਨੂੰ ਇਹ ਡੀਮਾਂਡਜ਼ ਇਕ ਹਫ਼ਤਾ ਪਹਿਲਾਂ ਆਉਣੀਆਂ ਚਾਹੀਦੀਆਂ ਸੀ ਤਾਂ ਕਿ ਮੈਂ ਇਨ੍ਹਾਂ ਦੇ ਬਾਰੇ ਗੌਰ ਕਰ ਸਕਦਾ ਮਗਰ ਤੁਹਾਡੇ ਹੁਕਮ ਦੀ ਪਾਲਣਾ ਕਰਦੇ ਹੋਏ ਕੱਲ੍ਹ ਇਹ ਮੀਟਿੰਗ ਬੁਲਾਈ ਗਈ ਜਦੋਂ ਕਿ ਮੇਰੇ ਵਕੀਲ ਸਾਥੀ ਬਾਹਰ ਸੜਕਾਂ ਤੇ ਫਿਰਦੇ ਸਨ ਔਰ ਮੈਂ ਉਨ੍ਹਾਂ ਦੇ ਵਿੱਚ ਸ਼ਾਮਲ ਹੋਣਾ ਚਾਹੁੰਦਾ ਸੀ, ਪਰ ਮੈਂ ਐਸਟੀਮੇਟ ਕਮੇਟੀ ਦੀ ਮੀਟਿੰਗ ਹੋਣ ਕਰਕੇ ਮੀਟਿੰਗ ਵਿੱਚ ਸ਼ਾਮਲ ਹੋਇਆ। ਹੁਣ ਮੈਂ ਥੋੜਾ ਜਿਹਾ ਚਾਨਣਾ ਇਨ੍ਹਾਂ ਡੀਮਾਂਡਜ਼ ਦੇ ਬਾਰੇ ਪਾਉਣਾ ਚਾਹੁੰਦਾ ਹਾਂ। ਜਿੱਥੋਂ ਤੱਕ ਸਪਲੀਮੈਂਟਰੀ ਡੀਮਾਂਡਜ਼ ਦਾ ਤਾਲੁਕ ਹੈ ਉਹ ਦੇ ਵਿੱਚ ਦਰਸਾਇਆ ਗਿਆ ਹੈ ਕਿ ਕੁੱਲ 1 ਅਰਬ 96 ਕਰੋੜ 57 ਲੱਖ ਰੁਪਇਆ ਰੱਖਿਆ ਗਿਆ ਹੈ ਸਪਲੀਮੈਂਟਰੀ ਡੀਮਾਂਡਜ਼ ਵਾਸਤੇ

**Expunged as ordered by the Chair.

[ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ]

ਅਤੇ ਜਿਹੜਾ ਟੋਟਲ ਬਜਟ ਦਾ ਹਿੱਸਾ ਹੈ, ਜਿਹੜਾ ਬਜਟ ਐਟ-ਏ-ਗਲਾਂਸ ਵਾਲੀ ਗੱਲ ਹੈ, ਜੋ ਮੈਂ ਪੜ੍ਹਿਆ ਹੈ ਉਹ ਹੈ 5798.37 ਕਰੋੜ ਰੁਪਿਆ। 196.57 ਕਰੋੜ ਰੁਪਏ ਦੀ ਸਪਲੀਮੈਂਟਰੀ। ਇਹ ਮੈਂ ਸਮਝਦਾ ਹਾਂ ਕਿ ਨਾ ਵਾਜ਼ਬ ਹੈ ਕਿਉਂਕਿ ਇਹ ਪਿਛਲਾ ਦਰਵਾਜ਼ਾ (ਬੈਕ ਡੋਰ) ਵਾਲੀ ਗੱਲ ਹੈ ਔਰ ਮੰਗਾਂ ਪੂਰੀਆਂ ਕਰਨ ਦਾ ਢੰਗ ਹੈ। ਕਿਉਂਕਿ ਪਹਿਲਾਂ ਇਨ੍ਹਾਂ ਨੂੰ ਦਰਸਾਇਆ ਨਹੀਂ ਜਾਂਦਾ । ਪਹਿਲਾਂ ਇਨ੍ਹਾਂ ਡੀਮਾਂਡਜ਼ ਨੂੰ ਲਿਸਟ ਤੇ ਲਿਆਂਦਾ ਨਹੀਂ ਜਾਂਦਾ ਔਰ ਬਾਅਦ ਵਿੱਚ ਮਾਰਚ ਦੇ ਮਹੀਨੇ ਵਿੱਚ ਜਦੋਂ ਹਫੜਾ ਦਫੜੀ ਮੱਚੀ ਹੁੰਦੀ ਹੈ, ਹਰ ਮਹਿਕਮੇ ਵੱਲੋਂ ਡੀਮਾਂਡ ਰੱਖ ਦਿੱਤੀ ਜਾਂਦੀ ਹੈ। ਉਨ੍ਹਾਂ ਦੇ ਵਿੱਚ ਇਹ ਫਿਕਸ ਨਹੀਂ ਹੋ ਸਕਦਾ ਕਿ ਕਿਹੜੀ ਡਿਮਾਂਡ ਵਾਜਬ ਹੈ ਅਤੇ ਕਿਹੜੀ ਨਾਵਾਜਬ ਹੈ। ਹੁਣ ਜਦੋਂ ਮਾਰਚ ਦੇ ਮਹੀਨੇ ਵਿੱਚ ਫੰਡ ਲੈਪਸ ਹੋਣੇ ਹੁੰਦੇ ਹਨ, ਭਾਵੇਂ ਉਹ ਸੈਂਟਰ ਦੀ ਸਰਕਾਰ ਤੋਂ ਆਉਣੇ ਹੁੰਦੇ ਹਨ ਜਾਂ ਪੰਜਾਬ ਦੀ ਸਰਕਾਰ ਤੋਂ, ਉਨ੍ਹਾਂ ਉਤੇ ਚੰਗੀ ਤਰ੍ਹਾਂ ਗੌਰ ਨਹੀਂ ਹੋ ਸਕਦਾ ਕਿ ਕਿਹੜੀ ਡਿਮਾਂਡ ਜੈਨੂਅਨ ਹੈ ਅਤੇ ਕਿਹੜੀ ਜੈਨੂਅਨ ਨਹੀਂ। ਇਹ ਨਾਵਾਜਬ ਗੱਲ ਹੈ, ਜਿਸ ਦਾ ਅੱਗੇ ਤੋਂ ਸਰਕਾਰ ਨੂੰ ਧਿਆਨ ਰੱਖਣਾ ਚਾਹੀਦਾ ਹੈ। ਮਾਣਯੋਗ ਮੈਂਬਰਾਂ ਨੂੰ ਜਾਂ ਕਮੇਟੀ ਦੀ ਅਹਿਮੀਅਤ ਨੂੰ ਸਮਝਦੇ ਹੋਏ ਇਹ ਸਾਰੇ ਪ੍ਰਬੰਧ ਕਰਕੇ ਦੇਣੇ ਚਾਹੀਦੇ ਹਨ ਤਾਂ ਕਿ ਇਹ ਜਿਹੜਾ ਪੈਸਾ ਹੈ, ਉਸ ਉਤੇ ਚੰਗੀ ਤਰ੍ਹਾਂ ਵਿਚਾਰ ਹੋ ਸਕੇ ਅਤੇ ਉਸ ਨੂੰ ਐਵੇਂ ਹੀ ਬਰਬਾਦ ਹੋਣ ਤੋਂ ਬਚਾਇਆ ਜਾ ਸਕੇ ਅਤੇ ਅਸੀਂ ਇਸ ਉਤੇ ਸਮੇਂ ਸਿਰ, ਬਹਿਸ ਕਰ ਸਕੀਏ।

ਸਪੀਕਰ ਸਾਹਿਬ, ਸਪਲੀਮੈਂਟਰੀ ਡਿਮਾਂਡਜ ਦੇ ਵਿੱਚ ਸਭ ਤੋਂ ਵੱਧ ਖਰਚਾ ਹੋਮ ਅਫੇਅਰਜ਼ ਅਤੇ ਜਸਟਿਸ ਤੇ ਹੋਇਆ ਹੈ ਜਿਹੜਾ ਕਿ ਤਿੰਨ ਹਿੱਸਿਆਂ ਵਿਚੋਂ ਦੋ ਹਿੱਸੇ ਹੈ। ਇਸ ਉਤੇ ਗੌਰ ਕਰੀਏ ਤਾਂ ਕਈ ਗੱਲਾਂ ਆਉਦੀਆਂ ਹਨ ਜਿਹੜੀਆਂ ਕਿ ਮੈਂ ਤੁਹਾਡੇ ਸਾਹਮਣੇ ਰੱਖਣੀਆਂ ਚਾਹੁੰਦਾ ਹਾਂ। ਪੰਜਾਬ ਦੇ ਵਿੱਚ ਪੁਲਿਸ ਯਾਨੀ ਹੋਮ ਅਫੇਅਰਜ਼ ਨੇ ਬੜੀਆਂ ਔਖੀਆਂ ਘੜੀਆਂ ਦੇ ਵਿੱਚ ਕੰਮ ਕੀਤਾ ਹੈ। ਪਰ ਦੂਜੇ ਪਾਸੇ ਮੈਂ ਇਹ ਨਹੀਂ ਕਹਿੰਦਾ ਕਿ ਹੋਮ ਅਫੇਅਰਜ਼ ਵਿਚ ਸਾਰਾ ਕੁਝ ਠੀਕ ਚਲ ਰਿਹਾ ਹੈ। ਜਿਥੋਂ ਤੱਕ ਫਾਈਨੈਸ਼ੀਅਲ ਡਿਮਾਂਡ ਦਾ ਤੁਅੱਲਕ ਹੈ, ਇਸ ਵਿਚ ਕਈ ਗੱਲਾਂ ਐਸੀਆਂ ਹਨ। ਜਿਹੜੀਆਂ ਕਿ ਦੇਖਣ ਯੋਗ ਹਨ। ਇਹ ਡਿਮਾਂਡ ਵਿੱਚ ਸਭ ਤੋਂ ਪਹਿਲਾਂ ਲਿਖਿਆ ਹੈ to make payment of hiring charges of helicopter. ਜਿਥੋਂ ਤੱਕ ਡੀ.ਜੀ.ਪੀ. ਸਾਹਿਬ ਦੇ ਹੈਲੀਕਾਪਟਰ ਵਾਸਤੇ 65.20 ਲੱਖ ਰੁਪਏ ਰੱਖੇ ਹਨ ਮੈਂ ਸਮਝਦਾ ਹਾਂ ਕਿ ਜਿਹੜੀ ਅਮਾਊਂਟ ਹੈਲੀਕਾਪਟਰ ਹਾਇਰ ਕਰਨ ਵਾਸਤੇ ਰੱਖੀ ਗਈ, ਸਾਨੂੰ ਇਹ ਦੇਖਣਾ ਚਾਹੀਦਾ ਹੈ ਕਿ ਪੰਜਾਬ ਦੀ ਸਰਕਾਰ ਇਹ ਹੈਲੀਕਾਪਟਰ ਕਿੰਨੇ ਵਿੱਚ ਖਰੀਦ ਸਕਦੀ ਹੈ ਤਾਂ ਕਿ ਉਸ ਤੇ ਵਿਆਜ-ਪੜਤਾ ਲਗਾ ਕੇ ਅਗਾਂਹ ਨੂੰ ਆਉਣ ਵਾਲੇ ਸਮੇਂ ਅਸੀਂ ਇਹ ਵੇਖ ਲਈਏ ਕਿ ਗੱਲਬਾਤ ਕੀ ਹੈ, ਅਤੇ ਸਾਨੂੰ ਕਿੰਨਾ ਖਰਚਾ ਪਵੇਗਾ। ਹੋਮ ਅਫੇਅਰਜ਼ ਦੀਆਂ ਡਿਮਾਂਡਜ਼ ਵਿੱਚ ਪੰਚਾਇਤਾਂ ਦੀਆਂ ਚੋਣਾਂ ਵਾਸਤੇ ਅਤੇ ਮਿਊਂਸਿਪਲ ਕਮੇਟੀਆਂ ਦੀਆਂ ਚੋਣਾਂ ਵਾਸਤੇ ਜਿਹੜਾ ਇਨ੍ਹਾਂ ਨੇ ਖਰਚਾ ਪਾਇਆ ਹੈ ਅਡੀਸ਼ਨਲ ਐਸ.ਪੀ.ਓਜ਼ ਭਰਤੀ ਕਰਨ ਲਈ, ਇਕੱਲੀਆਂ ਪੰਚਾਇਤ ਚੋਣਾਂ ਵਾਸਤੇ 31,35.70 ਲੱਖ ਰੁਪਏ ਖਰਚ ਕੀਤੇ ਗਏ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਲੈਕਸ਼ਨਾਂ ਬਹੁਤ ਜ਼ਰੂਰੀ ਸਨ ਅਤੇ ਇਸ ਵਿਚ ਕੋਈ ਸ਼ੱਕ ਨਹੀਂ, ਇਲੈਕਸ਼ਨਾਂ ਵਿੱਚ ਡਿਊਟੀਆਂ ਲਗਣੀਆਂ ਸਨ। ਮਗਰ ਅੱਜ ਦੀ ਅਖਬਾਰ ਵਿਚ ਵੀ ਘਪਲੇ ਦੀ ਰਿਪੋਰਟ ਆਈ ਹੈ ਅਤੇ ਦੋ ਹੋਮਗਾਰਡ ਦੇ ਅਫਸਰ ਸਸਪੈਂਡ ਕੀਤੇ ਗਏ ਹਨ। ਮੈਂ ਸਮਝਦਾ ਹਾਂ ਕਿ ਇਨ੍ਹਾਂ ਫੰਡਾਂ ਦਾ ਮਿਸਯੂਜ਼ ਹੋਇਆ ਹੈ। ਅਗਰ ਸਰਕਾਰ ਸਮੇਂ ਸਿਰ ਇਸ ਨੂੰ ਧਿਆਨ ਵਿਚ ਰਖਦੀ ਤਾਂ ਹੋ ਸਕਦਾ ਸੀ ਕਿ ਇਹ ਖਰਚਾ ਘੱਟ ਹੁੰਦਾ ਅਤੇ ਜਿਹੜੀਆਂ ਕਮੀਆਂ ਨੇ ਜਿਹੜੀਆਂ ਅਣਵਿਵਤਾਵਾਂ ਨੇ ਉਹ ਬਚ ਸਕਦੀਆਂ ਸਨ। ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਥੋਂ ਤੱਕ ਪੰਜਾਬ ਵਿਚ ਪੁਲਿਸ

ਦੀ ਭਰਤੀ ਕਰਨ ਦਾ ਸਵਾਲ ਹੈ grant of bonus and additional dearness allowance due to the creation of additional posts in the Police Department is concerned ਪੁਲਿਸ ਵਿਚ ਭਰਤੀ ਕੀਤੀ ਗਈ ਅਤੇ ਲਗਾਤਾਰ ਕੀਤੀ ਗਈ। ਜਿਥੋਂ ਤੱਕ ਮੇਰੀ ਨਾਲਜ ਦਾ ਤੁਅੱਲਕ ਹੈ, ਇਸ ਵੇਲੇ ਪੰਜਾਬ ਪੁਲਿਸ ਵਿਚ 65000 ਲੋਕ ਕੰਮ ਕਰ ਰਹੇ ਹਨ। ਇਸ ਮੰਗ ਵਿੱਚ 1589.01 ਲੱਖ ਰੁਪਏ ਦੀ ਡਿਮਾਂਡ ਰੱਖੀ ਗਈ ਹੈ। ਭਾਵੇਂ ਹੁਣ ਸਰਕਾਰ ਨੇ ਨਵੀਂ ਭਰਤੀ ਬੰਦ ਕਰ ਦਿੱਤੀ ਹੈ ਪਰ ਫਿਰ ਵੀ ਕਾਨਸਟੇਬਲਰੀ ਦੀ ਭਰਤੀ 3555 ਦੀ ਕੀਤੀ ਗਈ ਹੈ। ਇਸ ਤੋਂ ਇਲਾਵਾ ਉਤੇ ਜਾ ਕੇ ਵੀ ਆਈ.ਜੀ., ਐਸ.ਐਸ.ਪੀ., ਐਸ.ਪੀ. ਦੀਆਂ ਪੋਸਟਾਂ ਵਧਾਈਆਂ ਗਈਆਂ ਹਨ। ਮੈ ਇਨ੍ਹਾਂ ਦਾ ਵਿਰੋਧ ਤਾਂ ਨਹੀਂ ਕਰਦਾ ਪਰ ਇਕ ਗੱਲ ਮੈਂ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਕਾਨਸਟੇਬਲ ਭਰਤੀ ਕੀਤੇ ਗਏ ਹਨ, ਉਨ੍ਹਾਂਦੇ ਮਨਾਂ ਅੰਦਰ, ਦਿਲਾਂ ਅੰਦਰ ਹੁਣ ਦੇ ਪੰਜਾਬ ਦੇ ਮਾਹੌਲ ਮੁਤਾਬਿਕ ਖਦਸ਼ਾ ਹੈ, ਫਰੱਸ਼ਟਰੇਸ਼ਨ ਹੈ ਕਿ ਕਿਤੇ ਉਨ੍ਹਾਂ ਨੂੰ ਲਾਂਭੇ ਨਾ ਕਰ ਦਿੱਤਾ ਜਾਵੇ। ਮਗਰ ਮੈਂ ਸਮਝਦਾ ਹਾਂ ਕਿ ਇੰਨੀ ਭਰਤੀ ਕਰਨ ਦੇ ਬਾਅਦ ਇਨ੍ਹਾਂ ਨੂੰ ਕੋਈ ਉਪਰਾਲਾ ਐਸਾ ਕਰਨਾ ਚਾਹੀਦਾ ਹੈ ਕਿ ਉਨ੍ਹਾਂ ਦੇ ਦਿਲਾਂ ਦੇ ਵਿਚ ਕੋਈ ਫਰੱਸਟਰੇਸ਼ਨ ਨਾ ਆਵੇ ਔਰ ਆਉਣ ਵਾਲੇ ਸਮੇਂ ਵਿੱਚ ਪੁਲਿਸ ਦੇ ਖਤਰੇ ਦੀ ਘੰਟੀ ਨਾ ਵੱਜੇ। ਇਸ ਤੋਂ ਇਲਾਵਾ ਹੋਰ ਵੀ ਕਈ ਗੱਲਾਂ ਹਨ। ਜਿਵੇਂ ਮੇਰੇ ਮਾਨਯੋਗ ਮਿੱਤਰ ਅਰਸ਼ੀ ਜੀ ਨੇ ਦੱਸਿਆ ਹੈ ਕਿ ਜਿਹੜੀਆਂ ਗੱਲਾਂ ਬਣ ਸਕਦੀਆਂ ਹਨ, ਖਰਚੇ ਘਟਾਏ ਜਾ ਸਕਦੇ ਹਨ, ਮੈਂ ਵਿੱਤ ਮੰਤਰੀ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਤੇਲ ਹੈ, ਭਾਵੇਂ ਉਹ ਸਰਕਾਰੀ ਜਾਂ ਕਿਸੇ ਪ੍ਰਾਈਵੇਟ ਪੈਟਰੋਲ ਪੰਪ ਤੋਂ ਪਵਾਉਣਾ ਹੈ, ਉਸ ਤੇ ਸਰਕਾਰ ਦਾ ਖਰਚਾ ਤਾਂ ਹੁੰਦਾ ਹੈ। ਕਦੇ ਸਾਨੂੰ ਪੈਟਰੋਲ ਦੇ ਪੈਸੇ ਵੇਲੇ ਸਿਰ ਨਹੀਂ ਮਿਲਦੇ, ਕਦੇ ਸਾਡਾ ਪੈਟਰੋਲ ਬੰਦ ਕਰ ਦਿੱਤਾ ਜਾਂਦਾ ਹੈ, ਔਰ ਮੈਨੂੰ ਖਦਸ਼ਾ ਹੈ ਕਿ ਸਰਕਾਰ ਦੇ ਪੈਸੇ ਦੀ ਮਿਸ-ਯੁਟੇਲਾਈਜ਼ੇਸ਼ਨ ਵਿੱਚ ਸਰਕਾਰੀ ਕਰਮਚਾਰੀ ਵੀ ਇਨਵਾਲਵ ਹੋ ਸਕਦੇ ਹਨ। ਪੈਟਰੋਲ ਪੰਪਾਂ ਦੇ ਸੇਲਜ਼-ਮੈਨ ਕਈ ਵੇਰ ਸਾਡੇ ਡਰਾਈਵਰਾਂ ਨੂੰ ਕਹਿੰਦੇ ਹਨ ਕਿ 20 ਲੀਟਰ ਪੈਟਰੋਲ ਪਵਾਉਣਾ ਹੈ ਤਾਂ ਪੰਜ ਪੰਜ ਲੀਟਰ ਆਪਾਂ ਕਰ ਲੈਂਦੇ ਹਾਂ ਅਤੇ 10 ਲੀਟਰ ਗੱਡੀ ਵਿੱਚ ਪਾ ਦਿੰਦੇ ਹਾਂ। ਸਪੇਅਰ ਪਾਰਟਸ ਸਾਨੂੰ ਟਾਇਮ-ਸਿਰ ਨਹੀਂ ਮਿਲਦੇ ਅਤੇ ਇਨ੍ਹਾਂ ਵਿਚ ਵੀ ਹੇਰਾ-ਫੇਰੀ ਹੁੰਦੀ ਹੈ। ਜੋ ਮੋਬਲਾਇਲ ਬਦਲਣ ਦਾ ਢੰਗ ਹੈ, ਉਹ ਵੀ ਗਲਤ ਹੈ। ਮੈਂ ਸਮਝਦਾ ਹਾਂ ਕਿ ਸਰਕਾਰ ਜੇ ਇਸ ਵੱਲ ਧਿਆਨ ਦੇਵੇ, ਤਾਂ ਜੋ ਟੋਟਲ ਬਜਟ ਦਾ 13ਵਾਂ ਹਿੱਸਾ ਇਸ ਵੇਲੇ ਇਕੱਲੇ ਹੋਮ-ਅਫੇਅਰਜ਼ ਤੇ ਖਰਚ ਕੀਤਾ ਜਾ ਰਿਹਾ ਹੈ, ਜਿਸ ਦੀ ਕੁਲ ਰਾਸ਼ੀ ਮੈਂ ਸਮਝਦਾ ਹਾਂ ਕਿ ਇਸ ਦਾ ਬਜ਼ਟ 340.40 ਕਰੋੜ ਸੀ ਅਤੇ ਹੁਣ ਸਪਲੀਮੈਂਟਰੀ ਦੇ ਵਿੱਚ 104.10 ਕਰੋੜ ਹੋਰ ਮੰਗਿਆ ਗਿਆ ਹੈ। ਇਹ ਘੱਟ ਸਕਦਾ ਹੈ। ਮੈਂ ਸਮਝਦਾ ਹਾਂ ਕਿ ਇਹ ਬਹੁਤ ਜ਼ਿਆਦਾ ਪੈਸਾ ਮੰਗਿਆ ਗਿਆ ਹੈ। ਇਹ ਭਾਵੇਂ ਪਾਸ ਕਰ ਦਿਓ ਪਰ ਇਸ ਖਰਚੇ ਦਾ ਬਜਟ ਰੱਖਣ ਵੇਲੇ ਪਹਿਲਾਂ ਹੀ ਖਿਆਲ ਰੱਖਿਆ ਜਾਣਾ ਚਾਹੀਦਾ ਸੀ ਅਤੇ ਮੈਂ ਸਮਝਦਾ ਹਾਂ ਕਿ ਇਸ ਵੇਲੇ ਜੋ ਹੋਮ ਅਫੇਅਰਜ਼ ਲਈ ਸਪਲੀਮੈਂਟਰੀ ਦੀ ਡੀਮਾਂਡ ਕੀਤੀ ਗਈ ਹੈ ਇਸ ਵਿੱਚ ਕਾਫ਼ੀ ਖਰਚੇ ਘਟਾਏ ਜਾ ਸਕਦੇ ਸਨ। ਮਗਰ ਮੈਂ ਸਮਝਦਾ ਹਾਂ ਕਿ ਪੈਸਾ ਇੱਥੇ ਪਾਣੀ ਦੀ ਤਰ੍ਹਾਂ ਬਹਾਇਆ ਜਾ ਰਿਹਾ ਹੈ ਅਤੇ ਇਹ ਕਿਹਾ ਜਾਂਦਾ ਹੈ ਕਿ ਸੁਰਖਿਆ ਫੋਰਸਾਂ ਨੇ ਕਾਫੀ ਚੰਗੇ ਕੰਮ ਕੀਤੇ ਹਨ। ਮੈਂ ਸਮਝਦਾ ਹਾਂ ਕਿ ਚੰਗੇ ਵੀ ਕੀਤੇ ਅਤੇ ਮਾੜੇ ਵੀ ਕੀਤੇ ਹਨ।

ਇਸ ਤੋਂ ਬਾਅਦ ਮੈਂ ਟਰਾਂਸਪੋਰਟ ਬਾਰੇ ਦੱਸਣਾ ਚਾਹੁੰਦਾ ਹਾਂ। ਮੈਂ ਸਮਝਦਾ ਹਾਂ ਕਿ ਟਰਾਂਸਪੋਰਟ ਦਾ ਮਹਿਕਮਾ ਇਸ ਵੇਲੇ 60:40 ਦੇ ਅਨੁਪਾਤ ਤੇ ਹੈ। 60 ਫੀ ਸਦੀ ਸਰਕਾਰੀ ਹੈ ਅਤੇ 40 ਫੀ ਸਦੀ ਪ੍ਰਾਈਵੇਟ ਹੈ। ਪ੍ਰਾਈਵੇਟ ਵਾਲਿਆਂ ਤੇ ਕੋਈ ਲਾਇਬਿਲਟੀ ਫਿਕਸ ਨਹੀਂ ਹੁੰਦੀ ਅਤੇ ਪ੍ਰਾਈ-ਵੇਟ ਵਾਲੇ ਲਾਭ ਵਿੱਚ ਜਾਂਦੇ ਹਨ। ਪਰ 60 ਫੀ ਸਦੀ ਵਾਲੇ ਘਾਟੇ ਵਿੱਚ ਜਾਂਦੇ ਹਨ ਇੱਥੇ ਕਿਹਾ ਗਿਆ ਹੈ

[ਸ਼੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ]

ਕਿ ਸਪਲੀਮੈਂਟਰੀ ਡੀਮਾਂਡ, ਡੀਜ਼ਲ ਦੇ ਭਾਅ ਵੱਧਣ, ਟਾਇਰ ਟਿਊਬਾਂ ਦੇ ਰੇਟ ਵੱਧਣ ਕਾਰਣ ਕੀਤੀ ਗਈ ਹੈ। ਮੈਂ ਸਮਝਦਾ ਹਾਂ ਕਿ ਸਪੇਅਰ ਪਾਰਟਸ ਵਿੱਚ ਹੇਰਾਫੇਰੀਆਂ ਹੁੰਦੀਆਂ ਹਨ ਅਤੇ ਹੋਰ ਵੀ ਬਹੁਤ ਸਾਰੀਆਂ ਗੱਲਾਂ ਹੋਈਆਂ ਹਨ। ਜਿਨ੍ਹਾਂ ਦਾ ਮੈਂ ਜ਼ਿਕਰ ਨਹੀਂ ਕਰਦਾ। ਪਰ ਜਿਨਾਂ ਚਿਰ ਅਸੀਂ ਲਾਇਬਿਲਟੀ ਫਿਕੱਸ ਨਹੀਂ ਕਰਦੇ, ਉਨ੍ਹਾਂ ਚਿਰ ਇਸ ਵਿਭਾਗ ਵਿੱਚ ਸੁਧਾਰ ਨਹੀਂ ਹੋ ਸਕਦਾ। ਮੈਂ ਇਸ ਗੱਲ ਦੇ ਹੱਕ ਵਿਚ ਨਹੀਂ ਕਿ ਅਸੀਂ ਪੰਜਾਬ ਵਿਚ ਟਰਾਂਸਪੋਰਟ ਪ੍ਰਾਈਵੇਟ ਕਰ ਦਈਏ। ਮੈਂ ਸਮਝਦਾ ਹਾਂ ਕਿ ਪੰਜਾਬ ਵਿੱਚ ਟਰਾਂਸਪੋਰਟ ਪ੍ਰਾਈਵੇਟ ਕਰ ਦਿਤੀ ਗਈ ਤਾਂ ਅਨ-ਇਮਲਾਈਮੈਂਟ ਵਿੱਚ ਹੋਰ ਵਾਧਾ ਹੋਵੇਗਾ ਅਤੇ ਜੇ ਅਸੀਂ ਪੂਰੀ ਸਰਕਾਰੀ ਕਰ ਦਈਏ ਤਾਂ ਇਨ੍ਹਾਂ ਦੀ ਜ਼ੁੰਮੇਵਾਰੀ ਫਿਕਸ ਹੋਵੇਗੀ ਅਤੇ ਸਰਕਾਰ ਨੂੰ ਘਾਟਾ ਨਹੀਂ ਪਵੇਗਾ। ਗੁਆਂਢੀ ਰਾਜ ਹਰਿਆਣੇ ਵਿੱਚ ਹਰਿਆਣਾ ਟਰਾਂਸਪੋਰਟ ਵਾਧੇ ਵਿੱਚ ਜਾ ਰਹੀ ਹੈ ਅਤੇ ਸਾਡੇ ਪੰਜਾਬ ਦੇ ਵਿੱਚ ਰੋਡਵੇਜ਼, ਰੋਡਵੇਜ਼ ਹੋ ਰਹੀ ਹੈ। ਮੈਂ ਸਮਝਦਾ ਹਾਂ ਕਿ ਇਸ ਵੱਲ ਵੀ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ ਅਤੇ ਖਾਸ ਕਰਕੇ ਡਾਕਟਰ ਕੇਵਲ ਕ੍ਰਿਸ਼ਨ ਜੀ, ਵਿੱਤ ਮੰਤਰੀ ਪੰਜਾਬ ਨੂੰ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਮਹਿਕਮੇ ਘਾਟੇ ਵਿੱਚ ਜਾਂਦੇ ਹਨ, ਜਿਹੜੇ ਨਸੂਰ ਬਣ ਰਹੇ ਹਨ, ਉਨ੍ਹਾਂ ਦਾ ਅਪਰੇਸ਼ਨ ਹੋਣਾ ਚਾਹੀਦਾ ਹੈ ਅਤੇ ਉਨ੍ਹਾਂ ਦੀ ਚੀਰਫਾੜ ਹੋਣੀ ਚਾਹੀਦੀ ਹੈ।

ਸਪੀਕਰ ਸਾਹਿਬ, ਹੁਣ ਮੈਂ ਐਗਰੀਕਲਚਰ ਅਤੇ ਫਾਰੈਸਟ ਦੇ ਮਹਿਕਮਿਆਂ ਬਾਰੇ ਦੱਸਣਾ ਚਾਹੁੰਦਾ ਹਾਂ। ਠੀਕ ਹੈ ਖਾਦਾਂ ਤੇ ਕੰਟਰੋਲ ਚੁੱਕਿਆ ਗਿਆ ਹੈ ਅਤੇ ਰੇਟ ਵਧੇ ਹਨ। ਪਰ ਅਸੀਂ ਸਬਸਿਡੀ ਦੇਣ ਵੇਲੇ ਛੋਟੇ ਅਤੇ ਵੱਡੇ ਕਿਸਾਨ ਦਾ ਫਰਕ ਨਹੀਂ ਰੱਖਿਆ। ਜਿਹੜੀ ਗੱਲ ਸਰਕਾਰ ਨੇ ਕਹੀ ਹੈ, ਇਹ ਸਰਕਾਰ ਨੇ ਹੀ ਕਹੀ ਹੈ। ਇਹ ਉਹ ਖਰਚ ਨਹੀਂ, ਇਹ ਦੂਜਾ ਹੈ। ਮਗਰ ਇਸ ਦੇ ਨਾਲ ਮੈਂ ਸਮਝਦਾ ਹਾਂ ਕਿ ਇਸ ਤੋਂ ਵੱਧ ਰਾਹਤ ਕਿਸਾਨਾਂ ਨੂੰ ਦਿੱਤੀ ਜਾਣੀ ਚਾਹੀਦੀ ਹੈ। ਇਸ ਵਾਸਤੇ ਮੈਂ ਹਾਊਸ ਨੂੰ ਬੇਨਤੀ ਕਰਾਂਗਾ ਕਿ ਜਿਹੜੀਆਂ ਫਸਲਾਂ ਮਾਰੀਆਂ ਗਈਆਂ ਹਨ, ਅੱਗ ਨਾਲ, ਗੜਿਆਂ ਨਾਲ, ਪਾਣੀ ਨਾਲ, ਨਹਿਰਾਂ ਟੁੱਟਣ ਨਾਲ, ਮੇਰੀ ਨਾਲਿਜ ਮੁਤਾਬਿਕ ਉਸ ਨੁਕਸਾਨ ਦਾ ਇੱਕ ਕਿੱਲੇ ਦਾ ਕਿਸਾਨ ਨੂੰ 700 ਰੁਪਏ ਦਿੱਤਾ ਜਾਂਦਾ ਹੈ ਪਰ ਮੈਂ ਸਮਝਦਾ ਹਾਂ ਕਿ ਇਸ ਨੁਕਸਾਨ ਲਈ 700 ਰੁਪਏ ਥੋੜ੍ਹਾ ਹੈ। ਇਸ ਵਿਚ 75 ਫੀ ਸਦੀ ਅਸੈਸ ਕਰਦੇ ਹਨ। ਸਾਡੇ ਪੰਜਾਬ ਦਾ ਕਿਸਾਨ ਸਭ ਤੋਂ ਜ਼ਿਆਦਾ ਅਨਾਜ ਪੈਦਾ ਕਰਦਾ ਹੈ। ਇਸ ਨੂੰ ਵਧਾਉਣਾ ਚਾਹੀਦਾ ਹੈ। ਪੰਜਾਬ ਸਰਕਾਰ ਜਿਹੜੇ ਖਰਚੇ ਕੇਂਦਰ ਤੋਂ ਲੈਂਦੀ ਹੈ, ਉਸ ਵਿਚ ਇਹ ਉਪਰਾਲੇ ਕਰਨੇ ਚਾਹੀਦੇ ਹਨ ਕਿ ਇਸ ਨੁਕਸਾਨ ਲਈ ਘੱਟੋ-ਘੱਟ 1500 ਰੁਪਿਆ ਦਿੱਤਾ ਜਾਵੇ।

ਖੇਤੀਬਾੜੀ ਅਤੇ ਜੰਗਲਾਤ ਮੰਤਰੀ : ਸਰ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਇਹ ਗਰਾਂਟ ਤੇ ਬੋਲ ਰਹੇ ਹਨ ਜਾਂ ਜਨਰਲ ?

ਸ੍ਰੀ ਸਪੀਕਰ : ਬਹਿਸ ਸਾਰੀਆਂ ਡਿਮਾਂਡਾਂ ਤੇ ਹੋ ਰਹੀ ਹੈ।

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਤੁਸੀਂ ਮੈਨੂੰ ਹੁਕਮ ਦਿੱਤਾ ਹੈ, ਜਿਹੜੀਆਂ ਸਪਲੀਮੈਂਟਰੀਆਂ ਹਨ, ਇਨ੍ਹਾਂ ਦੇ ਖਰਚਿਆਂ ਦੀ ਗੱਲ ਕਰਨੀ ਹੈ। ਮੈਂ ਖਰਚਿਆਂ ਦੀ ਜਮ੍ਹਾਂ-ਖਰਚੀ ਕਰ ਰਿਹਾ ਹਾਂ। ਜਿਹੜੇ ਜਾਇਜ਼-ਨਜਾਇਜ਼ ਖਰਚ ਹਨ, ਉਹ ਮੈਂ ਮੰਤਰੀ ਨੂੰ ਦੱਸਣਾ ਚਾਹੁੰਦਾ ਹਾਂ।

ਖੇਤੀਬਾੜੀ ਅਤੇ ਜੰਗਲਾਤ ਮੰਤਰੀ : ਸਪੀਕਰ ਸਾਹਿਬ, ਇਸ ਦਾ ਐਗਰੀਕਲਚਰ ਦੀ ਸਪਲੀ-ਮੈਂਟਰੀ ਗਰਾਂਟ ਨਾਲ ਕੀ ਤਅੱਲਕ ਹੈ ? ਜਿਹੜਾ ਅੱਜ ਪੇਸ਼ ਹੋਇਆ ਹੈ।

ਸ੍ਰੀ ਸਪੀਕਰ : ਇਹ ਜਨਰਲ ਡਿਸਕਸ਼ਨ ਵਿਚ ਆ ਸਕਦਾ ਹੈ । ਕੋਈ ਗੱਲ ਨਹੀਂ ।

ਪੰਡਿਤ ਫਕੀਰ ਚੰਦ ਸਰਮਾ : ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਇਹ ਰੀਕਾਰਡ ਨਾ ਕੀਤਾ ਜਾਵੇ ।

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ: ਮੈਂ ਇਨ੍ਹਾਂ ਦਾਂ ਧੰਨਵਾਦੀ ਹਾਂ ਕਿ ਇਨ੍ਹਾਂ ਨੇ ਹੌਸਲਾ-ਅਫਜ਼ਾਈ ਮੇਰੀ ਕੀਤੀ ਹੈ ਅਤੇ ਪ੍ਰਸ਼ਨ ਪੁੱਛਣ ਯੋਗ ਸਮੱਝਿਆ ਹੈ : That is a secret meeting I know the law. I am not going to disclose it but whereas the question of my information is concerned I must speak but before this Hon'ble House.

ਸ੍ਰੀ ਸਪੀਕਰ : ਤੁਸੀਂ ਦੋ ਗੱਲਾਂ ਰੈਫਰ ਕੀਤੀਆਂ ਹਨ । ਐਸਟੀਮੇਟ ਕਮੇਟੀ ਅਤੇ ਕੈਬਿਨਿਟ ਦੀ ਮੀਟਿੰਗ ਦੀਆਂ ਪਰੋਸੀਡਿੰਗਜ਼ ਦੇ ਮੁਤੱਲਕ ਜਿਹੜੀ ਤੁਸੀ ਆਪਣੀ ਨਾਲਿਜ ਸ਼ੋ ਕੀਤੀ ਹੈ, ਇਹ ਦੋਵੇ ਚੀਜ਼ਾਂ ਮੈਂ ਰਿਕਾਰਡ ਵਿਚੋਂ ਕੱਢਵਾ ਦਿੱਤੀਆਂ ਹਨ ।

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਮਾਨਯੋਗ ਮੈਂਬਰ ਜੀ ਨੇ ਗੱਲ ਕਹੀ ਕਿ ਐਸਟੀਮੇਟ ਕਮੇਟੀ ਵਿਚ ਸਾਢੇ ਤਿੰਨ ਘੰਟੇ ਲਾਏ ਹਨ। ਅਸੀਂ ਤਾਂ ਉਨ੍ਹਾਂ ਨੂੰ ਸੈਕਿੰਡ ਕੀਤਾ ਹੈ।

ਸ੍ਰੀ ਮਦਨ ਮੋਹਨ ਮਿੱਤਲ : ਜੋ ਤੁਸੀਂ ਫਰਮਾਇਆ ਹੈ, ਇਹ ਬਿਲਕੁਲ ਠੀਕ ਹੈ। ਕਮੇਟੀ ਦੀਆਂ ਪਰੋਸੀਡਿੰਗਜ਼ ਹਾਊਸ ਵਿਚ ਡਿਸਕਸ ਨਹੀਂ ਕਰਨੀਆਂ ਚਾਹੀਦੀਆਂ। ਪਰ ਮਾਨਯੋਗ ਮੈਂਬਰ ਸਾਹਿਬ ਨੇ ਜੋ ਪੁਆਇੰਟ ਆਫ ਆਰਡਰ ਕਿਹਾ ਹੈ, ਪਰੋਸੀਡਿੰਗਜ਼ ਬਾਰੇ, ਉਹ ਰਿਕਾਰਡ ਤੇ ਨਹੀਂ ਆਉਣਾ ਚਾਹੀਦਾ।

ਸ੍ਰੀ ਸਪੀਕਰ : ਮੈਂ ਪੀਹਲਾਂ ਹੀ ਨੌ ਪੁਆਇੰਟ ਆਫ ਆਰਡਰ ਕਰ ਦਿੱਤਾ ਹੈ। ਇਹ ਰਿਕਾਰਡ ਤੇ ਨਹੀਂ ਆਉਣਾ ਚਾਹੀਦਾ । Sathi ji, carry on.

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਸਪੀਕਰ ਸਾਹਿਬ, ਮੈਂ ਡਿਮਾਂਡ ਨੰਬਰ 30 ਦੀ ਗੱਲ ਕਰਦਾ ਹਾਂ। ਇਸ ਵਿਚ ਵਿਜੀਲੈਂਸ ਦੀ ਗੱਲ ਕੀਤੀ ਹੈ। ਇਸ ਵਿਚ ਸੱਖ ਨਾਲ ਮਾਇਆ ਤਾਂ ਥੋੜ੍ਹੀ ਹੈ ਪਰ ਇਸ ਵੇਲੇ ਪੰਜਾਬ ਵਿਚ ਵਿਜੀਲੈਂਸ ਨੂੰ ਵਿਜੀਲੈਂਟ ਹੋਣ ਦੀ ਲੋੜ ਹੈ। ਪੰਜਾਬ ਵਿਚ ਸਰਕਾਰ ਨੇ ਵਾਇਦਾ ਕੀਤਾ ਸੀ ਕਿ ਕੁਰੱਪਸ਼ਨ ਨੂੰ ਨੱਥ ਪਾਵਾਂਗੇ। ਇਸ ਲਈ ਵਿਜੀਲੈਂਸ ਦੇ ਮਹਿਕਮੇ ਨੂੰ ਵਿਜੀਲੈਂਟ ਕਰਨਾ ਚਾਹੀਦਾ ਹੈ ਅਤੇ ਤਕੜਾ ਕਰਨਾ ਚਾਹੀਦਾ ਹੈ। ਵਿਜੀਲੈਂਸ ਮਹਿਕਮੇ ਨੂੰ ਚਾਹੀਦਾ ਹੈ ਕਿ ਉਹ ਅਫਸਰਾਂ ਨੂੰ, ਸਿਆਸਤਦਾਨਾਂ ਨੂੰ ਅਤੇ ਬੇਈਮਾਨਾਂ ਨੂੰ ਨੱਥ ਪਾਵੇ। ਇਹ ਉਪਰਾਲੇ ਹੋਣੇ ਚਾਹੀਦੇ ਹਨ ਅਤੇ ਹੋਰ ਢੰਡ ਰੇਜ਼ ਕਰਨੇ ਚਾਹੀਦੇ ਹਨ। ਇਹ ਬਹੁਤ ਜ਼ਰੂਰੀ ਹੈ। ਮੈਂ ਸੁਜੈਸ਼ਨ ਦਿੰਦਾ ਹਾਂ ਕਿ ਸਪੈਸ਼ਲ ਇਕੋਨਮੀ ਓਫੈਂਸਿਜ਼ ਵਿੰਗ ਜੋ ਹੈ ਇਹ ਇਨ੍ਹਾਂ ਦਾ ਅਲਹਿਦਾ ਹੋਣਾ ਚਾਹੀਦਾ ਹੈ ਤਾਂ ਕਿ ਜਿਹੜੇ ਲੋਕਾਂ ਤੇ ਕੁਰੱਪਸ਼ਨ ਦੇ ਚਾਰਜਿਜ਼ ਲਗਦੇ ਹਨ ਉਨ੍ਹਾਂ ਦੇ ਕੇਸਿਜ਼ ਸਮੇਂ ਤੇ ਨਿਕਲਣ ਅਤੇ ਉਨ੍ਹਾਂ ਲੋਕਾਂ ਨੂੰ ਨੱਥ ਪਾਈ ਜਾ ਸਕੇ, ਉਨ੍ਹਾਂ ਨੂੰ ਸਜ਼ਾ ਦਿੱਤੀ ਜਾ ਸਕੇ। ਮੈਂ ਵਕੀਲ ਹੋਣ ਦੇ ਨਾਤੇ ਇਹ ਵੀ ਕਹਾਂਗਾਂ ਕਿ ਸਰਕਾਰੀ ਵਕੀਲਾਂ ਦਾ ਕੰਮ ਵੀ ਪੂਰਾ ਹੋ ਸਕਦਾ ਹੈ ਔਰ ਕੋਰਟਾਂ ਨੂੰ ਵੀ ਬੇਨਤੀ ਕਰਨੀ ਚਾਹੀਦੀ ਹੈ ਕਿ ਵਿਜੀਲੈਂਸ ਦੇ

---

*Not recorded as ordered by the Chair.

[ਸ਼੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ]

ਮੁਕੱਦਮਿਆਂ ਨੂੰ ਸਪੈਸ਼ਲੀ ਪਰਟੀਕੂਲਰ ਕੋਰਟਾਂ ਨੂੰ ਦੇਣ ਅਤੇ ਇਨ੍ਹਾਂ ਦੇ ਫੈਸਲੇ ਜਲਦੀ ਕਰਨ ਤਾਂ ਕਿ ਜਿਹੜੇ ਬੇਈਮਾਨ ਹਨ ਉਹ ਬਚ ਕੇ ਨਾ ਜਾ ਸਕਣ ਅਤੇ ਉਨ੍ਹਾਂ ਨੂੰ ਸਜ਼ਾ ਮਿਲ ਸਕੇ ਅਤੇ ਉਨ੍ਹਾਂ ਨੂੰ ਚੰਗੀ ਤਰ੍ਹਾਂ ਨੱਥ ਪਾਈ ਜਾ ਸਕੇ।

ਜਿਥੋਂ ਤਕ, ਸਪੀਕਰ ਸਾਹਿਬ, ਟੈਕਨੀਕਲ ਐਜੂਕੇਸ਼ਨ ਐਂਡ ਇੰਡਸਟਰੀਅਲ ਟਰੇਨਿੰਗ ਦਾ ਤੁਅਲੱਕ ਹੈ, ਮੈਂ ਸਰਕਾਰ ਦੇ ਨਾਲ ਸਹਿਮਤ ਹਾਂ, ਸਗੋਂ ਮੈਂ ਇਸ ਤੋਂ ਵੀ ਅਗੇ ਜਾਣਾ ਚਾਹੁਦਾ ਹਾਂ ਕਿ ਅਜ ਪੰਜਾਬ ਦੇ ਵਿੱਚ ਟੈਕਨੀਕਲ ਐਜੂਕੇਸ਼ਨ ਦੀ ਬਹੁਤ ਜ਼ਿਆਦਾ ਲੋੜ ਹੈ। ਕਿਉਂਕਿ ਅੱਜ ਨੌਜਵਾਨ ਜਿਹੜਾ ਹੈ ਉਹ ਭਟਕ ਰਿਹਾ ਹੈ, ਬੇਕਾਰ ਹੈ। ਜੇ ਉਸ ਨੂੰ ਟੈਕਨੀਕਲ ਐਜੂਕੇਸ਼ਨ ਦਿੱਤੀ ਜਾਵੇ ਤਾਂ ਉਹ ਆਪਣੇ ਪੈਰਾਂ ਤੇ ਆਪ ਖੜਾ ਹੋ ਸਕਦਾ ਹੈ ਇਸ ਲਈ, ਸਪੀਕਰ ਸਾਹਿਬ, ਜਿਹੜੇ ਉਪਰਾਲੇ ਟੈਕਨੀਕਲ ਐਜੂਕੇਸ਼ਨ ਲਈ ਕੀਤੇ ਗਏ ਹਨ ਮੈਂ ਸਿਫਾਰਸ਼ ਕਰਾਂਗਾ ਕਿ ਇਸ ਤੋਂ ਵੀ ਵੱਧ ਫੰਡਜ਼ ਰੇਜ਼ ਕਰਕੇ ਟੈਕਨੀਕਲ ਐਜੂਕੇਸ਼ਨ ਨੂੰ ਵਧਾ ਦੇਣਾ ਚਾਹੀਦਾ ਹੈ ਤਾਂ ਕਿ ਜਿਹੜੀ ਅਤਿਵਾਦ ਵੱਖਵਾਦ, ਭੁੱਖਮਰੀ ਹੈ ਉਹ ਬੰਦ ਹੋ ਸਕੇ ਔਰ ਨੌਜਵਾਨ ਆਪਣੀ ਰੋਜੀ ਰੋਟੀ ਕਮਾ ਕੇ ਆਪਣੇ ਪੈਰਾਂ ਤੇ ਖੜੇ ਹੋ ਸਕਣ।

ਇਸ ਦੇ ਨਾਲ ਹੀ, ਸਪੀਕਰ ਸਾਹਿਬ ਜ਼ਿਕਰ ਆਇਆ ਹੈ ਖਰਚਿਆਂ ਦਾ। ਮੈਂ ਦੱਸਣਾ ਚਾਹੁੰਦਾ ਹਾਂ ਕਿ ਕਈ ਖਰਚੇ ਜਾਇਜ਼ ਨਾਜਾਇਜ਼ ਹੋ ਰਹੇ ਹਨ। ਮੈਡੀਕਲ, ਰੀਟਾਇਰਮੈਂਟ ਦੀ ਗੱਲ ਲੈ ਲਓ। ਸਕੱਤਰੇਤ ਲੈ ਲਓ, ਕਿਤੇ ਵੀ ਲੈ ਲਓ, ਮੇਰੀ ਤਾਂ ਇਹ ਗੱਲ ਸਮਝ ਤੋਂ ਬਾਹਰ ਹੈ ਕਿ ਇਨ੍ਹਾਂ ਲੋਕਾਂ ਵਿੱਚ ਇਤਨੀ ਵੱਧ ਬਿਮਾਰੀ ਹੈ ਕਿ ਸਾਰੀ ਦਿਹਾੜੀ ਉਹ ਬਿਮਾਰ ਹੀ ਪਏ ਰਹਿੰਦੇ ਹਨ, ਹਮੇਸ਼ਾ ਉਹ ਬਿਮਾਰ ਹੀ ਪਏ ਰਹਿੰਦੇ ਹਨ। ਮੈਨੂੰ ਤਾਂ ਇਹ ਖਦਸ਼ਾ ਹੈ। ਮੈਨੂੰ ਭਰੋਸੇ ਯੋਗ ਵਸੀਲਿਆਂ ਤੋਂ ਪਤਾ ਲਗਿਆ ਲਗਿਆ ਹੈ ਕਿ ਕੁਝ ਲੋਕ ਇਨ੍ਹਾਂ ਖਰਚਿਆਂ ਵਿਚੋਂ ਮੈਡੀਕਲ ਏਡ ਲੈਣ ਦੀ ਬਜਾਏ ਆਪਣੀਆਂ ਹੋਰ ਲੋੜ ਦੀਆਂ ਚੀਜ਼ਾਂ ਜਿਸ ਦੇ ਵਿੱਚ ਅਤਰ ਫਲੇਲ ਅਤੇ ਹੋਰ ਕਾਸਮੈਟਿਕ ਵਗੈਰਾ ਵੀ ਆਉਂਦੇ ਹਨ, ਉਹ ਖਰੀਦਦੇ ਹਨ। ਇਨਾਂ ਖਰਚਿਆਂ ਤੇ ਬੰਦਸ਼ ਹੋਣੀ ਚਾਹੀਦੀ ਹੈ, ਕੋਈ ਲਿਮਿਟ ਹੋਣੀ ਚਾਹੀਦੀ ਹੈ।

ਇਸ ਦੇ ਨਾਲ ਹੀ, ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਥੋਂ ਤਕ ਤੁਅੱਲਕ ਹੈ ਫੰਡਜ਼ ਦੀ ਵੱਧ ਵਰਤੋਂ ਕਰਨ ਦਾ ਕਿ ਫੰਡਜ਼ ਵੱਧ ਵਰਤੇ ਜਾ ਰਹੇ ਹਨ, ਜਿਵੇਂ ਕਾਰਾਂ ਦੀ ਗੱਲ ਹੈ। ਮੈਨੂੰ ਇਕ ਸੂਤਰ ਤੋਂ ਪਤਾ ਲਗਿਆ ਹੈ ਕਿ ਇੰਗਲੈਂਡ ਦੇ ਵਿੱਚ ਸਰਕਾਰ ਦੀਆਂ ਕਾਰਾਂ 172 ਹਨ ਪਰ ਸਾਡੇ ਕੋਲ ਇਤਨੀਆਂ ਜ਼ਿਆਦਾ ਹਨ ਕਿ ਇਸ ਫਿਗੱਰ ਦੇ ਨਾਲ ਜ਼ੀਰੋ ਜਿੰਨੀਆਂ ਮਰਜ਼ੀ ਲਾ ਲਓ। ਮੈਂ ਸਮਝਦਾ ਹਾਂ ਕਿ ਕਾਰਾਂ ਦਾ ਖਰਚਾ ਭਾਵੇਂ ਉਹ ਅਫ਼ਸਰ ਹੋਣ, ਵਜ਼ੀਰ ਹੋਣ ਜਾਂ ਐਮ.ਐਲ.ਏ., ਉਨ੍ਹਾਂ ਦਾ ਕਾਰਾਂ ਦਾ ਖਰਚਾ ਚੁੱਕ ਦਿਓ, ਉਹ ਆਪਣੀਆਂ ਪ੍ਰਾਈਵੇਟ ਗੱਡੀਆਂ ਲੈ ਲੈਣ ਅਤੇ ਸਾਂਭ ਸੰਭਾਲ ਆਪ ਕਰਨ ਤਾਂਕਿ ਮਹਿਕਮੇ ਦਾ ਤੇਲ ਦਾ ਜੋ ਖਰਚਾ ਹੈ ਉਹ ਬੱਚ ਸਕੇ। ਤੇਲ ਦੇ ਖਰਚੇ ਦਾ ਤੁਅੱਲਕ ਸੋਨੇ ਨਾਲ ਹੈ, ਸਾਨੂੰ ਤੇਲ ਦੇ ਕੇ ਸੋਨਾ ਮਿਲਦਾ ਹੈ। ਤੇਲ ਦਾ ਖਰਚਾ ਇਸ ਤਰ੍ਹਾਂ ਬਚਾਇਆ ਜਾਵੇ ਅਤੇ ਗੱਡੀਆਂ ਦਾ ਜੋ ਮਿਸਯੂਜ਼ ਹੁੰਦਾ ਹੈ ਉਹ ਬਚ ਸਕੇ। ਮੈਂ ਸਿਫਾਰਸ਼ ਕਰਾਂਗਾ ਕਾਰਾਂ, ਭਾਵੇਂ ਉਹ ਅਫਸਰ ਸਾਹਿਬਾਨ ਹਨ ਤੇ ਭਾਵੇਂ ਕੋਈ ਹੋਰ ਹਨ, ਪ੍ਰਾਈਵੇਟ ਕਰ ਦਿਉ। ਸਾਰਿਆਂ ਨੂੰ ਪੈਸੇ ਦਿਉ, ਤੇਲ ਦੀ ਥਾਂ ਕਿਲੋਮੀਟਰਾਂ ਦੀ ਪਰੋਵੀਜ਼ਨ ਕਰ ਦਿਉ।

ਸੰਸਦੀ ਮਾਮਲਿਆਂ ਦੇ ਮੰਤਰੀ : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਇਕ ਤਾਂ ਇਨ੍ਹਾਂ ਨੇ ਕਿਹਾ ਹੈ ਕਿ ਮੈਂ ਸਿਫਾਰਸ਼ ਕਰਾਂਗਾ। ਸਿਫਾਰਿਸ਼ ਇਹ ਕਿਸ ਨੂੰ ਕਰਦੇ ਹਨ, ਰਿਕੁਐਸਟ ਤਾਂ ਸਪੀਕਰ ਸਾਹਿਬ, ਤੁਹਾਡੇ ਰਾਹੀਂ ਹਾਊਸ ਨੂੰ ਕਰ ਸਕਦੇ ਹਨ, ਸਿਫਾਰਿਸ਼ ਨਹੀਂ।

ਸਿਫਾਰਿਸ਼ ਤਾਂ, ਮੈਂ ਸਮਝਦਾ ਹਾਂ ਕਿ ਮੈਂਬਰ ਸਾਹਿਬ ਗਲਤ ਫਹਿਮੀ ਵਿੱਚ ਕਹਿ ਗਏ ਹਨ ਕਿ ਉਹ ਇਥੇ ਵੀ ਆਪਣੇ ਆਪ ਨੂੰ ਸਮਝ ਰਹੇ ਹਨ ਕਿ ਉਹ ਕਿਸੇ ਐਸ.ਡੀ.ਐਮ. ਜਾਂ ਕਿਸੇ ਹੋਰ ਅਫ਼ਸਰ ਕੋਲ ਕਹਿ ਰਹੇ ਹਨ। ਦੂਸਰਾ, ਜਿਹੜੀ ਅੱਤਰ ਫਲੇਲ ਦੀ ਗੱਲ ਇਨ੍ਹਾਂ ਨੇ ਕੀਤੀ ਹੈ ਉਹ ਕਿਹੜੀ ਡੀਮਾਂਡ ਵਿੱਚ ਹੈ ?

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਮਾਨਯੋਗ ਮੰਤ੍ਰੀ ਜੀ, ਮੈਂ ਫਿਰ ਰਿਪੀਟ ਕਰਕੇ ਦੱਸ ਦਿੰਦਾ ਹਾਂ। ਮੇਰੇ ਕਹਿਣ ਦਾ ਮਤਲਬ ਇਹ ਸੀ ਕਿ ਬਿਲ ਤਾਂ ਮੈਡੀਕਲ ਦੇ ਬਣਦੇ ਹਨ, ਪਰ ਚੀਜ਼ਾਂ ਦੂਜੀਆਂ ਜਾਂਦੀਆਂ ਹਨ।

ਸ੍ਰੀ ਸਪੀਕਰ: ਸਾਥੀ ਜੀ, ਸਿਫਾਰਸ਼ ਸ਼ਬਦ ਨਾ ਵਰਤੋ।

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ: ਸਪੀਕਰ ਸਾਹਿਬ, ਜਿਥੋਂ ਤਕ ਸਿਫਾਰਸ਼ ਸ਼ਬਦ ਵਾਲੀ ਗੱਲ ਕਹੀ ਗਈ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਮੈਂ ਹਾਊਸ ਵਿਚ ਨਵਾਂ ਹਾਂ, ਜਿਸ ਤਰ੍ਹਾਂ ਤੁਸੀਂ ਦੱਸੀ ਜਾਓਗੇ, ਮੈਂ ਕਹੀ ਜਾਵਾਂਗਾ।

ਸਪੀਕਰ ਸਾਹਿਬ, ਜਿਥੋਂ ਤੱਕ ਟੈਲੀਫੂਨਜ਼ ਦਾ ਤੁਅੱਲਕ ਹੈ ਇਨ੍ਹਾਂ ਦੀ ਬੜੀ ਗਲਤ ਵਰਤੋਂ ਹੋ ਰਹੀ ਹੈ। ਤੁਸੀਂ ਟੈਲੀਫੂਨਜ਼ ਦੇ ਬਿਲ ਹੀ ਵੇਖ ਲਵੋ। ਮੇਰਾ ਸੁਝਾਓ ਹੈ ਕਿ ਇਸ ਕੁਵਰਤੋਂ ਨੂੰ ਰੋਕਣ ਲਈ ਸਰਕਾਰ ਨੂੰ ਚੰਗੀਆਂ ਤੋਂ ਚੰਗੀਆਂ ਸੋਫਿਸਟੀਕੇਟਿਡ ਮਸ਼ੀਨਾਂ ਲਗਾਉਣੀਆਂ ਚਾਹੀਦੀਆਂ ਹਨ ਜਿਸ ਤੋਂ ਇਹ ਪਤਾ ਲਗ ਸਕੇ ਕਿ ਜਿਹੜੀਆਂ ਕਾਲਾਂ ਕਿਸੇ ਸੈਕਟਰੀ ਨੇ ਜਾਂ ਮਨਿਸਟਰ ਨੇ ਕੀਤੀਆਂ ਹਨ ਕੀ ਉਹ ਸਰਕਾਰੀ ਹਨ ਜਾਂ ਪ੍ਰਾਈਵੇਟ ਹਨ। ਹੁਣ ਪ੍ਰਾਈਵੇਟ ਕਾਲਾਂ ਕੋਈ ਕੈਨੇਡਾ ਹੋ ਰਹੀ ਹੈ ਅਤੇ ਕੋਈ ਇੰਗਲੈਂਡ ਤੇ ਕੋਈ ਕਿਤੇ ਹੋਰ ਹੋ ਰਹੀ ਹੈ। ਮੇਰੀ ਬੇਨਤੀ ਹੈ ਕਿ ਸਰਕਾਰ ਨੂੰ ਵਾਰ ਫੁਟਿੰਗ ਤੇ ਇਹ ਸਟੈਪਸ ਲੈਣੇ ਚਾਹੀਦੇ ਹਨ ਤਾਂ ਕਿ ਪੰਜਾਬ ਦੇ ਲੋਕਾਂ ਨੂੰ ਕਹਿ ਸਕੀਏ ਕਿ ਅਸੀਂ ਖਰਚਿਆਂ ਦੀ ਰੋਕ ਥਾਮ ਲਈ ਇਹ ਸਟੈਪਸ ਲਏ ਹਨ।

ਇਸ ਤੋਂ ਅਗੇ, ਸਪੀਕਰ ਸਾਹਿਬ, ਇਕ ਡਿਮਾਂਡ ਇਸ ਵਿਚ ਹੈ ਜਿਸ ਵਿਚ ਲਿਖਿਆ ਹੋਇਆ ਹੈ ਕੱਚੀ ਸਮੱਗਰੀ। ਮੇਰੀ ਸਮਝ ਵਿਚ ਨਹੀਂ ਆਇਆ ਕਿ ਇਹ ਕੱਚੀ ਸਮੱਗਰੀ ਕੀ ਹੈ ਅੌਰ ਇਹ ਕੱਚੀ ਸਮੱਗਰੀ ਦਾ ਕਿਹੜਾ ਹੈਡ ਹੈ। ਮੈਂ ਤਾਂ ਪੜ੍ਹ ਕੇ ਬੜਾ ਹੈਰਾਨ ਹੋਇਆ ਹਾਂ। (ਇਕ ਆਵਾਜ਼: ਇਹ ਰਾਅ ਮੈਟੀਰੀਅਲ ਹੁੰਦਾ ਹੈ)। (ਵਿਘਨ)

ਸਪੀਕਰ ਸਾਹਿਬ, ਇਕ ਗੱਲ ਮੈਂ ਹੋਰ ਕਹਿਣੀ ਚਾਹੁੰਦਾ ਹਾਂ ਅੌਰ ਉਹ ਹੈ ਕੋਆਪਰੇਸ਼ਨ ਦੇ ਮਹਿਕਮੇ ਬਾਰੇ। ਕੋਆਪਰੇਟਿਵ ਲਹਿਰ ਦੇ ਅੰਦਰ ਕੁਝ ਹਾਊਸ ਬਿਲਡਿੰਗ ਕੋਆਪਰੇਟਿਵ ਸੋਸਾਇਟੀਆਂ ਬਣਾਈਆਂ ਗਈਆਂ ਸਨ, ਖਾਸ ਕਰਕੇ ਰੂਰਲ ਏਰੀਆ ਵਿਚ। ਉਨ੍ਹਾਂ ਨੂੰ ਬਿਲਕੁਲ ਖਤਮ ਕੀਤਾ ਜਾ ਰਿਹਾ ਹੈ, ਤਹਿਸ-ਨਹਿਸ ਕੀਤਾ ਜਾ ਰਿਹਾ ਹੈ, ਹਾਲਾਂਕਿ ਸਰਕਾਰ ਡੰਕੇ ਦੀ ਚੋਟ ਨਾਲ ਕਹਿੰਦੀ ਹੈ ਕਿ ਰੂਰਲ ਡਿਵੈਲਪਮੈਂਟ ਕਰਨੀ ਹੈ। ਮੈਂ ਕਹਿੰਦਾ ਹਾਂ ਕਿ ਚੰਡੀਗੜ੍ਹ ਦੇ ਨਾਲ ਲਗਦੇ ਇਲਾਕੇ ਜਿਹੜੇ ਹਨ ਉਨ੍ਹਾਂ ਵਿਚ ਰੂਰਲ ਡਿਵੈਲਪਮੈਂਟ ਹੋਣੀ ਚਾਹੀਦੀ ਹੈ ਅੌਰ ਉਨ੍ਹਾਂ ਵਿਚ ਜਿਹੜੀਆਂ ਕੋਆਪਰੇਟਿਵ ਸੋਸਾਇਟੀਆਂ ਬਣੀਆਂ ਹੋਈਆਂ ਸਨ ਅੌਰ ਉਨ੍ਹਾਂ ਨੂੰ ਜੋ ਸਬਸਿਡੀ ਦੇਣੀ ਸੀ ਜਾਂ ਕੁਝ ਹੋਰ ਦੇਣਾ ਸੀ, ਉਸ ਤੇ ਮੇਰਾ ਖਿਆਲ ਹੈ ਕਿ ਰੋਕ ਲਗਾ ਦਿਤੀ ਹੈ। ਸਰਕਾਰ ਨੂੰ ਰੂਰਲ ਡਿਵੈਲਪਮੈਂਟ ਲਈ ਖ਼ਾਸ ਧਿਆਨ ਦੇਣਾ ਚਾਹੀਦਾ ਹੈ ਅੌਰ ਉਨ੍ਹਾਂ ਦੇ ਮੁੱਖ ਆਸ਼ਿਆਂ ਨੂੰ ਧਿਆਨ ਵਿਚ ਰਖ ਕੇ ਉਨ੍ਹਾਂ ਦੇ ਲਈ ਉਪਰਾਲੇ ਕਰਨੇ ਚਾਹੀਦੇ ਹਨ। (ਵਿਘਨ)

Mr. Speaker : No exchanges please. Sathi ji, you are not to address anybody.

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਸਪੀਕਰ ਸਾਹਿਬ, ਜਿਥੋਂ ਤਕ ਤੁਅਲਕ ਹੈ ਇਨ੍ਹਾਂ ਡਿਮਾਂਡਜ਼ ਦਾ, ਮੈਂ ਫਿਰ ਇਕ ਵਾਰ ਕਹਿੰਦਾ ਹਾਂ ਕਿ ਇਹ ਜਿਹੜਾ ਸਮਾਂ ਨਹੀਂ ਦਿਤਾ ਗਿਆ ਇਹ ਠੀਕ ਨਹੀ, ਔਰ ਇਹ ਜਿਹੜੀਆਂ ਡਿਮਾਂਡਜ਼ ਇੰਨੇ ਜ਼ਿਆਦਾ ਪੈਸਿਆਂ ਦੀਆਂ ਆਈਆਂ ਹਨ, ਇਨ੍ਹਾਂ ਦੀ ਕੁਵਰਤੋਂ ਹੋਵੇਗੀ ਕਿਉਂਕਿ ਇਹ ਖਰਚਾ ਭੱਜ ਨੱਠ ਕੇ ਕੀਤਾ ਜਾਏਗਾ । ਮਹਿਕਮੇ ਨੇ ਬਿਲ ਬਣਾਉਣੇ ਹੁੰਦੇ ਹਨ, ਪੈਸੇ ਦੀ ਗਲਤ ਵਰਤੋਂ ਹੁੰਦੀ ਹੈ। ਐਸਾ ਕਰੀਏ ਕਿ ਇਹ ਜਿਹੜੀ ਸਪਲੀਮੈਂਟਰੀ ਡਿਮਾਂਡਜ਼ ਬੈਕ ਡੋਰ ਰਾਹੀਂ ਰੁਪਿਆ ਖ਼ਰਚਣ ਵਾਲੀ ਗੱਲ ਹੈ ਇਸ ਤੇ ਰੋਕ ਲਾਈ ਜਾਵੇ ਔਰ ਇਹ ਜਿਹੜੀਆਂ ਸਪਲੀਮੈਂਟਰੀ ਡਿਮਾਂਡਜ਼ ਹਰ ਸਾਲ ਮਾਰਚ ਦੇ ਮਹੀਨੇ ਹਾਊਸ ਵਿਚ ਲਿਆਂਦੀਆਂ ਜਾਂਦੀਆਂ ਹਨ, ਇਸ ਪ੍ਰਥਾ ਨੂੰ ਖਤਮ ਕੀਤਾ ਜਾਵੇ। ਸਪੀਕਰ ਸਾਹਿਬ, ਇਹ ਜਿਹੜਾ ਤੁਸੀਂ ਸਮਾਂ ਦਿਤਾ ਹੈ ਸਪਲੀ-ਮੈਂਟਰੀ ਡਿਮਾਂਡਜ਼ ਤੇ ਜ਼ਿਕਰ ਕਰਨ ਦਾ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

ਸ੍ਰੀ ਸਪੀਕਰ : ਕੀ ਟਰੈਜ਼ਰੀ ਬੈਂਚਿਜ਼ ਵਲੋਂ ਕੋਈ ਬੋਲਣਾ ਚਾਹੇਗਾ ?

(ਇਸ ਸਮੇਂ ਮਾਨਯੋਗ ਮੈਂਬਰ ਸ੍ਰੀ ਉਪਿੰਦਰ ਕੁਮਾਰ ਸ਼ਰਮਾ ਨੂੰ ਸ੍ਰੀ ਸਪੀਕਰ ਨੇ ਬੋਲਣ ਦੀ ਇਜ਼ਾਜ਼ਤ ਦਿੱਤੀ ।)

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਕੀ ਸਾਨੂੰ ਵੀ ਟਾਈਮ ਮਿਲੇਗਾ?

ਸ੍ਰੀ ਸਪੀਕਰ : ਅਗਰ ਆਪ ਚਾਹੋਗੇ ਤਾਂ ਤੁਹਾਨੂੰ ਟਾਈਮ ਜ਼ਰੂਰ ਮਿਲੇਗਾ ਲੇਕਿਨ ਰੈਲੇਵੈਂਟ ਬੋਲਣਾ ਪਵੇਗਾ ।

ਸ੍ਰੀ ਉਪਿੰਦਰ ਕੁਮਾਰ ਸ਼ਰਮਾ (ਕੋਟਕਪੂਰਾ) : ਆਨਰੇਬਲ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਮੈਨੂੰ ਤੁਸੀਂ ਸਪਲੀਮੈਂਟਰੀ ਡਿਮਾਂਡਜ਼ ਦੇ ਉਪਰ ਬਹਿਸ ਦੇ ਦੌਰਾਨ ਆਪਣੇ ਵਿਚਾਰ ਰਖਣ ਦਾ ਮੌਕਾ ਦਿੱਤਾ ਹੈ । ਸਾਡਾ ਇਕ ਸੁਭਾਓ ਬਣ ਚੁਕਿਆ ਹੈ ਕਿ ਜਦੋਂ ਵੀ ਕੋਈ ਮਸਲਾ ਸਾਹਮਣੇ ਆਵੇ ਭਾਵੇਂ ਉਹ ਪਾਜ਼ਿਟਿਵ ਕਿਉਂ ਨਾ ਹੋਵੇ, ਚਾਹੇ ਉਹ ਲੰਬੇ ਸਮੇਂ ਤਕ ਵਿਰੋਧੀ ਧਿਰ ਦੇ ਸਾਥੀਆਂ ਨੂੰ ਨਾਲ ਲੈ ਕੇ ਵਿਚਾਰਿਆ ਕਿਉਂ ਨਾ ਜਾ ਚੁਕਿਆ ਹੋਵੇ, ਮਗਰ ਜਦੋਂ ਉਹ ਮਸਲਾ ਹਾਊਸ ਦੇ ਸਾਹਮਣੇ ਆਉਂਦਾ ਹੈ, ਹਾਊਸ ਵਿਚ ਪੇਸ਼ ਹੁੰਦਾ ਹੈ ਤਾਂ ਉਨ੍ਹਾਂ ਨੇ ਵਿਰੋਧੀਆਤਮਿਕ ਵਿਰੋਧ ਜ਼ਰੂਰ ਕਰਨਾ ਹੁੰਦਾ ਹੈ, ਬਨਿਸਬਤ ਇਸ ਦੇ ਕਿ ਉਹ ਉਥੇ ਬੈਠ ਕੇ ਆਪਣੀਆਂ ਹੈਲਦੀ ਸੁਜੈਸ਼ਨਜ਼ ਦੇ ਦੇਣ। ਵੈਸੇ ਉਹ ਉਥੇ ਮੱਦ ਨੂੰ ਅਪਰੂਵ ਵੀ ਕਰਦੇ ਹਨ ਮਗਰ ਜਦੋਂ ਇਥੇ ਹਾਊਸ ਦੇ ਸਾਹਮਣੇ ਪੇਸ਼ ਹੁੰਦੀ ਹੈ ਤਾਂ ਕਿੰਤੂ, ਪਰੰਤੂ ਉਨ੍ਹਾਂ ਨੇ ਜ਼ਰੂਰ ਕਰਨਾ ਹੁੰਦਾ ਹੈ।

ਸਪੀਕਰ ਸਾਹਿਬ, ਗੱਲ ਚਲੀ ਕਾਰਾਂ ਦੀ। ਸ਼ਾਇਦ ਮੇਰੇ ਦੋਸਤ ਭੁਲ ਗਏ ਹਨ ਕਿ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਇਸ ਗੱਲ ਲਈ ਵਧਾਈ ਦੀ ਪਾਤਰ ਹੈ ਜਿਸ ਨੇ ਹਾਲਾਤ ਨੂੰ ਮਦੇ-ਨਜ਼ਰ ਰਖਦੇ ਹੋਏ ਆਪਣੇ ਸਾਰੇ ਐਮ.ਐਲ.ਏ. ਸਾਹਿਬਾਨ ਨੂੰ ਜਿਪਸੀਆਂ ਨਾਲ ਲੈਸ ਕੀਤਾ । (ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ ਵਲੋਂ ਵਿਘਨ)

ਸ੍ਰੀ ਸਪੀਕਰ : ਪਰੋਫੈਸਰ ਚਾਵਲਾ, ਮੈਂ ਰਿਕੁਐਸਟ ਕਰਾਂਗਾਂ ਕਿ ਤੁਸੀਂ ਬੈਠੇ ਬੈਠੇ ਇਸ ਤਰ੍ਹਾਂ ਨਾ ਬੋਲੋ ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ: ਤੁਸੀਂ ਪਹਿਲਾਂ ਇਨ੍ਹਾਂ ਮਨਿਸਟਰਾਂ ਨੂੰ ਰੋਕੋ ਜੀ।

ਸ਼੍ਰੀ ਸਪੀਕਰ: ਮੈਨੂੰ ਬਹੁਤ ਅਫਸੋਸ ਹੈ।

ਸ਼੍ਰੀ ਉਪਿੰਦਰ ਕੁਮਾਰ ਸ਼ਰਮਾ: ਜਦੋਂ ਤੁਸੀਂ ਬੋਲਦੇ ਹੋ, ਅਸੀਂ ਇੰਟਰਪੱਟ ਨਹੀਂ ਕਰਦੇ। ਸਪੀਕਰ ਸਾਹਿਬ ਨੇ ਇਜਾਜ਼ਤ ਮੈਨੂੰ ਦਿੱਤੀ ਹੈ ਬੋਲਣ ਦੀ। ਇਸ ਲਈ ਮੈਂ ਖੜ੍ਹਾ ਹੋਇਆ ਹਾਂ।

ਸਪੀਕਰ ਸਾਹਿਬ, ਸਰਕਾਰ ਨੇ ਫਿਰ ਉਨ੍ਹਾਂ ਦੀ ਸਕਿਓਰਿਟੀ ਦਾ ਪ੍ਰਬੰਧ ਕੀਤਾ, ਫੋਰਸਿਜ਼ ਨਾਲ ਲੈਸ ਕੀਤਾ। ਜਦੋਂ ਤਾਂ ਤੇਲ ਦੀ ਜ਼ਰੂਰਤ ਹੁੰਦੀ ਹੈ ਤਾਂ ਕਹਿੰਦੇ ਹਨ ਕਿ 300 ਲਿਟਰ ਮਹੀਨੇ ਦੀ ਬਜਾਏ 350 ਲਿਟਰ ਕਰ ਦਿਓ ਪਰ ਫਿਰ ਹਾਊਸ ਵਿਚ ਵਿਰੋਧ ਕਰਦੇ ਹਨ। ਇਸ ਤਰ੍ਹਾਂ ਦੋ ਧਾਰੀ ਤਲਵਾਰ ਉਤੇ ਨਹੀਂ ਚਲਿਆ ਜਾ ਸਕਦਾ। ਜਦੋਂ ਸਪੀਕਰ ਸਾਹਿਬ, ਅਲਾਊਂਸਿਜ਼ ਵਧਾਉਣ ਦੀ ਗੱਲ ਆਉਂਦੀ ਹੈ ਤਾਂ ਵਿਰੋਧ ਕਰਦੇ ਹਨ ਪਰ ਬਾਦ ਵਿਚ ਸਭ ਤੋਂ ਪਹਿਲਾਂ ਬਿਲ ਬਣਾ ਕੇ ਪੈਸੇ ਲੈਂਦੇ ਹਨ। ਗੱਲ ਚੱਲੀ ਸੀ ਕਾਰਾਂ ਦੀ ਮੈਨਟੀਨੈਂਸ ਦੀ ਮੈਂ ਕਹਿੰਦਾ ਹਾਂ ਕਿ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਬਹੁਤ ਹੀ ਅੱਛਾ ਰੋਲ ਅਦਾ ਕੀਤਾ ਹੈ। 12 ਸਾਲਾਂ ਤੋਂ ਪੰਜਾਬ ਮੰਦੇ ਹਾਲਾਤ ਵਿਚੋਂ ਦੀ ਗੁਜ਼ਰ ਰਿਹਾ ਹੈ, ਸ਼੍ਰੀ ਕੇ.ਪੀ.ਐਸ.ਗਿੱਲ ਦੀ ਅਗਵਾਈ ਥੱਲੇ ਫੋਰਸਿਜ਼ ਨੇ ਸੋਫਿਸਟੀਕੇਟਿਡ ਵੈਪਨਜ਼ ਨਾਲ, ਆਰਮੀ ਦੀ ਸਹਾਇਤਾ ਨਾਲ, ਅਤਿਵਾਦ ਦੇ ਖਿਲਾਫ ਲੜਾਈ ਲੜੀ, ਪਰਿਵਾਰ ਵਾਰੇ, ਜਾਨਾਂ ਕੁਰਬਾਨ ਕੀਤੀਆਂ ਬਹੁਤ ਸਾਰੇ ਅਫਸਰ ਵੀ ਮਰੇ।

ਇਸੇ ਤਰ੍ਹਾਂ ਜ਼ਿਕਰ ਕੀਤਾ ਹੈ ਐਸ.ਪੀ.ਓਜ਼ ਦੀ ਭਰਤੀ ਦਾ ਔਰ ਹੋਮਗਾਰਡ ਦੇ ਜਵਾਨਾਂ ਬਾਰੇ, ਮੈਂ ਸਰਦਾਰ ਬੇਅੰਤ ਸਿੰਘ ਜੀ ਦੀ ਗੌਰਮਿੰਟ ਨੂੰ ਵਧਾਈ ਦਿੰਦਾ ਹਾਂ ਕਿ ਇਨ੍ਹਾਂ ਨੇ ਜੋ ਵੀ ਡਿਮਾਂਡਜ਼ ਸਨ ਪੈਰਾ-ਮਿਲਟਰੀ ਫੋਰਸਿਜ਼ ਦੀਆਂ, ਹਥਿਆਰਾਂ ਬਾਰੇ, ਉਹ ਪੂਰੀਆਂ ਕੀਤੀਆਂ। ਮੇਰੇ ਦੋਸਤ ਭੁੱਲ ਗਏ ਕਿ ਜਦੋਂ ਪਿੰਡਾਂ ਵਿਚ ਚੌਕੀਆਂ ਬਣਾਈਆਂ ਗਈਆਂ ਉਸ ਵਿਚ ਇਕ ਇਕ ਹਵਾਲਦਾਰ, ਇਕ ਸਟੇਨਗੰਨ ਵਾਲਾ, ਦੋ ਹੋਮਗਾਰਡੀਏ ਔਰ ਦੋ ਐਸ.ਪੀ.ਓਜ਼ ਪਹਿਰਾ ਦਿੰਦੇ ਸਨ। ਅਗਰ ਉਨ੍ਹਾਂ ਨੂੰ ਹਥਿਆਰਾਂ ਨਾਲ ਲੈਸ ਨਾ ਕੀਤਾ ਜਾਂਦਾ ਤਾਂ ਉਹ ਮਾੜੇ ਹਾਲਾਤ ਦਾ ਮੁਕਾਬਲਾ ਕਿਸ ਤਰ੍ਹਾਂ ਕਰ ਸਕਦੇ ਸਨ। ਜਦੋਂ ਰਬੈਰੋ ਸਾਹਿਬ ਫੀਲਡ ਵਿਚੋਂ ਘੁੰਮ ਕੇ ਆਏ ਤਾਂ ਫੋਰਸਿਜ਼ ਨੇ ਚੰਗੇ ਹਥਿਆਰਾਂ ਦੀ ਮੰਗ ਕੀਤੀ ਔਰ ਉਹ ਮੰਗ ਉਨ੍ਹਾਂ ਨੇ ਸਰਕਾਰ ਨੂੰ ਕਹਿ ਕੇ, ਗਵਰਨਰ ਸਾਹਿਬ ਨੂੰ ਕਹਿ ਕੇ ਤੁਰੰਤ ਪੂਰੀ ਕਰਵਾ ਈ।

*10·50 A.M. (ਇਸ ਸਮੇਂ ਸ਼੍ਰੀ ਡਿਪਟੀ ਸਪੀਕਰ ਨੇ *ਸਦਨ ਦੀ ਕੁਰਸੀ ਸੰਭਾਲੀ)

ਜਦੋਂ ਦੀ ਸਰਕਾਰ ਨੇ ਵਾਗਡੋਰ ਸੰਭਾਲੀ ਹੈ, ਇਸ ਨੇ ਲਾਅ ਐਂਡ ਆਰਡਰ ਨੂੰ ਕੰਟਰੋਲ ਕੀਤਾ ਹੈ ਔਰ ਜਿਥੇ ਵੀ ਪੈਰਾ-ਮਿਲਟਰੀ ਫੋਰਸਿਜ਼ ਦੀ ਮੰਗ ਆਈ ਹੈ, ਉਸ ਤੇ ਗੌਰ ਕੀਤਾ ਹੈ ਔਰ ਪੂਰਾ ਕੀਤਾ ਹੈ, ਤਾਂਕਿ ਪੰਜਾਬ ਦੀ ਹਾਲਤ ਠੀਕ ਹੋ ਸਕੇ। ਔਰ ਪੰਜਾਬ ਵਿਚ ਪੂਰੀ ਤਰ੍ਹਾਂ ਸ਼ਾਂਤੀ ਸਥਾਪਿਤ ਕਰਨ ਲਈ ਸਾਡੀ ਸਰਕਾਰ ਵਚਨਬੱਧ ਹੈ। ਮੇਰੇ ਦੋਸਤ ਇਥੇ ਨੁਕਤਾ-ਚੀਨੀ ਕਰਦੇ ਹਨ ਪਰ ਇਸ ਗਲ ਦਾ ਖਿਆਲ ਇਨ੍ਹਾਂ ਨੂੰ ਭੁਲ ਜਾਂਦਾ ਹੈ ਕਿ ਜਦੋਂ ਤਾਂ ਉਨ੍ਹਾਂ ਨੂੰ ਆਪਣੇ ਵਾਸਤੇ ਸਿਕਿਓਰਿਟੀ ਚਾਹੀਦੀ ਹੁੰਦੀ ਹੈ ਤਾਂ ਇਹ ਕਹਿੰਦੇ ਹਨ ਕਿ ਸਾਡੇ ਘਰਾਂ ਤੇ ਵੀ 8–10 ਆਦਮੀ ਤੈਨਾਤ ਹੋਣੇ ਚਾਹੀਦੇ ਹਨ, ਪਰ ਜੇ ਸਾਡੇ ਮਨਿਸਟਰ ਲੋਕਾਂ ਦੀ ਹਿਫਾਜ਼ਤ ਵਾਸਤੇ ਪਿੰਡਾਂ ਵਿਚ ਪੁਲਿਸ ਫੋਰਸ ਲਾਉਂਦੇ ਹਨ ਤਾਂ ਉਸ ਸਿਕਿਓਰਿਟੀ ਦੇ ਖਰਚੇ ਤੇ ਇਹ ਇਤਰਾਜ਼ ਕਰਦੇ ਹਨ।

ਕਾਮਰੇਡ ਤਰਸੇਮ ਜੋਧਾਂ: ** ** **

**Expenged as ordered by the Chair.

ਸ਼੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਸ਼੍ਰੀ ਉਪਿੰਦਰ ਕੁਮਾਰ ਸ਼ਰਮਾ: ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਆਪਣੇ ਸਾਥੀਆਂ ਨੂੰ ਬੇਨਤੀ ਕਰਦਾ ਹਾਂ ਕਿ ਜਦੋਂ ਮੈਂ ਬੋਲਦਾ ਹਾਂ ਇਹ ਵਿਚ ਇੰਟਰੱਪਟ ਨਾ ਕਰਿਆ ਕਰਨ। ਜਦੋਂ ਇਹ ਬੋਲਦੇ ਹਨ ਤਾਂ ਅਸੀਂ ਕਦੇ ਇੰਟਰਪਟ ਨਹੀਂ ਕਰਦੇ। ਮੈਂ ਕਹਿ ਰਿਹਾ ਸੀ ਕਿ ਸਾਡੀ ਪੁਲਿਸ ਨੇ ਬੜੇ ਕੰਮ ਕੀਤੇ ਹਨ। ਕਲ੍ਹ ਹੀ 101 ਟੈਰੋਰਿਸਟਸ ਨੇ ਸਰੰਡਰ ਕੀਤਾ ਹੈ। ਇਸ ਲਈ ਇਨ੍ਹਾਂ ਪੁਲਿਸ ਵਾਲਿਆਂ ਦੀ ਜਿੰਨੀ ਵੀ ਹੌਸਲਾ ਅਫ਼ਜਾਈ ਕੀਤੀ ਜਾਵੇ, ਉਤਨੀ ਥੋੜੀ ਹੈ।

ਫਿਰ ਮੇਰੇ ਦੋਸਤ ਬਾਹਰ ਜਾਕੇ ਮੁਲਾਜ਼ਮਾਂ ਦੀ ਗਲ ਕਰਦੇ ਹਨ ਅਤੇ ਉਨ੍ਹਾਂ ਨੂੰ ਉਕਸਾਉਂਦੇ ਹਨ ਐਜੀਟੇਸ਼ਨ ਕਰਨ ਵਾਸਤੇ। ਪਰ ਹੁਣ ਜਦੋਂ ਸਾਡੇ ਵਿੱਤ ਮੰਤਰੀ ਸਾਹਿਬ ਨੇ ਇੰਪਲਾਈਜ਼ ਨੂੰ ਬੋਨਸ ਔਰ ਡੀ.ਏ. ਦੀਆਂ ਕਿਸ਼ਤਾਂ ਦੇਣ ਦੇ ਬਾਰੇ ਕਿਹਾ ਹੈ ਔਰ ਇਸ ਤੇ 111 ਕਰੋੜ ਰੁਪਏ ਦਾ ਜ਼ਿਕਰ ਕੀਤਾ ਹੈ ਤਾਂ ਇਸ ਦੀ ਐਪਰੀਸੀਏਸ਼ਨ ਵਾਸਤੇ ਕੋਈ ਖੜਾ ਨਹੀਂ ਹੋਇਆ। ... ...

ਸ਼੍ਰੀ ਡਿਪਟੀ ਸਪੀਕਰ : ਤੁਸੀਂ ਡੀਮਾਂਡ ਤੇ ਰੈਲੇਵੈਂਟ ਬੋਲੋ।

ਸ਼੍ਰੀ ਉਪਿੰਦਰ ਕੁਮਾਰ ਸ਼ਰਮਾ : ਮੈਂ ਰੈਲੇਵੈਂਟ ਹੀ ਬੋਲ ਰਿਹਾ ਹਾਂ। ਡਿਮਾਂਡਜ਼ ਵਿਚ ਵੀ 117 ਕਰੋੜ ਰੁਪਏ ਦਾ ਜ਼ਿਕਰ ਹੈ। ਇਸ ਤੋਂ ਬਾਅਦ ਐਗਰੀਕਲਚਰ ਦੇ ਖੇਤਰ ਵਿਚ, ਪ੍ਰਿਕਿਓਰਮੈਂਟ ਦੇ ਖੇਤਰ ਵਿਚ ਸਾਡੇ ਪੰਜਾਬ ਨੇ ਬਹੁਤ ਵੱਡੀ ਪ੍ਰਾਪਤੀ ਕੀਤੀ ਹੈ। ਇਸ ਲਈ ਕੇਂਦਰੀ ਸਰਕਾਰ ਵਧਾਈ ਦੀ ਪਾਤਰ ਹੈ ਜਿਸ ਨੇ ਸਮਾਲ ਫਾਰਮਰਜ਼ ਲਈ ਸਬਸਿਡੀ ਦੇ ਕੇ ਸਾਡੀ ਮੱਦਦ ਕੀਤੀ ਹੈ। ਸਾਡੇ ਮੁੱਖ ਮੰਤਰੀ ਜੀ ਵੀ ਵਧਾਈ ਦੇ ਪਾਤਰ ਹਨ ਜਿਹੜੇ ਕੇਂਦਰ ਤੇ ਜ਼ੋਰ ਦੇਕੇ ਇਹ ਸਬਸਿਡੀ ਲੈਣ ਵਿਚ ਸਫਲ ਹੋਏ ਹਨ। ਗਰੀਬ ਕਿਸਾਨਾਂ ਦੀ ਸਾਡੀ ਸਰਕਾਰ ਸੇਵਾ ਕਰਦੀ ਹੈ। ਆਪਣੇ ਵਾਸਤੇ ਤਾਂ ਤੁਸੀਂ ਵੇਖੋ ਕਿ ਜਿਹੜੀ ਕਮੇਟੀਆਂ ਵਿਚ ਵੀ ਚਾਹ ਵਗੈਰਾ ਸਰਵ ਹੁੰਦੀ ਸੀ, ਉਹ ਵੀ ਬੰਦ ਕਰ ਦਿੱਤੀ ਹੈ ਔਰ ਦਫਤਰ ਵਿਚ ਬੈਠ ਕੇ ਲੋਕਾਂ ਦੀ ਸੇਵਾ ਕਰਦੇ ਹਨ। ਇਸ ਤੇ ਵੀ ਇਨ੍ਹਾਂ ਨੂੰ ਇਤਰਾਜ਼ ਹੈ ਅਤੇ ਇਹ ਕਹਿੰਦੇ ਹਨ ਕਿ ਦਫਤਰਾਂ ਵਿਚੋਂ ਨਿਕਲਦੇ ਹੀ ਨਹੀਂ। ਇਹ ਚੰਗੀ ਗੱਲ ਹੈ ਕਿ ਮਨਿਸਟਰ ਸਾਹਿਬਾਨ ਆਪਣੇ ਦਫਤਰਾਂ ਵਿਚ ਮਿਲਦੇ ਹਨ ਔਰ ਲੋਕਾਂ ਦੀ ਸੇਵਾ ਕਰਦੇ ਹਨ। ਇਸ ਦੇ ਨਾਲ ਹੀ ਮੈਂ ਇਨ੍ਹਾਂ ਮੰਗਾਂ ਦਾ ਸਮਰਥਨ ਕਰਦਾ ਹਾਂ। ਜੈ ਹਿੰਦ।

ਸ਼੍ਰੀ ਜਗਦੀਸ਼ ਸਾਹਨੀ : ** ** **

ਸ਼੍ਰੀ ਡਿਪਟੀ ਸਪੀਕਰ : ਇਹ ਪੁਆਇੰਟ ਆਫ ਆਰਡਰ ਨਹੀਂ ਹੈ। ਪਲੀਜ਼ ਬੈਠੋ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ** ** ** **

Mr. Deputy Speaker : This is no point of ord(r. Please take your seat.

ਸ਼੍ਰੀ ਉਪਿੰਦਰ ਕੁਮਾਰ ਸ਼ਰਮਾ : ਸਰ, ਜੋ ਮੈਂ ਬੋਲਿਆ ਹੈ, ਉਹ ਡੀਮਾਂਡਜ਼ ਨਾਲ ਸਬੰਧਤ ਹੈ।

**Expunged as ordered by the Chair.

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ** ** **

ਸ੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਸ੍ਰੀ ਉਪਿੰਦਰ ਕੁਮਾਰ ਸ਼ਰਮਾ : ਡਿਪਟੀ ਸਪੀਕਰ ਸਾਹਿਬ, ਸਾਥੀ ਸਾਹਿਬ ਦੇ ਨਾਲ ਮੇਰੀ ਪੁਰਾਣੀ ਦੋਸਤੀ ਹੈ। ਮੈਂ ਇਨ੍ਹਾਂ ਦੀ ਗੱਲ ਨੂੰ ਬੜੇ ਲਾਈਟਰ ਮੂਡ ਵਿਚ ਲੈ ਰਿਹਾ ਹਾਂ ਅਤੇ ਇਹ ਮੇਰੀ ਗੱਲ ਕਰਕੇ ਇਨਜੋਆਏ ਕਰ ਰਹੇ ਹਨ। ਡਿਪਟੀ ਸਪੀਕਰ ਸਾਹਿਬ, ਦਰਅਸਲ ਗਲ ਇਹ ਸੀ ਕਿ ਪਿਛਲੇ ਸੈਸ਼ਨ ਦੇ ਦੌਰਾਨ ਮੈਂ ਇਕ ਇਲੈਕਸ਼ਨ ਦੀ ਮੀਟਿੰਗ ਵਿਚ ਬੜੇ ਗੁਡ ਫੇਥ ਵਿਚ ਇਹ ਗੱਲ ਕਹੀ ਸੀ ਕਿ ਅਗਰ ਕੋਈ 4 ਵੋਟਾਂ ਜ਼ਿਆਦਾ ਲੈ ਕੇ ਜਿੱਤ ਜਾਵੇ ਤਾਂ ਉਹ ਬੜਾ ਪਾਪੂਲਰ ਹੈ, ਅਗਰ ਕੋਈ 4 ਵੋਟਾਂ ਘੱਟ ਲੈ ਕੇ ਹਾਰ ਜਾਵੇ ਤਾਂ ਉਸ ਦੀ ਇਲਾਕੇ ਵਿਚ ਪਾਪੂਲੈਰਿਟੀ ਨਹੀਂ ਹੁੰਦੀ। ਇਹ ਉਸ ਨੂੰ ਐਕਸਪਲਸ਼ਨ ਕਹਿੰਦੇ ਹਨ। ਮੈਂ ਪਹਿਲੇ ਵੀ ਇਥੇ ਕਾਂਗਰਸ ਸੀਟ ਤੇ ਬੈਠਾ ਸੀ ਅਤੇ ਹੁਣ ਵੀ ਇਸੇ ਸੀਟ ਤੇ ਬੈਠਾ ਹਾਂ। ਇਹ ਸਾਡੀ ਆਪਣੀ ਪਾਰਟੀ ਦਾ ਮਾਮਲਾ ਹੈ। ਇਨ੍ਹਾਂ ਨੂੰ ਸਾਡੀ ਪਾਰਟੀ ਦੇ ਕੰਮਾਂ ਵਿਚ ਦਖਲ ਅੰਦਾਜ਼ੀ ਨਹੀਂ ਕਰਨੀ ਚਾਹੀਦੀ। ਮੈਨੂੰ ਪਤਾ ਹੈ ਕਿ ਇਨ੍ਹਾਂ ਨੇ ਮੈਨੂੰ ਬੋਲਦੇ ਹੋਏ ਇੰਟਰੱਪਟ ਕਰਨਾ ਹੈ। ਜੋ ਪੈਰਾ-ਮਿਲਟਰੀ ਫੋਰਸਿਜ਼ ਤੇ ਖਰਚਾ ਕੀਤਾ ਜਾ ਰਿਹਾ ਹੈ ਪਿਛਲੇ ਸੈਸ਼ਨ ਦੇ ਦੌਰਾਨ ਮੈਂ ਇਹ ਗੱਲ ਕਹੀ ਸੀ ਕਿ ਮੋਗੇ ਜਿਹੜੇ ਐਸ.ਪੀ.ਓਜ਼. ਲਗੇ ਹੋਏ ਹਨ ਉਨ੍ਹਾਂ ਨੂੰ ਰੈਗੂਲਰ ਕਰ ਦਿੱਤਾ ਜਾਵੇ। ਸਰਦਾਰ ਬੇਅੰਤ ਸਿੰਘ ਨੇ ਇਸੇ ਹਾਊਸ ਵਿਚ ਬੋਲਦੇ ਹੋਏ ਕਿਹਾ ਸੀ ਕਿ ਇੰਪਲਾਇਮੈਂਟ ਤੇ ਜਿਹੜੀ ਬੈਨ ਲਗੀ ਹੋਈ ਹੈ, ਉਸ ਨੂੰ ਚੁੱਕ ਦਿੱਤਾ ਜਾਵੇਗਾ। ਇਹ ਗੱਲ ਕਲੀਅਰ ਸਾਡੇ ਆਪੋਜੀਸ਼ਨ ਦੇ ਦੋਸਤਾਂ ਨੇ ਕਰਵਾਈ ਸੀ ਕਿ ਇਹ ਬੈਨ ਕਦੋਂ ਹਟਾ ਦਿੱਤਾ ਜਾਵੇਗਾ, ਤਾਂ ਸਰਦਾਰ ਬੇਅੰਤ ਸਿੰਘ ਜੀ ਨੇ ਕਿਹਾ ਕਿ ਜਦੋਂ ਤੋਂ ਸਰਦਾਰ ਬੇਅੰਤ ਸਿੰਘ ਇਸ ਸਟੇਜ ਤੋਂ ਬੋਲ ਰਿਹਾ ਹੈ, ਪਰ ਉਹ ਬੈਨ ਹਾਲੇ ਤੱਕ ਲਗੀ ਹੋਈ ਹੈ। ਇਸ ਨੂੰ ਖਤਮ ਕਰਕੇ ਉਨ੍ਹਾਂ ਨੌਜਵਾਨਾਂ ਨੂੰ ਨੌਕਰੀਆਂ ਦਿੱਤੀਆਂ ਜਾਣ ਜਿਹੜੇ ਬੇਕਾਰ ਫਿਰ ਰਹੇ ਹਨ ਅਤੇ ਤੰਗ ਹਨ। ਉਨ੍ਹਾਂ ਨੌਜਵਾਨਾਂ ਨੂੰ ਪੰਜਾਬ ਦੇ ਵਿਚ ਸੇਵਾ ਕਰਨ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ। ਉਨ੍ਹਾਂ ਦੇ ਭਵਿੱਖ ਦਾ ਖਿਆਲ ਰਖਿਆ ਜਾਵੇ। ਜੈ ਹਿੰਦ।

ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ(ਅਟਾਰੀ) (ਐਸ.ਸੀ.) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਸਪਲੀਮੈਂਟਰੀ ਡਿਮਾਂਡਜ਼ ਉਤੇ ਬੋਲਣ ਲਈ ਮੌਕਾ ਦਿੱਤਾ ਹੈ। ਮੈਂ ਇਸ ਦੇ ਲਈ ਆਪ ਜੀ ਦਾ ਬੜਾ ਧੰਨਵਾਦੀ ਹਾਂ। ਇਥੇ ਜੋ ਬਹਿਸ ਦੇ ਦੌਰਾਨ ਪੰਜਾਬ ਪੁਲਿਸ ਦਾ ਮਸਲਾ ਮੈਂਬਰ ਸਾਹਿਬਾਨ ਨੇ ਉਠਾਇਆ ਅਤੇ ਗੱਲਾਂ ਕੀਤੀਆਂ। ਇਥੇ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਦੇ ਵਿੱਤ ਮੰਤਰੀ ਡਾਕਟਰ ਕੇਵਲ ਕ੍ਰਿਸ਼ਨ ਸਾਹਿਬ ਨੇ ਜਿਹੜੀਆਂ ਗ੍ਰਾਂਟਾਂ ਹਾਊਸ ਵਿਚ 1992-93 ਲਈ ਪੇਸ਼ ਕੀਤੀਆਂ ਹਨ, ਪੰਜਾਬ ਪੁਲਿਸ ਦੇ ਸਬੰਧ ਵਿਚ ਤਾਂ ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਪੁਲਿਸ ਦਾ ਮਸਲਾ ਪੰਜਾਬ ਨਾਲ ਇਸ ਢੰਗ ਨਾਲ ਜੁੜਿਆ ਹੋਇਆ ਹੈ ਕਿ ਜਿਸ ਪੰਜਾਬ ਵਿਚ 1978 ਤੋਂ ਲੈ ਕੇ 1992 ਤੱਕ ਸਾਰੇ ਹਿੰਦੁਸਤਾਨ ਦੇ ਸੂਬਿਆਂ ਵਿਚ ਅਤੇ ਦੁਨੀਆਂ ਦੇ ਦੇਸ਼ਾਂ ਵਿਚ ਅੱਤਵਾਦ ਅਤੇ ਵੱਖਵਾਦ ਦੀ ਚਰਚਾ ਹੋ ਰਹੀ ਸੀ ਉਸ ਨੂੰ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਅਤੇ ਫੋਰਸਿਜ਼ ਜਿਨ੍ਹਾਂ ਵਿਚ ਪੰਜਾਬ ਪੁਲਿਸ ਬੀ.ਐਸ.ਐਫ. ਅਤੇ ਭਾਰਤੀ ਸੈਨਾ ਨੇ ਅਹਿਮ ਭੂਮਿਕਾ ਨਿਭਾਈ ਅਤੇ ਅੱਤਵਾਦ ਨੂੰ ਨੱਥ ਪਾਈ ਤੇ ਜਿਹੜੇ ਪਾਕਿਸਤਾਨ ਦੇ ਹਾਕਮ ਅਤੇ ਅਮਰੀਕਾ ਦੀ ਸੀ.ਆਈ.ਏ. ਦੇ

**Expuged as ordered by the Chair.

[ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ]

ਏਜੰਟ ਸਾਡੇ ਦੇਸ਼ ਦੇ ਟੁਕੜੇ ਟੁਕੜੇ ਕਰਨਾ ਚਾਹੁੰਦੇ ਸੀ ਉਨ੍ਹਾਂ ਤੋਂ ਉਸ ਨੂੰ ਬਚਾਇਆ ਹੈ । ਉਨ੍ਹਾਂ ਦੀਆਂ ਕੋਸ਼ਿਸ਼ਾਂ ਨੂੰ ਨਾ-ਕਾਮਯਾਬ ਬਣਾਇਆ ਹੈ ਅਤੇ ਜਿਹੜੇ ਉਨ੍ਹਾਂ ਦੇ ਘਿਨਾਉਣੇ ਇਰਾਦੇ ਅਤੇ ਹਰਕਤਾਂ ਸਨ ਉਨ੍ਹਾਂ ਉਤੇ ਕਾਬੂ ਪਾਇਆ ਹੈ। ਇਸ ਸੰਤਾਪ ਨੂੰ ਭੋਗ ਰਿਹਾ ਪੰਜਾਬ ਫਿਰ ਅਮਨ ਅਤੇ ਸ਼ਾਂਤੀ ਦੇ ਖਿਤੇ ਵਿਚ ਪ੍ਰਵੇਸ਼ ਕਰ ਗਿਆ ਹੈ। ਇਹ ਦੇਣ ਸਰਦਾਰ ਬੇਅੰਤ ਸਿੰਘ, ਮੁੱਖ ਮੰਤਰੀ ਪੰਜਾਬ, ਅਮਨ ਦੇ ਮਸੀਹੇ ਦੀ ਹੈ। ਇਸ ਲਈ ਇਨ੍ਹਾਂ ਉਤੇ ਹੋ ਰਿਹਾ ਖ਼ਰਚ ਪਾਸ ਕਰ ਦੇਣਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਮੈਂ, ਵਿੱਤ ਮੰਤਰੀ ਸਾਹਿਬ ਨੇ ਜੋ ਸਪਲੀਮੈਂਟਰੀ ਡੀਮਾਂਡਜ਼ ਰਾਹੀਂ ਖਰਚੇ ਰਖੇ ਹਨ, ਉਸ ਦੀ ਪ੍ਰਸੰਸ਼ਾ ਕਰਦਾ ਹਾਂ। ਇਨ੍ਹਾਂ ਖਰਚਿਆਂ ਦੀ ਬੜੀ ਜ਼ਰੂਰਤ ਸੀ। ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਅਤਿਵਾਦ ਨੂੰ ਖਤਮ ਕਰਕੇ ਇਕ ਕ੍ਰਿਸ਼ਮਾ ਵਿਖਾਇਆ ਹੈ। ਅੱਜ ਪੰਜਾਬ ਵਿਚ ਅਮਨ ਅਤੇ ਸ਼ਾਂਤੀ ਦਾ ਮਾਹੌਲ ਪੈਦਾ ਹੋ ਗਿਆ ਹੈ । ਇਸ ਲਈ ਜੋ [illegible] ਲਿਆਂਦੇ ਗਏ ਹਨ ਉਸ ਦਾ ਮੈਂ ਸਮਰਥਨ ਕਰਦਾ ਹਾਂ।

ਹੁਣ ਮੈਂ ਖੇਤੀਬਾੜੀ ਬਾਰੇ ਜੋ ਖ਼ਰਚੇ ਰਖੇ ਗਏ ਹਨ, ਉਨ੍ਹਾਂ ਬਾਰੇ ਕੱਲ੍ਹ ਜੋ ਹਾਊਸ ਵਿਚ ਚਰਚਾ ਹੋਈ ਉਨ੍ਹਾਂ ਬਾਰੇ ਮੈਂ ਵੀ ਆਪਣੇ ਵਿਚਾਰ ਰਖਣਾ ਚਾਹੁੰਦਾ ਹਾਂ। ਪੰਜਾਬ ਨੇ ਕੇਂਦਰ ਦੇ ਅੰਨ-ਭੰਡਾਰ ਵਿਚ ਬੜਾ ਯੋਗਦਾਨ ਪਾਇਆ ਹੈ। ਮੈਂ ਸਰਦਾਰ ਬੇਅੰਤ ਸਿੰਘ ਜੀ ਦੀ ਪ੍ਰਸ਼ੰਸ਼ਾ ਕੀਤੇ ਬਗੈਰ ਨਹੀਂ ਰਹਿ ਸਕਦਾ । ਖੇਤੀਬਾੜੀ ਬਾਰੇ 52,31,86,000 ਰੁਪਏ ਰੱਖੇ ਗਏ ਹਨ। ਇਸ ਬਾਰੇ ਮੈਂ ਧੰਨਵਾਦ ਕਰਦਾ ਹਾਂ ਕਿ ਪੰਜਾਬ ਦੇ ਕਿਸਾਨਾਂ ਨੂੰ ਵੱਧ ਤੋਂ ਵੱਧ ਸਹੂਲਤਾਂ ਦਿਤੀਆਂ ਹਨ। ਡਿਪਟੀ ਸਪੀਕਰ ਸਾਹਿਬ ਪੰਜਾਬ ਸਰਕਾਰ ਨੇ ਕੰਢੀ ਏਰੀਆ ਵਾਸਤੇ 300 ਟਿਊਬਵੈਲਜ਼ ਲਗਾਉਣ ਦਾ ਫੈਸਲਾ ਕੀਤਾ ਹੈ । ਮੈਂ ਵਿੱਤ ਮੰਤਰੀ ਜੀ ਨੂੰ ਕਹਾਂਗਾ ਕਿ ਜਿਸ ਤਰ੍ਹਾਂ ਕੰਢੀ ਏਰੀਏ ਦਾ ਖਿਆਲ ਰਖਿਆ ਗਿਆ ਹੈ ਉਸੇ ਤਰੀਕੇ ਦੇ ਨਾਲ ਬਾਰਡਰ ਏਰੀਏ ਦਾ ਵੀ ਖਿਆਲ ਰਖਿਆ ਜਾਵੇ। ਡਿਸਟ੍ਰਿਕਟ ਗੁਰਦਾਸਪੁਰ, ਫਿਰੋਜ਼ਪੁਰ ਅਤੇ ਅੰਮ੍ਰਿਤਸਰ ਦਾ ਬਾਰਡਰ ਏਰੀਆ ਹੈ। ਬਾਰਡਰ ਏਰੀਏ ਦੇ ਬਹਾਦੁਰ ਲੋਕਾਂ ਨੇ ਦੇਸ਼ ਦੀ ਏਕਤਾ ਅਤੇ ਅਖੰਡਤਾ ਖਾਤਰ 1965 ਅਤੇ 1971 ਦੀ ਲੜਾਈ ਵਿਚ ਬਹੁਤ ਜ਼ਿਆਦਾ ਹਿੱਸਾ ਪਾਇਆ ਹੈ। ਉਥੇ ਬਾਰਡਰ ਦੇ ਕਿਸਾਨਾਂ ਵਾਸਤੇ ਸਰਕਾਰ ਵਲੋਂ ਡੂੰਘੇ ਟਿਊਬਵੈਲਜ਼ ਲਗਾਏ ਜਾਣ। ਮੈਂ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਉਹ ਪੰਜਾਬੀਆਂ ਦੀ ਨਬਜ਼ ਨੂੰ ਚੰਗੀ ਤਰ੍ਹਾਂ ਸਮਝਦੇ ਹਨ ਅਤੇ ਹਰ ਸੁਚੱਜੇ ਢੰਗ ਦੇ ਨਾਲ ਪੰਜਾਬ ਦੀ ਅਗਵਾਈ ਕਰਦੇ ਹਨ। ਮੈਂ ਉਨ੍ਹਾਂ ਦੀ ਪ੍ਰਸ਼ੰਸ਼ਾ ਕੀਤੇ ਬਗੈਰ ਨਹੀਂ ਰਹਿ ਸਕਦਾ । ਡਿਪਟੀ ਸਪੀਕਰ ਸਾਹਿਬ, ਜਿਹੜੇ ਸਾਡੇ ਬਾਰਡਰ ਤੇ ਮੁਲਾਜ਼ਮ ਕੰਮ ਕਰਦੇ ਹਨ ਔਰ ਟੀਚਰਜ਼ ਕੰਮ ਕਰਦੇ ਹਨ ਉਨ੍ਹਾਂ ਨੂੰ ਬਾਰਡਰ ਅਲਾਊਂਸ ਗਵਰਨਰ ਰੂਲ ਦੇ ਸਮੇਂ ਬੰਦ ਕਰ ਦਿਤਾ ਗਿਆ ਸੀ । ਮੇਰਾ ਹਲਕਾ ਅਟਾਰੀ ਹੈ ਜਿਹੜਾ ਕਿ ਬਾਰਡਰ ਦੇ ਨਾਲ ਲਗਦਾ ਹੈ ਜਿਨ੍ਹਾਂ ਟੀਚਰਜ਼ ਦੀ ਉਨ੍ਹਾਂ ਇਲਾਕਿਆਂ ਵਿਚ ਡਿਊਟੀ ਹੈ ਬਾਰਡਰ ਅਲਾਊਂਸ ਬੰਦ ਹੋਣ ਕਰਕੇ ਉਹ ਬਾਰਡਰ ਦੇ ਏਰੀਆ ਵਿਚ ਜਾਣ ਦੀ ਰੁਚੀ ਨਹੀਂ ਲੈਂਦੇ ਜਿਸ ਨਾਲ ਸਾਡੇ ਸਟੂਡੈਂਟਸ ਦੀ ਪੜ੍ਹਾਈ ਦਾ ਬਹੁਤ ਨੁਕਸਾਨ ਹੁੰਦਾ ਹੈ। ਟੀਚਰਾਂ ਦੀ ਉਥੇ ਘਾਟ ਹੈ। ਪ੍ਰਾਈਮਰੀ ਸਕੂਲ ਜੋ ਕਿ ਸਾਡੀ ਵਿਦਿਆ ਦੇ ਬੇਸ ਹਨ ਉਨ੍ਹਾਂ ਸਕੂਲਾਂ ਦੇ ਟੀਚਰ ਬਹੁਤ ਜ਼ਿਆਦਾ ਗੈਰ-ਹਾਜ਼ਰ ਰਹਿੰਦੇ ਹਨ। ਜਿਸ ਕਰਕੇ ਬੱਚਿਆਂ ਦੀ ਸ਼ਿਕਸ਼ਾ ਦਾ ਬਹੁਤ ਨੁਕਸਾਨ ਹੋ ਰਿਹਾ ਹੈ। ਉਥੇ ਮਿਡਲ ਹਾਈ ਸਕੂਲ ਅਤੇ ਹਾਇਰ ਸੈਕੰਡਰੀ ਸਕੂਲਾਂ ਵਿਚ ਵੀ ਟੀਚਰ ਪੂਰੇ ਨਹੀਂ ਹਨ। ਪਿਛੇ ਟੀਚਰਾਂ ਦਾ ਅਤੇ ਹੋਰ ਮੁਲਾਜਮਾਂ ਦਾ ਜੋ ਬਾਰਡਰ ਏਰੀਆ ਵਿਚ ਲਗੇ ਹੋਏ ਹਨ, ਉਨ੍ਹਾਂ ਦਾ ਬਾਰਡਰ ਅਲਾਊਂਸ ਬੰਦ ਕਰ ਦਿਤਾ ਗਿਆ ਸੀ । ਉਸ ਬਾਰਡਰ ਅਲਾਊਂਸ ਨੂੰ ਦੋਬਾਰਾ ਲਾਗੂ ਕਰਨ ਵਾਸਤੇ ਪੰਜਾਬ ਸਰਕਾਰ ਨੂੰ ਆਰਡਰ ਕਰਨੇ ਚਾਹੀਦੇ ਹਨ। ਜਿਸ ਤਰ੍ਹਾਂ

ਤੁਸੀਂ ਕੰਢੀ ਏਰੀਏ ਵਿਚ ਖਿਆਲ ਰਖਦੇ ਹੋ ਉਸੇ ਤਰ੍ਹਾਂ ਬਾਰਡਰ ਏਰੀਏ ਦਾ ਵੀ ਖਿਆਲ ਰਖਿਆ ਜਾਣਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਬੋਨਸ ਦੇ ਬਾਰੇ ਵੀ ਆਪੋਜ਼ੀਸ਼ਨ ਪਾਰਟੀ ਵਲੋਂ ਬਾਰ ਬਾਰ ਕਿਹਾ ਜਾ ਰਿਹਾ ਹੈ। 111 ਕਰੋੜ ਰੁਪਿਆ ਏ.ਡੀ.ਏ. ਅਤੇ ਬੋਨਸ ਦਾ ਮੁਲਾਜ਼ਮਾਂ ਨੂੰ ਦਿਤਾ ਗਿਆ ਹੈ। ਮੁਲਾਜ਼ਮਾਂ ਦੀਆਂ ਮੰਗਾਂ ਵੱਲ ਸਰਕਾਰ ਵਲੋਂ ਧਿਆਨ ਦਿਤਾ ਗਿਆ ਹੈ। ਆਪੋਜ਼ੀਸ਼ਨ ਪਾਰਟੀ ਵਲੋਂ ਇਸ ਦੀ ਪ੍ਰਸ਼ੰਸ਼ਾ ਨਹੀਂ ਕੀਤੀ ਗਈ ਪਰ ਮੈਂ ਇਸ ਦੀ ਪੁਰਜ਼ੋਰ ਪ੍ਰਸ਼ੰਸ਼ਾ ਕਰਦਾ ਹਾਂ। ਡਿਪਟੀ ਸਪੀਕਰ ਸਾਹਿਬ, 1 ਕਰੋੜ 70 ਲੱਖ ਰੁਪਿਆ ਪੰਚਾਇਤਾਂ ਦੀਆਂ ਇਲੈਕਸ਼ਨਾਂ ਤੇ ਖਰਚ ਕੀਤਾ ਗਿਆ ਹੈ। ਇਹ ਖਰਚਾ ਵੀ ਅਤਿ ਜ਼ਰੂਰੀ ਸੀ। ਪੰਜਾਬ ਵਿਚ ਡੈਮੋਕਰੇਸੀ ਗਰਾਸ ਰੂਟਸ ਤਕ ਪਹੁੰਚਾਈ ਗਈ ਹੈ। ਲੋਕਤੰਤਰ ਪ੍ਰਣਾਲੀ ਬਹਾਲ ਕੀਤੀ ਗਈ ਹੈ ਜਿਹੜੀ ਕਿ ਬਹੁਤ ਹੀ ਜ਼ਰੂਰੀ ਸੀ। ਡਿਪਟੀ ਸਪੀਕਰ ਸਾਹਿਬ, ਦੂਸਰੇ ਮੁਲਕ ਅਤੇ ਦੂਸਰੀਆਂ ਸਟੇਟਾਂ ਦੀਆਂ ਅੱਖਾਂ ਪੰਜਾਬ ਦੀਆਂ ਪੰਚਾਇਤ-ਇਲੈਕਸ਼ਨਾਂ ਵੱਲ ਲਗੀਆਂ ਹੋਈਆਂ ਸਨ ਕਿ ਇਲੈਕਸ਼ਨ ਹੋਣਗੇ ਜਾਂ ਨਹੀਂ। ਪਰ ਸਾਡੀ ਸਰਕਾਰ ਨੇ ਸਭ ਕੁਝ ਕਰਕੇ ਵਿਖਾ ਦਿਤਾ। ਮੈਂ ਇਸ ਦੀ ਪੁਰਜ਼ੋਰ ਪ੍ਰਸ਼ੰਸ਼ਾ ਅਤੇ ਸਮਰਥਨ ਕਰਦਾ ਹਾਂ।

ਟੈਕਨੀਕਲ ਐਜੂਕੇਸ਼ਨ ਦੇ ਬਾਰੇ, ਮੈਂ, ਡਿਪਟੀ ਸਪੀਕਰ ਸਾਹਿਬ, ਜੋ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ ਉਸਦੀ ਪ੍ਰਸ਼ੰਸਾ ਕਰਦਾ ਹਾਂ ਕਿਉਂਕਿ ਸਾਡੇ ਪੰਜਾਬ ਦੇ ਵਿੱਚ ਬਹੁਤ ਵੱਡੀ ਗਿਣਤੀ ਵਿੱਚ ਪੜ੍ਹੇ ਲਿਖੇ ਨੌਜਵਾਨ ਬੇਰੁਜ਼ਗਾਰੀ ਦਾ ਸ਼ਿਕਾਰ ਬਣੇ ਫਿਰਦੇ ਹਨ। ਟੈਕਨੀਕਲ ਐਜੂਕੇਸ਼ਨ ਦਾ ਸਾਡੇ ਬੇਰੁਜ਼ਗਾਰ ਨੌਜਵਾਨਾਂ ਨੂੰ ਕੰਮ ਮੁਹੱਈਆ ਕਰਾਉਣ ਸਬੰਧੀ ਅਤੇ ਬੇਰੁਜ਼ਗਾਰੀ ਨੂੰ ਖਤਮ ਕਰਨ ਵਾਸਤੇ ਬੜਾ ਵੱਡਾ ਪੁਆਇੰਟ ਹੈ। ਸਾਡੇ ਪਾਸ ਅੱਜ ਜੋ ਸਾਡੇ ਪੜ੍ਹੇ ਲਿਖੇ ਬੱਚੇ ਟੈਕਨੀਕਲ ਐਜੂਕੇਸ਼ਨ ਪ੍ਰਾਪਤ ਕਰਨਾ ਚਾਹੁੰਦੇ ਹਨ, ਉਨ੍ਹਾਂ ਲਈ ਟੈਕਨੀਕਲ ਕਾਲਜ ਅਤੇ ਹੋਰ ਸੰਸਥਾਵਾਂ ਸਥਾਪਿਤ ਹੋਣੀਆਂ ਚਾਹੀਦੀਆਂ ਹਨ ਜਿਸ ਦੇ ਨਾਲ ਸਾਡੇ ਪੰਜਾਬ ਦੇ ਨੌਜਵਾਨ ਬੱਚੇ ਬੇਰੁਜ਼ਗਾਰੀ ਤੋਂ ਰਾਹਤ ਮਹਿਸੂਸ ਕਰ ਸਕਣ ਅਤੇ ਟੈਕਨੀਕਲ ਐਜੂਕੇਸ਼ਨ ਰਾਹੀਂ ਆਪਣੇ ਲਈ ਰੁਜ਼ਗਾਰ ਪੈਦਾ ਕਰ ਸਕਣ। ਸਾਡੀ ਸਰਕਾਰ ਬੇਰੁਜ਼ਗਾਰੀ ਨੂੰ ਦੂਰ ਕਰਨ ਵਾਸਤੇ ਉਪਰਾਲੇ ਕਰ ਰਹੀ ਹੈ ਇਸ ਲਈ ਇਸ ਮੰਗ ਦੀ ਮੈਂ ਪੁਰਜ਼ੋਰ ਸ਼ਬਦਾਂ ਨਾਲ ਪ੍ਰਸ਼ੰਸਾ ਕਰਦਾ ਹੋਇਆ ਸਮਰਥਨ ਕਰਦਾ ਹਾਂ।

ਡਿਪਟੀ ਸਪੀਕਰ ਸਾਹਿਬ, ਏਥੇ ਟੈਲੀਫੋਨਾਂ ਦੀ ਗੱਲ ਆਈ ਹੈ ਕਿ ਟੈਲੀਫੋਨਾਂ ਦੀ ਕੁਵਰਤੋਂ ਹੁੰਦੀ ਹੈ। ਮਾਨਯੋਗ ਮੈਂਬਰ ਸਾਹਿਬਾਨ, ਚਾਹੇ ਉਹ ਰੂਲਿੰਗ ਪਾਰਟੀ ਦੇ ਹੋਣ ਤੇ ਚਾਹੇ ਆਪੋਜ਼ੀਸ਼ਨ ਦੇ ਹੋਣ, ਸਾਰੇ ਹੀ ਟੈਲੀਫੋਨਾਂ ਦੀ ਵਰਤੋਂ ਕਰ ਰਹੇ ਹਨ। ਇਹ ਤਾਂ ਕਹਿਣ ਨੂੰ ਕੁਝ ਹੋਰ ਅਤੇ ਅਸਲੀਅਤ ਵਿੱਚ ਕੁਝ ਹੋਰ ਵਾਲੀ ਗੱਲ ਹੋ ਗਈ। ਟੈਲੀਫੋਨ ਕਿਸ ਨੂੰ ਨਹੀਂ ਚਾਹੀਦਾ। ਇਨਸਾਨੀ ਜ਼ਿੰਦਗੀ ਐਨੀ ਤੇਜ਼ ਰਫਤਾਰ ਨਾਲ ਚਲ ਰਹੀ ਹੈ, ਏਨੀ ਤੇਜ਼ ਰਫਤਾਰ ਨਾਲ ਜ਼ਮਾਨਾ ਅੱਗੇ ਜਾ ਰਿਹਾ ਹੈ ਇਸ ਲਈ ਟੈਲੀਫੋਨ ਦੀ ਜ਼ਰੂਰਤ ਤਾਂ ਅਹਿਮ ਹੈ।

ਫੇਰ ਪੇਂਡੂ ਵਿਕਾਸ ਦੀ ਗੱਲ ਆਈ ਹੈ। ਜਿਉਂ ਹੀ ਸਾਡੇ ਸ਼ੇਰੇ ਪੰਜਾਬ ਸਰਦਾਰ ਬੇਅੰਤ ਸਿੰਘ ਜੀ ਨੇ ਮੁੱਖ-ਮੰਤਰੀ ਪੰਜਾਬ ਦਾ ਅਹੁਦਾ ਸੰਭਾਲਿਆ ਹੈ, ਮੈਂ ਫਖਰ ਨਾਲ ਕਹਿ ਸਕਦਾ ਹਾਂ ਅਤੇ ਮੁਬਾਰਕਬਾਦ ਦੇਂਦਾ ਹਾਂ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਨੂੰ ਕਿ ਜੋ ਪੇਂਡੂ ਵਿਕਾਸ ਲਈ ਸਾਲਾਂ ਤੋਂ ਬੰਦ ਪਿਆ ਸੀ ਉਸ ਪੇਂਡੂ ਵਿਕਾਸ ਦੀ ਜਿਊਂਦੀ ਜਾਗਦੀ ਮਿਸਾਲ ਸਾਡੀਆਂ ਸੜਕਾਂ, ਅਨੁਸੂਚਿਤ ਜਾਤੀਆਂ ਦੀਆਂ ਬਸਤੀਆਂ, ਗੰਦੀਆਂ ਨਾਲੀਆਂ ਤੇ ਗਲੀਆਂ ਹਨ, ਜਿਨ੍ਹਾਂ ਦੀ ਡਿਵੈਲਪਮੈਂਟ ਅੱਜ ਪੂਰੇ

[ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ]

ਜ਼ੋਰਾਂ ਤੇ ਚੱਲ ਰਹੀ ਹੈ। ਮੈਂ ਮੁਬਾਰਕਬਾਦ ਦੇਂਦਾ ਹਾਂ ਪੇਂਡੂ ਵਿਕਾਸ ਮੰਤਰੀ ਜੀ ਨੂੰ ਜਿਨ੍ਹਾਂ ਨੇ ਸੁਚੱਜੇ ਢੰਗ ਨਾਲ ਪੇਂਡੂ ਵਿਕਾਸ ਵਾਸਤੇ ਆਪਣੇ ਚੰਗੇ ਸਾਧਨ ਜੁਟਾ ਕੇ ਰੂਰਲ ਡਿਵੈਲਪਮੈਂਟ ਦੇ ਕੰਮ ਨੂੰ ਅਗੇਤ ਦਿੱਤੀ ਹੈ।

ਡਿਪਟੀ ਸਪੀਕਰ ਸਾਹਿਬ, ਅੱਗੇ ਜਿਪਸੀਆਂ ਦੀ ਗੱਲ ਆਈ ਹੈ। ਮੇਰੀ ਮਾਨਯੋਗ ਤੇ ਸਤਿਕਾਰਯੋਗ ਭੈਣ ਜੀ, ਪ੍ਰੋਫੈਸਰ ਚਾਵਲਾ ਜੀ, ਮੈਂ ਆਪ ਜੀ ਨੂੰ ਡਿਪਟੀ ਸਪੀਕਰ ਸਾਹਿਬ ਰਾਹੀਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਆਪ ਮਾੜੇ ਹਾਲਤ ਵਿੱਚ ਵੀ ਜਿਸ ਤਰ੍ਹਾਂ ਹਰ ਜਗ੍ਹਾ ਤੇ ਜਾਂਦੇ ਰਹੇ ਹੋ, ਮੈਂ ਤੁਹਾਡੀ ਹਰ ਐਕਟਿਵਿਟੀ ਅੰਮ੍ਰਿਤਸਰ ਵਿੱਚ ਬੈਠਿਆਂ ਦੇਖਦਾ ਰਿਹਾ ਹਾਂ, ਜਿਨ੍ਹਾਂ ਹਾਲਾਤ ਵਿੱਚ ਤੁਸੀਂ ਹਰ ਜਗ੍ਹਾ ਤੇ ਜਾਂਦੇ ਰਹੇ ਹੋ, ਕੀ ਤੁਸੀਂ ਜਿਪਸੀਆਂ ਜਾਂ ਕਾਰਾਂ ਦੇ ਵਗੈਰ ਜਾ ਸਕਦੇ ਸੀ। ਤੁਹਾਨੂੰ ਪੰਜਾਬ ਸਰਕਾਰ ਨੇ ਦੋ ਜਿਪਸੀਆਂ ਮੁਹੱਈਆ ਕੀਤੀਆਂ ਹੋਈਆਂ ਹਨ।

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ: ਡਿਪਟੀ ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ ਅਰਡਰ।

ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ: ਭੈਣ ਜੀ, ਮੈਂ ਤਾਂ ਤੁਹਾਡੇ ਕੀਤੇ ਕੰਮ ਦੀ ਸ਼ਲਾਘਾ ਕਰ ਰਿਹਾ ਹਾਂ। ਤੁਸੀਂ ਉਨ੍ਹਾਂ ਹਾਲਾਤ ਵਿੱਚ ਵੀ ਜਾਂਦੇ ਰਹੇ ਹੋ। ਤੁਸੀਂ ਆਪਣੇ ਕੰਮ ਨੂੰ ਮੁੱਖ ਰਖਦੇ ਹੋਏ ਹੀ ਦੋ ਜਿਪਸੀਆਂ ਰਖੀਆਂ। (ਸ਼ੋਰ)

Shrimati Laxmi Kanta Chawla : I am on a point of order, Sir.

Mr. Deputy Speaker : Please sit down, Shahbazpuri Ji (Noise) Let her speak. (Interruption). Please wait. Let her speak.

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ: ** ** ** **

Mr. Deputy Speaker : This is no Point of Order.

ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ: ** ** **

ਸ੍ਰੀ ਡਿਪਟੀ ਸਪੀਕਰ: ਸ਼ਾਹਬਾਜ਼ਪੁਰੀ ਜੀ, ਤੁਸੀਂ ਆਪਣੀ ਸਪੀਚ ਕਰੋ। ਕਾਊਂਟਰ ਐਲੀਗੇਸ਼ਨ ਨਾ ਲਗਾਓ। ਭੈਣ ਜੀ, ਤੁਸੀਂ ਬੈਠ ਜਾਓ। ਤੁਹਾਡਾ ਪੁਆਇੰਟ ਆਫ ਆਰਡਰ ਨਹੀਂ ਬਣਦਾ।

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ: ** ** **

ਸੰਸਦੀ ਮਾਮਲਿਆਂ ਦੇ ਮੰਤਰੀ: ਡਿਪਟੀ ਸਪੀਕਰ ਸਾਹਿਬ, ਮੈਂਬਰ ਸਾਹਿਬਾ ਇੰਟੈਨਸ਼ਨਲੀ ਇੰਟਰੱਪਟ ਕਰਨ ਦੀ ਕੋਸ਼ਿਸ਼ ਕਰ ਰਹੇ ਨੇ ਜਦ ਕਿ ਇਨ੍ਹਾਂ ਦਾ ਪੁਆਇੰਟ ਆਫ ਆਰਡਰ ਰੂਲ ਆਊਟ ਹੋ ਗਿਆ ਹੈ।

ਸ੍ਰੀ ਡਿਪਟੀ ਸਪੀਕਰ: ਜੋ ਕੁਝ ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ ਜੀ ਨੇ ਕਿਹਾ ਹੈ, ਐਕਸਪੰਜ ਕੀਤਾ ਜਾਂਦਾ ਹੈ। ਭੈਣ ਜੀ, ਬੈਠ ਜਾਓ। Please take your seat ਸ਼ਾਹਬਾਜ਼ਪੁਰੀ ਜੀ, ਤੁਸੀਂ ਕੰਟੀਨਿਊ ਕਰੋ।

**Expunged as ordered by the Chair.

ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ ; ਡਿਪਟੀ ਸਪੀਕਰ ਸਾਹਿਬ, ਉਸ ਵੇਲੇ ਹਾਲਾਤ ਜਿਸ ਕਿਸਮ ਦੇ ਸਨ, ਉਨ੍ਹਾਂ ਹਾਲਾਤ ਨੂੰ ਵੇਖਦਿਆਂ ਹੋਇਆਂ ਕੋਈ ਵੀ ਰਾਜਨੀਤਕ ਆਦਮੀ ਸਰਕਾਰੀ ਵਿਹੀਕਲਜ਼ ਤੋਂ ਬਗੈਰ ਨਹੀਂ ਸੀ ਜਾ ਸਕਦਾ, ਭਾਵੇਂ ਉਹ ਆਦਮੀ ਰੂਲਿੰਗ ਪਾਰਟੀ ਦਾ ਹੋਵੇ ਅਤੇ ਭਾਵੇਂ ਆਪੋਜ਼ੀਸ਼ਨ ਦਾ। ਗੱਲਾਂ ਭਾਵੇਂ ਜੋ ਮਰਜ਼ੀ ਅਸੀਂ ਕਰੀ ਜਾਈਏ ਲੇਕਿਨ ਸਾਡੇ ਅੰਦਰ ਕੀ ਭਾਵ ਹੈ ਜਿਪਸੀਆਂ ਦੇ ਮੁਤੱਲਿਕ, ਉਹ ਸਾਨੂੰ ਸਾਰਿਆਂ ਨੂੰ ਪਤਾ ਹੀ ਹੈ। ਇਹ ਸਾਡੇ ਮਾਨਯੋਗ ਭੈਣ ਜੀ ਤਾਂ ਮੇਰੀ ਗੱਲ ਨੂੰ ਸਮਝ ਹੀ ਨਹੀਂ ਸਕੇ........

(ਇਸ ਵਕਤ ਮਾਨਯੋਗ ਮੈਂਬਰ ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ ਜੀ ਕੁਝ ਬੋਲਣ ਲਈ ਖੜ੍ਹੇ ਹੋਏ)

ਸ੍ਰੀ ਡਿਪਟੀ ਸਪੀਕਰ : : ਭੈਣ ਜੀ, ਬੈਠ ਜਾਓ, ਤੁਸੀਂ ਇੰਟਰੱਪਟ ਨਾ ਕਰੋ।

ਸਰਦਾਰ ਸੁਖਦੇਵ ਸਿੰਘ ਸ਼ਾਹਬਾਜਪੁਰੀ : ਡਿਪਟੀ ਸਪੀਕਰ ਸਾਹਿਬ, ਪੰਜਾਬ ਦੇ ਹਰ ਵਾਸੀ ਨੇ, ਜੋ ਲੋਕਤੰਤਰ ਵਿਚ ਵਿਸ਼ਵਾਸ ਰੱਖਦਾ ਹੈ, ਜੋ ਸੈਕੂਲਰ ਢਾਂਚੇ ਵਿਚ ਵਿਸ਼ਵਾਸ ਰੱਖਦਾ ਹੈ, ਕਿਸ ਤਰੀਕੇ ਨਾਲ ਪੰਜਾਬ ਵਿਚ ਅਮਨ ਚੈਨ ਲਿਆਉਣ ਵਾਸਤੇ, ਦੇਸ਼ ਦੀ ਅਖੰਡਤਾ ਅਤੇ ਆਜ਼ਾਦੀ ਨੂੰ ਬਰਕਰਾਰ ਰੱਖਣ ਵਾਸਤੇ ਆਪਣਾ ਯੋਗਦਾਨ ਪਾਇਆ ਹੈ, ਇਹ ਸਾਨੂੰ ਸਾਰਿਆਂ ਨੂੰ ਪਤਾ ਹੈ। ਉਹ ਆਜ਼ਾਦੀ ਜਿਸ ਨੂੰ ਪ੍ਰਾਪਤ ਕਰਨ ਵਾਸਤੇ ਸਾਡੇ ਆਜ਼ਾਦੀ ਦੇ ਪਰਵਾਨਿਆਂ ਨੇ ਸ਼ਹੀਦੀਆਂ ਪਾਈਆਂ ਅਤੇ ਉਹ ਆਜ਼ਾਦੀ ਜੋ ਉਨ੍ਹਾਂ ਪਰਵਾਨਿਆਂ ਦੀ ਸਾਡੇ ਕੋਲ ਅਮਾਨਤ ਹੈ ; ਉਸ ਦੀ ਰਾਖੀ ਵਾਸਤੇ ਹਰ ਸੈਕੂਲਰ ਪੰਜਾਬੀ ਨੇ ਅਤੇ ਹਰ ਸੈਕੂਲਰ ਪਾਰਟੀ ਨੇ ਆਪਣਾ ਯੋਗਦਾਨ ਪਾਇਆ ਹੈ।. ਸਭ ਤੋਂ ਵੱਧ ਯੋਗਦਾਨ ਸਾਡੀ ਕਾਂਗਰਸ ਪਾਰਟੀ ਨੇ ਪਾਇਆ ਹੈ, ਸੀ.ਪੀ.ਆਈ. ਅਤੇ ਸੀ.ਪੀ.ਐਮ. ਨੇ ਵੀ ਭਰਪੂਰ ਯੋਗਦਾਨ ਪਾਇਆ ਹੈ। ਮੈਂ ਇਸ ਅੱਛੇ ਯੋਗਦਾਨ ਦੀ ਬਹੁਤ ਪ੍ਰਸ਼ੰਸਾ ਕਰਦਾ ਹਾਂ। ਜਿਪਸੀਆਂ ਦੀ ਜਿਹੜੀ ਗੱਲ ਮੈਂ ਕਰ ਰਿਹਾ ਸੀ, ਉਹ ਕੋਈ ਅੱਤਕਥਨੀ ਨਹੀਂ ਹੈ। ਇਹ ਉਸ ਵੇਲੇ ਦੀ ਸਖਤ ਜ਼ਰੂਰਤ ਨੂੰ ਵੇਖਦਿਆਂ ਹੋਇਆਂ ਹੀ ਦਿੱਤੀਆਂ ਗਈਆਂ ਸਨ। ਇਸ ਦੇ ਨਾਲ ਹੀ ਮੈਂ ਪੰਜਾਬ ਸਰਕਾਰ ਦੀਆਂ 1992-93 ਦੀਆਂ ਅਨੁਪੂਰਕ ਮੰਗਾਂ ਜਿਹੜੀਆਂ ਇਥੇ ਰੱਖੀਆਂ ਗਈਆਂ ਹਨ, ਦੇ ਹਰ ਪੁਆਇੰਟ ਦੀ ਪੁਰਜ਼ੋਰ ਸ਼ਬਦਾਂ ਨਾਲ ਸਮਰਥਨ ਕਰਦਾ ਹਾਂ। ਜੈ ਹਿੰਦ!

ਸ੍ਰੀ ਸੰਤੋਖ ਸਿੰਘ ਚੌਧਰੀ (ਫਿਲੌਰ, ਐਸ.ਸੀ.) : ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਅੱਜ ਸਪਲੀਮੈਂਟਰੀ ਡੀਮਾਂਡਜ਼ 1992-93 ਜੋ ਸਰਕਾਰ ਵੱਲੋਂ ਰੱਖੀਆਂ ਗਈਆਂ ਹਨ ਉਨ੍ਹਾਂ ਦਾ ਸਮਰਥਨ ਕਰਨ ਵਾਸਤੇ ਖੜ੍ਹਾ ਹੋਇਆ ਹਾਂ। ਡਿਪਟੀ ਸਪੀਕਰ ਸਾਹਿਬ, ਜੋ ਪਹਿਲੀ ਡੀਮਾਂਡ ਹੈ, ਉਹ ਐਗਰੀ-ਕਲਚਰ ਦੇ ਵਾਸਤੇ ਹੈ। ਐਗਰੀਕਲਚਰ ਵਿੱਚ ਪਿਛਲੇ ਇਕ ਸਾਲ ਦੇ ਵਿੱਚ ਮੈਂ ਕੱਲ੍ਹ ਵੀ ਕਿਹਾ ਸੀ ਕਿ ਸਾਡੇ ਉਤਪਾਦਨ ਦੇ ਵਿੱਚ ਬਹੁਤ ਭਾਰੀ ਵਾਧਾ ਹੋਇਆ ਹੈ ਔਰ ਸਾਡੀ ਸਰਕਾਰ ਨੇ ਜੋ ਬੜੇ ਅੱਛੇ ਉਪਰਾਲੇ ਕੀਤੇ ਹਨ। ਜੋ ਇਹ ਡੀਮਾਂਡ ਰੱਖੀ ਹੈ, ਜਿਹੜੀ ਕਿ ਸੈਂਟਰਲੀ ਸਪਾਂਸਰਡ ਜ਼ਿਆਦਾ ਹੋਣੀ ਹੈ, ਇਹ ਇਸ ਦੇ ਵਿੱਚ ਕੁਆਲਟੀ ਕੰਟਰੋਲ ਵਾਸਤੇ ਔਰ ਐਗਰੀਕਲਚਰ ਦੀ ਮੈਕੇਨਾਈਜ਼ੇਸ਼ਨ ਔਰ ਜਿਹੜੇ ਐਗਰੀਕਲਚਰ ਨਾਲ ਸਬੰਧਤ ਇੰਪਲੀਮੈਂਟਸ ਹਨ ਉਨ੍ਹਾਂ ਵਾਸਤੇ ਰੱਖੀ ਗਈ ਹੈ। ਮੈਂ ਸਮਝਦਾ ਹਾਂ ਕਿ ਜੋ ਪੰਜਾਬ ਰਾਜ ਖੇਤੀ ਵਿੱਚ ਸਭ ਨਾਲੋਂ ਅੱਗੇ ਹੈ ਔਰ 70 ਪ੍ਰਤੀਸ਼ਤ ਕਣਕ ਔਰ 50 ਪ੍ਰਤੀਸ਼ਤ ਚਾਵਲ ਭਾਰਤ ਸਰਕਾਰ ਦੇ ਅੰਨ ਭੰਡਾਰ ਵਿੱਚ ਹਿੱਸਾ ਪਾਉਂਦਾ ਹੈ ਔਰ ਜਿਸ ਤਰ੍ਹਾਂ ਪਿਛਲੇ ਇਕ ਸਾਲ ਦੇ ਵਿੱਚ ਸੂਰਜਮੁੱਖੀ, ਕਣਕ ਔਰ ਹੋਰ ਦੂਸਰੀਆਂ ਜਿਹੜੀਆਂ ਫਸਲਾਂ ਵਧੀਆਂ ਹਨ, ਮੈਂ ਸਮਝਦਾ ਹਾਂ ਕਿ ਇਹ ਜੋ ਡੀਮਾਂਡ ਰੱਖੀ ਹੈ, ਇਹ ਪੰਜਾਬ ਦੇ ਆਮ ਕਿਸਾਨ, ਛੋਟੇ ਕਿਸਾਨਾਂ ਦੀ ਬਿਹਤਰੀ ਵਾਸਤੇ ਔਰ

[ਸ੍ਰੀ ਸੰਤੋਖ ਸਿੰਘ ਚੌਧਰੀ]
ਪੰਜਾਬ ਵਿੱਚ ਫਸਲਾਂ ਦੇ ਉਤਪਾਦਨ ਵਾਸਤੇ ਰੱਖੀ ਗਈ ਹੈ। ਮੈਂ ਇਸ ਡੀਮਾਂਡ ਦਾ ਸਮਰਥਨ ਕਰਦਾ ਹਾਂ ਔਰ ਮੈਂ ਸਮਝਦਾ ਹਾਂ ਕਿ ਇਹ ਬੜਾ ਅੱਛਾ ਉਪਰਾਲਾ ਕੀਤਾ ਗਿਆ ਹੈ।

ਤੀਸਰੀ ਡੀਮਾਂਡ ਕੋਆਪਰੇਟਿਵ ਡਿਪਾਰਟਮੈਂਟ ਦੀ ਹੈ। ਇਹ ਵੀ ਡਿਪਟੀ ਸਪੀਕਰ ਸਾਹਿਬ, ਬੜੀ ਸਰਾਹਨਾਯੋਗ ਗੱਲ ਹੈ ਕਿ 98 ਲੱਖ ਰੁਪਿਆ ਜਨਤਾ ਕਲਾਥ ਵਾਸਤੇ ਰੱਖਿਆ ਗਿਆ ਹੈ। ਇਸ ਤਹਿਤ ਗਰੀਬ ਅਤੇ ਮਜ਼ਦੂਰ ਜਾਂ ਹੋਰ ਜਿਹੜੇ ਮਿਹਨਤ-ਕਸ਼ ਲੋਕ ਹਨ, ਜਿਨ੍ਹਾਂ ਦੀ ਆਮਦਨ ਘੱਟ ਹੈ, ਉਨ੍ਹਾਂ ਨੂੰ ਕਪੜਾ ਦੇਣ ਵਾਸਤੇ ਇਹ ਸਪਲੀਮੈਂਟਰੀ ਗਰਾਂਟ ਰੱਖੀ ਗਈ ਹੈ ਮੈਂ ਸਮਝਦਾ ਹਾਂ ਕਿ ਇਹ ਬੜੀ ਪਰਸ਼ੰਸਾਯੋਗ ਗੱਲ ਹੈ ਔਰ ਮੈਂ ਇਸ ਦਾ ਸਮਰਥਨ ਕਰਦਾ ਹਾਂ।

ਪੰਜਵੀਂ ਡੀਮਾਂਡ ਦਾ ਸਬੰਧ ਐਜੂਕੇਸ਼ਨ ਡਿਪਾਰਟਮੈਂਟ ਦੇ ਨਾਲ ਹੈ। ਇਸ ਦੇ ਵਿੱਚ ਟੀਚਰਜ਼ ਦੀਆਂ ਜੋ ਬਹੁਤ ਦੇਰ ਤੋਂ ਮੰਗਾਂ ਲਟਕ ਰਹੀਆਂ ਸਨ, ਏ.ਡੀ.ਏ. ਤੋਂ ਇਲਾਵਾ, ਯੂਨੀਵਰਸਿਟੀ ਟੀਚਰਜ਼ ਜਿਹੜੇ ਹਨ ਉਨ੍ਹਾਂ ਦੀਆਂ ਜੋ ਮੰਗਾਂ ਹਨ, ਉਨ੍ਹਾਂ ਨੂੰ ਪੂਰਾ ਕਰਨ ਵਾਸਤੇ ਇਹ ਮੰਗ ਰੱਖੀ ਹੈ। ਮੈਂ ਸਮਝਦਾ ਹਾਂ ਕਿ ਇਹ ਵੀ ਸਰਕਾਰ ਦਾ ਇਕ ਅੱਛਾ ਕਦਮ ਹੈ। ਮੈਂ ਇਸ ਹੈਡ ਦਾ ਵੀ ਸਮਰਥਨ ਕਰਦਾ ਹਾਂ।

ਅਠਵੀਂ ਡਿਮਾਂਡ ਜੋ ਹੈ ਉਹ ਫਾਇਨਾਂਸ ਡਿਪਾਰਟਮੈਂਟ ਨਾਲ ਤਾਲੁੱਕ ਰਖਦੀ ਹੈ ਜਿਸ ਦੇ ਵਿੱਚ ਕਿ ਸਾਡੇ ਜੋ ਐਮ.ਐਲ.ਏ. ਸਾਹਿਬਾਨ ਹਨ ਉਨ੍ਹਾਂ ਵਾਸਤੇ ਔਰ ਮੰਤਰੀ ਸਾਹਿਬਾਨ ਜਿੰਨੇ ਵੀ ਹਨ ਆਪਣੀਆਂ ਕਾਰਾਂ ਖਰੀਦਦੇ ਸਨ ਔਰ ਵਹੀਕਲ ਖਰੀਦਦੇ ਸਨ ਉਨ੍ਹਾਂ ਨੂੰ ਲੋਨ ਦੇਣ ਵਾਸਤੇ ਰੱਖੀ ਗਈ ਹੈ। ਮੈਂ ਸਮਝਦਾ ਹਾਂ ਕਿ ਜੋ ਪਿਛਲੇ ਅਰਸੇ ਵਿੱਚ ਹਾਲਾਤ ਰਹੇ ਹਨ ਉਨ੍ਹਾਂ ਵਿੱਚ ਸਾਡੇ ਜੋ ਐਮ.ਐਲ.ਏਜ਼ ਹਨ ਉਨ੍ਹਾਂ ਨੂੰ ਸੀਕਿਓਰਟੀ ਦੇਣ ਵਾਸਤੇ, ਕਿਉਂਕਿ ਆਮ ਤੌਰ ਤੇ ਅਸੀਂ ਵੇਖਦੇ ਹਾਂ ਕਿ ਸਾਡੇ ਸਾਰੇ ਐਮ.ਐਲ.ਏ. ਸਾਹਿਬਾਨ ਕੋਲ ਆਪਣੀਆਂ ਜਿਪਸੀਆਂ ਨਹੀਂ ਸਨ, ਵਹੀਕਲਜ਼ ਨਹੀਂ ਸਨ ਪਰ ਸਕਿਓਰਟੀ ਵਾਸਤੇ ਸਰਕਾਰ ਨੇ ਸਾਰਿਆਂ ਵਾਸਤੇ ਇਹ ਪਰੋਵੀਜ਼ਨ ਕਰਕੇ ਇਕ ਬਹੁਤ ਅੱਛਾ ਕੰਮ ਕੀਤਾ ਹੈ। ਇਸ ਨਾਲ ਹੁਣ ਉਹ ਆਪਣੀਆਂ ਵਹੀਕਲਜ਼ ਵੀ ਖਰੀਦ ਸਕਣਗੇ ਔਰ ਮੈਂ ਇਸ ਡੀਮਾਂਡ ਦਾ ਸਮਰਥਨ ਕਰਦਾ ਹਾਂ। ਇਸ ਦੇ ਨਾਲ ਹੀ ਜਿਹੜੀ ਇਕ ਹੋਰ 8 ਕਰੋੜ ਰੁਪਏ ਦੀ ਜਿਹੜੀ ਡਿਮਾਂਡ ਹੈ, ਜੋ ਕਿ ਕਲਾਸ-4 ਦੇ ਮੁਲਾਜ਼ਮ ਹਨ ਜਿਨ੍ਹਾਂ ਦੀ ਆਮਦਨ ਘੱਟ ਹੈ ਉਨ੍ਹਾਂ ਵਾਸਤੇ ਸਰਕਾਰ ਨੇ ਰੱਖੀ ਹੈ ਤਾਂ ਕਿ ਉਹ ਆਪਣੀ ਰੋਟੀ ਦੇ ਪਰਬੰਧ ਵਾਸਤੇ ਸਾਲ ਭਰ ਲਈ ਕਣਕ ਖਰੀਦ ਕੇ ਰੱਖ ਸਕਣ। ਮੈਂ ਸਮਝਦਾ ਹਾਂ ਕਿ ਇਹ ਇਕ ਬਹੁਤ ਹੀ ਜਾਇਜ਼ ਡਿਮਾਂਡ ਹੈ ਔਰ ਜਾਇਜ਼ ਖ਼ਰਚਾ ਹੈ। ਮੈਂ ਇਸ ਦਾ ਵੀ ਸਮਰਥਨ ਕਰਦਾ ਹਾਂ।

ਦਸਵੀਂ ਡਿਮਾਂਡ ਜਨਰਲ ਐਡਮਨਿਸਟਰੇਸ਼ਨ ਬਾਰੇ ਹੈ। ਇਸ ਦੇ ਵਿੱਚ ਥਰਡ ਪੇ ਕਮਿਸ਼ਨ ਨੇ ਜੋ ਆਪਣੀਆਂ ਰੀਕਮੈਂਡੇਸ਼ਨਜ਼ ਦਿੱਤੀਆਂ ਸਨ, ਉਸ ਵਾਸਤੇ ਜ਼ਰੂਰੀ ਸੀ ਕਿ ਫੰਡਜ਼ ਹੁੰਦੇ ਤਾਂਕਿ ਮੁਲਾਜ਼ਮਾਂ ਨੂੰ ਜਿਹੜਾ ਉਨ੍ਹਾਂ ਦਾ ਹਿੱਸਾ ਬਣਦਾ ਹੈ, ਦਿੱਤਾ ਜਾਵੇ। ਇਸ ਵਾਸਤੇ 117 ਕਰੋੜ ਰੁਪਏ ਇਸ ਡਿਮਾਂਡ ਵਾਸਤੇ ਰੱਖੇ ਹਨ। ਮੈਂ ਸਮਝਦਾ ਹਾਂ ਕਿ ਇਹ ਬਹੁਤ ਹੀ ਜਸਟੀਫਾਈਡ ਡਿਮਾਂਡ ਹੈ ਔਰ ਸਰਕਾਰ ਦੀ ਇਹ ਮੰਗ ਠੀਕ ਹੈ, ਮੈਂ ਇਸ ਮੰਗ ਦਾ ਸਮਰਥਨ ਕਰਦਾ ਹਾਂ।

ਡਿਮਾਂਡ ਨੰ: 12 ਹੋਮ ਅਫੇਅਰਜ਼ ਡਿਪਾਰਟਮੈਂਟ ਲਈ ਹੈ। ਇਸ ਦਾ ਕਾਫੀ ਖ਼ਰਚਾ ਹੋਇਆ। ਮੈਂ ਸਰਦਾਰ ਬੇਅੰਤ ਸਿੰਘ ਜੀ ਨੂੰ ਵਧਾਈ ਦੇਂਦਾ ਹਾਂ ਜਿਨ੍ਹਾਂ ਨੇ ਇਕ ਸਾਲ ਦੇ ਵਿੱਚ, ਪੰਜਾਬ ਦੇ

ਵਿੱਚ ਜੋ ਪਹਿਲਾਂ ਬੜਾ ਅੱਗਾਂ ਲੱਗਣ ਵਾਲਾ ਮਾਹੌਲ ਸੀ, ਏਥੇ ਗੋਲੀਆਂ ਚਲਦੀਆਂ ਸਨ, ਏਥੇ ਖੂਨ ਦੀਆਂ ਨਦੀਆਂ ਵਹਿੰਦੀਆਂ ਸਨ ਔਰ ਕੋਈ ਵੀ ਆਦਮੀ 5.00 ਵਜੇ ਤੋਂ ਬਾਅਦ ਆਪਣੇ ਘਰੋਂ ਬਾਹਰ ਨਹੀਂ ਨਿਕਲਦਾ ਸੀ। ਸਾਰੇ ਪੰਜਾਬ ਵਿੱਚ ਬਾਰੂਦ ਸੀ ਅਤੇ ਪੰਜਾਬ ਜਲਦਾ ਸੀ, ਪੰਜਾਬ ਸਰਕਾਰ ਨੇ, ਸਰਦਾਰ ਬੇਅੰਤ ਸਿੰਘ ਜੀ ਦੀ ਰਹਿਨੁਮਾਈ ਥੱਲੇ, ਇਸ ਨੂੰ ਸ਼ਾਂਤ ਕੀਤਾ ਅਤੇ ਹੁਣ ਬੜਾ ਅੱਛਾ ਮਾਹੌਲ ਕਾਇਮ ਹੋਇਆ ਹੈ। ਇਸ ਮਾਹੌਲ ਨੂੰ ਸ਼ਾਂਤ ਕਰਨ ਵਾਸਤੇ ਜਿਹੜੀਆਂ ਸਾਡੀਆਂ ਫੋਰਸਿਜ਼ ਹਨ ਉਨ੍ਹਾਂ ਨੇ ਬੜਾ ਭਾਰੀ ਕੰਮ ਕੀਤਾ ਅਤੇ ਜਿਹੜੀ ਪੰਜਾਬ ਦੀ ਬੜੀ ਭਾਰੀ ਸਮੱਸਿਆ ਸੀ ਉਸ ਨੂੰ ਦੂਰ ਕਰਨ ਵਾਸਤੇ ਫੋਰਸਿਜ਼ ਨੇ ਬੜਾ ਭਾਰੀ ਰੋਲ ਅਦਾ ਕੀਤਾ। ਮੈਂ ਸਮਝਦਾ ਹਾਂ ਕਿ ਉਨ੍ਹਾਂ ਦੇ ਵਾਸਤੇ ਜੋ ਵੀ ਵਹੀਕਲ ਖਰੀਦਣੇ ਹਨ ਜਾਂ ਦੂਸਰੀਆਂ ਜਿਹੜੀਆਂ ਮੰਗਾਂ ਰੱਖੀਆਂ ਗਈਆਂ ਹਨ, ਉਨ੍ਹਾਂ ਵਾਸਤੇ ਉਹ ਬਹੁਤ ਜ਼ਰੂਰੀ ਹਨ। ਜਿਸ ਤਰ੍ਹਾਂ ਐਸ.ਪੀ.ਓਜ਼ ਭਰਤੀ ਕਰਨੇ ਅਤੇ ਹੋਮ ਗਾਰਡ ਫੋਰਸਿਜ਼ ਦੀ ਭਰਤੀ ਕਰਨੀ। ਇਸ ਤਰ੍ਹਾਂ ਉਨ੍ਹਾਂ ਦੇ ਵਾਸਤੇ ਪੈਸਿਆਂ ਦੀ ਮੰਗ ਹੋਰ ਵੀ ਬਹੁਤ ਜ਼ਰੂਰੀ ਹੋ ਜਾਂਦੀ ਹੈ। ਮੈਂ ਸਮਝਦਾ ਹਾਂ ਕਿ ਇਹ ਇਕ ਠੀਕ ਮੰਗ ਹੈ ਔਰ ਇਸ ਦਾ ਪੁਰਜ਼ੋਰ ਸ਼ਬਦਾਂ ਨਾਲ ਸਮਰਥਨ ਕਰਦਾ ਹਾਂ।

ਇਸ ਤੋਂ ਅੱਗੇ ਡਿਮਾਂਡ ਨੰਬਰ 22 ਹੈ ਜਿਹੜੀ ਕਿ ਰੈਵੇਨਿਊ ਅਤੇ ਰੀਹੈਬਲੀਟੇਸ਼ਨ ਡਿਪਾਰਟਮੈਂਟ ਦੀ ਹੈ। ਮੈਂ ਵਧਾਈ ਦਿੰਦਾ ਹਾਂ, ਸਰਦਾਰ ਬੇਅੰਤ ਸਿੰਘ ਜੀ ਨੂੰ ਔਰ ਉਨ੍ਹਾਂ ਦੀ ਸਰਕਾਰ ਨੂੰ ਜਿਨ੍ਹਾਂ ਨੇ ਫਤਿਹਗੜ੍ਹ ਸਾਹਿਬ ਵਰਗੇ ਇਤਿਹਾਸਕ ਸਥਾਨ ਨੂੰ ਡਿਸਟ੍ਰਿਕਟ ਦਾ ਸਟੇਟਸ ਦਿੱਤਾ (ਥੰਪਿੰਗ)। ਉਨ੍ਹਾਂ ਨੇ ਇਹ ਇਤਿਹਾਸਕ ਕਦਮ ਚੁੱਕਿਆ। ਇਹ ਸ਼ਹਿਰ ਦਸਮ ਪਾਤਸ਼ਾਹ ਦੇ ਪਰਿਵਾਰ ਨਾਲ ਜੁੜਿਆ ਹੋਇਆ ਹੈ। ਇਸ ਸ਼ਹਿਰ ਦੀ ਇਹ ਮੰਗ ਤਾਂ ਪਹਿਲਾਂ ਹੀ ਪੂਰੀ ਹੋਣੀ ਚਾਹੀਦੀ ਸੀ। ਸਾਡੇ ਉਹ ਵੀਰ ਜਿਹੜੇ ਕਿ ਆਪਣੇ ਆਪ ਨੂੰ ਅਲੰਬਰਦਾਰ ਸਮਝਦੇ ਹਨ, ਉਨ੍ਹਾਂ ਦੀ ਸਰਕਾਰ ਵੀ ਆਈ। ਪਰ ਉਨ੍ਹਾਂ ਨੇ ਕੋਈ ਇਸ ਤਰ੍ਹਾਂ ਦਾ ਕਦਮ ਨਹੀਂ ਚੁਕਿਆ ਅਤੇ ਨਾ ਹੀ ਕੋਈ ਫੈਸਲਾ ਲਿਆ। ਇਥੇ ਮੈਂ ਦੁਬਾਰਾ ਸਰਦਾਰ ਬੇਅੰਤ ਸਿੰਘ ਜੀ ਨੂੰ ਵਧਾਈ ਦਿੰਦਾ ਹਾਂ ਜਿਨ੍ਹਾਂ ਨੇ ਇਸ ਇਤਿਹਾਸਕ ਸ਼ਹਿਰ ਦੀ ਮਹੱਤਤਾ ਨੂੰ ਜਾਣਦੇ ਹੋਏ ਇਸ ਨੂੰ ਜ਼ਿਲ੍ਹੇ ਦਾ ਦਰਜਾ ਦਿੱਤਾ। ਇਸੇ ਤਰ੍ਹਾਂ ਉਨ੍ਹਾਂ ਨੇ ਹੋਰ ਜ਼ਿਲ੍ਹੇ ਵੀ ਬਣਾਏ ਅਤੇ ਸਬ-ਡਵੀਜ਼ਨਾਂ ਵੀ ਬਣਾਈਆਂ। ਉਨ੍ਹਾਂ ਦੇ ਵਾਸਤੇ ਜਿਹੜੀ ਡੀਮਾਂਡ ਰੱਖੀ ਗਈ ਹੈ ਉਹ ਬੜੀ ਜਾਇਜ਼ ਹੈ। ਇਸ ਦੇ ਨਾਲ ਜਿਹੜੇ ਨੈਚੁਰਲ ਕਲੈਮਿਟੀਜ਼ ਤੋਂ ਅਫੈਕਟਿਡ ਲੋਕ ਹੁੰਦੇ ਹਨ, ਜਿਵੇਂ ਹੜ੍ਹਾਂ ਜਾਂ ਕੁਦਰਤੀ ਕਰੋਪੀਆਂ ਤੋਂ ਪ੍ਰਭਾਵਿਤ ਹੁੰਦੇ ਹਨ, ਉਨ੍ਹਾਂ ਦੇ ਵਾਸਤੇ ਵੀ ਜਿਹੜੀ ਮੰਗ ਰੱਖੀ ਗਈ ਹੈ ਮੈਂ ਸਮਝਦਾ ਹਾਂ ਕਿ ਉਹ ਬਿਲਕੁਲ ਜਾਇਜ਼ ਹੈ ਅਤੇ ਇਸ ਮੰਗ ਦਾ ਸਮਰਥਨ ਕਰਦਾ ਹਾਂ

ਡਿਮਾਂਡ ਨੰਬਰ 23 ਰੂਰਲ ਡਿਵੈਲਪਮੈਂਟ ਵਿਭਾਗ ਦੀ ਹੈ। ਇਥੇ ਮੈਂ ਫਿਰ ਵਧਾਈ ਦਿੰਦਾ ਹਾਂ ਸਰਦਾਰ ਬੇਅੰਤ ਸਿੰਘ ਜੀ ਨੂੰ ਅਤੇ ਸਰਦਾਰ ਉਮਰਾਓ ਸਿੰਘ ਮੰਤਰੀ ਜੀ ਨੂੰ, ਜਿਨ੍ਹਾਂ ਨੇ ਕਿ ਪੰਜਾਬ ਵਿੱਚ ਲੋਕਰਾਜ ਪ੍ਰਣਾਲੀ ਨੂੰ ਪਿੰਡਾਂ ਵਿਚ ਪੁੰਹਚਾਇਆ ਅਤੇ ਪੰਜਾਬ ਦਾ ਨਕਸ਼ਾ ਬਦਲਣ ਦੀ ਕੋਸ਼ਿਸ਼ ਕੀਤੀ ਹੈ। ਇਸ ਦੇ ਨਾਲ ਹੀ ਮੈਂ ਉਨ੍ਹਾਂ ਲੋਕਾਂ ਨੂੰ ਵੀ ਵਧਾਈ ਦਿੰਦਾ ਹਾਂ ਜਿਨ੍ਹਾਂ ਨੇ ਇਸ ਪਰੋਸੈਸ ਵਿੱਚ, ਇਸ ਪ੍ਰਣਾਲੀ ਵਿਚ ਬੜੀ ਵੱਡੀ ਗਿਣਤੀ ਵਿਚ ਸ਼ਾਮਲ ਹੋ ਕੇ ਇਸ ਲੋਕਰਾਜੀ ਪ੍ਰਣਾਲੀ ਨੂੰ ਪੰਜਾਬ ਵਿਚ ਸਥਾਪਤ ਕੀਤਾ। 82 ਪ੍ਰਤੀਸ਼ਤ ਦੇ ਕਰੀਬ ਲੋਕਾਂ ਨੇ ਇਸ ਪ੍ਰਣਾਲੀ ਵਿੱਚ ਸ਼ਾਮਲ ਹੋ ਕੇ ਬੜਾ ਰਿਸਪੋਂਸ ਦਿੱਤਾ ਅਤੇ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਦੇ ਹੱਕ ਵਿੱਚ ਰਿਫਰੈਂਡਮ ਦਿੱਤਾ ਕਿਉਂਕਿ ਉਨ੍ਹਾਂ ਨੇ ਪਿਛਲੇ ਇਕ ਸਾਲ ਵਿੱਚ ਆਪਣੇ ਅੱਛੇ ਉਪਰਾਲੇ ਕਰਕੇ ਇਥੇ ਸ਼ਾਂਤੀ ਲਿਆਂਦੀ। ਇਸ ਦਾ ਖਰਚਾ 178 ਲੱਖ ਰੁਪਏ ਹੈ। ਮੈਂ ਸਮਝਦਾ ਹਾਂ ਕਿ ਇਸ ਉਪਰਾਲੇ ਦੇ ਨਾਲ

[ਸ੍ਰੀ ਸੰਤੋਖ ਸਿੰਘ ਚੌਧਰੀ]

ਪੰਜਾਬ ਵਿਚ ਇਕ ਨਵਾਂ ਯੁੱਗ ਸ਼ੁਰੂ ਹੋਇਆ ਹੈ, ਇਕ ਨਵਾਂ ਦੌਰ ਸ਼ੁਰੂ ਹੋਇਆ ਹੈ। ਇੰਨਾ ਭਾਰੀ ਰਿਸਪਾਂਸ ਮਿਲਿਆ ਕਿ 80 ਪ੍ਰਤੀਸ਼ਤ ਸਾਡੇ ਨਵੇਂ ਨੌਜਵਾਨ ਵੀਰ ਇਲੈਕਸ਼ਨਾਂ ਵਿਚ ਜਿੱਤ ਕੇ ਸਰਪੰਚ ਬਣੇ ਹਨ। ਵੱਡੀ ਗਿਣਤੀ ਵਿੱਚ, 145 ਮੇਰੀਆਂ ਭੈਣਾਂ ਪੰਜਾਬ ਵਿਚ ਸਰਪੰਚ ਬਣੀਆਂ ਹਨ। 900 ਦੇ ਕਰੀਬ ਮੇਰੇ ਅਨੁਸੂਚਿਤ ਜਾਤੀਆਂ ਦੇ ਵੀਰ ਸਰਪੰਚ ਬਣੇ ਹਨ। ਮੈਂ ਸਮਝਦਾ ਹਾਂ ਕਿ ਇਸ ਪ੍ਰਣਾਲੀ ਦੇ ਹੋਂਦ ਵਿੱਚ ਆਉਣ ਨਾਲ ਜੋ ਪੰਜਾਬ ਸਰਕਾਰ ਦਾ, ਸਰਦਾਰ ਬੇਅੰਤ ਸਿੰਘ ਜੀ ਦਾ ਸੰਕਲਪ ਸੀ, ਜੋ ਉਨ੍ਹਾਂ ਦੀ ਕਲਪਨਾ ਸੀ ਕਿ ਸਾਡੇ ਪਿੰਡ, ਸਾਡਾ ਦਿਹਾਤ ਜਿਹੜਾ ਹੈ ਉਥੇ ਨਵਾਂ ਨਿਰਮਾਣ ਕਰਨਾ ਹੈ, ਉਨ੍ਹਾਂ ਨੂੰ ਖੁਸ਼ਹਾਲ ਕਰਨਾ ਹੈ ਅਤੇ ਉਥੇ ਤਰੱਕੀ ਲਿਆਉਣੀ ਹੈ ਉਹ ਪੂਰਾ ਹੋਇਆ ਹੈ। ਅੱਜ ਅਸੀਂ ਦੇਖਦੇ ਹਾਂ ਕਿ ਪਿਛਲੇ ਇਕ ਸਾਲ ਵਿੱਚ ਪੰਜਾਬ ਦੇ ਸੈਂਕੜੇ ਪਿੰਡ ਸੁੰਦਰ ਗ੍ਰਾਮ ਸਕੀਮ ਵਿੱਚ ਲਿਆਂਦੇ ਗਏ ਹਨ ਅਤੇ ਉਨ੍ਹਾਂ ਪਿੰਡਾਂ ਦੀਆਂ ਗਲੀਆਂ, ਨਾਲੀਆਂ ਅਤੇ ਪਾਣੀ ਦੇ ਨਿਕਾਸ ਦੇ ਪ੍ਰਬੰਧ ਲਈ ਉਪਰਾਲਾ ਕੀਤਾ ਗਿਆ ਹੈ, ਪਿੰਡਾਂ ਦੀਆਂ ਫਿਰਨੀਆਂ ਪੱਕੀਆਂ ਬਣਾਈਆਂ ਗਈਆਂ ਹਨ ਅਤੇ ਹੋਰ ਬਣਾਈਆ ਜਾਣੀਆਂ ਹਨ ਔਰ ਮੈਨੂੰ ਖੁਸ਼ੀ ਹੈ ਇਹ ਦੱਸਦੇ ਹੋਏ ਔਰ ਮੈਂ ਵਧਾਈ ਦਿੰਦਾ ਹਾਂ ਸਰਦਾਰ ਬੇਅੰਤ ਸਿੰਘ ਜੀ ਨੂੰ ਕਿ ਉਨ੍ਹਾਂ ਦੀ ਸਰਕਾਰ ਨੇ, ਸਾਨੂੰ 30-30, 40-40 ਲੱਖ ਰੁਪਿਆ ਡਿਸ-ਟ੍ਰਿਕਟ ਬੋਰਡਾਂ ਵਿੱਚ, ਐਮ.ਐਲ.ਏਜ਼ ਨੂੰ ਪਰੋਪੋਜ਼ਲ ਬਣਾ ਕੇ ਦੇਣ ਲਈ ਕਿਹਾ ਹੈ ਤਾਂ ਕਿ ਪਿੰਡਾਂ ਦੀਆਂ ਫਿਰਨੀਆਂ ਨੂੰ ਪੱਕਾ ਕੀਤਾ ਜਾ ਸਕੇ। ਇਸੇ ਤਰ੍ਹਾਂ ਸੁੰਦਰ ਗਰਾਮ ਸਕੀਮ ਨੂੰ ਉੱਨਤ ਗਰਾਮ ਸਕੀਮ ਅਧੀਨ ਲੈ ਆਂਦਾ ਹੈ ਜਿਸ ਦੇ ਤਹਿਤ ਹਰੇਕ ਉਹ ਪਿੰਡ, ਜਿਹੜੇ ਤਰੱਕੀ ਦੇ ਰਾਹ ਤੇ ਨਹੀਂ ਸਨ, ਉਨ੍ਹਾਂ ਨੂੰ ਉੱਨਤ ਕਰਨਾ ਹੈ, ਉਨ੍ਹਾਂ ਨੂੰ ਸੁੰਦਰ ਬਣਾਉਣਾ ਹੈ, ਉਨ੍ਹਾਂ ਦਾ ਵਾਤਾਵਰਣ ਠੀਕ ਕਰਨਾ ਹੈ। ਮੈਂ ਵਧਾਈ ਦਿੰਦਾ ਹਾਂ ਸਰਦਾਰ ਬੇਅੰਤ ਸਿੰਘ ਜੀ ਨੂੰ ਕਿ ਉਨ੍ਹਾਂ ਨੇ ਜੋ ਪ੍ਰਦੂਸ਼ਿਤ ਵਾਤਾਵਰਣ ਸੀ ਪੰਜਾਬ ਦੇ ਪਿੰਡਾਂ ਦੇ ਵਿੱਚ, ਉਸ ਨੂੰ ਦੂਰ ਕਰਨ ਵਾਸਤੇ ਇਹ ਫੰਡਜ਼ ਭੇਜੇ ਹਨ। ਇਨ੍ਹਾਂ ਦੀ ਵਰਤੋਂ ਪ੍ਰਦੂਸ਼ਿਤ ਬਸਤੀਆਂ ਵਿੱਚ ਰਹਿੰਦੇ ਲੋਕਾਂ ਦੀ ਭਲਾਈ, ਸ਼ਮਸ਼ਾਨ ਘਾਟਾਂ ਦੇ ਸ਼ੈੱਡ ਬਣਾਉਣ ਲਈ ਅਤੇ ਪਿੰਡਾਂ ਵਿੱਚ ਜਿਹੜੇ ਪੌਂਡਜ਼ ਹਨ, ਛੱਪੜ ਹਨ, ਉਨ੍ਹਾਂ ਦੀ ਸਫਾਈ ਵਾਸਤੇ ਕੀਤੀ ਜਾਣੀ ਹੈ। ਪੰਜਾਬ ਵਿੱਚ ਲੋਕ ਰਾਜ ਪਿੰਡ ਪੱਧਰ ਤੇ ਬਹਾਲ ਹੋਇਆ ਹੈ, ਇਸ ਦਾ ਸਿਹਰਾ ਵੀ ਸਰਦਾਰ ਬੇਅੰਤ ਸਿੰਘ ਜੀ, ਮੁੱਖ ਮੰਤਰੀ, ਪੰਜਾਬ ਨੂੰ ਹੀ ਜਾਂਦਾ ਹੈ। ਡੀਮਾਂਡ ਨੰ: 23 ਵਿੱਚ ਜੋ ਸਪਲੀਮੈਂਟਰੀ ਫੰਡਜ਼ ਦੀ ਮੰਗ ਰੱਖੀ ਗਈ ਹੈ ਇਹ ਠੀਕ ਹੈ, ਮੈਂ ਇਸਦਾ ਭਰਪੂਰ ਸ਼ਬਦਾਂ ਵਿੱਚ ਸਮਰਥਨ ਕਰਦਾ ਹਾਂ।

ਡੀਮਾਂਡ ਨੰਬਰ:25, ਸਮਾਜ ਅਤੇ ਇਸਤਰੀ ਭਲਾਈ ਅਤੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਸਬੰਧੀ ਹੈ ਡਿਪਟੀ ਸਪੀਕਰ ਸਾਹਿਬ, ਅਨੁਸੂਚਿਤ ਜਾਤੀਆਂ ਦੇ ਜਿਹੜੇ ਲੋਕ ਹਨ, ਉਨ੍ਹਾਂ ਦੇ ਵਾਸਤੇ ਇਹ ਸਪਲੀਮੈਂਟਰੀ ਡੀਮਾਂਡ ਰੱਖੀ ਗਈ ਹੈ। ਪਰ ਇਸਦੇ ਨਾਲ ਹੀ ਮੈਂ ਸਰਕਾਰ ਨੂੰ, ਡਿਪਟੀ ਸਪੀਕਰ ਸਾਹਿਬ, ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਦੂਸਰਿਆਂ ਮਹਿਕਮਿਆਂ ਦੇ ਮੁਕਾਬਲੇ, ਇਸ ਮਹਿਕਮੇਂ ਵੈਲਫੇਅਰ ਵਿਭਾਗ ਵਿੱਚ ਜਿੱਥੇ ਕਿ ਪੰਜਾਬ ਦੀ ਕੁਲ ਜੰਨ-ਸੰਖਿਆ ਦੇ 28 ਪ੍ਰਤੀਸ਼ਤ ਅਨੁਸੂਚਿਤ ਜਾਤੀਆਂ ਦੇ ਲੋਕਾਂ ਦੀ ਭਲਾਈ ਦਾ ਸਬੰਧ ਹੈ, ਉਨ੍ਹਾਂ ਵਾਸਤੇ ਬਹੁਤ ਥੋੜ੍ਹੀ ਰਕਮ ਡੀਮਾਂਡ ਕੀਤੀ ਗਈ ਹੈ। ਮੈਂ ਬੇਨਤੀ ਕਰਾਂਗਾ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਪੰਜਾਬ ਸਰਕਾਰ ਨੂੰ ਕਿ ਸੋਸ਼ਲ ਵੈਲਫੇਅਰ ਅਤੇ ਅਨੁਸੂਚਿਤ ਜਾਤੀਆਂ ਦੀ ਭਲਾਈ ਦਾ ਜਿਹੜਾ ਮਹਿਕਮਾ ਹੈ, ਉਸਨੂੰ ਹਦਾਇਤ ਕੀਤੀ ਜਾਵੇ ਕਿ ਇਸ ਵਿੱਚ ਬਹੁਤ ਸਾਰੇ ਕੰਮ ਹੋਣ ਵਾਲੇ ਹਨ, ਬਹੁਤ ਸਾਰੀਆਂ ਸਾਡੀਆਂ ਸਕੀਮਾਂ ਹਨ ਉਨ੍ਹਾਂ ਦੇ ਇਮਪਲੀਮੈਂਟ ਹੋਣ ਵਿੱਚ ਕਮੀ ਹੈ। ਪਹਿਲਾਂ ਕੱਲ੍ਹ ਵੀ ਮੈਂ ਜ਼ਿਕਰ ਕਰਦੇ ਹੋਏ ਇਹ ਬੇਨਤੀ ਕੀਤੀ ਸੀ ਕਿ ਸਾਡੀ ਰਿਜ਼ਰਵੇਸ਼ਨ ਪਾਲਿਸੀ ਹੈ ਉਹ ਠੀਕ ਤਰ੍ਹਾਂ ਇਮਪਲੀਮੈਂਟ ਨਹੀਂ ਹੋ ਰਹੀ ਹੈ। ਸੀਨੀਆਰਟੀ-ਕਮ-ਮੈਰਿਟ ਤੇ ਵੀ ਸਾਡੇ ਇਮਪਲਾਈਜ਼ ਦਾ ਬਣਦਾ ਹੱਕ ਉਨ੍ਹਾਂ

ਨੂੰ ਨਹੀਂ ਮਿਲਦਾ, ਸਗੋਂ ਰੋਕ ਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਜਿੱਥੇ ਸਾਡਾ ਕੋਈ ਅਨੁਸੂਚਿਤ ਜਾਤੀ ਦਾ ਹੈਡ-ਆਫ ਦੀ ਡਿਪਾਰਟਮੈਂਟ ਬਣਨਾ ਹੁੰਦਾ ਹੈ, ਉਥੇ ਐਕਸ-ਕਾਡਰ ਪੋਸਟ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਮੈਂ ਕੱਲ੍ਹ ਵੀ ਬੇਨਤੀ ਕੀਤੀ ਸੀ, ਮੈਂ ਅੱਜ ਵੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਕੰਮ ਉਦੋਂ ਤੱਕ ਨਹੀਂ ਹੋਣੇ ਜਦੋਂ ਤੱਕ ਪੰਜਾਬ ਵਿੱਚ ਰਿਜ਼ਰਵੇਸ਼ਨ ਐਕਟ ਜੋ ਹੈ, ਉਹ ਹੋਂਦ ਵਿੱਚ ਨਹੀਂ ਲਿਆਂਦਾ ਜਾਂਦਾ। ਕਿਉਂਕਿ ਮੈਂ ਸਮਝਦਾ ਹਾਂ ਅਤੇ ਇਹ ਵਧਾਈ ਦਿੰਦਾ ਹਾਂ ਸਰਦਾਰ ਬੇਅੰਤ ਸਿੰਘ ਜੀ ਨੂੰ ਕਿ ਉਹ ਹਮੇਸ਼ਾਂ ਪੰਜਾਬ ਦੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਹਿੱਤਾਂ ਵਿੱਚ ਰਹੇ ਹਨ ਅਤੇ ਹਮੇਸ਼ਾਂ ਇਨ੍ਹਾਂ ਗਰੀਬਾਂ ਦੇ ਹੱਕਾਂ ਦੀ ਰਾਖੀ ਕਰਦੇ ਰਹੇ ਹਨ। ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਸੀ.ਐਮ. ਬਣਨ ਤੋਂ ਪਹਿਲਾਂ ਉਹ ਪੰਜਾਬ ਪ੍ਰਦੇਸ਼ ਕਾਂਗਰਸ ਦੇ ਮੈਂਬਰ ਸਨ, ਉਸ ਵੇਲੇ ਵੀ ਸਾਡੀਆਂ ਔਕੜਾਂ ਗਵਰਨਰ ਸਾਹਿਬ ਤੱਕ, ਗਵਰਨਰ-ਇੰਨ-ਕੌਂਸਲ ਤੱਕ ਪਹੁੰਚਾਉਂਦੇ ਸਨ ਔਰ ਉਹ ਹੁਣ ਮੁੱਖ ਮੰਤਰੀ ਬਣੇ ਹਨ ਅਤੇ ਉਨ੍ਹਾਂ ਨੇ ਮੁੱਖ ਮੰਤਰੀ ਬਣਦੇ ਸਾਰ ਹੀ ਕੁੱਝ ਇਤਿਹਾਸਕ ਫੈਸਲਿਆਂ ਦੀਆਂ ਕਮਿਟਮੈਂਟਸ ਕੀਤੀਆਂ ਸਨ ਜਿਨ੍ਹਾਂ ਵਿੱਚ ਇਹ ਵੀ ਇੱਕ ਸੀ ਕਿ ਰੀਜ਼ਰਵੇਸ਼ਨ ਐਕਟ ਬਣਾਇਆ ਜਾਵੇਗਾ। ਰੀਜ਼ਰਵੇਸ਼ਨ ਦੀ ਇਮਪਲੀਮੈਂਟੇਸ਼ਨ ਦੀ ਪਾਲਿਸੀ ਸੀ ਉਹ ਵੀ ਵੈਲਫੇਅਰ ਵਿਭਾਗ ਨੂੰ ਟਰਾਂਸਫਰ ਕਰਵਾ ਦਿਤੀ ਹੈ। ਮੈਨੂੰ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਅੱਜ ਵੀ ਪ੍ਰਸੋਨਲ ਵਿਭਾਗ ਵਲੋਂ ਇਮਲੀਮੈਂਟੇਸ਼ਨ ਵਿੱਚ ਰੋਕ ਲਾਈ ਜਾ ਰਹੀ ਹੈ। ਅਸੀਂ ਭਲਾਈ ਮੰਤਰੀ ਜੀ ਨੂੰ ਇਹ ਬੇਨਤੀ ਕਰਦੇ ਹਾਂ ਕਿ ਇੱਕ ਤਾਂ ਰੀਜ਼ਰਵੈਸ਼ਨ ਐਕਟ ਬਣਾਇਆ ਜਾਵੇ। ਮੈਂ ਡਿਪਟੀ ਸਪੀਕਰ ਸਾਹਿਬ ਤੁਹਾਡੇ ਰਾਹੀਂ ਮਾਨਯੋਗ ਡਾ. ਕੇਵਲ ਕ੍ਰਿਸ਼ਨ ਜੀ ਨੂੰ ਇਹ ਬੇਨਤੀ ਕਰਨੀ ਚਾਹਵਾਂਗਾ ਕਿਉਂਕਿ ਉਹ ਵੀ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਜੋ ਹਨ ਉਨ੍ਹਾਂ ਦੇ ਵਾਸਤੇ ਸਹਾਨੁਭੂਤੀ ਰੱਖਦੇ ਹਨ, ਮੈਨੂੰ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ 28 ਫੀ ਸਦੀ ਅਨੁਸੂਚਿਤ ਜਾਤੀਆਂ ਦੇ ਲੋਕ ਜੋ ਹਨ ਉਨ੍ਹਾਂ ਦੇ ਲਈ ਜਿਹੜਾ ਬਜਟ ਮਹਿਕਮੇ ਨੂੰ ਅਲਾਟ ਕੀਤਾ ਜਾਂਦਾ ਹੈ, ਉਹ ਪੰਜਾਬ ਦੀ ਕੁਲ ਜਨਸੰਖਿਆ ਦੇ ਜੋ 28 ਪ੍ਰਤੀਸ਼ਤ ਲੋਕ ਹਨ, ਉਨ੍ਹਾਂ ਵਾਸਤੇ ਬਹੁਤ ਘੱਟ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਡਾਕਟਰ ਸਾਹਿਬ ਨੂੰ ਬੇਨਤੀ ਕਰਾਂਗਾ, ਕਿਉਂਕਿ ਥੋੜ੍ਹੇ ਦਿਨਾਂ ਵਿਚ ਇਸ ਹਾਊਸ ਵਿਚ ਬਜਟ ਰੱਖਣਾ ਹੈ, ਇਸ ਲਈ ਅਨੁਸੂਚਿਤ ਜਾਤੀਆਂ ਅਤੇ ਜਨ-ਜਾਤੀਆਂ ਦੀ ਜਨ-ਸੰਖਿਆ ਦੇ ਆਧਾਰ ਤੇ, ਉਨ੍ਹਾਂ ਦੀ ਵੈਲਫੇਅਰ ਵਾਸਤੇ ਭਾਵੇਂ ਸਰਕਾਰ ਨੇ ਉਪਰਾਲੇ ਕੀਤੇ ਹਨ, ਪਰ ਉਨ੍ਹਾਂ ਨੂੰ ਹੋਰ ਅਪ-ਲਿਫਟ ਕਰਨ ਵਾਸਤੇ ਜੇ ਉਨ੍ਹਾਂ ਦੀ ਵੈਲਫੇਅਰ ਨੂੰ ਧਿਆਨ ਵਿਚ ਰੱਖਿਆ ਜਾਵੇਗਾ ਤਾਂ ਹੀ ਅਸੀਂ ਉਨ੍ਹਾਂ ਨੂੰ ਦੂਸਰੇ ਲੋਕਾਂ ਦੇ ਬਰਾਬਰ ਲਿਆ ਸਕਾਂਗੇ। ਸੋ ਮੈਂ ਉਮੀਦ ਕਰਦਾ ਹਾਂ ਅਤੇ ਡਿਪਟੀ ਸਪੀਕਰ ਸਾਹਿਬ ਤੁਹਾਡੇ ਰਾਹੀਂ ਫਾਈਨਾਂਸ ਮਨਿਸਟਰ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਆਉਣ ਵਾਲੇ ਬਜਟ ਵਿਚ ਉਹ ਇਸ ਗੱਲ ਨੂੰ ਮੱਦੇ ਨਜ਼ਰ ਰੱਖਣਗੇ।

ਹੁਣ ਮੈਂ ਮੰਗ ਨੰਬਰ 26 ਤੇ ਆਉਂਦਾ ਹਾਂ ਜਿਹੜੀ ਸਟੇਟ ਲੈਜਿਸਲੇਸ਼ਨ ਨਾਲ ਸਬੰਧਤ ਹੈ। ਇਸ ਸਬੰਧ ਵਿਚ ਮੈਂ ਦੱਸਦਾ ਹਾਂ ਕਿ ਜਨਰਲ ਪਰਪਜ਼ ਕਮੇਟੀ ਦੀ ਮੀਟਿੰਗ ਹੋਈ ਜਿਸ ਵਿਚ ਸਾਰੇ ਕਮੇਟੀ ਦੇ ਮੈਂਬਰ ਸਾਹਿਬਾਨ ਅਤੇ ਚੇਅਰਮੈਨ ਸਾਹਿਬ ਸਨ। ਉਥੇ ਸਾਰਿਆਂ ਦੀ ਸਹਿਮਤੀ ਨਾਲ ਲੈਜਿਸਲੇਚਰਜ਼ ਅਲਾਊਂਸ ਅਤੇ ਟਰੈਵਲਿੰਗ ਅਲਾਊਂਸ ਪਾਸ ਕੀਤੇ ਗਏ। ਮੈਂ ਸਮਝਦਾ ਹਾਂ ਕਿ ਜਿਹੜੀ ਡਿਮਾਂਡ ਰੱਖੀ ਗਈ ਹੈ, ਇਹ ਜਾਇਜ਼ ਹੈ ਅਤੇ ਆਸ ਕਰਦਾ ਹਾਂ ਕਿ ਜਿਹੜੇ ਇਧਰਲੇ ਵੀਰ ਹਨ, ਉਨ੍ਹਾਂ ਦੀ ਸਲਾਹ ਨਾਲ ਹੀ ਸਾਰਾ ਕੁੱਝ ਕੀਤਾ ਗਿਆ ਹੈ।

[ਸ੍ਰੀ ਸੰਤੋਖ ਸਿੰਘ ਚੌਧਰੀ]

ਇੰਨ੍ਹਾਂ ਸ਼ਬਦਾਂ ਨਾਲ ਮੈਂ 1992-93 ਬਾਰੇ ਖਜ਼ਾਨਾ ਮੰਤਰੀ ਜੀ ਵੱਲੋਂ ਪੇਸ਼ ਕੀਤੇ ਗਏ ਸਪਲੀਮੈਂਟਰੀ ਡਿਮਾਂਡਜ ਦਾ ਸਮਰਥਨ ਕਰਦਾ ਹਾਂ ਔਰ ਆਸ ਕਰਦਾ ਹਾਂ ਕਿ ਸਾਰਾ ਹਾਊਸ ਇਸ ਨੂੰ ਯੂਨਾਨੀਮਸਲੀ ਪਾਸ ਕਰੇਗਾ।

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ(ਅੰਮ੍ਰਿਤਸਰ ਕੇਂਦਰੀ): ਅਧਿਅਕਸ਼ ਮਹੋਦਿਯ, ਮੈਂ ਆਪਣੀ ਗੱਲ ਸ਼ੁਰੂ ਕਰਨ ਤੋਂ ਪਹਿਲਾਂ ਕੁੱਝ ਪ੍ਰਸ਼ੰਸਾਸੂਚਕ ਸ਼ਬਦ ਕਹਿਣਾ ਜ਼ਰੂਰੀ ਸਮਝਦੀ ਹਾਂ। ਇਹ ਇਸ ਸਦਨ ਦਾ ਰਿਵਾਜ਼ ਬਣ ਗਿਆ ਹੈ। ਮੈਂ ਮੁੱਖ ਮੰਤਰੀ ਜੀ ਦਾ ਸੱਚਮੁੱਚ ਧੰਨਵਾਦ ਕਰਦੀ ਹਾਂ ਕਿ ਪਿਛਲੇ ਸਾਲ ਅਤੇ ਅੱਜ ਦੇ ਹਾਲਾਤ ਮੁਤਾਬਿਕ ਉਗਰਵਾਦ ਵਿਚ ਦਿਨ-ਰਾਤ ਦਾ ਫਰਕ ਹੈ । (ਥੰਪਿੰਗ) ਮੈ ਉਨ੍ਹਾਂ ਨੂੰ ਇਸ ਗੱਲ ਲਈ ਵਧਾਈ ਦਿੰਦੀ ਹਾਂ।

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ: ਸਰ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਮੈਂ ਭੈਣ ਜੀ ਨੂੰ ਵਧਾਈ ਦਿੰਦਾ ਹਾਂ ਕਿ ਇਹ ਪੰਜਾਬੀ ਬੋਲਣ ਲੱਗ ਗਏ ਹਨ ।

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ: ਮੈਂ ਤੁਹਾਡੇ ਵਾਂਗ ਨਹੀਂ ਮੈਨੂੰ ਪੰਜਾਬੀ ਬੋਲਣੀ ਆਉਂਦੀ ਹੈ । ਤਸੀਂ ਅੰਦਰ ਤਾਂ ਅੰਗਰੇਜ਼ੀ ਵਿਚ ਦਸਤਖਤ ਕਰੋ ਅਤੇ ਬਾਹਰ ਆ ਕੇ ਪੰਜਾਬੀ ਦੀ ਗੱਲ ਕਰੋ ।

ਮੈਂ ਦੱਸ ਰਹੀ ਹਾਂ ਕਿ ਮੁੱਖ ਮੰਤਰੀ ਜੀ ਦੇ ਉਪਰਾਲਿਆਂ ਨਾਲ ਅੱਜ ਹਾਲਤ ਇਹ ਹੋ ਗਈ ਹੈ ਕਿ ਜਿਹੜੇ ਲੋਕ ਘਰੋਂ ਬਾਹਰ ਨਹੀਂ ਨਿਕਲਦੇ ਸਨ, ਉਗਰਵਾਦ ਨਾਲ ਸਹਿਮੇ ਪਏ ਸਨ, ਅੱਜ ਉਹ ਬੋਲਣ ਵਿਚ ਸਮਰੱਥ ਹੋ ਗਏ ਹਨ।

ਸੱਭ ਤੋਂ ਪਹਿਲਾਂ ਮੈਂ ਡਿਮਾਂਡ ਨੰਬਰ 5 ਤੇ ਗੱਲ ਕਰਦੀ ਹਾਂ। ਸਿੱਖਿਆ ਇੱਕ ਅਜਿਹੀ ਚੀਜ਼ ਹੈ ਜਿਸ ਤੇ ਜਿੰਨਾ ਖਰਚਿਆ ਜਾਵੇ, ਥੋੜ੍ਹਾ ਹੈ। ਸਰਕਾਰ ਨੇ ਤਾਂ ਸਿੱਖਿਆ ਤੇ ਖਰਚ ਬਹੁਤ ਥੋੜ੍ਹਾ ਕੀਤਾ ਹੈ। ਮੈਂ ਕਹਿਣਾ ਚਾਹੁੰਦੀ ਹਾਂ ਕਿ ਬਜਟ ਦਾ 10 ਪ੍ਰਤੀਸ਼ਤ ਹਿੱਸਾ ਸਿੱਖਿਆ ਤੇ ਖਰਚ ਕੀਤਾ ਜਾਵੇ ਪਰ ਇਹ ਸਮਝ ਨਹੀਂ ਆਇਆ ਕਿ ਜਿਆਦਾਤਰ ਖਰਚ ਕਿਥੇ ਹੋਇਆ ਹੋਵੇਗਾ। ਪੋਸਟਾਂ ਅੰਦਰ ਵੀ ਕੋਈ ਬੜੌਤਰੀ ਨਹੀਂ ਹੋਈ। 1 ਅਪਰੈਲ, 1992 ਤੋਂ ਬਾਅਦ ਕੋਈ ਪੋਸਟ ਨਹੀਂ ਵਧਾਈ ਅਤੇ ਨਾ ਹੀ ਟੀਚਰਾਂ ਨੂੰ ਰੂਰਲ ਅਲਾਉਂਸ ਜਾਂ ਹਾਉਸ ਰੈਂਟ ਦਿੱਤਾ ਹੈ ਬਲਕਿ ਪ੍ਰਾਈਵੇਟ ਸਕੂਲਾਂ ਦਾ 16 ਕਰੋੜ ਤੋਂ ਵੱਧ ਰੁਪਿਆ ਸਿਖਿਆ ਵਿਭਾਗ ਵਿਚ ਜਮ੍ਹਾਂ ਹੋ ਗਿਆ ਹੈ। ਸਕੂਲਾਂ ਵਾਸਤੇ ਕੋਈ ਗਰਾਂਟ ਨਹੀਂ ਵਧਾਈ। ਸਕੂਲਾਂ ਦੇ ਖੇਡ ਮੈਦਾਨ ਨਹੀਂ ਬਣਾਏ ਬੱਚੇ ਕਿੱਥੇ ਖਡਦੇ ਹਨ । ਅਜ ਸਿਖਿਆ ਵਿਭਾਗ ਨੂੰ ਏਨੇ ਪੈਸੇ ਦੀ ਜ਼ਰੂਰਤ ਕਿਵੇਂ ਪੈ ਗਈ, ਇਸ ਬਾਰੇ ਸਪਸ਼ਟ ਨਹੀਂ ਕੀਤਾ ਗਿਆ ਹੈ। ਨਵੀਂ ਭਰਤੀ ਬਾਰੇ ਕੋਈ ਸੁਝਾਓ ਨਹੀਂ ਹੈ। ਜਿਹੜੀਆਂ ਨਿਯੁਕਤੀਆਂ ਕਰਨੀਆਂ ਹਨ, ਉਨ੍ਹਾਂ ਦੀਆਂ ਇੰਟਰਵਿਊ ਲਈਆਂ ਹੋਈਆਂ ਹਨ ਅਤੇ ਨਿਯੁਕਤੀਆਂ 31 ਮਾਰਚ ਤੋਂ ਬਾਅਦ ਕਰਨੀਆਂ ਹਨ। ਸਿਖਿਆ ਵਿਭਾਗ ਨਵੇਂ ਅਧਿਆਪਕਾਂ ਦੀ ਭਰਤੀ ਵਿਚ ਬੜੀ ਦੇਰ ਲਗਾ ਰਿਹਾ ਹੈ। ਅੱਗੇ ਮੈਂ ਦੱਸਦੀ ਹਾਂ ਕਿ ਜਿਹੜੀ ਵਿਧਵਾਵਾਂ ਉਗਰਵਾਦ ਤੋਂ ਪੀੜਿਤ ਹਨ, 11-11 ਮਹੀਨੇ ਤੱਕ ਉਨ੍ਹਾਂ ਨੂੰ ਪੈਨਸ਼ਨ ਨਹੀਂ ਮਿਲਦੀ। ਹਰ ਵਿਧਵਾ ਨੂੰ ਹਰ ਮਹੀਨੇ ਸਰਟੀਫੀਕੇਟ ਦੇਣਾ ਪੈਂਦਾ ਹੈ ਕਿ ਮੈਂ ਹਾਲੀਂ ਵਿਧਵਾ ਹੀ ਹਾਂ ਅਤੇ ਮੈਨੂੰ ਵਿਧਵਾ ਪੈਨਸ਼ਨ ਦੇ ਦਿਉ। ਰਾਹਤ ਪੁਨਰਵਾਸ ਵਾਸਤੇ, ਉਨ੍ਹਾਂ ਪਰਿਵਾਰਾਂ ਦੀ ਭਲਾਈ ਵਾਸਤੇ ਪੈਸਾ ਨਹੀਂ ਰਖਿਆ ਗਿਆ ਅਤੇ ਉਨ੍ਹਾਂ ਦੇ ਵਾਸਤੇ ਖਰਚਾ ਨਹੀਂ ਹੋਇਆ ਖਰਚਾ ਹੋਇਆ ਹੈ ਐਡਮਨਿਸਟਰੇਸ਼ਨ ਤੇ, ਮੰਤਰੀਆਂ ਤੇ ਵਿਧਾਇਕਾਂ ਤੇ। ਜੇ ਕਿਫਾਇਤ ਵਾਲੀ ਗੱਲ ਹੁੰਦੀ ਤਾਂ ਜਦੋਂ 1992 ਵਿੱਚ, ਸ਼ੁਰੂ ਵਿੱਚ ਇਹ ਸਰਕਾਰ ਬਣੀ ਸੀ ਤਾਂ ਇਸ ਸਰਕਾਰ ਦੇ ਮੰਤਰੀਆਂ ਦਾ ਨੰਬਰ ਘੱਟ ਰਖਦੇ ਜਿਸ ਦੇ ਨਾਲ ਕਿਫਾਇਤ ਹੁੰਦੀ।

(ਥੰਪਿੰਗ) ਮੰਤਰੀਆਂ ਨੂੰ ਇਤਨੇ ਜ਼ਿਆਦਾ ਕਿਰਾਇਆ ਦੀਆਂ ਕੋਠੀਆਂ ਮਿਲੀਆਂ ਹੋਈਆਂ ਹਨ ਅਤੇ ਕੋਠੀਆਂ ਦੇ ਇਤਨੇ ਵੱਡੇ ਵੱਡੇ ਕੈਂਪਸ ਹਨ ਕਿ ਜੇ ਉਨ੍ਹਾਂ ਦੇ ਵਿੱਚ ਸਬਜ਼ੀਆਂ ਲਗਾਈਆਂ ਜਾਣ ਤਾਂ ਮੇਰਾ ਖਿਆਲ ਹੈ ਕਿ ਏ.ਬੀ.ਬਲਾਕ ਇਕ-ਇਕ ਸੈਕਟਰ ਵਾਸਤੇ ਉਹ ਪੂਰੀਆਂ ਹੋ ਸਕਦੀਆਂ ਹਨ, ਇਤਨੀ ਉਨ੍ਹਾਂ ਵਿੱਚ ਉੱਪਜ ਹੋ ਸਕਦੀ ਹੈ। ਲਾਲ ਬਹਾਦਰ ਸ਼ਾਸਤਰੀ ਜੀ ਦਾ ਨਾਮ ਇਸੇ ਕਰਕੇ ਘੱਟ ਲਿਆ ਜਾਂਦਾ ਹੈ ਕਿ ਉਨ੍ਹਾਂ ਨੇ ਆਪਣੀ ਕੋਠੀ ਵਿੱਚ ਕਣਕ ਲਗਵਾਈ ਹੋਈ ਸੀ। ਉਹ ਕਹਿੰਦੇ ਸਨ ਜੇ ਗੁਲਾਬ ਦੇ ਫੁੱਲਾਂ ਦੀ ਬਜਾਏ ਇਨ੍ਹਾਂ ਵਿੱਚ ਗੋਭੀ ਦੇ ਫੁੱਲ ਲਾ ਦਿੱਤੇ ਜਾਣ ਤਾਂ ਇਹ ਜ਼ਿਆਦਾ ਉਪਯੋਗੀ ਹੋ ਸਕਦੇ ਹਨ। ਪੰਜਾਬ ਸਰਕਾਰ ਦੇ ਮੰਤਰੀਆਂ ਪਾਸ ਅੱਜ ਕੋਠੀਆਂ ਇਤਨੀਆਂ ਵੱਡੀਆਂ-ਵੱਡੀਆਂ ਹਨ ਕਿ ਉਸ ਦੇ ਲੰਮੇ ਚੌੜੇ ਬਗੀਚੇ ਵਾਸਤੇ ਮਾਲੀ ਰੱਖੇ ਹੋਏ ਹਨ ਔਰ ਮਾਲੀਆਂ ਤੋਂ ਇਲਾਵਾ ਪਾਣੀ ਦੇ ਸ਼ਾਵਰ ਇਤਨੇ ਹਨ ਕਿ ਜੇ ਉਸ ਏਰੀਏ ਨੂੰ ਕਿਧਰੇ ਸਬਜ਼ੀਆਂ ਲਗਾਉਣ ਵਾਸਤੇ ਉਪਯੋਗ ਕਰ ਦੇਈਏ ਤਾਂ ਉਹ ਜ਼ਿਆਦਾ ਉਪਯੋਗੀ ਹੋ ਸਕਦਾ ਹੈ। ਜਦੋਂ ਕਿਸੇ ਜ਼ਿਲ੍ਹੇ ਵਿੱਚ ਮੰਤਰੀ ਜੀ ਨੇ ਟੂਰ ਤੇ ਜਾਣਾ ਹੁੰਦਾ ਹੈ, ਸਾਨੂੰ ਤਾਂ ਬੜੀ ਖੁਸ਼ੀ ਹੁੰਦੀ ਹੈ ਕਿ ਇਸੇ ਬਹਾਨੇ ਉਥੇ ਸਫਾਈ ਹੋ ਜਾਂਦੀ ਹੈ, ਚੂਨਾ ਵਗੈਰਾ ਪਾਇਆ ਜਾਂਦਾ ਹੈ ਅਤੇ ਕਿਤੇ ਕਿਤੇ ਮੱਖੀਆਂ ਮਾਰਨ ਵਾਲੀਆਂ ਦਵਾਈਆਂ ਵੀ ਪਾਈਆਂ ਜਾਂਦੀਆਂ ਹਨ। ਸਾਨੂੰ ਤਾਂ ਉਸ ਦਾ ਬੜਾ ਫਾਇਦਾ ਹੁੰਦਾ ਹੈ ਕਿ ਜਦੋਂ ਮੰਤਰੀ ਜੀ ਕੋਈ ਟੂਰ ਤੇ ਜਾਂਦੇ ਹਨ ਤਾਂ ਇਸ ਤਰ੍ਹਾਂ ਸਫਾਈ ਹੋ ਜਾਂਦੀ ਹੈ। ਪਰ ਜਦੋਂ ਮੰਤਰੀ ਜੀ ਕਿਸੇ ਥਾ ਤੇ ਟੂਰ ਤੇ ਜਾਂਦੇ ਹਨ ਤਾਂ ਉਥੇ ਉਪਰਲੇ ਅਫਸਰ ਦਫਤਰਾਂ ਵਿੱਚ ਨਹੀਂ ਲਭਦੇ,ਮੰਤਰੀ ਜੀ ਦੇ ਖੱਬੇ-ਸੱਜੇ ਹੁੰਦੇ ਹਨ ਅਤੇ ਉਥੇ ਦਰਬਾਰ ਲਗਾ ਕੇ ਬੈਠ ਜਾਂਦੇ ਹਨ। ਇਸ ਦੇ ਲਈ ਮੈਂ ਕਹਿਣਾ ਚਾਹੁੰਦੀ ਹਾਂ ਕਿ ਕੋਈ ਨਿਯਮ ਬਣਾਇਆ ਜਾਵੇ ਕਿ ਜਿਸ ਮਹਿਕਮੇ ਦਾ ਮੰਤਰੀ ਕਿਧਰੇ ਜਾਵੇ, ਤਾਂ ਸਿਰਫ ਉਸ ਮਹਿਕਮੇ ਦੇ ਅਫਸਰ ਹੀ ਉਥੇ ਆਉਣ ਅਤੇ ਜਿਹੜਾ ਇਸ ਤਰ੍ਹਾਂ ਦਰਬਾਰ ਲਾਇਆ ਜਾਂਦਾ ਹੈ ਨਾ ਲਾਇਆ ਜਾਵੇ ਤਾਂ ਕਿ ਜੋ ਖਰਚ ਹੁੰਦਾ ਹੈ, ਉਹ ਆਪਣੇ ਆਪ ਘੱਟ ਜਾਵੇਗਾ। ਕਹਿੰਦੇ ਹਨ ਕਿ ਜੇ ਫੁੱਲ ਖਿੜ ਜਾਵੇ ਤਾਂ ਉਹ ਇਸ ਗੱਲ ਦੀ ਡੌਂਡੀ ਨਹੀਂ ਪਿਟਦਾ ਕਿ ਅਸੀਂ ਖੁਸ਼ਬੂ ਦੇ ਰਹੇ ਹਾਂ। ਜਦੋਂ ਸੂਰਜ ਚੜ੍ਹਦਾ ਹੈ ਤਾਂ ਸੂਰਜ ਦੀਆਂ ਕਿਰਨਾਂ ਇਸ ਗੱਲ ਦੀ ਦੁਹਾਈ ਨਹੀਂ ਦਿੰਦੀਆਂ ਕਿ ਅਸੀਂ ਗਰਮੀ, ਸਰਦੀ ਜਾਂ ਧੁੱਪ, ਰੋਸ਼ਨੀ ਦੇ ਰਹੀਆਂ ਹਾਂ। ਜੋ ਕੰਮ ਕੀਤੇ ਹਨ ਉਹ ਲੋਕਾਂ ਨੂੰ ਆਪਣੇ ਆਪ ਪਤਾ ਲਗ ਜਾਂਦੇ ਹਨ, ਜ਼ਰੂਰੀ ਨਹੀਂ ਕਿ ਮੋਟੇ-ਮੋਟੇ ਵਿਗਿਆਪਨ ਲਾ ਕੇ ਲੋਕਾਂ ਨੂੰ ਦੱਸਿਆ ਜਾਵੇ। ਮੈਂ ਵਿੱਤ ਮੰਤਰੀ ਜੀ ਨੂੰ ਪ੍ਰਾਥਨਾ ਕਰਾਂਗੀ ਕਿ ਇਹ ਦੱਸ ਦੇਣ ਕਿ 1992 ਤੋਂ ਜਦ ਦੀ ਇਹ ਸਰਕਾਰ ਬਣੀ ਹੈ, ਉਦੋਂ ਤੋਂ ਅੱਜ ਮਾਰਚ 3 ਤਕ ਇਹ ਦੱਸ ਦੇਣ ਕਿ ਵਿਗਿਆਪਨਾਂ ਤੇ ਕਿੰਨਾ ਖਰਚ ਹੋਇਆ ਹੈ। ਇਸ ਖਰਚੇ ਦੀ ਕੋਈ ਲੋੜ ਨਹੀਂ ਸੀ। "प्रत्यक्ष किं प्रमाणम" ? ਕੀਤੇ ਗਏ ਕੰਮਾਂ ਨੂੰ ਦੱਸਣ ਲਈ ਇਸ ਤਰ੍ਹਾਂ ਦੇ ਵਿਗਿਆਪਨ ਦੀ ਲੋੜ ਹੀ ਨਹੀਂ ਪੈਂਦੀ। ਅੱਜ ਪਟਿਆਲੇ ਦੇ ਵਿੱਚ ਰੰਗਾ-ਰੰਗ ਪਰੋਗਰਾਮ ਹੋ ਰਿਹਾ ਹੈ। ਇਕ ਪਾਸੇ ਬਠਿੰਡੇ ਦੇ ਵਿੱਚ ਪੁਲਿਸ ਦੇ ਪੰਜ ਨੌਜਵਾਨਾਂ ਦੀ ਚਿਤਾ ਜਲ ਰਹੀ ਹੈ ਔਰ ਦੂਸਰੇ ਪਾਸੇ ਪਟਿਆਲੇ ਦੇ ਵਿੱਚ ਰੰਗਾ ਰੰਗ ਪਰੋਗਰਾਮ ਹੋ ਰਿਹਾ ਹੈ। ਇਸੇ ਕਰਕੇ ਸ਼ਾਇਦ ਇਥੇ ਸਾਹਮਣੇ ਸੀਟਾਂ ਖਾਲ੍ਹੀ ਪਈਆਂ ਹਨ। ਮੇਰਾ ਖਿਆਲ ਨਹੀਂ ਕਿ ਬਠਿੰਡਾਂ ਦੇ ਵਿੱਚ ਉਨ੍ਹਾਂ ਨੌਜਵਾਨਾਂ ਦੇ ਲਈ ਕੋਈ ਸ਼ਰਧਾਂਜਲੀ ਦੇਣ ਵਾਸਤੇ ਗਿਆ ਹੋਵੇਗਾ। ਫਿਰ, ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਰੰਗਾ-ਰੰਗ ਪਰੋਗਰਾਮਾਂ ਦੇ ਵਿੱਚ ਇਸ ਕਿਸਮ ਦੇ ਗਾਣੇ ਗਾਏ ਜਾਂਦੇ ਹਨ ਕਿ ਜੋ ਕੋਈ ਲੜਕਾ ਉਸ ਤਰ੍ਹਾਂ ਗਾਣਾ ਆਮ ਗਾ ਕੇ ਕਿਧਰੇ ਗਲੀ ਜਾਂ ਕਿਧਰੇ ਹੋਰ ਲੰਘ ਜਾਵੇ ਤਾਂ ਪੁਲਿਸ ਉਸਨੂੰ ਦਫਾ 109 ਵਿੱਚ ਬੰਦ ਕਰ ਸਕਦੀ ਹੈ, ਪਰ ਉਨ੍ਹਾਂ ਪਰੋਗਰਾਮਾਂ ਵਿੱਚ ਇਸ ਕਿਸਮ ਦੇ

[ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ]

ਗਾਣੇ ਗਾਏ ਜਾਂਦੇ ਹਨ। ਇਨ੍ਹਾਂ ਗੱਲਾਂ ਤੇ ਜੋ ਖਰਚਾ ਹੈ ਉਹ ਬਚਾਇਆ ਜਾ ਸਕਦਾ ਹੈ। ਇਹ ਖਰਚਾ ਜਿਸ ਘਰ ਵਿੱਚ ਗਰੀਬੀ ਹੈ, ਕਮਜ਼ੋਰੀ ਹੈ, ਬੀਮਾਰੀ ਹੈ, ਉਨ੍ਹਾਂ ਦੇ ਵਾਸਤੇ ਕੀਤਾ ਜਾ ਸਕਦਾ ਹੈ।

ਹਸਪਤਾਲਾਂ ਦੀ ਗੱਲ ਆਈ ਤਾਂ ਤੁਸੀਂ ਦੇਖਿਆ ਹੈ ਕਿ ਹਸਪਤਾਲਾਂ ਵਿੱਚ ਡਾਕਟਰ ਨਹੀਂ ਫਾਰਮਾਸਿਸਟ ਔਰ ਏ.ਐਨ.ਐਮ. ਹੀ ਕੰਮ ਚਲਾਈ ਜਾਂਦੇ ਹਨ। 50-ਬੈਡਿੱਡ ਹਸਪਤਾਲ ਬਣਾਇਆ ਗਿਆ ਹੈ ਪਰ ਉਸ ਦੇ ਵਿੱਚ ਐਮਰਜੈਂਸੀ ਵਾਰਡ ਨਹੀਂ। ਉਥੇ ਲੋਕਾਂ ਨੇ ਐਮਰਜੈਂਸੀ ਵਾਸਤੇ ਨਹੀਂ ਜਾਣਾ ਤਾਂ ਕਿ ਲੋਕਾਂ ਨੇ ਪਿਕਨਿਕ ਮੰਨਾਉਣ ਵਾਸਤੇ ਜਾਣਾ ਹੈ?

Mr. Deputy Speaker : Please confine to demands only.

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਡਿਪਟੀ ਸਪੀਕਰ ਸਾਹਿਬ, ਫਿਰ ਵਿਧਾਇਕਾਂ ਤੇ ਜੋ ਖਰਚਾ ਕੀਤਾ ਜਾ ਰਿਹਾ ਹੈ ਉਹ ਬਚ ਸਕਦਾ ਹੈ। ਮੈਂ ਵਿੱਤ ਮੰਤਰੀ ਜੀ ਨੂੰ ਪ੍ਰਾਥਨਾ ਕਰਦੀ ਹਾਂ ਕਿ ਜੇ ਮੈਂ ਇਸ ਗੱਲ ਤੋਂ ਨਾ ਰੋਕਦੀ, ਜਿਸ ਤਰ੍ਹਾਂ ਵਿਧਾਨ ਸਭਾ ਦੀਆਂ ਕਮੇਟੀਆਂ ਮਨਾਲੀ, ਸ਼ਿਮਲਾ ਲੇਹ ਤਕ ਜਾਣ ਲਗ ਪਈਆਂ ਸਨ ਤਾਂ ਇਹ ਖਰਚਾ ਅੱਜ 30 ਲੱਖ ਦੀ ਬਜਾਏ 3 ਕਰੋੜ ਰੁਪਿਆ ਹੋਣਾ ਸੀ । ਡਿਪਟੀ ਸਪੀਕਰ ਸਾਹਿਬ, ਜਿਹੜਾ ਖਰਚਾ ਸਰਕਾਰ ਨੇ ਕਰ ਲਿਆ ਹੈ ਉਹ ਤਾਂ ਪ੍ਰਵਾਨ ਕਰਨਾ ਪੈਂਦਾ ਹੈ ਕਿਉਂਕਿ ਉਹ ਖਰਚਾ ਕਰ ਲਿਆ ਹੈ ਅਤੇ ਇਸ ਦੀ ਮਨਜ਼ੂਰੀ ਦੇਣੀ ਹੈ ਪਰ ਅੱਗੇ ਵਾਸਤੇ ਮੈਂ ਪ੍ਰਾਥਨਾ ਕਰਾਂਗੀ ਕਿ ਮੰਤਰੀਆਂ ਤੇ ਅਤੇ ਅਧਿਕਾਰੀਆਂ ਦੇ ਟੈਲੀਫੋਨਾਂ ਦੇ ਬਿਲਾਂ ਤੇ ਉਪਰ ਵਾਲੀ ਸੀਲਿੰਗ ਕਰ ਦਿਉ ਕਿ ਇਸ ਤੋਂ ਵੱਧ ਨਹੀਂ ਕਰ ਸਕਦੇ । ਉਹਨਾਂ ਦੇ ਬੱਚੇ ਅੰਮ੍ਰਿਤਸਰ ਤੋਂ ਦਿੱਲੀ ਅਤੇ ਦਿੱਲੀ ਤੋਂ ਕਲਕੱਤੇ ਜਾਂ ਚੰਡੀਗੜ੍ਹ ਸਾਰਾ ਦਿਨ ਟੈਲੀਫੂਨ ਕਰਦੇ ਰਹਿੰਦੇ ਹਨ। ਮੰਤਰੀਆਂ ਦੇ ਟੈਲੀਫੂਨਾਂ ਦੇ ਬਿਲਾਂ ਤੇ ਸੀਲਿੰਗ ਲਗਾ ਦਿਓ ਕਿ ਅਗਰ ਇਸ ਤੋਂ ਜ਼ਿਆਦਾ ਬਿਲ ਆਇਆ ਤਾਂ ਤੁਸੀਂ ਆਪ ਹੀ ਭਰੋਗੇ। ਇਸੇ ਤਰ੍ਹਾਂ ਹੀ ਅਧਿਕਾਰੀਆਂ ਲਈ ਕਰ ਦਿਓ।

ਇਕ ਗੱਲ ਹੁਣ ਮੈਂ ਟਰਾਂਸਪੋਰਟ ਡਿਪਾਰਟਮੈਂਟ ਦੇ ਬਾਰੇ ਕਰਨੀ ਚਾਹੁੰਦੀ ਹਾਂ। ਸਾਡੀ ਪੰਜਾਬ ਰੋਡਵੇਜ਼ ਹੈ ਜਾਂ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਹੈ, ਦੋਵੇਂ ਘਾਟੇ ਵਿਚ ਚਲ ਰਹੀਆਂ ਹਨ। ਪਿਛਲੇ ਸਾਲ ਮੈਂ ਟਰਾਂਸਪੋਰਟ ਮੰਤਰੀ ਸਾਹਿਬ ਤੋਂ ਸੂਚਨਾ ਮੰਗੀ ਸੀ ਜਿਸ ਵਿਚ ਉਨ੍ਹਾਂ ਨੇ ਦਸਿਆ ਸੀ ਕਿ ਆਮ ਤੌਰ ਤੇ 52 ਸਵਾਰੀਆਂ ਬੱਸ ਵਿਚ ਭਰੀਆਂ ਜਾਂਦੀਆਂ ਹਨ ਅਤੇ ਸ਼ਾਮ ਸਵੇਰ ਦੇ ਸਮੇਂ 25 ਪ੍ਰਤੀਸ਼ਤ ਵੱਧ ਸਵਾਰੀਆਂ ਲਈਆਂ ਜਾਂਦੀਆਂ ਹਨ। ਇਸ ਦੇ ਬਾਵਜੂਦ ਵੀ ਸਾਡੀ ਟਰਾਂਸਪੋਰਟ ਘਾਟੇ ਵਿਚ ਚਲ ਰਹੀ ਹੈ। ਜਦ ਕਿ ਪ੍ਰਾਈਵੇਟ ਵਾਲੇ ਅਗਰ ਅੱਜ ਇਕ ਬੱਸ ਪਾਉਂਦੇ ਹਨ ਤਾਂ ਅਗਲੇ ਸਾਲ ਦੂਜੀ ਬੱਸ ਪਾਉਣ ਦੇ ਕਾਬਲ ਹੋ ਜਾਂਦੇ ਹਨ। ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਅਗਰ ਸਾਡਾ ਕੰਮ ਠੀਕ ਤਰ੍ਹਾਂ ਹੋਵੇ ਤਾਂ ਇਹ ਜਿਹੜੀ ਟਰਾਂਸਪੋਰਟ ਹੈ ਇਹ ਸਾਡਾ ਕਮਾਊ ਪੁੱਤ ਬਣ ਜਾਏ।

ਇਕ ਡਿਮਾਂਡ ਪੁਲਿਸ ਵਿਭਾਗ ਦੇ ਬਾਰੇ ਵਿਚ ਆਈ ਹੈ ਜਿਸ ਦੇ ਲਈ ਕੁਝ ਹੋਰ ਪੈਸੇ ਦੀ ਲੋੜ ਪੈ ਗਈ। ਮੈਂ ਕਹਿੰਦੀ ਹਾਂ ਕਿ ਅਗਰ ਹੋਰ ਲੋੜ ਹੈ ਤਾਂ 31 ਮਾਰਚ ਤੋਂ ਪਹਿਲਾਂ ਪਹਿਲਾਂ ਉਹ ਵੀ ਲੈ ਲਵੋ, ਪਰ ਜਿਹੜੇ ਐਸ.ਪੀ.ਓਜ਼ ਤੁਸੀਂ ਰਖੇ ਹਨ, ਉਨ੍ਹਾਂ ਨੂੰ ਬੇਕਾਰ ਕਰਕੇ ਨਹੀਂ ਕੱਢਣਾ ਅਗਰ ਹੋ ਸਕੇ ਤਾਂ ਹੋਰ ਮਹਿਕਮਿਆਂ ਵਿਚ ਐਡਜਸਟ ਕਰੋ, ਜਾਂ ਫਿਰ ਜਿਹੜੀ ਡਿਊਟੀ ਉਨ੍ਹਾਂ ਕੋਲੋਂ ਲੈ ਰਹੇ ਹੋ ਉਹ ਲੈਂਦੇ ਰਹੋ। ਮੈਂ ਪਿਛਲੇ ਵਰਸ਼ ਵੀ ਕਿਹਾ ਸੀ ਕਿ ਜਿਹੜੇ ਕੁਝ ਨੇਤਾਵਾਂ ਨੇ ਔਰ

ਅਫ਼ਸਰਾਂ ਨੇ ਆਪਣੇ ਘਰਾਂ ਵਿਚ, ਆਪਣੇ ਘਰਾਂ ਦੇ ਕੰਮ ਕਰਾਉਣ ਲਈ ਐਸ.ਪੀ.ਓ. ਤੇ ਹੋਮਗਰਡ ਰਖੇ ਹੋਏ ਹਨ ਅਗਰ ਉਨ੍ਹਾਂ ਦੀ ਗਿਣਤੀ ਕੀਤੀ ਜਾਏ ਤਾਂ ਕੋਈ ਇਕ ਹਜ਼ਾਰ ਦੇ ਕਰੀਬ ਹੋਵੇਗੀ ਅਗਰ ਉਹ ਵਾਪਸ ਲਏ ਜਾਣ ਤਾਂ ਕਾਫੀ ਖਰਚਾ ਬਚਦਾ ਹੈ । ਇਸ ਦੇ ਨਾਲ ਹੀ ਮੈਂ ਕਹਾਂਗੀ ਕਿ ਜਿਹੜੀ ਪੁਲਿਸ ਇਥੇ ਸਾਡੇ ਗੰਨਮੈਨ ਦੇ ਰੂਪ ਵਿਚ ਚੰਡੀਗੜ੍ਹ ਆਉਂਦੀ ਹੈ, ਉਸ ਦੇ ਰਹਿਣ ਲਈ ਐਸੀ ਜਗ੍ਹਾ ਹੁੰਦੀ ਹੈ, ਜਾਂ ਤਾਂ ਉਹ ਦਲਦਲ ਵਾਲੀ ਜਿਥੇ ਪਾਣੀ ਹੀ ਪਾਣੀ, ਜਾਂ ਜਿਥੇ ਬਿਲਕੁਲ ਪਾਣੀ ਪੀਣ ਵਾਸਤੇ ਹੀ ਨਹੀਂ ਮਿਲਦਾ। ਜਦੋਂ ਬਰਸਾਤ ਜਾਂ ਹਨੇਰੀ ਆਉਂਦੀ ਹੈ, ਉਹ ਬਰਾਮਦਿਆਂ ਵਿਚ ਰੁਲਦੇ ਫਿਰਦੇ ਹੁੰਦੇ ਹਨ। ਉਨ੍ਹਾਂ ਲਈ ਚੰਡੀਗੜ੍ਹ ਵਿਚ ਕੋਈ ਬਿਲਡਿੰਗ ਬਣਾਉਣ ਦੀ ਵਿਵਸਥਾ ਨਹੀਂ ਕੀਤੀ ਗਈ ।

ਇਸ ਦੇ ਨਾਲ ਹੀ ਮੈਂ ਇਕ ਗੱਲ ਹੋਰ ਕਰਨੀ ਚਾਹੁੰਦੀ ਹਾਂ ਕਿ ਜਿਹੜਾ ਸਾਡੇ ਵਿਧਾਨ-ਕਾਰਾਂ ਲਈ ਆਵਾਸ ਹੈ, ਉਸਦੇ ਵਿਚ ਟੈਲੀਫੂਨ ਐਕਸਚੇਂਜ ਲਗਾ ਹੋਇਆ ਹੈ, ਉਸ ਦੇ ਜਿਹੜੇ ਆਪਰੇਟਰ ਹਨ ਉਨ੍ਹਾਂ ਦੇ ਗਰੇਡ ਬਾਬਾਆਦਮ ਵੇਲੇ ਦੇ ਤੁਰੇ ਆ ਰਹੇ ਹਨ। ਮੈਂ ਕਹਿੰਦੀ ਹਾਂ ਕਿ ਉਨ੍ਹਾਂ ਦਾ ਵੀ ਧਿਆਨ ਰਖਿਆ ਜਾਏ, ਅਤੇ ਜੇ ਹੋਰ ਖਰਚੇ ਦੀ ਲੋੜ ਹੈ ਤਾਂ ਹੁਣੇ ਉਹ ਵੀ ਲੈ ਲਵੋਂ ਅਤੇ ਵਗਦੀ ਗੰਗਾ ਵਿਚ ਹੱਥ ਧੋ ਲਵੋ।

ਇਸ ਦੇ ਨਾਲ ਹੀ ਮੈਂ ਇਕ ਗੱਲ ਇਹ ਕਰਨੀ ਚਾਹੁੰਦੀ ਹਾਂ ਕਿ ਜਿਹੜੇ ਕੁਝ ਅਫ਼ਸਰ 58 ਸਾਲ ਦੀ ਸਰਵਿਸ ਪੂਰੀ ਕਰਕੇ ਰਿਟਾਇਰ ਹੋਣ ਤੇ ਆਉਂਦੇ ਹਨ ਉਨ੍ਹਾਂ ਵਿਚੋਂ ਜਿਹੜਾ-ਜਿਹੜਾ ਜਿਸ ਵਿਭਾਗ ਦੇ ਮੁੱਖੀ ਨੂੰ ਚੰਗਾ ਲਗਦਾ ਹੈ ਉਸ ਨੂੰ ਐਕਸਟੈਨਸ਼ਨ ਦੇ ਕੇ ਰੱਖ ਲਿਆ ਜਾਂਦਾ ਹੈ। ਇਸ ਕਾਰਣ ਨਵੀਂ ਪੀੜ੍ਹੀ ਦੇ ਬੱਚਿਆਂ ਨੂੰ ਨਵੀਂ ਭਰਤੀ ਨਹੀਂ ਮਿਲਦੀ। ਇਸ ਪਾਸੇ ਧਿਆਨ ਦੇਣ ਦੀ ਲੋੜ ਹੈ।

ਡਿਪਟੀ ਸਪੀਕਰ ਸਾਹਿਬ, ਮੈਨੂੰ ਇਕ ਪੁਰਾਣੀ ਗੱਲ ਯਾਦ ਆ ਗਈ। ਸਰਕਾਰੀ ਖਰਚੇ ਤੇ ਔਰ ਮੈਂ ਉਹ ਗੱਲ ਕਹਿਣ ਲਗੀ ਹਾਂ ਔਰ ਮੈਨੂੰ ਮੁਆਫ ਕਰਨਾ ਮੈਂ ਉਹ ਗੱਲ ਕਹੇ ਬਗੈਰ ਰਹਿ ਵੀ ਨਹੀਂ ਸਕਦੀ। ਚਾਣਕਿਆ ਦੇ ਵੇਲੇ ਇਕ ਵਿਦੇਸ਼ੀ ਯਾਤਰੂ ਉਨ੍ਹਾਂ ਨੂੰ ਮਿਲਣ ਆ ਗਿਆ ਕੋਈ ਗੱਲ ਕਰਨ ਲਈ। ਉਨ੍ਹਾਂ ਨੇ ਕਿਹਾ ਪੰਜ ਮਿੰਟ ਠਹਿਰ ਜਾਓ। ਕਿਉਂਕਿ ਮੈਂ ਸਰਕਾਰੀ ਕੰਮ ਕਰ ਰਿਹਾ ਹਾਂ। ਪੰਜ ਮਿੰਟ ਦੇ ਬਾਦ ਜਦੋਂ ਉਹ ਯਾਤਰੂ ਨਾਲ ਗੱਲ ਕਰਨ ਲਗੇ ਤਾਂ ਉਨ੍ਹਾਂ ਕੋਲ ਕੰਮ ਕਰਨ ਲਈ ਜੋ ਲੈਂਪ ਜਲ ਰਿਹਾ ਸੀ, ਉਨ੍ਹਾਂ ਨੇ ਉਹ ਲੈਂਪ ਬੁਝਾ ਦਿਤਾ ਤੇ ਦੂਸਰਾ ਜਗਾਇਆ। ਇਸ ਤੇ ਉਸ ਯਾਤਰੂ ਨੇ ਪੁਛਿਆ ਕਿ ਇਕ ਲੈਂਪ ਬੁਝਾ ਕੇ ਦੂਸਰਾ ਜਗਾ ਦੇਣ ਦਾ ਕੀ ਕਾਰਣ ਹੈ ਤਾਂ ਚਾਣਕਿਆਂ ਜੀ ਨੇ ਕਿਹਾ ਕਿ ਪਹਿਲਾਂ ਮੈ ਸਰਕਾਰੀ ਕੰਮ ਕਰ ਰਿਹਾ ਸੀ, ਉਹ ਲੈਂਪ ਸਰਕਾਰੀ ਤੇਲ ਨਾਲ ਚਲਣ ਵਾਲਾ ਸੀ, ਹੁਣ ਚੂੰਕਿ ਮੈਂ ਤੇਰੇ ਨਾਲ ਪ੍ਰਾਈਵੇਟ ਤੌਰ ਤੇ ਗੱਲ ਕਰ ਰਿਹਾ ਹਾਂ ਇਸ ਲਈ ਮੈਂ ਸਰਕਾਰੀ ਤੇਲ ਨਾਲ ਜਲਣ ਵਾਲਾ ਲੈਂਪ ਬੁਝਾ ਦਿੱਤਾ ਹੈ । ਅਗਰ ਅਸੀਂ ਸਾਰੇ ਇਸ ਤਰ੍ਹਾਂ ਕਰੀਏ ਤਾਂ ਫਿਰ ਨਾ ਤੇ ਘਾਟੇ ਦੇ ਬਜਟ ਆਉਣਗੇ ਅਤੇ ਨਾ ਇਹ ਸਪਲੀਮੈਂਟਰੀ ਆਉਣਗੇ। ਅੰਤ ਵਿਚ ਮੈਂ ਕਹਾਂਗੀ ਕਿ ਇਹ ਬਹੁਤ ਸਾਰੀਆਂ ਮੰਗਾਂ ਨਾਜਾਇਜ਼ ਹਨ। ਸਿਰਫ਼ ਪੁਲਿਸ ਤੇ ਸ਼ਿਕਸ਼ਾ ਦੀਆਂ ਜਿਹੜੀਆਂ ਡਿਮਾਂਡਜ਼ ਹਨ, ਇਹ ਠੀਕ ਹਨ। ਧੰਨਵਾਦ, ਜੈ ਹਿੰਦ।

ਕਾਮਰੇਡ ਤਰਸੇਮ ਜੋਧਾਂ (ਕਿਲਾ ਰਾਏਪੁਰ): ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਆਪ ਜੀ ਦਾ ਅਤਿ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਅਨਪੂਰਕ ਮੰਗਾਂ ਤੇ ਬੋਲਣ ਦਾ ਮੌਕਾ ਦਿੱਤਾ ਹੈ। ਜਿਹੜੇ ਪਹਿਲਾਂ ਵਰ੍ਹੇ ਦੇ ਖਰਚੇ ਪਾਸ ਕਰਾਉਂਦੇ ਹਨ ਉਹ ਘੱਟ ਰਖੇ ਜਾਂਦੇ ਹਨ ਅਤੇ ਬਾਅਦ ਵਿਚ ਅਨਪੂਰਕ ਮੰਗਾਂ

[ਕਾਮਰੇਡ ਤਰਸੇਮ ਜੋਧਾਂ]

ਰਾਹੀਂ ਵਾਧੂ ਖਰਚੇ ਹਾਊਸ ਤੋਂ ਪਾਸ ਕਰਾਏ ਜਾਂਦੇ ਹਨ। ਇਹ ਮੰਗਾਂ ਬਹੁਤ ਜ਼ਿਆਦਾ ਹੁੰਦੀਆਂ ਹਨ। ਇਹ ਸਦਨ ਨਾਲ ਅਤੇ ਪੰਜਾਬ ਦੇ ਲੋਕਾਂ ਨਾਲ ਬੇਇਨਸਾਫ਼ੀ ਹੈ । ਪਹਿਲਾਂ ਹੀ ਸਾਨੂੰ ਐਸਾ ਬਜ਼ਟ ਬਣਾਉਣਾ ਚਾਹੀਦਾ ਹੈ ਜਿਸ ਨਾਲ ਇਨ੍ਹਾਂ ਅਨਪੂਰਕ ਮੰਗਾਂ ਦੀ ਲੋੜ ਹੀ ਨਾ ਪਵੇ। ਦੂਸਰੀ ਗੱਲ ਮੈਂ ਇਹ ਸਪਸ਼ਟ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਦੇ ਹਾਲਾਤ ਨੂੰ ਮੁੱਖ ਰਖ ਕੇ ਪੁਲਿਸ ਤੇ ਖਰਚ ਕਰਨਾ ਬਹੁਤ ਜ਼ਰੂਰੀ ਸੀ ਕਿਉਂਕਿ ਪੰਜਾਬ ਦੀ ਪੁਲਿਸ ਨੇ ਬਹੁਤ ਵੱਡੀ ਲੜਾਈ ਲੜੀ ਹੈ । ਅਸੀਂ ਐਪ੍ਰੀਸ਼ੀਏਟ ਕਰਦੇ ਹਾਂ ਕਿ ਉਨ੍ਹਾਂ ਨੌਜਵਾਨਾਂ ਨੂੰ, ਅਫਸਰਾਂ ਨੂੰ ਜਿਨ੍ਹਾਂ ਨੇ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਹਨ ਔਰ ਪਰਿਵਾਰ ਵਾਰੇ ਹਨ । ਮੈਂ ਉਨ੍ਹਾਂ ਲੋਕਾਂ ਦੀ ਨੁਕਤਾਚੀਨੀ ਵੀ ਕਰਦਾ ਹਾਂ ਜਿਨ੍ਹਾਂ ਨੇ ਪੈਸੇ ਇਕੱਠੇ ਕੀਤੇ ਹਨ। ਇਸ ਵਿਚ ਮੈਂ ਐਡ ਕਰਨਾ ਚਾਹੁੰਦਾ ਹਾਂ ਕਿ ਹੋਮਗਾਰਡਜ਼ ਔਰ ਐਸ.ਪੀ.ਓਜ਼ ਦੀਆਂ ਤਨਖਾਹਾਂ ਵਿਚ ਵਾਧਾ ਕੀਤਾ ਜਾਵੇ । ਉਹ ਵਿਚਾਰੇ 24 ਘੰਟਿਆਂ ਵਿਚੋਂ 16/16 ਘੰਟੇ ਡਿਊਟੀ ਦਿੰਦੇ ਹਨ ਔਰ ਬਹੁਤ ਸਾਰੇ ਸੰਸਾਰ ਵਿਚੋਂ ਚਲੇ ਗਏ ਹਨ। ਇਸ ਲਈ ਮੈਂ ਕਹਾਂਗਾ ਕਿ ਉਨ੍ਹਾਂ ਨੂੰ ਨੌਕਰੀ ਵਿਚੋਂ ਨਾ ਕੱਢਿਆ ਜਾਵੇ । ਉਨ੍ਹਾਂ ਨੂੰ ਸਫਰ ਵਿਚ ਵੀ ਉਸੇ ਤਰ੍ਹਾਂ ਹੀ ਕਨਸੇਸ਼ਨ ਦਿੱਤਾ ਜਾਵੇ ਜਿਸ ਤਰ੍ਹਾਂ ਦੂਸਰੇ ਕਾਂਸਟੇਬਲ ਲੈ ਰਹੇ ਹਨ ।

ਮੈਂ ਇਕ ਗੱਲ ਹੋਰ ਦਸਦਾ ਹਾਂ ਕਿ ਸਰਕਾਰ ਦੀਆਂ ਗੱਡੀਆਂ ਦਾ ਬੀਮਾ ਨਹੀਂ ਹੁੰਦਾ । ਜਦੋਂ ਕੋਈ ਐਕਸੀਡੈਂਟ ਵਗੈਰਾ ਹੋ ਜਾਂਦਾ ਹੈ ਤਾਂ ਜੋ ਪੈਸੇ ਖਰਚ ਕਰਨੇ ਪੈਂਦੇ ਹਨ ਉਹ ਡਰਾਈਵਰਾਂ ਨੂੰ ਆਪਣੇ ਕੋਲੋਂ ਖਰਚ ਕਰਨੇ ਪੈਂਦੇ ਹਨ। ਮੇਰੀ ਆਪਣੀ ਗੱਡੀ ਦਾ ਇਕ ਵਾਰੀ ਐਕਸੀਡੈਂਟ ਹੋ ਗਿਆ ਤਾਂ 15 ਹਜ਼ਾਰ ਰੁਪਿਆ ਡਰਾਈਵਰ ਨੂੰ ਆਪਣੇ ਪਾਸੋਂ ਖਰਚ ਕਰਨਾ ਪਿਆ। ਇਸ ਲਈ ਮੈਂ ਕਹਾਂਗਾ ਕਿ ਸਰਕਾਰੀ ਗੱਡੀਆਂ ਦਾ ਬੀਮਾ ਕਰਵਾਉਣਾ ਚਾਹੀਦਾ ਹੈ ਤਾਂਕਿ ਡਰਾਈਵਰਾਂ ਨੂੰ ਆਪਣੇ ਪਾਸੋਂ ਪੈਸੇ ਨਾ ਖਰਚ ਕਰਨੇ ਪੈਣ ।

ਡਿਪਟੀ ਸਪੀਕਰ ਸਾਹਿਬ, ਮੈਡੀਕਲ ਬਿਲਾਂ ਦੀ ਬੜੀ ਚਰਚਾ ਹੁੰਦੀ ਹੈ । ਬਹੁਤ ਸਾਰੇ ਮੁਲਾਜ਼ਮ ਹਨ ਜਿਹੜੇ ਕਿ ਬੋਗਸ ਬਿਲ ਬਣਾ ਕੇ ਪੈਸੇ ਲੈਂਦੇ ਹਨ, ਚਾਹੇ ਉਹ ਬਿਮਾਰ ਹੋਣ ਜਾਂ ਨਾ ਹੋਣ । ਇਕੱਲੇ ਸੈਕਰੇਟੇਰੀਏਟ ਵਿਚ 17 ਲੱਖ ਰੁਪਏ ਦਾ ਮੈਡੀਕਲ ਦਾ ਖਰਚਾ ਹੈ ਕਿਉਂਕਿ ਜਿਹੜਾ ਮੁਲਾਜ਼ਮ ਚੰਗਾ ਭਲਾ ਹੈਲਦੀ ਹੈ, ਉਹ ਵੀ ਮੈਡੀਕਲ ਬਿਲ ਲੈਂਦਾ ਹੈ ਔਰ ਜਿਹੜਾ ਬਿਮਾਰ ਹੈ ਉਹ ਵੀ ਲੈਂਦਾ ਹੈ। ਇਸ ਲਈ ਇਹ ਬੰਦ ਕਰਨਾ ਚਾਹੀਦਾ ਹੈ । ਸਾਲ 1990-91 ਵਿਚ ਮੈਡੀਕਲ ਦਾ ਖਰਚਾ 60.80 ਲੱਖ ਰੁਪਏ ਸੀ, ਸਾਲ 1991-92 ਵਿਚ ਇਹ ਵਧ ਕੇ 64.80 ਲੱਖ ਰੁਪਏ ਹੋ ਗਿਆ ਔਰ ਸਾਲ 1992-93 ਵਿਚ ਇਹ 67.30 ਲੱਖ ਦੇ ਕਰੀਬ ਹੋ ਚੁਕਿਆ ਹੈ। ਇਸ ਤਰ੍ਹਾਂ ਇਹ ਵਧਦਾ ਜਾ ਰਿਹਾ ਹੈ। ਸਾਡਾ ਤਜਰਬਾ ਹੈ ਕਿ ਇਸ ਵਿਚ ਬਹੁਤ ਵੱਡੀ ਘਪਲੇਬਾਜ਼ੀ ਹੁੰਦੀ ਹੈ। ਇਹ ਬੰਦ ਹੋਣੀ ਚਾਹੀਦੀ ਹੈ।

ਫਿਰ ਬਹੁਤ ਸਾਰੇ ਮਹਿਕਮਿਆਂ ਵਿਚ ਮੁਲਾਜ਼ਮਾਂ ਨਾਲ ਬੇਇਨਸਾਫੀ ਹੁੰਦੀ ਹੈ, ਮੁਕੱਦਮੇ ਚਲਦੇ ਹਨ। ਇਸ ਤਰਾਂ ਨਾਲ ਵਕੀਲ ਦਾ ਖਰਚਾ, ਅਦਾਲਤਾਂ ਦਾ ਖਰਚਾ ਵੀ ਸਰਕਾਰ ਉਤੇ ਪੈਂਦਾ ਹੈ ਔਰ ਮੁਲਾਜ਼ਮ ਵੀ ਪ੍ਰੇਸ਼ਾਨ ਹੁੰਦਾ ਹੈ। ਇਹ ਖਰਚਾ ਐਜੂਕੇਸ਼ਨ ਮਹਿਕਮੇਂ ਵਿਚ 97.75 ਲੱਖ, ਐਕਸਾਈਜ਼ ਐਂਡ ਟੈਕਸੈਸ਼ਨ, ਦੇ ਮਹਿਕਮੇਂ ਵਿਚ 1.87 ਲੱਖ ਇੰਡਸਟਰੀ ਵਿਚ 239.50 ਲੱਖ ਔਰ ਪਬਲਿਕ ਰਿਲੇਸ਼ਨਜ਼ ਦੇ ਮਹਿਕਮੇਂ ਵਿਚ 1.45 ਲੱਖ ਕੀਤਾ ਗਿਆ ਹੈ ਔਰ ਇਕ ਵੀ ਕੇਸ ਨਹੀਂ ਜਿੱਤਿਆ ਗਿਆ । ਸਾਰੇ ਦੇ ਸਾਰੇ ਕੇਸ ਹਾਰੇ ਹੀ ਹਨ । ਇਸ ਲਈ ਮੈਂ ਬੇਨਤੀ ਕਰਾਂਗਾ ਕਿ ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ, ਸਰਕਾਰ ਨੂੰ ਰੋਕ ਲਾਉਣੀ ਚਾਹੀਦੀ ਹੈ ਕਿ ਸਰਕਾਰ ਦਾ ਪੈਸਾ ਇਸ ਤਰ੍ਹਾਂ ਨਾ ਖਰਚਿਆ ਜਾਵੇ। ਨਾਲ ਹੀ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿੱਥੋਂ ਤਕ ਮੰਤਰੀਆਂ ਦੇ ਖਰਚਿਆਂ ਦਾ ਤੁਅੱਲਕ ਹੈ,

[ਕਾਮਰੇਡ ਤਰਸੇਮ ਜੋਧਾਂ]

ਮੈਂ ਨਹੀਂ ਚਾਹੁੰਦਾ ਕਿ ਮੰਤਰੀ ਆਪਣੇ ਹਲਕੇ ਵਿਜ਼ਿਟ ਨਾ ਕਰਨ, ਲੋਕਾਂ ਨੂੰ ਐਡਰੈਸ ਨਾ ਕਰਨ ਪਰ ਅਸੀਂ ਨੋਟ ਕਰ ਰਹੇ ਹਾਂ ਕਿ ਇਸ ਤਰ੍ਹਾਂ ਤਾਂ ਸੈਕਰੇਟਰੀਏਟ ਵੇਹਲਾ ਪਿਆ ਰਹਿੰਦਾ ਹੈ ਔਰ ਦੂਸਰਾ ਜਦੋਂ ਇਕ ਮੰਤਰੀ ਜਾਂਦਾ ਹੈ ਤਾਂ ਸੈਂਕੜੇ ਕਾਰਾਂ ਦੇ ਕਾਫਲੇ ਉਥੇ ਜਾਂਦੇ ਹਨ, ਇਸ ਤਰ੍ਹਾਂ ਨਾਲ ਸਰਕਾਰ ਦਾ ਪੈਸਾ ਜ਼ਾਇਆ ਜਾਂਦਾ ਹੈ। ਇਸ ਲਈ ਇਸ ਖਰਚੇ ਨੂੰ ਰੋਕਿਆ ਜਾਣਾ ਚਾਹੀਦਾ ਹੈ।

ਇਕ ਗੱਲ ਮੈਂ ਮੁਲਾਜ਼ਮਾਂ ਦੇ ਬਾਰੇ ਹੋਰ ਕਹਿਣੀ ਚਾਹੁੰਦਾ ਹਾਂ ਕਿ ਜਿਹੜੀ ਚਲੱਈਆ ਰਿਪੋਰਟ ਹੈ, ਉਸ ਨੂੰ ਲਾਗੂ ਨਹੀਂ ਕਰਨਾ ਚਾਹੀਦਾ। ਉਸ ਮਸਲੇ ਨੂੰ ਬੰਦ ਕਰ ਦੇਣਾ ਚਾਹੀਦਾ ਹੈ ਔਰ ਹਨੂਮਨਥਈਆਂ ਰਿਪੋਰਟ ਜਿਹੜੀ ਹੈ, ਜਿਸ ਦੇ ਵਿਚ ਮੰਤਰੀਆਂ ਨੂੰ ਘਟਾਉਣ ਬਾਰੇ ਸਿਫਾਰਸ਼ ਕੀਤੀ ਗਈ ਹੈ, ਉਹ ਲਾਗੂ ਕਰਨੀ ਚਾਹੀਦੀ ਹੈ। ਸਾਡੇ ਬਹੁਤ ਮੰਤਰੀ ਹਨ। (ਥੰਪਿੰਗ)

ਟਰਾਂਸਪੋਰਟ ਦੀ ਵੀ ਮੈਂ ਗੱਲ ਦੱਸਦਾ ਹਾਂ। ਟਰਾਂਸਪੋਰਟ ਮੁਨਾਫੇ ਵਿਚ ਜਾ ਸਕਦਾ ਹੈ। ਸਵਾਰੀਆਂ ਰਿਸਕ ਵੀ ਲੈਂਦੀਆਂ ਹਨ, ਬੱਸਾਂ ਵਿਚ ਥੱਲੋਂ ਉਪਰ ਬੈਠਕੇ ਜਾਂਦੀਆਂ ਹਨ, ਕਿਰਾਇਆ ਦਿੰਦੀਆਂ ਹਨ, ਪਰ ਫਿਰ ਵੀ ਟਰਾਂਸਪੋਰਟ ਘਾਟੇ ਵਿਚ ਕਿਉਂ ਜਾਂਦੀ ਹੈ? ਕਿਉਂਕਿ ਇਸ ਵਿਚ ਕੁਰੱਪਸ਼ਨ ਬਹੁਤ ਹੈ। ਮੈਂ ਡਰਾਈਵਰਾਂ ਜਾਂ ਕੰਡਕਟਰਾਂ ਦੀ ਕੁਰੱਪਸ਼ਨ ਦੀ ਗੱਲ ਨਹੀਂ ਕਰਦਾ। ਜੋ ਸਪੇਅਰਪਾਰਟਸ ਲਏ ਜਾਂਦੇ ਹਨ, ਉਨ੍ਹਾਂ ਦੇ ਵਿਚ ਬੜੀ ਹੀ ਘਪਲੇਬਾਜ਼ੀ ਹੁੰਦੀ ਹੈ ਔਰ ਵੱਡੇ ਪੈਮਾਨੇ ਤੇ ਹੁੰਦੀ ਹੈ। ਸਾਡੀਆਂ ਜਿਪਸੀਆਂ ਦੇ ਪੁਰਜ਼ਿਆਂ ਦੀ ਖਰੀਦ ਵਿਚ ਵੀ ਹੁੰਦੀ ਹੈ। ਮੇਰੀ ਜਿਪਸੀ ਵਿਚ ਇਕ ਦਿਨ ਕੋਈ ਪੁਰਜ਼ਾ ਪਾਇਆ ਗਿਆ ਤਾਂ ਉਸ ਪੁਰਜ਼ੇ ਦੀ ਜੋ ਕੀਮਤ ਦੱਸੀ ਗਈ, ਜਦੋਂ ਮੈਂ ਮਾਰਕਿਟ ਵਿਚੋਂ ਸਪੇਅਰ ਪਾਰਟਸ ਦੀ ਦੁਕਾਨ ਦੇ ਮਾਲਕ ਤੋਂ ਉਸੇ ਹੀ ਪੁਰਜ਼ੇ ਦੀ ਕੀਮਤ ਪੁੱਛੀ ਤਾਂ ਪਤਾ ਲਗਿਆ ਕਿ ਮਾਰਕੀਟ ਕੀਮਤ ਨਾਲੋਂ ਉਸ ਪੁਰਜ਼ੇ ਦੀ ਕੀਮਤ ਤਿੰਨ ਗੁਣਾ ਜ਼ਿਆਦਾ ਲਗਾਈ ਗਈ ਹੈ। ਇਹ ਜੋ ਵੱਡਾ ਘਪਲਾ ਹੋ ਰਿਹਾ ਹੈ ਇਸ ਨੂੰ ਬੰਦ ਕਰਨਾ ਚਾਹੀਦਾ ਹੈ।

ਰੂਰਲ ਡਿਵੈਲਪਮੈਂਟ ਦਾ ਕੰਮ ਹੈ। ਸਰਕਾਰ ਚੰਗੇ ਪਾਸੇ ਕਦਮ ਚੁੱਕ ਰਹੀ ਹੈ। ਇਸ ਖੇਤਰ ਲਈ ਆਉਣ ਵਾਲੇ ਸਾਲ ਵਿਚ ਹੋਰ ਪੈਸਾ ਦਿੱਤਾ ਜਾਣਾ ਚਾਹੀਦਾ ਹੈ। ਪਰ ਮੈਂ ਇਸ ਦੇ ਨਾਲ ਹੀ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਬਹੁਤ ਸਾਰੇ ਪਿੰਡਾਂ ਵਿਚ ਜਿੱਥੇ ਡਿਵੈਲਪਮੈਂਟ ਦਾ ਕੰਮ ਹੋ ਰਿਹਾ ਹੈ, ਉਥੇ ਜੋ ਮੈਟੀਰੀਅਲ ਲਗਾਇਆ ਜਾ ਰਿਹਾ ਹੈ ਉਹ ਇਸ ਤਰ੍ਹਾਂ ਹੈ ਕਿ ਜਿਸ ਨੂੰ ਹੋਰ ਕੋਈ ਚੁੱਕਣ ਨੂੰ ਤਿਆਰ ਨਹੀਂ ਹੈ। ਲੋਕਾਂ ਦਾ ਪੈਸਾ ਸਰਕਾਰ ਪਾਸ ਆਉਂਦਾ ਹੈ ਪਰ ਮੈਟੀਰੀਅਲ ਘਟੀਆ ਲਗਦਾ ਹੈ। ਫਿਰ ਕਮਿਸ਼ਨ ਰੱਖਿਆ ਹੁੰਦਾ ਹੈ, ਅਫਸਰਾਂ ਦਾ ਕੰਮ ਕਰਾਉਣ ਵਾਲਿਆਂ ਦਾ। ਉਹ ਕਮਿਸ਼ਨ ਕਿਹਾ ਜਾਂਦਾ ਹੈ ਕਿ ਲੀਗਲ ਹੁੰਦਾ ਹੈ, ਕੁਰੱਪਸ਼ਨ ਲੀਗਲ ਹੁੰਦੀ ਹੈ ਕਿਉਂਕਿ ਇਹ ਕਿਹਾ ਜਾਂਦਾ ਹੈ ਕਿ ਇਤਨਾ ਕਮਿਸ਼ਨ ਤਾਂ ਦੇਣਾ ਹੀ ਦੇਣਾ ਹੈ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਮੈਟੀਰੀਅਲ ਚੰਗਾ ਲਗਣਾ ਚਾਹੀਦਾ ਹੈ।

ਇਸ ਦੇ ਨਾਲ ਹੀ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਟੈਕਨੀਕਲ ਐਜੂਕੇਸ਼ਨ ਵਾਸਤੇ ਪੈਸਾ ਰੱਖਿਆ ਗਿਆ ਹੈ ਇਹ ਥੋੜ੍ਹਾ ਹੈ, ਹੋਰ ਜ਼ਿਆਦਾ ਰਖਣਾ ਚਾਹੀਦਾ ਹੈ। ਮੈਂ ਪੰਜਾਬ ਦੀਆਂ ਆਈ. ਟੀ. ਆਈਜ਼ ਔਰ ਪੌਲੀਟੈਕਨਿਕਸ ਵਿਚ ਘੁੰਮ ਕੇ ਵੇਖਿਆ ਹੈ ਕਿ ਉਥੇ ਪੁਰਾਣੀਆਂ ਕਿਸਮਾਂ ਦੀਆਂ ਮਸ਼ੀਨਾਂ ਲਗੀਆਂ ਹਨ ਜਿਸ ਤੇ ਉਨ੍ਹਾਂ ਬੱਚਿਆਂ ਨੂੰ ਚੰਗੀ ਟਰੇਨਿੰਗ ਨਹੀਂ ਮਿਲ ਸਕਦੀ। ਇਸ ਲਈ ਮੇਰੀ ਬੇਨਤੀ ਹੈ ਕਿ ਉਨ੍ਹਾਂ ਵਿਚ ਵਧੀਆ ਕਿਸਮ ਦੀ ਮਸ਼ੀਨਰੀ ਲਾਉਣੀ ਚਾਹੀਦੀ ਹੈ ਤਾਂ ਕਿ ਉਥੋਂ ਦੇ ਜਿਹੜੇ ਇੰਸਟਰਕਟਰਜ਼ ਹਨ ਉਹ ਚੰਗੀ ਤਰ੍ਹਾਂ ਵਿਦਿਆਰਥੀਆਂ ਨੂੰ ਪੜ੍ਹਾ ਸਕਣ ਔਰ ਦੇਸ਼ ਦੀ ਸੇਵਾ ਕਰ ਸਕਣ।

[ਕਾਮਰੇਡ ਤਰਸੇਮ ਜੋਧਾਂ]

ਜਿਥੋਂ ਤੱਕ ਰਿਹੈਬੀਲੀਟੇਸ਼ਨ ਦਾ ਸਵਾਲ ਹੈ ਉਸ ਦੇ ਬਾਰੇ ਵਿਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਠੀਕ ਹੈ ਕਿ ਕੁਝ ਨਵੀਆਂ ਤਹਿਸੀਲਾਂ, ਨਵੀਆਂ ਸਬ-ਡਵੀਜ਼ਨਜ਼ ਔਰ 2 ਜ਼ਿਲ੍ਹੇ ਵੀ ਬਣਾਏ ਗਏ ਹਨ। ਪਰ ਹੁਣ ਇਹ ਇਕ ਹੋੜ ਲਗ ਗਈ ਹੈ ਕਿ ਹਰ ਇਕ ਆਦਮੀ ਚਾਹੁੰਦਾ ਹੈ ਕਿ ਸਬ-ਡਵੀਜ਼ਨ, ਤਹਿਸੀਲ ਬਣ ਜਾਵੇ ਔਰ ਤਹਿਸੀਲ ਜ਼ਿਲ੍ਹਾ ਬਣ ਜਾਵੇ। ਪਰ ਇਸ ਤੇ ਸਾਡਾ ਖਰਚ ਬਹੁਤ ਆ ਰਿਹਾ ਹੈ। ਹੁਣ ਇਸ ਤੇ ਰੋਕ ਲਾਈ ਜਾਣੀ ਚਾਹੀਦੀ ਹੈ ਤਾਂ ਕਿ ਜਿਹੜਾ ਫ਼ਾਲਤੂ ਖਰਚ ਹੈ ਉਸ ਨੂੰ ਰੋਕ ਕੇ ਉਹ ਪੈਸਾ ਐਜੂਕੇਸ਼ਨ ਔਰ ਹੋਰ ਚੰਗੇ ਪਾਸੇ ਖਰਚ ਕੀਤਾ ਜਾ ਸਕੇ।

ਵੇਖਣ ਵਿੱਚ ਇਹ ਆਇਆ ਹੈ ਕਿ ਜਿਹੜੇ ਜ਼ਿਲਿਆਂ ਵਿਚ ਪਲਾਨਿੰਗ ਬੋਰਡ ਬਣੇ ਹੋਏ ਹਨ ਉਨ੍ਹਾਂ ਵਿਚ ਜਿਹੜਾ ਪੈਸਾ ਦਿੱਤਾ ਜਾਂਦਾ ਸੀ ਉਹ ਘੱਟ ਗਿਆ ਹੈ, ਔਰ ਪੈਨਸ਼ਨਾਂ ਦੇ ਕੇਸ ਵੱਧ ਗਏ ਹਨ। ਜਿਹੜੀਆਂ ਬੁਢਾਪਾ ਪੈਨਸ਼ਨਾਂ ਔਰ ਵਿਧਵਾ ਪੈਨਸ਼ਨਾਂ ਮਿਲ ਰਹੀਆਂ ਸਨ ਉਹ ਪਿਛਲੇ 10-11 ਮਹੀਨੇ ਤੋਂ ਕਿਸੇ ਨੂੰ ਨਹੀਂ ਮਿਲ ਰਹੀਆਂ। ਸ਼ਡਿਊਲਡ ਕਾਸਟਸ ਔਰ ਸ਼ਡਿਊਲਡ ਟਰਾਈਬਜ਼ ਦੇ ਨਾਲ ਸਬੰਧਤ ਲੋਕ ਵੀ ਸਾਡੇ ਕੋਲ ਆਉਂਦੇ ਹਨ। ਉਹ ਦੱਸਦੇ ਹਨ ਕਿ ਜਿਹੜਾ ਉਨ੍ਹਾਂ ਦਾ ਕਲੇਮ ਹੈ ਉਹ ਵੀ ਨਹੀਂ ਮਿਲ ਰਿਹਾ। ਕੇਸਾਂ ਦੀ ਗਿਣਤੀ ਵਧ ਰਹੀ ਹੈ ਔਰ ਪੈਸਾ ਘੱਟ ਰਿਹਾ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਹੋਰ ਫਾਲਤੂ ਪਾਸੇ ਵਲੋਂ ਪੈਸਾ ਕੱਢ ਕੇ ਜਿਹੜੇ ਡਿਜ਼ਰਵਿੰਗ ਕੇਸਿਜ਼ ਹਨ ਉਨ੍ਹਾਂ ਤੇ ਇਹ ਪੈਸਾ ਖਰਚਿਆ ਜਾਵੇ।

(11.52) A.M. (ਇਸ ਸਮੇਂ ਸ੍ਰੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਸਪੀਕਰ ਸਾਹਿਬ, ਮੈਂ ਅੰਤ ਵਿਚ ਇਹੀ ਗੱਲ ਕਹਿੰਦਾ ਹਾਂ ਕਿ ਆਉਣ ਵਾਲੇ ਸਮੇਂ ਵਿਚ ਜਦੋਂ ਇਹ ਅਨੁਪੂਰਕ ਮੰਗਾਂ ਪੇਸ਼ ਕੀਤੀਆਂ ਜਾਣ ਤਾਂ ਸਾਨੂੰ ਸਮਾਂ ਵੱਧ ਦਿੱਤਾ ਜਾਵੇ ਤਾਂ ਕਿ ਅਸੀਂ ਉਨ੍ਹਾਂ ਦੀ ਸੱਟਡੀ ਕਰ ਸਕੀਏ ਔਰ ਉਨ੍ਹਾਂ ਦੇ ਚੰਗੇ ਔਰ ਮਾੜੇ ਪੱਖਾਂ ਤੇ ਆਪਣੇ ਵਿਚਾਰ ਦੇ ਸਕੀਏ। ਇਸ ਤਰ੍ਹਾਂ ਜਲਦੀ ਜਲਦੀ ਵਿਚ ਜ਼ਰੂਰੀ ਗੱਲਾਂ ਰਹਿ ਜਾਂਦੀਆਂ ਹਨ। ਇਸੇ ਤਰ੍ਹਾਂ ਮੈਂ ਇਹ ਫਿਰ ਕਹਿੰਦਾ ਹਾਂ ਕਿ ਜਿਹੜੇ ਫਾਲਤੂ ਖਰਚ ਹਨ ਉਹ ਰੋਕੇ ਜਾਣ, ਕੁਰੱਪਸ਼ਨ ਨੂੰ ਰੋਕਿਆ ਜਾਵੇ, ਜ਼ਿਲ੍ਹੇ ਤੇ ਜਿਹੜਾ ਫਾਲਤੂ ਖਰਚ ਹੋ ਰਿਹਾ ਹੈ, ਡੀ. ਸੀਜ਼ ਦੀਆਂ ਕੋਠੀਆਂ ਆਦਿ ਤੇ ਅਤੇ ਹੋਰ ਵੀ ਬਹੁਤ ਫਾਲਤੂ ਖਰਚ ਹੋ ਰਿਹਾ ਹੈ, ਉਸ ਤੇ ਰੋਕ ਲਾਈ ਜਾਵੇ ਔਰ ਜਿਸ ਤਰ੍ਹਾਂ ਪੱਛਮੀ ਬੰਗਾਲ ਵਿਚ ਸਰਕਾਰ ਨੇ ਆਪਣਾ ਖਰਚਾ ਘਟਾ ਕੇ ਲੋਕਾਂ ਦੀ ਸੇਵਾ ਕੀਤੀ ਹੈ, ਇਸੇ ਤਰ੍ਹਾਂ ਉਸੇ ਸੇਧ ਤੇ ਇਥੇ ਵੀ ਲੋਕਾਂ ਵਾਸਤੇ ਖਰਚ ਕੀਤਾ ਜਾਵੇ।

(ਇਸ ਵੇਲੇ ਖੇਤੀਬਾੜੀ ਤੇ ਜੰਗਲਾਤ ਮੰਤਰੀ ਅਤੇ ਸਰਦਾਰ ਈਸ਼ਰ ਸਿੰਘ ਬੋਲਣ ਲਈ ਖੜ੍ਹੇ ਹੋਏ।)

ਸ੍ਰੀ ਸਪੀਕਰ: ਸਰਦਾਰ ਦਿਲਬਾਗ ਸਿੰਘ ਜੀ, ਤੁਸੀਂ ਸਰਦਾਰ ਈਸ਼ਰ ਸਿੰਘ ਤੋਂ ਬਾਅਦ ਬੋਲ ਲੈਣਾ।

ਸਰਦਾਰ ਈਸ਼ਰ ਸਿੰਘ (ਕੁੰਮ ਕਲਾਂ, ਐਸ. ਸੀ.): ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਅੱਜ ਇਥੇ ਬੋਲਣ ਦਾ ਸਮਾਂ ਦਿੱਤਾ ਹੈ। ਸਪੀਕਰ ਸਾਹਿਬ, ਅੱਜ ਤੋਂ ਇਕ ਸਾਲ ਪਹਿਲਾਂ ਜਦੋਂ ਸਾਡੇ ਪੰਜਾਬ ਵਿਚ ਲੋਕਾਂ ਨੇ ਸੰਵਿਧਾਨਿਕ ਹੱਕਾਂ ਦੀ ਵਰਤੋਂ ਕਰਦੇ ਹੋਇਆਂ ਪੰਜਾਬ ਵਿਚ ਲੋਕ ਰਾਜ ਦੀ ਸਥਾਪਨਾ ਕੀਤੀ ਸੀ ਔਰ ਆਪਣੀ ਮਨ ਪਸੰਦ ਦੀ ਸਰਕਾਰ ਬਣਾਈ ਸੀ,

ਜਿਸ ਦੀ ਰਹਿਨੁਮਾਈ ਸਾਡੇ ਮਾਨਯੋਗ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਜੀ ਕਰ ਰਹੇ ਹਨ ਉਸ ਵਕਤ ਪੰਜਾਬ ਦੇ ਹਾਲਾਤ ਇਤਨੇ ਮਾੜੇ ਸੀ ਕਿ ਪੰਜਾਬ ਦਾ ਨਾ ਕੋਈ ਪਿੰਡ ਬਚਿਆ ਹੋਵੇਗਾ ਅਤੇ ਨਾ ਕੋਈ ਸ਼ਹਿਰ ਦਾ ਮੁਹੱਲਾ ਬਚਿਆ ਹੋਵੇਗਾ ਜਿਥੇ ਅੱਤਵਾਦੀਆਂ ਅਤੇ ਵੱਖਵਾਦੀਆਂ ਨੇ ਆਪਣੀ ਕੋਈ ਘਿਨਾਉਣੀ ਘਟਨਾ ਅਤੇ ਘਨੌਣੀ ਹਰਕਤ ਨਾ ਕੀਤੀ ਹੋਵੇ। ਉਨ੍ਹਾਂ ਨੇ ਸਾਡੀਆਂ ਮਾਵਾਂ ਅਤੇ ਭੈਣਾਂ ਨੂੰ ਆਪਣੇ ਨੌਜਵਾਨ ਬੱਚਿਆਂ ਤੋਂ ਵਾਂਝੇ ਕੀਤਾ ਅਤੇ ਛੋਟੇ ਛੋਟੇ ਬੱਚਿਆਂ ਨੂੰ ਯਤੀਮ ਬਣਾ ਦਿਤਾ ਅਤੇ ਸਾਡੀਆਂ ਭੈਣਾਂ ਨੂੰ ਵਿਧਵਾ ਬਣਾਇਆ। ਇਸ ਤਰ੍ਹਾਂ ਹਾਲਾਤ ਇਤਨੇ ਮਾੜੇ ਹੋ ਗਏ ਸਨ। ਇਨ੍ਹਾਂ ਹਾਲਾਤ ਨੂੰ ਮੁੱਖ ਰੱਖਦੇ ਹੋਏ ਸਾਡੇ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਜੀ ਨੇ ਲਾਅ ਐਂਡ ਆਰਡਰ ਨੂੰ ਨੰਬਰ ਇਕ ਤੇ ਲਿਆ ਅਤੇ ਸਾਡੇ ਪੰਜਾਬ ਵਿਚ ਸ਼ਾਂਤੀ ਦਾ ਮਾਹੌਲ ਪੈਦਾ ਕੀਤਾ ਅਤੇ ਦੂਜੇ ਨੰਬਰ ਤੇ ਲੋਕਤੰਤਰ ਦੀ ਬਹਾਲੀ ਵਾਸਤੇ ਗਰਾਸ ਰੂਟ ਲੈਵਲ ਤੇ ਲੋਕ ਤੰਤਰ ਦੀ ਬਹਾਲੀ ਕੀਤੀ। ਸੂਬੇ ਦੇ ਹਾਲਾਤ ਹੋਰ ਬੇਹਤਰ ਬਨਾਉਣ ਲਈ ਦੋ ਨਵੇਂ ਜ਼ਿਲ੍ਹੇ ਬਣਾਏ ਗਏ ਅਤੇ ਰੀਮੋਟ ਏਰੀਆ ਵਿਚ ਪੁਲਿਸ ਦੀਆਂ ਚੌਕੀਆਂ ਬਣਾਈਆਂ ਗਈਆਂ, ਕਮਿਊਨੀਕੇਸ਼ਨ ਦਾ ਪ੍ਰਬੰਧ ਕੀਤਾ ਗਿਆ, ਐਸ.ਪੀ.ਓਜ਼ ਅਤੇ ਹੋਮ ਗਾਰਡਜ਼ ਨੂੰ ਲਗਾਇਆ ਗਿਆ। ਇਨ੍ਹਾਂ ਦੇ ਦੂਰ-ਦੁਰਾਡੇ ਜਾਣ ਲਈ ਕਮਿਊਨੀਕੇਸ਼ਨ ਦਾ ਪ੍ਰਬੰਧ ਕੀਤਾ ਅਤੇ ਗੱਡੀਆਂ ਦਿੱਤੀਆਂ ਗਈਆਂ ਤਾਂ ਕਿ ਅਗਰ ਕੋਈ ਕਿਸੇ ਕਿਸਮ ਦੀ ਘਟਨਾ ਹੋ ਜਾਵੇ ਤਾਂ ਇਹ ਗੱਡੀਆਂ ਦੇ ਰਾਹੀਂ ਉਥੇ ਟਾਈਮ ਸਿਰ ਪਹੁੰਚ ਸਕਣ। ਇਸ ਉਤੇ ਪੰਜਾਬ ਸਰਕਾਰ ਨੇ ਖਰਚ ਕੀਤਾ ਹੈ। ਇਹ ਮੰਗਾਂ ਇਨਾਂ ਦੀਆਂ ਜਾਇਜ਼ ਹਨ। ਇਨ੍ਹਾਂ ਨੂੰ ਪਾਸ ਕਰ ਦੇਣਾ ਚਾਹੀਦਾ ਹੈ।

ਦੂਸਰਾ ਪੰਜਾਬ ਵਿਚ ਕਾਫੀ ਦੇਰ ਤੋਂ ਲੋਕਾਂ ਦੀ ਆਪਣੀ ਚੁਣੀ ਹੋਈ ਸਰਕਾਰ ਨਾ ਹੋਣ ਦੇ ਕਾਰਣ ਪੰਜਾਬ ਦੇ ਲੋਕ ਦੂਰ ਚਲੇ ਗਏ ਸਨ। ਉਨਾਂ ਨੂੰ ਫਿਰ ਇਕੱਠਾ ਕਰਨ ਲਈ ਅਤੇ ਸਰਕਾਰ ਦੇ ਨੇੜੇ ਲਿਆਉਣ ਲਈ ਇਸ ਮਹਾਨ ਸਦਨ ਦੇ ਮੈਂਬਰਜ਼ ਸਾਹਿਬਾਨ ਨੂੰ ਜਿਪਸੀਆਂ ਅਤੇ ਗੱਡੀਆਂ ਦਿੱਤੀਆਂ ਗਈਆਂ ਤਾਂ ਕਿ ਇਨ੍ਹਾਂ ਮੈਂਬਰ ਸਾਹਿਬਾਨ ਨੂੰ ਲੋਕਾਂ ਦੇ ਵਿਚ ਜਾਣ ਲਈ ਕੋਈ ਮੁਸ਼ਕਿਲਾਂ ਪੇਸ਼ ਨਾ ਆਵੇ ਤੇ ਹਰ ਪਿੰਡ ਪਿੰਡ ਜਾ ਸਕਣ ਅਤੇ ਲੋਕਾਂ ਦੀਆਂ ਸ਼ਿਕਾਇਤਾਂ ਸੁਣ ਸਕਣ। ਇਸਦੇ ਨਾਲ ਹੀ ਉਨ੍ਹਾਂ ਦੀਆਂ ਗੱਡੀਆਂ ਵਿਚ ਪੈਟਰੋਲ ਦੇਣ ਦਾ ਵੀ ਪ੍ਰਬੰਧ ਕੀਤਾ। ਇਸ ਉਤੇ ਹੋ ਰਹੇ ਖਰਚੇ ਨੂੰ ਵਿਸਥਾਰਪੂਰਵਕ ਦਸਿਆ ਗਿਆ ਹੈ। ਇਹ ਸਾਰਾ ਕੁਝ ਕਰਨ ਦਾ ਮਾਨ ਪੰਜਾਬ ਸਰਕਾਰ ਅਤੇ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਨੂੰ ਜਾਂਦਾ ਹੈ। ਇਨ੍ਹਾਂ ਅੱਤਵਾਦੀ ਅਤੇ ਵੱਖ-ਵਾਦੀ ਤਾਕਤਾਂ ਉਤੇ ਜੇਕਰ ਨੱਥ ਪਾਈ ਹੈ, ਉਹ ਸਰਦਾਰ ਬੇਅੰਤ ਸਿੰਘ ਨੇ ਪਾਈ ਹੈ। ਇਸ ਦੀ ਪ੍ਰਸ਼ੰਸਾ ਨਾ ਕੇਵਲ ਪੰਜਾਬ ਹੀ ਕਰ ਰਿਹਾ ਹੈ ਬਲਕਿ ਹਿੰਦੁਸਤਾਨ ਦੇ ਹਰ ਇਲਾਕੇ ਵਿੱਚ ਹੋ ਰਹੀ ਹੈ। ਇਥੋਂ ਤੱਕ ਕਿ ਦੁਨੀਆਂ ਦੇ ਲੋਕ ਹੁਣ ਕਹਿਣ ਲੱਗ ਗਏ ਹਨ ਕਿ ਅਗਰ ਅੱਤਵਾਦ ਅਤੇ ਵੱਖ ਵਾਦ ਉੱਤੇ ਨੱਥ ਪਾਉਣੀ ਹੈ ਤਾਂ ਸਰਦਾਰ ਬੇਅੰਤ ਸਿੰਘ, ਪੰਜਾਬ ਦੇ ਮੁੱਖ ਮੰਤਰੀ ਕੋਲੋਂ ਇਸ ਬਾਰੇ ਸਲਾਹ ਲਓ। ਇਹ ਜਿਹੜਾ 102 ਕਰੋੜ ਰੁਪਿਆ ਹੋਮ ਅਤੇ ਜਸਟਿਸ ਡਿਪਾਰਟਮੈਂਟ ਲਈ ਮੰਗਿਆ ਗਿਆ ਹੈ। ਇਹ ਜਾਇਜ਼ ਹੈ ਅਤੇ ਇਸ ਨੂੰ ਪਾਸ ਕਰ ਦੇਣਾ ਚਾਹੀਦਾ ਹੈ। ਇਹ ਖਰਚਾ ਪੰਜਾਬ ਵਿਚ ਸ਼ਾਂਤੀ ਬਹਾਲ ਕਰਨ ਲਈ ਕੀਤਾ ਜਾ ਰਿਹਾ ਹੈ ਮੈਂਬਰਾਂ ਨੂੰ ਸਹੂਲਤਾਂ ਦੇਣ ਲਈ ਕੀਤਾ ਜਾ ਰਿਹਾ ਹੈ। ਦੂਜੇ ਪਾਸੇ ਸ ਕਾਰ ਨੇ ਮੁਢਲੇ ਲੈਵਲ ਤੇ ਲੋਕਤੰਤਰ ਨੂੰ ਬਹਾਲ ਕੀਤਾ ਹੈ। ਸਤੰਬਰ, 1992 ਵਿਚ ਪੰਜਾਬ ਮਿਊਂਸਪਲ ਕਮੇਟੀਜ਼ ਦੀਆ ਇਲੈਕਸ਼ਨਾਂ ਕਰਵਾ ਕੇ ਅਤੇ ਜਨਵਰੀ, 1993 ਵਿਚ ਪੰਚਾਇਤਾਂ ਦੀਆਂ ਇਲੈਕਸ਼ਨਾਂ ਕਰਵਾ ਕੇ ਡੈਮੋਕਰੇਸੀ ਨੂੰ ਬਹਾਲ ਕੀਤਾ ਹੈ। ਜਿਹੜਾ ਮਾਹੌਲ ਅਤੇ ਉਤਸ਼ਾਹ ਅਸੀਂ ਪੰਚਾਇਤ ਦੀਆਂ ਚੋਣਾਂ ਦੇ ਵਿਚ ਪਿੰਡਾਂ ਦੇ ਲੋਕਾਂ ਵਿਚ ਵੇਖਿਆ,

[ਸਰਦਾਰ ਈਸ਼ਰ ਸਿੰਘ]

ਉਹ ਦੇਖਣ ਯੋਗ ਸੀ। ਲੋਕਾਂ ਨੇ ਵੱਧ ਚੜ੍ਹ ਕੇ ਇਲੈਕਸ਼ਨਾਂ ਵਿਚ ਹਿੱਸਾ ਲਿਆ ਅਤੇ ਆਪਣੇ ਪਿੰਡ ਦੀ ਤਰੱਕੀ ਲਈ ਉਹ ਸਰਪੰਚ ਅਤੇ ਪੰਚ ਬਣਨ ਲਈ ਅੱਗੇ ਆਏ ਤਾਂ ਕਿ ਆਪਣੇ ਪਿੰਡ ਦੇ ਵਿਕਾਸ ਲਈ ਉਹ ਨੁਮਾਇੰਦਗੀ ਕਰ ਸਕਣ। ਪਿਛਲੇ 10-12 ਸਾਲਾਂ ਵਿਚ ਲੋਕਾਂ ਨੂੰ ਲੋਕ-ਤਤਰ ਤੋਂ ਵਾਂਝਿਆਂ ਰਖਿਆ ਗਿਆ ਸੀ ਅਤੇ ਦਹਿਸ਼ਤ ਦਾ ਮਾਹੌਲ ਬਣਿਆ ਹੋਇਆ ਸੀ। ਕੋਈ ਇਲੈਕਸ਼ਨਾਂ ਵਾਸਤੇ ਅੱਗੇ ਨਹੀਂ ਆਉਂਦਾ ਸੀ। ਇਸ ਚੀਜ਼ ਨੂੰ ਮੁੱਖ ਰੱਖਦੇ ਹੋਏ ਸਰਕਾਰ ਨੇ ਪੰਚਾਇਤਾਂ ਦੀਆਂ ਇਲੈਕਸ਼ਨਾਂ ਕਰਵਾਈਆਂ, ਜਿਸ ਉਤੇ ਸਰਕਾਰ ਨੇ 31 ਕਰੋੜ ਰੁਪਿਆ ਖਰਚ ਕੀਤਾ। ਇਹ ਪੈਸਾ ਪੈਰਾ ਮਿਲਟਰੀ ਫੋਰਸਿਜ਼ ਤੇ ਖਰਚ ਹੋਇਆ। ਇਹ ਸਹੀ ਸ਼ਬਦਾਂ ਵਿਚ ਜਾਇਜ਼ ਖਰਚਾ ਹੈ ਅਤੇ ਇਸ ਨੂੰ ਪਾਸ ਕਰ ਦੇਣਾ ਚਾਹੀਦਾ ਹੈ। ਇਹ ਸਰਕਾਰ ਦਾ ਬੜਾ ਸ਼ਲਾਘਾਯੋਗ ਕਦਮ ਹੈ।

ਸਪੀਕਰ ਸਾਹਿਬ, ਦੂਸਰਾ ਜੋ ਪੰਚਾਇਤੀ ਰਾਜ ਤੇ 1 ਕਰੋੜ 70 ਲੱਖ ਰੁਪਿਆ ਖਰਚ ਆਇਆ ਹੈ। ਉਸ ਮਹਿਕਮੇਂ ਨੇ ਬਹੁਤ ਚੰਗਾ ਕੰਮ ਕੀਤਾ ਹੈ। ਇਸ ਗੱਲ ਲਈ ਮੈਂ ਸਰਦਾਰ ਉਮਰਾਓ ਸਿੰਘ ਜੀ ਦੀ ਸ਼ਲਾਘਾ ਕਰਦਾ ਹਾਂ। ਇਲੈਕਸ਼ਨਾਂ ਦਾ ਜੋ ਪ੍ਰਬੰਧ ਕੀਤਾ ਗਿਆ ਸੀ ਉਹ ਠੀਕ ਸੀ ਔਰ ਕੋਈ ਕਿਤੇ ਧਾਂਦਲੀ ਨਹੀਂ ਮਚੀ ਅਤੇ ਨਾ ਹੀ ਕੁਝ ਹੋਰ ਹੋਇਆ ਹੈ। ਇਸ ਗੱਲ ਲਈ ਮੈਂ ਪੰਜਾਬ ਸਰਕਾਰ ਦੀ ਸ਼ਲਾਘਾ ਕਰਦਾ ਹਾਂ। ਸਪੀਕਰ ਸਾਹਿਬ, ਪੰਜਾਬ ਵਿਚ ਹਰ ਜ਼ਿਲ੍ਹੇ ਵਿਚ ਸਭਿਆ-ਚਾਰਕ ਪ੍ਰੋਗਰਾਮ ਕਰਾਇਆ ਜਾ ਰਿਹਾ ਹੈ। ਪੰਜਾਬ ਦੇ ਵਿਰਸੇ ਨੂੰ ਦੋਬਾਰਾ ਯਾਦ ਕਰਾਇਆ ਜਾ ਰਿਹਾ ਹੈ। ਇਹ ਸਭਿਆਚਾਰਕ ਪਰੋਗਰਾਮ ਅਸੀਂ ਸਪੀਚਾਂ ਕਰਕੇ ਅਤੇ ਗੀਤਾਂ ਰਾਹੀਂ ਕਰ ਰਹੇ ਹਾਂ। 10 ਸਾਲ ਦਾ ਸਮਾਂ ਗੁਜ਼ਰਨ ਪਿਛੋਂ ਪੰਜਾਬ ਵਿਚ ਹੁਣ ਅੱਛਾ ਮਾਹੌਲ ਆਇਆ ਹੈ। ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ ਜੋ ਰੋਲ ਅਦਾ ਕੀਤਾ ਹੈ ਉਹ ਬੜਾ ਸ਼ਲਾਘਾਯੋਗ ਹੈ। ਜੋ ਇਸ ਵਿਭਾਗ ਨੇ ਖਰਚੇ ਕੀਤੇ ਹਨ ਉਹ ਬਿਲਕੁਲ ਜਾਇਜ਼ ਹਨ। ਸਪੀਕਰ ਸਾਹਿਬ, ਦਿਹਾਤੀ ਵਿਕਾਸ ਵਾਸਤੇ ਔਰ ਪਿੰਡਾਂ ਦੀ ਬਿਹਤਰੀ ਵਾਸਤੇ ਪੰਜਾਬ ਸਰਕਾਰ ਵਲੋਂ ਉੱਨਤ ਗਰਾਮ ਸਕੀਮ ਬਣਾਈ ਗਈ ਹੈ। ਇਸ ਨਾਲ ਪਿੰਡਾਂ ਦੀਆਂ ਗਲੀਆਂ, ਨਾਲੀਆਂ ਪੱਕੀਆਂ ਹੋਣਗੀਆਂ ਅਤੇ ਫਿਰਨੀਆਂ ਨੂੰ ਵੀ ਪੱਕਾ ਕੀਤਾ ਜਾਵੇਗਾ। ਮੈਂ ਸਮਝਦਾ ਹਾਂ ਕਿ ਜੋ ਸਰਕਾਰ ਵਲੋਂ ਟੀਚਾ ਫਿਕਸ ਕੀਤਾ ਗਿਆ ਹੈ ਪਿੰਡਾਂ ਅਤੇ ਸ਼ਹਿਰਾਂ ਦੇ ਅੰਦਰ, ਉਸ ਨਾਲ ਪੰਜਾਬ ਦੀ ਤਰੱਕੀ ਹੋਵੇਗੀ। ਜੋ ਅਨੁਸੂਚਿਤ ਜਾਤੀਆਂ ਦੇ ਲੋਕ ਪਿੰਡਾਂ ਵਿਚ ਰਹਿੰਦੇ ਹਨ, ਉਨ੍ਹਾਂ ਨੂੰ ਜੰਗਲ ਪਾਣੀ ਜਾਣ ਵਿਚ ਮੁਸ਼ਕਿਲ ਹੁੰਦੀ ਹੈ। ਉੱਨਤ ਗਰਾਮ ਸਕੀਮ ਵਿਚ ਜਿਥੇ ਲਗ ਭਗ 10 ਲੱਖ ਰੁਪਿਆ ਰਖਿਆ ਗਿਆ ਹੈ ਉਥੇ 1-2 ਲੱਖ ਰੁਪਿਆ ਹੋਰ ਰੱਖਕੇ ਉਨ੍ਹਾਂ ਲਈ ਪਿੰਡਾਂ ਵਿਚ ਲੈਟਰਿਨ ਦਾ ਪ੍ਰਬੰਧ ਕਰਨਾ ਚਾਹੀਦਾ ਹੈ। (ਥੰਪਿੰਗ)

Mr. Speaker : Wind up pleasse

ਸਰਦਾਰ ਈਸ਼ਰ ਸਿੰਘ : ਸਪੀਕਰ ਸਾਹਿਬ, ਹੁਣ ਮੈਂ ਸਮਾਜ ਭਲਾਈ ਮਹਿਕਮੇਂ ਦੇ ਬਾਰੇ ਕਹਿਣਾ ਚਾਹੁੰਦਾ ਹਾਂ। ਇਸ ਸਬੰਧੀ ਲਗ ਭਗ 63 ਕਰੋੜ ਰੁਪਿਆ ਮੰਗਿਆ ਗਿਆ ਹੈ। ਜਦੋਂ ਸਾਡੇ ਮਾਨਯੋਗ ਮੈਂਬਰ ਸਾਹਿਬਾਨ ਚੋਣਾਂ ਜਿੱਤ ਕੇ ਅਸੈਂਬਲੀ ਹਾਲ ਵਿਚ ਆਏ ਸਨ, ਉਸ ਵੇਲੇ ਪੰਜਾਬ ਦੇ ਬਹੁਤ ਹੀ ਮਾੜੇ ਹਾਲਾਤ ਸਨ। ਲੋਕਾਂ ਨੇ ਆਪਣੀ ਜਾਨ ਹਥੇਲੀ ਤੇ ਰੱਖ ਕੇ ਵੋਟਾਂ ਪਾਈਆਂ ਸਨ ਔਰ ਸਾਨੂੰ ਐਮ. ਐਲ. ਏ. ਬਣਾਇਆ ਸੀ। ਇਸ ਲਈ ਹੁਣ ਸਾਨੂੰ ਵੀ ਪਿੰਡਾਂ ਦੇ

ਵਿਕਾਸ ਵਾਸਤੇ ਵੱਧ ਤੋਂ ਵੱਧ ਯਤਨ ਕਰਨੇ ਚਾਹੀਦੇ ਹਨ। ਸਪੀਕਰ ਸਾਹਿਬ, ਸ਼ਡਿਊਲਡ ਕਾਸਟ ਲੈਂਡ ਡਿਵੈਲਪਮੈਂਟ ਐਂਡ ਫਾਈਨਾਂਸ ਕਾਰਪੋਰੇਸ਼ਨ ਹੈ। ਉਹ ਸ਼ਡਿਊਲਡ ਕਾਸਟਾਂ ਨੂੰ ਸਬਸਿਡੀ ਦਿੰਦੀ ਹੈ। ਉਹ ਗਰੀਬ ਲੋਕ ਵਿਚਾਰੇ ਕਦੇ ਬੈਂਕਾਂ ਨੂੰ ਭੱਜਦੇ ਹਨ ਅਤੇ ਕਦੇ ਕਾਰਪੋਰੇਸ਼ਨ ਕੋਲ ਭਜਦੇ ਹਨ। ਸ਼ਡਿਊਲਡ ਕਾਸਟ ਲੋਕਾਂ ਨੂੰ ਕਾਫੀ ਪਰੇਸ਼ਾਨੀ ਹੁੰਦੀ ਹੈ। ਮੈਂ ਪੰਜਾਬ ਸਰਕਾਰ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਕ ਵਿੰਡੋ ਤੇ ਹੀ ਸਾਰੀ ਸਰਵਿਸ ਮਿਲਣੀ ਚਾਹੀਦੀ ਹੈ । ਇਸ ਦੇ/ਨਾਲ ਹੀ ਸਪੀਕਰ ਸਾਹਿਬ, ਮੈਂ ਇਕ ਹੋਰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜੋ 5,000 ਰੁਪਏ ਤੱਕ ਦੇ ਕਰਜ਼ੇ ਸਰਕਾਰ ਵੱਲੋਂ ਮਾਫ ਕੀਤੇ ਜਾਣੇ ਹਨ ਉਹ ਜਲਦੀ ਤੋਂ ਜਲਦੀ ਮਾਫ ਕੀਤੇ ਜਾਣੇ ਚਾਹੀਦੇ ਹਨ ਕਿਉਂਕਿ ਉਹ ਹੁਣ ਤਕ ਡਿਫਾਲਟਰ ਲਿਸਟ ਵਿਚ ਗਿਣੇ ਜਾਂਦੇ ਹਨ, ਜਿਸ ਕਰਕੇ ਉਹ ਕੋਈ ਹੋਰ ਲੋਨ ਵਗੈਰਾ ਨਹੀਂ ਲੈ ਸਕਦੇ। ਇਨ੍ਹਾਂ ਸ਼ਬਦਾਂ ਦੇ ਨਾਲ, ਮੈਂ ਸਪੀਕਰ ਸਾਹਿਬ, ਸਪਲੀਮੈਂਟਰੀ ਡਿਮਾਂਡਜ਼ ਦਾ ਪੁਰਜ਼ੋਰ ਸਮਰਥਨ ਕਰਦਾ ਹੋਇਆ ਬੈਠਦਾ ਹਾਂ।

ਖੇਤੀਬਾੜੀ ਅਤੇ ਜੰਗਲਾਤ ਮੰਤਰੀ (ਸਰਦਾਰ ਦਿਲਬਾਗ਼ ਸਿੰਘ ਨਵਾਂ ਸ਼ਹਿਰ): ਸਪੀਕਰ ਸਾਹਿਬ, ਮੈਂ ਸਿਰਫ ਦੋ-ਚਾਰ ਗੱਲਾਂ ਹੀ ਆਪਣੇ ਮਹਿਕਮੇਂ ਦੀਆਂ ਦੱਸਣੀਆਂ ਹਨ । ਇਨ੍ਹਾਂ ਗੱਲਾਂ ਦਾ ਤੁਅੱਲਕ ਮੇਰੇ ਮਹਿਕਮੇਂ ਦੇ ਨਾਲ ਹੈ। ਕੁਝ ਸਾਥੀਆਂ ਨੇ ਇਥੇ ਅੰਦੇਸ਼ਾ ਜਾਹਿਰ ਕੀਤਾ ਹੈ। ਸਪੀਕਰ ਸਾਹਿਬ, 44 ਕਰੋੜ 21 ਲੱਖ ਰੁਪਿਆ ਭਾਰਤ ਸਰਕਾਰ ਵਲੋਂ ਅਗਸਤ ਵਿਚ ਸਾਨੂੰ ਮਿਲਿਆ ਸੀ। ਜਿਸ ਵੇਲੇ ਡੀ-ਕੰਟਰੋਲ ਹੋ ਗਿਆ ਸੀ ਡੀ.ਏ.ਪੀ. ਤੇ ਪੋਟਾਸ਼ ਦੀਆਂ ਖਾਦਾਂ ਤੇ, ਉਸ ਵੇਲੇ ਉਸ ਦੀਆਂ ਕੀਮਤਾਂ ਬਹੁਤ ਵੱਧ ਗਈਆਂ ਸਨ। ਸਾਡੀ ਸਰਕਾਰ ਨੇ ਪੂਰੀ ਕੋਸ਼ਿਸ਼ ਕਰਕੇ ਦਿੱਲੀ ਦੀ ਸਰਕਾਰ ਤੋਂ 44 ਕਰੋੜ 21 ਲੱਖ ਰੁਪਿਆ ਲਿਆਂਦਾ, ਔਰ ਉਸ ਤੇ ਕੋਈ ਛੋਟਾ ਕਿਸਾਨ ਹੋਵੇ, ਕੋਈ ਵੱਡਾ ਕਿਸਾਨ ਹੋਵੇ, ਅਸੀਂ ਸਾਰਿਆਂ ਨੂੰ ਸਬਸਿਡੀ ਜਿੰਨੀ ਉਨ੍ਹਾਂ ਨੇ ਖਾਦ ਖਰੀਦੀ, ਉਨ੍ਹਾਂ ਨੂੰ ਦਿੱਤੀ। ਉਸ ਤੋਂ ਬਾਅਦ, ਇਸਦੀ ਜਿਹੜੀ ਮੁਨਿਆਦ ਸੀ, ਉਹ ਸਿਰਫ ਦਸੰਬਰ ਤੱਕ ਸੀ ਇਸ ਲਈ ਫੇਰ ਕੋਸ਼ਿਸ਼ਾਂ ਕਰਕੇ ਅਸੀਂ ਉਸਨੂੰ ਮਾਰਚ ਤਕ ਲੈ ਗਏ ਅਤੇ ਅੱਗੇ ਹੋਰ ਵੀ ਕੋਸ਼ਿਸ਼ ਕਰ ਰਹੇ ਹਾਂ ਕਿ ਅਗਲੇ ਸਾਲ ਤਕ ਵੀ ਚਲਦੀ ਰਹੀ । ਔਰ ਸਬਸਿਡੀ ਦੇਣੀ ਹੈ, ਜਿੰਨੀ ਦੇਰ ਤੱਕ ਸਾਡੇ ਰੇਟ ਖਾਦ ਦੇ ਠੀਕ ਨਹੀਂ ਹੋ ਜਾਂਦੇ, ਭਾਰਤ ਸਰਕਾਰ ਤੇ ਇਸ ਸਬੰਧੀ ਜ਼ੋਰ ਪਾਈ ਰੱਖਾਂਗੇ। ਇਸਦੇ ਨਾਲ ਹੀ ਇਥੇ ਪੋਟਾਸ਼ ਅਤੇ ਡੀ.ਏ.ਪੀ. ਦੇ ਰੇਟ ਵਧੇ ਸਨ, ਯੂਰੀਆ ਦੀਆਂ ਕੀਮਤਾਂ ਘਟੀਆਂ ਸੀ। ਉਸ ਨਾਲ ਜ਼ਿਮੀਦਾਰਾਂ ਨੂੰ ਫਾਇਦਾ ਹੋਇਆ। ਖਾਸ ਕਰਕੇ ਜਿਹੜਾ ਗੰਨਾ ਹੈ। ਉਸਤੇ ਪਿਛਲੇ ਖਰਚੇ ਨਾਲੋਂ 140 ਰੁਪਏ ਖਾਦ ਦਾ ਖਰਚਾ ਘੱਟ ਆਉਂਦਾ ਸੀ। ਉਸ ਵਜ੍ਹਾ ਨਾਲ ਵੀ ਕਿਸਾਨ ਨੂੰ ਫਾਇਦਾ ਪਹੁੰਚਿਆ। ਜਿਹੜੀ ਦੂਸਰੀ ਗ੍ਰਾਂਟ ਸੀ, ਉਹ 25 ਕਰੋੜ ਰੁਪਏ ਦੀ ਸੀ। ਇਹ ਸਪੀਕਰ ਸਾਹਿਬ, ਤੁਸੀਂ ਖੁਸ਼ ਹੋਵੋਗੇ ਸੁਣ ਕੇ ਕਿ ਇਹ 25 ਕਰੋੜ ਰੁਪਿਆ ਵੀ ਭਾਰਤ ਸਰਕਾਰ ਕੋਲੋਂ ਹੀ ਮਿਲਿਆ ਸੀ। ਇਸਦੇ ਨਾਲ ਇਕ ਬਹੁਤ ਲੰਬੀ ਲਿਸਟ ਛੋਟੀਆਂ ਛੋਟੀਆਂ ਸਕੀਮਾਂ ਦੀ ਲਗ ਗਈ, ਮੱਖੀ ਪਾਲਣ, ਰੇਸ਼ਮ ਦੇ ਕੀੜੇ ਆਦਿ ਦੀ। ਇਸ ਦੇ ਬਾਅਦ ਡਾਕਟਰ ਸਾਹਿਬ, ਚੀਫ ਮਨਿਸਟਰ ਸਾਹਿਬ, ਸਰਦਾਰ ਉਮਰਾਓ ਸਿੰਘ ਅਸੀਂ ਸਾਰਿਆਂ ਨੇ ਇਕੱਠੇ ਹੋ ਕੇ ਇਸ ਵੇਲੇ ਕਿ ਇਸ ਵੇਲੇ ਪੰਜਾਬ ਨੂੰ ਪਾਣੀ ਦੀ ਜ਼ਰੂਰਤ ਜ਼ਿਆਦਾ ਹੈ ਇਹ ਵੀ ਜ਼ਿਕਰ ਆਇਆ ਕਿ ਪੰਜਾਬ ਦਾ ਕਿਸਾਨ ਜੰਗਲਾਂ ਨੂੰ ਸਾਫ ਕਰਕੇ ਪਾਣੀ ਦੀ ਘਾਟ ਹੁੰਦੇ ਹੋਏ ਵੀ ਖੇਤੀ ਬਾੜੀ ਦੇ ਟੀਚੇ ਨੂੰ ਪ੍ਰਾਪਤ ਕਰ ਸਕਿਆ ਪਰ ਪਾਣੀ ਦੀ ਘਾਟ ਪੂਰੀ ਨਾ ਹੋ ਸਕੀ। ਅਸੀਂ ਫੇਰ ਸਾਰੀ ਡਿਟੇਲ ਦੇਖ ਕੇ ਇਹ ਫੈਸਲਾ ਕੀਤਾ ਕਿ ਪਾਣੀ ਦੀ ਕਮੀ ਨੂੰ ਦੂਰ ਕਰਨ ਵਾਸਤੇ ਉਪਰਾਲਿਆਂ ਨੂੰ ਪਹਿਲ ਦਿੱਤੀ ਜਾਵੇ। ਛੋਟੀਆਂ ਸਕੀਮਾਂ ਨੂੰ ਛੱਡ ਕੇ ਇਹ

ਸਕੀਮ ਸਿਰੇ ਚਾੜ੍ਹੀ ਜਾਵੇ। ਇਸ ਨਾਲ ਦੂਜੀਆਂ ਸਕੀਮਾਂ ਵੀ ਆਪਣੇ ਆਪ ਸਿਰੇ ਚੜ੍ਹ ਜਾਣਗੀਆਂ। ਇਸ ਕਰਕੇ ਸਪੀਕਰ ਸਾਹਿਬ, ਸੈਂਟਰ ਨੂੰ ਫੇਰ ਦੁਬਾਰਾ ਸੀ. ਐਮ ਸਾਹਿਬ ਨੇ ਚਿੱਠੀ ਲਿਖੀ ਕਿ ਅਸੀਂ ਇਹ ਜੋ ਖਰਚਾ ਹੈ, ਉਸ ਨੂੰ ਪਾਣੀ ਵਾਸਤੇ ਕਰਨਾ ਚਾਹੁੰਦੇ ਹਾਂ। ਜਿਹੜੀ ਸਕੀਮਾਂ ਦੀ ਲੰਬੀ ਲਿਸਟ ਹੈ, ਉਸ ਨਾਲ ਬਹੁਤਾ ਲਾਭ ਨਹੀਂ ਹੋਵੇਗਾ। ਪੰਜਾਬ ਦੇ ਕਿਸਾਨ ਨੂੰ ਪਾਣੀ ਦੀ ਬੜੀ ਘਾਟ ਹੈ। ਜੋ ਸਾਡੇ ਵੱਲੋਂ ਲਿਖਿਆ ਗਿਆ, ਉਨ੍ਹਾਂ ਨੇ ਉਸ ਮੁਤਾਬਿਕ ਹੀ ਉਸ ਨੂੰ ਮੰਨਿਆ ਕਿ ਤੁਹਾਡੀ ਮੰਗ ਸਹੀ ਹੈ। ਇਸ ਨੂੰ ਅਸੀਂ ਜੋ ਤੁਸੀਂ ਚਾਹੁੰਦੇ ਹੋ, ਉਸ ਤਰੀਕੇ ਨਾਲ ਦੇ ਦੇਂਦੇ ਹਾਂ।

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ ਜੀ।

ਸ੍ਰੀ ਸਪੀਕਰ: ਸਾਥੀ ਜੀ, ਤੁਸੀਂ ਇੰਟਰਪਟ ਨਾ ਕਰੋ। ਮੰਤਰੀ ਜੀ ਨੂੰ ਬੋਲਣ ਦਿਉ।

ਖੇਤੀਬਾੜੀ ਅਤੇ ਜੰਗਲਾਤ ਮੰਤਰੀ : ਸਪੀਕਰ ਸਾਹਿਬ, ਮੈਂ ਦੱਸ ਰਿਹਾ ਸੀ ਕਿ ਪੰਜਾਬ ਦੇ ਕਿਸਾਨ ਨੂੰ ਇਸ ਵੇਲੇ ਸਭ ਤੋਂ ਜ਼ਿਆਦਾ ਜ਼ਰੂਰਤ ਪਾਣੀ ਦੀ ਹੈ। ਪਾਣੀ ਵੀ ਉਥੇ ਜਿਥੇ ਅੱਗੇ ਪਾਣੀ ਦੀ ਬਹੁਤ ਮੁਸ਼ਕਿਲ ਸੀ। ਉਹ ਸਾਰੀ ਨਿਗਾਹ ਮਾਰ ਕੇ ਇਸ ਨਤੀਜੇ ਤੇ ਸਾਡੀ ਕਮੇਟੀ ਪਹੁੰਚੀ ਕਿ ਕੰਡੀ ਏਰੀਆ, ਜਿਥੇ ਗਰੀਬ ਲੋਕ ਰਹਿੰਦੇ ਹਨ, ਟਿਊਬਵੈੱਲ ਲੱਗ ਨਹੀਂ ਸਕਦੇ, ਪਾਣੀ ਬਹੁਤ ਗਹਿਰਾ ਹੈ, ਉਥੇ ਧਿਆਨ ਦਿੱਤਾ ਜਾਵੇ। ਅਸੀਂ ਇਸ ਤਰੀਕੇ ਨਾਲ ਸੋਚ ਕੇ ਖਰਚਾ ਕਰੀਏ ਅਤੇ 200 ਡੂੰਘੇ ਟਿਊਬਵੈਲ ਕੰਡੀ ਏਰੀਆ ਵਿੱਚ ਲਾਈਏ। ਇਸ ਤੋਂ ਪਹਿਲਾਂ ਸਾਨੂੰ ਭਾਰਤ ਸਰਕਾਰ ਵੱਲੋਂ ਕੁਝ 38 ਛੋਟੇ ਟਰੈਕਟਰ ਮਿਲੇ ਸਨ ਜਿਹੜੇ ਕਿ ਪੰਜਾਬ ਦੇ ਕਿਸਾਨਾਂ ਵਾਸਤੇ ਬਹੁਤ ਘੱਟ ਸਨ। ਇਸ ਕਰਕੇ ਅਸੀਂ ਇਸੇ ਰੁਪਏ ਤੋਂ 500 ਹੋਰ ਛੋਟੇ ਟਰੈਕਟਰ 8 ਏਕੜ ਤੋਂ ਘੱਟ ਜ਼ਮੀਨ ਵਾਲਿਆਂ ਨੂੰ ਦੇਣ ਦਾ ਪ੍ਰਬੰਧ ਕੀਤਾ। ਮੈਨੂੰ ਕੁਝ ਸਾਥੀ ਕਹਿ ਰਹੇ ਸਨ ਕਿ ਸ਼ਾਇਦ ਇਹ ਸਬਸਿਡੀ ਕਿਤੇ ਖਾ ਹੀ ਨਾ ਜਾਣ। ਮੈਂ ਉਨ੍ਹਾਂ ਦਾ ਡਰ ਦੂਰ ਕਰਨ ਵਾਸਤੇ ਉਨ੍ਹਾਂ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਹਰ ਜ਼ਿਲ੍ਹੇ ਵਿਚ ਡੀ. ਸੀ. ਦੇ ਮਾਤਹਿਤ ਇਕ ਕਮੇਟੀ ਇਸ ਮਕਸਦ ਲਈ ਬਣਾ ਦਿੱਤੀ ਹੈ। ਜਿਹੜਾ ਕਿਸਾਨ ਇਹ ਲੈਣਾ ਚਾਹੁੰਦਾ ਹੋਵੇ ਉਹ ਆਪਣੀ ਅਰਜ਼ੀ ਡੀ. ਸੀ. ਨੂੰ ਦੇ ਦੇਵੇ। ਉਹ ਉਸਦੀ ਅਰਜ਼ੀ ਨੂੰ ਐਗਜ਼ਾਮਿਨ ਕਰੇਗਾ ਅਤੇ ਵੇਖੇਗਾ ਕਿ ਉਸ ਦੀ ਜ਼ਮੀਨ ਕਿੰਨੀ ਹੈ। ਇਸ ਤਰੀਕੇ ਨਾਲ ਇਹ ਟਰੈਕਟਰ ਦਿੱਤੇ ਜਾਣੇ ਹਨ। ਅਸੀਂ ਕੁੱਲ 538 ਟਰੈਕਟਰ ਦੇਣੇ ਹਨ।

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਆਨ ਏ ਪੁਆਇੰਟ ਆਫ ਆਰਡਰ, ਸਰ।

ਸ੍ਰੀ ਸਪੀਕਰ : ਸਾਥੀ ਜੀ, ਤੁਸੀਂ ਬੈਠ ਜਾਓ। ਮੰਤਰੀ ਜੀ ਬੋਲ ਰਹੇ ਹਨ, ਉਨ੍ਹਾਂ ਨੂੰ ਬੋਲ ਲੈਣ ਦਿਓ; ਤੁਸੀਂ ਬਾਅਦ ਵਿਚ ਗੱਲ ਕਰ ਲੈਣਾ।

ਖੇਤੀਬਾੜੀ ਅਤੇ ਜੰਗਲਾਤ ਮੰਤਰੀ : ਸਪੀਕਰ ਸਾਹਿਬ, ਜੋ ਕੁਝ ਸਾਥੀ ਜੀ ਪੁੱਛਣਾ ਚਾਹੁੰਦੇ ਹਨ, ਮੈਂ ਇਨ੍ਹਾਂ ਦੀ ਬਾਅਦ ਵਿਚ ਤਸੱਲੀ ਕਰਾ ਦਿਆਂਗਾ। ਦੂਸਰੀ ਗੱਲ ਮੈਂ ਪਾਣੀ ਦੀ ਕਰ ਰਿਹਾ ਸੀ। ਵੈਸੇ ਤਾਂ ਸਾਡੀ ਸਰਕਾਰ ਨੇ ਕੰਡੀ ਕੈਨਾਲ ਬਣਾ ਕੇ ਵੀ ਪਾਣੀ ਕੰਡੀ ਦੇ ਖੇਤਰ ਵਿਚ ਭੇਜਿਆ ਸੀ ਅਤੇ ਇਸ ਤੋਂ ਬਾਅਦ 200 ਡੂੰਘੇ ਟਿਊਬਵੈਲਾਂ ਦੀ ਵੀ ਗੱਲ ਹੈ ਪਰ ਇਸ ਦੇ ਬਾਵਜੂਦ ਸਾਰਾ

ਕੰਡੀ ਖੇਤਰ ਆਬਾਦ ਨਹੀਂ ਸੀ ਹੁੰਦਾ। ਹਾਲਾਤ ਸੁਧਰ ਨਹੀਂ ਸੀ ਸਕੇ। ਇਸ ਵਾਸਤੇ ਅਸੀਂ ਕਈ ਹੋਰ ਸਕੀਮਾਂ ਬਣਾਈਆਂ। ਸਾਡਾ ਇਕ ਭੂਮੀ ਰੱਖਿਆ ਦਾ ਡਿਪਾਰਟਮੈਂਟ ਹੈ। ਇਸ ਡਿਪਾਰਟਮੈਂਟ ਨੇ ਜਿਹੜਾ ਪਾਣੀ ਉਪਰੋਂ ਆਉਂਦਾ ਹੈ, ਉਸ ਨੂੰ ਛੱਡ ਕੇ ਅਤੇ ਉਥੇ ਛੋਟੇ-ਛੋਟੇ ਡੈਮ ਬਣਾ ਕੇ ਪਾਈਪਾਂ ਦੇ ਜ਼ਰੀਏ ਪਾਣੀ ਖੇਤਾਂ ਨੂੰ ਦਿੱਤਾ। ਇਸ ਤੋਂ ਇਲਾਵਾ ਬੇਟ ਏਰੀਆ ਵਿਚ ਇਕ ਲਿਫਟ ਸਕੀਮ ਸ਼ੁਰੂ ਕੀਤੀ ਗਈ ਅਤੇ ਇਕ ਡੀਪ ਸਕੀਮ ਸ਼ੁਰੂ ਕੀਤੀ ਗਈ। ਸਪੀਕਰ ਸਾਹਿਬ, ਤੁਹਾਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਜਿਹੜਾ ਬਰਸਾਤਾਂ ਦਾ ਪਾਣੀ ਪਹਿਲਾਂ ਦੂਸਰੇ ਇਲਾਕਿਆਂ ਵਿਚ ਜਾ ਕੇ ਬਰਬਾਦੀ ਕਰਦਾ ਹੁੰਦਾ ਸੀ, ਹੁਣ ਉਸ ਪਾਣੀ ਨੂੰ ਡੱਕ ਕੇ, ਡੈਮ ਬਣਾ ਕੇ, ਖੇਤੀਬਾੜੀ ਵਾਸਤੇ ਵਰਤਿਆ ਜਾਂਦਾ ਹੈ। ਇਕ ਗੱਲ ਹੋਰ, ਸਾਡੇ ਨਜ਼ਦੀਕ ਇਕ ਪਿੰਡ ਪੈਂਦਾ ਹੈ ਸੀਸਵਾਂ। ਉਸ ਪਿੰਡ ਵਿਚ ਅਸੀਂ ਕੋਈ ਇਕ ਕਿਲੋਮੀਟਰ ਦੀ ਦੂਰੀ ਤੇ ਪਹਾੜੀ ਦੀ ਉੱਚੀ ਜਗ੍ਹਾ ਤੇ ਪਾਣੀ ਇਕੱਠਾ ਕਰਕੇ, ਉਸ ਪਾਣੀ ਨੂੰ ਪਾਈਪਾਂ ਰਾਹੀਂ ਮੈਦਾਨ ਵਿਚ ਪਹੁੰਚਾਉਣ ਦਾ ਇੰਤਜ਼ਾਮ ਵੀ ਕੀਤਾ ਹੈ। ਜਿਸ ਵੇਲੇ ਇਹ ਪਾਣੀ ਖੇਤਾਂ ਵਿਚ ਪਹੁੰਚਿਆ ਤਾਂ ਮੈਂ ਇਕ ਕਿਸਾਨ ਨੂੰ ਪੁਛਿਆ ਕਿ ਪਾਣੀ ਮਿਲਣ ਤੋਂ ਪਹਿਲਾਂ ਤੇਰੀ ਜ਼ਮੀਨ ਦੀ ਕੀਮਤ ਕਿੰਨੀ ਸੀ ? ਉਸ ਨੇ ਦਸਿਆ 20-25 ਹਜ਼ਾਰ ਫਿਰ ਮੈਂ ਪੁਛਿਆ ਕਿ ਹੁਣ ਇਸ ਦੀ ਕੀਮਤ ਕਿੰਨੀ ਹੋ ਗਈ ਹੈ, ਤਾਂ ਉਸ ਨੇ ਦਸਿਆ ਕਿ ਹੁਣ ਇਸ ਦੀ ਕੀਮਤ ਇਕ ਲੱਖ ਰੁਪਏ ਹੋ ਗਈ ਹੈ। ਫਿਰ ਮੈਂ ਉਸਨੂੰ ਪੁੱਛਿਆ ਕਿ ਜੇ ਤੈਨੂੰ ਕੋਈ ਇਸ ਤੋਂ ਵੱਧ ਪੈਸੇ ਦੇ ਦੇਵੇ ਤਾਂ ਕੀ ਤੂੰ ਜ਼ਮੀਨ ਨੂੰ ਵੇਚੇਂਗਾ ? ਤਾਂ ਉਸ ਨੇ ਕਿਹਾ ਕਿ ਹੁਣ ਮੈਂ ਬਿਲਕੁਲ ਨਹੀਂ ਵੇਚਾਂਗਾ। ਸੋ, ਇਹ ਜੋ ਸਾਡੀਆਂ ਸਕੀਮਾਂ ਹਨ, ਇਹ ਸਾਰੀਆਂ ਸੈਂਟਰ ਦੇ ਪੈਸਿਆਂ ਨਾਲ ਲਾਗੂ ਕੀਤੀਆਂ ਹਨ। ਇਥੇ ਮੇਰੇ ਕੁਝ ਸਾਥੀ ਕਹਿ ਰਹੇ ਸਨ ਕਿ ਆਉਣ ਵਾਲੇ ਸਮੇਂ ਵਿਚ ਕਣਕ ਦਾ ਝਾੜ ਘੱਟ ਜਾਵੇਗਾ। ਮੈਂ ਉਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਝਾੜ ਘਟੇਗਾ ਨਹੀਂ, ਇਨ੍ਹਾਂ ਸਕੀਮਾਂ ਨਾਲ ਤਾਂ ਇਨਕਲਾਬ ਆ ਜਾਵੇਗਾ।

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਸਾਥੀ ਜੀ, ਬੈਠ ਜਾਓ। ਹੁਣ ਡਾਕਟਰ ਸਾਹਿਬ ਬੋਲਣਗੇ।

ਵਿੱਤ ਮੰਤਰੀ (ਡਾਕਟਰ ਕੇਵਲ ਕ੍ਰਿਸ਼ਨ) : ਸਪੀਕਰ ਸਾਹਿਬ, ਮੈਂ ਪਹਿਲਾਂ ਤਾਂ ਇਹ ਬੇਨਤੀ ਕਰਾਂਗਾ ਕਿ ਗਿਲੋਟੀਨ ਦਾ ਟਾਈਮ 12.45 ਵਜੇ ਕਰ ਦਿੱਤਾ ਜਾਵੇ, ਜੇ ਸਾਰਾ ਹਾਉਸ ਸਹਿਮਤ ਹੋਵੇ।

Mr. Speaker: Is it the pleasure of the House that the Guillotine may be applied at 12.45 P.M. instead of at 12.30 P.M.

(Voices : Yes, Yes).

Mr. Speaker: Now the guillotine will be applied at 12.45 P.M.

ਵਿੱਤ ਮੰਤਰੀ : ਸਪੀਕਰ ਸਾਹਿਬ, ਮਾਨਯੋਗ ਮੈਂਬਰ ਨੇ ਇਨ੍ਹਾਂ ਸਪਲੀਮੈਂਟਰੀ ਡਿਮਾਂਡਜ਼ ਦੇ ਬਾਰੇ ਵਿੱਚ ਲਗ ਭਗ ਸਹਿਮਤੀ ਪ੍ਰਗਟ ਕੀਤੀ ਹੈ। ਕੁਝ ਨੁਕਤਾਚੀਨੀ ਵੀ ਜ਼ਰੂਰ ਹੋਈ ਹੈ ਲੇਕਿਨ

**Expunged as ordered by the Chair.

[ਵਿੱਤ ਮੰਤਰੀ]

ਮੈਨੂੰ ਖੁਸ਼ੀ ਹੈ ਕਿ ਉਹਦੇ ਵਿਚ ਵੀ ਠੋਸ ਸੁਝਾਅ ਆਏ ਹਨ, ਜਿਨ੍ਹਾਂ ਤੇ ਪੰਜਾਬ ਸਰਕਾਰ ਜ਼ਰੂਰ ਵਿਚਾਰ ਕਰੇਗੀ। ਪਹਿਲਾਂ ਤਾਂ ਮੈਂ ਸਪੀਕਰ ਸਾਹਿਬ, ਸਪਸ਼ਟ ਕਰਨਾ ਚਾਹਾਂਗਾ ਕਿ ਇਹ ਜਿਹੜਾ ਇਸ ਵਾਰ ਸਪਲੀਮੈਂਟਰੀ ਮੰਗਾਂ ਪੇਸ਼ ਕੀਤੀਆਂ ਗਈਆਂ ਹਨ, ਜੋ ਕਿ 196 ਕਰੋੜ ਰੁਪਏ ਦੀਆਂ ਹਨ, ਇਹ ਧਿਆਨ ਰੱਖਿਆ ਗਿਆ ਹੈ ਕਿ ਉਹ ਫੀਲਿੰਗਜ ਦੇ ਮੁਤਾਬਿਕ ਹੋਣ ਕਿਉਂਕਿ ਪਿਛਲੇ ਸਾਲ ਕਾਫੀ ਨੁਕਤਾਚੀਨੀ ਹੋਈ ਜਦੋਂ 312 ਕਰੋੜ ਰੁਪਏ ਦੀ ਸਪਲੀਮੈਂਟਰੀ ਡੀਮਾਂਡ ਸੀ, ਜਿਸ ਤੇ ਮੈਂਬਰ ਸਾਹਿਬਾਨ ਨੇ ਬੜੇ ਤੌਖਲੇ ਪ੍ਰਗਟ ਕੀਤੇ ਸਨ ਔਰ ਉਸ ਵੇਲੇ ਇਹ ਕਿਹਾ ਗਿਆ ਸੀ ਕਿ ਅਸੀਂ ਨੈਕਸਟ ਈਯਰ ਦੇ ਵਿੱਚ ਸਪਲੀਮੈਂਟਰੀ ਡਿਮਾਂਡਜ਼ ਨੂੰ ਘਟਾਵਾਂਗੇ। ਪਹਿਲਾਂ ਹੀ ਜੋ ਖ਼ਰਚੇ ਹਨ, ਮੈਨੂੰ ਖੁਸ਼ੀ ਹੈ ਕਿ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਉਸ ਵੱਲ ਧਿਆਨ ਦੇਂਦੇ ਹੋਏ ਲਗ ਭਗ 112 ਕਰੋੜ ਰੁਪਏ ਦੇ ਕਰੀਬ ਕਮੀ ਕੀਤੀ ਹੈ। ਪਿਛਲੇ ਸਾਲ ਦੇ ਵਿੱਚ 312 ਕਰੋੜ ਰੁਪਏ ਦੇ ਮੁਕਾਬਲੇ ਇਹ ਸਪਲੀਮੈਂਟਰੀ ਡਿਮਾਂਡਜ਼ 196 ਕਰੋੜ ਰੁਪਏ ਦੀਆਂ ਹਨ। ਪਰ ਜੇ ਜ਼ਰਾ ਗੌਰ ਨਾਲ ਦੇਖਿਆ ਜਾਏ ਤਾਂ ਸਭ ਤੋਂ ਪਹਿਲਾਂ 100% ਸੈਂਟਰਲੀ ਸਪਾਨਸਰਡ ਸਕੀਮਾਂ ਦੇ ਅਧੀਨ ਰੁਪਿਆ ਗੌਰਮਿੰਟ ਆਫ ਇੰਡੀਆ ਨੇ ਦਿਤਾ ਹੈ। ਉਸਦੇ ਵਿੱਚ 59.93 ਲੱਖ ਲਗਭਗ 60 ਕਰੋੜ ਰੁਪਏ ਅਜਿਹਾ ਪੈਸਾ ਹੈ ਜਿਹੜਾ ਕਿ ਸਾਨੂੰ ਸੈਂਟਰ ਗੌਰਮਿੰਟ ਤੋਂ ਮਿਲਿਆ ਹੈ। ਉਸ ਵਿੱਚੋਂ ਕਾਫ਼ੀ ਪੈਸਾ ਖਰਚ ਕੀਤਾ ਜਾ ਚੁੱਕਾ ਹੈ ਅਤੇ ਜਿਹੜਾ ਬਾਕੀ ਰਹਿੰਦਾ ਹੈ, ਉਹ ਮਾਰਚ, 1993 ਤੱਕ ਖਰਚ ਕਰ ਦਿੱਤਾ ਜਾਣਾ ਹੈ। ਜੇਕਰ ਅਸੀਂ ਇਸ ਨੂੰ ਵੀ ਛੱਡ ਦੇਈਏ ਔਰ ਉਸ ਤੋਂ ਇਲਾਵਾ ਵ੍ਹੀਟ ਲੋਨ ਜਿਹੜਾ ਕਿ ਕਲਾਸ--4 ਕਰਮਚਾਰੀ ਨੂੰ ਮਿਲਣਾ ਹੈ ਜੋ ਕਿ 8 ਕਰੋੜ ਦੇ ਕਰੀਬ ਬਣਦਾ ਹੈ, ਉਹ ਵੀ ਨਾ ਲਾਇਆ ਜਾਵੇ ਤਾਂ ਕੇਵਲ 36 ਕਰੋੜ ਰੁਪਿਆ ਰਹਿ ਜਾਂਦਾ ਹੈ, ਜਿਸ ਲਈ ਇਹ ਡਿਮਾਂਡਜ਼ ਹਨ। ਇਹ ਜਿਹੜਾ ਪੈਸਾ ਹੈ ਇਹ ਕੋਰਟ ਦੀਆਂ ਡਿਕਰੀਆਂ ਅਤੇ ਬੋਨਸ ਵਾਸਤੇ ਹੈ। ਇਹਦੇ ਵਿੱਚ, ਸਪੀਕਰ ਸਾਹਿਬ, ਮੈਨੂੰ ਖੁਸ਼ੀ ਹੈ ਕਿ ਬੋਨਸ ਜਿਹੜਾ ਸਰਕਾਰ ਦਾ ਛੋਟਾ ਇੰਪਲਾਈ ਹੈ, ਛੋਟਾ ਵਰਗ ਹੈ ਔਰ ਮਜ਼ਦੂਰ ਦੀ ਤਰ੍ਹਾਂ ਕੰਮ ਕਰਦਾ ਹੈ, ਉਹ ਬੋਨਸ ਸੈਂਟਰ ਗੌਰਮਿੰਟ ਨੇ ਦਿੱਤਾ ਪਰ ਨਾ ਤਾਂ ਇਹ ਹਾਲੇ ਹਰਿਆਣੇ ਨੇ ਦਿੱਤਾ ਅਤੇ ਨਾ ਹੀ ਹਿਮਾਚਲ ਨੇ ਦਿੱਤਾ ਹੈ ਪਰ ਪੰਜਾਬ ਸਰਕਾਰ ਨੇ, ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ 30 ਕਰੋੜ ਰੁਪਏ ਬੋਨਸ ਦੇ ਤੌਰ ਤੇ ਇੰਪਲਾਈਜ਼ ਨੂੰ ਦਿੱਤੇ ਹਨ, ਇਸ ਕਰਕੇ ਕਿ ਜਿਹੜੇ ਛੋਟੇ ਇੰਪਲਾਈਜ਼ ਹਨ, ਉਨ੍ਹਾਂ ਨੂੰ ਐਨਕਰੇਜ਼ ਕਰਨਾ ਚਾਹੀਦਾ ਹੈ, ਉਨ੍ਹਾਂ ਦੀਆਂ ਸੇਵਾਵਾਂ ਬਹੁਮੁੱਲੀਆਂ ਹਨ। ਸਪੀਕਰ ਸਾਹਿਬ, ਅਗਰ ਇਹ ਕੋਰਟ ਦੀਆਂ ਡਿਕ-ਰੀਆਂ ਔਰ ਸਾਰਾ ਕੁਝ ਛੱਡ ਦਿੱਤਾ ਜਾਵੇ ਤਾਂ ਇਹ 36 ਕਰੋੜ ਰੁਪਏ ਤੋਂ ਵੀ ਘੱਟ ਖ਼ਰਚਾ ਰਹਿ ਜਾਂਦਾ ਹੈ ਜੋ ਕਿ ਮਾਮੂਲੀ ਚੀਜ਼ ਹੈ ਕਿਉਂਕਿ ਹਰ ਵਿਅਕਤੀ ਆਪਣੀ ਜ਼ਿੰਦਗੀ ਨੂੰ ਬਤੀਤ ਕਰਦੇ ਹੋਏ ਕਈ ਵਾਰ ਘਰ ਵਿਚ ਵੀ ਅਜਿਹੇ ਖ਼ਰਚੇ ਦਾ ਉਹ ਸ਼ਿਕਾਰ ਹੋ ਜਾਂਦਾ ਹੈ। ਜਿਹੜਾ ਕਿ ਉਸਨੇ ਸੋਚਿਆ ਵੀ ਨਹੀਂ ਹੁੰਦਾ, ਔਰ ਦੇਖਿਆ ਵੀ ਨਹੀਂ ਜਾ ਸਕਦਾ। ਕਈ ਵਾਰ ਕੋਈ ਘਰ ਵਿੱਚ ਸ਼ਾਦੀ ਜਾਂ ਵਿਆਹ ਆ ਜਾਂਦਾ ਹੈ, ਜਾਂ ਫਿਰ ਕੋਈ ਮਹਿਮਾਨ-ਨਿਵਾਜ਼ੀ ਕਰਨੀ ਪੈ ਜਾਂਦੀ ਹੈ। ਇਸ ਨੂੰ ਅਸੀਂ ਅਨਫੋਰਸੀਨ ਖ਼ਰਚੇ ਕਹਿੰਦੇ ਹਾਂ। ਇਹ ਸਾਰੀਆਂ ਚੀਜ਼ਾਂ ਨੂੰ ਵੇਖਕੇ ਜਿਹੜੀ ਕਿ 2.8 ਕਰੋੜ ਦੀ ਆਬਾਦੀ ਨੂੰ, ਕਈ ਤਰ੍ਹਾਂ ਦੀਆਂ ਸਮੱਸਿਆਵਾਂ ਵੀ ਆਉਂਦੀਆਂ ਰਹਿੰਦੀਆਂ ਹਨ, ਉਹਦੇ ਵਾਸਤੇ ਖ਼ਰਚ ਜ਼ਰੂਰੀ ਹੈ। ਇਕ ਹੋਰ ਖ਼ਰਚਾ ਜਿਹੜਾ ਸੱਭ ਤੋਂ ਵੱਡਾ ਹੈ ਪੁਲਿਸ ਦਾ। ਖਾਸ ਤੌਰ ਤੇ ਹੋਮ ਡਿਪਾਰਟਮੈਂਟ ਦਾ। ਮੈਨੂੰ ਖੁਸ਼ੀ ਹੈ ਕਿ ਮਾਨਯੋਗ ਮੈਂਬਰਾਂ ਨੇ ਇਸ ਗੱਲ ਦੀ ਸਰਬ ਪੱਖੀ ਸਾਰਿਆਂ ਨੇ ਸ਼ਲਾਘਾ ਕੀਤੀ ਹੈ ਔਰ ਕਿਹਾ ਹੈ ਕਿ ਹੋਮ ਡਿਪਾਰਟਮੈਂਟ ਔਰ ਪੁਲਿਸ ਡਿਪਾਰਟਮੈਂਟ ਨੂੰ ਹੋਰ ਸਟਰੈਂਥਨ ਕਰਨਾ ਚਾਹੀਦਾ ਹੈ। ਸਪੀਕਰ ਸਾਹਿਬ, ਵਕਤ ਦੀ ਜ਼ਰੂਰਤ ਸੀ

ਔਰ ਜਿਸ ਵੇਲੇ ਪੰਜਾਬ ਸਰਕਾਰ ਹੋਂਦ ਵਿੱਚ ਆਈ ਔਰ ਸਰਦਾਰ ਬੇਅੰਤ ਸਿੰਘ, ਮੁੱਖ ਮੰਤਰੀ ਬਣੇ ਉਸ ਵੇਲੇ ਪੰਜਾਬ ਦੀ ਜਨਤਾ ਚਾਰੋਂ ਤਰਫੋਂ ਇਕ ਤਰ੍ਹਾਂ ਨਾਲ ਦਹਿਸ਼ਤ ਦਾ ਸ਼ਿਕਾਰ ਸੀ ਅਤੇ ਰਾਜ ਵਿਚ ਡਰ ਦਾ ਵਾਤਾਵਰਣ ਸੀ ਔਰ ਕਿਤੋਂ ਵੀ ਆਸ਼ਾ ਦੀ ਕਿਰਨ ਨਜ਼ਰ ਨਹੀਂ ਆਉਂਦੀ ਸੀ। ਪੰਜਾਬ ਦੇ ਵਿੱਚ ਸੁਖਾਵਾਂ ਮਾਹੌਲ, ਗਿੱਧਿਆਂ, ਭੰਗੜਿਆਂ ਅਤੇ ਖੁਸ਼ੀਆਂ ਦਾ ਮਾਹੌਲ ਫਿਰ ਆ ਸਕੇਗਾ ਇਸ ਬਾਰੇ ਸੋਚਣਾ ਨਾ-ਮੁਮਕਿਨ ਚੀਜ਼ ਨਜ਼ਰ ਆਉਂਦੀ ਸੀ ਔਰ ਹਿੰਦੁਸਤਾਨ ਦੇ ਲੋਕ ਇਹ ਤੌਖਲਾ ਪ੍ਰਗਟ ਕਰਦੇ ਸਨ ਕਿ ਪੰਜਾਬ ਦੇ ਹਾਲਾਤ ਬਹੁਤ ਵਿਗੜ ਗਏ ਹਨ । ਪੰਜਾਬ ਵਿਚੋਂ ਜੋ ਲੋਕ ਬਾਹਰ ਚਲੇ ਗਏ ਸਨ ਉਹ ਵੀ ਪਰੇਸ਼ਾਨ ਸਨ ਕਿ ਕੀ ਮੁੜ ਕੇ ਅਸੀਂ ਵਾਪਸ ਜਾ ਸਕਾਂਗੇ ਜਾਂ ਨਹੀਂ ? ਸਪੀਕਰ ਸਾਹਿਬ, ਸੁਰੱਖਿਆ ਕਰਮਚਾਰੀ ਵੀ ਉਹੀ ਸਨ, ਅਫਸਰ ਵੀ ਉਹੀ ਸਨ, ਪੁਲਿਸ ਅਫਸਰ ਵੀ ਉਹੀ ਸਨ, ਸਾਡੇ ਨੇਤਾ ਔਰ ਲੀਡਰ ਵੀ ਉਹੀ ਸਨ ਲੇਕਿਨ ਇਕੋ ਇਕ ਤਬਦੀਲੀ ਹੋਈ ਕਿ ਪੰਜਾਬ ਦੇ ਲੋਕਾਂ ਨੇ ਕਾਂਗਰਸ ਪਾਰਟੀ ਨੂੰ ਵਿਸ਼ਵਾਸ ਵਿੱਚ ਲੈ ਕੇ, 87 ਐਮ.ਐਲ.ਏ. ਪ੍ਰਦਾਨ ਕਰਕੇ ਬਹੁਤ ਵੱਡੀ ਤਾਕਤ ਪੰਜਾਬ ਦੀ ਸਰਕਾਰ ਨੂੰ ਦਿੱਤੀ। ਔਰ ਪੰਜਾਬ ਸਰਕਾਰ ਨੇ ਸਭ ਤੋਂ ਪਹਿਲਾਂ ਇਹ ਫੈਸਲਾ ਕੀਤਾ ਸੀ ਕਿ ਪੰਜਾਬ ਵਿੱਚ ਅਮਨ ਅਤੇ ਸ਼ਾਂਤੀ ਹਰ ਕੀਮਤ ਤੇ ਲਿਆਉਣੀ ਹੈ, ਬਹਾਲ ਕਰਨੀ ਹੈ' ਕੱਲ ਸਾਡੇ ਮੁੱਖ ਮੰਤਰੀ ਜੀ ਨੇ ਬੋਲਦਿਆਂ ਹੋਇਆਂ ਬੜੀ ਤਫਸੀਲ ਨਾਲ ਉਨ੍ਹਾਂ ਸਾਥੀਆਂ ਦਾ ਜ਼ਿਕਰ ਕੀਤਾ ਜਿਨ੍ਹਾਂ ਨੇ ਕਿ ਉਨ੍ਹਾਂ ਦੇ ਨਾਲ ਇਸ ਸੰਘਰਸ਼ ਵਿੱਚ ਸਾਥ ਦਿੱਤਾ ਔਰ ਉਸ ਤੋਂ ਬਾਅਦ ਉਨ੍ਹਾਂ ਮੰਤਰੀਆਂ ਦਾ ਵੀ ਜ਼ਿਕਰ ਕੀਤਾ ਜਿਨ੍ਹਾਂ ਨੇ ਆਪਣੇ ਰਿਸ਼ਤੇਦਾਰ ਗਵਾਏ । ਬਿੱਟਾ ਜੀ ਅੱਜ ਸਾਡੇ ਸਦਨ ਵਿੱਚ ਮੰਤਰੀ ਹਨ। ਉਹ ਬੰਬ ਬਲਾਸਟ ਵਿੱਚ ਬੜੀ ਬੁਰੀ ਤਰ੍ਹਾਂ ਜ਼ਖਮੀ ਹੋਏ ਪਰ ਪਰਮਾਤਮਾ ਨੇ ਉਨ੍ਹਾਂ ਦੀ ਜਾਨ ਬਚਾ ਲਈ। ਇਨ੍ਹਾਂ ਸਾਰਿਆਂ ਖਤਰਿਆਂ ਦਾ ਸਾਹਮਣਾ ਕਰਦੇ ਹੋਏ ਖਾਸ ਤੌਰ ਤੇ ਸਰਦਾਰ ਬੇਅੰਤ ਸਿੰਘ ਜੀ ਦੀ ਇਕ ਡਿਟਰਮੀਨੇਸ਼ਨ ਸੀ, ਇਕ ਵਿੱਲ ਸੀ, ਇਰਾਦਾ ਸੀ ਕਿ ਪੰਜਾਬ ਵਿੱਚ ਜਾਨ ਮਾਲ ਦੀ ਹਿਫਾਜ਼ਤ ਕਰਨੀ ਹੈ ਅਤੇ ਹਰ ਕੀਮਤ ਉਤੇ ਕਰਨੀ ਹੈ, ਜ਼ਿੰਦਗੀ ਦੇ ਆਖਰੀ ਸਾਹ ਤੱਕ ਕਰਨੀ ਹੈ ਅਤੇ ਜਿਸਮ ਵਿੱਚ ਰਹਿੰਦੇ ਆਖਰੀ ਖੂਨ ਦੇ ਕਤਰੇ ਤੱਕ ਅਸੀਂ ਪੰਜਾਬ ਵਿਚ ਅਮਨ ਅਤੇ ਸ਼ਾਂਤੀ ਲਿਆਉਣੀ ਹੈ। (ਥਪਿੰਗ)

ਕਾਮਰੇਡ ਤਰਸੇਮ ਜੋਧਾਂ : ਪੁਆਇੰਟ ਆਫ ਆਰਡਰ, ਸਰ।

ਸ੍ਰੀ ਸਪੀਕਰ : ਜੋਧਾਂ ਜੀ, ਇੰਟਰੱਪਟ ਨਾ ਕਰੋ, ਪਲੀਜ਼ ਸੁਣੋ। Dr. Sahib, Carry on

ਕਾਮਰੇਡ ਤਰਸੇਮ ਜੋਧਾਂ: ਸਰ, ਮੇਰਾ ਇਕ ਮਿੰਟ ਦਾ ਹੀ ਪੁਆਇੰਟ ਆਫ ਆਰਡਰ ਹੈ। ਡਾਕਟਰ ਸਾਹਿਬ ਜਿਨ੍ਹਾਂ ਦੇ ਸ਼ਾਂਤੀ ਲਿਆਉਣ ਬਾਰੇ ਜ਼ਿਕਰ ਕਰ ਰਹੇ ਹਨ, ਕੀ ਉਨ੍ਹਾਂ ਵਿਚ ਵਿਰੋਧੀ ਧਿਰ ਵੀ ਸ਼ਾਮਲ ਹੈ ?

ਵਿੱਤ ਮੰਤਰੀ: ਮੈਂ ਉਨ੍ਹਾਂ ਵਿਅਕਤੀਆਂ ਦਾ ਜ਼ਿਕਰ ਕਰ ਰਿਹਾ ਹਾਂ ਜਿਨ੍ਹਾਂ ਨੇ ਦੇਸ਼ ਦੀ ਏਕਤਾ ਅਤੇ ਅਖੰਡਤਾ ਵਾਸਤੇ, ਅੱਤਵਾਦ ਦੇ ਖਿਲਾਫ ਆਪਣੀਆਂ ਜਾਨਾਂ ਦਿਤੀਆਂ। ਉਨ੍ਹਾਂ ਵਿੱਚ ਅਪੋਜ਼ੀਸ਼ਨ ਵਾਲੇ ਵੀ ਸੀ ਔਰ ਮੇਰੇ ਅਕਾਲੀ ਭਰਾ ਭਾਵੇਂ ਮੰਨਣ ਭਾਵੇਂ ਨਾ ਮੰਨਣ, ਕਿ ਉਨ੍ਹਾਂ ਨੂੰ ਅੱਤਵਾਦ ਨੇ ਨਹੀਂ ਮਾਰਿਆ, ਲੇਕਿਨ ਅਸੀਂ ਤਾਂ ਵੀ ਕਹਿੰਦੇ ਹਾਂ ਕਿ ਉਹ ਵੀ ਅੱਤਵਾਦ ਦਾ ਸ਼ਿਕਾਰ ਹੋਏ। ਉਹ ਵੀ ਇਸ ਅੱਗ ਵਿੱਚ ਜਿਹੜੀ ਕਿ ਉਨ੍ਹਾਂ ਦੀ ਅਪਣੀ ਹੀ ਲਗਾਈ ਹੋਈ ਸੀ, ਉਸ ਵਿੱਚ ਜਲੇ (ਥੰਪਿੰਗ)। ਦੂਸਰਿਆਂ ਨੂੰ ਅੱਗ ਵਿੱਚ ਜਲਾਉਣ ਵਾਲਾ ਕਈ ਦਫਾ ਆਪ ਵੀ ਅੱਗ ਵਿੱਚ ਜਲ ਜਾਂਦਾ ਹੈ ਅਤੇ ਇਹ ਅੱਗ ਉਸ ਦੇ ਘਰ ਨੂੰ ਵੀ ਲੱਗ ਜਾਂਦੀ ਹੈ। ਮੈਂ ਜ਼ਿਕਰ ਕਰਨਾ ਚਾਹਾਂਗਾ ਪੰਜਾਬ ਪੁਲਿਸ ਅਤੇ ਹੋਰ

[ਵਿੱਤ ਮੰਤਰੀ]

ਵਿਅਕਤੀਆਂ ਦਾ ਜਿਨ੍ਹਾਂ ਨੇ ਬੜੇ ਸ਼ਾਨਦਾਰ ਤਰੀਕੇ ਨਾਲ, ਬੜੀ ਬਹਾਦਰੀ ਦੇ ਨਾਲ ਆਪਣੇ ਆਪ ਨੂੰ ਅਤੇ ਆਪਣੇ ਪਰਿਵਾਰਾਂ ਨੂੰ ਕੁਰਬਾਨ ਕਰਕੇ ਪੰਜਾਬ ਵਿਚ ਅਮਨ ਅਤੇ ਸ਼ਾਂਤੀ ਲਿਆਉਣ ਲਈ ਪ੍ਰਸ਼ੰਸਾਯੋਗ ਅਤੇ ਕਾਬਲੇ ਤਾਰੀਫ ਕੰਮ ਕੀਤਾ। ਕੱਲ ਜਿਹੜੇ 5 ਸੁਰੱਖਿਆ ਕਰਮਚਾਰੀ ਮਾਰੇ ਗਏ ਹਨ ਜਿਨ੍ਹਾਂ ਦਾ ਬਾਰ ਬਾਰ ਜ਼ਿਕਰ ਇਥੇ ਸਦਨ ਵਿੱਚ ਵੀ ਹੋਇਆ ਹੈ। ਪੰਜਾਬ ਸਰਕਾਰ ਨੂੰ ਇਸ ਘਟਨਾ ਤੇ ਬੜਾ ਰੋਸ ਅਤੇ ਦੁਖ ਹੈ ਅਤੇ ਉਹ ਰੋਸ ਦਾ ਪ੍ਰਗਟਾਵਾ ਕਰਦੀ ਹੈ ਅਤੇ ਨਿੰਦਦੀ ਹੈ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਗਹਿਰੀ ਹਮਦਰਦੀ ਰੱਖਦੀ ਹੈ। ਮੈਂ ਚਾਹਾਂਗਾ ਕਿ ਉਨ੍ਹਾਂ ਦੇ ਪਰਿਵਾਰਾਂ ਦੀ ਚੰਗੀ ਤਰ੍ਹਾਂ ਦੇਖ-ਭਾਲ ਹੋਵੇ ਅਤੇ ਜੋ ਵੀ ਰੂਲਜ਼ ਦੇ ਮੁਤਾਬਿਕ 2–2 ਲੱਖ ਰੁਪਏ ਦੀ ਸਹਾਇਤਾ ਜਿਹੜਾ ਕਿ ਪੁਲਿਸ ਕਰਮਚਾਰੀ, ਇਸ ਤਰੀਕੇ ਨਾਲ ਸ਼ਹਾਦਤ ਪਾਉਂਦਾ ਹੈ, ਉਸ ਨੂੰ ਦਿੱਤੀ ਜਾਂਦੀ ਹੈ, ਉਹ ਦਿੱਤੀ ਜਾਵੇਗੀ। ਸਪੀਕਰ ਸਾਹਿਬ, ਇਹ ਗੱਲ ਠੀਕ ਹੈ ਕਿ ਖਤਰਾ ਅਜੇ ਪੂਰੀ ਤਰ੍ਹਾਂ ਹਟਿਆ ਨਹੀਂ ਲੇਕਿਨ ਬਹੁਤ ਹੱਦ ਤੱਕ ਅੱਜ ਪੰਜਾਬ ਦੇ ਲੋਕ ਅਮਨ ਅਤੇ ਸ਼ਾਂਤੀ ਨੂੰ ਮਹਿਸੂਸ ਕਰਦੇ ਹਨ। ਇਥੇ ਨੁਕਤਾਚੀਨੀ ਹੋਈ ਹੈ ਕਿ ਗਾਣੇ ਕਿਉਂ ਗਾਏ ਜਾਂਦੇ ਹਨ, ਭੰਗੜਾ ਕਿਉਂ ਪੈਂਦਾ ਹੈ, ਗਿੱਧਾ ਕਿਉਂ ਪੈਂਦਾ ਹੈ। ਸਪੀਕਰ ਸਾਹਿਬ ਜਦੋਂ ਖੁਸ਼ੀ ਆਉਂਦੀ ਹੈ, ਜ਼ਿਦਗੀ ਆਉਂਦੀ ਹੈ ਤਾਂ ਨੱਚਣਾ ਟੱਪਣਾ ਜੀਵਨ ਦਾ ਇਕ ਹਿੱਸਾ ਹੁੰਦਾ ਹੈ। ਪੰਜਾਬ ਦੇ ਲੋਕ ਖੁਸ਼ੀਆਂ ਨਾ ਮਨਾਉਣ ਇਹ ਨਹੀਂ ਹੋ ਸਕਦਾ। ਪੰਜਾਬ ਦੇਸ਼ ਭਰ ਵਿੱਚ ਸੂਭ ਨਾਲੋਂ ਅੱਗੇ ਹੈ। ਅੱਜ ਪੰਜਾਬ ਖੇਤੀ ਵਿੱਚ ਮਿਹਨਤ ਕਰਕੇ, ਸਨਅੱਤ ਅਤੇ ਫੈਕਟਰੀਆਂ ਵਿੱਚ ਮਿਹਨਤ ਕਰਕੇ ਜ਼ਿਆਦਾ ਉਪਜ ਪੈਦਾ ਕਰਦਾ ਹੈ। ਪੰਜਾਬ ਪਰ-ਕੈਪਿਟਾ-ਇਨਕਮ ਵਿੱਚ ਸਾਰੇ ਹਿੰਦੁਸਤਾਨ ਨਾਲੋਂ ਅੱਗੇ ਹੈ, ਖਾਣ-ਪੀਣ ਵਿੱਚ ਵੀ ਅੱਗੇ ਹੈ ਅਤੇ ਖੁਸ਼ੀ ਮਨਾਉਣ ਵਿੱਚ ਵੀ ਅੱਗੇ ਹੈ (ਥੰਪਿੰਗ)। ਪਿਛਲੀ ਵਾਰੀ ਕਈਆਂ ਨੇ ਕਾਲੀ ਦੀਵਾਲੀ ਮਨਾਉਣ ਦਾ ਸੱਦਾ ਦਿੱਤਾ ਸੀ ਪ੍ਰੰਤੂ ਲੋਕਾਂ ਨੇ ਉਨ੍ਹਾਂ ਸੱਦਾ ਦੇਣ ਵਾਲੇ ਲੋਕਾਂ ਦੇ ਮੂੰਹ ਉਤੇ ਕਰਾਰੀ ਚਪੇੜ ਮਾਰੀ ਅਤੇ ਦੀਵਾਲੀ ਨੂੰ ਐਸੇ ਸ਼ਾਨਦਾਰ ਤਰੀਕੇ ਨਲ ਮਨਾਇਆ ਕਿ ਹਿੰਦੁਸਤਾਨ ਦੇ ਅਜ਼ਾਦ ਹੋਣ ਤੋਂ ਬਾਅਦ ਕਦੀ ਵੀ ਲੋਕਾਂ ਨੇ ਇੰਨੀ ਸ਼ਾਨ ਨਾਲ ਦੀਵਾਲੀ ਨਹੀਂ ਮਨਾਈ (ਥੰਪਿੰਗ)। ਲੋਕਾਂ ਨੇ ਦੁਸਿਹਰੇ ਦੇ ਉਤਸ਼ਾਹ ਜਨਕ ਮਾਹੌਲ ਨੂੰ ਵੇਖਦਿਆਂ ਹੋਇਆ ਇਸ ਤਰ੍ਹਾਂ ਸ਼ਾਨਦਾਰ ਤਰੀਕੇ ਨਾਲ ਦੀਵਾਲੀ ਮਨਾਈ।

ਸਪੀਕਰ ਸਾਹਿਬ, ਹੋਮ ਵਿਭਾਗ ਦੇ ਬਾਰੇ ਵਿੱਚ ਕੁਝ ਨੁਕਤਾਚੀਨੀ ਥੋੜ੍ਹੀ ਬਹੁਤ ਹੋਈ ਹੈ। ਮੈਂ ਸਮਝਦਾ ਹਾਂ ਕਿ ਉਹ ਕਮੀਆਂ ਜੋ ਹਨ, ਦੂਰ ਕੀਤੀਆਂ ਜਾਣਗੀਆਂ। ਪਰ ਖਾਸ ਤੌਰ ਤੇ ਜਿਹੜੇ ਸਾਡੇ ਹੋਮ-ਗਾਰਡਜ਼ ਹਨ, ਐਸ.ਪੀ.ਓਜ਼ ਹਨ, ਉਨ੍ਹਾਂ ਬਾਰੇ ਜ਼ਿਕਰ ਆਇਆ ਹੈ ਕਿ ਜਦੋਂ ਪੰਜਾਬ ਵਿੱਚ ਅਮਨ ਅਤੇ ਸ਼ਾਂਤੀ ਹੋ ਜਾਵੇਗੀ ਤਾਂ ਉਨ੍ਹਾਂ ਦਾ ਕੀ ਹੋਵੇਗਾ। ਅਜੇ ਬਹੁਤ ਜ਼ਿਆਦਾ ਸੁਰੱਖਿਆ ਕਰਮਚਾਰੀਆਂ ਦੀ ਜ਼ਰੂਰਤ ਹੈ। ਲੇਕਿਨ ਅਸੀਂ ਪੰਜਾਬ ਵਿੱਚ ਐਸਾ ਵਾਤਾਵਰਣ ਲਿਆਉਣਾ ਚਾਹੁੰਦੇ ਹਾਂ ਅਤੇ ਸਾਡਾ ਇਹ ਡੀਟਰਮੀਨੇਸ਼ਨ ਹੈ ਕਿ ਅਸੀਂ, ਜੋ ਸੰਗੀਨਾਂ ਦੇ ਸਾਏ ਦੇ ਥੱਲੇ ਫਿਰਦੇ ਹਾਂ, ਸਾਡੇ ਮੁੱਖ ਮੰਤਰੀ ਜੀ, ਸਰਦਾਰ ਬੇਅੰਤ ਸਿੰਘ ਜੀ, ਇਸ ਤਰ੍ਹਾਂ ਦਾ ਮਾਹੌਲ ਪੰਜਾਬ ਵਿੱਚ ਪੈਦਾ ਕਰਨਗੇ ਕਿ ਅਸੀਂ ਵੀ ਬਿਨਾਂ ਸਿਕਿਉਰਟੀ ਤੋਂ ਪੰਜਾਬ ਵਿੱਚ ਘੁੰਮ-ਫਿਰ ਸਕਾਂਗੇ। ਸ਼ਾਇਦ ਸਾਡੇ ਕੁਝ ਸਾਥੀ, ਜਿੰਨ੍ਹਾਂ ਨੂੰ ਦੋ ਦੋ ਜਿਪਸੀਆਂ ਮਿਲੀਆਂ ਹੋਈਆਂ ਹਨ ਅਤੇ ਕੁਝ ਨੂੰ ਇੱਕ ਇੱਕ ਜਿਪਸੀ ਮਿਲੀ ਹੋਈ ਹੈ, ਉਨ੍ਹਾਂ ਜਿਪਸੀਆਂ ਦੀ ਕੋਈ ਗੱਲ ਨਹੀਂ। ਪਰ ਸਾਡੇ ਵੀ.ਆਈ.ਪੀ. ਔਰ ਪਾਰਟੀ ਦੇ ਸਿਰਕਰਦਾ ਲੀਡਰਜ਼ ਜੋ ਹਨ, ਉਨ੍ਹਾਂ ਦੀ ਜ਼ਿੰਦਗੀ ਦੀ ਬਹੁਤ ਕੀਮਤ ਹੈ। ਚਾਹੇ ਉਹ ਆਪੋਜ਼ੀਸ਼ਨ ਵਿੱਚ ਬੈਠੇ ਹਨ ਚਾਹੇ ਕਿਤੇ ਬੈਠੇ ਹਨ, ਅਸੀਂ ਉਨ੍ਹਾਂ ਨੂੰ ਵਿਸ਼ਵਾਸ਼ ਦਿਲਾ-ਉਣਾ ਚਾਹੁੰਦੇ ਹਾਂ ਕਿ ਜਦੋਂ ਤੱਕ ਜ਼ਰੂਰਤ ਹੈ ਸੁਰੱਖਿਆ ਦੀ, ਇਹ ਸੁਰੱਖਿਆ ਜਾਰੀ ਰਹੇਗੀ ਔਰ ਇਸ ਤੇ ਖ਼ਰਚਾ, ਜਿਸ ਤੇ ਨੁਕਤਾਚੀਨੀ ਬਹੁਤੀ ਨਹੀਂ ਬਹੁਤ ਘੱਟ ਕੀਤੀ ਹੈ, ਲੇਕਿਨ ਮੈਂ ਇਹ ਸਮਝਦਾ ਹਾਂ ਕਿ ਜ਼ਿੰਦਗੀ ਦੀ ਕੋਈ ਕੀਮਤ ਨਹੀਂ ਹੈ, ਉਸ ਦੀ ਕੀਮਤ ਕੋਈ ਅਦਾ ਨਹੀ ਕਰ ਸਕਦਾ, ਪੰਜਾਬ ਦੇ ਲੋਕਾਂ ਦੀ

ਸਿਕਿਉਰਿਟੀ ਲਈ ਇਸ ਤੋਂ ਵੀ ਜੇ ਜ਼ਿਆਦਾ ਖ਼ਰਚਾ ਕਰਨਾ ਪਿਆ, ਤਾਂ ਕਰਾਂਗੇ (ਥੰਪਿੰਗ)। ਪੰਜਾਬ ਸਰਕਾਰ ਇਸਦੇ ਲਈ ਵਚਨਬੱਧ ਹੈ। ਸਪੀਕਰ ਸਾਹਿਬ, ਮੈਨੂੰ ਪਤਾ ਹੈ ਕਿ ਸਾਡੇ ਵੀਰ ਜਿਹੜੇ ਅੱਤਵਾਦੀਆਂ, ਵੱਖਵਾਦੀਆਂ ਨੂੰ ਇਨਕਰੇਜ ਕਰਦੇ ਸੀ ਅਤੇ ਉਨ੍ਹਾਂ ਦੇ ਭੋਗਾਂ ਤੇ ਜਾਂਦੇ ਸਨ, ਉਨ੍ਹਾਂ ਦੇ ਆਪਣੇ ਬੱਚੇ ਕਨੇਡਾ ਅਤੇ ਅਮਰੀਕਾ ਦੇ ਸੁਰੱਖਿਅਤ ਮਾਹੌਲ ਵਿੱਚ ਹਨ। ਉਨ੍ਹਾਂ ਨੇ ਵੀ ਸੁਰੱਖਿਆ ਗਾਰਡਾਂ ਲਈ ਕਈ ਵਾਰ ਡੀਮਾਂਡ ਕੀਤੀ ਸੀ। ਉਨ੍ਹਾਂ ਬਾਰੇ ਇਥੇ ਮੰਗ ਕੀਤੀ ਗਈ ਹੈ ਕਿ ਉਨ੍ਹਾਂ ਦੇ ਸੁਰੱਖਿਆ ਗਾਰਡਾਂ ਨੂੰ ਹਟਾ ਲਿਆ ਜਾਵੇ, ਜਿਪਸੀਆਂ ਨੂੰ ਵਾਪਸ ਲਿਆ ਜਾਵੇ, ਲੇਕਿਨ ਸਪੀਕਰ ਸਾਹਿਬ, ਉਨ੍ਹਾਂ ਦੀ ਜਾਨ ਦੀ ਹਿਫ਼ਾਜ਼ਤ ਲਈ ਪੰਜਾਬ ਸਰਕਾਰ ਵਚਨਬੱਧ ਹੈ। ਸਪੀਕਰ ਸਾਹਿਬ, ਸੰਤ ਲੌਂਗੋਵਾਲ ਸਾਹਿਬ ਸ਼ਹੀਦ ਹੋਏ, ਅਸੀਂ ਤਾਂ ਸਮਝਦੇ ਹਾਂ ਕਿ ਸ਼ਹੀਦ ਹੋਏ। ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਲੋਕ ਜਿਹੜੇ ਇਸ ਪੱਖ ਨੂੰ ਜਾਂਦੇ ਸਨ ਉਹ ਵੀ ਸੁਰਖਿਆ ਤੋਂ ਬਿਨਾਂ ਅਜਿਹੇ ਮਾਹੌਲ ਵਿੱਚ ਸੁਰੱਖਿਅਤ ਨਹੀਂ ਹਨ ਅਤੇ ਉਨ੍ਹਾਂ ਦੀ ਹਿਫਾਜ਼ਤ ਕਰਨਾ ਵੀ ਸਾਡਾ ਫਰਜ਼ ਹੈ, ਧਰਮ ਹੈ। ਇਥੇ ਹੋਮ ਗਾਰਡਜ਼ ਅਤੇ ਐਸ.ਪੀ.ਓਜ਼ ਦੀ ਰੀਟਰੈਂਚਮੈਂਟ ਬਾਰੇ ਕਿਹਾ ਗਿਆ ਹੈ ਕਿ ਰਿਟਰੈਂਚਮੈਂਟ ਹੋਵੇਗੀ। ਅਜੇ ਤੱਕ ਤਾਂ ਅਜਿਹੀ ਕੋਈ ਗੱਲ ਨਹੀਂ ਹੈ, ਲੇਕਿਨ ਜਦੋਂ ਪੰਜਾਬ ਵਿੱਚ ਸ਼ਾਂਤੀ ਆਵੇਗੀ, ਤਾਂ ਹੋ ਸਕਦਾ ਹੈ ਕਿ ਉਨ੍ਹਾਂ ਨੂੰ ਸਾਨੂੰ ਕਿਧਰੇ ਹੋਰ ਐਡਜਸਟ ਕਰਨਾ ਪਵੇ। ਲੇਕਿਨ ਅਜੇ ਤੱਕ ਰਿਟਰੈਚਮੈਂਟ ਦੀ ਕੋਈ ਗੱਲ ਨਹੀਂ ਹੈ। ਲੇਕਿਨ ਇਨ੍ਹਾਂ ਦੀ ਤਨਖਾਹ ਜਿਹੜੀ ਪਹਿਲਾਂ 900 ਰੁਪਏ ਸੀ ਅਸੀਂ 300 ਰੁਪਏ ਹੋਰ ਵਧਾ ਕੇ 1200 ਰੁਪਏ ਕਰ ਦਿਤੀ ਹੈ ਕਿਉਂਕਿ ਪੰਜਾਬ ਸਰਕਾਰ ਅਤੇ ਖਾਸ ਕਰਕੇ ਸਰਦਾਰ ਬੇਅੰਤ ਸਿੰਘ ਜੀ ਦੀ ਇਹ ਮਨਸ਼ਾ ਸੀ ਕਿ ਅਸੀਂ ਜੋ ਘੱਟ ਤਨਖਾਹ ਲੈਂਦੇ ਹਨ, ਉਨ੍ਹਾਂ ਨੂੰ ਵੀ ਕੁਝ ਹੋਰ ਦੇਈਏ। ਹੈਲੀਕਾਪਟਰ ਦਾ ਜ਼ਿਕਰ ਆਇਆ ਹੈ। ਸਪੀਕਰ ਸਾਹਿਬ, ਜਦੋਂ ਕਦੇ ਸਾਡੇ ਪੁਲਿਸ ਚੀਫ਼ ਨੂੰ ਜ਼ਰੂਰਤ ਮਹਿਸੂਸ ਹੁੰਦੀ ਹੈ, ਕਦੇ ਕਿਤੇ ਮੁਕਾਬਲਾ ਹੋ ਰਿਹਾ ਹੁੰਦਾ ਹੈ ਉਥੇ ਜਾਣਾ ਪੈਂਦਾ ਹੈ ਔਰ ਇੰਸਟਰੱਕਸ਼ਨਜ਼ ਦੇਣੀਆਂ ਹੁੰਦੀਆਂ ਹਨ, ਇਸ ਚੀਜ਼ ਨੂੰ ਮੱਦੇ ਨਜ਼ਰ ਰੱਖਦੇ ਹੋਏ ਇਹ ਹੈਲੀਕਾਪਟਰ ਦਾ ਪ੍ਰਬੰਧ ਕੀਤਾ ਗਿਆ ਹੈ। ਅਗਰ ਹੈਲੀਕਾਪਟਰ ਅਸੀਂ ਖਰੀਦਦੇ ਤਾਂ 5 ਕਰੋੜ ਰੁਪਏ ਦਾ ਖਰਚ ਆਉਣਾ ਸੀ। ਅਸੀਂ ਕਿਰਾਏ ਤੇ ਲੈ ਕੇ ਉਹ ਕਰੋੜਾਂ ਰੁਪਏ ਸਰਕਾਰ ਦੇ ਬਚਾਏ ਹਨ। ਅਸੀਂ ਤਾਂ ਚਾਹੁੰਦੇ ਹਾਂ ਕਿ ਵਾਹਿਗੁਰੂ ਕਰੇ, ਪ੍ਰਮਾਤਮਾ ਕਰੇ ਕਿ ਸਾਨੂੰ ਇਹੋ ਜਿਹੇ ਖ਼ਰਚੇ ਨਾ ਹੀ ਕਰਨੇ ਪੈਣ। ਲੇਕਿਨ ਹਿਫਾਜ਼ਤ ਕਰਨ ਦਾ ਖਰਚਾ ਕਰਕੇ, ਮੈਂ ਸਮਝਦਾ ਹਾਂ ਕਿ ਪੰਜਾਬ ਸਰਕਾਰ ਦੀ ਇਹ ਡਿਊਟੀ ਸੀ ਜਿਸ ਨੂੰ ਉਸ ਨੇ ਪੂਰਾ ਕੀਤਾ ਹੈ। ਨਵੇਂ ਵਹੀਕਲ ਖਰੀਦਣ ਬਾਰੇ, ਮੈਂ ਅਰਸ਼ੀ ਸਾਹਿਬ ਦਾ ਅਭਾਰੀ ਹਾਂ ਕਿ ਉਨ੍ਹਾਂ ਨੇ ਇਹ ਗੱਲ ਇਥੇ ਲਿਆਂਦੀ ਹੈ। ਲੇਕਿਨ ਇੱਥੇ ਪੰਜਾਬ ਸਰਕਾਰ ਦਾ ਸਿਸਟਮ ਹੈ ਕਿ ਜਿਹੜੇ ਵਹੀਕਲ ਮਨਿਸਟਰਜ਼ ਦੇ ਹਨ, ਉਹ 80,000 ਕਿਲੋਮੀਟਰ ਅਤੇ ਦੂਜੇ ਅਫਸਰਾਂ ਦੀਆਂ ਗੱਡੀਆਂ ਇੱਕ ਲੱਖ ਕਿਲੋਮੀਟਰ ਚਲਣ ਤੋਂ ਉਪਰੰਤ ਉਨ੍ਹਾਂ ਦੀ ਆਕਸ਼ਨ ਕਰ ਦਿੱਤੀ ਜਾਂਦੀ ਹੈ। ਕਈਆਂ ਦੀ ਦੇਖਭਾਲ ਵੀ ਹੁੰਦੀ ਹੈ। ਮਾਨਯੋਗ ਮੈਂਬਰਜ਼ ਨੇ ਵਾਧੂ ਖਰਚੇ ਜਿਹੜੇ ਹਨ, ਉਨਾਂ ਨੂੰ ਰੋਕਣ ਵਾਸਤੇ ਸੁਝਾਉ ਦਿਤੇ ਹਨ, ਮੈਂ ਇਸ ਦਾ ਸਵਾਗਤ ਕਰਦਾ ਹਾਂ। ਪੈਟਰੋਲ ਵਗੈਰਾ ਤੇ ਜੋ ਖਰਚ ਹੁੰਦਾ ਹੈ, ਉਸ ਨੂੰ ਕੰਟਰੋਲ ਕੀਤਾ ਜਾਵੇ। ਕੋਰਟਾਂ ਦੀਆਂ ਡਿਕਰੀਆਂ ਨਾ ਹੋਣ, ਪੰਜਾਬ ਦੇ ਲੋਕਾਂ ਨਾਲ ਇਨਸਾਫ ਹੋਵੇ। ਇਸ ਤਰ੍ਹਾਂ ਦੇ ਜਿਹੜੇ ਖਰਚ ਹਨ, ਉਹ ਨਾ ਕੀਤੇ ਜਾਣ। ਮੈਂ ਸਪੀਕਰ ਸਾਹਿਬ, ਤੁਹਾਡੇ ਰਾਹੀਂ ਸਦਨ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਪੰਜਾਬ ਸਰਕਾਰ ਇਸ ਗੱਲ ਤੇ ਪੂਰੀ ਤਰ੍ਹਾਂ ਸਤੱਰਕ ਹੈ। ਕੈਬਿਨਿਟ ਦੀਆਂ ਮੀਟਿੰਗਾਂ ਵੀ ਹੋਈਆਂ ਹਨ। ਪਿਛਲੀ ਵਾਰੀ ਜਦੋਂ ਬਜਟ ਪੇਸ਼ ਕੀਤਾ ਸੀ ਤਾਂ ਮੈਂ ਹਾਊਸ ਵਿਚ ਕਿਹਾ ਸੀ ਕਿ ਅਸੀਂ ਬਚਤ ਸ਼ੁਰੂ ਕਰ ਦਿੱਤੀ ਹੈ ਅਤੇ ਮੈਂ ਆਪਣੀ ਸੈਲਰੀ ਤੇ 10 ਫੀਸਦੀ ਕੱਟ ਲਗਾਇਆ ਹੈ। ਮੇਰੇ ਸਾਥੀ ਕੈਬਨਿਟ ਮਨਿਸਟਰਾਂ ਨੇ ਵੀ ਆਪਣੀ ਸੈਲਰੀ ਤੇ 10 ਫੀਸਦੀ ਕੱਟ ਲਗਾਇਆ ਹੈ। ਇਸ ਤਰ੍ਹਾਂ ਇਕਾਨਮੀ ਵਿਚ ਬੱਚਤ ਘਰ ਤੋਂ ਸ਼ੁਰੂ ਕੀਤੀ ਗਈ ਹੈ। ਟੈਲੀਫੂਨ ਤੇ ਖਰਚੇ ਘੱਟ ਕਰਨ ਦੀ ਗੱਲ ਚੱਲੀ। ਮੈਂ ਇਨ੍ਹਾਂ ਸੁਝਾਵਾਂ ਤੇ ਵਿਚਾਰ ਕਰਾਂਗਾ। ਚਲੱਈਆਂ ਕਮੇਟੀ ਦਾ ਜ਼ਿਕਰ

[ਵਿੱਤ ਮੰਤਰੀ]

ਕੀਤਾ ਗਿਆ ਹੈ। ਕੱਲ੍ਹ ਸੀ.ਐਮ. ਸਾਹਿਬ ਨੇ ਬੜੇ ਵਿਸਥਾਰ ਨਾਲ ਦੱਸਿਆ ਹੈ। ਇਹ ਇੰਟੈਰਮ ਰਿਪੋਰਟ ਹੈ ਇਸ ਵਿਚ ਸਿਰਫ ਰਿਕਮੈਂਡੇਸ਼ਨ ਹੈ, ਹੁਕਮ ਨਹੀਂ ਜਿਹੜੀਆਂ ਚੰਗੀਆਂ ਗੱਲਾਂ ਹਨ, ਜਿਵੇਂ ਟੈਲੀਫੂਨਾਂ ਤੇ ਖਰਚ ਘਟਾਉਣਾ, ਵਹੀਕਲਾਂ ਤੇ ਖ਼ਰਚ ਘਟਾਉਣਾ, ਇਹ ਨਾਨ-ਪਲਾਨ ਐਕਸਪੈਂਡੀਚਰ ਹੈ। ਪਿਛਲੇ ਸਾਲ ਇਹ 10 ਫੀਸਦੀ ਕੀਤਾ ਸੀ ਪਰ ਹੁਣ 8 ਫੀਸਦੀ ਤਕ ਸੀਮਤ ਰਹੇ ਹਾਂ। ਇਨ੍ਹਾਂ ਸੁਝਾਵਾਂ ਨੂੰ ਕਿਸ ਤਰ੍ਹਾਂ ਲੈਣਾ ਹੈ, ਇਸ ਬਾਰੇ ਕੈਬਨਿਟ ਫੈਸਲਾ ਕਰੇਗੀ ਜਾਂ ਬਜਟ ਪਰਪੋਜ਼ਲ ਵਿਚ ਇਸ ਬਾਰੇ ਜ਼ਿਕਰ ਆਵੇਗਾ। ਇਨ੍ਹਾਂ ਸੁਝਾਵਾਂ ਵਿਚੋਂ ਕਈ ਐਸੇ ਸੁਝਾਅ ਹਨ ਜਿਨ੍ਹਾਂ ਤੇ ਕਮੇਟੀ ਵਿਚਾਰ ਕਰ ਸਕਦੀ ਹੈ। ਲੇਕਿਨ ਪੰਜਾਬ ਸਰਕਾਰ ਇਨ੍ਹਾਂ ਸੁਝਾਵਾਂ ਤੇ ਅਮਲ ਨਹੀਂ ਕਰੇਗੀ। ਜਿਵੇਂ ਨੌਜਵਾਨਾਂ ਨੂੰ ਰੋਜ਼ਗਾਰ ਨਾ ਮਿਲੇ। ਇਸ ਤਰ੍ਹਾਂ ਦੀਆਂ ਗੱਲਾਂ ਨਹੀਂ ਹੋਣ ਦਿੱਤੀਆਂ ਜਾਣਗੀਆਂ। ਇਸ ਤਰ੍ਹਾਂ ਦੀ ਗੱਲ ਪੰਜਾਬ ਸਰਕਾਰ ਦੇ ਦਿਲ ਵਿਚ ਨਹੀਂ ਹੈ। ਮੈਂ ਸਮਝਦਾ ਹਾਂ ਕਿ ਜਿਹੜੇ ਨੌਜਵਾਨ ਬੇਕਾਰ ਹਨ, ਉਹ ਦੇਸ਼ ਦਾ ਭਵਿੱਖ ਹਨ, ਉਹ ਪੰਜਾਬ ਦਾ ਫਿਊਚਰ ਹਨ, ਉਨ੍ਹਾਂ ਦੇ ਫਿਊਚਰ ਦਾ ਖਿਆਲ ਨਾ ਰੱਖਿਆ ਗਿਆ ਤਾਂ ਪੰਜਾਬ ਦਾ ਕੀ ਬਣੇਗਾ, ਹਿੰਦੁਸਤਾਨ ਦਾ ਕੀ ਬਣੇਗਾ। ਇਸ ਲਈ ਇਨ੍ਹਾਂ ਨੌਜਵਾਨਾਂ ਨੂੰ ਵੋਕੇਸ਼ਨਲ ਟਰੇਨਿੰਗ ਦੇਣ ਲਈ, ਟੈਕਨੀਕਲ ਐਜੂਕੇਸ਼ਨ ਦੇਣ ਲਈ ਇਨ੍ਹਾਂ ਨੂੰ ਆਪਣੇ ਪੈਰਾਂ ਤੇ ਖੜ੍ਹਾ ਕਰਨ ਲਈ ਅਤੇ ਇਨ੍ਹਾਂ ਨੂੰ ਸਵੈ-ਰੋਜ਼ਗਾਰ ਦੇਣ ਵਾਸਤੇ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਵਚਨਬੱਧ ਹੈ। ਪਿਛਲੇ ਸਾਲ ਇਸ ਵਾਸਤੇ ਉਪਰਾਲੇ ਕੀਤੇ ਗਏ ਸਨ ਅਤੇ ਇਹ ਜਾਰੀ ਰਹਿਣਗੇ। ਅਸੀਂ ਕੋਈ ਵੀ ਅਜਿਹੀ ਗੱਲ ਨਹੀਂ ਕਰਾਂਗੇ ਜਿਸ ਨਾਲ ਨੌਜਵਾਨਾਂ ਨੂੰ ਤਕਲੀਫ ਹੋਵੇ ਜਾਂ ਉਨ੍ਹਾਂ ਨੂੰ ਠੇਸ ਪਹੁੰਚੇ। ਭੈਣ ਚਾਵਲਾ ਜੀ ਚਲੇ ਗਏ ਹਨ। ਉਹ ਇੱਥੇ ਬੈਠੇ ਹੁੰਦੇ। ਉਨ੍ਹਾਂ ਨੇ ਮਨਿਸਟਰਾਂ ਨੂੰ ਆੜੇ ਹੱਥੀਂ ਲਿਆ ਹੈ। ਉਨ੍ਹਾਂ ਕਿਹਾ ਹੈ ਕਿ ਮਨਿਸਟਰ ਜਦੋਂ ਜਾਂਦੇ ਹਨ, ਫੌਜਾਂ ਨਾਲ ਲੈ ਜਾਂਦੇ ਹਨ, ਕਾਰਾਂ ਲੈ ਜਾਂਦੇ ਹਨ। ਦਫਤਰ ਵਿਚ ਦਿਖਾਈ ਨਹੀਂ ਦਿੰਦੇ, ਹਮੇਸ਼ਾ ਬਾਹਰ ਹੀ ਰਹਿੰਦੇ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਮੌਕਿਆਂ ਤੇ ਇਹ ਜਾਂਦੇ ਹਨ, ਉਥੇ ਸਰਪੰਚਾਂ-ਪੰਚਾਂ ਨੂੰ ਸਹੁੰ ਚੁਕਾਈ ਜਾਂਦੀ ਹੈ। ਉਥੇ ਥੋੜੇ ਨਹੀਂ, ਹਜ਼ਾਰਾਂ ਲੋਕੀਂ ਇਕੱਠੇ ਹੁੰਦੇ ਹਨ।

Shri Vijay Kumar Sathi Advocate : Point of order, Sir.

ਸ਼੍ਰੀ ਸਪੀਕਰ : ਮੈਂ 2-3 ਵਾਰ ਪਹਿਲਾਂ ਤੁਹਾਨੂੰ ਅਲਾਓ ਕਰ ਦਿੱਤਾ ਹੈ। ਤੁਸੀਂ ਵਾਰ-ਵਾਰ ਨਾ ਉਠ ਪਿਆ ਕਰੋ।

ਵਿੱਤ ਮੰਤਰੀ : ਸਾਡੇ ਜਿਹੜੇ ਮੰਤਰੀ ਸਾਥੀ ਹਨ, ਇਹ ਆਪਣੀ ਰਿਸਪਾਂਸੀਬਿਲਟੀ ਪੂਰੀ ਤਰ੍ਹਾਂ ਸਮਝਦੇ ਹਨ। ਸਰਦਾਰ ਬੇਅੰਤ ਸਿੰਘ ਜੀ ਜੋ ਲੀਡਰ ਹਨ ਅਤੇ ਮੁੱਖ ਮੰਤਰੀ ਹਨ, ਉਨ੍ਹਾਂ ਦੀ ਸ਼ਾਨਾ-ਬਸ਼ਾਨਾ ਥੱਲੇ ਸਾਰੇ ਪੂਰੀ ਟੀਮ ਦੀ ਤਰ੍ਹਾਂ ਕੰਮ ਕਰ ਰਹੇ ਹਨ। ਬਚਤ ਕਰਨਾ ਉਹ ਜਾਣਦੇ ਹਨ ਲੇਕਿਨ ਬਚਤ ਕਰਨ ਦੇ ਨਾਲ ਨਾਲ ਲੋਕਾਂ ਨੂੰ ਮਿਲਣਾ, ਪੰਜਾਬ ਦੇ ਐਮ. ਐਲ. ਏ. ਅਤੇ ਮਨਿਸਟਰ ਛੱਡ ਨਹੀਂ ਸਕਦੇ। ਸਪੀਕਰ ਸਾਹਿਬ, ਇਹ ਰੋਕ ਨਹੀਂ ਲਗਾਈ ਜਾ ਸਕਦੀ ਕਿ ਉਹ ਲੋਕਾਂ ਵਿੱਚ ਨਾ ਜਾਣ। ਪੰਜਾਬ ਦੇ ਲੋਕਾਂ ਨੇ ਨਿਡਰ ਹੋ ਕੇ, ਦਲੇਰੀ ਨਾਲ, ਗੋਲੀਆਂ ਤੋਂ ਨਾ ਡਰਦੇ ਹੋਏ ਵੋਟਾਂ ਪਾਕੇ ਐਮ. ਐਲ. ਏ. ਬਣਾਏ, ਮਨਿਸਟਰ ਬਣਾਏ ਤਾਂ ਇਹ ਰਿਸ਼ਤਾ ਹੁਣ ਉਨ੍ਹਾਂ ਨਾਲ ਟੁੱਟ ਜਾਏ, ਇਹ ਨਹੀਂ ਹੋ ਸਕਦਾ। ਸਰਦਾਰ ਬੇਅੰਤ ਸਿੰਘ ਦੇ ਰਾਜ ਵਿੱਚ ਇਹ ਲੋਕ ਸੋਚਦੇ ਹਨ ਕਿ ਅਤਿਵਾਦੀਆਂ ਦੇ ਸਾਹਮਣੇ ਉਨ੍ਹਾਂ ਦੀ ਗਰਦਨ ਝੁਕ ਨਹੀਂ ਸਕਦੀ। ਉਹ ਕਹਿੰਦੇ ਹਨ ਕਿ ਇਹ ਗਰਦਨ ਕੱਟ ਤਾਂ ਸਕਦੀ ਹੈ ਲੇਕਿਨ ਝੁਕ ਨਹੀਂ ਸਕਦੀ। ਉਹ ਕਿਸ ਤਰ੍ਹਾਂ ਇਕ ਕਮਰੇ ਵਿੱਚ ਬੰਦ ਹੋ ਕੇ ਰਹਿ ਜਾਣ, ਕਿਸ ਤਰ੍ਹਾਂ ਦਫਤਰਾਂ ਵਿੱਚ ਬੰਦ ਹੋ ਕੇ ਰਹਿ ਜਾਣ

ਅਸੀਂ ਲੋਕਾਂ ਵਲੋਂ ਚੁਣ ਕੇ ਆਏ ਹਾਂ, ਲੋਕਾਂ ਦੇ ਨੁਮਾਇੰਦੇ ਹਾਂ, ਅਸੀਂ ਲੋਕਾਂ ਦੀ ਸੇਵਾ ਵਾਸਤੇ ਆਏ ਹਾਂ ਅਤੇ ਲੋਕਾਂ ਦੀ ਸੇਵਾ ਕਰਾਂਗੇ ਔਰ ਉਨ੍ਹਾਂ ਦੇ ਕੋਲ ਜਾਂਦੇ ਵੀ ਰਹਾਂਗੇ। ਉਨ੍ਹਾਂ ਦੇ ਨਾਲ ਰਿਸ਼ਤਾ ਟੁੱਟ ਨਹੀਂ ਸਕਦਾ।

ਫਿਰ, ਸਪੀਕਰ ਸਾਹਿਬ, ਇਥੇ ਇਸ਼ਤਿਹਾਰਾਂ ਦੀ ਗੱਲ ਕੀਤੀ ਗਈ। ਬੜਾ ਕਸ਼ਟ ਹੋਇਆ ਕਿ ਵੱਡੇ ਵੱਡੇ ਇਸ਼ਤਿਹਾਰ ਅਖਬਾਰਾਂ ਵਿਚ ਛਪਦੇ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ ਇਸ ਕੰਮ ਦੇ ਲਈ ਪਬਲਿਕ ਰਿਲੇਸ਼ਨਜ਼ ਡੀਪਾਰਟਮੈਂਟ ਦਾ ਬਹੁਤ ਘੱਟ ਖਰਚ ਹੁੰਦਾ ਹੈ। ਜਿਨ੍ਹਾਂ ਲੋਕਾਂ ਦਾ ਸਾਡੇ ਨਾਲ ਪਿਆਰ ਹੈ, ਜਿਹੜੇ ਲੋਕ ਸਾਨੂੰ ਪਿਆਰ ਕਰਦੇ ਹਨ, ਜਿਹੜੇ ਲੋਕ ਪੰਜਾਬ ਨੂੰ ਪਿਆਰ ਕਰਦੇ ਹਨ, ਜਿਹੜੇ ਲੋਕ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੂੰ ਪਿਆਰ ਕਰਦੇ ਹਨ ਇਸ ਕਰਕੇ ਕਿ ਇਸ ਪੰਜਾਬ ਦੀ ਸਰਕਾਰ ਨੇ ਲੋਕਾਂ ਨੂੰ ਜ਼ਿੰਦਗੀ ਦਿੱਤੀ ਹੈ, ਉਹ ਤਾਂ ਇਹ ਗੱਲ ਕਹਿੰਦੇ ਹਨ ਕਿ ਅਸੀਂ ਸਰਦਾਰ ਬੇਅੰਤ ਸਿੰਘ ਦੀ ਪੂਜਾ ਕਰਦੇ ਹਾਂ। ਐਸਾ ਲੋਕਾਂ ਦੇ ਦਿਲਾਂ ਵਿਚ ਪਿਆਰ ਹੈ ਜਾਂ ਕਿਸੇ ਫੈਕਟਰੀਆਂ ਵਾਲਿਆਂ ਦੇ ਜਾਂ ਦੂਸਰਿਆਂ ਦੇ ਦਿਲਾਂ ਵਿੱਚ ਪਿਆਰ ਹੈ, ਤਾਂ ਉਹ ਇਸ਼ਤਿਹਾਰ ਛਪਵਾ ਦਿੰਦੇ ਹਨ, ਤਾਂ ਕਿ ਉਹ ਆਪਣਾ ਪਿਆਰ ਦੱਸ ਸਕਣ। (ਥੰਪਿੰਗ)

ਫਿਰ, ਸਪੀਕਰ ਸਾਹਿਬ, ਇਥੇ ਜ਼ਿਕਰ ਕੀਤਾ ਗਿਆ ਕਿ ਸ਼ਾਇਦ ਪੰਜ ਪੰਜ ਹਜ਼ਾਰ ਰੁਪਿਆ ਲੈ ਕੇ ਕੁਝ ਭਰਤੀ ਕੀਤੀ ਗਈ। ਵੇਗ ਐਲੀਗੇਸ਼ਨ ਲਾਏ ਹਨ। ਇਸ ਤਰ੍ਹਾਂ ਦੇ ਵੇਗ ਐਲੀਗੇਸ਼ਨ ਲਾਉਣ ਦੀ ਕਈਆਂ ਨੂੰ ਇਕ ਆਦਤ ਹੀ ਕਹੀ ਜਾ ਸਕਦੀ ਹੈ। ਕਿਸੇ ਨੂੰ ਕੁਝ ਵੀ ਕਹਿ ਲਓ। ਇਹ ਗੱਲ ਠੀਕ ਨਹੀਂ ਹੈ। ਕਿਸੇ ਨੇ ਅਕਾਸ਼ ਵੱਲ ਨੂੰ ਮੂੰਹ ਕਰਕੇ ਪ੍ਰਮਾਤਮਾ ਤੇ ਵੀ ਥੁੱਕਣ ਦੀ ਕੋਸ਼ਿਸ਼ ਕੀਤੀ ਤਾਂ ਉਹ ਉਸਦੇ ਮੂੰਹ ਤੇ ਆ ਗਿਆ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਵੇਗ ਐਲੀਗੇਸ਼ਨ ਨਹੀਂ ਲਾਉਣੇ ਚਾਹੀਦੇ। ਕੁਰੱਪਸ਼ਨ ਨੂੰ ਖਤਮ ਕਰਨ ਵਾਸਤੇ ਆਓ ਸਾਰੇ ਰਲ ਕੇ ਕੋਸ਼ਿਸ਼ ਕਰੀਏ। ਇਥੇ ਜ਼ਿਕਰ ਆਇਆ, ਸਪੀਕਰ ਸਾਹਿਬ, ਪਿਛਲੇ ਸਾਲ ਗੌਰਮਿੰਟ ਹਾਊਸਿਜ਼ ਤੇ ਬੜਾ ਖ਼ਰਚ ਹੋਇਆ ਹੈ। ਸ਼ੁਕਰ ਹੈ ਹਾਊਸਿਜ਼ ਤੇ ਹੀ ਹੋਇਆ ਹੈ ਜੋ ਗੌਰਮਿੰਟ ਦੀ ਪ੍ਰਾਪਰਟੀ ਸੀ। ਕੋਈ ਸ਼ੱਕ ਪ੍ਰਗਟ ਕੀਤਾ ਗਿਆ ਹੈ। ਮੈਂ ਉਨ੍ਹਾਂ ਨੂੰ ਦੱਸਣਾ ਚਾਹੁੰਦ ਹਾਂ ਕਿ ਕੋਈ ਵੀ ਕਸੂਰਵਾਰ ਹੋਵੇਗਾ ਉਸ ਨੂੰ ਸਜ਼ਾ ਵੀ ਦੇਵਾਂਗੇ। ਕੱਲ੍ਹ ਸਾਡੇ ਚੀਫ ਮਨਿਸਟਰ ਸਾਹਿਬ ਨੇ ਕੁਰੱਪਸ਼ਨ ਦੇ ਬਾਰੇ ਕਿਹਾ ਹੈ ਕਿ ਇਹ ਸਾਲ ਜਿਥੇ ਡਿਵੈਲਪਮੈਂਟ ਦਾ ਹੋਵੇਗਾ, ਉਥੇ ਐਂਟੀ ਕੁਰੱਪਸ਼ਨ ਈਅਰ ਵੀ ਹੋਵੇਗਾ। ਇਸ ਕੁਰੱਪਸ਼ਨ ਨੂੰ ਦੂਰ ਕਰਨ ਵਾਸਤੇ ਆਉ ਸਾਰੇ ਰਲ ਕੇ ਸਾਰੇ ਮਨਿਸਟਰ ਸਾਹਿਬਾਨ, ਸਾਰੇ ਐਮ. ਐਲ. ਏ. ਸਾਹਿਬਾਨ ਕੋਸ਼ਿਸ਼ ਕਰੀਏ ਔਰ ਐਂਵੇਂ ਵੇਗ ਐਲੀਗੇਸ਼ਨ ਲਾ ਕੇ ਕਿਸੇ ਤੇ ਚਿੱਕੜ ਨਾ ਸੁਟੀਏ। ਜੇ ਕਿਸੇ ਨੂੰ ਪਕੜਾਂਗੇ ਤਾਂ ਪੂਰੀ ਤਿਆਰੀ ਨਾਲ ਪਕੜਾਂਗੇ। ਪੰਜਾਬ ਸਰਕਾਰ ਚਾਹੁੰਦੀ ਹੈ ਕਿ ਠੋਸ ਸਬੂਤ ਦੇ ਆਧਾਰ ਤੇ ਕੁਰੱਪਸ਼ਨ ਨੂੰ ਰੋਕਣ ਦਾ ਕੋਈ ਇਸ ਤਰ੍ਹਾਂ ਦਾ ਪ੍ਰਬੰਧ ਕਰੀਏ ਜਿਸ ਦੇ ਨਾਲ ਪੰਜਾਬ ਦਾ ਪ੍ਰਸ਼ਾਸਨ ਸਾਫ ਸੁਥਰਾ ਹੋਵੇ। ਕੁਝ ਕਮੀਆਂ ਹੋਣਗੀਆਂ, ਉਨ੍ਹਾਂ ਕਮੀਆਂ ਨੂੰ ਦੂਰ ਕਰਨ ਵਾਸਤੇ ਸਾਰਿਆਂ ਦਾ ਮਿਲਵਰਤਨ, ਸਾਰਿਆਂ ਦਾ ਸਹਿਯੋਗ ਬਹੁਤ ਜ਼ਰੂਰੀ ਹੈ। ਸਪੀਕਰ ਸਾਹਿਬ, ਜੋਧਾਂ ਸਾਹਿਬ ਨੇ ਇਥੇ ਇਕ ਗੱਲ ਦਾ ਤੌਖਲਾ ਪ੍ਰਗਟ ਕੀਤਾ ਹੈ। ਮੈਂ ਸਮਝਦਾ ਹਾਂ ਕਿ ਸ਼ਾਇਦ ਠੀਕ ਵੀ ਹੈ। ਇਸ ਦੇ ਵਿੱਚ ਸ਼ੱਕ ਨਹੀਂ ਕਿ ਜੋ ਮੈਡੀਕਲ ਰੀਇਮਬਰਸਮੈਂਟ ਹੈ, ਉਸ ਦੇ ਵਿੱਚ ਕੁਝ ਐਸੇ ਵੀ ਬਿਲ ਹੋ ਸਕਦੇ ਹਨ ਜੋ ਜਾਅਲੀ ਹੋਣ। ਫਿਕਸਡ ਮੈਡੀਕਲ ਜੋ ਹੈ ਉਹ 40 ਰੁਪਏ ਹੈ। ਇਨ੍ਹਾਂ ਨੇ ਸੈਕਟਰੀਏਟ ਦੀ ਗੱਲ ਕੀਤੀ ਹੈ ਕਿ ਸੈਕਟਰੀਏਟ ਦੇ ਇੰਪਲਾਈਜ਼ ਲੱਖਾਂ ਰੁਪਏ ਦੇ ਵਿੱਚ ਮੈਡੀਕਲ ਲੈਂਦੇ ਹਨ।

[ਵਿੱਤ ਮੰਤਰੀ]

ਅਸੀਂ ਕੋਈ ਐਸਾ ਤਰੀਕਾ ਪੰਜਾਬ ਗੌਰਮਿੰਟ ਵਲੋਂ ਸ਼ੁਰੂ ਕਰਾਂਗੇ ਕਿਉਂਕਿ ਅਸੀਂ ਇਹ ਤਾਂ ਚਾਹੁੰਦੇ ਹਾਂ ਕਿ ਚਾਹੇ ਕਿਸੇ ਇੰਪਲਾਈ ਤੇ, ਕਿਸੇ ਸਾਥੀ ਕਰਮਚਾਰੀ ਤੇ ਉਸਦੀ ਜ਼ਿੰਦਗੀ ਬਚਾਉਣ ਲਈ ਲੱਖਾਂ ਰੁਪਏ ਵੀ ਖਰਚਣੇ ਪੈਣ ਤਾਂ ਪੰਜਾਬ ਸਰਕਾਰ ਝਿਜਕੇਗੀ ਨਹੀਂ ਔਰ ਖਰਚ ਕਰ ਵੀ ਰਹੀ ਹੈ। ਲੇਕਿਨ ਬੋਗਸ ਬਿਲ ਆਉਂਦੇ ਹਨ ਰੀਇਮਬਰਸਮੈਂਟ ਲਈ, ਉਸਦੀ ਛਾਣਬੀਨ ਲਈ ਕੋਈ ਤਰੀਕਾ-ਕਾਰ ਲੱਭਾਂਗੇ, ਤਾਂ ਕਿ ਇਸ ਤਰ੍ਹਾਂ ਦੇ ਕੋਈ ਬਿਲ ਨਾ ਆਉਣ।

ਸਪੀਕਰ ਸਾਹਿਬ, ਆਖਿਰ ਵਿਚ ਮੈਂ ਇਕ ਗੱਲ ਕਹਿਣੀ ਚਾਹੁੰਦਾ ਹਾਂ। ਸਾਡੇ ਮਾਨਯੋਗ ਮੈਂਬਰਜ਼ ਨੇ ਇਸ ਗੱਲ ਦਾ ਜ਼ਿਕਰ ਜ਼ਿਆਦਾ ਕੀਤਾ ਹੈ ਕਿ ਪੰਜਾਬ ਦੇ ਵਿਚ ਸ਼ਾਂਤੀ ਤੇ ਅਮਨ ਤਾਂ ਆਇਆ ਹੈ ਲੇਕਿਨ ਪੰਜਾਬ ਦੇ ਵਿਚ ਇਹ ਜਿਹੜਾ ਖ਼ਰਚਾ ਹੈ, ਇਹ ਫਜ਼ੂਲ ਹੋ ਰਿਹਾ ਹੈ, ਫਾਲਤੂ ਹੋ ਰਿਹਾ ਹੈ ਅਤੇ ਵਾਧੂ ਹੋ ਰਿਹਾ ਹੈ, ਇਸ ਨੂੰ ਠੀਕ ਕੀਤਾ ਜਾਵੇ। ਸਪੀਕਰ ਸਾਹਿਬ, ਬੜੀ ਕਫ਼ਾਇਤ ਸਿਆਹੀ ਨਾਲ ਇਕ ਸਾਲ ਤੋਂ ਪੰਜਾਬ ਦੇ ਵਿਚ ਫਾਇਨਾਂਸਿਜ਼ ਨੂੰ ਸਰਦਾਰ ਬੇਅੰਤ ਸਿੰਘ ਦੀ ਅਗਵਾਈ ਥੱਲੇ ਕੰਟਰੋਲ ਕੀਤਾ ਹੈ। ਸੈਂਟਰ ਦਾ ਜਿਸ ਤਰ੍ਹਾਂ ਸਰਦਾਰ ਦਿਲਬਾਗ ਸਿੰਘ ਹੋਰਾਂ ਨੇ ਜ਼ਿਕਰ ਕੀਤਾ ਹੈ ਕਿ ਸੈਂਟਰ ਨੇ ਨਾ ਕੇਵਲ ਕਣਕ ਦਾ ਮੁੱਲ 280 ਰੁਪਏ ਤੋਂ ਵਧਾ ਕੇ ਅਤੇ ਵਿਚ ਹੋਰ 50 ਰੁਪਏ ਵਧਾ ਕੇ 330 ਰੁਪਏ ਭਾਅ ਦਿੱਤਾ ਹੈ, ਬਲਿਕ ਐਗਰੀਕਲਚਰ ਵਾਸਤੇ 44 ਕਰੋੜ ਰੁਪਏ ਇਕ ਇਨਾਮ ਦੇ ਤੌਰ ਤੇ ਹੋਰ ਦਿੱਤੇ ਹਨ ਅਤੇ ਕਿਹਾ ਹੈ ਕਿ ਤੁਸੀਂ ਸੈਂਟਰ ਦੇ ਅਨਾਜ ਦੇ ਭੰਡਾਰ ਨੂੰ ਭਰਦੇ ਰਹੋ, ਇਹ ਉਸਦੇ ਲਈ ਤੁਹਾਨੂੰ ਇਨਾਮ ਦਿੱਤਾ ਹੈ। ਇਹ ਦੇਖਦੇ ਹੋਏ ਕਿ ਅਸੀਂ ਕਿਸ ਹਾਲਾਤ ਵਿਚੋਂ ਗੁਜ਼ਰ ਰਹੇ ਹਾਂ, ਹਿੰਦੁਸਤਾਨ ਦੀ ਸਰਕਾਰ ਨੇ ਪਿਛਲੇ ਸਾਲ ਛੇ ਸੌ ਕਰੋੜ ਰੁਪਏ ਦੀ ਫਾਇਨੈਂਸ਼ਲ ਅਸਿਸਟੈਂਸ ਦਿੱਤੀ ਅਤੇ ਜਿਹੜੀ ਕਿਸ਼ਤ ਵਾਪਸ ਕਰਨੀ ਸੀ, ਉਹ ਵੀ ਰੋਕੀ ਹੈ। ਸਪੀਕਰ ਸਾਹਿਬ, ਇਸ ਸਾਲ ਦੇ ਵਿਚ ਕਈ ਹੋਰ ਐਸੀਆਂ ਸਟੇਟਾਂ ਹਨ ਜਿਥੇ ਚਾਰ ਚਾਰ ਮਹੀਨਿਆਂ ਤੋਂ ਇੰਪਲਾਈਜ਼ ਨੂੰ ਤਨਖਾਹਾਂ ਨਹੀਂ ਮਿਲੀਆਂ, ਲੇਕਿਨ ਪੰਜਾਬ ਸਰਕਾਰ ਨੇ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਨੇ ਫਾਇਨਾਂਸਿਜ਼ ਮੈਨੇਜ ਕਰਕੇ ਇਕ ਮਹੀਨਾ ਵੀ ਐਸਾ ਨਹੀਂ ਆਉਣ ਦਿਤਾ ਜਿਥੇ ਕਿਸੇ ਇੰਪਲਾਈ ਨੂੰ ਕੋਈ ਤਕਲੀਫ ਹੋਈ ਹੋਵੇ। (ਥੰਪਿੰਗ)। ਬੋਨਸ ਦਿੱਤਾ ਹੈ, ਡੀ. ਏ. ਦਿਤਾ ਹੈ ਇਸ ਦੇ ਨਾਲ ਨਾਲ ਹੋਰ ਵੀ ਜਿਹੜੀਆਂ ਇੰਪਲਾਈਜ਼ ਦੀਆਂ ਡਿਮਾਂਡਜ਼ ਹਨ, ਉਹ ਵੀ ਪੂਰੀਆਂ ਕੀਤੀਆਂ ਹਨ। ਜੇ ਮੈਂ ਇਹ ਕਹਾਂ ਕਿ ਸਾਡੇ ਪੰਜਾਬ ਦੇ ਇੰਪਲਾਈਜ਼ ਸਮੁਚੇ ਤੌਰ ਤੇ ਸਾਰੇ ਹਿੰਦੁਸਤਾਨ ਨਾਲੋਂ ਵੱਧ ਤਨਖਾਹਾਂ ਲੈਂਦੇ ਹਨ, ਜ਼ਿਆਦਾ ਸਹੂਲਤਾਂ ਲੈਂਦੇ ਹਨ ਔਰ ਉਨ੍ਹਾਂ ਵੱਲ ਪੰਜਾਬ ਸਰਕਾਰ ਬਹੁਤ ਹਮਦਰਦੀ ਨਾਲ ਔਰ ਅੱਛਾ ਸਲੂਕ ਵੀ ਕਰਦੀ ਹੈ ਔਰ ਅੱਗੇ ਨੂੰ ਵੀ ਚਾਹੇਗੀ ਕਿ ਇੰਪਲਾਈਜ਼ ਦੀਆਂ ਸਮਸਿਆਵਾਂ ਨੂੰ ਮਿਲ ਬੈਠ ਕੇ ਸੁਲਝਾਇਆ ਜਾਵੇ ਤਾਂ ਅਤਿਕਥਨੀ ਨਹੀਂ ਹੋਵੇਗੀ।

ਸਪੀਕਰ ਸਾਹਿਬ, ਕੁਝ ਜ਼ਿਕਰ ਹੋਇਆ ਇਸ ਸਦਨ ਵਿਚ ਕਿ ਕੁਝ ਐਡਵੋਕੇਟਸ, ਕਲ੍ਹ ਹੀ ਸੀ. ਐਮ ਸਾਹਿਬ ਨੇ ਆਪਣੀ ਸਪੀਚ ਵਿਚ ਜ਼ਿਕਰ ਕੀਤਾ ਸੀ ਕਿ ਉਹ ਐਜੀਟੇਸ਼ਨ ਦੀ ਰਾਹ ਤੇ ਚੱਲ ਰਹੇ ਹਨ। ਮੈਂ ਸਪੀਕਰ ਸਾਹਿਬ, ਤੁਹਾਡੇ ਰਾਹੀਂ ਅਪੀਲ ਕਰਨਾ ਚਾਹਾਂਗਾ ਕਿ ਹਾਊਸ ਨੇ ਡਿਸਕਸ਼ਨ ਵੇਲੇ ਜਨਰਲ ਰੁਖ ਲੈ ਲਿਆ ਸੀ। ਹਰ ਡਿਮਾਂਡ ਤੇ ਸਾਡੇ ਮਾਨਯੋਗ ਮੈਂਬਰ ਸਾਹਿਬਾਨ ਸਟੱਡੀ ਨਹੀਂ ਕਰ ਸਕੇ ਸੀ, ਵਕਤ ਥੋੜਾ ਸੀ। ਬਿਜ਼ਨੈਸ ਐਡਵਾਇਜ਼ਰੀ ਕਮੇਟੀ ਵਿਚ ਇਹ ਗੱਲ ਹੋ ਗਈ ਸੀ ਅਤੇ ਸ਼੍ਰੀ ਵਿਜੇ ਕੁਮਾਰ ਸਾਥੀ ਵੀ ਉਸ ਵਿਚ ਸਪੈਸ਼ਲ ਇਨਵਾਇਟੀ ਸਨ, ਉਨ੍ਹਾਂ ਨੂੰ ਪਤਾ ਹੈ। ਕੱਲ੍ਹ ਨਾਨ-ਆਫ਼ੀਸ਼ਲ ਡੇ ਹੈ, ਪਰਸੋਂ ਫਿਰ ਇਨ੍ਹਾਂ ਡਿਮਾਂਡਜ਼ ਤੇ ਬਹਿਸ ਹੋਵੇਗੀ, ਉਨ੍ਹਾਂ ਤੇ ਅਸੀਂ ਚੰਗੀ ਤਰ੍ਹਾਂ ਗੌਰ ਕਰਾਂਗੇ। ਇਨ੍ਹਾਂ ਸ਼ਬਦਾਂ ਨਾਲ ਜਿਹੜੇ ਮਾਨਯੋਗ ਮੈਂਬਰਾਂ ਨੇ ਅੱਛੇ

ਸੁਝਾਓ ਦਿੱਤੇ ਹਨ, ਪੰਜਾਬ ਸਰਕਾਰ ਉਨ੍ਹਾਂ ਤੇ ਗੌਰ ਕਰੇਗੀ ਅਤੇ ਪੰਜਾਬ ਦੇ ਫਾਇਨਾਂਸਿਜ਼ ਨੂੰ ਕਫ਼ਾਇਤੀ ਨਾਲ ਖ਼ਰਚ ਕਰਨ ਦੀ ਕੋਸ਼ਿਸ਼ ਕਰੇਗੀ। ਹੁਣ ਜਿਹੜੇ ਸਪਲੀਮੈਂਟਰੀ ਪਾਸ ਕਰਨ ਲਗੇ ਹਾਂ ਉਨ੍ਹਾਂ ਬਾਰੇ ਮੈਂ ਸਾਰੇ ਮੈਂਬਰ ਸਾਹਿਬਾਨ ਨੂੰ ਕਹਾਂਗਾ ਕਿ ਇਹ ਬਿਲਕੁਲ ਜਾਇਜ਼ ਹਨ। ਕੁਝ ਪੈਸਾ ਸੈਂਟਰ ਤੋਂ ਆਇਆ ਹੈ, ਕੁਝ ਸੁਰਖਸ਼ਾ ਤੇ ਖਰਚ ਹੋਇਆ ਹੈ, ਬੋਨਸ ਔਰ ਡੀ. ਏ. ਦਿਤਾ ਹੈ, ਬਾਕੀ 36 ਕਰੋੜ ਰੁਪਏ ਦੇ ਕਰੀਬ ਬਚਦਾ ਹੈ ਉਹ ਵੀ ਸਾਰਾ ਜਸਟੀਫਾਈਡ ਹੈ। ਕੋਈ ਨਾਜਾਇਜ਼ ਖ਼ਰਚਾ ਨਹੀਂ ਹੈ। ਮੈਂ ਹਾਊਸ ਨੂੰ ਕਹਾਂਗਾ ਕਿ ਇਸ ਨੂੰ ਕਿਰਪਾ ਕਰਕੇ ਯੂਨਾਨੀ-ਮਸਲੀ ਪਾਸ ਕਰ ਦਿੱਤਾ ਜਾਏ।

Mr. Speaker: Now, I put all the Demands for Grants to the vote of the House.

Demand No. 1

Mr. Speaker: Question is—

That a Supplementary sum not exceeding Rs. 52,31,86,000 on account of Revenue account be granted to the Governor to defray the charges that will come in course of payment for the year ending 31st March, 1993, in respect of Agriculture and Forests.

The Motion was carried

Demand No. 3

Mr. Speaker: Question is—

That a Supplementary sum not exceeding Rs. 61,91,000 on account of Revenue account be granted to the Governor to defray the charges that will come in course of payment for the year ending 31st March, 1993, in respect of Co-operation.

The Motion was carried.

Demand No. 5

Mr. Speaker : Question is—

That a Supplementary sum not exceeding Rs. 81,50,000 on account of Revenue account be granted to the Governor to defray the charges that will come in course of payment for the year ending 31st March, 1993, in respect of Education.

The Motion was carried.

Demand No. 8

Mr. Speaker: Question is—

That a Supplementary sum not exceeding Rs. 10,70,95,000 on account of Capital account be granted to the Governor to defray the charges that will come in course of payment for the year ending 31st March, 1993, in respect of Finance.

The Motion was carried.

Demand No. 10

Mr. Speaker: Question is—

That a Supplementary sum not exceeding Rs. 2,95,38,000 on account of Revenue account be granted to the Governor to defray the charges that will come in course of payment for the year ending 31st March, 1993, in respect of General administration.

The Motion was carried.

Demand No. 12

Mr. Speaker: Question is—

That a Supplementary sum not exceeding Rs. 1,02,02,39,000 on account of Revenue account and Rs. 2,07,92,000 on account of Capital account be granted to the Governor to defray the charges that will come in course of payment for the year ending 31st March, 1993, in respect of Home affairs and Justice.

The Motion was carried.

Demand No. 14

Mr Speaker : Question is—

That a Supplementary sum not exceeding Rs. 1,85,000 on account of Revenue account be granted to the Governor to defray the charges that will come in course of payment for the year ending 31st March, 1993, in respect of Information and Public Relations.

The Motion was carried.

Demand No. 17

Mr. Speaker: Question is—

That a Supplementary sum not exceeding Rs. 4,21,17,000 on account of Capital account be granted to the Governor to defray the charges that will come in course of payment for the year ending 31st March, 1993, in respect of Local Government, Housing and Urban Development.

The Motion was carried.

Demand No. 22

Mr. Speaker: Question is—

That a Supplementary sum not exceeding Rs. 2,38,52,000 on account of Revenue account be granted to the Governor to defray the charges that will come in course of payment for the year ending 31st March, 1993, in respect of Revenue and Rehabilitation.

The Motion was carried.

Demand No. 23

Mr. Speaker: Question is—

That a Supplementary sum not exceeding Rs. 1,70,84,000 on account of Revenue account be granted to the Governor to defray the charges that will come in course of payment for the year ending 31st March, 1993, in respect of Rural Development and Panchayats.

The Motion was carried.

Demand No. 25

Mr. Speaker: Question is—

That a Supplementary sum no exceeding Rs. 1,000 on account of Revenue account be granted to the Governor to defray the charges that will come in course of payment for the year ending 31st March, 1993, in respect of Social and Women's Welfare and Welfare of Scheduled Castes and Backward Classes.

The Motion was carried.

Demand No. 26

Mr. Speaker: Question is—

That a Supplementary sum not exceeding Rs. 30,44,000 on account of Revenue account be granted to the Governor to defray the charges that will come in course of payment for the year ending 31st March, 1993, in respect of State Legislature.

The Motion was carried.

Demand No. 27

Mr. Speaker: Question is—

That a Supplementary sum not exceeding Rs. 6,54,06,000 on account of Capital account be granted to the Governor to defray the charges that will come in course of payment for the year ending 31st March, 1993, in respect of Technical Education and Industrial Training.

The Motion was carried.

Demand No. 29

Mr. Speaker Question is—

That a Supplementary sum not exceeding Rs. 5,49,23,000 on account of Revenue account be granted to the Governor to defray the charges that will come in course of payment for the year ending 31st March, 1993, in respect of Transport.

The Motion was carried.

Demand No. 30

Mr. Speaker : Question is —

That a Supplementary sum not exceeding Rs. 18,40,000 on account of Revenue account be granted to the Governor to defray the charges that will come in course of payment for the year ending 31st March, 1993, in respect of Vigilance.

The Motion was carried.

Mr. Speaker: The House stands adjourned till 9.00 A.M. on Thursday, the 4th March, 1993.

*12.46 P.M. | (*The Sabha then adjourned *till* 9.00 *A.M. on Thursday, the 4th March,* 1993).

7203 PVS—Govt. Press, U.T., Chd.

Published under the authority of the Punjab Vidhan Sabha and printed by the Controller Govt. Press, (U. T.), Chandigarh,

Punjab Vidhan Sabha
Debates

4th March, 1993

Vol. IV-No. 8

OFFICIAL REPORT

CONTENTS

Thursday, the 4th March, 1993

Punjab Vidhan Sabha Secretariat, Chandigarh.

Price : Rs.———

The Vidh
Bhavan, Sec
Singh Ajna

ਰਾਜ

***664.**

(ੳ

(ਅ

ਸ੍ਰੀ

(ਅ

1,28,07,

ਕ

ਇਹ ਪੁੱਛ

ਇਹ ਪੈ

ਦੂਜਾ, ਮੈ

ਇਸ ਨ

ਦੱਸ

ਕਮੇ

PUNJAB VIDHAN SABHA

Thursday, the 4th March, 1993

The Vidhan Sabha met in the Punjab Vidhan Sabha Hall, Vidhan Bhavan, Sector-1, Chandigarh, at 9 A. M. Mr. Speaker (Sardar Harcharn Singh Ajnala) in the Chair.

STARRED QUESTIONS AND ANSWERS

ਰਾਜ ਦੇ ਸਰਕਾਰੀ ਪ੍ਰਾਇਮਰੀ ਸਕੂਲਾਂ ਵਿਚ ਰੇਡੀਓ-ਕਮ-ਟੇਪ ਰਿਕਾਰਡਰਜ਼ ਦਾ ਪ੍ਰਬੰਧ

*664. **ਕਾਮਰੇਡ ਹਰਦੇਵ ਸਿੰਘ ਅਰਸ਼ੀ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਰਾਜ ਵਿਚ ਸਾਰੇ ਸਰਕਾਰੀ ਪ੍ਰਾਇਮਰੀ ਸਕੂਲਾਂ ਵਿਚ ਰੇਡੀਓ-ਕਮ-ਟੇਪ ਰਿਕਾਰਡਰਜ਼ ਮੁਹੱਈਆ ਕੀਤੇ ਜਾਣ ਦੀ ਕੋਈ ਸਕੀਮ ਹੈ ;

(ਅ) ਜੇਕਰ ਉਪਰੋਕਤ (ੳ) ਦਾ ਉੱਤਰ 'ਹਾਂ' ਵਿਚ ਹੋਵੇ ਤਾਂ ਰਾਜ ਵਿਚ ਅਗਸਤ, 1992 ਤੱਕ ਜਿਨ੍ਹਾਂ ਸਰਕਾਰੀ ਪ੍ਰਾਇਮਰੀ ਸਕੂਲਾਂ ਵਿਚ ਅਜਿਹੇ ਰੇਡੀਓ-ਕਮ-ਟੇਪ-ਰਿਕਾਰਡਰਜ਼ ਮੁਹੱਈਆ ਕੀਤੇ ਗਏ, ਉਨ੍ਹਾਂ ਦੀ ਕੁੱਲ ਗਿਣਤੀ ਕਿੰਨੀ ਹੈ ਅਤੇ ਉਨ੍ਹਾਂ ਤੇ ਕੁੱਲ ਕਿੰਨਾ ਖਰਚ ਕੀਤਾ ਗਿਆ ?

ਸ੍ਰੀ ਹਰਨਾਮ ਦਾਸ ਜੌਹਰ : (ੳ) ਹਾਂ ਜੀ ।

(ਅ) ਅਗਸਤ 1992 ਤੱਕ 11874 ਰੇਡੀਓ-ਕਮ-ਕੈਸੇਟ ਪਲੇਅਰ ਦਿੱਤੇ ਗਏ ਹਨ ਅਤੇ ਉਨ੍ਹਾਂ ਤੇ 1,28,07,000 ਰੁਪਏ ਖਰਚ ਆਇਆ ਹੈ ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ 1 ਕਰੋੜ 28 ਲੱਖ ਰੁਪਿਆ ਖਰਚ ਕੀਤਾ ਗਿਆ ਹੈ, ਕੀ ਇਹ ਪੈਸਾ ਜਿਹੜਾ ਓਪਰੇਸ਼ਨ ਬਲੈਕ ਬੋਰਡ ਦੇ ਤਹਿਤ ਮਿਲਿਆ ਸੀ, ਉਹ ਖਰਚ ਹੋਇਆ ਹੈ ? ਦੂਜਾ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਓਪਰੇਟਸ ਖਰੀਦਣ ਵੇਲੇ ਕੋਈ ਟੈਕਨੀਕਲ ਵਿਅਕਤੀ ਇਸ ਕਮੇਟੀ ਵਿਚ ਪਾਇਆ ਗਿਆ ਸੀ ?

ਸ੍ਰੀ ਸਪੀਕਰ : ਮਨਿਸਟਰ ਸਾਹਿਬ ਪਹਿਲੇ ਪਾਰਟ ਦਾ ਨਹੀਂ ਪਰ ਦੂਜੇ ਪਾਰਟ ਦਾ ਜਵਾਬ ਦੱਸ ਦਿਓ ।

ਮੰਤਰੀ : ਇਹ ਸੈਂਟਰਲ ਸਪੌਨਸਰਡ ਸਕੀਮ ਦੇ ਤਹਿਤ ਪਰਚੇਜ਼ ਕਮੇਟੀ ਬਣਾਈ ਗਈ ਸੀ ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਮੈਂ ਇਹ ਪੁੱਛਿਆ ਹੈ ਕਿ ਕੀ ਕੋਈ ਟੈਕਨੀਕਲ ਆਦਮੀ ਇਸ ਕਮੇਟੀ ਵਿਚ ਲਿਆ ਗਿਆ ਸੀ ?

ਸ਼੍ਰੀ ਸਪੀਕਰ: ਉਨ੍ਹਾਂ ਨੇ ਸਪਲੀਮੈਂਟਰੀ ਕਲੀਅਰ ਕੀਤੀ ਹੈ ਕਿ ਜਿਹੜੀ ਕਮੇਟੀ ਕਾਂਸਟੀਚਿਊਟ ਹੋਈ ਸੀ ਕੀ ਉਸ ਵਿਚ ਕੋਈ ਟੈਕਨੀਕਲ ਮੈਂਬਰ ਸੀ ?

ਮੰਤਰੀ: ਸਪੀਕਰ ਸਾਹਿਬ, ਕਮੇਟੀ ਦੀ ਡਿਟੇਲ ਦਿੱਤੀ ਜਾ ਸਕਦੀ ਹੈ, ਜੇ ਇਹ ਵੱਖਰਾ ਸਵਾਲ ਕਰ ਲੈਣ। ਇਹ ਸਮਾਨ ਅੱਜ ਨਹੀਂ ਖਰੀਦਿਆ ਗਿਆ, ਦੋ ਸਾਲ ਪਹਿਲੇ ਖਰੀਦ ਕੀਤੀ ਗਈ ਸੀ।

ਸ਼੍ਰੀ ਸਪੀਕਰ: ਇਹ ਇਨਫਰਮੇਸ਼ਨ ਤਾਂ ਦੱਸ ਦੇਣੀ ਚਾਹੀਦੀ ਸੀ। ਇਹ ਰੈਲੇਵੈਂਟ ਔਰ ਸਪੈਸੇਫਿਕ ਸਪਲੀਮੈਂਟਰੀ ਹੈ। ਇਸ ਦਾ ਜਵਾਬ ਤਾਂ ਦੇਣਾ ਚਾਹੀਦਾ ਸੀ।

ਮੰਤਰੀ: ਮੈਂ ਕਿਹਾ ਹੈ ਕਿ ਕਮੇਟੀ ਦੀ ਡਿਟੇਲ ਵਾਸਤੇ ਵੱਖਰਾ ਸਵਾਲ ਕਰ ਲੈਣ, ਦੱਸ ਦੇਵਾਂਗੇ।

ਕਾਮਰੇਡ ਹਰਦੇਵ ਸਿੰਘ ਅਰਸ਼ੀ: ਸਪੀਕਰ ਸਾਹਿਬ, ਮੈਂ ਤੁਹਾਡੀ ਰੂਲਿੰਗ ਨਾਲ ਸਹਿਮਤ ਹਾਂ, ਇਨ੍ਹਾਂ ਨੂੰ ਉੱਤਰ ਦੇਣਾ ਚਾਹੀਦਾ ਸੀ। ਦੂਸਰਾ ਮੈਂ ਇਹ ਬੇਨਤੀ ਕਰਦਾ ਹਾਂ, ਸੀ.ਐਮ. ਸਾਹਿਬ ਵੀ ਇਸ ਪਾਸੇ ਧਿਆਨ ਦੇਣ, ਕਿ ਐਸੇ ਪ੍ਰਾਇਮਰੀ ਸਕੂਲ ਵੀ ਹਨ ਜਿਥੇ ਇਹ ਕੈਸਟ ਪਲੇਅਰ ਸਪਲਾਈ ਨਹੀਂ ਕੀਤੇ ਗਏ, ਜਿਥੇ ਦਿੱਤੇ ਹਨ ਚਲ ਨਹੀਂ ਰਹੇ। ਕਈ ਤਾਂ ਐਸੇ ਵੀ ਸਕੂਲ ਹਨ ਜਿਥੇ ਬਿਜਲੀ ਵੀ ਨਹੀਂ ਹੈ। ਕੀ ਚੀਫ਼ ਮਨਿਸਟਰ ਸਾਹਿਬ ਕੋਈ ਹਾਊਸ ਦੀ, ਜਾਂ ਕੋਈ ਹੋਰ ਕਮੇਟੀ ਬਣਾਉਣ ਨੂੰ ਤਿਆਰ ਹਨ ਜਿਹੜੀ ਇਹ ਇਨਕੁਆਇਰੀ ਕਰ ਸਕੇ ਕਿ ਇਹ ਪੈਸਾ ਜਿਸ ਪਰਪਜ਼ ਵਾਸਤੇ ਦਿੱਤਾ ਗਿਆ ਸੀ ਉਥੇ ਖਰਚ ਵੀ ਕੀਤਾ ਗਿਆ ਹੈ ਜਾਂ ਨਹੀਂ ?

ਸ਼੍ਰੀ ਸਪੀਕਰ: ਮਨਿਸਟਰ ਸਾਹਿਬ, ਜਵਾਬ ਦੇਣ ਕਿ ਜਿਹੜੇ ਓਪਰੇਟਸ ਖਰੀਦੇ ਗਏ ਸਨ ਕੀ ਉਹ ਸਕੂਲਾਂ ਵਿਚ ਚਲ ਰਹੇ ਹਨ ?

ਮੰਤਰੀ: ਜਿਹੜੇ ਓਪਰੇਟਸ ਖਰੀਦੇ ਗਏ ਹਨ ਉਹ ਫੰਕਸ਼ਨ ਕਰ ਰਹੇ ਹਨ। ਆਲ-ਇੰਡੀਆ ਰੇਡੀਓ 9.40 ਤੋਂ ਲੈ ਕੇ 10 ਵਜੇ ਤਕ ਐਨ.ਸੀ.ਈ.ਆਰ.ਟੀ. ਵੱਲੋਂ ਇਹ ਪ੍ਰੋਗਰਾਮ ਦਿੰਦਾ ਹੈ। ਇਸ ਤੋਂ ਇਲਾਵਾ ਹੋਰ ਵੀ ਕਰੀਕੁਲਮ ਜਿਹੜੇ ਹਨ ਉਹ ਵੀ ਰੇਡੀਓ ਤੇ ਆਉਂਦੇ ਹਨ, ਨੈਸ਼ਨਲ ਇੰਟੈਗਰੇਸ਼ਨ ਲਈ ਸਾਂਗਜ਼ ਵਗੈਰਾ ਵੀ ਆਉਂਦੇ ਹਨ। ਇਹ ਕੈਸਟਸ ਐਨ.ਸੀ.ਈ.ਆਰ.ਟੀ. ਤਿਆਰ ਕਰਾਉਂਦਾ ਹੈ ਜਿਹੜੇ ਸਕੂਲ ਖਰੀਦਣਾ ਚਾਹੁਣ, ਖਰੀਦ ਸਕਦੇ ਹਨ।

ਸ਼੍ਰੀ ਮਦਨ ਮੋਹਨ ਮਿੱਤਲ: ਸਪੀਕਰ ਸਾਹਿਬ, ਮਨਿਸਟਰ ਸਾਹਿਬ ਪਹਿਲੇ ਸਵਾਲ ਦਾ ਜਵਾਬ ਤਾਂ ਸਕਿਪ ਓਵਰ ਕਰ ਗਏ ਹਨ। ਤੁਹਾਡੀ ਰੂਲਿੰਗ ਵੀ ਸੀ ਕਿ the Hon'ble Minister may tell whether any technical member was associated when these purchases were made ? ਦੂਸਰਾ ਪ੍ਰਸ਼ਨ ਇਹ ਸੀ ਕਿ ਇਹ ਜਿਹੜੇ ਓਪਰੇਟੱਸ ਖਰੀਦੇ ਗਏ are they functioning. ਕੀ ਕੋਈ ਇਨਕੁਆਇਰੀ ਕਰਕੇ ਕਾਰਵਾਈ ਕਰਨਗੇ ਕਿ ਜਿਹੜੇ ਓਪਰੇਟੱਸ ਖਰੀਦੇ ਹੀ ਨਹੀਂ ਗਏ ਔਰ ਪੈਸਾ ਖਰਚ ਹੋ ਗਿਆ ਹੈ ? Sir, I just want an assurance.

ਸ਼੍ਰੀ ਸਪੀਕਰ: ਪਹਿਲਾ ਪਾਰਟ ਤਾਂ ਤੁਹਾਡਾ ਹਾਈਪੋਥੈਟੀਕਲ ਹੈ। ਦੂਜੇ ਸਵਾਲ ਦੇ ਜਵਾਬ ਬਾਰੇ ਮੈਂ ਜ਼ਰੂਰ ਕਹਾਂਗਾ ਕਿ ਇਸ ਦੀ ਇਨਫਰਮੇਸ਼ਨ ਦਿੱਤੀ ਜਾਵੇ।

ਮੰਤਰੀ: ਸਪੀਕਰ ਸਾਹਿਬ ਮੈਂ ਕਮੇਟੀ ਦੇ ਗਠਨ ਬਾਰੇ ਪੂਰੀ ਇਨਫਰਮੇਸ਼ਨ ਦੇ ਦੇਵਾਂਗਾ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਇਸ ਸਵਾਲ ਨੂੰ ਤੁਸੀਂ ਇਕ ਹਫਤੇ ਲਈ ਪੈਂਡਿੰਗ ਕਰ ਦੇਵੋ, ਤਾਂ ਕਿ ਮਨਿਸਟਰ ਸਾਹਿਬ ਪੂਰੀ ਤਿਆਰੀ ਕਰਕੇ ਹਾਊਸ ਵਿਚ ਜਵਾਬ ਦੇ ਦੇਣ। ਇਹ ਇਨਫਰਮੇਸ਼ਨ ਹਾਊਸ ਦੇ ਵਿਚ ਆਉਣੀ ਚਾਹੀਦੀ ਹੈ।

ਸ੍ਰੀ ਸਪੀਕਰ : ਜਿੰਨੀ ਇਨਫਰਮੇਸ਼ਨ ਮਨਿਸਟਰ ਸਾਹਿਬ ਦੇ ਕੋਲ ਹੈ ਉਹ ਉਨ੍ਹਾਂ ਨੇ ਸਵਾਲ ਦੇ ਸਬੰਧ ਵਿਚ ਦੇ ਦਿੱਤੀ ਹੈ। ਬਾਕੀ ਕੀ ਕੋਈ ਟੈਕਨੀਕਲ ਮੈਂਬਰ ਇਸ ਕਮੇਟੀ ਵਿਚ ਸੀ ਜਾਂ ਨਹੀਂ, ਇਸ ਬਾਰੇ ਇਨਫਰਮੇਸ਼ਨ ਦੇ ਦੇਣਗੇ। ਇਸ ਕਰਕੇ ਮੈਂ ਸਵਾਲ ਨੂੰ ਪੋਸਟਪੋਨ ਨਹੀਂ ਕਰਦਾ। ਅਗਲਾ ਸਵਾਲ।

ਰਾਜ ਵਿਚ ਸਰਕਾਰੀ +2 ਸਕੂਲਾਂ ਲਈ ਕੰਪਿਊਟਰਾਂ ਦੀ ਖਰੀਦ

*665. **ਕਾਮਰੇਡ ਹਰਦੇਵ ਸਿੰਘ ਅਰਸ਼ੀ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿਚ ਸਾਲ 1991-92 ਅਤੇ 1992-93 ਦੇ ਦੌਰਾਨ ਰਾਜ ਦੇ ਸਰਕਾਰੀ +2 ਸਕੂਲਾਂ ਲਈ ਕੋਈ ਕੰਪਿਊਟਰ ਖਰੀਦੇ ਗਏ ਸਨ; ਜੇਕਰ ਅਜਿਹਾ ਹੋਵੇ, ਤਾਂ ਇਸ ਤਰ੍ਹਾਂ ਕੁੱਲ ਕਿੰਨੇ ਕੰਪਿਊਟਰ ਖਰੀਦੇ ਗਏ ਅਤੇ ਉਨ੍ਹਾਂ ਤੇ ਕੁੱਲ ਕਿੰਨਾ ਖਰਚ ਕੀਤਾ ਗਿਆ ?

ਸ੍ਰੀ ਹਰਨਾਮ ਦਾਸ ਜੌਹਰ : ਹਾਂ ਜੀ, ਸਾਲ 1991-92 ਅਤੇ 1992-93 ਦੌਰਾਨ 14,06,984 ਰੁਪਏ ਦੀ ਕੁੱਲ ਲਾਗਤ ਨਾਲ 16 ਕੰਪਿਊਟਰ ਖਰੀਦੇ ਗਏ ਸਨ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਪਰਪਜ਼ ਲਈ ਇਹ ਕੰਪਿਊਟਰ ਖਰੀਦੇ ਗਏ ਸਨ ਅਤੇ ਜਿੰਨ੍ਹਾਂ ਸਕੂਲਾਂ ਦੇ ਵਿਚ ਇਹ ਕੰਪਿਊਟਰ ਭੇਜੇ ਗਏ ਹਨ, ਕੀ ਉਥੇ ਇਹ ਫੰਕਸ਼ਨ ਕਰ ਰਹੇ ਹਨ ?

ਮੰਤਰੀ : ਸਪੀਕਰ ਸਾਹਿਬ, ਜਿਨ੍ਹਾਂ ਸਕੂਲਾਂ ਦੇ ਵਿਚ ਅਸੀਂ ਵੋਕੇਸ਼ਨੇਲਾਈਜ਼ੇਸ਼ਨ ਕੀਤੀ ਹੈ ਅਤੇ ਜਿਨ੍ਹਾਂ ਜਿਨ੍ਹਾਂ ਸਕੂਲਾਂ ਦੇ ਵਿਚ ਇਹ ਕੰਪਿਊਟਰ ਭੇਜੇ ਗਏ ਹਨ ਉੱਥੇ ਇਹ ਕੰਮ ਕਰ ਰਹੇ ਹਨ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ ਕਿੰਨੇ-ਕਿੰਨੇ ਸਕੂਲਾਂ ਦੇ ਵਿਚ ਇਹ ਕੰਪਿਊਟਰ ਭੇਜੇ ਗਏ ਹਨ ? ਮੈਂ ਪੂਰੀ ਜ਼ਿੰਮੇਵਾਰੀ ਦੇ ਨਾਲ ਕਹਿ ਸਕਦਾ ਹਾਂ ਕਿ ਮੇਰੇ ਜ਼ਿਲ੍ਹੇ ਵਿਚ ਸਰਦੂਲਗੜ੍ਹ ਵਿਖੇ 4-5 ਕੰਪਿਊਟਰ ਭੇਜੇ ਗਏ ਹਨ। ਇਹ ਬਿਨਾਂ ਏਅਰ ਕੰਡੀਸ਼ਨ ਤੋਂ ਚਲ ਨਹੀਂ ਸਕਦੇ। ਇਹ ਸਾਰਿਆਂ ਨੂੰ ਪਤਾ ਹੈ। ਇਹ ਕੰਪਿਊਟਰ ਖਰੀਦਣ ਵਿਚ ਲੱਖਾਂ ਰੁਪਏ ਸਰਕਾਰ ਦੇ ਖਰਚ ਹੋ ਗਏ ਹਨ ਪਰ ਇਹ ਸਟੋਰਾਂ ਦੇ ਵਿਚ ਪਏ ਹਨ; ਇਨ੍ਹਾਂ ਉਤੇ ਘੱਟਾ-ਮਿੱਟੀ ਪੈ ਰਹੀ ਹੈ। ਜਦ ਉਹ ਸਕੂਲ ਏਅਰ ਕੰਡੀਸ਼ਡ ਹੀ ਨਹੀਂ ਹਨ ਤਾਂ ਫਿਰ ਇਹ ਕਿਉਂ ਖਰੀਦੇ ਗਏ ? ਦੂਜਾ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਿਸ ਫਰਮ ਤੋਂ ਖਰੀਦੇ ਗਏ ? ਕੀ ਇਸ ਪਰਚੇਜ਼ ਕਮੇਟੀ ਦੇ ਵਿਚ ਕੋਈ ਟੈਕਨੀਕਲ ਮੈਂਬਰ ਸੀ ?

ਸ੍ਰੀ ਸਪੀਕਰ : ਅਰਸ਼ੀ ਜੀ, ਜਿਥੋਂ ਤੱਕ ਨੰਬਰ ਆਫ ਕੰਪਿਊਟਰ ਦਾ ਸਬੰਧ ਸੀ ਉਹ ਮਨਿਸਟਰ ਸਾਹਿਬ ਨੇ ਦੱਸ ਦਿੱਤਾ ਹੈ ਕਿ 16 ਖਰੀਦੇ ਗਏ ਹਨ ਅਤੇ ਸਕੂਲਾਂ ਵਿਚ ਭੇਜੇ ਗਏ ਹਨ। ਦੂਜਾ ਤੁਸੀਂ ਕਮੇਟੀ ਦੇ ਟੈਕਨੀਕਲ ਮੈਂਬਰ ਦੇ ਬਾਰੇ ਪੁਛਿਆ ਹੈ, ਉਸ ਬਾਰੇ ਮੈਂ ਤੁਹਾਡੇ ਪਹਿਲੇ ਸਵਾਲ ਵਿਚ ਆਪਣਾ ਫੈਸਲਾ ਸੁਣਾ ਦਿੱਤਾ ਹੈ। ਇਸ ਲਈ ਤੁਸੀਂ ਹੋਰ ਕੋਈ ਸਪਲੀਮੈਂਟਰੀ ਪੁੱਛਣੀ ਹੈ ਤਾਂ ਪੁੱਛ ਸਕਦੇ ਹੋ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਇਹ ਕੰਪਿਊਟਰ ਬਗੈਰ ਏਅਰ ਕੰਡੀਸ਼ੰਡ ਤੋਂ ਚਲ ਨਹੀਂ ਸਕਦੇ, ਫੇਰ ਇਹ ਕਿਸ ਤਰ੍ਹਾਂ ਚਲਾ ਰਹੇ ਹਨ ?

ਮੰਤਰੀ : ਸਪੀਕਰ ਸਾਹਿਬ, ਇਹ ਠੀਕ ਹੈ ਕਿ ਏਅਰ ਕੰਡੀਸ਼ੰਡ ਹੋਣੀ ਚਾਹੀਦੀ ਹੈ। ਇਹ ਕੰਪਿਊਟਰ ਫੰਕਸ਼ਨ ਕਰ ਰਹੇ ਹਨ ਜਾਂ ਨਹੀਂ ਇਸ ਨੂੰ ਚੈਕ ਕੀਤਾ ਜਾ ਸਕਦਾ ਹੈ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਮੈਂ ਸਵਾਲ ਬੜਾ ਸਪਸ਼ਟ ਕੀਤਾ ਸੀ ਕੰਪਿਊਟਰਾਂ ਵਾਸਤੇ ਏਅਰ ਕੰਡੀਸ਼ੰਡ ਦੀ ਫੈਸਿਲਿਟੀ ਹੋਣੀ ਬੜੀ ਜ਼ਰੂਰੀ ਹੈ। ਮੈਂ ਇਕ ਸਕੂਲ ਸਰਦੂਲਗੜ੍ਹ ਦਾ ਜ਼ਿਕਰ ਕੀਤਾ ਹੈ ਕਿ ਉਥੇ ਇਹ ਚਲ ਨਹੀਂ ਰਿਹਾ ਹੈ ਅਤੇ ਸਟੋਰ ਵਿਚ ਇਸ ਉਤੇ ਘੱਟਾ-ਮਿੱਟੀ ਪੈ ਰਹੀ ਹੈ ਔਰ ਸਰਕਾਰ ਨੇ ਇਸ ਉਤੇ ਲੱਖਾਂ ਰੁਪਏ ਖਰਚ ਕਰ ਦਿੱਤੇ ਹਨ। ਮੈਂ ਤੁਹਾਡੇ ਰਾਹੀਂ ਚੀਫ਼ ਮਨਿਸਟਰ ਸਾਹਿਬ ਤੋਂ ਐਸ਼ੋਰੈਂਸ ਚਾਹੁੰਦਾ ਹਾਂ ਕਿ ਇਹ ਇਕ ਹਾਊਸ ਦੀ ਕਮੇਟੀ ਬਣਾ ਕੇ ਜਾਂ ਕੋਈ ਉੱਚ ਪੱਧਰੀ ਕਮੇਟੀ ਬਣਾ ਕੇ ਇਸ ਦੀ ਇਨਕੁਆਇਰੀ ਕਰਵਾਉਣਗੇ ਤਾਂ ਕਿ ਇਸ ਸਕੈਂਡਲ ਨੂੰ ਨੰਗਾ ਕੀਤਾ ਜਾ ਸਕੇ ?

ਸ੍ਰੀ ਸਪੀਕਰ : ਮਨਿਸਟਰ ਸਾਹਿਬ, ਤੁਸੀਂ ਆਪਣਾ ਪੈਡ ਨੋਟ ਕੰਸਲਟ ਕਰੋ ਸ਼ਾਇਦ ਤੁਹਾਨੂੰ ਇਸ ਦੀ ਇਨਫਰਮੇਸ਼ਨ ਮਿਲ ਜਾਵੇ। You must come prepared for the answer.

ਮੁੱਖ ਮੰਤਰੀ : ਸਪੀਕਰ ਸਾਹਿਬ, ਇਸ ਵਿਚ ਐਸੀ ਕੋਈ ਗੱਲ ਨਹੀਂ ਹੈ ਕਿ ਹਾਊਸ ਦੀ ਕੋਈ ਕਮੇਟੀ ਬਣਾਈ ਜਾਵੇ, ਪਰ ਮੈਂ ਇਸ ਨੂੰ ਐਗਜ਼ਾਮਿਨ ਕਰਾ ਲਵਾਂਗਾ।

—————

ਨਿਸ਼ਾਨਵਾਲਾ ਪ੍ਰਸ਼ਨ ਨੰ: 784

ਸ੍ਰੀ ਸਪੀਕਰ: ਇਸ ਸਵਾਲ ਵਿਚ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਊ ਕਰ ਦਿੱਤੀ ਹੈ।*

—————

ਰਾਜ ਵਿੱਚ ਵੈਟਨਰੀ ਡਾਕਟਰਾਂ ਦੀਆਂ ਖਾਲੀ ਪਈਆਂ ਆਸਾਮੀਆਂ ਨੂੰ ਭਰਨਾ

*831. **ਸਰਦਾਰ ਨਿਰਮਲ ਸਿੰਘ ਨਿੰਮਾ** : ਕੀ ਪਸ਼ੂ ਪਾਲਣ ਅਤੇ ਮੱਛੀ ਪਾਲਣ ਦੇ ਰਾਜ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ—

(ੳ) ਇਸ ਵੇਲੇ ਪਸ਼ੂ ਪਾਲਣ ਵਿਭਾਗ ਵਿੱਚ ਵੈਟਰਨਰੀ ਡਾਕਟਰਾਂ ਦੀਆਂ ਕਿੰਨੀਆਂ ਆਸਾਮੀਆਂ ਹਨ ਅਤੇ ਰਾਜ ਵਿੱਚ ਉਨ੍ਹਾਂ ਵੈਟਰਨਰੀ ਹਸਪਤਾਲਾਂ/ਡਿਸਪੈਂਸਰੀਆਂ ਦੇ ਨਾਂ ਕੀ ਹਨ ਜਿਨ੍ਹਾਂ ਵਿੱਚ ਇਸ ਵੇਲੇ ਡਾਕਟਰ ਨਹੀਂ ਹਨ;

(ਅ) ਕੀ ਸਰਕਾਰ ਦੀ ਨੇੜੇ ਭਵਿੱਖ ਵਿੱਚ ਉਕਤ ਆਸਾਮੀਆਂ ਨੂੰ ਭਰਨ ਦੀ ਤਜਵੀਜ਼ ਹੈ, ਜੇਕਰ ਅਜਿਹਾ ਹੈ ਤਾਂ ਇਨ੍ਹਾਂ ਦੇ ਕਦੋਂ ਤੱਕ ਭਰੇ ਜਾਣ ਦੀ ਸੰਭਾਵਨਾ ਹੈ ?

ਸਰਦਾਰ **ਹਰਬੰਸ ਸਿੰਘ ਸਿੱਧੂ** : (ੳ) ਪੰਜਾਬ ਰਾਜ ਵਿੱਚ ਇਸ ਸਮੇਂ 957 ਵੈਟਰਨਰੀ ਅਫਸਰਾਂ ਦੀਆਂ ਆਸਾਮੀਆਂ ਮਨਜ਼ੂਰ ਹਨ ਅਤੇ ਇਨ੍ਹਾਂ ਵਿਚੋਂ ਖਾਲੀ ਪਸ਼ੂ ਹਸਪਤਾਲ ਜਿਨ੍ਹਾਂ ਵਿੱਚ 135 ਵੈਟਰਨਰੀ ਅਫਸਰ ਨਹੀਂ ਹਨ, ਦੀ ਸੂਚੀ ਅਨੁਲੱਗ '1' ਵਿੱਚ ਨੱਥੀ ਹੈ। ਡਿਸਪੈਂਸਰੀਆਂ ਵਿੱਚ ਡਾਕਟਰ ਨਹੀਂ ਲਗਾਏ ਜਾਂਦੇ।

*For Starred Question No. 784 and reply thereto, please see PVS Debates dated 16th March, 1993.

(ਅ) ਹਾਂ ਜੀ । ਇਨ੍ਹਾਂ ਆਸਾਮੀਆਂ ਨੂੰ ਭਰੇ ਜਾਣ ਦੀ ਕਾਰਵਾਈ ਛੇਤੀ ਕੀਤੀ ਜਾ ਰਹੀ ਹੈ ।

ਅਨੁਲੱਗ—1

ਵੈਟਨਰੀ ਅਫਸਰਾਂ ਦੀਆਂ ਖਾਲੀ ਆਸਾਮੀਆਂ ਸਬੰਧੀ ਜ਼ਿਲ੍ਹਾਵਾਰ ਸੂਚੀ ।

ਜ਼ਿਲ੍ਹਾ ਅੰਮ੍ਰਿਤਸਰ

1.	ਸੀ.ਵੀ.ਐਚ.	... ਪੱਟੀ
2.	”	... ਵਲਟੋਹਾ
3.	”	... ਖਡੂਰ ਸਾਹਿਬ
4.	”	... ਗਗੋ-ਮਹਿਲ
5.	”	... ਨਾਗੋ ਕੇ
6.	”	... ਰਾਣੀਆਂ
7.	”	... ਵਡਾਲਾ ਵਿਰਮ
8.	”	... ਗੰਡੀਵਿੰਡ
9.	”	... ਸਹੋਲ ਥੱਬੀ
10.	”	... ਰੱਤਾ ਗੁੱਦਾ
11.	”	... ਚੱਕ ਡੋਗਰਾ
12.	”	... ਬਾਗੜੀਆਂ
13.	”	... ਭਾਰੋਵਾਲ
14.	”	... ਕਾਲਕੇ
15.	”	... ਠੱਠੀਆਂ ਮਹੰਤਾ
16.	”	... ਕੱਚਾ-ਪੱਕਾ
17.	”	... ਸੂਰ ਸਿੰਘ
18.	”	... ਚੱਕ ਕੇਣੇ ਖਾਂ
19.	”	... ਝੂੰਡਾਲਾ
20.	”	... ਮੁੰਡਾ ਪਿੰਡ
21.	”	... ਲਾਲ ਪੁਰਾ
22.	”	... ਜੀਓਵਾਲਾ
23.	”	... ਰਾਜੋ ਕੇ
24.	”	... ਬਾਕੀਪੁਰ
25.	”	... ਧਾਰੀਵਾਲ
26.	”	... ਭਲਾਈਪੁਰ ਡੋਗਰਾ
27.	”	... ਚੋਹਲਾ ਸਾਹਿਬ
28.	”	... ਧੂਲਕਾ
29.	ਏ.ਆਈ ਸੈਂਟਰ	ਖਡੂਰ ਸਾਹਿਬ

[ਪਸ਼ੂ ਪਾਲਣ ਅਤੇ ਮੱਛੀ ਪਾਲਣ ਦੇ ਰਾਜ ਮੰਤਰੀ]

ਜ਼ਿਲ੍ਹਾ ਗੁਰਦਾਸਪੁਰ

1.	ਸੀ.ਵੀ.ਐਚ.	... ਰੁਦਿਆਲਾ
2.	"	... ਧਾਰੋਵਾਲੀ
3.	"	... ਗਾਵਾਰਾ
4.	"	... ਨੌਸ਼ਹਿਰਾ ਮੱਝਾ ਸਿੰਘ
5.	"	ਉਧਨ ਵਾਲ
6.	"	... ਬੱਲਪੁਰੀਆਂ
7.	"	... ਫਰਵਾਲ
8.	"	... ਮਾੜੀਆਂ ਬੁਰੀਆਂ
9.	"	... ਦੁਨੇਰਾ
10.	"	... ਨਾਸਰ ਕੇ ਸਰਜੂਰ
11.	"	... ਸਾਹਜਾਦਾ
12.	"	... ਬਮਿਆਲ
13.	"	... ਵੜਾਲਾ ਬਾਂਗਰ
14.	"	... ਹਰਚੋਵਾਲ
15.	"	... ਕਲੀਚਪੁਰ
16.	"	... ਖੁਸ਼ਹਾਲਪੁਰ ਕੋਲ
17.	"	.. ਦੋਸਤਪੁਰ
18.	"	... ਬਾਸਰਪੁਰ
19.	"	... ਗੋਂਦਰਪੁਰ
20.	"	... ਭਮਲਾਦਾ
21.	"	... ਮੂਲੀਆਂ ਵਾਲੀ
22.	"	... ਭਰਥ
23.	"	... ਭੱਟੀਆਂ
24.	"	... ਬਾਮ
25.	"	... ਪਕੀਵਾਂ
26.	"	... ਪੱਡੇ
27.	"	... ਕੋਟਲੀ ਸੂਰਤ ਮੱਲੀਆਂ
28.	"	... ਕੁਤਬੀ ਨੰਗਲ
29.	"	... ਏ ਨੌਕੋਟ
30.	"	... ਸ਼ਾਹਪੁਰ ਗੋਰਾਇਆ
31.	"	... ਕੰਡੀਲਾ
32.	"	... ਧਰਮਕੋਟ ਰੰਧਾਵਾ
33.	"	... ਜੁਨਿਆਲਾ
34.	ਏ.ਆਈ. ਸੈਂਟਰ	... ਨੌਸ਼ਹਿਰਾ ਮੱਝਾ ਸਿੰਘ

ਜ਼ਿਲ੍ਹਾ ਲੁਧਿਆਣਾ

1 ਨਿੱਲ ... ਨਿੱਲ

ਜ਼ਿਲ੍ਹਾ ਰੋਪੜ

1. ਸੀ.ਵੀ.ਐਚ. ... ਡੂਮੇਵਾਲ
2 " ... ਚੈਕਪੋਸਟ ਕੀਰਤਪੁਰ ਸਾਹਿਬ

ਜ਼ਿਲ੍ਹਾ ਜਲੰਧਰ

1. ਸੀ.ਵੀ.ਐਚ. ... ਲਸੂੜੀ
2 " ... ਡਾਹਲਕਲਾਂ
3 " ... ਮਾਉ ਸਾਹਿਬ
4 " ... ਗਿਦੜ ਪਿੰਡੀ
5. " ... ਸੰਦਪੁਰ ਕਲਾਂ
6. " ... ਘੁੰਮਣ
7. " ... ਗੜਪਦਾਨਾ
8. " ... ਲਾਂਧੜ
9. " ... ਸਰਹਾਲੀ

ਜ਼ਿਲ੍ਹਾ ਕਪੂਰਥਲਾ

1. ਸੀ.ਵੀ.ਐਚ. ... ਘੱਲੂ
2 " .. ਸ਼ਿਕਰਾ ਹਿਮਵਾਲਾ
3. " ... ਕਬੀਰ ਪੁਰ
4. " .. ਡੰਡੂਪੁਰ
5. " ... ਰਹਿਣਾ ਜੱਟਾਂ
6. " . ਡਾਲਾ

ਜ਼ਿਲ੍ਹਾ ਹੁਸ਼ਿਆਰਪੁਰ

1. ਸੀ. ਵੀ. ਐਚ. ... ਮੁੱਖਲਿਆਣਾ
2. " ... ਵਛੋੜੀ
3. " ... ਅਹਾਰ ਕੰਡਾ
4. " ...
5. " ... ਥਿੰਡਾ
6. " ... ਸਰਹਾਲਾ ਕਲਾਂ
7. " ... ਮੱਲਵਾਲ ਕੰਡੀ

[ਪਸ਼ੂ ਪਾਲਣ ਅਤੇ ਮੱਛੀ ਪਾਲਣ ਦੇ ਰਾਜ ਮੰਤਰੀ]

8.	,,	... ਬੋੜ
9.	,,	... ਚੰਦਿਆਣੀ ਖੁਰਦ
10.	,,	... ਮੋਹਰਾਂ
11.	,,	... ਧਾਮੀਆਂ
12.	,,	... ਖਰਲ ਖੁਰਦ
13.	,,	... ਸਾਹਿਬ
14.	,,	... ਹਾਜੀਪੁਰ
15.	,,	... ਬਹਿਬਲਪੁਰ
16.	,,	... ਘੋੜੇਵਾਹਾ
17.	,,	... ਮੌਲੀ
18.	,,	... ਹਰਦੋਖੁਰਦਪੁਰ
19.	,,	... ਸਨਹੋਤਾਂ
20.	ਆਰ. ਈ. ਸਕੀਮ	... ਚੌਹਾਨ

ਜ਼ਿਲ੍ਹਾ ਬਠਿੰਡਾ

1.	ਸੀ. ਵੀ. ਐਚ.	... ਸਿੰਘੋ
2.	,,	... ਰਾਜ ਗੜ੍ਹ ਕੁਬੇ
3.	,,	... ਨਥੇਹਾ

ਜ਼ਿਲ੍ਹਾ ਮਾਨਸਾ

1.	ਸੀ. ਵੀ. ਐਚ.	... ਧਲੇਵਾ
2.	,,	... ਖਿਆਲਾ ਕਲਾਂ
3.	,,	... ਮੋਫਰ
4.	,,	... ਭੰਮੇ ਕਲਾਂ
5.	,,	... ਕੁਸ਼ਲਾ
6.	,,	... ਗੋਬਿੰਦਪਰ

ਜ਼ਿਲ੍ਹਾ ਫਿਰੋਜ਼ਪੁਰ

1.	ਸੀ. ਵੀ. ਐਚ	... ਫਤਿਹਗੜ੍ਹ
2.	,,	... ਅਰੀਫਕੇ
3.	,,	... ਲਧਕਾ ਉਤਾੜ
4.	,,	... ਸੰਦੇਹਾਸ਼ਮ
5.	,,	... ਤਲਵੰਡੀ ਮੱਲੀਆਂ
6.	,,	... ਠੱਠਾ
7.	,,	... ਚੱਕ ਛੱਪੜੀ ਵਾਲਾ

8.	ਸੀ.ਵੀ.ਐਚ.	... ਮਲੱਕ ਗੰਗਾਂ
9.	,,	... ਖੰਡੂਜ
10.	,,	... ਭਾਗੋਕੇ
11.	,,	... ਸੋਢੀ ਨਗਰ
12.	,,	... ਹਾਮਦ

ਜ਼ਿਲ੍ਹਾ ਫਰੀਦਕੋਟ

1.	ਸੀ. ਵੀ. ਐਚ.	... ਬੁਧਈ
2.	,,	... ਪੱਤੋਹੀਰਾ ਸਿਘ
3.	,,	... ਕੋਟ ਸੁਖੀਆ
4.	,,	... ਦੌਲਤਪੁਰ
5.	,,	... ਚੰਦਨਵਾਂ
6.	ਏ. ਆਈ. ਸੈਂਟਰ	... ਬਿਲਾਸਪੁਰ

ਜ਼ਿਲ੍ਹਾ ਸੰਗਰੂਰ

1.	ਸੀ. ਵੀ. ਐਚ.	... ਮੌੜਨਾਭਾ
2.	,,	... ਮੰਡਵੀ
3.	,,	... ਖਨਾਲ ਕਲਾਂ
4.	,,	... ਗਹਿਲ ਕਲਾਂ
5.	,,	... ਟਲੇਵਾਲ
6.	,,	... ਢਾਡਰੀਆਂ
7.	,,	... ਨਨਹੇੜਾ
8.	,,	... ਪੱਖੋ ਕਲਾਂ

ਜ਼ਿਲ੍ਹਾ ਪਟਿਆਲਾ ਅਤੇ ਜ਼ਿਲ੍ਹਾ ਫਤਿਹਗੜ੍ਹ ਸਾਹਿਬ

ਨਿੱਲ

ਸਰਦਾਰ ਨਿਰਮਲ ਸਿੰਘ ਨਿੰਮਾ: ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਦੱਸਿਆ ਕਿ 957 ਵੈਟਰਨਰੀ ਅਫਸਰਾਂ ਦੀਆਂ ਅਸਾਮੀਆਂ ਹਨ ਅਤੇ 135 ਆਸਾਮੀਆਂ ਖਾਲੀ ਹਨ। ਕੀ ਮੰਤਰੀ ਜੀ ਦੱਸਣਗੇ ਕਿ ਕਿਤਨਾ ਸਮਾਂ ਇਨ੍ਹਾਂ ਅਸਾਮੀਆਂ ਨੂੰ ਭਰਨ ਵਾਸਤੇ ਲਗੇਗਾ ? ਕੀ ਇਹ ਸਾਲ ਦੇ ਅੰਦਰ-ਅੰਦਰ ਪੋਸਟਾਂ ਭਰ ਲਈਆਂ ਜਾਣਗੀਆਂ ?

ਸ੍ਰੀ ਸਪੀਕਰ: ਉਨ੍ਹਾਂ ਨੇ ਕਿਹਾ ਹੈ ਕਿ ਅਸਾਮੀਆਂ ਨੂੰ ਭਰੇ ਜਾਣ ਦੀ ਕਾਰਵਾਈ ਛੇਤੀ ਕੀਤੀ ਜਾ ਰਹੀ ਹੈ।

ਸਰਦਾਰ ਹਰਗੋਪਾਲ ਸਿੰਘ ਐਡਵੋਕੇਟ: ਸਪੀਕਰ ਸਾਹਿਬ, ਕੀ ਮੰਤਰੀ ਜੀ ਦੱਸਣਗੇ ਕਿ ਸਪੈਸੇਫਿਕ ਕਿਤਨੇ ਸਮੇਂ ਵਿਚ ਇਹ ਖਾਲੀ ਆਸਾਮੀਆਂ ਭਰ ਲਈਆਂ ਜਾਣਗੀਆਂ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਐਮ. ਐਲ. ਏ. ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਪਬਲਿਕ ਸਰਵਿਸ ਕਮਿਸ਼ਨ ਰਾਹੀਂ ਸਾਨੂੰ ਲਿਸਟ ਆਉਂਦੀ ਹੈ, ਅਸੀਂ ਉਨ੍ਹਾਂ ਨੂੰ ਵਿਕੈਂਸੀਆਂ ਭੇਜੀਆਂ ਹੋਈਆਂ ਹਨ। ਜਦੋਂ ਵੀ ਸਾਡੇ ਕੋਲ ਸਿਲੈਕਸ਼ਨ ਦੀ ਲਿਸਟ ਆ ਜਾਵੇਗੀ ਤਾਂ ਅਸੀਂ ਨਾਲ ਦੀ ਨਾਲ ਪੋਸਟਿੰਗ ਕਰੀ ਜਾਵਾਂਗੇ।

ਰਾਜ ਪ੍ਰਬੰਧਕੀ ਟ੍ਰਿਬਿਊਨਲ ਦੀ ਸਥਾਪਨਾ

*749. **ਸ੍ਰੀ ਮਦਨ ਮੋਹਨ ਮਿੱਤਲ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਕੇਂਦਰੀ ਪ੍ਰਬੰਧਕੀ ਟ੍ਰਿਬਿਊਨਲ ਦੇ ਪੈਟਰਨ ਤੇ ਰਾਜ ਪ੍ਰਬੰਧਕੀ ਟ੍ਰਿਬਿਊਨਲ ਸਥਾਪਤ ਕਰਨ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ ਤਾਂ ਅਜਿਹਾ ਟ੍ਰਿਬਿਊਨਲ ਦੇ ਕਿਸ ਥਾਂ ਤੇ ਅਤੇ ਕਿਸ ਮਿਤੀ ਤੋਂ ਕੰਮ ਆਰੰਭ ਕੀਤੇ ਜਾਣ ਦੀ ਸੰਭਾਵਨਾ ਹੈ ?

Sardar Beant Singh : It has been decided to set up State Administrative Tribunal under the Administrative Tribunals Act, 1985. However, the question of composition of the Tribunal and Benches thereof is still under consideration of the Government.

ਸ੍ਰੀ ਮਦਨ ਮੋਹਨ ਮਿੱਤਲ: ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ 100 ਦਿਨ ਦੀ ਸੈਲੀਬਰੇਸ਼ਨ ਮਨਾਉਣ ਵੇਲੇ ਕਮਿਟਮੈਂਟ ਕੀਤੀ ਸੀ ਕਿ ਸਟੇਟ ਪ੍ਰਸ਼ਾਸਕੀ ਟ੍ਰਿਬਿਊਨਲ ਸਥਾਪਤ ਕਰੇਗੀ ਜਿਸ ਨਾਲ ਇੰਪਲਾਈਜ਼ ਨੂੰ ਕੁਇਕ ਰਲੀਫ ਮਿਲ ਸਕੇ। ਅੱਜ ਇਕ ਸਾਲ ਹੋ ਗਿਆ ਹੈ। ਕੀ ਸਟੇਟ ਪ੍ਰਸ਼ਾਸਕੀ ਟ੍ਰਿਬਿਊਨਲ ਸਥਾਪਤ ਕਰਨ ਬਾਰੇ ਕੋਈ ਡੇਟ ਨਿਸ਼ਚਿਤ ਕਰਨਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਰੂਲਜ਼ ਵਗੈਰਾ ਤਹਿ ਕਰਨ ਲਈ ਕੁਝ ਮਹੀਨੇ ਲਗਦੇ ਹਨ ਅਤੇ ਇਸ ਬਾਰੇ ਇਕ ਸੀਨੀਅਰ ਅਫਸਰ ਸਾਰੀ ਮੋਡੇਲਿਟੀਜ਼ ਤਹਿ ਕਰਨ ਵਾਸਤੇ ਲਗਾਇਆ ਗਿਆ ਸੀ। ਪਬਲਿਕ ਸਰਵਿਸ ਕਮਿਸ਼ਨ ਵਲੋਂ ਕੁਝ ਆਬਜੈਕਸ਼ਨਜ਼ ਲਗਾ ਕੇ ਕੇਸ ਵਾਪਿਸ ਭੇਜਿਆ ਗਿਆ ਸੀ। ਇਸ ਲਈ, ਸਪੀਕਰ ਸਾਹਿਬ, ਇਸ ਬਾਰੇ ਕੋਈ ਟਾਇਮ ਤਾਂ ਫਿਕਸ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਸ ਬਾਰੇ ਸੈਂਟਰ ਗੌਰਮਿੰਟ ਤੋਂ ਮਨਜ਼ੂਰੀ ਵੀ ਲੈਣੀ ਪੈਂਦੀ ਹੈ, ਪ੍ਰੰਤੂ ਸਪੀਕਰ ਸਾਹਿਬ, ਜਲਦੀ ਟ੍ਰਿਬਿਊਨਲ ਸਥਾਪਤ ਕੀਤਾ ਜਾਵੇਗਾ।

ਮੁਕੇਰੀਆਂ ਹਾਈਡਲ ਚੈਨਲ ਦੇ ਠੇਕੇਦਾਰਾਂ ਦੀਆਂ ਬਕਾਇਆ ਅਦਾਇਗੀਆਂ

*806. **ਸ੍ਰੀ ਸਜਵਾਰ ਸਿੰਘ :** ਕੀ ਸਿੰਜਾਈ ਅਤੇ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਉਨ੍ਹਾਂ ਠੇਕੇਦਾਰਾਂ ਦੇ ਨਾਂ ਕੀ ਹਨ ਜਿਨ੍ਹਾਂ ਨੂੰ 1992 ਤੋਂ 1993 ਮਿਤੀ ਅੰਤ ਤੱਕ ਦੇ ਸਮੇਂ ਦੌਰਾਨ ਮੁਕੇਰੀਆਂ ਹਾਈਡਲ ਚੈਨਲ ਦਾ ਕੰਮ ਸੌਂਪਿਆ ਗਿਆ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਠੇਕੇਦਾਰਾਂ ਵਿਚੋਂ ਉਨ੍ਹਾਂ ਠੇਕੇਦਾਰਾਂ ਦੇ ਨਾਂ ਕੀ ਕੀ ਹਨ ਜਿਨ੍ਹਾਂ ਦੀਆਂ ਅਦਾਇਗੀਆਂ ਵਿਭਾਗ ਦੁਆਰਾ ਚੁਕਤਾ ਕਰ ਦਿਤੀਆਂ ਗਈਆਂ ਹਨ ਅਤੇ ਬਾਕੀ ਦੇ ਠੇਕੇਦਾਰਾਂ ਦੀਆਂ ਬਕਾਇਆ ਅਦਾਇਗੀਆਂ ਨੂੰ ਕਿੰਨੇ ਸਮੇਂ ਤਕ ਚੁਕਤਾ ਕੀਤੇ ਜਾਣ ਦੀ ਸੰਭਾਵਨਾ ਹੈ?

Sardar Harcharan Singh Brar : (a) 21 Contractors.

(b) The part payments works have been made to the following Contractors during 1992-93 :—

S./Shri

(1) 1. Madan Lal

2. Manjinder Singh
3. M/s Minhas Builders
4. Raj Kishan Sharma
5. Kulwinder Singh
6. Vijay Singh
7. Jiwan Singh
8. Krishan Kumar
9. Kamal Kumar
10. Amarjit Singh
11. Gurwinder Singh
12. Satpal Singh
13. Satwinder Singh
14. Gulam Rasul
15. Prem Singh
16. Baldev Singh
17. Charnjit Singh
18. Sarup Singh
19. M/s Prithipal Singh
20. Pawan Kumar
21. M/s Aneja Const. Co.

(2) The balance payment to the contractors will be made as soon as necessary formalities are completed and funds become available.

ਸ਼੍ਰੀ ਸਜਵਾਰ ਸਿੰਘ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਤੁਹਾਡੇ ਰਾਹੀਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਠੇਕੇਦਾਰ ਕੰਮ ਰੋਕਣ ਨੂੰ ਫਿਰਦੇ ਹਨ। ਕੀ ਮੰਤਰੀ ਜੀ ਕੋਈ ਟਾਈਮ ਨਿਰਧਾਰਤ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਇਹ ਸਵਾਲ ਰਿਪੀਟ ਕਰਨ।

ਸ਼੍ਰੀ ਸਪੀਕਰ : ਸਜਵਾਰ ਸਿੰਘ ਜੀ, ਤੁਹਾਡਾ ਸਵਾਲ ਕਲੀਅਰ ਨਹੀਂ। ਤੁਸੀਂ ਦੁਬਾਰਾ ਪੁੱਛੋ।

ਸ੍ਰੀ ਸਜਵਾਰ ਸਿੰਘ: ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਠੇਕੇਦਾਰ ਹਨ, ਉਨ੍ਹਾਂ ਦੀ ਪੇਮੈਂਟ ਦਾ ਬਕਾਇਆ ਰਹਿੰਦਾ ਹੈ। ਉਹ ਆਪਣਾ ਕੰਮ ਰੋਕਣ ਨੂੰ ਫਿਰਦੇ ਹਨ। ਉਨ੍ਹਾਂ ਦੀ ਪੇਮੈਂਟ ਨਹੀਂ ਹੋਈ। ਕੀ ਮੰਤਰੀ ਜੀ ਪੇਮੈਂਟ ਕਰਨ ਦਾ ਕੋਈ ਟਾਈਮ ਨਿਰਧਾਰਤ ਕਰਨਗੇ?

ਮੰਤਰੀ: ਟਾਈਮ ਤਾਂ ਨਹੀਂ ਨਿਰਧਾਰਤ ਕੀਤਾ ਜਾ ਸਕਦਾ ਲੇਕਿਨ ਫਾਰਮੈਲਿਟੀਜ਼ ਕੁਝ ਹਨ, ਜਦੋਂ ਉਹ ਕੰਪਲੀਟ ਹੋ ਜਾਣਗੀਆਂ, ਉਸ ਵੇਲੇ ਪੇਮੈਂਟ ਹੋ ਜਾਵੇਗੀ।

ਨਿਸ਼ਾਨ ਵਾਲਾ ਪ੍ਰਸ਼ਨ ਨੰ: 761

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਣ ਇਹ ਸਵਾਲ ਪੇਸ਼ ਨਹੀਂ ਹੋਇਆ।)

ਵਿੱਤ ਵਿਭਾਗ ਵਿਚ ਸੀਨੀਅਰ ਅਤੇ ਜੂਨੀਅਰ ਆਡੀਟਰਾਂ ਦੀ ਤਰੱਕੀ ਲਈ ਕਮੇਟੀ

*777. ਸ੍ਰੀ ਸਜਵਾਰ ਸਿੰਘ: ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਵਿਤ ਵਿਭਾਗ ਵਿਚ ਇਸ ਸਮੇਂ ਸੀਨੀਅਰ ਅਤੇ ਜੂਨੀਅਰ ਆਡੀਟਰਾਂ ਦੀਆਂ ਸ਼੍ਰੇਣੀਵਾਰ ਕੁੱਲ ਕਿੰਨੀਆਂ ਮਨਜ਼ੂਰਸ਼ੁਦਾ ਆਸਾਮੀਆਂ ਹਨ ਅਤੇ ਉਨ੍ਹਾਂ ਨਿਯਮਾਂ ਦੇ ਵੇਰਵੇ ਕੀ ਹਨ ਜਿਨ੍ਹਾਂ ਅਨੁਸਾਰ ਉਨ੍ਹਾਂ ਦੀਆਂ ਤਰੱਕੀਆਂ ਕੀਤੀਆਂ ਜਾਂਦੀਆਂ ਹਨ?

Doctor Kewal Krishan: There are 64 posts of Senior Auditors (now designated Section Officers) and 306 posts of Junior Auditors in the Local Audit wing of the Treasuries and Accounts Department.

There are 247 posts of Senior Auditors (now designated Section Officers) and 55 posts of Junior Auditors in the Treasuries and Accounts wing of the Department.

Rules governing their promotion are as follows:

Local Audit Wing:

1. Junior Auditor to Section Officer (Senior Auditor) Punjab Local Fund Audit State Service (Class-III) Rules 1979.

2. Section Officer (Senior Auditor) to Assistant Controller local Audit.

—Punjab Local Audit Department (Class-II) Service Rules-1975.

Treasuries and Accounts wing:

1. Junior Auditor to Section Officer (Senior Auditor),

—Punjab State Subordinate Accounts (Class-III) Rules-1978.

2. Junior Auditor to Senior Assistants

—Punjab Finance (Treasuries and Accounts) Department (State Service Class-III) Rules, 1979

3. Junior Auditor to Treasury Officer

—Punjab Treasuries (State Service Class-III) Rules-1979.

4. Section Officer (Senior Auditor) to Assistant Controller Finance and Account.

—Punjab State Accounts (Class-II) Service Rules-1984.

ਸ੍ਰੀ ਸਜਵਾਰ ਸਿੰਘ : ਸਪੀਕਰ ਸਾਹਿਬ, ਮੈਂ ਆਪ ਜੀ ਰਾਹੀਂ ਮੰਤਰੀ ਜੀ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਜੂਨੀਅਰ ਆਡੀਟਰ ਤੋਂ ਸੀਨੀਅਰ ਆਡੀਟਰ ਬਣਨ ਲਈ 30 ਪ੍ਰਤੀਸ਼ਤ ਕੋਟਾ ਪਰੋਮੋਸ਼ਨ ਵਿੱਚ ਸੀ। ਬਾਕੀ ਐਸ.ਏ.ਐਸ. ਦੀ ਪ੍ਰੀਖਿਆ ਪਾਸ ਕਰਨ ਵਾਲੇ ਹੁੰਦੇ ਸਨ। ਕੀ ਮੰਤਰੀ ਜੀ ਉਨ੍ਹਾਂ ਦਾ ਬਣਦਾ 30 ਪ੍ਰਤੀਸ਼ਤ ਕੋਟਾ ਦੇਣ ਬਾਰੇ ਮੁੜ ਵਿਚਾਰ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਇਸ ਵੇਲੇ 20 ਪ੍ਰਤੀਸ਼ਤ ਪਰੋਮੋਸ਼ਨ ਜਿਹੜੀ ਕਲਰਕ ਤੋਂ ਜੂਨੀਅਰ ਆਡੀਟਰ ਤੋਂ ਸੀਨੀਅਰ ਆਡੀਟਰ ਬਣਨ ਦੀ ਹੈ, ਰਿਕਰੂਟਮੈਂਟ ਬਾਈ ਪਰੋਮੋਸ਼ਨ ਹੈ 75 ਪ੍ਰਤੀਸ਼ਤ ਅਤੇ 5 ਪ੍ਰਤੀਸ਼ਤ ਕੋਟਾ ਟਰਾਂਸਫਰਜ਼ ਵਗੈਰਾ ਦਾ ਹੋਰ ਮਹਿਕਮਿਆਂ ਆਦਿ ਤੋਂ ਹੈ। ਇਸ ਕਰਕੇ ਜਿਹੜਾ 30 ਪ੍ਰਤੀਸ਼ਤ ਪਰੋਮੋਸ਼ਨ ਕੋਟਾ ਵਧਾਉਣ ਦਾ ਸਵਾਲ ਹੈ, ਉਹ ਅਜੇ ਵਿਚਾਰ ਅਧੀਨ ਨਹੀਂ ਹੈ।

ਸ੍ਰੀ ਸਜਵਾਰ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਜੂਨੀਅਰ ਆਡੀਟਰ ਦੀ ਤਰੱਕੀ ਦਾ ਰਸਤਾ ਬੰਦ ਕਰ ਦਿੱਤਾ ਗਿਆ ਹੈ। ਇਕ ਤਾਂ ਪਹਿਲਾਂ ਹੀ ਪਰੋਮੋਸ਼ਨ ਉਨ੍ਹਾਂ ਨੂੰ 15 ਸਾਲ ਬਾਅਦ ਦਿੱਤੀ ਜਾਂਦੀ ਹੈ। ਦੂਜੀ ਉਸ ਵਿੱਚ ਸ਼ਰਤ ਲਗਾ ਦਿੱਤੀ ਹੈ ਟੈਸਟ ਪਾਸ ਕਰਨ ਦੀ। 15 —20 ਸਾਲਾਂ ਵਿੱਚ ਤਾਂ ਕਰਮਚਾਰੀ ਦਾ ਤਜਰਬਾ ਹੀ ਏਨਾ ਹੋ ਜਾਂਦਾ ਹੈ ਕਿ ਟੈਸਟ ਵਗੈਰਾ ਦੀ ਕੋਈ ਜ਼ਰੂਰਤ ਹੀ ਨਹੀਂ ਰਹਿ ਜਾਂਦੀ। ਕੀ ਮੰਤਰੀ ਜੀ ਸ਼ਰਤਾਂ ਵਿੱਚ ਨਰਮੀ ਕਰਕੇ ਉਨ੍ਹਾਂ ਦੀ ਤਰੱਕੀ ਦਾ ਰਾਹ ਖੋਲ੍ਹਣਗੇ?

ਮੰਤਰੀ : ਜਿਹੜਾ ਕੋਟਾ ਇਸ ਵੇਲੇ ਮੁਕੱਰਰ ਹੈ, ਉਸ ਦੇ ਮੁਤਾਬਿਕ ਕਲਰਕ ਤੋਂ ਸੀਨੀਅਰ ਆਡੀਟਰ ਦੀ ਪਰੋਮੋਸ਼ਨ ਦਾ ਕੋਟਾ 20 ਪ੍ਰਤੀਸ਼ਤ ਹੈ, ਰਿਕਰੂਟਮੈਂਟ ਵਿਚ ਕੋਟਾ 75 ਪ੍ਰਤੀਸ਼ਤ ਹੈ, ਅਤੇ ਟਰਾਂਸਫਰਜ਼ ਫਰਾਮ ਅਦਰ ਡਿਪਾਰਟਮੈਂਟ ਦਾ ਕੋਟਾ 5 ਪ੍ਰਤੀਸ਼ਤ ਹੈ। ਇਸ ਦੇ ਮੁਤਾਬਿਕ ਕੋਈ ਮੁਸ਼ਕਲ ਨਜ਼ਰ ਨਹੀਂ ਆਉਂਦੀ ਕਿ ਇਸ ਨੂੰ ਰਿਵਾਇਜ਼ ਕੀਤਾ ਜਾਵੇ। ਫਿਰ ਵੀ ਜੇ ਕੋਈ ਸਬੰਧਤ ਕਰਮਚਾਰੀਆਂ ਦੀ ਕੋਈ ਰਿਪਰਜ਼ੈਨਟੇਸ਼ਨ ਆਵੇਗੀ ਤਾਂ ਵਿਚਾਰ ਕਰ ਲਵਾਂਗੇ।

ਸ੍ਰੀ ਸਜਵਾਰ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ. . . .

ਸ੍ਰੀ ਸਪੀਕਰ : ਸ੍ਰੀ ਸਜਵਾਰ ਸਿੰਘ ਜੀ, ਮੈਂ ਤੁਹਾਨੂੰ ਪਹਿਲਾਂ ਹੀ 2 ਸਪਲੀਮੈਂਟਰੀ ਅਲਾਓ ਕਰ ਚੁੱਕਾ ਹਾਂ। ਹੋਰ ਸਪਲੀਮੈਂਟਰੀ ਤੁਹਾਨੂੰ ਨਹੀਂ ਪੁੱਛਣੀ ਚਾਹੀਦੀ। ਫਿਰ ਵੀ ਦੱਸੋ ਕੀ ਕਹਿਣਾ ਚਾਹੁੰਦੇ ਹੋ ?

ਸ੍ਰੀ ਸਜਵਾਰ ਸਿੰਘ : ਸਪਕੀਰ ਸਾਹਿਬ, ਜੂਨੀਅਰ ਆਡੀਟਰਾਂ ਦੀ ਤਰੱਕੀ ਦਾ ਰਾਹ ਇਸ ਕਰਕੇ ਰੁਕ ਜਾਵੇਗਾ ਕਿਉਂਕਿ ਸਭ ਤੋਂ ਉਪਰਲਾ ਪਾਸ ਨਹੀਂ ਕਰ ਸਕੇਗਾ ਅਤੇ ਹੇਠਲਾ ਉਸ ਤੋਂ ਜੂਨੀਅਰ ਹੋਵੇਗਾ। ਇਸ ਦੇ ਨਾਲ ਲਿਟੀਗੇਸ਼ਨ ਹੋ ਸਕਦੀ ਹੈ।

ਸ੍ਰੀ ਸਪੀਕਰ : ਤੁਹਾਡੇ ਸਵਾਲ ਦਾ ਜਵਾਬ ਆ ਗਿਆ ਹੈ। ਜਵਾਬ ਬੜਾ ਕਲੀਅਰ ਹੈ। ਅਗਲਾ ਸਵਾਲ।

ਰਾਜ ਵਿਚ ਨਵੀਆਂ ਆਸਾਮੀਆਂ ਸਿਰਜਣਾ

*812. ਸਰਦਾਰ ਨਿਰਮਲ ਸਿੰਘ ਨਿੰਮਾ : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਮਾਰਚ, 1992 ਤੋਂ ਮਿਤੀ ਅੰਤ ਤਕ ਪੰਜਾਬ ਸਿਵਲ ਸਕੱਤਰੇਤ ਸਮੇਤ ਵੱਖ ਵੱਖ ਵਿਭਾਗਾਂ ਤੋਂ ਵਿੱਤ ਵਿਭਾਗ ਨੂੰ ਆਸਾਮੀਆਂ ਦੀ ਸਿਰਜਣਾ ਲਈ ਪ੍ਰਾਪਤ ਹੋਈਆਂ ਤਜਵੀਜ਼ਾਂ ਦਾ ਵੇਰਵਾ ਕੀ ਹੈ;

(ਅ) ਉਨ੍ਹਾਂ ਵਿਭਾਗਾਂ ਦੇ ਨਾਂ ਕੀ ਕੀ ਹਨ ਜਿਨ੍ਹਾਂ ਨੂੰ ਉਪਰੋਕਤ ਭਾਗ (ੳ) ਵਿਚ ਵਰਣਿਤ ਤਜਵੀਜ਼ਾਂ ਸਵੀਕਾਰ ਕਰਨ ਤੋਂ ਬਾਅਦ ਵਿਚ ਵਿਭਾਗ ਨੇ ਆਸਾਮੀਆਂ ਦੀ ਸਿਰਜਣਾ ਦੀ ਪ੍ਰਵਾਨਗੀ ਦੇ ਦਿੱਤੀ ਹੈ ਅਤੇ ਉਨ੍ਹਾਂ ਵਿਭਾਗਾਂ ਦੇ ਨਾਂ ਕੀ ਕੀ ਹਨ ਜਿਨ੍ਹਾਂ ਦੀਆਂ ਤਜਵੀਜ਼ਾਂ ਪੈਂਡਿੰਗ ਪਈਆਂ ਹਨ/ਰੱਦ ਕਰ ਦਿਤੀਆਂ ਹਨ ਅਤੇ ਪੈਂਡਿੰਗ ਤਜ਼ਵੀਜ਼ਾਂ ਦਾ ਕਿੰਨੇ ਸਮੇਂ ਤਕ ਨਿਪਟਾਰਾ ਕੀਤੇ ਜਾਣ ਦੀ ਸੰਭਾਵਨਾ ਹੈ ?

(a) **Doctor Kewal Krishan :**

	b(i)	b(ii)	b(iii)
Serial No.	Names of the Departments whose proposals were accepted	Names of the Departments whose proposals were rejected / returned with observations	Names of the Departments whose proposals are pending with Finance Department
1	2	3	4
1	Personnel & Administrative	Jails	
2	Punjab Civil Secretariat	Home Guards & Civil Defence	
3	Punjab Vidhan Sabha	Dte Litigation & Prosecution	Chief Electrical Inspection
4	Punjab Raj Bhawan	Police	Rehabilitation
5	Hospitality	Sports	Revenue Deptt. Financial Commissioner
6	Legal Remembrancer	Youth Welfare	Secretariat
7	Director Legal Services	Ayurvedic	These proposals are under consideration of this Department and will be disposed off after obtaining the orders of appropriate authorities shortly.
8	DPI (Colleges)	Animal Husbandry	
9	DPI (Schools)	Daily Development	
10	DPI (Primary)	Fisheries Deptt.	
11	Language Department	Social Conservation	
12	Printing & Stationery	Labour Deptt.	

1	2	3	4
13	Agricuture	Employment Deptt.	
14	Horticulture	Industrial Training	
15	Homoeopathic	Industries Deptt.	
16	ESI	Public Works Deptt.	
17	Cooperation	P.W.D. (Public Health)	
18	Forest & Wild Life	Chief Electrical Inspector	
19	Information & Public Relations	Irrigation	
20	Cultural Affairs & Archieves	Election 20 point programme	
21	Food & Supplies Department	DPI (Colleges)	
22	Technical Education	DPI (Schools) DPI (Primary)	
23	Vigilance Department	Rural Development & Panchayats	
24	Treasuries & Accounts	Agriculture	
25	Excise & Taxation	Directorate of Homoeopathy	
26	Transport		
27	Housing & Urban Development	Directorate of ESI	
28	Rehabilitation	Forests & Wild Life	
29	Revenue Department	Excise & Taxation	
30	Financial Commissioner's Secretariat		
31	Social Welfare Deptt.		
32	Department of Welfare of Scheduled Castes & Backward Classes		
33	Health & Family Welfare		
34	Director, Medical Education & Research		

[Minisier for Finance]

These proposals are pending/under consideration with this Department and will be disposed off after obtaining the orders of the appropriate authority shortly.

ਸਰਦਾਰ ਨਿਰਮਲ ਸਿੰਘ ਨਿੰਮਾ : ਸਪੀਕਰ ਸਾਹਿਬ, ਮੰਤਰੀ ਜੀ ਨੇ ਮੇਰੇ ਸਵਾਲ ਦੇ ਜਵਾਬ ਵਿਚ ਦਸਿਆ ਹੈ ਕਿ ਪੋਸਟਾਂ ਦੀ ਕਰੀਏਸ਼ਨ ਵਾਸਤੇ ਪੰਜਾਬ ਵਿਧਾਨ ਸਭਾ ਤੋਂ ਵੀ ਪਰੋਪੋਜ਼ਲ ਆਈਆਂ ਸਨ ਜਿਹੜੀਆਂ ਕਿ ਮੰਨੀਆਂ ਗਈਆਂ ਹਨ । ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਦੇ ਵਿਚ ਕਿਹੜੀ ਕਿਹੜੀ ਕੈਟਾਗਰੀ ਸ਼ਾਮਲ ਹੈ ? ਅਤੇ ਕੀ ਇਸ ਦੇ ਵਿਚ ਰਿਪੋਰਟਰਾਂ ਦੀ ਕੈਟਾਗਰੀ ਵੀ ਸ਼ਾਮਲ ਹੈ?

ਸ਼੍ਰੀ ਸਪੀਕਰ : ਨਿੰਮਾ ਜੀ, ਤੁਸੀਂ ਵਿਧਾਨ ਸਭਾ ਬਾਰੇ ਨਹੀਂ ਪੁੱਛ ਸਕਦੇ । ਕੋਈ ਹੋਰ ਚੀਜ਼ ਪੁੱਛ ਲਓ ।

ਸਰਦਾਰ ਨਿਰਮਲ ਸਿੰਘ ਨਿੰਮਾ : ਸਪੀਕਰ ਸਾਹਿਬ, ਮੈ ਜਾਣਨਾ ਚਾਹੁੰਦਾ ਹਾਂ ਕਿ ਮੈਂ ਵਿਧਾਨ ਸਭਾ ਬਾਰੇ ਕਿਉਂ ਨਹੀਂ ਪੁੱਛ ਸਕਦਾ ਜਦ ਕਿ ਇਨ੍ਹਾਂ ਨੇ ਆਪਣੇ ਜਵਾਬ ਵਿਚ ਵਿਧਾਨ ਸਭਾ ਦਾ ਵੀ ਜ਼ਿਕਰ ਕੀਤਾ ਹੈ?

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਦ ਉਨ੍ਹਾਂ ਨੇ ਆਪਣੇ ਜਵਾਬ ਵਿਚ ਵਿਧਾਨ ਸਭਾ ਦਾ ਵੀ ਜ਼ਿਕਰ ਕੀਤਾ ਹੈ ਤਾਂ ਫਿਰ ਨਿੰਮਾ ਜੀ ਦੀ ਸਪਲੀਮੈਂਟਰੀ ਦਾ ਜਵਾਬ ਵੀ ਦੇਣਾ ਚਾਹੀਦਾ ਹੈ।

ਸ਼੍ਰੀ ਸਪੀਕਰ : ਤੁਸੀਂ ਵਿਧਾਨ ਸਭਾ ਬਾਰੇ ਨਹੀਂ ਪੁੱਛ ਸਕਦੇ। ਬਾਕੀ ਡਿਪਾਰਟਮੈਂਟਸ ਬਾਰੇ ਪੁੱਛ ਲਓ ।

ਸਰਦਾਰ ਨਿਰਮਲ ਸਿੰਘ ਨਿੰਮਾ : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਵਿਧਾਨ ਸਭਾ ਦੀਆਂ ਪੋਸਟਾਂ ਦੀ ਤਨਖਾਹ ਖਜ਼ਾਨੇ ਵਿਚੋਂ ਨਹੀਂ ਆਉਂਦੀ ? ਜੇ ਮੰਤਰੀ ਜੀ ਨੇ ਆਪਣੇ ਜਵਾਬ ਵਿਚ ਵਿਧਾਨ ਸਭਾ ਦਾ ਮੈਨਸ਼ਨ ਕੀਤਾ ਹੈ ਤਾਂ ਫਿਰ ਮੈਂ ਇਸ ਦੇ ਮੁਤੱਲਿਕ ਸਪਲੀਮੈਂਟਰੀ ਕਿਉਂ ਨਹੀਂ ਪੁੱਛ ਸਕਦਾ ? ਜਾਂ ਫਿਰ ਇਸ ਦੇ ਵਿਚ ਕੋਈ ਨੋਟ ਲਾ ਦਿੰਦੇ ਕਿ ਵਿਧਾਨ ਸਭਾ ਬਾਰੇ ਨਹੀਂ ਪੁੱਛਿਆ ਜਾ ਸਕਦਾ ।

ਸ਼੍ਰੀ ਸਪੀਕਰ : ਤੁਸੀਂ ਕੋਈ ਹੋਰ ਸਪਲੀਮੈਂਟਰੀ ਪੁੱਛ ਲਓ।

ਸਰਦਾਰ ਨਿਰਮਲ ਸਿੰਘ ਨਿੰਮਾ : ਜੋ ਪੁੱਛ ਰਹੇ ਹਾਂ ਉਹ ਦੱਸਿਆ ਨਹੀਂ ਜਾ ਰਿਹਾ । ਜਿਹੜੇ ਪਿੰਡ ਨਹੀਂ ਜਾਣਾ ਉਸਦਾ ਰਾਹ ਕੀ ਪੁੱਛਣਾ।

ਸ਼੍ਰੀ ਸਪੀਕਰ : ਤੁਸੀਂ ਕੋਈ ਹੋਰ ਸਪਲੀਮੈਂਟਰੀ ਪੁੱਛ ਸਕਦੇ ਹੋ, ਨਿੰਮਾ ਜੀ।

ਸਰਦਾਰ ਨਿਰਮਲ ਸਿੰਘ ਨਿੰਮਾ : ਜੇ ਕੋਈ ਗੱਲ ਇਸ ਬਾਰੇ ਦੱਸ ਸਕਦੇ ਹੋ ਤਾਂ ਦੱਸ ਦਿਓ।

ਮੰਤਰੀ : ਸਪੀਕਰ ਸਾਹਿਬ, ਇਕ ਪੋਸਟ ਸੈਂਕਸ਼ਨ ਹੋਈ ਹੈ ਜੀ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਮਾਨਯੋਗ ਮੰਤਰੀ ਜੀ ਨੇ ਦੱਸਿਆ ਹੈ ਕਿ ਇਕ ਪੋਸਟ ਸੈਂਕਸ਼ਨ ਹੋਈ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਵਿਧਾਨ ਸਭਾ ਸਕੱਤਰੇਤ ਵੱਲੋਂ ਕਿੰਨੀਆਂ ਪੋਸਟਾਂ ਦੀ ਪਰਪੋਜ਼ਲ ਭੇਜੀ ਗਈ ਸੀ, ਉਨ੍ਹਾਂ ਵਿਚੋਂ ਕੀ ਸਾਰੀਆਂ ਦੀਆਂ ਸਾਰੀਆਂ ਪੋਸਟਾਂ ਮਨਜ਼ੂਰ ਕਰ ਦਿੱਤੀਆਂ ਗਈਆਂ ਹਨ ਜਾਂ ਕਿ ਇਕੋ ਹੀ ਮਨਜ਼ੂਰ ਕੀਤੀ ਗਈ ਹੈ।

ਸ਼੍ਰੀ ਸਪੀਕਰ: ਅਰਸ਼ੀ ਜੀ, ਮੈਂ ਇਸ ਤੇ ਕੋਈ ਸਪਲੀਮੈਂਟਰੀ ਕਰਨ ਦੀ ਇਜਾਜ਼ਤ ਨਹੀਂ ਦਿੰਦਾ I myself take care of Vidhan Sabha. Next Question.

ਜ਼ਿਲ੍ਹਾ ਰੋਪੜ ਵਿੱਚ ਨਵੀਆਂ ਪੰਚਾਇਤਾਂ ਦੀ ਅਧਿਸੂਚਨਾ

*764. **ਡਾਕਟਰ ਰਮੇਸ਼ ਦੱਤ**: ਕੀ ਪੇਂਡੂ ਵਿਕਾਸ ਅਤੇ ਪੰਚਾਇਤਾਂ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਰਾਜ ਵਿੱਚ ਹਾਲ ਹੀ ਵਿੱਚ ਹੋਈਆਂ ਪੰਚਾਇਤੀ ਚੋਣਾਂ ਕਰਵਾਉਣ ਤੋਂ ਪਹਿਲਾਂ ਜ਼ਿਲ੍ਹਾ ਰੋਪੜ ਵਿੱਚ ਅਧਿਸੂਚਿਤ ਕੀਤੀਆਂ ਗਈਆਂ ਨਵੀਆਂ ਪੰਚਾਇਤਾਂ ਦੀ ਬਲਾਕ-ਵਾਰ ਗਿਣਤੀ ਕਿੰਨੀ ਹੈ ;

(ਅ) ਕੀ ਨਵੀਆਂ ਪੰਚਾਇਤਾਂ ਅਧਿਸੂਚਿਤ ਕੀਤੇ ਜਾਣ ਲਈ ਕੋਈ ਕਸੌਟੀ ਨਿਸ਼ਚਿਤ ਕੀਤੀ ਗਈ ਹੈ; ਜੇਕਰ ਅਜਿਹਾ ਹੋਵੇ ਤਾਂ ਉਸਦੇ ਵੇਰਵੇ ਕੀ ਹਨ ;

(ੲ) ਕੀ ਪੰਚਾਇਤਾਂ ਨੂੰ ਅੰਤਿਮ ਤੌਰ ਤੇ ਅਧਿਸੂਚਿਤ ਕਰਨ ਤੋਂ ਪਹਿਲਾਂ ਉਪਰੋਕਤ ਭਾਗ (ੳ) ਵਿਚ ਵਰਣਿਤ ਪੰਚਾਇਤਾਂ ਦੇ ਵਸਨੀਕਾਂ ਪਾਸੋਂ ਇਤਰਾਜ਼ ਮੰਗਣ ਸਬੰਧੀ ਕੋਈ ਆਮ ਅਧਿਸੂਚਨਾ ਜਾਰੀ ਕੀਤੀ ਗਈ ਸੀ ?

ਸਰਦਾਰ ਉਮਰਾਓ ਸਿੰਘ: (ੳ) ਪੰਚਾਇਤਾਂ ਦੀਆਂ ਆਮ ਚੋਣਾਂ ਤੋਂ ਪਹਿਲਾਂ ਜ਼ਿਲ੍ਹਾ ਰੋਪੜ ਵਿੱਚ ਅਧਿਸੂਚਿਤ ਕੀਤੀਆਂ ਗਈਆਂ ਗਰਾਮ ਪੰਚਾਇਤਾਂ ਦੀ ਬਲਾਕ-ਵਾਰ ਗਿਣਤੀ ਹੇਠ ਲਿਖੇ ਅਨੁਸਾਰ ਹੈ :--

ਲੜੀ ਨੰ:	ਬਲਾਕ ਦਾ ਨਾਂ	ਨਵੀਆਂ ਬਣਾਈਆਂ ਗਈਆਂ ਗਰਾਮ ਪੰਚਾਇਤਾਂ ਦੀ ਗਿਣਤੀ
1	ਆਨੰਦਪੁਰ ਸਾਹਿਬ	16
2	ਚਮਕੌਰ ਸਾਹਿਬ	3
3	ਖਰੜ	4
4	ਮਾਜਰੀ	4
5	ਨੂਰਪੁਰ ਬੇਦੀ	18
6	ਰੂਪਨਗਰ	16
	ਕੁੱਲ	61

[ਪੇਂਡੂ ਵਿਕਾਸ ਅਤੇ ਪੰਚਾਇਤਾਂ ਮੰਤਰੀ]

(ਅ) ਕੇਵਲ ਇਕ ਪਿੰਡ ਜਾਂ ਵੱਖਰੀ ਅਬਾਦੀ ਜਾਂ ਵਖਰੀਆਂ ਅਬਾਦੀਆਂ ਦੇ ਝੁੰਡ ਜਿਸ ਦੀ ਕਿ ਜਨ ਸੰਖਿਆ 200 ਤੋਂ ਘੱਟ ਨਾ ਹੋਵੇ, ਲਈ ਨਵੀਂ ਗਰਾਮ ਸਭਾ ਸਥਾਪਿਤ ਕੀਤੀ ਜਾ ਸਕਦੀ ਹੈ ।

(ੲ) ਨਹੀਂ ਜੀ। ਐਕਟ ਅਧੀਨ ਇਹ ਜ਼ਰੂਰੀ ਨਹੀਂ ।

ਡਾਕਟਰ ਰਮੇਸ਼ ਦੱਤ : ਸਪੀਕਰ ਸਾਹਿਬ, ਕੀ ਮੰਤਰੀ ਜੀ ਦੱਸਣਗੇ ਕਿ ਜਿਹੜੀਆਂ ਪੰਚਾਇਤ ਇਨ੍ਹਾਂ ਨੇ ਨਵੀਆਂ ਬਣਾਈਆਂ ਹਨ ਉਨ੍ਹਾਂ ਤੋਂ ਇਲਾਵਾ ਕੋਈ ਹੋਰ ਵੀ ਪਿੰਡਾਂ ਦੀਆਂ ਦਰਖਾਸਤਾਂ ਵੱਖਰੀਆਂ ਹੋਣ ਵਾਸਤੇ ਆਈਆਂ ਹਨ ਅਤੇ ਉਹ ਕਿਸ ਗਰਾਊਂਡ ਤੇ ਰਿਜੈਕਟ ਕੀਤੀਆਂ ਗਈਆਂ ਹਨ ਔਰ ਜਿਹੜੀਆਂ ਬਣੀਆਂ ਹਨ ਉਨ੍ਹਾਂ ਵਾਸਤੇ ਕੀ ਕੋਈ ਫਿਜ਼ੀਕਲ ਵੈਰੀਫਿਕੇਸ਼ਨ ਹੋਈ ਹੈ, ਕੀ ਉਨ੍ਹਾਂ ਦੀ ਇਲੀਜੀਬਿਲਿਟੀ ਬਣਦੀ ਹੈ ਜਾਂ ਨਹੀਂ ?

ਮੰਤਰੀ : ਸਪੀਕਰ ਸਾਹਿਬ, ਜਿਹੜੀਆਂ ਪੰਚਾਇਤਾਂ ਨਹੀਂ ਉਸ ਬਾਰੇ ਤਾਂ ਇਨ੍ਹਾਂ ਨੇ ਸਵਾਲ ਨਹੀਂ ਪੁਛਿਆ। ਜੇਕਰ ਪੁਛਿਆ ਹੁੰਦਾ ਤਾਂ ਮੈਂ ਉਸਦਾ ਉੱਤਰ ਵੀ ਦੇ ਦਿੰਦਾ। ਜਿਹੜੇ ਅਜਿਹੇ ਪਿੰਡ ਹਨ। ਉਨ੍ਹਾਂ ਲਈ ਫਿਜ਼ੀਕਲ ਵੈਰੀਫੀਕੇਸ਼ਨ, ਡਿਸਟ੍ਰਿਕਟ ਲੈਵਲ ਦੇ ਅਫਸਰਾਂ ਤੋਂ ਕਰਵਾਈਆਂ ਗਈਆਂ ਹਨ ਔਰ ਜੋ ਉਨ੍ਹਾਂ ਦੀ ਰੀਕੁਮੈਂਡੇਸ਼ਨ ਹੈ, ਉਸ ਅਨੁਸਾਰ ਹੀ ਪੰਚਾਇਤਾਂ ਬਣਾਈਆਂ ਗਈਆਂ ਹਨ।

ਸ੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਮੇਰੀ ਸਪਲੀਮੈਂਟਰੀ ਇਹ ਹੈ ਕਿ ਜੋ ਪੰਚਾਇਤਾਂ ਬਣਾਈਆਂ ਗਈਆਂ ਹਨ ਉਸ ਤੋਂ ਇਲਾਵਾ ਵੀ ਕੁਝ ਪਿੰਡਾਂ ਦੇ ਲੋਕਾਂ ਦੀਆਂ ਅਰਜ਼ੀਆਂ ਹਨ। ਲੇਕਿਨ ਉਹ ਡੀ.ਡੀ.ਪੀ.ਓ. ਦੇ ਦਫਤਰ ਵਿੱਚ ਕਿਸੇ ਨਾ ਕਿਸੇ ਕਾਰਨ ਕਰਕੇ ਪਈਆਂ ਰਹਿ ਗਈਆਂ ਔਰ ਕੁਝ ਅਜਿਹੇ ਪਿੰਡ ਵੀ ਹਨ ਜਿੰਨਾਂ ਦਾ ਡਿਸਟੈਂਸ ਵੀ 3-4 ਕਿ:ਮੀ: ਦਾ ਸੀ ਔਰ ਉਨ੍ਹਾਂ ਪਿੰਡਾਂ ਦੀਆਂ 800 ਵੋਟਾਂ ਵੀ ਸਨ। ਮੈਂ ਇਕ ਪਿੰਡ ਭਲਨ ਮਾਜਰਾ ਪਲਾਨ ਦਾ ਨਾਂ ਵੀ ਕੋਟ ਕਰਦਾ ਹੈ, ਇਨ੍ਹਾਂ ਪਿੰਡਾਂ ਵਿੱਚ ਦੋ ਪੰਚਾਇਤਾਂ ਬਣਨੀਆਂ ਸੀ ਬਲਕਿ ਤਿੰਨ ਵੀ ਬਣ ਸਕਦੀਆਂ ਸੀ। ਦੋ ਪਿੰਡਾਂ ਦੀ ਪਰਪੋਜ਼ਲ ਆਈ, ਤਰਨ ਮਜਾਰਾ ਦੀਆਂ 800 ਵੋਟਾਂ ਹਨ, ਉਹ ਕੇਸ ਬਿਲਕੁਲ ਦਫਤਰਾਂ ਵਿੱਚ ਹੀ ਰਾਈਪ ਹੋ ਕੇ ਪਿਆ ਰਹਿ ਗਿਆ । ਕੀ ਮੰਤਰੀ ਜੀ ਦੱਸਣਗੇ ਕਿ ਜਿਹੜੀਆਂ ਰਹਿ ਗਈਆਂ ਹਨ, ਹੁਣ ਉਨ੍ਹਾਂ ਨੂੰ ਬਣਾ ਸਕਦੇ ਹਾਂ ਜਾਂ ਕਿ ਨੈਕਸਟ ਇਲੈਕਸ਼ਨ ਤੇ ਬਣਨਗੀਆਂ । ਕੋਈ ਅਜਿਹੀ ਗੱਲ ਇਨ੍ਹਾਂ ਦੇ ਵਿਚਾਰ ਅਧੀਨ ਹੈ।

ਮੰਤਰੀ : ਇਹ ਮਾਮਲਾ ਵਿਚਾਰ ਅਧੀਨ ਹੈ ਜੀ।

ਡਾਕਟਰ ਰਮੇਸ਼ ਦੱਤ : ਸਪੀਕਰ ਸਾਹਿਬ, ਕੀ ਮੰਤਰੀ ਜੀ ਦੱਸਣਗੇ ਕਿ ਜਿਨ੍ਹਾਂ ਪੰਚਾਇਤਾਂ ਦੇ ਬਣਨ ਦੀਆਂ ਪਰਪੋਜ਼ਲਾਂ ਉਨ੍ਹਾਂ ਦੇ ਸੈਕਟਰੀਆਂ ਅਤੇ ਉਥੋਂ ਦੇ ਸਰਪੰਚਾਂ ਨੇ ਬਣਾ ਕੇ ਭੇਜੀਆਂ ਔਰ ਬਾਕੀ ਪਿੰਡ ਵਾਲਿਆਂ ਨੇ ਕੁਝ ਇਤਰਾਜ਼ ਉਠਾਏ, ਕੀ ਉਨ੍ਹਾਂ ਦੇ ਇਤਰਾਜ਼ ਸੁਣਨ ਵਾਸਤੇ ਜਾਂ ਰੀਜੈਕਟ ਕਰਨ ਵਾਸਤੇ ਕੋਈ ਟਾਈਮ ਜਾਂ ਨੋਟਿਸ ਦਿੱਤਾ ਗਿਆ ?

ਮੰਤਰੀ : ਸਪੀਕਰ ਸਾਹਿਬ, ਪੰਚਾਇਤ ਐਕਟ ਦੇ ਵਿਚ ਇਸ ਦੀ ਕੋਈ ਵਿਵਸਥਾ ਨਹੀਂ ਹੈ। ਫਿਰ ਵੀ ਅਗਰ ਹੋਈ ਅਜਿਹੀਆਂ ਰੀਪਰੀਜੈਂਟੇਸ਼ਨਜ਼ ਆਉਣਗੀਆਂ ਤਾਂ ਉਸ ਤੇ ਵਿਚਾਰ ਕਰਾਂਗੇ।

ਡਾਕਟਰ ਰਮੇਸ਼ ਦੱਤ: ਜਿਹੜੀਆਂ ਰੀਪਰੀਜੈਂਟੇਸ਼ਨ ਆਈਆਂ ਹਨ ਕੀ ਉਨ੍ਹਾਂ ਨੂੰ ਕੋਈ ਟਾਈਮ ਦਿੱਤਾ ਗਿਆ ਕਿ ਨਹੀਂ ਦਿੱਤਾ ਗਿਆ। ਕੀ ਉਨ੍ਹਾਂ ਦੇ ਆਬਜੈਕਸ਼ਨ ਸੁਣੇ ਗਏ ਜਾਂ ਨਹੀਂ ਸੁਣੇ ਗਏ। ਜੋ ਰੀਜੈਕਟ ਕੀਤੇ ਗਏ ਹਨ ਤਾਂ ਉਹ ਕਿਸ ਤਰ੍ਹਾਂ ਕੀਤੇ ਗਏ, ਉਹਦੇ ਬਾਰੇ ਮੰਤਰੀ ਜੀ ਦੱਸਣ ਦੀ ਖੇਚਲ ਕਰਨ ?

ਮੰਤਰੀ: ਸਪੀਕਰ ਸਾਹਿਬ, ਮੈਂ ਆਲਰੇਡੀ ਜਵਾਬ ਦੇ ਦਿੱਤਾ ਹੈ ਕਿ ਐਸਾ ਕੋਈ ਆਬਜੈਕਸ਼ਨ ਲੈਣ ਦੀ ਜਾਂ ਸੁਨਣ ਦੀ ਕੋਈ ਵਿਵਸਥਾ ਐਕਟ ਦੇ ਵਿੱਚ ਨਹੀਂ ਹੈ।

ਸਰਦਾਰ ਰਣਜੀਤ ਸਿੰਘ ਛੱਜਲਵੱਡੀ: ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਪਿੰਡ ਨਵੀਆਂ ਪੰਚਾਇਤਾਂ ਬਨਾਉਣੀਆਂ ਚਾਹੁਣਗੇ ਉਨ੍ਹਾਂ ਦੀਆਂ ਐਪਲੀਕੇਸ਼ਨਾਂ ਨੂੰ ਅਕਸੈਪਟ ਕਰਨਗੇ, ਵੱਖਰੀ ਬਨਾਉਣ ਵਾਸਤੇ, ਕੀ ਇਹ ਬਲਾਕਾਂ ਨੂੰ ਹਦਾਇਤਾਂ ਜਾਰੀ ਕਰਨਗੇ ਕਿ ਨਵੀਆਂ ਐਪਲੀਕੇਸ਼ਨਾਂ ਦਿੱਤੀਆਂ ਜਾ ਸਕਦੀਆਂ ਹਨ?

ਮੰਤਰੀ : ਸਪੀਕਰ ਸਾਹਿਬ, ਗੁਜਾਰਿਸ਼ ਇਹ ਹੈ ਕਿ ਇਕ ਸਮਾਂ ਨਿਸ਼ਚਿਤ ਕੀਤਾ ਸੀ, ਉਸ ਸਮੇਂ ਦੇ ਅੰਦਰ ਅੰਦਰ ਜਿਹੜੀਆਂ ਐਪਲੀਕੇਸ਼ਨਾਂ ਆ ਜਾਣਗੀਆਂ ਔਰ ਕਾਨੂੰਨ ਦੇ ਅਨੁਸਾਰ ਜਿਹੜੀਆਂ ਪੰਚਾਇਤਾਂ ਰੀਕਵੀਜ਼ਿਟ ਕੁਆਲੀਫਿਕੇਸ਼ਨਜ਼ ਪੂਰੀਆਂ ਕਰਦੀਆਂ ਹਨ ਉਨ੍ਹਾਂ ਤੇ ਵਿਚਾਰ ਕੀਤਾ ਗਿਆ ਔਰ ਫੈਸਲਾ ਕੀਤਾ ਗਿਆ। ਜਿੰਨਾ ਨੇ ਵਕਤ ਸਿਰ ਅਪਲਾਈ ਨਹੀਂ ਕੀਤਾ ਜਾਂ ਜੋ ਇਨਫਰਮੇਸ਼ਨ ਦੇਣੀ ਸੀ, ਉਹ ਨਹੀਂ ਦੇ ਸਕੇ, ਅਜਿਹੇ ਕੇਸਾਂ ਵਿੱਚ ਹੁਣ ਲੀਗਲ ਕੰਪਲੀਕੇਸ਼ਨਜ਼ ਵੀ ਹਨ ਕਿਉਂਕਿ ਜਿਹੜੇ ਪਿੰਡ ਨਾਲ ਲਗਦੇ ਹਨ ਜੇਕਰ ਉਨ੍ਹਾਂ ਨੂੰ ਦੋ ਜਗ੍ਹਾਂ ਕਰ ਦਿਆਂਗੇ ਤਾਂ ਜੋ ਇਲੈਕਸ਼ਨ ਹੋਈ ਹੈ ਉਹ ਭੀ ਅਪਸੈੱਟ ਹੋ ਜਾਏਗੀ। ਇਹ ਸਾਰਾ ਕੁਝ ਦੇਖ ਕੇ ਨਵੇਂ ਸਿਰੇ ਤੋਂ ਫੈਸਲਾ ਕੀਤਾ ਜਾ ਸਕਦਾ ਹੈ।

ਰਾਜ ਵਿਚ ਜ਼ਰਾਇਤੀ ਜ਼ਮੀਨ ਦਾ ਰਕਬਾ

*748. **ਸ੍ਰੀ ਮਦਨ ਮੋਹਨ ਮਿੱਤਲ**: ਕੀ ਖੇਤੀਬਾੜੀ ਅਤੇ ਵਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਇਸ ਸਮੇਂ ਜ਼ਰਾਇਤੀ ਜ਼ਮੀਨ ਦਾ ਕੁੱਲ ਕਿੰਨਾ ਰਕਬਾ ਹੈ ਅਤੇ ਹਾੜ੍ਹੀ 1990 ਤੋਂ ਲੈ ਕੇ ਮਿਤੀ ਅੰਤ ਤੱਕ ਕੁੱਲ ਕਿੰਨਾ ਰਕਬਾ ਕਾਸ਼ਤ ਅਧੀਨ ਹੈ ?

ਸਰਦਾਰ ਦਿਲਬਾਗ ਸਿੰਘ ਨਵਾਂ ਸ਼ਹਿਰ : 5036 ਹਜ਼ਾਰ ਹੈਕਟੇਅਰ ਕੁੱਲ ਭੂਗੋਲਿਕ ਰਕਬੇ ਵਿਚੋਂ ਵਾਹੀਯੋਗ 4300 ਹਜ਼ਾਰ ਹੈਕਟੇਅਰ ਭੂਮੀ ਹੈ ਅਤੇ ਰੱਬੀ 1990 ਤੋਂ ਫਸਲ ਅਧੀਨ ਨੈਟ ਬੀਜਿਆ ਰਕਬਾ ਹੇਠ ਦੱਸਿਆ ਜਾਂਦਾ ਹੈ:--

1989-90	4194	ਹਜ਼ਾਰ ਹੈਕਟੇਅਰ
1990-91	4217	ਉਹੀ
1991-92	4227	ਉਹੀ

ਸ੍ਰੀ ਮਦਨ ਮੋਹਨ ਮਿੱਤਲ: ਇਹ ਬੜੀ ਖੁਸ਼ੀ ਦੀ ਗੱਲ ਹੈ ਕਿ there is progress as far as the area for cultivation is being added. ਕੀ ਮੰਤਰੀ ਜੀ ਦੱਸਣਗੇ ਕਿ ਜਿਹੜਾ ਏਰੀਆ ਬਾਕੀ ਰਹਿੰਦਾ ਹੈ ਉਸ ਨੂੰ ਰੀਕਲੇਮੇਸ਼ਨ ਕਰਨ ਵਾਸਤੇ, ਪਰਮੋਟ ਕਰਨ ਵਾਸਤੇ ਕੀ ਉਪਰਾਲੇ ਕੀਤੇ ਜਾ ਰਹੇ ਹਨ ਤਾਂ ਜੋ ਉਸ ਜ਼ਮੀਨ ਨੂੰ ਵੀ ਕਲਟੀਵੇਟ ਕਰਨ ਯੋਗ ਬਣਾਇਆ ਜਾ ਸਕੇ।

ਮੰਤਰੀ: ਸਪੀਕਰ ਸਾਹਿਬ, ਇਨ੍ਹਾਂ ਨੇ ਸਵਾਲ ਕੁੱਲ ਰਕਬੇ ਦੇ ਬਾਰੇ ਕੀਤਾ ਸੀ ਅਤੇ ਨਾਲ ਹੀ ਪੁੱਛਿਆ ਸੀ ਕਿ ਕਿੰਨਾ ਰਕਬਾ ਕਾਬਲੇ ਕਾਸ਼ਤ ਹੈ, ਉਸ ਬਾਰੇ ਮੈਂ ਡਿਟੇਲ ਦੱਸ ਦਿੱਤੀ ਹੈ। ਮੇਰੀ ਬੇਨਤੀ ਹੈ ਕਿ ਜੇਕਰ ਮੈਂਬਰ ਇਹ ਜਾਨਣਾ ਚਾਹੁਦੇ ਹਨ ਕਿ ਕਿਹੜੀ ਫਸਲ ਚਾਹੀਦੀ ਹੈ, ਕਿੰਨਾ ਜੰਗ-ਲਾਤ ਚਾਹੀਦਾ ਹੈ ਅਤੇ ਕਿੰਨਾ ਰਕਬਾ ਚਰਗਾਹਾਂ ਵਾਸਤੇ ਚਾਹੀਦਾ ਹੈ ਤਾਂ ਉਹ ਵੱਖਰਾ ਸਵਾਲ ਕਰ ਲੈਣ।

ਸ੍ਰੀ ਮਦਨ ਮੋਹਨ ਮਿੱਤਲ: ਸਰ, ਮੈਂ ਤਾਂ ਇਹ ਨਹੀਂ ਪੁੱਛ ਰਿਹਾ। ਮੈਂ ਤਾਂ ਪੁੱਛ ਰਿਹਾ ਹਾਂ ਕਿ ਜਿਹੜਾ ਬਾਕੀ ਰਕਬਾ ਰਹਿੰਦਾ ਹੈ ਉਸ ਨੂੰ ਪਰਮੋਟ ਕਰਨ ਲਈ ਕੀ ਉਪਰਾਲੇ ਕੀਤੇ ਜਾ ਰਹੇ ਹਨ ?

ਸ੍ਰੀ ਸਪੀਕਰ: ਮਿੱਤਲ ਜੀ, ਇਸ ਕੁਐਸ਼ਚਨ ਦੇ ਬਾਰੇ ਪਹਿਲਾਂ ਹੀ ਕਾਫੀ ਇਨਫਰਮੇਸ਼ਨ ਦਿੱਤੀ ਜਾ ਚੁੱਕੀ ਹੈ।

ਸ੍ਰੀ ਮਦਨ ਮੋਹਨ ਮਿੱਤਲ: ਸਪੀਕਰ ਸਾਹਿਬ, ਮੈਂ ਤਾਂ ਪੁਛਿਆ ਹੈ ਕਿ ਬਾਕੀ ਜ਼ਮੀਨ ਵਾਸਤੇ ਕੀ ਸਟੈਪਸ ਲਏ ਜਾ ਰਹੇ ਹਨ ?

ਸ੍ਰੀ ਸਪੀਕਰ: ਮਿੱਤਲ ਜੀ, ਕੱਲ ਵੀ ਹਾਊਸ ਵਿੱਚ ਕਾਫੀ ਇਨਫਰਮੇਸ਼ਨ ਦਿੱਤੀ ਸੀ ਕਿ ਕਿੰਨਾ ਏਰੀਆ ਇਰੀਗੇਸ਼ਨ ਥੱਲੇ ਹੈ, ਕਿੰਨਾ ਅਡੀਸ਼ਨਲ ਇਰੀਗੇਸ਼ਨ ਥੱਲੇ ਲਿਆਉਣਾ ਹੈ।

ਸ੍ਰੀ ਮਦਨ ਮੋਹਨ ਮਿੱਤਲ: ਮੈਂ ਤਾਂ ਇਰੀਗੇਸ਼ਨ ਦੇ ਬਾਰੇ ਕੁਝ ਨਹੀਂ ਪੁਛਿਆ। ਮੈਂ ਤਾਂ ਪੁੱਛਿਆ ਹੈ ਕਿ ਬਾਕੀ ਰਹਿੰਦੀ ਜ਼ਮੀਨ ਨੂੰ ਰੀਕਲੇਮੇਸ਼ਨ ਕਰਨ ਦੇ ਪ੍ਰੋਸੈਸ ਨੂੰ ਪਰਮੋਟ ਕਰਨ ਵਾਸਤੇ ਕੀ ਕਦਮ ਚੁੱਕੇ ਜਾ ਰਹੇ ਹਨ because this land is lying uncultivated.

ਸ੍ਰੀ ਸਪੀਕਰ: ਮਿੱਤਲ ਜੀ, ਇਹ ਰੀਕਲੇਮੇਸ਼ਨ ਅਤੇ ਇਰੀਗੇਸ਼ਨ ਦੋਵੇਂ ਚੀਜ਼ਾਂ ਇਕ ਦੂਜੇ ਨਾਲ ਜੁੜਵੀਆਂ ਹਨ ਅਤੇ ਇਹ ਦੋਵੇਂ ਹੀ ਇਕ ਦੂਜੇ ਦੇ ਬਿਨ੍ਹਾਂ ਨਹੀਂ ਹੋ ਸਕਦੀਆਂ।

ਸ੍ਰੀ ਮਦਨ ਮੋਹਨ ਮਿੱਤਲ: ਮੰਤਰੀ ਜੀ, ਕੇਵਲ ਇਨ੍ਹਾਂ ਦੱਸ ਦੇਣ ਕਿ ਜਿਹੜੀ ਬਾਕੀ ਜ਼ਮੀਨ ਹੁਣ ਕਾਸ਼ਤ ਨਹੀਂ ਹੋ ਰਹੀ, ਉਸਨੂੰ ਕਾਸ਼ਤ ਕਰਨ ਵਾਸਤੇ ਕੀ ਉਪਰਾਲੇ ਕੀਤੇ ਜਾ ਰਹੇ ਹਨ।

ਸ੍ਰੀ ਸਪੀਕਰ: ਤੁਸੀਂ ਇਸ ਬਾਰੇ ਵੱਖਰਾ ਪ੍ਰਸ਼ਨ ਪੁੱਛ ਲਵੋ।

ਪਰਿਵਾਰ ਨਿਯੋਜਨ ਦੇ ਜਾਹਲੀ ਕੇਸ

*626. **ਸ੍ਰੀਮਤੀ ਵਿਮਲਾ ਡਾਂਗ**: ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਾਲ 1990 ਦੇ ਦੌਰਾਨ ਅੰਮ੍ਰਿਤਸਰ ਜ਼ਿਲ੍ਹੇ ਦੇ ਰਾਜੋਕੇ ਬਲਾਕ ਨਾਲ ਸਬੰਧਤ ਪਰਿਵਾਰ ਨਿਯੋਜਨ ਦੇ ਨਲਬੰਦੀ ਅਤੇ ਨਸਬੰਦੀ ਦੇ ਕੁਝ ਜਾਹਲੀ ਕੇਸ ਸਰਕਾਰ ਦੇ ਧਿਆਨ ਵਿਚ ਆਏ; ਜੇਕਰ ਅਜਿਹਾ ਹੋਵੇ, ਤਾਂ ਕੀ ਇਸ ਮਾਮਲੇ ਦੀ ਕੋਈ ਪੜਤਾਲ ਕਰਵਾਈ ਗਈ ਅਤੇ ਇਹਨਾਂ ਜਾਹਲੀ ਕੇਸਾਂ ਲਈ ਉਤਸ਼ਾਹ ਵਜੋਂ ਦਿੱਤੀ ਜਾਂਦੀ ਰਕਮ ਨੂੰ ਹੜੱਪ ਕਰਨ ਵਾਲੇ ਵਿਅਕਤੀਆਂ ਵਿਰੁੱਧ ਕੋਈ ਕਾਰਵਾਈ ਕੀਤੀ ਗਈ ?

ਸਰਦਾਰ ਲਾਲ ਸਿੰਘ : ਰਾਜੋਕੇ ਬਲਾਕ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਸਾਲ 1989 ਵਿਚ ਬੋਗਸ ਫੈਮਲੀ ਪਲਾਨਿੰਗ ਕੇਸਾਂ ਬਾਰੇ ਸ਼ਿਕਾਇਤ ਸਾਲ 1990 ਵਿਚ ਪ੍ਰਾਪਤ ਹੋਈ ਸੀ। ਇਸ ਸ਼ਿਕਾਇਤ ਬਾਰੇ ਪੜਤਾਲ ਕੀਤੀ ਗਈ ਹੈ ਅਤੇ ਕਸੂਰਵਾਰ ਡਾਕਟਰਾਂ ਆਦਿ ਵਿਰੁੱਧ ਅਨੁਸ਼ਾਸਨੀ ਕਾਰਵਾਈ ਰਚੀ ਗਈ ਹੈ। ਹੁਣ ਤੱਕ ਇੱਕ ਕਲੱਰਕ ਨੂੰ ਇੱਕ ਸਾਲਾਨਾ ਤਰੱਕੀ ਬੰਦ ਕਰਨ ਦੀ ਸਜ਼ਾ ਦਿੱਤੀ ਗਈ ਹੈ।

ਸ਼੍ਰੀਮਤੀ ਵਿਮਲਾ ਡਾਂਗ : ਮਾਨਯੋਗ ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹਵਾਂਗੀ ਕਿ ਬਲਾਕ ਰਾਜੋਕੇ ਅਤੇ ਮੀਆਂਵਿੰਡ ਵਿੱਚ ਬੋਗਸ ਸਰਟੀਫਿਕੇਟ ਪੇਸ਼ ਕਰਕੇ ਲੱਖਾਂ ਰੁਪਏ ਕਮਾਉਣ ਦਾ ਸਕੈਂਡਲ ਹੈ। ਇਸ ਬਾਰੇ ਪੰਜਾਬ ਸਟੇਟ ਫਾਰਮਾਸਿਸਟ ਐਸੋਸੀਏਸ਼ਨ ਨੇ ਲਿਸਟ ਦਿੱਤੀ ਸੀ। ਲੇਕਿਨ ਇਸ ਵਿੱਚ ਅੰਮ੍ਰਿਤਸਰ ਦਾ ਸਿਵਲ ਸਰਜਨ ਇਨਵਾਲਵਡ ਸੀ, ਐਸ.ਐਮ. ਓ. ਇਨਵਾਲਵਡ ਸੀ। ਕੰਪਲੇਨੈਂਟਸ ਨੇ ਰਿਕੁਐਸਟ ਕੀਤੀ ਸੀ ਕਿ ਸਾਰੇ ਮਾਮਲੇ ਦੀ ਉਚ ਪੱਧਰੀ ਪੜਤਾਲ ਹੋਵੇ। ਪਰ ਪੜਤਾਲ ਸਿਵਲ ਸਰਜਨ ਨੇ ਕੀਤੀ। ਉਨ੍ਹਾਂ ਨੇ ਸਾਰਾ ਰਿਕਾਰਡ ਖੁਰਦ-ਬੁਰਦ ਕੀਤਾ ਔਰ ਕੰਪਲੇਨੈਂਟਸ ਨੇ ਉਚ ਪੱਧਰੀ ਜਾਂਚ ਦੀ ਡਿਮਾਂਡ ਕੀਤੀ ਸੀ? ਮੈਂ ਪੁੱਛਣਾ ਚਾਹਾਂਗੀ ਕਿ ਰਿਕਾਰਡ ਕਿਸ ਨੇ ਡਿਸਟਰਾਏ ਕੀਤਾ ਅਤੇ ਕੰਪਲੇਨੈਂਟਸ ਨੂੰ ਪੜਤਾਲ ਸਮੇਂ ਕਿਉਂ ਨਹੀਂ ਬੁਲਾਇਆ ਗਿਆ ?

ਮੰਤਰੀ : ਸਪੀਕਰ ਸਾਹਿਬ, ਰਾਜੋਕੇ ਬਲਾਕ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਇਹ ਜਿਹੜੀ ਸ਼ਿਕਾਇਤ ਆਈ ਸੀ, ਜਿਸ ਦੀ ਪੜਤਾਲ ਸਿਵਲ ਸਰਜਨ, ਅੰਮ੍ਰਿਤਸਰ ਰਾਹੀਂ ਕਰਵਾਈ ਗਈ। ਪੜਤਾਲ ਰਿਪੋਰਟ ਦੇ ਅਧਾਰ ਤੇ ਡਾਕਟਰ ਬੂਟਾ ਰਾਮ ਸੀਨੀਅਰ ਮੈਡੀਕਲ ਅਫਸਰ ਅਤੇ ਡਾਕਟਰ ਰਾਜਿੰਦਰ ਸਿੰਘ, ਐਸ. ਐਮ. ਓ. ਨੂੰ ਪੰਜਾਬ ਸਿਵਲ ਸੇਵਾਵਾਂ ਰੂਲ 1970 ਅਧੀਨ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਗਏ ਹਨ। ਡਾਕਟਰ ਬੂਟਾ ਰਾਮ ਦਾ ਉਤਰ 25 ਨਵੰਬਰ, 1992 ਨੂੰ ਪ੍ਰਾਪਤ ਹੋਇਆ ਹੈ ਜਦ ਕਿ ਡਾਕਟਰ ਰਾਜਿੰਦਰ ਸਿੰਘ ਦਾ ਉਤਰ ਪ੍ਰਾਪਤ ਨਹੀਂ ਹੋਇਆ। ਉਸ ਨੇ ਉਤਰ ਦੇਣ ਲਈ ਰੀਕਾਰਡ ਦਿਖਾਉਣ ਲਈ ਬੇਨਤੀ ਕੀਤੀ ਸੀ ਅਤੇ 9 ਅਕਤੂਬਰ, 1992 ਨੂੰ ਉਸ ਨੂੰ ਕਿਹਾ ਗਿਆ ਸੀ ਕਿ ਇੱਕ ਹਫਤੇ ਦੇ ਅੰਦਰ ਅੰਦਰ ਉਹ ਰਿਕਾਰਡ ਵੇਖ ਸਕਦਾ ਹੈ। ਡਾਕਟਰ ਰਾਜਿੰਦਰ ਸਿੰਘ ਨੇ ਕੋਈ ਉਤਰ ਨਹੀਂ ਦਿੱਤਾ ਅਤੇ ਨਾ ਹੀ ਰੀਕਾਰਡ ਦੇਖਣ ਲਈ ਆਇਆ। ਡਾਕਟਰ ਬੂਟਾ ਰਾਮ ਦੇ ਉਤਰ ਤੇ ਵਿਚਾਰ ਕਰਨ ਲਈ ਸਬੰਧਤ ਰੀਕਾਰਡ ਤਲਬ ਕੀਤਾ ਗਿਆ ਹੈ ਅਤੇ ਛੇਤੀ ਹੀ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ।

ਸ਼੍ਰੀਮਤੀ ਵਿਮਲਾ ਡਾਂਗ : ਸਤਿਕਾਰਯੋਗ ਸਪੀਕਰ ਸਾਹਿਬ, ਜਿਹੜਾ ਇਨ੍ਹਾਂ ਨੇ ਉੱਤਰ ਦਿਤਾ ਉਹ ਮੇਰੇ ਸਵਾਲ ਦਾ ਜਵਾਬ ਨਹੀਂ। ਮੈਂ ਕਿਹਾ ਸੀ ਕਿ ਕੰਪਲੈਨੈਂਟਸ ਨੂੰ ਕਿਉਂ ਨਹੀਂ ਬੁਲਾ-ਇਆ ਗਿਆ। ਬੋਗਸ ਸਰਟੀਫਿਕੇਟ ਦੀਆਂ ਫੋਟੋ ਸਟੈਟ ਕਾਪੀਆਂ ਸਾਡੇ ਕੋਲ ਹਨ, ਜਿਨ੍ਹਾਂ ਤੇ ਕੋਈ ਡੇਟ ਨਹੀਂ, ਅਪਰੇਸ਼ਨ ਕਰਨ ਦਾ ਪਲੇਸ ਨਹੀਂ, ਸਿਰਫ ਐਸ. ਐਮ. ਓ. ਦੇ ਦਸਤਖਤ ਹਨ। ਡਾਕਟਰ ਜੋ ਇਸ ਕੇਸ ਵਿਚ ਇਨਵਾਲਵਡ ਹਨ ਉਨ੍ਹਾਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਗਈ ਬਲਕਿ ਇੱਕ ਕਲਰਕ ਨੂੰ ਸਸਪੈਂਡ ਕਰ ਦਿਤਾ ਗਿਆ ਹੈ। ਸਪੀਕਰ ਸਾਹਿਬ ਕੰਪਲੇਨੈਂਟਸ ਨੂੰ ਬੁਲਾ ਕੇ ਪੜਤਾਲ ਕਰਵਾਈ ਜਾਣੀ ਚਾਹੀਦੀ ਸੀ ?

ਮੰਤਰੀ : ਸਪੀਕਰ ਸਾਹਿਬ, ਮੈਂ ਦੱਸਿਆ ਕਿ ਜਿਹੜੇ ਦੋ ਡਾਕਟਰ ਇਨਵਾਲਵਡ ਹਨ ਉਨ੍ਹਾਂ ਦੇ ਖਿਲਾਫ ਛੇਤੀ ਹੀ ਕਾਰਵਾਈ ਕੀਤੀ ਜਾਵੇਗੀ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਇਨ੍ਹਾਂ ਨੇ ਆਪਣੇ ਸਵਾਲ ਵਿਚ ਦੋ ਚੀਜ਼ਾਂ ਪੁੱਛੀਆਂ ਸਨ। ਇੱਕ ਤਾਂ ਇਹ ਕਿ ਸ਼ਿਕਾਇਤ ਕਰਤਾਵਾਂ ਫਾਰਮਸਿਸਟਾਂ ਦੀ ਯੂਨੀਅਨ ਨੇ ਹੈਡ ਆਫ ਦੀ ਸਟੇਟ ਨੂੰ ਇਕ ਟੈਲੀਗਰਾਮ ਦਿਤੀ ਸੀ ਕਿ ਇੰਨਕੁਆਇਰੀ ਤੋਂ ਪਹਿਲਾਂ ਸਾਰਾ ਰਿਕਾਰਡ ਕਬਜ਼ੇ ਵਿੱਚ ਲੈ ਲਿਆ ਜਾਵੇ, ਕੀ ਇਨਕੁਆਇਰੀ ਤੋਂ ਪਹਿਲਾਂ ਸਾਰਾ ਰੀਕਾਰਡ ਕਬਜ਼ੇ ਵਿੱਚ ਲਿਆ ਗਿਆ ? ਦੂਜੀ ਇਹ ਕਿ ਸ਼ਿਕਾਇਤ ਕਰਤਾਵਾਂ ਨੂੰ ਪੜਤਾਲ ਸਮੇਂ ਕਿਉਂ ਨਹੀਂ ਬੁਲਾਇਆ ਗਿਆ ? ਉਨ੍ਹਾਂ ਦੀ ਹਾਜਰੀ ਵਿਚ ਪੜਤਾਲ ਕਿਉਂ ਨਹੀਂ ਕੀਤੀ ਗਈ ?

ਮੰਤਰੀ : ਜਿਥੋਂ ਤੱਕ ਇਨਕੁਆਇਰੀ ਦਾ ਸਵਾਲ ਹੈ, ਇਨਕੁਆਇਰੀ ਅਸੀਂ ਆਪਣੇ ਲੈਵਲ ਤੇ ਕਰਵਾ ਲਈ ਹੈ; ਜੇ ਇਨ੍ਹਾਂ ਨੂੰ ਇਤਰਾਜ਼ ਹੈ ਅਤੇ ਇਹ ਇਨਕੁਆਇਰੀ ਦੋਬਾਰਾ ਕਰਾਉਣੀ ਚਾਹੁੰਦੇ ਹਨ ਤਾਂ ਅਸੀਂ ਕਰਵਾ ਲੈਂਦੇ ਹਾਂ।

ਸ਼੍ਰੀਮਤੀ ਵਿਮਲਾ ਡਾਂਗ : ਸਪੀਕਰ ਸਾਹਿਬ, ਮੇਰਾ ਹੋਰ ਸਵਾਲ ਇਹ ਹੈ ਕਿ ਇਨਕੁਆਇਰੀ ਅਫਸਰ ਜਿਹੜਾ ਹੈ ਉਹ ਸਿਵਲ ਸਰਜਨ ਅੰਮ੍ਰਿਤਸਰ ਹੈ ਅਤੇ ਜਿਸ ਦੇ ਖਿਲਾਫ ਇਨਕੁਆਇਰੀ ਹੈ ਉਹ ਡਾਕਟਰ ਵੀ ਉਸਦੇ ਮੁਤਾਹਿਤ ਕੰਮ ਕਰਦਾ ਹੈ। ਇਨਕੁਆਇਰੀ ਅਫਸਰ ਅਜਿਹਾ ਹੋਣਾ ਚਾਹੀਦਾ ਹੈ ਜੋ ਇੰਡੀਪੈਂਡੈਂਟ ਇਨਕੁਆਇਰੀ ਕਰੇ ਅਤੇ ਉਸ ਸਮੇਂ ਕੰਪਲੇਨੈਂਟਸ ਨੂੰ ਵੀ ਬੁਲਾਇਆ ਜਾਵੇ ?

ਮੰਤਰੀ: ਸਪੀਕਰ ਸਾਹਿਬ, ਮੈਂ ਤਾਂ ਕਹਿ ਦਿੱਤਾ ਹੈ ਕਿ ਜੇ ਇਨ੍ਹਾਂ ਨੂੰ ਇਤਰਾਜ਼ ਹੈ ਤਾਂ ਅਸੀਂ ਦੋਬਾਰਾ ਇਨਕੁਆਇਰੀ ਕਰਵਾ ਦਿੰਦੇ ਹਾਂ।

ਸਿਹਤ ਵਿਭਾਗ ਵਿਚ ਡਰਾਈਵਰਾਂ ਦੀਆਂ ਆਸਾਮੀਆਂ ਨੂੰ ਭਰਨਾ

*732. **ਡਾਕਟਰ ਰਮੇਸ਼ ਦੱਤ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਡਰਾਈਵਰਾਂ ਦੀਆਂ ਆਸਾਮੀਆਂ ਨੂੰ ਭਰਨ ਲਈ ਦਿੱਤੇ ਗਏ ਇਸ਼ਤਿਹਾਰ ਦੇ ਜਵਾਬ ਵਿਚ ਡਾਇਰੈਕਟਰ, ਸਿਹਤ ਅਤੇ ਪਰਿਵਾਰ ਭਲਾਈ, ਪੰਜਾਬ ਦੇ ਦਫਤਰ ਵਿਚ ਕਿੰਨੀਆਂ ਅਰਜ਼ੀਆਂ ਪ੍ਰਾਪਤ ਹੋਈਆਂ ਜਿਨ੍ਹਾਂ ਲਈ ਇੰਟਰਵਿਊ ਜਨਵਰੀ, 1993 ਦੇ ਮਹੀਨੇ ਵਿਚ ਕੀਤੀ ਗਈ ਸੀ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਆਸਾਮੀਆਂ ਲਈ ਲਏ ਗਏ ਟੈਸਟ/ਇੰਟਰਵਿਊ ਵਿਚ ਪੇਸ਼ ਹੋਏ ਉਮੀਦਵਾਰਾਂ ਦੀ ਗਿਣਤੀ ਕਿੰਨੀ ਹੈ ਅਤੇ ਚੁਣੇ ਗਏ ਉਮੀਦਵਾਰਾਂ ਨੂੰ ਕਿੰਨੇ ਸਮੇਂ ਤੱਕ ਨਿਯੁਕਤੀ ਪੱਤਰ ਜਾਰੀ ਕੀਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਲਾਲ ਸਿੰਘ: (ੳ) ਡਰਾਈਵਰਾਂ ਦੀਆਂ ਆਸਾਮੀਆਂ ਨੂੰ ਭਰਨ ਲਈ ਦਿੱਤੇ ਗਏ ਇਸ਼ਤਿਹਾਰ ਦੇ ਜਵਾਬ ਵਿਚ ਡਾਇਰੈਕਟਰ, ਸਿਹਤ ਅਤੇ ਪਰਿਵਾਰ ਭਲਾਈ, ਪੰਜਾਬ ਦੇ ਦਫਤਰ ਵਿਚ ਕੁੱਲ 4160 ਅਰਜ਼ੀਆਂ ਪ੍ਰਾਪਤ ਹੋਈਆਂ।

(ਅ) ਸਿਰਫ 2031 ਉਮੀਦਵਾਰ ਟੈਸਟ/ਇੰਟਰਵਿਊ ਲਈ ਹਾਜ਼ਰ ਹੋਏ। ਰਾਜ ਦੀ ਵਿੱਤੀ ਸਥਿਤੀ ਨੂੰ ਮੁੱਖ ਰੱਖਦੇ ਹੋਏ ਹਾਲ ਦੀ ਘੜੀ ਨਿਯੁਕਤੀ ਪੱਤਰ ਜਾਰੀ ਨਹੀਂ ਕੀਤੇ ਜਾ ਰਹੇ।

ਡਾਕਟਰ ਰਮੇਸ਼ ਦੱਤ : ਸਪੀਕਰ ਸਾਹਿਬ, ਕੀ ਮੰਤਰੀ ਜੀ ਦੱਸਣਗੇ ਕਿ ਕਿਉਂਕਿ ਇਸ ਪਾਲਿਸੀ ਤੇ ਗਵਰਨਰ ਸਾਹਿਬ ਦੇ ਐਡਰੈਸ ਤੇ ਹਾਊਸ ਵਿਚ ਚੀਫ਼ ਮਨਿਸਟਰ ਸਾਹਿਬ ਨੇ ਦਸਿਆ ਹੈ ਕਿ ਪੰਜਾਬ ਦੀ ਵਿੱਤੀ ਸਥਿਤੀ ਬੜੀ ਚੰਗੀ ਹੈ। ਫਿਰ ਵਿੱਤੀ ਸਥਿਤੀ ਕਰਕੇ ਨਿਯੁਕਤੀ ਪੱਤਰ, ਇੰਟਰਵਿਊ ਲੈਣ ਤੋਂ ਬਾਅਦ, ਮੁਲਤਵੀ ਕਿਉਂ ਕੀਤੇ ਗਏ ਹਨ ਜਾਂ ਫਿਰ ਇਸ ਵਿੱਚ ਕੋਈ ਹੋਰ ਕਾਰਨ ਹੈ ਜਿਵੇਂ ਕਿ ਅਖਬਾਰਾਂ ਵਿਚ ਛੱਪ ਰਿਹਾ ਹੈ ਕਿ ਕੁਝ ਅਫਸਰਾਂ ਤੇ ਕੁਰੱਪਸ਼ਨ ਦੇ ਐਲੀਗੇਸ਼ਨ ਲੱਗੇ ਹੋਏ ਹਨ, ਉਸ ਕਾਰਨ ਮੁਲਤਵੀ ਕੀਤੀ ਗਈ ਹੈ ?

ਮੰਤਰੀ: ਇਹ ਜਿਹੜੀ ਵਿੱਤੀ ਸਥਿਤੀ ਦੀ ਗੱਲ ਕਹੀ ਗਈ ਹੈ, ਇਹ ਹਾਲ ਦੀ ਘੜੀ ਹੈ, ਪਰਮਾਨੈਂਟ ਨਹੀਂ ਹੈ ਅਤੇ ਇਹ ਖੋਲ੍ਹ ਦਿੱਤੀ ਜਾਵੇਗੀ। ਜਿੱਥੋਂ ਤੱਕ ਚਰਚਿਆਂ ਦਾ ਸਵਾਲ ਹੈ, ਇਹ ਝੂਠੇ ਵੀ ਹੋ ਸਕਦੇ ਹਨ ਅਤੇ ਸੱਚੇ ਵੀ ਹੋ ਸਕਦੇ ਹਨ। ਮੈਂ ਵਿਸ਼ਵਾਸ ਦਿਵਾਉਂਦਾ ਹਾਂ ਕਿ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਵੇਲੇ ਕੋਈ ਨੌਕਰੀ ਵੇਚੀ ਨਹੀਂ ਜਾਵੇਗੀ ਅਤੇ ਮੈਰਿਟ ਦੇ ਆਧਾਰ ਤੇ ਹੀ ਸਾਰਾ ਕੁਝ ਕੀਤਾ ਜਾਵੇਗਾ।

ਡਾਕਟਰ ਰਮੇਸ਼ ਦੱਤ: ਮਾਨਯੋਗ ਸਪੀਕਰ ਸਾਹਿਬ, ਮੈਂ ਹੈਲਥ ਮਨਿਸਟਰ ਸਾਹਿਬ ਦਾ ਧੰਨਵਾਦੀ ਹਾਂ, ਜਿਵੇਂ ਇਨ੍ਹਾਂ ਨੇ ਕਿਹਾ ਹੈ ਕਿ ਨੌਕਰੀ ਵੇਚੀ ਨਹੀਂ ਜਾਵੇਗੀ। ਕੀ ਮੰਤਰੀ ਜੀ ਇਹ ਇਸ਼ੋਰੈਂਸ ਵੀ ਦਿਵਾਉਣਗੇ ਕਿ ਜਿਹੜੀ ਇੰਟਰਵਿਊ ਅਤੇ ਟੈਸਟ ਲਿਆ ਹੈ, ਉਸ ਵਿਚੋਂ ਹੀ ਰੱਖੇ ਜਾਣਗੇ ਜਾਂ ਇੰਟਰਵਿਊ ਕੈਂਸਲ ਕਰ ਦਿਤੀ ਜਾਵੇਗੀ ? ਅਤੇ ਇਹ ਕਦੋਂ ਤੱਕ ਰੱਖ ਲਏ ਜਾਣਗੇ। ਮੰਤਰੀ ਜੀ ਟਾਈਮ ਬਾਊਂਡ ਕਰਨ ।

ਮੰਤਰੀ : ਇੰਟਰਵਿਊ ਬਕਾਇਦਾ ਹੋ ਗਈ ਹੈ ਅਤੇ ਮੈਰਿਟ ਦੇ ਅਧਾਰ ਤੇ ਹੀ ਰੱਖਾਂਗੇ।

ਡਾਕਟਰ ਰਮੇਸ਼ ਦੱਤ : ਇਹ ਕਦੋਂ ਤੱਕ ਰੱਖੇ ਜਾਣਗੇ ।

ਮੰਤਰੀ : ਜਲਦੀ ਹੀ ਰੱਖਣ ਦੀ ਕੋਸ਼ਿਸ਼ ਕਰਾਂਗੇ।

ਅਤਵਾਦ ਤੋਂ ਪ੍ਰਭਾਵਿਤ ਪ੍ਰਵਾਸੀਆਂ ਨੂੰ ਮੁਆਵਜ਼ਾ

*627. **ਸ਼੍ਰੀਮਤੀ ਵਿਮਲਾ ਡਾਂਗ** : ਕੀ ਰਾਹਤ ਅਤੇ ਪੁਨਰਵਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਅੱਤਵਾਦ ਤੋਂ ਪ੍ਰਭਾਵਿਤ ਉਨ੍ਹਾਂ ਪ੍ਰਵਾਸੀਆਂ, ਜੋ ਆਪਣੇ ਆਪਣੇ ਪਿੰਡਾਂ ਵਿੱਚੋਂ ਆਪਣੇ ਘਰਾਂ ਦੁਕਾਨਾਂ ਆਦਿ ਨੂੰ ਛੱਡ ਕੇ ਆਏ ਹਨ, ਨੂੰ ਮੁਆਵਜ਼ਾ ਦੇਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਨਹੀਂ ਤਾਂ ਇਸ ਦੇ ਕਾਰਨ ਕੀ ਹਨ ਅਤੇ ਉਨ੍ਹਾਂ ਦੀਆਂ ਜਾਇਦਾਦਾਂ ਦੀ ਸੁਰੱਖਿਆ ਲਈ ਸਰਕਾਰ ਦੁਆਰਾ ਕੀ ਕਾਰਵਾਈ ਕੀਤੀ ਜਾ ਰਹੀ ਹੈ ?

Shri Bal Mukand Sharma : (a) No.

(b) The Government of Punjab, however, takes care of the movable and immovable property which have been left behind by the internal migrants by entering the details in the "Abandoned Properties Register" by the patwaris so as to ensure that these are not trespassed and forcibly grabbed by anti-social elements.

ਸ਼੍ਰੀਮਤੀ ਵਿਮਲਾ ਡਾਂਗ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦੀ ਹਾਂ ਕਿ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰਾਂ ਨੇ ਇਹ ਗੱਲ ਚੈਕ ਕੀਤੀ ਹੈ ਕਿ ਉਹ ਰਜਿਸਟਰ ਮਨਟੇਨ ਕਰ ਰਹੇ ਹਨ। ਕੀ ਸਰਕਾਰ ਨੂੰ ਇਸ ਗੱਲ ਦਾ ਇਲਮ ਹੈ ਕਿ ਐਂਟੀ ਸੋਸ਼ਲ ਐਲੀਮੈਂਟਸ

[ਸ਼੍ਰੀਮਤੀ ਵਿਮਲਾ ਡਾਂਗ]
ਨੇ ਲੋਕਾਂ ਦੇ ਤਾਲੇ ਤੋੜ ਕੇ ਉਨ੍ਹਾਂ ਦਾ ਸਮਾਨ ਲੁੱਟ ਲਿਆ ਹੈ। ਸਰਕਾਰ ਇਸ ਗੱਲ ਦਾ ਕੀ ਇਲਾਜ ਕਰ ਰਹੀ ਹੈ। ਕੀ ਸਰਕਾਰ ਉਨ੍ਹਾਂ ਲੋਕਾਂ ਨੂੰ ਮਦਦ ਦੇਵੇਗੀ ਜਿਨ੍ਹਾਂ ਦਾ ਨੁਕਸਾਨ ਹੋਇਆ ਹੈ?

ਮੰਤਰੀ: ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬਾ ਨੂੰ ਇਹ ਦੱਸਦਾ ਹਾਂ ਕਿ ਪੰਜਾਬ ਵਿਚੋਂ ਮੇਰੇ ਕੋਲ ਇਸ ਬਾਰੇ ਕੋਈ ਅਜਿਹੀ ਰਿਪੋਰਟ ਨਹੀਂ ਹੈ ਜਿਸ ਵਿਚ ਐਂਟੀ ਸੋਸ਼ਲ ਐਲੀਮੈਂਟਸ ਨੇ ਕਬਜ਼ਾ ਕੀਤਾ ਹੋਵੇ?

ਸ਼੍ਰੀਮਤੀ ਵਿਮਲਾ ਡਾਂਗ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦੀ ਹਾਂ ਕਿ ਜੇ ਰਿਪੋਰਟਸ ਹੀ ਨਹੀਂ ਹੈ ਤਾਂ ਫਿਰ ਅਬੰਨਡਨਡ ਰੂਲਜ਼ ਬਣਾਉਣ ਦਾ ਕੀ ਫਾਇਦਾ ਹੈ। ਜੇ ਲੋਕਾਂ ਦੀ ਮੱਦਦ ਹੀ ਨਹੀਂ ਹੋ ਸਕਦੀ ਤਾਂ ਇਨ੍ਹਾਂ ਰੂਲਜ਼ ਦਾ ਕੀ ਫਾਇਦਾ ਹੈ?

ਮੰਤਰੀ: ਸਪੀਕਰ ਸਾਹਿਬ, ਰਜਿਸਟਰ ਵੀ ਹੈ ਅਤੇ ਰਿਕਾਰਡ ਵੀ ਹੈ ਔਰ ਮੈਂ ਇਹ ਕਹਿ ਰਿਹਾ ਹਾਂ ਕਿ ਐਸਾ ਕੋਈ ਕੇਸ ਨਹੀਂ ਜਿਸ ਵਿਚ ਇਹ ਕਹਿ ਰਹੇ ਹਨ ਕਿ ਤਾਲੇ ਤੋੜ ਕੇ ਕਬਜ਼ਾ ਕੀਤਾ ਹੋਵੇ।

ਡਾਕਟਰ (ਸ਼੍ਰੀਮਤੀ) ਮਾਲਤੀ ਥਾਪਰ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦੀ ਹਾਂ ਕਿ ਜਿਹੜੇ ਅੱਤਵਾਦ ਤੋਂ ਪੀੜਤ ਪਰਿਵਾਰ ਆਪਣੇ ਆਪਣੇ ਪਿੰਡ ਛੱਡ ਕੇ ਚਲੇ ਗਏ ਸਨ, ਕੀ ਉਨ੍ਹਾਂ ਨੂੰ ਵਾਪਸ ਲਿਆਉਣ ਵਾਸਤੇ ਸਰਕਾਰ ਦੀ ਕੋਈ ਤਜਵੀਜ਼ ਹੈ?

ਮੰਤਰੀ: ਸਪੀਕਰ ਸਾਹਿਬ, ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਦਾ ਇਸ ਪਾਸੇ ਕਾਫੀ ਧਿਆਨ ਹੈ। ਮੈਂ ਬਾਹਰਲੀਆਂ ਸਟੇਟਾਂ ਵਿਚ ਅਤੇ ਦਿੱਲੀ ਵਿਚ ਗਿਆ ਹਾਂ ਅਤੇ ਉਨ੍ਹਾਂ ਨੂੰ ਮਿਲਿਆ ਹਾਂ। ਉਨ੍ਹਾਂ ਵਾਸਤੇ ਅਰੇਂਜਮੈਂਟ ਕੀਤਾ ਹੈ। ਐਕਸ ਗਰੇਸ਼ੀਆ ਗਰਾਂਟ ਵੀ ਦਿੱਤੀ ਜਾਂਦੀ ਹੈ, ਟਰੈਵ-ਲਿੰਗ ਅਲਾਉਂਸ ਵੀ ਦਿੱਤਾ ਜਾਂਦਾ ਹੈ ਤਾਂ ਕਿ ਉਹ ਇੱਥੇ ਆਉਣ, ਜਿਸ ਦੇ ਕੋਲ ਰਹਿਣ ਲਈ ਆਪਣਾ ਮਕਾਨ ਨਾ ਹੋਵੇ ਉਨ੍ਹਾਂ ਨੂੰ ਮਕਾਨ ਵਿਚ ਰਹਿਣ ਵਾਸਤੇ ਕਿਰਾਇਆ ਵੀ ਦਿੱਤਾ ਜਾਂਦਾ ਹੈ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ: ਸਪੀਕਰ ਸਾਹਿਬ, ਮੈਂ ਇਹ ਮੰਤਰੀ ਮਹੋਦਯ ਜੀ ਨੂੰ ਪੁੱਛਣਾ ਚਾਹੁੰਦੀ ਹਾਂ ਕਿ ਜਿਹੜੇ ਪਰੀਵਾਰ ਉਗਰਵਾਦ ਦੇ ਕਾਰਨ ਪਿੰਡਾਂ ਵਿੱਚੋਂ ਸ਼ਹਿਰਾਂ ਵਿੱਚ ਆ ਗਏ ਸਨ ਉਨ੍ਹਾਂ ਦੇ ਘਰਾਂ ਦੇ ਤਾਲੇ ਤੋੜ ਕੇ ਪੁਲਿਸ ਨੇ ਚੌਕੀਆਂ ਬਣਾਈਆਂ ਹੋਈਆਂ ਹਨ, ਇਹ ਕਹਿੰਦੇ ਹਨ ਕਿ ਸਾਨੂੰ ਪਤਾ ਨਹੀਂ, ਉਹ ਲੋਕ ਆਪਣੇ ਘਰਾਂ ਵਿਚ ਵਾਪਸ ਆਉਣਾ ਚਾਹੁੰਦੇ ਹਨ ਪਰ ਪੁਲਿਸ ਵਾਲੇ ਚੌਕੀਆਂ ਖਾਲੀ ਨਹੀਂ ਕਰ ਰਹੇ।

ਸ਼੍ਰੀ ਸਪੀਕਰ: ਤੁਸੀਂ ਇਹ ਸੈਪਰੇਟ ਕੁਐਸ਼ਚਨ ਪੁੱਛ ਲਓ। Next question.

ਗੰਡੀਵਿੰਡ ਅਤੇ ਤਰਨ ਤਾਰਨ ਬਲਾਕਾਂ ਵਿਚ ਹਸਪਤਾਲਾਂ ਅਤੇ ਡਿਸਪੈਂਸਰੀਆਂ ਵਿਚ ਖਾਲੀ ਪਈਆਂ ਆਸਾਮੀਆਂ ਨੂੰ ਭਰਨਾ

*814. **ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਜ਼ਿਲ੍ਹਾ ਅੰਮ੍ਰਿਤਸਰ ਦੇ ਗੰਡੀਵਿੰਡ ਅਤੇ ਤਰਨ ਤਾਰਨ ਬਲਾਕਾਂ ਵਿਚ ਉਹਨਾਂ ਹਸ-ਪਤਾਲਾਂ ਅਤੇ ਡਿਸਪੈਂਸਰੀਆਂ ਦੇ ਨਾਂ ਕੀ ਕੀ ਹਨ, ਜਿਨ੍ਹਾਂ ਵਿਚ ਇਸ ਵੇਲੇ ਡਾਕਟਰਾਂ ਅਤੇ ਦੂਜੇ ਸਬੰਧਤ ਅਮਲੇ ਦੀਆਂ ਆਸਾਮੀਆਂ ਖਾਲੀ ਪਈਆਂ ਹਨ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਅਮਲੇ ਨੂੰ ਉਕਤ ਹਸਪਤਾਲਾਂ ਅਤੇ ਡਿਸ-ਪੈਂਸਰੀਆਂ ਵਿਚ ਕਿੰਨੇ ਸਮੇਂ ਤੱਕ ਲਗਾਏ ਜਾਣ ਦੀ ਸੰਭਾਵਨਾ ਹੈ ?

ਸਰਦਾਰ ਲਾਲ ਸਿੰਘ: ਗੰਡੀਵਿੰਡ ਅਤੇ ਤਰਨ ਤਾਰਨ ਬਲਾਕ ਵਿਚ ਹੇਠ **ਲਿਖੀਆਂ** ਆਸਾਮੀਆਂ ਖਾਲੀ ਹਨ :—

ਲੜੀ ਨੰ:	ਹਸਪਤਾਲ/ਡਿਸਪੈਂਸਰੀ ਦਾ ਨਾਂ	ਆਸਾਮੀ ਦਾ ਨਾਂ	ਆਸਾਮੀਆਂ ਦੀ ਗਿਣਤੀ
	ਬਲਾਕ ਗੰਡੀਵਿੰਡ		
1	ਐਸ. ਐਚ. ਸੀ. ਛਿਨਾ ਵਿਧੀ ਚੰਦ ...	ਮੈਡੀਕਲ ਅਫਸਰ	1
		ਫਾਰਮਾਸਿਸਟ	1
		ਕਲਾਸ-4	1
2	ਐਸ. ਐਚ. ਸੀ. ਸਰਾਏ ਅਮਾਨਤ ਖਾਂ ...	ਮੈਡੀਕਲ ਅਫਸਰ	1
3	ਐਸ. ਐਚ. ਸੀ. ਭਾਖਨਾ ...	ਦਰਜਾ-4	1
4	ਪੀ. ਐਚ. ਸੀ. ਕਸੇਲ ...	ਸੀਨੀਅਰ ਸਹਾਇਕ	1
	ਬਲਾਕ ਤਰਨ ਤਾਰਨ		
1	ਐਸ. ਐਚ. ਸੀ. ਬਾਗੜੀਆਂ ...	ਮੈਡੀਕਲ ਅਫਸਰ	1
2	ਐਸ. ਐਚ. ਸੀ. ਨੌਰੰਗਾਬਾਦ ...	ਮੈਡੀਕਲ ਅਫਸਰ	1
3	ਐਸ. ਐਚ. ਸੀ. ਪਾਧਰੀ ...	ਮੈਡੀਕਲ ਅਫਸਰ	1
4	ਐਸ. ਐਚ. ਸੀ. ਪੱਖੋਕੇ ...	ਮੈਡੀਕਲ ਅਫਸਰ	1
5	ਐਸ. ਐਚ. ਸੀ. ਰਟੋਲ ...	ਮੈਡੀਕਲ ਅਫਸਰ	1
6	ਐਸ. ਐਚ. ਸੀ. ਕਾਦਗਿੱਲ ...	ਮੈਡੀਕਲ ਅਫਸਰ	1
7	ਐਸ. ਐਚ. ਸੀ. ਸ਼ਾਹਬਾਜ਼ਪੁਰ ...	ਮੈਡੀਕਲ ਅਫਸਰ	1
8	ਐਸ. ਐਚ. ਸੀ. ਜਿਉਰਾਲਾ ...	ਫਾਰਮਾਸਿਸਟ	1
9	ਪੀ. ਐਚ. ਸੀ. ਝਬਾਲ ...	ਸੀਨੀਅਰ ਸਹਾਇਕ	1
		ਕਲਰਕ	1
		ਡਰਾਈਵਰ	1
		ਸਟਾਫ ਨਰਸ	1

[ਸਿਹਤ ਅਤੇ ਪਰਿਵਾਰ ਭਲਾਈ ਮੰਤਰੀ]

ਲੜੀ ਨੰ:	ਹਸਪਤਾਲ/ਡਿਸਪੈਂਸਰੀ ਦਾ ਨਾਂ		ਆਸਾਮੀ ਦਾ ਨਾਂ	ਆਸਾਮੀਆਂ ਦੀ ਗਿਣਤੀ
10	ਸਿਵਲ ਹਸਪਤਾਲ ਤਰਨਤਾਰਨ	...	ਡਰਾਈਵਰ	1
11	ਸਿਵਲ ਹਸਪਤਾਲ ਤਰਨ ਤਾਰਨ	...	ਦਰਜਾ -4	2
12	ਐਸ. ਐਚ. ਸੀ. ਗੋਹਲਵਾੜ	...	ਦਰਜਾ -4	1
13	ਐਸ. ਐਚ. ਸੀ. ਝਬਾਲਾ	...	ਦਰਜਾ -4	1
14	ਐਸ. ਐਚ. ਸੀ. ਸ਼ਾਹਬਾਜ਼ਪੁਰ	...	ਦਰਜਾ–4	1

(ਅ) ਬਲਾਕ ਗੰਡੀਵਿੰਡ ਅਤੇ ਤਰਨ ਤਾਰਨ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਡਾਕਟਰਾਂ ਦੀਆਂ ਖਾਲੀ ਆਸਾਮੀਆਂ, ਪੰਜਾਬ ਲੋਕ ਸੇਵਾ ਕਮਿਸ਼ਨ ਦੀਆਂ ਸ਼ਿਫਾਰਸ਼ਾਂ ਪ੍ਰਾਪਤ ਹੋਣ ਤੇ ਭਰ ਦਿੱਤੀਆਂ ਜਾਣਗੀਆਂ। 500 ਡਾਕਟਰਾਂ ਦੀ ਭਰਤੀ ਲਈ ਕਮਿਸ਼ਨ ਨੇ ਪਹਿਲਾਂ ਹੀ ਵਿਗਿਆਪਨ ਦਿੱਤਾ ਹੋਇਆ ਹੈ।

ਦਰਜਾ–3 ਅਤੇ ਦਰਜਾ–4 ਦੀਆਂ ਖਾਲੀ ਆਸਾਮੀਆਂ ਹਸਪਤਾਲਾਂ, ਡਿਸਪੈਂਸਰੀਆਂ ਅਤੇ ਹੈਲਥ ਸੈਂਟਰਾਂ ਦੇ ਸਟਾਫ ਦੀ ਰੈਸ਼ਨੇਲਾਈਜੇਸ਼ਨ ਦੇ ਕੰਮ ਦੇ ਮੁਕੰਮਲ ਹੋ ਜਾਣ ਤੇ ਛੇਤੀ ਹੀ ਪੂਰ ਕਰ ਦਿੱਤੀਆਂ ਜਾਣਗੀਆਂ।

ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ : ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਪਾਸੋਂ ਪੁੱਛਣਾ ਚਾਹਾਂਗਾ ਕਿ ਇਹ ਜਿਹੜੇ ਪਿੰਡ ਇਨ੍ਹਾਂ ਨੇ ਹੁਣੇ ਹਾਊਸ ਵਿੱਚ ਦੱਸੇ ਹਨ ਇਹ ਪਿੰਡ ਬਿਲਕੁਲ ਬਾਰਡਰ ਤੇ ਸਥਿਤ ਹਨ, ਇਨ੍ਹਾਂ ਪਿੰਡਾਂ ਦੇ ਵਿੱਚ ਰਾਤ ਦੇ ਸਮੇਂ ਜਦੋਂ ਕੋਈ ਮਰੀਜ਼ ਬੀਮਾਰ ਹੋ ਜਾਂਦਾ ਹੈ ਤਾਂ ਕਿਉਂਕਿ ਉਥੇ ਸਾਡੀਆਂ ਫੋਰਸਿਜ਼ ਨੇ ਅਤਿਵਾਦ ਦੇ ਕਾਰਨ ਉਸ ਇਲਾਕੇ ਵਿੱਚ ਰਾਤ ਨੂੰ ਆਉਣ ਜਾਣ ਤੇ ਪਾਬੰਦੀ ਲਗਾ ਦਿੱਤੀ ਹੈ, ਇਸ ਕਰਕੇ ਉਹ ਕਿਧਰੇ ਹੋਰ ਜਾ ਨਹੀਂ ਸਕਦੇ। ਇਹ ਜਿਹੜੇ ਪਿੰਡ ਹਨ ਇਹ ਗੜ੍ਹ-ਬੜ ਵਾਲੇ ਇਲਾਕੇ ਵਿੱਚ ਹਨ ਅਤੇ ਉਨ੍ਹਾਂ ਪਿੰਡਾਂ ਵਿੱਚ ਡਾਕਟਰਾਂ ਦੀਆਂ ਆਸਾਮੀਆਂ ਖਾਲੀ ਪਈਆਂ ਹਨ। ਇਨ੍ਹਾਂ ਨੇ ਕਿਹਾ ਹੈ ਕਿ ਪੰਜਾਬ ਲੋਕ ਸੇਵਾ ਕਮਿਸ਼ਨ ਦੀਆਂ ਸਿਫਾਰਸ਼ਾਂ ਪ੍ਰਾਪਤ ਹੋਣ ਤੇ ਇਹ ਖਾਲੀ ਆਸਾਮੀਆਂ ਭਰੀਆਂ ਜਾਣਗੀਆਂ ਔਰ 500 ਡਾਕਟਰ ਦੀ ਭਰਤੀ ਲਈ ਜਾਣਕਾਰੀ ਦਿੱਤੀ ਹੈ ਕਿ ਕਮਿਸ਼ਨ ਨੇ ਇਨ੍ਹਾਂ ਦੇ ਲਈ ਕੋਈ ਵਿਗਿਆਪਨ ਦਿੱਤਾ ਹੋਇਆ ਹੈ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਆਸਾਮੀਆਂ ਕਿੰਨੇ ਸਮੇਂ ਵਿਚ ਭਰ ਲਈਆਂ ਜਾਣਗੀਆਂ? ਇਹ ਪਿੰਡ ਸਾਰੇ ਬਾਰਡਰ ਦੇ ਇਲਾਕੇ ਵਿੱਚ ਹਨ ਅਤੇ ਗੜ-ਬੜ ਗ੍ਰਸਿਤ ਇਲਾਕੇ ਦੇ ਵਿੱਚ ਸਥਿੱਤ ਹਨ ਜਿਥੇ ਜੇ ਕੋਈ ਰਾਤ ਦੇ ਸਮੇਂ ਮਰੀਜ਼ ਕਿਧਰੇ ਇਲਾਜ ਵਾਸਤੇ ਜਾਣਾ ਚਾਹੇ ਤਾਂ ਸਾਡੀਆਂ ਫੋਰਸਿਜ਼ ਜਿਹੜੀਆਂ ਉਥੇ ਤਾਇਨਾਤ ਹਨ ਤਾਂ ਉਹ ਰਾਤ

ਨੂੰ ਕਿਧਰੇ ਜਾਣ ਨਹੀਂ ਦਿੰਦੀਆਂ ਅਤੇ ਉਥੇ ਡਾਕਟਰ ਦੀ ਕੋਈ ਸਹੂਲਤ ਰਾਤ ਨੂੰ ਨਹੀਂ ਮਿਲਦੀ। ਕੀ ਮੰਤਰੀ ਜੀ ਆਪਣੇ ਮਹਿਕਮੇ ਨੂੰ ਹਦਾਇਤਾਂ ਕਰਨਗੇ ਕਿ ਜਿਥੇ ਜਿਥੇ ਡਿਸਪੈਂਸਰੀ ਜਾਂ ਹਸਪਤਾਲਾਂ ਵਿੱਚ ਡਾਕਟਰਾਂ ਦੀ ਡਿਊਟੀ ਹੈ ਉਹ ਰਾਤ ਨੂੰ ਉਥੇ ਹੀ ਰਹਿਣ ਤਾਂ ਕਿ ਪਿੰਡਾਂ ਦੇ ਲੋਕਾਂ ਨੂੰ, ਗਰੀਬ ਜਨਤਾ ਨੂੰ ....

ਸ੍ਰੀ ਸਪੀਕਰ: ਸ਼ਾਹਬਾਜ਼ਪੁਰੀ ਸਾਹਿਬ, ਤੁਸੀਂ ਭਾਸ਼ਣ ਨਾ ਕਰੋ, ਸਪਲੀਮੈਂਟਰੀ ਪੁੱਛੋ।

ਸਰਦਾਰ ਸੁਖਦੇਵ ਸਿੰਘ ਸ਼ਾਹਬਾਜਪੁਰੀ: ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਸਹੂਲਤਾਂ ਸਰਕਾਰ ਵਲੋਂ ਜਨਤਾ ਨੂੰ ਪਰਦਾਨ ਕੀਤੀਆਂ ਜਾ ਰਹੀਆਂ ਹਨ ਉਹ ਉਨ੍ਹਾਂ ਇਲਾਕੇ ਦੇ ਲੋਕਾਂ ਨੂੰ ਨਹੀਂ ਮਿਲ ਰਹੀਆਂ। ਸਰਕਾਰ ਇਸ ਪਾਸੇ ਧਿਆਨ ਦੇਵੇ ਔਰ ਇਹ ਪੋਸਟਾਂ ਜਲਦੀ ਤੋਂ ਜਲਦੀ ਭਰ ਕੇ ਉਨ੍ਹਾਂ ਲੋਕਾਂ ਨੂੰ ਸਹੂਲਤਾਂ ਮੁਹੱਈਆ ਕੀਤੀਆਂ ਜਾਣ।

ਮੰਤਰੀ: ਸਪੀਕਰ ਸਾਹਿਬ, ਇਨ੍ਹਾਂ ਨੇ ਭਾਸ਼ਣ ਕਰ ਦਿਤਾ ਅਤੇ ਪੁੱਛਿਆ ਕੀ ਹੈ, ਮੈਨੂੰ ਸਮਝ ਨਹੀਂ ਆਇਆ।

Mr. Speaker : Main is the time factor.

ਮੰਤਰੀ: ਸਪੀਕਰ ਸਾਹਿਬ, ਫਿਰ ਵੀ ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਮੈਂ ਦੱਸਿਆ ਹੈ ਕਿ ਬਲਾਕ ਗੰਡੀਵਿੰਡ ਵਿਚ ਦੋ ਪੋਸਟਾਂ ਖਾਲੀ ਪਈਆਂ ਹਨ ਅਤੇ ਬਲਾਕ ਤਰਨ ਤਾਰਨ ਵਿਚ 7 ਆਸਾਮੀਆਂ ਖਾਲੀ ਹਨ ਔਰ ਹੋਰ ਵੀ ਜਿਥੇ ਘਾਟ ਹੈ, ਉਸ ਬਾਰੇ ਮੈਂ ਦਸਿਆ ਹੈ ਕਿ ਜਦੋਂ ਪਬਲਿਕ ਸਰਵਿਸ ਕਮਿਸ਼ਨ ਤੋਂ ਸਾਡੇ ਕੋਲ ਆਸਾਮੀਆਂ ਦੀ ਲਿਸਟ ਆ ਜਾਏਗੀ ਉਦੋਂ ਆਸਾਮੀਆਂ ਭਰ ਕੇ, ਜਿਥੇ ਡਾਕਟਰ ਨਹੀਂ ਹਨ ਉਥੇ ਭੇਜ ਦਿੱਤੇ ਜਾਣਗੇ। ਦੂਸਰੇ ਮੈਂ ਇਹ ਵੀ ਦਸਿਆ ਹੈ ਕਿ ਜਿਥੇ ਡਾਕਟਰਜ਼ ਨਹੀਂ ਹਨ ਉਥੇ 40 ਮੋਬਾਈਲ ਡਿਸਪੈਂਸਰੀਆਂ ਦਾ ਪ੍ਰਬੰਧ ਕੀਤਾ ਹੋਇਆ ਹੈ।

ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਮੈਂ ਭਾਸ਼ਣ ਨਹੀਂ ਕੀਤਾ ਮੈਂ ਪੁੱਛਿਆ ਹੈ ਕਿ ਇਹ ਜਿਹੜੇ ਪਿੰਡ ਬਾਰਡਰ ਤੇ ਪੈਂਦੇ ਹਨ ਜਿਨ੍ਹਾਂ ਬਾਰੇ ਤੁਸੀਂ ਹਾਊਸ ਨੂੰ ਜਾਣਕਾਰੀ ਦਿੱਤੀ ਹੈ ਕਿ ਇਥੇ ਡਾਕਟਰਜ਼ ਨਹੀਂ ਹਨ, ਇਹ ਦੱਸ ਦਿਓ ਕਿ ਕਦੋਂ ਤੱਕ ਉਥੇ ਡਾਕਟਰ ਭੇਜ ਦਿੱਤੇ ਜਾਣਗੇ ?

ਸ੍ਰੀ ਸਪੀਕਰ: ਸ਼ਾਹਬਾਜ਼ਪੁਰੀ ਜੀ, ਰੈਪੀਟੀਸ਼ਨ ਨਾ ਕਰੋ, ਤੁਸੀਂ ਜੋ ਪੁੱਛਿਆ ਹੈ ਉਸ ਬਾਰੇ ਉਨ੍ਹਾਂ ਨੇ ਦੱਸ ਦਿਤਾ ਹੈ ਕਿ vacancies have been referred to Public Service Commission ਹੋਰ ਕੋਈ ਗੱਲ ਪੁੱਛਣੀ ਹੈ ਤਾਂ ਪੁੱਛੋ।

ਸਰਦਾਰ ਰਣਜੀਤ ਸਿੰਘ ਛੱਜਲਵੱਡੀ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਅੰਮ੍ਰਿਤਸਰ ਜ਼ਿਲ੍ਹੇ ਵਿਚ ਇਨ੍ਹਾਂ ਦੋ ਬਲਾਕਾਂ ਤੋਂ ਇਲਾਵਾ ਹੋਰ ਵੀ ਬਹੁਤ ਥਾਵਾਂ ਤੇ ਡਾਕਟਰਾਂ ਦੀਆਂ ਆਸਾਮੀਆਂ ਖਾਲੀ ਪਈਆਂ ਹਨ। ਜਿੰਨਾ ਚਿਰ ਪਬਲਿਕ ਸਰਵਿਸ ਕਮਿਸ਼ਨ ਤੋਂ ਲਿਸਟ ਨਹੀਂ ਆਉਂਦੀ ਉਨਾ ਚਿਰ ਇਹ ਐਡਹਾਕ ਬੇਸਿਜ਼ ਤੇ ਡਾਕਟਰ ਲਗਾ ਦੇਣ ਤਾਂ ਕਿ ਲੋਕਾਂ ਨੂੰ ਸਹੂਲਤਾਂ ਮਿਲ ਸਕਣ।

ਮੰਤਰੀ : ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਐਡਹਾਕ ਬੇਸਿਜ਼ ਤੇ 248 ਡਾਕਟਰਾਂ ਦੀਆਂ ਆਸਾਮੀਆਂ ਹੁਣੇ ਹੀ ਭਰੀਆਂ ਹਨ, ਬਾਕੀ ਜਿਹੜੀ ਕਮੀ ਹੈ ਉਹ ਪਬਲਿਕ ਸਰਵਿਸ ਕਮਿਸ਼ਨ ਤੋਂ ਲਿਸਟ ਆਉਣ ਤੇ ਪੂਰੀ ਕੀਤੀ ਜਾਏਗੀ।

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਡਾਕਟਰਾਂ ਦੀਆਂ ਨਿਯੁਕਤੀਆਂ ਉਥੇਂ ਹੋਈਆਂ ਹੋਈਆਂ ਹਨ ਕੀ ਉਹ ਡਾਕਟਰ ਰਾਤ ਨੂੰ ਉਥੇ ਰਹਿੰਦੇ ਹਨ ਜਾਂ ਨਹੀਂ ?

ਮੰਤਰੀ : ਸਪੀਕਰ ਸਾਹਿਬ, ਇਸ ਬਾਰੇ ਮੈਂਬਰ ਸਾਹਿਬ ਨੂੰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਬਾਰੇ ਵੱਖਰਾ ਉਹ ਕੁਐਸਚਨ ਦੇ ਦੇਣ, ਮੈਂ ਪੜਤਾਲ ਕਰਵਾ ਲਵਾਂਗਾ।

ਰਾਜ ਵਿਚ ਪ੍ਰਾਈਵੇਟ ਸਕੂਲਾਂ ਦੇ ਅਮਲੇ ਨੂੰ ਪੈਨਸ਼ਨ ਦੇ ਲਾਭ ਦੇਣਾ

*815. **ਸਰਦਾਰ ਸੁਖਦੇਵ ਸਿਘ ਸ਼ਾਹਬਾਜ਼ਪੁਰੀ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਸਰਕਾਰ ਨੇ ਰਾਜ ਵਿਚ ਪ੍ਰਾਈਵੇਟ ਸਕੂਲਾਂ ਦੇ ਅਮਲੇ ਨੂੰ ਸਰਕਾਰੀ ਮੁਲਾਜ਼ਮਾਂ ਨੂੰ ਦਿੱਤੇ ਜਾਂਦੇ ਪੈਨਸ਼ਨ ਦੇ ਲਾਭ ਦਿੱਤੇ ਜਾਣ ਸਬੰਧੀ ਮੰਗ ਫਰਵਰੀ, 1986 ਵਿਚ ਜਾਂ ਇਸ ਤੋਂ ਬਾਅਦ ਸਵੀਕਾਰ ਕੀਤੀ, ਜੇਕਰ ਅਜਿਹਾ ਹੋਵੇ, ਤਾਂ ਇਸ ਸਬੰਧ ਵਿਚ ਜਾਰੀ ਕੀਤ ਗਏ ਨਿਯਮਾਂ/ਹਦਾਇਤਾਂ ਦੇ ਵੇਰਵੇ ਕੀ ਹਨ; ਅਤੇ

(ਅ) ਪ੍ਰਾਈਵੇਟ ਸਕੂਲਾਂ ਦੇ ਹਰ ਇਕ ਅਧਿਆਪਕ, ਜਿਸ ਨੂੰ ਸਾਲ 1992 ਦੇ ਦੌਰਾਨ ਪੈਨਸ਼ਨ ਦਾ ਲਾਭ ਦਿਤਾ ਗਿਆ, ਦੁਆਰਾ ਕੀਤੀ ਗਈ ਸੇਵਾ ਅਤੇ ਮਨਜ਼ੂਰ ਕੀਤੀ ਗਈ ਪੈਨਸ਼ਨ ਦਾ ਵੇਰਵਾ ਦਰਸਾਉਂਦਾ ਵਿਵਰਣ ਸਦਨ ਦੀ ਮੇਜ਼ ਤੇ ਰੱਖਣਗੇ ?

ਸ੍ਰੀ ਹਰਨਾਮ ਦਾਸ ਜੌਹਰ : (ੳ) ਹਾਂ ਜੀ, ਸਕੀਮ ਦੀ ਡੀਟੇਲ ਸਦਨ ਦੀ ਮੇਜ਼* ਤੇ ਰੱਖੀ ਜਾਂਦੀ ਹੈ।

(ਅ) ਕਰਮਚਾਰੀਆਂ ਦੇ ਪੈਨਸ਼ਨ ਕੇਸ ਪ੍ਰਾਸੈਸ ਕੀਤੇ ਜਾ ਰਹੇ ਹਨ ਅਤੇ ਕਿਸੇ ਵੀ ਰਿਟਾਇਰਡ ਕਰਮਚਾਰੀ ਨੂੰ ਕੋਈ ਲਾਭ ਹੁਣ ਤੱਕ ਨਹੀਂ ਦਿੱਤਾ ਗਿਆ।

ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਸਕੂਲ ਸਰਕਾਰ ਪਾਸੋਂ 95% ਗ੍ਰਾਂਟ ਲੈਂਦੇ ਹਨ ਉਨ੍ਹਾਂ ਸਕੂਲਾਂ ਵਿਚ ਕੰਮ ਕਰਦੇ ਅਧਿਆਪਕਾਂ ਨੂੰ 1986 ਵਿਚ ਪੈਨਸ਼ਨ ਦੇਣੀ ਸਵੀਕਾਰ ਕੀਤੀ ਸੀ ਉਸ ਦਾ ਲਾਭ ਉਨ੍ਹਾਂ ਨੂੰ ਕਦੋਂ ਤੋਂ ਲਾਗੂ ਹੋਵੇਗਾ ?

ਮੰਤਰੀ : ਸਪੀਕਰ ਸਾਹਿਬ, ਮੈਂ ਅਰਜ਼ ਕੀਤੀ ਹੈ ਕਿ ਕੇਸਿਜ਼ ਪ੍ਰਾਸੈਸ ਹੋ ਰਹੇ ਹਨ। ਜਦੋਂ ਕੰਪਲੀਟ ਹੋ ਜਾਣਗੇ, ਉਦੋਂ ਤੋਂ ਲਾਗੂ ਹੋ ਜਾਵੇਗੀ।

---

*Placed in the Library.

ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ : ਸਪੀਕਰ ਸਾਹਿਬ, ਪਹਿਲਾਂ ਰਾਜਪਾਲ ਜੀ ਨੇ ਸੰਨ 1986 ਵਿਚ ਹਦਾਇਤਾਂ ਜਾਰੀ ਕੀਤੀਆਂ ਔਰ ਫਿਰ ਸੰਨ 1991 ਵਿਚ ਸਰਕਾਰ ਵਲੋਂ ਇਹ ਇਸ ਤਰ੍ਹਾਂ ਦੀਆਂ ਹਦਾਇਤਾਂ ਕੀਤੀਆਂ ਗਈਆਂ ਸਨ। ਇਸ ਲਈ ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕਾਫੀ ਸਮੇਂ ਤੋਂ ਇਹ ਮੁਲਾਜ਼ਮ ਸੇਵਾ ਕਰ ਰਹੇ ਹਨ। ਹੁਣ ਕਿਸ ਸਮੇਂ ਤੋਂ ਇਹ ਸਹੂਲਤਾਂ ਅਧਿਆਪਕਾਂ ਉੱਤੇ ਲਾਗੂ ਕੀਤੀਆਂ ਜਾਣਗੀਆਂ ?

ਮੰਤਰੀ : 5 ਫਰਵਰੀ, 1987 ਤੋਂ ਲਾਗੂ ਹੋਣਗੀਆਂ ਜੀ।

ਸਰਦਾਰ ਹਰਗੋਪਾਲ ਸਿੰਘ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਮੰਨਿਆ ਹੈ ਕਿ ਸੰਨ 1986 ਤੋਂ ਜਾਂ ਉਸ ਤੋਂ ਬਾਦ ਤੋਂ ਸਰਕਾਰ ਨੇ ਸਹੂਲਤਾਂ ਦੇਣੀਆਂ ਹਨ ਔਰ ਛੇ ਸੱਤ ਸਾਲ ਬੀਤ ਵੀ ਗਏ ਹਨ, ਇਸ ਲਈ ਕੀ ਇਹ ਐਸ਼ਿਓਰ ਕਰਨਗੇ ਕਿ ਕੀ ਇਸ ਸਰਕਾਰ ਦੇ ਰਾਜ ਕਾਲ ਦੇ ਅੰਦਰ-ਅੰਦਰ ਬੈਨੀਫੀਸ਼ੀਅਰੀਜ਼ ਨੂੰ ਲਾਭ ਮਿਲ ਜਾਵੇਗਾ ?

ਮੰਤਰੀ : ਬਿਲਕੁਲ ਮਿਲੇਗਾ, ਸਪੀਕਰ ਸਾਹਿਬ।

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਅਧਿਅਕਸ਼ ਮਹੋਦਯ, ਤੁਹਾਡੇ ਰਾਹੀਂ ਮੈਂ ਮੰਤਰੀ ਮਹੋਦਯ ਨੂੰ ਪੁੱਛਣਾ ਚਾਹੁੰਦੀ ਹਾਂ ਕਿ ਕੀ ਪ੍ਰਾਈਵੇਟ ਸਕੂਲਾਂ ਦੇ ਟੀਚਰਾਂ ਦੇ ਫੰਡ ਦਾ ਕੁਝ ਹਿੱਸਾ ਗੌਰਮਿੰਟ ਆਪਣੇ ਕੋਲ ਲੈ ਚੁੱਕੀ ਹੈ ? ਜੇਕਰ ਲੈ ਚੁੱਕੀ ਹੈ ਤਾਂ ਕਿਤਨਾ ...... ।

ਸ੍ਰੀ ਸਪੀਕਰ : ਇਸ ਬਾਰੇ ਤੁਸੀਂ ਸੈਪਰੇਟ ਕੁਐਸਚਨ ਦੇ ਦਿਓ, ਤੁਹਾਨੂੰ ਇਹ ਇਨਫਰਮੇਸ਼ਨ ਸਪਲਾਈ ਕਰ ਦੇਣਗੇ। ਕਿਉਂਕਿ ਤੁਸੀਂ ਅਮਾਊਂਟ ਪੁੱਛਿਆ ਹੈ, ਮੰਤਰੀ ਜੀ ਅਮਾਊਂਟ ਦੱਸ ਦੇਣਗੇ ਤੁਸੀਂ ਇਸ ਦੇ ਲਈ ਸੈਪਰੇਟ ਕੁਐਸਚਨ ਦੇ ਦਿਓ।

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਉਨ੍ਹਾਂ ਤੋਂ ਫੰਡ ਦਾ ਪੈਸਾ ਲੈ ਲਿਆ ਹੈ ਪਰ ਪੈਨਸ਼ਨ ਨਹੀਂ ਦਿੱਤੀ ਜਾ ਰਹੀ, ਕਦੋਂ ਤੱਕ ਦੇ ਦੇਣਗੇ ?

ਸ੍ਰੀ ਸਪੀਕਰ : ਹਾਂ, ਇਹ ਦੱਸ ਦਿਓ, ਮਨਿਸਟਰ ਸਾਹਿਬ। ਤੁਸੀਂ ਦੁਬਾਰਾ ਸੁਆਲ ਪੁੱਛ ਲਵੋ।

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਅਧਿਅਕਸ਼ ਮਹੋਦਯ ਜੀ, ਮੈਂ ਤੁਹਾਡੇ ਰਾਹੀਂ ਮੰਤਰੀ ਮਹੋਦਯ ਜੀ ਤੋਂ ਪੁੱਛਣਾ ਚਾਹੁੰਦੀ ਹਾਂ ਕਿ ਪ੍ਰਾਈਵੇਟ ਸਕੂਲ ਟੀਚਰਾਂ ਨੂੰ ਪੈਨਸ਼ਨ ਕਦੋਂ ਤੱਕ ਦੇ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਇਹ ਸਪਲੀਮੈਂਟਰੀ ਪਹਿਲਾਂ ਵੀ ਆ ਗਿਆ ਹੈ ਜੀ। ਮੈਂ ਦੱਸਿਆ ਹੈ ਕਿ ਕੇਸ ਪ੍ਰਾਸੈਸ ਹੋ ਰਹੇ ਹਨ। ਜਦੋਂ ਕੇਸ ਪ੍ਰਾਸੈਸ ਹੋ ਜਾਣਗੇ, ਉਸੇ ਦਿਨ ਤੋਂ ਪੈਨਸ਼ਨਾਂ ਦੇ ਦਿਤੀਆਂ ਜਾਣਗੀਆਂ।

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, 50 ਟੀਚਰ ਪੈਨਸ਼ਨ ਦੀ ਪਰਤੀਕਸ਼ਾ ਕਰਦੇ ਕਰਦੇ ਮਰ ਗਏ ਹਨ ਜੀ ....

ਸ੍ਰੀ ਸਪੀਕਰ : ਮੈਂ ਇਹ ਸਪਲੀਮੈਂਟਰੀ ਅਲਾਓ ਨਹੀਂ ਕੀਤਾ ਜੀ। ਕੁਐਸ਼ਚਨ ਸਾਰੇ ਖਤਮ ਹੋ ਗਏ ਹਨ ।

ਸ੍ਰੀ ਮਦਨ ਮੋਹਨ ਮਿੱਤਲ : ** ** **

ਸ੍ਰੀ ਸਪੀਕਰ : ਮਿੱਤਲ ਸਾਹਿਬ, ਭਾਸ਼ਣ ਨਾ ਕਰੋ I have not allowed your Point of Order ਇਹ ਪੁਆਇੰਟ ਆਫ ਆਰਡਰ ਨਹੀਂ ਹੈ ।

POINT OF ORDER RE. PRIVILEGE MOTION

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਅੱਜ ਸੁਭਾ ਮੈਂ ਔਰ ਮੇਰੇ ਮਾਨਯੋਗ ਨੇਤਾ ਜੀ ਨੇ ਪ੍ਰਿਵਿਲੇਜ ਮੋਸ਼ਨ ਦਿੱਤੀ ਸੀ, ਉਹ ਤੁਸੀਂ ਡਿਸਅਲਾਓ ਕੀਤੀ ਹੈ। ਇਹ ਡਿਸਅਲਾਓ ਨਹੀਂ ਸੀ ਹੋਣੀ ਚਾਹੀਦੀ ਕਿਉਂਕਿ ਮੰਤਰੀ ਜੀ ਨੇ ਕਾਲ ਅਟੈਨਸ਼ਨ ਦਾ ਜਵਾਬ ਦਿੰਦੇ ਹੋਏ ਕੈਟਾਗਰੀਕਲੀ ਕਿਹਾ ਸੀ ਕਿ ਰੋਪੜ ਵਿਚ ਜਿਹੜੇ ਕਰਮਚਾਰੀ ਸਟਰਾਈਕ ਉੱਤੇ ਸਨ, ਉਨ੍ਹਾਂ ਨੇ ਆਪਣੀ ਸਟਰਾਈਕ ਵਾਪਸ ਲੈ ਲਈ ਹੈ । ਮੈਂ ਕਹਿੰਦਾ ਹਾਂ ਕਿ ਚੀਫ ਸੈਕਟਰੀ ਸਾਹਿਬ ਦੀ ਐਸ਼ੋਰੈਂਸ ਨਾਲ ਉਹ ਟੈਂਪਰੇਰੀ ਤੌਰ ਤੇ ਸਸਪੈਂਡ ਹੋਈ ਸੀ, ਪਰ ਵਾਪਸ ਤਾਂ ਹੋਈ ਨਹੀਂ ਹੈ । ਜਦੋਂ ਇਹ ਵਾਪਸ ਨਹੀਂ ਸੀ ਹੋਈ ਤਾਂ ਮੰਤਰੀ ਜੀ ਨੇ ਗਲਤ ਇਨਫਰਮੇਸ਼ਨ ਹਾਊਸ ਨੂੰ ਕਿਉਂ ਦਿੱਤੀ ਹੈ ?

ਸ੍ਰੀ ਸਪੀਕਰ : ਉਹ ਮੈਂ ਡਿਸਅਲਾਓ ਕੀਤੀ ਹੈ । I have consulted the record of the House also. For discussion, you come to my Chamber, we will discuss this matter there.

ਸਰਦਾਰ ਅਵਤਾਰ ਸਿੰਘ ਕਰੀਮਪੁਰੀ : ** ** **

ਸ੍ਰੀ ਸਪੀਕਰ : ਤੁਸੀਂ ਪੁਆਇੰਟ ਆਫ ਆਰਡਰ ਦੱਸੋ, ਭਾਸ਼ਣ ਨਾ ਕਰੋ ।

ਸਰਦਾਰ ਅਵਤਾਰ ਸਿੰਘ ਕਰੀਮਪੁਰੀ : ** ** **

ਸ੍ਰੀ ਸਪੀਕਰ : : ਇਹ ਆਲਰੈਡੀ ਡਿਸਕਸ ਹੋ ਚੁਕਾ ਹੈ ।

ਸਰਦਾਰ ਅਵਤਾਰ ਸਿੰਘ ਕਰੀਮਪੁਰੀ : ** ** **

Mr. Speaker: Give it in a proper form. I have not allowed this point of order.
Now, we come to the next item Papers to be laid on the Table.

(Interruption) (Noises).

PAPERS LAID ON THE TABLE

Finance Minister (Doctor Kewal Krishan): Sir, I beg to lay on the Table—

(i) the Annual Administration Report of the Punjab Water Supply and Sewerage Board for the year 1988-89, as required under section 42 of the Punjab Water Supply and Sewerage Board Act, 1976;

**Expunged as ordered by the Chair.

(ii) the Audit Report on the Accounts of Punjab Water Supply and Sewerage Board for the year 1988-89, as required under section 45 of the Punjab Water Supply and Sewerage Board Act, 1976.

(Interruptions) (Noises)

Mr. Speaker : Please sit down. ਅਰਸ਼ੀ ਸਾਹਿਬ, ਤੁਸੀਂ ਬੈਠੋ ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਰੂਲਜ਼ ਵਿਚ ਬੜਾ ਕਲੀਅਰ ਹੈ ਕਿ ਜਦੋਂ ਵੀ ਕੋਈ ਮੈਂਬਰ ਪੁਆਇੰਟ ਆਫ ਆਰਡਰ ਰੇਜ਼ ਕਰੇ, ਉਹ ਸੁਣਿਆ ਜਾਣਾ ਚਾਹੀਦਾ ਹੈ । ਤੁਸੀਂ ਅਲਾਓ ਹੀ ਨਹੀਂ ਕਰ ਰਹੇ।

ਸੰਸਦੀ ਮਾਮਲਿਆਂ ਦੇ ਮੰਤਰੀ: ਸਪੀਕਰ ਸਾਹਿਬ, ਅਰਸ਼ੀ ਸਾਹਿਬ ਰੂਲ ਦੱਸ ਦੇਣ ਕਿਹੜੇ ਰੂਲਜ਼ ਵਿਚ ਲਿਖਿਆ ਹੈ। ਪੁਆਇੰਟ ਆਫ ਆਰਡਰ ਦੇ ਬਾਰੇ ਰੂਲਜ਼ ਬੜੇ ਕਲੀਅਰ ਹਨ ।

> **"A point of order may be raised in relation to the business before the House at the moment".**

ਜਿਹੜਾ ਬਿਜਨੈਸ ਸਾਹਮਣੇ ਹੈ ਉਸ ਤੇ ਪੁਆਇੰਟ ਆਫ ਆਰਡਰ ਕੀਤਾ ਜਾ ਸਕਦਾ ਹੈ। ਇਸ ਵੇਲੇ ਕੋਈ ਬਿਜਨੈਸ ਤਾਂ ਹੈ ਨਹੀਂ। (ਵਿਘਨ) ਬਾਹਰ ਦੇ ਜਿਹੜੇ ਮਸਲੇ ਹਨ ਪ੍ਰਿਵੇਲਜ਼ ਮੋਸ਼ਨ ਵਿਚ ਜਾਂ ਕਾਲ ਅਟੈਨਸ਼ਨ ਮੋਸ਼ਨ ਰਾਹੀਂ ਉਠਾਏ ਜਾ ਸਕਦੇ ਹਨ। ਜੇ ਉਹ ਐਡਮਿਟ ਨਹੀਂ ਹੁੰਦੀ ਤਾਂ ਉਹ ਤੁਹਾਨੂੰ ਚੈਂਬਰ ਵਿਚ ਮਿਲ ਸਕਦਾ ਹੈ ਪਰ ਤੁਹਾਡੀ ਰੂਲਿੰਗ ਨੂੰ ਇਥੇ ਡਿਸਕਸ ਨਹੀਂ ਕਰ ਸਕਦਾ। ਨਾ ਹੀ ਪੁਆਇੰਟ ਆਫ ਆਰਡਰ ਉਸ ਬਾਰੇ ਕਰ ਸਕਦਾ ਹੈ। ਤੁਹਾਡੀ ਰੂਲਿੰਗ ਤੇ ਪੁਆਇੰਟ ਆਫ ਆਰਡਰ ਹੁੰਦੇ ਹਨ ਔਰ ਉਹ ਅਖਬਾਰਾਂ ਵਿਚ ਵੀ ਆਉਂਦੇ ਹਨ। ਸਸਤੀ ਸ਼ੋਹਰਤ ਲੈਣ ਦੇ ਵਾਸਤੇ ਇਹ ਕੀਤਾ ਜਾਂਦਾ ਹੈ।

Mr. Speaker : Please resume your seat. (Interruptions) Next item please, ਅਰਸ਼ੀ ਜੀ ਤੁਸੀਂ ਵੀ ਪਲੀਜ਼ ਬੈਠੋ। ਸਾਥੀ ਜੀ, ਪਲੀਜ਼ ਬੈਠੋ। ਮੈਂ ਜਿਹੜੇ ਪੁਆਇੰਟ ਆਫ ਆਰਡਰ ਡਿਸਅਲਾਓ ਕੀਤੇ ਹਨ ਉਹ ਸਰਟਨ ਰੀਜ਼ਨਜ਼ ਕਾਰਨ ਕੀਤੇ ਹਨ। ਜੇ ਉਸ ਬਾਰੇ ਕੋਈ ਕੁਐਸਚਨ ਕਰਨਾ ਹੈ ਤਾਂ ਹਾਊਸ ਵਿਚ ਨਹੀਂ ਕਰ ਸਕਦੇ । ਮੈਂ ਨੈਕਸਟ ਆਈਟਮ ਕਾਲ ਕਰ ਚੁੱਕਾ ਹਾਂ। ਇਸ ਵੇਲੇ ਮੈਂ ਕੋਈ ਪੁਆਇੰਟ ਆਫ ਆਰਡਰ ਅਲਾਓ ਨਹੀਂ ਕਰ ਰਿਹਾ।

OBITUARY REFERENCES

ਮੁੱਖ ਮੰਤਰੀ (ਸਰਦਾਰ ਬੇਅੰਤ ਸਿੰਘ) : ਸਪੀਕਰ ਸਾਹਿਬ, ਬੜੇ ਅਫਸੋਸ ਦੀ ਗੱਲ ਹੈ ਕਿ ਪਿਛਲੇ 1-2 ਦਿਨਾਂ ਦੇ ਅੰਦਰ 2 ਵੱਡੀਆਂ ਸ਼ਖਸੀਅਤਾਂ ਸਾਡੇ ਵਿਚੋਂ ਜੁਦਾ ਹੋ ਗਈਆਂ ਹਨ । ਸਪੀਕਰ ਸਾਹਿਬ, ਕਲ ਰਾਤ ਸਰਦਾਰ ਵਰਿਆਮ ਸਿੰਘ ਭਾਗੋਵਾਲੀਆ ਜੀ ਦਾ ਅਕਾਲ ਚਲਾਣਾ ਕਰ ਜਾਣਾ ਸਾਡੇ ਲਈ ਬੜੇ ਦੁਖ ਦੀ ਗੱਲ ਹੈ। ਉਹ ਇਕ ਬਹੁਤ ਵੱਡੇ ਫਰੀਡਮ ਫਾਈਟਰ ਸਨ । ਫਰੀਡਮ ਮੂਵਮੈਂਟ ਦੇ ਦੌਰਾਨ ਉਹ ਇਕ ਵਾਰ 6 ਮਹੀਨਿਆਂ ਦੇ ਲਈ, ਇਕ ਵਾਰ 9 ਮਹੀਨਿਆਂ ਦੇ ਲਈ ਅਤੇ ਇਕ ਵਾਰ 18 ਮਹੀਨਿਆਂ ਦੇ ਲਈ ਜੇਲ੍ਹ ਗਏ ਸਨ। ਸਪੀਕਰ ਸਾਹਿਬ, ਉਨ੍ਹਾਂ ਦਾ ਇਕ ਗਰੁਪ ਸੀ ਜਿਹੜਾ ਬਹੁਤ ਮਸ਼ਹੂਰ ਗਰੁੱਪ ਸੀ, ਜਿਸ ਤੋਂ ਉਹ ਜਾਣੇ ਜਾਂਦੇ ਸਨ। ਉਨ੍ਹਾਂ ਦਾ ਆਪਣਾ ਬੜਾ ਤਕੜਾ ਗਰੁੱਪ ਸੀ ਜਿਸ ਕਰਕੇ ਉਨ੍ਹਾਂ ਨੂੰ ਜੱਥੇਦਾਰ ਵਰਿਆਮ ਸਿੰਘ ਭਾਗੋਵਾਲੀਆ

[ਮੁੱਖ ਮੰਤਰੀ]

ਕਿਹਾ ਜਾਂਦਾ ਸੀ। ਉਹ ਇਕ ਨੈਸ਼ਨੈਲਿਸਟ ਲੀਡਰ ਸਨ ਔਰ 1947 ਤੋਂ ਪਹਿਲਾਂ 1946 ਵਿਚ ਪੰਜਾਬ ਅਸੈਂਬਲੀ ਲਾਹੌਰ ਦੇ ਮੈਂਬਰ ਬਣੇ ਸਨ ਅਤੇ ਉਨ੍ਹਾਂ ਨੇ ਬੜੀ ਤਨਦੇਹੀ ਦੇ ਨਾਲ ਕੰਮ ਕੀਤਾ। ਪਾਰਟੀਸ਼ਨ ਦੇ ਵਕਤ ਕਾਂਗਰਸ ਅਤੇ ਅਕਾਲੀ ਪਾਰਟੀ ਦੇ ਵਿਚਕਾਰ ਕੋਈ ਫਰਕ ਨਹੀਂ ਸੀ। ਉਹ ਅਕਾਲੀ ਪਾਰਟੀ ਦੇ ਐਮ.ਐਲ.ਏ. ਰਹੇ। ਇਨ੍ਹਾਂ ਨੇ ਕੰਮ ਕਰਕੇ ਆਪਣੀ ਯੋਗਤਾ ਦਾ ਵਿਖਾਵਾ ਕੀਤਾ ਅਤੇ ਦੇਸ਼ ਦੀ ਸੇਵਾ ਕੀਤੀ। ਸਪੀਕਰ ਸਾਹਿਬ, ਇਹ 3 ਵਾਰੀ ਇਲੈਕਟ ਹੋਏ । 2 ਵਾਰ ਇਸ ਅਸੈਂਬਲੀ ਦੇ ਮੈਂਬਰ ਰਹੇ ਅਤੇ ਇਕ ਵਾਰ ਲਾਹੌਰ ਅਸੈਂਬਲੀ ਦੇ ਮੈਂਬਰ ਬਣੇ ਰਹੇ। ਉਹ ਪਾਰਟੀਸ਼ਨ ਤੋਂ ਬਾਅਦ ਜ਼ਿਲ੍ਹਾ ਗੁਰਦਾਸਪੁਰ ਕਾਂਗਰਸ ਕਮੇਟੀ ਦੇ ਪ੍ਰਧਾਨ ਰਹੇ। ਉਨ੍ਹਾਂ ਦੇ ਜਾਣ ਨਾਲ ਮੈਂ ਸਮਝਦਾ ਹਾਂ ਕਿ ਪਾਰਟੀ ਨੂੰ ਬਹੁਤ ਭਾਰੀ ਘਾਟਾ ਪਿਆ ਹੈ ਅਤੇ ਇਹ ਘਾਟ ਕਦੇ ਪੂਰੀ ਹੋਣ ਵਾਲੀ ਨਹੀਂ। ਸਾਡੇ ਵਿਚੋਂ ਵੱਡੇ ਵੱਡੇ ਬਜ਼ੁਰਗ ਲੀਡਰਜ਼ ਜਿਹੜੇ ਪੁਰਾਣੇ ਸਟਾਰ ਹਨ, ਉਹ ਵਿਛੋੜਾ ਕਰਕੇ ਸਾਡੇ ਵਿਚੋਂ ਜਾ ਰਹੇ ਹਨ।

ਦੂਸਰਾ, ਸਪੀਕਰ ਸਾਹਿਬ, ਸਾਡੇ ਮਹਾਨ ਲੀਡਰ ਸ੍ਰੀ ਯਸ਼ਪਾਲ ਕਪੂਰ ਸਾਡੇ ਵਿਚੋਂ ਵਿਛੜ ਗਏ ਹਨ। ਉਨ੍ਹਾਂ ਨੇ ਆਪਣੀ ਜ਼ਿੰਦਗੀ ਵਿਚ ਬਹੁਤ ਮਿਹਨਤ ਕੀਤੀ। ਪਾਰਟੀਸ਼ਨ ਤੋਂ ਬਾਅਦ ਦਿੱਲੀ ਵਿਚ ਉਹ ਫਾਰੇਨ ਮਨਿਸਟਰੀ ਵਿਚ ਇਕ ਟਾਈਪਿਸਟ ਦੇ ਤੌਰ ਤੇ ਕੰਮ ਕਰਦੇ ਸਨ। ਉਨ੍ਹਾਂ ਨੇ ਆਪਣੀ ਕਾਬਲੀਅਤ ਕਰਕੇ ਪੰਡਿਤ ਜਵਾਹਰ ਲਾਲ ਨਹਿਰੂ ਜੀ, ਜੋ ਉਸ ਵਕਤ ਦੇਸ਼ ਦੇ ਪ੍ਰਧਾਨ ਮੰਤਰੀ ਸਨ, ਦੇ ਨਾਲ ਕੰਮ ਕੀਤਾ ਅਤੇ ਉਹ ਉਨ੍ਹਾਂ ਦੇ ਬਹੁਤ ਨੇੜੇ ਸਨ। ਉਨ੍ਹਾਂ ਦੇ ਨਾਲ ਪ੍ਰਾਈਵੇਟ ਸੈਕਟਰੀ ਦੇ ਤੌਰ ਤੇ ਕੰਮ ਕੀਤਾ। ਪ੍ਰਧਾਨ ਮੰਤਰੀ ਦੀ ਜਿਨ੍ਹਾਂ ਨਾਲ ਗਲਬਾਤ ਹੁੰਦੀ ਸੀ, ਉਸ ਦਾ ਉਨ੍ਹਾਂ ਨੂੰ ਪਤਾ ਹੁੰਦਾ ਸੀ। ਇਸ ਤਰ੍ਹਾਂ ਉਨ੍ਹਾਂ ਨੂੰ ਪੰਡਿਤ ਨਹਿਰੂ ਦੀ ਸੇਵਾ ਕਰਨ ਦਾ ਮੌਕਾ ਮਿਲਿਆ। ਇਸ ਤੋਂ ਬਾਅਦ ਲਾਲ ਬਹਾਦੁਰ ਸ਼ਾਸਤਰੀ ਦੀ ਮਨਿਸਟਰੀ ਵਿਚ ਜਦੋਂ ਸ੍ਰੀਮਤੀ ਇੰਦਰਾ ਗਾਂਧੀ ਬਰਾਡਕਾਸਟਿੰਗ ਮਨਿਸਟਰ ਸਨ, ਉਨ੍ਹਾਂ ਦੇ ਨਾਲ ਵੀ ਉਹ ਪ੍ਰਾਈਵੇਟ ਸੈਕਟਰੀ ਰਹੇ ਔਰ ਦੇਸ਼ ਦੀ ਸੇਵਾ ਕਰਨ ਦਾ ਇਨ੍ਹਾਂ ਨੂੰ ਮੌਕਾ ਮਿਲਿਆ, ਫਿਰ ਉਹ ਯੂ.ਪੀ. ਤੋਂ ਰਾਜ ਸਭਾ ਦੇ ਲਈ ਮੈਂਬਰ ਚੁਣੇ ਗਏ। ਉਹ ਬਹੁਤ ਵੱਡੇ ਸੋਸ਼ਲਿਸਟ ਸਨ ਅਤੇ ਬਹੁਤ ਸਾਰੀਆਂ ਇੰਪਲਾਈਜ਼ ਯੂਨੀਅਨਜ਼ ਨੂੰ ਉਹ ਰਿਪਰਜ਼ੈਂਟ ਕਰਦੇ ਸਨ। ਅੱਜ ਉਹ ਵੀ ਸਾਡੇ ਵਿਚੋਂ ਅਕਾਲ ਚਲਾਣਾ ਕਰ ਗਏ ਹਨ। ਇਸ ਲਈ, ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇਨ੍ਹਾਂ ਦੋਨਾਂ ਦੇ ਪਰਿਵਾਰਾਂ ਨੂੰ ਕੰਡੋਲੈਂਸ ਮੈਸੇਜਿਜ਼ ਹਾਊਸ ਵਲੋਂ ਪਾਸ ਕਰਕੇ ਭੇਜੇ ਜਾਣ। ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਇਨ੍ਹਾਂ ਦੋ ਪਰਸਨੈਲਿਟੀਜ਼ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ਅਤੇ ਅਰਦਾਸ ਕਰਦਾ ਹਾਂ ਕਿ ਇਨ੍ਹਾਂ ਤੋਂ ਸਾਨੂੰ ਇਨਸਪੀਰੇਸ਼ਨ ਮਿਲਦੀ ਰਹੇ।

ਸ੍ਰੀ ਸਤਨਾਮ ਸਿੰਘ ਕੈਂਥ (ਬੰਗਾ ਐਸ.ਸੀ): ਮਾਨਯੋਗ ਸਪੀਕਰ ਸਾਹਿਬ, ਮੈਨੂੰ ਅੱਜ ਸਵੇਰੇ ਹੀ ਪਤਾ ਲਗਾ ਹੈ ਕਿ ਸਾਡੇ ਤਕੜੇ ਪਾਰਲੀਮੈਂਟੇਰੀਅਨ ਸਰਦਾਰ ਵਰਿਆਮ ਸਿੰਘ ਭਾਗੋਵਾਲੀਆਂ ਸਵਰਗ-ਵਾਸ ਹੋਏ ਹਨ। ਉਨ੍ਹਾਂ ਨੇ ਅਜ਼ਾਦੀ ਦੀ ਲਹਿਰ ਵਿਚ ਬੜਾ ਵੱਡਾ ਯੋਗਦਾਨ ਪਾਇਆ ਸੀ। ਪਬਲਿਕ ਲਾਈਫ ਵਿਚ ਉਨ੍ਹਾਂ ਬਾਰੇ ਮੈਂ ਇਤਨਾ ਜ਼ਿਆਦਾ ਤਾਂ ਨਹੀਂ ਜਾਣਦਾ ਪਰ ਫਿਰ ਵੀ ਜਿਵੇਂ ਸੀ.ਐਮ. ਸਾਹਿਬ ਨੇ ਦਸਿਆ ਹੈ ਕਿ ਉਹ ਬੜੇ ਤਕੜੇ ਪਾਰਲੀਮੈਂਟਰੀਅਨ ਰਹੇ। ਅਸੈਂਬਲੀ ਦੇ ਮੈਂਬਰ ਵੀ ਰਹੇ। ਮੈਂ ਉਨ੍ਹਾਂ ਨੂੰ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ। ਦੂਸਰੇ ਸ੍ਰੀ ਯਸ਼ਪਾਲ ਕਪੂਰ ਵੀ ਮਹਾਨ ਵਿਅਕਤੀ ਸਨ, ਜਿਨ੍ਹਾਂ ਨੇ ਕਿ ਇੱਕ ਸਟੈਨੋ-ਗਰਾਫਰ ਦੇ ਤੌਰ ਤੇ ਆਪਣਾ ਕੈਰੀਅਰ ਸ਼ੁਰੂ ਕੀਤਾ ਸੀ ਅਤੇ ਸਟੈਨੋਗਰਾਫਰ ਤੋਂ ਉਪਰ ਉਠਕੇ ਇਤਨੇ ਵੱਡੇ ਅਹੁਦੇ ਤੇ ਪਹੁੰਚੇ। ਉਹ ਦੇਸ਼ ਦੇ ਪ੍ਰਧਾਨ ਮੰਤਰੀ ਦੇ ਨਾਲ ਕੰਮ ਕਰਦੇ ਰਹੇ। ਦੇਸ਼

ਦੀ ਪ੍ਰਧਾਨ ਮੰਤਰੀ ਨਾਲ ਉਨ੍ਹਾਂ ਨੇ ਕਾਫੀ ਲੰਮਾ ਸਮਾਂ ਬਿਤਾਇਆ। ਉਨ੍ਹਾਂ ਦਾ ਨਹਿਰੂ ਖਾਨਦਾਨ ਦੇ ਨਾਲ ਕਾਫੀ ਸਬੰਧ ਰਿਹਾ ਸੀ। ਮੈਂ, ਸਪੀਕਰ ਸਾਹਿਬ, ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਆਪਣੇ ਵਲੋਂ ਸ਼ੋਕ ਸੰਦੇਸ਼ ਭੇਜਦਾ ਹਾਂ। ਜੈ ਭੀਮ, ਜੈ ਭਾਰਤ।

ਸ੍ਰੀ ਮਦਨ ਮੋਹਨ ਮਿੱਤਲ (ਨੰਗਲ) : ਸਪੀਕਰ ਸਾਹਿਬ, ਸਾਡੇ ਇਸ ਸਦਨ ਦੇ ਪੁਰਾਣੇ ਮੈਂਬਰ ਸਰਦਾਰ ਵਰਿਆਮ ਸਿੰਘ ਭਾਗੋਵਾਲੀਆ ਨੂੰ ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ। ਉਨ੍ਹਾਂ ਨੇ ਹਿੰਦੁਸਤਾਨ ਦੀ ਆਜ਼ਾਦੀ ਦੀ ਲਹਿਰ ਵਿਚ ਹਿਸਾ ਪਾਇਆ ਸੀ। 1946 ਤੋਂ 1951 ਤਕ ਉਹ ਪੰਜਾਬ ਵਿਧਾਨ ਸਭਾ ਦੇ ਮੈਂਬਰ ਰਹੇ ਸਨ। ਉਨ੍ਹਾਂ ਨੇ ਸਕੂਲ ਅਤੇ ਕਾਲਿਜ ਦੇ ਕੈਰੀਅਰ ਵਿਚ ਵੀ ਆਜ਼ਾਦੀ ਦੀ ਲਹਿਰ ਵਿਚ ਹਿੱਸਾ ਪਾਇਆ ਸੀ। ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਉਨ੍ਹਾਂ ਲਈ ਸ਼ਰਧਾ ਦੇ ਫੁੱਲ ਭੇਂਟ ਕਰੀਏ। ਸਪੀਕਰ ਸਾਹਿਬ, ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਸਰਦਾਰ ਵਰਿਆਮ ਸਿੰਘ ਭਾਗੋਵਾਲੀਆ ਨੂੰ ਫਿਰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ਅਤੇ ਜੋ ਰੈਜ਼ੋਲਿਊਸ਼ਨ ਇਥੇ ਹਾਊਸ ਵਿਚ ਲਿਆਂਦਾ ਗਿਆ ਹੈ, ਮੈਂ ਉਸ ਨਾਲ ਸਹਿਮਤੀ ਪ੍ਰਗਟ ਕਰਦਾ ਹਾਂ।

ਦੂਸਰੇ ਸ੍ਰੀ ਯਸ਼ਪਾਲ ਕਪੂਰ ਜੀ ਸਨ। ਚਾਹੇ ਸਾਡੀ ਪਾਰਟੀ ਦੇ ਨਾਲ ਉਨ੍ਹਾਂ ਦੀ ਆਈਡਿਆਲੋਜੀ ਡਿਫਰੈਂਟ ਹੋ ਸਕਦੀ ਹੈ ਪਰ ਉਹ ਇੱਕ ਸਟੈਨੋਗਰਾਫਰ ਤੋਂ ਲੈ ਕੇ ਇਤਨੀ ਉਚੀ ਪਦਵੀ ਤਕ ਪਹੁੰਚੇ ਸਨ, ਇਹ ਇਕ ਬੜੀ ਸ਼ਲਾਘਾਯੋਗ ਗੱਲ ਹੈ। ਉਨ੍ਹਾਂ ਦੇ ਅੰਦਰ ਟੇਲੈਂਟ ਸੀ ਔਰ ਉਨ੍ਹਾਂ ਨੇ ਆਪਣੇ ਪਾਰਟੀ ਲਈ ਬਹੁਤ ਕੰਟਰੀਬਿਸ਼ਊਨ ਕੀਤੀ ਹੈ। ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਉਨ੍ਹਾਂ ਦੇ ਕੰਮਾਂ ਦੀ ਸ਼ਲਾਘਾ ਕਰਦਾ ਹਾਂ ਅਤੇ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ। ਮੈਂ, ਸਪੀਕਰ ਸਾਹਿਬ, ਪਰਮਾਤਮਾ ਅਗੇ ਅਰਦਾਸ ਕਰਦਾ ਹਾਂ ਕਿ ਉਨ੍ਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ। ਇਤਨਾ ਕਹਿੰਦਾ ਹੋਇਆ ਮੈਂ ਇਸ ਅਫਸੋਸ ਦੇ ਮਤੇ ਦੇ ਨਾਲ ਸਹਿਮਤੀ ਪ੍ਰਗਟ ਕਰਦਾ ਹਾਂ।

ਸ੍ਰੀਮਤੀ ਵਿਮਲਾ ਡਾਂਗ (ਅੰਮ੍ਰਿਤਸਰ ਪੱਛਮੀ) : ਸਪੀਕਰ ਸਾਹਿਬ, ਮੈਂ ਆਪਣੇ ਵਲੋਂ ਅਤੇ ਆਪਣੀ **ਸੀ.ਪੀ.ਆਈ.** ਵਲੋਂ ਸਰਦਾਰ ਵਰਿਆਮ ਸਿੰਘ ਭਾਗੋਵਾਲੀਆ ਦੇ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕਰਦੀ ਹਾਂ। ਉਨ੍ਹਾਂ ਨੇ ਦੇਸ਼ ਦੀ ਅਜ਼ਾਦੀ ਦੇ ਅੰਦੋਲਨ ਵਿਚ ਬੜਾ ਉਘਾ ਹਿੱਸਾ ਪਾਇਆ ਸੀ। ਉਹ ਕਈ ਵਾਰੀ ਦੇਸ਼ ਦੀ ਅਜ਼ਾਦੀ ਦੀ ਲਹਿਰ ਵਿਚ ਗ੍ਰਿਫਤਾਰ ਵੀ ਹੋਏ। ਉਨ੍ਹਾਂ ਨੇ 1932 ਵਿਚ ਕੁਇਟ ਇੰਡੀਆਂ ਮੂਵਮੈਂਟ ਵਿਚ ਹਿਸਾ ਲਿਆ ਸੀ। ਆਪਣੀਆਂ ਕੁਰਬਾਨੀਆਂ ਦੇ ਕਾਰਣ ਉਹ ਡਿਸਟ੍ਰਿਕਟ ਕਾਂਗਰਸ ਕਮੇਟੀ, ਗੁਰਦਾਸਪੁਰ ਦੇ ਪਰੈਜ਼ੀਡੈਂਟ ਚੁਣੇ ਗਏ। ਉਹ ਭਾਰਤ ਸੇਵਕ ਸਮਾਜ ਦੇ ਵੀ ਡਿਸਟ੍ਰਿਕਟ ਕਨਵੀਨਰ ਰਹੇ। ਉਨ੍ਹਾਂ ਦੇ ਨਿਧਨ ਨਾਲ ਕਾਂਗਰਸ ਪਾਰਟੀ ਨੂੰ ਅਤੇ ਪੰਜਾਬ ਦੀ ਜਨਤਾ ਨੂੰ ਵੀ ਬਹੁਤ ਜ਼ਿਆਦਾ ਦੁਖ ਹੋਇਆ ਹੈ ਅਤੇ ਘਾਟਾ ਪਿਆ ਹੈ। ਮੈਂ ਆਪਣੀ ਪਾਰਟੀ ਵਲੋਂ ਉਨ੍ਹਾਂ ਨੂੰ ਸ਼ਰਧਾਂਜਲੀ ਅਰਪਣ ਕਰਦੀ ਹਾਂ ਅਤੇ ਉਨ੍ਹਾਂ ਦੇ ਪਰਿਵਾਰ ਨਾਲ ਦੁਖ ਸਾਂਝਾ ਕਰਦੀ ਹਾਂ।

ਏਸੇ ਤਰ੍ਹਾਂ ਸਾਡੇ ਸਾਹਮਣੇ ਖਬਰ ਆਈ ਹੈ ਯਸ਼ਪਾਲ ਜੀ ਕਪੂਰ ਬਾਰੇ ਜੋ ਰਾਜ ਸਭਾ ਦੇ ਮੈਂਬਰ ਸਨ ਕਿ ਬਾਈ ਪਾਸ ਸਰਜਰੀ ਦੇ ਆਪਰੇਸ਼ਨ ਉਪਰੰਤ ਬਾਂਬੇ ਵਿੱਚ ਉਨ੍ਹਾਂ ਦੀ ਡੈਥ ਹੋ ਗਈ ਹੈ। ਉਨ੍ਹਾਂ ਦਾ ਵੀ ਆਜ਼ਾਦੀ ਦੇ ਅੰਦੋਲਨ ਵਿਚ ਬਹੁਤ ਉਘਾ ਰੋਲ ਹੈ। ਕੁਇਟ ਇੰਡੀਆ ਮੂਵਮੈਂਟ ਵਿੱਚ ਅਤੇ ਉਚੇਚੇ ਤੌਰ ਤੇ 1946 ਦੇ ਰਾਇਟ ਅਫੈਕਟਿਡ ਏਰੀਆ ਵਿੱਚ ਉਨ੍ਹਾਂ ਦਾ ਵੱਧ ਚੜ੍ਹ ਕੇ ਯੋਗਦਾਨ ਰਿਹਾ ਹੈ। ਨੈਸ਼ਨਲ ਹੈਰਾਲਡ ਨੂੰ ਰਿਵਾਈਵ ਕਰਨ ਲਈ ਉਨ੍ਹਾਂ ਨੇ ਬਹੁਤ ਜ਼ਿਆਦਾ ਯਤਨ ਕੀਤੇ।

[ਸ਼੍ਰੀਮਤੀ ਵਿਮਲਾ ਡਾਂਗ]

ਉਨ੍ਹਾਂ ਦੇ ਨਿਧਨ ਦੇ ਨਾਲ ਕਾਂਗਰਸ ਪਾਰਟੀ ਨੂੰ ਉਚੇਚੇ ਤੌਰ ਤੇ ਅਤੇ ਸਾਰੇ ਦੇਸ਼ ਨੂੰ ਬਹੁਤ ਵੱਡਾ ਘਾਟਾ ਪਿਆ ਹੈ। ਮੈਂ ਆਪਣੀ ਪਾਰਟੀ ਵਲੋਂ ਉਨ੍ਹਾਂ ਨੂੰ ਸ਼ਰਧਾਂਜਲੀ ਅਰਪਣ ਕਰਦੀ ਹੋਈ ਉਨ੍ਹਾਂ ਦੇ ਪਰਿਵਾਰ ਨੂੰ ਆਪਣੀਆਂ ਸ਼ੋਕ ਭਾਵਨਾਵਾਂ ਭੇਜਦੀ ਹਾਂ।

ਸਰਦਾਰ ਰਣਜੀਤ ਸਿੰਘ ਛੱਜਲਵੱਡੀ (ਖਡੂਰ ਸਾਹਿਬ, ਐਸ.ਸੀ) : ਸਪੀਕਰ ਸਾਹਿਬ, ਮੈਂ ਆਪਣੀ ਪਾਰਟੀ ਸ਼ਰੋਮਣੀ ਅਕਾਲੀ ਦਲ ਵਲੋਂ ਅਤੇ ਆਪਣੇ ਵਲੋਂ ਸਰਦਾਰ ਵਰਿਆਮ ਸਿੰਘ ਭਾਗੋ-ਵਾਲੀਆ ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਦੇ ਅੰਦੋਲਨ ਵਿੱਚ ਬਹੁਤ ਵੱਡਾ ਹਿੱਸਾ ਪਾਇਆ, ਉਨ੍ਹਾਂ ਨੂੰ ਸ਼ਰਧਾਂਜਲੀ ਅਰਪਣ ਕਰਦਾ ਹਾਂ। ਉਹ ਅੱਜ ਸਾਡੇ ਵਿੱਚ ਨਹੀਂ ਰਹੇ। ਉਨ੍ਹਾਂ ਦੀ ਮੌਤ ਤੇ ਮੈਂ ਡੂੰਘੇ ਅਫਸੋਸ ਦਾ ਪ੍ਰਗਟਾਵਾ ਕਰਦਾ ਹਾਂ। ਉਨ੍ਹਾਂ ਨੇ ਦੇਸ਼ ਦੀ ਆਜ਼ਾਦੀ ਦੀ ਖਾਤਰ ਤਿੰਨ ਵਾਰ 6 ਮਹੀਨੇ, 9 ਮਹੀਨੇ ਅਤੇ 18 ਮਹੀਨੇ ਭਾਰਤ ਛੱਡੋ ਅੰਦੋਲਨ ਵਿੱਚ ਕੈਦ ਕੱਟੀ ਅਤੇ ਉਸ ਸਮੇਂ ਵਿੱਚ 300 ਰੁਪਏ ਦੇਸ਼ ਦੀ ਖਾਤਰ ਜੁਰਮਾਨਾ ਭੁਗਤਿਆ। ਉਨ੍ਹਾਂ ਨੇ ਆਪਣਾ ਜੀਵਨ ਕਿਸਾਨੀ ਤੋਂ ਸ਼ੁਰੂ ਕੀਤਾ ਅਤੇ ਚੰਗੇ ਪਾਰਲੀਮੈਂਟੇਰੀਅਨ ਤੱਕ ਪਹੁੰਚੇ। ਉਹ ਕਈ ਐਜੂਕੇਸ਼ਨ ਸੋਸਾਇਟੀਆਂ ਦੇ ਮੈਂਬਰ ਰਹੇ। ਆਪਣੀ ਕਾਂਗਰਸ ਪਾਰਟੀ ਦੇ ਵੀ ਡਿਸਟ੍ਰਿਕਟ ਪਰੈਜ਼ੀਡੈਂਟ ਰਹੇ। ਇਹੋ ਜਿਹੇ ਉਘੇ ਵਿਅਕਤੀ ਦੀ ਮੌਤ ਤੇ ਜਿਥੇ ਕਾਂਗਰਸ ਪਾਰਟੀ ਨੂੰ ਘਾਟਾ ਪਿਆ ਅਤੇ ਦੇਸ਼ ਅਤੇ ਸੂਬੇ ਨੂੰ ਵੀ ਚੰਗੇ ਪਾਰਲੀਮੈਂਟੇਰੀਅਨ ਤੋਂ ਵਾਂਝੇ ਹੋਣਾ ਪਿਆ। ਉਨ੍ਹਾਂ ਦੀਆਂ ਕੁਰਬਾਨੀਆਂ ਅਤੇ ਦੇਸ਼ ਵਾਸਤੇ ਸੇਵਾ, ਐਜੂਕੇਸ਼ਨ ਵਾਸਤੇ ਸੇਵਾ, ਸਾਨੂੰ ਵੀ ਰਾਹ ਦਿਖਾਉਂਦੀਆਂ ਹਨ। ਸਾਨੂੰ ਉਨ੍ਹਾਂ ਤੇ ਚਲਣਾ ਚਾਹੀਦਾ ਹੈ। ਉਨ੍ਹਾਂ ਦੇ ਪਰਿਵਾਰ ਨੂੰ ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਦੁਖ ਦਾ ਸੁਨੇਹਾ ਭੇਜਦਾ ਹਾਂ ਅਤੇ ਏਡੇ ਵੱਡੇ ਦੇਸ਼ ਭਗਤ ਦੀ ਮੌਤ ਤੇ ਸਾਡੀ ਪਾਟਟੀ ਨੂੰ ਅਫਸੋਸ ਹੈ।

ਇਸੇ ਤਰ੍ਹਾਂ ਹੀ ਸ੍ਰੀ ਯਸ਼ਪਾਲ ਜੀ ਕਪੂਰ ਇਕ ਛੋਟੇ ਜਿਹੇ ਕਲਰਕ ਦੇ ਜੀਵਨ ਤੋਂ ਉਠ ਕੇ ਮਿਹਨਤ ਸਦਕਾ ਏਡੇ ਵੱਡੇ ਅਹੁਦੇ ਤੇ ਪਹੁੰਚੇ। ਇਹ ਇਕ ਚੰਗੇ ਮਹਾਨ ਵਿਅਕਤੀ ਦੇ ਹੀ ਗੁਣ ਹੋ ਸਕਦੇ ਹਨ। ਨਹੀਂ ਤਾਂ ਆਮ ਦੁਨੀਆਂ ਵਿੱਚ ਤਾਂ ਆਦਮੀ ਸਿਪਾਹੀ ਭਰਤੀ ਹੋ ਕੇ ਸਿਪਾਹੀ ਹੀ ਰਿਟਾਇਰ ਹੋ ਜਾਂਦਾ ਹੈ। ਇਹ ਕੋਈ ਖਾਸ ਵਿਅਕਤੀ ਹੀ ਹੁੰਦੇ ਹਨ ਜਿਨ੍ਹਾਂ ਵਿੱਚ ਇਹੋ ਜਿਹੇ ਗੁਣ ਪਾਏ ਜਾਂਦੇ ਹਨ ਕਿ ਦੇਸ਼ ਦੇ ਪ੍ਰਾਈਮ ਮਨਿਸਟਰ ਨਾਲ ਰਹੇ, ਉਨ੍ਹਾਂ ਦਾ ਪੂਰਾ ਕਾਨਫੀਡੈਂਸ ਪ੍ਰਾਪਤ ਕੀਤਾ, ਜਿਨ੍ਹਾਂ ਦਾ ਕਿ ਸਾਰੇ ਦੇਸ਼ ਤੇ ਕੰਟਰੋਲ ਹੁੰਦਾ ਹੈ। ਉਨ੍ਹਾਂ ਨੂੰ ਵੀ ਯੋਗ ਅਤੇ ਕਾਬਲ ਸਲਾਹ ਦਿੰਦੇ ਰਹੇ। ਫੇਰ ਰਾਜ ਸਭਾ ਦੇ ਮੈਂਬਰ ਬਣ ਕੇ ਦੇਸ਼ ਦੀ ਸੇਵਾ ਕਰਨੀ ਇਕ ਚੰਗੇ ਪਾਰਲੀਮੈਂਟੇਰੀਅਨ ਦੇ, ਚੰਗੇ ਵਿਅਕਤੀ ਦੇ ਗੁਣ ਹਨ ਜਿਹੜੇ ਸਾਡੇ ਵਿੱਚ ਅੱਜ ਨਹੀਂ ਰਹੇ। ਸਾਨੂੰ ਉਨ੍ਹਾਂ ਦੇ ਅਕਾਲ ਚਲਾਣੇ ਤੇ ਗਹਿਰਾ ਦੁਖ ਹੈ। ਮੈਂ ਫੇਰ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਉਨ੍ਹਾਂ ਨੂੰ ਸ਼ਰਧਾਂਜਲੀ ਦੇ ਫੁੱਲ ਭੇਂਟ ਕਰਦਾ ਹਾਂ ਅਤੇ ਉਨ੍ਹਾਂ ਦੇ ਪਰਿਵਾਰ ਨਾਲ ਦੁਖ ਸਾਂਝਾ ਕਰਦਾ ਹਾਂ।

ਕਾਮਰੇਡ ਤਰਸੇਮ ਜੋਧਾਂ (ਕਿਲਾ ਰਾਏਪੁਰ) : ਮਾਨਯੋਗ ਸਪੀਕਰ ਸਾਹਿਬ, ਜਥੇਦਾਰ ਵਰਿਆਮ ਸਿੰਘ ਭਾਗੋਵਾਲੀਆ ਜੀ ਦੀ ਮੌਤ ਤੇ ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਾ ਹਾਂ, ਉਨ੍ਹਾਂ ਦੇ ਪਰਿਵਾਰ ਅਤੇ ਉਨ੍ਹਾਂ ਦੇ ਦੋਸਤਾਂ ਮਿੱਤਰਾਂ ਦੇ ਦੁੱਖ ਵਿਚ ਸ਼ਾਮਲ ਹੁੰਦਾ ਹਾਂ। ਭਾਗੋਵਾਲੀਆ ਸਾਹਿਬ ਕੋਈ ਸਾਧਾਰਣ ਸ਼ਖਸ਼ੀਅਤ ਨਹੀਂ ਸਨ ਕਿਉਂਕਿ 1932 ਵਿਚ ਉਨ੍ਹਾਂ ਨੇ ਕੁਇਟ ਇੰਡੀਆ ਮੂਵਮੈਂਟ ਵਿਚ ਜੇਲ੍ਹ ਕੱਟੀ ਅਤੇ ਉਸ ਤੋਂ ਬਾਦ ਵੀ ਦੇਸ਼ ਦੀ ਆਜ਼ਾਦੀ ਦੀ ਲੜਾਈ ਵਿਚ ਉਨ੍ਹਾਂ ਲਗਾਤਾਰ ਬੜਾ ਭਾਰੀ ਯੋਗਦਾਨ ਪਾਇਆ। ਆਪਣੀ ਸੇਵਾ ਅਤੇ

ਮਿਹਨਤ ਸਦਕਾ ਉਹ ਐਮ.ਐਲ.ਏ. ਵੀ ਬਣੇ। ਜੇ ਉਹ ਇਨ੍ਹਾਂ ਉੱਚੇ ਅਹੁਦਿਆਂ ਤੇ ਗਏ ਸਨ ਤਾਂ ਆਪਣੀ ਮਿਹਨਤ ਕਰਕੇ ਗਏ ਸਨ। ਉਹ ਪੁਰਾਣੇ ਸਮਿਆਂ ਦੀ ਉਸ ਪੀੜ੍ਹੀ ਨਾਲ ਸਬੰਧ ਰੱਖਦੇ ਸਨ ਜਿਹੜੀ ਪੀੜ੍ਹੀ ਅੱਜ ਵੀ ਸਾਨੂੰ ਇਸ ਗੱਲ ਦੀ ਇੰਸਪੀਰੇਸ਼ਨ ਦਿੰਦੀ ਹੈ ਕਿ ਆਜ਼ਾਦੀ ਲਿਆਉਣ ਵਾਸਤੇ ਕਿਸ ਢੰਗ ਨਾਲ ਕੁਰਬਾਨੀ ਦੇਣੀ ਪੈਂਦੀ ਹੈ। ਇਨ੍ਹਾਂ ਲੋਕਾਂ ਨੂੰ ਬੜੇ ਦੁੱਖ ਝੱਲਣੇ ਪਏ, ਆਪਣੇ ਪਰਿਵਾਰਾਂ ਤੋਂ ਵਿਛੜਨਾ ਪਿਆ ਅਤੇ ਬੜੀਆਂ ਸਖਤ ਘਾਲਣਾਵਾਂ ਘਾਲ ਕੇ ਇਨ੍ਹਾਂ ਦੇਸ਼ ਵਾਸਤੇ ਆਜ਼ਾਦੀ ਲਿਆਂਦੀ। ਅੱਜ ਦੇ ਦੌਰ ਵਿੱਚ ਇਹੋ ਜਿਹੀਆਂ ਸ਼ਖਸ਼ੀਅਤਾਂ ਚਾਹੇ ਉਹ ਕਿਸੇ ਵੀ ਪਾਰਟੀ ਨਾਲ ਸਬੰਧ ਕਿਉਂ ਨਾ ਰੱਖਦੇ ਹੋਣ, ਦੀ ਸਖਤ ਲੋੜ ਹੈ। ਅੱਜ ਜਦ ਕਿ ਦੇਸ਼ ਦੇ ਸਾਹਮਣੇ ਬੜੇ ਖਤਰੇ ਪੈਦਾ ਹੋ ਗਏ ਹਨ, ਇਹ ਸ਼ਖਸੀਅਤਾਂ ਸਾਡੀ ਨੌਜਵਾਨ ਪੀੜੀ ਨੂੰ ਮਾਰਗ ਦਰਸਾ ਸਕਦੀਆਂ ਹਨ । ਜਥੇਦਾਰ ਵਰਿਆਮ ਸਿੰਘ ਭਾਗੋਵਾਲੀਆ ਜਿਸ ਉਚੇ ਆਹੁਦੇ ਤੇ ਪਹੁੰਚੇ ਸਨ, ਉਸ ਆਹੁਦੇ ਤੇ ਉਹ ਚਾਪਲੂਸੀ ਕਰਕੇ ਨਹੀਂ ਸਗੋਂ ਸਖਤ ਮਿਹਨਤ ਕਰਕੇ, ਕੁਰਬਾਨੀਆਂ ਦੇ ਕੇ ਅਤੇ ਘਾਲਣਾ ਘਾਲ ਕੇ ਪਹੁੰਚੇ ਸਨ। ਨਵੀਂ ਪੀੜੀ ਨੂੰ ਉਨ੍ਹਾਂ ਦੀ ਜ਼ਿੰਦਗੀ ਤੋਂ ਉਤਸ਼ਾਹ ਲੈਣਾ ਚਾਹੀਦਾ ਹੈ, ਇਸ ਪੀੜੀ ਨੂੰ ਇਨ੍ਹਾਂ ਦੀਆਂ ਕੁਰਬਾਨੀਆਂ ਤੋਂ ਐਜੂਕੇਟ ਕਰਨਾ ਚਾਹੀਦਾ ਹੈ ਕਿ ਕਿਸ ਤਰੀਕੇ ਨਾਲ ਉਹ ਇਸ ਉਚੀ ਪਧਰ ਤੇ ਪਹੁੰਚੇ ਸਨ। ਮੈਂ ਦੁਬਾਰਾ ਉਨ੍ਹਾਂ ਦੀ ਮੌਤ ਤੇ ਸ਼ੋਕ ਪ੍ਰਗਟ ਕਰਦਾ ਹੋਇਆ ਉਨ੍ਹਾਂ ਨੂੰ ਆਪਣੀ ਸ਼ਰਧਾਂਜਲੀ ਭੇਂਟ ਕਰਦਾ ਹਾਂ।

ਇਸੇ ਤਰ੍ਹਾਂ ਹੀ ਸ੍ਰੀ ਯਸ਼ਪਾਲ ਕਪੂਰ ਜੀ ਵੀ ਇਕ ਉਚੀ ਸ਼ਖਸ਼ੀਅਤ ਦੇ ਮਾਲਕ ਸਨ । ਟਾਈਪਿਸਟ ਇਕ ਸਾਧਾਰਣ ਜਿਹਾ ਆਦਮੀ ਹੁੰਦਾ ਹੈ ਲੇਕਿਨ ਉਹ ਇਕ ਥੱਲੇ ਦੇ ਲੈਵਲ ਤੋਂ ਉਠ ਕੇ, ਇਕ ਟਾਈਪਿਸਟ ਦੇ ਲੈਵਲ ਤੋਂ ਉਠ ਕੇ ਬਹੁਤ ਉਚੇ ਆਹੁਦੇ ਤੱਕ ਪਹੁੰਚ ਗਏ। 1946 ਵਿਚ ਜਿਸ ਵੇਲੇ ਰਾਇਟਸ ਹੋਏ, ਉਨ੍ਹਾਂ ਬੜੀ ਮਿਹਨਤ ਕੀਤੀ। ਇਸ ਤੋਂ ਇਲਾਵਾ, ਮੀਜ਼ੋ ਸਮੱਸਿਆ, ਜਿਸ ਦਾ ਆਗੂ ਲਾਲ ਡੇਂਗਾ ਸੀ, ਦਾ ਹੱਲ ਕਰਨ ਵਿਚ ਉਨ੍ਹਾਂ ਬੜਾ ਯੋਗਦਾਨ ਪਾਇਆ । ਉਹ ਬਹੁਤ ਥੱਲੇ ਦੀ ਪੱਧਰ ਤੋਂ ਉਠ ਕੇ, ਆਪਣੀ ਮਿਹਨਤ ਸਦਕਾ, ਆਪਣੀ ਲਿਆਕਤ ਸਦਕਾ ਉਚੇ ਆਹੁਦੇ ਤੱਕ ਗਏ ਸਨ। ਉਨ੍ਹਾਂ ਦੇ ਇਸ ਅਕਾਲ ਚਲਾਣੇ ਤੇ ਮੈਂ ਉਨ੍ਹਾਂ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ਅਤੇ ਉਨ੍ਹਾਂ ਦੇ ਪਰਿਵਾਰ ਦੇ ਦੁੱਖ ਵਿਚ ਆਪਣੀ ਪਾਰਟੀ ਸਮੇਤ ਸ਼ਾਮਲ ਹੁੰਦਾ ਹਾਂ ।

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ (ਬਾਘਾ ਪੁਰਾਣਾ): ਸਪੀਕਰ ਸਾਹਿਬ, ਜਥੇਦਾਰ ਵਰਿਆਮ ਸਿੰਘ ਭਾਗੋਵਾਲੀਆ ਇਸ ਸਦਨ ਦੇ 3 ਵਾਰ ਮੈਂਬਰ ਰਹੇ ਅਤੇ ਆਪਣੀ ਪੂਰੀ ਟਰਮ ਕੱਟ ਕੇ ਗਏ ਉਹ ਬੜੇ ਪੁਰਾਣੇ ਸਮੇਂ ਦੇ ਆਜ਼ਾਦੀ ਦੇ ਘੁਲਾਟੀਏ ਸਨ । ਉਨ੍ਹਾਂ ਦੀ ਕੁਆਲੀਫੀਕੇਸ਼ਨ ਉਸ ਪੁਰਾਣੇ ਜ਼ਮਾਨੇ ਵਿਚ ਵੀ ਐਫ.ਏ. ਸੀ। ਉਸ ਵੇਲੇ ਇਹ ਕੋਈ ਘੱਟ ਕੁਆਲੀਫੀਕੇਸ਼ਨ ਨਹੀਂ ਸੀ । ਇੰਨੀ ਕੁਆਲੀਫੀਕੇਸ਼ਨ ਉਸ ਵੇਲੇ ਬੜੀ ਅਹਿਮੀਅਤ ਰੱਖਦੀ ਸੀ। ਉਨ੍ਹਾਂ ਕੁਇਟ ਇੰਡੀਆਂ ਮੂਵਮੈਂਟ ਵਿਚ ਹਿੱਸਾ ਲੈ ਕੇ ਦੇਸ਼ ਨੂੰ ਆਜ਼ਾਦ ਕਰਵਾਇਆ । ਅੱਜ ਉਨ੍ਹਾਂ ਦੀਆਂ ਕੁਰਬਾਨੀਆਂ ਸਦਕਾ ਹੀ ਸਾਡਾ ਦੇਸ਼, ਸਾਡਾ ਹਿੰਦੁਸਤਾਨ ਵਧ ਫੁੱਲ ਰਿਹਾ ਹੈ। ਅੱਜ ਜਦ ਕਿ ਸਾਡਾ ਦੇਸ਼ ਬੜੀਆਂ ਔਖੀਆਂ ਘੜੀਆਂ ਵਿਚੋਂ ਲੰਘ ਰਿਹਾ ਹੈ, ਫੰਡਾਮੈਂਟਲਿਜ਼ਮ ਆਪਣਾ ਸਿਰ ਚੁੱਕ ਰਿਹਾ ਹੈ ਅਤੇ ਕਈ ਦੇਸ਼ ਵਿਰੋਧੀ ਤਾਕਤਾਂ ਦੇਸ਼ ਨੂੰ ਖੇਰੂੰ ਖੇਰੂੰ ਕਰਨ ਵਿਚ ਲੱਗੀਆਂ ਹੋਈਆਂ ਹਨ; ਐਸੇ ਸਮੇਂ ਵਿਚ ਅਸੀਂ ਉਨ੍ਹਾਂ ਦੇ ਕਿਰਦਾਰ ਤੋਂ ਪਰੇਰਨਾ ਲੈ ਸਕਦੇ ਹਾਂ। ਅੱਜ ਦੇ ਮੁਸ਼ਕਲ ਸਮੇਂ ਵਿਚ ਸਾਨੂੰ ਉਨ੍ਹਾਂ ਦੀ ਜ਼ਿਆਦਾ ਲੋੜ ਸੀ। ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਇਹੋ ਹੋਵੇਗੀ ਕਿ ਹਿੰਦੁਸਤਾਨ ਦੇ ਉਹ ਲੋਕ ਜੋ ਗਲਤ ਰਾਹ ਤੇ ਪਏ ਹੋਏ ਹਨ, ਉਨ੍ਹਾਂ ਦੇ ਜੀਵਨ ਤੋਂ ਕੁਝ ਸਿੱਖਣ ਅਤੇ ਉਨ੍ਹਾਂ ਵਲੋਂ ਦਰਸਾਏ ਹੋਏ

[ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ]

ਰਾਹ ਤੇ ਚੱਲ ਕੇ ਇਸ ਦੇਸ਼ ਨੂੰ ਇਕ ਮੁੱਠ ਰੱਖਣ ਦੀ ਕੋਸ਼ਿਸ਼ ਕਰਨ। ਉਨ੍ਹਾਂ ਦੇ ਪਾਏ ਪੂਰਨਿਆਂ ਤੇ ਅੱਜ ਸਾਨੂੰ ਚਲਣਾ ਚਾਹੀਦਾ ਹੈ। ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਜਥੇਦਾਰ ਭਾਗੋ-ਵਾਲੀਆ ਜੀ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਸਪੀਕਰ ਸਾਹਿਬ, ਇਸ ਤੋਂ ਅੱਗੇ ਸ੍ਰੀ ਯਸ਼ਪਾਲ ਕਪੂਰ ਜੀ ਇਕ ਛੋਟੇ ਜਿਹੇ ਰੁਤਬੇ ਤੋਂ ਉਪਰ ਉਠਕੇ ਵੱਡੀ ਪਦਵੀਂ ਤੱਕ ਗਏ। ਸਭ ਤੋਂ ਵੱਡੀ ਗੱਲ ਉਨ੍ਹਾਂ ਦੀ ਇਹ ਸੀ ਕਿ ਉਹ ਇਹ ਸੋਸ਼ਲਿਸ-ਟਿਕ ਵਿਚਾਰਧਾਰਾ ਦਾ ਆਦਮੀ ਸੀ। ਉਸ ਵੇਲੇ ਸੋਸ਼ਲਿਸਟਿਕ ਵਿਚਾਰਧਾਰਾ ਦੀ ਬਹੁਤ ਲੋੜ ਸੀ। ਕਾਂਗਰਸ ਪਾਰਟੀ ਦੇ ਵਿੱਚ ਸੋਸ਼ਲਿਸਟ ਸੋਚ ਦੀ ਲੋੜ ਸੀ ਔਰ ਸ੍ਰੀ ਯਸ਼ਪਾਲ ਕਪੂਰ ਜੀ ਨੇ ਸੋਸ਼ਲਿਸ-ਟਿਕ ਪੈਟਰਨ ਨੂੰ ਕਾਂਗਰਸ ਪਾਰਟੀ ਦੇ ਵਿੱਚ ਲਾਗੂ ਕਰਾਉਣ ਦੇ ਵਿੱਚ ਕਾਂਗਰਸ ਦੀਆਂ ਨੀਤੀਆਂ ਨੂੰ ਸੋਸ਼ਲਿਸਟਿਕ ਪੈਟਰਨ ਤੇ ਚਲਾਉਣ ਦੇ ਲਈ ਬਹੁਤ ਹੀ ਵੱਡਾ ਅਤੇ ਸ਼ਲਾਘਾਯੋਗ ਯੋਗਦਾਨ ਪਾਇਆ, ਜਿਹੜਾ ਕਿ ਬਹੁਤ ਹੀ ਮਹੱਤਵਪੂਰਨ ਕਦਮ ਸੀ। ਸੋ, ਮੈਂ ਆਪਣੇ ਵਲੋਂ, ਆਪਣੀ ਪਾਰਟੀ ਵਲੋਂ ਯਸ਼ਪਾਲ ਜੀ ਕਪੂਰ ਜਿਹੜੇ ਕਿ ਸਾਡੇ ਵਿੱਚ ਨਹੀਂ ਰਹੇ ਉਨ੍ਹਾਂ ਦੇ ਪਰਵਾਰ ਨਾਲ ਆਪਣਾ ਅਫਸੋਸ ਜ਼ਾਹਿਰ ਕਰਦਾ ਹਾਂ ਔਰ ਇਨ੍ਹਾਂ ਦੋਹਾਂ ਉਘੀਆਂ ਸ਼ਖਸ਼ੀਅਤਾਂ ਭਾਗੋਵਾਲੀਆ ਜੀ ਅਤੇ ਯਸ਼ਪਾਲ ਕਪੂਰ ਜੀ ਦੇ ਪਰਵਾਰਾਂ ਨਾਲ ਦੁਖ ਦਾ ਪ੍ਰਗਟਾਵਾ ਕਰਦਾ ਹਾਂ ਅਤੇ ਵਾਹਿਗੁਰੂ ਅੱਗੇ ਅਰਦਾਸ ਕਰਦਾ ਹਾਂ ਕਿ ਇਨ੍ਹਾਂ ਦੋਨਾਂ ਸ਼ਖਸ਼ੀਅਤਾਂ ਨੂੰ ਆਪਣੇ ਚਰਨਾਂ ਦੇ ਵਿੱਚ ਨਿਵਾਸ ਬਖਸ਼ੇ ਅਤੇ ਸਾਰਿਆਂ ਨੂੰ ਇਹ ਭਾਣਾ ਮੰਨਣ ਦਾ ਬਲ ਬਖਸ਼ੇ।

ਕਾਮਰੇਡ ਬਲਦੇਵ ਸਿੰਘ ਬਲਮਗੜ੍ਹ (ਮਲੋਟ, ਐਸ.ਸੀ) : ਸਪੀਕਰ ਸਾਹਿਬ, ਮੈਂ ਆਪਣੀ ਪਾਰਟੀ ਵੱਲੋਂ ਜਥੇਦਾਰ ਵਰਿਆਮ ਸਿੰਘ ਭਾਗੋਵਾਲੀਆ ਹੋਰਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ। ਸਰਦਾਰ ਵਰਿਆਮ ਸਿੰਘ ਹੋਰੀਂ ਉਘੇ ਦੇਸ਼ ਭਗਤ ਸਨ ਔਰ ਉਸ ਪੀੜੀ ਵਿੱਚੋਂ ਸਨ ਜਿਸ ਪੀੜੀ ਨੇ ਸਾਡੇ ਦੇਸ਼ ਨੂੰ ਅਜ਼ਾਦੀ ਦਵਾਈ ਔਰ ਉਹ ਲੀਹਾਂ ਪਾਈਆਂ, ਉਹ ਪਿਰਤਾਂ ਪਾਈਆਂ ਇਮਾਨਦਾਰੀ ਦੀਆਂ ਅਤੇ ਲੋਕਾਂ ਦੇ ਅੰਦਰ ਚੰਗੇ ਚਾਲ-ਚੱਲਣ ਦੀਆਂ ਕਿ ਅਸੀਂ ਸਾਰੇ ਉਨ੍ਹਾਂ ਤੋਂ ਚਾਨਣ ਮੁਨਾਰੇ ਦਾ ਕੰਮ ਲੈ ਸਕੇ। ਜਥੇਦਾਰ ਸਾਹਿਬ ਤਿੰਨ ਵਾਰ ਅਸੈਂਬਲੀ ਦੇ ਮੈਂਬਰ ਰਹੇ ਉਹ ਵੱਖ ਵੱਖ ਐਜੂਕੇਸ਼ਨਲ ਇੰਸਟੀਚਿਊਸ਼ਨਜ਼ ਦੇ ਹੈਡ ਰਹੇ ਔਰ ਵੱਖ ਵੱਖ ਸੰਗਠਨਾਂ ਵਿੱਚ, ਵੱਖ ਵੱਖ ਪੋਸਟਾਂ ਤੇ ਰਹੇ ਅਤੇ ਬਹੁਤ ਹੀ ਸਿਆਣੇ ਢੰਗ ਨਾਲ ਕੰਮ ਕਰਦੇ ਰਹੇ, ਉਨ੍ਹਾਂ ਦੇ ਵਿਛੜ ਜਾਣ ਨਾਲ ਸਾਡੇ ਸਮਾਜ ਨੂੰ ਖਾਸ ਕਰਕੇ, ਸਾਡੇ ਹਿੰਦੁਸਤਾਨ ਦੀ ਉਸ ਸਿਆਸਤ ਨੂੰ ਜਿਹੜੀ ਸਿਆਸਤ ਦੀ ਅੱਜ ਬਹੁਤ ਜ਼ਿਆਦਾ ਲੋੜ ਹੈ ਕਿ ਦੇਸ਼ ਦੀ ਏਕਤਾ ਅਤੇ ਅਖੰਡਤਾ ਦੀ ਖਾਤਰ ਸਮਾਜਵਾਦ ਦੀ ਖਾਤਰ ਉਹ ਲੜਾਈ ਲੜੀ ਇਸ ਕਰਕੇ ਉਨ੍ਹਾਂ ਦੇ ਚਲਾਣੇ ਨਾਲ ਸਾਡੇ ਸਮਾਜ ਨੂੰ ਸਾਡੇ ਦੇਸ਼ ਨੂੰ ਔਰ ਖਾਸ ਕਰਕੇ ਪੰਜਾਬ ਨੂੰ ਬਹੁਤ ਘਾਟਾ ਪਿਆ ਹੈ।

ਇਸੇ ਤਰ੍ਹਾਂ ਕਪੂਰ ਸਾਹਿਬ ਬਾਰੇ ਸਾਰੇ ਸਾਥੀਆਂ ਨੇ ਕਿਹਾ ਹੈ ਔਰ ਸਾਰਿਆਂ ਨੂੰ ਪਤਾ ਹੈ ਕਿ ਉਹ ਇਕ ਛੋਟੇ ਜਿਹੇ ਆਹੁਦੇ ਤੋਂ ਉਠ ਕੇ ਇਕ ਪ੍ਰਾਈਮ ਮਨਿਸਟਰ ਦੇ ਏਨਾ ਨੇੜੇ ਰਹੇ ਕਿ ਉਹ ਉਨ੍ਹਾਂ ਦੇ ਪੁਲੀਟੀਕਲ ਸੈਕਟਰੀ ਵੀ ਰਹੇ ਔਰ ਨੈਸ਼ਨਲ ਹੈਰਾਲਡ ਅਖਬਾਰਾਂ ਨੂੰ ਦੁਬਾਰਾ ਸ਼ੁਰੂ ਕਰਨ ਵਿੱਚ ਉਨ੍ਹਾਂ ਦਾ ਯੋਗਦਾਨ ਰਿਹਾ। ਪਾਰਲੀਮੈਂਟ ਦੇ ਮੈਂਬਰ ਤੋਂ ਲੈ ਕੇ ਵੱਖ ਵੱਖ ਅਹੁਦਿਆਂ ਤੇ ਔਰ ਸਾਡੇ ਵੱਖ ਵੱਖ ਪ੍ਰਾਈਮ ਮਨਿਸਟਰਾਂ ਨਾਲ ਉਹ ਕੰਮ ਕਰਦੇ ਰਹੇ। 1965 ਦੀ ਜੰਗ ਦੇ ਦੌਰਾਨ ਉਨ੍ਹਾਂ ਨੇ ਜੰਗ ਦੀ ਰਿਪੋਰਟਿੰਗ ਵਿੱਚ ਉਘਾ ਹਿੱਸਾ ਪਾਇਆ ਔਰ ਉਹ ਸੱਚੇ ਸੁੱਚੇ ਸਮਾਜਵਾਦੀ ਸਨ। ਕਾਂਗਰਸ

ਪਾਰਟੀ ਦੇ ਅੰਦਰ ਜਿਹੜੇ ਅਗਾਂਹ ਵਧੂ ਫੋਰਮਜ਼ ਹਨ ਉਨ੍ਹਾਂ ਨੂੰ ਸਥਾਪਿਤ ਕਰਨ ਵਿੱਚ ਉਨ੍ਹਾਂ ਦਾ ਉਘਾ ਹਿੱਸਾ ਰਿਹਾ ਔਰ ਉਨ੍ਹਾਂ ਦੀ ਖਾਸ ਗੱਲ ਇਹ ਹੈ ਕਿ ਸੈਕੂਲਰਿਜ਼ਮ ਔਰ ਸੋਸ਼ਲਿਜ਼ਮ ਵਿੱਚ ਡੂੰਘਾ ਵਿਸ਼ਵਾਸ ਰੱਖਦੇ ਸਨ। ਉਨ੍ਹਾਂ ਦੇ ਤੁਰ ਜਾਣ ਨਾਲ ਸਾਡੀਆਂ ਧਰਮ ਨਿਰਪੱਖ ਸ਼ਕਤੀਆਂ ਨੂੰ, ਸਾਡੇ ਦੇਸ਼ ਦੀ ਸਿਆਸਤ ਨੂੰ ਔਰ ਸਮਾਜਵਾਦ ਨੂੰ ਬਹੁਤ ਘਾਟਾ ਪਿਆ। ਮੈਂ ਇਨ੍ਹਾਂ ਦੋਹਾਂ ਸ਼ਖਸ਼ੀਅਤਾਂ ਨੂੰ ਆਪਣੀ ਪਾਰਟੀ ਵਲੋਂ, ਆਪਣੇ ਵੱਲੋਂ ਇਕ ਵਾਰ ਫਿਰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ਅਤੇ ਸਬੰਧਤ ਪਰਿਵਾਰਾਂ ਦੇ ਦੁੱਖ ਵਿੱਚ ਸ਼ਰੀਕ ਹੁੰਦਾ ਹਾਂ। ਮੈਂ ਇਸ ਮੱਤੇ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ।

ਸ੍ਰੀ ਸਪੀਕਰ: ਬੜੇ ਦੁੱਖ ਦੀ ਗੱਲ ਹੈ ਜੀ ਕਿ ਦੋ ਐਸੇ ਵਿਅਕਤੀ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ ਜਿਨ੍ਹਾਂ ਦਾ ਖਲਾਅ ਪੂਰਾ ਕਰਨਾ ਬਹੁਤ ਹੀ ਮੁਸ਼ਕਲ ਹੈ। ਮੇਰੀ ਮੁਰਾਦ ਜਥੇਦਾਰ ਵਰਿਆਮ ਸਿੰਘ ਜੀ ਤੋਂ ਅਤੇ ਸ੍ਰੀ ਯਸ਼ਪਾਲ ਕਪੂਰ ਜੀ ਤੋਂ ਹੈ। ਜਥੇਦਾਰ ਵਰਿਆਮ ਸਿੰਘ ਹੋਰੀਂ ਤਿੰਨ ਦਫਾ ਇਸ ਹਾਊਸ ਦੇ ਮੈਂਬਰ ਰਹੇ। 1972 ਤੋਂ 1977 ਤੱਕ ਮੈਨੂੰ ਵੀ ਉਨ੍ਹਾਂ ਦੇ ਨਾਲ ਕੰਮ ਕਰਨ ਦਾ ਮੌਕਾ ਮਿਲਿਆ। ਉਹ ਬੜੇ ਨਿੱਘੇ ਇਨਸਾਨ ਸਨ। ਸੱਚੇ, ਸਾਫ-ਸੁਥਰੇ, ਇਮਾਨਦਾਰ ਇਨਸਾਨ ਸਨ। ਉਨ੍ਹਾਂ ਨੇ ਆਪਣੇ ਦਾਮਨ ਨੂੰ ਦਾਗ ਨਾ ਲਗਣ ਦਿੱਤਾ ਔਰ ਉਨ੍ਹਾਂ ਨੇ ਆਜ਼ਾਦੀ ਦੀ ਲੜਾਈ ਲੜੀ ਅਤੇ ਉਸ ਦੇ ਵਿੱਚ ਜਿਉਂ ਜਿਉਂ ਸਮਾਂ ਮਿਲਦਾ ਰਿਹਾ, ਹਿੱਸਾ ਪਾਉਂਦੇ ਰਹੇ। 6 ਮਹੀਨੇ ਇਕ ਦਫਾ ਕੈਦ ਕੱਟੀ। 9 ਮਹੀਨੇ ਇਕ ਦਫਾ ਕੈਦ ਕੱਟੀ। ਕੁਇੱਟ ਇੰਡੀਆ ਮੂਵਮੈਂਟ ਵਿੱਚ ਉਹ ਫਿਰ ਡੇਢ ਸਾਲ ਡਿਟੇਨ ਰਹੇ, ਜੁਰਮਾਨੇ ਵੀ ਦਿੱਤੇ, ਕੁਰਬਾਨੀਆਂ ਵੀ ਕੀਤੀਆਂ। ਅੱਜ ਅਸੀਂ ਜਿਹੜੀ ਅਜ਼ਾਦੀ ਦੇਖ ਰਹੇ ਹਾਂ ਉਹ ਇਹੋ ਜਿਹੇ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਦਾ ਹੀ ਨਤੀਜਾ ਹੈ। ਅੱਜ ਉਹ ਸਾਡੇ ਵਿੱਚ ਨਹੀਂ ਰਹੇ ਔਰ ਉਨ੍ਹਾਂ ਦਾ ਖਲਾਅ ਸਾਰੇ ਅਤੇ ਖਾਸ ਤੌਰ ਤੇ ਇਹ ਸਦਨ ਜ਼ਰੂਰ ਮਹਿਸੂਸ ਕਰਦਾ ਹੈ। ਉਨ੍ਹਾਂ ਨੇ ਕੁਝ ਬੜੀਆਂ ਚੰਗੀਆਂ ਲੀਹਾਂ ਛੱਡੀਆਂ, ਜਿਹੜੀਆਂ ਸਾਡੇ ਸਾਰਿਆਂ ਲਈ ਚਾਨਣ-ਮੁਨਾਰਾ ਹਨ।

ਇਸੇ ਤਰ੍ਹਾਂ ਕਪੂਰ ਸਾਹਿਬ ਸੈਲਫ-ਮੇਡ ਆਦਮੀ ਸਨ, ਜਿਨ੍ਹਾਂ ਨੇ ਆਪਣੀ ਮੈਰਿਟ ਤੇ ਤਰੱਕੀ ਪਾਈ। ਰਾਜ ਸਭਾ ਦੇ ਮੈਂਬਰ ਬਣੇ। ਆਲ ਇੰਡੀਆ ਕਾਂਗਰਸ ਕਮੇਟੀ ਦੀ ਸੈਂਟਰਲ ਕੰਪੇਨ ਦੇ ਉਹ ਜਨਰਲ ਸੈਕਟਰੀ ਰਹੇ। ਹੈਰਲਡ ਹਰਾਲਡ ਅਖਬਾਰ ਜਿਹੜਾ ਕਿ ਪਾਰਟੀ ਦਾ ਸਪੋਕਸਮੈਨ ਸੀ, ਉਸ ਨੂੰ ਐਡਿਟ ਕਰਦੇ ਰਹੇ। ਮਿਜ਼ੋਰਮ ਵਿੱਚ ਬੜਾ ਪੁਰਾਣਾ ਝਗੜਾ ਚਲਿਆ ਆਉਂਦਾ ਸੀ, ਉਥੇ ਅਸ਼ਾਂਤੀ ਸੀ। ਉਨ੍ਹਾਂ ਨੂੰ ਉਥੇ ਲਗਾਇਆ ਤਾਂ ਉਨ੍ਹਾਂ ਨੇ ਉਥੇ ਬੜਾ ਉਘਾ ਹਿੱਸਾ ਪਾਇਆ, ਸ਼ਾਂਤੀ ਲਿਆਂਦੀ ਔਰ ਉਹ ਸੂਬਾ ਹੁਣ ਅਮਨ ਅਤੇ ਚੈਨ ਵਿੱਚ ਹੈ। ਇਸ ਤੋਂ ਇਲਾਵਾ ਉਹ ਜਿਸ ਦੇ ਵੀ ਨਾਲ ਰਹੇ, ਸਾਬਤ ਕਦਮ ਰਹੇ, ਦੋਸਤ ਨਿਵਾਜ਼ ਰਹੇ। ਜਿਸ ਦੇ ਵੀ ਨਾਲ ਚਲੇ ਅਤੇ ਕੰਮ ਕੀਤਾ, ਵਫਾਦਾਰੀ ਦਾ ਸਬੂਤ ਦਿੱਤਾ। ਇਹ ਉਨ੍ਹਾਂ ਦੀਆਂ ਖੂਬੀਆਂ ਸਨ। ਮੈਂ ਲੀਡਰ ਆਫ ਦੀ ਹਾਊਸ ਦੇ ਨਿੱਘੇ ਜਜ਼ਬਾਤਾਂ ਨਾਲ ਮੁਤਫਿਕ ਹੁੰਦਾ ਹੋਇਆ ਔਰ ਅਪੋਜੀਸ਼ਨ ਪਾਰਟੀਆਂ ਦੇ ਲੀਡਰ ਸਾਹਿਬਾਨ ਦੇ ਖਿਆਲਾਤ ਨਾਲ ਸਹਿਮਤ ਹੁੰਦਾ ਹੋਇਆ ਮੈਂ ਵੀ ਇਸ ਦੁੱਖ ਵਿੱਚ ਸ਼ਰੀਕ ਹੁੰਦਾ ਹਾਂ। ਹੁਣ ਮੈਂ ਰਿਕੁਐਸਟ ਕਰਾਂਗਾ ਅਸੀਂ ਸਾਰੇ ਦੋ ਮਿੰਟ ਦਾ ਮੌਨ ਧਾਰਨ ਕਰੀਏ ਅਤੇ ਇਕ ਰੈਜੋਲਿਊਸ਼ਨ ਪਾਸ ਕਰਕੇ ਦੁਖੀ ਪਰਿਵਾਰਾਂ ਨੂੰ ਭੇਜੀਏ।

(ਇਸ ਸਮੇਂ ਸਦਨ ਵਿਚ ਹਾਜ਼ਰ ਸਾਰੇ ਮੈਂਬਰ ਸਾਹਿਬਾਨ ਨੇ ਦੋ ਮਿੰਟ ਦਾ ਮੌਨ ਧਾਰਣ ਕੀਤਾ)

RESOLUTION RE. SETTING UP MORE HEAVY INDUSTRY IN THE STATE

Mr. Speaker : Shri Jai Kishan Saini, M.L.A., to move the Resolution.

Shri Jai Kishan Saini (Jalandhar Central) : Sir, I beg to move—

This House recommends to the State Government to approach the Central Government for setting up more Heavy Industry in the State.

ਸਪੀਕਰ ਸਾਹਿਬ, ਸਾਰੇ ਪੰਜਾਬ ਨਿਵਾਸੀ ਜਾਂ ਜਿਥੇ ਵੀ ਕੋਈ ਪੰਜਾਬੀ ਹਿੰਦੁਸਤਾਨ ਦੇ ਕਿਸੇ ਕੋਨੇ ਵਿੱਚ ਅਤੇ ਬਾਹਰ ਵੀ, ਇਹ ਸਾਰੇ ਹੀ, ਸਰਦਾਰ ਬੇਅੰਤ ਸਿੰਘ ਜੀ ਦੇ ਬੜੇ ਮਸ਼ਕੂਰ ਹਨ ਅਤੇ ਉਨ੍ਹਾਂ ਨੂੰ ਮਸੀਹਾ ਦੇ ਤੌਰ ਤੇ ਯਾਦ ਕਰਦੇ ਹਨ। ਅੱਜ ਜੋ ਸਾਨੂੰ ਉਨ੍ਹਾਂ ਨੇ ਨਵੀਂ ਜ਼ਿੰਦਗੀ ਅਤੇ ਨਵਾਂ ਮਾਹੌਲ ਦਿੱਤਾ ਹੈ ਜਿਸਦੇ ਸਦਕਾ ਅਸੀਂ ਅੱਜ ਆਪਣੀਆਂ ਗੱਲਾਂ ਹਾਊਸ ਦੇ ਵਿੱਚ ਕਰ ਰਹੇ ਹਾਂ। ਤੁਹਾਨੂੰ ਯਾਦ ਹੋਵੇਗਾ ਕਿ ਪਹਿਲਾਂ ਜੋ ਵਪਾਰੀ ਮਦਰਾਸ, ਬੰਬਈ ਜਾਂ ਹੋਰ ਬਾਹਰਲੇ ਸ਼ਹਿਰਾਂ ਤੋਂ ਪੰਜਾਬ ਵਿੱਚ ਆਉਣ ਤੋਂ ਡਰਦੇ ਸਨ ਅਤੇ ਦਿੱਲੀ ਹੀ ਬੈਠ ਕੇ ਵਾਪਸ ਚਲੇ ਜਾਂਦੇ ਸਨ। ਪਰ ਅੱਜ ਉਹ ਪੰਜਾਬ ਦੇ ਵਿੱਚ ਆ ਕੇ ਬਿਜਨੈਸ ਕਰਨ ਲਈ ਤਿਆਰ ਹਨ ਅਤੇ ਇੱਥੇ ਆ ਕੇ ਕੋਈ ਨਾ ਕੋਈ ਯੂਨਿਟ ਲਗਾਉਣਾ ਚਾਹੁੰਦੇ ਹਨ। ਅੱਜ ਹਿੰਦੁਸਤਾਨ ਤੋਂ ਬਾਹਰ ਜਿਹੜੇ ਸਾਡੇ ਪੰਜਾਬ ਦੇ ਲੋਕ ਗਏ ਹੋਏ ਹਨ ਉਹ ਆਪਣੇ ਆਪਣੇ ਪਿੰਡ 10-10, 12-12 ਸਾਲਾਂ ਤੋਂ ਬਾਅਦ ਦੇਖਣ ਆਏ ਹਨ ਅਤੇ ਦੇਖਣ ਤੋਂ ਬਾਅਦ ਉਨ੍ਹਾਂ ਦੀ ਕੋਸ਼ਿਸ਼ ਇਹ ਹੈ ਕਿ ਪੰਜਾਬ ਵਿੱਚ ਕੋਈ ਨਾ ਕੋਈ ਇੰਡਸਟਰੀ ਲਾਈਏ ਅਤੇ ਐਸਾ ਕੋਈ ਬਿਜਨਸ ਚਾਲੂ ਕਰੀਏ। ਅੱਜ ਪੰਜਾਬ ਦੇ ਵਿੱਚ ਜਿਹੜਾ ਖੌਫ ਔਰ ਡਰ ਦਾ ਮਾਹੌਲ ਸੀ, ਜਿਹੜੇ ਕਾਲੇ ਬਦਲ ਸਨ ਉਹ ਖਤਮ ਹੋ ਗਏ ਹਨ। ਅੱਜ ਇੱਕ ਨਵਾਂ ਸੂਰਜ ਉਦੈ ਹੋ ਰਿਹਾ ਹੈ। ਅੱਜ ਸਾਰੇ ਪਾਸੇ ਖੁਸ਼ੀਆਂ ਖੇੜੇ, ਮੇਲੇ ਔਰ ਤਿਉਹਾਰ ਬੜੇ ਜੋਸ਼ ਨਾਲ ਮਨਾਏ ਜਾ ਰਹੇ ਹਨ। ਅੱਜ ਹਿੰਦੁਸਤਾਨ ਔਰ ਪੰਜਾਬ ਵਿੱਚ ਇਕ ਐਸਾ ਵਾਤਾਵਰਣ ਆ ਰਿਹਾ ਹੈ ਕਿ ਹਰ ਕੋਈ ਪੰਜਾਬ ਦੇ ਵਿਚ ਆਪਣਾ ਪੈਸਾ ਇਨਵੈਸਟ ਕਰਨ ਲਈ ਤਿਆਰ ਹੈ। ਪਿਛਲੇ ਸਾਲ ਦੇ ਵਿੱਚ ਜੋ ਸਾਡੀ ਸਰਕਾਰ ਨੇ ਬਜ਼ਟ ਸੈਸ਼ਨ ਦੇ ਵਿੱਚ ਵਾਇਦੇ ਕੀਤੇ ਸੀ ਉਹ ਪੂਰੇ ਹੋਏ ਹਨ ਅਤੇ ਮੈਂ ਸੀ.ਐਮ. ਸਾਹਿਬ ਦਾ ਔਰ ਉਨ੍ਹਾਂ ਦੀ ਸਰਕਾਰ ਦਾ ਬੜਾ ਧੰਨਵਾਦੀ ਹਾਂ, ਸਾਰੇ ਬਿਉਪਾਰੀਆਂ ਵਲੋਂ, ਕਿਉਂਕਿ ਪਿਛਲੇ ਸੈਸ਼ਨ ਵਿੱਚ ਇਹ ਡੀਮਾਂਡ ਕੀਤੀ ਗਈ ਸੀ ਕਿ ਨਾਲ ਦੀਆਂ ਗੁਆਂਢੀ ਸਟੇਟਾਂ ਜੋ ਹਨ, ਉਨ੍ਹਾਂ ਦੇ ਬਰਾਬਰ ਸੇਲਜ਼ ਟੈਕਸ ਕੀਤਾ ਜਾਵੇ, ਮਾਰਕੀਟ ਫੀਸ ਘਟਾਈ ਜਾਵੇ ਔਰ ਜੋ ਅਸੀਂ ਦਾਲਾਂ ਵਗੈਰਾ ਇਮਪੋਰਟ ਕਰਦੇ ਹਾਂ ਉਨ੍ਹਾਂ ਤੇ ਟੈਕਸ ਖਤਮ ਕੀਤਾ ਜਾਵੇ ਔਰ ਪੰਜਾਬ ਵਿੱਚ ਐਸਾ ਮਾਹੌਲ ਪੈਦਾ ਕੀਤਾ ਜਾਵੇ ਜਿਸ ਨਾਲ ਬਿਉਪਾਰੀ ਇੱਥੇ ਜ਼ਿਆਦਾ ਜੋਸ਼ ਨਾਲ ਤਰੱਕੀ ਕਰ ਸਕੇ। ਅੱਜ ਹਰ ਬਿਉਪਾਰੀ ਦੀ ਸੇਲ ਵੱਧ ਰਹੀ ਹੈ ਅਤੇ ਮੈਂ ਇੱਥੇ ਇਹ ਵੀ ਖੁਸ਼ੀ ਦੇ ਨਾਲ ਦੱਸਣਾ ਚਾਹੁੰਦਾ ਹਾਂ ਕਿ ਹਰ ਬਿਉਪਾਰੀ, ਜਿਸ ਵੇਲੇ ਪੰਜਾਬ ਦੇ ਵਿੱਚ ਆਉਂਦਾ ਹੈ, ਤਾਂ ਉਹ ਕਹਿੰਦਾ ਹੈ ਕਿ ਸਾਨੂੰ ਮੌਕਾ ਮਿਲਿਆ ਹੈ ਕਿ ਅਸੀਂ ਦੋ ਨੰਬਰ ਦਾ ਕੰਮ ਬੰਦ ਕਰੀਏ, ਹੁਣ ਕੰਪੀਟੀਸ਼ਨ ਕਰਨ ਦੀ ਲੋੜ ਨਹੀਂ ਪੈਂਦੀ, ਅਤੇ ਇੱਕ ਨੰਬਰ ਦੇ ਵਿੱਚ ਕੰਮ ਕਰਕੇ ਸੇਲ ਵੱਧ ਰਹੀ ਹੈ ਅਤੇ ਅੱਜ ਉਹ ਜ਼ਿਆਦਾ ਤੋਂ ਜ਼ਿਆਦਾ ਕੰਮ ਕਰਨਾ ਚਾਹੁੰਦੇ ਹਨ। ਅੱਜ ਪਿੰਡਾਂ ਦੇ ਵਿੱਚ ਜਿਹੜਾ ਮਾਹੌਲ ਪੈਦਾ ਹੋਇਆ ਹੈ, ਜੇ ਅਸੀਂ ਇਸ ਨੂੰ ਇਸੇ ਤਰ੍ਹਾਂ ਕਾਇਮ ਰੱਖਣਾ ਚਾਹੁੰਦੇ ਹਾਂ ਤਾਂ ਜਿੰਨੇ ਵੀ ਪੜ੍ਹੇ ਲਿਖੇ ਨੌਜਵਾਨ ਹਨ ਉਨ੍ਹਾਂ ਨੂੰ ਕੰਮ ਤੇ ਲਗਾਉਣਾ ਚਾਹੀਦਾ ਹੈ। ਸਿਖਿਆ ਪ੍ਰਾਪਤ ਅਤੇ ਅਨਪੜ੍ਹ ਨੌਜਵਾਨ ਜਦੋਂ ਵਿਹਲਾ ਫਿਰਦਾ ਹੈ ਤਾਂ ਉਹ ਸ਼ੈਤਾਨ ਦਾ ਰੂਪ ਧਾਰਨ ਕਰ ਲੈਂਦਾ ਹੈ ਅਤੇ ਜਦੋਂ ਇਸ ਤਰ੍ਹਾਂ ਦੇ ਦੋ ਤਿੰਨ ਸ਼ੈਤਾਨ ਇਕੱਠੇ ਹੋ

ਜਾਣ ਤਾਂ ਫਿਰ ਉਹ ਲੁੱਟਾਂ ਖੋਹਾਂ ਅਤੇ ਅੱਤਵਾਦ ਦੀਆਂ ਗੱਲਾਂ ਕਰਦੇ ਹਨ। ਇਸ ਲਈ ਮੈਂ ਸਮਝਦਾ ਹਾਂ ਕਿ ਅਸੀਂ ਆਪਣੀ ਸਟੇਟ ਵਿੱਚ ਉਨ੍ਹਾਂ ਲਈ ਰੋਜ਼ਗਾਰ ਦੇ ਸਾਧਨ ਪੈਦਾ ਕਰੀਏ ਤਾਂ ਕਿ ਕੋਈ ਵੀ ਨੌਜਵਾਨ ਵਿਹਲਾ ਨਾ ਰਹੇ ਅਤੇ ਉਸ ਨੂੰ ਸਵੇਰ ਤੋਂ ਲੈ ਕੇ ਸ਼ਾਮ ਤੱਕ ਕੰਮ ਕਰਨ ਦਾ ਮੌਕਾ ਮਿਲੇ। ਚਾਹੇ ਉਹ ਫੈਕਟਰੀ ਵਿੱਚ ਕੰਮ ਕਰੇ ਅਤੇ ਚਾਹੇ ਆਪਣਾ ਕੰਮ ਚਲਾਵੇ ਲੇਕਿਨ ਸਵੇਰ ਤੋਂ ਸ਼ਾਮ ਤੱਕ ਕੰਮ ਕਰੇ ਅਤੇ ਜਦੋਂ ਸ਼ਾਮ ਨੂੰ ਉਸਨੂੰ ਮੌਕਾਂ ਮਿਲੇ ਤਾਂ ਉਹ ਗੇਮਜ਼ ਖੇਡੇ। ਇਸ ਤਰ੍ਹਾਂ ਜਦੋਂ ਉਹ ਕੰਮ ਕਰਨ ਦੇ ਨਾਲ ਨਾਲ ਖੇਡਾਂ ਵਿੱਚ ਵੀ ਦਿਲਚਸਪੀ ਲਵੇਗਾ ਤਾਂ ਖੇਡਾਂ ਵਿੱਚ ਵੀ ਉਹ ਦੇਸ਼ ਦਾ ਨਾਂ ਉਚਾ ਕਰੇਗਾ। ਅਜਿਹੀ ਸਥਿਤੀ ਵਿੱਚ ਜ਼ਰੂਰੀ ਹੈ ਕਿ ਨੌਜਵਾਨ ਨੂੰ ਵੱਧ ਤੋਂ ਵੱਧ ਕੰਮ ਦੇਈਏ, ਇਹ ਕੰਮ ਦੇਣ ਵਾਸਤੇ, ਮੈਂ ਸਮਝਦਾ ਹਾਂ ਕਿ ਫੈਕਟਰੀਆਂ ਲਾਉਣੀਆਂ ਚਾਹੀਦੀਆਂ ਹਨ, ਐਸੀ ਫੈਕਟਰੀਆਂ ਜਿਸ ਦੇ ਵਿੱਚ 15-15, 20-20 ਹਜ਼ਾਰ ਯੁਵਕਾਂ ਨੂੰ ਕੰਮ ਮਿਲ ਸਕੇ । ਇੱਥੇ 100-150 ਇਨਸੀਲਰੀ ਯੂਨਿਟ ਵੀ ਹੋਣ ਜਿੱਥੇ ਲੋਕ ਆਪਣਾ ਸਮਾਨ, ਪਾਰਟਸ ਤਿਆਰ ਕਰਕੇ ਵੱਡੀਆਂ ਫੈਕਟਰੀਆਂ ਨੂੰ ਸਪਲਾਈ ਕਰ ਸਕਣਗੇ। ਇਨਸੀਲਰੀ ਯੂਨਿਟਾਂ ਦੀ ਇੱਥੇ ਬਹੁਤ ਲੋੜ ਹੈ ਇੱਥੇ ਦੀ ਵਰਕਰ ਦੀ ਬੜੀ ਜ਼ਰੂਰਤ ਹੈ । ਸਪੀਕਰ ਸਾਹਿਬ, ਜੇ ਇਸ ਤਰ੍ਹਾਂ ਦੇ ਯੂਨਿਟ ਪੰਜਾਬ ਦੇ ਵਿਚ ਲਗਾ ਦਿਤੇ ਜਾਣ, ਇੰਡਸਟਰੀਜ਼ ਲਗਾ ਦਿਤੀਆਂ ਜਾਣ ਤਾਂ ਸਾਡਾ ਕੋਈ ਵੀ ਨੌਜਵਾਨ ਵਿਹਲਾ ਨਹੀਂ ਰਹੇਗਾ। ਅੱਜ ਪੁਜੀਸ਼ਨ ਇਹ ਹੈ ਕਿ ਜਿਹੜਾ ਵੀ ਨੌਜਵਾਨ ਉਠਦਾ ਹੈ ਉਹ ਕਹਿੰਦਾ ਹੈ ਕਿ ਮੇਰੇ ਪਾਸ ਕੋਈ ਕਾਰੋ-ਬਾਰ ਨਹੀਂ ਸਰਵਿਸ ਨਹੀਂ ਮੈਂ ਸਮਝਦਾ ਹਾਂ ਕਿ ਜਿਹੜੇ ਪੰਜਾਬ ਸਰਕਾਰ ਦੇ ਯੂਨਿਟ ਸੈਂਕਸ਼ਨ ਹੋ ਚੁੱਕੇ ਹਨ ਉਹ ਕੋਸ਼ਿਸ਼ ਕਰਕੇ ਲੈਣੇ ਚਾਹੀਦੇ ਹਨ। ਉਨ੍ਹਾਂ ਵਾਸਤੇ ਜ਼ਿਆਦਾ ਤੋਂ ਜ਼ਿਆਦਾ ਯਤਨ ਕਰਨੇ ਚਾਹੀਦੇ ਹਨ। ਯੂ.ਪੀ. ਵਿੱਚ ਮੱਧ ਪ੍ਰਦੇਸ਼ ਵਿਚ, ਭੂਪਾਲ ਵਿਚ, ਕਰਨਾਟਕ ਵਿਚ, ਬੰਗਲੌਰ ਵਿਚ, ਮਦਰਾਸ ਵਿਚ ਇਹ ਵੱਡੇ ਵੱਡੇ ਯੂਨਿਟ ਲੱਗੇ ਹੋਏ ਹਨ। ਸਾਨੂੰ ਉਸੇ ਰੇਸ਼ੋ ਵਿਚ ਯੂਨਿਟ ਲੈਣੇ ਚਾਹੀਦੇ ਹਨ। ਐਲੋਕੇਟ ਕਰਾਉਣੇ ਚਾਹੀਦੇ ਹਨ ਅਤੇ ਅਮਾਊਂਟ ਵੀ ਉਸੇ ਰੇਸ਼ੋ ਵਿਚ ਲੈਣੀ ਚਾਹੀਦੀ ਹੈ ਤਾਂ ਕਿ ਅਸੀਂ ਆਪਣੇ ਪੰਜਾਬ ਨੂੰ ਜ਼ਿਆਦਾ ਉਨਤੀ ਵੱਲ ਲਿਜਾ ਸਕੀਏ । ਅਸੀਂ ਆਪਣੇ ਲੜਕਿਆਂ, ਆਪਣੇ ਨੌਜਵਾਨਾਂ ਨੂੰ ਕੰਮ ਦੇ ਸਕੀਏ। ਸਾਨੂੰ ਲੋੜ ਇਸ ਗੱਲ ਦੀ ਹੈ ਕਿ ਅਸੀਂ ਐਸਾ ਮਾਹੌਲ ਬਣਾ ਲਈਏ, ਐਸਾ ਵਾਤਾਵਰਣ ਬਣਾ ਲਈਏ, ਜਿਸ ਵਿਚ ਹਰ ਨੌਜਵਾਨ ਇਹ ਸਮਝੇ ਕਿ ਮੈਂ ਇਮਾਨਦਾਰੀ ਨਾਲ ਕੰਮ ਕਰਾਂਗਾ ਔਰ ਕਮਾਈ ਕਰਕੇ ਆਪਣਾ ਰੁਜ਼ਗਾਰ ਕਰਨਾ ਹੈ। ਮੈਂ ਸਮਝਦਾ ਹਾਂ ਕਿ ਜਿਹੜੇ ਨੌਜਵਾਨ ਮਿਹਨਤ ਕਰਕੇ, ਇਮਾਨਦਾਰੀ ਨਾਲ ਆਪਣਾ ਪੇਟ ਭਰਦੇ ਹਨ ਅਤੇ ਆਪਣੇ ਪਰਿਵਾਰ ਦਾ ਪੇਟ ਪਾਲਦੇ ਹਨ, ਦਸਾਂ-ਨਹੁੰਆਂ ਦੀ ਕਮਾਈ ਕਰਦੇ ਹਨ, ਉਨ੍ਹਾਂ ਨੂੰ ਤਕਲੀਫ ਨਹੀਂ ਹੁੰਦੀ ਅਤੇ ਉਨ੍ਹਾਂ ਦੇ ਬੱਚੇ ਆਗਿਆਕਾਰ ਹੁੰਦੇ ਹਨ। ਉਨ੍ਹਾਂ ਨੂੰ ਪਰਮਾਤਮਾ ਵੱਲੋਂ ਬਰਕਤ ਮਿਲਦੀ ਹੈ। ਮੈਂ ਚਾਹੁੰਦਾ ਹਾਂ ਕਿ ਸਾਡਾ ਕੋਈ ਵੀ ਪੰਜਾਬ ਦਾ ਨੌਜਵਾਨ ਵਿਹਲਾ ਨਾ ਰਹੇ ਔਰ ਸਾਰੇ ਨੌਜਵਾਨ ਕੰਮ ਤੇ ਲੱਗੇ ਰਹਿਣ। ਉਨ੍ਹਾਂ ਨੂੰ ਵਿਹਲੇ ਰਹਿਣ ਦਾ ਮੌਕਾ ਨਾ ਮਿਲੇ। ਸੈਂਟਰਲ ਗੌਰਮਿੰਟ ਕੋਲੋਂ ਅਸੀਂ ਇਸ ਗੱਲ ਦੀ ਡਿਮਾਂਡ ਕਰਦੇ ਹਾਂ, ਇਸ ਹਾਊਸ ਵਿਚ, ਕਿ ਉਹ ਸਾਨੂੰ ਜ਼ਿਆਦਾ ਤੋਂ ਜ਼ਿਆਦਾ ਇੰਡਸਟਰੀ ਦੇਵੇ ਅਤੇ ਜ਼ਿਆਦਾ ਤੋਂ ਜ਼ਿਆਦਾ ਫੰਡ ਦਿੱਤੇ ਜਾਣ ਤਾਂ ਕਿ ਅਸੀਂ ਪੰਜਾਬ ਨੂੰ ਜਿਸ ਨੂੰ ਕਿਸੇ ਵੇਲੇ ਹਿੰਦੁਸਤਾਨ ਦੀ ਬਾਜ਼ੂਏ ਸ਼ਮਸ਼ੀਰ ਕਿਹਾ ਜਾਂਦਾ ਸੀ, ਉਸ ਨੂੰ ਮੁੜ ਕੇ ਹਿੰਦੁਸਤਾਨ ਦੀ ਬਾਜ਼ੂਏ ਸ਼ਮਸ਼ੀਰ ਬਣਾਈਏ ਅਤੇ ਬਾਹਰਲੇ ਮੁਲਕਾਂ ਦੇ ਨਾਪਾਕ ਇਰਾਦਿਆਂ ਨੂੰ ਚਕਨਾਚੂਰ ਕਰੀਏ ਅਤੇ ਸਰਹੱਦਾਂ ਦੀ ਰਖਵਾਲੀ ਪੂਰੀ ਤਰ੍ਹਾਂ ਕਰ ਸਕੀਏ ਔਰ ਸਾਰੇ ਨੌਜਵਾਨਾਂ ਨੂੰ ਕੰਮ ਤੇ ਲਗਾ ਸਕੀਏ। ਮੈਂ ਚਾਹੁੰਦਾ ਹਾਂ ਕਿ ਸਾਰਾ ਹਾਊਸ ਰੈਜ਼ੋਲਿਊਸ਼ਨ ਨੂੰ ਯੂਨੇਨੀਮਸਲੀ ਪਾਸ ਕਰੇ ਕਿ ਪੰਜਾਬ ਵਿਚ ਜਲਦੀ ਤੋਂ ਜਲਦੀ ਕੋਈ ਨਾ ਕੋਈ ਵੱਡੀ ਇੰਡਸਟਰੀ ਲਾਉਣੀ ਚਾਹੀਦੀ ਹੈ। ਇਨ੍ਹਾਂ ਲਫਜ਼ਾਂ ਨਾਲ ਮੈਂ ਧੰਨਵਾਦ ਕਰਦਾ ਹਾਂ।

Mr. Speaker : Motion moved—

This House recommends to the State Government to approach the Central Government for setting up more Heavy Industry in the State.

ਸ਼੍ਰੀ ਸਤਨਾਮ ਸਿੰਘ ਕੈਂਥ (ਬੰਗਾ, ਐਸ.ਸੀ) : ਮਾਨਯੋਗ ਸਪੀਕਰ ਸਾਹਿਬ, ਮਾਨਯੋਗ ਮੈਂਬਰ ਸ੍ਰੀ ਜੈ ਕਿਸ਼ਨ ਸੈਣੀ ਜੀ ਦੁਆਰਾ ਪੇਸ਼ ਕੀਤੇ ਰੈਜ਼ੂਲੇਸ਼ਨ ਤੇ ਮੈਂ ਇਸ ਸਦਨ ਨੂੰ ਸਿਫਾਰਸ਼ ਕਰਦਾ ਹਾਂ ਕਿ ਵਧੇਰੇ ਭਾਰੀ ਉਦਯੋਗ ਲਗਾਉਣ ਲਈ ਕੇਂਦਰ ਪਾਸ ਪਹੁੰਚ ਕੀਤੀ ਜਾਵੇ। ਇਹ ਬੜਾ ਅੱਛਾ ਰੇਜ਼ੋਲਿਊਸ਼ਨ ਹੈ ਕਿਉਂਕਿ ਕਿਸੇ ਵੀ ਦੇਸ਼ ਦੀ ਇਕਾਨਮੀ ਨੂੰ ਡਿਵੈਲਪ ਹੋਣ ਵਾਸਤੇ ਬੇਸਿਕ ਇੰਡਸਟਰੀ, ਭਾਰੀ ਇੰਡਸਟਰੀ ਬਹੁਤ ਜ਼ਰੂਰੀ ਹੈ। ਖਾਸ ਕਰਕੇ ਜਦੋਂ ਅਸੀਂ ਪੰਜਾਬ ਦੀ ਭੂਗੋਲਿਕ ਸਥਿਤੀ ਨੂੰ ਦੇਖਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਪੰਜਾਬ ਵਿਚ ਜਿਹੜੀ ਲੈਂਡ ਹੈ, ਉਹ ਪ੍ਰੋਡਕਟਿਵ ਹੈ, ਪਰ ਇਸ ਉਪਜਾਊ ਭੂਮੀ ਨੂੰ ਹੋਰ ਵਧਾਇਆ ਨਹੀਂ ਜਾ ਸਕਦਾ। ਇਸ ਤਰ੍ਹਾਂ ਨਾਲ ਖੇਤੀ ਉਤੇ ਜਿਹੜਾ ਬੋਝ ਵੱਧ ਰਿਹਾ ਹੈ, ਅਨ-ਇੰਪਲਾਇਮੈਂਟ ਵੱਧ ਰਹੀ ਹੈ, ਉਸ ਨੂੰ ਦੂਰ ਕਰਨ ਵਾਸਤੇ ਇੰਡਸਟਰੀ ਦਾ ਹੋਣਾ ਬਹੁਤ ਜ਼ਰੂਰੀ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਨੂੰ ਇਹੋ ਜਿਹੇ ਉਪਰਾਲੇ ਕਰਨੇ ਚਾਹੀਦੇ ਹਨ ਔਰ ਜਿਹੜੀ ਇੰਡਸਟਰੀ ਹੈ ਉਸ ਦੇ ਲਈ ਏਰੀਆ ਸਪੈਸੀਫਾਈ ਕਰਕੇ, ਡੀਮਾਰਕੇਸ਼ਨ ਕਰਕੇ ਇੰਡਸਟਰੀ ਲਾਉਣੀ ਚਾਹੀਦੀ ਹੈ ਤਾਂ ਕਿ ਜਿਹੜੀ ਉਪਜਾਊ ਭੂਮੀ ਹੈ ਉਹ ਖਰਾਬ ਨਾ ਹੋਵੇ। ਜਿਹੜੀ ਲੈਂਡ ਅਨਪਰੋਡਕਟਿਵ ਹੈ ਉਥੇ ਇੰਡਸਟਰੀ ਲਾਉਣੀ ਚਾਹੀਦੀ ਹੈ ਜਿਸ ਤਰ੍ਹਾਂ ਕਿ ਕਨੇਡਾ ਵਿੱਚ ਹੈ। ਕਨੇਡਾ ਇਕ ਐਸਾ ਕੰਟਰੀ ਹੈ ਜਿਥੇ ਜੇ ਏਰੀਆ ਵਾਈਜ਼ ਦੇਖਿਆ ਜਾਵੇ ਤਾਂ ਇੰਡੀਆ ਨਾਲੋਂ ਉਸ ਦਾ ਏਰੀਆ ਬਹੁਤ ਜ਼ਿਆਦਾ ਹੈ ਪਰ ਉਥੇ ਇੰਡਸਟਰੀ ਇਸ ਤਰੀਕੇ ਦੇ ਨਾਲ ਡਿਵੈਲਪ ਕੀਤੀ ਜਾਂਦੀ ਹੈ ਔਰ ਉਨ੍ਹਾਂ ਦੀ ਇਸ ਕਿਸਮ ਦੀ ਸੋਚ ਹੈ ਕਿ ਉਹ ਸੋਚਦੇ ਹਨ ਕਿ ਜੇ ਕਿਧਰੇ ਸੌ ਸਾਲ ਬਾਅਦ ਵੀ ਲੈਂਡ ਦੀ ਲੋੜ ਪੈ ਜਾਵੇ ਤਾਂ ਉਹ ਵਰਤੀ ਜਾ ਸਕੇ। ਉਨ੍ਹਾਂ ਦੀ ਸੋਚ ਇਹ ਹੈ ਕਿ ਇੰਡਸਟਰੀ ਐਸੀ ਥਾਂ ਤੇ ਹੋਣੀ ਚਾਹੀਦੀ ਹੈ ਜਿਸ ਦੇ ਨਾਲ ਪ੍ਰੋਡਕਟਿਵ ਲੈਂਡ ਜਿਹੜੀ ਹੈ ਉਹ ਖਰਾਬ ਨਾ ਹੋਵੇ। ਇਸ ਲਈ ਮੈਂ ਕਹਿਣਾ ਚਾਹਾਂਗਾ ਕਿ ਸਾਨੂੰ ਇਸ ਕਿਸਮ ਦੀ ਸੋਚ ਬਣਾਉਣੀ ਚਾਹੀਦੀ ਔਰ ਜਿਹੜੀ ਬੇਸਿਕ ਇੰਡਸਟਰੀ ਹੈ, ਹੈਵੀ ਇੰਡਸਟਰੀ ਹੈ, ਉਥੇ ਲਾਉਣੀ ਚਾਹੀਦੀ ਹੈ ਜਿਸ ਦੇ ਨਾਲ ਸਾਡੀ ਉਪਜਾਊ ਲੈਂਡ ਜਿਹੜੀ ਹੈ ਉਹ ਖਰਾਬ ਨਾ ਹੋਵੇ। ਫਿਰ ਇਥੇ ਲੈਂਡ ਨੂੰ ਮੱਦੇ ਨਜ਼ਰ ਰਖਦੇ ਹੋਏ ਸਾਡੀ ਸੋਚ ਇਸ ਤਰ੍ਹਾਂ ਦੀ ਵੀ ਹੋਣੀ ਚਾਹੀਦੀ ਹੈ, ਜਿਹੜੀ ਸਾਡੀ ਬੇਸਿਕ ਇੰਡਸਟਰੀ ਹੈ, ਹੈਵੀ ਇੰਡਸਟਰੀ ਹੈ ਉਸ ਦੇ ਲਈ ਮੈਂ ਇਹ ਵੀ ਕਹਾਂਗਾ, ਸਾਡੀ ਕੋਈ ਇਸ ਤਰ੍ਹਾਂ ਦੀ ਸਕੀਮ ਬਣਾਉਣੀ ਚਾਹੁੰਦੀ ਹੈ ਕਿ ਜਿਸ ਦੇ ਨਾਲ ਸਾਡੀ ਇੰਡਸਟਰੀ ਹੈ ਉਹ ਮਲਟੀਜ਼ ਸਟੋਰੀ ਹੋਵੇ, ਇਕ ਸਟੋਰੀ ਵਿੱਚ ਹੀ ਨਾ ਹੋਵੇ ਸਗੋਂ ਮਲਟੀ ਸਟੋਰੀਜ਼ ਵਿੱਚ ਫੈਕਟਰੀਆਂ ਨੂੰ ਮਜ਼ਬੂਤ ਕਰਨ ਦੀ ਗੱਲ ਸੋਚਣੀ ਚਾਹੀਦੀ ਹੈ। ਇਸ ਦੇ ਨਾਲ ਹੀ ਮੈਂ ਇਹ ਕਹਿਣਾ ਚਾਹਾਂਗਾ ਕਿ ਸਾਨੂੰ ਇਹੋ ਜਿਹਾ ਵਾਤਾਵਰਣ ਪੈਦਾ ਕਰਨਾ ਚਾਹੀਦਾ ਹੈ ਜਿਹੜੇ ਲੋਕ ਇਹ ਸੋਚਦੇ ਹਨ ਕਿ ਪੰਜਾਬ ਦੇ ਅੰਦਰ ਬੇਸਿਕ ਇੰਡਸਟਰੀ ਲਾਉਣਾ ਲਾਭਦਾਇਕ ਨਹੀਂ ਉਨ੍ਹਾਂ ਲੋਕਾਂ ਨੂੰ ਵੱਧ ਤੋਂ ਵੱਧ ਸਹੂਲਤਾਂ ਦੇਣੀਆਂ ਚਾਹੀਦੀਆਂ ਹਨ ਤਾਂ ਕਿ, ਸਪੀਕਰ ਸਾਹਿਬ, ਉਹ ਲੋਕ ਦੂਸਰੇ ਏਰੀਏ ਵਿੱਚ, ਦੂਸਰੀਆਂ ਥਾਵਾਂ ਬੇਸਿਕ ਇੰਡਸਟਰੀ ਲਾਉਣ ਦੀ ਬਜਾਏ, ਹੈਵੀ ਇੰਡਸਟਰੀ ਦੂਸਰੀਆਂ ਥਾਵਾਂ ਤੇ ਲਾਉਣ ਦੀ ਬਜਾਏ ਪੰਜਾਬ ਨੂੰ ਪ੍ਰੈਫਰ ਕਰਨ। ਇਹੋ ਜਿਹਾ ਮਾਹੌਲ ਇਹੋ ਜਿਹੀਆਂ ਸਹੂਲਤਾਂ, ਇਹੋ ਜਿਹੀ ਸਿੱਖਿਆ ਪੰਜਾਬ ਦੇ ਲੋਕਾਂ ਵਿੱਚ ਦੇਣੀ ਚਾਹੀਦੀ ਹੈ ਜਿਸ ਦੇ ਨਾਲ ਉਹ ਲੋਕ ਜੋ ਇੰਡਸਟਰੀ ਲਾਉਂਦੇ ਹਨ ਉਨ੍ਹਾਂ ਦਾ ਇੰਡਸਟਰੀ ਪ੍ਰਤੀ ਮੋਹ ਵੱਧ ਸਕੇ ਔਰ ਪੰਜਾਬ ਵਿੱਚ ਵੱਧ ਤੋਂ ਵੱਧ ਇੰਡਸਟਰੀ ਲਗੇ। ਦੂਸਰਾ, ਸਪੀਕਰ ਸਾਹਿਬ, ਪਬਲਿਕ ਸੈਕਟਰ ਨੂੰ ਵੀ ਮਜ਼ਬੂਤ ਕਰਨਾ ਚਾਹੀਦਾ ਹੈ ਜੇ ਰਸ਼ੀਆ ਨੇ ਡਿਵੈਲਪਮੈਂਟ ਕੀਤੀ ਹੈ ਤਾਂ ਸਭ ਤੋਂ ਜ਼ਿਆਦਾ ਜ਼ੋਰ ਉਨ੍ਹਾਂ ਨੇ ਬੇਸਿਕ ਇੰਡਸਟਰੀ ਤੇ, ਹੈਵੀ ਇੰਡਸਟਰੀ ਤੇ ਦਿੱਤਾ ਹੈ

ਫਿਰ ਦੂਸਰੀ ਇੰਡਸਟਰੀ ਨੂੰ ਡਿਵੈਲਪ ਕੀਤਾ ਹੈ। ਇਸ ਲਈ ਮੈਂ ਤੁਹਾਡੇ ਰਾਹੀਂ ਸਪੀਕਰ ਸਾਹਿਬ, ਕਹਿਣਾ ਚਾਹਾਂਗਾ ਕਿ ਇੰਡਸਟਰੀਜ਼ ਦੇ ਅੰਦਰ ਡਿਵੈਲਪਮੈਂਟ ਕਰਨ ਲਈ ਇਹੋ ਜਿਹੀਆਂ ਕੋਸ਼ਿਸ਼ਾਂ ਕਰਨੀਆਂ ਚਾਹੀਦੀਆਂ ਹਨ ਇਹੋ ਜਿਹਾ ਵਾਤਾਵਰਣ ਬਣਾਉਣਾ ਚਾਹੀਦਾ ਹੈ, ਔਰ ਇਹੋ ਜਿਹੀ ਸੋਚ ਪੈਦਾ ਕਰਕੇ ਇੰਡਸਟਰੀ ਵਧਾਉਣ ਦੀ ਜ਼ਰੂਰਤ ਹੈ। ਪੰਜਾਬ ਇਕਨਾਮੀਕਲੀ ਇਕ ਖ਼ੁਸ਼ਹਾਲ ਸੂਬਾ ਹੈ ਔਰ ਇਸ ਦੀ ਪਰ ਕੈਪੀਟਾ ਇਨਕਮ ਕੰਟਰੀ ਦੇ ਬਾਕੀ ਸੂਬਿਆਂ ਨਾਲ ਵੱਧ ਹੈ ਇਸ ਕਰਕੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹੋ ਜਿਹੀਆਂ ਫੈਸਿਲਟੀਜ਼ ਪਰੋਵਾਈਡ ਕਰਨੀਆਂ ਚਾਹੀਦੀਆਂ ਹਨ ਜਿਸ ਦੇ ਨਾਲ ਲੋਕ ਇਥੇ ਇੰਡਸਟਰੀ ਲਾ ਸਕਣ ਔਰ ਪੰਜਾਬ ਦਾ ਜੋ ਪੈਸਾ ਦੂਸਰਿਆਂ ਸੂਬਿਆਂ ਵਿੱਚ ਇੰਡਸਟਰੀ ਲਾਉਣ ਤੇ ਜਾਂਦਾ ਹੈ, ਉਹ ਲੋਕ ਦੂਸਰੀਆਂ ਥਾਵਾਂ ਤੇ ਇੰਡਸਟਰੀ ਲਾਉਣ ਦੀ ਬਜਾਏ ਪੰਜਾਬ ਨੂੰ ਪ੍ਰੈਫਰ ਕਰਨ ਔਰ ਪੰਜਾਬ ਦੇ ਵਿੱਚ ਆਪਣੀ ਇੰਡਸਟਰੀ ਲਾ ਕੇ ਪੰਜਾਬ ਵਿੱਚ ਹੀ ਪੈਸਾ ਲਗੇ। ਇਸ ਤਰ੍ਹਾਂ ਦੀ ਸੋਚ ਪੈਦਾ ਕਰਨੀ ਚਾਹੀਦੀ ਹੈ। ਜਿਸ ਤਰ੍ਹਾਂ ਸਾਡਾ ਪੰਜਾਬ ਦਾ ਸੂਬਾ ਹਰ ਪਖੋਂ ਐਡਵਾਂਸ ਹੈ, ਪੰਜਾਬ ਦੇ ਲੋਕ ਹਰ ਪਖੋਂ ਐਡਵਾਂਸ ਹਨ, ਉਸ ਤਰ੍ਹਾਂ ਇਸ ਪਾਸੇ ਵੱਲ ਨੂੰ ਵੀ ਲਗਣ। ਪੰਜਾਬੀਆਂ ਵਿਚ ਇਹ ਇਕ ਖ਼ੂਬੀ ਹੈ ਕਿ ਜਿਥੇ ਵੀ ਉਸ ਨੇ ਕੋਈ ਨਵੀਂ ਕਿਸਮ ਦੀ ਚੀਜ਼ ਦੇਖੀ ਉਸ ਦੇ ਵਿੱਚ ਹੀ ਉਹ ਆਪਣੀ ਮਿਹਨਤ ਦੇ ਨਾਲ ਅਗੇ ਵੱਧਿਆ। ਇਸ ਲਈ ਮੈਂ ਕਹਿਣਾ ਚਾਹਾਂਗਾ ਕਿ ਸਾਨੂੰ ਪੰਜਾਬ ਵਿਚ ਵਾਤਾਵਰਣ ਪੈਦਾ ਕਰਨਾ ਚਾਹੀਦਾ ਹੈ, ਉਨ੍ਹਾਂ ਨੂੰ ਵੱਧ ਤੋਂ ਵੱਧ ਸਹੂਲਤਾਂ ਦੇਣੀਆਂ ਚਾਹੀਦੀਆਂ ਹਨ। ਮੈਂ ਇਕ ਉਦਾਹਰਣ ਰਿਪੀਟ ਕਰਾਂਗਾ। ਇੰਡੀਆ ਦੇ ਅੰਦਰ ਬਹੁਤ ਸਾਰੀਆਂ ਸਮੱਸਿਆਵਾਂ ਹਨ। ਪ੍ਰੋਫੈਸਰ ਏਟੈਕਸੀ ਨੇ ਕਿਹਾ ਹੈ ਕਿ ਜਾਪਾਨ, ਇੰਗਲੈਂਡ ਔਰ ਅਮਰੀਕਾ ਇਹ ਦੁਨੀਆਂ ਦੇ ਤਿੰਨ ਕੰਟਰੀਜ਼ ਹਨ ਜਿਥੇ ਰਾਤੋ ਰਾਤ ਬੇਸਿਕ ਇੰਡਸਟਰੀ ਲਗਾ ਸਕਦੇ ਹਾਂ ਔਰ ਕਿਹਾ ਕਿ If it were possible to transfer overnight all the factories of Meghania, Pennsylvania and Ohic without changing the attitude of the people, even after two decades the country would be as, as it is now. ਦੁਨੀਆਂ ਦੀਆਂ ਇਹ ਤਿੰਨੇ ਥਾਵਾਂ ਜਿਥੇ ਦੁਨੀਆਂ ਦੇ ਸਭ ਤੋਂ ਵੱਡੇ ਕਾਰਖਾਨੇ ਹਨ ਜੇ ਇਹ ਇਥੇ ਲਗਾ ਦਿਤੇ ਜਾਣਾ ਤਾਂ 20 ਸਾਲ ਤਕ ਵੀ ਭਾਰਤ ਤਰੱਕੀ ਨਹੀਂ ਕਰ ਸਕਦਾ ਇਸ ਕਰਕੇ ਪੰਜਾਬ ਦੇ ਅੰਦਰ ਜਿਹੜੀ ਲੇਬਰ ਕਲਾਸ ਹੈ ਉਨ੍ਹਾਂ ਦੀਆਂ ਜਿਹੜੀਆਂ ਬੇਸਿਕ ਵੇਜਿਜ਼ ਹਨ ਉਨ੍ਹਾਂ ਨੂੰ ਸੁਧਾਰਨਾ ਚਾਹੀਦਾ ਹੈ, ਇੰਡਸਟਰੀ ਲਈ ਵਾਤਾਵਰਣ ਬਣਾਉਣਾ ਚਾਹੀਦਾ ਹੈ ਤਾਂ ਕਿ ਪੰਜਾਬ ਇਕੱਲਾ ਖੇਤੀ ਪ੍ਰਧਾਨ ਸੂਬਾ ਨਾ ਰਹਿ ਜਾਵੇ ਔਰ ਇੰਡਸਟਰੀ ਦੇ ਖੇਤਰ ਵਿਚ ਵੀ ਤਰੱਕੀ ਕਰ ਸਕੇ। ਇਨ੍ਹਾਂ ਸ਼ਬਦਾਂ ਨਾਲ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

'ਜੈ ਭੀਮ, ਜੈ ਭਾਰਤ।'

ਚੌਧਰੀ ਸੰਤੋਖ ਸਿੰਘ (ਫਿਲੌਰ, ਐਸ. ਸੀ.) : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੀ ਇਜਾਜ਼ਤ ਨਾਲ ਜੋ ਮਤਾ ਸ਼੍ਰੀ ਜੈ ਕਿਸ਼ਨ ਸੈਣੀ ਜੀ ਨੇ ਰਾਜ ਵਿਚ ਵਧੇਰੇ ਭਾਰੀ ਉਦਯੋਗ ਸਥਾਪਤ ਕਰਨ ਲਈ ਕੇਂਦਰ ਸਰਕਾਰ ਨੂੰ ਅਪਰੋਚ ਕਰਨ ਵਾਸਤੇ ਸਦਨ ਵਿਚ ਰਖਿਆ ਹੈ ਉਸ ਦੀ ਪ੍ਰੋੜ੍ਹਤਾ ਕਰਨ ਲਈ ਖੜਾ ਹੋਇਆ ਹਾਂ। ਸਪੀਕਰ ਸਾਹਿਬ, ਪੰਜਾਬ ਇਕ ਐਗਰੀਕਲਚਰਲ ਪ੍ਰਧਾਨ ਰਾਜ ਹੈ ਔਰ ਮੈਂ ਸਮਝਦਾ ਹਾਂ ਕਿ ਐਗਰੀਕਲਚਰ ਦੇ ਸਬੰਧ ਵਿਚ ਪੰਜਾਬ ਦੀ ਸਾਰੇ ਦੇਸ਼ ਨੂੰ ਬੜੀ ਭਾਰੀ ਦੇਣ ਹੈ ਕਿਉਂਕਿ ਸੈਂਟਰਲ ਪੂਲ ਵਿਚ, ਪੰਜਾਬ ਦੇ ਕਿਸਾਨ ਦੀ ਜੋ ਉਪਜ ਹੈ ਉਹ ਸਭ ਤੋਂ ਜ਼ਿਆਦਾ

[ਚੌਧਰੀ ਸੰਤੋਖ ਸਿੰਘ]

ਦਿੱਤੀ ਜਾਂਦੀ ਹੈ ਔਰ ਇਸ ਦੇ ਨਾਲ ਨਾਲ ਇਸ ਗੱਲ ਦਾ ਅਫਸੋਸ ਹੈ ਕਿ ਜਿਥੇ ਪੰਜਾਬ ਦੀ ਭਾਰਤ ਨੂੰ ਬੜੀ ਭਾਰੀ ਦੇਣ ਹੈ, ਜਿਥੇ ਸਾਡੀਆਂ ਬਾਹਰਲੀਆਂ ਸਟੇਟਾਂ ਦੇ ਲੋਕ ਇਥੇ ਆ ਕੇ ਇਮਪਲਾਇਮੈਂਟ ਹਾਸਲ ਕਰਦੇ ਹਨ ਔਰ ਪੰਜਾਬ ਵਿਚ ਜੋ ਫੂਡ ਬੜੀ ਭਾਰੀ ਮਾਤਰਾ ਵਿਚ ਯਾਨੀ ਕਣਕ ਆਦਿ ਸਟੈਪਲ ਫੂਡ ਦੂਜੀਆਂ ਸਟੇਟਾਂ ਲਈ ਜਾਂਦਾ ਹੈ ਉਥੇ ਇਸ ਗਲ ਦਾ ਬੜਾ ਦੁਖ ਹੈ ਕਿ ਪੰਜਾਬ ਦੀ ਇੰਡਸਟਰੀ ਇੰਨੀ ਅਗੇ ਨਹੀਂ ਵਧੀ ਔਰ ਇਸ ਗਲ ਦਾ ਵੀ ਦੁੱਖ ਹੈ ਕਿ ਸਾਰੇ ਹਿੰਦੁਸਤਾਨ ਵਿਚੋਂ ਪੰਜਾਬ ਵਿਚ ਜਿਹੜੀ ਪਬਲਿਕ ਸੈਕਟਰ ਵਿਚ ਇਨਵੈਸਟਮੈਂਟ ਹੈ ਉਹ ਸਿਰਫ ਇਕ ਪਰ ਸੈਂਟ ਹੈ। ਮੌਜੂਦਾ ਸਮੇਂ ਵਿਚ ਪੰਜਾਬ ਵਿਚ 395 ਵੱਡੀਆਂ ਅਤੇ ਮੀਡੀਅਮ ਇੰਡਸਟਰੀਆਂ ਹਨ ਅਤੇ ਇਕ ਲੱਖ 76 ਹਜ਼ਾਰ ਸਮਾਲ ਯੂਨਿਟ ਇਥੇ ਸਥਾਪਤ ਹਨ। ਇਸ ਦੇ ਨਾਲ ਹੀ ਮੈਨੂੰ ਇਸ ਗਲ ਦਾ ਵੀ ਦੁੱਖ ਹੈ ਕਿ ਸਮੇਂ ਦੇ ਗੁਜ਼ਰਨ ਨਾਲ ਪੰਜਾਬ ਦੇ ਨੌਜਵਾਨਾਂ ਵਿਚ ਇੰਮਪਲਾਇਮੈਂਟ ਦੀ ਬੜੀ ਸਮੱਸਿਆ ਹੈ। ਪੰਜਾਬ ਦੇ ਇੰਮਪਲਾਇਮੈਂਟ ਆਫਿਸਜ਼ ਵਿਚ ਜੋ ਇਸ ਵਕਤ ਆਂਕੜੇ ਹਨ ਉਸ ਤੋਂ ਨਜ਼ਰ ਆਉਂਦਾ ਹੈ ਕਿ ਕੋਈ 7 ਲੱਖ ਦੇ ਕਰੀਬ ਨੌਜਵਾਨਾਂ ਦੇ ਨਾਂ ਇਮਪਲਾਇਮੈਂਟ ਐਕਸਚੇਂਜਾਂ ਵਿਚ ਦਰਜ ਹਨ। ਇਸ ਤੋਂ ਪਤਾ ਚਲਦਾ ਹੈ ਕਿ ਪੰਜਾਬ ਵਿਚ ਕਿੰਨੀ ਵੱਡੀ ਇੰਪਮਲਾਇਮੈਂਟ ਦੀ ਸਮੱਸਿਆ ਹੈ। ਮੈਂ ਸਮਝਦਾ ਹਾਂ ਕਿ ਇਸ ਬੜੀ ਭਾਰੀ ਸਮੱਸਿਆ ਨੂੰ ਹੱਲ ਕਰਨ ਵਾਸਤੇ, ਇਹ ਅਤਿ ਜ਼ਰੂਰੀ ਹੈ ਕਿ ਪੰਜਾਬ ਦੇ ਵਿਚ ਜੋ ਭਾਰੀ ਇੰਡਸਟਰੀ ਹੈ ਉਸਨੂੰ ਸਥਾਪਿਤ ਕੀਤਾ ਜਾਵੇ ਤਾਂਕਿ ਜੋ ਬੇਰੋਜ਼ਗਾਰ ਨੌਜਵਾਨ ਹਨ ਉਨ੍ਹਾਂ ਨੂੰ ਇੰਮਪਲਾਇਮੈਂਟ ਮੁਹੱਈਆ ਹੋ ਸਕੇ। ਮੈਨੂੰ ਇਸ ਗਲ ਦਾ ਵੀ ਦੁੱਖ ਹੈ ਕਿ ਪਿਛਲੇ ਅਰਸੇ ਵਿਚ ਪੰਜਾਬ ਦੀ ਕਾਨੂੰਨੀ ਸਥਿਤੀ ਮਾੜੀ ਹੋਣ ਕਰਕੇ ਇਥੇ ਇੰਡਸਟਰੀ ਵਿਚ ਇੰਨੀ ਤਰੱਕੀ ਨਹੀਂ ਹੋ ਸਕੀ। ਪੰਜਾਬ ਰਾਜ ਦੀ ਜੋ ਇਕਨੌਮਿਕ ਪੋਜੀਸ਼ਨ ਹੈ ਉਹ ਸਟੇਬਲ ਨਹੀਂ ਰਹਿ ਸਕੀ। ਬੜੀ ਭਾਰੀ ਮਾਤਰਾ ਵਿਚ ਪੰਜਾਬ ਨੂੰ ਸੈਂਟਰ ਤੋਂ ਲੋਨ ਲੈਣਾ ਪਿਆ ਔਰ ਜੋ ਮੌਜੂਦਾ ਆਂਕੜੇ ਮੈਂ ਵੇਖੇ ਹਨ, ਭਾਰਤ ਦੀਆਂ ਸਾਰੀਆਂ ਸਟੇਟਾਂ ਵਿਚੋਂ ਪੰਜਾਬ ਚੌਥੇ ਨੰਬਰ ਤੇ ਕਰਜ਼ਿਆਂ ਵਾਲੀ ਲਿਸਟ ਵਿਚ ਆਉਂਦਾ ਹੈ। 1980 ਵਿਚ ਪੰਜਾਬ ਨੇ 703 ਕਰੋੜ ਰੁਪਿਆ ਕਰਜ਼ਾ ਲਿਆ ਸੀ ਭਾਰਤ ਸਰਕਾਰ ਤੋਂ, ਪਰ ਦੁੱਖ ਦੀ ਗੱਲ ਹੈ ਕਿ ਇਥੇ ਅਮਨ ਸ਼ਾਂਤੀ ਨਹੀਂ ਸੀ ਔਰ ਕਾਨੂੰਨ ਦੀ ਸਥਿਤੀ ਵੀ ਮਾੜੀ ਸੀ ਇਸ ਕਰਕੇ ਕੋਈ ਵੀ ਇਥੇ ਵੱਡੀ ਜਾਂ ਬੇਸਿਕ ਇੰਡਸਟਰੀ ਲਾਉਣ ਲਈ ਤਿਆਰ ਨਹੀਂ ਸੀ। ਜੋ ਵੱਡੇ ਉਦਯੋਗ ਹਨ, ਉਨ੍ਹਾਂ ਲਈ ਬਾਹਰੋਂ ਕੋਈ ਆਉਣ ਲਈ ਤਿਆਰ ਨਹੀਂ ਸੀ ਔਰ ਸਿੱਟਾ ਇਹ ਨਿਕਲਿਆ ਕਿ ਜਿਤਨਾ ਵੀ ਸਾਡੀ ਸਰਕਾਰ ਲੋਨ ਲੈਂਦੀ ਸੀ ਉਹ ਵੀ ਡਿਵੈਲਪਮੈਂਟ ਦੀਆਂ ਸਕੀਮਾਂ ਉਤੇ ਨਹੀਂ ਸੀ ਖਰਚ ਸਕਦੀ। ਉਹ ਵੀ ਬਾਕੀ ਦੇ ਕੰਮਾਂ ਵਾਸਤੇ ਖਰਚੇ ਗਏ। ਇਸ ਤਰਾ ਐਸੀ ਸਥਿਤੀ ਹੋਈ ਕਿ 1980 ਵਿਚ ਜਦੋਂ ਕਿ 723 ਕਰੋੜ ਦਾ ਕਰਜ਼ਾ ਸੀ ਉਹ 1991 ਦੇ ਵਿਚ 6502.5 ਕਰੋੜ ਹੋ ਗਿਆ। ਅਸੀਂ ਇਹ ਰੁਪਿਆ ਭਾਰਤ ਸਰਕਾਰ ਨੂੰ ਕਰਜ਼ੇ ਦਾ ਦੇਣਾ ਸੀ। ਇਸ ਦੇ ਨਾਲ ਨਾਲ ਜਿਹੜਾ ਕਰਜ਼ਾ ਸੀ ਉਸ ਉਤੇ ਵਿਆਜ 275.9 ਕਰੋੜ ਦੇਣੇ ਬਣਦੇ ਸਨ। ਇਨ੍ਹਾਂ ਸਥਿਤੀਆਂ ਵਿਚ ਪੰਜਾਬ ਗੁਜ਼ਰ ਰਿਹਾ ਸੀ ਔਰ ਲੋਨ ਦੇ ਪੈਸੇ ਜਿਹੜੇ ਸਨ ਉਹ ਵੀ ਹੋਰ ਕੰਮਾਂ ਵਾਸਤੇ ਖਰਚ ਹੋ ਰਹੇ ਸਨ, ਔਰ ਦੂਸਰੇ ਇੰਡਸਟਰੀਲਿਸਟਸ ਜਿਹੜੇ ਸਨ ਉਹ ਵੀ ਸੋਚਣ ਲੱਗ ਪਏ ਸਨ ਕਿ ਆਪਣੀਆਂ ਇੰਡਸਟਰੀਆਂ ਬਾਹਰ ਜਾ ਕੇ ਸਥਾਪਿਤ ਕਰੀਏ ਕਿਉਂਕਿ ਸਥਿਤੀ ਸਾਰੀ ਵਿਗੜੀ ਹੋਈ ਸੀ ਔਰ ਬਾਰਡਰ ਦੇ ਏਰੀਏ ਵਿਚ ਤਾਂ ਖਾਸ ਤੌਰ ਤੇ ਭਾਰੀ ਸਮੱਸਿਆ ਸੀ। ਇਸ ਲਈ ਲੋਕ ਇੰਡਸਟਰੀ ਵਾਲੇ ਪਾਸੇ ਆਪਣੀ ਇਨਵੈਸਟਮੈਂਟ ਨਹੀਂ ਸੀ ਕਰਨਾ ਚਾਹੁੰਦੇ। ਜੋ ਇੰਡਸਟਰੀਆਂ ਚਲਦੀਆਂ ਸਨ ਉਹ ਵੀ ਆਪਣੇ ਹੈੱਡਆਫਿਸ ਬਾਹਰ ਲੈ ਜਾਣਾ ਚਾਹੁੰਦੇ ਸਨ, ਔਰ ਬਾਹਰਲੇ ਇੰਡਸਟਰੀਲਿਸਟਸ ਆਉਣ ਵਾਸਤੇ ਤਿਆਰ ਨਹੀਂ ਸਨ। ਉਹ ਕੰਡੀਸ਼ਨ ਲਗਾਉਂਦੇ ਸਨ ਕਿ ਉਹ ਆਪਣੇ ਦਫਤਰ

ਦਿੱਲੀ ਵਿਚ ਖੋਲ੍ਹਣਗੇ । ਇਸ ਕਰਕੇ ਇਥੋਂ ਦੀ ਇਹ ਭਾਰੀ ਸਮੱਸਿਆ ਰਹੀ ਹੈ। ਮੈਂ ਸਮਝਦਾ ਹਾਂ ਕਿ ਹੁਣ ਸਮਾਂ ਆ ਗਿਆ ਹੈ ਕਿ ਪੰਜਾਬ ਵਿਚ ਭਾਰੀ ਇੰਡਸਟਰੀ, ਭਾਰੀ ਪਰਾਜੈਕਟ ਲਗਾਏ ਜਾਣ ਤਾਂ ਕਿ ਜੋ ਅਨਇੰਪਲਾਇਮੈਂਟ ਦੀ ਸਮੱਸਿਆ ਹੈ ਉਹ ਦੂਰ ਕੀਤੀ ਜਾ ਸਕੇ ਅੌਰ ਪੰਜਾਬ ਦੀ ਇਕਾਨੌਮੀ ਨੂੰ ਦਰੁਸਤ ਕੀਤਾ ਜਾ ਸਕੇ।

ਮੈਨੂੰ ਬੜੀ ਖੁਸ਼ੀ ਹੈ ਕਿ ਸੰਨ 1992 ਵਿਚ ਪੰਜਾਬ ਵਿਚ ਆਮ ਚੋਣਾਂ ਹੋਈਆਂ ਅੌਰ ਸਰਦਾਰ ਬੇਅੰਤ ਸਿੰਘ ਜੀ ਦੀ ਰਹਿਨੁਮਾਈ ਥੱਲੇ ਕਾਂਗਰਸ ਪਾਰਟੀ ਦੀ ਸਰਕਾਰ ਬਣੀ ਅੌਰ ਲੋਕਾਂ ਦੀ ਚੁਣੀ ਹੋਈ ਸਰਕਾਰ ਬਣੀ। ਦੂਸਰੀ ਇਹ ਵੀ ਖੁਸ਼ੀ ਦੀ ਗੱਲ ਹੈ ਕਿ ਇਨ੍ਹਾਂ ਦੀ ਰਹਿਨੁਮਾਈ ਥੱਲੇ ਸਰਕਾਰ ਨੇ ਭਾਰੀ ਉਪਰਾਲੇ ਕੀਤੇ ਹਨ ਕਿ ਪੰਜਾਬ ਦੀ ਇੰਡਸਟਰੀ ਨੂੰ ਵਧਾਇਆ ਜਾਵੇ ਅੌਰ ਇਸ ਦੀ ਤਰੱਕੀ ਕੀਤੀ ਜਾਵੇ। ਪਿਛਲੇ ਇਕ ਸਾਲ ਦੇ ਸਮੇਂ ਵਿਚ ਪੰਜਾਬ ਸਰਕਾਰ ਨੇ ਇਕ ਹਾਈ ਲੈਵਲ ਕਮੇਟੀ ਬਣਾਈ ਹੈ ਜਿਹੜੀ ਕਿ ਇਸ ਕੰਮ ਦੀ ਦੇਖ-ਭਾਲ ਕਰ ਰਹੀ ਹੈ, ਪਰੋਪੋਜ਼ ਕਰ ਰਹੀ ਹੈ ਕਿ ਕਿਹੜੀਆਂ ਕਿਹੜੀਆਂ ਨਵੀਆਂ ਸਕੀਮਾਂ, ਕਿਹੜੀਆਂ ਕਿਹੜੀਆਂ ਨਵੀਆਂ ਇੰਡਸਟਰੀਆਂ ਲਗਾਈਆਂ ਜਾਣ। ਮੇਰੇ ਦੋਸਤ ਸੈਣੀ ਜੀ ਨੇ ਕਿਹਾ ਹੈ ਕਿ ਪੈਟਰੋ-ਕੈਮੀਕਲ ਪ੍ਰਾਜੈਕਟ ਜਲਦੀ ਲਗਾਇਆ ਜਾਵੇ । ਪੰਜਾਬ ਸਰਕਾਰ ਦੀ ਪਰੋਪੋਜ਼ਲ ਹੈ ਕਿ 300 ਕਰੋੜ ਰੁਪਏ ਨਾਲ ਪੈਟਰੋ-ਕੈਮੀਕਲ ਪ੍ਰਾਜੈਕਟ ਲਗਾਇਆ ਜਾਵੇਗਾ। ਮੈਂ ਇਸ ਮੰਗ ਦੀ ਪਰੋੜ੍ਹਤਾ ਕਰਦਾ ਹਾਂ ਅੌਰ ਸਪੀਕਰ ਸਾਹਿਬ, ਤੁਹਾਡੇ ਰਾਹੀਂ ਪੰਜਾਬ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਇਹ ਪਰੋਪੋਜ਼ਲ ਇੰਪਲੀਮੈਂਟ ਜਲਦੀ ਹੋਵੇ । ਇਹ ਬੜੀ ਸ਼ਲਾਘਾਯੋਗ ਪਰੋਪੋਜ਼ਲ ਹੈ। ਮੈਂ ਬੇਨਤੀ ਕਰਦਾ ਹਾਂ ਕਿ ਇਸ ਨੂੰ ਜਲਦੀ ਤੋਂ ਜਲਦੀ ਕਲੀਅਰ ਕਰਵਾਇਆ ਜਾਵੇ ਤਾਂ ਕਿ ਇਸ ਨਾਲ ਪੰਜਾਬ ਵਿਚ ਅਨਇੰਪਲਾਇਮੈਂਟ ਦੀ ਸਮੱਸਿਆ ਨੂੰ ਦੂਰ ਕੀਤਾ ਜਾ ਸਕੇ । ਗੋਇੰਦਵਾਲ ਦੇ ਪ੍ਰਾਜੈਕਟ ਨੂੰ ਵੀ ਜਲਦੀ ਚਾਲੂ ਕੀਤਾ ਜਾਵੇ। ਮੈਨੂੰ ਖੁਸ਼ੀ ਹੈ ਕਿ 8 ਲਾਰਜ ਅੌਰ ਮੀਡੀਅਮ ਸਕੇਲ ਯੂਨਿਟਸ ਹਨ, ਜਿਨ੍ਹਾਂ ਦੀ ਕੈਪੀਟਲ ਇਨਵੈਸਟਮੈਂਟ 326.8 ਕਰੋੜ ਰੁਪਏ ਦੀ ਹੈ ਅੌਰ ਜਿਨ੍ਹਾਂ ਰਾਹੀਂ 1050 ਲੋਕਾਂ ਨੂੰ ਇੰਪਲਾਈਮੈਂਟ ਮਿਲਦੀ ਹੈ। ਇਹ ਪੰਜਾਬ ਸਰਕਾਰ ਨੇ ਇਥੇ ਲਗਾਏ ਹਨ। ਇਸ ਗੱਲ ਦੇ ਨਾਲ ਮੈਨੂੰ ਇਹ ਵੀ ਖੁਸ਼ੀ ਹੈ ਕਿ ਪੰਜਾਬ ਰਾਜ ਇੰਡਸਟਰੀਅਲ ਡਿਵੈਲਪਮੈਂਟ ਕਾਰਪੋਰੇਸ਼ਨ ਜੋ ਹੈ ਉਸ ਨੇ ਇੰਡਸਟਰੀ ਨੂੰ ਪਰੋਮੋਟ ਕਰਨ ਲਈ ਕਾਫੀ ਜ਼ੋਰ ਲਗਾਇਆ ਹੋਇਆ ਹੈ। 288 ਕਰੋੜ ਰੁਪਏ ਦੇ ਜਿਹੜੇ ਪ੍ਰਾਜੈਕਟ ਸੀ ਉਹ ਉਨ੍ਹਾਂ ਨੇ ਲਗਾਏ ਹਨ। ਪੰਜਾਬ ਫਾਇਨਾਂਸ਼ੀਅਲ ਕਾਰਪੋਰੇਸ਼ਨ ਜੋ ਹੈ ਉਸ ਨੇ 91 ਕਰੋੜ ਰੁਪਏ ਦੀ ਇੰਡਸਟਰੀ ਵਾਸਤੇ ਇਨਵੈਸਟਮੈਂਟ ਕੀਤੀ ਹੈ। ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ 14 ਨਵੇਂ ਇੰਡਸਟਰੀਅਲ ਫੋਕਲ ਪੁਆਂਇੰਟਸ ਪੰਜਾਬ ਵਿਚ ਬਨਾਉਣ ਦਾ ਫੈਸਲਾ ਕੀਤਾ ਹੈ ਜਿਹੜੇ ਕਿ 170 ਕਰੋੜ ਰੁਪਏ ਦੀ ਲਾਗਤ ਨਾਲ ਬਣਨੇ ਹਨ। ਇਸ ਤਰ੍ਹਾਂ ਹੀ ਗੁਰੂ ਗੋਬਿੰਦ ਸਿੰਘ ਥਰਮਲ ਪਲਾਂਟ ਦੇ ਵਿਚ ਜੋ 210 ਮੈਗਾਵਾਟ ਦਾ ਪੰਜਵਾਂ ਯੂਨਿਟ ਸੀ ਉਹ ਇਨ੍ਹਾਂ ਨੇ ਪੰਜਾਬ ਦੇ ਲੋਕਾਂ ਨੂੰ ਅਰਪਤ ਕੀਤਾ ਹੈ ਅੌਰ 6ਵਾਂ ਯੂਨਿਟ ਵੀ ਤਰੱਕੀ ਉਤੇ ਹੈ ਜਿਸ ਤੋਂ 210 ਮੈਗਾਵਾਟ ਬਿਜਲੀ ਦਾ ਉਤਪਾਦਨ ਹੋਣਾ ਹੈ। ਇਸ ਤਰ੍ਹਾਂ ਇਹ ਦੋਨੋ ਯੂਨਿਟ ਚਾਲੂ ਹੋ ਜਾਣੇ ਹਨ ਅੌਰ ਇਨ੍ਹਾਂ ਦੀ ਕਪੈਸਿਟੀ 3500 ਮੈਗਾਵਾਟ ਹੋ ਜਾਣੀ ਹੈ। ਮੈਂ ਸਮਝਦਾ ਹਾਂ ਕਿ ਇਹ ਪੰਜਾਬ ਸਰਕਾਰ ਦਾ ਬੜਾ ਭਾਰੀ ਉਪਰਾਲਾ ਹੈ।

ਇਸ ਦੇ ਨਾਲ ਹੀ ਮੈਨੂੰ ਖੁਸ਼ੀ ਹੈ ਕਿ ਸਾਡੀ ਸਰਕਾਰ ਨੇ ਨਵੀਂ ਇੰਡਸਟਰੀਅਲ ਪਾਲਿਸੀ ਸ਼ੁਰੂ ਕੀਤੀ ਹੈ ਜਿਸ ਦੇ ਰਾਹੀਂ ਇਥੇ ਕੈਪੀਟਲ ਇਨਵੈਸਟਮੈਂਟ ਕਰਨ ਵਾਲੇ ਨੂੰ ਕਾਫੀ ਇਨਸੈਂਟਿਵ ਦਿੱਤੇ ਗਏ ਹਨ। 50 ਲੱਖ ਰੁਪਏ ਦੀ ਕੈਪੀਟਲ ਇਨਵੈਸਟਮੈਂਟ ਕਰਨ ਦੀ ਸਕੀਮ ਜਿਹੜੀ ਇਨੀਸ਼ੀਏਟ

[ਚੌਧਰੀ ਸੰਤੋਖ ਸਿੰਘ]

ਕੀਤੀ ਹੈ ਇਸ ਤੇ 10 ਸਾਲ ਵਾਸਤੇ ਟੈਕਸ ਮਾਫ ਕੀਤਾ ਹੈ। ਮੈਨੂੰ ਇਸ ਗਲ ਦੀ ਵੀ ਖੁਸ਼ੀ ਹੈ ਕਿ ਪੰਜਾਬ ਸਰਕਾਰ ਪੰਜਾਬ ਵਿਚ ਐਗਰੋ ਬੇਸਡ ਇੰਡਸਟਰੀ ਲਾ ਰਹੀ ਹੈ । ਇਸ ਸਬੰਧ ਵਿਚ ਮੈਂ ਤੁਹਾਡੇ ਰਾਹੀਂ ਬੇਨਤੀ ਕਰਦਾ ਹਾਂ ਕਿ ਪਹਿਲੇ ਜੋ ਸੰਗਰੂਰ ਵਿਖੇ 270 ਕਰੋੜ ਰੁਪਏ ਦੀ ਪੇਪਰ ਬੋਰਡ ਇੰਡਸਟਰੀ ਲਾਉਣੀ ਸੀ ਉਸ ਦੀ ਹੁਣ ਜਲਦੀ ਤੋਂ ਜਲਦੀ ਕਲੀਅਰੈਂਸ ਦੇ ਦੇਣੀ ਚਾਹੀਦੀ ਹੈ ਤਾਂਕਿ ਇਹ ਮਿਲ ਉਥੇ ਲਗੇ ਅਤੇ ਉਥੇ ਵੀ ਇੰਡਸਟਰੀ ਤਰੱਕੀ ਕਰ ਸਕੇ। ਇਹ ਮੈਂ ਸਮਝਦਾ ਹਾਂ ਕਿ ਐਗਰੋ ਬੈਸਡ ਇੰਡਸਟਰੀ ਲਾਉਣ ਨਾਲ ਸਾਡੇ ਐਗਰੀਕਲਚਰ ਵਿਚ ਕਾਫੀ ਕਾਮਯਾਬੀ ਆ ਸਕਦੀ ਹੈ। ਜਿਸ ਤਰ੍ਹਾਂ ਕਈ ਪੇਪਰ ਮਿੱਲਾਂ ਲੱਗ ਸਕਦੀਆਂ ਹਨ, ਕੀਨੂ ਆਦਿ ਫਰੂਟ ਲਈ ਵੀ ਪਲਾਂਟ ਲਾਏ ਜਾ ਸਕਦੇ ਹਨ ਇਸ ਨਾਲ ਲੋਕਾਂ ਨੂੰ ਇੰਪਲਾਇਮੈਂਟ ਵੀ ਮਿਲੇਗੀ, ਲੋਕਾਂ ਨੂੰ ਉਤਸ਼ਾਹ ਵੀ ਮਿਲੇਗਾ ਅਤੇ ਕਿਸਾਨ ਵੀ ਚੰਗੀ ਉਪਜ ਕਰ ਸਕਣਗੇ।

ਇਸ ਦੇ ਨਾਲ ਹੀ ਮੈਂ ਪੰਜਾਬ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਭਾਰਤ ਸਰਕਾਰ ਨੇ ਜਿਸ ਤਰ੍ਹਾਂ ਹਿਮਾਚਲ ਪ੍ਰਦੇਸ਼ ਔਰ ਜੰਮੂ ਕਸ਼ਮੀਰ ਨੂੰ 5 ਸਾਲ ਲਈ ਟੈਕਸ ਹੋਲੀਡੇਅ ਪ੍ਰਦਾਨ ਕੀਤਾ ਹੈ, ਇਹ ਪੰਜਾਬ ਨੂੰ ਵੀ ਮਿਲਣਾ ਚਾਹੀਦਾ ਹੈ। ਮੈਨੂੰ ਖੁਸ਼ੀ ਹੈ ਕਿ ਸਾਡੇ ਮੁੱਖ ਮੰਤਰੀ ਸਾਹਿਬ ਨੇ ਇਹ ਮਸਲਾ ਭਾਰਤ ਸਰਕਾਰ ਨਾਲ ਟੇਕ ਅਪ ਕੀਤਾ ਹੈ। ਮੈਂ ਇਨ੍ਹਾਂ ਨੂੰ ਕਹਿਣਾ ਚਾਹਵਾਂਗਾ ਕਿ ਜਿਹੜੇ ਸਾਡੇ ਜ਼ਿਲ੍ਹੇ ਹਿਮਾਚਲ ਔਰ ਜੰਮੂ ਕਸ਼ਮੀਰ ਦੇ ਨਾਲ ਲਗਦੇ ਹਨ ਜਿਵੇਂ ਕਿ ਰੋਪੜ, ਗੁਰਦਾਸਪੁਰ ਔਰ ਹੁਸ਼ਿਆਰਪੁਰ ਆਦਿ ਜੇ ਇਨ੍ਹਾਂ ਜ਼ਿਲ੍ਹਿਆਂ ਵਿਚ ਇਹ ਟੈਕਸ ਹੋਲੀਡੇਅ ਨਾ ਪ੍ਰਦਾਨ ਕੀਤਾ ਗਿਆ ਤਾਂ ਜਿਹੜੀ ਇਨ੍ਹਾਂ ਜ਼ਿਲ੍ਹਿਆਂ ਵਿਚ ਇੰਡਸਟਰੀ ਹੈ ਉਸਨੂੰ ਖਾਸ ਤੌਰ ਤੇ ਨੁਕਸਾਨ ਪਹੁੰਚੇਗਾ ਕਿਉਂਕਿ ਕੋਈ ਵੀ ਨਵੀਂ ਇੰਡਸਟਰੀ ਇਥੇ ਨਹੀਂ ਲਾਵੇਗਾ ਕੋਈ ਵੀ ਪੰਜਾਬ ਵਿਚ ਇਨਵੈਸਟਮੈਂਟ ਨਹੀਂ ਕਰੇਗਾ । ਇਸ ਲਈ ਪੰਜਾਬ ਸਰਕਾਰ ਨੂੰ ਇਹ ਰਲੀਫ ਲੈਣ ਵਾਸਤੇ ਜ਼ਰੂਰ ਉਪਰਾਲਾ ਕਰਨਾ ਚਾਹੀਦਾ ਹੈ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਜੰਮੂ ਕਸ਼ਮੀਰ ਟੈਰੋਰਿਸਟ ਅਫੈਕਟਿਡ ਏਰੀਆ ਕਿਹਾ ਜਾਂਦਾ ਹੈ ਇਸੇ ਤਰ੍ਹਾਂ ਪੰਜਾਬ ਵੀ ਹੈ ਔਰ ਇਹ ਰਲੀਫ ਪੰਜਾਬ ਨੂੰ ਵੀ ਜ਼ਰੂਰ ਮਿਲਣਾ ਚਾਹੀਦਾ ਹੈ। ਮੈਂ ਸਮਝਦਾ ਹਾਂ ਕਿ ਇਹ ਪੰਜਾਬ ਨਾਲ ਧੱਕਾ ਨਹੀਂ ਹੋਣਾ ਚਾਹੀਦਾ । ਇਸ ਲਈ ਭਾਰਤ ਸਰਕਾਰ ਨਾਲ ਇਹ ਮਸਲਾ ਜ਼ੋਰ ਨਾਲ ਟੇਕ ਅਪ ਕਰਨਾ ਚਾਹੀਦਾ ਹੈ ਔਰ ਇਹ ਟੈਕਸ ਹੋਲੀਡੇਅ ਵਾਲੀ ਸਹੂਲਤ ਪ੍ਰਦਾਨ ਕਰਨੀ ਚਾਹੀਦੀ ਹੈ ।

ਇਸੇ ਤਰ੍ਹਾਂ ਜਿਵੇਂ ਮੈਂ ਪਹਿਲੇ ਅੰਕੜੇ ਦੱਸੇ ਹਨ ਕਿ ਪੰਜਾਬ ਵਿਚ 7 ਲੱਖ ਦੇ ਕਰੀਬ ਨੌਜਵਾਨ ਇੰਪਲਾਇਮੈਂਟ ਵਿਚ ਰਜਿਸਟਰਡ ਹਨ ਔਰ ਹੋਰ ਵੀ ਐਸੇ ਨੌਜਵਾਨ ਅਨਇੰਪਲਾਇਡ ਹਨ ਜਿਨ੍ਹਾਂ ਨੇ ਆਪਣੇ ਨਾ ਦਰਜ ਨਹੀਂ ਕਰਵਾਏ ਹੋਏ। ਇਸ ਲਈ ਮੈਂ ਸਮਝਦਾ ਹਾਂ ਕਿ ਜਿੰਨੀ ਦੇਰ ਤੱਕ ਪੰਜਾਬ ਵਿਚ 15-20 ਹਜ਼ਾਰ ਕਰੋੜ ਰੁਪਏ ਦੀ ਇਨਵੈਸਟਮੈਂਟ ਨਾਲ ਇਥੇ ਇੰਡਸਟਰੀ ਨਹੀਂ ਲਾਈ ਜਾਂਦੀ ਉਨੀ ਦੇਰ ਤਕ ਪੰਜਾਬ ਵਿੱਚੋਂ ਅਨਇੰਪਲਾਇਮੈਂਟ ਦੂਰ ਨਹੀਂ ਹੋ ਸਕਦੀ। ਮੈਂ ਸਮਝਦਾ ਹਾਂ ਕਿ ਪੰਜਾਬ ਵਿਚ ਪਹਿਲੇ ਜਿਹੜੇ ਨੌਜਵਾਨ ਪਿੰਡਾਂ ਵਿਚ ਖੇਤਾਂ ਵਿਚ ਕੰਮ ਕਰਦੇ ਸਨ ਉਹ ਵੀ ਹੁਣ ਖੇਤਾਂ ਵਿਚ ਕੰਮ ਨਹੀਂ ਕਰਦੇ, ਇਸ ਕਰਕੇ ਅਨਇੰਪਲਾਇਮੈਂਟ ਵੱਧ ਰਹੀ ਹੈ। ਇਸ ਦੇ ਨਾਲ ਹੀ ਜਿਹੜੇ ਸਾਡੇ ਅਨੁਸੂਚਿਤ ਜਾਤੀਆਂ ਦੇ ਲੋਕ ਹਨ ਉਨ੍ਹਾਂ ਵਿਚ ਅਨਇੰਪਲਾਇਮੈਂਟ ਕਾਫੀ ਵੱਧ ਰਹੀ ਹੈ।

ਸਪੀਕਰ ਸਾਹਿਬ, ਸਰਕਾਰ ਨੇ ਹੈਵੀ ਇੰਡਸਟਰੀ ਦੇ ਲਈ ਸੈਂਟਰ ਦੀ ਸਰਕਾਰ ਨੂੰ 20 ਹਜ਼ਾਰ ਕਰੋੜ ਰੁਪਏ ਦੀ ਪਰਪੋਜ਼ਲ ਭੇਜੀ ਹੈ ਤਾਂ ਕਿ ਗੌਰਮਿੰਟ ਆਫ ਇੰਡੀਆ ਦੀ ਏਡ ਨਾਲ ਇਥੇ ਹੈਵੀ ਇੰਡਸਟਰੀ ਸ਼ੁਰੂ ਹੋ ਸਕੇ। ਮੈਂ ਇਹ ਵੀ ਬੇਨਤੀ ਕਰਦਾ ਹਾਂ ਕਿ ਰਾਜ ਦੇ ਅਨੁਸੂਚਿਤ ਜਾਤੀਆਂ ਦੇ ਲੋਕਾਂ

ਨੂੰ ਇੰਡਸਟਰੀ ਦੇ ਖੇਤਰ ਵਿਚ ਪਾਲਿਸੀ ਬਣਾ ਕੇ ਸਹੂਲਤਾਂ ਦੇਣੀਆਂ ਚਾਹੀਦੀਆਂ ਹਨ ਇਨ੍ਹਾਂ ਦੀ ਜਨ-ਸੰਖਿਆ 28 ਪ੍ਰਤੀਸ਼ਤ ਹੈ ਤਾਂ ਕਿ ਇਨ੍ਹਾਂ ਨੂੰ ਇੰਪਲਾਇਮੈਂਟ ਮਿਲ ਸਕੇ ਅਤੇ ਜਿਹੜੇ ਨੌਜਵਾਨ ਬੇਕਾਰ ਅਨੁਸੂਚਿਤ ਜਾਤੀਆਂ ਦੇ ਹਨ ਉਨ੍ਹਾਂ ਨੂੰ ਨੌਕਰੀਆਂ ਅਤੇ ਕੰਮ ਧੰਦਾ ਮਿਲ ਸਕੇ। ਮੈਨੂੰ ਖੁਸ਼ੀ ਹੈ ਕਿ ਰਾਜ ਵਿਚ ਹੈਵੀ ਇੰਡਸਟਰੀ ਲਗਾਉਣ ਲਈ ਸਰਦਾਰ ਬੇਅੰਤ ਸਿੰਘ ਨੇ ਨਾਨ- ਰੈਜੀਡੈਂਟ ਇੰਡੀਅਨਜ਼ ਨੂੰ ਪੰਜਾਬ ਵਿਚ ਬੁਲਾਇਆ ਸੀ ਅਤੇ ਉਨ੍ਹਾਂ ਨੂੰ ਇਨਕਰਜ਼ ਕੀਤਾ ਸੀ ਅਤੇ ਗੱਲ ਬਾਤ ਕਰਕੇ ਉਨ੍ਹਾਂ ਨੂੰ ਆਪਣੀ ਇਨਵੈਸਟਮੈਂਟ ਲਗਾਉਣ ਲਈ ਕਿਹਾ ਹੈ ਤਾਂ ਕਿ ਇਥੇ ਇੰਡਸਟਰੀ ਦੇ ਖੇਤਰ ਵਿਚ ਡਿਵੈਲਪਮੈਂਟ ਹੋ ਸਕੇ। ਮੈਂ ਇਨ੍ਹਾਂ ਸ਼ਬਦਾਂ ਦੇ ਨਾਲ, ਸਪੀਕਰ ਸਾਹਿਬ, ਜਿਹੜਾ ਮਤਾ ਸ੍ਰੀ ਜੈ ਕਿਸ਼ਨ ਸੈਣੀ ਜੀ ਨੇ ਪੇਸ਼ ਕੀਤਾ ਹੈ ਉਸ ਦੀ ਮੈਂ ਤਾਈਦ ਕਰਦਾ ਹਾਂ .ਤਾਂ ਕਿ ਪੰਜਾਬ ਵਿਚ ਜਲਦੀ ਤੋਂ ਜਲਦੀ ਭਾਰੀ ਇੰਡਸਟਰੀ ਨੂੰ ਸਥਾਪਿਤ ਕਰਨ ਵਾਸਤੇ ਸਰਕਾਰ ਵਲੋਂ ਉਪਰਾਲੇ ਕੀਤੇ ਜਾ ਸਕਣ।

ਸਰਦਾਰ ਬੇਅੰਤ ਸਿੰਘ ਨੇ ਇਕ ਸਾਲ ਦੇ ਅਰਸੇ ਵਿਚ ਚਮਤਕਾਰ ਵਿਖਾ ਕੇ ਰਾਜ ਵਿਚ ਲਾਅ ਐਂਡ ਆਰਡਰ ਨੂੰ ਕੰਟਰੋਲ ਵਿਚ ਲਿਆਂਦਾ ਹੈ ਅਤੇ ਰਾਜ ਵਿਚ ਅਮਨ ਅਤੇ ਸ਼ਾਂਤੀ ਨੂੰ ਬਹਾਲ ਕੀਤਾ ਹੈ ਅਸੀਂ ਪੰਜਾਬ ਹਿਸਟਰੀ ਪੜ੍ਹਦੇ ਹਾਂ ਅਤੇ ਇਤਿਹਾਸ ਦੱਸਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਅਤੇ ਬੰਦਾ ਬਹਾਦਰ ਨੇ ਕਿਸ ਤਰ੍ਹਾਂ ਰਾਜ ਵਿਚ ਕੰਮ ਕੀਤਾ ਸੀ, ਉਸੇ ਆਧਾਰ ਤੇ ਸਰਦਾਰ ਬੇਅੰਤ ਸਿੰਘ ਨੇ ਪੰਜਾਬ ਵਿਚ ਅਮਨ ਅਤੇ ਸ਼ਾਂਤੀ ਦੀ ਬਹਾਲੀ ਲਈ ਉਪਰਾਲੇ ਕੀਤੇ ਹਨ ਔਰ ਇੰਡਸਟਰੀ ਦੀ ਤਰੱਕੀ ਲਈ ਲਾਅ ਐਂਡ ਆਰਡਰ ਦਾ ਕਾਇਮ ਹੋਣਾ ਬੜਾ ਜ਼ਰੂਰੀ ਹੈ। ਇਸ ਦੇ ਨਾਲ ਹੀ ਜਿਹੜੀ ਇੰਡਸ-ਟਰੀਅਲ ਪਾਲਿਸੀ ਬਣੇ ਉਸ ਦਾ ਫਾਇਦਾ ਰਾਜ ਦੇ ਲੋਕਾਂ ਨੂੰ ਹੋਵੇ। ਲੋਕਾਂ ਨੂੰ ਇੰਪਲਾਇਮੈਂਟ ਮਿਲ ਸਕੇ। ਇਨ੍ਹਾਂ ਚੀਜ਼ਾਂ ਨੂੰ ਸਾਹਮਣੇ ਰੱਖਦੇ ਹੋਏ ਸਾਡੀ ਸਰਕਾਰ ਉਪਰਾਲੇ ਕਰੇ ਤਾਂ ਕਿ ਸਟੇਟ ਵਿਚ ਹੈਵੀ ਇੰਡਸਟਰੀ ਦੀ ਸਥਾਪਨਾ ਹੋ ਸਕੇ ਅਤੇ ਜਿਹੜੀ ਬੇਰੁਜ਼ਗਾਰੀ ਨੌਜਵਾਨਾਂ ਦੇ ਵਿਚ ਹੈ ਉਹ ਇੰਡਸਟਰੀ ਦੇ ਲਗਣ ਨਾਲ ਦੂਰ ਹੋ ਸਕੇ। ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

ਸ੍ਰੀ ਮਦਨ ਮੋਹਨ ਮਿੱਤਲ(ਨੰਗਲ): ਸਪੀਕਰ ਸਾਹਿਬ, ਇਹ ਜੋ ਮਤਾ ਸ੍ਰੀ ਜੈ ਕਿਸ਼ਨ ਸੈਣੀ ਜੀ ਨੇ ਪੇਸ਼ ਕੀਤਾ ਹੈ:

This House recommends to the State Government to approach the Central Government for setting up more Heavy Industry in the State.

ਮੈਂ ਆਪਣੀ ਪਾਰਟੀ ਵੱਲੋਂ ਇਸ ਮਤੇ ਦਾ ਸਮਰਥਨ ਕਰਦਾ ਹਾਂ। ਸਪੀਕਰ ਸਾਹਿਬ, ਤੁਹਾਨੂੰ ਪਤਾ ਹੀ ਹੈ ਕਿ ਪਿਛਲੇ 10 ਸਾਲਾਂ ਵਿਚ ਜਿਸ ਤਰੀਕੇ ਨਾਲ ਅੱਤਵਾਦ ਅਤੇ ਵੱਖਵਾਦ ਦੇ ਕਾਰਣ ਪੰਜਾਬ ਦੇ ਲੋਕਾਂ ਦਾ, ਸਮਾਜ ਸੁਧਾਰਕਾਂ ਦਾ, ਬੁੱਧੀਜੀਵੀਆਂ ਦਾ, ਕਿਸਾਨਾਂ ਦਾ ਅਤੇ ਦੂਜੇ ਕਿੱਤਿਆਂ ਵਿਚ ਲਗੇ ਲੋਕਾਂ ਦਾ ਨੁਕਸਾਨ ਹੋਇਆ ਉਸੇ ਤਰ੍ਹਾਂ ਪੰਜਾਬ ਵਿਚ ਇੰਡਸਟਰੀ ਨੂੰ ਵੀ ਕਾਫੀ ਸੱਟ ਵੱਜੀ। ਮੈਂ ਪਿਛਲੇ 2-3 ਸਾਲਾਂ ਦੇ ਵਿਚ ਵੇਖਿਆ ਹੈ ਕਿ 1988 ਤੋਂ 1992 ਤੱਕ ਜਿਨ੍ਹਾਂ ਸੂਬਿਆਂ ਦੇ ਵਿਚ ਭਾਰਤੀਯ ਜਨਤਾ ਪਾਰਟੀ ਦੀਆਂ ਸਰਕਾਰਾਂ ਰਹੀਆਂ ਉਨ੍ਹਾਂ ਸੂਬਿਆਂ ਦੇ ਵਿੱਚ ਬਹੁਤ ਵੱਡੀ ਇੰਡਸਟਰੀਜ਼ ਚਲੀ ਗਈ। ਇਸ ਦਾ ਕਾਰਣ ਇਹ ਸੀ ਕਿ ਇੰਡਸਟਰੀਲਿਸਟ ਇਹ ਮਹਿਸੂਸ ਕਰਦੇ ਸਨ ਕਿ ਇਨ੍ਹਾਂ ਸੂਬਿਆਂ ਦੇ ਵਿਚ ਸਿਟੇਬਿੱਲਿਟੀ ਹੈ ਅਤੇ ਲੇਬਰ ਅਨਰੈਸਟ ਦੀ ਕੋਈ ਪ੍ਰਾਬਲਮ ਨਹੀਂ ਹੈ। ਇਸ ਕਰਕੇ ਪੰਜਾਬ ਵਿਚੋਂ ਇੰਡਸਟਰੀ ਉਥੇ ਚਲੀ ਗਈ। ਬਹੁਤ ਸਾਰੇ ਇੰਡਸਟਰੀਲਿਸਟ ਹਿਮਾਚਲ ਪ੍ਰਦੇਸ਼ ਵਿਚ ਬਹੁਤ ਸਾਰੇ ਮੱਧ ਪ੍ਰਦੇਸ਼ ਵਿਚ, ਬਹੁਤ ਸਾਰੇ ਰਾਜਸਥਾਨ ਵਿਚ ਅਤੇ ਕਈ ਗੁਜਰਾਤ ਵਿਚ ਚਲੇ ਗਏ ਸਨ। ਇੰਡਸਟਰੀਲਿਸਟ ਇਹ ਮਹਿਸੂਸ ਕਰਦੇ ਸਨ ਕਿ ਉਨ੍ਹਾਂ ਦਾ ਇਥੇ ਪੈਸਾ ਲਗਾ ਹੋਇਆ ਸੇਫ ਹੈ ਅਤੇ ਇਸ ਗੱਲ ਦੀ ਗਰੰਟੀ ਹੈ ਕਿ ਇਥੇ ਪਰੋਡਕਸ਼ਨ ਵਿਦਆਉਟ ਐਨੀ ਹਿੰਡਰੈਂਸ ਵਧੇਗੀ।

[ਸ਼੍ਰੀ ਮਦਨ ਮੋਹਨ ਮਿੱਤਲ]

ਹੁਣ ਪੰਜਾਬ ਵਿਚ ਹਾਲਾਤ ਨੇ ਫਿਰ ਪਲਟਾ ਖਾਧਾ ਹੈ ਅਤੇ ਸਟੇਟ ਵਿਚ ਨਾਰਮੈਲੇਸੀ ਆਉਣ ਲੱਗ ਗਈ ਹੈ। ਇਸ ਲਈ ਪ੍ਰਾਈਵੇਟ ਇੰਡਸਟਰੀਲਿਸਟਾਂ ਨੂੰ ਹੁੰਗਾਰਾ ਮਿਲਣਾ ਚਾਹੀਦਾ ਹੈ। ਇਸ ਦੇ ਵਿਚ ਕੇਂਦਰ ਸਰਕਾਰ ਨੂੰ ਪੰਜਾਬ ਦੀ ਇਕੌਨੋਮੀ ਸੁਧਾਰਨ ਲਈ ਅਤੇ ਅਨਇੰਪਲਾਇਮੈਂਟ ਨੂੰ ਦੂਰ ਕਰਨ ਵਾਸਤੇ ਇਥੇ ਹੈਵੀ ਇੰਡਸਟਰੀ ਦੇਣੀ ਚਾਹੀਦੀ ਹੈ। ਇਸ ਦਾ ਮੈਂ ਸਮਰਥਨ ਕਰਦਾ ਹਾਂ। ਜੋ ਵੀ ਭਾਰਤ ਸਰਕਾਰ ਨੇ ਵੀ ਪ੍ਰਾਂਤ ਦੀ ਸਰਕਾਰ ਨੂੰ ਹੈਵੀ ਇੰਡਸਟਰੀ ਦੇਣੀ ਹੈ ਤਾਂ ਉਹ ਜ਼ਿਆਦਾਤਰ ਕਮਜ਼ੋਰ ਸਟੇਟ ਨੂੰ ਹੈਵੀ ਇੰਡਸਟਰੀ ਦਿੰਦੇ ਹਨ ਪਰ ਪੰਜਾਬ ਨੂੰ ਹੈਵੀ ਇੰਡਸਟਰੀ ਇਸ ਕਰਕੇ ਨਹੀਂ ਦਿੰਦੇ ਕਿ ਇਥੇ ਪਹਿਲਾਂ ਹੀ ਕਾਫੀ ਇੰਡਸਟਰੀ ਹੈ। ਪੰਜਾਬ ਪਹਿਲਾਂ ਹੀ ਕਾਫੀ ਪਰੋਡਕਸ਼ਨ ਕਰ ਰਿਹਾ ਹੈ। ਪੰਜਾਬ ਦੀ ਪਰ ਕੈਪੀਟਾ ਇਨਕਮ ਜ਼ਿਆਦਾ ਹੈ ਅਤੇ ਦੂਸਰੇ ਸੂਬਿਆਂ ਦੀ ਘੱਟ ਹੈ। ਇਹ ਸਪੀਕਰ ਸਾਹਿਬ, ਕੋਈ ਕਰਾਈਟੇਰੀਆ ਨਹੀਂ ਹੋਣਾ ਚਾਹੀਦਾ ਕਿ ਇਹ ਸਟੇਟ ਬੈਕਵਰਡ ਹੈ ਜਾਂ ਇਸ ਸਟੇਟ ਦੀ ਇਕਨਾਮਿਕ ਕੰਡੀਸ਼ਨ ਠੀਕ ਕਰਨੀ ਹੈ। ਔਰ ਜੋ ਸੂਬਾ ਵੱਧ ਕੰਮ ਕਰੇ ਔਰ ਵੱਧ ਹਿੰਮਤੀ ਹੋਵੇ ਤਾਂ ਉਸ ਸੂਬੇ ਨੂੰ ਹੈਵੀ ਇੰਡਸਟਰੀ ਨਾ ਦਿਤੀ ਜਾਵੇ। ਪੰਜਾਬ ਵਿਚ ਪਹਿਲਾਂ ਹੀ ਲੋਕ ਮਿਹਨਤੀ ਹਨ ਅਤੇ ਖੇਤੀਬਾੜੀ ਵਿਚ ਵੱਧ ਉਤਪਾਦਨ ਕਰਦੇ ਹਨ। ਇਸ ਲਈ ਪੰਜਾਬ ਨੂੰ ਸੈਂਟਰ ਸਰਕਾਰ ਵਲੋਂ ਡਿਸਕਰੇਜ਼ ਨਾ ਕੀਤਾ ਜਾਵੇ। ਕਈ ਦਫਾ ਇਥੇ ਹਾਊਸ ਵਿਚ ਕਿਹਾ ਜਾਂਦਾ ਹੈ ਕਿ ਕੇਂਦਰ ਸਰਕਾਰ ਪੰਜਾਬ ਦੇ ਨਾਲ ਵਿਤਕਰਾ ਕਰ ਰਹੀ ਹੈ। ਇਸ ਰੈਜ਼ੋਲਿਊਸ਼ਨ ਦੀ ਬੜੀ ਹੀ ਅਹਿਮੀਅਤ ਹੈ। ਪੰਜਾਬ ਦੀ ਹੈਵੀ ਇੰਡਸਟਰੀ ਬਾਰੇ ਜੋ ਮੰਗ ਹੈ ਉਹ ਕੇਂਦਰ ਦੀ ਸਰਕਾਰ ਪ੍ਰਵਾਨ ਕਰੇ। ਪੰਜਾਬ ਵਿਚ ਹੈਵੀ ਇੰਡਸਟਰੀ ਲਗੇਗੀ ਤਾਂ ਪੰਜਾਬ ਵਿਚ ਜੋ ਅਨਇੰਪਲਾਇਮੈਂਟ ਬਹੁਤ ਹੈ ਉਹ ਘਟੇਗੀ। ਇਸ ਨਾਲ ਟੈਰੋਰਿਜ਼ਮ ਨੂੰ ਘਟਾਉਣ ਵਿਚ ਵੀ ਮਦਦ ਮਿਲੇਗੀ ਕਿਉਂਕਿ ਵਿਹਲੇ ਨੌਜਵਾਨ ਲੜਕਿਆਂ ਨੂੰ ਕੰਮ ਮਿਲੇਗਾ ਅਤੇ ਉਨ੍ਹਾਂ ਦਾ ਮਾਨਸਿਕ ਸੰਤੁਲਨ ਅਸੀਂ ਠੀਕ ਕਰ ਸਕਦੇ ਹਾਂ। ਸਪੀਕਰ ਸਾਹਿਬ, ਪੰਜਾਬ ਵਿਚ ਹੈਵੀ ਇੰਡਸਟਰੀ ਲਗਣੀ ਬਹੁਤ ਜ਼ਰੂਰੀ ਹੈ। ਇਸ ਨਾਲ ਪਰੋਡਕਸ਼ਨ ਵੀ ਵਧੇਗੀ। ਪੰਜਾਬ ਦੇ ਲੋਕਾਂ ਨੂੰ ਵੱਧ ਤੋਂ ਵੱਧ ਕੰਮ ਮਿਲੇਗਾ।

ਸਪੀਕਰ ਸਾਹਿਬ ਮੈਂ ਇਹ ਵੀ ਅਰਜ਼ ਕਰਦਾ ਹਾਂ ਕਿ ਜਿਥੇ ਵੀ ਹੈਵੀ ਇੰਡਸਟਰੀ ਪੰਜਾਬ ਵਿਚ ਲਗੇ ਉਸ ਇਲਾਕੇ ਦੇ ਲੋਕਾਂ ਨੂੰ ਪਹਿਲ ਦੇ ਆਧਾਰ ਤੇ ਕੰਮ ਦੇਣਾ ਚਾਹੀਦਾ ਹੈ ਕਿਉਂਕਿ ਉਸ ਇਲਾਕੇ ਦੇ ਲੋਕਾਂ ਦੀ ਜ਼ਮੀਨ ਐਕੁਆਇਰ ਕੀਤੀ ਜਾਂਦੀ ਹੈ ਇਸ ਲਈ ਉਨ੍ਹਾਂ ਦੇ ਪਰਿਵਾਰਾਂ ਵਿਚੋਂ ਇੱਕ ਮੈਂਬਰ ਨੂੰ ਨੌਕਰੀ ਦਿਤੀ ਜਾਣੀ ਚਾਹੀਦੀ ਹੈ। ਜੇਕਰ ਕਿਸੇ ਦੀ ਮੈਟ੍ਰਿਕ ਕੁਆਲੀਫੀਕੇਸ਼ਨ ਹੈ ਤਾਂ ਉਸ ਨੂੰ ਮੈਂ ਇਹ ਨਹੀਂ ਕਹਿੰਦਾ ਕਿ ਸੁਪਰਡੰਟ ਲਗਾ ਦਿਓ ਜਾਂ ਟੈਕਨੀਕਲ ਪੋਸਟ ਤੇ ਲਗਾ ਦਿਓ ਬਲਕਿ ਜੋ ਵੀ ਕੁਆਲੀਫੀਕੇਸ਼ਨ ਹੋਵੇ ਉਸ ਆਧਾਰ ਤੇ ਉਸ ਨੂੰ ਨੌਕਰੀ ਦਿਤੀ ਜਾਵੇ। ਜੇਕਰ ਉਨ੍ਹਾਂ ਦੇ ਪਰਿਵਾਰ ਦੇ ਮੈਂਬਰ ਨੌਕਰੀ ਦਿੱਤੀ ਜਾਵੇਗੀ ਤਾਂ ਉਹ ਲੋਕ ਜ਼ਮੀਨ ਵੀ ਖੁਸ਼ ਹੋ ਕੇ ਦੇਣਗੇ। ਕਈ ਦਫਾ ਲੋਕਾਂ ਵੱਲੋਂ ਵਿਰੋਧ ਕੀਤਾ ਜਾਂਦਾ ਹੈ।

11.14 A.M. | (ਇਸ ਸਮੇਂ ਸ਼੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਡਿਪਟੀ ਸਪੀਕਰ ਸਾਹਿਬ, ਹੈਵੀ ਇੰਡਸਟਰੀ ਕੈਮੀਕਲ ਦੀ ਨੰਗਲ ਵਿਚ ਲਗਣੀ ਚਾਹੀਦੀ ਹੈ। ਉਥੇ ਕੈਮੀਕਲ ਦੀ ਹੈਵੀ ਇੰਡਸਟਰੀ ਡਿਵੈਲਪ ਕਰੇਗੀ। ਨੰਗਲ ਵਿਚ ਹੈਵੀ ਇੰਡਸਟਰੀ ਲਈ ਕਾਫੀ ਸਹੂਲਤਾਂ ਹਨ। ਨੰਗਲ ਵਿਚ ਫਰਟੇਲਾਈਜ਼ਰ ਦਾ ਪਲਾਂਟ ਲਗਿਆ ਹੋਇਆ ਹੈ ਅਤੇ ਉਥੇ ਖਾਦ ਬਣਦੀ ਹੈ। ਇਸ ਨਾਲ ਪੰਜਾਬ ਦੇ ਕਿਸਾਨਾਂ ਨੂੰ ਬਹੁਤ ਫਾਇਦਾ ਹੁੰਦਾ ਹੈ। ਹੁਣ ਇਹ ਪਲਾਂਟ ਡਬਲ ਹੋ ਗਿਆ ਹੈ।

ਇੱਕ ਹੋਰ ਨਵਾਂ ਪਲਾਂਟ ਲਗਾ ਦਿੱਤਾ ਗਿਆ ਹੈ। ਇਸ ਤਰ੍ਹਾਂ ਕਰਕੇ ਹੁਣ ਉਥੇ 2 ਪਲਾਂਟ ਹੋ ਗਏ ਹਨ। ਜੇਕਰ ਕੈਮੀਕਲ ਦੀ ਹੈਵੀ ਇੰਡਸਟਰੀ ਲਗ ਜਾਵੇ ਤਾਂ ਨੰਗਲ ਕੈਮੀਕਲ ਅਦਾਰਾ ਬਣ ਸਕਦਾ ਹੈ। ਜਿਸ ਤਰ੍ਹਾਂ ਲੁਧਿਆਣੇ ਵੂਲਨ ਇੰਡਸਟਰੀ ਹੈ ਤਾਂ ਲੁਧਿਆਣਾ ਨੂੰ ਵੂਲਨ ਟਾਊਨ ਕਿਹਾ ਜਾਂਦਾ ਹੈ ਔਰ ਜਿਸ ਤਰ੍ਹਾਂ ਗੋਬਿੰਦਗੜ੍ਹ ਸਟੀਲ ਦੀ ਇੰਡਸਟਰੀ ਹੈ ਤਾਂ ਗੋਬਿੰਦਗੜ੍ਹ ਨੂੰ ਲੋਹੇ ਦਾ ਟਾਊਨ ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਹੀ ਡਿਪਟੀ ਸਪੀਕਰ ਸਾਹਿਬ, ਕੈਮੀਕਲ ਦੀ ਹੈਵੀ ਇੰਡਸਟਰੀ ਨੰਗਲ ਵਿਖੇ ਡਿਵੈਲਪ ਕਰੇਗੀ ਕਿਉਂਕਿ ਨੰਗਲ ਵਿਖੇ ਸਾਰੀਆਂ ਸਹੂਲਤਾਂ ਹਨ ਅਤੇ ਉਥੇ ਦਰਿਆ ਵੀ ਹੈ। ਕੋਈ ਨਵਾਂ ਚੈਨਲ ਬਣਾਉਣ ਦੀ ਜ਼ਰੂਰਤ ਨਹੀਂ ਹੈ। ਉਥੇ, ਡਿਪਟੀ ਸਪੀਕਰ ਸਾਹਿਬ, ਵਰਕਸ਼ਾਪ ਵੀ ਬਣੀ ਹੋਈ ਹੈ।

ਉਸ ਵਰਕਸ਼ਾਪ ਦੀ ਬਹੁਤ ਜ਼ਿਆਦਾ ਕਪੈਸਿਟੀ ਹੈ। ਪੰਜਾਬ ਵਿੱਚ ਕਿਸੇ ਵੀ ਇੰਡਸਟਰੀ ਵਰਕਸ਼ਾਪ ਵਿੱਚ ਇੰਨੀ ਵੱਡੀ ਇਕੁਇਪਮੈਂਟ ਨਹੀਂ ਹੈ, ਜਿੰਨੀ ਨੰਗਲ ਵਰਕਸ਼ਾਪ ਵਿੱਚ ਇਸ ਵੇਲੇ ਪਈ ਹੈ। ਅਨਫਾਰਚੂਨੇਟਲੀ, ਕਿਸੇ ਵੇਲੇ ਇਕ ਪਰਪੋਜ਼ਲ ਬਣੀ ਸੀ ਕਿ ਕੋਚ ਫੈਕਟਰੀ ਨੰਗਲ ਵਿੱਚ ਬਣੇਗੀ। ਲੇਕਿਨ ਉਸ ਵੇਲੇ ਦੇ ਨੁਮਾਇੰਦੇ ਕੁਝ ਪ੍ਰੈਸ਼ਰਾਈਜ਼ ਹੋ ਗਏ ਅਤੇ ਇਹ ਫੈਕਟਰੀ ਨੰਗਲ ਤੋਂ ਸ਼ਿਫਟ ਕਰਕੇ ਕਪੂਰਥਲਾ ਖੋਲ੍ਹ ਦਿੱਤੀ ਗਈ। ਠੀਕ ਹੈ, ਕਪੂਰਥਲਾ ਵੀ ਪੰਜਾਬ ਦਾ ਇਕ ਹਿੱਸਾ ਹੈ। ਉਥੇ ਵੀ ਫੈਕਟਰੀ ਲਗਣੀ ਚਾਹੀਦੀ ਹੈ। ਲੇਕਿਨ ਮੈਂ ਕਹਿੰਦਾ ਹਾਂ ਕਿ ਨੰਗਲ ਦੀ ਵਰਕਸ਼ਾਪ ਇਸ ਵਕਤ ਯੂਜ਼ਲੈਸ ਪਈ ਹੈ। ਇਰੀਗੇਸ਼ਨ ਡਿਪਾਰਟਮੈਂਟ ਦੀ ਇਸ ਵਰਕਸ਼ਾਪ ਨੂੰ ਧਿਆਨ ਵਿੱਚ ਲਿਆ ਜਾਵੇ। ਇਸ ਲਈ ਕੋਈ ਜ਼ਮੀਨ ਐਕੁਆਇਰ ਕਰਨ ਦੀ ਜ਼ਰੂਰਤ ਨਹੀਂ, ਬੜੇ ਸਕਿੱਲਡ ਵਰਕਰਜ਼ ਹਨ ਇਸਦਾ ਲਾਭ ਉਠਾ ਕੇ ਹੈਵੀ ਇੰਡਸਟਰੀ ਲਗਾਈ ਜਾਵੇ। ਇਸ ਨਾਲ ਨਾ ਕੇਵਲ ਇਲਾਕੇ ਦੀ ਸੇਵਾ ਹੋ ਸਕੇਗੀ ਬਲਕਿ ਬਹੁਤ ਸਾਰੇ ਰਿਸੋਰਸਿਜ਼ ਵੀ ਇਸਤੇਮਾਲ ਹੋ ਸਕਦੇ ਹਨ। ਅੱਜ ਜ਼ਮੀਨ ਐਕੁਆਇਰ ਕਰਨੀ ਵੀ ਬਹੁਤ ਮੁਸ਼ਕਿਲ ਹੋ ਗਈ ਹੈ, ਕਿਸਾਨਾਂ ਨੂੰ ਨਰਾਜ ਕਰਨਾ ਪੈਂਦਾ ਹੈ ਅਤੇ ਫਿਰ ਉਸ ਦੀ ਬਹੁਤ ਵੱਡੀ ਕੀਮਤ ਦੇਣੀ ਪੈਂਦੀ ਹੈ। ਇਸ ਵਰਕਸ਼ਾਪ ਨੂੰ ਹੀ ਸਰਕਾਰ ਆਪਣੇ ਅੰਡਰ ਲੈ ਲਵੇ ਅਤੇ ਉਥੇ ਇੰਡਸਟਰੀ ਡਿਵੈਲਪਮੈਂਟ ਕਰ ਦਿੱਤੀ ਜਾਵੇ ਇਸ ਨਾਲ ਨਾ ਕੇਵਲ ਖਰਚਾ ਘੱਟ ਆਵੇਗਾ ਬਲਕਿ ਜੋ ਇਕ ਯੂਨਿਟ ਅਬੰਡੇਂਟ ਪਿਆ ਹੈ ਉਹ ਵੀ ਯੂਟੇਲਾਈਜ਼ ਹੋ ਜਾਵੇਗਾ। ਉਥੇ ਬਹੁਤ ਥੋੜ੍ਹੇ ਕਰਮਚਾਰੀ ਲਗੇ ਹੋਏ ਹਨ। ਕੋਈ ਨਵੀਂ ਭਰਤੀ ਨਹੀਂ ਹੋ ਰਹੀ। ਉਸ ਨੂੰ ਰਿਪੇਅਰ ਵਗੈਰਾ ਵਾਸਤੇ ਯੂਜ਼ ਕੀਤਾ ਜਾ ਰਿਹਾ ਹੈ। ਉਸਦਾ ਸਰਕਾਰ ਲਾਭ ਉਠਾ ਸਕਦੀ ਹੈ।

ਇਸੇ ਤਰ੍ਹਾਂ, ਡਿਪਟੀ ਸਪੀਕਰ ਸਾਹਿਬ, ਹੁਸ਼ਿਆਰਪੁਰ ਜ਼ਿਲ੍ਹੇ ਦਾ ਹਿੱਸਾ ਜੋ ਰੋਪੜ ਨਾਲ ਲਗਦਾ ਹੈ, ਉਥੇ ਆਸਰੋਂ ਪਿੰਡ ਨਾਲ ਬਹੁਤ ਵੱਡੀ ਇੰਡਸਟਰੀ ਲਗੀ ਹੋਈ ਹੈ। ਉਥੇ ਹੈਵੀ ਇੰਡਸਟਰੀ ਨੂੰ ਡਿਵੈਲਪ ਕਰਨ ਵਾਸਤੇ ਭਾਰਤ ਸਰਕਾਰ ਨੇ ਵੀ ਸਹੂਲਤਾਂ ਦਿੱਤੀਆਂ। ਲੇਕਿਨ ਹਾਲਾਤ ਖਰਾਬ ਹੋਣ ਨਾਲ ਉਥੇ ਗਰੋਥ ਘੱਟ ਗਈ ਹੈ। ਉਥੋਂ ਕੁੱਝ ਲੋਕਾਂ ਨੇ ਆਪਣੇ ਯੂਨਿਟਸ ਬਾਹਰ ਸ਼ਿਫਟ ਕਰ ਲਏ ਹਨ, ਉਹ ਨਾਲਦੇ ਸੂਬਿਆਂ ਵਿੱਚ ਚਲੇ ਗਏ ਹਨ। ਜਿਵੇਂ ਹੁਣੇ ਚੌਧਰੀ ਸੰਤੋਖ ਸਿੰਘ ਜੀ ਨੇ ਵੀ ਕਿਹਾ ਹੈ, ਮੈਂ ਵੀ ਕਲ੍ਹ ਕਾਲ ਅਟੈਨਸ਼ਨ ਦਿੱਤੀ ਸੀ ਕਿ ਜੋ ਟੈਕਸ ਹੌਲੀਡੇ ਭਾਰਤ ਸਰਕਾਰ ਦੇ ਵਿੱਤ ਮੰਤਰੀ ਨੇ ਡਿਕਲੇਅਰ ਕੀਤਾ ਹੈ ਦੂਸਰੇ ਸੂਬਿਆਂ ਨੂੰ ਜਿਸ ਵਿੱਚ ਹਿਮਾਚਲ ਪ੍ਰਦੇਸ਼ ਅਤੇ ਜੰਮੂ ਐਂਡ ਕਸ਼ਮੀਰ ਨੂੰ ਰੱਖਿਆ ਗਿਆ ਹੈ, ਉਸ ਲਿਸਟ ਵਿੱਚ ਪੰਜਾਬ ਨੂੰ ਵੀ ਸ਼ਾਮਿਲ ਕੀਤਾ ਜਾਣਾ ਚਾਹੀਦਾ ਸੀ। ਪੰਜਾਬ ਦੇ ਇੰਡਸਟਰੀਲਿਸਟ ਨੇ ਆਤੰਕਵਾਦੀਆਂ ਨਾਲ ਲੜਾਈ ਲੜਦਿਆਂ ਹੋਇਆਂ ਵੀ ਪੰਜਾਬ ਵਿੱਚ ਇੰਡਸਟਰੀ ਨੂੰ ਜ਼ਿੰਦਾ ਰਖਿਆ ਹੈ। ਪਰ ਫੇਰ ਵੀ ਉਨ੍ਹਾਂ ਨੂੰ ਕੋਈ ਇਨਸੈਂਟਿਵ ਨਹੀਂ ਦਿੱਤਾ ਗਿਆ। ਅਸੀਂ ਜਿਥੇ ਹੈਵੀ ਇੰਡਸਟਰੀ ਦੀ ਗੱਲ ਕਰ ਰਹੇ ਹਾਂ, ਉਥੇ ਭਾਰਤ ਸਰਕਾਰ ਕੋਲੋਂ ਇਹ ਵੀ ਮੰਗ

[ਸ੍ਰੀ ਮਦਨ ਮੋਹਨ ਮਿੱਤਲ]

ਕੀਤੀ ਜਾਣਾ ਚਾਹੀਦੀ ਹੈ ਤਾ ਕਿ ਪੰਜਾਬ ਦੇ ਇੰਡਸਟਰੀਲਿਸਟ ਨੂੰ ਲੱਗੇ ਕਿ ਜਿਸ ਤਰੀਕੇ ਨਾਲ ਅਸੀਂ ਸੂਬੇ ਦੀ ਸੇਵਾ ਕੀਤੀ ਹੈ, ਸਰਕਾਰ ਨੇ ਵੀ ਸਾਡਾ ਧਿਆਨ ਰੱਖਿਆ ਹੈ। ਜਿਸ ਤਰੀਕੇ ਨਾਲ ਇਥੋਂ ਦੇ ਇੰਡਸਟਰੀਲਿਸਟ ਟੈਰੋਰਿਜ਼ਮ ਦਾ ਸ਼ਿਕਾਰ ਬਣੇ, ਟੈਰੋਰਿਸਟਾਂ ਦਾ ਸ਼ਿਕਾਰ ਬਣੇ, ਸਰਕਾਰ ਨੂੰ ਵੀ ਇੰਡਸਟਰੀ ਨੂੰ ਰੀਹੈਬਿਲਿਟੇਟ ਕਰਨ ਦੀ ਜ਼ਰੂਰਤ ਹੈ। ਕੁੱਝ ਯੂਨਿਟਸ ਪੰਜਾਬ ਫਾਈਨਾਂਸ਼ਲ ਕਾਰਪੋਰੇਸ਼ਨ ਵਲੋਂ ਫਾਈਨਾਂਸ ਹੋਈਆਂ ਸਨ, ਉਹ ਹਾਲਾਤ ਖਰਾਬ ਹੋਣ ਕਾਰਣ ਚਲ ਨਹੀਂ ਸਕੇ। ਸਰਕਾਰ ਨੂੰ ਸੋਚਣਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਕਿਸ ਤਰੀਕੇ ਨਾਲ ਰਾਹਤ ਦਿੱਤੀ ਜਾਵੇ ਤਾਂ ਕਿ ਉਹ ਇੰਡਸਟਰੀ-ਲਿਸਟ ਮੁੜ ਕੇ ਰੀਹੈਬਿਲਿਟੇਟ ਕਰ ਸਕਣ। ਨਿਯਮਾਂ ਵਿੱਚ ਛੋਟ ਦੇਣ ਦੀ ਜ਼ਰੂਰਤ ਹੈ । ਉਨ੍ਹਾਂ ਦੇ ਕੇਸ ਇੰਡਿਵਿਜੂਅਲੀ ਐਗਜ਼ਾਮਿਨ ਕੀਤੇ ਜਾਣ, ਜੇ ਕੋਈ ਉਨ੍ਹਾਂ ਨੂੰ ਪੈਸੇ ਵਾਪਸ ਕਰਨ ਵਿੱਚ ਢਿੱਲ ਦਿੱਤੀ ਜਾ ਸਕਦੀ ਹੋਵੇ ਤਾਂ ਦੇਣੀ ਚਾਹੀਦੀ ਹੈ। ਅੱਜ ਅਸੀਂ ਦਾਅਵਾ ਕਰ ਰਹੇ ਹਾਂ ਕਿ ਸਟੇਟ ਨਾਰਮੇਲਸੀ ਵੱਲ ਜਾ ਰਹੀ ਹੈ, ਤਾਂ ਇੰਡਸਟਰੀਲਿਸਟ ਵੀ ਇਹ ਸੋਚਣ ਕਿ ਸਰਕਾਰ ਉਨ੍ਹਾਂ ਦੇ ਦੁੱਖ ਨੂੰ ਵੀ ਪਹਿਲ ਦੇ ਆਧਾਰ ਤੇ ਨਿਪਟਾਉਣ ਬਾਰੇ ਸੋਚ ਰਹੀ ਹੈ। ਉਨ੍ਹਾਂ ਦੀ ਇਨਸਟਾਲਮੈਂਟ ਕੁੱਝ ਦੇਰ ਵਾਸਤੇ ਡੈਫਰ ਕਰ ਦਿੱਤੀ ਜਾਵੇ ਤਾਂ ਕਿ ਜੋ ਲੋਕ ਖਰਾਬ ਹਾਲਾਤ ਦੌਰਾਨ ਇੰਡਸਟਰੀ ਨੂੰ ਚਲਾ ਨਹੀਂ ਸਕੇ, ਉਨ੍ਹਾਂ ਦੀ ਇੰਡਸਟਰੀ ਅਪਸੈਟ ਰਹੀ ਹੈ, ਉਹ ਪੈਸੇ ਦਾ ਪੂਰਾ ਉਪਯੋਗ ਨਹੀਂ ਕਰ ਸਕੇ, ਕਈਆਂ ਦਾ ਪੈਸਾ ਤਾਂ ਟੈਰੋਰਿਸਟ ਹੀ ਲੁੱਟ ਕੇ ਲੈ ਗਏ, ਇਨ੍ਹਾਂ ਯਤਨਾਂ ਨਾਲ ਉਹ ਮੁੜ ਆਪਣੇ ਪੈਰਾਂ ਤੇ ਖੜੇ ਹੋ ਸਕਦੇ ਹਨ। ਇਸ ਗੱਲ ਦੀ ਅੱਜ ਬਹੁਤ ਜ਼ਰੂਰਤ ਹੈ।

ਪੰਜਾਬ ਇਕ ਐਗਰੋ ਬੇਸਡ ਸਟੇਟ ਹੈ। ਜਿਥੇ ਐਗਰੀਕਲਚਰ ਪਰੋਡਕਸ਼ਨ ਜ਼ਿਆਦਾ ਹੈ, ਜੇ ਉਥੇ ਐਗਰੋ ਬੇਸਡ ਹੈਵੀ ਇੰਡਸਟਰੀ ਜ਼ਿਆਦਾ ਆਵੇਗੀ ਤਾਂ ਕਿਸਾਨ ਨੂੰ ਫਾਇਦਾ ਹੋਵੇਗਾ। ਜੋ ਡੇਲੀ ਖਾਦ ਪਦਾਰਥ ਯੂਜ਼ ਹੋਣ ਵਾਲੇ ਹਨ, ਜੇ ਉਨ੍ਹਾਂ ਲਈ ਪੰਜਾਬ ਦੇ ਕਿਸਾਨ ਨੂੰ ਪੂਰਾ ਉਤਪਾਦਨ ਮੁੱਲ ਨਹੀਂ ਮਿਲੇਗਾ ਤਾਂ ਸਮਾਲ ਸਕੇਲ ਇੰਡਸਟਰੀ ਵੀ ਉਸ ਨਾਲ ਹਿੱਟ ਹੋਵੇਗੀ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਥੇ ਹੈਵੀ ਇੰਡਸਟਰੀ ਆਉਣੀ ਚਾਹੀਦੀ ਹੈ ਤਾਂ ਜੋ ਇਸ ਨਾਲ ਪੰਜਾਬ ਵਿਚ ਡੇਅਲੀ ਯੂਜ਼ ਦੀਆਂ ਚੀਜ਼ਾਂ ਤੋਂ ਇਲਾਵਾ ਟਰਾਂਸਪੋਰਟ ਦੀਆਂ ਆਈਟਮਜ਼, ਕੈਮੀਕਲਜ਼ ਦੀਆਂ ਆਈਟਮਜ਼ ਅਤੇ ਹੋਰ ਬਹੁਤ ਸਾਰੀਆਂ ਚੀਜ਼ਾਂ ਬਣ ਸਕਣ। ਇਸ ਤਰ੍ਹਾਂ ਦੀ ਇੰਡਸਟਰੀ ਅਗਰ ਇਥੇ ਆਵੇਗੀ ਤਾਂ ਸਾਡਾ ਬਹੁਤ ਫਾਇਦਾ ਹੋਵੇਗਾ। ਇਸ ਤੋਂ ਇਲਾਵਾ ਜਿਹੜੇ ਲੋਕ, ਜਿਹੜੇ ਇੰਡਸਟਰੀਲਿਸਟ ਇਥੋਂ ਉਠ ਕੇ ਚਲੇ ਗਏ ਸਨ, ਉਨ੍ਹਾਂ ਨੂੰ ਇਥੇ ਰੀਹੈਬਲੀਟੇਟ ਕਰਨ ਦਾ ਵੀ ਕੋਈ ਪ੍ਰਬੰਧ ਕਰਨਾ ਚਾਹੀਦਾ ਹੈ। ਹੈਵੀ ਇੰਡਸਟਰੀ ਲੱਗਣ ਨਾਲ ਇਥੇ ਲੋਕਾਂ ਨੂੰ ਰੋਜ਼ਗਾਰ ਮਿਲੇਗਾ, ਲੋਕਾਂ ਦੀ ਆਮਦਨ ਵਧੇਗੀ ਅਤੇ ਲੋਕੀ ਰਾਹਤ ਮਹਿਸੂਸ ਕਰਨਗੇ ।

ਇਹ ਜੋ ਕਿਹਾ ਜਾਂਦਾ ਹੈ ਕਿ ਇੰਡਟਰੀਅਲ ਯੂਨਿਟਸ ਵਾਸਤੇ ਹੁਣ ਸਿੰਗਲ ਵਿੰਡੋ ਸਰਵਿਸ ਹੋ ਗਈ ਹੈ, ਇਹ ਹਾਲੇ ਸਿਰਫ ਪੇਪਰ ਵਿਚ ਹੀ ਹੈ । ਕਈ ਇੰਡਟਰੀਲਿਸਟ ਮਹਿਸੂਸ ਕਰਦੇ ਹਨ ਕਿ ਟੈਰੋਰਿਸਟਾਂ ਤੋਂ ਤਾਂ ਭਾਵੇਂ ਕੁਝ ਰਾਹਤ ਮਿਲ ਗਈ ਹੈ ਪਰ ਇੰਸਪੈਕਟਰੀ ਰਾਜ ਤੋਂ ਨਿਜਾਤ ਨਹੀਂ ਮਿਲੀ। ਪਹਿਲਾਂ ਉਹ ਟੈਰੋਰਿਸਟਸ ਨੂੰ ਪੈਸੇ ਦਿੰਦੇ ਸਨ। ਟੈਰੋਰਿਸਟਾਂ ਦੇ ਵੀ ਕਈ ਗਰੁੱਪ ਹਨ। ਕਈ ਗਰੁੱਪ ਤਾਂ ਇਸ ਕਰਕੇ ਪੈਸੇ ਲੈਂਦੇ ਸਨ ਕਿ ਅਸੀਂ ਤੁਹਾਨੂੰ ਦੂਜੇ ਟੈਰੋਰਿਸਟਾਂ ਤੋਂ ਬਚਾਂਵਾਂਗੇ। ਉਸ ਵੇਲੇ ਇੰਡਸਟਰੀਲਿਸਟਾਂ ਕੋਲੋਂ ਟੈਰੋਰਿਸਟ ਪੈਸੇ ਲੈ ਜਾਂਦੇ ਸਨ, ਹੁਣ ਇੰਸਪੈਕਟਰ ਲੈ ਜਾਂਦੇ ਹਨ । ਇਸੇ ਕਰਕੇ ਸਰਕਾਰ ਦਾ ਜੋ ਇੰਸਪੈਕਟਰੀ ਰਾਜ ਹੈ, ਇਸ ਦੀ ਧੱਕੇਸ਼ਾਹੀ ਤੋਂ ਸਾਡੀ ਇੰਡਸਟਰੀ ਨੂੰ ਬਚਾਉਣਾ

ਚਾਹੀਦਾ ਹੈ ਤਾਂ ਜੋ ਇੰਡਸਟਰੀ ਨੂੰ ਤਰੱਕੀ ਦੇ ਰਾਹ ਤੇ ਲਿਜਾਇਆ ਜਾ ਸਕੇ। ਜੋ ਇੰਸਪੈਕਟਰ ਸਰਕਾਰ ਨੇ ਲਾਏ ਹੋਏ ਹਨ, ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਲੋਕਾਂ ਨੂੰ ਸਹੀ ਜਾਣਕਾਰੀ ਅਤੇ ਸਹਾਇਤਾ ਮੁਹੱਈਆ ਕਰਨ ਅਤੇ ਲੋਕਾਂ ਨੂੰ ਦੱਸਣ ਕਿ ਸਰਕਾਰ ਦੀਆਂ ਇੰਡਸਟਰੀ ਦੀਆਂ ਪਾਲਿਸੀਆਂ ਦਾ ਸਹੀ ਮੰਤਵ ਕੀ ਹੈ। ਇਹ ਜਿਹੜੀ ਸਿੰਗਲ ਵਿੰਡੋ ਸਰਵਿਸ ਹੈ, ਇਸ ਨੂੰ ਪੂਰੀ ਤਰ੍ਹਾਂ ਲਾਗੂ ਕਰਵਾਉਣਾ ਚਾਹੀਦਾ ਹੈ ਤਾਂ ਜੋ ਲੋਕੀ ਜ਼ਿਆਦਾ ਇੰਡਸਟਰੀ ਲਗਾਉਣ ਵਾਸਤੇ ਅੱਗੇ ਆਉਣ। ਇਸ ਦੇ ਰਸਤੇ ਵਿਚ ਜਿਹੜੀਆਂ ਕੋਈ ਰੁਕਾਵਟਾਂ ਆ ਗਈਆਂ ਹਨ, ਸਰਕਾਰ ਨੂੰ ਉਨ੍ਹਾਂ ਨੂੰ ਆਪਣੇ ਪ੍ਰਸ਼ਾਸਕਾਂ ਜਾਂ ਕਰਮਚਾਰੀਆਂ ਰਾਹੀਂ ਦੂਰ ਕਰਵਾਉਣੀਆਂ ਚਾਹੀਦੀਆਂ ਹਨ। ਸਰਕਾਰ ਦੀਆਂ ਪਾਲਿਸੀਆਂ ਪ੍ਰਤੀ ਲੋਕਾਂ ਦੇ ਮਨਾਂ ਵਿਚ ਜਿਹੜੀਆਂ ਕੋਈ ਮਿਸਗਿਵਿੰਗਜ਼ ਹਨ, ਉਨ੍ਹਾਂ ਨੂੰ ਦੂਰ ਕਰਨਾ ਚਾਹੀਦਾ ਹੈ ਤਾਂ ਕਿ ਇੱਥੇ ਵੱਧ ਤੋਂ ਵੱਧ ਇੰਡਸਟਰੀ ਲੱਗੇ। ਹੈਵੀ ਇੰਡਸਟਰੀ ਲੱਗਣ ਨਾਲ ਪੰਜਾਬ ਦਾ ਰੈਵੇਨਿਊ ਬੜ੍ਹੇਗਾ ਅਤੇ ਐਕਸਾਈਜ਼ ਡਿਊਟੀ ਵਿਚ ਜਿਹੜਾ ਸਾਡਾ ਹਿੱਸਾ ਹੈ, ਉਹ ਵੀ ਬੜ੍ਹੇਗਾ। ਇਸ ਦੇ ਨਾਲ ਡਿਵੈਲਪਮੈਂਟ ਦੇ ਕੰਮ ਹੋਰ ਜ਼ਿਆਦਾ ਹੋਣਗੇ। ਇਸ ਦੇ ਨਾਲ ਹੀ ਮੈਂ ਇਸ ਰੈਜ਼ੋਲਿਊਸ਼ਨ ਦਾ ਸਮਰਥਨ ਕਰਦਾ ਹਾਂ ਅਤੇ ਸਰਕਾਰ ਤੋਂ ਇਹ ਪੂਰੇ ਜ਼ੋਰ ਨਾਲ ਮੰਗ ਕਰਦਾ ਹਾਂ ਕਿ ਉਹ ਇਸ ਨੂੰ ਮਨਜ਼ੂਰ ਕਰਵਾਏ ਤਾਂ ਕਿ ਪੰਜਾਬ ਹੋਰ ਜ਼ਿਆਦਾ ਤਰੱਕੀ ਕਰ ਸਕੇ। ਧੰਨਵਾਦ।

ਸਰਦਾਰ ਸ਼ਮਸ਼ੇਰ ਸਿੰਘ ਰਾਏ (ਚਮਕੌਰ ਸਾਹਿਬ, ਐਸ.ਸੀ.): ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਸ੍ਰੀ ਜੈ ਕਿਸ਼ਨ ਸੈਣੀ ਜੀ ਦੇ ਉਸ ਮਤੇ ਤੇ ਬੋਲਣ ਦਾ ਮੌਕਾ ਦਿੱਤਾ ਹੈ ਜਿਸ ਵਿਚ ਕਿਹਾ ਗਿਆ ਹੈ:—

This House recommends to the State Government to approach the Central Government for setting up more Heavy Industry in the State.

ਪੰਜਾਬ ਇਕ ਖੇਤੀ ਪ੍ਰਧਾਨ ਸੂਬਾ ਹੈ। ਸਾਰੇ ਹਿੰਦੁਸਤਾਨ ਵਿਚ ਸਭ ਤੋਂ ਵੱਧ ਅਨਾਜ ਪੰਜਾਬ ਵਿੱਚੋਂ ਹੀ ਭੇਜਿਆ ਜਾਂਦਾ ਹੈ। ਲੇਕਿਨ ਬਦਕਿਸਮਤੀ ਦੀ ਗੱਲ ਹੈ ਕਿ ਸਾਡੇ ਜ਼ਿਮੀਦਾਰਾਂ ਦੇ ਜਿਹੜੇ ਬੱਚੇ ਹਨ, ਉਹ ਬਜਾਏ ਇਸ ਗੱਲ ਦੇ ਕਿ ਉਹ ਆਪਣੇ ਖੇਤੀ ਦੇ ਕੰਮ ਕਰਨ, ਉਸ ਤੋਂ ਹੋਰ ਉਤ-ਸ਼ਾਹ ਲੈਣ, ਇਸ ਵਿਚ ਹੋਰ ਜ਼ਿਆਦਾ ਯੋਗਦਾਨ ਪਾਉਣ, ਉਹ ਜ਼ਿਆਦਾਤਰ ਵਿਹਲੇ ਫਿਰਕੇ ਅਤੇ ਗਲਤ ਪਾਸੇ ਜਾ ਕੇ ਆਪਣਾ ਵਕਤ ਖਰਾਬ ਕਰਦੇ ਹਨ। ਸਾਡਾ ਇਹ ਰੁਝਾਨ ਬਣ ਗਿਆ ਹੈ ਕਿ ਅਸੀਂ ਅਜਿਹਾ ਕੰਮ ਕਰਨਾ ਜ਼ਿਆਦਾ ਪਸੰਦ ਕਰਦੇ ਹਾਂ ਜਿਹੜਾ ਵਾਈਟ ਕਾਲਰ ਵਾਲਾ ਹੋਵੇ ਤਾਂ ਕਿ ਅਸੀਂ ਆਪਣਾ ਕੰਮ ਵੀ ਕਰੀਏ ਪਰ ਸਾਡੇ ਕਪੜੇ ਵੀ ਖਰਾਬ ਨਾ ਹੋਣ, ਉਹ ਸਾਫ ਰਹਿਣ ਅਤੇ ਅਸੀਂ ਵੀ ਸਾਫ ਰਹੀਏ। ਇਹ ਅੱਜ ਸਾਡੀ ਇਸ ਕਿਸਮ ਦੀ ਸੋਚ ਬਣ ਗਈ ਹੈ। ਅੱਜ ਪੰਜਾਬ ਭਾਵੇਂ ਜਿੰਨਾਂ ਮਰਜ਼ੀ ਅਮੀਰ ਸੂਬਾ ਬਣ ਗਿਆ ਹੈ ਲੇਕਿਨ ਮੈਂ ਸਮਝਦਾ ਹਾਂ ਕਿ ਕੰਮ ਕੀਤੇ ਬਿਨਾ ਗੁਜ਼ਾਰਾ ਨਹੀਂ ਹੋ ਸਕਦਾ। ਇਸ ਤੋਂ ਬਿਨਾਂ ਨਾ ਸਾਡਾ ਸੂਬਾ ਅਤੇ ਨਾ ਸਾਡਾ ਦੇਸ਼ ਹੀ ਤਰੱਕੀ ਕਰ ਸਕਦਾ ਹੈ। ਪੰਜਾਬ ਵਿਚ ਇੰਡਸਟਰੀ ਬਹੁਤ ਘਟੀ ਹੈ ਔਰ ਹੈਵੀ ਇੰਡਸਟਰੀ ਤਾਂ ਨਾ-ਮਾਤਰ ਹੀ ਹੈ। ਸੋ ਇਸ ਕਰਕੇ ਪੰਜਾਬ ਦੇ ਵਿਚ ਜਦੋਂ ਤੱਕ ਹੈਵੀ ਇੰਡਸਟਰੀ ਨਹੀਂ ਲੱਗ ਜਾਂਦੀ ਉਦੋਂ ਤੱਕ ਸਾਡੇ ਨੌਜਵਾਨ, ਜਿਹੜੇ ਕਿ ਗਲਤ ਪਾਸੇ ਲੱਗੇ ਹੋਏ ਹਨ ਉਹ ਉਦੋਂ ਤੱਕ ਬਦਲ ਨਹੀਂ ਸਕਦੇ। ਇਸ ਕਰਕੇ ਹੈਵੀ ਇੰਡਸਟਰੀ ਪੰਜਾਬ ਦੇ ਅੰਦਰ ਲੱਗਣੀ ਬਹੁਤ ਜ਼ਰੂਰੀ ਹੈ ਤਾਂ ਕਿ ਨੌਜਵਾਨਾਂ ਵਾਸਤੇ ਕੰਮ ਦੇ ਮੌਕੇ ਮੁਹੱਈਆ ਹੋ ਸਕਣ। ਸਾਡੀ ਸਰਕਾਰ ਇਸ ਦੇ ਬੜੇ ਉਪਰਾਲੇ ਕਰ ਰਹੀ ਹੈ, ਅਸੀਂ ਚਾਹੁੰਦੇ ਹਾਂ ਕਿ ਸਾਡੇ ਨੌਜਵਾਨ ਗਲਤ ਪਾਸੇ ਨਾ ਲੱਗਣ। ਅਸੀਂ ਉਨ੍ਹਾਂ ਨੂੰ ਮੇਨ ਸਟਰੀਮ ਵਿੱਚ

[ਸਰਦਾਰ ਸ਼ਮਸ਼ੇਰ ਸਿੰਘ ਰਾਏ]

ਲਿਆਉਣਾ ਚਾਹੁੰਦੇ ਹਾਂ। ਲੇਕਿਨ ਮੇਨ ਸਟਰੀਮ ਵਿੱਚ ਲਿਆਉਣ ਉਦੋਂ ਹੀ ਕਾਰਗਾਰ ਹੋਏਗਾ ਜਦੋਂ ਅਸੀਂ ਲਿਆ ਕੇ ਕਿਸੇ ਨਾ ਕਿਸੇ ਧੰਦੇ ਦੇ ਵਿੱਚ, ਕਿਸੇ ਕੰਮ ਦੇ ਵਿੱਚ ਉਨ੍ਹਾਂ ਨੂੰ ਲਾ ਸਕੀਏ । ਇਸ ਕਰਕੇ ਇਸ ਮਾਹੌਲ ਨੂੰ ਹੋਰ ਅੱਛਾ ਬਨਾਉਣ ਵਾਸਤੇ, ਸੱਭ ਤੋਂ ਅੱਛੀ ਗੱਲ ਇਹ ਹੋਵੇਗੀ ਕਿ ਸਾਡੀ ਸਰਕਾਰ ਉਪਰਾਲੇ ਕਰਕੇ ਸੈਂਟਰ ਤੋਂ ਹੈਵੀ ਇੰਡਸਟਰੀ ਪੰਜਾਬ ਵਿਚ ਲਿਆਵੇ। ਮੈਂ ਕੈਂਥ ਜੀ ਦੇ ਇਸ ਵਿਚਾਰ ਨਾਲ ਵੀ ਬਿਲਕੁਲ ਸਹਿਮਤ ਹਾਂ ਕਿ ਜਿਹੜੀ ਵੀ ਇੰਡਸਟਰੀ ਏਥੇ ਪੰਜਾਬ ਵਿੱਚ ਐਸਟੈਬਲਿਸ ਕੀਤੀ ਜਾਵੇ ਉਹ ਉਸ ਜ਼ਮੀਨ ਵਿੱਚ ਕੀਤੀ ਜਾਵੇ ਜਿਹੜੀ ਕਿ ਇਕ ਕਿਸਮ ਦੀ ਨਕਾਰਾ ਜ਼ਮੀਨ ਹੋਵੇ। ਨਾ ਕਿ ਉਸ ਜ਼ਮੀਨ ਵਿੱਚ ਲਗਾਈ ਜਾਵੇ ਜਿਸ ਤੋਂ ਸਾਨੂੰ ਪਰੋਡੱਕਸ਼ਨ ਆ ਰਿਹਾ ਹੈ, ਅਜਿਹਾ ਕਰਨ ਨਾਲ ਸਾਡੇ ਉਤਪਾਦਨ ਤੇ ਮਾੜਾ ਅਸਰ ਪੈ ਸਕਦਾ ਹੈ, ਸਾਡੇ ਉਤਪਾਦਨ ਦਾ ਨੁਕਸਾਨ ਹੋਏਗਾ। ਅਸੀਂ ਇਹ ਆਮ ਦੇਖਦੇ ਆ ਰਹੇ ਹਾਂ ਕਿ ਪਿਛਲੇ 10 ਸਾਲਾਂ ਤੋਂ ਪਹਿਲਾਂ ਇਸ ਅੱਤਵਾਦ ਔਰ ਵੱਖ-ਵਾਦ ਕਾਰਨ ਬਹੁਤ ਹੀ ਪੰਜਾਬ ਦਾ ਨੁਕਸਾਨ ਹੋ ਰਿਹਾ ਹੈ । ਇਸ ਵਿੱਚ ਸਾਡੀਆਂ ਕਈ ਪੁਲੀਟੀਕਲ ਪਾਰਟੀਜ਼ ਦਾ ਵੀ ਹਿੱਸਾ ਹੈ ਜਿਹੜੀ ਕਿ ਅਸੀਂ ਇਹ ਬਹੁਤ ਹੀ ਗਲਤ ਗੱਲ ਕਹਿ ਸਕਦੇ ਹਾਂ ਕਿਉਂਕਿ ਉਨ੍ਹਾਂ ਨੇ ਵੱਖਵਾਦ ਦਾ ਰਸਤਾ ਅਪਣਾਇਆ ਹੈ। ਅਸੀਂ ਇਸ ਕਰਕੇ ਚਾਹੁੰਦੇ ਹਾਂ ਕਿ ਸਾਡੀ ਸਾਰਿਆਂ ਦੀ ਇਹ ਸੋਚ ਬਣਨੀ ਚਾਹੀਦੀ ਹੈ ਕਿ ਅਸੀਂ ਗਲਤ ਪਾਸੇ ਨਾ ਲਗੀਏ ਔਰ ਜਿਹੜੇ ਲੋਕ ਸਾਡੇ ਨੌਜਵਾਨਾਂ ਨੂੰ ਅਜਿਹਾ ਕਰਨ ਲਈ ਉਕਸਾਉਂਦੇ ਹਨ ਉਹ ਅਜਿਹਾ ਕਰਨ ਤੋਂ ਹਟਣ ਅਤੇ ਚੰਗੇ ਕੰਮ ਵੱਲ ਚੱਲਣ ਅਤੇ ਆਪਣੇ ਘਰ ਦੀ ਦੇਸ਼ ਦੀ ਸੇਵਾ ਕਰਨ ਦੇ ਵਾਸਤੇ ਅੱਗੇ ਆਉਣ। ਇਹ ਗੱਲ ਬੜੀ ਸ਼ਲਾਘਾਯੋਗ ਹੈ ਕਿ ਸਰਦਾਰ ਬੇਅੰਤ ਸਿੰਘ ਜੀ ਨੇ ਦਿਨ ਰਾਤ ਉਦਮ ਕੀਤਾ ਔਰ ਇਕ ਸਾਲ ਦੇ ਅੰਦਰ ਅੰਦਰ ਸਾਡੇ ਪੰਜਾਬ ਵਿੱਚ ਅਮਨ ਅਤੇ ਕਾਨੂੰਨ ਦੀ ਮੁੜ ਬਹਾਲੀ ਲਿਆਂਦੀ। ਇਹ ਬੜੀ ਸ਼ਲਾਘਾਯੋਗ ਗੱਲ ਹੈ। ਲੇਕਿਨ ਹੁਣ ਜਿਹੜੀ ਅਜੋਕੀ ਲੋੜ ਹੈ ਉਹ ਹੈ ਹੈਵੀ ਇੰਡਸਟਰੀ ਦੀ। ਜੇ ਅਸੀਂ ਹੈਵੀ ਇੰਡਸਟਰੀ ਪੰਜਾਬ ਵਿੱਚ ਲਿਆਂਵਾਂਗੇ ਤਾਂ ਇਸਦੇ ਨਾਲ ਇਨ੍ਹਾਂ ਬੱਚਿਆਂ ਨੂੰ ਮੁੜ ਐਸਟੈਬ-ਲਿਸ਼ ਕਰ ਸਕਾਂਗੇ। ਜਿਵੇਂ ਇਥੇ ਮਿੱਤਲ ਸਾਹਿਬ ਨੇ ਦੱਸਿਆ ਹੈ ਕਿ ਰਿਸ਼ਵਤ ਦਾ ਇੰਡਸਟਰੀ ਦੇ ਵਿੱਚ ਬਹੁਤ ਬੋਲ-ਬਾਲਾ ਹੈ, ਰਿਸ਼ਵਤ ਕਾਫੀ ਚਲਦੀ ਹੈ। ਇਹ ਚੀਜ਼ ਹੈ ਤਾਂ ਹਰ ਪਾਸੇ ਹੀ ਲੇਕਿਨ ਇੰਡਸ-ਟਰੀ ਦੇ ਵਿੱਚ ਜ਼ਿਆਦਾ ਇਸ ਕਰਕੇ ਹੈ ਕਿਉਂਕਿ ਇੰਡਸਟਰੀ ਦੇ ਵਿੱਚ ਜ਼ਿਆਦਾ ਪੈਸਾ ਇਨਵਾਲਵ ਰਹਿੰਦਾ ਹੈ ਪਰ ਹੁਣ ਸਾਡੀ ਸਰਕਾਰ ਨੇ ਇਹ ਤਹੱਈਆ ਕੀਤਾ ਹੈ ਕਿ ਅਸੀਂ ਰਿਸ਼ਵਤ ਨੂੰ ਬੰਦ ਕਰਾਂਗੇ ਔਰ ਇਹ ਗੱਲ ਸਾਬਤ ਹੋ ਜਾਏਗੀ । ਜਿਵੇਂ ਅੱਤਵਾਦ ਨੂੰ ਅਸੀਂ ਇਕ ਸਾਲ ਦੇ ਵਿੱਚ ਸਾਡੀ ਸਰਕਾਰ ਨੇ ਖਤਮ ਕੀਤਾ ਹੈ, ਇਹ ਰਿਸ਼ਵਤ-ਖੋਰੀ ਨੂੰ ਵੀ ਬੰਦ ਕਰ ਦਿੱਤਾ ਜਾਵੇਗਾ। ਲੇਕਿਨ ਕਈ ਰੂਲਜ਼ ਐਂਡ ਪਰੋਸੀਜ਼ਰ ਵੀ ਇਸ ਤਰ੍ਹਾਂ ਦੇ ਬਣੇ ਹੋਏ ਹਨ ਕਿ ਉਹਦੇ ਵਿੱਚ ਰਿਸ਼ਵਤ ਦੇਣਾ ਇਕ ਆਮ ਰਿਵਾਜ਼ ਜਿਹਾ ਬਣ ਗਿਆ ਹੈ। ਇਸ ਦਾ ਵੱਡਾ ਕਾਰਨ ਇਹ ਹੈ ਕਿ ਇੰਡਸਟਰੀ ਲਗਾਉਣ ਦੇ ਕੰਮ ਵਿੱਚ ਬਹੁਤ ਵੱਡਾ ਪਰੋਸੀਜ਼ਰ ਹੁੰਦਾ ਹੈ। ਲੰਮਾ ਪਰੋਸੀਜ਼ਰ ਹੋਣ ਕਾਰਣ ਇਹ ਗੱਲਾਂ ਆਮ ਆ ਜਾਂਦੀਆਂ ਹਨ। ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਇੰਡਸਟਰੀ ਸਥਾਪਿਤ ਕਰਨ ਵਾਸਤੇ ਇਹ ਲੰਮਾ ਪਰੋਸੀਜਰ ਘਟਾ ਕੇ ਛੋਟਾ ਕਰਨਾ ਚਾਹੀਦਾ ਹੈ ਤਾਂਕਿ ਜੇਕਰ ਕਿਸੇ ਨੇ ਕੋਈ ਕਾਰਖਾਨਾ ਜਾਂ ਫੈਕਟਰੀ ਲਗਾਉਣੀ ਹੋਵੇ ਤਾਂ ਉਸ ਵਾਸਤੇ ਪਰੋਸੀਜਰ ਛੋਟਾ ਹੋਣਾ ਚਾਹੀਦਾ ਹੈ। ਇਸ ਨਾਲ ਵੀ ਜਿਹੜੀ ਕੁਰੱਪਸ਼ਨ ਹੈ ਉਹ ਘਟੇਗੀ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਸਾਡੀ ਸਰਕਾਰ ਨੂੰ ਇਸ ਪਰੋਸੀਜਰ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ ਕਿ ਇਹ ਪਰੋਸੀਜਰ ਛੋਟਾ ਹੋਵੇ ਤਾਂ ਕਿ ਫਾਈਲਾਂ ਦਫਤਰਾਂ ਦੇ ਵਿੱਚ, ਛੋਟੇ ਕਰਮ-ਚਾਰੀਆਂ ਦੇ ਹੱਥਾਂ ਵਿੱਚੋਂ ਛੇਤੀ ਛੇਤੀ ਲੰਘ ਜਾਣ। ਇਸ ਤਰ੍ਹਾਂ ਜਿਹੜੀ ਸਾਡੀ ਇੰਡਸਟਰੀ ਹੈ ਉਹ ਤਰੱਕੀ ਕਰੇਗੀ ਅਤੇ ਅਸੀਂ ਕੁਰੱਪਸ਼ਨ ਤੋਂ ਵੀ ਬਚ ਸਕਾਂਗੇ । ਦੂਸਰੀ ਗੱਲ ਇਹ ਹੈ ਕਿ ਲਾਰਜ ਸਕੇਲ ਵਿੱਚ ਇੰਡਸਟਰੀ ਲਗਾਉਣ ਨਾਲ ਅਸੀਂ ਆਪਣੇ ਬੱਚਿਆਂ ਨੂੰ ਮੈਕਸੀਮਮ ਇੰਪਲਾਈਮੈਂਟ ਦੇ ਸਕਾਂਗੇ ਜਿਸ

ਨਾਲ ਕਿ ਅਨ-ਇੰਪਲਾਇਮੈਂਟ ਦਾ ਮਸਲਾ ਵੀ ਹੱਲ ਹੋਵੇਗਾ । ਜਿਵੇਂ ਸਾਡੇ ਮੁੱਖ ਮੰਤਰੀ ਜੀ ਨੇ ਦੱਸਿਆ ਹੈ ਕਿ ਉਨ੍ਹਾਂ ਨੇ ਬੜੇ ਉਪਰਾਲੇ ਕੀਤੇ ਹਨ। ਪਿੱਛੇ ਜਹੇ ਨਾਨ-ਰੈਜ਼ੀਡੈਂਟ ਇੰਡੀਅਨ ਇੰਗਲੈਂਡ ਔਰ ਕੈਨੇਡਾ ਤੋਂ ਏਥੇ ਆਏ ਸਨ, ਉਨ੍ਹਾਂ ਨੇ ਦੱਸਿਆ ਕਿ ਅਸੀਂ ਪਿਛਲੇ 10-12 ਸਾਲਾਂ ਤੋਂ ਪੰਜਾਬ ਵਿੱਚ ਨਹੀਂ ਆਏ ਕਿਉਂਕਿ ਪੰਜਾਬ ਦੇ ਹਾਲਾਤ ਜਿਹੜੇ ਸਨ ਉਹ ਅਣਸੁਖਾਵੇਂ ਸਨ, ਇਸ ਕਰਕੇ ਉਹ ਨਹੀਂ ਆਏ। ਉਨ੍ਹਾਂ ਇਹ ਵੀ ਦੱਸਿਆ ਕਿ ਅਸੀਂ ਪੰਜਾਬ ਦੇ ਵਿੱਚ ਹੈਵੀ ਇੰਡਸਟਰੀ ਲਗਾਉਣਾ ਚਾਹੁੰਦੇ ਹਾਂ ਉਹ ਵੀ ਪੰਜਾਬ ਦੇ ਰੈਜ਼ੀਡੈਂਟ ਹਨ ਅਤੇ ਉਨ੍ਹਾਂ ਦਾ ਪੰਜਾਬ ਦੇ ਨਾਲ ਪਿਆਰ ਹੈ । ਕੀ ਹੋਇਆ, ਜੇ ਉਹ ਬਾਹਰ ਚਲੇ ਗਏ ਅਤੇ ਬਾਹਰ ਦੇ ਬਸ਼ਿੰਦੇ ਬਣ ਗਏ। ਪਰ ਫਿਰ ਵੀ ਉਨ੍ਹਾਂ ਦਾ ਪੰਜਾਬ ਦੇ ਨਾਲ ਪਿਆਰ ਹੈ। ਉਹ ਆਪਣੇ ਘਰਦਿਆਂ ਨੂੰ ਮਿਲ ਕੇ, ਆਪਣੇ ਆਲੇ ਦੁਆਲੇ ਦੇ ਲੋਕਾਂ ਨੂੰ ਮਿਲ ਕੇ, ਬੜੇ ਖੁਸ਼ ਹਨ ਕਿ ਅੱਜ ਸਾਨੂੰ ਰਾਹਤ ਮਿਲੀ ਹੈ । ਅਸੀ ਦੇਖਦੇ ਹਾਂ ਕਿ ਉਹ ਪਿਛਲੇ ਸਾਲਾਂ ਵਿੱਚ ਕਿੰਨੇ ਘਬਰਾ ਗਏ ਸਨ। ਹੁਣ ਉਨ੍ਹਾਂ ਨੂੰ ਦੁਬਾਰਾ ਪਤਾ ਲੱਗ ਗਿਆ ਹੈ ਕਿ ਪੰਜਾਬ ਦੇ ਹਾਲਾਤ ਬੜੇ ਸੁਧਰ ਗਏ ਹਨ ਅਤੇ ਸਾਡੇ ਮੁੱਖ ਮੰਤਰੀ ਜੀ ਨੇ ਕਿਹਾ ਹੈ ਕਿ ਅਸੀਂ ਪੰਜਾਬ ਦੇ ਵਿੱਚ ਹੈਵੀ ਇੰਡਸਟਰੀ ਲਗਵਾਵਾਂਗੇ। ਸਾਡੀ ਸਰਕਾਰ ਵੀ ਇਸ ਗੱਲ ਦੀ ਪੂਰੀ ਕੋਸ਼ਿਸ਼ ਕਰ ਰਹੀ ਹੈ ਕਿ ਪੰਜਾਬ ਵਿੱਚ ਹੈਵੀ ਇੰਡਸਟਰੀ ਤੇ ਸਮਾਲ ਇੰਡਸਟਰੀ ਲੱਗੇ ਤਾਂਕਿ ਸਾਡੇ ਪੰਜਾਬ ਵਿੱਚ ਹੋਰ ਤਰੱਕੀ ਹੋਵੇ ਅਤੇ ਪੰਜਾਬ ਵਿਚ ਰੈਵੀਨਿਊ ਆਵੇ ਅਤੇ ਪੰਜਾਬ ਪੂਰੀ ਤਰ੍ਹਾਂ ਤਰੱਕੀ ਯਾਫਤਾ ਬਣ ਸਕੇ। ਇਸੇ ਤਰ੍ਹਾਂ ਮੈ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਏਰੀਆ ਚਮਕੌਰ ਸਾਹਿਬ ਵਿੱਚ, ਮੋਰਿੰਡੇ ਇਕ ਸ਼ੂਗਰ ਮਿੱਲ ਲੱਗੀ ਹੋਈ ਹੈ। ਉਹ ਮਿੱਲ ਇਨਸਫੀਸ਼ੈਂਟ ਹੈ, ਕਿਉਂਕਿ ਸਾਡੇ ਇਲਾਕੇ ਵਿੱਚ ਕਮਾਦ ਬਹੁਤ ਪੈਦਾ ਹੁੰਦਾ ਹੈ ਅਤੇ ਇਹ ਇਕ ਮਿੱਲ ਉਸ ਬਾਰੇ ਗੰਨੇ ਨੂੰ ਕਰੱਸ਼ ਨਹੀਂ ਕਰ ਸਕਦੀ। ਜ਼ਿਮੀਦਾਰਾਂ ਨੂੰ ਆਪਣਾ ਗੰਨਾ ਵੇਚਣ ਲਈ ਨਵਾਂ ਸ਼ਹਿਰ, ਧੂਰੀ ਅਤੇ ਹੋਰ ਦੂਜੇ ਸ਼ਹਿਰਾਂ ਵਿੱਚ ਲਿਜਾਣਾ ਪੈਂਦਾ ਹੈ। ਇਸ ਨਾਲ ਉਨ੍ਹਾਂ ਨੂੰ ਕੈਰੇਜ ਬੜੀ ਪੈ ਜਾਂਦੀ ਹੈ ਅਤੇ ਉਨ੍ਹਾਂ ਦਾ ਖਰਚਾ ਬਹੁਤ ਹੋ ਜਾਂਦਾ ਹੈ ਅਤੇ ਉਹ ਇਸ ਤਰ੍ਹਾਂ ਕਰਨ ਨਾਲ ਨੁਕਸਾਨ ਉਠਾਉਂਦੇ ਹਨ। ਸਾਡੇ ਦੋ ਤਿੰਨ ਪਿੰਡਾਂ ਨੇ ਮਿਲ ਕੇ ਇਹ ਗੱਲ ਕੀਤੀ ਹੈ ਅਤੇ ਕਿਹਾ ਹੈ ਕਿ ਸ਼ੂਗਰ ਮਿੱਲ ਲਗਾਉਣ ਵਾਸਤੇ ਉਨ੍ਹਾਂ ਪਿੰਡਾਂ ਕੋਲ ਜ਼ਮੀਨ ਪਈ ਹੈ ਅਤੇ ਉਹ ਦੇਣ ਨੂੰ ਤਿਆਰ ਹਨ। ਸਟੇਟ ਗੌਰਮਿੰਟ ਨੂੰ ਇਸ ਗੱਲ ਦਾ ਉਪਰਾਲਾ ਕਰਨਾ ਚਾਹੀਦਾ ਹੈ ਕਿ ਉਹ ਉਥੇ ਸ਼ੂਗਰ ਮਿੱਲ ਲਗਵਾਉਣ। ਇਹ ਗੱਲ ਪ੍ਰਾਈਵੇਟ ਇੰਡਸਟਰੀਲਿਸਟਾਂ ਨੇ ਵੀ ਕਹੀ ਹੈ ਕਿ ਉਹ ਪ੍ਰਾਈਵੇਟ ਸ਼ੂਗਰ ਮਿੱਲ ਲਗਾਉਣ ਨੂੰ ਤਿਆਰ ਹਨ। ਇਸ ਬਾਰੇ ਤਾਂ ਸਰਕਾਰ ਨੂੰ ਪਤਾ ਹੈ ਕਿ ਲੋਕ ਪ੍ਰਾਈਵੇਟ ਸ਼ੂਗਰ ਮਿਲ ਵੀ ਲਗਾਉਣ ਨੂੰ ਤਿਆਰ ਹਨ । ਮੈਂ ਚਾਹੁੰਦਾ ਹਾਂ ਕਿ ਜਿਹੜਾ ਸ੍ਰੀ ਸੈਣੀ ਜੀ ਨੇ ਪੰਜਾਬ ਵਿੱਚ ਹੈਵੀ ਇੰਡਸਟਰੀ ਲਗਾਉਣ ਬਾਰੇ ਮੋਸ਼ਨ ਮੂਵ ਕੀਤਾ ਹੈ ਕਿ ਸੈਂਟਰ ਦੀ ਸਰਕਾਰ ਨੂੰ ਰਿਕੁਐਸਟ ਕੀਤੀ ਜਾਵੇ ਠੀਕ ਹੈ ਕਿਉਂਕਿ ਇਸ ਨਾਲ ਪੰਜਾਬ ਦੇ ਹਾਲਾਤ ਹੋਰ ਸੁਖਾਵੇਂ ਬਣ ਸਕਣਗੇ ਅਤੇ ਪੰਜਾਬ ਹੋਰ ਅੱਗੇ ਪੁਲਾਂਘਾਂ ਪੁੱਟ ਸਕੇਗਾ। ਮੈ ਇਸ ਰੈਜ਼ੋਲਿਊਸ਼ਨ ਦਾ ਸਮਰਥਨ ਕਰਦਾ ਹਾਂ।

ਸਰਦਾਰ ਹਰਗੋਪਾਲ ਸਿੰਘ ਐਡਵੋਕੇਟ (ਬਲਾਚੌਰ): ਡਿਪਟੀ ਸਪੀਕਰ ਸਾਹਿਬ, ਅੱਜ ਜਿਹੜਾ ਮਤਾ ਸ੍ਰੀ ਜੈ ਕ੍ਰਿਸ਼ਨ ਸੈਣੀ ਵੱਲੋਂ ਪੇਸ਼ ਕੀਤਾ ਗਿਆ ਹੈ ਮੈ ਇਸ ਦਾ ਸਮਰਥਨ ਕਰਦਾ ਹਾਂ। ਕਿਉਂਕਿ ਪੰਜਾਬ ਦਾ ਮਾਹੌਲ ਪਿਛਲੇ ਕਾਫੀ ਸਮੇਂ ਤੋਂ ਖਰਾਬ ਚਲਿਆ ਆ ਰਿਹਾ ਸੀ, । ਜਿਸ ਦੇ ਨਾਲ ਸਾਡੀ ਉਨਤੀ ਪਿੱਛੇ ਰਹਿ ਗਈ। ਜਿਸ ਪੰਜਾਬ ਨੂੰ ਕਦੇ ਸੋਨੇ ਦੀ ਚਿੜੀਆ ਕਿਹਾ ਜਾ[illegible] ਉਹ ਸੋਨੇ ਦੀ ਚਿੜੀਆ ਨਾ ਰਹਿਣ ਕਰਕੇ ਉਸ ਨੂੰ ਮਿੱਟੀ ਦੇ ਬਰਾਬਰ ਮਿ[illegible] ਪਰ ਜਿਹੜਾ ਅੱਜ ਮਤਾ ਰੱਖਿਆ ਗਿਆ ਹੈ ਕਿਉਂਕਿ ਸਾਡਾ ਦੇਸ਼ ਸਾਰੀ ਦੁ[illegible]

[ਸਰਦਾਰ ਹਰਗੋਪਾਲ ਸਿੰਘ ਐਡਵੋਕੇਟ]

ਲੋਕਤੰਤਰ ਦੇਸ਼ ਹੈ ਜਦੋਂ ਕਿ ਇਸ ਦੇ ਕੇਵਲ 37 ਪ੍ਰਤੀਸ਼ਤ ਲੋਕ ਹੀ ਪੜ੍ਹੇ ਹੋਏ ਹਨ ਅਤੇ 67 ਪ੍ਰਤੀਸ਼ਤ ਅਨਪੜ੍ਹ ਹਨ । ਜਿਸ ਦੇਸ਼ ਵਿਚ ਬਹੁਤੀ ਪੜ੍ਹਾਈ ਨਾ ਹੋਵੇ ਅਤੇ ਲੋਕ ਜ਼ਿਆਦਾ ਅਨਪੜ੍ਹ ਹੋਣ ਤਾਂ ਉਥੇ ਕੁਦਰਤੀ ਤੌਰ ਤੇ ਦੂਸਰੇ ਦੇਸ਼ਾਂ ਦੇ ਮੁਕਾਬਲੇ ਅੱਗੇ ਵੱਧਣ ਦੇ ਹਮੇਸ਼ਾਂ ਘੱਟ ਆਸਾਰ ਹੁੰਦੇ ਹਨ। ਸਾਡੇ ਦੇਸ਼ ਦੇ ਲੋਕ ਜ਼ਿਆਦਾ ਖੇਤੀਬਾੜੀ ਉਤੇ ਨਿਰਭਰ ਕਰਦੇ ਹਨ ਕਿਉਂਕਿ ਸਾਡੇ ਦੇਸ਼ ਦੀ 70 ਪ੍ਰਤੀਸ਼ਤ ਆਬਾਦੀ ਖੇਤੀਬਾੜੀ ਕਰਦੀ ਹੈ। ਪੰਜਾਬ ਤਾਂ ਖੇਤੀ ਵਿੱਚ ਪਹਿਲੇ ਨੰਬਰ ਤੇ ਹੈ। ਅੱਜ ਪੰਜਾਬ ਆਪਣਾ ਅਨਾਜ ਜਾਂ ਹੋਰ ਦੂਸਰੀਆਂ ਚੀਜ਼ਾਂ ਵੀ ਬਾਹਰਲੇ ਦੇਸ਼ਾਂ ਨੂੰ ਭੇਜਣ ਦੇ ਯੋਗ ਹੈ। ਉਹ ਪੰਜਾਬ ਜਿਹੜਾ ਖੇਤੀ ਤੇ ਨਿਰਭਰ ਹੈ ਉਥੇ ਹਰ ਤਰ੍ਹਾਂ ਦੀ ਇੰਡਸਟਰੀ ਲਗਣ ਦੇ ਆਸਾਰ ਵੀ ਹਨ। ਇਸ ਗੱਲ ਨੂੰ ਜ਼ਰੂਰ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਕਿਉਂਕਿ ਜਿਥੇ ਖੇਤੀ ਵੀ ਹੈ ਅਤੇ ਜੰਗਲਾਤ ਵੀ ਹੈ, ਇੱਥੇ ਵੁੱਡਨ ਇੰਡਸਟਰੀ ਬੜੀ ਸੌਖੀ ਤਰ੍ਹਾਂ ਲਗਾਈ ਜਾ ਸਕਦੀ ਹੈ ਅਤੇ ਪੇਪਰ ਇੰਡਸਟਰੀ ਲਗਾਈ ਜਾ ਸਕਦੀ ਹੈ। ਇਸ ਤਰ੍ਹਾਂ ਦੀ ਇੰਡਸਟਰੀ ਪੰਜਾਬ ਵਿੱਚ ਹੋਣੀ ਚਾਹੀਦੀ ਹੈ ਜਿੱਥੇ ਲੋਕਾਂ ਨੂੰ ਰੋਜ਼ਗਾਰ ਦੇ ਸਾਧਨ ਵੀ ਜ਼ਿਆਦਾ ਹੋਣ ਔਰ ਪੰਜਾਬ ਦੀ ਡੀਵੈਲਪਮੈਂਟ ਲਈ, ਪੰਜਾਬ ਦੀ ਆਰਥਿਕ ਪੁਜੀਸ਼ਨ ਨੂੰ ਸਟਰੌਂਗ ਕਰਨ ਲਈ, ਜਿਹੜੀ ਕਈ ਸਾਲਾਂ ਤੋਂ ਆਰਥਿਕ ਪੁਜੀਸ਼ਨ ਥੱਲੇ ਜਾ ਰਹੀ ਹੈ, ਉਸ ਨੂੰ ਵੀ ਪੂਰਾ ਕੀਤਾ ਜਾ ਸਕਦਾ ਹੈ । ਪਰ ਇੱਕ ਗੱਲ ਵੇਖਣ ਵਿਚ ਆਈ ਹੈ ਕਿ ਮਲਟੀ ਨੈਸ਼ਨਲ ਪਰਪਜ਼ ਸਕੀਮ ਅਧੀਨ ਸਾਡਾ ਦੇਸ਼ ਦੂਸਰੇ ਦੇਸ਼ਾਂ ਦੀ ਸਹਾਇਤਾ ਨਾਲ ਪੰਜਾਬ ਵਿੱਚ ਅਤੇ ਹੋਰ ਦੂਜੇ ਸੂਬਿਆਂ ਵਿੱਚ ਇੰਡਸਟਰੀ ਲਗਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਇਹ ਮੇਰੀ ਸੁਜੈਸ਼ਨ ਹੈ ਕਿ ਜਿੱਥੇ ਇਹ ਦੂਜੇ ਦੇਸ਼ਾਂ ਤੋਂ ਪੈਸਾ ਲੈ ਕੇ, ਆਪਣੀ ਜ਼ਮੀਨ ਦੇ ਕੇ, ਪੰਜਾਬ ਦੇ ਵਿੱਚ ਜਾਂ ਦੂਜੇ ਸੂਬਿਆਂ ਦੇ ਵਿੱਚ ਇੰਡਸਟਰੀ ਲਗਾਉਣਾ ਚਾਹੁੰਦੇ ਹਨ, ਸਰਕਾਰ ਨੂੰ ਇਹ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਕਿ ਸਾਡੇ ਦੇਸ਼ ਵਿੱਚ ਪਹਿਲਾਂ ਈਸਟ ਇੰਡੀਆ ਨਾਂ ਦੀ ਛੋਟੀ ਜਿਹੀ ਕੰਪਨੀ ਆਈ ਸੀ ਅਤੇ ਬਾਅਦ ਵਿਚ ਉਸਨੇ ਸਾਰੇ ਭਾਰਤ ਦੀ ਆਰਥਿਕ ਵਿਵਸਥਾ ਤੇ ਕੰਟਰੋਲ ਕਰ ਲਿਆ ਅਤੇ ਜਿਸ ਦਾ ਸਿੱਟਾ ਇਹ ਹੋਇਆ ਕਿ ਸਾਡੇ ਦੇਸ਼ ਨੂੰ ਕਿੰਨੇ ਸਾਲ ਹੀ ਗੁਲਾਮ ਰਹਿਣਾ ਪਿਆ। ਬੇਸ਼ਕ ਪੈਸੇ ਦੀ ਸਹੂਲਤ ਲੈ ਲੈਣੀ ਚਾਹੀਦੀ ਹੈ ਪਰ ਇੰਡਸਟਰੀ ਉਪਰ ਪੂਰਾ ਕੰਟਰੋਲ ਜਿਹੜਾ ਹੈ, ਤੌਰ ਤਰੀਕਾ ਜਿਹੜਾ ਹੈ, ਜਾਂ ਜੋ ਸ਼ੇਅਰ ਹੈ, ਉਹ ਸਾਰਾ ਭਾਰਤ ਸਰਕਾਰ ਜਾਂ ਜਿਸ ਵੀ ਸਟੇਟ ਦੇ ਵਿੱਚ ਉਹ ਇੰਡਸਟਰੀ ਲਗਣੀ ਹੈ, ਉਸ ਦੇ ਹੱਥ ਵਿੱਚ ਹੋਣਾ ਚਾਹੀਦਾ ਹੈ। ਜਿਹੜੀ ਅਸੀਂ ਮਲਟੀ ਨੈਸ਼ਨਲ ਪਰਪਜ਼ ਸਕੀਮ ਅਧੀਨ ਇੰਡਸਟਰੀ ਆਪਣੇ ਦੇਸ਼ ਦੇ ਦੂਜੇ ਸੂਬਿਆਂ ਖਾਸ ਕਰਕੇ ਪੰਜਾਬ ਦੇ ਵਿੱਚ ਲਗਾਉਣੀ ਚਾਹੁੰਦੇ ਹਾਂ, ਸਾਨੂੰ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਦੂਜੇ ਦੇਸ਼ ਇੱਥੇ ਐਸਾ ਸਿਸਟਮ ਨਾ ਕਾਇਮ ਕਰ ਲੈਣ ਕਿ ਪੰਜਾਬ ਦੇ ਲੋਕਾਂ ਨੂੰ ਔਖਾ ਹੋਣਾ ਪਵੇ ਕਿਉਂਕਿ ਦੂਜੇ ਦੇਸ਼ਾਂ ਦੀ ਜਦੋਂ ਇੰਡਸਟਰੀ ਤੇ ਅਸੀਂ ਨਿਰਭਰ ਕਰਾਂਗੇ ਤਾਂ ਇੱਕ ਹੀਣ-ਭਾਵਨਾ ਲੋਕਾਂ ਦੇ ਵਿੱਚ ਆਵੇਗੀ। ਇਸ ਲਈ ਇਥੇ ਇੰਡਸਟਰੀ ਲਗਾਉਣੀ ਤਾਂ ਜ਼ਰੂਰੀ ਹੈ ਪਰ ਇਸਦਾ ਕੰਟਰੋਲ ਭਾਰਤ ਸਰਕਾਰ ਜਾਂ ਪੰਜਾਬ ਸਰਕਾਰ ਦੇ ਹੱਥ ਵਿੱਚ ਹੋਣਾ ਚਾਹੀਦਾ ਹੈ, ਪੈਸਾ ਵਿਦੇਸ਼ਾਂ ਦਾ ਅਤੇ ਕੰਟਰੋਲ ਭਾਰਤ ਸਰਕਾਰ ਦਾ ਹੋਣਾ ਚਾਹੀਦਾ ਹੈ। ਦੂਜੇ ਪਾਸੇ ਟੈਕਸਟਾਇਲ ਇੰਡਸਟਰੀ ਹੈ, ਉਹ ਸਾਡੇ ਦੇਸ਼ ਦੀ ਆਪਣੀ ਉਪਜ ਹੈ, ਖਾਸ ਕਰਕੇ ਪੰਜਾਬ ਦੀ ਉਪਜ ਹੈ ਕਿਉਂਕਿ ਪੰਜਾਬ ਦੇ ਵਿੱਚ ਟੈਕਸਟਾਇਲ ਬਣਾਉਣ ਲਈ ਹਰ ਤਰ੍ਹਾਂ ਦਾ ਮੈਟੀਰੀਅਲ ਪੈਦਾ ਕੀਤਾ ਜਾ ਸਕਦਾ ਹੈ। ਸਾਨੂੰ ਦੂਜੇ ਦੇਸ਼ਾਂ ਤੇ ਨਿਰਭਰ ਕਰਨ ਦੀ ਲੋੜ ਨਹੀਂ ਹੈ ਕਿਉਂਕਿ ਪੰਜਾਬ ਖੇਤੀ ਪ੍ਰਧਾਨ ਸੂਬਾ ਹੈ ਅਤੇ ਕਪਾਹ ਬਹੁਤ ਹੁੰਦੀ ਹੈ ਅਤੇ ਹੋਰ ਲੋੜੀਂਦੇ ਰੇਸ਼ੇ ਜਿਸ ਤੋਂ ਕੱਪੜਾ ਅਤੇ ਦੂਜਾ ਬੋਰੀਆਂ ਆਦਿ ਤਿਆਰ ਕੀਤੇ ਜਾ ਸਕਦੇ ਹਨ ਜਿਸ ਨੂੰ ਅਸੀਂ ਪਟਸਨ ਵੀ ਕਹਿੰਦੇ ਹਾਂ, ਸਭ ਕੁਝ

ਹੁੰਦਾ ਹੈ। ਇੱਥੇ ਟੈਕਸ-ਟਾਈਲ ਦੀਆਂ ਫੈਕਟਰੀਆਂ ਲਗਾਉਣੀਆਂ ਚਾਹੀਦੀਆਂ ਹਨ ਜਿਸ ਨਾਲ ਲੋਕਾਂ ਨੂੰ ਕਾਫੀ ਰੋਜ਼ਗਾਰ ਮਿਲ ਸਕਦਾ ਹੈ। ਰਾਜ ਵਿੱਚ ਜਿਹੜਾ ਘਾਟਾ ਮਹਿਸੂਸ ਹੋਇਆ ਹੈ, ਉਹ ਇਸ ਕਰਕੇ ਕਿ ਇਸ ਪੰਜਾਬ ਦੇ ਵਿੱਚ ਜਿਹੜੇ ਲੋਕਾਂ ਨੇ ਪਹਿਲਾਂ ਇੰਡਸਟਰੀ ਲਗਾਈ ਸੀ ਪਰ ਹਾਲਾਤ ਖਰਾਬ ਹੋਣ ਕਰਕੇ ਪ੍ਰਫੁੱਲਤ ਨਹੀਂ ਕਰ ਸਕੇ ਸੀ ਕਿਉਂਕਿ ਜਿਹੜਾ ਵੀ ਇੰਡਸਟਰੀਲਿਸ਼ਟ ਪੈਸਾ ਲਗਾਉਂਦਾ ਹੈ ਉਹ ਸੋਚਦਾ ਹੈ ਕਿ ਮੇਰੇ ਮਾਲ ਦੀ ਵੱਧ ਤੋਂ ਵੱਧ ਵਿਕਰੀ ਹੋਵੇ ਔਰ ਜਦੋਂ ਪੰਜਾਬ ਦੇ ਹਾਲਾਤ ਠੀਕ ਨਹੀਂ ਸੀ ਅਤੇ ਇੰਡਸ਼ਟਰੀ ਠੀਕ ਨਹੀਂ ਚਲ ਸਕੀ ਤਾਂ ਉਸਨੇ ਆਪਣੀ ਇੰਡਸਟਰੀ ਨੂੰ ਪ੍ਰਫੁੱਲਤ ਕਰਨ ਦੀ ਬਜਾਏ ਇੱਥੇ ਬਹੁਤ ਘੱਟ ਇਨਵੈਸਟਮੈਂਟ ਕੀਤੀ। ਪਰ ਹੁਣ ਉਨ੍ਹਾਂ ਨੇ ਵੀ ਇਥੇ ਆਪਣੇ ਕਾਰੋਬਾਰ ਵਧਾਉਣ ਬਾਰੇ ਵਿਚਾਰ ਕਰਨੀ ਸ਼ੁਰੂ ਕਰ ਦਿਤੀ ਹੈ। ਇੱਥੇ ਹੋਰ ਵੀ ਇੰਡਸਟਰੀ ਹੈ, ਨੈਸ਼ਨਲ ਫਰਟੇਲਾਈਜ਼ਰ ਫੈਕਟਰੀ ਹੈ, ਉਹ ਵੀ ਪੰਜਾਬ ਦੇ ਹਿੱਤ ਵਿਚ ਹੈ ਕਿਉਂਕਿ ਉਥੇ ਖ਼ਾਦ ਬਣਦੀ ਹੈ ਜੋ ਸਾਰੇ ਦੇਸ਼ ਨੂੰ ਜਾ ਰਹੀ ਹੈ। ਫਰਟੇਲਾਈਜ਼ਰ ਇਕ ਤਾਂ ਖੇਤੀ ਲਈ ਠੀਕ ਹੈ ਦੂਜਾ ਰੋਜ਼ਗਾਰ ਦਾ ਸਾਧਨ ਹੈ ਕਿਉਂਕਿ ਇਸ ਦੇ ਵਿੱਚ ਬਹੁਤ ਸਾਰੇ ਬੇ-ਰੋਜ਼ਗਾਰ ਯੁਵਕਾਂ ਨੂੰ ਇੰਪਲਾਈਮੈਂਟ ਮਿਲੀ ਹੈ। ਇਸ ਤਰ੍ਹਾਂ ਦੀ ਇੰਡਸਟਰੀ ਰਾਜ ਵਿੱਚ ਬੇ-ਰੋਜ਼ਗਾਰ ਯੁਵਕਾਂ ਨੂੰ ਰੋਜ਼ਗਾਰ ਮੁਹੱਈਆ ਕਰਨ ਵਿੱਚ ਕਾਫੀ ਸਹਾਇਕ ਹੋ ਸਕਦੀ ਹੈ। ਸਾਡੇ ਦੇਸ਼ ਵਿੱਚ ਜਾਂ ਕਿਸੇ ਵੀ ਦੇਸ਼ ਵਿੱਚ ਇੰਡਸਟਰੀ ਦੀ ਬਹੁਤ ਮਹੱਤਵਪੂਰਨ ਭੂਮਿਕਾ ਹੈ, ਜਦੋਂ ਪੰਜਾਬ ਦੇ ਲੋਕ ਜਾਂ ਭਾਰਤ ਦੇ ਲੋਕ ਵਿਦੇਸ਼ਾਂ ਵਿੱਚ ਜਾਂਦੇ ਹਨ ਤਾਂ ਉਹ ਉਥੇ ਜਾ ਕੇ ਫੈਕਟਰੀਆਂ ਵਿੱਚ ਕੰਮ ਕਰਦੇ ਹਨ। ਵੱਡੀਆਂ-ਵੱਡੀਆਂ ਇੰਡਸ਼ਟਰੀਆਂ ਉਨ੍ਹਾਂ ਨੇ ਸ਼ੇਅਰ ਪਾ ਕੇ ਖੋਲ੍ਹੀਆਂ ਹੋਈਆਂ ਹਨ ਅਤੇ ਉਹ ਇੰਡਸਟਰੀਆਂ ਵਿੱਚ ਕੰਮ ਕਰਦੇ ਹਨ ਜੇ ਪੰਜਾਬ ਦੇ ਲੋਕ ਬਾਹਰ ਜਾ ਕੇ ਕੰਮ ਕਰ ਸਕਦੇ ਹਨ ਤਾਂ ਪੰਜਾਬ ਸਰਕਾਰ ਨੂੰ ਇਸ ਮਤੇ ਦੀ ਜਿੰਨੀ ਹੋ ਸਕੇ ਪ੍ਰੋੜ੍ਹਤਾ ਕਰਨੀ ਚਾਹੀਦੀ ਹੈ ਅਤੇ ਸੈਂਟਰ ਨੂੰ ਕਹਿਣਾ ਚਾਹੀਦਾ ਹੈ ਕਿ ਉਹ ਪੰਜਾਬ ਵਿਚ ਵੱਧ ਤੋਂ ਵੱਧ ਇੰਡਸਟਰੀ ਲਗਾਏ। ਜਦੋਂ ਪੰਜਾਬ ਦੇ ਲੋਕ ਦੂਸਰੇ ਦੇਸ਼ਾਂ ਵਿਚ, ਵੈਸਟਰਨ ਦੇਸ਼ਾਂ ਵਿਚ ਕੰਮ ਕਰਨ ਜਾਣਗੇ ਤਾਂ ਉਹ ਆਪਣੇ ਸਟੇਟ ਦੇ ਕਾਰਖਾਨਿਆਂ ਵਿਚ ਕੰਮ ਨਹੀਂ ਕਰਨਗੇ। ਇਹ ਦੇਖਿਆ ਜਾਂਦਾ ਹੈ ਅਤੇ ਕਿਹਾ ਜਾਂਦਾ ਹੈ ਕਿ ਪੰਜਾਬ ਦੇ ਲੋਕਾਂ ਨੂੰ ਉਥੇ 16-16 ਘੰਟੇ ਕੰਮ ਕਰਨਾ ਪੈਂਦਾ ਹੈ। ਪਰ ਅੱਜ ਪੰਜਾਬ ਦਾ ਮਾਹੌਲ ਸਹੀ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਇੱਥੇ ਇੰਡਸਟਰੀ ਲਗਾਏ ਤਾਂ ਕਿ ਜਿਹੜੇ ਲੋਕ ਬਾਹਰ ਮਿਹਨਤ ਕਰਦੇ ਹਨ, ਉਹ ਇੱਥੇ ਕਰਨ ਤਾਂ ਹੀ ਉਹ ਆਪਣੇ ਬੱਚਿਆਂ ਨੂੰ ਠੀਕ ਤਰ੍ਹਾਂ ਪਾਲ ਸਕਦੇ ਹਨ ਅਤੇ ਆਪ ਠੀਕ ਰਹਿ ਸਕਦੇ ਹਨ। ਇਹ ਚੰਗੀ ਗੱਲ ਹੈ। ਜਿਨ੍ਹਾਂ ਦੇਸ਼ਾਂ ਦੀ ਇੰਡਸਟਰੀ ਉੱਨਤ ਹੈ, ਉਹ ਦੇਸ਼ ਕਦੇ ਧੋਖਾ ਨਹੀਂ ਖਾਂਦੇ। ਵੈਸਟਰਨ ਕੰਟਰੀਜ਼ ਜਿਵੇਂ ਜਾਪਾਨ, ਅਮਰੀਕਾ ਆਦਿ ਹਨ, ਉਥੇ ਇਲੈਕਟ੍ਰੌਨਿਕ ਸਿਸਟਮ ਹੈ, ਉਨ੍ਹਾਂ ਦੀ ਇੰਡਸਟਰੀ ਕਾਫੀ ਐਡਵਾਂਸ ਹੈ। ਉਹ ਸਾਰੇ ਦੇਸ਼ਾਂ ਨੂੰ ਮਾਲ ਸਪਲਾਈ ਕਰਦੇ ਹਨ। ਜਦੋਂ ਕੋਈ ਸਮਾਨ ਲਿਆਉਂਦੇ ਹਾਂ ਤਾਂ ਉਸ ਉਤੇ ਦੂਜੇ ਦੇਸ਼ਾਂ ਦੀ ਮੋਹਰ ਹੁੰਦੀ ਹੈ। ਉਨ੍ਹਾਂ ਨੇ ਇੰਡਸਟਰੀ ਨੂੰ ਜ਼ਿਆਦਾ ਮਹੱਤਵ ਦਿੱਤਾ ਹੈ, ਖੇਤੀ ਨੂੰ ਇੰਨਾ ਮਹੱਤਵ ਨਹੀਂ ਦਿੱਤਾ। ਇਸ ਕਰਕੇ ਉਨ੍ਹਾਂ ਦਾ ਨਾਂ ਸਾਰੇ ਦੇਸ਼ ਵਿਚ ਵਿਕਦਾ ਹੈ। ਇਹ ਨਾ ਸਿਰਫ ਉਨ੍ਹਾਂ ਲੋਕਾਂ ਦਾ ਵਿਕਦਾ ਹੈ ਜਿਹੜੇ ਲੋਕ ਇੰਡਸਟਰੀ ਪੱਖੋਂ ਡਿਵੈਲਪ ਹਨ। ਅੱਜ ਪੰਜਾਬ ਖੇਤੀ ਪ੍ਰਧਾਨ ਦੇਸ਼ ਹੈ ਔਰ ਇਥੋਂ ਦੇ ਲੋਕ ਮਿਹਨਤਕਸ਼ ਹਨ। ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਕਿਸਾਨਾਂ ਨੂੰ ਔਜ਼ਾਰ ਸਸਤੇ ਦਿੱਤੇ ਜਾਣ ਤਾਂ ਕਿ ਖੇਤੀ ਕਰਨ ਵਿਚ ਕਿਸੇ ਪ੍ਰਕਾਰ ਦੀ ਰੁਕਾਵਟ ਨਾ ਆਵੇ। ਸਰਕਾਰ ਨੂੰ ਪੰਜਾਬ ਵਿਚ ਹੈਵੀ ਇੰਡਸਟਰੀ ਲਗਾਉਣ ਲਈ ਹੋਰ ਯਤਨ ਕਰਨੇ ਚਾਹੀਦੇ ਹਨ। ਜਿਸ ਤਰ੍ਹਾਂ ਰੇਲਵੇ ਕੋਚ ਫੈਕਟਰੀ ਕਪੂਰਥਲੇ ਲਗਾਈ ਗਈ ਹੈ ਉਹ ਕਾਂਗਰਸ

[ਸਰਦਾਰ ਹਰਗੋਪਾਲ ਸਿੰਘ ਐਡਵੋਕੇਟ]

ਦੀ ਸਰਕਾਰ ਨੇ ਲਗਾਈ। ਸਰਦਾਰ ਦਰਬਾਰਾ ਸਿੰਘ ਨੇ ਉਸ ਦਾ ਨੀਂਹ ਪੱਥਰ ਰੱਖਿਆ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਰੇਲ ਕੋਚ ਫੈਕਟਰੀ ਲਗਾਈ ਗਈ ਹੈ, ਉਸ ਨਾਲ ਲੋਕਾਂ ਨੂੰ ਬੜੇ ਸਾਧਨ ਮਿਲੇ ਹਨ ।

ਸਰਦਾਰ ਰਣਜੀਤ ਸਿੰਘ ਛੱਜਲਵੱਡੀ : ** ** **

Mr. Deputy Speaker : This is no point of order.

ਸਰਦਾਰ ਹਰਗੋਪਾਲ ਸਿੰਘ ਐਡਵੋਕੇਟ : ਚਲੋ, ਇਸ ਗੱਲ ਨਾਲ ਮੈਂ ਸਹਿਮਤ ਹਾਂ। ਫੈਕਟਰੀ ਤਾਂ ਲਗਾਈ ਹੈ, ਭਾਵੇਂ ਕਿਸੇ ਨੇ ਵੀ ਲਗਾਈ ਹੈ। ਕਹਿਣ ਦਾ ਮਤਲਬ ਹੈ ਕਿ ਇਸ ਵਿਚ ਪੰਜਾਬ ਦੇ ਲੋਕਾਂ ਦੀ ਮਿਹਨਤ ਹੈ ਅਤੇ ਦੇਸ਼ ਦੀ ਇਕਾਨਮੀ ਵੱਲ ਸਾਨੂੰ ਧਿਆਨ ਦੇਣਾ ਚਾਹੀਦਾ ਹੈ। ਇੱਕ ਪਾਸੇ ਇੰਡਸਟਰੀ ਦੀ ਗੱਲ ਹੈ। ਦੂਸਰੇ ਪਾਸੇ ਅਨ-ਇੰਪਲਾਇਮੈਂਟ ਦੀ ਗੱਲ ਹੈ। ਤੀਸਰੇ ਪਾਸੇ ਖੇਤੀ ਦੀ ਗੱਲ ਹੈ। ਤਿੰਨਾਂ ਖੇਤਰਾਂ ਤੋਂ ਸਾਡੇ ਦੇਸ਼ ਘਿਰਿਆ ਹੋਇਆ ਹੈ ।

Mr. Deputy Speaker : Try to wind up.

ਸਰਦਾਰ ਹਰਗੋਪਾਲ ਸਿੰਘ ਐਡਵੋਕੇਟ : ਜੇ ਪੰਜਾਬ ਵਿਚ ਇੰਡਸਟਰੀ ਲੱਗ ਜਾਏ ਤਾਂ ਬੇਰੁਜ਼ਗਾਰੀ ਖਤਮ ਹੋ ਸਕਦੀ ਹੈ । ਇੰਡਸਟਰੀ ਲੱਗਣ ਨਾਲ ਖੇਤੀ ਵਿਚ ਵੀ ਡਿਵੈਲਪਮੈਂਟ ਹੋ ਸਕਦੀ ਹੈ। ਖਾਦ ਦੀ ਇੰਡਸਟਰੀ ਲੱਗ ਜਾਏ ਤਾਂ ਖੇਤੀ ਨੂੰ ਵੀ ਫਾਇਦਾ ਹੋ ਸਕਦਾ ਹੈ। ਵੁਡਨ ਇੰਡਸਟਰੀ ਲੱਗ ਜਾਏ ਤਾਂ ਵੀ ਖੇਤੀ ਨੂੰ ਫਾਇਦਾ ਹੋ ਸਕਦਾ ਹੈ। ਪੰਜਾਬ ਇੱਕ ਖੇਤੀ ਪ੍ਰਧਾਨ ਦੇਸ਼ ਹੈ। ਅੱਜ ਸਾਨੂੰ ਇਸ ਨੂੰ ਮੁੜ ਕੇ ਸੋਨੇ ਦੀ ਚਿੜੀਆ ਬਣਾਉਣ ਲਈ ਪਾਰਟੀਬਾਜ਼ੀ ਛੱਡ ਕੇ ਦੇਸ਼ ਦੀ ਇਕਾਨਮੀ ਵੱਲ ਧਿਆਨ ਦੇਣ ਦੀ ਲੋੜ ਹੈ। ਜਦ ਤੱਕ ਦੇਸ਼ ਦਾ ਆਰਥਿਕ ਤੌਰ ਤੇ ਸੁਧਾਰ ਨਹੀਂ ਹੁੰਦਾ ਤਦ ਤਕ ਇਸ ਦੇਸ਼ ਵਿਚ ਰਹਿ ਰਹੇ ਲੋਕਾਂ ਦੇ ਅਧਿਕਾਰ, ਜਿਹੜੇ ਉਨਾਂ ਨੂੰ ਸਰਕਾਰੀ ਤੌਰ ਤੇ ਮਿਲੇ ਹਨ, ਉਸ ਦੀ ਉਹ ਵਰਤੋਂ ਸਹੀ ਤਰੀਕੇ ਨਾਲ ਨਹੀਂ ਕਰ ਸਕਦੇ। ਤੁਸੀਂ ਸੁਣਿਆ ਹੋਵੇਗਾ ਕਿ ਰਸ਼ੀਆ ਇੱਕ ਕਮਿਊਨਿਸਟ ਕੰਟਰੀ ਹੈ। ਜਦੋਂ ਉਸਦੀ ਆਰਥਿਕ ਸਥਿਤੀ ਡਾਊਨ ਹੋ ਗਈ ਤਾਂ ਦੁਨੀਆਂ ਦਾ ਇੱਕ ਨੰਬਰ ਤੇ ਕਹਾਉਣ ਵਾਲਾ ਦੇਸ਼ ਆਪਣੀ ਸੱਤ੍ਹਾ ਤੋਂ ਥੱਲੇ ਆ ਗਿਆ। ਅੱਜ ਸਾਡੇ ਪੰਜਾਬ ਦੇ ਲੋਕਾਂ ਨੂੰ ਜ਼ਰੂਰਤ ਹੈ ਕਿ ਵੱਧ ਤੋਂ ਵੱਧ ਇੰਡਸਟਰੀ ਲਗਾਈਏ, ਜਿਸ ਨਾਲ ਦੇਸ਼ ਦੀ ਆਰਥਿਕ ਪੁਜੀਸ਼ਨ ਠੀਕ ਹੋਵੇ। ਸਾਨੂੰ ਵੈਸਟਰਨ ਕੰਟਰੀਜ਼ ਦੀ ਉਦਾਹਰਨ ਦੇਖਣੀ ਚਾਹੀਦੀ ਹੈ ਅਤੇ ਅੱਗੇ ਵੱਧਣਾ ਚਾਹੀਦਾ ਹੈ ।

Mr. Deputy Speaker : Try wind up.

ਸਰਦਾਰ ਹਰਗੋਪਾਲ ਸਿੰਘ ਐਡਵੋਕੇਟ : ਜਦੋਂ ਉਹ ਇੱਕ ਨੰਬਰ ਤੇ ਆ ਸਕਦੇ ਹਨ ਤਾਂ ਸਾਡਾ ਦੇਸ਼ ਕਿਉਂ ਨਹੀਂ ਇੱਕ ਨੰਬਰ ਤੇ ਆ ਸਕਦਾ। ਸਾਡੇ ਦੇਸ਼ ਵਿਚ ਪ੍ਰਾਪਰਟੀ ਹੈ, ਜੰਗਲ ਹਨ ਜਿਥੇ ਵੁਡਨ ਇੰਡਸਟਰੀ ਲਗਾਈ ਜਾ ਸਕਦੀ ਹੈ, ਬੰਜਰ ਜ਼ਮੀਨ ਹੈ ਔਰ ਉਥੇ ਜ਼ਿਆਦਾ ਪੈਸੇ ਲਗਾਉਣ ਦੀ ਲੋੜ ਨਹੀਂ। ਸਰਕਾਰ ਦਾ ਉਸ ਤੇ ਕਬਜ਼ਾ ਹੈ ਅਤੇ ਇੰਡਸਟਰੀ ਲਗਾਈ ਜਾ ਸਕਦੀ ਹੈ। ਸਾਡੇ ਕੋਲ ਪਾਣੀ ਵੀ ਹੈ, ਕੋਲਾ ਵੀ ਹੈ। ਸਿਰਫ ਪਲਾਨ ਬਣਾਉਣ ਦੀ ਲੋੜ ਹੈ। ਜਿਹੜਾ ਸਾਡੇ ਕੋਲ ਰਾਅ ਮਟੀਰੀਅਲ ਹੈ, ਉਸ ਤੋਂ ਪਲਾਨਿੰਗ ਨਾਲ ਇੰਡਸਟਰੀ ਲਗਾਉਣੀ ਚਾਹੀਦੀ ਹੈ

**Expunged as ordered by the Chair.

ਅਤੇ ਜੇ ਮਾਲ ਨਹੀਂ ਤਾਂ ਵਿਦੇਸ਼ ਦੀ ਸਹਾਇਤਾ ਲੈਣੀ ਚਾਹੀਦੀ ਹੈ । ਮੇਰੇ ਕਹਿਣ ਦਾ ਮਤਲਬ ਹੈ ਕਿ ਜਿਹੜਾ ਦੇਸ਼ ਖੇਤੀ ਪ੍ਰਧਾਨ ਹੈ, ਜਿਹੜਾ ਸੂਬਾ ਖੇਤੀ ਪ੍ਰਧਾਨ ਹੈ ਉਹ ਇੰਡਸਟਰੀ ਪ੍ਰਧਾਨ ਵੀ ਇਕ ਨੰਬਰ ਦਾ ਹੋਣਾ ਚਾਹੀਦਾ ਹੈ।

Mr. Deputy Speaker : Please wind up.

ਸਰਦਾਰ ਹਰਗੋਪਾਲ ਸਿੰਘ ਐਡਵੋਕੇਟ : ਅੰਤ ਵਿੱਚ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਾਂਗਾ ਕਿ ਜਿਹੜਾ ਮਤਾ ਸ਼੍ਰੀ ਜੈ ਕਿਸ਼ਨ ਸੈਣੀ ਨੇ ਰੱਖਿਆ ਹੈ ਉਹ ਬੜਾ ਵਧੀਆ ਮਤਾ ਹੈ। ਇਸ ਦੇ ਨਾਲ ਦੇਸ਼ ਦੀ ਇਕਾਨਮੀ, ਸੂਬੇ ਦੀ ਇਕਾਨਮੀ ਹੋਰ ਵੱਧੇਗੀ। ਇਹ ਪੰਜਾਬ ਦੀ ਇਕਾਨਮੀ ਦੇ ਵਧਾਉਣ ਲਈ ਸਹਾਈ ਹੋਵੇਗਾ ਔਰ ਪੰਜਾਬ ਦਾ ਜਿਹੜਾ ਰਹਿਣ ਸਹਿਣ ਦਾ ਪੱਧਰ ਹੈ ਇਹ ਹੋਰ ਉੱਚਾ ਹੋ ਸਕਦਾ ਹੈ, ਪੰਜਾਬ ਹੋਰ ਤਰੱਕੀ ਕਰ ਸਕਦਾ ਹੈ। ਇਤਨਾ ਕਹਿੰਦਾ ਹੋਇਆ ਮੈਂ ਇਸ ਮਤੇ ਦੀ ਪਰੋੜ੍ਹਤਾ ਕਰਦਾ ਹਾਂ ਔਰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਨੂੰ ਜਲਦੀ ਤੋਂ ਜਲਦੀ ਪਾਸ ਕਰਨਾ ਚਾਹੀਦਾ ਹੈ ਔਰ ਮੈਂ ਤਾਂ ਇਹ ਕਹਾਂਗਾ ਕਿ ਇਸ ਨੂੰ ਸਰਬਸੰਮਤੀ ਨਾਲ ਪਾਸ ਕਰਕੇ ਸੈਂਟਰ ਦੀ ਸਰਕਾਰ ਨੂੰ ਭੇਜਣਾ ਚਾਹੀਦਾ ਹੈ। ਇਤਨਾ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

ਜੈ ਭੀਮ, ਜੈ ਭਾਰਤ

ਸ਼੍ਰੀ ਫਕੀਰ ਚੰਦ (ਅੰਮ੍ਰਿਤਸਰ ਉੱਤਰੀ) : ਆਦਰਨੀਯ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸ਼੍ਰੀ ਜੈ ਕ੍ਰਿਸ਼ਨ ਸੈਣੀ ਜੀ ਦੇ ਰੈਜ਼ੋਲਿਊਸ਼ਨ ਦਾ ਜਿਹੜਾ ਉਨ੍ਹਾਂ ਨੇ ਇਸ ਹਾਊਸ ਵਿੱਚ ਰੱਖਿਆ ਹੈ ਉਸ ਦਾ ਸਤਿਕਾਰ ਕਰਦਾ ਹਾਂ। ਜਿਹੜਾ ਉਨ੍ਹਾ ਨੇ ਰੈਜ਼ੋਲਿਊਸ਼ਨ ਰਖਿਆ ਹੈ ਉਹ ਬੜਾ ਟਾਈਮਲੀ ਹੈ, ਅਵੱਸ਼ਕ ਹੈ। ਇਕ ਪ੍ਰੋਵਰਬ ਹੈ "An idle man's brain is devil's workshop" ਜਿਹੜਾ ਬੰਦਾ ਵਿਹਲਾ ਬੈਠਾ ਹੈ ਉਹ ਕੁਝ ਨਾ ਕੁਝ ਸੋਚੇਗਾ । ਇਹ ਜਿਹੜਾ ਰੈਜ਼ੋਲਿਊਸ਼ਨ ਹੈ ਇਹ ਦੋ ਚੀਜ਼ਾਂ ਦਾ ਹੱਲ ਹੈ। ਇਕ ਤਾਂ ਪੰਜਾਬ ਨੂੰ ਹੈਵੀ ਇੰਡਸਟਰੀ ਜਿਸ ਦੀ ਕਿ ਅਤਿ ਜ਼ਰੂਰਤ ਹੈ ਅਤੇ ਦੂਸਰਾ ਇੰਪਲਾਇਮੈਂਟ, ਜਿਹੜੇ ਸਾਡੇ ਨੌਜਵਾਨ ਅਨ-ਇੰਪਲਾਇਡ ਹਨ ਉਨ੍ਹਾਂ ਨੂੰ ਕੰਮ ਦੇਣਾ ਬਹੁਤ ਜ਼ਰੂਰੀ ਹੈ, ਉਨ੍ਹਾਂ ਨੌਜਵਾਨਾਂ ਨੂੰ ਇੰਪਲਾਇਮੈਂਟ ਮਿਲੇਗੀ। ਜਿਹੜੇ ਹੈਵੀ ਇੰਡਸਟਰੀਅਲ ਪਲਾਂਟ ਲਗੇ ਹੋਏ ਹਨ ਉਨ੍ਹਾਂ ਤੋਂ ਇਲਾਵਾ ਹੋਰ ਵੀ ਪੰਜਾਬ ਵਿੱਚ ਲਾਉਣ ਦੀ ਬਹੁਤ ਜ਼ਰੂਰਤ ਹੈ। ਮੇਰੇ ਬਹੁਤ ਸਾਰੇ ਭਰਾਵਾਂ ਨੇ ਇਥੇ ਇਸ ਦੇ ਬਾਰੇ ਵਿੱਚ ਕਾਫੀ ਰੋਸ਼ਨੀ ਪਾਈ ਹੈ ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਸ ਵੇਲੇ ਪੰਜਾਬ ਦੇ ਵਿੱਚ ਇਕ ਤਾਂ ਜ਼ਰੂਰਤ ਹੈ ਅਟਮਿਕ ਪਲਾਂਟ ਦੀ। ਇਸ ਵੇਲੇ ਪੰਜਾਬ ਦੇ ਵਿੱਚ ਇਸ ਦੀ ਅਤੀ ਜ਼ਰੂਰਤ ਹੈ। ਬਿਜਲੀ ਜਿਹੜੀ ਪੰਜਾਬ ਵਿੱਚ ਪੈਦਾ ਹੁੰਦੀ ਹੈ, ਉਹ ਨੰਗਲ ਡੈਮ, ਜੋਗਿੰਦਰ ਨਗਰ ਤੋਂ ਬਿਜਲੀ ਪੈਦਾ ਹੁੰਦੀ ਹੈ। ਬਠਿੰਡੇ ਦੇ ਥਰਮਲ ਪਲਾਂਟ ਵਿੱਚ ਔਰ ਰੋਪੜ ਤੋਂ ਜਿਹੜੀ ਬਿਜਲੀ ਪੈਦਾ ਹੁੰਦੀ ਹੈ, ਉਨ੍ਹਾਂ ਦੇ ਵਾਸਤੇ ਕੋਲੇ ਦੀ ਬਹੁਤ ਜ਼ਰੂਰਤ ਪੈਂਦੀ ਹੈ ਔਰ ਉਸ ਦੇ ਵਿੱਚ ਟਰਾਂਸਪੋਰਟ ਦਾ ਖਰਚਾ ਬਹੁਤ ਪੈ ਜਾਂਦਾ ਹੈ। ਇਸ ਲਈ ਪੰਜਾਬ ਦੇ ਵਿੱਚ ਅਟਾਮਿਕ ਪਲਾਂਟ ਲਗਾਣ ਦੀ ਅਤਿ ਜ਼ਰੂਰਤ ਹੈ। ਕੋਈ ਸਮਾਂ ਆ ਗਿਆ ਸੀ ਜਦੋਂ ਪੰਜਾਬ ਦਾ ਕੋਈ ਨਾਮ ਨਹੀਂ ਸੀ ਲੈਂਦਾ ਔਰ ਲੋਕ ਇਥੇ ਇੰਡਸਟਰੀ ਲਾਉਣ ਲਈ ਮੂੰਹ ਨਹੀਂ ਸੀ ਕਰਦੇ ਪਰ ਸਾਡੇ ਸਰਦਾਰ ਬੇਅੰਤ ਸਿੰਘ ਜੀ ਜੋ ਬੜੇ ਡੈਡੀਕੇਟਿਡ ਹਨ, ਕਮਿਟਿਡ ਹਨ ਉਨ੍ਹਾਂ ਨੇ ਜੋ ਹੁਣ ਪੰਜਾਬ ਵਿਚ ਖੁਸ਼ਹਾਲੀ ਲਿਆਂਦੀ ਹੈ ਉਸ ਦੇ ਨਾਲ ਲੋਕੀਂ ਇਨਕਰੇਜਡ ਹਨ ਔਰ ਇਥੇ ਇੰਡਸਟਰੀ ਲਾਉਣ ਵਾਸਤੇ ਤਿਆਰ ਹਨ। ਜਿਥੋਂ ਤਕ ਵੀ ਹੋ ਸਕੇ ਇਥੇ

[ਸ੍ਰੀ ਫ਼ਕੀਰ ਚੰਦ]

ਹੈਵੀ ਇੰਡਸਟਰੀ ਲਗਣੀ ਚਾਹੀਦੀ ਹੈ ਬੇਸ਼ਕ ਇਸ ਦੇ ਲਈ ਕਰੋੜਾਂ ਰੁਪਏ ਦੀ ਅਮਾਉਂਟ ਦੀ ਲੋੜ ਹੈ ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਦੇ ਵਿੱਚ ਫਾਇਦਾ ਵੀ ਕਰੋੜਾਂ ਰੁਪਏ ਵਿੱਚ ਹੋਵੇਗਾ ਔਰ ਖਾਸ ਤੌਰ 'ਤੇ ਇਸ ਦਾ ਫਾਇਦਾ ਇਹ ਵੀ ਹੋਵੇਗਾ ਕਿ ਜਿਹੜੇ ਸਾਡੇ ਨੌਜਵਾਨ, ਜਿਹੜੇ ਅਨਇਮ-ਪਲਾਇਡ ਹਨ ਕਮ-ਅਜ਼-ਕਮ 50–60 ਹਜ਼ਾਰ ਨੌਜਵਾਨ ਕੰਮ ਤੇ ਲਗਣਗੇ, ਜੇ ਮੈਂ ਇਹ ਗੱਲ ਕਹਾਂ ਤਾਂ ਇਹ ਗਲਤ ਗੱਲ ਨਹੀਂ ਹੋਵੇਗੀ ਇਸ ਦੇ ਨਾਲ ਬੇਕਾਰੀ ਦੂਰ ਹੋਵੇਗੀ ਔਰ ਪੰਜਾਬ ਹੋਰ ਖੁਸ਼ਹਾਲ ਹੋਵੇਗਾ ਤੇ ਹੋਰ ਤਰੱਕੀ ਦੇ ਰਾਹ ਤੇ ਵੱਧੇਗਾ।

ਦੂਸਰਾ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਥੇ ਪੈਟਰੋਲੀਅਮ ਕੈਮੀਕਲਜ਼ ਦੀ ਇੰਡਸਟਰੀ ਲੱਗੇ। ਲੁੱਕ ਸੜਕਾਂ ਤੇ ਪੈਂਦੀ ਹੈ ਔਰ ਲੁੱਕ ਦੇ ਲਿਆਉਣ ਵਿੱਚ ਕਰੋੜਾਂ ਰੁਪਏ ਟਰਾਂਸਪੋਰਟ ਤੇ ਲੱਗ ਜਾਂਦੇ ਹਨ। ਟਰਾਂਸਪੋਰਟਸ਼ਨ ਦੀ ਬੜੀ ਮੁਸ਼ਕਿਲ ਆਉਂਦੀ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਸਰਕਾਰ ਨੂੰ ਇਸ ਪਾਸੇ ਵੱਲ ਧਿਆਨ ਦੇਣਾ ਚਾਹੀਦਾ ਹੈ। ਇਥੇ ਪੈਟਰੋ ਕੈਮੀਕਲ ਪਲਾਂਟ ਲਗਾਉਣ ਦੀ ਅਤੀ ਜ਼ਰੂਰਤ ਹੈ। ਸਭ ਤੋਂ ਵੱਡੀ ਇੰਡਸਟਰੀ ਜਿਸ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਐਚ. ਟੀ. ਪੈਨਲ ਬਣਾਉਣ ਦੀ ਲਗਾਈ ਜਾਵੇ। ਇਸ ਵੇਲੇ ਇਹ ਪੈਨਲ ਕਲਕੱਤੇ, ਬੰਬਈ ਔਰ ਮਦਰਾਸ ਤੋਂ ਲਿਆਉਣੇ ਪੈਂਦੇ ਹਨ, ਜਿਸ ਦੇ ਵਿੱਚ ਟਰਾਂਸਪੋਰਟ ਦਾ ਖਰਚਾ ਵੀ ਬਹੁਤ ਪੈ ਜਾਂਦਾ ਹੈ। ਜੇ ਅਸੀਂ ਪੰਜਾਬ ਵਿਚ ਹਾਈ ਟੈਨਸ ਪੈਨਲ ਬਣਾਵਾਂਗੇ ਤਾਂ ਕਰੋੜਾਂ ਰੁਪਿਆ ਜੋ ਸਾਨੂੰ ਟਰਾਂਸਪੋਰਟ ਕਰਨ ਵਾਸਤੇ ਕਿਰਾਏ ਦੇ ਦੇਣਾ ਪੈਂਦਾ ਹੈ ਉਹ ਬਚੇਗਾ ਔਰ ਜੋ ਇਸ ਵੇਲੇ ਸਾਨੂੰ ਮਹਿੰਗਾ ਮਿਲਦਾ ਹੈ ਉਹ ਸਸਤੇ ਵੀ ਮਿਲਣਗੇ। ਇਸ ਦੇ ਨਾਲ ਪੰਜਾਬ ਦੀ ਹੋਰ ਵੀ ਤਰੱਕੀ ਹੋਵੇਗੀ ਔਰ ਸਾਡੇ ਨੌਜਵਾਨਾਂ ਨੂੰ ਰੋਜ਼ਗਾਰ ਵੀ ਮਿਲੇਗਾ। ਡਿਪਟੀ ਸਪੀਕਰ ਸਾਹਿਬ, ਮੈਂ ਹੋਰ ਜ਼ਿਆਦਾ ਨਹੀਂ ਕਹਿਣਾ ਚਾਹੁੰਦਾ ਕਿਉਂਕਿ ਰੈਪੀਟੀਸ਼ਨ ਹੋਵੇਗੀ ਪਰ ਇਤਨੀ ਗੱਲ ਜ਼ਰੂਰ ਕਰਾਂਗਾ ਕਿ ਹਰਿਆਣਾ ਵਿਚ ਜਿਸ ਤਰ੍ਹਾਂ ਐਚ. ਐਮ. ਟੀ. ਦਾ ਬੜਾ ਭਾਰੀ ਪ੍ਰਾਜੈਕਟ ਹੈ ਇਸ ਤਰ੍ਹਾਂ ਦਾ ਕੋਈ ਪਰੋਜੈਕਟ ਪੰਜਾਬ ਵਿਚ ਵੀ ਲਾਉਣਾ ਚਾਹੀਦਾ ਹੈ।

ਸਪੀਕਰ ਸਾਹਿਬ, ਗੁਰਦਾਸਪੁਰ, ਫਿਰੋਜ਼ਪੁਰ ਨੂੰ ਪ੍ਰਾਜੈਕਟ ਦਿੱਤੇ ਗਏ ਹਨ, ਟੂਰਿਸਟ ਕੰਪਲੈਕਸ ਦੂਸਰੇ ਸ਼ਹਿਰਾਂ ਵਿਚ ਬਣਾਏ ਜਾ ਰਹੇ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਅੰਮ੍ਰਿਤਸਰ ਸ਼ਹਿਰ ਹੈ। ਇੰਡਸਟਰੀਅਲ ਸ਼ਹਿਰ ਹੈ। ਮੈਨੂੰ ਇੰਡਸਟਰੀਇਸਟ ਨੇ ਕਿਹਾ ਹੈ ਕਿ ਅਗਰ ਸਾਨੂੰ ਸਰਕਾਰ ਕਹੇ ਤਾਂ ਅਸੀਂ ਖੁਦ ਹੈਵੀ ਇੰਡਸਟਰੀ ਲਾਉਣ ਲਈ ਤਿਆਰ ਹਾਂ। ਮੈਨੂੰ ਆਸ ਹੈ ਕਿ ਇਹ ਜਿਹੜੀ ਮੇਰੀ ਪਰਪੋਜ਼ਲ ਹੈ ਇਸ ਤੇ ਸਰਕਾਰ ਪੂਰੀ ਤਰ੍ਹਾਂ ਨਾਲ ਗੌਰ ਕਰੇਗੀ ਔਰ ਮੇਰੀ ਅਪੀਲ ਹੈ ਕਿ ਕਿ ਸਰਕਾਰ ਇਸ ਨੂੰ ਜ਼ਰੂਰ ਕਾਮਯਾਬ ਕਰੇ। ਇਨ੍ਹਾਂ ਸ਼ਬਦਾਂ ਨਾਲ ਮੈਂ ਸੈਣੀ ਸਾਹਿਬ ਦਾ ਧੰਨਵਾਦ ਕਰਦਾ ਹਾਂ, ਜਿਨਾਂ ਨੇ ਇਹ ਰੈਜ਼ੋਲਿਊਸ਼ਨ ਲਿਆਂਦਾ ਹੈ ਔਰ ਡਿਪਟੀ ਸਪੀਕਰ ਸਾਹਿਬ ਤੁਹਾਡਾ ਵੀ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਸ ਮਤੇ ਤੇ ਬੋਲਣ ਦਾ ਮੌਕਾ ਦਿੱਤਾ ਹੈ। ਜੈ ਹਿੰਦ।

ਕਾਮਰੇਡ ਗੁਰਨਾਮ ਸਿੰਘ ਧੀਰੋਵਾਲ (ਸ੍ਰੀ ਹਰਗੋਬਿੰਦਪੁਰ) : ਡਿਪਟੀ ਸਪੀਕਰ ਸਾਹਿਬ, ਜੋ ਮਤਾ ਸੈਣੀ ਸਾਹਿਬ ਨੇ ਹੈਵੀ ਉਦਯੋਗ ਬਾਰੇ ਸਦਨ ਵਿਚ ਰਖਿਆ ਹੈ ਕਿ ਪੰਜਾਬ ਸਰਕਾਰ ਸੈਂਟਰ ਸਰਕਾਰ ਨੂੰ ਪਹੁੰਚ ਕਰੇ, ਇਸ ਗੱਲ ਲਈ ਕਿ ਪੰਜਾਬ ਦੇ ਅੰਦਰ ਹੈਵੀ ਇੰਡਸਟਰੀ ਪ੍ਰਦਾਨ ਕਰੇ। ਡਿਪਟੀ ਸਪੀਕਰ ਸਾਹਿਬ, ਇਹ ਗੱਲ ਠੀਕ ਹੈ ਕਿ ਪੰਜਾਬ ਦੇ ਅੰਦਰ ਹੈਵੀ ਇੰਡਸਟਰੀ ਜ਼ਰੂਰੀ ਹੈ ਲੇਕਿਨ ਹੈਵੀ ਇੰਡਸਟਰੀ ਦੀ ਜ਼ਰੂਰਤ ਕਿਉਂ ਹੈ ਇਸ ਨੂੰ ਸਮਝਣ ਦੀ ਲੋੜ ਹੈ। ਇਸ ਹੈਵੀ

ਇੰਡਸਟਰੀ ਦੀ ਜ਼ਰੂਰਤ ਨੂੰ ਅਗਰ ਅਸੀਂ ਅਤਿਵਾਦ ਦੇ ਹਾਲਾਤ ਨਾਲ ਜੋੜ ਕੇ ਜਾਂ ਜੋ ਪਿਛੇ ਦਸ ਸਾਲਾਂ ਦਾ ਸਾਕਾ ਰਿਹਾ ਹੈ ਉਸ ਨਾਲ ਅਗਰ ਹੈਵੀ ਇੰਡਸਟਰੀ ਨੂੰ ਜੋੜ ਲਾਵਾਂਗੇ ਤਾਂ ਸ਼ਾਇਦ ਅਸੀਂ ਇਸ ਦੇ ਨਤੀਜੇ ਠੀਕ ਨਹੀਂ ਕੱਢ ਸਕਾਂਗੇ। ਮੈਂ ਕਹਿਣਾ ਚਾਹੁੰਦਾ ਹਾਂ ਕਿ ਪਹਿਲੀ ਗੱਲ ਤਾਂ ਇਹ ਹੈ ਕਿ ਸਾਡਾ ਸੂਬਾ ਖੇਤੀ ਤੇ ਆਧਾਰਿਤ ਸੂਬਾ ਹੈ ਇਥੇ ਖੇਤ ਮਜ਼ਦੂਰ ਔਰ ਕਿਸਾਨ ਦੀ ਆਬਾਦੀ 85% ਦੇ ਕਰੀਬ ਹੈ। ਇਤਨੀ ਵੱਡੀ ਵਸੋਂ ਖੇਤੀ ਤੇ ਆਧਾਰਤ ਹੋਣ ਦੇ ਸਦਕਾ ਹੈਵੀ ਇੰਡਸਟਰੀ ਲਾਉਣ ਦੀ ਜ਼ਰੂਰਤ ਨੂੰ ਵੇਖਣ ਦੀ ਜ਼ਰੂਰਤ ਹੈ ਔਰ ਇਹ ਕਿਸ ਕਿਸਮ ਦੀ ਹੈਵੀ ਇੰਡਸਟਰੀ ਹੋਵੇ ਇਹ ਵੀ ਵੇਖਣ ਵਾਲੀ ਗੱਲ ਹੈ। ਅੱਜ ਪੰਜਾਬ ਦੇ ਅੰਦਰ ਖੇਤੀ-ਬਾੜੀ ਦਾ ਵਿਕਾਸ ਸਿਖਰ ਤੇ ਹੈ। ਹੁਣ ਪੰਜਾਬ ਵਿਚ ਖੇਤੀਬਾੜੀ ਹੋਰ ਵਿਕਸਿਤ ਹੋਣ ਦੀ ਸੰਭਾਵਨਾ ਨਹੀਂ। ਪਹਿਲੀ ਗੱਲ ਤਾਂ ਇਹ ਸਮਝਣ ਦੀ ਜ਼ਰੂਰਤ ਹੈ। ਇਸ ਖੇਤੀਬਾੜੀ ਦੇ ਵਿਕਾਸ ਦੇ ਅੰਦਰ ਜਿਹੜੀ ਇੰਡਸਟਰੀ ਦੀ ਜ਼ਰੂਰਤ ਹੈ ਉਹ ਹੈ, ਜਿਹੜੀ ਕਿਸਾਨਾਂ ਦੇ ਲਈ ਸੰਦ ਵਗੈਰਾ ਪੈਦਾ ਕਰ ਸਕੇ ਜਿਹੜੇ ਕਿ ਉਨ੍ਹਾਂ ਦੇ ਰੋਜ਼ ਮਰ੍ਹਾ ਇਸਤੇਮਾਲ ਵਿਚ ਆਉਂਦੇ ਹਨ। ਮੌਜੂਦਾ ਇੰਡਸਟਰੀ ਇਨ੍ਹਾਂ ਸੰਦਾਂ ਨੂੰ ਪੂਰਾ ਨਹੀਂ ਕਰ ਸਕਦੀ। ਇਸ ਕਰਕੇ ਅਗਲੀ ਗੱਲ ਇਹ ਹੈ ਕਿ ਜਦੋਂ ਖੇਤੀਬਾੜੀ ਦੇ ਅੰਦਰ ਐਸੀ ਪੋਜੀਸ਼ਨ ਆਉਂਦੀ ਹੈ ਤਾਂ ਉਸ ਦਾ ਵਿਕਾਸ ਰੁਕ ਜਾਂਦਾ ਹੈ ਔਰ ਜਦੋਂ ਵਿਕਾਸ ਰੁਕ ਜਾਂਦਾ ਹੈ ਤਾਂ ਖੇਤੀਬਾੜੀ ਤੇ ਆਧਾਰਿਤ ਮਜ਼ਦੂਰ ਅਤੇ ਕਿਸਾਨਾਂ ਵਿਚ ਬੇਕਾਰੀ ਪੈਦਾ ਹੋ ਜਾਂਦੀ ਹੈ। ਇਹੀ ਹਾਲਾਤ ਸਰ-ਵਿਸਿਜ਼ ਦੀ ਹੈ। ਸਰਵਿਸਿਜ਼ ਵੀ ਸੈਚੂਰੇਸ਼ਨ ਪੁਆਇੰਟ ਤੇ ਖੜੀਆਂ ਹਨ। ਮੈਂ ਸਮਾਲ-ਸਕੇਲ ਇੰਡਸਟਰੀ ਦੀ ਗੱਲ ਕਰਦਾ ਹਾਂ ਐਗਰੋ ਬੇਸਡ ਸਮਾਲ ਇੰਡਸਟਰੀ, ਐਗਰੀਕਲਚਰ ਪਰਪਜ਼ ਲਈ ਠੀਕ ਹੈ। ਮੈਂ ਸਮਝਦਾ ਹਾਂ ਕਿ ਐਗਰੋ ਇੰਡਸਟਰੀ ਨੂੰ ਵੀ ਠੀਕ ਲੀਹਾਂ ਤੇ ਲਿਆਉਣ ਲਈ ਹੈਵੀ ਇੰਡਸਟਰੀ ਦੀ ਲੋੜ ਹੈ। ਮੈਂ ਸਮਝਦਾ ਹਾਂ ਕਿ ਹੈਵੀ ਇੰਡਸਟਰੀ ਲਈ ਹਾਲਾਤ ਔਰ ਮਾਹੌਲ ਕ੍ਰੀਏਟ ਕਰਨਾ ਪਏਗਾ। ਪਹਿਲੀ ਗੱਲ ਵੇਖਣ ਦੀ ਇਹ ਜ਼ਰੂਰਤ ਹੈ ਕਿ ਸਾਡੇ ਪੰਜਾਬ ਦੇ ਅੰਦਰ ਕਿਸ ਕਿਸਮ ਦੀ ਹੈਵੀ ਇੰਡਸਟਰੀ ਦੀ ਜ਼ਰੂਰਤ ਹੈ ਇਸ ਵੇਲੇ ਪੰਜਾਬ ਦੇ ਅੰਦਰ ਪੈਟਰੋ-ਕੈਮੀਕਲ ਪਲਾਂਟ ਲਗਣਾ ਚਾਹੀਦਾ ਹੈ। ਜਿਸ ਤਰ੍ਹਾਂ ਕਿ ਗੁਜਰਾਤ ਤੋਂ ਲਾਈਨ ਖਿਚ ਕੇ ਰਾਜਸਥਾਨ ਵਿਚ ਆਈ ਹੈ ਔਰ ਹੁਣ ਬਠਿੰਡੇ ਵਿਚ ਇਹ ਪੈਟਰੋਕੈਮੀਕਲ ਪ੍ਰਾਜੈਕਟ ਲਗ ਸਕਦਾ ਹੈ। ਉਸ ਦੇ ਨਾਲ ਬਿਜਲੀ ਪੈਦਾ ਕਰਨ ਦੀ, ਗੈਸ ਪੈਦਾ ਕਰਨ ਦੀ ਸਮਰਥਾ, ਪੈਟਰੋਲ ਸਾਫ ਕਰਨ ਦੀ ਸਮਰਥਾ ਜਿਹੜੀ ਹੈ ਉਹ ਵਧੇਗੀ ਔਰ ਦਵਾਈਆਂ ਦਾ ਕਾਰਖਾਨਾ ਹੈ, ਪੈਟਰੋਕੈਮੀਕਲ ਪ੍ਰਾਜੈਕਟ ਲਗਣ ਨਾਲ ਸਾਰੀਆਂ ਇਹ ਜੋ ਆਈਟਮਾਂ ਹਨ, ਉਨ੍ਹਾਂ ਵਿਚ ਸਮਰਥਾ ਵਧੇਗੀ ਔਰ ਅਨ-ਇੰਪਲਾਇਡ ਯੂਥ ਜਿਹੜੇ ਹਨ ਉਨ੍ਹਾਂ ਨੂੰ ਕੰਮ ਕਰਨ ਦਾ ਮੌਕਾ ਮਿਲੇਗਾ ਔਰ ਉਹ ਆਪਣੀ ਸ਼ਕਤੀ ਇਸ ਪਾਸੇ ਲਗਉਣਗੇ।

ਦੂਸਰੀ ਗੱਲ ਇਹ ਹੈ ਕਿ ਪੰਜਾਬ ਦੇ ਵਿੱਚ ਜਿਸ ਤਰ੍ਹਾਂ ਕਿਹਾ ਗਿਆ ਹੈ, ਹਾਲਾਤ ਮੌਜੂਦ ਹਨ, ਇਸ ਲਈ ਸਪਿਨਿੰਗ ਮਿੱਲਾਂ ਤੇ ਜਿਨਿੰਗ ਮਿੱਲਾਂ ਲਗਣੀਆਂ ਚਾਹੀਦੀਆਂ ਹਨ। ਸਾਨੂੰ ਹੋਰ ਧਾਗਾ ਪੈਦਾ ਕਰਨਾ ਚਾਹੀਦਾ ਹੈ। ਕਿਉਂਕਿ ਸਾਡੇ ਕਾਟਨ ਬੜੀ ਪੈਦਾ ਹੁੰਦੀ ਹੈ, ਇਸ ਲਈ ਕਾਟਨ ਬੇਸਡ ਇੰਡਸਟਰੀ ਲਗਣੀ ਚਾਹੀਦੀ ਹੈ, ਟੈਕਸਟਾਈਲ ਇੰਡਸਟਰੀ ਲਗਣੀ ਚਾਹੀਦੀ ਹੈ। ਮੇਰੀ ਬੇਨਤੀ ਹੈ ਕਿ ਪੰਜਾਬ ਦੇ ਅੰਦਰ ਕਪਾਹ ਦੀ ਕੁਆਲਿਟੀ ਹੋਰ ਸੂਬਿਆਂ ਤੋਂ ਅੱਛੀ ਹੈ ਔਰ ਕਪਾਹ ਦਾ ਸਭ ਤੋਂ ਜ਼ਿਆਦਾ ਰੇਟ ਹੈ। ਇਸ ਦਾ ਮਤਲਬ ਇਹ ਨਹੀਂ ਹੈ ਕਿ ਕਪਾਹ ਉਤਪਾਦਕਾਂ ਨੂੰ ਜ਼ਿਆਦਾ ਰੇਟ ਮਿਲਦਾ ਹੈ, ਨਹੀਂ ਇਹ ਗੱਲ ਨਹੀਂ ਹੈ, ਰੇਟ ਜੋ ਵੀ ਮਿਲਦਾ ਹੋਵੇ ਪਰ ਕਪਾਹ ਦੀ ਕੁਆਲਿਟੀ ਸਭ ਤੋਂ ਅੱਛੀ ਹੈ। ਇਸ ਲਈ ਪੰਜਾਬ ਦੇ ਅੰਦਰ ਸਪਿਨਿੰਗ ਮਿੱਲਾਂ ਲਗਣ, ਟੈਕਸਟਾਈਲ ਮਿੱਲਾਂ ਲਗਣ। ਜੇਕਰ ਬਿਰਲਾ ਆ ਕੇ ਇਥੋਂ ਕਪਾਹ ਲੈ ਜਾਵੇ ਔਰ ਆਪਣੀ ਸਟੇਟ ਵਿਚ, ਆਪਣੀ ਇੰਡਸਟਰੀ ਨਾਲ

[ਸਰਦਾਰ ਗੁਰਨਾਮ ਸਿੰਘ ਧੀਰੋਵਾਲ]

ਆਪਣੇ ਯੂਥਸ ਨੂੰ ਲਗਾਕੇ ਕਪੜਾ ਤਿਆਰ ਕਰਕੇ ਫਿਰ ਪੰਜਾਬ ਵਿਚ ਲਿਆ ਕੇ ਵੇਚੇ ਤਾਂ ਅਸੀਂ ਕਿਉਂ ਨਾ ਆਪਣੀਆਂ ਟੈਕਸਟਾਈਲ ਮਿੱਲਾਂ ਲਗਾਈਏ, ਆਪਣੇ ਨੌਜਵਾਨਾਂ ਨੂੰ ਲਗਾ ਕਪੜਾ ਤਿਆਰ ਕਰੀਏ। ਕਿਉਂਕਿ ਮੌਜੂਦਾ ਪੰਜਾਬ ਦੇ ਅੰਦਰ ਜੋ ਹਾਲਾਤ ਮੌਜੂਦ ਹਨ, ਪੰਜਾਬ ਦੇ ਵਿਚ ਜਿਨਿੰਗ, ਸਪਿੰਨਿੰਗ ਔਰ ਟੈਕਸਟਾਈਲ ਮਿਲਾਂ ਲਗਣੀਆਂ ਚਾਹੀਦੀਆਂ ਹਨ। ਟੈਕਸ-ਟਾਈਲ ਦਾ ਵਿਕਾਸ ਕਰਨਾ ਚਾਹੀਦਾ ਹੈ। ਇਸ ਦੇ ਲਗਾਉਣ ਨਾਲ ਕੀ ਹੋਵੇਗਾ ? ਇਹ ਹੋਵੇਗਾ ਕਿ ਧਾਗਾ ਇਥੇ ਪੈਦਾ ਹੋਵੇਗਾ ਔਰ ਇਥੇ ਰਹੇਗਾ, ਇਥੇ ਕਪੜਾ ਬਣੇਗਾ। ਫਿਰ ਇਹ ਨਹੀਂ ਹੋਵੇਗਾ ਕਿ ਕੋਈ ਬਾਹਰਲੇ ਸਰਮਾਏਦਾਰ ਆਉਣ ਔਰ ਕੱਚਾ ਮਾਲ ਲੈ ਜਾਣ, ਔਰ ਆਪਣੇ ਮਜ਼ਦੂਰਾਂ ਦੀ ਖੱਲ ਲਾਹ ਕੇ, ਕਪੜਾ ਬਣਾ ਕੇ ਫਿਰ ਸਾਡੇ ਪੰਜਾਬ ਦੇ ਵਿਚ ਲਿਆਉਣ। ਅਸੀਂ ਚਾਹੁੰਦੇ ਹਾਂ ਕਿ ਪੰਜਾਬ ਦੇ ਅੰਦਰ, ਪੰਜਾਬ ਦੀ ਕਪਾਹ ਤੋਂ ਕਪੜਾ ਬਣੇ। ਜਿਤਨਾਂ ਚਿਰ ਤਕ ਇਹ ਨਹੀਂ ਹੁੰਦਾ, ਟੈਕਸਟਾਈਲ ਮਿੱਲਾਂ ਨਹੀਂ ਲਗਦੀਆਂ ਪੰਜਾਬ ਤੋਂ ਬਾਹਰ ਧਾਗਾ ਜਾਵੇਗਾ ਔਰ ਕਪੜਾ ਬਣ ਕੇ ਇਥੇ ਇਸ ਤਰ੍ਹਾਂ ਹੀ ਆਉਂਦਾ ਰਹੇਗਾ। ਇਸ ਕਰਕੇ ਅਸੀਂ ਚਾਹੁੰਦੇ ਹਾਂ ਕਿ ਇਥੇ ਹੀ ਟੈਕਸਟਾਈਲ ਮਿੱਲਾਂ ਲਗਾਈਆਂ ਜਾਣ ਤਾਂ ਕਿ ਸਾਡੇ ਨੌਜਵਾਨਾਂ ਨੂੰ ਹੋਰ ਇੰਪਲਾਇਮੈਂਟ ਮਿਲੇ ਔਰ ਅਨ-ਇੰਮਪਲਾਇਮੈਂਟ ਦੀ ਪ੍ਰਾਬਲਮ ਕੁਝ ਹੱਦ ਤਕ ਸਾਲਵ ਹੋਵੇ। ਇਸ ਦੇ ਨਾਲ ਜੋ ਛੋਟੇ ਉਦਯੋਗ ਹਨ, ਜਿਵੇਂ ਫਿਨਿਸ਼ਿੰਗ ਦਾ ਕੰਮ ਹੈ, ਉਸ ਦੇ ਉਦਯੋਗ ਲਗਣਗੇ ਔਰ ਪੰਜਾਬ ਦੇ ਨੌਜਵਾਨਾਂ ਨੂੰ ਕੰਮ ਕਰਨ ਦਾ ਪੂਰਾ ਪੂਰਾ ਮੌਕਾ ਮਿਲੇਗਾ।

ਇਸ ਤਰ੍ਹਾਂ ਹੀ ਮੈਂ ਸਮਝਦਾ ਹਾਂ ਕਿ ਇਲੈਕਟ੍ਰਾਨਿਕ ਔਰ ਕੰਪਿਊਟਰ ਇੰਡਸਟਰੀ ਜਿਹੜੀ ਹੈ, ਪੰਜਾਬ ਵਿਚ ਉਸ ਦਾ ਵਿਕਾਸ ਹੋਵੇ। ਕੰਪਿਊਟਰ ਪੰਜਾਬ ਦੇ ਵਿਚ ਸਭ ਤੋਂ ਜ਼ਿਆਦਾ ਵਰਤੇ ਜਾਂਦੇ ਹਨ ਅਰ ਇਸ ਇੰਡਸਟਰੀ ਨੂੰ ਵਿਕਸਿਤ ਕਰਨਾ ਚਾਹੀਦਾ ਹੈ।

ਫਿਰ ਇਥੇ ਜੰਗਲਾਤ ਹਨ, ਹੋਰ ਕੈਮੀਕਲਜ਼ ਹਨ, ਦਵਾਈਆਂ ਬਣਾਉਣ ਦੇ ਕਾਰਖਾਨੇ ਹਨ, ਇਨ੍ਹਾਂ ਦਾ ਵੀ ਵਿਕਾਸ ਹੋਣਾ ਚਾਹੀਦਾ ਹੈ। ਇਹ ਸਪਸ਼ਟ ਹੈ ਕਿ ਛੋਟੇ ਕਾਰਖਾਨਿਆਂ ਦੀ ਹੀ ਗੱਲ ਨਹੀਂ ਹੈ, ਹੈਵੀ ਉਦਯੋਗ ਜਿਹੜੇ ਹਨ, ਉਹ ਦਵਾਈਆਂ ਦੇ ਲਗਣੇ ਚਾਹੀਦੇ ਹਨ। ਫਿਰ ਕੰਡੀ ਦਾ ਏਰੀਆ ਹੈ, ਉਥੇ ਪੱਥਰ ਹੈ, ਰੇਤ ਹੈ। ਉਥੇ ਜ਼ਿਓਲੋਜੀਕਲ ਸਰਵੇ ਹੋਇਆ ਹੈ ਕਿ ਜਿਹੜਾ ਉਥੇ ਦਾ ਪੱਥਰ ਹੈ ਉਸ ਦਾ ਖਾਸ ਕਿਸਮ ਦਾ ਰੇਸ਼ਾ ਹੈ ਜਿਸ ਤੋਂ ਕਿ ਸ਼ੀਸ਼ਾ ਬਣਾਇਆ ਜਾ ਸਕਦਾ ਹੈ ਔਰ ਇਸ ਤਰ੍ਹਾਂ ਦੀ ਇੰਡਸਟਰੀ ਜਿਹੜੀ ਹੈ, ਉਸ ਦੇ ਲਈ ਹਾਲਾਤ ਪੈਦਾ ਕੀਤੇ ਜਾ ਸਕਦੇ ਹਨ। ਅਸੀਂ ਸਮਝਦੇ ਹਾਂ ਕਿ ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਅਮਲ ਵਿਚ ਲਿਆਉਣ ਲਈ ਜਿਤਨਾਂ ਚਿਰ ਤਕ ਹੈਵੀ ਇੰਡਸਟਰੀ ਨੂੰ ਚਲਾਉਣ ਲਈ ਅਟਾਮਿਕ ਐਨਰਜੀ ਦਾ ਕੋਈ ਪਲਾਂਟ ਪੰਜਾਬ ਦੇ ਅੰਦਰ ਨਹੀਂ ਲਗ ਜਾਂਦਾ ਹਾਲਾਤ ਠੀਕ ਨਹੀਂ ਹੋਣੇ। ਇਸ ਲਈ ਅਟਾਮਿਕ ਐਨਰਜੀ ਪਲਾਂਟ ਲਗਣਾ ਚਾਹੀਦਾ ਹੈ ਜਿਸ ਤੋਂ ਬਿਜਲੀ ਸਪਲਾਈ ਹੋਵੇ ਔਰ ਇਸ ਕਿਸਮ ਦੇ ਕਾਰਖਾਨੇ ਲਗਣ। ਜਦੋਂ ਤਕ ਇਹ ਨਹੀਂ ਲਗਾਇਆ ਜਾਂਦਾ, ਉਦੋਂ ਤਕ ਚੰਗੇ ਨਤੀਜੇ ਨਹੀਂ ਨਿਕਲ ਸਕਦੇ। ਇਸ ਲਈ ਅਟਾਮਿਕ ਐਨਰਜੀ ਪਲਾਂਟ ਲਗਣਾ ਚਾਹੀਦਾ ਹੈ। ਇਹ ਰਾਜਸਥਾਨ ਵਿਚ ਤਾਂ ਲਗ ਸਕਦਾ ਹੈ ਜਿਥੇ ਰੇਗਸਤਾਨ ਹੈ ਪਰ ਪੰਜਾਬ ਵਿਚ ਕਿਉਂ ਨਹੀਂ ਲਗ ਸਕਦਾ, ਜਿਥੇ ਪਾਣੀ ਵਾਧੂ ਹੈ, ਠੰਢਕ ਪੈਦਾ ਕਰਨ ਲਈ ਪੰਜਾਬ ਦੇ ਅੰਦਰ ਅਟਾਮਿਕ ਐਨਰਜੀ ਪਲਾਂਟ ਲਗਾਇਆ ਜਾ ਸਕਦਾ ਹੈ। ਇਸ ਲਈ ਅਸੀਂ ਸਮਝਦੇ ਹਾਂ ਕਿ ਪੰਜਾਬ ਦੇ ਵਿਚ ਐਗਰੋ ਇੰਡਸਟਰੀ ਲਈ ਸਾਮਲ-ਸਕੇਲ ਇੰਡਸਟਰੀ ਲਈ, ਔਰ ਉਹ ਇੰਡਸਟਰੀ ਜਿਸ ਦੇ ਇੰਪਲੀਮੈਂਟਸ ਰੋਜ਼-ਮੱਰਾ ਖੇਤਾਂ ਵਿਚ ਕੰਮ ਆਉਂਦੇ

ਹਨ, ਉਨ੍ਹਾਂ ਲਈ ਮੌਕੇ ਪਰਦਾਨ ਕਰਨ ਲਈ ਵੀ ਹੈਵੀ ਇੰਡਸਟਰੀ ਜਿਹੜੀ ਹੈ, ਉਹ ਲਗਣੀ ਚਾਹੀਦੀ ਹੈ। ਡਿਪਟੀ ਸਪੀਕਰ ਸਾਹਿਬ, ਜਿੰਨੀ ਦੇਰ ਤਕ ਪੰਜਾਬ ਵਿਚ ਹੈਵੀ ਇੰਡਸਟਰੀ ਔਰ ਅਟਾਮਿਕ ਪਾਵਰ ਪਲਾਂਟ ਨਹੀਂ ਲਾਏ ਜਾਂਦੇ ਉਤਨੀ ਦੇਰ ਤਕ ਚੰਗੇ ਰਿਜ਼ਲਟ ਨਹੀਂ ਨਿਕਲ ਸਕਦੇ। ਇਹ ਹੈਵੀ ਔਰ ਸਮਾਲ ਇੰਡਸਟਰੀ ਦੇ ਨਾਲ ਲੋਕਾਂ ਨੂੰ ਇੰਪਲਾਇਮੈਂਟ ਮਿਲੇਗੀ, ਵਰਕਿੰਗ ਕਲਾਸ ਦਾ ਨੰਬਰ ਵਧੇਗਾ ਔਰ ਸਾਡਾ ਪੰਜਾਬ ਤਰੱਕੀ ਕਰੇਗਾ। ਵੇਖਣ ਵਿਚ ਇਹ ਆਇਆ ਹੈ ਕਿ ਜਿਥੇ ਵਰਕਿੰਗ ਕਲਾਸ ਜ਼ਿਆਦਾ ਹੈ ਉਥੇ ਉਸ ਨੇ ਸੰਗਠਿਤ ਹੋਕੇ ਅਤਿਵਾਦ ਦਾ ਵੀ ਮੁਕਾਬਲਾ ਕੀਤਾ ਹੈ। ਪਿਛੇ ਅੰਮ੍ਰਿਤਸਰ, ਲੁਧਿਆਣਾ ਔਰ ਰੋਪੜ ਦੇ ਮਜ਼ਦੂਰਾਂ ਨੇ ਇਕ-ਇਕ ਦਿਨ ਦੀ ਸਟਰਾਈਕ ਕਰਕੇ ਵੀ ਅਤਿਵਾਦ ਦੇ ਖਿਲਾਫ ਲੜਾਈ ਲੜੀ ਔਰ ਪੰਜਾਬ ਨੂੰ ਅਤਿਵਾਦ ਤੋਂ ਬਚਾਉਣ ਦੀ ਕੋਸ਼ਿਸ਼ ਕੀਤੀ। ਮੈਂ ਸਮਝਦਾ ਹਾਂ ਕਿ ਜਿਥੇ ਹੈਵੀ ਇੰਡਸਟਰੀ ਵਿਕਸਿਤ ਹੁੰਦੀ ਹੈ ਔਰ ਨਵੀਂ ਕਿਸਮ ਦੇ ਪਲਾਂਟ ਲਗਦੇ ਹਨ, ਇਸ ਨਾਲ ਜ਼ਰੂਰ ਫਾਇਦਾ ਹੁੰਦਾ ਹੈ। ਫਿਰ ਸਾਡੇ ਤਾਂ ਇਥੇ ਹਰ ਕਿਸਮ ਦਾ ਰਾਅ ਮੈਟੀਰੀਅਲ ਵੀ ਮੌਜੂਦ ਹੈ। ਜਿਹੜਾ ਪੰਜਾਬ ਦਾ ਰਾਅ ਮੈਟੀਰੀਅਲ ਹੈ ਇਹ ਪੰਜਾਬ ਵਿਚ ਲਗਣਾ ਚਾਹੀਦਾ ਹੈ, ਇਥੇ ਹੈਵੀ ਇੰਡਸਟਰੀ ਲਗੇਗੀ ਤਾਂ ਇਹ ਰਾਅ ਮੈਟੀਰੀਅਲ ਸਾਰਾ ਇਥੇ ਹੀ ਖਪਤ ਹੋ ਜਾਵੇਗਾ। ਵਰਕਿੰਗ ਕਲਾਸ ਤਰੱਕੀ ਕਰੇਗੀ, ਔਰ ਜਿਵੇਂ ਮੈਂ ਪਹਿਲਾਂ ਦੱਸਿਆ ਹੈ ਕਿ ਵਰਕਿੰਗ ਕਲਾਸ ਹੀ ਅਤਿਵਾਦ ਦੇ ਨਾਲ ਲੜਾਈ ਲੜ ਸਕਦੀ ਹੈ, ਇਸ ਤਰ੍ਹਾਂ ਨਾਲ ਅਤਿਵਾਦ ਵੀ ਘੱਟ ਸਕਦਾ ਹੈ। ਮੈਂ ਸਮਝਦਾ ਹਾਂ ਕਿ ਜਿਸ ਤਰ੍ਹਾਂ ਨਾਲ ਖੇਤੀਬਾੜੀ ਵਿਚ ਰੈਵੋਲਿਊਸ਼ਨ ਆਇਆ ਹੈ ਔਰ ਬੜੀ ਤੇਜ਼ ਰਫਤਾਰ ਨਾਲ ਇਸਨੇ ਤਰੱਕੀ ਕੀਤੀ ਹੈ, ਇਸੇ ਤਰ੍ਹਾਂ ਇੰਡਸਟਰੀ ਵਿਚ ਵੀ ਤਰੱਕੀ ਹੋਣੀ ਚਾਹੀਦੀ ਹੈ। ਵੇਖਣ ਵਿਚ ਇਹ ਆਇਆ ਹੈ ਕਿ ਅੱਜ ਜਿਹੜੀ ਸਾਡੇ ਖੇਤੀਬਾੜੀ ਦੇ ਕੰਮਾਂ ਵਿਚ ਮਸ਼ੀਨਰੀ ਲਗੀ ਹੈ ਉਹ ਬਹੁਤ ਪੁਰਾਣੀ ਕਿਸਮ ਦੀ ਹੈ ਔਰ ਅਗਰ ਹੁਣ ਹੈਵੀ ਇੰਡਸਟਰੀ ਨੂੰ ਇਥੇ ਸਥਾਪਤ ਨਾ ਕੀਤਾ ਗਿਆ ਤਾਂ ਇਸ ਦਾ ਅਸਰ ਖੇਤੀਬਾੜੀ ਤੇ ਵੀ ਪਵੇਗਾ ਔਰ ਇਸ ਦੀ ਰਫਤਾਰ ਵੀ ਰੁਕ ਜਾਵੇਗੀ। ਇਸ ਨਾਲ ਸਾਡੇ ਪੰਜਾਬ ਦੀ ਡਿਵੈਲਪਮੈਂਟ ਰੁਕ ਸਕਦੀ ਹੈ। ਹੁਣ ਸਮਾਂ ਆ ਗਿਆ ਹੈ ਕਿ ਇਥੇ ਹੈਵੀ ਇੰਡਸਟਰੀ ਲਾਉਣੀ ਚਾਹੀਦੀ ਹੈ ਜਦ ਕਿ ਇਥੇ ਸਾਰਾ ਰਾਅ-ਮੈਟੀਰੀਅਲ ਵੀ ਮੌਜੂਦ ਹੈ। ਜੇ ਇਹ ਹੈਵੀ ਇੰਡਸਟਰੀ ਇਥੇ ਨਾ ਲਗੀ ਤਾਂ ਜਿਹੜਾ ਅਤਿਵਾਦ ਹੈ ਉਹ ਵੀ ਵਧ ਸਕਦਾ ਹੈ। ਅੱਜ ਸਮਾਂ ਆ ਗਿਆ ਹੈ ਕਿ ਇਸ ਵਲ ਸਰਕਾਰ ਪੂਰਾ ਧਿਆਨ ਦੇਵੇ ਔਰ ਤਕੜੇ ਹੋਕੇ ਸੈਂਟਰ ਤੇ ਜ਼ੋਰ ਦੇਵੇ। ਜੇ ਇੰਡਸਟਰੀ ਦਾ ਵਿਕਾਸ ਰੁਕ ਗਿਆ ਤਾਂ ਇਥੇ ਅਨਇੰਪਲਾਇਮੈਂਟ ਦਾ ਬੋਲ ਬਾਲਾ ਹੋਵੇਗਾ ਔਰ ਜਿਹੜੇ ਸਰਕਾਰ ਨੇ ਔਰ ਲੋਕਾਂ ਨੇ ਮਿਲਕੇ ਇਥੇ ਹਾਲਾਤ ਕੁਝ ਸੁਧਾਰੇ ਹਨ ਉਹ ਵੀ ਫਿਰ ਉਹੀ ਹਾਲਾਤ ਸ਼ੁਰੂ ਹੋ ਜਾਣਗੇ। ਇਸ ਲਈ ਮੈਂ ਫਿਰ ਕਹਿੰਦਾ ਹਾਂ ਕਿ ਜਿੰਨੀ ਦੇਰ ਤਕ ਇਥੇ ਟੈਕਸਟਾਈਲ ਮਿਲਜ਼ ਪੈਟਰੋ ਕੈਮੀਕਲਜ਼ ਔਰ ਹੋਰ ਅਟਾਮਿਕ ਪਾਵਰ ਪਲਾਂਟ ਨਹੀਂ ਲਾਏ ਜਾਂਦੇ ਉਤਨੀ ਦੇਰ ਤਕ ਸਾਡੇ ਪੰਜਾਬ ਦੀ ਤਰੱਕੀ ਨਹੀਂ ਹੋ ਸਕਦੀ। ਇਸ ਵਾਸਤੇ ਸੈਂਟਰ ਤੇ ਦਬਾਅ ਪਾਕੇ ਇੰਡਸਟਰੀ ਲਾਉਣੀ ਚਾਹੀਦੀ ਹੈ। ਮੈਂ ਤਾਂ ਇਹ ਸਮਝਦਾ ਹਾਂ ਕਿ ਇਹ ਹੈਵੀ ਇੰਡਸਟਰੀ ਜਿਹੜੀ ਹੈ ਇਹ ਅਤਿਵਾਦ ਨੂੰ ਰੋਕਣ ਦਾ ਇਕ ਹਥਿਆਰ ਹੈ ਕਿਉਂਕਿ ਜੇ ਇਥੇ ਇੰਡਸਟਰੀ ਨਹੀਂ ਲਗੇਗੀ ਤਾਂ ਇਥੋਂ ਦੇ ਲੋਕ ਕਹਿਣ ਲਗ ਜਾਣਗੇ ਕਿ ਸਾਡੇ ਨਾਲ ਸੈਂਟਰ ਦੀ ਸਰਕਾਰ ਵਿਤਕਰਾ ਕਰ ਰਹੀ ਹੈ, ਸਿੱਖਾਂ ਨਾਲ ਵਿਤਕਰਾ ਹੋ ਰਿਹਾ ਹੈ ਔਰ ਜਿਹੜੇ ਲੋਕ ਅਤਿਵਾਦ ਦੇ ਸ਼ਿਕਾਰ ਹੋਏ ਹਨ ਉਹ ਵੀ ਕਹਿਣਗੇ ਕਿ ਸਾਡੇ ਨਾਲ ਵਿਤਕਰਾ ਹੋ ਰਿਹਾ ਹੈ। ਇਸ ਲਈ ਮੈਂ ਸਮਝਦਾ ਹਾਂ ਕਿ ਅੱਜ ਸਮਾਂ ਆ ਗਿਆ ਹੈ ਕਿ ਪੰਜਾਬ ਵਿਚ ਹੈਵੀ ਇੰਡਸਟਰੀ ਲਗੇ। ਇਸ ਵਾਸਤੇ ਇਥੇ ਰਾਅ ਮੈਟੀਰੀਅਲ ਮੌਜੂਦ ਹੈ, ਅਤਿਵਾਦ ਬੰਦ ਹੁੰਦਾ ਹੈ, ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਨਹੀਂ ਲਗਦੀ, ਲੋਕਾਂ ਨੂੰ ਭੜਕਾਇਆ ਨਹੀਂ ਜਾ ਸਕਦਾ। ਇਸ ਕਰਕੇ ਇਹ ਜਿਹੜਾ ਰਜ਼ਲਿਊਸ਼ਨ ਸੈਣੀ ਸਾਹਿਬ ਨੇ ਇਥੇ ਲਿਆਂਦਾ ਹੈ,

[ਕਾਮਰੇਡ ਗੁਰਨਾਮ ਸਿੰਘ ਧੀਰੋਵਾਲ]
ਇਹ ਬਹੁਤ ਜ਼ਰੂਰੀ ਹੈ ਔਰ ਮੈਂ ਇਸ ਦਾ ਸਮੱਰਥਨ ਕਰਦਾ ਹਾਂ। ਸਾਰੇ ਹਾਊਸ ਨੂੰ, ਰਾਜ ਸਰਕਾਰ ਨੂੰ, ਸੈਂਟਰ ਦੀ ਸਰਕਾਰ ਨੂੰ ਸਿਫਾਰਸ਼ ਕਰਨੀ ਚਾਹੀਦੀ ਹੈ ਕਿ ਇਥੇ ਹੈਵੀ ਇੰਡਸਟਰੀ ਲਾਈ ਜਾਵੇ। ਇਹ ਸਮੇਂ ਦੀ ਮੰਗ ਹੈ।

ਡਾਕਟਰ (ਸ੍ਰੀਮਤੀ) ਮਾਲਤੀ ਥਾਪਰ (ਮੋਗਾ) : ਰਿਸਪੈਕਟਿਡ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੀ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਪਵਿੱਤਰ ਸਦਨ ਵਿਚ; ਇਸ ਗੈਰ-ਸਰਕਾਰੀ ਮਤੇ ਤੇ ਬੋਲਣ ਦਾ ਮੌਕਾ ਦਿੱਤਾ ਹੈ। ਇਹ ਮਤਾ ਜਿਹੜਾ ਸ੍ਰੀ ਜੈ ਕਿਸ਼ਨ ਸੈਣੀ ਨੇ ਪੇਸ਼ ਕੀਤਾ, ਜਿਸ ਰਾਹੀਂ ਉਨ੍ਹਾਂ ਨੇ ਕਿਹਾ ਹੈ ਕਿ ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਉਹ ਰਾਜ ਵਿਚ ਵਧੇਰੇ ਭਾਰੀ ਉਦਯੋਗ ਸਥਾਪਤ ਕਰਨ ਲਈ ਕੇਂਦਰੀ ਸਰਕਾਰ ਪਾਸ ਪਹੁੰਚ ਕਰੇ। ਡਿਪਟੀ ਸਪੀਕਰ ਸਾਹਿਬ, ਇਹ ਮਤਾ ਬੜਾ ਇੰਪਾਰਟੈਂਟ ਮਤਾ ਹੈ ਜਿਸ ਦੀ ਸਾਡੇ ਪੰਜਾਬ ਨੂੰ ਬਹੁਤ ਜ਼ਿਆਦਾ ਜ਼ਰੂਰਤ ਹੈ, ਕਿਉਂਕਿ ਸਾਡੇ ਪੰਜਾਬ ਵਿਚ ਬਹੁਤ ਹੀ ਘੱਟ ਬਲਕਿ ਨਾ ਮਾਤਰ ਹੈਵੀ ਇੰਡਸਟਰੀ ਲਗੀ ਹੈ। ਇਸ ਦੇ ਕਈ ਰੀਜ਼ਨ ਹਨ। ਪਹਿਲਾ ਕਾਰਣ ਇਹ ਹੈ ਕਿ ਸਾਡੇ ਪੰਜਾਬ ਵਿਚ ਰਾਅ ਮੈਟੀਰੀਅਲ ਦੀ ਬਹੁਤ ਕਮੀ ਹੈ, ਦੂਜਾ ਸਾਡਾ ਪੰਜਾਬ ਸੂਬਾ ਬਾਰਡਰ ਤੇ ਹੈ ਜਿਸ ਕਰਕੇ ਹੈਵੀ ਇੰਡਸਟਰੀ ਘੱਟ ਹੈ। ਤੀਸਰੀ ਗੱਲ ਤੁਹਾਨੂੰ ਪਤਾ ਹੈ ਕਿ ਪਿਛਲੇ 10 ਸਾਲਾਂ ਦੇ ਵਿਚ ਪੰਜਾਬ ਦੇ ਵਿਚ ਹਾਲਾਤ ਗੜਬੜ ਵਾਲੇ ਰਹੇ, ਜਿਸ ਕਰਕੇ ਹੈਵੀ ਇਨਵੈਸਟਮੈਂਟ ਪਬਲਿਕ ਸੈਕਟਰ ਵਿਚ ਨਹੀਂ ਲਗੀ। ਇਸੇ ਲਈ ਅੱਜ ਸਾਡੇ ਪੰਜਾਬ ਵਿਚ ਹੈਵੀ ਇੰਡਸਟਰੀ ਦੀ ਘਾਟ ਮਹਿਸੂਸ ਕੀਤੀ ਜਾ ਰਹੀ ਹੈ। ਸਾਡੇ ਪੰਜਾਬ ਵਿਚ ਜਿਹੜੀ ਬਰਨਿੰਗ ਪ੍ਰਾਬਲਮ ਅਨਇੰਪਲਾਇਮੈਂਟ ਦੀ ਹੈ, ਬਲਕਿ ਇਹ ਬਰਨਿੰਗ ਪ੍ਰਾਬਲਮ ਸਾਰੇ ਹਿੰਦੁਸਤਾਨ ਵਿਚ ਹੈ, ਇਸ ਬਾਰੇ ਮੈਂ ਆਪਣੇ ਖਿਆਲਾਤ ਇਸ ਹਾਊਸ ਵਿਚ ਦੋ ਦਿਨ ਪਹਿਲੇ ਵੀ ਰੱਖੇ ਸਨ। ਇਸ ਬਰਨਿੰਗ ਪ੍ਰਾਬਲਮ ਨੂੰ ਹੈਵੀ ਇੰਡਸਟਰੀ ਸਟੇਟ ਵਿਚ ਲਗਾ ਕੇ ਦੂਰ ਕੀਤਾ ਜਾ ਸਕਦਾ ਹੈ ਅਤੇ ਸਟੇਟ ਦੀ ਇਕਾਨਮੀ ਨੂੰ ਬੇਹਤਰ ਬਣਾਇਆ ਜਾ ਸਕਦਾ ਹੈ ਔਰ ਫਾਈਨੈਂਸ਼ੀਅਲ ਪੁਜੀਸ਼ਨ ਵਿਚ ਸੁਧਾਰ ਲਿਆਇਆ ਜਾ ਸਕਦਾ ਹੈ ਅਤੇ ਪੰਜਾਬ ਵਿਚ ਵਿਕਾਸ ਦਾ ਕੰਮ ਹੋ ਸਕਦਾ ਹੈ। 45 ਸਾਲ ਹੋ ਗਏ ਹਨ ਸਾਡੇ ਦੇਸ ਨੂੰ ਆਜ਼ਾਦ ਹੋਏ ਨੂੰ, ਅਸੀਂ ਆਪਣੀ ਇਕੋਨਮੀ ਨੂੰ ਮਜ਼ਬੂਤ ਕਰਨ ਲਈ ਦਿਨ-ਰਾਤ ਮਿਹਨਤ ਕਰ ਰਹੇ ਹਾਂ ਅਤੇ ਇਨ੍ਹਾਂ 45 ਸਾਲਾਂ ਦੇ ਵਿਚ ਦੇਸ਼ ਵਿਚ ਇੰਡਸਟਰੀ ਦਾ ਜਾਲ ਜਗ੍ਹਾ ਜਗ੍ਹਾ ਤੇ ਵਿਛਾਇਆ ਜਾ ਚੁੱਕਾ ਹੈ। ਕਿਸੇ ਕੰਟਰੀ ਦੀ ਡਿਵੈਲਪਮੈਂਟ ਵੇਖਣ ਲਈ ਉਥੇ ਦੀ ਇੰਡਸ਼ਟਰੀ ਦੀ ਤਰੱਕੀ ਵੇਖੀ ਜਾਂਦੀ ਹੈ। ਇਸ ਲਈ ਸਾਡੇ ਕੰਟਰੀ ਵਿਚ ਉਸ ਪਰੋਡਕਟ ਦੀ ਇੰਡਸਟਰੀ ਲਗਣੀ ਚਾਹੀਦੀ ਹੈ ਜਿਸ ਪਰੋਡਕਟ ਦੀ ਪੂਰੀ ਡੀਮਾਂਡ ਹੋਵੇ ਅਤੇ ਉਸਨੂੰ ਐਕਸਪੋਰਟ ਕਰਨਾ ਚਾਹੀਦਾ ਹੈ। ਇਸ ਦੇ ਲਈ ਫਾਰਨ ਸਪਲਾਇਰਜ਼ ਦੇ ਨਾਲ ਕੰਪੀਟੀਸ਼ਨ ਕਰਨਾ ਚਾਹੀਦਾ ਹੈ ਅਤੇ ਦੇਖਣਾ ਚਾਹੀਦਾ ਹੈ ਕਿ ਕੀ ਅਸੀਂ ਕੰਪੀਟੀਸ਼ਨ ਵਿਚ ਉਨ੍ਹਾਂ ਦੇ ਸਪਲਾਇਅਰਜ਼ ਦੇ ਬਰਾਬਰ ਸਟੈਂਡ ਕਰਦੇ ਹਾਂ? ਵਾਰਲਡ ਵਿਚ ਜਿਥੇ ਇੰਡਸਟਰੀ ਲਗੀ ਹੋਈ ਹੈ ਉਥੇ ਦੋ ਤਰੀਕੇ ਨਾਲ ਇੰਡਸਟਰੀ ਚਲਦੀ ਹੈ। ਇਕ ਤਾਂ ਮੈਨ ਪਾਵਰ ਦੀ ਲੋੜ ਹੁੰਦੀ ਹੈ, ਜਿਸ ਤਰ੍ਹਾਂ ਇੰਡੀਆ, ਪਾਕਿਸਤਾਨ ਅਤੇ ਚਾਈਨਾ ਵਿਚ ਮੈਨ ਪਾਵਰ ਤੇ ਇੰਡਸਟਰੀ ਨਿਰਭਰ ਕਰਨੀ ਹੈ ਔਰ ਦੂਜੇ ਪਾਸੇ ਐਡਵਾਂਸ ਕੰਟਰੀਜ਼ ਵਿਚ ਮਾਡਰਨ ਮੈਥਡ ਦੀ ਮਸ਼ੀਨਰੀ ਦੇ ਨਾਲ ਮਾਲ ਤਿਆਰ ਕੀਤਾ ਜਾਂਦਾ ਹੈ ਜਿਵੇਂ ਕੈਨੇਡਾ, ਅਮਰੀਕਾ ਵਿਚ ਹੁੰਦਾ ਹੈ। ਅਗਰ ਕਿਸੇ ਕੰਟਰੀ ਦੀ ਇਕੰਨਮੀ ਨੂੰ ਅਤੇ ਡਿਵੈਲਪਮੈਂਟ ਨੂੰ ਚੈਕ ਕਰਨਾ ਹੋਵੇ ਤਾਂ ਉਥੋਂ ਦੀ ਇੰਡਸਟਰੀ ਨੂੰ ਵੇਖਿਆ ਜਾਂਦਾ ਹੈ। ਮਸ਼ੀਨਰੀ ਯੁੱਗ ਨੂੰ ਵੇਖਿਆ ਜਾਂਦਾ ਹੈ। ਮਾਡਰਨ ਤਰੀਕੇ ਨਾਲ ਬਣੀ ਇੰਡਸਟਰੀ ਨੂੰ ਵੇਖਿਆ ਜਾਂਦਾ ਹੈ। ਡਿਪਟੀ ਸਪੀਕਰ ਸਾਹਿਬ, ਹੈਵੀ ਇੰਡਸਟਰੀ ਲਗਾਉਣ ਲਈ ਕੁਝ ਕੰਡੀਸ਼ਨਜ਼ ਹੁੰਦੀਆਂ ਹਨ। ਇਨ੍ਹਾਂ ਸਾਰੀਆਂ ਕੰਡੀਸ਼ਨਾਂ ਨੂੰ ਪਹਿਲਾਂ ਪੂਰਾ ਕਰਨਾ ਪੈਂਦਾ ਹੈ ਫਿਰ ਹੈਵੀ ਇੰਡਸਟਰੀ

ਲਗਦੀ ਹੈ । ਇੱਕ 9 ਐਮ ਨੂੰ ਪੂਰਾ ਕਰਨਾ ਪੈਂਦਾ ਹੈ। 9 ਐਮ ਦਾ ਮਤਲਬ ਹੈ ਕਿ ਮਨੀ ਹੋਵੇ, ਮੈਨੇਜਮੈਂਟ ਹੋਵੇ, ਮੈਨ ਪਾਵਰ ਹੋਵੇ, ਮਸ਼ੀਨਰੀ ਹੋਵੇ, ਮੈਟੀਰੀਅਲ ਹੋਵੇ, ਮਾਰਕਿਟ, ਟਰਾਂਸਪੋਰਟ ਸਹੂਲਤ ਹੋਵੇ, ਕੰਮ ਜਿਥੇ ਸ਼ੁਰੂ ਕਰਨਾ ਹੈ ਉਥੇ ਦਾ ਏਰੀਆ ਠੀਕ ਹੋਵੇ । ਇਹ ਪੰਜ ਬੇਸਿਕ ਚੀਜ਼ਾਂ ਹਨ ਜਿਥੇ ਕਿ ਇੰਡਸਟਰੀ ਚਲਣੀ ਚਾਹੀਦੀ ਹੈ। ਮਾਰਕਿਟ ਹੋਵੇ, ਰਾਅ ਮੈਟੀਰੀਅਲ ਹੋਵੇ, ਮੈਨ ਪਾਵਰ ਹੋਵੇ, ਲੇਬਰ ਹੋਵੇ, ਅਤੇ ਕੈਪੀਟਲ ਹੋਵੇ। ਇਹ ਚੀਜ਼ਾਂ ਹਨ ਜਿਹੜੀਆਂ ਇੰਡਸਟਰੀ ਨੂੰ ਸਕਸੈਸਫੁੱਲ ਕਰਦੀਆਂ ਹਨ। ਅੱਜ ਡਿਪਟੀ ਸਪੀਕਰ ਸਾਹਿਬ, ਜੋ ਮਤਾ ਪੇਸ਼ ਹੋਇਆ ਹੈ ਕਿ ਰਾਜ ਵਿਚ ਵਧੇਰੇ ਭਾਰੀ ਉਦਯੋਗ ਸਥਾਪਤ ਕਰਨ ਲਈ ਕੇਂਦਰ ਸਰਕਾਰ ਪਾਸ ਸਿਫਾਰਸ਼ ਕਰਨੀ ਚਾਹੀਦੀ ਹੈ। ਇਸ ਬਾਰੇ ਮੈਂ ਪੰਜਾਬ ਸਰਕਾਰ ਨੂੰ ਰਿਕੁਐਸਟ ਕਰਨੀ ਚਾਹੁੰਦੀ ਹਾਂ ਕਿ ਪੰਜਾਬ ਵਿਚ ਹੈਵੀ ਇੰਡਸਟਰੀ ਲਾਉਣ ਲਈ ਜੋ ਮੈਂ ਪਹਿਲਾਂ ਚੀਜ਼ਾਂ ਦਸੀਆਂ ਹਨ ਉਹ ਪੂਰੀਆਂ ਕਰ ਲੈਣੀਆਂ ਚਾਹੀਦੀਆਂ ਹਨ। ਮੈਨ ਪਾਵਰ ਬਹੁਤ ਹੀ ਜ਼ਰੂਰੀ ਹੈ ਜੇਕਰ ਤੁਸੀਂ ਇੰਡਸਟਰੀ ਨੂੰ ਸਕਸੈਸਫੁੱਲ ਦੇਖਣਾ ਚਾਹੁੰਦੇ ਹੋ ਤਾਂ ਮੇਰੀ ਇਹ ਰਿਕੁਐਸਟ ਹੈ ਕਿ ਸੈਂਟਰ ਨੂੰ ਇਹ ਅਪਰੋਚ ਕੀਤੀ ਜਾਵੇ ਕਿ ਪਾਵਰ ਜੈਨਰੇਸ਼ਨ ਲਈ ਅਟਾਮਿਕ ਪਲਾਂਟ ਦੀ ਸੈਂਕਸ਼ਨ ਜਲਦੀ ਤੋਂ ਜਲਦੀ ਦਿਤੀ ਜਾਵੇ। ਜਿਹੜੀ ਇੰਡਸਟਰੀ ਹੈ ਉਹ ਕੰਡੀ ਏਰੀਏ ਵਿੱਚ ਹੁਸ਼ਿਆਰਪੁਰ ਦੇ ਨਜ਼ਦੀਕ ਲਗਣੀ ਚਾਹੀਦੀ ਹੈ। ਦੂਸਰਾ ਪੁਆਇੰਟ ਰਾਅ ਮੈਟੀਰੀਅਲ ਦਾ ਹੈ। ਇਹ ਵੀ ਇੰਡਸਟਰੀ ਲਈ ਬਹੁਤ ਜ਼ਰੂਰੀ ਹੈ।

Mr. Deputy Speaker : Please wind up.

ਡਾਕਟਰ (ਸ਼੍ਰੀਮਤੀ) ਮਾਲਤੀ ਥਾਪਰ : ਡਿਪਟੀ ਸਪੀਕਰ ਸਾਹਿਬ, ਅਜੇ ਤਾਂ ਭੂਮਿਕਾ ਹੀ ਬਣੀ ਹੈ ਬਾਕੀ ਚੀਜ਼ਾਂ ਦਸਣੀਆਂ ਹਨ। ਸਾਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਰਾਅ ਮੈਟੀਰੀਅਲ ਅਸਾਨੀ ਦੇ ਨਾਲ ਮਿਲੇ, ਟਰਾਂਸਪੋਰਟ ਫੈਸਿਲਟੀ ਹੋਵੇ।

Mr. Deputy Speaker ; Please wind up.

ਡਾਕਟਰ (ਸ਼੍ਰੀਮਤੀ) ਮਾਲਤੀ ਥਾਪਰ : ਤੀਸਰਾ, ਡਿਪਟੀ ਸਪੀਕਰ ਸਾਹਿਬ, ਮਾਰਕਿਟ ਵਿਚ ਪਰਚੇਜ਼ਿੰਗ ਪਾਵਰ ਹੋਣੀ ਚਾਹੀਦੀ ਹੈ। ਉਸ ਏਰੀਏ ਵਿਚ ਜਿਥੇ ਕਿ ਇੰਡਸਟਰੀ ਲਗਣੀ ਹੈ ਲੇਬਰ ਦੀ ਵੀ ਬਹੁਤ ਜ਼ਰੂਰਤ ਪੈਂਦੀ ਹੈ। ਮਸ਼ੀਨਰੀ ਹੋਵੇ ਜੋ ਕਿ ਮੈਨ ਪਾਵਰ ਦੇ ਨਾਲ ਚਲਦੀ ਹੈ। ਸਕਿਲਡ ਅਤੇ ਅਨ-ਸਕਿਲਡ ਇਨਟੈਲੀਜੈਂਟ ਲੇਬਰ ਦੀ ਜ਼ਰੂਰਤ ਪੈਂਦੀ ਹੈ । ਡਿਪਟੀ ਸਪੀਕਰ ਸਾਹਿਬ, ਪੈਸੇ ਦੀ ਵੀ ਬਹੁਤ ਲੋੜ ਹੁੰਦੀ ਹੈ। ਟਰਾਂਸਪੋਰਟ ਵੀ ਅਸਾਨੀ ਦੇ ਨਾਲ ਮਿਲ ਸਕੇ ਤਦ ਹੀ ਇੰਡਸਟਰੀ ਨੂੰ ਸਕਸੈਸਫੁੱਲ ਬਣਾਇਆ ਜਾ ਸਕਦਾ ਹੈ। ਡਿਪਟੀ ਸਪੀਕਰ ਸਾਹਿਬ, ਹੈਵੀ ਇੰਡਸਟਰੀ ਨੂੰ ਸਕਸੈਸਫੁੱਲ ਬਨਾਉਣ ਲਈ ਐਟਮੌਸਫੀਅਰ ਵੀ ਮੇਜਰ ਰੋਲ ਪਲੇਅ ਕਰਦਾ ਹੈ। ਜੇਕਰ ਤੁਸੀਂ ਇੰਡਸਟਰੀ ਸਕਸੈਸਫੁੱਲ ਦੇਖਣਾ ਚਾਹੁੰਦੇ ਹੋ ਤਾਂ ਸਾਨੂੰ ਹਰ ਚੀਜ਼ ਦਾ ਖਿਆਲ ਰਖਣਾ ਪਵੇਗਾ ਡਿਪਟੀ ਸਪੀਕਰ ਸਾਹਿਬ, 25 ਮੇਜਰ ਹੈਵੀ ਇੰਡਸਟਰੀਜ਼ ਹਨ। ਟਾਇਮ ਬਹੁਤ ਥੋੜ੍ਹਾ ਹੈ ਮੈਂ ਸਿਰਫ ਨਾਂ ਹੀ ਲਵਾਂਗੀ। ਕਾਟਨ ਇੰਡਸਟਰੀ, ਵੂਲਨ ਇੰਡਸਟਰੀ: ਪੇਪਰ ਇੰਡਸਟਰੀ, ਆਦਿ ਹਨ। ਪੰਜਾਬ ਵਿਚ ਕਿਹੜੀ ਕਿਹੜੀ ਹੈਵੀ ਇੰਡਸਟਰੀ ਲਗ ਸਕਦੀ ਹੈ। ਇਸ ਬਾਰੇ ਮੈਂ ਕਾਟਨ ਇੰਡਸਟਰੀ ਬਾਰੇ ਸੁਝਾਓ ਦੇਵਾਂਗੀ। ਇਸ ਦੀ ਪੰਜਾਬ ਵਿਚ ਬਹੁਤ ਹੀ ਜ਼ਰੂਰਤ ਹੈ। ਇਹ ਲਾਰਜ ਸਕੇਲ ਦੀ ਇੰਡਸਟਰੀ ਪੰਜਾਬ ਵਿਚ ਲਗ ਸਕਦੀ ਹੈ। ਦੂਸਰੀ ਜੂਟ ਦੀ ਇੰਡਸਟਰੀ ਹੈ।

ਸ਼੍ਰੀ ਡਿਪਟੀ ਸਪੀਕਰ : ਤੁਸੀਂ ਵਾਈਂਡ ਅੱਪ ਕਰੋ, ਕਿਉਂਕਿ ਬਹੁਤ ਸਾਰੇ ਹੋਰ ਮੈਂਬਰਾਂ ਨੇ ਵੀ ਬੋਲਣਾ ਹੈ ।

ਡਾਕਟਰ (ਸ਼੍ਰੀਮਤੀ) ਮਾਲਤੀ ਥਾਪਰ : ਇਹ ਇੰਡਸਟਰੀ ਪੰਜਾਬ ਵਿਚ ਡਿਵੈਲਪ ਹੋ ਸਕਦੀ ਹੈ। ਜਿਹੜੀ ਸ਼ੂਗਰ ਇੰਡਸਟਰੀ ਹੈ ਜਿਥੇ ਪੰਜਾਬ ਵਿੱਚ 30 ਹਨ, ਉਥੇ 50 ਲਗਾ ਸਕਦੇ ਹਾਂ

ਸ੍ਰੀ ਡਿਪਟੀ ਸਪੀਕਰ : ਵਾਈਂਡ ਅੱਪ ਕਰੋ ।

ਡਾਕਟਰ(ਸ੍ਰੀਮਤੀ) ਮਾਲਤੀ ਥਾਪਰ : ਮੈਂ ਕਾਟਨ ਟੈਕਸਟਾਈਲ ਇੰਡਸਟਰੀ ਦੀ ਗੱਲ ਕਰ ਰਹੀ ਸੀ। ਇਥੇ ਸਪਿਨਿੰਗ ਮਿਲਜ਼ ਦਾ ਬਹੁਤ ਜ਼ਿਆਦਾ ਸਕੋਪ ਹੈ ਕਿਉਂਕਿ ਪੰਜਾਬ ਵਿਚ ਕਾਟਨ ਬਹੁਤ ਜ਼ਿਆਦਾ ਹੁੰਦੀ ਹੈ। ਜਿੰਨੀ ਇਥੇ ਕਾਟਨ ਹੁੰਦੀ ਹੈ, ਉਸਦਾ ਅਸੀਂ 20 ਪ੍ਰਤੀਸ਼ਤ ਯੂਜ਼ ਕਰ ਰਹੇ ਹਾਂ। ਅਸੀਂ ਪੰਜਾਬ ਵਿੱਚ ਸਪਿਨਿੰਗ ਮਿਲਜ਼ ਬਹੁਤ ਜ਼ਿਆਦਾ ਖੋਲ੍ਹ ਸਕਦੇ ਹਾਂ। ਫਿਰ, ਡਿਪਟੀ ਸਪੀਕਰ ਸਾਹਿਬ, ਪੈਟਰੋ ਕੈਮੀਕਲ ਕੰਪਲੈਕਸ ਦਾ ਮੇਨ ਪੁਆਇੰਟ ਹੈ। ਇਹ ਪੰਜਾਬ ਲਈ ਬਹੁਤ ਪਹਿਲਾਂ ਪਲਾਨ ਬਣਿਆ ਸੀ। ਮੈਂ ਤੁਹਾਡੇ ਰਾਹੀਂ ਹੁਣ ਫੇਰ ਸੀ.ਐਮ. ਸਾਹਿਬ ਨੂੰ ਰਿਕੁਐਸਟ ਕਰਾਂਗੀ ਕਿ ਇਹ ਜਿਹੜਾ ਪੈਟਰੋ ਕੈਮੀਕਲ ਕੰਪਲੈਕਸ ਹੈ, ਇਸਨੂੰ ਜਲਦੀ ਤੋਂ ਜਲਦੀ ਸਿਰੇ ਚੜ੍ਹਾਇਆ ਜਾਵੇ। ਡਿਪਟੀ ਸਪੀਕਰ ਸਾਹਿਬ, ਹੋਰ ਮੇਜਰ ਇੰਡਸਟਰੀ ਸੀਮਿੰਟ ਇੰਡਸਟਰੀ ਹੈ। ਇਹ ਅਸੀਂ ਪਹਿਲਾਂ ਪੰਜਾਬ ਵਿੱਚ ਨਹੀਂ ਲਗਾ ਸਕਦੇ ਸੀ। ਹੁਣ ਸੀਮਿੰਟ ਇੰਡਸਟਰੀ ਨੂੰ ਹੈਵੀ ਇੰਡਸਟਰੀ ਦੇ ਤੌਰ ਤੇ ਪੰਜਾਬ ਵਿੱਚ ਲਗਾ ਸਕਦੇ ਹਾਂ ਬੇਸ਼ਕ ਸਾਡੇ ਕੋਲ ਕੋਈ ਡਾਇਰੈਕਟ ਲਾਈਨਾ ਨਹੀਂ ਹਨ। ਸਾਡੇ ਜਿਹੜੇ ਰੋਪੜ ਅਤੇ ਬਠਿੰਡਾ ਥਰਮਲ ਪਲਾਂਟ ਹਨ, ਉਨ੍ਹਾਂ ਤੋਂ ਜਿਹੜਾ ਐਸ਼ ਦਾ ਬਾਈ-ਪਰੋਡਕਟ ਨਿਕਲਦਾ ਹੈ, ਉਸਨੂੰ ਸੀਮਿੰਟ ਬਣਾਉਣ ਵਾਸਤੇ ਯੂਜ਼ ਕਰਕੇ ਅਸੀਂ ਪੰਜਾਬ ਵਿੱਚ ਹੈਵੀ ਇੰਡਸਟਰੀ ਲਗਾ ਸਕਦੇ ਹਾਂ।

ਸ੍ਰੀ ਡਿਪਟੀ ਸਪੀਕਰ : ਤੁਸੀਂ ਹੁਣ ਵਾਈਂਡ ਅੱਪ ਕਰੋ ਜੀ।(ਘੰਟੀ)

ਡਾਕਟਰ (ਸ੍ਰੀਮਤੀ)ਮਾਲਤੀ ਥਾਪਰ : ਠੀਕ ਹੈ ਜੀ। ਮੈਂ ਵਾਈਂਡ ਅੱਪ ਕਰਨ ਲਗੀ ਹਾਂ। ਡਿਪਟੀ ਸਪੀਕਰ ਸਾਹਿਬ, ਅਸੀਂ ਪੰਜਾਬ ਵਿੱਚ ਪੇਪਰ ਇੰਡਸਟਰੀ ਵੀ ਲਗਾ ਸਕਦੇ ਹਾਂ। ਮੇਨ ਇਸ ਵਿੱਚ ਗੋਇੰਦਵਾਲ ਪਲਾਂਟ ਸੀ ਜਿਸਦਾ ਫਾਉਂਡੇਸ਼ਨ ਸਟੋਨ 1989 ਵਿੱਚ ਰਾਜੀਵ ਜੀ ਨੇ ਰਖਿਆ ਸੀ। ਉਸ ਵਿਚ ਕੁਝ ਮੌਡੀਫਿਕੇਸ਼ਨਜ਼ ਵੀ ਕਰਨੀਆਂ ਸਨ। ਮੇਰੀ ਰਿਕੁਐਸਟ ਹੈ ਕਿ ਇਸ ਪ੍ਰਾਜੈਕਟ ਵੱਲ ਵੀ ਜਲਦੀ ਤੋਂ ਜਲਦੀ ਧਿਆਨ ਦਿੱਤਾ ਜਾਣਾ ਚਾਹੀਦਾ ਹੈ। ਇਸ ਤੋਂ ਇਲਾਵਾ ਗਲਾਸ ਇੰਡਸਟਰੀ, ਮੈਚ ਇੰਡਸਟਰੀ ਅਤੇ ਪਲਾਸਟਿਕ ਗੁਡਜ਼ ਇੰਡਸਟਰੀ ਵੀ ਜਲਦੀ ਤੋਂ ਜਲਦੀ ਸਾਨੂੰ ਪੰਜਾਬ ਵਿੱਚ ਸੁਰੂ ਕਰਨੀ ਚਾਹੀਦੀ ਹੈ। ਇਸ ਦੇ ਨਾਲ ਹੀ ਮੈਂ ਡਿਪਟੀ ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਰਦੀ ਹਾਂ।

ਕਾਮਰੇਡ ਤਰਸੇਮ ਜੋਧਾਂ (ਕਿਲਾ ਰਾਏਪੁਰ) : ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਜੈ ਕਿਸ਼ਨ ਸੈਣੀ ਜੀ ਵੱਲੋਂ ਜਿਹੜਾ ਮਤਾ ਪੇਸ਼ ਕੀਤਾ ਹੈ, ਪੰਜਾਬ ਸਰਕਾਰ ਨੂੰ ਇਹ ਸਿਫਾਰਸ਼ ਕਰਨ ਲਈ ਕਿ ਸੈਂਟਰ ਕੋਲ ਪਹੁੰਚ ਕਰੇ ਤਾਂ ਕਿ ਪੰਜਾਬ ਵਿਚ ਹੈਵੀ ਇੰਡਸਟਰੀ ਲਗਾਈ ਜਾਵੇ, ਉਸਤੇ ਬੋਲਣ ਦੀ ਇਜਾਜ਼ਤ ਦਿੱਤੀ ਹੈ। ਪੰਜਾਬ ਨਾਲ ਬੜੇ ਲੰਬੇ ਸਮੇਂ ਤੋਂ ਵਿਤਕਰਾ ਹੁੰਦਾ ਆਇਆ ਹੈ। ਇਥੇ ਬਹੁਤ ਸਾਰੀਆਂ ਪੰਜਾਬ ਦੀਆਂ ਸਮੱਸਿਆਵਾਂ ਹਨ, ਜਿਹੜੀਆਂ ਹੈਵੀ ਇੰਡਸਟਰੀ ਲਗਣ ਦੇ ਨਾਲ ਹੱਲ ਹੋ ਸਕਦੀਆਂ ਹਨ। ਜਿਵੇਂ ਅਸੀਂ ਦੇਖਦੇ ਹਾਂ ਕਿ ਪੰਜਾਬ ਵਿੱਚ ਸਿਰਫ 0.74 ਪ੍ਰਤੀਸ਼ਤ ਹੈਵੀ ਇੰਡਸਟਰੀ ਹੈ ਜਦ ਕਿ ਬਾਹਰਲਿਆਂ ਸੂਬਿਆਂ ਵਿੱਚ ਜਿਵੇਂ ਮਹਾਂ-ਰਾਸ਼ਟਰ ਵਿੱਚ 17.58 ਪ੍ਰਤੀਸ਼ਤ, ਹਿਮਾਚਲ ਪ੍ਰਦੇਸ਼ ਵਿੱਚ 11.09 ਪ੍ਰਤੀਸ਼ਤ ਅਤੇ ਆਂਧਰਾ ਪ੍ਰਦੇਸ਼ ਵਿਚ 10.06 ਪ੍ਰਤੀਸ਼ਤ ਹੈਵੀ ਇੰਡਸਟਰੀ ਹੈ। ਬਾਕੀ ਸੂਬਿਆਂ ਵਿਚ ਵੀ ਕਾਫੀ ਵੱਡੇ ਪੈਮਾਨੇ ਤੇ ਹੈਵੀ ਇੰਡਸਟਰੀ ਲਗੀ ਹੋਈ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਜੇਕਰ ਪੰਜਾਬ ਵਿਚ ਹੈਵੀ ਇੰਡਸਟਰੀ ਲਗਾਈ ਜਾਵੇ ਤਾਂ ਉਸ ਨਾਲ ਸਮਾਲ-ਸਕੇਲ ਇੰਡਸਟਰੀ ਨੂੰ ਵੀ ਉਤਸ਼ਾਹ ਮਿਲੇਗਾ। ਬਹੁਤ ਸਾਰੀਆਂ ਛੋਟੀਆਂ ਸਨਅੱਤਾਂ ਵੀ ਪੰਜਾਬ ਵਿੱਚ ਡਿਵੈਲਪ ਹੋਣਗੀਆਂ, ਪੰਜਾਬ ਦੀ ਬੇਕਾਰੀ ਦੀ

ਸਮੱਸਿਆ ਹੱਲ ਹੋਵੇਗੀ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਕੋਲੋਂ ਮੰਗ ਕਰਦਾ ਹਾਂ ਕਿ ਜਿਥੇ ਪੰਜਾਬ ਵਿੱਚ ਹੈਵੀ ਇੰਡਸਟਰੀ ਲਗਾਈ ਜਾਵੇ ਉਥੇ ਇਹ ਵੀ ਦੇਖਣਾ ਪਵੇਗਾ ਕਿ ਕੇਂਦਰ ਸਰਕਾਰ ਨੇ ਜਿਹੜੀ ਨਵੀਂ ਆਰਥਿਕ ਸਨਅੱਤੀ ਨੀਤੀ ਅਪਣਾਈ ਹੈ, ਜੇਕਰ ਉਹ ਪੰਜਾਬ ਵਿੱਚ ਵੀ ਮਲਟੀ ਨੈਸ਼ਨਲ ਕਾਰਪੋਰੇਸ਼ਨ ਆਉਂਦੀਆਂ ਹਨ, ਉਨ੍ਹਾਂ ਨਾਲ ਸਮਾਲ ਸਕੇਲ ਇੰਡਸਟਰੀ ਤਾਂ ਤਬਾਹ ਨਹੀਂ ਹੋ ਜਾਵੇਗੀ ਔਰ ਬਹੁਤ ਸਾਰੀਆਂ ਸ਼ਰਤਾਂ ਜਿਹੜੀਆਂ ਲਗਾਈਆਂ ਗਈਆਂ ਹਨ, ਉਨ੍ਹਾਂ ਕਾਰਣ ਪੰਜਾਬ ਦੇ ਕਿਸਾਨ, ਮਜ਼ਦੂਰ ਅਤੇ ਮੁਲਾਜ਼ਮਾਂ ਤੇ ਬੜਾ ਭਾਰੀ ਅਸਰ ਪਵੇਗਾ। ਇਸ ਲਈ ਮਲਟੀ ਨੈਸ਼ਨਲ ਕਾਰਪੋਰੇਸ਼ਨਾਂ ਨੂੰ ਜਿਹੜੀਆਂ ਕਈ ਤਰ੍ਹਾਂ ਦੀਆਂ ਬੁਰਾਈਆਂ ਲੈ ਕੇ ਸਾਡੇ ਦੇਸ਼ ਵਿੱਚ ਆਉਣਗੀਆਂ, ਸਾਡੀ ਪ੍ਰਭੂਸੱਤਾ ਅਤੇ ਸੌਵਰੇਨਿਟੀ ਨੂੰ ਖਤਰੇ ਵਿਚ ਪਾ ਦੇਣਗੀਆਂ, ਉਨ੍ਹਾਂ ਨੂੰ ਰੋਕਿਆ ਜਾਵੇ ਅਤੇ ਹੈਵੀ ਇੰਡਸਟਰੀ ਪੰਜਾਬ ਵਿਚ ਚਾਲੂ ਕੀਤੀ ਜਾਵੇ।

ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਦਨ ਦਾ ਧਿਆਨ ਇਸ ਗੱਲ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਜੋ ਪੈਸਾ ਜਮ੍ਹਾਂ ਹੁੰਦਾ ਹੈ, ਉਸ ਦਾ ਬਹੁਤ ਵੱਡਾ ਹਿੱਸਾ ਬਾਹਰਲੇ ਸੂਬਿਆਂ ਵਿਚ ਇਨਵੈਸਟਮੈਂਟ ਵਾਸਤੇ ਵਰਤਿਆ ਜਾਂਦਾ ਹੈ। ਮੇਰਾ ਖਿਆਲ ਹੈ ਕਿ ਸਿਰਫ 16 ਪ੍ਰਤੀਸ਼ਤ ਹੀ ਪੰਜਾਬ ਵਿਚ ਵਰਤਿਆ ਜਾਂਦਾ ਹੈ, ਬਾਕੀ ਸਾਰਾ ਬਾਹਰਲੇ ਸੂਬਿਆਂ ਵਿਚ ਲਗ ਜਾਂਦਾ ਹੈ। ਹੁਣ ਤੱਕ ਇਹੀ ਪਲੀਅ ਦਿੱਤੀ ਜਾਂਦੀ ਰਹੀ ਹੈ ਕਿ ਪੰਜਾਬ ਇਕ ਬਾਰਡਰ ਦਾ ਸੂਬਾ ਹੈ, ਇਸ ਕਰਕੇ ਇਥੇ ਹੈਵੀ ਇੰਡਸਟਰੀ ਲਾਉਣੀ ਠੀਕ ਨਹੀਂ, ਇਥੇ ਹਰ ਵੇਲੇ ਖਤਰਾ ਰਹਿੰਦਾ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਅਸੀਂ 2-3 ਜੰਗਾਂ ਪਾਕਿਸਤਾਨ ਨਾਲ ਲੜੀਆਂ ਹਨ। ਇਸ ਦੌਰਾਨ ਪੰਜਾਬ ਦੇ ਲੋਕਾਂ ਨੇ ਬਹਾਦਰੀ ਨਾਲ ਆਪਣੀਆਂ ਸਰਹੱਦਾਂ ਤੇ ਪਹਿਰਾ ਦਿੱਤਾ ਹੈ ਅਤੇ ਇਹ ਸਾਬਤ ਕਰ ਦਿੱਤਾ ਹੈ ਕਿ ਇਥੇ ਇਸ ਕਿਸਮ ਦਾ ਕੋਈ ਖਤਰਾ ਨਹੀਂ ਜਿਸ ਕਾਰਣ ਇਥੇ ਹੈਵੀ ਇੰਡਸਟਰੀ ਨਾ ਲਾਈ ਜਾਵੇ। ਮਹਾਂਰਾਸ਼ਟਰ ਅਤੇ ਪੱਛਮੀ ਬੰਗਾਲ ਵੀ ਸਰਹੱਦੀ ਸੂਬੇ ਹਨ ਲੇਕਿਨ ਉਥੇ ਬੰਬਈ ਅਤੇ ਕਲਕੱਤਾ ਵਿਚ ਬਹੁਤ ਭਾਰੀ ਹੈਵੀ ਇੰਡਸਟਰੀ ਲੱਗੀ ਹੋਈ ਹੈ। ਇਸ ਕਰਕੇ ਮੈਂ ਸਮਝਦਾ ਹਾਂ ਕਿ ਇਹ ਜਿਹੜਾ ਹੁਣ ਤੱਕ ਪ੍ਰਚਾਰ ਕੀਤਾ ਜਾਂਦਾ ਰਿਹਾ ਹੈ, ਉਸ ਦੇ ਖਿਲਾਫ ਆਵਾਜ਼ ਬੁਲੰਦ ਕਰਕੇ ਇਥੇ ਹੈਵੀ ਇੰਡਸਟਰੀ ਲਾਉਣੀ ਚਾਹੀਦੀ ਹੈ। ਸੈਂਟਰ ਦੇ ਬਜਟ ਵਿਚ ਹੁਣੇ ਜਿਹੇ ਬਹੁਤ ਸਾਰੀਆਂ ਚੀਜ਼ਾਂ ਵਿਚ ਟੈਕਸ ਤੋਂ ਛੋਟ ਦਿੱਤੀ ਗਈ ਹੈ। ਇਹ ਠੀਕ ਹੈ ਕਿ ਇਸ ਨਾਲ ਲੋਕਾਂ ਨੂੰ ਕੁਝ ਰਾਹਤ ਮਿਲੇਗੀ ਲੇਕਿਨ ਮੈਂ ਸਮਝਦਾ ਹਾਂ ਕਿ ਇਸ ਨਾਲ ਸਾਡੇ ਦੇਸ਼ ਦੀ ਸਨਅਤ ਤੇ ਬੜਾ ਭਾਰੀ ਅਸਰ ਪਵੇਗਾ। ਇਸ ਨਾਲ ਸਾਡਾ ਦੇਸ਼ ਮੈਨੂਫੈਕਚਰਿੰਗ ਕੰਟਰੀ ਦੀ ਬਜਾਏ ਟਰੇਡਿੰਗ ਕੰਟਰੀ ਬਣ ਜਾਵੇਗਾ। ਸੋ, ਇਸ ਕਿਸਮ ਦੇ ਸਟੈਪਸ ਨਾਲ ਥੋੜ੍ਹੇ ਸਮੇਂ ਦੀ ਸ਼ੋਹਰਤ ਤਾਂ ਮਿਲ ਜਾਵੇਗੀ ਲੇਕਿਨ ਸਮੁੱਚੇ ਤੌਰ ਤੇ ਦੇਸ਼ ਦਾ ਨੁਕਸਾਨ ਹੋਵੇਗਾ। ਇਸ ਕਰਕੇ ਇਨ੍ਹਾਂ ਚੀਜ਼ਾਂ ਤੇ ਰੋਕ ਲਾਈ ਜਾਣੀ ਚਾਹੀਦੀ ਹੈ ਅਤੇ ਸਾਨੂੰ ਆਪਣੀ ਇੰਡਸਟਰੀ ਨੂੰ ਉਤਸ਼ਾਹਤ ਕਰਨ ਵਾਸਤੇ ਕੁਝ ਹੋਰ ਕਦਮ ਉਠਾਉਣੇ ਚਾਹੀਦੇ ਹਨ ਜਿਸ ਤਰ੍ਹਾਂ ਕਿ ਇਥੇ ਪੈਟਰੋ ਕੈਮੀਕਲਜ਼ ਦੀ ਇੰਡਸਟਰੀ ਲਗ ਸਕਦੀ ਹੈ, ਹਾਈਡਰੋ ਪ੍ਰਾਜੈਕਟ ਲਗ ਸਕਦੇ ਹਨ। ਐਗਰੋ ਬੇਸਡ ਇੰਡਸਟਰੀ ਦੀਆਂ ਇਥੇ ਬੜੀਆਂ ਸੰਭਾਵਨਾਵਾਂ ਹਨ। ਇਥੇ ਗੰਨੇ ਦੀ ਬੜੀ ਮਾੜੀ ਹਾਲਤ ਹੋ ਰਹੀ ਹੈ। ਇਸ ਵਾਸਤੇ ਹੋਰ ਖੰਡ ਮਿੱਲਾਂ ਲਗਾਈਆਂ ਜਾ ਸਕਦੀਆਂ ਹਨ। ਸਫੈਦੇ ਦਾ ਵੀ ਇਥੇ ਬੜਾ ਮਾੜਾ ਹਾਲ ਹੈ। ਇਸ ਤੋਂ ਪੇਪਰ ਮਿੱਲਾਂ ਲਗਾਈਆਂ ਜਾ ਸਕਦੀਆਂ ਹਨ। ਛੋਟੇ ਟਰੈਕਟਰਾਂ ਦੇ ਕਾਰਖਾਨੇ ਵੀ ਇਥੇ ਲਗਾਏ ਜਾ ਸਕਦੇ ਹਨ। ਇਸ ਤੋਂ ਇਲਾਵਾ ਫੂਡ ਪ੍ਰਾਸੈਸਿੰਗ ਪਲਾਂਟ ਵੀ ਇਥੇ ਲਗ ਸਕਦੇ ਹਨ, ਚਾਹੇ ਉਹ ਆਲੂਆਂ ਦੇ ਹੋਣ ਜਾਂ ਕੋਈ ਹੋਰ। ਇਸੇ ਤਰ੍ਹਾਂ ਹੀ ਅੰਗੂਰਾਂ ਤੋਂ ਵਾਈਨ ਬਣਾਈ ਜਾ ਸਕਦੀ ਹੈ ਜਿਸ ਨੂੰ ਬਹੁਤ ਸਾਰੇ ਸੱਜਣ ਲਾਈਕ ਕਰਦੇ ਹਨ ਅਤੇ ਪੀਂਦੇ ਵੀ ਹਨ (ਹਾਸਾ) ਇਸ ਤਰ੍ਹਾਂ ਵਾਈਨ

[ਕਾਮਰੇਡ ਤਰਸੇਮ ਜੋਧਾਂ]

ਬਣਾ ਕੇ ਸਾਰੇ ਦੇਸ਼ ਨੂੰ ਵਧੀਆ ਸ਼ਰਾਬ ਪਹੁੰਚਾਈ ਜਾ ਸਕਦੀ ਹੈ। ਆਂਡਿਆਂ ਦੀ ਇਥੇ ਬੁਰੀ ਹਾਲਤ ਹੈ। ਮੇਰੇ ਇਲਾਕੇ ਵਿਚ ਕਈ ਪੋਲਟਰੀ ਫਾਰਮ ਹਨ। ਆਂਡਿਆਂ ਦੀ ਵਿਕਰੀ ਵਾਸਤੇ ਉਨ੍ਹਾਂ ਨੂੰ ਦਿੱਲੀ ਲਿਜਾਣਾ ਪੈਂਦਾ ਹੈ। ਉਨ੍ਹਾਂ ਦੀ ਪਰੋਸੈਸਿੰਗ ਵਾਸਤੇ ਵੀ ਕੁਝ ਸੋਚਿਆ ਜਾ ਸਕਦਾ ਹੈ। ਇਸੇ ਤਰ੍ਹਾਂ ਮੱਛੀਆਂ ਦੇ ਫਾਰਮ ਹੋਰ ਬਣਾਏ ਜਾ ਸਕਦੇ ਹਨ। ਜੇ ਇਸ ਤਰ੍ਹਾਂ ਦੀ ਇੰਡਸਟਰੀ ਇਥੇ ਨਹੀਂ ਲਗੇਗੀ ਤਾਂ ਜਿੰਨੇ ਵੀ ਕਾਰੋਬਾਰ ਕਿਸਾਨ ਇਥੇ ਕਰਦਾ ਹੈ ....

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ: ** ** **

ਸ੍ਰੀ ਡਿਪਟੀ ਸਪੀਕਰ: ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਕਾਮਰੇਡ ਤਰਸੇਮ ਜੋਧਾਂ: ਡਿਪਟੀ ਸਪੀਕਰ ਸਾਹਿਬ, ਮੈਂ ਆਪ ਸ਼ਰਾਬ ਨਹੀਂ ਪੀਂਦਾ ਕਿਉਂਕਿ ਇਥੇ ਪਹਿਲਾਂ ਸ਼ਰਾਬ ਦੀ ਗੱਲ ਹੋਈ ਹੈ, ਇਸੇ ਕਰਕੇ ਹੀ ਮੈਂ ਗੱਲ ਕੀਤੀ ਹੈ। ਮੇਰਾ ਕਹਿਣ ਦਾ ਮਤਲਬ ਇਹ ਸੀ ਕਿ ਅਗਰ ਅਸੀਂ ਪੰਜਾਬ ਨੂੰ ਬਚਾਉਣਾ ਹੈ ਤਾਂ ਇਸ ਕਿਸਮ ਦੀ ਐਗਰੋ ਬੇਸਡ ਇੰਡਸਟਰੀ ਇਥੇ ਲਾਉਣੀ ਪਏਗੀ। ਇਥੇ ਗਲੂਕੋਜ਼ ਬਣਾਉਣ ਦੀ ਇੰਡਸਟਰੀ ਲੱਗ ਸਕਦੀ ਹੈ ਅਤੇ ਟੈਕਸਟਾਈਲ ਦੀ ਇੰਡਸਟਰੀ ਵੀ ਲਗ ਸਕਦੀ ਹੈ। ਇਥੇ ਪੰਜਾਬ ਵਿਚ ਨਰਮਾ ਬਹੁਤ ਜ਼ਿਆਦਾ ਅਤੇ ਬਹੁਤ ਵਧੀਆ ਕਿਸਮ ਦਾ ਹੁੰਦਾ ਹੈ ; ਇਥੇ ਹੋਰ ਧਾਗਾ ਬਣਾਉਣ ਦੀਆਂ ਮਿੱਲਾਂ ਲਗਾਈਆਂ ਜਾ ਸਕਦੀਆਂ ਹਨ ਅਤੇ ਬਹੁਤ ਵਧੀਆ ਟੈਕਸਟਾਈਲ ਇੰਡਸਟਰੀ ਸੈਟਅੱਪ ਕੀਤੀ ਜਾ ਸਕਦੀ ਹੈ। ਇਸ ਕਿਸਮ ਦੀਆਂ ਇੰਡਸਟਰੀਜ਼ ਲੱਗਣ ਨਾਲ ਅਸੀਂ ਕਿਸਾਨ ਨੂੰ ਉਸ ਦੇ ਨਰਮੇ ਦੀਆਂ ਕੀਮਤਾਂ, ਗੰਨੇ ਦੀਆਂ ਕੀਮਤਾਂ, ਕਿਨੂੰਆਂ ਦੀਆਂ ਕੀਮਤਾਂ, ਆਲੂਆਂ ਦੀਆਂ ਕੀਮਤਾਂ, ਆਂਡਿਆਂ ਦੀਆਂ ਕੀਮਤਾਂ ਅਤੇ ਬਾਕੀ ਦੂਜੀਆਂ ਸਾਰੀਆਂ ਚੀਜ਼ਾਂ ਦੀਆਂ ਕੀਮਤਾਂ ਵੀ, ਜਿਹੜੀਆਂ ਕਿਸਾਨ ਪੈਦਾ ਕਰਦਾ ਹੈ, ਜ਼ਿਆਦਾ ਦੇ ਸਕਦੇ ਹਾਂ। ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਰੈਪੀਟੀਸ਼ਨ ਨਹੀਂ ਕਰਨੀ ਚਾਹੁੰਦਾ। ਅਸੀਂ ਪੰਜਾਬੀਆਂ ਨੇ ਬੜਾ ਸੰਤਾਪ ਭੋਗਿਆ ਹੈ। ਇਥੇ ਆਤੰਕਵਾਦ ਨੇ ਬੜੀ ਤਬਾਹੀ ਮਚਾਈ ਹੈ। ਪੰਜਾਬ ਦੇ ਲੋਕਾਂ ਨੇ ਬੜੀ ਵੱਡੀ ਗਿਣਤੀ ਵਿਚ ਡਟ ਕੇ ਅੱਤਵਾਦ ਦਾ ਮੁਕਾਬਲਾ ਕੀਤਾ ਹੈ ਅਤੇ ਕੁਰਬਾਨੀਆਂ ਕੀਤੀਆਂ ਹਨ। ਹੁਣ ਪੰਜਾਬ ਦੇ ਵਿੱਚ ਸ਼ਾਂਤੀ ਦੀ ਬਹਾਲੀ ਵਾਲੇ ਪਾਸੇ ਮਾਹੌਲ ਬਣਨ ਲੱਗਿਆ ਹੈ। ਮਾਨਯੋਗ ਡਿਪਟੀ ਸਪੀਕਰ ਸਾਹਿਬ, ਜਿੱਥੇ ਸਾਡੇ ਪੰਜਾਬ ਦੇ ਵਿੱਚ ਅੱਤਵਾਦ ਨੂੰ ਵਧਾਉਣ ਵਾਸਤੇ ਹੋਰ ਬਹੁਤ ਸਾਰੇ ਫੈਕਟਰਜ਼ ਜ਼ਿੰਮੇਵਾਰ ਹਨ, ਉਥੇ ਇਹ ਵੀ ਇੱਕ ਫੈਕਟਰ ਹੈ ਕਿ ਪੰਜਾਬ ਵਿੱਚ ਬੇਰੋਜ਼ਗਾਰੀ ਹੈ। ਸਾਡੇ ਇੱਥੇ ਪੰਜਾਬ ਦੇ ਵਿੱਚ ਕਾਰਖਾਨੇ ਲਗਣੇ ਚਾਹੀਦੇ ਹਨ। ਸਾਡੇ ਨੌਜਵਾਨ ਟੈਕਨੀਕਲ ਕੰਮ ਕਰਨਾ ਚਾਹੁੰਦੇ ਹਨ, ਲੇਬਰ ਘੱਟ ਕਰਨਾ ਪਸੰਦ ਕਰਦੇ ਹਨ। ਬਾਹਰ ਨੂੰ ਜ਼ਿਆਦਾ ਜਾਂਦੇ ਹਨ। ਇਸ ਕਰਕੇ ਮਲਟੀ-ਨੈਸ਼ਨਲ ਕਾਰਪੋਰੇਸ਼ਨਜ਼ ਜੇਕਰ ਇੱਥੇ ਆਉਣਗੀਆਂ ਤਾਂ ਸਮਾਲ ਸਕੇਲ ਇੰਡਸਟਰੀ ਤਬਾਹ ਹੋਵੇਗੀ। ਨੌਜਵਾਨਾਂ ਨੂੰ ਰੋਜ਼ਗਾਰ ਨਹੀਂ ਮਿਲੇਗਾ ਤਾਂ ਉਨ੍ਹਾਂ ਵਿੱਚ ਅਨਰੈਸਟ ਪੈਦਾ ਹੋਏਗੀ ਔਰ ਸਾਡੇ ਨੌਜਵਾਨ ਕਿਸੇ ਨਾ ਕਿਸੇ ਗਲਤ ਪਾਸੇ ਨੂੰ ਸੋਚਣਗੇ। ਇਸ ਕਰਕੇ ਪੰਜਾਬ ਸਰਕਾਰ ਜੇ ਸੋਚੇ ਕਿ ਪੰਜਾਬ ਵਿਚ ਅਮਨ ਬਹਾਲ ਹੋ ਗਿਆ ਹੈ ਤਾਂ ਉਹ ਠੀਕ ਨਹੀਂ ਕਿਉਂਕਿ ਅਮਨ ਬਹਾਲੀ ਵਾਸਤੇ ਬਹੁਤ ਕੁਝ ਕਰਨਾ ਬਾਕੀ ਰਹਿੰਦਾ ਹੈ। ਜੇ ਸਰਕਾਰ ਕੁਰੱਪਸ਼ਨ ਦੇ ਖਿਲਾਫ ਧਾਵਾ ਬੋਲਣਾ ਚਾਹੁੰਦੀ ਹੈ ਤਾਂ ਇਸ ਨਾਲ ਲੋਕਾਂ ਦੀਆਂ ਸਮੱਸਿਆਵਾਂ ਦੂਰ ਹੋ ਜਾਣਗੀਆਂ ਪਰ ਵੇਖਣਾ ਇਹ ਹੈ ਕਿ ਇਸ ਵਿੱਚ ਅਸੀਂ ਕਿੰਨਾ ਕਾਮਯਾਬ ਹੁੰਦੇ ਹਾਂ। ਸਾਨੂੰ ਪੰਜਾਬ ਵਿੱਚ ਸ਼ਾਂਤੀ ਦੀ ਬਹਾਲੀ ਵਾਸਤੇ ਤਕੜੇ ਕਦਮ ਚੁੱਕਣੇ ਪੈਣਗੇ। ਕੇਂਦਰ ਸਰਕਾਰ ਨੇ ਪੰਜਾਬ ਨੂੰ ਹੈਵੀ ਇੰਡਸਟਰੀ ਤੋਂ ਵਾਂਝਿਆਂ ਰੱਖ ਕੇ ਪੰਜਾਬ ਨਾਲ ਬਹੁਤ ਵੱਡਾ ਵਿਤਕਰਾ ਕੀਤਾ ਹੈ ਇਸ ਲਈ ਮੈਂ ਇਸ ਮਤੇ ਦਾ ਪੁਰਜ਼ੋਰ ਸਮਰਥਨ ਕਰਦਾ ਹਾਂ ਅਤੇ ਆਸ ਕਰਦਾ ਹਾਂ ਕਿ ਜੋ ਮਤਾ ਸ੍ਰੀ ਜੈ ਕਿਸ਼ਨ ਜੀ ਨੇ ਪੇਸ਼ ਕੀਤਾ ਹੈ ਉਸਨੂੰ ਇਹ ਹਾਊਸ ਪਾਸ ਕਰੇਗਾ ਔਰ ਕੇਂਦਰ ਸਰਕਾਰ ਨੂੰ ਦਬਾਅ ਪਾ ਕੇ ਕਹੇ ਅਤੇ ਪੰਜਾਬ ਸਰਕਾਰ ਵਲੋਂ ਪੰਜਾਬ ਦੇ ਲੋਕਾਂ ਵਲੋਂ ਇਹ ਪਰੈਸ਼ਰ ਬਿਲਡ ਕੀਤਾ ਜਾਵੇ ਕਿ ਪੰਜਾਬ ਵਿੱਚ ਹੈਵੀ ਇੰਡਸਟਰੀ ਲਗਾਈ ਜਾਵੇ।

ਪੰਡਿਤ ਸੋਮ ਦੱਤ ਸ਼ਰਮਾ (ਬਰਨਾਲਾ): ਸਤਿਕਾਰਯੋਗ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਜਿਨ੍ਹਾਂ ਨੇ ਮੈਨੂੰ ਸ੍ਰੀ ਜੈ ਕਿਸ਼ਨ ਸੈਣੀ ਜੀ, ਐਮ. ਐਲ. ਏ. ਸਾਹਿਬ ਦੇ ਮਤੇ ਤੇ ਜੋ ਉਨ੍ਹਾਂ ਨੇ ਸਦਨ ਵਿੱਚ ਰਾਜ ਸਰਕਾਰ ਨੂੰ ਸਿਫਾਰਸ਼ ਕਰਨ ਵਾਸਤੇ ਮਤਾ ਪੇਸ਼ ਕੀਤਾ ਹੈ ਤੇ ਬੋਲਣ ਲਈ ਸਮਾਂ ਦਿੱਤਾ। ਇਸ ਮਤੇ ਰਾਹੀਂ ਇਹ ਕਿਹਾ ਗਿਆ ਹੈ ਕਿ ਪੰਜਾਬ ਵਿੱਚ ਭਾਰੀ ਉਦਯੋਗ ਸਥਾਪਿਤ ਕਰਨ ਲਈ ਕੇਂਦਰ ਸਰਕਾਰ ਨੂੰ ਬੇਨਤੀ ਕੀਤੀ ਜਾਏ। ਇਸ ਮਤੇ ਤੇ ਮੇਰੇ ਕਈ ਦੋਸਤ ਬੋਲੇ, ਸਾਰੇ ਸੱਜਣਾਂ ਨੇ ਆਪਣੇ ਵਿਚਾਰ ਵੀ ਇਸ ਮਤੇ ਤੇ ਰੱਖੇ। ਮਤਾ ਡਿਪਟੀ ਸਪੀਕਰ ਸਾਹਿਬ, ਜਦੋਂ ਵੀ ਕੋਈ ਰੱਖਿਆ ਜਾਂਦਾ ਹੈ ਉਹ ਪੂਰੀ ਸੋਚ ਔਰ ਸਮਝ ਕੇ ਰੱਖਿਆ ਜਾਂਦਾ ਹੈ, ਦੇਖ ਕੇ ਰੱਖਿਆ ਜਾਂਦਾ ਹੈ। ਪਰ ਜੇ ਉਸ ਮਤੇ ਨੂੰ ਠੀਕ ਢੰਗ ਨਾਲ ਲਾਗੂ ਕੀਤਾ ਜਾਵੇ ਤਾਂ ਬਹੁਤ ਚੰਗੀ ਗੱਲ ਹੁੰਦੀ ਹੈ। ਇਥੇ ਦੋਸਤਾਂ ਨੇ ਕੁਝ ਸੁਝਾਅ ਵੀ ਦਿੱਤੇ ਹਨ ਔਰ ਜੇ ਕੋਈ ਆਪੋਜੀਸ਼ਨ ਵਾਲੇ ਰਾਏ ਦੇਣ, ਚੰਗੀ ਰਾਏ ਹੋਵੇ, ਤਾਂ ਟਰੇਜ਼ਰੀ ਬੈਂਚਿਜ਼ ਨੂੰ ਮੰਨ ਲੈਣੀ ਚਾਹੀਦੀ ਹੈ। ਮੇਰੇ ਮਨ ਵਿੱਚ ਕਈ ਵਾਰ ਥੋੜ੍ਹਾ ਜਿਹਾ ਸ਼ਿਕਵਾ ਵੀ ਹੁੰਦਾ ਹੈ ਕਿ ਅੱਜ ਉਸ ਮਤੇ ਤੇ ਬਹਿਸ ਕਰ ਰਹੇ ਹਾਂ ਜਿਸ ਨੇ ਪੰਜਾਬ ਦੇ ਸੰਕਟ ਨੂੰ ਦੂਰ ਕਰਨਾ ਹੈ, ਅਤੇ ਜਿਸ ਨਾਲ ਬੇਰੋਜ਼ਗਾਰੀ ਹੱਲ ਹੋਣੀ ਹੈ, ਅੱਜ ਉਸ ਮਤੇ ਤੇ ਬਹਿਸ ਹੋ ਰਹੀ ਹੈ, ਜਿਸ ਦੇ ਵਿਚਾਰੇ ਜਾਣ ਨਾਲ ਜਿਨ੍ਹਾਂ ਲੋਕਾਂ ਨੇ ਏ. ਕੇ. 47 ਚੁੱਕੀ ਹੋਈ ਸੀ ਉਹ ਆਪਣੇ ਘਰ ਵਾਪਸ ਆਉਣਗੇ। ਅੱਜ ਉਸ ਮਤੇ ਤੇ ਬਹਿਸ ਹੋ ਰਹੀ ਹੈ ਜਿਸ ਨਾਲ ਸਾਡੀਆਂ ਆਰਥਿਕ ਸਮੱਸਿਆਵਾਂ ਹੱਲ ਹੋਣਗੀਆਂ। ਅੱਜ ਉਸ ਮਤੇ ਤੇ ਬਹਿਸ ਹੋ ਰਹੀ ਹੈ ਜਿਸ ਮਤੇ ਨਾਲ ਸਾਡਾ ਖੇਤੀ ਪ੍ਰਦਾਨ ਸੂਬਾ ਜੋ ਹੈ ਉਹ ਹੋਰ ਵੀ ਤਕੜਾ ਹੋਵੇਗਾ। ਪਰ ਅਫਸੋਸ, ਅੱਜ ਉਸ ਮਤੇ ਤੇ ਬਹਿਸ ਹੋ ਰਹੀ ਹੋਵੇ ਔਰ ਇਸ ਮਤੇ ਤੇ ਬਹਿਸ ਕਰਨ ਵੇਲੇ ਸਿਰਫ ਏਥੇ 5-10 ਮੈਂਬਰ ਹੀ ਨਜ਼ਰ ਆਉਂਦੇ ਸਨ, ਹੁਣ ਤਾਂ ਭਾਵੇਂ 15-20 ਤੋਂ ਵੱਧ ਨਹੀਂ ਹਨ। ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਜਦੋਂ ਕਦੇ ਇਹੋ ਜਿਹਾ ਕੋਈ ਮਤਾ ਆਉਂਦਾ ਹੈ ਤਾਂ ਸਖਤੀ ਨਾਲ ਹੁਕਮ ਲਾਗੂ ਕਰਿਆ ਕਰੋ ਤਾਂ ਕਿ ਸਾਰੇ ਲੋਕ ਇਥੇ ਬੈਠ ਕੇ ਉਸ ਨੂੰ ਸੁਣਨ ਔਰ ਉਨ੍ਹਾਂ ਨੂੰ ਪਤਾ ਲੱਗੇ ਕਿ ਮੈਂਬਰ ਕੀ ਕੀ ਕਹਿੰਦੇ ਹਨ। ਡਿਪਟੀ ਸਪੀਕਰ ਸਾਹਿਬ, ਮੈਂ ਬਹੁਤਾ ਵਿਸਥਾਰ ਵਿੱਚ ਜਾਣਾ ਨਹੀਂ ਚਾਹੁੰਦਾ। ਮੈਂ ਤਾਂ ਦੋ ਤਿੰਨ ਗੱਲਾਂ ਹੀ ਕਰਾਂਗਾ। ਸਾਡਾ ਸੂਬਾ ਖੇਤੀ ਪ੍ਰਧਾਨ ਸੂਬਾ ਹੈ। ਅਸੀਂ ਜੋ ਇਥੇ ਧਾਗਾ ਪੈਦਾ ਕਰਦੇ ਹਾਂ ਅਤੇ ਜੋ ਹੋਰ ਚੀਜ਼ ਪੈਦਾ ਕਰਦੇ ਹਾਂ, ਇਸਦੇ ਲਈ ਜ਼ਰੂਰਤ ਹੈ ਕਿ ਇਥੇ ਕੱਪੜੇ ਦੇ ਵੱਡੇ ਕਾਰਖਾਨੇ ਲੱਗਣੇ ਚਾਹੀਦੇ ਹਨ। ਇਹ ਕਪੜੇ ਦਾ ਕਾਰਖਾਨਾ ਇਹੋ ਜਿਹਾ ਨਹੀਂ ਹੋਣਾ ਚਾਹੀਦਾ ਜਿਹੜਾ ਕਿ 100 ਰੁਪਏ ਜਾਂ 150 ਰੁਪਏ ਗਜ਼ ਦਾ ਕਪੜਾ ਹੋਵੇ ਜਾਂ 500 ਰੁਪਏ ਗਜ਼ ਦਾ ਹੋਵੇ ਬਲਕਿ ਇਥੇ ਉਹ ਕਾਰਖਾਨਾ ਲੱਗਣਾ ਚਾਹੀਦਾ ਹੈ ਜਿਸ ਕਾਰਖਾਨੇ ਦੇ ਕਪੜੇ ਦੀ ਕੀਮਤ 8 ਜਾਂ 10 ਰੁਪਏ ਗਜ਼ ਤੋਂ ਵੱਧ ਨਾ ਹੋਵੇ। ਉਹ ਇਸ ਕਰਕੇ ਕਿ ਅੱਜ ਡਿਪਟੀ ਸਪੀਕਰ ਸਾਹਿਬ, ਐਸ਼ੋ ਪਰੱਸਤੀ ਐਨੀ ਵੱਧ ਚੁੱਕੀ ਹੈ, ਐਸ਼ੋ-ਆਰਾਮ ਏਨਾ ਵੱਧ ਗਿਆ ਹੈ, ਜਿਸ ਕਰਕੇ ਮਹਿੰਗਾਈ ਵੱਧ ਰਹੀ ਹੈ। ਅੱਜ ਸਾਨੂੰ ਆਪਣੇ ਖਰਚਿਆਂ ਨੂੰ ਘਟਾਉਣਾ ਚਾਹੀਦਾ ਹੈ। ਜਦੋਂ ਅਸੀਂ ਅਜਿਹਾ ਕਾਰਖਾਨਾ ਲਗਾ ਲਿਆ ਤਾਂ ਉਸ ਕਾਰਖਾਨੇ ਤੋਂ ਬਣਿਆ ਕਪੜਾ ਪੰਜਾਬ ਦਾ ਹਰ ਵਿਅਕਤੀ ਪਾਵੇ, ਭਾਵੇਂ ਉਹ ਵੱਡੇ ਤੋਂ ਵੱਡਾ ਆਦਮੀ ਹੀ ਕਿਉਂ ਨਾ ਹੋਵੇ। ਇਹ ਫੈਸਲਾ ਕਰ ਲੈਣਾ ਚਾਹੀਦਾ ਹੈ ਕਿ 8 ਰੁਪਏ ਜਾਂ 10 ਰੁਪਏ ਮੀਟਰ ਵਾਲਾ ਕਪੜਾ ਹੀ ਪਾਉਣਾ ਹੈ ਭਾਵੇਂ ਉਹ ਦੇਸ਼ ਦਾ ਪ੍ਰਧਾਨ ਮੰਤਰੀ ਹੀ ਕਿਉਂ ਨਾ ਹੋਵੇ। ਮੈਂ 1965 ਵਿੱਚ ਵੀ ਇਹ ਗੱਲ ਕਹੀ ਸੀ। ਇਹ ਕੋਈ ਅੱਜ ਦੀ ਗੱਲ ਮੈਂ ਨਹੀਂ ਕਰ ਰਿਹਾ। ਜਿਹੜੇ ਵੀ ਕਪੜੇ ਦਾ ਕਾਰਖਾਨਾ ਲਗਾਇਆ ਜਾਵੇ, ਉਥੇ ਕੇਵਲ 3 ਜਾਂ 4 ਕਿਸਮ ਦਾ ਹੀ ਕੱਪੜਾ ਤਿਆਰ ਕੀਤਾ ਜਾਵੇ। ਜਿਹੜਾ 8-10 ਰੁਪਏ ਵਾਲਾ

[ਪੰਡਿਤ ਸੋਮ ਦੱਤ ਸ਼ਰਮਾ]

ਕਪੜਾ ਹੋਵੇ ਉਹ ਵੱਡੇ ਆਦਮੀ ਪਾ ਲੈਣ। ਜਿਹੜਾ 5-6 ਰੁਪਏ ਵਾਲਾ ਕਪੜਾ ਹੋਵੇ ਉਹ ਸਾਡੇ ਵਰਗੇ ਦਰਮਿਆਨੇ ਲੋਕ ਪਾ ਲਿਆ ਕਰਨ ਅਤੇ ਜਿਹੜਾ 2-3 ਰੁਪਏ ਵਾਲਾ ਕਪੜਾ ਹੋਵੇ ਉਹ ਸਾਡੇ ਮਜ਼ਦੂਰ ਭਰਾ ਪਾ ਲਿਆ ਕਰਨ। ਇਹ ਜਿਹੜਾ ਸੈਣੀ ਸਾਹਿਬ ਨੇ ਮਤਾ ਰੱਖਿਆ ਹੈ ਇਹ ਠੀਕ ਹੈ ਅਤੇ ਸਾਨੂੰ ਸਾਰਿਆਂ ਨੂੰ ਹੀ ਇਸ ਮਤੇ ਦੀ ਪਰੋੜ੍ਹਤਾ ਕਰਨੀ ਚਾਹੀਦੀ ਹੈ ।

ਡਿਪਟੀ ਸਪੀਕਰ ਸਾਹਿਬ, ਮੈਂ ਇਕ ਗੱਲ ਹੋਰ ਕਹਿਣਾ ਚਾਹੁੰਦਾ ਹਾਂ ਇਥੇ ਦਵਾਈਆਂ ਦਾ ਕਾਰਖਾਨਾ ਵੀ ਜ਼ਰੂਰ ਲਗਣਾ ਚਾਹੀਦਾ ਹੈ। ਸਾਨੂੰ ਬਾਹਰਲੇ ਦੇਸ਼ਾਂ ਤੋਂ ਡਾਲਰਾਂ ਵਾਸਤੇ ਆਪਣਾ ਸਾਰਾ ਰੁਪਿਆ ਖਰਚ ਕਰਨਾ ਪੈਂਦਾ ਹੈ ਅਤੇ ਡਾਲਰਾਂ ਦੀ ਕੀਮਤ ਇਤਨੀ ਹੈ ਕਿ ਤੋਬਾ ਹੀ ਭਲੀ ਹੈ । ਬਾਹਰਲੇ ਦੇਸ਼ਾਂ ਵਿੱਚ ਸਾਡੇ ਪੰਜਾਬ ਦੇ ਬਹੁਤ ਸਾਰੇ ਲੋਕ ਬੈਠੇ ਹਨ। ਲਾਸ ਏਂਜਲਸ (ਅਮਰੀਕਾ) ਵਿੱਚ ਪੰਜਾਬ ਦੇ ਵਿਅਕਤੀ ਬੈਠੇ ਹਨ, ਟੰਡਨ ਖਾਨਦਾਨ ਦੇ ਜਿਨ੍ਹਾਂ ਨੇ ਕਿ ਉਥੇ ਆਪਣਾ ਕੰਪਿਊਟਰ ਦਾ ਬਿਜਨੈਸ ਚਲਾਇਆ ਹੋਇਆ ਹੈ ਅਤੇ ਉਹ 70 ਦੇਸ਼ਾਂ ਨਾਲ ਆਪਣਾ ਬਿਜ਼ਨੈਸ ਰੱਖਦੇ ਹਨ ਅਤੇ ਉਹ ਖਾਨਦਾਨ ਸੀ. ਐਮ. ਸਾਹਿਬ ਦੇ ਨੇੜੇ ਵੀ ਹੈ । ਮੈਂ ਕਹਿੰਦਾ ਹਾਂ ਉਨ੍ਹਾਂ ਲੋਕਾਂ ਨੂੰ ਪ੍ਰੇਰਨਾ ਦੇ ਕੇ ਕਹਿਣਾ ਚਾਹੀਦਾ ਹੈ ਤਾਂ ਕਿ ਉਹ ਲੋਕ ਮੁੜ ਪੰਜਾਬ ਵਿੱਚ ਆਉਣ। ਕਿਉਂਕਿ ਹੁਣ ਪੰਜਾਬ ਦੇ ਹਾਲਾਤ ਸੁਧਰ ਰਹੇ ਹਨ ਅਤੇ ਜਦੋਂ ਅਸੀਂ ਵੱਡੇ ਕਾਰਖਾਨੇ ਲਗਾਵਾਂਗੇ ਤਾਂ ਲੋਕਾਂ ਨੂੰ ਹੋਰ ਵੀ ਵਧੇਰੇ ਅਹਿਸਾਸ ਹੋਵੇਗਾ ਕਿ ਹੁਣ ਹਾਲਾਤ ਸੁਧਰ ਰਹੇ ਹਨ ਅਤੇ ਹੁਣ ਜਿਹੜੇ ਸਾਡੇ ਨੌਜਵਾਨ ਗਲਤ ਰਸਤਾ ਅਖਤਿਆਰ ਕਰੀਂ ਬੈਠੇ ਸਨ, ਉਹ ਇਨ੍ਹਾਂ ਕਾਰਖਾਨਿਆਂ ਵਿੱਚ ਕੰਮ ਕਰਨਗੇ ਅਤੇ ਸਾਰੀ ਗੱਲ ਠੀਕ ਹੋ ਜਾਵੇਗੀ। ਇਸ ਦੇ ਨਾਲ ਮੈਂ ਇਹ ਵੀ ਕਹਿੰਦਾ ਹਾਂ ਕਿ ਜਿਹੜੇ ਵੀ ਸਾਡੇ ਕਾਰਖਾਨੇ ਲੱਗਣ ਉਨ੍ਹਾਂ ਵਿੱਚ 7-8 ਸਾਲ ਤੱਕ ਸਰਕਾਰ ਨੂੰ ਡਿਊਟੀ ਮੁਆਫ ਕਰਨੀ ਚਾਹੀਦੀ ਹੈ। ਜਿਹੜਾ ਸਾਡਾ ਪ੍ਰੋਗਰਾਮ ਹੈ ਉਸ ਅਨੁਸਾਰ ਉਨ੍ਹਾਂ ਨੂੰ ਡਿਊਟੀ ਤੋਂ ਮੁਕਤ ਰੱਖਿਆ ਜਾਣਾ ਚਾਹੀਦਾ ਹੈ ਤਾਂ ਕਿ ਲੋਕ ਕਾਰਖਾਨੇ ਵੱਧ ਤੋਂ ਵੱਧ ਲਗਾਉਣ ਅਤੇ ਵੱਧ ਤੋਂ ਵੱਧ ਪਰੋਡਕਸ਼ਨ ਹੋ ਸਕੇ। ਚੌਧਰੀ ਸੰਤੋਖ ਸਿੰਘ ਜੀ ਨੇ ਤਾਂ ਅੰਗਰੇਜ਼ੀ ਵਿੱਚ ਕਿਹਾ ਹੈ ਕਿ ਪੈਟਰੋ-ਕੈਮੀਕਲ ਦਾ ਕਾਰ-ਖਾਨਾ ਲਗਾਇਆ ਜਾਵੇ। ਪਰ ਮੈਂ ਤਾਂ ਅੰਗਰੇਜ਼ੀ ਨਹੀਂ ਕਹਿੰਦਾ ਮੈਂ ਤਾਂ ਪੰਜਾਬੀ ਵਿੱਚ ਹੀ ਕਹਾਂਗਾ ਅਜਿਹੇ ਲੱਗਣ ਵਾਲੇ ਕਾਰਖਾਨਿਆਂ ਉਤੇ 5 ਸਾਲ ਲਈ ਤਾਂ ਡਿਊਟੀ ਮੁਆਫ ਹੋਣੀ ਹੀ ਚਾਹੀਦੀ ਹੈ, ਤਾਂ ਜੋ ਰਾਜ ਵਿਚ ਇੰਡਸਟਰੀ ਵਧੇਰੇ ਤਰੱਕੀ ਕਰ ਸਕੇ। ਜੇਕਰ ਅਸੀਂ ਇਹ ਗੱਲ ਹੁਣ ਨਾ ਕਰ ਸਕੇ ਤਾਂ ਫਿਰ ਅਸੀਂ ਕਦੀ ਵੀ ਨਹੀਂ ਕਰ ਸਕਾਂਗੇ ਕਿਉਂਕਿ ਸਾਡੇ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਜੀ ਜੋ ਗੱਲ ਸੋਚਦੇ ਹਨ ਉਹ ਜ਼ਰੂਰ ਕਰ ਵਿਖਾਉਂਦੇ ਹਨ ਅਤੇ ਉਹ ਇਸ ਪਾਸੇ ਵੱਲ ਵੀ ਜ਼ਰੂਰ ਕੰਮ ਕਰਨਗੇ। (ਥੰਪਿੰਗ) ਮੈਂ ਕਹਿੰਦਾ ਹਾਂ ਕਿ ਉਹ ਜਦੋਂ ਵੀ ਨਰਸਿਮਹਾ ਰਾਓ ਜੀ ਨਾਲ ਜਾ ਕੇ ਗੱਲ ਕਰਨਗੇ, ਇਹ ਤਾਂ ਗੱਲ ਹੀ ਉਨ੍ਹਾਂ ਵਾਸਤੇ ਬੜੀ ਮਾਮੂਲੀ ਜਿਹੀ ਹੈ, ਬੜੀ ਛੋਟੀ ਜਿਹੀ ਗੱਲ ਹੈ। ਅੱਜ ਸਰਦਾਰ ਬੇਅੰਤ ਸਿੰਘ ਜੀ ਦੀ ਧਾਂਕ ਸਾਰੇ ਪੰਜਾਬ ਵਿਚ ਹੀ ਨਹੀਂ ਸਾਰੇ ਹਿੰਦੁਸਤਾਨ ਵਿੱਚ ਹੀ ਨਹੀਂ ਬਲਿਕ ਸਾਰੇ ਵਰਲਡ ਦੇ ਵਿੱਚ ਹੈ (ਥੰਪਿੰਗ) ਇਸ ਲਈ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਜਿਹੜਾ ਮਤਾ ਲਿਆਂਦਾ ਗਿਆ ਹੈ ਇਹ ਬਹੁਤ ਚੰਗਾ ਮਤਾ ਹੈ। ਇਸ ਦੇ ਨਾਲ ਹੀ ਮੈਂ ਇਕ ਗੱਲ ਹੋਰ ਵੀ ਕਹਾਂਗਾ ਕਿ ਜਿਨ੍ਹਾਂ ਨੂੰ 5 ਸਾਲ ਤੱਕ ਡਿਊਟੀ ਤੋਂ ਛੋਟ ਦਿੱਤੀ ਹੋਈ ਹੈ, ਉਸ ਦੇ ਲਈ ਤਾਂ ਪ੍ਰਸੰਸਾ ਕਰਨੀ ਬਣਦੀ ਹੀ ਹੈ। ਸਾਨੂੰ ਇਹ ਵੀ ਦੇਖਣਾ ਚਾਹੀਦਾ ਹੈ ਕਿ ਜਿਹੜਾ ਟੈਕਸ ਅਸੀਂ ਮੁਆਫ ਕੀਤਾ ਹੈ ਕੀ ਬਿਓਰੋਕਰੇਸੀ ਜਾਂ ਅਫਸਰਸ਼ਾਹੀ ਉਸ ਨੂੰ ਲਾਗੂ ਵੀ ਕਰੇਗੀ । ਇਸ ਦੇ ਵਿਚ ਕੋਈ ਵਿਗਾੜ ਤਾਂ ਨਹੀਂ ਪਾਵੇਗੀ। ਉਹ ਲੋਕ ਨਹੀਂ ਚਾਹੁੰਦੇ ਕਿ ਪੰਜਾਬ ਦੇ ਵਿੱਚ ਵੱਡੀ ਇੰਡਸਟਰੀ ਜਾਂ ਉਦਯੋਗ ਲਗਣ। ਇਸ ਗੱਲ ਦਾ ਹਮੇਸ਼ਾ ਹੀ ਟਕਰਾਓ ਰਿਹਾ ਹੈ। ਇਕ ਪਾਸੇ ਬਿਓਰੋਕਰੇਸੀ ਅਤੇ ਦੂਸਰੇ ਪਾਸੇ ਡੈਮੋਕਰੇਸੀ ਦਾ ਹਮੇਸ਼ਾ ਹੀ ਟਕਰਾਓ ਰਿਹਾ ਹੈ। ਪਰ ਮੈਂ ਸਮਝਦਾ ਹਾਂ ਕਿ ਡੈਮੋਕਰੇਸੀ ਬਿਓਰੋਕਰੇਸੀ ਨੂੰ ਨੱਥ ਪਾ ਸਕਦੀ ਹੈ।

ਇੱਕ ਸੱਜਣ ਨੇ ਕਿਹਾ ਕਿ ਸਾਨੂੰ ਇਹ ਗੱਲ ਨਹੀਂ ਕਰਨੀ ਚਾਹੀਦੀ ਕਿਉਂਕਿ ਪਿਛਲੇ 8-10 ਸਾਲਾਂ ਵਿੱਚ ਵੱਖਵਾਦ ਅਤੇ ਅੱਤਵਾਦ ਬਹੁਤ ਰਿਹਾ ਹੈ ਅਤੇ ਇਹ ਗੱਲ ਸੀ, ਉਹ ਗੱਲ ਸੀ, ਸਾਨੂੰ ਇਸ ਦਾ ਸਹਾਰਾ ਨਹੀਂ ਲੈਣਾ ਚਾਹੀਦਾ। ਮੈਂ ਤਾਂ ਕਹਿੰਦਾ ਹਾਂ ਕਿ ਪਿਛਲੇ 10-15 ਸਾਲਾਂ ਵਿੱਚ 1967 ਤੋਂ ਬਾਅਦ ਕਿਸੇ ਨੇ ਵੀ ਇੰਡਸਟਰੀ ਬਾਰੇ ਨਹੀਂ ਸੋਚਿਆ। ਸਾਲ 1965-66 ਤੱਕ ਤਾਂ ਸਰਕਾਰ ਇੰਡਸਟਰੀ ਬਾਰੇ ਸੋਚਦੀ ਰਹੀ ਹੈ। ਇਸ ਦੇ ਬਾਅਦ ਕਈ ਵਾਰ ਹਾਲਾਤ ਐਸੇ ਹੋਏ ਕਿ ਕਦੇ ਗਵਰਨਰੀ ਰਾਜ ਆ ਗਿਆ, ਕਦੇ ਕੁਝ ਹੋ ਗਿਆ ਅਤੇ ਇਸ ਤਰ੍ਹਾਂ ਹਾਲਾਤ ਵਿਗੜਦੇ ਰਹੇ। ਮੈਂ ਬੇਨਤੀ ਕਰਦਾ ਹਾਂ ਕਿ ਜੋ ਜੈ ਕਿਸ਼ਨ ਸੈਣੀ ਜੀ ਨੇ ਮਤਾ ਲਿਆਂਦਾ ਹੈ, ਕਿਉਂਕਿ ਤੁਸੀਂ ਪਹਿਲਾਂ ਵੀ ਕਈ ਵੇਰ ਕਹਿ ਚੁੱਕੇ ਹੋ ਕਿ ਹੋਰ ਵੀ ਕਈ ਮੈਂਬਰ ਸਾਹਿਬਾਨ ਨੇ ਬੋਲਣਾ ਹੈ, ਮੈਂ ਫਿਰ ਦੋਬਾਰਾ ਇਸ ਮਤੇ ਦੀ ਪਰੋੜਤਾ ਕਰਦਾ ਹਾਂ ਔਰ ਇਹ ਫਿਰ ਕਹਿੰਦਾ ਹਾਂ ਕਿ ਇਹ ਜਿਹੜਾ ਮਤਾ ਹੈ ਇਹ ਪੰਜਾਬ ਦੇ ਹਿੱਤ ਵਿੱਚ ਹੈ, ਦੇਸ਼ ਦੇ ਹਿੱਤ ਵਿੱਚ ਹੈ ਅਤੇ ਇਹ ਵੀ ਬੇਨਤੀ ਕਰਦਾ ਹਾਂ ਕਿ ਤਕੜੇ ਹੋਕੇ ਅਸੀਂ ਇਸ ਮਤੇ ਨੂੰ ਪਾਸ ਵੀ ਕਰਵਾਈਏ ਇਹ ਨਿਰਾ-ਪੁਰਾ ਕਾਗਜ਼ਾਂ ਵਿੱਚ ਹੀ ਨਾ ਰਹਿ ਜਾਏ, ਬਲਕਿ ਸਾਡਾ ਫਰਜ਼ ਬਣਦਾ ਹੈ ਕਿ ਸੈਂਟਰ ਸਰਕਾਰ ਕੋਲ ਜਾ ਕੇ ਵੱਧ ਤੋਂ ਵੱਧ ਪੈਸੇ ਦੀ ਡੀਮਾਂਡ ਕਰੀਏ। ਜੋ ਹੋਰ ਵੀ ਲੋਕ ਹਨ, ਮੈਨੂੰ ਯਾਦ ਹੈ ਕਿ ਹੰਡਿਆਏ ਵਿਖੇ ਕੁਝ ਸੱਜਣਾਂ ਨੇ ਫੌਰਨ ਤੋਂ ਆ ਕੇ ਫੌਰਨ ਕਰੰਸੀ ਖਰਚ ਕਰਕੇ ਇਕ ਕਾਰਖਾਨਾ ਲਗਾਇਆ ਹੈ। ਦੋਸਤੋ, ਮੈਂ ਬੇਨਤੀ ਕਰਦਾ ਹਾਂ ਕਿ ਸਾਡੇ ਪੰਜਾਬ ਵਿੱਚ ਸਫੈਦੇ ਬਹੁਤ ਲਗਾਏ ਜਾਂਦੇ ਹਨ, ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਸ ਤੋਂ ਕਾਗਜ਼ ਬਹੁਤ ਵਧੀਆ ਬਣਦਾ ਹੈ ਲੇਕਿਨ 1977 ਵਿੱਚ ਸਰਮਾਏਦਾਰਾਂ ਦੇ ਕਹਿਣ ਤੇ ਜਿਨ੍ਹਾਂ ਨੇਂ ਸਫੈਦੇ ਲਗਾਏ ਉਸਦਾ ਨੁਕਸਾਨ ਹੋਇਆ ਸਫੈਦਾ ਲਗਾਉਣ ਦੇ ਨਾਲ ਜ਼ਮੀਨ ਦਾ ਪਾਣੀ 32-32,35-35 ਫੁੱਟ ਹੇਠਾਂ ਚਲਿਆ ਗਿਆ ਹੈ ਅਤੇ ਸਫੈਦੇ ਦਾ ਇਨ੍ਹਾਂ ਨੂੰ ਕੋਈ ਫਾਇਦਾ ਨਹੀਂ ਹੋਇਆ। ਇਸ ਲਈ ਸਾਨੂੰ ਉਹ ਚੀਜ਼ ਪੈਦਾ ਕਰਨੀ ਚਾਹੀਦੀ ਹੈ ਜਿਸ ਦੇ ਨਾਲ ਨੁਕਸਾਨ ਨਾ ਹੋਵੇ। ਸਰਮਾਏਦਾਰਾਂ ਦੀ ਜਿਹੜੀ ਸੋਚ ਸੀ ਉਹ ਇਹ ਸੀ ਕਿ 1970 ਵਿੱਚ ਉਸ ਸਮੇਂ ਦੀ ਸਰਕਾਰ ਨੇ ਕਿਹਾ ਕਿ ਸਫੈਦੇ ਲਗਾਓ ਕਿਉਂਕਿ ਉਸ ਨੂੰ ਪਤਾ ਸੀ ਕਿ ਪੰਜਾਬ ਇੱਕ ਖੇਤੀ-ਪ੍ਰਧਾਨ ਸੂਬਾ ਹੈ, ਇਸ ਲਈ ਉਸ ਨੇ ਫੈਸਲਾ ਕੀਤਾ ਕਿ ਡਾਊਨ-ਫਾਲ ਕਿਵੇਂ ਲਿਆਂਦਾ ਜਾ ਸਕਦਾ ਹੈ, ਇਸ ਲਈ ਉਸਨੇ ਸਫੈਦੇ ਲਗਾਉਣ ਲਈ ਕਿਹਾ ਅਤੇ ਜਿਸ ਦਾ ਸਿੱਟਾ ਇਹ ਹੋਇਆ ਕਿ ਹੁਣ ਪਾਣੀ 32-32, 35-35 ਫੁੱਟ ਨੀਵੇਂ ਚਲਾ ਗਿਆ ਹੈ। ਜੇਕਰ ਸਰਮਾਏਦਾਰਾਂ ਦੀ ਅਜਿਹੀ ਸੋਚਣੀ ਨਾ ਹੁੰਦੀ ਤਾਂ ਇਹ ਪਾਣੀ ਇੰਨਾਂ ਡੂੰਘਾ ਨਾ ਜਾਂਦਾ। ਇਸ ਦਾ ਇਕ ਨੁਕਸਾਨ ਹੋਰ ਵੀ ਹੋਇਆ ਕਿ ਉਪਜ ਵਿੱਚ ਵੀ ਕਾਫੀ ਘਾਟਾ ਪਿਆ। ਮੈਂ ਤਾਂ ਮੁਬਾਰਕਬਾਦ ਦਿੰਦਾ ਹਾਂ ਸ਼੍ਰੀ ਬਲਰਾਮ ਜਾਖੜ ਜੀ ਨੂੰ ਅਤੇ ਸਰਦਾਰ ਬੇਅੰਤ ਸਿੰਘ ਜੀ ਨੂੰ ਕਿ ਅਸੀਂ ਮੁੜ ਖੇਤੀ ਦੇ ਖੇਤਰ ਵਿੱਚ ਖੜ੍ਹੇ ਹੋਏ ਹਾਂ। ਅੰਤ ਵਿੱਚ ਮੈਂ ਇਸ ਮਤੇ ਦੀ ਪਰੋੜਤਾ ਕਰਦਾ ਹੋਇਆ ਬੇਨਤੀ ਕਰਾਂਗਾ ਚੀਫ ਮਨਿਸਟਰ ਸਾਹਿਬ ਨੂੰ ਕਿ ਤੁਹਾਡੇ ਹੱਥ ਵਿੱਚ ਪਾਵਰ ਹੈ ਅਤੇ ਸਦਨ ਵੀ ਤੁਹਾਡੇ ਨਾਲ ਹੈ, ਤੁਹਾਡੇ ਨਾਲ ਪਹਿਲਾਂ ਵੀ ਰਿਹਾ ਹਾਂ ਅਤੇ ਅੱਗੇ ਵੀ ਰਹਾਂਗਾ ਇੱਥੇ ਤਕੜੇ ਹੋਕੇ ਕਾਰਖਾਨੇ ਲਗਾਓ ਤਾਂ ਕਿ ਬੇਰੋਜ਼ਗਾਰੀ ਖਤਮ ਹੋ ਜਾਵੇ ਅਤੇ ਗਲਤ ਚੀਜ਼ ਵੀ ਖਤਮ ਹੋ ਸਕੇ। ਮੈਂ ਇੰਨਾ ਕਹਿੰਦਾ ਹੋਇਆ ਅੰਤ ਵਿੱਚ ਇਸ ਮਤੇ ਦੀ ਪਰੋੜਤਾ ਕਰਦਾ ਹੋਇਆ ਆਪਣਾ ਸਥਾਨ ਲੈਂਦਾ ਹਾਂ ਬਹੁਤ ਬਹੁਤ ਧੰਨਵਾਦ. ਜੈ ਹਿੰਦ।

12 38P.M | (ਇਸ ਸਮੇਂ ਸ਼੍ਰੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

श्रीमति लक्ष्मी कांता चावला (अमृतसर केन्द्री) : स्पीकर साहिब, मैं आप का धन्यवाद करती हूं । श्री जय किशन सैनी के द्वारा पेश किए गए प्रस्ताव पर काफी चर्चा हो चुकी है । मैं इस सम्बन्ध में केवल इतना कहना चाहती हूं कि यह प्रस्ताव बड़ा अच्छा है और हम भी इसका समर्थन करते हैं । यह पंजाब के हित में है । आज पंजाब में तो यह हालात

[श्रीमति लक्ष्मी कांता चावला]

हो गये हैं कि एक कलर्क तो क्या एक पीअ्रन की पोस्ट के लिए भी हजारों ऐपलीकेशनज पहुंच जाती हैं। हमारे हजारों बच्चे बेरोजगार हैं। कहा जाता है बेरोजगारी शैतानी का घर है। अगर पंजाब में इस तरह के कारखाने लगेंगे तो इस का सबसे बड़ा फायदा यह होगा कि एक बेरोजगार इन्जीनियर से लेकर, एक सेल्ज प्रचेज ऐक्सप्रट से लेकर एक सफाई सेवक तक को रोजगार मिलता है। इस का एक फायदा यह भी होता है कि कारखाने वाले आपने कर्मचारियों के लिए मकान भी बनवाते है जिससे आवास की प्रोबलम भी हल हो जाती है। जमीन का जो प्रश्न है मंड के एरिया में जहां पुलिस के जवानों ने बहादुरी दिखाई है, वहां बड़ी जमीन खाली है। जमीन भी है, साधन भी है, पानी भी है, खेती भी है, काम करने के लिये हाथ भी हैं। अगर पंजाब में Heavy Industry लगाई जाए तो पंजाब के अंदर जो बेकार बच्चे हैं, उन को काम दे सकेंगे। जो सड़कों पर धक्के खा रहे हैं, उन को काम दे सकेंगे। यहां पर चर्चा हुई कि सन 1967 के बाद पंजाब का विकास नहीं हुआ। पंजाब का विकास रुक गया। मगर मेरी जानकारी है कि सन् 1967 के बाद बठिन्डा थर्मल प्लांट, रोपड़ थर्मल प्लांट आगे बड़े। इनका काम पूरा हुआ। बटाला में खुशहाली आई। अमृतसर में 1967 के बाद लघु उद्योग आगे चले। मैं कहना चाहती हूं कि पंजाब में उद्योग लगाते समय इतना ध्यान रखा जाए कि अगर यहां मशीनरी हो तो विदेशी टैक्नोलजी विदेशी साधन, विदेशी मशीनरी ना लगाई जाए। ऐसी मशीनरी लगानी चाहिए जहां मानव काम करें और उन्हें अधिक से अधिक साधन मिलें। देश में दो बड़ी समयाएं हैं। एक है बेकारी की। यह बड़ी प्रशानी की सम्सया है। अध्यक्ष महोदय, मेरा निवेदन है कि पंजाब में उद्योग लगाते समय ये ध्यान रखा जाए, कि उद्योग वहां नहीं लगाने चाहिए जहां कुछ विषेश व्यक्ति चाहते हैं बलकि वहां लगाने चाहिए जहां उद्योग नहीं हैं। इस तरह से पंजाब का विकास होगा। जो कुशल इंजीनियर बाहर चले जाते हैं, इस तरह करने से वह देश में ही रहेंगे और उन की बुधी देश में ही रहे और देश ऊंचा हो सके। इन शब्दों से मैं इस प्रस्ताव का समर्थन करती हूं।

जै हिन्द।

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ (ਬਾਘਾ ਪੁਰਾਣਾ): ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਸ੍ਰੀ ਜੈ ਕਿਸ਼ਨ ਸੈਣੀ ਜੀ ਵਲੋਂ ਜਿਹੜਾ ਮਤਾ ਰੱਖਿਆ ਗਿਆ ਹੈ, ਉਸ ਤੇ ਬੋਲਣ ਦਾ ਸਮਾਂ ਦਿੱਤਾ ਹੈ ਮੈਂ ਪੁਰਜ਼ੋਰ ਸਿਫਾਰਸ਼ ਕਰਦਾ ਹਾਂ ਕਿ ਇਸ ਨੂੰ ਅੱਜ ਇਸ ਪਵਿੱਤਰ ਸਦਨ ਵਿਚ ਪਾਸ ਕੀਤਾ ਜਾਵੇ ਮਗਰ ਨਾਲ ਨਾਲ ਇੱਕ-ਅੱਧੀ ਗੱਲ ਵੀ ਕਹਿਣੀ ਚਾਹੁੰਦਾ ਹਾਂ। ਪੰਜਾਬ ਵਿਚ ਹੈਵੀ ਇੰਡਸਟਰੀ ਤਾਂ ਲੱਗੇ ਪਰ ਇੱਕ ਖਦਸ਼ਾ ਹੈ ਕਿ ਅੱਜ ਵੀ ਹਿੰਦੁਸਤਾਨ ਵਿਚ ਜਿਸ ਚੀਜ਼ ਨੂੰ ਮੁੱਖ ਰੱਖਿਆ ਜਾਣਾ ਚਾਹੀਦਾ ਹੈ, ਉਸ ਨੂੰ ਜ਼ਰੂਰ ਗੰਭੀਰਤਾ ਨਾਲ ਦੇਖਣਾ ਚਾਹੀਦਾ ਹੈ। ਮੈਂ ਉਹ ਦੱਸਾਂਗਾ ਵੀ ਅਤੇ ਜ਼ਿਕਰ ਵੀ ਕਰਾਂਗਾ। ਪੰਜਾਬ ਵਿਚ 1978-79 ਵਿਚ ਇੰਡਸਟਰੀ 2.2 ਪ੍ਰਤੀਸ਼ਤ ਸੀ। ਜਿਵੇਂ ਮੇਰੇ ਮਿੱਤਰ ਕਾਮਰੇਡ ਤਰਸੇਮ ਜੋਧਾਂ ਜੀ ਨੇ ਦੱਸਿਆ ਹੁਣ ਇਹ ਪੰਜਾਬ ਵਿਚ 0.74 ਰਹਿ ਗਈ ਹੈ, ਮਹਾਂ-ਰਾਸ਼ਟਰ ਵਿੱਚ 17.58 ਹੈ। ਹੋਰ ਦੂਸਰਿਆਂ ਸੂਬਿਆਂ ਜਿਵੇਂ ਕਿ ਮੱਧ ਪ੍ਰਦੇਸ਼ ਵਿਚ 11.9 ਪ੍ਰਤੀਸ਼ਤ ਹੈ। ਮੈਂ ਸਮਝਦਾ ਹਾਂ ਕਿ ਸੈਂਟਰ ਵਿਚ ਜਿਹੜੀ ਵੀ ਸਰਕਾਰ ਆਈ, ਉਸ ਨੇ ਸਾਡੇ ਨਾਲ ਵਿਤਕਰਾ ਕੀਤਾ ਹੈ ਅਤੇ ਹੁਣ ਇਹ ਵਿਤਕਰਾ ਨਹੀਂ ਹੋਣਾ ਚਾਹੀਦਾ। ਪੰਜਾਬ ਇੱਕ ਕ੍ਰਿਸ਼ੀ ਪ੍ਰਧਾਨ ਸੂਬਾ ਹੈ। ਮੈਂ

ਸਦਨ ਵਿਚ ਫਿਰ ਕਹਿੰਦਾ ਹਾਂ ਕਿ ਇਸ ਨੂੰ ਹਿੰਦੁਸਤਾਨ ਦਾ ਸ਼ੇਰ ਕਿਹਾ ਜਾਂਦਾ ਸੀ, ਹੁਣ ਇਸ ਨਾਲ ਵਿਤਕਰਾ ਹੋ ਰਿਹਾ ਹੈ ਅਤੇ ਹੈਵੀ ਇੰਡਸਟਰੀ ਇਸ ਸਮੇਂ ਪੰਜਾਬ ਵਿਚ ਲਗਾਉਣੀ ਜ਼ਰੂਰੀ ਹੋ ਗਈ ਹੈ ਕਿਉਂਕਿ ਜਿਹੜੀ ਫਾਰਮਿੰਗ ਹੈ, ਐਗਰੀਕਲਚਰ ਹੈ, ਇਸ ਵਿਚ ਸੈਚੂਰੇਸ਼ਨ ਪੁਆਇੰਟ ਆ ਸਕਦਾ ਹੈ। ਜ਼ਮੀਨ ਘੱਟ ਹੈ ਅਤੇ ਆਬਾਦੀ ਵੱਧ ਰਹੀ ਹੈ ਔਰ ਜਿਹੜੀਆਂ ਦੂਜੀਆਂ ਖਾਦਾਂ ਹਨ, ਉਸ ਨਾਲ ਜ਼ਮੀਨ ਦੀ ਉਤਪਾਦਨ ਸ਼ਕਤੀ ਘੱਟ ਰਹੀ ਹੈ। ਇਸ ਲਈ ਹੁਣ ਮੌਕਾ ਹੈ ਕਿ ਪੰਜਾਬ ਵਿਚ ਹੈਵੀ ਇੰਡਸਟਰੀ ਸਵੈ-ਅੱਪ ਕਰਨੀ ਚਾਹੀਦੀ ਹੈ। ਜੇ ਸੈਂਟਰ ਦੀ ਸਰਕਾਰ ਪੰਜਾਬ ਨਾਲ ਪਿਆਰ ਕਰਦੀ ਹੈ, ਪੰਜਾਬ ਨੂੰ ਹਿੰਦੁਸਤਾਨ ਦਾ ਹਿੱਸਾ ਸਮਝਦੀ ਹੈ ਤਾਂ ਇੱਥੇ ਹੈਵੀ ਇੰਡਸਟਰੀ ਲਗਾਉਣੀ ਬਹੁਤ ਜ਼ਰੂਰੀ ਹੈ।

ਸਪੀਕਰ ਸਾਹਿਬ, ਸਾਡੇ ਪੰਜਾਬ ਦੇ ਵਿੱਚ ਜਿਹੜੀਆਂ 2 ਖਾਦ ਦੀਆਂ ਫੈਕਟਰੀਆਂ ਹਨ। ਇਸ ਦੇ ਬਾਰੇ ਦੱਸਣ ਲਗਾ ਹਾਂ ਕਿ ਪੰਜਾਬ ਦੀ ਧਰਤੀ ਤੇ ਪੰਜਾਬ ਦੇ ਕਿਸਾਨਾਂ ਨੂੰ ਖਾਦ ਜਿਹੜੀ ਹੈ ਉਸ ਦੀ ਬਹੁਤ ਜ਼ਰੂਰਤ ਹੈ, ਪੰਜਾਬ ਦੇ ਕਿਸਾਨਾਂ ਲਈ ਖਾਦ ਬੜੀ ਜ਼ਰੂਰੀ ਹੈ। ਠੀਕ ਹੈ ਕਪੂਰਥਲਾ ਦੇ ਵਿੱਚ ਕੋਚ ਫੈਕਟਰੀ ਲਗਾ ਦਿੱਤੀ ਜਿਸ ਦਾ ਇਥੇ ਜ਼ਿਕਰ ਆਇਆ ਹੈ, ਮੈਂ ਇਕ ਗੱਲ ਇਸ ਦੇ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਜੇ ਕਪੂਰਥਲਾ ਦੇ ਵਿੱਚ ਉਪਜਾਊ ਜ਼ਮੀਨ ਇਸ ਫੈਕਟਰੀ ਦੇ ਲਈ ਨਹੀਂ ਲਾਈ ਜਾਂਦੀ ਤਾਂ ਉਹ ਸਾਡੇ ਸਮੱਰਥਕ ਹੋ ਸਕਦੇ ਸੀ। ਨਾਲ ਦੀ ਨਾਲ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਕਪੂਰਥਲਾ ਵਿੱਚ ਜਿਹੜੀ ਕੋਚ ਫੈਕਟਰੀ ਦੇ ਵਿੱਚ ਇੰਪਲਾਇਮੈਂਟ ਹੈ ਉਹ ਵੀ ਸਾਨੂੰ ਘੱਟ ਦਿੱਤੀ ਗਈ ਹੈ ਮੈਂ ਸਮਝਦਾ ਹਾਂ ਕਿ ਇਹ ਵੀ ਵਿਤਕਰੇ ਦੀ ਗੱਲ ਸਾਡੇ ਨਾਲ ਹੋਈ ਹੈ ਉਸ ਸਰਕਾਰ ਵਲੋਂ ਸਪੀਕਰ ਸਾਹਿਬ, ਮੈਂ ਦੋ ਗੱਲਾਂ ਹੋਰ ਕਰਾਂਗਾ ਕਿ ਹੈਵੀ ਇੰਡਸਟਰੀ ਜਿਹੜੀ ਹੈ ਇਹ ਕਿਉਂ ਲਾਉਣੀ ਚਾਹੀਦੀ ਹੈ, ਕਿਹੋ ਜਿਹੀ ਲਾਉਣੀ ਚਾਹੀਦੀ ਹੈ ਉਸ ਦੇ ਲਈ ਦੇਖਣਾ ਹੈ ਕਿ ਕੱਚਾ ਮਾਲ, ਪਾਣੀ, ਬਿਜਲੀ ਔਰ ਲੇਬਰ ਕਿੰਨੀ ਹੈ। ਲੇਬਰ ਵਿੱਚ ਤਾਂ ਪੰਜਾਬ ਦਾ ਜਵਾਬ ਸਭ ਤੋਂ ਅੱਗੇ ਹੈ ਔਰ ਪੰਜਾਬੀ ਜਿਥੇ ਕਿਧਰੇ ਵੀ ਬਾਹਰ ਜਾਂਦਾ ਹੈ ਉਹ ਦੂਸਰਿਆਂ ਸੂਬਿਆਂ ਨੂੰ ਵੀ ਤਰੱਕੀ ਦੇ ਰਾਹ ਤੇ ਲਿਆਉਂਦਾ ਹੈ। ਸਭ ਤੋਂ ਵੱਡੀ ਅਹਿਮ ਗੱਲ ਬਿਜਲੀ ਦੀ ਹੈ। ਸਭ ਤੋਂ ਅਹਿਮ ਰੋਲ ਬਿਜਲੀ ਦਾ ਹੈ, ਬਿਜਲੀ ਪੈਦਾ ਕਰਨ ਦੇ ਲਈ ਅਟਾਮਿਕ ਪਲਾਂਟ ਲਾਉਣਾ ਚਾਹੀਦਾ ਹੈ। ਇਸ ਵੇਲੇ ਜਿਹੜੇ ਪਲਾਂਟ ਬਿਜਲੀ ਪੈਦਾ ਕਰਨ ਵਾਸਤੇ ਚਲ ਰਹੇ ਹਨ, ਥਰਮਲ ਪਲਾਂਟ ਜਾਂ ਦੂਸਰੇ ਜੋ ਕੋਲੇ ਨਾਲ ਚਲਦੇ ਹਨ। ਇਕ ਤਾਂ ਉਹ ਪਲੂਸ਼ਨ ਵੀ ਪੈਦਾ ਕਰਦੇ ਹਨ ਔਰ ਦੂਸਰਾ ਉਹ ਮਹਿੰਗੀ ਬਿਜਲੀ ਪੈਦਾ ਕਰਦੇ ਹਨ। ਜੇ ਅਸੀਂ ਪੰਜਾਬ ਦੇ ਵਿੱਚ ਅਟਾਮਿਕ ਪਲਾਂਟ ਲਗਾ ਲਈਏ ਤਾਂ ਇਸ ਦੇ ਨਾਲ ਬਿਜਲੀ ਸਸਤੀ ਮਿਲਣ ਲਗ ਜਾਵੇਗੀ ਔਰ ਬਿਜਲੀ ਹੈਵੀ ਇੰਡਸਟਰੀ ਦੇ ਲਈ ਬੜੀ ਅਹਿਮੀਅਤ ਰਖਦੀ ਹੈ।

ਦੂਸਰੀ ਗੱਲ ਪਾਣੀ ਦੀ ਹੈ, ਪਾਣੀ ਪੰਜਾਬ ਵਿੱਚ ਬਹੁਤ ਹੈ, ਇਹ ਗੱਲ ਵੱਖਰੀ ਹੈ ਕਿ ਸਤਾ ਭਾਵੇਂ ਥੱਲੇ ਜਾ ਰਹੀ ਹੈ ਪਰ ਫਿਰ ਦੂਸਰਿਆਂ ਸੂਬਿਆਂ ਨਾਲੋਂ ਹਾਲਾਤ ਅੱਛੀ ਹੈ। ਭੈਣ ਲਕਸ਼ਮੀ ਕਾਂਤਾ ਨੇ ਵੀ ਇੰਪਲਾਇਮੈਂਟ ਦੀ ਗੱਲ ਕੀਤੀ ਹੈ ਕਿ ਜੇ ਨੌਜਵਾਨ ਵਿਹਲੇ ਰਹਿਣਗੇ ਤਾਂ ਫਿਰ ਉਹ ਗਲਤ ਪਾਸੇ ਨੂੰ ਲਗ ਜਾਂਦੇ ਹਨ। ਪੰਜਾਬ ਵਿਚ ਹੈਵੀ ਇੰਡਸਟਰੀ ਲਗਣ ਦੇ ਨਾਲ ਨੌਜਵਾਨਾਂ ਨੂੰ ਕੰਮ ਮਿਲੇਗਾ ਔਰ ਇਸ ਨਾਲ ਜਦੋਂ ਉਹ ਕੰਮ ਵਿੱਚ ਲਗ ਜਾਣਗੇ ਗਲਤ ਤਰੀਕਿਆਂ ਨੂੰ ਛੱਡ ਕੇ ਸਹੀ ਤਰੀਕੇ ਵੱਲ ਨੂੰ ਆਉਣਗੇ। ਜਦੋਂ ਜਵਾਨ ਮਿਲ ਜੁਲ ਕੇ, ਜ਼ਾਤ ਪਾਤ ਤੋਂ ਉਪਰ ਉਠ ਕੇ ਹੈਵੀ ਇੰਡਸਟਰੀ ਵਿੱਚ ਕੰਮ ਕਰਨਗੇ, ਜਿਹੜੀਆਂ ਇਹ ਗਲਤ ਗੱਲਾਂ ਹੋ ਰਹੀਆਂ ਹਨ ਉਹ ਵੀ ਨਹੀਂ ਹੋਣਗੀਆਂ ਤੇ ਨੌਜਵਾਨ ਸਹੀ ਰਾਹ ਤੇ ਚਲਣਗੇ। ਜੇ ਆਦਮੀ ਨੂੰ ਰੋਟੀ ਰੋਜ਼ੀ ਮਿਲ ਜਾਵੇ ਤਾਂ ਫਿਰ ਉਹ ਇਸ ਤਰ੍ਹਾਂ ਦੇ ਕੰਮ ਨਹੀਂ ਕਰਦਾ। ਇਸ ਲਈ ਹੈਵੀ ਇੰਡਸਟਰੀ ਦੀ ਇਸ ਵੇਲੇ ਪੰਜਾਬ ਵਿੱਚ

[ਸ਼੍ਰੀ ਵਿਜੈ ਕੁਮਾਰ ਸਾਥੀ ਐਡਵੋਕੇਟ]

ਬਹੁਤ ਨਸੈਸਿਟੀ ਹੈ। ਮੈਂ, ਸਪੀਕਰ ਸਾਹਿਬ, ਇਸ ਮਤੇ ਦੇ ਨਾਲ ਬਿਲਕੁਲ ਸਹਿਮਤ ਹਾਂ ਔਰ ਇਹ ਮਤਾ ਜ਼ਰੂਰ ਪਾਸ ਹੋਣਾ ਚਾਹੀਦਾ ਹੈ ਅਤੇ ਹੈਵੀ ਇੰਡਸਟਰੀ ਪੰਜਾਬ ਦੇ ਵਿੱਚ ਲਗਣੀ ਚਾਹੀਦੀ ਹੈ। ਸਪੀਕਰ ਸਾਹਿਬ, ਮੈਂ ਗੱਲ ਕਰ ਰਿਹਾ ਸੀ ਕਿ ਇਥੇ ਮਲਟੀ ਨੈਸ਼ਨਲ ਫਰਮਾਂ ਜੋ ਹਨ ਜਿਹੜੀਆਂ ਬਾਹਰੋਂ ਆਉਂਦੀਆਂ ਹਨ ਹਿੰਦੁਸਤਾਨ ਵਿੱਚ ਆ ਕੇ ਆਪਣੀਆਂ ਇੰਡਸਟਰੀਜ਼ ਲਾਉਂਦੀਆਂ ਹਨ, ਮੈਂ ਇਕ ਗੱਲ ਕਹਿਣਾ ਚਾਹੁੰਦਾ ਹਾਂ ਕਿ ਇਹ ਇਕ ਪੁਰਾਣਾ ਪਿਛੋਕੜ ਹੈ ਗੁਲਾਮੀ ਦਾ ਜਦੋਂ ਇਥੇ ਈਸਟ ਇੰਡੀਆ ਕੰਪਨੀ ਆਈ। ਹੁਣ ਵੀ ਹਜ਼ਾਰਾਂ ਮਲਟੀ ਨੈਸ਼ਨਲ ਪੈਦਾ ਹੋ ਗਏ ਹਨ ਔਰ ਹੁਣ ਵੀ ਖਤਰਾ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਮਲਟੀ ਨੈਸ਼ਨਲ ਇੰਡਸਟਰੀ ਹਿੰਦੁਸਤਾਨ ਵਿੱਚ ਉਹ ਦਿੱਤੀ ਜਾਣੀ ਚਾਹੀਦੀ ਹੈ ਜਿਸ ਦੇ ਬਗੈਰ ਹਿੰਦੁਸਤਾਨ ਦੇ ਵਿੱਚ ਬਿਲਕੁਲ ਸਰਦਾ ਨਹੀਂ (ਵਿਘਨ) ਅੱਜ, ਸਪੀਕਰ ਸਾਹਿਬ, ਇਕ ਪੈਪਸੀ ਕੋਲਾ ਦੀ ਬੋਤਲ ਜੋ ਅਸੀਂ ਪੀਂਦੇ ਹਾਂ ਉਸ ਦੇ ਬਦਲੇ ਸਾਡਾ ਸੋਨਾ ਬਾਹਰ ਜਾਂਦਾ ਹੈ। ਕਿੰਨੇ ਲੋਕ ਅਸੀਂ ਉਸਨੂੰ ਟੇਸਟ ਕਰਦੇ ਹਾਂ। ਸਾਡਾ ਟੇਸਟ ਜਿਹੜਾ ਹੈ ਉਹ ਸਾਡੇ ਆਪਣੇ ਜੋ ਬਣੇ ਹੋਏ ਹਨ ਉਨ੍ਹਾਂ ਵਿਚ ਵੀ ਜ਼ਿਆਦਾ ਹੈ। ਜੋ ਇਹ ਮਲਟੀ ਨੈਸ਼ਨਲ ਬਣਾਉਂਦੀਆਂ ਹਨ ਸਾਡਾ ਟੈਸਟ ਨਹੀਂ ਬਣਦਾ। ਉਨ੍ਹਾਂ ਦਾ ਟੈਸਟ ਲੈਣ ਲਈ ਸਾਡਾ ਸੋਨਾ ਬਾਹਰ ਜਾਂਦਾ ਹੈ। ਮੈਂ ਅਗੇ ਵੀ ਕਿਹਾ ਸੀ ਕਿ ਮਲਟੀ ਨੈਸ਼ਨਲ ਕਨਸਰਨਜ਼ ਸਿਰਫ ਉਹੀ ਲਾਉਣੀਆਂ ਚਾਹੀਦੀਆਂ ਹਨ ਜਿਨ੍ਹਾਂ ਬਿਨਾਂ ਸਾਡਾ ਸਰਦਾ ਨਹੀਂ। ਜੇਕਰ ਆਲੂਆਂ ਪਿਛੇ ਲਾਓਗੇ ਤਾਂ ਸੋਨਾ ਦੇਣਾ ਪਏਗਾ। ਜੇਕਰ ਟੈਸਟਾਂ ਪਿਛੇ ਸੋਨਾ ਦੇਣਾ ਪਵੇਗਾ ਤਾਂ ਸਾਡਾ ਗਰੀਬ ਦੇਸ਼ ਅਫੋਰਡ ਨਹੀਂ ਕਰ ਸਕਦਾ। ਮੈਂ ਸੈਂਟਰ ਗੌਰਮਿੰਟ ਨੂੰ ਵੀ ਅਪੀਲ ਕਰਦਾ ਹਾਂ ਕਿ ਇਨ੍ਹਾਂ ਮਲਟੀ ਨੈਸ਼ਨਲ ਫਰਮਾਂ ਤੇ ਰੋਕ ਲਾਈ ਜਾਵੇ ਇਹ ਵੀ ਮਤੇ ਵਿਚ ਪਾ ਦਿਤਾ ਜਾਵੇ। ਮਲਟੀ ਨੈਸ਼ਨਲ ਫੈਕਟਰੀਆਂ ਉਹ ਲਾਈਆਂ ਜਾਣ ਜਿਨ੍ਹਾਂ ਦੀ ਟੈਕਨਾਲੋਜੀ ਦੀ ਲੋੜ ਹੈ, ਵਰਨਾ ਇਹ ਫਰਮਾਂ ਵਾਲੇ ਜੋ ਵਪਾਰੀ ਹੁੰਦੇ ਹਨ ਔਰ ਵਪਾਰੀਆਂ ਦਾ ਜੋ ਕੰਮ ਹੁੰਦਾ ਹੈ ਉਹ ਤੁਸੀਂ ਸਭ ਜਾਣਦੇ ਹੀ ਹੋ। ਮੈਨੂੰ ਦਸਿਆ ਗਿਆ ਹੈ ਕਿ ਇਹ ਮਲਟੀ ਨੈਸ਼ਨਲ ਫਰਮਾਂ ਜ਼ਮੀਨ ਲੈਂਦੀਆਂ ਹਨ ਔਰ ਉਸ ਜ਼ਮੀਨ ਤੇ ਉਹ ਕਾਸ਼ਤ ਕਰਦੀਆਂ ਹਨ ਜਿਨ੍ਹਾਂ ਦਾ ਇਨ੍ਹਾਂ ਨੂੰ ਫਾਇਦਾ ਹੋਵੇ, ਇਹ ਕਿਸਾਨਾਂ ਦਾ ਭਲਾ ਨਹੀਂ ਸੋਚਦੀਆਂ। ਸਰਦਾਰ ਦਿਲਬਾਗ ਸਿੰਘ ਹੋਰਾਂ ਨੇ ਕਿਹਾ ਸੀ ਕਿ ਪੈਪਸੀ ਵਾਲਿਆਂ ਨੇ ਆਲੂ ਖਰੀਦਿਆ ਹੈ। ਮੈਂ ਪੁੱਛਦਾ ਹਾਂ ਕਿ ਕਿੰਨਾਂ ਆਲੂ ਖਰੀਦਿਆ ਹੈ। ਇਸ ਤਰ੍ਹਾਂ ਦੀਆਂ ਜਿਹੜੀਆਂ ਮਲਟੀ ਨੈਸ਼ਨਲ ਫਰਮਾਂ ਹਨ, ਉਨ੍ਹਾਂ ਸਾਰੀਆਂ ਤੇ ਸਾਰੇ ਦੇਸ਼ ਵਿਚ ਰੋਕ ਲਗਣੀ ਚਾਹੀਦੀ ਹੈ। ਇਸ ਦੇ ਨਾਲ ਹੀ ਮੈਂ ਕਹਾਂਗਾ ਕਿ ਪੰਜਾਬ ਵਿਚ ਉਹ ਇੰਡਸ-ਟਰੀ ਲਗਣੀ ਚਾਹੀਦੀ ਹੈ ਜਿਹੜੀ ਐਗਰੋ ਬੇਸਡ ਹੋਵੇ। ਸਾਡੇ ਕੱਚਾ ਮਾਲ ਬਹੁਤ ਹੈ। ਇਥੇ ਕਈ ਐਮ.ਐਲ.ਏ. ਸਾਹਿਬਾਨ ਬੋਲੇ ਹਨ ਅਤੇ ਉਨ੍ਹਾਂ ਨੇ ਦਸਿਆ ਹੈ ਕਿ ਸਾਡੇ ਪੰਜਾਬ ਵਿਚ ਸਭ ਤੋਂ ਵਧੀਆ ਨਰਮਾ ਅਤੇ ਕਪਾਹ ਹੁੰਦੇ ਹਨ ਔਰ ਸਾਡੇ ਪੰਜਾਬ ਦੀ ਕਪਾਹ ਔਰ ਨਰਮਾ ਬੰਬਈ ਜਾਂਦਾ ਹੈ ਅਤੇ ਉਥੇ ਧਾਗਾ ਅਤੇ ਕਪੜਾ ਬਣਾ ਕੇ ਬੜੇ ਮਹਿੰਗੇ ਭਾਅ ਤੇ ਸਾਨੂੰ ਮਿਲਦਾ ਹੈ। ਅਸੀਂ ਆਪਣੇ ਪੰਜਾਬ ਦੀ ਸਮ੍ਰਿਧੀ ਚਾਹੁੰਦੇ ਹਾ। ਸਾਡੇ ਪੰਜਾਬ ਦੀ ਸਮਰੱਥਾ ਹੈ ਔਰ ਨਰਮੇ ਔਰ ਕਪਾਹ ਦੀ ਸਹੀ ਯੂਟੇਲਾ-ਈਜੇਸ਼ਨ ਲਈ ਇਥੇ ਕੋਈ ਕੰਪਲੈਕਸ (ਪ੍ਰਾਜੈਕਟ) ਜ਼ਰੂਰ ਹੋਣਾ ਚਾਹੀਦਾ ਹੈ। ਸਭ ਤੋਂ ਵੱਡੀ ਮਿੱਲ ਕਪੜੇ ਦੀ ਲਗਣੀ ਚਾਹੀਦੀ ਹੈ।

ਇਕ ਗਲ ਮੈਂ ਹੋਰ ਕਹਿਣੀ ਚਾਹੁੰਦਾ ਹਾਂ ਕਿ ਪੰਜਾਬ ਦੇ ਵਿਚ 15 ਸ਼ੂਗਰ ਮਿਲਾਂ ਹਨ ਔਰ ਅਖਬਾਰਾਂ ਵਿਚ ਪੜਿਆ ਹੈ ਕਿ ਛੇ ਮਿਲਾਂ ਹੋਰ ਲਗ ਰਹੀਆਂ ਹਨ। ਮੈਂ ਕਹਿੰਦਾ ਹਾਂ ਕਿ ਪਹਿਲਾਂ ਇਹ

ਵੇਖਣਾ ਪਏਗਾ ਕਿ ਸਾਡੇ ਗੰਨੇ ਦੀ ਉਪਜ ਕਿੰਨੀ ਹੈ ਔਰ ਉਸ ਦੇ ਲਈ ਕਿੰਨੀਆਂ ਮਿੱਲਾਂ ਚਾਹੀਦੀਆਂ ਹਨ। ਐਵੇਂ ਨਹੀਂ ਕਿ ਢਾਂਚੇ ਖੜੇ ਹੋਣ ਔਰ ਮਾਲ ਹੋਵੇ ਨਾ। ਪੰਜਾਬ ਸਰਕਾਰ ਨੂੰ ਇਸ ਪਾਸੇ ਵੀ ਧਿਆਨ ਦੇਣਾ ਚਾਹੀਦਾ ਹੈ।

ਇਸ ਦੇ ਨਾਲ ਹੀ, ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਸਾਡੀ ਸਮਾਲ ਸਕੇਲ ਇੰਡਸਟਰੀ ਹੈ। ਉਸ ਨੂੰ ਵੀ ਹੈਵੀ ਇੰਡਸਟਰੀ ਨੇ ਪ੍ਰੋਤਸਾਹਿਤ ਕਰਨਾ ਹੈ। ਜਿਹੜੀਆਂ ਗੱਲਾਂ ਸਮਾਲ ਸਕੇਲ ਇੰਡਸਟਰੀ ਵਿਚ ਸੁਣਨ ਵਿਚ ਆ ਰਹੀਆਂ ਹਨ ਉਹ ਬੈਂਕਾਂ ਬਾਰੇ ਹਨ। ਬੈਂਕ ਸਾਡੀ ਇੰਡਸਟਰੀ ਨੂੰ ਬਹੁਤ ਖਰਾਬ ਕਰ ਰਹੇ ਹਨ। ਸਾਡੇ ਜੋ ਵੀ ਇੰਡਸਟਰੀਲਿਸਟ ਇੰਡਸਟਰੀ ਲਾਉਣਾ ਚਾਹੁੰਦਾ ਹੈ ਔਰ ਉਸ ਦੇ ਲਈ ਬੈਂਕ ਜਿਹੜਾ ਪੈਸਾ ਦਿੰਦਾ ਹੈ ਉਹ ਬਹੁਤ ਥੋੜ੍ਹਾ ਹੁੰਦਾ ਹੈ। ਇੰਡਸਟਰੀਲਿਸਟ ਇੰਡਸਟਰੀ ਲਾ ਲੈਂਦਾ ਹੈ ਪਰ ਰਾਅ-ਮੈਟੀਰੀਅਲ ਲਈ ਉਸ ਕੋਲ ਪੈਸਾ ਨਹੀਂ ਹੁੰਦਾ ਜਿਸ ਕਰਕੇ ਸਮਾਲ ਸਕੇਲ ਇੰਡਸਟਰੀ ਸੰਕਟ ਵਿਚ ਹੈ। ਇਸ ਲਈ ਮੈਂ ਕਹਿੰਦਾ ਹਾਂ ਕਿ ਜਿਹੜੀ ਹੈਵੀ ਇੰਡਸਟਰੀ ਲਗਾਉਣੀ ਹੈ ਉਹ ਟਾਈਮ ਸਿਰ ਲਗੇ ਔਰ ਇੰਡਸਟਰੀਲਿਸਟ ਨੂੰ ਪੈਸੇ ਇਤਨੇ ਮਿਲਣ ਕਿ ਉਹ ਇੰਡਸਟਰੀ ਲਗਾ ਕੇ ਮਾਲ ਖਰੀਦ ਕੇ ਕੰਮ ਸ਼ੁਰੂ ਕਰ ਸਕੇ। ਇਸ ਦੇ ਨਾਲ ਹੀ ਇਹ ਕਿਹਾ ਜਾਂਦਾ ਹੈਂ ਕਿ ਇਨਸੈਂਟਿਵ ਦਿਆਂਗੇ। ਮੈ ਕਹਿੰਦਾ ਹਾਂ ਕਿ ਇਹ ਜਿਹੜਾ ਇਨਸੈਂਟਿਵ ਹੈ ਇਹ ਸਮੇਂ ਸਿਰ ਲੋਕਾਂ ਨੂੰ ਨਹੀ ਮਿਲਦਾ ਇਸ ਲਈ ਇੰਡਸਟਰੀ ਨੂੰ ਬੜੀ ਸੈਟਬੈਕ ਲਗਦੀ ਹੈ। ਇਹ ਜਿਹੜੀ ਹੁਣ ਕੋਈ ਹੈਵੀ ਇੰਡਸਟਰੀ ਲਗਾਉਣੀ ਹੈ, ਸਰਕਾਰ ਉਪਰਾਲੇ ਕਰਕੇ ਇੰਡਸਟਰੀ ਡਿਪਾਰਟਮੈਂਟ ਵਿਚ ਇੰਨੇ ਫੰਡਜ਼ ਐਲੋਕੇਟ ਕਰੇ ਕਿ ਇੰਡਸਟਰੀ ਜਿਹੜੀ ਹੈ ਉਹ ਬੰਦ ਨਾ ਹੋਵੇ। ਸਪੀਕਰ ਸਾਹਿਬ, ਹੁਣ ਮੈਂ ਦੁੱਧ ਦੀ ਗੱਲ ਕਰਨੀ ਚਾਹੁੰਦਾ ਹਾਂ, ਮੈਨੂੰ ਪਤਾ ਲਗਿਆ ਹੈ ਕਿ ਦੁੱਧ ਵਾਲਾ ਜੇਕਰ ਵੱਡਾ ਪ੍ਰਾਜੈਕਟ ਲਗਾਉਣਾ ਅਸੀਂ ਚਾਹੀਏ ਤਾਂ ਕੇਂਦਰ ਤੋਂ ਮਨਜ਼ੂਰੀ ਲੈਣੀ ਪਵੇਗੀ। ਸਪੀਕਰ ਸਾਹਿਬ, ਪੰਜਾਬ ਦੇ ਕਿਸਾਨ ਨੇ ਵਾਈਟ ਰੈਵੋਲਿਊਸ਼ਨ ਲਿਆਂਦਾ ਹੈ ਔਰ ਪੰਜਾਬ ਦੇ ਕਿਸਾਨ ਨੇ ਬਹੁਤ ਦੁੱਧ ਪੈਦਾ ਕੀਤਾ ਹੈ। ਪਰ ਫਿਰ ਵੀ ਪੰਜਾਬ ਦੇ ਕਿਸਾਨ ਦੇ ਇਸ ਯੋਗਦਾਨ ਲਈ, ਇਤਨਾ ਵੀ ਨਹੀਂ ਹੈ, ਕਿ ਜੇਕਰ ਅਸੀਂ ਵੱਡੀ ਮਿੱਲ ਇਸ ਦੀ ਲਗਾਉਣ ਲੱਗੀਏ ਤਾਂ ਵੀ ਸਾਡੇ ਉਤੇ ਰੋਕ ਲਗਾਈ ਜਾਂਦੀ ਹੈ ਕਿ ਪਹਿਲਾਂ ਅਸੀਂ ਸੈਂਟਰ ਦੀ ਮਨਜ਼ੂਰੀ ਲਈਏ। ਉਨ੍ਹਾਂ ਦੀ ਮਨਜ਼ੂਰੀ ਤੋਂ ਬਿਨਾਂ ਪਲਾਂਟ ਨਹੀਂ ਲਗਾ ਸਕਦੇ। ਸਪੀਕਰ ਸਾਹਿਬ, ਜਦੋਂ ਕੱਚਾ ਮਾਲ ਸਾਡਾ ਹੈ, ਜੇਕਰ ਵੱਧ ਦੁੱਧ ਪੈਦਾ ਹੋ ਗਿਆ ਹੈ ਤਾਂ ਦੂਸਰੇ ਸੂਬੇ ਕਿਉਂ ਲੈ ਜਾਣ। ਇਸ ਲਈ ਅਸੀਂ ਚਾਹੁੰਦੇ ਹਾਂ ਕਿ ਪੰਜਾਬ ਦਾ ਦੁੱਧ ਪੰਜਾਬ ਵਿਚ ਰਹੇ ਔਰ ਇਸ ਖੇਤਰ ਵਿਚ ਵੱਡੀ ਇੰਡਸਟਰੀ ਇਥੇ ਲਗੇ। ਹੋਰ ਵੀ ਜਿਹੜੀ ਹੈਵੀ ਇੰਡਸਟਰੀ ਹੈ ਉਹ ਲੱਗਣੀ ਚਾਹੀਦੀ ਹੈ, ਔਰ ਸਾਡੀ ਮਰਜ਼ੀ ਦੇ ਮੁਤਾਬਿਕ, ਲੋੜ ਦੇ ਮੁਤਾਬਕ ਲੱਗਣੀ ਚਾਹੀਦੀ ਹੈ। (ਵਿਘਨ) ਸੰਸਦੀ ਮਾਮਲੇ, ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਜੀ ਦਾ ਮੈਂ ਕਹਿਣਾ ਮੰਨ ਲੈਂਦਾ ਹਾਂ। ਸਪੀਕਰ ਸਾਹਿਬ, ਸੈਣੀ ਸਾਹਿਬ ਨੇ ਜੋ ਮਤਾ ਪੇਸ਼ ਕੀਤਾ ਹੈ ਮੈਂ ਉਸ ਦੀ ਪੁਰਜ਼ੋਰ ਸਮਰਥਨ ਕਰਦਾ ਹਾਂ ਲੇਕਿਨ ਆਪਣਾ ਖਦਸ਼ਾ ਬਤੌਰ ਹਿੰਦੋਸਤਾਨੀ ਹੋਣ ਦੇ ਨਾਤੇ, ਬਤੌਰ ਪੰਜਾਬੀ ਹੋਣ ਤੇ ਨਾਤੇ, ਫਿਰ ਦੁਹਰਾਉਂਦਾ ਹਾਂ ਕਿ ਜਿਹੜੀਆਂ ਮਲਟੀ-ਨੈਸ਼ਨਲ ਫਰਮਾਂ ਹਨ ਉਨ੍ਹਾਂ ਦੇ ਨਿੱਜੀ ਫਾਇਦੇ ਵਾਸਤੇ ਨਾ ਲਾਇਆ ਜਾਵੇ। ਹੈਵੀ ਇੰਡਸਟਰੀ ਜ਼ਰੂਰ ਪੰਜਾਬ ਵਿਚ ਵਧਣੀ ਚਾਹੀਦੀ ਹੈ ਪਰ ਇਹ ਉਹ ਹੋਵੇ ਜਿਸ ਦੀ ਜ਼ਰੂਰਤ ਹੈ, ਜਿਸ ਦੀ ਜ਼ਰੂਰਤ ਨਹੀਂ ਹੈ, ਉਹ ਨਹੀਂ ਹੋਣੀ ਚਾਹੀਦੀ ਔਰ ਪੰਜਾਬ ਦੇ ਹੱਕਾਂ ਵਾਸਤੇ ਹੈਵੀ ਇੰਡਸਟਰੀ ਲਗਣੀ ਚਾਹੀਦੀ ਹੈ। ਅਸੀਂ ਪੁਰਜ਼ੋਰ ਸਿਫਾਰਸ਼ ਕਰਦੇ ਹਾਂ ਕਿ ਇਸ ਰੈਜ਼ੋਲਿਊਸ਼ਨ ਨੂੰ ਪਾਸ ਕਰਕੇ ਸੈਂਟਰ ਨੂੰ ਭੇਜਿਆ ਜਾਵੇ ਔਰ ਸਾਡਾ ਹੱਕ ਸਾਨੂੰ ਮਿਲੇ। ਧੰਨਵਾਦ।

ਸਰਦਾਰ ਸ਼ੇਰ ਸਿੰਘ ਗੱਗੋਵਾਲ (ਮਾਨਸਾ): ਸਤਿਕਾਰਯੋਗ ਸਪੀਕਰ ਸਾਹਿਬ, ਜਿਹੜਾ ਜੈ ਕਿਸ਼ਨ ਸੈਣੀ ਜੀ ਨੇ ਵਧੇਰੇ ਭਾਰੀ ਉਦਯੋਗ ਪੰਜਾਬ ਵਿਚ ਲਗਾਉਣ ਲਈ ਕੇਂਦਰ ਸਰਕਾਰ ਤੋਂ ਮਨਜ਼ੂਰੀ ਲਈ ਰੈਜ਼ੋਲਿਊਸ਼ਨ ਰਖਿਆ ਹੈ, ਮੈਂ ਉਸ ਰੈਜ਼ੋਲਿਊਸ਼ਨ ਦਾ ਪੁਰਜ਼ੋਰ ਸ਼ਬਦਾਂ ਵਿਚ ਸਮਰਥਨ ਕਰਦਾ ਹਾਂ। ਮੈਥੋਂ ਪਹਿਲਾਂ, ਸਪੀਕਰ ਸਾਹਿਬ, ਕੋਈ ਢਾਈ ਘੰਟੇ ਇਸ ਰੈਜ਼ੋਲਿਊਸ਼ਨ ਦੇ ਹਰ ਪੱਖ ਤੋਂ ਵਿਸਥਾਰਪੂਰਵਕ ਵਿਚਾਰ ਰੱਖੇ ਗਏ, ਸੁਝਾਓ ਦਿੱਤੇ ਗਏ ਕਿ ਕਿਸ ਕਿਸਮ ਦੇ ਪੰਜਾਬ ਦੇ ਵਿਚ ਦਸਤਕਾਰੀ ਜਾਂ ਉਦਯੋਗ ਲਗਣੇ ਚਾਹੀਦੇ ਹਨ। ਇਹ ਰੈਜ਼ੋਲਿਊਸ਼ਨ ਜਿਹੜਾ ਪੇਸ਼ ਹੋਇਆ ਹੈ, ਸਪੀਕਰ ਸਾਹਿਬ, ਇਹ ਬਹੁਤ ਸ਼ਲਾਘਾਯੋਗ ਹੈ, ਸਮੇਂ ਦੀ ਜ਼ਰੂਰਤ ਨੂੰ ਸਾਹਮਣੇ ਰੱਖ ਕੇ ਪੇਸ਼ ਹੋਇਆ ਹੈ। ਇਹ ਰੈਜ਼ੋਲਿਊਸ਼ਨ ਬਹੁਤ ਮਹੱਤਤਾ ਰਖਦਾ ਹੈ। ਸਾਡੇ ਬੱਚੇ ਜਿਹੜੇ ਦਸ ਜਮਾਤਾਂ ਜਾਂ ਇਸ ਤੋਂ ਕੁੱਝ ਉੱਚੀ ਵਿਦਿਆ ਪ੍ਰਾਪਤ ਕਰ ਲੈਂਦੇ ਹਨ ਉਹ ਖੇਤੀ ਕਰਨਾ ਪਸੰਦ ਨਹੀਂ ਕਰਦੇ। ਬੜਾ ਕਿਹਾ ਗਿਆ ਹੈ ਕਿ ਇਹ ਖੇਤੀ ਪ੍ਰਧਾਨ ਸੂਬਾ ਹੈ ਪਰ ਉਨ੍ਹਾਂ ਪੜ੍ਹੇ ਲਿਖੇ ਬੱਚਿਆਂ ਦਾ ਭਵਿੱਖ ਉਜਲਾ ਰਖਣ ਲਈ, ਅੱਛਾ ਬਣਾਉਣ ਲਈ, ਇਥੇ ਉਦਯੋਗ ਦਾ ਲਗਣਾ ਅਤਿ ਜ਼ਰੂਰੀ ਹੈ: ਸਪੀਕਰ ਸਾਹਿਬ, ਇਥੇ ਪੰਜਾਬ ਦੇ ਵਿਚ ਹੈਵੀ ਦਸਤਕਾਰੀ ਲਗਾਉਣ ਦੇ ਲਈ ਰਾਅ-ਮੈਟੀਰੀਅਲ ਵੀ ਬਹੁਤ ਉਪਲਭਧ ਹੈ।

ਸਪੀਕਰ ਸਾਹਿਬ, ਮੇਰੇ ਤੋਂ ਪਹਿਲਾਂ ਜਿਹੜੀਆਂ ਦਲੀਲਾਂ ਦਿੱਤੀਆਂ ਗਈਆਂ ਹਨ, ਜੋ ਸਿਫਾਰਸ਼ਾਂ ਕੀਤੀਆਂ ਗਈਆਂ ਹਨ ਉਸ ਦੇ ਨਾਲ ਹੀ ਮੈਂ ਇਹ ਬੇਨਤੀ ਕਰਦਾ ਹਾਂ ਕਿ ਜਿਵੇਂ ਸਾਡੇ ਮੁੱਖ ਮੰਤਰੀ ਸਾਹਿਬ ਨੇ ਮਾਨਸਾ ਨੂੰ ਜ਼ਿਲ੍ਹਾ ਬਣਾਇਆ ਹੈ, ਹੁਣ ਉਥੇ ਦਸਤਕਾਰੀ ਨੂੰ ਵੀ ਤਰੱਕੀ ਦੇਣੀ ਚਾਹੀਦੀ ਹੈ। ਉਥੇ ਸਿਵਾਏ ਨਰਮਾ ਕਪਾਹ ਆਦਿ ਤੋਂ ਹੋਰ ਕੁਝ ਨਹੀਂ ਹੁੰਦਾ ਸੀ। ਸਰਦਾਰ ਬੇਅੰਤ ਸਿੰਘ ਜੀ ਨੇ ਇਸ ਨੂੰ ਜ਼ਿਲ੍ਹਾ ਬਣਾਕੇ ਔਰ ਫੋਕਲ ਪੁਆਇੰਟ ਦੇ ਕੇ ਬੜਾ ਚੰਗਾ ਕੀਤਾ ਹੈ। ਮੈਂ ਇਹ ਫਿਰ ਬੇਨਤੀ ਕਰਦਾ ਹਾਂ ਕਿ ਉਥੇ ਦਸਤਕਾਰੀ ਬਿਲਕੁਲ ਨਾ ਹੋਣ ਦੇ ਬਰਾਬਰ ਹੀ ਹੈ, ਨਾਂਮਾਤਰ ਵੀ ਨਹੀਂ ਹੈ। ਇਸ ਲਈ ਮੈਂ ਤਾਂ ਇਹ ਕਹਿੰਦਾ ਹਾਂ ਕਿ ਸਾਡੇ ਮੁੱਖ ਮੰਤਰੀ ਸਾਹਿਬ ਨੂੰ ਮਾਨਸਾ ਨੂੰ ਦਸਤਕਾਰੀ ਦੇ ਲਿਹਾਜ਼ ਨਾਲ ਪਛੜਿਆ ਹੋਇਆ ਜ਼ਿਲ੍ਹਾ ਡਿਕਲੇਅਰ ਕਰਨਾ ਚਾਹੀਦਾ ਹੈ ਔਰ ਆਪਣਾ ਸਾਰਾ ਧਿਆਨ ਇਸ ਪਾਸੇ ਦਸਤਕਾਰੀ ਦੇਣ ਵਾਲੇ ਪਾਸੇ ਲਾਉਣਾ ਚਾਹੀਦਾ ਹੈ ਤਾਂ ਕਿ ਉਥੇ ਵੀ ਲੋਕ ਉਨਤੀ ਕਰ ਸਕਣ। ਜਿਸ ਤਰ੍ਹਾਂ ਬਾਕੀ ਜ਼ਿਲ੍ਹੇ ਹੋਰ ਸਾਧਨਾਂ ਰਾਹੀਂ ਅੱਗੇ ਵੱਧ ਰਹੇ ਹਨ ਉਸੇ ਤਰ੍ਹਾਂ ਮਾਨਸਾ ਵੀ ਕੁਝ ਅੱਗੇ ਵਧ ਸਕੇ ਔਰ ਲੋਕ ਕੁਝ ਸਕੀਮਾਂ ਦਾ ਫਾਇਦਾ ਉਠਾ ਸਕਣ। ਜਿਹੜਾ ਇਹ ਮਤਾ ਰਖਿਆ ਗਿਆ ਹੈ ਕਿ ਇਹ ਸਦਨ ਕੇਂਦਰੀ ਸਰਕਾਰ ਨੂੰ ਸਿਫਾਰਸ਼ ਕਰੇ ਕਿ ਇਥੇ ਹੈਵੀ ਇੰਡਸਟਰੀ ਲਗੇ, ਉਸ ਦੇ ਨਾਲ ਹੀ ਮੈਂ ਪੰਜਾਬ ਸਰਕਾਰ ਨੂੰ ਖਾਸ ਕਰਕੇ ਆਪਣੇ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਅੱਜ ਸਮੇਂ ਦੀ ਮੰਗ ਹੈ, ਔਰ ਇਸ ਨੂੰ ਨਜ਼ਰ ਅੰਦਾਜ਼ ਨਹੀਂ ਕਰਨਾ ਚਾਹੀਦਾ ਔਰ ਮਾਨਸਾ ਦੇ ਲੋਕਾਂ ਨੂੰ ਦਸਤਕਾਰੀ ਲਾ ਕੇ ਦੇਣੀ ਚਾਹੀਦੀ ਹੈ। ਉਥੇ ਕੋਈ ਭਾਰੀ ਦਸਤਕਾਰੀ ਲਾਉਣੀ ਚਾਹੀਦੀ ਹੈ ਤਾਂ ਕਿ ਲੋਕਾਂ ਦਾ ਜਿਹੜਾ ਰੁਝਾਨ ਹੈ ਸਿਵਾਏ ਪੁਠੇ ਪਾਸੇ ਚਲਣ ਦੇ, ਜਾਂ ਗਲਤ ਪਾਸੇ ਚਲਣ ਦੇ ਕਿਸੇ ਚੰਗੇ ਪਾਸੇ ਰੁਝਾਨ ਹੋਵੇਗਾ। ਇਸ ਦੇ ਨਾਲ ਹੀ ਬੱਚਿਆਂ ਦਾ ਭਵਿੱਖ ਵੀ ਉਚਾ ਹੋਵੇਗਾ ਔਰ ਉਹ ਬੱਚੇ ਗਲਤ ਪਾਸੇ ਨਹੀਂ ਲਗਣਗੇ ਔਰ ਮਾਨਸਾ ਜ਼ਿਲ੍ਹੇ ਦੀ ਤਰੱਕੀ ਹੋਵੇਗੀ। ਐਨਾ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਔਰ ਇਕ ਵਾਰ ਫਿਰ ਬੇਨਤੀ ਕਰਦਾ ਹਾਂ ਕਿ ਮਾਨਸਾ ਜ਼ਿਲ੍ਹੇ ਨੂੰ ਦਸਤਕਾਰੀ ਤੋਂ ਪਛੜਾਪਨ ਜ਼ਿਲ੍ਹਾ ਕਰਾਰ ਦਿੱਤਾ ਜਾਵੇ।

ਸਰਦਾਰ ਰਣਜੀਤ ਸਿੰਘ ਛੱਜਲਵੱਡੀ(**ਖਡੂਰ ਸਾਹਿਬ, ਐਸ.ਸੀ**): ਸਪੀਕਰ ਸਾਹਿਬ, ਸ੍ਰੀ ਜੈ ਕਿਸ਼ਨ ਸੈਣੀ ਨੇ ਜਿਹੜਾ ਇਹ ਮਤਾ ਇਥੇ ਪੇਸ਼ ਕੀਤਾ ਹੈ ਇਹ ਜਨਤਾ ਵਾਸਤੇ ਬਹੁਤ ਵਧੀਆ ਗਲ ਕੀਤੀ ਹੈ। ਦੇਰ ਆਏ ਦਰੁਸਤ ਆਏ। ਪਿਛਲੇ 46 ਸਾਲਾਂ ਵਿਚ ਪਹਿਲੇ ਕਦੇ ਇਸ ਤਰ੍ਹਾਂ ਦਾ ਮਤਾ ਨਹੀਂ ਸੀ

ਰੱਖਿਆ ਗਿਆ। ਜਦੋਂ ਅਕਾਲੀ ਸਰਕਾਰ ਸੀ ਤਾਂ ਉਸ ਨੇ ਗੋਇੰਦਵਾਲ ਨੂੰ ਇੰਡਸਟਰੀਅਲ ਫੋਕਲ ਪੁਆਇੰਟ ਬਣਾਉਣ ਲਈ ਕਿਹਾ ਸੀ ਪਰ ਜਦੋਂ ਕਾਂਗਰਸ ਸਰਕਾਰ ਆਈ ਤਾਂ ਇਨ੍ਹਾਂ ਨੇ ਉਸ ਵਲ ਧਿਆਨ ਹੀ ਨਹੀਂ ਦਿੱਤਾ ਕਿਉਂਕਿ ਇਹ ਅਕਾਲੀ ਸਰਕਾਰ ਦੀ ਦੇਣ ਸੀ। ਮੈਂ ਕਹਿੰਦਾ ਹਾਂ ਕਿ ਇਥੇ ਹੈਵੀ ਇੰਡਸਟਰੀ ਜ਼ਿਆਦਾ ਲਗਣੀ ਚਾਹੀਦੀ ਹੈ। ਇਸ ਦੇ ਲਗਣ ਨਾਲ ਜਿਥੇ ਅਨਇੰਪਲਾਇਮੈਂਟ ਦੂਰ ਹੋਵੇਗੀ ਉਥੇ ਲੋਕਾਂ ਦਾ ਜਿਹੜਾ ਰੁਝਾਨ ਹੁਣ ਤਕ ਜ਼ਮੀਨ ਵੱਲ ਜਾਂ ਮਿਲਟਰੀ ਵਿਚ ਜਾਣ ਵੱਲ ਹੁੰਦਾ ਸੀ, ਉਹ ਇੰਡਸਟਰੀ ਵਾਲੇ ਪਾਸੇ ਵੀ ਲਗੇਗਾ। ਸਪੀਕਰ ਸਾਹਿਬ, 1947 ਤੋਂ ਬਾਅਦ ਮਿਲਟਰੀ ਵਿਚ ਭਰਤੀ ਪੰਜਾਬੀਆਂ ਦੀ 43 ਪ੍ਰਤੀਸ਼ਤ ਸੀ। ਉਹ ਮਿਲਟਰੀ ਵਿਚ ਭਰਤੀ ਹੋ ਕੇ ਆਪਣਾ ਰੁਜ਼ਗਾਰ ਕਰਦੇ ਸਨ ਜੋ ਸਮੇਂ ਸਮੇਂ ਦੀਆਂ ਸਰਕਾਰਾਂ ਨੇ ਇਸ ਨੂੰ ਘਟਾ ਦਿੱਤਾ ਔਰ ਸਟੇਟ ਵਿਚ ਵੀ ਨੌਕਰੀਆਂ ਨਾ ਮਿਲਣ ਕਰਕੇ ਉਹ ਨੌਜਵਾਨ ਬੇਰੁਜ਼ਗਾਰ ਹੋਣ ਕਰਕੇ ਗਲਤ/ਪੁਠੇ ਰਸਤਿਆਂ ਤੇ ਪੈ ਗਏ। ਹੁਣ ਸਰਕਾਰ ਨੂੰ ਸਟੇਟ ਵਿਚ ਹੈਵੀ ਇੰਡਸਟਰੀ ਲਈ ਵਾਤਾਵਰਣ ਪੈਦਾ ਕਰਨਾ ਚਾਹੀਦਾ ਹੈ। ਪਰ ਸੈਂਟਰ ਦੀ ਸਰਕਾਰ ਨੇ ਕੋਇਲਾ ਅਤੇ ਰੇਲਵੇ ਦੇ ਭਾੜੇ ਵਿਚ ਵਾਧਾ ਕਰਕੇ ਹੈਵੀ ਇੰਡਸਟਰੀ ਤੇ ਸੱਟ ਮਾਰੀ ਹੈ। ਇਹ ਸਸਤਾ ਹੋਣਾ ਚਾਹੀਦਾ ਹੈ। ਹਰ ਹੈਵੀ ਇੰਡਸਟਰੀ ਵਿਚ ਕੋਇਲੇ ਦੀ ਲੋੜ ਹੁੰਦੀ ਹੈ। ਬਿਜਲੀ ਦੀ ਲੋੜ ਹੁੰਦੀ ਹੈ ਇਸ ਦੇ ਲਈ ਪੰਜਾਬ ਵਿਚ ਅਟਾਮਿਕ ਪਲਾਂਟ ਦੇਣੇ ਚਾਹੀਦੇ ਹਨ। 1967 ਵਿਚ ਜਦੋਂ ਪਹਿਲੀ ਵਾਰ ਅਕਾਲੀ ਪਾਰਟੀ ਦੀ ਸਰਕਾਰ ਪਜਾਬ ਵਿਚ ਬਣੀ ਸੀ ਤਾਂ ਅਸੀਂ ਥੀਨ ਡੈਮ ਦੀ ਮੰਗ ਕੀਤੀ ਸੀ, ਫੇਰ ਅਸੀਂ ਇਸ ਦੀ ਮੰਗ 1969 ਵਿਚ ਕੀਤੀ ਅਤੇ ਇਸ ਦੀ ਮਨਜ਼ੂਰੀ ਸਾਨੂੰ 1970 ਵਿਚ ਮਿਲੀ। 1970 ਵਿਚ ਇਸ ਥੀਨ ਡੈਮ ਉਤੇ 8 ਅਰਬ ਰੁਪਿਆ ਖਰਚ ਹੋਣਾ ਸੀ ਪਰ ਫੰਡਜ਼ ਨਾ ਮਿਲਣ ਕਰਕੇ ਇਹ ਡੈਮ ਲੇਟ ਹੁੰਦਾ ਗਿਆ ਅਤੇ ਹੁਣ ਇਹ ਸੈਂਕੜੇ ਅਰਬਾਂ ਨਾਲ ਕੰਪਲੀਟ ਹੋਵੇਗਾ। ਇਸ ਪੈਸੇ ਨੂੰ ਸਰਕਾਰ ਬਚਾ ਸਕਦੀ ਸੀ। ਥੀਨ ਡੈਮ ਦੀ ਉਸਾਰੀ ਦਾ ਕੰਮ ਸਾਡੀ ਅਕਾਲੀ ਪਾਰਟੀ ਦੀ ਸਰਕਾਰ ਨੇ ਮਨਜ਼ੂਰ ਕਰਵਾਇਆ ਸੀ। ਇਸੇ ਤਰ੍ਹਾਂ ਅਸੀਂ ਗੋਇੰਦਵਾਲ ਸਾਹਿਬ ਹੈਵੀ ਇੰਡਸਟਰੀ ਦਾ ਸੈਂਟਰ ਬਣਾਇਆ ਸੀ ਨਿਊਕਲ ਪਲਾਂਟ ਲਗਾਇਆ ਸੀ ਜਿਹੜਾ ਏਸ਼ੀਆ ਵਿਚ ਸਭ ਤੋਂ ਵੱਡਾ ਸੀ। ਪਰ ਫਾਈਨਾਂਸ ਦੀ ਘਾਟ ਕਾਰਨ ਇਹ ਡਿਵੈਲਪ ਨਹੀਂ ਹੋਏ। ਤੁਸੀਂ ਗੋਇੰਦਵਾਲ ਸੈਂਟਰ ਨੂੰ ਹੁਣ ਵੀ ਡਿਵੈਲਪਮੈਂਟ ਕਰੋ ਅਤੇ ਇੰਡਸਟਰੀਲਿਸਟਸ ਨੂੰ ਇਥੇ ਤਰੱਕੀ ਹੁੰਦੀ ਵਿਖਾਈ ਜਾਵੇ ਤਦ ਹੀ ਬਾਹਰੋਂ ਇੰਡਸਟਰੀਲਿਸਟਸ ਇਥੇ ਪੰਜਾਬ ਵਿੱਚ ਆਕੇ ਪੈਸਾ ਲਗਾਉਣਗੇ। ਇਸੇ ਤਰ੍ਹਾਂ ਅੰਮ੍ਰਿਤਸਰ ਸ਼ਹਿਰ ਵਿਚ ਕਪੜੇ ਦੀ ਕਾਫੀ ਵੱਡੀ ਮਾਰਕਿਟ ਸੀ ਅਤੇ ਗਰਮ ਕਪੜੇ ਦੀਆਂ ਫੈਕਟਰੀਆਂ ਸਨ ਜਿਹੜੀਆਂ ਗੜਬੜ ਹੋਣ ਕਰਕੇ ਬੰਦ ਹੋ ਗਈਆਂ ਹਨ ਜਾਂ ਫਿਰ ਸਰਕਾਰ ਦੀਆਂ ਗਲਤ ਪਾਲਿਸੀਆਂ ਕਰਕੇ ਬੰਦ ਪਈਆਂ ਹਨ। ਇਨ੍ਹਾਂ ਨੂੰ ਸਰਕਾਰ ਵਲੋਂ ਉਤਸ਼ਾਹ ਦੇ ਕੇ ਚਾਲੂ ਕੀਤਾ ਜਾਣਾ ਚਾਹੀਦਾ ਹੈ। ਗਰਮ ਕਪੜੇ ਦੀ ਮਾਰਕਿਟ ਹੁਣ ਪਾਨੀਪਤ ਵਿਚ ਚਲੀ ਗਈ ਹੈ। ਇਸ ਮਾਰਕਿਟ ਨੂੰ ਅੰਮ੍ਰਿਤਸਰ ਸ਼ਹਿਰ ਵਿਚ ਫਿਰ ਬਹਾਲ ਕਰਨ ਲਈ ਸਰਕਾਰ ਵਲੋਂ ਯਤਨ ਕੀਤੇ ਜਾਣੇ ਚਾਹੀਦੇ ਹਨ। ਗਰਮ ਕਪੜੇ ਦੀਆਂ ਫੈਕਟਰੀਆਂ ਦੇ ਕਾਰੀਗਰ ਅੰਮ੍ਰਿਤਸਰ ਸ਼ਹਿਰ ਵਿਚ ਹਨ ਉਨ੍ਹਾਂ ਨੂੰ ਉਤਸ਼ਾਹ ਦੇਣ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਜਿਹੜੀਆਂ ਗਰਮ ਕਪੜੇ ਦੀਆਂ ਫੈਕਟਰੀਆਂ ਬੰਦ ਪਈਆਂ ਹਨ, ਉਨ੍ਹਾਂ ਨੂੰ ਚਾਲੂ ਕਰਵਾਇਆ ਜਾਵੇ। ਇਸ ਦੇ ਨਾਲ ਅੰਮ੍ਰਿਤਸਰ ਸ਼ਹਿਰ ਦੇ ਨੌਜਵਾਨਾਂ ਵਿਚ ਜਿਹੜੀ ਬੇਕਾਰੀ ਹੈ, ਉਹ ਵੀ ਦੂਰ ਹੋਵੇਗੀ। 1977 ਵਿਚ ਅੰਮ੍ਰਿਤਸਰ ਸ਼ਹਿਰ ਵਿਚ ਕਪੜਾ ਫਿਨਿਸ਼ਿੰਗ ਕਰਨ ਲਈ ਪਲਾਂਟ ਲਗਾ ਹੋਇਆ ਸੀ ਅਤੇ ਕਪੜਾ ਫਿਨਿਸ਼ਿੰਗ ਹੋ ਕੇ ਬੰਬਈ ਜਾਂਦਾ ਸੀ। ਇਹ ਪਲਾਂਟ ਅੰਮ੍ਰਿਤਸਰ ਦਾ ਬੰਦ ਪਿਆ ਹੈ, ਇਸ ਨੂੰ ਪਹਿਲੇ ਚਾਲੂ ਕਰਵਾਇਆ ਜਾਵੇ। ਸਰਕਾਰ ਇਨ੍ਹਾਂ ਨੂੰ ਉਤਸ਼ਾਹ ਦੇ ਕੇ ਚਾਲੂ ਕਰਵਾਏ। ਇਸ ਦੇ ਨਾਲ ਪੰਜਾਬ ਦਾ ਪੈਸਾ ਬਾਹਰ ਨਹੀਂ ਜਾਵੇਗਾ ਅਤੇ ਬੇਕਾਰੀ ਦੂਰ ਹੋਵੇਗੀ। ਇਹ ਠੀਕ ਹੈ

[ਸਰਦਾਰ ਰਣਜੀਤ ਸਿੰਘ ਛੱਜਲਵੱਡੀ]

ਕਿ ਪੰਜਾਬ ਵਿਚ ਹੈਵੀ ਇੰਡਸਟਰੀ ਦੀ ਬੜੀ ਘਾਟ ਹੈ। ਜਿਹੜੀਆਂ ਫੈਕਟਰੀਆਂ ਸਾਡੀਆਂ ਪੰਜਾਬ ਵਿਚ ਬੰਦ ਪਈਆਂ ਹਨ ਉਨ੍ਹਾਂ ਉਤੇ ਸਰਕਾਰ ਪੈਸਾ ਖਰਚ ਕਰਕੇ ਚਾਲੂ ਕਰਵਾਏ ਅਤੇ ਇਸ ਕੰਮ ਨੂੰ ਟਾਈਮਬਾਊਂਡ ਤਰੀਕੇ ਨਾਲ ਕੀਤਾ ਜਾਵੇ ਅਤੇ ਜਿਹੜੇ ਪੰਜਾਬ ਵਿਚ ਇੰਜੀਨੀਅਰਜ਼ ਪੜ੍ਹ ਕੇ ਤਿਆਰ ਹੁੰਦੇ ਹਨ ਉਨ੍ਹਾਂ ਨੂੰ ਐਡਵਾਂਸ ਸਟੱਡੀ ਲਈ ਨਵੀਂ ਟੈਕਨਾਲੋਜੀ ਪ੍ਰਾਪਤ ਕਰਨ ਲਈ ਬਾਹਰਲੇ ਮੁਲਕਾਂ ਦੇ ਵਿਚ ਭੇਜਣਾ ਚਾਹੀਦਾ ਹੈ ਤਾਂਕਿ ਉਹ ਨਵੀਂ ਮਾਡਰਨ ਤਰੀਕੇ ਦੀ ਟੈਕਨਾਲੋਜੀ ਲਿਆ ਕੇ ਪੰਜਾਬ ਨੂੰ ਖੁਸ਼ਹਾਲ ਬਣਾ ਸਕਣ ਅਤੇ ਸੂਬੇ ਦੀ ਤਰੱਕੀ ਹੋਵੇ। ਇਸ ਦੇ ਨਾਲ ਉਹ ਪੰਜਾਬ ਵਿਚ ਆਪਣੀ ਇੰਡਸਟਰੀ ਸਥਾਪਤ ਕਰ ਸਕਣਗੇ ਅਤੇ ਪੰਜਾਬ ਦਾ ਪੈਸਾ ਬਚਾ ਸਕਣਗੇ ਅਤੇ ਇੰਡਸਟਰੀ ਵਿਚ ਵਾਧਾ ਹੋਵੇਗਾ।

ਸਪੀਕਰ ਸਾਹਿਬ, ਆਈ.ਟੀ.ਆਈ. ਵਿਚ ਬੱਚਿਆਂ ਨੂੰ ਟਰੇਨਿੰਗ ਦਿਤੀ ਜਾਣੀ ਚਾਹੀਦੀ ਹੈ। ਵੱਡੀਆਂ ਫੈਕਟਰੀਆਂ ਚਲਣ ਅਤੇ ਉਨ੍ਹਾਂ ਬੱਚਿਆਂ ਨੂੰ ਵੱਡੀਆਂ ਫੈਕਟਰੀਆਂ ਵਿਚ ਟਰੇਨਿੰਗ ਦਿਤੀ ਜਾਵੇ। ਪੰਜਾਬ ਸਰਕਾਰ ਨੂੰ ਨਵੀਆਂ ਸਕੀਮਾਂ ਬਣਾਉਣੀਆਂ ਚਾਹੀਦੀਆਂ ਹਨ, ਜਿਸ ਨਾਲ ਕਿ ਪੰਜਾਬ ਵਿਚ ਸਮਾਲ ਸਕੇਲ ਇੰਡਸਟਰੀ ਅਤੇ ਹੈਵੀ ਇੰਡਸਟਰੀ ਲਗ ਸਕੇ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੰਜਾਬ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਿਹੜੀਆਂ ਪਹਿਲਾਂ ਇੰਡਸਟਰੀਜ਼ ਲਗੀਆਂ ਹੋਈਆਂ ਹਨ ਉਨ੍ਹਾਂ ਨੂੰ ਵੀ ਬਚਾਉਣ ਦੀ ਕੋਸ਼ਿਸ਼ ਕਰਨ। ਜਿਹੜੀਆਂ ਫੈਕਟਰੀਆਂ ਬੰਦ ਪਈਆਂ ਹਨ ਉਨ੍ਹਾਂ ਨੂੰ ਵੀ ਚਲਾਉਣ ਦੀ ਪੰਜਾਬ ਸਰਕਾਰ ਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ ਤਾਂ ਕਿ ਲੇਬਰ ਨੂੰ ਵੱਧ ਤੋਂ ਵੱਧ ਕੰਮ ਮਿਲੇ ਲੇਬਰ ਦੀ ਖਾਤਰ ਇਹੋ ਜਿਹੇ ਸਾਧਨ ਬਣਾਏ ਜਾਣ ਜਿਸ ਤਰ੍ਹਾਂ ਪੰਜਾਬ ਸਰਕਾਰ ਨੇ ਦੂਸਰੇ ਮੁਲਾਜ਼ਮਾਂ ਵਾਸਤੇ ਮੈਡੀਸਨ ਅਤੇ ਹੋਰ ਸਹੂਲਤਾਂ ਦਿਤੀਆਂ ਹਨ, ਉਸੇ ਤਰ੍ਹਾਂ ਦੇ ਨਾਲ ਲੇਬਰ ਨੂੰ ਵੀ ਦੇਣੀਆਂ ਚਾਹੀਦੀਆਂ ਹਨ। ਗਰੀਬ ਲੋਕ ਅਤੇ ਮਜ਼ਦੂਰ ਨੂੰ ਜੋ ਕੰਮ ਕਰਦੇ ਹਨ ਉਨ੍ਹਾਂ ਨੂੰ ਹੈਵੀ ਇੰਡਸਟਰੀ ਵਿਚ ਲਗਾਇਆ ਜਾਵੇ ਤਾਂ ਕਿ ਪੰਜਾਬ ਦੇ ਲੋਕਾਂ ਦਾ ਭਲਾ ਹੋ ਸਕੇ। ਪੰਜਾਬ ਦੇ ਗਰੀਬ ਲੋਕ ਇਸ ਲਾਭ ਤੋਂ ਫਾਇਦਾ ਉਠਾ ਸਕਣ।

ਸ਼੍ਰੀ ਗੁਰਪਾਲ ਚੰਦ ਸਰੋਆਂ (ਸ਼ਾਮਚੋਰਾਸੀ, ਐਸ.ਸੀ.): ਸਪੀਕਰ ਸਾਹਿਬ, ਜੋ ਮਤਾ ਸ਼੍ਰੀ ਜੈ ਕਿਸ਼ਨ ਸੈਣੀ ਨੇ ਹਾਊਸ ਦੇ ਵਿਚ ਰਖਿਆ ਹੈ ਕਿ ਪੰਜਾਬ ਸਰਕਾਰ ਰਾਜ ਵਿਚ ਵਧੇਰੇ ਭਾਰੀ ਉਦਯੋਗ ਸਥਾਪਤ ਕਰਨ ਲਈ ਕੇਂਦਰੀ ਸਰਕਾਰ ਪਾਸ ਪਹੁੰਚ ਕਰੇ ਇਸ ਦੇ ਨਾਲ ਮੈਂ ਅਤੇ ਮੇਰੀ ਪਾਰਟੀ ਇਸ ਦੀ ਪਰੋੜਤਾ ਕਰਦੀ ਹੈ। ਹੈਵੀ ਇੰਡਸਟਰੀ ਪੰਜਾਬ ਦੇ ਵਿਚ ਲਗਣੀ ਚਾਹੀਦੀ ਹੈ। ਅਗਰ, ਸਪੀਕਰ ਸਾਹਿਬ, ਇੰਡਸਟਰੀ ਅੱਜ ਤੋਂ 20-25 ਸਾਲ ਪਹਿਲਾਂ ਲਗਾਉਣ ਲਈ ਸੋਚ ਲਿਆ ਜਾਂਦਾ ਤਾਂ ਪੰਜਾਬ ਦਾ ਜੋ ਮਾਹੌਲ ਅੱਜ ਖਰਾਬ ਸੀ ਉਹ ਖਰਾਬ ਨਾ ਹੁੰਦਾ। ਕਿਉਂਕਿ ਪੰਜਾਬ ਦੇ ਨੌਜਵਾਨ ਐਮ.ਏ., ਬੀ.ਏ. ਪੜ੍ਹਕੇ ਬੇਰੁਜ਼ਗਾਰ ਘੁੰਮ ਰਹੇ ਸਨ। ਉਨ੍ਹਾਂ ਨੂੰ ਨੌਕਰੀਆਂ ਨਹੀਂ ਮਿਲਦੀਆਂ ਹਨ ਅਗਰ ਪੰਜਾਬ ਵਿਚ ਕੋਈ ਹੈਵੀ ਇੰਡਸਟਰੀ ਲਗੀ ਹੁੰਦੀ ਤਾਂ ਜਿਹੜੇ ਬੇਰੁਜ਼ਗਾਰ ਮੁੰਡੇ ਘੁੰਮਦੇ ਫਿਰਦੇ ਹਨ ਉਨ੍ਹਾਂ ਨੂੰ ਰੋਜ਼ਗਾਰ ਮਿਲਦਾ। ਸਪੀਕਰ ਸਾਹਿਬ, ਪੰਜਾਬ ਵਿਚ ਕਿਸਾਨਾਂ ਕੋਲ ਜ਼ਮੀਨ ਥੋੜ੍ਹੀ ਹੁੰਦੀ ਹੈ। ਜਿਸ ਤਰ੍ਹਾਂ ਕਿਸੇ ਕਿਸਾਨ ਕੋਲ 10 ਘੁਮਾਂ ਜ਼ਮੀਨ ਹੈ ਅਤੇ ਉਸ ਦੇ 3-4 ਬੱਚੇ ਹਨ ਤਾਂ ਫਿਰ ਹਰ ਬੱਚੇ ਕੋਲ 2-3 ਘੁਮਾਂ ਜ਼ਮੀਨ ਰਹਿ ਜਾਵੇਗੀ। ਉਹ ਬੱਚੇ ਇੰਡਸਟਰੀ ਤੋਂ ਬਗੈਰ ਭਟਕਦੇ ਰਹਿਣਗੇ। ਪੰਜਾਬ ਵਿਚ ਹੈਵੀ ਇੰਡਸਟਰੀ ਜ਼ਰੂਰ ਲਗਣੀ ਚਾਹੀਦੀ ਹੈ। ਇਥੇ ਸਟੀਲ ਦੀ ਫੈਕਟਰੀ ਲਗੇ, ਖਾਦ ਦੀ ਫੈਕਟਰੀ ਲਗੇ, ਸੀਮਿੰਟ ਦੀ ਫੈਕਟਰੀ ਲਗੇ ਜਾਂ ਦਵਾਈਆਂ ਦੀ ਫੈਕਟਰੀ ਲਗੇ। ਜੇਕਰ ਅਸੀਂ ਪੰਜਾਬ ਨੂੰ ਉਚਾ ਚੁਕਣਾ ਚਾਹੁੰਦੇ ਹਾਂ ਤਾਂ ਪੰਜਾਬ ਸਰਕਾਰ ਨੂੰ ਹੈਵੀ ਇੰਡਸਟਰੀ ਪੰਜਾਬ ਵਿਚ ਲਗਾਉਣੀ

ਚਾਹੀਦੀ ਹੈ । ਸਪੀਕਰ ਸਾਹਿਬ, ਆਉਣ ਵਾਲੇ ਸਮੇਂ ਵਿਚ ਮੇਰੇ ਬੇਰੁਜ਼ਗਾਰ ਨੌਜਵਾਨ ਸਾਥੀ ਭਟਕਦੇ ਨਾ ਰਹਿਣ। ਜੇਕਰ ਪੰਜਾਬ ਸਰਕਾਰ ਹੈਵੀ ਇੰਡਸਟਰੀ ਲਗਾਉਣ ਬਾਰੇ ਪਹਿਲਾਂ ਸੋਚ ਲੈਂਦੀ ਤਾਂ ਇਸ ਨਾਲ ਪੰਜਾਬ ਦਾ ਭਲਾ ਹੋਣਾ ਸੀ ਅਤੇ ਦੇਸ਼ ਦਾ ਵੀ ਭਲਾ ਹੋਣਾ ਸੀ ਅਤੇ ਜੋ ਪੰਜਾਬ ਦੀ ਹਾਲਤ ਹੋਈ ਸੀ ਉਹ ਨਾ ਹੁੰਦੀ। ਪੰਜਾਬ ਤਰੱਕੀ ਕਰਦਾ ਅਤੇ ਦੇਸ਼ ਤਰੱਕੀ ਕਰਦਾ।

ਇਸ ਦੇਸ਼ ਦਾ ਕੋਲਾ, ਇਸ ਦੇਸ਼ ਦਾ ਲੋਹਾ ਜਿਹੜਾ ਕਿ ਬਾਹਰਲੇ ਮੁਲਕਾਂ ਨੂੰ ਜਾ ਰਿਹਾ ਸੀ, ਉਹੀ ਅਸੀਂ ਬਾਹਰਲੇ ਮੁਲਕਾਂ ਦੀ ਬਜਾਏ ਆਪਣੇ ਦੇਸ਼ ਵਿੱਚ, ਆਪਣੇ ਪੰਜਾਬ ਵਿੱਚ ਉਹੀ ਇੰਡਸਟਰੀਆਂ ਲਗਾ ਕੇ ਆਪਣੇ ਨੌਜਵਾਨ ਸਾਥੀਆਂ ਨੂੰ ਰੋਜ਼ਗਾਰ ਦਿਦੇ ਤਾਂ, ਸਪੀਕਰ ਸਾਹਿਬ, ਮੈਂ ਸੋਚਦਾ ਹਾਂ ਕਿ ਹੋ ਸਕਦਾ ਸੀ ਕਿ ਪੰਜਾਬ ਦੇ ਹਾਲਾਤ ਨਾ ਵਿਗੜਦੇ। ਅੱਜ ਵੀ ਨੌਜਵਾਨ ਸਾਥੀ ਬੇਰੋਜ਼ਗਾਰ ਘੁੰਮ ਫਿਰ ਰਹੇ ਹਨ। ਉਨ੍ਹਾਂ ਨੂੰ ਨੌਕਰੀਆਂ ਨਹੀਂ ਮਿਲ ਰਹੀਆਂ, ਉਨ੍ਹਾਂ ਨੂੰ ਰੋਜ਼ਗਾਰ ਨਹੀਂ ਮਿਲ ਰਿਹਾ। ਉਹ ਅੱਜ ਵਿਹਲੇ ਬੈਠੇ ਸੋਚਾਂ ਸੋਚਦੇ ਰਹਿੰਦੇ ਹਨ ਕਿ ਰੋਜ਼ਗਾਰ ਤਾਂ ਮਿਲਣਾ ਨਹੀਂ, ਪੜ੍ਹਾਈ ਕੀਤੀ ਹੈ, ਅੱਜ ਅਸੀਂ ਕਿਸ ਪਾਸੇ ਵੱਲ ਚਲੀਏ। ਅਗਰ ਇੰਡਸਟਰੀਆਂ ਲਗੀਆਂ ਹੋਣਗੀਆਂ, ਉਹ ਨੌਜਵਾਨ ਸਾਥੀ ਉਨ੍ਹਾਂ ਇੰਡਸਟਰੀਆਂ ਵਿੱਚ ਕੰਮ ਕਰ ਸਕਦੇ ਹਨ। ਮੈਂ ਸਪੀਕਰ ਸਾਹਿਬ, ਇਕ ਗੱਲ ਹੋਰ ਜ਼ਰੂਰ ਕਰਨੀ ਚਾਹੁੰਦਾ ਹਾਂ ਕਿ ਅਗਰ ਪੰਜਾਬ ਵਿਚ ਫੈਕਟਰੀਆਂ ਲਗਦੀਆਂ ਹਨ ਤਾਂ ਪੰਜਾਬ ਦੇ ਜੋ ਵਾਸੀ ਹਨ, ਜੋ ਨੌਜਵਾਨ ਹਨ, ਉਨ੍ਹਾਂ ਨੂੰ ਪਹਿਲਾਂ ਰੋਜ਼ਗਾਰ ਮਿਲਣਾ ਚਾਹੀਦਾ ਹੈ। ਕਿਉਂਕਿ ਅੱਜ ਤੱਕ ਜੋ ਫੈਕਟਰੀਆਂ ਲਗੀਆਂ, ਹਰੇਕ ਡਿਸਟ੍ਰਿਕਟ ਵਿੱਚ ਕੋਈ ਨਾ ਕੋਈ ਫੈਕਟਰੀ ਲਗੀ ਹੈ, ਪਰ ਪੰਜਾਬ ਦੇ ਨੌਜਵਾਨ ਸਾਥੀ ਭਟਕਦੇ ਫਿਰ ਰਹੇ ਹਨ, ਉਨ੍ਹਾਂ ਨੂੰ ਇਨ੍ਹਾਂ ਫੈਕਟਰੀਆਂ ਵਿੱਚ ਰੋਜ਼ਗਾਰ ਨਹੀ ਮਿਲਿਆ। ਮੇਰੀ ਅਪੀਲ ਹੈ ਕਿ ਪੰਜਾਬ ਦੇ ਜੋ ਸਾਥੀ ਹਨ, ਉਨ੍ਹਾਂ ਨੂੰ ਪਹਿਲ ਮਿਲਣੀ ਚਾਹੀਦੀ ਹੈ। ਇਸ ਕਰਕੇ ਮੈਂ ਇਹ ਜੋ ਜੈ ਕਿਸ਼ਨ ਸੈਣੀ ਨੇ ਆਪਣਾ ਮਤਾ ਰਖਿਆ ਹੈ, ਉਸਦੇ ਨਾਲ ਬਹੁਜਨ ਸਮਾਜ ਪਾਰਟੀ ਵਲੋਂ ਔਰ ਆਪਣੇ ਵਲੋਂ ਉਸਦੀ ਪਰੋੜਤਾ ਕਰਦਾ ਹਾਂ ਅਤੇ ਐਨਾ ਕਹਿੰਦਾ ਹੋਇਆ ਜਗ੍ਹਾ ਲੈਂਦਾ ਹਾਂ।

ਜੈ ਭੀਮ, ਜੈ ਭਾਰਤ ।

ਸ੍ਰੀ ਉਪਿੰਦਰ ਕੁਮਾਰ ਸ਼ਰਮਾ(ਕੋਟਕਪੂਰਾ): ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਜੈ ਕਿਸ਼ਨ ਸੈਣੀ ਦੁਆਰਾ ਮੂਵ ਕੀਤਾ ਹੈਵੀ ਇੰਡਸਟਰੀ ਬਾਰੇ ਰੈਜ਼ੋਲਿਊਸ਼ਨ ਤੇ ਬੋਲਣ ਲਈ ਮੌਕਾ ਦਿੱਤਾ ਹੈ। ਮੈਂ ਇਸ ਰੈਜ਼ੋਲਿਊਸ਼ਨ ਦਾ ਪੁਰਜ਼ੋਰ ਸਮਰਥਨ ਕਰਦਾ ਹਾਂ ਮਗਰ ਇਸਦੇ ਬਾਰੇ ਕੁਝ ਗੱਲਾਂ ਜ਼ਰੂਰ ਕਰਨੀਆਂ ਚਾਹੁੰਦਾ ਹਾਂ। ਅੱਜ ਜੋ ਪੰਜਾਬ ਦਾ ਮਾਹੌਲ ਬੜੀ ਦੇਰ ਬਾਅਦ ਸ਼ਾਂਤੀ ਦਾ ਆਇਆ ਹੈ, ਪਹਿਲੀਆਂ ਪਰਿਸਥਿਤੀਆਂ ਵਿੱਚ ਹੈਵੀ ਇੰਡਸਟਰੀ ਤਾਂ ਕੀ ਲਗਣੀ ਸੀ, ਇੰਡਸਟਰੀ ਇਥੋਂ ਬਾਹਰ ਜਾ ਰਹੀ ਸੀ, ਸਾਡੇ ਲੋਕ ਮਾਈਗਰੇਟ ਕਰਕੇ ਚਲੇ ਗਏ ਸੀ। ਸੰਗਰੂਰ ਡਿਸਟ੍ਰਿਕਟ ਵਿੱਚ ਏਡਾ ਵੱਡਾ ਪ੍ਰਾਜੈਕਟ ਲਗ ਰਿਹਾ ਸੀ, ਉਥੇ ਵਾਰਦਾਤ ਹੋਈ ਅਤੇ ਸਾਡੇ ਬਾਹਰਲੀਆਂ ਸਟੇਟਸ ਤੋਂ ਆਏ ਕੁਆਲੀਫਾਈਡ ਇੰਜੀਨੀਅਰਜ਼ ਮਾਰੇ ਗਏ। ਇਸ ਨਾਲ ਇੰਡਸਟਰੀ ਨੂੰ ਬੜਾ ਧੱਕਾ ਲਗਾ। ਮਗਰ ਅੱਜ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਬਣਨ ਤੋਂ ਬਾਅਦ ਮਾਹੌਲ ਵਿੱਚ ਸੁਧਾਰ ਹੋਇਆ ਹੈ। ਲੋਕਾਂ ਨੂੰ ਪਰੋਤਸਾਹਨ ਮਿਲਿਆ, ਹੌਸਲਾ ਮਿਲਿਆ ਅਤੇ ਮਿਸਟਰ ਮੰਡੇਰ ਦੀ ਅਗਵਾਈ ਥੱਲੇ ਇਕ ਨਾਨ ਰੈਜ਼ੀਡੈਂਟ ਇੰਡੀਅਨਜ਼ ਦਾ ਡੈਲੀਗੇਸ਼ਨ ਆਇਆ ਅਤੇ ਇੰਗਲੈਂਡ ਤੋਂ ਐਮ.ਪੀ. ਖਾਬੜਾ ਥੱਲੇ ਵੀ ਇਕ ਡੈਲੀਗੇਸ਼ਨ ਇਥੇ ਆਇਆ। ਉਸ ਮੀਟਿੰਗ ਵਿੱਚ ਸਾਨੂੰ ਸਾਰਿਆਂ ਨੂੰ ਰਾਤ ਨੂੰ ਹਾਜ਼ਰ ਹੋਣ ਦਾ ਮੌਕਾ ਮਿਲਿਆ। ਉਥੇ ਸਾਡੇ ਮਾਨਯੋਗ ਮੁੱਖ ਮੰਤਰੀ ਸਾਹਿਬ ਨੇ ਉਨ੍ਹਾਂ ਨੂੰ ਜੀ ਆਇਆਂ ਆਖਿਆ। ਮਗਰ ਇਕ ਗੱਲ ਜਿਹੜੀ ਸਭ ਤੋ ਖੂਬਸੂਰਤ ਲਗੀ, ਉਹ ਉਨ੍ਹਾਂ ਨੂੰ ਸੀ.ਐਮ. ਸਾਹਿਬ ਵਲੋਂ ਕਹੀ ਗਈ ਕਿ ਇੰਡਸਟਰੀ ਤੁਸੀਂ ਪੰਜਾਬ ਦੇ ਅੰਦਰ ਆ ਕੇ ਬੇਸ਼ਕ ਲਾਓ ਜਾਂ ਨਾ ਲਾਓ, ਮਗਰ ਜੋ

[ਸ੍ਰੀ ਉਪਿੰਦਰ ਕੁਮਾਰ ਸ਼ਰਮਾ]

ਹਾਲਾਤ ਵਿੱਚ ਸੁਧਾਰ ਹੋਇਆ ਹੈ ਜੋ ਅੱਜ ਪੰਜਾਬ ਦੇ ਅੰਦਰ ਹਾਲਾਤ ਸੁਧਰੇ ਹਨ, ਉਨ੍ਹਾਂ ਬਾਰੇ ਉਹ ਜ਼ਰੂਰ ਬਾਹਰਲੇ ਮੁਲਕਾਂ ਦੇ ਅੰਦਰ ਲੋਕਾਂ ਨੂੰ ਕਨਵੇਅ ਕਰਨ। ਜਿਥੇ ਅਸੀਂ ਉਨ੍ਹਾਂ ਨੂੰ ਹੈਵੀ ਇੰਡਸਟਰੀ ਵਾਸਤੇ ਸੱਦਾ ਦਿੰਦੇ ਹਾਂ, ਉਥੇ ਇਸ ਦੇ ਨਾਲ ਹੀ ਪੰਜਾਬ ਦੀ ਸਹੀ ਪਿਕਚਰ ਪੇਸ਼ ਕਰਨ ਦਾ ਸੱਦਾ ਵੀ ਦਿੰਦੇ ਹਾਂ। ਮੈਂ ਸਮਝਦਾ ਹਾਂ ਕਿ ਹੈਵੀ ਇੰਡਸਟਰੀ ਵਾਸਤੇ ਭਾਵੇਂ ਸਾਡੀ ਸਰਕਾਰ ਕੇਂਦਰ ਸਰਕਾਰ ਨੂੰ ਜ਼ਰੂਰ ਪ੍ਰਾਰਥਨਾ ਕਰੇ ਪਰ ਮਲਟੀ ਨੈਸ਼ਨਲ ਕੰਪਨੀਆਂ ਨੂੰ ਅਸੀਂ ਸੱਦਾ ਨਾ ਦੇਈਏ। ਉਨ੍ਹਾਂ ਨੂੰ ਇਥੇ ਬੁਲਾਉਣਾ ਸਾਡੇ ਦੇਸ਼ ਦੇ ਹਿਤਾਂ ਵਿਚ ਨਹੀਂ ਹੋਵੇਗਾ। ਇਸ ਤੋਂ ਇਲਾਵਾ, ਜਿਹੜੇ ਪ੍ਰਾਜੈਕਟ ਇਥੇ ਲੱਗਣ, ਉਨ੍ਹਾਂ ਦੀ ਵਾਇਬਿਲਟੀ ਬਾਰੇ ਪਹਿਲਾਂ ਜ਼ਰੂਰ ਸੋਚਿਆ ਜਾਵੇ ਅਤੇ ਉਨ੍ਹਾਂ ਵਾਸਤੇ ਲੋੜੀਂਦਾ ਸਿਸਟਮ ਮੁਹੱਈਆ ਕਰਨ ਬਾਰੇ ਵੀ ਸੋਚਿਆ ਜਾਵੇ, ਜਿਹੜੇ ਉਨ੍ਹਾਂ ਦੀ ਕਾਮਯਾਬੀ ਲਈ ਜ਼ਰੂਰੀ ਹਨ ਜਿਵੇਂ ਟਰਾਂਸਪੋਰਟ ਅਤੇ ਕਮਿਊਨੀਕੇਸ਼ਨ ਸਿਸਟਮ ਆਦਿ। ਇਸ ਸਬੰਧ ਵਿਚ ਮੈਂ ਇਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਪੰਜਾਬ ਵਿਚ ਇਕ ਇੰਡਸਟਰੀਅਲ ਟਾਊਨ ਹੈ–ਗੋਬਿੰਦਗੜ੍ਹ। ਮੈਂ ਆਪਣੇ ਮੁੱਖ ਮੰਤਰੀ ਜੀ ਦੇ ਮਾਧਿਅਮ ਰਾਹੀਂ ਸੈਂਟਰ ਸਰਕਾਰ ਤੱਕ ਇਹ ਗੱਲ ਪਹੁੰਚਾਉਣੀ ਚਾਹੁੰਦਾ ਹਾਂ ਕਿ ਗੋਬਿੰਦਗੜ੍ਹ ਇਕ ਐਸਾ ਇੰਡਸਟਰੀਅਲ ਟਾਊਨ ਹੈ ਜਿਸ ਨੇ ਸਾਨੂੰ ਸੇਧ ਦਿੱਤੀ ਹੈ, ਸਾਡੀ ਇੰਡਸਟਰੀ ਨੂੰ ਸੇਧ ਦਿੱਤੀ ਹੈ ਲੇਕਿਨ ਅੱਜ ਤੱਕ ਜੋ ਉਥੇ ਟੈਲੀਫੋਨ ਐਕਸਚੇਂਜ ਹੈ, ਉਹ ਓਲਡ ਸਿਸਟਮ ਵਾਲਾ ਹੀ ਹੈ। ਉਸ ਨੂੰ ਜ਼ਰੂਰ ਆਟੋਮੈਟਿਕ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਲੋਕਾਂ ਦੇ ਮਨਾਂ ਵਿਚ ਇਸ ਗੱਲ ਬਾਰੇ ਭਾਰੀ ਮਾਯੂਸੀ ਹੈ। ਦੂਸਰੀ ਗੱਲ ਜਿਹੜੀ ਮੈਂ ਕਰਨੀ ਚਾਹੁੰਦਾ ਹਾਂ, ਇਹ ਹੈ ਕਿ ਜਿਹੜੇ ਨਾਨ ਰੈਜ਼ੀਡੈਂਟ ਇੰਡੀਅਨਜ਼ ਹਨ, ਉਨ੍ਹਾਂ ਨੂੰ ਪਰੋਤਸਾਹਨ ਦੇਣਾ ਚਾਹੀਦਾ ਹੈ। ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਸੈਂਟਰ ਸਰਕਾਰ ਵਲੋਂ ਕੁਝ ਦੂਸਰੀਆਂ ਸਟੇਟਾਂ ਨੂੰ ਟੈਕਸ ਫਰੀ ਕਰ ਦਿੱਤਾ ਗਿਆ ਹੈ, ਉਸੇ ਤਰ੍ਹਾਂ ਪੰਜਾਬ ਨੂੰ ਵੀ ਟੈਕਸ ਫਰੀ ਸਟੇਟ ਘੋਸ਼ਿਤ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਸਾਰਿਆਂ ਨੂੰ ਪਤਾ ਹੈ ਕਿ ਪੰਜਾਬ ਨੂੰ ਕਿਨ੍ਹਾਂ ਹਾਲਾਤਾਂ ਵਿਚ ਨਵੀਂ ਜ਼ਿੰਦਗੀ ਮਿਲੀ ਹੈ: ਤਾਂ ਜੋ ਇੰਡਸਟਰੀਲਿਸਟਾਂ ਨੂੰ ਪਰੋਤਸਾਹਨ ਮਿਲ ਸਕੇ ਅਤੇ ਦੂਜੇ ਰਾਜਾਂ ਤੋਂ ਆ ਕੇ ਜਿਹੜੇ ਲੋਕ ਇਥੇ ਆ ਕੇ ਇੰਡਸਟਰੀ ਲਾਉਣਾ ਚਾਹੁੰਦੇ ਹਨ, ਉਨ੍ਹਾਂ ਨੂੰ ਐਨਕਰੇਜ਼ਮੈਂਟ ਮਿਲ ਸਕੇ। ਸਾਡੀ ਸਰਕਾਰ ਨੂੰ ਜ਼ਿਆਦਾ ਤੋਂ ਜ਼ਿਆਦਾ ਵੈਲਕਮ ਕਰਨਾ ਚਾਹੀਦਾ ਹੈ ਅਤੇ ਵਧ ਤੋਂ ਵਧ ਛੋਟਾਂ ਉਨ੍ਹਾਂ ਨੂੰ ਦੇਣੀਆਂ ਚਾਹੀਦੀਆਂ ਹਨ, ਜਿਸ ਤਰ੍ਹਾਂ ਬਿਜਲੀ ਦੇ ਖੇਤਰ ਵਿਚ ਅਤੇ ਰਾਅ ਮੈਟੀਰੀਅਲ ਦੇ ਖੇਤਰ ਵਿਚ।

ਸ੍ਰੀ ਸਪੀਕਰ : ਵਾਈਂਡ ਅੱਪ ਕਰਨ ਦੀ ਕੋਸ਼ਿਸ਼ ਕਰੋ ਜੀ।

ਸ੍ਰੀ ਉਪਿੰਦਰ ਕੁਮਾਰ ਸ਼ਰਮਾ : ਅੱਛਾ ਜੀ। ਸਪੀਕਰ ਸਾਹਿਬ, ਜਿਸ ਕਿਸਮ ਦੇ ਪੰਜਾਬ ਵਿਚ ਹਾਲਾਤ ਰਹੇ ਹਨ, ਉਨ੍ਹਾਂ ਕਾਰਣ ਸਾਡੇ ਰਾਜ ਅੰਦਰ ਸਮਾਲ ਸਕੇਲ ਇੰਡਸਟਰੀ ਨੂੰ ਬਹੁਤ ਧੱਕਾ ਲੱਗਾ ਹੈ ਜੋ ਕਿ ਹੈਵੀ ਇੰਡਸਟਰੀ ਨੂੰ ਫੀਡ ਕਰਨ ਵਾਸਤੇ ਬਹੁਤ ਜ਼ਰੂਰੀ ਹੈ। ਇਸ ਲਈ ਸਮਾਲ ਸਕੇਲ ਇੰਡਸਟਰੀ ਨੂੰ ਅਤੇ ਕਾਟੇਜ਼ ਇੰਡਸਟਰੀ ਨੂੰ ਵੀ ਪਰੋਤਸਾਹਨ ਦਿੱਤਾ ਜਾਵੇ ਤਾਂ ਕਿ ਉਹ ਹੈਵੀ ਇੰਡਸਟਰੀ ਨੂੰ ਫੀਡ ਕਰ ਸਕਣ। ਸਾਡੀ ਸਰਕਾਰ ਭਾਵੇਂ ਸਰਕਾਰੀ ਨੌਕਰੀਆਂ ਦੇ ਕੇ ਵਧ ਤੋਂ ਵਧ ਨੌਜਵਾਨਾਂ ਨੂੰ ਅਬਜ਼ਾਰਵ ਕਰਨ ਦੀ ਕੋਸ਼ਿਸ਼ ਕਰਦੀ ਹੈ ਲੇਕਿਨ ਇਕੱਲੇ ਇਸੇ ਤਰੀਕੇ ਨਾਲ ਹੀ ਅਨਇੰਪਲਾਇਮੈਂਟ ਦੂਰ ਨਹੀਂ ਕੀਤੀ ਜਾ ਸਕਦੀ। ਸਾਰੇ ਨੌਜਵਾਨਾਂ ਨੂੰ ਤੱਦ ਤੱਕ ਅਬਜ਼ਾਰਵ ਨਹੀਂ ਕੀਤਾ ਜਾ ਸਕਦਾ ਜਦੋਂ ਤੱਕ ਹੈਵੀ ਇੰਡਸਟਰੀ ਦੇ ਨਾਲ ਨਾਲ ਸਮਾਲ ਸਕੇਲ ਇੰਡਸਟਰੀ ਨੂੰ ਪਰੋਤਸਾਹਨ ਨਹੀਂ ਕੀਤਾ ਜਾਂਦਾ ਐਨਾ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

EXTENSION OF TIME OF THE SITTING

ਸ਼੍ਰੀ ਸਪੀਕਰ : ਸਰਦਾਰ ਕਰਮ ਸਿੰਘ ਗਿੱਲ ਜੀ, ਤੁਸੀਂ ਕਿੰਨਾ ਕੁ ਟਾਈਮ ਲਵੋਗੇ ?

ਰਾਜ ਮੰਤਰੀ, ਉਦਯੋਗ : ਮੈਂ 10 ਕੁ ਮਿੰਟ ਬੋਲਾਂਗਾਂ ਜੀ।

ਸ਼੍ਰੀ ਸਪੀਕਰ : ਆਪਾਂ ਹਾਊਸ ਦਾ ਟਾਈਮ ਵੀ ਵੇਖਣਾ ਹੈ। ਇਸ ਹਿਸਾਬ ਨਾਲ ਹਾਊਸ ਦਾ ਟਾਈਮ ਵਧਾਉਣਾ ਪਏਗਾ। ਜੇ ਹਾਊਸ ਸਹਿਮਤ ਹੋਵੇ ਤਾਂ ਜਦ ਤਕ ਮੰਤਰੀ ਜੀ ਆਪਣੀ ਸਪੀਚ ਖਤਮ ਨਹੀਂ ਕਰ ਲੈਂਦੇ, ਤਦ ਤੱਕ ਹਾਊਸ ਦਾ ਟਾਈਮ ਵਧਾ ਦਿੱਤਾ ਜਾਵੇ?

(ਆਵਾਜ਼ਾਂ : ਠੀਕ ਹੈ ਜੀ, ਠੀਕ ਹੈ ਜੀ)

ਮੰਤਰੀ ਜੀ ਵਲੋਂ ਆਪਣੀ ਸਪੀਚ ਖਤਮ ਕਰਨ ਤੱਕ ਹਾਊਸ ਦੀ ਸਿਟਿੰਗ ਦਾ ਟਾਈਮ ਵਧਾਇਆ ਜਾਂਦਾ ਹੈ।

ਸ਼੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ** ** **

ਸੰਸਦੀ ਮਾਮਲਿਆਂ ਦੇ ਮੰਤਰੀ : ਜੇ ਕੋਈ ਇਤਰਾਜ਼ ਹੈ ਤਾਂ ਅਸੀਂ ਨਹੀਂ ਵਧਾਉਂਦੇ।

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

RESOLUTION RE. SETTING UP MORE HEAVY INDUSTRY IN THE STATE (*Resumption*)

ਰਾਜ ਮੰਤਰੀ, ਉਦਯੋਗ (ਸਰਦਾਰ ਕਰਮ ਸਿੰਘ ਗਿੱਲ) : ਸਤਿਕਾਰਯੋਗ ਸਪੀਕਰ ਸਾਹਿਬ, ਮੇਰੇ ਸਾਥੀ ਸ਼੍ਰੀ ਜੈ ਕਿਸ਼ਨ ਸੈਣੀ ਨੇ ਜਿਹੜਾ ਹੈਵੀ ਇੰਡਸਟਰੀ ਬਾਰੇ ਮਤਾ ਰੱਖਿਆ ਹੈ ਇਹ ਬੜਾ ਹੀ ਅੱਛਾ ਅਤੇ ਅਹਿਮ ਕਦਮ ਹੈ ਪੰਜਾਬ ਦੀ ਡੀਵੈਲਪਮੈਂਟ ਵਾਸਤੇ ਔਰ ਮੇਰੇ ਸਾਥੀ ਮੈਂਬਰ ਸਾਹਿਬਾਨ ਜਿੰਨੇ ਵੀ ਬੋਲੇ ਹਨ ਉਨ੍ਹਾਂ ਨੇ ਇਸ ਮਤੇ ਦੀ ਪਰੋੜਤਾ ਕੀਤੀ ਹੈ। ਪੰਜਾਬ ਦੇ ਵਿੱਚ ਸਾਡੇ ਬੱਚਿਆਂ ਨੂੰ ਤਕਰੀਬਨ ਪਿਛਲੇ 10-12 ਸਾਲਾਂ ਤੋਂ ਜਿਹੜਾ ਸੰਤਾਪ ਭੋਗਣਾ ਪਿਆ ਹੈ, ਉਸ ਤੋਂ ਸਰਦਾਰ ਬੇਅੰਤ ਸਿੰਘ ਜੀ ਦੀ ਰਹਿਨੁਮਾਈ ਹੇਠ ਲੋਕਾਂ ਨੂੰ ਰਾਹਤ ਮਿਲੀ ਹੈ। ਉਸ ਦੇ ਲਈ ਹੁਣ ਜ਼ਰੂਰੀ ਹੈ ਕਿ ਅਸੀਂ ਸਾਰੇ ਬੱਚਿਆਂ ਨੂੰ ਕੰਮ ਤੇ ਲਗਾ ਸਕੀਏ। ਇਹ ਠੀਕ ਹੈ ਕਿ ਅਸੀਂ ਸਰਕਾਰੀ ਤੌਰ ਤੇ ਸਾਰੇ ਬੱਚਿਆਂ ਨੂੰ ਸਰਕਾਰੀ ਨੌਕਰੀਆਂ ਵੀ ਨਹੀਂ ਦੇ ਸਕਦੇ ਪਰ ਇੰਡਸਟਰੀ ਨੂੰ ਪੰਜਾਬ ਦੇ ਵਿੱਚ ਇੰਡਸਟਰੀਲਾਈਜ਼ ਕਰਕੇ ਪੰਜਾਬ ਵਿੱਚ ਬੱਚਿਆਂ ਨੂੰ ਰੋਜ਼ਗਾਰ ਮੁਹੱਈਆ ਕਰ ਸਕਾਂਗੇ। ਪੰਜਾਬ ਦੀ ਹੁਣ ਵੀ ਪਰ-ਕੈਪੀਟਾ ਇਨਕਮ 1005 ਰੁਪਏ ਹੈ ਜੋ ਸਾਰੇ ਦੇਸ਼ ਨਾਲੋਂ ਜ਼ਿਆਦਾ ਹੈ। ਪਰ ਇਸ ਨੂੰ ਹੋਰ ਵਧਾਉਣ ਦੀ ਖਾਤਰ ਜ਼ਰੂਰੀ ਹੋ ਗਿਆ ਹੈ ਕਿ ਪੰਜਾਬ ਨੂੰ ਇੰਡਸਟਰੀਲਾਈਜ਼ ਕੀਤਾ ਜਾਵੇ। ਇਸ ਦੇ ਲਈ ਪੰਜਾਬ ਦੇ ਵਿਚ ਪਿਛਲੇ ਸਮੇਂ ਅੰਦਰ ਗਰੀਨ ਰੈਵਿਊਲੇਸ਼ਨ ਆਇਆ, ਪੰਜਾਬ ਦੇ ਕਿਸਾਨਾਂ ਅਤੇ ਖੇਤੀ-ਮਜ਼ਦੂਰਾਂ ਨੇ ਰਲਕੇ ਬਹੁਤ ਮਿਹਨਤ ਕੀਤੀ ਅਤੇ ਹਿੰਦੁਸਤਾਨ ਦੇ ਭੰਡਾਰ ਦੇ ਅੰਦਰ ਸਾਰਿਆਂ ਨਾਲੋਂ ਵੱਧ ਹਿੱਸਾ ਪਾ ਕੇ ਦੇਸ਼ ਨੂੰ ਆਤਮ-ਨਿਰਭਰ ਕੀਤਾ। ਉਸ ਤੋਂ ਬਾਅਦ ਪੰਜਾਬ ਦੇ ਵਿੱਚ ਵਾਈਟ-ਰੈਵਿਊਲੇਸ਼ਨ ਆਇਆ, ਪੰਜਾਬ ਦੇ ਅੰਦਰ ਦੁੱਧ ਦੇ ਖੇਤਰ ਵਿੱਚ ਪੰਜਾਬੀਆਂ ਨੇ ਵੱਧ ਤੋਂ ਵੱਧ ਦੁੱਧ ਪੈਦਾ ਕਰਕੇ ਦੇਸ਼ ਨੂੰ ਦਿਤਾ। ਇਸ ਤੋਂ ਮਗਰੋਂ ਇੱਥੇ ਮਿੱਠਾ ਰੈਵਿਊਲੇਸ਼ਨ ਆਇਆ ਔਰ

**Expunged as ordered by the Chair.

[ਰਾਜ ਮੰਤਰੀ, ਉਦਯੋਗ]

ਪੰਜਾਬ ਦੇ ਵਿੱਚ ਸਾਰਿਆਂ ਜ਼ਿਲ੍ਹਿਆਂ ਦੇ ਵਿੱਚ ਸ਼ੂਗਰਮਿਲਾਂ ਲਗਾਈਆਂ ਗਈਆਂ। ਹੁਣ ਵਕਤ ਹੈ ਕਿ ਪੰਜਾਬ ਨੂੰ ਹੈਵੀ ਇੰਡਸਟਰੀ ਰਾਹੀਂ, ਸਮਾਲ ਸਕੇਲ ਇੰਡਸਟਰੀ ਅਤੇ ਕਾਟੇਜ਼ ਇੰਡਸਟਰੀ ਰਾਹੀਂ ਇੰਡਸਟਰੀਲਾਈਜ਼ ਕੀਤਾ ਜਾਵੇ। ਉਸਦੇ ਲਈ ਸਾਡੇ ਮਾਨਯੋਗ ਮੁੱਖ ਮੰਤਰੀ ਜੀ ਨੇ ਪੰਜਾਬ ਦੇ ਅੰਦਰ ਇੰਡਸਟਰੀ ਨੂੰ ਮਜ਼ਬੂਤ ਕਰਨ ਲਈ ਇੱਕ ਨਵੀਂ ਇੰਡਸਟਰੀ ਪਾਲਿਸੀ ਬਣਾਈ ਹੈ, ਜਿਸ ਦੇ ਤਹਿਤ ਪੰਜਾਬ ਦੋ ਹਿੱਸਿਆਂ ਵਿੱਚ ਵੰਡਿਆ ਗਿਆ ਹੈ। ਏ-ਗਰੇਡ ਦੇ ਹਿੱਸੇ ਵਿੱਚ ਬਾਰਡਰ ਦੇ ਤਿੰਨ ਜ਼ਿਲ੍ਹੇ ਅੰਮ੍ਰਿਤਸਰ, ਫੀਰੋਜ਼ਪੁਰ ਅਤੇ ਗੁਰਦਾਸਪੁਰ ਪੈਂਦੇ ਹਨ। ਇਨ੍ਹਾਂ ਜ਼ਿਲਿਆਂ ਵਿੱਚ ਜਿਹੜਾ ਵੀ ਕੋਈ ਇੰਡਸਟਰੀਲਿਸਟ ਇੰਡਸਟਰੀ ਲਗਾਏਗਾ ਉਸਨੂੰ ਕੈਪੀਟਲ ਕਾਸਟ ਤੇ 30 ਪ੍ਰਤੀਸ਼ਤ ਕੈਪੀਟਲ ਸਬਸਿਡੀ ਦੇ ਤੌਰ ਤੇ ਜਾਂ ਮੈਕਸੀਮਮ 50 ਲੱਖ ਰੁਪਏ ਸਬਸਿਡੀ ਦਿਤੀ ਜਾਵੇਗੀ। ਇਸ ਤੋਂ ਇਲਾਵਾ 10 ਸਾਲਾਂ ਲਈ 300 ਪ੍ਰਤੀਸ਼ਤ ਸੇਲਜ਼ ਟੈਕਸ ਦੇ ਰੂਪ ਵਿਚ ਰਾਹਤ ਦਿੱਤੀ ਜਾਵੇਗੀ। ਬੀ-ਗਰੇਡ ਦੇ ਏਰੀਏ ਵਿੱਚ ਕੈਪੀਟਲ ਕਾਸਟ ਤੇ 20 ਪ੍ਰਤੀਸ਼ਤ ਜਾਂ ਮੈਕਸੀਮਮ 30 ਲੱਖ ਰੁਪਏ ਸਬਸਿਡੀ ਦੇ ਤੌਰ ਤੇ ਦਿਤਾ ਜਾਵੇਗਾ ਅਤੇ 150 ਪ੍ਰਤੀਸ਼ਤ 7 ਸਾਲ ਲਈ ਸੇਲਜ਼-ਟੈਕਸ ਦੇ ਰੂਪ ਵਿੱਚ ਰਾਹਤ ਦਿਤੀ ਜਾਵੇਗੀ (ਥੰਪਿੰਗ)। ਇਸੇ ਤਰ੍ਹਾਂ ਇੰਡਸਟਰੀਜ਼ ਲਗਾਉਣ ਵਾਸਤੇ ਇੰਡਸਟਰੀਅਲ ਪਲਾਟ ਦਿਤੇ ਜਾਣਗੇ। ਇਸ ਤੋਂ ਇਲਾਵਾ ਜਿਵੇਂ ਕਿ ਦੱਸਿਆ ਗਿਆ ਹੈ ਕਿ ਪੰਜਾਬ ਦੇ ਅੰਦਰ ਇੰਸਪੈਕਟਰੀ ਰਾਜ ਦੀ ਜਿਹੜੀ ਇੰਟਰਫੀਅਰੈਂਸ ਹੈ, ਇਸ ਨੂੰ ਖਤਮ ਕਰਨ ਵਾਸਤੇ ਵੀ ਸਟੈਪ ਚੁੱਕੇ ਗਏ ਹਨ। (ਥੰਪਿੰਗ) ਇਸ ਦੇ ਨਾਲ ਹੀ ਨਾਲ ਪੰਜਾਬ ਦੇ ਵਿੱਚ ਹੁਣ ਤੱਕ ਤਕਰੀਬਨ ਸਮਾਲ ਸਕੇਲ ਯੂਨਿਟਸ 1 ਲੱਖ 79 ਹਨ ਜਿੰਨ੍ਹਾਂ ਤੇ 1555 ਕਰੋੜ ਰੁਪਏ ਦੀ ਲਾਗਤ ਲੱਗੀ ਹੋਈ ਹੈ ਅਤੇ ਉਹ ਯੂਨਿਟ 7 ਲੱਖ 37 ਹਜ਼ਾਰ ਬੰਦਿਆਂ ਨੂੰ ਰੋਜ਼ਗਾਰ ਮੁਹੱਈਆ ਕਰਦੇ ਹਨ। ਹੈਵੀ ਇੰਡਸਟਰੀ ਦੇ ਤੌਰ ਤੇ 409 ਯੂਨਿਟਸ ਹਨ ਜਿੰਨ੍ਹਾਂ ਤੇ 1500 ਕਰੋੜ ਰੁਪਏ ਦੀ ਲਾਗਤ ਲੱਗੀ ਹੋਈ ਹੈ ਔਰ ਇਹ 2 ਲੱਖ 15 ਹਜ਼ਾਰ ਬੰਦਿਆਂ ਨੂੰ ਰੋਜ਼ਗਾਰ ਮੁਹੱਈਆ ਕਰਾਉਣ ਦੇ ਸਮਰੱਥ ਹੋਏ ਹਨ। ਆਉਣ ਵਾਲੇ ਸਮੇਂ ਦੇ ਅੰਦਰ ਪੰਜਾਬ ਦੇ ਲਈ ਪੈਟਰੋ ਕੈਮੀਕਲ ਪਲਾਂਟ ਜਿਸ ਦੇ ਲਈ ਕਿ ਕਾਫੀ ਹੱਦ ਤੱਕ ਕਲੀਅਰੈਂਸ ਵੀ ਹੋ ਗਈ ਹੈ, ਉਹ ਆਪਣੇ ਆਉਣ ਵਾਲੇ ਸਾਲ ਦੇ ਵਿੱਚ ਪੰਜਾਬ ਦੇ ਵਿੱਚ ਲਾਇਆ ਜਾਵੇਗਾ (ਥੰਪਿੰਗ) ਇਸ ਤੋਂ ਇਲਾਵਾ ਸ਼ਰੀਰਾਮ ਗਰੁੱਪ ਆਫ ਇੰਡਸਟਰੀਜ਼ ਨੇ ਸਾਡੇ ਮਾਨਯੋਗ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਜੀ ਹੋਰਾਂ ਨਾਲ ਮੀਟਿੰਗ ਕਰਕੇ ਇਕ ਹਜ਼ਾਰ ਏਕੜ ਰਕਬੇ ਤੇ ਪਟਿਆਲਾ ਅਤੇ ਰਾਜਪੁਰਾ ਦੇ ਦਰਮਿਆਨ ਕੈਮੀਕਲ ਯੂਨਿਟ ਲਾਉਣ ਲਈ ਮੰਨਿਆ ਹੈ ਅਤੇ ਉਹ ਇਸ ਲਈ ਐਗਰੀ ਕਰ ਗਏ ਹਨ। (ਥੰਪਿੰਗ) ਇਸ ਤੋਂ ਇਲਾਵਾ ਪੰਜਾਬ ਨੂੰ ਹੋਰ ਇੰਡਸਟਰੀਅਲਾਈਜ਼ ਕਰਨ ਵਾਸਤੇ 2002 ਦੇ ਤਹਿਤ ਸਾਰੇ ਵਰਲਡ ਦੇ ਵਿਚ ਨਾਨ-ਰੈਜ਼ੀਡੈਂਟ ਇੰਡੀਅਨਜ਼ ਨਾਲ ਮੀਟਿੰਗਾਂ ਕੀਤੀਆਂ ਗਈਆਂ ਹਨ ਅਤੇ ਕਾਫੀ ਇੰਡਸਟਰੀਅਲਿਸਟ ਇਹ ਵਾਇਦਾ ਕਰਕੇ ਗਏ ਹਨ ਅਤੇ ਉਹ ਨਾਨ-ਰੈਜ਼ੀਡੈਂਟ ਇੰਡੀਅਨ ਪੰਜਾਬ ਦੇ ਅੰਦਰ ਇੰਡਸਟਰੀ ਲਾਉਣ ਲਈ ਤਿਆਰ ਹਨ। (ਥੰਪਿੰਗ) ਮੈਂ ਫਿਰ ਹਾਊਸ ਦਾ ਅਤਿ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਪਰੌੜਤਾ ਕਰਕੇ ਇਸ ਮਤੇ ਨੂੰ ਪਾਸ ਕਰਨ ਦੀ ਸਿਫਾਰਸ਼ ਕੀਤੀ ਹੈ।

ਸਾਡੇ ਮੁੱਖ ਮੰਤਰੀ ਜੀ ਨੇ ਸੈਂਟਰ ਦੀ ਸਰਕਾਰ ਨੂੰ ਅਪਰੋਚ ਕਰਕੇ ਪੰਜਾਬ ਨੂੰ 5 ਸਾਲ ਲਈ ਟੈਕਸ ਫਰੀ ਕਰਨ ਲਈ ਮੰਗ ਕੀਤੀ ਹੈ। ਇਸ ਤੋਂ ਇਲਾਵਾ the Punjab Government is also approaching the Central Government for installation of industries in sub-mantaneous areas where the waste land is available and it is not cultivated.

ਮੈਂ ਫਿਰ ਸਾਰੇ ਹਾਊਸ ਦਾ ਧੰਨਵਾਦ ਕਰਦਾ ਹਾਂ ਕਿ ਅਸੀਂ ਸਾਰੇ ਰਲ ਕੇ ਇਸ ਰੈਜ਼ੂਲਿਊਸ਼ਨ ਨੂੰ ਪਾਸ ਕਰੀਏ। ਮੈਂ ਜ਼ਿਆਦਾ ਕੁਝ ਨਾ ਕਹਿੰਦਾ ਹੋਇਆ ਆਪਣੀ ਸੀਟ ਲੈਂਦਾ ਹਾਂ।

Mr. Speaker: Question is—

This House recommends to the State Government to approach the Central Government for setting up more Heavy Industry in the State.

The Motion was carried unanimously.

Mr. Speaker: The House stands adjourned* till 9.00 A.M. on Friday, the 5th March, 1993.

*1.31 P.M.

(*The Sabha then adjourned* till* 9.00 *A.M. on Friday, the 5th March,* 1993).

7207 PVS—Govt. Press, U.T., Chd.

Published under the authority of the Punjab Vidhan Sabha
and printed by the Controller, Govt. Press (U.T.), Chandigarh.

Punjab Vidhan Sabha Debates

5th March, 1993

Vol. IV—No. 9

OFFICIAL REPORT

CONTENTS

Friday, the 5th March, 1993

Punjab Vidhan Sabha Secretariat, Chandigarh.

Price Rs. : 141-0

PUNJAB VIDHAN SABHA

Friday, the 5th March, 1993

The Vidhan Sabha met in the Punjab Vidhan Sabha Hall, Vidhan Bhavan, Sector 1, Chandigarh, at 9.00 A. M. Mr. Speaker (Sardar Harcharn Singh Ajnala) in the Chair.

STARRED QUESTIONS AND ANSWERS

ਸਰਕਾਰੀ ਪੋਲੀਟੈਕਨਿਕ ਅੰਮ੍ਰਿਤਸਰ ਵਿਖੇ ਖਾਲੀ ਆਸਾਮੀਆਂ

*628. **ਸ੍ਰੀਮਤੀ ਵਿਮਲਾ ਡਾਂਗ** : ਕੀ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਅੰਮ੍ਰਿਤਸਰ ਵਿਚ ਕੋਈ ਸਰਕਾਰੀ ਪੋਲੀਟੈਕਨਿਕ ਹੈ; ਜੇਕਰ ਹੈ, ਤਾਂ 1 ਨਵੰਬਰ, 1992 ਨੂੰ ਉਸਦੇ ਹਰ ਇਕ ਪੜ੍ਹਾਈ/ਸਿਖਲਾਈ ਵਿਭਾਗਾਂ ਵਿਚ/ਕਿੰਨੀਆਂ ਆਸਾਮੀਆਂ ਖਾਲੀ ਪਈਆਂ ਸਨ ਅਤੇ ਹਰ ਇਕ ਆਸਾਮੀ ਕਿਸ ਤਰੀਕ ਨੂੰ ਖਾਲੀ ਹੋਈ ਅਤੇ ਇਹ ਆਸਾਮੀਆਂ ਕਦੋਂ ਤਕ ਭਰੇ ਜਾਣ ਦੀ ਸੰਭਾਵਨਾ ਹੈ ?

ਸ੍ਰੀ ਸੁਰਿੰਦਰ ਕਪੂਰ (ਰਾਜ ਮੰਤਰੀ, ਸਿੰਚਾਈ ਅਤੇ ਬਿਜਲੀ) : ਹਾਂ ਜੀ, ਅੰਮ੍ਰਿਤਸਰ ਵਿਖੇ ਇੱਕ ਸਰਕਾਰੀ ਬਹੁ-ਤਕਨੀਕੀ ਹੈ। ਇਸ ਬਹੁ-ਤਕਨੀਕੀ ਵਿਖੇ 1 ਨਵੰਬਰ, 1992 ਨੂੰ ਪੜ੍ਹਾਈ/ਸਿਖਲਾਈ ਨਾਲ ਸਬੰਧਤ ਖਾਲੀ ਆਸਾਮੀਆਂ ਦਾ ਵੇਰਵਾ ਸਮੇਤ ਜਿਸ ਮਿਤੀ ਤੋਂ ਉਹ ਖਾਲੀ ਹਨ, ਹੇਠ ਅਨੁਸਾਰ ਦਿਤਾ ਜਾਂਦਾ ਹੈ :

(1)	ਮੁਖੀ ਵਿਭਾਗ, ਬਿਜਲੀ	...	1	12-4-90
(2)	ਮੁਖੀ ਵਿਭਾਗ, ਮਸ਼ੀਨੀ	...	1	1-6-91
(3)	ਮੁਖੀ ਵਿਭਾਗ, ਫਾਰਮੇਸੀ	...	1	19-8-87
(4)	ਸੀਨੀਅਰ ਲੈਕਚਰਾਰ, ਬਿਜਲੀ	...	1	25-7-91
(5)	ਲੈਕਚਰਾਰ ਬਿਜਲੀ	...	2	12-7-91, 15-9-91
(6)	ਲੈਕਚਰਾਰ ਫਾਰਮੇਸੀ	...	2	19-11-91
(7)	ਵਰਕਸ਼ਾਪ ਇੰਸਟਰਕਟਰ ਮਸ਼ੀਨ	...	2	26-4-88

ਉਪਰੋਕਤ ਲੜੀ ਨੰ. 1, 2, ਅਤੇ 4 ਤੇ ਦਰਸਾਈਆਂ ਆਸਾਮੀਆਂ ਭਰੀਆਂ ਜਾ ਚੁੱਕੀਆਂ ਹਨ। ਲੜੀ ਨੰ: 3 ਤੇ ਦਰਸਾਈ ਆਸਾਮੀ ਵਿਰੁੱਧ ਪੰਜਾਬ ਲੋਕ ਸੇਵਾ ਕਮਿਸ਼ਨ ਦੇ ਸਿਫਾਰਸ਼ੀ ਨੂੰ ਨਿਯੁਕਤੀ ਪੱਤਰ ਜਾਰੀ ਕਰ ਦਿਤਾ ਗਿਆ ਹੈ। ਲੜੀ ਨੰ: 5 ਤੇ ਦਰਸਾਈਆਂ ਆਸਾਮੀਆਂ ਭਰਨ ਲਈ ਮੰਗ ਪੱਤਰ ਪੰਜਾਬ ਲੋਕ ਸੇਵਾ ਕਮਿਸ਼ਨ ਨੂੰ ਭੇਜਿਆ ਹੋਇਆ ਹੈ। ਜਦੋਂ ਹੀ ਕਮਿਸ਼ਨ ਯੋਗ ਉਮੀਦਵਾਰ ਦੀ ਸਿਫਾਰਸ਼ ਕਰੇਗਾ

[ਰਾਜ ਮੰਤਰੀ, ਸਿੰਚਾਈ ਅਤੇ ਬਿਜਲੀ]

ਉਸ ਵੇਲੇ ਹੀ ਇਹ ਆਸਾਮੀਆਂ ਭਰ ਲਈ ਜਾਣਗੀਆਂ। ਲੜੀ ਨੰ: 6 ਤੇ ਦਰਸਾਈਆਂ ਆਸਾਮੀਆਂ ਵਿਰੁੱਧ ਕਮਿਸ਼ਨ ਦੇ ਇਕ ਸਿਫਾਰਸ਼ੀ ਉਮੀਦਵਾਰ ਨੂੰ ਨਿਯੁਕਤੀ ਪੱਤਰ ਜਾਰੀ ਕਰ ਦਿਤਾ ਹੈ ਅਤੇ ਦੂਸਰੀ ਆਸਾਮੀ ਲਈ ਇੱਕ ਯੋਗ ਉਮੀਦਵਾਰ ਭੇਜਣ ਵਾਸਤੇ ਪੰਜਾਬ ਲੋਕ ਸੇਵਾ ਕਮਿਸ਼ਨ ਨੂੰ ਲਿਖਿਆ ਹੋਇਆ ਹੈ। ਲੜੀ ਨੰ: 7 ਤੇ ਦਰਸਾਈਆਂ ਵਰਕਸ਼ਾਪ ਇੰਸਟਰਕਟਰ ਮਸ਼ੀਨ ਦੀ ਆਸਾਮੀ ਲਈ ਪਾਰਟ-ਟਾਈਮ ਉਮੀਦਵਾਰ ਰੱਖਿਆ ਹੋਇਆ ਹੈ। ਇਹ ਪੋਸਟ ਖਾਲੀ ਪਈ ਹੈ, ਇਸ ਨੂੰ ਭਰਨ ਲਈ ਕੁਝ ਮੁਲਾਜ਼ਮ ਕੋਰਟ ਵਿੱਚ ਚਲੇ ਜਾਣ ਕਰਕੇ ਇਹ ਪੋਸਟ ਭਰੀ ਨਹੀਂ ਗਈ। ਇਸ ਸਬੰਧ ਵਿੱਚ ਕੋਰਟ ਦਾ ਡਿਸੀਜ਼ਨ ਹੋ ਚੁੱਕਾ ਹੈ ਅਤੇ ਲੀਗਲ ਰਾਏ ਲਈ ਜਾ ਰਹੀ ਹੈ। ਜਦੋਂ ਇਹ ਲੀਗਲ ਰਾਏ ਪ੍ਰਾਪਤ ਹੋਵੇਗੀ ਉਸ ਦੇ ਮੁਤਾਬਿਕ ਕਾਰਵਾਈ ਕਰ ਦਿੱਤੀ ਜਾਵੇਗੀ।

ਸ੍ਰੀਮਤੀ ਵਿਮਲਾ ਡਾਂਗ : ਮਾਨਯੋਗ ਸਪੀਕਰ ਸਾਹਿਬ ਮੈਂ ਤੁਹਾਡੇ ਰਾਹੀਂ ਮੰਤਰੀ ਮਹੋਦਯ ਨੂੰ ਪੁਛਣਾ ਚਾਹੁੰਦੀ ਹਾਂ ਕਿ ਟੈਕਨੀਕਲ ਐਜੂਕੇਸ਼ਨ ਵਿੱਚ ਲਗਾਤਾਰ $1\frac{1}{2}$ ਸਾਲ ਤੋਂ ਲੈ ਕੇ 5-5 ਸਾਲ ਤੱਕ ਪੋਸਟਾਂ ਖਾਲੀ ਪਈਆਂ ਹਨ। ਕਈ ਵਿਭਾਗਾਂ ਦੇ ਹੈਡ ਹੀ ਨਹੀਂ ਹਨ ਨਾ ਹੀ ਹੈਡ ਆਫ ਇਲੈਕਟਰੀਕਲ ਵਿਭਾਗ ਹੈ। ਇਹ ਇੰਨੀਆਂ ਪੋਸਟਾਂ ਖਾਲੀ ਕਿਉਂ ਹਨ ? ਕੀ ਸਰਕਾਰ ਦੀ ਅਣਗਿਹਲੀ ਨਹੀਂ ? ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਹੋ ਰਿਹਾ ਹੈ। ਸਰਕਾਰ ਜ਼ਿੰਮੇਵਾਰੀ ਫਿਕਸ ਕਰੇ।

ਰਾਜ ਮੰਤਰੀ, ਸਿੰਚਾਈ ਅਤੇ ਬਿਜਲੀ : ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬਾ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਪੋਸਟਾਂ ਪਾਪੂਲਰ ਗੌਰਮਿੰਟ ਦੇ ਬਣਨ ਤੋਂ ਪਹਿਲਾਂ ਦੀਆਂ ਖਾਲੀ ਪਈਆਂ ਹਨ। ਜਦੋਂ ਦੀ ਪਾਪੂਲਰ ਗੌਰਮਿੰਟ ਬਣੀ ਹੈ ਪਹਿਲ ਦੇ ਆਧਾਰ ਤੇ ਪੂਰੀ ਘੋਖ ਕਰਕੇ ਇਹ ਪੋਸਟਾਂ ਭਰਨ ਦੇ ਉਪਰਾਲੇ ਕੀਤੇ ਗਏ ਹਨ। ਜਿੱਥੋਂ ਤੱਕ ਸਟੂਡੈਂਟਸ ਦੀ ਪੜ੍ਹਾਈ ਦਾ ਸਵਾਲ ਹੈ, ਮੈਂਬਰ ਸਾਹਿਬਾ ਦੀ ਜਾਣਕਾਰੀ ਲਈ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਸਬਜੈਕਟਸ ਦੇ ਲੈਕਚਰਾਰ ਹੋਰ ਵੀ ਹਨ ਅਤੇ ਉਹ ਬਕਾਇਦਾ ਤੌਰ ਤੇ ਸ਼ਡਿਊਲ ਦੇ ਮੁਤਾਬਿਕ ਲੈਕਚਰ ਦਿੰਦੇ ਹਨ, ਪੜ੍ਹਾਈ ਦਾ ਕੋਈ ਨੁਕਸਾਨ ਨਹੀਂ ਹੋ ਰਿਹਾ।

ਸ੍ਰੀਮਤੀ ਵਿਮਲਾ ਡਾਂਗ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹਵਾਂਗੀ ਕਿ ਕੀ ਇਹ ਹਕੀਕਤ ਹੈ ਕਿ ਕੁਝ ਪੋਸਟਾਂ ਜੋ ਖਾਲੀ ਹਨ ਉਨ੍ਹਾਂ ਦੇ ਖਾਲੀ ਹੋਣ ਦਾ ਕਾਰਨ ਹੈ, ਰੀਟਾਇਰਮੈਂਟ ਅਤੇ ਰੈਜ਼ਿਗਨੇਸ਼ਨ? ਜੇ ਰੀਟਾਇਰਮੈਂਟ ਹੈ ਤਾਂ ਫਿਰ ਉਹ ਪੋਸਟਾਂ ਕਿਉਂ ਫਿੱਲ-ਅਪ ਨਹੀਂ ਕੀਤੀਆਂ ਗਈਆਂ ?

ਰਾਜ ਮੰਤਰੀ : ਮੈਂ ਵਿਸਥਾਰ ਪੂਰਵਕ ਮੈਂਬਰ ਸਾਹਿਬਾ ਨੂੰ ਦੱਸਿਆ ਹੈ ਕਿ ਅਸੀਂ ਪਬਲਿਕ ਸਰਵਿਸ ਕਮਿਸ਼ਨ ਨੂੰ ਪੋਸਟਾਂ ਭਰਨ ਲਈ ਲਿਖਿਆ ਸੀ। ਵਰਕਸ਼ਾਪ ਇੰਸਟਰੱਕਟਰ ਮਸ਼ੀਨ ਦੇ ਸੁਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਇਸ ਪੋਸਟ ਲਈ ਕੋਈ ਇਲੀਜੀਬਲ ਕਰਮਚਾਰੀ ਨਹੀਂ ਸੀ, ਇਸ ਕਰਕੇ ਸਰਵਿਸ ਕਮਿਸ਼ਨ ਨੂੰ ਇਹ ਆਸਾਮੀ ਭਰਨ ਲਈ ਲਿਖਿਆ ਗਿਆ। ਇਸੇ ਦੌਰਾਨ ਕੁਝ ਕਰਮਚਾਰੀ ਕੋਰਟ ਵਿਚ ਚਲੇ ਗਏ। ਕੋਰਟ ਦੇ ਫੈਸਲੇ ਮੁਤਾਬਿਕ ਲੀਗਲ ਰਾਏ ਲਿਤੀ ਜਾ ਰਹੀ ਹੈ, ਜਦੋਂ ਵੀ ਰਾਏ ਮਿਲ ਗਈ ਤਾਂ ਇਹ ਆਸਾਮੀਆਂ ਭਰ ਦਿਤੀਆਂ ਜਾਣਗੀਆਂ।

ਨਿਸ਼ਾਨਵਾਲਾ ਪ੍ਰਸ਼ਨ ਨੰ : 785

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ)

ਜਨ ਸਿਹਤ ਵਿਭਾਗ ਦੇ ਅਫਸਰਾਂ ਵਿਰੁੱਧ ਦੁਰਾਚਾਰ ਦੀਆਂ ਸ਼ਿਕਾਇਤਾਂ

*662. **ਕਾਮਰੇਡ ਹਰਦੇਵ ਸਿੰਘ ਅੰਰਸ਼ੀ** ਕੀ ਜਨ ਸਿਹਤ ਦੇ ਰਾਜ ਮੰਤਰੀ ਕਿਰਪਾ ਕਰਕੇ **ਦੱਸਣਗੇ** ਕਿ :—

(ੳ) ਸਰਕਾਰ ਨੂੰ ਮਾਰਚ 1992 ਤੋਂ ਹੁਣ ਤਕ ਦੇ ਸਮੇਂ ਦੌਰਾਨ ਜ਼ਿਲ੍ਹਾ ਬਠਿੰਡਾ ਵਿਚ ਲਗੇ ਜਨ ਸਿਹਤ ਵਿਭਾਗ ਦੇ ਅਫਸਰਾਂ ਵਿਰੁੱਧ ਦੁਰਾਚਾਰ ਦੀਆਂ ਪ੍ਰਾਪਤ ਹੋਈਆਂ ਸ਼ਿਕਾਇਤਾਂ ਦੇ ਵੇਰਵੇ ਕੀ ਹਨ ;

(ਅ) ਕੀ ਉਕਤ ਭਾਗ (ੳ) ਵਿਚ ਵਰਣਿਤ ਸ਼ਿਕਾਇਤਾਂ ਦੀ ਸਰਕਾਰ ਦੁਆਰਾ ਕੋਈ ਜਾਂਚ-ਪੜਤਾਲ ਕੀਤੀ ਗਈ; ਜੇਕਰ ਅਜਿਹਾ ਹੋਵੇ, ਤਾਂ ਉਸ ਦੇ ਵੇਰਵੇ ਕੀ ਹਨ?

Sardar Umrao Singh (Rural Development and Panchayats Minister) :

(a) 13 complaints have been received till 16th February, 1993

(b) Yes Sir. The details are mentioned in the enclosed statement.

ਜਨ ਸਿਹਤ ਵਿਭਾਗ ਦੇ ਜ਼ਿਲ੍ਹਾ ਬਠਿੰਡਾ ਵਿਖੇ ਤੈਨਾਤ ਅਫਸਰਾਂ ਵਿਰੁੱਧ ਮਾਰਚ, 1992 ਤੋਂ ਹੁਣ ਤੱਕ ਪ੍ਰਾਪਤ ਹੋਈਆਂ ਸ਼ਿਕਾਇਤਾਂ ਦਾ ਵੇਰਵਾ

ਲੜੀ ਨੰ:	ਸ਼ਿਕਾਇਤ ਕਰਤਾ ਦਾ ਨਾਂ	ਪ੍ਰਾਪਤ ਹੋਣ ਦੀ ਮਿਤੀ	ਅਫਸਰ ਦਾ ਨਾਂ ਜਿਸ ਵਿਰੁੱਧ ਸ਼ਿਕਾਇਤ ਪ੍ਰਾਪਤ ਹੋਈ	ਕੀਤੀ ਕਾਰਵਾਈ
1	2	3	4	5
1	ਸ੍ਰੀ ਮੁਨਸ਼ੀ ਰਾਮ ਦਾਸ ਪ੍ਰਧਾਨ, ਟਰੇਡ ਯੂਨੀਅਨ ਕੌਂਸਲ, ਜ਼ਿਲ੍ਹਾ ਬਠਿੰਡਾ	27-10-92	ਸ੍ਰੀ ਐਚ.ਕੇ. ਅਗਰਵਾਲ, ਉਪ-ਮੰਡਲ ਇੰਜੀਨੀਅਰ	ਮੁੱਖ ਇੰਜੀਨੀਅਰ ਜਨ ਸਿਹਤ ਪਟਿਆਲਾ ਪਾਸੋਂ ਰਿਪੋਰਟ ਮੰਗੀ ਗਈ ਹੈ । ਇੰਨ-ਕੁਆਰੀ ਰਿਪੋਰਟ ਪ੍ਰਾਪਤ ਹੋਣ ਤੇ ਅਗਲੇਰੀ ਕਾਰਵਾਈ ਕੀਤੀ ਜਾਵੇਗੀ ।
2	ਮਾਸਟਰ ਦੁਰਗਾ ਦਾਸ, ਐਮ.ਏ. ਬੀ. ਐੱਡ ਪਿੰਡ ਤੇ ਡਾਕਘਰ ਕੁਠਾਲਾ	1/93	ਉਹੀ	ਉਹੀ

[ਪੇਂਡੂ ਵਿਕਾਸ ਅਤੇ ਪੰਚਾਇਤਾਂ ਮੰਤਰੀ]

1	2	3	4	5
3	ਆਲ ਇੰਡੀਆ ਸਿੱਖ ਕਾਂਗਰਸ, ਨਵੀਂ ਦਿੱਲੀ		ਸ੍ਰੀ ਆਰ. ਕੇ. ਅਗਰਵਾਲ ਉਪ ਮੰਡਲ ਇੰਜੀਨੀਅਰ	ਮੁੱਖ ਇੰਜੀਨੀਅਰ, ਜਨ ਸਿਹਤ ਪਟਿਆਲਾ ਪਾਸੋਂ ਰਿਪੋਰਟ ਮੰਗੀ ਗਈ ਹੈ। ਇੰਨਕੁਆਰੀ ਰਿਪੋਰਟ ਪ੍ਰਾਪਤ ਹੋਣ ਤੇ ਅਗਲੇਰੀ ਕਾਰਵਾਈ ਕੀਤੀ ਜਾਵੇਗੀ ।
4	ਸ੍ਰੀ ਲਾਲ ਮੁਹੰਮਦ, ਪਿੰਡ ਤੇ ਡਾਕਖਾਨਾ ਕੁਠਾਲੀ, ਜ਼ਿਲਾ ਸੰਗਰੂਰ	25-3-92	ਉਹੀ	ਇੰਨਕੁਆਰੀ ਰਿਪੋਰਟ ਪ੍ਰਾਪਤ ਹੋ ਗਈ ਹੈ ਤੇ ਵਿਚਾਰ ਅਧੀਨ ਹੈ ।
5	ਪ੍ਰਧਾਨ, ਟੈਕਨੀਕਲ ਕਰਮਚਾਰੀ ਯੂਨੀਅਨ (ਰਜਿ.), ਪੀ. ਡਬਲਿਯੂ ਡੀ, ਪਬਲਿਕ ਹੈਲਥ	3-11-92	ਸ੍ਰੀ ਐਸ.ਐਸ. ਬਰਾੜ ਕਾਰਜਕਾਰੀ ਇੰਜੀਨੀਅਰ	ਮੁੱਖ ਇੰਜੀਨੀਅਰ ਪਾਸੋਂ ਰਿਪੋਰਟ ਮੰਗੀ ਗਈ ਹੈ। ਇਹ ਰਿਪੋਰਟ ਪ੍ਰਾਪਤ ਹੋਣ ਤੇ ਅਗਲੇਰੀ ਕਾਰਵਾਈ ਕੀਤੀ ਜਾਵੇਗੀ ।
6	ਸ੍ਰੀ ਬੂਟਾ ਸਿੰਘ ਦਲਿਤ ਮੁਲਾਜ਼ਮ ਫਰੰਟ ਇਕਾਈ ਬਠਿੰਡਾ	28-8-92	ਉਹੀ	ਉਹੀ
7	ਸ੍ਰੀ ਕੁਲਦੀਪ ਸਿੰਘ, ਜਨਰਲ ਸਕੱਤਰ, ਪੰਜਾਬ ਸੁਬਾਰਡੀਨੇਟ, ਸਰਵਿਸਜ਼ ਫੈਡਰੇਸ਼ਨ, ਪਟਿਆਲਾ	10-9-92	ਉਹੀ	ਉਹੀ
8	ਪ੍ਰਧਾਨ ਯੁਬ ਫਾਰਮ, ਪੰਜਾਬ ਬਠਿੰਡਾ	12/92	ਉਹੀ	ਉਹੀ
9	ਸ੍ਰੀ ਜਸਵੰਤ ਸਿੰਘ, ਸਰਕਾਰੀ ਠੇਕੇਦਾਰ	1-9-92	ਸ੍ਰੀ ਓ.ਪੀ. ਸ਼ਰਮਾ, ਉਪ ਮੰਡਲ ਇੰਜ:	ਉਹੀ
10	ਸ੍ਰੀ ਬਲਵੰਤ ਸਿੰਘ ਸਰਪੰਚ (ਭੈਂਖਾਰਾ) ਜ਼ਿਲ੍ਹਾ ਬਠਿੰਡਾ	9-2-93	ਸ੍ਰ: ਹਰਬੰਸ ਸਿੰਘ ਬਰਾੜ ਉਪ-ਮੰਡਲ ਇੰਜੀਨੀਅਰ, ਜਨ ਸਿਹਤ ਉਪ-ਮੰਡਲ (ਸਕ) ਬਠਿੰਡਾ	ਇੰਨਕੁਆਰੀ ਰਿਪੋਰਟ ਪ੍ਰਾਪਤ ਹੋ ਚੁੱਕੀ ਹੈ ਤੇ ਵਿਚਾਰ ਅਧੀਨ ਹੈ ।

1	2	3	4	5
11	ਸ੍ਰੀ ਉੱਤਮ ਸਿੰਘ ਸਰਪੰਚ ਗਰਾਮ ਪੰਚਾਇਤ, ਰਾਮਪੁਰਾ	29-3-93	ਐਸ.ਡੀ.ਬੀ. (ਪਜਸ) ਰਾਮਪੁਰਾ ਫੂਲ	ਮੁੱਖ ਇੰਜੀਨੀਅਰ ਨੂੰ ਅਣ-ਅਧਿਕਾਰਤ ਕੁਨੈ-ਕਸ਼ਨ ਕੱਟਣ ਲਈ ਹਦਾਇਤਾਂ ਜਾਰੀ ਕਰ ਦਿੱਤੀਆਂ ਹਨ ।
12	ਸ੍ਰੀ ਹਰਦਮ ਸਿੰਘ ਪ੍ਰਧਾਨ ਕਲਾਸ-4, ਇੰਪਲਾਈਜ਼ ਯੂਨੀਅਨ, ਬਠਿੰਡਾ	16-12-92	ਜਨ ਸਿਹਤ, ਬਠਿੰਡਾ ਦੇ ਅਧਿਕਾਰੀਆਂ ਕਰਮਚਾਰੀਆਂ ਵਿਰੁੱਧ	ਸ਼ਿਕਾਇਤ ਕੂੜਨਾਮ/ਗੁਮਨਾਮ ਹੋਣ ਕਰਕੇ ਚੌਕਸੀ ਵਿਭਾਗ ਵਿੱਚ ਫਾਈਲ ਕਰ ਦਿੱਤੀ ਗਈ ਹੈ ।
13	ਸਬ ਡਵੀਜ਼ਨ ਦੇ ਕਰਮਚਾਰੀਆਂ ਵੱਲੋਂ	16-12-92	ਉਹੀ	ਉਹੀ

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਮਾਨਯੋਗ ਮੰਤਰੀ ਜੀ ਨੇ ਕਾਫੀ ਵਿਸਥਾਰੀ ਨਾਲ ਜਵਾਬ ਦੇ ਦਿੱਤਾ ਹੈ। ਇਸ ਦੇ ਦੋ ਪਾਰਟ ਹਨ। ਇਕ ਤਾਂ ਇਹ ਕਿ ਇਨਕੁਆਰੀ ਮੁਕੰਮਲ ਹੋਣ ਰਹਿੰਦੀ ਹੈ। ਜਿਹੜੀ ਇਨਕੁਆਰੀ ਕੰਪਲੀਟ ਹੋ ਗਈ ਹੈ, ਉਸ ਕਾਰਵਾਈ ਤੇ ਐਕਸ਼ਨ ਲੈਣ ਵਿਚ ਕੀ ਰੁਕਾਵਟ ਹੈ?

ਪੇਂਡੂ ਵਿਕਾਸ ਅਤੇ ਪੰਚਾਇਤਾਂ ਮੰਤਰੀ : ਸਾਡੇ ਕੋਲ ਦੋ ਕੇਸਾਂ ਦੀ ਰਿਪੋਰਟ ਪਹੁੰਚੀ ਹੈ। ਇਨ੍ਹਾਂ ਵਿਚੋਂ ਇੱਕ ਕੇਸ ਵਿਚ ਟਰਾਂਸਫਰ ਦੇ ਆਰਡਰ ਹੋ ਗਏ ਹਨ। ਜਦੋਂ ਜਨਰਲ ਟਰਾਂਸਫਰਾਂ ਹੋਈਆਂ ਤਾਂ ਇਹ ਹੋ ਜਾਵੇਗੀ। ਦੂਜੀ ਵਿਚ ਅਸਲ ਰਿਪੋਰਟ ਹਾਲੇ ਤੱਕ ਕੰਪਲੀਟ ਨਹੀਂ ਪਹੁੰਚੀ। ਇਸ ਲਈ ਉਸ ਤੇ ਪਰੋਸੈਸ ਹੋਣਾ ਰਹਿੰਦਾ ਹੈ । ਆਸ ਹੈ ਇਹ ਵੀ ਜਲਦੀ ਹੀ ਹੋ ਜਾਵੇਗੀ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਬਾਕੀ ਇਨਕੁਆਰੀ ਕਦੋਂ ਤੱਕ ਮੁਕੰਮਲ ਹੋ ਜਾਵੇਗੀ ਅਤੇ ਜੋ ਰਿਪੋਰਟ ਦਿੱਤੀ ਜਾਵੇਗੀ, ਉਸ ਤੇ ਐਕਸ਼ਨ ਕਦੋਂ ਤੱਕ ਲਿਆ ਜਾਵੇਗਾ?

ਮੰਤਰੀ : ਬਾਕੀ ਕੰਪਲੇਂਟਸ ਕੋਈ ਬਹੁਤੀਆਂ ਪੁਰਾਣੀਆਂ ਨਹੀਂ ਹਨ। ਇੱਕੋ ਹੀ ਚਾਰ ਕਿਸਮ ਦੀਆਂ ਕੰਪਲੇਂਟਸ ਹਨ ਅਤੇ ਉਨ੍ਹਾਂ ਨੂੰ ਜਲਦੀ ਹੀ ਕੰਪਲੀਟ ਕਰਕੇ ਐਕਸ਼ਨ ਲਿਆ ਜਾਵੇਗਾ। ਗਿਆਰਾਂ ਨੰਬਰ ਕੰਪਲੇਂਟਸ ਵਿਚ ਕੁਨੈਕਸ਼ਨ ਡਿਸ-ਕੁਨੈਕਟ ਕਰਨ ਲਈ ਆਰਡਰ ਕਰ ਦਿੱਤਾ ਗਿਆ ਹੈ ।

ਡਾਕਟਰ ਹਰਬੰਸ ਲਾਲ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਕਰਮਚਾਰੀ ਇਸ ਡਿਪਾਰਟਮੈਂਟ ਵਿਚ ਸਹੀ ਕੰਮ ਕਰਦੇ ਹਨ/ਹੋਰ ਲੋਕਾਂ ਵਾਸਤੇ ਉਨ੍ਹਾਂ ਨੂੰ ਮਹਿਕਮੇ ਦੀ ਇਨਫਰਮੇਸ਼ਨ ਦਸਦੇ ਹਨ ਪਰ ਜਦੋਂ ਉਨ੍ਹਾਂ ਦੇ ਵੱਡੇ ਅਫਸਰਾਂ ਨੂੰ ਇਸ ਬਾਰੇ ਪਤਾ ਲੱਗਦਾ ਹੈ ਕਿ

[ਡਾਕਟਰ ਹਰਬੰਸ ਲਾਲ]

ਅੰਦਰੂਨੀ ਇਨਫਰਮੇਸ਼ਨ ਦਿੱਤੀ ਜਾਂਦੀ ਹੈ ਤਾਂ ਉਨ੍ਹਾਂ ਨੂੰ ਬਦਲ ਦਿੱਤਾ ਜਾਂਦਾ ਹੈ ਜਾਂ ਜਬਰੀ ਰਿਟਾਇਰ ਕਰ ਦਿੱਤਾ ਜਾਂਦਾ ਹੈ। ਅਜਿਹੇ ਮੁਲਾਜ਼ਮਾਂ ਬਾਰੇ ਸਰਕਾਰ ਕੀ ਵਿਚਾਰ ਕਰ ਸਕਦੀ ਹੈ?

Mr. Speaker : Mr. Harbans Lal, I am sorry to say that it is not a supplimentary.

ਕਰਮਚਾਰੀਆਂ ਦੀ ਮੁਅੱਤਲੀ ਸਬੰਧੀ ਨਿਯਮ/ਹਿਦਾਇਤਾਂ

*816. **ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕ ਸਰਕਾਰ ਦੇ ਕੋਈ ਅਜਿਹੇ ਨਿਯਮ/ਹਦਾਇਤਾਂ ਹਨ ਕਿ ਕਰਮਚਾਰੀਆਂ/ਅਧਿਕਾਰੀਆਂ ਨੂੰ ਲੰਬੇ ਸਮੇਂ ਲਈ ਮੁਅੱਤਲ ਨਾ ਰਖਿਆ ਜਾਵੇ; ਜੇਕਰ ਅਜਿਹਾ ਹੋਵੇ, ਤਾਂ ਅਜਿਹੇ ਨਿਯਮ/ਹਦਾਇਤਾਂ ਦੀ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਵੇ ;

(ਅ) ਕੀ ਇਹ ਠੀਕ ਹੈ ਕਰਮਚਾਰੀ ਵਰਗ ਵਿਭਾਗ ਨੇ ਜਨਵਰੀ,1993 ਵਿਚ ਅਧਿਕਾਰੀਆਂ/ਕਰਮਚਾਰੀਆਂ ਨੂੰ ਲੰਬੇ ਸਮੇਂ ਲਈ ਮੁਅੱਤਲ ਰੱਖਣ ਦੀ ਪ੍ਰਵਿਰਤੀ ਨੂੰ ਰੋਕਣ ਦੀ ਜ਼ਰੂਰਤ ਤੇ ਜ਼ੋਰ ਦਿੰਦਿਆਂ ਹਦਾਇਤਾਂ ਜਾਰੀ ਕੀਤੀਆਂ ਹਨ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦੇ ਵੇਰਵੇ ਕੀ ਹਨ?

Sardar Beant Singh: (a) Yes Sir. A copy of instructions issued *vide* Punjab Govornment Circular No. 3/32/88/2PPII/18889, dated 6-12-1988 is placed on the Table of the House for convenience of Hon'ble Members.

(b) Yes Sir. A copy of instructions issued on 21-1-1993 *vide* letter No. 3/3/93-2PPII/1214 containing the details is also laid on the Table of the House.

No. 3/32/88-2PPII/18889.

GOVERNMENT OF PUNJAB

DEPARTMENT OF PERSONNEL AND ADMINISTRATIVE REFORMS

(PERSONNEL POLICIES-II BRANCH)

To

All Heads of Departments,
Commissioners of Divisions, Deputy Commissioners,
Registrar, Punjab and Haryana High Court,
District and Sessions Judges &
Sub-Divisional Officers (Civil) in the State.

Dated, Chandigarh, the 6th December, 1988.

Subjects—Expeditious finalisation of departmental enquiries against Government employees.

Sir,

I am directed to invite your attention to Punjab Government instructions No. 3034-GS-61/145007, dated the 21st April, 1961, on the subject noted above and to say that inspite of issue of detailed instructions emphasising speedy disposal of cases

of departmental inquiries against Government employees, there are serious delays resulting at times in prolonged suspension of the officials and often defeating the very purpose for which the inquiry has been ordered. To make the whole process of departmental inquiries time bound revised instructions are issued hereunder :—

1.2 The authority ordering disciplinary proceedings shall invariably decide at the outset, whether investigations are likely to be so complicated as to require the services of a special investigating agency, and thereafter order action. During the course of investigation, a close watch should be kept on the progress by the aforesaid authority to ensure that no undue delay occurs at any stage. With a view to ensure that inquiry under the Punishment and Appeal Rules is completed within a period of 6 months detailed time schedule is laid down as under :-

(i) Appointment of an Inquiry Officer	It should be decided while taking decision on the explaination furnished by the delinquent official on the preliminary charge-sheet served on him.
(ii) Consultation of record by the defaulting officials	Within five days of the order or within such further time not exceeding 5 days as the inquiry authority may allow.
(iii) Submission of list of witnesses and production of all documents by Govt. at the behest of the delinquent official	Within 15 days of the consultation of the record.
(iv) Production of documents by the authority as required by the delinquent official.	On receipt of the requisition referred every authority having the custody or possession of the requisitioned documents shall produce the same before the inquiry authority.
(v) Completing of Inquiry/Proceedings.	A period of three months within which proceedings are to be held on day to day basis and no adjournment of hearing should be for more than a week.
(vi) Second occasion after the regular hearings are over to be given to the employee to present his defence orally or in writing	Government employee shall be required to state his defence orally or in writing as he may prefer.
(vii) Preparation of inquiry report and its submission.	With in a period of 6 weeks after the last date of the hearing or giving of second occasion to the employee to present his defence orally.
(viii) Limitation for filing Appeal against award of punishment.	Within 45 days from the date communicating punishment.
(ix) Decision of Appeal (including consultation with P.P.S.C. where necessery)	Within a period of 45 days.

1.3 In case delinquent official makes any attempt to impede the progress of the inquiry by adopting dalatory tactics then the inquiry officer may start *ex-parte* proceedings as laid down under Rule 8.20 of Punishment and Appeal Rules. In other words the inquiry must be completed within a total period of six months. Here again a safeguard should be provided for exceptional situations of natural calamity like floods, earth-quake or any damage on account of which an employee is not in a position to complete his activity say on account of not having access to the relevant record, within the prescribed period. Then such prescribed period will have to be extended to a reasonable period and the enquiry officer will be competent to do so after obtaining a request-from the delinquent official in writing.

1.4 Similarly another safeguard is provided when a particular authority is unable to complete a specific activity within the prescribed period on account of circumstances beyond its control. Then the inquiry officer should forthwith submit a written report to the authority next higher departmental hierarchy explaining the reasons for his inability to do so and indicating the period within which he should complete that activitiy.

[Chief Minister]

1.5 It is reiterated that Inquiry Officer shall submit the inquiry report within a period of three months from the date of initiation of the inquiry in accordance with the provision of Punishment and Appeal Rules. In case the Inquiry Officer is not in a position to complete the Inquiry within this period the onus for completion of the inquiry unless he can attribute for circumstances not within his control as indicated in the above paras will be with him and he will inform the Administrative Secretary alongwith the reasons therefor and proceed further with the inquiry.

2. It will be necessary that there is regular monitoring of pending cases of departmental inquiry at different levels The Heads of the Departments should review all pending disciplinary cases relating to Class III and Class IV employees every month. Similarly the Administrative Secretary should review such cases relating to Class-I & II employees. The Administrative Departments should submit quarterly returns to the C.S. regarding the progress of all pending cases in the prescribed proforma which is attached.

3. On receipt of inquiry report the punishing authority shall take action on time bound basis and wherever deem fit award punishment within a period of one month from the date of receipt of the inquiry report in consultation with the Punjab Public Service Commission.

4. Please acknowledge receipt of this letter.

Yours faithfully,

(ROMILA DUBEY)

Joint Secretary, Personnel.

A copy is forwarded to all the Financial Commissioners and Administrative Secretaries to Government Punjab, for information and similar necessary action

Sd/-

Joint Secretary, Personnel.

To

(i) The Financial Commissioner' Punjab; &

(ii) All the Administrative Secretaries to Government, Punjab.

I.D.No. 3/32/88-2PPII/ Dated, Chandigarh the:

Quarterly Progress Report in respect of Departmental Inquiries against Gazetted Officers for the Month of

Name of the Department:————

Sr. No.	Name of officer with designation	Nature of allegation	Date of initiation of departmental proceedings	Date of Suspension if placed under Suspension.	Present position of the case	Reasons of delay	Date of Final order disposing of inquiry proceedings if decided	Remarks, if any.
1	2	3	4	5	6	7	8	9

ਨੰ: 3/3/93-2ਪੀ.ਪੀ.11/1214

ਪੰਜਾਬ ਸਰਕਾਰ

ਪ੍ਰਸੋਨਲ ਅਤੇ ਪ੍ਰਬੰਧਕੀ ਸੁਧਾਰ ਵਿਭਾਗ

(ਪੀ.ਪੀ. 11 ਸ਼ਾਖਾ)

ਮਿਤੀ 21 ਜਨਵਰੀ, 1993

ਸੇਵਾ ਵਿਖੇ,

ਸਮੂਹ ਵਿਭਾਗਾਂ ਦੇ ਮੁਖੀ,
ਡਵੀਜ਼ਨਾਂ ਦੇ ਕਮਿਸ਼ਨਰ, ਡਿਪਟੀ ਕਮਿਸ਼ਨਰ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ,
ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ,
ਉਪ ਮੰਡਲ ਅਫਸਰ (ਸਿਵਲ)।

ਵਿਸ਼ਾ:—ਸਰਕਾਰੀ ਕਰਮਚਾਰੀਆਂ ਦੇ ਖਿਲਾਫ ਵਿਭਾਗੀ ਪੜਤਾਲਾਂ ਦਾ ਤੇਜ਼ੀ ਨਾਲ ਨਿਪਟਾਰਾ ਕਰਨ ਸਬੰਧੀ।

ਸ੍ਰੀਮਾਨ ਜੀ,

ਮੈਨੂੰ ਹਦਾਇਤ ਹੋਈ ਹੈ ਕਿ ਉਪਰੋਕਤ ਵਿਸ਼ੇ ਤੇ ਮੈਂ ਆਪ ਦਾ ਧਿਆਨ ਪੰਜਾਬ ਸਰਕਾਰ ਵੱਲੋਂ ਗਸ਼ਤੀ ਪੱਤਰ ਨੰ: 3/32/88-2ਪੀ.ਪੀ.11/18889, ਮਿਤੀ 6 ਦਸੰਬਰ, 1988 ਵੱਲ ਦਿਵਾਵਾਂ ਜਿਸ ਵਿਚ ਸਰਕਾਰੀ ਕਰਮਚਾਰੀਆਂ ਦੇ ਖਿਲਾਫ ਵਿਭਾਗੀ ਪੜਤਾਲਾਂ ਨੂੰ ਨਿਪਟਾਉਣ ਲਈ ਵੱਖ ਵੱਖ ਪੜਾਵਾਂ ਤੇ ਲੱਗਣ ਵਾਲਾ ਸਮਾਂ ਨਿਰਧਾਰਤ ਕੀਤਾ ਗਿਆ ਹੈ। ਇਨ੍ਹਾਂ ਹਦਾਇਤਾਂ ਵਿਚ ਇਹ ਕਿਹਾ ਗਿਆ ਹੈ ਕਿ ਕਿਸੇ ਸਰਕਾਰੀ ਕਰਮਚਾਰੀ ਦੇ ਖਿਲਾਫ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਨਿਯਮਾਵਲੀ, 1970 ਦੇ ਤਹਿਤ ਵਿਭਾਗੀ ਪੜਤਾਲ 6 ਮਹੀਨੇ ਦੇ ਅੰਦਰ ਅੰਦਰ ਸਮਾਪਤ ਹੋ ਜਾਣੀ ਚਾਹੀਦੀ ਹੈ ਤਾਂ ਜੋ ਦੋਸ਼ੀ ਕਰਮਚਾਰੀ ਬਿਨਾਂ ਕਾਰਨ ਲੰਬੇ ਸਮੇਂ ਤੱਕ ਮੁਅੱਤਲੀ ਅਧੀਨ ਨਾ ਰਹਿ ਸਕੇ। ਕਰਮਚਾਰੀਆਂ ਦੇ ਲੰਬੇ ਸਮੇਂ ਤੱਕ ਮੁਅਤਲੀ ਅਧੀਨ ਰਹਿਣ ਕਾਰਨ ਨਾ ਕੇਵਲ ਸਰਕਾਰ ਦੇ ਕੰਮ-ਕਾਜ ਦਾ ਹਰਜਾ ਹੀ ਹੁੰਦਾ ਹੈ ਸਗੋਂ ਇਸ ਦੇ ਨਾਲ ਨਾਲ ਵਿੱਤੀ ਨੁਕਸਾਨ ਵੀ ਹੁੰਦਾ ਹੈ।

2. ਇਨ੍ਹਾਂ ਹਦਾਇਤਾਂ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਇਹ ਜ਼ਰੂਰੀ ਹੈ ਕਿ ਵਿਭਾਗੀ ਪੜਤਾਲਾਂ ਦੇ ਕੇਸਾਂ ਦੀ ਵੱਖ ਵੱਖ ਪੱਧਰਾਂ ਤੇ ਨਿਯਮਤ ਮੋਨੀਟਰਿੰਗ ਕੀਤੀ ਜਾਵੇ। ਸਮੂਹ ਵਿਭਾਗਾਂ ਦੇ ਮੁੱਖੀਆਂ ਨੂੰ ਕਿਹਾ ਗਿਆ ਸੀ ਕਿ ਉਹਨਾਂ ਵੱਲੋਂ ਦਰਜਾ 3 ਅਤੇ 4 ਕਰਮਚਾਰੀਆਂ ਦੇ ਅਨੁਸ਼ਾਸ਼ਨੀ ਕੇਸਾਂ ਸਬੰਧੀ ਹਰ ਮਹੀਨੇ ਸਮੀਖਿਆ ਕਰਨੀ ਚਾਹੀਦੀ ਹੈ। ਇਸੇ ਤਰ੍ਹਾਂ ਪ੍ਰਬੰਧਕੀ ਸਕੱਤਰਾਂ ਵੱਲੋਂ ਦਰਜਾ-1 ਅਤੇ ਦਰਜਾ-2 ਕਰਮਚਾਰੀਆਂ ਦੇ ਕੇਸਿਜ਼ ਵਿੱਚ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਸਾਰੇ ਪ੍ਰਬੰਧਕੀ ਸਕੱਤਰਾਂ ਨੂੰ ਕਿਹਾ ਗਿਆ ਸੀ ਕਿ ਲੰਬਤ ਕੇਸਾਂ ਦੀ ਪ੍ਰਗਤੀ ਬਾਰੇ ਤਿਮਾਹੀ ਰਿਪੋਰਟ ਨਿਰਧਾਰਤ ਪਰੋਫਾਰਮੇ ਵਿੱਚ ਇਸ ਵਿਭਾਗ ਨੂੰ ਭੇਜੀ ਜਾਇਆ ਕਰੇ।

[ਮੁੱਖ ਮੰਤਰੀ]

3. ਇਹ ਵੇਖਣ ਵਿੱਚ ਆਇਆ ਹੈ ਕਿ ਇਨ੍ਹਾਂ ਹਦਾਇਤਾਂ ਦੀ ਸਹੀ ਢੰਗ ਨਾਲ ਪਾਲਣਾ ਨਹੀਂ ਹੋ ਰਹੀ। ਕਈ ਕਰਮਚਾਰੀਆਂ ਦੇ ਖਿਲਾਫ ਵਿਭਾਗੀ ਪੜਤਾਲਾਂ ਸਾਲਾਂ ਬੱਧੀ ਚਲਦੀਆਂ ਰਹਿੰਦੀਆਂ ਹਨ ਅਤੇ ਇਨ੍ਹਾਂ ਪੜਤਾਲਾਂ ਨੂੰ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਨਿਪਟਾਉਣ ਦਾ ਯਤਨ ਨਹੀਂ ਕੀਤਾ ਜਾਂਦਾ। ਸਰਕਾਰ ਇਸ ਤਰ੍ਹਾਂ ਦੇ ਅਵੇਸਲੇਪਨ ਨੂੰ ਬਹੁਤ ਗੰਭੀਰ ਸਮਝਦੀ ਹੈ ।

4. ਇਸ ਲਈ ਉਪਰੋਕਤ ਦਰਸਾਈ ਸਥਿਤੀ ਦੇ ਸਨਮੁੱਖ ਬੇਨਤੀ ਕੀਤੀ ਜਾਂਦੀ ਹੈ ਕਿ ਦੋਸ਼ੀ ਕਰਮਚਾਰੀਆਂ ਨੂੰ ਬਿਨਾਂ ਕਾਰਨ ਲੰਬੇ ਸਮੇਂ ਤੱਕ ਮੁਅੱਤਲੀ ਅਧੀਨ ਨਾ ਰੱਖਿਆ ਜਾਵੇ ਅਤੇ ਉਨ੍ਹਾਂ ਵਿਰੁੱਧ ਵਿਭਾਗੀ ਪੜਤਾਲ ਦਾ ਕੰਮ ਹਰ ਹਾਲਤ ਵਿਚ 6 ਮਹੀਨੇ ਵਿਚ ਸਮਾਪਤ ਕਰ ਦਿੱਤਾ ਜਾਵੇ। ਜਿਹੜੇ ਕਰਮਚਾਰੀਆਂ ਦੇ ਖਿਲਾਫ ਪਹਿਲਾਂ ਹੀ ਵਿਭਾਗੀ ਪੜਤਾਲਾਂ 6 ਮਹੀਨੇ ਤੋਂ ਜ਼ਿਆਦਾ ਸਮੇਂ ਤੋਂ ਚਲ ਰਹੀਆਂ ਹਨ, ਉਨ੍ਹਾਂ ਦਾ ਨਿਪਟਾਰਾ ਮਿਤੀ 31 ਮਾਰਚ, 1993 ਤੱਕ ਕਰਕੇ ਉਸ ਦੀ ਪ੍ਰਗਤੀ ਰਿਪੋਰਟ ਮਿਤੀ 10 ਅਪਰੈਲ, 1993 ਤੱਕ ਹਰ ਹਾਲਤ ਵਿੱਚ ਸਰਕਾਰ ਨੂੰ ਭੇਜੀ ਜਾਵੇ।

5. ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ ।

ਵਿਸ਼ਵਾਸ ਪਾਤਰ,

ਸਹੀ/—

(ਕਰਮ ਚੰਦ ਆਹੂਜਾ),

ਉਪ-ਸਕੱਤਰ, ਪ੍ਰਸੋਨਲ।

ਇਸ ਦਾ ਇੱਕ ਉਤਾਰਾ ਸਮੂਹ ਵਿੱਤੀ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ

ਸਹੀ/—

(ਕਰਮ ਚੰਦ ਆਹੂਜਾ),

ਉਪ-ਸਕੱਤਰ, ਪ੍ਰਸੋਨਲ।

ਸੇਵਾ ਵਿਖੇ

ਸਮੂਹ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ
ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ।

ਅੰ:ਵਿ:ਪ:ਨੰ: 3/3/93-2ਪੀ.ਪੀ.11, ਮਿਤੀ, ਚੰਡੀਗੜ੍ਹ 21 ਜਨਵਰੀ, 1993

ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਦਾ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਕਰਮਚਾਰੀਆਂ ਨੂੰ ਲੰਬੇ ਸਮੇਂ ਤੱਕ ਮੁਅੱਤਲ ਨਾ ਰੱਖਣ ਅਤੇ ਰਿਲੀਫ ਦੇਣ ਲਈ ਮਿਤੀ 21 ਜਨਵਰੀ, 1993 ਨੂੰ ਹਦਾਇਤਾਂ ਜਾਰੀ ਕੀਤੀਆਂ ਹਨ। ਇਨ੍ਹਾਂ ਹਦਾਇਤਾਂ ਅਨੁਸਾਰ ਹਰ ਵਿਭਾਗ ਲਈ ਜ਼ਰੂਰੀ ਹੈ ਕਿ ਉਹ ਹਰ ਮਹੀਨੇ ਸਰਕਾਰ ਨੂੰ ਸੂਚਨਾ ਭੇਜੇ। ਇਹ ਠੀਕ ਨਹੀਂ ਕਿ ਟਰਾਂਸਪੋਰਟ ਅਤੇ ਮਾਲ ਮਹਿਕਮੇ ਵਿਚੋਂ ਕੋਈ ਵਿਭਾਗੀ ਰਿਪੋਰਟ ਨਹੀਂ ਭੇਜੀ ਜਾਂਦੀ ? ਸਰਕਾਰ ਸਭ ਵਿਭਾਗਾਂ ਤੋਂ ਰਿਪੋਰਟਾਂ ਲੈਣ ਲਈ ਕੀ ਕਾਰਵਾਈ ਕਰੇਗੀ ਤਾਂ ਕਿ ਕਰਮਚਾਰੀ ਲੰਬੇ ਸਮੇਂ ਤਕ ਮੁਅੱਤਲ ਨਾ ਰੱਖੇ ਜਾਣ?

ਮੁੱਖ ਮੰਤਰੀ : ਸਪੀਕਰ ਸਾਹਿਬ, ਜਿੱਥੋਂ ਤੱਕ ਟਰਾਂਸਪੋਰਟ ਅਤੇ ਰੈਵੀਨਿਊ ਦਾ ਸਵਾਲ ਹੈ, ਉਸ ਬਾਰੇ ਮੈਂਬਰ ਸਾਹਿਬ ਸੈਪਰੇਟ ਸਵਾਲ ਦੇਣ। ਇਹ ਅਲੱਗ-ਅਲੱਗ ਦੇਖ ਲਵਾਂਗਾ ਕਿ ਕਿੰਨੇ ਮੁਲਾਜ਼ਮ ਸਸਪੈਂਡ ਹਨ। ਪਰ ਜਨਰਲੀ ਗੱਲ ਇਹ ਹੈ ਕਿ ਅਸੀਂ ਹਦਾਇਤਾਂ ਜਾਰੀ ਕੀਤੀਆਂ ਹੋਈਆਂ ਹਨ ਔਰ ਦਸੰਬਰ 1992 ਵਿਚ ਮੀਟਿੰਗ ਵੀ ਕੀਤੀ ਸੀ। ਕੈਬਨਿਟ ਮੀਟਿੰਗ ਵਿਚ ਇਹ ਫੈਸਲਾ ਕੀਤਾ ਸੀ ਕਿ ਲਬੇ ਸਮੇਂ ਤਕ ਉਨ੍ਹਾਂ ਨੂੰ ਮੁਅੱਤਲ ਨਾ ਰੱਖਿਆ ਜਾਵੇ ਔਰ ਸਾਰੇ ਡਿਪਾਰਟਮੈਂਟਸ ਨੂੰ ਕਿਹਾ ਸੀ ਕਿ ਜੋ ਲੰਬੇ ਸਮੇਂ ਤਕ ਮੁਅੱਤਲ ਹਨ, ਉਨ੍ਹਾਂ ਦੀ ਇਨਕੁਆਰੀ ਕਰਕੇ 31 ਮਾਰਚ, 1993 ਤੱਕ ਫੈਸਲਾ ਕੀਤਾ ਜਾਵੇ ਅਤੇ ਰਿਪੋਰਟ ਸਰਕਾਰ ਨੂੰ ਭੇਜੀ ਜਾਵੇ। ਇਹ ਰਿਪੋਰਟ 10 ਅਪਰੈਲ, 1993 ਤੱਕ ਪਹੁੰਚ ਜਾਣੀ ਚਾਹੀਦੀ ਹੈ।

ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ : ਕੀ ਇਹ ਸੱਚ ਨਹੀਂ ਕਿ ਪੰਜਾਬ ਰੋਡਵੇਜ਼ ਤਰਨਤਾਰਨ ਅਤੇ ਅੰਮ੍ਰਿਤਸਰ ਡੀਪੂਆਂ ਸਮੇਤ ਰੋਡਵੇਜ਼ ਦੇ ਸਭ ਡੀਪੂਆਂ ਵਿੱਚ ਕ੍ਰਮਚਾਰੀ ਲੰਮੇ ਸਮੇਂ ਤਕ-ਮੁਅੱਤਲ ਰਖੇ ਜਾਂਦੇ ਹਨ ਅਤੇ ਸਰਕਾਰ ਦੀਆਂ ਹਦਾਇਤਾਂ ਦੀ ਕੋਈ ਪ੍ਰਵਾਹ ਨਹੀਂ ਕੀਤੀ ਜਾਂਦੀ, ਕੋਈ ਚਾਰਜਸ਼ੀਟ ਨਹੀਂ ਦਿੱਤੀ ਜਾਂਦੀ, ਕ੍ਰਮਚਾਰੀ ਕੋਰਟਾਂ ਤੋਂ ਬਹਾਲ ਹੋ ਕੇ ਸਾਰੇ ਬਕਾਏ ਲੈ ਜਾਂਦੇ ਹਨ ਜੋ ਰੋਡਵੇਜ਼ ਤੇ ਵਾਧੂ ਭਾਰ ਹੈ?

ਸ੍ਰੀ ਸਪੀਕਰ : ਇਹ ਸਪੈਸਿਫਿਕ ਸਪਲੀਮੈਂਟਰੀ ਨਹੀਂ ਹੈ, ਇਸ ਲਈ ਮੈਂ ਤੁਹਾਡਾ ਇਹ ਸਪਲੀਮੈਂਟਰੀ ਅਲਾਓ ਨਹੀਂ ਕਰਦਾ। ਤਸੀਂ ਸੈਪਰੇਟ ਸਵਾਲ ਦੇ ਦਿਉ, ਸੀ.ਐਮ. ਸਾਹਿਬ ਜਵਾਬ ਦੇ ਦੇਣਗੇ। Next Question.

ਨੰਗਲ ਵਿਖੇ ਉਦਯੋਗਿਕ ਮਿਲਖ ਦੀ ਸੰਥਾਪਨਾ

*751. **ਸ੍ਰੀ ਮਦਨ ਮੋਹਨ ਮਿਤਲ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਜ਼ਿਲ੍ਹਾ ਰੋਪੜ ਵਿਚ ਇਸ ਸਮੇਂ ਕਿੰਨੀਆਂ ਉਦਯੋਗਿਕ ਮਿਲਖਾਂ ਸਥਾਪਤ ਕੀਤੀਆਂ ਹੋਈਆਂ ਹਨ ;

(ਅ) ਕੀ ਸਰਕਾਰ ਦਾ ਨੰਗਲ ਵਿਖੇ ਉਦਯੋਗਿਕ ਮਿਲਖ ਸਥਾਪਤ ਕਰਨ ਦਾ ਕੋਈ ਵਿਚਾਰ ਹੈ ?

Sardar Beant Singh : (a) Apart from an Industrial Focal Point at S.A.S Nagar, a Rural Indusirial Estate has also been set up at Morinda in Ropar District.

(b) A Focal Point is proposed to be set up at Nangal.

ਸ੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਇਹ ਠੀਕ ਹੈ ਕਿ ਇਨ੍ਹਾਂ ਨੇ ਕਿਹਾ ਹੈ ਕਿ ਅਸੀਂ ਫੋਕਲ ਪੁਆਇੰਟ ਨੰਗਲ ਵਿਖੇ ਸਥਾਪਤ ਕਰਨ ਦੀ ਤਜਵੀਜ਼ ਰਖਦੇ ਹਾਂ ਔਰ ਸੈਟ ਅੱਪ ਕਰਨ ਵਾਸਤੇ ਕੋਸ਼ਿਸ਼ ਕਰ ਰਹੇ ਹਾਂ, ਕੀ ਅਗਲੇ ਫਾਈਨਾਂਸ਼ੀਅਲ ਬਜਟ ਵਿੱਚ ਉਹ ਟ ਅਪ ਹੋ ਜਾਵੇਗਾ ?

[ਸ੍ਰੀ ਮਦਨ ਮੋਹਨ ਮਿੱਤਲ]

ਦੂਸਰੀ ਗੱਲ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਨੰਗਲ ਦੇ ਵਿਚ ਕੈਮੀਕਲਜ਼ ਪ੍ਰੋਡਕਟਸ ਬਹੁਤ ਹੈ, ਉਥੇ ਕੁਝ ਕੈਮੀਕਲ ਐਸੇ ਹਨ ਜੋ ਵੇਸਟ ਹੋ ਰਹੇ ਹਨ, ਕੀ ਨੰਗਲ ਨੂੰ ਕੈਮੀਕਲ ਟਾਊਨ ਡਿਕਲੇਅਰ ਕਰਕੇ ਉਥੇ ਕੋਈ ਕੈਮੀਕਲਜ਼ ਦੀ ਇੰਡਸਟਰੀ ਲਾਉਣਗੇ ?

ਸ੍ਰੀ ਸਪੀਕਰ: ਸੀ.ਐਮ. ਸਾਹਿਬ, ਤੁਸੀਂ ਪਹਿਲੇ ਪਾਰਟ ਦਾ ਜਵਾਬ ਦੇ ਦਿਓ।

ਮੁੱਖ ਮੰਤਰੀ: ਸਪੀਕਰ ਸਾਹਿਬ, ਜਿਥੋਂ ਤੱਕ ਇਨ੍ਹਾਂ ਦੇ ਪਹਿਲੇ ਪਾਰਟ ਦਾ ਸਵਾਲ ਹੈ ਉਸ ਦੇ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਕੁਝ ਪਿੰਡਾਂ ਦੀ ਜ਼ਮੀਨ ਅਸੀਂ ਇਸ ਫੋਕਲ ਪੁਆਇੰਟ ਬਣਾਉਣ ਵਾਸਤੇ ਐਕੁਆਇਰ ਕੀਤੀ ਸੀ ਕਿ ਇਹ ਜਲਦੀ ਬਣਾਇਆ ਜਾਵੇ ਲੇਕਿਨ ਕੁਝ ਲੋਕ ਹਾਈਕੋਰਟ ਦੇ ਵਿੱਚ ਚਲੇ ਗਏ ਔਰ ਹਾਈ ਕੋਰਟ ਵਿੱਚ ਇਸ ਦੇ ਲਈ ਸਟੇਅ ਹੋਈ ਹੈ ਔਰ ਜਿੰਨਾ ਚਿਰ ਸਟੇਅ ਖੁਲ੍ਹਦੀ ਨਹੀਂ ਅਸੀਂ ਉਥੇ ਸ਼ੁਰੂ ਨਹੀਂ ਕਰ ਸਕਦੇ। ਅਸੀਂ ਹਾਈਕੋਰਟ ਨੂੰ ਇਕ ਚਿੱਠੀ ਵੀ ਲਿਖੀ ਹੈ ਕਿ ਇਸ ਦਾ ਫੈਸਲਾ ਜਲਦੀ ਕੀਤਾ ਜਾਵੇ ਪਰ ਕੇਸ ਹਾਲੀ ਪੈਂਡਿੰਗ ਹੈ। ਜਦੋਂ ਹਾਈ ਕੋਰਟ ਦਾ ਫੈਸਲਾ ਹੋ ਜਾਵੇਗਾ ਅਸੀਂ ਇਹ ਖੁੱਦ ਕਰ ਲਵਾਂਗੇ।

ਦੂਸਰੀ ਗੱਲ ਜਿਹੜੀ ਇਨ੍ਹਾਂ ਕੈਮੀਕਲ ਦੇ ਬਾਰੇ ਕਹੀ ਹੈ ।

ਸ੍ਰੀ ਸਪੀਕਰ: ਮੈਂ ਸਿਰਫ ਪਹਿਲੇ ਪਾਰਟ ਲਈ ਅਲਾਓ ਕੀਤਾ ਹੈ ।

ਮੁੱਖ ਮੰਤਰੀ: ਉਸ ਦੇ ਬਾਰੇ ਸੈਪਰੇਟ ਸਵਾਲ ਦੇ ਦੇਣ, ਮੈਂ ਜਵਾਬ ਦੇ ਦੇਵਾਂਗਾ।

ਡਾਕਟਰ ਹਰਬੰਸ ਲਾਲ: ਸਪੀਕਰ ਸਾਹਿਬ, ਜਿਹੜਾ ਫਤਿਹਗੜ੍ਹ ਸਾਹਿਬ ਨਵਾਂ ਜ਼ਿਲ੍ਹਾ ਬਣਿਆ ਹੈ ਉਸ ਦੇ ਲਈ ਮੈਂ ਚੀਫ ਮਨਿਸਟਰ ਸਾਹਿਬ ਦਾ ਧੰਨਵਾਦੀ ਹਾਂ ਪਰ ਉਹ ਜ਼ਿਲ੍ਹਾ ਇੰਡਸਟਰੀ ਵਲੋਂ ਪੱਛੜਿਆ ਹੋਇਆ ਹੈ, ਜਿਹੜੀ 20% ਸਬਸਿਡੀ ਦਿੱਤੀ ਹੈ ਉਸ ਦੇ ਲਈ ਵੀ ਅਸੀਂ ਧੰਨਵਾਦੀ ਹਾਂ ਪਰ ਮੈਂ ਚੀਫ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਉਥੇ ਕੋਈ ਹੈਵੀ ਇੰਡਸਟਰੀ ਲਾ ਰਹੀ ਹੈ ਜਾਂ ਕੋਈ ਫੋਕਲ ਪੁਆਇੰਟ ਬਣਾ ਰਹੀ ਹੈ ?

ਸ੍ਰੀ ਸਪੀਕਰ: ਹਰਬੰਸ ਲਾਲ ਜੀ, ਇਸ ਦੇ ਲਈ ਸੈਪਰੇਟ ਸਵਾਲ ਚਾਹੀਦਾ ਹੈ।

ਡਾਕਟਰ ਹਰਬੰਸ ਲਾਲ: ਸਪੀਕਰ ਸਾਹਿਬ, ਇਹ ਬਿਲਕੁਲ ਇਸ ਸਵਾਲ ਦੇ ਨਾਲ ਮਿਲਦਾ ਹੈ। ਇੰਡਸਟਰੀ ਦੀ ਗੱਲ ਹੈ ਔਰ ਮੈਂ ਆਪਣੇ ਇਲਾਕੇ ਵਾਸਤੇ ਇੰਡਸਟਰੀ ਦੇ ਬਾਰੇ ਸਪਲੀਮੈਂਟਰੀ ਪੁੱਛੀ ਹੈ। ਇੰਡਸਟਰੀ ਦਾ ਮਹਿਕਮਾ ਚੀਫ ਮਨਿਸਟਰ ਸਾਹਿਬ ਦੇ ਕੋਲ ਹੈ, ਇਹ ਦੱਸ ਦੇਣ। (ਵਿਘਨ) ਇਹ ਕਵਰ ਕਰਦਾ ਹੈ ਜੀ।

ਸ੍ਰੀ ਸਪੀਕਰ: ਇਹ ਰੋਪੜ ਜ਼ਿਲ੍ਹੇ ਦਾ ਸਵਾਲ ਹੈ, ਫਤਿਹਗੜ੍ਹ ਸਾਹਿਬ ਨੂੰ ਕਿਸ ਤਰ੍ਹਾਂ ਕਵਰ ਕਰਦਾ ਹੈ। ਤੁਸੀਂ ਸੈਪਰੇਟ ਸਵਾਲ ਦੇ ਦਿਓ। Next question No. 786.

ਮੈਂਬਰ ਸਾਹਿਬ ਨਾ ਹਾਊਸ ਵਿਚ ਹਾਜ਼ਰ ਹਨ ਔਰ ਨਾ ਹੀ ਉਨ੍ਹਾਂ ਵਲੋਂ ਕੋਈ ਅਥਾਰਿਟੀ ਹੈ, ਇਸ ਲਈ ਨੈਕਸਟ ਕੁਅਸਚਨ ਲੈ ਲੈਂਦੇ ਹਾਂ।

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਣ ਪ੍ਰਸ਼ਨ ਨੰ: 786 ਪੇਸ਼ ਨਹੀਂ ਹੋਇਆ)

ਸਿਵਲ ਡਿਸਪੈਂਸਰੀ, ਐਮ. ਐਲ. ਏਜ਼. ਹੋਸਟਲ, ਚੰਡੀਗੜ੍ਹ ਲਈ ਬੱਜਟ ਵੰਡ

*661. **ਕਾਮਰੇਡ ਹਰਦੇਵ ਸਿੰਘ ਅਰਸ਼ੀ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਐਮ. ਐਲ. ਏਜ਼. ਹੋਸਟਲ ਸੈਕਟਰ-4 ਚੰਡੀਗੜ੍ਹ ਵਿਖੇ ਸਥਿਤ ਸਰਕਾਰੀ ਡਿਸ-ਪੈਂਸਰੀ ਲਈ ਸਾਲਾਂ 1991-92 ਅਤੇ 1992-93 ਲਈ ਕਰਮਵਾਰ ਕੁਲ ਬਜਟ ਵੰਡ ਕਿੰਨੀ ਕਿੰਨੀ ਸੀ ?

ਸਰਦਾਰ ਲਾਲ ਸਿੰਘ: ਐਮ. ਐਲ. ਏਜ਼. ਡਿਸਪੈਂਸਰੀ, ਪੰਜਾਬ, ਚੰਡੀਗੜ੍ਹ ਨੂੰ ਸਾਲ 1991-92 ਅਤੇ 1992-93 ਲਈ ਹੇਠ ਲਿਖੇ ਅਨੁਸਾਰ ਫੰਡਜ਼ ਅਲਾਟ ਕੀਤੇ ਗਏ ਹਨ :

ਸਾਲ		ਰਾਸ਼ੀ
1991-92	...	5,82,000 ਰੁਪਏ
1992-93	..	8,96,000 ਰੁਪਏ

ਕਾਮਰੇਡ ਹਰਦੇਵ ਸਿੰਘ ਅਰਸ਼ੀ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਐਮ. ਐਲ. ਏ. ਹੋਸਟਲ ਵਿੱਚ ਜੋ ਡਿਸਪੈਂਸਰੀ ਹੈ ਉਸ ਦਾ ਲਾਭ ਨਾ ਕੇਵਲ ਐਮ. ਐਲ. ਏ. ਸਾਹਿਬ ਉਠਾਉਂਦੇ ਹਨ ਬਲਕਿ ਹੋਰ ਵੀ 75% ਵੀ. ਆਈ. ਪੀ. ਉਠਾਉਂਦੇ ਹਨ, ਇਸ ਗੱਲ ਨੂੰ ਧਿਆਨ ਵਿਚ ਰਖਦਿਆਂ ਹੋਇਆਂ ਕੀ ਉਥੇ ਕੋਈ ਐਕਸਰੇ ਪਲਾਂਟ ਲਾਉਣ ਔਰ ਪ੍ਰੋਜੈਕਟ ਜੋ ਲੈਬਾਰਟਰੀ ਹੈ ਉਸ ਨੂੰ ਅੱਪਗਰੇਡ ਕਰਨ ਲਈ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ ?

ਮੰਤਰੀ: ਵਿਚਾਰ ਅਧੀਨ ਹੈ ਜੀ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਮੇਰਾ ਦੂਸਰਾ ਸਪਲੀਮੈਂਟਰੀ ਇਹ ਹੈ ਕਿ ਕੀ ਇਸ ਡਿਸਪੈਂਸਰੀ ਨੂੰ 9 ਸੈਕਟਰ ਵਿਚ ਜੋ ਮਿੰਨੀ ਸੈਕਰੀਟੇਰੀਏਟ ਬਣ ਰਿਹਾ ਹੈ ਉਸ ਵਿਚ ਸ਼ਿਫਟ ਕਰਨ ਦਾ ਕੋਈ ਵਿਚਾਰ ਹੈ; ਜੇ ਵਿਚਾਰ ਹੈ ਤਾਂ ਇਸ ਦੇ ਕੀ ਕਾਰਨ ਹਨ ?

ਸ਼੍ਰੀ ਸਪੀਕਰ: ਇਹ ਸਪਲੀਮੈਂਟਰੀ ਇਸ ਸਵਾਲ ਵਿਚੋਂ ਨਹੀਂ ਪੈਦਾ ਹੁੰਦਾ।

ਕਾਮਰੇਡ ਹਰਦੇਵ ਸਿੰਘ ਅਰਸ਼ੀ: ਸਪੀਕਰ ਸਾਹਿਬ, ਇਸੇ ਡਿਸਪੈਂਸਰੀ ਸਬੰਧੀ ਸੁਆਲ ਹੈ। ਜੇਕਰ ਕੋਈ ਸ਼ਿਫਟ ਕਰਨ ਦਾ ਵਿਚਾਰ ਹੈ ਤਾਂ ਦੱਸ ਦੇਣ ?

ਸ਼੍ਰੀ ਸਪੀਕਰ : ਇਹ ਤੁਹਾਡਾ ਹਾਈਪੋਥੇਟੀਕਲ ਸੁਆਲ ਹੈ।

ਕਾਮਰੇਡ ਹਰਦੇਵ ਸਿੰਘ ਅਰਸ਼ੀ: ਸਪੀਕਰ ਸਾਹਿਬ, ਗੱਲ ਤਾਂ ਇਤਨੀ ਹੈ ਕਿ ਅਗਰ ਸ਼ਿਫਟ ਕਰਨ ਦਾ ਕੋਈ ਵਿਚਾਰ ਹੈ ਤਾਂ ਦੱਸ ਦੇਣ।

ਸ਼੍ਰੀ ਸਪੀਕਰ: ਮੰਤਰੀ ਜੀ, ਜੇ ਕੋਈ ਜਾਣਕਾਰੀ ਹੈ ਤਾਂ ਦੇ ਦਿਓ।

ਮੰਤਰੀ: ਮੇਰੇ ਨੋਟਿਸ ਵਿਚ ਕੋਈ ਗੱਲ ਨਹੀਂ ਹੈ

ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਦੇ ਟੈਕਨੀਕਲ ਸਟਾਫ ਦੇ ਤਨਖਾਹ ਸਕੇਲਾਂ ਵਿਚ ਤਰੁੱਟੀਆਂ ਦੂਰ ਕਰਨਾ

*817. **ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ:** ਕੀ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਇਲੈਕਟ੍ਰੀਸ਼ਨਾਂ, ਪਲੰਬਰਾਂ, ਕਾਰਪੈਂਟਰਾਂ, ਬਲੈਕ-ਸਮਿੱਥਾਂ ਅਤੇ ਦੂਜੇ ਤਕਨੀਕੀ ਅਮਲੇ ਦੇ ਕੇਸ ਵਿਚ 950--1,800 ਰੁਪਏ ਦੇ ਤਨਖਾਹ ਸਕੇਲ ਵਿਚ 1,000 ਰੁਪਏ ਦੀ ਮੁਢਲੀ ਤਨਖਾਹ ਦੇਣ ਸਬੰਧੀ ਵਿੱਤ ਵਿਭਾਗ ਦੀਆਂ ਹਦਾਇਤਾਂ ਨੂੰ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ, ਫਰੀਦਕੋਟ ਦੁਆਰਾ ਲਾਗੂ ਨਹੀਂ ਕੀਤਾ ਗਿਆ ਹੈ; ਜੇਕਰ ਅਜਿਹਾ ਹੋਵੇ, ਤਾਂ ਉਸ ਦੇ ਕੀ ਕਾਰਨ ਹਨ ਅਤੇ ਉਕਤ ਹਦਾਇਤਾਂ ਨੂੰ ਲਾਗੂ ਕੀਤੇ ਜਾਣ ਲਈ ਕੀ ਕਾਰਵਾਈ ਕੀਤੀ ਜਾ ਰਹੀ ਹੈ ?

ਸਰਦਾਰ ਲਾਲ ਸਿੰਘ: ਇਹ ਠੀਕ ਹੈ ਕਿ ਇਲੈਕਟ੍ਰੀਸੀਅਨਾਂ, ਪਲੰਬਰਾਂ, ਕਾਰਪੈਂਟਰਾਂ, ਬਲੈਕ-ਸਮਿੱਥਾਂ ਅਤੇ ਦੂਜੇ ਤਕਨੀਕੀ ਅਮਲੇ ਦੇ ਕੇਸ ਵਿਚ 950--1,800 ਰੁਪਏ ਦੇ ਤਨਖਾਹ ਸਕੇਲ ਵਿਚ 1,000 ਰੁਪਏ ਦੀ ਮੁਢਲੀ ਤਨਖਾਹ ਦੇਣ ਸਬੰਧੀ ਵਿੱਤ ਵਿਭਾਗ ਦੀਆਂ ਹਦਾਇਤਾਂ ਨੂੰ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ, ਫਰੀਦਕੋਟ, ਦੁਆਰਾ ਲਾਗੂ ਨਹੀਂ ਕੀਤਾ ਗਿਆ ਹੈ। ਇਸ ਦਾ ਕਾਰਨ ਇਹ ਹੈ ਕਿ ਨੋਟੀਫਿਕੇਸ਼ਨ ਨੰ: 2/29/90 -ਐਫ. ਪੀ.1/5294, ਮਿਤੀ 15 ਜੂਨ, 1990, ਜਿਸਰਾਹੀਂ ਵਿੱਤ ਵਿਭਾਗ ਵਲੋਂ ਸਕਿਲਡ ਅਤੇ ਸੈਮੀ-ਸਕਿਲਡ ਸਟਾਫ ਨੂੰ 950 - -1,800 ਰੁਪਏ ਦੇ ਤਨਖਾਹ ਸਕੇਲ ਵਿਚ 1,000 ਰੁਪਏ ਮੁਢਲੀ ਤਨਖਾਹ ਦਿੱਤੀ ਗਈ ਹੈ, ਵਿਚ ਸਕਿਲਡ ਅਤੇ ਸੈਮੀ-ਸਕਿਲਡ ਕੈਟਾ-ਗਰੀਆਂ ਦਾ ਵੇਰਵਾ ਨਹੀਂ ਦਿੱਤਾ ਗਿਆ। ਇਸ ਬਾਰੇ ਹੁਣ ਹੁਕਮ ਜਾਰੀ ਕਰ ਦਿੱਤੇ ਹਨ।

ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ: ਸਪੀਕਰ ਸਾਹਿਬ, ਮੈਂ ਸਿਹਤ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਮੇਰੇ ਪ੍ਰਸ਼ਨ ਦੇ ਉਤਰ ਵਿਚ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਵਿਚ ਕੰਮ ਕਰ ਰਹੇ ਇਲੈਕਟਰੀਸ਼ਨਾਂ, ਪਲੰਬਰਾਂ, ਕਾਰਪੈਂਟਰਾਂ, ਬਲੈਕਸਮਿੱਥਾਂ ਅਤੇ ਦੂਜੇ ਤਕਨੀਕੀ ਅਮਲੇ ਦੇ ਸੋਧਕੇ ਗਰੇਡ ਦੇਣ ਦੇ ਹੁਕਮ ਕੀਤੇ ਜਾਣ ਲਈ ਕਹਿ ਦਿਤਾ ਹੈ। । ਮੈਂ ਪੁੱਛਣਾ ਇਹ ਚਾਹੁੰਦਾ ਹਾਂ ਕਿ ਇਹ ਸੋਧੇ ਗਰੇਡ ਕਿਹੜੀ ਡੇਟ ਤੋਂ ਲਾਗੂ ਕੀਤੇ ਜਾਣਗੇ ?

ਮੰਤਰੀ: ਸਪੀਕਰ ਸਾਹਿਬ, ਇਕੱਲਾ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਦੀ ਗੱਲ ਨਹੀਂ ਹੈ, ਇਹ ਸਾਰੇ ਮੈਡੀਕਲ ਕਾਲਜਾਂ ਨਾਲ ਸਬੰਧਤ ਹੈ ਅਤੇ ਸਕਿਲਡ ਔਰ ਸੈਮੀ-ਸਕਿਲਡ ਜਿਹੜੀਆਂ ਪੋਸਟਾਂ ਹਨ, ਜਿਸ ਤਰ੍ਹਾਂ ਸਕਿਲਡ 31 ਔਰ ਸੈਮੀ ਸਕਿਲਡ 16 ਹਨ, ਇਸੇ ਤਰ੍ਹਾਂ ਹੋਰ ਕੈਟੇਗਰੀਜ਼ ਵੀ ਹਨ। ਇਨ੍ਹਾਂ ਸਭ ਨੂੰ ਤਿੰਨਾਂ ਮੈਡੀਕਲ ਕਾਲਜਾਂ ਵਿਚ ਕੰਮ ਕਰ ਰਹੇ ਕਰਮਚਾਰੀਆਂ ਲਈ ਮਿਤੀ 3 ਮਾਰਚ, 1993 ਨੂੰ ਇਕ ਹੁਕਮ ਜਾਰੀ ਕੀਤਾ ਗਿਆ ਹੈ ਔਰ ਕਿਹਾ ਗਿਆ ਹੈ ਕਿ ਇਨ੍ਹਾਂ ਦੇ ਜਿੰਨੇ ਬਕਾਇਆ ਹਨ ਛੇਤੀ ਦਿਤੇ ਜਾਣ।

ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ: ਸਪੀਕਰ ਸਾਹਿਬ, ਸਰਕਾਰ ਦਾ ਹੁਕਮ ਮਿਤੀ 15 ਜੂਨ, 1990 ਅਨੁਸਾਰ ਇਨ੍ਹਾਂ ਕਰਮਚਾਰੀਆਂ ਦੀਆਂ ਤਨਖਾਹਾਂ ਕਦੋਂ ਤਕ ਫਿਕਸ ਕਰਕੇ ਇਨ੍ਹਾਂ ਨੂੰ ਦੇ ਦਿੱਤੀਆਂ ਜਾਣਗੀਆਂ ?

ਮੰਤਰੀ: ਸਪੀਕਰ ਸਾਹਿਬ, ਮੈਂ ਬਿਲਕੁਲ ਸਾਫ ਦਸਿਆ ਹੈ ਕਿ ਮਿਤੀ 3 ਮਾਰਚ, 1993 ਨੂੰ ਹੁਕਮ ਜਾਰੀ ਕਰ ਦਿਤਾ ਹੈ ਕਿ ਇਨ੍ਹਾਂ ਦੇ ਬਕਾਇਆ ਛੇਤੀ ਦਿੱਤੇ ਜਾਣ।

ਜੰਗਿਆਣਾ ਅਤੇ ਮੂਝੂਕੇ ਪਿੰਡਾਂ ਦੇ ਪ੍ਰਾਇਮਰੀ ਸਕੂਲਾਂ ਨੂੰ ਅਪਗਰੇਡ ਕਰਨਾ

*832. **ਸਰਦਾਰ ਨਿਰਮਲ ਸਿੰਘ ਨਿੰਮਾ**: ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਪਿੰਡਾਂ ਜੰਗਿਆਣਾ ਅਤੇ ਮੂਝੂਕੇ, ਜ਼ਿਲ੍ਹਾ ਸੰਗਰੂਰ ਦੇ ਪ੍ਰਾਇਮਰੀ ਸਕੂਲਾਂ ਨੂੰ ਅਪਗਰੇਡ ਕਰਨ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ ਤਾਂ ਇਨ੍ਹਾਂ ਨੂੰ ਕਦੋਂ ਤੱਕ ਅਪਗਰੇਡ ਕੀਤੇ ਜਾਣ ਦੀ ਸੰਭਾਵਨਾ ਹੈ ।

ਸ੍ਰੀ ਹਰਨਾਮ ਦਾਸ ਜੌਹਰ : ਨਹੀਂ ਜੀ ।ਜੰਗੀਆਣਾ ਅਤੇ ਮੂਝੂਕੇ (ਸੰਗਰੂਰ) ਦੇ ਪਿੰਡਾਂ ਵਿੱਚ ਪ੍ਰਾਇਮਰੀ ਸਕੂਲਾਂ ਦੇ ਪੱਧਰ ਉੱਚਾ ਕਰਨ ਬਾਰੇ ਨਿਸਚਿਤਾ ਦੱਸਣੀ ਸਮਾਂ ਪੂਰਵਕ ਕਾਰਵਾਈ ਹੋਵੇਗੀ ।

ਸਰਦਾਰ ਨਿਰਮਲ ਸਿੰਘ ਨਿੰਮਾ : ਸਪੀਕਰ ਸਾਹਿਬ, ਇਨ੍ਹਾਂ ਨੇ ਜਵਾਬ ਦਿਤਾ ਹੈ ਕਿ 'ਨਹੀਂ ਜੀ' ਇਸ ਨਾਲ ਤਸੱਲੀ ਨਹੀਂ ਹੋ ਸਕਦੀ। ਇਨ੍ਹਾਂ ਪਿੰਡਾਂ ਦੀਆਂ ਬਿਲਡਿੰਗਾਂ ਪੰਚਾਇਤਾਂ ਵਲੋਂ ਤਿਆਰ ਕੀਤੀਆਂ ਗਈਆਂ ਹਨ ਅਤੇ ਸਟਾਫ ਦੀ ਇਕ ਇਕ ਸਾਲ ਦੀ ਤਨਖਾਹ ਵੀ ਉਹ ਜ਼ਮ੍ਹਾਂ ਕਰਾਉਣ ਲਈ ਤਿਆਰ ਹਨ। ਜੇ ਲੋਕ ਪਬਲਿਕ ਜਾਂ ਪੰਚਾਇਤਾਂ ਬਿਲਡਿੰਗਾਂ ਆਦਿ ਬਣਾ ਕੇ ਦਿੰਦੀ ਹੈ ਤਾਂ ਸਰਕਾਰ ਕਿਉਂ ਨਹੀਂ ਅਪਗਰੇਡ ਕਰਦੀ। ਮੇਰਾ ਸਪਲੀਮੈਂਟਰੀ ਹੈ ਕਿ ਕੀ ਇਸ ਗੱਲ ਨੂੰ ਵਿਚਾਰ ਕਰਕੇ ਪਹਿਲ ਦੇ ਅਧਾਰ ਤੇ ਇਨ੍ਹਾਂ ਸਕੂਲਾਂ ਨੂੰ ਅਪਗਰੇਡ ਕਰਨਗੇ ?

ਮੰਤਰੀ: ਸਪੀਕਰ ਸਾਹਿਬ, ਇਨ੍ਹਾਂ ਨੇ ਦੋ ਪ੍ਰਾਇਮਰੀ ਸਕੂਲਾਂ ਦੀ ਗੱਲ ਕੀਤੀ ਹੈ, ਪਰ ਜੋ ਨਾਰਮ ਅਪਗਰੇਡੇਸ਼ਨ ਵਾਸਤੇ ਹੈ ਪ੍ਰਾਈਮਰੀ ਤੋਂ ਮਿਡਲ ਉਸ ਮੁਤਾਬਿਕ ਇਨ੍ਹਾਂ ਨੂੰ ਪਲਾਨਿੰਗ ਬੋਰਡ ਦੇ ਥਰੂ ਆਉਣਾ ਚਾਹੀਦਾ ਹੈ, ਜੇਕਰ ਬੋਰਡ ਸਿਫਾਰਸ਼ ਕਰੇਗਾ ਤਾਂ ਵਿਚਾਰ ਕਰ ਲਵਾਂਗੇ ।

ਸਰਦਾਰ ਨਿਰਮਲ ਸਿੰਘ ਨਿੰਮਾ : ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਪਲਾਨਿੰਗ ਬੋਰਡ ਸਿਫਾਰਸ਼ ਕਰਕੇ ਭੇਜੇਗਾ ਤਾਂ ਉਸ ਉਤੇ ਵਿਚਾਰ ਕਰਨਗੇ। ਪਲਾਨਿੰਗ ਬੋਰਡ ਵਿਚ ਤਾਂ ਉਦੋਂ ਜਾਣਾ ਪੈਂਦਾ ਹੈ ਜਦੋਂ ਕਿਸੇ ਸਕੂਲ ਦੀ ਬਿਲਡਿੰਗ ਬਣਾਉਣੀ ਹੋਵੇ ਔਰ ਗਰਾਂਟ ਵਗੈਰਾ ਦੀ ਲੋੜ ਹੋਵੇ ਪਰ ਇਹ ਤਾਂ ਦੋਵੇਂ ਬਿਲਡਿੰਗਾਂ ਤਿਆਰ ਹੋਈਆਂ ਪਈਆਂ ਹਨ ਭਾਵੇਂ ਹਾਈ ਸਕੂਲ ਬਣਾ ਦਿਤਾ ਜਾਵੇ। ਫਿਰ ਪੰਚਾਇਤਾਂ ਸਰਕਾਰ ਪਾਸ ਟੀਚਰਾਂ ਦੀ ਇਕ ਸਾਲ ਦੀ ਤਨਖਾਹ ਜਮ੍ਹਾਂ ਕਰਾਉਣ ਨੂੰ ਵੀ ਤਿਆਰ ਹਨ। ਫਿਰ ਇਹ ਪਲਾਨਿੰਗ ਬੋਰਡ ਨੂੰ ਕਿਉਂ ਰੈਫਰ ਕੀਤਾ ਜਾਵੇ ?

ਸ੍ਰੀ ਸਪੀਕਰ : ਨਿੰਮਾ ਜੀ, ਉਹ ਤਾਂ ਨਾਰਮ ਬਣਿਆ ਹੋਇਆ ਹੈ ਕਿ ਅਪਗਰੇਡੇਸ਼ਨ ਵਾਸਤੇ ਵੀ ਪਲਾਨਿੰਗ ਬੋਰਡ ਰਿਕੁਮੈਂਡ ਕਰਦਾ ਹੈ। ਤੁਸੀਂ ਇਹ ਸਵਾਲ ਤਾਂ ਪੁੱਛ ਸਕਦੇ ਹੋ ਕਿ ਜਿਹੜੀ ਇਕ ਸਾਲ ਦੀ ਤਨਖਾਹ ਟੀਚਰਾਂ ਦੀ ਪੰਚਾਇਤ ਜਮ੍ਹਾਂ ਕਰਾਉਣ ਨੂੰ ਤਿਆਰ ਹੈ, ਤਾਂ ਕੀ ਇਹ ਬੋਰਡ ਦੀ ਰਿਕੁਮੈਂਡਸ਼ਨ ਵਾਸਤੇ ਇਕ ਫੈਕਟਰ ਬਣ ਸਕਦੀ ਹੈ, ਕੀ ਇਸ ਤਰ੍ਹਾਂ ਜਮ੍ਹਾਂ ਕਰਾਉਣ ਤੇ ਇਨ੍ਹਾਂ ਦੀ ਰਿਕੁਮੈਂਡਸ਼ਨ ਲਈ ਕਨਸਿਡਰੇਸ਼ਨ ਦਾ ਬੇਸ ਬਣ ਸਕਦੀ ਹੈ। ਜੌਹਰ ਸਾਹਿਬ ਤੁਸੀਂ ਇਹ ਦੱਸ ਦਿਓ ।

ਮੰਤਰੀ: ਸਪੀਕਰ ਸਾਹਿਬ, ਇਸ ਤਰ੍ਹਾਂ ਲੋਕ ਪੈਸੇ ਜਮ੍ਹਾਂ ਕਰਵਾ ਦਿਆ ਕਰਨਗੇ ਤਾਂ ਬੈਕਵਰਡ ਏਰੀਏ ਵਿਚ ਤਾਂ ਸਕੂਲ ਅਪਗਰੇਡ ਨਹੀਂ ਹੋ ਸਕਣਗੇ, ਅਸੀਂ ਸਾਰੀਆਂ ਚੀਜ਼ਾਂ ਵੇਖਦੇ ਹਾਂ, ਉਠਾਂ

[ਸਿੱਖਿਆ ਮੰਤਰੀ]

ਦੀ ਲੋੜ ਵੇਖਦੇ ਹਾਂ ਤੇ ਬੱਚਿਆਂ ਦੀ ਤਾਦਾਦ ਵੇਖੀ ਜਾਂਦੀ ਹੈ ਫਿਰ ਜਾ ਕੇ ਸਿਫਾਰਸ਼ ਹੁੰਦੀ ਹੈ ਇਹ ਤਾਂ ਕੋਈ ਗੱਲ ਨਹੀਂ ਹੈ ਕਿ ਇਕ ਸਾਲ ਦੀ ਕੋਈ ਤਨਖਾਹ ਜਮ੍ਹਾਂ ਕਰਵਾ ਦੇਵੇ। ਕੱਲ੍ਹ ਨੂੰ ਹੋਰ ਲੋਕ ਕਹਿਣਗੇ ਕਿ ਅਸੀਂ ਤਿੰਨਾਂ ਸਾਲਾਂ ਦੀ ਤਨਖਾਹ ਜਮ੍ਹਾਂ ਕਰਵਾ ਦਿੰਦੇ ਹਾਂ। ਪਰ ਇਸ ਤਰ੍ਹਾਂ ਨਹੀਂ ਹੋਵੇਗਾ। ਸਾਰੀਆਂ ਗੱਲਾਂ ਨੂੰ ਵੇਖਣਾ ਹੁੰਦਾ ਹੈ ।

ਇੰਟਰਵਿਊ ਵਿਚ ਆਉਣ ਵਾਲੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਉਮੀਦਵਾਰਾਂ ਨੂੰ ਯਾਤਰਾ ਭੱਤਾ ਨਾ ਦੇਣਾ

*836. **ਸਰਦਾਰ ਨਿਰਮਲ ਸਿੰਘ ਨਿੰਮਾ** : ਕੀ ਸਿਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ——

(ੳ) ਕੀ ਸਿੱਖਿਆ ਵਿਭਾਗ ਨੇ ਲੈਕਚਰਾਰਾਂ, ਮਾਸਟਰਾਂ, ਅਧਿਆਪਕਾਂ ਅਤੇ ਦੂਸਰੀਆਂ ਹੋਰ ਅਜਿਹੀਆਂ ਸ਼੍ਰੇਣੀਆਂ ਦੀਆਂ ਖਾਲੀ ਆਸਾਮੀਆਂ ਨੂੰ ਭਰਨ ਲਈ ਦਰਖਾਸਤਾਂ ਮੰਗਦਿਆਂ 1992 ਦੇ ਦੌਰਾਨ ਅਖਬਾਰਾਂ ਵਿਚ ਇਸ਼ਤਿਹਾਰ ਦਿੱਤੇ ਸਨ ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਕੀ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਉਨ੍ਹਾਂ ਉਮੀਦਵਾਰਾਂ ਨੂੰ, ਜਿਨ੍ਹਾਂ ਨੇ ਇਨ੍ਹਾਂ ਆਸਾਮੀਆਂ ਲਈ ਅਰਜ਼ੀਆਂ ਦਿੱਤੀਆਂ ਅਤੇ ਇੰਟਰਵਿਊ ਲਈ ਵੀ ਹਾਜ਼ਰ ਹੋਏ ਸਮੇਂ ਸਮੇਂ ਤੇ ਜਾਰੀ ਕੀਤੀਆਂ ਆਮ ਸਰਕਾਰੀ ਹਦਾਇਤਾਂ ਅਨੁਸਾਰ ਯਾਤਰਾ ਭੱਤਾ ਦਿੱਤਾ ਗਿਆ ਸੀ, ਜੇਕਰ ਨਹੀਂ ਤਾਂ ਇਸਦੇ ਕੀ ਕਾਰਨ ਹਨ ?

ਸ਼੍ਰੀ ਹਰਨਾਮ ਦਾਸ ਜੌਹਰ : (ੳ) ਹਾਂ ਜੀ।

(ਅ) ਅਜੇ ਨਹੀਂ-ਪਰੰਤੂ ਉਨ੍ਹਾਂ ਨੂੰ ਇਸ ਦੀ ਅਦਾਇਗੀ ਕਰ ਦਿਤੀ ਜਾਵੇਗੀ।

ਸਰਦਾਰ ਨਿਰਮਲ ਸਿੰਘ ਨਿੰਮਾ : ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ 'ੳ' ਪਾਰਟ ਦੇ ਜਵਾਬ ਵਿਚ ਕਿਹਾ ਹੈ 'ਹਾਂ ਜੀ'। ਕੀ ਜੋ ਅਖਬਾਰਾਂ ਵਿਚ ਇਸ਼ਤਿਹਾਰ ਦਿੱਤੇ ਗਏ ਸਨ ਉਨ੍ਹਾਂ ਦਾ ਵੇਰਵਾ ਇਨ੍ਹਾਂ ਪਾਸ ਹੈ। ਫਿਰ ਪਾਰਟ 'ਅ' ਵਿਚ ਕਿਹਾ ਹੈ 'ਅਜੇ ਨਹੀਂ' ਔਰ ਇਨ੍ਹਾਂ ਨੇ ਇਹ ਵੀ ਕਿਹਾ ਹੈ ਕਿ ਉਨ੍ਹਾਂ ਨੂੰ ਇਸ ਦੀ ਅਦਾਇਗੀ ਕਰ ਦਿੱਤੀ ਜਾਵੇਗੀ। ਕੀ ਇਹ ਹੁਣ ਦੱਸਣਗੇ ਕਿ ਜਿਨ੍ਹਾਂ ਅਨੁਸੂਚਿਤ ਜਾਤੀਆਂ ਦੇ ਵਿਅਕਤੀਆਂ ਨੇ ਇੰਟਰਵਿਊ ਦਿੱਤੀ ਹੈ, ਉਹ ਇੰਟਰਵਿਊ ਉਤੇ ਆਏ ਸਨ ਉਨ੍ਹਾਂ ਨੂੰ ਅਦਾਇਗੀ ਕਦੋਂ ਤੱਕ ਕਰ ਦਿੱਤੀ ਜਾਵੇਗੀ, ਕਿਤਨਿਆਂ ਨੂੰ ਕਰ ਦਿਤੀ ਗਈ ਹੈ ਔਰ ਕਿਤਨਿਆਂ ਦੇ ਕੇਸ ਪੈਂਡਿੰਗ ਹਨ, ਇਹ ਸੰਖੇਪ ਵਿਚ ਹੀ ਦੱਸ ਦੇਣ ?

ਮੰਤਰੀ : ਸਪੀਕਰ ਸਾਹਿਬ, ਇੰਟਰਵਿਊ ਹੁਣ ਹੀ ਖਤਮ ਹੋਈ ਹੈ ਔਰ ਜੋ ਜੋ ਅਪਲਾਈ ਕਰੇਗਾ ਉਸ ਨੂੰ ਟੀ. ਏ. ਦੇ ਦਿਤਾ ਜਾਵੇਗਾ। ਇਹ ਸ਼ਡਿਊਲਡ ਕਾਸਟਜ਼ ਬਾਰੇ ਔਰ ਬੈਕਵਰਡ ਕਲਾਸਿਜ਼ ਬਾਰੇ ਪੁਛਿਆ ਹੈ। ਜੋ ਜੋ ਅਪਲਾਈ ਕਰੇਗਾ ਉਸ ਨੂੰ ਟੀ. ਏ. ਦੇ ਦਿੱਤਾ ਜਾਵੇਗਾ।

ਸਰਦਾਰ ਨਿਰਮਲ ਸਿੰਘ ਨਿੰਮਾ : ਸਪੀਕਰ ਸਾਹਿਬ, ਮੈਂ ਇਨ੍ਹਾਂ ਤੋਂ ਇਹ ਵੀ ਪੁੱਛਿਆ ਸੀ ਕਿ ਕਿਹੜੇ ਕਿਹੜੇ ਅਖਬਾਰ ਨੂੰ ਇਸ਼ਤਿਹਾਰ ਦਿੱਤਾ ਸੀ ਪਰ ਇਸ ਦਾ ਵੇਰਵਾ ਨਹੀਂ ਦਿੱਤਾ ਫਿਰ ਪਾਰਟ 'ਅ' ਬਾਰੇ ਸਪਲੀਮੈਂਟਰੀ ਦੇ ਜਵਾਬ ਵਿਚ ਕਿਹਾ ਹੈ ਕਿ ਜੋ-ਜੋ ਅਪਲਾਈ ਕਰਨਗੇ ਉਨ੍ਹਾਂ ਨੂੰ ਹੀ ਮਿਲੇਗਾ। ਕੀ ਇਨ੍ਹਾਂ ਨੇ ਕੋਈ ਐਸਾ ਪ੍ਰੋਸੀਜ਼ਰ ਨਹੀਂ ਰਖਿਆ ਕਿ ਜਿਨ੍ਹਾਂ ਜਿਨ੍ਹਾਂ ਨੂੰ ਇੰਟਰਵਿਊ ਲੈਟਰਜ਼ ਭੇਜੇ ਹਨ ਔਰ ਉਹ ਇੰਟਰਵਿਊ ਤੇ ਆਏ ਹਨ ਉਨ੍ਹਾਂ ਨੂੰ ਅਪਲਾਈ ਕਰਨ ਦੀ ਜ਼ਰੂਰਤ ਨਹੀਂ ਹੋਵੇਗੀ ?

ਸ੍ਰੀ ਸਪੀਕਰ : ਨਿੰਮਾ ਜੀ, ਪਹਿਲਾ ਪੋਰਸ਼ਨ ਜੋ ਸਪਲੀਮੈਂਟਰੀ ਦਾ ਹੈ ਜਿਸ ਵਿਚ ਤੁਸੀਂ ਵੇਰਵਾ ਪੁਛਿਆ ਹੈ, ਉਹ ਤਾਂ ਮੈਂ ਅਲਾਓ ਨਹੀਂ ਕੀਤਾ, ਜਿਹੜਾ ਦੂਸਰਾ ਸਵਾਲ ਪੁਛਿਆ ਹੈ ਉਸ ਦਾ ਜਵਾਬ ਜੌਹਰ ਸਾਹਿਬ ਦੇ ਦੇਣਗੇ।

ਮੰਤਰੀ : ਸਪੀਕਰ ਸਾਹਿਬ ਮੈਂ ਤਾਂ ਕਲੀਅਰ ਦੱਸਿਆ ਹੈ ਕਿ ਇਹ ਅਸੀਂ ਸ਼ਡਿਊਲਡ ਕਾਸਟਸ ਔਰ ਬੈਕਵਰਡ ਕਲਾਸ ਕੈਂਡੀਡੇਟਸ ਨੂੰ ਦੇਣਾ ਹੈ ਜੋ ਅਪੀਅਰ ਹੋਏ ਹਨ। ਲੇਕਿਨ ਜਦੋਂ ਉਹ ਅਪਲਾਈ ਕਰਨਗੇ, ਉਦੋਂ ਦੇ ਦਿੱਤਾ ਜਾਵੇਗਾ। ਬਗੈਰ ਐਪਲੀਕੇਸ਼ਨ ਦੇ ਨਹੀਂ ਦਿਤਾ ਜਾ ਸਕਦਾ।

ਡਾਕਟਰ ਰਮੇਸ਼ ਦੱਤ : ਸਪੀਕਰ ਸਾਹਿਬ, ਮੰਤਰੀ ਜੀ ਨੇ ਇਹ ਗੱਲ ਕਹੀ ਹੈ ਕਿ ਇਹ ਅਖਬਾਰ ਵਿਚ ਕੱਢਿਆ ਹੈ ਕਿ ਟੀ. ਏ. ਦਿੱਤਾ ਜਾਵੇਗਾ, ਜਿਹੜੇ ਸ਼ਡਿਊਲਡ ਕਾਸਟਸ ਔਰ ਬੈਕਵਰਡ ਕਲਾਸ ਦੇ ਕੈਂਡੀਡੇਟਸ ਅਪੀਅਰ ਹੋਣਗੇ ਉਨ੍ਹਾਂ ਨੂੰ ਟੀ. ਏ. ਆਉਣ ਜਾਣ ਦਾ ਦਿੱਤਾ ਜਾਵੇਗਾ। ਜਦੋਂ ਇਨ੍ਹਾਂ ਪਾਸ ਲਿਸਟ ਹੈ ਜੋ ਟੀਚਰ ਅਪੀਅਰ ਹੋਏ ਹਨ ਤਾਂ ਫਿਰ ਅਪਲਾਈ ਕਰਨ ਦੀ ਕੀ ਜ਼ਰੂਰਤ ਹੈ ? ਉਨ੍ਹਾਂ ਨੂੰ ਲਿਸਟ ਮੁਤਾਬਿਕ ਦੇ ਦੇਣਾ ਚਾਹੀਦਾ ਹੈ।

ਸ੍ਰੀ ਸਪੀਕਰ: ਨਹੀਂ ਡਾਕਟਰ ਸਾਹਿਬ, ਟੀ. ਏ. ਤਾਂ ਕਲੇਮ ਕਰਨਾ ਪੈਂਦਾ ਹੈ, ਫਿਰ ਚੈਕ ਵੀ ਹੁੰਦਾ ਹੈ, ਇਹ ਨਾਰਮਲ ਪਰੋਸੀਜਰ ਹੈ।

ਪ੍ਰਵਾਸੀ ਭਾਰਤੀ

*766. **ਡਾਕਟਰ ਰਮੇਸ਼ ਦੱਤ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਕੀ ਇਹ ਠੀਕ ਹੈ ਕਿ ਹਾਲ ਹੀ ਵਿਚ ਰਾਜ ਸਰਕਾਰ ਦੁਆਰਾ ਕੀਤੀ ਗਈ ਕਾਨਫਰੰਸ ਵਿਚ ਕੁਝ ਪ੍ਰਵਾਸੀ ਭਾਰਤੀਆਂ ਨੂੰ ਬੁਲਾਇਆ ਗਿਆ ਸੀ ; ਜੇਕਰ ਅਜਿਹਾ ਹੋਵੇ, ਤਾਂ ਉਕਤ ਕਾਨਫਰੰਸ ਕਰਨ ਤੇ ਕੁੱਲ ਕਿੰਨਾ ਖਰਚਾ ਕੀਤਾ ਗਿਆ ਅਤੇ ਚੰਡੀਗੜ੍ਹ ਵਿਖੇ ਉਨ੍ਹਾਂ ਦੇ ਠਹਿਰਣ ਦੌਰਾਨ ਹਰ ਇਕ ਪਰਵਾਸੀ ਭਾਰਤੀ ਨੂੰ ਦਿੱਤੀਆਂ ਗਈਆਂ ਸਹੂਲਤਾਂ ਦਾ ਵੇਰਵਾ ਕੀ ਹੈ ਅਤੇ ਉਨਾਂ ਤੇ ਕਿੰਨਾ ਖਰਚਾ ਕੀਤਾ ਗਿਆ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਕਾਨਫਰੰਸ ਵਿਚ ਹਿੱਸਾ ਲੈਣ ਲਈ ਪ੍ਰਵਾਸੀ ਭਾਰਤੀਆਂ ਨੂੰ ਸੱਦਾ-ਪੱਤਰ ਭੇਜਦਿਆਂ ਕੀ ਕਸੋਟੀ ਅਪਣਾਈ ਗਈ ?

Sardar Beant Singh : No such Conference was hosted by the State Government.

ਡਾਕਟਰ ਰਮੇਸ਼ ਦੱਤ : ਸਪੀਕਰ ਸਾਹਿਬ, ਕੱਲ੍ਹ ਹੀ ਇਕ ਭਾਸ਼ਣ ਦੇ ਵਿਚ ਇਨ੍ਹਾਂ ਨੇ ਇਹ ਗੱਲ ਕਹੀ ਹੈ ਕਿ ਇਥੇ ਇਕ ਨਾਨ ਰੈਜ਼ੀਡੈਂਟ ਇੰਡੀਅਨ ਦੀ ਮੀਟਿੰਗ ਬੁਲਾਈ ਗਈ ਸੀ ਚਾਹੇ ਉਹ ਕਿਸੇਨੇ ਵੀ ਬੁਲਾਈ ਪਰ ਉਸ ਵਿਚ ਪੰਜਾਬ ਗੌਰਮਿੰਟ ਦੀ ਇਨਵਾਲਵਮੈਂਟ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਸਰਕਾਰ ਨੇ ਉਸ ਵਿਚ ਕੀ ਕੀਤਾ ?

ਸ੍ਰੀ ਸਪੀਕਰ: ਉਨ੍ਹਾਂ ਨੇ ਤਾਂ ਦੱਸਿਆ ਹੈ ਕਿ ਕੋਈ ਕਾਨਫਰੰਸ ਨਹੀਂ ਹੋਈ।

ਮੁੱਖ ਮੰਤਰੀ : ਸਪੀਕਰ ਸਾਹਿਬ. ਮੈਂ ਦੱਸਣਾ ਚਾਹੁੰਦਾ ਹਾਂ ਕਿ ਉਹ ਕਾਨਫਰੰਸ ਕੁਝ ਇੰਡਸਟਰੀਜ਼ ਵਾਲਿਆਂ ਨੇ ਅਤੇ ਕੁਝ ਸੰਸਥਾਵਾਂ ਨੇ ਆਪਣੇ ਵਲੋਂ ਬੁਲਾਈ ਸੀ। ਪੰਜਾਬ ਸਰਕਾਰ ਨੇ ਤਾਂ ਸਿਰਫ ਉਨ੍ਹਾਂ ਦੇ ਬੋਰਡਿੰਗ ਲਾਜਿੰਗ ਦਾ ਬੰਦੋਬਸਤ ਕੀਤਾ ਸੀ।

ਡਾਕਟਰ ਰਮੇਸ਼ ਦੱਤ : ਸਪੀਕਰ ਸਾਹਿਬ, ਇਸ ਵਿਚ ਮੈਂ ਇਹ ਸਵਾਲ ਪੁਛਿਆ ਸੀ ਕਿ ਇਸ ਕਾਨਫਰੰਸ ਤੇ ਫੈਸਿਲਟੀਜ਼ ਦੇਣ ਵਾਸਤੇ ਜਿਹੜਾ ਖਰਚਾ ਪੰਜਾਬ ਸਰਕਾਰ ਵਲੋਂ ਕੀਤਾ ਗਿਆ ਹੈ ਉਸਦੀ ਡਿਟੇਲ ਦੱਸੀ ਜਾਵੇ। ਜਿਹੜਾ ਬੋਰਡਿੰਗ ਲਾਜਿੰਗ ਦਾ ਖਰਚਾ ਕੀਤਾ ਹੈ ਉਸ ਬਾਰੇ ਜਵਾਬ ਵਿਚ ਨਹੀਂ ਦਸਿਆ।

ਮੁੱਖ ਮੰਤਰੀ : ਮੈਂ ਫਿਰ ਦੱਸਣਾ ਚਾਹੁੰਦਾ ਹਾਂ ਕਿ ਕੋਈ ਖਰਚਾ ਪੰਜਾਬ ਸਰਕਾਰ ਵਲੋਂ ਨਹੀਂ ਹੋਇਆ। ਸਿਰਫ ਬੋਰਡਿੰਗ ਲਾਜਿੰਗ ਤੇ ਕੁਝ ਹੋਇਆ ਹੈ ਇਹ ਮੇਰੇ ਕੋਲ ਆ ਜਾਣ ਮੈਂ ਇਨ੍ਹਾਂ ਨੂੰ ਡਿਟੇਲ ਵਿਚ ਦੱਸ ਦੇਵਾਂਗਾ।

ਰਾਜ ਵਿਚ ਪੁਲਿਸ ਕੰਸਟੇਬਲਾਂ ਹੋਮ ਗਾਰਡਜ਼ ਅਤੇ ਐਸ. ਪੀ. ਓਜ਼ ਨੂੰ ਮੁਫਤ ਯਾਤਰਾ ਦੀ ਸਹੂਲਤ

*765. **ਡਾਕਟਰ ਰਮੇਸ਼ ਦੱਤ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ––

(ੳ) ਕੀ ਪੰਜਾਬ ਰੋਡਵੇਜ਼ ਅਤੇ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੀਆਂ ਬੱਸਾਂ ਵਿੱਚ ਪੁਲਿਸ ਕਾਂਸਟੇਬਲਾਂ ਅਤੇ ਦੂਜੇ ਪੁਲਿਸ ਕਰਮਚਾਰੀਆਂ ਦੁਆਰਾ ਮੁਫਤ ਯਾਤਰਾ ਕਰਨ ਦੇ ਬਦਲੇ ਉਨ੍ਹਾਂ ਦੀਆਂ ਮਾਸਿਕ ਤਨਖਾਹਾਂ ਵਿਚੋਂ ਕੋਈ ਰਕਮ ਕੱਟੀ ਜਾਂਦੀ ਹੈ; ਜੇਕਰ ਅਜਿਹਾ ਹੋਵੇ, ਤਾਂ ਮਾਸਕ ਕਟੌਤੀਆਂ ਦੇ ਵੇਰਵੇ ਕੀ ਹਨ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਸਹੂਲਤ ਰਾਜ ਵਿੱਚ ਐਸ. ਪੀ. ਓਜ਼. ਤੇ ਵੀ ਲਾਗੂ ਹੈ; ਜੇਕਰ ਨਹੀਂ ਤਾਂ ਉਸਦੇ ਕੀ ਕਾਰਨ ਹਨ ?

Sardar Beant Singh : (a) Yes. At present a sum of Rs. 31 p.m. is being deducted from the salaries of the officials of the rank of Constable to Inspector of the Punjab Police Department.

(b) No, S.P.Os. are working on daily wage basis and are not regular police employees.

ਡਾਕਟਰ ਰਮੇਸ਼ ਦੱਤ : ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਨੇ ਆਪਣੇ ਜਵਾਬ ਵਿਚ ਦਸਿਆ ਹੈ ਕਿ ਪੁਲਿਸ ਦੇ ਇੰਪਲਾਈਜ਼ ਦੀ ਤਨਖਾਹ ਵਿਚੋਂ 31 ਰੁਪਏ ਕੱਟ ਲਏ ਜਾਂਦੇ ਹਨ ਔਰ ਉਨ੍ਹਾਂ ਨੂੰ ਪੰਜਾਬ ਰੋਡਵੇਜ਼ ਔਰ ਪੈਪਸੂ ਰੋਡਵੇਜ਼ ਦੀਆਂ ਬੱਸਾਂ ਵਿਚ ਮੁਫਤ ਜਾਣ ਦੀ ਇਜਾਜ਼ਤ ਹੁੰਦੀ ਹੈ।

ਪਰ ਜਿਹੜੇ ਹੋਮ ਗਾਰਡਜ਼ ਔਰ ਐਸ. ਪੀ. ਓਜ਼. ਹਨ, ਉਹ ਕਿਉਂਕਿ ਟੈਂਪਰੇਰੀ ਹਨ ਉਨ੍ਹਾਂ ਨੂੰ ਇਹ ਸਹੂਲਤ ਨਹੀਂ ਮਿਲਦੀ। ਕੀ ਸਰਕਾਰ ਉਨ੍ਹਾਂ ਐਸ. ਪੀ. ਓਜ਼ ਨੂੰ ਵੀ ਜਿਸ ਤਰ੍ਹਾਂ ਸਟੂਡੈਂਟਸ ਨੂੰ ਸਹੂਲਤ ਮਿਲਦੀ ਹੈ ਉਸੇ ਤਰ੍ਹਾਂ ਟੈਂਪਰੇਰੀ ਇਹ ਸਹੂਲਤ ਉਨ੍ਹਾਂ ਨੂੰ ਦਿੱਤੀ ਜਾਵੇਗੀ ?

ਸ੍ਰੀ ਸਪੀਕਰ : ਤੁਹਾਡਾ ਹੋਮ ਗਾਰਡਜ਼ ਦਾ ਸਵਾਲ ਨਹੀਂ ਹੈ, ਪੁਲਿਸ ਓਫੀਸ਼ਿਅਲਜ਼ ਦੇ ਬਾਰੇ ਹੈ ?

ਡਾਕਟਰ ਰਮੇਸ਼ ਦੱਤ: ਸਪੀਕਰ ਸਾਹਿਬ, ਐਸ. ਪੀ. ਓਜ਼. ਦੇ ਬਾਰੇ ਪੁਛਿਆ ਹੈ ਜੇ ਉਹ ਟੈਂਪਰੇਰੀ ਹਨ ਤਾਂ ਕੀ ਉਨ੍ਹਾਂ ਨੂੰ ਵੀ ਹੋਰਾਂ ਦੀ ਤਰ੍ਹਾਂ ਟੈਂਪਰੇਰੀ ਬੇਸ ਤੇ ਹੀ ਇਹ ਫੈਸਿਲਟੀ ਦੇਣ ਲਈ ਸਰਕਾਰ ਵਿਚਾਰ ਕਰ ਰਹੀ ਹੈ ?

ਮੁੱਖ ਮੰਤਰੀ: ਰੂਲਜ਼ ਅਲਾਓ ਨਹੀਂ ਕਰਦੇ ਕਿ ਟੈਂਪਰੇਰੀ ਨੂੰ ਇਹ ਫੈਸਿਲਟੀ ਮਿਲੇ ।

ਸ੍ਰੀ ਮਦਨ ਮੋਹਨ ਮਿੱਤਲ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ, ਤੋਂ ਪੁੱਛਣਾ ਚਾਹੁੰਦਾ ਹਾਂ ਕਿ ਬਾਕੀ ਪੁਲਿਸ ਦੀ ਤਰ੍ਹਾਂ ਐਸ. ਪੀ. ਓਜ਼. ਔਰ ਹੋਮ ਗਾਰਡਜ਼ ਦੇ ਜਵਾਨ ਵੀ ਕੰਮ ਕਰਦੇ ਹਨ । (They are also doing the same duty which the police officials are doing and they are also fighting against terrorism,) ਇਸ ਲਈ ਉਨ੍ਹਾਂ ਨੂੰ ਵੀ ਉਹੀ ਫੈਸਿਲਟੀ ਮਿਲਣੀ ਚਾਹੀਦੀ ਹੈ । ਚਾਹੇ ਉਹ ਟੈਂਪਰੇਰੀ ਹਨ। ਪਰ ਜਦੋਂ ਇਕ ਬੱਸ ਵਿਚ 2 ਪੁਲਿਸ ਵਾਲੇ ਜਾਣ ਔਰ ਦੋ ਹੋਮ ਗਾਰਡਜ਼ ਜਾਂ ਐਸ. ਪੀ. ਓਜ਼. ਦੇ ਜਵਾਨ ਨਾਲ ਹੋਣ ਤਾਂ ਇਕ ਨੂੰ ਸਹੂਲਤ ਹੋਵੇ ਔਰ ਦੂਜੇ ਨੂੰ ਨਹੀਂ ਤਾਂ ਚੰਗਾ ਨਹੀਂ ਲਗਦਾ। ਕੀ ਸਰਕਾਰ ਉਨ੍ਹਾਂ ਨੂੰ ਵੀ ਇਹ ਫੈਸਿਲਟੀਜ਼ ਦੇਣ ਲਈ ਵਿਚਾਰ ਕਰੇਗੀ ? ਸਪੀਕਰ ਸਾਹਿਬ, ਇਹ ਹੋਮ ਗਾਰਡਜ਼ ਅਤੇ ਐਸ. ਪੀ. ਓਜ਼. ਵੀ ਸਟੇਟ ਦੀ ਲਾਅਲੈਸਨੈਸ ਨੂੰ ਕੰਟਰੋਲ ਕਰਨ ਵਿਚ ਸਰਕਾਰ ਦੀ ਮੱਦਦ ਕਰਦੇ ਹਨ। ਸਰਕਾਰ ਇਨ੍ਹਾਂ ਨੂੰ ਹੋਰ ਫੈਸਿਲਟੀਜ਼ ਦੇਣ ਲਈ ਕੀ ਸੋਚ ਰਹੀ ਹੈ ?

ਮੁੱਖ ਮੰਤਰੀ: ਸਪੀਕਰ ਸਾਹਿਬ, ਉਨ੍ਹਾਂ ਦੀ ਨੇਚਰ ਆਫ ਡਿਊਟੀਜ਼ ਹੋਰ ਹਨ ਅਤੇ ਕੰਸਟੇਬਲ ਦਾ ਕੰਮ ਹੋਰ ਹੁੰਦਾ ਹੈ ਅਤੇ ਬੜੀ ਸੋਚ ਸਮਝ ਕੇ ਹੋਮ ਗਾਰਡ ਦੇ ਬੰਦਿਆਂ ਦੀ ਡਿਊਟੀ ਲਗਾਉਂਦੇ ਹਾਂ ਲੇਕਿਨ ਫੇਰ ਵੀ ਸੋਚ ਲਵਾਂਗੇ, ਇਨ੍ਹਾਂ ਨੂੰ ਹੋਰ ਕੀ ਦੇ ਸਕਦੇ ਹਾਂ।

ਅੰਮ੍ਰਿਤਸਰ ਵਿਖੇ ਗੁਲੂਕੋਜ਼ ਬਣਾਉਣ ਵਾਲਾ ਪਲਾਂਟ

*629. **ਸ੍ਰੀਮਤੀ ਵਿਮਲਾ ਡਾਂਗ :** ਕੀ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਗੁਰੂ ਨਾਨਕ ਦੇਵ ਹਸਪਤਾਲ, ਅੰਮ੍ਰਿਤਸਰ ਵਿਖੇ ਇਕ ਗੁਲੂਕੋਜ਼ ਪਲਾਂਟ ਹੈ ? ਜੇਕਰ ਹੈ ਤਾਂ ਉਕਤ ਪਲਾਂਟ ਕਿਸ ਮਿਤੀ ਤੋਂ ਚਾਲੂ ਕੀਤਾ ਗਿਆ ਸੀ ?

ਸਰਦਾਰ ਲਾਲ ਸਿੰਘ: ਗੁਰੂ ਨਾਨਕ ਦੇਵ ਹਸਪਤਾਲ, ਅੰਮ੍ਰਿਤਸਰ ਵਿਖੇ ਗੁਲੂਕੋਜ਼ ਪਲਾਂਟ ਚਾਲੂ ਕਰਨ ਦੀ ਤਜਵੀਜ਼ ਹੈ ਜਿਸ ਲਈ ਕੁਝ ਸਾਜ਼ੋ ਸਮਾਨ ਖ਼ਰੀਦ ਲਿਆ ਹੈ ਅਤੇ ਕੁਝ ਦੀ ਖਰੀਦ ਕਰਨੀ ਬਾਕੀ ਹੈ । ਇਸ ਤੋਂ ਇਲਾਵਾ ਤਕਨੀਕੀ ਸਟਾਫ ਦੀ ਵੀ ਪੋਸਟਿੰਗ ਕੀਤੀ ਜਾ ਰਹੀ ਹੈ ਤਾਂ ਕਿ ਗੁਲੂਕੋਜ਼ ਬਣਾਉਣ ਸਬੰਧੀ ਲੋੜੀਂਦਾ ਲਾਇਸੰਸ ਪ੍ਰਾਪਤ ਕੀਤਾ ਜਾ ਸਕੇ।

ਸ੍ਰੀਮਤੀ ਵਿਮਲਾ ਡਾਂਗ : ਸਪੀਕਰ ਸਾਹਿਬ, ਅੰਮ੍ਰਿਤਸਰ ਹਸਪਤਾਲ ਵਿਚ ਗੁਲੂਕੋਜ਼ ਪਲਾਂਟ ਲਈ ਸਾਜ਼ੋ ਸਮਾਨ ਖਰੀਦਿਆ ਜਾ ਚੁੱਕਾ ਹੈ ਪਰ ਇਸਤੇਮਾਲ ਨਹੀਂ ਹੋ ਰਿਹਾ ਅਤੇ ਸਰਕਾਰ ਦਾ ਨੁਕਸਾਨ ਹੋ ਰਿਹਾ ਹੈ। ਉਥੇ ਪਲਾਂਟ ਚਾਲੂ ਕਰਨ ਲਈ ਟੈਕਨੀਕਲ ਸਟਾਫ ਕਦੋਂ ਪੋਸਟ ਕਰ ਦਿੱਤਾ ਜਾਵੇਗਾ ਔਰ ਕਦੋਂ ਤੱਕ ਲਾਇਸੰਸ ਪ੍ਰਾਪਤ ਕਰ ਲਿਆ ਜਾਵੇਗਾ ?

ਮੰਤਰੀ: ਸਪੀਕਰ ਸਾਹਿਬ, ਗੁਲੂਕੋਜ਼ ਪਲਾਂਟ ਦੇ ਲਈ ਸਾਜ਼ੋ ਸਾਮਾਨ ਖਰੀਦਿਆ ਜਾ ਚੁੱਕਾ ਹੈ ਔਰ ਕਾਫੀ ਟੈਕਨੀਕਲ ਸਟਾਫ ਉਥੇ ਨਿਯੁਕਤ ਕਰ ਦਿਤਾ ਗਿਆ ਹੈ ਔਰ ਲਾਇਸੰਸ ਪ੍ਰਾਪਤ ਕਰਨ ਲਈ ਜਿਹੜੇ ਨਾਰਮਜ਼ ਹਨ ਉਨ੍ਹਾਂ ਮੁਤਾਬਿਕ ਫਾਰਮੈਲਟੀਜ਼ ਨੂੰ ਪੂਰਾ ਕੀਤਾ ਜਾ ਰਿਹਾ ਹੈ। ਕੁਝ ਸਾਜ਼ੋ ਸਮਾਨ ਹੋਰ ਖਰੀਦਿਆ ਜਾਵੇਗਾ ਅਤੇ ਕੁਝ ਟੈਕਨੀਕਲ ਸਟਾਫ ਹੋਰ ਨਿਯੁਕਤ ਕੀਤਾ ਜਾਵੇਗਾ। ਇਸ ਦਾ ਲਾਇਸੰਸ ਜਲਦੀ ਤੋਂ ਜਲਦੀ ਲੈਣ ਦੀ ਕੋਸ਼ਿਸ਼ ਕੀਤੀ ਜਾਵੇਗੀ।

ਅਧਿਆਪਕਾਂ ਦੀ ਚੋਣ ਲਈ ਵਿਭਾਗੀ ਚੋਣ ਕਮੇਟੀਆਂ ਬਣਾਉਣਾ

*800. **ਸ੍ਰੀ ਮਦਨ ਮੋਹਨ ਮਿੱਤਲ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਸਾਇੰਸ, ਸਮਾਜਿਕ ਅਧਿਐਨ, ਆਰਟ ਐਂਡ ਕਰਾਫਟ, ਸਰੀਰਿਕ ਸਿਖਿਆ ਅਤੇ ਦੂਜੇ ਵਿਸ਼ਿਆਂ ਲਈ ਅਧਿਆਪਕਾਂ ਦੀ ਚੋਣ ਲਈ ਰਾਜ ਵਿਚ ਕੁੱਝ ਵਿਭਾਗੀ ਚੋਣ ਕਮੇਟੀਆਂ ਬਣਾਈਆਂ ਗਈਆਂ ਹਨ; ਜੇਕਰ ਅਜਿਹਾ ਹੈ, ਤਾਂ ਉਨ੍ਹਾਂ ਦੇ ਵੇਰਵੇ ਕੀ ਹਨ ਅਤੇ ਅਜਿਹੀ ਹਰੇਕ ਕਮੇਟੀ ਨੂੰ ਕਿੰਨਾ ਖੇਤਰ ਅਲਾਟ ਕੀਤਾ ਗਿਆ ਹੈ;

(ਅ) ਕੀ ਇਹ ਠੀਕ ਹੈ ਕਿ ਉਪਰੋਕਤ ਭਾਗ (ੳ) ਵਿਚ ਵਰਣਿਤ ਆਸਾਮੀਆਂ ਲਈ ਇੰਟਰਵਿਊ ਪੂਰੀ ਹੋ ਗਈ ਹੈ; ਜੇਕਰ ਅਜਿਹਾ ਹੈ, ਤਾਂ ਚੁਣੇ ਗਏ ਉਮੀਦਵਾਰਾਂ ਨੂੰ ਕਿਸ ਮਿਤੀ ਤੱਕ ਨਿਯੁਕਤੀ ਪੱਤਰ ਜਾਰੀ ਕੀਤੇ ਜਾਣ ਦੀ ਸੰਭਾਵਨਾ ਹੈ?

ਸ੍ਰੀ ਹਰਨਾਮ ਦਾਸ ਜੌਹਰ : (ੳ) ਹਾਂ ਜੀ। ਵਿਭਾਗੀ ਚੋਣ ਕਮੇਟੀਆਂ ਦਾ ਵੇਰਵਾ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ।

(ਅ) ਹਾਂ ਜੀ। ਚੋਣ ਦਾ ਕੰਮ ਪੂਰਾ ਕੀਤਾ ਜਾ ਰਿਹਾ ਹੈ ਜਿਸ ਉਪਰੰਤ ਨਿਯੁਕਤੀ ਪੱਤਰ ਜਾਰੀ ਕੀਤੇ ਜਾਣਗੇ।

ਵਿਭਾਗੀ ਚੋਣ ਕਮੇਟੀਆਂ

ਚੇਅਰਮੈਨਾਂ ਦੇ ਨਾਮ ਅਤੇ ਸਟੇਸ਼ਨ ਜਿਥੇ ਇੰਟਰਵਿਊ ਕੀਤੀ

	ਲੈਕਚਰਾਰ	**ਸਟੇਸ਼ਨ**
(1)	ਇੰਗਲਿਸ਼, ਸਾਈਕੋਲੋਜੀ, ਫਾਈਨ ਆਰਟਸ, ਹੋਮ ਸਾਇੰਸ, ਸਸ਼ੋਲੋਜੀ ਅਤੇ ਮਿਊਜ਼ਿਕ ...	ਚੰਡੀਗੜ੍ਹ
	ਡਾ: ਐਮ. ਐਲ. ਸਚਦੇਵਾ, ਡਿਪਟੀ ਡਾਇਰੈਕਟਰ (ਸੈ: ਸਿ:)	
(2)	ਫਿਜ਼ਿਕਸ, ਕਮਿਸਟਰੀ, ਬਾਈਲੋਜੀ, ਬਾਟਨੀ, ਜ਼ੂਲੋਜੀ ...	ਕਪੂਰਥਲਾ
	ਸ੍ਰੀਮਤੀ ਕਮਲੇਸ਼ ਨਾਗਰਥ, ਪ੍ਰਿੰਸੀਪਲ, ਇਨ ਸਰਵਿਸ ਟਰੇਨਿੰਗ ਸੈਂਟਰ ਕਪੂਰਥਲਾ	
(3)	ਹਿਸਾਬ, ਕਾਮਰਸ, ਜੋਗਰਫੀ ...	ਜਲੰਧਰ
	ਸ੍ਰੀ ਪੀ. ਐਲ. ਹਾਂਡਾ, ਮੰਡਲ ਸਿਖਿਆ ਅਫਸਰ, ਜਲੰਧਰ	

(4) ਹਿਸਟਰੀ ... ਫਰੀਦਕੋਟ

ਸ੍ਰੀ ਬਲਦੇਵ ਕਰਿਸ਼ਨ ਸਿੰਗਲਾ, ਜ਼ਿਲ੍ਹਾ ਸਿਖਿਆ ਅਫਸਰ, ਫਰੀਦਕੋਟ

(5) ਇਕਨਾਮਿਕਸ ... ਪਟਿਆਲਾ

ਸ੍ਰੀ ਗਿਆਨ ਸਿਘ, ਜ਼ਿਲ੍ਹਾ ਸਿਖਿਆ ਅਫਸਰ, ਪਟਿਆਲਾ

(6) ਹਿੰਦੀ ਅਤੇ ਸੰਸਕ੍ਰਿਤ ਟੀਚਰ ... ਨਾਭਾ

ਸ੍ਰੀ ਮਨਜੀਤ ਸਿੰਘ ਚਾਹਲ, ਮੰਡਲ ਸਿਖਿਆ ਅਫਸਰ, ਨਾਭਾ

(7) ਪੋਲੀਟੀਕਲ ਸਾਇੰਸ ... ਲੁਧਿਆਣਾ

ਸ੍ਰੀ ਰਾਮ ਪ੍ਰਕਾਸ਼, ਜ਼ਿਲ੍ਹਾ ਸਿਖਿਆ ਅਫਸਰ, ਲੁਧਿਆਣਾ

(8) ਪੰਜਾਬੀ ... ਅੰਮ੍ਰਿਤਸਰ

ਸ੍ਰੀ ਜਸਵੰਤ ਸਿੰਘ ਕੰਵਲਵੀ, ਜ਼ਿਲ੍ਹਾ ਸਿਖਿਆ ਅਫਸਰ, ਅੰਮ੍ਰਿਤਸਰ

ਵੋਕੇਸ਼ਨਲ ਮਾਸਟਰਜ਼/ਮਿਸਟਰੈਸਿਜ਼

(1) ਇਲੈਕਟ੍ਰੀਕਲ ਅਤੇ ਇਲੈਕਟ੍ਰਾਨਿਕਸ ... ਚੰਡੀਗੜ੍ਹ

ਸ੍ਰੀ ਰਾਮਿੰਦਰ ਸਿੰਘ, ਡਿਪਟੀ ਡਾਇਰੈਕਟਰ (ਵੋਕੇਸ਼ਨਲ)

(2) ਫੂਡ ਪਰੈਜ਼ਰਵੇਸ਼ਨ, ਗਾਰਮੈਂਟ ਮੇਕਿੰਗ, ਸੈਕਟੇਰੀਅਲ ਪਰੈਕਟਿਸ, ... ਚੰਡੀਗੜ੍ਹ
ਹੋਮ ਨਰਸਿੰਗ, ਆਟੋਮੋਬਾਈਲ, ਬੇਕਰੀ, ਕੰਨਫੈਕਸ਼ਨਰੀ, ਹਾਰਟੀ-
ਕਲਚਰ, ਕਮਰਸ਼ਿਅਲ ਆਰਟਸ, ਬੁੱਕ ਕੀਪਿੰਗ, ਟੈਕਸਟਾਈਲ ਵੀਵਿੰਗ
ਐਨੀਮਲ ਹਸਬੈਂਡਰੀ ਅਤੇ ਐਗਰੋ ਸਰਵਿਸ

ਸ੍ਰੀਮਤੀ ਹਰਮੇਲ ਕੌਰ ਬੈਂਸ, ਡਾਇਰੈਕਟਰ, ਗਾਈਡੈਂਸ ਕਾਊਂਸਲਿੰਗ
ਐਸ. ਸੀ. ਈ. ਆਰ. ਟੀ. ਪੰਜਾਬ

(3) ਡਰਾਫਟਿੰਗ ਡੁਪਲੀਕੇਟਿੰਗ, ਨਿਟਿੰਗ, ਐਗਰੀਕਲਚਰ, ਕੰਪਿਊਟਰ, ... ਸੰਗਰੂਰ
ਫਰਨੀਚਰ ਮੇਕਿੰਗ

ਸ੍ਰੀ ਧਰਮਪਾਲ ਦੇਵਗਣ, ਜ਼ਿਲ੍ਹਾ ਸਿਖਿਆ ਅਫਸਰ (ਸ) ਸੰਗਰੂਰ

(4) ਮਕੈਨੀਕਲ ... ਚੰਡੀਗੜ੍ਹ

ਸ੍ਰੀ ਹਰਬੰਸ ਸਿੰਘ ਕਾਲੀਆ, ਡਿਪਟੀ ਡਾਇਰੈਕਟਰ, ਪ੍ਰਾਈਵੇਟ ਏਡਿਡ
ਸਕੂਲਜ਼, ਦਫਤਰ ਡੀ. ਪੀ. ਆਈ. (ਸ) ਪੰਜਾਬ।

ਸਮਾਜਕ ਸਿਖਿਆ ਮਾਸਟਰ/ਮਿਸਟਰੈਸਿਜ਼

(ਜ਼ਿਲ੍ਹਵਾਰ)

1 ਅੰਮ੍ਰਿਤਸਰ ... ਅੰਮ੍ਰਿਤਸਰ

ਡਾ: ਸੁਰਜੀਤ ਕੌਰ ਭਿੰਡਰ, ਪ੍ਰਿੰਸੀਪਲ, ਗੌ: ਸ: ਸ: ਸ: ਦੀ ਮਾਲ,
ਅੰਮ੍ਰਿਤਸਰ

2 ਜਲੰਧਰ ਅਤੇ ਕਪੂਰਥਲਾ ... ਜਲੰਧਰ

ਸ੍ਰੀਮਤੀ ਊਸ਼ਾ ਖੰਡੇਤਰਾ, ਪ੍ਰਿੰਸੀਪਲ, ਗ: ਸ: ਸ: ਸ: ਬੂੰਡਾਲਾ, ਜਲੰਧਰ

[ਸਿੱਖਿਆ ਮੰਤਰੀ]

		ਸਟੇਸ਼ਨ
3	ਬਠਿੰਡਾ ਅਤੇ ਮਾਨਸਾ ...	ਮਾਨਸਾ
	ਸ੍ਰੀਮਤੀ ਹਰਮਨਜੀਤ ਕੌਰ, ਜ਼ਿਲ੍ਹਾ ਸਿਖਿਆ ਅਫਸਰ (ਪ੍ਰਾ) ਮਾਨਸਾ	
4	ਫਰੀਦਕੋਟ ...	ਫਰੀਦਕੋਟ
	ਸ੍ਰੀਮਤੀ ਕਮਲਾ ਦੇਵੀ, ਜ਼ਿਲ੍ਹਾ ਸਿਖਿਆ ਅਫਸਰ (ਪ੍ਰਾ) ਫਰੀਦਕੋਟ	
5	ਪਟਿਆਲਾ ਅਤੇ ਫਤਿਹਗੜ੍ਹ ਸਾਹਿਬ ...	ਪਟਿਆਲਾ
	ਡਾ: ਅਮਰਜੀਤ ਕੌਰ, ਜ਼ਿਲ੍ਹਾ ਸਿਖਿਆ ਅਫਸਰ (ਪ੍ਰਾ) ਪਟਿਆਲਾ	
6	ਗੁਰਦਾਸਪੁਰ ...	ਗੁਰਦਾਸਪੁਰ
	ਸ੍ਰੀ ਹਰਦਿਆਲ ਸਿੰਘ, ਜ਼ਿਲ੍ਹਾ ਸਿਖਿਆ ਅਫਸਰ, ਗੁਰਦਾਸਪੁਰ (ਸ)	
7	ਸੰਗਰੂਰ ਅਤੇ ਰੋਪੜ ...	ਰੋਪੜ
	ਸ੍ਰੀ ਕੇ. ਕੇ. ਜੋਸ਼ੀ, ਜ਼ਿਲ੍ਹਾ ਸਿਖਿਆ ਅਫਸਰ (ਸ) ਰੋਪੜ	
8	ਲੁਧਿਆਣਾ ...	ਲੁਧਿਆਣਾ
	ਸ੍ਰੀ ਮਹੇਸ਼ ਚੰਦਰ, ਜ਼ਿਲ੍ਹਾ ਸਿਖਿਆ ਅਫਸਰ (ਪ੍ਰਾ) ਲੁਧਿਆਣਾ	
9	ਹੁਸ਼ਿਆਰਪੁਰ ...	ਹੁਸ਼ਿਆਰਪੁਰ
	ਸ੍ਰੀਮਤੀ ਕੁਲਦੀਪ ਚੌਧਰੀ, ਪ੍ਰਿੰਸੀਪਲ ਸ: ਸ: ਸ: ਸ: ਰੇਲਵੇ ਮੰਡੀ, ਹੁਸ਼ਿਆਰਪੁਰ	
10	ਫਿਰੋਜ਼ਪੁਰ ...	ਅਬੋਹਰ
	ਸ੍ਰੀ ਐਮ. ਕੇ. ਦੱਤਾ, ਪ੍ਰਿੰਸੀਪਲ, ਸ: ਸ: ਸ: ਸ: ਅਬੋਹਰ	

ਸਾਇੰਸ ਮਾਸਟਰਜ਼/ਮਿਸਟਰੈਸਿਜ਼

(1)	ਪਟਿਆਲਾ ਡਵੀਜ਼ਨ ..	ਫਤਿਹਗੜ੍ਹ ਸਾਹਿਬ
	ਡਾ: ਸੰਪੂਰਨ ਸਿੰਘ, ਜ਼ਿਲ੍ਹਾ ਸਿਖਿਆ ਅਫਸਰ (ਪ੍ਰਾ) ਫਤਿਹਗੜ੍ਹ ਸਾਹਿਬ	
(2)	ਜਲੰਧਰ ਡਵੀਜ਼ਨ ...	ਫਤਿਹਗੜ੍ਹ ਸਾਹਿਬ
	ਸ੍ਰੀ ਹਰਬੰਸ ਸਿੰਘ, ਜ਼ਿਲ੍ਹਾ ਸਿਖਿਆ ਅਫਸਰ (ਸ) ਫਤਿਹਗੜ੍ਹ ਸਾਹਿਬ	

ਹਿਸਾਬ ਮਾਸਟਰਜ਼/ਮਿਸਟਰੈਸਿਜ਼

(1)	ਪਟਿਆਲਾ ਡਵੀਜ਼ਨ ਚੰਡੀਗੜ੍ਹ ਅਤੇ ਹੋਰ ਰਾਜ ...	ਚੰਡੀਗੜ੍ਹ
	ਸ੍ਰੀ ਕਿਸ਼ੋਰੀ ਲਾਲ ਗੁਪਤਾ, ਸਰਵੇ ਅਫਸਰ, ਦਫਤਰ ਡੀ. ਪੀ. ਆਈ. (ਸ) ਪੰਜਾਬ	
(2)	ਜਲੰਧਰ ਡਵੀਜ਼ਨ ..	ਚੰਡੀਗੜ੍ਹ
	ਸ੍ਰੀਮਤੀ ਵਿਦਿਆ ਵੰਤੀ, ਡਿ: ਡਾ: ਸ: ਪ੍ਰ: ਦਫਤਰ ਡੀ. ਪੀ. ਆਈ. (ਸ) ਪੰਜਾਬ।	

ਸਟੇਸ਼ਨ

ਡੀ. ਪੀ. ਈ. ਅਤੇ ਸ਼ਰੀਰਿਕ ਸਿਖਿਆ ਲੈਕਚਰਾਰ ... ਚੰਡੀਗੜ੍ਹ

ਸ੍ਰੀ ਅੰਮ੍ਰਿਤ ਲਾਲ ਢੀਂਗਰਾ, ਡਿਪਟੀ ਡਾਇਰੈਕਟਰ (ਯੂ. ਪ੍ਰੋ)

ਪੰਜਾਬੀ ਮਾਸਟਰਜ਼/ਮਿਸਟਰੈਸਿਜ਼

(1) ਜਲੰਧਰ ਡਵੀਜ਼ਨ ... ਚੰਡੀਗੜ੍ਹ

ਸ੍ਰੀ ਸ਼ਮਸ਼ੇਰ ਸਿੰਘ ਸੰਧੂ, ਡਿਪਟੀ ਡਾਇਰੈਕਟਰ (ਪ੍ਰਾ: ਸਿ:) ਦਫਤਰ ਡੀ. ਪੀ. ਆਈ. (ਪ੍ਰਾ: ਸਿ.) ਪੰਜਾਬ

(2) ਪਟਿਆਲਾ ਡਵੀਜ਼ਨ ... ਪਟਿਆਲਾ

ਸ੍ਰੀਮਤੀ ਜਸਮੇਰ ਕੌਰ ਕੰਗ, ਪ੍ਰਿੰਸੀਪਲ, ਜੀ. ਆਈ. ਐਸ. ਟੀ. ਸੀ., ਪਟਿਆਲਾ

ਹਿੰਦੀ ਮਾਸਟਰਜ਼/ਮਿਸਟਰੈਸਿਜ਼

(1) ਪਟਿਆਲਾ ਡਵੀਜ਼ਨ ... ਹੁਸ਼ਿਆਰਪੁਰ

ਸ੍ਰੀ ਅਸ਼ੋਕ ਕੁਮਾਰ, ਸਾਇੰਸ ਸੁਪਰਵਾਈਜ਼ਰ, ਦਫਤਰ ਜ਼ਿਲ੍ਹਾ ਸਿਖਿਆ ਅਫਸਰ, ਹੁਸ਼ਿਆਰਪੁਰ

(2) ਜਲੰਧਰ ਡਵੀਜ਼ਨ ... ਜਲੰਧਰ

ਸ੍ਰੀ ਸੋਹਨ ਲਾਲ, ਜ਼ਿਲ੍ਹਾ ਸਿਖਿਆ ਅਫਸਰ (ਸ) ਜਲੰਧਰ

ਆਰਟ ਐਂਡ ਕਰਾਫਟ ਅਤੇ ਪੀ. ਟੀ. ਆਈ. ਅਤੇ ਸਿਲਾਈ ਟੀਚਰ

(ਜ਼ਿਲ੍ਹਾਵਾਰ)

(1) ਫਰੀਦਕੋਟ ... ਫਰੀਦਕੋਟ

ਸ੍ਰੀਮਤੀ ਸੁਦਰਸ਼ਨ ਪੁਰੀ, ਪ੍ਰਿੰਸੀਪਲ, ਜੀ. ਜੀ. ਐਸ. ਐਸ. ਐਸ. ਫਰੀਦਕੋਟ

(2) ਅੰਮ੍ਰਿਤਸਰ ... ਅੰਮ੍ਰਿਤਸਰ

ਸ੍ਰੀਮਤੀ ਸੁਰਜੀਤ ਭੱਟੀ, ਪ੍ਰਿੰਸੀਪਲ, ਗ. ਗ. ਸ: ਸ: ਸ: ਪੁਤਲੀਘਰ, ਅੰਮ੍ਰਿਤਸਰ

(3) ਲੁਧਿਆਣਾ ... ਜਗਰਾਉਂ

ਸ੍ਰੀਮਤੀ ਜੋਗਿੰਦਰ ਕੌਰ ਚੌਹਾਨ, ਪ੍ਰਿੰਸੀਪਲ ਸ: ਸ: ਸ: ਸ: ਜਗਰਾਉਂ, ਲੁਧਿਆਣਾ

(4) ਜਲੰਧਰ ... ਜਲੰਧਰ

ਸ੍ਰੀ ਰਾਮ ਪਿਆਰਾ, ਜ਼ਿਲ੍ਹਾ ਸਿਖਿਆ ਅਫਸਰ (ਪ੍ਰਾ), ਜਲੰਧਰ

(5) ਕਪੂਰਥਲਾ ... ਕਪੂਰਥਲਾ

ਸ੍ਰੀ ਸੁਰਿੰਦਰ ਕੁਮਾਰ, ਜ਼ਿਲ੍ਹਾ ਸਿਖਿਆ ਅਫਸਰ (ਪ੍ਰਾ), ਕਪੂਰਥਲਾ

(6) ਬਠਿੰਡਾ ... ਬਠਿੰਡਾ

[ਸਿੱਖਿਆ ਮੰਤਰੀ]

ਸ੍ਰੀ ਨਸੀਬ ਚੰਦ ਪਾਲ, ਜ਼ਿਲ੍ਹਾ ਸਿਖਿਆ ਅਫਸਰ (ਸ), ਬਠਿੰਡਾ

(7) ਸੰਗਰੂਰ ... ਸੰਗਰੂਰ

ਸ੍ਰੀ ਮਨਮੋਹਨ ਸਿੰਘ, ਉਪ ਜ਼ਿਲ੍ਹਾ ਸਿਖਿਆ ਅਫਸਰ (ਸ), ਸੰਗਰੂਰ

(8) ਫਤਿਹਗੜ੍ਹ ਸਾਹਿਬ ... ਗੋਬਿੰਦਗੜ੍ਹ

ਸ੍ਰੀਮਤੀ ਕ੍ਰਿਸ਼ਨਾ ਵਰਮਾ, ਪ੍ਰਿੰਸੀਪਲ, ਸ: ਸ: ਸ: ਸ: ਗੋਬਿੰਦਗੜ੍ਹ

(9) ਮਾਨਸਾ ... ਮਾਨਸਾ

ਸ੍ਰੀ ਵੇਦ ਪ੍ਰਕਾਸ਼, ਉਪ ਜ਼ਿਲ੍ਹਾ ਸਿਖਿਆ ਅਫਸਰ (ਸ), ਮਾਨਸਾ

(10) ਫਿਰੋਜ਼ਪੁਰ ... ਫਿਰੋਜ਼ਪੁਰ

ਸ੍ਰੀ ਦਰਸ਼ਨ ਸਿੰਘ, ਉਪ ਜ਼ਿਲ੍ਹਾ ਸਿਖਿਆ ਅਫਸਰ, ਫਿਰੋਜ਼ਪੁਰ

(11) ਗੁਰਦਾਸਪੁਰ ... ਗੁਰਦਾਸਪੁਰ

ਸ੍ਰੀਮਤੀ ਕਰਿਸ਼ਨਾ ਖੰਨਾ, ਜ਼ਿਲ੍ਹਾ ਸਿਖਿਆ ਅਫਸਰ (ਪ੍ਰਾ), ਗੁਰਦਾਸਪੁਰ

(12) ਪਟਿਆਲਾ ... ਪਟਿਆਲਾ

ਸ੍ਰੀਮਤੀ ਜਸਵੀਰ ਕੌਰ, ਉਪ ਜਿਲ੍ਹਾ ਸਿਖਿਆ ਅਫਸਰ (ਸ), ਪਟਿਆਲਾ

(13) ਹੁਸ਼ਿਆਰਪੁਰ ... ਹੁਸ਼ਿਆਰਪੁਰ

ਸ੍ਰੀਮਤੀ ਦਲਬੀਰ ਕੌਰ, ਜ਼ਿਲ੍ਹਾ ਸਿਖਿਆ ਅਫਸਰ (ਸ), ਹੁਸ਼ਿਆਰਪੁਰ

(14) ਰੋਪੜ ... ਰੋਪੜ

ਸ੍ਰੀ ਐਸ. ਪੀ. ਸਿੰਘ, ਉਪ ਜ਼ਿਲ੍ਹਾ ਸਿਖਿਆ ਅਫਸਰ, ਰੋਪੜ

Shri Madan Mohan Mittal : Mr. Speaker, in reply, it has been stated that the letters are likely to be issued to the selected candidates. But the date is not mentioned by which the appointment letters are likely to be issued. It is only mentioned that the process of compilation of selection is being completed and appointments will be issued thereafter. But, the date by which appointment letters are likely to be issued, was my specific question and the Minister should kindly ensure that by such and such date the appointments will be made. The next session is to start from the month of April and the Minister should, atleast, specify the period, it may be, by 31st March, 1st April or 15th April, etc.

ਮੰਤਰੀ : ਸਪੀਕਰ ਸਾਹਿਬ, ਇਸ ਦੀ ਕੋਈ ਡੇਟ ਨਹੀਂ ਦੱਸੀ ਜਾ ਸਕਦੀ । ਇਸ ਕੰਮ ਲਈ 45 ਕਮੇਟੀਜ਼ ਬਣੀਆਂ ਹੋਈਆਂ ਹਨ ਅਤੇ 86,000 ਕੈਂਡੀਡੇਟ ਸਨ, ਆਰਡੀਨੈਰਿਲੀ ਇਸ ਕੰਮ ਲਈ 2—3 ਕਮੇਟੀਆਂ ਬਣਦੀਆਂ ਹਨ, ਇਸ ਲਈ ਜਲਦੀ ਤੋਂ ਜਲਦੀ ਇਹ ਆਸਾਮੀਆਂ ਭਰ ਦਿੱਤੀਆਂ ਜਾਣਗੀਆਂ । ਮੈਂ ਹਾਊਸ ਵਿਚ ਵਿਸ਼ਵਾਸ ਦਿਵਾਉਂਦਾ ਹਾਂ ਕਿ ਜਦੋਂ ਇਸ ਦਾ ਪ੍ਰੋਸੀਜਰ ਪੂਰਾ ਹੋ ਜਾਵੇਗਾ ਉਸ ਤੋਂ ਬਾਅਦ ਇਮੀਜੀਏਟਲੀ ਇਨ੍ਹਾਂ ਆਸਾਮੀਆਂ ਤੇ ਲਗਾ ਦਿਤਾ ਜਾਵੇਗਾ ।

ਸ਼੍ਰੀ ਮਦਨ ਮੋਹਨ ਮਿੱਤਲ : ਡੇਟ ਦਾ ਭਾਵ ਇਹ ਨਹੀਂ ਸੀ ਕਿ 31 ਮਾਰਚ, 1 ਅਪਰੈਲ, 15 ਅਪਰੈਲ ਹੋਵੇ । The Minister should at least specify the period as the next session is to start from April. ਸਪੀਕਰ ਸਾਹਿਬ, ਮੇਰਾ ਭਾਵ ਇਹ ਸੀ ਕਿ ਪੀਰੀਅਡ ਦੱਸ ਦੇਣ । ਦੂਸਰਾ ਜਿਨ੍ਹਾਂ ਸਕੂਲਾਂ ਵਿਚ ਆਸਾਮੀਆਂ ਖਾਲੀ ਪਈਆਂ ਹਨ, ਕੀ ਮੰਤਰੀ ਜੀ ਸਦਨ ਨੂੰ ਭਰੋਸਾ ਦਿਵਾਉਣਗੇ ਕਿ ਆਉਣ ਵਾਲੇ ਸਕੂਲਾਂ ਦੇ ਸੈਸ਼ਨ ਤੋਂ ਪਹਿਲਾ ਕੋਈ ਆਸਾਮੀ ਖਾਲੀ ਨਹੀਂ ਰਹੇਗੀ ਅਤੇ ਸਾਰੀਆਂ ਆਸਾਮੀਆਂ ਭਰ ਦਿਤੀਆਂ ਜਾਣਗੀਆਂ ?

ਸ਼੍ਰੀ ਸਪੀਕਰ : ਇਸ ਦਾ ਜਵਾਬ ਤਾਂ ਮੰਤਰੀ ਜੀ ਨੇ ਦੇ ਦਿਤਾ ਹੈ ਔਰ ਫਰਦਰ ਕਲੈਰੀ-ਫਿਕੇਸ਼ਨ ਦੀ ਲੋੜ ਨਹੀਂ ਹੈ ।

ਸ਼੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, 86,000 ਐਪਲੀਕੈਂਟਸ ਸਨ ਅਤੇ 76,000 ਦੀ ਇੰਟਰਵਿਊ ਹੋ ਚੁੱਕੀ ਹੈ ਔਰ ਉਨ੍ਹਾਂ ਦੀ ਸਿਲੈਕਸ਼ਨ ਕਦੋਂ ਹੋਵੇਗੀ ?

ਸ਼੍ਰੀ ਸਪੀਕਰ : ਜਿਹੜੀਆਂ ਵੇਕੈਂਸੀਜ਼ ਅਵੇਲੇਬਲ ਹਨ ਅਤੇ ਸਕੂਲਾਂ ਵਿਚ ਐਗਜਿਸਟ ਕਰਦੀਆਂ ਹਨ ਉਨ੍ਹਾਂ ਦੀ ਇੰਟਰਵਿਊ ਹੋ ਚੁੱਕੀ ਹੈ ਅਤੇ ਉਨ੍ਹਾਂ ਦੀ ਐਪੁਆਇੰਟਮੈਂਟਸ ਲਈ ਕੰਮ ਜਾਰੀ ਹੈ ।

ਮੰਤਰੀ : ਸਪੀਕਰ ਸਾਹਿਬ, 28 ਤਾਰੀਖ ਨੂੰ ਇੰਟਰਵਿਊ ਖਤਮ ਹੋ ਗਈ ਹੈ । ਟੋਟਲ 86,000 ਐਪਲੀਕੈਂਟਸ ਸਨ ਅਤੇ 76,000 ਇੰਟਰਵਿਊ ਤੇ ਆਏ ਹਨ । ਤੁਸੀਂ, ਸਪੀਕਰ ਸਾਹਿਬ, ਆਪ ਹੀ ਅੰਦਾਜ਼ਾ ਲਗਾ ਲਓ ਕਿ ਕਿੰਨਾ ਟਾਈਮ ਲੱਗੇਗਾ। ਪ੍ਰੋਸੈਸ ਜਾਰੀ ਹੈ ਔਰ ਸਾਰਿਆਂ ਦੀ ਮੈਰਿਟ ਲਿਸਟ ਬਣਾਉਣੀ ਹੈ। ਸਾਰੀਆਂ ਕਮੇਟੀਆਂ ਦਾ ਕੰਮ ਇਕੱਠਾ ਕਰਕੇ ਉਸ ਤੋਂ ਬਾਅਦ ਹੀ ਲਿਸਟਾਂ ਵਗੈਰਾ ਬਣਾਕੇ ਮੈਰਿਟ ਦੇ ਲਿਹਾਜ਼ ਨਾਲ ਨਿਯੁਕਤੀ ਪੱਤਰ ਜਾਰੀ ਕੀਤੇ ਜਾਣੇ ਹਨ। ਮੈਂ ਇਹ ਜ਼ਰੂਰ ਵਿਸ਼ਵਾਸ ਦਿਵਾਉਂਦਾ ਹਾਂ ਕਿ ਅਗਲੇ ਅਸੈਂਬਲੀ ਦੇ ਸੈਸ਼ਨ ਤੋਂ ਪਹਿਲਾਂ ਨਹੀਂ ਬਲਕਿ ਅਕੈਡਮਿਕ ਸੈਸ਼ਨ ਦੇ ਦੌਰਾਨ ਨਿਯੁਕਤੀਆਂ ਕਰ ਦਿਤੀਆਂ ਜਾਣਗੀਆਂ ਜਿਨ੍ਹਾਂ ਦੀ ਇੰਟਰਵਿਊ ਹੋ ਚੁਕੀ ਹੈ ।

ਸ਼੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਮੈਂ ਸਾਰੀਆਂ ਪੋਸਟਾਂ ਦੀ ਗੱਲ ਕੀਤੀ ਹੈ ਕਿ ਕੀ ਇਹ ਸਾਰੀਆਂ ਖਾਲੀ ਪੋਸਟਾਂ ਭਰ ਲਈਆਂ ਜਾਣਗੀਆਂ? ਇਸ ਦਾ ਜਵਾਬ ਨਹੀਂ ਆਇਆ।

ਮੰਤਰੀ : ਸਪੀਕਰ ਸਾਹਿਬ, ਇਥੇ ਤਾਂ ਰੋਜ਼ ਹੀ ਖਾਲੀ ਪੋਸਟਾਂ ਹੁੰਦੀਆਂ ਰਹਿੰਦੀਆਂ ਹਨ । ਜਿਹੜੀਆਂ ਹੁਣ ਤੋਕ ਖਾਲੀ ਪੋਸਟਾਂ ਹਨ ਔਰ ਜਿਨ੍ਹਾਂ ਦੀ ਇੰਟਰਵਿਊ ਹੋ ਚੁੱਕੀ ਹੈ, ਮੈਂ ਉਨ੍ਹਾਂ ਬਾਰੇ ਕਿਹਾ ਹੈ ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ 45 ਸਿਲੈਕਸ਼ਨ ਕਮੇਟੀਆਂ ਬਣਾਈਆਂ ਹਨ ਅਤੇ ਉਨ੍ਹਾਂ ਕਮੇਟੀਆਂ ਨੇ ਆਪਣਾ ਕੰਮ ਕੰਪਲੀਟ ਕਰ ਲਿਆ ਹੈ । 28 ਤਾਰੀਖ ਤਕ ਉਨ੍ਹਾਂ ਦੀ ਇੰਟਰਵਿਊ ਵੀ ਹੋ ਚੁਕੀ ਹੈ । ਕੈਂਡੀਡੇਟਸ ਦੇ ਮਨਾਂ ਵਿਚ ਬੜੀ ਹੀ ਰਿਜੰਟਮੈਂਟ ਹੈ। ਕੀ ਐਜੂਕੇਸ਼ਨ ਡਿਪਾਰਟਮੈਂਟ ਨੂੰ ਕਿਸੇ ਮਨਿਸਟਰ ਵਲੋਂ ਜਾਂ ਕਿਸੇ ਅਫਸਰ ਵਲੋਂ ਇਹ ਆਦੇਸ਼ ਤਾਂ ਨਹੀਂ ਦਿਤੇ ਕਿ ਜਿਹੜਾ ਬੀ.ਐਡ ਹੈ ਉਸ ਦੇ ਵੀ 35 ਨੰਬਰ ਦੇਣੇ ਹਨ, ਬੀ. ਏ. ਨੂੰ ਵੀ 35 ਨੰਬਰ ਅਤੇ ਗੋਲਡ ਮੈਡਲਿਸਟ ਨੂੰ ਵੀ 35 ਨੰਬਰ ਦੇਣੇ ਹਨ। ਫਸਟ ਡਵੀਜ਼ਨ ਵਾਲੇ ਨੂੰ ਵੀ 35ਨੰਬਰ ਦੇਣੇ ਹਨ, ਸੈਕਿੰਡ ਡਿਵੀਜ਼ਨ ਵਾਲੇ ਨੂੰ ਵੀ 35 ਨੰਬਰ ਦੇਣੇ ਹਨ ਅਤੇ ਥਰਡ ਡਿਵੀਜ਼ਨ ਵਾਲੇ ਨੂੰ ਵੀ 35 ਨੰਬਰ ਦੇਣੇ ਹਨ । ਇਸ ਤਰ੍ਹਾਂ ਤਾਂ ਮੈਰਿਟ ਦੇ ਆਧਾਰ ਤੇ ਨਿਯੁਕਤੀਆਂ ਨਹੀਂ ਹੋਣਗੀਆਂ। ਕੈਂਡੀਡੇਟਸ ਵਿਚ ਬੜੀ ਹੀ ਰਿਜੈਂਟਮੈਂਟ ਹੈ । 15 ਨੰਬਰ ਸਪੋਰਟਸ ਦੇ, ਸਪੋਰਟਸ ਬਾਰੇ ਵੀ ਕੋਈ ਨਹੀਂ ਦੱਸਿਆ ਗਿਆ ਕਿ ਇਹ ਕਿਸ ਲੈਵਲ ਤੇ 15 ਨੰਬਰ ਮਿਲਣੇ ਹਨ। 15 ਨੰਬਰ ਸਪੋਰਟਸ ਦੇ ਅਤੇ 15 ਨੰਬਰ ਜਬਾਨੀ ਇਮਤਿਹਾਨ ਦੇ, ਇਸ ਨਾਲ ਕੁਰੱਪਸ਼ਨ ਨੂੰ ਬੜ੍ਹਾਵਾ ਮਿਲਦਾ ਹੈ ।

ਸ੍ਰੀ ਸਪੀਕਰ : ਤੁਸੀਂ ਇਸ ਬਾਰੇ ਸੈਪਰੇਟ ਸਵਾਲ ਪੁੱਛ ਲਵੋ। ਇਹ ਦੋ ਕਿਸ਼ਤਾਂ ਵਿਚ ਸਵਾਲ ਹੈ। ਫਿਰ ਵੀ ਮੰਤਰੀ ਜੀ ਵੇਖ ਲੈਣ ।

ਮੰਤਰੀ : ਸਪੀਕਰ ਸਾਹਿਬ, ਫਸਟ ਡਿਵੀਜ਼ਨ, ਸੈਕਿੰਡ ਡਿਵੀਜ਼ਨ, ਥਰਡ ਡਿਵੀਜ਼ਨ ਵਾਲਿਆਂ ਦੇ ਨੰਬਰ ਵੱਖਰੇ ਵੱਖਰੇ ਹੀ ਹਨ ।

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਮੰਤਰੀ ਮਹੋਦਯ ਤੋਂ ਮੈਂ ਪੁੱਛਣਾ ਚਾਹੁੰਦੀ ਹਾਂ ਕਿ ਜਿਹੜੀਆਂ ਸਿਲੈਕਸ਼ਨ ਕਮੇਟੀਆਂ ਬਣਾਈਆਂ ਹਨ, ਕੀ ਉਹ ਕਮੇਟੀਆਂ ਮੈਰਿਟ ਤਹਿ ਕਰਕੇ ਨਹੀਂ ਲਿਸਟਾਂ ਭੇਜਦੀਆਂ ? ਕੀ ਮੰਤਰੀ ਜੀ ਮੈਰਿਟ ਤਹਿ ਕਰਦੇ ਹਨ?

ਸ੍ਰੀ ਸਪੀਕਰ : ਤੁਸੀਂ ਸਵਾਲ ਰਿਪੀਟ ਕਰ ਦੇਵੋ ।

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ: ਸਪੀਕਰ ਸਾਹਿਬ, ਮੈਂ ਆਪ ਜੀ ਰਾਹੀਂ ਸਨਿਮਰ ਨਿਵੇਦਨ ਕਰਨਾ ਚਾਹੁੰਦੀ ਹਾਂ ਕਿ ਜਿਹੜੀਆਂ ਸਿਲੈਕਸ਼ਨ ਕਮੇਟੀਆਂ ਬਣਾਈਆਂ ਹਨ ਉਹ ਜਿਹੜੇ ਜਿਹੜੇ ਸਬਜੈਕਟਸ ਵਾਸਤੇ ਬਣਾਈਆਂ ਜਾਂਦੀਆਂ ਹਨ, ਉਸ ਵਿੱਚ ਮੈਰਿਟ ਵੀ ਤਹਿ ਕਰਕੇ ਭੇਜਦੀਆਂ ਹਨ । ਉਨ੍ਹਾਂ ਨੇ ਮੈਰਿਟ ਤਹਿ ਕਰਕੇ ਭੇਜ ਦਿੱਤੀ। ਹੁਣ ਬਾਕੀ ਕਿਹੜਾ ਕਰਾਈਟੇਰੀਆ ਰਹਿ ਗਿਆ ਹੈ ਜਿਸ ਰਾਹੀਂ ਮੈਰਿਟ ਤਹਿ ਹੋਣੀ ਹੈ? ਕੀ ਉਹ ਮੰਤਰੀ ਜੀ ਆਪ ਕਰਨਗੇ?

ਸ੍ਰੀ ਸਪੀਕਰ : ਪ੍ਰੋਫੈਸਰ ਚਾਵਲਾ, ਇਹ ਕੋਈ ਸਪਲੀਮੈਂਟਰੀ ਨਹੀਂ ਹੈ । ਫੇਰ ਵੀ ਜੌਹਰ ਸਾਹਿਬ ਕੀ ਤੁਸੀਂ ਕੁਝ ਮੈਰਿਟ ਦੇ ਮੁਤੱਲਕ ਕਹਿਣਾ ਚਾਹੁੰਦੇ ਹੋ?

ਮੰਤਰੀ : ਸਪੀਕਰ ਸਾਹਿਬ, ਜਿਥੋਂ ਤੱਕ ਨੰਬਰਾਂ ਦਾ ਸਵਾਲ ਹੈ, ਉਹ ਚੇਅਰਮੈਨ ਕਮੇਟੀ ਨੇ ਦੇਣੇ ਹੁੰਦੇ ਹਨ। ਅਗੋਂ ਸਟੇਟ ਲੈਵਲ ਦੇ ਗਰੇਡ ਆਉਂਦੇ ਹਨ । ਫੇਰ ਸੀਨੀਆਰਟੀ ਇਕ ਜਗ੍ਹਾ ਕੰਪਾਈਲ ਹੋ ਕੇ ਬਣਨੀ ਹੈ।

ਕਾਮਰੇਡ ਤਰਸੇਮ ਜੋਧਾਂ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਜਿਹੜੇ 30 ਨੰਬਰ ਰਖੇ ਹਨ, ਉਹ ਮੂੰਹ ਦਿਖਾਈ ਦੇ ਰਖੇ ਹਨ? ਉਹ ਕਿਸ ਆਧਾਰ ਤੇ ਦਿਤੇ ਜਾਣੇ ਹਨ। ਇਨ੍ਹਾਂ ਬਕਾਇਆ ਰਹਿੰਦੇ ਨੰਬਰਾਂ ਦਾ ਥੱਲੇ ਬਹੁਤ ਖਦਸ਼ਾ ਹੈ ਕਿ ਉਨ੍ਹਾਂ ਨੂੰ ਕਿਸ ਢੰਗ ਨਾਲ ਦਿੱਤਾ ਜਾਵੇਗਾ ਅਤੇ ਕੀ ਕਰਾਈਟੇਰੀਆ ਫਿਕਸ ਹੋਵੇਗਾ ?

ਸ੍ਰੀ ਸਪੀਕਰ : ਇਹ ਸਪੈਸਿਫਿਕ ਸਪਲੀਮੈਂਟਰੀ ਨਹੀਂ। ਮੈਂ ਅਲਾਓ ਨਹੀਂ ਕਰਦਾ। ਸਵਾਲ ਖਤਮ ਹੋ ਗਏ ਹਨ।

UNSTARRED QUESTIONS AND ANSWERS

ਅਧਿਆਪਕਾਂ ਦੀਆਂ ਖਾਲੀ ਆਸਾਮੀਆਂ ਨੂੰ ਭਰਨਾ

109. **ਕਾਮਰੇਡ ਹਰਦੇਵ ਸਿੰਘ ਅਰਸ਼ੀ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:—

(ੳ) 31 ਜਨਵਰੀ, 1993 ਨੂੰ ਰਾਜ ਵਿਚ ਜ਼ਿਲ੍ਹਾ-ਵਾਰ ਕੁੱਲ ਕਿੰਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਨ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਸਕੂਲਾਂ ਵਿਚ ਲੈਕਚਰਾਰਾਂ ਦੀਆਂ ਵਿਸ਼ਾਵਾਰ ਕੁੱਲ ਕਿੰਨੀਆਂ ਮਨਜ਼ੂਰ ਸ਼ੁਦਾ ਆਸਾਮੀਆਂ ਹਨ;

(ੲ) ਉਪਰੋਕਤ ਭਾਗ (ਅ) ਵਿਚ ਵਰਣਿਤ ਸਕੂਲਾਂ ਵਿਚ ਲੈਕਚਰਾਰਾਂ ਦੀਆਂ ਵਿਸ਼ਾਵਾਰ ਕਿੰਨੀਆਂ ਆਸਾਮੀਆਂ ਖਾਲੀ ਪਈਆਂ ਹਨ ਅਤੇ ਉਕਤ ਖਾਲੀ ਆਸਾਮੀਆਂ ਨੂੰ ਭਰਨ ਲਈ ਸਰਕਾਰ ਦੁਆਰਾ ਕੀ ਕਾਰਵਾਈ ਕੀਤੀ ਗਈ/ਕੀਤੀ ਜਾ ਰਹੀ ਹੈ ?

ਸ੍ਰੀ ਹਰਨਾਮ ਦਾਸ ਜੌਹਰ : (ੳ) ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਦੀ ਜ਼ਿਲ੍ਹਾਵਾਰ ਕੁੱਲ ਗਿਣਤੀ ਦੀ ਸੂਚੀ ਨੱਥੀ ਹੈ ਜੀ।

(ਅ) ਅਤੇ (ੲ) ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਲਈ ਮਨਜ਼ੂਰ ਹੋਈਆਂ ਅਤੇ ਖਾਲੀ ਪਈਆਂ ਲੈਕਚਰਾਰਾਂ ਦੀਆਂ ਵਿਸ਼ਾਵਾਰ ਅਸਾਮੀਆਂ ਦੀ ਸੂਚੀ ਨੱਥੀ ਹੈ ਜੀ।

ਇਨ੍ਹਾਂ ਅਸਾਮੀਆਂ ਨੂੰ ਭਰਨ ਹਿੱਤ ਕੀਤੀ ਗਈ/ਕੀਤੀ ਜਾ ਰਹੀ ਕਾਰਵਾਈ :—

(1) ਮਿਤੀ 28 ਫਰਵਰੀ, 1993 ਤੱਕ ਲੈਕਚਰਾਰਾਂ ਦੀਆਂ 290 ਆਸਾਮੀਆਂ ਤਰੱਕੀ ਰਾਹੀਂ ਭਰੀਆਂ ਗਈਆਂ।

(2) ਸਿੱਧੀ ਭਰਤੀ ਰਾਹੀ ਲੈਕਚਰਾਰਾਂ ਦੀਆਂ ਅਸਾਮੀਆਂ ਭਰਨ ਲਈ ਕਾਰਵਾਈ ਚੱਲ ਰਹੀ ਹੈ ਜੀ ਤੇ ਇਸ ਲਈ ਵਿਭਾਗੀ ਚੋਣ ਕਮੇਟੀਆਂ ਦੀ ਰਚਨਾ ਕੀਤੀ ਜਾ ਚੁੱਕੀ ਹੈ।

(ੳ) ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਦੀ ਜ਼ਿਲ੍ਹਾਵਾਰ ਗਿਣਤੀ :—

1. ਅੰਮ੍ਰਿਤਸਰ	49
2. ਬਠਿੰਡਾ	23
3. ਫਰੀਦਕੋਟ	44
4. ਫਤਿਹਗੜ੍ਹ ਸਾਹਿਬ	13
5. ਫਿਰੋਜ਼ਪੁਰ	28

[ਸਿੱਖਿਆ ਮੰਤਰੀ]

6. ਗੁਰਦਾਸਪੁਰ	34
7. ਹੁਸ਼ਿਆਰਪੁਰ	41
8. ਜਲੰਧਰ	50
9. ਕਪੂਰਥਲਾ	17
10. ਲੁਧਿਆਣਾ	46
11. ਮਾਨਸਾ	11
12. ਪਟਿਆਲਾ	29
13. ਰੋਪੜ	22
14. ਸੰਗਰੂਰ	41
	448

(ਅ) ਅਤੇ (ੲ) ਵਿਸ਼ਾਵਾਰ ਲੈਕਚਰਾਰਾਂ ਦੀਆਂ ਮਨਜ਼ੂਰ ਹੋਈਆਂ ਅਤੇ ਖਾਲੀ ਆਸਾਮੀਆਂ ਦੀ ਸੂਚੀ

ਲੜੀ ਨੰ:	ਵਿਸ਼ਾ	ਮਨਜ਼ੂਰ-ਸ਼ੁਦਾ ਆਸਾਮੀਆਂ	ਖਾਲੀ ਆਸਾਮੀਆਂ
1	ਅੰਗਰੇਜ਼ੀ	350	158
2	ਪੰਜਾਬੀ	350	141
3	ਹਿਸਾਬ	350	112
4	ਇਤਿਹਾਸ	280	81
5	ਪੋਲੀਟੀਕਲ ਸਾਇੰਸ	350	122
6	ਅਰਥ ਸ਼ਾਸਤਰ	350	109
7	ਕਮਿਸਟਰੀ	283	194
8	ਫਿਜਿਕਸ	283	242
9	ਬਾਅਲੋਜੀ	283	150
10	ਕਮਰਸ	618	475
11	ਦੂਜੇ ਵਿਸ਼ੇ	373	127
		3870	1911

ਸੀਨੀਅਰ ਸੈਕੰਡਰੀ ਸਕੂਲਾਂ ਦੇ ਲੈਕਚਰਾਰਾਂ ਦੀ ਸੀਨੀਆਰਤਾ ਸੂਚੀ

110. **ਕਾਮਰੇਡ ਹਰਦੇਵ ਸਿੰਘ ਅਰਸ਼ੀ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਵਿਚ ਕੰਮ ਕਰ ਰਹੇ ਲੈਕਚਰਾਰਾਂ ਦੀ ਕੋਈ ਸੀਨੀਅਰਤਾ ਸੂਚੀ ਤਿਆਰ ਕੀਤੀ ਜਾਂਦੀ ਹੈ; ਜੇਕਰ ਅਜਿਹਾ ਹੋਵੇ ਤਾਂ ਉਸਦੀ ਮਿਤੀ ਅੰਤ ਤੱਕ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਵੇ ?

ਸ੍ਰੀ ਹਰਨਾਮ ਦਾਸ ਜੌਹਰ : ਪੰਜਾਬ ਸਿਖਿਆ ਵਿਭਾਗ ਵਿੱਚ ਕੰਮ ਕਰ ਰਹੇ ਸਕੂਲ ਲੈਕਚਰਾਰ ਪੁਰਸ਼ਾਂ ਦੀ ਸੀਨੀਅਰਤਾ ਸੂਚੀ ਮਿਤੀ 31 ਦਸੰਬਰ, 1981 ਤੱਕ ਤਿਆਰ ਕੀਤੀ ਗਈ ਹੈ ਅਤੇ ਇਸਤਰੀ ਲੈਕਚਰਾਰਾਂ ਦੀ ਸੀਨੀਅਰਤਾ ਸੂਚੀ ਮਿਤੀ 30 ਸਤੰਬਰ, 1980 ਤੱਕ ਤਿਆਰ ਕੀਤੀ ਗਈ ਹੈ ।

ਸੀਨੀਆਰਤਾ ਲਿਸਟ ਕਾਫੀ ਵਿਸਥਾਰਮਈ ਹੈ, ਇਸ ਵਿੱਚ ਲੱਗਣ ਵਾਲਾ ਸਮਾਂ ਅਤੇ ਯਤਨ ਅਜਿਹੇ ਹਨ ਕਿ ਇਹ ਇਸ ਵਿੱਚ ਆਉਣ ਵਾਲੀ ਮਿਹਨਤ ਦੇ ਅਨੁਕੂਲ ਨਹੀਂ ਹੋਵੇਗੀ।

ਬਠਿੰਡਾ ਅਤੇ ਮਾਨਸਾ ਜ਼ਿਲਿਆਂ ਵਿਚ ਲੈਕਚਰਾਰਾਂ ਦੀਆਂ ਤਰੱਕੀਆਂ ਅਤੇ ਉਨ੍ਹਾਂ ਨੂੰ ਲਗਾਉਣਾ

111. **ਕਾਮਰੇਡ ਹਰਦੇਵ ਸਿੰਘ ਅਰਸ਼ੀ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਬਠਿੰਡਾ ਅਤੇ ਮਾਨਸਾ ਜ਼ਿਲ੍ਹਿਆਂ ਵਿਚ ਵਿਦਿਅਕ ਸਾਲ 1992-93 ਦੇ ਦੌਰਾਨ ਅਪਗਰੇਡ ਕੀਤੇ ਗਏ ਸਰਕਾਰੀ ਸੀਨੀਅਰ ਸਕੂਲਾਂ ਵਿਚ 31 ਦਸੰਬਰ, 1992 ਤੱਕ ਤਰੱਕੀ ਦਿੱਤੇ ਗਏ ਅਤੇ ਲਗਾਏ ਗਏ ਲੈਕਚਰਾਰਾਂ ਦੇ ਨਾਂ ਕੀ ਕੀ ਹਨ ?

ਸ੍ਰੀ ਹਰਨਾਮ ਦਾਸ ਜੌਹਰ : ਜ਼ਿਲ੍ਹਾ ਬਠਿੰਡਾ ਵਿਖੇ ਵਿਦਿਅਕ ਸਾਲ 1992-93 ਦੌਰਾਨ 5 ਸਕੂਲ, ਸੀਨੀਅਰ ਸੈਕੰਡਰੀ ਸਕੂਲ ਪੱਧਰ ਤੱਕ ਅਪਗਰੇਡ ਕੀਤੇ ਗਏ। ਜ਼ਿਲ੍ਹਾ ਮਾਨਸਾ ਵਿਚ ਕੋਈ ਸਕੂਲ ਅਪਗਰੇਡ ਨਹੀਂ ਹੋਇਆ। ਜ਼ਿਲ੍ਹਾ ਬਠਿੰਡਾ ਵਿਚ ਅਪਗਰੇਡ ਹੋਏ ਸਕੂਲਾਂ ਵਿਚ ਤਰੱਕੀ ਕੀਤੇ/ਪੋਸਟ ਕੀਤੇ ਲੈਕਚਰਾਰਾਂ ਦੇ ਵੇਰਵੇ ਹੇਠਾਂ ਲਿਖੇ ਅਨੁਸਾਰ ਹਨ:—

1. ਸ.ਸ.ਸ.ਸ., ਮੰਡੀ ਫੂਲ

(1) ਅੰਮ੍ਰਿਤ ਲਾਲ, ਲੈਕਚਰਾਰ ਰਾਜਨੀਤੀ ਸ਼ਾਸ਼ਤਰ,
(2) ਰਾਜ ਕੁਮਾਰ, ਲੈਕਚਰਾਰ ਅਰਥ ਸ਼ਾਸ਼ਤਰ,
(3) ਬਲਦੇਵ ਕੌਰ, ਲੈਕਚਰਾਰ ਅਰਥ ਸ਼ਾਸ਼ਤਰ,
(4) ਮੀਰਾ ਰਾਣੀ, ਲੈਕਚਰਾਰ ਬਿਆਲੌਜੀ,
(5) ਹਰਪ੍ਰੀਤ ਕੌਰ, ਲੈਕਚਰਾਰ ਅੰਗਰੇਜ਼ੀ,

2. ਸ.ਸ.ਸ.ਸ., ਮਹਿਮਾ ਸਰਜਾ

(1) ਚੇਤ ਰਾਮ, ਲੈਕਚਰਾਰ ਪੰਜਾਬੀ,

3. ਸ.ਸ.ਸ.ਸ., ਕੋਟ ਸਮੀਰ

(1) ਸੁਰੇਸ਼ ਕੁਮਾਰੀ, ਲੈਕਚਰਾਰ ਕਮਿਸਟਰੀ,
(2) ਹਰਦਿਆਲ ਕੌਰ, ਲੈਕਚਰਾਰ ਅਰਥ ਸ਼ਾਸ਼ਤਰ,

[ਸਿੱਖਿਆ ਮੰਤਰੀ]

(3) ਕਮਲ ਪਰੀਤ ਕੌਰ, ਲੈਕਚਰਾਰ ਬਿਆਲੋਜੀ

(4) ਗੁਰਲਾਲ ਸਿੰਘ, ਲੈਕਚਰਾਰ ਅੰਗਰੇਜ਼ੀ ।

4. ਸ.ਸ.ਸ.ਸ., ਕੋਟ ਭਾਰਾ

(1) ਗੁਰਮੇਲ ਸਿੰਘ, ਲੈਕਚਰਾਰ ਕਮਿਸਟਰੀ

(2) ਇੰਦਰ ਮੋਹਨ ਸ਼ਰਮਾ, ਲੈਕਚਰਾਰ ਅਰਥ ਸ਼ਾਸ਼ਤਰ ।

5. ਸ.ਸ.ਸ.ਸ., ਬਾਲੀਆਂ ਵਾਲੀ

ਨਿੱਲ ।

ਜ਼ਿਲ੍ਹਾ ਬੋਰਡਾਂ ਅਤੇ ਮਿਉਂਸਪਲ ਕਮੇਟੀਆ ਵਿਚ ਕੀਤੀ ਗਈ ਸੇਵਾ ਨੂੰ ਪੈਨਸ਼ਨ ਸਬੰਧੀ ਲਾਭਾਂ ਲਈ ਗਿਣਨਾ

114. **ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਜ਼ਿਲ੍ਹਾ ਬੋਰਡਾਂ ਅਤੇ ਮਿਊਨਸੀਪਲ ਕਮੇਟੀਆਂ ਦੇ ਪ੍ਰਾਂਤੀਕਰਣ ਕੀਤੇ ਸਕੂਲਾਂ ਦੇ ਅਮਲੇ ਦੁਆਰਾ ਕੀਤੀ ਗਈ ਸੇਵਾ ਨੂੰ ਪੈਨਸ਼ਨ ਸਬੰਧੀ ਲਾਭਾਂ ਲਈ ਗਿਣਿਆ ਜਾਂਦਾ ਹੈ; ਜੇਕਰ ਹਾਂ, ਤਾਂ ਇਸ ਸਬੰਧੀ ਹਦਾਇਤਾਂ/ਨਿਯਮਾਂ ਦੀ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਵੇ ;

(ਅ) ਗੁਰਦਾਸਪੁਰ, ਅੰਮ੍ਰਿਤਸਰ ਅਤੇ ਫਿਰੋਜ਼ਪੁਰ ਜ਼ਿਲ੍ਹਿਆਂ ਦੇ ਪ੍ਰਾਂਤੀਕਰਣ ਕੀਤੇ ਸਕੂਲਾਂ ਦੇ ਸਟਾਫ ਮੈਂਬਰਾਂ ਦੇ ਨਾਵਾਂ ਨੂੰ ਦਰਸਾਉਂਦਾ ਵਿਵਰਣ ਸਦਨ ਦੀ ਮੇਜ਼ ਤੇ ਰੱਖਣਗੇ ਜਿਨ੍ਹਾਂ ਨੂੰ ਹੁਣ ਤੱਕ ਉਕਤ ਲਾਭ ਦਿੱਤੇ ਗਏ ਹਨ?

ਸ੍ਰੀ ਹਰਨਾਮ ਦਾਸ ਜੌਹਰ : (ੳ) ਹਾਂ ਜੀ, ਜ਼ਿਲ੍ਹਾ ਬੋਰਡਾਂ ਅਤੇ ਮਿਊਂਸੀਪਲ ਕਮੇਟੀਆਂ ਦੇ ਪ੍ਰਾਂਤੀਕਰਨ ਕੀਤੇ ਸਕੂਲਾਂ ਦੇ ਅਮਲੇ ਦੁਆਰਾ ਕੀਤੀ ਗਈ ਸੇਵਾ ਨੂੰ ਪੈਨਸ਼ਨਰੀ ਲਾਭਾਂ ਲਈ ਗਿਣਿਆ ਜਾਂਦਾ ਹੈ ਇਸ ਸਬੰਧ ਵਿਚ ਪੰਜਾਬ ਸਰਕਾਰ ਦੇ ਪੱਤਰ ਨੰ: 6889-3ਸਿ3-73/20371, ਮਿਤੀ 2 ਅਗਸਤ, 1973 ਰਾਹੀਂ ਜਾਰੀ ਕੀਤੀਆਂ ਗਈਆਂ ਹਦਾਇਤਾਂ ਦੀ ਕਾਪੀ ਸਦਨ ਦੀ* ਮੇਜ਼ ਤੇ ਰੱਖੀ ਜਾਂਦੀ ਹੈ ।

(ਅ) ਗੁਰਦਾਸਪੁਰ, ਅੰਮ੍ਰਿਤਸਰ ਅਤੇ ਫਿਰੋਜ਼ਪੁਰ ਜ਼ਿਲਿਆਂ ਦੇ ਪ੍ਰਾਂਤੀਕਰਨ ਕੀਤੇ ਸਕੂਲਾਂ ਦੇ ਜਿਹੜੇ ਅਮਲੇ ਨੂੰ ਉਪਰੋਕਤ ਦੱਸੇ ਲਾਭ ਦਿੱਤੇ ਗਏ ਹਨ ਦੇ ਨਾਵਾਂ ਦੀ ਸੂਚੀ ਸਦਨ ਦੀ *ਮੇਜ਼ ਤੇ ਰੱਖੀ ਜਾਂਦੀ ਹੈ ।

---

*Placed in the Library.

POINTS OF ORDER *RE.* RAISING OF KRISHI VIGYAN BHAWANS AND STRIKE BY JUNIOR DOCTORS IN GURU NANAK HOSPITAL, AMRITSAR AND RAJINDRA HOSPITAL, PATIALA

ਸ੍ਰੀ ਸਤਨਾਮ ਸਿੰਘ ਕੈਂਥ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ। ਸਪੀਕਰ ਸਾਹਿਬ, ਵਰਲਡ ਬੈਂਕ ਦੀ ਸਹਾਇਤਾ ਨਾਲ ਪੰਜਾਬ ਦੇ ਅੰਦਰ 5 ਕ੍ਰਿਸ਼ੀ ਵਿਗਿਆਨ ਭਵਨ ਉਸਾਰੇ ਜਾਣੇ ਸਨ। ਉਨ੍ਹਾਂ ਦੇ ਅੰਦਰ ਜਿਹੜਾ ਕਾਗਜ਼ਾਂ ਵਿੱਚ ਇਕ ਕ੍ਰਿਸ਼ੀ ਵਿਗਿਆਨ ਭਵਨ 1992 ਵਿੱਚ ਉਸਾਰਿਆ ਜਾਣਾ ਸੀ, ਉਹ ਬਾਹੋਵਾਲ ਵਿੱਚ ਰੱਖਿਆ ਗਿਆ। ਉਹ ਡਿਸਪਿਊਟਿਡ ਲੈਂਡ ਵਿੱਚ ਰਖਿਆ ਗਿਆ। ਉਹ ਸ਼ਡਿਊਲਡ ਕਾਸਟ ਵਿਅਕਤੀ ਦੀ ਲੈਂਡ ਹੈ ਅਤੇ ਉਹ ਉਸ ਮੁਤੱਲਕ ਕੋਰਟ ਵਿਚ ਜਿੱਤ ਚੁੱਕਾ ਸੀ। ਕੋਰਟ ਨੇ 30 ਅਪਰੈਲ ਤੱਕ ਸਟੇਅ ਦਿੱਤੀ ਹੈ। ਮੈਂ ਮੁੱਖ ਮੰਤਰੀ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਕੋਰਟ ਦੇ ਹੁਕਮ ਇੰਪਲੀਮੈਂਟ ਹੋਣੇ ਚਾਹੀਦੇ ਹਨ। ਜੋ ਸਚਾਈ ਦਾ ਫੈਸਲਾ ਕੋਰਟ ਕਰੇ, ਜਿਵੇਂ ਵੀ ਕੋਰਟ ਫੈਸਲਾ ਕਰੇ, ਉਸਤੇ ਫਰਦਰ ਐਕਸ਼ਨ ਹੋਣਾ ਚਾਹੀਦਾ ਹੈ।

ਸ੍ਰੀ ਸਪੀਕਰ : ਕੈਂਥ ਸਾਹਿਬ, ਇਹ ਪੁਆਇੰਟ ਬਜਟ ਤੇ ਡਿਸਕਸ਼ਨ ਵੇਲੇ ਡਿਸਕਸ ਕਰ ਲੈਣਾ। ਬੇਸ਼ਕ ਡਿਟੇਲ ਵਿੱਚ ਪੁੱਛ ਲੈਣਾ। ਇਸ ਦਾ ਜਵਾਬ ਵੀ ਆ ਜਾਵੇਗਾ।

ਸ੍ਰੀ ਸਤਨਾਮ ਸਿੰਘ ਕੈਂਥ : ਸਪੀਕਰ ਸਾਹਿਬ, ਇਹ ਬੜਾ ਅਹਿਮ ਮਾਮਲਾ ਹੈ। ਕੋਰਟ ਦੇ ਫੈਸਲੇ ਨੂੰ ਤਾਂ ਮੰਨਣਾ ਚਾਹੀਦਾ ਹੈ।

ਸ੍ਰੀ ਸਪੀਕਰ : ਇਹ ਮਾਮਲਾ ਪੁਆਇੰਟ ਆਫ ਆਰਡਰ ਵਿੱਚ ਨਹੀਂ ਉਠਾਇਆ ਜਾਣਾ ਚਾਹੀਦਾ।

ਸ੍ਰੀ ਸਤਨਾਮ ਸਿੰਘ ਕੈਂਥ : ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਨੇ ਭਰੋਸਾ ਦਿੱਤਾ ਹੈ ਕਿ ਕੋਰਟ ਦੇ ਫੈਸਲੇ ਨੂੰ ਲਾਗੂ ਕਰਾਂਗੇ। ਕੋਰਟ ਨੇ ਫੈਸਲਾ ਦੇ ਦਿੱਤਾ ਹੈ। ਉਸ ਨੂੰ ਲਾਗੂ ਕਰਨਾ ਚਾਹੀਦਾ ਹੈ।

ਸਰਦਾਰ ਹਰਗੋਪਾਲ ਸਿੰਘ, ਐਡਵੋਕੇਟ : ਸਪੀਕਰ ਸਾਹਿਬ, ਸੀ.ਐਮ. ਸਾਹਿਬ ਨੇ ਕਿਹਾ ਸੀ ਕਿ ਜੇ ਕੋਰਟ ਨੇ ਕੋਈ ਫੈਸਲਾ ਦਿੱਤਾ ਹੈ ਤਾਂ ਦਿਖਾ ਦਿਓ, ਮੈਂ ਆਰਡਰ ਕਰ ਦੇਵਾਂਗਾ।

ਇਹ 1988 ਦਾ ਫੈਸਲਾ ਉਨ੍ਹਾਂ ਦੇ ਹੱਕ ਵਿੱਚ ਹੋਇਆ ਹੈ। ਸੀ. ਐਮ. ਸਾਹਿਬ ਨੂੰ ਉਸ ਬਾਰੇ ਸਟੇਟਮੈਂਟ ਦੇਣੀ ਚਾਹੀਦੀ ਹੈ।

Applicants were found entitled to have right of grazing, cutting dry wood and grass from the land of the respondent Gram Panchayat.

Parliamentary Affairs Minister : Under the rules, they are not permitted to raise subjudice matter. The Assembly is not the forum for that. They can seek the redressal in the Court.

ਸ੍ਰੀ ਸਪੀਕਰ : ਕੈਂਥ ਜੀ, ਮੈਂ ਬੇਨਤੀ ਕਰਾਂਗਾ ਕਿ ਤੁਸੀਂ ਇਹ ਰੈਫਰੈਂਸ ਆਪਣੀ ਡਿਸਕਸ਼ਨ ਵਿਚ ਕਰ ਲੈਣਾ।

ਸ਼੍ਰੀ ਸਤਨਾਮ ਸਿਘ ਕੈਂਥ : ਸਪੀਕਰ ਸਾਹਿਬ, ਡਿਸਕਸ਼ਨ ਵਿਚ ਇਹ ਗੱਲ ਹੋ ਚੁਕੀ ਹੈ ਅਤੇ ਸੀ.ਐਮ. ਸਾਹਿਬ ਅਸ਼ੋਰੈਂਸ ਵੀ ਦੇ ਚੁੱਕੇ ਹਨ........(ਵਿਘਨ)

(ਇਸ ਵਕਤ ਬਹੁਜਨ ਸਮਾਜ ਪਾਰਟੀ ਦੇ ਹੋਰ ਵੀ ਕਈ ਮੈਂਬਰ ਸਾਹਿਬਾਨ ਬੋਲ ਰਹੇ ਸਨ ਪਰ ਸਦਨ ਵਿਚ ਸ਼ੋਰ ਕਾਰਨ ਸਾਫ ਸੁਣਾਈ ਨਹੀਂ ਸੀ ਦੇ ਰਿਹਾ)

ਸ਼੍ਰੀ ਸਪੀਕਰ : ਕੈਂਥ ਜੀ, ਇਕੱਲਾ ਇਕੱਲਾ ਬੋਲੋ। ਤੁਸੀਂ ਆਪਣੇ ਬਾਕੀ ਸਾਥੀਆਂ ਨੂੰ ਬਿਠਾਓ। Kainth Ji, only you are on a Point of Order, not others, please ....Order, Order, you can come to my Chamber and we will discuss the matter.

ਸ਼੍ਰੀ ਸਤਨਾਮ ਸਿੰਘ ਕੈਂਥ : ਸਪੀਕਰ ਸਾਹਿਬ, ਜੇ ਤੁਸੀਂ ਕਹਿੰਦੇ ਹੋ ਤਾਂ ਮੈਂ ਚੈਂਬਰ ਵਿਚ ਵੀ ਆ ਜਾਵਾਂਗਾ ਅਤੇ ਡਿਸਕਸ ਵੀ ਕਰ ਲਵਾਂਗਾ। ਲੇਕਿਨ ਇਹ ਅਸ਼ੋਰੈਂਸ ਇੰਪਲੀਮੈਂਟ ਹੋਣੀ ਚਾਹੀਦੀ ਹੈ।

ਸ਼੍ਰੀ ਸਪੀਕਰ : ਹਾਂ ਜੀ, ਸ਼੍ਰੀਮਤੀ ਵਿਮਲਾ ਡਾਂਗ ਜੀ।

ਸ਼੍ਰੀਮਤੀ ਵਿਮਲਾ ਡਾਂਗ : ਸਪੀਕਰ ਸਾਹਿਬ, ਮੈਂ ਇਸ ਹਾਊਸ ਵਿਚ ਇਕ ਜ਼ਰੂਰੀ ਮਸਲਾ ਉਠਾਉਣਾ ਚਾਹੁੰਦੀ ਹਾਂ। ਅੰਮ੍ਰਿਤਸਰ ਵਿਚ ਗੁਰੂ ਨਾਨਕ ਹਸਪਤਾਲ ਅਤੇ ਪਟਿਆਲਾ ਵਿਚ ਰਾਜਿੰਦਰਾ ਹਸਪਤਾਲ ਦੀ ਵਰਕਿੰਗ ਟੋਟਲੀ ਪੈਰਾਲਾਈਜ਼ਡ ਹੋਈ ਪਈ ਹੈ। ਓਪਰੇਸ਼ਨ ਥੀਏਟਰ ਬੰਦ ਪਏ ਹਨ। ਉਥੇ ਡਾਕਟਰਾਂ ਨੇ 48 ਘੰਟੇ ਦੀ ਹੜਤਾਲ ਦੀ ਕਾਲ ਦਿੱਤੀ ਹੈ ਅਤੇ ਉਸ ਤੋਂ ਬਾਅਦ ਇਨਡੈਫੀਨਿਟ ਸਟਰਾਈਕ ਦੀ ਕਾਲ ਵੀ ਦਿੱਤੀ ਹੋਈ ਹੈ। ਉਨ੍ਹਾਂ ਡਾਕਟਰਾਂ ਦੀ ਮੰਗ ਹੈ ਕਿ ਉਨ੍ਹਾਂ ਨੂੰ ਹਰਿਆਣਾ ਅਤੇ ਦਿੱਲੀ ਦੇ ਪੈਟਰਨ ਤੇ ਪੇਅ ਸਕੇਲ ਮਿਲਣੇ ਚਾਹੀਦੇ ਹਨ। ਉਨ੍ਹਾਂ ਨੂੰ ਹਰਿਆਣੇ ਤੋਂ ਵੀ ਘੱਟ ਸਕੇਲ ਮਿਲ ਰਹੇ ਹਨ। ਉਨ੍ਹਾਂ ਦੀ ਇਸ ਸਟਰਾਈਕ ਦੀ ਕਾਲ ਕਾਰਨ ਹੈਲਥ ਸਰਵਿਸਜ਼ ਤੇ ਬਹੁਤ ਬੁਰਾ ਅਸਰ ਪੈ ਰਿਹਾ ਹੈ ਅਤੇ ਜੂਨੀਅਰ ਡਾਕਟਰਾਂ ਦੀਆਂ ਜਿਹੜੀਆਂ ਡਿਮਾਂਡਜ਼ ਹਨ, ਉਨ੍ਹਾਂ ਕਾਰਣ ਬੜੇ ਚਿਰ ਤੋਂ ਉਨ੍ਹਾਂ ਦੀ ਐਜੀਟੇਸ਼ਨ ਚਲ ਰਹੀ ਹੈ। ਮੈਂ ਚਾਹੁੰਦੀ ਹਾਂ ਕਿ ਸਬੰਧਤ ਮੰਤਰੀ ਇਸ ਬਾਰੇ ਹਾਊਸ ਵਿਚ ਸਟੇਟਮੈਂਟ ਦੇਣ ਅਤੇ ਦੱਸਣ ਕਿ ਉਨ੍ਹਾਂ ਦੀਆਂ ਮੰਗਾਂ ਮੰਨਣ ਵਾਸਤੇ ਕੀ ਕਾਰਵਾਈ ਕੀਤੀ ਜਾ ਰਹੀ ਹੈ ?

Mr. Speaker : Mrs. Dang, please give it proper shape.

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਅਸੀਂ ਇਸ ਬਾਰੇ ਇਕ ਧਿਆਨ ਦਿਵਾਉ ਮਤਾ ਵੀ ਦਿੱਤਾ ਸੀ ਜਿਹੜਾ ਇਸ ਗਰਾਊਂਡ ਤੇ ਰੱਦ ਕਰ ਦਿੱਤਾ ਗਿਆ ਸੀ ਕਿ ਜਿਸ ਵੇਲੇ ਬਜਟ ਤੇ ਡਿਸਕਸ਼ਨ ਹੋਵੇਗੀ, ਉਸ ਵੇਲੇ ਤੁਸੀਂ ਇਹ ਗੱਲ ਕਰ ਲੈਣਾ ਪਰ ਬਜਟ ਤਾਂ ਅਜੇ ਪੇਸ਼ ਹੋਣਾ ਹੈ 10 ਤਰੀਕ ਨੂੰ ਅਤੇ 11 ਤਰੀਕ ਨੂੰ ਉਸ ਤੇ ਬਹਿਸ ਆਰੰਭ ਹੋਣੀ ਹੈ ਜਦ ਕਿ ਡਾਕਟਰਜ਼ ਕਲ੍ਹ ਤੋਂ ਸਟਰਾਈਕ ਤੇ ਗਏ ਹੋਏ ਹਨ। ਅੱਜ ਵੀ ਉਨ੍ਹਾਂ ਦੀ ਸਟਰਾਈਕ ਕੰਟੀਨਿਊਡ ਹੈ। ਜੇ ਕੋਈ ਤਰੀਕਾ ਨਾ ਲਭਿਆ ਗਿਆ ਤਾਂ ਇਹ ਸਟਰਾਈਕ ਇਨਡੈਫੀਨਿਟਲੀ ਚਲਣ ਦਾ ਖਤਰਾ ਹੈ। ਮਰੀਜ਼ ਬਹੁਤ ਸਫਰ ਕਰ ਰਹੇ ਹਨ। ਇਹ ਹੈਲਥ ਦੀਆਂ ਬੜੀਆਂ ਜ਼ਰੂਰੀ ਸੇਵਾਵਾਂ ਹਨ ਅਤੇ ਇਹ ਬੜਾ ਜ਼ਰੂਰੀ ਮਸਲਾ ਹੈ। ਇਸ ਬਾਰੇ ਉਪਰਾਲਾ ਕਰਨ ਦੀ ਲੋੜ ਤਾਂ ਹੁਣੇ ਹੀ ਹੈ। ਕੀ ਕਨਸਰਨਡ ਮਨਿਸਟਰ ਇਸ ਬਾਰੇ ਹਾਊਸ ਵਿਚ ਸਟੇਟਮੈਂਟ ਦੇਣਗੇ ਕਿ ਸਰਕਾਰ ਫੌਰੀ ਤੌਰ ਤੇ ਉਨ੍ਹਾਂ ਦੀਆਂ ਗਰੀਵੈਂਸਿਜ਼ ਦੂਰ ਕਰਨ ਵਾਸਤੇ ਕੀ ਕਦਮ ਪੁੱਟ ਰਹੀ ਹੈ ?

ਸ਼੍ਰੀ ਸਪੀਕਰ: ਅਰਸ਼ੀ ਜੀ, ਮੈਂ ਤੁਹਾਨੂੰ ਰਿਕੁਐਸਟ ਕਰਾਂਗਾ ਕਿ ਹੁਣੇ ਹੀ ਇਕ ਐਪਰੋਪਰੀਏਸ਼ਨ ਬਿੱਲ ਸਪਲੀਮੈਂਟਰੀ ਗਰਾਂਟਸ ਦਾ ਤੁਹਾਡੇ ਸਾਹਮਣੇ ਆ ਰਿਹਾ ਹੈ.......(ਸ਼ੋਰ)

(ਇਸ ਵਕਤ ਮਾਨਯੋਗ ਮੈਂਬਰ ਸ਼੍ਰੀਮਤੀ ਵਿਮਲਾ ਡਾਂਗ ਜੀ ਕੁਝ ਬੋਲ ਰਹੇ ਸਨ ਪਰ ਸਦਨ ਵਿਚ ਸ਼ੋਰ ਕਾਰਨ ਸਾਫ ਸੁਣਾਈ ਨਹੀਂ ਸੀ ਦੇ ਰਿਹਾ)

ਸ਼੍ਰੀ ਸਪੀਕਰ: ਮਿਸਿਜ਼ ਡਾਂਗ, ਕੀ ਮੈਂ ਆਪਣੀ ਗੱਲ ਪੂਰੀ ਕਰ ਸਕਦਾ ਹਾਂ? ਤੁਸੀਂ ਕਿਰਪਾ ਕਰਕੇ ਆਪਣੀ ਸੀਟ ਤੇ ਬੈਠੋ।

ਸ਼੍ਰੀਮਤੀ ਵਿਮਲਾ ਡਾਂਗ: ਸਪੀਕਰ ਸਾਹਿਬ, ਕਲ੍ਹ ਮੈਂ ਇਕ ਪੁਆਇੰਟ ਆਫ ਆਰਡਰ ਰੇਜ਼ ਕੀਤਾ ਸੀ, ਉਸ ਦਾ ਜਵਾਬ ਨਹੀਂ ਦਿੱਤਾ ਗਿਆ.........

ਸ਼੍ਰੀ ਸਪੀਕਰ: ਕਿਰਪਾ ਕਰਕੇ ਬੈਠ ਜਾਓ। ਜਿਹੜਾ ਤੁਹਾਡਾ ਕਾਲ ਅਟੈਨਸ਼ਨ ਮੋਸ਼ਨ ਆਇਆ ਸੀ, ਉਹ ਇਸ ਵਾਸਤੇ ਡਿਸਅਲਾਓ ਕੀਤਾ ਸੀ ਕਿ ਤੁਹਾਨੂੰ ਹਾਲੇ ਡਿਸਕਸ਼ਨ ਦੇ ਸੌ ਮੌਕੇ ਮਿਲਣਗੇ। ਇਸੇ ਬਜਟ ਸੈਸ਼ਨ ਦੇ ਦੌਰਾਨ ਤੁਸੀਂ ਆਪਣੀ ਡਿਸਕਸ਼ਨ ਕਰ ਸਕਦੇ ਹੋ।

ਅਰਸ਼ੀ ਜੀ, ਤੁਸੀਂ ਮੇਰੇ ਚੇਂਬਰ ਵਿਚ ਆ ਜਾਣਾ, ਅਸੀਂ ਉਥੇ ਬੈਠ ਕੇ ਇਹ ਚੀਜ਼ ਡਿਸਕਸ ਕਰ ਲਵਾਂਗੇ।

ਕਾਮਰੇਡ ਹਰਦੇਵ ਸਿੰਘ ਅਰਸ਼ੀ: ਸਪੀਕਰ ਸਾਹਿਬ, ਮਾਮਲਾ ਤਾਂ ਅੱਜ ਡਿਸਕਸ ਕਰਨ ਵਾਲਾ ਹੈ। ਇਹ ਮਸਲਾ ਬੜਾ ਜ਼ਰੂਰੀ ਹੈ.........(ਵਿਘਨ)

ਸ਼੍ਰੀ ਸਪੀਕਰ: ਅੱਜ ਵੀ ਤੁਸੀਂ ਇਹ ਮਸਲਾ ਰੇਜ਼ ਕਰ ਸਕਦੇ ਹੋ।

WALK-OUT

(ਇਸ ਮੌਕੇ ਤੇ ਸੀ.ਪੀ.ਆਈ. ਦੇ ਸਾਰੇ ਹਾਜ਼ਰ ਮਾਨਯੋਗ ਮੈਂਬਰ ਸਾਹਿਬਾਨ ਰੋਸ ਵਜੋਂ ਉਠ ਕੇ ਸਦਨ ਵਿਚੋਂ ਬਾਹਰ ਚਲੇ ਗਏ)

ਸ਼੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ: ** ** **

(ਇਸ ਸਮੇਂ ਬੀ.ਜੇ.ਪੀ. ਦੇ ਮੈਂਬਰਜ਼ ਅਤੇ ਸੀ.ਪੀ.ਆਈ.(ਐਮ) ਦੇ ਮੈਂਬਰ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ ਪਰ ਸਦਨ ਵਿਚ ਸ਼ੋਰ ਕਾਰਣ ਕੁਝ ਵੀ ਸਾਫ ਸੁਣਾਈ ਨਹੀਂ ਦੇ ਰਿਹਾ ਸੀ** **)

Mr. Speaker: It is no point of order. ਇਨ੍ਹਾਂ ਦਾ ਮਾਈਕ ਬੰਦ ਕਰ ਦਿੱਤਾ ਜਾਵੇ। Nothing should form part of the record.

(Noise) Nothing is being formed part of the record. Mittal ji, you carry on, please. Sathi ji, you resume your seat, please. This is not the way to speak.

(ਮਾਈਕ ਬੰਦ ਕਰਨ ਉਪਰੰਤ ਵੀ ਸ਼੍ਰੀ ਵਿਜੇ ਕੁਮਾਰ ਸਾਥੀ, ਐਡਵੋਕੇਟ ਅਤੇ ਕਾਮਰੇਡ ਤਰਸੇਮ ਜੋਧਾਂ ਲਗਾਤਾਰ ਮਾਨਯੋਗ ਸਪੀਕਰ ਦੀ ਆਗਿਆ ਤੋਂ ਬਗੈਰ ਬੋਲਦੇ ਰਹੇ ਪਰ ਸਦਨ ਵਿਚ ਸ਼ੋਰ ਕਾਰਨ ਕੁਝ ਵੀ ਸਾਫ ਸੁਣਾਈ ਨਹੀਂ ਦੇ ਰਿਹਾ ਸੀ ਅਤੇ ਉਹ ਕਿਸੇ ਅਖਬਾਰ ਦੇ ਕੁਝ ਪੰਨੇ ਹਾਊਸ ਦੇ ਅੰਦਰ ਮਾਨਯੋਗ ਸਪੀਕਰ ਅਤੇ ਟਰੇਜ਼ਰੀ ਬੈਂਚਿਜ਼ ਨੂੰ ਹਿਲਾ ਹਿਲਾ ਕੇ ਦਿਖਾ ਰਹੇ ਸਨ।)

**Expunged/not recorded as ordered by the Chair.

ਸ੍ਰੀ ਮਦਨ ਮੋਹਨ ਮਿੱਤਲ : ** ** **

Minister for Parliamentary Affairs: It is not a Point of Order (Noise)

Mr. Speaker: No, no. It is not a Point of Order.

ਸ੍ਰੀ ਮਦਨ ਮੋਹਨ ਮਿੱਤਲ: ਸਰ, ਜੋ ਵੀ ਰੂਲਿੰਗ ਹੋਵੇ ਉਹ ਤੁਹਾਡੇ ਵਲੋਂ ਹੋਣੀ ਚਾਹੀਦੀ ਹੈ ਨਾ ਕਿ ਸਰਦਾਰ ਉਮਰਾਓ ਸਿੰਘ ਵਲੋਂ, why is he agitating the things?

Mr. Speaker: Mittal ji, I always tried to request Sardar Umrao Singh not to intervene like that. I would request you to hear me first. You may please resume your seat.

ਸ੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਪੁਆਇੰਟ ਆਫ ਆਰਡਰ ਉਹੀ ਹੁੰਦਾ ਹੈ ਕਿ ਆਮ ਪਬਲਿਕ ਨੇਚਰ ਦਾ ਮੁੱਦਾ ਹੋਵੇ ਔਰ ਇਸ ਦੇ ਉਤੇ ਮੁੱਖ ਮੰਤਰੀ ਜੀ ਭਰੋਸਾ ਦਿਵਾਉਣ। ਇਹ ਕਿਉਂ ਨਹੀਂ ਹੁੰਦਾ? ਇਹ ਮਾਮਲਾ ਠੱਪ ਹੋ ਸਕਦਾ ਹੈ।

ਸ੍ਰੀ ਸਪੀਕਰ : ਮਿੱਤਲ ਜੀ, ਤੁਸੀਂ ਅੱਜ ਬਹਿਸ ਦੇ ਵਿੱਚ ਹਿੱਸਾ ਲੈਣਾ ਹੈ। ...(ਵਿਘਨ)

ਡਾਕਟਰ (ਸ੍ਰੀਮਤੀ) ਮਾਲਤੀ ਥਾਪਰ : ਸਰ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਮਿੱਤਲ ਸਾਹਿਬ ਨੂੰ ਗਲਤ ਇਨਫਰਮੇਸ਼ਨ ਮਿਲੀ ਹੈ। ਅੱਜ ਕੋਈ ਧਰਨਾ ਨਹੀਂ ਹੋ ਰਿਹਾ। ਸਾਡੀ ਆਲਰੈਡੀ ਉਨ੍ਹਾਂ ਇਸਤਰੀ ਕਰਮਚਾਰੀਆਂ ਨਾਲ ਗੱਲਬਾਤ ਹੋ ਗਈ ਹੈ। (ਵਿਘਨ) (ਸ਼ੋਰ)

Shri Madan Mohan Mittal : Is she a lawyer ?

Mr. Speaker . We come to the Financial Business. The Punjab Appropriation Bill, 1993.

FINANCIAL BUSINESS

The Punjab Appropriation Bill, 1993

Finance Minister (Dr. Kewal Krishan) : Sir, I beg to introduce the Punjab Appropriation Bill.

Sir, I also beg to move—

That the Punjab Appropriation Bill be taken into consideration at once.

Mr. Speaker : Motion moved—

That the Punjab Appropriation Bill be taken into consideration at once.

Discussion, if any.

ਕਾਮਰੇਡ ਤਰਸੇਮ ਜੋਧਾਂ : ** ** **

Mr. Speaker : Please sit down, Jodha Ji. You sit down please. Not allowed.

WALK-OUT

[ਇਸ ਸਮੇਂ ਸੀ.ਪੀ.ਆਈ.(ਐਮ) ਦੇ ਕਾਮਰੇਡ ਤਰਸੇਮ ਜੋਧਾਂ, ਜਨਤਾ ਦਲ ਦੇ ਸ੍ਰੀ ਵਿਜੇ ਕੁਮਾਰ ਸਾਥੀ, ਐਡਵੋਕੇਟ ਅਤੇ ਸ਼੍ਰੋਮਣੀ ਅਕਾਲੀ ਦਲ (ਕਾਬਲ) ਦੇ ਸਰਦਾਰ ਇੰਦਰਜੀਤ ਸਿੰਘ ਜ਼ੀਰਾ ਨਾਹਰੇ ** ** ਮਾਰਦੇ ਹੋਏ ਸਦਨ ਵਿਚੋਂ ਵਾਕ-ਆਊਟ ਕਰ ਗਏ]

Mr. Speaker : Slogans being raised should not be recorded. Nothing should form part of the record.

**Not recorded as ordered by the Chair.

ਐਪਰੋਪਰੀਏਸ਼ਨ ਬਿਲ ਇੰਟਰੋਡਿਊਸ ਹੋ ਚੁੱਕਾ ਹੈ। ਜੇਕਰ ਕਿਸੇ ਮੈਂਬਰ ਨੇ ਬੋਲਣਾ ਹੈ ਤਾਂ ਬੋਲ ਸਕਦਾ ਹੈ, ਆਪਣੇ ਖ਼ਿਆਲਾਤ ਦਾ ਇਜ਼ਹਾਰ ਕਰ ਸਕਦਾ ਹੈ।

THE PUNJAB APPROPRIATION BILL, 1993
(*Resumption of Consideration*)

ਡਾਕਟਰ ਰਮੇਸ਼ ਦੱਤ (ਆਨੰਦਪੁਰ ਸਾਹਿਬ) : ਮਾਨਯੋਗ ਸਪੀਕਰ ਸਾਹਿਬ, ਵੈਸੇ ਤਾਂ ਸਪਲੀਮੈਂਟਰੀ ਡਿਮਾਂਡਜ਼ ਉਤੇ ਕਾਫੀ ਬਹਿਸ ਹੋ ਚੁੱਕੀ ਹੈ ਔਰ ਸਾਰਿਆਂ ਮੈਬਰਾਂ ਨੇ ਇਸ ਬਾਰੇ ਕਾਫੀ ਕੁਝ ਕਿਹਾ ਹੈ, ਪਰ ਕਿਉਂ ਜੋ ਇਸ ਨੂੰ ਹੁਣ ਬਿੱਲ ਦੀ ਸ਼ਕਲ ਵਿੱਚ ਪੇਸ਼ ਕੀਤਾ ਜਾ ਰਿਹਾ ਹੈ ਇਸ ਤੇ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿਤਾ ਹੈ, ਜਿਸ ਦੇ ਲਈ ਮੈਂ ਤੁਹਾਡਾ ਧੰਨਵਾਦੀ ਹਾਂ। ਸਪੀਕਰ ਸਾਹਿਬ, ਜਿਹੜੇ ਖਰਚੇ ਸਰਕਾਰ ਨੇ ਮੰਗੇ ਹਨ ਉਨ੍ਹਾਂ ਦੇ ਬਾਰੇ ਮੈਂ ਕੁਝ ਗੱਲਾਂ ਸਰਕਾਰ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ। ਹਰ ਇਕ ਡਿਪਾਰਟਮੈਂਟ ਦਾ ਜੁਦਾ ਜੁਦਾ ਖਰਚਾ ਹੈ। ਇਸ ਦੇ ਵਿੱਚ ਥੱਲੇ ਤੱਕ ਸਰਕਾਰ ਨੂੰ ਪਤਾ ਹੈ ਕਿ ਖਰਚੇ ਓਵਰ-ਡਰਾਫਟ ਹੋ ਜਾਂਦੇ ਹਨ। ਇਸ ਦਾ ਸਭ ਤੋਂ ਵੱਡਾ ਕਾਰਨ ਹੈ ਕਿ ਮਹਿਕਮਿਆਂ ਵਿੱਚ ਫਜ਼ੂਲ ਖਰਚੇ ਕੀਤੇ ਜਾਂਦੇ ਹਨ। ਇਸ ਨੂੰ ਸਰਕਾਰ ਵੀ ਮੰਨਦੀ ਹੈ ਅਤੇ ਸਾਰੇ ਹੀ ਮੰਨਦੇ ਹਨ, ਉਨ੍ਹਾਂ ਨੂੰ ਰੋਕਣਾ ਅਤਿ ਜ਼ਰੂਰੀ ਹੈ। ਕਿਉਂਕਿ ਜੇਕਰ ਅਸੀਂ ਫਜ਼ੂਲ ਖਰਚਿਆਂ ਤੇ ਕੰਟਰੋਲ ਨਹੀਂ ਕਰਦੇ, ਚਾਹੇ ਸਾਡੇ ਘਰ ਦਾ ਬੱਜਟ ਹੋਵੇ, ਸਾਡੇ ਆਪਣੇ ਪਰਿਵਾਰ ਦਾ ਹੀ ਬੱਜਟ ਹੋਵੇ ਉਹ ਹਮੇਸ਼ਾਂ ਘਾਟੇ ਵਿਚ ਹੀ ਜਾਂਦਾ ਹੈ। ਲੇਕਿਨ ਮੈਂ ਇਕ ਗੱਲ ਕਹਿਣਾ ਚਾਹੁੰਦਾ ਹਾਂ ਕਿ ਇਸ ਬਿੱਲ ਦੇ ਵਿੱਚ ਜਿਹੜੇ ਪੈਸੇ ਮੰਗੇ ਗਏ ਹਨ, ਉਨ੍ਹਾਂ ਦੇ ਵਿੱਚ ਸਭ ਤੋਂ ਜ਼ਿਆਦਾ ਖਰਚਾ ਟੂਰਾਂ ਦਾ ਹੈ ਖਾਸ ਤੌਰ ਤੇ ਸੈਕਟਰੀਏਟ ਦੇ ਅਫਸਰਾਂ ਦਾ। ਮੈਡੀਕਲ ਰਿਇੰਬਰਸਮੈਂਟ ਦਾ ਖਰਚਾ 17 ਲੱਖ ਤੋਂ ਵੀ ਵੱਧ ਦਾ ਹੈ। ਮੈਂ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ, ਮੁੱਖ ਮੰਤਰੀ ਜੀ ਵੀ ਇਥੇ ਬੈਠੇ ਹਨ, ਕਿ ਅਫਸਰਾਂ ਦੇ ਟੂਰਾਂ ਦੇ ਖਰਚਿਆਂ ਨੂੰ ਘੱਟ ਕਰਨਾ ਚਾਹੀਦਾ ਹੈ। ਡਾਕਟਰ ਕੇਵਲ ਕ੍ਰਿਸ਼ਨ ਜੀ ਨੇ ਕਿਹਾ ਹੈ ਕਿ ਲੋਕਾਂ ਵਲੋਂ ਚੁਣੀ ਹੋਈ ਸਰਕਾਰ ਜਿਹੜੀ ਹੈ ਉਹ ਲੋਕਾਂ ਨਾਲੋਂ ਸੰਪਰਕ ਨਹੀਂ ਤੋੜ ਸਕਦੀ। ਅਸੀਂ ਵੀ ਚੁਣੇ ਹੋਏ ਨੁਮਾਇੰਦੇ ਹਾਂ। ਇਸ ਦੇ ਨਾਲ ਹੀ ਜਿਸ ਤਰੀਕੇ ਨਾਲ ਟੂਰਾਂ ਤੇ ਬਹੁਤ ਜ਼ਿਆਦਾ ਖਰਚਾ ਕੀਤਾ ਜਾ ਰਿਹਾ ਹੈ ਜੇ ਕਿਸੇ ਨੇ ਪ੍ਰਾਈਵੇਟ ਤੌਰ ਤੇ ਵੀ ਜਾਣਾ ਹੈ ਜਾਂ ਕਿਸੇ ਨੇ ਕੋਈ ਵਿਆਹ ਸ਼ਾਦੀ ਅਟੈਂਡ ਕਰਨ ਲਈ ਵੀ ਜਾਣਾ ਹੈ ਤਾਂ ਇਹ ਜਿਹੜੀ ਪ੍ਰਵਿਰਤੀ ਹੈ ਅਜਿਹੇ ਮੌਕਿਆਂ ਤੇ ਵੀ ਸਰਕਾਰੀ ਟੂਰ ਪਾ ਕੇ ਚਲੇ ਜਾਂਦੇ ਹਨ, ਇਹ ਖਰਚੇ ਅਵਾਇਡ ਕੀਤੇ ਜਾ ਸਕਦੇ ਹਨ।

ਇਸ ਦੇ ਨਾਲ ਹੀ ਇਕ ਹੋਰ ਗੱਲ ਆਈ ਹੈ ਕਿ ਪੰਚਾਇਤ ਚੋਣਾਂ ਵਾਸਤੇ 500 ਹੋਮ ਗਾਰਡ ਅਤੇ ਐਸ.ਪੀ.ਓਜ਼. ਦੀ ਭਰਤੀ ਵਾਸਤੇ 3.35 ਕਰੋੜ ਰੁਪਏ ਖਰਚ ਕੀਤੇ ਗਏ ਹਨ ਪਰ ਇਸ ਦੇ ਨਾਲ ਹੀ ਜਿੱਥੇ ਹੋਮ ਗਾਰਡ ਦੀ ਔਰ ਐਸ.ਪੀ.ਓਜ਼ ਵਾਸਤੇ ਅਸੀਂ ਪਹਿਲਾਂ ਵੀ ਗੱਲ ਕੀਤੀ ਹੈ ਔਰ ਡੀਮਾਂਡ ਕੀਤੀ ਹੈ, ਹੋਮ ਗਾਰਡਜ਼ ਦੀ ਭਰਤੀ ਸਬੰਧੀ ਇਕ ਬਹੁਤ ਵੱਡਾ ਸਕੈਂਡਲ ਵੀ ਸਾਹਮਣੇ ਆਇਆ ਹੈ ਜਿਸ ਦੇ ਵਿੱਚ 2 ਕਮਾਂਡੈਂਟਸ ਨੂੰ ਸਸਪੈਂਡ ਵੀ ਕੀਤਾ ਗਿਆ ਹੈ ਕਿਉਂਕਿ ਹੋਮ ਗਾਰਡ ਦੀ ਭਰਤੀ ਕਰਨ ਸਮੇਂ ਬੜੀ ਭਾਰੀ ਰਕਮ ਬਤੌਰ ਰਿਸ਼ਵਤ ਲਈ ਜਾਂਦੀ ਹੈ। ਮੈਂ ਸਰਕਾਰ ਤੋਂ ਮੰਗ ਕਰਨੀ ਚਾਹੁੰਦਾ ਹਾਂ ਕਿ ਇਸ ਭਰਤੀ ਸਬੰਧੀ ਇਨਕੁਆਇਰੀ, ਹਾਊਸ ਦੇ ਕੁਝ ਮੈਂਬਰਾਂ ਦੀ ਇੱਕ ਕਮੇਟੀ ਬਣਾ ਕੇ ਜਿਸ ਦੇ ਵਿੱਚ ਸਾਰੀਆਂ ਪਾਰਟੀਆਂ ਦੇ ਐਮ.ਐਲ.ਏ. ਸਾਹਿਬ ਸ਼ਾਮਿਲ ਹੋਣ, ਕਰਵਾਈ ਜਾਵੇ ਤਾਂ ਕਿ ਕੋਈ ਵੀ ਅਫ਼ਸਰ ਆਪਣੇ ਤੌਰ ਤੇ ਮਨੋਪੋਲਾਈਜ਼ ਨਾ ਕਰ ਸਕੇ।

[ਡਾਕਟਰ ਰਮੇਸ਼ ਦੱਤ]

ਇਸੇ ਤਰ੍ਹਾਂ ਹੈਲਥ, ਸਿਖਿਆ ਅਤੇ ਹੋਰ ਕਈ ਪ੍ਰਕਾਰ ਦੀਆਂ ਸਹੂਲਤਾਂ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼ਰੇਣੀਆਂ ਦੇ ਪ੍ਰੀਵਾਰਾਂ ਨੂੰ ਦੇਣ ਵਾਸਤੇ ਕਮ ਕੀਤੇ ਹਨ ਚੰਗੀ ਗੱਲ ਹੈ। ਪਰ ਇਸਦੇ ਦੇ ਨਾਲ ਹੀ ਉਨ੍ਹਾਂ ਲਈ ਜੋ ਵੰਡਜ਼ ਰੱਖੇ ਗਏ ਹਨ, ਉਹ ਘੱਟ ਹਨ। ਇਨ੍ਹਾਂ ਦੀ ਰੇਸ਼ੋ ਵੀ ਸਰਕਾਰ ਨੂੰ ਵਧਾਉਣੀ ਚਾਹੀਦੀ ਹੈ। ਮੇਰੀ ਭੈਣ ਚਾਵਲਾ ਨੇ ਇੱਥੇ ਕਿਹਾ ਹੈ ਕਿ ਜਿਹੜੇ ਪ੍ਰਾਰਥੀ ਪੈਨਸ਼ਨ ਲੈਂਦੇ ਹਨ, ਉਨ੍ਹਾਂ ਤੇ ਇੱਕ ਸ਼ਰਤ ਲਗਾਈ ਜਾਂਦੀ ਹੈ ਕਿ ਮੇਰੀ ਆਮਦਨ ਘੱਟ ਹੈ। ਇਸ ਸਬੰਧ ਵਿੱਚ ਮਹਿਕਮਾ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼ਰੇਣੀਆਂ ਭਲਾਈ ਵਿਭਾਗ ਨੂੰ ਨਵੀਆਂ ਇੰਸਟਰਕਸ਼ਨਜ਼ ਜਾਰੀ ਕਰਨੀਆਂ ਚਾਹੀਦੀਆਂ ਹਨ ਕਿਉਂਕਿ ਹਰੇਕ ਆਦਮੀ ਨੂੰ ਇਹ ਝੂਠੀ ਸਟੇਟਮੈਂਟ ਨਾਰਮਲੀ ਦੇਣੀ ਪੈਂਦੀ ਹੈ ਕਿ ਉਸ ਦੀ ਆਮਦਨ ਬਹੁਤ ਘੱਟ ਹੈ। ਅੱਜ ਦੇ ਯੁੱਗ ਵਿੱਚ ਕਿਸ ਦੀ ਆਮਦਨ 20 ਰੁਪਏ ਪ੍ਰਤੀ ਮਹੀਨਾ ਹੈ, ਅੱਜ ਦੇ ਯੁਗ ਵਿੱਚ ਕਿਸ ਦੀ ਆਮਦਨ 50 ਰੁਪਏ ਪ੍ਰਤੀ ਮਹੀਨਾ ਤੋਂ ਘੱਟ ਹੈ ਜਦ ਕਿ ਮੈਂ ਸਮਝਦਾ ਹਾਂ ਕਿ ਹੁਣ ਤਾਂ ਸਰਕਾਰ ਵਲੋਂ ਹੀ 30-35 ਰੁਪਏ ਦਿਹਾੜੀ ਦੀ ਉਜ਼ਰਤ ਫਿਕਸ ਕੀਤੀ ਹੋਈ ਹੈ, ਇਸ ਲਈ ਇਸ ਪੱਖ ਨੂੰ ਵਿਚਾਰਿਆ ਜਾਣਾ ਚਾਹੀਦਾ ਹੈ ਅਤੇ ਨਵੀਆਂ ਹਦਾਇਤਾਂ ਆਮਦਨ ਦੀ ਹੱਦ ਵਧਾ ਕੇ ਜਾਰੀ ਕੀਤੀਆਂ ਜਾਣੀਆਂ ਚਾਹੀਦੀਆਂ ਹਨ।

ਇਸ ਤੋਂ ਇਲਾਵਾ 50-60 ਸਾਲ ਤੋਂ ਉਪਰ ਉਮਰ ਦੀਆਂ ਵਿਧਵਾਵਾਂ ਨੂੰ ਇਹ ਸਰਟੀਫਿਕੇਟ ਪੰਚਾਇਤ ਜਾਂ ਸਰਪੰਚ ਤੋਂ ਲੈ ਕੇ ਦੇਣਾ ਪੈਂਦਾ ਹੈ ਕਿ ਉਸਨੇ ਹੋਰ ਦੂਸਰਾ ਵਿਆਹ ਨਹੀਂ ਕਰਵਾਇਆ ਅਤੇ ਹੁਣ ਤੱਕ ਵਿਧਵਾ ਹੈ। ਮੈਂ ਸਮਝਦਾ ਹਾਂ ਕਿ 50-60 ਸਾਲ ਦੀਆਂ ਜੋ ਔਰਤਾਂ ਹਨ ਉਨ੍ਹਾਂ ਦਾ ਏਡੀ ਉਮਰ ਵਿੱਚ ਦੂਜਾ ਵਿਆਹ ਕਰਾਉਣ ਦਾ ਸਵਾਲ ਹੀ ਪੈਂਦਾ ਨਹੀਂ ਹੁੰਦਾ। ਇਸ ਲਈ ਸਮਾਜ ਭਲਾਈ ਵਿਭਾਗ ਨੂੰ ਇਸ ਤਰ੍ਹਾਂ ਦੀਆਂ ਇੰਸਟਰੱਕਸ਼ਨਜ਼ ਜਾਰੀ ਕਰਨੀ ਚਾਹੀਦੀਆਂ ਹਨ ਤਾਂਕਿ ਸਾਡੀਆਂ ਮਾਵਾਂ ਭੈਣਾਂ ਜੋ ਹਨ, ਉਨ੍ਹਾਂ ਨੂੰ ਇਸ ਪ੍ਰਕਾਰ ਦਾ ਸਰਟੀਫਿਕੇਟ ਲੈਣ ਵਾਸਤੇ ਪੰਚਾਇਤ ਜਾਂ ਸਰਪੰਚ ਕੋਲ ਨਾ ਜਾਣਾ ਪਵੇ।

ਮੈਂ ਕਹਿਣਾ ਚਾਹੁੰਦਾ ਹਾਂ ਕਿ ਅਗਲੀ ਡੀਮਾਂਡ ਜਿਹੜੀ ਹੈ ਕਿ ਲੋਨ ਜਿਹੜੇ ਹਨ ਉਹ ਕਲਾਸ-4 ਨੂੰ ਕਣਕ ਖਰੀਦਣ ਲਈ ਦਿਤੇ ਗਏ, ਮੈਂ ਕਹਿਣਾ ਚਾਹੁੰਦਾ ਹਾਂ ਕਿ ਅੱਜ ਦੇ ਯੁੱਗ ਦੇ ਅੰਦਰ ਜਿਹੜਾ ਆਟਾ ਹੈ ਉਹ 4.50 ਰੁਪਏ ਕਿਲੋ ਲੋਕਾਂ ਨੂੰ ਖਰੀਦਣਾ ਪਿਆ ਜੋ ਲੋਨ ਹਨ ਕਲਾਸ-4 ਇਮਪਲਾਈਜ਼ ਨੂੰ ਦਿਤੇ ਗਏ ਹਨ, ਇਹ ਕਰਜ਼ਾ ਤਾਂ ਉਨ੍ਹਾਂ ਨੇ ਵਾਪਸ ਕਰਨਾ ਹੀ ਹੁੰਦਾ ਹੈ। ਇਸ ਲਈ ਜੇ ਇਹ ਲੋਨ ਕਲਾਸ-4ਦੇ ਨਾਲ ਨਾਲ ਕਲਾਸ-3 ਕਰਮਚਾਰੀਆਂ ਨੂੰ ਵੀ ਦੇ ਦਿੱਤਾ ਜਾਂਦਾ ਤਾਂ ਉਨ੍ਹਾਂ ਤੇ ਜ਼ਿਆਦਾ ਵਜ਼ਨ ਨਾ ਪੈਂਦਾ। ਇਸੇ ਤਰ੍ਹਾਂ ਕਲ੍ਹ ਵਿੱਤ ਮੰਤਰੀ ਜੀ ਨੇ ਆਪਣੇ ਭਾਸ਼ਣ ਵਿੱਚ ਕਿਹਾ ਸੀ ਕਿ ਅਸੀਂ ਕਰਮਚਾਰਆਂ ਨੂੰ ਡੀ.ਏ. ਦੀ ਕਿਸ਼ਤ ਦੇ ਦਿਤੀ ਹੈ ਅਤੇ ਹਰਿਆਣਾ ਅਤੇ ਹਿਮਾਚਲ ਨੇ ਨਹੀਂ ਦਿਤੀ। ਮੈਂ ਕਹਿੰਦਾ ਹਾਂ ਕਿ ਇਸ ਦੇ ਨਾਲ ਸਰਕਾਰ ਤੇ ਕੋਈ ਬੋਝ ਨਹੀਂ ਪਿਆ ਕਿਉਂਕਿ ਸਰਕਾਰ ਨੇ ਮੁਲਾਜ਼ਮਾਂ ਨੂੰ ਕੈਸ਼ ਤਾਂ ਕੁਝ ਵੀ ਨਹੀਂ ਦਿਤਾ ਅਤੇ ਇਹ ਤਾਂ ਸਾਰੀ ਬੁੱਕ-ਟਰਾਂਸਫਰ ਹੀ ਕੀਤੀ ਗਈ ਹੈ ਕਿਉਂਕਿ ਜਨਵਰੀ, 1993 ਤੱਕ ਦੀ ਬਣਦੀ ਪੇਮੈਂਟ ਉਨ੍ਹਾਂ ਦੇ ਜੀ.ਪੀ.ਫੰਡ ਵਿੱਚ ਟਰਾਂਸਫਰ ਕਰ ਦਿਤੀ ਗਈ ਹੈ। ਸਰਕਾਰ ਵਲੋਂ ਉਨ੍ਹਾਂ ਦੀਆਂ ਜਾਇਜ਼ ਮੰਗਾਂ ਤੁਰੰਤ ਪੂਰੀਆਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਗਵਰਨਰੀ ਰਾਜ ਦੌਰਾਨ ਵੀ 2-3 ਮੰਗਾਂ ਮੰਨੀਆਂ ਗਈਆਂ ਹਨ। ਮੁੱਖ ਮੰਤਰੀ ਜੀ ਨੇ ਪਿਛਲੇ ਸਾਲ ਇੱਥੇ ਭਰੋਸਾ ਦਿੱਤਾ ਸੀ ਕਿ ਜਾਇਜ਼ ਡਿਮਾਂਡਾਂ ਤੇ ਗੌਰ ਕੀਤਾ ਗਿਆ ਹੈ ਪਰ ਇਹ ਮੰਗਾਂ ਮੰਨੀਆਂ ਨਹੀਂ ਗਈਆਂ ਕਿਉਂ ਕਿ ਇਹ ਛੋਟੇ ਮੁਲਾਜ਼ਮਾਂ ਦੀਆਂ ਹਨ। ਜਿਹੜੀਆਂ ਵੱਡੀਆਂ ਪੋਸਟਾਂ ਹਨ ਜਿਵੇਂ ਆਈ.ਏ.ਐਸ. ਅਫਸਰ ਜਾਂ ਹੋਰ ਵੱਡੀਆਂ ਪੋਸਟਾਂ, ਉਸ ਵਿਚ ਢਾਈ ਗੁਣਾ ਵਾਧਾ ਹੋਇਆ ਹੈ ਪਰ ਛੋਟੇ ਮੁਲਾਜ਼ਮਾਂ ਦੀ ਰੇਸ਼ੋ ਕਾਫੀ ਘੱਟ ਹੈ ਵੱਡੇ ਅਫਸਰਾਂ

ਉਤੇ ਖਰਚੇ ਵੀ ਜ਼ਿਆਦਾ ਹਨ। ਜਿਵੇਂ ਲਾਈਟਨਿੰਗ, ਕਾਰਾਂ ਦੇ ਖਰਚੇ, ਟੈਲੀਫੂਨਾਂ ਦੇ ਖਰਚੇ, ਪਰਸਨਲ ਸਟਾਫ ਵਧਾਉਣਾ, ਕਾਰਾਂ ਦਾ ਮਿਸ-ਯੂਜ਼ ਕਰਨਾ ਆਦਿ। ਅਖਬਾਰਾਂ ਵਿਚ ਇਨ੍ਹਾਂ ਬਾਰੇ ਆਇਆ ਹੈ। ਮੈਨੂੰ ਇੱਕ ਇਨਫਰਮੇਸ਼ਨ ਪਤਾ ਹੈ ਕਿ ਇਕ ਡਿਪਾਰਟਮੈਂਟ ਵਿਚ ਨਵੀਂ ਕਾਰ ਖਰੀਦੀ ਗਈ ਹੈ। ਉਹ ਪਤਾ ਨਹੀਂ ਕਿਸੇ ਡਿਪੂ ਵਾਸਤੇ ਹੈ ਜਾਂ ਡਿਪਾਰਟਮੈਂਟ ਵਾਸਤੇ ਪਰ ਉਹ ਕਾਰ ਡਿਪਾਰਟਮੈਂਟ ਨੂੰ ਨਹੀਂ ਮਿਲੀ ਬਲਕਿ ਸਿਰਫ ਮੰਤਰੀ ਦੇ ਆਉਣ-ਜਾਣ ਲਈ ਹੈ। ਜੇ ਇਸ ਤਰ੍ਹਾਂ ਦੇ ਖਰਚੇ ਘਟਾਏ ਜਾਣ ਤਾਂ ਮੈਂ ਸਮਝਦਾ ਹਾਂ ਕਾਫੀ ਜ਼ਿਆਦਾ ਸਪਲੀਮੈਂਟਰੀ ਡਿਮਾਂਡਜ਼ ਪੇਸ਼ ਕਰਨ ਦੀ ਗੁੰਜਾਇਜ਼ ਨਹੀਂ ਰਹੇਗੀ।

ਟਰਾਂਸਪੋਰਟ ਮਹਿਕਮੇ ਬਾਰੇ ਵੀ ਨੰਬਰ 29 ਤੇ ਕੁੱਝ ਕਿਹਾ ਗਿਆ ਹੈ। ਟਰਾਂਸਪੋਰਟ ਮਹਿਕਮਾ ਘਾਟੇ ਵਿਚ ਜਾਂਦਾ ਹੈ। ਟਰਾਂਸਪੋਰਟ ਬਾਰੇ ਪਹਿਲਾਂ ਵੀ ਕਾਫੀ ਲੋਕਾਂ ਨੇ ਕਿਹਾ ਹੈ ਔਰ ਮੈਂ ਵੀ ਕਹਿਣਾ ਚਾਹੁੰਦਾ ਹਾਂ ਕਿ ਇਕ ਵਿਜੀਲੈਂਸ ਕਮੇਟੀ ਬਣਾਈ ਹੋਈ ਹੈ। ਇਸ ਦੇ ਵੀਹ ਮੈਂਬਰ ਹਨ ਜਿਹੜੇ ਚੈਕਿੰਗ ਕਰਦੇ ਹਨ। ਮੇਰੀ ਇਨਫਰਮੇਸ਼ਨ ਹੈ ਜੋ ਮੈਂ ਇਸ ਹਾਊਸ ਵਿਚ ਦੱਸਣਾ ਚਾਹੁੰਦਾ ਹਾਂ ਕਿ ਇਸ ਦਾ ਜਿਹੜਾ ਇਨਚਾਰਜ ਹੈ, ਉਹ ਪੱਟੀ ਡਿਪੂ ਦਾ ਇੰਸਪੈਕਟਰ ਹੈ। ਪੰਜਾਬ ਰੋਡਵੇਜ਼ ਦਾ ਜਿਹੜਾ ਡਿਪੂ ਘਾਟੇ ਵਿਚ ਜਾ ਰਿਹਾ ਹੈ, ਉਹ ਪੱਟੀ ਦਾ ਹੀ ਡਿਪੂ ਹੈ। ਉਸ ਇੰਸਪੈਕਟਰ ਦੀ ਜੇ ਸਰਵਿਸ-ਬੁਕ ਮੰਗਾ ਕੇ ਦੇਖੀ ਜਾਵੇ ਤਾਂ ਉਸ ਵਿਚ ਹਰ ਖਾਨੇ ਵਿਚ ਰੈਡ ਐਂਟਰੀ ਹੈ। ਬਾਕੀ ਦੇ ਜਿਹੜੇ ਮੈਂਬਰ ਹਨ, ਤਕਰੀਬਨ ਹਰ ਇੱਕ ਦੀਆਂ 2-2, 4-4 ਇਨਕਰੀਮੈਂਟਾਂ ਬੰਦ ਕੀਤੀਆਂ ਗਈਆਂ ਹਨ। ਇਹ ਤਾਂ ਉਹ ਗੱਲ ਹੋਈ ਕਿ ਸ਼ੇਰ ਨੂੰ ਬੱਕਰੇ ਦੀ ਰਾਖੀ ਲਈ ਬਿਠਾ ਦਿੱਤਾ। ਇਸ ਤਰ੍ਹਾਂ ਵਿਜੀਲੈਂਸ ਕਮੇਟੀ ਜਾਂ ਫਲਾਇੰਗ ਸੁਕੈਅਡ ਦਾ ਕੋਈ ਅਰਥ ਨਹੀਂ ਰਹਿ ਜਾਂਦਾ। ਇਹ ਤਾਂ ਉਹ ਗੱਲ ਹੋ ਜਾਂਦੀ ਹੈ ਕਿ ਜਿਵੇਂ ਇੱਕ ਦੁੱਧ ਦੀ ਡੇਅਰੀ ਸੀ। ਦੁੱਧ ਵਿਚ ਪਾਣੀ ਪਾ ਕੇ ਬਹੁਤ ਹੇਰਾ-ਫੇਰੀ ਹੁੰਦੀ ਸੀ। ਮਾਲਕ ਨੂੰ ਜਦੋਂ ਇਸ ਬਾਰੇ ਪਤਾ ਲੱਗਿਆ ਤਾਂ ਉਸ ਨੇ ਕਿਹਾ ਕਿ ਇਕ ਇੰਸਪੈਕਟਰ ਬਿਠਾ ਦਿਓ। ਉਸ ਇੰਸਪੈਕਟਰ ਨੇ ਵੀ ਆਪਣਾ ਹਿੱਸਾ ਪਾ ਲਿਆ ਜਿਸ ਕਰਕੇ ਪਾਣੀ ਹੋਰ ਜ਼ਿਆਦਾ ਪੈਣ ਲੱਗਾ। ਇਸ ਕਰਕੇ ਮੈਂ ਦੱਸਦਾ ਹਾਂ ਕਿ ਜਿਹੜੀ ਵੀ ਕਮੇਟੀ ਬਣਾਣੀ ਹੈ, ਉਸ ਵਿਚ ਇਮਾਨਦਾਰ ਅਫਸਰ ਹੀ ਲਗਾਉਣੇ ਚਾਹੀਦੇ ਹਨ ਤਾਂ ਹੀ ਮੈਂ ਸਮਝਦਾ ਹਾਂ ਕਿ ਕੁਰੱਪਸ਼ਨ ਨਹੀਂ ਵਧੇਗੀ।

ਬਾਕੀ ਪਬਲਿਕ ਕਾਰਪੋਰੇਸ਼ਨਾਂ ਦੀ ਗੱਲ ਹੈ। ਮੇਰਾ ਤਜ਼ਰਬਾ ਹੈ ਕਿ ਪੀ.ਏ.ਸੀ ਦੀ ਮੀਟਿੰਗ ਹੋਈ। ਜਿਸ ਤਰੀਕੇ ਨਾਲ ਲੁਧਿਆਣੇ ਦੀ ਜੋ ਮਿਊਂਸਪਲ ਕਾਰਪੋਰੇਸ਼ਨ ਹੈ, ਲੋਕਲ ਬੱਸ ਸਰਵਿਸ ਜਲੰਧਰ ਦੀ ਹੈ, ਹੈਰਾਨੀ ਦੀ ਗੱਲ ਹੈ ਕਿ 66 ਬੱਸਾਂ ਦੀ............

ਸੰਸਦੀ ਮਾਮਲਿਆਂ ਬਾਰੇ ਮੰਤਰੀ : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ,

ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਵੇਂ ਸਾਥੀ ਸਾਹਿਬ ਨੇ ਵੀ ਪੀ.ਏ.ਸੀ. ਦੀ ਕਾਰਵਾਈ ਬਾਰੇ ਰੈਫਰ ਕੀਤਾ ਹੈ ਔਰ ਹੁਣ ਇਨ੍ਹਾਂ ਨੇ ਵੀ ਕੀਤਾ ਹੈ, ਇਹ ਮੀਟਿੰਗਾਂ ਦੀਆਂ ਕਾਰਵਾਈਆਂ ਸੀਕਰੇਟ ਹੁੰਦੀਆਂ ਹਨ। ਮੈਂ ਮੈਂਬਰ ਸਾਹਿਬ ਨੂੰ ਕਹਾਂਗਾ ਕਿ ਉਹ ਕਮੇਟੀ ਦੀਆਂ ਜਿਹੜੀਆਂ ਪਰੋਸੀਡਿੰਗਜ਼ ਹਨ those cannot be divulged in the House because those are of secret nature.

ਡਾਕਟਰ ਰਮੇਸ਼ ਦੱਤ : ਸਪੀਕਰ ਸਾਹਿਬ, ਮੈਂ ਕਮੇਟੀ ਦੀਆਂ ਪਰੋਸੀਡਿੰਗਜ਼ ਡਿਸਕਸ ਨਹੀਂ ਕੀਤੀਆਂ। ਮੈਂ ਜੋ ਉਥੇ ਮੈਂਬਰ ਦੇ ਤੌਰ ਤੇ ਜਾ ਕੇ ਦੇਖਿਆ ਹੈ, ਜਿਸ ਤਰੀਕੇ ਨਾਲ ਟਰਾਂਸਪੋਰਟ ਡਿਪਾਰਟਮੈਂਟ ਵਿੱਚ ਕੁਰੱਪਸ਼ਨ ਵਧੀ ....

Minister for Parliamentary Affairs : You can put your observations in the Report of the Committee. The Report will come before the House. Only then the House can take cognizance of the Report of the Committee. As a Member, an individual is in the nature of combined element of the Committee. ਕਮੇਟੀ ਦੀ ਰਿਕੁਮੈਂਡੇਸ਼ਨ ਹਾਊਸ ਵਿਚ ਆਵੇਗੀ ਅਤੇ ਉਹ ਹਾਊਸ ਵਿਚ ਡਿਸਕਸ ਕੀਤੀ ਜਾ ਸਕਦੀ ਹੈ। ਮੈਂਬਰ ਸਾਹਿਬ ਦੀ ਜੋ ਉਬਜ਼ਰਵੇਸ਼ਨ ਹੈ, ਉਹ ਕਮੇਟੀ ਦੀ ਰਿਪੋਰਟ ਵਿਚ ਰਿਕਾਰਡ ਕਰਵਾ ਸਕਦੇ ਹਨ If he has any observation he can get it recorded in the Report of the Committee.

ਸ੍ਰੀ ਸਪੀਕਰ : ਐਪਰੋਪਰੀਏਸ਼ਨ ਬਿੱਲ ਤੇ ਹੀ ਬੋਲੋ।

ਡਾਕਟਰ ਰਮੇਸ਼ ਦੱਤ : ਜੋ ਮੇਰੀ ਆਪਣੀ ਜਾਣਕਾਰੀ ਹੈ ਉਸ ਦੇ ਵਿਚ, ਉਹ ਮੈਂ ਦੱਸੀ ਹੈ। ਖਾਸ ਤੌਰ ਤੇ ਇਸ ਵੇਲੇ ਪੰਜਾਬ ਦੇ ਅੰਦਰ ਜੋ ਇਸ ਦੇ ਵਿੱਚ ਘਾਟੇ ਦੇ ਕਾਰਨ ਹਨ, ਉਨ੍ਹਾਂ ਵੱਲ ਧਿਆਨ ਦੇਣ ਦੀ ਲੋੜ ਹੈ ਔਰ ਜੋ ਇਸ ਦੇ ਵਿੱਚ ਲੂਪ-ਹੋਲਜ਼ ਹਨ ਉਨ੍ਹਾਂ ਵੱਲ ਧਿਆਨ ਦੇਣ ਦੀ ਲੋੜ ਹੈ।

ਬੱਸਾਂ ਦੇ ਸਪੇਅਰ ਪਾਰਟਸ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਇਸ ਦੇ ਵਲ ਆਪਣਾ ਖਾਸ ਧਿਆਨ ਦੇਵੇ ਔਰ ਫੂਲ ਪਰੂਫ ਚੈਕ ਰਖੇ ਕਿਉਂਕਿ ਰੇਟ ਕੰਟਰੈਕਟ ਦੀ ਗੱਲ ਇਥੇ ਕੀਤੀ ਗਈ। ਜਿਹੜੇ ਟੈਂਡਰ ਹਨ, ਜਿਹੜੀਆਂ ਕੁਟੇਸ਼ਨਾਂ ਲਈਆਂ ਜਾਂਦੀਆਂ ਹਨ ਉਹ ਕੁਟੇਸ਼ਨਾਂ ਹੋਰ ਮੇਕਰ ਦੀਆਂ ਹੁੰਦੀਆਂ ਹਨ ਔਰ ਮਾਲ ਹੋਰ ਮੇਕਰ ਦਾ ਲਿਆ ਜਾਂਦਾ ਹੈ। ਇਸੇ ਤਰ੍ਹਾਂ ਮੈਂ ਕਹਿਣਾ ਚਾਹੁੰਦਾ ਹਾਂ ਟਾਇਰਾਂ ਬਾਰੇ, ਸਪੇਅਰ ਪਾਰਟਸ ਦੇ ਬਾਰੇ ਦੇ ਵਿੱਚ ਕਿ ਇਸ ਦੇ ਵਿੱਚ ਘਪਲਾ ਹੋ ਰਿਹਾ ਹੈ, ਰੇਟ ਕੰਟਰੈਕਟ ਦੀ ਪ੍ਰਚੇਜ਼ ਵਿੱਚ, ਮੈਂ ਸਮਝਦਾ ਹਾਂ ਕਿ ਉਹ ਵੀ ਘਾਟੇ ਦਾ ਕਾਰਨ ਬਣਦੇ ਹਨ। ਸਰਕਾਰ ਇਸ ਵਾਸਤੇ ਕੋਈ ਨਾ ਕੋਈ ਫੂਲ ਪਰੂਫ ਚੈਕ ਲਿਆਏ ਜਿਸ ਦੇ ਨਾਲ ਇਸ ਤਰ੍ਹਾਂ ਦੀਆਂ ਗੱਲਾਂ ਰੁਕ ਸਕਣ। ਘਾਟੇ ਦੀਆਂ ਗੱਲਾਂ ਚਲ ਰਹੀਆਂ ਹਨ। ਸਪੀਕਰ ਸਾਹਿਬ, ਜਿਥੋਂ ਤੱਕ ਕਾਰਪੋਰੇਸ਼ਨਜ਼ ਵਿੱਚ ਪਬਲਿਕ ਅੰਡਰਟੇਕਿੰਗਜ਼ ਵਿੱਚ ਘਾਟੇ ਦੀ ਗੱਲ ਹੈ ਉਨ੍ਹਾਂ ਦੇ ਵਿੱਚ ਘਾਟੇ ਦਾ ਇਕ ਕਾਰਨ ਇਹ ਵੀ ਹੈ ਕਿ ਜਿਹੜਾ ਹੈਡ ਲਾਇਆ ਜਾਂਦਾ ਹੈ, ਇਨਚਾਰਜ ਲਗਾਇਆ ਜਾਂਦਾ ਹੈ ਉਸ ਦੇ ਨਾਲ, ਜਿਵੇਂ ਮੈਂ ਪਹਿਲਾਂ ਵੀ ਗੱਲ ਕੀਤੀ ਸੀ ਕਿ ਪਰਚੇਜ਼ ਦੇ ਵਿੱਚ ਮੁਲਾਜ਼ਮਾਂ ਨੂੰ ਵੀ ਨਾਲ ਰਲਾਇਆ ਜਾਵੇ ਔਰ ਇਸੂ ਕਰਨ ਵਿੱਚ ਮੁਲਾਜ਼ਮਾਂ ਨੂੰ ਨਾਲ ਰਲਾਇਆ ਜਾਵੇ ਤਾਂ ਪਬਲਿਕ ਅੰਡਰਟੇਕਿੰਗਜ਼ ਵਿੱਚ ਜੋ ਘਾਟਾ ਪੈਂਦਾ ਹੈ ਉਹ ਦੂਰ ਹੋ ਸਕਦਾ ਹੈ।

ਸਪੀਕਰ ਸਾਹਿਬ, ਪੁਲਿਸ ਡੀਪਾਰਟਮੈਂਟ ਵਾਸਤੇ ਕਾਫੀ ਪੈਸਾ ਮੰਗਿਆ ਹੈ। ਸਾਰਿਆਂ ਨੇ, ਮੈਂਬਰ ਸਾਹਿਬਾਨ ਨੇ ਪੁਲਿਸ ਦੇ ਖਰਚੇ ਨੂੰ ਜਾਇਜ਼ ਦੱਸਿਆ ਹੈ। ਪੁਲਿਸ ਨੂੰ ਖਰਚਾ ਹੋਰ ਮਿਲ ਜਾਵੇ ਇਸ ਦੇ ਲਈ ਮੈਨੂੰ ਵੀ ਜ਼ਾਤੀ ਤੌਰ ਤੇ ਕੋਈ ਇਤਰਾਜ਼ ਨਹੀਂ ਹੈ ਕਿਉਂਕਿ ਪੁਲਿਸ ਨੇ ਪਿਛਲੇ 10 ਸਾਲਾਂ ਵਿੱਚ ਜੋ ਪੰਜਾਬ ਦੀ ਹਾਲਤ ਹੋ ਗਈ ਸੀ ਉਸ ਨੂੰ ਸੁਧਾਰਨ ਦੇ ਵਾਸਤੇ ਜਿਥੇ ਸਰਕਾਰ ਨੇ, ਸਾਰਿਆਂ ਲੋਕਾਂ ਨੇ, ਸਾਰੀਆਂ ਪਾਰਟੀਆਂ ਨੇ ਆਪਣਾ ਹਿੱਸਾ ਪਾਇਆ ਹੈ, ਪੁਲਿਸ ਨੇ ਆਪਣਾ ਹਿੱਸਾ ਪਾਇਆ ਹੈ। ਨਾਲ ਦੀ ਨਾਲ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਪੁਲਿਸ ਦਾ ਜੋ ਖਰਚਾ ਹੈ, ਪੁਲਿਸ ਦਾ ਜੋ ਰੋਲ ਹੈ ਹੁਣ ਜਿਸ ਤਰੀਕੇ ਨਾਲ ਚਲ ਰਿਹਾ ਹੈ ਜੇ ਇਸ ਤਰੀਕੇ ਨਾਲ ਖੁੱਲੀ ਛੁੱਟੀ ਦਿੱਤੀ ਗਈ ਅਤੇ

ਕੋਈ ਰੋਕ ਨਾ ਲਾਈ ਗਈ, ਕੋਈ ਦਿਨ ਇਥੇ ਖਾਲ੍ਹੀ ਨਹੀਂ ਜਾਂਦਾ ਜਿਸ ਦਿਨ ਇਥੇ ਆਵਾਜ਼ ਨਾ ਉਠਦੀ ਹੋਵੇ, ਰੋਜ਼ ਪੁਆਇੰਟ ਆਫ ਆਰਡਰ ਰੇਜ਼ ਹੁੰਦੇ ਹਨ ਕਿ ਪੁਲਿਸ ਦੀ ਹਿਰਾਸਤ ਵਿੱਚ ਬੰਦੇ ਮਰਦੇ ਹਨ, ਕੋਈ ਦਿਨ ਐਸਾ ਨਹੀਂ ਜਿਸ ਦਿਨ ਪੁਲਿਸ ਦੀ ਹਿਰਾਸਤ ਵਿਚ ਬੰਦੇ ਨਹੀਂ ਮਰਦੇ। ਜੇ ਖਰਚਾ ਦੇਣਾ ਹੈ ਤਾਂ ਹਰ ਤਰ੍ਹਾਂ ਦਾ ਨਜਾਇਜ਼ ਖਰਚਾ ਜੋ ਹੈ, ਗੱਡੀਆਂ ਜੋ ਮਿਸਯੂਜ਼ ਹੋ ਰਹੀਆਂ ਹਨ, ਪੈਟਰੋਲ ਜੋ ਖਰਚ ਹੁੰਦਾ ਹੈ, ਉਸ ਤੇ ਰੋਕ ਕਰਨੀ ਵੀ ਜ਼ਰੂਰੀ ਹੈ ।

ਫਿਰ, ਸਪੀਕਰ ਸਾਹਿਬ, ਇਥੇ ਸਾਰੇ ਵਰਗਾਂ ਦੇ ਹੱਕ ਵਿੱਚ ਕਿਹਾ ਗਿਆ ਹੈ ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਮੁਲਾਜ਼ਮਾਂ ਨੇ ਵੀ ਖਾਸ ਤੌਰ ਤੇ ਇਲੈਕਸ਼ਨ ਦੇ ਟਾਈਮ ਵਿੱਚ ਜਿਨ੍ਹਾਂ ਦੀਆਂ ਡਿਊਟੀਆਂ ਲਗੀਆਂ ਚਾਹੇ ਉਹ 1992 ਦੀਆਂ ਇਲੈਕਸ਼ਨਾਂ ਹਨ, ਚਾਹੇ ਉਹ ਪੰਚਾਇਤਾਂ ਦੀਆਂ ਇਲੈਕਸ਼ਨਾਂ ਹਨ ਉਨ੍ਹਾਂ ਵਿੱਚ ਜਿਨ੍ਹਾਂ ਮੁਲਾਜ਼ਮਾਂ ਦੀਆਂ ਡਿਊਟੀਆਂ ਲੱਗੀਆਂ ਉਨ੍ਹਾਂ ਵਿਚੋਂ ਵੀ ਕਈ ਮੁਲਾਜ਼ਮ ਅਤਿਵਾਦੀਆਂ ਜਾਂ ਗੈਰਪਸੰਦੀ ਅਨਸਰ ਦੇ ਹਮਲਿਆਂ ਵਿੱਚ ਮਾਰੇ ਗਏ ਪਰ ਉਨ੍ਹਾਂ ਦੇ ਬਾਰੇ ਨਾ ਤਾਂ ਇਸ ਦੇ ਵਿੱਚ ਕੁਝ ਰੈਫਰੈਂਸ ਆਇਆ ਹੈ ਅਤੇ ਨਾ ਹੀ ਗਵਰਨਰ ਸਾਹਿਬ ਦੇ ਐਡਰੈਸ ਵਿੱਚ ਕੋਈ ਰੈਫਰੈਂਸ ਆਇਆ ਹੈ ਕਿ ਉਨ੍ਹਾਂ ਦੇ ਵਾਸਤੇ ਕੀ ਕੀਤਾ ਗਿਆ ਹੈ। ਮੁਲਾਜ਼ਮ ਹਰ ਤਰ੍ਹਾਂ ਦੇ ਕੰਮ ਜੋ ਕਰਦੇ ਹਨ ਤਾਂ ਜਿਥੇ ਵੱਡੇ ਮੁਲਾਜ਼ਮਾਂ ਨੂੰ ਫੈਸਿਲਟੀਜ਼ ਦਿੱਤੀਆਂ ਹਨ, ਛੋਟੇ ਮੁਲਾਜ਼ਮਾਂ ਨੂੰ ਵੀ ਫੈਸਿਲਟੀਜ਼ ਦੇਣੀਆਂ ਚਾਹੀਦੀਆਂ ਹਨ। ਉਨ੍ਹਾਂ ਨਾਲ ਜੋ ਟੇਬਲ ਤੇ ਬੈਠ ਕੇ ਗੱਲ ਕੀਤੀ ਜਾਂਦੀ ਹੈ ਔਰ ਉਨ੍ਹਾਂ ਦੀਆਂ ਮੰਗਾਂ ਬਾਰੇ ਟੇਬਲ ਤੇ ਬੈਠ ਕੇ ਜੋ ਸਮਝੌਤਾ ਹੋ ਜਾਂਦਾ ਹੈ, ਹਾਂ ਦੇ ਵਿੱਚ ਗੱਲਾਂ ਕੀਤੀਆਂ ਜਾਂਦੀਆਂ ਹਨ ਉਨ੍ਹਾਂ ਮੰਗਾਂ ਨੂੰ ਵੀ ਮੈਂ ਸਮਝਦਾ ਹਾਂ ਕਿ ਨਾਲ ਦੀ ਨਾਲ ਮੰਨਣਾ ਬੜਾ ਜ਼ਰੂਰੀ ਹੈ। ਇਸ ਦੇ ਨਾਲ ਹੀ ਸਪੀਕਰ ਸਾਹਿਬ, ਗੱਲ ਮੁਲਾਜ਼ਮਾਂ ਦੀ ਚੱਲ ਰਹੀ ਹੈ, ਮੈਂ ਕਹਿਣਾ ਚਾਹੁੰਦਾ ਹਾਂ ਕਿ ਰੌਲਾ ਉਠਦਾ ਹੈ ਪਾਰਲੀਮੈਂਟ ਵਿੱਚ ਵੀ ਰੌਲਾ ਉਠਦਾ ਹੈ, ਅਸੈਂਬਲੀ ਵਿੱਚ ਵੀ ਰੌਲਾ ਉਠਦਾ ਹੈ ਕਿ ਸਰਕਾਰ ਵਲੋਂ ਪਿੰਡਾਂ ਵਾਲਿਆਂ ਨਾਲੋਂ ਸ਼ਹਿਰਾਂ ਵਾਲਿਆਂ ਨੂੰ ਪਰੈਫਰੈਂਸ ਜ਼ਿਆਦਾ ਮਿਲਦੀ ਹੈ। ਸਪੀਕਰ ਸਾਹਿਬ, ਚਾਹੇ ਸਕੂਲਾਂ ਦੀ ਅੱਪਗਰੇਡੇਸ਼ਨ ਦਾ ਸਵਾਲ ਹੈ, ਚਾਹੇ ਭਰਤੀ ਦਾ ਸਵਾਲ ਹੈ, ਮੈਂ ਇਸ ਦੇ ਨਾਲ ਇਹ ਕਹਿ ਕੇ ਪਿੰਡਾਂ ਔਰ ਸ਼ਹਿਰਾਂ ਦੇ ਵਿੱਚ ਵਿਤਕਰਾ ਤਾਂ ਕੋਈ ਖੜਾ ਨਹੀਂ ਕਰਨਾ ਚਾਹੁੰਦਾ ਪਰ ਇਕ ਗੱਲ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਇਸ ਦੇ ਵਿੱਚ ਸਚਾਈ ਜ਼ਰੂਰ ਹੈ ਕਿ ਜੇ ਕੋਈ ਸਕੂਲ ਸ਼ਹਿਰ ਦਾ ਅਪਗਰੇਡ ਹੋਣਾ ਹੈ, ਜਾਂ ਪਿੰਡਾਂ ਨੂੰ ਸਕੂਲ ਦੇਣੇ ਹੋਣ ਤਾਂ ਚਾਹੇ ਉਹ ਬਿਲਡਿੰਗ ਬਣਾ ਕੇ ਦੇਣ, ਚਾਹੇ ਉਹ ਸਾਲ ਸਾਲ ਦੀਆਂ ਸਟਾਫ ਦੀਆਂ ਤਨਖਾਹਾਂ ਦੇ ਪੈਸੇ ਦੇ ਦੇਣ ਸਰਕਾਰ ਸਕੂਲ ਦੇਣ ਲਈ ਜਾਂ ਅੱਪਗਰੇਡ ਕਰਨ ਲਈ ਐਗਰੀ ਨਹੀਂ ਕਰਦੀ।

ਸਰਕਾਰ ਨੇ ਇਕ ਪਾਲਿਸੀ ਬਣਾਈ ਸੀ ਕਿ ਸ਼ਹਿਰਾਂ ਦੇ ਨਾਲ ਲਗਦੇ 8 ਕਿਲੋਮੀਟਰ ਦੇ ਦਾਇਰੇ ਵਿਚ ਜਿਹੜੇ ਪਿੰਡ ਹਨ ਉਨ੍ਹਾਂ ਵਿਚ ਜੋ ਸਰਕਾਰੀ ਮੁਲਾਜ਼ਮ ਕੰਮ ਕਰਦੇ ਹਨ ਅਤੇ ਸ਼ਹਿਰਾਂ ਵਿਚ ਰਹਿੰਦੇ ਹਨ ਉਨ੍ਹਾਂ ਨੂੰ ਸਰਕਾਰ ਹਾਊਸ ਰੈਂਟ ਅਲਾਊਂਸ ਦਿੰਦੀ ਹੈ। ਮੇਰੀ ਤਹਿਸੀਲ ਵਿਚ ਹਿਲੀ ਕੰਪਨਸੇਟਰੀ ਅਲਾਊਂਸ ਦਿਤਾ ਜਾਂਦਾ ਸੀ ਪਰ ਹੁਣ ਉਹ 8 ਕਿਲੋਮੀਟਰ ਦੇ ਦਾਇਰੇ ਵਿਚ ਵੀ ਬੰਦ ਕਰ ਦਿਤਾ ਹੈ। ਮੇਰੀ ਅਰਜ਼ ਹੈ ਕਿ ਅੱਜ ਕੱਲ੍ਹ ਦੇ ਹਾਲਾਤ ਵਿਚ ਕੋਈ ਵੀ ਮੁਲਾਜ਼ਮ ਪਿੰਡਾਂ ਵਿਚ ਜਾਣ ਨੂੰ ਤਿਆਰ ਨਹੀਂ ਹਨ ਕਿਉਂਕਿ ਨਾ ਤਾਂ ਉਥੇ ਰਹਿਣ ਨੂੰ ਜਗ੍ਹਾ ਮਿਲਦੀ ਹੈ ਅਤੇ ਨਾ ਹੀ ਕੋਈ ਰਹਿਣ ਨੂੰ ਤਿਆਰ ਹੈ, ਲੇਕਿਨ ਮਜਬੂਰੀ ਦੀ ਹਾਲਤ ਵਿਚ ਜਾਣਾ ਪੈਂਦਾ ਹੈ। ਇਸ ਲਈ ਅਲਾਊਂਸ ਦੀ ਜਿਹੜੀ ਉਨ੍ਹਾਂ ਦੀ ਮੰਗ ਹੈ ਉਹ ਮੰਨ ਲੈਣੀ ਚਾਹੀਦੀ ਹੈ।

[ਡਾਕਟਰ ਰਮੇਸ਼ ਦੱਤ]

ਸਪੀਕਰ ਸਾਹਿਬ, ਮੁਲਾਜ਼ਮਾਂ ਦੇ ਡੀ.ਏ. ਦੀ ਕਿਸ਼ਤ ਬਾਰੇ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪਹਿਲੀ ਜਿਹੜੀ ਕਿਸ਼ਤ ਦਿੱਤੀ ਉਹ ਜੀ.ਪੀ.ਫੰਡ ਵਿਚ ਪਾ ਦਿਤੀ ਯਾਨੀ ਸਰਕਾਰ ਕੋਲ ਹੀ ਰਹੀ ਸਿਰਫ ਬੁਕ ਟਰਾਂਸਫਰ ਕੀਤੀ ਹੈ, ਕਲ ਨੂੰ ਫਿਰ ਡਿਊ ਹੋਣੀ ਹੈ। ਮੇਰੀ ਬੇਨਤੀ ਹੈ ਕਿ ਉਨ੍ਹਾਂ ਨੂੰ ਨਕਦ ਕਿਸ਼ਤ ਦੇ ਦਿਆ ਕਰਨ ਤਾਂਕਿ ਵਧੀ ਮਹਿੰਗਾਈ ਦਾ ਉਹ ਮੁਕਾਬਲਾ ਕਰ ਸਕਣ।

ਸਪੀਕਰ ਸਾਹਿਬ, ਮੈਂ ਇਕ ਗੱਲ ਹੋਰ ਕਹਿ ਕੇ ਆਪਣੀ ਥਾਂ ਲਵਾਂਗਾ। ਸਪੀਕਰ ਸਾਹਿਬ, ਅੱਜ ਕਲ ਜਿਸ ਤਰੀਕੇ ਨਾਲ ਮਹਿਕਮਿਆਂ ਵਲੋਂ ਗਰਾਂਟਾਂ ਮਿਲਦੀਆਂ ਹਨ ਔਰ ਜਿਸ ਤਰੀਕੇ ਨਾਲ ਅਗੇ ਯੂਟੇਲਾਈਜ਼ ਹੁੰਦੀਆਂ ਹਨ ਮੈਨੂੰ ਇਸ ਗੱਲ ਦਾ ਪਤਾ ਹੈ ਅਤੇ ਮੈਂ ਤੁਹਾਡੇ ਸਾਹਮਣੇ ਇਸ ਸਬੰਧੀ ਕੁਝ ਗੱਲਾਂ ਰਖਣੀਆਂ ਚਾਹਾਂਗਾ। ਪਹਿਲੇ ਜ਼ਮਾਨੇ ਵਿਚ ਇਹ ਹੁੰਦਾ ਸੀ ਕਿ ਜਦੋਂ ਠੇਕੇਦਾਰ ਨੂੰ ਪੈਸੇ ਮਿਲਦੇ ਸਨ ਤਾਂ ਉਹ 1 ਪ੍ਰਤੀਸ਼ਤ ਐਸ.ਡੀ.ਸੀ ਨੂੰ ਅਤੇ 2 ਪ੍ਰਤੀਸ਼ਤ ਜੀ.ਈ ਨੂੰ ਦੇ ਦਿੰਦਾ ਸੀ। ਪਰ ਅਜ ਕਲ੍ਹ ਕਿਸੇ ਡਿਪਾਰਟਮੈਂਟ ਨੂੰ ਲੈ ਲਵੋ ਸਾਰੇ ਪਹਿਲਾਂ ਹੀ ਕਹਿ ਦਿੰਦੇ ਹਨ ਕਿ ਬੋਲ ਕਿੰਨੇ ਪੈਸੇ ਦੇਵੋਗੇ ਜਾਂ ਫਿਰ ਜੋ ਮੇਰੀ ਇਨਫਰਮੇਸ਼ਨ ਹੈ ਤਕਰੀਬਨ ਸਾਰੇ ਅਫਸਰਾਂ ਨੇ ਠੇਕੇਦਾਰਾਂ ਨਾਲ ਹਿੱਸੇ ਰਖੇ ਹੋਏ ਹਨ। ਅੱਜ ਤੋਂ ਕੁਝ ਦੇਰ ਪਹਿਲਾਂ ਸਾਡੇ ਲਾਲ ਕਿਲੇ ਤੋਂ ਵੀ ਆਵਾਜ਼ ਆਈ ਸੀ ਕਿ ਜੇ ਪਬਲਿਕ ਦੇ ਕੰਮ ਲਈ ਇਕ ਰੁਪਿਆ ਰਖਿਆ ਜਾਂਦਾ ਹੈ ਤਾਂ ਉਸਦਾ ਪਬਲਿਕ ਤਕ 15 ਪੈਸਿਆਂ ਦਾ ਲਾਭ ਹੀ ਪਹੁੰਚਦਾ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਅਗਰ ਇਨ੍ਹਾਂ 15 ਪੈਸਿਆਂ ਤੇ ਜੇ ਕੋਈ ਫੂਲਪਰੂਫ ਚੈਕ ਨਾ ਰਖਿਆ ਗਿਆ ਤਾਂ ਇਹ 15 ਪੈਸੇ ਵੀ ਨਹੀਂ ਪਹੁੰਚਣੇ। ਤੁਸੀਂ ਅਖਬਾਰਾਂ ਵਿਚ ਪੜ੍ਹਦੇ ਹੀ ਹੋ ਕਿ ਫ਼ਲਾਣੇ ਪੁਲ ਦਾ ਉਦਘਾਟਨ ਹੋਇਆ ਅਤੇ ਬੱਸ ਲੰਘੀ ਤੇ ਪੁਲ ਡਿਗ ਪਿਆ ਜਾਂ ਕਿਸੇ ਸਰਕਾਰੀ ਬਿਲਡਿੰਗ ਦੀ ਕੋਈ ਛੱਤ ਡਿਗ ਪਈ। ਕਿਉਂਕਿ ਜਿਹੜਾ ਮੈਟੀਰੀਅਲ ਲਗਾਇਆ ਜਾਂਦਾ ਹੈ ਉਹ ਇਕ ਤਾਂ ਘਟੀਆ ਹੁੰਦਾ ਹੈ ਅਤੇ ਦੂਜੇ ਬੀਲੋਅ ਸਟੈਂਡਰਡ। ਇਸ ਬਾਰੇ ਮੇਰਾ ਸੁਝਾਓ ਹੈ ਕਿ ਪਿੰਡਾਂ ਵਿਚ ਜਿਹੜੇ ਫੰਡਜ਼ ਦਿੱਤੇ ਜਾਂਦੇ ਹਨ ਉਨ੍ਹਾਂ ਫੰਡਜ਼ ਦੀ ਯੂਟੇਲਾਈਜ਼ੇਸ਼ਨ ਲਈ ਪੰਚਾਇਤਾਂ, ਸਕੂਲ ਟੀਚਰਜ਼ ਅਤੇ ਪੇਰੈਂਟਸ ਟੀਚਰਜ਼ ਐਸੋਸੀਏਸ਼ਨ ਨੂੰ ਨਾਲ ਇਨਵਾਲਵ ਕਰਨਾ ਚਾਹੀਦਾ ਹੈ ਤਾਂਕਿ ਜਿਹੜੀਆਂ ਧਰਮਸ਼ਾਲਾਵਾਂ ਬਣਦੀਆਂ ਹਨ, ਸਕੂਲ ਬਣਦੇ ਹਨ ਜਾਂ ਲਬਾਰਟਰੀ ਦਾ ਕੋਈ ਕਮਰਾ ਬਣਦਾ ਹੈ ਉਸ ਵਿਚ ਕਾਫੀ ਗੋਲ ਮਾਲ ਹੋ ਜਾਂਦਾ ਹੈ, ਉਹ ਨਾ ਹੋ ਸਕੇ। ਪਿਛੇ ਜਿਹੇ ਮੈਨੂੰ ਪਤਾ ਹੈ ਕਿ ਇਕ ਸਕੂਲ ਦੀ ਬਿਲਡਿੰਗ ਤੇ ਡੇਢ ਲੱਖ ਰੁਪਿਆ ਅਤੇ ਲਬਾਰਟਰੀ ਦੇ ਕਮਰੇ ਤੇ 1.20 ਲੱਖ ਰੁਪਏ ਖਰਚ ਕੀਤੇ ਗਏ ਪਰ ਉਸੇ ਤਰ੍ਹਾਂ ਦੀ ਸਕੂਲ ਦੀ ਬਿਲਡਿੰਗ ਬਣਾਉਣ ਲਈ, ਜਿਸ ਵਿਚ ਲੋਕਾਂ ਦੀ ਇਨਵਾਲਵਮੈਂਟ ਸੀ, ਸਿਰਫ 90 ਹਜ਼ਾਰ ਅਤੇ ਲਬਾਰਟਰੀ ਦੇ ਕਮਰੇ ਲਈ 75 ਹਜ਼ਾਰ ਰੁਪਏ ਲਾਗਤ ਆਈ, ਇਸ ਦਾ ਕਾਰਣ ਇਹ ਹੈ ਕਿ ਪਰਚੇਜ਼ਿਜ਼ ਵਿਚ ਕਾਫੀ ਗੜਬੜ ਕੀਤੀ ਜਾਂਦੀ ਹੈ ਇਸ ਤੇ ਚੈਕ ਬਹੁਤ ਜ਼ਰੂਰੀ ਹੈ। ਲੱਖਾਂ ਕਰੋੜਾਂ ਰੁਪਏ ਦਾ ਸਮਾਨ ਖਰੀਦਿਆ ਪਿਆ ਹੈ ਔਰ ਉਸ ਦੀ ਮਿਸਯੂਟੇਲਾਈਜ਼ੇਸ਼ਨ ਹੋ ਰਹੀ ਹੈ।

ਸਪੀਕਰ ਸਾਹਿਬ, ਅਡਲਟ ਐਜੂਕੇਸ਼ਨ ਬੰਦ ਕਰ ਦਿਤੀ ਹੈ ਔਰ ਜਿਹੜੇ ਟੀਚਰਜ਼ ਉਸ ਵਿਚ ਚਾਰ-ਚਾਰ, ਪੰਜ-ਪੰਜ ਸਾਲਾਂ ਤੋਂ ਕੰਮ ਕਰ ਰਹੇ ਸਨ ਕੱਢ ਦਿਤੇ ਗਏ ਅਤੇ ਉਨ੍ਹਾਂ ਨੂੰ ਅਜੇ ਤਕ ਕੋਈ ਨੌਕਰੀਆਂ ਨਹੀਂ ਮਿਲੀਆਂ।(ਵਿਘਨ) ਉਨ੍ਹਾਂ ਲੋਕਾਂ ਵਾਸਤੇ ਇਸ ਸਾਲ ਦੋ ਤਿੰਨ ਸੌ, ਮੈਂ ਸਮਝਦਾ ਹਾਂ ਕਿ ਲਾਇਬਰੇਰੀ ਦੀਆਂ ਕਿਤਾਬਾਂ ਰੱਖੀਆਂ ਹਨ, ਬਾਈਸਾਈਕਲ ,ਟਰਾਈਸਾਈਕਲ, ਫਰਨੀਚਰ ਵਗੈਰਾ ਖਰੀਦਿਆ ਪਿਆ ਹੈ ਪਰ ਉਹ ਕਮਰਿਆਂ ਵਿਚ ਬੰਦ ਪਿਆ ਹੈ, ਕੋਈ ਫਾਇਦਾ ਨਹੀਂ ਹੋ ਰਿਹਾ। ਲੋਕਾਂ ਦੇ ਬੱਚਿਆਂ ਦੀ ਸੰਭਾਲ ਨਹੀਂ ਹੋ ਰਹੀ। ਇਹੋ ਜਿਹਾ ਖਰਚ ਘਟਾਉਣ ਵਾਸਤੇ ਕੋਸ਼ਿਸ਼ ਕਰਨੀ ਚਾਹੀਦੀ ਹੈ। ਹਾਊਸ ਵਿਚ ਬਿੱਲ ਪੇਸ਼ ਕੀਤਾ ਗਿਆ ਹੈ ਇਹ ਵੀ ਘਟਾਇਆ ਜਾਣਾ ਚਾਹੀਦਾ ਹੈ ਤਾਂ ਕਿ ਅਗੇ ਵਾਸਤੇ

ਜਿਹੜੀ ਪੰਜਾਬ ਦੀ ਆਰਥਕ ਹਾਲਤ ਹੈ ਉਸ ਦੇ ਉਪਰ ਕਾਬੂ ਪਾ ਕੇ ਹੋਰ ਵੀ ਲੋਕਾਂ ਦੀ ਤਰੱਕੀ ਦੇ ਕਦਮ ਚੁਕੇ ਜਾ ਸਕਣ, ਉਨ੍ਹਾਂ ਦੀ ਡਿਵੈਲਪਮੈਂਟ ਹੋ ਸਕੇ, ਐਜੂਕੇਸ਼ਨ ਵਿਚ ਵਾਧਾ ਹੋ ਸਕੇ। ਬੱਚਿਆਂ ਦੀ ਅੱਗੋਂ ਪੜ੍ਹਾਈ ਵਾਸਤੇ ਪੰਜਾਬ ਸਰਕਾਰ ਜਿਸ ਤਰ੍ਹਾਂ ਪਹਿਲਾਂ ਸਿਸਟਮ ਚਲ ਰਿਹਾ ਹੈ, ਹਰ ਖੇਤਰ ਵਿਚ ਕੁੜੀਆਂ ਦੀ ਹੌਸਲਾ ਅਫਜ਼ਾਈ ਕੀਤੀ ਜਾਵੇ। ਜੇਕਰ ਸਰਕਾਰ ਇਸ ਤਰ੍ਹਾਂ ਕਰੇਗੀ ਤਾਂ ਮੈਂ ਸਮਝਦਾ ਹਾਂ ਕਿ ਅੱਗੇ ਵਾਸਤੇ ਅਸੀਂ ਉਨ੍ਹਾਂ ਬੱਚਿਆਂ ਦਾ ਖਿਆਲ ਰੱਖ ਸਕਾਂਗੇ। ਜੋ ਆਪ ਨੇ ਮੈਨੂੰ ਬੋਲਣ ਲਈ ਟਾਈਮ ਦਿੱਤਾ ਹੈ ਮੈਂ ਆਪਣੀ ਗੱਲ ਆਖਦਾ ਹੋਇਆ ਉਸ ਦੇ ਵਾਸਤੇ ਆਪ ਜੀ ਦਾ ਧੰਨਵਾਦ ਕਰਦਾ ਹਾਂ।

ਕਾਮਰੇਡ ਅਜਾਇਬ ਸਿੰਘ ਰੌਂਤਾ (ਨਿਹਾਲ ਸਿੰਘ ਵਾਲਾ, ਐਸ.ਸੀ.): ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਹਾਊਸ ਵਿਚ ਸਪਲੀਮੈਂਟਰੀ ਡਿਮਾਂਡਜ਼ ਦੇ ਲਈ ਅਪਰੋਪ੍ਰੀਏਸ਼ਨ ਬਿਲ ਉਤੇ ਆਪਣੇ ਵਿਚਾਰ ਰਖਣ ਦਾ ਮੌਕਾ ਪਰਦਾਨ ਕੀਤਾ ਹੈ। ਸਪੀਕਰ ਸਾਹਿਬ, ਮੈਂ ਉਹ ਮਾਮਲੇ ਆਪ ਜੀ ਦੀ ਰਾਹੀਂ ਸਰਕਾਰ ਦੇ ਧਿਆਨ ਵਿਚ ਲਿਆਵਾਂਗਾ ਜਿਨ੍ਹਾਂ ਰਾਹੀਂ ਆਪਣੇ ਖਰਚਿਆਂ ਨੂੰ ਘਟਾਇਆ ਜਾ ਸਕੇ ਔਰ ਆਰਥਕ ਢਾਂਚਾ ਜੋ ਪੰਜਾਬ ਦਾ ਹੈ ਜੋ ਮਾੜੇ ਪਾਸੇ ਨੂੰ ਜਾ ਰਿਹਾ ਹੈ, ਉਹ ਚੰਗੇ ਪਾਸੇ ਵਲ ਜਾ ਸਕੇ। ਇਸ ਦੇ ਵਾਸਤੇ ਜੋ ਜ਼ਰੂਰੀ ਗੱਲਾਂ ਹਨ ਉਹ ਸਰਕਾਰ ਦੇ ਧਿਆਨ ਵਿੱਚ ਲਿਆ ਕੇ ਆਪ ਜੀ ਦਾ ਧੰਨਵਾਦੀ ਹੋਵਾਂਗਾ।

ਸਭ ਤੋਂ ਪਹਿਲਾਂ ਮੈਂ ਜੋ 102 ਕਰੋੜ ਰੁਪਿਆ ਹੋਮ ਅਫੇਅਰਜ਼ ਅਤੇ ਜਸਟਿਸ ਵਾਸਤੇ ਰਖਿਆ ਹੈ ਇਸ ਨਾਲ ਸਹਿਮਤ ਹਾਂ ਕਿਉਂਕਿ 10/12 ਸਾਲਾਂ ਤੋਂ ਪੰਜਾਬ ਦੇ ਵਿਚ ਪੰਜਾਬ ਦੇ ਲੋਕਾਂ ਦੀ, ਪੰਜਾਬ ਦੇ ਰਾਜਨੀਤਕ ਲੋਕਾਂ ਦੀ ਸੁਰੱਖਿਆ ਕੀਤੀ ਗਈ ਹੈ ਅਤੇ ਬੜੇ ਮੁਸ਼ਕਲ ਹਾਲਾਤ ਵਿਚ ਪੰਜਾਬ ਦੇ ਵਿਚ ਵੱਖਵਾਦ ਨਾਲ, ਅਤਿਵਾਦ ਨਾਲ ਲੜਾਈ ਲੜੀ ਗਈ ਹੈ। ਸਾਡੇ ਪੰਜਾਬ ਨੂੰ ਚੰਗਾ ਬਣਾਉਣ ਲਈ ਸੁਰੱਖਿਆ ਅਮਲੇ ਨੇ ਅਹਿਮ ਭੂਮਿਕਾ ਨਿਭਾਈ ਹੈ। ਮੈਂ ਸਮਝਦਾ ਹਾਂ ਕਿ ਇਹ ਪੈਸੇ ਕਾਫੀ ਹਨ ਔਰ ਹੋਰ ਵੀ ਅਗਰ ਰੱਖੇ ਜਾਣ ਤਾਂ ਵੀ ਮੈਂ ਸਹਿਮਤ ਹੋਵਾਂਗਾ। ਪਰ ਜਿੱਥੇ ਕੋਈ ਘਾਟ ਪਾਈ ਜਾਂਦੀ ਹੈ, ਸੁਰੱਖਿਆ ਅਮਲੇ ਵਿਚ ਬੇ-ਨਿਯਮੀ ਪਾਈ ਜਾਂਦੀ ਹੈ, ਸਪੀਕਰ ਸਾਹਿਬ, ਉਹ ਮੈਂ ਤੁਹਾਡੇ ਰਾਹੀਂ ਪੰਜਾਬ ਸਰਕਾਰ ਦੇ ਧਿਆਨ ਵਿੱਚ ਲਿਆਉਂਦਾ ਹਾਂ। ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਸਾਡੇ ਨੇੜੇ ਜ਼ੀਰਕਪੁਰ ਪਿੰਡ ਹੈ, ਉਸ ਦੇ ਨੇੜੇ ਨਾਭਾ ਸਾਹਿਬ ਵਿਚ ਇਕ ਰਿਟਾਇਰਡ ਐਸ. ਪੀ. ਸਰਦਾਰ ਜੋਗਿੰਦਰ ਸਿੰਘ ਰਹਿੰਦਾ ਹੈ। ਉਸ ਦਾ ਲੜਕਾ ਤਰਲੋਚਨ ਸਿੰਘ ਹੈ ਜੋ ਕਿ ਇਕ ਬੈਂਕ ਮੁਲਾਜ਼ਮ ਹੈ। ਉਹ ਰਿਟਾਇਰਡ ਐਸ.ਪੀ. ਹੋਣ ਕਰਕੇ ਉਸ ਨੂੰ ਸੁਰੱਖਿਆ ਲਈ ਫੋਰਸ ਮਿਲੀ ਹੋਈ ਹੈ। ਉਸ ਦਾ ਲੜਕਾ ਤਰਲੋਚਨ ਸਿੰਘ ਸੁਰੱਖਿਆ ਫੋਰਸ ਨੂੰ ਆਪਣੇ ਨਾਲ ਲੈ ਕੇ ਉਥੇ ਦੇ ਲੋਕਾਂ ਨੂੰ, ਆਲੇ ਦੁਆਲੇ ਦੇ ਲੋਕਾਂ ਨੂੰ ਡਰਾਉਂਦਾ ਧਮਕਾਉਂਦਾ ਫਿਰਦਾ ਹੈ ਔਰ 7 ਫਰਵਰੀ, 1993 ਦੀ ਰਾਤ ਨੂੰ ਆਪਣੇ ਪਿੰਡ ਦੇ ਲੋਕਾਂ ਉਤੇ ਹਮਲਾ ਕੀਤਾ ਔਰ 15 ਫਰਵਰੀ, 1993 ਨੂੰ ਉਥੋਂ ਦੇ ਆਲੇ ਦੁਆਲੇ ਦੇ ਛੇ ਪਿੰਡਾਂ ਨੇ ਮੁੱਖ ਮੰਤਰੀ ਜੀ ਨੂੰ ਆਪਣਾ ਮੈਮੋਰੰਡਮ ਦਿੱਤਾ ਸੀ। 16, 17, 18 ਫਰਵਰੀ, 1993 ਨੂੰ ਪੰਜਾਬੀ ਟਰਬਿਊਨ, ਅਜੀਤ ਔਰ ਚੜ੍ਹਦੀ ਕਲਾ ਵਿਚ ਇਸ ਬਾਰੇ ਆਵਾਜ਼ ਉਠਾਈ ਗਈ, ਪਰ ਹਾਲੇ ਤਕ ਕੋਈ ਇਸ ਦਾ ਹੱਲ ਨਹੀਂ ਕੀਤਾ ਜਾ ਰਿਹਾ। ਇਸ ਲਈ ਉਹ ਲੋਕ ਜਿਹੜੇ ਇਸ ਤਰ੍ਹਾਂ ਕਰਦੇ ਹਨ ਉਨ੍ਹਾਂ ਦੀ ਸੁਰੱਖਿਆ ਫੋਰਸ ਵਾਪਸ ਲੈਣੀ ਚਾਹੀਦੀ ਹੈ ਔਰ ਜਿੱਥੇ ਸਹੀ ਮਾਹਨਿਆਂ ਵਿਚ ਲੋੜ ਹੋਵੇ ਉਥੇ ਦੇਣੀ ਚਾਹੀਦੀ ਹੈ।

ਹੁਣ ਮੈਂ ਹੋਮ ਗਾਰਡਜ਼ ਦੀ ਗੱਲ ਕਰਦਾ ਹਾਂ। ਇਸ ਦੇ ਵਾਸਤੇ 1.78 ਕਰੋੜ ਰੁਪਿਆ ਰੱਖਿਆ ਗਿਆ ਹੈ। 3 ਮਾਰਚ, 1993 ਦੇ ਅੰਗਰੇਜ਼ੀ ਟਰਬਿਊਨ ਵਿਚ ਖਬਰ ਸੀ ਕਿ ਦੋ ਹੋਮਗਾਰਡ ਦੇ ਅਧਿਕਾਰੀ,

[ਕਾਮਰੇਡ ਅਜਾਇਬ ਸਿੰਘ ਰੌਂਤਾ]

ਕੰਪਨੀ ਕਮਾਂਡਰ ਵਗੈਰਾ ਜੋ ਹਨ, ਉਨ੍ਹਾਂ ਨੂੰ ਸਸਪੈਂਡ ਕੀਤਾ ਗਿਆ ਹੈ। ਇਸ ਲਈ ਮੈਂ ਕਹਾਂਗਾ ਕਿ ਸੁਰਖਿਆ ਦੇ ਮਾਮਲੇ ਵਿਚ ਖਰਚੇ ਰੱਖੇ ਜਾਣੇ ਚਾਹੀਦੇ ਹਨ ਪਰ ਉਨ੍ਹਾਂ ਖਰਚਿਆਂ ਦੀ ਪੜਤਾਲ ਵਾਸਤੇ ਸਾਰੀਆਂ ਪਾਰਟੀਆਂ ਦੇ ਐਮ.ਐਲ.ਏ. ਸਾਹਿਬਾਨ ਦੀ ਇਕ ਕਮੇਟੀ ਬਣਾ ਦਿੱਤੀ ਜਾਵੇ। ਉਹ ਕਮੇਟੀ ਪੜਤਾਲ ਕਰੇ ਔਰ ਹਾਊਸ ਨੂੰ ਉਸ ਦੀ ਜਾਣਕਾਰੀ ਦਿੱਤੀ ਜਾਵੇ। ਸਪੀਕਰ ਸਾਹਿਬ, ਇਸ ਦੇ ਨਾਲ ਹੀ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਬਠਿੰਡਾ ਵਿਚ ਜਿਹੜਾ ਹੋਮ ਗਾਰਡ ਦਾ ਮੁਖੀ ਸੀ, 6 ਮਹੀਨੇ ਹੋਏ ਉਸ ਨੂੰ ਬਦਲ ਦਿੱਤਾ ਗਿਆ ਹੈ। ਬਦਲੀ ਹੋਣ ਤੋਂ ਪਹਿਲਾਂ ਉਸ ਨੇ ਆਪਣੇ ਦਫ਼ਤਰ ਵਾਸਤੇ 20 ਹਜ਼ਾਰ ਰੁਪਏ ਦਾ ਸਮਾਨ ਖਰੀਦਿਆ ਸੀ ਪਰ ਜਾਂਦਾ ਹੋਇਆ ਉਹ ਸਾਰਾ ਸਮਾਨ ਆਪਣੇ ਘਰ ਰਖਵਾ ਗਿਆ ਔਰ ਦਫ਼ਤਰ ਵਿਚ ਕਹਿ ਗਿਆ ਕਿ ਇਹ ਸਮਾਨ ਤੁਸੀਂ ਪੂਰਾ ਕਰਨਾ ਹੈ। ਹੁਣ ਉਸ ਸਮਾਨ ਨੂੰ ਪੁਰਾਣੇ ਸਮਾਨ ਨਾਲ ਫਿਰ ਪੂਰਾ ਕੀਤਾ ਜਾ ਰਿਹਾ ਹੈ। ਮੈਂ ਕਹਿੰਦਾ ਹਾਂ ਕਿ ਜੇ ਇਹੋ ਜਿਹੀਆਂ ਖਾਮੀਆਂ ਪੁਲਿਸ ਵਿਚ ਹੋ ਰਹੀਆਂ ਹਨ ਤਾਂ ਹੋਰ ਕੀ ਹਾਲ ਹੋਵੇਗਾ। ਇਸ ਲਈ ਸਰਕਾਰ ਨੂੰ ਇਸ ਪਾਸੇ ਖਾਸ ਧਿਆਨ ਦੇਣਾ ਚਾਹੀਦਾ ਹੈ ਔਰ ਇਨ੍ਹਾਂ ਦੀ ਜਾਂਚ ਪੜਤਾਲ ਕਰਦੇ ਰਹਿਣਾ ਚਾਹੀਦਾ ਹੈ।

ਇਸ ਤੋਂ ਬਾਅਦ, ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਜਦੋਂ ਚੋਣਾਂ ਹੋਈਆਂ, ਮੈਂ ਇਸ ਗੱਲ ਤੋਂ ਮੁਨਕਰ ਨਹੀਂ ਹਾਂ ਕਿ ਉਹ ਚੋਣਾਂ ਠੀਕ ਢੰਗ ਨਾਲ ਨਹੀਂ ਹੋਈਆਂ। ਉਸ ਵੇਲੇ ਜਦੋਂ ਚੋਣਾਂ ਹੋਣੀਆਂ ਸਨ ਤਾਂ 10 ਫਰਵਰੀ 1992 ਨੂੰ ਗਵਰਨਰ ਸਾਹਿਬ ਨੇ ਪੰਜਾਬ ਦੇ ਇੰਪਲਾਈਜ਼ ਨਾਲ ਇਕ ਸਮਝੌਤਾ ਕੀਤਾ ਸੀ ਕਿ ਉਹ ਕਿਉਂਕਿ ਅਤਿਵਾਦ ਦੇ ਮਾਹੌਲ ਨੂੰ ਮੁੱਖ ਰੱਖ ਕੇ ਡਿਊਟੀ ਦੇ ਰਹੇ ਹਨ ਜਦ ਕਿ ਸਾਰਾ ਪੰਜਾਬ ਇਕ ਡਰ ਦੇ ਮਾਹੌਲ ਵਿਚੋਂ ਗੁਜ਼ਰ ਰਿਹਾ ਸੀ, ਇਸ ਲਈ ਉਨ੍ਹਾਂ ਨੂੰ 4 ਫੀਸਦੀ ਦੇ ਰੇਟ ਨਾਲ ਇਨਕਰੀਮੈਂਟ ਦਿੱਤੀ ਜਾਵੇਗੀ ਰਵੀਜ਼ਨ ਆਫ਼ ਸਕੇਲ ਕੀਤਾ ਜਾਵੇਗਾ ਅਤੇ ਹੋਰ ਵੀ ਕਈ ਭੱਤੇ ਆਦਿ ਦੇ ਮਸਲੇ ਸਨ ਜਿਹੜੇ ਕਿ ਉਨ੍ਹਾਂ ਨੂੰ ਦਿੱਤੇ ਜਾਣਗੇ। ਪਰ ਹੁਣ ਲਗਦਾ ਹੈ ਕਿ ਸਰਕਾਰ ਉਸ ਤੋਂ ਵੀ ਬਦਲ ਰਹੀ ਹੈ। ਇਸ ਨਾਲ ਉਹ ਜਿਹੜੇ ਮੁਲਾਜ਼ਮ ਹਨ ਉਹ ਬਹੁਤ ਬੇਚੈਨ ਹਨ। ਫਿਰ ਚਲੱਈਆ ਰਿਪੋਰਟ ਜਿਹੜੀ ਆਈ ਹੈ ਜਿਸ ਨੇ ਇਹ ਕਿਹਾ ਕਿ ਤਨਖਾਹਾਂ ਬੰਦ ਕਰ ਦਿੱਤੀਆਂ ਜਾਣ ਔਰ ਹੋਰ ਵੀ ਕਈ ਭੱਤੇ ਬੰਦ ਕਰਨ ਲਈ ਕਿਹਾ ਹੈ, ਇਹ ਮੁਲਾਜ਼ਮਾਂ ਨਾਲ ਬਹੁਤ ਬੇਇਨਸਾਫ਼ੀ ਵਾਲੀ ਗੱਲ ਹੈ। ਇਸ ਦੇ ਖਿਲਾਫ਼ ਸਰਕਾਰੀ ਮੁਲਾਜ਼ਮ ਰੈਲੀਆਂ ਕਰਦੇ ਔਰ ਧਰਨੇ ਮਾਰ ਰਹੇ ਹਨ। ਅੱਜ ਵੀ ਅਸੈਂਬਲੀ ਤੋਂ ਬਾਹਰ ਇਹ ਰੈਲੀ ਕਰ ਰਹੇ ਹਨ। ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਇਹ ਚਲੱਈਆ ਰਿਪੋਰਟ ਬਿਲਕੁਲ ਲਾਗੂ ਨਹੀਂ ਕੀਤੀ ਜਾਣੀ ਚਾਹੀਦੀ ਔਰ ਇਸ ਦੇ ਬਦਲੇ ਹਨੂਮਨਥਈਆ ਦੀ ਰਿਪੋਰਟ ਲਾਗੂ ਕੀਤੀ ਜਾਣੀ ਚਾਹੀਦੀ ਹੈ।

ਇਸ ਤੋਂ ਬਾਅਦ, ਸਪੀਕਰ ਸਾਹਿਬ, ਮੈਂ ਵਿਦਿਆ ਦੀ ਡਿਮਾਂਡ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ ਕਿ ਇਸ ਵਾਸਤੇ ਜਿਹੜਾ ਪੈਸਾ ਰੱਖਿਆ ਹੈ ਇਹ ਥੋੜ੍ਹਾ ਹੈ। ਮੈਂ ਸਮਝਦਾ ਹਾਂ ਕਿ ਇਹ ਬੜਾ ਇੰਪਾਰਟੈਂਟ ਮਹਿਕਮਾ ਹੈ ਔਰ ਵਿਦਿਆਰਥੀਆਂ ਦੇ ਭਵਿੱਖ ਨਾਲ ਸਬੰਧ ਰਖਦਾ ਹੈ। ਇਸ ਨਾਲ ਸਾਡੇ ਨੌਜਵਾਨਾਂ ਦੀ ਤਰੱਕੀ ਹੋਣੀ ਹੈ ਔਰ ਪੰਜਾਬ ਨੇ ਤਰੱਕੀ ਕਰਨੀ ਹੈ ਇਸ ਲਈ ਇਸ ਵਾਸਤੇ ਪੈਸਾ ਜ਼ਿਆਦਾ ਹੋਣਾ ਚਾਹੀਦਾ ਹੈ। ਜੇ ਵਿਦਿਆਰਥੀ ਚੰਗੀ ਵਿਦਿਆ ਪ੍ਰਾਪਤ ਕਰੇਗਾ ਤਾਂ ਹੀ ਉਹ ਆਪਣੇ ਮੁਲਕ ਦੀ ਸੇਵਾ ਕਰ ਸਕੇਗਾ। ਇਸ ਲਈ ਮੇਰੀ ਰਾਏ ਹੈ ਕਿ ਟੋਟਲ ਬਜਟ ਦਾ 10 ਫੀਸਦੀ ਹੋਰ ਪੈਸਾ ਇਸ ਮਹਿਕਮੇ ਵਾਸਤੇ ਖਰਚਣਾ ਚਾਹੀਦਾ ਹੈ। ਇਸ ਨਾਲ ਸਾਡੇ ਵਿਦਿਆ ਦਾ ਮਿਆਰ ਉਚਾ ਹੋਵੇਗਾ। ਇਥੇ ਇਸ ਵੇਲੇ ਵਿਦਿਆ ਮੰਤਰੀ ਜੀ ਬੈਠੇ ਨਹੀਂ ਹਨ, ਇਸ ਲਈ ਵਿੱਤ ਮੰਤਰੀ ਸਾਹਿਬ ਨੂੰ ਇਹ ਕਹਿੰਦਾ ਹਾਂ ਕਿ ਜਿਤਨਾ ਪੈਸਾ ਇਸ ਪਾਸੇ ਲਈ ਜ਼ਿਆਦਾ ਖਰਚ ਹੋਵੇਗਾ ਉਤਨਾ ਹੀ ਪੰਜਾਬ ਵਿਚ

ਅਨਪੜ੍ਹਤਾ ਜ਼ਿਆਦਾ ਦੂਰ ਹੋਵੇਗੀ, ਸਕੂਲਾਂ ਕਾਲਜਾਂ ਵਿਚ ਜ਼ਿਆਦਾ ਸਹੂਲਤਾਂ ਮਿਲਣਗੀਆਂ, ਟੀਚਰ ਔਰ ਬੱਚੇ ਚੰਗੀ ਤਰ੍ਹਾਂ ਨਾਲ ਪੜ੍ਹ ਪੜ੍ਹਾ ਸਕਣਗੇ।

ਇਕ ਗੱਲ ਮੈਂ ਹੋਰ ਬਹੁਤ ਜ਼ਰੂਰੀ ਕਰਨੀ ਹੈ। ਉਹ ਇਹ ਹੈ ਕਿ ਅੱਜ ਜਦੋਂ ਕਿ ਸਾਡਾ ਪੰਜਾਬ ਪਹਿਲੇ ਹੀ ਪੈਸੇ ਦੀ ਕਮੀ ਵਿਚੋਂ ਗੁਜ਼ਰ ਰਿਹਾ ਹੈ ਇਨ੍ਹਾਂ ਹਾਲਾਤ ਵਿਚ ਵੇਖਣ ਵਿਚ ਇਹ ਆਇਆ ਹੈ ਕਿ ਬਹੁਤ ਸਾਰੀਆਂ ਡਿਕਰੀਆਂ ਸਰਕਾਰ ਦੇ ਖਿਲਾਫ਼ ਹੋ ਜਾਂਦੀਆਂ ਹਨ, ਉਸ ਦਾ ਕਾਰਣ ਇਹ ਹੈ ਕਿ ਅਫ਼ਸਰਾਂ ਵਲੋਂ ਸਮੇਂ ਸਿਰ ਮੁਲਾਜ਼ਮਾਂ ਦੇ ਕੇਸਾਂ ਦਾ ਨਿਪਟਾਰਾ ਨਹੀਂ ਕੀਤਾ ਜਾਂਦਾ ਔਰ ਮੈਰਿਟ ਤੇ ਉਨ੍ਹਾਂ ਦੇ ਕੇਸ ਡਿਸਾਈਡ ਨਹੀਂ ਕੀਤੇ ਜਾਂਦੇ। ਇਸ ਤਰ੍ਹਾਂ ਨਾਲ ਮੁਲਾਜ਼ਮਾਂ ਨੂੰ ਹਾਈਕੋਰਟ ਵਿਚ ਜਾਣਾ ਪੈਂਦਾ ਹੈ ਔਰ ਇਸ ਨਾਲ ਸਰਕਾਰ ਦੇ ਪੈਸੇ ਦਾ ਵੀ ਨੁਕਸਾਨ ਹੁੰਦਾ ਹੈ ਔਰ ਸਮੇਂ ਦਾ ਵੀ ਨੁਕਸਾਨ ਹੁੰਦਾ ਹੈ। ਮੈਨੂੰ ਤਾਂ ਇਹ ਪਤਾ ਲਗਾ ਹੈ ਕਿ ਵਿਦਿਆ ਦੇ ਮਹਿਕਮੇ ਵਿੱਚ ਜਿਨੇ ਵੀ ਕੇਸ ਮੁਲਾਜ਼ਮਾਂ ਨੇ ਹਾਈਕੋਰਟ ਵਿਚ ਕੀਤੇ ਹਨ ਉਨ੍ਹਾਂ ਵਿਚੋਂ ਇਕ ਵੀ ਕੇਸ ਸਰਕਾਰ ਨਹੀਂ ਜਿੱਤ ਸਕੀ। ਇਸ ਨਾਲ ਕਿੰਨਾ ਹੀ ਸਰਕਾਰ ਦਾ ਨੁਕਸਾਨ ਹੋ ਚੁੱਕਾ ਹੈ। ਇਸ ਲਈ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਪੈਸਾ ਅਫ਼ਸਰਾਂ ਦੀ ਜੇਬ ਵਿਚੋਂ ਲਿਆ ਜਾਣਾ ਚਾਹੀਦਾ ਹੈ। ਸਰਕਾਰ ਤੇ ਬੋਝ ਨਹੀਂ ਪੈਣਾ ਚਾਹੀਦਾ ਕਿਉਂਕਿ ਉਨ੍ਹਾਂ ਦੀ ਗਲਤੀ ਕਾਰਣ ਹੀ ਇਹ ਡਿਕਰੀ ਸਰਕਾਰ ਦੇ ਖਿਲਾਫ ਹੋਈ ਹੈ।

ਇਸ ਤੋਂ ਬਾਅਦ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਕ ਪਾਸੇ ਤਾਂ ਇਹ ਕਿਹਾ ਜਾਂਦਾ ਹੈ ਕਿ ਸਰਕਾਰ ਕੋਲ ਪੈਸਾ ਨਹੀਂ ਹੈ ਔਰ ਦੂਜੇ ਪਾਸੇ ਫਜ਼ੂਲ ਖਰਚ ਕੀਤੇ ਜਾ ਰਹੇ ਹਨ। ਸਕੱਤਰੇਤ ਵਿਚ ਮੈਡੀਕਲ ਬਿਲ ਜਿਹੜੇ ਕਿ ਬੋਗਸ ਬਣਾਏ ਜਾਂਦੇ ਹਨ ਉਨ੍ਹਾਂ ਤੇ ਅਤੇ ਦੂਸਰਾ ਰੰਗ-ਰੋਗਨ ਤੇ ਇਤਨਾ ਖਰਚ ਹੋ ਰਿਹਾ ਹੈ ਜਿਸ ਦਾ ਕੋਈ ਹਿਸਾਬ ਨਹੀਂ। ਇਹ ਬਿਲ ਸਾਰੇ ਬੋਗਸ ਬਣਾਏ ਜਾਂਦੇ ਹਨ। ਇਸ ਪਾਸੇ ਵੀ ਧਿਆਨ ਦੇਣਾ ਚਾਹੀਦਾ ਹੈ।

ਸਪੀਕਰ ਸਾਹਿਬ, ਡੀਮਾਂਡ ਨੰ:12 ਗ੍ਰਹਿ ਅਤੇ ਨਿਆਂ ਸਬੰਧੀ ਹੈ। ਇਸ ਉਤੇ ਅੱਡੀ ਗੱਲ ਹੈ ਹੋਰ ਖਰਚ ਕਰਨਾ ਚਾਹੀਦਾ ਹੈ ਔਰ ਜੇਲ੍ਹਾਂ ਵਿਚ ਜੋ ਬੜੇ ਵਿਗੜੇ ਹੋਏ ਕੈਦੀ ਆਉਂਦੇ ਹਨ ਉਨ੍ਹਾਂ ਨੂੰ ਸੁਧਾਰਨ ਲਈ ਜੇਲ੍ਹਾਂ ਵਿਚ ਮਾਡਰਨ ਤਰੀਕੇ ਨਾਲ ਉਨ੍ਹਾਂ ਵਿਚ ਸੁਧਾਰ ਲਿਆਉਣ ਲਈ ਪੈਸਾ ਖਰਚ ਕਰਨਾ ਚਾਹੀਦਾ ਹੈ। ਪਰ ਜੇਲ੍ਹਾਂ ਵਿਚ ਜ਼ਿਆਦਾ ਉਹ ਪੈਸਾ ਅਫਸਰਾਂ ਵਾਸਤੇ ਗਲੀਚੇ ਅਤੇ ਫਰਨੀਚਰ ਖਰੀਦਣ ਵਿਚ ਖਰਚ ਹੋ ਜਾਂਦਾ ਹੈ ਅਤੇ ਉਹ ਵੀ ਮਾਰਕਿਟ ਵਿਚੋਂ ਮਹਿੰਗੇ ਭਾਅ ਖਰੀਦਿਆ ਜਾਂਦਾ ਹੈ। ਇਸ ਲਈ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਪੈਸਾ ਜੇਲ੍ਹਾਂ ਦੇ ਸੁਧਾਰ ਉਤੇ ਖਰਚ ਕਰਨਾ ਚਾਹੀਦਾ ਔਰ ਜਿਹੜਾ ਫਜ਼ੂਲ ਖਰਚਾ ਅਫਸਰ ਸਾਹਿਬਾਨ ਕਰਦੇ ਹਨ ਉਨ੍ਹਾਂ ਨੂੰ ਰੋਕਣ ਦੀ ਲੋੜ ਹੈ। ਸਪੀਕਰ ਸਾਹਿਬ, ਜਿਸ ਤਰ੍ਹਾਂ ਮੈਂ ਪਹਿਲੇ ਵੀ ਇਸ ਹਾਊਸ ਵਿਚ ਦਸਿਆ ਸੀ ਕਿ ਇਕ ਮਨਿਸਟਰ ਦਾ ਪਰੋਗਰਾਮ ਕਿਸੇ ਪਿੰਡ ਵਿਚ ਹੁੰਦਾ ਹੈ ਤਾਂ ਉਸ ਦੇ ਨਾਲ 8–10 ਮਨਿਸਟਰ ਹੋਰ ਚਲੇ ਜਾਂਦੇ ਹਨ ਅਤੇ 100–100 ਕਾਰਾਂ ਇਨ੍ਹਾਂ ਦੇ ਪਰੋਗਰਾਮ ਦੇ ਲਈ ਯੂਜ਼ ਹੁੰਦੀਆਂ ਹਨ ਅਤੇ ਸਰਕਾਰੀ ਪੈਟਰੋਲ ਖਰਚ ਹੁੰਦਾ ਹੈ ਜਿਹੜਾ ਕਿ ਸਰਕਾਰ ਦੇ ਖਜ਼ਾਨੇ ਉਤੇ ਵਾਧੂ ਭਾਰ ਪਾਇਆ ਜਾਂਦਾ ਹੈ। ਪਿੰਡਾਂ ਵਿਚੋਂ ਲੋਕ ਇਤਨਾ ਲੰਬਾ ਸਫਰ ਕਰਕੇ ਚੰਡੀਗੜ੍ਹ ਇਨ੍ਹਾਂ ਵਜ਼ੀਰਾਂ ਤੋਂ ਕੰਮ ਕਰਵਾਉਣ ਲਈ ਆਉਂਦੇ ਹਨ ਪਰ ਇਧਰੋਂ ਵਜ਼ੀਰ ਸਾਹਿਬਾਨ ਦੌਰੇ ਤੇ ਗਏ ਹੁੰਦੇ ਹਨ ਜਿਸ ਕਰਕੇ ਉਨ੍ਹਾਂ ਲੋਕਾਂ ਦਾ ਟਾਈਮ ਅਤੇ ਪੈਸਾ ਫਜ਼ੂਲ ਖਰਚ ਹੁੰਦਾ ਹੈ ਅਤੇ ਪਰੇਸ਼ਾਨੀ ਵੀ ਹੁੰਦੀ ਹੈ। ਇਸ ਲਈ ਜਿਸ ਮਨਿਸਟਰ ਸਾਹਿਬ ਦਾ ਕੋਈ ਪਰੋਗਰਾਮ ਹੋਵੇ ਉਸ ਨੂੰ ਹੀ ਜਾਣਾ ਚਾਹੀਦਾ ਹੈ ਅਤੇ ਬਾਕੀ ਦੇ ਦੂਜੇ ਮਨਿਸਟਰ ਸਾਹਿਬਾਨ ਨੂੰ ਚੰਡੀਗੜ੍ਹ ਵਿਖੇ ਪੰਜਾਬ ਸਕੱਤਰੇਤ ਵਿਚ ਹੋਣਾ ਚਾਹੀਦਾ ਹੈ ਤਾਕਿ ਲੋਕਾਂ ਨੂੰ ਪ੍ਰੇਸ਼ਾਨੀ ਨਾ ਹੋਵੇ। ਇਸ ਗੱਲ ਦਾ ਧਿਆਨ ਸਰਕਾਰ ਨੂੰ ਰਖਣਾ ਚਾਹੀਦਾ ਹੈ।

[ਕਾਮਰੇਡ ਅਜਾਇਬ ਸਿਘ ਰੌਤਾ]

ਡੀਮਾਂਡ ਨੰ: 13 ਵਿਚ ਅਫਸਰ ਸਾਹਿਬਾਨ ਨੂੰ ਟੈਲੀਫੂਨ, ਬੰਗਲੇ ਲਈ ਸਾਜ਼ੋ ਸਮਾਨ ਅਤੇ ਬੰਗਲੇ ਵਿਚ ਕਮਰਿਆਂ ਨੂੰ ਏਅਰ ਕੰਡੀਸ਼ਨ ਕਰਨ ਵਾਸਤੇ ਖਰਚ ਕੀਤਾ ਜਾਂਦਾ ਹੈ। ਅਸੀਂ ਲੋਕਾਂ ਦੇ ਭੇਜੇ ਹੋਏ ਨੁਮਾਇੰਦੇ ਹਾਂ ਇਸ ਲਈ ਮੈਂ ਕਹਿੰਦਾ ਹਾਂ ਕਿ ਜਦ ਇਕ ਕਮਰੇ ਵਿਚ ਗੁਜ਼ਾਰਾ ਹੋ ਸਕਦਾ ਹੈ ਤਾਂ ਫੇਰ 2-4 ਕਮਰੇ ਏਅਰ ਕੰਡੀਸ਼ਨ ਕਰਨ ਦੀ ਕੀ ਲੋੜ ਹੈ? ਜਦ ਕਿ ਪਿੰਡਾਂ ਵਿਚ ਘਰ ਵਿਚ ਸੌਣ ਲਈ ਇਕ ਪੱਖਾ ਵੀ ਨਹੀਂ ਮਿਲਦਾ ਅਤੇ ਰਹਿਣ ਲਈ ਇਕ ਕਮਰਾ ਮਿਲਦਾ ਹੈ। ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਏਅਰ ਕੰਡੀਸ਼ਨ ਦਾ ਖਰਚਾ ਬਚਾਉਣਾ ਚਾਹੀਦਾ ਹੈ। ਇਸ ਦੇ ਨਾਲ ਖਜ਼ਾਨੇ ਤੇ ਭਾਰ ਘਟੇਗਾ। ਇਹ ਜਿਹੜੀ ਗਰਾਂਟ ਮੁਲਾਜ਼ਮਾਂ ਵਾਸਤੇ ਰੱਖੀ ਗਈ ਹੈ ਇਹ ਬਹੁਤ ਥੋੜ੍ਹੀ ਹੈ।

ਡੀਮਾਂਡ ਨੰ: 8 ਵਿਚ ਚੌਥੇ ਦਰਜੇ ਦੇ ਕਰਮਚਾਰੀਆਂ ਨੂੰ ਵ੍ਹੀਟ ਲੋਨ ਦੇਣ ਲਈ ਪੈਸਾ ਰਖਿਆ ਗਿਆ ਹੈ, ਜਿਸ ਨੂੰ ਮੁਲਾਜ਼ਮਾਂ ਨੇ ਸਰਕਾਰ ਨੂੰ ਵਾਪਿਸ ਕਰਨਾ ਹੁੰਦਾ ਹੈ। ਇਹ ਮੁਲਾਜ਼ਮਾਂ ਨੂੰ ਕਰਜ਼ੇ ਤੇ ਪੈਸਾ ਦੇਣਾ ਹੁੰਦਾ ਹੈ ਜਿਸ ਨੂੰ ਉਨ੍ਹਾਂ ਨੇ 10 ਕਿਸ਼ਤਾਂ ਵਿਚ ਵਾਪਿਸ ਕਰਨਾ ਹੁੰਦਾ ਹੈ। ਕਣਕ ਖਰੀਦਣ ਲਈ ਸਰਕਾਰ ਵੱਲੋਂ ਜੋ ਮੁਲਾਜ਼ਮਾਂ ਨੂੰ ਕਰਜ਼ਾ ਦਿੱਤਾ ਜਾਂਦਾ ਹੈ ਇਸ ਵਿਚ ਵਾਧਾ ਕੀਤਾ ਜਾਵੇ ਅਤੇ ਅਗਲੇ ਬਜਟ ਵਿਚ ਇਸ ਦਾ ਪ੍ਰਬੰਧ ਕੀਤਾ ਜਾਵੇ। ਸੈਂਟਰਲ ਗੌਰਮਿੰਟ ਨੇ ਹੁਣ ਕਣਕ ਦੀਆਂ ਕੀਮਤਾਂ ਵਿਚ ਵਾਧਾ ਕਰ ਦਿੱਤਾ ਹੈ। ਸੈਂਟਰ ਦੀ ਸਰਕਾਰ ਨੇ 280 ਰੁਪਏ ਪ੍ਰਤੀ ਕੁਵਿੰਟਲ ਨਿਸ਼ਚਿਤ ਕੀਤਾ ਹੈ ਜਦ ਕਿ ਵਿਦੇਸ਼ਾਂ ਤੋਂ ਆਈ ਕਣਕ ਦਾ ਮੁੱਲ 540 ਰੁਪਏ ਸੀ ਅਗਰ ਸਰਕਾਰ ਆਪਣੇ ਕਿਸਾਨਾਂ ਨੂੰ 400 ਰੁਪਏ ਪ੍ਰਤੀ ਕੁਵਿੰਟਲ ਮੁੱਲ ਦਿੰਦੀ ਤਾਂ ਕਿਸਾਨਾਂ ਦਾ ਫਾਇਦਾ ਹੋ ਸਕਦਾ ਸੀ ਅਤੇ ਰਾਜ ਦੇ ਛੋਟੇ ਕਿਸਾਨਾਂ ਨੂੰ ਉਚਿਤ ਕਣਕ ਦਾ ਮੁੱਲ ਮਿਲ ਜਾਂਦਾ ਹੁਣ ਵੀ ਸਰਕਾਰ ਨੂੰ ਇਹ ਜਿਹੜਾ ਫਰਕ ਹੈ ਉਹ, ਸਬਸਿਡੀ ਦੇ ਤੌਰ ਤੇ ਛੋਟੇ ਕਿਸਾਨਾਂ ਨੂੰ ਦੇਣ ਚਾਹੀਦਾ ਹੈ (ਤਾੜੀਆਂ) (ਵਿਘਨ) ਸਪੀਕਰ ਸਾਹਿਬ 196 ਕਰੋੜ 57 ਲੱਖ 78 ਹਜ਼ਾਰ ਰੁਪਿਆ ਮੰਗਿਆ ਹੈ ਔਰ ਇਸ ਪੈਸੇ ਦੀ ਮੰਨਜ਼ੂਰੀ ਮੰਗੀ ਹੈ।

ਡੀਮਾਂਡ ਨੰ: 10, 11, 12 ਅਤੇ 30 ਨੂੰ ਮਿਲਾ ਕੇ 4 ਕਰੋੜ 97 ਹਜ਼ਾਰ ਰੁਪਿਆ ਮੰਗਿਆ ਹੈ। ਇਕ ਕਿਸ਼ਤ ਜਨਵਰੀ ਤੋਂ ਅਪਰੈਲ ਅਤੇ ਦੂਸਰੀ ਜੁਲਾਈ ਤੋਂ ਫਰਵਰੀ ਤਕ ਦੀ ਡੀ. ਏ. ਦੀ ਕਿਸ਼ਤ ਜੀ.ਪੀ.ਫੰਡ ਵਿਚ ਮੁਲਾਜ਼ਮਾਂ ਦੀ ਜਮ੍ਹਾਂ ਕਰਨੀ ਹੈ ਜਦੋਂ ਕਿ ਕੇਂਦਰ ਦੀ ਸਰਕਾਰ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਦੂਸਰੇ ਸੂਬਿਆਂ ਦੀਆਂ ਸਰਕਾਰਾਂ ਨੇ ਮਹਿੰਗਾਈ ਭੱਤਾ ਨਕਦ ਦਿੱਤਾ ਹੈ। ਪੰਜਾਬ ਵਿਚ ਜਦੋਂ ਦੀ ਇਹ ਸਰਕਾਰ ਬਣੀ ਹੈ ਤਾਂ ਜੀ.ਪੀ.ਫੰਡ ਵਿਚ ਹੀ ਜਮ੍ਹਾਂ ਕੀਤਾ ਜਾਂਦਾ ਹੈ। ਬੋਨਸ ਵਾਸਤੇ ਵੀ ਸਰਕਾਰ ਨੇ ਕਿਹਾ ਹੈ। ਪੰਜਾਬ ਵਿਧਾਨ ਸਭਾ ਵਾਸਤੇ ਵੀ 4 ਲੱਖ ਰੁਪਿਆ ਰਖਿਆ ਗਿਆ ਹੈ। ਹੋਰ ਕਿਸੇ ਮਹਿਕਮੇਂ ਬਾਰੇ ਮੰਗ ਨਹੀਂ ਰਖੀ ਗਈ। ਸਪੀਕਰ ਸਾਹਿਬ, ਜਿਨ੍ਹਾਂ ਮੁਲਾਜ਼ਮਾਂ ਨੇ ਪੰਚਾਇਤਾਂ ਦੀਆਂ ਚੋਣਾਂ ਵਿਚ ਹਿੱਸਾ ਲਿਆ ਹੈ ਉਨ੍ਹਾਂ ਮੁਲਾਜ਼ਮਾਂ ਦਾ ਟੀ.ਏ., ਡੀ.ਏ. 31 ਮਾਰਚ ਤਕ ਪੰਜਾਬ ਸਰਕਾਰ ਨੂੰ ਦੇ ਦੇਣਾ ਚਾਹੀਦਾ ਹੈ।

ਇਥੇ ਹਾਊਸ ਵਿਚ ਸਰਕਾਰ ਵਲੋਂ ਕੁਰਪਸ਼ਨ ਬਾਰੇ ਵੀ ਬੜੀਆਂ ਗੱਲਾਂ ਕੀਤੀਆਂ ਜਾਂਦੀਆਂ ਹਨ। ਹਾਊਸ ਵਿਚ ਥਪ ਥਪਾਹਟ ਵੀ ਕੀਤੀ ਜਾਂਦੀ ਹੈ ਕਿ ਕੁਰੱਪਸ਼ਨ ਖਤਮ ਕਰ ਦੇਵਾਂਗੇ। ਮੈਂ ਸਮਝਦਾ ਹਾਂ ਕਿ ਸਰਕਾਰ ਇਸ ਮਸਲੇ ਬਾਰੇ ਗੰਭੀਰ ਨਹੀਂ ਹੈ। ਜਦੋਂ ਅਸੀਂ ਬੱਸਾਂ ਵਿਚ ਸਫਰ ਕਰਦੇ ਹਾਂ ਤਾਂ ਬੱਸਾਂ ਵਿਚ ਲੋਕ ਆਪਸ ਵਿਚ ਗੱਲਾਂ ਕਰਦੇ ਹਨ ਕਿ ਫਲਾਣਾ ਕੁਰੱਪਸ਼ਨ ਕਰ ਰਿਹਾ ਹੈ ਅਤੇ ਫਲਾਣਾ ਕੁਰੱਪਸ਼ਨ ਤੋਂ ਬਗੈਰ ਕੰਮ ਨਹੀਂ ਕਰਦਾ। ਪੰਜਾਬ ਸਰਕਾਰ ਦੀ ਜਿੰਮੇਵਾਰੀ ਆ ਜਾਂਦੀ ਹੈ ਕਿ ਕੁਰਪਸ਼ਨ ਦਾ ਨਾਂ ਨਿਸ਼ਾਨ ਨਾ ਰਹੇ, ਕੁਰੱਪਸ਼ਨ ਖਤਮ ਕਰਨ ਲਈ ਅਸੀਂ ਵੀ ਤੁਹਾਡਾ ਸਾਥ ਦੇਵਾਂਗੇ। ਕੁਰੱਪਸ਼ਨ ਦੇ ਮਾਮਲੇ ਉਤੇ ਪੰਜਾਬ ਸਰਕਾਰ ਨੂੰ ਗੰਭੀਰ ਹੋਣਾ ਚਾਹੀਦਾ ਹੈ।

ਸਾਡੀ ਟਰਾਂਸਪੋਰਟ ਵੀ ਘਾਟੇ ਵਿਚ ਜਾ ਰਹੀ ਹੈ । ਇਥੇ ਟਰਾਂਸਪੋਰਟ ਨੂੰ ਪ੍ਰਾਈਵੇਟ ਹੱਥਾਂ ਵਿਚ ਦੇਣ ਦੀਆਂ ਗੱਲਾਂ ਵੀ ਕੀਤੀਆਂ ਜਾਂਦੀਆਂ ਹਨ। ਹਰਿਆਣੇ ਵਿਚ ਟਰਾਂਸਪੋਰਟ ਅਤੇ ਦੂਸਰੀਆਂ ਸਟੇਟਾਂ ਵਿਚ ਟਰਾਂਸਪੋਰਟ ਕਿਸ ਤਰ੍ਹਾਂ ਮੁਨਾਫੇ ਵਿਚ ਜਾ ਰਹੀਆਂ ਹਨ। ਪੰਜਾਬ ਸਰਕਾਰ ਇਸ ਚੀਜ਼ ਦੀ ਇਨਕੁਆਰੀ ਕਰਾਵੇ। ਅਫਸਰ ਸਾਹਿਬਾਨ ਠੀਕ ਗਾਈਡ ਨਹੀਂ ਕਰ ਰਹੇ ਹਨ। ਜੇਕਰ ਤੁਹਾਡੇ ਕੋਲ ਸਟਾਫ ਠੀਕ ਨਹੀਂ ਹੈ ਤਾਂ ਤੁਸੀਂ ਦੂਸਰੀਆਂ ਸਟੇਟਾਂ ਵਿਚੋਂ 4–5 ਬੰਦੇ ਡੈਪੂਟੇਸ਼ਨ ਤੇ ਲੈ ਲਵੋ ਤਾਂ ਕਿ ਉਹ ਤੁਹਾਨੂੰ ਗਾਈਡ ਕਰ ਸਕਣ। (ਥੰਪਿੰਗ)

ਸਪੀਕਰ ਸਾਹਿਬ, ਤਕਨੀਕੀ ਐਜੂਕੇਸ਼ਨ ਵਾਸਤੇ 6 ਕਰੋੜ 54 ਲੱਖ ਰੁਪਏ ਦੀ ਮੰਗ ਕੀਤੀ ਹੈ। ਜਿਤਨੀ ਦੇਰ ਅਸੀਂ ਪੰਜਾਬ ਦੇ ਨੌਜਵਾਨਾਂ ਨੂੰ ਟੈਕਨਾਲੋਜੀ ਦੇ ਖੇਤਰ ਵਿਚ ਪੂਰੀ ਜਾਣਕਾਰੀ ਨਹੀਂ ਦੇ ਸਕਦੇ ਤਦ ਤਕ ਗੱਲ ਠੀਕ ਨਹੀਂ ਬਣ ਸਕਦੀ। ਪੰਜਾਬ ਦੇ ਨੌਜਵਾਨਾਂ ਨੂੰ ਨਵੀਂ ਟੈਕਨਾਲੋਜੀ ਦੀ ਪੜ੍ਹਾਈ ਪੜ੍ਹਾਉਣੀ ਚਾਹੀਦੀ ਹੈ ਤਾਂ ਕਿ ਉਹ ਨੌਜਵਾਨ ਆਪਣੇ ਪੈਰਾਂ ਤੇ ਖੜ੍ਹੇ ਹੋ ਸਕਣ। ਇਸ ਚੀਜ਼ ਵਾਸਤੇ ਵੱਧ ਤੋਂ ਵੱਧ ਪੈਸਾ ਰਖਿਆ ਜਾਣਾ ਚਾਹੀਦਾ ਹੈ ।

ਖੇਤੀਬਾੜੀ ਬਾਰੇ ਜੋ ਪੰਜਾਬ ਸਰਕਾਰ ਦੀ ਮੰਗ ਹੈ, ਮੈਂ ਸਮਝਦਾ ਹਾਂ ਕਿ ਬੜੀ ਅੱਛੀ ਗੱਲ ਹੈ ਕਿ 8 ਕਰੋੜ ਰੁਪਿਆ ਛੋਟੇ ਕਿਸਾਨਾਂ ਵਾਸਤੇ ਰਖਿਆ ਗਿਆ ਹੈ। ਪਰ ਇਹ ਪੈਸਾ ਛੋਟੇ ਕਿਸਾਨਾਂ ਤੇ ਹੀ ਖਰਚਿਆ ਜਾਣਾ ਚਾਹੀਦਾ ਹੈ ਅਤੇ ਇਸ ਪੈਸੇ ਦਾ ਮਿਸਯੂਜ਼ ਨਾ ਹੋਵੇ । ਜਿਹੜਾ ਪੈਸਾ ਹੈ ਉਹ ਗਰੀਬ ਕਿਸਾਨਾਂ ਤੇ ਹੀ ਖਰਚ ਕੀਤਾ ਜਾਣਾ ਚਾਹੀਦਾ ਹੈ। ਬੀਜ ਟੈਸਟ ਲੈਬਾਰਟਰੀ ਲਈ 15 ਲੱਖ ਰੁਪਿਆ ਰਖਿਆ ਗਿਆ ਹੈ। ਡੰਕਲ ਕਮੇਟੀ ਦੀ ਰਿਪੋਰਟ ਦੇ ਮੁਤਾਬਿਕ ਹੀ ਇਹ ਸਿਫਾਰਸ਼ ਕੀਤੀ ਗਈ ਹੈ। ਕਿਸਾਨਾਂ ਨੂੰ ਬੀਜ ਚੰਗੇ ਮਿਲਣੇ ਚਾਹੀਦੇ ਹਨ। ਜੇਕਰ ਪੰਜਾਬ ਦਾ ਕਿਸਾਨ ਖੁਸ਼ਹਾਲ ਹੋਵੇਗਾ ਤਾਂ ਪੰਜਾਬ ਸਾਰਾ ਖੁਸ਼ਹਾਲ ਹੋਵੇਗਾ ਅਤੇ ਦੇਸ਼ ਖੁਸ਼ਹਾਲ ਹੋਵੇਗਾ। ਸਪੀਕਰ ਸਾਹਿਬ, ਪੰਜਾਬ ਸਰਕਾਰ ਦੀ ਸੋਚ ਕਿਸਾਨਾਂ ਦੇ ਹੱਕ ਵਿਚ ਹੋਣੀ ਚਾਹੀਦੀ ਹੈ । ਸਪੀਕਰ ਸਾਹਿਬ, ਇਤਨਾ ਕੁਝ ਕਹਿੰਦਾ ਹੋਇਆਂ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

ਕਾਮਰੇਡ ਬਲਦੇਵ ਸਿੰਘ ਬਲਮਗੜ੍ਹ (ਮਲੋਟ, ਐਸ. ਸੀ.): ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਐਪਰੋਪਰੀਏਸ਼ਨ ਬਿਲ ,1993 ਤੇ ਬੋਲਣ ਦਾ ਮੌਕਾ ਦਿਤਾ ਹੈ। ਸਪੀਕਰ ਸਾਹਿਬ, ਜਿਥੋਂ ਤੱਕ ਵੱਖ ਵੱਖ ਵਿਭਾਗਾਂ ਦੀਆਂ ਮੰਗਾਂ ਦਾ ਸਬੰਧ ਹੈਕਾਫੀ ਕੁਝ ਇਸ ਮਾਮਲੇ ਵਿੱਚ ਪੰਜਾਬ ਸਰਕਾਰ ਨੇ ਕੀਤਾ ਹੈ ਔਰ ਮੈਂ ਪੂਰੀ ਤਰ੍ਹਾਂ ਇਨ੍ਹਾਂ ਡਿਮਾਂਡਜ਼ ਨਾਲ ਸਹਿਮਤ ਹਾਂ ਔਰ ਆਪਣੀ ਪਾਰਟੀ ਵੱਲੋਂ ਸਹਿਮਤੀ ਪ੍ਰਗਟਾਉਂਦਾ ਹਾਂ।(ਥੰਪਿੰਗ) ਬਾਕੀ ਜੋ ਕੁਝ ਗੱਲਾਂ, ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਹੋਰ ਹੋਣੀਆਂ ਚਾਹੀਦੀਆਂ ਹਨ, ਉਨ੍ਹਾਂ ਤੇ ਹੋਰ ਸਟਰੈਸ ਵੱਧ ਦੇਣਾ ਚਾਹੀਦਾ ਹੈ ਇਨ੍ਹਾਂ ਮੰਗਾਂ ਬਾਰੇ ਮੈਂ ਉਹ ਗੱਲਾਂ ਜ਼ਰੂਰ ਕਹਿਣੀਆਂ ਚਾਹੁੰਦਾ ਹਾਂ। ਸਪੀਕਰ ਸਾਹਿਬ, ਜਿਥੋਂ ਤੱਕ ਖੇਤੀਬਾੜੀ ਦੀਆਂ ਡਿਮਾਂਡਜ਼ ਦਾ ਸਬੰਧ ਹੈ, ਉਹਦੇ ਵਿੱਚ ਸੈਂਟਰ ਦੀ ਪਾਲਿਸੀ ਦੇ ਮੁਤਾਬਿਕ ਸਬਸਿਡੀਆਂ ਜਿਹੜੀਆਂ ਹਨ, ਉਹ ਕਾਫੀ ਘੱਟ ਕਰ ਦਿੱਤੀਆਂ ਗਈਆਂ ਸਨ, ਪਰ ਪੰਜਾਬ ਸਰਕਾਰ ਇਸ ਗੱਲ ਵਾਸਤੇ ਵਧਾਈ ਦੀ ਪਾਤਰ ਹੈ ਕਿ ਖੇਤੀ ਵਿੱਚ ਕੰਮ ਆਉਂਦੀਆਂ ਚੀਜ਼ਾਂ ਤੇ, ਇਨਪੁਟਸ ਤੇ ਔਰ ਕਿਸਾਨ ਦੀ ਜਿਣਸ ਤੇ ਹੋਰ ਸਬਸਿਡੀਆਂ ਦੇ ਕੇ ਇਹ ਪੈਸੇ ਸਰਕਾਰ ਨੂੰ ਮੰਗਣੇ ਪਏ। ਇਹ ਚੰਗੀ ਗੱਲ ਹੈ ਕਿ ਸਬਸਿਡੀਆਂ ਦੀ ਨੀਤੀ ਪੰਜਾਬ ਸਰਕਾਰ ਨੇ ਜਾਰੀ ਰਖੀ ਹੈ। ਇਸਦੇ ਨਾਲ ਹੀ ਮੈਂ, ਸਪੀਕਰ ਸਾਹਿਬ, ਇਹ ਗੱਲ ਵੀ ਕਹਾਂਗਾ ਕਿ ਖੇਤੀ ਨੂੰ ਹੋਰ ਉੱਨਤ ਕਰਨ ਵਾਸਤੇ ਜਿਹੜੇ ਖੇਤੀਬਾੜੀ

[ਕਾਮਰੇਡ ਬਲਦੇਵ ਸਿੰਘ ਬਲਮਗੜ੍ਹ]

ਨਾਲ ਸਬੰਧਤ ਮਾਮਲੇ ਹਨ, ਖੇਤੀ ਟੈਕਨੋਕਰੇਟਸ ਹਨ, ਉਨ੍ਹਾਂ ਦੀਆਂ ਮੰਗਾਂ ਬੜੇ ਚਿਰ ਤੋਂ ਲਟਕਦੀਆਂ ਆਉਂਦੀਆਂ ਹਨ, ਉਨ੍ਹਾਂ ਵੱਲ ਵੀ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ, ਉਹ ਮੰਨਣੀਆਂ ਚਾਹੀਦੀਆਂ ਹਨ। ਇਸੇ ਤਰੀਕੇ ਨਾਲ ਜਿਹੜੀ ਇਹ ਸਬਸਿਡੀਆਂ ਦੀ ਨੀਤੀ ਜਾਰੀ ਰਖੀ ਗਈ ਹੈ, ਇਸ ਸਬਸਿਡੀ ਨੂੰ ਹੋਰ ਵਧਾਉਣਾ ਚਾਹੀਦਾ ਹੈ ਤਾਂ ਕਿ ਸਾਡੇ ਕਿਸਾਨ ਉਤਸਾਹਿਤ ਹੋ ਕੇ ਖੇਤੀ ਦੀ ਪੈਦਾਵਾਰ ਸਾਡੇ ਪੰਜਾਬ ਵਿਚ ਵਧਾ ਸਕਣ।

ਸਪੀਕਰ ਸਾਹਿਬ, ਏਸੇ ਤਰੀਕੇ ਨਾਲ ਵਿੱਤ ਵਿਭਾਗ ਦੀਆਂ ਮੰਗਾਂ ਹਨ। ਉਸ ਵਿੱਚ ਕਾਫੀ ਕੁਝ ਸੋਚ ਵਿਚਾਰ ਕੇ, ਸਾਡੇ ਵਿੱਤ ਮੰਤਰੀ, ਡਾਕਟਰ ਸਾਹਿਬ ਨੇ ਇਸ ਪਾਸੇ ਵੱਲ ਧਿਆਨ ਦਿੱਤਾ ਹੈ। ਇਨ੍ਹਾਂ ਮੰਗਾਂ ਨਾਲ ਮੈਂ ਪੂਰੀ ਤਰ੍ਹਾਂ ਸਹਿਮਤ ਹਾਂ। ਸਪੀਕਰ ਸਾਹਿਬ ਜਨਰਲ ਐਡਮਨਿਸਟਰੇਸ਼ਨ ਵਾਸਤੇ ਜੋ ਫੰਡ ਰਖੇ ਗਏ ਹਨ, ਉਨ੍ਹਾਂ ਨਾਲ ਵੀ ਮੈਂ ਆਪਣੀ ਸਹਿਮਤੀ ਪ੍ਰਗਟ ਕਰਦਾ ਹਾਂ ਪਰੰਤੂ ਨਾਲ ਦੀ ਨਾਲ ਜਿਹੜਾ ਮੈਂ ਤੁਹਾਡੇ ਰਾਹੀਂ ਸਰਕਾਰ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ, ਉਹ ਇਹ ਹੈ ਕਿ ਮੁਲਾਜ਼ਮਾਂ ਦੀਆਂ ਵੱਖ ਵੱਖ ਜੱਥੇਬੰਦੀਆਂ ਲਗਾਤਾਰ ਆਪਣੀਆਂ ਮੰਗਾਂ ਦੀ ਖਾਤਰ ਸੰਘਰਸ਼ ਕਰ ਰਹੀਆਂ ਹਨ। ਉਨ੍ਹਾਂ ਦੀਆਂ ਮੰਗਾਂ ਮੰਨਣ ਵੱਲ ਵੀ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ ਅਤੇ ਜਿਹੜੀ ਡੀ.ਏ. ਦੀ ਕਿਸ਼ਤ ਬਹੁਤ ਸਾਰੀਆਂ ਸਟੇਟਾਂ ਨੇ ਅਤੇ ਸੈਂਟਰ ਨੇ ਵੀ ਮੁਲਾਜ਼ਮਾਂ ਨੂੰ ਦੇ ਦਿੱਤੀ ਹੈ, ਉਹਦੇ ਵੱਲ ਵੀ ਡਾਕਟਰ ਸਾਹਿਬ ਨੂੰ ਧਿਆਨ ਦੇਣਾ ਚਾਹੀਦਾ ਹੈ ਅਤੇ ਉਹ ਛੇਤੀ ਤੋਂ ਛੇਤੀ ਦਿੱਤੀ ਜਾਣੀ ਚਾਹੀਦੀ ਹੈ। ਸਪੀਕਰ ਸਾਹਿਬ, ਇਕ ਗੱਲ ਵੱਲ ਮੈਂ ਸਰਕਾਰ ਦਾ ਧਿਆਨ ਹੋਰ ਦਿਵਾਉਣਾ ਚਾਹੁੰਦਾ ਹਾਂ ਕਿ ਜਿਹੜੇ ਸਾਡੇ ਸ਼ਡਿਊਲਡ ਕਾਸਟਸ, ਸ਼ਡਿਊਲਡ ਟਰਾਈਜ਼ਬ ਅਤੇ ਬੈਕਵਰਡ ਕਲਾਸਿਜ਼ ਦੇ ਮੁਲਾਜ਼ਮ ਹਨ, ਉਹਨਾਂ ਨੂੰ ਪਹਿਲਾਂ ਤਾਂ ਮੁਲਾਜਮਤ ਹੀ ਬੜੀ ਮੁਸ਼ਕਲ ਨਾਲ ਮਿਲਦੀ ਹੈ। ਫਿਰ ਸਾਡੇ ਬਹੁਤ ਸਾਰੇ ਮਹਿਕਮਿਆਂ ਵਿੱਚ ਬੈਕਲਾਗ ਹੀ ਖੜਾ ਪਿਆ ਹੈ। ਜਦੋਂ ਸਰਕਾਰ ਦੀ ਇਹ ਪਾਲਿਸੀ ਹੈ, ਸੀ.ਐਮ ਸਾਹਿਬ ਨੇ ਪਿਛਲੀ ਵਾਰ ਵੀ ਇਹ ਕਿਹਾ ਸੀ ਕਿ ਬੈਕਲਾਗ ਛੇਤੀ ਤੋਂ ਛੇਤੀ ਪੂਰਾ ਕਰਾਂਗੇ, ਪਰੰਤੂ ਇਸ ਪਾਸੇ ਵੱਲ ਹਾਲੇ ਤੱਕ ਕੋਈ ਕਦਮ ਨਹੀਂ ਚੁੱਕਿਆ ਗਿਆ। ਬਹੁਤ ਸਾਰੇ ਮਹਿਕਮਿਆਂ ਵਿੱਚ ਇਹ ਸੀਟਾਂ ਖਾਲੀ ਪਈਆਂ ਹਨ ਅਤੇ ਜਦੋਂ ਸਰਕਾਰ ਪੁੱਛਦੀ ਹੈ ਤਾਂ ਥਲਿਓਂ ਅਫਸਰ ਜਾਂ ਕਰਮਚਾਰੀ ਝੂਠੀਆਂ ਰਿਪੋਰਟਾਂ ਦੇ ਦਿੰਦੇ ਹਨ ਕਿ ਸੀਟਾਂ ਨਹੀਂ ਹਨ। ਮੇਰੇ ਪਾਸ ਕੱਲ ਹੀ ਇਰੀਗੇਸ਼ਨ ਡਿਪਾਰਟਮੈਂਟ ਦੇ ਬਹੁਤ ਸਾਰੇ ਮੁਲਾਜ਼ਮ ਆਏ ਸਨ। 400 ਦੇ ਨੇੜੇ ਤੇੜੇ ਉਥੇ ਜੀ.ਈ ਹਨ ਜਿਹੜੇ ਸ਼ਡਿਊਲਡ ਕਾਸਟ ਹਨ, ਮਹਿਕਮੇਂ ਵਾਲੇ ਕਹਿ ਦਿੰਦੇ ਹਨ ਕਿ ਪੋਸਟਾਂ 800 ਦੇ ਕਰੀਬ ਬਣਦੀਆਂ ਹਨ ਜਦ ਕਿ ਪੋਸਟਾਂ 1200 ਚਾਹੀਦੀਆਂ ਹਨ। ਇਸ ਕਰਕੇ ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ। ਇਰੀਗੇਸ਼ਨ ਡਿਪਾਰਟਮੈਂਟ ਵਾਲਿਆਂ ਨੂੰ ਇਸ ਗੱਲ ਵਲ ਧਿਆਨ ਦੇਣਾ ਚਾਹੀਦਾ ਹੈ।

ਸਪੀਕਰ ਸਾਹਿਬ, ਅੱਗੇ ਗੱਲ ਆਈ ਹੈ ਗ੍ਰਹਿ ਵਿਭਾਗ ਤੇ ਨਿਆਂ ਵਿਭਾਗ ਦੀਆਂ ਮੰਗਾਂ ਦੀ। ਜਿਥੋਂ ਤੱਕ ਸਬੰਧ ਹੈ ਪਿਛਲੇ ਸਮੇਂ ਵਿੱਚ ਹੋਈ ਕਾਰਗੁਜ਼ਾਰੀ ਦਾ ਤਾਂ ਇਸ ਗੱਲ ਵਿੱਚ ਕੋਈ ਦੋ ਰਾਏ ਨਹੀਂ ਕਿ ਸਰਕਾਰ ਦੇ ਸਹਿਯੋਗ ਨਾਲ, ਸਰਕਾਰ ਦੀ ਯੋਗ ਅਗਵਾਈ ਨਾਲ, ਸਾਡੇ ਸੀ.ਐਮ. ਸਾਹਿਬ ਦੀ ਅਗਵਾਈ ਸਦਕਾ ਸਾਡੇ ਗ੍ਰਹਿ ਤੇ ਨਿਆਂ ਵਿਭਾਗ ਨੇ ਬਹੁਤ ਸ਼ਾਨਦਾਰ ਪ੍ਰਾਪਤੀਆਂ ਕੀਤੀਆਂ ਹਨ। ਔਰ ਪੁਲਿਸ ਦਾ ਜੋ ਰੋਲ ਪੰਜਾਬ ਵਿਚ ਪਿਛਲੇ ਸਮੇਂ ਵਿਚ ਅਮਨ ਅਮਾਨ ਕਰਨ ਦਾ ਰਿਹਾ ਹੈ, ਇਹ ਬੜਾ ਸ਼ਾਨਦਾਰ ਰੋਲ ਰਿਹਾ ਹੈ ਪਰੰਤੂ ਸਪੀਕਰ ਸਾਹਿਬ, ਕੁਝ ਅਫਸਰ, ਕੁਝ ਕਰਮਚਾਰੀ ਇਸ ਵਿਭਾਗ ਵਿਚ ਇਹੋ ਜਿਹੇ ਹਨ ਜਿਨ੍ਹਾਂ ਨੇ ਪਿਛਲੇ ਸਮੇਂ ਵਿਚ ਪੰਜਾਬ ਦੇ ਲੋਕਾਂ ਦੀ ਬੜੀ ਛਿੱਲ ਲਾਹੀ ਹੈ ਅਤੇ ਪੰਜਾਬ ਦੇ ਲੋਕਾਂ ਨੂੰ ਖੂਬ ਲੁੱਟਿਆ ਹੈ। ਇਹ ਗੱਲ ਮੈਂ ਪਿਛਲੇ ਸਾਲ ਵੀ ਕਹੀ ਸੀ ਅਤੇ ਹੁਣ ਇਸ ਸਾਲ ਵੀ ਦੁਹਰਾ ਰਿਹਾ ਹਾਂ। ਜੋ ਅਸੀਂ ਕਹਿੰਦੇ ਹਾਂ ਕਿ ਕੁਰੱਪਸ਼ਨ ਦੂਰ ਕਰਨੀ ਚਾਹੀਦੀ ਹੈ,

ਇਹ ਠੀਕ ਹੈ ਕਿ ਸਾਰੇ ਵਿਭਾਗਾਂ ਵਿਚੋਂ ਕੁਰਪਸ਼ਨ ਦੂਰ ਕਰਨੀ ਚਾਹੀਦੀ ਹੈ ਲੇਕਿਨ ਕੁਝ 15 ਦੇ ਕਰੀਬ ਸਾਡੇ ਐਸੇ ਅਫਸਰ ਹਨ, ਉਹ ਸੈਕਟਰੀਏਟ ਦੇ ਹੋਣ ਅਤੇ ਚਾਹੇ ਸੈਕਟਰੀਏਟ ਤੋਂ ਬਾਹਰ ਦੇ ਹੋਣ, ਚਾਹੇ ਆਈ.ਏ.ਐਸ. ਹੋਣ ਅਤੇ ਚਾਹੇ ਆਈ.ਪੀ.ਐਸ ਹੋਣ; ਜਿਨ੍ਹਾਂ ਦਾ ਪੈਸਾ ਪੰਜਾਬ ਇਕ ਬੰਦੇ ਦੇ ਕੋਲ ਜਮ੍ਹਾਂ ਹੈ। ਉਹ ਇਕ ਬੰਦਾ ਹੀ ਉਨ੍ਹਾਂ ਸਾਰਿਆਂ ਦੀ ਆਮਦਨੀ ਦਾ ਹਿਸਾਬ ਕਿਤਾਬ ਰੱਖਦਾ ਹੈ। ਜੇ ਉਸ ਦੀ ਜਾਂਚ ਕਰਾਈ ਜਾਵੇ ਤਾਂ ਸਰਕਾਰ ਨੂੰ ਪਤਾ ਲਗ ਜਾਵੇਗਾ ਕਿ ਕਿਸ ਕਿਸ ਨੇ, ਕਿੰਨਾ ਅਤੇ ਕਿਥੋਂ ਕਿਥੋਂ ਪੈਸਾ ਕਮਾਇਆ ਹੈ। ਕਿਸੇ ਵੇਲੇ ਉਹ ਇਕ ਸਾਧਾਰਣ ਬੰਦਾ ਸੀ ਲੇਕਿਨ ਅੱਜ ਉਹ ਕਰੋੜਾਂ ਦੀ ਆਸਾਮੀ ਬਣਿਆ ਹੋਇਆ ਹੈ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਦ ਸਰਕਾਰ ਵੀ ਲਗਾਤਾਰ ਇਹ ਕਹਿ ਰਹੀ ਹੈ ਅਤੇ ਬਾਕੀ ਲੋਕ ਵੀ ਇਹ ਕਹਿ ਰਹੇ ਹਨ ਤਾਂ ਇਹ ਕੁਰੱਪਸ਼ਨ ਦੂਰ ਕਰਨੀ ਹੀ ਚਾਹੀਦੀ ਹੈ।

ਕਾਮਰੇਡ ਤਰਸੇਮ ਜੋਧਾਂ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡੱਰ ਨਹੀਂ ਹੈ। ਬਹਿਸ ਖਤਮ ਹੋਣ ਤੋਂ ਬਾਅਦ ਸਰਕਾਰ ਦੇ ਜਵਾਬ ਵਿਚ ਇਹ ਚੀਜ਼ ਆ ਜਾਵੇਗੀ।

ਕਾਮਰੇਡ ਬਲਦੇਵ ਸਿੰਘ ਬਲਮਗੜ੍ਹ : ਸਪੀਕਰ ਸਾਹਿਬ, ਬਹੁਤ ਸਾਰੇ ਦੂਸਰੇ ਮਾਨਯੋਗ ਮੈਂਬਰਾਂ ਨੇ ਵੀ ਇਥੇ ਇਹ ਗੱਲ ਕਹੀ ਹੈ ਕਿ ਕੁਰੱਪਸ਼ਨ ਦੇ ਖਿਲਾਫ ਲੜਿਆ ਜਾਣਾ ਚਾਹੀਦਾ ਹੈ। ਇਹ ਕੁਰੱਪਸ਼ਨ ਸਾਡੀ ਪਬਲਿਕ ਲਾਈਫ ਵਿਚ ਬੜਾ ਘਿਨਾਉਣਾ ਰੋਲ ਅਦਾ ਕਰ ਰਹੀ ਹੈ। ਇਸ ਦੇ ਨਾਲ ਹੀ ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਲੋਕ ਪਾਲ ਦੀ ਨਿਯੁਕਤੀ ਕਰੇ। ਜੇ ਕੋਈ ਆਦਮੀ ਕਿਸੇ ਕਰਮਚਾਰੀ ਦੇ ਖਿਲਾਫ, ਚਾਹੇ ਉਹ ਵੱਡਾ ਅਫਸਰ ਹੋਵੇ ਜਾਂ ਸਾਧਾਰਣ ਕਰਮਚਾਰੀ, ਕੋਈ ਦੋਸ਼ ਲਾਉਣਾ ਚਾਹੁੰਦਾ ਹੋਵੇ ਤਾਂ ਉਹ ਉਸ ਲੋਕਪਾਲ ਦੀ ਕਚਿਹਰੀ ਵਿਚ ਉਹ ਦੋਸ਼ ਲੈ ਕੇ ਜਾਵੇ ਅਤੇ ਉਸ ਕਰਮਚਾਰੀ ਦੀ ਜਾਂਚ ਪੜਤਾਲ ਹੋਵੇ (ਥੰਪਿੰਗ)। ਇਸ ਕਰਕੇ ਮੈਂ ਇਹ ਮੰਗ ਕਰਦਾ ਹਾਂ ਕਿ ਲੋਕਪਾਲ ਦੀ ਨਿਯੁਕਤੀ ਜ਼ਰੂਰੀ ਕੀਤੀ ਜਾਣੀ ਚਾਹੀਦੀ ਹੈ।

ਇਥੇ ਕਈ ਹੋਰ ਵਿਭਾਗਾਂ ਦੀਆਂ ਮੰਗਾਂ ਦੀ ਗੱਲ ਵੀ ਆਈ ਹੈ। ਮੈਂ ਕੁਝ ਉਦਯੋਗ ਵਿਭਾਗ ਦੀਆਂ ਮੰਗਾਂ ਤੇ ਵਿਚਾਰ ਕਰਨੀ ਚਾਹੁੰਦਾ ਹਾਂ। ਹੁਣ ਪੰਜਾਬ ਦੇ ਹਾਲਾਤ ਸੁਧਰ ਗਏ ਹਨ। ਬਾਹਰ ਤੋਂ ਵੀ ਇਥੇ ਇੰਡਸਟਰੀਅਲਿਸਟ ਆਉਣ ਲੱਗ ਪਏ ਹਨ। ਪੰਜਾਬ ਵਿਚ ਖੇਤੀਬਾੜੀ ਦੀ ਤਰੱਕੀ ਦੇ ਨਾਲ ਨਾਲ ਜਿੰਨਾ ਚਿਰ ਸਨੱਅਤ ਤਰੱਕੀ ਨਹੀਂ ਕਰਦੀ, ਉਨ੍ਹਾਂ ਚਿਰ ਸਾਡੀ ਸਟੇਟ ਖੁਸ਼ਹਾਲ ਨਹੀਂ ਹੋ ਸਕਦੀ। ਜਿਹੜੇ ਇੰਡਸਟਰੀਅਲਿਸਟ ਪਹਿਲਾਂ ਸਾਡੀ ਸਟੇਟ ਵਿਚੋਂ ਬਾਹਰ ਜਾ ਰਹੇ ਸਨ, ਉਹ ਫਿਰ ਇਧਰ ਆਉਣ ਲੱਗ ਪਏ ਹਨ। ਸਨੱਅਤ ਵਿਭਾਗ ਨੇ ਸਬਸਿਡੀਜ਼ ਦੇਣ ਦੀ ਜਿਹੜੀ ਪਾਲਿਸੀ ਅਖਤਿਆਰ ਕੀਤੀ ਹੈ, ਸਨਅੱਤ ਨੂੰ ਉਤਸ਼ਾਹ ਦੇਣ ਦੀ ਜਿਹੜੀ ਪਾਲਿਸੀ ਅਖਤਿਆਰ ਕੀਤੀ ਹੈ, ਉਹ ਬਹੁਤ ਵਧੀਆ ਗੱਲ ਕੀਤੀ ਹੈ। ਇਸ ਸਬੰਧ ਵਿਚ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਨਅੱਤੀ ਕਾਮਿਆਂ ਦੀਆਂ ਘਟੋ ਘੱਟ ਉਜਰਤਾਂ ਪਿਛਲੇ 5-6 ਮਹੀਨਿਆਂ ਵਿਚ ਵਧਾਈਆਂ ਨਹੀਂ ਗਈਆਂ ਹਨ। ਸਰਕਾਰ ਦੀ ਪਾਲਿਸੀ ਦੇ ਮੁਤਾਬਿਕ ਘਟੋ ਘੱਟ ਉਜਰਤਾਂ ਨੂੰ ਸੂਚਕ ਅੰਕ ਨਾਲ ਜੋੜਿਆ ਗਿਆ ਹੈ ਅਤੇ ਉਨ੍ਹਾਂ ਦੀਆਂ ਘਟੋ ਘੱਟ ਉਜਰਤਾਂ ਨੂੰ ਇਸ ਦੇ ਮੁਤਾਬਿਕ ਵਧਾਉਣਾ ਜਾਇਜ਼ ਮੰਨਿਆ ਗਿਆ ਹੈ। ਇਸ ਕਰਕੇ ਇਹ ਉਜਰਤਾਂ ਵਧਾਉਣੀਆਂ ਚਾਹੀਦੀਆਂ ਹਨ। ਇਸ ਪਾਸੇ ਸਰਕਾਰ ਨੂੰ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ।

*Expunged as ordered by the Chair.

[ਕਾਮਰੇਡ ਬਲਦੇਵ ਸਿੰਘ ਬਲਮਗੜ੍ਹ]

ਇਥੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਦੀਆਂ ਮੰਗਾਂ ਦੇ ਸਬੰਧ ਵਿਚ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਮਹਿਕਮੇ ਨੇ ਪਿਛਲੇ ਇਕ ਸਾਲ ਦੇ ਸਮੇਂ ਵਿਚ ਬਹੁਤ ਤਰੱਕੀ ਕੀਤੀ ਹੈ ਅਤੇ ਪੰਜਾਬ ਕਲਚਰ ਅਤੇ ਪੰਜਾਬ ਦੀ ਬੋਲੀ ਨੂੰ ਥੱਲੇ ਦੇ ਲੋਕਾਂ ਤੱਕ ਇਹ ਮਹਿਕਮਾ ਲੈ ਕੇ ਗਿਆ ਹੈ। ਇਸ ਮਹਿਕਮੇ ਨੇ ਬੜਾ ਸ਼ਾਨਦਾਰ ਕੰਮ ਕੀਤਾ ਹੈ। ਹਰ ਪਰ ਇਸ ਮਹਿਕਮੇ ਦੀਆਂ ਵੀ ਕੁਝ ਮੰਗਾਂ ਹਨ। ਜਿਹੜੇ ਥੱਲੇ ਦੇ ਕਰਮਚਾਰੀ ਹਨ, ਅਫਸਰ ਹਨ, ਲੋਕ ਸੰਪਰਕ ਅਫਸਰ ਹਨ, ਉਨ੍ਹਾਂ ਵਿਚ ਭਾਰੀ ਬੇਚੈਨੀ ਹੈ। ਚਾਹੇ ਕੋਈ ਹੇਠਲੇ ਪੱਧਰ ਦੇ ਕਰਮਚਾਰੀ ਹਨ ਜਾਂ ਕੋਈ ਅਫਸਰ ਹਨ ਉਨ੍ਹਾਂ ਦੀਆਂ ਮੰਗਾਂ ਵੱਲ ਧਿਆਨ ਦੇ ਕੇ ਉਨ੍ਹਾਂ ਨੂੰ ਮੰਨਿਆ ਜਾਣਾ ਚਾਹੀਦਾ ਹੈ।

ਜਿਥੋਂ ਤਕ ਜੇਲ ਵਿਭਾਗ ਦੀਆਂ ਡਿਮਾਂਡਜ਼ ਦਾ ਸਬੰਧ ਹੈ ਮੈਂ ਇਸ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ। ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਜੇਲ੍ਹਾਂ ਦੇ ਅੰਦਰ, ਹੁਣ ਤਾਂ ਅਸੀਂ ਇਨ੍ਹਾਂ ਨੂੰ ਸੁਧਾਰ-ਘਰ ਕਹਿਣ ਲੱਗ ਪਏ ਹਾਂ ਔਰ ਇਨ੍ਹਾਂ ਦੇ ਵਿੱਚ ਕਾਫੀ ਕੁਝ ਸੁਧਾਰ ਹੋਇਆ ਵੀ ਹੈ ਔਰ ਇਹ ਠੀਕ ਹੈ ਕਿ ਜਿਹੜਾ ਵੀ ਕੋਈ ਜ਼ੁਰਮ ਕਰਦਾ ਹੈ ਉਹ ਜਾਂਦਾ ਹੈ, ਪਰ ਪਤਾ ਨਹੀਂ ਕਿਸ ਹਾਲਤ ਵਿੱਚ ਜ਼ੁਰਮ ਹੋਇਆ ਹੁੰਦਾ ਹੈ, ਲੇਕਿਨ ਬਾਅਦ ਵਿੱਚ ਜਦੋਂ ਕੋਈ ਬੰਦਾ ਸੁਧਰ ਜਾਂਦਾ ਹੈ ਤਾਂ ਉਹ ਚੰਗੀ ਗੱਲ ਹੈ। ਪਰ, ਸਪੀਕਰ ਸਾਹਿਬ, ਜੇਲਾਂ ਵਿੱਚ ਵੀ ਬੇ-ਜ਼ਮੀਨੇ ਅਤੇ ਜ਼ਮੀਨ ਵਾਲਿਆਂ ਵਿਚਕਾਰ ਵਿੱਤਕਰਾ ਹੈ। ਫਰਜ਼ ਕਰੋ ਕਿ ਇਕ ਕਤਲ ਵਿੱਚ ਇਕ ਜ਼ਮੀਨ ਵਾਲਾ ਅਤੇ ਇਕ ਬੇ-ਜ਼ਮੀਨਾਂ ਹੈ ਔਰ ਦੋਹਾਂ ਨੇ ਕਤਲ ਕੀਤੇ ਹਨ ਤਾਂ ਦੋਹਾਂ ਨੂੰ 20-20 ਸਾਲ ਦੀ ਸਜ਼ਾ ਹੋਈ ਪਰ ਜਿਹੜਾ ਜ਼ਮੀਨ ਵਾਲਾ ਹੈ ਉਸ ਵਾਸਤੇ ਤਾਂ ਛੁੱਟੀਆਂ ਦੋ ਮਹੀਨੇ ਦੀਆਂ ਔਰ ਉਹ ਵੀ ਸਾਲ ਵਿੱਚ ਤਿੰਨ-ਤਿੰਨ ਵਾਰ ਪਰ ਜਿਹੜਾ ਬੇ-ਜ਼ਮੀਨਾ ਹੈ ਉਹਨੂੰ ਸਿਰਫ 14 ਦਿਨਾਂ ਦੀ ਛੁੱਟੀ ਹੀ ਮਿਲਦੀ ਹੈ ਹਾਲਾਂ ਕਿ ਦੋਨਾਂ ਦਾ ਕੇਸ ਇਕੋ ਹੀ ਹੁੰਦਾ ਹੈ। ਚਾਹੇ ਜ਼ਮੀਨ ਵਾਲੇ ਕੋਲ 6 ਕਿਲੇ, 8 ਕਿਲੇ ਜਾਂ 6 ਕਨਾਲ ਜ਼ਮੀਨ ਹੋਵੇ ਪਰ ਬੇਜ਼ਮੀਨੇ ਨੂੰ ਕੇਵਲ 14 ਦਿਨਾਂ ਦੀ ਛੁੱਟੀ ਮਿਲਦੀ ਹੈ। ਸਪੀਕਰ ਸਾਹਿਬ, ਇਹ ਵਿਤਕਰਾ ਜ਼ਰੂਰ ਦੂਰ ਹੋਣਾ ਚਾਹੀਦਾ ਹੈ। ਇਸ ਕਰਕੇ ਇਸ ਪਾਸੇ, ਸਪੀਕਰ ਸਾਹਿਬ ਸਰਕਾਰ ਨੂੰ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ।

ਲੋਕਲ ਗੌਰਮਿੰਟ ਦੀਆਂ ਡਿਮਾਂਡਜ਼ ਦਾ ਸਵਾਲ ਹੈ ਜੀ, ਇਥੇ ਮੈਂ ਮਲੋਟ ਦੀ ਗੱਲ ਕਰਨਾ ਚਾਹੁੰਦਾ ਹਾਂ। ਮਲੋਟ ਹੁਣ ਜ਼ਰੂਰ ਸਬ-ਡਵੀਜ਼ਨ ਕੁਆਰਟਰ ਬਣ ਗਿਆ ਹੈ ਔਰ ਉਥੇ ਜਿਹੜਾ ਸੀਵਰੇਜ਼ ਦਾ ਸਿਸਟਮ ਹੈ ਉਹ ਬਿਲਕੁਲ ਫੇਲ੍ਹ ਹੋ ਗਿਆ ਹੈ ਔਰ ਜਿਹੜਾ ਸੀਵਰੇਜ਼ ਦਾ ਪਾਣੀ ਹੈ ਉਹ ਉਥੇ ਸੜਕਾਂ ਤੇ ਤੁਰਿਆ ਫਿਰਦਾ ਰਹਿੰਦਾ ਹੈ। ਇਹ ਜਿਹੜਾ ਸੀਵਰੇਜ਼ ਦਾ ਪ੍ਰਬੰਧ ਹੈ ਇਹ ਸੀਵਰੇਜ਼ ਵਾਲਿਆਂ ਕੋਲ ਹੈ ਔਰ ਜਿਹੜੇ ਪੈਸੇ ਹਨ ਉਹ ਕਮੇਟੀ ਵਾਲਿਆਂ ਨੇ ਦੇਣੇ ਹੁੰਦੇ ਹਨ। ਕਮੇਟੀ ਵਾਲੇ ਸਾਰਾ ਦਿਨ ਉਥੇ ਤੁਰਦੇ ਫਿਰਦੇ ਰਹਿੰਦੇ ਹਨ ਜਦ ਕਿ ਸੀਵਰੇਜ਼ ਵਾਲੇ ਅਬੋਹਰ ਬੈਠਦੇ ਹਨ। ਐਕਸੀਅਨ ਅਤੇ ਐਸ.ਡੀ.ਓ. ਅਬੋਹਰ ਬੈਠਦੇ ਹਨ ਔਰ ਉਹ ਆਪਣੀ ਮਰਜ਼ੀ ਨਾਲ ਕੰਮ ਕਰਦੇ ਹਨ, ਜਦੋਂ ਮਰਜ਼ੀ ਆਉਣ, ਜਦੋਂ ਮਰਜ਼ੀ ਨਾ ਆਉਣ ਔਰ ਉਸ ਸੀਵਰੇਜ਼ ਦਾ ਉਥੇ ਲੋਕਾਂ ਨੂੰ ਕੋਈ ਲਾਭ ਨਹੀਂ ਹੈ। ਕਿਉਂਕਿ ਉਨ੍ਹਾਂ ਵਿੱਚ ਕੋਈ ਆਪਸੀ ਤਾਲਮੇਲ ਨਹੀਂ ਹੈ। ਡਾਕਟਰ ਸਾਹਿਬ (ਡਾਕਟਰ ਕੇਵਲ ਕ੍ਰਿਸ਼ਨ, ਵਿੱਤ ਮੰਤਰੀ ਸਾਹਿਬ ਵੱਲ ਇਸ਼ਾਰਾ) ਉਹ ਕਿਸੇ ਹਿਸਾਬ ਨਾਲ ਠੀਕ ਕਰਨਾ ਚਾਹੀਦਾ ਹੈ। ਮੈਂ ਮਨਿਸਟਰ ਸਾਹਿਬ ਨੂੰ ਵੀ ਬੇਨਤੀ ਕਰਾਂਗਾ ਕਿ ਉਹ ਇਸ ਪਾਸੇ ਵਿਸ਼ੇਸ਼ ਧਿਆਨ ਦੇਣ ਔਰ ਸਾਡੇ ਜਿਹੜੇ ਪ੍ਰਾਈਵੇਟ ਓਵਰ-ਸੀਅਰ ਹਨ ਉਹ ਕਹਿੰਦੇ ਹਨ ਕਿ ਜਿਹੜਾ ਕੰਮ 50 ਹਜ਼ਾਰ ਰੁਪਏ ਨਾਲ ਹੋ ਸਕਦਾ ਹੈ ਉਸ ਵਾਸਤੇ ਸੀਵਰੇਜ਼ ਵਾਲੇ 50 ਲੱਖ ਰੁਪਿਆ ਜਮ੍ਹਾਂ ਕਰਾਉਣ ਲਈ ਕਹਿੰਦੇ ਹਨ ਜਦੋਂ ਕਿ ਕੰਮ 50 ਹਜ਼ਾਰ ਰੁਪਏ

ਦਾ ਹੁੰਦਾ ਹੈ। ਲੋਕਾਂ ਦਾ ਪੈਸਾ ਠੀਕ ਤਰੀਕੇ ਨਾਲ ਨਹੀਂ ਵਰਤਿਆ ਜਾਂਦਾ, ਲੋਕਾਂ ਦੀਆਂ ਸਮੱਸਿਆਵਾਂ ਵੀ ਠੀਕ ਨਹੀਂ ਹੁੰਦੀਆਂ। ਇਸ ਲਈ, ਸਪੀਕਰ ਸਾਹਿਬ, ਮਹਿਕਮੇ ਵੱਲ ਧਿਆਨ ਦਿੱਤਾ ਜਾਣਾ ਚਾਹੀਦਾ ਹੈ ਔਰ ਜਿਸ ਏਜੰਸੀ ਨੂੰ ਪੈਸਾ ਦੇਣਾ ਹੈ ਉਸ ਤੇ ਵੀ ਕੋਈ ਚੈਕ-ਅੱਪ ਜ਼ਰੂਰ ਹੋਣਾ ਚਾਹੀਦਾ ਹੈ ਤਾਂ ਕਿ ਉਨ੍ਹਾਂ ਨੂੰ ਵੀ ਇਹ ਪਤਾ ਹੋਵੇ ਕਿ ਜਿਨ੍ਹਾਂ ਤੋਂ ਇਹ ਪੈਸਾ ਲੈਂਦੇ ਹਨ ਔਰ ਜਿਹੜਾ ਪੈਸਾ ਲੈਂਦੇ ਹਨ ਉਸ ਦੀ ਠੀਕ ਵਰਤੋਂ ਹੋ ਰਹੀ ਹੈ ਜਾਂ ਨਹੀਂ।

ਸਪੀਕਰ ਸਾਹਿਬ, ਮੇਰਾ ਅਗਲਾ ਪੁਆਇੰਟ ਆਬਕਾਰੀ ਅਤੇ ਕਰ ਮਹਿਕਮੇ ਦੀਆਂ ਡੀਮਾਂਡਜ਼ ਨਾਲ ਹੈ ਔਰ ਪਿਛਲੇ ਸਮੇਂ ਵਿੱਚ ਸਾਡੀ ਸਰਕਾਰ ਨੇ ਜੋ ਕਾਰਾਂ ਅਤੇ ਹੋਰ ਵਹੀਕਲਾਂ ਤੋਂ ਇਲਾਵਾ ਬੱਸਾਂ ਤੇ ਜਿਹੜਾ ਯਕ-ਮੁਸ਼ਤ ਟੈਕਸ ਲਗਾਇਆ ਹੈ ਉਹ ਬੜੀ ਚੰਗੀ ਗੱਲ ਕੀਤੀ ਹੈ। ਅੱਗੇ ਜਿਹੜਾ ਟੈਕਸ ਲਗਦਾ ਸੀ, ਉਹ ਸਰਕਾਰੀ ਬੱਸਾਂ ਵਾਲੇ ਤਾਂ ਦਿੰਦੇ ਸਨ ਪਰ ਪ੍ਰਾਈਵੇਟ ਬੱਸਾਂ ਵਾਲੇ ਪੂਰੇ ਟੈਕਸ ਨਹੀਂ ਸਨ ਦਿੰਦੇ ਜਿਸ ਕਾਰਨ ਰੋਡਵੇਜ਼ ਅਤੇ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਨੂੰ ਘਾਟੇ ਪਏ। ਪ੍ਰਾਈਵੇਟ ਬੱਸਾਂ ਵਾਲੇ ਟੈਕਸ ਦੀ ਚੋਰੀ ਕਰਦੇ ਰਹੇ ਔਰ ਇਕ ਤੋਂ ਦੋ, ਦੋ ਤੋਂ ਤਿੰਨ ਅਤੇ ਤਿੰਨ ਤੋਂ ਅਗੇ ਪੰਜ-ਸਤ ਅਤੇ ਇਸੇ ਤਰ੍ਹਾਂ ਟਰਾਂਸਪੋਰਟ ਵੱਧ ਜਾਂਦੀ ਸੀ ਔਰ ਜਦੋਂ ਤੋਂ ਹੁਣ ਉਨ੍ਹਾਂ ਸਾਰੇ ਪ੍ਰਾਈਵੇਟ ਟਰਾਂਸਪੋਰਟਰਾਂ ਨੂੰ ਕਿਉਂਕਿ ਯਕ-ਮੁਸ਼ਤ ਟੈਕਸ/ਪੈਸੇ ਦੇਣੇ ਪੈਂਦੇ ਹਨ ਇਸ ਨਾਲ ਸਰਕਾਰ ਦੀ ਆਮਦਨ ਵਧੀ ਹੈ ਜੋ ਕਿ ਬਹੁਤ ਹੀ ਚੰਗੀ ਗੱਲ ਹੈ। ਇਸੇ ਤਰ੍ਹਾਂ ਹੀ ਹੁਣ ਭੱਠਿਆਂ ਵਾਲੇ ਵੀ ਆਪਣੀ ਆਫਰ ਕਰਦੇ ਹਨ ਕਿ ਅਸੀਂ ਵੀ ਯਕ-ਮੁਸ਼ਤ ਟੈਕਸ ਦਿੰਦੇ ਹਾਂ। ਇਹ ਯਕ-ਮੁਸ਼ਤ ਟੈਕਸ, ਜੋ ਉਹ ਪਹਿਲਾਂ ਦਿੰਦੇ ਸਨ ਉਸ ਨਾਲੋਂ ਚਾਰ-ਪੰਜ ਗੁਣਾ ਵੱਧ ਬਣਦਾ ਹੈ ਪਰ ਫਿਰ ਵੀ ਉਹ ਯਕ-ਮੁਸ਼ਤ ਟੈਕਸ ਦੇਣ ਲਈ ਤਿਆਰ ਹਨ। ਉਨ੍ਹਾਂ ਦਾ, ਭੱਠੇ ਵਾਲਿਆਂ ਦਾ ਵਫਦ, ਵੀ.ਸੀ.ਐਮ.ਸਾਹਿਬ ਨੂੰ ਮਿਲਿਆ ਹੈ, ਉਨ੍ਹਾਂ ਨੇ ਸੀ.ਐਮ. ਸਾਹਿਬ ਨਾਲ ਗੱਲ ਵੀ ਕੀਤੀ ਹੈ। ਮੈਂ ਸਪੀਕਰ ਸਾਹਿਬ, ਤੁਹਾਡੇ ਰਾਹੀਂ ਸਰਕਾਰ ਨੂੰ ਮੇਰੀ ਬੇਨਤੀ ਹੈ ਕਿ ਇਨ੍ਹਾਂ ਭੱਠੇ ਵਾਲਿਆਂ ਨਾਲ ਗੱਲ ਕਰਕੇ ਜਿੰਨਾਂ ਉਹ ਟੈਕਸ ਦਿੰਦੇ ਹਨ, ਸਰਕਾਰ ਪਿਛਲੇ ਸਾਲਾਂ ਦੇ ਚਾਰ-ਪੰਜ ਸਾਲਾਂ ਦੇ ਅੰਕੜੇ ਕੱਢਵਾ ਲਵੇ ਉਸ ਐਵਰੇਜ਼ ਨਾਲ ਜਿੰਨਾਂ ਵੀ ਉਸ ਤੋਂ ਵੱਧ ਪੰਜ-ਛੇ ਗੁਣਾ ਬਣਦਾ ਹੋਵੇ ਲੈ ਲਿਆ ਜਾਵੇ ਪਰ ਉਹ ਇਸ ਇੰਸਪੈਕਟਰੀ ਰਾਜ ਤੋਂ ਖਹਿੜਾ ਛੁਡਵਾਉਣਾ ਚਾਹੁੰਦੇ ਹਨ। ਉਹ ਚਾਹੁੰਦੇ ਹਨ ਕਿ ਸਾਡੇ ਕੋਲੋਂ ਯਕ-ਮੁਸ਼ਤ ਟੈਕਸ ਲੈ ਲਿਆ ਜਾਵੇ ਫਿਰ ਅਸੀਂ ਜਿੰਨੀਆਂ ਮਰਜ਼ੀ ਇੱਟਾਂ ਬਣਾਈਏ, ਜਿੰਨੀਆਂ ਮਰਜ਼ੀ ਵੇਚੀਏ। ਇਸ ਨਾਲ, ਸਪੀਕਰ ਸਾਹਿਬ, ਸਰਕਾਰ ਦੀ ਆਮਦਨ ਵਿੱਚ ਵਾਧਾ ਹੋਵੇਗਾ ਔਰ ਜਿਹੜੀ ਸਰਕਾਰ ਨੇ ਇਹ ਪਾਲਿਸੀ ਬਣਾਈ ਹੈ ਇਹ ਬੜੀ ਚੰਗੀ ਗੱਲ ਹੈ, ਮੈਂ ਚਾਹੁੰਦਾ ਹਾਂ ਕਿ ਭੱਠੇ ਵਾਲਿਆਂ ਨੂੰ ਵੀ ਇਸ ਵਿੱਚ ਸ਼ਾਮਿਲ ਕੀਤਾ ਜਾਣਾ ਚਾਹੀਦਾ ਹੈ।

ਅਗਲੀ ਗੱਲ ਮੈਂ ਟਰਾਂਸਪੋਰਟ ਬਾਰੇ ਕਹਿਣੀ ਚਾਹੁੰਦਾ ਹਾਂ। ਟਰਾਂਸਪੋਰਟ ਵਿੱਚ ਕਾਫੀ ਕੁਝ ਸੁਧਾਰ ਹੋਇਆ ਹੈ ਪਰ ਅਜੇ ਹੋਰ ਕਰਨ ਦੀ ਬਹੁਤ ਜ਼ਰੂਰਤ ਹੈ। ਸਪੀਕਰ ਸਾਹਿਬ, ਕੀ ਕਾਰਨ ਹਨ ਕਿ ਹਰਿਆਣੇ ਦੀ ਟਰਾਂਸਪੋਰਟ ਤਾ ਨਫੇ ਵਿੱਚ ਜਾਵੇ ਪਰ ਪੰਜਾਬ ਦੀ ਟਰਾਂਸਪੋਰਟ ਘਾਟੇ ਵਿੱਚ ਜਾਵੇ। ਨਾ ਤਾਂ ਆਪਾਂ ਇਕੱਲੇ ਡਰਾਈਵਰਾਂ ਅਤੇ ਕੰਡਕਟਰਾਂ ਨੂੰ ਕਹਿ ਸਕਦੇ ਹਾਂ ਕਿ ਉਹ ਪੈਸੇ ਖਾਂਦੇ ਹਨ ਅਤੇ ਨਾ ਹੀ ਆਪਾਂ ਇਹ ਕਹਿ ਸਕਦੇ ਹਾਂ ਕਿ ਉਹ ਬੜੇ ਸਾਉ ਹਨ ਅਤੇ ਕੁਝ ਕਰਦੇ ਹੀ ਨਹੀਂ। ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ 4-5 ਡਰਾਈਵਰਾਂ ਅਤੇ ਕੰਡਕਟਰਾਂ ਦੇ ਗਰੋਹ ਬਣੇ ਹੋਏ ਹਨ ਜਿਹੜੇ ਟਿਕਟਾਂ ਬਿਲਕੁਲ ਕੱਟਦੇ ਹੀ ਨਹੀਂ ਅਤੇ ਕਹਿੰਦੇ ਹਨ ਕਿ ਸਾਡੀ ਉਤਾਂਹ ਤੱਕ ਪਹੁੰਚ ਹੈ ਇਹ ਪਹੁੰਚ ਉਨ੍ਹਾਂ ਦੀ ਉਤਾਂਹ ਤੱਕ ਕਿੱਥੇ ਹੈ, ਮੈਨੂੰ ਤਾਂ ਇਸ ਦਾ ਪਤਾ ਨਹੀਂ ਗਿਆ। ਮੈਂ ਉਨ੍ਹਾਂ

[ਕਾਮਰੇਡ ਬਲਦੇਵ ਸਿੰਘ ਬਲਮਗੜ੍ਹ]

ਦੇ ਇਸ ਸਾਰੇ ਸਕੈਂਡਲ ਬਾਰੇ ਦੱਸਣ ਨੂੰ ਤਿਆਰ ਹਾਂ, ਸਰਕਾਰ ਪੁੱਛ ਲਵੇ। ਬਹੁਤ ਸਾਰੇ ਕੰਡਕਟਰ ਇਹੋ ਜਿਹੇ ਹਨ ਜਿਹੜੇ ਕਿ ਟਿਕਟਾਂ ਕੱਟਦੇ ਹੀ ਨਹੀਂ।

ਸ਼੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਸਾਡੇ ਮਾਨਯੋਗ ਮੈਂਬਰ ਸਾਹਿਬ ਨੇ ਬੜੇ ਸਾਫ਼ ਅਤੇ ਸਪੱਸ਼ਟ ਲਫਜ਼ਾਂ ਵਿੱਚ ਕਿਹਾ ਹੈ ਕਿ ਉਹ ਸਕੈਂਡਲ ਬਾਰੇ ਦੱਸਣ ਨੂੰ ਤਿਆਰ ਹੈ। ਕੀ ਸਰਕਾਰ ਇਸ ਸਕੈਂਡਲ ਬਾਰੇ ਕੋਈ ਗੌਰ ਕਰੇਗੀ ? ਕੋਈ ਕਾਰਵਾਈ ਕਰੇਗੀ ?

ਸ਼੍ਰੀ ਸਪੀਕਰ : ਸਾਥੀ ਜੀ, ਮਨਿਸਟਰ ਸਾਹਿਬ ਬੈਠੇ ਹਨ ਅਤੇ ਤੁਹਾਡੀ ਸਾਰੀ ਗੱਲ ਰਿਕਾਰਡ ਹੋ ਗਈ ਹੈ। ਬਲਮਗੜ੍ਹ ਜੀ, ਤੁਸੀਂ ਆਪਣੀ ਸਪੀਚ ਜਾਰੀ ਰੱਖੋ।

ਕਾਮਰੇਡ ਬਲਦੇਵ ਸਿੰਘ ਬਲਮਗੜ੍ਹ : ਸਪੀਕਰ ਸਾਹਿਬ, ਪੰਜਾਬ ਰੋਡਵੇਜ਼ ਇਕ ਪਬਲਿਕ ਅੰਡਰਟੇਕਿੰਗ ਹੈ। ਇਸ ਵਿੱਚ ਬਹੁਤ ਸਾਰੇ ਡਰਾਈਵਰ ਅਤੇ ਕੰਡਕਟਰ ਐਸੇ ਹਨ ਜਿਹੜੇ ਕਿ ਇਸ ਨੂੰ ਆਪਣੀ ਮਾਂ ਸਮਝਦੇ ਹਨ ਕਿਉਂਕਿ ਉਨ੍ਹਾਂ ਨੂੰ ਇਸ ਤੋਂ ਰੋਟੀ ਮਿਲਦੀ ਹੈ। ਜੇਕਰ ਸਾਰੇ ਹੀ ਇਹੋ ਜਿਹਾ ਸੋਚਣ ਤਾਂ ਫਿਰ ਘਾਟਾ ਪਵੇ ਹੀ ਨਾ। ਜੇਕਰ ਉਹ ਸੋਚਣ ਕਿ ਜਿਥੇ ਉਹ ਕੰਮ ਕਰਦੇ ਹਨ ਅਤੇ ਜਿਥੋਂ ਸਾਨੂੰ ਰੋਟੀ-ਰੋਜ਼ੀ ਮਿਲਦੀ ਹੈ ਤਾਂ ਉਹ ਲਾਜ਼ਮੀ ਤੌਰ ਤੇ ਇਮਾਨਦਾਰੀ ਨਾਲ ਕੰਮ ਕਰਨਗੇ। ਇਹੋ ਜਿਹੇ ਇਮਾਨਦਾਰ ਕੰਡਕਟਰ ਅਤੇ ਡਰਾਈਵਰ ਵੀ ਹਨ ਜਿਹੜੇ ਦੱਸਦੇ ਹਨ ਕਿ ਇਥੇ ਆਹ ਸਕੈਂਡਲ ਹੋ ਰਿਹਾ ਹੈ ਅਤੇ ਇਹ ਇਕ ਬਹੁਤ ਵੱਡਾ ਗਰੋਹ ਹੈ ਜਿਹੜਾ ਕਿ ਪੰਜਾਬ ਦੀ ਰੋਡਵੇਜ਼ ਨੂੰ ਲਗਾਤਾਰ ਲੁੱਟੀ ਜਾ ਰਿਹਾ ਹੈ ਅਤੇ ਖਾਈ ਜਾ ਰਿਹਾ ਹੈ। ਮੈਂ ਇਸ ਸਾਰੀ ਗੱਲ ਬਾਰੇ ਸਰਕਾਰ ਨੂੰ ਲਿਖ ਕੇ ਵੀ ਦੇਵਾਂਗਾ।

ਅਗਲੀ ਗੱਲ ਮੈਂ, ਸਪੀਕਰ ਸਾਹਿਬ, ਕਹਾਗਾਂ ਟਾਇਰਾਂ ਦੇ ਖਰੀਦਣ ਬਾਰੇ, ਬਾਕੀ ਪੁਰਜ਼ੇ-ਹਿੱਸੇ ਖਰੀਦਣ ਬਾਰੇ। ਇਸ ਦੇ ਵਿੱਚ ਡਰਾਈਵਰਾਂ ਅਤੇ ਕੰਡਕਟਰਾਂ ਦਾ ਕੋਈ ਹੱਥ ਨਹੀਂ ਹੁੰਦਾ ਸਗੋਂ ਵੱਡੀ ਅਫਸਰਸ਼ਾਹੀ ਦਾ ਹੱਥ ਹੁੰਦਾ ਹੈ। ਬੱਸਾਂ ਦੀਆਂ ਬਾਡੀਆਂ ਆਦਿ ਬਣਾਉਣ ਵਾਲੇ ਪਾਸੇ ਵੱਲ ਵੀ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਜਿੰਨੀ ਦੇਰ ਇਸ ਉਪਰਲੀ ਕੁਰੱਪਸ਼ਨ ਅਤੇ ਹੇਠਲੀ ਕੁਰੱਪਸ਼ਨ ਦੋਨਾਂ ਨੂੰ ਖ਼ਤਮ ਨਾ ਕੀਤਾ ਗਿਆ ਉਨੀ ਦੇਰ ਤੱਕ ਸਾਡੀ ਰੋਡਵੇਜ਼ ਵਿੱਚ ਸੁਧਾਰ ਨਹੀਂ ਹੋਣਾ। ਇਸ ਕਰਕੇ ਸਰਕਾਰ ਨੂੰ ਇਸ ਪਾਸੇ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ।

ਮਾਲੀਏ ਅਤੇ ਪੁਨਰਵਾਸ ਦੀਆਂ ਡਿਮਾਂਡਜ਼ ਇਥੇ ਆਈਆਂ ਹਨ। ਸਪੀਕਰ ਸਾਹਿਬ, ਇਸ ਸਬੰਧ ਵਿੱਚ ਮੈਂ ਬੇਨਤੀ ਕਰਨਾਂ ਚਾਹੁੰਦਾ ਹਾਂ ਕਿ ਪਿਛਲੇ ਸਮੇਂ ਵਿੱਚ ਸਾਡੇ ਪੰਜਾਬ ਦੇ ਲੋਕਾਂ ਜੋ ਅੱਤਵਾਦ ਦੀ ਚੱਕੀ ਹੇਠਾਂ ਪਿਸਦੇ ਰਹੇ ਅਤੇ ਬਹੁਤ ਸਾਰੇ ਲੋਕਾਂ ਨੇ ਦੁੱਖ ਤਕਲੀਫਾਂ ਅਤੇ ਕਸ਼ਟ ਸਹੇ ਹਨ, ਕਿਸੇ ਦਾ ਕੋਈ ਕਮਾਉਣ ਵਾਲਾ, ਕਈਆਂ ਮਾਵਾਂ ਦੇ ਪੁੱਤਰ, ਕਈਆਂ ਭੈਣਾਂ ਦੇ ਭਰਾ ਇਸ ਅੱਤਵਾਦ ਦੀ ਭੱਠੀ ਵਿੱਚ ਝੋਂਕੇ ਗਏ, ਪੁਨਰਵਾਸ ਡਿਪਾਰਟਮੈਂਟ ਉਨ੍ਹਾਂ ਦੇ ਮੁੜ ਵਸੇਬੇ ਨੂੰ ਖਾਸ ਧਿਆਨ ਦੇ ਕੇ ਉਨ੍ਹਾਂ ਲੋਕਾਂ ਦੇ ਦੁੱਖ ਦਰਦ ਨੂੰ ਘੱਟ ਕਰਨ ਵੱਲ ਵਿਸ਼ੇਸ਼ ਧਿਆਨ ਦੇਵੇ। ਕਿਉਂਕਿ ਜਿਹੜਾ ਇਸ ਦੁਨੀਆਂ ਤੋਂ ਚਲਿਆ ਗਿਆ ਉਸ ਨੂੰ ਤਾਂ ਵਾਪਸ ਨਹੀਂ ਲਿਆਂਦਾ ਜਾ ਸਕਦਾ ਪਰ ਜਿਹੜੇ ਉਸ ਦੇ ਪਿੱਛੇ ਰਹਿ ਗਏ ਹਨ ਜੇਕਰ ਉਨ੍ਹਾਂ ਦਾ ਧਿਆਨ ਸਾਡਾ ਸਮਾਜ ਅਤੇ ਸਾਰੇ ਪੰਜਾਬ ਦੇ ਲੋਕ ਕਰਨ ਤਾਂ ਉਨ੍ਹਾਂ ਦੇ ਜ਼ਖਮਾਂ ਉਤੇ ਮਲ੍ਹਮ ਲਗਾਈ ਜਾ ਸਕਦੀ ਹੈ। ਇਸ ਕਰਕੇ ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੇਰੀ ਸਰਕਾਰ ਨੂੰ ਬੇਨਤੀ ਹੈ ਕਿ ਬਹੁਤ ਸਾਰੇ ਕੇਸ ਇਸ ਤਰ੍ਹਾਂ ਦੇ ਹਨ ਕਿ ਕਿਸੇ ਦਾ ਭਰਾ ਅੱਤਵਾਦੀਆਂ ਨੇ ਮਾਰ ਦਿੱਤਾ ਤਾਂ ਉਸ ਦੇ ਦੂਜੇ ਛੋਟੇ ਭਰਾ ਨੂੰ, ਜਿਹੜਾ ਪਰਿਵਾਰ ਦਾ ਪੇਟ ਭਰਨ ਲਈ ਯੋਗ ਹੈ, ਨੌਕਰੀ ਮਿਲਣੀ ਚਾਹੀਦੀ ਹੈ।

ਸਰਕਾਰ ਦੇ ਨਿਯਮਾਂ ਵਿੱਚ ਇਹ ਹੈ ਕਿ ਜੇਕਰ ਤਾਂ ਕੋਈ ਆਈ.ਏ.ਐਸ. ਅਫ਼ਸਰ ਅੱਤਵਾਦੀਆਂ ਹੱਥੋਂ ਮਾਰਿਆ ਜਾਂਦਾ ਹੈ ਤਾਂ ਉਸ ਦੇ ਲੜਕੇ ਨੂੰ ਪੀ.ਸੀ.ਐਸ. ਦੀ ਨੌਕਰੀ ਦੇਣੀ ਹੈ ਜਿਹੜੀ ਕਿ ਇਕ ਅਹੁਦਾ ਘੱਟ ਹੁੰਦੀ ਹੈ। ਲੇਕਿਨ ਮੈਂ ਨਾਲ ਦੀ ਨਾਲ ਇਹ ਕਹਿਣਾ ਚਾਹੁੰਦਾ ਹਾਂ ਕਿ ਯੋਗਤਾ ਵੀ ਵੇਖਣੀ ਚਾਹੀਦੀ ਹੈ। ਜੇ ਫਰਜ਼ ਕਰੋ ਕੋਈ ਪਿਅਨ ਹੈ ਅਤੇ ਉਸ ਨੂੰ ਕੋਈ ਅੱਤਵਾਦੀ ਮਾਰ ਗਿਆ ਹੈ ਤਾਂ ਸਰਕਾਰ ਉਸ ਤੋਂ ਥੱਲੇ ਉਸ ਦੇ ਲੜਕੇ ਨੂੰ ਨੌਕਰੀ ਦੇਣ ਤੋਂ ਰਹੀ,ਜੇ ਉਸ ਤੇ ਆਸ਼ਰਿਤ ਅਨਪੜ੍ਹ ਹਨ ਤਾਂ ਕੋਈ ਨੌਕਰੀ ਨਹੀਂ ਪਰ ਜੇ ਉਹ ਐਮ.ਏ. ਪੜ੍ਹਿਆ ਹੈ ਤਾਂ ਉਸ ਦੇ ਮੁਤਾਬਿਕ ਉਸ ਨੂੰ ਨੌਕਰੀ ਨਹੀਂ ਦਿਤੀ ਜਾਂਦੀ ਕਿਉਂਕਿ ਉਸਦਾ ਪਿਤਾ ਕਲਾਸ-4 ਸੀ ਅਤੇ ਉਸ ਤੋਂ ਉਪਰ ਨੌਕਰੀ ਨਹੀਂ ਦਿਤੀ ਜਾ ਸਕਦੀ। ਇਸ ਕਰਕੇ ਮੇਰੀ ਬੇਨਤੀ ਹੈ ਕਿ ਸਰਕਾਰ ਨੂੰ ਇਨ੍ਹਾਂ ਨਿਯਮਾਂ ਵਿੱਚ ਸੋਧ ਕਰਨੀ ਚਾਹੀਦੀ ਹੈ ਕਿ ਜੋ ਅੱਤਵਾਦ ਦੇ ਪ੍ਰਭਾਵ ਤੋਂ ਆਸ਼ਰਿਤ ਲੋਕ ਹਨ ਉਨ੍ਹਾਂ ਬਾਰੇ ਇਹ ਨੀਤੀ ਨਿਰਮਾਣ ਕਰੋ ਕਿ ਉਨ੍ਹਾਂ ਨੂੰ ਇਸ ਤਰ੍ਹਾਂ ਨੌਕਰੀਆਂ ਦਿਤੀਆਂ ਜਾਣੀਆਂ ਚਾਹੀਦੀਆਂ ਹਨ ਕਿ ਜੇ ਕੋਈ ਬੀ.ਏ. ਜਾਂ ਐਮ.ਏ. ਪੜ੍ਹਿਆ ਹੋਇਆ ਅਤੇ ਜੋ ਉਹ ਆਸ਼ਰਿਤ ਬੰਦਾ ਹੈ, ਜੇ ਅੱਤਵਾਦੀਆਂ ਨੂੰ ਕਿਸੇ ਨੂੰ ਮਾਰਿਆ ਹੈ, ਚਾਹੇ ਉਹ ਉਸ ਦਾ ਭਰਾ ਹੈ ਜਾਂ ਉਸ ਦਾ ਲੜਕਾ ਹੈ ਤਾਂ ਉਸਦੀ ਯੋਗਤਾ ਦੇ ਮੁਤਾਬਿਕ ਉਸ ਨੂੰ ਨੌਕਰੀ ਦੇਵੋ। ਮੇਰੀ ਇਹ ਬੇਨਤੀ ਹੈ। ਇਸੇ ਤਰ੍ਹਾਂ ਅੱਤਵਾਦ ਨਾਲ ਕਈ ਬੰਦੇ ਨਾਕਾਰਾ ਹੋ ਜਾਂਦੇ ਹਨ। ਜਿਹੜੇ ਬੰਦੇ ਤਾਂ ਚਲੇ ਗਏ ਇਸ ਦੁਨੀਆਂ ਤੋਂ, ਅਫਸੋਸ ਤਾਂ ਉਸ ਦਾ ਹੈ ਪਰੰਤੂ ਉਸ ਨੂੰ ਤਾਂ ਮੁਆਵਜ਼ਾ ਮਿਲ ਜਾਂਦਾ ਹੈ ਲੇਕਿਨ ਕਿਸੇ ਦੀ ਬਾਂਹ ਨਕਾਰਾ ਹੋ ਗਈ ਜਾਂ ਲਤ ਨਕਾਰਾ ਹੋ ਗਈ ਤਾਂ ਕਈ ਕੇਸਾਂ ਵਿੱਚ ਉਨ੍ਹਾਂ ਨੂੰ ਅੱਜੇ ਤੱਕ ਸਰਕਾਰ ਵੱਲੋਂ ਕੋਈ ਮੁਆਵਜ਼ਾ ਨਹੀਂ ਮਿਲਿਆ। ਇਸ ਕਰਕੇ ਮੇਰੀ ਬਨਤੀ ਹੈ ਕਿ ਜਿਹੜੇ ਬੰਦੇ ਨਕਾਰਾ ਹੋ ਗਏ, ਉਨ੍ਹਾਂ ਦੇ ਬਚਿਆਂ ਨੂੰ ਵੀ ਸਰਕਾਰ ਨੌਕਰੀ ਦੇਵੇ ਜਾਂ ਉਨ੍ਹਾਂ ਦੀ ਪੈਨਸ਼ਨ ਦਾ ਪ੍ਰਬੰਧ ਕਰੇ। ਇਸ ਸਬੰਧ ਵਿੱਚ ਮੇਰੀ ਬੇਨਤੀ ਤੇ ਸਰਕਾਰ ਨੂੰ ਗੌਰ ਕਰਨੀ ਚਾਹੀਦੀ ਹੈ।

ਅਗਲੀ ਗੱਲ ਮੇਰੀ ਇਹ ਹੈ ਕਿ ਟੈਕਨੀਕਲ ਅਜੂਕੇਸ਼ਨ ਤੇ ਜ਼ੋਰ ਦਿੱਤਾ ਗਿਆ ਹੈ ਔਰ ਇਸ ਦੇ ਨਾਲ ਸਾਰੇ ਸਹਿਮਤ ਵੀ ਹਨ ਕਿਉਂਕਿ ਜਿੰਨਾਂ ਚਿਰ ਕਿਸੇ ਵੀ ਸੂਬੇ ਜਾਂ ਦੇਸ਼ ਵਿਚ ਟੈਕਨੀਕਲ ਐਜੂਕੇਸ਼ਨ ਨੂੰ, ਟੈਕਨੀਕਲ ਸਿਖਿਆ ਨੂੰ ਪਹਿਲ ਦੇ ਆਧਾਰ ਤੇ ਲੋਕਾਂ ਵਿੱਚ, ਨੌਜਵਾਨਾਂ ਵਿੱਚ ਨਹੀਂ ਲਿਜਾਇਆ ਜਾਂਦਾ ਉਨ੍ਹਾਂ ਚਿਰ ਤੱਕ ਉਸ ਦੇਸ਼ ਜਾਂ ਸੂਬੇ ਦੀ ਤਰੱਕੀ ਨਹੀਂ ਹੋ ਸਕਦੀ। ਇਸ ਕਰਕੇ ਮੈਂ ਪੂਰੇ ਢੰਗ ਨਾਲ ਇਹ ਜਿਹੜੀਆਂ ਮੰਗਾਂ ਟੈਕਨੀਕਲ ਵਿਭਾਗ ਦੀਆਂ ਰੱਖੀਆਂ ਗਈਆਂ ਹਨ ਇਨ੍ਹਾਂ ਨਾਲ ਸਹਿਮਤ ਹਾਂ ਅਤੇ ਮੈਂ ਸਰਕਾਰ ਨੂੰ ਇਹ ਜ਼ਰੂਰੀ ਬੇਨਤੀ ਕਰਾਂਗਾਕਿ ਆਉਣ ਵਾਲੇ ਬਜਟ ਵਿੱਚ ਵੀ ਇਸ ਪਾਸੇ ਹੋਰ ਧਿਆਨ ਦਿਤਾ ਜਾਵੇ ਔਰ ਜਨਰਲ ਸਿਖਿਆ ਨੂੰ ਟੈਕਨੀਕਲ ਸਿਖਿਆ ਵਾਲੇ ਪਾਸੇ ਲਿਆਉਣ ਲਈ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ।

ਸ੍ਰੀ ਸਪੀਕਰ : ਵਾਈਂਡ-ਅੱਪ ਕਰਨ ਦੀ ਕੋਸ਼ਿਸ਼ ਕਰੋ।

ਕਾਮਰੇਡ ਬਲਦੇਵ ਸਿੰਘ ਬੱਲਮਗੜ੍ਹ : ਠੀਕ ਹੈ, ਸਰ। ਸਪੀਕਰ ਸਾਹਿਬ, ਨਿਆਂ ਵਿਭਾਗ ਦੀਆਂ ਮੰਗਾਂ ਦੇ ਸਬੰਧ ਵਿੱਚ ਬੇਨਤੀ ਹੈ ਕਿ ਇਸ ਵਿਭਾਗ ਵਿੱਚ ਕੁਛ ਅਫਸਰ ਬਹੁਤ ਅੱਛੇ ਵੀ ਹਨ ਅਤੇ ਉਨ੍ਹਾਂ ਨੇ ਬੜਾ ਚੰਗਾ ਰੋਲ ਅਦਾ ਕੀਤਾ ਹੈ ਅਤੇ ਇਮਾਨਦਾਰ ਵੀ ਹਨ ਅਤੇ ਅੱਤਵਾਦ ਦੇ ਖਿਲਾਫ ਵੀ ਡੱਟ ਕੇ ਲੜੇ ਹਨ। ਨਿੱਕੀਆਂ ਨਿੱਕੀਆਂ ਗੱਲਾਂ ਤੇ ਉਨ੍ਹਾਂ ਦੇ ਵਿਰੁੱਧ ਵਾ-ਵੇਲੇ ਹੁੰਦੇ ਰਹੇ ਹਨ। ਇਸ ਕਰਕੇ ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ ਕਿ ਜਿਹੜਾ ਡੱਟ ਕੇ ਅੱਤਵਾਦ ਦੇ ਖਿਲਾਫ ਲੜੇ ਹਨ ਅਤੇ ਜਿਹੜੇ ਈਮਾਨਦਾਰ ਵੀ ਹਨ, ਜਿਹੜੇ ਕੁਰੱਪਟ ਹਨ ਉਨ੍ਹਾਂ ਦੇ ਖਿਲਾਫ ਜ਼ਰੂਰ ਐਕਸ਼ਨ ਲੈਣਾ ਚਾਹੀਦਾ ਹੈ ਪਰ ਜਿਹੜੇ ਡੱਟ ਕੇ ਅੱਤਵਾਦ ਦੇ ਖਿਲਾਫ ਲੜੇ ਹਨ ਅਤੇ ਈਮਾਨਦਾਰ ਵੀ ਰਹੇ ਹਨ, ਸਰਕਾਰ ਨੂੰ ਉਨ੍ਹਾਂ

[ਕਾਮਰੇਡ ਬਲਦੇਵ ਸਿੰਘ ਬਲਮਗੜ੍ਹ]

ਦੀ ਜ਼ਰੂਰ ਹੌਸਲਾ ਅਫਜ਼ਾਈ ਕਰਨੀ ਚਾਹੀਦੀ ਹੈ। ਇਕ ਕੇਸ ਮੈਂ ਪਹਿਲਾਂ ਵੀ ਸਪੀਕਰ ਸਾਹਿਬ, ਤੁਹਾਡੇ ਧਿਆਨ ਵਿੱਚ ਲਿਆਂਦਾ ਸੀ ਕਿ ਸਾਡੇ ਇਕ ਇੰਸਪੈਕਟਰ ਹੁੰਦਾ ਸੀ ਮੁਕਤਸਰ ਵਿਖੇ। ਸਾਡੀ ਖੁਸ਼ਕਿਸਮਤੀ ਸਮਝੋ ਜਾਂ ਬਦਕਿਸਮਤੀ ਕਿ ਸਾਡੇ ਮੁਕਸਤਸਰ ਤੋਂ 10 ਕਿਲੋਮੀਟਰ ਦੀ ਦੂਰੀ ਤੇ ਇੱਕ ਪਿੰਡ ਹੈ ਬੂੜਾਨਿਜ਼ਰ, ਜਿਹੜਾ ਵੀ ਇੰਸਪੈਕਟਰ ਸਾਡੇ ਮੁਕਤਸਰ ਲਗਦਾ ਹੈ ਉਹ ਥੋੜ੍ਹੇ ਸਮੇਂ ਪਿੱਛੋਂ ਹੀ 'ਬੂੜਾਨਿਜ਼ਰ' ਆਪਣਾ ਇੱਕ ਫ਼ਾਰਮ ਬਣਾ ਲੈਂਦਾ ਹੈ। ਸਾਡੇ ਇਕ ਇੰਸਪੈਕਟਰ ਹੁੰਦਾ ਸੀ ਉਸ ਨੇ ਵੀ ਇਕ ਫਾਰਮ ਬਣਾ ਲਿਆ ਹੈ 'ਬੂੜਾਂਨਿਜ਼ਰ' ਵਿਖੇ, ਉਸਦੀ ਕੋਈ ਇਨਕੁਆਰੀ ਨਹੀਂ ਹੋਈ ਅੱਜ ਕੱਲ੍ਹ ਉਹ ਫਾਜ਼ਿਲਕਾ ਵਿਖੇ ਤਾਇਨਾਤ ਹੈ। ਕੁਝ ਦਿਨ ਹੋਏ ਬੋਧੀਵਾਲਾ ਪਿੰਡ,ਜੋ ਸਾਡੇ ਨੇੜੇ ਹੀ ਹੈ, ਦੋ ਦੋ ਬੰਦਿਆਂ ਨੂੰ ਮਾਰ ਦਿਤਾ, ਉਨ੍ਹਾਂ ਦੇ ਨਾਲ ਇੱਕ ਡੀ.ਐਸ.ਪੀ. ਵੀ ਸੀ। ਉਹ ਫਾਜ਼ਿਲਕਾ ਵਿਖੇ ਲੱਗਾ ਹੈ ਅਤੇ ਉਹ ਮੁਕਤਸਰ ਵਿਖੇ ਆ ਕੇ ਇਕ ਬੰਦੇ ਨੂੰ ਕੁੱਟਦੇ ਹਨ ਅਤੇ ਕਹਿੰਦੇ ਹਨ ਕਿ ਮੈਂ ਬਲਦੇਵ ਦੇ ਨਾਲ ਵੀ ਹਿਸਾਬ ਕਰਾਂਗਾ। ਇਸ ਲਈ ਬੇਨਤੀ ਹੈ ਕਿ ਅਜਿਹੇ ਬੰਦੇ ਦੇ ਵਿਰੁੱਧ ਐਕਸ਼ਨ ਲਿਆ ਜਾਣਾ ਚਾਹੀਦਾ ਹੈ ਕਿਉਂਕਿ ਉਹ ਮੈਨੂੰ ਮਰਵਾ ਵੀ ਸਕਦਾ ਹੈ, ਜਿਹੜਾ ਮੁਕਸਤਰ ਤੋਂ 5 ਕਿਲੋਮੀਟਰ ਤੇ ਆ ਕੇ ਮੇਰੇ ਸਾਥੀਆਂ ਦੀ ਕੁਟਾਈ ਕਰ ਸਕਦਾ ਹੈ ਅਤੇ ਕਹਿੰਦਾ ਹੈ ਕਿ ਮੈਂ ਬਲਦੇਵ ਦਾ ਹਿਸਾਬ ਵੀ ਕਰਾਂਗਾ, ਘੱਟ ਤੋਂ ਘੱਟ ਇਸ ਕੇਸ ਦੀ ਇਨਕੁਆਇਰੀ ਤਾਂ ਜ਼ਰੂਰ ਹੋਣੀ ਚਾਹੀਦੀ ਹੈ ਅਤੇ ਉਸ ਨੂੰ ਬਖਸ਼ਣਾ ਨਹੀਂ ਚਾਹੀਦਾ। ਮੈਂ ਬਿਲਕੁਲ ਸੱਚ ਬੋਲ ਰਿਹਾ ਹਾਂ। ਇੰਨਾ ਕਹਿੰਦਾ ਹੋਇਆ ਮੈਂ ਆਪ ਜੀ ਦਾ ਸ਼ੁਕਰਗੁਜ਼ਾਰ ਹਾਂ।

ਸਰਦਾਰ ਨਿਰਮਲ ਸਿੰਘ ਨਿੰਮਾ (ਭਦੌੜ, ਐਸ.ਸੀ.) : ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਸਾਡੀ ਸਰਕਾਰ ਵੱਲੋਂ ਸਾਲ 1992 93 ਲਈ 196 ਕਰੋੜ 57 ਲੱਖ 71 ਹਜ਼ਾਰ ਦਾ ਜੋ ਬਿੱਲ ਪੇਸ਼ ਕੀਤਾ ਗਿਆ ਹੈ, ਉਸ ਤੇ ਬੋਲਣ ਦਾ ਮੌਕਾ ਦਿੱਤਾ ਹੈ। ਇਸ ਵਿਚ ਅਨੁਪੂਰਕ ਮੰਗਾਂ ਰਾਹੀਂ ਹੋਰ ਪੈਸੇ ਦੀ ਮੰਗ ਕੀਤੀ ਗਈ ਹੈ। ਇਸ ਵਿਚ ਵੱਖਰੇ-ਵੱਖਰੇ ਮਹਿਕਮਿਆਂ ਵਲੋਂ ਜੋ ਪੈਸੇ ਦੀ ਮੰਗ ਕੀਤੀ ਗਈ ਹੈ, ਉਸ ਸਬੰਧ ਵਿਚ ਮੈਂ ਖੇਤੀਬਾੜੀ ਬਾਰੇ ਦੱਸਣਾ ਚਾਹੁੰਦਾ ਹਾਂ ਸਰਕਾਰ ਨੂੰ ਦਵਾਈਆਂ ਅਤੇ ਹੋਰ ਬੀਜਾਂ ਲਈ ਸਬਸਿਡੀ ਦੇਣ ਵਾਸਤੇ ਪੈਸੇ ਦੀ ਮੰਗ ਕੀਤੀ ਗਈ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਿੱਤ ਮੰਤਰੀ ਜੀ ਨੂੰ ਦੱਸਦਾ ਹਾਂ ਕਿ ਇਹ ਪੈਸਾ ਖੇਤੀਬਾੜੀ ਮਹਿਕਮੇ ਨੂੰ ਦਵਾਈਆਂ ਦੀ ਸਬਸਿਡੀ ਲਈ ਦਿੱਤਾ ਜਾਂਦਾ ਹੈ ਪਰ ਇਹ ਦਵਾਈਆਂ ਸਮੇਂ-ਸਿਰ ਨਹੀਂ ਪਹੁੰਚਦੀਆਂ। ਸਾਡੀ ਫਸਲ ਪੱਕਣ ਦੇ ਨੇੜੇ ਹੁੰਦੀ ਹੈ ਪਰ ਖੇਤੀਬਾੜੀ ਮਹਿਕਮੇ ਵਲੋਂ ਇਹ ਦਵਾਈਆਂ ਅਤੇ ਬੀਜ ਲੇਟ ਪਹੁੰਚਦੇ ਹਨ। ਇਹ ਸਮੇਂ ਸਿਰ ਨਹੀਂ ਪਹੁੰਚ ਸਕਦੇ, ਇਸ ਕਰਕੇ ਇਸ ਵਿਚ ਕੁਰੱਪਸ਼ਨ ਦੀ ਗੱਲ ਆਉਂਦੀ ਹੈ। ਇਸ ਵਿਚ ਜਿਹੜੀ ਕੁਰੱਪਸ਼ਨ ਹੁੰਦੀ ਹੈ, ਉਹ ਵੱਧਦੀ ਹੈ ਨਾ ਕਿ ਘੱਟਦੀ ਹੈ। ਟਰੈਕਟਰਾਂ ਵਿਚ ਨਵੀਂ ਸਕੀਮ ਤਹਿਤ ਸਬਸਿਡੀ ਦਿੱਤੀ ਗਈ ਹੈ। ਛੋਟੇ ਕਿਸਾਨਾਂ ਨੂੰ 18 ਹਾਰਸ ਪਾਵਰ ਦਾ ਟਰੈਕਟਰ ਦੇਣ ਲਈ ਕਰਜ਼ੇ ਤਹਿਤ ਸਬਸਿਡੀ ਦੇਣੀ ਹੈ। ਇਹ ਹਾਰਸ ਪਾਵਰ ਬਹੁਤ ਹੀ ਘੱਟ ਹੈ ਜਿਸ ਨਾਲ ਕੰਪਨੀਆਂ ਨੂੰ ਇਸ ਦਾ ਫਾਇਦਾ ਹੋਵੇਗਾ। ਇਸ ਲਈ ਇਹ ਹੱਦ ਖੁੱਲ੍ਹੀ ਹੋਣੀ ਚਾਹੀਦੀ ਹੈ। ਜਦੋਂ ਜ਼ਿਮੀਦਾਰਾਂ ਨੇ ਸਬਸਿਡੀ ਲੈਣੀ ਹੈ ਤਾਂ ਉਸ ਨੂੰ ਸਬਸਿਡੀ ਤਾਂ ਉਨੀ ਹੀ ਮਿਲਣੀ ਹੈ ਜਿੰਨੀ ਸਰਕਾਰ ਨੇ ਫਿਕਸ ਕੀਤੀ ਹੈ। ਇਸ ਕਰਕੇ ਇਸ ਹਾਰਸ ਪਾਵਰ ਦੀ ਹੱਦ ਖੋਲ੍ਹ ਦਿੱਤੀ ਜਾਵੇ ਤਾਂ ਕਿ ਜਿਹੜਾ ਟਰੈਕਟਰ ਕਿਸਾਨਾਂ ਨੂੰ ਚੰਗਾ ਲੱਗਦਾ ਹੈ, ਉਹ ਉਹੀ ਖਰੀਦੇ। ਇਹ ਹੱਦ-ਬੰਦੀ ਨਹੀਂ ਹੋਣੀ ਚਾਹੀਦੀ। ਇਸ ਲਈ ਇਹ ਹੱਦ ਟਰੈਕਟਰ ਪਰਚੇਜ਼ ਕਰਨ ਸਮੇਂ ਖੋਲ੍ਹ ਦਿੱਤੀ ਜਾਵੇ ਨਾ ਕਿ 18 ਹਾਰਸ ਪਾਵਰ ਫਿਕਸ ਕੀਤੀ ਜਾਵੇ। ਇਸ ਨਾਲ ਹੀ ਇਸ ਵਿਚ ਫੰਡਜ਼ ਮੰਗੇ ਗਏ ਹਨ, ਉਹ ਡਿਕਰੀਆਂ ਲਈ ਹਨ। ਜਿਹੜੇ ਮੁਲਾਜ਼ਮਾਂ ਨੂੰ ਮਹਿਕਮੇ ਵਿਚ ਇਨਸਾਫ ਨਹੀਂ ਮਿਲਦਾ ਜਾਂ ਅਫਸਰ-ਸ਼ਾਹੀ ਦੀਆਂ ਗਲਤ ਨੀਤੀਆਂ ਕਾਰਨ ਉਨ੍ਹਾਂ ਨੂੰ ਇਨਸਾਫ ਨਹੀਂ ਮਿਲਦਾ ਤਾਂ ਉਨ੍ਹਾਂ ਨੂੰ ਕੋਰਟਾਂ ਵਿਚ ਜਾਣਾ

ਪੈਂਦਾ ਹੈ। ਇਸ ਲਈ, ਮੈਂ ਦੇਖਿਆਂ ਹੈ ਕਿ ਜਿਹੜਾ ਪੈਸਾ ਡਿਕਰੀਆ ਦੇ ਰੂਪ ਵਿਚ ਮਹਿਕਮੇ ਨੂੰ ਦਿੱਤਾ ਗਿਆ ਹੈ, ਉਹ ਕਿਸੇ ਵੀ ਕੇਸ ਵਿਚ ਜ਼ਿਆਦਾਤਰ ਨਹੀਂ ਜਿੱਤਿਆ ਅਤੇ ਫੈਸਲਾ ਮੁਲਾਜ਼ਮ ਦੇ ਹੱਕ ਵਿਚ ਜਾਂਦਾ ਹੈ। ਕਈ ਮੁਲਾਜ਼ਮ ਜਾਣ-ਬੁੱਝ ਕੇ ਕੁਰੱਪਸ਼ਨ ਕਰਦੇ ਹਨ ਅਤੇ ਆਪਣਾ ਪ੍ਰਾਈਵੇਟ ਬਿਜ਼ਨੈਸ ਸ਼ੁਰੂ ਕਰ ਲੈਂਦੇ ਹਨ। ਉਹ ਜਾਣਬੁੱਝ ਕੇ ਸਸਪੈਂਡ ਹੁੰਦੇ ਹਨ। ਕਈ ਮਹਿਕਮਿਆਂ ਵਿਚ ਕੁਰੱਪਸ਼ਨ ਹੁੰਦੀ ਹੈ, ਜਿਵੇਂ ਫੂਡ ਸਪਲਾਈ ਦਾ ਮਹਿਕਮਾ ਹੈ। ਜਿਨ੍ਹਾਂ ਮਹਿਕਮਿਆਂ ਵਿਚ ਕੁਰੱਪਸ਼ਨ ਕੀਤੀ ਜਾਂਦੀ ਹੈ, ਉਸ ਦੀ ਇੱਕ ਉਦਾਹਰਨ ਹੈ। ਇੱਕ ਅਕਾਊਂਟੈਂਟ ਨੂੰ ਤਿੰਨ ਲੱਖ ਦੇ ਗਬਨ ਕਰਕੇ ਸਸਪੈਂਡ ਕੀਤਾ ਗਿਆ। ਉਸ ਤੋਂ ਬਾਅਦ ਉਹ ਅਦਾਲਤ ਰਾਹੀਂ ਕੇਸ ਜਿੱਤਿਆ ਅਤੇ ਉਸ ਨੂੰ ਹਜ਼ਾਰਾਂ ਰੁਪਏ ਬਕਾਏ ਵਿਚ ਮਿਲੇ। ਇਸ ਤੋਂ ਇਲਾਵਾ ਉਹ ਸੀਨੀਅਰ ਅਡੀਟਰ ਬਣ ਕੇ ਮਹਿਕਮੇ ਵਿਚ ਲੱਗਾ। ਉਸ ਦਾ ਬਿਜ਼ਨਸ ਵੀ ਕਾਇਮ ਹੈ। ਇਸ ਕਰਕੇ ਮੁਲਾਜ਼ਮਾਂ ਨੂੰ ਮਹਿਕਮੇ ਵਿਚ ਹੀ ਇਨਸਾਫ ਮਿਲਣਾ ਚਾਹੀਦਾ ਹੈ ਤਾਂ ਕਿ ਉਨ੍ਹਾਂ ਨੂੰ ਅਦਾਲਤਾਂ ਵਿਚ ਧੱਕੇ ਨਾ ਖਾਣੇ ਪੈਣ ਅਤੇ ਜਾਣ-ਬੁੱਝ ਕੇ ਕੁਰੱਪਸ਼ਨ ਕਰਕੇ ਸਸਪੈਂਡ ਹੋਣ ਵਾਲਿਆਂ ਦੀ ਛਾਣ-ਬੀਣ ਕਰਨੀ ਚਾਹੀਦੀ ਹੈ ਤਾਂ ਕਿ ਸਾਰੀ ਗੱਲ ਸਾਹਮਣੇ ਆ ਸਕੇ।

ਇਸ ਦੇ ਨਾਲ ਹੀ, ਸਪੀਕਰ ਸਾਹਿਬ, ਸਿਖਿਆ ਦੇ ਮਾਧਿਅਮ ਤੇ ਜੋ ਪੈਸਾ ਅਸੀਂ ਰਖਿਆ ਹੈ ਇਸ ਦੇ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਅਨੁਸੂਚਿਤ ਜਾਤੀਆਂ ਦੇ ਵਜ਼ੀਫ਼ੇ ਦੀ ਜੋ ਰਕਮ ਦਿੱਤੀ ਜਾਂਦੀ ਹੈ ਉਹ ਅਨੁਸੂਚਿਤ ਜਾਤੀਆਂ ਦੇ ਸਟੂਡੈਂਟਸ ਨੂੰ ਵਜ਼ੀਫੇ ਸਮੇਂ ਸਿਰ ਨਹੀਂ ਪਹੁੰਚਦੇ ਨਾ ਮਹਿਕਮੇ ਦੇ ਵਿੱਚ ਜੋ ਰਿਕਾਰਡ ਹੈ ਇਹ ਨਾ ਹੀ ਮਿਲਦਾ ਹੈ। ਪਤਾ ਨਹੀਂ ਟੀਚਰਾਂ ਦੇ ਕਾਰਨ ਜਾਂ ਕੋਈ ਮਾੜੀ ਨੀਤੀ ਦੇ ਕਾਰਨ ਜਿਹੜੇ ਬਚਿਆਂ ਦੇ ਵਜ਼ੀਫਿਆਂ ਦੇ ਫਾਰਮ ਹਨ ਉਹ ਰਸਤੇ ਵਿੱਚ ਰਹਿ ਜਾਂਦੇ ਹਨ ਜਾਂ ਮਿਸਪਲੇਸ ਹੁੰਦੇ ਹਨ ਔਰ ਅਨੁਸੂਚਿਤ ਜਾਤੀਆਂ ਦੇ ਸਟੂਡੈਂਟਸ ਤਕ ਵਜ਼ੀਫੇ ਨਹੀਂ ਪਹੁੰਚਦੇ ਜੇ ਕਿਸੇ ਨੂੰ ਪਹੁੰਚੇ ਹਨ ਤਾਂ ਉਹ ਸਮੇਂ ਸਿਰ ਨਹੀਂ ਪਹੁੰਚਦੇ। ਇਸ ਲਈ ਮੈਂ, ਸਪੀਕਰ ਸਾਹਿਬ, ਕਹਿਣਾ ਚਾਹੁੰਦਾ ਹਾਂ ਕਿ ਕੋਈ ਐਸਾ ਪ੍ਰਬੰਧ ਕਰਨਾ ਚਾਹੀਦਾ ਹੈ ਜਿਸ ਦੇ ਨਾਲ ਅਨੁਸੂਚਿਤ ਜਾਤੀਆ ਦੇ ਬਚਿਆਂ ਨੂੰ ਕਿਤਾਬਾਂ ਸਮੇਂ ਸਿਰ ਮਿਲਣ, ਵਜ਼ੀਫੇ ਉਨ੍ਹਾਂ ਨੂੰ ਸਮੇਂ ਸਿਰ ਮਿਲਣ (ਵਿਘਨ))

11.12 A.M. (ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ)

ਇਸ ਦੇ ਨਾਲ ਹੀ, ਡਿਪਟੀ ਸਪੀਕਰ ਸਾਹਿਬ ਖੇਡਾਂ ਦੇ ਮਿਆਰ ਨੂੰ ਉਚਾ ਚੁੱਕਣ ਲਈ ਫੰਡਜ਼ ਰੱਖੇ ਗਏ ਹਨ। ਇਸ ਦੇ ਲਈ ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਨੌਜਵਾਨਾਂ ਨੇ ਖੇਡਾਂ ਦੇ ਮਾਮਲੇ ਵਿੱਚ ਨਾ ਕੇਵਲ ਪੰਜਾਬ ਦਾ ਨਾਮ ਰੋਸ਼ਨ ਕੀਤਾ, ਨਾ ਕੇਵਲ ਪਿਉ ਦਾ ਨਾਮ ਹੀ ਰੋਸ਼ਨ ਕੀਤਾ ਬਲਕਿ ਸਾਡੇ ਪੰਜਾਬ ਦੇ ਨੌਜਵਾਨਾਂ ਨੇ ਦੇਸ਼ ਵਿਦੇਸ਼ਾਂ ਦੇ ਵਿਚ ਆਪਣੇ ਪੰਜਾਬ ਦਾ ਨਾਮ ਉੱਚਾ ਕੀਤਾ, ਆਪਣੇ ਦੇਸ਼ ਦਾ ਨਾਮ ਉਚਾ ਕੀਤਾ। ਪੰਜਾਬ ਦੇ ਖਿਡਾਰੀਆਂ ਨੂੰ ਉਤਸਾਹਤ ਕਰਨ ਲਈ ਜੋ ਪੈਸਾ ਰਖਿਆ ਹੈ ਉਸ ਦੇ ਲਈ ਮੈਂ ਤਾਂ ਸਗੋਂ ਇਹ ਕਹਿਣਾ ਚਾਹੁੰਦਾ ਹਾਂ ਕਿ ਵੱਧ ਤੋਂ ਵੱਧ ਜਿਨਾ ਪੈਸਾ ਰੱਖ ਸਕਦੇ ਹੋ, ਰੱਖੋ। ਅੱਜ ਤੁਸੀਂ ਦੇਖਿਆ ਹੈ ਕਿ ਪੰਜਾਬ ਦੇ ਅੰਦਰ ਪਿੰਡਾਂ ਦੇ ਵਿੱਚ ਜਿੰਨੀਆਂ ਵੀ ਪੰਚਾਇਤਾਂ ਹਨ, ਚਾਹੇ ਕਿਸੇ ਪੰਚਾਇਤ ਦੀ ਆਮਦਨ ਦਾ ਸੋਰਸ ਹੈ ਜਾਂ ਕਿਸੇ ਪੰਚਾਇਤ ਦੀ ਆਮਦਨ ਦਾ ਸੋਰਸ ਨਹੀਂ ਵੀ ਹੈ, ਹਰ ਇਕ ਪਿੰਡ ਵਿੱਚ ਦੇਖਣ ਨੂੰ ਮਿਲਦਾ ਹੈ ਜਿਥੇ ਵੀ ਜਾਓ ਟੂਰਨਾਮੈਂਟ ਹੋ ਰਹੇ ਹਨ, ਥਾਂ-ਥਾਂ ਤੇ ਖੇਡਾਂ ਵਡੇ ਪੱਧਰ ਤੇ ਖੇਡੀਆਂ ਜਾਂਦੀਆਂ ਹਨ। ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਖੇਡਾਂ ਨੂੰ ਉਤਸਾਹਤ ਕਰਨ ਦੇ ਲਈ ਹੋਰ ਵੱਧ ਤੋਂ ਵੱਧ ਪੈਸਾ ਰੱਖ ਕੇ ਉਨ੍ਹਾਂ ਖਿਡਾਰੀਆਂ ਵਾਸਤੇ ਸਟੇਡੀਅਮ ਬਣਾ ਕੇ ਖਿਡਾਰੀਆਂ ਨੂੰ ਉਤਸਾਹਤ ਕਰਨ ਵਾਸਤੇ ਵੱਧ ਤੋਂ ਵੱਧ ਪੈਸਾ ਖਰਚ ਕਰਕੇ ਉਨ੍ਹਾਂ ਨੂੰ ਉਤਸਾਹਤ ਕੀਤਾ ਜਾਵੇ। ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਸਪੋਰਟਸਮੈਨ ਨੂੰ ਇਨਾਮ ਵੀ ਦਿੱਤੇ ਜਾਣ ਜਿਸ ਦੇ ਨਾਲ ਉਨ੍ਹਾਂ ਦੀ ਹੌਸਲਾ ਅਫਜ਼ਾਈ ਹੋ ਸਕੇ। ਸਾਨੂੰ ਇਹ ਵੀ ਕਰਨਾ ਚਾਹੀਦਾ ਹੈ ਕਿ ਇਹੋ ਜਿਹੇ ਫੰਕਸ਼ਨਾਂ ਤੇ ਜਿਥੇ ਕੋਈ ਮਨਿਸਟਰ ਸਾਹਿਬਾਨ

[ਸਰਦਾਰ ਨਿਰਮਲ ਸਿੰਘ ਨਿੰਮਾ]
ਜਾਂਦੇ ਹਨ ਉਨ੍ਹਾਂ ਫੰਕਸ਼ਨਾਂ ਵਿੱਚ ਪੈਸਾ ਬਹੁਤ ਘੱਟ ਖਰਚ ਕਰਕੇ ਉਸ ਪੈਸੇ ਨੂੰ ਬਚਾ ਕੇ ਇਨ੍ਹਾਂ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਵਾਸਤੇ ਚੰਗੇ ਇਨਾਮ ਦਿੱਤੇ ਜਾਣ। ਉਨ੍ਹਾਂ ਨੂੰ ਚੰਗੀਆਂ-ਚੰਗੀਆਂ ਚੀਜ਼ਾਂ ਦਿੱਤੀਆਂ ਜਾਣ ਜਿਸ ਦੇ ਨਾਲ ਸਪੋਰਟਸ ਵਿੱਚ ਅਸੀਂ ਹੋਰ ਤਰੱਕੀ ਦੇ ਰਾਹ ਤੇ ਚਲ ਸਕੀਏ ਅਤੇ ਪੰਜਾਬ ਦਾ ਨਾਮ ਹੋਰ ਰੌਸ਼ਨ ਕਰ ਸਕੀਏ।

ਡਿਪਟੀ ਸਪੀਕਰ ਸਾਹਿਬ, ਗ੍ਰਹਿ ਦੇ ਵਾਸਤੇ ਵੀ ਬਹੁਤ ਵਡੀ ਪੱਧਰ ਤੇ ਪੈਸੇ ਰੱਖੇ ਗਏ ਹਨ। ਪਹਿਲਾਂ ਜੋ ਪੰਜਾਬ ਦੀ ਹਾਲਤ ਸੀ ਉਸ ਤੋਂ ਲੋਕੀ ਬਹੁਤ ਤੰਗ ਆ ਚੁੱਕੇ ਸੀ, ਬਹੁਤ ਦੇਰ ਤੋਂ ਲੋਕੀਂ ਆਪਣੀ ਸਰ-ਕਾਰ ਨੂੰ ਦੇਖਣਾ ਚਾਹੁੰਦੇ ਸੀ ਔਰ ਅਫ਼ਸਰ ਸ਼ਾਹੀ ਤੋਂ ਲੋਕੀਂ ਬਹੁਤ ਤੰਗ ਆ ਚੁਕੇ ਸੀ। ਉਨ੍ਹਾਂ ਲੋਕਾਂ ਦੀ ਗਲ ਕੋਈ ਸੁਣਨ ਵਾਲਾ ਨਹੀਂ ਸੀ। ਅੱਜ ਪੰਜਾਬ ਦੇ ਹਾਲਾਤ ਨੂੰ ਸੁਧਾਰਨ ਦੇ ਲਈ ਪੁਲਿਸ ਦੇ ਭਰਾਵਾਂ ਨੇ ਕਿਸੇ ਤਰ੍ਹਾਂ ਦਾ ਵੀ ਜੋ ਯੋਗਦਾਨ ਪਾਇਆ ਹੈ ਉਸ ਦੇ ਲਈ ਜੋ ਫੰਡ ਰਖਿਆ ਗਿਆ ਹੈ ਉਹ ਠੀਕ ਹੈ ਪਰ ਗੁਪਤ ਮਹਿਕਮੇ ਲਈ 250 ਲੱਖ ਰੁਪਿਆ ਰਖਿਆ ਗਿਆ ਹੈ ਉਹ ਬਹੁਤ ਵੱਡੀ ਪੱਧਰ ਤੇ ਰਖਿਆ ਗਿਆ ਹੈ। ਇਸ ਦੇ ਵਿੱਚ ਸਾਨੂੰ ਸ਼ੰਕਾ ਹੈ ਕਿ ਵੱਡੀ ਪੱਧਰ ਤੇ ਧਾਂਦਲੀ ਹੋ ਸਕਦੀ ਹੈ। ਜਿਹੜੇ ਇਨਾਮ ਸਾਡੇ ਜਿਹੜੇ ਚੰਗੇ ਜਵਾਨ ਹਨ, ਸਾਡੇ ਜਿਹੜੇ ਚੰਗੇ ਸਿਪਾਹੀ ਹਨ ਉਨ੍ਹਾਂ ਨੂੰ ਦਿੱਤੇ ਜਾਂਦੇ ਹਨ ਉਸ ਦੇ ਲਈ ਅਫ਼ਸਰ ਸ਼ਾਹੀ ਜੋ ਹੈ ਉਹ ਆਪ ਹੀ ਖਰਚਾ ਕਰਦੀ ਹੈ ਉਸ ਦੇ ਲਈ ਕੋਈ ਵੇਰਵੇ ਨਹੀਂ ਦਿੱਤੇ ਗਏ ਕਿ ਇਨਾਮ ਵਿੱਚ ਕੀ ਦੇਣਾ ਹੈ, ਕਿੰਨਾ ਰੁਪਿਆ ਦਿੱਤਾ ਹੈ ਜਾਂ ਦੇਣਾ ਹੈ ਜਾਂ ਕੀ ਕੀਤਾ ਗਿਆ। ਉਸ ਦੇ ਲਈ ਕੋਈ ਕਲੀਅਰ ਨਹੀਂ ਦੱਸਿਆ ਗਿਆ ਹੈ। ਜੋ ਪੈਸਾ ਲਿਆ ਜਾਂਦਾ ਹੈ ਉਸ ਦੀ ਸਹੀ ਵਰਤੋਂ ਹੋਣੀ ਚਾਹੀਦੀ ਹੈ। ਪੰਜਾਬ ਦੇ ਲੋਕ ਕਾਫੀ ਸਮੇਂ ਤੋਂ ਸੰਤਾਪ ਹੰਢਾ ਚੁੱਕੇ ਹਨ, ਇਹ ਨਾ ਹੋਵੇ ਕਿ ਉਨ੍ਹਾਂ ਦੀ ਕਿਰਤ ਕਮਾਈ ਵਿੱਚੋਂ, ਉਨ੍ਹਾਂ ਨੂੰ ਖੂਨ ਪਸੀਨੇ ਦੀ ਕਮਾਈ ਵਿੱਚੋਂ ਜੋ ਪੈਸਾ ਟੈਕਸਾਂ ਦੇ ਰਾਹੀਂ ਵਸੂਲ ਕੀਤਾ ਜਾਂਦਾ ਹੈ ਜੋ ਵਿਕਾਸ ਦੇ ਕੰਮਾਂ ਵਿੱਚ ਲਗਣਾ ਹੈ, ਉਸ ਦੀ ਗਲਤ ਵਰਤੋਂ ਹੋ ਸਕੇ। ਇਸ ਕਰਕੇ ਮੈਂ ਅਗੇ ਦੱਸਣਾ ਚਾਹੁੰਦਾ ਹਾਂ ਕਿ ਐਮ.ਐਲ.ਏ. ਸਾਹਿਬਾਨ ਦੀਆਂ ਜਿਪਸੀਆਂ ਲਈ ਜਾਂ ਦੂਸਰੇ ਅਫ਼ਸਰ ਸਾਹਿਬਾਨ ਜਿਹੜੇ ਪੁਲਿਸ ਨਾਲ ਸਬੰਧਤ ਹਨ ਉਨ੍ਹਾਂ ਦੀਆਂ ਗਡੀਆਂ ਲਈ ਚੰਡੀਗੜ੍ਹ ਵਿਚ ਇਕ ਕੇਂਦਰ ਬਿੰਦੂ ਚਾਹੀਦਾ ਹੈ। ਇਸ ਦੇ ਵਾਸਤੇ ਮੈਂ ਇਕ ਸੁਝਾਓ ਇਹ ਦੇਣਾ ਚਾਹੁੰਦਾ ਹਾਂ ਕਿ ਚੰਡੀਗੜ੍ਹ ਵਿਚ ਸਾਡਾ ਇਕ ਆਪਣਾ ਆਪਣਾ ਪੈਟਰੋਲ ਪੰਪ ਹੋਣਾ ਚਾਹੀਦਾ ਹੈ ਜਿਥੋਂ ਗਡੀਆਂ ਵਿਚ ਤੇਲ ਪਵਾਇਆ ਜਾ ਸਕੇ ਕਿਉਂਕਿ ਜੇਕਰ ਪ੍ਰਾਈਵੇਟ ਪੈਟਰੋਲ ਪੰਪਾਂ ਤੋਂ ਤੇਲ ਪਵਾਉਂਦੇ ਹਾਂ ਮੰਨ ਵਲੋਂ 20 ਲੀਟਰ ਵਾਸਤੇ ਕਿਹਾ ਹੈ ਤਾਂ ਦਸ ਲੀਟਰ ਹੀ ਹੁੰਦਾ ਹੈ ਯਾਨੀ ਉਹ ਤੇਲ ਘੱਟ ਪਾ ਦਿੰਦੇ ਹਨ। ਦੂਸਰੇ, ਉਨ੍ਹਾਂ ਦੇ ਪੈਟਰੋਲ ਵਿਚ ਮਿੱਟੀ ਦੇ ਤੇਲ ਆਦਿ ਦੀ ਮਿਲਾਵਟ ਹੁੰਦੀ ਹੈ ਜਿਸ ਕਰਕੇ ਗਡੀਆਂ ਦੇ ਇੰਜਨ ਜਲਦੀ ਖ਼ਰਾਬ ਹੋ ਜਾਂਦੇ ਹਨ ਔਰ ਰਿਪੇਅਰ ਵਗੈਰਾ ਦੀ ਕਾਫ਼ੀ ਲੋੜ ਪੈ ਜਾਂਦੀ ਹੈ। ਐਮ.ਐਲ.ਏ. ਸਾਹਿਬਾਨ ਨੂੰ ਰਿਪੇਅਰ ਆਦਿ ਲਈ ਛੇਤੀ ਮਨਜ਼ੂਰੀ ਨਹੀਂ ਮਿਲਦੀ ਜਿਸ ਕਰਕੇ ਬੜੀ ਤਕਲੀਫ ਹੁੰਦੀ ਹੈ। ਸੋ ਮੇਰਾ ਇਹ ਸੁਝਾਓ ਹੈ ਕਿ ਚੰਡੀਗੜ੍ਹ ਵਿਚ ਆਪਣਾ ਪੈਟਰੋਲ ਪੰਪ ਜ਼ਰੂਰ ਹੋਣਾ ਚਾਹੀਦਾ ਹੈ। ਜਦ ਅਸੀਂ ਆਪਣਾ ਕੰਮ ਆਪ ਕਰ ਸਕਦੇ ਹਾਂ ਤਾਂ ਫਿਰ ਪ੍ਰਾਈਵੇਟ ਲੋਕਾਂ ਕੋਲ ਕਿਉਂ ਜਾਇਆ ਜਾਏ।

ਸਪੀਕਰ ਸਾਹਿਬ, ਐਮ.ਟੀ.ਓ. ਬਰਾਂਚ ਵਿਚ ਮਕੈਨਿਕ ਰਖੇ ਹੋਏ ਹਨ ਪਰ ਅਸੀਂ ਆਪਣੀਆਂ ਗਡੀਆਂ ਵਗੈਰਾ ਪ੍ਰਾਈਵੇਟ ਤੌਰ ਤੇ ਰਿਪੇਅਰ ਕਰਾਉਂਦੇ ਹਾਂ ਜਿਸ ਕਰਕੇ ਖਰਚਾ ਜ਼ਿਆਦਾ ਕਰਨਾ ਪੈਂਦਾ ਹੈ। ਮੇਰੀ ਸੁਜੈਸ਼ਨ ਹੈ ਕਿ ਉਸ ਵਿਚ ਲੋੜ ਅਨੁਸਾਰ ਟੈਕਨੀਕਲ ਮਕੈਨਿਕਸ ਹੋਰ ਭਰਤੀ ਕਰਕੇ ਆਪਣੀਆਂ ਗੱਡੀਆਂ ਦੀ ਸਾਰੀ ਰਿਪੇਅਰ ਉਥੋਂ ਹੀ ਕਰਾਈ ਜਾਏ ਤਾਕਿ ਪੈਸੇ ਵੀ ਘੱਟ ਲਗਣ ਅਤੇ ਕੰਮ ਵੀ ਜਲਦੀ ਹੋ ਜਾਵੇ ਅਤੇ ਸਾਡੇ ਮੁੰਡੇ ਵੀ ਕੰਮ ਲਗ ਜਾਣ। ਇਸ ਦੇ ਨਾਲ ਹੀ ਜਿਥੋਂ ਤਕ ਸਪੇਅਰ ਪਾਰਟਸ ਦੀ ਗੱਲ ਹੈ ਜੇ ਕਰ ਕੋਈ 250 ਰੁਪਏ ਦਾ ਪਾਰਟ ਲੈਂਦੇ ਹਾਂ ਤਾਂ ਦੁਕਾਨਦਾਰ ਕਹਿ ਦਿੰਦਾ ਹੈ ਕਿ ਜੇਕਰ ਨਕਦ ਦੇਣੇ

ਹਨ ਤਾਂ 250 ਰੁਪਏ ਅਤੇ ਜੇਕਰ ਸਰਕਾਰੀ ਤੌਰ ਤੇ ਲੈਂਦਾ ਹੈ ਤਾਂ ਸਾਢੇ ਤਿੰਨ ਸੌ ਜਾਂ ਚਾਰ ਸੌ ਰੁਪਏ। ਇਸ ਤਰ੍ਹਾਂ ਦੀ ਗਲ ਹੈ। ਜਿਹੜੀ ਆਪਣੀ ਵਰਕਸ਼ਾਪ ਹੋਵੇ ਉਸ ਵਿਚ ਉਹ ਪੁਰਜ਼ੇ ਸਾਰੇ ਉਪਲਬੱਧ ਹੋਣੇ ਚਾਹੀਦੇ ਹਨ ਜਿਹੜੇ ਕਿ ਗੱਡੀਆਂ ਵਿਚ ਫਿੱਟ ਹੋਣੇ ਹਨ ਤਾਂ ਕਿ ਮਾਰਕੀਟ ਵਿਚੋਂ ਨਾ ਖਰੀਦਣੇ ਪੈਣ ਇਸ ਤਰ੍ਹਾਂ ਬਜਟ ਘਟਾਇਆ ਜਾ ਸਕਦਾ ਹੈ। ਦੂਸਰੇ ਜਿਹੜੇ ਸਬੰਧਤ ਅਫਸਰ ਹਨ ਉਨ੍ਹਾਂ ਨੇ ਬਹੁਤ ਸਾਰੀਆਂ ਦੁਕਾਨਾਂ ਤੇ ਕਮਿਸ਼ਨ ਰਖੀ ਹੁੰਦੀ ਹੈ ਔਰ ਜਿਥੇ ਵੀ ਕੋਈ ਪੁਰਜ਼ਾ ਲੈਣ ਜਾਓ ਪਰਚੇਜ਼ ਅਫਸਰ ਪਹਿਲਾਂ ਉਥੇ ਕਮਿਸ਼ਨ ਲੈਣ ਲਈ ਬੈਠਾ ਹੁੰਦਾ ਹੈ। ਇਸ ਨਾਲ ਉਨ੍ਹਾਂ ਨੂੰ ਵੀ ਨੱਥ ਪਏਗੀ ਅਤੇ ਬਜਟ ਵੀ ਘੱਟੇਗਾ। ਅਸੀਂ ਆਪਣੇ ਥੋੜ੍ਹੇ ਜਿਹੇ ਰਿਸੋਰਸਿਜ਼ ਬਣਾ ਕੇ ਆਪਣੀ ਤਰੱਕੀ ਲਈ ਇਸ ਗੱਲ ਨੂੰ ਅਗੇ ਤੋਰੀਏ ਔਰ ਇਸ ਬਜਟ ਨੂੰ ਥੋੜ੍ਹੀ ਜਿਹੀ ਨੱਥ ਪਾਈਏ।

ਹੁਣ ਮੈਂ ਉਦਯੋਗ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ। ਉਦਯੋਗ ਵਿਭਾਗ ਵਲੋਂ ਇੰਡਸਟਰੀ ਲਗ ਰਹੀ ਹੈ, ਅੱਛੀ ਗਲ ਹੈ। ਮੇਰੀ ਅਰਜ਼ ਹੈ ਕਿ ਜਿਹੜੀ ਸਮਾਲ ਇੰਡਸਟਰੀ ਲਗ ਰਹੀ ਹੈ ਇਸ ਦੇ ਲਈ ਜਿਹੜੇ ਟੈਕਨੀਕਲ ਬੇਰੋਜ਼ਗਾਰ ਮੁੰਡੇ ਵਿਹਲੇ ਫਿਰਦੇ ਹਨ ਉਨ੍ਹਾਂ ਨੂੰ ਲਾਇਸੈਂਸ ਦਿਤੇ ਜਾਣ। ਦੂਸਰੇ ਜਿਹੜੇ ਟੈਕਨੀਕਲ ਅਨਇੰਪਲਾਇਡ ਹਨ ਉਨ੍ਹਾਂ ਨੂੰ ਇਕ ਜਗ੍ਹਾ ਇਕੱਠਾ ਕੀਤਾ ਜਾਵੇ ਔਰ ਉਨ੍ਹਾਂ ਲਈ ਸਕੀਮਾਂ ਤਿਆਰ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਜਿਸ ਨਾਲ ਪੰਜਾਬ ਵਿਚ ਉਦਯੋਗ ਦੀ ਵੀ ਤਰੱਕੀ ਹੋਵੇ ਅਤੇ ਨਾਲ ਹੀ ਜਿਹੜੇ ਟੈਕਨੀਕਲ ਬੇਰੋਜ਼ਗਾਰ ਹਨ ਉਨ੍ਹਾਂ ਦੀ ਬੇਰੋਜ਼ਗਾਰੀ ਵੀ ਘਟੇ। ਮੇਰਾ ਇਲਾਕਾ ਭਦੌੜ ਹੈ ਉਥੇ ਕੋਈ ਇੰਡਸਟਰੀਅਲ ਯੂਨਿਟ ਨਹੀਂ ਹੈ। ਉਥੇ ਇੰਡਸਟਰੀ ਲਗਾਈ ਜਾਵੇ ਜਿਸ ਨਾਲ ਨੌਜਵਾਨਾਂ ਨੂੰ ਰੋਜ਼ਗਾਰ ਮਿਲੇਗਾ ਅਤੇ ਉਹ ਰਾਹਤ ਮਹਿਸੂਸ ਕਰਨਗੇ ਅਤੇ ਉਦਯੋਗ ਵੀ ਅੱਗੇ ਵੱਧ ਸਕੇਗਾ। ਭਾਵੇਂ ਛੋਟੇ ਛੋਟੇ ਯੂਨਿਟ ਹੀ ਲਗਾਏ ਜਾਣ, ਜਿਸ ਵਿਚ ਫਰਨੀਚਰ ਆਦਿ ਦੀਆਂ ਮਸ਼ੀਨਾਂ ਵੀ ਲੈ ਲਵੋ, ਇਸ ਨਾਲ ਉਥੇ ਦੇ ਲੋਕਾਂ ਨੂੰ ਕਾਫੀ ਫਾਇਦਾ ਹੋ ਸਕੇਗਾ।

ਹੁਣ ਮੈਂ ਟੈਕਨੀਕਲ ਮਹਿਕਮੇ ਦੀ ਗੱਲ ਕਰਨੀ ਚਾਹੁੰਦਾ ਹਾਂ, ਜਿਸ ਵਿਚ ਟੈਕਨੀਕਲ ਕਾਲਜ ਅਤੇ ਆਈ.ਟੀ.ਆਈ. ਆਉਂਦੇ ਹਨ। ਇਨ੍ਹਾਂ ਲਈ ਜੋ ਫੰਡਜ਼ ਮੰਗੇ ਗਏ ਹਨ ਉਹ ਫੰਡਜ਼ ਦਿੱਤੇ ਜਾਣ ਤਾਂ ਹੀ ਫਾਇਦਾ ਹੈ ਜੇਕਰ ਕੋਈ ਕੰਮ ਅਗੇ ਵੱਧੇ। ਮੈਂ ਡਿਸਟ੍ਰਿਕਟ ਪਲੈਨਿੰਗ ਬੋਰਡ ਦਾ ਮੈਂਬਰ ਹਾਂ, ਮੈਂ ਦੇਖਿਆ ਹੈ ਕਿ ਆਈ.ਟੀ.ਆਈ. ਦੇ ਜਿਹੜੇ ਫੰਡਜ਼ ਹਨ ਉਹ ਲੈਪਸ ਹੋ ਜਾਂਦੇ ਹਨ ਕਿਉਂਕਿ ਤਿੰਨ-ਤਿੰਨ ਜ਼ਿਲ੍ਹੇ ਇਕ ਅਫਸਰ ਨੂੰ ਦਿੱਤੇ ਹੋਏ ਹੁੰਦੇ ਹਨ... ...(ਵਿਘਨ) ਸਮੇਂ ਸਿਰ ਜਦੋਂ ਪ੍ਰਿੰਸੀਪਲ ਜਾਣ ਉਨ੍ਹਾਂ ਨੂੰ ਫੰਡਜ਼ ਖਰਚ ਕਰਨ ਦੀ ਮਨਜ਼ੂਰੀ ਹੋਵੇ। ਪਰ ਇਸ ਵਿਚ ਪਤਾ ਨਹੀਂ ਹੈ ਕਿਉਂ ਝਿਜਕ ਹੁੰਦੀ ਹੈ। ਸ਼ਾਇਦ ਕਮਿਸ਼ਨ ਲੈਣਾ ਹੁੰਦਾ ਹੈ, ਕਿ ਇਤਨਾ ਕਮਿਸ਼ਨ ਮਿਲਣਾ ਚਾਹੀਦਾ ਹੈ। ਸਾਡੇ ਸਿਖਿਆਰਥੀ ਜਿਹੜੇ ਇਨ੍ਹਾਂ ਸੰਸਥਾਵਾਂ ਵਿਚ ਸਿਖਿਆ ਲੈ ਰਹੇ ਹਨ ਉਨ੍ਹਾਂ ਨੂੰ ਸੰਸਥਾ ਵਲੋਂ ਮਸ਼ੀਨਾਂ ਜਾਂ ਸਮੱਗਰੀ, ਕੱਚਾ ਮਾਲ ਉਪਲਬਧ ਕੀਤਾ ਜਾਣਾ ਹੁੰਦਾ ਹੈ ਪਰ ਉਹ ਸਮੇਂ ਸਿਰ ਨਹੀਂ ਮਿਲਦਾ। ਲਾਸਟ ਦਿਨਾਂ ਵਿਚ ਆ ਕੇ, ਮਾਰਚ ਵਿਚ ਖਰਚ ਕੀਤਾ ਜਾਂਦਾ ਹੈ ਔਰ ਧਾਂਦਲੀ ਕੀਤੀ ਜਾਂਦੀ ਹੈ। ਇਸ ਲਈ ਮੈਂ ਇਹ ਬੇਨਤੀ ਕਰਾਂਗਾ ਕਿ ਸਿਖਿਆਰਥੀਆਂ ਨੂੰ ਰਾਹਤ ਦੇਣ ਲਈ ਮਸ਼ੀਨਾਂ ਤੇ ਹੋਰ ਸਮੱਗਰੀ ਦੇਣ ਲਈ ਫੰਡਾਂ ਨੂੰ ਸਮੇਂ ਸਿਰ ਦੇਣਾ ਚਾਹੀਦਾ ਹੈ। ਡੀ.ਡੀ.ਓ. ਵੀ ਪ੍ਰਿੰਸੀਪਲ ਆਈ.ਟੀ.ਆਈ. ਤਕ ਹੋਣਾ ਚਾਹੀਦਾ ਹੈ ਔਰ ਇਹ ਨਹੀਂ ਹੋਣਾ ਚਾਹੀਦਾ ਕਿ ਉਪਰ ਤਕ ਪੌੜੀ ਦੁਆਰਾ ਜਾਈਏ ਕਿਉਂਕਿ ਇਸ ਤਰ੍ਹਾਂ ਨਾਲ ਰਸਤੇ ਵਿਚ ਹੀ ਧਾਂਦਲੀਆਂ ਹੁੰਦੀਆਂ ਹਨ। ਇਸ ਲਈ ਇਹ ਨਹੀਂ ਹੋਣਾ ਚਾਹੀਦਾ ਤੇ ਰਸਤਾ ਖਾਲੀ ਹੋਣਾ ਚਾਹੀਦਾ ਹੈ ਤਾਂ ਕਿ ਧਾਂਦਲੀਆਂ ਨਾ ਹੋ ਸਕਣ।

[ਸਰਦਾਰ ਨਿਰਮਲ ਸਿੰਘ ਨਿੰਮਾ]

ਹੁਣ ਮੈਂ ਚੋਣਾਂ ਦੀ ਗੱਲ ਕਰਦਾ ਹਾਂ। ਪੰਜਾਬ ਦੇ ਅੰਦਰ ਚੋਣਾਂ ਹੋਈਆਂ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਆਏ, ਸਰਕਾਰ ਬਣੀ ਔਰ ਲੋਕਾਂ ਦੀ ਗੱਲ ਸਰਕਾਰ ਪਾਸ ਪੁੱਜਣ ਲੱਗੀ। ਉਸ ਤੋਂ ਬਾਅਦ ਨਗਰਪਾਲਿਕਾਵਾਂ ਦੀਆਂ ਚੋਣਾਂ ਹੋਈਆਂ, ਪੰਚਾਇਤਾਂ ਦੀਆਂ ਚੋਣਾਂ ਹੋਈਆਂ ਔਰ ਉਸ ਦੇ ਵਾਸਤੇ ਫੰਡਜ਼ ਲਏ ਗਏ ਹਨ। ਪਰ ਮੈਂ ਇਹ ਦੱਸਣਾ ਚਾਹੁੰਦਾ ਹੈ ਕਿ ਸਰਕਾਰ ਦੀ ਜੋ ਗਲਤ ਨੀਤੀ ਹੈ ਉਸ ਕਰਕੇ ਧਾਂਦਲੀਆਂ ਕੀਤੀਆਂ ਗਈਆਂ ਹਨ। ਜੋ ਲੋਕਾਂ ਦੇ ਚੁਣੇ ਨੁਮਾਇੰਦੇ ਹਨ, ਉਨ੍ਹਾਂ ਨੂੰ ਕਿਸੇ ਨਾ ਕਿਸੇ ਤਰੀਕੇ ਨਾਲ ਤੰਗ ਕੀਤਾ ਗਿਆ। ਜੇਕਰ ਉਹ ਸਰਕਾਰ ਦਾ ਬੰਦਾ ਨਹੀਂ ਆਇਆ, ਤਾਂ ਜਿਤਣ ਤੋਂ ਬਾਅਦ ਉਸ ਨੂੰ ਨਹੀਂ ਬਖਸ਼ਿਆ ਗਿਆ। ਲੋਕਾਂ ਨੇ ਆਪਣੇ ਨੁਮਾਇੰਦੇ ਚੁਣੇ ਹਨ ਉਨ੍ਹਾਂ ਨੇ ਕੀ ਕਸੂਰ ਕੀਤਾ ਹੈ ਕਿ ਜੇਕਰ ਉਹ ਕਾਂਗਰਸ ਪਾਰਟੀ ਦੇ ਨਹੀਂ ਹਨ ਤਾਂ ਉਨ੍ਹਾਂ ਨੂੰ ਕਿਉਂ ਤੰਗ ਕੀਤਾ ਜਾ ਰਿਹਾ ਹੈ, ਇਕ ਮੇਰੇ ਪਿੰਡ ਦੀ ਪੰਚਾਇਤ ਦਾ ਸਰਪੰਚ ਹੈ। ਉਥੋਂ ਕਾਂਗਰਸ ਪਾਰਟੀ ਦਾ ਨਹੀਂ ਜਿੱਤਿਆ, ਇਸ ਲਈ ਉਸ ਸਰਪੰਚ ਨੂੰ ਚੁਕਿਆ ਗਿਆ ਔਰ ਇਕ ਮੰਤਰੀ ਦੇ ਦਾਮਾਦ ਨੇ ਥਾਣੇ ਵਿਚ ਲਿਜਾ ਕੇ ਕੁੱਟਿਆ ਤੇ ਜਦੋਂ ਉਹ ਥਾਣੇ ਗਿਆ ਤਾਂ ਉਸ ਨੂੰ ਕਿਹਾ ਗਿਆ ਕਿ ਆ ਸਰਪੰਚਾ, ਤੇਰੀ ਸਰਪੰਚੀ ਕੱਢੀਏ।

ਸ਼੍ਰੀ ਡਿਪਟੀ ਸਪੀਕਰ : ਤੁਸੀਂ ਐਪਰੋਪਰੀਏਸ਼ਨ ਬਿੱਲ ਤੇ ਬੋਲੋ।

ਸਰਦਾਰ ਨਿਰਮਲ ਸਿੰਘ ਨਿੰਮਾ : ਇਸ ਕਰਕੇ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਗੱਲ ਦੱਸਣਾ ਚਾਹੁੰਦਾ ਹਾਂ ਕਿਉਂਕਿ ਇਹ ਖਰਚਾ ਚੋਣਾਂ ਕਰਕੇ ਪਾਇਆ ਗਿਆ ਹੈ, ਮੈਂ ਚੋਣਾਂ ਬਾਰੇ ਹੀ ਜ਼ਿਕਰ ਕਰ ਰਿਹਾ ਹਾਂ ਕਿ ਜੇਕਰ ਸਰਪੰਚ ਕਾਂਗਰਸ ਪਾਰਟੀ ਦਾ ਨਹੀਂ ਜਿਤਿਆ ਤਾਂ ਉਸ ਨੂੰ ਮਾਰਿਆ ਕੁਟਿਆ ਜਾ ਰਿਹਾ ਹੈ। ਉਸ ਵਿਚਾਰੇ ਦਾ ਕੀ ਕਸੂਰ ਸੀ ਕਿ ਡੀ.ਐਸ.ਪੀ. ਵਲੋਂ ਇਸ ਤਰ੍ਹਾਂ ਥਾਣੇ ਵਿਚ ਬੁਲਾ ਕੇ ਉਸ ਨੂੰ ਕੁੱਟਿਆ ਗਿਆ। ਆਫਟਰ ਆਲ ਉਸ ਦਾ ਕਸੂਰ ਕੀ ਹੈ ? ਮੈਂ ਦੱਸਣਾ ਚਾਹੁੰਦਾ ਹਾਂ ਕਿ ਪਿੰਡ ਹੰਡਿਆਲੇ ਦੀ ਚੋਣ ਹੋਣ ਜਾ ਰਹੀ ਸੀ। ਪਹਿਲਾਂ ਰੱਦ ਕਿਉਂ ਹੋਈ ਸੀ ? ਕਿਉਂਕਿ ਉਥੋਂ ਕਾਂਗਰਸ ਦਾ ਬੰਦਾ ਨਹੀਂ ਸੀ ਜਿੱਤਣਾ, ਇਸ ਕਰਕੇ ਹੁਣ ਹੋ ਰਹੀ ਹੈ। 12.00 ਵਜੇ ਤੋਂ 1.00 ਵਜੇ ਤਕ ਉਥੇ ਪੇਪਰ ਭਰੇ ਵੇਖੇ ਜਾਣੇ ਸਨ ਪਰ 12.30 ਵਜੇ ਐਸ.ਡੀ.ਐਮ. ਨੂੰ ਮੈਸਜ ਚਲਾ ਗਿਆ ਕਿ ਚੋਣ ਰੱਦ ਹੋਣੀ ਚਾਹੀਦੀ ਹੈ। (ਵਿਘਨ)

ਡਿਪਟੀ ਸਪੀਕਰ ਸਾਹਿਬ, ਹੋਮ ਗਾਰਡਜ਼ ਵਾਸਤੇ ਪੈਸੇ ਰੱਖੇ ਹਨ ਜੀ, ਉਹ ਪੰਚਾਇਤ ਇਲੈਕਸ਼ਨਾਂ ਤੇ ਖਰਚ ਹੋਏ ਹਨ ਇਸ ਲਈ ਮੈਂ ਦੱਸ ਰਿਹਾ ਹਾਂ।

Mr. Deputy Speaker : This is not appropriate.

Finance Minister : This is not a discussion on Panchayat Elections.

ਸਰਦਾਰ ਨਿਰਮਲ ਸਿੰਘ ਨਿੰਮਾ : ਡਿਪਟੀ ਸਪੀਕਰ ਸਾਹਿਬ, ਉਥੇ ਰਿਟਰਨਿੰਗ ਅਫਸਰਾਂ ਨੂੰ ਚੁਕਿਆ ਗਿਆ, ਸਟਾਫ ਨੂੰ ਚੁਕਿਆ ਗਿਆ ਔਰ ਜਿਹੜੇ ਇਨ੍ਹਾਂ ਦੇ ਆਖੇ ਨਹੀਂ ਲੱਗੇ ਉਨ੍ਹਾਂ ਨੂੰ ਬੰਦ ਕਰ ਦਿੱਤਾ ਗਿਆ। ਮੈਂ ਉਸ ਚੋਣ ਖਰਚੇ ਬਾਰੇ ਗੱਲ ਕਰ ਰਿਹਾ ਹਾਂ ਜੀ।

ਸ਼੍ਰੀ ਡਿਪਟੀ ਸਪੀਕਰ : ਜਿਹੜੇ ਡਿਪਾਰਟਮੈਂਟ ਦੇ ਅਫਸਰ ਸਦਨ ਵਿਚ ਹਾਜ਼ਰ ਨਹੀਂ ਹਨ ਤੁਸੀਂ ਉਨ੍ਹਾਂ ਬਾਰੇ ਨਹੀਂ ਬੋਲ ਸਕਦੇ। Please speak on the points only.

ਸਰਦਾਰ ਨਿਰਮਲ ਸਿੰਘ ਨਿੰਮਾ : ਡਿਪਟੀ ਸਪੀਕਰ ਸਾਹਿਬ, ਮੈਂ ਸਦਨ ਵਿਚ ਬੋਲ ਰਿਹਾ ਹਾਂ ਜੀ, ਡਿਪਾਰਟਮੈਂਟ ਦਾ ਖਿਆਲ ਰਖਣਾ ਮੇਰਾ ਕੰਮ ਨਹੀਂ ਹੈ ਕਿ ਉਸਦਾ ਮੰਤਰੀ ਉਸ ਵਿਚ ਹਾਜ਼ਰ ਹੈ

ਜਾਂ ਨਹੀਂ। ਉਹ ਉਨ੍ਹਾਂ ਦੀ ਡਿਊਟੀ ਹੈ। ਗੱਲ ਚੋਣਾਂ ਦੀ ਹੋ ਰਹੀ ਹੈ, ਕਰੋੜਾਂ ਰੁਪਿਆ ਖਰਚ ਹੋਇਆ ਹੈ ਔਰ ਖ਼ਰਚ ਕਰਕੇ ਸਾਡੇ ਉਤੇ, ਸਾਰੇ ਪੰਜਾਬ ਦੇ ਲੋਕਾਂ ਉਤੇ ਬੋਝ ਪਾਇਆ ਗਿਆ ਹੈ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਾਹਲੀ ਵੋਟਾਂ ਤਾਂ ਪਵਾਉਣੀਆਂ ਹੀ ਸਨ ਪਰ ਜਿਸ ਤਰੀਕੇ ਨਾਲ ਮੁਲਾਜ਼ਮਾਂ ਨੂੰ ਡਰਾਇਆ ਧਮਕਾਇਆ ਜਾਂਦਾ ਰਿਹਾ ਹੈ ਉਹ ਠੀਕ ਨਹੀਂ ਹੈ। ਜਿਥੇ ਰੂਲਿਂਗ ਪਾਰਟੀ ਦੇ ਆਪਣੇ ਬੰਦੇ ਜਿਤਾਏ ਜਾਣ, ਇਸ ਤਰ੍ਹਾਂ ਨਾਲ ਹੋਰ ਖਰਚੇ ਸਾਡੇ ਉਤੇ ਪਾਏ ਜਾਣ ਤਾਂ ਮੈਂ ਕਹਾਂਗਾ ਕਿ ਇਹ ਖਰਚੇ ਸਾਡੇ ਉਤੇ ਨਹੀਂ ਪੈਣੇ ਚਾਹੀਦੇ।

ਇਸ ਦੇ ਨਾਲ ਹੀ ਮੈਂ ਸਥਾਨਕ ਸਰਕਾਰ ਦੀਆਂ ਗੱਲਾਂ ਕਰਨੀਆਂ ਚਾਹੁੰਦਾ ਹਾਂ। ਕਈ ਥਾਵਾਂ ਅਜਿਹੀਆਂ ਹਨ ਜਿਥੇ ਕਿ ਇਨਕਮ ਦੇ ਸੋਰਸ ਨਹੀਂ ਹਨ ਪਰ ਸਿਰਫ ਉਥੇ ਲੋਕਾਂ ਨੂੰ ਨਾਮੀਨੇਟ ਕਰਨ ਲਈ ਨੋਟੀਫਾਇਡ ਏਰੀਆ ਕਮੇਟੀਆਂ ਬਣਾਈਆਂ ਜਾ ਰਹੀਆਂ ਹਨ। ਮੈਂ ਦੱਸਦਾ ਹਾਂ ਕਿ ਜਿਥੇ ਚੋਣਾਂ ਰੱਦ ਕੀਤੀਆਂ ਗਈਆਂ ਹਨ ਉਥੇ ਆਪਣੇ ਆਦਮੀਆਂ ਨੂੰ ਨਾਮੀਨੇਟ ਕਰਨ ਵਾਸਤੇ ਨੋਟੀ-ਫਾਈਡ ਏਰੀਆ ਕਮੇਟੀਆਂ ਬਣਾਈਆਂ ਜਾ ਰਹੀਆਂ ਹਨ। ਮੈਂ ਫਿਰ ਸਥਾਨਕ ਸਰਕਾਰ ਦੇ ਬਾਰੇ ਗਲ ਕਰਨ ਲਗਾ ਹਾਂ। ਬਰਨਾਲਾ 'ਬੀ' ਕਲਾਸ ਕਮੇਟੀ ਹੈ ਉਸ ਦੇ ਨਾਲ ਜਿਹੜੇ ਪਿੰਡ ਲਗਦੇ ਹਨ ਉਨ੍ਹਾਂ ਨੂੰ ਨੋਟੀਫਾਈਡ ਏਰੀਆ ਨਾਲ ਜੋੜਿਆ ਜਾ ਰਿਹਾ ਹੈ ਜਦ ਕਿ ਉਸ ਨੋਟੀਫਾਈਡ ਏਰੀਆ ਦੀ ਆਮਦਨ ਬਿਲਕੁਲ ਨਹੀਂ ਹੈ। ਉਥੋਂ ਦੇ ਲੋਕ ਇਸ ਤੋਂ ਬਹੁਤ ਦੁਖੀ ਹਨ ਉਨ੍ਹਾਂ ਦਾ ਕਹਿਣਾ ਹੈ ਕਿ ਜੇ ਤਾਂ ਉਨ੍ਹਾਂ ਨੂੰ ਜੋੜਨੀ ਹੈ ਤਾਂ ਬਰਨਾਲਾ ਮਿਊਂਸਪਲ ਕਮੇਟੀ ਨਾਲ ਜੜਿਆ ਜਾਵੇ ਨਹੀਂ ਤਾਂ ਪਚਾਇਤ ਨਾਲ ਹੀ ਰਹਿਣ ਦਿੱਤਾ ਜਾਵੇ। ਇਹ ਹੀਜੜੇ ਵਾਲਾ ਹਾਲ ਉਨ੍ਹਾਂ ਨੂੰ ਚਗਾ ਨਹੀਂ ਲਗਦਾ। ਇਸ ਲਈ ਉਨ੍ਹਾਂ ਦੀ ਪੁਰਜ਼ੋਰ ਮੰਗ ਹੈ ਔਰ ਮੈਂ ਵੀ ਬੇਨਤੀ ਕਰਦਾ ਹਾਂ ਕਿ ਉਨ੍ਹਾਂ ਨੂੰ ਜਾਂ ਤਾਂ ਮਿਊਂਸਪਲ ਕਮੇਟੀ ਨਾਲ ਜੋੜਿਆ ਜਾਵੇ ਜਾਂ ਫਿਰ ਪੰਚਾਇਤ ਦੇ ਨਾਲ ਹੀ ਰਹਿਣ ਦਿੱਤਾ ਜਾਵੇ।

ਬਾਕੀ ਜਿਹੜਾ ਇਹ ਪੈਸਾ ਨਜਾਇਜ਼ ਖਰਚਿਆਂ ਵਾਸਤੇ ਮੰਗ ਰਹੇ ਹਾਂ, ਇਹ ਠੀਕ ਨਹੀਂ ਹੈ। ਜਿਹੜਾ ਨਜਾਇਜ਼ ਖਰਚ ਹੋ ਰਿਹਾ ਹੈ ਉਥੋਂ ਪੈਸਾ ਬਚਾ ਕੇ ਅਨੁਸੂਚਿਤ ਜਾਤੀਆਂ ਦੀ ਭਲਾਈ ਦੇ ਵਾਸਤੇ ਲਾਇਆ ਜਾਣਾ ਚਾਹੀਦਾ ਹੈ। ਪਹਿਲੇ ਤਾਂ ਇਨ੍ਹਾਂ ਨੇ ਉਨ੍ਹਾਂ ਲਈ ਭੰਗੀ ਦਾ ਲਫਜ਼ ਵਰ-ਤਿਆ ਹੈ, ਇਹ ਜ਼ਰੂਰ ਵਾਪਿਸ ਲੈਣਾ ਚਾਹੀਦਾ ਹੈ। ਫਿਰ ਉਨ੍ਹਾਂ ਲਈ ਇਨ੍ਹਾਂ ਨੇ ਇਕ ਲੱਖ ਰੁਪਿਆ ਉਨ੍ਹਾਂ ਤੇ ਆਸਰਿਤ ਪਰਿਵਾਰਾਂ ਦੀ ਰਾਹਤ ਤੇ ਖਰਚ ਕਰਨ ਵਾਸਤੇ ਰਖਿਆ ਹੈ। ਮੈਂ ਸਮਝਦਾ ਹਾਂ ਕਿ ਇਹ ਜਿਹੜੀ ਰਕਮ ਹੈ ਇਹ ਬਹੁਤ ਥੋੜ੍ਹੀ ਹੈ। ਇਸ ਤੇ ਹੋਰ ਪੈਸਾ ਰੱਖਿਆ ਜਾਣਾ ਚਾਹੀਦਾ ਹੈ। ਇਹ ਇਕ ਲੱਖ ਰੁਪਿਆ ਦੇ ਕੇ ਤਾਂ ਇਕ ਡਰਾਮਾ ਕੀਤਾ ਗਿਆ ਹੈ। ਇਹ ਪੈਸਾ ਜ਼ਰੂਰ ਵਧਾਉਣਾ ਚਾਹੀਦਾ ਹੈ।

ਇਸ ਤੋਂ ਬਾਅਦ ਮੈਂ ਇੰਪਲਾਈਜ਼ ਦੇ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਇੰਪਲਾਈਜ਼ ਨੂੰ ਰਾਹਤ ਦੇਣ ਲਈ ਵੀ ਕੁਝ ਪੈਸਾ ਰਖਿਆ ਜਾਣਾ ਚਾਹੀਦਾ ਹੈ। ਉਨ੍ਹਾਂ ਦੀਆਂ ਕਈ ਮੰਗਾਂ ਹਨ। ਇਸ ਤੋਂ ਇਲਾਵਾ ਉਨ੍ਹਾਂ ਨੂੰ ਇਕ ਹੋਰ ਵੀ ਮੁਸ਼ਕਲ ਆਉਂਦੀ ਹੈ ਜਿਹੜੇ ਇਥੇ ਸਕੱਤਰੇਤ ਵਿਚ ਜਾਂ ਐਮ. ਐਲ. ਏਜ਼. ਹੋਸਟਲ ਵਿਚ ਕੰਮ ਕਰਦੇ ਹਨ ਉਨ੍ਹਾਂ ਨੂੰ ਟੈਲੀਫੂਨ ਦੀ ਮੁਸ਼ਕਲ ਹੁੰਦੀ ਹੈ। ਇਸ ਲਈ ਬੇਨਤੀ ਹੈ ਕਿ ਉਥੇ ਕੋਈ ਐਸ. ਟੀ. ਡੀ. ਖੋਲ੍ਹ ਦੇਣੀ ਚਾਹੀਦੀ ਹੈ ਇਸ ਨਾਲ ਕਿਸ ਨੂੰ ਰੋਜ਼ਗਾਰ ਵੀ ਮਿਲੇਗਾ ਔਰ ਇੰਪਲਾਈਜ਼ ਨੂੰ ਸਹੂਲਤ ਹੋ ਜਾਵੇਗੀ।

[ਸਰਦਾਰ ਨਿਰਮਲ ਸਿੰਘ ਨਿੰਮਾ]

ਇਸ ਦੇ ਨਾਲ ਹੀ ਮੈਂ ਇਹ ਵੀ ਕਹਾਂਗਾ ਕਿ ਅੱਜ ਸਰਕਾਰੀ ਟੈਲੀਫੂਨਾਂ ਦੇ ਖਰਚੇ ਕਾਫੀ ਵੱਧ ਰਹੇ ਹਨ। ਅਫਸਰ ਆਪਣੇ ਬਾਹਰ ਔਰ ਆਪਣੇ ਘਰਾਂ ਵਿਚ ਟੈਲੀਫੋਨ ਕਰਦੇ ਰਹਿੰਦੇ ਹਨ। ਇਸ ਲਈ ਮੇਰੀ ਬੇਨਤੀ ਹੈ ਕਿ ਅੱਜ ਕੱਲ੍ਹ ਨਵੀਆਂ ਮਸ਼ੀਨਾਂ ਆ ਗਈਆਂ ਹਨ ਜਿਸ ਤੋਂ ਇਹ ਪਤਾ ਲਗਦਾ ਹੈ ਕਿ ਇਹ ਟੈਲੀਫੋਨ ਕਿਥੇ ਕਿਥੇ ਮਿਸਯੂਜ਼ ਹੋਇਆ ਹੈ। ਇਸ ਲਈ ਇਹ ਨਵੀਆਂ ਟੈਕਨੀਕ ਦੀਆਂ ਮਸ਼ੀਨਾਂ ਟੈਲੀਫੂਨ ਦੇ ਨਾਲ ਲਾਉਣੀਆਂ ਚਾਹੀਦੀਆਂ ਹਨ ਜਿਸ ਨਾਲ ਸਰਕਾਰੀ ਟੈਲੀਫੂਨ ਦਾ ਮਿਸਯੂਜ਼ ਨਾ ਹੋ ਸਕੇ ਔਰ ਸਰਕਾਰ ਦਾ ਪੈਸਾ ਬਚ ਸਕੇ।

ਇਸ ਲਈ ਅੰਤ ਵਿਚ ਮੈਂ ਇਹ ਫਿਰ ਕਹਿੰਦਾ ਹੋਇਆ ਕਿ ਜਿਹੜਾ ਨਜਾਇਜ਼ ਖਰਚ ਹੋ ਰਿਹਾ ਹੈ ਇਸ ਤੇ ਰੋਕ ਲਾਈ ਜਾਣੀ ਚਾਹੀਦੀ ਹੈ, ਜਿਹੜਾ ਗਲਤ ਨੀਤੀਆਂ ਤੇ ਖਰਚ ਹੋ ਰਿਹਾ ਹੈ, ਨੋਟੀਫਾਈਡ ਏਰੀਆ ਕਮੇਟੀਆਂ ਤੇ ਖਰਚ ਹੋ ਰਿਹਾ ਹੈ ਇਹੋ ਜਿਹੇ ਪੈਸੇ ਨੂੰ ਜ਼ਰੂਰ ਬਚਾਉਣਾ ਚਾਹੀਦਾ ਹੈ ਔਰ ਇਸ ਨੂੰ ਚੰਗੇ ਪਾਸੇ ਖਰਚਿਆ ਜਾਣਾ ਚਾਹੀਦਾ ਹੈ। ਐਨਾ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

ਜੈ ਭੀਮ, ਜੈ ਭਾਰਤ।

श्रीमति लक्ष्मी कांता चावला (अमृतसर केन्द्रीय) : सभापति महोदय, आप का धन्यवाद आपने मुझे इस अवसर पर बोलने का मौका दिया है, आज इस प्रस्ताव पर जो बहस चल रही है मैं अपनी नम्र निवेदन यह करना चाहती हूं कि सरकार का काम पैसे से चलता है और सरकार को पैसा टैक्स आदि से आता है। यह लोगों का पैसा है इसलिए यह हमारा कर्त्तव्य बनता है कि हम इस पैसे को ठीक तरह से खर्च करें। दो दिन पहले मैंने एक प्रार्थना की थी कि सरकार बड़े आराम से अपने खर्च में कमी ला सकती है। पर इन को मेरी बात अच्छी नहीं लगेगी। पंजाब में बहुत थोड़े ऐसे व्यक्ति हैं जिन की आमदनी 71 रुपये से ज्यादा है। मेरी जानकारी के अनुसार जब सरकार पंजाब भवन और विधान सभा में दोपहर के खाने और रात के खाने के आयोजनों पर 71-50 रुपये प्रति व्यक्ति कम से कम खर्च करती है और इस हाऊस के सदस्यों को यह खाना होस्टल कंटीन से 7/- रु० प्रति व्यक्ति देते हैं इस में एक मीठी चीज और जोड़ दें और इस में चाहे रेट 10-12 रुपये कर दें। कोई भी व्यक्ति अपने घर किसी को 171 रुपये का खाना खिला सकता है। सरकार पर सरकारी पैसे से इतना महंगा खाने का हमें कोई अधिकार नहीं। कुछ उद्घाटन कार्यक्रम ऐसे हैं जो करने ही चाहिए पर कुछ उदघाटन ऐसे हैं जो किसी मन्त्री विशेष के लिये किए जाते हैं। उदाहरण के लिये मेरे नगर अमृतसर में सीवरेज की गलियां साफ करने का काम एक मशीन कई दिन से कर रही थी, पर उस को भी हरी झण्डी दिखाई एक मन्त्री के उद्घाटन करवाने पर, हजारों रुपये खर्च दिए। अफसरों को गाड़ियों में लाने, दूरदर्शन की टीम वहीं पहुंचाने पर ही कितना खर्च व्यर्थ में हो गया। अमृतसर में सकैनिग मशीन अस्पताल में पिछले 6 महीनों से चल रही थी उस मशीन का उद्घाटन करने के लिये डिपार्टमेंट के डाक्टरों और प्रोफैसरों ने अपनी कारगुजारी हैल्थ मिनिस्टर साहिब को दिखाने के लिये उस सकैनिग मशीन के उद्घाटन के लिये मन्त्री साहिब को अमृतसर

बुलाया गया। कम से कम 95 डाक्टर और प्रोफैसर अस्पताल की वार्ड छोड़ कर एक लाईन में खड़े रहे और मरीजों को तंगी का सामना करना पड़ा। मनिस्टर साहिब चाहे लेट आये डाक्टरों को तो खड़े रहना है। इस तरह फजूल के खर्च को बचाया जा सकता था। इसी तरह पंचायत इलैक्शन में काफी खर्च सरकार की तरफ से किया गया। किस तरह यह खर्च हुआ। जहां तक मैंने अपनी आंखों से देखा है उस को ब्यान करूंगी कि जिस दिन अमृतसर में सरपंचों और पंचों को शपथ दिलाई जा रही थी उस से दो दिन पहले पुलिस ने अमृतसर शहर में टैंट वालों की दुकानों पर रेडज किये जैसे पहले अमृतसर में उग्रवादी किया करते थे घी, कपड़ा, रुपया लेने के लिये। आम तौर पर इस तरह के खर्च सरकार करती है लेकिन पुलिस ने रेडज करके 15 हजार कुर्सियां और टेबल, गलीचे और लाल कपड़े का इन्तजाम फंक्शन के लिये किया। यह तरीका ठीक नहीं था पहले भी ऐसे फंक्शन होते रहे हैं। टैंट हाऊस वाले कहते थे कि किराये की बात छोड़ो हमारा सामान, कुर्सीयां ही वापस आ जायें यह ही ठीक है। किराया तो सरकार बिलों में बनायेगी और खर्चा भी दिखाएगी, जो अफसरों के पास चला जायेगा। मेरे अमृतसर शहर में पिछले दिनों एक शादी हुई उस शादी में बहुत सारे वजीर साहिब आये कोई व्यक्तिगत रूप में किसी की शादी पर जा सकता है लेकिन उस शादी पर बहुत सारे वजीर साहिब ने टी०ऐ०/डी०ऐ० सरकार से लेने के लिये कई फंक्शन शहर में रख दिये ताकि खर्चा सरकार से ले सकें। इस फालतू खर्च को बचाया जा सकता है और व्यक्तिगत रूप में जा सकते हैं। इसका सरकारी खजाने पर भार नहीं पड़ना चाहिये।

ਸਰਦਾਰ ਮਲਕੀਅਤ ਸਿੰਘ ਖਿਰਮੀ : ** ** **

ਸ੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਤੁਸੀਂ, ਚਾਵਲਾ ਜੀ, ਆਪਣੀ ਸਪੀਚ ਨੂੰ ਜਾਰੀ ਰੱਖੋ।

श्रीमति लक्ष्मी कांता चावला : अध्यक्ष महोदय, मेरी एक और प्रार्थना है। वैसे नियम तो यह है कि यह गलती तो आप न करें। मान लीजिए कि कोई कूएं में गिरता है तो उसके मगर कूएं में न डिगें।

अगली बात में विजीलैंस विभाग की करती हूं। विजीलैंस विभाग में अगर उन्होंने इन्क्वायरी नहीं करनी तो फिर विजीलैंस विभाग किस लिए है। पी.सी. ऐल का एक केस मैंने भेजा और विजीलैंस डायरैक्टर आई.जी. कहते हैं कि हमने महकमे को लिख दिया है, महकमा कहेगा तो इन्क्वायरी करेंगे,—

'वही कातिल वही मुन्सिफ'

अगर यही नीति रही तो फिर विजीलैंस विभाग वही कर देगा जो महकमे वाले कहते हैं। इन्क्वायरी नहीं हो सकती हालत यह कर दी है कि :—

'न रोने की इजाजत है,
न फरियाद की है,
घुट घुट कर मर जायेंगे
मरजी हमारे सय्याद की है'

**Expunged as ordered by the Chair.

[श्रीमति लक्ष्मी कांता चावला]

और अगली बात पुलिस विभाग की कर रही हूं कि महिलाओं के लिये अलग पुलिस स्टेशन बनाए जाएं। यह मांग बहुत देर से पंजाब से आ रही है। इस बार की जो पहली मांग है वह यह है कि अभी भी केवल चार जिला मुख्यालयों में पुलिस स्टेशन की मांग की थी लेकिन वहां कोई वरिष्ठ महिला पुलिस अधिकारी नहीं है और जो छोटे दर्जे के अधिकारी हैं, वह अपनी इच्छा से कुछ नहीं कर सकते, एक बात जो कोई और नहीं कहता। एक महिला ए०एस०आई०, एस०आई० बना कर तो हम फील्ड में भेज देते हैं लेकिन वह निहत्थी होती है। उनको पैंट, शर्ट तो हमने पहना दी लेकिन ए०एस०आई० की तरह रिवाल्वर उनकी कमर में लटकता हुआ दिखाई नहीं देता। महिला पुलिस को भी अगर सड़क पर भेजना है तो उनको हथियार बन्द करके भेजना चाहिये। वह किसी की कस्टडी में जायें आए और उनको सुरक्षित भेजने के लिये भी फोर्स भेजनी पड़े। इससे तो पुलिस विभाग का गौरव नहीं बढ़ता है। मेरी प्रार्थना है कि महिला पुलिस को भी हथियार दिए जाएं।

फिर बात हो रही थी समाज भलाई के लिये बुढ़ापा पैंशन और विधवा पैंशन देना समाज भलाई में आता है। मुश्किल से तो इनकी पैंशन 150/– रुपये हुई और आज हालत यह है कि सन् 1988 में भी जिन्होंने प्रार्थना पत्र दिये हैं बुढ़ापा पैंशन के लिये, विधवा पैंशन के लिये, उनके प्रार्थना पत्र लगे हुए हैं। बार बार मंत्रियों को याद कराने के बाद भी जो पैंशन का फार्म है उस पर अभी तक लिखा हुआ है कि अगर आपकी आमदन 30/–रुपये से ज्यादा है तो आपको पैंशन नहीं मिलेगी। कोई किसी के घर बर्तन भी साफ करने जाती तो वह 50/–,60/–, 70/–, 80/–रुपये लेकर आती है। इसको बदलिए और कम से कम तीन महीने के अन्दर अप्लाई करने वाले को पैंशन मिल जाये, यह जरूर देखा जाए।

अभी बात आ रही थी कि सिर पर मैला उठाना पड़ता है, किसी को भंगी कहा जाता जाता है। मेरी वित्त मंत्री महोदय से प्रार्थना है कि आने वाले साल में ऐसा कोई करिश्मा कर दें जिस से पूरे पंजाब में किसी को सिर पर मैला उठाना न पड़े और जो लोग गन्दे नाले के किनारे तथा उसके अन्दर रहते हैं उनका जीवन सुधारने के लिये कुछ किया जाये। मैं व्यक्तिगत रूप से अपने वित्त मंत्री, डाक्टर केवल कृष्ण जी का धन्यवाद करती हूं कि एक दिन वह मेरे साथ उस गन्दे नाले की बस्ती में गए वहां लोग सचमुच गन्दे नाले के अन्दर रहते हैं इन्होंने आदेश भी दिये इनमें केवल इतनी प्रार्थना करूंगी कि उन आदेशों को लागू करवा दें कि जो लोग नरक की, कीड़े मकोड़ों की जिन्दगी जी रहे हैं उनको इन्सानी जिन्दगी हम लोग दे सकें।

और फिर महिला भलाई की बात आती है। एक बात और चाहे इसके लिये कुछ अलग खर्चा करना पड़े या निर्देश देने पड़ें जो महिलाओं के अर्थ लगे। अश्लील पोस्टर सारी सड़कों पर लगे मिलते हैं। विज्ञापनों में कोई पैर के पहनने के लिये जूती बेचता है, कोई सिर दर्द की गोली बेचता है और जो सिगरेट औरतें कभी नहीं पीती, वे सिगरटें बेचती हैं। उस पर महिलाओं के अपमानजनक विज्ञापन लगाए जाते हैं, कम से कम हम लोगों को

पंजाब की सड़कों पर इस तरह के पोस्टर दिखाई नहीं देने चाहिये। एक बार सरकार अगर यह आदत बना ले कि जो झगड़ा सामने आये उस को हल कर दिया जायें तो हमारा कोर्टों का अदालतों का बहुत सा खर्च बच सकता है। वैसे आप अगर ब्यौरा लें जो सरकारी वकील मुकदमा जीत के आए हैं यह अगर अनामिका से छोटी उंगली से शुरु कीजिए तो बड़ी उंगली तक आते आते खत्म हो जाते हैं, वह ज्यादातर हार कर आते हैं। इस लिए कोशिश करें कि आपके अफसर, मंत्री अधिकारी ट्रिब्यूनल, कोई भी उन झगड़ों को हल कर लिया करें। अदालतों में जाना न पड़े।

एक और जरूरी बात है कि वेस्टेज बचाई जाए। एक तो यह निश्चित कीजिये कि एक कोठी में या एक दफ्तर में चाहे वह मंत्री का है, अधिकारी का है या एम.एल.ए. का है किसी का भी है ज्यादा से ज्यादा कि इतने बिजली के प्वायंट लगे हुए हों।

हालत यह है कि मन्त्री जी तो हमारे बाहर भी चले जाते हैं मगर ए.सी.व 14–14 बत्तीयां जलती रहती हैं। मन्त्रियों तथा अधिकारियों की कोठियों में कितनी कितनी बत्तीयां जलती रहती हैं जो कि बिजली की वेस्टेज है यह राष्ट्रीय वेस्टेज है और बिजली को बचाना बहुत जरूरी है। किसी भी कमरे के अंदर बिजली, पंखे व कूलर बिना वजह न चलें।

डिप्टी स्पीकर साहिब, अगली बात मैं डाक्टरों की हड़ताल के बारे में कहूंगी। पिछले मास 16 फरवरी को गवर्नर साहिब से मैंने डाक्टरों से मिलवाया भी था। उनकी मांगें गल्त नहीं हैं। वह पूरा समय काम करते हैं। उनको वह वेतन, वह अलाऊंस क्यों न मिले जो डिपार्टमैंट में नौकरी करते एम. डी. एम. एस. करने वाले को अलाऊंस वगैरा मिलता है। अगर उनको पूरा वेतन आदि न मिलेगा तो समाज की हानि होगी, डाक्टरों का असन्तोष ठीक नही। उनकी मांगें माननी चाहियें।

मैं वित्त मन्त्री जी से यह भी प्रार्थना करूंगी कि कालेज टीचरज को भी पैन्शन दे दी जाए, स्कूल टीचरज को भी पैन्शन दे दी जाये व नगर पालिकाओं के कर्मचारियों को भी पैन्शन दे दी जाये। एक बात और कि जो नगर निगम के कन्धों पर छकड़ा ट्रांसपोर्ट का बोझ पड़ा हुआ है, उसको भी वापिस ले लिया जाये।

बाकी, आठवीं की परीक्षा बोर्ड 1993 में बिल्कुल न लें व अगले वर्ष के लिये शिक्षा विभाग भी अभी पूरा प्रबंध कर ले।

एक बात और, डिप्टी स्पीकर साहिब, बहराम में एक कमजोर वर्ग का सरपंच चुना गया। परन्तु क्योंकि वह कमजोर वर्ग का है, इसलिये उसका रास्ता रोका जाए, शपथ न लेने दी जाए, यह बात बिल्कुल संविधान के अनुसार नहीं, सरकार की नीतियों के अनुसार नहीं। इसके साथ ही मैं आपका धन्यवाद करती हूं। वन्दे मातरम्।

जय हिन्द।

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ (ਬਾਘਾ ਪੁਰਾਣਾ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਅੱਜ ਫੇਰ ਐਪਰੋਪਰੀਏਸ਼ਨ ਬਿਲ ਤੇ ਬੋਲਣ ਦਾ ਸਮਾਂ ਦਿੱਤਾ, ਮੌਕਾ ਦਿਤਾ। ਇਹ ਬੜਾ ਅਹਿਮ ਕੰਮ ਹੈ ਕਿ ਇਸ ਬਿਲ ਤੇ ਗੌਰ ਕਰਨੀ ਹੈ ....

ਸੰਸਦੀ ਮਾਮਲਿਆਂ ਦੇ ਮੰਤਰੀ: ਡਿਪਟੀ ਸਪੀਕਰ ਸਾਹਿਬ, ਜਿਹੜੇ ਮੈਂਬਰ ਸਾਹਿਬਾਨ ਇਸ ਤੇ ਪਹਿਲਾਂ ਬੋਲ ਚੁਕੇ ਹਨ ਉਨ੍ਹਾਂ ਦਾ ਟਾਈਮ ਜ਼ਰੂਰ ਲਿਮਟ ਕਰ ਦਿਉ। ਉਹ ਜਨਰਲ ਡਿਸਕਸ਼ਨ ਵਿਚ ਬੋਲ ਚੁੱਕੇ ਹਨ। ਡਿਮਾਂਡਜ਼ ਉਹੀ ਹਨ।

ਸ੍ਰੀ ਡਿਪਟੀ ਸਪੀਕਰ : ਸਾਥੀ ਜੀ ਤੁਸੀਂ 8 ਮਿੰਟ ਬੋਲਣਾ ਹੈ। ਜਿਹੜੇ ਪੁਆਇੰਟ ਤੇ ਤੁਸੀਂ ਪਹਿਲਾਂ ਬੋਲ ਚੁਕੇ ਹੋ ਉਹ ਰਿਪੀਟ ਨਾ ਕਰਨਾ।

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਡਿਪਟੀ ਸਪੀਕਰ ਸਾਹਿਬ, ਪੰਜਾਬ ਦੇ ਵਿੱਚ ਪਹਿਲਾਂ ਇਹ ਰਵਾਇਤ ਸੀ ਕਿ ਕੰਸਲਟੇਟਿਵ ਕਮੇਟੀਆਂ ਹਰ ਡਿਪਾਰਟਮੈਂਟ ਵਿੱਚ ਹੁੰਦੀਆਂ ਸਨ ਜਿਹੜੀਆਂ 1983 ਨੂੰ ਖਤਮ ਕਰ ਦਿਤੀਆਂ ਗਈਆਂ। ਅੱਜ ਦੇਸ਼ ਦੀ ਪਾਰਲੀਮੈਂਟ ਦੇ ਵਿੱਚ ਵੀ ਕੰਸਲਟੇਟਿਵ ਕਮੇਟੀਆਂ ਹਨ ਜਿਨ੍ਹਾਂ ਵਿਚ ਹਰ ਪਾਰਟੀ ਦੇ ਨੁਮਾਇੰਦੇ ਹਨ। ਉਹ ਸੁਝਾਓ ਦਿੰਦੀਆਂ ਹਨ ਕਿ ਕਿਥੇ ਕਿਥੇ ਕਿਵੇਂ ਕਿਵੇਂ ਪੈਸਾ ਖਰਚ ਕੀਤਾ ਜਾਣਾ ਚਾਹੀਦਾ ਹੈ। ਮਗਰ ਅੱਜ ਤੱਕ ਮੈਨੂੰ ਇਹ ਲਗਦਾ ਹੈ ਕਿ ਸਰਕਾਰ ਕੰਸਲਟੇਟਿਵ ਕਮੇਟੀਆਂ ਨਹੀਂ ਬਣਾਉਣਾ ਚਾਹੁੰਦੀ ਔਰ ਇਹ ਪਿਛਲੇ ਦਰਵਾਜ਼ੇ ਰਾਹੀਂ ਗੋਲਮਾਲ ਹੋਈ ਜਾਵੇ ਉਸ ਨੂੰ ਆਗਿਆ ਦੇਣਾ ਚਾਹੁੰਦੀ ਹੈ। ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਸੁਝਾਉ ਦਿੰਦਾ ਹਾਂ ਸਰਕਾਰ ਨੂੰ ਕਿ ਉਹ ਕੰਸਲਟੇਟਿਵ ਕਮੇਟੀਆਂ ਬਣਾਏ ਜੋ ਦੱਸਣ ਕਿ ਕਿਹੜਾ ਪੈਸਾ ਕਿਥੇ ਕਿਥੇ ਅਤੇ ਕਿਵੇਂ ਲਗਣਾ ਚਾਹੀਦਾ ਹੈ। ਇਨ੍ਹਾਂ ਵਿਚ ਆਪੋਜ਼ੀਸ਼ਨ ਵਾਲੇ ਵੀ ਮੈਂਬਰ ਹੋਣ ਅਤੇ ਰਾਜਭਾਗ ਵਾਲੇ ਵੀ ਮੈਂਬਰ ਹੋਣ। ਇਸ ਤਰ੍ਹਾਂ ਕਰਨ ਨਾਲ ਸਰਕਾਰ ਦੇ ਪੈਸੇ ਦੀ ਕੁਵਰਤੋਂ ਬੰਦ ਹੋ ਸਕਦੀ ਹੈ।

ਡਿਪਟੀ ਸਪੀਕਰ ਸਾਹਿਬ, ਐਗਰੀਕਲਚਰ ਐਂਡ ਫਾਰੈਸਟ ਦਾ ਮਸਲਾ ਆਇਆ ਹੈ। ਮੰਤਰੀ ਜੀ ਨੇ ਮੇਰੇ ਤੇ ਰੋਕ ਲਾਈ ਹੈ ਕਿ ਜਿਸ ਤੇ ਇਕ ਵਾਰ ਬੋਲ ਲਿਆ ਹੈ ਉਸ ਤੇ ਦੁਬਾਰਾ ਨਹੀਂ ਬੋਲਣਾ। ਸਾਡੇ ਦੇਸ਼ ਦੇ ਵਿੱਚ ਪੰਜਾਬ ਦਾ ਜਿਹੜਾ ਸੂਬਾ ਹੈ ਉਹ ਸਭ ਤੋਂ ਵੱਧ ਖੇਤੀ ਉਤਪਾਦਨ ਕਰਦਾ ਹੈ। ਧਰਤੀ ਦੀ ਭੌਂਅ ਦੀ ਤਾਕਤ ਨੂੰ ਦੇਖਦਿਆਂ ਹੋਇਆਂ ਇਹ ਅੱਜ ਹਾੜੀ ਅਤੇ ਸਾਉਣੀ ਦੀਆਂ ਫਸਲਾਂ ਤੋਂ ਇਲਾਵਾ ਹੋਰ ਕਈ ਲਾਹੇਵੰਦ ਫਸਲਾਂ ਦੇ ਉਤਪਾਦਨ ਵੱਲ ਨੂੰ ਜਾ ਰਿਹਾ ਹੈ।

ਫਰਟੀਲਾਈਜ਼ਰਜ਼ ਦੇ ਯੂਜ਼ ਨੂੰ ਵੇਖਦਿਆਂ ਹੋਇਆਂ ਪੈਸਟੀਸਾਈਡਜ਼ ਦੇ ਯੂਜ਼ ਨੂੰ ਵੇਖਦਿਆਂ ਹੋਇਆਂ ਜਿਹੜਾ ਕਿਸਾਨ ਨੂੰ ਮੁੱਲ ਮਿਲਿਆ ਹੈ ਉਹ ਲਾਹੇਵੰਦ ਨਹੀਂ ਮਿਲਿਆ ਭਾਵੇਂ ਸਾਡੀ ਸਰਕਾਰ ਨੇ ਇਹ ਕਿਹਾ ਵੀ ਹੈ ਕਿ ਅਸੀਂ ਐਨਾ ਵੱਧ ਰੇਟ ਦੇ ਦਿਤਾ ਹੈ। ਜੇ ਹਾੜੀ ਅਤੇ ਸਾਉਣੀ ਦੀਆਂ 2 ਫਸਲਾਂ ਦਾ ਲਾਹੇਵੰਦ ਮੁੱਲ ਪੂਰਾ ਮਿਲਦਾ ਹੋਵੇ ਤਾਂ ਕਿਸਾਨ ਦੂਜੇ ਪਾਸੇ ਕਿਉਂ ਜਾਵੇਗਾ ? ਸੈਂਟਰ ਦੇ ਵਿਚ ਵੀ ਇਕ ਕਮੇਟੀ ਹੈ ਜਿਹੜੀ ਲਾਹੇਵੰਦ ਮੁੱਲ ਬਾਰੇ ਸਿਫਾਰਸ਼ ਕਰਦੀ ਹੈ ਅਤੇ ਅਸੀਂ ਪੰਜਾਬ ਵਲੋਂ ਵੀ ਸਿਫਾਰਸ਼ ਕਰਦੇ ਹਾਂ। ਭਾਵੇਂ ਸਾਡੇ ਮੁੱਖ ਮੰਤਰੀ ਸਾਹਿਬ ਨੇ ਸਿਫਾਰਸ਼ ਕੀਤੀ ਸੀ ਕਿ ਕਿਸਾਨ ਨੂੰ ਐਨਾ ਮੁੱਲ ਮਿਲੇ ਪਰ ਇਨ੍ਹਾਂ ਦੀ ਸਿਫਾਰਸ਼ ਦੇ ਮੁਤਾਬਿਕ ਉਨਾ ਮੁੱਲ ਨਹੀਂ ਦਿੱਤਾ ਗਿਆ। ਜਿਹੜਾ ਮੁੱਲ ਦਿੱਤਾ ਗਿਆ ਹੈ ਉਹ ਤਾਂ ਬਹੁਤ ਘੱਟ ਹੈ। ਫਿਰ ਇਹ ਕਿਉਂ ਕਹਿੰਦੇ ਹਨ ਕਿ ਕਿਸਾਨ ਦੂਜੇ ਪਾਸੇ ਨਾ ਜਾਵੇ ? ਜਿਹੜਾ ਸਰਕਾਰ ਨੇ ਬਾਹਰਲੇ ਦੇਸ਼ਾਂ ਦੇ ਦਬਾਅ ਹੇਠ

ਆ ਕੇ ਅਨਾਜ ਮੰਗਵਾਇਆ ਹੈ ਉਸ ਨਾਲ ਦੇਸ਼ ਤੇ ਬੋਝ ਪਿਆ ਹੈ। ਕਿਸਾਨ ਨੂੰ ਤਾਂ ਲਾਹੇਵੰਦ ਮੁੱਲ ਨਹੀਂ ਦਿੱਤਾ ਪਰ ਬਾਹਰਲੇ ਦੇਸ਼ਾਂ ਤੋਂ ਮਹਿੰਗੇ ਭਾਅ ਤੇ ਅਨਾਜ ਮੰਗਵਾ ਲਿਆ। ਬਾਹਰੋਂ ਮਹਿੰਗੇ ਭਾਅ ਅਨਾਜ ਮੰਗਵਾਉਣ ਨਾਲੋਂ ਚੰਗਾ ਸੀ ਕਿ ਸਾਡੇ ਕਿਸਾਨ ਨੂੰ ਹੀ ਲਾਹੇਵੰਦ ਮੁੱਲ ਦੇ ਦਿੱਤਾ ਜਾਂਦਾ। ਜੇ ਬਾਹਰੋਂ 540 ਰੁਪਏ ਦੇ ਹਿਸਾਬ ਨਾਲ ਅਨਾਜ ਮੰਗਵਾਇਆ ਹੈ ਤਾਂ ਇਸ ਦੇ ਨਾਲੋਂ ਤਾਂ ਚੰਗਾ ਸੀ ਕਿ ਕਿਸਾਨ ਨੂੰ 400 ਰੁਪਏ ਦਾ ਰੇਟ ਦੇ ਦਿੰਦੇ ਅਤੇ 140 ਰੁਪਏ ਡਿਪੂਆਂ ਤੋਂ ਸਸਤਾ ਰਾਸ਼ਨ ਲੈਣ ਵਾਸਤੇ ਗਰੀਬਾਂ ਨੂੰ ਦੇ ਦਿੰਦੇ। ਜੇ ਇਸ ਤਰ੍ਹਾਂ ਕਰ ਲੈਂਦੇ ਤਾਂ ਦੇਸ਼ ਦਾ ਸੋਨਾ ਵੀ ਬਚ ਜਾਣਾ ਸੀ ਅਤੇ ਪੰਜਾਬ ਦੀ ਕਿਸਾਨੀ ਦਾ ਵਿਕਾਸ ਵੀ ਹੋ ਜਾਣਾ ਸੀ। ਜੇ ਹੁਣ ਨਹੀਂ ਇਸ ਤਰ੍ਹਾਂ ਕੀਤਾ ਤਾਂ ਚਲੋ ਅੱਗੇ ਵਾਸਤੇ ਹੀ ਕਰ ਲੈਣ। ਮੈਂ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਸਾਡਾ ਪੰਜਾਬ ਕਿਸਾਨ ਅਤੇ ਮਜ਼ਦੂਰ ਤੇ ਆਸ਼ਰਿਤ ਹੈ। ਜੇ ਪੰਜਾਬ ਦੇ ਕਿਸਾਨ ਨੂੰ ਪੰਜਾਬ ਦਾ ਮੁੱਖੀ ਨਹੀਂ ਮੰਨਿਆ ਉਸ ਦਾ ਧਿਆਨ ਨਾ ਕੀਤਾ ਤਾਂ ਫਿਰ ਪੰਜਾਬ ਦੀ ਹਾਲਤ ਦੁਰਦਸ਼ਾ ਵਾਲੀ ਹੋ ਜਾਵੇਗੀ। ਇਸ ਲਈ ਮੈਂ ਸਰਕਾਰ ਤੋਂ ਆਸ ਕਰਦਾ ਹਾਂ ਕਿ ਉਹ ਕਿਸਾਨ ਨੂੰ ਵੱਧ ਤੋਂ ਵੱਧ ਲਾਹੇਵੰਦ ਮੁੱਲ ਦੇਵੇਗੀ। ਜੇ ਸੈਂਟਰ ਦੀ ਸਰਕਾਰ ਪੰਜਾਬ ਦੇ ਕਿਸਾਨ ਨਾਲ ਮਾੜਾ ਮੋਟਾ ਵਿਤਕਰਾ ਕਰਦੀ ਵੀ ਹੈ ਤਾਂ ਪੰਜਾਬ ਸਰਕਾਰ ਹੀ ਕਿਸਾਨ ਦਾ ਘਾਟਾ ਪੂਰਾ ਕਰ ਦੇਵੇ ਤਾਂ ਕਿ ਪੰਜਾਬ ਦੇ ਕਿਸਾਨ ਦਾ ਭਲਾ ਹੋ ਸਕੇ ਜਿਹੜਾ ਕਿ ਸਾਰੇ ਦੇਸ਼ ਲਈ ਵੱਧ ਤੋਂ ਵੱਧ ਅਨਾਜ ਪੈਦਾ ਕਰਦਾ ਹੈ।

ਇਸ ਤੋਂ ਅੱਗੇ ਮੈਂ ਹੋਮ ਅਫੇਅਰਜ਼ ਐਂਡ ਜਸਟਿਸ ਡਿਪਾਰਟਮੈਂਟ ਦੀ ਗੱਲ ਕਰਨੀ ਚਾਹੁੰਦਾ ਹਾਂ ਪੰਜਾਬ ਦੇ ਬਜਟ ਦਾ ਇਕ ਬਹੁਤ ਵੱਡਾ ਹਿੱਸਾ ਇਸੇ ਡਿਪਾਰਟਮੈਂਟ ਤੇ ਹੀ ਖਰਚ ਹੁੰਦਾ ਹੈ। ਪਰ ਜੇ ਆਪਾਂ ਤਰਤੀਬਵਾਰ ਇਸ ਮਹਿਕਮੇ ਨੂੰ ਵੇਖੀਏ ਤਾਂ ਪਤਾ ਲੱਗੇਗਾ ਕਿ ਵੱਡੇ ਵੱਡੇ ਅਫਸਰਾਂ ਦੀਆਂ ਤਰੱਕੀਆਂ ਜ਼ਿਆਦਾ ਹੋਈਆਂ ਹਨ ਭਾਵੇਂ ਕਿ ਕਨਸਟੈਬਲਿਰੀ ਵੀ ਵਧੀ ਹੈ। ਐਸ ਵੇਲੇ 65 000 ਦੇ ਕਰੀਬ ਹੋਮ ਡਿਪਾਰਟਮੈਂਟ ਵਿਚ ਮੁਲਾਜ਼ਮ ਹਨ। ਜਿਹੜੇ ਉਪਰ ਦੇ ਅਫਸਰ ਹਨ ਉਨ੍ਹਾਂ ਤੇ ਖਰਚ ਬਹੁਤ ਜ਼ਿਆਦਾ ਹੋ ਰਿਹਾ ਹੈ। ਜਿਹੜੀ ਥੱਲੇ ਦੀ ਕਨਸਟੈਬਲਿਰੀ ਹੈ ਜਿਸ ਨੇ ਆਤੰਕਵਾਦ ਦੇ ਵਿਰੁਧ ਵੱਖ ਵਾਦ ਦੇ ਵਿਰੁੱਧ ਹਿਕ ਤਾਣੀ ਹੈ ਉਨ੍ਹਾਂ ਦੇ ਕੋਲ ਬੁਲਟ ਪਰੂਫ ਕਾਰਾਂ ਟਰੈਕਟਰ ਜਾਂ ਹੈਲੀਕਾਪਟਰ ਨਹੀਂ ਹਨ। ਜਿਹੜੇ ਆਤੰਕਵਾਦ ਅਤੇ ਵੱਖ ਵਾਦ ਦੇ ਵਿਰੁੱਧ ਹਿੱਕ ਤਾਣ ਕੇ ਲੜੇ ਹਨ ਅੱਜ ਉਨ੍ਹਾਂ ਨੂੰ ਖਦਸ਼ਾ ਹੈ ਕਿ ਸਾਡਾ ਕੀ ਬਣੇਗਾ? ਸਾਡੀਆਂ ਨੌਕਰੀਆਂ ਕਾਇਮ ਰਹਿਣਗੀਆਂ ਜਾਂ ਨਹੀਂ? ਉਨ੍ਹਾਂ ਦੇ ਮੁਤੱਲਿਕ ਇਸ ਪਵਿੱਤਰ ਸਦਨ ਵਿਚ ਬਹਿਸ ਹੋਈ ਔਰ ਸ਼੍ਰੀ ਜੈ ਕਿਸ਼ਨ ਸੈਣੀ ਨੇ ਇਕ ਮਤਾ ਵੀ ਪੇਸ਼ ਕੀਤਾ ਸੀ। ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਇਸ ਕੰਸਟੈਬਲਿਰੀ ਨੂੰ ਹੈਵੀ ਇੰਡਸਟਰੀ ਦੀ ਸਿਕਿਉਰਿਟੀ ਦੇ ਲਈ ਲਾ ਦਿੱਤਾ ਜਾਵੇ ਤਾਂ ਕਿ ਜਿਹੜੀ ਇਨ੍ਹਾਂ ਦੀ ਨਿਰਾਸ਼ਤਾ ਹੈ ਕਿ ਸਾਨੂੰ ਕਿਤੇ ਕੱਢ ਨਾ ਦੇਣ ਉਹ ਦੂਰ ਹੋ ਸਕੇ। ਇਨ੍ਹਾਂ ਦਾ ਰੋਜ਼ਗਾਰ ਬਰਕਰਾਰ ਰੱਖਣ ਲਈ ਸਰਕਾਰ ਨੂੰ ਉਪਰਾਲੇ ਕਰਨੇ ਚਾਹੀਦੇ ਹਨ। ਜਿਸ ਤਰ੍ਹਾਂ ਐਨ. ਸੀ. ਸੀ. ਹੈ। ਉਨ੍ਹਾਂ ਨੂੰ ਬੱਚਿਆਂ ਦੀ ਸਿਖਲਾਈ ਵਾਸਤੇ ਟਰੇਂਡ ਆਦਮੀ ਚਾਹੀਦੇ ਹੁੰਦੇ ਹਨ। ਸੋ ਉਨ੍ਹਾਂ ਦੀ ਸਿਖਲਾਈ ਵਾਸਤੇ ਵੀ ਇਹ ਆਦਮੀ ਲਗਾਏ ਜਾ ਸਕਦੇ ਹਨ। ਇਨ੍ਹਾਂ ਲੋਕਾਂ ਨੂੰ ਐਨ. ਸੀ. ਸੀ. ਵਿਚ ਬੱਚਿਆਂ ਦੀ ਸਿਖਲਾਈ ਵਾਸਤੇ ਲਗਾਇਆ ਜਾਵੇ ਤਾਂ ਜੋ ਪੰਜਾਬ ਦਾ ਹਰ ਨੌਜਵਾਨ ਹਰ ਬੱਚਾ ਹਥਿਆਰ ਚਲਾਉਣਾ ਸਿੱਖ ਸਕੇ ਕਿਉਂਕਿ ਅਸੀਂ ਬਾਰਡਰ ਤੇ ਰਹਿੰਦੇ ਹਾਂ।

ਸ਼੍ਰੀ ਡਿਪਟੀ ਸਪੀਕਰ: ਵਾਈਂਡ ਅੱਪ ਕਰੋ ਜੀ।

ਸ੍ਰੀ ਵਿਜ ਕੁਮਾਰ ਸਾਥੀ ਐਡਵੋਕੇਟ: ਜਿਹੜਾ ਮੇਨ ਮਸਲਾ ਹੈ, ਉਹ ਖਰਚੇ ਦੀ ਗੱਲ ਹੈ, ਖਰਚਾ ਜਿਹੜਾ ਹੋਮ ਅਫੇਅਰਜ਼ ਤੇ ਹੋਇਆ ਹੈ ਉਹ ਬਹੁਤ ਜ਼ਿਆਦਾ ਹੈ। ਮੈਂ ਦਾਅਵਾ ਕਰਦਾ ਹਾਂ। ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਦੱਸਣਾ ਚਾਹੁੰਦਾ ਹਾਂ ਕਿ ਕਈ ਤਰ੍ਹਾਂ ਦੇ ਖਰਚੇ ਗਲਤ ਹੋਏ ਹਨ। ਦੇਖੋ, ਪਹਿਲਾਂ ਇਲੈਕਸ਼ਨਾਂ ਹੋਈਆਂ ਵਿਧਾਨ ਸਭਾ ਦੀਆਂ, ਉਹ ਔਖੇ ਮਾਹੌਲ ਵਿੱਚ ਹੋਈਆਂ, ਮੰਨਦੇ ਹਾਂ। ਉਸ ਤੋਂ ਬਾਅਦ ਕਮੇਟੀਆਂ ਦੀਆਂ ਇਲੈਕਸ਼ਨਾਂ ਹੋਈਆਂ, ਉਸ ਤੋਂ ਕੁਝ ਚੰਗਾ ਮਾਹੌਲ ਸੀ ਪਰ ਉਸ ਤੋਂ ਬਾਅਦ ਹੁਣ ਪੰਚਾਇਤਾਂ ਦੀਆਂ ਇਲੈਕਸ਼ਨਾਂ ਹੋਈਆਂ ਉਹ ਖੁਲ੍ਹੇ ਮਾਹੌਲ ਵਿੱਚ ਹੋਈਆਂ (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਜੋ ਅੰਕੜੇ ਦੱਸਦੇ ਹਨ। ਮਗਰ ਜੇ ਨਜ਼ਰ ਮਾਰੀਏ ਤਾਂ ਇਨ੍ਹਾਂ ਇਲੈਕਸ਼ਨਾਂ ਦੇ ਵਿੱਚ ਜਿਹੜਾ ਮੇਨ ਖਰਚਾ ਹੈ ਉਹ ਹੋਮ ਅਫੇਅਰਜ਼ ਵਿੱਚ ਦਿਖਾਇਆ ਗਿਆ ਹੈ। ਪੰਚਾਇਤਾਂ ਦੀਆਂ ਇਲੈਕਸ਼ਨਾਂ ਦੇ ਵਿਚ ਜਿਹੜੀਆਂ ਇਨਸਟਾਲਮੈਂਟਸ ਦੇ ਵਿੱਚ ਹੋਈਆਂ ਤਿੰਨ ਦਿਨਾਂ ਵਿੱਚ, ਇਕ ਇਕ ਦਿਨ ਛੱਡਕੇ ਉਹਦੇ ਤੇ ਜਿਹੜੇ ਐਸ.ਪੀ.ਓ. ਤੇ ਜਿਹੜੇ ਹੋਰ ਹੋਮ ਗਾਰਡ ਵਾਲੇ ਲਾਏ ਗਏ, ਮੈਨੂੰ ਇਹ ਪ੍ਰਤੀਤ ਹੁੰਦਾ ਹੈ ਕਿ ਸਰਕਾਰ ਦਾ ਇਹ ਪੈਸਾ ਗਲਤ ਵਰਤਿਆ ਗਿਆ ਹੈ ਅਤੇ ਸਿਆਸਤ ਦੇ ਲਈ ਵਰਤਿਆ ਗਿਆ ਹੈ। ਜਿਹੜੇ ਐਸ.ਪੀ.ਓ. ਹਨ, ਜਿਨ੍ਹਾਂ ਬਾਰੇ ਅਖਬਾਰਾਂ ਵਿੱਚ ਵੀ ਆਇਆ ਹੈ ਜਿਹੜੀ ਐਸ.ਪੀ.ਓ. ਦੀ ਭਰਤੀ ਹੋਈ ਹੈ ਉਹਦੇ ਵਿਚ ਕਾਫੀ ਖਾਮੀਆਂ ਹਨ। ਸੋ, ਮੈਂ ਸਮਝਦਾ ਹਾਂ ਕਿ ਸਰਕਾਰ ਨੂੰ ਸ਼ਾਇਦ ਇਸ ਗੱਲ ਦਾ ਖਤਰਾ ਹੈ ਕਿ ਜਿਹੜਾ ਇੰਨਾ ਪੈਸਾ ਅਲਾਟ ਹੋਇਆ ਹੈ ਇਥੇ ਜ਼ਰੂਰ ਇਸ ਵਿਚ ਕੋਈ ਨਾ ਕੋਈ ਖਾਮੀ ਹੈ। ਸਰਕਾਰ ਜੇ ਸਾਫ ਨੀਅਤ ਨਾਲ ਗੱਲ ਕਰੇ ਤਾਂ ਸਰਕਾਰ ਵਿਧਾਨ ਸਭਾ ਦੀ ਇਕ ਇਕੱਠੀ ਕਮੇਟੀ ਬਣਾ ਕੇ ਇਸ ਨੂੰ ਚੈਕ ਕਰਵਾਏ। ਮੈਨੂੰ ਜ਼ਰੂਰ ਉਮੀਦ ਹੈ ਕਿ ਸਰਕਾਰ ਦਾ ਜ਼ਰੂਰ ਕੋਈ ਨਾ ਕੋਈ ਚੰਗੀ ਥਾਂ ਹੱਥ ਪਊਗਾ ਔਰ ਇਨ੍ਹਾਂ ਦਾ (ਸਰਕਾਰੀ ਬੈਂਚਾਂ ਵੱਲ ਇਸ਼ਾਰਾ) ਲਾਭ ਹੋਏਗਾ।

ਸ੍ਰੀ ਡਿਪਟੀ ਸਪੀਕਰ: ਵਾਈਂਡ ਅੱਪ ਕਰੋ, ਸਾਥੀ ਜੀ।

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ: ਮੈਂ ਵਾਈਂਡ ਅੱਪ ਕਰਦਾ ਹਾਂ ਜੀ।

ਸ੍ਰੀ ਡਿਪਟੀ ਸਪੀਕਰ: ਵਾਈਂਡ ਅੱਪ ਕਰੋ। ਇਕ ਦੋ ਹੋਰ ਮੈਂਬਰਾਂ ਨੇ ਵੀ ਬੋਲਣਾ ਹੈ। ਫਿਰ ਡਾਕਟਰ ਸਾਹਿਬ ਨੇ ਵੀ ਬੋਲਣਾ ਹੈ।

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ: ਡਿਪਟੀ ਸਪੀਕਰ ਸਾਹਿਬ, ਜਿਥੋਂ ਤੱਕ ਤਾਅਲੁੱਕ ਹੈ, ਟਰਾਂਸਪੋਰਟ ਦਾ ਇਥੇ ਮੇਰੇ ਕਈ ਵੀਰਾਂ ਨੇ ਦੱਸਿਆ ਹੈ, ਮੈਂ ਟਰਾਂਸਪੋਰਟ ਦੀ ਗੱਲ ਦਸਦਾ ਹਾਂ ਕਿ ਟਰਾਂਸਪੋਰਟ ਦੇ ਵਿੱਚ ਇਨ੍ਹਾਂ ਨੇ ਇਕ ਕਮੇਟੀ ਬਣਾਈ, ਫਲਾਇੰਗ ਸਕੁਐਡ ਬਣਾਇਆ। ਮੈਂ ਕਹਿੰਦਾ ਹਾਂ ਕਿ ਇਹ ਟਾਪ ਕੁਰੱਪਟ ਫਲਾਇੰਗ ਸਕੁਐਡ ਇਸ ਦਾ ਨਾਂ ਰੱਖਣਾ ਚਾਹੀਦਾ ਹੈ। ਤੁਸੀਂ ਅੰਦਾਜ਼ਾ ਲਗਾਓ ਇਸ ਫਲਾਇੰਗ ਸਕੁਐਡ ਦੇ ਵਿਚ ਜੋ ਬੰਦੇ ਲਾਏ ਹਨ ਉਨ੍ਹਾਂ ਦੇ ਨਾਂ ਹੇਠਾਂ ਲਾਲ ਲਕੀਰਾਂ ਲੱਗੀਆਂ ਹੋਈਆਂ ਹਨ ਜਿਨ੍ਹਾਂ ਨੇ ਅੱਗੇ ਵੀ ਗੋਲ ਮਾਲ ਕੀਤੇ ਹੋਏ ਹਨ, ਮੈਂ ਇਨ੍ਹਾਂ ਤੋਂ ਅੰਦਾਜ਼ਾ ਲਗਾ ਸਕਦਾ ਹਾਂ, ਡਿਪਟੀ ਸਪੀਕਰ ਸਾਹਿਬ, ਜਿਵੇਂ ਬੀਬੀ ਲਕਸ਼ਮੀ ਕਾਂਤਾ ਚਾਵਲਾ ਜੀ ਕਹਿੰਦੇ ਹਨ ਕਿ––

'ਰੋਡਵੇਜ਼ ਦੀ ਲਾਰੀ, ਨਾ ਕੋਈ ਸ਼ੀਸ਼ਾ ਨਾ ਕੋਈ ਬਾਰੀ'

ਮੈਨੂੰ ਲਗਦਾ ਹੈ ਕਿ ਇਹ ਰੋਡਵੇਜ਼ ਕਿਤੇ ਰੋੜ੍ਹਵੇਜ਼ ਹੀ ਨਾ ਬਣ ਜਾਏ।

ਡਿਪਟੀ ਸਪੀਕਰ ਸਾਹਿਬ, ਇਹ ਬੜੀਆਂ ਅਹਿਮ ਗੱਲਾਂ ਹਨ ਜਿਸ ਦੇ ਵਿੱਚ ਸ਼ਾਇਦ ਬਹੁਤ ਕੁਰੱਪਸ਼ਨ ਹੈ। ਇਸ ਵੇਲੇ ਹਾਊਸ ਦੇ ਵਿਚ ਮਨਿਸਟਰ ਜੀ ਨਹੀਂ ਹਨ, ਮਗਰ ਵਿੱਤ ਮੰਤਰੀ ਅਤੇ ਸਾਡੇ ਪਾਰਲੀਮੈਂਟਰੀ ਅਫੇਅਰਜ਼ ਮਨਿਸਟਰ ਸਾਹਿਬ ਬੈਠੇ ਹਨ। ਮੈਂ ਇਹ ਗੱਲ ਦਾਅਵੇ ਨਾਲ ਕਹਿੰਦਾ ਹਾਂ ਕਿ ਟਰਾਂਸਪੋਰਟ ਦਾ ਮਹਿਕਮਾ ਲਾਹੇਵੰਦ ਹੁੰਦਾ ਹੈ ਜੇਕਰ ਸਰਕਾਰ ਇਸ ਤੇ ਪੂਰੀ ਤਰ੍ਹਾਂ ਗੌਰ ਕਰੇ। ਮੈਂ ਅੱਗੇ ਵੀ ਸੁਝਾਅ ਦਿਤਾ ਹੈ ਕਿ ਇਸ ਨੂੰ ਪ੍ਰਾਈਵੇਟਾਈਜ਼ ਨਾ ਕਰੀਏ ਇਸ ਨਾਲ ਅਨ-ਇੰਪਲਾਇਮੈਂਟ ਵਿੱਚ ਹੋਰ ਵਾਧਾ ਹੋ ਜਾਵੇਗਾ ਔਰ ਭੁੱਖ ਮਰੀ ਵੀ ਵਧੇਗੀ ਔਰ ਜੇਕਰ ਇਸ ਨੂੰ ਪ੍ਰਾਈਵੇਟ ਹਟਾ ਕੇ ਪੂਰੀ ਸਰਕਾਰੀ ਕਰ ਦਈਏ ਤਾਂ ਇਸ ਨਾਲ ਜ਼ਿੰਮੇਵਾਰੀ ਤਾਂ ਫਿਕਸ ਹੋਏਗੀ। ਹੁਣ 60/40 ਵਾਲੀ ਗੱਲ ਵਿੱਚ ਤਾਂ ਕੁਝ ਪਤਾ ਹੀ ਨਹੀਂ ਚਲਦਾ ਕਿ ਕੌਣ ਕੀ ਕਰ ਰਿਹਾ ਹੈ।

ਸ੍ਰੀ ਡਿਪਟੀ ਸਪੀਕਰ : ਸਾਥੀ ਜੀ, ਪਲੀਜ਼ ਵਾਈਂਡ ਅਪ ਕਰੋ। You are taking too much of time.

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਡਿਪਟੀ ਸਪੀਕਰ ਸਾਹਿਬ, 25 ਨੰਬਰ ਤੇ ਸੋਸ਼ਲ ਐਂਡ ਵੂਮੈਨ ਵੈਲਫੇਅਰ ਐਂਡ ਵੈਲਫੇਅਰ ਆਫ ਸ਼ਡਿਊਲਡ ਕਾਸਟਸ ਐਂਡ ਬੈਕਵਰਡ ਕਲਾਸਿਜ਼ ਹੈ। ਇਹਦੇ ਵਿਚ ਇਕ ਹਜ਼ਾਰ ਰੁਪਿਆ ਇਨ੍ਹਾਂ ਨੇ ਰੱਖਿਆ ਹੈ। ਮੈਂ ਸਮਝਦਾ ਹਾਂ ਕਿ ਇਹ ਇਕ ਮਜ਼ਾਕ ਕੀਤਾ ਗਿਆ ਹੈ।

ਵਿੱਤ ਮੰਤਰੀ : ਸਾਥੀ ਜੀ, ਇਹ ਟੋਕਨ ਗਰਾਂਟ ਹੈ।

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਅੱਛਾ ਜੀ।

ਸਰਦਾਰ ਅਵਤਾਰ ਸਿੰਘ ਬਰਾੜ : ਆਨ ਏ ਪੁਆਇੰਟ ਆਫ ਆਰਡਰ ਸਰ। ਡਿਪਟੀ ਸਪੀਕਰ ਸਾਹਿਬ, ਸਾਡੇ ਹਾਊਸ ਦੀ ਰਵਾਇਤ ਹੈ ਕਿ ਜਦੋਂ ਕਿਸੇ ਮੈਂਬਰ ਨੂੰ ਬੋਲਣ ਲਈ ਤੁਸੀਂ ਵਕਤ ਦਿੰਦੇ ਹੋ ਤਾਂ ਉਹ ਤੁਹਾਡਾ ਧੰਨਵਾਦ ਕਰਦਾ ਹੈ ਪਰ ਕਈ ਵਾਰ ਸਪੀਚ ਸੁਣਨ ਲਈ ਮਜਬੂਰ ਕੀਤਾ ਜਾਂਦਾ ਹੈ ਤਾਂ ਕੀ ਕੋਈ ਮੈਂਬਰ ਪਰੋਟੈਸਟ ਕਰ ਸਕਦਾ ਹੈ, ਜੇ ਉਹ ਨਾ ਸੁਣਨਾ ਚਾਹੇ ?

Mr. Deputy Speaker : I am asking him to conclude. Sathi Ji, please try to wind up.

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਡਿਪਟੀ ਸਪੀਕਰ ਸਾਹਿਬ, ਜਿਹੜੀ ਸਰਕਾਰ ਦਮ ਭਰਦੀ ਹੈ ਕਿ ਔਰਤਾਂ ਲਈ, ਜਿਹੜੀ ਸਰਕਾਰ ਦਮ ਭਰਦੀ ਹੈ ਕਿ ਅਸੀਂ ਸ਼ਡਿਊਲਡ ਕਾਸਟਸ ਔਰ ਬੈਕਵਰਡ ਕਲਾਸਿਜ਼ ਲਈ ਕੰਮ ਕਰਦੇ ਹਾਂ ਜੇਕਰ ਹੁਣ ਵਾਲੇ ਅਤੇ ਪਹਿਲੇ ਵਾਲੇ ਅਨੁਪੂਰਕ ਬਜਟ ਤੇ ਨਿਗਾਹ ਮਾਰੀਏ ਤਾਂ ਪਤਾ ਲਗਦਾ ਹੈ ਕਿ ਉਨ੍ਹਾਂ ਵਾਸਤੇ ਬਜਟ ਦਾ ਕਿੰਨੇ ਪਰਸੈਂਟ ਹਿੱਸਾ ਰੱਖਿਆ ਗਿਆ ਹੈ ਜਿਨ੍ਹਾਂ ਨੂੰ ਇਨ੍ਹਾਂ ਨੇ 30–35 ਸਾਲ ਵਰਗਲਾਇਆ ਹੈ ਕਿ ਅਸੀਂ ਤੁਹਾਡੇ ਭਾਂਡੇ ਸਾਂਝੇ ਕਰ ਦਿੱਤੇ, ਤੁਹਾਡੀ ਤਰੱਕੀ ਕਰ ਦਿੱਤੀ, ਤੁਹਾਡੀਆਂ ਬਸਤੀਆਂ ਬਣਾ ਦਿੱਤੀਆਂ..............

Mr. Deputy Speaker : Sathi Ji, Please try to wind up now. I give you two minutes more.

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਠੀਕ ਹੈ ਜੀ। ਡਿਪਟੀ ਸਪੀਕਰ ਸਾਹਿਬ, ਸਰਕਾਰ ਕਹਿੰਦੀ ਹੈ ਕਿ ਅਨੁਸੂਚਿਤ ਜਾਤੀਆਂ ਲਈ ਉਨ੍ਹਾਂ ਨੇ ਬੜਾ ਕੁਝ ਕੀਤਾ ਹੈ। ਮਗਰ ਮੈਂ ਕਹਿਣਾ

[ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ]

ਚਾਹੁੰਦਾ ਹਾਂ ਕਿ ਸਰਕਾਰ ਅੱਜ ਡਿਕਲੇਅਰ ਕਰੇ ਕਿ ਜਿਹੜਾ ਸੁਪਰੀਮ ਕੋਰਟ ਦਾ ਫੈਸਲਾ ਹੈ ਉਸ ਨੂੰ ਲਾਗੂ ਕਰੇਗਾਂ। ਇਸ ਤੋਂ ਇਲਾਵਾ ਔਰਤਾਂ ਦੇ ਲਈ ਖਾਸ ਫੰਡ ਰੇਜ਼ ਕਰਨ ਦਾ ਪ੍ਰਬੰਧ ਕਰੇ। ਤੀਸਰਾ, ਜਿਹੜੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਲਈ ਫੰਡ ਬਹੁਤ ਘੱਟ ਹਨ, ਉਨ੍ਹਾਂ ਨੂੰ ਵਧਾਇਆ ਜਾਣਾ ਚਾਹੀਦਾ ਹੈ ਜੇਕਰ ਸਰਕਾਰ ਦੀ ਨੀਅਤ ਸਾਫ ਹੈ।

ਹੁਣ ਮੈਂ ਐਜੂਕੇਸ਼ਨ ਦੇ ਬਾਰੇ ਵਿਚ ਕੁਝ ਕਹਿਣਾ ਚਾਹੁੰਦਾ ਹਾਂ। ਐਜੂਕੇਸ਼ਨ ਦੇ ਮਾਮਲੇ ਵਿੱਚ ਹਿੰਦੁਸਤਾਨ ਵਿੱਚ ਬੜੀ ਅਨਪੜ੍ਹਤਾ ਹੈ, ਅਗਿਆਨਤਾ ਹੈ। ਜਦੋਂ ਲੋਕ ਪੜ੍ਹ ਲਿਖ ਜਾਣਗੇ ਤਾਂ ਫਿਰ ਉਹ ਆਪਣੀ ਜ਼ਿਮੇਵਾਰੀ ਆਪਣੇ ਆਪ ਹੀ ਮਹਿਸੂਸ ਕਰਨਗੇ। ਅੱਜ ਅਸੀਂ ਦੇਖਦੇ ਹਾਂ ਕਿ ਡਾਕਟਰ ਕੇਵਲ ਕ੍ਰਿਸ਼ਨ ਜੀ ਇਸ ਐਜੂਕੇਸ਼ਨ ਵਾਸਤੇ ਬੱਜਟ ਦਾ ਕਿੰਨੇ ਪ੍ਰਤੀਸ਼ਤ ਹਿੱਸਾ ਰਖਦੇ ਹਨ। ਸੋ ਮੈਂ ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਟੋਟਲ ਬੱਜਟ ਦਾ ਘੱਟੋ ਘੱਟ 10% ਹਿੱਸਾ ਤਾਂ ਜ਼ਰੂਰ ਇਸ ਵਾਸਤੇ ਰੱਖਿਆ ਜਾਣਾ ਚਾਹੀਦਾ ਹੈ ਜੇ ਅਸੀਂ ਪੰਜਾਬ ਵਿੱਚ ਸਹੀ ਤਸਵੀਰ ਲਿਆਉਣਾ ਚਾਹੁੰਦੇ ਹਾਂ। ਇਸ ਦੇ ਨਾਲ ਹੀ ਟੈਕਨੀਕਲ ਐਜੂਕੇਸ਼ਨ ਤੇ ਵੀ ਜ਼ੋਰ ਦੇਣਾ ਚਾਹੀਦਾ ਹੈ। ਇਹ ਟੈਕਨੀਕਲ ਐਜੂਕੇਸ਼ਨ ਬਹੁਤ ਹੀ ਜ਼ਰੂਰੀ ਹੈ।

Mr. Deputy Speaker : Sathi ji, please take your seat.

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਡਿਪਟੀ ਸਪੀਕਰ ਸਾਹਿਬ, ਮੈਂ ਬੱਸ ਥੋੜ੍ਹੀਆਂ ਜਿਹੀਆਂ ਗੱਲਾਂ ਹੀ ਕਰਨਾ ਚਾਹੁੰਦਾ ਹਾਂ। ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਕਿਹਾ ਹੈ ਕਿ ਕੁਰੱਪਸ਼ਨ ਦੇ ਖਿਲਾਫ ਲੜਾਂਗੇ। ਮੈਂ ਇਸ ਦੇ ਮੁਤੱਲਿਕ ਕੁਝ ਗੱਲਾਂ ਕਹਿ ਕੇ ਆਪਣੀ ਥਾਂ ਲਵਾਂਗਾ। ਇਕ ਐਕਸੀਅਨ ਇਰੀਗੇਸ਼ਨ ਦਾ ਪੀ. ਐਸ. ਜਵੰਦਾ, ਇਕ ਐਸ. ਡੀ. ਓ. ਹੈ ਬੀ. ਐਸ. ਸਰਾਅ। ਇਨ੍ਹਾਂ ਨੇ ਬਦਲੀਆਂ ਵਿੱਚ ਕਿੰਨੇ ਪੈਸੇ ਦਿੱਤੇ ਹਨ, ਕਿੰਨੇ ਪੈਸੇ ਲਏ ਹਨ, ਇਹ ਅਸੀਂ ਵੇਖੀਏ ਤਾਂ ਪਤਾ ਲਗੇਗਾ ਕਿ ਅਸੀਂ ਕਿੱਥੇ ਖੜ੍ਹੇ ਹਾਂ। ਤੀਜੀ ਗਲ, ਮੇਰੇ ਦੋ ਸਵਾਲ ਸੀ ਕਹਿ ਦਿਤਾ ਗਿਆ ਕਿ ਤੁਹਾਨੂੰ ਜਵਾਬ ਦੇਵਾਂਗੇ ਮਗਰ ਜਵਾਬ ਨਹੀਂ ਆਇਆ। ਮੈਂ ਦੱਸਣਾ ਚਾਹੁੰਦਾ ਹਾਂ ਕਿ ਤਰਨ ਤਾਰਨ ਦਾ ਐਸ. ਡੀ. ਓ. ਜਿਸ ਦੇ ਨਾਂ ਥੱਲੇ ਲਾਲ ਲਕੀਰ ਨਹੀਂ ਸਗੋਂ ਲਕੀਰਾਂ ਹੀ ਲਕੀਰਾਂ ਹਨ । ਉਹ ਕਿਥੋਂ ਸਸਪੈਂਡ ਹੋਇਆ, ਕਾਹਦੇ ਕੰਮ ਵਿਚ ਸਸਪੈਂਡ ਹੋਇਆ, ਰਾਹਤ ਦੇ ਮਾਮਲੇ ਵਿਚ ਉਸਨੇ ਕਿੰਨੇ ਫੰਡ ਛਕੇ, ਅੱਜ ਉਸ ਨੂੰ ਰਿਵਰਟ ਤਾਂ ਕੀ ਕਰਨਾ ਸੀ ਸਗੋਂ ਹੋਰ ਤਰੱਕੀ ਦੇ ਕੇ ਪਰਮੋਟ ਕਰਕੇ ਲਗਾਇਆ ਗਿਆ ਹੈ। ਉਸ ਨੇ ਕਿਨਾ ਗੋਲ ਮਾਲ ਕੀਤਾ। ਸਰਕਾਰ ਨੂੰ ਤਫਤੀਸ਼ ਕਰਵਾ ਕੇ ਦੇਖਣਾ ਚਾਹੀਦਾ ਹੈ। ਮੈਂ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੂੰ ਬੇਨਤੀ ਕਰਦਾ ਹਾਂ, ਜਿਨ੍ਹਾਂ ਨੂੰ ਮੈਂ ਚਾਚਾ ਜੀ ਵੀ ਕਹਿੰਦਾ ਹਾਂ।

ਖੇਤੀਬਾੜੀ ਅਤੇ ਵਣ ਮੰਤਰੀ : ਸਾਥੀ ਜੀ, ਤਾਇਆ ਜੀ ਕਹੋ।

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਮੇਰੇ ਪਿਓ ਤੋਂ ਛੋਟੇ ਹਨ, ਇਸ ਲਈ ਚਾਚਾ ਜੀ ਕਹਿੰਦਾ ਹਾਂ। ਡਿਪਟੀ ਸਪੀਕਰ ਸਾਹਿਬ, ਹੋਰ ਵੀ ਖਰਚੇ ਹਨ ਟੈਲੀਫੂਨ ਦਾ ਹੈ, ਵਜ਼ੀਰਾਂ ਦੀ ਆਓ ਭਗਤ ਦਾ ਹੈ। ਪਹਿਲਾਂ ਇਨ੍ਹਾਂ ਨੇ ਪਰੋਗਰਾਮ ਛਾਪਿਆ ਲੋਕ ਸੰਪਰਕ ਦਾ ....

ਸ੍ਰੀ ਡਿਪਟੀ ਸਪੀਕਰ : ਸਾਥੀ ਜੀ, ਤੁਸੀਂ ਆਪਣੀ ਸੀਟ ਲਵੋ।

ਸ਼੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਇਕ ਕਮੇਟੀ ਦੀ ਰਿਪੋਰਟ ਸੀ ਕਿ ਵਜ਼ੀਰੀਆਂ 10% ਤੋਂ ਜ਼ਿਆਦਾ ਨਹੀਂ ਹੋਣੀਆਂ ਚਾਹੀਦੀਆਂ। ਮੇਰੀ ਬੇਨਤੀ ਹੈ ਕਿ ਇਸ ਨੂੰ ਸਖਤੀ ਨਾਲ ਘਟਾਓ, ਆਪਣੀਆਂ ਕੋਠੀਆਂ ਦਾ ਖਰਚ ਘਟਾਓ ਅੌਰ ਲੋਕਾਂ ਨੂੰ ਰਾਹਤ ਦਿਓ। ਇਹ ਸਾਡਾ ਫਰਜ਼ ਬਣਦਾ ਹੈ। ਇਹ ਵਜ਼ੀਰੀਆਂ ਅਤੇ ਐਮ. ਐਲ. ਏਜ਼ ਸ਼ਿਪ ਤਾਂ ਆਉਂਦੀਆਂ ਜਾਦੀਆਂ ਰਹਿੰਦੀਆਂ ਹਨ । ਲੋਕਾਂ ਨੂੰ ਮਹਿਸੂਸ ਹੋਵੇ, ਅਹਿਸਾਸ ਹੋਵੇ ਕਿ ਸਰਕਾਰ ਆਈ ਹੈ, ਕੰਮ ਕਰਦੀ ਹੈ, ਜੇ ** ** ਜਾਂ ਖਰਚੇ ਵਧਾਈ ਜਾਵੋਗੇ ਤਾਂ ਗੱਲ ਨਹੀਂ ਬਣਦੀ। ਇੰਨਾਂ ਕਹਿੰਦਾ ਹੋਇਆ ਮੈਂ ਥਾਂ ਲੈਂਦਾ ਹਾਂ। ਡਿਪਟੀ ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਬਿਲਾਂ ਦੇ ਨਾਲ ਜੋ ਅਜਿਹੀਆਂ ਗੱਲਾਂ ਹਨ ਇਨ੍ਹਾਂ ਨੂੰ ਅਮੈਂਡ ਕਰਨਾ ਚਾਹੀਦਾ ਹੈ ।

ਸਰਦਾਰ ਮਲਕੀਅਤ ਸਿੰਘ ਬਿਰਮੀ : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਇਹ ਜਿਹੜੇ ਸ਼ਬਦ ** ** ਵਰਤੇ ਹਨ, ਇਹ ਐਕਸਪੰਜ ਹੋਣੇ ਚਾਹੀਦੇ ਹਨ ।

Mr. Deputy Speaker : These words are expunged.

ਪੇਂਡੂ ਵਿਕਾਸ ਅਤੇ ਪੰਚਾਇਤਾਂ ਮੰਤਰੀ : ਡਿਪਟੀ ਸਪੀਕਰ ਸਾਹਿਬ, ਹੁਣੇ ਸਾਥੀ ਜੀ ਨੇ ਇਕ ਗਰਾਂਟ ਦਾ ਜ਼ਿਕਰ ਕੀਤਾ ਹੈ ਕਿ ਬਹੁਤ ਥੋੜ੍ਹਾ ਪੈਸਾ ਰੱਖਿਆ ਗਿਆ ਹੈ । ਇਹ ਟੋਕਨ ਗਰਾਂਟ ਰੱਖੀ ਗਈ ਹੈ, ਸਾਡੇ ਰੂਲ ਹੈ 178, ਟੋਕਨ ਗਰਾਂਟ ਵਾਸਤੇ, ਉਸ ਦੇ ਅਧੀਨ ਟੋਕਨ ਗਰਾਂਟ ਰੱਖੀ ਜਾਂਦੀ ਹੈ, ਐਕਸਪੈਂਡੀਚਰ ਜਿੰਨਾ ਮਰਜ਼ੀ ਹੋ ਜਾਵੇ। ਇਸੇ ਲਈ ਬਜਟ ਵਿੱਚ ਟੋਕਨ ਗਰਾਂਟ ਰਖੀ ਗਈ ਹੈ। ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਸ ਮੱਦ ਹੇਠ ਜਿੰਨਾ ਮਰਜ਼ੀ ਖਰਚਾ ਹੋ ਜਾਵੇ ਉਹ ਸਰਕਾਰ ਵਲੋਂ ਪ੍ਰਵਾਨ ਹੈ।

ਸ਼੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਡਿਪਟੀ ਸਪੀਕਰ ਸਾਹਿਬ, ਪਾਰਲੀਮਾਨੀ ਮਾਮਲਿਆਂ ਦੇ ਮੰਤਰੀ ਜੀ ਨੇ ਜੋ ਸੂਚਨਾ ਦਿੱਤੀ ਹੈ, ਉਸ ਦੇ ਲਈ ਮੈਂ ਉਨ੍ਹਾਂ ਦਾ ਧੰਨਵਾਦੀ ਹਾਂ। ਉਮੀਦ ਹੈ ਕਿ ਉਹ ਅੱਗੇ ਨੂੰ ਵੀ ਇਸ ਤਰ੍ਹਾਂ ਦੀ ਸੂਚਨਾ ਦਿੰਦੇ ਰਹਿਣਗੇ।

Mr. Deputy Speaker : Sathi ji, please take your seat now.

ਪੰਡਿਤ ਸੋਮ ਦੱਤ ਸ਼ਰਮਾ (ਬਰਨਾਲਾ) : ਡਿਪਟੀ ਸਪੀਕਰ ਸਾਹਿਬ, ਜੋ ਵਿਭਾਗਕ ਗਰਾਂਟਾਂ ਬਾਰੇ ਬਿਲ ਪੇਸ਼ ਹੋਇਆ ਹੈ, ਉਸ ਤੇ ਬੋਲਣ ਦਾ ਤੁਸੀਂ ਮੈਨੂੰ ਸਮਾਂ ਦਿੱਤਾ ਹੈ, ਮੈਂ ਤੁਹਾਡਾ ਧੰਨਵਾਦੀ ਹਾਂ। ਮੈਂ ਇਹ ਕਹਿੰਦਾ ਹਾਂ ਕਿ ਇਹ ਜੋ ਬਹੁਤ ਸਾਰੇ ਮਹਿਕਮਿਆਂ ਬਾਰੇ ਗਰਾਂਟਸ ਪੇਸ਼ ਕੀਤੀਆਂ ਗਈਆਂ ਹਨ ਇਥੋਂ ਦੇ ਅਰਥ-ਸ਼ਾਸਤਰੀ ਇਸ ਸਦਨ ਦੇ ਡਾਕਟਰ ਕੇਵਲ ਕ੍ਰਿਸ਼ਨ ਜੀ ਨੇ ਇਨ੍ਹਾਂ ਬਾਰੇ ਬਿਲਕੁਲ ਸਹੀ ਢੰਗ ਨਾਲ ਚਾਨਣਾ ਪਾਇਆ ਹੈ ਅਤੇ ਬੜੇ ਸੁਚੱਜੇ ਢੰਗ ਨਾਲ ਗਰਾਂਟਸ ਪੇਸ਼ ਕੀਤੀਆਂ ਹਨ, ਫਰਕ ਸਿਰਫ ਇੰਨਾ ਹੈ ਕਿ ਇਨ੍ਹਾਂ ਗਰਾਂਟਸ ਨੂੰ ਕਿਸ ਢੰਗ ਨਾਲ ਵਰਤਿਆ ਜਾਵੇ। ਜ਼ਿਆਦਾ ਜ਼ੋਰ ਇਸ ਗੱਲ ਤੇ ਲਗਾਇਆ ਗਿਆ ਹੈ ਕਿ ਲਾਅ ਐਂਡ ਆਰਡਰ ਜੋ ਹੈ ਉਸ ਵਿੱਚ ਪਹਿਲਾਂ ਨਾਲੋਂ ਕਾਫੀ ਸੁਧਾਰ ਆਇਆ ਹੈ, ਇਹ ਬਿਲਕੁਲ ਠੀਕ ਹੈ । ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਬਣਨ ਤੋਂ ਬਾਅਦ ਪੰਜਾਬ ਦੇ ਹਾਲਾਤ ਬਹੁਤ ਸੁਧਰੇ ਹਨ ਅਤੇ ਇਥੇ ਮਿਊਂਸਪਲ ਕਮੇਟੀਆਂ ਦੀਆਂ ਚੋਣਾਂ ਹੋਈਆਂ,

---

**Expunged as ordered by the Chair.

[ਪੰਡਿਤ ਸੋਮ ਦੱਤ ਸ਼ਰਮਾ]

ਪੰਚਾਇਤਾਂ ਦੀਆਂ ਚੋਣਾਂ ਹੋਈਆਂ ਲੇਕਿਨ ਕੁਝ ਮੈਂਬਰਾਂ ਨੂੰ ਖਦਸ਼ਾ ਹੈ, ਉਹ ਖਦਸ਼ਾ ਇਹ ਹੈ ਕਿ ਜੋ ਮਹਾਨ ਸ਼ਖਸੀਅਤ ਜਿਸ ਨੂੰ ਇਸ ਮਹਾਨ ਸਦਨ ਦੀ ਵਾਗ-ਡੋਰ ਸੌਂਪੀ ਗਈ ਹੈ, ਜਿਸ ਦੇ ਬਾਰੇ ਕੋਈ ਬੰਦਾ ਗਲਤ ਗੱਲ ਨਹੀਂ ਕਹਿ ਸਕਦਾ, ਜਿਸ ਬੰਦੇ ਨੇ ਸਾਈਕਲ ਤੋਂ ਚਲ ਕੇ ਪੰਚੀ ਤੋਂ ਉਠ ਕੇ ਇੱਥੇ ਪੁੱਜਣ ਤਕ ਦਾ ਸਫਰ ਤਹਿ ਕੀਤਾ, ਜਿਸ ਨੇ ਉਨ੍ਹਾਂ ਕਾਲੀ ਰਾਤਾਂ ਵਿੱਚ, ਪੋਹ ਮਾਘ ਦੀਆਂ ਰਾਤਾਂ ਵਿਚ ਲੋਕਾਂ ਨੂੰ ਮਿਲਿਆਂ ਕਦੇ ਨਹੀਂ ਸੀ ਸੋਚਿਆ ਕਿ ਮੈਂ ਇਥੇ ਪਹੁੰਚ ਵੀ ਸਕਾਂਗਾ ਜਾਂ ਨਹੀਂ, ਪੰਜਾਬ ਵਿਚ ਕੋਈ ਘਟਨਾ ਹੁੰਦੀ ਸੀ ਚਾਹੇ ਉਹ ਆਰ.ਐਸ.ਐਸ. ਦੇ ਵਰਕਰਾਂ ਦੀ ਸੀ, ਚਾਹੇ ਕਾਂਗਰਸ ਪਾਰਟੀ ਨਾਲ ਸਬੰਧਤ ਕਿਸੇ ਵਿਅਕਤੀ ਦੀ ਸੀ ਜਾਂ ਕਿਸੇ ਹੋਰ ਦੀ ਸੀ ਉਹ ਉਥੇ ਜ਼ਰੂਰ ਪਹੁੰਚਦੇ ਸੀ, ਜਦੋਂ ਅਜਿਹੇ ਬੰਦੇ ਤੇ ਖਿਲਾਫ ਕੋਈ ਗੱਲ ਆਵੇਗੀ ਤਾਂ ਲੋਕਾਂ ਦੇ ਦਿਲਾਂ ਵਿੱਚ ਤਾਂ ਜ਼ਰੂਰ ਦੁੱਖ ਹੋਵੇਗਾ। ਜਿਸ ਨੇ ਪੰਜਾਬ ਦੇ ਹਾਲਾਤ ਠੀਕ ਕੀਤੇ, ਜਿਸ ਦੇ ਆਉਣ ਤੇ ਖੇਤੀ ਨੇ ਬਹੁਤ ਤਰੱਕੀ ਕੀਤੀ, ਆਰਥਿਕ ਢਾਂਚੇ ਵਿੱਚ ਬਹੁਤ ਸੁਧਾਰ ਹੋਇਆ, ਜਿਸ ਦੇ ਆਉਣ ਤੇ ਰੈਵਨਿਊ ਵਿੱਚ ਕਾਫੀ ਵਾਧਾ ਹੋਇਆ, ਜਿਸ ਦੇ ਆਉਣ ਤੋਂ ਬਾਅਦ ਮਹਿਕਮਾ ਐਕਸਾਈਜ਼ ਐਂਡ ਟੈਕਸੇਸ਼ਨ, ਸਿਹਤ ਵਿਭਾਗ, ਸਿਖਿਆ ਵਿਭਾਗ ਅਤੇ ਹੋਰ ਜਿੰਨੇ ਵਿਭਾਗ ਹਨ, ਸਭ ਨੇ ਠੀਕ ਢੰਗ ਨਾਲ ਕੰਮ ਕੀਤਾ ਹੈ ਮੇਰੇ ਕਈ ਸਾਥੀ :

'ਰੋਂਦੇ ਯਾਰਾਂ ਨੂੰ, ਵੈਣ ਪਾਉਂਦੇ ਭਰਾਵਾਂ ਦੇ।'

ਕਈ ਸਾਥੀ ਇਸ ਕਿਸਮ ਦਾ ਬੋਲਦੇ ਰਹੇ ਹਨ ਕਿ ਫਲਾਣੇ ਕਾਂਗਰਸੀ ਵਰਕਰ ਨੇ, ਫਲਾਣੇ ਵਿਅਕਤੀ ਨੇ ਇਹ ਮਾੜਾ ਕੰਮ ਕੀਤਾ। ਮੇਰਾ ਖਿਆਲ ਹੈ ਕਿ :

"ਹਮ ਆਹ ਭੀ ਭਰਤੇ ਹੈਂ ਤੋ ਹੋ ਜਾਤੇ ਹੈਂ ਬਦਨਾਮ
ਵੋਹ ਕਤਲ ਭੀ ਕਰਦੇਂ ਤੋਂ ਚਰਚਾ ਤਕ ਨਹੀਂ ਹੋਤੀ।"

ਮੈਂ ਇਸ ਪਵਿੱਤਰ ਸਦਨ ਵਿਚ ਗੱਲ ਨਹੀਂ ਸੀ ਕਰਨੀ ਚਾਹੁੰਦਾ ਪਰ ਇੱਥੇ ਗੱਲ 'ਹੰਡਿਆਏ' ਦੀ ਕੀਤੀ ਗਈ ਹੈ। ਮੈਂ ਦਾਅਵੇ ਨਾਲ ਕਹਿੰਦਾ ਹਾਂ ਕਿ ਦਾਸ ਨੂੰ ਉਦੋਂ ਇਲਮ ਹੋਇਆ ਜਦੋਂ ਚੰਦ ਲੋਕਾਂ ਨੇ ਉਥੇ ਗੁੰਡਾਇਜ਼ਮ ਕਰਕੇ ਉਥੋਂ ਦੇ ਇੱਕ ਅਫਸਰ ਨੂੰ ਗੋਲੀ ਦਾ ਡਰ ਦੇ ਕੇ ਕਾਗਜ਼ ਨਾਮਜ਼ਦਗੀ ਮਨਜ਼ੂਰ ਕਰਵਾਏ ਅਸੀਂ ਤੈਨੂੰ ਗੋਲੀ ਮਾਰ ਦੇਵਾਂਗੇ ਅਗਰ ਕਾਗਜ਼ ਨਾ-ਮਨਜ਼ੂਰ ਕੀਤੇ ਔਰ ਇਸ ਤਰ੍ਹਾਂ ਉਸ ਨੇ ਕਾਗਜ਼ ਮਨਜ਼ੂਰ ਕਰਵਾਏ। ਉਸ ਬੰਦੇ ਨੇ ਪੰਚਾਇਤ ਦੀ ਜ਼ਮੀਨ ਤੇ ਕਬਜ਼ਾ ਕੀਤਾ, ਮੇਰੇ ਕੋਲ ਕਾਗਜ਼ ਮੌਜੂਦ ਹਨ, ਉਸ ਬੰਦੇ ਨੇ ਕਬਜ਼ਾ ਕੀਤਾ ਪੰਚਾਇਤ ਦੀ ਜ਼ਮੀਨ ਉਤੇ, ਉਸ ਬੰਦੇ ਨੇ ਕਬਜ਼ਾ ਕੀਤਾ ਉਨ੍ਹਾਂ ਗਲੀਆਂ ਉਤੇ, ਜਿਹੜੀਆਂ ਪੰਚਾਇਤ ਦੀਆਂ ਸਨ ਔਰ ਧੱਕੇ ਨਾਲ ਕਬਜਾ ਕੀਤਾ ਪੰਚਾਇਤ ਦੀ ਪਹੀ ਤੇ ਡਿਪਟੀ ਸਪੀਕਰ ਸਾਹਿਬ, ਮੇਰੇ ਕੋਲ ਦਸਤਾ-ਵੇਜ਼ ਮੌਜੂਦ ਹਨ ਜਿਸ ਵਿਚ ਉਸਨੇ ਧੱਕੇ ਨਾਲ ਕਬਜ਼ਾ ਕੀਤਾ। ਫਿਰ ਉਥੇ ਗੋਲੀ ਚੱਲੀ ਅਤੇ ਇਸੀ ਕਾਰਨ ਉਥੇ ਇਲੈਕਸ਼ਨ ਪੋਸਟਪੋਨ ਹੋਏ।

ਸਰਦਾਰ ਨਿਰਮਲ ਸਿੰਘ ਨਿੰਮਾ : ** ** **

Mr. Deputy Speaker : Please take your seat. It is not to be recorded.

**Not recorded as ordered by the Chair.

ਪੰਡਿਤ ਸੋਮ ਦੱਤ ਸ਼ਰਮਾ : ਜਿਸ ਬੰਦੇ ਨੂੰ ਖਿਨ੍ਹਾਂ ਵਜ੍ਹਾ ਜਾ ਕੇ ਇਹ ਸਪੋਰਟ ਕਰਦੇ ਹਨ, ਜਿਸ ਜ਼ਮੀਨ ਦੀ ਉਸਨੇ ਬੋਲੀ ਦਿੱਤੀ ਸੀ ਉਸ ਜ਼ਮੀਨ ਦੀ ਉਨ੍ਹਾਂ ਬੰਦਿਆਂ ਤੋਂ ਕਿਵੇਂ ਰਿਪੋਰਟ ਕਰਵਾਈ, ਮੈਂ ਇਸ ਤਹਿਕੀਕਾਤ ਵਿਚ ਨਹੀਂ ਜਾਣਾ ਚਾਹੁੰਦਾ। ਅਖੀਰ ਵਿੱਚ ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਇਸ ਦੀ ਇਨਕੁਆਰੀ ਕਰਵਾਈ ਜਾਵੇ ਕਿ ਕਿਤੇ ਉਸ ਦੇ ਕਾਗਜ਼ ਨਾਮਜ਼ਦਗੀ ਮਨਜ਼ੂਰ ਕੀਤੇ। ਮੈਂ ਚਾਹੁੰਦਾ ਹਾਂ ਕਿ ਜੋ ਲੋਕ ਚਾਹੁੰਦੇ ਹਨ, ਉਹੀ ਫੈਸਲਾ ਹੋਣਾ ਚਾਹੀਦਾ ਹੈ। ਉਥੋਂ ਦੇ ਲੋਕ ਚਾਹੁੰਦੇ ਹਨ ਕਿ ਉਥੇ ਨੋਟੀਫਾਈਡ ਏਰੀਆ ਕਮੇਟੀ ਹੋਵੇ, ਉਥੋਂ ਦੇ ਲੋਕ ਮਿਊਂਸੀਪੈਲਿਟੀ ਚਾਹੁੰਦੇ ਹਨ, ਉਹ ਬਣਾ ਦੇਣੀ ਚਾਹੀਦੀ ਹੈ। ਉਥੋਂ ਦੇ ਲੋਕ ਪੰਚਾਇਤ ਚਾਹੁੰਦੇ ਹਨ, ਮੈਨੂੰ ਕੋਈ ਇਤਰਾਜ਼ ਨਹੀਂ ਬਣਾ ਦਿਤੀ ਜਾਵੇ ਪਰ ਇਹ ਨਹੀਂ ਹੋ ਸਕਦਾ ਕਿ ਇਹ ਲੋਕ ਫਿਰ ਜਾ ਕੇ ਜਾਤ ਪਾਤ ਦਾ ਸਵਾਲ ਪੈਦਾ ਕਰਨ ਅਤੇ ਦੂਜੇ ਦੇ ਹਲਕੇ ਵਿਚ ਜਾ ਕੇ ਲੋਕਾਂ ਨੂੰ ਗੁਮਰਾਹ ਕਰਨ, ਇਹ ਨਹੀਂ ਹੋ ਸਕਦਾ।

ਸਰਦਾਰ ਨਿਰਮਲ ਸਿੰਘ ਨਿੰਮਾ : ** ** **

Mr. Deputy Speaker : Nimma ji, please resume your seat. I have not allowed you. Whatever is being said without my permission should not be recorded. Please resume your seat. Pandit ji, carry on.

ਪੰਡਿਤ ਸੋਮ ਦੱਤ ਸ਼ਰਮਾ : ਡਿਪਟੀ ਸਪੀਕਰ ਸਾਹਿਬ, ਮੈਂ ਹੁਣ ਉਨ੍ਹਾਂ ਗਰਾਂਟਸ ਤੇ ਆਉਂਦਾ ਹਾਂ ਜਿਹੜੀਆਂ ਗਰਾਂਟਸ ਠੀਕ ਢੰਗ ਨਾਲ ਇੱਥੇ ਪੇਸ਼ ਕੀਤੀਆਂ ਗਈਆਂ ਹਨ। ਜਿਹੜੀਆਂ ਗਰਾਂਟਸ ਪੇਸ਼ ਕੀਤੀਆਂ ਗਈਆਂ ਹਨ, ਉਹ ਠੀਕ ਪੇਸ਼ ਕੀਤੀਆਂ ਗਈਆਂ ਹਨ ਅਤੇ ਮੈਂ ਇਨ੍ਹਾਂ ਦਾ ਸਮਰਥਨ ਕਰਦਾ ਹਾਂ। ਜਿਹੜੀਆਂ ਮੁਲਾਜ਼ਮਾਂ ਦੀਆਂ ਮੰਗਾਂ ਬਹੁਤ ਦੇਰ ਤੋਂ ਪਈਆਂ ਹਨ, ਉਹ ਅੱਜ ਤੋਂ ਨਹੀਂ ਪਈਆਂ ਜਦੋਂ ਅਸੀਂ ਵੀ ਆਪੋਜ਼ੀਸ਼ਨ ਵਿਚ ਸੀ ਤਾਂ ਅਸੀਂ ਵੀ ਉਨ੍ਹਾਂ ਦਾ ਸਮਰਥਨ ਕਰਦੇ ਸੀ। ਜਦੋਂ ਇਹ ਸਰਕਾਰ ਵਿਚ ਸੀ ਤਾਂ ਇਹ ਉਸ ਦੀ ਵਿਰੋਧਤਾ ਕਰਦੇ ਸੀ। ਮੈਂ ਬੇਨਤੀ ਕਰਦਾ ਹਾਂ ਕਿ ਜਿਹੜੀਆਂ ਮੰਗਾਂ ਹਨ, ਚਾਹੇ ਉਹ ਕਿਸੇ ਵੀ ਮਹਿਕਮੇ ਨਾਲ ਸਬੰਧਤ ਹਨ, ਉਨ੍ਹਾਂ ਤੇ ਹਮਦਰਦਾਨਾ ਗੌਰ ਕਰਕੇ, ਉਨ੍ਹਾਂ ਨੂੰ ਪ੍ਰਵਾਨ ਕਰ ਲੈਣਾ ਚਾਹੀਦਾ ਹੈ ਕਿਉਂਕਿ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਵਚਨਬੱਧ ਹੈ। ਇਹ ਸਰਕਾਰ ਲੋਕਾਂ ਨਾਲ ਜੋ ਵਾਇਦਾ ਕਰਕੇ ਆਈ ਹੈ, ਉਨ੍ਹਾਂ ਨੂੰ ਪੂਰਿਆਂ ਕਰੇਗੀ। ਇਹ ਕਹਿਣਾ ਕਿ ਅਸੀਂ ਆਰਥਿਕ ਤੌਰ ਤੇ ਕਮਜ਼ੋਰ ਹਾਂ, ਬਿਲਕੁਲ ਗਲਤ ਹੈ। ਡਾਕਟਰ ਕੇਵਲ ਕ੍ਰਿਸ਼ਨ ਜੀ ਇਸ ਸਦਨ ਵਿਚ ਬੈਠੇ ਹਨ। ਉਹ ਆਪੇ ਕੋਈ ਨਾ ਕੋਈ ਹੱਲ ਕਢ ਲੈਣਗੇ। ਇਨ੍ਹਾਂ ਦੀ ਡਿਊਟੀ ਬਣਦੀ ਹੈ। ਇਨ੍ਹਾਂ ਨੇ ਬੜੇ ਅਛੇ ਢੰਗ ਨਾਲ ਜਿਹੜਾ ਸਾਡਾ ਸਰਕਾਰੀ ਖਜ਼ਾਨਾ ਨੇਸ ਤੋਂ ਨਾਬੂਦ ਹੋ ਚੁੱਕਿਆ ਸੀ, ਉਹ ਠੀਕ ਕਰ ਦਿੱਤਾ ਹੈ ਅਤੇ ਬੜੇ ਵਧੀਆ ਤਰੀਕੇ ਨਾਲ ਅੱਗੇ ਲੈ ਕੇ ਆਏ ਹਨ। ਮੈਨੂੰ ਵਿਸ਼ਵਾਸ ਹੈ ਕਿ ਉਹ ਇਹ ਚੀਜ਼ਾਂ ਠੀਕ ਕਰ ਲੈਣਗੇ।

ਹੁਣ ਮੈਂ, ਡਿਪਟੀ ਸਪੀਕਰ ਸਾਹਿਬ, ਕੁਰੱਪਸ਼ਨ ਦੇ ਬਾਰੇ 2-4 ਗੱਲਾਂ ਕਹਿ ਕੇ ਬੈਠ ਜਾਵਾਂਗਾ। ਕੁਰੱਪਸ਼ਨ ਦੇ ਬਾਰੇ ਜਿੰਨੀ ਦੇਰ ਤੁਸੀਂ ਬੜੇ ਬੜੇ ਅਫਸਰਾਂ ਨੂੰ ਹੱਥ ਨਹੀਂ ਪਾਉਂਦੇ ਤੁਹਾਡੀ ਗੱਲ ਨਹੀਂ ਬਣੇਗੀ। (ਅਪੋਜ਼ੀਸ਼ਨ ਪਾਰਟੀ ਦੇ ਬੈਂਚਾਂ ਵਲੋਂ ਥੰਪਿੰਗ) ਅਗਰ ਅਸੀਂ ਵੱਡੇ ਅਫਸਰਾਂ ਨੂੰ ਹੱਥ ਪਾਉਣ ਤੋਂ ਗੁਰੇਜ਼ ਕੀਤਾ ਤਾਂ ਮੈਂ ਇਹ ਸਮਝਦਾ ਹਾਂ ਕਿ ਸਰਦਾਰ ਬੇਅੰਤ ਸਿੰਘ ਜੀ ਨੇ ਜੋ ਸਾਲ ਭਰ ਦੇ ਵਿੱਚ ਅਮਨ ਔਰ ਸ਼ਾਂਤੀ ਦਿੱਤੀ ਹੈ ਇਸ ਦੇ ਵਿੱਚ ਇਹ ਰੁਕਾਵਟਾਂ ਪੈਦਾ ਕਰਨਗੇ ਚਾਹੇ ਉਹ ਅਫਸਰ ਪੁਲਿਸ

** Not recorded as ordered by the Chair.

[ਪੰਡਿਤ ਸੋਮ ਦੱਤ ਸ਼ਰਮਾ]

ਦੇ ਹਨ, ਚਾਹੇ ਉਹ ਅਫਸਰ ਇਰੀਗੇਸ਼ਨ ਮਹਿਕਮੇ ਦੇ ਹਨ, ਚਾਹੇ ਉਹ ਅਫਸਰ ਪੀ.ਆਰ.ਟੀ.ਸੀ. ਦੇ ਹਨ, ਚਾਹੇ ਉਹ ਅਫਸਰ ਸਿਖਿਆ ਵਿਭਾਗ ਦੇ ਹਨ ਤੇ ਚਾਹੇ ਉਹ ਅਫਸਰ ਸਿਹਤ ਵਿਭਾਗ ਦੇ ਹਨ, ਮੇਰਾ ਕਹਿਣ ਦਾ ਭਾਵ ਹੈ ਕਿ ਕਿਸੇ ਵੀ ਮਹਿਕਮੇ ਦੇ ਹਨ, ਸਾਡੀ ਡਿਊਟੀ ਬਣਦੀ ਹੈ ਕਿ ਉਨ੍ਹਾਂ ਨੂੰ ਹੱਥ ਪਾਈਏ। ਇਹ ਕੋਈ ਜ਼ਰੂਰੀ ਤਾਂ ਨਹੀਂ ਕਿ ਸਾਰੀ ਉਮਰ ਅਫਸਰ ਲੁੱਟੀ ਜਾਣ। ਜਿਸ ਦਾ ਰਾਜ ਆਵੇ ਇਹ ਲੁੱਟੀ ਜਾਣ। ਅਕਾਲੀਆਂ ਦਾ ਰਾਜ ਆਇਆ ਇਹ ਅਫਸਰ ਲੁਟੀ ਜਾਂਦੇ ਰਹੇ, ਫਿਰ ਇਕੱਠਾ ਕਈ ਪਾਰਟੀਆਂ ਦਾ ਰਾਜ ਆਇਆ ਤਾਂ ਇਹ ਅਫਸਰ ਲੁਟੀ ਜਾਂਦੇ ਰਹੇ ਔਰ ਕਾਂਗਰਸ ਦਾ ਰਾਜ ਆ ਗਿਆ ਹੈ ਉਦੋਂ ਵੀ ਇਹ ਅਫਸਰ ਲੁਟੀ ਜਾਣ ਤਾਂ ਇਸ ਦੇ ਲਈ ਸਾਡੀ ਡਿਊਟੀ ਬਣਦੀ ਹੈ, ਸਾਡਾ ਫਰਜ਼ ਬਣਦਾ ਹੈ ਔਰ ਸਾਡਾ ਪਹਿਲਾ ਫਰਜ਼ ਬਣਦਾ ਹੈ ਕਿ ਜੋ ਕੁਰੱਪਟ ਅਫਸਰ ਹਨ ਉਨ੍ਹਾਂ ਨੂੰ ਹੱਥ ਪਾਇਆ ਜਾਵੇ। ਇਥੇ ਇਹ ਗੱਲ ਕੀਤੀ ਜਾਂਦੀ ਹੈ ਕਿ ਇਨਕੁਆਰੀ ਕਰਵਾ ਲਵਾਂਗੇ, ਮੈਂ ਇਸ ਦੇ ਹੱਕ ਵਿੱਚ ਨਹੀਂ। ਸਾਨੂੰ ਪਤਾ ਨਹੀਂ ਹੈ ਕਿ ਕਿਹੜਾ ਅਫਸਰ ਚੰਗਾ ਹੈ ਅਤੇ ਕਿਹੜਾ ਅਫਸਰ ਮਾੜਾ ਹੈ ? ਸਰਦਾਰ ਬੇਅੰਤ ਸਿੰਘ ਜੀ ਨੂੰ ਪਤਾ ਹੈ ਕਿ ਕਿਹੜਾ ਅਫਸਰ ਚੰਗਾ ਹੈ ਜਾਂ ਕਿਹੜਾ ਅਫਸਰ ਮਾੜਾ ਹੈ। ਉਹ ਤਾਂ ਇਕੱਲੇ ਇਕੱਲੇ ਵਰਕਰ ਦਾ ਨਾਮ ਜਾਣਦੇ ਹਨ ਔਰ ਹਰ ਇਕ ਨੂੰ ਨਾਮ ਲੈ ਕੇ ਬੁਲਾਉਂਦੇ ਹਨ ਜਾਂ ਡਾਕਟਰ ਕੇਵਲ ਕ੍ਰਿਸ਼ਨ ਜੀ ਨੂੰ ਕਿਹਾ ਜਾਵੇ ਜਾਂ ਸਰਦਾਰ ਲਾਲ ਸਿੰਘ ਜੀ ਨੂੰ ਕਿਹਾ ਜਾਵੇ ਜਾਂ ਦੂਲੋ ਸਾਹਿਬ ਨੂੰ ਕਿਹਾ ਜਾਵੇ, ਸਭ ਨੂੰ ਪਤਾ ਹੈ। ਕਹਿੰਦੇ ਹਨ ਮੈਂ ਆਪਣੇ ਮਹਿਕਮੇ ਦੀ ਇਨਕੁਆਰੀ ਕਰਾਂਗਾ। ਨਾ, ਨਾ, ਇਹ ਨਾ ਕਰੋ, ਤਕੜੇ ਹੋ ਕੇ ਹੱਥ ਪਾਓ। ਸਾਰਾ ਹਾਊਸ ਸਰਦਾਰ ਬੇਅੰਤ ਸਿੰਘ ਜੀ ਦੇ ਮਗਰ ਹੈ ਜਦੋਂ ਵੀ ਤੁਸੀਂ ਕੁਰੱਪਸ਼ਨ ਨੂੰ ਨੱਥ ਪਾਉਗੇ, ਇਧਰ ਉਧਰ ਨਹੀਂ ਹੋ ਸਕਦਾ ਚਾਹੇ ਜੋ ਮਰਜ਼ੀ ਹੋ ਜਾਵੇ। ਸੋ ਮੈਂ ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਦਾ ਇਹ ਖਦਸ਼ਾ ਦੂਰ ਕਰ ਦਿਓ। ਅਪੋਜ਼ੀਸ਼ਨ ਨੂੰ ਵੀ ਪੂਰਾ ਵਿਸ਼ਵਾਸ ਹੈ ਕਿ ਜੋ ਕ੍ਰਿਸ਼ਮਾ ਸਾਲ ਭਰ ਦੇ ਅੰਦਰ ਸਰਦਾਰ ਬੇਅੰਤ ਸਿੰਘ ਜੀ ਨੇ ਕਰ ਦਿਖਾਇਆ ਹੈ ਉਹ ਹੋਰ ਨਹੀਂ ਸੀ ਕੋਈ ਦਿਖਾ ਸਕਦਾ।

ਡਿਪਟੀ ਸਪੀਕਰ ਸਾਹਿਬ, ਗੱਲ ਕੀਤੀ ਹੈ ਖਰਚ ਦੀ ਕਿ ਬਹੁਤ ਜ਼ਿਆਦਾ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਪਹਿਲਾਂ ਆਪਣੇ ਤੋਂ ਹੀ ਸ਼ੁਰੂ ਕਰ ਲਓ। ਸਾਨੂੰ ਪਤਾ ਹੈ ਕਿ ਸਾਨੂੰ 450 ਲਿਟਰ ਤੇਲ ਮਿਲਦਾ ਹੈ। ਅਸੀਂ ਆਪਣੀ ਇਕ ਕਮੇਟੀ ਬਣਾ ਲਈਏ ਔਰ ਦੇਖੀਏ ਕਿ ਕਿੰਨਾ ਖਰਚ ਅਸੀਂ ਘੱਟ ਕਰ ਸਕਦੇ ਹਾਂ। ਜੇ 10,20,50 ਜਾਂ 100 ਲਿਟਰ ਪੈਟ੍ਰੋਲ ਅਸੀਂ ਆਪ ਘੱਟ ਕਰ ਲਵਾਂਗੇ ਤਾਂ ਅਸੀਂ ਵਜ਼ੀਰ ਸਾਹਿਬਾਨ ਨੂੰ ਵੀ ਕਹਾਂਗੇ ਕਿ ਵਜ਼ੀਰ ਸਾਹਿਬਾਨ ਤੁਸੀਂ ਵੀ ਘੱਟ ਕਰੋ, ਫਿਰ ਵਜ਼ੀਰ ਸਾਹਿਬਾਨ ਅਗੇ ਅਫਸਰ ਸਾਹਿਬਾਨ ਨੂੰ ਕਹਿਣਗੇ। ਸੋ ਅਸੀਂ ਪਹਿਲਾਂ ਆਪਣੇ ਆਪ ਤੋਂ ਸ਼ੁਰੂ ਕਰੀਏ। ਵੈਸੇ ਕਾਇਦਾ ਤਾਂ ਇਹ ਹੈ ਕਿ ਮੀਂਹ ਪੈਂਦਾ ਹੈ ਜੋ ਉਹ ਉਪਰੋਂ ਪੈਂਦਾ ਹੈ ਔਰ ਫਿਰ ਹੇਠਾਂ ਚਿਕੜ ਹੋ ਜਾਂਦਾ ਹੈ। ਉਸ ਚਿਕੜ ਨੂੰ ਠੀਕ ਕਰਨ ਦੀ ਖਾਤਰ ਬਿਹਤਰ ਹੈ ਉਪਰਲਾ ਮਾੜਾ ਮੋਟਾ ਠੀਕ ਕਰ ਦੇਈਏ ਤਾਂ ਹੀ ਗੱਲ ਬਣੇਗੀ। ਤੋ, ਡਿਪਟੀ ਸਪੀਕਰ ਸਾਹਿਬ, ਮੈਂ ਜ਼ਿਆਦਾ ਨਾ ਕਹਿੰਦਾ ਹੋਇਆ ਸਮੱਰਥਨ ਕਰਦਾ ਹਾਂ ਔਰ ਇਸ ਗੱਲ ਦੀ ਮੁਬਾਰਕਬਾਦ ਦਿੰਦਾ ਹੈ ਡਾਕਟਰ ਕੇਵਲ ਕ੍ਰਿਸ਼ਨ ਜੀ ਨੂੰ ਜਿਨ੍ਹਾਂ ਨੇ ਐਸੇ ਸੋਹਣੇ ਢੰਗ ਨਾਲ ਮੰਗਾਂ ਪੇਸ਼ ਕੀਤੀਆਂ ਹਨ ਜੋ ਬਹੁਤ ਸੋਹਣੀਆਂ ਹਨ। ਲੇਕਿਨ ਇਸ ਦੇ ਨਾਲ ਨਾਲ ਮੈਂ ਸਾਰਿਆਂ ਦੀ ਗੱਲ ਕਰ ਲੈਂਦਾ ਹੈ ਕਿ ਮੁਲਾਜ਼ਮਾਂ ਦੀਆਂ ਜੋ ਮੰਗਾਂ ਹਨ, ਫਿਰ ਅਸੀਂ ਐਜੀਟੇਸ਼ਨਾਂ ਤੋਂ ਬਚਾਂਗੇ, ਉਨ੍ਹਾਂ ਦੇ ਲਈ ਭਾਵੇਂ ਕੋਈ ਇਕ ਕਮੇਟੀ ਬਣਾ ਦਿਓ ਔਰ ਉਸ ਕਮੇਟੀ ਦਾ ਫਿਰ ਇਹ ਨਾ ਹੋਵੇ ਕਿ ਉਹ 2 ਸਾਲ ਰਿਪੋਰਟ ਹੀ ਨਾ ਦੇਵੇ, ਦੋ ਢਾਈ ਮਹੀਨਿਆਂ ਵਿਚ ਇਹ ਮੰਗਾਂ ਠੀਕ ਕਰ ਦੇਣੀਆਂ ਚਾਹੀਦੀਆਂ ਹਨ। ਮੈਂ ਫਿਰ ਬੇਨਤੀ ਕਰਦਾ ਹਾਂ ਕਿ ਜਿਹੜੀਆਂ ਉਨ੍ਹਾਂ ਦੀਆਂ

ਮੰਗਾਂ ਹਨ ਉਹ ਬਿਲਕੁਲ ਠੀਕ ਹਨ ਜਾਇਜ਼ ਹਨ ਔਰ ਦੂਸਰਾ ਮੈਂ ਕਹਾਂਗਾ ਕਿ ਕੁਰੱਪਸ਼ਨ ਨੂੰ ਖਤਮ ਕਰਨ ਲਈ ਜਿੰਨੀ ਛੇਤੀ ਹੋ ਸਕੇ ਹੱਥ ਪਾਉ ਕਿਉਂ ਕਿ 'ਗੁਰਵਾ ਕੁਸਤਨ ਰੋਜ਼ੇ ਅਵੱਲ'। ਮੈਂ ਪਿਛਲੀ ਵਾਰ ਵੀ ਕਿਹਾ ਸੀ ਕਿ ਗੁਰਵਾ ਕੁਸਤਨ ਰੋਜ਼ੇ ਅਵੱਲ। ਜੇ ਬਿੱਲੀ ਮਾਰੀ ਜਾਏਗੀ ਤਾਂ ਉਹ ਪਹਿਲੇ ਦਿਨ ਹੀ ਮਾਰੀ ਜਾਏਗੀ। ਹੁਣ ਤੁਹਾਡਾ ਬੜਾ ਤਕੜਾ ਸਿਸਟਮ ਹੈ, ਜੇ ਤੁਸੀਂ ਅਮਲ ਕਰ ਲਿਆ ਤੇ ਫਿਰ ਤਾਂ ਪਾ ਲਵੋਂਗੇ ਨਥ ਨਹੀਂ ਤਾਂ ਫਿਰ ਬਿੱਲੀ ਨਹੀਂ ਮਰਨੀ ਕਿਉਂਕਿ ਫਿਰ ਬਿੱਲੀ ਸਮਝ ਜਾਂਦੀ ਹੈ ਕਿ ਦੁਧ ਕਿਥੇ ਪਿਆ ਜਾਂ ਰੋਟੀ ਕਿਏ ਪਈ ਹੈ ਜਾਂ ਕਿਥੇ ਕੀ ਪਿਆ ਹੈ, ਫਿਰ ਉਹ ਤੁਹਾਡੇ ਕਾਬੂ ਨਹੀਂ ਆਵੇਗੀ। ਇਸ ਕਰਕੇ ਇਹ ਠੀਕ ਕਰ ਲਓ।

ਬਾਕੀ ਇਸ ਦੇ ਵਿਚ ਤਲਾਕਸ਼ੁਦਾ ਲੇਡੀਜ਼ ਦੇ ਬਾਰੇ ਜਿਕਰ ਆਇਆ ਹੈ, ਡਾਕਟਰ ਕੇਵਲ ਕ੍ਰਿਸ਼ਨ ਜੀ ਨੂੰ ਮੈਂ ਕਹਾਂਗਾ, ਮੈਂ ਪਿਛਲੀ ਵਾਰੀ ਵੀ ਕਿਹਾ ਸੀ ਕਿ ਡਾਕਟਰ ਸਾਹਿਬ, ਤੁਸੀਂ ਬਣੋ ਦੀਵਾਨ ਟੋਡਰ ਮੱਲ ਜਿਨ੍ਹਾਂ ਨੇ ਮੇਰੇ ਮਹਾਨ ਸ਼ਕਤੀਸ਼ਾਲੀ ਦੋ ਜਹਾਨ ਦੇ ਵਾਲੀ ਦਸਮੇਸ਼ ਪਿਤਾ ਕਲਗੀਧਰ ਸੱਚੇ ਪਾਤਿਸ਼ਾਹ ਦੇ ਪੁੱਤਰ ਔਰ ਮਾਂ ਦੇ ਸੰਸਕਾਰ ਵਾਸਤੇ ਜ਼ਮੀਨ ਖਰੀਦੀ ਸੀ। ਬਣੋ ਦੀਵਾਨ ਟੋਡਰ ਮੱਲ ਨਹੀਂ ਤਾਂ ਉਥੇ ਬਿਨਾਂ ਸੰਸਕਾਰ ਤੋਂ ਅਸੀਂ ਰੁਲਦੇ ਰਹਿੰਦੇ। ਪਤਾ ਨਹੀਂ ਕੀ ਹੋਣਾ ਸੀ ਕੀ ਨਹੀਂ। ਤੁਸੀਂ ਡਾਕਟਰ ਸਾਹਿਬ ਦੀਵਾਨ ਟੋਡਰ ਮੱਲ ਬਣ ਕੇ ਉਨ੍ਹਾਂ ਮੇਰੀਆਂ ਤਲਾਕਸ਼ੁਦਾ ਭੈਣਾਂ ਜਿਨ੍ਹਾਂ ਦੇ ਮੁਤੱਲਕ ਕਾਨੂੰਨ ਪਤਾ ਨਹੀਂ ਕਿਥੇ ਵੜ ਗਿਆ, ਸਮਝ ਨਹੀਂ ਆ ਰਿਹਾ ਉਸ ਕਿਸੇ ਵਿਧਵਾ ਦੇ ਕੋਲ ਦੋ ਵਿਘੇ ਜ਼ਮੀਨ ਹੋਣੀ ਹੈ, ਉਸ ਦੇ ਘਰ ਦਾ ਮਕਾਨ ਹੋਣਾ ਹੈ ਲੇਕਿਨ ਉਹ ਤਲਾਕਸ਼ੁਦਾ ਦਾ ਨਾ ਤਾਂ ਉਸ ਨੂੰ ਮਾਲਕ ਦਾ ਮਕਾਨ ਮਿਲਣਾ ਹੈ ਤੇ ਪੇਕਿਆਂ ਸਹੁਰਿਆਂ ਦਾ ਮਿਲਣਾ ਹੈ। ਇਸ ਲਈ ਤਲਾਕਸ਼ੁਦਾ ਜੋ ਔਰਤਾਂ ਹਨ ਉਨ੍ਹਾਂ ਨੂੰ ਵਿਧਵਾ ਦੇ ਮੁਕਾਬਲੇ ਵਿੱਚ ਤਾਂ ਕਮ-ਅਜ਼-ਕਮ ਸਮਝ ਲਓ, ਉਨ੍ਹਾਂ ਦੇ ਮੁਤੱਲਕ ਹਾਲੀ ਤਕ ਕਿਸੇ ਨੇ ਨਹੀਂ ਸੋਚਿਆ। ਇਸ ਲਈ ਮੈਂ ਬੇਨਤੀ ਕਰਦਾ ਹਾਂ, ਮੈਨੂੰ ਅਫਸੋਸ ਹੈ ਸਾਰੇ ਸਜਣ ਬੋਲੇ ਹਨ, ਕਿਸੇ ਨੇ ਟੱਚ ਨਹੀਂ ਕੀਤਾ ਇਸ ਗੱਲ ਨੂੰ। ਜਿਹੜੀਆਂ ਗੱਲਾਂ ਵਧੀਆ ਹਨ, ਡਾਕਟਰ ਸਾਹਿਬ ਤੁਹਾਡੀਆਂ, ਸਭ ਨੇ ਸਮੱਰਥਨ ਕੀਤਾ ਹੈ। ਹੁਣ ਵਧੀਆ ਸਾਰਿਆਂ ਨਾਲੋਂ ਗੱਲ ਇਹ ਹੈ, ਸਾਰੇ ਬੈਠੇ ਹਨ, ਤੁਹਾਡੀ ਕਰੀਮ ਬੈਠੀ ਹੈ, ਮੇਰੇ ਇਕ ਗੱਲ ਯਾਦ ਹੈ ਕਿ 1972 ਦੇ ਵਿੱਚ ਇਕ ਕਾਨੂੰਨ ਬਣਾਇਆ ਸੀ। ਸਰਦਾਰ ਉਮਰਾਓ ਸਿੰਘ ਜੀ ਬੈਠੇ ਹਨ, ਉਨਾਂ ਨੂੰ ਯਾਦ ਹੋਵੇਗਾ ਕਿ ਲਿਟੀਗੇਸ਼ਨ ਖਤਮ ਕੀਤਾ ਸੀ, ਇਕ ਹੱਕ ਸੁਫਾ ਦਾ ਕਾਨੂੰਨ ਬਣਾਇਆ ਸੀ ਗਿਆਨੀ ਜ਼ੈਲ ਸਿੰਘ ਜੀ ਦੇ ਰਾਜ ਵਿੱਚ, ਡੈਕਲੇਰੇਸ਼ਨ ਖਤਮ ਕੀਤਾ ਸੀ ਇਨ੍ਹਾਂ ਨੇ ਹੱਕ ਸੁਫਾ ਖਤਮ ਕੀਤਾ ਸੀ ਜਿਸ ਦੇ ਨਾਲ ਪਤਾ ਹੈ ਕਿ ਬੜੀਆਂ ਲਿਟੀਗੇਸ਼ਨਜ਼ ਖਤਮ ਹੋ ਗਈਆਂ। ਡਿਪਟੀ ਸਪੀਕਰ ਸਾਹਿਬ, ਹੁਣ ਛੋਟੀ ਜਿਹੀ ਗੱਲ ਪਿਛੇ ਐਜੀਟੇਸ਼ਨਾਂ ਹੋਈਆਂ ਹਨ। ਹਜ਼ਾਰਾਂ ਲੋਕਾਂ ਤੋਂ ਫੀਸਾਂ ਲੈ ਕੇ ਵਕੀਲ ਕੇਸਾਂ ਦੀ ਪੈਰਵੀ ਲਈ ਮੁਕੱਦਮੇ ਵਿਚ ਪੇਸ਼ ਨਹੀਂ ਹੁੰਦੇ। ਕਿਥੇ ਹੈ ਸਦਨ ? ਇਸ ਬਾਰੇ ਕੋਈ ਕਾਨੂੰਨ ਬਣਾਉਣਾ ਚਾਹੀਦਾ ਹੈ। ਹਰ ਗੱਲ ਪਿਛੇ ਵਕੀਲਾਂ ਦੀ ਐਜੀਟੇਸ਼ਨ ਹੋ ਜਾਂਦੀ ਹੈ। ਅੱਜ ਜੱਜ ਨੇ ਛਿਕ ਮਾਰੀ ਇਸ ਲਈ ਵਕੀਲਾਂ ਦੀ ਐਜੀਟੇਸ਼ਨ ਹੈ, ਅੱਜ ਇਹ ਗੱਲ ਹੋ ਗਈ, ਅੱਜ ਉਹ ਗੱਲ ਹੋ ਗਈ ਵਕੀਲਾਂ ਦੀ ਐਜੀਟੇਸ਼ਨ ਹੈ ਇਸ ਕਰਕੇ ਕੋਰਟਾਂ ਵਿਚ ਪੇਸ਼ ਨਹੀਂ ਹੋ ਰਹੇ। ਲੋਕਾਂ ਤੋਂ ਪੰਜ-ਪੰਜ, ਦਸ-ਦਸ ਹਜ਼ਾਰ ਰੁਪਏ ਫੀਸਾਂ ਲੈ ਕੇ ਪੇਸ਼ ਨਹੀਂ ਹੁੰਦੇ। ਕਦੇ ਸੋਚਿਆ ਹੈ ਇਸ ਬਾਰੇ ਸਦਨ ਵਿਚ। ਲੋਕ ਸੜਕਾਂ ਤੇ ਰੁਲਦੇ ਫਿਰਦੇ ਹਨ, ਜ਼ਮਾਨਤਾਂ ਨਹੀਂ ਹੋ ਰਹੀ ਕਿਉਂਕਿ ਵਕੀਲਾਂ ਦੀ ਐਜੀਟੇਸ਼ਨ ਹੋ ਰਹੀ ਹੈ ਉਹ ਪੇਸ਼ ਨਹੀਂ ਹੁੰਦੇ। ਜਿਹੜੇ ਵੱਡੇ ਵਡੇ ਲੋਕ ਹਨ ਉਹ ਜੱਜਾਂ ਦੀਆਂ ਕੋਠੀਆਂ ਵਿਚ ਜਾ ਕੇ ਆਪਣਾ ਕੰਮ ਕਰਾ ਲਿਆਉਂਦੇ ਹਨ। ਇਹ ਵੀ ਇਕ

[ਪੰਡਿਤ ਸੋਮ ਦੱਤ ਸ਼ਰਮਾ]

ਕੁਰੱਪਸ਼ਨ ਵਾਲੀ ਗੱਲ ਹੀ ਹੈ। ਇਸ ਦੇ ਬਾਰੇ ਕਾਨੂੰਨ ਬਣਾਇਆ ਜਾਵੇ ਤਾਂ ਜੋ ਲੋਕਾਂ ਨੂੰ ਇਨਸਾਫ਼ ਮਿਲੇ।

ਅੰਤ ਵਿਚ ਮੈਂ ਇਨ੍ਹਾਂ ਡਿਮਾਂਡਾਂ ਦਾ ਸਮੱਰਥਨ ਕਰਦਾ ਹੋਇਆ ਆਪਣਾ ਸਥਾਨ ਲੈਂਦਾ ਹਾਂ। ਜੈ ਹਿੰਦ।

ਸ੍ਰੀ ਰਾਜਿੰਦਰ ਕੁਮਾਰ (ਆਦਮਪੁਰ) : ਸਤਿਕਾਰਯੋਗ ਡਿਪਟੀ ਸਪੀਕਰ ਸਾਹਿਬ,ਅੱਜ ਜੋ ਅਨੁਪੂਰਕ ਮੰਗਾਂ ਦੇ ਸਬੰਧ ਵਿਚ ਬਿਲ ਆਇਆ ਹੈ ਉਸ ਤੇ ਬੋਲਣ ਲਈ ਜੋ ਮੈਨੂੰ ਮੌਕਾ ਦਿਤਾ ਹੈ, ਮੈਂ ਆਪ ਜੀ ਦਾ ਬਹੁਤ ਧੰਨਵਾਦੀ ਹਾਂ। ਜੋ ਡਿਮਾਂਡਾਂ ਲਗ ਭਗ 196 ਕਰੋੜ ਰੁਪਏ ਦੀਆਂ ਰਖੀਆਂ ਗਈਆਂ ਹਨ ਉਨ੍ਹਾਂ ਦੇ ਵਿਚੋਂ ਸਭ ਤੋਂ ਪਹਿਲਾਂ ਜੋ ਗ੍ਰਹਿ ਵਿਭਾਗ ਨੂੰ ਗ੍ਰਾਂਟ ਦੇਣ ਦੀ ਮੰਗ ਕੀਤੀ ਗਈ ਹੈ, ਉਹ ਬਹੁਤ ਜ਼ਿਆਦਾ ਹੈ ਕਿਉਂਕਿ ਪਿਛਲੇ ਕਾਫ਼ੀ ਲੰਮੇ ਅਰਸੇ ਤੋਂ ਪੰਜਾਬ ਦੀ ਹਾਲਤ ਖਰਾਬ ਹੋਣ ਕਰਕੇ ਪੁਲੀਸ ਦੇ ਉਪਰ ਕਿਸੇ ਸਰਕਾਰ ਦਾ ਕੰਟਰੋਲ ਨਹੀਂ ਰਿਹਾ, ਜਿਸ ਦੀ ਬਦੌਲਤ ਪੁਲੀਸ ਡਿਪਾਰਟਮੈਂਟ ਵਾਲੇ ਬਹੁਤ ਸਾਰੀਆਂ ਗੱਡੀਆਂ ਦੀ ਪੇਮੈਂਟ ਨਾਜਾਇਜ਼ ਲਈ ਜਾਂਦੇ ਹਨ। ਉਹ ਗੱਡੀਆਂ ਕਾਗਜ਼ਾਂ ਵਿਚ ਜ਼ਿਆਦਾ ਮਿਲਦੀਆਂ ਹਨ ਅਤੇ ਫੋਰਸ ਨਾਲ ਘੱਟ ਕੰਮ ਕਰ ਰਹੀਆਂ ਹਨ ਯਾਨੀ ਐਕਚੂਅਲੀ ਉਹ ਗੱਡੀਆਂ ਕੰਮ ਨਹੀਂ ਕਰ ਰਹੀਆਂ। ਇਸੇ ਤਰ੍ਹਾਂ ਐਸ.ਪੀ.ਓ. ਜਾਂ ਹੋਮ ਗਾਰਡ ਜੋ ਭਰਤੀ ਕੀਤੇ ਜਾਂਦੇ ਹਨ ਉਨ੍ਹਾਂ ਵਿਚੋਂ ਬਹੁਤ ਸਾਰੇ ਤਾਂ ਅਫਸਰਾਂ ਦੇ ਘਰਾਂ ਵਿਚ ਕੰਮ ਕਰਦੇ ਹਨ ਜਾਂ ਵਿਸ਼ੇਸ਼ ਵਿਅੱਕਤੀ ਆਂ ਦੇ ਕੋਲ ਕੰਮ ਕਰਦੇ ਹਨ ਪਰ ਇਸ ਦਾ ਬੋਝ ਖਜ਼ਾਨੇ ਤੇ ਪੈਂਦਾ ਹੈ। ਇਸ ਬੋਝ ਨੂੰ ਖਤਮ ਕਰਨ ਲਈ ਸਰਕਾਰ ਨੂੰ ਇਸ ਗੱਲ ਦੀ ਜਾਂਚ ਕਰਾਉਣੀ ਚਾਹੀਦੀ ਹੈ ਕਿ ਤੇ ਪੁਲੀਸ ਡਿਪਾਰਟਮੈਂਟ ਵਾਲੇ ਫੰਡਾਂ ਦੀ ਕੋਈ ਨਾਜਾਇਜ਼ ਵਰਤੋਂ ਤਾਂ ਨਹੀਂ ਕਰ ਰਹੇ ਔਰ ਐਸ.ਪੀ.ਉਜ਼ ਔਰ ਹੋਮਗਾਰਡ ਵਾਲਿਆਂ ਤੋਂ ਘਰਾਂ ਵਿਚ ਪ੍ਰਾਈਵੇਟ ਕੰਮ ਤਾਂ ਨਹੀਂ ਕਰਵਾ ਰਹੇ ?

ਇਸ ਤੋਂ ਅਗੇ, ਡਿਪਟੀ ਸਪੀਕਰ ਸਾਹਿਬ, ਖੇਤੀਬਾੜੀ ਲਈ ਗ੍ਰਾਂਟਸ ਦੀ ਮੰਗ ਕੀਤੀ ਗਈ ਹੈ। ਚੰਗੀ ਗੱਲ ਹੈ ਇਧਰ ਧਿਆਨ ਦੇਣਾ ਚਾਹੀਦਾ ਹੈ ਇਸ ਦੇ ਨਾਲ ਟਰੈਕਟਰਾਂ,ਡੂੰਘੇ ਟਿਊਬਵੈਲਾਂ ਆਦਿ ਲਈ ਸਬਸਿਡੀ ਦਿਤੀ ਜਾਣੀ ਹੈ। ਮੇਰੀ ਬੇਨਤੀ ਇਹ ਹੈ ਕਿ ਇਸ ਗੱਲ ਦਾ ਧਿਆਨ ਕੀਤਾ ਜਾਣਾ ਚਾਹੀਦਾ ਹੈ ਕਿ ਉਹ ਪੈਸਾ ਲੋਕਾਂ ਤਕ ਪਹੁੰਚੇ ਕਿਤੇ ਇਹ ਨਾ ਹੋਵੇ ਕਿ ਅਫਸਰਾਂ ਦੀਆਂ ਜੇਬਾਂ ਗਰਮ ਕਰਨ ਤੇ ਹੀ ਖਰਚ ਹੋ ਜਾਵੇ। ਇਸ ਦੀ ਸਹੀ ਵਰਤੋਂ ਹੋਣੀ ਚਾਹੀਦੀ ਹੈ। ਇਸ ਨੂੰ ਖਰਚ ਕਰਨ ਲਈ ਇਹ ਜਿਹੜਾ 31 ਮਾਰਚ ਤਕ ਦਾ ਸਮਾਂ ਹੈ ਇਹ ਬਹੁਤ ਘੱਟ ਹੈ। ਕਿਉਂਕਿ ਇੰਨੀ ਗ੍ਰਾਂਟ ਵਰਤਣ ਲਈ ਕਾਫ਼ੀ ਸਮਾਂ ਚਾਹੀਦਾ ਹੈ। ਇਤਨੇ ਥੋੜ੍ਹੇ ਸਮੇਂ ਵਿਚ ਇਸ ਦੀ ਯੋਗ ਵਰਤੋਂ ਨਹੀਂ ਹੋ ਸਕੇਗੀ, ਇਸ ਦੀ ਵਰਤੋਂ ਦਾ ਖਾਸ ਖਿਆਲ ਕੀਤਾ ਜਾਣਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਇਸ ਦੇ ਬਾਅਦ ਐਜੂਕੇਸ਼ਨ ਲਈ ਗ੍ਰਾਂਟ ਮੰਗੀ ਗਈ ਹੈ। ਐਜੂਕੇਸ਼ਨ ਦਾ ਮਹਿਕਮਾ ਇਕ ਐਸਾ ਮਹਿਕਮਾ ਹੈ ਜਿਸ ਵੱਲ ਸਾਨੂੰ ਔਰ ਸਾਡੀ ਸਰਕਾਰ ਨੂੰ ਵੱਧ ਤੋਂ ਵੱਧ ਧਿਆਨ ਦੇਣ ਦੀ ਲੋੜ ਹੈ। ਕਿਉਂਕਿ ਅੱਜ ਪੰਜਾਬ ਦੇ ਅੰਦਰ ਸਰਕਾਰੀ ਸਕੂਲਾਂ ਵਿਚ ਸਿਖਿਆ ਦਾ ਇਤਨਾ ਮਾੜਾ ਮਿਆਰ ਹੋ ਚੁਕਾ ਹੈ ਕਿ ਕੋਈ ਵੀ ਭਾਵੇਂ ਪਿੰਡਾਂ ਵਾਲੇ ਲੋਕ ਜਾਂ ਸ਼ਹਿਰਾਂ ਵਾਲੇ ਅੱਜ ਆਪਣੇ ਬੱਚਿਆਂ ਨੂੰ ਇਨ੍ਹਾਂ ਸਕੂਲਾਂ ਵਿਚ ਪੜ੍ਹਾਉਣ ਲਈ ਬਿਲਕੁਲ ਪਰੈਫਰ ਨਹੀਂ ਕਰਦੇ ਕਿਉਂਕਿ ਕਾਨਵੈਂਟ ਸਕੂਲ ਪਿੰਡਾਂ ਜਾਂ ਕਸਬਿਆਂ ਵਿਚ ਚਲਾਏ ਜਾਂਦੇ ਹਨ, ਉਨ੍ਹਾਂ ਵਿਚ ਜੇਕਰ ਇਕ ਟੀਚਰ ਫਿੰਨ ਸੌ ਜਾਂ

ਚਾਰ ਸੌ ਰੁਪਏ ਲੈ ਕੇ ਵਿਦਿਆ ਪਰਦਾਨ ਚੰਗੀ ਕਰ ਸਕਦਾ ਹੈ ਤਾਂ ਸਾਡੇ ਸਰਕਾਰੀ ਸਕੂਲਾਂ ਵਿਚ ਜਿੱਥੇ ਢਾਈ ਹਜ਼ਾਰ, ਤਿੰਨ ਹਜ਼ਾਰ ਜਾਂ ਚਾਰ ਹਜ਼ਾਰ ਰੁਪਏ ਤਨਖਾਹ ਲੈ ਕੇ ਵੀ ਵਿਦਿਆ ਦਾ ਮਿਆਰ ਕਾਫੀ ਘਟੀਆ ਹੈ। ਇਸ ਲਈ ਇਸ ਬਾਰੇ ਵੀ ਸਰਕਾਰ ਨੂੰ ਸੋਚਣਾ ਚਾਹੀਦਾ ਹੈ ਕਿ ਵਿਦਿਆ ਦੇ ਮਿਆਰ ਨੂੰ ਕਿਸ ਤਰ੍ਹਾਂ ਉਚਾ ਚੁੱਕਿਆ ਜਾਵੇ? ਉਨ੍ਹਾਂ ਗਰੀਬ ਬੱਚਿਆਂ ਨੂੰ ਜੋ ਵਜ਼ੀਫਾ ਮਿਲਦਾ ਹੈ ਸਰਕਾਰ ਵਲੋਂ ਉਹ ਵੀ ਪੁਰਾਣੇ ਰੇਟ ਉਪਰ ਹੀ ਦਿੱਤਾ ਜਾਂਦਾ ਹੈ ਜਿਸ ਕਰਕੇ ਸਰਕਾਰ ਨੂੰ ਇਸ ਬਾਰੇ ਵੀ ਵਿਚਾਰ ਕਰਨਾ ਚਾਹੀਦਾ ਹੈ। ਮਹਿੰਗਾਈ ਦੇ ਵੱਧਣ ਨਾਲ ਉਸ ਵਜ਼ੀਫੇ ਦੀ ਰਕਮ ਨੂੰ ਵੀ ਵਧਾਇਆ ਜਾਵੇ।

ਇਸ ਦੇ ਨਾਲ ਟੈਕਨੀਕਲ ਐਜੂਕੇਸ਼ਨ ਦੀ ਗੱਲ ਹੈ। ਉਸ ਦੇ ਲਈ ਜੋ ਫੰਡ ਹੈ ਉਹ ਬਹੁਤ ਹੀ ਜ਼ਰੂਰੀ ਹੈ ਕਿਉਂਕਿ ਸਾਰੇ ਜੋ ਵਿਦਿਆਰਥੀ ਜਾਂ ਲੋਕ ਵਿਦਿਆ ਪ੍ਰਾਪਤ ਕਰਕੇ ਸਕੂਲਾਂ ਜਾਂ ਕਾਲਜਾਂ ਵਿਚੋਂ ਨਿਕਲਦੇ ਹਨ ਉਨ੍ਹਾਂ ਸਾਰਿਆਂ ਨੂੰ ਤਾਂ ਸਰਕਾਰ ਰੁਜ਼ਗਾਰ ਸਰਕਾਰੀ ਮਹਿਕਮਿਆਂ ਵਿਚ ਨਹੀਂ ਦੇ ਸਕਦੀ। ਜੇਕਰ ਅਸੀਂ ਉਦਯੋਗਿਕ ਖੇਤਰ ਵਿਚ ਉਨ੍ਹਾਂ ਨੂੰ ਲਿਆਉਣ ਲਈ ਉਨ੍ਹਾਂ ਨੂੰ ਟੈਕਨੀਕਲ ਸਿਖਿਆ ਦੇਵਾਂਗੇ ਜਾਂ ਆਪਣਾ ਧੰਦਾ ਸ਼ੁਰੂ ਕਰਨ ਲਈ ਸਿਖਿਆ ਦੇਵਾਂਗੇ ਤਾਂ ਇਸ ਨਾਲ ਬੇਰੁਜ਼ਗਾਰੀ ਦਾ ਮਸਲਾ ਵੀ ਹੱਲ ਹੋ ਜਾਵੇਗਾ। ਉਸ ਦੇ ਲਈ ਜ਼ਰੂਰੀ ਹੈ ਕਿ ਸਰਕਾਰ ਅਜਿਹੇ ਲੋਕਾਂ ਦੀ ਵੱਧ ਤੋਂ ਵੱਧ ਮਦਦ ਕਰੇ ਜੋ ਆਪਣਾ ਧੰਦਾ ਜਾਂ ਉਦਯੋਗ ਲਗਾਉਣਾ ਚਾਹੁੰਦੇ ਹਨ। ਇਸ ਲਈ ਇਸ ਪਾਸੇ ਕਾਫੀ ਕੁਝ ਕਰਨ ਦੀ ਸਰਕਾਰ ਨੂੰ ਲੋੜ ਹੈ।

ਸ੍ਰੀ ਡਿਪਟੀ ਸਪੀਕਰ : ਕੋਈ ਨਵੀਂ ਚੀਜ਼ ਹੈ ਤਾਂ ਦੱਸੋ।

ਸ੍ਰੀ ਰਾਜਿੰਦਰ ਕੁਮਾਰ : ਇਸ ਤੋਂ ਬਾਅਦ ਜੋ ਪੇਂਡੂ ਵਿਕਾਸ ਲਈ ਫੰਡ ਰਖਿਆ ਜਾਂਦਾ ਹੈ ਉਸ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ। ਜੋ ਫੰਡ ਡਿਵੈਲਪਮੈਂਟ ਬੋਰਡ ਵਲੋਂ ਪਿੰਡਾਂ ਦੇ ਵਿਕਾਸ ਲਈ ਜਾਂਦਾ ਹੈ ਉਸ ਦੇ ਵਿਚ ਵੀ ਕਾਫੀ ਘਪਲੇਬਾਜ਼ੀ ਹੁੰਦੀ ਹੈ ਕਿਉਂਕਿ ਜੋ ਬਲਾਕ ਦੀ ਡਿਵੈਲਪਮੈਂਟ ਵਾਸਤੇ, ਸਰਪੰਚਾਂ ਦੀ ਮੱਦਦ ਵਾਸਤੇ ਬੀ.ਡੀ.ਓ., ਜੇ.ਈ., ਸੈਕਟਰੀ ਲਗਾਏ ਜਾਂਦੇ ਹਨ ਉਹ ਸਰਪੰਚਾਂ/ਪੰਚਾਂ ਤੋਂ ਉਸ ਫੰਡ ਵਿਚੋਂ ਪਰਸੈਂਟੇਜ ਮੰਗਦੇ ਹਨ। ਜਿਹੜੇ ਸ਼ਰੀਫ ਸਰਪੰਚ/ਪੰਚ ਨਹੀਂ ਦਿੰਦੇ ਉਨ੍ਹਾਂ ਨੂੰ ਬੜੀ ਮੁਸ਼ਕਲ ਪੇਸ਼ ਆਉਂਦੀ ਹੈ। ਜੇਕਰ ਉਹ ਪਰਸੈਂਟ ਦੇਣ ਵਾਸਤੇ ਨਹੀਂ ਮੰਨਦੇ ਤਾਂ ਪਿੰਡ ਦੇ ਵਾਸਤੇ ਦਿੱਤੀ ਗਈ ਗਰਾਂਟ ਨੂੰ ਖਰਚ ਕਰਨ ਵਿਚ ਉਨ੍ਹਾਂ ਨੂੰ ਬੜੀ ਕਠਨਾਈ ਆਉਂਦੀ ਹੈ। ਇਸ ਲਈ ਸਰਕਾਰ ਨੂੰ ਇਸ ਪਾਸੇ ਵੀ ਧਿਆਨ ਦੇਣਾ ਚਾਹੀਦਾ ਹੈ ਕਿ ਜੋ ਪਿੰਡਾਂ ਜਾਂ ਸ਼ਹਿਰਾਂ ਦੀ ਡਿਵੈਲਪਮੈਂਟ ਲਈ ਪੈਸੇ ਅਲਾਟ ਕਰਦੇ ਹਾਂ ਉਸ ਦੀ ਸਹੀ ਵਰਤੋਂ ਹੋਣੀ ਚਾਹੀਦੀ ਹੈ। ਇਸ ਲਈ ਮੇਰੀ ਸੁਜੈਸ਼ਨ ਹੈ ਕਿ ਡਿਸਟ੍ਰਿਕਟ ਲੈਵਲ ਉਤੇ ਜਾਂ ਸਬ-ਡਵੀਜ਼ਨ ਲੈਵਲ ਉਤੇ ਕਮੇਟੀਆਂ ਬਣਾਉਣੀਆਂ ਚਾਹੀਦੀਆਂ ਹਨ ਤਾਂ ਕਿ ਕਿਸੇ ਪਾਸੇ ਵੀ ਸਰਕਾਰ ਦੇ ਪੈਸੇ ਦੀ ਦੁਰਵਰਤੋਂ ਨਾ ਹੋਵੇ ਔਰ ਲੋਕਾਂ ਉਤੇ ਫਾਲਤੂ ਦਾ ਬੋਝ ਨਾ ਪਵੇ।

ਟਰਾਂਸਪੋਰਟ ਡਿਪਾਰਟਮੈਂਟ ਲਈ ਜੋ ਮੰਗ ਰੱਖੀ ਗਈ ਹੈ ਉਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਪ੍ਰਾਈਵੇਟ ਟਰਾਂਸਪੋਰਟ ਤਾਂ ਮੁਨਾਫੇ ਵਿਚ ਜਾਂਦੀ ਹੈ ਪਰ ਸਰਕਾਰੀ ਟਰਾਂਸਪੋਰਟ ਘਾਟੇ ਵਿਚ ਕਿਉਂ ਜਾਂਦੀ ਹੈ। ਇਸ ਦਾ ਮੇਨ ਕਾਰਨ ਇਹ ਹੈ ਕਿ ਘਟੀਆ ਕਿਸਮ ਦੇ ਪੁਰਜ਼ੇ ਜਾਂ ਸਪੇਅਰ ਪਾਰਟਸ ਖਰੀਦੇ ਜਾਂਦੇ ਹਨ ਜਿਨ੍ਹਾਂ ਦਾ ਰੇਟ ਵਧੀਆ ਪੁਰਜ਼ਿਆਂ ਨਾਲੋਂ ਵੀ ਜ਼ਿਆਦਾ ਹੁੰਦਾ ਹੈ। ਇਸ ਲਈ ਇਸ ਪਾਸੇ ਵੀ ਸਰਕਾਰ ਨੂੰ ਧਿਆਨ ਦੇਣ ਦੀ ਲੋੜ ਹੈ।

[ਸ੍ਰੀ ਰਾਜਿੰਦਰ ਕੁਮਾਰ]

ਅਨੁਸੂਚਿਤ ਜਾਤੀਆਂ ਦੀ ਭਲਾਈ ਤੇ ਬੁੜ੍ਹਾਪਾ ਪੈਨਸ਼ਨ ਬਾਰੇ ਕਹਾਂਗਾ ਕਿ ਇਸ ਲਈ ਹੋਰ ਫੰਡਜ਼ ਰਖੇ ਜਾਣੇ ਚਾਹੀਦੇ ਹਨ ਕਿਉਂਕਿ ਉਹ ਥੋਹੜੇ ਪੈਸੇ ਹਨ ਔਰ ਬੁੜ੍ਹਾਪਾ ਔਰ ਵਿਧਵਾ ਪੈਨਸ਼ਨਾਂ ਲਈ ਲੱਖਾਂ ਕੇਸ ਪੰਜਾਬ ਸਰਕਾਰ ਦੇ ਦਫਤਰਾਂ ਦੇ ਵਿਚ ਪਏ ਹਨ। ਦੂਸਰੇ ਪਾਸੇ ਇਹ ਹੈ ਕਿ ਕਾਫੀ ਅਰਸੇ ਤੋਂ ਪੁਰਾਣ ਪੈਨਸ਼ਨਰਾਂ ਨੂੰ ਪੈਨਸ਼ਨ ਨਹੀਂ ਮਿਲ ਰਹੀ। ਉਹ ਪੈਨਸ਼ਨ ਮਿਲਣੀ ਚਾਹੀਦੀ ਹੈ ਔਰ ਬੁੜ੍ਹਾਪਾ ਪੈਨਸ਼ਨਾਂ ਔਰ ਵਿਧਵਾ ਪੈਨਸ਼ਨਾਂ ਲਈ ਹੋਰ ਫੰਡਜ਼ ਮੰਗੇ ਜਾਣੇ ਚਾਹੀਦੇ ਹਨ।

ਸ੍ਰੀ ਡਿਪਟੀ ਸਪੀਕਰ : ਵਾਈਂਡ ਅੱਪ ਕਰੋ।

ਸ੍ਰੀ ਰਾਜਿੰਦਰ ਕੁਮਾਰ : ਇਸ ਤਰ੍ਹਾਂ ਹੀ ਹੁਣ ਮੈਂ ਕੁਰੱਪਸ਼ਨ ਦੀ ਗੱਲ ਕਰਦਾ ਹਾਂ। ਅਨੁਸੂਚਿਤ ਜਾਤੀਆਂ ਦੇ ਲੋਕਾਂ ਨੂੰ ਆਪਣੇ ਕੰਮ ਧੰਦਿਆਂ ਲਈ ਕਰਜ਼ਾ ਦਿੱਤਾ ਜਾਂਦਾ ਹੈ। ਉਸ ਦੇ ਵਿਚ ਵੀ ਕਾਫੀ ਘਪਲੇਬਾਜ਼ੀ ਹੁੰਦੀ ਹੈ। ਜਿਹੜਾ ਵਿਅਕਤੀ ਕੋਈ ਆਪਣਾ ਪਰਾਜੈਕਟ ਲਗਾਉਣਾ ਚਾਹੁੰਦਾ ਹੈ ਉਹ ਜੋ ਕਰਜ਼ਾ ਸਰਕਾਰ ਵਲੋਂ ਦਿੱਤਾ ਜਾਂਦਾ ਹੈ ਉਸ ਵਿਚੋਂ ਡਿਪਾਰਟਮੈਂਟ ਦੇ ਹੈਡ ਵਲੋਂ ਪਰਸੈਂਟੇਜ ਮੰਗੀ ਜਾਂਦੀ ਹੈ ਇਸ ਦੇ ਨਾਲ ਉਹ ਵਿਅਕਤੀ ਆਪਣਾ ਕਰਜ਼ਾ ਪ੍ਰਾਪਤ ਨਹੀਂ ਕਰ ਸਕਦੇ ਹਨ। ਜਿਹੜੇ ਲੋਕ ਉਨ੍ਹਾਂ ਨੂੰ ਕਰਜ਼ੇ ਦੀ ਪਰਸੈਂਟੇਜ ਨਹੀਂ ਦਿੰਦੇ ਉਹ ਲੋਕ ਕਰਜ਼ੇ ਤੋਂ ਵਾਂਝਿਆਂ ਰਹਿ ਜਾਂਦੇ ਹਨ।

ਦੂਸਰਾ, ਇਸ ਤੋਂ ਬਾਅਦ ਮੈਂ ਪੰਜਾਬ ਸਰਕਾਰ ਦੇ ਮੁਲਾਜ਼ਮਾਂ ਦੀ ਗੱਲ ਕਰਨੀ ਚਾਹੁੰਦਾ ਹਾਂ ਉਨ੍ਹਾਂ ਦੀਆਂ ਕੁਝ ਮੰਗਾਂ ਹਨ ਉਸ ਵਲ ਸਰਕਾਰ ਨੂੰ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ। ਇਕ ਤਾਂ ਜਿਹੜੀ ਡੀ. ਏ. ਦੀ ਕਿਸ਼ਤ ਜੁਲਾਈ, 1992 ਤੋਂ ਮਿਲਣੀ ਚਾਹੀਦੀ ਸੀ ਉਹ ਅੱਜ ਤੱਕ ਨਹੀਂ ਮਿਲੀ। ਦੂਜਾ 8 ਕਿਲੋਮੀਟਰ ਦੇ ਅੰਦਰ ਰਹਿਣ ਵਾਲੇ ਮੁਲਾਜ਼ਮਾਂ ਨੂੰ ਜਿਹੜਾ ਮਕਾਨ ਭੱਤਾ ਮਿਲਦਾ ਸੀ ਉਹ ਬੰਦ ਕੀਤਾ ਹੈ ਔਰ ਉਸ ਦੀ ਰਿਕਵਰੀ ਹੋ ਰਹੀ ਹੈ। ਉਸ ਰਿਕਵਰੀ ਨੂੰ ਬੰਦ ਕਰਨਾ ਚਾਹੀਦਾ ਹੈ (ਘੰਟੀ) ਮੈਂ ਦੋ ਤਿੰਨ ਮਿੰਟ ਹੀ ਲਵਾਂਗਾ। ਇਸ ਤੋਂ ਇਲਾਵਾ ਜਿਹੜੇ ਸ਼ਹਿਰਾਂ ਵਿਚ ਮੁਲਾਜ਼ਮ ਕੰਮ ਕਰਦੇ ਹਨ ਉਹ ਤਾਂ ਆਪ ਵੀ ਔਰ ਉਨ੍ਹਾਂ ਦੀਆਂ ਔਰਤਾਂ ਨੂੰ ਵੀ ਮਕਾਨ ਭੱਤਾ ਮਿਲਦਾ ਹੈ ਪਰ ਪਿੰਡਾਂ ਦੇ ਵਿਚ ਰਹਿਣ ਵਾਲੇ ਨੂੰ ਕੁਝ ਨਹੀਂ ਮਿਲਦਾ, ਇਹ ਭੱਤਾ ਉਨ੍ਹਾਂ ਨੂੰ ਵੀ ਮਿਲਣਾ ਚਾਹੀਦਾ ਹੈ।

ਇਸ ਤੋਂ ਬਾਅਦ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ 5 ਹਜ਼ਾਰ ਰੁਪਏ ਦਾ ਕਰਜ਼ਾ ਅਨੁਸੂਚਿਤ ਜਾਤੀਆਂ ਨੂੰ ਮਾਫ ਕਰਨ ਦੀ ਗੱਲ ਕੀਤੀ ਗਈ ਸੀ ਉਸ ਨੂੰ ਪੂਰਾ ਨਹੀਂ ਕੀਤਾ ਗਿਆ। ਇਹ ਜ਼ਰੂਰ ਮਾਫ ਕਰਨਾ ਚਾਹੀਦਾ ਹੈ।

ਇਸ ਤੋਂ ਬਾਅਦ ਪੀ. ਡਬਲਿਊ. ਡੀ. ਵੱਲ ਮੈਂ ਆਪ ਦਾ ਧਿਆਨ ਦਿਵਾਉਂਦਾ ਹਾਂ ਕਿ ਸ਼ਹਿਰ ਦੀਆਂ ਸੜ੍ਹਕਾਂ ਅਤੇ ਹੋਰ ਮੇਨ ਸੜਕਾਂ ਵੱਲ ਤਾਂ ਧਿਆਨ ਦਿੱਤਾ ਜਾਂਦਾ ਹੈ ਪਰ ਪਿੰਡਾਂ ਦੀਆਂ ਲਿੰਕ ਸੜਕਾਂ ਵੱਲ ਬਿਲਕੁਲ ਧਿਆਨ ਨਹੀਂ ਦਿੱਤਾ ਜਾਂਦਾ। ਇਸ ਵੱਲ ਵੀ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। (ਘੰਟੀ)

ਇਸ ਤੋਂ ਬਾਅਦ ਇਕ ਗੱਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜੀਆਂ ਪੰਚਾਇਤ ਇਲੈਕਸ਼ਨ ਹੋਈਆਂ ਹਨ ਇਸ ਵਿਚ ਕਈ ਥਾਵਾਂ ਤੇ ਐਸ.ਸੀ. ਪੰਚਾਂ ਔਰ ਸਰਪੰਚਾਂ ਦਾ ਨਤੀਜਾ ਐਲਾਨ ਨਹੀਂ ਕੀਤਾ ਗਿਆ। ਇਸ ਲਈ ਮੈਂ ਮੰਗ ਕਰਦਾ ਹਾਂ ਕਿ ਇਕ ਤਾਂ ਉਨ੍ਹਾਂ ਪਿੰਡਾਂ ਵਿਚ ਐਸ.ਸੀ. ਪੰਚ ਨਾਮਜ਼ਦ ਕਰਨੇ ਚਾਹੀਦੇ ਹਨ ਔਰ ਦੂਜਾ ਜਿਹੜੇ ਪ੍ਰੀਜ਼ਾਈਡਿੰਗ ਅਫਸਰ ਨੇ ਇਨ੍ਹਾਂ ਦੀਆਂ ਚੋਣਾਂ ਦੇ ਨਤੀਜੇ ਐਲਾਨ ਨਹੀਂ ਕੀਤੇ ਉਸ ਦੇ ਖਿਲਾਫ ਕਾਰਵਾਈ ਕਰਨੀ ਚਾਹੀਦੀ ਹੈ।

ਇਕ ਗੱਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਿਕਿਓਰਿਟੀ ਵਾਸਤੇ ਜਿਹੜੀਆਂ ਜਿਪਸੀਆਂ ਐਮ.ਐਲ.ਏਜ਼. ਨੂੰ ਮਿਲੀਆਂ ਹਨ ਉਨ੍ਹਾਂ ਦੀ ਐਵਰੇਜ ਤਾਂ 11 ਕਿਲੋਮੀਟਰ ਪਰ ਲਿਟਰ ਮੰਗੀ ਜਾਂਦੀ ਹੈ ਪਰ ਜਿਹੜੀਆਂ ਜਿਪਸੀਆਂ ਪੁਲਿਸ ਕੋਲ ਹਨ ਉਨ੍ਹਾਂ ਦੀ ਐਵਰੇਜ 8 ਕਿਲੋਮੀਟਰ ਲਈ ਜਾਂਦੀ ਹੈ। ਜਦ ਕਿ ਵੇਖਣ ਵਿਚ ਇਹ ਆਇਆ ਹੈ ਕਿ ਇਕ ਜਿਪਸੀ 10 ਕਿਲੋਮੀਟਰ ਔਸਤਨ ਇਕ ਲਿਟਰ ਪੈਟਰੋਲ ਵਿਚ ਕਢਦੀ ਹੈ, ਇਸ ਲਈ ਜੇ ਪੁਲਿਸ ਵਾਲੀਆਂ ਜਿਪਸੀਆਂ ਦੀ ਵੀ 8 ਕਿਲੋਮੀਟਰ ਵਾਲੀ ਐਵਰੇਜ ਵਧਾ ਦਿੱਤੀ ਜਾਵੇ ਤਾਂ ਇਸ ਨਾਲ ਸਰਕਾਰ ਨੂੰ ਕਾਫੀ ਪੈਸੇ ਦੀ ਬੱਚਤ ਹੋ ਸਕਦੀ ਹੈ ।

ਇਸ ਤੋਂ ਬਾਅਦ ਮੈਂ ਇਹ ਕਹਿੰਦਾ ਹਾਂ ਕਿ ਇਹ ਜਿਹੜੀਆਂ ਡਿਮਾਂਡਜ਼ ਵਾਸਤੇ ਲਗਭਗ 196 ਕਰੋੜ ਰੁਪਿਆ ਮੰਗਿਆ ਗਿਆ ਹੈ, ਇਸ ਨੂੰ ਖਰਚ ਕਰਨ ਵਾਸਤੇ ਸਮਾਂ ਜ਼ਿਆਦਾ ਦੇਣਾ ਚਾਹੀਦਾ ਸੀ, ਮਾਰਚ ਦੇ ਮਹੀਨੇ ਵਿਚ ਉਹ ਸਾਰਾ ਖਰਚ ਕਰਨਾ ਠੀਕ ਨਹੀਂ। ਇਸ ਥੋੜ੍ਹੇ ਸਮੇਂ ਵਿਚ ਇਸ ਦੀ ਦੁਰਵਰਤੋਂ ਹੋ ਸਕਦੀ ਹੈ (ਘੰਟੀ) ਇਸ ਦੇ ਨਾਲ ਹੀ ਮੈਂ ਇਕ ਗੱਲ ਕਰਨੀ ਹੈ ਕਿ ਇਕ ਐਮ.ਅਲ. ਏ. ਨੂੰ ਜੋ ਸਟੇਟੱਸ ਚੀਫ ਸੈਕਟਰੀ ਤੋਂ ਉਪਰ ਦਿਤਾ ਗਿਆ ਹੈ ਉਹ ਉਸ ਨੂੰ ਸਟੇਟੱਸ ਮਿਲਣਾ ਚਾਹੀਦਾ ਹੈ ਨਾ ਕਿ ਇਕ ਹਾਰੇ ਉਮੀਦਵਾਰ ਨੂੰ ਮਿਲੇ। (ਘੰਟੀ) ਇਸ ਪਾਸੇ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਇਕ ਬਹੁਤ ਜ਼ਰੂਰੀ ਗੱਲ ਇਹ ਹੈ ਕਿ ਸ਼ਾਮ ਚੌਰਾਸੀ, ਆਦਮਪੁਰ ਭੋਗਪੁਰ ਵਿਚ ਕਈ ਕਈ ਆਦਮੀਆਂ ਦੇ ਗਰੁਪ ਪੁਲਿਸ ਵਰਦੀਆਂ ਵਿਚ ਲੋਕਾਂ ਨੂੰ ਰਾਤ ਦੇ ਸਮੇਂ ਲੁਟਦੇ ਹਨ। ਲੋਕ ਰਾਤ ਨੂੰ ਮਕਾਨਾਂ ਦੀਆਂ ਛੱਤਾਂ ਤੇ ਚੜ੍ਹ ਕੇ ਸਾਰੀ ਰਾਤ ਜਾਗਦੇ ਹਨ ਸਰਕਾਰ ਨੂੰ ਇਸ ਪਾਸੇ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ। (ਘੰਟੀ) ਮੈਂ ਇਹ ਬੇਨਤੀ ਕਰਾਂਗਾ ਕਿ ਆਦਮਪੁਰ ਬਲਾਕ ਨੂੰ ਉਦਯੋਗਿਕ ਪਛੜਿਆ ਹੋਇਆ ਇਲਾਕਾ ਕਰਾਰ ਦੇਣਾ ਚਾਹੀਦਾ ਹੈ (ਘੰਟੀ) ਬਸ ਜੀ, ਐਨਾ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ। ਜੈ ਭੀਮ, ਜੈ ਭਾਰਤ।

ਵਿੱਤ ਮੰਤਰੀ (ਡਾਕਟਰ ਕੇਵਲ ਕ੍ਰਿਸ਼ਨ : ਡਿਪਟੀ ਸਪੀਕਰ ਸਾਹਿਬ, ਇਹ ਜੋ ਸਪਲੀਮੈਂਟਰੀ ਡਿਮਾਂਡਜ਼ ਸਦਨ ਵਿਚ ਰਖੀਆਂ ਗਈਆਂ ਹਨ ਇਨ੍ਹਾਂ ਨੂੰ ਮਾਨਯੋਗ ਮੈਂਬਰਜ਼ ਸਾਹਿਬਾਨ ਨੇ ਸਰਵਸੰਮਤੀ ਨਾਲ ਪਾਸ ਕੀਤਾ ਹੈ ਔਰ ਖਾਸ ਕਰਕੇ ਇਹ ਕਿਹਾ ਹੈ ਕਿ ਹੋਮ ਔਰ ਜਸਟਿਸ ਵਾਸਤੇ ਜਿੰਨਾ ਪੈਸਾ ਖਰਚਣਾ ਪਵੇ ਖਰਚਣਾ ਚਾਹੀਦਾ ਹੈ ਤਾਂ ਕਿ ਪੰਜਾਬ ਵਿਚ ਸ਼ਾਂਤੀ ਆ ਸਕੇ। ਪੁਲਿਸ ਉਤੇ 104 ਕਰੋੜ ਰੁਪਿਆ ਖਰਚ ਕੀਤਾ ਜਾ ਰਿਹਾ ਹੈ। ਮੈਂਬਰਾਂ ਨੇ ਕਿਹਾ ਕਿ ਇਹ ਖਰਚਾ ਬੇਸ਼ੱਕ ਹੋ ਜਾਵੇ ਮਾਨੂੰ ਮਨਜ਼ੂਰ ਹੈ ਪਰ ਲੋਕਾਂ ਦੀ ਜਾਨ, ਮਾਲ ਦੀ ਹਿਫਾਜ਼ਤ ਹੋਣੀ ਚਾਹੀਦੀ ਹੈ। ਪੰਜਾਬ ਦੇ ਲੋਕਾਂ ਨੂੰ ਨਵੀਂ ਜ਼ਿੰਦਗੀ ਦਿੱਤੀ ਹੈ ਇਸ ਉਤੇ ਬੇਸ਼ਕ ਹੋਰ ਖਰਚਾ ਹੋ ਜਾਵੇ। ਇਸ ਦੀ ਇਜਾਜ਼ਤ ਹੋਵੇਗੀ ਪਰ ਡਿਪਟੀ ਸਪੀਕਰ ਸਾਹਿਬ, ਕੁੱਝ ਲੋਕਾਂ ਦਾ ਇਥੇ ਹਾਊਸ ਵਿਚ ਵੇਖਣ ਵਿਚ ਆਇਆ ਹੈ ਕਿ ਰੱਵਈਆ ਹੀ ਉਲਟ ਹੈ। ਉਹ ਨੁਕਤਾਚੀਨੀ ਕਰਦੇ ਹਨ ਅਤੇ ਉਹ ਵੀ ਹੋਮ ਡਿਪਾਰਟਮੈਂਟ ਦੀ, ਸੁਰੱਖਿਆ ਫੋਰਸਿਜ਼ ਦੀ, ਕਿ ਇਨ੍ਹਾਂ ਦੇ ਉਤੇ ਬਹੁਤ ਨਜਾਇਜ਼ ਖਰਚਾ ਕੀਤਾ ਜਾ ਰਿਹਾ ਹੈ, ਗਲਤ ਖਰਚਾ ਹੁੰਦਾ ਹੈ।

[*12.30 P.M.] *ਇਸ ਸਮੇਂ ਸ੍ਰੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।

ਸਪੀਕਰ ਸਾਹਿਬ, ਹੁਣੇ ਹੀ ਆਵਾਜ਼ ਆਈ ਹੈ ਕਿ ਪੁਲਿਸ ਵਾਲੇ ਲੋਕਾਂ ਨੂੰ ਲੁਟਦੇ ਹਨ ਅਤੇ ਕੁਰੱਪਸ਼ਨ ਹੁੰਦੀ ਹੈ। ਸਪੀਕਰ ਸਾਹਿਬ, ਨੁਕਤਾਚੀਨੀ ਕਰਨੀ ਬੜੀ ਆਸਾਨ ਹੈ ਪਰ ਤੁਸੀਂ ਨੁਕਤਾਚੀਨੀ ਦੇ ਨਾਲ ਕੰਸਟਰਕਟਿਵ ਸੁਝਾਅ ਜ਼ਰੂਰ ਦਿਓ। ਕੁਝ ਮੈਂਬਰ ਸਾਹਿਬਾਨ ਨੇ ਬੜੇ ਅੱਛੇ ਸੁਝਾਅ ਦਿਤੇ ਹਨ

ਤਾਂ ਕਿ ਖਰਚੇ ਘਟਾਏ ਜਾ ਸਕਣ। ਉਨ੍ਹਾਂ ਉਤੇ ਵਿਚਾਰ ਕਰਾਂਗੇ ਅਤੇ ਕੋਸ਼ਿਸ਼ ਕਰਕੇ ਇਨ੍ਹਾਂ ਖਰਚਿਆਂ ਨੂੰ ਬੰਦ ਕਰਾਂਗੇ। ਮੈਨੂੰ ਉਮੀਦ ਹੈ ਕਿ ਇਸ ਬਿਲ ਨੂੰ ਸਾਰੇ ਹਾਊਸ ਵਿਚ ਪੂਰਾ ਸਮੱਰਥਨ ਮਿਲੇਗਾ ਅਤੇ ਸਰਬਸੰਮਤੀ ਨਾਲ ਇਸ ਨੂੰ ਪਾਸ ਕਰ ਦਿੱਤਾ ਜਾਵੇਗਾ। ਇਸ ਸਪਲੀਮੈਂਟਰੀ ਡੀਮਾਂਡ ਦਾ ਇਕ ਹਿੱਸਾ ਇਹ ਹੈ ਕਿ ਪੰਜਾਬ ਦੇ ਲੋਕਾਂ ਨੂੰ ਨਵੀਂ ਜ਼ਿੰਦਗੀ ਦੇਣ ਲਈ ਅਤੇ ਉਨ੍ਹਾਂ ਦੇ ਜਾਨ ਅਤੇ ਮਾਲ ਦੀ ਸੁਰੱਖਿਆ ਲਈ ਅਸੀਂ ਖਰਚ ਕੀਤਾ ਹੈ ਅਤੇ ਕਾਮਯਾਬ ਹੋਏ ਹਾਂ। ਪਿਛਲੇ 14 ਸਾਲਾਂ ਵਿਚ ਜੋ ਮਾਹੌਲ ਪੰਜਾਬ ਵਿਚ ਸੀ ਅਤੇ ਖੂਨੀ ਤੂਫਾਨ ਆਇਆ ਹੋਇਆ ਸੀ ਉਸ ਨੂੰ ਖਤਮ ਕਰਨਾ ਬੜਾ ਜ਼ਰੂਰੀ ਸੀ। ਦੂਸਰਾ ਪਾਰਟ ਇਹ ਹੈ ਕਿ ਜਿਹੜੀ ਸੈਂਟਰਲ ਗੌਰਮਿੰਟ ਤੋਂ ਸਾਨੂੰ ਮਦਦ ਮਿਲਦੀ ਹੈ ਉਹ ਇਸ ਵਿਚ 60 ਕਰੋੜ ਰੁਪਿਆ ਸੀ ਕੁਝ 36 ਕਰੋੜ ਰੁਪਿਆ ਲੋਨ ਦੀ ਸ਼ਕਲ ਵਿਚ ਹੈ ਅਤੇ ਕੁਝ ਕਲਾਸ ਫੋਰਥ ਦੇ ਮੁਲਾਜ਼ਮਾਂ ਨੂੰ ਦਿੱਤਾ ਹੈ। ਫਿਰ ਕੋਰਟਾਂ ਵਿਚ ਹੋਈਆਂ ਡਿਗਰੀਆਂ ਤੇ ਖਰਚ ਜੋ ਹਇਆ ਹੈ ਉਹ ਲਗਭਗ 15–20 ਕਰੋੜ ਰੁਪਿਆ ਇਸ ਵਿਚ ਐਸਾ ਹੈ ਜਿਸ ਦਾ ਪਹਿਲੇ ਅਨੁਮਾਨ ਨਹੀਂ ਲਗਾਇਆ ਜਾ ਸਕਣਾ ਹੈ, ਉਸ ਖਰਚੇ ਤੇ ਕੁਝ ਨੁਕਤਾਚੀਨੀ ਕੀਤੀ ਗਈ ਹੈ ਅਤੇ ਬਹੁਤ ਸਾਰੇ ਮੈਂਬਰ ਸਾਹਿਬਾਨ ਨੇ ਇਸ ਬਿਲ ਦਾ ਸਮਰਥਨ ਵੀ ਕੀਤਾ ਹੈ। ਸਪੀਕਰ ਸਾਹਿਬ, ਮੈਂ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਸਿਕਿਉਰਟੀ ਫੋਰਸਿਜ਼ ਦੇ ਬਾਰੇ ਨੁਕਤਾਚੀਨੀ ਕਰਨਾ ਕੋਈ ਅੱਛੀ ਗੱਲ ਨਹੀਂ ਹੈ। ਅਗਰ ਤੁਸੀਂ ਐਪਰੀਸੀਏਸ਼ਨ ਵਾਲੀ ਗੱਲ ਦੀ ਵੀ ਨੁਕਤਾਚੀਨੀ ਕਰਨੀ ਹੈ ਤਾਂ ਫਿਰ ਕੰਸਟਰੱਕਟਿਵ ਸੁਜੈਸ਼ਨਾਂ ਤਾਂ ਦਿਓ। ਸਿਰਫ ਨੁਕਤਾਚੀਨੀ ਕਰਨਾ ਆਸਾਨ ਹੈ। ਤੁਸੀਂ ਸੁਝਾਓ ਦਿਓ ਕਿ ਕਿਸ ਤਰ੍ਹਾਂ ਇਕਾਨੋਮੀ ਨੂੰ ਬਚਾ ਸਕਦੇ ਹਾਂ ਅਤੇ ਕਿਸ ਤਰ੍ਹਾਂ ਵੇਸਟਫੁਲ ਐਕਸਪੈਂਡੀਚਰ ਨੂੰ ਬਚਾ ਸਕਦੇ ਹਾਂ। ਇਹ ਠੀਕ ਹੈ ਕਿ ਕਈ ਖਰਚੇ ਵੇਸਟਫੁਲ ਹੁੰਦੇ ਹਨ ਅਤੇ ਨਜਾਇਜ਼ ਹੁੰਦੇ ਹਨ, ਉਨ੍ਹਾਂ ਨੂੰ ਘਟਾਉਣ ਲਈ ਮੈਂਬਰ ਸਾਹਿਬਾਨ ਦੀ ਤਰਫੋਂ ਸੁਝਾਓ ਆਉਣੇ ਚਾਹੀਦੇ ਹਨ ਤਾਂ ਕਿ ਅਸੀਂ ਉਸ ਦੀ ਘੋਖ ਕਰਕੇ ਬੰਦ ਕਰ ਸਕੀਏ। ਤੁਹਾਡੇ ਸੁਝਾਵਾਂ ਤੇ ਵਿਚਾਰ ਕੀਤਾ ਜਾਵੇਗਾ ਔਰ ਖਰਚੇ ਨੂੰ ਬਚਾਇਆ ਜਾਵੇਗਾ। ਪੰਜਾਬ ਵਿਚ ਜਿਹੜਾ ਸਿਕਿਓਰਟੀ ਫੋਰਸਿਜ਼ ਦਾ ਐਟਮੋਸਫੀਅਰ ਬਣਾਇਆ ਹੋਇਆ ਹੈ ਅਤੇ ਅੱਤਵਾਦੀਆਂ ਤੇ ਵੱਖਵਾਦੀਆਂ ਉਤੇ ਦਬਾਵ ਪਾਇਆ ਹੋਇਆ ਹੈ ਇਸ ਨੂੰ ਕਾਇਮ ਰਖਣ ਲਈ ਅਗਰ ਸਾਨੂੰ ਹੋਰ ਖਰਚਾ ਕਰਨਾ ਪਿਆ ਤਾਂ ਖਰਚ ਕਰਾਂਗੇ ਅਤੇ ਇਸ ਨੂੰ ਜਾਰੀ ਰੱਖਾਂਗੇ। (ਤਾੜੀਆਂ) ਪਿਛੋਕੜ ਵਿਚ ਝਾਤ ਮਾਰੀ ਜਾਵੇ ਤਾਂ ਪਤਾ ਲਗਦਾ ਹੈ ਕਿ 1981 ਤੋਂ ਲੈ ਕੇ ਜਿਹੜੀਆਂ ਸਾਨੂੰ ਫਿਗਰਜ਼ ਮਿਲਦੀਆਂ ਹਨ ਇਸ ਦੌਰਾਨ 11,654 ਸਾਡੇ ਸਿਵਲੀਅਨਜ਼ ਦਾ ਕਤਲ ਕੀਤਾ ਗਿਆ ਅੱਤਵਾਦੀਆਂ ਅਤੇ ਵੱਖਵਾਦੀਆਂ ਦੇ ਰਾਹੀਂ ਸਪੀਕਰ ਸਾਹਿਬ, ਇਸ ਵਿਚ ਔਰਤਾਂ ਵੀ ਹਨ, ਬੱਚੇ ਵੀ ਹਨ, ਬੁਢੇ ਵੀ ਹਨ, ਨੌਜਵਾਨ ਵੀ ਹਨ। ਲਗਭਗ 2,000 ਦੇ ਕਰੀਬ ਜਾਨਾਂ ਕੁਰਬਾਨ ਹੋਈਆਂ। ਇਸ ਤੋਂ ਇਲਾਵਾ ਪੁਲਿਸ ਵਾਲਿਆਂ ਦੀ ਫੈਮਿਲੀਜ਼ ਦੇ ਮੈਂਬਰਾਂ ਨੇ ਵੀ ਦੇਸ਼ ਦੀ ਏਕਤਾ ਅਤੇ ਅਖੰਡਤਾ ਖਾਤਰ ਜੋ ਸ਼ਹਾਦਤ ਪਾਈ ਹੈ ਅਸੀਂ ਮਹਿਸੂਸ ਕਰਦੇ ਹਾਂ ਕਿ ਉਨ੍ਹਾਂ ਨੇ ਦੇਸ਼ ਦੀ ਲੜਾਈ ਲੜੀ ਹੈ, ਉਨ੍ਹਾਂ ਨੇ ਦੇਸ਼ ਦੀ ਏਕਤਾ ਅਤੇ ਅਖੰਡਤਾ ਕਾਇਮ ਰਖਣ ਲਈ ਕੁਰਬਾਨੀਆਂ ਦਿਤੀਆਂ ਹਨ। ਇਹ ਪ੍ਰਸ਼ੰਸਾ ਯੋਗ ਗੱਲ ਹੈ। ਇਸ ਤਰ੍ਹਾਂ ਨਾਲ 7,423 ਤੋਂ ਵੀ ਜ਼ਿਆਦਾ ਨੌਜਵਾਨ ਮਾਰੇ ਗਏ ਜਿਹੜੇ ਗਲਤ ਰਸਤੇ ਤੇ ਚਲ ਰਹੇ ਸਨ ਅਤੇ ਜਿਨ੍ਹਾਂ ਦੀ ਸ਼ਹਿ ਤੇ ਕਤਲ ਕਰਨੇ ਸ਼ੁਰੂ ਕੀਤੇ ਸੀ। ਸਪੀਕਰ ਸਾਹਿਬ, ਫਾਰਨ ਪਾਵਰ ਦੀ ਵੀ ਸ਼ਹਿ ਉਤੇ ਅਤੇ ਪੰਜਾਬ ਦੇ ਲੀਡਰਾਂ ਦੀ ਸ਼ਹਿ ਉਤੇ ਉਹ ਨੌਜਵਾਨ ਚਲ ਰਹੇ ਸੀ। ਉਹ ਵੀ ਪੰਜਾਬ ਦੇ ਬੱਚੇ ਸਨ, ਉਹ ਵੀ ਇਸ ਦੇਸ਼ ਦੇ ਬੱਚੇ ਸਨ, ਇਸ ਦਾ ਮੈਨੂੰ ਅਫਸੋਸ ਵੀ ਹੈ। 7,423 ਦੇ ਕਰੀਬ

ਉਨ੍ਹਾਂ ਦੀ ਗਿਣਤੀ ਹੈ। ਕੁਲ, ਸਪੀਕਰ ਸਾਹਿਬ, 22,844 ਲੋਕ ਹਨ ਜਿਹੜੇ ਕਿ ਸਾਥੋਂ ਜੁਦਾ ਹੋ ਗਏ ਹਨ, ਉਹ ਲੋਕ ਖਤਮ ਹੋ ਗਏ ਹਨ, ਸ਼ਹੀਦ ਹੋ ਗਏ ਹਨ। ਮੈਨੂੰ, ਸਪੀਕਰ ਸਾਹਿਬ, ਖੁਸ਼ੀ ਹੈ ਕਿ ਜਦੋਂ ਦੀ ਪੰਜਾਬ ਸਰਕਾਰ ਹੋਂਦ ਵਿਚ ਆਈ ਹੈ, ਮੈਂ ਪਿਛਲੇ ਦੋ ਸਾਲਾਂ ਦਾ ਮੁਕਾਬਲਾ ਕਰਦਾ ਹਾਂ ਮਿਤੀ 25 ਫਰਵਰੀ, 1991 ਤੋਂ 24 ਫਰਵਰੀ, 1992 ਅਤੇ 25 ਫਰਵਰੀ, 1992 ਤੋਂ 25 ਮਾਰਚ, 1993 ਤਕ ਦਾ, ਸਪੀਕਰ ਸਾਹਿਬ, 1991-92 ਤਕ ਸਿਵਲੀਅਨ 2,571 ਮਾਰੇ ਗਏ ਸੀ ਅਤੇ 1993 ਵਿਚ ਹੁਣ ਤਕ, ਮਾਰਚ ਤਕ ਸਿਵਲੀਅਨ ਸਿਰਫ 23 ਮਾਰੇ ਗਏ ਹਨ। ਪਿਛਲੇ ਸਾਲ ਤਿੰਨ ਮਹੀਨਿਆਂ ਵਿਚ 300 ਦੇ ਕਰੀਬ ਕਤਲ ਹੋਏ ਅਤੇ ਪਿਛਲੇ ਮਹੀਨੇ ਸਿਰਫ 2 ਹੀ ਕਤਲ ਹੋਏ। ਸਪੀਕਰ ਸਾਹਿਬ, ਫਰਵਰੀ ਵਿਚ ਕੋਈ ਕਤਲ ਨਹੀਂ ਹੋਇਆ। (ਥੰਪਿੰਗ) ਮੈਂ ਸਮਝਦਾ ਹਾਂ ਕਿ ਪੰਜਾਬ ਸਰਕਾਰ ਦੀ ਇਹ ਬਹੁਤ ਵੱਡੀ ਪਰਾਪਤੀ ਹੈ। ਸਪੀਕਰ ਸਾਹਿਬ, ਪੰਜਾਬ ਸਰਕਾਰ ਵੱਲੋਂ ਪੰਜਾਬ ਵਿਚ ਅੱਛਾ ਮਾਹੌਲ ਲਿਆਉਣ ਵਾਸਤੇ ਕੋਈ ਢਿੱਲ ਨਹੀਂ ਵਰਤੀ ਜਾਵੇਗੀ। ਅਸੀਂ ਮਾਹੌਲ ਨੂੰ ਹੋਰ ਠੀਕ ਕਰਨ ਵਾਸਤੇ ਸਟਿਕ ਕਰਾਂਗੇ। ਇਥੇ ਕਿਹਾ ਗਿਆ, ਸਪੀਕਰ ਸਾਹਿਬ, ਕਿ ਪੁਲਿਸ ਵਾਲੇ ਲੁੱਟ ਮਾਰ ਕਰਦੇ ਹਨ। ਮੈਂ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਸੋਚੀ ਸਮਝੀ ਸਕੀਮ ਦੇ ਤਹਿਤ ਹੋ ਰਿਹਾ ਹੈ। ਮੈਂ ਉਨ ਇਲਾਕੇ ਵਿਚ ਵੀ ਗਿਆ ਹਾਂ ਅਤੇ ਪਿੰਡਾਂ ਵਿਚ ਵੀ ਗਿਆ ਹਾਂ। ਜਦੋਂ ਕੋਈ ਪੁਲਿਸ ਦੀ ਜੀਪ ਜਾਂਦੀ ਹੈ ਤਾਂ ਇਹ ਕੋਈ ਨਵੀਂ ਗੱਲ ਨਹੀਂ ਹੈ। ਸਿਆਸਤ ਦੇ ਭੁੱਖੇ ਲੀਡਰ ਜਿਨ੍ਹਾਂ ਨੂੰ ਨਾ ਕੋਈ ਪੰਚ ਅਤੇ ਸਰਪੰਚ ਮੰਨੇ ਨਾ ਹੀ ਪੰਜਾਬ ਦੇ ਲੋਕ ਉਨ੍ਹਾਂ ਨੂੰ ਹੁਣ ਮੂੰਹ ਲਗਾਉਂਦੇ ਹਨ ਔਰ ਉਹ ਲੀਡਰ ਆਪਣੀ ਫੁਟ ਦਾ ਸ਼ਿਕਾਰ ਹੋ ਕੇ ਅੱਜ ਫੱਰਸ-ਟਰੇਟਿਡ ਹੋਏ ਫਿਰਦੇ ਹਨ। ਉਹ ਸੋਚੀ ਸਮਝੀ ਸਕੀਮ ਦੇ ਤਹਿਤ ਪੁਲਿਸ ਨੂੰ ਬਦਨਾਮ ਕਰਦੇ ਹਨ। ਪੁਲਿਸ ਨੇ ਆਪਣੀਆਂ ਕੁਰਬਾਨੀਆਂ ਦੇ ਨਾਲ ਪੰਜਾਬ ਨੂੰ ਜ਼ਿੰਦਾ ਰਖਿਆ ਹੋਇਆ ਹੈ। ਜਦੋਂ ਕੋਈ ਪੁਲਿਸ ਦੀ ਜੀਪ ਪਿੰਡਾਂ ਵਿਚ ਜਾਂਦੀ ਹੈ ਤਾਂ ਪੁਲਿਸ ਨੂੰ ਉਥੇ ਇਹ ਕਹਿਕੇ ਬਦਨਾਮ ਕਰਨ ਦੀ ਕੋਸ਼ਿਸ਼ ਕਰਦੇ ਹਨ ਕਿ ਇਹ ਲੁਟੇਰੇ ਆਏ ਹਨ ਪਰ, ਸਪੀਕਰ ਸਾਹਿਬ, ਐਸੀ ਕੋਈ ਗੱਲ ਨਹੀਂ ਹੈ।(ਵਿਘਨ)

Mr. Speaker : No interruption please. ਵਿੱਤ ਮੰਤਰੀ ਜੀ ਨੇ ਕਿਸੇ ਬਾਰੇ ਕੋਈ ਗੱਲ ਨਹੀਂ ਕੀਤੀ।

ਵਿੱਤ ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੂੰ ਬਜਟ ਤੇ ਬੋਲਣ ਲਈ ਵੀ ਟਾਈਮ ਮਿਲਣਾ ਹੈ। ਗੁਰਦਾਸਪੁਰ ਅਤੇ ਹੋਰ ਜਗ੍ਹਾ ਜਗ੍ਹਾ ਤੇ ਪਲੈਨ ਕਰਕੇ ਅਤੇ ਸੋਚੀ ਸਮਝੀ ਸਕੀਮ ਤਹਿਤ ਪੁਲਿਸ ਨੂੰ ਬਦਨਾਮ ਕਰਨ ਅਤੇ ਉਨ੍ਹਾਂ ਦੇ ਹੌਸਲੇ ਪਸਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਤਾਂਕਿ ਪੁਲਿਸ ਉਨ੍ਹਾਂ ਕਾਤਲਾਂ ਦਾ ਅਤੇ ਅਤਿਵਾਦੀਆਂ ਦਾ ਮੁਕਾਬਲਾ ਨਾ ਕਰੇ ਜਿਨ੍ਹਾਂ ਨੇ ਪੰਜਾਬ ਵਿਚ ਮੁਸੀਬਤ ਖੜ੍ਹੀ ਕੀਤੀ ਹੋਈ ਹੈ। ਲੇਕਿਨ ਸਰਦਾਰ ਬਅੰਤ ਸਿੰਘ ਦੀ ਸਰਕਾਰ, ਪੰਜਾਬ ਦੀ ਕਾਂਗਰਸ ਸਰਕਾਰ ਨੇ ਤਹੱਈਆ ਕੀਤਾ ਹੋਇਆ ਹੈ ਕਿ ਕਿਸੇ ਵੀ ਐਜੀਟੇਸ਼ਨ ਨੂੰ, ਕਿਸੇ ਵੀ ਅੰਦੋਲਨ ਨੂੰ ਨਾ ਬਰਦਾਸ਼ਤ ਕਰਾਂਗੇ, ਨਾ ਉਠਣ ਦੇਵਾਂਗੇ (ਥਪਿੰਗ) ਬਲਕਿ ਇਹੋ ਜਿਹੇ ਝੂਠੇ ਪਰਾਪੇਗੰਡੇ ਦੇ ਖਿਲਾਫ ਡੱਟ ਕੇ ਖੜੇ ਹੋਵਾਂਗੇ।

ਸ਼੍ਰੀ ਗੁਰਪਾਲ ਚੰਦ ਸਰੋਆ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਸ਼੍ਰੀ ਗੁਰਪਾਲ ਚੰਦ ਸਰੋਆ : ** ** **

**Expunged as ordered by the Chair.

ਸ੍ਰੀ ਸਪੀਕਰ: ਗੁਰਪਾਲ ਚੰਦ ਜੀ, ਤੁਸੀਂ ਬੈਠ ਜਾਓ। ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। I have not allowed you. Doctor Sahib, you please carry on. When I am standing you are supposed to sit.

ਵਿੱਤ ਮੰਤਰੀ: ਸਪੀਕਰ ਸਾਹਿਬ, ਅਸੀਂ ਪੰਜਾਬ ਦੇ ਲੋਕਾਂ ਨੂੰ ਅਮਨ ਸ਼ਾਂਤੀ ਦੀ ਜ਼ਿੰਦਗੀ ਦੇਣ ਵਾਸਤੇ ਵਚਨ-ਬੱਧ ਹਾਂ। ਕੋਈ ਵੀ ਅੰਦੋਲਨ, ਐਜੀਟੇਸ਼ਨ, ਕੋਈ ਵੀ ਭੜਕਾਹਟ ਜਿਹੜੀ ਪੈਦਾ ਕੀਤੀ ਜਾਵੇਗੀ, ਚਾਹੇ ਕਿਸੇ ਵੱਲੋਂ ਵੀ ਹੋਵੇ, ਅਸੀਂ ਬਰਦਾਸ਼ਤ ਨਹੀਂ ਕਰਾਂਗੇ ਅਤੇ ਉਸਦੇ ਖਿਲਾਫ ਡਟ ਕੇ ਖੜ੍ਹੇ ਹੋਵਾਂਗੇ ਅਤੇ ਇਸ ਤਰ੍ਹਾਂ ਦੇ ਪਰਾਪੇਗੰਡੇ ਨੂੰ ਜ਼ਰੂਰ ਕੰਬੈਟ ਕਰਾਂਗੇ।

ਇਥੇ ਕਿਹਾ ਗਿਆ ਕਿ ਮਨਿਸਟਰ ਸਾਹਿਬਾਨ ਤੇ ਬਹੁਤ ਖਰਚ ਹੁੰਦਾ ਹੈ, ਹਰ ਜਗ੍ਹਾ ਜਾਂਦੇ ਹਨ, ਕਿਧਰੇ ਕੋਈ ਸ਼ਾਦੀ ਹੁੰਦੀ ਹੈ, ਉਥੇ ਵੀ ਜਾਂਦੇ ਹਨ, ਕੋਈ ਨਾ ਕੋਈ ਜਾਣ ਦਾ ਬਹਾਨਾ ਬਣਾ ਲੈਂਦੇ ਹਨ। ਸਪੀਕਰ ਸਾਹਿਬ, ਅਸੀਂ ਅਗਰ ਪਿੰਡਾਂ ਵਿੱਚ ਨਾ ਜਾਈਏ ਔਰ ਅਸੀਂ ਜਾ ਕੇ ਲੋਕਾਂ ਨੂੰ ਨਾ ਮਿਲੀਏ ਔਰ ਸਚਾਈ ਨੂੰ ਅੱਖਾਂ ਨਾਲ ਨਾ ਦੇਖੀਏ, ਜੋ ਕੁਝ ਪਰਾਪੇਗੰਡਾ ਪੰਜਾਬ ਸਰਕਾਰ ਨੂੰ ਸਿਆਸੀ ਤੌਰ ਤੇ ਕਮਜ਼ੋਰ ਕਰਨ ਵਾਸਤੇ ਕੀਤਾ ਜਾ ਰਿਹਾ ਹੈ, ਉਸ ਨੂੰ ਮਹਿਸੂਸ ਕਰਕੇ ਇਹ ਸਭ ਕੁਝ ਨਾ ਕਰੀਏ ਤਾਂ ਫਿਰ ਅਸੀਂ ਆਪਣੀ ਜ਼ਿੰਮੇਵਾਰੀ ਤੋਂ ਦੂਰ ਜਾਵਾਂਗੇ। ਚਾਹੇ ਕੁਝ ਵੀ ਵਿਰੋਧੀ ਕਹਿੰਦੇ ਰਹਿਣ, ਪੰਜਾਬ ਦੇ ਵਜ਼ੀਰ, ਪੰਜਾਬ ਦੇ ਐਮ.ਐਲ.ਏ. ਪਿੰਡਾਂ ਵਿੱਚ ਜਾਣਗੇ, ਘਰ ਘਰ ਜਾਣਗੇ, ਮੁਹੱਲੇ ਮੁਹੱਲੇ ਜਾਣਗੇ। (ਥੰਪਿੰਗ) ਉਨ੍ਹਾਂ ਤੇ ਬਕਾਇਦਾ ਖਰਚ ਹੁੰਦਾ ਹੈ, ਲੋਕ ਖਰਚ ਕਰਦੇ ਹਨ, ਹਾਰ ਪਾਉਂਦੇ ਹਨ, ਸਵਾਗਤ ਕਰਦੇ ਹਨ। ਸਪੀਕਰ ਸਾਹਿਬ, ਇਸ ਕਰਕੇ ਕਰਦੇ ਹਨ ਕਿ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਪੰਜਾਬ ਨੂੰ ਜ਼ਿੰਦਗੀ ਦਿੱਤੀ ਹੈ (ਥੰਪਿੰਗ) ਪਿਛਲੇ ਸਾਲ 400 ਕਰੋੜ ਰੁਪਏ ਦੇ ਟੈਕਸਾਂ ਦਾ ਬੋਝ ਲੋਕਾਂ ਨੇ ਬਰਾਦਸ਼ਤ ਕੀਤਾ ਹੈ, ਉਹ ਇਸ ਕਰਕੇ ਕੀਤਾ ਹੈ ਕਿ ਪੰਜਾਬ ਬਹੁਤ ਵੱਡੇ ਘੱਲੂਘਾਰੇ ਵਿਚੋਂ ਨਿਕਲ ਕੇ ਆਇਆ ਹੈ, ਉਸ ਦੇ ਬਦਲੇ ਹਾਲਾਤ ਦੀ ਰਾਹਤ ਨੂੰ ਮਹਿਸੂਸ ਕਰਦੇ ਹੋਏ ਲੋਕਾਂ ਨੇ ਟੈਕਸਾਂ ਨੂੰ ਵੀ ਖੁਸ਼ੀ ਨਾਲ ਸਵੀਕਾਰ ਕੀਤਾ ਹੈ। ਸਪੀਕਰ ਸਾਹਿਬ, ਨਹੀਂ ਤਾਂ ਕੋਈ ਇਕ ਪੈਸਾ ਵੀ ਕਿਸੇ ਨੂੰ ਦੇਣ ਨੂੰ ਤਿਆਰ ਨਹੀਂ ਹੁੰਦਾ। ਸਪੀਕਰ ਸਾਹਿਬ, ਇਹੀ ਨਹੀਂ, 11158 ਦੇ ਕਰੀਬ ਉਹ ਲੋਕ ਜਿਹੜੇ ਪੰਜਾਬ ਵਿਚੋਂ ਚਲੇ ਗਏ ਸੀ, ਉਹ ਇਥੇ ਵਾਪਸ ਆ ਗਏ ਹਨ, ਉਨ੍ਹਾਂ ਨੂੰ ਵਾਪਸ ਲਿਆਂਦਾ ਗਿਆ, ਇਥੇ ਮੁੜ ਵਸਾਇਆ ਗਿਆ। 1,266 ਫਲੈਟ ਦਿੱਤੇ ਗਏ, 406 ਰੇਜ਼ੀਡੈਂਸ਼ਲ ਫਲੈਟ ਵੀ ਦਿੱਤੇ ਗਏ ਅਤੇ 364 ਮਾਈਗਰੇਂਟਸ ਨੂੰ ਨੌਕਰੀਆਂ ਦਿੱਤੀਆਂ ਗਈਆਂ। ਜਿਹੜੀਆਂ ਵਿਧਵਾ ਸਨ, ਉਨ੍ਹਾਂ ਨੂੰ ਪੈਨਸ਼ਨਾਂ ਦਿੱਤੀਆਂ ਗਈਆਂ। ਇਹੀ ਨਹੀਂ, ਤਬਾਹ ਹੋਏ ਪੰਜਾਬ ਨੂੰ, ਤਬਾਹ ਹੋਏ ਪੰਜਾਬੀਆਂ ਨੂੰ ਮੁੜ ਵਸਾਉਣ ਵਾਸਤੇ ਪੰਜਾਬ ਸਰਕਾਰ ਨੇ ਹਰ ਉਪਰਾਲਾ ਕੀਤਾ ਹੈ, ਹਰ ਖਰਚ ਕੀਤਾ ਹੈ। ਸੜਕਾਂ ਚਾਹੇ ਘੱਟ ਬਣਨ, ਹੋਰ ਪਾਸੇ ਡਿਵੈਲਪਮੈਂਟ ਚਾਹੇ ਘੱਟ ਹੋਈ ਹੋਵੇ, ਲੇਕਿਨ ਲੋਕਾਂ ਦੇ ਜਾਨ, ਮਾਲ ਦੀ ਹਿਫਾਜ਼ਤ ਕਰਨ ਵਾਸਤੇ, ਉਨ੍ਹਾਂ ਨੂੰ ਅਮਨ ਚੈਨ ਦੀ ਰਿਲੀਫ ਦੀ ਜ਼ਿੰਦਗੀ ਦੇਣ ਵਾਸਤੇ ਪੰਜਾਬ ਸਰਕਾਰ ਕੋਈ ਕਸਰ ਨਹੀਂ ਛੱਡੇਗੀ। ਪਹਿਲ ਦੇ ਆਧਾਰ ਤੇ ਦੋਵੇਂ ਕੰਮ ਪਿਛਲੇ ਸਾਲ ਕੀਤੇ ਗਏ ਹਨ ਅਤੇ ਅਗਲੇ ਸਾਲ ਵੀ ਜਾਰੀ ਰਹਿਣਗੇ।

ਸਪੀਕਰ ਸਾਹਿਬ, ਸਾਨੂੰ ਖੁਸ਼ੀ ਹੈ ਕਿ ਐਗਰੀਕਲਚਰ ਦੇ ਮਾਮਲੇ ਵਿਚ ਪੰਜਾਬ ਅਪਣਾ ਸਿਰ ਕੱਢ ਕੇ ਖੜ੍ਹਾ ਹੈ ਔਰ ਇਸ ਦੀ ਕਦਰ ਸਾਰੇ ਹਿੰਦੁਸਤਾਨ ਦੇ ਲੋਕ ਕਰਦੇ ਹਨ। ਇਸ ਕਰਕੇ ਹੀ ਨਹੀਂ ਕਿ ਪੰਜਾਬ ਇਕ ਬਹਾਦਰ ਸੂਬਾ ਹੈ, ਬਲਕਿ ਇਸ ਕਰਕੇ ਵੀ ਕਰਦੇ ਹਨ ਕਿ ਪੰਜਾਬ ਦੇ ਮਿਹਨਤੀ

ਕਿਸਾਨ ਨੇ ਹਿੰਦੁਸਤਾਨ ਦਾ ਢਿੱਡ ਭਰਿਆ ਹੈ। ਅਸੀਂ ਕੇਂਦਰੀ ਭੰਡਾਰ ਵਿਚ 60-70 ਫੀਸਦੀ ਅਨਾਜ ਦੇ ਕੇ ਫਖਰ ਮਹਿਸੂਸ ਕਰਦੇ ਹਾਂ। 44 ਕਰੋੜ ਰੁਪਿਆ ਜਿਹੜਾ ਹੁਣੇ ਹੀ ਮਿਲਿਆ ਹੈ, ਉਸ ਨਾਲ ਅਸੀਂ ਸਮਾਲ ਅਤੇ ਮਾਰਜਨਲ ਕਿਸਾਨਾਂ ਨੂੰ ਛੋਟੇ ਟਰੈਕਟਰ ਅਤੇ ਟਿਊਬਵੈੱਲ ਦੇਣ ਦਾ ਕੰਮ ਕਰਨਾ ਹੈ। ਇਥੇ ਕਿਹਾ ਗਿਆ ਹੈ ਕਿ 18 ਹਾਰਸ ਪਾਵਰ ਦੀ ਲਿਮਿਟ ਨੂੰ ਹਟਾ ਦਿਓ। ਸਪੀਕਰ ਸਾਹਿਬ, ਇਹ ਪੈਸਾ ਅਸੀਂ ਸਮਾਲ ਅਤੇ ਮਾਰਜਨਲ ਫਾਰਮਰਜ਼ ਨੂੰ ਸਹੂਲਤਾਂ ਦੇਣ ਵਾਸਤੇ ਖਰਚਣਾ ਹੈ। ਜਿਹੜੇ ਕਿਸਾਨ ਛੋਟੇ ਟਰੈਕਟਰ ਖਰੀਦਣਗੇ, ਇਹ ਪੈਸਾ ਉਨ੍ਹਾਂ ਵਾਸਤੇ ਸਾਨੂੰ ਮਿਲਿਆ ਹੈ। ਬਹੁਤ ਵੱਡੇ ਲੈਂਡ ਲਾਰਡਜ਼ ਜਿਨ੍ਹਾਂ ਦੀਆਂ ਜ਼ਮੀਨਾਂ ਯੂ.ਪੀ., ਰਾਜਸਥਾਨ ਅਤੇ ਕਈ ਹੋਰ ਜਗ੍ਹਾਂ ਤੇ ਲਈਆਂ ਹਨ, ਜਿਨ੍ਹਾਂ ਨੇ ਆਪਣੇ ਕੁੱਤੇ ਬਿੱਲਿਆਂ ਦੇ ਨਾਂ ਤੇ ਜ਼ਮੀਨਾਂ ਲਵਾਈਆਂ ਹੋਈਆਂ ਹਨ, ਉਨ੍ਹਾਂ ਨੂੰ ਇਹ ਸਰਕਾਰ ਟਰੈਕਟਰ ਨਹੀਂ ਦੇਵੇਗੀ। ਇਹ 30,000 ਰੁਪਏ ਦੀ ਸਬਸਿਡੀ ਉਨ੍ਹਾਂ ਨੂੰ ਹੀ ਮਿਲੇਗੀ ਜਿਹੜੇ ਸਮਾਲ ਫਾਰਮਰਜ਼ ਹਨ, ਜਿਹੜੇ ਮਾਰਜਨਲ ਫਾਰਮਰਜ਼ ਹਨ। ਫਰਟੇਲਾਈਜ਼ਰ ਦੀ ਸਬਸਿਡੀ ਵੀ ਉਨ੍ਹਾਂ ਨੂੰ ਹੀ ਦਿੱਤੀ ਜਾਵੇਗੀ ਜਿਹੜੇ ਛੋਟੇ ਕਿਸਾਨ ਹਨ। ਇਸ ਲਈ ਇਹ 18 ਹਾਰਸ ਪਾਵਰ ਦੀ ਲਿਮਿਟ ਹਟਾਉਣ ਵਾਲੀ ਗੱਲ ਸਰਕਾਰ ਸਵੀਕਾਰ ਨਹੀਂ ਕਰ ਸਕਦੀ। ਇਥੇ 2 ਕਰੋੜ ਰੁਪਏ ਦੇ ਸੀਕਰੇਟ ਫੰਡ ਦਾ ਵੀ ਜ਼ਿਕਰ ਹੋਇਆ ਹੈ। ਸਪੀਕਰ ਸਾਹਿਬ, ਅੱਜ ਅਸੀਂ ਆਤੰਕਵਾਦ ਅਤੇ ਵੱਖਵਾਦ ਦੇ ਵਿਰੁਧ ਲੜ ਰਹੇ ਹਾਂ ਅਤੇ ਇਸ ਲੜਾਈ ਵਿਚ ਕੁਝ ਸਿਕਿਉਰਿਟੀ ਕਰਮਚਾਰੀਆਂ ਨੇ ਆਪਣੀ ਜਾਨਾਂ ਵੀ ਕੁਰਬਾਨ ਕੀਤੀਆਂ ਹਨ ਤਾਂ ਇਸ ਮਕਸਦ ਵਾਸਤੇ ਇਕ ਕਰੋੜ ਤਾਂ ਕੀ, ਹੋਰ 10 ਕਰੋੜ ਵੀ ਰੱਖਣਾ ਪਵੇ ਤਾਂ ਸਰਕਾਰ ਪਿਛੇ ਨਹੀਂ ਹਟੇਗੀ। ਇਹ ਫੰਡ ਰੱਖਣਾ ਇਨ੍ਹਾਂ ਹਾਲਾਤ ਵਿਚ ਬਹੁਤ ਜ਼ਰੂਰੀ ਸੀ। ਜਿਹੜੇ ਕਰਮਚਾਰੀ ਆਪਣੀਆਂ ਜਾਨਾਂ ਹਥੇਲੀਆਂ ਤੇ ਰੱਖ ਕੇ ਇਹ ਲੜਾਈ ਲੜ ਰਹੇ ਹਨ, ਉਨ੍ਹਾਂ ਨੂੰ ਉਤਸ਼ਾਹ ਦੇਣ ਵਾਸਤੇ ਅਸੀਂ ਇਹ ਫੰਡ ਰੱਖਣ ਤੋਂ ਪਿਛੇ ਨਹੀਂ ਹਟਾਂਗੇ।

ਸਪੀਕਰ ਸਾਹਿਬ, ਇਥੇ ਪੰਚਾਇਤ ਇਲੈਕਸ਼ਨਾਂ ਦਾ ਵੀ ਜ਼ਿਕਰ ਹੋਇਆ। ਸਾਡੀ ਸਰਕਾਰ ਤੋਂ ਪਹਿਲਾਂ ਇਹ ਇਲੈਕਸ਼ਨਾਂ ਕਿਸੇ ਵੀ ਸਰਕਾਰ ਨੇ ਨਹੀਂ ਕਰਵਾਈਆਂ। ਜਦ ਵੀ ਕਰਵਾਈਆਂ, ਕਾਂਗਰਸ ਸਰਕਾਰ ਨੇ ਹੀ ਕਰਵਾਈਆਂ। ਇਤਨੇ ਲੰਮੇ ਅਰਸੇ ਬਾਅਦ ਸਾਡੇ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਇਲੈਕਸ਼ਨਾਂ ਕਰਵਾਈਆਂ ਅਤੇ ਪੰਜਾਬ ਨੂੰ ਰਾਹਤ ਦਿਵਾਈ। ਇਨ੍ਹਾਂ ਇਲੈਕਸ਼ਨਾਂ ਵਿਚ ਧਾਂਦਲੀ ਦਾ ਵੀ ਇਥੇ ਜ਼ਿਕਰ ਹੋਇਆ। (ਵਿਘਨ) ਇੰਟਰੱਪਟ ਕਰਨ ਦੀ ਆਦਤ ਠੀਕ ਨਹੀਂ। ਤੁਸੀਂ ਬਾਅਦ ਵਿਚ ਗੱਲ ਕਰ ਲੈਣਾ। ਸਪੀਕਰ ਸਾਹਿਬ, ਇਨ੍ਹਾਂ ਪੰਚਾਇਤ ਇਲੈਕਸ਼ਨਾਂ ਵਿਚ ਇਕ ਨਵੀਂ ਗੱਲ ਹੋਈ ਹੈ ਜਿਸ ਦੀ ਇਨ੍ਹਾਂ ਨੇ ਸ਼ਲਾਘਾ ਨਹੀਂ ਕੀਤੀ। ਇਸ ਕਰਕੇ ਨਹੀਂ ਕੀਤੀ ਕਿ ਇਹ (ਕਾਂਗਰਸ ਪਾਰਟੀ ਵਾਲੇ) ਤਾਂ ਹਰਦਿਲ ਅਜ਼ੀਜ਼ ਬਣਦੇ ਜਾ ਰਹੇ ਹਨ ਅਤੇ ਸਾਨੂੰ ਤਾਂ ਕੋਈ ਪੁਛਦਾ ਹੀ ਨਹੀਂ। (ਥੰਪਿੰਗ)

ਸਰਦਾਰ ਨਿਰਮਲ ਸਿੰਘ ਨਿੰਮਾ : ਸਪੀਕਰ ਸਾਹਿਬ, ਅਸੀਂ ਇਲੈਕਸ਼ਨ ਜਿੱਤ ਕੇ ਆਏ ਹਾਂ, ਪੁਲਿਸ ਦੀ ਮਾਰ ਖਾ ਕੇ ਆਏ ਹਾਂ। ਇਹ ਕਿਵੇਂ ਕਹਿ ਰਹੇ ਹਨ ਕਿ ਸਾਨੂੰ ਕੋਈ ਪੁਛਦਾ ਹੀ ਨਹੀਂ।

ਸ੍ਰੀ ਸਪੀਕਰ : ਮੈਂ ਅਰਜ਼ ਕਰਾਂਗਾ ਕਿ ਤੁਸੀਂ ਕੰਸਟਰੱਕਟਿਵ ਗੱਲ ਕਰੋ। ਡਾਕਟਰ ਸਾਹਿਬ, ਤੁਸੀਂ ਜਾਰੀ ਰੱਖੋ।

ਵਿੱਤ ਮੰਤਰੀ : ਸਪੀਕਰ ਸਾਹਿਬ, ਮੈਂ ਅਰਜ਼ ਕਰਾਂਗਾ ਕਿ ਪੰਚਾਇਤ ਇਲੈਕਸ਼ਨਾਂ ਵਾਸਤੇ ਬਾਕਾਇਦਾ ਕਾਨੂੰਨ ਬਣਿਆ ਹੋਇਆ ਹੈ, ਐਕਟ ਬਣਿਆ ਹੋਇਆ ਹੈ। ਜੇ ਕਿਸੇ ਨੂੰ ਕੋਈ ਇਤਰਾਜ਼ ਹੈ

[ਵਿੱਤ ਮੰਤਰੀ]

ਤਾਂ ਉਹ ਬਾਕਾਇਦਾ ਪਟੀਸ਼ਨ ਕਰ ਸਕਦਾ ਹੈ ਅਤੇ ਸਬੂਤ ਪੇਸ਼ ਕਰਕੇ ਉਹ ਇਲੈਕਸ਼ਨ ਰੱਦ ਕਰਵਾ ਸਕਦਾ ਹੈ । ਪੰਜਾਬ ਵਿਚ 11,600 ਦੇ ਕਰੀਬ ਪੰਚਾਇਤਾਂ ਦਾ ਇਲੈਕਸ਼ਨ ਹੋਇਆ ਅਤੇ 60,000 ਦੇ ਕਰੀਬ ਪੰਚ, ਸਰਪੰਚ ਚੁਣੇ ਗਏ। ਜੇ ਕਿਤੇ 2-4 ਜਗ੍ਹਾ ਤੇ ਕੋਈ ਐਸੀ ਵੈਸੀ ਗੱਲ ਹੋਵੇਗੀ, ਉਥੇ ਇਲੈਕਸ਼ਨ ਪਟੀਸ਼ਨ ਹੋ ਸਕਦੀ ਹੈ।

ਇਸ ਤੋਂ ਅੱਗੇ, ਸਪੀਕਰ ਸਾਹਿਬ, ਹੱਦਬਸਤ ਦਾ ਸਵਾਲ ਸੀ। ਜਿਸ ਵੇਲੇ ਆਬਾਦੀ ਵੱਧ ਗਈ, ਕਲੋਨੀਆਂ ਵੱਧ ਗਈਆਂ ਔਰ ਲੋਕੀ ਵਸਣ ਵਾਸਤੇ 1–1, 2–2 ਕਿਲੋਮੀਟਰ ਬਾਹਰ ਚਲੇ ਗਏ ਤਾਂ ਇਹ ਇਕ ਐਸਾ ਸਵਾਲ ਸੀ ਜਿਸ ਵੱਲ ਧਿਆਨ ਦੇਣਾ ਬਹੁਤ ਜ਼ਰੂਰੀ ਸੀ। ਪਿਛਲੀ ਦਫ਼ਾ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਸੀ, ਫਿਰ ਬਰਨਾਲਾ ਸਾਹਿਬ ਦੀ ਸਰਕਾਰ ਬਣੀ, ਉਸ ਤੋਂ ਪਹਿਲਾਂ ਵੀ ਕਈ ਸਰਕਾਰਾਂ ਆਈਆਂ, ਇਹ ਸਵਾਲ ਜਦੋਂ ਉਠਦਾ ਸੀ ਤਾਂ ਉਸੇ ਵੇਲੇ ਕੱਟ ਦਿੱਤਾ ਜਾਂਦਾ ਸੀ ਇਹ ਕਹਿ ਕੇ ਹੱਦਬਸਤ ਤੋੜੀ ਨਹੀਂ ਜਾ ਸਕਦੀ ਔਰ ਹਦਬੱਸਤ ਕਾਇਮ ਰਹੇਗੀ ਚਾਹੇ ਤਿੰਨ ਕਿਲੋਮੀਟਰ ਦਾ ਫਾਸਲਾ ਹੋਵੇ ਔਰ ਚਾਹੇ 2 ਕਿਲੋਮੀਟਰ ਦਾ ਫਾਸਲਾ ਹੋਵੇ। ਸਪੀਕਰ ਸਾਹਿਬ, ਸਾਡੇ ਡਿਵੈਲਪਮੈਂਟ ਮਨਿਸਟਰ ਨੇ ਔਰ ਸਰਦਾਰ ਬੇਅੰਤ ਸਿੰਘ ਜੀ ਨੇ ਔਰ ਪੰਜਾਬ ਸਰਕਾਰ ਦੇ ਮੰਤਰੀਆਂ ਨੇ ਕੈਬਨਿਟ ਵਿੱਚ ਬੜਾ ਸੋਚ ਕੇ ਇਹ ਫੈਸਲਾ ਕੀਤਾ ਕਿ ਉਹ ਲੋਕ ਜਿਹੜੇ ਆਪਣੇ ਪਿੰਡਾਂ ਤੋਂ ਦੋ-ਤਿੰਨ ਕਿਲੋਮੀਟਰ ਦੂਰ ਜਾ ਕੇ ਵੱਖਰੀਆਂ ਆਬਾਦੀਆਂ ਬਣਾ ਕੇ ਬੈਠੇ ਹੋਏ ਹਨ ਔਰ ਕਈ ਸਾਲਾਂ ਤੋਂ ਬੈਠੇ ਹੋਏ ਹਨ ਔਰ ਅਲੱਗ ਪੰਚਾਇਤ ਬਣਾਉਣਾ ਚਾਹੁੰਦੇ ਸਨ, ਹੱਦਬਸਤ ਦੀ ਆੜ ਵਿੱਚ ਉਨ੍ਹਾਂ ਨੂੰ ਇਹ ਤਕਲੀਫ ਨਹੀਂ ਹੋਣੀ ਚਾਹੀਦੀ। ਸਪੀਕਰ ਸਾਹਿਬ, 650 ਤੋਂ ਜ਼ਿਆਦਾ ਪੰਚਾਇਤਾ ਨੂੰ ਅਲੱਗ ਕੀਤਾ ਹੈ ਔਰ ਪੰਜਾਬ ਦੇ ਲੋਕਾਂ ਨੂੰ ਬਹੁਤ ਵੱਡੀ ਰਾਹਤ ਦਿੱਤੀ ਹੈ ਇਨ੍ਹਾਂ ਪੰਚਾਇਤਾਂ ਦੀਆਂ ਇਲੈਕਸ਼ਨਾਂ ਦੇ ਵਿੱਚ ।

ਸਪੀਕਰ ਸਾਹਿਬ, ਇਥੇ ਕੁਰੱਪਸ਼ਨ ਦੀ ਬੜੀ ਗੱਲ ਚੱਲੀ ਹੈ। ਮੈਂ ਪਹਿਲਾਂ ਵੀ ਇਹ ਗੱਲ ਕਹੀ ਸੀ ਔਰ ਹੁਣ ਵੀ ਕਹਿੰਦਾ ਹਾਂ ਕਿ ਰਾਸ਼ਟਰਪਤੀ ਰਾਜ ਦੀ ਚੁੰਗਲ ਵਿੱਚ ਫੱਸਿਆ ਹੋਇਆ ਪੰਜਾਬ 57 ਮਹੀਨੇ ਤੜਫਦਾ ਰਿਹਾ ਔਰ ਇਥੇ ਲਗਾਤਾਰ ਕੋਈ ਇਲੈਕਟਿਡ ਗੌਰਮਿੰਟ ਨਹੀਂ ਸੀ । ਮਿਊਂਸਪਲ ਕਮੇਟੀਆਂ ਦੇ ਵਿੱਚ ਵੀ ਨਹੀਂ ਸੀ, ਸਰਪੰਚ ਜ਼ਰੂਰ ਸਨ ਲੇਕਿਨ ਉਪਰ ਸਰਕਾਰ ਕੋਈ ਨਹੀਂ ਸੀ। ਇਸ ਕਰਕੇ ਉਸ ਵਕਤ, ਸਪੀਕਰ ਸਾਹਿਬ, ਸਾਡੇ ਬੱਚੇ ਅਫ਼ਸਰ, ਇਹ ਕੋਈ ਬਾਹਰੋ ਤਾਂ ਆਏ ਨਹੀਂ, ਇਹ ਸਾਡੇ ਬੱਚੇ ਜਿਹੜੇ ਅਫ਼ਸਰ ਹਨ ਇਹ ਸਾਡੇ ਆਪਣੇ ਹੀ ਬੱਚੇ, ਬੇਟੀਆਂ, ਭੈਣਾਂ ਹਨ ਲੇਕਿਨ ਜਿਸ ਵੇਲੇ ਕੋਈ ਪੁੱਛਣ ਵਾਲਾ ਨਾ ਹੋਵੇ, ਦੇਖਣ ਵਾਲਾ ਨਾ ਹੋਵੇ ਤਾਂ ਕੁਝ ਸੁਭਾਅ ਵਿੱਚ ਤਬਦੀਲੀ ਆ ਜਾਂਦੀ ਹੈ, ਉਸ ਹਿਸਾਬ ਨਾਲ ਇਹ ਕੁਰੱਪਸ਼ਨ ਸ਼ੁਰੂ ਹੋਈ ਔਰ ਕਾਫੀ ਹੱਦ ਤੱਕ ਹੋਈ। ਮੈਨੂੰ ਇਹ ਵੀ ਪਤਾ ਹੈ ਕਿ, ਸਪੀਕਰ ਸਾਹਿਬ, ਮੈਂ ਵੀ ਤੁਹਾਡੇ ਇਥੇ ਇਸੇ ਜਗ੍ਹਾ ਤੇ ਸੇਵਾ ਕੀਤੀ ਹੈ, ਮਨਿਸਟਰ ਵੀ ਰਿਹਾ ਹਾਂ ਇਹ ਗੱਲ ਸੱਚੀ ਹੈ ਕਿ ਜੇ ਅਸੀਂ ਸਵੇਰੇ ਟੈਲੀਫੂਨ ਕਰਦੇ ਸੀ ਆਪਣੇ ਅਫ਼ਸਰਾਂ ਨੂੰ ਜਿਹੜੇ ਕਿ ਸਾਡੇ ਚੰਗੇ ਵਾਕਫ ਸੀ ਤਾਂ ਸਵੇਰੇ ਨੂੰ ਕਿਹਾ ਜਾਂਦਾ ਸੀ ਕਿ ਸਾਹਿਬ ਮੀਟਿੰਗ ਵਿੱਚ ਗਏ ਹੋਏ ਹਨ ਔਰ ਦੁਪਹਿਰ ਨੂੰ ਕਰਦੇ ਸੀ ਤਾਂ ਉਸ ਵੇਲੇ ਕਿਹਾ ਜਾਂਦਾ ਸੀ ਕਿ ਲੰਚ ਲਈ ਚਲੇ ਗਏ ਔਰ ਅਗਰ ਸ਼ਾਮ ਨੂੰ ਕਰਦੇ ਸੀ ਤਾਂ ਦੱਸਿਆ ਜਾਂਦਾ ਸੀ ਕਿ ਸਾਹਿਬ ਹੁਣੇ ਹੀ ਇਥੋਂ ਗਏ ਹਨ। (ਆਵਾਜ਼ਾਂ: ਗੌਲਫ ਖੇਡਣ ਵਾਸਤੇ) ਔਰ, ਸਪੀਕਰ ਸਾਹਿਬ, ਅਸੀਂ ਉਸ ਵੇਲੇ ਤਿੰਨ ਸ਼ਬਦ ਚੁਣੇ ਸਨ : ਸਵੇਰੇ ਮੀਟਿੰਗ, ਦੁਪਹਿਰ ਨੂੰ ਚੀਟਿੰਗ ਔਰ ਸ਼ਾਮ ਨੂੰ ਈਟਿੰਗ । ਇਨ੍ਹਾਂ ਵਿੱਚ ਫੱਸਿਆ ਹੋਇਆ ਪੰਜਾਬ ਕੱਢ ਕੇ ਅੱਜ ਤੁਹਾਡੇ ਸਾਹਮਣੇ ਲਿਆਂਦਾ ਹੈ। ਲੋਕ ਇੰਨੇ ਮਾਯੂਸ ਹੋ ਗਏ ਸਨ ਅਤੇ ਸੋਚਦੇ ਸਨ ਕਿ ਹੁਣ ਨਾ ਚੋਣਾਂ ਹੋਣੀਆਂ ਨੇ ਇਥੇ ਔਰ ਨਾ ਹੀ

ਇਨ੍ਹਾਂ ਅਫ਼ਸਰਾਂ ਨੇ ਆਪਣਾ ਚੁੰਗਲ ਛੱਡਣਾ ਅਤੇ ਨਾ ਹੀ ਅੱਤਵਾਦ ਔਰ ਵੱਖਵਾਦ ਨੇ ਖ਼ਤਮ ਹੋਣਾ ਹੈ ਔਰ ਇਹ ਪੰਜਾਬ ਤਬਾਹ ਹੋ ਕੇ ਰਹਿ ਜਾਵੇਗਾ। ਪਰ, ਸਪੀਕਰ ਸਾਹਿਬ, ਇਕ ਸਾਲ ਦੇ ਵਿੱਚ ਤਬਦੀਲੀ ਆਈ ਔਰ ਉਹ ਤਬਦੀਲੀ ਆਈ ਜਿਸ ਦੇ ਬਾਰੇ ਮੈਂ ਕਹਿੰਦਾ ਹਾਂ ਕਿ ਕਦੇ ਸ਼ਾਇਦ ਭਗਵਾਨ ਕ੍ਰਿਸ਼ਨ ਜੀ ਨੇ ਗੀਤਾ ਵਿੱਚ ਕਿਹਾ ਹੋਇਆ ਹੈ ਕਿ--

> 'ਧਰਤੀ ਤੇ ਜਦੋਂ ਜ਼ੁਲਮ ਵਧੇ, ਅਤਿਆਚਾਰ ਵਧੇ ਜਾਂ ਨਾ-ਇਨਸਾਫ਼ੀ ਹੁੰਦੀ ਹੈ ਤਾਂ ਮੈਂ ਕਿਸੇ ਨਾ ਕਿਸੇ ਸ਼ਕਲ ਦੇ ਵਿੱਚ, ਰੂਪ ਦੇ ਵਿੱਚ, ਇਨਸਾਨੀ ਜਾਮੇ ਦੇ ਵਿੱਚ ਉਥੇ ਆਉਂਦਾ ਹਾਂ ਔਰ ਆ ਕੇ ਉਸ ਜ਼ੁਲਮ ਦੇ ਖਿਲਾਫ਼ ਆਵਾਜ਼ ਉਠਾਉਂਦਾ ਹਾਂ ਉਸ ਜ਼ੁਲਮ ਨੂੰ ਨਾਸ਼ ਕਰਨ ਵਾਸਤੇ, ਜ਼ਾਲਮਾਂ ਨੂੰ ਨਾਸ਼ ਕਰਨ ਲਈ ਮੈਂ ਜਨਮ ਲੈਂਦਾ ਹਾਂ' ।

ਸਪੀਕਰ ਸਾਹਿਬ, ਇਹ ਭਗਵਾਨ ਕੌਣ ਸੀ? ਅਸੀਂ ਭਗਵਾਨ ਦੇ ਰੂਪ ਵਿੱਚ ਦੇਖਿਆ ਹੈ ਲੋਕਾਂ ਨੂੰ। ਭਗਵਾਨ ਨਾ ਕਿਸੇ ਮਸਜਿਦ ਵਿੱਚ ਹੈ, ਨਾ ਮੰਦਰ ਵਿੱਚ, ਮੁਆਫ਼ ਕਰਨਾ ਨਾ ਚਰਚ ਵਿੱਚ ਅਤੇ ਨਾ ਕਿਤੇ ਹੋਰ। ਧਰਮ ਅਸਥਾਨ ਅੱਛੇ ਹਨ। ਉਥੇ ਬੈਠ ਕੇ ਅਸੀਂ ਸਾਰੇ ਪੂਜਾ ਕਰ ਸਕਦੇ ਹਾਂ, ਇਬਾਦਤ ਕਰ ਸਕਦੇ ਹਾਂ ਲੇਕਿਨ ਜੇ ਰੱਬ ਦੇਖਣਾ ਹੋਵੇ ਤਾਂ ਉਹ ਇਨਸਾਨ ਦੇ ਰੂਪਾਂ ਵਿੱਚ, ਇਨਸਾਨੀ ਜਾਮੇ ਦੇ ਵਿੱਚ ਹੈ ਔਰ ਇਸ ਇਨਸਾਨੀ ਜਾਮੇ ਦੀ ਸ਼ਕਲ ਵਿੱਚ ਇਕ ਮਹਾਂ-ਪੁਰਸ਼ ਦੀ ਸ਼ਕਲ ਵਿੱਚ ਮਰਦੇ ਮਜਾਹਦ, ਸੰਤ ਸਿਪਾਹੀ ਸਰਦਾਰ ਬੇਅੰਤ ਸਿੰਘ ਜੀ ਸਾਨੂੰ ਮਿਲੇ ਜਿਸ ਨੇ ਪੰਜਾਬ ਦੀ ਕਿਸਮਤ ਬਦਲ ਕੇ ਰੱਖ ਦਿੱਤੀ।

ਕਦੇ ਕਿਹਾ ਜਾਂਦਾ ਸੀ, ਨਹਿਰੂ ਜੀ ਨੇ ਕਿਹਾ ਸੀ ਆਪਣੀ ਪੁੱਤਰੀ ਨੂੰ ਕਿ ਬੇਟੀ ਇਤਿਹਾਸ ਪੜ੍ਹਨਾ ਬਹੁਤ ਅੱਛਾ ਹੈ, ਇਤਿਹਾਸ ਲਿਖਣਾ ਵੀ ਬਹੁਤ ਅੱਛਾ ਹੈ ਲੇਕਿਨ ਬੇਟੀ ਇਤਿਹਾਸ ਬਣਾਉਣਾ ਬਹੁਤ ਹੀ ਚੰਗਾ ਹੈ। ਮੈਂ ਕਹਿੰਦਾ ਹਾਂ ਕੀ ਸਰਦਾਰ ਬੇਅੰਤ ਸਿੰਘ ਜੀ ਨੇ ਪੰਜਾਬ ਦਾ ਇਤਿਹਾਸ ਪੜ੍ਹਿਆ ਹੀ ਨਹੀਂ, ਲਿਖਿਆ ਹੀ ਨਹੀਂ ਸਗੋਂ ਬਣਾ ਕੇ ਰੱਖ ਦਿੱਤਾ ਹੈ:

> 'ਸੁਨਾ ਹੈ ਕਿ ਅਕਸਰ ਬਦਲਤਾ ਹੈ ਜ਼ਮਾਨਾ
> ਮਰਦ ਵੋ ਹੈ ਜੋ ਜ਼ਮਾਨੇ ਕੋ ਬਦਲ ਦੇਤੇ ਹੈਂ'।

ਸਪੀਕਰ ਸਾਹਿਬ, ਸੱਚ ਮੁੱਚ ਮੁੱਖ ਮੰਤਰੀ ਜੀ ਨੇ ਪੰਜਾਬ ਦੀ ਨਵੀਂ ਜ਼ਿੰਦਗੀ ਬਣਾ ਦਿੱਤੀ। ਕੁਰੱਪਸ਼ਨ ਹਟਾਉਣ ਦਾ ਸਾਡਾ ਇਰਾਦਾ ਹੀ ਨਹੀਂ ਬਲਕਿ ਜਿਹੜੇ ਵਿਅਕਤੀ, ਜਿਹੜੀ ਗੌਰਮਿੰਟ ਮਿਲ ਕੇ, ਇਕੱਠੇ ਹੋ ਕੇ ਅੱਤਵਾਦ ਦਾ ਸਾਹਮਣਾ ਕਰਕੇ ਆਪਣੀਆਂ ਜਾਨਾਂ ਹਥੇਲੀ ਉਤੇ ਰੱਖ ਸਕਦੀ ਹੈ, ਉਹ ਕੁਰੱਪਸ਼ਨ ਨੂੰ ਵੀ ਖ਼ਤਮ ਕਰ ਸਕਦੀ ਹੈ ਚਾਹੇ ਉਹ ਕੁਰੱਪਸ਼ਨ ਕਿਸੇ ਵੀ ਲੈਵਲ ਤੇ ਹੋਵੇ ਅਤੇ ਭਾਵੇਂ ਕੋਈ ਵੀ ਅਸਫ਼ਰ ਕਿਉਂ ਨਾ ਹੋਵੇ। ਸਰਦਾਰ ਬੇਅੰਤ ਸਿੰਘ ਜੀ ਜਿਨ੍ਹਾਂ ਨੇ ਆਪਣੀ ਜ਼ਿੰਦਗੀ ਵਿੱਚ ਮਕਾਨ ਵੀ ਨਹੀਂ ਬਣਾਇਆ। ਉਹ ਆਪਣੇ ਪਿੰਡ ਛੋਟੀਆਂ ਇੱਟਾਂ ਵਾਲੇ ਮਕਾਨ ਵਿਚ ਹੀ ਗੁਜ਼ਰ ਕਰ ਰਹੇ ਹਨ। ਮੈਨੂੰ ਉਨ੍ਹਾਂ ਉਤੇ ਵਿਸ਼ਵਾਸ ਹੈ ਕਿ ਉਹ ਇਸ ਕੁਰੱਪਸ਼ਨ ਨੂੰ ਖਤਮ ਕਰਨਗੇ। ਸਰਦਾਰ ਬੇਅੰਤ ਸਿੰਘ ਜੀ ਜਿਸ ਚੀਜ਼ ਨੂੰ ਬਰਦਾਸ਼ਤ ਨਹੀਂ ਕਰਦੇ, ਉਸ ਨੂੰ ਉਹ ਜ਼ਰੂਰ, ਖਤਮ ਕਰਨਗੇ, ਚਾਹੇ ਉਸ ਵਿੱਚ ਕਿੱਡਾ ਹੀ ਵੱਡਾ ਅਫ਼ਸਰ ਕਿਉਂ ਨਾ ਆਵੇ (ਥੰਪਿੰਗ) ਅਤੇ ਕਿਸੇ ਵੀ ਅਹੁਦੇ ਉਤੇ ਕਿਉਂ ਨਾ ਹੋਵੇ। ਸਾਡਾ ਇਰਾਦਾ ਵਿਕਾਸ ਕਰਨ ਵੱਲ ਵੀ ਹੈ। ਇਸ ਸਾਲ ਨੂੰ ਵਿਕਾਸ ਦੇ ਸਾਲ ਵਜੋਂ ਅਤੇ ਕੁਰੱਪਸ਼ਨ ਨੂੰ ਖਤਮ ਕਰਨ ਵਜੋਂ ਮਨਾਇਆ ਜਾਵੇਗਾ।

[ਵਿੱਤ ਮੰਤਰੀ]

ਏ.ਡੀ.ਏ. ਦੀ ਕਿਸ਼ਤ ਦਾ ਜ਼ਿਕਰ ਆਇਆ ਹੈ, ਉਹ ਦੇ ਦਿੱਤੀ ਗਈ ਲੇਕਿਨ ਮੈਂ ਮੁਲਾਜ਼ਮਾਂ ਤੋਂ ਮੁਆਫ਼ੀ ਮੰਗਦਾ ਹੋਇਆ ਔਰ ਇਹ ਕਹਿੰਦਾ ਹੋਇਆ ਕਿ ਤੁਹਾਡਾ ਸਹਿਯੋਗ ਸਾਨੂੰ ਚਾਹੀਦਾ ਸੀ, ਜਿਸ ਲਈ ਤੁਹਾਡਾ ਪੈਸਾ ਪੀ.ਐਫ. ਵਿੱਚ ਜਮ੍ਹਾਂ ਕਰ ਦਿੱਤਾ ਜਾਏਗਾ। ਜੁਲਾਈ, 1992 ਤੋਂ ਕਿਸ਼ਤ ਰਿਲੀਜ਼ ਕਰ ਦਿੱਤੀ ਗਈ ਹੈ। ਇਸ ਤੇ 117 ਕਰੋੜ ਸਾਲ ਦਾ ਖਰਚ ਹੈ। ਅਸੀਂ ਹੁਣ ਬਹੁਤ ਜਲਦੀ ਸੋਚ ਰਹੇ ਹਾਂ ਕਿ ਆਉਣ ਵਾਲੇ ਸਾਲ ਵਿੱਚ ਉਨ੍ਹਾਂ ਨੂੰ ਬਕਾਇਦਾ ਤਨਖਾਹ ਦੇ ਨਾਲ ਪੈਸਾ ਮਿਲੇ। ਅਸੀਂ ਉਹ ਵੀ ਜਲਦੀ ਅਨਾਊਂਸ ਕਰਾਂਗੇ ਅਤੇ ਇਸ ਦੇ ਲਈ ਫੈਸਲਾ ਬਹੁਤ ਜਲਦੀ ਲੈ ਲਿਆ ਜਾਵੇਗਾ। ਸਪੀਕਰ ਸਾਹਿਬ, ਜਿਸ ਚੀਜ਼ ਦਾ ਜ਼ਿਕਰ ਨਹੀਂ ਆਇਆ। ਜਿਹੜੀ ਚੀਜ਼ ਹਰਿਆਣੇ ਨੇ ਨਹੀਂ ਦਿੱਤੀ, ਹਿਮਾਚਲ ਨੇ ਨਹੀਂ ਦਿੱਤੀ ਅਸੀਂ 30 ਕਰੋੜ ਰੁਪਿਆ ਬੋਨਸ ਦੀ ਸ਼ਕਲ ਵਿੱਚ ਮੁਲਾਜ਼ਮਾਂ ਨੂੰ ਦਿੱਤਾ ਹੈ ਤਾਂ ਕਿ ਜਿਹੜੇ ਛੋਟੇ ਮੁਲਾਜ਼ਮ ਹਨ, ਜਿਹੜੇ ਕੋਈ ਫਾਇਦਾ ਨਹੀਂ ਸੀ ਉਠਾ ਸਕਦੇ, ਕਦੀ ਆਪਣੀ ਜ਼ਿੰਦਗੀ ਚੰਗੀ ਤਰ੍ਹਾਂ ਨਹੀਂ ਸੀ ਗੁਜ਼ਾਰ ਸਕਦੇ, ਉਨ੍ਹਾਂ ਦੀ ਮਦਦ ਹੋਈ ਹੈ। ਅਗਰ ਗਰੀਬਾਂ, ਛੋਟਿਆਂ ਜਾਂ ਕਮਜ਼ੋਰਾਂ ਦਾ ਖ਼ਿਆਲ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੂੰ ਨਾ ਹੁੰਦਾ ਤਾਂ ਇਹ ਦੇਖਦੇ ਹੋਏ ਕਿ ਗੁਆਂਢੀ ਰਾਜਾਂ ਨੇ ਬਿਲਕੁਲ ਬੋਨਸ ਨਹੀਂ ਸੀ ਦਿੱਤਾ, ਉਹ ਵੀ ਨਾ ਦਿੰਦੇ। ਪਰ ਨਹੀਂ, ਫਿਰ ਵੀ ਪੰਜਾਬ ਸਰਕਾਰ ਨੇ ਬੋਨਸ ਦਿੱਤਾ।

ਸਪੀਕਰ ਸਾਹਿਬ, ਜ਼ਿਕਰ ਹੋਇਆ ਨੋਟੀਫਾਈਡ ਏਰੀਆ ਕਮੇਟੀ ਦਾ। ਇਥੇ ਮੈਂ ਯਕੀਨ ਦਿਲਾਉਣਾ ਚਾਹੁੰਦਾ ਹਾਂ ਕਿ ਕਿਸੇ ਵੀ ਜਗ੍ਹਾ ਨੂੰ ਨੋਟੀਫਾਈਡ ਏਰੀਆ ਕਮੇਟੀ ਉਨੀਂ ਦੇਰ ਤੱਕ ਨਹੀਂ ਬਣਾਵਾਂਗੇ ਜਿੰਨੀ ਦੇਰ ਉਹ ਜਸਟੀਫਾਈਡ ਨਹੀਂ ਕਰਦੇ, ਅਰਬੇਨਾਈਜ਼ੇਸ਼ਨ ਦੀਆਂ ਸ਼ਰਤਾਂ ਅਤੇ ਕੰਡੀਸ਼ਨਾਂ ਪੂਰੀਆਂ ਨਹੀਂ ਹੁੰਦੀਆਂ। ਪਰ ਕਿਸੇ ਵੀ ਧਮਕੀ ਹੇਠ ਆ ਕੇ ਕਿ ਕਿਸੇ ਜਗ੍ਹਾਂ ਨੂੰ ਨੋਟੀਫਾਈਡ ਏਰੀਆ ਕਮੇਟੀ ਨਾ ਬਣਾਇਆ ਜਾਵੇ, ਇਸ ਤਰ੍ਹਾਂ ਨਹੀਂ ਹੋਣ ਦਿੱਤਾ ਜਾਵੇਗਾ। ਸਰਕਾਰ ਨੇ ਆਪਣੀ ਠੀਕ ਪਾਲਿਸੀ ਤੇ ਚਲਣਾ ਹੈ, ਜੋ ਵੀ ਉਹ ਇਰਾਦਾ ਰੱਖਦੀ ਅਤੇ ਜੋ ਲੋਕ ਹਿੱਤ ਵਿੱਚ ਹੋਵੇ ਉਸ ਨੂੰ ਕਦੇ ਰੋਕਿਆ ਨਹੀਂ ਜਾ ਸਕੇਗਾ ਭਾਵੇਂ ਉਹ ਖਤਰਨਾਕ ਹੀ ਕਿਉਂ ਨਾ ਹੋਵੇ। ਭੈਣ ਲਕਸ਼ਮੀ ਕਾਂਤਾ ਜੀ ਚਲੇ ਗਏ ਹਨ, ਉਨ੍ਹਾਂ ਨੇ ਜ਼ਿਕਰ ਕੀਤਾ ਸੀ। ਅਸੀਂ ਉਸ ਨਾਲ ਇਹਤਰਾਮ ਕਰਦੇ ਹੋਏ ਕਹਿ ਸਕਦੇ ਹਾਂ ਕਿ ਉਹ ਸਭ ਦੀਆਂ ਭੈਣਾਂ ਤੇ ਬੇਟੀਆਂ ਹਨ। ਉਨ੍ਹਾਂ ਨੇ ਚਿੰਤਾ ਪ੍ਰਗਟ ਕੀਤੀ ਸੀ ਕਿ ਇਸ਼ਤਿਹਾਰਬਾਜ਼ੀ ਵਿੱਚ ਐਸੀਆਂ ਚੀਜ਼ਾਂ ਹਨ ਜਿਹੜੀਆਂ ਇਸਤਰੀ ਜਾਤੀ ਲਈ ਡਿਸਗਰੇਸਫੱਲ ਹਨ, ਇਸਤਰੀ ਜਾਤੀ ਨੂੰ ਕਮਜ਼ੋਰ ਕਰਨ ਵਾਲੀਆਂ ਹਨ, ਉਨ੍ਹਾਂ ਤੇ ਪੰਜਾਬ ਸਰਕਾਰ ਵਿਚਾਰ ਕਰੇਗੀ। ਸਾਰੇ ਹਿੰਦੁਸਤਾਨ ਵਿੱਚ ਟੀ.ਵੀ. ਅਤੇ ਸਟਾਰ ਟੀ.ਵੀ. ਉਤੇ ਵੀ ਐਡਵਰਟਾਈਜ਼ਮੈਂਟ ਹੋ ਰਹੀ ਹੈ ਲੇਕਿਨ ਅਸੀਂ ਪੰਜਾਬ ਸਰਕਾਰ ਵੱਲੋਂ ਚਾਹਾਂਗੇ ਕਿ ਜਿਹੜੇ ਇਸ ਤਰ੍ਹਾਂ ਦੇ ਵਿਗਿਆਪਨ ਜਾਂ ਇਸ ਤਰ੍ਹਾਂ ਦੀਆਂ ਚੀਜ਼ਾਂ ਜਿਹੜੀਆਂ ਇਸਤਰੀ ਜਾਤੀ ਤੇ ਹਮਲਾ ਹੋਵੇ ਉਨ੍ਹਾਂ ਨੂੰ ਕਮਜ਼ੋਰ ਕਰਨ ਵਾਲਾ ਹੋਵੇ, ਉਹ ਅਸੀਂ ਰੋਕਾਂਗੇ। ਜਿਹੜਾ ਉਨ੍ਹਾਂ ਨੇ ਜ਼ਿਕਰ ਕੀਤਾ ਕਿ ਮਹਿਲਾ ਕਾਂਸਟੇਬਲਾਂ ਕੋਲ ਰਿਵਾਲਵਰ ਨਹੀਂ ਔਰ ਸੁਰੱਖਿਆ ਦਾ ਸਮਾਨ ਨਹੀਂ; ਮੈਂ ਇਹ ਵੀ ਸਮਝਦਾ ਹਾਂ ਕਿ ਉਨ੍ਹਾਂ ਦਾ ਕਹਿਣਾ ਕਾਫ਼ੀ ਉਚਿਤ ਹੈ। ਅਗਰ ਕਾਂਸਟੇਬਲ ਹੈ, ਉਨ੍ਹਾਂ ਨੂੰ ਸੁਰੱਖਿਆ ਵਾਸਤੇ ਹਥਿਆਰ ਵਗੈਰਾ ਮਿਲਣੇ ਚਾਹੀਦੇ ਹਨ। ਹੋ ਸਕਦਾ ਹੈ ਕਿ ਉਨ੍ਹਾਂ ਨੂੰ ਕੋਈ ਗਲਤ ਫਹਿਮੀ ਹੋਈ ਹੋਵੇ। ਫਿਰ ਵੀ ਅਸੀਂ ਇਸ ਬਾਰੇ ਪਰੋਬ ਕਰਾਂਗੇ।

ਮਨਿਸਟਰਾਂ ਬਾਰੇ ਬਾਰ-ਬਾਰ ਗੱਲ ਆਈ ਹੈ ਕਿ ਫਜ਼ੂਲ ਖਰਚੀਆਂ ਹੁੰਦੀਆਂ ਹਨ। ਸਪੀਕਰ ਸਹਿਬ, ਇਹ ਮਨਿਸਟਰ ਹੀ ਹਨ, ਜਿਨ੍ਹਾਂ ਨੇ ਸਾਰੇ ਪੰਜਾਬ ਦਾ ਦੌਰਾ ਕਰਕੇ ਇਕ-ਇਕ ਦਿਨ ਵਿੱਚ, ਤੁਸੀਂ ਸਾਰੇ ਟੀ.ਵੀ. ਤੇ ਜ਼ਰੂਰ ਦੇਖਦੇ ਹੋਵੋਗੇ, 6–6, 7–7 ਜਗ੍ਹਾਂ ਤੇ ਸਾਡੇ ਮਨਿਸਟਰ ਸਾਹਿਬਾਨ ਹਜ਼ਾਰਾਂ ਲੋਕਾਂ ਨੂੰ

ਐਡਰੈਸ ਕਰਦੇ ਹਨ। ਜੇ ਇਸ ਨੂੰ ਫਜ਼ੂਲ ਖਰਚੀ ਸਮਝਦੇ ਹੋ, ਜਿਹੜੀਆਂ ਸਾਡੀਆਂ ਭੈਣਾਂ ਨੇ ਇਤਰਾਜ਼ ਕੀਤਾ, ਉਹ ਕਿਸੇ ਗਲਤ ਫਹਿਮੀ ਦਾ ਸ਼ਿਕਾਰ ਹਨ। ਉਨ੍ਹਾਂ ਦਾ ਪਤੀ ਜਦੋਂ ਐਮ.ਐਲ.ਏ. ਸੀ ਜਦੋਂ ਮਨਿਸਟਰ ਸੀ, ਉਦੋਂ ਵੀ ਜਲਸੇ ਇਸੇ ਤਰ੍ਹਾਂ ਹੁੰਦੇ ਸੀ, ਉਤੋਂ ਵੀ ਤੁਰ ਬਾਹਰ ਟੂਰ ਤੇ ਜਾਂਦੇ ਸੀ, ਉਨ੍ਹਾਂ ਦਾ ਵੀ ਪ੍ਰਬੰਧ ਹੁੰਦਾ ਸੀ, ਉਨ੍ਹਾਂ ਨੂੰ ਹੁਣ ਇਹ ਝੱਲਣਾ ਚਾਹੀਦਾ ਹੈ, ਬਰਦਾਸ਼ਤ ਕਰਨਾ ਚਾਹੀਦਾ ਹੈ। ਇਸ ਦੀ ਬਹੁਤ ਜ਼ਰੂਰਤ ਹੈ ਕਿ ਪੰਜਾਬ ਸਰਕਾਰ ਅੌਰ ਪੰਜਾਬ ਸਰਕਾਰ ਦੇ ਮਨਿਸਟਰ ਲੋਕਾਂ ਦੇ, ਪਿੰਡ ਤਕ, ਗਰਾਸ ਰੂਟ ਤੱਕ ਲਾਗੇ ਆਉਣ, ਆਪਣੇ ਸਬੰਧ ਗੰਢੀ ਰੱਖਣ ਤਾਂ ਕਿ ਪੰਜਾਬ ਹੋਰ ਸ਼ਕਤੀਸ਼ਾਲੀ ਹੋਵੇ ਅੌਰ ਵੱਧ ਤੋਂ ਵੱਧ ਪੰਜਾਬ ਦੇ ਲੋਕਾਂ ਦੀ ਸੇਵਾ ਹੋ ਸਕੇ। ਮੈਂ ਸਮਝਦਾ ਹਾਂ ਕਿ ਇਸ ਗੱਲ ਤੇ ਸਾਨੂੰ ਫਖਰ ਹੈ ਕਿ ਸਾਡੇ ਮਨਿਸਟਰਜ਼ ਦੀ ਮਿਹਨਤ ਸਦਕਾ ਲੋਕ-ਸੰਪਰਕ ਵਧਿਆ ਹੈ ਅਤੇ ਪੰਜਾਬ ਤਰੱਕੀ ਦੇ ਰਾਹ ਤੇ ਚਲਿਆ ਹੈ।

ਸਪੀਕਰ ਸਾਹਿਬ, ਸੀਵਰੇਜ ਬਾਰੇ ਇੱਥੇ ਗੱਲ ਆਈ ਹੈ ਕਿ ਮਲੋਟ ਵਿਖੇ ਸੀਵਰੇਜ ਦੇ ਕੰਮ ਵਿੱਚ ਹੇਰਾ ਫੇਰੀ ਹੋਈ, ਹੋ ਸਕਦਾ ਹੈ ਅੌਰ ਵੀ ਕਿਧਰੇ ਸੀਵਰੇਜ ਬੰਦ ਹੋਇਆ ਹੋਵੇ ਪਰ ਮੈਂ ਇਥੇ ਕਹਿਣਾ ਚਾਹੁੰਦਾ ਹਾਂ ਕਿ ਜੇ ਕਿਸੇ ਅਫ਼ਸਰ ਦੀ ਕੁਤਾਹੀ ਹੋਈ, ਮੈਂ ਫਿਰ ਵੀ ਕਹਾਂਗਾ ਕਿ ਕੁਰਪਸ਼ਨ ਦੇ ਬਾਰੇ ਵਿੱਚ ਸਪੈਸਿਫਿਕ ਇੰਸਟਾਂਸ ਜੇਕਰ ਸਾਡੇ ਐਮ.ਐਲ.ਏ. ਸਾਹਿਬਾਨ ਜਾਂ ਹੋਰ, ਸਾਡੇ ਨੋਟਿਸ ਵਿੱਚ ਲਿਆਉਣ ਪੰਜਾਬ ਸਰਕਾਰ ਉਸ ਦੇ ਵਿਰੁੱਧ ਐਕਸ਼ਨ ਲੈਣ ਤੋਂ ਪਿੱਛੇ ਨਹੀਂ ਹਟੇਗੀ।

ਓਲਡ-ਏਜ ਪੈਨਸ਼ਨ ਦੇ ਬਾਰੇ ਵੀ ਗੱਲ ਹੋਈ ਹੈ ਕਿ ਪੈਨਸ਼ਨ ਨਹੀਂ ਮਿਲ ਰਹੀ, ਹੁਣ ਤੱਕ ਜਿੰਨੇ ਵੀ ਐਨਲਿਸਟ ਹੋ ਚੁੱਕੇ ਹਨ, ਉਨ੍ਹਾਂ ਸੱਭ ਦੀ ਪੈਨਸ਼ਨ 31 ਮਾਰਚ, 1993 ਤੋਂ ਪਹਿਲਾਂ ਪਹਿਲਾਂ ਰਲੀਜ਼ ਕਰ ਦਿੱਤੀ ਜਾਵੇਗੀ। ਡੀਪਾਰਟਮੈਂਟ ਨੇ ਜੋ 4–5 ਕਰੋੜ ਰੁਪਏ ਮੰਗੇ ਸੀ ਉਹ ਰਿਲੀਜ਼ ਕਰ ਦਿੱਤੇ ਹਨ।

ਇੱਥੇ ਵਾਰ-ਵਾਰ ਜ਼ਿਕਰ ਆਇਆ ਹੈ ਕਿ ਕਮੇਟੀਜ਼ ਹੋਣੀਆਂ ਚਾਹੀਦੀਆਂ ਹਨ ਅੌਰ ਸਾਡੇ ਐਮ.ਐਲ.ਏ. ਸਾਹਿਬਾਨ ਇਨ੍ਹਾਂ ਵਿੱਚ ਇਨਵਾਲਵ ਹੋਣੇ ਚਾਹੀਦੇ ਹਨ। ਸਰਦਾਰ ਬੇਅੰਤ ਸਿੰਘ ਜੀ ਦਿੱਲੀ ਗਏ ਹਨ, ਪਰ ਉਨ੍ਹਾਂ ਨਾਲ ਇਸ ਸਬੰਧ ਵਿੱਚ ਗੱਲਬਾਤ ਕੀਤੀ ਹੈ ਅਤੇ ਅਸੀਂ ਇਹ ਸੋਚਿਆ ਹੈ ਕਿ ਇਹ ਜਿਹੜਾ ਸਾਲ ਅਪ੍ਰੈਲ, 1993 ਤੋਂ ਸ਼ੁਰੂ ਹੋ ਰਿਹਾ ਹੈ ਇਸ ਵਿਚ ਸਾਰੇ ਵਿਭਾਗਾਂ ਲਈ ਡੀਪਾਰਟਮੈਂਟਲ ਕੰਨਸਲਟੇਟਿਵ ਕਮੇਟੀਆਂ ਬਣਾਵਾਂਗੇ, ਜਿਹੜੀ ਵੀ ਉਹ ਗੱਲ ਕਰਨਾ ਚਾਹੁਣਗੇ ਵੇਸਟ-ਫੁੱਲ ਅੇਕਸਪੈਂਡੀਚਰ ਜਾਂ ਕੁਰੱਪਸ਼ਨ ਬਾਰੇ ਜਾਂ ਵਿਭਾਗ ਦੇ ਸੁਧਾਰ ਬਾਰੇ, ਉਨ੍ਹਾਂ ਤੇ ਸਰਕਾਰ ਵਿਚਾਰ ਕਰ ਸਕੇਗੀ ਅੌਰ ਇਸ ਤਰ੍ਹਾਂ ਉਨਾਂ ਦੀ ਪਾਰਟੀਸੀਪੇਸ਼ਨ ਵਿਭਾਗ ਦੇ ਕੰਮਾਂ ਬਾਰੇ ਹੋਵੇਗੀ।

ਇੰਸਪੈਕਟਰੀ ਰਾਜ ਬਾਰੇ ਵੀ ਜ਼ਿਕਰ ਆਇਆ ਹੈ। ਇਹ ਠੀਕ ਹੈ ਕਿ ਭੱਠਿਆਂ ਵਾਲੇ ਕਹਿੰਦੇ ਹਨ ਕਿ ਜਿੰਨਾ ਸਾਡਾ ਸੇਲਜ਼ ਟੈਕਸ ਹੈ, ਜਿੰਨੀ ਸਾਡੀ ਫੀਸ ਹੈ, ਇਸ ਨਾਲੋਂ 10 ਗੁਣਾਂ ਜ਼ਿਆਦਾ ਸਾਡੇ ਤੋਂ ਲੈ ਲਵੋ ਪਰ ਸਾਡੀ ਜਾਨ ਇੰਸਪੈਕਟਰਾਂ ਤੋਂ ਬਚਾਓ। ਸੈਲਜ਼ ਟੈਕਸ ਦਾ ਇੰਸਪੈਕਟਰ ਆਉਂਦਾ ਹੈ ਉਹ ਕਹਿੰਦਾ ਹੈ ਕਿ ਤੁਸੀਂ ਚੂਨਾ ਠੀਕ ਨਹੀਂ ਲਗਾਇਆ, ਇਹ ਨਹੀਂ ਕੀਤਾ ਉਹ ਨਹੀਂ ਕੀਤਾ। ਫੂਡ ਐਂਡ ਸਪਲਾਈ ਦਾ ਇੰਸਪੈਕਟਰ ਆਉਂਦਾ ਹੈ ਉਹ ਕਹਿੰਦਾ ਹੈ ਕਿ ਇਹ ਪਿੱਲੀਆਂ ਇੱਟਾਂ ਹਨ, ਇਹ ਥਰਡ ਕਲਾਸ ਹਨ ਇਹ ਫਸਟ ਕਲਾਸ ਨਹੀਂ, ਤੁਹਾਡਾ ਚਲਾਨ ਹੋਵੇਗਾ, ਤੁਹਾਡਾ ਲਾਇਸੈਂਸ ਕੈਂਸਲ ਕਰ ਦਿਤਾ ਜਾਵੇਗਾ। ਪੰਜਾਬ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਇੰਸਪੈਕਟਰੀ ਰਾਜ ਤੋਂ ਅਸੀਂ ਛੁਟਕਾਰਾ ਦਿਵਾਉਣਾ ਹੈ ਅਤੇ

ਵਿੱਤ ਮੰਤਰੀ]

ਉਹ ਲੰਪ-ਸੰਮ ਚਾਹੇ ਉਹ ਬ੍ਰਿਕ-ਕਿਲਨ ਹੋਵੇ, ਚਾਹੇ ਸਿਨਮਾ ਹੋਵੇ, ਚਾਹੇ ਬੱਸਾਂ ਹੋਣ, ਉਨ੍ਹਾਂ ਤੋਂ ਇਕ ਮੁਸ਼ਤ ਟੈਕਸ ਲਿਆ ਜਾਵੇ ਤਾਂ ਕਿ ਵਾਰ ਵਾਰ ਜਾ ਕੇ ਇੰਸਪੈਕਟਰ ਉਨ੍ਹਾਂ ਨੂੰ ਤੰਗ ਨਾ ਕਰਨ ਔਰ ਜਿਹੜੇ ਸਾਡੇ ਟੈਕਸ-ਪੇਅਰ ਹਨ ਉਨ੍ਹਾਂ ਨੂੰ ਰਾਹਤ ਮਿਲ ਸਕੇ। ਇਥੇ ਇੱਕ ਗੱਲ ਆਈ ਹੈ ਕਿ ਇਕ ਹਜ਼ਾਰ, ਇਨ੍ਹਾਂ ਨੇ ਤਾਂ ਇੱਕ ਲੱਖ ਪੜ੍ਹਿਆ ਹੈ ਸਾਡੇ ਮੈਂਬਰ ਸਾਹਿਬਾਨ ਨੇ, ਸਾਥੀ ਸਾਹਿਬ ਨੇ ਪਰ ਠੀਕ ਪੜ੍ਹਿਆ ਹੈ ਇੱਕ ਲੱਖ ਪੜ੍ਹਿਆ ਹੈ, ਲੇਕਿਨ ਸਪੀਕਰ ਸਾਹਿਬ, ਜੇ ਉਹ ਜ਼ਰਾ ਅੱਗੇ ਪੜ੍ਹ ਲੈਂਦੇ ਤਾਂ 408 ਲੱਖ ਵੀ ਲਿਖਿਆ ਹੈ ਜੋ 4 ਕਰੋੜ 8 ਲੱਖ ਰੁਪਿਆ ਲਿਖਿਆ ਹੈ, ਉਹ 31 ਮਾਰਚ ਤੱਕ ਖਰਚ ਕਰਨੇ ਹਨ ਉਹ ਇਸ ਗੱਲ ਤੇ ਖਰਚ ਕਰਨੇ ਹਨ ਕਿ ਜਿਹੜੇ ਸਾਡੇ ਭੈਣ ਭਰਾ, ਮੈਲਾ ਸਿਰ ਤੇ ਚੁੱਕਦੇ ਹਨ। ਅਸੀਂ ਕਲੀਨ ਲੈਟਰੀਨਜ਼ ਪ੍ਰੋਵਾਈਡ ਕਰਨੀਆਂ ਹਨ, ਉਨ੍ਹਾਂ ਦੀ ਤਾਦਾਦ ਹਜ਼ਾਰਾਂ ਦੀ ਹੈ, ਉਸ ਨੂੰ ਅਸੀਂ ਲੱਖਾਂ ਤੱਕ ਪਹੁੰਚਾਉਣਾ ਹੈ ਤਾਂ ਕਿ ਉਨ੍ਹਾਂ ਨੂੰ ਮੈਲਾ ਸਿਰ ਤੇ ਨਾ ਚੁਕਣਾ ਪਵੇ। ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਇਸ ਦਾ ਪ੍ਰਬੰਧ ਕਰੇਗੀ।

ਸਪੀਕਰ ਸਾਹਿਬ, ਟਰਾਂਸਪੋਰਟ ਡਿਪਾਰਟਮੈਂਟ ਪਹਿਲੇ ਬਹੁਤ ਹੀ ਖਰਾਬ ਸੀ। ਬਹੁਤ ਥੱਲੇ ਜਾ ਰਿਹਾ ਸੀ, ਘਾਟੇ ਵਿਚ ਜਾ ਰਿਹਾ ਸੀ। ਹੁਣ ਉਹ ਫਾਇਦੇ ਵਿਚ ਜਾ ਰਿਹਾ ਹੈ। ਸਾਡੇ ਟਰਾਂਸਪੋਰਟ ਮਨਿਸਟਰ ਜੀ, ਜਿਨ੍ਹਾਂ ਨੇ ਅਫਸਰਾਂ ਨਾਲ ਮਿਲ ਕੇ ਘਾਟੇ ਨੂੰ ਦੂਰ ਕੀਤਾ ਹੈ, ਉਨ੍ਹਾਂ ਦੇ ਕਹਿਣ ਮੁਤਾਬਿਕ ਪੀ. ਆਰ. ਟੀ.ਸੀ. ਹੁਣ ਫਾਇਦੇ ਵਿਚ ਜਾ ਰਹੀ ਹੈ। (ਥੰਪਿੰਗ)। ਉਨ੍ਹਾਂ ਦੀਆਂ ਆਪਣੀਆਂ ਵਰਕਸ਼ਾਪਾਂ ਹਨ, ਆਪਣੇ ਪੈਟਰੋਲ ਪੰਪ ਹਨ। ਟਰਾਂਸਪੋਰਟ ਡਿਪਾਰਟਮੈਂਟ ਤੇ ਜਿਹੜੀ ਨੁਕਤਾਚੀਨੀ ਕੀਤੀ ਗਈ ਹੈ, ਠੀਕ ਹੈ, ਅਫਸਰ ਥੱਲੇ ਅਣਗਹਿਲੀ ਕਰਦੇ ਹੋਣਗੇ, ਅਸੀਂ ਨਿਸਚਾ ਕੀਤਾ ਹੈ ਕਿ ਕਾਰਵਾਈ ਕਰਾਂਗੇ। ਪਬਲਿਕ ਅੰਡਰਟੇਕਿੰਗ ਟਰਾਂਸਪੋਰਟ ਹੈ, ਉਨ੍ਹਾਂ ਨੂੰ ਅਸੀਂ ਘਾਟੇ ਵਿਚ ਨਹੀਂ ਜਾਣ ਦੇਣਾ। ਸਰਦਾਰ ਬੇਅੰਤ ਸਿੰਘ ਜੀ ਨੇ ਕਿਹਾ ਹੈ ਕਿ ਜੋ ਘਾਟੇ ਵਿਚ ਜਾਂਦੀਆਂ ਹਨ, ਉਨ੍ਹਾਂ ਨੂੰ ਬਿਲਕੁਲ ਬੰਦ ਕਰ ਦਿਓ, ਪ੍ਰਾਈਵੇਟ ਨੂੰ ਦੇ ਦਿਓ। ਘਾਟਾ ਅਸੀਂ ਬਰਦਾਸ਼ਤ ਨਹੀਂ ਕਰਾਂਗੇ। ਸਪੀਕਰ ਸਾਹਿਬ, ਮੈਨੂੰ ਖੁਸ਼ੀ ਹੈ ਕਿ ਪੰਜਾਬ ਸਰਕਾਰ ਨੂੰ ਸੈਂਟਰ ਵਲੋਂ ਪੈਸਾ ਮਿਲਿਆ ਹੈ। ਅਸੀਂ ਖੁਦ ਵੀ ਕਰੋੜਾਂ ਰੁਪਏ ਖਰਚ ਕੀਤੇ। ਅਸੀਂ ਇਥੇਂ ਇਕ ਟੈਕਨੀਕਲ ਐਜੂਕੇਸ਼ਨ ਬੋਰਡ ਬਣਾ ਰਹੇ ਹਾਂ ਅਤੇ ਉਸ ਵਾਸਤੇ ਆਈ.ਟੀ.ਆਈ. ਖੋਲ੍ਹ ਰਹੇ ਹਾਂ। ਨਿਰੇ ਕਲਰਕ ਬਣਾ ਬਣਾ ਕੇ ਨੌਜਵਾਨਾਂ ਦਾ ਭਲਾ ਨਹੀਂ ਹੋ ਸਕਦਾ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਅਸੀਂ ਉਨ੍ਹਾਂ ਦੇ ਹੱਥ ਟੂਲਜ਼ ਫੜਾਵਾਂਗੇ, ਮਿਹਨਤ ਕਰਨ ਵਾਲੇ ਸੰਦ ਫੜਾਵਾਂਗੇ ਪਰ ਕਿਸੇ ਨੌਜਵਾਨ ਨੂੰ ਪੰਜਾਬ ਵਿਚ ਨਜਾਇਜ਼ ਹਥਿਆਰ ਨਹੀਂ ਫੜਾਵਾਂਗੇ, ਉਸ ਨੂੰ ਇਜਾਜ਼ਤ ਨਹੀਂ ਦੇਵਾਂਗੇ। (ਥੰਪਿੰਗ)। ਮੈਨੂੰ ਖੁਸ਼ੀ ਹੈ ਕਿ ਇਕ ਹਜ਼ਾਰ ਦੇ ਕਰੀਬ ਨੌਜਵਾਨਾਂ ਨੇ ਆਪਣੇ ਹਥਿਆਰ ਸੁੱਟੇ ਅਤੇ ਸਰੰਡਰ ਕੀਤਾ ਅਤੇ ਮੁੱਖ ਧਾਰਾ ਵਿਚ ਆਏ ਹਨ। ਅਸੀਂ ਉਨ੍ਹ ਦਾ ਸਵਾਗਤ ਕਰਦੇ ਹਾਂ ਕਿਉਂਕਿ ਸਵੇਰ ਦਾ ਭੁਲਿਆ ਹੋਇਆ ਜਦੋਂ ਸ਼ਾਮ ਨੂੰ ਘਰ ਆ ਜਾਵੇ ਤਾਂ ਉਸ ਨੂੰ ਕੱਢਣਾ ਨਹੀਂ ਚਾਹੀਦਾ ਅਸੀਂ ਉਨ੍ਹਾਂ ਨੂੰ ਟੈਕਨੀਕਲ ਐਜੂਕੇਸ਼ਨ ਦੇ ਕੇ ਆਪਣੇ ਪੈਰਾਂ ਤੇ ਖੜ੍ਹਾਂ ਕਰਾਂਗੇ ਤਾਂ ਕਿ ਉਹ ਪੰਜਾਬ ਦੀ ਸੇਵਾ ਕਰਨ। ਸਪੀਕਰ ਸਾਹਿਬ, ਪ੍ਰਾਈਵੇਟ ਸਕੂਲਾਂ ਦੀਆਂ ਪੈਨਸ਼ਨਾਂ ਬਾਰੇ ਫੈਸਲਾ ਹੋ ਚੁੱਕਿਆ ਹੈ ਅਤੇ 31 ਮਾਰਚ ਤੱਕ ਰਿਲੀਜ਼ ਕਰ ਦੇਵਾਂਗੇ। ਇਹ ਸਾਡੀ ਕੋਸ਼ਿਸ਼ ਹੈ। ਸਾਰੀਆਂ ਫਾਰਮੈਲਟੀਜ਼ ਪੂਰੀਆਂ ਹੋ ਗਈਆਂ ਹਨ ਕਿਉਂਕਿ ਪਹਿਲੇ ਕੁਝ ਨਹੀਂ ਹੋਇਆ ਸੀ, ਇਸ ਲਈ ਨਹੀਂ ਦਿੱਤਾ ਗਿਆ ਸੀ। ਪ੍ਰਾਵੀਡੈਂਟ ਫੰਡਜ਼ ਜਮ੍ਹਾਂ ਹੋ ਗਿਆ ਹੈ। ਸਕੂਲਾਂ ਦੇ ਟੀਚਰਾਂ ਦੀ ਪੈਨਸ਼ਨ 31 ਮਾਰਚ ਤੋਂ ਪਹਿਲਾਂ-ਪਹਿਲਾਂ ਜ਼ਰੂਰ ਕਰ ਦਿੱਤੀ ਜਾਵੇਗੀ। ਮਿਉਂਸਪੈਲਿਟੀ ਦੇ ਇੰਪਲਾਈਜ਼ ਲਈ ਵੀ ਸਾਰਾ ਕੁਝ ਹੋ ਚੁੱਕਾ ਹੈ। ਫਲਾਇੰਗ ਸੁਕਅਡ ਟਰਾਂਸਪੋਰਟ ਡਿਪਾਰਟਮੈਂਟ ਵਿਚ ਵੀ ਹੈ ਅਤੇ ਹੋਰਨਾਂ ਵਿਚ ਵੀ। ਉਨ੍ਹਾਂ ਵਿਚ ਇਹ ਗੱਲ ਨਹੀਂ ਹੋਣ ਦਿੱਤੀ ਜਾਵੇਗੀ ਕਿ ਚੰਗੇ ਅਫਸਰ ਨਾ ਹੋਣ।

ਇਕ ਪੁਆਇੰਟ ਤੇ ਤੌਖਲਾ ਪ੍ਰਗਟ ਕੀਤਾ ਗਿਆ ਹੈ ਕਿ ਸਾਡੀਆਂ ਜਿਹੜੀਆਂ ਵਿਡੋਜ਼ ਹਨ, ਜਿਹੜੀਆਂ ਸਾਡੀਆਂ ਭੈਣਾਂ ਵਿਧਵਾ ਹਨ, ਟੈਰੇਰਿਸਟਾਂ ਹੱਥੋਂ ਪੀੜ੍ਹਤ ਹਨ, ਉਨ੍ਹਾਂ ਨੂੰ ਪੈਨਸ਼ਨ ਵਾਸਤੇ ਸਰਟੀਫਿਕੇਟ ਲੈਣਾ ਪੈਂਦਾ ਹੈ ਅਤੇ ਹਲਫੀਆਂ ਬਿਆਨ ਦੇਣਾ ਪੈਂਦਾ ਹੈ ਕਿ ਮੈਂ ਵਿਆਹ ਨਹੀਂ ਕਰਵਾਇਆ ਅਤੇ ਵਿਧਵਾ ਹਾਂ। ਇਹ ਵਾਕਿਆ ਹੀ ਬੜੀ ਚੁਭਣ ਵਾਲੀ ਗੱਲ ਹੈ। ਅਸੀਂ ਇਸ ਗੱਲ ਨੂੰ ਮਹਿਸੂਸ ਕਰਦੇ ਹਾਂ ਅਤੇ ਇਸ ਨੂੰ ਸਿੰਪਲੀਫਾਈ ਕਰਾਂਗੇ । ਭੈਣਾਂ ਨੂੰ ਹਲਫੀਆ ਬਿਆਨ ਦੇਣ ਦੀ ਨੌਬਤ ਨਹੀਂ ਆਵੇਗੀ ।

ਸਪੀਕਰ ਸਾਹਿਬ, ਇਨ੍ਹਾਂ ਸ਼ਬਦਾਂ ਨਾਲ ਮਾਨਯੋਗ ਮੈਂਬਰ ਸਾਹਿਬਾਨ ਨੇ ਜੋ ਇਤਰਾਜ਼ ਕੀਤੇ ਹਨ, ਜੋ ਨੁਕਤਾਚੀਨੀ ਕੀਤੀ ਹੈ, ਬੜੀ ਖੁਸ਼ੀ ਹੈ ਜਿਹੜੇ ਉਨ੍ਹਾਂ ਦੇ ਚੰਗੇ ਸੁਝਾਓ ਹਨ, ਉਨ੍ਹਾਂ ਦਾ ਸਵਾਗਤ ਕਰਦੇ ਹਾਂ ਅਤੇ ਉਨ੍ਹਾਂ ਤੇ ਵਿਚਾਰ ਕਰਕੇ ਅਮਲ ਕਰਾਂਗੇ। ਮੈਂ ਮਾਨਯੋਗ ਮੈਂਬਰ ਸਾਹਿਬਾਨ ਨੂੰ ਕਹਾਂਗਾ ਕਿ ਜਿਸ ਤਰ੍ਹਾਂ ਉਸ ਦਿਨ ਸਰਵ-ਸੰਮਤੀ ਨਾਲ ਸਪਲੀਮੈਂਟਰੀ ਡੀਮਾਂਡਜ਼ ਪਾਸ ਹੋਈਆਂ ਸਨ, ਅੱਜ ਵੀ ਸਰਵ-ਸੰਮਤੀ ਨਾਲ ਇਹ ਐਪਰੋਪਰੀਏਸ਼ਨ ਬਿਲ ਪਾਸ ਕਰਨਾ ਚਾਹੀਦਾ ਹੈ।

Mr. Speaker : Question is—

That the Punjab Appropriation Bill be taken into consideration at once.

The Motion was carried.

Mr. Speaker : Now the House will proceed to consider the Bill Clause by Clause.

Clause 2

Mr. Speaker : Question is—

That Clause 2 stand part of the Bill.

The Motion was carried.

Clause 3

Mr. Speaker : Question is—

That Clause 3 stand part of the Bill.

The Motion was carried.

The Schedule

Mr. Speaker : Question is—

That the Schedule stand part of the Bill.

The Motion was carried

Clause 1

Mr. Speaker : Question is—

That Clause 1 stand part of the Bill.

The Motion was carried.

Title

Mr. Speaker : Question is—

That Title be the Title of the Bill.

The Motion was carried.

Finance Minister (Doctor Kewal Krishan) : Sir, I beg to move—

That the Punjab Appropriation Bill be passed.

Mr. Speaker : Motion moved—

That the Punjab Appropriation Bill be passed.

Mr. Speaker : Question is—

That the Punjab Appropriation Bill be passed. —

The Motion was carried unanimously.

Mr. Speaker : The House stands adjourned till 2.00 P.M. on Wednesday, the 10th March, 1993.

(The Sabha then adjourned* till 2.00 P.M. on Wednesday, the 10th March, 1993.)

*1.13 P.M.

7204 PVS—Govt. Press, U.T., Chd.

Published under the authority of the Punjab Vidhan Sabha and printed by the Controller, Govt. Press (U.T.), Chandigarh.

Punjab Vidhan Sabha Debates

10th March, 1993

Vol. IV—No. 10

OFFICIAL REPORT

CONTENTS

Wednesday, the 10th March, 1993

Punjab Vidhan Sabha Secretariat, Chandigarh.

Price Rs. :

PUNJAB VIDHAN SABHA

Wednesday, the 10th March, 1993

The Vidhan Sabha met in the Punjab Vidhan Sabha Hall, Vidhan Bhavan, Sector 1, Chandigarh, at 2.00 P.M. *Mr. Speaker (Sardar Harcharn Singh Ajnala) in the Chair.*

STARRED QUESTIONS AND ANSWERS

ਸਰਾਏ ਪੱਤਣ ਵਿਖੇ ਪੈਨਟੂਨ ਬ੍ਰਿਜ (ਢੋਲਾਂ ਵਾਲਾ ਪੁਲ) ਨੂੰ ਮਜ਼ਬੂਤ ਕਰਨਾ

*858. **ਡਾਕਟਰ ਰਮੇਸ਼ ਦੱਤ**: ਕੀ ਲੋਕ ਨਿਰਮਾਣ (ਭਵਨ ਅਤੇ ਸੜਕਾਂ) ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਰੋਪੜ ਵਿਚ ਨੂਰਪੁਰਬੇਦੀ ਅਤੇ ਕੀਰਤਪੁਰ ਸਾਹਿਬ ਵਿਚਕਾਰ ਸਤਲੁਜ ਦਰਿਆ ਸਰਾਏ ਪੱਤਣ ਵਿਖੇ ਪੈਨਟੂਨ ਬ੍ਰਿਜ (ਢੋਲਾਂ ਵਾਲਾ ਪੁਲ) ਨੂੰ ਮਜ਼ਬੂਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਹੈ, ਤਾਂ ਉਕਤ ਮੰਤਵ ਲਈ ਕੁੱਲ ਕਿੰਨੀ ਰਕਮ ਮਨਜ਼ੂਰ ਕੀਤੀ ਗਈ ਅਤੇ ਉਕਤ ਕੰਮ ਕਦੋਂ ਤੱਕ ਪੂਰਾ ਕੀਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਜੋਗਿੰਦਰ ਸਿੰਘ ਮਾਨ: ਨਹੀਂ ਜੀ। ਅਜਿਹੀ ਕੋਈ ਸਕੀਮ ਨਹੀਂ ਹੈ।

ਡਾਕਟਰ ਰਮੇਸ਼ ਦੱਤ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਬ੍ਰਿਜ ਹੈ, ਬੜਾ ਇੰਪਾਰਟੈਂਟ ਬ੍ਰਿਜ ਹੈ । ਇਹ ਨੂਰਪੁਰ ਬੇਦੀ ਅਤੇ ਕੀਰਤਪੁਰ ਦੇ ਵਿਚਾਲੇ ਪੈਂਦਾ ਹੈ। ਕੀ ਇਸ ਨੂੰ ਸਟਰੈਂਗਥਨ ਕਰਨ ਦੀ ਕੋਈ ਯੋਜਨਾ ਹੈ ਤਾਂ ਕਿ ਬੱਸਾਂ ਅਤੇ ਟਰੱਕ ਇਸ ਦੇ ਉਪਰੋਂ ਲੰਘ ਸਕਣ ?

ਰਾਜ ਮੰਤਰੀ: ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜੇਕਰ ਅਸੀਂ ਇਸ ਨੂੰ ਸਟਰੈਂਗਥਨ ਵੀ ਕਰੀਏ ਤਾਂ ਵੀ ਇਸ ਦੇ ਉਪਰੋਂ ਅੱਠ ਨੌ ਟਨ ਤੋਂ ਵੱਧ ਬੋਝ ਨਹੀਂ ਲੰਘ ਸਕਦਾ, ਪਰ ਜਿਹੜਾ ਗੱਡੀਆਂ ਦਾ ਵਜ਼ਨ ਹੁੰਦਾ ਹੈ, ਸਵਾਰੀਆਂ ਦਾ ਵਿਚ ਲਗਾ ਕੇ, ਉਹ ਕੋਈ 15 ਟਨ ਦੇ ਕਰੀਬ ਬੈਠਦਾ ਹੈ। ਇਹ ਜਿਹੜੇ ਬ੍ਰਿਜ ਹੁੰਦੇ ਹਨ ਇਹ ਬੜੇ ਲਚਕਦਾਰ ਹੁੰਦੇ ਹਨ, ਇਸ ਲਈ ਇਥੇ ਕੋਈ ਸਕੋਪ ਨਹੀਂ ਹੈ। ਇਥੋਂ ਕੋਈ 12 ਕਿਲੋਮੀਟਰ ਤੇ ਅਨੰਦਪੁਰ ਸਾਹਿਬ ਦਾ ਬ੍ਰਿਜ ਹੈ, ਉਹ ਠੀਕ ਹੈ, ਅਤੇ ਸਾਰੀਆਂ ਗੱਡੀਆਂ ਵਗੈਰਾ ਉਥੋਂ ਆਸਾਨੀ ਨਾਲ ਲੰਘ ਜਾਂਦੀਆਂ ਹਨ।

ਡਾਕਟਰ ਰਮੇਸ਼ ਦੱਤ: ਸਪੀਕਰ ਸਾਹਿਬ, ਮੇਰਾ ਦੂਸਰਾ ਸਪਲੀਮੈਂਟਰੀ ਇਹ ਹੈ ਕਿ ਇਸ ਤੋਂ ਪਹਿਲਾਂ 1988 ਵਿਚ ਇਥੇ ਕਿਸ਼ਤੀਆਂ ਦਾ ਪੁਲ ਬਣਿਆ ਹੋਇਆ ਸੀ। ਉਸ ਵੇਲੇ ਰਬੈਰੋ ਸਾਹਿਬ ਨੇ ਮੌਕਾ ਵੇਖਿਆ ਅਤੇ ਕਿਹਾ ਕਿ ਪੈਨਟੂਨ ਬ੍ਰਿਜ ਦਾ ਲੋਕਾਂ ਨੂੰ ਫ਼ਾਇਦਾ ਹੋਵੇਗਾ। ਪਰ ਹੁਣ ਲੋਕਾਂ ਨੂੰ ਫਾਇਦੇ ਦੀ ਬਜਾਏ ਨੁਕਸਾਨ ਹੋ ਰਿਹਾ ਹੈ। ਇਹ ਜਿਹੜਾ ਇਨ੍ਹਾਂ ਨੇ ਅਨੰਦਪੁਰ ਸਾਹਿਬ ਦੇ ਪੁਲ ਦਾ ਜ਼ਿਕਰ ਕੀਤਾ ਹੈ ਕਿ ਇਥੋਂ 12 ਕਿਲਮੀਟਰ ਹੈ, ਉਹ ਕੋਈ 35 ਕਿਲੋਮੀਟਰ ਬੈਠਦਾ ਹੈ ਕੀਰਤਪੁਰ ਤੋਂ । ਇਸ ਤੋਂ ਇਲਾਵਾ ਲੋਕਾਂ ਨੇ ਥਰਮਲ ਪਲਾਂਟ ਤੇ ਵੀ ਜਾਣਾ ਹੁੰਦਾ ਹੈ। ਪਿਛਲੇ ਸਾਲ ਐਸ਼ੋਰੈਂਸ ਆਈ ਸੀ ਕਿ ਛੇਤੀ ਤੋਂ ਛੇਤੀ ਕਰ ਰਹੇ ਹਾਂ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਸ ਪੁਲ ਨੂੰ ਸਟਰੈਂਗਥਨ ਕਰਨ ਲਈ ਕੋਈ ਵਿਚਾਰ ਕਰਨਗੇ ?

ਰਾਜ ਮੰਤਰੀ: ਸਪੀਕਰ ਸਾਹਿਬ, ਇਹ ਅਨੰਦਪੁਰ ਸਾਹਿਬ ਤੋਂ 12 ਕਿਲੋਮੀਟਰ ਤੇ ਹੈ ਔਰ ਉਥੇ ਆਲ ਪਰਪਜ਼ ਬ੍ਰਿਜ ਬਣਿਆ ਹੋਇਆ ਹੈ, ਉਸ ਤੇ ਕਰੋੜਾਂ ਰੁਪਏ ਲੱਗੇ ਹੋਏ ਹਨ। ਇਹ ਜਿਹੜਾ ਕਿਸ਼ਤੀਆਂ ਦੇ ਪੁਲ ਦਾ ਜ਼ਿਕਰ ਕਰ ਰਹੇ ਹਨ ਉਹ ਰੁੜ੍ਹ ਗਿਆ ਸੀ। ਔਰ ਇਹ ਪੈਨਟੂਨ ਵਾਲੇ ਬ੍ਰਿਜ ਬੜੇ ਲਚਕਦਾਰ ਹੁੰਦੇ ਹਨ, ਇਥੋਂ ਤੱਕ ਕਿ ਜੇ ਬੰਦੇ ਵੀ ਲੰਘਦੇ ਹਨ ਤਾਂ ਵੀ ਉਹ ਹਿਲਦੇ ਹਨ।

ਰਾਜ ਵਿੱਚ ਲੇਬਰ ਕੋਰਟ ਅਤੇ ਇੰਡਸਟਰੀਅਲ ਟ੍ਰਿਬਿਊਨਲਸ

*605. **ਸ਼੍ਰੀਮਤੀ ਵਿਮਲਾ ਡਾਂਗ**: ਕੀ ਕਿਰਤ ਅਤੇ ਰੁਜ਼ਗਾਰ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿੱਚ ਕੁਲ ਕਿੰਨੇ ਲੇਬਰ ਕੋਰਟ ਅਤੇ ਇੰਡਸਟਰੀਅਲ ਟ੍ਰਿਬਿਊਨਲ ਹਨ ਅਤੇ ਇਹ ਕਿਥੇ ਕਿਥੇ ਸਥਿਤ ਹਨ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਲੇਬਰ ਕੋਰਟਾਂ ਅਤੇ ਇੰਡਸਟਰੀਅਲ ਟ੍ਰਿਬਿਊਨਲਸ ਵਿਚੋਂ ਕਿੰਨੀਆਂ ਵਿਚ ਪ੍ਰੀਜ਼ਾਈਡਿੰਗ ਅਫਸਰ ਨਹੀਂ ਹਨ ਅਤੇ ਇਹ ਕਦੋਂ ਤੋਂ ਨਹੀਂ ਹਨ ਅਤੇ ਇਨ੍ਹਾਂ ਖਾਲੀ ਅਸਾਮੀਆਂ ਨੂੰ ਕਦੋਂ ਤੱਕ ਭਰੇ ਜਾਣ ਦੀ ਸੰਭਾਵਨਾ ਹੈ?

ਸਰਦਾਰ ਗੁਲਜ਼ਾਰ ਸਿੰਘ: (ੳ) ਇੰਡਸਟਰੀਅਲ-ਇੱਕ ਚੰਡੀਗੜ੍ਹ ਵਿਖੇ ਟ੍ਰਿਬਿਊਨਲਸ

ਲੇਬਰ ਕੋਰਟਸ ... ਛੇ (6) ਗੁਰਦਾਸਪੁਰ, ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਪਟਿਆਲਾ, ਅਤੇ ਬਠਿੰਡਾ ਵਿਖੇ।

(ਅ) ਕੋਈ ਨਹੀਂ; ਉਪਰੋਕਤ ਭਾਗ (ੳ) ਵਿਚ ਵਰਣਿਤ ਇੰਡਸਟਰੀਅਲ ਟ੍ਰਿਬਿਊਨਲ ਅਤੇ ਲੇਬਰ ਕੋਰਟਾਂ ਵਿਚ ਸਾਰੀਆਂ ਵਿਚ ਪ੍ਰੀਜਾਈਡਿੰਗ ਅਫਸਰ ਕੰਮ ਕਰ ਰਹੇ ਹਨ, ਅਤੇ ਕੋਈ ਅਸਾਮੀ ਖਾਲੀ ਨਹੀਂ ਹੈ।

ਸ਼੍ਰੀਮਤੀ ਵਿਮਲਾ ਡਾਂਗ: ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਜੀ ਨੂੰ ਤੁਹਾਡੇ ਰਾਹੀਂ ਪੁੱਛਣਾ ਚਾਹਾਂਗੀ ਕਿ ਕੀ ਇਨ੍ਹਾਂ ਨੂੰ ਇਸ ਗੱਲ ਦਾ ਇਲਮ ਹੈ ਕਿ ਹਜ਼ਾਰਾਂ ਕੇਸ ਪੰਜਾਬ ਦੇ ਵਿਚ ਪੈਂਡਿੰਗ ਪਏ ਹਨ। ਮਜ਼ਦੂਰਾਂ ਨੂੰ ਇਨਸਾਫ ਮਿਲੇ, ਇਸ ਦੇ ਲਈ ਕੀ ਹਰ ਜ਼ਿਲ੍ਹੇ ਵਿਚ ਲੇਬਰ ਕੋਰਟ ਸਥਾਪਿਤ ਕਰਨ ਤੇ ਵਿਚਾਰ ਕਰਨਗੇ?

ਰਾਜ ਮੰਤਰੀ: ਸਪੀਕਰ ਸਾਹਿਬ, ਇਸ ਬਾਰੇ ਮੇਰੀ ਬੇਨਤੀ ਇਹ ਹੈ ਕਿ ਐਮ. ਐਲ. ਏ. ਸਾਹਿਬਾ ਨੂੰ ਮੈਂ ਦੱਸਣਾ ਚਾਹੁੰਦਾ ਹਾਂ ਕਿ ਹਰ ਜ਼ਿਲ੍ਹੇ ਵਿਚ ਲੇਬਰ ਕੋਰਟ ਖੋਲ੍ਹਣ ਦੀ ਕੋਈ ਪਰਪੋਜ਼ਲ ਨਹੀਂ ਹੈ ਪਰ ਇਸ ਸਾਲ ਇਕ ਦੋ ਕੋਰਟਾਂ ਰਾਜ ਵਿਚ ਖੋਲ੍ਹਣ ਦਾ ਵਿਚਾਰ ਹੈ।

ਸ਼੍ਰੀਮਤੀ ਵਿਮਲਾ ਡਾਂਗ: ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹਵਾਂਗੀ ਕਿ ਇੰਡਸਟਰੀਅਲ ਟਰੀਬਿਊਨਲ ਇਸ ਵੇਲੇ ਕੇਵਲ ਇਕ ਹੈ ਚੰਡੀਗੜ੍ਹ ਵਿਚ। ਕੀ ਇਹ ਘੱਟੋ ਘੱਟ ਦੋ ਹੋਰ, ਇਕ ਅੰਮ੍ਰਿਤਸਰ ਔਰ ਇਕ ਲੁਧਿਆਣੇ ਵਿਚ ਸਥਾਪਤ ਕਰਨਗੇ?

ਰਾਜ ਮੰਤਰੀ: ਇਸ ਬਾਰੇ ਕੋਈ ਵਿਚਾਰ ਨਹੀਂ ਹੈ, ਹੋਰ ਖੋਲ੍ਹਣ ਦਾ।

ਸ੍ਰੀ ਮਦਨ ਮੋਹਨ ਮਿੱਤਲ : ਸਰ, ਮੇਰਾ ਸਪਲੀਮੈਂਟਰੀ ਇਹ ਹੈ ਕਿ ਮੰਤਰੀ ਜੀ ਨੇ ਕਿਹਾ ਹੈ ਕਿ ਦੋ ਹੋਰ ਲੇਬਰ ਕੋਰਟਸ ਬਣਾਉਣ ਦਾ ਵਿਚਾਰ ਹੈ। ਕੀ ਇਹ ਡੀਸੈਂਟਰੇਲਾਈਜ਼ ਨਹੀਂ ਕਰਨਗੇ ? ਜੂਰਿਸਡਿਕਸ਼ਨ ਹਰ ਡਿਸਟ੍ਰਿਕਟ ਦੀ ਆਪਣੀ ਆਪਣੀ ਹੈ, ਇਸ ਲਈ ਕੀ ਇਹ ਹਰ ਡਿਸਟ੍ਰਿਕਟ ਲੈਵਲ ਉਤੇ ਲੇਬਰ ਕੋਰਟਸ ਖੋਲ੍ਹਣ ਤੇ ਵਿਚਾਰ ਕਰਨਗੇ ? ਜਾਂ ਕੋਈ ਇਸ ਤਰ੍ਹਾਂ ਦੀਆਂ ਮੋਬਾਈਲ ਕੋਰਟਸ ਖੋਲ੍ਹ ਦੇਣ ਜਿੱਥੇ ਇੰਡਸਟਰੀਅਲ ਇਸਟੈਬਲਿਸ਼ਮੈਂਟ ਜ਼ਿਆਦਾ ਹੈ (so that people can get cheaper justice.)

ਰਾਜ ਮੰਤਰੀ : ਮੋਬਾਈਲ ਕੋਰਟਸ ਬਣਾਉਣ ਦਾ ਵਿਚਾਰ ਨਹੀਂ ਹੈ। ਜਿਹੜੇ ਇਸ ਵੇਲੇ ਲੰਬਿਤ ਕੇਸ ਪਏ ਹਨ, ਇੰਡਸਟਰੀ ਵਰਕਰਜ਼ ਦੇ, ਉਨ੍ਹਾਂ ਨੂੰ ਲੋਕ ਅਦਾਲਤਾਂ ਰਾਹੀਂ ਡਿਸਪੋਜ਼ ਆਫ ਕਰ ਰਹੇ ਹਾਂ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਦੋ ਨਵੀਆਂ ਲੇਬਰ ਕੋਰਟਾਂ ਸਥਾਪਤ ਕਰਨ ਦਾ ਵਿਚਾਰ ਹੈ। ਇਹ ਵੀ ਇਨ੍ਹਾਂ ਨੂੰ ਜਾਣਕਾਰੀ ਹੈ ਕਿ ਮਾਨਸਾ ਅਤੇ ਫਤਿਹਗੜ੍ਹ ਸਾਹਿਬ ਨਵੇਂ ਜ਼ਿਲ੍ਹੇ ਬਣਾਏ ਗਏ ਹਨ। ਕੀ ਇਹ ਨਵੀਆਂ ਕੋਰਟਾਂ ਇਨ੍ਹਾਂ ਜ਼ਿਲ੍ਹਿਆਂ ਵਿਚ ਸਥਾਪਤ ਕਰਨੀਆਂ ਹਨ ਜਾਂ ਕਿ ਹੋਰ ਕਿਸੇ ਜ਼ਿਲ੍ਹੇ ਵਿਚ ?

ਰਾਜ ਮੰਤਰੀ : ਸਪੀਕਰ ਸਾਹਿਬ, ਇਕ ਸੰਗਰੂਰ ਵਿਚ ਔਰ ਇਕ ਲੁਧਿਆਣੇ ਵਿਚ ਸਥਾਪਤ ਕਰਨੀਆਂ ਹਨ। ਇਹ ਦੋਵੇਂ ਜ਼ਿਲ੍ਹੇ ਇੰਡਸਟਰੀਅਲ ਡਿਸਟ੍ਰਿਕਟ ਹਨ। ਉਥੇ ਜ਼ਿਆਦਾ ਇੰਡਸਟਰੀ ਹੈ, ਇਸ ਲਈ ਉਥੇ ਇਹ ਕੋਰਟਸ ਸਥਾਪਤ ਕਰਨ ਦਾ ਵਿਚਾਰ ਹੈ ।

ਸ੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਮੇਰਾ ਸਪਲੀਮੈਂਟਰੀ ਹੈ ਕਿ ਇਨ੍ਹਾਂ ਨੇ ਕਿਹਾ ਹੈ ਕਿ ਮੋਬਾਈਲ ਕੋਰਟਸ ਤਾਂ ਨਹੀਂ ਖੁਲ੍ਹ ਸਕਦੀਆਂ ਤਾਂ ਕੀ ਕੈਂਪ ਕੋਰਟਸ ਜੋ ਹਨ, ਉਹ ਖੋਲ੍ਹਣ ਦਾ ਵਿਚਾਰ ਹੈ ?

ਫਿਰ ਇਨ੍ਹਾਂ ਨੇ ਲੋਕ ਅਦਾਲਤਾਂ ਦੇ ਬਾਰੇ ਇਹ ਕਿਹਾ ਹੈ ਕਿ ਕੇਸਾਂ ਦਾ ਨਿਪਟਾਰਾ ਕਰ ਰਹੇ ਹਨ। ਮੈਂ ਪੁਛਣਾ ਚਾਹੁੰਦਾ ਹਾਂ ਕਿ ਕਿਤਨੇ ਕੇਸ ਲੋਕ ਅਦਾਲਤਾਂ ਰਾਹੀਂ ਨਿਪਟਾਏ ਗਏ ਹਨ ਔਰ ਕਿਤਨੇ ਰਹਿੰਦੇ ਹਨ ?

ਸ੍ਰੀ ਸਪੀਕਰ : ਇਸ ਬਾਰੇ ਤੁਸੀਂ ਸੈਪਰੇਟ ਸਵਾਲ ਕਰ ਦਿਓ। ਕੈਂਪ ਕੋਰਟ ਬਾਰੇ, ਵਜ਼ੀਰ ਸਾਹਿਬ, ਦੱਸ ਸਕਦੇ ਹੋ ਤਾਂ ਦੱਸੋ।

ਰਾਜ ਮੰਤਰੀ : ਇਹ ਸਾਰਾ ਕੁਝ ਵੱਖਰਾ ਦੱਸ ਦੇਣ, ਮੈਂ ਇਨਫਰਮੇਸ਼ਨ ਦੇ ਦੇਵਾਂਗਾ।

ਸ੍ਰੀ ਮਦਨ ਮੋਹਨ ਮਿੱਤਲ : ਸਰ, ਕੈਂਪ ਕੋਰਟਸ ਬਾਰੇ ਇਨ੍ਹਾਂ ਨੇ ਦੱਸਿਆ ਨਹੀਂ ਹੈ ਜੀ। ਮੋਬਾਈਲ ਕੋਰਟਸ ਬਾਰੇ ਦੱਸਿਆ ਹੈ ਪਰ Mobile Courts and Camp Courts are different. ਕੈਂਪ ਕੋਰਟ ਤਾਂ ਡਿਸਟ੍ਰਿਕਟ ਕੋਰਟਸ ਜਿਸ ਤਰ੍ਹਾਂ ਹਨ, ਉਥੇ ਜਾਕੇ ਦੋ ਦਿਨ ਵਾਸਤੇ ਸਥਾਪਤ ਹੋ ਜਾਵੇਗੀ ਪਰ ਮੋਬਾਈਲ ਕੋਰਟ ਤਾਂ ਜਿੱਥੇ ਮਰਜੀ ਹੈ, ਸਥਾਪਿਤ ਹੋ ਸਕਦੀ ਹੈ। ਇਨ੍ਹਾਂ ਨੇ ਮੋਬਾਈਲ ਕੋਰਟ ਬਾਰੇ ਆਪਣਾ ਵਿਚਾਰ ਦੱਸਿਆ ਹੈ ਪਰ ਕੈਂਪ ਕੋਰਟ ਬਾਰੇ ਨਹੀਂ ਦੱਸਿਆ। ਇਸ ਲਈ ਕੈਂਪ ਕੋਰਟ ਬਾਰੇ ਵੀ ਆਪਣਾ ਵਿਚਾਰ ਦੱਸਣ ।

ਰਾਜ ਮੰਤਰੀ : ਕੈਂਪ ਕੋਰਟਸ ਖੋਲ੍ਹਣ ਦਾ ਕੋਈ ਵਿਚਾਰ ਨਹੀਂ ਹੈ ਜੀ।

ਨਿਸ਼ਾਨ ਵਾਲੇ ਪ੍ਰਸ਼ਨ ਨੰ: 787 ਅਤੇ 830

(ਸਬੰਧਤ ਮਾਨਯੋਗ ਮੈਂਬਰ ਸਾਹਿਬਾਨ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਣ ਇਹ ਪ੍ਰਸ਼ਨ ਪੇਸ਼ ਨਹੀਂ ਹੋਏ।)

ਲਾਊਡ ਸਪੀਕਰਾਂ ਦੀ ਵਰਤੋਂ ਲਈ ਸਮਾਂ ਨਿਸ਼ਚਿਤ ਕਰਨਾ

*852. **ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਸ ਸਮੇਂ ਰਾਜ ਵਿਚ ਲਾਊਡ ਸਪੀਕਰਾਂ ਦੀ ਵਰਤੋਂ ਲਈ ਕੋਈ ਸਮਾਂ ਨਿਸ਼ਚਿਤ ਕੀਤਾ ਗਿਆ ਹੈ; ਜੇਕਰ ਕੀਤਾ ਗਿਆ ਹੈ, ਤਾਂ ਉਸਦੇ ਵੇਰਵੇ ਕੀ ਹਨ ?

Sardar Beant Singh : Under Section 4 of the Punjab Instruments (Control of Noises) Act, 1956, the use of Loud Speakers is not allowed between 10.00 P. M. in the night and 6.00 A. M. in the morning except with the prior permission of the District Magistrate etc. Normally no permission is granted after 10.00 P. M. Its use is restricted and the pitch or volume is to be audible only within the precincts.

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਅਧਿਅਕਸ਼ ਮਹੋਦਯ, ਮੈਂ ਆਪ ਕੇ ਦੁਆਰਾ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦੀ ਹਾਂ ਕਿ ਹਰ ਸ਼ਹਿਰ ਵਿਚ ਲਾਊਡ ਸਪੀਕਰਾਂ ਦੀਆਂ ਆਵਾਜ਼ਾਂ 4 ਵਜੇ ਤੋਂ ਹੀ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ। ਕੀ ਇਸ ਦੇ ਵਾਸਤੇ ਇਜਾਜ਼ਤ ਦਿਤੀ ਹੋਈ ਹੈ ਜਾਂ ਕਿ ਇਹ ਰੂਲਜ਼ ਦੀ ਉਲੰਘਣਾ ਹੈ ?

ਸ੍ਰੀ ਸਪੀਕਰ : ਤੁਸੀਂ ਸਪੈਸੇਫਿਕ ਸਵਾਲ ਪੁੱਛੋ। This is hypothetical. This is your opinion.

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਕੀ ਮੁੱਖ ਮੰਤਰੀ ਜੀ ਇਸ ਗੱਲ ਤੋਂ ਜਾਣੂੰ ਹਨ ਕਿ ਲਾਊਡਸਪੀਕਰ ਚਾਰ ਵਜੇ ਸਵੇਰ ਤੋਂ ਹੀ ਲਗ ਜਾਂਦੇ ਹਨ? ਕੀ ਮੁੱਖ ਮੰਤਰੀ ਜੀ ਇਹ ਜਾਣਦੇ ਹਨ?

ਮੁੱਖ ਮੰਤਰੀ : ਚੰਗੀ ਤਰ੍ਹਾਂ ਜਾਣਦਾ ਹਾਂ। ਸਪੀਕਰ ਸਾਹਿਬ, ਇਸ ਦਾ ਇਲਾਜ ਕੋਈ ਨਹੀਂ ਹੈ। ਇਹ ਤਾਂ ਸਮਾਜਕ ਤੌਰ ਉਤੇ ਵੇਖਣਾ ਚਾਹੀਦਾ ਹੈ ਕਿ ਇਹ ਦੂਸਰਿਆਂ ਦੇ ਦਿਮਾਗ ਨਾ ਖਾਏ ਕਿਉਂਕਿ ਉਨ੍ਹਾਂ ਨੂੰ ਤਕਲੀਫ ਹੁੰਦੀ ਹੈ ਲੇਕਿਨ ਇਸ ਬਾਰੇ ਇਜਾਜ਼ਤ ਨਹੀਂ ਦਿਤੀ ਜਾਂਦੀ, ਉਹ ਆਪਣੇ ਆਪ ਲਗਾਏ ਜਾਂਦੇ ਹਨ।

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਇਨ੍ਹਾਂ ਨੂੰ ਪਤਾ ਹੈ ਕਿ ਧਾਰਮਿਕ ਅਸਥਾਨਾਂ ਤੇ ਰਾਤ ਰਾਤ ਭਰ ਲਾਊਡ ਸਪੀਕਰ ਦੀਆਂ ਆਵਾਜ਼ਾਂ ਆਉਂਦੀਆਂ ਰਹਿੰਦੀਆਂ ਹਨ, ਕੀ ਹੁਣ ਸਰਕਾਰ ਇਤਨੀ ਅਸ਼ਕਤ ਹੋ ਗਈ ਹੈ ਕਿ ਉਹ ਕਹਿੰਦੀ ਹੈ ਕਿ ਸਾਡੇ ਵਸ ਨਹੀਂ ?

ਸ੍ਰੀ ਸਪੀਕਰ : ਇਹ ਕੋਈ ਸਪਲੀਮੈਂਟਰੀ ਨਹੀਂ ਹੈ।

ਮੁੱਖ ਮੰਤਰੀ : ਅੱਜ ਕਲ੍ਹ ਤਾਂ ਜਾਗੋ ਵਾਲੇ ਸਾਰੀ ਰਾਤ ਗਾਈ ਜਾਂਦੇ ਹਨ ਅੌਰ ਲੋਕ ਸੁਣੀ ਜਾਂਦੇ ਹਨ ।

ਸ੍ਰੀ ਸਪੀਕਰ : ਮੈਂ ਅਲਾਓ ਹੀ ਨਹੀਂ ਕੀਤਾ

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਭਰੀ ਸਭਾ ਵਿਚ ਸਰਕਾਰ ਨੇ ਹਥਿਆਰ ਸੁਟ ਦਿਤੇ ਸਨ

ਸਰਹੱਦ ਤੇ ਕੰਡਿਆਲੀ ਤਾਰ ਦੇ ਦੂਜ ਪਾਸੇ ਪੈਂਦੀਆਂ ਜ਼ਰਾਇਤੀ ਜ਼ਮੀਨਾਂ ਤੇ ਹਲ ਆਦਿ ਚਲਾਉਣ ਲਈ ਸਮਾਂ ਨਿਸ਼ਚਿਤ ਕਰਨਾ

*818. **ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਸਰਕਾਰ ਨੇ ਪੰਜਾਬ ਦੇ ਇਲਾਕੇ ਨਾਲ ਲਗਦੀ ਭਾਰਤ ਪਾਕ ਸਰਹੱਦ ਤੇ ਲਗਾਈ ਗਈ ਕੰਡਿਆਲੀ ਤਾਰ ਪਾਰ ਕਰਕੇ ਵਾੜ ਦੇ ਦੂਜੇ ਪਾਸੇ ਪੈਂਦੀਆਂ ਜਮੀਨਾਂ ਦੀ ਕਾਸ਼ਤ ਕਰਨ ਲਈ ਜਾਣ ਵਾਲੇ ਵਿਅਕਤੀਆਂ ਵਾਸਤੇ ਕੋਈ ਸਮਾਂ ਸਾਰਣੀ ਨਿਯਤ ਕੀਤੀ ਹੈ; ਜੇਕਰ ਅਜਿਹਾ ਹੋਵੇ, ਤਾਂ ਉਸ ਦੇ ਵੇਰਵੇ ਕੀ ਹਨ ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਨਾ ਵਿਚ ਹੋਵੇ ਤਾਂ ਕੀ ਵਾੜ ਦੇ ਦੂਜੇ ਪਾਸੇ ਖੇਤੀ ਸਬੰਧੀ ਕੰਮ ਕਰਨ ਲਈ ਕੋਈ ਦੂਜੀ ਸਕੀਮ ਸਰਕਾਰ ਦੇ ਵਿਚਾਰ ਅਧੀਨ ਹੈ?

ਸਰਦਾਰ ਬੇਅੰਤ ਸਿਘ : (ਏ) ਹਾਂ, ਸਵਾਲ ਵਿਚ ਉਠਾਏ ਨੁਕਤੇ ਅਨੁਸਾਰ ਸਰਹੱਦੀ ਜ਼ਿਲ੍ਹੇ-ਵਾਰ ਨਿਮਨ ਲਿਖਤ ਸਮਾਂ ਨਿਸ਼ਚਿਤ ਕੀਤਾ ਗਿਆ ਹੈ :—

ਪੁਲਿਸ ਜ਼ਿਲ੍ਹਾ ਅੰਮ੍ਰਿਤਸਰ	ਸਵੇਰੇ 5 ਵਜੇ ਤੋਂ ਰਾਤ ਦੇ 8 ਵਜੇ ਤੱਕ
ਪੁਲਿਸ ਜ਼ਿਲ੍ਹਾ ਮਜੀਠਾ	ਉਹੀ
ਪੁਲਿਸ ਜ਼ਿਲ੍ਹਾ ਤਰਨਤਾਰਨ	ਸਵੇਰੇ 8 ਵਜੇ ਤੋਂ ਸ਼ਾਮ ਦੇ 5 ਵਜੇ ਤੱਕ
ਪੁਲਿਸ ਜ਼ਿਲ੍ਹਾ ਗੁਰਦਾਸਪੁਰ	ਸਵੇਰੇ ਤੋਂ ਲੈ ਕੇ ਸ਼ਾਮ ਤੱਕ
ਪੁਲਿਸ ਜ਼ਿਲ੍ਹਾ ਬਟਾਲਾ	ਸਵੇਰੇ 7 ਵਜੇ ਤੋਂ ਲੈ ਕੇ ਸ਼ਾਮ 6 ਵਜੇ ਤੱਕ
ਪੁਲਿਸ ਜ਼ਿਲ੍ਹਾ ਫਿਰੋਜਪੁਰ	ਸਵੇਰੇ 5.30 ਵਜੇ ਤੋਂ ਲੈ ਕੇ ਰਾਤ 7.30 ਵਜੇ ਤੱਕ ।

(ਬੀ) ਕੋਈ ਨਹੀਂ ।

ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ : ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਦੇ ਰਾਹੀ ਮਾਨਯੋਗ ਮੁੱਖ ਮੰਤਰੀ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਪ੍ਰਸ਼ਾਸਨ ਨੇ ਜ਼ਿਲ੍ਹਾ ਵਾਇਜ਼ ਜੋ ਸਮਾਂ ਫਿਕਸ ਕੀਤਾ ਹੈ, ਮੇਰਾ ਬਾਰਡਰ ਦਾ ਜ਼ਿਲ੍ਹਾ ਹੈ, ਅਟਾਰੀ ਦੇ ਕਿਸਾਨਾਂ ਦੀਆਂ ਆਮ ਸ਼ਿਕਾਇਤਾਂ ਹਨ ਕਿ ਜਿਹੜਾ ਸਮਾਂ ਫਿਕਸ ਕੀਤਾ ਜਾਂਦਾ ਹੈ ਜਦੋਂ ਗੇਟ ਖੁੱਲਦਾ ਹੈ ਤਾਂ ਉਸ ਵੇਲੇ 2-3 ਘੰਟੇ ਪੁਲਿਸ ਵਾਲੇ ਚੈਕ ਕਰਨ ਨੂੰ ਲੈ ਲੈਂਦੇ ਹਨ ਅੌਰ ਜਿਹੜਾ ਖੇਤਾਂ ਨੂੰ ਦੇਖਭਾਲ ਕਰਨ ਦਾ ਸਮਾਂ ਹੁੰਦਾ ਹੈ, ਉਹ ਖਤਮ ਹੋ ਜਾਂਦਾ ਹੈ। ਕੀ ਮੁੱਖ ਮੰਤਰੀ ਸਾਹਿਬ, ਇਸ ਸਬੰਧ ਵਿਚ ਕੋਈ ਅਧਿਕਾਰੀਆਂ ਨੂੰ ਹਦਾਇਤਾਂ ਕਰਨਗੇ ਤਾਂਕਿ ਖੇਤੀਬਾੜੀ ਕਰਨ ਵਾਲੇ ਕਿਸਾਨ ਪਰੇਸ਼ਾਨ ਨਾ ਹੋਣ ?

ਸ੍ਰੀ ਸਪੀਕਰ : ਇਸ ਵਾਸਤੇ ਤੁਸੀਂ ਸਪੈਸੇਫਿਕ ਕੁਐਸ਼ਚਨ ਕਰ ਦਿਓ।

ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ : ਮੁੱਖ ਮੰਤਰੀ ਸਾਹਿਬ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਰਾੜੇਵਾਲਾ, ਅਟਾਰੀ, ਘੁਨਰੀਖੁਰਦ ਔਰ ਨਾਲ ਦੇ ਪਿੰਡਾਂ ਵਿਚ ਕਿਸਾਨਾਂ ਦੀਆਂ ਇਹ ਸ਼ਿਕਾਇਤਾਂ ਹਨ।

ਸ੍ਰੀ ਸਪੀਕਰ : ਮੈਂ ਤੁਹਾਨੂੰ ਰਿਕੁਐਸਟ ਕੀਤੀ ਹੈ ਕਿ ਸਪੈਸੇਫਿਕ ਕੁਐਸਚਨ ਲਿਖ ਕੇ ਦੇ ਦਿਓ ਐਗਜ਼ਾਮਿਨ ਕਰ ਲਿਆ ਜਾਵੇਗਾ।

ਨਾਭਾ ਸ਼ਹਿਰ ਵਿਚ ਸੀਵਰੇਜ ਪਾਉਣਾ

*843. **ਸ੍ਰੀ ਰਮੇਸ਼ ਕੁਮਾਰ** : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਨਾਭਾ ਸ਼ਹਿਰ ਵਿਚ ਸੀਵਰੇਜ ਪਾਉਣ ਦਾ ਕੰਮ ਕਦੋਂ ਤੱਕ ਮੁਕੰਮਲ ਹੋ ਜਾਣ ਦੀ ਸੰਭਾਵਨਾ ਹੈ?

Doctor Kewal Krishan : At present, no sewerage scheme is under progress in Nabha Town.

ਸ੍ਰੀ ਰਮੇਸ਼ ਕੁਮਾਰ : ਸਪੀਕਰ ਸਾਹਿਬ, ਮੈਂ ਸਤਿਕਾਰਯੋਗ ਵਿੱਤ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜੋ ਨਵੀਆਂ ਸਕੀਮਾਂ ਬਣਦੀਆਂ ਹਨ, ਨਾਭਾ ਮੇਰਾ ਹਲਕਾ ਹੈ, ਉਥੇ ਅੱਧਾ ਸੀਵਰੇਜ ਪੈ ਚੁੱਕਾ ਹੈ ਔਰ ਅੱਧਾ ਰਹਿੰਦਾ ਹੈ, ਵਿੱਤ ਮੰਤਰੀ ਸਾਹਿਬ ਨੇ ਪਹਿਲੇ ਵੀ ਇਹ ਵਿਸ਼ਵਾਸ਼ ਦਿਵਾਇਆ ਸੀ, ਕੀ ਹੁਣ ਨਵੀਂ ਸਕੀਮ ਵੇਲੇ ਇਹ ਪੂਰਾ ਕਰ ਦਿੱਤਾ ਜਾਵੇਗਾ ?

ਮੰਤਰੀ : ਸਪੀਕਰ ਸਾਹਿਬ, ਪੰਜਾਬ ਸਰਕਾਰ ਚਾਹੁੰਦੀ ਹੈ ਕਿ ਸਾਰੇ ਸਬ ਡਵੀਜ਼ਨਾਂ ਵਿਚ ਅਤੇ ਸਾਰੇ ਡਿਸਟ੍ਰਿਕਟ ਪਲੇਸਿਜ਼ ਤੇ ਸੀਵਰੇਜ ਲਾਗੂ ਹੋਵੇ। ਨਾਭਾ ਸ਼ਹਿਰ ਵਿਚ 14 ਕਿਲੋਮੀਟਰ ਸੀਵਰੇਜ ਦੀ ਲਾਈਨ ਵਿਛਾਈ ਜਾ ਚੁੱਕੀ ਹੈ ਔਰ ਇਸ ਤੇ 8.12 ਕਰੋੜ ਰੁਪਿਆ ਖਰਚ ਕੀਤਾ ਜਾ ਚੁੱਕਾ ਹੈ। 27 ਕਿਲੋਮੀਟਰ ਹੋਰ ਲਾਈਨ ਵਿਛਾਉਣ ਨਾਲ ਸਾਰੇ ਸ਼ਹਿਰ ਵਿਚ ਸੀਵਰੇਜ ਦਾ ਕੰਮ ਮੁਕੰਮਲ ਹੋ ਜਾਵੇਗਾ। ਇਸ ਨੂੰ ਅਗਲੇ ਸਾਲ ਵਿਚ ਪੂਰਾ ਕਰਨ ਦਾ ਵਿਚਾਰ ਹੈ।

ਸਰਦਾਰ ਜਸਜੀਤ ਸਿੰਘ : ਸਪੀਕਰ ਸਾਹਿਬ, ਮੈ ਮਨਿਸਟਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਜਿਥੇ ਨੋਟੀਫਾਈਡ ਏਰੀਆ ਕਮੇਟੀਆਂ ਬਣਾਈਆਂ ਗਈਆਂ ਹਨ, ਕੀ ਉਥੇ ਸੀਵਰੇਜ ਲਾਈਨ ਵਿਛਾਉਣ ਦਾ ਪ੍ਰਬੰਧ ਕਰਨਗੇ ? ਖਾਸ ਕਰਕੇ ਕੈਂਥ ਨੋਟੀਫਾਈਡ ਏਰੀਆ ਕਮੇਟੀ ਦੇ ਬਾਰੇ ਦੱਸ ਦੇਣ।

ਸ੍ਰੀ ਸਪੀਕਰ : ਇਹ ਸਵਾਲ ਨਾਭਾ ਸ਼ਹਿਰ ਦਾ ਸੀ। ਤੁਸੀਂ ਸੈਪਰੇਟ ਨੋਟਿਸ ਦੇ ਦਿਓ, ਮਨਿਸਟਰ ਸਾਹਿਬ ਜਵਾਬ ਦੇ ਦੇਣਗੇ।

ਰਾਜ ਵਿਚ ਗਰਾਮ ਪੰਚਾਇਤਾਂ ਦੀਆਂ ਚੋਣਾਂ

*795. **ਡਾਕਟਰ ਰਮੇਸ਼ ਦੱਤ** : ਕੀ ਪੇਂਡੂ ਵਿਕਾਸ ਅਤੇ ਪੰਚਾਇਤਾਂ ਮੰਤਰੀ ਦੱਸਣ ਦੀ ਖੇਚਲ ਕਰਨਗੇ --

(ੳ) ਜਨਵਰੀ, 1993 ਵਿੱਚ ਜਿਨ੍ਹਾਂ ਗਰਾਮ ਪੰਚਾਇਤਾਂ ਦੀ ਚੋਣ ਹੋਣੀ ਸੀ, ਦੀ ਜ਼ਿਲ੍ਹਾ-ਵਾਰ ਗਿਣਤੀ ਸਮੇਤ ਜ਼ਿਲ੍ਹਾ-ਵਾਰ ਗਰਾਮ ਪੰਚਾਇਤਾਂ ਦੀ ਗਿਣਤੀ ਜਿਥੇ ਚੋਣ ਹੋਈ;

(ਅ) ਜਨਵਰੀ, 1993 ਵਿੱਚ ਜ਼ਿਲ੍ਹੇ-ਵਾਰ ਪੰਚਾਇਤਾਂ ਦੀ ਗਿਣਤੀ ਜਿਥੇ ਚੋਣ ਮੁਕੰਮਲ ਨਹੀਂ ਹੋ ਸਕੀ ਅਤੇ ਮਿਤੀ ਜਿਸ ਤੱਕ ਮੁਕੰਮਲ ਕੀਤੀ ਜਾਵੇਗੀ ?

ਸਰਦਾਰ ਉਮਰਾਓ ਸਿੰਘ : (ੳ) ਵਿਵਰਣ-I ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ।

(ਅ) ਗਰਾਮ ਪੰਚਾਇਤਾਂ ਜਿਨ੍ਹਾਂ ਦੀਆਂ ਚੋਣਾਂ ਜਨਵਰੀ, 1993 ਵਿੱਚ ਮੁਕੰਮਲ ਨਹੀਂ ਕੀਤੀਆਂ ਜਾ ਸਕੀਆਂ ਸਬੰਧੀ ਵਿਵਰਣ-II ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ। ਜਿਥੋਂ ਤੱਕ ਚੋਣਾਂ ਮੁਕੰਮਲ ਕਰਨ ਦੀ ਤਾਰੀਖ ਦੱਸਣ ਦਾ ਸਬੰਧ ਹੈ, ਇਹ ਚੋਣਾਂ ਜਿਥੇ ਅਦਾਲਤ ਵਲੋਂ ਕੋਈ ਰੋਕ ਆਦਿ ਨਹੀਂ ਜਾਂ ਕੁਝ ਬਾਜਾਬਤਗੀਆਂ ਮੁਕੰਮਲ ਨਹੀਂ ਹੋ ਜਾਂਦੀਆਂ, 15 ਮਾਰਚ, 1993 ਤੱਕ ਮੁਕੰਮਲ ਕਰਾਉਣ ਦਾ ਟੀਚਾ ਮਿਥਿਆ ਗਿਆ ਹੈ।

ਵਿਵਰਣ-I

ਲੜੀ ਨੰ:	ਜ਼ਿਲ੍ਹੇ ਦਾ ਨਾਂ	ਗਰਾਮ ਪੰਚਾਇਤਾਂ ਦੀ ਗਿਣਤੀ	ਗਰਾਮ ਪੰਚਾਇਤਾਂ ਦੀ ਗਿਣਤੀ ਜਿਥੇ ਚੋਣ ਹੋਈ
1	ਅੰਮ੍ਰਿਤਸਰ ...	1,165	1,161
2	ਬਠਿੰਡਾ ...	278	276
3	ਫਰੀਦਕੋਟ ...	581	574
4	ਫਤਿਹਗੜ੍ਹ ਸਾਹਿਬ ...	427	423
5	ਫਿਰੋਜ਼ਪੁਰ ...	1,036	1,025
6	ਗੁਰਦਾਸਪੁਰ ...	1,451	1,437
7	ਹੁਸ਼ਿਆਰਪੁਰ ...	1,432	1,427
8	ਜਲੰਧਰ ...	1,113	1,100
9	ਕਪੂਰਥਲਾ ...	490	484
10	ਲੁਧਿਆਣਾ ...	840	823
11	ਮਾਨਸਾ ...	241	241
12	ਰੋਪੜ ...	801	797
13	ਪਟਿਆਲਾ ...	1,037	1,031
14	ਸੰਗਰੂਰ ...	704	703
		11,596	11,501

[ਪੇਂਡੂ ਵਿਕਾਸ ਅਤੇ ਪੰਚਾਇਤਾਂ ਮੰਤਰੀ]

ਵਿਵਰਣ -II

ਉਨ੍ਹਾਂ ਗਰਾਮ ਪੰਚਾਇਤਾਂ ਦੀ ਸੂਚੀ ਜਿਨ੍ਹਾਂ ਦੀ ਚੋਣ ਅੱਗੇ ਪਾਈ (ਅਡਜਰਨਡ)/ਰੱਦ ਕੀਤੀ ਗਈ (ਕੈਂਸਲਡ)/ਰੋਕੀ ਗਈ।

ਜ਼ਿਲ੍ਹਾ ਅੰਮ੍ਰਿਤਸਰ

1. ਮੀਆਂ ਵਿੰਡ
2. ਤੱਜਲਵੱਡੀ
3. ਪੰਡੋਰੀ ਤਖਤਮੱਲ
4. ਕੀੜੀਆਂ
5. ਪੱਟੀ ਰੂਰਲ

ਜ਼ਿਲ੍ਹਾ ਬਠਿੰਡਾ

6. ਬਾਂਦੀ
7. ਭਾਈ ਰੂਪਾ

ਜ਼ਿਲ੍ਹਾ ਫਰੀਦਕੋਟ

8. ਥਾਰੇ
9. ਰਾਮਗੜ੍ਹ ਭਗਤਾਂ
10. ਸੰਧਵਾਂ
11. ਹਰੀਕੇ ਕਲਾਂ
12. ਝੁਰੜ
13. ਕਿਸ਼ਨਪੁਰਾ
14. ਮਿੱਦੀ ਖੇੜਾ

ਜਿਲ੍ਹਾ ਫਤਿਹਗੜ੍ਹ ਸਾਹਿਬ

15. ਜਸੜਾਂ
16. ਕਲਾਲ ਮਾਜਰਾ
17. ਮਹੱਲਾ ਸੰਤ ਨਗਰ
18. ਪਰੇਮਪੁਰਾ

ਜਿਲ੍ਹਾ ਫਿਰੋਜ਼ਪੁਰ

19. ਝੁਗੇ ਕੇਸਰ ਸਿੰਘ
20. ਨਸਤੀ ਨਾਥੂਵਾਲਾ
21. ਰੱਤਾ ਖੇੜਾ
22. ਸਾਥਾਂਵਾਲੀ
23. ਜੀਰਾ ਨਾਓ
24. ਮਿਲਕ ਅਕਾਲੀਆਂ
25. ਗਲੋਟੀ
26. ਚੱਕ ਸੰਦੋਕੇ
27. ਬਹਿਮਣੀਵਾਲਾ
28. ਸੀਮਰੇਵਾਲਾ
29. ਹਰੀਪੁਰਾ

ਜ਼ਿਲ੍ਹਾ ਗੁਰਦਾਸਪੁਰ

30. ਲੋਲੇ ਨੰਗਰ
31. ਬਾਠਾ ਵਾਲਾ
32. ਕਾਜ਼ੀ ਚੱਕ
33. ਭਰਥ ਕਾਜ਼ੀ ਚੱਕ
34. ਫੁਲ ਪਿਆਰਾ
35. ਖੋਬੇ
36. ਠੀਕਰੀਵਾਲ
37. ਕਾਲਾ ਬਾਲਾ
38. ਸਮਈਆ
39. ਦਿਆਲਗੜ੍ਹ
40. ਦਾਖਲਾ
41. ਧੜਕੀਆਂ
42. ਛਿਤਰੇ ਵਾਲ
43. ਸੁਕਾਲਾ

ਜ਼ਿਲ੍ਹਾ ਹੁਸ਼ਿਆਰਪੁਰ

44. ਅੱਦਣਵਾਲ
45. ਫੁਗਲਾਣਾ
46. ਢੋਡੇ ਮਾਜਰਾ
47. ਅੰਬਾਲਾ ਜੱਟਾਂ
48. ਗਾਹਲੜੀਆਂ

ਜਿਲ੍ਹਾ ਜਲੰਧਰ

49. ਰਾਓਵਾਲੀ
50. ਸਢੀਆਂ
51. ਬੱਲੋ
52. ਕੁਕੜ ਪਿੰਡ
53. ਸਲਾਲਾ
54. ਤਾਜਪੁਰ
55. ਸੁਭਾਨਾ
56. ਢਿਲਵਾਂ
57. ਢੱਡਾ
58. ਨੌਲੀ
59. ਟਾਹਲੀ ਸਾਹਿਬ
60. ਸਾਹ ਸਲੀਮਪੁਰ
61. ਬੰਡਾਲਾ

[ਪੇਂਡੂ ਵਿਕਾਸ ਅਤੇ ਪੰਚਾਇਤਾਂ ਮੰਤਰੀ]

ਜ਼ਿਲ੍ਹਾ ਕਪੂਰਥਲਾ

62. ਧਮੂਲੀ
63. ਡੇਰਾ ਸੈਦਾਂ
64. ਮੋਖੇ
65. ਕਾਲੜੂ
66. ਮੌਜਪੁਰ
67. ਨੂਰਵਾਲ

ਜ਼ਿਲ੍ਹਾ ਪਟਿਆਲਾ

68. ਗੁਰੂ ਨਾਨਕ ਪੁਰਾ
69. ਸਿਊਨਾ
70. ਚੌਹਟ
71. ਅਨੰਦ ਨਗਰ ਬੀ
72. ਮਹਿਮੂਦਪੁਰ
73. ਸੱਸੀ ਬ੍ਰਾਹਮਣਾ

ਜ਼ਿਲ੍ਹਾ ਰੂਪਨਗਰ

74. ਦੁਲਚੀ ਮਾਜਰਾ
75. ਕੋਟਲਾ
76. ਕੋਟਲੀ
77. ਮਾਜਰਾ

ਜ਼ਿਲ੍ਹਾ ਸੰਗਰੂਰ

78. ਹਡਿਆਇਆ

ਜ਼ਿਲ੍ਹਾ ਲੁਧਿਆਣਾ

79. ਘੰਗਰਾਣਾ
80. ਕੋਊਕੇ ਕਲਾਂ
81. ਕੋਟਲਾ ਭੱੜੀ
82. ਅਲੌੜ
83. ਬੁਲੇ ਪੁਰ
84. ਭੱਟੀਆਂ
85. ਕੋਟਾਲਾ
86. ਬਦਿਨਪੁਰ
87. ਗਲਵੱਡੀ
88. ਰਾਮਗੜ੍ਹ ਸਿਬੀਆਂ
89. ਗਿੱਲ
90. ਗੁਰੂ ਨਾਨਕ ਕਲੋਨੀ
91. ਇਸ਼ਰ ਨਗਰ
92. ਕਰਨੈਲ ਸਿੰਘ ਨਗਰ
93. ਜਗਦੇਵ ਸਿੰਘ ਨਗਰ
94. ਬੋਦਲ
95. ਬਰਸਾਲ

ਡਾਕਟਰ ਰਮੇਸ਼ ਦੱਤ : ਸਪੀਕਰ ਸਾਹਿਬ, ਜਿਹੜੀਆਂ 95 ਪੰਚਾਇਤਾਂ ਦੀਆਂ ਚੋਣਾਂ ਨਹੀਂ ਹੋ ਸਕੀਆਂ ਕੀ ਉਥੇ ਲਾਅ ਐਂਡ ਆਰਡਰ ਦੀ ਪ੍ਰਾਬਲਮ ਸੀ ਜਾਂ ਕੋਈ ਹੋਰ ਕਾਰਣ ਸੀ ਜਿਸ ਕਰਕੇ ਪੰਚਾਇਤਾਂ ਦੀਆਂ ਇਲੈਕਸ਼ਨਾਂ ਕੰਪਲੀਟ ਨਹੀਂ ਹੋ ਸਕੀਆਂ।

ਮੰਤਰੀ: ਸਪੀਕਰ ਸਾਹਿਬ, ਕਈ ਜਗ੍ਹਾ ਹਾਈ ਕੋਰਟ ਨੇ ਸਟੇਅ ਆਰਡਰ ਦੇ ਦਿੱਤੇ ਸਨ ਅਤੇ ਕਈ ਜਗ੍ਹਾ ਡਿੱਬੇ ਟੁੱਟ ਗਏ ਸਨ ਅਤੇ ਕਈ ਜਗ੍ਹਾ ਨੌਮੀਨੇਸ਼ਨ ਫਾਈਲ ਨਹੀਂ ਕਰ ਸਕੇ। ਇਸ ਤਰ੍ਹਾਂ ਮੁਖਤਲਿਫ ਕਾਰਣ ਹਨ। ਸਪੀਕਰ ਸਾਹਿਬ, ਹਰ ਪੰਚਾਇਤ ਦੇ ਵੱਖਰੇ ਵੱਖਰੇ ਕਾਰਣ ਦੱਸੇ ਗਏ ਹਨ।

ਡਾਕਟਰ ਰਮੇਸ਼ ਦੱਤ : ਸਪੀਕਰ ਸਾਹਿਬ, ਇਨ੍ਹਾਂ ਵਿੱਚ ਇਕ ਪੰਚਾਇਤ ਮਾਜਰਾ ਹੈ। ਉਨ੍ਹਾਂ ਨੇ ਨਵੀਂ ਪੰਚਾਇਤ ਬਨਾਉਣ ਲਈ ਅਪਲਾਈ ਤੱਕ ਨਹੀਂ ਕੀਤਾ ਸੀ। ਉਥੇ ਇਨ੍ਹਾਂ ਨੇ ਮਲੋਮੱਲੀ ਪੰਚਾਇਤ ਬਣਾ ਦਿੱਤੀ ਹੈ। ਉਨ੍ਹਾਂ ਨੇ ਟੋਟਲ ਬਾਈਕਾਟ ਪੰਚਾਇਤ ਇਲੈਕਸ਼ਨ ਦਾ ਕੀਤਾ। ਇਸ ਨੂੰ ਕਰੀਏਟ ਕਰਨ ਦੇ ਕੀ ਕਾਰਣ ਸਨ ?

ਸ੍ਰੀ ਸਪੀਕਰ : ਤੁਸੀਂ ਵੱਖਰਾ ਨੋਟਿਸ ਦੇ ਦਿਓ, ਮਨਿਸਟਰ ਸਾਹਿਬ ਜਵਾਬ ਦੇ ਦੇਣਗੇ। I am sorry, I won't allow you.

ਸਰਦਾਰ ਨਿਰਮਲ ਸਿੰਘ ਨਿੰਮਾ : ਸਪੀਕਰ ਸਾਹਿਬ, ਹੈਡਿਆਏ ਦੀ ਪੰਚਾਇਤ ਚੋਣ 2 ਵਾਰ ਪੋਸਟਪੋਨ ਕਰ ਦਿੱਤੀ ਗਈ ਹੈ। ਇਸ ਪੰਚਾਇਤ ਦੀ ਇਲੈਕਸ਼ਨ ਵਾਰ ਵਾਰ ਕੈਂਸਲ ਕਰਨ ਦੇ ਕੀ ਕਾਰਣ ਹਨ ਅਤੇ ਇਹ ਕਦੋਂ ਤੱਕ ਇਥੇ ਇਲੈਕਸ਼ਨ ਕਰਵਾ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਇਥੇ ਲਾਅ ਐਂਡ ਆਰਡਰ ਦੀ ਪ੍ਰਾਬਲਮ ਕਰਕੇ ਐਸ.ਡੀ.ਐਮ. ਨੇ ਇਲੈਕਸ਼ਨ ਪਟੀਸ਼ਨ ਕੀਤੀ ਸੀ ਔਰ ਰੂਲਜ਼ ਦੇ ਮੁਤਾਬਿਕ ਉਸ ਨੂੰ ਅਖਤਿਆਰ ਹਨ।

ਸਰਦਾਰ ਹਰਗੋਪਾਲ ਸਿੰਘ ਐਡਵੋਕੇਟ : ਸਪੀਕਰ ਸਾਹਿਬ, ਪੰਜਾਬ ਵਿਚ ਪੰਚਾਇਤਾਂ ਦੀਆਂ ਇਲੈਕਸ਼ਨਾਂ ਦੇ ਵਿਚ ਕਈ ਜਗ੍ਹਾਂ ਨੌਮੀਨੇਸ਼ਨ ਫਾਈਲ ਨਹੀਂ ਕਰ ਸਕੇ। ਕੀ ਇਹ ਦੱਸ ਸਕਦੇ ਹਨ ਕਿ ਕਿੰਨੇ ਕੈਂਡੀਡੇਟਸ ਆਪਣੇ ਨੌਮੀਨੇਸ਼ਨ ਪੇਪਰ ਫਾਈਲ ਨਹੀਂ ਕਰ ਸਕੇ ਸਨ ?

ਮੰਤਰੀ : ਸਪੀਕਰ ਸਾਹਿਬ, ਸਾਰੀ ਡੀਟੇਲ ਸਦਨ ਦੀ ਮੇਜ਼ ਤੇ ਰੱਖ ਦਿੱਤੀ ਗਈ ਹੈ। ਸਾਰਾ ਕੁੱਝ ਤਾਂ ਪੜ੍ਹਕੇ ਨਹੀਂ ਦੱਸਿਆ ਜਾ ਸਕਦਾ, ਪਰ ਕੁੱਝ ਐਸੀਆਂ ਪੰਚਾਇਤਾਂ ਹਨ, ਜਿਨ੍ਹਾਂ ਦੀ ਇਨ-ਫਰਮੇਸ਼ਨ ਨਹੀਂ ਆਈ। ਸਪੀਕਰ ਸਾਹਿਬ, ਜੇਕਰ ਉਨ੍ਹਾਂ ਪੰਚਾਇਤਾਂ ਦੀ ਇਨਫਰਮੇਸ਼ਨ ਆ ਜਾਂਦੀ ਤਾਂ ਉਹ ਵੀ ਇਸ ਵਿਚ ਹੋ ਸਕਦੀਆਂ ਸਨ।

ਸਰਦਾਰ ਨਿਰਮਲ ਸਿੰਘ ਨਿੰਮਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਲਾਅ ਐਂਡ ਆਰਡਰ ਦੀ ਸਥਿਤੀ ਕਰਕੇ ਹੈਡਿਆਏ ਦੀਆਂ ਗਰਾਮ ਪੰਚਾਇਤ ਚੋਣਾਂ ਕੈਂਸਲ ਹੋ ਗਈਆਂ ਸਨ, ਪਰ ਹੁਣ ਉਥੇ ਚੋਣਾਂ ਕਦੋਂ ਤੱਕ ਕਰਾ ਦਿਤੀਆਂ ਜਾਣਗੀਆਂ ?

ਮੰਤਰੀ : ਸਪੀਕਰ ਸਾਹਿਬ, ਪਹਿਲਾਂ 15 ਮਾਰਚ ਦੀ ਡੇਟ ਰੱਖੀ ਗਈ ਸੀ ਮੇਰਾ ਖਿਆਲ ਹੈ ਕਿ ਬਹੁਤ ਸਾਰੀਆਂ ਚੋਣਾਂ ਹੋ ਗਈਆਂ ਹਨ। ਸਾਰੇ ਜਿਲ੍ਹਿਆਂ ਤੋਂ ਇਨਫਰਮੇਸ਼ਨ ਇਕੱਠੀ ਕਰ ਰਹੇ ਹਾਂ। ਜਦੋਂ ਇਨਫਰਮੇਸ਼ਨ ਆ ਜਾਵੇਗੀ ਤਾਂ ਨਵੀਂ ਤਾਰੀਖ ਮਿਥ ਦਿੱਤੀ ਜਾਵੇਗੀ।

ਮਿਰਜ਼ਾਪੁਰ ਦੇ ਜੰਗਲਾਂ ਵਿਚੋਂ ਦਰਖਤਾਂ ਦੀ ਕਟਾਈ

*850. (1) **ਕਾਮਰੇਡ ਅਜੈਬ ਸਿੰਘ ਰੌਂਤਾ**
(2) **ਸ੍ਰੀਮਤੀ ਵਿਮਲਾ ਡਾਂਗ** } : ਕੀ ਖੇਤੀਬਾੜੀ ਅਤੇ ਵਣ ਮੰਤਰੀ ਇਹ ਦੱਸਣਗੇ ਕਿ ਜਿਨ੍ਹਾਂ ਹੁਕਮਾਂ ਰਾਹੀਂ ਹਰਿਆਣਾ ਦੇ ਸਾਬਕਾ ਮੰਤਰੀ ਨੂੰ ਮਿਰਜ਼ਾਪੁਰ ਜੰਗਲ ਵਿਚੋਂ ਦਰਖਤ ਕੱਟਣ ਦੀ ਪ੍ਰਵਾਨਗੀ ਦਿੱਤੀ ਗਈ ਸੀ, ਕੀ ਪਿੰਡ ਮਿਰਜ਼ਾਪੁਰ ਜ਼ਿਲ੍ਹਾ ਰੋਪੜ ਦੇ ਜ਼ਮੀਨ ਮਾਲਕਾਂ ਵਲੋਂ ਅਪ੍ਰੈਲ 1992 ਤੋਂ ਅਕਤੂਬਰ, 1992 ਦੌਰਾਨ ਕੋਈ ਪ੍ਰਤੀ ਬੇਨਤੀ ਸਰਕਾਰ ਪਾਸ ਪ੍ਰਾਪਤ ਹੋਈ ਹੈ, ਜੇਕਰ ਹੋਈ ਤਾਂ ਇੱਕ ਕਾਪੀ ਸਮੇਤ ਕੀਤੀ ਗਈ ਕਾਰਵਾਈ ਹਾਊਸ ਦੇ ਟੇਬਲ ਤੇ ਰੱਖੀ ਜਾਵੇ ?

ਸਰਦਾਰ ਦਿਲਬਾਗ ਸਿੰਘ ਨਵਾਂ ਸ਼ਹਿਰ : ਮਾਮਲਾ ਅਦਾਲਤ ਵਿਚ ਹੈ।

ਕਾਮਰੇਡ ਅਜੈਬ ਸਿੰਘ ਰੌਂਤਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਗਵਰਨਰ ਰਾਜ ਵਿਚ ਉਸ ਆਦਮੀ ਨੂੰ ਜੰਗਲ ਵਿਚੋਂ ਦਰਖਤ ਕੱਟਣ ਦੀ ਪ੍ਰਵਾਨਗੀ ਦਿੱਤੀ ਗਈ ਸੀ। ਕੀ ਇਹ ਠੀਕ ਹੈ ਕਿ ਪੰਜਾਬ ਸਰਕਾਰ ਬਣਨ ਤੋਂ ਬਾਅਦ ਕੋਈ ਪ੍ਰਤੀ ਬੇਨਤੀ ਆਈ ਹੈ ?

ਮੰਤਰੀ : ਸਪੀਕਰ ਸਾਹਿਬ, ਇਹ ਕੇਸ ਹਾਈ ਕੋਰਟ ਵਿਚ ਚੱਲ ਰਿਹਾ ਹੈ।

ਸ੍ਰੀ ਸਪੀਕਰ : ਮੰਤਰੀ ਸਾਹਿਬ ਨੇ ਦੱਸਿਆ ਹੈ ਕਿ ਇਹ ਕੇਸ ਹਾਈ ਕੋਰਟ ਵਿਚ ਚੱਲ ਰਿਹਾ ਹੈ ਅਤੇ ਸਬਜੁਡਿਸ ਹੈ। It should not be discussed in the House.

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਮੈਂ ਇਸ ਗੱਲ ਨਾਲ ਐਗਰੀ ਕਰਦਾ ਹਾਂ ਕਿ ਇਹ ਚੀਜ਼ ਇਥੇ ਹਾਊਸ ਵਿਚ ਡਿਸਕਸ ਨਹੀਂ ਕੀਤੀ ਜਾ ਸਕਦੀ ਕਿਉਂਕਿ ਇਹ ਮਾਮਲਾ ਕੋਰਟ ਦੇ ਵਿਚਾਰ ਅਧੀਨ ਹੈ। ਇਸ ਕੇਸ ਵਿਚ ਹਰਿਆਣੇ ਦਾ ਸਾਬਕਾ ਮੰਤਰੀ ਸੀ ਜਿਸ ਨੂੰ ਮਿਰਜ਼ਾਪੁਰ ਜੰਗਲ ਵਿਚੋਂ ਦੱਰਖਤ ਕੱਟਣ ਦੀ ਪ੍ਰਵਾਨਗੀ ਦਿੱਤੀ ਗਈ ਸੀ। ਇਸ ਵਿਚ ਕਰੋੜਾਂ ਰੁਪਏ ਦਾ ਸਕੈਂਡਲ ਸੀ। ਕੀ ਮੰਤਰੀ ਜੀ ਦਸਣਗੇ ਕਿ- ਕੀ ਇਹ ਉਹੀ ਹਰਿਆਣਾ ਦਾ ਸਾਬਕਾ ਮੰਤਰੀ ਹੈ ?

ਸ੍ਰੀ ਸਪੀਕਰ : ਇਹ ਕੋਈ ਤੁਹਾਡਾ ਸਪਲੀਮੈਂਟਰੀ ਨਹੀਂ ਬਣਦਾ। ਮਨਿਸਟਰ ਸਾਹਿਬ ਪਹਿਲਾਂ ਹੀ ਕਹਿ ਚੁੱਕੇ ਹਨ ਕਿ ਇਹ ਸਬਜੁਡਿਸ ਮਸਲਾ ਹੈ। ਮੈਂ ਅੱਗੇ ਹੀ ਹੋਲਡ ਕੀਤਾ ਹੈ ਕਿ It should not be discussed in the House.

ਸ੍ਰੀਮਤੀ ਵਿਮਲਾ ਡਾਂਗ : ਸਪੀਕਰ ਸਾਹਿਬ, ਕਾਮਰੇਡ ਹਰਦੇਵ ਸਿੰਘ ਅਰਸ਼ੀ ਜੀ ਦੀ ਸਲਪੀਮੈਂਟਰੀ ਦਾ ਜਵਾਬ ਮਨਿਸਟਰ ਸਾਹਿਬ ਵੱਲੋਂ ਨਹੀਂ ਆਇਆ ਕਿ ਕੀ ਇਹ ਉਹੀ ਮੰਤਰੀ ਹੈ ਜਿਸਦਾ ਮਾਮਲਾ ਸ਼ਿਗਾਨੀਆ ਕਮਿਸ਼ਨ ਅੱਗੇ ਆਇਆ ਸੀ।

ਸ੍ਰੀ ਸਪੀਕਰ : ਸ੍ਰੀਮਤੀ ਵਿਮਲਾ ਡਾਂਗ, ਸ਼ਿਗਾਨੀਆ ਕਮਿਸ਼ਨ ਦਾ ਸਵਾਲ ਇਸ ਵਿਚ ਨਹੀਂ ਆਉਂਦਾ।

ਜ਼ੀਰਾ ਰੇਂਜ ਵਿਚ ਦਰਖਤਾਂ ਦੀ ਨਾਜਾਇਜ਼ ਕਟਾਈ ਵਿਰੁੱਧ ਪੜਤਾਲ

*851. (1) ਕਾਮਰੇਡ ਅਜੈਬ ਸਿੰਘ ਰੌਂਤਾ
(2) ਸ਼੍ਰੀਮਤੀ ਵਿਮਲਾ ਡਾਂਗ } : ਕੀ ਖੇਤੀਬਾੜੀ ਅਤੇ ਜੰਗਲਾਤ

ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਪਾਸ ਕੋਈ ਅਜਿਹਾ ਕੇਸ ਪੈਂਡਿੰਗ ਹੈ ਜਿਸ ਵਿਚ ਜ਼ਿਲ੍ਹਾ ਫਿਰੋਜ਼ਪੁਰ ਦੇ ਜ਼ੀਰਾ ਰੇਂਜ ਵਿਚ 1981 ਅਤੇ 1986 ਦੇ ਵਿਚਕਾਰ ਅਤੇ ਦੁਬਾਰਾ 1987 ਅਤੇ 1989 ਦੇ ਵਿਚਕਾਰ ਦਰਖਤਾਂ ਦੀ ਨਾਜਾਇਜ਼ ਕਟਾਈ ਵਿਚ ਜੰਗਲਾਤ ਵਿਭਾਗ ਦੇ ਕੁੱਝ ਕਰਮਚਾਰੀ ਕਥਿਤ ਤੌਰ ਤੇ ਸ਼ਾਮਲ ਸਨ; ਜੇਕਰ ਅਜਿਹਾ ਹੈ ਤਾਂ ਉਨ੍ਹਾਂ ਕਰਮਚਾਰੀਆਂ ਦੇ ਨਾਂ ਕੀ ਕੀ ਹਨ ਅਤੇ ਇਹ ਕੇਸ ਕਦੋਂ ਤੋਂ ਪੈਂਡਿੰਗ ਪਏ ਹਨ ਅਤੇ ਇਨ੍ਹਾਂ ਤੇ ਫੈਸਲਾ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਦਿਲਬਾਗ ਸਿੰਘ ਨਵਾਂ ਸ਼ਹਿਰ : 1. ਹਾਂ ਜੀ, ਕੁਝ ਅਜਿਹੇ ਕੇਸ ਲੰਬਿਤ ਹਨ।

2. ਅਜਿਹੇ ਕਰਮਚਾਰੀਆਂ ਦੇ ਨਾਂ, ਮਿਤੀ ਜਦੋਂ ਤੋਂ ਇਹ ਕੇਸ ਲੰਬਿਤ ਹਨ ਅਤੇ ਇਨ੍ਹਾਂ ਦਾ ਫੈਸਲਾ ਕਰਨ ਵਿਚ ਜੋ ਸਮਾਂ ਲੱਗਣ ਦੀ ਸੰਭਾਵਨਾ ਹੈ ਉਸ ਦਾ ਵੇਰਵਾ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ।

ਕੇਸ ਨੰ:	ਜ਼ਿੰਮੇਵਾਰ ਕਰਮਚਾਰੀ ਦਾ ਨਾਂ	ਜਿਸ ਮਿਤੀ ਤੋਂ ਕੇਸ ਲੰਬਿਤ ਹਨ	ਸਮਾਂ ਜਦੋਂ ਤੱਕ ਕੇਸ ਦਾ ਫੈਸਲਾ ਕੀਤੇ ਜਾਣ ਦੀ ਸੰਭਾਵਨਾ ਹੈ
1	2	3	4
1	ਸ਼੍ਰੀ ਜੋਗਿੰਦਰ ਸਿੰਘ ਭਾਰਾ, ਉਪ ਰੇਂਜਰ ਸ਼੍ਰੀ ਨਰਾਇਣ ਸਿੰਘ, ਵਣ ਗਾਰਡ ਸ਼੍ਰੀ ਸੇਵਾ ਸਿੰਘ ਫਾਰੈਸਟਰ	10/89	ਕੇਸ ਦਾ ਫੈਸਲਾ ਤਿੰਨ ਮਹੀਨੇ ਦੇ ਅੰਦਰ-ਅੰਦਰ ਕੀਤੇ ਜਾਣ ਦੀ ਸੰਭਾਵਨਾ ਹੈ ਫਿਰ ਵੀ ਇਹ ਦੱਸਿਆ ਜਾਂਦਾ ਹੈ ਕਿ ਸ਼੍ਰੀ ਜੋਗਿੰਦਰ ਸਿੰਘ ਭਾਰਾ, ਉਪ-ਰੇਂਜਰ ਅਤੇ ਨਰਾਇਣ ਸਿੰਘ, ਵਣ ਗਾਰਡ ਇਕ ਦੂਸਰੇ ਕੇਸ ਵਿਚ ਪਹਿਲਾਂ ਹੀ ਸੇਵਾ ਤੋਂ ਬਰਖ਼ਾਸਤ ਕੀਤੇ ਜਾ ਚੁਕੇ ਹਨ।
2	ਸ਼੍ਰੀ ਜੋਗਿੰਦਰ ਸਿੰਘ ਭਾਰਾ, ਉਪ-ਰੇਂਜਰ ਸ਼੍ਰੀ ਦਲਜੀਤ ਸਿੰਘ, ਫਾਰੈਸਟਰ ਸ਼੍ਰੀ ਨਰਾਇਣ ਸਿੰਘ, ਵਣ ਗਾਰਡ	10/89	ਕੇਸ ਦਾ ਫੈਸਲਾ ਤਿੰਨ ਮਹੀਨੇ ਦੇ ਅੰਦਰ ਅੰਦਰ ਹੋਣ ਦੀ ਸੰਭਾਵਨਾ ਹੈ।

[ਖੇਤੀਬਾੜੀ ਅਤੇ ਜੰਗਲਾਤ ਮੰਤਰੀ]

1	2	3	4
3	ਸ੍ਰੀ ਚਰਨ ਸਿੰਘ, ਫਾਰੈਸਟਰ ਸ੍ਰੀ ਗੋਪਾਲ ਸਿੰਘ, ਵਣ ਗਾਰਡ ਸ੍ਰੀ ਕਰਨੈਲ ਸਿੰਘ, ਵਣ ਗਾਰਡ	89-90	ਕੇਸ ਦਾ ਫੈਸਲਾ ਤਿੰਨ ਮਹੀਨੇ ਦੇ ਅੰਦਰ-ਅੰਦਰ ਹੋਣ ਦੀ ਸੰਭਾਵਨਾ ਹੈ।
4	ਸ੍ਰੀ ਜੋਗਿੰਦਰ ਸਿੰਘ ਭਾਰਾ, ਉਪ ਰੇਂਜਰ ਸ੍ਰੀ ਬਲਜੀਤ ਸਿੰਘ, ਫਾਰੈਸਟਰ ਸ੍ਰੀ ਚਰਨ ਸਿੰਘ, ਫਾਰੈਸਟਰ ਸ੍ਰੀ ਦਲਬੀਰ ਸਿੰਘ, ਫਾਰੈਸਟਰ ਸ੍ਰੀ ਬਲਵਿੰਦਰ ਸਿੰਘ, ਵਣ ਗਾਰਡ ਸ੍ਰੀ ਦਰਬਾਰਾ ਸਿੰਘ, ਵਣ ਗਾਰਡ ਸ੍ਰੀ ਹਰਜਿੰਦਰ ਸਿੰਘ, ਵਣ ਗਾਰਡ ਸ੍ਰੀ ਨਾਇਬ ਸਿੰਘ, ਵਣ ਗਾਰਡ ਸ੍ਰੀ ਅਵਤਾਰ ਸਿੰਘ, ਵਣ ਗਾਰਡ ਸ੍ਰੀ ਕਰਨੈਲ ਸਿੰਘ, ਵਣ ਗਾਰਡ ਸ੍ਰੀ ਪਰਮਜਿੰਦਰ ਸਿੰਘ, ਵਣ ਗਾਰਡ	89-90	ਕੇਸ ਦਾ ਫੈਸਲਾ 4 ਮਹੀਨੇ ਦੇ ਅੰਦਰ-ਅੰਦਰ ਹੋਣ ਦੀ ਸੰਭਾਵਨਾ ਹੈ ਸ੍ਰੀ ਜੋਗਿੰਦਰ ਸਿੰਘ ਭਾਰਾ, ਉਪ-ਰੇਂਜਰ ਪਹਿਲਾਂ ਹੀ ਸੇਵਾ ਤੋਂ ਬਰਖਾਸਤ ਕੀਤਾ ਗਿਆ ਹੈ।
5	ਸ੍ਰੀ ਪਰਮਜੀਤ ਸ਼ਰਮਾ, ਵਣ ਰੇਂਜਰ ਸ੍ਰੀ ਰਾਮ ਜੀ ਲਾਲ, ਫਾਰੈਸਟਰ ਸ੍ਰੀ ਹਰਦੀਪ ਸਿੰਘ, ਵਣ ਗਾਰਡ	12/87	ਇਸ ਕੇਸ ਦਾ ਫੈਸਲਾ 3 ਮਹੀਨੇ ਦੇ ਅੰਦਰ ਅੰਦਰ ਹੋਣ ਦੀ ਸੰਭਾਵਨਾ ਹੈ।
6	ਸ੍ਰੀ ਚਰਨ ਸਿੰਘ, ਫਾਰੈਸਟਰ ਸ੍ਰੀ ਗੋਪਾਲ ਸਿੰਘ, ਵਣ ਗਾਰਡ	6/89	ਇਸ ਕੇਸ ਦਾ ਫੈਸਲਾ ਤਿੰਨ ਮਹੀਨੇ ਦੇ ਵਿਚ-ਵਿਚ ਹੋਣ ਦੀ ਸੰਭਾਵਨਾ ਹੈ।
7	ਸ੍ਰੀ ਕਰਨੈਲ ਸਿੰਘ ਵਣ ਗਾਰਡ	1/89	ਇਸ ਕੇਸ ਦਾ ਫੈਸਲਾ ਤਿੰਨ ਮਹੀਨੇ ਦੇ ਅੰਦਰ-ਅੰਦਰ ਹੋਣ ਦੀ ਸੰਭਾਵਨਾ ਹੈ।
8	ਸ੍ਰੀ ਪਰਮਜਿੰਦਰ ਸਿੰਘ, ਵਣ ਗਾਰਡ	10/89	ਇਸ ਕੇਸ ਦਾ ਫੈਸਲਾ 4 ਮਹੀਨੇ ਦੇ ਅੰਦਰ-ਅੰਦਰ ਹੋਣ ਦੀ ਸੰਭਾਵਨਾ ਹੈ।
9	ਸ੍ਰੀ ਮਹਿਲ ਸਿੰਘ ਢਿੱਲੋਂ, ਆਈ.ਐਫ.ਐਸ.	7/90	ਚੌਕਸੀ ਪੜਤਾਲ ਦੇ ਮੁਕੰਮਲ ਹੋਣ ਤੱਕ ਲੰਬਿਤ ਹੈ।
10	ਚੌਕਸੀ ਵਿਭਾਗ ਨੇ ਸ੍ਰੀ ਏ. ਐਸ. ਡੋਗਰਾ, ਆਈ.ਐਫ.ਐਸ. ਵਿਰੁੱਧ ਮੁੱਢਲੀ ਪੜਤਾਲ ਨੰ: 1 ਮਿਤੀ 5-8-92 ਵੀ ਦਰਜ ਕੀਤੀ ਹੋਈ ਹੈ।		

ਕਾਮਰੇਡ ਅਜੈਬ ਸਿੰਘ ਰੌਂਤਾ : ਸਪੀਕਰ ਸਾਹਿਬ, ਇਸ ਮਾਮਲੇ ਵਿਚ ਕੁਝ ਅਜਿਹੇ ਕੇਸ ਲੰਬਿਤ ਹਨ ਜਿਨ੍ਹਾਂ ਵਿਚ ਛੋਟੇ ਕਰਮਚਾਰੀਆਂ ਤੇ ਤਾਂ ਕਾਰਵਾਈ ਕੀਤੀ ਗਈ ਪਰ ਵੱਡੇ ਅਫਸਰਾਂ ਤੇ ਕੋਈ ਕਾਰਵਾਈ ਨਹੀਂ ਕੀਤੀ ਗਈ। ਸਪੀਕਰ ਸਾਹਿਬ, ਵੱਡੇ ਅਫਸਰਾਂ ਨੂੰ ਸਸਪੈਂਡ ਕਿਉਂ ਨਹੀਂ ਕੀਤਾ ਗਿਆ ? ਹੁਣ ਵੱਡੇ ਅਫਸਰਾਂ ਤੇ ਕੀ ਸਰਕਾਰ ਕੋਈ ਕਾਰਵਾਈ ਜਲਦੀ ਕਰੇਗੀ?

ਮੰਤਰੀ : ਸਪੀਕਰ ਸਾਹਿਬ, ਮੈਂ ਸਦਨ ਦੀ ਮੇਜ਼ ਤੇ ਸਾਰੀ ਲਿਸਟ ਰੱਖੀ ਹੈ। ਮੈਂਬਰ ਸਾਹਿਬਾਨ ਸਾਰੀ ਲਿਸਟ ਨੂੰ ਵੇਖ ਲੈਣ ਅਤੇ ਜੋ ਕੁਝ ਪੁੱਛਣਗੇ ਤਾਂ ਦੱਸ ਦੇਵਾਂਗੇ।

ਸ੍ਰੀਮਤੀ ਵਿਮਲਾ ਡਾਂਗ : ਸਪੀਕਰ ਸਾਹਿਬ, ਵਿਜੀਲੈਂਸ ਵਿਭਾਗ ਵਲੋਂ ਜਿਹੜੀ ਇਨਕੁਆਇਰੀ ਕੰਡਕਟ ਕੀਤੀ ਗਈ ਹੈ ਉਸ ਵਿੱਚ ਡੀ.ਈ.ਓ., ਪ੍ਰਿੰਸੀਪਲ ਚੀਫ ਕਨਜ਼ਰਵੇਟਰ ਆਫ ਫੋਰੈਸਟਸ ਜੋ ਹੈ, ਇਨਵਾਲਵਡ ਹੈ। ਸਪੀਕਰ ਸਾਹਿਬ, ਪ੍ਰੀਮੇਫੇਸਾਈ ਕੇਸ ਐਸਟੈਬਲਿਸ਼ ਹੋ ਚੁਕਾ ਹੈ: ਪੰਜਾਬ ਫਾਈਨਾਂ-ਸ਼ੀਅਲ ਰੂਲਜ਼ ਦੇ ਅਧੀਨ ਜਿਥੇ ਲਾਸ 1 ਕਰੋੜ ਰੁਪਏ ਤੋਂ ਜ਼ਿਆਦਾ ਹੁੰਦਾ ਹੈ, ਉਸ ਦੀ ਰਿਪੋਰਟ ਏ.ਜੀ. ਨੂੰ ਦਿਤੀ ਜਾਣੀ ਚਾਹੀਦੀ ਸੀ ਅਤੇ ਇਹ ਡਿਸਟ੍ਰਿਕਟ ਮੈਜਿਸਟਰੇਟ ਅਤੇ ਪੁਲਿਸ ਦੇ ਧਿਆਨ ਵਿਚ ਲਿਆਉਣੀ ਚਾਹੀਦੀ ਸੀ। ਕੀ ਇਸ ਕੇਸ ਦੇ ਵਿਚ ਜਿਹੜੇ ਵੱਡੇ ਅਫਸਰ ਇਨਵਾਲਵਡ ਹਨ, ਉਨ੍ਹਾਂ ਦੇ ਬਾਰੇ ਕੋਈ ਰਿਪੋਰਟ ਡਿਸਟ੍ਰਿਕਟ ਮੈਜਿਸਟਰੇਟ ਜਾਂ ਪੁਲਿਸ ਜਾਂ ਏ.ਜੀ. ਦੇ ਧਿਆਨ ਵਿਚ ਰੂਲਾਂ ਅਨੁਸਾਰ ਲਿਆਂਦੀ ਗਈ ਹੈ ਔਰ ਇਸ ਦੀ ਰਿਕਵਰੀ ਦੇ ਬਾਰੇ ਸਰਕਾਰ ਕੀ ਕਦਮ ਲੈ ਰਹੀ ਹੈ ? ਇਸ ਬਾਰੇ ਮਨਿਸਟਰ ਸਾਹਿਬ ਨੇ ਕੁੱਝ ਨਹੀਂ ਦੱਸਿਆ।

Mr. Speaker: Kindly put a specific supplementary question. No statement, please.

ਕਾਮਰੇਡ ਅਜੈਬ ਸਿੰਘ ਰੌਂਤਾ : ਸਪੀਕਰ ਸਾਹਿਬ, ਇਸ ਕੇਸ ਵਿਚ ਕਈ ਸੀਨੀਅਰ ਅਫਸਰ ਸ਼ਾਮਿਲ ਹਨ। ਇਸ ਮਾਮਲੇ ਵਿਚ ਸੰਗਰੂਰ, ਪਟਿਆਲਾ, ਬਠਿੰਡਾ ਆਦਿ ਦਾ ਵੀ ਮਸਲਾ ਹੈ। ਕੀ ਪੰਜਾਬ ਸਰਕਾਰ ਇਸ ਬਾਰੇ ਕੋਈ ਕਾਰਵਾਈ ਕਰਕੇ ਇਨਕੁਆਰੀ ਕਰਾਏਗੀ ?

ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੇ ਪੈਂਡਿੰਗ ਕੇਸਿਜ਼ ਬਾਰੇ ਪੁੱਛਿਆ ਸੀ, ਉਨ੍ਹਾਂ ਦੀ ਲਿਸਟ ਨਾਲ ਦੇ ਦਿੱਤੀ ਹੈ। ਬਾਕੀ ਗੱਲ ਹੈ ਹੋਰ ਜ਼ਿਲ੍ਹਿਆਂ ਵਿੱਚ ਦਰਖਤਾਂ ਦੀ ਕੋਈ ਕਟਾਈ ਹੋਈ ਹੈ, ਉਸ ਬਾਰੇ ਅਸਲੀਅਤ ਇਹ ਹੈ ਕਿ ਬੰਦਿਆਂ ਦੀ ਬੜੀ ਕਟਾਈ ਹੋਈ, ਦਰਖਤਾਂ ਦੀ ਵੀ ਹੋਈ। ਲੇਕਿਨ ਇਨ੍ਹਾਂ ਦੇ ਸਮੇਂ ਹੋਈ, ਸਾਡੇ ਸਮੇਂ ਨਹੀਂ ਹੋਈ।

ਸ੍ਰੀਮਤੀ ਵਿਮਲਾ ਡਾਂਗ : ਸਪੀਕਰ ਸਾਹਿਬ, ਜਿਹੜਾ ਮੈਂ ਸਵਾਲ ਪੁੱਛਿਆ ਸੀ, ਮੰਤਰੀ ਜੀ ਨੇ ਉਸਦਾ ਜਵਾਬ ਨਹੀਂ ਦਿੱਤਾ। ਇਨ੍ਹਾਂ ਨੇ ਗੱਲ ਕੀਤੀ ਕਿ ਇਨ੍ਹਾਂ ਦੇ ਵੇਲੇ ਕਟਾਈ ਹੋਈ, ਸਾਡੇ ਵੇਲੇ ਨਹੀਂ। ਪਰ ਹੁਣ ਤਾਂ ਸਰਕਾਰ ਜ਼ਿੰਮੇਵਾਰ ਹੈ, ਉਸਦੀ ਵੀ ਕੋਈ ਰਿਸਪਾਂਸਿਬਿਲਟੀ ਬਣਦੀ ਹੈ। ਪੰਜਾਬ ਦੇ ਫਾਈਨਾਨਸ਼ਲ ਰੂਲਜ਼ ਦੇ ਮੁਤਾਬਿਕ ਜਿਹੜਾ ਇਕ ਕਰੋੜ ਰੁਪਏ ਤੋਂ ਜ਼ਿਆਦਾ ਦਾ ਲਾਸ ਹੈ, ਉਹ ਅਕਾਉਂਟੈਂਟ ਜਨਰਲ ਨੂੰ ਰਿਪੋਰਟ ਹੋਣਾ ਚਾਹੀਦਾ ਸੀ, ਉਹ ਕਿਉਂ ਨਹੀਂ ਹੋਇਆ। ਉਸ ਬਾਰੇ ਡਿਸਟ੍ਰਿਕਟ ਮੈਜਿਸਟਰੇਟ ਅਤੇ ਪੁਲਿਸ ਵਿੱਚ ਵੀ ਦਸਿਆ ਜਾਣਾ ਚਾਹੀਦਾ ਸੀ, ਉਹ ਵੀ ਨਹੀਂ ਦਸਿਆ ਗਿਆ। ਕੀ ਸਰਕਾਰ ਵਲੋਂ ਇਸ ਚੋਰੀ ਦੇ ਮੁਤੱਲਕ ਕੋਈ ਸਟੈਪਸ ਲਏ ਗਏ?

ਮੰਤਰੀ : ਸਪੀਕਰ ਸਾਹਿਬ, ਇਹ ਚੋਰੀਆਂ 89-90 ਵਿੱਚ ਹੋਈਆਂ ਹਨ, ਸਾਡੇ ਟਾਈਮ ਕੋਈ ਨਹੀਂ ਹੋਈ, ਉਸ ਟਾਈਮ ਸਾਡਾ ਰਾਜ ਨਹੀਂ ਸੀ। ਜਿਸ ਵੇਲੇ ਸਾਡਾ ਰਾਜ ਆਇਆ, ਅਸੀਂ ਬੰਦਿਆਂ ਦੀ ਕਟਾਈ ਬੰਦ ਕੀਤੀ। ਜੰਗਲਾਤ ਦੀ ਕਟਾਈ ਵੀ ਥੋੜ੍ਹੇ ਦਿਨਾਂ ਵਿੱਚ ਬੰਦ ਹੋ ਜਾਵੇਗੀ, ਤੁਸੀਂ ਦੇਖਦੇ ਜਾਓ।

ਸ਼੍ਰੀ ਸਪੀਕਰ : ਮੰਤਰੀ ਜੀ, ਤੁਸੀਂ ਸਵਾਲ ਦਾ ਜਵਾਬ ਦਿਓ। ਸਵਾਲ ਦਾ ਜਵਾਬ ਦੇਣਾ ਚਾਹੀਦਾ ਹੈ।

ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਦਾ ਸਵਾਲ ਇਹ ਹੈ ਕਿ ਪੈਂਡਿੰਗ ਕੇਸਿਜ਼ ਹਨ ਜਾਂ ਨਹੀਂ। ਜਿਹੜੇ ਪੈਂਡਿੰਗ ਕੇਸਿਜ਼ ਹਨ, ਮੈਂ ਉਨ੍ਹਾਂ ਦੀ ਲਿਸਟ ਦੇ ਦਿੱਤੀ ਹੈ। ਜੇ ਰਿਕਵਰੀ ਦਾ ਜ਼ਿਕਰ ਸਵਾਲ ਵਿੱਚ ਕਿਧਰੇ ਹੈ ਤਾਂ ਮੈਂ ਜਵਾਬ ਦੇਣ ਨੂੰ ਤਿਆਰ ਹਾਂ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਮੰਤਰੀ ਜੀ ਨੂੰ ਸਪਸ਼ਟ ਪ੍ਰਸ਼ਨ ਪੁੱਛਿਆ ਗਿਆ ਸੀ ਪਰ ਇਹ ਗੱਲ ਨੂੰ ਕਿਸੇ ਹੋਰ ਪਾਸੇ ਲੈ ਗਏ ਕਿ ਉਦੋਂ ਤੁਹਾਡੀ ਸਰਕਾਰ ਸੀ, ਸਾਡੀ ਨਹੀਂ ਸੀ। ਪਰ ਸੈਂਟਰ ਵਿੱਚ ਤਾਂ ਤੁਹਾਡੀ ਹੀ ਸੀ, ਪਹਿਲਾਂ ਇਨਡਾਇਰੈਕਟ ਸੀ, ਹੁਣ ਡਾਇਰੈਕਟ ਹੈ। ਬੜਾ ਸਪੈਸਿਫਿਕ ਕੁਐਸਚਨ ਮੈਡਮ ਵਲੋਂ ਪੁਛਿਆ ਗਿਆ ਹੈ ਪਰ ਉਸਦਾ ਜਵਾਬ ਨਹੀਂ ਦਿੱਤਾ ਗਿਆ। ਜਿਥੇ ਇਕ ਰਕਮ ਦੀ ਹਦ ਇਕ ਕਰੋੜ ਰੁਪਏ ਤੋਂ ਟੱਪ ਜਾਂਦੀ ਹੈ, ਉਹ ਇਕ ਕਰੋੜ ਤੋਂ ਉਤੇ ਦਾ ਸਕੈਂਡਲ ਬਣ ਜਾਂਦਾ ਹੈ, ਤਾਂ ਉਸਦੀ ਇਨਫਰਮੇਸ਼ਨ ਅਕਾਊਂਟੈਂਟ ਜਨਰਲ ਨੂੰ ਦੇਣੀ ਜ਼ਰੂਰੀ ਹੈ। ਕੀ ਉਹ ਦਿੱਤੀ ਗਈ ਹੈ ਅਤੇ ਕੀ ਪੁਲਿਸ ਨੂੰ ਇਸ ਬਾਰੇ ਇਨਫਾਰਮ ਕੀਤਾ ਗਿਆ ਹੈ? ਇਹ ਉੱਤਰ ਕਿਸੇ ਹੋਰ ਪਾਸੇ ਦੇ ਰਹੇ ਹਨ।

ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਦਾ ਸਵਾਲ 86-87-89 ਵਿੱਚ ਜੇ ਕੋਈ ਕੇਸ ਪੈਂਡਿੰਗ ਹਨ, ਉਨ੍ਹਾਂ ਬਾਰੇ ਸੀ, ਜਿਸ ਸਬੰਧੀ ਕੇਸਾਂ ;ਜਿਹੜੇ ਕਿ ਪੈਂਡਿੰਗ ਹਨ, ਉਨ੍ਹਾਂ ਦੀ ਲਿਸਟ ਮੈਂ ਦੇ ਦਿੱਤੀ ਹੈ। ਜੇ ਕੋਈ ਸਵਾਲ ਵਿੱਚ ਇਕ ਕਰੋੜ ਦੀ ਰਿਕਵਰੀ ਦੀ ਗੱਲ ਹੈ, ਤਾਂ ਮੈਂ ਜ਼ਰੂਰ ਦੱਸ ਦੇਂਦਾ ਹਾਂ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਸਪਲੀਮੈਂਟਰੀ ਤਾਂ ਹੁੰਦੀ ਹੀ ਇਸ ਕਰਕੇ ਹੈ ਕਿ ਕੋਈ ਰਲਦਾ ਮਿਲਦਾ ਕੁਐਸਚਨ ਪੁੱਛਿਆ ਜਾ ਸਕਦਾ ਹੈ।

ਸ਼੍ਰੀ ਸਪੀਕਰ : ਅਰਸ਼ੀ ਜੀ, ਮੈਂ ਪਹਿਲਾਂ ਹੀ ਕਹਿ ਚੁਕਾ ਹਾਂ। ਇਸਨੂੰ ਲਾਈਟਲੀ ਨਹੀਂ ਲੈਣਾ ਚਾਹੀਦਾ। Government is a continued process. ਜਵਾਬ ਦੇਣਾ ਬਣਦਾ ਹੈ। Next question.

ਕਰ ਇੰਨਸਪੈਕਟਰਾਂ ਦੀ ਬਹਾਲੀ

*779. **ਕਾਮਰੇਡ ਹਰਦੇਵ ਸਿੰਘ ਅਰਸ਼ੀ :** ਕੀ ਆਬਕਾਰੀ ਅਤੇ ਕਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਪਹਿਲੀ ਅਗਸਤ, 1992 ਤੋਂ 31 ਦਸੰਬਰ, 1992 ਤੱਕ ਦੇ ਸਮੇਂ ਦੇ ਦੌਰਾਨ ਕਿਹੜੇ ਕਿਹੜੇ ਕਰ ਇਨਸਪੈਕਟਰਾਂ ਨੂੰ ਮੁਅੱਤਲ ਕੀਤਾ ਗਿਆ ਸੀ ਅਤੇ ਉਨ੍ਹਾਂ ਹਰ ਇਕ ਵਿਰੁੱਧ ਦੋਸ਼ਾਂ ਦੇ ਵੇਰਵੇ ਕੀ ਹਨ ;

(ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਵਿਚੋਂ ਕਿਹੜੇ ਕਿਹੜੇ ਕਰ ਇਨਸਪੈੱਕਟਰਾਂ ਨੂੰ ਬਹਾਲ ਕਰ ਦਿੱਤਾ ਗਿਆ ਹੈ ਅਤੇ ਹਰ ਇਕ ਦੀ ਬਹਾਲੀ ਦੀ ਤਰੀਕ ਕੀ ਕੀ ਹੈ ;

(ੲ) ਜਿਨ੍ਹਾਂ ਕਰ ਇਨਸਪੈਕਟਰਾਂ ਨੂੰ ਅਜੇ ਤੱਕ ਬਹਾਲ ਨਹੀਂ ਕੀਤਾ ਗਿਆ ਹੈ, ਉਨ੍ਹਾਂ ਦੇ ਕੇਸਾਂ ਵਿਚ ਕਦੋਂ ਤਕ ਫੈਸਲਾ ਕੀਤੇ ਜਾਣ ਦੀ ਸੰਭਾਵਨਾ ਹੈ;

(ਸ) ਕੀ ਇਹ ਵੀ ਠੀਕ ਹੈ ਕਿ ਉਪਰੋਕਤ ਭਾਗ (ਅ) ਵਿਚ ਵਰਣਿਤ /ਕਰ ਇਨਸਪੈਕਟਰਾਂ ਵਿੱਚੋਂ ਕਿਸੇ ਇਕ ਦੇ ਵਿਰੁੱਧ ਫੌਜਦਾਰੀ ਦਾ ਕੇਸ ਪੈਂਡਿੰਗ ਹੈ ?

ਸਰਦਾਰ ਸ਼ਮਸ਼ੇਰ ਸਿੰਘ ਦੂਲੋ : (ੲ ਤੋਂ ਡੀ) ਲੋੜੀਂਦੀ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

ਅਨੁਲਗ

ਕਰ ਇਨਸਪੈਕਟਰਾਂ ਦੀ ਬਹਾਲੀ :

(ੳ) ਮਿਤੀ 1 ਅਗਸਤ, 1992 ਤੋਂ 31 ਦਸੰਬਰ, 1992 ਤੇ ਹੇਠ ਲਿਖੇ ਕਰ ਨਿਰੀਖਕ ਮੁਅੱਤਲ ਕੀਤੇ ਗਏ ਸਨ:—

ਮੁਅੱਤਲ ਕਰ ਨਿਰੀਖਕ ਦਾ ਨਾਂ	ਦੋਸ਼ਾਂ ਦਾ ਵੇਰਵਾ
(1) ਸ੍ਰੀ ਰਣਜੀਤ ਸਿੰਘ	ਇਸ ਕਰਮਚਾਰੀ ਕੋਲੋਂ 2 ਕਿਲੋ ਅਫੀਮ ਬਰਾਮਦ ਹੋਈ ਸੀ ਅਤੇ ਪੁਲਿਸ ਨੇ ਇਸ ਵਿਰੁੱਧ 26 ਜੁਲਾਈ, 1992 ਨੂੰ ਐਨ.ਡੀ.ਐਸ, ਦੀ ਧਾਰਾ 18/61/85 ਅਧੀਨ ਸਾਹਨੇਵਾਲ ਕੇਸ ਰਜਿਸਟਰ ਕੀਤਾ ਸੀ ਅਤੇ ਇਹ ਪੁਲਿਸ ਕੇਸ ਹੈ।
(2) ਸ੍ਰੀ ਐਸ. ਐਸ. ਚੀਮਾ.	ਮਿਤੀ 5/6 ਅਗਸਤ, 1992 ਨੂੰ ਕੇਂਦਰੀ ਨਾਫਜ਼ ਵਿੰਗ ਨੇ ਚੈਕਿੰਗ ਦੌਰਾਨ ਵੇਖਿਆ ਕਿ ਇਸ ਨੇ ਖਨੌਰੀ ਬੈਰਿਅਰ ਤੋਂ ਟਰੱਕ 50 ਰੁਪਏ ਲੈ ਕੇ ਲੰਘਾ ਦਿੱਤਾ ਅਤੇ ਰਸੀਦ ਨਹੀਂ ਕੱਟੀ।
(3) ਸ੍ਰੀ ਬੀਰਬਲ ਗਰਗ	ਇਸ ਕਰਮਚਾਰੀ ਨੇ ਗੱਡੀ ਨੰਬਰ ਪੀ.ਜੇ.ਯੂ.2267 ਰਜਿਸਟਰ ਦੇ ਲੜੀ ਨੰਬਰ 679 ਤੇ ਗੋਲ ਦਾਇਰਾ ਲਾਇਆ ਅਤੇ ਇਸ ਦਾ ਕਾਰਨ ਨਹੀਂ ਦੱਸ ਸਕਿਆ ਅਤੇ ਇਸ ਤੋਂ 200 ਰੁਪਏ ਨਕਦੀ ਘੱਟ ਪਾਈ ਗਈ।
(4) ਸ੍ਰੀ ਸੁਖਵਿੰਦਰ ਸਿੰਘ	ਇਸ ਕਰਮਚਾਰੀ ਨੇ ਵਿਕਰੀ ਪੜਤਾਲ ਚੌਕੀ ਬਨੂੜ ਤੋਂ ਮਿਤੀ 26 ਮਈ, 1992 ਦੀ ਰਾਤ ਨੂੰ 4 ਗੱਡੀਆਂ ਰੋਕੀਆਂ ਅਤੇ ਬਿਨ੍ਹਾਂ ਕਿਸੇ ਕਾਰਵਾਈ ਦੇ ਛੱਡ ਦਿੱਤੀਆਂ ਅਤੇ ਸਰਕਾਰੀ ਰਿਕਾਰਡ ਗਾਇਬ ਕੀਤਾ।

[ਆਬਕਾਰੀ ਅਤੇ ਕਰ ਮੰਤਰੀ]

ਮੁਅੱਤਲ ਕਰ ਨਿਰੀਖਕ ਦਾ ਨਾਂ	ਦੋਸ਼ਾਂ ਦਾ ਵੇਰਵਾ
(5) ਸ੍ਰੀ ਡੀ.ਪੀ. ਮੋਦਗਿੱਲ	ਇਸ ਕਰਮਚਾਰੀ ਨੇ ਗੱਡੀ ਨੰ: ਪੀ.ਬੀ.07-ਏ-9488 ਦੇ ਡਰਾਈਵਰ ਨੂੰ ਨਾਜਾਇਜ਼ ਤੰਗ ਕਰਕੇ ਰਿਸ਼ਵਤ ਲਈ ਅਤੇ ਉਸ ਕੋਲੋਂ 206.50 ਰੁਪਏ ਵੱਧ ਨਕਦੀ ਪਾਈ ਗਈ।
(6) ਸ੍ਰੀ ਗੁਰਿੰਦਰ ਸਿੰਘ	ਇਸ ਕਰਮਚਾਰੀ ਨੂੰ ਵਿਜੀਲੈਂਸ ਸਟਾਫ ਨੇ 40 ਰੁਪਏ ਜੋ ਰਿਸ਼ਵਤ ਦੇ ਸਨ ਰੰਗੇ ਹੱਥੀਂ ਫੜਿਆ।
(7) ਸ੍ਰੀ ਸੰਜੀਵ ਮਦਾਨ	ਇਸ ਕਰਮਚਾਰੀ ਨੇ ਮਿਤੀ 23 ਸਤੰਬਰ, 1992 ਨੂੰ 4 ਟਰੱਕ 15 ਰੁਪਏ ਪ੍ਰਤੀ ਟਰੱਕ ਦੇ ਹਿਸਾਬ ਨਾਲ ਬਿਨ੍ਹਾਂ ਰਸੀਦ ਕੱਟਿਆਂ ਮੁੱਲਾਂਪੁਰ ਬੈਰੀਅਰ ਤੋਂ ਲੰਘਾਏ।
(8) ਸ੍ਰੀ ਨਰੇਸ਼ ਚੰਦਰ ਸ਼ਰਮਾ	ਇਸ ਕਰਮਚਾਰੀ ਨੇ ਸੋਹਾਣਾ ਬੈਰੀਅਰ ਤੋਂ ਪਰਚੂਨ ਦਾ ਟਰੱਕ ਪੀ.ਆਈ.ਸੀ 7636 ਨੂੰ ਮਿਤੀ 20 ਅਕਤੂਬਰ, 1992 ਨੂੰ 150 ਰੁਪਏ ਰਿਸ਼ਵਤ ਲੈ ਕੇ ਬਗੈਰ ਮਾਲ ਚੈੱਕ ਕੀਤੇ ਲੰਘਾ ਦਿੱਤਾ।
(9) ਸ੍ਰੀ ਰਾਹੁਲ ਭਾਟੀਆ	ਇਸ ਕਰਮਚਾਰੀ ਨੇ 4 ਗੱਡੀਆਂ ਸ਼ੀਤੋ ਗੰਨੂ ਬੈਰੀਅਰ ਦੇ ਰਜਿਸਟਰ ਵਿਚ ਬਿਨਾਂ ਦਰਜ਼ ਕੀਤੇ ਲੰਘਾ ਦਿੱਤੀਆਂ ਅਤੇ ਇਸ ਕੋਲੋਂ 7785 ਰੁਪਏ ਨਕਦੀ ਹਿਸਾਬ ਕਿਤਾਬ ਤੋਂ ਵੱਧ ਪਾਈ ਗਈ ਸੀ। ਇਹ ਨਿਰੀਖਕ 14 ਦਸੰਬਰ, 1992 ਨੂੰ ਮੁਅੱਤਲ ਕੀਤਾ ਗਿਆ ਸੀ।

(ਅ) (1) ਸ੍ਰੀ ਰਣਜੀਤ ਸਿੰਘ — 4 ਮਾਰਚ, 1993

(2) ਸ੍ਰੀ ਐਸ.ਐਸ.ਚੀਮਾ — 4 ਜਨਵਰੀ, 1993

(3) ਸ੍ਰੀ ਡੀ.ਪੀ. ਮੋਦਗਿੱਲ — 25 ਨਵੰਬਰ, 1992

(4) ਸ੍ਰੀ ਗੁਰਿੰਦਰ ਸਿੰਘ — 23 ਅਕਤੂਬਰ, 1992

(5) ਸ੍ਰੀ ਸੰਜੀਵ ਮਦਾਨ — 2 ਦਸੰਬਰ, 1992

(ੲ) ਗੰਭੀਰ ਦੋਸ਼ਾਂ ਵਾਲੇ ਕਰ ਨਿਰੀਖਕਾਂ ਨੂੰ ਅਨੁਸ਼ਾਸ਼ਨੀ ਕਾਰਵਾਈ ਮੁਕੰਮਲ ਕਰਨ ਉਪਰੰਤ ਹੀ ਬਹਾਲੀ ਲਈ ਵਿਚਾਰਿਆ ਜਾ ਸਕਦਾ ਹੈ।

(ਸ) ਹਾਂ ਜੀ, ਸ੍ਰੀ ਰਣਜੀਤ ਸਿੰਘ ਅਤੇ ਸ੍ਰੀ ਗੁਰਿੰਦਰ ਸਿੰਘ, ਕਰ ਨਿਰੀਖਕਾਂ ਦੇ ਵਿਰੁੱਧ ਕਰਿਮੀਨਲ ਕੇਸ ਹਨ ਕਿਉਂਕਿ ਇਨ੍ਹਾਂ ਨੂੰ ਪੁਲਿਸ ਨੇ ਫੜਿਆ ਸੀ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਮੰਤਰੀ ਜੀ ਨੇ ਉੱਤਰ ਵਿੱਚ ਕਾਫੀ ਡਿਟੇਲਡ ਜਾਣਕਾਰੀ ਦਿੱਤੀ ਹੈ । ਮੈਂ ਸਿਰਫ ਇਹ ਪੁੱਛਣਾ ਚਾਹੁੰਦਾ ਹਾਂ ਕਿ ਜੋ ਲਿਸਟ ਦਿੱਤੀ ਹੈ, ਉਸ ਵਿੱਚ ਜਿਹੜੇ ਇਨਸਪੈਕਟਰ ਸਸਪੈਂਡ ਕੀਤੇ ਦੱਸੇ ਗਏ ਹਨ, ਉਨ੍ਹਾਂ ਵਿੱਚ ਇਕ ਸ਼ੀਰਚੰਦ ਗਰਗ ਨਾਂ ਦਾ ਇਨਸਪੈਕਟਰ ਹੈ । ਕੀ ਮੰਤਰੀ ਜੀ ਕਿਰਪਾ ਕਰਕੇ ਦੱਸਣਗੇ ਕਿ ਉਸਨੂੰ ਸਿਰਫ ਇਸ ਕਰਕੇ ਕਿ ਉਹ ਉੱਥੋਂ ਦੀ ਯੂਨੀਅਨ ਦਾ ਉਘਾ ਲੀਡਰ ਹੈ ਹਰਾਸਮੈਂਟ ਕਰਨ ਵਾਸਤੇ ਅਤੇ ਬਦਲਾ ਲੈਣ ਦੀ ਭਾਵਨਾ ਨਾਲ ਹੀ ਤਾਂ ਸਸਪੈਂਡ ਨਹੀਂ ਕੀਤਾ ਗਿਆ ?

ਮੰਤਰੀ : ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਮਿਤੀ 12 ਅਗਸਤ, 1992 ਨੂੰ ਇਸ ਇਨਸਪੈਕਟਰ ਸਾਹਿਬ ਨੂੰ ਉਸ ਵਕਤ ਮੁਅੱਤਲ ਕੀਤਾ ਗਿਆ ਜਦੋਂ ਅਡੀਸ਼ਨਲ ਕਮਿਸ਼ਨਰ ਨੇ ਐਨਫੋਰਸਮੈਂਟ ਸਟਾਫ ਨਾਲ ਚੈਕਿੰਗ ਕੀਤੀ ਤਾਂ ਉਸ ਕੋਲ 200 ਰੁਪਿਆ ਘੱਟ ਪਾਇਆ ਗਿਆ ਔਰ ਚੈਕਿੰਗ ਕਰਨ ਦੀ ਬਜਾਏ ਉਹ ਆਪਣਾ ਬੈਰੀਅਰ ਛੱਡ ਕੇ ਭੱਜ ਗਿਆ । ਇਸ ਕਰਕੇ 950 ਰੁਪਏ ਦੀ ਜਿਹੜੀ ਰਕਮ ਸੀ, ਉਹ ਗਿਣੀ ਔਰ 200 ਰੁਪਿਆ ਜਿਹੜਾ ਘੱਟ ਪਾਇਆ ਗਿਆ, ਉਸ ਬਾਰੇ ਉਸ ਨੂੰ ਪੁੱਛਿਆ ਗਿਆ ਪਰ ਉਹ ਵਜ੍ਹਾ ਬਿਆਨ ਨਹੀਂ ਕਰ ਸਕਿਆ । ਇਸ ਕਰਕੇ ਉਸ ਨੂੰ ਸਸਪੈਂਡ ਕਰ ਦਿੱਤਾ ਗਿਆ ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਇਹ ਠੀਕ ਹੈ ਕਿ ਕੋਈ ਵੀ ਵੱਡਾ ਅਫਸਰ ਆਪਣੇ ਹੇਠਲੇ ਕਰਮਚਾਰੀ ਦੀ ਇਨਸਪੈਕਸ਼ਨ ਕਰ ਸਕਦਾ ਹੈ ਲੇਕਿਨ ਇਹ ਠੀਕ ਨਹੀਂ ਕਿ ਜੇ ਕੋਈ ਵੱਡਾ ਅਫਸਰ ਕਿਸੇ ਹੇਠਲੇ ਕਰਮਚਾਰੀ ਦੀ ਇੰਸਪੈਕਸ਼ਨ ਕਰਨ ਜਾਵੇ ਤਾਂ ਉਸ ਤੇ ਬੁਰੀ ਤਰ੍ਹਾਂ ਤਸ਼ੱਦਦ ਕੀਤਾ ਜਾਵੇ । ਇਹ ਮੇਰੇ ਕੋਲ ਫੋਟੋ ਹਨ ਜਿਨ੍ਹਾਂ ਵਿਚ ਇੰਸਪੈਕਟਰ ਨੂੰ ਬੁਰੀ ਤਰ੍ਹਾਂ ਟਾਰਚਰ ਕੀਤਾ ਗਿਆ ਹੈ ......

ਸ੍ਰੀ ਸਪੀਕਰ : ਅਰਸ਼ੀ ਜੀ, ਇਹ ਤੁਹਾਡੀ ਸਪਲੀਮੈਂਟਰੀ ਨਹੀਂ ਬਣਦੀ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਚਲੋ, ਮੈਂ ਦੂਸਰਾ ਸਵਾਲ ਪੁਛ ਲੈਂਦਾ ਹਾਂ । ਸਪੀਕਰ ਸਾਹਿਬ, ਇਕ ਇਨਸਪੈਕਟਰ ਗੁਰਿੰਦਰ ਸਿੰਘ ਹੈ । ਉਸ ਤੇ ਇਕ ਕਰਿਮੀਨਲ ਕੇਸ ਬਣਾਇਆ ਗਿਆ ਸੀ ਅਤੇ ਇਕ ਹਫਤਾ ਉਹ ਅੰਦਰ ਵੀ ਰਿਹਾ ਪਰ ਫਿਰ ਉਸ ਨੂੰ 2 ਮਹੀਨੇ ਬਾਦ ਬਹਾਲ ਕਰ ਦਿੱਤਾ । ਉਸ ਨੂੰ ਇਨ੍ਹਾਂ ਨੇ ਕਿਸ ਤਰ੍ਹਾਂ ਬਹਾਲ ਕਰ ਦਿੱਤਾ ?

ਮੰਤਰੀ : ਸਪੀਕਰ ਸਾਹਿਬ, ਮੈਨੂੰ ਸ਼ਿਕਾਇਤ ਹੋਈ ਕਿ ਵਿਜੀਲੈਂਸ ਡਿਪਾਰਟਮੈਂਟ ਨੇ 40 ਰੁਪਏ ਦਾ ਕੇਸ ਪਲਾਂਟ ਕੀਤਾ ਸੀ ਕੇਸ ਦੀ ਇਨਕੁਆਰੀ ਹੋ ਰਹੀ ਹੈ ਅਤੇ ਪੈਂਡਿੰਗ ਇਨਕੁਆਇਰੀ ਬਹਾਲ ਕੀਤਾ ਹੈ ।

ਸ੍ਰੀ ਸਪੀਕਰ : ਕੇਸ ਪਲਾਂਟ ਕੀਤਾ ਗਿਆ ਸੀ ?

ਮੰਤਰੀ : ਹਾਂ ਜੀ, ਵਿਜੀਲੈਂਸ ਡਿਪਾਰਟਮੈਂਟ ਨੇ ਕੇਸ ਪਲਾਂਟ ਕੀਤਾ ਸੀ। ਇਸ ਬਾਰੇ ਸ਼ਿਕਾਇਤ ਹੋਈ ਸੀ ।

ਸ੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਮੰਤਰੀ ਜੀ ਨੇ ਦੱਸਿਆ ਹੈ ਕਿ 40 ਰੁਪਏ ਦਾ ਕੇਸ ਵਿਜੀਲੈਂਸ ਡਿਪਾਰਟਮੈਂਟ ਨੇ ਪਲਾਂਟ ਕੀਤਾ ਅਤੇ ਇਨਕੁਆਇਰੀ ਤੋਂ ਬਾਦ ਉਸ ਨੂੰ ਇਨਕੁਆਰੀ ਅਫਸਰ ਦੀ ਰਿਕਮੈਂਡੇਸ਼ਨ ਤੇ ਰੀਇਨਸਟੇਟ ਕਰ ਦਿੱਤਾ। ਮੈਂ ਤੁਹਾਡੇ ਰਾਹੀ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਦੇ ਡਿਪਾਰਟਮੈਂਟ ਨੇ ਉਸ ਗਲਤ ਪਲਾਂਟਿੰਗ ਕਾਰਣ ਵਿਜੀਲੈਂਸ ਡਿਪਾਰਟਮੈਂਟ ਦੇ ਖਿਲਾਫ ਐਕਸ਼ਨ ਲੈਣ ਵਾਸਤੇ ਕੋਈ ਹੋਮ ਡਿਪਾਰਟਮੈਂਟ ਨੂੰ ਜਾਂ ਮੁੱਖ ਮੰਤਰੀ ਨੂੰ ਲਿਖਿਆ ਸੀ?

ਮੰਤਰੀ : ਸਪੀਕਰ ਸਾਹਿਬ, ਇਸ ਕੇਸ ਵਿਚ ਇਨਕੁਆਰੀ ਕਰਵਾਈ ਜਾ ਰਹੀ ਹੈ ਅਤੇ ਇਨਕੁਆਰੀ ਕੰਪਲੀਟ ਹੋਣ ਤੋਂ ਬਾਦ ਹੈੱਡ ਆਫਿਸ ਨੂੰ ਲਿਖਿਆ ਜਾਵੇਗਾ ਪੈਂਡਿੰਗ ਇਨਕੁਆਰੀ ਤੇ ਉਸ ਨੂੰ ਰੀਇਨਸਟੇਟ ਕਰ ਦਿੱਤਾ ਗਿਆ ਹੈ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਇਨ੍ਹਾਂ ਕੋਲ ਇਕ ਆਈ.ਪੀ. ਸਿੰਘ ਈ.ਟੀ.ਓ. ਹਨ। ਉਸ ਨੇ ਬਹੁਤ ਹੇਰਾਫੇਰੀ ਕੀਤੀ ਅਤੇ 20,000 ਤੋਂ ਵੀ ਉਪਰ ਉਸ ਦਾ ਗਬਨ ਫੜਿਆ ਗਿਆ। ਉਸ ਦੀ ਇਨਕੁਆਰੀ ਹਾਲੇ ਪੈਂਡਿੰਗ ਹੈ, ਉਹ ਤਾਂ ਬਹਾਲ ਕਰ ਦਿੱਤਾ ਪਰ ਜਿਸ ਕੇਸ ਵਿਚ 200 ਰੁਪਿਆ ਘਟਦੀ, ਉਸ ਨੂੰ ਹਾਲੇ ਤੱਕ ਬਹਾਲ ਨਹੀਂ ਕੀਤਾ। ਇਹ ਵੱਡੇ ਛੋਟੇ ਕਰਮਚਾਰੀ ਦਾ ਫਰਕ ਕਿਉਂ ਹੈ? ਕੀ ਵੱਡੇ ਅਫਸਰ ਤੇ ਐਕਸ਼ਨ ਹੋਰ ਹੈ ਅਤੇ ਛੋਟੇ ਕਰਮਚਾਰੀ ਤੇ ਐਕਸ਼ਨ ਹੋਰ ਹੈ?

ਮੰਤਰੀ : ਇਸ ਦੇ ਵਾਸਤੇ, ਸਪੀਕਰ ਸਾਹਿਬ, ਇਹ ਸੈਪਰੇਟ ਨੋਟਿਸ ਦੇ ਦੇਣ, ਮੈਂ ਘੋਖ ਕਰ ਲਵਾਂਗਾ।

ਗੁਰੂ ਤੇਗ ਬਹਾਦਰ ਹਸਪਤਾਲ, ਅੰਮ੍ਰਿਤਸਰ ਦੀ ਰਸੋਈ/ਸਟੋਰ ਵਿਚ ਮਿਲਾਵਟ ਲਭਣ ਸਬੰਧੀ ਨਮੂਨੇ ਭਰਕੇ

*867. 1. **ਕਾਮਰੇਡ ਗੁਰਨਾਮ ਸਿੰਘ ਧੀਰੋਵਾਲ**
2. **ਸ੍ਰੀਮਤੀ ਵਿਮਲਾ ਡਾਂਗ**
} : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ --

(ੳ) ਕੀ ਇਹ ਠੀਕ ਹੈ ਕਿ ਰਾਜ ਵਿਚ ਹਸਪਤਾਲਾਂ ਦੀਆਂ ਰਸੋਈਆਂ/ਸਟੋਰਾਂ ਨੂੰ ਚੈੱਕ ਕਰਨ ਲਈ ਸਮਰੱਥ ਸਿਹਤ ਵਿਭਾਗ ਦੇ ਕੁੱਝ ਅਫਸਰਾਂ ਨੇ 11 ਫਰਵਰੀ, 1993 ਨੂੰ ਮਿਲਾਵਟ ਦਾ ਪਤਾ ਲਗਾਉਣ ਲਈ ਗੁਰੂ ਤੇਗ ਬਹਾਦਰ ਹਸਪਤਾਲ, ਅੰਮ੍ਰਿਤਸਰ ਦੀ ਰਸੋਈ/ਸਟੋਰ ਦਾ ਮੁਆਇਨਾ ਕੀਤਾ ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ ਤਾਂ ਕੀ ਕੋਈ ਨਮੂਨੇ ਅਸਲ ਵਿਚ ਭਰੇ ਗਏ ਸਨ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦੇ ਵੇਰਵੇ ਕੀ ਹਨ; ਜੇਕਰ ਨਹੀਂ ਤਾਂ ਉਸ ਦੇ ਕੀ ਕਾਰਣ ਹਨ?

ਸਰਦਾਰ ਲਾਲ ਸਿੰਘ : (ੳ) ਹਾਂ ਜੀ।

(ਅ) ਸੈਂਪਲ ਨਹੀਂ ਲਿੱਤੇ ਗਏ ਕਿਉਂਕਿ ਹਸਪਤਾਲ ਦੇ ਸਟੋਰ/ਕਿਚਨ ਦੀਆਂ ਖਾਣ-ਪੀਣ ਵਾਲੀਆਂ ਵਸਤਾਂ ਵੇਚਣ ਦੇ ਮੰਤਵ ਲਈ ਨਹੀਂ।

ਸ੍ਰੀਮਤੀ ਵਿਮਲਾ ਡਾਂਗ : ਸਪੀਕਰ ਸਾਹਿਬ, ਮੰਤਰੀ ਜੀ ਨੇ ਦੱਸਿਆ ਹੈ ਕਿ ਸੈਂਪਲ ਨਹੀਂ ਲਿੱਤੇ ਗਏ ਕਿਉਂਕਿ ਹਸਪਤਾਲ ਦੇ ਸਟੋਰ/ਕਿਚਨ ਦੀਆਂ ਖਾਣ-ਪੀਣ ਵਾਲੀਆਂ ਵਸਤਾਂ ਵੇਚਣ ਦੇ ਮੰਤਵ ਲਈ ਨਹੀਂ, ਲੇਕਿਨ ਮੈਂ ਕਹਿਣਾ ਚਾਹੁੰਦੀ ਹਾਂ ਕਿ ਜੇ ਕੋਈ ਅਡੱਲਟਰੇਟਿਡ ਫੂਡ ਮਰੀਜ਼ਾਂ ਨੂੰ ਦਿੱਤਾ ਜਾਂਦਾ ਹੈ, ਤਾਂ ਉਹ ਨੁਕਸਾਨਦੇਹ ਹੈ। ਕੀ ਮੰਤਰੀ ਜੀ ਇਸ ਨੂੰ ਵਾਜਬ ਮੰਨਦੇ ਹਨ?

ਮੰਤਰੀ : ਸਪੀਕਰ ਸਾਹਿਬ, ਪਰੀਵੈਨਸ਼ਨ ਆਫ ਫੂਡ ਅਡੱਲਟਰੇਸ਼ਨ ਐਕਟ, 1954 ਦੀ ਧਾਰਾ 7 ਅਤੇ 10 ਅਧੀਨ ਫੂਡ ਇੰਸਪੈਕਟਰ ਖਾਣ-ਪੀਣ ਦੀਆਂ ਵਸਤਾਂ ਦੇ ਸੈਂਪਲ ਲੈਂਦੇ ਹਨ ਜੋਕਿ ਵੇਚਣ ਲਈ ਹੁੰਦੀਆਂ ਹਨ। ਫੂਡ ਇੰਸਪੈਕਟਰ, ਲਾਇਸੈਂਸਡ ਪਰੀਮੀਸਿਜ਼ ਦੇ ਨਿਰੀਖਣ ਕਰਨ ਲਈ ਅਖਤਿਆਰ ਵੀ ਰੱਖਦੇ ਹਨ। ਹਸਪਤਾਲ ਦੇ ਕਿਚਨ/ਸਟੋਰ ਦੀਆਂ ਚੀਜ਼ਾਂ ਵੇਚਣ ਦੇ ਮਨੋਰਥ ਲਈ ਨਹੀਂ ਹੁੰਦੀਆਂ ਅਤੇ ਨਾਂ ਹੀ ਹਸਪਤਾਲ ਦੇ ਕਿਚਨ/ਸਟੋਰ ਲਈ ਪੀ.ਐਫ.ਏ. ਐਕਟ ਅਧੀਨ ਲਾਇਸੈਂਸ ਦਿੱਤੇ ਜਾਂਦੇ ਹਨ।

ਸਪੀਕਰ ਸਾਹਿਬ, ਫੂਡ ਇੰਸਪੈਕਟਰਾਂ ਨੂੰ ਸੈਂਪਲ ਭਰਨ ਦੀਆਂ ਪਾਵਰਾਂ ਜੋ ਦਿੱਤੀਆਂ ਹੋਈਆਂ ਹਨ, ਉਸ ਵਿਚ ਕਿਚਨ, ਚਾਹੇ ਉਹ ਹਸਪਤਾਲ ਦੀ ਹੋਵੇ ਜਾਂ ਕਿਸੇ ਦੀ ਪ੍ਰਾਈਵੇਟ, ਉਸ ਦੀ ਵਿਵਸਥਾ ਨਹੀਂ। ਇਹ ਵਿਵਸਥਾ ਇਸ ਕਰਕੇ ਨਹੀਂ ਦਿੱਤੀ ਗਈ ਤਾਂ ਜੋ ਲੋਕਾਂ ਵਿਚ ਹੈਰਾਸਮੈਂਟ ਨਾ ਵਧੇ ਅਤੇ ਕੁਰੱਪਸ਼ਨ ਹੋਰ ਨਾ ਵਧੇ। ਜਿੱਥੋਂ ਤੱਕ ਅਡਲਟਰੇਸ਼ਨ ਰੋਕਣ ਅਤੇ ਫੜਣ ਦਾ ਸਵਾਲ ਹੈ, ਡਾਕਟਰਾਂ ਦੇ ਵਿੱਚੋਂ ਹੀ ਫੂਡ ਇਨੰਸਪੈਕਸ਼ਨ ਕਰਨ ਵਾਸਤੇ ਕਮੇਟੀ ਬਣੀ ਹੋਈ ਹੈ। ਸਮੇਂ-ਸਮੇਂ ਸਿਰ ਉਹ ਕਮੇਟੀ ਕਿਚਨ ਅਤੇ ਸਟੋਰ ਵਿੱਚ ਜਾ ਕੇ ਨਿਰੀਖਣ ਕਰਦੀ ਹੈ ਅਤੇ ਜੇਕਰ ਕੋਈ ਕਮੀ ਮਹਿਸੂਸ ਕਰੇ ਤਾਂ ਉਸ ਬਾਰੇ ਲਿਖਤੀ ਤੌਰ ਤੇ ਮੈਡੀਕਲ ਸੁਪਰਡੰਟ ਦੇ ਧਿਆਨ ਵਿੱਚ ਲਿਆਂਦਾ ਜਾਂਦਾ ਹੈ। ਜੇ ਕੋਈ ਗਲਤੀ ਹੋਵੇ ਤਾਂ ਉਥੇ ਹੀ ਕਾਰਵਾਈ ਕੀਤੀ ਜਾਂਦੀ ਹੈ।

ਸ੍ਰੀਮਤੀ ਵਿਮਲਾ ਡਾਂਗ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਕਹਿਣਾ ਚਾਹੁੰਦੀ ਹਾਂ ਕਿ ਜਿਹੜਾ ਮੈਂ ਪਹਿਲਾਂ ਸਵਾਲ ਪੁੱਛਿਆ ਸੀ, ਉਸ ਦਾ ਮੈਨੂੰ ਕੋਈ ਉੱਤਰ ਨਹੀਂ ਦਿੱਤਾ ਗਿਆ। ਮੈਂ ਬੜੀ ਜ਼ਿੰਮੇਵਾਰੀ ਦੇ ਨਾਲ ਇਹ ਗੱਲ ਕਰਨਾ ਚਾਹੁੰਦੀ ਹਾਂ ਕਿ ਕਿਚਨ ਚਾਹੇ ਉਹ ਪ੍ਰਾਈਵੇਟ ਹਸਪਤਾਲ ਦੀ ਹੋਵੇ ਜਾਂ ਸਰਕਾਰੀ, ਉਸ ਬਾਰੇ ਲੀਗਲ ਪਾਵਰਜ਼ ਹਨ ਕਿ ਉਨ੍ਹਾਂ ਦਾ ਸੈਂਪਲ ਭਰਿਆ ਜਾ ਸਕਦਾ ਹੈ, ਫੂਡ ਅਡੱਲਟਰੇਸ਼ਨ ਬਾਰੇ। ਪਰ ਮੈਂ ਮੰਤਰੀ ਜੀ ਨੂੰ ਇਸ ਸਬੰਧ ਵਿੱਚ ਇਹ ਗੱਲ ਦੱਸਣਾ ਚਾਹੁੰਦੀ ਹਾਂ ਕਿ ਇਹ ਸੈਂਪਲ ਕਿਉਂ ਨਹੀਂ ਭਰਿਆ ਗਿਆ, ਕਿਉਂਕਿ ਇਸ ਵਿੱਚ ਕਿਸੇ ਵੱਡੇ ਆਫਿਸਰ ਦਾ ਪਰੈਸ਼ਰ ਸੀ। ਕੀ ਮੰਤਰੀ ਜੀ ਇਸ ਗੱਲ ਦਾ ਭਰੋਸਾ ਦਿਵਾਉਣਗੇ ਕਿ ਫੂਡ ਅਡੱਲਟਰੇਸ਼ਨ ਚੈੱਕ ਕਰਨ ਲਈ ਐਕਸ਼ਨ ਲਿਆ ਜਾਵੇਗਾ ?

ਮੰਤਰੀ : ਸਪੀਕਰ ਸਾਹਿਬ, ਮਿਤੀ 11 ਫਰਵਰੀ, 1993 ਨੂੰ ਸਿਵਲ ਸਰਜਨ, ਅੰਮ੍ਰਿਤਸਰ ਨੂੰ ਲਿਖਤੀ ਸ਼ਕਾਇਤ ਮਿਲੀ ਸੀ ਕਿ ਸ੍ਰੀ ਗੁਰੂ ਤੇਗ ਬਹਾਦਰ ਹਸਪਤਾਲ ਦੇ ਕਿਚਨ ਅਤੇ ਸਟੋਰ ਵਿੱਚ ਮਿਲਾਵਟ ਵਾਲੀਆਂ ਵਸਤਾਂ ਸਪਲਾਈ ਕੀਤੀਆਂ ਜਾਂਦੀਆਂ ਹਨ ਜੋ ਕਿ ਮਰੀਜ਼ਾਂ ਲਈ ਹਾਨੀਕਾਰਕ ਹੁੰਦੀਆਂ ਹਨ। ਇਸ ਤੇ ਇਕ ਪਾਰਟੀ ਜਿਸ ਵਿੱਚ ਜ਼ਿਲਾ ਸਿਹਤ ਅਫਸਰ, ਅੰਮ੍ਰਿਤਸਰ ਅਤੇ ਦੋ ਮੈਡੀਕਲ ਅਫਸਰ ਡਾ. ਦਲਜੀਤ ਸਿੰਘ ਉੱਪਲ ਅਤੇ ਡਾ. ਸੁਰੇਸ਼ ਸ਼ਰਮਾ, ਮੈਡੀਕਲ ਅਫਸਰ ਸ੍ਰੀ ਗੁਰੂ ਤੇਗ ਬਹਾਦਰ ਹਸਪਤਾਲ, ਅੰਮ੍ਰਿਤਸਰ ਦੀ ਰਸੋਈ ਅਤੇ ਸਟੋਰ ਦੀ ਚੈਕਿੰਗ ਕਰਨ ਲਈ ਗਏ। ਉਸ ਸਮੇਂ ਸਟੋਰ ਦਾ ਇਨੰਚਾਰਜ ਮਾਰਕੀਟ ਗਿਆ ਹੋਇਆ ਸੀ। ਹਸਪਤਾਲ ਦੇ ਮੈਡੀਕਲ ਸੁਪਰਡੰਟ ਡਾ. ਅਜੀਤ ਸਿੰਘ ਦੂਆ ਨੇ ਇਨੰਸਪੈਕਟਿੰਗ ਪਾਰਟੀ ਨੂੰ ਦੱਸਿਆ ਕਿ ਹਸਪਤਾਲ ਦੇ ਕਿਚਨ ਅਤੇ

[ਸਿਹਤ ਅਤੇ ਪਰਿਵਾਰ ਭਲਾਈ ਮੰਤਰੀ]

ਸਟੋਰ ਤੋਂ ਸੈਂਪਲ ਨਹੀਂ ਲਏ ਜਾ ਸਕਦੇ ਕਿਉਂਕਿ ਇਹ ਵਸਤਾਂ ਵੇਚਣ ਦੇ ਮੰਤਵ ਲਈ ਨਹੀਂ ਹਨ। ਜਦੋਂ ਜ਼ਿਲ੍ਹਾ ਸਿਹਤ ਅਫਸਰ ਨੇ ਲੋਕ ਹਿੱਤ ਵਿੱਚ ਸੈਂਪਲ ਲੈਣ ਲਈ ਜ਼ੋਰ ਦਿੱਤਾ ਤਾਂ ਡਾ. ਦੂਆ ਨੇ ਪ੍ਰਿੰਸੀਪਲ, ਮੈਡੀਕਲ ਕਾਲਜ, ਅੰਮ੍ਰਿਤਸਰ ਨਾਲ ਗੱਲ ਕੀਤੀ। ਪ੍ਰਿੰਸੀਪਲ ਨੇ ਅੱਗੇ ਡਿਪਟੀ ਕਮਿਸ਼ਨਰ, ਅੰਮ੍ਰਿਤਸਰ ਨਾਲ ਇਸ ਮਾਮਲੇ ਸਬੰਧੀ ਗੱਲਬਾਤ ਕੀਤੀ ਅਤੇ ਡਿਪਟੀ ਕਮਿਸ਼ਨਰ, ਅੰਮ੍ਰਿਤਸਰ ਨੇ ਫੈਸਲਾ ਕੀਤਾ ਕਿ ਐਕਟ ਦੇ ਅਨੁਸਾਰ ਇਹ ਸੈਂਪਲ ਭਰੇ ਨਹੀਂ ਜਾ ਸਕਦੇ। ਜੇਕਰ, ਸਪੀਕਰ ਸਾਹਿਬ, ਇਹ ਐਕਟ ਦੀ ਕਾਪੀ ਠੀਕ ਸਮਝਣ ਤਾਂ ਮੈਂ ਇਨ੍ਹਾਂ ਨੂੰ ਦੇ ਸਕਦਾ ਹਾਂ।

ਸ੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਮੰਤਰੀ ਜੀ ਨੇ ਦੱਸਿਆ ਹੈ ਕਿ ਜੋ ਖੁਰਾਕ ਹਸਪਤਾਲ ਵਿੱਚ ਬਣਦੀ ਸੀ ਉਸ ਵਿੱਚ ਫੂਡ ਅਡੱਲਟਰੇਸ਼ਨ ਨਹੀਂ ਸੀ। ਇਹ ਗੱਲ ਠੀਕ ਨਹੀਂ ਹੈ। ਸਰਕਾਰ ਨੇ ਹਸਪਤਾਲਾਂ ਵਿੱਚ ਫੂਡ ਬਨਾਉਣ ਲਈ ਠੇਕੇਦਾਰਾਂ ਨੂੰ ਠੇਕੇ ਦਿੱਤੇ ਹੋਏ ਹਨ ਔਰ ਉਸਨੂੰ ਫਿਕਸਡ ਰੇਟ ਤੇ ਵੇਚਣ ਦਾ ਅਧਿਕਾਰ ਵੀ ਠੇਕੇਦਾਰਾਂ ਨੂੰ ਦਿੱਤਾ ਹੋਇਆ ਹੈ ਭਾਵੇਂ ਫਰੀ ਆਫ ਕਾਸਟ ਫੂਡ ਦਿੱਤਾ ਜਾਂਦਾ ਹੈ ਪਰ ਉਹ ਸਰਕਾਰ ਨੂੰ ਵੇਚਿਆ ਜਾਂਦਾ ਹੈ ਔਰ ਸਰਕਾਰ ਉਨ੍ਹਾਂ ਨੂੰ ਪੈਸੇ ਦੇਂਦੀ ਹੈ। ਪਰ ਕੰਟੀਨਾਂ ਦੇ ਵਿੱਚ ਸੇਲ ਦੀ ਧਾਰਾ ਦੇ ਮੁਤਾਬਿਕ ਸਪਲਾਈ ਨਹੀਂ ਹੁੰਦੀ। ਕੀ ਮੰਤਰੀ ਜੀ ਇਸ ਗੱਲ ਨੂੰ ਦੁਬਾਰਾ ਐਗਜ਼ਾਮਿਨ ਕਰਨਗੇ ਕਿ ਅਗਰ ਇਹ ਸੇਲ ਦੀ ਧਾਰਾ ਵਿੱਚ ਆਉਂਦਾ ਹੈ ਤਾਂ ਉਸ ਤੇ ਸੈਂਪਲ ਭਰੇ ਜਾਣ ਤਾਂ ਕਿ ਮਰੀਜ਼ਾਂ ਨੂੰ ਗਲਤ ਫੂਡ ਨਾ ਮਿਲੇ ਔਰ ਜੋ ਫੂਡ ਹੈ ਉਹ ਅਡੱਲਟਰੇਸ਼ਨ ਤੋਂ ਬਗੈਰ ਦਿੱਤਾ ਜਾ ਸਕੇ ?

ਮੰਤਰੀ : ਸਪੀਕਰ ਸਾਹਿਬ, ਜਿੱਥੋਂ ਤੱਕ ਇਸ ਕਿਚਨ ਦਾ ਸਵਾਲ ਹੈ, ਜਿਹੜੀ ਪਾਰਟੀ ਚੈਕਿੰਗ ਵਾਸਤੇ ਗਈ ਸੀ, ਉਸ ਪਾਰਟੀ ਨੇ ਇਸ ਕਿਚਨ ਦਾ ਪੂਰੀ ਤਰ੍ਹਾਂ ਨਿਰੀਖਣ ਕੀਤਾ ਔਰ ਕਿਚਨ ਬਿਲਕੁਲ ਠੀਕ ਠਾਕ ਸੀ, ਇਹ ਉਨ੍ਹਾਂ ਦੀ ਰਿਪੋਰਟ ਹੈ। ਜਿੱਥੋਂ ਤੱਕ ਐਕਟ ਦਾ ਸਵਾਲ ਹੈ, ਉਸ ਵਿੱਚ ਵਿਵਸਥਾ ਹੈ ਜਾਂ ਨਹੀਂ, ਮੈਂ ਇਸ ਨੂੰ ਐਗਜ਼ਾਮਿਨ ਕਰਵਾ ਲਵਾਂਗਾ ਅਤੇ ਅੱਗੇ ਨੂੰ ਇਸ ਦਾ ਪੂਰੀ ਤਰ੍ਹਾਂ ਧਿਆਨ ਰੱਖਿਆ ਜਾਵੇਗਾ।

ਸ੍ਰੀ ਸਪੀਕਰ : ਕਾਫੀ ਸਪਲੀਮੈਂਟਰੀ ਹੋ ਗਏ ਹਨ। ਹੁਣ ਮੈਂ ਨੈਕਸਟ ਕੁਐਸਚਨ ਕਾਲ ਅਪਾਨ ਕਰਦਾ ਹਾਂ।

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਮੈਂ ਇਕ ਬੜੀ ਜ਼ਰੂਰੀ ਸਪਲੀਮੈਂਟਰੀ ਕਰਨਾ ਚਾਹੁੰਦੀ ਹਾਂ। ਮੇਰੇ ਡਿਸਟ੍ਰਿਕਟ ਨਾਲ ਸਬੰਧਤ ਕੁਐਸਚਨ ਤੇ ਗੱਲ ਹੋ ਰਹੀ ਹੈ। ਕ੍ਰਿਪਾ ਕਰਕੇ ਮੈਨੂੰ ਸਪਲੀਮੈਂਟਰੀ ਪੁੱਛਣ ਦੀ ਆਗਿਆ ਦਿੱਤੀ ਜਾਵੇ ਜੀ।

ਸ੍ਰੀ ਸਪੀਕਰ : ਭੈਣ ਜੀ, ਮੈਂ ਪਹਿਲਾਂ ਹੀ ਕਾਫੀ ਸਪਲੀਮੈਂਟਰੀ ਇਸ ਕੁਐਸਚਨ ਤੇ ਅਲਾਓ ਕਰ ਦਿੱਤੀਆਂ ਹਨ। ਕਾਫੀ ਸਪਲੀਮੈਂਟਰੀਜ਼ ਹੋ ਗਈਆਂ ਹਨ । I have called upon the next Question. I don't allow. Next question.

ਸਰਕਾਰੀ ਆਯੁਰਵੈਦਿਕ ਕਾਲਜ, ਪਟਿਆਲਾ ਵਿਚ ਘੱਟ ਯੋਗਤਾ ਪ੍ਰਾਪਤ ਅਮਲਾ

*606. **ਸ੍ਰੀਮਤੀ ਵਿਮਲਾ ਡਾਂਗ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਕੀ ਇਹ ਠੀਕ ਹੈ ਕਿ ਸਰਕਾਰੀ ਆਯੁਰਵੈਦਿਕ ਕਾਲਜ, ਪਟਿਆਲਾ ਵਿੱਚ ਪੜ੍ਹਾਉਣ ਵਾਲੇ ਅਮਲੇ ਦੇ ਬਹੁਤੇ ਸਾਰੇ ਮੈਂਬਰ, ਜਿਨ੍ਹਾਂ ਅਸਾਮੀਆਂ ਤੇ ਉਹ ਕੰਮ ਕਰ ਰਹੇ ਹਨ, ਉਨ੍ਹਾਂ ਲਈ ਨਿਰਧਾਰਤ ਯੋਗਤਾਵਾਂ ਪੂਰੀਆਂ ਨਹੀਂ ਕਰਦੇ; ਜੇਕਰ ਅਜਿਹਾ ਹੋਵੇ, ਤਾਂ ਉਸ ਦੇ ਕਾਰਣ ਕੀ ਹਨ ;

(ਅ) ਅਮਲੇ ਦੇ ਅਜਿਹੇ ਮੈਂਬਰਾਂ ਦੇ ਨਾਂ ਅਤੇ ਹੋਰ ਕਿਹੜੀਆਂ ਕਿਹੜੀਆਂ ਅਸਾਮੀਆਂ ਤੇ ਕੰਮ ਕਰ ਰਹੇ ਹਨ ਅਤੇ ਅਸਾਮੀ ਲਈ ਘੱਟੋ ਘੱਟ ਯੋਗਤਾ ਦਰਸਾਉਂਦੀ ਹੋਈ ਇੱਕ ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਵੇ ?

ਸਰਦਾਰ ਲਾਲ ਸਿੰਘ : (ੳ) ਸਰਕਾਰੀ ਆਯੁਰਵੈਦਿਕ ਕਾਲਜ, ਪਟਿਆਲਾ ਦੇ ਪੜ੍ਹਾਉਣ ਵਾਲੇ ਅਮਲੇ ਦੇ ਸਾਰੇ ਮੈਂਬਰ, ਸਿਵਾਏ ਤਿੰਨ ਆਰਜ਼ੀ ਮੈਂਬਰਾਂ ਦੇ, ਅਸਾਮੀਆਂ ਲਈ ਨਿਰਧਾਰਤ ਯੋਗਤਾਵਾਂ/ਤਜ਼ਰਬਾ ਰੱਖਦੇ ਹਨ, 3 ਆਰਜ਼ੀ ਮੈਂਬਰਾਂ ਜੋ ਪੋਸਟ ਗਰੈਜੂਏਟ ਯੋਗਤਾਵਾਂ ਰੱਖਦੇ ਹਨ, ਦੀਆਂ ਕੇਵਲ ਟੀਚਿੰਗ ਅਸਾਮੀਆਂ ਵਿਰੁੱਧ ਆਰਜ਼ੀ ਤੌਰ ਤੇ ਉਨ੍ਹਾਂ ਦੇ ਆਪਣੇ ਪੇ-ਸਕੇਲ ਵਿੱਚ ਪ੍ਲੇਸਮੈਂਟਸ ਹੀ ਕੀਤੀਆਂ ਗਈਆਂ ਹਨ ਜੋ ਕਾਲਜ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਦੀ ਪੜ੍ਹਾਈ ਦੇ ਹਿੱਤ ਵਿੱਚ ਕੀਤੀਆਂ ਗਈਆਂ ਹਨ।

(ਅ) ਉਕਤ 3 ਆਰਜ਼ੀ ਮੈਂਬਰਾਂ ਸਬੰਧੀ ਲੋੜੀਂਦਾ ਵੇਰਵਾ ਨਾਲ ਨੱਥੀ ਸਟੇਟਮੈਂਟ ਵਿੱਚ ਦਰਸਾ ਦਿੱਤਾ ਗਿਆ ਹੈ

ਸਟੇਟਮੈਂਟ

ਲੜੀ ਨੰ:	ਟੀਚਿੰਗ ਸਟਾਫ ਦੇ ਮੈਂਬਰ ਦਾ ਨਾਉਂ	ਆਸਾਮੀ ਦਾ ਨਾਉਂ	ਆਸਾਮੀ ਲਈ ਨਿਰਧਾਰਤ ਯੋਗਤਾਵਾਂ	ਆਸਾਮੀ ਦੇ ਧਾਰੀ ਪਾਸ ਯੋਗਤਾਵਾਂ ਦਾ ਵੇਰਵਾ	ਵਿਸ਼ੇਸ਼ ਕਥਨ
1	2	3	4	5	6
1	ਵਿਨੋਦ ਕੁਮਾਰ ਰਿਹਣੀ	ਲੈਕਚਰਾਰ (ਦ੍ਰਵਗੁਣਾ) ਪੋਸਟ ਗਰੈਜੂਏਟ ਵਿਭਾਗ	1. ਆਯੁਰਵੈਦਿਕ ਵਿੱਚ ਕਿਸੇ ਪ੍ਰਮਾਣਿਤ ਯੂਨੀਵਰਸਿਟੀ/ਕਾਨੂੰਨ ਰਾਹੀਂ ਸਥਾਪਤ ਫੈਕਲਟੀ/ਬੋਰਡ/ਕੌਂਸਿਲ ਤੋਂ ਡਿਗਰੀ ਜਾਂ ਡਿਪਲੋਮਾ ਜੋ 4 ਸਾਲ ਦੇ ਰੈਗੂਲਰ ਕੋਰਸ ਤੋਂ ਘੱਟ ਨਾ ਹੋਵੇ ਜਾਂ ਬਰਾਬਰ ਦੀ ਯੋਗਤਾ ਜੋ ਸਰਕਾਰ ਵੱਲੋਂ ਪ੍ਰਮਾਣਿਤ ਹੈ 2. ਪੋਸਟ ਗਰੈਜੂਏਟ ਯੋਗਤਾ : ਐਚ.ਪੀ.ਏ. ਜਾਂ ਐਮ.ਐਸ.ਏ.ਐਮ. ਆਫ ਜਾਮਨਗਰ ਜਾਂ ਡੀ.ਏ. ਵਾਈ. ਆਫ ਬਨਾਰਸ ਹਿੰਦੂ ਯੂਨੀਵਰਸਿਟੀ ਜਾਂ ਬਰਾਬਰ ਦੀ ਯੋਗਤਾ 3. ਤਜ਼ਰਬਾ : ਸਬੰਧਤ ਵਿਸ਼ੇ ਵਿੱਚ ਇੱਕ ਸਾਲ ਦਾ ਪੜ੍ਹਾਈ/ਰਿਸਰਚ ਦਾ ਤਜਰਬਾ ।	1. ਪ੍ਰੀ. ਮੈਡੀਕਲ 2. ਬੀ.ਏ.ਐਮ.ਐਸ. 3. ਐਮ.ਡੀ.ਆਯੂ.	ਸਬੰਧਤ ਵਿਸ਼ੇ ਵਿੱਚ ਇੱਕ ਸਾਲ ਦਾ ਪੜ੍ਹਾਈ ਦਾ ਤਜਰਬਾ ਨਹੀਂ ਰੱਖਦਾ ਹੈ ।
2	ਵਿਜੈ ਪਾਲ	ਲੈਕਚਰਾਰ (ਰਸ ਸ਼ਾਸਤਰਾ) ਪੋਸਟ ਗਰੈਜੂਏਟ ਵਿਭਾਗ	—ਉਹੀ—	1. ਪ੍ਰੀ. ਮੈਡੀਕਲ 2. ਬੀ.ਏ.ਐਮ.ਐਸ. 3. ਐਮ.ਡੀ. ਆਯੂ :	—ਉਹੀ—

3	ਨਰਿੰਦਰ ਦੇਵ ਵਿਸ਼ਿਟ	ਪ੍ਰਦਰਸ਼ਕ ਦ੍ਰਵਗੁਣ ਅੰਡਰ ਗਰੈਜੂਏਟ ਕੋਰਸ	1. ਆਯੁਰਵੈਦਿਕ ਵਿੱਚ ਕਿਸੇ ਪ੍ਰਮਾਣਿਤ ਯੂਨੀਵਰਸਿਟੀ ਜਾਂ ਭਾਰਤ ਵਿੱਚ ਕਾਨੂੰਨ ਅਧੀਨ ਸਥਾਪਤ ਕੀਤੇ ਗਏ ਆਯੁਰਵੈਦਕ ਪ੍ਰਣਾਲੀ ਦੇ ਬੋਰਡ ਤੋਂ ਜਾਂ ਸਰਕਾਰ ਵੱਲੋਂ ਪ੍ਰਮਾਣਿਤ ਕਿਸੇ ਟੀਚਿੰਗ ਸੰਸਥਾ ਤੋਂ ਡਿਗਰੀ (ਪੰਜ ਸਾਲ ਰੈਗੂਲਰ ਕੋਰਸ) ਅਤੇ ਇਮਤਿਹਾਨ ਪਾਸ ਕਰਨ ਤੋਂ ਬਾਅਦ ਇਕ ਸਾਲ ਦੀ ਸਟੈਂਡਿੰਗ 2. ਮੈਟ੍ਰਿਕ ਪੱਧਰ ਜਾਂ ਇਸ ਦੇ ਬਰਾਬਰ ਦੀ ਸੰਸਕ੍ਰਿਤ, ਅੰਗਰੇਜ਼ੀ ਅਤੇ ਪੰਜਾਬੀ ਭਾਸ਼ਾ ਦੀ ਯੋਗਤਾ 3. ਪੋਸਟ ਗਰੈਜੂਏਟ (ਆਯੁਰਵੈਦ ਵਿੱਚ ਡਿਗਰੀ ਜਾਂ ਡਿਪਲੋਮਾ) ਪਰੈਫਰੇਏਵਲ	1. ਇੰਟਰ ਮੀਡੀਏਟ 2. ਬੀ.ਏ.ਐਮ.ਐਸ. 3. ਐ.ਡੀ. ਆਯੂਰਵੈਦ 4. ਪੀ.ਐਚ.ਡੀ. ਦ੍ਰਵਗੁਣ	ਉਹੀ

ਸ੍ਰੀਮਤੀ ਵਿਮਲਾ ਡਾਂਗ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦੀ ਹਾਂ ਕਿ ਜਿਹੜੇ ਨਿਰਧਾਰਤ ਯੋਗਤਾ ਰੱਖਣ ਵਾਲੇ ਹਨ, ਉਨ੍ਹਾਂ ਨੂੰ ਕਿਉਂ ਨਹੀਂ ਰੱਖਿਆ ਗਿਆ ?

ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੀਬੀ ਵਿਮਲਾ ਡਾਂਗ ਜੀ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਜਿਥੋਂ ਤੱਕ ਆਯੁਰਵੈਦਿਕ ਦੇ ਤਿੰਨ ਮੈਡੀਕਲ ਅਫਸਰਾਂ ਦੀ ਯੋਗਤਾ ਦਾ ਸਬੰਧ ਹੈ, ਉਹ ਪੋਸਟ-ਗਰੈਜੂਏਟ ਦੀਆਂ ਨਿਰਧਾਰਤ ਯੋਗਤਾਵਾਂ ਰੱਖਦੇ ਹਨ ਕੇਵਲ ਇਕ ਸਾਲ ਦੀ ਪੜ੍ਹਾਈ ਦਾ ਤਜ਼ਰਬਾ ਨਹੀਂ ਰੱਖਦੇ। ਮੈਂ ਪਹਿਲਾਂ ਵੀ ਵਿਸਥਾਰ ਨਾਲ ਦੱਸ ਚੁੱਕਿਆ ਹਾਂ ਉਨ੍ਹਾਂ ਨੂੰ ਪਿਓਰਲੀ ਟੈਂਪਰੇਰੀ ਤੌਰ ਤੇ ਰੱਖਿਆ ਗਿਆ ਹੈ ਅਤੇ ਸਟੂਡੈਂਟਸ ਦੇ ਹਿੱਤਾਂ ਵਿੱਚ ਰੱਖਿਆ ਗਿਆ ਹੈ।

ਸ੍ਰੀਮਤੀ ਵਿਮਲਾ ਡਾਂਗ: ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦੀ ਹਾਂ ਕਿ ਇਹ ਬਕਾਇਦਾ ਐਡਵਰਟਾਈਜ਼ਮੈਂਟ ਕਰਕੇ ਇੰਟਰਵਿਊ ਲੈ ਕੇ ਪੋਸਟਾਂ ਦੀਆਂ ਨਿਯੁਕਤੀਆਂ ਕੀਤੀਆਂ ਗਈਆਂ। ਕੀ ਇਹ ਫੇਵਰੇਟਿਜ਼ਮ ਨਹੀਂ ਕਿ ਟੈਂਪਰੇਰੀ ਤੌਰ ਤੇ ਨਿਰਧਾਰਤ ਯੋਗਤਾ ਵਾਲਿਆਂ ਨੂੰ ਨਹੀਂ ਰੱਖਿਆ ਗਿਆ ਕੀ ਹੁਣ ਜਿਹੜੀਆਂ ਪੋਸਟਾਂ ਹਨ, ਉਨ੍ਹਾਂ ਉਤੇ ਨਸੈਸਰੀ ਕੁਆਲੀਫਿਕੇਸ਼ਨਜ਼ ਵਾਲਿਆਂ ਨੂੰ ਰੱਖਿਆ ਜਾਵੇਗਾ ?

ਸ੍ਰੀ ਸਪੀਕਰ ; ਮੰਤਰੀ ਜੀ ਨੇ ਕਹਿ ਦਿੱਤਾ ਹੈ ਕਿ ਉਨ੍ਹਾਂ ਨੂੰ ਬਿਲਕੁਲ ਆਰਜ਼ੀ ਰੱਖਿਆ ਗਿਆ ਹੈ ਅਤੇ ਸਟੂਡੈਂਟਸ ਦੇ ਇੰਟਰੈਸਟ ਵਿੱਚ ਰੱਖਿਆ ਗਿਆ ਹੈ (ਇਸ ਸਮੇਂ ਸਿਹਤ ਮੰਤਰੀ ਜੀ ਜਵਾਬ ਦੇਣ ਲਈ ਖੜੇ ਹੋਏ) ਸਰਦਾਰ ਲਾਲ ਸਿੰਘ ਜੀ, ਮੈਂ ਤੁਹਾਨੂੰ ਅਲਾਓ ਨਹੀਂ ਕੀਤਾ।

ਡਾਕਟਰ (ਸ੍ਰੀਮਤੀ) ਮਾਲਤੀ ਥਾਪਰ : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦੀ ਹਾਂ ਕਿ ਜਿਹੜੇ ਡਾਕਟਰ ਕਿਸੇ ਸਬਜੈਕਟ ਵਿੱਚ ਮਾਹਿਰ ਨਹੀਂ ਹਨ, ਪਰ ਉਹ ਸਬਜੈਕਟ ਪੜ੍ਹਾ ਰਹੇ ਹਨ, ਅਤੇ ਉਹ ਉਸ ਸਬਜੈਕਟ ਵਿੱਚ ਪੋਸਟ-ਗਰੈਜੂਏਟ ਨਹੀਂ ਹਨ ਪਰ ਫਿਰ ਵੀ ਉਹ ਸਬਜੈਕਟ ਪੜ੍ਹਾ ਰਹੇ ਹਨ ਜਿਹੜੇ ਪੋਸਟ-ਗਰੈਜੂਏਟ ਇੰਟਰਵਿਊ ਵਿੱਚ ਅਪੀਅਰ ਹੋਏ ਉਨ੍ਹਾਂ ਨੂੰ ਜਗ੍ਹਾਂ ਨਹੀਂ ਮਿਲੀ ਕੀ ਮੰਤਰੀ ਜੀ ਇਸ ਬਾਰੇ ਐਕਸਪਲੇਨ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਇਹ ਦੁਬਾਰਾ ਨੋਟਿਸ ਦੇ ਦੇਣ।

Mr. Speaker: Next Question. I have not allowed you, Dr. Malti Thapar.(Noise). Next Question——Shri Hardev Arshi Ji.

(At this stage certain Hon. Members from the Treasury Benches were talking among themselves).

Mr. Speaker: I would request the hon. Members from the Treasury Benches to please not to talk among themselves.

Sardar Umrao Singh Ji, we should listen to the proceedings rather seriously and not in a very light and humorous fashion.

ਜ਼ਿਲ੍ਹਾ ਸ਼ਿਕਾਇਤ ਨਿਵਾਰਣ ਕਮੇਟੀਆਂ ਦੀਆਂ ਮੀਟਿੰਗਾਂ ਕਰਨੀਆਂ

*778. 1. **ਕਾਮਰੇਡ ਹਰਦੇਵ ਸਿੰਘ ਅਰਸ਼ੀ**
2. **ਸ੍ਰੀਮਤੀ ਵਿਮਲਾ ਡਾਂਗ**
} : ਕੀ ਰਾਹਤ ਅਤੇ ਪੁਨਰਵਾਸ ਮੰਤਰੀ

ਕਿਰਪਾ ਕਰਕੇ——

(ੳ) ਵਰਤਮਾਨ ਸਰਕਾਰ ਦੁਆਰਾ ਬਣਾਈ ਗਈ ਰਾਜ ਦੀ ਹਰ ਇਕ ਜ਼ਿਲ੍ਹਾ ਸ਼ਿਕਾਇਤ ਨਿਵਾਰਵਾਣ ਕਮੇਟੀ ਦੁਆਰਾ ਕੀਤੀਆਂ ਗਈਆਂ ਮੀਟਿੰਗਾਂ ਦੀਆਂ ਤਰੀਕਾਂ ਨੂੰ ਦਰਸਾਉਂਦਾ ਜ਼ਿਲ੍ਹਾਵਾਰ ਮਿਤੀ ਅੰਤ ਤਕ ਵਿਵਰਣ ਸਦਨ ਦੀ ਮੇਜ਼ ਤੇ ਰੱਖਣਗੇ ;

(ਅ) ਦੱਸਣਗੇ ਕਿ ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਜ਼ਿਲ੍ਹਾ ਸ਼ਿਕਾਇਤ ਨਿਵਾਰਣ ਕਮੇਟੀਆਂ ਲਈ ਹਰ ਇਕ ਮਹੀਨੇ ਦੇ ਦੌਰਾਨ ਮੀਟਿੰਗ ਲਈ ਖਾਸ ਤਰੀਕੇ ਨਿਯੁਕਤ ਕਰਨ ਅਤੇ ਇਨ੍ਹਾਂ ਦੇ ਸਭਾਪਤੀਆਂ (ਸਬੰਧਤ ਮੰਤਰੀ) ਦੀ ਗੈਰ-ਹਾਜ਼ਰੀ ਵਿਚ ਅਜਿਹੀਆਂ ਮੀਟਿੰਗਾਂ ਦੀ ਪ੍ਰਧਾਨਗੀ ਕਰਨ ਬਾਰੇ ਸਬੰਧਤ ਡਿਪਟੀ ਕਮਿਸ਼ਨਰਾਂ ਨੂੰ ਅਧਿਕਾਰ ਦੇਣ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ?

ਸ੍ਰੀ ਬਾਲਮੁਕੰਦ ਸ਼ਰਮਾ : (ੲ) ਹਰ ਜ਼ਿਲ੍ਹਾ ਸ਼ਿਕਾਇਤ ਨਿਵਾਰਨ ਕਮੇਟੀ ਵਲੋਂ ਕੀਤੀਆਂ ਗਈਆਂ ਮੀਟਿੰਗਾਂ ਦੀ ਮਿਤੀ ਦੀ ਸੂਚੀ ਨੱਥੀ ਕੀਤੀ ਜਾਂਦੀ ਹੈ ਅਨੁਲੱਗ 'ੲ' ਉਤੇ

(ਬੀ) ਜੀ ਹਾਂ, ਸਰਕਾਰ ਵਲੋਂ ਪਹਿਲਾਂ ਹੀ ਮਿਤੀ ਮਿੱਥੀ ਜਾ ਚੁੱਕੀ ਹੈ ਅਤੇ ਹਰ ਮਹੀਨੇ ਦੀ 12 ਤਾਰੀਖ ਤੋਂ ਪਹਿਲਾਂ ਇਹ ਮੀਟਿੰਗ ਹੋਣੀ ਚਾਹੀਦੀ ਹੈ ਅਤੇ ਡਿਪਟੀ ਕਮਿਸ਼ਨਰਾਂ ਨੂੰ ਵੀ ਪਹਿਲਾਂ ਹੀ ਹਦਾਇਤ ਕੀਤੀ ਗਈ ਹੈ ਕਿ ਉਹ ਪ੍ਰਧਾਨ ਜਾਂ ਉਪ ਪ੍ਰਧਾਨ ਦੀ ਗੈਰਹਾਜ਼ਰੀ ਵਿੱਚ ਮੀਟਿੰਗ ਦੀ ਪ੍ਰਧਾਨਗੀ ਕਰ ਸਕਦਾ ਹੈ ।

ਅਨੁਲੱਗ 'ੲ'

ਜ਼ਿਲ੍ਹਾ ਸ਼ਿਕਾਇਤ ਨਿਵਾਰਨ ਕਮੇਟੀਆਂ ਦੀਆਂ ਮੀਟਿੰਗਾਂ ਦੀ ਮਿਤੀ ਦੀ ਜ਼ਿਲ੍ਹਾਵਾਰ ਸੂਚੀ

ਗੁਰਦਾਸਪੁਰ	ਬਠਿੰਡਾ	ਫਿਰੋਜ਼ਪੁਰ
11-6-92	18-6-92	11-6-92
20-7-92	20-7-92	30-7-92
17-10-92	14-8-92	27-8-92
14-11-92	18-9-92	29-10-92
28-12-92	9-11-92	24-12-92
15-2-93	15-12-92	29-1-93
	29-1-93	

ਲੁਧਿਆਣਾ	ਅੰਮ੍ਰਿਤਸਰ	ਹੁਸ਼ਿਆਰਪੁਰ
16-6-92	11-6-92	6-7-92
7-8-92	24-8-92	11-8-92
28-9-92	19-10-92	11-9-92
13-11-92		12-10-92
28-12-92	5-2-93	13-11-92
		11-12-92
16-2-93		11-2-93

[ਰਾਹਤ ਅਤੇ ਪੁਨਰਵਾਸ ਮੰਤਰੀ]

ਜਲੰਧਰ	ਰੋਪੜ	ਕਪੂਰਥਲਾ
11-6-92	26-6-92	11-6-92
20-7-92	23-7-92	21-7-92
10-8-92	24-8-92	11-8-92
15-9-92	28-9-92	17-9-92
12-10-92	13-10-92	20-10-92
24-11-92	13-11-92	
11-12-92	14-12-92	
11-1-93	11-2-93	18-2-93
15-2-93		

ਫਰੀਦਕੋਟ	ਪਟਿਆਲਾ	ਮਾਨਸਾ
24-7-92	18-6-92	27-6-92
11-9-92	20-7-92	31-7-92
9-10-92	24-8-92	29-9-92
12-11-92	27-10-92	26-10-92
12-2-93	27-11-92	27-10-92
	29-12-92	16-11-92
	28-1-93	14-12-92
	16-2-93	15-2-93

	ਸੰਗਰੂਰ	ਫਤਿਹਗੜ੍ਹ ਸਾਹਿਬ
	20-6-92	24-7-92
	20-7-92	11-8-92
	28-9-92	15-9-92
	30--11-92	12-11-92
	4-1-93	8-2-93

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਮੰਤਰੀ ਜੀ ਨੇ ਗਰੀਵੇਂਸਿਜ਼ ਕਮੇਟੀ ਦੀਆਂ ਮੀਟਿੰਗਾਂ ਦੀ ਡਿਸਟ੍ਰਿਕਟ ਵਾਈਜ਼ ਲਿਸਟ ਦਿੱਤੀ ਹੈ। ਇਸ ਦੇ ਵਿੱਚ ਜਲੰਧਰ ਵਿੱਚ ਸਭ ਤੋਂ ਜ਼ਿਆਦਾ ਮੀਟਿੰਗਾਂ ਹੋਈਆਂ ਦਰਸਾਈਆਂ ਗਈਆਂ ਹਨ ਜਿਨ੍ਹਾਂ ਦੀ ਗਿਣਤੀ 9 ਹੈ। ਰੋਪੜ ਵਿੱਚ ਮੀਟਿੰਗਾਂ ਦੀ ਗਿਣਤੀ 8 ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਅੰਮ੍ਰਿਤਸਰ ਜਿਹੜਾ ਕਿ ਸਾਡੇ ਪੰਜਾਬ ਦਾ ਸਭ ਤੋਂ ਵੱਡਾ ਜ਼ਿਲ੍ਹਾ ਹੈ, ਉਥੇ ਕੇਵਲ 4 ਮੀਟਿੰਗਾਂ ਹੀ ਹੋਈਆਂ ਹਨ ਜਦੋਂ ਕਿ ਬਾਕੀ ਸਾਰੇ ਜ਼ਿਲ੍ਹਿਆਂ ਦੀਆਂ ਮੀਟਿੰਗਾਂ ਦੀ ਗਿਣਤੀ 6 ਤੋਂ ਲੈ ਕੇ 9 ਤੱਕ ਹੈ। ਇਸ ਦੇ ਕੀ ਕਾਰਣ ਹਨ ।

ਮੰਤਰੀ : ਸਪੀਕਰ ਸਾਹਿਬ, ਸਾਰੀਆਂ ਮੀਟਿੰਗਾਂ ਦੀ ਡਿਟੇਲ ਦੇ ਦਿੱਤੀ ਗਈ ਹੈ। ਇਸ ਬਾਰੇ ਇਨ੍ਹਾਂ ਨੇ ਇਹ ਪ੍ਰਸ਼ਨ ਨਹੀ ਸੀ ਕੀਤਾ। ਪਰ ਮੈਂ ਦੱਸਦਾ ਹਾਂ ਕਿ ਅੰਮ੍ਰਿਤਸਰ ਸਭ ਤੋਂ ਵੱਧ ਡਿਸਟਰਬ ਡਿਸਟ੍ਰਿਕਟ ਸੀ। ਬਾਕੀ ਡਿਸਟ੍ਰਿਕਟਸ ਵਿੱਚ ਵੀ ਕਈ ਵਾਰੀ ਰੱਖੀਆਂ ਹੋਈਆਂ ਮੀਟਿੰਗਾਂ ਨੂੰ ਚੇਂਜ ਕਰਨਾ ਪੈਂਦਾ ਹੈ। ਕਈ ਵਾਰੀ ਹਾਲਾਤ ਖਰਾਬ ਹੋਣ ਕਾਰਨ ਤੇ ਗੜਬੜ ਕਾਰਣ ਮਨਿਸਟਰਜ਼ ਨੂੰ ਇਧਰ ਉਧਰ ਜਾਣਾ ਪੈ ਜਾਂਦਾ ਹੈ ਇਸ ਕਰਕੇ ਇਹ ਮੀਟਿੰਗਾਂ ਉਥੇ ਘੱਟ ਹੋਈਆਂ ਹਨ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਜਿਹੜਾ ਮੰਤਰੀ ਜੀ ਨੇ ਉੱਤਰ ਦਿੱਤਾ ਹੈ ਇਸ ਦੇ ਨਾਲ ਮੇਰੀ ਸੰਤੁਸ਼ਟੀ ਬਿਲਕੁਲ ਨਹੀਂ ਹੋਈ। ਹਕੀਕਤ ਇਹ ਹੈ ਕਿ ਮਾਨਯੋਗ ਮੰਤਰੀ ਜੀ ਜੋ ਡਿਫਰੈਂਟ ਡਿਸਟ੍ਰਿਕਟ ਵਿੱਚ ਜਾਂਦੇ ਹਨ ਤਾਂ ਬਹੁਤ ਸਾਰੀਆਂ ਅਨਗੇਜ਼ਮੈਂਟਸ ਲੈ ਕੇ ਜਾਂਦੇ ਹਨ, ਜਿਸ ਕਾਰਣ ਉਹ ਉਥੋਂ ਕਾਹਲੀ ਕਾਹਲੀ ਵਿੱਚ ਕਈ ਵੇਰ ਵਾਪਸ ਆ ਜਾਂਦੇ ਹਨ। ਮੇਰਾ ਸਵਾਲ ਇਹ ਹੈ ਕਿ ਕੀ ਸਰਕਾਰ ਵਿਚਾਰ ਕਰੇਗੀ ਕਿ ਉਨ੍ਹਾਂ ਦੀ ਗੈਰ-ਹਾਜ਼ਰੀ ਵਿੱਚ ਡਿਪਟੀ ਕਮਿਸ਼ਨਰ ਮੀਟਿੰਗ ਪ੍ਰਾਜ਼ਾਈਡ-ਓਵਰ ਕਰ ਲੈਣ ?

ਸ੍ਰੀ ਸਪੀਕਰ : ਇਸ ਦਾ ਜਵਾਬ ਤਾਂ ਦੇ ਦਿੱਤਾ ਹੈ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਸਪਸ਼ਟ ਉੱਤਰ ਨਹੀਂ ਦਿੱਤਾ ਗਿਆ। ਮਾਨਯੋਗ ਮੰਤਰੀ ਜੀ ਡਿਸਟ੍ਰਿਕਟ ਗ਼ਰੀਵੈਂਸਿਜ਼ ਕਮੇਟੀ ਅਤੇ ਜ਼ਿਲ੍ਹਾ ਪਲਾਨਿੰਗ ਬੋਰਡ ਦੇ ਚੇਅਰਮੈਨ ਹੁੰਦੇ ਹਨ ਅਤੇ ਉਨ੍ਹਾਂ ਦੀ ਹਾਜ਼ਰੀ ਤੋਂ ਬਿਨਾਂ ਇਨ੍ਹਾਂ ਦੀ ਮੀਟਿੰਗ ਨਹੀਂ ਹੋ ਸਕਦੀ। ਇਹ ਮੀਟਿੰਗਾਂ ਇਸ ਬਹਾਨੇ ਨਾਲ ਕੈਂਸਲ ਨਹੀਂ ਹੋਣੀਆਂ ਚਾਹੀਦੀਆਂ ਕਿ ਹਾਲਾਤ ਠੀਕ ਨਹੀਂ। ਸਿਰਫ ਅੰਮ੍ਰਿਤਸਰ ਹੀ ਡਿਸਟਰਬਡ ਏਰੀਆ ਰਹਿ ਗਿਆ ਹੈ, ਬਾਕੀ ਵਿੱਚ ਤਾਂ ਤਕਰੀਬਨ ਨਾਰਮਲ ਹਾਲਾਤ ਹੋ ਗਏ ਹਨ। ਮੇਰੀ ਬੇਨਤੀ ਹੈ ਕਿ ਕੀ ਸਰਕਾਰ ਇਸ ਬਾਰੇ ਇੱਕ ਪੱਕੀ ਪਾਲਿਸੀ ਤਹਿ ਕਰੇਗੀ ਕਿ ਸਾਰੇ ਜ਼ਿਲ੍ਹਿਆਂ ਵਿੱਚ ਡੇਟਾਂ ਤਹਿ ਕਰ ਦਿਤੀਆਂ ਜਾਣ ਕਿ ਇਨ੍ਹਾਂ ਡੇਟਾਂ ਨੂੰ ਮੀਟਿੰਗਾਂ ਹੋਣਗੀਆਂ। ਜੇ ਉਸ ਤਰੀਕ ਨੂੰ ਛੁੱਟੀ ਵਾਲਾ ਦਿਨ ਹੋਵੇ ਤਾਂ ਅਗਲੇ ਦਿਨ ਮੀਟਿੰਗ ਹੋ ਜਾਵੇ ਅਤੇ ਜੇ ਮੰਤਰੀ ਜੀ ਕਿਸੇ ਜ਼ਰੂਰੀ ਰੁਝੇਵੇਂ ਕਾਰਣ ਨਾ ਜਾ ਸਕਣ ਤਾਂ ਉਨ੍ਹਾਂ ਦੀ ਗੈਰ-ਹਾਜ਼ਰੀ ਵਿੱਚ ਡਿਪਟੀ ਕਮਿਸ਼ਨਰ ਮੀਟਿੰਗ ਕਰ ਸਕਣ ?

ਸ੍ਰੀ ਸਪੀਕਰ : ਅਰਸ਼ੀ ਜੀ, ਇਨ੍ਹਾਂ ਨੇ ਕਿਹਾ ਹੈ ਕਿ ...

ਮੰਤਰੀ : ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਗੌਰਮਿੰਟ ਦਾ ਇਹ ਪੱਕਾ ਵਿਚਾਰ ਹੈ ਕਿ ਮੀਟਿੰਗਾਂ ਫਿਕਸ ਡੇਟਾਂ ਤੇ ਹੋਇਆ ਕਰਨ ਕਿਉਂਕਿ ਪਿਛਲੇ ਸਾਲ ਇਹ ਘੱਟ ਹੋਈਆਂ ਹਨ, ਅਤੇ ਗੌਰਮਿੰਟ ਨੇ ਡੇਟ ਵੀ ਫਿਕਸ ਕੀਤੀ ਸੀ ਕਿ 12 ਤੋਂ ਪਹਿਲਾਂ ਪਹਿਲਾਂ ਮੀਟਿੰਗਾਂ ਕੀਤੀਆਂ ਜਾਣ। ਇਹ ਗੱਲ ਬਿਲਕੁਲ ਦਰੁਸਤ ਹੈ, ਲੇਕਿਨ ਹਾਲਾਤ ਠੀਕ ਨਾ ਹੋਣ ਕਾਰਕੇ ਮੀਟਿੰਗਾਂ ਟਾਈਮ ਤੇ ਨਹੀਂ ਹੁੰਦੀਆਂ ਰਹੀਆਂ। ਅਸੀਂ ਵਿਚਾਰ ਕਰ ਰਹੇ ਹਾਂ ਕਿ ਗਰੀਵੈਂਸਿਜ਼ ਕਮੇਟੀ ਦੀਆਂ ਮੀਟਿੰਗਾਂ ਜਿਹੜੀਆਂ ਹਨ, ਉਨ੍ਹਾਂ ਲਈ ਸਰਕਾਰ ਜੋ ਡੇਟ ਫਿਕਸ ਕਰੇਗੀ, ਮੀਟਿੰਗ ਉਸੇ ਡੇਟ ਨੂੰ ਹਰ ਹਾਲਤ ਵਿੱਚ ਹੋਇਆ ਕਰੇ। ਜੇਕਰ ਕਿਸੇ ਜ਼ਰੂਰੀ ਰੁਝੇਵੇ ਕਾਰਨ ਮੰਤਰੀ ਜੀ ਇਹ ਮੀਟਿੰਗ ਵਿੱਚ ਨਹੀਂ ਪੁੱਜ ਸਕਣਗੇ ਤਾਂ ਡਿਪਟੀ ਕਮਿਸ਼ਨਰ ਨੂੰ ਅਧਿਕਾਰ ਹੈ, ਉਹ ਮੀਟਿੰਗ ਪ੍ਰਿਜ਼ਾਈਡ-ਓਵਰ ਕਰ ਸਕਦਾ ਹੈ ਡਵੀਜ਼ਨ-ਹੈਡ ਕੁਆਟਰ ਤੇ ਕਮਿਸ਼ਨਰ ਮੀਟਿੰਗ ਕਰ ਸਕਦਾ ਹੈ, ਇਸ ਦੇ ਵਿੱਚਕੋਈ ਰੁਕਾਵਟ ਨਹੀਂ ਹੈ,ਲੇਕਿਨ ਮੀਟਿੰਗ ਪਹਿਲਾਂ ਫਿਕਸ ਜ਼ਰੂਰ ਹੋਣੀ ਚਾਹੀਦੀ ਹੈ।

ਸ੍ਰੀ ਸਪੀਕਰ : ਪੰਡਿਤ ਜੀ, ਅਰਸ਼ੀ ਜੀ ਦਾ ਵਿਚਾਰ ਸੀ ਕਿ ਕੀ ਸਾਰਿਆਂ ਜ਼ਿਲ੍ਹਿਆਂ ਲਈ ਇਕੋ ਡੇਟ ਫਿਕਸ ਹੋ ਸਕਦੀ ਹੈ? ਤੁਸੀਂ ਦੱਸਿਆ ਕਿ ਅੱਪ-ਟੂ 12 ਤਰੀਕ ਇਨ੍ਹਾਂ ਮੀਟਿੰਗਾਂ ਲਈ ਡੇਟ ਰੱਖੀ ਹੈ, ਕੀ ਇਹ ਸਾਰੇ ਜ਼ਿਲ੍ਹਿਆਂ ਲਈ ਇਕੋ ਡੇਟ ਰੱਖੀ ਜਾ ਸਕਦੀ ਹੈ?

ਮੰਤਰੀ : ਨਹੀਂ ਜੀ ਕਿਉਂਕਿ ਸਾਰੇ ਮਨਿਸਟਰਜ਼ ਇਕੋ ਸਮੇਂ ਬਾਹਰ ਨਹੀਂ ਜਾ ਸਕਦੇ। ਅਸੀਂ ਚਾਹੁੰਦੇ ਹਾਂ ਕਿ 12 ਤੋਂ ਪਹਿਲਾਂ ਪਹਿਲਾਂ ਹਰ ਜ਼ਿਲ੍ਹੇ ਵਿੱਚ ਕੋਈ ਵੀ ਡੇਟ ਫਿਕਸ ਕਰ ਲਈ ਜਾਵੇ ਅਤੇ 12 ਤੋਂ ਪਹਿਲਾਂ ਪਹਿਲਾਂ ਮੀਟਿੰਗ ਹੋ ਜਾਵੇ। 21 ਤੋਂ ਪਹਿਲਾਂ ਪਹਿਲਾਂ ਤਾਂ ਉਸਦੀ ਰਿਪੋਰਟ ਵੀ ਪਹੁੰਚਣੀ ਚਾਹੀਦੀ ਹੈ ਤਾਂ ਕਿ ਉਸ ਤੇ ਨੈਕਸਟ-ਪ੍ਰੋਸੈਸ ਸ਼ੁਰੂ ਹੋ ਸਕੇ।

ਸ੍ਰੀ ਸਪੀਕਰ : ਅਗਲਾ ਸਵਾਲ, ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਰ, ਮੇਰੇ ਸਵਾਲ ਦੇ ਨਾਲ ਇਨ੍ਹਾਂ ਦਾ ਵੀ (ਸ਼੍ਰੀਮਤੀ ਵਿਮਲਾ ਡਾਂਗ) ਨਾਂ ਹੈ, ਇਸ ਲਈ ਇਨ੍ਹਾਂ ਨੂੰ ਸਪਲੀਮੈਂਟਰੀ ਕਰਨ ਦਾ ਜ਼ਰੂਰ ਮੌਕਾ ਮਿਲਣਾ ਚਾਹੀਦਾ ਹੈ।

ਸ੍ਰੀ ਸਪੀਕਰ : ਸ਼੍ਰੀਮਤੀ ਵਿਮਲਾ ਡਾਂਗ, ਤੁਸੀਂ ਪੁੱਛੋ।

ਸ਼੍ਰੀਮਤੀ ਵਿਮਲਾ ਡਾਂਗ : ਮੈਂ ਮੰਤਰੀ ਸਾਹਿਬ ਨੂੰ ਦੱਸਣਾ ਚਾਵਾਂਗੀ ਅਤੇ ਮੇਰਾ ਖਿਆਲ ਹੈ ਕਿ ਸਰਦਾਰ ਉਮਰਾਓ ਸਿੰਘ ਜੀ, ਜੋ ਅੰਮ੍ਰਿਤਸਰ ਜ਼ਿਲ੍ਹੇ ਦੇ ਇੰਚਾਰਜ ਸਨ, ਇਸ ਦੇ ਨਾਲ ਸਹਿਮਤ ਹੋਣਗੇ ਮੈਂ ਪੁਛਣਾ ਚਾਹਵਾਂਗੀ ਕਿ ਜ਼ਿਲ੍ਹਾ ਗਰੀਵੈਂਸਿਜ਼ ਕਮੇਟੀ ਅਤੇ ਪਲੈਨਿੰਗ ਬੋਰਡ ਦੀਆਂ ਮੀਟਿੰਗਾਂ ਨਾ ਕਰਨ ਦਾ ਕਾਰਣ ਹਾਲਾਤ ਦਾ ਠੀਕ ਨਾ ਹੋਣਾ ਦੱਸਿਆ ਗਿਆ ਹੈ, ਪਰ ਹਕੀਕਤ ਕੁਝ ਹੋਰ ਹੀ ਹੈ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦੀ ਹਾਂ ਕਿ ਜਦੋਂ ਮੰਤਰੀ ਜੀ ਇਨ੍ਹਾਂ ਮੀਟਿੰਗਾਂ ਨੂੰ ਅਟੈਂਡ ਕਰਨ ਲਈ ਜਾਂਦੇ ਹਨ ਤਾਂ ਉਨ੍ਹਾਂ ਨੇ ਪਹਿਲਾਂ ਹੀ ਹੋਰ ਵੀ ਪ੍ਰੋਗਰਾਮ ਰੱਖੇ ਹੁੰਦੇ ਹਨ। ਉਨ੍ਹਾਂ ਪ੍ਰੋਗਰਾਮਾਂ ਦੇ ਨਾਲ ਹੀ ਇਹ ਮੀਟਿੰਗ ਦੀ ਤਾਰੀਖ ਰੱਖ ਲਈ ਜਾਂਦੀ ਹੈ ਅਤੇ ਕਈ ਵਾਰ ਕਾਹਲੀ ਕਾਹਲੀ ਮੰਤਰੀ ਜੀ ਵਾਪਸ ਆ ਜਾਂਦੇ ਹਨ। ਪਿਛਲੀ ਵਾਰ ਇਹ ਕਹਿਕੇ ਆਏ ਸਨ ਕਿ ਜੇਕਰ ਉਹ ਹਾਜ਼ਰ ਵੀ ਨਾ ਹੋ ਸਕਣ ਤਾਂ ਡਿਪਟੀ ਕਮਿਸ਼ਨਰ ਨੂੰ ਇਹ ਮੀਟਿੰਗ ਸੱਦਣ ਦਾ ਹੱਕ ਹੈ। ਅਸੀਂ ਮੰਤਰੀ ਜੀ ਨੂੰ ਇਹ ਕਹਿਣਾ ਚਾਹੁੰਦੇ ਹਾਂ ਕਿ ਇਹ ਗੱਲ ਯਕੀਨੀ ਬਣਾਈ ਜਾਵੇ ਕਿ ਨਿਰਧਾਰਤ ਡੇਟ ਤੇ ਮੀਟਿੰਗ ਹਰ ਹਾਲਤ ਵਿੱਚ ਹੋਵੇ ਅਤੇ ਜੇ ਉਸ ਦਿਨ ਛੁੱਟੀ ਆ ਜਾਵੇ ਤਾਂ ਉਸ ਤੋਂ ਅਗਲੇ ਦਿਨ ਮੀਟਿੰਗ ਹਰ ਹਾਲਤ ਵਿੱਚ ਹੋਵੇ।

ਸ੍ਰੀ ਸਪੀਕਰ : ਪੰਡਿਤ ਜੀ, ਇਸ ਦਾ ਜਵਾਬ ਦਿਤਾ ਜਾਵੇ।

ਮੰਤਰੀ : ਸਪੀਕਰ ਸਾਹਿਬ, ਮੈਂ ਤਾਂ ਕਲੀਅਰ ਕਰ ਚੁੱਕਾ ਹਾਂ। ਇਨ੍ਹਾਂ ਦੀ ਸੋਚ ਵੀ ਠੀਕ ਹੈ। ਸਰਦਾਰ ਬੇਅੰਤ ਸਿੰਘ ਜੀ ਦੀ ਅਗਵਾਈ ਹੇਠ ਸਰਕਾਰ ਨੇ ਇਹ ਸੋਚਿਆ ਹੈ ਕਿ ਗਰੀਵੈਂਸਿਜ ਕਮੇਟੀ ਦੀ ਮੀਟਿੰਗ ਹਰ ਮਹੀਨੇ ਹੋਣੀ ਚਾਹੀਦੀ ਹੈ। ਇਹ ਬਿਲਕੁਲ ਕਲੀਅਰ ਫੈਸਲਾ ਹੈ। ਸਾਡੇ ਕੋਲ ਜੋ ਰਿਕਾਰਡ ਸੀ, ਮੈਂ ਦੇ ਚੁੱਕਾ ਹਾਂ। ਇਸ ਸਾਲ ਵੀ ਇਸ ਗੱਲ ਨੂੰ ਧਿਆਨ ਵਿਚ ਰੱਖਾਂਗੇ ਕਿ ਮੀਟਿੰਗਾਂ ਬਿਲਕੁਲ ਠੀਕ ਸਮੇਂ ਸਿਰ ਹੋਣ। ਇਹ ਸਾਲ ਬੜੇ ਤਕੜਿਆਂ ਹੋ ਕੇ ਮਨਾਉਣਾ ਹੈ। ਲੋਕਾਂ ਦੀਆਂ ਜਿਹੜੀਆਂ ਸ਼ਿਕਾਇਤਾਂ ਹਨ, ਜਿਹੜੀਆਂ ਤਕਲੀਫਾਂ ਹਨ, ਉਨ੍ਹਾਂ ਨੂੰ ਦੂਰ ਕਰਨਾ ਹੈ।

ਅੰਮ੍ਰਿਤਸਰ ਸ਼ਹਿਰ ਵਿਚ ਲੜਕਿਆਂ ਲਈ ਕਾਲਜ਼ ਖੋਲ੍ਹਣਾ

*853. ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ: ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਅੰਮ੍ਰਿਤਸਰ ਸ਼ਹਿਰ ਵਿਚ ਲੜਕਿਆਂ ਲਈ ਸਰਕਾਰੀ ਕਾਲਜ ਖੋਲ੍ਹਣ ਦਾ ਵੀਚਾਰ ਰੱਖਦੀ ਹੈ। ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਕਦੋਂ ਤੱਕ ਸ਼ੁਰੂ ਹੋਣ ਦੀ ਸੰਭਾਵਨਾ ਹੈ?

ਸ੍ਰੀ ਹਰਨਾਮ ਦਾਸ ਜੌਹਰ : ਨਹੀਂ ਜੀ।

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਕੁਝ ਸਮਝ ਨਹੀਂ ਆਇਆ ।

ਸ੍ਰੀ ਸਪੀਕਰ : ਤੁਸੀਂ ਆਪਣੀ ਸਪਲੀਮੈਂਟਰੀ ਪੁੱਛੋ ।

The Speaker will take care of his own self.

श्रीमति लक्ष्मी कांता चावला : अध्यक्ष महोदय, मैं आप के द्वारा मंत्री महोदय से यह पूछना चाहती हूं कि आज शिक्षा भी मंहगी है और ज़बरी दान कैपीटेशन फीस भी ली जाती है । क्या मंत्री जी भरोसा देंगे कि अमृतसर में लड़कों का कालेज जल्दी खोला जाएगा ।

मंत्री : अमृतसर में पहले ही लड़कों के कालेज बहुत हैं । इसलिए और नये कालेज खोलने की ज़रुरत नहीं है ।

They are not less than Government Colleges.

श्रीमति लक्ष्मी कांता चावला : अध्यक्ष महोदय, मैं आप के द्वारा बड़े दायित्व के साथ पूछना चाहती हूं कि इन को यह गलत जानकारी कहां से मिली कि अमृतसर में लड़कों के गर्वनमैंट कालेज काफी हैं ।

ਮੰਤਰੀ : ਸਪੀਕਰ ਸਾਹਿਬ, ਮੇਰਾ ਮਤਲਬ ਹੈ ਕਿ ਅੰਮ੍ਰਿਤਸਰ ਦੇ ਅੰਦਰ ਤਿੰਨ ਲੜਕਿਆਂ ਦੇ ਕਾਲਜ ਹਨ । ਗੌਰਮਿੰਟ ਇਨ੍ਹਾਂ ਕਾਲਜਾਂ ਨੂੰ 95% ਗਰਾਂਟਸ ਦਿੰਦੀ ਹੈ ।

श्रीमति लक्ष्मी कांता चावला : अध्यक्ष महोदय, मेरा यही प्रश्न है कि क्या मंत्री जी की जानकारी सही है कि They are not less than Government Colleges. यह कालेजों के बारे में सदन को गलत जानकारी न दें ।

ਸ੍ਰੀ ਸਪੀਕਰ : ਪ੍ਰੋਫੈਸਰ ਚਾਵਲਾ ਜੀ, ਤੁਸੀਂ ਆਪਣਾ ਸਪੈਸੇਫਿਕ ਸਵਾਲ ਕਲੀਅਰ ਨਹੀਂ ਕੀਤਾ ।

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸ੍ਰੀਮਾਨ ਜੀ, ਮੇਰਾ ਸਵਾਲ ਹੈ ਕਿ ਜਿਵੇਂ ਇਨ੍ਹਾਂ ਨੇ ਕਿਹਾ ਹੈ ਕਿ ਉਥੇ ਤਿੰਨ ਲੜਕਿਆਂ ਦੇ ਕਾਲਜ ਹਨ ਅਤੇ ਇਹ ਵੀ ਕਿਹਾ ਹੈ ਕਿ ਇਹ ਨਾਟ ਲੈਸ ਦੈਨ ਗੌਰਮਿੰਟ ਕਾਲਜਿਜ਼ ਹਨ। ਮੈਂ ਪੁੱਛਣਾ ਚਾਹੁੰਦੀ ਹਾਂ ਕਿ ਗੌਰਮਿੰਟ ਕਾਲਜ ਅਤੇ ਨਾਟ ਲੈਸ ਦੈਨ ਗੌਰਮਿੰਟ ਕਾਲਜਿਜ਼ ਵਿਚ ਕੀ ਅੰਤਰ ਹੈ ?

Mr. Speaker: What is the difference between Government College and Private College?

ਮੰਤਰੀ : ਸਪੀਕਰ ਸਾਹਿਬ, ਇਹ ਜੋ ਪੁੱਛਣਾ ਚਾਹੁੰਦੇ ਹਨ, ਉਸ ਬਾਰੇ ਮੇਰੇ ਪਲੇ ਕੁਝ ਨਹੀਂ ਪਿਆ ।

Mr. Speaker. Johr Sahib, please ਮੈਂ ਤੁਹਾਨੂੰ ਬਤੌਰ ਐਜੂਕੇਸ਼ਨ ਮਨਿਸਟਰ ਵਜੋਂ ਇਹੀ ਰਿਕੁਐਸਟ ਕਰਾਂਗਾ ਕਿ ਜਵਾਬ ਦੇਣ ਵੇਲੇ ਇੰਨਾ ਨਾਨ-ਸੀਰੀਅਸ ਐਟੀਚਿਊਡ ਬਿਲਕੁਲ ਨਾ ਵਰਤਿਆ, ਕਰੋ ।

[Mr. Speaker]

It is the duty of the Minister to try to satisfy all the opposition Members and even the members of the Treasury Benches.

ਡਾਕਟਰ ਰਮੇਸ਼ ਦੱਤ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਅੰਮ੍ਰਿਤਸਰ ਵਿਚ ਲੜਕਿਆਂ ਦੇ ਸਰਕਾਰੀ ਕਾਲਜ ਕਿੰਨੇ ਹਨ ?

ਮੰਤਰੀ : ਸਪੀਕਰ ਸਾਹਿਬ, ਸਰਕਾਰੀ ਕਾਲਜ ਉਥੇ ਲੜਕਿਆਂ ਦੀ ਕੋਈ ਨਹੀਂ ਹੈ । 95 ਫੀਸਦੀ ਏਡਿਡ ਕਾਲਜ ਹਨ ਅਤੇ ਕਾਲਜਾਂ ਦੀ ਗਿਣਤੀ 3 ਹੈ ।

Shri Madan Mohan Mittal: The Ministers has said "Not less than Government Colleges". He has taken the private managed Colleges and Government colleges at par. It is a statement on the floor of the House. ਜੋ ਉਥੇ ਪ੍ਰਾਈਵੇਟ ਕਾਲਜ ਹਨ, ਭਾਵੇਂ ਉਨ੍ਹਾਂ ਨੂੰ 95 ਫੀਸਦੀ ਗਰਾਂਟ ਮਿਲਦੀ ਹੈ ਤੇ ਭਾਵੇਂ 97 ਫੀਸਦੀ ਮਿਲਦੀ ਹੈ, ਕੀ ਉਹ ਫੈਸਿਲਿਟੀਜ਼ ਦੇਣਗੇ ਜਿਹੜੀਆਂ ਕਿ ਗੌਰਮਿੰਟ ਕਾਲਜ ਦੇ ਟੀਚਰਜ਼ ਨੂੰ ਅਵੇਲੇਬਲ ਹਨ ?

ਮੰਤਰੀ : ਸਪੀਕਰ ਸਾਹਿਬ, ਜਿਹੜੀ ਟੀਚਰਜ਼ ਤਨਖਾਹ ਲੈਂਦੇ ਹਨ ਉਹ ਉਨੀ ਤਨਖਾਹ ਲੈਂਦੇ ਹਨ ਜਿੰਨੀ ਸਰਕਾਰੀ ਕਾਲਜਾਂ ਵਿੱਚ ਹੈ ਔਰ ਉਸ ਵਿੱਚ 95 ਫੀਸਦੀ ਗਰਾਂਟ ਸਰਕਾਰ ਦਿੰਦੀ ਹੈ ਫੈਸੀਲਿਟੀਜ਼ ਉਹ ਸਾਰੀਆਂ ਦਿੱਤੀਆਂ ਜਾਂਦੀਆਂ ਹਨ ਜਿਹੜੀਆਂ ਗੌਰਮਿੰਟ ਕਾਲਜਾਂ ਦੇ ਟੀਚਰਾਂ ਨੂੰ ਦਿੱਤੀਆਂ ਜਾਂਦੀਆਂ ਹਨ ।

ਸ੍ਰੀ ਸਪੀਕਰ : ਇਸ ਦੇ ਵਿੱਚ ਟੀਚਰਜ਼ ਦਾ ਸਵਾਲ ਨਹੀਂ, ਸਟੂਡੈਂਟਸ ਦਾ ਵੀ ਸਵਾਲ ਹੈ। ਟੀਚਰਜ਼ ਅਤੇ ਸਟੂਡੈਂਟਸ ਦੋਨੋਂ ਇਸ ਵਿੱਚ ਇਨਵਾਲਡ ਹਨ। ਆਇਆ ਸਟੂਡੈਂਟਸ ਨੂੰ ਫੈਸਿਲਿਟੀਜ਼ ਉਹੀ ਹਾਸਲ ਹਨ ਜੋ ਗੌਰਮਿੰਟ ਦੇ ਕਾਲਜ ਦੇ ਸਟੂਡੈਂਟਸ ਨੂੰ ਹਾਸਲ ਹਨ ? (ਵਿਘਨ)

ਸ੍ਰੀ ਮਦਨ ਮੋਹਨ ਮਿੱਤਲ: ਜੋ ਫੈਸਿਲਿਟੀਜ਼ ਗੌਰਮਿੰਟ ਕਾਲਜ ਵਿੱਚ ਹਨ, ਉਹ ਪ੍ਰਾਈਵੇਟ ਕਾਲਜ ਵਿੱਚ ਮਿਲਦੀਆਂ ਹਨ? (ਵਿਘਨ)

ਮੰਤਰੀ : ਫੈਸਿਲਿਟੀਜ਼ ਬਰਾਬਰ ਹਨ ।

(At this stage a number of Hon'ble Members were on their legs to put their supplementaries, and there were noises in the House)

Mr. Speaker: Please, one at a time. Please sit down. Shrimati Dang, your supplementary please.

Shrimati Vimla Dang : Sir . . .

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਫੀਸ ਕਿੰਨੀ ਲੈਣਗੇ ਉਨ੍ਹਾਂ ਪ੍ਰਾਈਵੇਟ ਕਾਲਜਾਂ ਦੇ ਬੱਚਿਆਂ ਦੇ (ਵਿਘਨ)

Mr. Speeker : No interruption. I have already called Mrs. Dang to put her supplemantary.

ਸ੍ਰੀਮਤੀ ਵਿਮਲਾ ਡਾਂਗ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਸਿਰਫ ਇਹ ਪੁੱਛਣਾ ਚਾਹੁੰਦੀ ਹਾਂ ਕਿ ਮਸਲਾ ਟੀਚਰਜ਼ ਇਕੱਲੇ ਦਾ ਨਹੀਂ, ਉਨ੍ਹਾਂ ਗਰੀਬ ਬੱਚਿਆਂ ਦਾ ਵੀ ਹੈ ਜਿਹੜੇ ਪਿੰਡਾਂ ਤੋਂ, ਦੂਰ ਦੁਰਾਡੇ ਤੋਂ ਆ ਕੇ ਪ੍ਰਾਈਵੇਟ ਕਾਲਜਾਂ ਵਿੱਚ ਜ਼ਿਆਦਾ ਫੀਸਾਂ ਦਿੰਦੇ ਹਨ, ਕੈਪੀਟੇਸ਼ਨ ਫੀਸ ਦਿੰਦੇ ਹਨ , ਜ਼ਿਆਦਾ ਚਾਰਜਿਜ਼ ਦਿੰਦੇ ਹਨ ਔਰ ਭਾੜੇ ਖ਼ਰਚ ਕੇ ਆਉਂਦੇ ਹਨ। ਇਸ ਕਰਕੇ ਕੀ ਉਥੇ ਗੌਰਮਿੰਟ ਕਾਲਜ ਖੋਲ੍ਹਣ ਵਾਸਤੇ, ਇਨ੍ਹਾਂ ਡਿਫੀਕਲਟੀਜ਼ ਨੂੰ ਦੇਖਦੇ ਹੋਏ ਹਮਦਰਦੀ ਨਾਲ ਵਿਚਾਰਨਗੇ ?

ਮੰਤਰੀ : ਸਪੀਕਰ ਸਾਹਿਬ, ਜਿਥੋਂ ਤਕ ਫੀਸ ਦਾ ਸਵਾਲ ਹੈ ਉਹ ਯੂਨੀਵਰਸਿਟੀ ਵਲੋਂ 20 ਫਿਕਸਡ ਹੈ। ਹੋਰ ਫੈਸਿਲਿਟੀਜ਼ ਜਿਹੜੀਆਂ ਹਨ ਇਹ ਪੁੱਛਣਾ ਚਾਹੁੰਦੇ ਹਨ, ਵੱਖਰਾ ਸਵਾਲ ਕਰ ਦੇਣ ਕਿ ਕਿਹੜੀਆਂ ਕਿਹੜੀਆਂ ਫੈਸਿਲਿਟੀਜ਼ ਇਹ ਜਾਣਨਾ ਚਾਹੁੰਦੇ ਹਨ।

Mr. Speaker : Next Question. Sardar Nirmal Singh Nimma.

Shri Madan Mohan Mittal : Sir . . .

(At this stage a number of hon' members were standing to ask supplementaries.) (Interruption-Noise)

Mr. Speaker : I have already allowed many supplementaries. No more supplementary please. I have already called Sardar Nirmal Singh Nimma. It is my request please sit down. Shri Nimma Ji, you please put your question.

ਅਨੁਸੂਚਿਤ ਜਾਤਿਆਂ ਅਤੇ ਪਛੜੀਆਂ ਸ਼ਰੇਣੀਆਂ ਦੇ ਵਿਦਿਆਰਥੀਆਂ ਨੂੰ ਵਜੀਫੇ ਦੀ ਅਦਾਇਗੀ

*837. **ਸਰਦਾਰ ਨਿਰਮਲ ਸਿੰਘ ਨਿੰਮਾ**: ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਵਿੱਤੀ ਸਾਲ 1991-92 ਦੇ ਦੌਰਾਨ ਅਨੁਸੂਚਿਤ ਜਾਤੀਆਂ ਦੇ ਯੋਗ ਵਿਦਿਆਰਥੀਆਂ ਤੋਂ ਵਜੀਫਾ ਲੈਣ ਲਈ ਕੋਈ ਦਰਖਾਸਤਾਂ ਪ੍ਰਾਪਤ ਹੋਈਆਂ, ਜੇਕਰ ਅਜਿਹਾ ਹੋਵੇ ਤਾਂ ਕੀ ਵਜੀਫੇ ਨੂੰ ਮਨਜ਼ੂਰ ਕਰਦਿਆਂ ਲੋੜੀਂਦੇ ਹੁਕਮ ਜਾਰੀ ਕਰ ਦਿੱਤੇ ਗਏ ਹਨ ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਦਰਖਾਸਤਾਂ ਵਿਚੋਂ ਕੋਈ ਦਰਖਾਸਤਾਂ ਰੱਦ ਕੀਤੀਆਂ ਗਈਆਂ ਹਨ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕੀ ਕਾਰਨ ਹਨ ?

ਸ਼੍ਰੀ ਹਰਨਾਮ ਦਾਸ ਜੌਹਰ : (ੳ) ਹਾਂ ਜੀ ।

(ਅ) ਹਾਂ ਜੀ। ਡੀ.ਪੀ.ਆਈ. (ਕਾਲਜਾਂ ਵਲੋਂ ਅਰਜੀਆਂ ਦੇਣ ਦੇ ਕੱਟ ਆਫ ਡੇਟ ਯਾਨੀ 28 ਫਰਵਰੀ, 1992 ਤੋਂ ਬਾਅਦ ਪ੍ਰਾਪਤ ਹੋਈਆਂ ਅਰਜ਼ੀਆਂ।

ਸਰਦਾਰ ਨਿਰਮਲ ਸਿੰਘ ਨਿੰਮਾ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਜਵਾਬ ਵਿਚ ਦਿੱਤਾ ਹੈ ਕਿ ਵਜ਼ੀਫਿਆਂ ਲਈ ਬੜੀਆਂ ਅਰਜ਼ੀਆਂ ਪ੍ਰਾਪਤ ਹੋਈਆਂ ਅਤੇ ਮਨਜ਼ੂਰ ਕਰ ਦਿਤੀਆਂ, ਔਰ ਜਿਹੜੀਆਂ ਅਰਜ਼ੀਆਂ 28 ਫਰਵਰੀ, 1992 ਦੇ ਬਾਅਦ ਆਈਆਂ ਉਹ ਰੱਦ ਕਰ ਦਿਤੀਆਂ। ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਪਿਛਲੇ ਅਰਸੇ ਯਾਨੀ ਸਾਲ 1990-91, 1991-92 ਅਤੇ 1992-93 ਦੇ ਦੌਰਾਨ ਜਿਹੜੇ ਵਜ਼ੀਫੇ ਮਿਲਣੇ ਸੀ, ਉਨ੍ਹਾਂ ਨੂੰ ਅਜੇ ਤਕ ਨਹੀਂ ਮਿਲੇ, ਇਸ ਦੇ ਕੀ ਕਾਰਣ ਹਨ? ਦੂਸਰੇ ਜਿਨ੍ਹਾਂ ਕਰਮਚਾਰੀਆਂ ਨੇ ਲੇਟ ਅਰਜ਼ੀਆਂ ਭੇਜੀਆਂ, ਉਨ੍ਹਾਂ ਦੇ ਵਿਰੁੱਧ ਇਹ ਕੀ ਕਾਰਵਾਈ ਕਰਨਗੇ?

ਮੰਤਰੀ : ਸਪੀਕਰ ਸਾਹਿਬ, ਟੋਟਲ ਦਰਖਾਸਤਾਂ 3,72,907 ਪਹੁੰਚੀਆਂ। ਸਕੂਲਾਂ ਦੀਆਂ 3,65,910 ਅਤੇ ਕਾਲਜਾਂ ਦੀਆਂ 16,997 । ਸਕੂਲਾਂ ਦੇ ਵਜ਼ੀਫੇ ਸੈਂਟ ਪਰਸੈਂਟ ਦੇ ਦਿੱਤੇ ਗਏ । ਐਪਲੀਕੇਸ਼ਨਜ਼ ਦੇਣ ਦੀ ਡੇਟ ਫਿਕਸ ਕਰ ਦਿਤੀ ਗਈ ਸੀ 28 ਫਰਵਰੀ, 1992 । 28 ਫਰਵਰੀ, 1992 ਤੋਂ ਬਾਅਦ ਕੋਈ 74 ਦਰਖਾਸਤਾਂ ਆਈਆਂ, ਉਹ ਚੂੰਕਿ ਲੇਟ ਆਈਆਂ ਸਨ ਇਸ ਕਰਕੇ ਕੋਈ ਵਜ਼ੀਫੇ ਨਹੀਂ ਦਿਤੇ ਗਏ ।

(At this stage a number of Hon. Members were on their legs for putting supplementaries) (Interruptions.............Noise..........)

Mr. Speaker : Question Hour is over. The remaining questions shall be deemed to have been answered under Rule 38 of the Rules of Procedure and Conduct of Business in the Punjab Vidhan Sabha (Punjab Legislative Assembly). (Interruptions..........Noises..........)

WRITTEN ANSWERS TO STARRED QUESTIONS LAID ON TABLE OF THE HOUSE UNDER RULE 38

ਬੁਢਾਪਾ ਪੈਨਸ਼ਨ, ਵਿਧਵਾ ਪੈਨਸ਼ਨ ਅਤੇ ਅਪਾਹਜ ਵਿਅਕਤੀਆਂ ਦੀਆਂ ਪੈਨਸ਼ਨਾਂ ਦੇ ਪ੍ਰਚਲਿਤ ਦਰ

*813. **ਸਰਦਾਰ ਅਵਤਾਰ ਸਿੰਘ ਕਰੀਮਪੁਰੀ:** ਕੀ ਸਮਾਜ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਬੁਢਾਪਾ ਪੈਨਸ਼ਨ, ਵਿਧਵਾ ਪੈਨਸ਼ਨ ਅਤੇ ਅਪਾਹਜ਼ ਵਿਆਕਤੀਆਂ ਦੀ ਪੈਨਸ਼ਨ ਦੇ ਮੌਜੂਦਾ ਦਰ ਕੀ ਹਨ ਅਤੇ ਇਹ ਦਰ ਕਦੋਂ ਤੋਂ ਲਾਗੂ ਹਨ ?

ਸ੍ਰੀ ਬ੍ਰਹਮ ਮਹਿੰਦਰਾ : ਇਸ ਸਮੇਂ ਬੁਢਾਪਾ ਪੈਨਸ਼ਨ, ਵਿਧਵਾ ਤੇ ਨਿਆਸ਼ਰਿਤ ਔਰਤਾਂ ਨੂੰ ਵਿੱਤੀ ਸਹਾਇਤਾ ਅਤੇ ਅਪੰਗ ਵਿਅਕਤੀਆਂ ਨੂੰ ਵਿੱਤੀ ਸਹਾਇਤਾ ਸਕੀਮ ਅਧੀਨ 150 ਰੁ: ਪ੍ਰਤੀ ਮਹੀਨਾ ਦੀ ਦਰ ਨਾਲ ਪੈਨਸ਼ਨ/ਵਿੱਤੀ ਸਹਾਇਤਾ ਦਿੱਤੀ ਜਾ ਰਹੀ ਹੈ । ਇਹ ਮੌਜੂਦਾ ਦਰਾਂ ਮਿਤੀ 1 ਅਕਤੂਬਰ, 1992 ਤੋਂ ਲਾਗੂ ਹਨ ।

ਸਿਵਲ ਸਕੱਤਰੇਤ ਦਰਜਾ II ਅਧਿਕਾਰੀਆਂ ਦੀਆਂ ਜਾਇਦਾਦਾਂ ਸਬੰਧੀ ਸਟੇਟਮੈਂਟਾਂ

*750. **ਸ੍ਰੀ ਮਦਨ ਮੋਹਨ ਮਿੱਤਲ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਪੰਜਾਬ ਸਿਵਲ ਸਕੱਤਰੇਤ ਦੇ ਦਫਤਰਾਂ ਵਿਚ ਇਸ ਸਮੇਂ ਕੁੱਲ ਕਿੰਨੇ ਦਰਜਾ II ਦੇ ਅਫਸਰ ਕੰਮ ਕਰ ਰਹੇ ਹਨ;

(ਅ) ਕੀ ਉਪ੍ਰੋਕਤ ਭਾਗ (ੳ) ਵਿਚ ਵਰਣਿਤ ਸਾਰੇ ਅਫਸਰਾਂ ਨੇ ਆਪਣੀਆਂ ਜਾਇਦਾਦਾਂ ਸਬੰਧੀ ਸਟੇਟਮੈਂਟਾਂ ਸਰਕਾਰ ਨੂੰ ਪੇਸ਼ ਕਰ ਦਿੱਤੀਆਂ ਹਨ ?

ਸਰਦਾਰ ਬੇਅੰਤ ਸਿੰਘ : (ੳ) 174.

(ਅ) ਨਹੀਂ ਜੀ ।

ਜਿਨ੍ਹਾਂ ਕਿਸਾਨਾਂ ਦੀ ਜਮੀਨ ਕੰਡੇਦਾਰ ਤਾਰ ਲਗਾਉਣ ਲਈ ਪ੍ਰਾਪਤ ਕੀਤੀ ਗਈ ਉਨ੍ਹਾਂ ਨੂੰ ਮੁਆਵਜੇ ਦੀ ਅਦਾਇਗੀ

*819. **ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਨੇ, ਜਿਨ੍ਹਾਂ ਕਿਸਾਨਾਂ ਦੀ ਜਮੀਨ ਜ਼ਿਲ੍ਹਾ ਅੰਮ੍ਰਿਤਸਰ ਦੇ ਨਾਲ ਨਾਲ ਲਗਦੀ ਭਾਰਤ-ਪਾਕ ਸੀਮਾ ਤੇ ਕੰਡੇਦਾਰ ਤਾਰ ਲਗਾਉਣ ਲਈ ਪ੍ਰਾਪਤ ਕੀਤੀ ਗਈ ਹੈ, ਉਨ੍ਹਾਂ ਨੂੰ ਕੋਈ ਮੁਆਵਜਾ ਦੇ ਦਿੱਤਾ

ਹੈ; ਜੇਕਰ ਅਜਿਹਾ ਹੋਵੇ, ਤਾਂ ਜ਼ਿਲ੍ਹਾ ਅੰਮ੍ਰਿਤਸਰ ਵਿਚ ਪ੍ਰਾਪਤ ਕੀਤੀ ਗਈ ਜ਼ਮੀਨ ਅਤੇ ਅਦਾ ਕੀਤੇ ਗਏ ਮੁਆਵਜ਼ੇ ਦੇ ਪਿੰਡ ਵਾਰ ਵੇਰਵੇ ਕੀ ਹਨ ਅਤੇ ਬਾਕੀ ਰਹਿੰਦੇ ਕਿਸਾਨਾਂ ਨੂੰ ਮੁਆਵਜ਼ੇ ਦੀ ਅਦਾਇਗੀ ਕਰਨ ਲਈ ਕੀ ਕਾਰਵਾਈ ਕੀਤੀ ਜਾ ਰਹੀ ਹੈ ?

Sardar Beant Singh : An amount of Rs 93, 50,399.15 has been paid as compensation to the farmers whose land has been acquired for raising the barbed wire fence on the Indo-Pak border along the periphery of District Amritsar. The total land acquired is 252 acres. Village-wise details of the compensation paid and the compensation due in District Amritsar are given in the statement which is laid on the table of the House. Village-wise details of area acquired are being collected. The remaining cases of payment of compensation held up due to reasons such as non-settlement of mutations non availabilibity of owners, etc. are being attended to for early Settlement.

Statement

Names of Border villages of District Amritsar where lands have been acquired for erection of barbed wire fence along the border		Village-wise quantum of compensation sanctioned (in rupees)	The amount of compensation disbursed Village-wise upto (in rupees)	Compensation pending for disbursement as on (in rupees)
1	2	3	4	5
1.	Aarzi Kassowala ..	77,125.00	75,575.00	1,550.00
2.	Bhindi Nain ..	4,22,668.75	7,149.28	4,15,519.47
3.	Bal Labhe Derya ..	11,718.75	11,718.75	..
4.	Saidpur Kalan ..	1,59,750.00	90,175.00	3,69,75.00
5.	Lodhi Gujjar ..	90,406.25	99,406.25	..
6.	Sunder Garh ..	53,000.00	53,000.00	..
7.	Saharan ..	61,093.00	31,093.00	30,000.00
8.	Mulla Kot ..	3,22,656.25	3,01,305.68	21,350.57
9.	Punjgarivala ..	15,312.50	15,312.50	..
10.	Odder ..	3,76,812.50	3,46,875.00	29,937.50
11.	Chuck Alla Bux ..	2,09,751.00	2,09,751 00	..
12.	Bhindi Aulakh Kalan ..	20,250.00	20,250.00	..
13.	Gaggar ..	92,500.00	89,125.00	3,375.00
14.	Shahjada-bad ..	86,500.00	83,531 25	2,968.75
15.	Wadai Cheema ..	2,75,460 75	10,000.00	2,65,468.75
16.	Ranian ..	6,81,625.00	6,50,005.75	22,619.25
17.	Kakkar ..	5,75,187.50	5,51,893.75	23,293.75
18.	Manj ..	3,04,906.25	2,90,281.25	14,625.00
19.	Bohgan ..	1,07,843.75	69,473.94	38,369.81
20.	Dadra ..	27,625.00	13,813.50	13,811.50

[Chief Minister]

1	2	3	4	5
21.	Kassowala ..	1,61,156.25	1,50,968.75	10,187.50
22.	Toot ..	1,74,862.25	59,169.49	1,15,692.76
23.	Dhariwal ..	1,07,843.75	96,319.58	11,524.17
24.	Singhoke ..	3,250.00	..	3,250.00
25.	Arazi Saharan ..	2,38,625.00	2,32,984.28	5,640.72
26.	Gumrai ..	25,781.25	25,781.25	..
27.	Vehhra ..	2,09,531.25	2,09,531.25	..
28.	Darya Mansoor ..	91,187.50	..	91,187.50
29.	Burj ..	2,26,375.00	21,375.00	2,05,000.00
30.	Dug ..	2,93,843.75	2,29,245.50	64,598.25
31.	Gulgarh ..	27,031.25	27,031.25	..
32.	Bhindi Aulakh Khurd ..	58,375.00	58,375.00	..
33.	Behlol ..	2,00,010.00	..	2,00.010.00
34.	Ballarwal ..	3,00,000.00	..	3,00,000.00
35.	Bhaini Gill ..	5,00,000.00	..	5,00,000.00
36.	Bhanian ..	2,14,302.50	..	2,14,302.50
37.	Dhian Singh purs ..	5,00,000.00	..	5,00,000.00
38.	Bhanoe Kalan ..	5,30,104.00	4,44,141.71	
39.	Roranwal ..	..	34,600.00	25,862.29
40.	Attari ..	..	25,500.00	
41.	Naushehra ..	4,81,195.00	4,80,374.98	820.02
42.	Dhallah ..	3,03,701.00	3,02,250.00	1,451.00
43.	Gazzal ..	5,48,906.25	3,65,461.67	1,83,444.50
44.	Mehndipur-I ..	12,90,531.00	10,03,437.25	2,87,093.75
45.	Mehnipur-II ..	9,45,306.25	6,61,464.33	2,83,841.92
46.	Machhike ..	2,70,000.00	2,69,250.00	750.00
47.	Jhugian Natha Singh ..	45,312.00	43,124.50	2,187.50
48.	Jhugian Nur Mohmd. ..	2,41,000.00	1,39,375.00	1,01,625.00
49.	Mohmdiwala ..	2,21,752.00	1,53,156.25	68,595.75
50.	Mi.n wala ..	1,250.00	1,250.00	..
51.	Rattoke-I ..	9,26,767.35	5,59,298.26	3,67,469.09
52.	Rattoke-II ..	8,39,800.15	7,36,997.95	1,02,802.20
		1,39,50,000.00	93,50,399.15	46,99,600.85

ਜ਼ਿਲ੍ਹਾ ਮਾਨਸਾ ਵਿਚ ਐਸ.ਪੀ.ਓਜ਼. ਦੀ ਭਰਤੀ

*788. **ਸਰਦਾਰ ਸੁਰਜਨ ਸਿੰਘ**: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਨਵੇਂ ਬਣਾਏ ਜ਼ਿਲ੍ਹਾ ਮਾਨਸਾ ਵਿੱਚ ਹੁਣ ਤੱਕ ਕਿੰਨੇ ਨਵੇਂ ਐਸ.ਪੀ.ਓਜ਼ ਭਰਤੀ ਕੀਤੇ ਗਏ ਅਤੇ ਉਕਤ ਜ਼ਿਲ੍ਹਾ ਵਿੱਚ ਨੇੜਲੇ ਭਵਿੱਖ ਵਿੱਚ ਹੋਰ ਕਿੰਨੇ ਐਸ.ਪੀ.ਓਜ਼ ਭਰਤੀ ਕੀਤੇ ਜਾਣ ਦੀ ਸੰਭਾਵਨਾ ਹੈ?

ਸਰਦਾਰ ਬੇਅੰਤ ਸਿੰਘ : ਮਿਤੀ 13 ਅਪ੍ਰੈਲ, 1992 ਨੂੰ ਮਾਨਸਾ ਜ਼ਿਲ੍ਹਾ ਸਦਰ ਮੁਕਾਮ ਬਣਾਇਆ ਗਿਆ। ਇਸ ਜ਼ਿਲ੍ਹੇ ਨੂੰ 340 ਸਪੈਸ਼ਲ ਪੁਲਿਸ ਅਫਸਰਾਂ ਦੀਆਂ ਆਸਾਮੀਆਂ ਦਿੱਤੀਆਂ ਗਈਆਂ ਸਨ ਜਿਨ੍ਹਾਂ ਵਿਚੋਂ 111 ਐਸ.ਪੀ.ਓਜ਼ ਜ਼ਿਲ੍ਹਾਂ ਬਠਿੰਡਾ ਤੋਂ ਜ਼ਿਲ੍ਹਾ ਮਾਨਸਾ ਨੂੰ ਤਬਦੀਲ ਕੀਤੇ ਗਏ ਅਤੇ ਬਾਕੀ 229 ਸਪੈਸ਼ਲ ਪੁਲਿਸ ਅਫਸਰ ਐਸ.ਐਸ.ਪੀ./ਮਾਨਸਾ ਨੇ ਭਰਤੀ ਕੀਤੇ । ਹੁਣ ਜ਼ਿਲ੍ਹਾ ਮਾਨਸਾ ਵਿਖੇ ਸਪੈਸ਼ਲ ਪੁਲਿਸ ਅਫਸਰਾਂ ਦੀਆਂ 5 ਆਸਾਮੀਆਂ ਖਾਲੀ ਹਨ, ਪਰੰਤੂ ਇਹ ਆਸਾਮੀਆਂ ਭਰੀਆਂ ਨਹੀਂ ਜਾ ਰਹੀਆਂ ਕਿਉਂਕਿ ਸਪੈਸ਼ਲ ਪੁਲਿਸ ਅਫਸਰਾਂ ਦੀ ਭਰਤੀ ਬੰਦ ਕੀਤੀ ਜਾ ਚੁੱਕੀ ਹੈ ।

UNSTARRED QUESTIONS AND ANSWERS

ਰਾਜ ਵਿੱਚ ਸਰਕਾਰੀ ਦਫਤਰਾਂ ਵਿੱਚ ਤੰਬਾਕੂਨੋਸ਼ੀ ਤੇ ਪਾਬੰਦੀ

112. **ਸਰਦਾਰ ਸ਼ਮਸ਼ੇਰ ਸਿੰਘ ਰਾਏ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਦਫਤਰਾਂ ਵਿੱਚ ਤੰਬਾਕੂਨੋਸ਼ੀ ਤੇ ਲਗਾਈ ਪਾਬੰਦੀ ਤੇ ਆਪਣੀਆਂ ਹਦਾਇਤਾਂ ਨੂੰ ਸਖਤੀ ਨਾਲ ਲਾਗੂ ਕਰਵਾਉਣ ਲਈ ਸਰਕਾਰ ਦੀ ਕੋਈ ਪ੍ਰਭਾਵਸ਼ਾਲੀ ਕਾਰਵਾਈ ਕਰਨ ਦੀ ਤਜਵੀਜ਼ ਹੈ; ਜੇਕਰ ਹੈ, ਤਾਂ ਉਸ ਦਾ ਵੇਰਵਾ ਕੀ ਹੈ ?

ਸਰਦਾਰ ਬੇਅੰਤ ਸਿੰਘ: ਸਰਕਾਰ ਵੱਲੋਂ ਮਈ, 1992 ਵਿੱਚ ਹਦਾਇਤਾਂ ਜਾਰੀ ਕਰਕੇ ਦਫਤਰਾਂ ਵਿੱਚ ਸਿਗਰਟਾਂ ਪੀਣ ਅਤੇ ਤਮਾਕੂ ਆਦਿ ਦੀ ਵਰਤੋਂ ਕਰਨ ਦੀ ਮਨਾਹੀ ਕਰ ਦਿੱਤੀ ਗਈ ਸੀ। ਸਤੰਬਰ, 1992 ਵਿੱਚ ਇਹ ਹਦਾਇਤਾਂ ਪਾਲਣਾ ਹਿੱਤ ਮੁੜ ਦੁਹਰਾ ਦਿੱਤੀਆਂ ਸਨ। ਇਨ੍ਹਾਂ ਹਦਾਇਤਾਂ ਨੂੰ ਸਖਤੀ ਨਾਲ ਲਾਗੂ ਕਰਨ ਲਈ ਸਮੂਹ ਵਿਭਾਗਾਂ ਦੇ ਮੁਖੀਆਂ ਆਦਿ ਨੂੰ ਇਹ ਕਿਹਾ ਗਿਆ ਸੀ ਕਿ ਇਹਨਾਂ ਹਦਾਇਤਾਂ ਦੀ ਉਲੰਘਣਾ ਕਰਨ ਵਾਲੇ ਅਧਿਕਾਰੀਆਂ/ਕਰਮਚਾਰੀਆਂ ਦੇ ਖਿਲਾਫ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇ। ਹੋਰ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

Reimbursement of Medical Charges claims as Chronic Patients

113. **Sardar Nirmal Singh Nimma** : Will the Chief Minister be pleased to state the total number of Class I, II and III officers/officials who are getting reimbursement of medical charges as chronic patients in the Punjab Civil Secretariat at present together with the total expenditure incurred on the reimbursement of their medical claims during the period from 1st March, 1992 todate ?

ਸਰਦਾਰ ਬੇਅੰਤ ਸਿੰਘ: ਲੋੜੀਂਦੀ ਸੂਚਨਾ ਨਿਮਨ ਅਨੁਸਾਰ ਹੈ ਜੀ :—

ਦਰਜਾ		ਕੁੱਲ ਗਿਣਤੀ	ਕੁੱਲ ਰਕਮ ਜੋ ਮਿਤੀ 1-3-92 ਤੋਂ ਹੁਣ ਤੱਕ ਕਲੇਮ ਕੀਤੀ ਗਈ
I		19	45,802.00
II		67	1,63,194.00
III		477	13,78,237.91
	ਜੋੜ	563	15,87,233.91

ਸਿੰਜਾਈ ਵਿਭਾਗ ਦੇ ਵਰਕ ਚਾਰਜਡ ਕਰਮਚਾਰੀਆਂ ਦੀਆਂ ਸੇਵਾਵਾਂ ਨੂੰ ਨਿਯਮਤ ਕਰਨਾ।

115. **ਕਾਮਰੇਡ ਹਰਦੇਵ ਸਿੰਘ ਅਰਸ਼ੀ** : ਕੀ ਸਿੰਜਾਈ ਅਤੇ ਬਿਜਲੀ ਮੰਤਰੀ ਕਿਰਪਾ ਕਰ ਕੇ ਦੱਸਣਗੇ ਕਿ—

(ੳ) ਰਾਜ ਦੇ ਸਿੰਜਾਈ ਵਿਭਾਗ ਵਿੱਚ ਲਗਾਤਾਰ ਪਿਛਲੇ ਪੰਜ ਸਾਲਾਂ ਤੋਂ ਵਰਕ-ਚਾਰਜਡ ਅਧਾਰ ਤੇ ਕੰਮ ਕਰ ਰਹੇ ਮਜ਼ਦੂਰਾਂ ਦੀ ਕੁੱਲ ਗਿਣਤੀ ਕਿੰਨੀ ਹੈ;

(ਅ) ਉਪੱਰੁਕਤ ਭਾਗ(ੳ) ਵਿਚ ਵਰਣਿਤ ਕਾਮਿਆਂ ਦੀਆਂ ਸੇਵਾਵਾਂ ਨੂੰ ਹੁਣ ਤੱਕ ਪੱਕਿਆਂ ਨਾ ਕਰਨ ਦੇ ਕੀ ਕਾਰਣ ਹਨ ?

ਸਰਦਾਰ ਹਰਚਰਨ ਸਿੰਘ ਬਰਾੜ : (ੳ) ਪੰਜਾਬ ਰਾਜ ਦੇ ਸਿੰਚਾਈ ਵਿਭਾਗ ਵਿਚ ਵਰਕ-ਚਾਰਜ ਆਧਾਰ ਤੇ ਕੰਮ ਕਰ ਰਹੇ ਕਾਮਿਆਂ ਦੀ ਕੁੱਲ ਗਿਣਤੀ 19,678 ਹੈ।

(ਅ) ਪਹਿਲਾਂ ਇਹ ਮਾਮਲਾ 'ਸਬ-ਜੁਡਿਸ' ਰਿਹਾ ਹੈ। ਅਗਸਤ, 1992 ਵਿੱਚ ਸੁਪਰੀਮ-ਕੋਰਟ ਨੇ ਅਜਿਹੇ ਕਰਮਚਾਰੀਆਂ ਸਬੰਧੀ ਨੀਤੀ ਬਣਾਉਣ ਦੇ ਆਦੇਸ਼ ਦਿਤੇ ਸਨ। ਇਹ ਨੀਤੀ ਤਿਆਰ ਕੀਤੀ ਜਾ ਰਹੀ ਹੈ।

(At this stage some Hon. Members from the Opposition Benches were standing for raising Points of Order).

Mr. Speaker : Please listen to me, Please sit down. (Interruptions Noises..........) Since the Hon. Finance Minister is to present the Budget Estimates for the year 1993-94, I would request the Hon, Members not to raise any Point of Order as per our past practice. Finance Minister Sahib.

PRESENTATION OF BUDGET ESTIMATES FOR THE YEAR 1993-94

ਵਿੱਤ ਮੰਤਰੀ (ਡਾਕਟਰ ਕੇਵਲ ਕ੍ਰਿਸ਼ਨ) : ਸ੍ਰੀਮਾਨ ਜੀ,

ਇਹ ਮੇਰੇ ਲਈ ਬੜੇ ਮਾਣ ਵਾਲੀ ਗੱਲ ਹੈ ਕਿ ਮੈਂ ਵਿੱਤੀ ਸਾਲ 1993-94 ਦਾ ਪੰਜਾਬ ਬਜਟ ਆਪ ਜੀ ਦੇ ਸਾਹਮਣੇ ਪੇਸ਼ ਕਰ ਰਿਹਾ ਹਾਂ। ਮੌਜੂਦਾ ਸਰਕਾਰ ਦਾ ਇਹ ਦੂਜਾ ਸਾਲਾਨਾ ਬਜਟ ਹੈ। ਪਿਛਲੇ 12 ਮਹੀਨੇ ਸਾਡੇ ਰਾਜ ਦੇ ਇਤਿਹਾਸ ਵਿੱਚ ਅਹਿਮ ਰਹੇ ਹਨ। ਫਰਵਰੀ, 1992 ਵਿੱਚ ਜਦੋਂ ਸਾਡੀ ਸਰਕਾਰ ਨੇ ਕਾਰਜਭਾਰ ਸੰਭਾਲਿਆ ਉਸ ਸਮੇਂ ਰਾਜ ਵਿੱਚ ਅਸ਼ਾਂਤੀ ਫੈਲੀ ਹੋਈ ਸੀ ਤੇ ਸਾਰੇ ਰਾਜ ਵਿੱਚ ਡਰ ਤੇ ਸਹਿਮ ਦਾ ਮਾਹੌਲ ਬਣਿਆ ਹੋਇਆ ਸੀ। ਆਤੰਕਵਾਦੀਆਂ ਹੱਥੋਂ ਬੇਕਸੂਰ ਲੋਕਾਂ ਦਾ ਕਤਲ ਇਕ ਆਮ ਜਿਹੀ ਗੱਲ ਹੋ ਗਈ ਸੀ ਅਤੇ ਲੋਕੀ ਪਿੰਡਾਂ ਨੂੰ ਛੱਡਕੇ ਸ਼ਹਿਰਾਂ ਵੱਲ ਅਤੇ ਇਥੋਂ ਤੱਕ ਕਿ ਰਾਜ ਤੋਂ ਬਾਹਰ ਜਾ ਰਹੇ ਸਨ। ਕਾਰਜਭਾਰ ਸੰਭਾਲਣ ਸਮੇਂ ਸਾਡੇ ਸਾਹਮਣੇ ਸਭ ਤੋਂ ਪਹਿਲਾਂ ਅਹਿਮ ਕੰਮ ਕਾਨੂੰਨ ਤੇ ਵਿਵਸਥਾ ਦੀ ਹਾਲਤ ਨੂੰ ਕਾਬੂ ਵਿੱਚ ਲਿਆਉਣਾ ਅਤੇ ਲੋਕਾਂ ਦੀ ਜਾਨ ਅਤੇ ਮਾਲ ਦੀ ਹਿਫਾਜ਼ਤ ਕਰਨਾ ਸੀ। ਸਾਰੀ ਦੁਨੀਆਂ ਨੇ ਇਹ ਵੇਖਿਆ ਹੈ ਕਿ ਇਸ ਰਾਜ ਦੇ ਸੁਰੱਖਿਆ ਮਾਹੌਲ ਵਿੱਚ ਪਿਛਲੇ ਸਾਲ ਕਿਸ ਤਰ੍ਹਾਂ ਦੀ ਕਰਾਮਾਤੀ ਤਬਦੀਲੀ ਆਈ ਹੈ। ਹੁਣ ਲੋਕਾਂ ਵਿੱਚ ਸਹਿਮ ਦੀ ਥਾਂ ਆਤਮ ਵਿਸ਼ਵਾਸ, ਹਨੇਰੇ ਤੇ ਨਿਰਾਸ਼ਾ ਦੀ ਥਾਂ ਭਵਿੱਖ ਲਈ ਆਸ ਤੇ

ਵਿਸ਼ਵਾਸ ਜਾਗਿਆ ਹੈ। ਜਿਸ ਸਨਅਤ ਤੇ ਵਪਾਰ ਦੀ ਤਰੱਕੀ ਰੁੱਕ ਗਈ ਸੀ, ਉਹ ਮੁੜ ਪ੍ਰਗਤੀ ਦੇ ਰਾਹੇ ਪੈ ਗਿਆ ਹੈ। ਉੱਦਮਕਰਤਾ ਹੁਣ ਪੰਜਾਬ ਵਿੱਚ ਆਪਣੀਆਂ ਸਨੱਅਤਾਂ ਲਗਾਉਣ ਲਈ ਉਤਸੁਕ ਹਨ, ਕਿਉਂਕਿ ਹੁਣ ਇਥੋਂ ਦਾ ਸਿਆਸੀ ਤੇ ਆਰਥਿਕ ਮਾਹੌਲ ਸੁਖਾਵਾਂ ਬਣ ਗਿਆ ਹੈ । ਇਥੇ ਮਜ਼ਬੂਤ ਬੁਨਿਆਦੀ ਢਾਂਚਾ ਅਤੇ ਉਤਪਾਦਨ ਲਈ ਮਿਹਨਤੀ ਕਾਮੇ ਮੌਜੂਦ ਹਨ, ਜਿਨ੍ਹਾਂ ਸਦਕਾ ਪ੍ਰਗਤੀ ਤੇ ਵਿਕਾਸ ਯਕੀਨੀ ਬਣ ਜਾਂਦੇ ਹਨ । ਕਈ ਬਦੇਸ਼ਾਂ ਵਿੱਚ ਰਹਿ ਰਹੇ ਭਾਰਤੀ ਵੀ ਇਥੇ ਆਪਣੇ ਸਨਅਤੀ ਯੂਨਿਟ ਲਗਾਉਣ ਲਈ ਤਿਆਰ ਹੋ ਗਏ ਹਨ । ਇਹ ਵੱਡੀ ਕਰਾਮਾਤੀ ਤਬਦੀਲੀ ਸਾਡੇ ਅਗਾਂਹਵਧੂ ਮੁੱਖ ਮੰਤਰੀ ਜੀ ਦੀ ਸਰਪ੍ਰਸਤੀ ਹੇਠ ਸਾਡੀ ਸਰਕਾਰ ਦੇ ਮਜ਼ਬੂਤ ਇਰਾਦੇ ਅਤੇ ਦੂਰ ਦ੍ਰਿਸ਼ਟੀ ਦਾ ਸਿੱਟਾ ਹੈ (ਥੰਪਿੰਗ)। ਇਸ ਹੈਰਾਨਕੁਨ ਸੁਧਾਰ ਲਈ ਰਾਜ ਦੇ ਸਾਰੇ ਲੋਕ ਵੀ ਬਰਾਬਰ ਦੇ ਭਾਈਵਾਲ ਹਨ। ਪੰਜਾਬੀਆਂ ਨੇ ਨਿਡਰਤਾ, ਸਿਰੜ ਤੇ ਬਹਾਦਰੀ ਨਾਲ ਇਸ ਦੁੱਖ-ਦਰਦ ਦੀ ਘੜੀ ਦਾ ਮੁਕਾਬਲਾ ਕੀਤਾ ਹੈ ਅਤੇ ਦੇਸ਼ ਵਿਰੋਧੀ ਅਨਸਰਾਂ ਦਾ ਹੌਸਲੇ ਨਾਲ ਡੱਟ ਕੇ ਮੁਕਾਬਲਾ ਕੀਤਾ ਹੈ, ਜੋ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਹੀ ਖਤਰੇ ਵਿਚ ਪਾ ਰਹੇ ਸਨ। ਸਾਡੇ ਸੁਰੱਖਿਆ ਬਲਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਇਨ੍ਹਾਂ ਨਿਹੱਥੇ ਅਤੇ ਅਮਨ ਪਸੰਦ ਲੋਕਾਂ ਨੇ ਹਿੰਸਕ ਅਨਸਰਾਂ ਵਿਰੁੱਧ ਜਿਤ ਹਾਸਲ ਕੀਤੀ ਹੈ। ਇਸ ਤਰ੍ਹਾਂ ਕਰਨ ਵਿਚ ਭਾਵੇਂ ਉਨ੍ਹਾਂ ਨੂੰ ਸਦੀਆਂ ਪੁਰਾਣੀ ਏਕਤਾ ਤੇ ਭਾਈਚਾਰੇ ਨੂੰ ਕਾਇਮ ਰੱਖਣ ਲਈ ਆਪਣੀਆਂ ਜਾਨਾਂ ਤਕ ਵਾਰਨੀਆਂ ਪਈਆਂ। ਸਾਡੇ ਸਾਹਮਣੇ ਪਹਿਲਾਂ ਵੱਡਾ ਕੰਮ ਰਾਜ ਵਿੱਚ ਅਮਨ ਅਤੇ ਸ਼ਾਂਤੀ ਬਹਾਲ ਕਰਨਾ ਸੀ। ਇਸ ਅਹਿਮ ਕਾਰਜ ਦੇ ਨਾਲ ਨਾਲ ਦੂਜਾ ਵੱਡਾ ਕੰਮ ਖੇਰੂੰ ਖੇਰੂੰ ਹੋਏ ਰਾਜ ਦੀ ਮੁੜ ਉਸਾਰੀ ਤੇ ਤਰੱਕੀ ਦੇ ਕਾਰਜ ਵਿੱਚ ਸਮੂਹ ਲੋਕਾਂ ਨੂੰ ਸ਼ਾਮਲ ਕਰਨਾ ਸੀ। ਮੈਨੂੰ ਇਹ ਦੱਸਣ ਵਿੱਚ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਸ਼ਹਿਰੀ ਸਥਾਨਕ ਸੰਸਥਾਵਾਂ (ਤਿੰਨ ਮਿਉਂਸਪਲ ਕਾਰਪੋਰੇਸ਼ਨਾਂ ਅਤੇ 95 ਮਿਉਂਸਪਲ ਕਮੇਟੀਆਂ) ਦੀਆਂ ਚੋਣਾਂ ਸਤੰਬਰ, 1992 ਵਿਚ ਅਤੇ 11596 ਪੰਚਾਇਤਾਂ ਦੀਆਂ ਚੋਣਾਂ ਜਨਵਰੀ, 1993 ਵਿੱਚ ਕਾਮਯਾਬੀ ਨਾਲ ਕਰਵਾਕੇ ਅਸੀਂ ਇਸ ਮੰਤਵ ਦੀ ਵੀ ਪ੍ਰਾਪਤੀ ਕਰ ਲਈ ਹੈ। ਇਨ੍ਹਾਂ ਚੋਣਾਂ ਵਿਚ 82 ਫੀਸਦੀ ਵੋਟਰਾਂ ਨੇ ਹਿੱਸਾ ਲਿਆ ਜਿਸ ਨਾਲ ਸ਼ਹਿਰੀ ਇਲਾਕੇ ਵਿੱਚ 13 ਸਾਲਾਂ ਬਾਅਦ ਤੇ ਦਿਹਾਤੀ ਇਲਾਕੇ ਵਿਚ 11 ਸਾਲਾਂ ਬਾਅਦ ਮੁੱਢਲੀ ਪੱਧਰ ਤੇ ਲੋਕ ਰਾਜ ਬਹਾਲ ਹੋ ਗਿਆ ਹੈ (ਥੰਪਿੰਗ) । ਧਮਕੀਆਂ ਤੇ ਖਤਰੇ ਦੇ ਬਾਵਜੂਦ ਪੰਜਾਬੀਆਂ ਨੇ ਚੋਣਾਂ ਵਿੱਚ ਨਿਧੱੜਕ ਹਿੱਸਾ ਲੈ ਕੇ ਹਿੰਸਾ ਉਤੇ ਲੋਕਤੰਤਰ ਦੀ ਅਤੇ ਹਥਿਆਰ ਉਤੇ ਪਿਆਰ ਦੀ ਜਿੱਤ ਨੂੰ ਸਿੱਧ ਕਰ ਦਿੱਤਾ ਹੈ ।

This is a victory of ballot over bullets.

2. ਇਨ੍ਹਾਂ ਪ੍ਰਾਪਤੀਆਂ ਕਾਰਣ ਅਰਥਚਾਰੇ ਦੇ ਵਿਕਾਸ ਲਈ ਢੁਕਵਾਂ ਮਾਹੌਲ ਬਣ ਗਿਆ ਹੈ ਜੋ ਕਿ ਕਿਸੇ ਵੀ ਕਲਿਆਣ ਕਾਰੀ ਰਾਜ ਦਾ ਬੁਨਿਆਦੀ ਕਾਰਜ ਹੁੰਦਾ ਹੈ । ਹੁਣ ਸਾਡੀ ਕਾਰਜ-ਸੂਚੀ ਵਿੱਚ ਸਭ ਤੋਂ ਪਹਿਲਾ ਕੰਮ ਸਮਾਜ ਦੇ ਸਾਰੇ ਵਰਗਾਂ ਦਾ ਸਮੁੱਚਾ ਵਿਕਾਸ ਅਤੇ ਜੀਵਨ ਮਿਆਰ ਉੱਚਾ ਕਰਨਾ ਹੈ। ਮੇਰੀ ਸਰਕਾਰ ਆਪਣੀਆਂ ਪਾਲਸੀਆਂ ਰਾਹੀਂ ਇਸ ਔਖੇ ਪਰ ਅਹਿਮ ਕੰਮ ਨੂੰ ਪੂਰਾ ਕਰਨ ਲਈ ਵਚਨਬੱਧ ਹੈ। ਫਰਵਰੀ, 1992 ਤੋਂ ਬਾਅਦ ਦੇ ਥੋੜੇ ਜਿਹੇ ਸਮੇਂ ਵਿਚ ਸਰਕਾਰ ਦੀਆਂ ਆਰਥਿਕ ਖੇਤਰ ਵਿਚ ਪ੍ਰਾਪਤੀਆਂ ਬਹੁਤ ਹੀ ਨੁਮਾਇਆਂ ਹਨ। ਇਸ ਸਮੇਂ ਇਨ੍ਹਾਂ ਵਿਚੋਂ ਮੈਂ ਏਥੇ ਕੁਝਕੁ ਦਾ ਹੀ ਜ਼ਿਕਰ ਕਰਾਂਗਾ। ਪ੍ਰਮੁੱਖ ਪਾਲਸੀ-ਝੁਕਾਅ ਤੇ ਖਾਸ ਤਰਜੀਹਾਂ ਬਾਰੇ ਮੈਂ ਆਪਣੇ ਭਾਸ਼ਣ ਵਿਚ ਬਾਅਦ ਵਿਚ ਜ਼ਿਕਰ ਕਰਾਂਗਾ।

[ਵਿੱਤ ਮੰਤਰੀ]

ਸਾਲ 1992-93 ਦੌਰਾਨ ਕੁਝ ਅਹਿਮ ਪ੍ਰਾਪਤੀਆਂ

(1) ਬਿਜਲੀ ਪੈਦਾ ਕਰਨ ਵਿਚ ਆਤਮ ਨਿਰਭਰਤਾ : ਨਵੰਬਰ, 1992 ਵਿੱਚ 490 ਕਰੋੜ ਰੁਪਏ ਦੀ ਲਾਗਤ ਨਾਲ ਬਣੇ ਰੋਪੜ ਥਰਮਲ ਪਲਾਂਟ ਸਟੇਜ-III ਦੇ ਚਾਲੂ ਹੋ ਜਾਣ ਨਾਲ 210 ਮੈਗਾਵਾਟ ਵਧੀਕ ਬਿਜਲੀ ਸਮਰੱਥਾ ਪੈਦਾ ਹੋਈ ਹੈ, ਜਿਸ ਨਾਲ ਰਾਜ ਅੰਦਰ ਕੁੱਲ ਬਿਜਲੀ ਸਮਰੱਥਾ 3090 ਮੈਗਾਵਾਟ ਤੋਂ ਵਧਕੇ 3300 ਮੈਗਾਵਾਟ ਹੋ ਗਈ ਹੈ। ਅਸੀਂ 35.60 ਕਰੋੜ ਰੁਪਏ ਦੀ ਲਾਗਤ ਨਾਲ ਪਟਿਆਲਾ ਜ਼ਿਲ੍ਹੇ ਵਿੱਚ ਜਲਖੇੜੀ, ਵਿਖੇ 10 ਮੈਗਾਵਾਟ ਦੀ ਸਮਰੱਥਾ ਵਾਲਾ ਪਰਾਲੀ-ਨਾਲ ਚਲਣ ਵਾਲਾ ਇਕ ਬਿਜਲੀ ਘਰ ਲਗਾ ਕੇ ਗੈਰ-ਰਵਾਇਤੀ ਊਰਜਾ ਵਸੀਲਿਆਂ ਦੇ ਯੁੱਗ ਵਿੱਚ ਦਾਖਲ ਹੋ ਗਏ ਹਾਂ।

(2) 52.15 ਕਰੋੜ ਰੁਪਏ ਦੀ ਲਾਗਤ ਨਾਲ ਮਾਰਚ, 1993 ਤੱਕ ਕੰਡੀ ਨਹਿਰ ਪ੍ਰਾਜੈਕਟ ਦੀ 41 ਕਿਲੋਮੀਟਰ ਤਕ ਉਸਾਰੀ ਕੀਤੀ ਜਾਵੇਗੀ, ਜਿਸ ਨਾਲ ਜ਼ਿਲ੍ਹਾ ਹੁਸ਼ਿਆਰਪੁਰ ਦੇ ਨੀਮ-ਪਹਾੜੀ ਇਲਾਕੇ ਦੇ 8760 ਹੈਕਟਰ ਰਕਬੇ ਦੀ ਸਿੰਜਾਈ ਹੋਵੇਗੀ।

(3) ਦਿਹਾਤੀ ਇਲਾਕੇ ਦੇ ਸੰਗਠਤ ਵਿਕਾਸ ਲਈ ਉੱਨਤ ਗਰਾਮ ਪ੍ਰਾਜੈਕਟ ਅਧੀਨ ਕੁੱਲ 12298 ਪਿੰਡਾਂ ਵਿਚੋਂ 8696 ਪਿੰਡਾਂ ਦੀਆਂ ਗਲੀਆਂ, ਨਾਲੀਆਂ ਤੇ ਸਫਾਈ ਦਾ ਕੰਮ ਸ਼ੁਰੂ ਕੀਤਾ ਗਿਆ ਹੈ, ਜਿਸ ਉੱਤੇ ਸਾਲ 1992-93 ਦੌਰਾਨ 117.60 ਕਰੋੜ ਰੁਪਏ ਖਰਚ ਹੋਣਗੇ।

(4) ਪੰਜਾਬ ਰਾਜ ਸਨਅੱਤੀ ਵਿਕਾਸ ਕਾਰਪੋਰੇਸ਼ਨ ਦੁਆਰਾ ਮਾਰਚ, 1993 ਤੱਕ 18 ਵੱਡੇ ਉਦਯੋਗਿਕ ਪ੍ਰਾਜੈਕਟ ਚਾਲੂ ਹੋ ਜਾਣਗੇ ਜਿਨ੍ਹਾਂ ਉਤੇ 416 ਕਰੋੜ ਰੁਪਏ ਦੀ ਲਾਗਤ ਆਵੇਗੀ ਅਤੇ ਜਿਨ੍ਹਾਂ ਵਿਚ ਸਿੱਧੇ ਤੌਰ ਤੇ 4,000 ਵਿਅਕਤੀਆਂ ਨੂੰ ਰੋਜ਼ਗਾਰ ਮਿਲੇਗਾ। ਇਨ੍ਹਾਂ ਯੂਨਿਟਾਂ ਦੀਆਂ ਸਹਾਇਕ ਸਨਅੱਤਾਂ ਵਿੱਚ 8,000 ਹੋਰ ਵਿਅਕਤੀਆਂ ਨੂੰ ਅਸਿੱਧੇ ਤੌਰ ਤੇ ਰੋਜ਼ਗਾਰ ਮਿਲੇਗਾ।

(5) ਸਨਅੱਤਾਂ ਵਿਚ ਸਰਮਾਇਆ ਲਗਾਉਣ ਲਈ ਉੱਦਮੀਆਂ ਨੂੰ ਪ੍ਰੇਰਿਤ ਕਰਨ ਵਾਸਤੇ ਕਈ ਸਹੂਲਤਾਂ ਦੀ ਪੇਸ਼ਕਸ਼ ਕੀਤੀ ਗਈ ਹੈ। ਇਨ੍ਹਾਂ ਸਹੂਲਤਾਂ ਵਿਚ 30 ਲੱਖ ਰੁਪਏ ਤੱਕ ਲਗਾਈ ਗਈ ਸਥਾਈ ਪੂੰਜੀ (ਸਰਹੱਦੀ ਇਲਾਕਿਆਂ ਵਿਚ 30 ਪ੍ਰਤਿਸ਼ਤ ਅਤੇ 50 ਲੱਖ ਰੁਪਏ ਤਕ) ਵਾਸਤੇ 25 ਪ੍ਰਤੀਸ਼ਤ ਪੂੰਜੀ - ਨਿਵੇਸ਼ ਪ੍ਰੋਤਸਾਹਨ ਦੇ ਨਾਲ ਨਾਲ 7 ਸਾਲਾਂ ਲਈ (ਸਰਹੱਦੀ ਇਲਾਕਿਆਂ ਲਈ ਦਸ ਸਾਲਾਂ ਲਈ) ਵਿਕਰੀ ਕਰ ਤੋਂ ਛੋਟ ਸ਼ਾਮਲ ਹੈ।

(6) ਵੱਖ-ਵੱਖ ਸਵੈ-ਰੋਜ਼ਗਾਰ ਉਪਰਾਲਿਆਂ ਅਧੀਨ 30,000 ਲਾਭ-ਪਾਤਰਾਂ ਨੂੰ 40 ਕਰੋੜ ਰੁਪਏ ਦੇ ਕਰਜ਼ੇ ਦਿੱਤੇ ਗਏ ਜਿਸ ਵਿਚ ਕਮਜ਼ੋਰ ਵਰਗਾਂ ਨੂੰ ਦਿੱਤੀ 14 ਕਰੋੜ ਰੁਪਏ ਦੀ ਸਬਸਿਡੀ ਵੀ ਸ਼ਾਮਲ ਹੈ। ਦਸੰਬਰ, 1992 ਤਕ ਛੋਟੇ ਤੇ ਦਰਮਿਆਨੇ ਉਦਯੋਗਾਂ ਵਿਚ ਲਗਭਗ 41,000 ਰੋਜ਼ਗਾਰ ਦੇ ਵਾਧੂ ਮੌਕੇ ਪੈਦਾ ਕੀਤੇ ਗਏ।

(7) ਸਨਅੱਤੀ ਮਾਹੌਲ ਵਿਚ ਹੋਏ ਸੁਧਾਰ ਦਾ ਇਸ ਗੱਲ ਤੋਂ ਪਤਾ ਲਗਦਾ ਹੈ ਕਿ ਸਾਲ 1991 ਦੌਰਾਨ ਹੜਤਾਲਾਂ ਤੇ ਤਾਲਾਬੰਦੀਆਂ ਕਾਰਣ 2.84 ਲੱਖ ਕਾਰਜ-ਦਿਨਾਂ ਦਾ ਨੁਕਸਾਨ ਹੋਇਆ ਜਦ ਕਿ ਸਾਲ 1992 ਵਿਚ ਇਹ ਨੁਕਸਾਨ ਘਟ ਕੇ 2.17 ਲੱਖ ਕਾਰਜ-ਦਿਨ ਰਹਿ ਗਿਆ।

(8) ਸਹਿਕਾਰੀ ਬੈਂਕਾਂ ਨੇ ਇਸ ਸਾਲ ਦੌਰਾਨ 543.37 ਕਰੋੜ ਰੁਪਏ ਦੇ ਅਲਪਕਾਲੀ ਕਰਜ਼ੇ ਦਿੱਤੇ ਜੋ ਅੱਜ ਤਕ ਦਾ ਰਿਕਾਰਡ ਹੈ (ਥੰਪਿੰਗ)। ਲਾਭਪਾਤਰਾਂ ਦੀ ਗਿਣਤੀ 11,09,470 ਹੈ।

(9) ਕਾਨੂੰਨ ਤੇ ਵਿਵਸਥਾ ਕਾਇਮ ਰੱਖਣ ਵਾਲੀ ਮਸ਼ੀਨਰੀ ਨੂੰ ਮਜ਼ਬੂਤ ਬਣਾਉਣ ਲਈ 4,500 ਨੌਜਵਾਨਾਂ ਨੂੰ ਪੁਲਿਸ ਬਲਾਂ ਵਿਚ ਸਿੱਧੇ ਭਰਤੀ ਕੀਤਾ ਗਿਆ ਤੇ 35,000 ਨੌਜਵਾਨਾਂ ਨੂੰ ਹੋਮਗਾਰਡ ਵਿਚ ਅਤੇ ਸਪੈਸ਼ਲ ਪੁਲਿਸ ਅਫਸਰਾਂ ਵੱਜੋਂ ਭਰਤੀ ਕੀਤਾ ਗਿਆ।

(10) ਆਵਾਜਾਈ ਸਹੂਲਤਾਂ ਨੂੰ ਚੰਗੇਰਾ ਬਣਾਉਣ ਲਈ 15.35 ਕਰੋੜ ਰੁਪਏ ਦੀ ਲਾਗਤ ਨਾਲ ਲੁਧਿਆਣਾ, ਸ਼ੇਰਪੁਰ ਤੇ ਬਠਿੰਡਾ ਵਿਖੇ ਤਿੰਨ ਵੱਡੇ-ਓਵਰ-ਬ੍ਰਿਜ ਚਾਲੂ ਕਰ ਦਿੱਤੇ ਗਏ ਹਨ।

(11) ਆਤੰਕਵਾਦੀਆਂ ਹੱਥੋਂ ਦੁਖੀ ਪਰਿਵਾਰਾਂ ਨੂੰ ਰਾਹਤ ਪਹੁੰਚਾਉਣ ਲਈ ਸਰਕਾਰ ਨੇ ਉਨ੍ਹਾਂ ਲਈ 100 ਕਰੋੜ ਰੁਪਏ ਖਰਚ ਕੀਤੇ ਹਨ (ਥੰਪਿੰਗ) ਇਨ੍ਹਾਂ ਵਿਚ ਪੈਨਸ਼ਨਰਾਂ, ਮਕਾਨਾਂ ਦੇ ਕਿਰਾਏ, ਮਾਰੇ ਗਏ ਵਿਅਕਤੀਆਂ ਦੇ ਨਜ਼ਦੀਕੀ ਰਿਸ਼ਤੇਦਾਰਾਂ ਨੂੰ ਰੋਜ਼ਗਾਰ, ਬੱਚਿਆਂ ਲਈ ਪੜ੍ਹਾਈ ਅਤੇ ਐਕਸ-ਗਰੇਸ਼ੀਆ ਗਰਾਂਟ ਵਰਗੀਆਂ ਰਾਹਤਾਂ ਸ਼ਾਮਲ ਹਨ।

ਨਵੇਂ ਜ਼ਿਲ੍ਹੇ ਅਤੇ ਸਬ-ਡਵੀਜ਼ਨ :

(12) ਪ੍ਰਬੰਧਕੀ ਅਮਲੇ ਨੂੰ ਦੂਰ ਦਰਾਜ਼ ਵਸਦੇ ਲੋਕਾਂ ਦੇ ਹੋਰ ਨੇੜੇ ਲਿਆਉਣ ਲਈ ਅਪ੍ਰੈਲ, 1992 ਵਿਚ ਦੋ ਨਵੇਂ ਜ਼ਿਲ੍ਹੇ ਫਤਿਹਗੜ੍ਹ ਸਾਹਿਬ ਤੇ ਮਾਨਸਾ ਅਤੇ 9 ਸਬ-ਡਵੀਜ਼ਨ ਅਰਥਾਤ ਮਲੋਟ, ਮੁਕੇਰੀਆਂ, ਪਾਇਲ, ਰਾਏਕੋਟ, ਬਸੀ ਪਠਾਣਾਂ, ਖਮਾਣੋਂ, ਅਮਲੋਹ, ਬੁਢਲਾਡਾ ਅਤੇ ਝੁਨੀਰ ਬਣਾਏ ਗਏ ਸਨ। ਇਸ ਤੋਂ ਇਲਾਵਾ 6 ਨਵੀਆਂ ਸਬ-ਤਹਿਸੀਲਾਂ ਸਰਦੂਲਗੜ੍ਹ, ਗੜ੍ਹਦੀਵਾਲਾ, ਘਨੌਰ, ਮੁਲਾਂਪੁਰ ਦਾਖਾ, ਮੋਰਿੰਡਾ ਅਤੇ ਮੰਡੀ ਗੋਬਿੰਦਗੜ੍ਹ ਬਣਾਈਆਂ ਗਈਆਂ। ਫਤਿਹਗੜ੍ਹ ਸਾਹਿਬ ਨੂੰ ਜ਼ਿਲ੍ਹਾ ਬਣਾਕੇ ਸਰਕਾਰ ਨੇ ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਫਤਿਹ ਸਿੰਘ ਅਤੇ ਜ਼ੋਰਾਵਰ ਸਿੰਘ ਦੀਆਂ ਮਹਾਨ ਤੇ ਅਦੁੱਤੀ ਕੁਰਬਾਨੀਆਂ ਪ੍ਰਤੀ ਆਪਣੀ ਸ਼ਰਧਾਂਜਲੀ ਭੇਂਟ ਕੀਤੀ ਹੈ। (ਥੰਪਿੰਗ)। ਇਨਾਂ ਸਾਹਿਬ-ਜ਼ਾਦਿਆਂ ਨੂੰ ਅੱਜ ਤੋਂ 200 ਸਾਲ ਪਹਿਲਾਂ ਨੀਹਾਂ ਵਿਚ ਜਿਉਂਦਿਆਂ ਚਿਣਵਾਕੇ ਸ਼ਹੀਦ ਕਰ ਦਿੱਤਾ ਗਿਆ ਸੀ। ਇਸ ਪ੍ਰਬੰਧਕੀ ਪੁਨਰ-ਗਠਨ ਲਈ ਪਹਿਲੀ ਵਾਰ 10 ਕਰੋੜ ਰੁਪਏ ਤੋਂ ਵੱਧ ਖਰਚ ਹੋਇਆ, ਪਰ ਇਹ ਅਣ-ਗੌਲੇ ਪਰੰਤੂ ਅਹਿਮ ਇਲਾਕਿਆਂ ਦੇ ਵਿਕਾਸ ਅਤੇ ਸੁਧਾਰ ਲਈ ਨਿਰਸੰਦੇਹ ਸਹਾਇਕ ਸਿਧ ਹੋਵੇਗਾ।

(13) ਇਸ ਸਾਲ ਦੇ ਦੌਰਾਨ, ਸੁਰੱਖਿਆ ਬਲਾਂ ਦੇ 6759 ਮੈਂਬਰਾਂ ਨੂੰ ਆਤੰਕਵਾਦ ਦਾ ਮੁਕਾਬਲਾ ਕਰਨ ਵਿਚ ਦਿਖਾਏ ਅਦੁੱਤੀ ਹੌਸਲੇ ਲਈ 32.50 ਲੱਖ ਰੁਪਏ ਦੇ ਨਕਦ ਇਨਾਮ ਦਿਤੇ ਗਏ। (ਥੰਪਿੰਗ)

(14) ਸਮਾਜ ਦੇ ਕੁੱਝ ਪਾਤਰ ਵਰਗਾਂ ਨੂੰ ਕੁਝ ਵਿਸ਼ੇਸ਼ ਸਹੂਲਤਾਂ ਦਿਤੀਆਂ ਗਈਆਂ ਹਨ। ਇਹ ਸਹੂਲਤਾਂ ਨਿਮਨ ਅਨੁਸਾਰ ਹਨ :--

(ੳ) ਬੁਢਾਪਾ ਪੈਨਸ਼ਨ ਅਤੇ ਵਿਧਵਾ ਪੈਨਸ਼ਨ 100 ਰੁਪਏ ਮਹੀਨਾ ਤੋਂ ਵਧਾ ਕੇ 150 ਰੁਪਏ ਪ੍ਰਤੀ ਮਹੀਨਾ ਕੀਤੀ ਗਈ ਹੈ;

(ਅ) ਨਕਾਰਾ ਹੋਏ ਵਿਅਕਤੀਆਂ ਦੀ ਪੈਨਸ਼ਨ 50 ਰੁਪਏ ਤੋਂ ਵਧਾ ਕੇ 150 ਰੁਪਏ ਕੀਤੀ ਗਈ ਹੈ; ਅਤੇ

[ਵਿੱਤ ਮੰਤਰੀ]

(ੲ) ਸੁਤੰਤਰਤਾ ਸੰਗਰਾਮੀਆਂ ਦੀ ਪੈਨਸ਼ਨ 300 ਰੁਪਏ ਤੋਂ ਵਧਾ ਕੇ 400 ਰੁਪਏ ਪ੍ਰਤੀ ਮਹੀਨਾ ਕੀਤੀ ਗਈ ਹੈ।

(15) ਆਮ ਲੋਕਾਂ ਦੀ ਭਲਾਈ ਲਈ ਕੰਮ ਕਰਨ ਵਾਲੀਆਂ ਕੁੱਝ ਵਲੰਟਰੀ ਸੰਸਥਾਵਾਂ ਵੱਲ ਸਾਨੂੰ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ । ਇਸ ਸਾਲ ਦੌਰਾਨ ਗੁਰੂ ਰਾਮਦਾਸ ਹਸਪਤਾਲ, ਅੰਮ੍ਰਿਤਸਰ ਦੁਆਰਾ ਖਰੀਦੇ ਗਏ ਸਾਰੇ ਮੈਡੀਕਲ ਸਾਜ਼ਸਮਾਨ ਨੂੰ ਸਰਕਾਰ ਨੇ ਵਿਕਰੀ ਕਰ ਦੀ ਅਦਾਇਗੀ ਤੋਂ ਛੋਟ ਦੇ ਦਿਤੀ ਹੈ। (ਥੰਪਿੰਗ)

ਆਰਥਿਕ ਵਾਤਾਵਰਣ

ਰਾਸ਼ਟਰੀ ਆਰਥਿਕ ਵਾਤਾਵਰਣ:

3. ਸਾਲ 1992-93 ਦੌਰਾਨ ਦੇਸ਼ ਦੀ ਅਰਥ-ਵਿਵਸਥਾ ਨੂੰ ਵਿਸ਼ਵ ਅਰਥਚਾਰੇ ਦੇ ਨੇੜੇ ਲਿਆਉਣ ਲਈ ਕਈ ਅਹਿਮ ਕਦਮ ਚੁੱਕੇ ਗਏ ਹਨ। ਇਨ੍ਹਾਂ ਉਪਾਵਾਂ ਵਿਚ ਦੇਸ਼ ਅੰਦਰ ਆਰਥਿਕ ਸਰਗਰਮੀਆਂ ਸਬੰਧੀ ਨਿਯਮਾਂ ਨੂੰ ਉਦਾਰ ਬਣਾਉਣਾ, ਰੁਪਏ ਦੀ ਪਰਿਵਰਤਨਸ਼ੀਲਤਾ ਲਈ ਉਪਾਅ ਕਰਨਾ, ਵਧੇਰੇ ਬਦੇਸ਼ੀ ਪੂੰਜੀ ਨਿਵੇਸ਼, ਸਨਅਤੀ ਖੇਤਰ ਵਿਚ ਖਾਸ ਕਰਕੇ ਨਿਪੁੰਨਤਾ ਤੇ ਉਤਪਾਦਕਤਾ ਵਧਾਉਣ ਲਈ ਮੁਹਿਮ, ਅਨੇਕ ਕਾਰਜਾਂ ਦਾ ਨਿਜੀਕਰਣ, ਸੰਚਾਰ ਵਿਸ਼ੇਸ਼ ਕਰਕੇ ਦੂਰ ਸੰਚਾਰ ਆਦਿ ਦਾ ਸੁਧਾਰ ਸ਼ਾਮਲ ਹਨ। ਰਾਸ਼ਟਰੀ ਅਰਥਚਾਰੇ ਵਿਚ ਮੁੱਖ ਬੁਨਿਆਦੀ ਤਬਦੀਲੀਆਂ ਹੋਈਆਂ ਹਨ। ਰਾਸ਼ਟਰੀ ਪੱਧਰ ਦੀਆਂ ਇਨ੍ਹਾਂ ਸਾਰੀਆਂ ਦਲੇਰਾਨਾਂ ਪਹਿਲਕਦਮੀਆਂ ਦੇ ਸਿੱਟੇ ਵੱਜੋਂ ਪਹਿਲੀ ਵਾਰ ਮੁਦ੍ਰਾ ਦੇ ਪਸਾਰ ਨੂੰ ਜੋ ਪਿਛਲੇ ਸਾਲ ਇਸੇ ਸਮੇਂ 14 ਪ੍ਰਤੀਸ਼ਤ ਸੀ ਤੋਂ ਘਟਾਕੇ ਹੁਣ 7 ਪ੍ਰਤੀਸ਼ਤ ਤੋਂ ਵੀ ਘੱਟ ਕਰਕੇ ਪ੍ਰਬੰਧ ਯੋਗ ਸੀਮਾਂ ਅਧੀਨ ਲਿਆਂਦਾ ਗਿਆ ਹੈ। ਬਿਦੇਸ਼ੀ-ਮੁਦਰਾ ਭੰਡਾਰ ਵਿਚ ਚੋਖਾ ਵਾਧਾ ਹੋਇਆ ਹੈ ਅਤੇ ਸਾਰਾ ਅਰਥਚਾਰਾ ਹੁਣ ਤਰੱਕੀ ਕਰਨ ਲਈ ਤਿਆਰ ਹੈ। ਕੌਮੀ ਪੱਧਰ ਉਤੇ ਹੁਣ ਮਾਲੀ ਘਾਟਾ ਕਾਬੂ ਵਿਚ ਹੈ।

4. ਕੇਂਦਰੀ ਵਿੱਤ ਮੰਤਰੀ ਜੀ ਵੱਲੋਂ ਲੋਕ ਸਭਾ ਵਿਚ 27 ਫਰਵਰੀ, 1993 ਨੂੰ ਪੇਸ਼ ਕੀਤਾ ਗਿਆ ਕੇਂਦਰੀ ਬਜਟ ਪੂੰਜੀ-ਨਿਵੇਸ਼ ਨੂੰ ਉਤਸ਼ਾਹਿਤ ਕਰਦਾ ਅਤੇ ਉਦਾਰਤਾ ਦੀ ਨੀਤੀ ਅਪਨਾਉਂਦਾ ਅਤੇ ਆਰਥਕ ਸੁਧਾਰਾਂ ਦੀ ਪ੍ਰਕ੍ਰਿਆ ਨੂੰ ਹੋਰ ਵੀ ਤੇਜ਼ ਕਰਦਾ ਹੈ। ਬਜਟ ਵਿਚ ਸਿਖਿਆ, ਸਿਹਤ ਤੇ ਪੇਂਡੂ ਵਿਕਾਸ ਵਰਗੀਆਂ ਬੁਨਿਆਦੀ ਸਮਾਜਿਕ ਸੇਵਾਵਾਂ ਲਈ ਪਹਿਲਾਂ ਨਾਲੋਂ ਕਿੱਤੇ ਵੱਧ ਉਪਬੰਧ ਕੀਤਾ ਗਿਆ ਹੈ। ਸ਼੍ਰੀਮਾਨ ਜੀ, ਮੈਂ ਸਦਨ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਸਾਡਾ ਰਾਜ ਜੋ ਸਾਰੀਆਂ ਪ੍ਰਗਤੀ-ਸ਼ੀਲ ਨੀਤੀਆਂ ਲਾਗੂ ਕਰਨ ਵਿਚ ਮੋਢੀ ਰਿਹਾ ਹੈ ਹੁਣ ਇਕ ਵਾਰ ਫਿਰ, ਰਾਸ਼ਟਰੀ ਪੱਧਰ ਤੇ ਆਰਥਕ ਸੁਧਾਰਾਂ ਲਈ ਕੀਤੇ ਉਪਾਵਾਂ ਅਨੁਸਾਰ ਰਾਜ ਅੰਦਰ ਦਲੇਰਾਨਾ ਕਦਮ ਚੁਕਣ ਵਿੱਚ ਪਹਿਲੇ ਨੰਬਰ ਤੇ ਰਹੇਗਾ।

ਪੰਜਾਬ ਦੀ ਆਰਥਿਕਤਾ ਉਤੇ ਇਕ ਝਾਤ

5. ਪਿਛਲੇ ਸਾਲ ਦੇ ਮੁਕਾਬਲੇ ਸਾਲ 1990-91 ਦੌਰਾਨ ਰਾਜ ਦੀ 3,744 ਰੁਪਏ ਅਸਲ ਜੀਅ ਪ੍ਰਤਿ ਆਮਦਨ ਵਿਚ ਵਾਧੇ ਦੀ ਦਰ ਘਟ ਗਈ ਸੀ ਜੋ ਕਿ ਸਾਲ 1992-93 ਦੌਰਾਨ ਵਧ ਕੇ 3932 ਰੁਪਏ ਹੋ ਜਾਣ ਦੀ ਸੰਭਾਵਨਾ ਹੈ। ਸਾਲ 1990-91 ਵਿੱਚ ਸਰਬ ਭਾਰਤੀ ਜੀਅ ਪ੍ਰਤਿ ਔਸਤ ਆਮਦਨ

2199 ਰੁਪਏ ਸੀ ਜਿਸ ਵਿੱਚ 2.37 ਪ੍ਰਤਿਸ਼ਤ ਦਾ ਵਾਧਾ ਹੋਣ ਨਾਲ ਸਾਲ 1992-93 ਵਿੱਚ ਇਸਦੇ 2222 ਰੁਪਏ ਹੋਣ ਦੀ ਸੰਭਾਵਨਾ ਹੈ। ਇਹ ਸਰਬ ਭਾਰਤੀ ਔਸਤ ਵਿਕਾਸ-ਦਰ ਦੇ 0.52 ਪ੍ਰਤਿਸ਼ਤ ਘਾਟੇ ਨੂੰ ਦਰਸਾਉਂਦੀ ਹੈ। ਦੇਸ਼ ਦੇ ਸਾਰੇ ਰਾਜਾਂ (ਗੋਆ ਤੋਂ ਇਲਾਵਾ) ਵਿਚੋਂ ਪੰਜਾਬ ਰਾਜ ਦੀ ਥਾਂ, ਜੀਅ ਪ੍ਰਤਿ ਆਮਦਨ ਪੱਖੋਂ ਸਭ ਤੋਂ ਉਪਰ ਹੈ ਅਤੇ ਇਹ ਵਿਕਾਸ ਦਰ ਵਿਚ ਹੋਏ ਨਿਗੱਰ ਵਾਧੇ ਨੂੰ ਵੀ ਦਰਸਾਉਂਦੀ ਹੈ।

6. ਸਥਿਰ ਕੀਮਤਾਂ (1980-81) ਦੇ ਆਧਾਰ ਉਤੇ ਪੰਜਾਬ ਰਾਜ ਦਾ ਕੁੱਲ ਉਤਪਾਦਨ ਜੋ ਸਾਲ 1990-91 ਵਿਚ 8424.70 ਕਰੋੜ ਰੁਪਏ ਸੀ ਵਧ ਕੇ 1992-93 ਵਿੱਚ 9167.46 ਕਰੋੜ ਰੁਪਏ ਹੋ ਜਾਣ ਦੀ ਆਸ ਹੈ। ਇਹ ਇਕ ਮਹੱਤਵਪੂਰਨ ਪ੍ਰਾਪਤੀ ਹੈ ਕਿਉਂਕਿ ਸਾਲ 1990-91 ਦੌਰਾਨ ਵਿਕਾਸ-ਦਰ ਕੇਵਲ 1.7 ਪ੍ਰਤਿਸ਼ਤ ਹੀ ਸੀ। ਆਸ ਹੈ ਕਿ ਸਾਲ 1992-93 ਦੌਰਾਨ ਵਿਕਾਸ-ਦਰ 3.54 ਹੋ ਜਾਵੇਗੀ।

7. ਖੇਤੀਬਾੜੀ ਪੰਜਾਬ ਦੇ ਅਰਥਚਾਰੇ ਦਾ ਇਕ ਪ੍ਰਮੁੱਖ ਸੈਕਟਰ ਹੈ। ਸਥਿਰ ਕੀਮਤਾਂ (1980-81) ਦੇ ਆਧਾਰ ਤੇ ਰਾਜ ਵਿਚ ਖੇਤੀ ਦਾ ਕੁੱਲ ਰਾਜ ਘਰੇਲੂ ਉਤਪਾਦਨ ਜੋ 1990-91 ਵਿੱਚ 2667.40 ਕਰੋੜ ਸੀ 1992-93 ਵਿਚ ਵਧਕੇ 2877.77 ਕਰੋੜ ਰੁਪਏ ਹੋ ਜਾਣ ਦੀ ਸੰਭਾਵਨਾ ਹੈ। ਇਥੇ ਇਹ ਦੱਸ ਦੇਣਾ ਯੋਗ ਹੋਵੇਗਾ ਕਿ ਸਾਲ 1990-91 ਦੌਰਾਨ ਇਹ ਵਿਕਾਸ-ਦਰ ਮਨਫੀ 3 ਪ੍ਰਤੀਸ਼ਤ ਸੀ। 1991—93 ਦੇ ਦੋ ਸਾਲਾਂ ਦੌਰਾਨ ਇਸ ਦੀ ਔਸਤ ਵਿਕਾਸ ਦਰ 3.87 ਪ੍ਰਤੀਸ਼ਤ ਹੋ ਜਾਣ ਦੀ ਆਸ ਹੈ। ਰਾਜ ਸਰਕਾਰ ਦੁਆਰਾ ਚਿੱਟਾ ਇਨਕਲਾਬ ਲਿਆਉਣ ਲਈ ਮੁਹਿਮ ਚਲਾਉਣ ਸਦਕਾ ਪਸ਼ੂ ਪਾਲਣ ਨੂੰ ਹੁਣ ਵਧੇਰੇ ਅਹਿਮੀਅਤ ਦਿੱਤੀ ਜਾ ਰਹੀ ਹੈ। ਇਸ ਸੈਕਟਰ ਵਿਚ 1991–93 ਦੇ ਦੋ ਸਾਲਾਂ ਦੇ ਸਮੇਂ ਦੌਰਾਨ 5.07 ਪ੍ਰਤੀਸ਼ਤ ਔਸਤ ਦਰ ਨਾਲ ਵਾਧਾ ਹੋਇਆ ਹੈ। ਇਸ ਤਰ੍ਹਾਂ ਰਾਜ ਦੇ ਅਰਥ-ਚਾਰੇ ਵਿੱਚ ਇਸ ਖੇਤਰ ਦਾ ਹਿੱਸਾ ਸਾਲ 1990-91 ਵਿਚ 1273.09 ਕਰੋੜ ਰੁਪਏ ਤੋਂ ਵਧ ਕੇ ਸਾਲ 1992-93 ਵਿੱਚ 1405.49 ਕਰੋੜ ਰੁਪਏ ਹੋ ਜਾਵੇਗਾ।

ਵਿੱਤੀ ਮਾਹੌਲ

8. ਪਿਛਲੇ ਦਸ ਸਾਲਾਂ ਤੋਂ ਵਧ ਸਮੇਂ ਦੌਰਾਨ ਅਮਨ-ਕਾਨੂੰਨ ਅਤੇ ਸੁਰੱਖਿਆ ਦੀਆਂ ਸਮੱਸਿਆਵਾਂ ਕਾਰਨ ਸਰਕਾਰ ਦੁਆਰਾ ਵਿੱਤੀ ਪ੍ਰਬੰਧ ਨੂੰ ਸਿੱਧੇ ਜਾਂ ਅਸਿੱਧੇ ਤੌਰ ਤੇ ਧੱਕਾ ਲੱਗਾ ਹੈ। ਇਕ ਪਾਸੇ ਰਾਜ ਨੂੰ ਆਤੰਕਵਾਦ ਦਾ ਮੁਕਾਬਲਾ ਕਰਨ ਲਈ ਬਹੁਤ ਜ਼ਿਆਦਾ ਧਨ ਖਰਚਣਾ ਪਿਆ, ਜਿਸ ਕਰਕੇ ਵਿਕਾਸ ਲਈ ਵਸੀਲਿਆਂ ਦੀ ਉਪਲਬੱਧਤਾ ਘਟ ਗਈ। ਅਮਨ ਅਤੇ ਕਾਨੂੰਨ ਬਣਾਈ ਰੱਖਣ ਲਈ ਖਰਚ ਵਧ ਕੇ ਲਗਭਗ ਦਸ ਗੁਣਾ ਹੋ ਗਿਆ, ਯਾਨੀ ਸਾਲ 1980-81 ਵਿਚ ਕੇਵਲ 37 ਕਰੋੜ ਰੁਪਏ ਤੋਂ ਸਾਲ 1992-93 ਵਿਚ 350 ਕਰੋੜ ਰੁਪਏ ਹੋ ਗਿਆ। ਦੂਜੇ ਪਾਸੇ, ਇਸ ਆਤੰਕਵਾਦਗ੍ਰਸਤ ਦਹਾਕੇ ਦੌਰਾਨ ਵਧੀਕ ਵਸੀਲੇ ਜੁਟਾਉਣ ਲਈ ਕੋਈ ਉਪਰਾਲਾ ਨਹੀਂ ਕੀਤਾ ਗਿਆ ਸੀ। ਕਿਸੇ ਸਿਆਸੀ ਨੁਮਾਇੰਦਗੀ ਵਾਲੀ ਸਰਕਾਰ ਜੋ ਕਿ ਯੋਗ ਉਪਰਾਲੇ ਕਰਦੀ, ਦੇ ਨਾ ਹੋਣ ਕਰਕੇ ਕਰ-ਆਮਦਨ ਅਤੇ ਗੈਰ ਕਰ-ਆਮਦਨ ਵਿਚ ਠਹਿਰਾਓ ਆ ਗਿਆ। ਇਸੇ ਸਮੇਂ ਆਤੰਕਵਾਦ ਦੇ ਸ਼ਿਕਾਰ ਹੋਏ ਵਿਅਕਤੀਆਂ, ਉਨ੍ਹਾਂ ਦੀਆਂ ਵਿਧਵਾਵਾਂ ਅਤੇ ਬਾਕੀ ਰਹਿੰਦੇ ਪਰਿਵਾਰਾਂ ਦੇ ਮੈਂਬਰਾਂ ਨੂੰ ਰਾਹਤ ਦੇਣ ਅਤੇ ਉਨ੍ਹਾਂ ਦੇ ਮੁੜ-ਵਸੇਬੇ ਲਈ ਉਪਾਅ ਕਰਨੇ ਪਏ ਸੀ। ਇਨ੍ਹਾਂ ਕਾਰਨਾਂ ਦੇ ਨਤੀਜੇ ਵੱਜੋਂ ਰਾਜ ਵਿਚ ਨਿਪੁੰਨ ਵਿੱਤੀ ਪ੍ਰਬੰਧ ਉਤੇ ਬਹੁਤ ਪ੍ਰਤੀਕੂਲ ਪ੍ਰਭਾਵ ਪਿਆ :--

(i) ਸਾਲ 1987-88 ਤੋਂ ਬਾਅਦ ਰਾਜ ਨੂੰ ਮਾਲੀ ਘਾਟਾ ਹੋਣਾ ਸ਼ੁਰੂ ਹੋ ਗਿਆ ਅਤੇ ਮਾਲ-ਪ੍ਰਾਪਤੀਆਂ ਦੇ ਮੁਕਾਬਲੇ ਮਾਲ-ਖਰਚ ਵਿਚ ਲਗਾਤਾਰ ਵਾਧਾ ਹੁੰਦਾ ਰਿਹਾ। ਸਾਲ

[ਵਿੱਤ ਮੰਤਰੀ]

1987-88 ਵਿੱਚ 229 ਕਰੋੜ ਰੁਪਏ ਦੇ ਪੱਧਰ ਤੋਂ ਮਾਲ-ਘਾਟਾ 1991-92 ਵਿੱਚ 480.87 ਕਰੋੜ ਰੁਪਏ ਹੋ ਗਿਆ ਅਤੇ 1992-93 ਦੇ ਬਜਟ-ਅਨੁਮਾਨਾਂ ਅਨੁਸਾਰ 1,061 ਕਰੋੜ ਰੁਪਏ ਸੀ ;

(ii) 1980--83 ਦੇ ਸਮੇਂ ਦੌਰਾਨ, ਜਦੋਂ ਕਾਂਗਰਸ ਸਰਕਾਰ ਸੱਤਾ ਵਿੱਚ ਸੀ, ਰਾਜ, ਵਿਕਾਸ ਲਈ ਕੁੱਝ ਵਾਫਰ ਰਕਮਾਂ ਪਾਸੇ ਰੱਖਕੇ ਆਪਣੇ ਗੈਰ-ਯੋਜਨਾ ਖਰਚ ਲਈ ਅਦਾਇਗੀ ਕਰਨ ਦੀ ਸਮਰੱਥਾ ਵਿਚ ਸੀ। 1985-86 ਤੋਂ ਅੱਗੇ ਰਾਜ ਨਾ ਕੇਵਲ ਯੋਜਨਾ ਵਿਚ ਸ਼ਾਮਲ ਆਪਣੇ ਵਿਕਾਸ ਪ੍ਰਾਜੈਕਟਾਂ ਬਲਕਿ ਆਪਣੇ ਅੰਸ਼ਕ ਗੈਰ-ਯੋਜਨਾ ਖਰਚ ਲਈ ਵੀ ਉਧਾਰ ਦੇ ਵਸੀਲਿਆਂ ਉਤੇ ਨਿਰਭਰ ਹੋ ਗਿਆ। ਇਸ ਪ੍ਰਕਾਰ 1983-84 ਦੇ ਅੰਤ ਵਿਚ ਪਿਛਲੀ ਕਾਂਗਰਸ ਸਰਕਾਰ ਦੁਆਰਾ ਪ੍ਰਾਪਤ ਕੀਤਾ 30.51 ਕਰੋੜ ਰੁਪਏ ਦਾ ਵਾਫਰ ਬਜਟ 1985-86 ਵਿਚ 43.84 ਕਰੋੜ ਰੁਪਏ ਦੇ ਬਜਟ ਘਾਟੇ ਵਿੱਚ ਬਦਲ ਦਿੱਤਾ ਗਿਆ ਸੀ। ਲਗਾਤਾਰ ਘਾਟਾ ਚਲਦਾ ਆ ਰਿਹਾ ਹੈ। ਜੋ 1986-87 ਵਿਚ 103.45 ਕਰੋੜ ਰੁਪਏ, 1988-89 ਵਿੱਚ 91.76 ਕਰੋੜ ਰੁਪਏ ਅਤੇ 1990-91 ਵਿੱਚ 78.25 ਕਰੋੜ ਰੁਪਏ ਸੀ। ਸਾਡਾ ਸਭ ਤੋਂ ਪਹਿਲਾ ਕੰਮ ਵਧ ਰਹੇ ਘਾਟਿਆਂ ਦੀ ਮੰਦਭਾਗੀ ਵਿਰਾਸਤ ਨੂੰ ਖਤਮ ਕਰਨਾ ਹੋਵੇਗਾ। ਉਧਾਰ ਲਏ ਗਏ ਮੁੱਖ ਸਾਧਨ ਭਾਰਤ ਸਰਕਾਰ ਪਾਸੋਂ ਵਿਸ਼ੇਸ਼ ਮਿਆਦੀ ਕਰਜ਼ਿਆਂ ਦੀ ਸ਼ਕਲ ਵਿਚ ਹਨ, ਜਿਹੜੇ ਸਾਲ 1992-93 ਦੇ ਆਰੰਭ ਵਿੱਚ ਵਧਕੇ 4,224 ਕਰੋੜ ਰੁਪਏ ਹੋ ਗਏ ਅਤੇ ਹੁਣ 4,824 ਕਰੋੜ ਰੁਪਏ ਹਨ। ਕੇਂਦਰੀ ਸਰਕਾਰ ਪਾਸੋਂ ਹੋਰ ਕਰਜ਼ੇ 2,769 ਕਰੋੜ ਰੁਪਏ ਦੇ ਹਨ, ਜਿਸ ਨਾਲ ਕੁੱਲ ਕਰਜ਼ਾ-ਦੇਣਦਾਰੀ 7,593 ਕਰੋੜ ਰੁਪਏ ਹੋ ਜਾਂਦੀ ਹੈ। ਸਾਲ 1993-94 ਵਿੱਚ ਕੇਵਲ ਵਿਸ਼ੇਸ਼ ਮਿਆਦੀ ਕਰਜ਼ਿਆਂ ਦੀ ਮੁੜ-ਅਦਾਇਗੀ ਦੀ ਰਕਮ ਹੀ 707 ਕਰੋੜ ਰੁਪਏ ਹੈ ਅਤੇ ਹੋਰਨਾਂ ਕਰਜ਼ਿਆਂ ਦੀ 402 ਕਰੋੜ ਰੁਪਏ ਬਣਦੀ ਹੈ।

(iii) ਰਾਜ ਵਿੱਚ, ਰਾਜ ਸੇਵਾਵਾਂ ਦੇ ਪ੍ਰਬੰਧਕੀ ਖਰਚ ਵਿੱਚ ਬਹੁਤ ਵਾਧਾ ਹੋਇਆ। ਇਹ ਵਾਧਾ ਵਿਸ਼ੇਸ਼ ਰੂਪ ਵਿਚ ਤੀਜੇ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ 1 ਜਨਵਰੀ, 1986 ਤੋਂ ਪਰਵਾਨ ਕਰ ਲਏ ਜਾਣ ਕਾਰਣ ਹੋਇਆ ਹੈ।

(iv) ਸਮੁੱਚੇ ਰੂਪ ਵਿੱਚ ਰਾਜ ਵਿੱਚ ਸਰਕਾਰੀ ਅਦਾਰਿਆਂ ਦੀ ਕਾਰਗੁਜ਼ਾਰੀ ਤਸੱਲੀਬਖਸ਼ ਨਹੀਂ ਰਹੀ। ਰਾਜ ਸਰਕਾਰ ਨੇ ਸਾਲ 1990-91 ਦੌਰਾਨ (ਪੰਜਾਬ ਰਾਜ ਬਿਜਲੀ ਬੋਰਡ ਤੇ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਜਿਨ੍ਹਾਂ ਬਾਰੇ ਸਥਿਤੀ ਬਾਅਦ ਵਾਲੇ ਪੈਰੇ ਵਿਚ ਸਪਸ਼ਟ ਕੀਤੀ ਗਈ ਹੈ, ਤੋਂ ਇਲਾਵਾ) ਸਰਕਾਰੀ ਖੇਤਰ ਦੇ ਅਦਾਰਿਆਂ ਵਿਚ 218.43 ਕਰੋੜ ਰੁਪਏ ਦੀ ਸੰਨਅਤੀ ਪੂੰਜੀ ਲਗਾਈ ਅਤੇ 332.48 ਕਰੋੜ ਰੁਪਏ ਕਰਜ਼ਿਆਂ ਵੱਜੋਂ ਦਿੱਤੇ। ਇਹਨਾਂ ਸਰਕਾਰੀ ਖੇਤਰ ਦੇ ਅਦਾਰਿਆਂ ਵੱਲੋਂ ਰਾਜ ਦੇ ਖਜ਼ਾਨੇ ਵਿੱਚ ਲਾਭ-ਅੰਸ਼ ਵੱਜੋਂ ਕੀਤਾ ਜਾਂਦਾ ਅੰਸ਼ਦਾਨ ਨਾ-ਮਾਤਰ ਰਿਹਾ ਹੈ । ਹਕੀਕਤ ਇਹ ਹੈ ਕਿ ਬਹੁਤ ਸਾਰੇ ਸਰਕਾਰੀ ਖੇਤਰ ਦੇ ਅਦਾਰਿਆਂ ਨੂੰ ਭਾਰੀ ਘਾਟਾ ਹੁੰਦਾ ਰਿਹਾ ਹੈ ।

(v) ਸਰਕਾਰ ਵੱਲੋਂ ਮੁਹੱਈਆ ਕੀਤੀਆ ਜਾਂਦੀਆਂ ਸੇਵਾਵਾਂ ਜਿਵੇਂ ਕਿ ਟਰਾਂਸਪੋਰਟ, ਸਥਾਨਕ ਸਰਕਾਰ, ਸਿੰਜਾਈ, ਸਿਖਿਆ, ਤਕਨੀਕੀ ਸਿੱਖਿਆ, ਮਾਲੀਆ, ਮਕਾਨ-ਉਸਾਰੀ ਆਦਿ ਲਈ ਵਸੂਲ ਕੀਤੀ ਜਾਂਦੀ ਕੀਮਤ ਇੰਨੀ ਘੱਟ ਹੈ ਕਿ ਇਸਦਾ ਸਰਕਾਰੀ ਖਜ਼ਾਨੇ ਉਤੇ ਭਾਰੀ ਬੋਝ ਪੈਂਦਾ ਹੈ। ਇਨ੍ਹਾਂ ਸੇਵਾਵਾਂ ਵਿਚ ਲਗਾਈ ਗਈ ਪੂੰਜੀ ਤੋਂ ਪ੍ਰਾਪਤ ਹੋਣ ਵਾਲੀ ਆਮਦਨ ਬਹੁਤ ਘੱਟ ਹੋਣ ਕਾਰਣ ਇਨ੍ਹਾਂ ਸੇਵਾਵਾਂ ਦੇ ਮਿਆਰ ਵਿਚ ਵੀ ਗਿਰਾਵਟ ਆ ਜਾਂਦੀ ਹੈ।

9. ਇਸ ਲਈ ਫਰਵਰੀ, 1992 ਵਿਚ ਕਾਰਜਭਾਰ ਸੰਭਾਲਣ ਸਮੇਂ ਸਰਕਾਰ ਨੂੰ ਅਜਿਹੀਆਂ ਵਿੱਤੀ ਸਮੱਸਿਆਵਾਂ ਵਿਰਸੇ ਵਿਚ ਮਿਲੀਆਂ ਹਨ ਜੋ ਪਿਛਲੇ ਕਈ ਸਾਲਾਂ ਦੌਰਾਨ ਹੋਂਦ ਵਿਚ ਆਈਆਂ ਸਨ। ਐਪਰ. ਅਸੀਂ ਦ੍ਰਿੜ ਨਿਸਚਾ ਕਰ ਲਿਆ ਹੈ ਕਿ ਇਨ੍ਹਾਂ ਸਮੱਸਿਆਵਾਂ ਦਾ ਡੱਟ ਕੇ ਮੁਕਾਬਲਾ ਕਰਾਂਗੇ (ਥੰਪਿੰਗ) ਅਤੇ ਪੰਜਾਬ ਵਾਸੀਆਂ ਦੀ ਭਲਾਈ ਪ੍ਰਤੀ ਆਪਣੀ ਵਚਨਬੱਧਤਾ ਨੂੰ ਪੂਰਾ ਕਰਾਂਗੇ। ਇਸ ਮਨੋਰਥ ਲਈ ਇਕ ਤਾਂ ਸਾਨੂੰ ਉਤਪਾਦਕ ਵਿਕਾਸ ਦੇ ਖਰਚੇ ਲਈ ਸਾਧਨ ਲੱਭਣੇ ਪੈਣਗੇ ਅਤੇ ਦੂਜੇ ਪਾਸੇ ਸਾਰੀਆਂ ਸਰਕਾਰੀ ਸਰਗਰਮੀਆਂ ਵਿਚ ਅਣਉਤਪਾਦਕ ਖਰਚ ਨੂੰ ਘਟਾਉਣਾ ਹੋਵੇਗਾ।

ਸਾਲ 1993-94 ਦੌਰਾਨ ਵਿਤੀ ਪ੍ਰਬੰਧ ਸਬੰਧੀ ਦ੍ਰਿਸ਼ਟੀਕੋਣ

10. ਇਸ ਸਾਲ ਦੌਰਾਨ ਰਾਜ ਸਰਕਾਰ ਨੇ ਵਿੱਤੀ-ਪ੍ਰਬੰਧ ਲਈ ਇਕ ਪੰਜ-ਨੁਕਾਤੀ ਦ੍ਰਿਸ਼ਟੀਕੋਣ ਅਪਣਾਇਆ ਹੈ, ਜਿਸ ਵਿਚ ਖਰਚ ਵਿਚ ਕਮੀ, ਵਿਭਾਗਾਂ ਤੇ ਸੰਸਥਾਵਾਂ ਦੇ ਪ੍ਰਬੰਧਕੀ ਪੁਨਰਗਠਨ ਰਾਹੀਂ ਨਿਪੁੰਨਤਾ ਅਤੇ ਕਾਰਗੁਜ਼ਾਰੀ ਵਿਚ ਸੁਧਾਰ ਕਰਨਾ, ਸਰਕਾਰੀ ਖੇਤਰ ਦੇ ਅਦਾਰਿਆਂ ਦੇ ਬਣਤਰ ਸਬੰਧੀ ਢਾਂਚੇ ਨੂੰ ਠੀਕ ਕਰਨਾ, ਸਬਸਿਡੀਆਂ ਵਿਚ ਹੌਲੀ ਹੌਲੀ ਕਮੀ ਕਰਨਾ ਅਤੇ ਵਧੀਕ ਵਸੀਲੇ ਜੁਟਾਉਣਾ ਹੈ। ਸਰਕਾਰ ਇਸ ਗੱਲ ਨੂੰ ਮੰਨਦੀ ਹੈ ਕਿ ਸਮਾਜਕ ਸੇਵਾਵਾਂ ਦੇ ਖੇਤਰ ਵਿਚ ਚੰਗੀਆਂ ਸਹੂਲਤਾਂ ਮੁਹੱਈਆਂ ਕਰਨ, ਵਿਕਾਸ ਲਈ ਕਾਫੀ ਬੁਨਿਆਦੀ ਸਹੂਲਤਾਂ ਦੇਣ ਲਈ ਅਤੇ ਸੰਤੁਲਤ ਤੇ ਲਗਾਤਾਰ ਆਰਥਿਕ ਵਿਕਾਸ ਲਈ ਚੋਖੇ ਸਾਧਨ ਉਪਲਬਧ ਹੋਣੇ ਚਾਹੀਦੇ ਹਨ। ਇਸ ਮਨੋਰਥ ਦੀ ਪ੍ਰਾਪਤੀ ਲਈ ਰਾਜ ਸਰਕਾਰ ਨੇ ਵਧੀਕ ਵਸੀਲੇ ਪੈਦਾ ਕਰਨ ਲਈ ਕੁਝ ਉਪਾਅ ਕੀਤੇ ਹਨ ਜਿਵੇਂ ਕਿ ਸਵਾਰੀ-ਟੈਕਸ ਨੂੰ ਯੁਕਤੀ-ਸੰਗਤ ਬਣਾ ਕੇ ਯਕ-ਮੁਸ਼ਤ ਆਧਾਰ ਤੇ ਮੁਸਾਫਰ-ਟੈਕਸ ਦੀ ਵਸੂਲੀ, ਬੱਸ-ਕਿਰਾਇਆਂ ਵਿਚ ਵਾਧਾ ਕਰਨਾ, ਟੋਲ ਟੈਕਸ ਲਗਾਉਣਾ ਅਤੇ ਮੁੱਖ ਤੌਰ ਤੇ ਸਨੱਅਤੀ ਖੇਤਰ ਵਿਚ ਬਿਜਲੀ ਟੈਰਿਫ ਦੀਆਂ ਦਰਾਂ ਵਿਚ ਵਾਧਾ ਕਰਨਾ। ਮੈਨੂੰ ਇਹ ਦੱਸਣ ਵਿਚ ਪ੍ਰਸੰਨਤਾ ਅਨੁਭਵ ਹੁੰਦੀ ਹੈ ਕਿ ਲੋਕਾਂ ਨੇ ਸਾਡੀ ਬੇਵਸੀ ਨੂੰ ਸਮਝਿਆ ਹੈ ਅਤੇ ਅਮਨ ਬਹਾਲ ਕਰਨ ਅਤੇ ਵਿਕਾਸ ਦੀ ਰਫਤਾਰ ਵਿਚ ਤੇਜ਼ੀ ਲਿਆਉਣ ਲਈ ਲੋੜੀਂਦੀਆਂ ਵਾਧੂ ਰਕਮਾਂ ਮੁਹੱਈਆ ਕਰਨ ਵਿਚ ਸਾਨੂੰ ਸਹਿਯੋਗ ਦਿੱਤਾ ਹੈ। (ਥੰਪਿੰਗ) ਇਨ੍ਹਾਂ ਸਾਰੇ ਉਪਾਵਾਂ ਰਾਹੀਂ ਚਾਲੂ ਮਾਲੀ ਸਾਲ ਦੌਰਾਨ ਤਕਰੀਬਨ 100 ਕਰੋੜ ਰੁਪਏ ਅਤੇ ਸਾਲ 1993-94 ਦੌਰਾਨ ਤਕਰੀਬਨ 400 ਕਰੋੜ ਰੁਪਏ ਦੀ ਵਾਧੂ ਆਮਦਨ ਹੋਣ ਦੀ ਆਸ ਹੈ। ਛੋਟੇ ਵਪਾਰੀਆਂ ਨੂੰ ਰਾਹਤ ਦੇਣ ਲਈ ਅਤੇ ਉਨ੍ਹਾਂ ਵੱਲੋਂ ਸਵੈ-ਇੱਛਾ ਦੇ ਆਧਾਰ ਤੇ ਨਿਯਮਾਂ ਦੀ ਪਾਲਣਾ ਕਰਨਾ ਯਕੀਨੀ ਬਣਾਉਣ ਵਾਸਤੇ, ਵਿਕਰੀ-ਕਰ-ਮਨੋਰਥਾਂ ਲਈ ਰਜਿਸਟਰੇਸ਼ਨ ਦੀ ਸੀਮਾ ਉਤਪਾਦਕਾਂ ਆਦਿ ਲਈ 40,000 ਰੁਪਏ ਤੋਂ ਵਧਾ ਕੇ 1 ਲੱਖ ਰੁਪਏ ਅਤੇ ਆਮ ਵਪਾਰੀਆਂ ਲਈ ਇਹ ਸੀਮਾ 1 ਲੱਖ ਰੁਪਏ ਤੋਂ ਵਧਾ ਕੇ 3 ਲੱਖ ਰੁਪਏ ਕਰ ਦਿੱਤੀ ਗਈ ਹੈ। (ਥੰਪਿੰਗ) ਇਸੇ ਤਰ੍ਹਾਂ ਸਮਰੀ ਅਸੈਸਮੈਂਟ ਦੀ ਸੀਮਾ 2 ਲੱਖ ਰੁਪਏ ਤੋਂ ਵਧਾ ਕੇ 5 ਲੱਖ ਰੁਪਏ ਕਰ ਦਿੱਤੀ ਗਈ ਹੈ। (ਥੰਪਿੰਗ) ਇਸ ਤੋਂ ਇਲਾਵਾ ਸਮਰੀ ਅਸੈਸਮੈਂਟ ਲਈ ਪੇਸ਼ ਕੀਤੇ ਜਾਂਦੇ ਫਾਰਮਾਂ, ਐਲਾਨਨਾਮਿਆਂ ਵਰਗੀ ਕਾਗਜ਼ੀ ਕਾਰਵਾਈ ਨੂੰ

[ਵਿੱਤ ਮੰਤਰੀ]

ਵੀ ਆਸਾਨ ਬਣਾ ਦਿਤਾ ਗਿਆ ਹੈ। ਇਨ੍ਹਾਂ ਉਪਾਵਾਂ ਕਾਰਣ, ਦੂਸਰੇ ਰਾਜਾਂ ਦੀ ਤੁਲਨਾ ਵਿਚ ਚਾਹ, ਦਾਲਾਂ, ਖਲ, ਪਲਾਸਟਿਕ ਦਾ ਸਾਮਾਨ, ਧੂਪ ਅਗਰਬੱਤੀ, ਦੜੀਆਂ, ਗੁੜ, ਸ਼ੱਕਰ ਅਤੇ ਇਥੋਂ ਤੱਕ ਕਿ ਮੋਟਰ ਗੱਡੀਆਂ ਵਰਗੀਆਂ ਵਸਤਾਂ ਦੀ ਵਿਕਰੀ ਵਿਚ ਮੁਕਾਬਲਾ ਗੁਆਂਢੀ ਰਾਜਾਂ ਦੀ ਤੁਲਨਾਂ ਵਿਚ ਹੋਰ ਵੱਧ ਗਿਆ ਹੈ। ਹਾਲਾਂ ਕਿ ਇਨ੍ਹਾਂ ਉਪਾਵਾਂ ਦੇ ਪ੍ਰਭਾਵ ਸਦਕਾ ਫੌਰੀ ਤੌਰ ਤੇ ਵਿਕਰੀ ਕਰ ਦੀ ਉਗਰਾਹੀ ਵਿਚ 11.46 ਕਰੋੜ ਰੁਪਏ ਦੀ ਕਮੀ ਹੋਣ ਦੀ ਸੰਭਾਵਨਾ ਹੈ,ਪਰੰਤੂ ਵਿਸਤ੍ਰਿਤ ਆਧਾਰ ਦੀ ਇਸ ਘੱਟ ਟੈਕਸ ਦਰ ਦੀ ਪਾਲਿਸੀ ਕਾਰਨ ਕਰ-ਕਾਨੂੰਨਾ ਦੀ ਪਾਲਣਾ ਨਿਰਸੰਦੇਹ ਵਧੇਗੀ।(ਥੈਪਿੰਗ) ਜਿਸ ਨਾਲ ਵਣਜ ਅਤੇ ਵਪਾਰ ਉੱਨਤ ਹੋਵੇਗਾ ਜਿਸ ਸਦਕਾ ਰਾਜ ਦੀ ਆਮਦਨ ਵਿਚ ਵਾਧਾ ਹੋਵੇਗਾ।

ਸੋਧੇ ਅਨੁਮਾਨ 1992-93

11. 1992-93 ਦੇ ਬਜਟ ਅਨੁਮਾਨਾਂ ਅਨੁਸਾਰ ਇਹ ਸਾਲ 97.64 ਕਰੋੜ ਰੁਪਏ ਦੇ ਘਾਟੇ ਨਾਲ ਸਮਾਪਤ ਹੋਣ ਦੀ ਸੰਭਾਵਨਾ ਸੀ। ਹੁਣ ਸੋਧੇ ਅਨੁਮਾਨਾਂ ਅਨੁਸਾਰ ਇਹ ਘਾਟਾ 83.40 ਕਰੋੜ ਰੁਪਏ ਹੋਵੇਗਾ। ਕਾਨੂੰਨ ਤੇ ਵਿਵਸਥਾ ਅਮਲੇ ਨੂੰ ਮਜ਼ਬੂਤ ਬਣਾਉਣ, ਮੂਲ ਰੂਪ ਵਿਚ ਕੀਤੇ ਉਪਬੰਧ ਦੇ ਮੁਕਾਬਲੇ ਦਰ ਤੇ ਪਰਵਾਨ ਕੀਤਾ ਗਿਆ ਮਹਿੰਗਾਈ ਭੱਤਾ ਦੇਣ ਕਾਰਣ, ਕਰਮਚਾਰੀਆਂ ਨੂੰ ਬੋਨਸ ਦੇਣ ਅਤੇ ਤਨਖਾਹ ਤਰੱਕੀਆਂ ਦੇ ਦਰ ਵਿਚ ਵਾਧੇ ਵਰਗੀਆਂ ਹੋਰ ਰਾਹਤਾਂ ਦੇਣ ਲਈ ਲੋੜੀਂਦੀਆਂ ਵਧੀਕ ਰਕਮਾਂ, ਪੈਟਰੋਲ ਆਦਿ ਦੇ ਖਰਚ ਵਿਚ ਹੋਏ ਭਾਰੀ ਵਾਧੇ, ਆਤੰਕਵਾਦੀ ਹਿੰਸਾ ਦਾ ਸ਼ਿਕਾਰ ਹੋਏ ਵਿਅਕਤੀਆਂ ਨੂੰ ਰਾਹਤ ਤੇ ਪੁਨਰਵਾਸ ਉਤੇ ਭਾਰੀ ਖਰਚ ਕੀਤੇ ਜਾਣ ਦੇ ਬਾਵਜੂਦ ਸਾਲ ਦੇ ਦੌਰਾਨ ਘਾਟੇ ਉਤੇ ਕਾਬੂ ਪਾ ਲਿਆ ਗਿਆ ਹੈ ਅਤੇ ਇਸ ਨੂੰ ਪ੍ਰਬੰਧਯੋਗ ਸੀਮਾਵਾਂ ਅੰਦਰ ਰੱਖਿਆ ਜਾਵੇਗਾ (ਥੈਪਿੰਗ) ।

ਬਜਟ ਅਨੁਮਾਨ 1993-94

12. ਬਜਟ ਸਬੰਧੀ ਵੇਰਵੇ ਨਿਮਨ ਅਨੁਸਾਰ ਹਨ :

(ਰੁਪਏ ਕਰੋੜਾਂ ਵਿਚ)

ਸੰਚਿਤ ਫੰਡ

1. ਮਾਲ ਲੇਖਾ

ਪ੍ਰਾਪਤੀਆਂ	...	3252.58
ਖਰਚ	...	4001.11
ਨਿਰੋਲ	... (—)	748.53

2. ਪੂੰਜੀਗਤ ਖਰਚ		...	281.47
3. ਸਰਕਾਰੀ ਰਿਣ			
	ਲਏ ਗਏ ਉਧਾਰ	...	2,850.82
	ਅਦਾਇਗੀ	...	1502.22
	ਨਿਰੋਲ	...	1348.60
4. ਕਰਜ਼ੇ ਤੇ ਪੇਸ਼ਗੀਆਂ			
	ਪੇਸ਼ਗੀਆਂ	...	512.46
	ਵਸੂਲੀਆਂ	...	58.33
	ਨਿਰੋਲ	... (—)	454.13
ਕੁੱਲ ਸੰਚਿਤ ਫੰਡ (ਨਿਰੋਲ)		... (—)	135.53
ਸਰਕਾਰੀ ਲੇਖਾ (ਨਿਰੋਲ)		... (+)	135.53
ਕੁੱਲ ਲੈਣ ਦੇਣ			
	ਮੁੱਢਲੀ ਬਾਕੀ	... (—)	83.40
	ਅੰਤਿਮ ਬਾਕੀ	... (—)	83.40

13. ਸਾਲ 1992-93 ਵਿਚਲੇ 1,061.20 ਕਰੋੜ ਰੁਪਏ ਦੇ ਮਾਲੀ ਘਾਟੇ ਨੂੰ ਸਾਲ 1993-94 ਦੌਰਾਨ ਘਟਾ ਕੇ 748.53 ਕਰੋੜ ਰੁਪਏ ਤਕ ਲਿਆਂਦਾ ਗਿਆ ਹੈ । ਪਿਛਲੇ ਸਾਲਾਂ ਵਾਂਗ, ਕੇਂਦਰੀ ਸਰਕਾਰ ਵੱਲੋਂ ਸਹਾਇਤਾ ਮਿਲਣ ਨਾਲ ਇਹ ਕਮੀ ਸਮਾਪਤ ਹੋ ਜਾਵੇਗੀ। ਪੂੰਜੀ ਲੇਖੇ ਤੇ ਸਰਕਾਰੀ ਲੇਖੇ ਸਮੇਤ ਸਮੁੱਚਾ ਬਜਟੀ ਘਾਟਾ ਕੇਵਲ 83.40 ਕਰੋੜ ਰੁਪਏ ਹੋਵੇਗਾ।

ਕੇਂਦਰੀ ਸਹਾਇਤਾ

14. ਸਰਹੱਦੋਂ ਪਾਰ ਉਕਸਾਏ ਜਾਣ ਵਾਲੇ ਵੱਖਵਾਦੀ ਤੇ ਆਤੰਕਵਾਦੀ ਅਨਸਰਾਂ ਵਿਰੁਧ ਸਾਰੇ ਦੇਸ਼ ਵੱਲੋਂ ਘੋਲ ਕਰ ਰਹੇ ਇਸ ਰਾਜ ਨੂੰ ਆਪਣੇ ਘਾਟੇ ਨੂੰ ਪੂਰਾ ਕਰਨ ਲਈ ਅਤੇ ਵਿਕਾਸ ਯੋਜਨਾਵਾਂ ਲਈ ਵਸੀਲੇ ਮੁਹੱਈਆ ਕਰਨ ਵਾਸਤੇ ਪਿਛਲੇ ਲਗਭਗ 5 ਸਾਲਾਂ ਤੋਂ ਕੇਂਦਰ ਸਰਕਾਰ ਪਾਸੋਂ ਵਿਸ਼ੇਸ਼ ਮਿਆਦੀ ਕਰਜ਼ੇ ਖੁਲ੍ਹ-ਦਿਲੀ ਨਾਲ ਮਿਲ ਰਹੇ ਹਨ। ਰਾਜ ਦੀ ਕੁੱਲ ਰਿਣ ਦੇਣਦਾਰੀ ਜੋ 31 ਮਾਰਚ, 1993 ਨੂੰ 9,100 ਕਰੋੜ ਰੁਪਏ ਹੋਵੇਗੀ, ਵਿਚੋਂ 7,592 ਕਰੋੜ ਰੁਪਏ ਕੇਂਦਰੀ ਸਰਕਾਰ ਨੂੰ ਦੇਣੇ ਬਣਦੇ ਹਨ । ਇਸ ਰਕਮ ਵਿੱਚ 4,823.62 ਕਰੋੜ ਰੁਪਏ ਦੇ ਵਿਸ਼ੇਸ਼ ਮਿਆਦੀ ਕਰਜ਼ੇ ਹਨ। ਜਿਹੜੇ

[ਵਿੱਤ ਮੰਤਰੀ]

ਰਾਜ ਸਰਕਾਰ ਦੀਆਂ ਸਾਲਾਨਾਂ ਯੋਜਨਾਵਾਂ ਉਤੇ ਸਰਮਾਇਆਕਾਰੀ ਲਈ ਕੇਂਦਰੀ ਸਰਕਾਰ ਵੱਲੋਂ ਖਾਸ ਕਰਕੇ ਪਰਵਾਨ ਕੀਤੇ ਗਏ ਸਨ । ਇਸ ਤੋਂ ਇਲਾਵਾ ਭਾਰਤ ਸਰਕਾਰ ਵਿਸ਼ੇਸ਼ ਮਿਆਦੀ ਕਰਜ਼ਿਆਂ ਦੀ ਮੁੜ ਅਦਾਇਗੀ ਅਰਥਾਤ ਮੂਲ ਤੇ ਵਿਆਜ ਦੋਹਾਂ ਦੀ ਅਦਾਇਗੀ ਤੋਂ ਸਾਲ 1989-90 ਤੋਂ ਬਾਅਦ ਲਗਾਤਾਰ ਕਰਜ਼ਾ ਅਦਾਇਗੀ-ਸਥਗਨ ਪਰਵਾਨ ਕਰਦੀ ਆ ਰਹੀ ਹੈ। ਇਨ੍ਹਾਂ ਵਿਸ਼ੇਸ਼ ਮਿਆਦੀ ਕਰਜ਼ਿਆਂ ਦੀ ਮੁੜ ਅਦਾਇਗੀ ਦੇ ਸਥਗਨ ਤੋਂ ਬਿਨਾਂ ਰਾਜ ਸਰਕਾਰ ਲਈ ਵਿਕਾਸ ਕਾਰਜਾਂ ਉਤੇ ਸਰਮਾਇਆ ਲਗਾਉਣਾ ਸੰਭਵ ਨਹੀਂ ਹੋਵੇਗਾ। ਸਾਲ 1993-94 ਵਿਚ ਰਾਜ ਦੀ ਵਿਸ਼ੇਸ਼ ਮਿਆਦੀ ਕਰਜ਼ਿਆਂ ਦੀ ਮੁੜ ਅਦਾਇਗੀ ਦੀ ਦੇਣਦਾਰੀ ਲਗਭਗ 707 ਕਰੋੜ ਰੁਪਏ ਹੈ । ਰਾਜ ਸਰਕਾਰ ਵੱਲੋਂ 600 ਕਰੋੜ ਰੁਪਏ ਦੇ ਵਧੀਕ ਕਰਜ਼ੇ ਲਈ ਅਤੇ 707 ਕਰੋੜ ਰੁਪਏ ਦੇ ਕਰਜ਼ੇ ਦੀ ਮੁੜ ਅਦਾਇਗੀ ਸਬੰਧੀ ਸਥਗਨ ਲਈ ਬੇਨਤੀ ਕੇਂਦਰ ਸਰਕਾਰ ਦੇ ਵਿਚਾਰ ਅਧੀਨ ਹੈ । ਸਾਡੇ ਮੁੱਖ ਮੰਤਰੀ ਜੀ ਨੇ ਨਿਜੀ ਰੂਪ ਵਿਚ ਇਸ ਬਾਰੇ ਪ੍ਰਧਾਨ ਮੰਤਰੀ ਜੀ ਨੂੰ ਬੇਨਤੀ ਕੀਤੀ ਹੈ ਤੇ ਆਸ ਹੈ ਕਿ ਇਸ ਸਬੰਧੀ ਪਰਵਾਨਗੀ ਜਲਦੀ ਪ੍ਰਾਪਤ ਹੋ ਜਾਵੇਗੀ।

ਸਾਲਾਨਾ ਯੋਜਨਾ 1993-94 ਲਈ ਵਸੀਲੇ

15. ਸਾਲ 1993-94 ਦੀ ਰਾਜ ਯੋਜਨਾ ਲਈ ਪੂੰਜੀ ਰਾਜ ਦੇ ਸਾਧਨਾਂ ਤੋਂ ਅਤੇ ਕੇਂਦਰੀ ਸਰਕਾਰ ਦੀ ਸਹਾਇਤਾ ਨਾਲ ਲਗਾਈ ਜਾਣੀ ਹੈ । ਆਪਣੇ ਸਮੁੱਚੇ ਗੈਰ-ਯੋਜਨਾ ਖਰਚ ਦੀ ਅਦਾਇਗੀ ਕਰਨ ਉਪਰੰਤ ਇਸ ਯੋਜਨਾ ਤੇ ਪੂੰਜੀ ਲਗਾਉਣ ਲਈ ਰਾਜ ਕੋਲ ਕੇਵਲ 20 ਕਰੋੜ ਰੁਪਏ ਦੇ ਸਾਧਨ ਉਪਲਭਧ ਹਨ। ਇਤਨੇ ਘਟ ਸਾਧਨ ਵੀ ਨਿਮਨ ਉਪਾਵਾਂ ਕਾਰਣ ਸੰਭਵ ਹੋ ਸਕੇ ਹਨ:--

(ੳ) ਸਾਲ 1992-93 ਦੌਰਾਨ ਕੀਤੇ ਯਤਨਾਂ ਕਾਰਣ 1992-93 ਦੌਰਾਨ ਤਕਰੀਬਨ 100 ਕਰੋੜ ਰੁਪਏ ਪ੍ਰਾਪਤ ਹੋਏ ਹਨ ਅਤੇ ਸਾਲ 1993-94 ਦੌਰਾਨ 400 ਕਰੋੜ ਰੁਪਏ ਪ੍ਰਾਪਤ ਹੋਣ ਦੀ ਆਸ ਹੈ। (ਥੰਪਿੰਗ)

(ਅ) ਮੌਜੂਦਾ ਕਰ ਢਾਂਚੇ ਨੂੰ ਯੁਕਤੀ-ਸੰਗਤ ਬਣਾਉਣ ਨਾਲ 100 ਕਰੋੜ ਰੁਪਏ ਦੇ ਸਾਧਨ ਜੁਟਾਉਣ, ਵਸੂਲੀ ਦੀ ਕਾਰਜਵਿਧੀ ਨੂੰ ਆਸਾਨ ਬਣਾਉਣ, ਖਾਮੀਆਂ ਦੂਰ ਕਰਨ, ਕਰਾਂ ਦੀ ਚੋਰੀ ਰੋਕਣ ਅਤੇ ਮੁਹੱਈਆ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਦੇ ਮੁੱਲ ਨਿਰਧਾਰਣ ਦੀ ਘੋਖ ਕਰਨ ਦੇ ਸਾਰੇ ਉਪਾਵਾਂ ਕਾਰਣ (ਆਮ ਆਮਦਨੀ ਤੇ ਬੇਲੋੜਾ ਬੋਝ ਨਹੀਂ ਪਵੇਗਾ) (ਥੰਪਿੰਗ) ਅਤੇ

(ੲ) ਸਾਲ 1992-93 ਦੇ ਗੈਰ-ਯੋਜਨਾ ਖਰਚ ਦੇ ਮੁਕਾਬਲੇ ਸਾਲ 1993-94 ਵਿਚ 8 ਪ੍ਰਤੀਸ਼ਤ ਕਮੀ ਕਰਨਾ । ਜਿਸ ਨਾਲ 90 ਕਰੋੜ ਰੁਪਏ ਦੀ ਬੱਚਤ ਹੋਵੇਗੀ। ਇਸ ਤਰ੍ਹਾਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਗੈਰ-ਯੋਜਨਾ ਖਰਚ ਉਤੇ ਪਾਬੰਦੀ ਲਗਾਏ ਜਾਣ ਅਤੇ ਵਧੀਕ ਸਾਧਨ ਜੁਟਾਉਣ ਦੇ ਬਾਵਜੂਦ, ਦੂਜੇ ਰਾਜਾਂ ਨੂੰ ਮਿਲਦੀ ਸਾਧਾਰਣ ਸਹਾਇਤਾ ਤੋਂ ਇਲਾਵਾ, ਸਾਡੀ ਸਰਕਾਰ ਨੂੰ ਪਿਛਲੇ ਸਾਲਾਂ ਵਾਂਗ ਵਿਸ਼ੇਸ਼ ਸਹਾਇਤਾ ਤੇ ਨਿਰਭਰ ਕਰਨਾ ਪਵੇਗਾ ।

ਸਾਲ 1992-93 ਦੌਰਾਨ ਵਿੱਤੀ ਪ੍ਰਬੰਧ ਸਬੰਧੀ ਨੀਤੀ

16. ਸਰਕਾਰ, ਰਾਜ ਵਿਚ ਚਿਰ-ਲੰਬਾਈ ਆਰਥਿਕ ਸਥਿਰਤਾ ਲਿਆਉਣ ਲਈ ਦ੍ਰਿੜ ਸੰਕਲਪ ਹੈ। ਇਸ ਮੰਤਵ ਲਈ ਪ੍ਰਸ਼ਾਸਨ ਅੰਦਰ ਨਿਪੁੰਨਤਾ ਵਿੱਚ ਸੁਧਾਰ ਲਿਆਉਣ ਦੇ ਉਪਾਅ ਜਾਰੀ ਰੱਖਣੇ ਪੈਣਗੇ, ਜਦੋਂ ਤਕ ਇਸ ਦੇ ਨਾਲ ਹੀ ਉਦਯੋਗਿਕ ਵਿਕਾਸ ਦੀ ਸਫਲਤਾ ਦੇ ਮੁਆਫਿਕ ਮਾਹੌਲ ਬਣਾਉਣਾ ਹੋਵੇਗਾ ਜਿਸ ਲਈ ਸਰਕਾਰ ਅਤੇ ਜਨਤਾ ਦੋਵੇਂ ਈ ਇਨ੍ਹਾਂ ਕੋਸ਼ਿਸ਼ਾਂ ਵਿੱਚ ਭਾਈਵਾਲ ਹਨ। ਅਸੀਂ ਰਾਸ਼ਟਰੀ ਪੱਧਰ ਤੇ ਪਹਿਲ ਕਦਮੀਆਂ ਦਾ ਪੂਰਾ ਲਾਭ ਉਠਾਵਾਂਗੇ ਅਤੇ ਅਸਲ ਵਿਚ ਜ਼ਰਾਇਤੀ ਵਿਕਾਸ ਸੰਨਤੀਕਰਣ ਵਿੱਚ ਹੋਰ ਤੇਜ਼ੀ ਲਿਆਵਾਂਗੇ । ਵਿਕਾਸ ਪ੍ਰਤੀ ਵਚਨਬੱਧ ਸਾਡੇ ਮੁੱਖ ਮੰਤਰੀ ਜੀ ਦੀ ਪ੍ਰੇਰਣਾ ਭਰਪੂਰ ਅਗਵਾਈ ਅਧੀਨ ਨਿਮਨ ਸਪੱਸ਼ਟ ਅਤੇ ਸੰਖੇਪ ਨੀਤੀ ਬਣਾਈ ਹੈ :--

(1) **ਅਣ-ਉਦਪਾਦਕ ਖਰਚ ਵਿਚ ਕਟੌਤੀ**

ਸਾਲ 1993-94 ਦੌਰਾਨ ਸਾਰੇ ਵਿਭਾਗਾਂ ਦੇ ਗੈਰ-ਯੋਜਨਾ ਖਰਚ ਦੇ ਵਾਧੇ ਨੂੰ 1992-93 ਦੇ ਬਜਟ ਪੱਧਰ ਨਾਲੋਂ 8 ਪ੍ਰਤੀਸ਼ਤ ਤਕ ਹੀ ਸੀਮਿਤ ਰੱਖਿਆ ਜਾਵੇਗਾ । ਸਾਡਾ ਨਿਸ਼ਾਨਾ ਹੈ ਕਿ ਸਾਰੇ ਗੈਰ-ਜ਼ਰੂਰੀ ਅਤੇ ਫਜ਼ੂਲ ਖਰਚਿਆਂ ਨੂੰ ਬੰਦ ਕਰਕੇ ਲਗਾਤਾਰ ਵਧ ਰਹੇ ਖਰਚੇ ਨੂੰ ਰੋਕਿਆ ਜਾਵੇ। ਇਸ ਵਿੱਚ ਸਰਕਾਰੀ ਸਰਗਰਮੀ ਦੇ ਖੇਤਰ ਵੀ ਕਵਰ ਕੀਤੇ ਜਾਣਗੇ ਜਿਵੇਂ ਦਫਤਰੀ ਖਰਚੇ, ਲੋੜ ਤੋਂ ਵੱਧ ਅਮਲਾ, ਸਫਰ ਖਰਚੇ, ਟੈਲੀਫੂਨ, ਫਰਨਿਸ਼ਿੰਗ ਅਤੇ ਹਰ ਕਿਸਮ ਦੀ ਠਾਠ-ਬਾਠ ਸ਼ਾਮਲ ਹੈ। ਇਸੇ ਤਰ੍ਹਾਂ ਪਬਲਿਕ ਸੈਕਟਰ ਅਦਾਰਿਆਂ ਤੋਂ ਵੀ ਆਸ ਕੀਤੀ ਜਾਵੇਗੀ ਕਿ ਉਹ ਟੈਕਸ ਦੇਣ ਵਾਲਿਆਂ ਦੀ ਮਿਹਨਤ ਨਾਲ ਕੀਤੀ ਕਮਾਈ ਨੂੰ ਸੰਜਮ ਨਾਲ ਖਰਚ ਕਰਨ। ਕੇਵਲ ਇਸੇ ਵਿੱਤੀ ਸੰਜਮ ਸਦਕਾ ਸਾਲ 1993-94 ਦੌਰਾਨ ਲਗਭਗ 90 ਕਰੋੜ ਰੁਪਏ ਦੀ ਬੱਚਤ ਹੋ ਸਕੇਗੀ ।

(2) **ਸਰਕਾਰੀ ਗੱਡੀਆਂ ਅਤੇ ਪੈਟਰੋਲ ਆਦਿ ਦੀ ਵਰਤੋਂ ਵਿਚ ਸੰਜਮ**

ਇਹ ਵਿਚਾਰ ਕਰਕੇ ਕਿ ਤੇਲ ਇਕ ਦੁਰਲਭ ਅਤੇ ਬਹੁਮੁੱਲਾ ਪਦਾਰਥ ਹੈ, ਸਟਾਫ ਕਾਰਾਂ, ਪੈਟਰੋਲ, ਤੇਲ ਅਤੇ ਲੁਬਰੀਕੈਂਟਾਂ ਦੀ ਵਰਤੋਂ ਵਿੱਚ ਵੱਧ ਤੋਂ ਵੱਧ ਕਫਾਇਤੀ ਕੀਤੀ ਜਾਵੇ। ਗੱਡੀਆਂ ਅਤੇ ਪੈਟਰੋਲ ਆਦਿ ਨੂੰ ਅਵਾਂਈ ਜਾਣ ਅਤੇ ਗੱਡੀਆਂ ਦੀ ਦੁਰਵਰਤੋਂ ਰੋਕਣ ਲਈ ਕਈ ਸਿਸਟਮ ਲਾਗੂ ਕੀਤੇ ਜਾਣਗੇ। ਸਾਲ 1992-93 ਦੌਰਾਨ ਪੈਟਰੋਲ ਆਦਿ ਤੇ ਸਰਕਾਰੀ ਖਰਚ ਵਿਚ 50 ਪ੍ਰਤੀਸ਼ਤ ਦਾ ਚਿੰਤਾ ਜਨਕ ਵਾਧਾ ਹੋਇਆ ਜੋ 1991-92 ਵਿੱਚ ਲਗਭਗ 60 ਕਰੋੜ ਰੁਪਏ ਤੋਂ ਵੱਧਕੇ 1992-93 ਦੌਰਾਨ 90 ਕਰੋੜ ਰੁਪਏ ਹੋ ਗਿਆ। ਸਾਲ 1993-94 ਦੌਰਾਨ ਅਸੀਂ ਪੈਟਰੋਲ ਆਦਿ ਦੇ ਖਰਚ ਨੂੰ 1992-93 ਦੇ ਖਰਚ ਤੋਂ 20 ਕਰੋੜ ਰੁਪਏ ਘਟਾਉਣ ਦਾ ਟੀਚਾ ਰੱਖਾਂਗੇ। (ਥੰਪਿੰਗ)

(3) **ਆਬਕਾਰੀ ਅਤੇ ਕਰ**

ਜਿਥੋਂ ਤਕ ਵਿਕਰੀ-ਕਰ ਦਾ ਸਬੰਧ ਹੈ, ਸਰਕਾਰ ਘੱਟ ਦਰ ਵਾਲੇ ਵਿਸਤ੍ਰਿਤ ਆਧਾਰ ਦਾ ਸਿਧਾਂਤ ਅਪਣਾਏਗੀ ਜੋ ਵਲੰਟਰੀ ਤਾਮੀਲ ਨੂੰ ਉਤਸਾਹਿਤ ਕਰੇਗਾ ਅਤੇ ਕਰ-ਚੋਰੀ ਨੂੰ ਰੋਕੇਗਾ। ਸਾਲ 1993-94 ਦੌਰਾਨ ਰਾਜ ਨੂੰ ਵਿਕਰੀ-ਕਰ ਆਮਦਨ ਅਤੇ ਆਬਕਾਰੀ ਆਮਦਨ ਦੋਹਾਂ ਤੋਂ ਘੱਟ ਤੋਂ ਘੱਟ 15 ਪ੍ਰਤੀਸ਼ਤ ਵਾਧੇ ਦੀ ਉਮੀਦ ਹੈ । ਆਬਕਾਰੀ ਵਸੂਲੀਆਂ 1992-93 ਵਿੱਚ 527.60 ਕਰੋੜ ਰੁਪਏ ਤੋਂ ਵੱਧ ਕੇ ਸਾਲ

[ਵਿੱਤ ਮੰਤਰੀ]

1993-94 ਦੌਰਾਨ 580.30 ਕਰੋੜ ਰੁਪਏ ਅਤੇ ਕਰ-ਵਸੂਲੀ ਸਾਲ 1992-93 ਵਿਚ 1164.74 ਕਰੋੜ ਰੁਪਏ ਤੋਂ ਵੱਧ ਕੇ ਸਾਲ 1993-94 ਦੌਰਾਨ 1380.03 ਕਰੋੜ ਰੁਪਏ ਹੋਣੀਆਂ ਚਾਹੀਦੀਆਂ ਹਨ। ਵਿਕਰੀ-ਕਰ ਅਤੇ ਆਬਕਾਰੀ ਤੋਂ 22 ਪ੍ਰਤੀਸ਼ਤ ਤੋਂ 25 ਪ੍ਰਤੀਸ਼ਤ ਤਕ ਵਧੇਰੇ ਉਚੇਰੀ ਵਿਕਾਸ ਦਰ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ।

(4) ਪਬਲਿਕ ਸੈਕਟਰ ਅਦਾਰੇ

ਸਰਕਾਰ ਇਹ ਸਵੀਕਾਰ ਕਰਦੀ ਹੈ ਕਿ ਇਹ ਪਬਲਿਕ ਸੈਕਟਰ ਅਦਾਰਿਆਂ ਅਤੇ ਸਹਿਕਾਰੀ ਸੰਸਥਾਵਾਂ ਦੀ ਕਾਰਗੁਜ਼ਾਰੀ ਦੇ ਸਬੰਧ ਵਿਚ ਜਨਤਾ ਪ੍ਰਤੀ ਜਵਾਬਦੇਹ ਹੈ। ਕਿਉਂਜੋ ਪਬਲਿਕ ਸੈਕਟਰ ਅਦਾਰਿਆਂ ਵਿਚ ਚੋਖੇ ਸਰਕਾਰੀ ਫੰਡ ਲਗਾਏ ਗਏ ਹਨ, ਇਸ ਲਈ ਉਨ੍ਹਾਂ ਨੂੰ ਆਪਣੀ ਹੋਂਦ ਬਰਕਰਾਰ ਰੱਖਣ ਲਈ ਕਾਫੀ ਲਾਭ ਯਕੀਨੀ ਬਣਾਉਣਾ ਚਾਹੀਦਾ ਹੈ। ਇਹ ਫੈਸਲਾ ਕੀਤਾ ਗਿਆ ਹੈ ਕਿ ਅੱਗੇ ਤੋਂ ਸਾਰੇ ਪਬਲਿਕ ਸੈਕਟਰ ਅਦਾਰੇ ਅਤੇ ਸਹਿਕਾਰੀ ਸੰਸਥਾਵਾਂ, ਸਰਕਾਰ ਦੁਆਰਾ ਪਹਿਲਾਂ ਲਗਾਏ ਗਏ ਵਸੀਲਿਆਂ ਦਾ ਘੱਟ ਤੋਂ ਘੱਟ 4 ਪ੍ਰਤੀਸ਼ਤ ਸਾਲਾਨਾ ਸਰਕਾਰ ਨੂੰ ਵਾਪਸ ਕਰਨਗੀਆਂ। ਇਨ੍ਹਾਂ ਸੰਸਥਾਵਾਂ (ਪੀ.ਐਸ.ਈ.ਬੀ ਅਤੇ ਪੀ.ਆਰ.ਟੀ.ਸੀ ਨੂੰ ਛੱਡਕੇ) ਜਿਨ੍ਹਾਂ ਵਿੱਚ ਹੁਣ ਤਕ ਲਗਾਈ ਗਈ ਪੂੰਜੀ ਕ੍ਰਮਵਾਰ 3725 ਕਰੋੜ ਰੁਪਏ ਅਤੇ 130 ਕਰੋੜ ਰੁਪਏ ਹੈ, ਵਿੱਚ ਰਾਜ ਸਰਕਾਰ ਦੁਆਰਾ ਲਗਾਈ ਗਈ 218 ਕਰੋੜ ਰੁਪਏ ਦੀ ਹਿੱਸਾ ਪੂੰਜੀ ਉਤੇ ਸਾਲ 1993-94 ਦੌਰਾਨ ਘੱਟੋ ਘੱਟ 8.80 ਕਰੋੜ ਰੁਪਏ ਦੀ ਆਮਦਨ ਹੋਣ ਦੀ ਆਸ ਹੈ। ਉਹ ਅਦਾਰੇ ਜੋ ਇਹ ਸਾਧਾਰਣ ਟੀਚੇ ਪ੍ਰਾਪਤ ਨਹੀਂ ਕਰ ਸਕਦੇ ਉਨ੍ਹਾਂ ਨੂੰ ਬੰਦ ਕਰ ਦੇਣ ਦੇ ਕਦਮ ਉਠਾਉਣ ਲਈ ਕਿਹਾ ਜਾਵੇਗਾ। ਸਮੂਹ ਅਦਾਰਿਆਂ ਨੂੰ ਆਪਣੀ ਕਾਰਗੁਜ਼ਾਰੀ ਵਿਚ ਸੁਧਾਰ ਲਿਆਉਣਾ ਪਵੇਗਾ ਅਤੇ ਘੱਟ ਤੋਂ ਘੱਟ ਮੁੱਲ ਤੇ ਚੰਗੇਰੀਆਂ ਸੇਵਾਵਾਂ ਮੁਹੱਈਆ ਕਰਨੀਆਂ ਪੈਣਗੀਆਂ। ਸਰਕਾਰ ਉਨ੍ਹਾਂ ਅਦਾਰਿਆਂ ਵਿੱਚ ਫੰਡ ਲਗਾਉਣਾ ਬੰਦ ਕਰ ਦੇਵੇਗੀ ਜੋ ਚੱਲਣਯੋਗ ਨਹੀਂ ਹਨ ਅਤੇ ਉਨ੍ਹਾਂ ਦੀ ਸਿਲਸਿਲੇਵਾਰ ਅਲਹਿਦਗੀ ਕੀਤੀ ਜਾਵੇਗੀ। ਪਬਲਿਕ ਸੈਕਟਰ ਅਤੇ ਸਹਿਕਾਰੀ ਅਦਾਰਿਆਂ ਨੂੰ ਨਿਮਨ ਕਾਰਜਾਂ ਲਈ ਉਤਸ਼ਾਹਿਤ ਕੀਤਾ ਜਾਵੇਗਾ।

(ੳ) ਵਿਸਤਾਰ ਲਈ ਸੰਸਥਾਵੀਂ ਵਿੱਤ ਜੁਟਾਉਣਾ;

(ਅ) ਅਪਨਿਵੇਸ਼ ਤੋਂ ਪ੍ਰਾਪਤ ਹੋਈਆਂ ਰਕਮਾਂ ਦਾ, ਜਿਥੇ ਕਿਤੇ ਸੰਭਵ ਹੋਵੇ, ਮੁੜ ਪੂੰਜੀ-ਨਿਵੇਸ਼; ਅਤੇ

(ੲ) ਜਿਥੇ ਜ਼ਰੂਰੀ ਹੋਵੇ, ਸੰਯੁਕਤ ਸੈਕਟਰ, ਸਹਾਇਤਾ-ਪ੍ਰਾਪਤ ਸੈਕਟਰ, ਸਹਿਕਾਰੀ ਸੈਕਟਰ ਅਤੇ ਵਰਕਰ ਸਹਿਕਾਰਤਾਵਾਂ ਨੂੰ ਯੋਗ ਕਾਨੂੰਨੀ ਢੰਗ ਨਾਲ ਮੈਨੇਜਮੈਂਟ ਅਤੇ ਕੰਟਰੋਲ ਸੌਂਪਣਾ।

ਸਰਕਾਰ ਨੂੰ ਚਿੰਤਾ ਹੈ ਕਿ ਪਬਲਿਕ ਸੈਕਟਰ ਅਦਾਰੇ, ਆਮ ਤੌਰ ਤੇ, ਨਿਪੁੰਨਤਾ, ਲਾਭਕਾਰਤਾ ਅਤੇ ਲੋਕ ਭਲਾਈ ਪੱਖੋਂ ਕਸਵੱਟੀ ਤੇ ਪੂਰੇ ਨਹੀਂ ਉੱਤਰੇ । ਸਹਿਕਾਰੀ ਸੈਕਟਰ ਵਿਚਲੀਆਂ ਸੰਸਥਾਵਾਂ ਸਹਿਤ ਸਾਰੀਆਂ ਸੰਸਥਾਵਾਂ ਨੂੰ ਵਪਾਰਕ, ਪੇਸ਼ਾਵਰਾਨਾ ਪੱਖੋਂ ਆਪਣੇ ਕਾਰਜਾਂ ਦਾ ਸੰਚਾਲਣ ਕਰਨਾ ਚਾਹੀਦਾ ਹੈ ਅਤੇ ਫਜ਼ੂਲ ਖਰਚੀ ਅਤੇ ਉਜਾੜੇ (waste) ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

(5) ਪੰਜਾਬ ਰਾਜ ਰਿਨਯੂਅਲ ਫੰਡ

ਨੈਸ਼ਨਲ ਰਿਨਯੂਅਲ ਫੰਡ ਦੀਆਂ ਲੀਹਾਂ ਉੱਤੇ ਪੰਜਾਬ ਸਰਕਾਰ ਨੇ ਇਸ ਬਜਟ ਵਿੱਚ 50 ਕਰੋੜ ਰੁਪਏ ਦਾ ਪੰਜਾਬ ਰਾਜ ਰਿਨਯੂਅਲ ਫੰਡ ਕਾਇਮ ਕੀਤਾ ਹੈ । ਇਸ ਵਿਚੋਂ 30 ਕਰੋੜ ਰੁਪਏ ਰਾਜ ਦੇ ਆਪਣੇ ਵਸੀਲਿਆਂ ਤੋਂ ਜੁਟਾਏ ਗਏ ਹਨ ਅਤੇ ਘੱਟੋ ਘੱਟ 20 ਕਰੋੜ ਰੁਪਏ ਨੈਸ਼ਨਲ ਰਿਨਯੂਅਲ ਫੰਡ ਤੋਂ ਸਹਾਇਤਾ ਵਜੋਂ ਮਿਲਣ ਦੀ ਆਸ ਹੈ । ਇਸ ਫੰਡ ਰਾਹੀਂ ਅਜਿਹੇ ਅਦਾਰਿਆਂ ਦੇ ਆਧੁਨਕੀਕਰਣ ਅਤੇ ਉਨ੍ਹਾਂ ਦੀ ਬਣਤਰ ਵਿੱਚ ਕੀਤੀ ਜਾਣ ਵਾਲੀ ਤਬਦੀਲੀ ਦੇ ਨਤੀਜੇ ਵਜੋਂ ਵਿਹ ਵਿਹਲੇ ਹੋਏ ਕਰਮਚਾਰੀਆਂ ਨੂੰ ਫਿਰ ਤੋਂ ਰੋਜ਼ਗਾਰ ਦਿਵਾਉਣ ਵਾਸਤੇ ਦੁਬਾਰਾ ਸਿਖਲਾਈ ਦਿਤੀ ਜਾਵੇਗੀ ਅਤੇ ਬੰਦ ਹੋ ਜਾਣ ਵਾਲੇ ਅਦਾਰਿਆਂ ਤੋਂ ਵਿਹਲੇ ਹੋਏ ਕਰਮਚਾਰੀਆਂ ਨੂੰ ਮੁਆਵਜ਼ਾ ਦਿੱਤਾ ਜਾਵੇਗਾ । ਅਜਿਹੇ ਕਿਰਤੀਆਂ ਲਈ ਲਾਹੇਵੰਦ ਰੋਜ਼ਗਾਰ ਪੈਦਾ ਕਰਨ ਲਈ ਨਵੇਂ ਮੌਕੇ ਪੈਦਾ ਕੀਤੇ ਜਾਣਗੇ । ਇਸ ਫੰਡ ਰਾਹੀਂ ਇਹ ਯਕੀਨੀ ਬਣਾਇਆ ਜਾਵੇਗਾ ਕਿ ਸਰਕਾਰੀ ਪੂੰਜੀ-ਨਿਵੇਸ਼ ਨੂੰ ਸੁਰੱਖਿਅਤ ਬਣਾਇਆ ਜਾਵੇ ਅਤੇ ਕਰਮਚਾਰੀਆਂ ਦੇ ਹਿਤਾਂ ਨੂੰ ਵੀ ਕੋਈ ਨੁਕਸਾਨ ਨਾ ਪਹੁੰਚੇ ।

(6) ਪੰਜਾਬ ਰਾਜ ਬਿਜਲੀ ਬੋਰਡ

ਪੰਜਾਬ ਰਾਜ ਬਿਜਲੀ ਬੋਰਡ ਨੇ ਨਿਰਸੰਦੇਹ ਰਾਜ ਦੇ ਖੇਤੀਬਾੜੀ ਦੇ ਵਿਕਾਸ, ਉਦਯੋਗੀਕਰਣ ਅਤੇ ਸਰਬਪੱਖੀ ਆਰਥਿਕ ਉਨਤੀ ਵਿਚ ਸਹਾਇਤਾ ਕੀਤੀ ਹੈ। ਅਨੇਕਾਂ ਸੰਕੇਤਾਂ ਤੋਂ ਪੰਜਾਬ ਰਾਜ ਬਿਜਲੀ ਬੋਰਡ ਦੀ ਕਾਰਗੁਜ਼ਾਰੀ ਨੂੰ ਦੇਸ਼ ਵਿੱਚ ਸਭ ਤੋਂ ਵਧੀਆ ਸਮਝਿਆ ਜਾ ਸਕਦਾ ਹੈ। ਪਰ ਬੋਰਡ ਵੱਲੋਂ ਨਿਰੰਤਰ ਅਤੇ ਭਾਰੀ ਘਾਟੇ ਉਠਾਏ ਜਾਣ ਕਾਰਨ ਸਰਕਾਰ ਚਿੰਤਤ ਹੈ ।

ਇਸ ਦੇ ਸਟੈਚਿਊਟ ਅਨੁਸਾਰ, ਪੀ.ਐਸ.ਈ.ਬੀ. ਨੂੰ ਸਰਕਾਰ ਦੁਆਰਾ ਲਾਈਆਂ ਗਈਆਂ ਰਕਮਾਂ ਦਾ 3 ਪ੍ਰਤੀਸ਼ਤ ਸਲਾਨਾ ਲਾਭ ਦੇਣਾ ਚਾਹੀਦਾ ਹੈ । ਲਾਈਆਂ ਗਈਆਂ ਰਕਮਾਂ ਉਤੇ ਕਈ ਲਾਭ ਦਿਤੇ ਬਗੈਰ ਵੀ ਬੋਰਡ ਭਾਰੀ ਵਪਾਰਕ ਘਾਟੇ ਉਠਾ ਰਿਹਾ ਹੈ ਜੋ 1992-93 ਵਿਚ 718 ਕਰੋੜ ਰੁਪਏ ਹੋ ਗਏ। ਸਰਕਾਰ ਨੇ ਘਾਟਿਆਂ ਲਈ ਜ਼ਿੰਮੇਵਾਰ ਨਿਮਨ ਦੋ ਮੁੱਖ ਕਾਰਣ ਠਹਿਰਾਏ ਹਨ:--

(i) ਸਪਲਾਈ ਕੀਤੀ ਗਈ ਬਿਜਲੀ ਲਈ ਲਈਆਂ ਜਾਂਦੀਆਂ ਕੀਮਤਾਂ, ਜਿਨ੍ਹਾਂ ਵਿੱਚ ਜ਼ਰਾਇਤੀ ਸੈਕਟਰ ਅਤੇ ਘਰੇਲੂ ਸੈਕਟਰ ਲਈ ਬਹੁਤ ਭਾਰੀ ਰਿਆਇਤ ਸ਼ਾਮਲ ਹੈ। ਕਿਸਾਨ ਆਪਣੀ ਗੈਰਮੀਟਰ ਸਪਲਾਈ ਤੇ ਪ੍ਰਤੀ ਯੂਨਿਟ ਔਸਤ

[ਵਿੱਤ ਮੰਤਰੀ]

11.50 ਪੈਸੇ ਦੀ ਘਰੇਲੂ ਖੱਪਤਕਾਰ ਪ੍ਰਤੀ ਯੂਨਿਟ ਔਸਤ 84 ਪੈਸੇ ਦੀ ਅਦਾਇਗੀ ਕਰਦਾ ਹੈ ਜਦ ਕਿ ਪ੍ਰਤੀ ਯੂਨਿਟ ਅਨੁਮਾਨਤ ਉਤਪਾਦਨ ਲਾਗਤ 121 ਪੈਸੇ ਹੈ ; ਅਤੇ

(ii) ਕੁਝ ਖੇਤਰਾਂ ਵਿਚ ਬਿਜਲੀ ਦੀ ਚੋਰੀ ਸਹਿਤ ਟਰਾਂਸਮਿਸ਼ਨ ਅਤੇ ਵੰਡ-ਪ੍ਰਣਾਲੀ ਵਿੱਚ ਅਨਿਪੁੰਨਤਾਵਾਂ ਅਤੇ ਕਮੀਆਂ।

ਬਿਜਲੀ ਮੰਤਰੀਆਂ ਦੀ ਹਾਲ ਵਿਚ ਹੋਈ ਰਾਸ਼ਟਰੀ ਕਾਨਫਰੰਸ ਨੇ ਖੇਤੀਬਾੜੀ ਸੈਕਟਰ ਲਈ 50 ਪੈਸੇ ਪ੍ਰਤੀ ਯੂਨਿਟ ਦੇ ਘੱਟੋ ਘੱਟ ਟੈਰਿਫ ਦੀ ਸਿਫਾਰਿਸ਼ ਕੀਤੀ ਹੈ। ਪੰਜਾਬ ਰਾਜ ਬਿਜਲੀ ਬੋਰਡ ਦੀ ਰਾਜ ਸਰਕਾਰ ਉਤੇ ਨਿਰਭਰਤਾ ਜ਼ਰੂਰੀ ਤੌਰ ਤੇ ਘਟਾਈ ਜਾਣੀ ਚਾਹੀਦੀ ਹੈ। ਸਰਕਾਰ ਅਨੁਭਵ ਕਰਦੀ ਹੈ ਕਿ ਬੋਰਡ ਦੀਆਂ ਸਰਗਰਮੀਆਂ ਦੇ ਹੋਰ ਖੇਤਰ ਵਿੱਚ ਸੁਧਾਰ ਦੀ ਲੋੜ ਹੈ। ਬੋਰਡ ਨੂੰ ਪਹਿਲਾਂ ਹੀ ਕਿਹਾ ਜਾ ਚੁੱਕਿਆ ਹੈ ਕਿ ਉਹ ਇਕ ਵਿਸਤ੍ਰਿਤ ਕਾਰਵਾਈ ਯੋਜਨਾ ਤਿਆਰ ਕਰਕੇ ਆਪਣੇ ਵਸੀਲਿਆਂ ਦੀ ਵੱਧ ਤੋਂ ਵੱਧ ਵਰਤੋਂ ਕਰਨ, ਸਟਾਕ ਘਟਾਉਣ ,ਬਕਾਇਆ ਦੀ ਵਸੂਲੀ ਕਰੇ, ਬਿਜਲੀ ਦੀ ਚੋਰੀ ਰੋਕਣ ਲਈ ਖਾਮੀਆਂ ਨੂੰ ਦੂਰ ਕਰਨ ਅਤੇ ਹੋਰ ਸਾਰੇ ਉਪਾਅ ਕਰੇ ਤਾਂ ਜੋ ਅਗਲੇ ਤਿੰਨ ਸਾਲਾਂ ਦੌਰਾਨ ਬੋਰਡ ਨੂੰ ਕੋਈ ਘਾਟਾ ਨਾ ਹੋਵੇ। ਜ਼ੀਰੋ ਘਾਟਾ ਹੋਵੇ।

(7) ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ

ਪੀ.ਆਰ.ਟੀ.ਸੀ ਨੂੰ ਰਾਜ ਦੇ ਵੱਡੇ ਇਲਾਕੇ ਵਿਚ ਘੱਟੋ ਘੱਟ ਲਾਗਤ ਉਤੇ ਟਰਾਂਸਪੋਰਟ ਸਹੂਲਤ ਮੁਹੱਈਆ ਕਰਨ ਇਸਨੂੰ ਬਣਾਈ ਰੱਖਣ ਦਾ ਕੰਮ ਸੌਂਪਿਆ ਗਿਆ ਹੈ। ਕਿਸੇ ਟਰਾਂਸਪੋਰਟ ਅਦਾਰੇ ਵੱਲੋਂ ਮੁਹੱਈਆਂ ਕੀਤੀ ਜਾਣ ਵਾਲੀ ਸੇਵਾ ਦਾ ਮਿਆਰ, ਸੰਚਾਲਨ-ਯੋਗਤਾ ਅਤੇ ਵਪਾਰਕ ਕਾਰਗੁਜ਼ਾਰੀ ਸੇਵਾਵਾਂ ਬਦਲੇ ਵਸੂਲ ਕੀਤੀ ਜਾਣ ਵਾਲੀ ਕੀਮਤ ਉਤੇ ਨਿਰਭਰ ਕਰਦੀ ਹੈ। ਪਿਛਲੇ ਸਮੇਂ ਵਿਚ ਲਾਗੂ ਕਿਰਾਇਆ ਦਰਾਂ ਕਾਰਣ ਪੀ.ਆਰ.ਟੀ.ਸੀ. ਆਪਣੇ ਅੰਦਰੂਨੀ ਵਸੀਲੇ ਵਧਾ ਨਹੀਂ ਸਕੀ ਤੇ ਨਾ ਹੀ ਰਾਜ ਸਰਕਾਰ ਵੱਲੋਂ ਲਗਾਏ ਗਏ ਸਰਮਾਏ ਦਾ ਲਾਭ ਪੇਸ਼ ਕਰ ਸਕੀ ਹੈ। ਪੀ.ਆਰ.ਟੀ.ਸੀ ਨੂੰ ਇਸਦੇ ਸ਼ੁਰੂ ਹੋਣ ਤੋਂ ਹੁਣ ਤਕ ਦਾ ਕੁਲ ਘਾਟਾ 185 ਕਰੋੜ ਰੁਪਏ ਦਾ ਹੈ। ਜਿਸ ਵਿਚੋਂ 1990-91 ਵਿਚ 20.88 ਕਰੋੜ ਰੁਪਏ 1991-92 ਵਿਚ 18.15 ਕਰੋੜ ਰੁਪਏ ਅਤੇ 1992-93 ਵਿਚ (ਅਨੁਮਾਨਤ) ਘਾਟਾ 15.60 ਕਰੋੜ ਰੁਪਏ ਹੈ। ਇਸ ਅਦਾਰੇ ਨੂੰ ਦਰਪੇਸ਼ ਅੰਦਰੂਨੀ ਮੁਸ਼ਕਲਾਂ ਨੂੰ ਧਿਆਨ ਵਿਚ ਰੱਖਦੇ ਹੋਏ ਸਰਕਾਰ ਹਾਲ ਦੀ ਘੜੀ ਇਸ ਗੱਲ ਤੇ ਜ਼ੋਰ ਨਹੀਂ ਦੇਵੇਗੀ ਕਿ ਇਹ ਦੂਜੀਆਂ ਕਾਰਪੋਰੇਸ਼ਨਾਂ ਆਦਿ ਵਾਂਗ 4 ਪ੍ਰਤੀਸ਼ਤ ਮੁਨਾਫੇ ਦੀ ਅਦਾਇਗੀ ਕਰੇ। ਕਿਰਾਏ ਦੇ ਦਰਾਂ ਵਿੱਚ ਹਾਲ ਹੀ ਵਿਚ ਕੀਤੀ ਸੋਧ ਤੋਂ ਬਾਅਦ ਪੀ.ਆਰ.ਟੀ.ਸੀ ਨੂੰ ਸਾਲ 1993-94 ਦੌਰਾਨ ਕੋਈ ਨੁਕਸਾਨ ਨਹੀਂ ਸਹਿਣਾ ਪਵੇਗਾ ਅਤੇ ਬਾਅਦ ਵਿਚ ਇਸ ਨੂੰ ਸਰਕਾਰੀ ਖੇਤਰ ਦੇ ਹੋਰਨਾਂ ਅਦਾਰਿਆਂ ਲਈ ਨਿਰਧਾਰਤ ਮਾਪ-ਦੰਡਾਂ ਤੇ ਪੂਰਾ ਉਤਰਨਾ ਪਵੇਗਾ।

(8) ਸਰਕਾਰੀ ਕਰਮਚਾਰੀ

ਰਾਜ ਸਰਕਾਰ ਦੇ 3,50,000 ਕਰਮਚਾਰੀ ਅਤੇ 27 ਸਰਕਾਰੀ ਅਦਾਰਿਆਂ ਦੇ ਤਕਰੀਬਨ 90,000 ਕਰਮਚਾਰੀ ਰਾਜ ਦੀ ਤਰੱਕੀ ਤੇ ਖੁਸ਼ਹਾਲੀ ਲਈ ਅਹਿਮ ਯੋਗਦਾਨ ਪਾ ਰਹੇ ਹਨ। ਮੈਨੂੰ ਖੁਸ਼ੀ ਹੈ ਕਿ ਵਿਕਾਸ ਤੇ ਭਲਾਈ ਸਬੰਧੀ ਸਰਕਾਰ ਦੀਆਂ ਪਾਲਸੀਆਂ ਨੂੰ ਲਾਗੂ ਕਰਨ ਲਈ ਕਰਮਚਾਰੀ ਸਰਕਾਰ ਨੂੰ ਪੂਰਾ ਸਹਿਯੋਗ ਦੇ ਰਹੇ ਹਨ ਅਤੇ ਪੰਜਾਬ ਰਾਜ ਦੇ ਕਰਮਚਾਰੀਆਂ ਦੀ ਕਾਰਗੁਜ਼ਾਰੀ ਦੇਸ਼ ਭਰ ਦੇ ਰਾਜਾਂ ਵਿਚੋਂ ਸਰਵੋਤਮ ਹੈ। ਰਾਜ ਪ੍ਰਬੰਧ ਵਿਚ ਸਰਕਾਰੀ ਕਰਮਚਾਰੀਆਂ ਦੇ ਰੋਲ ਦੀ ਅਹਿਮੀਅਤ ਨੂੰ ਧਿਆਨ ਵਿਚ ਰੱਖਦੇ ਹੋਏ, ਰਾਜ ਸਰਕਾਰ ਨੇ ਉਨ੍ਹਾਂ ਨੂੰ ਕਈ ਸਹੂਲਤਾਂ ਤੇ ਰਿਆਇਤਾਂ ਦਿੱਤੀਆਂ ਹਨ ਜਿਸਦੇ ਨਤੀਜੇ ਵੱਜੋਂ ਪੰਜਾਬ ਸਰਕਾਰ ਦੇ ਕਰਮਚਾਰੀ ਦੇਸ਼ ਦੇ ਸਾਰੇ ਰਾਜਾਂ ਅਤੇ ਕੇਂਦਰੀ ਸਰਕਾਰ ਦੇ ਕਰਮਚਾਰੀਆਂ ਨਾਲੋਂ ਵੀ ਵੱਧ ਤਨਖਾਹ ਲੈ ਰਹੇ ਹਨ (ਥੰਪਿੰਗ) ਜਿਵੇਂ ਕਿ :--

(i) ਬਹੁਤ ਸਾਰੇ ਕੇਸਾਂ ਵਿਚ ਸੋਧੇ ਸਕੇਲ ਕੇਂਦਰੀ ਸਰਕਾਰ ਦੇ ਤਨਖਾਹ ਸਕੇਲਾਂ ਵਾਂਗ ਉੱਚੇ ਜਾਂ ਉਨ੍ਹਾਂ ਤੋਂ ਵੀ ਉਚੇਰੇ ਹਨ।

(ii) ਕਰਮਚਾਰੀਆਂ ਨੂੰ ਕੇਂਦਰੀ ਸਰਕਾਰ ਦੀਆਂ ਦਰਾਂ ਅਨੁਸਾਰ ਮਹਿੰਗਾਈ ਭੱਤਾ ਦਿੱਤਾ ਜਾਂਦਾ ਹੈ। ਸਾਲ 1992-93 ਦੌਰਾਨ ਵਧੀਕ ਮਹਿੰਗਾਈ ਭੱਤਾ ਮੱਦ ਅਧੀਨ ਕੀਤਾ ਖਰਚ 117 ਕਰੋੜ ਰੁਪਏ ਸੀ।

(iii) ਘੱਟ ਤਨਖਾਹ ਲੈਣ ਵਾਲੇ ਕਰਮਚਾਰੀਆਂ ਨੂੰ ਪਹਿਲੀ ਵਾਰ ਸਾਲ 1992-93 ਬੋਨਸ ਵਜੋਂ 30 ਕਰੋੜ ਰੁਪਏ ਦੀ ਰਕਮ ਦੀ ਅਦਾਇਗੀ ਕੀਤੀ ਗਈ ; ਅਤੇ

(iv) ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਤੋਂ ਵਧੇਰੇ ਦਰ ਤੇ ਤਨਖਾਹ ਤਰੱਕੀ ਦਿੱਤੀ ਗਈ ਹੈ ਜੋ ਕਿ ਵਧੇਰੇ ਰਾਜਾਂ ਤੇ ਕੇਂਦਰ ਸਰਕਾਰ ਦੀਆਂ ਤਨਖਾਹ ਤਰੱਕੀਆਂ ਨਾਲੋਂ ਉਚੇਰੀ ਹੈ। 1 ਜਨਵਰੀ, 1993 ਤੋਂ ਦਿਤੀ ਗਈ ਇਸ ਰਿਆਇਤ ਕਾਰਣ ਖਰਚ ਵਿਚ ਪਹਿਲੇ ਸਾਲ 9 ਕਰੋੜ ਰੁਪਏ, ਦੂਸਰੇ ਸਾਲ ਵਿਚ 18 ਕਰੋੜ ਰੁਪਏ ਤੇ ਤੀਜੇ ਸਾਲ ਵਿਚ 27 ਕਰੋੜ ਰੁਪਏ ਦਾ ਵਾਧਾ ਹੋਵੇਗਾ ਅਤੇ ਇਸੇ ਤਰ੍ਹਾਂ ਇਹ ਵਾਧਾ ਅਗਲੇਰੇ ਸਾਲਾਂ ਵਿਚ ਜਾਰੀ ਰਹੇਗਾ।

ਸਰਕਾਰ ਇਹ ਮਹਿਸੂਸ ਕਰਦੀ ਹੈ ਕਿ ਇਸ ਦੇ ਪ੍ਰਬੰਧਕੀ ਅਮਲੇ ਵਿਚ ਹਰ ਪੱਧਰ ਤੇ ਵਾਧਾ ਹੋਇਆ ਹੈ। ਇਹ ਭਾਰੀ ਅਮਲਾ ਇਕ ਬੋਝ ਹੈ ਜਿਸ ਨੂੰ ਰਾਜ ਉਠਾ ਨਹੀਂ ਸਕਦਾ। ਪ੍ਰਬੰਧਕੀ ਕੁਸ਼ਲਤਾ ਲਿਆਉਣ ਅਤੇ ਨਿਰਣੇ ਲੈਣ ਦੀ ਪ੍ਰਕ੍ਰਿਆ ਨੂੰ ਸੁਗਮ ਬਣਾਉਣ ਦੇ ਮੰਤਵ ਨਾਲ ਹਰ ਪੱਧਰ ਤੇ ਦਫਤਰੀ ਅਮਲੇ ਅਤੇ ਅਧਿਕਾਰੀ ਵਰਗ ਦੇ ਆਕਾਰ ਵਿਚ ਕਾਂਟ-ਛਾਂਟ ਕਰਨ ਦੇ ਯਤਨ ਕੀਤੇ ਜਾਣਗੇ। ਸਰਕਾਰ ਆਪਣੇ ਕਰਮਚਾਰੀਆਂ ਦੀ ਬਿਹਤਰੀ ਵੱਲ ਪੂਰਾ ਧਿਆਨ ਦੇਣਾ ਜਾਰੀ ਰੱਖੇਗੀ ਪਰ ਮਾਲ-ਖਰਚ ਦਾ ਭਾਰੀ ਵਾਧਾ ਜਿਸ ਵਿਚ ਅਮਲੇ ਨੂੰ ਤਨਖਾਹ ਦੇਣ ਦਾ ਬਿਲ ਪ੍ਰਮੁੱਖ ਤੌਰ ਤੇ ਸ਼ਾਮਲ ਹੈ, ਇਕ ਚਿੰਤਾ ਦਾ ਵਿਸ਼ਾ ਹੈ। ਪਿਛਲੇ ਦਹਾਕੇ ਦੌਰਾਨ ਅਮਲੇ ਦੀਆਂ ਤਨਖਾਹਾਂ ਤੇ ਉਜਰਤਾਂ ਦੇ ਖਰਚ ਵਿਚ ਲਗਭਗ 4.7 ਗੁਣਾ ਵਾਧਾ ਹੋਇਆ

[ਵਿੱਤ ਮੰਤਰੀ]

ਹੈ। ਇਹ ਵਾਧਾ 17.6 ਪ੍ਰਤੀਸ਼ਤ ਸਾਲਾਨਾ ਦੀ ਦਰ ਨਾਲ ਹੋਇਆ ਹੈ ਜੋ ਸਾਲ 1981-82 ਵਿਚ 279 ਕਰੋੜ ਰੁਪਏ ਤੋਂ ਵਧ ਕੇ 1991-92 ਵਿਚ 1313 ਕਰੋੜ ਰੁਪਏ ਹੋ ਗਿਆ ਹੈ। ਇਸ ਸਮੇਂ ਦੌਰਾਨ ਹਰ ਸਾਲ ਸਰਕਾਰੀ ਅਮਲੇ ਦੀ ਗਿਣਤੀ ਵਿਚ 2.4 ਪ੍ਰਤੀਸ਼ਤ ਦਾ ਔਸਤ ਵਾਧਾ ਹੋਇਆ ਹੈ ਜਦ ਕਿ ਕਰਮਚਾਰੀਆਂ ਦੀਆਂ ਤਨਖਾਹਾਂ ਵਿਚ ਨਾਮੀਨਲ ਦਰ 15.2 ਪ੍ਰਤੀਸ਼ਤ ਅਤੇ ਵਾਸਤਵਿਕ ਦਰਾਂ ਤੇ 7 ਪ੍ਰਤੀਸ਼ਤ ਦਾ ਸਾਲਾਨਾ ਵਾਧਾ ਹੋਇਆ ਹੈ। ਇਸਦੇ ਮੁਕਾਬਲੇ ਸਥਿਰ ਕੀਮਤਾਂ ਉਤੇ ਰਾਜ ਦੀ ਜੀਅ ਪ੍ਰਤੀ ਆਮਦਨ ਵਿਚ 3.5 ਪ੍ਰਤੀਸ਼ਤ ਦਾ ਵਾਧਾ ਹੋਇਆ। ਵਿਆਜ ਅਦਾਇਗੀਆਂ ਤੋਂ ਇਲਾਵਾ ਇਸ ਸਮੇਂ (1992-93) ਕਰਮਚਾਰੀਆਂ ਨੂੰ ਕੀਤੀ ਜਾਣ ਵਾਲੀ ਅਦਾਇਗੀ ਰਾਜ ਦੇ ਕੁਲ ਬਜਟ ਦਾ 50 ਪ੍ਰਤੀਸ਼ਤ ਤੋਂ ਵਧ ਬਣਦੀ ਹੈ। ਅਮਲੇ ਉਤੇ ਵਧਦੇ ਖਰਚ ਕਾਰਣ ਵਿਕਾਸ ਲਈ ਲੋੜੀਂਦੀਆਂ ਰਕਮਾਂ ਵਿਚ ਕਮੀ ਹੋ ਜਾਂਦੀ ਹੈ। ਸਰਕਾਰ ਆਪਣੀ ਨਿਪੁੰਨਤਾ ਨੂੰ ਵਧਾਉਣ ਲਈ ਕਰਮਚਾਰੀਆਂ ਤੋਂ ਵਧੇਰੇ ਸਿੱਟੇ ਪ੍ਰਾਪਤ ਕਰੇਗੀ। ਸਾਨੂੰ ਵਿਸ਼ਵਾਸ ਹੈ ਕਿ ਘੱਟ ਤੋਂ ਘੱਟ ਖਰਚ ਤੇ ਆਮ ਲੋਕਾਂ ਨੂੰ ਲੋੜੀਂਦੀਆਂ ਸੇਵਾਵਾਂ ਮੁਹੱਈਆ ਕਰਵਾਉਣ ਵਿਚ ਕਰਮਚਾਰੀ ਸਰਕਾਰ ਨੂੰ ਪੂਰਾ ਸਹਿਯੋਗ ਦੇਣਗੇ।

(9) ਵਰਕਲੋਡ ਦੇ ਮਾਪ-ਦੰਡਾਂ ਵਿਚ ਸੁਧਾਰ

ਕੁਝ ਇਕ, ਵਿਸ਼ੇਸ਼ ਕਰਕੇ ਪਬਲਿਕ ਕਾਰਜਾਂ ਨਾਲ ਸਬੰਧਤ ਵਿਭਾਗਾਂ ਵਿਚ ਉਲਾਰੂ ਪ੍ਰਬੰਧਕੀ ਢਾਂਚੇ ਦਾ ਇਕ ਮੁੱਖ ਕਾਰਣ ਇਹ ਵੀ ਹੈ ਕਿ ਪਿਛਲੇ ਕਈ ਸਾਲਾਂ ਤੋਂ ਕੰਮ ਦੇ ਮਾਪ-ਦੰਡਾਂ ਦੀ ਵਿਗਿਆਨਕ ਆਧਾਰ ਤੇ ਸੋਧ ਨਹੀਂ ਕੀਤੀ ਗਈ ਹੈ। ਇਸ ਦੇ ਨਤੀਜੇ ਵਜੋਂ ਇਸ ਉਲਾਰੇ ਕਾਰਣ ਵਾਸਤਵ ਵਿਚ ਉਚੇਰੇ ਅਹੁਦੇ ਦੇ ਅਫਸਰ ਘੱਟ ਮਾਤਰਾ ਵਿਚ ਕੰਮ ਨਿਪਟਾਉਂਦੇ ਹਨ। ਅਮਲੇ ਦੀ ਅਧਿਕਤਮ ਨਿਪੁੰਨਤਾ ਯਕੀਨੀ ਬਣਾਉਣ ਲਈ ਸਰਕਾਰ ਇੰਜੀਨੀਅਰੀ ਵਿਭਾਗਾਂ ਵਿਚ ਵਰਕਲੋਡ ਦੇ ਮਾਪ-ਦੰਡਾਂ ਨੂੰ ਯੁਕਤੀ-ਸੰਗਤ ਬਣਾਏਗੀ। ਦੂਜੇ ਵਿਭਾਗਾਂ ਵਿੱਚ ਵੀ ਅਜਿਹੀ ਸੋਧ ਕੀਤੀ ਜਾਵੇਗੀ।

(10) ਵਿੱਤੀ ਕੰਟਰੋਲ ਦੇ ਢੰਗ

ਸਰਕਾਰੀ ਵਿੱਤ ਉਤੇ ਵਧੇਰਾ ਕੰਟਰੋਲ ਲਾਗੂ ਕਰਨ, ਵਧੇਰੇ ਜ਼ਿੰਮੇਵਾਰੀ ਮਹਿਸੂਸ ਕਰਨ ਅਤੇ ਆਮ ਲੋਕਾਂ ਲਈ ਜ਼ਿਆਦਾ ਸਹੂਲਤ ਯਕੀਨੀ ਬਣਾਉਣ ਲਈ ਮੇਰੀ ਸਰਕਾਰ ਨੇ ਰਾਜ ਅਤੇ ਜ਼ਿਲ੍ਹਾ ਪੱਧਰ ਉਤੇ ਵਿੱਤੀ ਪ੍ਰਬੰਧ ਦੀ ਮਸ਼ੀਨਰੀ ਵਿੱਚ ਭਾਰੀ ਪਰਿਵਰਤਨ ਕਰਨ ਅਤੇ ਆਧੁਨਿਕ ਬਣਾਉਣ ਲਈ ਕਦਮ ਚੁਕੇ ਹਨ। ਪ੍ਰਾਪਤੀਆਂ ਅਤੇ ਖ਼ਰਚ ਵਿਚ ਵਾਧੇ ਅਤੇ ਖ਼ਜ਼ਾਨਿਆਂ ਵਿਚ ਅੰਕੜਿਆਂ ਦੇ ਮੇਲਾਨ ਸਬੰਧੀ ਆਉਂਦੀਆਂ ਮੁਸ਼ਕਲਾਂ ਕਾਰਣ ਇਹ ਜ਼ਰੂਰੀ ਹੋ ਗਿਆ ਹੈ। ਇਹ ਵੀ ਵੇਖਣ ਵਿਚ ਆਇਆ ਹੈ ਕਿ ਇਸ ਸਮੇਂ ਖ਼ਰਚ ਦੇ ਸਬੰਧ ਵਿਚ ਮੌਜੂਦਾ ਪਾਬੰਦੀਆਂ ਨਾਕਾਫ਼ੀ ਹੋਣ ਕਾਰਣ ਕਈ ਪੱਧਰਾਂ ਤੇ ਮਰਜ਼ੀ ਨਾਲ ਖ਼ਰਚ ਕਰਨ ਦੇ ਅਣਲੋੜੀਂਦੇ ਅਖ਼ਤਿਆਰ ਮਿਲ ਜਾਂਦੇ ਹਨ। ਜਿਸ ਕਾਰਣ ਖ਼ਰਚ ਵਿਚ ਵਾਧਾ ਹੁੰਦਾ ਹੈ। ਰਕਮਾਂ ਨੂੰ ਇਕ ਮੱਦ ਦੀ ਬਜਾਏ ਕਿਸੇ ਹੋਰ ਮੱਦ ਅਧੀਨ ਖ਼ਰਚ ਕੀਤਾ ਜਾਂਦਾ ਹੈ ਅਤੇ ਵਿੱਤੀ ਅਨੁਸ਼ਾਸਨਹੀਨਤਾ ਪੈਦਾ ਹੁੰਦੀ ਹੈ।

ਸਰਕਾਰ ਆਪਣੇ ਫ਼ਰਜ਼ ਪ੍ਰਤੀ ਸੁਚੇਤ ਹੈ ਅਤੇ ਗੈਰ-ਜ਼ਰੂਰੀ ਖ਼ਰਚ ਨੂੰ ਰੋਕਣ ਅਤੇ ਸਾਰੇ ਖ਼ਜ਼ਾਨਿਆਂ ਅਤੇ ਦਫ਼ਤਰਾਂ ਵਿਚ ਆਮ ਲੋਕਾਂ ਲਈ ਸੁਯੋਗ ਸੇਵਾਵਾਂ ਮੁਹੱਈਆ ਕਰਵਾਉਣ ਲਈ ਕੋਸ਼ਿਸ਼ ਕਰ ਰਹੀ ਹੈ। ਸਾਲ 1992-93 ਦੌਰਾਨ ਮੇਰੀ ਸਰਕਾਰ ਨੇ ਮਾਲੀ ਕੰਟਰੋਲ ਵਧਾਉਣ ਲਈ ਜਿਹੜੇ ਕਦਮ ਚੁੱਕੇ ਸਨ ਉਹ ਉਪਾਅ ਸਾਲ 1993-94 ਲਈ ਵੀ ਰਾਸ਼ਟਰੀ ਸੂਚਨਾ ਕੇਂਦਰ ਅਤੇ ਮਹਾਂ ਲੇਖਾਕਾਰ, ਪੰਜਾਬ ਦੀ ਮਦਦ ਨਾਲ ਜਾਰੀ ਰੱਖੇ ਜਾਣਗੇ। ਇਹ ਉਪਰਾਲੇ ਨਿਮਨ ਅਨੁਸਾਰ ਹਨ:

(i) ਵਧੇਰੇ ਮਜ਼ਬੂਤ ਅਤੇ ਨਿਪੁੰਨ ਆਡਿਟ ਸਿਸਟਮ;

(ii) ਸਰਕਾਰ ਦੇ ਵਿਭਾਗਾਂ ਉਤੇ ਬਜਟੀ ਕੰਟਰੋਲ:

(iii) ਰਿਜ਼ਰਵ ਬੈਂਕ ਆਫ਼ ਇੰਡੀਆ ਤੋਂ ਓਵਰ-ਡਰਾਫ਼ਟ ਤੋਂ ਬਚਣ ਲਈ ਵਿੱਤ ਦਾ ਯੋਗ ਨਿਯੰਤਰਣ;

(iv) ਖਜ਼ਾਨਿਆਂ ਵਿੱਚ ਹਿਸਾਬ-ਕਿਤਾਬ ਰੱਖਣ ਅਤੇ ਬਜਟ ਤਿਆਰ ਕਰਨ ਲਈ ਕੰਪਿਊਟਰ ਦੀ ਵਰਤੋਂ; ਅਤੇ

(v) ਆਧੁਨਿਕ ਅਤੇ ਵਿਗਿਆਨਕ ਤਰੀਕਿਆਂ ਰਾਹੀਂ ਬਜਟ ਦੇ ਖ਼ਰਚ ਭਾਗ ਦੀ ਬਜਟ ਉਤੇ ਪ੍ਰਭਾਵੀ ਨਿਗਰਾਨੀ।

(11) ਛੋਟੀਆਂ ਬੱਚਤਾਂ

ਰਾਜ ਅੰਦਰ ਛੋਟੀਆਂ ਬੱਚਤਾਂ ਵਿੱਚ ਜਮ੍ਹਾਂ ਹੋਈ ਕੁਲ ਰਕਮ ਵਿਚੋਂ ਰਾਜ ਸਰਕਾਰ ਨੂੰ 75 ਫ਼ੀਸਦੀ ਕਰਜ਼ਾ ਆਸਾਨੀ ਨਾਲ ਮਿਲ ਜਾਂਦਾ ਹੈ। ਰਾਜ ਸਰਕਾਰ ਇਹ ਕਰਜ਼ਾ 25 ਸਾਲਾਂ ਵਿਚ 14.5 ਪ੍ਰਤੀਸ਼ਤ ਸੂਦ ਦਰ ਤੇ ਵਾਪਸ ਕਰਦੀ ਹੈ। ਜਦੋਂ ਕਿ ਸਾਲ 1992-93 ਵਾਸਤੇ ਛੋਟੀਆਂ ਬੱਚਤਾਂ ਵਿਚ 248 ਕਰੋੜ ਰੁਪਏ ਜਮ੍ਹਾਂ ਕਰਨ ਦਾ ਨਿਸ਼ਾਨਾ ਰੱਖਿਆ ਗਿਆ ਹੈ ਇਸ ਲਈ ਆਸ ਹੈ ਕਿ ਬਜਟ ਲਈ ਸਾਨੂੰ ਇਸ ਮੱਦ ਅਧੀਨ 186 ਕਰੋੜ ਰੁਪਏ ਹਾਸਿਲ ਹੋਣਗੇ। ਰਾਜ ਸਰਕਾਰ ਦਾ ਨਿਸ਼ਾਨਾ ਇਹ ਹੈ ਕਿ ਛੋਟੀਆਂ ਬੱਚਤਾਂ ਵਿਚ 268 ਕਰੋੜ ਰੁਪਏ ਜਮਾਂ ਹੋ ਜਾਣ ਜਿਸ ਵਿੱਚੋਂ ਸਾਲ 1993-94 ਵਾਸਤੇ 200 ਕਰੋੜ ਰੁਪਏ ਦਾ ਕਰਜ਼ਾ ਮਿਲ ਸਕੇਗਾ। ਸਮਾਜ ਦੇ ਸਮੂਹ ਵਰਗਾਂ ਦੀ ਸ਼ਮੂਲੀਅਤ ਨਾਲ ਇਕ ਵਿਸ਼ੇਸ਼ ਮੁਹਿੰਮ ਪਹਿਲਾਂ ਹੀ ਚਲਾਈ ਜਾ ਚੁੱਕੀ ਹੈ। ਸ਼ਹਿਰੀ ਅਤੇ ਦਿਹਾਤੀ ਇਲਾਕੇ ਵਿਚ ਵਧੇਰੇ ਵਸੋਂ ਨੂੰ ਛੋਟੀਆਂ ਬੱਚਤਾਂ ਵਿਚ ਰਕਮਾਂ ਜਮ੍ਹਾਂ ਕਰਾਉਣ ਲਈ ਪ੍ਰੇਰਨ ਵਾਸਤੇ ਅਤੇ ਨੌਜਵਾਨ ਮਰਦਾਂ ਤੇ ਔਰਤਾਂ ਵਾਸਤੇ ਰੋਜ਼ਗਾਰ ਦੇ ਮੌਕੇ ਪੈਦਾ ਕਰਨ ਹਿਤ ਅਪਰੈਲ, 1993 ਦੇ ਅੰਤ ਤਕ ਛੋਟੀਆਂ ਬੱਚਤਾਂ ਵਧਾਉਣ ਲਈ 5000 ਨਵੇਂ ਏਜੰਟ ਨਿਯੁਕਤ ਕੀਤੇ ਜਾਣਗੇ (ਥੰਪਿੰਗ)। ਇਹ ਏਜੰਟ ਵੱਖ-ਵੱਖ ਛੋਟੀਆਂ ਬੱਚਤਾਂ ਵਿਚ ਚੋਖੀਆਂ ਰਕਮਾਂ ਜਮ੍ਹਾਂ ਕਰਵਾਉਣਗੇ, ਅਤੇ ਇਨ੍ਹਾਂ ਤੋਂ ਮਿਲਦਾ ਕਮਿਸ਼ਨ ਹੀ ਸਵੈ-ਰੋਜ਼ਗਾਰ ਤੋਂ ਉਨ੍ਹਾਂ ਦੀ ਆਮਦਨ ਹੋਵੇਗਾ।

[ਵਿੱਤ ਮੰਤਰੀ]

ਕੁਝ ਇਕ ਪਾਤਰ ਵਰਗਾਂ ਲਈ ਰਾਹਤ

17. ਮੇਰੀ ਸਰਕਾਰ ਇਹ ਮੰਨਦੀ ਹੈ ਕਿ ਸਮਾਜ ਦੇ ਕੁਝ ਇਕ ਵਰਗਾਂ ਅਤੇ ਸੰਸਥਾਵਾਂ ਨੂੰ ਸਰਕਾਰ ਦੀ ਸਹਾਇਤਾ ਦੀ ਲੋੜ ਹੁੰਦੀ ਹੈ ਤਾਂ ਜੋ ਉਹ ਆਪਣੀਆਂ ਸਵੈ-ਇਛਕ ਤੇ ਵਿਕਾਸਾਤਮਕ ਸਰਗਰਮੀਆਂ ਜਾਰੀ ਰੱਖ ਸਕਣ। ਇਸ ਲਈ ਅਸੀਂ ਫੈਸਲਾ ਕੀਤਾ ਹੈ ਕਿ ਅਜਿਹੇ ਵਿਅਕਤੀਆਂ ਤੇ ਸੰਸਥਾਵਾਂ ਨੂੰ ਢੁੱਕਵੀਂ ਰਾਹਤ ਦਿੱਤੀ ਜਾਵੇ। ਸਾਲ 1993-94 ਦੌਰਾਨ ਅਜਿਹੀ ਸਹਾਇਤਾ ਨਿਮਨ ਅਨੁਸਾਰ ਦਿੱਤੀ ਜਾਵੇਗੀ :

(i) ਲਗਾਨ ਇਕੱਠਾ ਕਰਨ ਦੇ ਨਾਲ-ਨਾਲ ਪਿੰਡ ਦਾ ਲੰਬੜਦਾਰ ਪਿੰਡ ਦੀ ਆਮ ਪ੍ਰਬੰਧ ਵਿਵਸਥਾ ਦੀ ਦੇਖ-ਰੇਖ ਕਰਦਾ ਹੈ। ਹੁਣ ਤਕ ਉਸ ਨੂੰ ਪੰਚੋਤਰੇ ਦੀ ਸ਼ਕਲ ਵਿਚ ਲਗਾਨ ਦੀ 5 ਫੀਸਦੀ ਰਕਮ ਮਿਲਦੀ ਹੈ, ਮੈਂ ਤਜਵੀਜ਼ ਕਰਦਾ ਹਾਂ ਕਿ ਪੰਚੋਤਰੇ ਦੀ ਰਕਮ 5 ਫੀਸਦੀ ਤੋਂ ਵਧਾਕੇ 10 ਫੀਸਦੀ ਕੀਤੀ ਜਾਵੇ (ਥੰਪਿੰਗ)

(ii) ਮੈਂ ਇਹ ਤਜਵੀਜ਼ ਕਰਦਾ ਹਾਂ ਕਿ ਪਿੰਡ ਦੇ ਚੌਕੀਦਾਰ ਦਾ ਮਿਹਨਤਾਨਾ 200 ਰੁਪਏ ਤੋਂ ਵਧਾ ਕੇ 250 ਰੁਪਏ ਕਰ ਦਿੱਤਾ ਜਾਵੇ ; (ਥੰਪਿੰਗ) ।

(iii) ਰਾਸ਼ਟਰ ਉਨ੍ਹਾਂ ਸੁਤੰਤਰਤਾ ਸੰਗਰਾਮੀਆਂ ਦਾ ਰਿਣੀ ਹੈ ਜਿਨ੍ਹਾਂ ਨੇ ਆਪਣੀ ਉਮਰ ਦੇ ਸਰਵੋਤਮ ਸਾਲ ਅਜ਼ਾਦੀ ਦੇ ਘੋਲ ਦੀ ਭੇਟਾ ਕੀਤੇ ਹਨ। ਮਿਤੀ 1 ਅਪਰੈਲ, 1992 ਤੋਂ ਸੁਤੰਤਰਤਾ ਸੰਗਰਾਮੀਆਂ ਦੀ ਪੈਨਸ਼ਨ ਜਿਸ ਨੂੰ ਹੁਣ 'ਸੁਤੰਤਰਤਾ ਸਨਮਾਨ ਪੈਨਸ਼ਨ' ਕਿਹਾ ਜਾਂਦਾ ਹੈ, ਵਧਾ ਕੇ 300 ਰੁਪਏ ਤੋਂ 400 ਰੁਪਏ ਕਰ ਦਿਤੀ ਗਈ ਜਿਸ ਵਿੱਚ 40 ਰੁਪਏ ਪ੍ਰਤੀ ਮਹੀਨਾ ਮੈਡੀਕਲ ਭੱਤਾ ਸ਼ਾਮਲ ਹੈ। ਸੁਤੰਤਰਤਾ ਸੰਗਰਾਮੀਆਂ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਸਹਾਇਤਾ ਦੇਣ ਦੀ ਲੋੜ ਨੂੰ ਧਿਆਨ ਵਿੱਚ ਰੱਖਦੇ ਹੋਏ ਮੈਂ ਤਜਵੀਜ਼ ਕਰਦਾ ਹਾਂ ਕਿ ਇਹ ਪੈਨਸ਼ਨ 1993-94 ਦੌਰਾਨ 400 ਰੁਪਏ ਤੋਂ ਵਧਾ ਕੇ 500 ਰੁਪਏ ਮਹੀਨਾ ਕਰ ਦਿੱਤੀ ਜਾਵੇ ; (ਥੰਪਿੰਗ)

(iv) ਇਸ ਸਬੰਧ ਵਿੱਚ ਕਾਫੀ ਬਹਿਸ ਹੁੰਦੀ ਹੈ ਕਿ ਰਾਜ ਸਰਕਾਰ ਦੇ ਵੱਖ-ਵੱਖ ਵਿਭਾਗਾਂ ਦੇ ਇਨਸਪੈਕਟਰੀ ਅਮਲੇ ਵੱਲੋਂ ਵਿਅਕਤੀਆਂ ਅਤੇ ਅਦਾਰਿਆਂ ਉਤੇ ਨਿਯੰਤ੍ਰਣ ਅਤੇ ਦਖ਼ਲ ਅੰਦਾਜ਼ੀ ਵੱਧ ਰਹੀ ਹੈ। ਇਸ ਅਖੌਤੀ ਇਨਸਪੈਕਟਰੀ ਰਾਜ ਦੇ ਪਰਭਾਵ ਨੂੰ ਘਟਾਉਣ ਦੇ ਇਰਾਦੇ ਨਾਲ ਰਾਜ ਸਰਕਾਰ ਨੇ ਉਦਯੋਗ ਅਤੇ ਆਬਕਾਰੀ ਤੇ ਕਰਬੰਦੀ ਵਿਭਾਗਾਂ ਸਬੰਧੀ ਜਿਹੜੀ ਪਾਲਸੀ ਅਪਣਾਈ ਹੈ ਉਹ ਦੂਜੇ ਵਿਭਾਗਾਂ ਦੇ ਸਬੰਧ ਵਿਚ ਵੀ ਅਪਣਾਈ ਜਾਵੇਗੀ। ਇਸ ਅਨੁਸਾਰ ਇੱਟਾਂ ਦੇ ਭੱਠਿਆਂ ਤੇ ਸਿਨਮਾਂ ਘਰਾਂ ਉਤੇ ਯਕ-ਮੁਸ਼ਤ ਉਪ-ਕਰ ਲਗਾਇਆ ਜਾਵੇਗਾ। (ਥੰਪਿੰਗ)

(v) ਆਮ ਤੌਰ ਤੇ ਰਾਜ ਸਰਕਾਰ ਸਿਖਿਆ, ਭਲਾਈ, ਸਿਹਤ ਸੰਭਾਲ ਆਦਿ ਵਰਗੇ ਖੇਤਰਾਂ ਵਿੱਚ ਗੈਰ-ਸਰਕਾਰੀ, ਨਿੱਜੀ ਅਤੇ ਸਵੈ-ਇੱਛਕ ਸੰਗਠਨਾਂ ਨੂੰ ਕੰਮ ਕਰਨ ਲਈ ਉਤਸ਼ਾਹਤ ਕਰਦੀ ਹੈ। ਐਪਰ, ਚੰਗੇਰੀ ਸਿਖਿਆ ਮੁਹੱਈਆ ਕਰਨ ਲਈ ਸਰਕਾਰ ਕੁਝ ਇਕ ਸੰਸਥਾਵਾਂ ਦੇ ਪ੍ਰਬੰਧ ਦੀ ਜ਼ਿੰਮੇਵਾਰੀ ਆਪਣੇ ਹੱਥ ਲੈਣਾ ਚਾਹੇਗੀ। ਇਹ ਫੈਸਲਾ ਕੀਤਾ ਗਿਆ ਹੈ ਕਿ ਸਾਲ 1993-94 ਦੌਰਾਨ ਤਿੰਨ ਡਿਗਰੀ ਕਾਲਜਾਂ ਅਰਥਾਤ ਮਾਨਸਾ ਦੇ ਇਕ ਟਰਸਟ ਵੱਲੋਂ ਚਲਾਏ ਜਾ ਰਹੇ ਨਹਿਰੂ ਮੈਮੋਰੀਅਲ ਕਾਲਿਜ,

ਨੋਟੀਫਾਈਡ ਏਰੀਆ ਕਮੇਟੀ, ਨਯਾ ਨੰਗਲ ਵੱਲੋਂ ਚਲਾਏ ਜਾ ਰਹੇ ਸ਼ਿਵਾਲਿਕ ਕਾਲਜ ਅਤੇ ਮਿਊਂਸਪਲ ਕਮੇਟੀ, ਕੋਟਕਪੂਰਾ ਵੱਲੋਂ ਚਲਾਏ ਜਾ ਰਹੇ ਸ਼ਹੀਦ ਭਗਤ ਸਿੰਘ ਕਾਲਜ ਨੂੰ ਸਰਕਾਰੀ ਪ੍ਰਬੰਧ ਅਧੀਨ ਲੈ ਲਿਆ ਜਾਵੇ। (ਥੰਪਿੰਗ) ਇਨ੍ਹਾਂ ਤਿੰਨ ਸੰਸਥਾਵਾਂ ਨੂੰ ਚਲਾਉਣ ਲਈ ਰਾਜ ਸਰਕਾਰ ਨੂੰ ਹਰ ਸਾਲ 2 ਕਰੋੜ ਰੁਪਏ ਖ਼ਰਚ ਕਰਨੇ ਪੈਣਗੇ।

(vi) ਸਨੱਅਤੀ ਪਾਲਸੀ ਅਧੀਨ ਜੋ ਵਿਸ਼ੇਸ਼ ਪ੍ਰੋਤਸਾਹਨ ਸਰਹੱਦੀ ਇਲਾਕਿਆਂ ਦੇ ਉੱਦਮੀਆਂ ਨੂੰ ਮਿਲਦੇ ਹਨ, ਉਹ ਕੰਡੀ ਇਲਾਕੇ ਦੇ ਉੱਦਮੀਆਂ ਨੂੰ ਵੀ ਸਰਕਾਰ ਵਲੋਂ ਦਿਤੇ ਜਾਣਗੇ। (ਥੰਪਿੰਗ)

(vii) ਅਨੁਸੂਚਿਤ ਜਾਤਾਂ ਤੇ ਪੱਛੜੀਆਂ ਸ਼੍ਰੇਣੀਆਂ ਦੇ ਮੈਂਬਰਾਂ ਦੇ ਜੀਵਨ ਪੱਧਰ ਨੂੰ ਸੁਧਾਰਨ ਤੇ ਉੱਚਾ ਚੁੱਕਣ ਲਈ ਚਲਾਈਆਂ ਜਾ ਰਹੀਆਂ ਸਕੀਮਾਂ ਰਾਹੀਂ ਉਨ੍ਹਾਂ ਦੀ ਹਰ ਸੰਭਵ ਸਹਾਇਤਾ ਕਰੇਗੀ। ਇਨ੍ਹਾਂ ਸਕੀਮਾਂ ਵਿਚ ਸਹਾਇਤਾ ਦੇਣ ਲਈ ਸਰਕਾਰ ਪੰਜਾਬ ਰਾਜ ਭੌਂ ਵਿਕਾਸ ਤੇ ਅਨੁਸੂਚਿਤ ਜਾਤੀ ਕਾਰਪੋਰੇਸ਼ਨ ਅਤੇ ਪੰਜਾਬ ਰਾਜ ਭੌਂ ਵਿਕਾਸ ਤੇ ਪੱਛੜੀਆਂ ਸ਼੍ਰੇਣੀਆਂ ਕਾਰਪੋਰੇਸ਼ਨ ਨੂੰ ਕਾਫ਼ੀ ਮਾਲੀ ਸਹਾਇਤਾ ਦੇ ਦੇਵੇਗੀ। ਵੱਖ-ਵੱਖ ਸਾਧਨਹੀਨ ਵਰਗਾਂ ਵਿਚੋਂ ਲਾਭ-ਪਾਤਰਾਂ ਦੀ ਪਹਿਚਾਨ ਕਰਨ ਲਈ ਇਕ ਨਵਾਂ ਸਮਾਜ-ਆਰਥਿਕ ਸਰਵੇਖਣ ਕਰਵਾਇਆ ਜਾਵੇਗਾ ਜਿਸ ਵਿਚ ਪੀਲੇ ਕਾਰਡ-ਧਾਰੀਆਂ ਦੀ ਸਕਰੀਨਿੰਗ ਵੀ ਕੀਤੀ ਜਾਵੇਗੀ। (ਥੰਪਿੰਗ)

(viii) ਘੱਟੋ ਘੱਟ ਉਜਰਤ ਐਕਟ ਨੂੰ ਰਾਜ ਦੇ ਕਾਮਿਆਂ ਤੇ ਲਾਗੂ ਕਰਨ ਲਈ ਸਰਕਾਰ ਵੱਚਨਬੱਧ ਹੈ ਅਤੇ ਸਰਕਾਰ ਇਹ ਯਕੀਨੀ ਬਣਾਏਗੀ ਕਿ ਇਸ ਦੇ ਉਪਬੰਧਾਂ ਦੀ ਪੂਰੀ ਪਾਲਣਾ ਹੋਵੇ।

(ix) ਸੰਗਠਿਤ ਬਾਲ ਵਿਕਾਸ ਸੇਵਾਵਾਂ ਅਧੀਨ ਕੰਮ ਕਰ ਰਹੇ ਆਂਗਨਵਾੜੀ ਵਰਕਰਾਂ ਤੇ ਹੈਲਪਰਾਂ ਦੇ ਆਨਰੇਰੀਅਮ ਵਿਚ ਯੋਗ ਵਾਧਾ ਕੀਤਾ ਜਾਵੇਗਾ। (ਥੰਪਿੰਗ)

(x) ਦਿਹਾਤੀ ਇਲਾਕਿਆਂ ਵਿਚਲੀ ਅੱਧੀ ਆਬਾਦੀ ਦੀ ਨੁਮਾਇੰਦਗੀ ਕਰਨ ਵਾਲੇ ਮਹਿਲਾ ਮੰਡਲਾਂ ਵੱਲੋਂ ਕੀਤੀਆਂ ਜਾ ਰਹੀਆਂ ਵਿਸ਼ੇਸ਼ ਸੇਵਾਵਾਂ ਨੂੰ ਧਿਆਨ ਵਿਚ ਰੱਖਦੇ ਹੋਏ ਮੈਂ ਇਹ ਤਜਵੀਜ਼ ਕਰਦਾ ਹਾਂ ਕਿ ਮਹਿਲਾ ਮੰਡਲਾਂ ਲਈ ਕਮਿਊਨਿਟੀ ਕੇਂਦਰ ਬਣਾਏ ਜਾਣ। ਇਸ ਕਾਰਜ ਲਈ ਮੈਂ ਸਾਲ 1993-94 ਵਾਸਤੇ 2 ਕਰੋੜ ਰੁਪਏ ਦੇ ਉਪਬੰਧ ਦੀ ਤਜਵੀਜ਼ ਪੇਸ਼ ਕਰਦਾ ਹਾਂ (ਥੰਪਿੰਗ)।

ਸਾਲਾਨਾ ਯੋਜਨਾ 1993-94

18. ਰਾਜ ਸਰਕਾਰ ਦੇ ਵਿੱਤੀ ਸਾਧਨਾਂ ਅਤੇ ਪ੍ਰਬੰਧ ਸਬੰਧੀ ਨੀਤੀਆਂ ਦੱਸਣ ਉਪਰੰਤ ਹੁਣ ਮੈਂ ਉਨ੍ਹਾਂ ਭਲਾਈ ਸੇਵਾਵਾਂ ਅਤੇ ਸਮੁੱਚੇ ਵਿਕਾਸ ਵੱਲ ਆਪ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਜਿਨ੍ਹਾਂ ਵਾਸਤੇ ਰਾਜ ਦੇ ਇਨ੍ਹਾਂ ਸਾਧਨਾਂ ਦੀ ਵਰਤੋਂ ਕੀਤੀ ਜਾਵੇਗੀ। ਸਰਕਾਰ ਇਹ ਆਪਣਾ ਬੁਨਿਆਦੀ ਫ਼ਰਜ਼ ਸਮਝਦੀ ਹੈ ਕਿ ਉਨ੍ਹਾਂ ਲੋਕਾਂ ਦੀ ਸੇਵਾ ਕੀਤੀ ਜਾਵੇ ਜਿਨ੍ਹਾਂ ਨੇ ਸਾਨੂੰ ਮਹੱਤਵਪੂਰਣ ਜ਼ਿੰਮੇਵਾਰੀਆਂ

[ਵਿੱਤ ਮੰਤਰੀ]

ਸੌਂਪੀਆਂ ਹਨ। ਇਸ ਅਨੁਸਾਰ ਇਕ ਵਿਕਾਸ-ਮੁੱਖੀ ਸਾਲਾਨਾ ਯੋਜਨਾ ਤਿਆਰ ਕੀਤੀ ਗਈ ਹੈ। ਇਸੇ ਸੰਖੇਪ ਵਿਚ ਮੈਂ ਆਪਣੀਆਂ ਵਿਕਾਸ ਸਰਗਰਮੀਆਂ ਦੇ ਪ੍ਰਮੁੱਖ ਖੇਤਰਾਂ ਅਤੇ ਉਨ੍ਹਾਂ ਲਈ ਰੱਖੀਆਂ ਗਈਆਂ ਰਕਮਾਂ ਦਾ ਜ਼ਿਕਰ ਕਰਨਾ ਚਾਹਾਂਗਾ।

ਵਿਕਾਸ ਖ਼ਰਚ, 1992-93

19. ਸਾਲਾਨਾ ਯੋਜਨਾ 1992-93 ਲਈ 1150 ਕਰੋੜ ਰੁਪਏ ਦਾ ਖ਼ਰਚ ਪਰਵਾਨ ਕੀਤਾ ਗਿਆ ਸੀ। ਇਸ ਵਿਚ ਭਾਰਤ ਸਰਕਾਰ ਪਾਸੋਂ 900 ਕਰੋੜ ਰੁਪਏ ਦੀ ਸਹਾਇਤਾ ਸ਼ਾਮਲ ਸੀ। ਭਾਵੇਂ ਕਿ ਕੇਂਦਰ ਸਰਕਾਰ ਨੇ ਕੇਵਲ 600 ਕਰੋੜ ਰੁਪਏ ਦਿੱਤੇ ਹਨ, ਫੇਰ ਵੀ ਰਾਜ ਸਰਕਾਰ ਵਿਕਾਸ ਸਰਗਰਮੀਆਂ ਦੀ ਰਫ਼ਤਾਰ ਬਰਕਰਾਰ ਰੱਖਣ ਲਈ ਦ੍ਰਿੜ੍ਹ ਹੈ। 1992-93 ਦੌਰਾਨ ਪੇਂਡੂ ਵਿਕਾਸ ਬੋਰਡ, ਮੰਡੀ ਬੋਰਡ ਅਤੇ ਮਾਰਕਿਟ ਕਮੇਟੀਆਂ ਦੁਆਰਾ ਸੜਕਾਂ ਬਣਾਉਣ, ਫਿਰਨੀਆਂ ਨੂੰ ਪੱਕਾ ਕਰਨ ਅਤੇ ਉਨੱਤ ਗਰਾਮ ਆਦਿ ਲਈ 180 ਕਰੋੜ ਰੁਪਏ ਖ਼ਰਚ ਕੀਤੇ ਜਾ ਰਹੇ ਹਨ (ਥੰਪਿੰਗ)। ਵਿਸ਼ਵ ਬੈਂਕ ਪਾਸੋਂ 70 ਕਰੋੜ ਰੁਪਏ ਦੀ ਸਹਾਇਤਾ ਨਾਲ ਦਸੰਬਰ, 1993 ਤਕ ਸਰਹੰਦ ਤੋਂ ਜਲੰਧਰ ਤੱਕ ਕੌਮੀ ਜਰਨੈਲੀ ਸੜਕ ਦੇ ਸੁਧਾਰ ਦਾ ਕੰਮ ਮੁਕੰਮਲ ਕਰ ਲਿਆ ਜਾਵੇਗਾ (ਥੰਪਿੰਗ)। 1992-93 ਦੌਰਾਨ ਕੇਂਦਰ ਸਰਕਾਰ ਦੁਆਰਾ ਸਪਾਂਸਰ ਸਕੀਮਾਂ ਅਧੀਨ ਕੇਂਦਰ ਸਰਕਾਰ ਦਾ ਹਿੱਸਾ 220 ਕਰੋੜ ਰੁਪਏ ਰੱਖਿਆ ਗਿਆ ਹੈ। ਇਸ ਤਰ੍ਹਾਂ ਸਾਲ 1992-93 ਦੌਰਾਨ ਰਾਜ ਵਿੱਚ ਵਿਕਾਸ ਸਰਗਰਮੀਆਂ ਲਈ 1326 ਕਰੋੜ ਰੁਪਏ ਦੀ ਕੁਲ ਰਕਮ ਖ਼ਰਚ ਕੀਤੀ ਜਾਵੇਗੀ (ਥੰਪਿੰਗ)।

20. ਸਾਲਾਨਾ ਯੋਜਨਾ 1993-94, 1250 ਕਰੋੜ ਰੁਪਏ ਦੀ ਲਾਗਤ ਵਾਲੀ ਬਣਾਈ ਗਈ ਹੈ। ਵਿਸ਼ਵ ਬੈਂਕ/ਬਾਹਰੀ ਸਹਾਇਤਾ ਪ੍ਰਾਪਤ ਪ੍ਰਾਜੈਕਟਾਂ ਲਈ ਉਪਬੰਧ 1992-93 ਦਾ 93.79 ਕਰੋੜ ਰੁਪਏ ਦਾ ਉਪਬੰਧ ਸਾਲ 1993-94 ਲਈ ਵਧਾਕੇ 142 ਕਰੋੜ ਰੁਪਏ ਕਰ ਦਿੱਤਾ ਗਿਆ ਹੈ (ਥੰਪਿੰਗ)। ਇਸ ਤੋਂ ਇਲਾਵਾ 1993-94 ਦੌਰਾਨ ਉੱਨਤ ਗਰਾਮ, ਦਿਹਾਤੀ ਸੜਕਾਂ ਬਣਾਉਣ, ਪਿੰਡਾਂ ਦੀਆਂ ਫਿਰਨੀਆਂ ਪੱਕੀਆਂ ਕਰਨ ਆਦਿ ਵਰਗੇ ਵਿਕਾਸ ਕਾਰਜਾਂ ਉਤੇ 200 ਕਰੋੜ ਰੁਪਏ ਖ਼ਰਚ ਕਰਨ ਦੀ ਤਜਵੀਜ਼ ਹੈ (ਥੰਪਿੰਗ)। 1993-94 ਦੌਰਾਨ ਕੇਂਦਰ ਸਰਕਾਰ ਦੁਆਰਾ ਸਪਾਂਸਰ ਸਕੀਮਾਂ ਵਿੱਚ ਕੇਂਦਰ ਸਰਕਾਰ ਦੇ ਹਿੱਸੇ ਲਈ 196.44 ਕਰੋੜ ਰੁਪਏ ਦੇ ਖ਼ਰਚ ਦੀ ਤਜਵੀਜ਼ ਹੈ। ਇਸ ਤਰ੍ਹਾਂ 1993-94 ਦੌਰਾਨ ਵਿਕਾਸ ਕਾਰਜਾਂ ਉਤੇ 1646 ਕਰੋੜ ਰੁਪਏ ਖ਼ਰਚ ਕਰਨ ਦੀ ਵਿਉਂਤ ਬਣਾਈ ਗਈ ਹੈ (ਥੰਪਿੰਗ)।

ਬਿਜਲੀ

21. ਬਿਜਲੀ ਸਾਡੀ ਆਰਥਿਕਤਾ ਦਾ ਇਕ ਅਹਿਮ ਖੇਤਰ ਹੈ ਅਤੇ ਸਾਲਾਨਾ ਯੋਜਨਾ 1993-94 ਵਿਚੋਂ ਇਸ ਖੇਤਰ ਨੂੰ ਸਭ ਤੋਂ ਵੱਧ ਅਗੇਤ ਦਿੱਤੀ ਗਈ। 1992-93 ਵਿੱਚ 330.61 ਕਰੋੜ ਰੁਪਏ ਦੇ ਉਪਬੰਧ ਦੇ ਮੁਕਾਬਲੇ 1993-94 ਲਈ ਲਾਗਤ ਵਧਾ ਕੇ 460.00 ਕਰੋੜ ਰੁਪਏ ਕਰ ਦਿੱਤੀ ਗਈ ਹੈ। (ਥੰਪਿੰਗ)। ਜ਼ਰਾਇਤੀ ਕਾਰਜਾਂ, ਪ੍ਰਗਤੀਸ਼ੀਲ ਉਦਯੋਗੀਕਰਣ, ਵਿਸਤ੍ਰਿਤ ਦਿਹਾਤੀ ਬਿਜਲੀਕਰਣ ਪ੍ਰੋਗਰਾਮ ਅਤੇ ਘਰੇਗੀ ਖ਼ਪਤ ਲਈ ਬਿਜਲੀ ਦੀ ਵੱਧ ਰਹੀ ਵਰਤੋਂ ਕਾਰਣ ਪੰਜਾਬ ਵਿਚ ਬਿਜਲੀ ਦੀ ਮੰਗ ਲਗਾਤਾਰ ਵੱਧ ਰਹੀ ਹੈ। ਨਵੰਬਰ 1992 ਵਿਚ ਰੋਪੜ ਵਿਖੇ ਗੁਰੂ ਗੋਬਿੰਦ ਸਿੰਘ ਥਰਮਲ ਪਲਾਂਟ ਦਾ 210 ਮੈਗਾਵਾਟ ਦਾ ਪੰਜਵਾਂ ਯੂਨਿਟ ਚਾਲੂ ਕੀਤਾ ਗਿਆ ਸੀ ਅਤੇ ਇਸ ਪ੍ਰਕਾਰ ਰਾਜ ਵਿੱਚ ਕੁਲ ਸਥਾਪਤ ਸਮਰੱਥਾ 3300 ਮੈਗਾਵਾਟ ਹੋ ਗਈ ਹੈ। ਜੀ.ਜੀ.ਐਸ.ਟੀ.ਪੀ. ਸਟੇਜ-III ਦੀ ਕੁਲ ਲਾਗਤ 600 ਕਰੋੜ ਰੁਪਏ ਹੈ। ਆਉਣ ਵਾਲੇ ਸਾਲਾਂ ਦੌਰਾਨ ਰਾਜ ਵਿਚ ਸਥਾਪਤ ਸਮਰੱਥਾ ਵਧਾਉਣ ਲਈ 3104 ਕਰੋੜ

ਰੁਪਏ ਦੀ ਕੁਲ ਲਾਗਤ ਨਾਲ ਰਣਜੀਤ ਸਾਗਰ ਡੈਮ (600 ਮੈਗਾਵਾਟ ਪੰਜਾਬ ਦਾ ਹਿੱਸਾ 452 ਮੈਗਾਵਾਟ) ਜੀ.ਐਨ.ਡੀ.ਟੀ.ਪੀ. ਸਟੇਜ-III ਬਠਿੰਡਾ (2×210 ਮੈਗਾਵਾਟ), ਸ਼ਾਹਪੁਰ ਕੰਡੀ (168 ਮੈਗਾਵਾਟ) ਅਤੇ ਮੁਕੇਰੀਆਂ ਹਾਈਡਲ ਪ੍ਰਾਜੈਕਟ ਦਾ ਪਾਵਰ ਹਾਊਸ ਨੰ: 5 (60 ਮੈਗਾਵਾਟ) ਦੇ ਮੁੱਖ ਬਿਜਲੀ ਪ੍ਰਾਜੈਕਟਾਂ ਤੇ ਜ਼ੋਰ ਦਿੱਤਾ ਜਾ ਰਿਹਾ ਹੈ।

22. ਰਣਜੀਤ ਸਾਗਰ ਡੈਮ ਦੀ ਵਿਉਂਤਸ਼ੁਦਾ ਲਾਗਤ 1561.00 ਕਰੋੜ ਰੁਪਏ ਹੈ ਜਿਸ ਵਿਚੋਂ 889.35 ਕਰੋੜ ਰੁਪਏ 31 ਜਨਵਰੀ, 1993 ਤਕ ਖਰਚ ਕਰ ਦਿਤੇ ਗਏ ਹਨ। 1992-93 ਦੌਰਾਨ 156.50 ਕਰੋੜ ਰੁਪਏ ਦੀ ਲਾਗਤ ਦੇ ਮੁਕਾਬਲੇ ਇਸ ਪ੍ਰਾਜੈਕਟ ਲਈ 1993-94 ਵਿੱਚ 220.00 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ। 1993-94 ਦੌਰਾਨ ਗੁਰੂ ਨਾਨਕ ਦੇਵ ਥਰਮਲ ਪਲਾਂਟ, ਬਠਿੰਡਾ-III ਲਈ 650.00 ਕਰੋੜ ਰੁਪਏ ਦੀ ਕੁਲ ਲਾਗਤ ਦੇ ਮੁਕਾਬਲੇ 48.00 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ। ਸ਼ਾਹਪੁਰ ਕੰਡੀ ਪ੍ਰਾਜੈਕਟ ਦਾ ਅਨੁਮਾਨਤ ਖਰਚ 756.15 ਕਰੋੜ ਰੁਪਏ ਹੈ ਅਤੇ 1993-94 ਦੌਰਾਨ 15.00 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ। ਪਾਵਰ ਹਾਊਸ-V ਮੁਕੇਰੀਆਂ 137.00 ਕਰੋੜ ਰੁਪਏ ਦੀ ਲਾਗਤ ਦਾ ਇਕ ਨਵਾਂ ਪ੍ਰਾਜੈਕਟ ਹੈ ਜਿਸ ਲਈ ਅਗਲੇ ਸਾਲ ਦੌਰਾਨ 20.00 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ। ਵਿਗਿਆਨ ਤੇ ਤਕਨਾਲੋਜੀ ਵਿਭਾਗ, ਭਾਰਤ ਸਰਕਾਰ ਅਤੇ ਵਿਸ਼ਵ ਬੈਂਕ ਦੀ ਸਹਾਇਤਾ ਨਾਲ ਪੰਜਾਬ ਵਿਚ 44.00 ਕਰੋੜ ਰੁਪਏ ਦੀ ਲਾਗਤ ਨਾਲ ਮਾਈਕਰੋ-ਹਾਈਡਲ ਪ੍ਰੋਜੈਕਟ ਲਗਾਉਣ ਲਈ ਉਤਸ਼ਾਹਿਤ ਕਰ ਰਿਹਾ ਹੈ।

23. ਦਿਹਾਤੀ ਖੇਤਰਾਂ ਵਿਚ ਬਿਜਲੀ ਦੀ ਸਪਲਾਈ ਲਗਾਤਾਰ 24 ਘੰਟੇ ਯਕੀਨੀ ਬਣਾਉਣ ਦੇ ਵਿਚਾਰ ਨਾਲ, ਰਾਜ ਸਰਕਾਰ ਨੇ 1993 -- 97 ਦੌਰਾਨ ਦਰਜਾ-ਬੱਧ ਢੰਗ ਨਾਲ ਪਿੰਡਾਂ ਵਿਚ ਸੁਤੰਤਰ ਬਿਜਲੀ ਫੀਡਰਾਂ ਦੀ ਸਥਾਪਨਾ ਲਈ ਇਕ ਯੋਜਨਾ ਤਿਆਰ ਕਰਨ ਲਈ ਪੰਜਾਬ ਰਾਜ ਬਿਜਲੀ ਬੋਰਡ ਨੂੰ ਹਦਾਇਤ ਕੀਤੀ ਹੈ। ਇਸ ਮੰਤਵ ਲਈ ਰਾਜ ਸਰਕਾਰ ਰਾਜ ਵਿਚਲੀਆਂ ਸੰਸਥਾਵਾਂ ਅਤੇ ਗਰਾਮ ਪੰਚਾਇਤਾਂ ਨਾਲ ਬਰਾਬਰੀ ਦੇ ਆਧਾਰ ਤੇ 300.00 ਕਰੋੜ ਰੁਪਏ ਉਪਲੱਬਧ ਕਰਵਾਏਗੀ (ਥੰਪਿੰਗ)। ਆਰੰਭ ਵਿੱਚ, ਇਸ ਮੰਤਵ ਲਈ 1993-94 ਦੌਰਾਨ 25 ਕਰੋੜ ਰੁਪਏ ਦੀ ਰਕਮ ਦਾ ਉਪਬੰਧ ਕੀਤਾ ਗਿਆ ਹੈ। ਰਾਜ ਸਰਕਾਰ, ਕੰਡੀ ਖੇਤਰ ਦੇ ਪਿੰਡਾਂ ਵਿਚਲੀਆਂ ਨਵੀਆਂ ਬਸਤੀਆਂ ਦੇ ਵਸਨੀਕਾਂ ਨੂੰ ਬਿਜਲੀ ਮੁਹੱਈਆ ਕਰਨ ਸਬੰਧੀ ਉਪਾਅ ਵੀ ਕਰ ਰਹੀ ਹੈ ਅਤੇ ਇਸ ਮੰਤਵ ਲਈ 1993-94 ਵਿੱਚ 2.00 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ।

ਸਿੰਜਾਈ ਅਤੇ ਹੜ੍ਹ-ਕੰਟਰੋਲ

24. ਸਿੰਜਾਈ ਪੰਜਾਬ ਦੇ ਕਿਸਾਨਾਂ ਲਈ ਇਕ ਬਹੁਤ ਅਹਿਮ ਖੇਤਰ ਹੈ ਅਤੇ 60.60 ਕਰੋੜ ਰੁਪਏ ਦੇ ਵਿਸ਼ਵ ਬੈਂਕ ਦੇ ਹਿੱਸੇ ਸਹਿਤ 1993-94 ਦੌਰਾਨ 77.36 ਕਰੋੜ ਰੁਪਏ ਮੁਹੱਈਆ ਕੀਤੇ ਗਏ ਹਨ। ਇਸ ਨਾਲ ਵੱਡੀਆ, ਦਰਮਿਆਨੀਆਂ ਅਤੇ ਛੋਟੀਆਂ ਸਿੰਜਾਈ ਸਕੀਮਾਂ ਰਾਹੀਂ 27000 ਹੈਕਟੇਅਰ ਦੀ ਵਧੀਕ ਸਿੰਜਾਈ ਦੇ ਆਧੁਨਿਕੀਕਰਣ ਨੂੰ ਸਭ ਤੋਂ ਵੱਧ ਤਰਜੀਹ ਦਿੱਤੀ ਗਈ ਹੈ।

25. 1992-93 ਦੌਰਾਨ 41 ਕਿਲੋਮੀਟਰ ਤਕ ਕੰਡੀ ਨਹਿਰ ਦੀ ਉਸਾਰੀ ਮੁਕੰਮਲ ਕਰ ਲਈ ਜਾਵੇਗੀ ਅਤੇ ਇਸ ਦਾ ਕਮਾਨ ਖੇਤਰ ਆਰ.,ਡੀ. 31.800 ਕਿਲੋਮੀਟਰ ਤਕ ਵਿਕਸਤ ਕਰ ਲਿਆ ਜਾਵੇਗਾ। ਮਾਰਚ 1993 ਦੇ ਅੰਤ ਤਕ, ਰਾਜ ਸਰਕਾਰ ਕੰਡੀ ਨਹਿਰ ਉਤੇ 57.57 ਕਰੋੜ ਰੁਪਏ ਖ਼ਰਚ ਕਰ ਰਹੀ ਹੈ। 1993-94 ਦੌਰਾਨ 10.50 ਕਰੋੜ ਰੁਪਏ ਦੀ ਲਾਗਤ ਨਾਲ 50 ਕਿਲੋਮੀਟਰ ਤਕ ਕੰਡੀ ਨਹਿਰ ਦੀ ਉਸਾਰੀ

[ਵਿੱਤ ਮੰਤਰੀ]

ਮੁਕੰਮਲ ਕਰਨ ਅਤੇ 41 ਕਿਲੋਮੀਟਰ ਤਕ ਇਸ ਦੇ ਕਮਾਨ ਖੇਤਰ ਦਾ ਵਿਕਾਸ ਕਰਨ ਦੀ ਤਜਵੀਜ਼ ਹੈ । ਕੰਡੀ ਨਹਿਰ ਸਟੇਜ-I ਦੀ ਸਿੰਜਾਈ ਸਮਰੱਥਾ 15,600 ਹੈਕਟੇਅਰ ਹੈ। ਹੁਸ਼ਿਆਰਪੁਰ (59.2 ਕਿਲੋਮੀਟਰ) ਤਕ ਕੰਡੀ ਨਹਿਰ ਸਟੇਜ-I ਮੁਕੰਮਲ ਹੋ ਜਾਣ ਉਪਰੰਤ ਇਸ ਕੰਡੀ ਨਹਿਰ ਦਾ ਵਿਸਥਾਰ ਬਲਾਚੌਰ (ਸਟੇਜ-II) ਤਕ ਪੜਾਅਵਾਰ ਢੰਗ ਨਾਲ ਕੀਤਾ ਜਾਵੇਗਾ।

26. ਪੰਜਾਬ ਵਿੱਚ ਬੀਜੇ ਗਏ ਨਿਰੋਲ ਖੇਤਰ ਦੇ ਮੁਕਾਬਲੇ ਨਿਰੋਲ ਸੇਂਜੂ ਰਕਬੇ ਦੀ ਪ੍ਰਤੀਸ਼ਤਤਾ ਲਗਭਗ 93% ਹੈ. ਲੇਕਿਨ ਇਹ ਹੁਸ਼ਿਆਰਪੁਰ ਵਿੱਚ 60.1% ਹੈ ਅਤੇ ਰੋਪੜ ਜ਼ਿਲੇ ਵਿਚ 63.1% ਹੈ। ਇਨ੍ਹਾਂ ਰਕਬਿਆਂ ਨੂੰ ਬਾਕੀ ਰਾਜ ਦੇ ਬਰਾਬਰ ਲਿਆਉਣ ਲਈ 161 ਕਰੋੜ ਰੁਪਏ ਦੀ ਕੁੱਲ ਲਾਗਤ ਨਾਲ ਕੰਡੀ ਨਹਿਰ ਮੁਕੰਮਲ ਕਰਕੇ ਡੂੰਘੇ ਟਿਊਬਵੈੱਲ ਸਥਾਪਤ ਕਰਕੇ ਅਤੇ ਛੋਟੇ ਡੈਮਾਂ ਦੀ ਉਸਾਰੀ ਕਰਕੇ ਇਸ ਕੰਡੀ ਖੇਤਰ ਵਿੱਚ ਸਿੰਜਾਈ ਸਹੂਲਤਾਂ ਦੇ ਵਿਕਾਸ ਨੂੰ ਪੂਰਨ ਉਤਸ਼ਾਹ ਨਾਲ ਹੱਥ ਵਿਚ ਲਿਆ ਜਾ ਰਿਹਾ ਹੈ।

ਖੇਤੀਬਾੜੀ ਅਤੇ ਖੇਤੀ-ਆਧਾਰਤ ਉਦਯੋਗ

27. 1992-93 ਦੌਰਾਨ ਖੇਤੀਬਾੜੀ ਅਤੇ ਸੰਬੰਧ ਸਰਗਰਮੀਆਂ ਲਈ 55.46 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਸੀ, ਜਿਸ ਦੇ ਮੁਕਾਬਲੇ 1993-94 ਲਈ ਉਪਬੰਧ ਵਧਾਕੇ 82.64 ਕਰੋੜ ਰੁਪਏ ਕੀਤਾ ਗਿਆ ਹੈ। (ਥੰਪਿੰਗ)। ਇਸ ਤਰ੍ਹਾਂ ਜ਼ਰਾਇਤੀ ਉਤਪਾਦਨ ਖਾਸ ਕਰਕੇ ਜਿਵੇਂ ਕਣਕ, ਧਾਨ, ਕਪਾਹ, ਗੰਨਾ, ਤੇਲ ਬੀਜ, ਦਾਲਾਂ, ਫਲ, ਸਬਜ਼ੀਆਂ ਆਦਿ ਦੀਆਂ ਵਧੇਰੇ ਝਾੜ ਦੇਣ ਵਾਲੀਆਂ ਕਿਸਮਾਂ ਦੇ ਉਤਪਾਦਨ ਨੂੰ ਵਧਾਉਣ ਦੇ ਮੰਤਵ ਨਾਲ, ਫਸਲ-ਸੰਭਾਲ ਦੀ ਲਾਗਤ 1992-93 ਵਿੱਚ 12.07 ਕਰੋੜ ਰੁਪਏ ਤੋਂ ਵਧਾ ਕੇ 1993-94 ਵਿੱਚ 24.68 ਕਰੋੜ ਰੁਪਏ ਅਰਥਾਤ ਦੁੱਗਣੀ ਕਰ ਦਿਤੀ ਗਈ ਹੈ।

28. ਸਰਕਾਰ ਸਾਂਝੇ ਅਤੇ ਸਹਾਇਤਾ-ਪ੍ਰਾਪਤ ਖੇਤਰ ਵਿਚ ਨਵੇਂ ਖੇਤੀ-ਆਧਾਰਤ ਉਦਯੋਗ ਦੀ ਸਥਾਪਨਾ ਨੂੰ ਉਤਸਾਹਤ ਕਰ ਰਹੀ ਹੈ। ਪੰਜਾਬ ਖੇਤੀ ਉਦਯੋਗ ਕਾਰਪੋਰੇਸ਼ਨ ਨੇ ਪਹਿਲਾਂ ਹੀ 14 ਪ੍ਰਾਜੈਕਟ ਸਥਾਪਤ ਕਰ ਦਿਤੇ ਹਨ ਅਤੇ ਇਸ ਅੱਠਵੀਂ ਯੋਜਨਾ ਦੌਰਾਨ 1200 ਕਰੋੜ ਰੁਪਏ ਦੀ ਲਾਗਤ ਨਾਲ ਹੋਰ 42 ਪ੍ਰਾਜੈਕਟ ਸਥਾਪਤ ਕਰਨ ਦੀ ਯੋਜਨਾ ਹੈ ਜਿਸ ਨਾਲ 56020 ਦੀ ਰੋਜ਼ਗਾਰ ਸੰਭਾਵਨਾ ਪੈਦਾ ਹੋਵੇਗੀ। 1993-94 ਦੌਰਾਨ ਨਵੇਂ ਯੂਨਿਟ ਹਨ: ਸੰਗਠਤ ਖੁੰਬ ਉਤਪਾਦਨ ਅਤੇ ਡੱਬਾਬੰਦੀ (24 ਕਰੋੜ ਰੁਪਏ) ਪੰਜਾਬ ਮੀਟ ਲਿਮਿਟਿਡ (32.50 ਕਰੋੜ ਰੁਪਏ), ਹਨੀ ਬੀ ਨੈਚੁਰਲ ਪਰੋਡਕਟਸ ਲਿਮਿਟਿਡ (5.60 ਕਰੋੜ ਰੁਪਏ), ਪੰਜਾਬ ਬਰੀਡਰਜ਼ ਲਿਮਿਟਿਡ (1.60 ਕਰੋੜ ਰੁਪਏ), ਟਿੰਡੋ ਯੂਰੋਪੀਅਨ ਐਗਰੋ ਲਿਮਿਟਡ (32.05 ਕਰੋੜ ਰੁਪਏ), ਐਗਰੋ ਸਪਿਨਿੰਗ ਮਿਲਜ਼ (35.50 ਕਰੋੜ ਰੁਪਏ), ਐਗਰੋ ਸ਼ੂਗਰ ਕਮ ਪੇਪਰ ਮਿਲ (258.30 ਕਰੋੜ ਰੁਪਏ). ਸੰਗਠਤ ਤੇਲ ਬੀਜ ਤੇ ਖਾਣ ਯੋਗ ਤੇਲ ਕੰਪਲੈਕਸ (68.89 ਕਰੋੜ ਰੁਪਏ) ਇਸੇ ਤਰਾਂ ਮਾਰਕਫੈਡ ਦੀ ਯੋਜਨਾ ਖੇਤੀ-ਆਧਾਰਤ ਉਦਯੋਗਿਕ ਯੂਨਿਟਾਂ ਜਿਵੇਂ ਵੋਦਕਾ ਪ੍ਰਾਸੈਸਿੰਗ ਪ੍ਰਾਜੈਕਟ (15 ਕਰੋੜ ਰੁਪਏ) ਪੱਟੈਟੋ ਫਲੋਰ ਗ੍ਰੈਨੂਲੇਟਿਡ ਪ੍ਰਾਜੈਕਟ (15 ਕਰੋੜ ਰੁਪਏ), ਸਰ੍ਹੋਂ ਅਤੇ ਤੋਰੀਆ ਬੀਜ ਪ੍ਰਾਜੈਕਟ (5 ਕਰੋੜ ਰੁਪਏ) ਅਤੇ ਮਸ਼ਰੂਮ ਇੰਟਿਗ੍ਰੇਟਿਡ ਪ੍ਰਾਜੈਕਟ (25.00) ਕਰੋੜ ਰੁਪਏ ਆਦਿ।

ਗੁਰਦਾਸਪੁਰ ਵਿਖੇ ਖੇਤੀਬਾੜੀ ਸੰਸਥਾ

29. 1993-94 ਦੌਰਾਨ ਗੁਰਦਾਸਪੁਰ ਵਿਖੇ 3.75 ਕਰੋੜ ਰੁਪਏ ਦੀ ਲਾਗਤ ਨਾਲ ਇਕ ਖੇਤੀ-ਬਾੜੀ ਸੰਸਥਾ ਸਥਾਪਤ ਕਰਨ ਦਾ ਫੈਸਲਾ ਕੀਤਾ ਗਿਆ ਹੈ। (ਥੰਪਿੰਗ) ਇਸ ਸੰਸਥਾ ਵਿੱਚ ਖੇਤੀਬਾੜੀ ਦਾ ਡਿਪਲੋਮਾ ਕੋਰਸ ਅਤੇ ਬੀਜ ਉਤਪਾਦਨ, ਫਲ ਅਤੇ ਪਨੀਰੀ ਉਗਾਉਣ, ਪੌਦਿਆਂ ਦੀ ਹਿਫ਼ਾਜ਼ਤ, ਖੁੰਬਾਂ ਦੀ ਕਾਸ਼ਤ, ਡੇਅਰੀ ਉਦਯੋਗ, ਮੁਰਗੀਪਾਲਣ, ਮਖੀਰ-ਪਾਲਣ ਅਤੇ ਖੇਤੀ ਵਣਜ ਪ੍ਰਬੰਧ ਜਿਹੇ ਰੋਜ਼ਗਾਰ-

ਮੁੱਖੀ ਕੋਰਸ ਚਲਾਏ ਜਾਣਗੇ। ਇਹ ਸੰਸਥਾ ਖੇਤੀਬਾੜੀ ਦੇ ਵਿਕਾਸ ਲਈ ਅਤਿ ਲੋੜੀਂਦੀ ਨਿਪੁੰਨ ਜਨ-ਸ਼ਕਤੀ ਮੁਹੱਈਆ ਕਰੇਗੀ ਅਤੇ ਰਾਜ ਦੇ ਖਾਸ ਕਰਕੇ ਮਾਝੇ ਦੇ ਖੇਤਰ ਵਿਚ ਸਵੈ-ਰੋਜ਼ਗਾਰ ਨੂੰ ਉਤਸਾਹਿਤ ਵੀ ਕਰੇਗੀ।

ਮਧੂ-ਮੱਖੀ ਪਾਲਣ

30. ਸਾਲ 1993-94 ਦੌਰਾਨ ਬੇ-ਜ਼ਮੀਨੇ ਲੋਕਾਂ, ਅਨੁਸੂਚਿਤ ਜਾਤੀਆਂ ਦੇ ਵਿਅਕਤੀਆਂ ਅਤੇ ਛੋਟੇ/ਸੀਮਾਂਤੀ ਕਿਸਾਨਾਂ ਨੂੰ ਸਬਸਿਡੀ ਅਤੇ ਮਧੂ-ਮੱਖੀ ਪਾਲਣ ਦੀ ਸਿਖਲਾਈ ਦੇਣ ਲਈ 40.00 ਲੱਖ ਰੁਪਏ ਮੁਹੱਈਆ ਕਰਨ ਦੀ ਤਜਵੀਜ਼ ਹੈ ਜਿਸ ਤੋਂ 2560 ਪਰਿਵਾਰਾਂ ਨੂੰ ਲਾਭ ਹੋਵੇਗਾ।

ਮਿੱਟੀ ਦੀ ਪਰਖ ਲਈ ਅਤੇ ਹੋਰ ਲੈਬਾਰਟਰੀਆਂ

31. ਇਹ ਵੀ ਤਜਵੀਜ਼ ਹੈ ਕਿ 8ਵੀਂ ਯੋਜਨਾ ਦੌਰਾਨ ਹਰ ਜਿਲੇ ਵਿੱਚ ਇਕ ਮੁਬਾਈਲ ਮਿੱਟੀ-ਪ੍ਰੀਖਣ ਲੈਬਾਰਟਰੀ ਅਤੇ ਹਰ ਸਬ-ਡਵੀਜਨ ਵਿਚ ਇਕ ਸਥਿੱਰ ਲੈਬਾਰਟਰੀ ਸਥਾਪਤ ਕਰਕੇ ਬੀਜ, ਖਾਦ, ਕੀਟਨਾਸ਼ਕ ਅਤੇ ਕੀੜੇ ਮਾਰ ਦਵਾਈਆਂ ਦੀ ਉਚਿਤ ਵਰਤੋਂ ਰਾਹੀਂ ਖੇਤੀ-ਉਤਪਾਦਨ ਦੀ ਲਾਗਤ ਘੱਟ ਕਰਨ ਵਿਚ ਕਿਸਾਨਾਂ ਦੀ ਸਹਾਇਤਾ ਕੀਤੀ ਜਾਵੇ। ਸਾਲ 1993-94 ਦੌਰਾਨ ਦੋ ਮੁਬਾਈਲ ਮਿੱਟੀ-ਪਰਖ ਲੈਬਾਰਟਰੀਆਂ ਸਥਾਪਤ ਕਰਨ ਦੀ ਤਜਵੀਜ਼ ਹੈ। ਇਕ ਮਾਈਕਰੋ ਨਯੂਟਰੀਐਂਟ ਟੈਸਟਿੰਗ ਅਤੇ ਇਕ ਰਸਾਇਣੀ ਖਾਦ ਕੁਆਲਿਟੀ ਕੰਟਰੋਲ ਲੈਬਾਰਟਰੀ ਜੋ ਕ੍ਰਮਵਾਰ ਪਟਿਆਲਾ ਅਤੇ ਫਰੀਦਕੋਟ ਵਿਖੇ ਉਸਾਰੀ ਅਧੀਨ ਹਨ, ਸਾਲ 1993-94 ਦੌਰਾਨ ਪੂਰੀ ਤਰ੍ਹਾਂ ਚਾਲੂ ਹੋ ਜਾਣਗੀਆਂ। ਇਸ ਤੋਂ ਇਲਾਵਾ, ਇਕ ਨਵੀਂ ਮਾਈਕਰੋ ਨਯੂਟਰੀਐਂਟ ਪਰਖ ਲੈਬਾਰਟਰੀ ਅਤੇ ਇਕ ਰਸਾਇਣੀ ਖਾਦ ਕੁਆਲਟੀ ਲੈਬਾਰਟਰੀ ਸਾਲ 1993-94 ਦੌਰਾਨ ਸਥਾਪਤ ਕੀਤੀ ਜਾਵੇਗੀ। ਦੱਖਣੀ ਖੇਤਰ ਦੇ ਕਿਸਾਨਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਸਾਲ 1993-94 ਦੌਰਾਨ ਫਰੀਦਕੋਟ ਵਿਖੇ ਇਕ ਬੀਜ-ਪਰਖ ਲੈਬਾਰਟਰੀ ਸਥਾਪਤ ਕਰਨ ਦੀ ਤਜਵੀਜ਼ ਹੈ।

32. ਸਾਲ 1993-94 ਦੌਰਾਨ ਭੋਂ ਅਤੇ ਜਲ-ਸੰਭਾਲ ਲਈ 9.07 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ। ਸਾਲ 1993-94 ਦੌਰਾਨ ਵੱਖ-ਵੱਖ ਭੋਂ ਸੰਭਾਲ ਉਪਾਵਾਂ ਜਿਵੇਂ ਭੋਂ ਵਿਕਾਸ, ਵਾਟਰ ਹਾਰਵੈਸਟਿੰਗ ਟੈਕਨਾਲੋਜੀ, ਵਾਟਰ ਸ਼ੈਡ ਫੀਲਡ ਡਰੇਨੇਜ ਦਾ ਸੁਧਾਰ, ਸਿੰਜਾਈ ਸੰਭਾਲ ਟੈਕਨਾਲੋਜੀ ਅਤੇ ਪਹਾੜੀ ਖੱਡ ਸੁਧਾਰ ਆਦਿ ਰਾਹੀਂ 5.51 ਕਰੋੜ ਰੁਪਏ ਦੀ ਲਾਗਤ ਨਾਲ 12630 ਹੈਕਟੇਅਰ ਦਾ ਸੁਧਾਰ ਕੀਤਾ ਜਾਵੇਗਾ। ਇਸ ਤੋਂ ਇਲਾਵਾ, ਭੋਂ-ਸੰਭਾਲ ਪ੍ਰੋਗਰਾਮ ਅਧੀਨ 17776 ਹੈਕਟੇਅਰ ਖੇਤਰ ਦੇ ਸੁਧਾਰ ਲਈ 2.25 ਕਰੋੜ ਰੁਪਏ ਮੁਹੱਈਆ ਕੀਤੇ ਗਏ ਹਨ।

ਜ਼ਰਾਇਤੀ ਵਿੱਤੀ ਸੰਸਥਾਵਾਂ

33. ਸਾਲ 1993-94 ਦੌਰਾਨ ਬਹੁਪੱਖੀ ਡਿਬੈਂਚਰ ਓਰਿਐਂਟਿਡ ਪ੍ਰੋਗਰਾਮਾਂ ਅਧੀਨ ਪੰਜਾਬ ਰਾਜ ਸਹਿਕਾਰੀ ਜ਼ਰਾਇਤੀ ਵਿਕਾਸ ਬੈਂਕ ਨੂੰ 5.00 ਕਰੋੜ ਰੁਪਏ ਰਾਜ ਦੇ ਹਿੱਸੇ ਵਜੋਂ ਦੇਣ ਦੀ ਤਜਵੀਜ਼ ਹੈ ਤਾਂ ਜੋ ਇਹ 23470 ਕਿਸਾਨਾਂ ਨੂੰ ਟਿਊਬਵੈੱਲ ਲਗਾਉਣ, ਟਰੈਕਟਰ ਅਤੇ ਜ਼ਰਾਇਤੀ ਸੰਦ ਖਰੀਦਣ ਅਤੇ ਡੇਰੀ, ਸੂਰ ਪਾਲਣ, ਮੱਛੀ ਪਾਲਣ ਆਦਿ ਯੂਨਿਟ ਸਥਾਪਤ ਕਰਨ ਲਈ 71.63 ਕਰੋੜ ਰੁਪਏ ਦੇ ਕਰਜ਼ੇ ਦੇ ਸਕੇ।

ਸਹਿਕਾਰਤਾ

34. ਸਾਲ 1992-93 ਦੌਰਾਨ ਸਹਿਕਾਰਤਾ ਵਿਭਾਗ 3.89 ਕਰੋੜ ਰੁਪਏ ਦੀ ਲਾਗਤ ਦਾ ਉਪਬੰਧ ਸੀ। ਸਾਲ 1993-94 ਦੌਰਾਨ ਇਸ ਨੂੰ ਵਧਾ ਕੇ 8.02 ਕਰੋੜ ਰੁਪਏ ਕਰ ਦਿਤਾ ਗਿਆ ਹੈ । ਸਾਲ 1993-94 ਦੌਰਾਨ 510.00 ਕਰੋੜ ਰੁਪਏ ਦੇ ਅਲਪ-ਕਾਲੀ ਕਰਜ਼ੇ ਦੇਣ ਦਾ ਟੀਚਾ ਮਿੱਥਿਆ ਗਿਆ ਹੈ (ਥੰਪਿੰਗ) ਇਸੇ ਤਰ੍ਹਾਂ ਦੀਰਘ ਕਾਲੀ ਕਰਜ਼ਿਆਂ ਦਾ ਟੀਚਾ ਸਾਲ 1993-94 ਲਈ 71.63 ਕਰੋੜ ਰੁਪਏ ਅਤੇ 31470 ਲਾਭਪਾਤਰ ਹੋਣਗੇ। ਹਾਊਸਫੈੱਡ ਦੀ ਸਾਲ 1993-94 ਦੌਰਾਨ 7000 ਮਕਾਨਾਂ, ਜਿਨ੍ਹਾਂ ਵਿਚ 2200 ਮਕਾਨ ਪੰਜਾਬ ਦੇ ਦਿਹਾਤੀ ਇਲਾਕੇ ਦੇ ਸ਼ਾਮਲ ਹਨ, ਲਈ 35.00 ਕਰੋੜ ਰੁਪਏ ਦੇ ਕਰਜ਼ੇ ਦੇਣ ਦੀ ਤਜਵੀਜ਼ ਹੈ। ਇਸੇ ਤਰ੍ਹਾਂ ਮਿਲਕਫੈੱਡ ਨੇ ਸਮੁੱਚੇ ਦੇਸ਼ ਵਿੱਚ ਦੁੱਧ-ਪ੍ਰਾਪਤ ਕਰਨ ਅਤੇ ਇਸ ਦੀਆਂ ਵਸਤਾਂ ਦੀ ਸਪਲਾਈ ਦਾ ਕੰਮ ਵਧਾ ਦਿੱਤਾ ਹੈ। ਸਾਲ 1992-93 ਦੌਰਾਨ 9.25 ਲੱਖ ਲਿਟਰ ਪ੍ਰਤਿ ਦਿਨ ਦੁੱਧ-ਪ੍ਰਾਪਤੀ ਸਾਲ 1991-92 ਨਾਲ 22 ਪ੍ਰਤਿਸ਼ਤ ਵਾਧਾ ਪ੍ਰਗਟਾਉਂਦੀ ਹੈ।

ਦਿਹਾਤੀ ਵਿਕਾਸ

35. 1993-94 ਦੌਰਾਨ ਉਨੱਤ ਗਰਾਮ ਸਕੀਮ ਲਈ 200 ਕਰੋੜ ਰੁਪਏ ਖ਼ਰਚ ਕਰਨ ਦੀ ਤਜਵੀਜ਼ ਹੈ। ਸਾਲ 1993-94 ਦੌਰਾਨ ਆਈ.ਆਰ.ਡੀ.ਪੀ. ਮੁੱਖ ਗਰੀਬੀ-ਨਿਵਾਰਕ ਪ੍ਰੋਗਰਾਮ ਨੂੰ ਪਰਮ-ਅਗੇਤ ਦਿੱਤੀ ਜਾਵੇਗੀ, ਜਿਸ ਅਧੀਨ 18000 ਪਰਿਵਾਰਾਂ ਨੂੰ ਗਰੀਬੀ-ਰੇਖਾ ਪਾਰ ਕਰਨ ਲਈ ਵੱਖ-ਵੱਖ ਸਵੈ-ਰੋਜ਼ਗਾਰ ਆਰੰਭ ਕਰਨ ਲਈ ਸਹਾਇਤਾ ਦਿੱਤੀ ਜਾਵੇਗੀ। (ਥੰਪਿੰਗ) ਇਸ ਤੋਂ ਇਲਾਵਾ "ਟਰਾਇਸਮ" ਅਧੀਨ 5000 ਦਿਹਾਤੀ ਨੌਜਵਾਨਾਂ ਨੂੰ ਸਵੈ-ਰੋਜ਼ਗਾਰ ਆਰੰਭ ਕਰਨ ਲਈ ਸਿਖਲਾਈ ਦਿੱਤੀ ਜਾਵੇਗੀ। ਡੀ. ਡਬਲਊ. ਸੀ.ਆਰ.ਏ. ਅਧੀਨ ਮਹਿਲਾਵਾਂ ਦੇ 300 ਗਰੁੱਪਾਂ ਨੂੰ ਆਪਣੀ ਆਮਦਨੀ ਵਧਾਉਣ ਲਈ ਆਮਦਨ ਪੈਦਾ ਕਰਨ ਵਾਲੀਆਂ ਸਰਗਰਮੀਆਂ ਆਰੰਭ ਕਰਨ ਲਈ ਸਹਾਇਤਾ ਦਿਤੀ ਜਾਵੇਗੀ।

ਉੱਨਤ ਗਰਾਮ

36. ਦਿਹਾਤੀ ਲੋਕਾਂ ਦੇ ਜੀਵਨ-ਮਿਆਰ ਵਿਚ ਸੁਧਾਰ ਲਿਆਉਣ ਲਈ ਸਾਲ 1993-94 ਦੌਰਾਨ "ਉਨੱਤ ਗਰਾਮ ਪ੍ਰਾਜੈਕਟ" ਜਿਸ ਵਿੱਚ ਗਲੀਆਂ ਪੱਕੀਆਂ ਕਰਨਾ ਅਤੇ ਨਾਲੀਆਂ ਬਣਾਉਣਾ, ਗੰਦੇ ਪਾਣੀ ਦਾ ਨਿਪਟਾਰਾ ਅਤੇ ਫਿਰਨੀਆਂ ਪੱਕੀਆਂ ਕਰਨਾ ਅਤੇ ਘੱਟ ਲਾਗਤ ਵਾਲੀਆਂ ਸਫ਼ਾਈ ਸਬੰਧੀ ਸਹੂਲਤਾਂ ਦਾ ਉਪਬੰਧ ਇਕ ਵਧੀਕ ਜੁਜ਼ ਵਜੋਂ ਹੋਵੇਗਾ, ਸ਼ਾਮਲ ਹੈ, ਨੂੰ ਪਰਮ-ਅਗੇਤ ਦਿੱਤੀ ਜਾਵੇਗੀ ਜਦੋਂ ਕਿ ਸਾਲ 1992-93 ਦੌਰਾਨ ਇਸ ਸਕੀਮ ਲਈ 117.60 ਕਰੋੜ ਰੁਪਏ ਖ਼ਰਚ ਕੀਤੇ ਜਾ ਰਹੇ ਹਨ, ਸਾਲ 1993-94 ਦੌਰਾਨ ਇਸ ਤੇ 200 ਕਰੋੜ ਰੁਪਏ ਖ਼ਰਚ ਕੀਤੇ ਜਾਣ ਦੀ ਸੰਭਾਵਨਾ ਹੈ। ਸਾਲ 1993-94 ਦੌਰਾਨ 4000 ਪਿੰਡ ਇਸ ਪ੍ਰੋਗਰਾਮ ਅਧੀਨ ਲਿਆਂਦੇ ਜਾਣ ਦੀ ਸੰਭਾਵਨਾ ਹੈ। 8621 ਪੰਚਾਇਤਾਂ ਨੂੰ ਪੰਚਾਇਤ-ਘਰ/ਕਮਿਊਨਿਟੀ-ਹਾਲ ਮੁਹੱਈਆ ਕੀਤੇ ਗਏ ਹਨ ਅਤੇ ਬਾਕੀ ਪੰਚਾਇਤਾਂ ਨੂੰ ਅਗਲੇ 4 ਸਾਲਾਂ ਦੌਰਾਨ ਦਰਜੇ-ਬੱਧ ਢੰਗ ਨਾਲ ਕਵਰ ਕੀਤਾ ਜਾਵੇਗਾ। ਸਾਲ 1993-94 ਦੌਰਾਨ 500 ਕਮਿਊਨਿਟੀ-ਹਾਲ ਬਣਾਏ ਜਾਣਗੇ ਜਿਨ੍ਹਾਂ ਲਈ 2.00 ਕਰੋੜ ਰੁਪਏ ਦੀ ਲਾਗਤ ਦੀ ਤਜਵੀਜ਼ ਹੈ। (ਥੰਪਿੰਗ) ਇਨ੍ਹਾਂ ਕਮਿਊਨਿਟੀ ਹਾਲਾਂ ਦੀ ਪੰਚਾਇਤ, ਸਰਕਾਰੀ ਸਮਾਰੋਹਾਂ ਅਤੇ ਮਹਿਲਾ ਮੰਡਲ ਦੀਆਂ ਸਰਗਰਮੀਆਂ ਲਈ ਵਰਤੋਂ ਕੀਤੀ ਜਾਵੇਗੀ। ਜਿਥੇ ਕਿਤੇ ਸੰਭਵ ਹੋਵੇ, ਸਬੰਧਤ ਪੰਚਾਇਤਾਂ ਤੋਂ 25 ਪ੍ਰਤਿਸ਼ਤ ਅੰਸ਼ਦਾਨ ਪ੍ਰਾਪਤ ਕੀਤਾ ਜਾਵੇਗਾ।

ਪਸ਼ੂ-ਪਾਲਣ

37. ਸਾਲ 1993-94 ਦੌਰਾਨ ਪਸ਼ੂ ਪਾਲਣ ਲਈ 13.05 ਕਰੋੜ ਰੁਪਏ ਦੀ ਰਕਮ ਤਜ਼ਵੀਜ਼ ਕੀਤੀ ਗਈ ਹੈ। ਰਾਜ ਵਿੱਚ ਪਸ਼ੂ ਸਿਹਤ ਸਹੂਲਤਾਂ ਨੂੰ ਮਜ਼ਬੂਤ ਬਣਾਉਣ ਲਈ ਸਾਲ 1993-94 ਦੌਰਾਨ 5 ਨਵੇਂ ਪਸ਼ੂ ਚਕਿਤਸਾ ਹਸਪਤਾਲ ਖੋਲ੍ਹੇ ਜਾਣਗੇ ਅਤੇ 60 ਪਸ਼ੂ-ਡਿਸਪੈਂਸਰੀਆਂ ਨੂੰ ਅਪਗਰੇਡ ਕਰਕੇ ਪਸ਼ੂ ਹਸਪਤਾਲ ਬਣਾਉਣ ਦੀ ਤਜਵੀਜ਼ ਹੈ। ਰਾਜ ਦੇ ਵੱਖ ਵੱਖ ਹਿੱਸਿਆਂ ਵਿਚ 200 ਪਸ਼ੂ ਚਕਿਤਸਾ ਡਿਸਪੈਂਸਰੀਆਂ ਕਾਇਮ ਕੀਤੀਆਂ ਜਾਣਗੀਆਂ (ਥੰਪਿੰਗ)। ਕੀਮਤੀ ਪਸ਼ੂਆਂ ਲਈ ਬਹੁਮੰਤਵੀ ਸੇਵਾਵਾਂ ਮੁਹੱਈਆ ਕਰਨ ਲਈ, 8ਵੀਂ, ਯੋਜਨਾ ਦੌਰਾਨ ਸਾਰੇ ਜ਼ਿਲ੍ਹਾ ਹੈਡਕੁਆਟਰਾਂ ਵਿਖੇ ਪੌਲੀ-ਕਲਿਨਿਕ ਖੋਲੇ ਜਾਣਗੇ। ਪੰਜ ਪੌਲੀ-ਕਲੀਨਿਕ ਪਹਿਲਾਂ ਹੀ ਗੁਰਦਾਸਪੁਰ, ਹੁਸ਼ਿਆਰਪੁਰ, ਫਰੀਦਕੋਟ, ਸੰਗਰੂਰ ਅਤੇ ਪਟਿਆਲਾ ਵਿਖੇ ਕੰਮ ਕਰ ਰਹੇ ਸਨ। ਸਾਲ 1993-94 ਦੌਰਾਨ ਦੋ ਹੋਰ ਪੌਲੀ-ਕਲਿਨਿਕ ਰੋਪੜ ਅਤੇ ਫਿਰੋਜ਼ਪੁਰ ਵਿਖੇ ਚਾਲੂ ਕੀਤੇ ਜਾਣਗੇ। ਮਸਨੂਈ ਵੀਰਜ ਸੇਚਨ ਸਹੂਲਤਾਂ ਮਜ਼ਬੂਤ ਬਣਾਉਣ ਲਈ ਇਕ ਹੋਰ 'ਬੁਲ ਸਟੇਸ਼ਨ ਤੇ ਸੀਮਨ ਬੈਂਕ' ਹੁਸ਼ਿਆਰਪੁਰ ਵਿਖੇ ਸਥਾਪਤ ਕਰਨ ਦੀ ਤਜਵੀਜ਼ ਹੈ।

ਮੱਛੀ-ਪਾਲਣ

38. 1993-94 ਵਿਚ ਮੱਛੀ-ਪਾਲਣ ਵਿਭਾਗ ਲਈ 2.64 ਕਰੋੜ ਰੁਪਏ ਦੇ ਉਪਬੰਧ ਦੀ ਤਜਵੀਜ਼ ਹੈ। ਰਾਜ ਵਿਚ ਮੱਛੀ ਉਤਪਾਦਨ ਵਿਚ ਅਹਿਮ ਵਾਧਾ ਕਰਨ ਲਈ ਪਾਲਣਯੋਗ ਕਿਸਮਾਂ ਦੇ ਮਿਆਰੀ ਮੱਛੀ ਪੂੰਗ ਦੀ ਉਪਲਬਧਤਾ ਵਿੱਚ ਵਾਧਾ ਕਰਨ ਤੇ ਮੁੱਖ ਜ਼ੋਰ ਦਿੱਤਾ ਜਾਵੇਗਾ। ਇਹ ਤਜਵੀਜ਼ ਹੈ ਕਿ ਇਕ-ਇਕ ਮੱਛੀ ਪੂੰਗ ਫ਼ਾਰਮ ਰਾਜ ਦੇ ਸਮੂਹ ਜ਼ਿਲਿਆਂ ਵਿੱਚ ਦਰਜਾਬੱਧ ਢੰਗ ਨਾਲ ਕਾਇਮ ਕੀਤਾ ਜਾਵੇ। ਇਸ ਸਮੇਂ ਰਾਜ ਵਿੱਚ 8 ਮੱਛੀ ਪੂੰਗ ਫ਼ਾਰਮ ਕੰਮ ਕਰ ਰਹੇ ਹਨ ਅਤੇ ਸੰਗਰੂਰ ਵਿਖੇ ਇਕ ਹੋਰ ਮੱਛੀ ਪੂੰਗ ਫ਼ਾਰਮ 1993-94 ਦੌਰਾਨ ਚਾਲੂ ਕੀਤਾ ਜਾਵੇਗਾ। 1993-94 ਵਿਚ 700 ਹੈਕਟੇਅਰ ਵਧੀਕ ਰਕਬਾ ਮੱਛੀ ਪਾਲਣ ਅਧੀਨ ਲਿਆਣ ਦਾ ਟੀਚਾ ਹੈ ਅਤੇ 1992-93 ਦੌਰਾਨ ਕਿਆਸ ਕੀਤੇ 13000 ਮਟਰਿਕ ਟਨ ਦੇ ਮੁਕਾਬਲੇ ਮੱਛੀ ਉਤਪਾਦਨ ਵੱਧ ਕੇ 15000 ਮੀਟਰਿਕ ਟਨ ਹੋ ਜਾਣ ਦੀ ਸੰਭਾਵਨਾ ਹੈ। ਜੋ ਪੰਜਾਬ ਨੂੰ ਨੀਲੇ ਇਨਕਲਾਬ ਵਲ ਲੈ ਜਾਵੇਗਾ।

ਸੰਗਠਤ ਵਾਟਰ ਸ਼ੈਡ ਵਿਕਾਸ ਪ੍ਰਾਜੈਕਟ

39. ਇਹ ਵਿਸ਼ਵ ਬੈਂਕ ਸਹਾਇਤਾ ਪ੍ਰਾਪਤ ਪ੍ਰਾਜੈਕਟ ਪਹਿਲੀ ਸਤੰਬਰ, 1989 ਤੋਂ ਰਾਜ ਦੇ ਕੰਡੀ ਖੇਤਰ ਵਿਚ 53.21 ਕਰੋੜ ਰੁਪਏ ਦੀ ਕੁਲ ਲਾਗਤ ਨਾਲ ਅਮਲ ਵਿਚ ਲਿਆਂਦਾ ਜਾ ਰਿਹਾ ਹੈ। 1991-92 ਤਕ 17.38 ਕਰੋੜ ਰੁਪਏ ਦਾ ਖ਼ਰਚ ਪਹਿਲਾਂ ਹੀ ਕੀਤਾ ਜਾ ਚੁਕਿਆ ਹੈ ਅਤੇ 1992-93 ਦੌਰਾਨ 9.54 ਕਰੋੜ ਰੁਪਏ ਦੇ ਪੂਰਬ ਅਨੁਮਾਨਤ ਖ਼ਰਚ ਦੇ ਮੁਕਾਬਲੇ 1993-94 ਲਈ 12.74 ਕਰੋੜ ਰੁਪਏ ਦੇ ਖ਼ਰਚ ਦਾ ਉਪਬੰਧ ਕੀਤਾ ਗਿਆ ਹੈ। ਇਹ ਅਨੁਮਾਨ ਚਿੱਤਵਿਆ ਗਿਆ ਹੈ ਕਿ ਸਾਲ 1993-94 ਦੌਰਾਨ ਵਣ-ਰੋਪਣ ਲਈ 7500 ਹੈਕਟੇਅਰ ਭੌਂ ਸੰਭਲ ਕਾਰਜਾਂ ਲਈ 1168 ਹੈਕਟੇਅਰ, ਚਾਰਾ ਉਤਪਾਦਨ ਲਈ 65 ਹੈਕਟੇਅਰ, ਬਾਗਬਾਨੀ ਦੀ ਬਰਾਨੀ ਫਸਲ ਪ੍ਰਦਰਸ਼ਨੀ ਲਈ 10 ਹੈਕਟੇਅਰ ਅਤੇ ਖੇਤੀਬਾੜੀ ਦੀ ਪ੍ਰਦਰਸ਼ਨੀ ਲਈ 730 ਹੈਕਟੇਅਰ ਰਕਬਾ ਕਵਰ ਕੀਤਾ ਜਾਵੇਗਾ ਜਦੋਂ ਕਿ ਸਾਲ 1992-93 ਦੌਰਾਨ ਇਨ੍ਹਾਂ ਕਾਰਜਾਂ ਲਈ ਕ੍ਰਮਵਾਰ 7075 ਹੈਕਟੇਅਰ, 1140 ਹੈਕਟੇਅਰ, 54 ਹੈਕਟੇਅਰ, 11 ਹੈਕਟੇਅਰ ਅਤੇ 504 ਹੈਕਟੇਅਰ ਰਕਬਾ ਕਵਰ ਕੀਤੇ ਜਾਣ ਦੀ ਸੰਭਾਵਨਾ ਹੈ।

[ਵਿੱਤ ਮੰਤਰੀ]

ਜੰਗਲਾਤ

40. ਕੇਂਦਰ ਵੱਲੋਂ 100 ਫੀ ਸਦੀ ਸਪਾਂਸਰ ਕੀਤੇ ਬੰਜਰ ਭੋਂ-ਵਿਕਾਸ ਪ੍ਰਾਜੈਕਟ ਅਧੀਨ, 1992-95 ਦੌਰਾਨ 6.00 ਕਰੋੜ ਰੁਪਏ ਦੀ ਕੁੱਲ ਲਾਗਤ ਨਾਲ ਪੰਜਾਬ ਅੰਦਰ ਬੇਂਈ ਪੱਛਮੀ ਵਾਟਰਸ਼ੈੱਡ ਬੇਂਈ ਪੂਰਬੀ ਵਾਟਰ ਸ਼ੈੱਡ ਤੇ ਲੋਅਰ ਸਤਲੁਜ ਵਾਟਰ ਸ਼ੈਡ ਦੇ ਇਲਾਕੇ ਵਿੱਚ ਜੰਗਲ ਲਗਾਉਣ ਅਤੇ ਭੋਂ-ਸੁਰਖਿਆ ਆਦਿ ਉਪਾਵਾਂ ਰਾਹੀਂ 10596 ਹੈਕਟੇਅਰ ਰਕਬੇ ਦਾ ਵਿਕਾਸ ਕੀਤਾ ਜਾਵੇਗਾ। ਸਾਲ 1993-94 ਦੌਰਾਨ 1.88 ਕਰੋੜ ਰੁਪਏ ਦੀ ਲਾਗਤ ਨਾਲ 3408 ਹੈਕਟਰ ਰਕਬੇ ਦਾ ਵਿਕਾਸ ਕੀਤਾ ਜਾਵੇਗਾ। 1993-94 ਦੌਰਾਨ ਸਰਕਾਰ ਦੀ ਇਹ ਤਜਵੀਜ਼ ਹੈ ਕਿ ਨਹਿਰਾਂ, ਸੜਕਾਂ ਅਤੇ ਧੁੱਸੀ ਬੰਧ ਦੇ ਕਿਨਾਰੇ ਦਰੱਖ਼ਤ ਲਗਾਣ ਦੇ ਕੰਮ ਦੀ ਰਫ਼ਤਾਰ ਤੇਜ਼ ਕਰਨ ਲਈ ਵਲੰਟਰੀ ਸੰਸਥਾਵਾਂ, ਵਿਦਿਅਕ ਅਦਾਰਿਆਂ, ਪੋਲੀਟੈਕਨਿਕਾਂ, ਸਨੱਅਤੀ ਸਿਖਲਾਈ ਅਦਾਰਿਆਂ ਨੂੰ ਪ੍ਰੇਰਤ ਕੀਤਾ ਜਾਵੇ।

ਸ਼ਹਿਰੀ ਵਿਕਾਸ

41. ਪੰਜਾਬ ਦੇ 131 ਨਗਰਾਂ ਦੀ ਸ਼ਹਿਰੀ ਆਬਾਦੀ 60 ਲੱਖ ਹੈ। ਇਨ੍ਹਾਂ 131 ਨਗਰਾਂ ਵਿੱਚ 3 ਕਾਰਪੋਰੇਸ਼ਨਾਂ, ਪਹਿਲੇ ਦਰਜੇ ਦੀਆਂ 25, ਦੂਜੇ ਦਰਜੇ ਦੀਆਂ 39, 31 ਹੋਰ ਮਿਉਂਸਪਲ ਕਮੇਟੀਆਂ ਅਤੇ 33 ਨੋਟੀਫਾਈਡ ਏਰੀਆ ਕਮੇਟੀਆਂ ਹਨ। ਤਜਵੀਜ਼ ਹੈ ਕਿ ਅੱਠਵੀਂ ਪੰਜ ਸਾਲਾ ਯੋਜਨਾ ਦੌਰਾਨ 100 ਫ਼ੀ ਸਦੀ ਸ਼ਹਿਰੀ ਆਬਾਦੀ ਲਈ ਜਲ-ਸਪਲਾਈ ਅਤੇ 80 ਫ਼ੀ ਸਦੀ ਸ਼ਹਿਰੀ ਆਬਾਦੀ ਲਈ ਸੀਵਰੇਜ ਪ੍ਰਣਾਲੀ ਦਾ ਇੰਤਜ਼ਾਮ ਕਰ ਦਿਤਾ ਜਾਵੇਗਾ। ਜਲ-ਸਪਲਾਈ ਤੇ ਸੀਵਰੇਜ ਸਿਸਟਮ ਲਈ 703.00 ਕਰੋੜ ਰੁਪਏ ਦੇ ਕੁੱਲ ਖ਼ਰਚ ਨਾਲ ਦੋ ਸਕੀਮਾਂ ਅਰਥਾਤ ਵਿਸ਼ਵ ਬੈਂਕ ਸਕੀਮਾਂ ਅਤੇ ਹੁਡਕੋ-ਏਡਿਡ ਸਕੀਮਾਂ ਤਿਆਰ ਕੀਤੀਆਂ ਗਈਆਂ ਹਨ। ਸਾਲ 1993-94 ਦੌਰਾਨ ਮੁਖ਼ਤਲਿਫ਼ ਸਕੀਮਾਂ ਅਧੀਨ ਸ਼ਹਿਰੀ ਇਲਾਕਿਆਂ ਦੇ ਵਿਕਾਸ ਲਈ 56.20 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ। ਜਦ ਕਿ 1992-93 ਦੌਰਾਨ 46.83 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਸੀ।

42. "ਗੰਗਾ ਐਕਸ਼ਨ ਪਲਾਨ" ਵਾਂਗ ਦਰਿਆ ਸਤਲੁਜ ਦੀ ਸਫਾਈ ਲਈ ਇਕ ਵੱਡਾ ਪ੍ਰਾਜੈਕਟ ਤਿਆਰ ਕੀਤਾ ਗਿਆ ਹੈ। ਇਸ ਪ੍ਰਾਜੈਕਟ ਉਤੇ 457.17 ਕਰੋੜ ਰੁਪਏ ਖ਼ਰਚ ਹੋਣਗੇ (ਥੰਪਿੰਗ)। ਅਤੇ ਇਹ ਤਿੰਨ ਪੜਾਵਾਂ ਵਿੱਚ ਮੁਕੰਮਲ ਕੀਤਾ ਜਾਵੇਗਾ। ਇਸ ਪ੍ਰਾਜੈਕਟ ਉਤੇ ਕੇਂਦਰ ਤੇ ਰਾਜ ਵਲੋਂ 50 : 50 ਰਕਮ ਖ਼ਰਚ ਕੀਤੀ ਜਾਵੇਗੀ। ਇਸ ਪ੍ਰਾਜੈਕਟ ਦੇ ਜੁਜ਼ ਹਨ ਸੀਵਜ ਟਰੀਟਮੈਂਟ ਪਲਾਂਟ ਆਊਟਫਾਲ ਸੀਵਰ, ਏਫਲੂਐਂਟ ਡਿਸਟ੍ਰਿਬਿਊਸ਼ਨ ਸਿਸਟਮ, ਗਾਦ ਇਕੱਠੀ ਕਰਨਾ ਅਤੇ ਉਸਦੀ ਤੇ ਉਸ ਦੀ ਢੋ-ਢੁਆਈ, ਸੈਨੇਟਰੀ ਲੈਂਡਫਿਲ, ਕੰਪੋਸਟ ਪਲਾਂਟ ਦੇ ਬੁੱਢੇ ਨਾਲੇ ਨੂੰ ਪੱਕਾ ਕਰਨਾ। ਸਾਲ 1993-94 ਦੌਰਾਨ ਸਮੇ ਸਕੀਮ ਲਈ ਰਾਜ ਦੇ ਹਿੱਸੇ ਵਜੋਂ 5.00 ਕਰੋੜ ਰੁਪਏ ਰੱਖੇ ਗਏ ਹਨ।

43. ਦਰਬਾਰ ਸਾਹਿਬ ਕੰਪਲੈਕਸ, ਅੰਮ੍ਰਿਤਸਰ ਦੇ ਆਲੇ ਦੁਆਲੇ ਨੂੰ ਖ਼ੂਬਸੂਰਤ ਬਣਾਉਣ ਦੇ ਪ੍ਰਾਜੈਕਟ 69.00 ਕਰੋੜ ਰੁਪਏ ਦੀ ਲਾਗਤ ਨਾਲ 13 ਅਪਰੈਲ, 1993 ਵਿਸਾਖੀ ਦੇ ਦਿਹਾੜੇ ਤਕ ਮੁਕੰਮਲ ਕਰ ਲਏ ਜਾਣ ਦੀ ਸੰਭਾਵਨਾ ਹੈ। (ਥੰਪਿੰਗ)। ਰੇਲਵੇ ਮੰਤ੍ਰਾਲੇ ਦੀ ਸਾਂਝੇਦਾਰੀ ਨਾਲ ਦਮੋਰੀਆ ਪੁਲ ਜਲੰਧਰ ਉਤੇ ਇਕ ਫਲਾਈ-ਓਵਰ ਅਤੇ ਕੋਟਕਪੂਰਾ ਅਤੇ ਕੁਰਾਲੀ ਵਿਖੇ ਓਵਰ-ਬ੍ਰਿਜ ਬਣਾਏ ਜਾਣਗੇ। (ਥੰਪਿੰਗ)।

44. ਪੰਜਾਬ ਦੇ ਸ਼ਹਿਰਾਂ ਤੇ ਕਸਬਿਆਂ ਦੇ ਯੋਜਨਾਬੱਧ ਵਿਕਾਸ ਦੀ ਲਈ ਪੰਜਾਬ ਸ਼ਹਿਰੀ ਵਿਕਾਸ ਅਥਾਰਟੀ ਕਾਇਮ ਕੀਤੀ ਜਾਵੇਗੀ। (ਥੰਪਿੰਗ) ਇਸ ਅਥਾਰਟੀ ਨੂੰ ਮਾਸਟਰ ਪਲਾਨ ਬਣਾਉਣ ਤੇ ਉਸ ਨੂੰ ਲਾਗੂ ਕਰਨ, ਖਸਤਾ ਹਾਲ ਹੋ ਰਹੇ ਸ਼ਹਿਰੀ ਇਲਾਕਿਆਂ ਦਾ ਪੁਨਰ-ਵਿਕਾਸ ਕਰਨ, ਮੌਜੂਦਾ ਕਸਬਿਆਂ ਦਾ ਵਿਸਤਾਰ ਕਰਨ, ਨਵੇਂ ਕਸਬੇ ਆਬਾਦ ਕਰਨ ਅਤੇ ਮੌਜੂਦਾ ਕਸਬਿਆਂ ਵਿਚ ਜ਼ਰੂਰੀ ਬੁਨਿਆਦੀ ਢਾਂਚਾ ਮੁਹੱਈਆ ਕਰਨ ਦੇ ਕਾਰਜ ਸੌਂਪੇ ਜਾਣਗੇ।

ਸਨੱਅਤ

45. ਕੌਮੀ ਪੱਧਰ ਤੇ ਸਨੱਅਤ ਅਤੇ ਵਪਾਰ ਨੂੰ ਵਧੇਰੇ ਸਹੂਲਤਾਂ ਦੇਣ ਤੇ ਪਾਬੰਦੀਆਂ ਘੱਟ ਕਰਨ ਦੀ ਪਾਲਸੀ ਅਨੁਸਾਰ ਹੀ ਪੰਜਾਬ ਸਰਕਾਰ ਨੇ ਪਹਿਲਾਂ ਵਾਂਗ, ਸਨੱਅਤਾਂ ਲਗਾਉਣ ਦੀ ਥਾਂ ਹੁਣ ਸਨੱਅਤਾਂ ਲਈ ਸਹੂਲਤਾਂ ਮੁਹੱਈਆ ਕਰਨ ਅਤੇ ਸਨੱਅਤਾਂ ਲਗਾਉਣ ਨੂੰ ਉਤਸ਼ਾਹ ਦੇਣ ਦੀ ਨੀਤੀ ਅਪਣਾ ਲਈ ਹੈ। ਸਾਡੀ ਨਵੀਂ ਸਨੱਅਤੀ ਪਾਲਸੀ ਅਨੁਸਾਰ ਨਵੀਆਂ ਯੂਨਿਟਾਂ ਨੂੰ ਵਧੇਰੇ ਸਹੂਲਤਾਂ ਦੇਣਾ, ਸਨੱਅਤੀ ਫੋਕਲ ਪੁਆਇਂਟਾਂ ਉਤੇ ਬੁਨਿਆਦੀ ਢਾਂਚੇ ਦਾ ਵਿਕਾਸ ਕਰਨਾ, ਸਰਕਾਰੀ ਅਦਾਰਿਆਂ ਦੇ ਕੰਮ ਕਾਜ ਵਿੱਚ ਸੁਧਾਰ ਲਿਆਉਣਾ ਮੌਜੂਦਾ ਕਾਰਜ ਪ੍ਰਣਾਲੀ ਵਿੱਚ ਸਮੁੱਚੀ ਤਬਦੀਲੀ ਲਿਆਉਣਾ ਅਤੇ ਸਭ ਤੋਂ ਅਹਿਮ ਕੰਮ ਇਨਸਪੈਕਟਰੀ ਰਾਜ ਖਤਮ ਕਰਨਾ ਸ਼ਾਮਲ ਹੈ (ਥੰਪਿੰਗ)। ਸੱਤਵੀਂ ਪੰਜ ਸਾਲਾ ਯੋਜਨਾ ਦੀ ਮਿਸ਼ਰਤ ਵਿਕਾਸ-ਦਰ 9.64 ਪ੍ਰਤੀਸ਼ਤ ਸੀ ਜਦ ਕਿ ਉਪਰੋਕਤ ਉਪਰਾਲਿਆਂ ਦੇ ਨਤੀਜੇ ਵਜੋਂ ਇਹ ਵਿਕਾਸ ਦਰ ਵਧ ਕੇ 12 ਪ੍ਰਤੀਸ਼ਤ ਤਕ ਹੋ ਜਾਵੇਗੀ।

46. ਸਾਲ 1993-94 ਲਈ 58.46 ਕਰੋੜ ਰੁਪਏ ਦੀ ਲਾਗਤ ਦੀ ਤਜਵੀਜ਼ ਹੈ ਜਿਸ ਵਿਚੋਂ 11.14 ਕਰੋੜ ਰੁਪਏ ਘਰੇਲੂ ਤੇ ਛੋਟੀਆ ਸਨੱਅਤਾਂ ਲਈ ਅਤੇ 47.32 ਕਰੋੜ ਰੁਪਏ ਵੱਡੀਆਂ ਅਤੇ ਦਰਮਿਆਨੀਆਂ ਸਨੱਅਤਾਂ ਲਈ ਹੋਣਗੇ। ਸਾਲ 1993-94 ਲਈ ਛੋਟੀਆਂ ਸਨੱਅਤੀ ਯੂਨਿਟਾਂ ਅਤੇ ਦਰਮਿਆਨੀਆਂ ਤੇ ਵੱਡੀਆਂ ਸਨੱਅਤੀ ਯੂਨਿਟਾਂ ਲਗਾਉਣ ਦਾ ਨਿਸ਼ਾਨਾ ਕ੍ਰਮਵਾਰ 15000 ਤੇ 20 ਹੈ। ਇਨ੍ਹਾਂ ਯੂਨਿਟਾਂ ਉਤੇ ਕੁਲ 160 ਕਰੋੜ ਰੁਪਏ ਦੀ ਲਾਗਤ ਦਾ ਅਨੁਮਾਨ ਹੈ ਅਤੇ ਇਨ੍ਹਾਂ ਵਿੱਚ 430 ਕਰੋੜ ਰੁਪਏ ਦੇ ਮੁੱਲ ਦਾ ਸਾਮਾਨ ਤਿਆਰ ਹੋਵੇਗਾ ਅਤੇ 58000 ਵਿਅਕਤੀਆਂ ਨੂੰ ਰੋਜ਼ਗਾਰ ਮਿਲੇਗਾ। (ਥੰਪਿੰਗ)

47. ਕਿਉਂ ਕਿ ਵਸੀਲਿਆਂ ਦੀ ਕਮੀ ਕਾਰਣ ਪੰਜਾਬ ਵਿਚਲੀਆਂ ਛੋਟੇ ਪੈਮਾਨੇ ਦੀਆਂ ਸਨੱਅਤਾਂ, ਤਬਦੀਲ ਹੋ ਰਹੀ ਤਕਨਾਲੌਜੀ ਨਹੀਂ ਅਪਣਾ ਸਕੀਆਂ, ਇਸ ਲਈ ਉਨ੍ਹਾਂ ਦੀ ਤਕਨਾਲੌਜੀ ਸਬੰਧੀ ਮੁਹਾਰਤ ਨੂੰ ਵਧਾਉਣ ਅਤੇ ਆਧੁਨਿਕ ਬਣਾਉਣ ਲਈ ਯੂ.ਐਨ.ਡੀ.ਪੀ. ਦੀ ਮਦਦ ਨਾਲ 2.80 ਕਰੋੜ ਰੁਪਏ ਦੀ ਲਾਗਤ ਨਾਲ ਖੋਜ ਤੇ ਵਿਕਾਸ ਕੇਂਦਰ ਕਾਇਮ ਕੀਤੇ ਜਾ ਰਹੇ ਹਨ।

48. ਮੌਜੂਦਾ ਸਨੱਅਤਾਂ ਦੇ ਵਿਸਤਾਰ ਅਤੇ ਨਵੀਆਂ ਸਨੱਅਤਾਂ ਲਗਵਾਉਣ ਲਈ, ਪੰਜਾਬ ਛੋਟੀਆਂ ਸਨੱਅਤਾਂ ਤੇ ਐਕਸਪੋਰਟ ਕਾਰਪੋਰੇਸ਼ਨ ਬੁਨਿਆਦੀ-ਢਾਂਚੇ ਸਬੰਧੀ ਸਹੂਲਤਾਂ ਮੁਹੱਈਆ ਕਰ ਰਹੀ ਹੈ। ਇਸ ਵਲੋਂ ਪਹਿਲਾਂ ਹੀ 16 ਫੋਕਲ ਪੁਆਇੰਟ ਵਿਕਸਿਤ ਕੀਤੇ ਜਾ ਚੁਕੇ ਹਨ, ਜਿਨ੍ਹਾਂ ਵਿੱਚ 4317 ਪਲਾਟ ਹਨ। 8ਵੀਂ ਪੰਜ ਸਾਲਾ ਯੋਜਨਾ ਦੌਰਾਨ 16 ਹੋਰ ਫੋਕਲ ਪੁਆਇੰਟ ਕਾਇਮ ਕਰਨ ਦੀ ਤਜਵੀਜ਼ ਹੈ, ਜਿਨ੍ਹਾਂ ਵਿਚੋਂ 4 ਦਾ ਕੰਮ ਪਹਿਲਾਂ ਹੀ ਹੱਥ ਵਿੱਚ ਲਿਆ ਹੋਇਆ ਹੈ। ਸਾਲ 1993-94 ਦੌਰਾਨ 5.47 ਕਰੋੜ ਰੁਪਏ ਦੇ ਖ਼ਰਚ ਨਾਲ 4 ਫੋਕਲ ਪੁਆਇੰਟ ਕਾਇਮ ਕੀਤੇ ਜਾਣਗੇ ਜਿਹਨਾਂ ਵਿਚ 3000 ਪਲਾਟ ਹੋਣਗੇ।

[ਵਿੱਤ ਮੰਤਰੀ]

ਤਕਨੀਕੀ ਸਿਖਿਆ

49. ਪੰਜਾਬ ਵਿਚ ਤਕਨੀਕੀ ਸਿਖਿਆ ਪ੍ਰੋਗਰਾਮ ਦਾ ਦੋਹਰਾ ਮੰਤਵ ਹੈ, ਸਨੱਅਤਾਂ ਲਈ ਸਿਖਲਾਈ-ਸ਼ੁਦਾ ਕਾਮੇ ਮੁਹੱਈਆ ਕਰਨਾ ਅਤੇ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਨਾ। ਇਸ ਅਧੀਨ ਸਰਕਾਰੀ/ਪ੍ਰਾਈਵੇਟ ਇੰਜੀਨੀਅਰਿੰਗ ਕਾਲਜ ਖੋਲ੍ਹਣਾ, ਸਰਕਾਰੀ ਪ੍ਰਾਈਵੇਟ ਪੌਲੀਟੈਕਨਿਕ ਕਾਇਮ ਕਰਨਾ, ਸਿਖਲਾਈ ਅਤੇ ਹੋਰ ਪ੍ਰੋਗਰਾਮ ਚਲਾਉਣਾ ਪ੍ਰਮੁੱਖ ਸਕੀਮਾਂ ਹਨ। ਸਾਲ 1992-93 ਵਿਚ ਤਕਨੀਕੀ ਸਿਖਿਆ ਲਈ 28.68 ਕਰੋੜ ਰੁਪਏ ਰੱਖੇ ਗਏ ਸਨ ਜਦ ਕਿ ਸਾਲ 1993-94 ਲਈ ਇਹ ਰਕਮ ਵਧਾ ਕੇ 34.27 ਕਰੋੜ ਰੁਪਏ ਕਰ ਦਿਤੀ ਗਈ ਹੈ, ਜਿਸ ਵਿਚ ਵਿਸ਼ਵ ਬੈਂਕ ਦਾ 20.00 ਕਰੋੜ ਰੁਪਏ ਦਾ ਹਿੱਸਾ ਸ਼ਾਮਲ ਹੈ।

50. ਸਾਲ 1993-94 ਦੌਰਾਨ ਇਕ ਇੰਜੀਨੀਅਰਿੰਗ ਕਾਲਜ ਗੁਰਦਾਸਪੁਰ ਤੇ ਦੂਸਰਾ ਫਿਰੋਜ਼ਪੁਰ ਵਿਖੇ ਖੋਲ੍ਹਣ ਦੀ ਤਜਵੀਜ਼ ਹੈ (ਥੰਪਿੰਗ)। ਵਿਸ਼ਵ ਬੈਂਕ ਦੀ ਸਹਾਇਤਾ-ਪ੍ਰਾਪਤ ਪ੍ਰਾਜੈਕਟ ਅਧੀਨ ਲੜਕੀਆਂ ਲਈ ਲੁਧਿਆਣਾ, ਅੰਮ੍ਰਿਤਸਰ ਤੇ ਰੋਪੜ ਵਿੱਚ ਇਕ-ਇਕ ਪੋਲੀਟੈਕਨਿਕ ਖੋਲ੍ਹਣ ਦੀ ਤਜਵੀਜ਼ ਹੈ (ਥੰਪਿੰਗ)। ਨਵੀਆਂ ਉਦਯੋਗਿਕ ਸਿਖਲਾਈ ਸੰਸਥਾਵਾਂ ਖੋਲ੍ਹਣ ਦੇ ਕੰਮ ਵਿਚ ਤੇਜ਼ੀ ਲਿਆਂਦੀ ਜਾਵੇਗੀ। ਉਭਰ ਰਹੀ ਨਵੀਂ ਟਕਨਾਲੋਜੀ ਦੀ ਸਿਖਲਾਈ ਦੇ ਕੋਰਸ ਜਿਵੇਂ ਕਿ ਕੰਪਿਊਟਰ ਐਪਲੀਕੇਸ਼ਨ ਵਿਚ ਪੋਸਟ ਡਿਪਲੋਮਾ, ਵਾਤਾਵਰਣ ਤੇ ਜਨ ਸਿਹਤ ਇੰਜੀਨੀਅਰੀ ਸਬੰਧੀ ਡਿਪਲੋਮਾ, ਇਲੈਕਟਰਾਨਿਕ ਅਤੇ ਸੰਚਾਰ ਇੰਜੀਨੀਅਰੀ ਡਿਪਲੋਮਾ-ਕੋਰਸ ਚਲਾਏ ਜਾਣਗੇ। ਵੱਖ-ਵੱਖ ਪ੍ਰੋਗਰਾਮਾਂ ਅਧੀਨ ਮੌਜੂਦਾ ਬੁਨਿਆਦੀ-ਢਾਂਚੇ ਨੂੰ ਸੁਧਾਰਨ ਅਤੇ ਮਜ਼ਬੂਤ ਬਣਾਉਣ ਉਤੇ ਵਧੇਰੇ ਜ਼ੋਰ ਦਿਤਾ ਜਾਵੇਗਾ।

51. ਤਕਨੀਕੀ ਸਿਖਿਆ ਤੇ ਉਦਯੋਗਿਕ ਸਿਖਲਾਈ ਦਾ ਇਕ ਖੁਦ-ਮੁਖਤਾਰ ਸਟੇਟ ਬੋਰਡ ਬਣਾ ਦਿਤਾ ਗਿਆ ਹੈ (ਥੰਪਿੰਗ) ਜੋ ਕਿ ਮਾਨਤਾ ਦੇਣ, ਪਰੀਖਿਆ ਲੈਣ ਤੇ ਡਿਪਲੋਮਾ ਅਤੇ ਸਰਟੀਫੀਕੇਟ ਦੇਣ ਦਾ ਕੰਮ ਕਰੇਗਾ। 8.38 ਕਰੋੜ ਰੁਪਏ ਦੀ ਲਾਗਤ ਨਾਲ ਇਸ ਦੀ ਇਮਾਰਤ ਦੀ ਉਸਾਰੀ ਪਹਿਲਾਂ ਹੀ ਸ਼ੁਰੂ ਕੀਤੀ ਜਾ ਚੁਕੀ ਹੈ।

ਸੜਕ ਟਰਾਂਸਪੋਰਟ

52. ਟਰਾਂਸਪੋਰਟ ਸੈਕਟਰ ਵਿਚ ਉਦਾਰਤਾ ਦੀ ਨੀਤੀ ਅਪਣਾਈ ਗਈ ਹੈ। ਪਲਾਨਿੰਗ ਕਮਿਸ਼ਨ ਵਲੋਂ ਦਿਤੀਆਂ ਗਈਆਂ ਅਗਵਾਈ-ਲੀਹਾਂ ਅਨੁਸਾਰ, ਪ੍ਰਾਈਵੇਟ ਸੈਕਟਰ ਨੂੰ ਹੁਣ ਟਰਾਂਸਪੋਰਟ ਖੇਤਰ ਵਿਚ ਅਹਿਮ ਰੋਲ ਅਦਾ ਕਰਨ ਲਈ ਉਤਸ਼ਾਹਿਤ ਕੀਤਾ ਜਾਵੇਗਾ। ਰੂਟ ਪਰਮਿਟ ਮਨਜ਼ੂਰ ਕਰਨ ਸਮੇਂ ਸਰਕਾਰ ਬੇ-ਰੋਜ਼ਗਾਰ ਨੌਜਵਾਨਾਂ ਨੂੰ ਉਤਸਾਹਿਤ ਕਰੇਗੀ। ਸਾਲ 1993-94 ਲਈ 12.90 ਕਰੋੜ ਰੁਪਏ ਦੀ ਰਕਮ ਮੁੱਖ ਤੌਰ ਤੇ ਪੁਰਾਣੀਆਂ ਬੱਸਾਂ ਨੂੰ ਬਦਲਣ ਲਈ ਰੱਖੀ ਗਈ ਹੈ।

53. 31 ਅਗਸਤ, 1992 ਤਕ ਅੰਮ੍ਰਿਤਸਰ, ਜਲੰਧਰ ਤੇ ਲੁਧਿਆਣਾ ਦੇ ਨਿਗਮ ਸ਼ਹਿਰਾਂ ਦੀ ਨਗਰ ਨਿਗਮ ਟਰਾਂਸਪੋਰਟ ਨੂੰ 22.00 ਕਰੋੜ ਰੁਪਏ ਦਾ ਘਾਟਾ ਹੋ ਚੁੱਕਾ ਸੀ। ਲੋਕਾਂ ਦੀ ਸਹੂਲਤ ਨੂੰ ਧਿਆਨ ਵਿੱਚ ਰੱਖਦੇ ਹੋਏ, ਰਾਜ ਸਰਕਾਰ ਨੇ ਉਥੋਂ ਦੀ ਟਰਾਂਸਪੋਰਟ ਪ੍ਰਣਾਲੀ ਨੂੰ ਕਾਰਪੋਰੇਸ਼ਨਾਂ ਤੋਂ ਲੈ ਕੇ ਟਰਾਂਸਪੋਰਟ ਵਿਭਾਗ ਨੂੰ ਦੇਣ ਦਾ ਫੈਸਲਾ ਕੀਤਾ ਹੈ। (ਥੰਪਿੰਗ)

ਦਿਹਾਤੀ ਜਲ ਸਪਲਾਈ

54. 6287 ਜਟਿਲ ਅਤੇ ਸਮੱਸਿਆ ਵਾਲੇ ਪਿੰਡਾਂ ਵਿਚੋਂ ਰਾਜ ਸਰਕਾਰ ਨੇ 31 ਮਾਰਚ, 1992 ਤਕ 4732 ਪਿੰਡਾਂ ਲਈ ਪੀਣ ਵਾਲੇ ਸੁਰੱਖਿਅਤ ਪਾਣੀ ਦਾ ਪ੍ਰਬੰਧ ਕਰ ਦਿਤਾ ਹੈ ਅਤੇ ਬਾਕੀ ਦੇ ਜਟਿਲ ਪਿੰਡਾਂ ਲਈ 31 ਮਾਰਚ, 1993 ਤਕ ਇਹ ਪ੍ਰਬੰਧ ਮੁਕੰਮਲ ਕਰ ਦਿਤਾ ਜਾਵੇਗਾ। ਸਾਲ 1993-94 ਲਈ

ਐਮ.ਐਨ.ਪੀ. ਅਤੇ ਏ.ਆਰ.ਪੀ. ਤਹਿਤ 46.44 ਕਰੋੜ ਰੁਪਏ ਦੀ ਰਕਮ ਮੁਹੱਈਆ ਕੀਤੀ ਗਈ ਹੈ। ਸਾਲ 1993-94 ਦੌਰਾਨ ਰਾਜ ਦੇ ਨੀਮ-ਪਹਾੜੀ ਇਲਾਕੇ ਵਿਚਲੇ 84 ਪਿੰਡਾਂ ਲਈ ਪਾਣੀ ਦੀ ਸਪਲਾਈ ਵਿਚ ਵਾਧਾ ਕਰਨ ਹਿਤ 2.00 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ।

ਸੜਕਾਂ ਤੇ ਪੁਲ

55. 1992-93 ਦੌਰਾਨ ਸੜਕਾਂ ਤੇ ਪੁਲਾਂ ਲਈ 17.17 ਕਰੋੜ ਰੁਪਏ ਦੇ ਖ਼ਰਚ ਦਾ ਉਪਬੰਧ ਕੀਤਾ ਗਿਆ ਹੈ। 1993-94 ਲਈ 24.37 ਕਰੋੜ ਰੁਪਏ ਦਾ ਉਪਬੰਧ ਹੈ, (ਥੰਪਿੰਗ) ਜਿਸ ਵਿਚ 6 ਕਰੋੜ ਰੁਪਏ ਪੁਲਾਂ ਦੀ ਉਸਾਰੀ ਅਤੇ ਉਨ੍ਹਾਂ ਨੂੰ ਮੁਕੰਮਲ ਕਰਨ ਲਈ ਸ਼ਾਮਲ ਹਨ। ਰਹਿੰਦੀਆਂ ਲਿੰਕ ਸੜਕਾਂ (Missing Link) ਬਣਾਉਣ, ਲਿੰਕ ਸੜਕਾਂ ਦੀ ਮੁਰੰਮਤ ਅਤੇ ਲਿੰਕ ਸੜਕਾਂ ਉਤੇ ਪ੍ਰਿ-ਮਿਕਸ ਦੀ ਤਹਿ ਵਿਛਾਉਣ ਲਈ 95 ਕਰੋੜ ਰੁਪਏ ਦੀ ਰਕਮ ਰੱਖੀ ਗਈ ਹੈ। (ਥੰਪਿੰਗ)

ਸਮਾਜ ਭਲਾਈ

56. ਸਮਾਜ ਭਲਾਈ ਲਈ ਉਪਬੰਧ 1992-93 ਵਿਚ 4.53 ਕਰੋੜ ਰੁਪਏ ਤੋਂ ਵਧਾ ਕੇ 1993-94 ਦੌਰਾਨ 19.26 ਕਰੋੜ ਰੁਪਏ ਕੀਤਾ ਗਿਆ ਹੈ। (ਥੰਪਿੰਗ) ਚਾਲੂ ਸਾਲ ਦੌਰਾਨ ਬੁਢੇਪਾ ਪੈਨਸ਼ਨ, ਵਿਧਵਾਵਾਂ ਅਤੇ ਮੁਥਾਜ ਔਰਤਾਂ ਲਈ ਮਾਲੀ ਇਮਦਾਦ ਦੀ ਦਰ 100 ਰੁਪਏ ਤੋਂ ਵਧਾ ਕੇ 150 ਰੁਪਏ, ਮਾਸਕ ਅਤੇ ਅਪਾਹਜ ਵਿਅਕਤੀਆਂ ਲਈ 50 ਰੁਪਏ ਤੋਂ ਵਧਾ ਕੇ 150 ਰੁਪਏ ਮਾਸਕ ਕਰ ਦਿਤੀ ਗਈ ਹੈ। 1992-93 ਦੌਰਾਨ 33339 ਲਾਭਪਾਤਰਾਂ ਲਈ 2.51 ਕਰੋੜ ਰੁਪਏ ਦੇ ਪਰਵਾਨਤ ਖ਼ਰਚ ਦੇ ਮੁਕਾਬਲੇ 1993-94 ਦੌਰਾਨ 96667 ਲਾਭਪਾਤਰਾਂ ਲਈ 17.40 ਕਰੋੜ ਰੁਪਏ ਤਜਵੀਜ਼ ਕੀਤੇ ਗਏ ਹਨ ਅਜਿਹੀਆਂ ਔਰਤਾਂ ਅਤੇ ਲੜਕੀਆਂ ਜਿਨ੍ਹਾਂ ਨਾਲ ਖਾੜਕੂਆਂ ਨੇ ਦੁਰ-ਵਿਹਾਰ ਕੀਤਾ ਉਨ੍ਹਾਂ ਦੇ ਮੁੜ-ਵਸੇਬੇ ਸਬੰਧੀ ਸਾਡੀ ਕੋਸ਼ਿਸ਼ ਵਜੋਂ ਰਾਜ ਸਰਕਾਰ ਵਿਧਵਾਵਾਂ ਲਈ ਅਲਪਕਾਲੀ-ਘਰ ਅਤੇ ਲੜਕੀਆਂ ਵਾਸਤੇ ਬਾਲਗ੍ਰਹਿ ਕਾਇਮ ਕਰੇਗੀ । (ਥੰਪਿੰਗ) ਬੱਚਿਆਂ ਵਾਸਤੇ ਇਕ ਐਸ.ਓ.ਐਸ. ਪਿੰਡ ਤੋਂ ਇਲਾਵਾ ਨਸ਼ੀਲੀਆਂ ਦਵਾਈਆਂ ਦੀ ਆਦਤ ਛੁਡਾਉਣ ਤੇ ਮੁੜ ਵਸੇਬਾ ਕੇਂਦਰ ਕਾਇਮ ਕੀਤਾ ਜਾਵੇਗਾ। 1993-94 ਦੌਰਾਨ ਇਸ ਮੰਤਵ ਲਈ 50.00 ਲੱਖ ਰੁਪਏ ਦਾ ਉਪਬੰਧ ਕੀਤਾ ਗਿਆ ਹੈ। ਐਸ.ਓ.ਐਸ. ਇਕ ਅੰਤਰ-ਰਾਸ਼ਟਰੀ ਬਾਲ ਭਲਾਈ ਸੰਸਥਾ ਹੈ, ਜਿਸ ਨੇ ਭਾਰਤ ਦੇ ਕਈ ਰਾਜਾਂ ਅਤੇ ਦੁਨੀਆਂ ਦੇ ਹੋਰ ਦੇਸ਼ਾਂ ਵਿੱਚ ਅਜਿਹੇ ਐਸ.ਓ.ਐਸ. ਪਿੰਡ ਕਾਇਮ ਕੀਤੇ ਹਨ। ਇਸ ਤੋਂ ਇਲਾਵਾ, ਇਨ੍ਹਾਂ ਸਕੀਮਾਂ ਵਾਸਤੇ ਭਾਰਤ ਸਰਕਾਰ ਤੋਂ ਵੀ ਮਾਲੀ ਇਮਦਾਦ ਹਾਸਿਲ ਕੀਤੀ ਜਾਵੇਗੀ। ਨੇਤਰਹੀਣ ਵਿਅਕਤੀਆਂ ਨੂੰ ਸਿਖਿਆ ਸਹੂਲਤਾਂ ਮੁਹੱਈਆ ਕਰਨ ਵਾਸਤੇ ਰਾਜ ਵਿੱਚ ਬ੍ਰੇਲ-ਪ੍ਰੈਸ/ਲਾਇਬਰੇਰੀ ਕਾਇਮ ਕੀਤੀ ਜਾਵੇਗੀ । ਨੇਤਰਹੀਣ, ਅਪਾਹਜ ਅਤੇ ਵਿਕਲਾਂਗ ਵਿਅਕਤੀਆਂ ਦੀ ਭਲਾਈ ਵਿਚ ਵਲੰਟਰੀ ਸੰਸਥਾਵਾਂ ਦੀ ਸ਼ਮੂਲੀਅਤ ਨੂੰ ਉਤਸ਼ਾਹਤ ਕੀਤਾ ਜਾਵੇਗਾ।

ਅਨੁਸੂਚਿਤ ਜਾਤੀਆਂ ਅਤੇ ਪਛੜੀਆ ਸ਼੍ਰੇਣੀਆਂ ਦੀ ਭਲਾਈ

57. ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਉਪਬੰਧ 1992-93 ਵਿਚ 26.16 ਕਰੋੜ ਰੁਪਏ ਤੋਂ ਵਧਾ ਕੇ 1993-94 ਦੌਰਾਨ 37.02 ਕਰੋੜ ਰੁਪਏ ਕੀਤਾ ਗਿਆ ਹੈ (ਥੰਪਿੰਗ) ਬੈਂਕ ਟਾਈ-ਅੱਪ ਕਰਜ਼ਾ ਪਰੋਗਰਾਮ ਅਧੀਨ 1993-94 ਦੌਰਾਨ ਅਨੁਸੂਚਿਤ ਜਾਤੀਆਂ ਦੇ ਉਨ੍ਹਾਂ ਮੈਂਬਰਾਂ ਜੋ ਗਰੀਬੀ ਰੇਖਾ ਤੋਂ ਹੇਠਾਂ ਹਨ, ਦੇ 25,000 ਲਾਭਪਾਤਰਾਂ ਨੂੰ 11.00 ਕਰੋੜ ਰੁਪਏ ਦੀ ਸਬਸਿਡੀ ਦਿੱਤੀ ਜਾਣੀ ਹੈ। ਅਨੁਸੂਚਿਤ ਜਾਤੀਆਂ ਲਈ ਪੱਕੇ ਮਕਾਨਾਂ ਦੀ ਉਸਾਰੀ ਹਿਤ-ਮਾਲੀ ਇਮਦਾਦ ਮੁਹੱਈਆ ਕਰਨ ਦਾ ਇਕ ਸੰਗਠਿਤ ਤੇ ਵਿਆਪਕ ਪ੍ਰੋਗਰਾਮ ਉਲੀਕਿਆ ਗਿਆ ਹੈ। 1993-94 ਦੌਰਾਨ 6,666 ਲਾਭ-ਪਾਤਰਾਂ ਵਾਸਤੇ 5.00 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ। (ਥੰਪਿੰਗ)

[ਵਿੱਤ ਮੰਤਰੀ]

58. ਅਨੁਸੂਚਿਤ ਜਾਤੀਆਂ ਦੇ ਲਾਭ-ਪਾਤਰਾਂ ਦੁਆਰਾ ਪੰਜਾਬ ਅਨੁਸੂਚਿਤ ਜਾਤਾਂ ਵਿੱਤ ਕਾਰਪੋਰੇਸ਼ਨ, ਪੱਛੜੀਆਂ ਸ਼੍ਰੇਣੀਆਂ ਵਿੱਤ ਕਾਰਪੋਰੇਸ਼ਨ ਅਤੇ ਪੰਜਾਬ ਮਹਿਲਾ ਤੇ ਬਾਲ ਭਲਾਈ ਕਾਰਪੋਰੇਸ਼ਨ ਪਾਸੋਂ ਲਏ ਗਏ 5,000 ਰੁਪਏ ਤਕ ਦੇ ਕਰਜ਼ੇ ਮੁਆਫ਼ ਕਰ ਦਿਤੇ ਗਏ ਹਨ, ਜਿਸ ਦੇ ਸਿੱਟੇ ਵਜੋਂ 3.84 ਕਰੋੜ ਰੁਪਏ ਦੇ ਕਰਜ਼ੇ ਦੀ ਰਕਮ ਵੱਟੇ ਖਾਤੇ ਪਾ ਦਿਤੀ ਗਈ ਹੈ ਜਿਸ ਨਾਲ 11,956 ਵਿਅਕਤੀਆਂ ਨੂੰ ਲਾਭ ਪੁੱਜਿਆ।1993-94 ਵਿਚ ਅਨੁਸੂਚਿਤ ਜਾਤੀਆਂ ਦੇ ਲਗ ਭਗ 2000 ਵਿਅਕਤੀਆਂ ਨੂੰ ਖਾਦ ਦੇ ਟੋਏ ਬਣਾਉਣ ਲਈ ਇਕ ਇਕ ਮਰਲਾ ਜ਼ਮੀਨ ਮੁਹੱਈਆਂ ਕਰਾਉਣ ਲਈ 44.40 ਲੱਖ ਰੁਪਏ ਦਾ ਉਪਬੰਧ ਕੀਤਾ ਗਿਆ ਹੈ। (ਥੰਪਿੰਗ)

59. 1993-94 ਦੌਰਾਨ ਅਨੁਸੂਚਿਤ ਜਾਤੀਆਂ ਦੇ ਵਿਅਕਤੀਆਂ ਲਈ ਧਰਮਸ਼ਾਲਾਵਾਂ ਦੀ ਉਸਾਰੀ ਦੇ ਕੰਮ ਵਿਚ ਤੇਜ਼ੀ ਲਿਆਂਦੀ ਜਾਵੇਗੀ। 50,000 ਰੁਪਏ ਪ੍ਰਤੀ ਧਰਮਸ਼ਾਲਾ ਦੇ ਹਿਸਾਬ ਨਾਲ ਗਰਾਂਟ ਦਿਤੀ ਜਾਵੇਗੀ 1993-94 ਵਿਚ ਅਜਿਹੀਆਂ 200 ਧਰਮਸ਼ਾਲਾਵਾਂ ਦੀ ਉਸਾਰੀ ਲਈ 1.00 ਕਰੋੜ ਦਾ ਉਪਬੰਧ ਕੀਤਾ ਗਿਆ ਹੈ। (ਥੰਪਿੰਗ) 1993-94 ਵਿਚ ਡਾ.ਬੀ.ਆਰ. ਅੰਬੇਦਕਰ ਭਾਵਨਾਂ ਦੀ ਉਸਾਰੀ ਲਈ 2.00 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ। (ਥੰਪਿੰਗ)

60. 1993-94 ਵਿਚ ਅਨੁਸੂਚਿਤ ਜਾਤੀਆਂ ਦੇ ਨਾਲ ਸਬੰਧਤ 10 ਲੱਖ ਸਕੂਲੀ ਵਿਦਿਆਰਥੀਆਂ ਨੂੰ ਪੁਸਤਕਾਂ ਦੇਣ ਲਈ 6.30 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ। (ਥੰਪਿੰਗ) ਪ੍ਰਾਇਮਰੀ ਜਮਾਤਾਂ ਵਿਚ ਪੜ੍ਹਦੀਆਂ ਅਨੁਸੂਚਿਤ ਜਾਤੀਆਂ ਦੀਆਂ 3 ਲੱਖ ਲੜਕੀਆਂ ਨੂੰ 30 ਰੁਪਏ ਮਾਸਕ ਹਾਜ਼ਰੀ ਵਜ਼ੀਫਾ ਦੇਣ ਵਾਸਤੇ 9.00 ਕਰੋੜ ਰੁਪਏ ਦੇ ਉਪਬੰਧ ਦੀ ਤਜਵੀਜ਼ ਹੈ।

ਸਿਖਿਆ

61. ਰਾਜ ਵਿਚ ਸਿਖਿਆ ਨੂੰ ਨਿਰੰਤਰ ਪਰਮ ਅਗੇਤ ਦਿੱਤੀ ਜਾ ਰਹੀ ਹੈ। 1993-94 ਵਿਚ ਇਸ ਮੰਤਵ ਲਈ 50.91 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ । 200 ਪ੍ਰਾਇਮਰੀ ਸਕੂਲਾਂ ਨੂੰ ਮਿਡਲ, 100 ਮਿਡਲ ਸਕੂਲਾਂ ਨੂੰ ਹਾਈ ਅਤੇ 70 ਹਾਈ ਸਕੂਲਾਂ ਨੂੰ ਸੀਨੀਅਰ ਸੈਕੰਡਰੀ ਸਕੂਲ ਬਣਾ ਕੇ ਮੌਜੂਦਾ ਤਾਲੀਮੀ ਸੰਸਥਾਵਾਂ ਵਿਚ ਗੁਣਾਤਮਕ ਸੁਧਾਰ ਉਤੇ ਜ਼ੋਰ ਦਿੱਤਾ ਜਾਵੇਗਾ। (ਥੰਪਿੰਗ) ਭਾਰਤ ਸਰਕਾਰ ਨੇ ਇਹ ਟੀਚਾ ਨਿਸਚਿਤ ਕੀਤਾ ਹੈ ਕਿ 10+2 ਪ੍ਰਣਾਲੀ ਦੇ 25% ਵਿਦਿਆਰਥੀਆਂ ਨੂੰ ਪੇਸ਼ਾਵਰਾਨਾ ਸਿਖਿਆ ਦਿਤੀ ਜਾਵੇ। ਰਾਜ ਸਰਕਾਰ ਇਸ ਟੀਚੇ ਨੂੰ ਪੜਾਓ-ਵਾਰ ਹਾਸਿਲ ਕਰੇਗੀ। 1993-94 ਦੌਰਾਨ 40 ਸੀਨੀਅਰ ਸੈਕੰਡਰੀ ਸਕੂਲਾਂ ਵਿਚ ਪੇਸ਼ਾਵਰਾਨਾ ਸਿਖਿਆ ਸਕੀਮ ਸ਼ੁਰੂ ਕਰ ਦਿੱਤੀ ਜਾਵੇਗੀ । (ਥੰਪਿੰਗ)

ਖੇਡਾਂ ਅਤੇ ਯੁਵਕ ਸੇਵਾਵਾਂ

62. ਦੇਸ਼ ਵਿੱਚ ਖੇਡਾਂ ਦੇ ਡਿੱਗ ਰਹੇ ਮਿਆਰ ਅਤੇ ਬਾਰਸੀਲੋਨਾ ਓਲੰਪਿਕ ਖੇਡਾਂ ਦੌਰਾਨ ਆਪਣੀ ਘਟੀਆ ਕਾਰਗੁਜ਼ਾਰੀ ਨੂੰ ਧਿਆਨ ਵਿੱਚ ਰੱਖਦੇ ਹੋਏ ਸਾਡੀ ਸਰਕਾਰ ਨੇ ਰਾਜ ਵਿੱਚ ਖੇਡਾਂ ਨੂੰ ਪ੍ਰੋਤਸਾਹਿਤ ਕਰਨ ਨੂੰ ਪ੍ਰਮੁੱਖ ਅਗੇਤ ਦੇਣ ਦਾ ਫੈਸਲਾ ਕੀਤਾ। ਇਸ ਸਬੰਧ ਵਿਚ ਮੇਰੀ ਸਰਕਾਰ ਦੁਆਰਾ ਲਏ ਗਏ ਅਹਿਮ ਫੈਸਲਿਆਂ ਵਿਚ ਇਕ ਇਹ ਹੈ ਕਿ ਤਿੰਨ ਵੱਖ ਵੱਖ ਖੇਡ ਵਿੰਗਾਂ ਨੂੰ ਖੇਡ ਅਤੇ ਯੁਵਕ ਮਾਮਲੇ ਵੱਜੋਂ ਇਕ ਸੰਗਠਿਤ, ਏਕੀਕ੍ਰਿਤ ਅਤੇ ਵਿਵਹਾਰਕ ਵਿਭਾਗ ਬਣਾ ਦਿਤਾ ਜਾਵੇ। ਖੇਡਾਂ ਨੂੰ ਉਤਸਾਹਤ ਕਰਨ ਲਈ ਕੁਝ ਹੋਰ ਮੁੱਖ ਉਪਰਾਲੇ ਇਹ ਹਨ: ਸਿਰ ਕੱਢ ਖਿਡਾਰੀਆਂ ਲਈ ਨੌਕਰੀਆਂ ਰਾਖਵੀਆਂ

ਕਰਨੀਆਂ, ਲਾਭ ਕਮਾਉਣ ਵਾਲੇ ਸਰਕਾਰੀ ਖੇਤਰ ਦੇ ਅਦਾਰਿਆਂ ਵਿੱਚ ਨੌਕਰੀਆਂ ਦੇ ਮੌਕੇ ਦੇਣੇ ਅਤੇ ਸਰਕਾਰੀ ਤੇ ਪ੍ਰਾਈਵੇਟ ਕਾਰਪੋਰੇਸ਼ਨਾਂ/ਕੰਪਨੀਆਂ ਲਈ ਵੱਖ ਵੱਖ ਖੇਡਾਂ ਦੀ ਅਲਾਟਮੈਂਟ। ਇਹ ਸਾਰੇ ਉਪਰਾਲੇ ਪੰਜਾਬ ਦੀ ਉਸ ਪੁਰਾਣੀ ਸ਼ਾਨ ਤੇ ਪ੍ਰਸਿੱਧੀ ਨੂੰ ਬਹਾਲ ਕਰਨਗੇ ਜੋ ਕਦੇ ਪੰਜਾਬ ਨੂੰ ਖੇਡਾਂ ਦੇ ਮੈਦਾਨ ਵਿੱਚ ਪ੍ਰਾਪਤ ਸੀ। ਨਿਰਸੰਦੇਹ ਪੰਜਾਬ ਅੰਤਰ-ਰਾਸ਼ਟਰੀ ਮਿਆਰ ਦੇ ਅੱਛੇ ਐਥਲੀਟ ਅਤੇ ਖਿਡਾਰੀ ਪੈਦਾ ਕਰਨ ਵਿਚ ਸਮਰੱਥ ਹੋਵੇਗਾ ਜੋ ਰਾਸ਼ਟਰ ਦੀ ਸ਼ਾਨ ਵਧਾਉਣਗੇ।

63. ਖੇਡਾਂ ਅਤੇ ਯੁਵਕ ਸੇਵਾਵਾਂ ਨੂੰ ਪਰਮ ਅਗੇਤ ਦਿੱਤੀ ਜਾਂਦੀ ਹੈ ਅਤੇ 1992-93 ਦੌਰਾਨ ਜੋ ਉਪਬੰਧ 6.34 ਕਰੋੜ ਰੁਪਏ ਸੀ ਉਹ ਵਧਾ ਕੇ 1993-94 ਲਈ 11.59 ਕਰੋੜ ਰੁਪਏ ਕਰ ਦਿੱਤਾ ਗਿਆ ਹੈ। 1991-92 ਦੌਰਾਨ ਇਹ ਖ਼ਰਚਾ ਕੇਵਲ 3.00 ਕਰੋੜ ਰੁਪਏ ਸੀ। 1993-94 ਦੌਰਾਨ ਖੇਡ ਵਿਭਾਗ ਦੀਆਂ ਹੋਰ ਸਰਗਰਮੀਆਂ ਵਿਚ ਵਾਧਾ ਕਰਦੇ ਹੋਏ ਜ਼ਿਲਾ ਬਲਾਕ ਅਤੇ ਪਿੰਡ ਪੱਧਰ ਉਤੇ ਖੇਡਾਂ ਸਬੰਧੀ ਸਹੂਲਤਾਂ ਮੁਹੱਈਆ ਕਰਨ ਲਈ 7.00 ਕਰੋੜ ਰੁਪਏ ਖ਼ਰਚ ਕੀਤੇ ਜਾਣਗੇ।

64. ਸਰਹੱਦੀ ਜ਼ਿਲਿਆਂ ਦੇ ਗੁਮਰਾਹ ਯੁਵਕਾਂ ਨੂੰ ਉਸਾਰੀ ਅਤੇ ਸਿਰਜਨਾਤਮਕ ਕਾਰਜਾਂ ਵਿੱਚ ਲਗਾਉਣ ਲਈ ਰਾਜ ਵਿੱਚ "ਨੈਸ਼ਨਲ ਟਾਸਕ ਫੋਰਸ" ਜਿਸ ਦਾ ਨਾਂ ਹੁਣ ਪੰਜਾਬ ਯੁਵਕ ਸਿਖਲਾਈ ਤੇ ਰੋਜ਼ਗਾਰ ਕੇਂਦਰ ਰੱਖਿਆ ਗਿਆ ਹੈ, ਚਾਲੂ ਕੀਤਾ ਗਿਆ ਹੈ। ਹੁਣ ਇਸ ਸਕੀਮ ਦਾ ਵਿਸਤਾਰ ਹੋਰਨਾਂ ਜ਼ਿਲਿਆਂ ਤਕ ਵੀ ਕਰ ਦਿੱਤਾ ਗਿਆ ਹੈ ਅਤੇ 5.00 ਕਰੋੜ ਰੁਪਏ ਦੇ ਕੁਲ ਖ਼ਰਚ ਨਾਲ ਵੱਖ ਵੱਖ ਖੇਤਰਾਂ ਵਿਚ 10,000 ਯੁਵਕਾਂ ਨੂੰ ਸਿਖਲਾਈ ਦਿੱਤੀ ਜਾਵੇਗੀ ਤਾਂ ਜੋ 1993-94 ਦੌਰਾਨ ਉਨ੍ਹਾਂ ਯੁਵਕਾਂ ਨੂੰ ਸਰਕਾਰੀ, ਅਰਧ-ਸਰਕਾਰੀ ਅਤੇ ਸਵੈ-ਰੋਜ਼ਗਾਰਾਂ ਤੇ ਲਗਾਇਆ ਜਾ ਸਕੇ।

ਇਹ ਸਿਖਲਾਈ ਥੇਹ-ਕਾਂਜਲਾ, ਜ਼ਿਲਾ ਕਪੂਰਥਲਾ ਅਤੇ ਨਾਭਾ, ਜ਼ਿਲਾ ਪਟਿਆਲਾ ਵਿਖੇ ਦਿੱਤੀ ਜਾ ਰਹੀ ਹੈ। ਹੋਂਦ ਵਿਚ ਆਉਣ ਉਪਰੰਤ ਸੀ-ਥੀ. ਵਾਈ. ਟੀ. ਈ. ਦੁਆਰਾ ਤਕਰੀਬਨ 12,158 ਯੁਵਕਾਂ ਨੂੰ ਵੱਖ ਵੱਖ ਕੈਂਪਾਂ ਵਿਚ ਸਿਖਲਾਈ ਦਿਤੀ ਗਈ ਹੈ ਅਤੇ ਜਿਨ੍ਹਾਂ ਵਿਚੋਂ 6,353 ਯੁਵਕਾਂ ਨੂੰ ਸਰਕਾਰੀ/ ਅਰਧ ਸਰਕਾਰੀ ਅਤੇ ਹੋਰਨਾਂ ਸੰਗਠਨਾਂ ਵਿਚ ਲਾ ਦਿਤਾ ਗਿਆ ਹੈ ਜਦੋਂ ਕਿ ਅਕਤੂਬਰ, 1992 ਤਕ 855 ਯੁਵਕਾਂ ਨੇ ਸਵੈ-ਰੋਜ਼ਗਾਰ ਪ੍ਰਾਪਤ ਕਰ ਲਿਆ ਹੈ।

ਮੈਡੀਕਲ ਤੇ ਜਨ ਸਿਹਤ

65. 1992-93 ਦੌਰਾਨ ਮੈਡੀਕਲ ਅਤੇ ਜਨ ਸਿਹਤ ਲਈ 30.75 ਕਰੋੜ ਰੁਪਏ ਦੇ ਉਪਬੰਧ ਨੂੰ ਵਧਾ ਕੇ 1993-94 ਦੌਰਾਨ 42.51 ਕਰੋੜ ਰੁਪਏ ਕਰ ਦਿਤਾ ਗਿਆ ਹੈ। (ਥੰਪਿੰਗ) ਜਲੰਧਰ ਵਿਖੇ ਇਕ ਨਵਾਂ ਮੈਡੀਕਲ ਕਾਲਜ ਖੋਲ੍ਹਣ ਲਈ 3.00 ਕਰੋੜ ਰੁਪਏ ਮਖ਼ਸੂਸ ਕੀਤੇ ਗਏ ਹਨ। (ਥੰਪਿੰਗ) 1993-94 ਦੌਰਾਨ ਸ਼ਹਿਰੀ ਗੰਦੀਆਂ ਬਸਤੀਆਂ ਵਿੱਚ 14 ਪ੍ਰਾਇਮਰੀ ਸਿਹਤ ਕੇਂਦਰ, 16 ਸਮੂਹਕ ਸਿਹਤ ਕੇਂਦਰ, 5 ਡਿਸਪੈਂਸਰੀਆਂ, ਦੁਰਗਮ ਦੂਰ-ਦਰਾਜ ਦੇ ਇਲਾਕਿਆਂ ਵਿਚ 10 ਡਿਸਪੈਂਸਰੀਆਂ, 20 ਆਯੁਰਵੈਦਿਕ ਡਿਸਪੈਂਸਰੀਆਂ ਅਤੇ 50 ਹੋਮਿਓਪੈਥਿਕ ਡਿਸਪੈਂਸਰੀਆਂ ਖੋਲ੍ਹੀਆਂ ਜਾਣਗੀਆਂ। 50 ਬਿਸਤਰ ਵਾਲੇ ਤਿੰਨ ਹਸਪਤਾਲਾਂ ਦਾ ਦਰਜਾ ਵਧਾ ਕੇ 100 ਬਿਸਤਰੇ ਵਾਲੇ ਹਸਪਤਾਲ ਬਣਾ ਦਿਤੇ ਜਾਣਗੇ। ਸਾਰੇ ਉਪ-ਮੰਡਲਾਂ ਦੇ ਹਸਪਤਾਲਾਂ ਨੂੰ ਪੜਾਅਵਾਰ 50 ਬਿਸਤਰੇ ਵਾਲੇ ਹਸਪਤਾਲ ਬਣਾ ਦਿਤਾ ਜਾਵੇਗਾ। ਜਿਨ੍ਹਾਂ ਵਿੱਚ ਮਾਹਿਰ ਡਾਕਟਰਾਂ, ਕਾਫ਼ੀ ਮਾਤਰਾ ਵਿੱਚ ਦਵਾਈਆਂ, ਲੈਬਾਰਟਰੀਆਂ, ਐਕਸਰੇ ਸਹੂਲਤਾਂ ਆਦਿ ਵਰਗੀਆਂ ਲੋੜੀਂਦੀਆਂ ਬੁਨਿਆਦੀ ਸਹੂਲਤਾਂ ਮੁਹੱਈਆ ਕੀਤੀਆਂ ਜਾਣਗੀਆਂ। ਮੌਜੂਦਾ ਮਾਪਦੰਡ ਨੂੰ ਦੁਗਣਾ ਕਰਕੇ ਕਾਫੀ ਦਵਾਈਆਂ ਸਪਲਾਈ ਕੀਤੀਆਂ ਜਾਣਗੀਆਂ।

[ਵਿੱਤ ਮੰਤਰੀ]

66. 6.75 ਕਰੋੜ ਰੁਪਏ ਦੇ ਖ਼ਰਚੇ ਨਾਲ ਅਹਿਮ ਥਾਵਾਂ ਉਤੇ 48 ਚੋਣਵੀਆਂ ਸੰਸਥਾਵਾਂ ਵਿਚ ਐਮਰਜੰਸੀ ਸੇਵਾਵਾਂ ਦਾ ਸੁਧਾਰ ਕੀਤਾ ਜਾਵੇਗਾ। ਜਿਸ ਵਿੱਚ ਬਲੱਡ ਬੈਂਕ, ਟਰਾਮਾਵਾਰਡ, ਟੈਲੀਫੋਨ ਸਹੂਲਤਾਂ, ਇਮਾਰਤ, ਅਮਲਾ ਆਦਿ ਦਾ ਪ੍ਰਬੰਧ ਸ਼ਾਮਲ ਹੈ। ਮੈਡੀਕਲ ਕਾਲਜਾਂ ਦੇ ਸੁਧਾਰ ਲਈ 4.23 ਕਰੋੜ ਰੁਪਏ ਦੀ ਰਕਮ ਤਜਵੀਜ਼ ਕੀਤੀ ਗਈ ਹੈ। ਰਾਜ ਸਰਕਾਰ ਵਿਸ਼ੇਸ਼ ਮੁਹਾਰਤ ਦੀ ਸਿਖਲਾਈ ਨੂੰ ਵੀ ਉਤਸਾਹਤ ਕਰੇਗੀ।

67. ਸਰਕਾਰ ਦੀ 1992-93 ਦੌਰਾਨ 1,50,000 ਦੇ ਮੁਕਾਬਲੇ 1993-94 ਦੌਰਾਨ 2,15,000 ਤੋਂ ਵੱਧ ਵਿਅਕਤੀਆਂ ਲਈ ਰੋਜ਼ਗਾਰ ਦੇ ਮੌਕੇ ਪੈਦਾ ਕਰਨ ਦੀ ਤਜਵੀਜ਼ ਹੈ। ਇਨ੍ਹਾਂ ਵਿਚੋਂ ਆਈ.ਆਰ.ਡੀ.ਪੀ. ਅਤੇ ਪੀ.ਐਸ.ਸੀ.ਐਫ.ਸੀ. ਅਧੀਨ ਸਵੈ-ਰੋਜ਼ਗਾਰ ਦੇ 60,000 ਮੌਕੇ ਪੈਦਾ ਕੀਤੇ ਜਾਣਗੇ। ਜਦਕਿ ਛੋਟੇ ਦਰਮਿਆਨੇ ਅਤੇ ਵੱਡੇ ਉਦਯੋਗਾਂ ਅਧੀਨ 5000 ਸਿੱਧੇ ਰੋਜ਼ਗਾਰ, ਦੇ ਮੌਕੇ ਪੈਦਾ ਹੋਣਗੇ। ਰਾਜ ਵਿੱਚ 1,50,000 ਉਜਰਤ ਵਾਲੇ ਰੋਜ਼ਗਾਰ ਦੇ ਮੌਕੇ ਪੈਦਾ ਕੀਤੇ ਜਾਣਗੇ। (ਥੰਪਿੰਗ)

68. ਸੰਖੇਪ ਵਿੱਚ ਸਾਲਾਨਾ ਯੋਜਨਾ 1993-94 (ਅਣ-ਅੰਤਮ), 1250 ਕਰੋੜ ਰੁਪਏ ਦੀ ਹੋਣ ਦਾ ਅਨੁਮਾਨ ਹੈ।

ਸਿੱਟਾ

69. ਪੰਜਾਬ ਦੇ ਬਹਾਦਰ ਲੋਕਾਂ ਨੇ ਮੇਰੀ ਸਰਕਾਰ ਨੂੰ ਰਾਜ ਦੀ ਭਲਾਈ ਦੀ ਦੇਖ-ਭਾਲ ਕਰਨ ਦੀ ਜ਼ਿੰਮੇਵਾਰੀ ਬਹੁਤ ਨਾਜ਼ਕ ਹਾਲਤ ਵਿੱਚ ਸੌਂਪੀ ਜਦੋਂ ਕਾਨੂੰਨ ਅਤੇ ਵਿਵਸਥਾ ਦੀ ਹਾਲਤ ਬਹੁਤ ਵਿਗੜੀ ਹੋਈ ਸੀ ਅਤੇ ਵਿੱਤੀ ਹਾਲਤ ਵੀ ਖਰਾਬ ਸੀ। ਪੰਜਾਬ ਦੇ ਨਿਡਰ ਸ਼ਹਿਰੀਆਂ ਨੇ ਦਹਿਸ਼ਤਗਰਦ ਅਤੇ ਵੱਖਵਾਦੀ ਤਾਕਤਾਂ ਉਤੇ ਕਾਬੂ ਪਾਉਣ ਵਿਚ ਸਾਡੀ ਮਦਦ ਕੀਤੀ ਹੈ। ਹੁਣ ਅਸੀਂ ਆਪਣੇ ਉਦੱਮੀ ਅਤੇ ਅਗਾਂਹਵੱਧੂ ਵੀਰਾਂ ਅਤੇ ਭੈਣਾਂ ਤੋਂ ਮੰਗ ਕਰਦੇ ਹਾਂ ਕਿ ਉਹ ਆਪਣੇ ਪਿਆਰੇ ਰਾਜ ਦੇ ਪੁਨਰ-ਨਿਰਮਾਣ ਅਤੇ ਆਰਥਕ ਵਿਕਾਸ ਦੇ ਕਾਰਜਾਂ ਵਿੱਚ ਪੂਰੀ ਤਰ੍ਹਾਂ ਸ਼ਾਮਲ ਹੋਣ। ਮੈਂ ਆਪ ਜੀ ਦੇ ਸਾਹਮਣੇ ਰਾਜ ਦੀ ਆਰਥਕਤਾ ਅਤੇ ਵਿੱਤ ਦੀ ਵਰਤਮਾਨ ਸਥਿੱਤੀ ਪੇਸ਼ ਕੀਤੀ ਹੈ। ਵਿਕਾਸ ਦੇ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਅਪਣਾਈ ਜਾਣ ਵਾਲੀ ਨੀਤੀ ਨੂੰ ਵੀ ਸਪੱਸ਼ਟ ਕੀਤਾ ਹੈ। ਮੈਂ ਪੰਜਾਬੀਆਂ ਦੇ ਸਮੂਹ ਵਰਗਾਂ ਨੂੰ ਆਪਣੇ ਸਾਰੇ ਮੱਤਭੇਦ ਭੁਲਾਕੇ ਪੁਨੀਤ ਕਾਰਜ ਦੀ ਪੂਰਤੀ ਲਈ ਸਾਨੂੰ ਸਹਿਯੋਗ ਦੇਣ ਦੀ ਅਪੀਲ ਕਰਦਾ ਹਾਂ। ਮੈਂ ਆਪਣੀ ਸਰਕਾਰ ਵਲੋਂ ਆਪਣੇ ਇਸ ਦ੍ਰਿੜ੍ਹ ਸੰਕਲਪ ਦਾ ਵਿਸ਼ਵਾਸ ਦਿਵਾਉਂਦਾ ਹਾਂ ਕਿ ਸਭਨਾਂ ਲਈ ਖੁਸ਼ਹਾਲੀ ਦੇ ਟੀਚਿਆਂ ਨੂੰ ਪੂਰੀ ਤਨਦੇਹੀ ਨਾਲ ਪ੍ਰਾਪਤ ਕੀਤਾ ਜਾਵੇਗਾ!

ਇਸ ਦੇ ਨਾਲ ਮੈਂ 1993-94 ਲਈ ਟੈਕਸ ਰਹਿਤ ਬਜਟ ਆਪ ਜੀ ਦੇ ਵਿਚਾਰ ਹਿਤ ਪੇਸ਼ ਕਰਦਾ ਹਾਂ।

ਜੈ ਹਿੰਦ

Mr. Speaker : The House stands adjourned till 9.00 AM. on Thursday, the 11th March, 1993.

***.4.26 PM.**	*The Sabha then adjourned *till 9.00 A.M. on (Thursday, the 11th March, 1993.)*

———

7206 PVS—Govt Press, Chd. U.T.,

Published under the Authority of the Punjab Vidhan Sabha and printed by the Controller, Govt. Press (U.T.), Chandigarh.

Punjab Vidhan Sabha
Debates

11th March, 1993

Vol. IV—No. 11

OFFICIAL REPORT

CONTENTS

Thursday, the 11th March, 1993

Punjab Vidhan Sabha Secretariat, Chandigarh.

Price Rs. :

PUNJAB VIDHAN SABHA

Thursday, the 11th March, 1993

The Vidhan Sabha met in the Punjab Vidhan Sabha Hall, Vidhan Bhavan, Sector 1, Chandigarh, at 9.00 A.M. Mr. Speaker (Sardar Harcharn Singh Ajnala) in the Chair.

STARRED QUESTIONS AND ANSWERS

ਕਿਰਾਇਆ ਖਰੀਦ ਆਧਾਰ ਤੇ ਕੁਆਟਰ ਵੇਚਣ ਬਾਰੇ

*694. **ਸ੍ਰੀਮਤੀ ਵਿਮਲਾ ਡਾਂਗ** : ਕੀ ਰਾਜ ਮੰਤਰੀ, ਕਿਰਤ ਤੇ ਰੋਜ਼ਗਾਰ ਦੱਸਣ ਦੀ ਕ੍ਰਿਪਾ ਕਰਨਗੇ :—

(ੳ) ਕਿਰਤ ਵਿਭਾਗ ਕੋਲ ਉਦਯੋਗਿਕ ਕਿਰਤੀਆਂ ਲਈ ਕਿਰਤ ਕਾਲੋਨੀ, ਗਿੱਲ ਰੋਡ, ਲੁਧਿਆਣਾ ਵਿਖੇ ਕੁਆਟਰਾਂ ਦੀ ਗਿਣਤੀ ਕਿਤਨੀ ਹੈ, ਅਤੇ ਇਨ੍ਹਾਂ ਵਿੱਚੋਂ ਕਿਤਨੇ ਕਿਰਤੀਆਂ/ਕਾਬਜ਼ਕਾਰਾਂ ਨੂੰ ਕਿਰਾਇਆ ਖਰੀਦ ਆਧਾਰ ਤੇ ਵੇਚੇ ਗਏ ਹਨ ;

(ਅ) ਕੀ ਸਰਕਾਰ ਦੀ ਬਾਕੀ ਰਹਿੰਦੇ ਕੁਆਟਰਾਂ ਨੂੰ ਵੀ ਕਿਰਾਇਆ ਖਰੀਦ ਆਧਾਰ ਤੇ ਮੌਜੂਦਾ ਕਾਬਜ਼ਾਂ ਨੂੰ ਵੇਚਣ ਦੀ ਤਜਵੀਜ਼ ਹੈ ?

ਸਰਦਾਰ ਗੁਲਜ਼ਾਰ ਸਿੰਘ : (ੳ) 250 ਜਿਨ੍ਹਾਂ ਵਿਚੋਂ 141 ਕੁਆਟਰ ਹੁਣ ਤੱਕ ਯੋਗ ਕਿਰਤੀਆਂ/ਕਾਬਜ਼ਕਾਰਾਂ ਨੂੰ ਕਿਰਾਇਆ ਖਰੀਦ ਆਧਾਰ ਤੇ ਵੇਚੇ ਜਾ ਚੁੱਕੇ ਹਨ।

(ਅ) ਹਾਂ ਜੀ, ਬਾਕੀ ਰਹਿੰਦੇ 109 ਕੁਆਟਰਾਂ ਨੂੰ ਕਿਰਾਇਆ ਖ਼ਰੀਦ ਆਧਾਰ ਤੇ ਸਿਰਫ ਯੋਗ ਤੇ ਮੌਜੂਦਾ ਯੋਗ ਕਾਬਜ਼ਕਾਰਾਂ ਨੂੰ ਵੇਚਣ ਦੀ ਸਰਕਾਰ ਦੀ ਤਜਵੀਜ਼ ਹੈ।

ਸ੍ਰੀਮਤੀ ਵਿਮਲਾ ਡਾਂਗ : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦੀ ਹਾਂ ਕਿ ਇਹ ਮਸਲਾ ਕਾਫੀ ਦੇਰ ਤੋਂ ਲਟਕ ਰਿਹਾ ਹੈ, ਹੁਣ ਇਹ ਮਕਾਨ ਹਾਇਰ ਪਰਚੇਜ਼ ਬੇਸਿਜ਼ ਤੇ ਕਿੰਨੇ ਸਮੇਂ ਤਕ ਦੇ ਦੇਣਗੇ ?

ਰਾਜ ਮੰਤਰੀ : ਇਸ ਸਬੰਧ ਵਿਚ ਕੀਮਤ ਦੇ ਬਾਰੇ ਮਸਲਾ ਐਫ.ਡੀ. ਔਰ ਹਾਊਸਿੰਗ ਬੋਰਡ ਕੋਲ ਹੈ ਜਦੋਂ ਕਲੀਰੈਂਸ ਹ ਜਾਵੇਗੀ ਇਹ ਮਕਾਨ ਅਲਾਟ ਕਰ ਦੇਵਾਂਗੇ।

ਡਾਕਟਰ (ਸ੍ਰੀਮਤੀ) ਮਾਲਤੀ ਥਾਪਰ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ, ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦੀ ਹਾਂ ਕਿ ਅੱਜ ਦੇ ਸਮੇਂ ਵਿਚ ਉਦਯੋਗਿਕ ਕਾਮਿਆਂ ਦੀ ਗਿਣਤੀ ਕਾਫੀ ਵੱਧ ਰਹੀ ਹੈ। ਇਸ ਲਈ ਇਸ ਲੋੜ ਨੂੰ ਮੁੱਖ ਰਖਦੇ ਹੋਏ, ਕੀ ਇਹ ਕੁਆਰਟਰਜ਼ ਹੋਰ ਬਣਾਉਣ ਲਈ ਵਿਚਾਰ ਕੀਤਾ ਜਾਵੇਗਾ ?

ਰਾਜ ਮੰਤਰੀ ; ਇਸ ਸਬੰਧ ਵਿਚ ਇਸ ਵੇਲੇ ਸਾਡੇ ਡਿਪਾਰਟਮੈਂਟ ਕੋਲ ਕੋਈ ਪਲਾਨ ਨਹੀਂ ਹੈ।

ਪੰਜਾਬ ਰੋਡਵੇਜ਼ ਅਤੇ ਪੀ. ਆਰ. ਟੀ. ਸੀ. ਡਰਾਈਵਰਾਂ ਅਤੇ ਕੰਡਕਟਰਾਂ ਨੂੰ ਓਵਰ ਟਾਈਮ ਭੱਤਾ

*860. **ਕਾਮਰੇਡ ਤਰਸੇਮ ਜੋਧਾਂ** : ਕੀ ਟ੍ਰਾਂਸਪੋਰਟ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਜਨਵਰੀ, 1990 ਤੋਂ ਹੁਣ ਤੱਕ ਦੇ ਸਮੇਂ ਦੇ ਦੌਰਾਨ ਪੰਜਾਬ ਰੋਡਵੇਜ਼ ਅਤੇ ਪੈਪਸੂ ਰੋਡ ਟ੍ਰਾਂਸਪੋਰਟ ਕਾਰਪੋਰੇਸ਼ਨ ਦੇ ਡਰਾਈਵਰਾਂ ਅਤੇ ਕੰਡਕਟਰਾਂ ਨੂੰ ਦਿੱਤੇ ਗਏ ਓਵਰ ਟਾਈਮ ਭੱਤੇ ਦੇ ਸਾਲ-ਵਾਰ ਵੇਰਵੇ ਕੀ ਹਨ ;

(ਅ) ਉਨ੍ਹਾਂ ਦੇ ਸਦਰ ਮੁਕਾਮਾਂ ਤੋਂ ਬਾਹਰ ਡਰਾਈਵਰਾਂ ਅਤੇ ਕੰਡਕਟਰਾਂ ਦੇ ਰਾਤ ਨੂੰ ਠਹਿਰਨ ਲਈ ਕੀਤੇ ਗਏ ਪ੍ਰਬੰਧਾਂ ਦੇ ਵੇਰਵੇ ਕੀ ਹਨ ?

Master Jagir Singh : (a) Yearwise details of over-time allowance paid to the Drivers and Conductors of Punjab Roadways and Pepsu Road Transport Corporation is as under:—

(i) **Punjab Roadways**

Period		Amount (Rs. in lacs)
January, 1990 to March, 1990	..	69.53
1990-91	..	3,02.26
1991-92	..	2,60.49
1992-93 (Up to November, 1992)	..	1,50.79

(This also includes overtime allowance paid to the workshop staff).

(ii) **Pepsu Road Transport Corporation** :

Period		Amount (Rs. in lacs)
January, 1990 to March, 1990	..	44.91
1990-91	..	177.09
1991-92	..	214.44
1992-93 (Up to January, 1993)	..	202.89

(b) (i) **Punjab Roadways** :

Rest rooms at the following places have been made available for the night stay/rest of the Drivers and Conductors outside their headquarters :—

1. Amritsar	2. Ferozepur
3. Mukatsar	4. Patti
5. Tarn Taran	6. Jalandhar
7. Hoshiarpur	8. Batala
9. Nawanshehar	10. Pathankot
11. Chandigarh	12. Moga
13. Ludhiana	14. Delhi
15. Simla	

Where Rest rooms are not available, arrangements for night stay are made by the Drivers and Conductors at their own. They are, however, paid admissible T.A.

(ii) **Pepsu Road Transport Corporation** :

Staff rooms facilities have been provided to the Drivers and Conductors at the following stations:—

1. Delhi
2. Ludhiana
3. Sangrur
4. Chandigarh
5. Kapurthala

Where Rest rooms facility is not available, all the General Managers have been instructed to provide similar facilities.

ਕਾਮਰੇਡ ਤਰਸੇਮ ਜੋਧਾਂ : ਸਪੀਕਰ ਸਾਹਿਬ, 1990-91 ਵਿਚ ਕੰਡਕਟਰਾਂ ਅਤੇ ਡਰਾਇਵਰਾਂ ਨੂੰ ਓਵਰ ਟਾਈਮ ਜ਼ਿਆਦਾ ਦਿੱਤਾ ਗਿਆ ਸੀ ਜਦ ਕਿ 1991-92 ਵਿਚ ਇਨ੍ਹਾਂ ਨੂੰ ਓਵਰ ਟਾਈਮ ਘੱਟ ਦਿੱਤਾ ਗਿਆ। ਮੈਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਕਿਸੇ ਕੈਟੇਗਰੀਜ਼ (ਕੰਡਕਟਰਜ਼ ਜਾਂ ਡਰਾਇਵਰਜ਼) ਦਾ ਓਵਰ ਟਾਈਮ ਇਸ ਪੀਰੀਅਡ ਦੌਰਾਨ ਬੰਦ ਕਰ ਦਿੱਤਾ ਗਿਆ ਸੀ। ਇਸ ਦੇ ਘੱਟ ਹੋਣ ਦੇ ਕੀ ਕਾਰਣ ਸਨ ?

ਰਾਜ ਮੰਤਰੀ : ਸਪੀਕਰ ਸਾਹਿਬ, 1991-92 ਵਿਚ ਓਵਰ ਟਾਈਮ ਘੱਟ ਹੋਣ ਕਾਰਣ ਇਹ ਹੈ ਕਿ ਯੂਨੀਅਨ ਦੀ ਡੀਮਾਂਡ ਸੀ ਕਿ 350 ਪੋਸਟਾਂ ਹੋਰ ਸੈਂਕਸ਼ਨ ਕੀਤੀਆਂ ਜਾਣ। ਇਹ 350 ਪੋਸਟਾਂ ਕੰਡਕਟਰਜ਼ ਦੀਆਂ ਸੈਂਕਸ਼ਨ ਹੋਣ ਦੇ ਕਾਰਣ ਕੰਮ ਦਾ ਭਾਰ ਘੱਟ ਗਿਆ ਸੀ, ਜਿਸ ਕਰਕੇ ਓਵਰ ਟਾਈਮ ਅਲਾਊਂਸ ਘੱਟ ਗਿਆ ਸੀ।

ਕਾਮਰੇਡ ਤਰਸੇਮ ਜੋਧਾਂ: ਸਪੀਕਰ ਸਾਹਿਬ, ਕੁਝ ਕੰਡਕਟਰਜ਼ 4-5 ਘੰਟੇ ਐਕਸਟਰਾ ਕੰਮ ਕਰਦੇ ਹਨ ਪਰ ਉਨ੍ਹਾਂ ਨੂੰ ਓਵਰ ਟਾਈਮ ਅਲਾਊਂਸ ਨਹੀਂ ਦਿੱਤਾ ਜਾ ਰਿਹਾ। ਕੀ ਉਨ੍ਹਾਂ ਦੇ ਨਾਲ ਇਹ ਡਿਸਕਰਮੀਨੇਸ਼ਨ ਨਹੀਂ ਹੈ? ਓਵਰ ਟਾਈਮ ਦੇਣ ਦੇ ਕੀ ਨਾਰਮਜ਼ ਹਨ?

ਰਾਜ ਮੰਤਰੀ: ਸਪੀਕਰ ਸਾਹਿਬ, ਇਹ ਮੈਨੂੰ ਲਿਖ ਕੇ ਦੇ ਦੇਣ, ਮੈਂ ਇਨ੍ਹਾਂ ਨੂੰ ਜਵਾਬ ਦੇ ਦੇਵਾਂਗਾ।

ਕਾਮਰੇਡ ਤਰਸੇਮ ਜੋਧਾਂ: ਸਪੀਕਰ ਸਾਹਿਬ, ਇਨ੍ਹਾਂ ਦਾ ਜਵਾਬ ਕਲੀਅਰ ਨਹੀਂ ਹੈ। ਇਨ੍ਹਾਂ ਨੇ ਦਸਿਆ ਹੈ ਕਿ ਰਾਜ ਵਿਚ 15 ਜਗਾ ਤੇ ਰੋਡਵੇਜ਼ ਦੇ ਰੈਸਟ ਰੂਮਜ਼ ਹਨ ਜਿਥੇ ਕੰਡਕਟਰਜ਼ ਅਤੇ ਡਰਾਇਵਰਜ਼ ਰਾਤ ਨੂੰ ਸਟੇਅ ਕਰਦੇ ਹਨ। ਮੈਂ ਸਾਰੇ ਡਿਪੂਆਂ ਤੇ ਵਿਜ਼ਿਟ ਕੀਤਾ ਹੈ ਮੈਨੂੰ ਕਿਧਰੇ ਇਹ ਰੈਸਟ ਰੂਮਜ਼ ਨਜ਼ਰ ਨਹੀਂ ਆਏ। ਮੈਂ ਖਾਸ ਤੌਰ ਤੇ ਲੁਧਿਆਣਾ ਜ਼ਿਲ੍ਹੇ ਦੀ ਗੱਲ ਕਰਦਾ ਹਾਂ। ਇਹ ਮੈਨੂੰ ਦੱਸ ਦੇਣ ਕਿ ਇਥੇ ਇਨ੍ਹਾਂ ਦੇ ਲਈ ਰੈਸਟ ਰੂਮ ਕਿਥੇ ਬਣਾਇਆ ਹੋਇਆ ਹੈ? ਇਨ੍ਹਾਂ ਨੂੰ ਸਵੇਰੇ ਲੈਟਰਿਨ ਜਾਣ ਲਈ ਵੀ ਇਕ ਰੁਪਿਆ ਦੇਣਾ ਪੈਂਦਾ ਹੈ। ਇਨ੍ਹਾਂ ਦਾ ਜਵਾਬ ਕਲੀਅਰ ਨਹੀਂ ਹੈ।

ਸ੍ਰੀ ਸਪੀਕਰ: ਜੋਧਾਂ ਜੀ, ਤੁਸੀਂ ਕਿਹੜੇ ਰੈਸਟ ਹਾਊਸ ਬਾਰੇ ਪੁੱਛਣਾ ਚਾਹੁੰਦੇ ਹੋ, ਜਿਥੇ ਤੁਹਾਨੂੰ ਸ਼ੱਕ ਹੈ?

ਕਾਮਰੇਡ ਤਰਸੇਮ ਜੋਧਾਂ: ਸਪੀਕਰ ਸਾਹਿਬ, ਮੈਂ ਲੁਧਿਆਣਾ ਡਿਪੂ ਦੇ ਰੈਸਟ ਹਾਊਸ ਬਾਰੇ ਪੁੱਛਣਾ ਚਾਹੁੰਦਾ ਹਾਂ।

ਰਾਜ ਮੰਤਰੀ: ਸਪੀਕਰ ਸਾਹਿਬ, ਲੁਧਿਆਣਾ ਦੇ ਰੈਸਟ ਰੂਮਜ਼ ਮੈਂ ਚੈਕ ਕਰ ਲਵਾਂਗਾ।

Mr. Speaker: Jodhan Ji, I have allowed you more than two supplementaries. I have not called upon you to put the supplementary. We come to the next question.

ਪੰਜਾਬ ਰੋਡਵੇਜ਼ ਅਤੇ ਪੀ.ਆਰ.ਟੀ.ਸੀ ਦੀਆਂ ਨਕਾਰਾ ਬੱਸਾਂ ਦੀ ਨਿਲਾਮੀ

*861. **ਕਾਮਰੇਡ ਤਰਸੇਮ ਜੋਧਾਂ**: ਕੀ ਟ੍ਰਾਂਸਪੋਰਟ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪੰਜਾਬ ਰੋਡਵੇਜ਼ ਅਤੇ ਪੈਪਸੂ ਰੋਡ ਟ੍ਰਾਂਸਪੋਰਟ ਕਾਰਪੋਰੇਸ਼ਨ ਦੀਆਂ ਅਜਿਹੀਆਂ ਬੱਸਾਂ ਦੀ ਡਿਪੂ-ਵਾਰ ਗਿਣਤੀ ਕਿੰਨੀ ਹੈ ਜਿਹੜੀਆਂ ਜਨਵਰੀ, 1991 ਤੋਂ ਹੁਣ ਤੱਕ ਨਕਾਰਾ ਕੀਤੀਆਂ ਗਈਆਂ ਅਤੇ ਉਨ੍ਹਾਂ ਦੀ ਨਿਲਾਮੀ ਕੀਤੀ ਗਈ ਅਤੇ ਉਕਤ ਨਕਾਰਾ ਬੱਸਾਂ ਦੀ ਨਿਲਾਮੀ ਰਾਹੀਂ ਕਿੰਨੀ ਰਕਮ ਵਸੂਲ ਕੀਤੀ ਗਈ?

ਮਾਸਟਰ ਜਾਗੀਰ ਸਿੰਘ: ਸੂਚਨਾ ਹੇਠ ਅਨੁਸਾਰ ਹੈ:—

ਪੰਜਾਬ ਰੋਡਵੇਜ਼:

ਡਿਪੂ ਦਾ ਨਾਂ	ਕੰਡਮ ਬੱਸਾਂ ਦੀ ਗਿਣਤੀ	ਨਿਲਾਮ ਕੀਤੀਆਂ ਬੱਸਾਂ ਦੀ ਗਿਣਤੀ	ਇਕੱਤਰ ਕੀਤੀ ਰਕਮ
1	2	3	4
ਚੰਡੀਗੜ੍ਹ ...	23	8	3,00,000.00
ਰੋਪੜ ...	36	24	8,40,941.00
ਨੰਗਲ ...	22	18	8,42,000.00

1		2	3	4
ਜਗਰਾਓਂ	...	44	...	..
ਲੁਧਿਆਣਾ	..	24	21	8,26,000.00
ਮੋਗਾ	...	44	30	12,44,800.00
ਜਲੰਧਰ-1	...	43	27	10,02,055.00
ਜਲੰਧਰ-2	...	22	4	1,26,250.00
ਨਵਾਂ ਸ਼ਹਿਰ	...	47	47	21,11,773.42
ਬਟਾਲਾ	...	38	21	6,40,000.00
ਪਠਾਨਕੋਟ	...	56	30	15,25,175.67
ਹੁਸ਼ਿਆਰਪੁਰ	...	15	...	...
ਅੰਮ੍ਰਿਤਸਰ-1	...	35	16	7,15,600·00
ਅੰਮ੍ਰਿਤਸਰ-2	...	32	2	88,100.00
ਪੱਟੀ	...	49	25	10,33,800.00
ਤਰਨ ਤਾਰਨ	...	34	22	10,08,800.00
ਮੁਕਤਸਰ	...	52	39	14,16,500.00
ਫਿਰੋਜ਼ਪੁਰ	...	53	21	9,04,650.00
ਪਟਿਆਲਾ-1	...	23	20	4,52,825.00
ਪਟਿਆਲਾ-2	...	23	23	5,47,500.00
ਸੰਗਰੂਰ	...	23	20	4,28,700.00
ਕਪੂਰਥਲਾ	...	22+1 ਬਾਡੀ ਸ਼ੈਲ	19	4,16,425.00
ਬਠਿੰਡਾ-1	...	27	25	5,55,025.00
ਬਠਿੰਡਾ-2	...	26	26	5,73,200,00

[ਰਾਜ ਮੰਤਰੀ, ਟ੍ਰਾਂਸਪੋਸਟ]

1		2	3	4
ਬੁਢਲਾਡਾ	...	25+1 ਬਾਡੀ ਸ਼ੈਲ	17+1 ਬਾਡ ਸ਼ੈਲ	3,93,300.00
ਬਰਨਾਲਾ	...	24	20	4,22,650.00
ਲੁਧਿਆਣਾ	...	24	21	4,84,900.00
ਫਰੀਦਕੋਟ	...	27	26+1 ਬਾਡੀ ਸ਼ੈਲ	5,92,200.00
ਚੰਡੀਗੜ੍ਹ	...	26+1 ਬਾਡੀ ਸ਼ੈਲ	24+1 ਬਾਡੀ ਸ਼ੈਲ	5,78,925.00

ਕਾਮਰੇਡ ਤਰਸੇਮ ਜੋਧਾਂ: ਸਪੀਕਰ ਸਾਹਿਬ, ਜਿਹੜੀਆਂ ਬੱਸਾਂ ਕੰਡਮ ਕਰਕੇ ਵੇਚੀਆਂ ਜਾਂਦੀਆਂ ਹਨ ਉਨ੍ਹਾਂ ਤੋਂ ਰਕਮ ਸਰਕਾਰ ਨੂੰ ਬਹੁਤ ਘੱਟ ਵਸੂਲ ਹੁੰਦੀ ਹੈ। ਬਟਾਲਾ ਵਿਖੇ 21 ਬੱਸਾਂ ਨਿਲਾਮ ਕੀਤੀਆਂ ਗਈਆਂ ਅਤੇ 6,40,000 ਰੁਪਿਆ ਇਕੱਤਰ ਹੋਇਆ। ਪਠਾਨਕੋਟ 30 ਬੱਸ ਨਿਲਾਮ ਕੀਤੀਆਂ ਗਈਆਂ। ਸਪੀਕਰ ਸਾਹਿਬ, ਮੰਤਰੀ ਜੀ ਦੱਸਣਗੇ ਕਿ ਬੱਸਾਂ ਕਿਤਨੇ ਕਿਲੋਮੀਟਰ ਤੋਂ ਬਾਅਦ ਜਾਂ ਕਿਤਨੇ ਸਾਲਾਂ ਬਾਅਦ ਕੰਡਮ ਹੁੰਦੀਆਂ ਹਨ ਔਰ ਉਨ੍ਹਾਂ ਦੀ ਨਿਲਾਮੀ ਲਈ ਸਰਕਾਰ ਦਾ ਤਰੀਕਾ ਕੀ ਹੈ ?

ਰਾਜ ਮੰਤਰੀ: ਸਪੀਕਰ ਸਾਹਿਬ ਜਦੋਂ ਕੋਈ ਬੱਸ 7 ਸਾਲ ਚਲਾਈ ਜਾਵੇ ਔਰ 8.25 ਲੱਖ ਕਿਲੋਮੀਟਰ ਚਲ ਚੁੱਕੀ ਹੈ ਤਾਂ ਮਹਿਕਮਾ ਉਸ ਬੱਸ ਨੂੰ ਕੰਡਮ ਕਰਦਾ ਹੈ। ਰਿਜਨਲ ਮਨੇਜਰ ਸਾਰੇ ਕੇਸ ਨੂੰ ਦੇਖਦਾ ਹੈ ਕਿ ਕਿਤੇ ਕੋਈ ਕੁਤਾਹੀ ਨਾ ਰਹਿ ਜਾਵੇ। ਕੰਡਮ ਕਰਨ ਤੋਂ ਬਾਅਦ ਫਾਈਨਲ ਅਥਾਰਿਟੀ ਡਾਇਰੈਕਟਰ ਸਟੇਟ ਟਰਾਂਸਪੋਰਟ ਹੈ ; ਬਕਾਇਦਾ ਸਾਰੀ ਚੀਜ਼ ਚੰਗੀ ਤਰ੍ਹਾਂ ਵੇਖ ਕੇ ਫਿਰ ਜਾ ਕੇ ਬੱਸ ਕੰਡਮ ਕਰਦੇ ਹਨ।

ਕਾਮਰੇਡ ਤਰਸੇਮ ਜੋਧਾਂ: ਸਪੀਕਰ ਸਾਹਿਬ, ਇਸ ਵਿਚ ਬਹੁਤ ਵੱਡਾ ਘਪਲਾ ਲਗਦਾ ਹੈ। ਜਦੋਂ ਬੱਸਾਂ ਆਕਸ਼ਨ ਕੀਤੀਆਂ ਜਾਂਦੀਆਂ ਹਨ ਤਾਂ ਪਾਰਟਸ ਬੱਸ ਵਿਚ ਪੂਰੇ ਨਹੀਂ ਹੁੰਦੇ। ਸਪੀਕਰ ਸਾਹਿਬ, ਲੋਕਾਂ ਨੂੰ ਸ਼ਕਾਇਤ ਹੈ ਇਸ ਲਈ ਕੀ ਮੰਤਰੀ ਜੀ ਹਾਊਸ ਨੂੰ ਵਿਸ਼ਵਾਸ ਦਿਵਾਉਣਗੇ ਜਾਂ ਹਾਊਸ ਦੀ ਕੋਈ ਕਮੇਟੀ ਬਨਾਉਣਗੇ ਜੋ ਇਸ ਚੀਜ਼ ਦੀ ਇਨਕੁਆਇਰੀ ਕਰੇ ?

Mr. Speaker: You have no proof with you. **ਲਫਜ਼ ਐਕਸਪੰਜ ਕੀਤਾ ਜਾਂਦਾ ਹੈ।

ਰਾਜ ਮੰਤਰੀ: ਸਪੀਕਰ ਸਾਹਿਬ, ਕੋਈ 669 ਬੱਸਾਂ ਕੰਡਮ ਹੋਈਆਂ ਹਨ ਔਰ ਇਨ੍ਹਾਂ ਵਿਚੋਂ 358 ਬੱਸਾਂ ਆਕਸ਼ਨ ਹੋਈਆਂ ਹਨ ਅਤੇ 1,46,545 ਰੁਪਏ ਆਏ ਹਨ। ਬਾਕੀ ਬੱਸਾਂ ਚਲ ਰਹੀਆਂ ਹਨ। ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੰਤਰੀ ਜੀ ਨੂੰ ਦਸਣਾ ਚਾਹੁੰਦਾ ਹਾਂ ਕਿ ਰੂਲਾਂ ਅਨੁਸਾਰ ਸਾਰਾ ਕੰਮ ਹੁੰਦਾ ਹੈ ਅਤੇ ਕੋਈ ਘੱਟ ਪੈਸਾ ਬੱਸਾਂ ਦੀ ਆਕਸ਼ਨ ਦਾ ਨਹੀਂ ਮਿਲਦਾ ਹੈ। ਕਈ ਬੱਸਾਂ ਨੂੰ ਕੰਡਮ ਕਰਨ ਦੇ ਕੇਸ ਚਲ ਰਹੇ ਹਨ। ਕਈ ਬੱਸਾਂ ਨੂੰ ਅਸੀਂ ਕੰਡਮ ਨਹੀਂ ਕਰ ਸਕਦੇ ਜਿਹੜੀਆਂ 7 ਸਾਲ ਨਾ ਚਲੀਆਂ ਹੋਣ ਅਤੇ 8.25 ਲੱਖ ਕਿਲੋਮੀਟਰ ਨਾ ਚਲੀ ਹੋਵੇ।

**Expunged as ordered by the Chair.

ਕਾਮਰੇਡ ਤਰਸੇਮ ਜੋਧਾਂ: ਸਪੀਕਰ ਸਾਹਿਬ, ਰੋਡਵੇਜ਼ ਦੀਆਂ ਬੱਸਾਂ 7 ਸਾਲ ਬਾਦ ਕੰਡਮ ਹੋ ਜਾਂਦੀਆਂ ਹਨ ਪਰ ਪ੍ਰਾਈਵੇਟ ਬੱਸਾਂ 10, 10 15, 15 ਸਾਲ ਕੰਡਮ ਨਹੀਂ ਹੁੰਦੀਆਂ। ਸਪੀਕਰ ਸਾਹਿਬ, ਪੰਜਾਬ ਰੋਡਵੇਜ਼ ਦੀਆਂ ਬੱਸਾਂ ਅਤੇ ਪੀ.ਆਰ.ਟੀ.ਸੀ. ਦੀਆਂ ਬੱਸਾਂ 7 ਸਾਲ ਬਾਅਦ ਹੀ ਕੰਡਮ ਹੋ ਜਾਂਦੀਆਂ ਅਤੇ ਸਿਰਫ 30,000 ਰੁਪਏ ਵਿਚ ਹੀ ਬੱਸ ਵਿਕ ਜਾਂਦੀ ਹੈ। ਕੀ ਮੰਤਰੀ ਜੀ ਇਸ ਬਾਰੇ ਕੋਈ ਹਾਊਸ ਦੀ ਕਮੇਟੀ ਬਨਾਉਣ ਲਈ ਤਿਆਰ ਹਨ ਜਾਂ ਕੋਈ ਹੋਰ ਯਤਨ ਕਰਨਗੇ?

Mr. Speaker: It is a matter of opinion. I do not allow this supplementary at all.

ਸ੍ਰੀ ਕ੍ਰਿਸ਼ਨ ਕੁਮਾਰ ਕੌਸ਼ਲ: ਸਪੀਕਰ ਸਾਹਿਬ, ਜਿਹੜਾ ਰਿਜਨਲ ਮੈਨੇਜਰ ਹੁੰਦਾ ਹੈ। ਉਹ ਵੀ ਆਈ.ਏ.ਐਸ. ਜਾਂ ਪੀ.ਸੀ.ਐਸ. ਅਫਸਰ ਹੁੰਦਾ ਹੈ ਅਤੇ ਡਵੀਜ਼ਨਲ ਮੈਨੇਜਰ, ਵੀ ਆਈ.ਏ.ਐਸ./ਪੀ.ਸੀ.ਐਸ. ਹੀ ਹੁੰਦਾ ਹੈ। ਜਦੋਂ ਕੋਈ ਬੱਸ ਕੰਡਮ ਕਰਨੀ ਹੁੰਦੀ ਹੈ ਤਾਂ ਟੈਕਨੀਕਲ ਤੌਰ ਤੇ ਉਸ ਇੰਜਨੀਅਰ ਦੀ ਜ਼ਿਆਦਾ ਨਾਲਿਜ਼ ਹੁੰਦੀ ਜੋ ਕਿ ਦੱਸ ਸਕੇ ਕਿ ਬੱਸ ਕੰਡਮ ਹੋਣ ਵਾਲੀ ਹੈ ਜਾਂ ਨਹੀਂ ਕੀ ਇਸ ਲਈ ਮੰਤਰੀ ਜੀ ਕੋਈ ਮਕੈਨੀਕਲ ਇੰਜੀਨੀਅਰ ਨੂੰ ਸ਼ਾਮਲ ਕਰਨਗੇ।

ਰਾਜ ਮੰਤਰੀ: ਸਪੀਕਰ ਸਾਹਿਬ, ਇਸ ਬਾਰੇ ਬਕਾਇਦਾ ਕਮੇਟੀ ਬਣੀ ਹੁੰਦੀ ਹੈ ਜਦੋਂ ਕੋਈ ਬੱਸ ਕੰਡਮ ਕਰਨੀ ਹੁੰਦੀ ਹੈ ਤਾਂ ਰੂਲ ਦੇ ਅਨੁਸਾਰ ਹੀ ਫੈਸਲਾ ਲੈਂਦੇ ਹਾਂ।

ਨਿਸ਼ਾਨ ਵਾਲਾ ਪ੍ਰਸ਼ਨ ਨੰ: 845

ਸਰਦਾਰ ਗੁਰਬਿੰਦਰ ਸਿੰਘ ਅਟਵਾਲ: ਸਪੀਕਰ ਸਾਹਿਬ, ਇਸ ਸਵਾਲ ਬਾਰੇ ਮੈਨੂੰ ਸ਼ਰਮਾ ਜੀ ਕਹਿ ਗਏ ਕੀ ਮੈਂ ਪੁੱਟ ਕਰ ਦੇਵਾਂ।

Mr. Speaker: I have not been given any authority.

ਸੰਸਦੀ ਮਾਮਲਿਆਂ ਦੇ ਮੰਤਰੀ: ਸਪੀਕਰ ਸਾਹਿਬ, ਪੁੱਛ ਲੈਣ ਦਿਉ। ਇਹ ਸਟੇਟ ਲਈ ਮਾਮਲਾ ਇੰਪਾਰਟੈਂਸ ਰਖਦਾ ਹੈ।

Mr. Speaker: It is a question of principle and Rules also. Next question.

(ਸਬੰਧਤ ਮੈਂਬਰ ਸਾਹਿਬ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਣ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ)

ਰਾਜ ਵਿਚ ਉਦਯੋਗਿਕ ਕਸਬਿਆਂ ਵਿਚ ਗੰਧਲੇਪਣ (ਪ੍ਰਦੂਸ਼ਨ) ਨੂੰ ਰੋਕਣ ਲਈ ਉਪਾਓ

*838. **ਸਰਦਾਰ ਈਸ਼ਰ ਸਿੰਘ**: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਉਦਯੋਗਿਕ ਕਸਬਿਆਂ, ਵਿਸ਼ੇਸ਼ ਤੌਰ ਤੇ ਲੁਧਿਆਣਾ ਜ਼ਿਲ੍ਹੇ ਵਿਚ ਸਰਕਾਰ ਦੁਆਰਾ ਗੰਧਲੇਪਣ ਨੂੰ ਰੋਕਣ ਲਈ ਕੀਤੇ ਗਏ ਉਪਾਵਾਂ ਦਾ ਵੇਰਵਾ ਕੀ ਹੈ;

(ਅ) ਸਰਕਾਰੀ ਹਦਾਇਤਾਂ ਅਨੁਸਾਰ ਰਾਜ ਵਿਚ ਗੰਧਲੇਪਣ ਨੂੰ ਰੋਕਣ ਵਿਚ ਲਗਾਏ ਗਏ ਕਰਮਚਾਰੀਆਂ ਦੇ ਜ਼ਿਲ੍ਹਾਵਾਰ ਨਾਂ ਕੀ ਕੀ ਹਨ;

[ਸ ਰਦਾਰ ਈਸ਼ਰ ਸਿੰਘ]

(ੲ) ਜ਼ਿਲ੍ਹਾ ਲੁਧਿਆਣਾ ਵਿੱਚ ਉਨ੍ਹਾਂ ਉਦਯੋਗਿਕ ਯੂਨਿਟਾਂ ਦੇ ਨਾਂ ਕੀ ਕੀ ਹਨ, ਜਿੱਥੇ ਗੰਧਲੇਪਣ ਨੂੰ ਰੋਕਣ ਲਈ ਉਪਾਓ ਕੀਤੇ ਗਏ ਹਨ ;

(ਸ) ਕੀ ਲੁਧਿਆਣਾ ਵਿਚ ਕੁੱਝ ਉਦਯੋਗਿਕ ਯੂਨਿਟਾਂ ਨੂੰ ਕੋਲੇ ਦੀ ਥਾਂ ਚੌਲਾਂ ਦੀ ਫੱਕ ਦੀ ਵਰਤੋਂ ਕਰਨ ਦੀ ਆਗਿਆ ਦਿੱਤੀ ਗਈ ਹੈ ?

Sardar Beant Singh : (a) The details are attached as per annexure-A.

(b) The details are attached as per annexure-B.

(c) Names of industrial units in Large/Medium sector in District Ludhiana where anti-pollution measures have been taken are enclosed as per annexure-C. In addition to this, the Board has identified about 700 polluting small scale industrial units in Ludhiana city, out of which about 200 units have taken water pollution control measures and about 120 have taken air pollution control measures ;and

(d) The industrial Units are not required to take permission to use rice husk instead of Coal.

Annexure—A

THE STATE GOVERNMENT/POLLUTION CONTROL BOARD HAVE TAKEN THE FOLLOWING STEPS TO CONTROL POLLUTION IN THE STATE

1. The Punjab Pollution Control Board has identified 8000 water polluting and 3500 air polluting units in the State including 275 water polluting and 255 air polluting units in the Large and medium sector. Out of the large and medium units 230 have taken water pollution control measures and 140 have in stalled air polluting control devices. About 20% of the small scale units have also taken adequate pollution control steps.

2. (a) The Board has installed model treatment plants for treating eftuents from heat treatment, electroplating, leather tanning and textile (dyeing) units, for other such units to emulate.

(b) The Electroplating units have adopted counter-flow method for washing the jobs thereby reducing the effluents and chromium consumption considerably as also cost of effluent treatment. 65% units in Ludhiana have provided effluent treatment facility to contain the toxic pollutants.

(c) Heat treatment units in the State have been persuaded to install treatment facility to contain the deadly element cyanide. Out of the total 32 units at Ludhiana, 26 units have provided treatment facilities.

(d) Out of about 134 dyeing units, 34 units have provided effluent treatment facilities in Ludhiana.

3. (a) The Board has got the reverberatory furnace of a re-rolling mill at Mandi Gobindgarh redesigned from a reputed consultant with necessary pollution control and fuel conservation measures for other such units to emulate. This design will on the average benefit each unit to the extent of Rs. 4 lacs per year. 20 units at Khanna in district Ludhiana have installed Air pollution control devices out of a total of 40.

(b) Almost all the re-rolling mills in the State have started recirculating their cooling water and discharging no trade effluent. thereby conserving water as well as energy, removing nuisance of stagnation of water and reducing the load on the sewerage system.

4. Sugar Mills have been persuaded to reduce their effluent from 1000 lts. per tonne to 200 litres per tone thereby reducing the consumption of water and cost of treatment of the trade effluent. Both the sugar mills in district Ludhiana have provided effluent treatment facilities.

5. Mill Board units in the State have been persuaded by the Board to recirculate their entire trade effluent to achieve almost zero discharge 5 units in Ludhiana have made such arrangements.

6. Single Super Phosphate units which were previously discharging their effluent, have been persuaded to recirulate their entire effluent in the process All the units in the State have made suitable arrangements to recirculate their effluent.

7. The Board has also engaged National environmental engineering research institute (NEERI), Nagpur for repairing type designs and for putting np demonstration plants for treatment of effluents from tanneries, textile (dyeing) and small pulp and paper mills. Consultant for air pollution control in foundries are also being engaged.

8. The Government has undertaken the following studies through the Pollution Control Board:

(i) Monitoring of surface Water quality.

(ii) Monitoring of under ground water quality.

(iii) Monitoring of ambient air quality.

(iv) Monitoring of soil pollution

This will help in identifying the problem areas, to devise strategies for pollution control in future, to evaluate the effect of steps already taken to control pollution and to decide the location of new industrial units without imparing the environment.

9. The Government has selected a site for disposal of sold hazardous wastes at Ludhiana which will be developed after carrying out Environment impact assessment.

10. The Government has set up a high level Competent State Authority to approve the sites to 20 categories of highly polluting industries.

11. The Government has prepared a scheme called 'Satluj Action Plant', to clean up river Satluj by providing sewerage treatment plants for all the towns including Ludhiana now discharging its sewerage into river Satluj and has submitted to the Government of India for providing 50% subsidy.

12. The Pollution Control Board has prepared an 'action Plant' for 8 categories of highly polluting industries in the large scale sector, under which 45 such indutries shall control their pollution within a specified time frame extending up to December, 1993. The defaulting units shall face closure.

13. The Pollution Control Board has launched prosecution against 548 units for violating the pollution control laws and has secured 70 convictions so far.

[Chief Minister]

ANNEXURE 'B'

District wise names of Officials deputed to check the Pollution in the State in Accordance with Government Instructions

Serial No.	Name of offcial	Jurisdiction (District-wise)
1	2	3
1	Shri G.S. Bains, Senior Environmental Engineer, Nabha Road, Patiala	Districts of Patiala, Ropar, Sangrur Fatehgarh Sahib, Jalandhar, Kapurthala Hoshiarpur, Bathinda, Mansa, Faridkot and Ferozepur
	Shri D.S. Jaidka, Environmental Engineer, Punjab Pollution Control Board, 11-A, The Mall, Patiala	Districts of Patiala, Ropar, Sangrur, Fatehgarh Sahib
	Assisted by—	
	A.E.E. .. 5 Nos.	
	J.E.E. .. 6 Nos.	
	Shri P. L. Saini, Environmental Engineer, Pb. Pollution Control Board, 513-R, Model Town, Jalandhar	.. Districts of Jalandhar, Kapurthala, Hoshiarpur
	Assisted by—	
	A.E.E. .. 4 Nos.	
	J.E.E. .. 3 Nos.	
	Shri K.K. Gupta, Environmental Engineer, Punjab Pollution Control Board, Govt. Quality Marketing Centre, Near I.T.I., Bathinda	.. Districts of Bathinda, Faridkot, Ferozepur, Mansa
	Assisted by—	
	A.E.E. .. 2 Nos.	
	J.E.E. .. 1 Nos.	
2	Shri S.B. Sharma— Senior Environmental Engineer, Punjab Pollution Control Board, Opp. Zila Parishad, Old District Courts, Ludhiana	.. Districts of Ludhiana, Amritsar and Gurdaspur
	Shri B.S. Ahuja, Environmental Engineer-I, Punjab Pollution Control Board, 175-G, Bhai Randhir Singh Nagar, Ludhiana	.. Ludhiana City (WithinMuncipal limits excluding Focal Point and Dhandari Kalan

1	2	3
	Assisted by—	
	A.E.E. .. 3 Nos.	
	J.E.E. .. 3 Nos.	
	Shri H.R. Sharma, Environmental Engineer-II, Punjab Pollution Control Board, 3291,Gurdev Nagar, Ludhiana ..	Ludhiana District excluding the area within Municipal Limits of Ludhiana City including Focal Point and Dhandari Kalan
	Assisted by—	
	A.E.E. .. 4 Nos.	
	J.E.E. .. 3 Nos.	
	Shri Malvinder Singh, Environmental Engineer, Punjab Pollution Control Board,, 74,Chanderpuri, Taylor Road, Amritsar ..	Gurdaspur, Amritsar Districts
	Assisted by	
	A.E.E. .. 3 Nos.	
	J.E.E. .. 3 Nos.	

ANNEXURE C

List of Industries in large/Medium Scale sector in District Ludhiana who have taken water and/or Air Pollution Control Meausres

Serial No.	Name Address of the Industry	Whether the industry has taken steps to Control	
		Water Pollution	Air Pollution
1	2	3	4
1	M/s. Nav Bharat Vanaspati and Allied Industries, G.T. Road, Doraha	Yes	Yes
2	Ms. Oswal Vanaspati and General Industry, G.T. Road, Ludhiana	No	Yes
3	Ms. Kishan Chand and Co., Oil industries Ltd., G.T. Road, Ludhiana	Yes	Yes
4	M/s. Agro Tech. India Ltd., (Solvent Extraction Plant), Vill Budhewal, Near Kohara, Ludhiana	Yes	Yes
5	M/s. Mitson Agro Milk (P) Ltd., Jagraon ..	Yes	Yes
6	M/s. Thapar Agro Milk (P) Ltd., V.P.O. Jugiana, District Ludhiana	No	Yes

[Chief Minister]

1	2	3	4
7	M/s. B.K. Paper Mills (P) Ltd., G.T. Road, Ludhiana	Yes	Yes
8	M/s. Ralson India Ltd., Ralson Nagar, G.T. Road, Unit No. 1, Ludhiana	Yes	Yes
9	M/s. Hindustan Auto Tyres, Kanganwal, District Ludhiana	Yes	Yes
10	M/s. Metro Tyres Ltd., B-27, Focal Point, Ludhiana	Yes	Yes
11	M/s. Govind Rubber Ltd., Unit No. 1, Jugiana, Ludhiana	Yes	Yes
12	M/s. Pavan Tyres Ltd., Focal Point, Ludhiana ..	Yes	Yes
13	M/s. Metro Tyres Ltd., G.T. Woad, Vill. Jugiana, District Ludhiana	Yes	Yes
14	M/s. Gobind Rubber Ltd., Unit No. II, Jugiana, District Ludhiana	Yes	Yes
15	M/s. Doraha Co-op. Sugar Mill Ltd., Budhewal, Ludhiana	Yes	Yes
16	M/s. Jagraon Co-op. Sugar Mills Ltd., Jagraon ..	Yes	Yes
17	M/s. Greatway Ltd., Focal Point Ludhiana ..	Yes	Yes
18	M/s. Ashoka Dyeing and Finishing Mills (P) Ltd., Focal Point, Ludhiana	No	Yes
19	M/s. Nahar Spinning Mills Ltd., Dhandari Kalan, Focal Point, Ludhiana	Yes	Yes
20	M/s. Vardhman Spinning and General Mills, Chandigarh Road, Ludhiana	Yes	Yes
21	M/s. Punjab Wool Combers Ltd., Dhandari Kalan, Ludhiana	No	Yes
22	M/s. Arihant Textile Industries Ltd., Vill. Matewara, District Ludhiana	Yes	Yes
23	M/s. Sardar Associates (P) Ltd., Chandigarh Road, Ludhiana	Yes	Yes
24	M/s. Dhapson Steel Ltd., Vill Jugiana, G.T Road, Ludhiana	Yes	Yes
25	M/s. Upper India Steel Mfg. and Engg. Co. (P) Ltd., Focal Point, Ludhiana	Yes	Yes
26	M/s. Punjab Concast Steel Ltd., Focal Point, Ludhiana	Yes	No
27	M/s. Mohta Alloys and Steel Works, C-58, Focal Point, Ludhiana	Yes	No
28	M/s. Garg Furnace Ltd., Kanganwal Road, V.P.O.. Jugiana, G.T. Road, Ludhiana	Yes	No

1	2	3	4
29	M/s. Gur Kartar Steels (P) Ltd., Dhandari Industrial Focal Point, Ludhiana	Yes	Yes
30	M/s. Waryam Steel Castings, (P) Ltd., Kanganwal Road, Ludhiana	Yes	Yes
31	M/s. Nagpal Alloys (P) Ltd., Focal Point, Ludhiana	Yes	Yes
32	M/s. B.P. Alloys (P) Ltd., B-52, Focal Point, Phase-VII, Ludhiana	Yes	Yes
33	M/s. Mukesh Steels Ltd., Giaspura Road, Ludhiana	Yes	Yes
34	M/s. Garg Furnace Ltd., (Rolling Mill, Division), G.T. Road, Jugiana, Ludhiana	Yes	Yes
35	M/s. Kalyan Agro Industries Corp., C-14, Dhandri Kalan, Ludhiana	Yes	Yes
36	M/s. Ludhiana Steels Ltd., C-44, and 47, Focal Point Ludhiana	Yes	No
37	M/s. Vashist Steels (P) Ltd., Railway Road, Khanna	Yes	No
38	M/s. A.S. Alloys & Steels (P) Ltd., Vill. Jugiana, Ludhiana	Yes	Yes
39	M/s. Kumar Auto-Cast(P) Ltd., Focal Point, Ludhiana	Yes	Yes
40	M/s. Daulat Indl. Corp (P) Ltd. Vill. Mangli Nichi, Chandigarh Road, Ludhiana	Yes	Not required
41	M/s. Raj and San Deeps Ltd., V.P.O. Jugiali, District Ludhiana	Yes	Yes
42	M/s G. S. Auto Internationa Ltd., G.T. Road, Ludhiana	Yes	Yes
43	M/s. Aarti Steels Ltd., (Rolling Mill Division), Vill. Sherpur, District Ludhiana	Yes	Yes
44	M/s. Arrati Steels Ltd., (Furnace Division) Vill. Sherpur, District Ludhiana	Yes	Yes
45	Thapar Isspat Ltd , Focal Point, Ludhiana ..	Yes	Yes
45	M/s. G.S. Radiators Ltd., G.S. Estate, Ludhiana ..	Yes	Yes
47	M/s. Eastman Caste and Forge Ltd., Vill. Pahwa-Khagat, District Ludhiana	No	Yes
48	M/s. B.T Steels Ltd., Vill. Jandialli, District Ludhiana..	Yes	Yes
49	M/s. Agro Tech. India Ltd., (Vanaspati Plant), Vill. Budhewal, District Ludhiana	Yes	Yes
50	M/s. S.R. Steels, Vill. Jugiana, G.T. Road, Ludhiana ..	Yes	Yes
51	M/s. Oswal Spinning and Weaving Mills Ltd., (Steel Division) Ludhiana	Yes	Yes
52	M/s. Punjab Bearing Industries, G.T. Road, Ludhiana	Yes	No
53	M/s. R.K. Machine Tools Ltd., Indl. Area-A, Ludhiana	Yes	Yes

[Chief Minister]

1	2	3	4
54	M/s. Mercury Ispat Udyog Vill. Kangalwal, District Ludhiana	Yes	No
55	M/s. Oswal Spinning and Weaving Mills, Ltd., (Solvent Extraction Plant), Ludhiana	Yes	Yes
56	M/s. Majestic Auto Ltd., C-48, Focal Point, Ludhiana	Yes	Yes
57	M/s. Rockman Cycle Industries Ltd., A-7, Focal Point, Ludhiana	Yes	Yes
58	M/s. Pahwa Cycles (P) Ltd., G.T. Road, Ludhiana ..	Yes	Yes
59	M/s. Avery Cycles (P) Ltd., G.T. Road, Giaspura, Ludhiana	Yes	Yes
60	M/s. Avon Cycles (P) Ltd., G.T. Road, Ludhiana ..	Yes	Yes
61	M/s. Ralson India Ltd., Unit-II, G.T. Road, Ludhiana	Yes	Yes
62	M/s. Punjab Breweries Ltd., Focal Point, Ludhiana ..	Yes	Yes
63	M/s. Ludhiana Bottling Co., G.T. Road, Ludhiana ..	Yes	Yes
64	M/s. Mohan Bottling Co., (P) Ltd., 186, G.T. Road, Ludhiana	No	Yes
65	M/s. Mulard Tubes (P) Ltd., Vill. Nandpur Sahnewal, District Ludhiana	Yes	Yes
66	M/s. Oswal Woolen Mills, Unit No. 3, G.T. Road, Ludhiana	Yes	Yes
67	M/s. Oswal Vanaspati & Allied Industries Sherpur, Ludhiana ..	Yes	Yes
68	M/s. Raghbir Cycles (P) Ltd., Gill Road, Ludhiana ..	Yes	Yes
69	M/s. Hindustan Tyre Co., G-3 Textile Colony, Ludhiana,	Yes	Yes
70	M/s. Punjab Dairy Development Corp. Milk Plant, Jagraon Road, Ludhiana	Yes	Yes
71	M/s. Avon Cycles (P) Ltd., Industrial Area-B, Ludhiana	Yes	Yes
72	M/s. Hero Cycles Ltd., G.T. Road, Ludhiana ..	Yes	Yes
73	M/s. Metro Tyres Pvt. Ltd., 503, Indl. Area-B, Ludhiana	Yes	Yes
74	M/s. Highway Cycle Industries Ltd., 698, Indl. Area-B, Ludhiana	Yes	Yes
75	M/s. R.N. Gupta & Co., 484, Indl. Area-B, Ludhiana ..	Yes	No
76	M/s. Niranjan Singh Kartar Singh, Forgings Pvt. Ltd., Link Road, Industrial Area-A, Ludhiana	Yes	Not required

ਸਰਦਾਰ ਈਸ਼ਰ ਸਿੰਘ : ਮਾਨਯੋਗ ਸਪੀਕਰ ਸਾਹਿਬ, ਲੁਧਿਆਣਾ ਸ਼ਹਿਰ ਵਿੱਚ ਇੰਡਸਟਰੀ ਏਨੀ ਵੱਧ ਚੁਕੀ ਹੈ ਕਿ ਜੋ ਪਾਣੀ ਹੈ, ਉਸਦੀ ਵੀ ਬੜੀ ਪੋਲਿਊਸ਼ਨ ਹੋ ਰਹੀ ਹੈ ਅੋਰ ਐਨਵਾਇਰਨਮੈਂਟ ਏਅਰ ਪੋਲਿਊਸ਼ਨ ਕਰਕੇ ਬੜਾ ਖਰਾਬ ਹੋ ਰਿਹਾ ਹੈ ਅੱਜ ਜਵਾਬ ਵਿੱਚ 700 ਸਮਾਲ ਸਕੇਲ ਯੂਨਿਟਸ ਦੀ ਡਿਟੇਲ ਦਿੱਤੀ ਗਈ ਹੈ ਜਿਨ੍ਹਾਂ ਵਿਚੋਂ 320 ਵਿਚ ਐਂਟੀ ਪੋਲਿਊਸ਼ਨ ਯੰਤਰ ਲਗ ਚੁਕੇ ਹਨ। ਮੈਂ, ਸਪੀਕਰ ਸਾਹਿਬ, ਆਪ ਜੀ ਰਾਹੀਂ ਮੁੱਖ ਮੰਤਰੀ ਜੀ ਤੋਂ ਜਾਨਣਾ ਚਾਹੁੰਦਾ ਹਾਂ ਕਿ ਜਿਹੜੇ ਬਾਕੀ ਯੂਨਿਟ ਰਹਿੰਦੇ ਹਨ ਉਨ੍ਹਾਂ ਬਾਰੇ ਯੰਤਰ ਲਗਵਾਉਣ ਦਾ ਕੋਈ ਸਮਾਂ ਨਿਸਚਿਤ ਕਰਕੇ ਇਹ ਯੰਤਰ ਲਗਵਾਏ ਜਾਣ ਦਾ ਭਰੋਸਾ ਦਿਵਾਉਣਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਸ ਕੰਮ ਨੂੰ ਸਮਾਂ-ਬੱਧ ਨਹੀਂ ਕੀਤਾ ਜਾ ਸਕਦਾ। ਪਰ ਕੋਸ਼ਿਸ਼ ਕੀਤੀ ਜਾਵੇਗੀ ਕਿ ਜਲਦੀ ਤੋਂ ਜਲਦੀ ਇਸ ਦਾ ਬੰਦੋਬਸਤ ਕੀਤਾ ਜਾਏ ਤਾਂਕਿ ਪੋਲਿਊਸ਼ਨ ਰੁਕ ਸਕੇ।

ਸਰਦਾਰ ਈਸ਼ਰ ਸਿੰਘ : ਸਪੀਕਰ ਸਾਹਿਬ, ਮੇਰੀ ਇਕ ਬੇਨਤੀ ਹੋਰ ਸੀ ਕਿ ਜੋ ਰਾਈਸ ਹਸਕ ਹੈ, ਉਸ ਬਾਰੇ ਦੇਖਿਆ ਗਿਆ ਹੈ ਕਿ ਜਦੋਂ ਯੂਜ਼ ਕੀਤੀ ਜਾਂਦੀ ਹੈ ਤਾਂ ਚਿਮਨੀਆਂ ਰਾਹੀਂ ਬਹੁਤ ਸੁਆਹ ਡਿਗਦੀ ਹੈ। ਮੈਂ ਮੁੱਖ ਮੰਤਰੀ ਜੀ ਅਗੇ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਸ ਵਕਤ ਇੰਡਸਟਰੀ ਨੂੰ ਲਾਈਸੈਂਸ ਦਿੱਤਾ ਜਾਂਦਾ ਹੈ, ਉਸ ਵਕਤ ਉਨ੍ਹਾਂ ਨੂੰ ਐਂਟੀ ਪੋਲਿਊਸ਼ਨ ਯੰਤਰ ਲਾਉਣ ਵਾਸਤੇ ਵੀ ਕਿਹਾ ਜਾਵੇ।

ਮੁੱਖ ਮੰਤਰੀ : ਸਪੀਕਰ ਸਾਹਿਬ ਇਸ ਬਾਰੇ ਸੋਚਿਆ ਜਾ ਰਿਹਾ ਹੈ। ਜੇ ਕੋਈ ਕੋਲੇ ਦੀ ਜਗਾ ਰਾਈਸ ਹਸਕ ਇਸਤੇਮਾਲ ਕਰ ਲਵੇ ਤਾਂ ਉਸ ਤੋਂ ਪਹਿਲਾਂ ਤੋਂ ਹੀ ਕੋਈ ਕੰਟਰੋਲ ਨਹੀਂ। ਹੁਣ ਇਸ ਬਾਰੇ ਸਰਕਾਰ ਸੀਰੀਅਸਲੀ ਸੋਚ ਰਹੀ ਹੈ ਕਿ ਇਸ ਤੇ ਪਾਬੰਦੀ ਲਾਈਏ।

ਰਾਜ ਵਿਚ ਚੁੰਗੀ ਖਤਮ ਕਰਨਾ

*773. 1. **ਕਾਮਰੇਡ ਹਰਦੇਵ ਸਿੰਘ ਅਰਸ਼ੀ**
2. **ਸ੍ਰੀਮਤੀ ਵਿਮਲਾ ਡਾਂਗ** } : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਰਾਜ ਵਿਚ ਚੁੰਗੀ ਖਤਮ ਕਰਨ ਦਾ ਵਿਚਾਰ ਰੱਖਦੀ ਹੈ, ਜੇਕਰ ਅਜਿਹਾ ਅਜਿਹਾ ਹੋਵੇ, ਤਾਂ ਇਸ ਵਜੋਂ ਵਿਭਾਗ ਨੂੰ ਪੈਣ ਵਾਲੇ ਸੰਭਾਵਿਤ ਵਿੱਤੀ ਘਾਟੇ ਨੂੰ ਪੂਰਾ ਕਰਨ ਨੂੰ ਯਕੀਨੀ ਬਨਾਉਣ ਅਤੇ ਇਸ ਦੇ ਸਿੱਟੇ ਵੱਜੋਂ ਵਾਧੂ ਕਰਾਰ ਦਿੱਤੇ ਗਏ ਕਰਮਚਾਰੀਆਂ ਨੂੰ ਖਪਾਉਣ ਲਈ ਸਰਕਾਰ ਕੀ ਕਾਰਵਾਈ ਕਰਨ ਦਾ ਵਿਚਾਰ ਰੱਖਦੀ ਹੈ ?

Doctor Kewal Krishan : (a) No, Sir.

(b) Question does not arise.

ਕਾਮਰੇਡ ਹਰਦੇਵ ਸਿੰਘ ਅਰਸ਼ੀ : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਬੜਾ ਸਪਸ਼ਟ ਉਤਰ ਦਿੱਤਾ ਹੈ ਕਿ ਕੋਈ ਤਜ਼ਵੀਜ਼ ਨਹੀਂ ਪੰਜਾਬ ਸਰਕਾਰ ਦੀ, ਪਰ ਹਕੀਕਤ ਇਹ ਹੈ ਕਿ ਪਿਛਲੇ ਸਮੇਂ ਵਿੱਚ ਵੀ ਟਰੱਕ ਉਪਰੇਟਰਾਂ ਦੀ

**Expunged as ordered by the Chair.

[ਕਾਮਰੇਡ ਹਰਦੇਵ ਸਿੰਘ ਅਰਸ਼ੀ]

ਹੜਤਾਲ ਹੋਈ ਸੀ ਅਤੇ ਨਵੀਂ ਸਮੱਸਿਆ ਪੈਦਾ ਹੋਈ ਸੀ। ਉਸ ਤੋਂ ਬਾਅਦ ਸੈਂਟਰ ਗੌਰਮਿੰਟ ਨੇ ਅਤੇ ਯੂ. ਟੀਜ਼. ਵਿੱਚ ਚੁਗੀ ਖਤਮ ਕਰ ਦਿੱਤੀ ਗਈ। ਫੇਰ ਸਟੇਟਾਂ ਨੂੰ ਵੀ ਕਿਹਾ ਗਿਆ ਅਤੇ ਕਝ ਸਟੇਟਾਂ ਨੇ ਵੀ ਚੁੰਗੀ ਖਤਮ ਕਰ ਦਿੱਤੀ। ਕੀ ਇਸ ਰੌਸ਼ਨੀ ਵਿੱਚ ਕਿਸੇ ਸਮੇਂ ਜਦ ਐਸੀ ਸਟੇਜ ਆ ਜਾਵੇ ਤਾਂ ਕੀ ਪੰਜਾਬ ਸਰਕਾਰ ਇਸ ਗੱਲ ਤੇ ਵਿਚਾਰ ਕਰ ਸਕਦੀ ਹੈ ?

ਮੰਤਰੀ : ਸਪੀਕਰ ਸਾਹਿਬ, ਹਾਲੇ ਤੱਕ ਐਸੀ ਕੋਈ ਸਟੇਜ ਨਹੀਂ ਆਈ । ਜਦ ਕਦੇ ਐਸੀ ਸਟੇਜ ਆਏਗੀ, ਉਸ ਵਕਤ ਇਸ ਦਾ ਪ੍ਰਬੰਧ ਕਰਨ ਬਾਰੇ ਸੋਚਾਂਗੇ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਮੈਂ ਦੂਸਰੀ ਗੱਲ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਦ ਕਿਸੇ ਵੇਲੇ ਐਸੀ ਸਟੇਜ ਆ ਸਕਦੀ ਹੈ ਤਾਂ ਜਦ ਉਸ ਵਕਤ ਵਿਚਾਰਨਾ ਪਵੇ ਤਾਂ ਸਰਕਾਰ ਹੋਰ ਸੋਰਸਿਜ਼ ਵਧਾਉਣ ਬਾਰੇ ਵਿਚਾਰ ਕਰੇਗੀ, ਅਤੇ ਕੀ ਉਸ ਵਕਤ ਵਿਚਾਰ ਕਰਨ ਸਮੇਂ ਲੋਕਲ ਇਲੈਕਟਿਡ ਬਾਡੀਜ਼ ਦੇ ਅਫਸਰਾਂ ਅਤੇ ਮੁਲਾਜ਼ਮਾਂ ਨੂੰ ਕਾਨਫੀਡੈਂਨਸ ਵਿੱਚ ਲਿਆ ਜਾਵੇਗਾ ?

Mr. Speaker : You are anticipating a thing, which has not yet happend. We come to the next question then.

ਪੰਚਾਇਤ ਚੋਣਾਂ ਦੇ ਦੌਰਾਨ ਬੇਕਾਇਦਗੀਆਂ ਬਾਰੇ ਸ਼ਿਕਾਇਤਾਂ

*833. **ਡਾਕਟਰ ਰਮੇਸ਼ ਦੱਤ :** ਕੀ ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ ਕਿਰਪਾ ਕਰਕੇ ਦਸਣਗੇ ਕਿ—

(ੳ) ਕੀ ਸਰਕਾਰ ਨੂੰ ਨਵੀਆਂ ਪੰਚਾਇਤਾਂ ਬਣਾਉਣ ਅਤੇ ਪੰਚਾਇਤ ਚੋਣਾਂ ਕਰਵਾਉਣ ਸਬੰਧੀ ਰਾਜ ਪੱਧਰ ਅਤੇ ਜ਼ਿਲ੍ਹਾ ਪੱਧਰ ਤੇ ਕੋਈ ਸ਼ਿਕਾਇਤਾਂ ਪ੍ਰਾਪਤ ਹੋਈਆਂ; ਜੇਕਰ ਅਜਿਹਾ ਹੋਵੇ ਤਾਂ ਅਜਿਹੀਆਂ ਸ਼ਿਕਾਇਤਾਂ ਦੀ ਜ਼ਿਲ੍ਹਾ ਵਾਰ ਗਿਣਤੀ ਕਿੰਨੀ ਕਿੰਨੀ ਹੈ ਅਤੇ ਉਨ੍ਹਾਂ ਪੰਚਾਇਤਾਂ ਦੇ ਨਾਂ ਕੀ ਕੀ ਹਨ, ਜਿਨ੍ਹਾਂ ਵਲੋਂ ਅਜਿਹੀਆਂ ਸ਼ਿਕਾਇਤਾਂ ਪ੍ਰਾਪਤ ਹੋਈਆਂ ;

(ਅ) ਕੀ ਰਾਜ ਸਰਕਾਰ/ਜ਼ਿਲ੍ਹਾ ਅਧਿਕਾਰੀਆਂ ਨੇ ਸ਼ਿਕਾਇਤਾਂ ਦੀ ਜਾਂਚ ਪੜਤਾਲ ਅਤੇ ਇਸ ਸਬੰਧ ਵਿੱਚ ਯੋਗ ਕਾਰਵਾਈ ਕੀਤੀ ਹੈ; ਜੇਕਰ ਅਜਿਹਾ ਹੋਵੇ, ਤਾਂ ਉਸਦਾ ਵੇਰਵਾ ਕੀ ਹੈ ?

ਸਰਦਾਰ ਉਮਰਾਓ ਸਿੰਘ : (ੳ) ਅਤੇ (ਅ) ਹਾਂ ਜੀ।* ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

ਡਾਕਟਰ ਰਮੇਸ਼ ਦੱਤ: ਸਪੀਕਰ ਸਾਹਿਬ, ਪਹਿਲੀ ਗੱਲ ਤਾਂ ਮੇਰੀ ਇਹ ਹੈ ਕਿ ਮੇਰੇ ਸਵਾਲ ਦਾ ਜਵਾਬ ਬੜਾ ਲੰਮਾ ਚੌੜਾ ਦਿੱਤਾ ਗਿਆ ਹੈ ......

ਸ਼੍ਰੀ ਸਪੀਕਰ : ਜਿੰਨਾ ਲੰਮਾ ਤੁਹਾਡਾ ਸਵਾਲ ਸੀ, ਉਨਾ ਲੰਮਾ ਹੀ ਜਵਾਬ ਦਿੱਤਾ ਗਿਆ ਹੈ (ਹਾਸਾ)

ਡਾਕਟਰ ਰਮੇਸ਼ ਦੱਤ : ਦੂਸਰੀ ਗੱਲ ਇਹ ਹੈ ਕਿ ਮੈਨੂੰ ਇਹ ਜਵਾਬ ਗੇਟ ਤੇ ਆਉਣ ਲਗਿਆਂ ਹੀ ਮਿਲਿਆ ਹੈ, ਐਨੀ ਛੇਤੀ ਤਾਂ ਇਸ ਨੂੰ ਪੜ੍ਹ ਕੇ ਤਿਆਰੀ ਵੀ ਨਹੀਂ ਕੀਤੀ ਜਾ ਸਕਦੀ। ਖੈਰ, ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਸ਼ਿਕਾਇਤਾਂ ਪੰਚਾਇਤਾਂ ਦੇ ਬਣਨ ਤੋਂ ਪਹਿਲਾਂ ਆਈਆਂ ਹਨ, ਕੀ ਸਰਕਾਰ ਨੇ ਉਨ੍ਹਾਂ ਲੋਕਾਂ ਨੂੰ ਟਾਈਮ ਦੇ ਕੇ, ਨੋਟਿਸ ਦੇ ਕੇ ਉਨ੍ਹਾਂ ਦੀਆਂ ਸ਼ਿਕਾਇਤਾਂ ਨੂੰ ਸੁਣਨ ਵਾਸਤੇ ਕਿਸੇ ਅਥਾਰਿਟੀ ਨੂੰ ਨਿਯੁਕਤ ਕੀਤਾ ਹੈ ?

---

*Placed in the Library.

ਮੰਤਰੀ : ਸਪੀਕਰ ਸਾਹਿਬ, ਐਕਟ ਵਿਚ ਕੋਈ ਐਸੀ ਪਰੋਵੀਜ਼ਨ ਨਹੀਂ ਸੀ। ਇਸ ਕਰਕੇ ਜਦੋਂ ਨਵੀਆਂ ਪੰਚਾਇਤਾਂ ਬਣਾਈਆਂ ਗਈਆਂ, ਉਦੋਂ ਲੋਕਾਂ ਤੋਂ ਪੁਛਿਆ ਗਿਆ ਸੀ ਅਤੇ ਸਾਡੇ ਹੇਠਲੇ ਅਫਸਰਾਂ—ਬੀ.ਡੀ.ਓਜ਼, ਡੀ.ਡੀ.ਪੀ.ਓਜ਼, ਜਾਂ ਡੀ.ਸੀ. ਦੀ ਇਨਕੁਆਰੀ ਰਿਪੋਰਟ ਤੋਂ ਬਾਦ ਇਹ ਕੰਮ ਕਰ ਦਿੱਤਾ ਗਿਆ ਸੀ।

ਡਾਕਟਰ ਰਮੇਸ਼ ਦੱਤ : ਸਪੀਕਰ ਸਾਹਿਬ, ਮੰਤਰੀ ਜੀ ਨੇ ਐਕਟ ਦੀ ਪ੍ਰੋਵੀਜ਼ਨ ਦਾ ਬਹਾਨਾ ਲਿਆ ਹੈ। ਮੈਂ ਪੁੱਛਣਾ ਇਹ ਚਾਹੁੰਦਾ ਸੀ ਕਿ ਕੀ ਇਹੋ ਜਿਹੀ ਕੋਈ ਸੁਪਰ ਅਥਾਰਿਟੀ ਹੈ ਜਿਹੜੀ ਲੋਕਾਂ ਕੋਲੋਂ ਇਤਰਾਜ਼ ਮੰਗੇ, ਉਨ੍ਹਾਂ ਦੀਆਂ ਸ਼ਿਕਾਇਤਾਂ ਸੁਣੇ। 1-2 ਪੰਚਾਇਤਾਂ ਇਸ ਤਰ੍ਹਾਂ ਦੀਆਂ ਬਣਾ ਦਿੱਤੀਆਂ ਗਈਆਂ ਜਿਨ੍ਹਾਂ ਨੇ ਕਦੇ ਕੋਈ ਡਿਮਾਂਡ ਹੀ ਨਹੀਂ ਕੀਤੀ। ਥੱਲੇ ਤੋਂ ਕੋਈ ਪੰਚਾਇਤ ਚਲੀ ਬਣਨ ਵਾਸਤੇ ਪਰ ਡੀ.ਡੀ.ਪੀ.ਓ. ਦੇ ਦਫਤਰ ਵਿਚ ਕੋਈ ਹੋਰ ਚਲੀ ਗਈ ਅਤੇ ਜਿਹੜੀ ਬਣ ਕੇ ਚਲੀ ਗਈ, ਉਹ ਕੋਈ ਹੋਰ ਹੈ ਇਸ ਦਾ ਕੀ ਕਾਰਣ ਹੈ। ਜੇ ਇਹੋ ਜਿਹਾ ਕੋਈ ਐਕਟ ਹੀ ਨਹੀਂ, ਕੋਈ ਅਥਾਰਿਟੀ ਹੀ ਨਹੀਂ ਜਿਹੜੀ ਲੋਕਾਂ ਦੀਆਂ ਸ਼ਿਕਾਇਤਾਂ ਸੁਣੇ, ਜੇਕਰ ਕਿਸੇ ਨੂੰ ਕੋਈ ਪੁੱਛਦਾ ਹੀ ਨਹੀਂ ਤਾਂ ਮੈਂ ਸਮਝਦਾ ਹਾਂ ਕਿ ਐਕਟ ਦੇ ਅੰਦਰ ਨਵੀਆਂ ਪੰਚਾਇਤਾਂ ਬਣਾਉਣ ਅਤੇ ਲੋਕਾਂ ਦੀਆਂ ਸ਼ਿਕਾਇਤਾਂ ਰਜਿਸਟਰ ਕਰਨ ਦਾ ਕੀ ਮਤਲਬ ਹੈ? ਜਿਹੜੀਆਂ ਪੰਚਾਇਤਾਂ ਬਣੀਆਂ ਅਤੇ ਜਿਨ੍ਹਾਂ ਨੇ ਅਪਲਾਈ ਕੀਤਾ ਪਰ ਉਹ ਰਸਤੇ ਵਿਚ ਹੀ ਗੁੰਮ ਹੋ ਗਈਆਂ ਤਾਂ ਇਸ ਦਾ ਕੀ ਕਾਰਣ ਹੈ?

ਸ੍ਰੀ ਸਪੀਕਰ : ਡਾਕਟਰ ਸਾਹਿਬ, ਤੁਸੀਂ ਆਪਣੀ ਸਪਲੀਮੈਂਟਰੀ ਵਿਚ ਮੰਤਰੀ ਜੀ ਕੋਲੋਂ ਇਨਫਰਮੇਸ਼ਨ ਲੈਣ ਦੀ ਕੋਸ਼ਿਸ਼ ਨਹੀਂ ਕੀਤੀ, ਇਨਫਰਮੇਸ਼ਨ ਦੇਣ ਦੀ ਕੋਸ਼ਿਸ਼ ਕੀਤੀ ਹੈ.......

ਡਾਕਟਰ ਰਮੇਸ਼ ਦੱਤ : ਇਹ ਜਿਹੜਾ ਜਵਾਬ ਦਿੱਤਾ ਹੈ.. ....

ਸ੍ਰੀ ਸਪੀਕਰ : ਮੈਨੂੰ ਗੱਲ ਪੂਰੀ ਕਰ ਲੈਣ ਦਿਓ।

ਡਾਕਟਰ ਰਮੇਸ਼ ਦੱਤ : ਸਪੀਕਰ ਸਾਹਿਬ, ਪੇਜ-3 ਤੇ ਪਿੰਡ ਝਾਂਡੀਆਂ ਮਾਜਰਾ ਦਾ ਜਵਾਬ ਆਇਆ ਹੈ ......

ਸ੍ਰੀ ਸਪੀਕਰ : ਪਹਿਲਾਂ ਮੇਰੀ ਗੱਲ ਕੰਪਲੀਟ ਹੋ ਲੈਣ ਦਿਓ। ਤੁਸੀਂ ਆਪਣੀ ਸਪਲੀਮੈਂਟਰੀ ਵਿਚ ਇਨਫਰਮੇਸ਼ਨ ਲੈਣ ਦੀ ਨਹੀਂ, ਸਪਲਾਈ ਕਰਨ ਦੀ ਕੋਸ਼ਿਸ਼ ਕੀਤੀ ਹੈ। ਫਿਰ ਵੀ ਮੈਂ ਸਰਦਾਰ ਉਮਰਾਓ ਸਿੰਘ ਜੀ ਨੂੰ ਕਹਾਂਗਾ ਕਿ ਉਹ ਇਸ ਦਾ ਜਵਾਬ ਦੇ ਦੇਣ।

ਮੰਤਰੀ : ਸਪੀਕਰ ਸਾਹਿਬ, ਐਕਟ ਵਿਚ ਅਮੈਂਡਮੈਂਟ ਕੀਤੀ ਗਈ ਸੀ। ਇਸ ਦੇ ਆਧਾਰ ਤੇ ਬਹੁਤ ਸਾਰੀਆਂ ਨਵੀਆਂ ਪੰਚਾਇਤਾਂ ਬਣਾ ਦਿੱਤੀਆਂ ਗਈਆਂ ਸਨ। ਇਹ ਅਮੈਂਡਮੈਂਟ ਇਸ ਕਰਕੇ ਕੀਤੀ ਗਈ ਸੀ ਕਿਉਂਕਿ ਬਹੁਤ ਸਾਰੇ ਪਿੰਡ ਨਵੇਂ ਬਣ ਗਏ ਹਨ, ਬਸਤੀਆਂ ਨਵੀਆਂ ਬਣ ਗਈਆਂ ਹਨ। ਪਹਿਲਾਂ ਐਕਟ ਵਿਚ ਇਹ ਪਰੋਵਿਜ਼ਨ ਸੀ ਕਿ ਜਿਹੜੀ ਪੰਚਾਇਤ ਹੈ, ਇਹ ਹੱਦਬਸਤ ਦੀ ਬਿਨਾਅ ਤੇ ਬਣ ਸਕਦੀ ਹੈ। ਸਾਡੇ ਨੋਟਿਸ ਵਿਚ ਲਿਆਂਦਾ ਗਿਆ, ਮੁੱਖ ਮੰਤਰੀ ਜੀ ਦੇ ਨੋਟਿਸ ਵਿਚ ਲਿਆਂਦਾ ਗਿਆ ਕਿ ਬਹੁਤ ਸਾਰੇ ਪਿੰਡ ਐਸੇ ਹਨ ਜਿਹੜੇ ਕਿ 1-1 ਹਦਬਸਤ ਵਿਚ 2-2 3-3 ਇੰਡੀਪੈਂਡੈਂਟ ਪਿੰਡ ਹਨ, ਇੰਡੀਪੈਂਡੈਂਟ ਬਸਤੀਆਂ ਹਨ ਔਰ ਜਿਸ ਪਿੰਡ ਦਾ ਸਰਪੰਚ ਬਣ ਜਾਂਦਾ ਹੈ, ਦੂਜੇ ਪਿੰਡ ਇਗਨੋਰ ਹੋ ਜਾਂਦੇ ਹਨ। ਐਸੀਆਂ ਰਿਪਰਜ਼ੈਨਟੇਸ਼ਨਜ਼ ਆਈਆਂ। ਉਨ੍ਹਾਂ ਨੂੰ ਲੈ ਕੇ ਇਹ ਫੈਸਲਾ ਕੀਤਾ ਗਿਆ ਕਿ ਪੰਚਾਇਤਾਂ ਦੀਆਂ ਇਲੈਕਸ਼ਨਾਂ ਕਰਵਾਉਣੀਆਂ ਹਨ ਅਤੇ ਨਾਲ ਹੀ

[ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ]

ਨਵੀਆਂ ਪੰਚਾਇਤਾਂ ਬਣਾਉਣ ਵਾਸਤੇ ਵੀ ਕਹਿ ਦਿੱਤਾ ਗਿਆ ਕਿਉਂਕਿ ਇਹ ਡੇਟ ਬਾਊਂਡ **ਇਲੈਕਸ਼ਨਾਂ** ਕਰਵਾਉਣੀਆਂ ਸਨ, ਇਸ ਲਈ ਅਸੀਂ ਕੋਸ਼ਿਸ਼ ਕੀਤੀ ਕਿ ਵਧ ਤੋਂ ਵਧ ਨਵੀਆਂ ਪੰਚਾਇਤਾਂ ਬਣ ਸਕਣ ਮੈਂ ਸਮਝਦਾ ਹਾਂ ਕਿ ਹਾਊਸ ਨੂੰ ਇਸ ਗੱਲ ਦੀ ਪ੍ਰਸ਼ੰਸਾ ਕਰਨੀ ਚਹੀਦੀ ਹੈ ਕਿ ਅਸੀਂ 643 ਦੇ ਕਰੀਬ ਨਵੀਆਂ ਪੰਚਾਇਤਾਂ ਬਣਾਈਆਂ ਜਿਨ੍ਹਾਂ ਨੂੰ ਅੱਗੇ ਕੋਈ ਪੁੱਛਦਾ ਨਹੀਂ ਸੀ । ਮੈਂਬਰ ਸਾਹਿਬ ਨੇ ਜੋ ਕਿਹਾ ਹੈ ਅਤੇ ਜਿਸ ਪਿੰਡ ਨੇ ਇਹ ਕਿਹਾ ਹੈ ਕਿ ਇਥੇ ਗਲਤ ਪੰਚਾਇਤ ਬਣ ਗਈ ਹੈ ਤਾਂ ਉਹ ਸਾਨੂੰ ਲਿਖ ਕੇ ਦੇ ਦੇਣ, ਅਸੀਂ ਉਸ ਨੂੰ ਤੋੜ ਦਿਆਂਗੇ। ਸਾਨੂੰ ਇਸ ਵਿਚ ਕੀ ਇਤਰਾਜ਼ ਹੈ ?

ਸ਼੍ਰੀਮਤੀ ਵਿਮਲਾ ਡਾਂਗ : ਸਪੀਕਰ ਸਾਹਿਬ, ਤਰਨਤਾਰਨ ਦੇ ਲਗਭਗ 40 ਪਿੰਡਾਂ ਦੀਆਂ ਸ਼ਕਾਇਤਾਂ ਸਰਕਾਰ ਕੋਲ ਗਈਆਂ ਸਨ ਅਤੇ ਇਸ ਸਬੰਧ ਵਿਚ ਮੁੱਖ ਮੰਤਰੀ ਜੀ ਨੂੰ ਪਰਸਨਲੀ ਵੀ ਮਿਲੇ ਸੀ। ਉਨ੍ਹਾਂ ਨੇ ਮੰਨ ਲਿਆ ਹੈ ਕਿ ਉਨ੍ਹਾਂ ਪਿੰਡਾਂ ਦੇ ਵਿੱਚ ਬਿਓਰੋਕਰੇਸੀ ਅਤੇ ਪੁਲਿਸ ਦੀ ਰੱਲ ਗੱਡ ਨਾਲ ਨਾਮੀਨੇਸ਼ਨ ਪੇਪਰ ਹੀ ਫਾਈਲ ਨਹੀਂ ਕਰਨ ਦਿੱਤੇ ਔਰ ਪੁਲਿਸ ਚੁੱਕ ਕੇ ਲੈ ਗਈ। ਇਸ ਬਾਰੇ ਸਰਕਾਰ ਕੀ ਕਰ ਰਹੀ ਹੈ। ਇਸ ਬਾਰੇ ਇਕੱਲੇ ਅਸੀਂ ਹੀ ਰੀਪਰਜੈਂਟੇਸ਼ਨ ਨਹੀਂ ਕੀਤੀ, ਕਾਂਗਰਸ ਨੇ ਵੀ ਕੀਤੀ ਹੈ। ਇਸ ਬਾਰੇ ਤਸੱਲੀ ਦਿਵਾਈ ਜਾਵੇ ਕਿ ਸਰਕਾਰ ਕੀ ਕਰ ਰਹੀ ਹੈ।

ਮੰਤਰੀ : ਸਪੀਕਰ ਸਾਹਿਬ, ਇਹ ਸਪੈਸੇਫਿਕ ਏਰੀਏ ਬਾਰੇ ਗੱਲ ਕੀਤੀ ਗਈ ਹੈ । ਇਸ ਏਰੀਆ ਮੁਤੱਲਕ ਜਿੰਨੀਆਂ ਵੀ ਸ਼ਿਕਾਇਤਾਂ ਆਈਆਂ ਹਨ ਉਹ ਅਸੀਂ ਸਾਰੀਆਂ ਉਥੋਂ ਹੀ ਡਿਸਟ੍ਰਿਕਟ ਐਡਮਨਿਸਟਰੇਸ਼ਨ ਨੂੰ, ਡੀ.ਸੀ. ਨੂੰ ਇਨਕੁਆਰੀ ਵਾਸਤੇ ਭੇਜੀਆਂ ਹਨ ਔਰ ਉਸ ਉਤੇ ਉਹ ਯੋਗ ਕਾਰਵਾਈ ਕਰ ਰਹੇ ਹਨ। ਬਹੁਤ ਸਾਰੀਆਂ ਸ਼ਿਕਾਇਤਾਂ ਵਿੱਚ ਅਸੀਂ ਦੇਖਿਆ ਹੈ ਕਿ ਉਹ ਕੇਵਲ ਇਲੈਕਸ਼ਨ ਪਟੀਸ਼ਨ ਵਿੱਚ ਹੀ ਸੁਣੀਆਂ ਜਾ ਸਕਦੀਆਂ ਹਨ। ਕਾਨੂੰਨ ਮੁਤਾਬਿਕ ਇਲੈਕਸ਼ਨ ਪਟੀਸ਼ਨ ਬਗੈਰ ਹੋਰ ਕਿਸੇ ਕੋਲ ਕੋਈ ਅਖਤਿਆਰ ਨਹੀਂ, ਕੋਈ ਅਥਾਰਟੀ ਨਹੀਂ ਹੈ। ਇਸ ਤੋਂ ਇਲਾਵਾ ਅਸੀਂ ਇਹ ਵੀ ਦੇਖਿਆ ਹੈ ਕਿ ਬਹੁਤ ਸਾਰੀਆਂ ਕੰਪਲੇਂਟਸ ਮਿਲੀਆਂ ਹਨ, ਪੁਲਿਸ ਕਰਕੇ ਵੀ ਜਾਂ ਕਿਸੇ ਹੋਰ ਤਰ੍ਹਾਂ ਦੇ ਐਕਸੈਸਿਜ਼ ਦੇ ਸਬੰਧ ਵਿੱਚ ਔਰ ਉਥੇ ਇਲੈਕਸ਼ਨ ਪੋਸਟ-ਪੋਨ ਵੀ ਹੋਈ ਹੈ। ਏਸੇ ਕਰਕੇ ਅਸੀਂ ਰੂਲਜ਼ ਦੇ ਵਿੱਚ ਅਮੈਂਡਮੈਂਟ ਕੀਤੀ ਸੀ ਕਿ ਰੂਲਜ਼ ਦੇ ਵਿੱਚ ਵਿਵਸ਼ਥਾ ਹੋਵੇ ਕਿ ਜਿੱਥੇ ਕਿਤੇ ਕਿਸੇ ਨੂੰ ਡਰਾਇਆ ਗਿਆ, ਧਮਕਾਇਆ ਗਿਆ ਔਰ ਪੇਪਰ ਦੇਣ ਦੀ ਇਜਾਜ਼ਤ ਨਹੀਂ ਦਿੱਤੀ ਗਈ ਉਥੇ ਦੁਬਾਰਾ ਚੋਣ ਹੋ ਸਕਦੀ ਹੈ ਔਰ ਉਹ ਚੋਣ ਰੋਕੀ ਜਾ ਸਕਦੀ ਹੈ ਔਰ ਸਪੀਕਰ ਸਾਹਿਬ ਚੋਣ ਰੋਕੀ ਵੀ ਗਈ ਹੈ। ਜਿੱਥੇ ਕਿਤੇ ਅਜਿਹੀਆਂ ਸ਼ਿਕਾਇਤਾਂ ਆਈਆਂ ਹਨ ਉਨ੍ਹਾਂ ਦੀ ਇਨ-ਕੁਆਰੀ ਹੋਈ ਹੈ, ਔਰ ਉਨ੍ਹਾਂ ਨੂੰ ਇਹ ਵੀ ਕਿਹਾ ਗਿਆ ਹੈ ਕਿ ਉਹ ਬਕਾਇਦਾ ਇਲੈਕਸ਼ਨ ਪਟੀਸ਼ਨ ਕਰ ਲੈਣ ।

ਸਰਦਾਰ ਨਿਰਮਲ ਸਿੰਘ ਨਿੰਮਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ, ਨੇ ਜੋ ਨਵੀਆਂ ਪੰਚਾਇਤਾਂ ਬਣਾਈਆਂ ਹਨ, ਉਨ੍ਹਾਂ ਵਿੱਚ ਜਿਹੜੀ ਵੋਟਰਾਂ ਦੀ ਵੰਡ ਕੀਤੀ ਗਈ ਹੈ। ਮੇਰੇ ਹਲਕੇ ਵਿੱਚ ਇਕ ਪਿੰਡ ਬੀਲ੍ਹਾ ਹੈ ਉਸ ਦੀ ਨਵੀਂ ਪੰਚਾਇਤ ਸਰਬ-ਸੰਮਤੀ ਨਾਲ ਬਣ ਗਈ ਪਰ ਉਥੇ 31 ਵੋਟਾਂ ਜੋ ਹਨ ਉਹ ਪੁਰਾਣੀ ਪੰਚਾਇਤ ਵਿੱਚ ਪਈਆਂ ਹਨ ਜਦੋਂ ਕਿ ਇਕ ਸਰਪੰਚ ਕੇਵਲ 11 ਵੋਟਾਂ ਨਾਲ ਹਾਰਿਆ ? ਕੀ ਮੰਤਰੀ ਸਾਹਿਬ ਜਵਾਬ ਦੇਣਗੇ ਕਿ ਜਿਹੜੀ ਇਹ ਕੱਟ ਵੱਢ ਹੋਈ ਹੈ ਉਹ ਸਹੀ ਤਰੀਕੇ ਨਾਲ ਨਹੀ ਹੋਈ ? ਉਹਦੇ ਨਾਲ ਜ਼ਿੰਮੇਵਾਰ ਅਫ਼ਸਰਾਂ ਦੇ ਖਿਲਾਫ ਇਸ ਬਾਰੇ ਕੋਈ ਕਾਰਵਾਈ ਕਰਨਗੇ ?

ਸ੍ਰੀ ਸਪੀਕਰ : ਨਿਮਾਂ ਜੀ, ਇਹ ਸਪੈਸੇਫਿਕ ਸਪਲੀਮੈਂਟਰੀ ਨਹੀਂ ਹੈ। ਤੁਸੀਂ ਇਸਦਾ ਸੈਪਰੇਟ ਨੋਟਿਸ ਦੇ ਦਿਓ ਇਸ ਦਾ ਜਵਾਬ ਮੰਤਰੀ ਜੀ ਦੇ ਦੇਣਗੇ।

ਸ੍ਰੀ ਮਦਨ ਮੋਹਨ ਮਿੱਤਲ : ਸਰ, ਮੇਰੀ ਸਪਲੀਮੈਂਟਰੀ ਇਹ ਹੈ ਕਿ ਮੰਤਰੀ ਜੀ ਨੇ ਜੋ ਪੰਚਾਇਤਾਂ ਨਵੀਆਂ ਬਣਾਈਆਂ ਹਨ ਉਨ੍ਹਾਂ ਦੀ ਡੀਟੇਲ ਦਿੱਤੀ ਹੈ ਪਰ ਮੈਂ ਸਪੀਕਰ ਸਾਹਿਬ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਜੋ ਪਿੰਡ ਰਿਕਮੈਂਡ ਹੋਕੇ ਆਏ ਸੀ ਤਖਤਗੜ੍ਹ ਦਾ ਕੇਸ ਹੈ ਉਹ ਢਾਹ ਪੱਤੀ ਦਾ ਨਹੀਂ ਸੀ ਬਲਕਿ ਬਸਤੀ ਢਾਹ ਦਾ ਸੀ ਪਰ ਪੰਚਾਇਤ ਨਵੀਂ ਜੋ ਬਣਾਈ ਹੈ ਜੋ ਉਹ ਬਸਤੀ ਢਾਹ ਦੀ ਬਜਾਏ ਢਾਹ ਪੱਤੀ ਦੀ ਬਣਾਈ ਹੈ। ਕੀ ਮੰਤਰੀ ਜੀ ਦੱਸਣਗੇ, ਕਿ ਇਹ ਕਿਉਂ ਬਣਾਈ ਗਈ ? ਇਸੇ ਤਰ੍ਹਾਂ ਹੀ ਝਾਡੀਆਂ ਪਿੰਡ ਵਿੱਚ ਕੋਈ ਰਿਕੁਐਸਟ ਵੀ ਨਹੀਂ ਸੀ ਕਿ ਝਾਡੀਆਂ ਪਿੰਡ ਦੀ ਪੰਚਾਇਤ ਬਣਾ ਦਿੱਤੀ ਜਾਵੇ (ਵਿਘਨ) ਸਰ, ਇਹ ਡੀਟੇਲ ਆਈ ਹੋਈ ਹੈ।

ਸ੍ਰੀ ਸਪੀਕਰ : ਮਿੱਤਲ ਜੀ, ਇਸ ਬਾਰੇ ਤੁਸੀਂ ਸੈਪਰੇਟ ਕੁਐਸਚਨ ਕਰ ਲਓ।

ਸਰਦਾਰ ਦਰਸ਼ਨ ਸਿੰਘ ਬਰਾੜ : ਸਤਿਕਾਰ ਯੋਗ ਸਪੀਕਰ ਸਾਹਿਬ ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜੋ ਨਾਮੀਨੇਸ਼ਨ ਪੇਪਰ ਸਰਪੰਚਾਂ ਦੇ ਆਏ ਸੀ ਉਹ ਪਾਸ ਕਰ ਦਿੱਤੇ ਗਏ ਸੀ ਲੇਕਨ ਹੁਣ ਬੀ.ਡੀ.ਓ. ਸਾਹਿਬ ਉਹ ਨਾਲੋਂ ਲਾਹ ਕੇ ਸਰਪੰਚਾਂ ਨੂੰ ਸਸਪੈਂਡ ਕਰੀ ਜਾ ਰਹੇ ਹਨ ? ਕੀ ਬੀ.ਡੀ.ਓਜ਼. ਨੂੰ ਇਹ ਅਖਤਿਆਰ ਹੈ ਕਿ ਉਹ ਇਸ ਨੂੰ ਸਸਪੈਂਡ ਕਰ ਸਕਦਾ ਹੈ ਜਿਹੜਾ ਕਿ ਵੋਟਾਂ ਨਾਲ ਬਣਿਆ ਹੈ। ਉਹ ਅਜਿਹਾ ਕਿਉਂ ਕਰ ਰਹੇ ਹਨ ?

ਮੰਤਰੀ : ਸਪੀਕਰ ਸਾਹਿਬ, ਓਥ ਫਾਰਮ, ਨਾਮੀਨੇਸ਼ਨ ਫਾਰਮ ਦੇ ਉਤੇ ਹੀ ਛਪਿਆ ਹੋਇਆ ਹੈ ਜਿੱਥੋਂ ਤੱਕ ਕਿਸੇ ਬਣੇ ਸਰਪੰਚ ਨੂੰ ਸਸਪੈਂਡ ਕਰਨ ਦਾ ਸਵਾਲ ਹੈ ਬੀ.ਡੀ.ਓ. ਨੂੰ ਇਸ ਦਾ ਕੋਈ ਅਖਤਿਆਰ ਨਹੀਂ ਹੈ। ਜੇਕਰ ਕੋਈ ਅਜਿਹੀ ਕੰਪਲੇਟ ਹੈ ਤਾਂ ਉਹ ਹਾਇਰ ਲੈਵਲ ਤੇ ਸੁਣੀ ਜਾ ਰਹੀ ਹੈ ਪਰ ਬੀ.ਡੀ.ਓ. ਨੂੰ ਇਸ ਦਾ ਕੋਈ ਅਖਤਿਆਰ ਨਹੀਂ ਹੈ।

ਸ੍ਰੀ ਮਦਨ ਮੋਹਨ ਮਿੱਤਲ : ਸਰ ਮੇਰੀ ਸਪਲੀਮੈਂਟਰੀ ਇਹ ਹੈ ਕਿ ਤਖਤਗੜ੍ਹ ਦੀ ਜੋ ਰੀਕੁਐਸਟ ਕੀਤੀ ਗਈ ਸੀ ਇਹ ਬਸਤੀ ਢਾਹ ਦੀ ਕੀਤੀ ਗਈ ਸੀ ਔਰ ਇਨ੍ਹਾਂ ਨੇ ਪੰਚਾਇਤ ਬਣਾ ਦਿੱਤੀ ਢਾਹ ਪੱਤੀ ਦੀ, ਇਸ ਦੇ ਕੀ ਕਾਰਨ ਹਨ। ਏਸੇ ਤਰੀਕੇ ਦੇ ਨਾਲ ਪਿੰਡ ਝਾਂਡੀਆਂ ਅਤੇ ਝਾਡੀਆਂ ਮਜਾਰਾ ਦੀ ਕੋਈ ਰੀਕੁਐਸਟ ਵੀ ਨਹੀਂ ਸੀ ਔਰ ਉਹ ਇਸ ਕਰਕੇ ਬਣਾ ਦਿੱਤੀ ਗਈ ਹੈ ਕਿਉਂਕਿ 750 ਏਕੜ ਜ਼ਮੀਨ ਅਲੱਗ ਕਰ ਦਿੱਤੀ ਹੈ, ਉਹ ਜੰਗਲਾਤ ਸੀ ਉਸ ਨੂੰ ਲੈਣ ਵਾਸਤੇ ਉਸ ਨੂੰ ਆਊਟ ਕਰਵਾ ਦਿੱਤਾ ਹਾਲਾਂ ਕਿ ਪਿੰਡ ਵਾਲਿਆਂ ਵੱਲੋਂ ਇਸ ਵਾਸਤੇ ਕੋਈ ਡੀਮਾਂਡ ਵੀ ਨਹੀਂ ਸੀ। ਕੀ ਮੰਤਰੀ ਜੀ ਦੱਸਣਗੇ ਕਿ ਕੀ ਐਮਰਜੰਸੀ ਸੀ ਜਾਂ ਕੀ ਇਸ ਜੰਗਲਾਤ ਦੀ ਆਮਦਨ ਨੂੰ ਕਿਸੇ ਪਰਟੀਕੁਲਰ ਕਮਿਊਨਿਟੀ ਨੂੰ ਫਾਇਦਾ ਪਹੁੰਚਾਉਣ ਵਾਸਤੇ ਜਾਂ ਕੋਈ ਡਿਪਾਰਟਮੈਂਟਲ ਮਿਲੀਭੁਗਤ ਤਾਂ ਵਿੱਚ ਨਹੀਂ ਹੈ। ਅਗਰ ਹੈ ਤਾਂ ਕੀ ਮੰਤਰੀ ਜੀ ਇਸ ਦੀ ਇਨਕੁਆਇਰੀ ਕਰਵਾਉਣਗੇ ?

ਸ੍ਰੀ ਸਪੀਕਰ : ਮਿੱਤਲ ਜੀ, ਚਾਰਜ ਤਾਂ ਇਲ-ਫਾਊਂਡ ਹੈ। ਪਰ ਜਿਹੜੀ ਤੁਸੀਂ ਇਨਫਰਮੇਸ਼ਨ ਮੰਗੀ ਹੈ ਜੇਕਰ ਉਹ ਸਰਦਾਰ ਉਮਰਾਓ ਸਿੰਘ ਪਾਸ ਹੋਵੇ ਤਾਂ ਉਹ ਦੱਸ ਦੇਣ।

ਮੰਤਰੀ : ਜਿਹੜੀਆਂ ਪੰਚਾਇਤਾਂ ਨਵੀਆਂ ਬਣੀਆਂ ਹਨ, ਉਨ੍ਹਾਂ ਦੀ ਨੋਟੀਫਿਕੇਸ਼ਨ ਇਕ ਹਫਤਾ ਪਹਿਲਾਂ ਕੀਤੀ ਗਈ ਸੀ ਕਿ ਇਨ੍ਹਾਂ ਪੰਚਾਇਤਾਂ ਦੀਆਂ ਇਲੈਕਸ਼ਨਾਂ ਹੋਣੀਆਂ ਹਨ। ਉਸ ਨੋਟੀਫਿਕੇਸ਼ਨ ਦੇ ਮੁਤਾਬਿਕ ਕਿਸੇ ਨੂੰ ਕੋਈ ਇਤਰਾਜ ਹੋ ਸਕਦਾ ਸੀ ਕਿ ਕਿਸੇ ਪੰਚਾਇਤ ਦਾ ਨਾਂ ਗਲਤ ਛਪ ਗਿਆ

[ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ]

ਹੈ ਤਾਂ ਉਹ ਨੋਟਿਸ ਵਿੱਚ ਲਿਆ ਸਕਦਾ ਸੀ। ਕੁਝ ਪਿੰਡਾਂ ਦੀਆਂ ਪੰਚਾਇਤਾਂ ਦੇ ਕੋਈ ਨੋਟਿਸ ਆਏ ਵੀ ਸਨ। ਮਿਸਾਲ ਵਜੋਂ ਤਹਿਸੀਲ ਸਮਰਾਲਾ ਵਿੱਚ ਇਕ ਪਿੰਡ ਰਹਿ ਗਿਆ ਸੀ, ਉਸ ਦਾ ਨਾਂ ਦੁਬਾਰਾ ਇਨਕਲੂਡ ਕਰਵਾਇਆ ਗਿਆ। ਨੋਟੀਫਿਕੇਸ਼ਨ ਦੇ ਮੁਤਾਬਿਕ ਹੀ ਸਾਰੀਆਂ ਪੰਚਾਇਤਾਂ ਦੀਆਂ ਦੀਆਂ ਇਲੈਕਸ਼ਨਾਂ ਕਰਵਾਈਆਂ ਗਈਆਂ ਹਨ।

ਸ਼੍ਰੀ ਵਿਜੇ ਕੁਮਾਰ ਸਾਥੀ, ਐਡਵੋਕੇਟ : ਸਪੀਕਰ ਸਾਹਿਬ, ਸਾਡੇ ਵੱਲ ਵੀ ਵੇਖਿਆ ਕਰੋ।

ਸ਼੍ਰੀ ਸਪੀਕਰ : ਸਾਥੀ ਜੀ, ਮੈਂ ਤੁਹਾਡੇ ਵੱਲ ਹੀ ਵੇਖ ਰਿਹਾ ਹਾਂ। ਤੁਸੀਂ ਸਾਖਸ਼ਾਤ ਰੂਪ ਵਿੱਚ ਖੜ੍ਹੇ ਹੋ। ਕਿਰਪਾ ਕਰਕੇ ਬੈਠ ਜਾਓ।

ਸ਼੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਕੱਲ ਮੰਤਰੀ ਜੀ ਨੇ ਕਿਹਾ ਸੀ that there was no procedure laid down in the Bill and no objections were invited. If any body had the objection, he could raise the objection. The notification was received a fortnight back and by then elections had already been concluded.

ਮੰਤਰੀ : ਸਪੀਕਰ ਸਾਹਿਬ, ਸ਼ਾਇਦ ਮਿੱਤਲ ਸਾਹਿਬ ਸਮਝ ਨਹੀਂ ਸਕੇ। ਜਦੋਂ ਪੰਚਾਇਤਾਂ ਦੀਆਂ ਇਲੈਕਸ਼ਨਾਂ ਬਾਰੇ ਨੋਟੀਫਿਕੇਸ਼ਨ ਕੀਤਾ ਗਿਆ ਸੀ ਤਾਂ ਜਿਹੜੇ ਇਤਰਾਜ ਮੰਗੇ ਗਏ ਸੀ ਉਹ ਇਹ ਸਨ ਕਿ ਕੋਈ ਕਲੈਰੀਕਲ ਮਿਸਟੇਕ ਤਾਂ ਨਹੀਂ ਹੋ ਗਈ ਜਾਂ ਕੋਈ ਉਮਿਸ਼ਨ ਰਹਿ ਗਈ ਹੋਵੇ ਆਫਟਰ-ਆਲ 11500 ਪੰਚਾਇਤਾਂ ਦੀਆਂ ਇਲੈਕਸ਼ਨਾਂ ਕਰਵਾਈਆਂ ਜਾਣੀਆਂ ਸਨ। ਕਈ ਪੰਚਾਇਤਾਂ ਵਿੱਚ 2 ਜਾਂ 3 ਪਿੰਡ ਵੀ ਹਨ। ਇਹ ਨੋਟੀਫਿਕੇਸ਼ਨਾਂ ਡੀ.ਸੀ. ਦੇ ਲੈਵਲ ਤੋਂ ਹੋਈਆਂ ਹਨ। ਜੇਕਰ ਉਨ੍ਹਾਂ ਨੋਟੀਫਿਕੇਸ਼ਨਾਂ ਵਿੱਚ ਕੋਈ ਓਮਿਸ਼ਨ ਰਹਿ ਗਈ ਹੋਵੇ ਤਾਂ ਉਸ ਬਾਰੇ ਨੋਟਿਸ ਵਿੱਚ ਲਿਆਂਦਾ ਜਾ ਸਕਦਾ ਸੀ ਤਾਂ ਕਿ ਅਸੀਂ ਵੱਧ ਤੋਂ ਵੱਧ ਦਰੁਸਤੀ ਕਰਕੇ ਇਲੈਕਸ਼ਨਾਂ ਕਰਵਾ ਸਕੀਏ। ਬਾਕੀ ਜੇਕਰ ਇਨ੍ਹਾਂ ਦਾ ਕੋਈ ਪੰਚ ਜਾਂ ਸਰਪੰਚ ਨਹੀਂ ਚੁਣਿਆ ਜਾਂ ਸਕਿਆ ਤਾਂ ਉਸ ਦਾ ਤਾਂ ਕੋਈ ਇਲਾਜ ਨਹੀਂ ਹੈ।

ਸ਼੍ਰੀ ਸਪੀਕਰ : ਇਹ ਜਿਹੜਾ ਸਵਾਲ ਤੁਹਾਡੇ ਸਾਹਮਣੇ ਰੱਖਿਆ ਹੈ, ਇਸ ਉਤੇ ਮੈਂ ਬਹੁਤ ਸਾਰੀਆਂ ਸਪਲੀਮੈਂਟਰੀਜ਼ ਅਲਾਓ ਕੀਤੀਆਂ ਹਨ। ਸਾਥੀ ਜੀ, ਟੂ ਦੀ ਪੁਆਇੰਟ ਹੀ ਬੋਲਣਾ।

ਸ਼੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ: ਧੰਨਵਾਦ, ਸਪੀਕਰ ਸਾਹਿਬ, ਟੂ ਦੀ ਪੁਆਇੰਟ ਹੀ ਬੋਲਾਂਗਾ। ਮੰਤਰੀ ਜੀ ਨੇ ਇਤਰਾਜ਼ਾਂ ਦੇ ਬਾਰੇ ਤਸੱਲੀ ਕਰਵਾਈ ਹੈ, ਸਫਾਈ ਦਿੱਤੀ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਪੰਚ ਅਤੇ ਸਰਪੰਚ ਚੁਣੇ ਗਏ ਅਤੇ ਚੁਣੇ ਜਾਣ ਤੋਂ ਬਾਅਦ ਉਨ੍ਹਾਂ ਨੇ ਸਰਕਾਰੀ ਫੰਕਸ਼ਨਾਂ ਵਿਚ ਓਥ ਵੀ ਲੈ ਲਈ। ਪਰੰਤੂ ਹੁਣ ਉਨ੍ਹਾਂ ਦੇ ਨਾਂ ਪੰਚੀ ਅਤੇ ਸਰਪੰਚੀ ਵਿਚੋਂ ਕੱਢੇ ਜਾ ਰਹੇ ਹਨ ਅਤੇ ਉਨ੍ਹਾਂ ਦੀ ਜਗ੍ਹਾ ਹੋਰ ਲਏ ਜਾ ਰਹੇ ਹਨ। ਕੀ ਮੰਤਰੀ ਜੀ ਇਸ ਬਾਰੇ ਕੁਝ ਸਫਾਈ ਪੇਸ਼ ਕਰਨਗੇ ?

ਸ਼੍ਰੀ ਸਪੀਕਰ : ਸਾਥੀ ਜੀ, ਇਹ ਕੋਈ ਸਪੈਸੀਫਿਕ ਸੈਪਲੀਮੈਂਟਰੀ ਨਹੀਂ ਬਣਦੀ। I have not allowed it.

ਸਰਦਾਰ ਜਗਤਾਰ ਸਿੰਘ ਮੁਲਤਾਨੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਨਵੀਆਂ ਪੰਚਾਇਤਾਂ ਬਣੀਆਂ ਹਨ ਅਤੇ ਕੁਝ ਛੋਟੀਆਂ ਮੋਟੀਆਂ ਗਲਤੀਆਂ ਜਾਂ ਖਾਮੀਆਂ ਕਾਰਨ ਬਣਨੋਂ ਰਹਿ ਗਈਆਂ ਹਨ ਜਾਂ ਥੋੜ੍ਹੀਆਂ ਬਹੁਤੀਆਂ ਐਕਟ ਦੀਆਂ

ਕਮੀਆਂ ਕਾਰਨ ਰਹਿ ਗਈਆਂ ਹਨ, ਉਨ੍ਹਾਂ ਨੂੰ ਬਣਾਉਣ ਬਾਰੇ ਕਦੋਂ ਸੋਚਿਆ ਜਾਵੇਗਾ। ਮਸਲਨ ਜਿਵੇਂ ਕਿਸੇ ਪਿੰਡ ਦੀ ਅਬਾਦੀ 200 ਦੀ ਥਾਂ 190 ਹੈ ਜਾਂ 225 ਦੀ ਥਾਂ 150 ਹੈ, ਉਥੇ ਪੰਚਾਇਤਾਂ ਕਦੋਂ ਤੱਕ ਬਣਾ ਦਿੱਤੀਆਂ ਜਾਣਗੀਆਂ ?

ਮੰਤਰੀ : ਅਸੀਂ ਇਕ ਟਾਈਮ-ਬਾਉਂਡ ਸਮਾਂ ਦਿੱਤਾ ਸੀ। ਉਸ ਸਮੇਂ ਵਿੱਚ ਜਿਹੜੀਆਂ ਬੇਨਤੀਆਂ ਆਈਆਂ ਅਤੇ ਉਨ੍ਹਾਂ ਵਿਚੋਂ ਜਿਹੜੀਆਂ ਇਲੀਜੀਬਲ ਸਨ, ਉਨ੍ਹਾਂ ਨੂੰ ਬਣਾ ਦਿੱਤਾ ਗਿਆ। ਐਕਟ ਵਿੱਚ ਅਜੇ ਵੀ ਪ੍ਰੋਵੀਜਨ ਹੈ, ਉਹ ਅਸੀਂ ਬਾਅਦ ਵਿੱਚ ਵੇਖਾਂਗੇ। ਕਿਉਂਕਿ ਹੁਣ ਪੰਚਾਇਤ ਸੰਮਤੀਆਂ ਦੀਆਂ ਚੋਣਾਂ ਕਰਵਾਉਣੀਆਂ ਹਨ। ਜੇਕਰ ਅਸੀਂ ਇਸੇ ਤਰ੍ਹਾਂ ਹੀ ਇਸ ਕੰਮ ਵਿੱਚ ਰਹੇ ਤਾਂ ਫਿਰ ਅਸੀਂ ਸੰਮਤੀਆਂ ਦੀਆਂ ਚੋਣਾਂ ਨਹੀਂ ਕਰਵਾ ਕੇ ਸਕਾਂਗੇ। ਨਵੀਆਂ ਪੰਚਾਇਤਾਂ ਦੇ ਬਾਰੇ ਕਿਸੇ ਵੀ ਵਕਤ ਵਿਚਾਰਿਆ ਜਾ ਸਕਦਾ ਹੈ।

ਰਾਜ ਵਿਚ ਫਸਲ ਬੀਮਾ ਲਈ ਨਵੀਂ ਸਕੀਮ ਤਿਆਰ ਕਰਨਾ

*772. 1. **ਕਾਮਰੇਡ ਹਰਦੇਵ ਸਿੰਘ ਅਰਸ਼ੀ**
2. **ਸ਼੍ਰੀਮਤੀ ਵਿਮਲਾ ਡਾਂਗ** } : ਖੇਤੀਬਾੜੀ ਅਤੇ ਜੰਗਲਾਤ ਮੰਤਰੀ

ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਰਾਜ ਵਿਚ ਫਸਲ ਬੀਮਾ ਨੀਤੀ ਸ਼ੁਰੂ ਕਰਨ ਦਾ ਵਿਚਾਰ ਰੱਖਦੀ ਹੈ ; ਜੇਕਰ ਅਜਿਹਾ ਹੋਵੇ, ਤਾਂ ਇਸ ਨੂੰ ਅੰਤਮ ਰੂਪ ਕਦੋਂ ਤੱਕ ਦਿੱਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਦਿਲਬਾਗ ਸਿੰਘ ਨਵਾਂ ਸ਼ਹਿਰ : ਸਪੀਕਰ ਸਾਹਿਬ ਮੈਂ ਫਸਲ ਬੀਮਾ ਸਕੀਮ ਦੇ ਮੁਤੱਲਕ ਦੱਸਣਾ ਚਾਹੁੰਦਾ ਹਾਂ ਕਿ ਇਹ ਸਕੀਮ ਵਿਚਾਰ ਅਧੀਨ ਹੈ, ਲੇਕਿਨ ਇਸ ਤੇ ਅੱਜੇ ਕੋਈ ਕਾਰਵਾਈ ਨਹੀਂ ਕੀਤੀ। ਭਾਰਤ ਸਰਕਾਰ ਨੇ ਪੰਜ ਮਾਰਚ, 1993 ਨੂੰ ਦਿੱਲੀ ਵਿਖੇ ਵੀ ਇਸ ਗੱਲ ਤੇ ਮੁੱਖ ਮੰਤਰੀਆਂ ਦੀ ਕਾਨਫਰੰਸ ਵਿੱਚ ਵਿਚਾਰ ਕੀਤੀ ਹੈ ਔਰ ਸਾਡੇ ਪੰਜਾਬ ਦੇ ਹਾਲਾਤ ਵੀ ਐਸੇ ਹਨ ਕਿ ਕਿਸੇ ਜਗਾ ਇਹ ਕਰਾਉਣਾ ਜ਼ਰੂਰੀ ਹੈ ਅਤੇ ਕਈ ਥਾਵਾਂ ਤੇ ਜ਼ਰੂਰੀ ਨਹੀਂ। ਜਿਹੜਾ ਫੈਸਲਾ ਭਾਰਤ ਸਰਕਾਰ **ਕਰੇਗੀ** ਉਸਦੀ ਰੋਸ਼ਨੀ ਵਿੱਚ ਅਸੀਂ ਵੀ ਇਸ ਮਾਮਲੇ ਨੂੰ ਕਨਸਿਡਰ ਕਰਾਂਗੇ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ ਮੈਂ ਤੁਹਾਡੇ ਰਾਹੀਂ ਪਹਿਲਾਂ ਤਾਂ ਧੰਨਵਾਦੀ ਹਾਂ ਮਾਨਯੋਗ ਮੰਤਰੀ ਸਾਹਿਬ ਦਾ ਕਿ ਇਨ੍ਹਾਂ ਨੇ ਉਤਰ ਵਿੱਚ ਕਿਹਾ ਹੈ ਕਿ ਇਹ ਸਕੀਮ ਵਿਚਾਰ ਅਧੀਨ ਹੈ। ਕਿਉਂਕਿ ਮਾਮਲਾ ਬੜਾ ਗੰਭੀਰ ਹੈ ਅਤੇ ਕੀ ਵਿਚਾਰ ਕਰਨ ਲਈ ਇਸ ਤੇ ਜ਼ਿਆਦਾ ਸਮਾਂ ਸਾਲ ਹੀ ਤਾਂ ਨਹੀਂ ਬੀਤ ਜਾਣਗੇ? ਇਸ ਸਕੀਮ ਦੀ ਮੰਗ ਇੱਕ ਪਾਰਟੀ ਵੱਲੋਂ ਨਹੀਂ ਬਲਕਿ ਸਾਰੀਆਂ ਪਾਰਟੀਆਂ ਸਮੇਤ ਕਾਂਗਰਸ (ੲ) ਦੀ ਅਤੇ ਕਿਸਾਨ ਜਥੇਬੰਦੀਆਂ ਵੱਲੋਂ ਲਗਾਤਾਰ ਕੀਤੀ ਜਾ ਰਹੀ ਹੈ ਕਿ ਫਸਲ ਬੀਮਾ ਸਕੀਮ ਲਾਗੂ ਕਰੋ। ਜੇਕਰ ਇਹ ਸਕੀਮ ਵਿਚਾਰ ਅਧੀਨ ਹੈ ਤਾਂ ਕੀ ਮੰਤਰੀ ਜੀ ਦੱਸਣਗੇ ਕਿ ਇਸ ਨੂੰ ਲਾਗੂ ਕਰਨ ਵਿਚ ਕਿੰਨਾ ਸਮਾਂ ਲਗੇਗਾ ? ਫੌਰੀ ਤੌਰ ਤੇ ਸਾਰੀ ਜਥੇਬੰਦੀਆਂ ਅਤੇ ਕਿਸਾਨ ਜਥੇਬੰਦੀ ਨੂੰ ਭਰੋਸੇ ਵਿੱਚ ਲੈ ਕੇ ਇਸ ਨੂੰ ਪਹਿਲ ਦੇ ਆਧਾਰ ਤੇ ਲਾਗੂ ਕੀਤਾ ਜਾਣਾ ਚਾਹੀਦਾ ਹੈ ?

ਮੰਤਰੀ : ਸਪੀਕਰ ਸਾਹਿਬ, ਮੈਂ ਬੜਾ ਸਾਫ ਦੱਸਿਆ ਹੈ ਕਿ ਸੈਂਟਰ ਗੌਰਮਿੰਟ ਇਹ ਸਕੀਮ ਟੇਕ-ਅੱਪ ਕਰ ਰਹੀ ਹੈ ਜਨਰਲ ਇੰਸ਼ੋਰੈਂਸ ਕੰਪਨੀ ਦੇ ਨਾਲ। ਉਨ੍ਹਾਂ ਦੀ ਕੋਈ ਸਕੀਮ ਆਉਣ ਤੋਂ ਬਾਅਦ ਅਸੀਂ ਵੀ ਚਾਹੁੰਦੇ ਹਾਂ ਕਿ ਇਹ ਸਕੀਮ ਲਾਗੂ ਹੋ ਜਾਵੇ ਲੇਕਿਨ ਪੰਜਾਬ ਵਿੱਚ ਬਹੁਤ

[ਖੇਤੀਬਾੜੀ ਅਤੇ ਜੰਗਲਾਤ ਮੰਤਰੀ]

ਸਮੱਸਿਆਵਾਂ ਨਹੀਂ, ਇੱਥੇ ਕੇਵਲ ਗੜ੍ਹਿਆਂ ਦੀ ਜਾਂ ਪਾਣੀ ਦੀ ਪ੍ਰਾਬਲਮ ਹੈ। ਦੂਜੇ ਸੂਬਿਆਂ ਵਿੱਚ ਬਹੁਤ ਜ਼ਿਆਦਾ ਪ੍ਰਾਬਲਮਾਂ ਹਨ। ਇਸਦੇ ਨਾਲ ਹੀ ਜਿਮੀਦਾਰਾਂ ਤੇ ਵੀ ਮਾਲੀ ਬੋਝ ਪਵੇਗਾ, ਇਹ ਬਹੁਤ ਸਾਰੀਆਂ ਚੀਜ਼ਾਂ ਵੇਖਣ ਵਾਲੀਆਂ ਹਨ। ਇਹ ਵੀ ਕੋਈ ਨਹੀਂ ਕਿ ਕੋਈ ਕਰਾਉਣਾ ਚਾਹੇ ਤਾਂ ਕਰਵਾ ਲਵੇ ਅਗਰ ਕੋਈ ਨਹੀਂ ਚਾਹੁੰਦਾ ਤਾਂ ਨਾ ਕਰਵਾਏ। ਸੈਂਟਰ ਗੌਰਮਿੰਟ ਦੀ ਸਕੀਮ ਆਉਣ ਤੋਂ ਬਾਅਦ ਹੀ ਕੋਈ ਕਾਰਵਾਈ ਹੋ ਸਕਦੀ ਹੈ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ ਮੈਂ ਮੰਤਰੀ ਜੀ ਤੋਂ ਸਿਰਫ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਸਾਨੂੰ ਕੋਈ ਫਾਈਨਾਂਸ਼ੀਅਲ ਪ੍ਰਾਬਲਮ ਹੋ ਸਕਦੀ ਹੈ ਕਿ ਜਿਮੀਦਾਰ ਫਸਲਾਂ ਦਾ ਬੀਮਾਂ ਕਰਾਉਣ ਲਈ ਤਿਆਰ ਹੋਣਗੇ ਜਾਂ ਨਹੀਂ। ਜੇ ਮੰਡੀਕਰਨ ਬੋਰਡ ਜਿਸਦੇ ਕੋਲ ਕਰੋੜਾਂ ਰੁਪਿਆ ਹੈ ਅਤੇ ਉਹ ਵੀ ਕਿਸਾਨਾਂ ਤੋਂ ਹੀ ਕਿਸੇ ਨਾ ਕਿਸੇ ਰੂਪ ਵਿੱਚ ਇਕੱਠਾ ਕੀਤਾ ਹੋਇਆ ਹੈ, ਕੀ ਇਹ ਵੀ ਸੋਚਿਆ ਜਾ ਸਕਦਾ ਹੈ ਕਿ ਇੰਨਸੋਰੈਂਸ ਦੀ ਰਕਮ ਮੰਡੀਕਰਨ ਬੋਰਡ ਵੱਲੋਂ ਅਦਾ ਕਰ ਦਿਤੀ ਜਾਇਆ ਕਰੇ ?

ਮੰਤਰੀ : ਸਪੀਕਰ ਸਾਹਿਬ ਮੈਂ ਦੱਸਿਆ ਹੈ ਕਿ ਪੰਜਾਬ ਵਿੱਚ ਇੱਕੋ ਇੱਕ ਮੰਡੀਕਰਨ ਬੋਰਡ ਹੈ ਜੋ ਜਿਮੀਦਾਰਾਂ ਦੀ ਮੱਦਦ ਕਰ ਰਿਹਾ ਹੈ ਅਤੇ ਉਨ੍ਹਾਂ ਦੀ ਸੜਕਾਂ ਬਣਾਉਣ, ਉਨ੍ਹਾਂ ਦੇ ਐਕਸੀਡੈਂਟ ਦੇ ਕਲੇਮ ਕਵਰ ਕਰਦਾ ਹੈ, ਜੇ ਕਿਸੇ ਦਾ ਹੱਥ ਕੱਟਿਆ ਜਾਵੇ ਤਾਂ ਉਸਨੂੰ ਪੈਸੇ ਦਿੰਦਾ ਹੈ, ਮੰਡੀਆਂ ਬਣਾਉਂਦਾ ਹੈ, ਪਾਣੀ ਪਿਲਾਉਂਦਾ ਹੈ ਅਤੇ ਬਿਜਲੀ ਦਾ ਪ੍ਰਬੰਧ ਕਰਾਉਂਦਾ ਹੈ। ਕਿਸਾਨਾਂ ਦੇ ਜੋ ਬੱਚੇ ਯੂਨੀਵਰਸਿਟੀ ਪੜ੍ਹਣ ਲਈ ਜਾਂਦੇ ਹਨ ਉਨ੍ਹਾਂ ਨੂੰ ਵਿੱਤੀ ਸਹਾਇਤਾ ਦਿੰਦਾ ਹੈ, ਇਨ੍ਹਾਂ ਖਰਚਿਆਂ ਤੋਂ ਇਲਾਵਾ, ਇਸ ਸਕੀਮ ਦਾ ਬੋਝ ਵੀ ਇਸ ਮੰਡੀਕਰਨ ਬੋਰਡ ਤੇ ਪਾਉਣਾ ਠੀਕ ਨਹੀਂ ਹੈ। ਸੈਂਟਰ ਗੌਰਮਿੰਟ ਵੱਲੋਂ ਇਸ ਸਕੀਮ ਨੂੰ ਲਾਗੂ ਕੀਤੇ ਜਾਣ ਉਪਰੰਤ ਹੀ ਪੰਜਾਬ ਸਰਕਾਰ ਵਲੋਂ ਫੈਸਲਾ ਲਿਆ ਜਾਵੇਗਾ।

ਡਾਕਟਰ ਹਰਬੰਸ ਲਾਲ : ਮਾਨਯੋਗ ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਜੀ ਤੋਂ ਪੁਛਣਾ ਚਾਹੁੰਦਾ ਹਾਂ ਕਿ ਪਿੰਡਾਂ ਵਿੱਚ ਬਿਜਲੀ ਦੇ ਕੁਨੈਕਸ਼ਨ ਦੇਣ ਲਈ ਜਿਹੜੀਆਂ ਤਾਰਾਂ ਖੇਤਾਂ ਵਿਚੋਂ ਦੀਆਂ ਲੰਘਦੀਆਂ ਹਨ ਅਤੇ ਕਈ ਵੇਰ ਉਨ੍ਹਾਂ ਦੇ ਸਰਕਟ ਫੇਲ੍ਹ ਹੋ ਜਾਣ ਕਾਰਨ ਜਾਂ ਸਰਕਟ-ਸ਼ਾਰਟ ਹੋ ਜਾਣ ਕਾਰਨ ਕਈ ਵੇਰ ਫਸਲਾਂ ਨੂੰ ਅੱਗ ਲੱਗ ਜਾਂਦੀ ਹੈ ਅਤੇ ਤਬਾਹ ਹੋ ਜਾਂਦੀਆਂ ਹਨ, ਉਨ੍ਹਾਂ ਕਿਸਾਨਾਂ ਦੇ ਕਲੇਮ ਦਾ ਕੀ ਬਣਦਾ ਹੈ? ਜਦ ਕਿ ਇਹ ਵੀ ਸਿੱਧ ਹੋ ਜਾਂਦਾ ਹੈ ਕਿ ਅੱਗ ਸ਼ਾਰਟ-ਕਾਰਨ ਲੱਗੀ ਹੈ, ਇਸਦੇ ਬਾਰੇ ਮੰਤਰੀ ਜੀ ਦੱਸਣ ?

ਸ੍ਰੀ ਸਪੀਕਰ : ਇਸ ਬਾਰੇ ਤੁਸੀਂ ਸੈਪਰੇਟ ਸਵਾਲ ਭੇਜ ਦਿਓ। This is not a specific supplementary.

ਡਾਕਟਰ ਹਰਬੰਸ ਲਾਲ : ਸਰ, ਇਸਦਾ ਸਬੰਧ ਇਸ ਸਵਾਲ ਦੇ ਨਾਲ ਹੈ।

Mr. Speaker : I have not allowed it.

ਸ੍ਰੀ ਵਿਜੇ ਕੁਮਾਰ ਸਾਥੀ, ਐਡਵੋਕੇਟ : ਸਪੀਕਰ ਸਾਹਿਬ ਗੱਲ ਚੱਲੀ ਹੈ ਕਿਸਾਨਾਂ ਦੀ ਫਸਲ ਦੇ ਬੀਮੇ ਦੀ। ਕਿਸਾਨ ਜਿਹੜਾ ਖੂਨ-ਪਸੀਨੇ ਦੀ ਕਮਾਈ ਦੇ ਨਾਲ ਇਸ ਦੇਸ਼ ਨੂੰ ਚਲਾ ਰਿਹਾ ਹੈ, ਉਸਦੇ ਬਾਰੇ......

ਸ੍ਰੀ ਸਪੀਕਰ : ਸਾਥੀ ਜੀ, ਸਪੈਸੀਫਿਕ ਸਵਾਲ ਪੁੱਛਣਾ।

ਸ੍ਰੀ ਵਿਜੇ ਕੁਮਾਰ ਸਾਥੀ, ਐਡਵੋਕੇਟ : ਸਰ, ਸਪੈਸੀਫਿਕ ਸਵਾਲ ਹੀ ਪੁੱਛਣ ਲੱਗਾ ਹਾਂ, ਸਪੀਕਰ ਸਾਹਿਬ ਅੱਜ ਜਿਹੜਾ ਕਿਸਾਨ ਜਦੋਂ ਨੈਚੂਰਲ ਕਲੈਮਟੀ ਆਉਂਦੀ ਹੈ ਅਤੇ ਉਸਦਾ ਨੁਕਸਾਨ ਹੋ ਜਾਂਦਾ ਹੈ ਤਾਂ ਉਸਦੇ ਬਾਰੇ 700 ਰੁਪਏ ਫੀ ਏਕੜ 95 ਪ੍ਰਤੀਸ਼ਤ ਨੁਕਸਾਨ ਹੋ ਜਾਣ ਤੇ ਕਿਸਾਨ ਨੂੰ ਮੁਆਵਜ਼ਾ ਦਿਤਾ ਜਾਂਦਾ ਹੈ, ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਦ ਕਿ ਲੇਬਰ, ਖਾਦ, ਪੈਸਟੀਸਾਈਡਜ਼ ਅਤੇ ਫਸਲ ਦੇ ਰੇਟ ਵਧ ਚੁੱਕੇ ਹਨ ਤਾਂ ਕੀ ਇਹ ਜਿਹੜੀ ਕਲੇਮ ਦੀ ਰਕਮ ਹੈ, ਇਸ ਨੂੰ ਵੀ ਵਧਾਇਆ ਜਾ ਰਿਹਾ ਹੈ ਜਾਂ ਨਹੀਂ ?

(ਕੋਈ ਉੱਤਰ ਨਹੀਂ ਆਇਆ)

ਰਾਜ ਵਿਚ ਸਿਵਲ ਸਰਜਨਾਂ ਵਿਰੁੱਧ ਪੜਤਾਲ

*695. **ਸ੍ਰੀਮਤੀ ਵਿਮਲਾ ਡਾਂਗ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਜਿਨ੍ਹਾਂ ਸਿਵਲ ਸਰਜਨਾਂ ਵਿਰੁੱਧ ਇਸ ਵੇਲੇ ਪੜਤਾਲ ਪੈਂਡਿੰਗ ਪਈ ਹੈ, ਉਨ੍ਹਾਂ ਦੇ ਨਾਂ ਕੀ ਕੀ ਹਨ ਅਤੇ ਹਰ ਇੱਕ ਕੇਸ ਵਿਚ ਦੋਸ਼ਾਂ ਦੇ ਵੇਰਵੇ ਕੀ ਕੀ ਹਨ, ਉੱਕਤ ਹਰ ਪੜਤਾਲ ਕਿਸ ਕਿਸ ਤਰੀਕ ਤੋਂ ਪੈਂਡਿੰਗ ਪਈ ਹੈ ਅਤੇ ਇਹ ਪੜਤਾਲਾਂ ਕਿੰਨੇ ਸਮੇਂ ਤੱਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਲਾਲ ਸਿੰਘ : ਹਾਂ ਜੀ, ਰਾਜ ਵਿਚ ਸਿਵਲ ਸਰਜਨਾਂ ਵਿਰੁੱਧ ਹੇਠ ਲਿਖੇ ਅਨੁਸਾਰ ਪੜਤਾਲਾਂ ਲੰਬਿਤ ਹਨ :—

1. ਡਾ: ਆਸਾ ਸਿੰਘ, ਸਾਬਕਾ ਸਿਵਲ ਸਰਜਨ, ਹੁਸ਼ਿਆਰਪੁਰ (ਹੁਣ ਮੈਡੀਕਲ ਸੁਪਰਡੰਟ, ਮਾਤਾ ਕੁਸ਼ਲਿਆ ਹਸਪਤਾਲ, (ਪਟਿਆਲਾ) ਨੂੰ ਸਾਲ 1988-89 ਅਤੇ 1989-90 ਦੌਰਾਨ ਜ਼ਿਲਾ ਹੁਸ਼ਿਆਰਪੁਰ ਵਿਖੇ ਘਟੀਆ ਕਿਸਮ ਦੀਆਂ ਅਤੇ ਲੋੜ ਤੋਂ ਵੱਧ ਦਵਾਈਆਂ ਖਰੀਦਣ ਵਿਚ ਵਿੱਤੀ-ਨਿਯਮਾਂ ਅਤੇ ਪਾਲੀਸੀ ਦੀ ਉਲੰਘਣਾ ਕਰਨ ਕਾਰਣ ਮਿਤੀ 31 ਮਈ, 1990 ਨੂੰ ਚਾਰਜਸ਼ੀਟ ਕੀਤਾ ਗਿਆ ਸੀ। ਇਹਨਾਂ ਵਿਰੁੱਧ ਰੈਗੂਲਰ ਪੜਤਾਲ ਮੁਕੰਮਲ ਹੋ ਚੁੱਕੀ ਹੈ। ਡਾਕਟਰ ਨੂੰ ਸਜ਼ਾ ਦੇਣ ਲਈ ਪੰਜਾਬ ਲੋਕ ਸੇਵਾ ਕਮਿਸ਼ਨ ਦੀ ਪ੍ਰਵਾਨਗੀ ਦੀ ਉਡੀਕ ਹੈ ਅਤੇ ਕਮਿਸ਼ਨ ਨੂੰ ਆਖਰੀ ਵਾਰ ਪੱਤਰ ਮਿਤੀ 26 ਫਰਵਰੀ, 1993 ਨੂੰ ਭੇਜਿਆ ਸੀ।

2. ਸਾਲ 1988-89 ਅਤੇ 1989-90 ਦੌਰਾਨ ਰਾਜ ਵਿਚ ਦਵਾਈਆਂ ਆਦਿ ਦੀ ਖਰੀਦ ਵਿਚ ਸਿਹਤ ਵਿਭਾਗ ਦੇ ਕੁੱਝ ਅਫਸਰਾਂ/ਕਰਮਚਾਰੀਆਂ ਦੀਆਂ ਉਣਤਾਈਆਂ ਨਜ਼ਰ ਆਈਆਂ ਸਨ। ਇਸ ਸਬੰਧ ਵਿਚ ਚੌਕਸੀ ਵਿਭਾਗ ਦੀ ਬਕਾਇਦਾ ਇਨਕੁਆਰੀ ਨੰ: 2/92 ਚੰਡੀਗੜ੍ਹ ਪੜਤਾਲ ਅਧੀਨ ਹੈ। ਚੌਕਸੀ ਵਿਭਾਗ ਨੂੰ ਪੜਤਾਲ ਛੇਤੀ ਮੁਕੰਮਲ ਕਰਨ ਲਈ ਪੱਤਰ ਮਿਤੀ 26 ਫਰਵਰੀ, 1993 ਨੂੰ ਭੇਜਿਆ ਗਿਆ ਹੈ।

ਸ੍ਰੀਮਤੀ ਵਿਮਲਾ ਡਾਂਗ : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦੀ ਹਾਂ ਕਿ ਕੀ ਇਹ ਹਕੀਕਤ ਨਹੀਂ ਹੈ ਕਿ ਪਰਚੇਜ਼, ਹਾਇਰ ਅਥਾਰਟੀ ਦੀ ਅਪਰੂਵਲ ਬਗੈਰ ਨਹੀਂ ਹੋ ਸਕਦੀ। ਇਹ ਜਿਹੜੀ ਗੈਰ-ਵਾਜਬ ਪਰਚੇਜ਼ ਹੈ, ਇਹ ਕਿਹੜੀ ਅਥਾਰਟੀ ਦੀ ਅਪਰੂਵਲ ਨਾਲ ਕੀਤੀ ਗਈ। ਉਸ ਹਾਇਰ ਅਫਸਰ ਖਿਲਾਫ ਐਕਸ਼ਨ ਕਿਉਂ ਨਹੀਂ ਲਿਆ ਗਿਆ ਅਤੇ ਸਿਵਲ ਸਰਜਨ ਨੂੰ ਸਸਪੈਂਡ ਕਿਉਂ ਨਹੀਂ ਕੀਤਾ ਗਿਆ ?

ਮੰਤਰੀ : ਸਪੀਕਰ ਸਾਹਿਬ, ਮੈਂ ਡਾਕਟਰ ਆਸਾ ਸਿੰਘ ਦਾ ਜ਼ਿਕਰ ਕੀਤਾ ਹੈ। ਇਸ ਤੋਂ ਇਲਾਵਾ ਮੈਂ ਤੁਹਾਡੇ ਰਾਹੀਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਡਾਕਟਰ ਜੀ.ਐਸ. ਢੀਂਡਸਾ, ਸਿਵਲ ਸਰਜਨ, ਲੁਧਿਆਣਾ ਜਿਸ ਨੇ 1991-92 ਅਤੇ 1992-93 ਵਿਚ ਦਵਾਈਆਂ ਦੀ ਗਲਤ ਪਰਚੇਜ਼ ਕੀਤੀ ਸੀ, ਨੂੰ ਸੀ.ਐਮ. ਸਾਹਿਬ ਦੇ ਹੁਕਮ ਨਾਲ ਮਿਤੀ 13 ਜਨਵਰੀ, 1993 ਨੂੰ ਸਸਪੈਂਡ ਕੀਤਾ ਗਿਆ ਅਤੇ ਬਾਕੀ ਸਿਵਲ ਸਰਜਨਾਂ ਜਿਨ੍ਹਾਂ ਨੇ ਨਿਯਮਾਂ ਦੇ ਵਿਰੁੱਧ ਦਵਾਈਆਂ ਖਰੀਦੀਆਂ ਜਾਂ ਬਗੈਰ ਅਪਰੂਵਲ ਦੇ ਖਰੀਦੀਆਂ, ਉਨ੍ਹਾਂ ਸੰਬੰਧੀ ਕੇਸ ਵਿਜੀਲੈਂਸ ਵਿਭਾਗ ਨੂੰ ਭੇਜਿਆ ਗਿਆ ਹੈ।

ਸ੍ਰੀਮਤੀ ਵਿਮਲਾ ਡਾਂਗ : ਸਪੀਕਰ ਸਾਹਿਬ, ਮੇਰਾ ਸਵਾਲ ਆਸਾ ਸਿੰਘ ਦੇ ਸੰਬੰਧ ਵਿਚ ਹੈ ਪਰ ਇਨ੍ਹਾਂ ਨੇ ਜੋ ਗੱਲ ਕਹੀ ਹੈ, ਉਹ 14 ਫਰਵਰੀ, 1993 ਨੂੰ ਜੋ ਟ੍ਰਿਬਿਊਨ ਵਿਚ ਰਿਪੋਰਟ ਛੱਪੀ ਹੈ ਕਿ ਹੋਰ ਸਿਵਲ ਸਰਜਨਾਂ ਦੇ ਇਨਕੁਆਰੀ ਉਪਰੰਤ ਆਰਡਰ ਹੋਏ ਹਨ। ਮੈਂ ਜੋ ਸਪੈਸਫਿਕ ਪ੍ਰਸ਼ਨ ਪੁੱਛਿਆ ਹੈ, ਉਹ ਇਹ ਹੈ ਕਿ ਆਸਾ ਸਿੰਘ ਨੇ ਸਾਰੇ ਰੂਲਜ਼ ਕੰਟਰਾਵੀਨ ਕਰਕੇ ਪਰਚੇਜ਼ ਕੀਤੀ ਅਤੇ ਨਿਯਮਾਂ ਦੀ ਉਲੰਘਣਾ ਕਰਕੇ ਪਰਚੇਜ਼ ਕੀਤੀ। ਪਰਚੇਜ਼ ਕਰਨ ਦੀ ਅਪਰੂਵਲ ਤੇ ਡਾਇਰੈਕਟਰ ਹੈਲਥ ਸਰਵਿਸਜ਼ ਨੇ ਤਾਂ ਉਨ੍ਹਾਂ ਦਾ ਜ਼ਿਕਰ ਨਹੀਂ ਕੀਤਾ। ਇਸ ਲਈ ਉਸ ਖਿਲਾਫ ਐਕਸ਼ਨ ਕਿਉਂ ਨਹੀਂ ਲਿਆ ਗਿਆ ?

ਮੰਤਰੀ : ਸਪੀਕਰ ਸਾਹਿਬ, ਜਿਹੜਾ ਮੈਂਬਰ ਸਾਹਿਬਾ ਨੇ ਸਵਾਲ ਕੀਤਾ ਹੈ, ਉਸ ਸੰਬੰਧ ਵਿਚ ਮੈਂ ਦੱਸਦਾ ਹਾਂ ਕਿ ਬਾਕੀ ਦੇ ਅਫਸਰ ਚਾਹੇ ਉਹ ਐਡੀਸ਼ਨਲ ਡਾਇਰੈਕਟਰ ਹੈ ਚਾਹੇ ਜਾਇੰਟ ਡਾਇਰੈਕਟਰ ਹੈ ਜਿਹੜਾ ਇਸ ਕੇਸ ਨਾਲ ਸਬੰਧਿਤ ਹੈ, ਉਨ੍ਹਾਂ ਬਾਰੇ ਵਿਜੀਲੈਂਸ ਵਿਭਾਗ ਨੂੰ ਇਨਕੁਆਰੀ ਭੇਜੀ ਗਈ ਹੈ ਅਤੇ ਉਹ ਅਜੇ ਚਾਲੂ ਹੈ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਇਨ੍ਹਾਂ ਨੇ ਉਤਰ ਵਿਚ ਲਿਖਿਆ ਹੈ ਕਿ ਸਜ਼ਾ ਦੇਣ ਲਈ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਨੂੰ ਲਿਖਿਆ ਗਿਆ ਹੈ ਪਰ ਇਹ ਸਪਸ਼ਟ ਨਹੀਂ ਕੀਤਾ ਕਿ ਸਜ਼ਾ ਦੇਣ ਤੋਂ ਬਾਅਦ ਪ੍ਰਵਾਨਗੀ ਵਾਸਤੇ ਲਿਖਿਆ ਹੈ ਜਾਂ ਸਜ਼ਾ ਦੇਣ ਲਈ ਤਜਵੀਜ਼ ਕੀਤੀ ਹੈ ?

ਮੰਤਰੀ : ਸਪੀਕਰ ਸਾਹਿਬ ਜਦੋਂ ਕਿਸੇ ਨੂੰ ਸਜ਼ਾ ਦੇਣੀ ਹੋਵੇ ਤਾਂ ਤਜਵੀਜ਼ ਤੇ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੀ ਪ੍ਰਵਾਨਗੀ ਲੈਣੀ ਜ਼ਰੂਰੀ ਹੈ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਕੁਝ ਸਪਸ਼ਟ ਨਹੀਂ ਹੋਇਆ।

ਮੰਤਰੀ : ਤਜਵੀਜ਼ ਕਰਨ ਤੋਂ ਬਾਅਦ ਪੰਜਾਬ ਲੋਕ ਸੇਵਾ ਕਮਿਸ਼ਨ ਨੂੰ ਭੇਜਿਆ ਗਿਆ ਹੈ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਜ਼ਾ ਕੀ ਤਜਵੀਜ਼ ਕੀਤੀ ਗਈ ਹੈ ?

ਮੰਤਰੀ : ਇਸ ਕਮੇਟੀ ਵੱਲੋਂ ਹੁਸ਼ਿਆਰਪੁਰ ਜ਼ਿਲ੍ਹੇ ਬਾਰੇ ਦਿੱਤੀ ਅੰਤ੍ਰਿਮ ਰਿਪੋਰਟ ਮਿਤੀ 30 ਮਈ, 1990 ਦੇ ਆਧਾਰ ਤੇ ਉਥੋਂ ਦੇ ਸਿਵਲ ਸਰਜਨ ਡਾਕਟਰ ਆਸਾ ਸਿੰਘ ਅਤੇ ਹੋਰ ਸਟਾਫ ਵਿਰੁੱਧ ਅਨੁਸ਼ਾਸਨੀ ਕਾਰਵਾਈ ਅਰੰਭੀ ਗਈ ਸੀ ਜਿਸ ਵਿਚ ਡਾਕਟਰ ਆਸਾ ਸਿੰਘ ਦੀਆਂ ਦੋ ਸਾਲਾਨਾ ਤਰੱਕੀਆਂ ਬਗੈਰ-ਭਵਿਖੀ ਅਸਰ ਦੇ ਬੰਦ ਕਰਨ ਦਾ ਟੈਂਟੇਟਿਵ ਫੈਸਲਾ ਹੋ ਚੁੱਕਿਆ ਹੈ ਅਤੇ ਇਹ ਸਜ਼ਾ ਦੇਣ ਲਈ ਪੰਜਾਬ ਲੋਕ ਸੇਵਾ ਕਮਿਸ਼ਨ ਦੀ ਪ੍ਰਵਾਨਗੀ ਮੰਗੀ ਹੋਈ ਹੈ ।

ਸ੍ਰੀ ਸਪੀਕਰ : ਕੁਐਸਚਨ ਕਲੀਅਰ ਹੋ ਗਿਆ ਹੈ। ਅਸੀਂ ਨੈਕਸਟ ਕੁਐਸਚਨ ਤੇ ਆਉਂਦੇ ਹਾਂ।

ਸਰਕਾਰੀ ਹਸਪਤਾਲਾਂ ਵਿਚ ਦਾਖਲ ਰੋਗੀਆਂ ਲਈ ਖਾਣੇ ਦਾ ਖਰਚ

*855. **ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਸਰਕਾਰੀ ਹਸਪਤਾਲਾਂ ਵਿਚ ਗਰੀਬ ਰੋਗੀਆਂ ਨੂੰ ਖਾਣਾ ਦੇਣ ਲਈ ਇਸ ਸਮੇਂ ਪ੍ਰਤੀ ਦਿਨ ਲਈ ਕਿੰਨੀ ਰਕਮ ਨਿਸ਼ਚਿਤ ਕੀਤੀ ਗਈ ਹੈ?

ਸਰਦਾਰ ਲਾਲ ਸਿੰਘ : ਰਾਜ ਦੇ ਸਰਕਾਰੀ ਹਸਪਤਾਲਾਂ ਵਿਚ ਦਾਖਲ ਗਰੀਬ ਰੋਗੀਆਂ ਨੂੰ ਮੁੱਫਤ ਭੋਜਨ ਦੇਣ ਦਾ ਪ੍ਰਬੰਧ ਹੈ। ਸਰਕਾਰੀ ਹਸਪਤਾਲਾਂ ਵਿਚ ਗਰੀਬ ਰੋਗੀਆਂ ਨੂੰ ਖਾਣਾ ਦੇਣ ਲਈ ਇਸ ਸਮੇਂ ਪ੍ਰਤੀ ਦਿਨ ਪ੍ਰਤੀ ਰੋਗੀ ਕੋਈ ਰਕਮ ਨਿਸ਼ਚਿਤ ਨਹੀਂ ਕੀਤੀ ਗਈ ਹੈ, ਪਰ ਰੋਗੀ ਦੀ ਪ੍ਰਤੀ ਦਿਨ ਦੀ ਖੁਰਾਕ ਦਾ ਨਾਰਮ ਨਿਸ਼ਚਿਤ ਹੈ ਜਿਸ ਦੀ ਲਾਗਤ ਬਜ਼ਾਰੀ ਦਰਾਂ ਅਨੁਸਾਰ ਬਦਲਦੀ ਰਹਿੰਦੀ ਹੈ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ: ਸਪੀਕਰ ਸਾਹਿਬ, ਮੰਤਰੀ ਮਹੋਦਯ ਤੋਂ ਇਹ ਜਾਣਕਾਰੀ ਲੈ ਦਿਉ ਕਿ ਜਿਹੜਾ ਅੱਜ ਕਲ ਨਾਰਮ ਫਿਕਸ ਕੀਤਾ ਹੈ ਉਸ ਦੇ ਵਿੱਚ ਕੀ ਅਤੇ ਕਿੰਨਾ ਦਿੱਤਾ ਜਾਂਦਾ ਹੈ?

ਮੰਤਰੀ: ਸਪੀਕਰ ਸਾਹਿਬ, ਜਿਸ ਤਰ੍ਹਾਂ ਮੈਂ ਪਹਿਲਾਂ ਦੱਸਿਆ ਹੈ ਕਿ ਕੋਈ ਰਕਮ ਨਿਸਚਿਤ ਨਹੀਂ ਰਾਸ਼ਨ ਨਿਸਚਿਤ ਹੈ। ਇਸ ਦੀ ਡੀਟੇਲ ਇਸ ਤਰ੍ਹਾਂ ਹੈ ਕਿ ਆਟਾ 350 ਗਰਾਮ, ਦਾਲ 60 ਗਰਾਮ, ਸਬਜ਼ੀ 400 ਗਰਾਮ, ਫਲ ਨਿੰਬੂ 100 ਗਰਾਮ, ਦੁੱਧ 600 ਗਰਾਮ, ਬਨਾਸਪਤੀ ਘੀ/ਤੇਲ 20 ਗਰਾਮ, ਸ਼ੂਗਰ 30 ਗਰਾਮ, ਨਮਕ 2 ਗਰਾਮ ਅਤੇ ਮਸਾਲਾ 3 ਗਰਾਮ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ: ਸਪੀਕਰ ਸਾਹਿਬ, ਮੰਤਰੀ ਮਹੋਦਯ ਜੀ ਤੋਂ ਇਹ ਪੁੱਛ ਦਿਉ ਕਿ ਕੀ ਉਨ੍ਹਾਂ ਨੂੰ ਜਾਣਕਾਰੀ ਹੈ ਕਿ ਹਸਪਤਾਲ ਵਿੱਚ ਕਿੰਨੇ ਮਰੀਜ਼ਾਂ ਨੂੰ 600 ਗਰਾਮ ਦੁੱਧ ਮਿਲਦਾ ਹੈ ਔਰ ਦਲੀਆ ਬਿਨਾਂ ਖੰਡ ਤੋਂ ਮਿਲਦਾ ਹੈ ਜਿਸ ਕਰਕੇ ਦਲੀਆ ਕੋਈ ਨਹੀਂ ਖਾਂਦਾ?

ਸ਼੍ਰੀ ਸਪੀਕਰ : ਇਹ ਸਪੈਸਿਫਿਕ ਸਪਲੀਮੈਂਟਰੀ ਨਹੀਂ ਹੈ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ: ਜੇ ਇਹ ਸਪਲੀਮੈਂਟਰੀ ਸਪੈਸਿਫਿਕ ਨਹੀਂ ਹੈ ਤਾਂ ਕੀ ਇਨ੍ਹਾਂ ਨੂੰ ਇਹ ਪਤਾ ਏ ਕਿ ਦਲੀਏ ਵਿਚ ਖੰਡ ਨਹੀਂ ਮਿਲਦੀ?

ਸ਼੍ਰੀ ਸਪੀਕਰ : ਤੁਹਾਡਾ ਇਹ ਸਪਲੀਮੈਂਟਰੀ ਨਹੀਂ ਬਣਦਾ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾਂ: ਸਪੀਕਰ ਸਾਹਿਬ, ਇਤਨਾ ਵਿਸ਼ਵਾਸ ਦਿਵਾ ਦਿਉ ਕਿ ਦਲੀਏ ਵਿੱਚ ਜੋ ਖੰਡ ਨਹੀਂ ਮਿਲਦੀ ਕੀ ਇਹ ਪਤਾ ਕਰਵਾ ਕੇ ਸਦਨ ਨੂੰ ਜਾਣਕਾਰੀ ਦੇ ਦੇਣਗੇ ?

ਸ਼੍ਰੀ ਸਪੀਕਰ : ਇਹ ਹਾਈਪੋਥੈਟੀਕਲ ਹੈ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ: ਇਸ ਦਾ ਮਤਲਬ ਹੈ ਕਿ ਤੁਸੀਂ ਸਵਾਸਥਯ ਮੰਤਰੀ ਦੇ ਸਵਾਸਥਯ ਨੂੰ ਠੀਕ ਰਖਣਾ ਚਾਹੁੰਦੇ ਹੋ।

ਸ਼੍ਰੀ ਸਪੀਕਰ : ਇਹ ਗਲਤ ਗੱਲ ਹੈ।

ਸਰਦਾਰ ਅਵਤਾਰ ਸਿੰਘ ਕਰੀਮਪੁਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਭੋਜਨ ਗਰੀਬ ਮਰੀਜ਼ਾਂ ਨੂੰ ਹਸਪਤਾਲਾਂ ਦੇ ਅੰਦਰ ਸਪਲਾਈ ਕੀਤਾ ਜਾਂਦਾ ਹੈ ਇਹ ਭੋਜਨ ਉਨ੍ਹਾਂ ਨੂੰ ਸ਼ੁਧ ਮਿਲੇ, ਇਸ ਲਈ ਕੀ ਮਨਿਸਟਰ ਸਾਹਿਬ ਨੇ ਹਸਪਤਾਲਾਂ ਵਿੱਚ ਅਚਨਚੇਤੀ ਛਾਪੇ ਮਾਰ ਕੇ ਭੋਜਨ ਦੇ ਕੋਈ ਸੈਂਪਲ ਲਏ ਹਨ ?

ਸ੍ਰੀ ਸਪੀਕਰ : ਇਹ ਹਾਈਪੋਥੈਟੀਕਲ ਕੁਐਸਚਨ ਹੈ। ਸਪੈਸਿਫਿਕ ਪੁੱਛੋ, ਮੈਂ ਜਵਾਬ ਦਿਵਾ ਦਿਆਂਗਾ ।

ਡਾਕਟਰ ਹਰਬੰਸ ਲਾਲ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੁਝ ਹਸਪਤਾਲ ਇਹੋ ਜਿਹੇ ਹਨ ਜਿਵੇਂ ਮੇਰੇ ਹਲਕੇ ਫਤਹਿਗੜ੍ਹ ਸਾਹਿਬ ਵਿੱਚ ਹੈ ਉਥੇ ਖਾਣਾ ਉਨ੍ਹਾਂ ਨੂੰ ਕਾਰ ਸੇਵਾ ਵਾਲਿਆਂ ਵੱਲੋਂ ਦਿੱਤਾ ਜਾਂਦਾ ਹੈ, ਕੀ ਖ਼ਰਚਾ ਸਰਕਾਰ ਦੇ ਖ਼ਾਤੇ ਵਿੱਚ ਤਾਂ ਨਹੀਂ ਪਾਇਆ ਜਾਂਦਾ ?

ਦੂਸਰਾ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਦਵਾਈਆਂ ਦੀ ਗੱਲ ਕੀਤੀ ਗਈ ਹੈ ਕਿ ਘਟੀਆਂ ਦਵਾਈਆਂ ਘੱਟੀਆ ਕੰਪਨੀਆਂ ਦੀਆਂ ਪੱਕੜੀਆਂ ਗਈਆਂ ਹਨ, ਕੀ ਸਰਕਾਰ ਨੇ ਕੋਈ ਕਰਾਈਟੇਰੀਆ ਬਣਾਇਆ ਹੋਇਆ ਹੈ ਕਿ ਚੰਗੀਆਂ ਕੰਪਨੀਆਂ ਤੋਂ ਚੰਗੀਆਂ ਦਵਾਈਆਂ ਖਰੀਦੀਆਂ ਜਾਣ ਕਿਉਂਕਿ ਹਰ ਡਿਸਟ੍ਰਿਕਟ ਵਿੱਚ ਘੱਟੀਆ ਦਵਾਈਆਂ ਖ਼ਰੀਦੀਆਂ ਜਾਂਦੀਆਂ ਹਨ ? (ਵਿਘਨ)

ਸ੍ਰੀ ਸਪੀਕਰ : ਇਹ ਸਪਲੀਮੈਂਟਰੀ ਨਹੀਂ ਹੈ।

ਸਰਦਾਰ ਹਰਗੋਪਾਲ ਸਿੰਘ ਐਡਵੋਕੇਟ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਇਨ੍ਹਾਂ ਨੇ ਕਿਹਾ ਹੈ ਕਿ ਸਾਰੇ ਪੰਜਾਬ ਵਿੱਚ ਹਸਪਤਾਲਾਂ ਵਿੱਚ ਮਰੀਜ਼ਾਂ ਨੂੰ ਖਾਣਾ ਦਿੱਤਾ ਜਾਂਦਾ ਹੈ, ਚੰਗਾ ਦਿੱਤਾ ਜਾਂਦਾ ਹੈ ਜਾਂ ਮਾੜਾ ਦਿੱਤਾ ਜਾਂਦਾ ਹੈ ਇਹ ਇਕ ਵੱਖਰੀ ਗੱਲ ਹੈ, ਮੇਰੇ ਇਲਾਕੇ ਬਲਾਚੌਰ ਵਿੱਚ ਪ੍ਰਾਇਮਰੀ ਹੈਲਥ ਸੈਂਟਰ ਵਿੱਚ ਕਿਸੇ ਵੀ ਦਿਨ ਕਿਸੇ ਵੀ ਮਰੀਜ਼ ਨੂੰ ਖਾਣਾ ਨਹੀਂ ਦਿੱਤਾ ਜਾਂਦਾ ਕੀ ਮਨਿਸਟਰ ਸਾਹਿਬ ਇਸ ਗੱਲ ਦੀ ਇਨਕੁਆਇਰੀ ਕਰਾਉਣਗੇ ?

ਸ੍ਰੀ ਸਪੀਕਰ : ਇਹ ਤੁਸੀਂ ਲਿੱਖ ਕੇ ਦੇ ਦਿਉ।

ਮੰਤਰੀ : ਸਪੀਕਰ ਸਾਹਿਬ, ਜੇ ਤੁਹਾਡੀ ਇਜਾਜ਼ਤ ਹੋਵੇ ਤਾਂ ਮੈਂ ਐਕਸਪਲੇਨ ਕਰ ਦਿੰਦਾ ਹਾਂ।

ਸ੍ਰੀ ਸਪੀਕਰ : ਨਹੀਂ ਜੀ ।

ਡਾਕਟਰ (ਸ੍ਰੀਮਤੀ) ਮਾਲਤੀ ਥਾਪਰ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਤੋਂ ਇਹ ਪੁਛਣਾ ਚਾਹੁੰਦੀ ਹਾਂ ਕਿ ਜਿਹੜਾ ਇਨ੍ਹਾਂ ਨੇ ਖਾਣਾ ਦਸਿਆ ਹੈ ਉਸ ਬਾਰੇ ਇਹ ਦਸ ਦੇਣ ਕਿ ਕੀ ਸਾਰੇ ਮਰੀਜ਼ਾਂ ਨੂੰ ਇਕੋ ਜਿਹਾ ਖਾਣਾ ਦਿਤਾ ਜਾਂਦਾ ਹੈ ਜਾਂ ਉਨ੍ਹਾਂ ਦੀ ਬੀਮਾਰੀ ਦੇ ਮੁਤਾਬਕ ਦਿਤਾ ਜਾਂਦਾ ਹੈ ?

ਮੰਤਰੀ : ਸਪੀਕਰ ਸਾਹਿਬ, ਇਹ ਖਾਣਾ ਸਿਰਫ਼ ਉਨ੍ਹਾਂ ਮਰੀਜ਼ਾਂ ਨੂੰ ਦਿਤਾ ਜਾਂਦਾ ਹੈ ਜਿਨ੍ਹਾਂ ਦੀ ਆਮਦਨ ਇਕ ਹਜ਼ਾਰ ਰੁਪਏ ਮਹੀਨਾ ਤੋਂ ਘੱਟ ਹੋਵੇ ਇਸ ਤੋਂ ਇਲਾਵਾ ਜੇ ਕੋਈ ਡਾਕਟਰ ਕਿਸੇ ਮਰੀਜ਼ ਨੂੰ ਕੋਈ ਖਾਣਾ ਸਪੈਸ਼ਲ ਤੌਰ ਤੇ ਰਿਕੁਮੈਂਡ ਕਰੇ ਤਾਂ ਉਹ ਵੀ ਦਿਤਾ ਜਾਂਦਾ ਹੈ ।

ਸ੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਮੇਰਾ ਸਪਲੀਮੈਂਟਰੀ ਇਹ ਹੈ ਕਿ ਕਿ ਚੂੰਕਿ ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ ਨੇ ਜਨਰਲ ਕੁਐਸ਼ਚਨ ਕੀਤਾ ਸੀ ਇਸ ਕਰਕੇ ਉਨ੍ਹਾਂ ਦਾ ਜਵਾਬ ਨਹੀਂ ਆਇਆ ਮੈਂ ਸਪੈਸਿਫ਼ਿਕ ਕੁਐਸਚਨ ਪੁਛਦਾ ਹਾਂ ਕਿ ਅੰਮ੍ਰਿਤਸਰ ਵਿਚ ਗੁਰੂ ਤੇਗ ਬਹਾਦਰ ਹਸਪਤਾਲ ਅਤੇ ਗੁਰੂ ਨਾਨਕ ਦੇਵ ਹਸਪਤਾਲ ਵਿਚ ਜਿਹੜਾ ਦਲੀਆ ਦਿਤਾ ਜਾਂਦਾ ਹੈ ਜਾਂ ਦੁੱਧ ਦਿਤਾ ਜਾਂਦਾ ਹੈ ਉਹ ਬਗੈਰ ਮਿੱਠੇ ਦੇ ਦਿਤਾ ਜਾਂਦਾ ਹੈ। ਕੀ ਮੰਤਰੀ ਜੀ ਇਸ ਗੱਲ ਦੀ ਤਹਿਕੀਕਾਤ ਕਰਾਉਣਗੇ ਅਤੇ ਜਿਹੜੇ ਦੋਸ਼ੀ ਪਾਏ ਜਾਣ ਉਨ੍ਹਾਂ ਦੇ ਖਿਲਾਫ਼ ਕਾਰਵਾਈ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੇ ਇਸ ਗੱਲ ਦਾ ਖਦਸ਼ਾ ਜ਼ਾਹਰ ਕੀਤਾ ਹੈ, ਲਿਖ ਕੇ ਦੇਣ ਮੈਂ ਪੜਤਾਲ ਕਰ ਲਵਾਂਗਾ।

ਸ੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਇਥੇ ਹਾਊਸ ਵਿਚ ਲਿਖ ਕੇ **ਦੇਣ ਦਾ** ਕੋਈ **ਮਤਲਬ** ਨਹੀਂ Sir, it is very strange. I have put the question. You have called upon him to reply and the Hon'ble Minister state that I should give to writing and then he will hold an enquiry.

ਸ੍ਰੀ ਸਪੀਕਰ : ਮਿੱਤਲ ਜੀ, **ਤੁਸੀਂ** ਸੁਆਲ ਦੇ ਮੁਤਾਬਿਕ ਜਿਹੜਾ ਸਪਲੀਮੈਂਟਰੀ ਪੁੱਛਣਾ ਸੀ ਉਹ ਨਹੀਂ ਪੁਛਿਆ ਔਰ ਇਕ ਨਵੀਂ **ਚੀਜ਼** ਇੰਟਰੋਡਿਊਸ ਕੀਤੀ ਹੈ। ਇਸ ਦੇ ਲਈ ਤੁਸੀਂ ਸੈਪਰੇਟ ਨੋਟਿਸ ਦੇ ਦਿਓ ਜਵਾਬ ਆ ਜਾਵੇਗਾ।

ਸ੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਕਿਹਾ ਸੀ ਕਿ ਸਪੈਸਿਫ਼ਿਕ ਕੁਐਸਚਨ ਪੁੱਛੋ, ਮੈਂ ਦੋ ਹਸਪਤਾਲਾਂ ਦੇ ਮੁਤੱਲਕ ਸਪੈਸਿਫ਼ਿਕ ਕੁਐਸਚਨ ਪੁਛਿਆ ਹੈ । Sir I have made specific question about two hospitals. I have only asked that he should hold an enquiry and find out those who are responsible.

ਸ੍ਰੀ ਸਪੀਕਰ : ਮਿੱਤਲ ਜੀ, ਇਸ ਪੁਆਇੰਟ ਤੇ ਮੈਂ ਬੀਬੀ ਚਾਵਲਾ ਦਾ ਸਪਲੀਮੈਂਟਰੀ ਰੂਲ ਆਊਟ ਕਰ ਦਿਤਾ ਸੀ and there is not much difference in it.

ਸ੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਉਨ੍ਹਾਂ ਦਾ ਸਪਲੀਮੈਂਟਰੀ ਜਨਰਲ ਸੀ, ਪਰ ਮੈਂ ਦੋ ਹਸਪਤਾਲਾਂ ਬਾਰੇ ਸਪੈਸਿਫ਼ਿਕ ਕੁਐਸਚਨ ਪੁਛਿਆ ਹੈ (ਵਿਘਨ)

ਕਾਮਰੇਡ ਹਰਦੇਵ ਸਿਘ ਅਰਸ਼ੀ : ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਜਵਾਬ ਡਿਟੇਲ ਵਿਚ ਦਿਤਾ ਹੈ। ਮੈਂ ਕਹਿੰਦਾ ਹਾਂ ਕਿ ਕਾਗਜ਼ਾਂ ਨਾਲ ਢਿੱਡ ਨਹੀਂ ਭਰਦਾ, ਇਹ ਚੀਜ਼ਾਂ ਪਰੈਕਟੀਕਲੀ ਹੋਣੀਆਂ ਚਾਹੀਦੀਆਂ ਹਨ। ਸਪੀਕਰ ਸਾਹਿਬ, ਜਿਨ੍ਹਾਂ ਹਸਪਤਾਲਾਂ ਵਿਚ ਖਾਣਾ ਦਿਤਾ ਜਾਂਦਾ ਹੈ, ਉਸ ਬਾਰੇ ਠੇਕੇਦਾਰਾਂ ਨੂੰ ਠੇਕਾ ਦਿਤਾ ਜਾਂਦਾ ਹੈ ਉਹ ਖਾਣਾ ਸਪਲਾਈ ਕਰਦੇ ਹਨ। ਇਹ ਵੀ ਹਕੀਕਤ ਹੈ ਕਿ ਕਾਗਜ਼ਾਂ ਵਿਚ ਜ਼ਿਆਦਾ ਸ਼ੋ ਕੀਤਾ ਜਾਂਦਾ ਹੈ ਅਤੇ

[ਕਾਮਰੇਡ ਹਰਦੇਵ ਸਿੰਘ ਅਰਸ਼ੀ]

ਵੰਡਿਆ ਘੱਟ ਜਾਂਦਾ ਹੈ। ਮੈਂ ਪੁੱਛਣਾ ਇਹ ਚਾਹੁੰਦਾ ਹਾਂ ਕਿ ਠੇਕੇਦਾਰਾਂ ਦੀਆਂ ਤਿਜੋਰੀਆਂ ਭਰਨ ਦੀ ਬਜਾਏ ਕੀ ਇਹ ਆਪਣੇ ਤੌਰ ਤੇ ਜਾਂ ਰੈਡਕਰਾਸ ਦੇ ਰਾਹੀਂ ਜਾਂ ਕਿਸੇ ਅਜੈਂਸੀ ਰਾਹੀਂ, ਤਾਂਕਿ ਉਨ੍ਹਾਂ ਨੂੰ ਖਾਣਾ ਠੀਕ ਪਹੁੰਚੇ, ਖਾਣਾ ਸਪਲਾਈ ਕਰਨ ਲਈ ਤਿਆਰ ਹਨ ?

ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਦਾ ਕੁਐਸਚਨ ਇਸ ਦੇ ਨਾਲ ਸਬੰਧਤ ਨਹੀਂ ਹੈ, ਇਹ ਸੈਪਰੇਟ ਕੁਐਸਚਨ ਦੇ ਦੇਣ, ਜਵਾਬ ਦੇ ਦਿਤਾ ਜਾਏਗਾ।

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਮੰਤਰੀ ਜੀ ਨੇ ਜੋ ਸੁਆਲ ਦਾ ਜਵਾਬ ਮੈਨੂੰ ਭੇਜਿਆ ਹੈ ਉਸ ਵਿਚ ਲਿਖ ਕੇ ਨਹੀਂ ਦਿਤਾ ਕਿ ਇਹ ਚੀਜ਼ ਦਿਤੀ ਜਾਂਦੀ ਹੈ। ਇਨ੍ਹਾਂ ਨੂੰ ਇਹ ਲਿੱਖ ਕੇ ਦੇਣਾ ਚਾਹੀਦਾ ਸੀ।

ਸ੍ਰੀ ਸਪੀਕਰ : ਉਨ੍ਹਾਂ ਦੇ ਪੈਡ ਨੋਟ ਤੇ ਹੋਣਾ ਹੈ ਉਨ੍ਹਾਂ ਨੇ ਹਾਊਸ ਵਿਚ ਦਸ ਦਿਤਾ ਹੈ।

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਇਹ ਲਿੱਖ ਕੇ ਸਾਨੂੰ ਭੇਜ ਦਿੰਦੇ। ਸਚਾਈ ਇਹ ਹੈ ਕਿ ਜੋ ਮੰਤਰੀ ਜੀ ਨੇ ਦੱਸਿਆ ਹੈ ਪਰ ਉਤਨਾ ਹਸਪਤਾਲਾਂ ਵਿਚ ਦਿਤਾ ਨਹੀਂ ਜਾਂਦਾ।

ਸ੍ਰੀ ਸਪੀਕਰ : ਮੈਂ ਅਲਾਉ ਨਹੀਂ ਕਰਦਾ।

ਸਿਂਸਦੀ **ਮਾਮਲਿਆਂ ਦੇ ਮੰਤਰੀ :** ਸਪੀਕਰ ਸਾਹਿਬ, ਜੋ ਕੁਝ ਮੰਤਰੀ ਜੀ ਨੇ ਦੱਸਿਆ ਹੈ ਉਹ ਰਿਕਾਰਡ ਤੇ ਆ ਗਿਆ ਹੈ।

ਸ੍ਰੀ ਸਪੀਕਰ : ਸਰਦਾਰ ਉਮਰਾਓ ਸਿੰਘ ਜੀ, ਮੈਂ ਮੈਂਬਰ ਸਾਹਿਬ ਨੂੰ ਰਿਕੁਐਸਟ ਕੀਤੀ ਹੈ ਅਤੇ ਉਨ੍ਹਾਂ ਨੇ ਮੰਨ ਲਿਆ ਹੈ।

ਨਿਸ਼ਾਨ ਵਾਲਾ ਪ੍ਰਸ਼ਨ ਨੰ: 844

(ਸਬੰਧਤ ਮਾਨਯੋਗ ਮੈਂਬਰ ਸਾਹਿਬ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਣ ਇਹ ਸਵਾਲ ਪੇਸ਼ ਨਹੀਂ ਹੋਇਆ।)

ਨਿਸ਼ਾਨ ਵਾਲਾ ਪ੍ਰਸ਼ਨ ਨੰ:* 857

ਸ੍ਰੀ ਸਪੀਕਰ : ਇਸ ਸਵਾਲ ਦੀ ਐਕਸਟੈਨਸ਼ਨ ਮੰਗੀ ਗਈ ਹੈ।

ਡਾਕਟਰ ਰਮੇਸ਼ ਦੱਤ : ਸਪੀਕਰ ਸਾਹਿਬ, *857 ਦੀ ਐਕਟੈਨਸ਼ਨ ਤੁਸੀਂ ਦਿੱਤੀ ਹੈ, ਦੇ ਦਿਓ, ਪਰ ਕੀ ਮਤਰੀ ਜੀ ਐਸ਼ੋਰੈਂਸ ਕਰਨਗੇ ਕਿ ਇਸ ਦਾ ਜਵਾਬ ਇਸ ਸੈਸ਼ਨ ਵਿਚ ਹੀ ਆ ਜਾਵੇਗਾ ?

ਸ੍ਰੀ ਸਪੀਕਰ : ਮੈਂ ਐਕਸਟੈਨਸ਼ਨ ਗਰਾਂਟ ਕਰ ਦਿੱਤੀ ਹੈ।

ਡਾਕਟਰ ਰਮੇਸ਼ ਦੱਤ : ਸਪੀਕਰ ਸਾਹਿਬ, ਇਹ ਐਸ਼ੋਰੈਂਸ ਤਾਂ ਲੈ ਦਿਓ ਕਿ ਇਸ ਸੈਸ਼ਨ ਵਿਚ ਜਵਾਬ ਆ ਜਵੇਗਾ।

---

*For Starred Question No. 857 and reply thereto, please see PVS Debates dated 6-4 1993.

ਸ੍ਰੀ ਸਪੀਕਰ : ਮੋਸਟ ਲਾਈਕਲੀ, ਏਸੇ ਹਾਊਸ ਵਿਚ ਆਵੇਗਾ। (ਵਿਘਨ)

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਤੁਸੀਂ *857 ਬਾਰੇ ਕਿਹਾ ਹੈ ਕਿ ਜਵਾਬ ਏਸੇ ਹਾਊਸ ਦੇ ਵਿਚ ਆ ਜਾਵੇਗਾ। ਕੀ ਬੱਜਟ ਸੈਸ਼ਨ ਵਿਚ ਆਵੇਗਾ ਜਾਂ ਅਗਲੇ ਕਿਸੇ ਸੈਸ਼ਨ ਵਿਚ ਆਵੇਗਾ ਇਹ ਠੀਕ ਹੈ ਕਿ ਇਸੇ ਹਾਊਸ ਵਿਚ ਆਵੇਗਾ ਪਰ ਕੀ ਇਸੇ ਸੈਸ਼ਨ ਦੇ ਦੌਰਾਨ ਆਵੇਗਾ ?

ਸ੍ਰੀ ਸਪੀਕਰ : ਅਰਸ਼ੀ ਸਾਹਿਬ, ਮੈਂ ਤਾਂ ਸਪਸ਼ਟ ਕਰ ਦਿੱਤਾ ਹੈ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਇਸ ਤਰ੍ਹਾਂ ਤਾਂ ਇਸ ਅਜਲਾਸ ਤੋਂ ਮਗਰੋਂ ਵੀ ਆ ਸਕਦਾ ਹੈ ਪਰ ਇਨ੍ਹਾਂ ਦਾ (ਡਾਕਟਰ ਰਮੇਸ਼ ਦੱਤ ਸ਼ਰਮਾ ਵੱਲ ਇਸ਼ਾਰਾ) ਸਵਾਲ ਸੀ ਕਿ ਕੀ ਇਸ ਸੈਸ਼ਨ ਵਿਚ ਜਵਾਬ ਆ ਜਾਵੇਗਾ ?

ਸ੍ਰੀ ਸਪੀਕਰ : ਅਰਸ਼ੀ ਸਾਹਿਬ, ਤੁਸੀਂ ਆਪਣਾ ਵਕਤ ਜ਼ਇਆ ਕਰ ਲਿਆ ਹੈ। ਅੱਜ ਨਾਨ-ਆਫੀਸ਼ੀਅਲ ਡੇਅ ਹੈ। ਮੈਂ ਕਿਹਾ ਹੈ ਕਿ ਇਸੇ ਹਾਊਸ ਵਿਚ ਆਵੇਗਾ, ਇਸੇ ਸੈਸ਼ਨ ਵਿਚ-ਵਿਚ ਆਵੇਗਾ।

ਰਾਜ ਵਿਚ ਆਦਰਸ਼ ਸਕੂਲਾਂ ਨੂੰ ਅਧਿਕਾਰ ਹੇਠ ਲੈਣਾ

*840. **ਸਰਦਾਰ ਗੁਰਬਿੰਦਰ ਸਿੰਘ ਅਟਵਾਲ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਸਰਕਾਰ ਰਾਜ ਵਿਚ ਪੰਜਾਬ ਸਕੂਲ ਸਿਖਿਆ ਬੋਰਡ ਦੁਆਰਾ ਚਲਾਏ ਜਾ ਰਹੇ ਸਾਰੇ ਆਦਰਸ਼ ਸਕੂਲਾਂ ਨੂੰ ਆਪਣੇ ਅਧਿਕਾਰ ਹੇਠ ਲੈਣ ਦਾ ਵਿਚਾਰ ਰਖਦੀ ਹੈ ; ਜੇਕਰ ਅਜਿਹਾ ਹੋਵੇ, ਤਾਂ ਅਜਿਹੇ ਫੈਸਲੇ ਨਾਲ ਕਿੰਨੇ ਅਧਿਆਪਕਾਂ ਅਤੇ ਕਰਮਚਾਰੀਆਂ ਦੇ ਪ੍ਰਭਾਵਿਤ ਹੋਣ ਦੀ ਸੰਭਾਵਨਾ ਹੈ;

(ਅ) ਕੀ ਉਕਤ ਅਧਿਆਪਕਾਂ ਅਤੇ ਕਰਮਚਾਰੀਆਂ ਨੂੰ ਉਹੋ ਜਿਹਾ ਦਰਜਾ ਅਤੇ ਤਨਖਾਹ ਸਕੇਲ ਦਿੱਤੇ ਜਾਣਗੇ ਜੋ ਸਰਕਾਰੀ ਸੇਵਾ ਵਿਚ ਅਜਿਹੀਆਂ ਸ਼ਰੇਣੀਆਂ ਦੇ ਕਰਮਚਾਰੀ ਲੈ ਰਹੇ ਹਨ ?

ਸ੍ਰੀ ਹਰਨਾਮ ਦਾਸ ਜੌਹਰ : (ੳ) ਹਾਂ ਜੀ। 206 ਟੀਚਰਜ਼/ਕਰਮਚਾਰੀ (ਪ੍ਰਭਾਵਿਣਤ ਹੋਣਗੇ)।

(ਅ) ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ।

ਸਰਦਾਰ ਗੁਰਬਿੰਦਰ ਸਿੰਘ ਅਟਵਾਲ : ਸਪੀਕਰ ਸਾਹਿਬ ਜਦੋਂ ਇਹ ਸਕੂਲ ਸ਼ੁਰੂ ਕੀਤੇ ਸੀ ਤਾਂ ਇਨ੍ਹਾਂ ਦਾ ਨਾਮ ਆਦਰਸ਼ ਸਕੂਲ ਰਖਿਆ ਗਿਆ ਸੀ ਔਰ ਬੈਸਟ ਅਵੇਲੇਏਬਲ ਟੇਲੈਂਟ ਇਸ ਦੀ ਨੌਕਰੀ ਵਿਚ ਲਿਆ ਗਿਆ ਸੀ। ਕਾਫੀ ਅਧਿਆਪਕ ਐਸੇ ਸਨ ਜਿਹੜੇ ਕਿ ਕਾਲਜਾਂ ਵਿੱਚੋਂ ਨੌਕਰੀਆਂ ਛੱਡ ਕੇ ਇਨ੍ਹਾਂ ਸਕੂਲਾਂ ਵਿਚ ਆਏ ਸਨ। ਉਨ੍ਹਾਂ ਨੇ 12-12 ਸਾਲ ਇਨ੍ਹਾਂ ਸਕੂਲਾਂ ਵਿਚ ਨੌਕਰੀ ਕੀਤੀ ਹੈ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਨ੍ਹਾਂ ਨੂੰ ਪੇਅ-ਕਮਿਸ਼ਨ ਵੱਲੋਂ ਸੋਧੇ ਹੋਏ ਤਨਖਾਹ ਗਰੇਡ ਦਿੱਤੇ ਜਾਣਗੇ ? ਕੀ ਉਨ੍ਹਾਂ ਨੂੰ ਜੀ.ਪੀ. ਫੰਡ ਦਾ ਲਾਭ ਵੀ ਦਿੱਤਾ ਜਾਵੇਗਾ ਔਰ 12-12 ਸਾਲ ਇਥੇ ਨੌਕਰੀ ਕਰਨ ਤੋਂ ਬਾਅਦ ਉਨ੍ਹਾਂ ਨੂੰ ਸਰਕਾਰ ਦੀ ਰੈਗੂਲਰ ਨੌਕਰੀ ਵਿਚ ਲਗਾਇਆ ਜਾਵੇਗਾ ਜਾਂ ਨਹੀਂ ?

ਸ੍ਰੀ ਸਪੀਕਰ : ਤੁਸੀਂ ਇਕ ਸਵਾਲ ਪੁੱਛ ਲਵੋ।

ਸਰਦਾਰ ਗੁਰਬਿੰਦਰ ਸਿੰਘ ਅਟਵਾਲ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਜਾਨਣਾ ਚਾਹੁੰਦਾ ਹਾਂ ਕਿ ਜਿਹੜੇ ਲਾਭ 12 ਸਾਲਾਂ ਦੀ ਨੌਕਰੀ ਦੇ ਦਿਤੇ ਜਾਣੇ ਸਨ ਕਿ ਉਹ ਲਾਭ ਇਨ੍ਹਾਂ ਨੂੰ ਦਿੱਤੇ ਜ਼ਾਣਗੇ, ਜੇਕਰ ਦਿੱਤੇ ਜਾਣਗੇ ਤਾਂ ਕਦੋਂ ਤਕ ਦਿੱਤੇ ਜਾਣਗੇ ?

ਮੰਤਰੀ : ਸਪੀਕਰ ਸਾਹਿਬ, ਸਾਰਾ ਮਾਮਲਾ ਵਿਚਾਰ ਅਧੀਨ ਹੈ ਜੀ।

ਸਰਦਾਰ ਗੁਰਬਿੰਦਰ ਸਿੰਘ ਅਟਵਾਲ : ਸਪੀਕਰ ਸਾਹਿਬ, ਇਹ ਵਿਚਾਰ ਅਧੀਨ ਕਹਿੰਦੇ ਹਨ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਵਿਚਾਰ ਕਦੋਂ ਤਕ ਕੰਪਲੀਟ ਹੋ ਜਾਵੇਗਾ ਜੀ ? (ਵਿਘਨ)

ਸਪੀਕਰ ਸਾਹਿਬ, ਮੇਰੇ ਸਪਲੀਮੈਂਟਰੀ ਦਾ ਜਵਾਬ ਨਹੀਂ ਆਇਆ ਜੀ। ਮੈਂ ਪੁਛਿਆ ਹੈ ਕਿ ਕਦੋਂ ਤਕ ਵਿਚਾਰ ਕੰਪਲੀਟ ਕਰ ਲੈਣਗੇ ਕਦੋਂ ਤਕ ਇਨ੍ਹਾਂ ਬਾਰੇ ਫੈਸਲਾ ਹੋ ਜਾਵੇਗਾ ? ਮੇਰੇ ਅੱਧੇ ਸਪਲੀਮੈਂਟਰੀ ਦਾ ਜਵਾਬ ਦਿੱਤਾ ਜੀ।

ਸ੍ਰੀ ਸਪੀਕਰ : ਤੁਸੀਂ ਆਪਣਾ ਸਪਲੀਮੈਂਟਰੀ ਰਪੀਟ ਕਰ ਦਿਓ।

ਸਰਦਾਰ ਗੁਰਬਿੰਦਰ ਸਿੰਘ ਅਟਵਾਲ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਜਾਨਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਟੀਚਰਾਂ ਨੇ 12-12 ਸਾਲ ਆਦਰਸ਼ ਸਕੂਲਾਂ ਦੇ ਵਿਚ ਬਤੌਰ ਟੀਚਰਾਂ ਦੇ ਨੌਕਰੀ ਕੀਤੀ ਹੈ ਕੀ 12-12 ਸਾਲਾਂ ਦੀ ਨੌਕਰੀ ਦੇ ਜੋ ਲਾਭ ਮਿਲਣੇ ਚਾਹੀਦੇ ਹਨ ਉਹ ਉਨ੍ਹਾਂ ਨੂੰ ਦਿੱਤੇ ਜਾਣਗੇ ? ਵਜ਼ੀਰ ਸਾਹਿਬ ਨੇ ਇਸ ਦਾ ਜਵਾਬ ਦਿੱਤਾ ਹੈ ਕਿ ਵਿਚਾਰ ਕਰ ਰਹੇ ਹਾਂ। ਨਾਲ ਹੀ ਮੈਂ ਕਿਹਾ ਸੀ ਕਿ ਕਦੋਂ ਤਕ ਵਿਚਾਰ ਕੰਪਲੀਟ ਹੋ ਜਾਵੇਗਾ, ਇਸ ਦਾ ਜਵਾਬ ਨਹੀਂ ਦਿੱਤਾ ਜੀ।

ਸ੍ਰੀ ਸਪੀਕਰ : ਤੁਸੀਂ ਟਾਈਮ ਬਾਊਂਡ ਕਰਨਾ ਚਾਹੁੰਦੇ ਹੋ। ਹਾਂ ਜੀ, ਜੌਹਰ ਸਾਹਿਬ।

ਮੰਤਰੀ : ਸਪੀਕਰ ਸਾਹਿਬ ਹਰ ਇਕ ਚੀਜ਼ ਦਾ ਪ੍ਰਾਸੈਸ ਹੁੰਦਾ ਹੈ। ਜਦੋਂ ਪ੍ਰਾਸੈਸ ਕੰਪਲੀਟ ਹੋ ਜਾਵੇਗਾ ਤਾਂ ਫੈਸਲਾ ਹੋਵੇਗਾ। ਇਸ ਬਾਰੇ ਟਾਈਮ ਨਹੀਂ ਦਿੱਤਾ ਜਾ ਸਕਦਾ।

ਸਰਦਾਰ ਗੁਰਬਿੰਦਰ ਸਿੰਘ ਅਟਵਾਲ : ਸਪੀਕਰ ਸਾਹਿਬ, ਇਹ ਤਾਂ ਅਧਿਆਪਕਾਂ ਬਾਰੇ ਗੱਲ ਹੋਈ ਹੈ, ਹੁਣ ਮੈਂ ਤੁਹਾਡੇ ਰਾਹੀਂ ਮੰਤਰੀ ਜੀ ਕੋਲੋਂ ਵਿਦਿਆਰਥੀਆਂ ਦੀ ਫੇਟ ਬਾਰੇ ਪੁੱਛਣਾ ਚਾਹੁੰਦਾ ਹਾ ਕਿ ਗੌਰਮਿੰਟ ਮਾਡਲ ਸਕੂਲਾਂ ਦਾ ਤਾਂ ਐਸ.ਸੀ.ਈ.ਆਰ.ਟੀ. ਇਮਤਿਹਾਨ ਲੈਂਦਾ ਹੈ, ਪ੍ਰਾਈਵੇਟ ਸਕੂਲਾਂ, ਜਿਨ੍ਹਾਂ ਨੂੰ ਅਸੀਂ ਸ਼ਾਪਸ ਵੀ ਕਹਿ ਦਿੰਦੇ ਹਾਂ, ਉਨ੍ਹਾਂ ਦਾ ਪ੍ਰਾਈਵੇਟ ਤੌਰ ਤੇ ਹੋ ਜਾਂਦਾ ਹੈ ਪਰ ਇਹ ਜਿਹੜੇ ਆਦਰਸ਼ ਸਕੂਲ ਹਨ ਇਨ੍ਹਾਂ ਦੇ ਵਿਦਿਆਰਥੀਆਂ ਦੇ ਇਮਤਿਹਾਨਾਂ ਦਾ ਕੀ ਹੋਵੇਗਾ, ਉਨ੍ਹਾਂ ਦਾ ਕੀ ਸਟੇਟਸ ਹੋਵੇਗਾ ?

Mr. Speaker : It is not a specific question, I am sorry I have not allowed it. It does not fall in that.

ਸਰਦਾਰ ਗੁਰਬਿੰਦਰ ਸਿੰਘ ਅਟਵਾਲ: ਸਪੀਕਰ ਸਾਹਿਬ, ਇਹ ਉਥੋਂ ਦੇ ਸਕੂਲਾਂ ਦੇ ਬੱਚਿਆਂ ਦੇ ਇਮਤਿਹਾਨਾਂ ਬਾਰੇ ਸਪਲੀਮੈਂਟਰੀ ਬਣਦੀ ਹੈ ਜੀ, ਇਸ ਬਾਰੇ ਦੱਸ ਦੇਣ।

(ਕੋਈ ਉਤਰ ਨਹੀਂ ਆਇਆ)

ਡਾਕਟਰ (ਸ੍ਰੀਮਤੀ) ਮਾਲਤੀ ਥਾਪਰ: : ਸਪੀਕਰ ਸਾਹਿਬ, ਮੈਂ ਤੁਹਾਡੇ ਦੁਆਰਾ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦੀ ਹਾਂ ਕਿ ਜੋ ਟਿਨ੍ਹਾਂ ਨੇ ਦੱਸਿਆ ਹੈ ਕਿ 206 ਦੇ ਕਰੀਬ ਕਰਮਚਾਰੀ ਇਨ੍ਹਾਂ ਸਕੂਲਾਂ ਦੇ ਪਰਭਾਵਿਤ ਹੋਣਗੇ, ਕੀ ਮਨਿਸਟਰ ਸਾਹਿਬ ਉਨ੍ਹਾਂ ਨੂੰ ਐਡਜਸਟ ਕਰਨ ਲਈ ਵੀ ਯਤਨ ਕਰਨਗੇ ?

ਸ੍ਰੀ ਸਪੀਕਰ : ਉਨ੍ਹਾਂ ਨੇ ਜਵਾਬ ਤਾਂ ਜਿਹੜਾ ਦੇਣਾ ਸੀ, ਦੇ ਦਿੱਤਾ ਹੈ ਕਿ ਸਾਰਾ ਮਸਲਾ ਅੰਡਰ ਕੰਸਿਡਰੇਸ਼ਨ ਹੈ ।

Mr. Speaker : Question Hour is over. The remaining questions shall be deemed to have been answered under Rule 38 of the rules of Procedure and conduct of business in the Punjab Vidhan Sabha (Punjab Legislative Assembly).

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

ਰਾਜ ਵਿਚ ਉਦਯੋਗਿਕ ਫੋਕਲ ਪੁਆਇੰਟ ਸਥਾਪਤ ਕਰਨੇ

*839. **ਸਰਦਾਰ ਈਸ਼ਰ ਸਿੰਘ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਸਰਕਾਰ ਸਾਲ 1992-93 ਦੇ ਦੌਰਾਨ ਰਾਜ ਵਿਚ ਵਧੇਰੇ ਉਦਯੋਗਿਕ ਫੋਕਲ ਪੁਆਇੰਟ ਸਥਾਪਤ ਕਰਨ ਦਾ ਵਿਚਾਰ ਰਖਦੀ ਹੈ ; ਜੇਕਰ ਅਜਿਹਾ ਹੋਵੇ, ਤਾਂ ਉਸ ਦਾ ਜ਼ਿਲ੍ਹਾ-ਵਾਰ ਵੇਰਵਾ ਕੀ ਹੈ ;

(ਅ) ਜ਼ਿਲ੍ਹਾ ਲੁਧਿਆਣਾ ਵਿਚ ਪਹਿਲਾਂ ਹੀ ਸਥਾਪਤ ਕੀਤੇ ਗਏ ਉਦਯੋਗਿਕ ਫੋਕਲ ਪੁਆਇੰਟਾਂ ਦਾ ਵੇਰਵਾ ਕੀ ਹੈ ਅਤੇ ਹਰ ਇਕ ਉਦਯੋਗਿਕ ਫੋਕਲ ਪੁਆਇੰਟ ਕਿਹੜੀ ਕਿਹੜੀ ਤਾਰੀਕ ਨੂੰ ਸਥਾਪਤ ਕੀਤਾ ਗਿਆ ਸੀ ?

ਸਰਦਾਰ ਬੇਅੰਤ ਸਿੰਘ : (ੳ) ਅਤੇ (ਅ) ਹਾਂ ਜੀ। ਸੂਚਨਾ ਹਾਊਸ ਦੀ ਟੇਬਲ ਤੇ ਰੱਖੀ ਜਾਂਦੀ ਹੈ।

ਫੋਕਲ ਪੁਆਇੰਟ ਸਬੰਧੀ ਸੂਚਨਾ

ਸਾਲ 1992-93 ਵਿੱਚ 4 ਉਦਯੋਗਿਕ ਫੋਕਲ ਪੁਆਇੰਟ ਸਥਾਪਤ ਕੀਤੇ ਜਾ ਰਹੇ ਹਨ ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :—

ਲੜੀ ਨੰ:	ਜ਼ਿਲ੍ਹਾ	ਫੋਕਲ ਪੁਆਇੰਟ	ਖੇਤਰ
1	(ੲ) ਲੁਧਿਆਣਾ	... ਫੇਜ਼-8(ਸਮਰਾਲਾ ਰੋਡ)	800 ਏਕੜ
2	ਰੋਪੜ	... ਚਨਾਲੋਂ	150 ਏਕੜ
3	ਅੰਮ੍ਰਿਤਸਰ	... ਅੰਮ੍ਰਿਤਸਰ (ਵਿਸਥਾਰ)	84 ਏਕੜ
4	ਪਟਿਆਲਾ	... ਪਟਿਆਲਾ	197 ਏਕੜ

[ਮੁੱਖ ਮੰਤਰੀ]

(ਅ) ਲੁਧਿਆਣਾ ਜ਼ਿਲੇ ਵਿੱਚ ਪਹਿਲਾਂ ਹੀ ਸਥਾਪਤ ਕੀਤੇ ਫੋਕਲ ਪੁਆਇੰਟ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :—

ਲੜੀ ਨੰ:	ਫੋਕਲ ਪੁਆਇੰਟ (ਢੰਡਾਰੀ ਕਲਾਂ)		ਸਾਲ
1	(1) ਫੇਜ਼ 1,2,3	...	1967-68
	(2) ਫੇਜ਼ 5	...	1975-76
	(3) ਫੇਜ਼ 6	...	1980-81
	(4) ਫੇਜ਼ 4-ਏ	..	1982-83
	(5) ਫੇਜ਼-7	..	1983-84
2	ਖੰਨਾ	...	1977-78

ਜ਼ਿਲ੍ਹਾ ਮਾਨਸਾ ਵਿਚ ਸਟਾਫ ਲਈ ਰਿਹਾਇਸ਼ੀ ਕੁਆਟਰਾਂ ਦੀ ਉਸਾਰੀ

*789. **ਸਰਦਾਰ ਸੁਰਜਨ ਸਿੰਘ ਜੋਗਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਨਵੇਂ ਬਣਾਏ ਗਏ ਜ਼ਿਲਾ ਮਾਨਸਾ ਵਿਚ ਸਰਕਾਰੀ ਅਫਸਰਾਂ ਲਈ ਰਿਹਾਇਸ਼ੀ ਥਾਂ ਅ ਤੇ ਕਰਮਚਾਰੀਆਂ ਲਈ ਰਿਹਾਇਸ਼ੀ ਕੁਆਟਰਾਂ ਦੀ ਉਸਾਰੀ ਕਦੋਂ ਤਕ ਕੀਤੇ ਜ਼ਾਣ ਦੀ ਸੰਭਾਵਨਾ ਹੈ?

ਸਰਦਾਰ ਬੇਅੰਤ ਸਿੰਘ : ਸਰਕਾਰੀ ਅਫਸਰਾਂ ਅਤੇ ਕਰਮਚਾਰੀਆਂ ਨੂੰ ਰਿਹਾਇਸ਼ੀ ਕੁਆਟਰ ਬਣਾਉਣ ਸਬੰਧੀ ਸਰਕਾਰ ਨੇ ਬੜੀ ਤੇਜ਼ ਰਫਤਾਰ ਨਾਲ ਕੰਮ ਸ਼ੁਰੂ ਕਰ ਦਿੱਤਾ ਹੈ। ਇਹ ਦੱਸਣਾ ਮੁਸ਼ਕਲ ਹੈ ਕਿ ਉਨ੍ਹਾਂ ਨੂੰ ਸਰਕਾਰੀ ਰਿਹਾਇਸ਼ੀ ਮਕਾਨ ਕਦੋਂ ਤੱਕ ਉਪਲਬਧ ਕਰਵਾ ਦਿੱਤੇ ਜਾਣਗੇ।

ਭਾਸ਼ਾ ਅਧਿਆਪਕਾਂ ਦੇ ਅਹੁਦੇ ਦਾ ਨਾਂ ਬਦਲਣਾ

*842. **ਸ਼੍ਰੀ ਸੰਤੋਖ ਸਿੰਘ ਚੌਧਰੀ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਪੰਜਾਬੀ, ਹਿੰਦੀ, ਸੰਸਕ੍ਰਿਤ ਅਧਿਆਪਕਾਂ ਵਜੋਂ ਕੰਮ ਕਰ ਰਹੇ ਉਨ੍ਹਾਂ ਭਾਸ਼ਾ ਅਧਿਆਪਕਾਂ ਜਿਨ੍ਹਾਂ ਦੀਆਂ ਨਿਯੁੱਕਤੀਆਂ 1 ਜਨਵਰੀ, 1986 ਤੋਂ ਪਹਿਲਾਂ ਕੀਤੀਆਂ ਗਈਆਂ ਸਨ, ਦੇ ਅਹੁਦੇ ਦਾ ਨਾਂ ਬੀ.ਐਡ.ਅਧਿਆਪਕ (ਮਾਸਟਰ) ਵਜੋਂ ਬਦਲਣ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ, ਤਾਂ ਉਸਦਾ ਵੇਰਵਾ ਕੀ ਹੈ, ਜੇਕਰ ਨਹੀਂ; ਤਾਂ ਇਸ ਦੇ ਕੀ ਕਾਰਣ ਹਨ?

ਸ਼੍ਰੀ ਹਰਨਾਮ ਦਾਸ ਜੋਹਰ : ਨਹੀਂ ਜੀ। ਭਾਸ਼ਾ ਅਧਿਆਪਕ ਜਿਵੇਂ ਕਿ ਪੰਜਾਬੀ/ਹਿੰਦੀ/ਸੰਸਕ੍ਰਿਤ ਅਧਿਆਪਕਾਂ ਜਿਹੜੇ 1 ਜਨਵਰੀ, 1986 ਤੋਂ ਪਹਿਲਾਂ ਬਤੌਰ ਭਾਸ਼ਾ ਅਧਿਆਪਕ ਨਿਯੁਕਤ ਸਨ ਤੇ ਉਨ੍ਹਾਂ ਕੋਲ ਦਸਵੀਂ ਤੋਂ ਬਾਅਦ ਗਿਆਨੀ/ਪ੍ਰਭਾਕਰ ਅਤੇ ਓ.ਟੀ. ਦੀਆਂ ਵਿਦਿਅਕ ਯੋਗਤਾਵਾਂ ਸਨ ।

ਉਨ੍ਹਾਂ ਦਾ ਅਹੁਦਾ ਬੀ.ਐਡ ਅਧਿਆਪਕ ਦੇ ਕਾਡਰ (ਮਾਸਟਰ ਕਾਡਰ) ਵਿੱਚ ਨਹੀਂ ਬਦਲਿਆ ਜਾ ਸਕਦਾ ਕਿਉਂਕਿ ਮਾਸਟਰਜ਼/ਮਿਸਟਰੈਸਿਜ਼ ਦੀਆਂ ਨਿਯੁਕਤੀਆਂ ਬੀ.ਏ./ਬੀ.ਟੀ./ਬੀ.ਐਡ ਦੇ ਆਧਾਰ ਤੇ ਹੁੰਦੀਆਂ ਹਨ। ਇਹ ਨਿਯੁਕਤੀਆਂ ਪੰਜਾਬ ਸਟੇਟ ਸਿਖਿਆ (ਸਕੂਲ ਕਾਡਰ) ਕਲਾਸ-III ਰੂਲ, 1978 ਵਿੱਚ ਪ੍ਰਮਾਣਿਤ ਵਿਦਿਅਕ ਯੋਗਤਾਵਾਂ ਦੇ ਆਧਾਰ ਤੇ ਕੀਤੀਆਂ ਜਾਂਦੀਆਂ ਹਨ ।

ਸਿਖਿਆ ਵਿਭਾਗ ਦੇ ਕਰਮਚਾਰੀਆਂ ਦੀ ਬਦਲੀ ਸਬੰਧੀ ਨੀਤੀ

*790. **ਸਰਦਾਰ ਸੁਰਜਨ ਸਿੰਘ ਜੋਗਾ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਰਾਜ ਦੇ ਸਿਖਿਆ ਵਿਭਾਗ ਵਿਚ ਕੰਮ ਕਰ ਰਹੇ ਕਰਮਚਾਰੀਆਂ ਦੀਆਂ ਬਦਲੀਆਂ ਸਬੰਧੀ ਸਰਕਾਰ ਦੁਆਰਾ ਨਿਸਚਿਤ ਕੀਤੀ ਨੀਤੀ ਦੱਸਣਗੇ?

ਸ੍ਰੀ ਹਰਨਾਮ ਦਾਸ ਜੌਹਰ : ਸਿਖਿਆ ਵਿਭਾਗ ਵਿਚ ਕੰਮ ਕਰ ਰਹੇ ਕਰਮਚਾਰੀਆਂ ਦੀਆਂ ਬਦਲੀਆਂ ਪ੍ਰਸੋਨਲ ਅਤੇ ਪ੍ਰਬੰਧਕੀ ਸੁਧਾਰ ਵਿਭਾਗ ਵੱਲੋਂ ਆਮ ਬਦਲੀਆਂ ਸਬੰਧੀ ਨਿਰਧਾਰਿਤ ਕੀਤੀ ਨੀਤੀ ਅਨੁਸਾਰ ਕੀਤੀਆਂ ਜਾਂਦੀਆਂ ਹਨ। ਅਜਿਹੀ ਪਾਲਿਸੀ ਮੁੱਖ ਸਕੱਤਰ ਵਲੋਂ ਪੱਤਰ ਨੰ: 7/3/92-3ਪੀ.ਪੀ-ii/5590; ਮਿਤੀ 30 ਅਪ੍ਰੈਲ, 1992 ਰਾਹੀਂ ਜਾਰੀ ਕੀਤੀ ਗਈ ਸੀ।

ਬਲਾਕ ਗੰਡੀਵਿੰਡ, ਜ਼ਿਲ੍ਹਾ ਅੰਮ੍ਰਿਤਸਰ ਵਿਚ ਸਕੂਲ ਅੱਪ-ਗਰੇਡ ਕਰਨੇ

*820. **ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ --

(ੳ) ਸਾਲ 1993-94 ਦੌਰਾਨ ਰਾਜ ਵਿਚ ਸੀਨੀਅਰ ਸੈਕੰਡਰੀ, ਹਾਈ ਅਤੇ ਮਿਡਲ ਪੱਧਰ ਤੱਕ ਅੱਪ-ਗਰੇਡ ਕੀਤੇ ਜਾਣ ਵਾਲੇ ਪ੍ਰਸਤਾਵਿਤ ਸਕੂਲਾਂ ਦੀ ਸ਼੍ਰੇਣੀਵਾਰ ਗਿਣਤੀ ਕੀ ਹੈ ;

(ਅ) ਉਪਰੋਕਤ ਭਾਗ (ਅ) ਵਿਚ ਵਰਣਿਤ ਸਕੂਲਾਂ ਵਿਚੋਂ ਉਨ੍ਹਾਂ ਸਕੂਲਾਂ ਦੀ ਸ਼੍ਰੇਣੀਵਾਰ ਗਿਣਤੀ ਕਿੰਨੀ ਹੈ ਜੋ ਬਲਾਕ ਗੰਡੀਵਿੰਡ, ਜ਼ਿਲ੍ਹਾ ਅੰਮ੍ਰਿਤਸਰ ਵਿਚ ਅਪਗਰੇਡ ਕੀਤੇ ਜਾਣ ਦੀ ਸੰਭਾਵਨਾ ਹੈ ਅਤੇ ਇਨ੍ਹਾਂ ਸਕੂਲਾਂ ਨੂੰ ਕਿਸ ਕਿਸ ਤਰੀਕ ਤੋਂ ਅੱਪਗਰੇਡ ਕੀਤੇ ਜਾਣ ਦੀ ਤਜਵੀਜ਼ ਹੈ ?

ਸ੍ਰੀ ਹਰਨਾਮ ਦਾਸ ਜੌਹਰ : ਸਾਲ 1993-94 ਦੌਰਾਨ ਹੇਠ ਲਿਖੇ ਸਕੂਲਾਂ ਦੀਆਂ ਕੈਟੇਗਰੀਜ਼ ਅਪਗਰੇਡ ਕਰਨ ਦੀ ਤਜਵੀਜ਼ ਹੈ --

(ੳ) ਮਿਡਲ ਸਕੂਲ ਤੋਂ ਸੀਨੀਅਰ ਸੈਕੰਡਰੀ ਸਕੂਲ	...	70
ਮਿਡਲ ਸਕੂਲ ਤੋਂ ਹਾਈ ਸਕੂਲ	...	100
ਪ੍ਰਾਇਮਰੀ ਸਕੂਲ ਤੋਂ ਮਿਡਲ ਸਕੂਲ	...	200

(ਅ) ਸਕੂਲਾਂ ਨੂੰ ਅਪਗਰੇਡ ਕਰਨ ਸਬੰਧੀ ਲਿਸਟ ਹਾਲਾਂ ਤੱਕ ਮੁਕੰਮਲ ਨਹੀਂ ਹੋਈ, ਜਿਸ ਲਈ ਤਜਵੀਜ਼ ਕੀਤੀ ਗਈ ਅਪਗਰੇਡੇਸ਼ਨ ਦੀ ਕੋਈ ਮਿਤੀ ਨਹੀਂ ਦਿੱਤੀ ਜਾ ਸਕਦੀ।

ਰਾਜ ਵਿਚ ਐਲੀਮੈਂਟਰੀ ਟੀਚਰਜ਼ ਟਰੇਨਿੰਗ ਲਈ ਐਲੋਕੇਟ ਕੀਤੀਆਂ ਗਈਆਂ ਸੀਟਾਂ ਨੂੰ ਭਰਨਾ

*821. **ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ --

(ੳ) ਰਾਜ ਵਿਚ ਵਿਦਿਆ ਸਾਲ 1992--93 ਲਈ ਐਲੀਮੈਂਟਰੀ ਟੀਚਰਜ਼ ਟਰੇਨਿੰਗ ਲਈ ਸਕੂਲ-ਵਾਰ ਐਲੋਕੇਟ ਕੀਤੀਆਂ ਸੀਟਾਂ ਦੀ ਗਿਣਤੀ ਕਿੰਨੀ-ਕਿੰਨੀ ਹੈ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਸੀਟਾਂ ਵਿਚੋਂ ਅਨੁਸੂਚਿਤ ਜਾਤੀਆਂ ਲਈ ਰਾਖਵੀਆਂ ਰੱਖੀਆਂ ਗਈਆਂ ਸੀਟਾਂ ਦੀ ਸਕੂਲ-ਵਾਰ ਗਿਣਤੀ ਕਿੰਨੀ ਕਿੰਨੀ ਹੈ;

(ੲ) ਖਾਲੀ ਪਈਆਂ ਸੀਟਾਂ ਦੀ ਸਕੂਲ-ਵਾਰ ਗਿਣਤੀ ਕਿੰਨੀ ਕਿੰਨੀ ਹੈ ਅਤੇ ਉਕਤ ਖਾਲੀ ਸੀਟਾਂ ਨੂੰ ਭਰਨ ਲਈ ਕੀਤੀ ਜਾ ਰਹੀ ਕਾਰਵਾਈ ਦੇ ਵੇਰਵੇ ਕੀ ਹਨ?

ਸ੍ਰੀ ਹਰਨਾਮ ਦਾਸ ਜੌਹਰ : (ੳ) ਹਰ ਜ਼ਿਲ੍ਹਾ ਸਿਖਿਆ ਅਤੇ ਸਿਖਲਾਈ ਸੰਸਥਾ/ਜਥੇਬੰਦੀ ਸੰਸਥਾ ਵਿੱਚ 50-50 ਸੀਟਾਂ ;

(ਅ) ਹਰ ਸੰਸਥਾ ਵਿੱਚ ਅਨੁਸੂਚਿਤ ਜਾਤੀ ਲਈ 12 ਸੀਟਾਂ ਰਾਖਵੀਆਂ ਹਨ ;

(ੲ) ਨਿੱਲ

———

ਪ੍ਰਾਈਵੇਟ ਸਕੂਲਾਂ ਦੇ ਅਧਿਆਪਕਾਂ ਨੂੰ ਤਨਖਾਹਾਂ ਦੀ ਅਦਾਇਗੀ

*854. **ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ:** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਜ਼ਿਲ੍ਹਾ ਅੰਮ੍ਰਿਤਸਰ ਵਿਚ ਇਸ ਸਮੇਂ ਪ੍ਰਾਈਵੇਟ ਸੰਸਥਾਵਾਂ ਦੁਆਰਾ ਚਲਾਏ ਜਾ ਰਹੇ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੀ ਸ਼੍ਰੇਣੀਵਾਰ ਗਿਣਤੀ ਕਿੰਨੀ-ਕਿੰਨੀ ਅਤੇ ਇਨ੍ਹਾਂ ਵਿਚੋਂ ਕਿੰਨੇ ਪੰਜਾਬ ਸਕੂਲ ਸਿਖਿਆ ਬੋਰਡ ਨਾਲ ਸਬੰਧਤ ਹਨ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਸਕੂਲਾਂ ਕਿਵੇਂ ਸਰਕਾਰ ਪਾਸੋਂ ਗਰਾਂਟਾਂ ਪ੍ਰਾਪਤ ਕਰ ਰਹੇ ਸਕੂਲਾਂ ਦੀ ਸ਼੍ਰੇਣੀਵਾਰ ਗਿਣਤੀ ਕਿੰਨੀ ਕਿੰਨੀ ਹੈ;

(ੲ) ਉਨ੍ਹਾਂ ਨਿਯਮਾਂ ਦਾ ਵੇਰਵਾ ਕੀ ਹੈ, ਜਿਨ੍ਹਾਂ ਦੇ ਅਧੀਨ ਉਪਰੋਕਤ ਭਾਗ (ੳ) ਵਿਚ ਵਰਣਿਤ ਸਕੂਲਾਂ ਦੇ ਅਧਿਆਪਕਾਂ ਨੂੰ ਤਨਖਾਹਾਂ ਦੀ ਅਦਾਇਗੀ ਕੀਤੀ ਜਾਂਦੀ ਹੈ?

ਸ੍ਰੀ ਹਰਨਾਮ ਦਾਸ ਜੌਹਰ : (ੳ)(i) ਹਾਈ ਸਕੂਲਾਂ ਦੀ ਗਿਣਤੀ : 49

(ii) ਸੀਨੀਅਰ ਸੈਕੰਡਰੀ ਸਕੂਲਾਂ ਦੀ ਗਿਣਤੀ: 39

(iii) ਪੰਜਾਬ ਸਕੂਲ ਸਿੱਖਿਆ ਬੋਰਡ : ਐਫੀਲੀਏਟਿਡ ਸਕੂਲਾਂ ਦੀ ਗਿਣਤੀ : 16 ਹਾਈ ਸਕੂਲ ਅਤੇ 39 ਸੀਨੀਅਰ ਸੈਕੰਡਰੀ ਸਕੂਲ

(ਅ) (i) ਗਰਾਂਟ-ਇਨ-ਏਡ ਲੈ ਰਹੇ ਹਾਈ ਸਕੂਲਾਂ ਦੀ ਗਿਣਤੀ ; 25

(ii) ਗਰਾਂਟ-ਇਨ-ਏਡ ਲੈ ਰਹੇ ਸੀਨੀਅਰ ਸੈਕੰਡਰੀ ਸਕੂਲਾਂ ਦੀ ਗਿਣਤੀ ; 17

(ੲ) (i) ਮਾਨਤਾ ਪ੍ਰਾਪਤ ਪ੍ਰਾਈਵੇਟ ਸਕੂਲਾਂ ਵਿੱਚ ਏਡਿਡ ਪੋਸਟਾਂ ਤੇ ਕੰਮ ਕਰ ਰਹੇ ਟੀਚਰਾਂ ਨੂੰ ਸਰਕਾਰੀ ਸਕੂਲਾਂ ਵਿੱਚ ਕੰਮ ਕਰ ਰਹੇ ਟੀਚਰਾਂ ਦੇ ਬਰਾਬਰ ਤਨਖਾਹਾਂ (ਬੇਸਿਕ ਪੇ ਅਤੇ ਡੀ.ਏ.) ਦਿੱਤੀਆਂ ਜਾਂਦੀਆਂ ਹਨ ।

(ii) ਪ੍ਰਾਈਵੇਟ ਅਨਏਡਿਡ ਸਕੂਲਾਂ ਵਿੱਚ ਕੰਮ ਕਰਦੇ ਟੀਚਰਾਂ ਨੂੰ ਤਨਖਾਹਾਂ ਸਬੰਧਤ ਮੈਨੇਜਮੈਂਟਾਂ ਵਲੋਂ ਆਪਣੇ ਨਿਯਮਾਂ ਅਨੁਸਾਰ ਦਿੱਤੀਆਂ ਜਾਂਦੀਆਂ ਹਨ ।

UNSTARRED QUESTIONS AND ANSWERS

ਜ਼ਿਲ੍ਹਾ ਮਾਨਸਾ ਵਿਚ ਡਾਕਟਰਾਂ ਦੀਆਂ ਖਾਲੀ ਆਸਾਮੀਆਂ

118. **ਕਾਮਰੇਡ ਹਰਦੇਵ ਸਿੰਘ ਅਰਸ਼ੀ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਇਸ ਸਮੇਂ ਜ਼ਿਲ੍ਹਾ ਮਾਨਸਾ ਵਿਚ ਵੱਖ ਵੱਖ ਸਿਵਿਲ ਹਸਪਤਾਲਾਂ, ਸਮੂਹਕ ਸਿਹਤ ਕੇਂਦਰਾਂ ,ਮੁੱਢਲੇ ਸਿਹਤ ਕੇਂਦਰਾਂ , ਦਿਹਾਤੀ ਹਸਪਤਾਲਾਂ, ਡਿਸਪੈਂਸਰੀਆਂ ਅਤੇ ਉਪ ਕੇਂਦਰਾਂ ਦੀ ਕੁੱਲ ਗਿਣਤੀ ਕਿੰਨੀ ਕਿੰਨੀ ਹੈ ਅਤੇ ਹਰ ਇੱਕ ਲਈ ਡਾਕਟਰਾਂ ਦੀਆਂ ਕੁੱਲ ਕਿੰਨੀਆਂ ਆਸਾਮੀਆਂ ਮਨਜ਼ੂਰ ਕੀਤੀਆਂ ਗਈਆਂ ਹਨ ਅਤੇ 15 ਫਰਵਰੀ, 1993 ਨੂੰ ਡਾਕਟਰਾਂ ਦੀਆਂ ਕਿੰਨੀਆਂ ਆਸਾਮੀਆਂ ਖਾਲੀ ਪਈਆਂ ਸਨ?

ਸਰਦਾਰ ਲਾਲ ਸਿੰਘ : ਜ਼ਿਲ੍ਹਾ ਮਾਨਸਾ ਵਿਚ ਵੱਖ ਵੱਖ ਸਿਵਲ ਹਸਪਤਾਲਾਂ, ਸਮੂਹਿਕ ਸਿਹਤ ਕੇਂਦਰਾਂ ਮੁੱਢਲੇ ਸਿਹਤ ਕੇਂਦਰਾਂ, ਦਿਹਾਤੀ ਹਸਪਤਾਲਾਂ, ਡਿਸਪੈਂਸਰੀਆਂ ਅਤੇ ਉੱਪ-ਕੇਂਦਰਾਂ (ਐਸ.ਐਚ.ਸੀ) ਦੀ ਕੁੱਲ ਗਿਣਤੀ ਅਤੇ ਹਰ ਇੱਕ ਲਈ ਡਾਕਟਰਾਂ ਦੀਆਂ ਕੁੱਲ ਮਨਜ਼ੂਰਸ਼ੁੱਦਾ ਆਸਾਮੀਆਂ ਦੀ ਗਿਣਤੀ ਅਤੇ 15 ਫਰਵਰੀ, 1993 ਨੂੰ ਡਾਕਟਰਾਂ ਦੀਆਂ ਖਾਲੀ ਆਸਾਮੀਆਂ ਦੀ ਗਿਣਤੀ ਹੇਠ ਲਿਖੇ ਅਨੁਸਾਰ ਹੈ :—

ਸੰਸਥਾ ਦਾ ਨਾਂ	ਸੰਸਥਾਵਾਂ ਦੀ ਗਿਣਤੀ	ਸੰਸਥਾਵਾਂ ਵਿਚ ਮੰਜ਼ੂਰ ਸ਼ੁਦਾ ਡਾਕਟਰਾਂ ਦੀਆਂ ਆਸਾਮੀਆਂ ਦੀ ਗਿਣਤੀ	ਸੰਸਥਾ ਵਿਚ ਖਾਲੀ ਆਸਾਮੀਆਂ ਦੀ ਗਿਣਤੀ
ਸਿਵਲ ਹਸਪਤਾਲ	1	17	2
ਸਮੂਹਿਕ ਸਿਹਤ ਕੇਂਦਰ/ਮੁੱਢਲੇ ਸਿਹਤ ਕੇਂਦਰ	3	19	9
ਮਿੰਨੀ ਮੁੱਢਲੇ ਸਿਹਤ ਕੇਂਦਰ	9	10	7
ਦਿਹਾਤੀ ਹਸਪਤਾਲ	3	6	3
ਡਿਸਪੈਂਸਰੀਆਂ	2	2	—
ਉੱਪ-ਕੇਂਦਰ (ਐਸ.ਐਚ.ਸੀ.)	28	28	26
ਕੁੱਲ	46	82	47

ਜ਼ਿਲ੍ਹਾ ਮਾਨਸਾ ਵਿਚ ਨਵੇਂ ਪਸ਼ੂ ਚਿਕਿਤਸਾ ਹਸਪਤਾਲ/ਡਿਸਪੈਂਸਰੀਆਂ ਖੋਲ੍ਹਣਾ

119. **ਕਾਮਰੇਡ ਹਰਦੇਵ ਸਿੰਘ ਅਰਸ਼ੀ:** ਕੀ ਪਸ਼ੂ ਪਾਲਣ ਅਤੇ ਮੱਛੀ ਪਾਲਣ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) 13 ਅਪਰੈਲ ,1992 ਅਤੇ 15 ਫਰਵਰੀ, 1993 ਨੂੰ ਜ਼ਿਲ੍ਹਾ ਮਾਨਸਾ ਵਿਚ ਕੁੱਲ ਕਿੰਨੇ ਕਿੰਨੇ ਪਸ਼ੂ ਚਿਕਿਤਸਾ ਹਸਪਤਾਲ/ਡਿਸਪੈਂਸਰੀਆਂ ਸਨ;

(ਅ) 13 ਅਪ੍ਰੈਲ, 1992 ਤੋਂ 31 ਜਨਵਰੀ, 1993 ਤੱਕ ਦੇ ਸਮੇਂ ਦੇ ਦੌਰਾਨ ਉਕਤ ਜ਼ਿਲ੍ਹੇ ਵਿੱਚ ਕਿੰਨੇ ਨਵੇਂ ਪਸ਼ੂ ਚਕਿਤਸਾ ਹਸਪੈਤਾਲ/ਡਿਸਪੈਂਸਰੀਆਂ ਖੋਲ੍ਹੀਆਂ ਗਈਆਂ ਸਨ ਅਤੇ ਇਹ ਕਿਹੜੇ ਕਿਹੜੇ ਪਿੰਡਾਂ ਵਿਚ ਖੋਲ੍ਹੀਆਂ ਗਈਆਂ ਹਨ ਅਤੇ ਇਹ ਨਵੇਂ ਪਸ਼ੂ ਚਿਕਿਤਸਾ ਹਸਪਤਾਲ/ਡਿਸਪੈਂਸਰੀਆਂ ਖੋਲ੍ਹਣ ਲਈ ਕੀ ਕਮੇਟੀ ਅਪਣਾਈ ਗਈ ਹੈ?

ਸਰਦਾਰ ਹਰਬੰਸ ਸਿੰਘ ਸਿੱਧੂ: (ੳ) 1. 13 ਅਪਰੈਲ, 1992 ਨੂੰ ਮਾਨਸਾ ਜ਼ਿਲ੍ਹੇ ਵਿਚ 30 ਪਸ਼ੂ ਹਸਪਤਾਲ ਅਤੇ 29 ਡਿਸਪੈਂਸਰੀਆਂ ਸਨ।

2. 15 ਫਰਵਰੀ, 1993 ਨੂੰ ਮਾਨਸਾ ਜ਼ਿਲ੍ਹੇ ਵਿਚ ਪਸ਼ੂ ਹਸਪਤਾਲਾਂ ਦੀ ਗਿਣਤੀ 30 ਅਤੇ ਪਸ਼ੂ ਡਿਸਪੈਂਸਰੀਆਂ ਦੀ ਗਿਣਤੀ 29 ਸੀ।

(ਅ) ਜ਼ਿਲ੍ਹਾ ਯੋਜਨਾ ਬੋਰਡ, ਮਾਨਸਾ ਪਸ਼ੂ ਹਸਪਤਾਲ ਖੋਲ੍ਹਣ/ਅਪਗਰੇਡ ਕਰਨ ਦੀ ਪ੍ਰਵਾਨਗੀ ਦੇਣ ਲਈ ਸਮਰਥ ਹੈ। ਜ਼ਿਲ੍ਹਾ ਯੋਜਨਾ ਬੋਰਡ, ਮਾਨਸਾ ਵਲੋਂ ਰਿਪੋਰਟ ਅਜੇ ਆਉਣੀ ਰਹਿੰਦੀ ਹੈ। ਨਵੀਆਂ ਪਸ਼ੂ ਸੰਸਥਾਵਾਂ ਨੂੰ ਖੋਲ੍ਹਣ ਸਬੰਧੀ ਕਸੌਟੀ (*Criteria*) ਹੇਠ ਅਨੁਸਾਰ ਹੈ:—

1. ਪੰਜਾਬ ਰਾਜ ਵਿੱਚ ਨਵੇਂ ਪਸ਼ੂ ਹਸਪਤਾਲਾਂ ਖੋਲ੍ਹਣ ਸਬੰਧੀ ਗਾਈਡਲਾਈਨਜ਼

(1) ਪਸ਼ੂ ਹਸਪਤਾਲ ਖੋਲ੍ਹਣ ਲਈ ਚੁਣੇ ਗਏ ਪਿੰਡ ਅਤੇ ਉਸਦੇ ਨਾਲ ਲੱਗਦੇ ਪਿੰਡਾਂ ਦੇ ਪਸ਼ੂਆਂ ਦੀ ਆਬਾਦੀ 4,000 ਤੋਂ ਘੱਟ ਨਾ ਹੋਵੇ ਅਤੇ ਚੁਣਿਆ ਗਿਆ ਪਿੰਡ ਉਸ ਨਾਲ ਲੱਗਦੇ ਦੂਜੇ ਪਿੰਡਾਂ ਦੇ ਕੇਂਦਰ ਵਿਚ ਪੈਂਦਾ ਹੋਵੇ। ਤਜਵੀਜ਼ ਕੀਤੇ ਗਏ ਪਸ਼ੂ ਹਸਪਤਾਲ ਦੀ ਦੂਰੀ ਨਾਲ ਲੱਗਦੇ ਪਸ਼ੂ ਹਸਪਤਾਲ ਤੋਂ 3 ਕਿਲੋਮੀਟਰ ਤੋਂ ਘੱਟ ਨਾ ਹੋਵੇ।

(2) ਤਜਵੀਜ਼ ਕੀਤਾ ਗਿਆ ਪਸ਼ੂ ਹਸਪਤਾਲ ਘਟੋ ਘੱਟ 4 ਕਿਲੋਮੀਟਰ ਦੇ ਏਰੀਏ ਨੂੰ ਵੈਟਨਰੀ ਸੇਵਾਵਾਂ ਉਪਲਭਧ ਕਰੇ।

(3) ਪਸ਼ੂ ਹਸਪਤਾਲ ਦੀ ਬਿਲਡਿੰਗ ਅਤੇ ਪਸ਼ੂ ਹਸਪਤਾਲ ਵਿੱਚ ਨਿਯੁਕਤ ਕੀਤੇ ਜਾਣ ਵਾਲੇ ਸਟਾਫ ਲਈ ਰਿਹਾਇਸ਼ੀ ਕਵਾਟਰਾਂ ਲਈ ਪਿੰਡ ਦੀ ਪੰਚਾਇਤ ਘੱਟੋ ਘੱਟ ਅੱਧਾ ਏਕੜ ਜਮੀਨ ਪਿੰਡ ਦੀ ਆਬਾਦੀ ਦੇ ਨਾਲ ਲੱਗਦੀ ਜ਼ਮੀਨ ਇਸ ਵਿਭਾਗ ਨੂੰ ਮੁਫਤ ਦੇਵੇਗੀ।

(4) ਜਿਸ ਬਲਾਕ ਵਿਚ ਨਵਾਂ ਪਸ਼ੂ ਹਸਪਤਾਲ ਖੋਲ੍ਹੇ ਜਾਣ ਦੀ ਤਜਵੀਜ਼ ਹੋਵੇ, ਉਸ ਪਿੰਡ ਪ੍ਰਤੀ ਵੈਟਰੇਰੀਅਨ 4,000 ਲਾਈਵਸਟਾਕ ਯੂਨਿਟੀ ਤੋਂ ਵੱਧ ਨੂੰ ਪਸ਼ੂ ਸਿਹਤ ਸੇਵਾਵਾਂ ਉਪਲਬਧ ਹੋਣੀਆਂ ਚਾਹੀਦੀਆਂ ਹਨ।

2. ਨਵੀਆਂ ਪਸ਼ੂ ਡਿਸਪੈਂਸਰੀਆਂ ਖੋਲ੍ਹਣ ਲਈ ਗਾਈਡਲਾਈਨਜ਼

(1) ਨਵੀਂ ਪਸ਼ੂ ਡਿਸਪੈਂਸਰੀਆਂ ਖੋਲ੍ਹਣ ਲਈ ਚੁਣੇ ਗਏ ਪਿੰਡ ਅਤੇ ਉਸ ਨਾਲ ਲੱਗਦੇ ਪਿੰਡਾਂ ਵਿਚ ਪਸ਼ੂਆਂ ਦੀ ਗਿਣਤੀ ਘੱਟੋ ਘੱਟ 2,000 ਹੋਣੀ ਚਾਹੀਦੀ ਹੈ। ਤਜਵੀਜ਼ ਕੀਤੀ ਗਈ ਪਸ਼ੂ ਡਿਸਪੈਂਸਰੀਆਂ ਦਾ ਫਾਸਲਾ ਨਾਲ ਲੱਗਦੀ ਪਸ਼ੂ ਡਿਸਪੈਂਸਰੀ ਜਾਂ ਪਸ਼ੂ ਹਸਪਤਾਲ ਤੋਂ 2 ਕਿਲੋਮੀਟਰ ਤੋਂ ਘੱਟ ਨਾ ਹੋਵੇ।

(2) ਪਿੰਡ ਦੀ ਪੰਚਾਇਤ ਵਿਭਾਗ ਦੇ ਪਲਾਨ ਅਨੁਸਾਰ ਪਸ਼ੂਆਂ ਲਈ ਸਿਕੰਜਾ (ਕੈਟਲ ਕੋਰਸ) ਪਸ਼ੂ ਡਿਸਪੈਂਸਰੀਆਂ ਵਿਚ ਆਪਣੇ ਖਰਚੇ ਤੇ ਲਗਾਏਗੀ।

(3) ਜਿਸ ਪਿੰਡ ਦੀ ਪੰਚਾਇਤ ਪਸ਼ੂ ਡਿਸਪੈਂਸਰੀ ਦੀ ਬਿਲਡਿੰਗ ਵਿਭਾਗ ਦੀ ਪਲਾਨ ਅਨੁਸਾਰ ਬਣਾ ਕੇ ਦੇਵੇਗੀ ਅਤੇ ਦੂਜੀਆਂ ਹੋਰ ਸ਼ਰਤਾਂ ਪੂਰੀਆਂ ਕਰਦੀ ਹੋਵੇਗੀ, ਨੂੰ ਪਸ਼ੂ ਡਿਸਪੈਂਸਰੀਆਂ ਖੋਲ੍ਹਣ ਲਈ ਤਰਜੀਹ ਦਿਤੀ ਜਾਵੇਗੀ।

3. ਮੌਜੂਦਾ ਪਸ਼ੂ ਡਿਸਪੈਂਸਰੀਆਂ/ਪਸ਼ੂ ਸੰਸਥਾਵਾਂ ਨੂੰ ਅਪਗਰੇਡ ਕਰਕੇ ਪਸ਼ੂ ਹਸਪਤਾਲ ਬਣਾਉਣ ਲਈ ਗਾਈਡਲਾਈਨਜ਼

(1) ਅਪਗਰੇਡ ਕਰਕੇ ਪਸ਼ੂ ਹਸਪਤਾਲ ਬਣਾਏ ਜਾਣ ਵਾਲੀ ਪਸ਼ੂ ਸੰਸਥਾਵਾ ਦਾ ਫਾਸਲਾ ਨਾਲ ਲੱਗਦੇ ਪਸ਼ੂ ਹਸਪਤਾਲ ਤੋਂ 4 ਕਿਲੋਮੀਟਰ ਤੋਂ ਘੱਟ ਨਾ ਹੋਵੇ।

(2) ਜਿਸ ਪਸ਼ੂ ਡਿਸਪੈਂਸਰੀ/ਸੰਸਥਾ ਨੂੰ ਅਪਗਰੇਡ ਕਰਕੇ ਪਸ਼ੂ ਹਸਪਤਾਲ ਬਨਾਉਣਾ ਹੋਵੇ, ਉਸਦੀ ਅਤੇ ਉਸ ਨਾਲ ਲਗਦੇ ਪਿੰਡ ਦੀ ਪਸ਼ੂ ਸੰਖਿਆ 4,000 ਤੋਂ ਘੱਟ ਨਹੀਂ ਹੋਣੀ ਚਾਹੀਦੀ।

(3) ਜਿਸ ਬਲਾਕ ਵਿੱਚ ਪਸ਼ੂ ਡਿਸਪੈਂਸਰੀ ਸੰਸਥਾ ਨੂੰ ਅਪਗਰੇਡ ਕਰਕੇ ਪਸ਼ੂ ਹਸਪਤਾਲ ਬਨਾਉਣ ਦੀ ਤਜਵੀਜ਼ ਹੋਵੇ, ਵਿਚ ਪ੍ਰਤੀ ਵੈਟਰੇਰੀਅਨ 4,000 ਤੋਂ ਵੱਧ ਲਾਈਵਸਟਾਕ ਯੂਨਿਟਾਂ ਨੂੰ ਪਸ਼ੂ ਸਿਹਤ ਸੇਵਾਵਾਂ ਉਪਲਬਧ ਹੋਣੀਆਂ ਚਾਹੀਦੀਆਂ ਹਨ।

ਸ਼੍ਰੀ ਸਤਨਾਮ ਸਿੰਘ ਕੈਂਥ : ** ** **

Mr. Speaker : It is no Point of Order. You can't raise such matters before the House.

(ਇਸ ਸਮੇਂ ਬੀ.ਐਸ.ਪੀ. ਦੇ ਬਹੁਤ ਸਾਰੇ ਮੈਂਬਰ ਸਾਹਿਬਾਨ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

ਸ਼੍ਰੀ ਸਪੀਕਰ : ਤੁਸੀਂ ਬੈਠੋ। ਬਜਟ ਤੇ ਡਿਸਕਸ਼ਨ ਹੋਣੀ ਹੈ। ਐਪਰੋਪਰੀਏਸ਼ਨ ਬਿਲ ਤੇ ਵੀ ਬੋਲਣ ਦਾ ਮੌਕਾ ਮਿਲਣਾ ਹੈ, ਡਿਮਾਂਡਜ਼ ਤੇ ਵੀ ਬੋਲਣਾ ਹੈ, ਉਸ ਵੇਲੇ ਇਹ ਆਪਣੀ ਗਲ ਕਰ ਸਕਦੇ ਹੋ ਔਰ ਉਸ ਤੇ ਗੌਰਮਿੰਟ ਨੇ ਜਵਾਬ ਵੀ ਦੇਣਾ ਹੈ।

(ਹਾਲਾਂ ਵੀ ਬੀ.ਐਸ.ਪੀ. ਦੇ ਬਹੁਤ ਸਾਰੇ ਮੈਂਬਰ ਸਾਹਿਬਾਨ ਪੁਆਇੰਟ ਆਫ਼ ਆਰਡਰ ਤੇ ਬੋਲਣ ਲਈ ਜ਼ੋਰ ਪਾ ਰਹੇ ਸਨ ਔਰ ਸਦਨ ਵਿਚ ਬਹੁਤ ਸ਼ੋਰ ਪੈ ਰਿਹਾ ਸੀ।)

*Expunged as orderd by the Chair.

Mr. Speaker: I am sorry, I have not allowed it. You can make this point during the discussion on Budget.

WALK-OUT

(At this stage, all the Members of the B. S. P., present in the House, walked out while raising slogans. ** ** **)

Mr. Speaker : Slogans should not form part of the record. Nothing to form part of the record.

ਸ੍ਰੀ ਮਦਨ ਮੋਹਨ ਮਿੱਤਲ : ** ** **

Mr. Speaker : I have not allowed your Point of Order.

Shri Madan Mohan Mittal : But, Sir, this is most important. It is a very serious matter and the whole Punjab is concerned about it. After all, how than we can know what is happening about Punjab?

Mr. Speaker : I have already heard you. I am sorry, I have not allowed it. Yes, Arshi Ji, what is your Point of Order ?

ਕਾਮਰੇਡ ਹਰਦੇਵ ਸਿੰਘ ਅਰਸ਼ੀ : ** ** **

Mr. Speaker : It is No Point of Order. Yes, Sathi Ji, what is your Point of Order ?

POINT OF ORDER RE. PRIVILEGE MOTION

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ: ਆਨ ਏ ਪੁਆਇੰਟ ਆਫ ਆਰਡਰ, ਸਰ, ਸਪੀਕਰ ਸਾਹਿਬ, ਕੱਲ੍ਹ ਮੈਂ ਤੁਹਾਡੇ ਦਰਬਾਰ ਵਿਚ ਪ੍ਰਿਵਿਲਿਜ਼ ਮੋਸ਼ਨ ਦਿੱਤੀ ਸੀ। ਮੇਰੀ ਸੁਰਖਿਆ ਦਾ ਸਬੰਧ ਸੀ। ਮੈਨੂੰ ਆਪਣੀ ਸਿਕਿਉਰਟੀ ਦੀ ਖਾਤਰ ਬੱਸ ਵਿਚ ਚੜ੍ਹ ਕੇ ਆਉਣਾ ਪਿਆ ਅਤੇ ਮੈ ਮੈਂਬਰ ਸਾਹਿਬਾਨ ਦਾ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਮੇਰੀ ਇਥੇ ਆਉਣ ਵਿਚ ਮਦਦ ਕੀਤੀ। ਕੱਲ੍ਹ ਮੇਰਾ ਸਵਾਲ ਰਹਿ ਗਿਆ ਸੀ ਕਿਉਂਕਿ ਮੈਨੂੰ ਇਥੇ ਆਉਣ ਵਿਚ ਰੋਕ ਲਗਾਈ ਗਈ। ਸਪੀਕਰ ਸਾਹਿਬ, ਪ੍ਰਿਵਿਲਿਜ਼ ਬਰੀਚ ਹੋਇਆ ਹੈ। ਮੇਰੀ ਜਾਨ ਨੂੰ ਖਤਰਾ ਹੈ। ਅਗਰ ਇਕ ਐਮ.ਐਲ.ਏ. ਦੀ ਸਿਕਿਉਰਟੀ ਇਹ ਨਹੀਂ ਕਰ ਸਕਦੇ ਤਾਂ ਫਿਰ ਲੋਕਾਂ ਦੀ ਕਿਵੇਂ ਕਰਨਗੇ । ਚੀਫ਼ ਮਨਿਸਟਰ ਸਾਹਿਬ ਇਸ ਦਾ ਜਵਾਬ ਦੇਣ

Mr Speaker : Sathi Ji, I have not allowed your Privilege Motion If you want to discuss the things with me, you can come to my Chamber. I am open to conviction. I don't think it is a Privilege Motion Now Call Attention Motion. Arshi ji, please read your Call Attention Motion. (Interruptions)

(ਇਸ ਸਮੇਂ ਕਾਮਰੇਡ ਤਰਸੇਮ ਜੋਧਾਂ ਅਤੇ ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ ਸਰਕਾਰ ਤੋਂ* ਜਵਾਬ ਦੀ ਮੰਗ ਕਰ ਰਹੇ ਸਨ!)

Mr. Speaker : I have already asked Mr. Sathi to discuss the thing thread-bare with mc in my Chamber. Arshi Ji, please read your Call Attention Motion.

*Not recorded as ordered by the Chair.

WALK-OUT

(ਇਸ ਸਮੇਂ ਮਾਨਯੋਗ ਮੈਂਬਰ ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ (ਜਨਤਾ ਦਲ), ਸ੍ਰੀ ਤਰਸੇਮ ਜੋਧਾਂ (ਸੀ.ਪੀ ਆਈ(ਐਮ) ਅਤੇ ਸਰਦਾਰ ਸੁਰਜਨ ਸਿੰਘ (ਆਈ.ਪੀ.ਐਫ) ਨਾਅਰੇ * * * ਲਗਾਉਂਦੇ ਹੋਏ ਵਾਕ-ਆਊਟ ਕਰ ਗਏ।) (ਵਿਘਨ) (ਸ਼ੋਰ)

ਸ੍ਰੀ ਸਪੀਕਰ: ਕੋਈ ਨਾਅਰਾ ਰਿਕਾਰਡ ਨਾ ਕੀਤਾ ਜਾਵੇ। ਕਾਮਰੇਡ ਹਰਦੇਵ ਸਿੰਘ ਅਰਸ਼ੀ ਜੀ, ਤੁਸੀਂ ਆਪਣੀ ਕਾਲ ਅਟੈਨਸ਼ਨ ਮੋਸ਼ਨ ਪੜ੍ਹੋ।

CALL ATTENTION NOTICE UNDER RULE 66

(ਕ੍ਰਮ ਨੰ: 39)

ਕਾਮਰੇਡ ਹਰਦੇਵ ਸਿੰਘ ਅਰਸ਼ੀ: ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ, ਅਰਥਾਤ, ਕਿ ਕਿੰਨੂ ਉਤਪਾਦਕ ਆਪਣੀ ਜਿਨਸ ਕੌਡੀਆਂ ਦੇ ਭਾਅ ਤੇ ਵੇਚਣ ਲਈ ਮਜ਼ਬੂਰ ਹੋ ਰਹੇ ਹਨ। ਭਾਵੇਂ ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਨੇ ਕਿੰਨੂਆਂ ਦੀ ਖਰੀਦ ਕਰਨ ਹਿੱਤ ਕੁਝ ਕੇਂਦਰ ਸਥਾਪਤ ਕੀਤੇ ਹਨ, ਪ੍ਰੰਤੂ ਪੰਜਾਬ ਐਗਰੋ ਕਾਰਪੋਰੇਸ਼ਨ ਵੱਲੋਂ ਕਿੰਨੂਆਂ ਦੀ ਸ਼ਰੇਣੀ ਏ.ਬੀ.ਤੇ ਸੀ. ਲਈ ਨਿਰਧਾਰਤ ਕੀਮਤਾਂ ਕਿੰਨੂ ਉਤਪਾਦਕਾਂ ਨੂੰ ਸੰਤੁਸ਼ਟ ਨਹੀਂ ਕਰਦੀਆਂ। ਜਿਸ ਕਰਕੇ ਕਿੰਨੂ ਉਤਪਾਦਕਾਂ ਵਿਚ ਸਖਤ ਗੁਸਾ ਤੇ ਰੋਸ ਪਾਇਆ ਜਾ ਰਿਹਾ ਹੈ। ਮਸਲੇ ਦੀ ਗੰਭੀਰਤਾ ਨੂੰ ਧਿਆਨ ਵਿਚ ਰੱਖਦੇ ਹੋਏ ਸਬੰਧਤ ਮੰਤਰੀ ਜੀ ਸਦਨ ਵਿਚ ਬਿਆਨ ਦੇਣ ਦੀ ਖੇਚਲ ਕਰਨ।

ਖੇਤੀਬਾੜੀ ਮੰਤਰੀ (ਸਰਦਾਰ ਦਿਲਬਾਗ ਸਿੰਘ ਨਵਾਂ ਸ਼ਹਿਰ): ਸਪੀਕਰ ਸਾਹਿਬ, ਇਹ ਗੱਲ ਤਾਂ ਨਹੀਂ ਮੰਨੀ ਜਾ ਸਕਦੀ ਕਿ ਕਿੰਨੂ ਕੌਡੀਆਂ ਦੇ ਭਾਅ ਵਿਕਦਾ ਹੈ। ਇਹ ਤਾਂ ਪੈਸਿਆਂ ਦੇ ਨਾਲ ਵਿਕਦਾ ਹੈ। ਦੂਸਰਾ ਕਹਿੰਦੇ ਹਨ ਕਿ ਕਿਸਾਨਾਂ ਵਿਚ ਰੋਸ ਹੈ ਇਹ ਬੜੀ ਹੀ ਗਲਤ ਗੱਲ ਹੈ ਉਹ ਤਾਂ ਸਾਨੂੰ ਜੱਫੀਆਂ ਪਾ ਕੇ ਮਿਲ ਰਹੇ ਹਨ।

ਰਾਜ ਵਿਚ ਇਸ ਸਮੇਂ ਕਿੰਨੂ ਅਧੀਨ 22932 ਹੈਕਟੇਅਰ ਰਕਬਾ ਹੈ ਜਿਸ ਤੋਂ ਕਿ ਲਗਭਗ 2.29 ਲੱਖ ਟਨ ਪੈਦਾਵਾਰ ਹੁੰਦੀ ਹੈ। ਸਮੁੱਚੇ ਦੇਸ਼ ਵਿਚ ਪੰਜਾਬ ਕਿੰਨੂ ਦੀ ਕਾਸ਼ਤ ਵਿਚ ਪਹਿਲੇ ਸਥਾਨ ਤੇ ਹੈ। ਪਿਛਲੇ ਸਾਲਾਂ ਵਿਚ ਕਿੰਨੂ ਉਤਪਾਦਕਾਂ ਨੂੰ ਇਸ ਦੀ ਖੇਤੀ ਤੋਂ ਭਰਪੂਰ ਵੱਟਤ ਹੋਈ ਹੈ। ਹੁਣ, ਬੇਸ਼ਕ ਨਵੇਂ ਲਗ ਰਹੇ ਬਾਗਾਂ ਵਿਚ ਮਾਲਟੇ ਅਤੇ ਹੋਰ ਸਿਟਰਸ ਫਲਾਂ ਅਧੀਨ ਰਕਬਾ ਵੀ ਆਉਣ ਲਗ ਪਿਆ ਹੈ ਪ੍ਰੰਤੂ ਅਜੇ ਵੀ ਕਿੰਨੂ ਅਧੀਨ ਹਰੇਕ ਸਾਲ ਹੋਰ ਰਕਬਾ ਆ ਰਿਹਾ ਹੈ। ਰਾਜ ਵਿਚ ਕਿੰਨੂ ਦੀ ਭਰਪੂਰ ਪੈਦਾਵਾਰ ਹੋਣ ਕਾਰਣ ਬਾਗਬਾਨਾਂ ਨੂੰ ਇਸ ਦੇ ਮੰਡੀਕਰਨ ਵਿਚ ਬਹੁਤ ਹੀ ਔਕੜਾਂ ਪੇਸ਼ ਆ ਰਹੀਆਂ ਹਨ ਅਤੇ ਉਨ੍ਹਾਂ ਵਿਚ ਨਿਰਾਸਤਾ ਵੀ ਫੈਲੀ ਹੈ। ਮਾਰਕੀਟਿੰਗ ਦੀ ਸਮੱਸਿਆ ਨੂੰ ਘਟਾਉਣ ਖਾਤਰ ਸਰਕਾਰ ਵਲੋਂ ਪਿਛਲਿਆਂ ਤਿੰਨ ਸਾਲਾਂ ਵਿਚ ਭਰਪੂਰ ਕੋਸ਼ਿਸ਼ ਕੀਤੀ ਜਾ ਰਹੀ ਹੈ ਅਤੇ ਇਸ ਨਾਲ ਸਬੰਧਤ ਕਈ ਪਹਿਲੂਆਂ ਤੋਂ ਵਿਚਾਰਾਂ ਵੀ ਹੋਈਆਂ ਹਨ ਜਿਸ ਦੇ ਸਿੱਟੇ ਵਜੋਂ ਇਸ ਦੇ ਫੌਰੀ ਹੱਲ ਲਈ ਕੇਂਦਰ ਸਰਕਾਰ ਦੇ ਸਹਿਯੋਗ ਨਾਲ ਇੱਕ ਮੰਡੀਕਰਣ ਦਖਲ ਅੰਦਾਜ਼ੀ ਸਕੀਮ (ਮਾਰਕੀਟਿੰਗ ਇੰਟਰਵੈਨਸ਼ਨ ਸਕੀਮ) ਰਾਜ ਵਿਚ ਸਾਲ 1990-91 ਵਿਚ ਸ਼ੁਰੂ ਕੀਤੀ

*Not recorded as ordered by the Chair.

[ਖੇਤੀਬਾੜੀ ਮੰਤਰੀ]

ਗਈ। ਇਸ ਸਕੀਮ ਤਹਿਤ ਇਹ ਫੈਸਲਾ ਹੋਇਆ ਸੀ ਕਿ ਕਿੰਨੂ ਦੀ ਖਰੀਦ ਪੰਜਾਬ ਸਰਕਾਰ ਰਾਜ ਦੀ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਰਾਹੀਂ ਉਸ ਨੂੰ ਨੋਡਲ ਏਜੰਸੀ ਐਲਾਨਣ ਤੋਂ ਬਾਅਦ ਸ਼ੁਰੂ ਕਰੇਗੀ ਅਤੇ ਇਸਤਰ੍ਹਾਂ ਜੇਕਰ ਕੋਈ ਘਾਟਾ ਪਵੇਗਾ ਤਾਂ ਉਸ ਨੂੰ ਰਾਜ ਸਰਕਾਰ ਅੱਧਾ-ਅੱਧਾ ਸਹਿਣ ਕਰੇਗੀ। ਸਾਲ 1990-91 ਦੌਰਾਨ 10,000 ਟਨ ਦੇ ਟਾਰਗੇਟ ਦੇ ਮੁਕਾਬਲੇ ਵਿਚ 9701 ਟਨ ਕਿੰਨੂ ਦੀ ਪੀ.ਏ.ਆਈ.ਸੀ/ਨੌਫਡ ਵਲੋਂ ਖਰੀਦ ਕੀਤੀ ਗਈ ਜਿਸ ਦੇ ਕਾਰਨ 87.97 ਲੱਖ ਰੁਪਏ ਦਾ ਰਾਜ ਸਰਕਾਰ ਨੂੰ ਘਾਟਾ ਪਿਆ ਜਿਹੜਾ ਕਿ ਪੀ.ਏ.ਆਈ.ਸੀ ਨੂੰ ਅਦਾ ਕੀਤਾ ਜਾ ਚੁੱਕਾ ਹੈ। 1991-92 ਦੌਰਾਨ 10,000 ਟਨ ਦੇ ਟੀਚੇ ਦੇ ਮੁਕਾਬਲੇ ਵਿਚ 5435 ਟਨ ਕਿੰਨੂ ਦੀ ਖਰੀਦ ਕੀਤੀ ਗਈ ਜਿਸ ਕਾਰਨ 52.39 ਲੱਖ ਰੁਪਏ ਦਾ ਘਾਟਾ ਪਿਆ ਜਿਹੜਾ ਕਿ ਹਾਲੇ ਪੀ.ਏ.ਆਈ.ਸੀ ਨੂੰ ਅਦਾ ਕੀਤਾ ਜਾਣਾ ਹੈ। ਪਿਛਲੇ 3 ਸਾਲਾਂ ਦੌਰਾਨ ਕਿੰਨੂ ਖਰੀਦਨ ਦੇ ਟੀਚੇ ਅਤੇ ਅਸਲ ਕੀਤੀ ਖਰੀਦ ਦੇ ਅੰਕੜੇ ਹੇਠਾਂ ਦਿਤੇ ਜਾਂਦੇ ਹਨ :--

ਸਾਲ	ਟੀਚਾ(ਟਨ)	ਨੋਡਲ ਏਜੰਸੀ ਦੁਆਰਾ ਕੀਤੀ ਗਈ ਖਰੀਦ (ਟਨ)
1990-91	10000	9701
1991-92	10000	5435
1992-93	10000	3265

ਇਸ ਸਕੀਮ ਅਧੀਨ ਸਾਲ 1992-93 ਵਿਚ ਉਪਰੋਕਤ ਅਨੁਸਾਰ ਪੀ.ਏ.ਆਈ.ਸੀ ਵਲੋਂ 3265 ਟਨ ਕਿੰਨੂਆਂ ਦੀ ਖਰੀਦ ਹੇਠ ਲਿਖੀਆਂ ਸ਼ਰੇਣੀਆਂ ਅਤੇ ਭਾਰਤ ਸਰਕਾਰ ਵਲੋਂ ਨਿਰਧਾਰਤ ਕੀਤੇ ਗਏ ਰੇਟਾਂ ਅਨੁਸਾਰ ਕੀਤੀ ਗਈ। ਇਹ ਖਰੀਦ ਲਈ ਰਾਜ ਵਿਚ ਮਲੋਟ ਖੁਡੀਆਂ, ਅਬੋਹਰ-1, ਅਬੋਹਰ-2, ਬਾਦਲ, ਮੁਕਤਸਰ, ਹੁਸ਼ਿਆਰਪੁਰ, ਬੁਲੋਵਾਲ, ਭੁੰਗਾ, ਗੜ੍ਹਸ਼ੰਕਰ, ਗੁਰਦਾਸਪੁਰ ਅਤੇ ਫਾਜਿਲਕਾ ਸੈਂਟਰ ਸਥਾਪਤ ਕੀਤੇ ਗਏ।

ਸ਼ਰੇਣੀ	ਰੇਟ (ਪ੍ਰਤੀ ਕਿਲੋ ਰੁਪਏ)	ਏਜੰਸੀਆਂ ਵਲੋਂ ਕੀਤੀ ਗਈ ਖਰੀਦ(ਟਨ) ਪੀ.ਏ.ਆਈ.ਸੀ.	ਨੋਫਿਡ
ਏ	3.25	252	362
ਬੀ	2.75	838	813
ਸੀ	2.75	486	152
	ਜੋੜ	1566	ਕੁਲ ਜੋੜ 3265

ਉਪਰੋਕਤ 3265 ਟਨਾਂ ਵਿਚ 850 ਟਨ ਕਿੰਨੂ ਪੰਜਾਬ ਐਗਰੋ ਦੇ ਸਾਂਝੇ ਅਦਾਰੇ ਪੈਪਸੀ ਫੂਡਜ਼ ਵਲੋਂ ਪ੍ਰਾਸੈਸਿੰਗ ਲਈ ਖਰੀਦੇ ਗਏ।

ਕਿੰਨੂ ਉਤਪਾਦਕਾਂ ਦੇ ਲਾਭ ਲਈ ਇਸ ਸਾਲ 2 ਮਕੈਨੀਕਲ ਸਾਰਟਿੰਗ ਐਂਡ ਵੈਕਸਿੰਗ ਯੂਨਿਟ ਅਬੋਹਰ ਅਤੇ ਮਲੋਟ ਵਿਖੇ ਸਥਾਪਤ ਕੀਤੇ ਗਏ ਹਨ। ਇਨ੍ਹਾਂ ਯੂਨਿਟਾਂ ਦੀ ਮਦਦ ਨਾਲ ਕਿੰਨੂ ਦੀ ਸੈਲਫ ਲਾਈਫ ਵਧਾਈ ਜਾ ਸਕਦੀ ਹੈ ਤਾਂ ਜੋ ਇਸ ਫਸਲ ਨੂੰ ਦੂਰ ਦੁਰਾਡੇ ਦੀਆਂ ਮੰਡੀਆਂ ਵਿਚ ਲਾਹੇਵੰਦ ਕੀਮਤ ਤੇ ਦੇਸ਼ ਵਿਚ ਜਾਂ ਦੇਸ਼ ਤੋਂ ਬਾਹਰ ਭੇਜਿਆ ਜਾ ਸਕੇ। ਇਸ ਤੋਂ ਇਲਾਵਾ ਪੈਪਸੀ ਫੂਡ ਜਿਹੜਾ ਕਿ ਪੀ.ਏ.ਆਈ.ਸੀ ਦਾ ਇਕ ਸਾਂਝਾ ਅਦਾਰਾ ਹੈ ਨੂੰ ਇਕ ਕੁੜਤਣ ਦੂਰ ਕਰਨ (ਡੀ. ਬੀਟਰਿੰਗ) ਦਾ ਕਾਰਖਾਨਾ ਲਾਉਣ ਸਬੰਧੀ ਹਦਾਇਤਾਂ ਵੀ ਜਾਰੀ ਕੀਤੀਆਂ ਜਾ ਚੁੱਕੀਆਂ ਹਨ।

ਇਸ ਤੋਂ ਇਲਾਵਾ ਵੀ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਕੁਝ ਗਰੇਡਿੰਗ ਦਾ ਪ੍ਰਬੰਧ ਅਬੋਹਰ ਔਰ ਮਲੋਟ ਵਾਲੇ ਪਾਸੇ ਕੀਤਾ ਹੈ ਜਿਸ ਨਾਲ ਮਾਲ ਜ਼ਿਆਦਾ ਚਿਰ ਟਿਕਿਆ ਰਹਿ ਸਕਦਾ ਹੈ। ਇਹ ਵੀ ਅਸੀਂ ਕਰ ਰਹੇ ਹਾਂ। ਇਹ ਸਾਡੀ ਬੇਨਤੀ ਹੈ। ਬਾਕੀ ਕੋਈ ਹੋਰ ਰੋਸ ਹੈ ਤਾਂ ਦੱਸ ਦਿਓ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਮੰਤਰੀ ਜੀ ਨੇ ਮੇਰੇ ਧਿਆਨ ਦਿਵਾਊ ਮਤੇ ਦਾ ਕਾਫੀ ਡਿਟੇਲ ਨਾਲ ਉੱਤਰ ਦਿੱਤਾ ਹੈ। ਪਰ ਇਹ ਮਾਮਲਾ ਉਸ ਸਮੇਂ ਹੋਰ ਵੀ ਜ਼ਰੂਰੀ ਬਣ ਜਾਂਦਾ ਹੈ ਜਿਸ ਵੇਲੇ ਪੰਜਾਬ ਵਿੱਚ ਖੇਤੀਬਾੜੀ ਯੂਨੀਵਰਸਿਟੀ, ਪੰਜਾਬ ਸਰਕਾਰ ਅਤੇ ਐਗਰੀਕਲਚਰ ਡਿਪਾਰਟਮੈਂਟ ਵੀ ਇਹ ਕਹਿੰਦਾ ਹੈ ਕਿ ਜਿਹੜੀਆਂ ਪੁਰਾਣੀਆਂ ਰਵਾਇਤੀ ਫਸਲਾਂ ਹਨ, ਉਨ੍ਹਾਂ ਤੋਂ ਇਲਾਵਾ ਹੋਰ ਫਸਲਾਂ ਬੀਜ ਕੇ ਭਿੰਨਤਾ ਦਾ ਰਸਤਾ ਅਪਨਾਇਆ ਜਾਵੇ। ਸਿੱਟੇ ਵਜੋਂ ਕਿਸਾਨਾਂ ਨੇ ਉਹ ਰਸਤਾ ਅਪਣਾਇਆ ਵੀ ਹੈ ਅਤੇ ਪੰਜਾਬ ਵਿੱਚ ਅੰਗੂਰਾਂ ਦਾ ਉਤਪਾਦਨ ਅਤੇ ਕਿੰਨੂਆਂ ਦਾ ਉਤਪਾਦਨ ਹੋਣ ਲਗ ਪਿਆ ਹੈ। ਪਰ ਉਸ ਸਮੇਂ ਇਹ ਸੀਰੀਅਸ ਮਾਮਲਾ ਬਣ ਜਾਂਦਾ ਹੈ ਜਦੋਂ ਸਮੇਂ-ਸਿਰ ਗੌਰਮਿੰਟ ਦੀ ਕੋਈ ਏਜੰਸੀ ਮਾਰਕੀਟ ਵਿੱਚ ਜਾਂਦੀ ਹੀ ਨਹੀਂ ਅਤੇ ਜੇ ਜਾਂਦੀ ਹੈ ਤਾਂ ਨਾਂਮਾਤਰ ਖਰੀਦ ਕਰਦੀ ਹੈ ਅਤੇ ਜਿਹੜੀਆਂ ਕੀਮਤਾਂ ਵੀ ਤਹਿ ਕੀਤੀਆਂ ਜਾਂਦੀਆਂ ਹਨ, ਜਿਸ ਤਰ੍ਹਾਂ ਹੁਣੇ ਮੰਤਰੀ ਜੀ ਨੇ ਸ਼ਰੇਣੀ-ਬੱਧ ਤਰੀਕੇ ਨਾਲ ਕੀਮਤਾਂ ਦੱਸੀਆਂ ਹਨ, ਉਹ ਵੀ ਵਾਜਬ ਨਹੀਂ ਹੁੰਦੀਆਂ। ਕਿਉਂਕਿ ਅਗਰ ਕਿਸਾਨ ਆਪਣੀ ਉਹੀ ਫਸਲ ਆਪ ਟਰਾਲੀ ਵਿੱਚ ਜਾਂ ਕਿਸੇ ਤਰ੍ਹਾਂ ਮਾਰਕੀਟ ਵਿੱਚ ਲੈ ਕੇ ਜਾਂਦਾ ਹੈ ਤਾਂ ਉਸਨੂੰ ਉਸਦਾ ਭਾਅ ਸਰਕਾਰੀ ਏਜੰਸੀ ਨਾਲੋਂ ਵੱਧ ਮਿਲਦਾ ਹੈ। ਕਿੰਨੂਆਂ ਦੀ ਫਸਲ ਵੀ ਅੰਗੂਰਾਂ ਦੀ ਫਸਲ ਵਾਂਗ ਸਟੋਰ ਨਹੀਂ ਕੀਤੀ ਜਾ ਸਕਦੀ ਅਤੇ ਲੰਬੇ ਸਮੇਂ ਤੱਕ ਘਰ ਵੀ ਨਹੀਂ ਰਖੀ ਜਾ ਸਕਦੀ। ਮੈਂ ਸਰਕਾਰ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਵੇਂ ਕਿਸਾਨ ਅੰਗੂਰਾਂ ਦੀ ਫਸਲ ਤੋਂ ਨਿਰਾਸ਼ ਹੋ ਕੇ ਬੇਲਾਂ ਪੁੱਟ ਰਹੇ ਹਨ, ਕੀ ਕਿੰਨੂਆਂ ਦਾ ਵੀ ਉਹੀ ਹਸ਼ਰ ਤਾਂ ਨਹੀਂ ਹੋਵੇਗਾ। ਕੀ ਗੌਰਮਿੰਟ ਉਸਦੀ ਫਸਲ ਦੀ ਆਪ ਵਾਜਬ ਰੇਟ ਦੇ ਕੇ ਖਰੀਦ ਕਰੇਗੀ ਜਿਸ ਨਾਲ ਕਿਸਾਨ ਸੰਤੁਸ਼ਟ ਵੀ ਹੋ ਸਕੇ? ਕੀ ਸਰਕਾਰ ਉਸਦੀ ਫਸਲ ਨੂੰ ਆਪ ਸਟੋਰ ਕਰੇਗੀ ਅਤੇ ਬਾਹਰਲੀਆਂ ਸਟੇਟਾਂ ਨੂੰ ਸਪਲਾਈ ਕਰੇਗੀ ਜਿਸ ਨਾਲ ਕਿਸਾਨਾਂ ਵਿੱਚ ਨਿਰਾਸਤਾ ਨਾ ਫੈਲੇ ਅਤੇ ਉਹ ਬਾਗਬਾਨੀ ਵਾਲੇ ਪਾਸੇ ਜਾ ਸਕਣ ਅਤੇ ਨਵੀਆਂ ਫਸਲਾਂ ਬੀਜਣ ਦਾ ਰਸਤਾ ਅਪਨਾਉਣ?

ਮੰਤਰੀ : ਸਪੀਕਰ ਸਾਹਿਬ, ਜਿਵੇਂ ਇਨ੍ਹਾਂ ਨੇ ਫਰਮਾਇਆ ਹੈ ਅਤੇ ਮੈਂ ਵੀ ਦਸ ਚੁੱਕਾ ਹਾਂ ਕਿ ਅਸੀਂ ਪਰਚੇਜ਼ ਸੈਂਟਰ ਖੋਲ੍ਹ ਰਹੇ ਹਾਂ ਮਲੋਟ, ਖੂਈਆਂ, ਅਬੋਹਰ 1 ਅਤੇ ਅਬੋਹਰ 2, ਬਾਦਲ, ਮੁਕਤਸਰ ਹੁਸ਼ਿਆਰਪੁਰ, ਬੁਲੋਵਾਲ, ਗੜ੍ਹਸ਼ੰਕਰ, ਗੁਰਦਾਸਪੁਰ, ਬੰਗਾ, ਫਾਜ਼ਿਲਕਾ, ਇਹ ਸਾਰੇ ਸੈਂਟਰ ਇਸੇ ਵਾਸਤੇ ਖੋਲ੍ਹੇ ਹਨ ਕਿ ਕਿਸਾਨਾਂ ਕੋਲੋਂ ਫਸਲ ਲੈ ਕੇ ਬਾਹਰ ਭੇਜੀਏ। ਲੇਕਿਨ ਕਿਸਾਨਾਂ ਨੇ ਪਿਛਲੇ ਸਾਲ ਨਾਲੋਂ ਇਸ ਸਾਲ ਸਾਨੂੰ ਘੱਟ ਫਸਲ ਦਿੱਤੀ ਹੈ ਕਿਉਂਕਿ ਮਾਰਕੀਟ ਤੇਜ਼ ਸੀ। ਅਸੀਂ ਕੋਈ ਵਪਾਰ ਨਹੀਂ ਕਰਨ ਜਾ ਰਹੇ। ਅਸੀਂ ਕਿਸਾਨਾਂ ਨੂੰ ਸਪੋਰਟ ਪ੍ਰਾਈਸ ਦੇ ਕੇ ਸਿਰਫ ਮਦਦ ਕਰਨਾ ਚਾਹੁੰਦੇ ਹਾਂ ਤਾਂ ਕਿ ਉਸਨੂੰ ਘੱਟ ਕੀਮਤ ਨਾ ਮਿਲੇ।

STATEMENT BY THE CHIEF MINISTER RE. HOLDING OF 5TH AND 8TH CLASSES EXAMINATIONS BY THE S.C.E.R.T./P.S.E.B.

ਮੁੱਖ ਮੰਤਰੀ (ਸਰਦਾਰ ਬੇਅੰਤ ਸਿੰਘ): ਸਪੀਕਰ ਸਾਹਿਬ, ਮੈਂ ਇਕ ਸਟੇਟਮੈਂਟ ਦੇਣੀ ਚਾਹੁੰਦਾ ਹਾਂ ਇਸ ਤੋਂ ਪਹਿਲਾਂ ਕਿ ਮਾਨਯੋਗ ਮੰਤਰੀ ਜੀ ਆਪਣੇ ਪੇਪਰਜ਼ ਰਖਣ, ਖੇਤਰੀ ਹੈ ਕਿ ਇਥੇ ਇਕ ਕਾਲ ਅਟੈਨਸ਼ਨ ਆਈ ਸੀ, ਜਿਸ ਵਿੱਚ ਇਹ ਜਵਾਬ ਦਿੱਤਾ ਗਿਆ ਸੀ ਕਿ ਅਸੀਂ ਮਿਡਲ ਸਕੂਲਾਂ ਦੇ, ਮਿਡਲ ਕਲਾਸ ਦੇ ਜੋ ਇਮਤਿਹਾਨ ਹਨ, ਉਹ ਸਰਕਾਰੀ ਤੌਰ ਤੇ ਲਵਾਂਗੇ ਲੇਕਿਨ ਇਸ ਤੋਂ ਬਾਅਦ ਮੈਂ ਹਾਊਸ ਨੂੰ ਦਸਣਾ ਚਾਹੁੰਦਾ ਹਾਂ ਕਿ ਪ੍ਰਾਈਵੇਟ ਸਕੂਲਾਂ ਵਲੋਂ ਇਕ ਰੀਪਰਜੈਂਟੇਸ਼ਨ ਆਈ ਸੀ ਜਿਸ ਵਿੱਚ ਉਨ੍ਹਾਂ ਨੇ ਆਪਣੀ ਇਹ ਮਜਬੂਰੀ ਜ਼ਾਹਿਰ ਕੀਤੀ ਸੀ ਕਿ ਸਾਡਾ ਸਿਲੇਬਸ ਹੋਰ ਹੈ ਔਰ ਸਾਨੂੰ ਮਾਰਚ ਵਿੱਚ ਹੀ ਪਤਾ ਲਗਾ ਹੈ ਕਿ ਸਾਡੇ ਇਮਤਿਹਾਨ ਇਸ ਦਫਾ ਸਰਕਾਰੀ ਤੌਰ ਤੇ ਹੋ ਰਹੇ ਹਨ। ਐਜੂਕੇਸ਼ਨ ਬੋਰਡ ਕਰ ਰਿਹਾ ਹੈ ਜਾਂ ਜੋ ਟਰੇਨਿੰਗ ਰਿਸਰਚ ਕੌਂਸਲ ਬਣੀ ਹੋਈ ਹੈ, ਉਹ ਕਰ ਰਹੀ ਹੈ। ਉਸ ਤੇ ਸੋਚ ਵਿਚਾਰ ਕਰਕੇ ਬੜਾ ਅਹਿਮ ਫੈਸਲਾ ਲਿਆ ਗਿਆ ਹੈ। ਇਮਤਿਹਾਨ ਤਾਂ ਵੈਸੇ ਵੀ ਬੜੇ ਜ਼ਰੂਰੀ ਹਨ ਕਿਉਂਕਿ ਇਮਤਿਹਾਨ ਤੋਂ ਬਗੈਰ ਸਮਾਜ ਤਰੱਕੀ ਨਹੀਂ ਕਰ ਸਕਦਾ ਪਰ ਇਮਤਿਹਾਨ ਇਥੇ ਹੁੰਦੇ ਨਹੀਂ ਰਹੇ। ਇਸ ਲਈ ਸਰਕਾਰ ਨੇ ਇਹ ਫੈਸਲਾ ਲਿਆ ਹੈ ਕਿ 5ਵੀਂ ਅਤੇ 8ਵੀਂ ਜਮਾਤ ਦੇ ਇਮਤਿਹਾਨ ਹਰ ਸਾਲ ਲਏ ਜਾਇਆ ਕਰਨਗੇ। ਇਨ੍ਹਾਂ ਇਮਤਿਹਾਨਾਂ ਦੇ ਮੁਤੱਲਿਕ ਪ੍ਰਾਈਵੇਟ ਸਕੂਲਾਂ ਦੀਆਂ ਜਿਹੜੀਆਂ ਰਿਪਰੈਜ਼ੈਨਟੇਸ਼ਨਾਂ ਸਨ, ਉਨ੍ਹਾਂ ਨੂੰ ਮੱਦੇ-ਨਜ਼ਰ ਰੱਖਦਿਆਂ ਹੋਇਆਂ ਉਨ੍ਹਾਂ ਨੂੰ ਕਿਹਾ ਗਿਆ ਕਿ ਇਸ ਵਾਰ ਤੁਸੀਂ ਆਪਣੇ ਤੌਰ ਤੇ ਇਮਤਿਹਾਨ ਲੈ ਲਵੋ। ਉਨ੍ਹਾਂ ਨੂੰ ਅਸੀਂ ਇਹ ਛੋਟ ਦੇ ਦਿੱਤੀ ਹੈ। ਅਗਲੀ ਵਾਰ ਤੋਂ ਇਹ ਇਮਤਿਹਾਨ ਸਰਕਾਰੀ ਤੌਰ ਤੇ ਲਿਆ ਜਾਇਆ ਕਰਨਗੇ। ਅਗਲੇ ਸਾਲ ਤੋਂ ਕਿਸੇ ਨੂੰ ਵੀ ਇਹ ਛੋਟ ਨਹੀਂ ਦਿੱਤੀ ਜਾਵੇਗੀ। ਅਗਲੇ ਸਾਲ ਅਸੀਂ ਆਪ ਹੀ ਇਹ ਫੈਸਲਾ ਕਰਾਂਗੇ ਕਿ ਇਹ ਇਮਤਿਹਾਨ ਪੰਜਾਬ ਸਕੂਲ ਸਿਖਿਆ ਬੋਰਡ ਲਵੇਗਾ ਜਾਂ ਕਿ ਐਸ.ਸੀ.ਈ.ਆਰ.ਟੀ। ਮੈਂ ਫਿਰ ਇਹ ਗੱਲ ਕਲੀਅਰ ਕਰ ਦੇਣੀ ਚਾਹੁੰਦਾ ਹਾਂ ਕਿ ਇਸ ਸਾਲ ਅਸੀਂ ਪ੍ਰਾਈਵੇਟ ਸਕੂਲਾਂ ਨੂੰ ਇਹ ਛੋਟ ਦੇ ਦਿੱਤੀ ਹੈ ਤਾਂ ਕਿ ਜਿਹੜੀ ਉਨ੍ਹਾਂ ਦੀ ਰਿਜੈਂਟਮੈਂਟ ਸੀ, ਉਹ ਦੂਰ ਹੋ ਸਕੇ।

ਕਾਮਰੇਡ ਹਰਦੇਵ ਸਿੰਘ ਅਰਸ਼ੀ: ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਇਹ ਇਕ ਪਬਲਿਕ ਇੰਟਰੈਸਟ ਦਾ ਮਾਮਲਾ ਹੈ ਅਤੇ ਮੈਂ ਸੀ.ਐਮ. ਸਾਹਿਬ ਦਾ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਇਸ ਮਾਮਲੇ ਤੇ ਸਰਕਾਰ ਦੀ ਨੀਤੀ ਸਪਸ਼ਟ ਕਰ ਦਿੱਤੀ ਹੈ ਲੇਕਿਨ ਮੇਰਾ ਖਿਆਲ ਹੈ ਕਿ ਇਸ ਨਾਲ ਇਕ ਨਵੀਂ ਪ੍ਰਾਬਲਮ ਖੜ੍ਹੀ ਹੋ ਸਕਦੀ ਹੈ। ਇਕ ਪਾਸੇ ਤਾਂ ਸਰਕਾਰੀ ਸਕੂਲਾਂ ਦੇ ਇਹ ਇਮਤਿਹਾਨ ਸਰਕਾਰ ਆਪਣੇ ਤੌਰ ਤੇ ਲਵੇਗੀ ਅਤੇ ਦੂਸਰੇ ਪਾਸੇ ਪ੍ਰਾਈਵੇਟ ਸਕੂਲਾਂ ਨੂੰ ਆਪਣੇ ਤੌਰ ਤੇ ਇਮਤਿਹਾਨ ਲੈਣ ਦੀ ਇਜਾਜ਼ਤ ਗੌਰਮਿੰਟ ਨੇ ਦੇ ਦਿੱਤੀ ਹੈ, ਇਸ ਨਾਲ ਇਨ੍ਹਾਂ ਦੋਨਾਂ ਤਰ੍ਹਾਂ ਦੇ ਸਕੂਲਾਂ ਦੇ ਬੱਚਿਆਂ ਦੇ ਨੰਬਰਾਂ ਵਿਚ ਬੜਾ ਫਰਕ ਪੈ ਜਾਵੇਗਾ। ਇਸ ਨਾਲ ਸਰਕਾਰੀ ਸਕੂਲਾਂ ਦੇ ਬੱਚਿਆਂ ਦੇ ਨੰਬਰ ਘਟ ਜਾਣੇ ਹਨ ਅਤੇ ਪ੍ਰਾਈਵੇਟ ਸਕੂਲਾਂ ਦੇ ਬੱਚਿਆਂ ਦੇ ਨੰਬਰ ਵਧ ਜਾਣੇ ਹਨ। ਇਹ ਪ੍ਰਾਈਵੇਟ ਸਕੂਲਾਂ ਨੂੰ ਜਿਹੜੀ ਛੋਟ ਸੀ.ਐਮ. ਸਾਹਿਬ ਨੇ ਦਿੱਤੀ ਹੈ, ਮੈਂ ਉਸ ਨੂੰ ਐਪਰੀਸ਼ੀਏਟ ਕਰਦਾ ਹਾਂ ਪਰ ਨਾਲ ਹੀ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਵਾਰ ਜਿਥੇ ਪ੍ਰਾਈਵੇਟ ਸਕੂਲਾ ਨੂੰ ਇਹ ਰਿਆਇਤ ਦੇ ਦਿੱਤੀ ਹੈ, ਉਥੇ ਸਰਕਾਰੀ ਸਕੂਲਾਂ ਨੂੰ ਵੀ ਇਹ ਰਿਆਇਤ ਦੇ ਦਿੱਤੀ ਜਾਵੇ। ਕੀ ਸਰਕਾਰ ਇਸ ਬਾਰੇ ਕੋਈ ਵਿਚਾਰ ਕਰ ਸਕਦੀ ਹੈ ?

ਸ਼੍ਰੀ ਸਪੀਕਰ: ਇਸ ਮਾਮਲੇ ਬਾਰੇ ਸੀ.ਐਮ. ਸਾਹਿਬ ਨੇ ਪਹਿਲਾਂ ਹੀ ਜਵਾਬ ਦੇ ਦਿੱਤਾ ਹੈ ਅਤੇ ਬੜਾ ਕਲੀਅਰ ਜਵਾਬ ਦਿੱਤਾ ਹੈ।

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਕਹਾਂਗਾ ਕਿ ਉਹ ਮੈਨੂੰ ਆ ਕੇ ਮਿਲ ਲੈਣ, ਮੈਂ ਸਾਰਾ ਕੁਝ ਉਨ੍ਹਾਂ ਨੂੰ ਦਸ ਦਿਆਂਗਾ।

PAPERS LAID ON THE TABLE

Parliamentary Affairs Minister (Sardar Umrao Singh) : Sir, I beg to lay on the Table:—

1. the Statement explaining the reasons for delay in laying the Annual Accounts of the Punjab State Tubewell Corporation for the years from 1988-89 to 1991-92.
2. (i) Report of the Comptroller and Auditor General of India for the year 1991-92 (Commercial); and

   (ii) Report of the Comptroller and Auditor General of India, for the year 1991-92 (Revenue Receipts),

as required under Article 151(2) of the Constitution of India.

RESOLUTION RE. STREAMLINING OF THE PRESENT SCHEMES AND FORMULATING NEW SCHEMES FOR THE WELFARE OF WOMEN AND CHILDREN

ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ (ਕਾਦੀਆਂ) : ਸਪੀਕਰ ਸਾਹਿਬ, ਮੈਂ ਇਸ ਸਦਨ ਰਾਹੀਂ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹਾਂ ਕਿ ਉਹ ਔਰਤਾਂ, ਖਾਸ ਕਰਕੇ ਤਲਾਕਸ਼ੁਦਾ ਔਰਤਾਂ, ਅਲੱਗ ਹੋਈਆਂ ਔਰਤਾਂ ਅਤੇ ਤਿਆਗੀਆਂ ਹੋਈਆਂ ਔਰਤਾਂ ਅਤੇ ਉਨ੍ਹਾਂ ਦੇ ਬੱਚਿਆਂ ਦੀ ਭਲਾਈ ਲਈ ਸਕੀਮਾਂ ਨੂੰ ਨਵਾਂ ਰੂਪ ਦੇਣ ਅਤੇ ਨਵੀਆਂ ਸਕੀਮਾਂ ਤਿਆਰ ਕਰੇ।

ਸ੍ਰੀ ਸਪੀਕਰ : ਤੁਸੀਂ ਹੁਣ ਇਸ ਤੇ ਬੋਲ ਸਕਦੇ ਹੋ।

ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ : ਸਪੀਕਰ ਸਾਹਿਬ, ਤੁਸੀਂ ਹੈਰਾਨ ਹੋਵੋਗੇ ਕਿ ਮੈਂ ਇਹੋ ਜਿਹਾ ਰੈਜ਼ੋਲਿਊਸ਼ਨ ਕਿਉਂ ਮੂਵ ਕੀਤਾ। ਇਸ ਮੈਨ-ਡਾਮੀਨੇਟਿਡ ਸੋਸਾਇਟੀ ਵਿਚ 1993 ਦਾ ਸਾਲ ਵੋਮੈਨ ਈਅਰ ਵਜੋਂ ਮਨਾਇਆ ਜਾ ਰਿਹਾ ਹੈ। ਮੇਰਾ ਖਿਆਲ ਸੀ ਕਿ ਇਹ ਸਦਨ ਵੀ ਇਸ ਵਿਚ ਕੋਈ ਕੰਸਟਰੱਕਟਿਵ ਰੋਲ ਅਦਾ ਕਰ ਸਕੇ ਅਤੇ ਚੰਗੀਆਂ ਸੁਜੈਸ਼ਨਜ਼ ਦੇ ਸਕੇ। ਇਤਿਹਾਸ ਦਸਦਾ ਹੈ ਅਤੇ ਵੇਦਾਂ ਦੇ ਵੇਲੇ ਤੋਂ ਜੇ ਅਸੀਂ ਦੇਖੀਏ ਤਾਂ ਪਤਾ ਲਗਦਾ ਹੈ ਕਿ ਉਸ ਵੇਲੇ ਇਸਤਰੀ ਜਾਤੀ ਨੂੰ ਕੁਝ ਹੱਕ ਬਰਾਬਰ ਦੇ ਹੁੰਦੇ ਸਨ ਲੇਕਿਨ ਉਸ ਤੋਂ ਬਾਦ ਇਹ ਹੱਕ ਘਟਦੇ ਚਲੇ ਗਏ। ਖਾਸ ਕਰਕੇ, ਰਾਮਾਇਣ ਤੋਂ ਲੈ ਕੇ ਬਾਬਾ ਨਾਨਕ ਦੇ ਸਮੇਂ ਤੱਕ ਇਸ ਜਾਤੀ ਨੂੰ ਬਹੁਤ ਢਾਹ ਲੱਗੀ। ਮੰਨੂਵਾਦ ਨੇ ਵੀ ਇਸ ਜਾਤੀ ਤੇ ਇਸ ਦੇ ਹੱਕਾਂ ਨੂੰ ਸੱਟ ਮਾਰੀ। ਇਹ ਜਿਹੜੀਆਂ ਗੱਲਾਂ ਮੈਂ ਕਰ ਰਿਹਾ ਹਾਂ......

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀ ਮਾਨਯੋਗ ਮੈਂਬਰ ਸਾਹਿਬਾਨ ਨੂੰ ਪ੍ਰਾਰਥਨਾ ਕਰਾਂਗੀ ਕਿ ਜੇ ਕਿਸੇ ਗ੍ਰੰਥ ਦਾ ਹਵਾਲਾ ਦੇਣਾ ਚਾਹੁਣ ਤਾਂ ਉਦਾਹਰਣ ਦੇ ਕੇ ਸਿੱਧ ਕਰਨ। ਗਲਤ ਨਾ ਕਹਿਣ। ਜੋ ਗੱਲ ਇਨ੍ਹਾਂ ਨੇ ਰਮਾਇਣ ਕਾਲ ਦਾ ਹਵਾਲਾ ਦੇ ਕੇ ਕੀਤੀ

[ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ]

ਹੈ, ਉਹ ਗੱਲ ਠੀਕ ਨਹੀਂ । ਰਾਜਾ ਦਸ਼ਰਥ ਦਾ ਟੁੱਟਿਆ ਰੱਥ ਕੈਕਈ ਨੇ ਸੰਭਾਲ ਲਿਆ ਸੀ । ਔਰਤਾਂ ਯੁੱਧ ਖੇਤਰ ਵਿੱਚ ਵੀ ਨਾਲ ਜਾਂਦੀਆਂ ਸਨ। ਰਮਾਇਣ ਬਾਰੇ ਇਨ੍ਹਾਂ ਦੀ ਜਾਣਕਾਰੀ ਬਿਲਕੁਲ ਗਲਤ ਹੈ। ਇਨ੍ਹਾਂ ਨੇ ਪਹਿਲਾਂ ਵੇਦ, ਫਿਰ ਰਮਾਇਣ, ਫਿਰ ਮੰਨੂ ਤਿੰਨ ਸ਼ਬਦ ਇਨ੍ਹਾਂ ਨੇ ਕਹੇ ਹਨ ਰਮਾਇਣ ਬਾਰੇ ਤਾਂ ਨਿਰ-ਵਿਵਾਦ ਹੈ।

ਸ੍ਰੀ ਸਪੀਕਰ : ਮੇਰੀ ਪ੍ਰਾਰਥਨਾ ਹੈ ਕਿ ਜਿਹੜੇ ਵੀ ਕੋਈ ਮੈਂਬਰ ਸਾਹਿਬਾਨ ਆਪਣੀ ਸਪੀਚ ਦੇ ਵਿਚ ਕਿਸੇ ਵੀ ਮਜ਼ਹਬੀ ਗ੍ਰੰਥ ਨੂੰ ਕੋਟ ਕਰਨ ਉਹ ਉਸ ਨੂੰ ਪੂਰੇ ਏਤਰਾਮ ਨਾਲ ਔਰ ਪੂਰੀ ਜਾਣਕਾਰੀ ਦੇ ਬੇਸਿਜ਼ ਤੇ ਕਰਨ। ਇਨੀ ਮੈਂ ਰੀਕੁਐਸਟ ਕਰਾਂਗਾ।

ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ : ਸਪੀਕਰ ਸਾਹਿਬ ਇਹ ਜਿਹੜੀ ਸਥਿੱਤੀ ਦੱਸੀ ਜਾ ਰਹੀ ਹੈ ਇਸ ਬਾਰੇ ਇਤਿਹਾਸ ਤੋਂ ਪਤਾ ਲੱਗ ਸਕਦਾ ਹੈ ਕਿ ਉਸ ਵੇਲੇ ਔਰਤ ਦੀ ਸਮਾਜ ਵਿੱਚ ਕੀ ਕਦਰ ਸੀ। ਉਸ ਦਾ ਕੀ ਸਥਾਨ ਸੀ। ਮੈਂ ਜਿਸ ਤਰ੍ਹਾਂ ਦੱਸਿਆ ਹੈ ਕਿ ਬਾਬੇ ਨਾਨਕ ਨੇ ਆ ਕੇ ਇਸ ਔਰਤ ਜਾਤੀ ਲਈ "ਹਾਅ" ਮਾਰੀ ਅਤੇ ਕਿਹਾ ਕਿ "ਸੋ ਕਿਉਂ ਮੰਦਾ ਆਖਿਏ ਜਿਤ ਜੰਮੇ ਰਾਜਾਨ"

ਗੁਰੂ ਸਾਹਿਬ ਨੇ ਕਿਹਾ ਕਿ ਔਰਤ ਜਾਤੀ ਨੂੰ ਕਿਉਂ ਨਿੰਦਿਆ ਜਾਂਦਾ ਹੈ। ਇਸ ਨੂੰ ਸਮਾਜ ਦੇ ਵਿਚ ਪੂਰਾ ਸਨਮਾਨ ਦੇਣਾ ਚਾਹੀਦਾ ਹੈ। ਪੂਰੀ ਮਾਨਤਾ ਦੇਣੀ ਚਾਹੀਦੀ ਹੈ। ਨਹੀਂ ਤਾਂ ਉਸ ਤੋਂ ਪਹਿਲਾਂ ਕੀ ਹੁੰਦਾ ਸੀ ਕਿ ਜਿਸ ਘਰ ਵਿੱਚ ਲੜਕੀਆਂ ਜ਼ਿਆਦਾ ਹੁੰਦੀਆਂ ਸਨ ਔਰ ਫਿਰ ਲੜਕੀ ਜਨਮ ਲੈਂਦੀ ਸੀ ਤਾਂ ਇਸ ਨੂੰ ਬਹੁਤ ਹੀ ਮਾੜਾ ਮੰਨਿਆ ਜਾਂਦਾ ਸੀ । ਤੁਸੀਂ ਜਾਣਦੇ ਹੋ ਪਿੰਡ ਵਿੱਚ ਜੋ ਦਾਈ ਹੁੰਦੀ ਸੀ ਉਹ ਲੜਕੀ ਦੇ ਮੂੰਹ ਵਿੱਚ ਗੁੜ ਦੇਂਦੀ ਸੀ, ਪੂਣੀ ਦੇਂਦੀ ਸੀ ਅਤੇ ਕਹਿੰਦੀ ਸੀ ਕਿ "ਗੁੜ ਖਾਵੀਂ, ਪੂਣੀ ਵੱਟੀ, ਆਪ ਨਾ ਆਵੀਂ ਵੀਰ ਨੂੰ ਘੱਲੀ"। ਇਸ ਤਰ੍ਹਾਂ ਉਸ ਸਮੇਂ ਛੋਟੀ ਉਮਰ ਦੇ ਵਿੱਚ ਹੀ ਲੜਕੀਆਂ ਨੂੰ ਮਾਰ ਦਿੱਤਾ ਜਾਂਦਾ ਸੀ ਅਤੇ ਔਰਤ ਜਾਤੀ ਦੀ ਸਮਾਜਿਕ ਹਾਲਤ ਬਹੁਤ ਮਾੜੀ ਸੀ। ਉਸ ਵੇਲੇ ਇਹ ਕੰਮ ਪਿੰਡਾਂ ਵਿੱਚ ਦਾਈਆਂ ਕਰਦੀਆਂ ਸਨ ਪਰ ਹੁਣ ਇਹ ਚੀਜ਼ ਸੈਕਸ ਡੀਟਰਮੀਨੇਸ਼ਨ ਨੇ ਲੈ ਲਈ ਹੈ। ਸੋ ਅੱਜ ਲੋੜ ਹੈ ਕਿ ਅਸੀਂ ਸਮਾਜ ਦੇ ਅੰਦਰ ਇਸ ਗਲ ਨੂੰ ਵਿਚਾਰੀਏ, ਸੋਚੀਏ ਕਿ ਇਸ ਨੂੰ ਅਸੀਂ ਇਸੇ ਤਰ੍ਹਾਂ ਹੀ ਚੱਲਣ ਦੇਣਾ ਹੈ ਜਾਂ ਨਹੀਂ ਚੱਲਣ ਦੇਣਾ। ਪਹਿਲਾਂ ਜਦੋਂ ਬਾਬਾ ਨਾਨਕ ਹੋਰਾਂ ਨੇ ਇਹ ਕਿਹਾ ਉਸ ਤੋਂ ਬਾਅਦ ਸੰਤ ਤੁਲਸੀ ਦਾਸ ਹੋਰਾਂ ਨੇ ਇਸ ਚੀਜ਼ ਨੂੰ ਚੋਟ ਮਾਰੀ ਅਤੇ ਕਿਹਾ :--

> "ਢੋਲ ਗੰਵਾਰ, ਸ਼ੂਦਰ, ਪਸ਼ੂ, ਨਾਰੀ,
> ਯੇਹ ਸਬ ਤਾੜਨ ਕੇ ਅਧਿਕਾਰੀ।"

ਉਨ੍ਹਾਂ ਨੇ ਉਦੋਂ ਇਸ ਨੂੰ ਤਾੜਨ ਦੇ ਅਧਿਕਾਰੀ ਆਖਿਆ। ਇਸ ਗੱਲ ਨੇ ਸਮਾਜ ਨੂੰ ਬਹੁਤ ਹੀ ਨੁਕਸਾਨ ਪਹੁੰਚਾਇਆ। ਪਰ ਹੁਣ ਲੋੜ ਹੈ ਕਿ ਅਸੀਂ ਇਸ ਤੇ ਵਿਚਾਰ ਕਰੀਏ ਕਿ ਕੀ ਅਸੀਂ ਇਸ ਸਥਿੱਤੀ ਨੂੰ ਇਸੇ ਤਰ੍ਹਾਂ ਹੀ ਚੱਲਣ ਦੇਣਾ ਹੈ ਜਾਂ ਕਿ ਇਸ ਨੂੰ ਮੋੜਾ ਪਾਉਣਾ ਹੈ । ਆਜ਼ਾਦੀ ਤੋਂ ਬਾਅਦ ਜਦੋਂ ਡਾ. ਅੰਬੇਦਕਰ ਨੇ ਕਾਂਸਟੀਚਿਊਸ਼ਨ ਬਣਾਇਆ ਤਾਂ ਫੰਡਾਮੈਂਟਲ ਰਾਈਟਸ ਦੇ ਵਿਚ ਇਹ ਗੱਲ ਰਖੀ ਗਈ ਕਿ ਸੈਕਸ ਪੱਖੋਂ ਸਮਾਜ ਵਿਚ ਕੋਈ ਡਿਸਕ੍ਰਿਮੀਨੇਸ਼ਨ ਨਹੀਂ ਹੋਣ ਦਿੱਤੀ ਜਾਵੇਗੀ। ਫੰਡਾਮੈਂਟਲ ਰਾਈਟਸ ਦੇ ਵਿਚ ਸੈਕਸ ਕੁਆਲਟੀ ਦੀ ਗੱਲ ਸਾਹਮਣੇ ਰਖੀ ਗਈ ਜਿਹੜੀਆਂ ਕਿ ਹਿੰਦੁਸਤਾਨ ਦੇ ਵਿੱਚ ਔਰਤ ਜ਼ਾਤੀ ਲਈ ਸੱਭ ਤੋਂ ਪਹਿਲੀ ਦੇਣ ਸੀ। ਪਹਿਲਾਂ ਸਾਡੀਆਂ ਭੈਣਾਂ ਨੂੰ, ਸਾਡੀਆਂ ਮਾਵਾਂ ਨੂੰ ਬਰਾਬਰੀ ਦਾ ਹੱਕ ਨਹੀਂ ਸੀ ਪਰ ਬਾਅਦ ਵਿਚ ਪੰਡਿਤ ਜੀ ਨੇ ਹਿੰਦੂ ਬਿਲ ਪਾਸ

ਕਰਕੇ ਇਹ ਹੱਕ ਉਨ੍ਹਾਂ ਨੂੰ ਦਵਾਇਆ ਪਰ ਅੱਜ ਤੱਕ ਵੀ ਅਸੀਂ ਧਿਆਨ ਨਾਲ ਦੇਖੀਏ ਤਾਂ ਇਹ ਪ੍ਰਾਪਰਟੀ ਦਾ ਹੱਕ, ਚੰਗੀ ਤਰ੍ਹਾਂ ਲਾਗੂ ਨਹੀਂ ਹੋ ਰਿਹਾ । ਅਜੇ ਵੀ ਕਈ ਲੋਕ ਝੂਠੀਆਂ ਵਸੀਅਤਾਂ ਬਣਾ ਕੇ ਕਈ ਭਰਾ ਆਪਣੀਆਂ ਭੈਣਾਂ ਦਾ ਪ੍ਰਾਪਰਟੀ ਦਾ ਹਿੱਸਾ ਛੱਕ ਜਾਂਦੇ ਹਨ। ਭਾਵੇਂ ਕਿ ਕਾਨੂੰਨ ਵੀ ਬਣ ਗਿਆ ਹੈ ਪਰ ਉਸ ਨੂੰ ਅਸੀਂ ਲਾਗੂ ਨਹੀਂ ਕਰ ਸਕੇ। ਸਾਨੂੰ ਇਹ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਇਹ ਹੱਕ ਉਨ੍ਹਾਂ ਨੂੰ ਦਿੱਤਾ ਜਾਵੇ ਤਾਂ ਕਿ ਉਨ੍ਹਾਂ ਦੀ ਮਿਜ਼ਰੇਬਲ ਕੰਡੀਸ਼ਨ ਨੂੰ ਹਟਾਇਆ ਜਾਵੇ। ਜਿੱਥੋਂ ਤੱਕ ਵਿਧਵਾ ਔਰਤਾਂ ਦੀ ਗੱਲ ਹੈ, ਵਿੱਡੋ ਲੇਡੀਜ਼ ਦੀ ਹਾਲਤ ਤਾਂ ਬਹੁਤ ਹੀ ਖਰਾਬ ਸੀ। ਉਸ ਨੂੰ ਸਮਾਜ ਦੇ ਵਿੱਚ ਕੋਈ ਪੁੱਛਦਾ ਹੀ ਨਹੀਂ ਸੀ। ਇੱਥੋਂ ਤੱਕ ਕਿ ਉਸ ਦੇ ਤਾਂ ਦਰਸ਼ਨ ਵੀ ਮਾੜੇ ਸਮਝੇ ਜਾਂਦੇ ਸਨ ਜਦੋਂ ਕੋਈ ਲੜਕੀ ਵਿੱਡੋ ਹੋ ਜਾਂਦੀ ਸੀ ਤਾਂ ਉਸ ਦੇ ਵਾਲ ਮੁੰਨ ਦਿੱਤੇ ਜਾਂਦੇ ਸਨ। ਇਸ ਚੀਜ਼ ਨੇ ਸਤੀ ਦੀ ਰਸਮ ਨੂੰ ਪੈਦਾ ਕੀਤਾ ਤਾਂ ਕਿ ਪਤੀ ਦੀ ਮੌਤ ਦੇ ਨਾਲ ਹੀ ਔਰਤ ਵੀ ਸਤੀ ਹੋ ਜਾਵੇ। ਇਹ ਸਤੀ ਦੀ ਰਸਮ ਕਾਫੀ ਦੇਰ ਸਮਾਜ ਵਿੱਚ ਚਲਦੀ ਰਹੀ ਇਸ ਦਾ ਬਹੁਤ ਪਰਚਾਰ ਹੋਇਆ ਇਸ ਸਤੀ ਦੀ ਰਸਮ ਨੇ ਸਾਡੇ ਸਮਾਜ ਨੂੰ ਬਹੁਤ ਵੱਡੀ ਢਾਹ ਲਾਈ। ਅੰਗਰੇਜ਼ਾਂ ਨੇ ਆ ਕੇ ਇਸ ਨੂੰ ਰੋਕਿਆ। ਪਰ ਬੜੀ ਬਦਕਿਸਮਤੀ ਦੀ ਗੱਲ ਹੈ ਕਿ ਪਿੱਛੇ ਜਿਹੇ ਸਾਡੇ ਰਾਜਸਥਾਨ ਦੇ ਅੰਦਰ ਇਕ ਅਜਿਹੀ ਸਥਿੱਤੀ ਸਾਹਮਣੇ ਆਈ। ਅੱਜਕੱਲ੍ਹ ਦੇ ਹਾਲਾਤ ਵਿਚ ਅਜਿਹੀ ਗੱਲ ਬਿਲਕੁਲ ਨਹੀਂ ਹੋਣ ਦੇਣੀ ਚਾਹੀਦੀ। ਉਸ ਸਮੇਂ ਦੇ ਸਮਾਜ ਦੇ ਵਿਚ ਵਿਧਵਾ ਔਰਤਾਂ ਦੀ ਕੋਈ ਥਾਂ ਨਹੀਂ ਸੀ, ਉਸ ਦੀ ਕੋਈ ਰਿਸਪੈਕਟ ਨਹੀਂ ਸੀ ਹੁੰਦੀ ਅਤੇ ਨਾ ਹੀ ਉਸਦਾ ਕੋਈ ਸੋਸ਼ਲ ਸਟੇਟੱਸ ਸੀ ਅਤੇ ਨਾ ਹੀ ਔਰਤਾਂ ਨੂੰ ਕੋਈ ਅਧਿਕਾਰ ਸੀ। ਜਿਸ ਘਰ ਵਿੱਚ ਕੋਈ ਲੜਕੀ ਵਿਧਵਾ ਹੋ ਜਾਂਦੀ ਸੀ ਤਾਂ ਉਸ ਦੀ ਸੱਸ ਜਾਂ ਘਰ ਵਾਲੇ ਕਹਿ ਦਿੰਦੇ ਸਨ ਕਿ "ਤੂੰ ਅਨਹੋਣੀ ਕਿਥੋਂ ਆ ਗਈ, ਆਉਂਦਿਆਂ ਹੀ ਸਾਡਾ ਮੁੰਡਾ ਖਾ ਗਈ"। ਇਸ ਤਰ੍ਹਾਂ ਉਸ ਨੂੰ ਘਰੋਂ ਕੱਢ ਦਿੱਤਾ ਜਾਂਦਾ ਸੀ। ਫਿਰ ਉਸ ਦੇ ਲਈ ਕੋਈ ਥਾਂ ਨਹੀਂ ਸੀ ਹੁੰਦੀ। ਜੇਕਰ ਹੁਣ ਵੀ ਵੇਖਿਆ ਜਾਵੇ ਤਾਂ ਕੋਈ ਬਹੁਤਾ ਫਰਕ ਨਹੀਂ ਪਿਆ। ਹੁਣ ਵੀ ਇਸ ਸਮਾਜ ਵਿੱਚ ਵਿਧਵਾ ਵਾਸਤੇ ਕੋਈ ਥਾਂ ਨਹੀਂ ਹੈ। ਸੈਪਰੇਟਿਡ ਵੂਮੈਨ ਜਾਂ ਡਿਜ਼ਰਟਡ ਵੂਮੈਨ ਨੂੰ ਅੱਜ ਅਸੀਂ ਕੋਈ ਬਹੁਤੀ ਸਨਮਾਨ ਦੀ ਨਿਗਾਹ ਨਾਲ ਨਹੀਂ ਵੇਖਦੇ। ਡਾਈਵੋਰਸੀ ਹੋਣ ਤੇ ਅੱਜ ਵੀ ਆਂਢ-ਗੁਆਂਢ ਵਾਲੇ ਗੱਲਾਂ ਕਰਦੇ ਹਨ ਕਿ ਕੀ ਗੱਲ ਹੋਈ ਹੈ। ਅਸੀਂ ਉਸ ਵਿਚਾਰੀ ਦੀ ਮਜਬੂਰੀ ਨੂੰ ਸਮਝਣ ਲਈ ਤਿਆਰ ਹੀ ਨਹੀਂ ਹੁੰਦੇ ਕਿ ਕਿਨਾਂ ਹਾਲਾਤਾਂ ਵਿੱਚ ਉਸ ਵਿਚਾਰੀ ਨੂੰ ਡਾਈਵੋਰਸੀ ਹੋਣਾ ਪਿਆ। ਉਸ ਨੂੰ ਦੂਜੀ ਨਿਗਾਹ ਨਾਲ ਹੀ ਵੇਖਿਆ ਜਾਂਦਾ ਹੈ। ਅੱਜ ਸਾਡੀ ਸਾਰਿਆ ਦੀ ਕੋਸ਼ਿਸ਼ ਇਹ ਹੋਣੀ ਚਾਹੀਦੀ ਹੈ ਕਿ ਡਾਈਵੋਰਸੀ ਜਾਂ ਸੈਪਰੇਟਿਡ ਵੂਮੈਨ ਦਾ ਵੀ ਸੋਸ਼ਲ ਸਟੇਟਸ ਹੋਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਆਦਰ ਮਾਣ ਨਾਲ ਵੇਖਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਰੀ-ਮੈਰਿਜ ਕਰਨ ਲਈ ਇਨਕਰੇਜ ਕਰਨਾ ਚਾਹੀਦਾ ਹੈ ਨਾ ਕਿ ਉਹ ਇਕ ਮਸਾਣ ਜਿਹਾ ਬਣ ਕੇ ਹੀ ਆਪਣੀ ਜ਼ਿੰਦਗੀ ਗੁਜ਼ਾਰਨ ਲਈ ਮਜਬੂਰ ਹੋਣ। ਉਸ ਨੂੰ ਹੱਕ ਹੋਣਾ ਚਾਹੀਦਾ ਹੈ ਕਿ ਉਹ ਵੀ ਇਜ਼ਤ ਦੀ ਜ਼ਿੰਦਗੀ ਜੀਅ ਸਕੇ। ਉਸ ਦੇ ਲਈ ਲੋੜ ਹੈ ਅੱਜ ਸਾਨੂੰ ਆਪਣੀ ਰੁਚੀ ਨੂੰ ਬਦਲਣ ਦੀ। ਅੱਜ ਜਿਹੜੀਆਂ ਸਾਡੇ ਸਾਮਾਜ ਵਿੱਚ ਵਾਲੰਟੀਅਰ ਆਰਗੇਨਾਈਜੇਸ਼ਨਜ਼ ਬਣੀਆਂ ਹੋਈਆਂ ਹਨ, ਉਨ੍ਹਾਂ ਨੂੰ ਇਨਕਰੇਜ਼ ਕਰਨ ਦੀ ਲੋੜ ਹੈ, ਉਨ੍ਹਾਂ ਨੂੰ ਬੜ੍ਹਾਵਾ ਦੇਣ ਦੀ ਲੋੜ ਹੈ ਤਾਂ ਜੋ ਉਹ ਡਾਈਵੋਰਸੀ ਅਤੇ ਡਿਜ਼ਰਟਡ ਵੂਮੈਨ ਲਈ ਆਸਰਾ ਬਣ ਸਕਣ। ਅਜਿਹੀਆਂ ਔਰਤਾਂ ਦੇ ਵਾਸਤੇ ਕੋਈ ਇਹੋ ਜਿਹੀਆਂ ਸਕੀਮਾਂ ਚਲਾਈਆਂ ਜਾਣੀਆਂ ਚਾਹੀਦੀਆਂ ਹਨ ਜਿਵੇਂ ਟੈਕਨੀਕਲ ਐਜੂਕੇਸ਼ਨ ਜਿਥੇ ਉਹ ਕੰਮ ਕਰਕੇ ਆਪਣੇ ਪੈਰਾਂ ਤੇ ਆਪ ਖੜੇ ਸਕਣ। ਅੱਜ ਦੇ ਮਹਿੰਗਾਈ ਦੇ ਜ਼ਮਾਨੇ ਵਿੱਚ ਸਾਰੇ ਇਹੀ

[ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ]

ਚਾਹੁੰਦੇ ਹਨ ਕਿ ਦੋਵੇਂ ਜੀਅ ਕਮਾਉਣ ਵਾਲੇ ਹੋਣ। ਜੇ ਕਰ ਲੜਕੀ ਕੋਈ ਕੰਮ ਨਹੀਂ ਕਰਦੀ ਤਾਂ ਕਈ ਲਾਲਚੀ ਪਰਿਵਾਰ ਉਸ ਲੜਕੀ ਨੂੰ ਛੱਡ ਦਿੰਦੇ ਹਨ। ਇਹ ਦੇਖਣ ਵਿੱਚ ਆਇਆ ਹੈ ਕਿ ਜਦੋਂ ਉਹ ਲੜਕੀ ਕਿਸੇ ਆਰਗੇਨਾਈਜੇਸ਼ਨ ਵਿੱਚ ਕੋਈ ਕੰਮ-ਧੰਦਾ ਸਿੱਖ ਕੇ 1000 ਜਾਂ 1200 ਰੁਪਿਆ ਮਹੀਨਾ ਕਮਾਉਣ ਲਗ ਪੈਂਦੀ ਹੈ ਤਾਂ ਉਸ ਵੇਲੇ ਕਈ ਪਰਿਵਾਰ ਉਸੇ ਲੜਕੀ ਨੂੰ ਫਿਰ ਵਾਪਸ ਘਰ ਲੈ ਆਉਂਦੇ ਹਨ। ਉਨ੍ਹਾਂ ਨੂੰ ਆਪਣਾ ਸਹਾਰਾ ਆਪ ਬਣਨ ਲਈ ਕੋਈ ਟੈਕਨੀਕਲ ਐਜੂਕੇਸ਼ਨ ਜਾਂ ਜੋ ਵੀ ਕੋਈ ਹੋਰ ਪ੍ਰੋਗਰਾਮ ਹੋਣ, ਜਿਸ ਦੇ ਨਾਲ ਉਹ ਸੈਲਫ ਇੰਪਲਾਇਮੈਂਟ ਵਾਲੇ ਪਾਸੇ ਜਾ ਸਕਣ ਅਤੇ ਉਨ੍ਹਾਂ ਦੀ ਇਜ਼ਤ ਬਹਾਲ ਹੋ ਸਕੇ, ਇਸ ਤਰ੍ਹਾਂ ਦੇ ਕਦਮ ਉਠਾਉਣੇ ਚਾਹੀਦੇ ਹਨ। ਇਸ ਮਾਮਲੇ ਵਿੱਚ ਜਿਸ ਤਰ੍ਹਾਂ 'ਪਨਵੈਕ' ਹੈ ਉਹ ਬੜਾ ਸੋਹਣਾ ਰੋਲ ਅਦਾ ਕਰ ਰਿਹਾ ਹੈ। ਉਸ ਵਿਚ ਆਮ ਲੇਡੀਜ਼ ਨੂੰ ਬੜੀ ਸੋਹਣੀ ਟਰੇਨਿੰਗ ਦਿੱਤੀ ਜਾਂਦੀ ਹੈ, ਜਿਸ ਨਾਲ ਉਹ ਆਪਣੇ ਪੈਰਾਂ ਤੇ ਖੜੀਆਂ ਹੋ ਸਕੀਆਂ ਹਨ। ਸਾਨੂੰ ਪਨਵੈਕ ਨੂੰ ਉਤਸ਼ਾਹਤ ਕਰਨਾ ਚਾਹੀਦਾ ਹੈ। ਮੈਂ ਮਾਣਯੋਗ ਵਿੱਤ ਮੰਤਰੀ ਡਾਕਟਰ ਕੇਵਲ ਕ੍ਰਿਸ਼ਨ ਜੀ ਨੂੰ ਕਹਾਂਗਾ ਕਿ ਪਿਛਲੇ ਸਾਲ ਦੇ ਬਜਟ ਵਿਚ ਇਸ ਵਾਸਤੇ ਕੋਈ ਪੈਸਾ ਨਹੀਂ ਸੀ ਰੱਖਿਆ ਅਤੇ ਹੁਣ ਦੇ ਬਜਟ ਵਿੱਚ ਇਕ ਲੱਖ ਰੁਪਿਆ ਰੱਖਿਆ ਹੈ। ਸਾਨੂੰ ਇਹੋ ਜਿਹੇ ਸੋਸ਼ਲ ਆਰਗੇਨਾਈਜੇਸ਼ਨ ਨੂੰ ਕਮਰਸ਼ੀਅਲ ਬੇਸਿਜ਼ ਤੇ ਨਹੀਂ ਲੈਣਾ ਚਾਹੀਦਾ ਕਿ ਉਹ ਘਾਟੇ ਵਿਚ ਜਾ ਰਿਹਾ ਹੈ ਜਾਂ ਫਾਇਦੇ ਵਿਚ। ਕਿਉਂਕਿ ਇਸ ਦਾ ਸੋਸ਼ਲ ਏਮ ਹੈ। ਇਸ ਦੇ ਘਾਟੇ ਜਾਂ ਮੁਨਾਫੇ ਨੂੰ ਨਾ ਵੇਖਦਿਆਂ ਹੋਇਆਂ ਸਾਨੂੰ ਇਸ ਦੀ ਵੱਧ ਤੋਂ ਵੱਧ ਮਦਦ ਕਰਨੀ ਚਾਹੀਦੀ ਹੈ ਤਾਂ ਜੋ ਜਿਹੜੀਆਂ ਸਾਡੀਆਂ ਧੀਆਂ-ਭੈਣਾਂ ਬੇਸਹਾਰਾ ਹਨ ਉਨ੍ਹਾਂ ਦੀ ਵੱਧ ਤੋਂ ਵੱਧ ਸਹਾਇਤਾ ਹੋ ਸਕੇ। ਸਾਨੂੰ ਅਜਿਹੇ ਅਦਾਰੇ ਦੀ ਕਮਰਸ਼ੀਅਲ ਏਮ ਸਮਝ ਕੇ ਨਹੀਂ ਸਗੋਂ ਸ਼ੋਸ਼ਲ ਏਮ ਸਮਝ ਕੇ ਮਦਦ ਕਰਨੀ ਚਾਹੀਦੀ ਹੈ।

ਸਾਡੇ ਪੰਜਾਬ ਵਿੱਚ ਖਾਸ ਕਰਕੇ ਪਿੰਡਾਂ ਵਿੱਚ 'ਸ਼ਾਰਟ ਸਟੇਅ ਹੋਮਜ਼' ਦੀ ਬਹੁਤ ਘਾਟ ਹੈ। ਜਦੋਂ ਕੋਈ ਅਜਿਹੀ ਘਟਨਾ ਵਾਪਰਦੀ ਹੈ, ਡਾਈਵੋਰਸ ਦੀ ਨੌਬਤ ਆਉਂਦੀ ਹੈ ਤਾਂ ਉਨ੍ਹਾਂ ਪਾਸ ਕੋਈ ਵੀ ਅਜਿਹੀ ਠਾਹਰ ਨਹੀਂ ਹੁੰਦੀ ਜਿਥੇ ਕਿ ਉਹ ਜਾ ਸਕਣ। ਇਹ ਸ਼ਾਰਟ ਸਟੇਅ ਹੋਮ ਜ਼ਿਲ੍ਹਾ ਹੈਡ ਕੁਆਰਟਰ ਤੇ ਅਤੇ ਤਹਿਸੀਲ ਹੈਡਕੁਆਰਟਰ ਤੇ ਜ਼ਰੂਰ ਹੋਣੇ ਚਾਹੀਦੇ ਹਨ। ਜਿਹੜੇ ਇੰਡਸਟਰੀਅਲ ਹਾਊਸ ਹਨ, ਉਨ੍ਹਾਂ ਨੂੰ ਚੌਕ ਬਿਊਟੀਫੁੱਲ ਬਣਾਉਣ ਤੇ ਜਿਹੜਾ ਪੈਸਾ ਖਰਚ ਹੁੰਦਾ ਹੈ, ਉਸ ਪੈਸੇ ਤੇ ਟੈਕਸ ਰਿਬੇਟ ਦਿੱਤੀ ਜਾਂਦੀ ਹੈ। ਇਸੇ ਤਰ੍ਹਾਂ ਹੀ ਸ਼ਾਰਟ ਸਟੇਅ ਹੋਮ ਬਣਾਉਣ ਵਾਲਿਆਂ ਨੂੰ ਵੀ ਟੈਕਸ ਦੀ ਰਿਬੇਟ ਦੇਣੀ ਚਾਹੀਦੀ ਹੈ ਤਾਂ ਕਿ ਜਿਹੜੀ ਕਿਸੇ ਧੀ-ਭੈਣ ਦੀ ਇਮੀਜੀਏਟ ਪ੍ਰਾਬਲਮ ਬਣਦੀ ਹੈ, ਉਹ ਉਥੇ ਜਾ ਕੇ ਠਹਿਰ ਸਕੇ। ਕਿਉਂਕਿ ਕਈਆਂ ਹਾਲਤਾਂ ਵਿਚ ਤਾਂ ਉਸ ਨੂੰ ਪਤਾ ਹੀ ਨਹੀਂ ਹੁੰਦਾ ਕਿ ਜਦੋਂ ਉਸ ਨੂੰ ਘਰੋਂ ਧੱਕੇ ਮਾਰਕੇ ਕੱਢ ਦਿੱਤਾ ਜਾਂਦਾ ਹੈ ਤਾਂ ਉਹ ਕਿਥੇ ਜਾਵੇਗੀ ? ਸਾਨੂੰ ਵਾਲੰਟੀਅਰ ਆਰਗੇਨਾਈਜੇਸ਼ਨ ਨੂੰ ਉਤਸ਼ਾਹਤ ਕਰਨਾ ਚਾਹੀਦਾ ਹੈ ਅਤੇ ਵ ਧ ਤੋਂ ਵੱਧ ਸ਼ਾਰਟ ਸਟੇਅ ਹੋਮ ਪੰਜਾਬ ਅਤੇ ਸਾਰੇ ਹਿੰਦੁਸਤਾਨ ਵਿੱਚ ਹੋਣੇ ਚਾਹੀਦੇ ਹਨ ਅਤੇ ਉਨ੍ਹਾਂ ਦਾ ਪ੍ਰਬੰਧ ਜਾਂ ਅਰੇਂਜਮੈਂਟ ਬਹੁਤ ਚੰਗੇ ਇਨਸਾਨਾਂ ਦੇ ਹੱਥਾਂ ਵਿੱਚ ਹੋਣਾ ਚਾਹੀਦਾ ਹੈ ਤਾਂ ਕਿ ਉਹ ਗਰੀਬ ਅਤੇ ਮਜਬੂਰ ਔਰਤਾਂ ਨੂੰ ਐਕਸਪਲਾਇਟ ਨਾ ਕਰ ਸਕਣ ਅਤੇ ਉਹ ਉਥੇ ਇਜ਼ਤ ਦੀ ਜ਼ਿੰਦਗੀ ਜੀਅ ਸਕਣ।

ਬਾਲਵਾੜੀ ਸੈਂਟਰਾਂ ਵਿੱਚ ਅੱਜ ਵੀ ਦਾਜ ਕੱਢਣਾ ਹੀ ਸਿਖਾਇਆ ਜਾਂਦਾ ਹੈ ਜਦ ਕਿ ਜ਼ਮਾਨਾ ਬਦਲ ਗਿਆ ਹੈ, ਅੱਜ ਦੇ ਵਿਗਿਆਨਕ ਯੁੱਗ ਵਿਚ ਚਾਹੀਦਾ ਹੈ ਕਿ ਉਨ੍ਹਾਂ ਨੂੰ ਕੰਪਿਊਟਰ, ਟਾਈਪਿੰਗ ਅਤੇ ਸ਼ਾਰਟਹੈਂਡ ਜਾਂ ਹੋਰ ਦਸਤਕਾਰੀ ਦੀ ਟਰੇਨਿੰਗ ਦਿੱਤੀ ਜਾਵੇ ਤਾਂ ਕਿ ਉਹ ਲੇਡੀਜ਼ ਆਪਣੇ

ਪੈਰਾਂ ਤੇ ਖੜ੍ਹੀਆਂ ਹੋ ਸਕਣ। ਜਿਹੜੀ ਦਾਜ ਵਾਲੀ ਗੱਲ ਹੈ ਇਹ ਤਾਂ ਬੜੀ ਵੱਡੀ ਲਾਹਨਤ ਹੈ। ਇਸਦੇ ਨਾਲ ਤਾਂ ਕਿਤਨੇ ਹੀ ਘਰ ਤਬਾਹ ਹੋ ਚੁੱਕੇ ਹਨ, ਕਿਤਨੀਆਂ ਹੀ ਭੈਣਾਂ ਬੇ-ਸਹਾਰਾ ਹੋਈਆਂ ਹਨ ਅਤੇ ਕਿਤਨੀਆਂ ਹੀ ਲੇਡੀਜ਼ ਨੂੰ ਇਸਦੀ ਬਲੀ ਚੜ੍ਹਨਾ ਪਿਆ ਹੈ। Do not give a fish to a man but tell him how to make a fish. ਇਸਦੇ ਨਾਲੋਂ ਤਾਂ ਇਹ ਗੱਲ ਚੰਗੀ ਹੋਵੇਗੀ ਜੇ ਅਸੀਂ ਇਨ੍ਹਾਂ ਲੇਡੀਜ਼ ਨੂੰ ਆਪਣੇ ਪੈਰਾਂ ਤੇ ਖੜ੍ਹਨ ਦੇ ਤਰੀਕੇ ਦੱਸ ਸਕੀਏ। ਇਹ ਬੜੀ ਚੰਗੀ ਗੱਲ ਹੋਵੇਗੀ ਜੇਕਰ ਅਸੀਂ ਇਨ੍ਹਾਂ ਨੂੰ ਟੈਕਨੀਕਲ ਗੱਲਾਂ ਦੀ ਵੀ ਸਿਖਲਾਈ ਦੇ ਸਕੀਏ ਤਾਂ ਕਿ ਉਹ ਇੰਪਲਾਇਮੈਂਟ ਪ੍ਰਾਪਤ ਕਰ ਸਕਣ. ਉਨ੍ਹਾਂ ਨੂੰ ਇਹ ਸਿੱਖਿਆ ਦਿੱਤੀ ਜਾਵੇ ਨਾਂ ਕਿ ਕਸੀਦਾ ਕੱਢਣ ਅਤੇ ਦਾਜ ਬਣਾਉਣ ਬਾਰੇ ਦੱਸਿਆ ਜਾਵੇ। ਇਸ ਦੇ ਨਾਲ ਹੀ ਘਰੇਲੂ ਦਸਤਕਾਰੀ ਅਧੀਨ ਜਿਹੜੀਆਂ ਚੀਜ਼ਾਂ ਇਹ ਲੇਡੀਜ਼ ਬਣਾਉਂਦੀਆਂ ਹਨ, ਸ਼ਾਰਟ ਸਟੇਅ ਹੋਮ ਵਿੱਚ ਜੋ ਪ੍ਰੋਡਕਟਸ ਇਨ੍ਹਾਂ ਲੇਡੀਜ਼ ਵੱਲੋਂ ਬਣਾਏ ਜਾਂਦੇ ਹਨ. ਜਿਥੋਂ ਤੱਕ ਉਨ੍ਹਾਂ ਨੂੰ ਵੇਚਣ ਦੀ ਗੱਲ ਹੈ ਉਸਦਾ ਵੀ ਸਰਕਾਰ ਨੂੰ ਧਿਆਨ ਰੱਖਣਾ ਚਾਹੀਦਾ ਹੈ ਅਤੇ ਸਰਕਾਰ ਨੂੰ ਉਹ ਚੀਜ਼ਾਂ ਆਪਣੇ ਪੱਧਰ ਤੇ ਵੇਚਣ ਦਾ ਉਪਰਾਲਾ ਕਰਨਾ ਚਾਹੀਦਾ ਹੈ ਨਾ ਕਿ ਉਹ ਆਪਣੀਆਂ ਚੀਜ਼ਾਂ ਨੂੰ ਆਪ ਵੇਚਣ ਲਈ ਜਗ੍ਹਾ ਜਗ੍ਹਾ ਤੇ ਘੁੰਮਦੀਆਂ ਫਿਰਨ। ਇਸ ਤਰ੍ਹਾਂ ਨਾਲ ਉਨ੍ਹਾਂ ਨੂੰ ਉਤਸ਼ਾਹ ਵੀ ਮਿਲੇਗਾ ਅਤੇ ਹੋਰ ਜ਼ਿਆਦਾ ਚੀਜ਼ਾਂ ਬਣਾਉਣਗੀਆਂ ਜਿਸ ਦੇ ਨਾਲ ਉਨ੍ਹਾਂ ਨੂੰ ਵੱਧ ਤੋਂ ਵੱਧ ਫਾਇਦਾ ਹੋਵੇਗਾ ਅਤੇ ਇਸ ਤਰ੍ਹਾਂ ਨਾਲ ਇਹ ਉਨ੍ਹਾਂ ਦੇ ਆਪਣੇ ਪੈਰਾਂ ਤੇ ਖੜ੍ਹੇ ਹੋਣ ਲਈ ਚੰਗੀ ਗੱਲ ਹੋਵੇਗੀ, ਗੌਰਮਿੰਟ ਉਨ੍ਹਾਂ ਦੀਆਂ ਚੀਜ਼ਾਂ ਵੇਚਣ ਦੀ ਗਰੰਟੀ ਕਰੇ ਕਿ ਉਨ੍ਹਾਂ ਦੀਆਂ ਬਣਾਈਆਂ ਹੋਈਆਂ ਚੀਜ਼ਾਂ ਨੂੰ ਜ਼ਰੂਰ ਵੇਚਿਆ ਜਾਵੇਗਾ। ਅੱਜ ਜਿਹੜਾ ਐਟਮਾਸਫੇਅਰ ਹੈ ਭਾਰਤ ਵਿੱਚ ਅਤੇ ਪੰਜਾਬ ਦੇ ਵਿੱਚ, ਇਹ ਵਿਡੋਜ਼ ਨੂੰ ਨਫਰਤ ਨਾਲ ਵੇਖਣ ਵਾਲਾ ਹੈ. ਇਹ ਬਹੁਤ ਮਾੜੀ ਗੱਲ ਹੈ। ਇਨ੍ਹਾਂ ਦੇ ਲਈ ਸਪੈਸ਼ਲ ਕੋਟਾ ਜੌਬਜ਼ (ਨੌਕਰੀਆਂ) ਵਿੱਚ ਹੋਣਾ ਚਾਹੀਦਾ ਹੈ। 2% ਜਾਂ 1% ਜੌਬਜ਼ ਵਿਡੋਜ਼ ਲਈ ਜ਼ਰੂਰ ਰਾਖ-ਵੀਆਂ ਰੱਖੀਆਂ ਜਾਣੀਆਂ ਚਾਹੀਦੀਆਂ ਹਨ ਤਾਂ ਕਿ ਲੇਡੀਜ਼ ਕੰਮ ਕਰਨ ਅਤੇ ਵਿਡੋਜ਼ ਨੂੰ ਪ੍ਰਿਆਰਟੀ ਦਿੱਤੀ ਜਾਣੀ ਚਾਹੀਦੀ ਹੈ। ਉੜੀਸਾ ਸਰਕਾਰ ਨੇ ਜਿਵੇਂ ਕੀਤਾ ਹੈ ਕਿ ਵਿਡੋਜ਼ ਲਈ ਨੌਕਰੀਆਂ ਰਾਖਵੀਆਂ ਰੱਖੀਆਂ ਜਾਣਗੀਆਂ। ਪੰਜਾਬ ਸਰਕਾਰ ਨੂੰ ਵੀ ਇਸ ਸਬੰਧ ਵਿੱਚ ਸੋਚਣਾ ਚਾਹੀਦਾ ਹੈ ਕਿ ਕੀ ਵਿਡੋਜ਼ ਲਈ ਵੀ ਕੋਟਾ ਰੀਜ਼ਰਵ ਹੋ ਸਕਦਾ ਹੈ ਜਾਂ ਨਹੀਂ।

ਡਾਈਵੋਰਸ ਲਈ ਲੀਗਲ ਏਡ ਵੀ ਦਿਤੀ ਜਾਣੀ ਬਹੁਤ ਜ਼ਰੂਰੀ ਹੈ। ਲੇਡੀਜ਼ ਦੇ ਮਾਮਲਿਆਂ ਲਈ ਸਪੈਸ਼ਲ ਕੋਰਟਸ ਹੋਣੀਆਂ ਚਾਹੀਦੀਆਂ ਹਨ ਤਾਂ ਕਿ ਇਨ੍ਹਾਂ ਨੂੰ ਅਜਿਹੇ ਮਾਮਲਿਆਂ ਲਈ ਦੂਜੀ ਕੋਰਟਸ ਵਿੱਚ ਧੱਕੇ ਨਾ ਖਾਣੇ ਪੈਣ। ਇਹ ਸਪੈਸ਼ਲ ਕੋਰਟਸ ਹਰ ਜ਼ਿਲ੍ਹੇ ਵਿੱਚ ਹੋਣੀ ਚਾਹੀਦੀਆਂ ਹਨ। ਕੋਰਟ ਦਾ ਸਾਰਾ ਖਰਚਾ ਵੀ ਇਨ੍ਹਾਂ ਨੂੰ ਮਿਲਣਾ ਚਾਹੀਦਾ ਹੈ ਤਾਂਕਿ ਇਨ੍ਹਾਂ ਨੂੰ ਇਨਸਾਫ ਮਿਲ ਸਕੇ। ਇਸ ਸਬੰਧ ਵਿਚ ਪ੍ਰੋਸੀਜ਼ਰ ਵੀ ਬੜਾ ਸਰਲ ਹੋਣਾ ਚਾਹੀਦਾ ਹੈ ਨਾ ਕਿ ਦਫਤਰਾਂ ਵਿੱਚ ਧੱਕੇ ਖਾਣੇ ਪੈਣ, ਜਿਵੇਂ ਸਮਾਜ ਭਲਾਈ ਮੰਤਰੀ ਜੀ ਜਾਣਦੇ ਹੀ ਹਨ ਕਿ ਪੈਨਸ਼ਨਾਂ ਲੈਣ ਲਈ ਲਾਭਪਾਤਰੀਆਂ ਨੂੰ ਬੜੇ ਹੀ ਧੱਕੇ ਖਾਣੇ ਪੈਂਦੇ ਹਨ ਕਦੇ ਬੀ. ਡੀ. ਪੀ. ਓ. ਕੋਲ ਰਿਕਮੈਂਡ ਕਰਾਉਣ ਲਈ ਜਾਣਾ ਪੈਂਦਾ ਹੈ ਅਤੇ ਕਦੇ ਐਮ. ਐਲ. ਏ. ਕੋਲ ਜਾਣਾ ਪੈਂਦਾ ਹੈ, ਇਹ ਪਰੋਸੀਜ਼ਰ ਵੀ ਸਰਲ ਹੋਣਾ ਚਾਹੀਦਾ ਹੈ ਅਤੇ ਇੱਕੋ ਵਿੰਡੋ ਤੇ ਅਪਾਹਜ਼ ਬੱਚਿਆਂ, ਬੁੱਢਿਆਂ, ਵਿਧਵਾਵਾਂ ਅਤੇ ਬੇ-ਸਹਾਰਾ ਔਰਤਾਂ ਦੇ ਪੈਨਸ਼ਨ ਦੇ ਫਾਰਮ ਭਰੇ ਜਾਣੇ ਚਾਹੀਦੇ ਹਨ ਅਤੇ ਉਥੇ ਹੀ ਮਨਜ਼ੂਰ ਕਰ ਦਿੱਤੇ ਜਾਣੇ ਚਾਹੀਦੇ ਹਨ ਤਾਂਕਿ ਉਨ੍ਹਾਂ ਨੂੰ ਸੁੱਖ ਮਿਲ ਜਾਵੇ ਅਤੇ ਲੋਕਾਂ ਦੀ ਮੱਦਦ ਹੋ ਸਕੇ। ਇਸੇ ਤਰ੍ਹਾਂ

[ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ]

ਬੱਸਾਂ ਦੇ ਕਰਾਏ ਦੇ ਵਿੱਚ ਵੀ ਇਨ੍ਹਾਂ ਨੂੰ ਮੁਆਫੀ ਮਿਲਣੀ ਚਾਹੀਦੀ ਹੈ, ਜੋ ਲੇਡੀਜ਼ ਵਿਡੋ ਆਈ-ਡੈਂਟੀਫਾਈ ਹੋ ਜਾਣ ਉਨ੍ਹਾਂ ਦੇ ਆਈਡੈਂਟੀ ਕਾਰਡ ਬਣਾ ਦਿੱਤੇ ਜਾਣੇ ਚਾਹੀਦੇ ਹਨ ਤਾਂ ਕਿ ਉਹ ਬੱਸਾਂ ਵਿਚ ਮੁਫਤ ਸਫਰ ਕਰ ਸਕਣ, ਇਸ ਦੇ ਨਾਲ ਉਨ੍ਹਾਂ ਦੀ ਥੋੜੀ ਜਿਹੀ ਮੱਦਦ ਹੋ ਸਕਦੀ ਹੈ। ਅੱਜ ਵਿਡੋਜ਼ ਨੂੰ ਜਿਹੜੀ ਪੈਨਸ਼ਨ ਦਿੱਤੀ ਜਾਂਦੀ ਹੈ ਉਹ 150 ਰੁਪਏ ਪ੍ਰਤੀ ਮਹੀਨਾ ਹੈ। ਸਪੀਕਰ ਸਾਹਿਬ, ਤੁਸੀਂ ਇਹ ਗੱਲ ਜਾਣ ਸਕਦੇ ਹੋ ਕਿ ਅੱਜ ਕੱਲ ਦੇ ਇਸ ਮਹਿੰਗਾਈ ਦੇ ਜ਼ਮਾਨੇ ਵਿੱਚ ਇਸਦੇ ਨਾਲ ਕੀ ਬਣਦਾ ਹੈ, ਅੱਜ ਤਾਂ ਅਸੀਂ ਸ਼ੁਕਰਗੁਜ਼ਾਰ ਹਾਂ ਸਰਦਾਰ ਬੇਅੰਤ ਸਿੰਘ ਜੀ, ਮੁੱਖ ਮੰਤਰੀ, ਪੰਜਾਬ ਦੇ ਅਤੇ ਸਰਦਾਰ ਕੇ.ਪੀ.ਐਸ. ਗਿੱਲ ਦੇ, ਕਿ ਜਿਸ ਤਰ੍ਹਾਂ ਪੰਜਾਬ ਵਿੱਚ ਮਾਰ-ਧਾੜ ਹੋ ਰਹੀ ਸੀ ਤਾਂ ਹੁਣ ਨੂੰ ਤਾਂ ਸਾਰੇ ਪਾਸੇ ਵਿਧਵਾ ਹੀ ਵਿਧਵਾ ਹੋਣੀਆਂ ਸਨ। ਅਸੀਂ ਸ਼ੁਕਰ-ਗੁਜ਼ਾਰ ਹਾਂ ਕਿ ਅੱਜ ਸਰਦਾਰ ਬੇਅੰਤ ਸਿੰਘ ਦੀ ਅਗਵਾਈ ਸਦਕਾ, ਜੋ 100-100, 2,00-200 ਰੋਜ਼ ਕਤਲ ਹੁੰਦੇਂ ਸੀ ਉਸਨੂੰ ਡੱਕਾ ਲੱਗਿਆ ਹੈ ਜਿਥੇ ਸਰਦਾਰ ਬੇਅੰਤ ਸਿੰਘ ਜੀ ਨੇ ਇਹ ਬਹੁਤ ਚੰਗਾ ਕੰਮ ਕੀਤਾ ਹੈ ਅਤੇ ਲਾਅ ਐਂਡ ਆਰਡਰ ਨੂੰ ਠੀਕ ਕੀਤਾ ਹੈ ਉਥੇ ਇਨ੍ਹਾਂ ਵਿਧਵਾਵਾਂ ਦੀ ਵੈੱਲ-ਫੇਅਰ ਵਾਸਤੇ ਵੱਧ ਤੋਂ ਵੱਧ ਧਿਆਨ ਵੀ ਦੇਣਾ ਚਾਹੀਦਾ ਹੈ ਕਿਉਂਕਿ ਔਰਤਾਂ ਨੇ ਪਿਛਲੇ ਦਸ ਸਾਲਾਂ ਵਿਚ ਜੋ ਜ਼ੁਲਮ ਭੋਗੇ, ਉਨ੍ਹਾਂ ਨੂੰ ਨਾ ਤਾਂ ਸੁਣਿਆ ਜਾ ਸਕਦਾ ਹੈ ਅਤੇ ਨਾ ਹੀ ਦੇਖਿਆ ਜਾ ਸਕਦਾ ਹੈ। ਔਰਤ ਜਾਤੀ ਨਾਲ ਕੀ ਕੀ ਹੋਇਆ। ਰੇਪ ਕੀਤਾ ਗਿਆ, ਸਾਡੀਆਂ ਭੈਣਾਂ ਵਿਧਵਾ ਕੀਤੀਆਂ ਗਈਆਂ, ਉਨ੍ਹਾਂ ਦੇ ਬੱਚੇ ਮਾਰ ਦਿੱਤੇ ਗਏ। ਇਹ ਜ਼ੁਲਮ ਪਿਛਲੇ ਦਸ ਸਾਲਾਂ ਤੋਂ ਚੱਲ ਰਿਹਾ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਜੀ ਨੂੰ ਬੇਨਤੀ ਕਰਾਂਗਾ ਕਿ ਜਿਸ ਤਰ੍ਹਾਂ ਉਨ੍ਹਾਂ ਦਲੇਰੀ ਨਾਲ ਪੰਜਾਬ ਵਿਚ ਸੁੱਖ ਸ਼ਾਂਤੀ ਲਿਆਂਦੀ ਹੈ, ਉਸੇ ਤਰ੍ਹਾਂ ਹੀ ਉਹ ਸਾਡੀਆਂ ਵਿਧਵਾ ਭੈਣਾਂ ਦੀ ਸੁਖ ਸ਼ਾਂਤੀ ਲਈ ਜੋ ਵੱਧ ਤੋਂ ਵੱਧ ਹੀਲਾ ਕਰ ਸਕਦੇ ਹਨ, ਉਹ ਕਰਨ। ਜਿਹੜੀ ਉਨ੍ਹਾਂ ਨੂੰ 150 ਰੁਪਏ ਪੈਨਸ਼ਨ ਦਿੱਤੀ ਜਾਂਦੀ ਹੈ, ਉਸਨੂੰ ਵਧਾਇਆ ਜਾਵੇ ਅਤੇ ਪੈਨਸ਼ਨ ਲੈਣ ਦਾ ਪ੍ਰੋਸੈਸ ਸਿੰਪਲੀਫਾਈ ਕੀਤਾ ਜਾਵੇ ਤਾਂ ਕਿ ਉਹ ਧੱਕੇ ਨਾ ਖਾਂਦੀਆਂ ਫਿਰਨ। ਸਰਕਾਰ ਦੀ ਡਿਊਟੀ ਹੋਣੀ ਚਾਹੀਦੀ ਹੈ ਕਿ ਉਨ੍ਹਾਂ ਦੇ ਨੁਮਾਇੰਦੇ ਜਾ ਕੇ ਉਨ੍ਹਾਂ ਨੂੰ ਪੈਨਸ਼ਨ ਦੇ ਕੇ ਆਉਣ ਅਤੇ ਇਹ ਪੈਨਸ਼ਨ ਰੈਗੂਲਰ ਹੋਣੀ ਚਾਹੀਦੀ ਹੈ। ਇਹ ਨਹੀਂ ਕਿ ਉਹ 3-4 ਮਹੀਨੇ ਭੌਂਦੀਆਂ ਰਹਿਣ। ਇਹ ਰੈਗੂਲਰ ਹੋਣੀ ਚਾਹੀਦੀ ਹੈ। 50 ਰੁਪਏ ਏਡ ਜੋ ਉਨ੍ਹਾਂ ਦੇ ਬੱਚਿਆਂ ਨੂੰ ਹਰ ਮਹੀਨੇ ਦਿੱਤੀ ਜਾਂਦੀ ਹੈ ਇਹ ਬਹੁਤ ਹੀ ਥੋੜ੍ਹੀ ਹੈ। ਮੈਂ ਡਾਕਟਰ ਕੇਵਲ ਕ੍ਰਿਸ਼ਨ ਜੀ ਅਤੇ ਸਰਦਾਰ ਬੇਅੰਤ ਸਿੰਘ ਜੀ ਨੂੰ ਬੇਨਤੀ ਕਰਾਂਗਾ ਕਿ ਇਸ ਏਡ ਨੂੰ ਵਧਾਇਆ ਜਾਵੇ ਤਾਂਕਿ ਉਹ ਆਪਣਾ ਕਾਰੋਬਾਰ ਚਲਾ ਸਕਣ।

ਜਿੱਥੋਂ ਤੱਕ ਬੱਚਿਆਂ ਦੀ ਵੈਲਫੇਅਰ ਦਾ ਸਵਾਲ ਹੈ, ਬੱਚਿਆਂ ਲਈ ਵੱਧ ਤੋਂ ਵੱਧ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਉਹ ਸਕੂਲ ਜਾਵੇ ਨਾ ਕਿ ਜੰਮਦਾ ਹੀ ਨੌਕਰੀ ਕਰਨ ਲੱਗ ਜਾਵੇ। ਹਰ ਪਿੰਡ ਵਿਚ ਪ੍ਰਾਇਮਰੀ ਸਕੂਲ ਖੋਲ ਕੇ ਮੁਢਲੀ ਵਿਦਿਆ ਦੇਣੀ ਬਹੁਤ ਜ਼ਰੂਰੀ ਹੈ ਅਤੇ ਮੁਢਲੀ ਵਿਦਿਆ ਦਾ ਮਿਆਰ ਉਚਾ ਕਰਨਾ ਚਾਹੀਦਾ ਹੈ। ਅਰਸ਼ੀ ਸਾਹਿਬ ਨੇ ਕਿਹਾ ਕਿ ਅੱਠਵੀਂ ਦੇ ਇਮਤਿਹਾਨ ਬੋਰਡ ਨਾ ਲਵੇ। ਇਸ ਦਾ ਕਾਰਨ ਇਹ ਹੈ ਕਿ ਸਕੂਲਾਂ ਵਿਚ ਟੀਚਰ ਪੜ੍ਹਾਉਂਦੇ ਨਹੀਂ। ਜੇ ਕਿਸੇ ਨੇ ਪੜ੍ਹਾਇਆ ਹੋਵੇ ਤਾਂ ਉਸ ਨੂੰ ਕੀ ਡਰ। ਸਕੂਲਾਂ ਵਿਚ ਪੜ੍ਹਾਇਆ ਨਹੀਂ ਜਾਂਦਾ, ਖਾਸ ਕਰਕੇ ਪ੍ਰਾਇਮਰੀ ਸਕੂਲਾਂ ਵਿਚ। ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਨੂੰ ਚੈੱਕ ਕੀਤਾ ਜਾਵੇ ਅਤੇ ਪ੍ਰਾਇਮਰੀ ਟੀਚਰਾਂ ਦੀ ਅਟੈਂਡੈਂਸ ਵੇਖਣੀ ਚਾਹੀਦੀ ਹੈ। ਮੈਕਸੀਮਮ ਬੱਚੇ ਹਾਜ਼ਰ ਹੋਣੇ ਚਾਹੀਦੇ ਹਨ ਅਤੇ ਉਨ੍ਹਾਂ ਦੀ ਐਜੂਕੇਸ਼ਨ ਪ੍ਰਾਪਰ ਹੋਣੀ ਚਾਹੀਦੀ ਹੈ। ਮੈਂ

ਇਹ ਵੀ ਚਾਹਾਂਗਾ ਕਿ ਪ੍ਰਾਇਮਰੀ ਸਕੂਲਾਂ ਵਿਚ ਹਰ ਮਹੀਨੇ ਇੱਕ ਵਾਰੀ ਡਾਕਟਰਾਂ ਦੀ ਟੀਮ ਭੇਜੀ ਜਾਵੇ ਜੋ ਬੱਚਿਆਂ ਦੀ ਹਾਲਤ ਬਾਰੇ ਦੇਖ ਸਕਣ ਕਿ ਦੰਦਾਂ ਦੀ ਕੀ ਪੋਜ਼ੀਸ਼ਨ ਹੈ, ਅੱਖਾਂ ਦਾ ਕੀ ਹਾਲ ਹੈ। ਜੇ ਅਰਲੀ ਸਟੇਜ ਤੇ ਬਿਮਾਰੀ ਦਾ ਪਤਾ ਲੱਗ ਜਾਂਦਾ ਹੈ ਤਾਂ ਉਹ ਜਲਦੀ ਹੀ ਠੀਕ ਹੋ ਜਾਂਦੀ ਹੈ। ਨਹੀਂ ਤਾਂ ਬਾਅਦ ਵਿਚ ਦਿੱਕਤ ਆਉਂਦੀ ਹੈ। ਇਸ ਲਈ ਡਾਕਟਰਾਂ ਦੀ ਟੀਮ ਮਹੀਨੇ-ਦੋ ਮਹੀਨੇ ਵਿਚ ਇਕ ਵਾਰ ਬੱਚਿਆਂ ਨੂੰ ਜ਼ਰੂਰ ਪ੍ਰਾਪਰਲੀ ਚੈੱਕ ਕਰਕੇ ਆਵੇ। ਇਸ ਨਾਲ ਬੱਚਿਆਂ ਦੀ ਸਿਹਤ ਵਿਚ ਫਰਕ ਪਵੇਗਾ ਇਸ ਲਈ ਮੈਂ ਹੈਲਥ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਸ ਪਾਸੇ ਗੌਰ ਕੀਤਾ ਜਾਵੇ।

ਜਿਥੋਂ ਤੱਕ ਬੱਚਿਆਂ ਤੇ ਮੁਕੱਦਮੇਬਾਜ਼ੀ ਤੇ ਕੇਸ ਦਾ ਸਵਾਲ ਹੈ, ਉਸ ਸਬੰਧ ਵਿਚ ਮੈਂ ਕਹਾਂਗਾ ਕਿ ਬੱਚੇ ਘੱਟ ਤੋਂ ਘੱਟ ਜੇਲ੍ਹਾਂ ਵਿਚ ਜਾਣ, ਥਾਣਿਆਂ ਵਿਚ ਜਾਣ। ਇੱਕ ਵਾਰ ਜੇਲ੍ਹ ਵਿਚ ਗਿਆ ਬੱਚਾ ਵਿਗੜ ਕੇ ਹੀ ਆਉਂਦਾ ਹੈ। ਭਾਵੇਂ ਵੱਖਰੀ ਜੇਲ੍ਹ ਬਣਾ ਲਓ ਪਰ ਜੇਲ੍ਹ ਜੇਲ੍ਹ ਹੀ ਹੁੰਦੀ ਹੈ। ਬੱਚਿਆਂ ਨੂੰ ਉਥੇ ਹੀ ਮਾੜੀ ਮੋਟੀ ਸਜ਼ਾ ਦੇ ਦੇਣੀ ਚਾਹੀਦੀ ਹੈ। ਥਾਣਿਆਂ ਵਿਚ ਘੱਟ ਐਕਸਪੋਜ਼ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਹੀ ਇਹ ਵੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਲੇਡੀਜ਼ ਨੂੰ ਕਿਸੇ ਵੀ ਹਾਲਤ ਵਿਚ ਉਥੇ ਨਾ ਲਿਜਾਇਆ ਜਾਵੇ। ਉਹ ਸਾਡੀ ਇੱਜ਼ਤ ਹਨ। ਗਿੱਲ ਸਾਹਿਬ ਅਤੇ ਸਰਦਾਰ ਬੇਅੰਤ ਸਿੰਘ ਜੀ ਨੇ ਇਸ ਪਾਸੇ ਕਾਫੀ ਹਦਾਇਤਾਂ ਦਿੱਤੀਆਂ ਹਨ ਕਿ ਲੇਡੀਜ਼ ਨੂੰ ਥਾਣਿਆਂ ਵਿਚ ਨਾ ਲਿਜਾਇਆ ਜਾਵੇ ਪਰ ਐਸ. ਐਚ. ਓਜ਼ ਕਈ ਵਾਰ ਓਵਰ ਕੰਮ ਕਰ ਜਾਂਦੇ ਹਨ, ਮੈਂ ਚਾਹਾਂਗਾ ਕਿ ਇਸ ਗੱਲ ਨੂੰ ਸਖਤੀ ਨਾਲ ਲਿਆ ਜਾਵੇ। ਲੇਡੀਜ਼ ਅਤੇ ਬੱਚਿਆਂ ਨੂੰ ਥਾਣਿਆਂ ਤੋਂ ਬਾਹਰ ਰੱਖਿਆ ਜਾਵੇ। ਭਾਵੇਂ ਕਿੰਨਾ ਹੀ ਵਡਾ ਜ਼ੁਰਮ ਕਿਉਂ ਨਾ ਹੋਵੇ ਜਾਂ ਉਨ੍ਹਾਂ ਨੂੰ ਫੜਨਾ ਹੋਵੇ। ਲੇਡੀਜ਼ ਨੂੰ ਥਾਣਿਆਂ ਵਿਚ ਲਿਜਾਉਣ ਦੀ ਗੱਲ ਨਹੀਂ ਹੋਣੀ ਚਾਹੀਦੀ।

ਨਾਰੀ ਨਿਕੇਤਨ ਦਾ ਸਟੈਂਡਰਡ ਬਹੁਤ ਹੀ ਪੁਰਾਣਾ ਹੈ ਅਤੇ ਅੱਜ ਕੱਲ੍ਹ ਦੀਆਂ ਫੈਸਿਲਟੀਜ਼ ਉਨ੍ਹਾਂ ਨੂੰ ਨਹੀਂ ਹਨ। 15-20 ਸਾਲ ਹੋ ਗਏ ਹਨ, ਉਥੇ ਸਾਂਝਾ ਬਾਥਰੂਮ ਹੈ। ਫਲੱਸ਼ ਸਿਸਟਮ ਨਹੀਂ ਹੈ। ਇਸ ਲਈ ਉਨ੍ਹਾਂ ਦਾ ਸਟੈਂਡਰਡ ਅਪ-ਟੂ-ਡੇਟ ਕੀਤਾ ਜਾਵੇ ਤਾਂ ਜੋ ਉਨ੍ਹਾਂ ਦਾ ਜੀਵਨ ਮਿਆਰ ਉੱਚਾ ਹੋ ਸਕੇ ਅਤੇ ਜਿਹੜੀਆਂ ਮਜ਼ਬੂਰਨ ਉਥੇ ਰਹਿ ਰਹੀਆਂ ਹਨ, ਉਹ ਵੀ ਜਿੰਦਗੀ ਦਾ ਸੁਖ ਮਾਣ ਸਕਣ ਅਤੇ ਸਮਝ ਸਕਣ ਕਿ ਅੱਗੇ ਦੀ ਜਿੰਦਗੀ ਕਿਹੋ ਜਿਹੀ ਹੈ। ਅੱਜ ਸਾਇੰਸ ਦਾ ਜ਼ਮਾਨਾ ਹੈ ਔਰ ਜ਼ਮਾਨਾ ਅੱਗੇ ਨੂੰ ਵੱਧ ਰਿਹਾ ਹੈ, ਪੰਜਾਬ ਦੀ ਤਰੱਕੀ ਵੀ ਬਹੁਤ ਹੋ ਰਹੀ ਹੈ, ਪੰਜਾਬ ਜਿਥੇ ਅਗੇ ਨੂੰ ਵੱਧ ਰਿਹਾ ਹੈ ਉਥੇ ਸਾਨੂੰ ਇਨ੍ਹਾਂ ਹਾਊਸਿਜ਼ ਵੱਲ ਵੀ, ਨਾਰੀ ਨਿਕੇਤਨਾਂ ਵੱਲ ਵੀ ਪ੍ਰਾਪਰ ਧਿਆਨ ਦੇਣਾ ਚਾਹੀਦਾ ਹੈ। ਜਿਹੜੀਆਂ ਵਰਕਿੰਗ ਵੂਮੈਨ ਹਨ ਉਨ੍ਹਾਂ ਵੱਲ ਵੀ ਪ੍ਰਾਪਰ ਧਿਆਨ ਦਿੱਤਾ ਜਾਣਾ ਚਾਹੀਦਾ ਹੈ, ਉਨ੍ਹਾਂ ਦੀ ਐਕਸਪਲਾਇਟੇਸ਼ਨ ਬੰਦ ਹੋਣੀ ਚਾਹੀਦੀ ਹੈ। ਉਹ ਬਹੁਤ ਅੰਡਰ ਪੇਡ ਹਨ। ਕਹਿਣ ਨੂੰ ਤਾਂ ਸਕੂਲ ਦਾ ਨਾਮ ਹਰਕ੍ਰਿਸ਼ਨ ਪਬਲਿਕ ਸਕੂਲ, ਪਰ ਟੀਚਰ ਨੂੰ ਤਨਖਾਹ 200 ਰੁਪਏ ਦਿੱਤੀ ਜਾਂਦੀ ਹੈ। ਟੀਚਰ ਵੀ ਕੋਈ ਦਸਵੀਂ ਪਾਸ ਹੈ, ਕੋਈ ਪੰਜਵੀਂ ਪਾਸ ਹੈ। ਪ੍ਰਾਪਰ ਕੁਆਲੀਫਾਈਡ ਟੀਚਰਜ਼ ਵੀ ਨਹੀਂ ਲਾਈਆਂ ਜਾਂਦੀਆਂ। ਜਿਹੜੀਆਂ ਅੰਡਰ ਪੇਡ ਹਨ ਉਨ੍ਹਾਂ ਨਾਲ ਵੀ ਧੱਕਾ ਹੈ ਔਰ ਜਿਨ੍ਹਾਂ ਨੂੰ ਉਹ ਪੜ੍ਹਾਉਂਦੀਆਂ ਹਨ ਉਨ੍ਹਾਂ ਨਾਲ ਵੀ ਧੱਕਾ ਹੈ। ਮੈਂ ਰਿਕੁਐਸਟ ਕਰਨਾ ਚਾਹੁੰਦਾ ਹਾਂ ਕਿ ਪ੍ਰਾਪਰ ਕੁਆਲੀਫਿਕੇਸ਼ਨ ਦੀਆਂ ਟੀਚਰਜ਼ ਲਗਣ ਔਰ ਉਨ੍ਹਾਂ ਨੂੰ ਪ੍ਰਾਪਰ ਤਨਖਾਹਾਂ ਮਿਲਣ ਨਾਕਿ ਉਨ੍ਹਾਂ ਨੂੰ ਐਕਸਪਲਾਇਟ ਕੀਤਾ ਜਾਵੇ। ਇਸ ਗੱਲ ਵੱਲ ਧਿਆਨ ਦੇਣ ਦੀ ਲੋੜ ਹੈ।

[ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ]

ਟੈਕਨੀਕਲ ਐਜੂਕੇਸ਼ਨ ਲੜਕੀਆਂ ਲਈ ਖੋਲ੍ਹੀਆਂ ਜਾਂਦੀਆਂ ਹਨ ਉਨ੍ਹਾਂ ਵੱਲ ਵੀ ਪ੍ਰਾਪਰ ਧਿਆਨ ਕਰਨ ਦੀ ਲੋੜ ਹੈ। ਕੰਪਿਊਟਰ ਸਿਸਟਮ ਹਰ ਸਕੂਲ ਵਿਚ ਆ ਜਾਣਾ ਚਾਹੀਦਾ ਹੈ। ਜਿਹੜੀਆਂ ਸਕੂਲਾਂ ਵਿਚ ਖੇਡਾਂ ਹਨ ਉਹ ਸਾਨੂੰ ਹਾਲੀ ਤੱਕ ਵੀ ਸਮਝ ਨਹੀਂ ਆਉਂਦੀਆਂ ਵੈਸਟਰਨ ਦੇਸ਼ਾਂ ਵਿੱਚ ਬਚਿਆਂ ਨੂੰ ਸ਼ੁਰੂ ਤੋਂ ਹੀ ਕਮਪਿਊਟਰ ਗੇਮਜ਼ ਖਿਡਾਈਆਂ ਜਾਂਦੀਆਂ ਹਨ ਪਰ ਸਾਡੇ ਬੱਚਿਆਂ ਨੂੰ ਇਨ੍ਹਾਂ ਗੇਮਜ਼ ਦਾ ਪਤਾ ਹੀ ਨਹੀਂ। ਛੋਟੇ ਹੁੰਦਿਆਂ ਤੋਂ ਹੀ ਸਕੂਲਾਂ ਦੇ ਵਿਚ ਕਮਪਿਊਟਰ ਗੇਮਜ਼ ਬੱਚਿਆਂ ਨੂੰ ਦੱਸੀਆਂ ਜਾਣੀਆਂ ਚਾਹੀਦੀਆਂ ਹਨ ਤਾਂਕਿ ਉਹਨਾਂ ਨੂੰ ਮੁਢਲੀ ਏਜ਼ ਤੋਂ ਹੀ ਸਮਝ ਆ ਸਕਣ ਅਤੇ ਆਉਣ ਵਾਲੇ ਸਮੇਂ ਵਿੱਚ ਉਨ੍ਹਾਂ ਨੂੰ ਕੋਈ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ। ਕੰਪਿਊਟਰ ਦੀ ਐਜੂਕੇਸ਼ਨ ਬਚਿਆਂ ਨੂੰ ਦਿੱਤੀ ਜਾਣੀ ਚਾਹੀਦੀ ਹੈ। ਕੰਪਿਊਟਰ ਟਰੇਨਿੰਗ ਬੱਚਿਆਂ ਨੂੰ ਜੇ ਛੋਟਿਆਂ ਹੁੰਦਿਆਂ ਤੋਂ ਦਿਤੀ ਜਾਵੇ ਤਾਂ ਉਸ ਨੂੰ ਆਉਣ ਵਾਲੀ ਜ਼ਿੰਦਗੀ ਵਿਚ ਇਸ ਗੱਲ ਦਾ ਗਿਆਨ ਹੋਵੇਗਾ ਅਤੇ ਜਿਸ ਰਫਤਾਰ ਨਾਲ ਜ਼ਮਾਨਾ ਅੱਗੇ ਨੂੰ ਵੱਧ ਰਿਹਾ ਹੈ ਉਹ ਵੀ ਆਪਣੀ ਆਪਣੀ ਜ਼ਿੰਦਗੀ ਵਿੱਚ ਅਗੇ ਵੱਧ ਸਕੇਗਾ। ਇਸ ਲਈ ਮੇਰੀ ਰਿਕੁਐਸਟ ਹੈ ਕਿ ਬਚਿਆਂ ਨੂੰ ਕਮਪਿਊਟਰ ਟਰੇਨਿੰਗ ਦੇਣੀ ਚਾਹੀਦੀ ਹੈ

Mr. Speaker: Wind up please.

ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ : ਬੱਚਿਆਂ ਨੂੰ ਸਕੂਲ ਪੜ੍ਹਾਈ ਜੋ ਹੈ ਉਹ ਅੱਠਵੀਂ ਤੋਂ ਪਿਛੋਂ ਟੈਕਨੀਕਲ ਐਜੂਕੇਸ਼ਨ ਵੀ ਦੇਣੀ ਚਾਹੀਦੀ ਹੈ ਤਾਂਕਿ ਬੱਚਾ ਸੈਲਫ ਇੰਪਲਾਇਮੈਂਟ ਵਾਲੇ ਪਾਸੇ ਤੁਰ ਸਕੇ। ਟੈਕਨੀਕਲ ਐਜੂਕੇਸ਼ਨ ਦਾ ਸਬਜੈਕਟ ਹਰ ਬੱਚੇ ਨੂੰ ਅਠਵੀਂ ਦੀ ਪੜ੍ਹਾਈ ਤੋਂ ਬਾਅਦ ਸ਼ੁਰੂ ਕਰ ਦੇਣਾ ਚਾਹੀਦਾ ਹੈ। ਅੱਠਵੀਂ ਤਕ ਦੀ ਜਿਹੜੀ ਐਜੂਕੇਸ਼ਨ ਹੈ ਉਸ ਦੇ ਵਿੱਚ ਮਦਰ ਭਾਸ਼ਾ ਤੇ ਜ਼ੋਰ ਦੇਣਾ ਚਾਹੀਦਾ ਹੈ। ਪਰ ਅੱਠਵੀਂ ਦੀ ਪੜ੍ਹਾਈ ਤੋਂ ਪਿਛੋਂ ਸਾਨੂੰ ਇਹ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਇਮਪਲਾਇਮੈਂਟ ਵਾਲੇ ਪਾਸੇ ਬੱਚੇ ਦੀ ਰੁੱਚੀ ਦੇਖ ਕੇ ਉਸ ਨੂੰ ਉਸ ਪਾਸੇ ਇਨਕਰੇਜ ਕਰਨਾ ਚਾਹੀਦਾ ਹੈ ਜਿਸ ਪਾਸੇ ਬੱਚੇ ਦੀ ਰੁੱਚੀ ਹੋਵੇ। ਹੁਣ ਜਿਹੜਾ ਜ਼ਮਾਨਾ ਆ ਰਿਹਾ ਹੈ ਉਸ ਦੇ ਵਿਚ ਨੌਕਰੀਆਂ ਨਹੀਂ ਮਿਲਣੀਆਂ ਉਸ ਦੇ ਵਿੱਚ ਸੈਲਫ ਇਮਪਲਾਇਮੈਂਟ ਦੀ ਲੋੜ ਹੈ। ਇਸ ਦੇ ਵਾਸਤੇ ਸਾਨੂੰ ਇਹ ਕਰਨਾ ਚਾਹੀਦਾ ਹੈ ਕਿ ਬਚਿਆਂ ਨੂੰ ਜਿਹੜੀ ਅੱਠਵੀਂ ਤੋਂ ਬਾਅਦ ਐਜੂਕੇਸ਼ਨ ਦੇਣੀ ਹੈ ਉਸ ਦੇ ਵਿੱਚ ਬਚਿਆਂ ਨੂੰ ਉਸ ਪਾਸੇ ਉਸ ਦੀ ਰੁੱਚੀ ਦੇਖ ਕੇ ਤੋਰਿਆ ਜਾਵੇ। ਜਿਸ ਦੇ ਵਿਚ ਉਸ ਨੂੰ ਸਮਝ ਲਗ ਜਾਵੇ ਕਿ ਉਸ ਨੇ ਕਿਸ ਪਾਸੇ ਨੂੰ ਜਾਣਾ ਹੈ, ਵਡੇ ਹੋ ਕੇ ਉਸ ਨੇ ਕੀ ਕਰਨਾ ਹੈ। ਇਸ ਵੇਲੇ ਪੋਜੀਸ਼ਨ ਇਹ ਹੈ ਕਿ ਬੱਚਾ ਬੀ. ਏ. ਕਰਕੇ ਵੀ ਉਸ ਨੂੰ ਇਹ ਨਹੀਂ ਪਤਾ ਹੁੰਦਾ ਕਿ ਮੈਂ ਕਿਸ ਪਾਸੇ ਨੂੰ ਜਾਣਾ ਹੈ। ਕਿਹੜੀ ਨੌਕਰੀ ਕਰਨੀ ਹੈ, ਕਿਹੜੀ ਲਾਈਨ ਅਡਾਪਟ ਕਰਨੀ ਹੈ। ਜੇ ਐਜੂਕੇਸ਼ਨ ਸਿਸਟਮ ਅਸੀਂ ਇਸ ਕਿਸਮ ਦਾ ਬਣਾ ਦੇਵਾਂਗੇ ਕਿ ਬੱਚਾ ਅੱਠਵੀਂ ਤੋਂ ਬਾਅਦ ਟੈਕਨੀਕਲ ਐਜੂਕੇਸ਼ਨ ਵੱਲ ਨੂੰ ਤੁਰੇ ਅਤੇ ਉਸ ਦੀ ਜਿਸ ਪਾਸੇ ਵੱਲ ਨੂੰ ਰੁੱਚੀ ਹੋਵੇਗੀ ਉਸ ਕਿਸਮ ਦੀ ਉਸ ਨੂੰ ਐਜੂਕੇਸ਼ਨ ਮਿਲੇਗੀ ਤਾਂ ਬੱਚੇ ਨੂੰ ਪਤਾ ਹੋਵੇਗਾ ਕਿ ਮੈਂ ਤਰਖਾਣਾ ਕੰਮ ਕਰਨਾ ਹੈ, ਲੁਹਾਰਾ ਕੰਮ ਕਰਨਾ ਹੈ, ਡਾਕਟਰ ਬਣਨਾ ਹੈ, ਇੰਜੀਨੀਅਰ ਬਣਨਾ ਹੈ ਜਾਂ ਕੀ ਬਣਨਾ ਹੈ। ਦਸਵੀਂ ਲੈਵਲ ਤੋਂ ਜਿਸ ਪਾਸੇ ਬੱਚੇ ਦਾ ਸ਼ੌਕ ਹੋਵੇ ਕਿ ਮੈਂ ਆਪਣੀ ਜ਼ਿੰਦਗੀ ਵਿੱਚ ਇਹ ਬਣਨਾ ਹੈ ਬੱਚੇ ਨੂੰ ਉਧਰ ਦੀ ਐਜੂਕੇਸ਼ਨ ਦੇਣੀ ਚਾਹੀਦੀ ਹੈ। ਮੈਂ ਸਰਕਾਰ ਅੱਗੇ ਰਿਕੁਐਸਟ ਕਰਾਂਗਾ ਕਿ ਜਿਹੜੀਆਂ ਇਹੋ ਜਿਹੀਆਂ ਆਰਗੇਨਾਈਜੇਸ਼ਨਜ਼ ਹਨ, ਵੋਲੰਟਰੀ ਆਰਗੇਨਾਈਜੇਸ਼ਨਜ਼ ਹਨ ਉਨ੍ਹਾਂ ਦੀ ਮਦਦ ਕੀਤੀ ਜਾਵੇ ਤਾਂ ਕਿ ਉਹ ਇਨਕਰੇਜ ਕਰੇ। ਪਨਵੈਕ ਆਰਗੇਨਾਈਜੇਸ਼ਨ ਜੋ ਹੈ ਉਹ ਘਾਟੇ ਵਿਚ ਜਾਣ ਕਰਕੇ ਕਨਕਲੂਡ ਕੀਤੀ ਜਾ ਰਹੀ ਹੈ, ਉਸ ਨੂੰ ਵੱਧ

ਤੋਂ ਵੱਧ ਏਡ ਦੇ ਕੇ ਇਨਕਰੇਜ ਕੀਤਾ ਜਾਵੇ। (ਵਿਘਨ) ਸਾਨੂੰ ਇਹੋ ਜਿਹੀਆਂ ਆਰਗੇਨਾਈਜੇਸ਼ਨਜ਼ ਨੂੰ ਇਨਕਰੇਜ਼ ਕਰਨਾ ਚਾਹੀਦਾ ਹੈ, ਜਿਹੜੇ ਹਿੰਦੁਸਤਾਨ ਦੇ ਹਾਲਾਤ ਹਨ, ਪੰਜਾਬ ਦੇ ਹਾਲਾਤ ਹਨ ਜੋ ਇੰਟਰ ਨੈਸ਼ਨਲ ਵਿਮੈਨ ਈਅਰ ਮਨਾਇਆ ਜਾ ਰਿਹਾ ਹੈ ਉਸ ਦੇ ਵਿੱਚ ਇਹ ਸਦਨ ਕਹਿ ਸਕੇ, ਪੰਜਾਬ ਸਰਕਾਰ ਕਹਿ ਸਕੇ ਕਿ ਇਸ ਸਾਲ ਵਿੱਚ ਅਸੀਂ ਇਨ੍ਹਾਂ ਵਾਸਤੇ ਇਹ ਪਾਜ਼ੇਟਿਵ ਰੋਲ ਅਦਾ ਕੀਤਾ ਹੈ। ਜੋ ਮੈਂ ਸੁਜੈਸ਼ਨਜ਼ ਦਿੱਤੀਆਂ ਹਨ ਉਹ ਲਾਗੂ ਕਰਨੀਆਂ ਚਾਹੀਦੀਆਂ ਹਨ ਔਰ ਸਾਨੂੰ ਸਾਰਿਆਂ ਨੂੰ ਇਕ ਤਕੜਾ ਹੰਭਲਾ ਮਾਰਨਾ ਚਾਹੀਦਾ ਹੈ ਤਾਂਕਿ ਇੰਟਰ ਨੈਸ਼ਨਲ ਵਿਮੈਨ ਈਅਰ ਵਿੱਚ ਅਸੀਂ ਕਹਿ ਸਕੀਏ ਕਿ ਪੰਜਾਬ ਨੇ ਇਹ ਇਹ ਕੰਮ ਕੀਤੇ ਹਨ ਔਰ ਆਪਣਾ ਪਾਜ਼ੇਟਿਵ ਰੋਲ ਅਦਾ ਕੀਤਾ ਹੈ। ਮੈਂ ਆਪਣੇ ਵੱਲੋਂ ਕੁਝ ਸੁਜੈਸ਼ਨਜ਼ ਰੱਖੀਆਂ ਹਨ ਇਨ੍ਹਾਂ ਵੱਲ ਧਿਆਨ ਦੇ ਕੇ ਇਨ੍ਹਾਂ ਨੂੰ ਪੂਰਾ ਕਰਨਾ ਚਾਹੀਦਾ ਹੈ।

Mr. Speaker: Motion moved—

This House recommends to the State Government to streamline the present schemes and formulate new schemes for the Welfare of Women of particularly divorced /separated and deserted children.

ਸ਼੍ਰੀਮਤੀ ਵਿਮਲਾ ਡਾਂਗ (ਅੰਮ੍ਰਿਤਸਰ ਪੱਛਮੀ) : ਸਤਿਕਾਰ ਯੋਗ ਸਪੀਕਰ ਸਾਹਿਬ, ਜਿਹੜਾ ਮਤਾ ਬਾਜਵਾ ਜੀ ਨੇ ਹਾਊਸ ਦੇ ਸਾਹਮਣੇ ਰੱਖਿਆ ਹੈ ਉਸਨੂੰ ਅਸੀਂ ਵੈਲਕਮ ਕਰਦੇ ਹਾਂ ਬਹੁਤ ਸਾਰੀਆਂ ਪੁਰਾਣੀਆਂ ਸਕੀਮਾਂ ਚਲ ਰਹੀਆਂ ਹਨ ਉਨ੍ਹਾਂ ਨੂੰ ਸਟਰੀਮਲਾਈਨ ਕਰਨ ਦਾ ਸੁਆਲ ਹੈ ਅਤੇ ਕੁੱਝ ਨਵੀਆਂ ਸਕੀਮਾਂ ਰੱਖਣ ਦਾ ਸੁਆਲ ਹੈ।

ਸਪੀਕਰ ਸਾਹਿਬ, ਇਕ ਮੇਰੀ ਬੇਨਤੀ ਇਹ ਹੈ ਕਿ ਜਦੋਂ ਇੰਨੇ ਇੰਪਾਰਟੈਂਟ ਰੈਜ਼ੋਲਿਊਸ਼ਨ ਤੇ ਬਹਿਸ ਹੋਣੀ ਹੋਵੇ, ਮੈਂਬਰ ਸਾਹਿਬਾਨ ਨੇ ਸੁਜੈਸ਼ਨਜ਼ ਦੇਣੀਆਂ ਹਨ ਉਸ ਵਕਤ ਬਹੁਤ ਸਾਰੇ ਮਨਿਸਟਰ ਸਾਹਿਬ, ਜਿਨ੍ਹਾਂ ਨਾਲ ਉਹ ਸੁਜੈਸ਼ਨਜ਼ ਸਬੰਧ ਰੱਖਦੀਆਂ ਹੋਣ ਔਰ ਉਹ ਸੁਜੈਸ਼ਨਜ਼ ਔਰਤਾਂ ਦੀ ਭਲਾਈ ਲਈ ਹੋਣ, ਹਾਊਸ ਵਿਚ ਨਾ ਹੋਣ ਇਹ ਚੰਗਾ ਨਹੀਂ ਲਗਦਾ।

ਦੂਜੀ ਬੇਨਤੀ ਇਹ ਹੈ ਕਿ ਅੱਜ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ 11-30 ਵਜੇ ਰੱਖੀ ਹੋਈ ਹੈ ਕੁਝ ਮੈਂਬਰ ਸਾਹਿਬ ਉਥੇ ਚਲੇ ਜਾਣੇ ਹਨ ਔਰ ਇਨ੍ਹਾਂ ਵਿਚੋਂ ਜੋ ਮੈਂਬਰ ਸਾਹਿਬ ਇਸ ਸਬੰਧ ਵਿਚ ਆਪਣੀ ਰਾਏ ਰਖਣਾ ਚਾਹੁੰਦੇ ਹੋਣਗੇ ਉਹ ਆਪਣੀ ਰਾਏ ਨਹੀਂ ਰੱਖ ਸਕਣਗੇ, ਕੁਝ ਇਸ ਤਰ੍ਹਾਂ ਕੀਤਾ ਜਾਵੇ ਕਿ ਉਨ੍ਹਾਂ ਨੂੰ ਵੀ ਆਪਣੇ ਵਿਚਾਰ ਰੱਖਣ ਦਾ ਮੌਕਾ ਮਿਲ ਸਕੇ।

ਸਪੀਕਰ ਸਾਹਿਬ, ਇਸ ਮਤੇ ਤੇ ਬੋਲਦਿਆਂ ਬਾਜਵਾ ਸਾਹਿਬ ਨੇ ਰਾਮਾਇਣ ਦਾ ਰੈਫਰੈਂਸ ਦਿੱਤਾ ਹੈ। ਉਹ ਠੀਕ ਨਹੀਂ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦੀ ਹਾਂ ਕਿ ਸਾਡਾ ਸਮਾਜ ਬੜੇ ਚੰਗੇ ਤਰੀਕੇ ਨਾਲ ਮਾਤਰੀ ਪ੍ਰਧਾਨ ਸਮਾਜ ਸੀ ਅਤੇ ਇਥੇ ਔਰਤਾਂ ਨੂੰ ਬਹੁਤ ਵੱਡੀ ਮਾਨਤਾ ਦਿੱਤੀ ਜਾਂਦੀ ਸੀ। ਹੌਲੀ ਹੌਲੀ ਜਦੋਂ ਕੈਪੀਟਲਿਜ਼ਮ ਦਾ ਸਿਸਟਮ ਸ਼ੁਰੂ ਹੋਇਆ ਤਾਂ ਔਰਤ ਦੀ ਮਾਨਤਾ ਡਿਗਣੀ ਸ਼ੁਰੂ ਹੋ ਗਈ। ਹਿੰਦੂ, ਸਿੱਖ ਅਤੇ ਮੁਸਲਮਾਨ ਸੋਸ਼ਲ ਰਿਫਾਰਮਰਜ਼ ਨੇ ਔਰਤ ਦਾ ਜਿਹੜਾ ਸਟੇਟਸ ਸੀ ਉਸ ਨੂੰ ਬੇਹਤਰ ਕਰਨ ਲਈ ਯਤਨ ਕੀਤੇ। ਆਰੀਆ ਸਮਾਜ, ਬ੍ਰਹਮੋ ਸਮਾਜ, ਵਿਵੇਕਾਨੰਦ ਜੀ, ਦਿਆ ਨੰਦ ਜੀ, ਰਾਜਾ ਰਾਮ ਮੋਹਨ ਰਾਏ ਨੇ ਔਰ ਸਿੱਖ ਗੁਰੂ ਸਾਹਿਬਾਨ ਨੇ, ਜੋ ਸਾਡਾ ਸੋਸ਼-

[ਸ੍ਰੀਮਤੀ ਵਿਮਲਾ ਡਾਂਗ]

ਇਟੀ ਵਿਚ ਕੁਰੀਤੀਆਂ ਆ ਗਈਆਂ ਸਨ ਉਨ੍ਹਾਂ ਦੇ ਵਿਰੁੱਧ ਆਵਾਜ਼ ਉਠਾਈ ਔਰ ਸਤੀ ਪ੍ਰਥਾ ਔਰ ਵਿਧਵਾ ਔਰਤਾਂ ਤੇ ਜੋ ਅਤਿਆਚਾਰ ਹੁੰਦੇ ਸਨ ਉਨ੍ਹਾਂ ਦੇ ਖਿਲਾਫ ਲੜੇ। ਗੁਰੂ ਸਾਹਿਬਾਨ ਨੇ ਇਥੋਂ ਤੱਕ ਆਖਿਆ:--

'ਸੋ ਕਿਉ ਮੰਦਾ ਆਖੀਐ, ਜਿਤੁ ਜੰਮਹਿ ਰਾਜਾਨ।'

ਇਸ ਤੋਂ ਨਵੀਂ ਲਹਿਰ ਸ਼ੁਰੂ ਹੋਈ ਜਿਸ ਵਿਚ ਔਰਤਾਂ ਨੂੰ ਸਨਮਾਨ ਦਿੱਤਾ ਗਿਆ। ਅੱਜ ਬਹੁਤ ਸਾਰੀਆਂ ਸੰਸਥਾਵਾਂ ਹਨ ਜੋ ਔਰਤਾਂ ਦਾ ਸਟੇਟਸ ਹੈ ਉਸ ਨੂੰ ਉੱਚਾ ਚੁਕਣ ਲਈ ਡੱਟ ਕੇ ਮੁਕਾਬਲਾ ਕਰ ਰਹੀਆਂ ਹਨ ਅਤੇ ਕਿਹਾ ਹੈ ਕਿ "ਔਰਤ ਅਬਲਾ ਨਹੀਂ, ਫੂਲ ਨਹੀਂ, ਚਿੰਗਾਰੀ ਹੈ।" ਇਹ ਸਲੋਗਨਜ਼ ਉਦੋਂ ਜ਼ਰੂਰੀ ਬਣ ਜਾਂਦੇ ਹਨ ਜਦੋਂ ਔਰਤਾਂ ਨਾਲ ਵਧੀਕੀਆਂ ਹੋ ਰਹੀਆਂ ਹੋਣ ਜਾਂ ਕੋਈ ਜਬਰ ਹੁੰਦੇ ਹੋਣ।

ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਨੂੰ ਇਸ ਗੱਲ ਤੇ ਬੇਨਤੀ ਕਰਾਂਗੀ ਅਤੇ ਯਾਦ ਕਰ-ਵਾਵਾਂਗੀ ਕਿ ਜਦੋਂ ਸਾਡੀ ਸਰਕਾਰ ਬਣੀ ਸੀ ਅਤੇ ਜਿਹੜੀ ਪਹਿਲੀ ਮੀਟਿੰਗ ਹੋਈ ਸੀ ਉਸ ਵਿਚ ਔਰਤਾਂ ਨੂੰ ਵੈਲਕਮ ਕੀਤਾ ਗਿਆ ਸੀ। ਉਸ ਦੀ ਪ੍ਰਧਾਨਗੀ ਸ੍ਰੀਮਤੀ ਗੁਰਬਿੰਦਰ ਕੌਰ ਬਰਾੜ ਨੇ ਕੀਤੀ ਸੀ। ਉਸ ਮੀਟਿੰਗ ਵਿਚ ਮੁੱਖ ਮੰਗ ਕੀਤੀ ਗਈ ਸੀ ਕਿ ਜਿਵੇਂ ਨੈਸ਼ਨਲ ਵੂਮੈਨ ਕਮਿਸ਼ਨ ਬਣ ਗਿਆ ਹੈ ਇਸ ਲਈ ਅਗਸਤ, 1990 ਵਿਚ ਨਰਸਿਮਹਾ ਰਾਓ ਸਰਕਾਰ ਨੇ ਜਿਹੜਾ ਐਕਟ ਪਾਸ ਕੀਤਾ ਸੀ ਉਸ ਅਨੁਸਾਰ ਇਕ ਨੈਸ਼ਨਲ ਵੂਮੈਨ ਕਮਿਸ਼ਨ ਵਿਚ ਸਟੈਚੂਟਰੀ ਪਾਵਰਜ਼ ਆਲਦੇ ਲਿਮਿਟਿਡ ਸਥਾਪਿਤ ਕੀਤਾ ਔਰ ਮੰਗ ਕੀਤੀ ਸੀ ਕਿ ਸਟੇਟ ਲੈਵਲ ਤੇ ਕਮਿਸ਼ਨ ਬਣਾਉਣੇ ਚਾਹੀਦੇ ਹਨ। ਮੈਂ ਪੁਰਜ਼ੋਰ ਤਰੀਕੇ ਨਾਲ ਦੋਬਾਰਾ ਮੰਗ ਕਰਦੀ ਹਾਂ ਕਿ ਜਿਸ ਤਰ੍ਹਾਂ ਕਾਂਗਰਸ ਸਰਕਾਰ ਨੇ ਸੈਂਟਰਲ ਲੈਵਲ ਤੇ ਵੂਮੈਨ ਕਮਿਸ਼ਨ ਬਣਾਇਆ ਹੈ ਉਸੇ ਤਰ੍ਹਾਂ ਸਟੇਟ ਪੱਧਰ ਤੇ ਸਾਡੀ ਸਰਕਾਰ ਵੱਲੋਂ ਪੰਜਾਬ ਵਿੱਚ ਇਹ ਵੂਮੈਨ ਕਮਿਸ਼ਨ ਬਣਾਇਆ ਜਾਣਾ ਚਾਹੀਦਾ ਹੈ। ਮੈਂ ਦਸਦੀ ਹਾਂ ਕਿ ਵੈਸਟ ਬੰਗਾਲ, ਉੜੀਸਾ, ਕਰਨਾਟਕਾ, ਤ੍ਰਿਪੁਰਾ ਅਤੇ ਮਹਾਂਰਾਸ਼ਟਰ ਆਦਿ ਸਟੇਟਾਂ ਨੇ ਸਟੇਟ ਲੈਵਲ ਤੇ ਆਪਣੇ ਕਮਿਸ਼ਨ ਬਣਾ ਲਏ ਹਨ, ਇਸ ਲਈ ਪੰਜਾਬ ਗੌਰਮਿੰਟ ਨੂੰ ਪਿੱਛੇ ਨਹੀਂ ਰਹਿਣਾ ਚਾਹੀਦਾ। ਇਸ ਲਈ ਮੇਰੀ ਪੁਰਜ਼ੋਰ ਬੇਨਤੀ ਹੋਵੇਗੀ ਕਿ ਪੰਜਾਬ ਦੀ ਸਰਕਾਰ ਇਸ ਮੰਗ ਬਾਰੇ ਬੜੀ ਸੰਜੀਦਗੀ ਨਾਲ ਧਿਆਨ ਦੇਵੇ।

ਅਗਲੀ ਬੇਨਤੀ ਹੈ ਕਿ ਜਦੋਂ ਬੱਚੇ ਦਾ ਜਨਮ ਹੁੰਦਾ ਹੈ ਔਰਤ ਨੂੰ ਜ਼ਿਆਦਾ ਤੋਂ ਜ਼ਿਆਦਾ ਫੈਸਿਲਿਟੀਜ਼ ਮਿਲਣੀਆਂ ਚਾਹੀਦੀਆਂ ਹਨ। ਪੰਜਾਬ ਦੇ ਵਿਚ ਕੀ ਹਾਲਤ ਹੈ ਔਰਤਾਂ ਦੀ, ਕੀ ਸਾਡੀਆਂ ਪ੍ਰੋਪੋਜ਼ਲਜ਼ ਹਨ, ਸਾਡੀਆਂ ਔਰਤਾਂ ਦੀਆਂ ਜੱਥੇਬੰਦੀਆਂ ਦੀਆਂ ਕੀ ਡੀਮਾਂਡਜ਼ ਹਨ, ਉਹ ਮੈਂ ਦੱਸਦੀ ਹਾਂ। ਜਦੋਂ ਬੱਚਾ ਜਨਮ ਲੈਂਦਾ ਹੈ ਤਾਂ ਔਰਤ ਨੂੰ ਬੜੀ ਮੁਸ਼ਕਲ ਹੁੰਦੀ ਹੈ। ਇਸ ਲਈ ਸਾਡੀ ਮੰਗ ਹੈ ਕਿ ਦਸ ਦਸ ਹਜ਼ਾਰ ਦੀ ਆਬਾਦੀ ਪਿੱਛੇ ਇਕ ਇਕ ਮੈਟਰਨਿਟੀ ਸੈਂਟਰ ਹੋਣਾ ਚਾਹੀਦਾ ਹੈ। ਮੈਂ ਪੰਜਾਬ ਸਰਕਾਰ ਨੂੰ, ਸਰਦਾਰ ਉਮਰਾਓ ਸਿੰਘ ਜੀ ਨੂੰ ਬੇਨਤੀ ਕਰਾਂਗੀ ਕਿ ਇਸ ਮੰਗ ਬਾਰੇ ਧਿਆਨ ਦੇਣ। ਫਿਰ ਹਰ ਪਿੰਡ ਦੇ ਵਿਚ ਟਰੇਂਡ ਦਾਈ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਟਰੇਂਡ ਦਾਈ ਨੂੰ ਤਨਖਾਹ ਸਰਕਾਰ ਆਪਣੇ ਪਾਸੋਂ ਦੇਵੇ। ਜਿਹੜੀਆਂ ਪਿਛਲੀਆਂ ਪੁਰਾਣੀਆਂ ਦਾਈਆਂ ਹਨ ਉਨ੍ਹਾਂ ਨੂੰ

ਨਵੇਂ ਸਿਰੇ ਤੋਂ ਟ੍ਰੇਨਿੰਗ ਦੇ ਕੇ ਤਜਰਬੇ ਦੇ ਆਧਾਰ ਤੇ ਉਨ੍ਹਾਂ ਨੂੰ ਸਰਕਾਰ ਆਪਣੇ ਤੌਰ ਤੇ ਪਿੰਡਾਂ ਵਿਚ ਰੱਖੇ, ਉਨ੍ਹਾਂ ਦੀ ਤਨਖਾਹ ਵਗੈਰਾ ਦਾ ਬੋਝ ਸਰਕਾਰ ਆਪਣੇ ਉਪਰ ਲਵੇ, ਕਿਉਂਕਿ ਅਸੀਂ ਵੇਖਦੇ ਹਾਂ ਕਿ ਬਹੁਤ ਸਾਰੇ ਬੱਚਿਆਂ ਦੀ ਮੌਤ ਜਣੇਪੇ ਵੇਲੇ ਇਸ ਕਰਕੇ ਹੋ ਜਾਂਦੀ ਹੈ ਕਿਉਂਕਿ ਉਨ੍ਹਾਂ ਦੀਆਂ ਮਾਵਾਂ ਹਸਪਤਾਲਾਂ ਵਿਚ ਦੂਰ ਦੁਰਾਡੇ ਜਾ ਨਹੀਂ ਸਕਦੀਆਂ। ਕਈ ਵਾਰੀ ਮਾਵਾਂ ਦੀ ਵੀ ਮੌਤ ਜਣੇਪੇ ਵੇਲੇ ਹੁੰਦੀ ਹੈ, ਕਿਉਂਕਿ ਉਨ੍ਹਾਂ ਨੂੰ ਜਣੇਪੇ ਦੀ ਠੀਕ ਸਹੂਲਤ ਨਹੀਂ ਮਿਲਦੀ। ਇਸ ਲਈ ਮੈਂ ਇਹ ਬੇਨਤੀ ਕਰਦੀ ਹਾਂ ਕਿ ਕੁਝ ਪਿੰਡ ਇਕੱਠੇ ਕਰਕੇ, ਜਿੱਥੇ ਆਬਾਦੀ ਥੋੜੀ ਹੈ, ਔਰ ਸ਼ਹਿਰਾਂ ਵਿਚ ਇਹ ਪ੍ਰਬੰਧ ਹੋਣਾ ਚਾਹੀਦਾ ਹੈ। ਪਿੰਡਾਂ ਦੇ ਵਿਚ ਪੰਚਾਇਤਾਂ ਹਨ, ਨਵੀਆਂ ਚੁਣੀਆਂ ਹੋਈਆਂ ਹਨ, ਉਹ ਵੀ ਇਸ ਮਸਲੇ ਉਤੇ ਗੌਰ-ਵਿਚਾਰ ਕਰਨ।

ਇਸ ਤੋਂ ਅੱਗੇ ਮੈਂ ਬੇਨਤੀ ਕਰਾਂਗੀ ਕਿ ਸੈਕਸ ਡੀਟਰਮੀਨੇਸ਼ਨ ਟੈਸਟ ਨਹੀਂ ਹੋਣੇ ਚਾਹੀਦੇ। ਸਪੀਕਰ ਸਾਹਿਬ, ਤੁਸੀਂ ਪਿਛਲੇ ਸੈਸ਼ਨ ਦੀ ਕਾਰਵਾਈ ਵਿਚ ਨੋਟ ਕਰੋਗੇ ਕਿ ਇਕ ਮਤਾ ਆਇਆ ਸੀ। ਕਾਂਗਰਸ ਪਾਰਟੀ ਦੇ ਮੈਂਬਰ ਸਾਹਿਬ ਨੇ ਉਹ ਮਤਾ ਪੇਸ਼ ਕੀਤਾ ਸੀ। ਸਾਰੇ ਹਾਉਸ ਨੇ ਡੱਟ ਕੇ ਉਸ ਦਾ ਸਮਰਥਨ ਕੀਤਾ ਸੀ ਕਿ ਔਰਤ ਦੇ ਗਰਭ ਦੇ ਦੌਰਾਨ ਫੋਇਟਸ ਦੀ ਜਾਂਚ ਤੇ ਰੋਕ ਹੋਣੀ ਚਾਹੀਦੀ ਹੈ ਔਰ ਮੁੱਖ ਮੰਤਰੀ ਜੀ ਨੇ ਐਸ਼ੋਰੈਂਸ ਦਿੱਤੀ ਸੀ ਕਿ ਪੰਜਾਬ ਦੇ ਵਿਚ ਇਹ ਨਹੀਂ ਹੋਣੀ ਚਾਹੀਦੀ ਔਰ ਉਨ੍ਹਾਂ ਨੇ ਕਿਹਾ ਸੀ ਕਿ ਉਹ ਇਸ ਮੰਗ ਨਾਲ ਪੂਰੀ ਤਰ੍ਹਾਂ ਨਾਲ ਸਹਿਮਤ ਹਨ। ਇਸ ਲਈ ਸੈਂਟਰ ਦੀ ਸਰਕਾਰ ਪਾਸੋਂ ਅਸੀਂ ਮੰਗ ਕਰਦੇ ਹਾਂ ਕਿ ਸੈਕਸ ਡਿਟਰਮੀਨੇਸ਼ਨ ਟੈਸਟ ਉੱਪਰ ਬੈਨ ਲੱਗਣਾ ਚਾਹੀਦਾ ਹੈ।

ਸਪੀਕਰ ਸਾਹਿਬ, ਹਿੰਦੁਸਤਾਨ ਦੀ ਸਰਕਾਰ ਦੀ ਔਰ ਪ੍ਰਾਂਤਾਂ ਦੀਆਂ ਸਰਕਾਰਾਂ ਦੀ ਇਹ ਅੱਛੀ ਸਕੀਮ ਹੈ ਮਾਸ ਐਮਿਊਨੀਜੇਸ਼ਨ ਦੀ। ਹਰ ਛੋਟੇ ਬੱਚੇ ਨੂੰ ਤਿੰਨ ਸਾਲਾਂ ਤਕ ਸਾਰੀ ਐਮਿਊਨੀਜੇਸ਼ਨ ਹੋ ਜਾਣੀ ਚਾਹੀਦੀ ਹੈ। ਟੈਟਨਸ ਦਾ ਟੀਕਾ ਹੈ, ਪੋਲਿਓ ,ਧੈਕਟੇਰੀਆ, ਟੀ.ਬੀ. ਦੀ ਰੋਕਥਾਮ ਲਈ ਇਹ ਸਭ ਟੀਕੇ ਵਗੈਰਾ ਜੋ ਹਨ ਉਹ ਲੱਗ ਜਾਣੇ ਚਾਹੀਦੇ ਹਨ। ਸਾਡੀ ਇਹ ਮੰਗ ਹੈ ਕਿ ਇਹ ਸੈਂਟ-ਪਰਸੈਂਟ ਅਮਿਊਨੀਜੇਸ਼ਨ ਹੋਣੀ ਚਾਹੀਦੀ ਹੈ। ਮੇਰੇ ਨਾਲ, ਸਪੀਕਰ ਸਾਹਿਬ, ਮੇਰੀ ਭੈਣ ਡਾਕਟਰ ਮਾਲਤੀ ਥਾਪਰ ਵੀ ਸਹਿਮਤ ਹੋਵੇਗੀ ਕਿ ਪਿੰਡਾਂ ਵਿਚ ਇਹ ਸਕੀਮ ਤਦ ਹੀ ਸੰਭਵ ਹੋ ਸਕਦੀ ਹੈ ਜੇਕਰ ਜੋ ਵੈਕਸੀਨੇਸ਼ਨ ਦੀ ਦਵਾਈ ਹੈ ਉਸ ਨੂੰ ਸਟੋਰ ਕਰਨ ਦਾ ਪ੍ਰਾਪਰ ਪ੍ਰਬੰਧ ਹੋਵੇ। ਇਸ ਤੋਂ ਬਗੈਰ ਸੈਂਟ-ਪਰਸੈਂਟ ਪਿੰਡਾਂ ਵਿਚ ਅਮਿਊਨੀਜੇਸ਼ਨ ਨਹੀਂ ਹੋ ਸਕਦੀ। ਸਾਡੀ ਆਬਾਦੀ ਪਿੰਡਾਂ ਵਿਚ 70 ਪ੍ਰਤੀਸ਼ਤ ਹੈ ਇਸ ਲਈ ਮੈਂ ਸਰਕਾਰ ਨੂੰ ਬੇਨਤੀ ਕਰਾਂਗੀ ਕਿ ਜੋ ਸੈਂਟ-ਪਰਸੈਂਟ ਬੱਚਿਆਂ ਦਾ ਟੀਕਾ ਕਰਨ ਹੈ, ਉਸ ਵਲ ਧਿਆਨ ਦੇਣਾ ਚਾਹੀਦਾ ਹੈ।

ਐਜੂਕੇਸ਼ਨ ਦੇ ਸਬੰਧ ਵਿਚ ਬਾਜਵਾ ਸਾਹਿਬ ਨੇ ਖਾਸ ਤੌਰ ਤੇ ਟੈਕਨੀਕਲ ਐਜੂਕੇਸ਼ਨ ਬਾਰੇ ਕੁੱਝ ਪੁਆਇੰਟਸ ਰੱਖੇ ਹਨ। ਲੜਕੀਆਂ ਨੂੰ ਸਕੂਲ ਐਜੂਕੇਸ਼ਨ ਤੋਂ ਬਾਅਦ ਹਾਇਰ ਐਜੂਕੇਸ਼ਨ ਲਈ, ਟੈਕਨੀਕਲ ਐਜੂਕੇਸ਼ਨ ਲਈ, ਸ਼ਹਿਰਾਂ ਵਿਚ ਜਾਣਾ ਪੈਂਦਾ ਹੈ ਜਿੱਥੇ ਸਕੂਲ ਕਾਲਜ ਹਨ, ਉਥੇ ਉਨ੍ਹਾਂ ਦੇ ਰਹਿਣ ਵਾਸਤੇ ਹੋਸਟਲ ਨਹੀਂ ਹਨ। ਉਹ ਲੜਕੀਆਂ ਅੱਗੇ ਪੜ੍ਹਨਾ ਚਾਹੁੰਦੀਆਂ ਹਨ। ਇਸ ਲਈ ਮੇਰਾ ਸੁਝਾਓ ਹੈ ਕਿ ਸਸਤੇ ਰੇਟ ਉਤੇ ਸ਼ਹਿਰਾਂ ਵਿਚ ਲੜਕੀਆਂ ਦੇ ਵਾਸਤੇ ਹੋਸਟਲ ਹੋਣੇ ਚਾਹੀਦੇ ਹਨ, ਜਿੱਥੇ ਉਹ ਰਹਿ ਸਕਣ ਔਰ ਕੇਵਲ ਸਮੁੱਚੀ ਛੁੱਟੀ ਵਾਲੇ ਦਿਨ ਹੀ ਆਪਣੇ ਘਰੀਂ ਜਾਣ ਔਰ ਆਪਣੀ ਸਟੱਡੀ ਵੱਲ ਪੂਰਾ ਪੂਰਾ ਧਿਆਨ ਦੇ ਸਕਣ।

[ਸ੍ਰੀਮਤੀ ਵਿਮਲਾ ਡਾਂਗ]

ਔਰਤਾਂ ਉਪਰ ਸਪੀਕਰ ਸਾਹਿਬ, ਸਾਡੀ ਸਟੇਟ ਵਿਚ ਵੀ ਜ਼ੁਲਮ ਹੋ ਰਿਹਾ ਹੈ। ਇਸ ਤੋਂ ਸਾਡੀ ਸਟੇਟ ਵੀ ਬਚੀ ਨਹੀਂ ਹੈ, ਅੰਕੜੇ ਵੇਖੇ ਜਾ ਸਕਦੇ ਹਨ ਕਿ ਬਹੁਤ ਜ਼ੁਲਮ ਹੋ ਰਿਹਾ ਹੈ। ਸਾਡਾ ਪੰਜਾਬ ਜਿਹੜਾ ਹੈ, ਉਹ ਵੀ ਪਿੱਛੇ ਨਹੀਂ ਹੈ ਜ਼ੁਲਮ ਜ਼ਬਰ ਦੇ ਬਾਰੇ ਰੋਜ਼ ਅਖਬਾਰਾਂ ਵਿਚ ਖਬਰਾਂ ਆਉਂਦੀਆਂ ਹਨ, ਤਸਵੀਰਾਂ ਔਰਤਾਂ ਦੀਆਂ ਵੇਖਦੇ ਹਾਂ। ਸੰਨ 1989 ਦੀ ਫਿੱਗਰ ਹੈ, ਬਲਾਤਕਾਰ ਦੇ ਕੇਸਾਂ ਦੀ ਮੋਲੈਸਟੇਸ਼ਨ, ਰੇਪ, ਦਾਜ-ਮੌਤਾਂ, ਇਸ ਤਰ੍ਹਾਂ ਨਾਲ ਆਤਮ-ਹੱਤਿਆਵਾਂ ਹੁੰਦੀਆਂ ਹਨ। 50 ਹਜ਼ਾਰ ਦੀ ਫਿਗਰ ਹੈ ਔਰ ਪੰਜਾਬ ਦੀ ਵੱਖਰੀ ਨਹੀਂ ਹੈ, ਸਾਰੇ ਦੇਸ਼ ਦੀ ਹੈ। ਹੁਣ ਅਗਲੇ ਸਾਲਾਂ ਦੀ ਵੀ ਆ ਗਈ ਹੈ। ਮੈਂ ਪਿਛਲੇ ਆਂਕੜੇ ਕੋਟ ਕਰ ਰਹੀ ਹਾਂ। ਸੋ ਇਸ ਸਬੰਧ ਵਿਚ ਬਹੁਤ ਹੀ ਜ਼ਿਆਦਾ ਜ਼ਰੂਰੀ ਹੈ ਕਿ ਸਰਕਾਰ ਨੂੰ ਸਟੇਟ ਵਿਚ ਸਟੇਟ ਵਿਮੈਨ ਕਮਿਸ਼ਨ ਬਣਾਉਣੀ ਚਾਹੀਦੀ ਹੈ। ਜਿਸ ਤਰ੍ਹਾਂ ਕਿ ਇਸ ਸਬੰਧ ਵਿਚ ਪਹਿਲੇ ਹੀ ਇਕ ਲੈਜਿਸਲੇਸ਼ਨ ਬਣੀ ਹੈ ਉਸ ਵਿਚ ਕੁਝ ਸੁਧਾਰ ਲਿਆਉਣ ਦੀ ਜ਼ਰੂਰਤ ਹੈ, ਜਿਸ ਨਾਲ ਜਿਹੜੀਆਂ ਔਰਤਾਂ ਜ਼ੁਲਮ ਦਾ ਸ਼ਿਕਾਰ ਹੁੰਦੀਆਂ ਹਨ, ਉਨ੍ਹਾਂ ਨੂੰ ਬਚਾਇਆ ਜਾ ਸਕੇ। ਇਸ ਲਈ ਜ਼ਰੂਰੀ ਹੈ ਕਿ ਸਟੇਟ ਵਿਮੈਨ ਕਮਿਸ਼ਨ ਬਣਾਈ ਜਾਵੇ ਔਰ ਜਿਸ ਤਰ੍ਹਾਂ ਸੈਂਟਰ ਵਿਮੈਨ ਕਮਿਸ਼ਨ ਦੀ ਰਿਪੋਰਟ ਪਾਰਲੀਮੈਂਟ ਦੀ ਟੇਬਲ ਤੇ ਲੇਅ ਕੀਤੀ ਜਾਂਦੀ ਹੈ ਉਸੇ ਤਰ੍ਹਾਂ ਸਟੇਟ ਵਿਚ ਵੀ ਸਟੇਟ ਵਿਮੈਨ ਕਮੀਸ਼ਨ ਦੀ ਰਿਪੋਰਟ ਇਸ ਹਾਉਸ ਵਿਚ ਲੇਅ ਹੋਣੀ ਚਾਹੀਦੀ ਹੈ। ਸੰਵਿਧਾਨ ਦੇ ਮੁਤਾਬਿਕ ਵਿਮੈਨ ਨੂੰ ਪਾਵਰਜ਼ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ।

ਇਸੇ ਤਰ੍ਹਾਂ ਨਾਲ ਸੈਂਟਰਲ ਸੋਸ਼ਲ ਵੈਲਫੇਅਰ ਬੋਰਡ ਹੈ ਔਰ ਸਟੇਟ ਵੈਲਫੇਅਰ ਬੋਰਡ ਵੀ ਔਰਤਾਂ ਵਾਸਤੇ ਬਣਿਆ ਹੈ. ਇਸ ਦੇ ਨਾਲ ਹੋਰ ਵੀ ਵਿਮੈਨ ਸੰਸਥਾਵਾਂ ਬਣੀਆਂ ਹੋਈਆਂ ਹਨ। ਜਿਹੜੀਆਂ ਕਿ ਵਿਮੈਨ ਦੀ ਭਲਾਈ ਵਾਸਤੇ ਕੰਮ ਕਰਦੀਆਂ ਹਨ। ਮੈਂ ਸਮਝਦੀ ਹਾਂ ਕਿ ਉਨ੍ਹਾਂ ਦੀਆਂ ਜਿਹੜੀਆਂ ਤਜਵੀਜ਼ਾਂ ਹਨ, ਉਹ ਇਕ ਵਿਮੈਨ ਕੌਂਸਲ ਸੈੱਲ ਵਿਚ ਆਉਣੀਆਂ ਚਾਹੀਦੀਆਂ ਹਨ। ਮੈਂ ਇਹ ਨਹੀਂ ਕਹਿੰਦੀ ਕਿ ਪੁਲਿਸ ਦਾ ਦਖਲ ਨਾ ਹੋਵੇ ਜਿੱਥੇ ਵਿਮੈਨ ਤੇ ਕੋਈ ਅਤਿਆਚਾਰ ਹੁੰਦਾ ਹੈ, ਹੋਰ ਕੋਈ ਤਸ਼ਦੱਦ ਹੁੰਦਾ ਹੈ ਪੁਲਿਸ ਦਖਲ ਕਰ ਸਕਦੀ ਹੈ ਪਰ ਜ਼ਿਲ੍ਹਾ ਲੈਵਲ ਤੇ ਵਿਮੈਨ ਕੌਂਸਲ ਸੈੱਲ ਬਣਾਏ ਜਾਣੇ ਚਾਹੀਦੇ ਹਨ, ਜਿਥੇ ਵਿਮੈਨ ਸੰਸਥਾਵਾਂ ਦੀਆਂ ਤਜਵੀਜ਼ਾਂ ਆਉਣ ਔਰ ਜਿਹੜੇ ਛੋਟੇ ਛੋਟੇ ਔਰਤਾਂ ਦੇ ਮਸਲੇ ਹਨ ਉਹ ਟੈਕਲ ਕੀਤੇ ਜਾ ਸਕਣ। ਪੁਲਿਸ ਨੂੰ ਵੀ ਮਦਦ ਕਰਨੀ ਚਾਹੀਦੀ ਹੈ, ਪੁਲਿਸ ਨੂੰ ਆਪਣਾ ਕੰਮ ਛੱਡ ਨਹੀਂ ਦੇਣਾ ਚਾਹੀਦਾ ਬਲਕਿ ਪੁਲਿਸ ਵਿਚ ਜਿਸ ਤਰ੍ਹਾਂ ਪਹਿਲੇ ਕਿਹਾ ਗਿਆ ਸੀ ਕਿ 25 ਪ੍ਰਤੀਸ਼ਤ ਲੇਡੀ ਪੁਲਿਸ ਦੀ ਭਰਤੀ ਕੀਤੀ ਜਾਣੀ ਚਾਹੀਦੀ ਹੈ, ਉਸ ਨਾਲ ਮੈਂ ਸਹਿਮਤ ਹਾਂ। ਪਰ ਇਹ ਜਿਹੜਾ ਜ਼ਿਲ੍ਹੇ ਲੈਵਲ ਤੇ ਵਿਮੈਨ ਕੌਂਸਲ ਸੈੱਲ ਦੀ ਗਲ ਹੈ ਇਸ ਵਿਚ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਦੀ ਧਰਮਪਤਨੀ, ਜ਼ਿਲ੍ਹੇ ਦੇ ਐਸ.ਐਸ.ਪੀ. ਦੀ ਧਰਮਪਤਨੀ ਅਤੇ ਹੋਰ ਇਸੇ ਤਰ੍ਹਾਂ ਵੱਡੇ ਅਫਸਰਾਂ ਦੀ ਧਰਮਪਤਨੀ ਵੱਲੋਂ ਇਹ ਸਟੇਟ ਵਿਮੈਨ ਕੌਂਸਲ ਸੈਲ ਬਣਾ-ਇਆ ਜਾਣਾ ਚਾਹੀਦਾ ਹੈ ਜਿਸ ਨਾਲ ਔਰਤਾਂ ਦੇ ਮਸਲੇ ਹਨ ਭੱਜ-ਭਜਾਣ ਦੇ ਔਰ ਦਹੇਜ਼ ਆਦਿ ਦੇ ਇਨ੍ਹਾਂ ਨੂੰ ਟੈਕਲ ਕੀਤਾ ਜਾ ਸਕੇ। ਇਸੇ ਤਰ੍ਹਾਂ ਨਾਲ ਜਿਹੜੇ ਇਹ ਛੋਟੇ ਮੋਟੇ ਝਗੜੇ ਹਨ, ਇਨ੍ਹਾਂ ਦਾ 24 ਘੰਟੇ ਦੇ ਅੰਦਰ-ਅੰਦਰ ਫੈਸਲਾ ਹੋਣਾ ਚਾਹੀਦਾ ਹੈ।

ਇਸੇ ਤਰੀਕੇ ਨਾਲ, ਅਸੀਂ ਵੇਖਦੇ ਹਾਂ ਕਿ ਬਲਾਤਕਾਰ ਦੇ ਕੇਸ ਵੀ ਬਹੁਤ ਜ਼ਿਆਦਾ ਵੱਧ ਰਹੇ ਹਨ। ਇਕ 15 ਸਾਲ ਦੀ ਬੱਚੀ ਦਾ ਪਿਛੇ ਬਲਾਤਕਾਰ ਕੀਤਾ ਗਿਆ ਉਸ ਬੱਚੀ ਨਾਲ ਲੋਕਾਂ ਨੇ ਮੂੰਹ ਕਾਲਾ ਕੀਤਾ ਔਰ ਫਿਰ ਹੁਣੇ ਹੀ ਇਕ 10 ਸਾਲ ਦੀ ਬੱਚੀ ਨਾਲ ਵੀ ਜ਼ਬਰ ਜਿਨਾਹ ਕੀਤਾ ਗਿਆ। ਇਸ ਤਰ੍ਹਾਂ ਦੇ ਜਿਹੜੇ ਮਸਲੇ ਹਨ ਮੈਂ ਸਮਝਦੀ ਹਾਂ ਕਿ ਉਨ੍ਹਾਂ ਨੂੰ ਟੈਕਲ ਕਰਨ ਵਾਸਤੇ ਸਟੇਟ ਵਿਮੈਨ ਕਮਿਸ਼ਨ ਬਣਾਇਆ ਜਾਣਾ ਚਾਹੀਦਾ ਹੈ ਜਿਸ ਤਰ੍ਹਾਂ ਸੈਂਟਰ ਲੈਵਲ ਤੇ

ਨੈਸ਼ਨਲ ਵਿਮੈਨ ਕਮਿਸ਼ਨ ਬਣਾਇਆ ਗਿਆ ਹੈ ਤਾਂ ਕਿ ਇਹ ਜਿਹੜੇ ਬਲਾਤਕਾਰ ਦੇ ਕੇਸ ਨੋਟਿਸ ਵਿਚ ਆਉਂਦੇ ਹਨ ਉਨ੍ਹਾਂ ਨੂੰ ਸਖਤੀ ਨਾਲ ਨਜਿਠਿਆ ਜਾ ਸਕੇ। ਇਸੇ ਤਰ੍ਹਾਂ ਨਾਲ ਇਹ ਜਿਹੜੀਆਂ ਵਿਮੈਨ ਸੰਸਥਾਵਾਂ ਹਨ ਇਨ੍ਹਾਂ ਦੇ ਸੈਮੀਨਾਰ ਕੀਤੇ ਜਾਣੇ ਚਾਹੀਦੇ ਹਨ ਔਰ ਉਸ ਵਿਚ ਅਜਿਹੇ ਸੁਝਾਵ ਸਾਰੇ ਡਿਸਕਸ ਹੋ ਸਕਦੇ ਹਨ ਔਰ ਜਿਸ ਤਰ੍ਹਾਂ ਮੈਂ ਪਹਿਲਾਂ ਕਿਹਾ ਹੈ ਕਿ ਇਨ੍ਹਾਂ ਨੈਸ਼ਨਲ ਵਿਮੈਨ ਕੌਂਸਲ ਦੀ ਤਰ੍ਹਾਂ ਸਟੇਟ ਵਿਮੈਨ ਕੌਂਸਲ ਦੀ ਰਿਪੋਰਟ ਵੀ ਵਿਧਾਨ ਸਭਾ ਦੀ ਟੇਬਲ ਤੇ ਲੇਅ ਹੋਣੀ ਚਾਹੀਦੀ ਹੈ। ਇਸ ਦੇ ਵਾਸਤੇ ਇਥੇ ਕੁੱਝ ਫਾਈਨਾਂਸ਼ਿਅਲ ਇੰਪਲੀਕੇਸ਼ਨ ਦੀ ਗੱਲ ਕੀਤੀ ਗਈ ਹੈ, ਉਸ ਵਾਸਤੇ ਮੈਂ ਦਸਦੀ ਹਾਂ ਕਿ ਇਥੇ ਹੁਣ ਫਾਇਨੈਂਸ ਮਨਿਸਟਰ ਸਾਹਿਬ ਤਾਂ ਬੈਠੇ ਨਹੀਂ ਹਨ, ਹੋਰ ਮੰਤਰੀ ਸਾਹਿਬਾਨ ਬੈਠੇ ਹਨ, ਉਨ੍ਹਾਂ ਨੂੰ ਇਸ ਦਾ ਸਮਰਥਨ ਕਰਨਾ ਚਾਹੀਦਾ ਹੈ ਔਰ ਇਸ ਵਾਸਤੇ ਪੈਸਾ ਰੱਖਿਆ ਜਾਣਾ ਚਾਹੀਦਾ ਹੈ।

*10.55 A.M. (ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਡਿਪਟੀ ਸਪੀਕਰ ਸਾਹਿਬ, ਇਸੇ ਤਰ੍ਹਾਂ ਲੀਗਲ ਏਡ ਜਿਹੜੀ ਹੈ, ਇਹ ਕਾਨੂੰਨੀ ਸਹਾਇਤਾ ਜਿਹੜੀਆਂ ਜ਼ਰੂਰਤਮੰਦ ਔਰਤਾਂ ਹਨ, ਜਿਨ੍ਹਾਂ ਤੇ ਜ਼ੁਲਮ ਹੁੰਦਾ ਹੈ, ਉਨ੍ਹਾਂ ਨੂੰ ਇਹ ਸਹਾਇਤਾ ਮਿਲਣੀ ਚਾਹੀਦੀ ਹੈ ਤਾਂ ਕਿ ਉਹ ਔਰਤਾਂ ਕਾਨੂੰਨੀ ਰਸਤਾ ਅਖਤਿਆਰ ਕਰ ਸਕਣ ਔਰ ਆਪਣੇ ਹੱਕਾਂ ਦੀ ਖਾਤਰ ਲੜ ਸਕਣ।

ਇਸੇ ਤਰ੍ਹਾਂ ਇਥੇ ਸਪੈਸ਼ਲ ਕੋਰਟਸ ਦੀ ਗੱਲ ਕੀਤੀ ਹੈ। ਸਾਡੀ ਸਰਕਾਰ ਦਾ ਫੈਸਲਾ ਹੈ ਕਿ ਫੈਮਿਲੀ ਕੋਰਟਸ ਸ਼ਹਿਰਾਂ ਦੇ ਵਿਚ ਹੋਣੀਆਂ ਚਾਹੀਦੀਆਂ ਹਨ ਪਰ ਇਹ ਇਫੈਕਟਿਵਲੀ ਫੰਕਸ਼ਨ ਨਹੀਂ ਕਰ ਰਹੀਆਂ। ਲੋਕ ਅਦਾਲਤਾਂ ਪਤੀ-ਪਤਨੀ ਦੇ ਡਿਸਪਿਊਟਸ ਨੂੰ ਹੱਲ ਨਹੀਂ ਕਰ ਸਕਦੀਆਂ। ਉਸ ਦੇ ਵਿਚ ਖੱਜਲ ਖੁਵਾਰੀ ਬਹੁਤ ਜ਼ਿਆਦਾ ਹੁੰਦੀ ਹੈ। ਇਸ ਲਈ ਫੈਮਿਲੀ ਕੋਰਟਸ ਹਰ ਸ਼ਹਿਰ ਦੇ ਵਿਚ ਹੋਣੀਆਂ ਚਾਹੀਦੀਆਂ ਹਨ। ਇਸ ਦੇ ਨਾਲ ਲੋਕਾਂ ਦੀ ਬੇਦਰੇਸ਼ਨ ਘੱਟ ਹੋਵੇਗੀ। ਮੇਰੇ ਖਿਆਲ ਵਿਚ ਪੰਜਾਬ ਵਿਚ ਕਿਧਰੇ ਵੀ ਫੈਮਿਲੀ ਕੋਰਟਸ ਕਾਮਯਾਬੀ ਨਾਲ ਫੰਕਸ਼ਨ ਨਹੀਂ ਕਰ ਰਹੀਆਂ। ਇਸ ਵੱਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਇਸ ਤੋਂ ਇਲਾਵਾ ਔਰਤਾਂ ਦਾ ਰੁਤਬਾ ਵਧਾਉਣ ਲਈ ਅਤੇ ਔਰਤਾਂ ਨੂੰ ਆਪਣੇ ਪੈਰਾਂ ਤੇ ਖੜ੍ਹਾ ਕਰਨ ਲਈ, ਸਮਾਜ ਵਿਚ ਉੱਚਾ ਦਰਜਾ ਦੇਣ ਲਈ, ਸਰਕਾਰ ਨੂੰ ਚਾਹੀਦਾ ਹੈ ਕਿ ਇਨ੍ਹਾਂ ਨੂੰ ਇੰਪਲਾਇਮੈਂਟ ਵਿਚ 25 ਪ੍ਰਤੀਸ਼ਤ ਰਿਜ਼ਰਵੇਸ਼ਨ ਦੇਣੀ ਚਾਹੀਦੀ ਹੈ। ਇਹ ਰਿਜ਼ਰਵੇਸ਼ਨ ਸਰਕਾਰੀ ਅਤੇ ਨੀਮ ਸਰਕਾਰੀ ਅਦਾਰਿਆਂ ਦੇ ਵਿਚ ਵੀ ਹੋਵੇ। ਔਰਤਾਂ ਨੂੰ ਇਲੈਕਟਰੋਨਿਕਸ ਇੰਡਸਟਰੀ, ਸਪੋਰਟਸ, ਟੈਲੀਫੂਨ ਦੇ ਖੇਤਰ ਵਿਚ, ਘੜੀਆਂ ਬਣਾਉਣ ਦੀ ਫੈਕਟਰੀਆਂ ਵਿਚ, ਮੀਟਰ ਫੈਕਟਰੀਆਂ ਵਿਚ, ਨੀਡਲ ਫੈਕਟਰੀਆਂ ਵਿਚ, ਮਾਚਿਸ ਫੈਕਟਰੀਆਂ ਵਿਚ ਔਰਤਾਂ ਨੂੰ ਇੰਪਲਾਇਮੈਂਟ ਦਿੱਤੀ ਜਾ ਸਕਦੀ ਹੈ ਔਰ ਇਨ੍ਹਾਂ ਨੂੰ ਰੋਜ਼ਗਾਰ ਦੇਣ ਲਈ ਪੰਜਾਬ ਸਰਕਾਰ ਸਮਾਲ ਸਕੇਲ ਇੰਡਸਟਰੀ ਵਿਚ, ਹੌਜ਼ਰੀ ਵਿਚ, ਹੈਂਡੀਕਰਾਫਟ ਦੇ ਖੇਤਰ ਵਿਚ, ਵੱਧ ਤੋਂ ਵੱਧ ਔਰਤਾਂ ਦੀ ਖਪਤ ਕੀਤੀ ਜਾ ਸਕਦੀ ਹੈ। ਔਰਤਾਂ ਨੂੰ ਆਦਮੀਆਂ ਉਤੇ ਨਿਰਭਰ ਨਹੀਂ ਰਹਿਣ ਦੇਣਾ ਚਾਹੀਦਾ। ਇਸੇ ਤਰ੍ਹਾਂ ਪੰਜਾਬ ਦੀ ਫੁਲਕਾਰੀ ਸਾਰੇ ਹਿੰਦੁਸਤਾਨ ਵਿਚ ਮਸ਼ਹੂਰ ਹੈ ਇਸ ਦੇ ਇੰਮਪੋਰੀਅਮ ਦਿੱਲੀ, ਕਲਕੱਤਾ ਅਤੇ ਬੰਬਈ ਵਿਚ ਹਨ। ਇਹ ਸੋਸ਼ਲ ਵੈਲਫੇਅਰ ਦੀ ਮੀਟਿੰਗ ਵਿਚ ਪੁਆਇੰਟ ਆਇਆ ਸੀ ਕਿ ਫੁਲਕਾਰੀ ਪੰਜਾਬ ਦੀ ਹੈ ਪਰ ਇਸ ਦਾ ਇੰਮਪੋਰੀਅਮ ਪੰਜਾਬ ਵਿਚ ਕਿਧਰੇ ਨਹੀਂ ਹੈ। ਹੁਣ ਇਹ ਸਾਰਾ ਕੰਮ ਪੰਜਾਬ ਵੀਮਿਨ ਐਂਡ ਚਾਈਲਡ ਡਿਵੈਲਪਮੈਂਟ ਕਾਰਪੋਰੇਸ਼ਨ ਕੋਲ ਸੌਂਪਿਆ ਜਾ ਰਿਹਾ ਹੈ। ਇਸ ਨੂੰ ਦੇਣ ਦੇ ਕੀ ਕਾਰਣ ਹਨ? ਇਥੇ ਔਰਤਾਂ ਨੂੰ ਮਿਨੀਮਮ ਵੇਜਿਜ਼ ਵੀ ਘੱਟ ਦਿੱਤੇ ਜਾ ਰਹੇ ਹਨ। ਇਹ ਵੇਜਿਜ ਸਰਕਾਰੀ ਕਾਨੂੰਨ ਦੇ ਮੁਤਾਬਿਕ ਦਿੱਤੇ ਜਾਣੇ ਚਾਹੀਦੇ ਹਨ।

[ਸ਼੍ਰੀਮਤੀ ਵਿਮਲਾ ਡਾਂਗ]

ਇਸੇ ਤਰੀਕੇ ਨਾਲ ਆਂਗਨਵਾੜੀਆਂ ਦੇ ਵਿੱਚ ਔਰਤਾਂ ਨੂੰ ਮੀਨੀਮਮ ਵੇਜਿਜ਼ ਐਕਟ ਦੇ ਅਧੀਨ ਵੇਜਿਜ਼ ਨਹੀਂ ਦਿੱਤੀਆਂ ਜਾ ਰਹੀਆਂ। ਇੱਟਾਂ ਦੇ ਭੱਠਿਆਂ ਤੇ ਜਿਹੜੀਆਂ ਔਰਤਾਂ ਕੰਮ ਕਰਦੀਆਂ ਹਨ ਖੇਤਾਂ ਦੇ ਵਿਚ ਜਿਹੜੀਆਂ ਔਰਤਾਂ ਕੰਮ ਕਰਦੀਆਂ ਹਨ ਇਨ੍ਹਾਂ ਨੂੰ ਮੀਨੀਮਮ ਵੇਜਿਜ਼ ਐਕਟ ਦੇ ਅਧੀਨ ਵੇਜਿਜ਼ ਨਹੀਂ ਦਿੱਤੀਆਂ ਜਾ ਰਹੀਆਂ । ਇਥੇ ਮੀਨੀਮਮ ਵੇਜਿਜ਼ ਐਕਟ ਨੂੰ ਲਾਗੂ ਕੀਤਾ ਜਾਵੇ । ਸਰਕਾਰ ਔਰਤਾਂ ਦੇ ਲਈ ਨਵੀਂਆਂ ਸਕੀਮਾਂ ਦੀ ਗਲ ਕਰਦੀ ਹੈ। ਅਗਰ ਸਰਕਾਰ ਮੌਜੂਦਾ ਕਾਨੂੰਨ ਦੇ ਮੁਤਾਬਿਕ ਲੈਬਰਰਜ਼ ਨੂੰ ਹੀ ਮੀਨੀਮਮ ਵੇਜਿਜ਼ ਐਕਟ ਦੇ ਅਧੀਨ ਵੇਜਿਜ਼ ਦੇ ਦੇਵੇ ਤਾਂ ਔਰਤਾਂ ਦਾ ਕਾਫੀ ਭਲਾ ਹੋ ਸਕਦਾ ਹੈ । ਇਸੇ ਤਰ੍ਹਾਂ ਸਰਕਾਰ ਦਾ ਵਰਕਿੰਗ ਵਿਮਨ ਹੋਸਟਲ ਦਾ ਕੰਮ ਤਰੱਕੀ ਵਿਚ ਹੈ। ਮੇਰੇ ਅੰਮ੍ਰਿਤਸਰ ਸ਼ਹਿਰ ਵਿਚ ਵਰਕਿੰਗ ਵਿਮਨ ਹੋਸਟਲ ਬਣਾਇਆ ਹੋਇਆ ਅਤੇ ਚੰਡੀਗੜ੍ਹ ਵਿਚ ਤਾਂ ਪਹਿਲੇ ਹੀ ਵਰਕਿੰਗ ਵਿਮਨ ਹੋਸਟਲ ਸੀ। ਇਸ ਤਰ੍ਹਾਂ ਦੇ ਵਰਕਿੰਗ ਵਿਮਨ ਹੋਸਟਲ ਪੰਜਾਬ ਦੇ ਹਰ ਸ਼ਹਿਰ ਦੇ ਵਿਚ ਬਨਾਉਣੇ ਚਾਹੀਦੇ ਹਨ ਤਾਂ ਕਿ ਵਰਕਿੰਗ ਵਿਮਨ ਨੂੰ ਰਹਿਣ ਵਿਚ ਤੰਗੀ ਨਾ ਹੋਵੇ । ਇਸ ਦੇ ਨਾਲ ਹੀ ਇਨ੍ਹਾਂ ਦੇ ਲਈ ਹਰ ਸ਼ਹਿਰ ਵਿਚ ਸਰਕਾਰੀ ਕਰੈਚਿਜ਼ ਅਤੇ ਬਾਲਵਾੜੀਜ਼ ਬਨਾਉਣੀਆਂ ਚਾਹੀਦੀਆਂ ਹਨ । ਜਿਸ ਤਰ੍ਹਾਂ ਸਵੇਰੇ 7 ਵਜੇ ਔਰਤਾਂ ਆਪਣੇ ਬੱਚਿਆਂ ਨੂੰ ਛੱਡ ਕੇ ਦਫਤਰਾਂ ਦੇ ਵਿਚ ਆਉਂਦੀਆਂ ਹਨ, ਉਨ੍ਹਾਂ ਦੇ ਬਚਿਆਂ ਦੀ ਦੇਖਭਾਲ ਲਈ ਮੇਰੀ ਪਰਪੋਜ਼ਲ ਹੈ ਕਿ ਵਿਧਾਨ ਸਭਾ ਮੁਲਾਜ਼ਮਾਂ ਦੇ ਲਈ ਅਤੇ ਸਿਵਲ ਸਕੱਤਰੇਤ ਦੇ ਮੁਲਾਜ਼ਮਾਂ ਲਈ ਵੀ ਕਰੈਚ ਅਤੇ ਬਾਲਵਾੜੀ ਖੋਲੀਆਂ ਜਾਣ ਤਾਂਕਿ ਉਨ੍ਹਾਂ ਦੇ ਬੱਚਿਆਂ ਦੀ ਦੇਖ ਭਾਲ ਚੰਗੀ ਤਰ੍ਹਾਂ ਇਥੇ ਹੋ ਸਕੇ। ਇਹ ਸਵੇਰੇ 8 ਵਜੇ ਤੋਂ 5 ਵਜੇ ਤੱਕ ਇਥੇ ਚਲਣ ਔਰ ਜਿਹੜੀ ਲੇਡੀਜ਼ ਮੁਲਾਜ਼ਮ ਇਥੇ ਕੰਮ ਕਰਦੀਆਂ ਹਨ; ਉਨ੍ਹਾਂ ਦੇ ਬੱਚਿਆਂ ਨੂੰ ਕਰੈਚ ਅਤੇ ਬਾਲਵਾੜੀ ਵਿਚ ਸਹੂਲਤ ਮਿਲ ਸਕੇ। ਡਿਪਟੀ ਸਪੀਕਰ ਸਾਹਿਬ, ਔਰਤਾਂ ਸ਼ਾਮ ਨੂੰ 5-6 ਵਜੇ ਘਰ ਵਾਪਿਸ ਆਉਂਦੀਆਂ ਹਨ । ਉਨ੍ਹਾਂ ਦੇ ਬੱਚਿਆਂ ਦੀ ਦੇਖਭਾਲ ਲਈ ਸਰਕਾਰ ਵਲੋਂ ਕਰੈਚ ਬਨਾਉਣੇ ਚਾਹੀਦੇ ਹਨ । ਮੈਂ ਇਸ ਗੱਲ ਦੇ ਨਾਲ ਸਹਿਮਤ ਹਾਂ ਕਿ ਔਰਤਾਂ ਨੂੰ ਪੈਨਸ਼ਨ ਦਾ ਰੇਟ ਵੱਧ ਮਿਲਣਾ ਚਾਹੀਦਾ ਹੈ । ਬਜਟ ਵਿਚ ਪੈਨਸ਼ਨ ਸਿਰਫ 100 ਤੋਂ ਵਧਾ ਕੇ 150 ਰੁਪਏ ਕਰ ਦਿਤੀ ਹੈ ਪਰ ਸਰਕਾਰ ਨੇ ਜਿਹੜਾ ਪਿਛਲੇ ਸਾਲ ਪਰਾਮਿਸ ਕੀਤਾ ਸੀ ਕਿ ਉਸ ਦੀ ਇੰਪਲੀਮੈਂਟੇਸ਼ਨ ਨਹੀਂ ਹੋਈ। ਮੇਰੀ ਮੰਗ ਹੈ ਕਿ ਘੱਟੋ-ਘੱਟ 250 ਰੁਪਏ ਮਹੀਨਾ ਬੁਢਾਪਾ ਪੈਨਸ਼ਨ ਔਰਤਾਂ ਦੀ ਹੋਣੀ ਚਾਹੀਦੀ ਹੈ ਪਰ ਪੰਜਾਬ ਸਰਕਾਰ ਨੇ ਇਸ ਸਬੰਧ ਵਿਚ ਕੋਈ ਨਵੇਂ ਰੂਲਜ਼ ਨਹੀਂ ਬਣਾਏ। ਮੈਂ ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਸਰਕਾਰ ਨੂੰ ਕਹਿਣਾ ਚਾਹਵਾਂਗੀ ਕਿ ਜਿਨ੍ਹਾਂ ਦੀ ਆਮਦਨ 15, 20 ਅਤੇ 30 ਰੁਪਏ ਤੋਂ ਵੱਧ ਫਾਰਮ ਵਿਚ ਲਿਖੀ ਹੁੰਦੀ ਹੈ ਤਾਂ ਉਹ ਫਾਰਮ ਰਿਜੈਕਟ ਹੋ ਜਾਂਦੇ ਹਨ । ਇਹ ਮਜ਼ਾਕ ਹੈ, ਇਸ ਲਈ ਪੰਜਾਬ ਸਰਕਾਰ ਨੂੰ ਨਵੇਂ ਰੂਲਜ਼ ਬਨਾਉਣੇ ਚਾਹੀਦੇ ਹਨ। ਜੋ ਪੁਰਾਣੇ ਪੈਨਸ਼ਨ ਦੇਣ ਦੇ ਰੂਲਜ਼ ਬਣਾਏ ਹੋਏ ਹਨ ਉਨ੍ਹਾਂ ਰੂਲਾਂ ਨੂੰ ਰੀਪਲੇਸ ਕਰੋ ਅਤੇ ਨਵੀਂ ਪੰਜਾਬ ਸਰਕਾਰ ਵਲੋਂ ਨੋਟੀਫਿਕੇਸ਼ਨ ਜਾਰੀ ਹੋਣੀ ਚਾਹੀਦੀ ਹੈ । ਗਜ਼ਟ ਵਿਚ ਨਵੇਂ ਰੂਲ ਛੱਪਣੇ ਚਾਹੀਦੇ ਹਨ । ਇਸ ਗੱਲ ਨਾਲ ਮੈਂ ਸਹਿਮਤ ਹਾਂ ਕਿ ਜੌਬ ਵਿਚ ਔਰਤਾਂ ਨੂੰ ਪਰਾਇਰਟੀ ਮਿਲਣੀ ਚਾਹੀਦੀ ਹੈ। ਵਿਡੋਜ਼ ਨੂੰ ਗਰਾਂਟਸ ਜਲਦੀ ਮਿਲਣੀ ਚਾਹੀਦੀ ਹੈ। ਵਿਡੋਜ਼ ਨੂੰ ਲੋਨ ਮਿਲਣੇ ਚਾਹੀਦੇ ਹਨ ਤਾਂਕਿ ਉਹ ਔਰਤਾਂ ਖੁਦ ਸੈਲਫ ਰੋਜ਼ਗਾਰ ਦੇ ਸਾਧਨ ਪੈਦਾ ਕਰ ਸਕਣ। ਵਿਡੋਜ਼ ਔਰਤਾਂ ਵੱਲ ਸਾਡਾ ਰਵਈਆ ਘਿਰਣਾ-ਯੋਗ ਹੈ। ਤਲਾਕ ਸ਼ੁਧਾ ਔਰਤਾਂ ਦਾ ਸਮਾਜ ਵਿਚ ਕੋਈ ਸਤਿਕਾਰ ਨਹੀਂ ਕਰਦਾ। ਉਸ ਔਰਤ ਨੂੰ ਠੀਕ ਤਰ੍ਹਾਂ ਦੇ ਨਾਲ ਸਮਾਜ ਵਿਚ ਨਹੀਂ ਵੇਖਿਆ ਜਾਂਦਾ ਅਤੇ ਕਿਹਾ ਜਾਂਦਾ ਹੈ ਕਿ ਇਹ ਔਰਤ ਛੱਡੀ ਹੋਈ ਹੈ। ਪੁਲਿਸ ਸਟੇਸ਼ਨ ਵਿਚ ਔਰਤਾਂ ਨੂੰ ਨਹੀਂ ਲਿਜਾਣਾ ਚਾਹੀਦਾ । ਇਸ ਬਾਰੇ ਪਹਿਲਾਂ ਵੀ ਬਾਰ ਬਾਰ ਕਿਹਾ ਜਾ ਚੁਕਾ ਹੈ ਪਰ ਹਕੀਕਤ ਵਿਚ ਪੁਲਿਸ ਵਾਲੇ ਔਰਤਾਂ ਨੂੰ ਥਾਣਿਆ ਵਿਚ

ਲਿਜਾਂਦੇ ਹਨ ਅਤੇ ਪੁਲਿਸ ਕਸਟਡੀ ਵਿਚ ਔਰਤਾਂ ਨੂੰ ਮਾਰਿਆ ਵੀ ਜਾਂਦਾ ਹੈ । ਕਈ ਔਰਤਾਂ ਪੁਲਿਸ ਕਸਟਡੀ ਵਿਚ ਮਰ ਵੀ ਗਈਆਂ ਹਨ। ਅਸੀਂ ਇਸ ਸਬੰਧ ਵਿਚ ਪੰਜਾਬ ਸਰਕਾਰ ਨੂੰ ਜੋ ਪਰਪੋਜ਼ਲ ਭੇਜੀਆਂ ਹਨ, ਉਨ੍ਹਾਂ ਤੇ ਵਿਚਾਰ ਕਰਕੇ ਲਾਗੂ ਕਰਨਾ ਚਾਹੀਦਾ ਹੈ । ਡਿਪਟੀ ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ ਜਿਹੜੀਆਂ ਅਤੀ ਪੀੜਤ ਔਰਤਾਂ ਲਈ ਪੈਨਸ਼ਨਾਂ ਵਿਚ ਖਾਮੀਆਂ ਹਨ ਉਨ੍ਹਾਂ ਨੂੰ ਦੂਰ ਨਹੀਂ ਕੀਤਾ। 6-6 ਮਹੀਨੇ ਔਰਤਾਂ ਭਟਕਦੀਆਂ ਫਿਰਦੀਆਂ ਹਨ। ਉਨ੍ਹਾਂ ਔਰਤਾਂ ਨੂੰ 150 ਰੁਪਏ ਮਹੀਨਾ ਪੈਨਸ਼ਨ ਮਿਲਣੀ ਚਾਹੀਦੀ ਹੈ। ਵਿਧਵਾ ਔਰਤਾਂ ਨਾਲ ਬਦਸਲੂਕੀ ਕੀਤੀ ਜਾਂਦੀ ਹੈ। ਉਨ੍ਹਾਂ ਨੂੰ ਪੈਨਸ਼ਨ ਬੈਂਕਾਂ ਰਾਹੀਂ ਮਿਲਣੀ ਚਾਹੀਦੀ ਹੈ । ਜੌਬ ਵਿਚ ਉਨ੍ਹਾਂ ਔਰਤਾਂ ਨੂੰ ਪਰਾਇਰਿਟੀ ਮਿਲਣੀ ਚਾਹੀਦੀ ਹੈ। 1988 ਤੋਂ ਔਰਤਾਂ ਦੇ ਕੇਸ ਪੈਂਡਿੰਗ ਪਏ ਹਨ ਪਰ ਉਨ੍ਹਾਂ ਨੂੰ ਨੌਕਰੀਆਂ ਨਹੀਂ ਮਿਲੀਆਂ ਹਨ। ਡਿਪਟੀ ਸਪੀਕਰ ਸਾਹਿਬ, ਆਖਿਰ ਵਿਚ ਮੈਂ ਇਕ ਪਰਪੋਜ਼ਲ ਦੇਣੀ ਚਾਹੁੰਦੀ ਹਾਂ ਕਿ ਜਿਸ ਤਰ੍ਹਾਂ ਡਾਈਵੋਰਸਡ/ਸੈਪਰੇਟਿਡ ਅਤੇ ਡੀਜ਼ਰਟਡ ਔਰਤਾਂ ਦੇ ਸਬੰਧ ਵਿਚ ਮਹਾਰਾਸ਼ਟਰਾ ਦੀ ਸਰਕਾਰ ਨੇ ਕਾਫੀ ਕੁਝ ਕੀਤਾ ਹੈ ਇਸੇ ਤਰ੍ਹਾਂ ਸਾਡੀ ਸਰਕਾਰ ਨੂੰ ਵੀ ਉਨ੍ਹਾਂ ਔਰਤਾਂ ਦੇ ਲਈ ਕੁਝ ਪਰਪੋਜ਼ਲ ਠੀਕ ਢੰਗ ਦੇ ਨਾਲ ਬਣਾਈਆ ਚਾਹੀਦੀਆਂ ਹਨ । ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਦੇ ਲਈ ਰਾਸ਼ਨ ਕਾਰਡ ਬਣਾਏ ਜਾਣੇ ਚਾਹੀਦੇ ਹਨ, ਜਿਨ੍ਹਾਂ ਨੂੰ ਛੱਡ ਦਿਤਾ ਜਾਂਦਾ ਹੈ । ਜਿਹੜੀਆਂ ਤਲਾਕਸ਼ੁਦਾ ਔਰਤਾ ਹਨ, ਉਨ੍ਹਾਂ ਨੂੰ ਰਾਸ਼ਨ-ਕਾਰਡ ਕਿਥੋਂ ਮਿਲਣਗੇ । ਉਨ੍ਹਾਂ ਦੇ ਸੈਪਰੇਟ ਰਾਸ਼ਨ-ਕਾਰਡ ਹੋਣੇ ਚਾਹੀਦੇ ਹਨ। ਏਸੇ ਤਰੀਕੇ ਨਾਲ ਉਨ੍ਹਾਂ ਨੂੰ ਨੌਕਰੀਆਂ ਵਿੱਚ ਵੀ ਪ੍ਰਾਇਰਟੀ ਮਿਲਣੀ ਚਾਹੀਦੀ ਹੈ ਅਤੇ ਉਨ੍ਹਾਂ ਦੇ ਬੱਚਿਆ ਨੂੰ ਐਜੂਕੇਸ਼ਨ ਫਰੀ ਮਿਲਣੀ ਚਾਹੀਦੀ ਹੈ । ਇਸਦੇ ਨਾਲ ਹੀ 10 ਪ੍ਰਤੀਸ਼ਤ ਸੀਟਸ ਉਨ੍ਹਾਂ ਦੇ ਬੱਚਿਆਂ ਲਈ ਸਰਕਾਰ ਦੇ ਹੋਸਟਲ ਵਗੈਰਾ ਵਿੱਚ ਵੀ ਰਿਜ਼ਰਵ ਹੋਣੀਆਂ ਚਾਹੀਦੀਆਂ ਹਨ। ਜਿਹੜਾ ਪਿੰਡਾਂ ਦੀਆਂ ਤਲਾਕਸ਼ੁਦਾ ,ਡਿਜ਼ਰਟਿਡ ਅਤੇ ਪ੍ਰੀਤਿਅਕਤਾ ਔਰਤਾਂ ਹਨ, ਉਨ੍ਹਾਂ ਨੂੰ ਜ਼ਮੀਨ ਦਾ ਹਿੱਸਾ ਮਿਲਣਾ ਚਾਹੀਦਾ ਹੈ। ਉਨ੍ਹਾਂ ਲਈ ਫਰੀ ਮੈਡੀਕਲ ਸਰਵਿਸ ਹੋਣੀ ਚਾਹੀਦੀ ਹੈ ਫਰੀ ਲੀਗਲ ਏਡ ਹੋਣੀ ਚਾਹੀਦੀ ਹੈ। ਉਨ੍ਹਾਂ ਵਾਸਤੇ ਇਹ ਸਭ ਕੁਝ ਕੀਤਾ ਜਾਣਾ ਚਾਹੀਦਾ ਹੈ ਨਹੀਂ ਤਾਂ ਉਨ੍ਹਾਂ ਪ੍ਰੀਤਿਅਕਤਾ ਔਰਤਾਂ ਦਾ, ਡਿਜ਼ਰਟਿਡ ਔਰਤਾਂ ਦਾ, ਡਾਈਵੋਰਸੀ ਔਰਤਾਂ ਦਾ ਸਟੇਟਸ ਸੁਧਰ ਨਹੀਂ ਸਕੇਗਾ। ਸਰਕਾਰ ਨੂੰ ਇਨ੍ਹਾਂ ਮੰਗਾਂ ਨੂੰ ਪੂਰਾ ਕਰਨ ਦਾ ਯਤਨ ਕਰਨਾ ਚਾਹੀਦਾ ਹੈ। ਇਸ ਡਾਇਰੈਕਸ਼ਨ ਵੱਲ ਵਧਣਾ ਚਾਹੀਦਾ ਹੈ।

ਮੈਂ ਹੁਣ ਬੱਚਿਆਂ ਦੇ ਸਬੰਧ ਵਿੱਚ ਕਹਿਣਾ ਚਾਹਵਾਂਗੀ ਕਿ ਇਹ ਬੜੀ ਅੱਛੀ ਪਰੋਪੋਜ਼ਲ ਹੈ ਜੋ ਸਾਡੇ ਵਾਰ ਵਾਰ ਕਹਿਣ ਤੇ ਸਰਕਾਰ ਨੇ ਮੰਨ ਲਈ ਹੈ। ਕੱਲ ਫਾਈਨਾਂਸ ਮਨਿਸਟਰ ਨੇ ਬਜਟ ਪੇਸ਼ ਕਰਦੇ ਹੋਏ ਇਸ ਦਾ ਜ਼ਿਕਰ ਕੀਤਾ। ਇਕ ਇੰਟਰਨੈਸ਼ਨਲ ਆਰਗੇਨਾਈਜੇਸ਼ਨ ਉਨ੍ਹਾਂ ਬੱਚਿਆਂ ਦੇ ਸਬੰਧ ਵਿੱਚ ਹੈ ਜਿਹੜੇ ਔਰਫਨ ਹਨ, ਮੁਸ਼ਕਿਲ ਵਿੱਚ ਹਨ। ਉਸਦਾ ਨਾਂ ਐਸ.ਓ.ਐਸ. ਹੈ ਜੋ ਕਿ ਹਿੰਦੁਸਤਾਨ ਦੇ 10,000 ਬੱਚਿਆਂ ਦੀ ਪਰਵਰਿਸ਼ ਕਰ ਰਹੀ ਹੈ। ਅਸੀਂ ਇਸ ਗੱਲ ਦੀ ਮੰਗ ਕੀਤੀ ਹੈ ਕਿ ਪੰਜਾਬ ਵਿੱਚ ਵੀ ਐਸ.ਓ.ਐਸ. ਇੰਸਟੀਚਿਊਸ਼ਨ ਹੋਣਾ ਚਾਹੀਦਾ ਹੈ। ਸਰਕਾਰ ਨੂੰ ਇਸ ਲਈ ਜ਼ਮੀਨ ਦੇਣੀ ਪਵੇਗੀ। ਮੈਂ ਲੋਕਲ ਬਾਡੀਜ਼ ਦੀ ਮੀਟਿੰਗਜ਼ ਵਿੱਚ ਵੀ ਇਹ ਗੱਲ ਸੁਣੀ ਹੈ ਕਿ ਰਾਜਪੁਰਾ ਵਿਚ ਕੋਈ ਜ਼ਮੀਨ ਹੈ ਜਿਸਨੂੰ ਸਰਕਾਰ ਦਾ ਦੇਣ ਦਾ ਪ੍ਰਸਤਾਵ ਹੈ । ਹੁਣ ਪੰਜਾਬ ਦੇ ਹਾਲਾਤ ਵਿੱਚ ਵੀ ਕਾਫੀ ਸੁਧਾਰ ਹੈ । ਇਥੇ ਐਸ.ਓ.ਐਸ. ਸੈਂਟਰ ਬਣਨਾ ਚਾਹੀਦਾ ਹੈ । ਮੈਂ ਅੰਮ੍ਰਿਤਸਰ ਵਿੱਚ ਵੀ ਕਿਹਾ ਸੀ ਕਿ ਸਰਦਾਰ ਸਰਬਜੀਤ ਸਿੰਘ ਜੀ, ਸਾਨੂੰ ਇਸ ਗੱਲ ਦੀ ਸ਼ਰਮ ਆਉਂਦੀ ਹੈ ਕਿ ਪੰਜਾਬ ਦੇ ਬੱਚੇ ਬਾਹਰ ਜਾਣ। ਉਨ੍ਹਾਂ ਦੇ ਪਰਿਵਾਰ ਦੇ ਮੈਂਬਰਜ਼ ਇਥੇ ਹਨ। ਕਈਆਂ ਦੇ ਤਾਂ ਮਾਂ-ਬਾਪ ਦੋਵੇਂ ਮਾਰੇ ਗਏ ਹਨ ਅਤੇ ਕਈਆਂ ਦੀਆਂ ਮਾਵਾਂ ਜਿਊਂਦੀਆਂ

[ਸ੍ਰੀਮਤੀ ਵਿਮਲਾ ਡਾਂਗ]

ਹਨ, ਪਿਤਾ ਮਾਰੇ ਗਏ ਹਨ। ਉਨ੍ਹਾਂ ਵਲੋਂ ਕਿਹਾ ਜਾਂਦਾ ਹੈ ਕਿ ਅਸੀਂ ਮਿਲੀਟੈਂਸੀ ਦੇ ਕਾਰਣ ਆਪਣੇ ਬੱਚੇ ਬਾਹਰ ਭੇਜ ਦਿੱਤੇ ਹਨ, ਇਥੇ ਹਾਲਾਤ ਗੰਭੀਰ ਹਨ । ਪਰ ਹੁਣ ਹਾਲਾਤ ਵਿੱਚ ਕਾਫੀ ਸੁਧਾਰ ਹੈ। ਇਹ ਪਰੋਪੋਜ਼ਲ ਬਿਲਕੁਲ ਠੀਕ ਹੈ ਕਿ ਇਥੇ ਐਸ.ਓ.ਐਸ. ਸੈਂਟਰ ਪੰਜਾਬ ਵਿੱਚ ਹੋਵੇ ਔਰ ਪੰਜਾਬ ਸਰਕਾਰ ਇਸ ਇੰਟਰਨੈਸ਼ਨਲ ਐਸ.ਓ.ਐਸ. ਆਰਗੇਨਾਈਜੇਸ਼ਨ ਨੂੰ ਜ਼ਮੀਨ ਦੇਵੇ, ਭਾਵੇਂ ਚੰਡੀਗੜ੍ਹ ਵਿੱਚ ਦੇਵੇ ਅਤੇ ਭਾਵੇਂ ਰਾਜਪੁਰਾ ਵਿੱਚ ਕਿਉਂਕਿ ਓਪਨ ਸਪੇਸ ਵਿੱਚ ਇਹ ਸੈਂਟਰ ਬਣਾਏ ਜਾਂਦੇ ਹਨ।

ਇਸੇ ਤਰੀਕੇ ਨਾਲ ਹਜ਼ਾਰਾਂ ਦੀ ਗਿਣਤੀ ਵਿੱਚ ਬਾਲਵਾੜੀਆਂ ਸਰਕਾਰ ਨੇ ਸੈਟਅੱਪ ਕੀਤੀਆਂ ਹਨ। ਜਿਹੜੇ ਉਨ੍ਹਾਂ ਮੁਤੱਲਕ ਰੂਲਜ਼ ਹਨ, ਉਨ੍ਹਾਂ ਮੁਤਾਬਿਕ ਉਥੇ ਦਲੀਆ ਮਿਲਣਾ ਚਾਹੀਦਾ ਹੈ, ਦੁੱਧ ਮਿਲਣਾ ਚਾਹੀਦਾ ਹੈ ਅਤੇ ਹੋਰ ਬਿਸਕੁਟ ਵਗੈਰਾ ਮਿਲਣੇ ਚਾਹੀਦੇ ਹਨ। ਪਰ ਜੇ ਅਸਲੀਅਤ ਦੇਖੀਏ ਤਾਂ ਬਹੁਤ ਸਾਰੀਆਂ ਬਾਲਵਾੜੀਆਂ ਵਿੱਚ ਇਹ ਸਾਰਾ ਸਾਮਾਨ ਪਹੁੰਚਦਾ ਹੀ ਨਹੀਂ।

ਇਸ ਤੋਂ ਇਲਾਵਾ ਮੈਂ ਇਸ ਗੱਲ ਤੇ ਜ਼ੋਰ ਦੇਣਾ ਚਾਹਵਾਂਗੀ ਕਿ ਚਾਈਲਡ ਲੇਬਰ ਸਬੰਧੀ ਵੀ ਇੰਟਰਨੈਸ਼ਨਲ ਪੈਮਾਨੇ ਤੇ ਫੈਸਲਾ ਹੈ ਕਿ 1993 ਵਿੱਚ ਕੋਸ਼ਿਸ਼ ਕੀਤੀ ਜਾਵੇਗੀ ਕਿ ਬਾਲ ਮਜ਼ਦੂਰੀ ਐਲਿਮਿਨੇਟ ਕੀਤੀ ਜਾਵੇ। ਪੰਜਾਬ ਵਿੱਚ ਵੀ ਸਾਨੂੰ ਇਸ ਗੰਭੀਰ ਪ੍ਰਾਬਲਮ ਵੱਲ ਧਿਆਨ ਦੇਣਾ ਚਾਹੀਦਾ ਹੈ। ਇਹ ਠੀਕ ਹੈ ਕਿ ਗਰੀਬੀ ਦੇ ਕਾਰਣ ਬਹੁਤ ਸਾਰੇ ਨਿੱਕੇ ਨਿੱਕੇ ਉਮਰ ਦੇ ਬੱਚੇ ਦੁਕਾਨਾਂ ਵਿੱਚ ਔਰ ਖੇਤਾਂ ਵਿੱਚ ਕੰਮ ਕਰਨ ਤੇ ਮਜ਼ਬੂਰ ਹਨ। ਚਾਈਲਡ ਲੇਬਰ ਐਕਟ ਦੀ ਉਲੰਘਣਾਂ ਕਰਕੇ ਵੀ ਉਹ ਕੰਮ ਕਰਦੇ ਹਨ। ਸ਼ਾਇਦ ਇਸ ਐਕਟ ਨੂੰ ਅਸੀਂ ਇਟ ਇਜ਼ ਅਪਲਾਈ ਨਹੀਂ ਕਰ ਸਕਦੇ ਪਰ ਫੇਰ ਵੀ ਬਾਲ ਮਜ਼ਦੂਰੀ ਨੂੰ ਬੰਦ ਕਰਨ ਲਈ ਕੋਈ ਆਲਟਰਨੇਟਿਵ ਮਈਯਰਜ਼ ਸੋਚਣੇ ਚਾਹੀਦੇ ਹਨ। ਇਸੇ ਤਰੀਕੇ ਨਾਲ ਬਾਂਡਿਡ ਲੇਬਰ ਦੇ ਮਸਲੇ ਨੂੰ ਵੀ ਇਸ ਸਾਰੇ ਨਾਲ ਲਿਆ ਜਾਣਾ ਚਾਹੀਦਾ ਹੈ। ਮੈਂ ਅਖੀਰ ਵਿੱਚ, ਡਿਪਟੀ ਸਪੀਕਰ ਸਾਹਿਬ, ਇਸ ਗੱਲ ਲਈ ਖੁਸ਼ੀ ਦਾ ਪ੍ਰਗਟਾਵਾ ਕਰਾਂਗੀ ਕਿ ਪੰਚਾਇਤ ਐਕਟ ਜਿਹੜਾ ਸੈਂਟਰ ਨੇ ਪਾਸ ਕੀਤਾ ਹੈ।

ਕਲ੍ਹ ਨੂੰ ਜੇ ਸਟੇਟ ਲੈਵਲ ਉਪਰ ਇਹ ਐਕਟ ਅਪਲਾਈ ਹੋਵਗਾ ਤਾਂ 33% ਰਿਪਰੈਜ਼ੇਟੇਸ਼ਨ ਪਿੰਡਾਂ ਦੀਆਂ ਪੰਚਾਇਤਾਂ ਵਿਚ ਔਰਤਾਂ ਨੂੰ ਮਿਲੇਗੀ। ਮੈਂ ਤਾਂ ਇਹ ਵੀ ਚਾਹਵਾਂਗੀ ਕਿ ਸਾਡੀ ਇਸ ਅਸੈਂਬਲੀ ਵਿਚ ਔਰਤਾਂ ਦੀ 25% ਰਿਪਰੈਜ਼ੈਂਟੇਸ਼ਨ ਹੋਣੀ ਚਾਹੀਦੀ ਹੈ ਤਾਂ ਹੀ ਸਮਾਜ ਦੀ ਤਰੱਕੀ ਵਿਚ ਔਰਤਾਂ ਪੂਰਾ ਹਿੱਸਾ ਪਾ ਸਕਣਗੀਆਂ। ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਇਸ ਮਤੇ ਤੇ ਖੁਸ਼ੀ ਦਾ ਪ੍ਰਗਟਾਵਾ ਕਰਦੀ ਹਾਂ ਅਤੇ ਬਾਕੀ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦੀ ਹਾਂ ਕਿ ਤੁਸੀਂ ਡਿਸਕਸ਼ਨ ਦੇ ਦੌਰਾਨ ਆਪਣੀਆਂ ਪ੍ਰੋਪੋਜ਼ਲਜ਼ ਦਿਓ ਤਾਂ ਕਿ ਸਰਕਾਰ ਉਨ੍ਹਾਂ ਪ੍ਰੋਪੋਜ਼ਲਜ਼ ਤੇ ਵਿਚਾਰ ਕਰ ਸਕੇ। ਧੰਨਵਾਦ।

श्रीमती लक्ष्मी कांता चावला (अमृतसर केन्द्रीय) : डिप्टी स्पीकर साहिब, आप का धन्यवाद जो आपने मुझे बोलने का मौका दिया है। इसके साथ ही यह जो प्रस्ताव सदन के सामने विचार के लिए प्रस्तुत है, उसके यहां लाने वाले मेम्बर साहिब का और भी धन्यवाद करती हूं। जब भी हम आज के समाज में नारी की स्थिति की बात करते हैं तो हमारा ध्यान अतीत की ओर जरूर जाता है। सारा जमाना जानता है कि वेद काल में महिलाओं की स्थिति बहुत सम्मानीय थी। महिलाएं युद्ध क्षेत्र में भी जाती थीं और वेद मन्त्रों की रचियता भी रही।

वैदय काल में गौतमी, अनुसुईया, अरुणा जैसी विदुषी महिलाएं हुई हैं। रामायण काल में भी महिलाएं युद्ध विद्या में पारंगत थीं। उस समय की एक उदाहरण है कि राजा दशरथ जी का रथ जब लड़ाई के मैदान में टूट गया था तो कैकई ने उस रथ को अपनी भुजा के बल से सम्भाला था। रामायण से यह भी पता चलता है कि उस वक्त मां का कितना सम्मान था। श्रीराम जी को जब दशरथ जी ने बनवास जाने से रोका तो उन्होंने कहा कि नहीं, यह माता का आदेश है, इस लिए मैं जरूर जाऊंगा। बाद में जब रावण चाहे सीता का हरण करके ले गया तो लंका में उस के साथ ऐसा व्यवहार नहीं किया गया जैसा कि आज यहां हमारे पुलिस स्टेशनों में होता है। वहां महिला पुलिस की चीफ 'थी त्रिजटा, उस के संरक्षण में सीता को रखा गया। पुरुष पुलिस फोर्स नहीं रखी गई। महिला पुलिस का प्रबन्ध था। उस जमाने में स्वयंवर में नारी को स्वतंत्रता थी। अपने गुणों के बल पर वह योग्य पति चुनती थी। आज की तरह नहीं कि लड़के को मारुति कार मिलेगी, दहेज में इतना पैसा मिलेगा या लड़के को नौकरी दिलाई जायेगी, तभी शादी होगी। भरे स्वयंवर में जो लड़की के योग्य जो श्रेष्ठतम पुरुष होता था उसी को लड़की पति चुनती थी। उसे अपना वर चुनने में पूरी स्वतन्त्रता थी। मध्य युग में जब विदेशी यहां आए तो उस वक्त परदे की प्रथा चल पड़ी। उसी समय में ही लड़की को जन्म से मार देने की प्रथा भी चली। उस वक्त लड़कियों को उठा लिया जाता था। राजा अकबर जिसे हमारी किताबों में महान् लिखा जाता है जैसे मुगल शासक के जमाने में भी मीना बाजार लगा कर सुन्दर लड़कियों को उठा लिया जाता था। इन्हीं विदेशी आक्रमणकारियों की वजह से ऐसी गलत प्रथाएं चलीं जिनमें सब से बुरी सती प्रथा थी। उस के बाद आजादी आने से पहले महारानी झांसी ने यह सिद्ध कर दिया कि वह लड़ाई में भी और राज्य चलाने में भी पुरुषों से कम नहीं। अहिल्या बाई जैसी महिला ने भी नारी के कौशल को सिद्ध कर दिया।

श्री डिप्टी स्पीकर : आप आज के जमाने की बात कीजिए।

श्रीमति लक्ष्मी कांता चावला : उस समय से लेकर आज तक स्त्री जाति की स्थिति ज्यादा सुधरी नहीं है। आज पंजाब सचिवालय में भी उन की अपनी मान मर्यादा के रक्षा के लिए लड़ाई लड़नी पड़ती है। आज भी उनको न्याय नहीं मिलता है। आज भी लड़कियों को जन्म से पहले ही मरवा दिया जाता है Sex-Determination Tests के बारे में पिछले वर्ष भी यहां चर्चा जरूर चली थी लेकिन उस में से निकला कुछ भी नहीं।

आज भी घोषणाएं होती हैं कि टैस्ट करवाएं कि लड़की है या लड़का। अगर यह लड़की है तो मार दी जायेगी। लड़की को तो जन्म लेने से पहले ही मार दिया जाता है। आज तलाक-शुदा औरतों की बात की जा रही है। तलाकशुदा औरतों की संख्या बढ़ती ही जायेगी जब तक पंजाब सरकार दहेज के खिलाफ कानून को सख्ती से लागू नहीं करती। एक I. P. S..

[श्रीमती लक्ष्मी कांता चावला]

और I.A.S. अधिकारी लाखों रुपयों का दहेज ले जाता है। ज्यादा दहेज लेने वालों को V.I.P. कहा जाता है। जो बात ऊपर से शुरु होती है उसका असर नीचे समाज के हर वर्ग पर पड़ता है। शास्त्रों में लिखा है कि :—

"यद्यदाचरति श्रेष्ट स्ततदेवेतरो जनः
सयत्प्रमाण कुरुते लोकस्तद नुवर्तते"

इन तलाक शुदा औरतों की संख्या बढ़ती ही जायेगी। अधिकतर तलाक दहेज कम लाने के कारण मार पिटाई की वजह से होते हैं। घरों में औरतों को मारा पीटा जाता है। शराब पीकर भी औरतों को पीटा जाता है। इस शराब को बन्द करना चाहिए ताकि घरों में औरतों की दुर्गति न हो। अब तो स्थिति यह हो गई कि नगर निगमों के नागरिक अभिनन्दन समारोहों में भी शराब के दौर चलते हैं। सरकारी पार्टियों में भी शराब चलती है। अगर औरतों की स्थिति में सुधार करना है तो जो कानून बनाए हुए हैं उनको सख्ती से लागू करना होगा। दहेज के खिलाफ कानून को लागू करना होगा। अगर कोई औरत अदालत में जाती है तो वह वकील का खर्चा खुद नहीं कर सकती। यह जो सरकार ने मुफ्त कानूनी सहायता का कागजी प्रबन्ध कर रखा है, उसको भी बेहतर बनाने की जरुरत है कोई औरत तलाक लेती है तो हमारे विधान में यह कानून है कि अपने पति से तलाक लेने के बाद उसको पूरी जिंदगी भर गुजारा भत्ता मिलेगा। लेकिन यह कानून कागजों में ही है। यह प्रैक्टीकली लागू नहीं होता। उसको पहले तलाक के लिए अदालत के चक्कर लगाने पड़ते हैं, और फिर खर्चे के लिए अदालत के दरवाजे खटखटाने पड़ते हैं। इससे उसकी मुश्किलें और बढ़ जाती हैं। इस सारी प्रणाली को आसान किया जाए ताकि उसको बार बार अदालतों के चक्कर न लगाने पड़े।

यहां वर्किंग वुमैन होस्टल की बात हुई है। जितने भी पंजाब में वर्किंग वुमैन होस्टल हैं उनमें महिलाओं को अपने बच्चे साथ रखने की इजाजत नहीं है। अगर सरकार की तरफ से उनको अपने बच्चे होस्टल में बालबाड़ियों या क्रैच बनाकर साथ रखने की आज्ञा मिल जाएगी तो वह सरकारी काम में और सहायता करेगी। औरतों को 498—ए और 406 धारा के अधीन अदालतों में पारिवारिक झगड़ों के निपटारे के लिए जाना पड़ता है और वहां बहुत परेशानी उठानी पड़ती है। उनको अदालतों से फैसला लेने में कई कई साल लग जाते हैं। कोई ऐसा प्रबन्ध सरकार करे कि केवल पारिवारिक मसलों को सुलझाने के लिए अलग अदालतें स्थापित की जाएं और उनका फैसला जल्दी से जल्दी किया जाए।

जो औरतें आतंकवाद के कारण विधवा हो गई हैं उनको अपनी पैंशन लेने के लिए प्रति माह यह प्रमाण पत्र देना पड़ता है कि वह विधवा है। यह समाज के लिए और सरकार के लिये लज्जा की बात है। इस शर्त को हटा देना चाहिए। जिससे वह अपनी पैंशन आसानी से प्राप्त कर सकें।

बच्चों की भलाई के लिए भी बहुत कुछ काम करने वाला है। सुबह जब बड़े आदमी आराम से सो रहे होते हैं तो उस समय छोटे-छोटे गरीब बच्चे ढाबों के पास चाय की दुकानों के पास, फैक्टरियों के पास कूड़ों में से कागज इकट्ठे करते फिरते हैं। रात देर तक किसी होटल या चाय के ढाबे में काम कर रहे होते हैं। दुकानों और होटलों में काम करने वाले बच्चों के काम के घण्टे सरकार को निश्चित करने चाहिए और उसका सख्ती से पालन भी करवाना चाहिए ।

सरकार की तरफ से यह निर्देश होना चाहिये कि जो बच्चा आठ घंटे काम करता है उसको बीच में दो घण्टे कोई काम सीखने के लिए भेजा जाए आज स्थिति यह है कि बच्चे 16 घण्टे भी काम करते हैं बच्चों को न्यूनतम वेतन और काम करने के घण्टों का समय निश्चित होना चाहिये। जैसे सरकार ने यह किया है कि अगर कोई अपना किरायेदार रखता है तो उसकी रेपोर्ट पुलिस स्टेशन में दी जाती है। ऐसे ही यह नियम बना दिया जाये कि जो भी घर में नौकर रखे तो वह अपने शहर में समाज भलाई अफसर को उसके बारे में जानकारी दे और उसको बच्चे प्रति-दिन दो घंटे की छुट्टी दी जाए जिसमें वह कुछ पढ़ना लिखना या कोई हाथ का काम सीख सके। अगर कोई यह जानकारी नहीं देता तो उसके खिलाफ कार्यवाही करनी चाहिये।

बाकि जो महिलायें परित्यक्ता या विधवा हैं उनके लिये आई. टी. आई., पोलीटैक्निक तथा व्यव-सायिक कालेजों में कुछ सीटें आरक्षित होनी चाहियें। विशेष करके विधवा महिलाओं के लिये। ऐसी महिलाओं को नौकरी पाने के लिए निश्चित आयु सीमा में छूट मिलनी चाहिये क्योंकि बहुत सी महिलायें ऐसी हैं जो पढ़ी लिखी तो हैं लेकिन नौकरी नहीं करती। पर जब उनका पति मर जाता है या तलाक हो जाता है तो उसको रोटी के लिये काम करना पड़ता है। उस वक्त उनकी आयु ज्यादा हो जाती है इस लिये उसको काम नहीं मिलता। अंत में, उप सभापति महोदय, मैं इतना जरूर कहना चाहूंगी कि जब कोई महिला यह आरोप लेकर आती है कि उसका अपमान हुआ है तो उसकी शीघ्र अति शीघ्र जांच होनी चाहिये। रामायण में तुलसीदास जी ने भी कहा है कि अगर कोई मनुष्य पर नारी को बुरी निगाह से देखता है तो उसका वध करना भी जायज है। आज हम उनका वध तो नहीं कर सकते लेकिन कानून के कटहरे में तो खड़ा कर सकते हैं। कानून सबके लिये एक होना चाहिये। यह नहीं होना चाहिये कि अमीर के लिये कानून और है, गरीब के लिये और है, जो इन्कम टैक्स देता है उसके लिये कोई और कानून है और जो इन्कम टैक्स नहीं देता उसके लिये कोई और। अगर महिलाओं को सम्मान दिलाने में, न्याय दिलाने में शीघ्र कार्यवाही की जाये तो महिलाओं की जो बाकी कठिनाइयां है वह काफी अपने आप ही दूर हो सकती हैं। इसके साथ ही मैं अपनी बात समाप्त करती हूं। धन्यवाद।

वन्दे मातरम्। जय श्री राम।

ਡਾਕਟਰ (ਸ਼੍ਰੀਮਤੀ) ਮਾਲਤੀ ਥਾਪਰ (ਮੋਗਾ) : ਰਸਪੈਕਟਿਡ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੀ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਅੱਜ ਇਸ ਮਹਾਨ ਸਦਨ ਵਿੱਚ ਸਮਾਂ ਦਿੱਤਾ ਹੈ, ਉਸ ਮਤੇ ਤੇ ਬੋਲਣ ਲਈ ਜਿਹੜਾ ਮਤਾ ਸਾਡੇ ਮਾਨਯੋਗ ਸ਼੍ਰੀ ਰਾਜਿੰਦਰ ਸਿੰਘ ਜੀ ਐਮ.ਐਲ.ਏ. ਨੇ ਇਸ ਹਾਊਸ ਵਿੱਚ ਰੱਖਿਆ ਹੈ ਕਿ ਇਹ ਹਾਊਸ ਰਿਕੁਮੈਂਡ ਸਟੇਟ ਗੌਰਮਿੰਟ ਨੂੰ ਕਰਦਾ ਹੈ। to streamline the present schemes and formulate new schemes for the welfare of women, particularly divorced, separated and deserted and children. ਮੈਂ ਇਸ ਮੱਤੇ ਦਾ ਬਹੁਤ ਹੀ ਸਮਰਥਨ ਕਰਦੀ ਹਾਂ ਔਰ ਇਹ ਸਿਫਾਰਸ਼ ਕਰਦੀ ਹਾਂ ਕਿ ਆਫਟਰ ਡਿਸਕਸ਼ਨ ਇਸ ਨੂੰ ਪਾਸ ਕੀਤਾ ਜਾਵੇ। ਡਿਪਟੀ ਸਪੀਕਰ ਸਾਹਿਬ, ਇਕ ਗੱਲ ਮੈਂ ਆਪਣੇ ਵੱਲੋਂ ਇਸ ਮੱਤੇ ਵਿੱਚ ਐਡ ਕਰਵਾਉਣਾ ਚਾਹੁੰਦੀ ਹਾਂ। ਜਿਥੇ ਅਸੀਂ ਇਹ ਲਿਖਿਆ ਹੈ ਕਿ "for the welfare of women particularly divorced, separated and deserted and children....... ਇਸ ਦੇ ਨਾਲ ਜਿਹੜੀਆਂ ਸਾਡੀਆਂ terrorist affected ladies ਹਨ, ਦੋਨੋ ਤਰ੍ਹਾਂ ਦੀਆਂ, ਇਕ ਤਾਂ ਸਾਡੇ ਪੁਲਿਸ ਕਰਮਚਾਰੀ ਵੀ ਅੱਤਵਾਦ ਦੇ ਹੱਥੋਂ ਮਾਰੇ ਗਏ ਹਨ ਉਨ੍ਹਾਂ ਦੀਆਂ ਵਾਈਫਜ਼ ਹਨ। ਦੂਸਰਾ ਉਹ ਔਰਤਾ ਜਿਹੜੀਆਂ ਟੈਰੋਰਿਸਟ ਦੇ ਥਰੂ ਅਫੈਕਟਿਡ ਹੋਈਆਂ ਹਨ, ਉਨ੍ਹਾਂ ਨੂੰ ਵੀ ਇਸ ਕੈਟਾਗਰੀ ਵਿਚ ਸ਼ਾਮਲ ਕਰ ਲੈਣਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਇਹ ਮਤਾ ਜਿਹੜਾ ਅੱਜ ਸਦਨ ਵਿੱਚ ਆਇਆ ਹੈ ਇਹ ਇੱਕ ਬੜਾ ਹੀ ਇੰਮਪਾਰਟੈਂਟ ਮਤਾ ਹੈ ਔਰ ਬੜੇ ਹੀ ਠੀਕ ਟਾਇਮ ਤੇ ਇਸ ਮਤੇ ਨੂੰ ਸਦਨ ਵਿੱਚ ਲਿਆਂਦਾ ਗਿਆ ਹੈ ਕਿਉਂਕਿ ਤੁਹਾਨੂੰ ਸਾਰਿਆਂ ਨੂੰ ਪਤਾ ਹੀ ਹੈ, ਸਾਨੂੰ ਸਾਰਿਆਂ ਨੂੰ ਵੀ ਪਤਾ ਹੈ ਕਿ ਇਸ ਸਾਲ ਅਸੀਂ ਵੂਮੈਨ ਈਅਰ ਸੈਲੀਬਰੇਟ ਕਰ ਰਹੇ ਹਾਂ ਅਤੇ ਸਮੇਂ ਤੇ ਮੁਤਾਬਿਕ ਦੀ ਇਸ ਮੱਤੇ ਦੀ ਜ਼ਰੂਰਤ ਵੀ ਸੀ, ਕਿਉਂਕਿ ਪਿਛਲੇ 10 ਸਾਲਾਂ ਤੋਂ ਜਿਹੜੀ ਸਾਡੇ ਪੰਜਾਬ ਦੀਆਂ ਔਰਤਾਂ ਦੇ ਨਾਲ, ਮੇਰੀਆਂ ਭੈਣਾਂ ਦੇ ਨਾਲ ਅਤੇ ਮਾਵਾਂ ਦੇ ਨਾਲ ਬੇਇਨਸਾਫੀ ਹੋਈ ਹੈ, ਉਸਦੇ ਲਈ ਇਸ ਮਤੇ ਦਾ ਪੇਸ਼ ਹੋਣਾ ਬਹੁਤ ਹੀ ਜ਼ਰੂਰੀ ਹੈ। ਸਾਨੂੰ ਸਾਰਿਆਂ ਨੂੰ ਪਤਾ ਹੀ ਹੈ ਕਿ ਪਿਛਲੇ 10 ਸਾਲਾਂ ਤੋਂ ਪੰਜਾਬ ਜਿਹੜਾ ਆਤੰਕਵਾਦ ਦੀ ਅੱਗ ਵਿੱਚੋਂ ਲੰਘ ਰਿਹਾ ਸੀ, ਉਸਦਾ ਜਿਹੜਾ ਈਫੈਕਟ ਹੁੰਦਾ ਸੀ ਚਾਹੇ ਕੋਈ ਵੀ ਮਰਦਾ ਸੀ, ਚਾਹੇ ਉਹ ਟੈਰੋਰਿਸਟ ਹੁੰਦਾ ਸੀ ਜਾਂ ਇਨੋਸੈਂਟ ਪਰਸਨ ਹੁੰਦਾ ਸੀ ਜਾਂ ਕੋਈ ਹੋਰ ਹੁੰਦਾ ਸੀ, ਪਰ ਉਸਦਾ ਜਿਹੜਾ ਅਸਰ ਸੀ, ਉਸਦਾ ਜਿਹੜਾ ਈਫੈਕਟ ਸੀ, ਉਹ ਮੇਰੀਆਂ ਭੈਣਾ ਤੇ ਹੁੰਦਾ ਸੀ, ਮਾਵਾਂ ਤੇ ਬੁਢਾਪੇ ਦੇ ਸਹਾਰੇ ਛਿੱਨ ਜਾਂਦੇ ਸਨ, ਉਨ੍ਹਾਂ ਦੇ ਜਿਹੜੇ ਬੱਚੇ ਸਨ ਉਹ ਯਤੀਮ ਹੋ ਜਾਂਦੇ ਸਨ, ਮੇਰੇ ਕਹਿਣ ਦਾ ਮਤਲਬ ਹੈ ਕਿ ਜਿਹੜੀ ਸਾਡੀ ਔਰਤ ਹੈ, ਭੈਣ ਹੈ ਜਾਂ ਮਾਂ ਹੈ, ਉਸਨੇ ਇਸ ਸ੍ਰਿਸ਼ਟੀ ਨੂੰ ਅੱਗੇ ਵਧਾਉਣ ਵਿੱਚ ਬਹੁਤ ਯੋਗਦਾਨ ਪਾਇਆ ਹੈ, ਕਿਸੇ ਖਾਨਦਾਨ ਨੂੰ ਅੱਗੇ ਵਧਾਉਣਾ ਹੋਵੇ ਤਾਂ ਉਸਦੇ ਵਿਚ ਵੀ 50 ਪ੍ਰਤੀਸ਼ਤ ਯੋਗਦਾਨ ਸਾਡਾ ਹੁੰਦਾ ਹੈ। ਜੇ ਕਿਸੇ ਦੇਸ਼ ਨੇ ਤਰੱਕੀ ਕਰਨੀ ਹੁੰਦੀ ਹੈ ਜਾਂ ਦੇਸ਼ ਤਰੱਕੀ ਕਰਦਾ ਹੈ ਉਹ ਇਸ ਲਈ ਕਰਦਾ ਹੈ ਜੇ ਉਥੇ ਦੀਆਂ ਔਰਤਾਂ ਨੂੰ, ਮਾਵਾਂ ਨੂੰ, ਭੈਣਾ ਨੂੰ ਪੂਰਾ ਸਨਮਾਨ ਅਤੇ ਇਜ਼ਤ ਦਿਤੀ ਜਾਵੇ। ਅਸੀਂ ਦੇਖਿਆ ਹੈ ਕਿ ਜਿੱਥੇ ਕਿਤੇ ਵੀ ਕਿਸੇ ਦੇਸ਼ ਵਿੱਚ ਡਾਊਨ-ਫਾਲ ਆਉਂਦਾ ਹੈ, ਉਹ ਉਥੇ ਆਉਂਦਾ ਹੈ ਜਿਥੇ ਇਸ ਵਰਗ ਦੀ ਇਜ਼ਤ ਨਹੀਂ। ਮੇਰੇ ਤੋਂ ਪਹਿਲਾਂ ਹੁਣੇ ਮੇਰੀ ਭੈਣ ਨੇ ਦੱਸਿਆ ਕਿ ਔਰਤਾਂ ਦਾ ਸਨਮਾਨ ਵੈਦਿਕ ਯੁੱਗ ਵਿੱਚ ਬਹੁਤ ਜ਼ਿਆਦਾ ਹੁੰਦਾ ਸੀ, ਇਸ ਵਿੱਚ ਕੋਈ ਸ਼ੱਕ ਨਹੀਂ, ਇਤਿਹਾਸ ਵੀ ਗਵਾਹ ਹੈ ਇਸ ਗੱਲ ਦਾ ਕਿ ਉਸ ਵੱਕਤ ਔਰਤਾਂ ਦੀ ਇਜ਼ਤ ਬਹੁਤ ਜ਼ਿਆਦਾ ਹੁੰਦੀ ਸੀ ਪਰ ਇੱਕ ਗੱਲ ਦਾ ਇਤਿਹਾਸ ਗਵਾਹ ਹੈ ਕਿ ਬੇਸ਼ੱਕ ਉਸ ਵੱਕਤ ਲੋਕਾਂ ਦੇ ਜੋ ਵਿਚਾਰ ਸਨ ਉਹ ਬਹੁਤ ਹੀ ਅੱਛੇ ਹੁੰਦੇ ਸੀ ਪਰ ਫਿਰ ਵੀ ਮੈਨੂੰ ਇਹ ਦੱਸਦੇ ਹੋਏ ਕਈ ਵੇਰ ਬਹੁਤ ਸ਼ਰਮ ਮਹਿਸੂਸ ਹੁੰਦੀ ਹੈ ਕਿ

ਉਸ ਵੱਕਤ ਵੀ ਸਾਡੀ ਮਾਤਾ ਸੀਤਾ ਦਾ ਵੀ ਅਪਹਰਨ ਕੀਤਾ ਗਿਆ ਔਰ ਦਰੋਪਦੀ ਦਾ ਚੀਰ-ਹਰਨ ਵੀ ਭਰੀ ਸਭਾ ਦੇ ਵਿੱਚ ਉਸੇ ਯੁਗ ਵਿੱਚ ਹੋਇਆ। ਇਸ ਦੇ ਬਾਅਦ ਔਰਤਾਂ ਦੀ ਜੋ ਇਜ਼ਤ ਹੁੰਦੀ ਸੀ ਉਹ ਹੌਲੀ ਹੌਲੀ ਘਟਨੀ ਸ਼ੁਰੂ ਹੋਈ। ਪਰ ਫਿਰ ਅਸੀਂ ਦੇਖਿਆ ਕਿ ਜਦੋਂ ਅਸੀਂ ਗੁਲਾਮ ਹੋਏ ਅਤੇ ਅੰਗਰੇਜ਼ਾਂ ਨੇ ਭਾਰਤ ਤੇ ਕਬਜ਼ਾ ਕੀਤਾ, ਉਸਦੇ ਬਾਅਦ ਆਜ਼ਾਦੀ ਦੀ ਲੜਾਈ ਦੇ ਵਿੱਚ ਜਿੰਨਾਂ ਯੋਗਦਾਨ ਸਾਡੇ ਦੂਸਰੇ ਵਰਗ ਨੇ ਪਾਇਆ ਇਸ ਤੋਂ ਵੀ ਜ਼ਿਆਦਾ ਸਾਡੀਆਂ ਮਾਵਾਂ ਨੇ ਭੈਣਾਂ ਵੀ ਅਜ਼ਾਦੀ ਦੀ ਲੜਾਈ ਦੇ ਵਿੱਚ ਹਿੱਸਾ ਲਿਆ ਔਰ ਇਹ ਗੱਲ ਦੱਸਦੇ ਹੋਏ ਮੈਨੂੰ ਮਾਣ ਮਹਿਸੂਸ ਹੁੰਦਾ ਹੈ ਕਿ ਜਿੱਥੇ ਸਾਰੇ ਹਿੰਦੁਸਤਾਨ ਦੀਆਂ ਔਰਤਾਂ ਨੇ ਆਜ਼ਾਦੀ ਦੀ ਲੜਾਈ ਦੇ ਵਿੱਚ ਹਿੱਸਾ ਪਾਇਆ, ਉੱਥੇ ਸਾਡੀਆਂ ਪੰਜਾਬਣਾ ਵੀ ਪਿੱਛੇ ਨਹੀਂ ਹਟੀਆਂ। ਸੱਭ ਤੋਂ ਜ਼ਿਆਦਾ ਮੈਂ ਦੱਸਣਾ ਚਾਹੁੰਦੀ ਹਾਂ ਮਾਤਾ ਜੀਤਾ ਜੀ ਬਾਰੇ, ਜਿਨ੍ਹਾਂ ਨੇ ਸਭ ਤੋਂ ਪਹਿਲਾਂ ਇਸ ਆਜ਼ਾਦੀ ਦੀ ਲੜਾਈ ਦੇ ਵਿੱਚ ਆਪਣਾ ਯੋਗ-ਦਾਨ ਪਾਇਆ ਔਰ ਮਾਤਾ ਗੁਜ਼ਰੀ ਜੀ, ਮੈਂ ਤਾਂ ਉਨ੍ਹਾਂ ਨੂੰ ਇੱਕ ਕੁਰਬਾਨੀ ਦੀ ਪੁੰਜ ਹੀ ਕਹਾਂਗੀ ਜਿਨ੍ਹਾਂ ਨੇ ਆਪਣੇ ਦੇਸ਼ ਦੇ ਲਈ ਸੱਭ ਕੁਝ ਵਾਰਿਆ ਔਰ ਦੇਸ਼ ਦੀ ਇਜ਼ਤ ਨੂੰ ਬਚਾਉਣ ਲਈ ਬਹੁਤ ਜ਼ਿਆਦਾ ਯੋਗਦਾਨ ਪਾਇਆ। ਅੱਜ ਸੋਸ਼ਲ ਵੈਲਫੇਅਰ ਡੀਪਾਰਟਮੈਂਟ ਸਾਡੀਆਂ ਔਰਤਾਂ ਅਤੇ ਬੱਚਿਆਂ ਲਈ ਡਿਵੈਲਪਮੈਂਟ ਕੰਮ ਕਰ ਰਿਹਾ ਹੈ। ਪਰ ਮੈਂ ਇਹ ਦੱਸਣਾ ਚਾਹੁੰਦੀ ਹਾਂ ਕਿ ਬੇਸ਼ਕ ਕਾਫੀ ਸਕੀਮਾਂ ਹਨ ਜਿਸ ਵਿਚ ਇੱਕ ਸਕੀਮ ਸਪੈਸ਼ਲ ਔਰਤਾਂ ਲਈ ਹੈ ਕਿ ਉਨ੍ਹਾਂ ਨੂੰ ਫਾਈਨੈਂਸ਼ਲ ਅਸਿਸਟੈਂਸ ਦਿੱਤੀ ਜਾਂਦੀ ਹੈ। ਜਦੋਂ ਸਾਡੀ ਕੋਈ ਭੈਣ ਵਿਧਵਾ ਹੋ ਜਾਂਦੀ ਹੈ ਜਾਂ ਡੈਸਟੀਚਿਊਟ ਹੋ ਜਾਂਦੀ ਹੈ, ਬੇਸਹਾਰਾ ਹੋ ਜਾਂਦੀ ਹੈ, ਉਸ ਨੂੰ ਕੋਈ ਸਹਾਰਾ ਨਹੀਂ ਮਿਲਦਾ, ਉਨ੍ਹਾਂ ਨੂੰ ਫਾਈਨੈਂਸ਼ਲ ਅਸਿਸਟੈਂਸ ਦਿੱਤੀ ਜਾਂਦੀ ਹੈ। ਪਰ ਸਪੀਕਰ ਸਾਹਿਬ, ਜਿਹੜੀ ਗੱਲ ਮੈਂ ਕਹਿਣਾ ਚਾਹੁੰਦੀ ਹਾਂ ਕਿ ਇਹ ਫਾਈਨੈਂਸ਼ਲ ਅਸਿਸਟੈਂਸ ਉਨ੍ਹਾਂ ਔਰਤਾਂ ਨੂੰ ਦਿਤੀ ਜਾਂਦੀ ਹੈ ਜਿਨ੍ਹਾਂ ਦੀ ਉਮਰ 60 ਸਾਲ ਤੋਂ ਥੱਲੇ ਹੁੰਦੀ ਹੈ ਅਤੇ ਜਿਹੜੀ ਉਨ੍ਹਾਂ ਨੂੰ ਏਡ ਦਿੱਤੀ ਜਾਂਦੀ ਹੈ, ਉਹ ਵੀ ਬਹੁਤ ਘੱਟ ਹੈ। 150 ਰੁਪਏ ਪ੍ਰਤੀ ਮਹੀਨਾ ਬਹੁਤ ਘੱਟ ਹੈ ਅਤੇ ਮੈਂ ਸੋਚਦੀ ਹਾਂ ਕਿ ਅੱਜ-ਕੱਲ੍ਹ ਤੁਹਾਨੂੰ ਵੀ ਪਤਾ ਹੈ ਕਿ ਮਹਿੰਗਾਈ ਕਿੰਨੀ ਜ਼ਿਆਦਾ ਹੋ ਗਈ ਹੈ। 150 ਰੁਪਏ ਨਾਲ ਤਾਂ ਦਸ ਦਿਨ ਵੀ ਨਹੀਂ ਚਲ ਸਕਦੇ। ਸੋ ਮੇਰੀ ਬੇਨਤੀ ਹੈ ਕਿ ਇਹ ਫਾਈਨੈਂਸ਼ਲ ਅਸਿਸਟੈਂਸ ਨੂੰ 150 ਰੁਪਏ ਤੋਂ, ਜਿਸ ਤਰ੍ਹਾਂ ਫਰੀਡਮ ਫਾਈਟਰਜ਼ ਨੂੰ ਦਿੰਦੇ ਹਾਂ, ਕੰਮ-ਅਜ਼-ਕੰਮ 500 ਰੁਪਏ ਕਰਨੀ ਚਾਹਦੀ ਹੈ। ਦੂਸਰਾ ਮੇਰਾ ਪੁਆਇੰਟ ਇਹ ਹੈ ਕਿ ਇਸ ਵਿਚ ਕੋਈ ਸ਼ਰਤ ਨਹੀਂ ਹੋਣੀ ਚਾਹੀਦੀ ਕਿ ਜਿਵੇਂ ਮੇਰੀ ਕੋਈ ਭੈਣ ਵਿਧਵਾ ਹੈ, ਉਸ ਦਾ ਬੱਚਾ 16 ਸਾਲ ਤੋਂ ਵੱਧ ਨਾ ਹੋਵੇ ਜਾਂ ਕਮਾਉਂਦਾ ਹੋਵੇ ਕਿਉਂਕਿ ਜਿਸ ਤਰ੍ਹਾਂ ਦੇਖਿਆ ਗਿਆ ਹੈ ਕਿ ਜਦੋਂ ਕੋਈ ਔਰਤ ਵਿਧਵਾ ਹੋ ਜਾਂਦੀ ਹੈ ਤਾਂ ਠੀਕ ਹੈ ਕਿ ਉਸ ਦੇ ਬੱਚੇ ਅਗਰ ਲਾਇਕ ਨਿਕਲਣ ਤਾਂ ਉਨ੍ਹਾਂ ਦੀ ਮਦਦ ਕਰਦੇ ਹਨ ਪਰ ਜੇ ਉਸ ਨੂੰ ਪੈਨਸ਼ਨ ਆਪਣੇ ਬੱਚੇ ਤੋਂ ਇਲਾਵਾ ਵੀ ਮਿਲਦੀ ਰਹੇਗੀ ਤਾਂ ਉਸਦਾ ਜਿਹੜਾ ਆਪਣਾ ਕਰੈਕਟਰ ਹੈ, ਆਪਣਾ ਜਿਹੜਾ ਆਤਮ-ਵਿਸ਼ਵਾਸ ਹੈ, ਉਹ ਵਧੇਗਾ। ਨਾਲ ਹੀ ਨਾਲ ਉਸ ਦੇ ਬੱਚੇ ਆਪਣੀ ਮਾਂ ਦੀ ਕਦਰ ਪਾਉਣਗੇ ਕਿ ਉਸ ਨੂੰ ਪੈਨਸ਼ਨ ਮਿਲਦੀ ਹੈ ਅਤੇ ਇਸ ਤਰ੍ਹਾਂ ਉਹ ਵੀ ਆਪਣਾ ਇੱਜ਼ਤ-ਮਾਣ ਦੇਣਗੇ।

ਦੂਸਰੀ ਸਕੀਮ ਹੈ, ਹੋਮ ਦੀ ਜਿਹੜਾ ਜਲੰਧਰ ਵਿਚ ਹੈ ਪਰ ਡਿਪਟੀ ਸਪੀਕਰ ਸਾਹਿਬ, ਮੈਂ ਇਹ ਦੱਸਣਾ ਚਾਹੁੰਦੀ ਹਾਂ ਕਿ ਇਹ ਸੰਨ 1947 ਦਾ ਬਣਿਆ ਹੋਇਆ ਹੈ ਅਤੇ ਇਸ ਵਿਚ ਕਈ ਖਾਮੀਆਂ ਹਨ। ਇਸ ਪਾਸੇ ਸਾਨੂੰ ਕਾਫੀ ਧਿਆਨ ਦੇਣਾ ਚਾਹੀਦਾ ਹੈ। ਬਹੁਤ ਜ਼ਿਆਦਾ ਟਰੇਨਿੰਗ ਇਨ੍ਹਾਂ ਇੰਸਟੀਚਿਊਸ਼ਨਜ਼ ਵਿਚ ਦੇਣੀ ਚਾਹੀਦੀ ਹੈ ਜਿਸ ਤਰ੍ਹਾਂ ਟਰੇਨਿੰਗ, ਹੌਜਰੀ, ਵੀਵਿੰਗ ਅਤੇ

[ਡਾਕਟਰ (ਸ੍ਰੀਮਤੀ) ਮਾਲਤੀ ਥਾਪਰ]

ਹੋਰ ਵੀ ਸਹੂਲਤਾਂ ਦੇਣੀਆਂ ਚਾਹੀਦੀਆਂ ਹਨ ਤਾਂ ਕਿ ਸਾਡੀਆਂ ਔਰਤਾਂ ਜਿਹੜੀਆਂ ਆਪਣੀ ਜ਼ਿੰਦਗੀ ਤੋਂ ਮਾਯੂਸ ਹੋ ਚੁੱਕੀਆ ਹਨ, ਉਹ ਇਨ੍ਹਾਂ ਹੋਮਜ਼ ਵਿਚ ਜਾ ਕੇ ਟ੍ਰੇਨਿੰਗ ਲੈ ਸਕਣ ਅਤੇ ਸੈਲਫ ਸਫੀਸ਼ੀਐਂਟ ਹੋ ਸਕਣ ਔਰ ਗੁਜ਼ਾਰਾ ਕਰ ਸਕਣ। ਇਸ ਤੋਂ ਇਲਾਵਾ ਮੇਰੀ ਇਹ ਵੀ ਰੀਕੁਐਸਟ ਹੈ ਕਿ ਇੱਥੇ ਜਲੰਧਰ ਵਿਚ ਸਿਰਫ ਇੱਕ ਹੋਮ ਹੈ। ਸਰਕਾਰ ਨੂੰ ਕੋਸ਼ਿਸ਼ ਕਰਕੇ ਇਹੋ ਜਿਹੇ 3-4 ਹੋਮਜ਼ ਹੋਰ ਪੰਜਾਬ ਸਟੇਟ ਵਿਚ ਖੋਲ੍ਹਣੇ ਚਾਹੀਦੇ ਹਨ। ਜੇ ਹਰ ਡਿਸਟ੍ਰਿਕਟ ਵਿਚ ਨਹੀਂ ਖੋਲ੍ਹ ਸਕਦੇ ਤਾਂ ਘੱਟੋ-ਘੱਟ 3-4 ਜ਼ਰੂਰ ਖੋਲੇ ਜਾਣ ਤਾਂ ਕਿ ਮੇਰੀਆਂ ਸੈਂਕੜੇ ਭੈਣਾਂ ਸੈਲਫ ਸ਼ਫੀਸ਼ੀਸੈਂਟ ਬਣ ਸਕਣ। ਇੱਕ ਹੋਰ ਸਟੇਟ ਪ੍ਰੋਟੈਕਟਿਵ ਹੋਮ ਜਲੰਧਰ ਵਿਚ ਬਣਾਇਆ ਗਿਆ ਹੈ ਜਿਸ ਵਿਚ ਜਿਹੜੀਆਂ ਮੇਰੀਆਂ ਭੈਣਾਂ ਤੇ ਕਿਸੀ ਵਜ੍ਹਾ ਨਾਲ ਇਲਜ਼ਾਮ ਲੱਗਦੇ ਹਨ ਤਾਂ ਉਨ੍ਹਾਂ ਨੂੰ ਕਚਹਿਰੀਆਂ ਜਾਂ ਕੋਰਟਾਂ ਵਿਚ ਸਜ਼ਾ ਮਿਲਦੀ ਹੈ, ਉਨ੍ਹਾਂ ਨੂੰ ਉਥੇ ਰੱਖਿਆ ਜਾਂਦਾ ਹੈ। ਮੇਰੀ ਬੇਨਤੀ ਹੈ ਕਿ ਅਸੀਂ ਉਨ੍ਹਾਂ ਨੂੰ ਜ਼ਿਆਦਾ ਵੋਕੇਸ਼ਨਲ ਟ੍ਰੇਨਿੰਗ ਦੇਈਏ ਅਤੇ ਉਨ੍ਹਾਂ ਨੂੰ ਉਤਸ਼ਾਹਿਤ ਕਰੀਏ। ਜੇ ਉਹ ਹੋਰ ਪੜ੍ਹਨਾ ਚਾਹੁਣ ਤਾਂ ਉਨ੍ਹਾਂ ਨੂੰ ਅਜੂਕੇਸ਼ਨ ਦੀ ਫੈਸਿਲਟੀਜ਼ ਵੀ ਦੇਈਏ ਤਾਂ ਕਿ ਉਹ ਜ਼ਿਆਦਾ ਪੜ੍ਹ-ਲਿਖ ਕੇ ਦੇਸ਼ ਦੇ ਭਵਿਖ ਲਈ ਸਾਡੇ ਨਾਲ ਬਰਾਬਰ ਖੜ੍ਹਾ ਹੋ ਕੇ ਯੋਗਦਾਨ ਪਾ ਸਕਣ।

ਨਾਰੀ ਨਿਕੇਤਨ ਦੇ ਬਾਰੇ ਮੈਂ ਦੱਸਣਾ ਚਾਹੁੰਦੀ ਹਾਂ ਕਿ ਅੰਮ੍ਰਿਤਸਰ ਦੇ ਵਿੱਚ ਇਕ ਨਾਰੀ ਨਿਕੇਤਨ ਹੈ ਔਰ ਮੋਸਟਲੀ ਇਹੀ ਇਕ ਨਿਕੇਤਨ ਕੰਮ ਕਰ ਰਿਹਾ ਹੈ ਕਾਫੀ ਸਾਲਾਂ ਤੋਂ ਜਿਥੇ ਡੈਸਟ ਚਿਊਟ ਵਿਮੈਨ ਆਉਂਦੀਆਂ ਹਨ ਪਰ, ਸਰ, ਮੈਂ ਫਿਰ ਦੱਸਣਾ ਚਾਹੁੰਦੀ ਹਾਂ ਕਿ ਸਿਰਫ ਇਕ ਨਾਰੀ ਨਿਕੇਤਨ ਹੀ ਅੰਮ੍ਰਿਤਸਰ ਵਿੱਚ ਸਾਰੇ ਪੰਜਾਬ ਵਿੱਚ ਕੰਮ ਕਰ ਰਿਹਾ ਹੈ ਔਰ ਉਸ ਦੇ ਵਿੱਚ ਵੀ ਬਹੁਤ੍ਰ ਜ਼ਿਆਦਾ ਚੇਂਜਿਜ਼ ਲਿਆਉਣ ਦੀ ਜ਼ਰੂਰਤ ਹੈ। ਸਾਨੂੰ ਨਾਰੀ ਨਿਕੇਤਨ ਹੋਰ ਜ਼ਿਆਦਾ ਖੋਲ੍ਹਣੇ ਚਾਹੀਦੇ ਹਨ।

ਇਸ ਤੋਂ ਇਲਾਵਾ ਮੇਰੇ ਕੁਝ ਹੋਰ ਸੁਜੈਸ਼ਨਜ਼ ਹਨ। ਪੰਜਾਬ ਦੀਆਂ ਬੇਸਹਾਰਾ ਵਿਧਵਾਵਾਂ ਜੋ ਹਨ ਉਨ੍ਹਾਂ ਵਾਸਤੇ ਹੋਰ ਕਈ ਸਕੀਮਾਂ ਹਨ, ਉਨ੍ਹਾਂ ਵਾਸਤੇ ਜਿਹੜੇ ਡੈਸਟੀਚਿਊਟ ਹੋਮ ਹਨ ਮੇਰੇ ਖਿਆਲ ਵਿਚ ਸਾਨੂੰ ਇਹ ਡੈਸਟੀਚਿਊਟ ਹੋਮ ਜ਼ਿਆਦਾ ਤੋਂ ਜ਼ਿਆਦਾ ਬਣਾਉਣੇ ਚਾਹੀਦੇ ਹਨ। ਮੈਂ ਇਸ ਦੇ ਵਿੱਚ ਇਕ ਗੱਲ ਦੱਸਣਾ ਚਾਹੁੰਦੀ ਹਾਂ ਕਿ ਪਿਛਲੇ ਸਾਲ 23 ਮਾਰਚ ਨੂੰ ਜਦੋਂ ਸੀ. ਐਮ. ਸਾਹਿਬ ਮੋਗੇ ਗਏ ਸੀ ਤਾਂ ਉਨ੍ਹਾਂ ਨੇ ਉਥੇ ਮੋਗੇ ਦੇ ਵਿੱਚ ਡੈਸਟੀਚਿਊਟ ਹੋਮ ਬਣਾਉਣ ਦੇ ਵਾਸਤੇ ਐਲਾਨ ਕਰਕੇ ਆਏ ਸੀ, ਮੈਂ ਤੁਹਾਡੇ ਰਾਹੀਂ, ਡਿਪਟੀ ਸਪੀਕਰ ਸਾਹਿਬ, ਬੇਨਤੀ ਕਰਨਾ ਚਾਹੁੰਦੀ ਹਾਂ ਕਿ ਮੋਗੇ ਦੇ ਵਿੱਚ ਡੈਸਟੀਚਿਊਟ ਹੋਮ ਦੀ ਬਹੁਤ ਜ਼ਿਆਦਾ ਜ਼ਰੂਰਤ ਹੈ ਇਸ ਲਈ ਉਸ ਦੇ ਬਣਾਉਣ ਦੇ ਲਈ ਜਲਦੀ ਤੋਂ ਜਲਦੀ ਕਦਮ ਚੁੱਕੇ ਜਾਣ ਤਾਂ ਕਿ ਇਲਾਕੇ ਦੀਆਂ ਜਿਹੜੀਆਂ ਮੇਰੀਆਂ ਐਸੀਆਂ ਭੈਣਾਂ ਹਨ ਉਨ੍ਹਾਂ ਨੂੰ ਬਹੁਤ ਜ਼ਿਆਦਾ ਫਾਇਦਾ ਹੋ ਸਕੇ। ਕੁਝ ਹੋਰ ਸਕੀਮਾਂ ਵੀ ਹਨ ਜੋ ਬੜੀਆਂ ਚੰਗੀਆਂ ਹਨ। ਜਿਸ ਤਰ੍ਹਾਂ ਇਥੇ ਸ੍ਰੀਮਤੀ ਵਿਮਲਾ ਡਾਂਗ ਜੀ ਨੇ ਜ਼ਿਕਰ ਕੀਤਾ ਹੈ ਮੈਂ ਵੀ ਕਹਿਣਾ ਚਾਹੁੰਦੀ ਹਾਂ ਕਿ ਇਮਿਊਨੀਜ਼ੇਸ਼ਨ ਜੋ ਹੈ ਉਸ ਦੇ ਉਪਰ ਜ਼ੋਰ ਦੇਣਾ ਚਾਹੀਦਾ ਹੈ ਔਰ ਮੈਂ ਤਾਂ ਇਹ ਰਿਕੁਐਸਟ ਕਰਨਾ ਚਾਹੁੰਦੀ ਹਾਂ ਕਿ ਇਸ ਦੇ ਲਈ ਕੋਈ ਦਿਨ ਫਿਕਸ ਕਰਨਾ ਚਾਹੀਦਾ ਹੈ, ਜਿਸ ਦੇ ਵਿੱਚ ਨਵੇਂ ਜਮੇ ਬੱਚੇ ਨੂੰ ਇਹ ਲਾਇਆ ਜਾਵੇ। ਜਿਸ ਤਰ੍ਹਾਂ ਬੀ. ਸੀ. ਜੀ. ਵੈਕਸੀਨੇਸ਼ਨ ਬੱਚੇ ਨੂੰ ਹਫਤੇ ਵਿੱਚ ਲਗਣੀ ਚਾਹੀਦੀ ਹੈ ਇਸੇ ਤਰ੍ਹਾਂ ਇਹ ਵੀ ਨਵੇਂ ਜੰਮੇ ਬੱਚੇ ਨੂੰ ਲਗਣਾ ਚਾਹੀਦਾ ਹੈ ਪਰ ਪਿੰਡਾਂ ਵਿਚ ਇਸ ਦਾ ਕੋਈ ਇੰਤਜ਼ਾਮ ਨਹੀਂ, ਮੈਂ ਦੇਖਿਆ ਹੈ ਕਿ ਸ਼ਹਿਰਾਂ ਦੇ ਵਿੱਚ ਵੀ ਇਸ ਦਾ ਕੋਈ ਖਾਸ ਧਿਆਨ ਨਹੀਂ ਦਿਤਾ ਜਾਂਦਾ। ਵਨਸ-ਇਨ-ਏ ਮੰਥ ਇਹ ਖੋਲ੍ਹੀ ਜਾਂਦੀ ਹੈ।

ਇਸ ਦੇ ਵਿੱਚ ਇਹ ਗੱਲ ਹੈ ਕਿ ਇਕ ਵਾਰੀ ਇਹ ਖੋਲ੍ਹ ਦੇਵੋ ਤਾਂ ਸਾਰੀ ਦੀ ਸਾਰੀ ਇਸਤੇਮਾਲ ਕਰਨੀ ਚਾਹੀਦੀ ਹੈ। ਮੇਰੀ ਰਾਇ ਹੈ, ਮੇਰਾ ਸੁਜੈਸ਼ਨ ਹੈ ਕਿ ਇਮਿਊਨੀਜ਼ੇਸ਼ਨ ਦੇ ਉਪਰ ਬਹੁਤ ਜ਼ਿਆਦਾ ਜ਼ੋਰ ਦੇਣਾ ਚਾਹੀਦਾ ਹੈ। ਇਸ ਦੇ ਵਿਚ ਜ਼ਿਆਦਾ ਖਰਚ ਵੀ ਨਹੀਂ ਆਉਂਦਾ ਪਰ ਇਸ ਦਾ ਫਾਇਦਾ ਇਹ ਹੈ ਕਿ ਇਸ ਦੇ ਨਾਲ ਜਿਹੜੇ ਬੱਚੇ ਹੋਣਗੇ ਉਹ ਹੈਲਦੀ ਪੈਦਾ ਹੋਣਗੇ, ਚੰਗੇ ਰਹਿਣਗੇ, ਠੀਕ ਰਹਿਣਗੇ ਔਰ ਦੇਸ਼ ਦੀ ਉਨਤੀ ਵਾਸਤੇ ਚੰਗਾ ਪਾਰਟੀਸੀਪੇਟ ਕਰਨਗੇ। ਇਹ ਜਿਹੜੀਆਂ ਸਕੀਮਾਂ ਹਨ ਇਹ, ਸਰ, ਆਲਰੈਡੀ ਹਨ ਪਰ ਇਹ ਘੱਟ ਹਨ। ਇਹ 62 ਬਲਾਕਸਾ ਵਿੱਚ ਸਕੀਮਾਂ ਹਨ ਪਰ ਟਾਰਗੇਟ ਜ਼ਿਆਦਾ ਰੱਖਿਆ ਹੈ। ਇਨ੍ਹਾਂ ਸਕੀਮਾਂ ਨੂੰ ਅਸੀਂ ਬਹੁਤ ਜ਼ਿਆਦਾ ਫੰਡ ਦੇਈਏ ਅਤੇ ਉਤਸਾਹਤ ਕਰੀਏ ਤਾਂਕਿ ਸਾਰੇ ਪੰਜਾਬ ਨੂੰ ਕਵਰ ਕਰ ਸਕੀਏ। ਫੈਮਿਲੀ ਐਂਡ ਚਾਈਲਡ ਵੈਲਫੇਅਰ ਪ੍ਰੋਜੈਕਟਸ ਹਨ ਉਸ ਦੇ ਪੰਜ ਸੈਂਟਰ ਹਨ ਡੇਰਾ ਬਸੀ, ਮਾਨਸਾ, ਪੱਖੋਵਾਲ ਅਤੇ ਸੁਨਾਮ, ਇਨ੍ਹਾਂ ਜਗ੍ਹਾ ਤੇ ਸੈਂਟਰ ਹਨ ਪਰ ਇਹ ਪੰਜ ਸੈਂਟਰ ਬਹੁਤ ਥੋੜੇ ਹਨ। ਮੇਰੀ ਰਿਕੁਐਸਟ ਹੈ ਕਿ ਹੋਰ ਸੈਂਟਰ ਖੋਲ੍ਹੇ ਜਾਣ ਔਰ ਇਨ੍ਹਾਂ ਸੈਂਟਰਾਂ ਵਿੱਚ ਵੈਕਸੀਨੇਸ਼ਨ ਦੀ ਟਰੇਨਿੰਗ ਔਰਤਾਂ ਨੂੰ ਦਿੱਤੀ ਜਾਵੇ। ਬੱਚੇ ਸਾਡੇ ਦੇਸ਼ ਦਾ ਭਵਿਖ ਹਨ। ਉਨ੍ਹਾਂ ਦਾ ਉਨਾ ਹੀ ਯੋਗਦਾਨ ਹੈ ਦੇਸ਼ ਦੀ ਤਰੱਕੀ ਵਾਸਤੇ ਜਿੰਨਾ ਕਿਸੇ ਹੋਰ ਦਾ ਹੈ। ਫਾਈਨਾਂਸ਼ੀਅਲ ਅਸਿਸਟੈਂਸ ਟੂ ਡੀਪੈਂਡੈਂਟ ਚਿਲਡਰਨ ਬਾਰੇ ਮੈਂ ਕਹਿਣਾ ਚਾਹੁੰਦੀ ਹਾਂ ਕਿ ਜਿਵੇਂ ਪੰਜਾਬ ਦੇ ਹਾਲਾਤ ਕਾਰਨ ਮੇਰਾ ਖਿਆਲ ਹੈ ਕਿ ਹਜ਼ਾਰਾ ਸਾਡੇ ਬਚੇ ਯਤੀਮ ਹੋਏ ਹਨ ਉਨ੍ਹਾਂ ਦੇ ਲਈ ਸਾਡੇ ਵੈਲਫੇਅਰ ਡੀਪਾਰਟਮੈਂਟ ਨੇ ਫਾਈਨਾਂਸੀਅਲ ਅਸਿਸਟੈਂਸ ਟੂ ਡੀਪੈਂਡੈਂਟ ਚਿਲਡਰਨ ਸਕੀਮ ਬਣਾਈ ਹੈ। ਇਸ ਵਿੱਚ ਉਨ੍ਹਾਂ ਬੱਚਿਆਂ ਨੂੰ ਸਕੀਮ ਦਾ ਫਾਇਦਾ ਮਿਲਦਾ ਹੈ ਜਿਹੜੇ 16 ਸਾਲ ਤੋਂ ਥੱਲੇ ਹਨ ਔਰ ਫਾਇਦਾ ਵੀ ਸਿਰਫ 50 ਰੁਪਏ ਮਹੀਨਾ ਦਿੱਤਾ ਜਾਂਦਾ ਹੈ। ਜਿਥੇ ਤੁਸੀਂ ਜਾਣਦੇ ਹੋ ਕਿ ਬੱਚਿਆਂ ਦੀ ਪੜ੍ਹਾਈ ਦਾ ਖਰਚਾ, ਠੀਕ ਹੈ ਭਾਵੇਂ ਫਰੀ ਐਜੂਕੇਸ਼ਨ ਦੇ ਦਿਉ, 50 ਰੁਪਏ ਮਹੀਨਾ ਬਹੁਤ ਘੱਟ ਹੈ। ਇਹ ਉਸ ਫੈਮਿਲੀ ਨੂੰ ਜਿਹੜੇ ਬੱਚੇ ਅਡਾਪਟ ਕਰ ਲੈਂਦੇ ਹਨ, ਉਹ 2 ਬੱਚਿਆਂ ਤੋਂ ਜ਼ਿਆਦਾ ਬੱਚਿਆਂ ਨੂੰ ਅਡਾਪਟ ਨਹੀ ਕਰ ਸਕਦੇ ਇਸ ਦੇ ਵਿੱਚ ਮੇਰੀ ਸੁਜੈਸ਼ਨ ਹੈ ਕਿ ਸਾਨੂੰ ਚਾਹੀਦਾ ਹੈ ਕਿ ਇਨ੍ਹਾਂ ਨੂੰ ਅਸੀਂ ਹੋਰ ਜ਼ਿਆਦਾ ਫਾਈਨਾਂਸ਼ਲ ਏਡ ਦੇਈਏ। ਇਨ੍ਹਾਂ ਦੇ 50 ਰੁਪਏ ਤੋਂ ਦੋ ਸੌ ਰੁਪਏ ਕਰ ਦਿੱਤੇ ਜਾਣ। ਇਹਨਾਂ ਬੱਚਿਆਂ ਨੂੰ ਉਹ ਸਹੂਲਤਾਂ ਮਿਲਣ, ਜਿਹੜੀਆਂ ਸਾਡੇ ਸ਼ਡਿਊਲਡ ਕਾਸਟਸ ਬੱਚਿਆਂ ਨੂੰ ਦਿੱਤੀਆਂ ਜਾਂਦੀਆਂ ਹਨ ਕਿਉਂਕਿ ਇਹ ਵੀ ਇਕ ਕਿਸਮ ਦੇ ਯਤੀਮ ਬੱਚੇ ਹਨ ਇਨ੍ਹਾਂ ਦਾ ਕੋਈ ਸੋਰਸ ਆਫ ਇਨਕਮ ਨਹੀਂ ਹੈ। ਇਨ੍ਹਾਂ ਨੂੰ ਸਕੂਲਾਂ ਵਿਚ ਸਟਾਈਫੰਡ ਮਿਲਣਾ ਚਾਹੀਦਾ ਹੈ, ਇਸ ਦੇ ਨਾਲ ਹੀ ਫਰੀ ਬੁਕਸ ਵਗੈਰਾ ਵੀ ਦਿਤੀਆਂ ਜਾਣੀਆਂ ਚਾਹੀਦੀਆਂ ਹਨ। ਮੈਂ ਇਸ ਗੱਲ ਤੇ ਜ਼ਿਆਦਾ ਇਸ ਕਰਕੇ ਜ਼ੋਰ ਦੇ ਰਹੀ ਹਾਂ ਕਿ ਤੁਹਾਨੂੰ ਯਾਦ ਹੋਵੇਗਾ 8 ਮਹੀਨਿਆਂ ਦੀ ਗੱਲ ਹੈ ਸਾਡੇ ਜਗਰਾਉਂ ਦੀ ਇਕ ਫੈਮਲੀ ਸੀ ਜਿਸ ਵਿਚ ਦੋਨੋਂ ਮਾਂ ਬਾਪ ਨੂੰ ਮਾਰ ਦਿੱਤਾ ਗਿਆ ਸੀ। ਉਹ ਮੋਗੇ ਨੂੰ ਬੀਲੌਂਗ ਕਰਦੇ ਸਨ। ਜਦੋਂ ਉਨ੍ਹਾਂ ਦਾ ਸੰਸਕਾਰ ਹੋਇਆ ਤਾਂ ਪਤਾ ਲਗਿਆ ਕਿ ਉਨ੍ਹਾਂ ਦੇ ਤਿੰਨ ਬੱਚੇ ਸਨ, ਦੋ ਲੜਕੀਆਂ ਅਤੇ ਇਕ ਲੜਕਾ। ਅਸੀਂ ਕਿਹਾ ਕਿ ਅਸੀਂ ਇਨ੍ਹਾਂ ਲਈ ਸਭ ਕੁਝ ਕਰਾਂਗੇ ਪਰ ਉਨ੍ਹਾਂ ਦੇ ਰਿਸ਼ਤੇਦਾਰਾਂ ਨੇ ਕਿਹਾ ਕਿ ਅਸੀਂ ਇਨ੍ਹਾਂ ਨੂੰ ਪੜ੍ਹਾਵਾਂਗੇ ਅਤੇ ਉਨ੍ਹਾਂ ਨੇ ਰੱਖ ਲਏ। ਉਨ੍ਹਾਂ ਵਿਚੋਂ ਇਕ ਨੂੰ ਭੂਆ ਨੇ ਰੱਖ ਲਿਆ, ਇਕ ਮਾਮੇ ਲੈ ਗਏ ਅਤੇ ਇਕ ਤਾਏ ਨੇ ਰੱਖਿਆ। ਇਕ ਤਾਂ ਹਾਲਾਤ ਕਰਕੇ ਉਹ ਯਤੀਮ ਹੋਏ ਅਤੇ ਦੂਸਰੇ ਭੈਣ ਭਰਾ ਵੀ ਇਕੱਠੇ ਨਹੀਂ ਰਹਿਣ ਦਿੱਤੇ ਗਏ।

[ਡਾਕਟਰ (ਸ੍ਰੀਮਤੀ) ਮਾਲਤੀ ਥਾਪਰ]

ਆਖਿਰ ਵਿਚ ਮੈਂ ਇਹ ਕਹਿਣਾ ਚਾਹੁੰਦੀ ਹਾਂ ਕਿ ਸਾਡੇ ਕੋਲ ਸਕੀਮਾਂ ਬਹੁਤ ਅੱਛੀਆਂ ਹਨ, ਮੈਂ ਚਾਹੁੰਦੀ ਹਾਂ ਕਿ ਅਸੀਂ ਕੁਝ ਹੋਰ ਕਰੀਏ। ਜਿਸ ਤਰ੍ਹਾਂ ਮਿਸਿਜ਼ ਡਾਗ ਨੇ ਕਿਹਾ ਹੈ ਕਿ ਸੈਂਟਰ ਲੈਵਲ ਤੇ ਇਕ ਵੂਮੈਨ ਕਮਿਸ਼ਨ ਸਥਾਪਤ ਕੀਤਾ ਗਿਆ ਹੈ ਪਰ ਪੰਜਾਬ ਵਿਚ ਹਾਲੇ ਤਕ ਨਹੀਂ ਕੀਤਾ ਗਿਆ। ਮੈਂ ਬੇਨਤੀ ਕਰਨਾ ਚਾਹੁੰਦੀ ਹਾਂ ਕਿ ਸਾਡੇ ਪੰਜਾਬ ਵਿਚ ਵੀ ਉਸ ਤਰ੍ਹਾਂ ਦਾ ਇਕ ਕਮਿਸ਼ਨ ਸਥਾਪਿਤ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਅਸੀਂ ਔਰਤਾਂ ਦੇ ਅਧਿਕਾਰਾਂ ਦੀ ਰਖਸ਼ਾ ਕਰ ਸਕੀਏ ਔਰ ਔਰਤਾਂ ਨੂੰ ਇਨੇਂ ਅਧਿਕਾਰ ਦੇ ਸਕੀਏ ਕਿ ਉਹ ਸੈਲਫ ਸ਼ਫੀਸ਼ੈਂਟ ਹੋ ਜਾਣ ਅਤੇ ਸਾਡੇ ਦੇਸ਼ ਦੀ ਤਰੱਕੀ ਵਿਚ ਯੋਗਦਾਨ ਪਾ ਸਕਣ।

ਇਸ ਤੋਂ ਬਾਅਦ ਮੈਂ ਕਹਿਣਾ ਚਾਹੁੰਦੀ ਹਾਂ ਕਿ ਮੈਂ ਇਸ ਹੱਕ ਵਿਚ ਬਿਲਕੁਲ ਨਹੀਂ ਕਿ ਬੱਚੇ ਮਜ਼ਦੂਰੀ ਕਰਨ। ਅਸੀਂ ਉਨ੍ਹਾਂ ਨੂੰ ਮਜ਼ਬੂਰ ਕਰ ਦੇਈਏ ਕਿ ਬਜਾਏ ਮਜ਼ਦੂਰੀ ਕਰਨ ਦੇ ਉਹ ਕਿਤਾਬਾਂ ਅਤੇ ਬਸਤੇ ਲੈ ਕੇ ਆਪਣਾ ਫਿਊਚਰ ਬਣਾਉਣ। ਮੈਂ ਚਾਈਲਡ ਲੇਬਰ ਐਕਟ ਨੂੰ ਬਿਲਕੁਲ ਕੰਡੈਮ ਕਰਦੀ ਹਾਂ, ਇਸ ਦੀ ਸਖਤ ਨਿਖੇਧੀ ਕਰਦੀ ਹਾਂ ਇਹ ਬਿਲਕੁਲ ਖਤਮ ਕਰ ਦੇਣਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, 1993 ਦਾ ਸਾਲ ਅਸੀਂ ਵੂਮੈਨ ਈਅਰ ਦੇ ਤੌਰ ਤੇ ਮਨਾ ਰਹੇ ਹਾਂ ਔਰ ਸਾਰਿਆਂ ਨੇ ਇਹ ਲਫਜ਼ ਕਹੇ ਹਨ। ਸੀ. ਐਮ. ਸਾਇਬ ਨੇ ਵੀ ਕਿਹਾ ਹੈ ਕਿ ਇਹ ਸਾਲ ਅਸੀਂ ਵਿਕਾਸ ਦੇ ਕੰਮਾਂ ਤੇ ਜ਼ੋਰ ਦੇਣਾ ਹੈ। ਮੈਂ ਉਮੀਦ ਰਖਦੀ ਹਾਂ ਜਿਸ ਤਰ੍ਹਾਂ ਪੰਜਾਬ ਦੀ ਡਿਵੈਲਪ-ਮੈਂਟ ਲਈ ਜੋਰ ਦੇਣਾ ਹੈ ਉਸੇ ਤਰ੍ਹਾਂ ਔਰਤਾਂ ਔਰ ਬੱਚਿਆਂ ਦੇ ਵਿਕਾਸ ਲਈ ਜ਼ਿਆਦਾ ਜ਼ੋਰ ਦਿੱਤਾ ਜਾਣਾ ਚਾਹੀਦਾ ਹੈ। ਔਰਤਾਂ ਨੂੰ ਜ਼ਿਆਦਾ ਅਧਿਕਾਰ ਦੇ ਕੇ ਉਨ੍ਹਾਂ ਨੂੰ ਤਕੜੇ ਕਰਨਾ ਚਾਹੀਦਾ ਹੈ। ਉਨ੍ਹਾਂ ਨੂੰ ਆਪਣੇ ਅਧਿਕਾਰਾਂ ਬਾਰੇ ਪਤਾ ਹੀ ਨਹੀਂ ਕਿ ਉਨ੍ਹਾਂ ਨੂੰ ਕੀ ਕੀ ਅਧਿਕਾਰ ਮਿਲੇ ਹੋਏ ਹਨ। ਕੀ ਕੀ ਸਕੀਮਾਂ ਹਨ ਜਿਹੜੀਆਂ ਸਾਡੀ ਗੌਰਮਿੰਟ ਨੇ ਉਨ੍ਹਾਂ ਵਾਸਤੇ ਸ਼ੁਰੂ ਕੀਤੀਆਂ ਹੋਈਆਂ ਹਨ। ਇਸ ਬਾਰੇ ਮੇਰੀ ਸੁਜੈਸ਼ਨ ਹੈ ਕਿ ਜਿਹੜੀਆਂ ਸਾਡੀਆਂ ਵੂਮੈਨ ਵੈਲਫੇਅਰ ਅਤੇ ਚਾਈਲਡ ਵੈਲਫੇਅਰ ਸਕੀਮਾਂ ਹਨ ਉਨ੍ਹਾਂ ਨੂੰ ਪਬਲਿਸਿਟੀ ਦੇਣੀ ਚਾਹੀਦੀ ਹੈ। ਪਿੰਡਾਂ ਵਿਚ ਪਬਲਿਸਿਟੀ ਲਈ ਕੈਂਪ ਲਗਾਉਣੇ ਚਾਹੀਦੇ ਹਨ ਤਾਂ ਕਿ ਜਿਹੜੀਆਂ ਜ਼ਰੂਰਤਮੰਦ ਔਰਤਾਂ ਹਨ ਉਹ ਫਾਇਦਾ ਉਠਾ ਸਕਣ।

ਇਸ ਦੇ ਨਾਲ ਹੀ ਮੈਂ ਇਹ ਕਹਿਣਾ ਚਾਹੁੰਦੀ ਹਾਂ ਕਿ ਇਹ ਜਿਹੜੇ ਵਰਕਿੰਗ ਵੂਮੈਨ ਹੋਸ-ਟਲਜ਼ ਹਨ ਇਹ ਹਰ ਤਹਿਸੀਲ ਲੈਵਲ ਤੇ ਹੋਣੇ ਚਾਹੀਦੇ ਹਨ। ਇਕ ਕੋਈ ਵਿਧਵਾ ਔਰਤ ਹੈ ਜਾਂ ਡਾਈਵੋਰਸੀ ਹੈ ਉਸਨੂੰ ਇਕੱਲਿਆਂ ਰਹਿੰਦੀਆਂ ਤਕਲੀਫ ਹੁੰਦੀ ਹੈ। ਇਸ ਲਈ ਉਸਨੂੰ ਉਨ੍ਹਾਂ ਹੋਸਟਲਾਂ ਵਿਚ ਆਪਣੇ ਛੋਟੇ ਬੱਚੇ ਨੂੰ ਵੀ ਰਖਣ ਦੀ ਇਜਾਜ਼ਤ ਹੋਣੀ ਚਾਹੀਦੀ ਹੈ। ਇਸ ਤੋਂ ਇਲਾਵਾ ਜਿਹੜੀਆਂ ਅਜਿਹੀਆਂ ਵੂਮੈਨ ਹਨ ਉਨ੍ਹਾਂ ਨੂੰ ਹਰ ਥਾਂ ਤੇ 30% ਰਿਜ਼ਰਵੇਸ਼ਨ ਜ਼ਰੂਰ ਮਿਲਣੀ ਚਾਹੀਦੀ ਹੈ।

ਐਜੂਕੇਸ਼ਨ ਦੇ ਵਿਚ ਵੀ ਔਰ ਹਰ ਫੀਲਡ ਵਿਚ ਵੀ ਉਨ੍ਹਾਂ ਦੀ ਪੂਰੀ ਰਿਜ਼ਰਵੇਸ਼ਨ ਹੋਣੀ ਚਾਹੀਦੀ ਹੈ। ਆਖਿਰ ਦੇ ਵਿਚ ਮੈਂ ਆਪ ਦੀ ਧੰਨਵਾਦੀ ਹਾਂ ਔਰ ਪੰਜਾਬ ਸਰਕਾਰ ਔਰ ਪੰਜਾਬ ਦੇ ਮੁੱਖ ਮੰਤਰੀ ਔਰ ਪੰਜਾਬ ਦੇ ਲੋਕਾਂ ਦੀ ਧੰਨਵਾਦੀ ਹਾਂ। ਕਿਉਂਕਿ ਮੈਨੂੰ ਉਮੀਦ ਹੈ ਕਿ ਸਾਡੇ ਪੰਜਾਬ ਦੇ ਵਿਚ ਔਰਤਾਂ ਦੇ ਅਧਿਕਾਰ ਬਹੁਤ ਜ਼ਿਆਦਾ ਸੁਰਖਿਅਤ ਹਨ ਔਰ ਪੰਜਾਬ ਦੀਆਂ ਔਰਤਾਂ

ਹੋਰ ਜ਼ਿਆਦਾ ਤਰੱਕੀ ਕਰਨਗੀਆਂ ਕਿਉਂਕਿ ਸਾਡੀ ਖੁਸ਼ਕਿਸਮਤੀ ਹੈ ਕਿ ਸਾਡੇ ਪੰਜਾਬ ਨੂੰ ਸਰਦਾਰ ਬੇਅੰਤ ਸਿੰਘ ਜੀ ਵਰਗੇ ਨੇਤਾ ਮਿਲੇ ਹਨ। ਮੈਂ ਫਿਰ ਧੰਨਵਾਦ ਕਰਦੀ ਹਾਂ। ਸਦਨ ਨੂੰ ਬੇਨਤੀ ਕਰਦੀ ਹਾਂ ਕਿ ਇਹ ਬਹੁਤ ਹੀ ਮਹੱਤਵਪੂਰਨ ਮਤਾ ਹੈ, ਇਸ ਲਈ ਇਸਨੂੰ ਪਾਸ ਕਰਨ ਦੀ ਸਿਫਾਰਸ਼ ਕਰਦੀ ਹਾਂ।

ਸਰਦਾਰ ਗੁਰਬਿੰਦਰ ਸਿੰਘ ਅਟਵਾਲ: ਡਿਪਟੀ ਸਪੀਕਰ ਸਾਹਿਬ, ਸਾਰੇ ਹਾਊਸ ਦੀ ਮਰਜੀ ਹੈ ਤਾਂ ਇਸ ਨੂੰ ਪਾਸ ਕੀਤਾ ਜਾਵੇ ਜੀ। ਇਹ ਬਹੁਤ ਵਧੀਆ ਬੋਲੇ ਹਨ ਜੀ। ਮੇਰੀ ਇਹ ਗੱਲ ਰਿਕਾਰਡ ਕੀਤੀ ਜਾਵੇ ਜੀ।

ਸ੍ਰੀ ਡਿਪਟੀ ਸਪੀਕਰ: ਕੁਝ ਮੈਂਬਰ ਟਾਈਮ ਮੰਗਦੇ ਹਨ। ਹਾਂ ਜੀ, ਸੁਸ਼ੀਲ ਮਹਾਜਨ ਜੀ।

ਰਾਜ ਮੰਤਰੀ, ਸਿਖਿਆ ਅਤੇ ਭਾਸ਼ਾ, (ਸ੍ਰੀਮਤੀ ਸੁਸ਼ੀਲ ਮਹਾਜਨ): "ਯਤਰ ਨਾਰੀ ਪੂਜੰਤੇ ਤੱਤਰ ਰਮਤੇ ਦੇਵਤਾ"॥

ਡਿਪਟੀ ਸਪੀਕਰ ਸਾਹਿਬ, ਜਿਥੇ ਨਾਰੀ ਦਾ ਸਨਮਾਨ ਹੁੰਦਾ ਹੈ, ਬੱਚਿਆਂ ਦੀ ਦੇਖਭਾਲ ਅੱਛੀ ਤਰ੍ਹਾਂ ਕੀਤੀ ਜਾਂਦੀ ਹੈ। ਉਹ ਦੇਸ਼ ਉਹ ਜਾਤੀ, ਉਹ ਸਮਾਜ ਹਮੇਸ਼ਾ ਉਨਤੀ ਕਰਦਾ ਹੈ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਹਿੰਦੋਸਤਾਨ ਨੇ ਐਸਾ ਹੀ ਕੀਤਾ। ਨਾਰੀ ਜਾਤੀ ਨੂੰ ਪੂਰਾ ਆਦਰ ਮਾਣ, ਸਨਮਾਨ ਦਿਤਾ। ਬੱਚਿਆਂ ਦਾ ਬਹੁਤ ਪਿਆਰ, ਮੁਹੱਬਤ ਨਾਲ ਪਾਲਣ ਪੋਸ਼ਣ ਕੀਤਾ ਔਰ ਉਸ ਵੇਲੇ ਹਿੰਦੋਸਤਾਨ ਸੋਨੇ ਦੀ ਚਿੜੀਆਂ ਕਹਿਲਾਉਂਦਾ ਸੀ ਔਰ ਹਿੰਦੁਸਤਾਨ ਦੇ ਰਾਮ ਰਾਜ ਔਰ ਸਤਿਯੁਗ ਨੂੰ ਸਾਰੀ ਦੁਨੀਆਂ ਤਰਸਦੀ ਹੈ ਕਿ ਸਾਡੇ ਕੋਲ ਵੀ ਆਵੇ।

ਸਰਦਾਰ ਅਵਤਾਰ ਸਿੰਘ ਕਰੀਮਪੁਰੀ : ** ** **

Mr Deputy Speaker : This is no point of order.

ਰਾਜ ਮੰਤਰੀ, ਸਿੱਖਿਆ ਅਤੇ ਭਾਸ਼ਾ: ਪਲੀਜ਼, ਤੁਸੀਂ ਉਸ ਵੇਲੇ ਬੋਲ ਲੈਣਾ ਜਦੋਂ ਮੈਂ ਬੋਲ ਹਟਾਂਗੀ। ਪਰ ਇਸ ਤਰ੍ਹਾਂ ਇੰਟਰਪਟ ਨਾ ਕਰੋ।

ਡਿਪਟੀ ਸਪੀਕਰ ਸਾਹਿਬ, ਹਿੰਦੋਸਤਾਨ ਦੀ ਨਾਰੀ ਦੀ ਔਰ ਹਿੰਦੋਸਤਾਨ ਦੇ ਬੱਚਿਆਂ ਦੀ ਬੇਹਤਰੀ ਦੀ ਗੱਲ ਕਰ ਰਹੀ ਹਾਂ ਕਿ ਉਨ੍ਹਾਂ ਨੂੰ ਸਾਰੇ ਹੱਕ ਦੇਵੋ ਜਿਸ ਨਾਲ ਹਿੰਦੋਸਤਾਨ ਦੀਆਂ ਦੁਖਿਤ ਨਾਰੀਆਂ, ਅਪਾਹਜ ਨਾਰੀਆਂ ਵਿਚ ਸੰਤੋਸ਼ ਆਵੇ, ਸ਼ਾਂਤੀ ਉਸ ਦੇ ਮਨ ਵਿਚ ਆਵੇ, ਉਸ ਦਾ ਦੁੱਖ ਦੂਰ ਹੋਵੇ ਔਰ ਉਹ ਹਿੰਦੋਸਤਾਨ ਦੀ ਤਰੱਕੀ ਲਈ, ਸਮਾਜ ਦੀ ਤਰੱਕੀ ਲਈ ਸਭ ਤੋਂ ਜ਼ਿਆਦਾ ਉਨ੍ਹਾਂ ਦਾ ਯੋਗਦਾਨ ਹੋਵੇ।

ਡਿਪਟੀ ਸਪੀਕਰ ਸਾਹਿਬ, ਜਦੋਂ ਬਰਹਮਾ ਨੇ ਸਰਿਸ਼ਟੀ ਦੀ ਰਚਨਾ ਕੀਤੀ ਤਾਂ ਬਰਹਮਾਂ ਨੇ ਨਰ ਔਰ ਨਾਰੀ ਦੋਨਾਂ ਦੀ ਰਚਨਾ ਕੀਤੀ। ਉਸ ਵੇਲੇ ਬਰਹਮਾਂ, ਵਿਸ਼ਨੂੰ ਔਰ ਮਹੇਸ਼ ਵਾਸਤੇ ਇਕ ਸਮੱਸਿਆ ਆ ਗਈ ਕਿ ਇਸ ਸਰਿਸ਼ਟੀ ਦਾ ਸੰਚਾਲਣ ਕਿਸ ਤਰ੍ਹਾਂ ਕਰੀਏ। ਉਪ-ਸਭਾਪਤੀ ਮਹੋਦਯ ਉਹ ਹਾਊਸ ਵਿਚ ਬੈਠੇ, ਕਾਨਫਰੰਸ ਹੋਈ, ਰਾਊਂਡ ਟੇਬਲ ਕਾਂਨਫਰੰਸ ਹੋਈ ਔਰ ਆਖਿਰਕਾਰ ਨਤੀਜਾ ਕੀ ਨਿਕਲਿਆ ? ਨਾਰੀ ਜਾਤੀ ਨੂੰ ਹੀ ਸਾਰੀ ਸਰਿਸ਼ਟੀ ਦਾ ਸੰਚਾਲਣ ਕਰਨ ਵਾਲੀ ਸਮਝਿਆ

**Expunged as ordered by the Chair.

[ਰਾਜ਼ ਮੰਤਰੀ, ਸਿਖਿਆ ਅਤੇ ਭਾਸ਼ਾ]

ਜਾਵੇ ਔਰ ਐਸਾ ਹੀ ਹੋਇਆ। ਸਭ ਤੋਂ ਪਹਿਲਾਂ ਧੰਨ ਦਾ ਸਵਾਲ ਆਉਂਦਾ ਹੈ। ਧੰਨ ਕਰਕੇ ਹੀ ਇਨਸਾਨ ਮਾੜੇ ਕਰਮ ਕਰਦਾ ਹੈ। ਧੰਨ ਕਰਕੇ ਹੀ ਬੱਚੇ ਚੰਗੇ ਕੰਮ ਕਰਦੇ ਹਨ ਔਰ ਧੰਨ ਦੀ ਕਮੀ ਕਰਕੇ ਹੀ ਕਈ ਵਾਰੀ ਬੱਚੇ ਨਿਰਾਸ਼ ਹੋ ਕੇ ਬੁਰੇ ਕੰਮ ਵੀ ਕਰਦੇ ਹਨ। ਇਸ ਲਈ ਇਹ ਫੈਸਲਾ ਹੋਇਆ ਕਿ ਨਾਰੀ ਕੋਲ ਹੀ ਧੰਨ ਹੋਵੇਗਾ, ਲੱਛਮੀ ਕੋਲ ਧੰਨ ਹੋਵੇਗਾ ਔਰ ਉਹ ਹੀ ਸਰਿਸ਼ਟੀ ਦਾ ਸੰਚਾਲਣ ਕਰੇਗੀ। ਇਸ ਕਰਕੇ ਲੱਛਮੀ ਨੂੰ ਧੰਨ ਦੇ ਦਿੱਤਾ। ਤਾਂ ਕਿ ਉਹ ਅੱਛੀ ਤਰ੍ਹਾਂ ਇਸ ਦਾ ਪ੍ਰਯੋਗ ਕਰੇ। ਗਲਤ ਤਰੀਕੇ ਨਾਲ ਪ੍ਰਯੋਗ ਨਾ ਹੋਵੇ।

ਸਿਕਸ਼ਾ "ਸਰਸਵਤੀ" ਨੂੰ ਦੇ ਦਿੱਤਾ। ਫਿਰ ਆ ਗਈ ਅੰਨ ਭੰਡਾਰ ਦੀ ਵਾਰੀ ਜਿਸ ਤੋਂ ਬਿਨਾਂ ਇਨਸਾਨ ਜ਼ਿੰਦਾ ਨਹੀਂ ਰਹਿ ਸਕਦਾ ਔਰ ਜਿਸ ਨੂੰ ਪ੍ਰਾਪਤ ਕਰਨ ਲਈ ਵਿਅਕਤੀ ਹਰ ਸਮੇਂ ਸੋਚਦਾ ਰਹਿੰਦਾ ਹੈ। ਉਹ ਦੇ ਦਿੱਤਾ ਅਨਪੂਰਨਾ ਦੇਵੀ ਨੂੰ। ਇਸ ਤਰ੍ਹਾਂ ਸਰਿਸ਼ਟੀ ਦੀ ਰਚਨਾ ਸਾਰੀ ਨਾਰੀ ਨੂੰ ਦੇ ਦਿੱਤੀ। ਔਰ ਉਸ ਤੋਂ ਬਾਅਦ ਅੱਛੀ ਤਰ੍ਹਾਂ ਨਾਲ ਸੰਚਾਲਨ ਕੀਤਾ, ਕਿਸੇ ਨੂੰ ਵੀ ਕਿਸੇ ਕਿਸਮ ਦੀ ਸ਼ਿਕਾਇਤ ਨਾ ਹੋਈ ਔਰ ਉਸ ਤੋਂ ਬਾਅਦ ਕੁਝ ਐਸਾ ਸਮਾਂ ਵੀ ਆਇਆ ਕਿ ਨਾਰੀ ਜਾਤੀ ਨੇ ਸਮਾਜ ਦੀ ਭਲਾਈ ਵਾਸਤੇ ਆਪਣੇ ਬੱਚਿਆਂ ਦੀ ਭਲਾਈ ਵਾਸਤੇ ਰਖਿਆ ਵਾਸਤੇ ਵੀ ਕੋਸ਼ਿਸ਼ ਕਰਦੀ ਰਹੀ ਔਰ ਆਪਣਾ ਵਕਤ ਕੱਢਣ ਦੀ ਕੋਸ਼ਿਸ਼ ਕੀਤੀ ਔਰ ਫਿਰ ਇਸ ਤਰ੍ਹਾਂ ਦਾ ਵਕਤ ਆ ਗਿਆ ਕਿ ਸਮਾਜ ਵਿਚ ਬੁਰਾਈਆਂ ਵੀ ਆ ਗਈਆਂ ਔਰ ਅੱਛਾਈਆਂ ਵੀ ਸਨ। ਮੇਰਾ ਦਸਣ ਦਾ ਮੰਤਵ ਇਹ ਹੈ ਕਿ ਇਕ ਨਾਰੀ ਜਿਸ ਨੇ ਆਪਣੇ ਘਰ ਨੂੰ ਸੰਭਾਲਣਾ ਹੁੰਦਾ ਹੈ ਜੇ ਉਹ ਸੰਤੁਸ਼ਟ ਹੋਵੇਗੀ ਤਾਂ ਉਹ ਘਰ ਪਿਆਰ ਮੁਹੱਬਤ ਨਾਲ ਚਲੇਗਾ, ਉਸ ਘਰ ਦੇ ਬਚਿਆਂ ਨੇ ਡਾਕਟਰ ਵੀ ਬਣਨਾ ਹੈ, ਸਾਈਂਟਿਸਟ ਵੀ ਬਣਨਾ ਹੈ, ਵਡੇ ਵਪਾਰੀ ਵੀ ਬਣਨਾ ਹੈ ਔਰ ਦੇਸ਼ ਦੀ ਸੇਵਾ ਵੀ ਕਰਨੀ ਹੈ, ਇਹ ਸਾਰਾ ਕੁਝ ਉਸ ਵੇਲੇ ਹੀ ਹੋ ਸਕਦਾ ਹੈ ਜੇ ਉਸ ਘਰ ਦੀ ਨਾਰੀ ਸੰਤੁਸ਼ਟ ਹੋਵੇਗੀ।

ਇਥੇ ਹੀ ਬਸ ਨਹੀਂ, ਨਾਰੀ ਜਾਤੀ ਨੇ ਦੇਸ਼ ਦੇ ਵਾਸਤੇ ਕੁਰਬਾਨੀ ਵੀ ਦਿੱਤੀ ਹੈ। ਮਾਤਾ ਭਾਗੋ ਨੇ ਦੇਸ਼ ਦੇ ਵਾਸਤੇ ਕੁਰਬਾਨੀ ਦਿੱਤੀ ਜਦੋਂ ਜੰਗ ਦੇ ਮੈਦਾਨ ਵਿਚੋਂ ਸੈਨਿਕ ਭੱਜ ਕੇ ਆ ਗਏ ਤਾਂ ਮਾਤਾ ਭਾਗੋ ਨੇ ਹੀ ਉਨ੍ਹਾਂ ਦੇ ਵਿਚ ਜਾਗ੍ਰਤੀ ਲਿਆਉਣ ਵਾਸਤੇ, ਸਿਪਰਿਟ ਪੈਦਾ ਅਰਨ ਵਾਸਤੇ ਇਹ ਕਿਹਾ ਕਿ ਲਓ ਤੁਸੀਂ ਚੂੜੀਆਂ ਪਾਓ ਔਰ ਉਹ ਆਪ ਲੜਾਈ ਦੇ ਮੈਦਾਨ ਵਿਚ ਆ ਗਈ ਇਸੇ ਤਰ੍ਹਾਂ ਇੰਦਰਾ ਗਾਂਧੀ ਦਾ ਇਗਜ਼ਾਂਪਲ ਲੈ ਲਓ। ਉਸ ਨੇ ਆਪਣੇ ਦੇਸ਼ ਦਾ ਇਹ ਅਜਿਹੇ ਢੰਗ ਨਾਲ ਸੰਚਾਲਨ ਕੀਤਾ ਕਿ ਹੋਰ ਸੰਸਾਰ ਦੇ 104 ਦੇਸ਼ ਵੀ ਇਥੇ ਆਕੇ ਇੰਦਰਾ ਗਾਂਧੀ ਨੂੰ ਬੇਨਤੀ ਕਰਨ ਲਗੇ ਕਿ ਤੁਸੀਂ ਸਾਡੇ ਦੇਸ਼ ਦੇ ਵੀ ਪ੍ਰਧਾਨ ਬਣੋ ਔਰ ਸੰਚਾਲਨ ਕਰੋ। ਉਨ੍ਹਾਂ ਨੇ ਸੰਚਾਲਨ ਆਪਣੇ ਦੇਸ਼ ਦਾ ਤਿੰਨ ਸਾਲਾ ਵਾਸਤੇ ਇੰਦਰਾ ਗਾਂਧੀ ਨੂੰ ਸੌਂਪਿਆ। ਇਸੇ ਤਰ੍ਹਾਂ ਰਾਣੀ ਝਾਂਸੀ ਦੀ ਇਗਜ਼ਾਂਪਲ ਲੈ ਲਓ। ਉਸ ਨੇ ਆਪਣੇ ਦੇਸ਼ ਦੇ ਵਾਸਤੇ ਆਪਣੀ ਪਿਠ ਤੇ ਮਮਤਾ ਬੰਨ੍ਹ ਕੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਚਲ ਰਹੇ ਜੰਗ ਦੇ ਵਿਚ ਆ ਗਈ ਔਰ ਆਪਣੀ ਆਹੁਤੀ ਦੇ ਦਿੱਤੀ। ਫਿਰ ਕਾਲੀਦਾਸ ਦੀ ਇੰਗਜ਼ਾਪਲ ਲੈ ਲਓ ਜਿਹੜਾ ਕਿ ਜਿਸ ਡਾਲੀ ਤੇ ਬੈਠਾ ਸੀ ਉਸੇ ਨੂੰ ਹੀ ਕੱਟ ਰਿਹਾ ਸੀ ਉਸ ਨੂੰ ਵੀ ਇਸ ਤਰੀਕੇ ਨਾਲ ਨਾਰੀ ਨੇ ਹੀ ਸਿਖਿਆ ਦਿੱਤੀ ਕਿ ਉਹ ਵੀ ਕਾਲੀ ਦਾਸ ਤੋਂ ਮਹਾਂਕਵੀ ਕਾਲੀਦਾਸ ਬਣ ਗਿਆ। ਇਸੇ ਤਰ੍ਹਾਂ ਨਾਲ ਹੋਰ ਵੀ ਬਹੁਤ ਸਾਰੀਆਂ ਐਸੀਆਂ ਨਾਰੀਆਂ ਹਨ ਜਿਸ ਤਰ੍ਹਾਂ ਸੁਸੀਲਾ ਸਖਿਤਾ ਅਤੇ ਹੋਰ ਵੀ ਜਿਨ੍ਹਾਂ ਨੇ ਜਾਗ੍ਰਤੀ ਪੈਦਾ ਕੀਤੀ। ਇਸੇ ਤਰ੍ਹਾਂ ਸੀਤਾ ਮਾਤਾ ਨੇ ਵੀ ਦੇਸ਼ ਨੂੰ ਰਾਖਸ਼ਾਂ ਤੋਂ ਖਤਮ ਕਰਾਉਣ ਵਾਸਤੇ ਆਪਣੇ ਪਤੀ ਦੇ ਨਾਲ ਜੰਗਲਾਂ ਵਿਚ ਖਾਕ ਛਾਣੀ। ਮਾਤਾ ਕੈਕਈ ਨੇ ਵੀ ਜੰਗ ਦੇ ਮੈਦਾਨ ਵਿਚ ਆਪਣੇ ਪਤੀ ਤੇ ਵਾਸਤੇ ਰੱਥ ਦੇ ਵਿਚ ਉਂਗਲੀ ਦੇਕੇ ਲੜਾਈ ਦੇ

ਮੈਦਾਨ ਵਿਚ ਦੌੜਦੀ ਗਈ। ਰਾਖਸ਼ਾਂ ਨੂੰ ਖਤਮ ਕਰਨ ਵਾਸਤੇ ਹੀ ਰਾਮ ਨੂੰ ਬਨਵਾਸ ਦਿੱਤਾ ਔਰ ਰਾਮ ਨੇ ਮਾਤਾ ਦੀ ਆਗਿਆ ਦਾ ਪਾਲਣ ਕਰਦੇ ਹੋਏ ਰਾਵਣ ਜਿਹੇ ਰਾਖਸ਼ ਦਾ ਸਰਵਨਾਸ਼ ਕੀਤਾ। ਜਿਸ ਨੇ ਨਾਰੀ ਨੂੰ ਹੱਥ ਲਾਇਆ ਉਸ ਦਾ ਸਰਵਨਾਸ ਹੋ ਗਿਆ। ਇਸੇ ਤਰ੍ਹਾਂ ਇੰਦਰਾ ਗਾਂਧੀ ਨੂੰ ਜਿਸ ਨੇ ਮਾਰਣ ਦੀ ਕੋਸ਼ਿਸ਼ ਕੀਤੀ ਉਸ ਦਾ ਸਰਵਨਾਸ਼ ਹੋ ਗਿਆ। ਇਸ ਲਈ ਮੈਂ ਇਹ ਕਿਹਾ ਹੈ ਕਿ ਜਿਸ ਘਰ ਦੇ ਵਿਚ, ਸਮਾਜ ਦੇ ਵਿਚ, ਦੇਸ਼ ਦੇ ਵਿਚ ਨਾਰੀ ਦੀ ਇਜ਼ਤ ਹੁੰਦੀ ਹੈ, ਉਸ ਘਰ ਦਾ, ਉਸ ਦੇਸ਼ ਦਾ ਔਰ ਉਸ ਸਮਾਜ ਦਾ ਸੰਚਾਲਨ ਚੰਗੀ ਤਰ੍ਹਾਂ ਹੁੰਦਾ ਹੈ ਔਰ ਜਿਥੇ ਨਾਰੀ ਦੀ ਇਜ਼ਤ ਨਹੀਂ ਹੁੰਦੀ ਉਥੇ ਮਹਾਕਾਲੀ ਔਰ ਚੰਡੀ ਦਾ ਅਵਤਾਰ ਵੀ ਨਾਰੀ ਹੀ ਲੈਂਦੀ ਹੈ। ਗੁੱਸੇ ਵਿਚ ਆਣਕੇ ਨਾਰੀ ਚੰਡੀ ਦਾ ਰੂਪ ਵੀ ਧਾਰਨ ਕਰ ਜਾਂਦੀ ਹੈ ਇਸ ਲਈ ਮੈਂ ਕਹਿੰਦੀ ਹਾਂ ਕਿ ਨਾਰੀ ਨੂੰ ਕਦੇ ਨਾਰਾਜ਼ ਨਾ ਕਰੋ। ਅੰਤਕਵਾਦ ਨੇ ਨਾਰੀ ਦੀ ਬਹੁਤ ਦੁਰ ਦਸ਼ਾ ਕੀਤੀ ਜਿਸ ਉਤੇ ਦੁਨੀਆ ਕਲਹਾ ਉੱਠੀ। ਸਾਡੇ ਪੰਜਾਬ ਦੀ ਧਰਤੀ ਗੁਰੂਆਂ ਪੀਰਾਂ, ਪੈਗੰਬਰਾਂ ਦੀ ਹੈ ਇਨ੍ਹਾਂ ਤੇ ਅਬਲਾ ਨਾਰੀ ਦੀ ਬੜੀ ਇਜ਼ਤ ਕਰਨੀ ਦਸੀ ਸੀ ਪਰ ਅਤਵਾਦੀਆਂ ਨੇ ਨਾਰੀਆਂ ਦੇ ਨਾਲ ਬਹੁਤ ਹੀ ਬਦਸਲੂਕ ਕੀਤਾ ਅਤੇ ਦੁਰਦਿਸ਼ਾ ਕੀਤੀ ਔਰ ਦੁਨਿਆ ਕਹਿਣ ਲਗ ਗਈ ਸੀ ਕਿ ਔਰਤਾਂ ਦੇ ਨਾਲ ਬਹੁਤ ਜ਼ੁਲਮ ਹੋ ਰਿਹਾ ਹੈ। ਜਿਸ ਤਰ੍ਹਾਂ ਸਰਦਾਰ ਉਮਰਾਓ ਸਿੰਘ ਅਤੇ ਸਰਦਾਰ ਬੇਅੰਤ ਸਿੰਘ ਜੀ ਨੇ ਕਿਹਾ ਕਿ ਔਰਤਾਂ ਦੇ ਲਈ ਮਾਹਿਲਾ ਮੰਡਲ ਨੂੰ ਸ਼ਕਤੀਵਾਨ ਬਣਾਇਆ ਜਾ ਰਿਹਾ ਹੈ। ਇਸ ਮਾਹਿਲਾ ਮੰਡਲ ਨੂੰ ਸਟਰੋਂਗ ਕਰੋ। ਇਸ ਮਾਹਿਲਾ ਮੰਡਲਾਂ ਨੂੰ ਪਿੰਡ-ਪਿੰਡ ਦੇ ਵਿਚ ਬਣਾਇਆ ਜਾਵੇ ਤਾਂਕਿ ਇਨ੍ਹਾਂ ਨੂੰ ਚੰਡੀਗੜ੍ਹ ਦੇ ਚੱਕਰ ਨਾ ਕੱਟਣੇ ਪੈਣ ਔਰ ਇਹ ਮਾਹਿਲਾ ਮੰਡਲ ਪਿੰਡਾਂ ਦੇ ਵਿਚ ਬੋਲਣ ਅਤੇ ਉਨ੍ਹਾਂ ਲਈ ਕੰਮ ਦੇ ਸਾਧਨ ਉਪਲਬਧ ਕਰਵਾਉਣ। ਸਰਕਾਰ ਨੂੰ ਸਾਰੇ ਕੰਮ ਛੱਡ ਕੇ ਇਨ੍ਹਾਂ ਔਰਤਾਂ ਦੇ ਸਨਮਾਨ ਦੀ ਖਾਤਰ ਇਨ੍ਹਾਂ ਦੇ ਹੱਥ ਤਿਆਰ ਕੀਤਾ ਗਿਆ ਮਾਲ ਖਰੀਦ ਕੇ ਅਤੇ ਹਰ ਪਿੰਡ ਪਿੰਡ ਵਿਚੋਂ ਔਰਤਾਂ ਦਾ ਮਾਲ ਇਕੱਠਾ ਕਰਕੇ ਤਹਿਸੀਲ ਲੈਵਲ ਅਤੇ ਡਿਸਟ੍ਰਿਕ ਲੈਵਲ ਤੇ ਹੈਡਕੁਆਟਰਜ਼ ਤੇ ਮਾਲ ਵੇਚੇ ਅਤੇ ਅਗਰ ਮਾਲ ਬੱਚ ਜਾਵੇ ਤਾਂ ਇਸ ਨੂੰ ਸਟੇਟ ਲੈਵਲ ਤੇ ਵੇਚੇ ਤਾਂਕਿ ਉਨ੍ਹਾਂ ਔਰਤਾਂ ਦੀ ਰੈਗੂਲਰ ਇਨਕਮ ਬਣ ਸਕੇ। ਇਹ ਨਹੀਂ ਹੋਣਾ ਚਾਹੀਦਾ ਕਿ 4-5 ਮਹੀਨਿਆਂ ਦੇ ਬਾਦ ਉਨ੍ਹਾਂ ਦਾ ਮਾਲ ਕੋਈ ਨਾ ਚੁੱਕੇ ਅਤੇ ਉਨ੍ਹਾਂ ਦੀ ਰੈਗੂਲਰ ਇਨਕਮ ਬੰਦ ਹੋ ਜਾਵੇ। ਇਸ ਲਈ ਸਰਕਾਰ ਨੂੰ ਪੂਰੇ ਤਰੀਕੇ ਨਾਲ ਆਰਗੇਨਾਈਜ਼ ਕਰਕੇ ਮਾਲ ਵੇਚਣਾ ਚਾਹੀਦਾ ਹੈ ਤਾਂਕਿ ਉਨ੍ਹਾਂ ਦੀ ਇਨਕਮ ਰੈਗੂਲਰ ਬਣ ਸਕੇ। ਇਹ ਠੀਕ ਹੈ ਕਿ ਸਰਕਾਰ ਬੇਅੰਤ ਸਿੰਘ ਜੀ ਨੇ ਔਰਤਾਂ ਦੀ ਪੈਨਸ਼ਨ 100 ਰੁਪਏ ਤੋਂ ਵੱਧਾ ਕੇ 150 ਰੁਪਏ ਕਰ ਦਿੱਤੀ ਹੈ ਪਰ ਅੱਜ ਕਲ ਦੇ ਮਹਿੰਗਾਈ ਦੇ ਜ਼ਮਾਨੇ ਵਿਚ 150 ਰੁਪਏ ਦੀ ਕੋਈ ਕੀਮਤ ਨਹੀਂ ਹੈ। ਇਸ ਲਈ ਉਨ੍ਹਾਂ ਨੂੰ ਕੰਮ ਕਰਨ ਦਾ ਰੁਜ਼ਗਾਰ ਦੇ ਕੇ ਉਨ੍ਹਾਂ ਦੇ ਮਾਲ ਦੀ ਖਰੀਦ ਸਰਕਾਰ ਖੁਦ ਕਰੇ ਤਾਂਕਿ ਉਹ ਮਾਨ ਅਤੇ ਸਨਮਾਨ ਦੇ ਨਾਲ ਸਮਾਜ ਵਿਚ ਇਜ਼ਤ ਦੇ ਨਾਲ ਰਹਿ ਸਕਣ ਅਤੇ ਆਪਣੇ ਹੱਥੀਂ ਕੰਮ ਕਰਕੇ ਕਮਾਈ ਕਰ ਸਕਣ ਔਰ ਉਹ ਕਿਸੇ ਦੇ ਮੁਹਤਾਜ ਨਹੀਂ ਰਾਹ ਸਕਣ ਮੇਰੇ ਨੋਟਿਸ ਵਿਚ ਐਸੀਆਂ ਬਹੁਤ ਸਾਰੀਆਂ ਸਕੀਮਾਂ ਹਨ ਉਸ ਦਾ ਜ਼ਿਕਰ ਮੈਂ ਹਾਊਸ ਵਿਚ ਹਾਲੇ ਨਹੀਂ ਕਰਾਂਗੀ। ਜਿਸ ਤਰ੍ਹਾਂ ਪਿੰਡਾਂ ਦੇ ਵਿਚ ਕੱਚਾ ਮੈਟਰੀਅਲ ਮਿਲਦਾ ਹੈ, ਦੂਸਰਾ ਇੰਡਸਟਰੀ ਨੂੰ ਡੀਸੈਂਟਰੇਲਾਈਜ਼ ਕੀਤਾ ਜਾਵੇ। ਛੋਟੇ ਛੋਟੇ ਪੁਰਜੇ ਬਨਾਉਣ ਵਾਲੇ ਯੂਨਿਟਜ਼ ਲਗਾਏ ਜਾਣ ਅਤੇ ਤਹਿਸੀਲ ਲੈਵਲ ਤੇ 10—15 ਪਿੰਡਾਂ ਦਾ ਇਕ ਕਾਂਸਪੈਕਟ ਬਣਾਇਆ ਜਾਵੇ। ਸਾਈਕਲ ਦੇ ਪੁਰਜੇ, ਟਰਾਂਜੀਸਟਰ ਦੇ ਪੁਰਜੇ, ਟੀ.ਵੀ. ਦੇ ਪੁਰਜੇ, ਇਲੈਕਟਰੋਨਿਕਸ ਵਿਚ ਸੋਫੀਸਟੀਕੇਟਿਡ ਪੁਰਜ਼ੇ ਹਨ ਜਿਨ੍ਹਾਂ ਨੂੰ ਔਰਤਾਂ ਬੜੇ ਸੁਹਣੇ ਢੰਗ ਨਾਲ ਬਣਾ ਸਕਦੀਆਂ ਹਨ। ਇਸ ਤਰ੍ਹਾਂ ਦੇ ਛੋਟੇ ਛੋਟੇ ਯੂਨਿਟਜ਼ ਲਗਾਏ ਜਾਣ ਤਾਂਕਿ ਇਨ੍ਹਾਂ ਦੀ ਇਨਕਮ ਰੈਗੂਲਰ ਹੋ ਸਕੇ। ਅੱਤਵਾਦੀਆਂ ਨੇ ਔਰਤਾਂ ਦੀ ਬਹੁਤ ਹੀ ਦੁਰ

[ਰਾਜ ਮੰਤਰੀ, ਸਿਖਿਆ ਅਤੇ ਭਾਸ਼ਾ]

ਦਿਸ਼ਾ ਕੀਤੀ ਉਨ੍ਹਾਂ ਨੂੰ ਵਿਧਵਾ ਬਣਾ ਦਿੱਤਾ, ਉਨ੍ਹਾਂ ਦੇ ਬਚਿਆਂ ਨੂੰ ਯਤੀਮ ਬਣਾ ਦਿੱਤਾ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਨਸ਼ਟ ਕਰ ਦਿੱਤਾ। ਇਸ ਨੂੰ ਸਰਦਾਰ ਬੇਅੰਤ ਸਿੰਘ ਨੇ ਸਾਰੇ ਪੰਜਾਬੀਆਂ ਦੇ ਸਹਿਯੋਗ ਦੇ ਨਾਲ ਅਤੇ ਪੰਜਾਬ ਦੇ ਇਕ-ਇਕ ਜੀਵ ਦੀ ਮਦਦ ਨਾਲ ਅੱਤਵਾਦ ਨੂੰ ਪੰਜਾਬ ਦੇ ਵਿਚੋਂ ਬਾਹਰ ਕੱਢਿਆ ਹੈ ਅਤੇ ਜਿਹੜੇ ਇਕ ਦੋ ਅੱਤਵਾਦੀ ਰਹਿ ਗਏ ਹਨ ਜਾਂ ਤਾਂ ਉਹ ਦੌੜ ਜਾਣਗੇ ਨਹੀਂ ਤਾਂ ਉਨ੍ਹਾਂ ਨੂੰ ਪੰਜਾਬ ਵਿਚੋਂ ਬਾਹਰ ਕੱਢ ਮਾਰਿਆ ਜਾਵੇਗਾ। ਇਸ ਲਈ ਮੇਰੀ ਸਰਕਾਰ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਵਿਧਵਾ ਔਰਤਾਂ ਦੀ ਇਨਕਮ ਰੈਗੂਲਰ ਕਰਨ ਦਾ ਇੰਤਜ਼ਾਮ ਕਰਨ ਅਤੇ ਅਤੇ ਜਿਹੜੇ ਯਤੀਮ ਬੱਚੇ, ਗਰੀਬੀ ਦੀ ਹਾਲਾਤ ਵਿਚ ਰਹਿਣਗੇ, ਉਹ ਸਾਨੂੰ ਆਂਤੰਕਵਾਦ ਦੀ ਯਾਦ ਦਿਲਾਉਂਦੇ ਰਹਿਣਗੇ। ਉਨ੍ਹਾਂ ਔਰਤਾਂ ਦੇ ਦਿਲ ਵਿਚੋਂ ਦਰਦ ਘਟਾਉਣ ਵਾਸਤੇ ਉਨ੍ਹਾਂ ਔਰਤਾਂ ਨੂੰ ਆਪਣਾ ਗਮ ਭੁਲਾਉਣ ਵਾਸਤੇ ਸਾਨੂੰ ਉਨ੍ਹਾਂ ਲਈ ਕੋਈ ਕੰਮ ਲਭਣਾ ਪਵੇਗਾ। ਉਨ੍ਹਾਂ ਭੈਣਾਂ ਨੂੰ ਅਤੇ ਉਨ੍ਹਾਂ ਦੇ ਬੱਚਿਆਂ ਵਾਸਤੇ ਸਾਡਾ ਸਾਰਿਆਂ ਦਾ ਵਰਜ਼ ਬਣਦਾ ਹੈ ਕਿ ਕੁਝ ਕਰੀਏ। ਇਸ ਦੇ ਵਾਸਤੇ ਜੋ ਸੰਸਥਾਵਾਂ ਕੰਮ ਕਰਦੀਆਂ ਹਨ ਉਨ੍ਹਾਂ ਨੂੰ ਵੀ ਕੁਝ ਦੇਣਾ ਚਾਹੀਦਾ ਹੈ ਕਿਉਂਕਿ ਜਿਥੇ ਕਿਤੇ ਸਰਕਾਰ ਨਹੀਂ ਪਹੁੰਚੀ ਉਥੇ ਉਹ ਪਹੁੰਚਣ ਅਤੇ ਉਨ੍ਹਾਂ ਔਰਤਾਂ ਵਾਸਤੇ ਕੰਮ ਕਰਨ। ਉਨ੍ਹਾਂ ਔਰਤਾਂ ਨੂੰ ਕੋਈ ਨਾ ਕੋਈ ਰਾਹਤ ਮਿਲੇ। ਡਿਪਟੀ ਸਪੀਕਰ ਸਾਹਿਬ, ਤਲਾਕ ਸ਼ੁਦਾ ਔਰਤਾਂ ਨੂੰ ਨਾ ਮਾਈਕੇ ਵਾਲੇ ਖੁਸ਼ ਹੋ ਕੇ ਰਖਦੇ ਹਨ ਅਤੇ ਸਹੁਰੇ ਘਰ ਵਾਲਿਆਂ ਨੇ ਤਾਂ ਉਸਨੂੰ ਕੱਢ ਹੀ ਦਿਤਾ ਹੈ। ਉਨ੍ਹਾਂ ਔਰਤਾ ਵਾਸਤੇ ਸਾਰਟ ਸਟੇਅ ਹੋਮ ਹੋਣੇ ਚਾਹੀਦੇ ਹਨ। ਇਹ ਸਾਰਟ ਸਟੇਅ ਹੋਮ ਸ਼ਹਿਰਾਂ ਵਿਚ ਵੀ ਹੋਣੇ ਚਾਹੀਦੇ ਹਨ ਜਿਥੇ ਮੇਰੀਆਂ ਭੈਣਾ ਆਪ ਅਤੇ ਆਪਣੇ ਬਚਿਆਂ ਨੂੰ ਸਾਰਟ ਸਟੇਅ ਹੋਮ ਵਿਚ ਰਖ ਸਕਣ ਉਹ ਆਪਣੀ ਮਿਹਨਤ ਕਰਕੇ ਆਪਣੇ ਲਈ ਅਤੇ ਆਪਣੇ ਬੱਚਿਆਂ ਲਈ ਰੋਜ਼ੀ ਰੋਟੀ ਦਾ ਸਾਧਨ ਕਰ ਸਕਣ। ਤਲਾਕ ਸ਼ੁਦਾ ਭੈਣਾਂ ਮਾਈਕੇ ਘਰ ਵਿਚ ਨਹੀਂ ਰਹਿਣਾ ਚਾਹੁੰਦੀਆਂ ਅਤੇ ਨਾ ਹੀ ਉਸ ਪਿੰਡ ਵਿਚ ਕੋਈ ਕੰਮ ਕਰਨਾ ਚਾਹੁੰਦੀਆ ਹਨ। ਇਸ ਲਈ ਸਾਰਟ ਸਟੇਅ ਹੋਮ ਡਿਸਟ੍ਰਿਕਟਸ ਹੈਡਕੁਆਰਟਰ ਤੇ ਤਹਿਸੀਲ ਹੈਡਕੁਆਰਟਰ ਤੇ ਹੋਣੇ ਚਾਹੀਦੇ ਹਨ। ਤਾਂਕਿ ਉਹ ਤਲਾਕ ਸ਼ੁਦਾ ਔਰਤਾਂ ਮਿਹਨਤ ਕਰਕੇ ਆਪਣੀ ਰੋਜ਼ੀ ਕਮਾ ਸਕਣ। ਉਨ੍ਹਾਂ ਔਰਤਾਂ ਨੂੰ ਕੋਈ ਸੇਕ ਨਾ ਆਵੇ। ਉਨ੍ਹਾਂ ਭੈਣਾਂ ਦੇ ਬੱਚੇ ਪਿੰਡਾਂ ਵਿਚ ਕੁਰਲਾਂਦੇ ਨਾ ਰਹਿਣ। ਉਹ ਔਰਤਾਂ ਅਤੇ ਬੱਚੇ ਆਹਾਂ ਨਾ ਭਰਨ। ਡਿਪਟੀ ਸਪੀਕਰ ਸਾਹਿਬ, ਪਿਛਲੇ ਜਮਾਨੇ ਵਿਚ ਨਾਰੀ ਵਾਸਤੇ ਸਵਾਮੀ ਦਿਆ ਨੰਦ, ਮਦਨ ਮੋਹਨ ਮਾਲਵੀ ਅਤੇ ਗੁਰੂ ਨਾਨਕ ਦੇਵ ਜੀ ਨੇ ਬਹੁਤ ਉਪਰਾਲੇ ਕੀਤੇ। ਜਿਸ ਵੇਲੇ ਇਸਤਰੀਆਂ ਨੂੰ ਪੁਰਾਣੇ ਜਮਾਨੇ ਵਿਚ ਸਤੀ ਕਰਦੇ ਹੁੰਦੇ ਸੀ ਅਤੇ ਜਿੰਦਾ ਜਲਾ ਦਿਤਾ ਜਾਂਦਾ ਸੀ। ਉਸ ਵੇਲੇ ਔਰਤਾਂ ਨੂੰ ਬੁਰੀ ਨਿਗਾਹ ਨਾਲ ਵੇਖਿਆ ਜਾਂਦਾ ਸੀ। ਡਿਪਟੀ ਸਪੀਕਰ ਸਾਹਿਬ, ਉਸ ਵੇਲੇ ਸਵਾਮੀ ਦਿਆ ਨੰਦ ਜੀ ਨੇ ਸਤੀ ਦੀ ਪ੍ਰਥਾ ਨੂੰ ਦੂਰ ਕੀਤਾ। ਅਸੀਂ ਚਾਹੁੰਦੇ ਸੀ ਕਿ ਸਤੀ ਦੀ ਪ੍ਰਥਾ ਖਤਮ ਹੋਵੇ ਔਰ ਸਤੀ ਦੀ ਪ੍ਰਥਾ ਖਤਮ ਕੀਤੀ ਗਈ ਅਤੇ ਪੁਨਰ ਵਿਵਾਹ ਲਈ ਵੀ ਕਿਹਾ। ਅਸੀਂ ਉਨ੍ਹਾਂ ਭੈਣਾਂ ਵੱਲ ਵੇਖਣਾ ਹੈ ਕਿ ਉਹ ਔਰਤਾਂ ਆਪਣਾ ਕੰਮ ਕਰਕੇ ਆਪਣੀ ਰੋਜ਼ੀ ਰੋਟੀ ਕਮਾ ਸਕਣ ਅਤੇ ਆਪਣੇ ਬੱਚਿਆਂ ਦਾ ਪੇਟ ਪਾਲ ਸਕਣ। ਡਿਪਟੀ ਸਪੀਕਰ ਸਾਹਿਬ, ਮੇਰੀਆਂ ਭੈਣਾਂ ਕੋਈ ਕ੍ਰਿਮੀਨਲ ਔਫੈਂਸ ਨਾ ਕਰਨ। ਉਨ੍ਹਾਂ ਨੂੰ ਜੇਲ੍ਹਾਂ ਵਿਚ ਨਾ ਡਸੋ ਜੇਕਰ ਕੋਈ ਔਰਤ ਇਕ ਵਾਰ ਜੇਲ ਚਲੀ ਜਾਂਦੀ ਹੈ ਤਾਂ ਉਸ ਲਈ ਹਮੇਸ਼ਾਂ ਦੀ ਜੇਲ ਬਣ ਜਾਂਦੀ ਹੈ। ਉਸ ਔਰਤ ਨੂੰ ਜੋ ਜੇਲ ਵਿਚ ਇਕ ਵਾਰੀ ਚਲੀ ਗਈ ਤਾਂ ਸਮਾਜ ਵਿਚ ਅਤੇ ਉਸ ਦੇ ਫੈਮਿਲੀ ਦੇ ਮੈਂਬਰ ਉਸ ਔਰਤ ਨੂੰ ਘਿਰਨਾ ਦੇ ਨਾਲ ਵੇਖਦੇ ਹਨ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਡਿਪਟੀ ਸਪੀਕਰ ਸਾਹਿਬ, ਜਿਹੜਾ ਮਤਾ ਔਰਤਾਂ ਦੀ ਭਲਾਈ ਵਾਸਤੇ ਇਥੇ ਹਾਉਸ ਵਿਚ ਡਿਸਕਸ ਹੋ ਰਿਹਾ ਹੈ, ਉਸ ਤੇ ਹੀ ਕਾਨਸੈਂਟਰੇਟ ਕਰਨ। ਇਹ ਚੀਜ ਇਨ੍ਹਾਂ ਤੇ ਵੀ ਲਾਗੂ ਹੋਵੇ। (ਵਿਘਨ)

Mr. Deputy Speaker: Yes yes, we are trying. Madam Mahajan, please try to concentrate on the resolution.

ਰਾਜ ਮੰਤਰੀ : ਡਿਪਟੀ ਸਪੀਕਰ ਸਾਹਿਬ, ਜੋ ਤਲਾਕ-ਸ਼ੁਦਾ ਔਰਤਾਂ ਹਨ। ਜਾਂ ਮੈਂ ਕਿਹਾ ਹੈ ਕਿ ਕੋਈ ਔਰਤ ਜੇਲ ਵਿਚ ਇਕ ਵਾਰ ਚਲੀ ਜਾਵੇ ਤਾਂ ਸਮਾਜ ਦੇ ਵਿੱਚ ਉਸ ਦਾ ਸਨਮਾਨ ਹਮੇਸ਼ਾ ਵਾਸਤੇ ਉਸਦੇ ਹਥੋਂ ਨਿਕਲ ਜਾਵੇਗਾ। ਕਰੈਕਟਰ ਇਕ ਐਸੀ ਅਮੁੱਲ ਚੀਜ ਹੈ, ਜੋ ਬਚੀ ਰਹੇ ਤਾਂ ਬਚੀ ਰਹੇ ਪਰ ਇਸ ਤੇ ਜੇ ਕੋਈ ਧੱਬਾ ਇਕ ਵਾਰੀ ਲਗ ਜਾਵੇ ਤਾਂ ਉਹ ਐਸਾ ਲੀਰੋ ਲੀਰ ਹੁੰਦਾ ਹੈ ਕਿ ਕਿਸੇ ਕੋਲੋਂ ਵੀ ਨਹੀਂ ਸੰਭਾਲਿਆ ਜਾ ਸਕਦਾ। ਬਾਕੀ ਜਿਹੜੀ ਗੱਲ ਹੈ ਸਨਮਾਨ ਦੀ, ਮੈਂ ਕਹਿੰਦੀ ਹਾਂ ਕਿ ਮੇਰੀਆਂ ਭੈਣਾਂ ਦਾ ਪੂਰਾ ਸਨਮਾਨ ਹੋਣਾ ਚਾਹੀਦਾ ਹੈ। ਇਥੇ ਮੇਰੇ ਅਫਸਰ ਸਹਿਬਾਨ ਵੀ ਬੈਠੇ ਹਨ। ਇਨ੍ਹਾਂ ਨੂੰ ਵੀ ਪਤਾ ਹੈ, ਕਿਸ ਤਰ੍ਹਾਂ ਮੇਰੀਆਂ ਭੈਣਾਂ ਐਜੀਟੇਟਿਡ ਸਨ, ਕਿੰਨੇ ਕਰੋਧ ਵਿੱਚ ਸਨ, ਕਿੰਨੇ ਰੋਸ਼ ਵਿੱਚ ਸਨ। ਉਨ੍ਹਾਂ ਦੇ ਕਰੋਧ ਨੂੰ ਇੰਟਰਵੀਨ ਕਰਕੇ ਸੈਕਰੇਟਰੀ ਸਾਹਿਬ ਨੇ ਔਰ ਸੀ.ਐਮ. ਸਾਹਿਬ ਨੇ ਬੜੀ ਮੁਸ਼ਕਿਲ ਨਾਲ ਸੰਭਾਲਿਆ ਅਤੇ ਕਿਹਾ ਕਿ ਦੋਬਾਰਾ ਇਹੋ ਜਿਹੀਆਂ ਚੀਜ਼ਾ ਹੋਈਆਂ ਤਾਂ ਇਹੋ ਜਿਹੇ ਐਸ਼ ਨੂੰ ਮੁਆਫ ਨਹੀਂ ਕਰਾਂਗੇ। ਮੈਂ ਕਹਿਣਾ ਚਾਹੁੰਦੀ ਹਾਂ ਕਿ ਫਿਰ ਇਹੋ ਜਿਹੇ ਕੰਮ ਵਿੱਚ ਕਿਸੇ ਦੀ ਮਧਿਅਸਥਤਾ ਵੀ ਸਵੀਕਾਰ ਨਹੀਂ ਕੀਤੀ ਜਾਵੇਗੀ। ਮੇਰੀਆਂ ਭੈਣਾਂ ਪੂਰੀ ਤਰ੍ਹਾਂ ਸਨਮਾਨਿਤ ਹਨ। ਨਾਰੀ ਜਾਤੀ ਨੇ ਆਪਣੀ ਸਭਿਅਤਾ ਔਰ ਸੰਸਕ੍ਰਿਤੀ ਨੂੰ ਆਪਣੀ ਝੋਲੀ ਵਿੱਚ ਪਾ ਕੇ ਰਖਿਆ ਹੈ, ਸੋਹਣੀ ਤਰ੍ਹਾਂ ਸੰਵਾਰ ਕੇ ਰਖਿਆ ਹੈ। ਸਰਕਾਰ ਨੇ ਉਨ੍ਹਾਂ ਦੀ ਉਨਤੀ ਪ੍ਰਤੀ ਬਹੁਤ ਉਪਰਾਲੇ ਕੀਤੇ ਹਨ। ਨਾਰੀ ਨਿਕੇਤਨ ਬਣਾਏ ਹਨ, ਡੈਸਟੀਚਿਊਟ ਹੋਮਜ਼ ਬਣਾਏ ਹਨ, ਪਰੋਟੈਕਟਿਡ ਸਟੇਟ ਲੈਵਲ ਦੇ ਹੋਮਜ਼ ਬਣਾਏ ਹਨ, ਸਰਕਾਰ ਨੇ ਭੈਣਾਂ ਦੀ ਵੈਲਫੇਅਰ ਲਈ ਬਹੁਤ ਕੁਝ ਕੀਤਾ ਹੈ। ਪਰ ਮੈਂ ਇਹ ਕਹਿਣਾ ਚਾਹੁੰਦੀ ਹਾਂ ਕਿ ਅੱਜ ਇਹ ਸਾਰੇ ਹੋਮਜ਼ ਇਕ ਤਰ੍ਹਾਂ ਮਰੇ ਪਏ ਹਨ, ਕਿਸੇ ਵਿੱਚ ਜਾਨ ਨਹੀਂ ਹੈ। ਇਕ ਔਰਤ ਨੂੰ ਜਿਸ ਨੂੰ ਅੱਜ ਕੰਮ ਦੀ ਜ਼ਰੂਰਤ ਹੈ, ਉਸ ਨੂੰ ਅੱਜ ਭੁੱਖ ਮਿਟਾਉਣ ਦੀ ਜ਼ਰੂਰਤ ਹੈ, ਪਰ ਕਿਹਾ ਜਾਂਦਾ ਹੈ ਕਿ ਹਾਲੇ ਐਪਲੀਕੇਸ਼ਨ ਦੇ ਦਿਉ, ਐਪਲੀਕੇਸ਼ਨ ਪਰੋਸੈਸ ਹੋਵੇਗੀ, ਫਿਰ ਕੁਝ ਕਿਹਾ ਜਾ ਸਕਦਾ ਹੈ। ਮੈਂ ਹਾਊਸ ਅੱਗੇ ਇਕ ਬੇਨਤੀ ਕਰਾਂਗੀ, ਡਿਪਟੀ ਸਪੀਕਰ ਸਾਹਿਬ, ਮੈਂ ਇਸ ਵੇਲੇ ਸਰਕਾਰ ਵਿੱਚ ਮੰਤਰੀ ਪਦ ਦੀ ਹੈਸੀਅਤ ਨਾਲ ਨਹੀਂ ਬੋਲ ਰਹੀ, ਮੈਂ ਨਾਰੀ ਦੀ ਹੈਸੀਅਤ ਵਿਚ ਬੋਲ ਰਹੀ ਹਾਂ, ਇਕ ਚੀਜ਼ ਇਹ ਕਹਾਂਗੀ ਕਿ ਜਿਹੜੀਆਂ ਪਿਛਲੀਆਂ ਜਿੰਨੀਆਂ ਵੀ ਸੰਸਥਾਵਾਂ ਬਣੀਆਂ ਹੋਈਆਂ ਹਨ, ਜਦ ਕੋਈ ਰੋਗੀ ਹੋ ਜਾਵੇ, ਕੈਂਸਰ ਦਾ ਮਰੀਜ਼ ਹੋਵੇ, ਛੂਤ ਦਾ ਰੋਗੀ ਹੋਵੇ, ਤਾਂ ਉਹ ਛੂਤ ਦਾ ਰੋਗ ਹਰ ਜਗ੍ਹਾ ਫੈਲਾਉਂਦਾ ਹੈ। ਇਨ੍ਹਾਂ ਰੋਗੀ ਸੰਸਥਾਵਾਂ ਨੂੰ ਵੀ ਖਤਮ ਕਰ ਦੇਣਾ ਚਾਹੀਦਾ ਹੈ ਅਤੇ ਇਹੋ ਜਿਹੀ ਸੁਹਣੀ ਬਣਤਰ ਬਣਾਈ ਜਾਵੇ ਜਿਸ ਨਾਲ ਜਿਸ ਭੈਣ ਨੂੰ ਜਦੋਂ ਕੰਮ ਦੀ ਜ਼ਰੂਰਤ ਹੈ, ਕਿਸੇ ਸਹਾਇਤਾ ਦੀ ਜ਼ਰੂਰਤ ਹੈ, ਉਸੇ ਵੇਲੇ ਮੁਹੱਈਆ ਕੀਤੀ ਜਾਵੇ। ਇਹ ਅਸੀਂ ਤਾਂ ਹੀ ਕਰ ਸਕਦੇ ਹਾਂ ਜੇ ਅਸੀਂ ਹਰ ਇਕ ਪਿੰਡ ਨੂੰ ਉਸ ਲੈਵਲ ਤੇ ਸਮੁਚਿਤ ਤਰੀਕੇ ਨਾਲ ਆਰਗੇਨਾਈਜ਼ ਕਰ ਲਈਏ ਕਿ ਭਗਵਾਨ ਸਭ ਨੂੰ ਸੁਖੀ ਰਖੇ, ਜਿਹੜੀਆਂ ਭੈਣਾਂ ਆਪਣੇ ਸਟੈਂਡਰਡ ਆਫ ਲਿਵਿੰਗ ਨੂੰ ਵੀ ਅੱਛਾ ਬਣਾਉਣਾ ਚਾਹੁੰਦੀਆਂ ਹਨ, ਆਪਣੀ ਇਨਕਮ ਦੇ ਸੋਰਸਿਜ਼ ਵਧਾਉਣਾ ਚਾਹੁੰਦੀਆਂ ਹਨ, ਉਨ੍ਹਾਂ ਵਾਸਤੇ ਵੀ ਅੱਛੇ ਸਾਧਨ ਜੁਟਾ ਸਕੀਏ।

ਬਾਕੀ ਚਿਲਡਰਨ ਵੈਲਫੇਅਰ ਸਬੰਧੀ ਐਕਟ ਹੈ। ਅੱਜ ਹੋਟਲਾਂ ਵਿੱਚ, ਢਾਬਿਆਂ ਵਿੱਚ ਅਤੇ ਹੋਰ ਫੈਕਟਰੀਆਂ ਵਿੱਚ ਛੋਟੇ ਛੋਟੇ ਬੱਚੇ ਕੰਮ ਕਰਦੇ ਫਿਰਦੇ ਹਨ। ਉਹ 10-10 ਅਤੇ 11-11 ਸਾਲ ਦੀ ਉਮਰ ਦੇ ਵੀ ਹਨ। ਇਹੋ ਜਿਹੀਆਂ ਜਿਹੜੀਆਂ ਕਿਤਾਬਾਂ ਵਿੱਚ ਲਿਖੀਆਂ ਚੀਜ਼ਾਂ ਹਨ, ਪੇਪਰਜ਼ ਵਿੱਚ ਹੀ

[ਰਾਜ ਮੰਤਰੀ, ਸਿਖਿਆ ਅਤੇ ਭਾਸ਼ਾ]

ਹਨ, ਉਨ੍ਹਾਂ ਵੱਲ ਵੀ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਜਿਹੜੀਆਂ ਚੀਜ਼ਾਂ ਸਮਾਜ ਵਿੱਚ ਕੋਈ ਸੁਧਾਰ ਨਹੀਂ ਕਰ ਸਕੀਆਂ, ਫਜ਼ੂਲ ਦਾ ਸਰਕਾਰ ਤੇ ਉਨਾਂ ਦਾ ਬਰਡਨ ਹੈ, ਉਨ੍ਹਾਂ ਨੂੰ ਖਤਮ ਕਰਕੇ ਉਨ੍ਹਾਂ ਨੂੰ ਪੁਨਰਜੀਵਨ ਪ੍ਰਦਾਨ ਕਰੋ। ਉਨ੍ਹਾਂ ਨੂੰ ਏਨਾ ਅੱਛੀ ਤਰ੍ਹਾਂ ਐਕਟੀਵੇਟ ਕਰੋ ਕਿ ਉਹ ਮੌਕੇ ਤੇ ਹੀ ਕੁਝ ਕਰ ਸਕਣ, ਕਿਸੇ ਦੀ ਸਹਾਇਤਾ ਕਰਨ ਦੇ ਯੋਗ ਸਾਬਤ ਹੋ ਸਕਣ। ਜਿਹੜੀਆਂ ਇਕਨਾਮੀਕਲੀ ਬੈਕਵਰਡ ਭੈਣਾਂ ਹਨ, ਉਨ੍ਹਾਂ ਵਾਸਤੇ ਇਕ ਵਖਰਾ ਬੈਂਕ ਬਨਾਉਣਾ ਚਾਹੀਦਾ ਹੈ। ਲਕਸ਼ਮੀ ਕਾਂਤਾ ਚਾਵਲਾ ਜੀ, ਇਹ ਗੱਲ ਸੁਣੋ।

Mr. Deputy Speaker : Please address the Chair.

ਰਾਜ ਮੰਤਰੀ : ਮੈਂ ਉਨ੍ਹਾਂ ਨੂੰ ਇਹ ਕਹਿਣਾ ਚਾਹੁੰਦੀ ਸੀ ਕਿ ਅਸੀਂ ਇਸ ਗੱਲ ਤੇ ਸੋਚ ਵਿਚਾਰ ਕਰਕੇ ਇਸ ਆਈਡੀਏ ਨੂੰ ਸਟਰੇਂਥਨ ਕਰੀਏ। ਉਸ ਬੈਂਕ ਦਾ ਮੇਰੀਆਂ ਭੈਣਾਂ ਹੀ ਸੰਚਾਲਨ ਕਰਨ, ਲੋਨ ਲੈ ਕੇ ਕੋਈ ਆਪਣੇ ਛੋਟੇ ਛੋਟੇ ਕੋਆਪਰੇਟਿਵ ਅਦਾਰੇ ਸੈਟ ਅਪ ਕਰ ਸਕਣ। ਜਿਸ ਤਰ੍ਹਾਂ ਕੇਰਲਾ, ਉੜੀਸਾ, ਬੰਗਲੋਰ ਵਿੱਚ ਹੈ, ਉਥੇ ਉਨ੍ਹਾਂ ਨੇ ਛੋਟੀਆਂ ਛੋਟੀਆਂ ਕੋਆਪਰੇਟਿਵ ਸੋਸਾਇਟੀਆਂ ਬਣਾਈਆਂ ਹੋਈਆਂ ਹਨ। ਉਹ ਘਰਾਂ ਵਿੱਚ ਹੀ ਸਿਲਕ ਦੇ ਵਸਤਰ ਬਣਾਉਂਦੀਆਂ ਹਨ। ਮਾਰਕੀਟਿੰਗ ਸਾਈਡ ਤੋਂ ਸਬੰਧਤ ਵਪਾਰੀ ਆਉਂਦਾ ਹੈ, ਮਾਲ ਚੁਕਦਾ ਹੈ ਅਤੇ ਆਨ ਦੀ ਸਪਾਟ ਹੀ ਉਨ੍ਹਾਂ ਦੀ ਉਜਰਤ ਉਨ੍ਹਾਂ ਨੂੰ ਦੇ ਦਿੰਦਾ ਹੈ। ਜੇ ਆਨ ਦੀ ਸਪਾਟ ਉਜਰਤ ਨਹੀਂ ਵੀ ਮਿਲਦੀ ਤਾਂ ਉਨ੍ਹਾਂ ਦੇ ਨਾਲ ਨਾਰਮਜ਼ ਸੈਟ ਹੁੰਦੇ ਹਨ। ਇਥੇ ਪੰਜਾਬ ਵਿੱਚ ਵੀ ਇਸ ਤਰ੍ਹਾਂ ਦੇ ਉਪਰਾਲੇ ਕਰਨੇ ਚਾਹੀਦੇ ਹਨ।

ਦੂਸਰੀ ਚੀਜ਼ ਮੈਂ ਇਹ ਕਹਿਣਾ ਚਾਹੁੰਦੀ ਹਾਂ ਕਿ ਕੋਆਪਰੇਟਿਵ ਕਨਜ਼ਿਊਮਰ ਸੋਸਾਇਟੀਆਂ ਵੀ ਭੈਣਾਂ ਦੀਆਂ ਹੋਣੀਆਂ ਚਾਹੀਦੀਆਂ ਹਨ। ਜਿਹੜੇ ਸਰਕਾਰ ਦੇ ਅਦਾਰੇ ਹਨ ਜਿਵੇਂ ਮਾਰਕਫੈਡ ਹੈ ਜਾਂ ਕੋਈ ਹੋਰ ਹੈ, ਉਨ੍ਹਾਂ ਦੇ ਜਿੰਨੇ ਵੀ ਪ੍ਰਾਡਕਟਸ ਹਨ, ਉਹ ਪ੍ਰਾਡਕਟਸ ਵੇਚਣ ਲਈ ਸਰਕਾਰ ਭੈਣਾਂ ਨੂੰ ਦੇਵੇ ਜਿਸ ਨਾਲ ਇਹ ਉਨ੍ਹਾਂ ਦੀ ਇਨਕਮ ਦਾ ਸਾਧਨ ਬਣ ਸਕਣ।

ਇਸ ਤੋਂ ਅੱਗੇ ਹੋਮ ਫਾਰ ਦੀ ਮੈਨਟਲੀ ਰਿਟਾਰਡਡ, ਦੀ ਗੱਲ ਹੈ। ਮੇਰਾ ਖਿਆਲ ਹੈ ਕਿ ਇਸ ਤਰ੍ਹਾਂ ਦਾ ਸਿਰਫ ਇਕੋ ਹੀ ਸੈਂਟਰ ਪੰਜਾਬ ਵਿਚ ਹੈ ਨੰਗਲ ਵਿਚ। ਇਸ ਤਰ੍ਹਾਂ ਦੇ ਮੈਨਟਲੀ ਰਿਟਰਡ ਚਿਲਡਰਨ ਬਹੁਤ ਘਰਾਂ ਵਿਚ ਮਿਲਣਗੇ ਕਿਉਂਕਿ ਆਮ ਗਰੀਬ ਘਰ ਦਾ ਬੱਚਾ ਜਦੋਂ ਸਕੂਲ ਜਾਂਦਾ ਹੈ ਤਾਂ ਉਸ ਨੂੰ ਨਾਸ਼ਤਾ ਨਹੀ, ਮਿਲਦਾ, ਪੈਰਾਂ ਵਿਚ ਪਾਉਣ ਵਾਸਤੇ ਜੁੱਤੀ ਨਹੀਂ ਮਿਲਦੀ, ਪੈਨਸਲਾਂ, ਕਿਤਾਬਾਂ, ਕਾਪੀਆਂ ਜਾਂ ਰਬੜ ਨਹੀਂ ਮਿਲਦੀ ਤਾਂ ਉਹ ਆਪਣੇ ਆਪ ਹੀ ਦਿਮਾਗੀ ਤੌਰ ਤੇ ਕਮਜ਼ੋਰ ਹੋ ਜਾਂਦਾ ਹੈ। ਉਸ ਵਿਚ ਹੀਨ ਭਾਵਨਾ ਆ ਜਾਂਦੀ ਹੈ। ਉਹ ਜਿਸ ਵੇਲੇ ਦੇਖਦਾ ਹੈ ਕਿ ਮੇਰੇ ਨਾਲ ਦੇ ਪੜ੍ਹਨ ਵਾਲੇ ਬੱਚੇ ਕੋਲ ਸਭ ਕੁਝ ਹੈ ਅਤੇ ਮੇਰੇ ਕੋਲ ਕੁਝ ਵੀ ਨਹੀਂ ਤਾਂ ਉਸ ਦੇ ਦਿਮਾਗ ਤੇ ਬਹੁਤ ਅਸਰ ਹੁੰਦਾ ਹੈ ਅਤੇ ਹੌਲੀ ਹੌਲੀ ਉਹ ਮੈਨਟਲੀ ਰਿਟਾਰਡ ਹੋ ਜਾਂਦਾ ਹੈ ਇਹੋ ਜਿਹੇ ਬੱਚਿਆਂ ਨੂੰ ਸੰਭਾਲਣਾ ਚਾਹੀਦਾ ਹੈ। ਇਸ ਕੰਮ ਵਾਸਤੇ ਵਾਲੰਟਰੀ ਆਰਗੇਨਾਈਜ਼ੇਸ਼ਨਜ਼ ਨੂੰ ਵੀ ਅੱਗੇ ਆਉਣਾ ਚਾਹੀਦਾ ਹੈ। ਅੱਜ ਸਰਕਾਰ ਵਲੋਂ ਸਕੂਲਾਂ ਵਿਚ ਪਛੜੇ ਵਰਗ ਦੇ ਲੋਕਾਂ ਦੇ ਬੱਚਿਆਂ ਨੂੰ ਕਿਤਾਬਾਂ, ਕਾਪੀਆਂ ਜਾਂ ਪੈਨਸਿਲਾਂ ਦਿੱਤੀਆਂ ਜਾਂਦੀਆਂ ਹਨ ਲੇਕਿਨ ਮੈਂ ਸਮਝਦੀ ਹਾਂ ਕਿ ਇਸ ਵਿਚ ਥੋੜ੍ਹੀ ਜਿਹੀ ਐਡੀਸ਼ਨ ਹੋਰ ਕਰਨੀ ਚਾਹੀਦੀ ਹੈ। ਉਹ ਇਹ ਕਿ ਇਸ ਵਿਚ ਪਛੜੇ ਵਰਗ ਦੇ ਨਾਲ ਨਾਲ ਇਕਨਾਮੀ-ਕਲੀ ਵੀਕਰ ਸੈਕਸ਼ਨ ਨੂੰ ਵੀ ਸ਼ਾਮਲ ਕਰਨਾ ਚਾਹੀਦਾ ਹੈ। ਉਨ੍ਹਾਂ ਨੂੰ ਵੀ ਇਸ ਗਰੁੱਪ ਵਿਚ ਸ਼ਾਮਲ ਕਰ ਲੈਣਾ ਚਾਹੀਦਾ ਹੈ ਤਾਂ ਜੋ ਹਿੰਦੁਸਤਾਨ ਦੀ ਹਾਰਮੋਨੀਅਸ ਤਰੱਕੀ ਹੋ ਸਕੇ। ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਇਨ੍ਹਾਂ ਇਕਨਾਮਕਲੀ ਵੀਕਰ ਬੱਚਿਆਂ ਦੀ ਸਹਾਇਤਾ ਕਰੀਏ। ਜੇ ਇਸ ਤਰ੍ਹਾਂ ਨਹੀਂ ਕਰਾਂਗੇ ਤਾਂ ਉਹ ਬੱਚੇ ਮੈਨਟਲੀ ਰਿਟਾਰਡ ਹੀ ਹੋਣਗੇ। ਇਹ ਦੇਸ਼ ਵਾਸਤੇ ਕੋਈ ਹੈਲਦੀ ਸਾਈਨ ਨਹੀਂ ਹੋਵੇਗਾ।

ਇਸ ਤੋਂ ਅੱਗੇ ਮੈਂ ਡਰੱਗਜ਼ ਬਾਰੇ ਵੀ ਕੁਝ ਕਹਿਣਾ ਚਾਹੁੰਦੀ ਹਾਂ। ਮੈਂ ਮਹਿਸੂਸ ਕਰਦੀ ਹਾਂ ਕਿ ਜਿਹੜੇ ਲੋਕ ਜਾਂ ਬੱਚੇ ਡਰੱਗਜ਼ ਦਾ ਸ਼ਿਕਾਰ ਹਨ, ਉਨ੍ਹਾਂ ਵਾਸਤੇ ਡਰੱਗਜ਼ ਡੀ-ਅਡਿਕਸ਼ਨ ਸੈਂਟਰ ਹੋਣੇ ਚਾਹੀਦੇ ਹਨ। ਅੱਜ ਕਲ੍ਹ ਦੇ ਬੱਚੇ ਨਸ਼ਾ ਬਹੁਤ ਕਰਨ ਲਗ ਪਏ ਹਨ। ਆਪਣੇ ਮਾਂ ਬਾਪ ਦੇ ਹੱਥ ਵੀ ਇਹ ਬੱਚੇ ਨਹੀਂ ਆਉਂਦੇ। ਇਨ੍ਹਾਂ ਦੇ ਸੁਧਾਰ ਵਾਸਤੇ ਸਰਕਾਰ ਨੂੰ ਸਮੁਚਿਤ ਪ੍ਰਬੰਧ ਕਰਨੇ ਚਾਹੀਦੇ ਹਨ ਅਤੇ ਇਹ ਵੇਖਣਾ ਚਾਹੀਦਾ ਹੈ ਕਿ ਬੱਚੇ ਕਿਸੇ ਕਿਸਮ ਦੀ ਵੀ ਡਰੱਗਜ਼ ਨਾ ਲੈ ਸਕਣ। ਜਿਸ ਵੇਲੇ ਬੱਚਾ ਘਰੋਂ ਨਿਕਲਦਾ ਹੈ ਤਾਂ ਉਸ ਵੇਲੇ ਉਸ ਨੂੰ ਡਰੱਗਜ਼ ਬਾਰੇ ਪਤਾ ਨਹੀਂ ਹੁੰਦਾ ਲੇਕਿਨ ਜਿਸ ਵੇਲੇ ਉਹ ਭੈੜੇ ਦੋਸਤਾਂ ਵਿਚ, ਸਮਾਜ ਵਿਚ ਵਿਚਰਦਾ ਹੈ ਤਾਂ ਉਸ ਨੂੰ ਡਰੱਗਜ਼ ਦੀ ਆਦਤ ਪੈ ਜਾਂਦੀ ਹੈ। ਡਰੱਗਜ਼ ਦੀ ਆਦਤ ਪਾਉਣੀ ਵਿਦੇਸ਼ੀ ਸ਼ਕਤੀਆਂ ਦੀ ਵੀ ਇਕ ਚਾਲ ਹੈ। ਇਨ੍ਹਾਂ ਡਰੱਗਜ਼ ਨੂੰ ਰੋਕਣ ਵਾਸਤੇ ਜਗ੍ਹਾ ਜਗ੍ਹਾ ਤੇ ਇਹੋ ਜਿਹੇ ਪ੍ਰਬੰਧ ਹੋਣੇ ਚਾਹੀਦੇ ਹਨ ਕਿ ਅਸੀਂ ਉਨ੍ਹਾਂ ਨੂੰ ਕੰਟਰੋਲ ਕਰ ਸਕੀਏ ਟੀਚਰਜ਼ ਨੂੰ ਵੀ ਪੂਰਾ ਚੌਕਸ ਰਹਿਣਾ ਚਾਹੀਦਾ ਹੈ ਕਿ ਕੋਈ ਵੀ ਬੱਚਾ ਐਸੇ ਹਾਲਾਤ ਵਿਚ ਨਾ ਪਹੁੰਚ ਜਾਵੇ ਅਤੇ ਕਿਸੇ ਵੀ ਬੱਚੇ ਨੂੰ ਇਸ ਕਿਸਮ ਦੀ ਇਜਾਜ਼ਤ ਨਹੀਂ ਹੋਣੀ ਚਾਹੀਦੀ ਜਿਸ ਨਾਲ ਉਹ ਇਹੋ ਜਿਹੇ ਗਲਤ ਕੰਮ ਕਰ ਸਕਣ।

ਮੈਂ ਫਿਰ ਕਹਾਂਗੀ ਕਿ ਮੈਂ ਇਥੇ ਜੋ ਕਿਹਾ ਹੈ, ਉਸ ਸਭ ਨੇ ਸੁਣ ਲਿਆ ਹੈ ਲੇਕਿਨ ਇਸ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਐਸੀ ਕੋਈ ਛੋਟ ਨਹੀਂ ਰਹਿਣ ਦਿੱਤੀ ਕਿ ਲੋਕ ਸਮਝਣ ਕਿ ਕਹਿਣਾ ਕੁਛ ਤੇ ਕਰਨਾ ਕੁਛ। ਅਸੀਂ ਜੋ ਕਹਿਣਾ ਹੈ, ਉਹੀ ਕਰਨਾ ਵੀ ਹੈ। ਅਸੀਂ ਇਨ੍ਹਾਂ ਸਾਰੀਆ ਚੀਜ਼ਾਂ ਦਾ ਪੂਰੀ ਤਰ੍ਹਾਂ ਧਿਆਨ ਰੱਖਾਂਗੇ। ਕੋਈ ਐਸੀ ਗੱਲ ਨਹੀਂ ਰਹੇਗੀ ਜਿਸ ਨਾਲ ਕਿਸੇ ਤਰ੍ਹਾਂ ਵੀ ਪੰਜਾਬ ਪਛੜਿਆ ਰਹਿ ਜਾਵੇ। ਅਸੀਂ ਦੱਬ ਕੇ ਵਾਹੁੰਦੇ ਹਾਂ ਅਤੇ ਰੱਜ ਕੇ ਖਾਂਦੇ ਹਾਂ। ਸਾਡੀ ਪੰਜਾਬੀਆਂ ਦੀ ਮਾਰਸ਼ਲ ਕੌਮ ਹੈ। ਅਸੀਂ ਆਪਣੇ ਆਪ ਨੂੰ ਸੋਹਣੀ ਤਰ੍ਹਾਂ ਸੰਵਾਰ ਕੇ ਰੱਖਣਾ ਹੈ। ਇਸ ਕਰਕੇ ਇਨ੍ਹਾਂ ਬੱਚਿਆਂ ਅਤੇ ਇਨ੍ਹਾਂ ਭੈਣਾਂ ਦੀ ਪੂਰੀ ਸੰਭਾਲ ਕਰਨੀ ਹੈ।

ਅਸੀਂ ਉਹ ਵਕਤ ਨਹੀਂ ਰਹਿਣ ਦੇਣਾ:

"ਅਬਲਾ ਨਾਰੀ ਹਾਏ ਤੇਰੀ ਯਹੀ ਕਹਾਣੀ,
ਆਂਚਲ ਮੇਂ ਦੂਧ, ਆਖੋਂ ਮੇਂ ਪਾਣੀ"।

ਸਰਦਾਰ ਬੇਅੰਤ ਸਿੰਘ ਦੀ ਸਰਕਾਰ ਇਕ ਅਜਿਹੀ ਸਰਕਾਰ ਹੈ ਜਿਸ ਨੇ ਪ੍ਰਣ ਕੀਤਾ ਹੈ ਕਿ ਆਂਚਲ ਮੇਂ ਦੂਧ ਰਹੇਗਾ ਲੇਕਿਨ ਆਖੋਂ ਮੇਂ ਆਂਸੂ ਨਹੀਂ। ਅਸੀਂ ਅੱਤਵਾਦ ਦੀ ਛਾਇਆ ਵੀ ਪੰਜਾਬ ਵਿੱਚ ਨਹੀਂ ਰਹਿਣ ਦੇਣੀ ਔਰ ਅਸੀਂ ਆਉਣ ਵਾਲੀ ਜੈਨਰੇਸ਼ਨ ਨੂੰ ਇਸ ਦੇ ਯੋਗ ਬਨਾਉਣਾ ਹੈ ਕਿ ਉਹ ਆਪਣੇ ਹੱਥੀਂ ਕਮਾ ਕੇ ਖਾ ਸਕਣ। ਸਾਡੀ ਸਰਕਾਰ ਉਨ੍ਹਾਂ ਵਾਸਤੇ, ਸੱਚ-ਮੁੱਚ ਅਜਿਹੇ ਪਰਬੰਧ ਕਰੇਗੀ। ਉਨ੍ਹਾਂ ਵਾਸਤੇ ਰੋਜ਼ੀ ਰੋਟੀ ਦੇ ਮੌਕੇ ਮੁਹੱਈਆ ਕਰੇਗੀ। ਅਜਿਹਾ ਨਹੀਂ ਹੋਵੇਗਾ ਕਿ "ਪੇਟ ਨਾ ਪਈਆਂ ਰੋਟੀਆਂ, ਸਭੇ ਗੱਲਾਂ ਖੋਟੀਆਂ"।

*12.24 P.M.

[ਇਸ ਵਕਤ* ਡਾਕਟਰ (ਸ਼੍ਰੀਮਤੀ) ਮਾਲਤੀ ਥਾਪਰ ਮੈਂਬਰ, ਪੈਨਲ ਆਫ ਚੇਅਰਮੈਨ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ]

ਸਰਦਾਰਨੀ ਸੁਰਜੀਤ ਕੌਰ ਕਲਕਟ (ਟਾਂਡਾ) : ਪਰਮ ਸਤਿਕਾਰਯੋਗ ਚੇਅਰਮੈਨ ਸਾਹਿਬਾ, ਅਤੇ ਸਦਨ ਵਿੱਚ ਬੈਠੇ ਮੈਂਬਰ ਸਾਹਿਬਾਨ ਅਤੇ ਸਾਡੀਆਂ ਲੇਡੀਜ਼ ਮੈਂਬਰ ਸਾਹਿਬਾਨ, ਜੋ ਮਤਾ ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਜੀ ਨੇ ਨਾਰੀ ਦੀ ਭਲਾਈ ਔਰ ਬੱਚਿਆਂ ਦੀ ਭਲਾਈ ਵਾਸਤੇ ਲਿਆਂਦਾ ਹੈ ਔਰ ਮੈਨੂੰ ਇਸ ਮਤੇ ਤੇ ਬੋਲਣ ਲਈ ਟਾਈਮ ਦਿੱਤਾ ਹੈ, ਮੈਂ ਤੁਹਾਡੀ ਬਹੁਤ ਬਹੁਤ ਧੰਨਵਾਦੀ ਹਾਂ। ਮੇਰੇ ਵਿਚਾਰ ਤਾਂ ਪਹਿਲਾਂ ਨਹੀਂ ਸੀ ਪਰ ਹੁਕਮ ਦੀ ਪਾਲਣਾ ਕਰਨਾ ਜ਼ਰੂਰੀ ਹੈ ਜਿਸ ਤਰ੍ਹਾਂ ਸਾਡੀ ਸਰਕਾਰ ਨੇ ਤਲਾਕਸ਼ੁਦਾ ਔਰਤਾਂ ਵਾਸਤੇ ਔਰ ਬੱਚਿਆਂ ਦੀ ਭਲਾਈ ਵਾਸਤੇ ਪਹਿਲਾਂ ਵੀ ਕਾਫੀ ਕੁਝ ਸੋਚਿਆ ਹੈ ਲੇਕਿਨ ਹੁਣ ਅੱਜ ਦਾ ਮਤਾ ਇਸ ਤੋਂ ਵੀ ਵੱਧ ਸੋਚਣ ਵਾਸਤੇ ਜੋ ਆਪਣੇ ਆਪਣੇ ਵਿਚਾਰ ਰੱਖੇ ਗਏ ਹਨ ਉਹਦੇ ਬਾਰੇ ਵਿੱਚ ਮੈਂ ਇਸ ਮਤੇ ਦੀ ਤਾਈਦ ਕਰਦੀ ਹਾਂ । ਜੋ ਸਾਡੀ ਪ੍ਰਾਚੀਨ ਸਭਿਅਤਾ ਹੈ, ਉਸ ਵਿੱਚ ਨਾਰੀ ਜਾਤੀ ਦੇ ਬਾਰੇ ਵਿੱਚ ਮੇਰੇ ਵੀਰਾਂ ਨੇ ਆਪਣੇ ਆਪਣੇ ਭਾਵ ਰੱਖੇ ਹਨ ਉਸ ਦੇ ਵਿੱਚ ਕੋਈ ਸ਼ੱਕ ਨਹੀਂ। ਕਿਉਂਕਿ ਪਤੀਵ੍ਰਤਾ ਔਰਤ, ਹਿਸਟਰੀ ਦੇ ਵਿੱਚ, ਦੀ ਇੱਕ ਆਪਣੀ ਜਗਾਹ ਹੈ, ਉਸਦੀ ਆਪਣੀ ਇਕ ਸ਼ਖਸੀਅਤ ਮੰਨੀ ਗਈ ਹੈ। ਅੱਜ ਅਸੀਂ ਵੇਖਦੇ ਹਾਂ ਕਿ ਉਨ੍ਹਾਂ ਮਾਵਾਂ ਨੂੰ, ਉਨ੍ਹਾਂ ਬੱਚੀਆਂ ਨੂੰ ਨਾਰੀ ਜਾਤੀ ਨੂੰ ਜੋ ਪਹਿਲਾਂ ਘੱਟ ਅਧਿਕਾਰ ਦਿੱਤੇ ਜਾਂਦੇ ਸਨ ਪਰੰਤੂ ਅੱਜ ਏਨਾ ਸਮਾਂ ਬੀਤਣ ਦੇ ਬਾਅਦ ਨਾਰੀ ਨੂੰ ਵੱਧ ਅਧਿਕਾਰ ਦੇਣ ਵਾਸਤੇ ਸਮਾਜ ਅੰਦਰ ਤਬਦੀਲੀ ਆਈ ਹੈ। ਸ਼ਾਸਤਰਾਂ ਵਿੱਚ ਵੀ ਲਿਖਿਆ ਗਿਆ ਹੈ ਹਮੇਸ਼ਾ ਉਥੇ ਮਾਤਾ ਪਿਤਾ ਲਿਖਿਆ ਗਿਆ ਹੈ ਕਿਤੇ ਵੀ ਪਿਤਾ ਮਾਤਾ ਨਹੀਂ ਲਿਖਿਆ ਗਿਆ ਕਿਉਂਕਿ ਬੱਚਿਆਂ ਦੇ ਪਾਲਣ ਪੋਸ਼ਣ ਵਿੱਚ ਜਾਂ ਘਰ ਨੂੰ ਚਲਾਉਣ ਦੇ ਵਿੱਚ ਸਮਾਜ ਨੂੰ ਚਲਾਉਣ ਦੇ ਵਿੱਚ ਔਰਤ ਜਾਤੀ ਦਾ ਹਿੱਸਾ ਵੱਧ ਹੁੰਦਾ ਹੈ। ਮੇਰੇ ਵੀਰੋ ਔਰ ਭੈਣੋਂ ਸਾਡੀ ਸਰਕਾਰ ਨੇ, ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਜਿੰਨ੍ਹਾਂ ਨੇ ਏਨੇ ਵੱਡੇ ਅੱਤਵਾਦ ਨੂੰ ਠੱਲ੍ਹ ਪਾਈ ਔਰ ਖੂਨ ਦੀਆਂ ਵਹਿੰਦੀਆਂ ਨਦੀਆਂ ਨੂੰ ਰੋਕ ਦਿੱਤਾ, ਉਸਦੇ ਨਾਲ ਹੀ ਨਾਲ ਜਿਹੜੀਆਂ ਸਾਡੀਆਂ ਆਤੰਕਵਾਦ ਦੇ ਕਾਰਨ ਭੈਣਾਂ ਵਿਧਵਾ ਹੋਈਆਂ ਹਨ, ਅਨੇਕਾਂ ਬੱਚੇ ਯਤੀਮ ਹੋਏ ਹਨ ਉਨ੍ਹਾਂ ਨੂੰ ਸਹਾਰਾ ਦੇਣ ਵਾਸਤੇ ਪਹਿਲਾਂ ਉਸ ਔਰਤ ਨੂੰ ਜਿਸ ਦੇ ਬੱਚਿਆਂ ਨੂੰ ਅਤਵਾਦੀ ਨੇ ਮਾਰਿਆ ਸੀ 50 ਹਜ਼ਾਰ ਦਿੱਤੇ ਜਾਂਦੇ ਸਨ ਲੇਕਿਨ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਨਾਰੀ ਦੇ ਦੁੱਖ ਨੂੰ ਸਮਝਦੇ ਹੋਏ, ਉਸ ਦੇ ਦਰਦ ਨੂੰ ਸਮਝ ਕੇ 50 ਹਜ਼ਾਰ ਤੋਂ ਵਧਾ ਕੇ ਇਕ ਲੱਖ ਰੁਪਿਆ ਕੀਤਾ। ਜਿਸ ਔਰਤ ਨੂੰ ਪਹਿਲਾਂ ਇਕ ਹਜ਼ਾਰ ਰੁਪਿਆ ਪੈਨਸ਼ਨ ਦਿੱਤੀ ਜਾਂਦੀ ਸੀ ਔਰ ਸਾਡੇ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ, ਸ਼ੇਰੇ ਪੰਜਾਬ, ਜੋ ਕਿ ਸ਼ੇਰੇ ਪੰਜਾਬ ਕਹੇ ਜਾਣ ਦੇ ਯੋਗ ਵੀ ਹਨ ਉਨ੍ਹਾਂ ਦੀ ਇਹ ਪੈਨਸ਼ਨ 1,000 ਰੁਪਏ ਤੋਂ ਵਧਾ ਕੇ 1,500 ਰੁਪਏ ਕਰ ਦਿੱਤੀ ਹੈ। ਉਹ ਇਨ੍ਹਾਂ ਦੇ ਦੁੱਖ ਨੂੰ ਮਹਿਸੂਸ ਕਰਦੇ ਸਨ ਅਤੇ ਉਨ੍ਹਾਂ ਨੇ ਮਹਿਸੂਸ ਕਰਨ ਨਾਲ ਹੀ ਇਸ ਅੱਤਵਾਦ ਨੂੰ ਠੱਲ ਪਾਈ ਹੈ, ਪੰਜਾਬ ਵਿੱਚ ਅਮਨ ਅਤੇ ਸ਼ਾਂਤੀ ਦਾ ਮਾਹੌਲ ਆਇਆ ਹੈ। ਸਰਦਾਰ ਬੇਅੰਤ ਸਿੰਘ ਜੀ ਨੇ ਪੰਜਾਬ ਵਿਚ ਵੱਡੀਆਂ ਦੁਰਘਟਨਾਵਾਂ ਹੋਣ ਤੋਂ ਬਚਾਇਆ ਧੀਆਂ ਭੈਣਾਂ ਨੂੰ ਬਚਾਇਆ, ਬੱਚਿਆਂ ਨੂੰ ਯਤੀਮ ਹੋਣੋਂ ਬਚਾਇਆ ਹੈ ਔਰ ਮੈਨੂੰ ਪੂਰਨ ਆਸ ਹੈ ਕਿ ਸਰਦਾਰ ਬੇਅੰਤ ਸਿੰਘ ਜੀ ਅਗੇ ਵੀ ਕਿਸੇ ਨੂੰ ਯਤੀਮ ਨਹੀਂ ਰਹਿਣ ਦੇਣਗੇ। ਉਨ੍ਹਾਂ ਨੂੰ ਪੂਰਾ ਸਹਿਯੋਗ ਦੇਣਗੇ। ਮੇਰੇ ਵੀਰਾਂ ਨੇ ਪਹਿਲਾਂ ਬੋਲ ਕੇ ਦੱਸਿਆ ਹੈ ਕਿ ਬੇਸਹਾਰਾ ਔਰਤਾਂ ਵਾਸਤੇ ਵੱਧ ਤੋਂ ਵੱਧ ਧਿਆਨ ਦੇਣਾ ਚਾਹੀਦਾ ਹੈ। ਜਿਸ ਤਰ੍ਹਾਂ ਪਨਵੈਕ ਕਾਰਪੋਰੇਸ਼ਨ ਹੈ, ਉਸ ਦੇ ਵਿੱਚ ਔਰਤਾਂ ਨੂੰ ਵੱਧ ਤੋਂ ਵੱਧ ਕੰਮ ਦਿੱਤਾ ਜਾਣਾ ਚਾਹੀਦਾ ਹੈ । ਮੇਰਾ ਖਿਆਲ ਹੈ ਕਿ ਇਸ ਅਦਾਰੇ ਨੂੰ, ਕਾਰਪੋਰੇਸ਼ਨ ਨੂੰ ਹੋਰ ਵੀ ਵਧਾ ਦਿੱਤਾ ਜਾਵੇ ਤਾਂ ਕਿ ਸਾਡੇ ਯਤੀਮ ਬੱਚੇ, ਭੈਣਾਂ ਬੱਚੀਆਂ, ਵਿਡੋ ਔਰਤਾਂ ਵਧ ਤੋਂ ਵਧ ਰੁਜ਼ਗਾਰ ਚਲਾ ਕੇ ਆਪਣਾ ਗੁਜ਼ਾਰਾ ਕਰ ਸਕਣ। ਕੇਵਲ ਇਹ ਨਹੀਂ ਹੋਣਾ ਚਾਹੀਦਾ ਕਿ ਅਸੀਂ ਸਿਲਾਈ ਕਢਾਈ ਦੀ ਟਰੇਨਿੰਗ ਹੀ ਦੇਈਏ ਅਤੇ ਉਨ੍ਹਾਂ ਨੂੰ ਸਟਾਈਪਿੰਡ ਮਿਲਦਾ ਰਹੇ । ਚਾਹੀਦਾ ਹੈ ਕਿ ਅੱਜ

ਸਮੇਂ ਦੇ ਅਨੁਸਾਰ ਇਸ ਕਾਰਪੋਰੇਸ਼ਨ ਨੂੰ ਵੋਕੇਸ਼ਨਲ ਕਿੱਤਿਆ ਦੀ ਵੀ ਟਰੇਨਿੰਗ ਜ਼ਰੂਰ ਦੇਣੀ ਚਾਹੀਦੀ ਹੈ ਅਤੇ ਟੈਕਨੀਕਲ ਟਰੇਨਿੰਗ ਵੀ ਜ਼ਰੂਰ ਦੇਣੀ ਚਾਹੀਦੀ ਹੈ ਤਾਂ ਕਿ ਮੇਰੀਆਂ ਵਿਡੋ ਭੈਣਾਂ ਆਪਣੇ ਪੈਰਾਂ ਤੇ ਖੜੀਆਂ ਹੋ ਸਕਣ। ਮੇਰੀਆਂ ਭੈਣਾਂ ਜਿਹੜੀਆਂ ਅੱਤਵਾਦ ਦਾ ਸ਼ਿਕਾਰ ਹੋਈਆਂ ਹਨ, ਬੱਚੇ ਯਤੀਮ ਹੋਏ ਹਨ, ਉਨ੍ਹਾਂ ਦੇ ਵਾਸਤੇ ਨੌਕਰੀਆਂ ਵਿੱਚ ਪਹਿਲ ਦੇਣੀ ਚਾਹੀਦੀ ਹੈ। ਜਿਹੜੀਆਂ ਤਲਾਕਸ਼ੁਦਾ ਔਰਤਾਂ ਤੇ ਵੱਧ ਜ਼ੁਲਮ ਹੁੰਦੇ ਹਨ ਜਿਵੇਂ ਕੋਈ ਡੋਅਰੀ ਦਾ ਮਸਲਾ ਹੈ, ਤਲਾਕ ਦਾ ਮਸਲਾ ਹੈ ਇਨ੍ਹਾਂ ਉਤੇ ਵੀ ਪਾਬੰਦੀ ਹੋਣੀ ਚਾਹੀਦੀ ਹੈ। ਇਹ ਨਹੀਂ ਹੋਣਾ ਚਾਹੀਦਾ ਕਿ ਘਰ ਵਿੱਚ ਕੋਈ ਲੜਾਈ ਹੋਈ ਜਾਂ ਆਪਸ ਵਿੱਚ ਕੋਈ ਝਗੜਾ ਹੋਇਆ ਤਾਂ ਤਲਾਕ ਹੋ ਗਿਆ। ਇਸ ਨੂੰ ਰੋਕਣ ਵਾਸਤੇ ਸਾਨੂੰ ਆਪਣੀ ਪ੍ਰਾਚੀਨ ਸਭਿਅਤਾ ਸੇਧ ਲੈਣੀ ਚਾਹੀਦੀ ਹੈ। ਪੱਛਮੀ ਸਭਿਅਤਾ ਤੋਂ ਸਾਨੂੰ ਗੁਰੇਜ਼ ਕਰਨਾ ਚਾਹੀਦਾ ਹੈ। ਜਿਹੜੀਆਂ ਸਾਡੀਆਂ ਪ੍ਰਾਚੀਨ ਸਭਿਅਤਾ ਦੀਆਂ ਲੀਹਾਂ ਹਨ ਜਿਨ੍ਹਾਂ ਨੂੰ ਅੱਜ ਅਸੀਂ ਪੂਜਦੇ ਹਾਂ ਅਤੇ ਉਨ੍ਹਾਂ ਨੂੰ ਮੁੱਖ ਰੱਖਕੇ ਹੀ ਇਸਤਰੀ ਜਾਤੀ ਨੇ ਆਪਣੀ ਹਿਸਟਰੀ ਬਣਾਈ, ਆਪਣਾ ਨਾਂ ਕਾਇਮ ਕੀਤਾ ਜਿਵੇਂ ਮਾਤਾ ਸੀਤਾ ਅਤੇ ਮਾਈ ਭਾਗੋ ਅੱਜ ਅਸੀਂ ਉਨ੍ਹਾਂ ਨੂੰ ਪੂਜਦੇ ਹਾਂ। ਅਸੀਂ ਉਨ੍ਹਾਂ ਦੀ ਉਦਾਹਰਣ ਦਿੰਦੇ ਹਾਂ ਜਿਨ੍ਹਾਂ ਨੇ ਆਪਣੇ ਨੇਕ ਇਰਾਦੇ, ਸੁੱਚੇ ਆਚਰਣ ਔਰ ਆਦਰਸ਼ਾਂ ਦੁਆਰਾ ਆਪਣਾ ਨਾਂ ਹਿਸਟਰੀ ਵਿੱਚ ਰੱਖਿਆ। ਸਾਨੂੰ ਵੀ ਉਨ੍ਹਾਂ ਵਰਗੇ ਆਦਰਸ਼ਾਂ ਨੂੰ ਸਾਹਮਣੇ ਰੱਖਣਾ ਚਾਹੀਦਾ ਹੈ ਤਾਂ ਹੀ ਅਸੀਂ ਸਮਾਜ ਵਿੱਚ ਉਚਾ ਨਾਂ ਕਰ ਸਕਦੇ ਹਾਂ। ਸਾਨੂੰ ਆਪਣੇ ਬੱਚੇ ਬੱਚੀਆਂ ਨੂੰ ਪੱਛਮੀ ਸਭਿਅਤਾ ਤੋਂ ਦੂਰ ਰੱਖਣਾ ਚਾਹੀਦਾ ਹੈ ਅਤੇ ਪ੍ਰਾਚੀਨ ਸਭਿਅਤਾ ਦੇ ਪ੍ਰਭਾਵ ਨੂੰ ਅਪਨਾਉਣਾ ਚਾਹੀਦਾ ਹੈ। ਜਿਥੇ ਅਸੀਂ ਆਪਣੀਆਂ ਡਿਮਾਂਡਜ਼ ਰੱਖੀਆਂ ਹਨ ਉਥੇ ਸਾਨੂੰ ਚਾਹੀਦਾ ਹੈ ਕਿ ਅਸੀਂ ਆਪਣੇ ਕਰਤੱਵ ਦੀ ਪਾਲਣਾ ਕਰੀਏ ਅਤੇ ਆਪਣੇ ਦੇਸ਼ ਦਾ ਨਾਂ ਉਚਾ ਕਰੀਏ। ਅਸੀਂ ਉਦਾਹਰਣ ਦਿੰਦੇ ਹਾਂ ਕਿ 40 ਸਿੰਘਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਬੇਦਾਵਾ ਲਿਖ ਕੇ ਦਿੱਤਾ ਘਰ ਵਾਪਸ ਆ ਗਏ। ਸਾਡੀਆਂ ਭੈਣਾਂ ਨੇ ਪੁੱਛਿਆ ਕਿ ਤੁਸੀਂ ਜੰਗ ਵਿੱਚੋਂ ਕਿਸ ਤਰ੍ਹਾਂ ਵਾਪਸ ਆ ਗਏ ਹੋ? ਉਨ੍ਹਾਂ ਨੇ ਕਿਹਾ ਕਿ ਅਸੀਂ ਲੜਾਈ ਨਹੀਂ ਲੜ ਸਕਦੇ, ਲੇਕਿਨ ਉਨ੍ਹਾਂ ਬੀਬੀਆਂ ਨੇ ਕਿਹਾ ਕਿ ਤੁਸੀਂ ਚੂੜੀਆਂ ਪਹਿਨ ਕੇ ਬੈਠ ਜਾਓ ਅਤੇ ਅਸੀਂ ਜੰਗ ਕਰਾਂਗੀਆਂ। ਉਨ੍ਹਾਂ ਨੇ ਆਪਣੀ ਆਤਮਿਕ ਸ਼ਕਤੀ ਦਿਖਾ ਕੇ ਆਪਣਾ ਕਰਤੱਵ ਦਿਖਾਇਆ, ਆਪਣੇ ਦੇਸ਼ ਪ੍ਰਤੀ ਆਪਣਾ ਪ੍ਰੇਮ ਦਿਖਾਇਆ। ਜਿਹੜੀ ਸੱਚੀ-ਸੁੱਚੀ ਔਰਤ ਆਪਣੇ ਆਦਰਸ਼ ਤੇ ਕਾਇਮ ਹੈ ਉਹ ਆਪਣੇ ਪਤੀ ਦੀ, ਰਾਜੇ ਦੀ ਵਜ਼ੀਰ ਹੈ, ਉਸਨੇ ਆਪਣੇ ਰਾਜੇ ਨੂੰ ਵੀ ਉਪਦੇਸ਼ ਦੇ ਕੇ ਪਿਛੋਂ ਮੋੜ ਦਿਤਾ ਅਤੇ ਉਨ੍ਹਾਂ ਨੇ ਜਾ ਕੇ ਗੁਰੂ ਸਾਹਿਬ ਤੋਂ ਮੁਆਫੀ ਮੰਗੀ ਅਤੇ ਖਿਮਾਂ ਮੰਗੀ। ਜਦੋਂ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਪੁੱਛਿਆ ਕਿ ਤੁਸੀਂ ਤਾਂ ਵਾਪਸ ਚਲੇ ਗਏ ਸੀ ਕਿਸ ਤਰ੍ਹਾਂ ਵਾਪਸ ਆ ਗਏ ਤਾਂ ਉਨ੍ਹਾਂ ਨੇ ਗੁਰੂ ਸਾਹਿਬ ਨੂੰ ਕਿਹਾ ਕਿ ਪਹਿਲਾਂ ਸਾਡਾ ਬੇ-ਦਾਵਾ ਫਾੜ ਦਿਓ, ਬੇ-ਦਾਵਾ ਫਾੜ ਕੇ ਉਨ੍ਹਾਂ ਨੇ ਜੰਗ ਕੀਤੀ। ਸੋ ਭੈਣੋਂ ਅਸੀਂ ਵੀ ਉਨ੍ਹਾਂ ਇਸਤਰੀਆਂ ਵਿਚੋਂ ਹਾਂ, ਅਸੀਂ ਵੀ ਆਪਣੀਆਂ ਮੰਗਾਂ ਮੰਗੀਆਂ। ਮੈਂ ਚਾਹੁੰਦੀ ਹਾਂ ਕਿ ਸਾਡੇ ਮੁੱਖ ਮੰਤਰੀ ਜੀ ਜਿਨ੍ਹਾਂ ਨੇ ਪੰਜਾਬ ਦੀ ਸਥਿਤੀ ਬਦਲ ਕੇ ਰੱਖ ਦਿੱਤੀ ਹੈ, ਜਿਹੜਾ ਪੰਜਾਬ ਦੁਖਾਂ ਦੇ ਨਾਲ ਭਰਿਆ ਹੋਇਆ ਸੀ, ਉਹ ਪੰਜਾਬ ਜਿਸ ਵਿੱਚ ਕੋਈ ਸੁਖ ਨਜ਼ਰ ਨਹੀਂ ਸੀ ਆ ਰਿਹਾ ਅੱਜ ਉਨ੍ਹਾਂ ਨੇ ਉਸ ਪੰਜਾਬ ਨੂੰ ਸੁਖਾਂ ਦੇ ਕਿਨਾਰੇ ਤੇ ਖੜ੍ਹਾ ਕਰ ਦਿਤਾ ਔਰ ਮੁੜ ਪੰਜਾਬ ਨੂੰ ਖੁਸ਼ਹਾਲ ਕਰ ਦਿਤਾ। ਹਾਲੇ ਵੀ ਸਾਡੇ ਮੁੱਖ ਮੰਤਰੀ ਜੀ ਇਸ ਚੀਜ਼ ਨੂੰ ਸੋਚ ਰਹੇ ਹਨ ਕਿ ਸਾਨੂੰ ਹਾਲੇ ਵੀ ਬਹੁਤ ਤਕਲੀਫਾਂ ਹਨ ਅਤੇ ਬੜਾ ਕੁਝ ਕਰਨਾ ਹੈ ਔਰ ਉਹ ਇਨ੍ਹਾਂ ਕੁਝ ਕਰਦੇ ਹੋਏ ਵੀ ਨਿਮਰਤਾ ਨਾਲ ਕਹਿੰਦੇ ਹਨ ਕਿ ਜੋ ਕੁਝ ਕੀਤਾ ਹੈ ਉਹ ਪਬਲਿਕ ਨੇ ਕੀਤਾ ਹੈ, ਸਾਡੇ ਇਸ ਤਰ੍ਹਾਂ ਦੇ ਮਿਹਰਬਾਨ ਹਨ ਸਾਡੇ ਮੁੱਖ ਮੰਤਰੀ ਜੀ ਜਿਨ੍ਹਾਂ ਨੇ ਜੋ ਕੁਝ ਕਿਹਾ ਉਹ ਕਰ

[ਸਰਦਾਰਨੀ ਸੁਰਜੀਤ ਕੌਰ ਕਲਕਟ]

ਦਿਖਾਇਆ ਹੈ। ਅੱਜ ਸਦਨ ਦੇ ਵਿਚ ਜੋ ਅਸੀਂ ਇਸਤਰੀਆਂ ਲਈ, ਬੱਚਿਆਂ ਦੀ ਭਲਾਈ ਦੇ ਵਾਸਤੇ ਮੰਗਿਆ ਹੈ. ਮੈਨੂੰ ਪੂਰਨ ਆਸ ਹੈ ਕਿ ਸਾਡੇ ਮੁੱਖ ਮੰਤਰੀ ਜੀ ਬੱਚਿਆਂ ਔਰ ਇਸਤਰੀਆਂ ਦੇ ਦੁਖਾਂ ਨੂੰ ਮੱਦੇ ਨਜ਼ਰ ਰੱਖਦੇ ਹੋਏ, ਇਨ੍ਹਾਂ ਨੇ ਅੱਗੇ ਵੀ ਬਹੁਤ ਕੁਝ ਕੀਤਾ ਹੈ ਔਰ ਭਵਿਖ ਵਿੱਚ ਵੀ ਬੜਾ ਕੁਝ ਕਰਨਗੇ। ਮੈਂ ਆਪਣਾ ਇੱਕ ਹੋਰ ਵਿਚਾਰ ਦੱਸਣਾ ਚਾਹੁੰਦੀ ਹਾਂ ਕਿ ਕਿਉਂਕਿ ਇਨ੍ਹਾਂ ਨੇ ਇੱਕ ਮਿਸਾਲ ਕਾਇਮ ਕਰਕੇ ਦੱਸ ਦਿਤਾ ਇਨ੍ਹਾਂ ਨੇ ਜੋ ਵਾਇਦੇ ਕੀਤੇ ਸੀ ਕਿ ਇੱਕ ਸਾਲ ਦੇ ਅੰਦਰ ਅੰਦਰ ਅੱਤਵਾਦ ਨੂੰ ਇਸ ਪੰਜਾਬ ਵਿਚੋਂ ਜਿੱਥੇ ਖੂਨ ਦੀਆਂ ਨਦੀਆਂ ਵਹਿ ਰਹੀਆਂ ਸਨ ਉਸਨੂੰ ਖਤਮ ਕਰਕੇ ਪੰਜਾਬ ਵਿੱਚ ਸੁਖ ਲਿਆਉਣਾ ਚਾਹੁੰਦਾ ਹਾਂ। ਵਾਹਿਗੁਰੂ ਦੀ ਕਿਰਪਾ ਦੇ ਨਾਲ ਜੋ ਹਮੇਸ਼ਾ ਆਪਣੀ ਮੱਦਦ ਕਰਦੇ ਹਨ, ਰੱਬ ਉਨ੍ਹਾਂ ਦੀ ਮੱਦਦ ਜ਼ਰੂਰ ਕਰਦਾ ਹੈ। ਮੈਂ ਕਹਿਣਾ ਚਾਹੁੰਦੀ ਹਾਂ ਕਿ ਜਿਸ ਦਿਨ ਇਹ ਆਨੰਦਪੁਰ ਸਾਹਿਬ ਵਿਖੇ ਬੋਲ ਰਹੇ ਸਨ, ਇਹ ਗੁਰੂ ਦੇ ਪੱਕੇ ਅਤੇ ਸੱਚੇ ਸਿੱਖ ਹਨ, ਇਨ੍ਹਾਂ ਨੇ ਪੂਰੇ ਜੋਸ਼ ਅਤੇ ਦ੍ਰਿੜ ਇਰਾਦੇ ਨਾਲ ਪੰਜਾਬ ਨੂੰ ਮੁੜ ਕੇ ਖੁਸ਼ਹਾਲ ਕਰ ਦਿਤਾ ਅਤੇ ਪੰਜਾਬ ਦੀ ਸਥਿਤੀ ਨੂੰ ਬਦਲ ਦਿਤਾ। ਮੇਰੀ ਇਨ੍ਹਾਂ ਨੇ ਰਿਕਵੈਸਟ ਹੈ ਕਿ ਜਿਥੇ ਇਨ੍ਹਾਂ ਨੇ ਪੰਜਾਬ ਦੀ ਡਿਵੈਲਪਮੈਂਟ ਵੱਲ ਇਤਨਾ ਧਿਆਨ ਦਿੱਤਾ ਹੈ, ਇਨ੍ਹਾਂ ਨੇ ਸਾਰੇ ਪੰਜਾਬ ਦੀ ਡਿਵੈਲਪਮੈਂਟ ਕਰਨੀ ਹੈ, ਉਥੇ ਇਸਤਰੀਆਂ ਦੀਆਂ ਲੋੜਾਂ ਅਤੇ ਬੱਚਿਆਂ ਦੀਆਂ ਲੋੜਾਂ ਨੂੰ ਵੀ ਮੱਦੇ ਨਜ਼ਰ ਰੱਖਿਆ ਜਾਵੇ ਅਤੇ ਉਨ੍ਹਾਂ ਦੇ ਵਿਕਾਸ ਵਿਚ ਵੀ ਵੱਧ ਤੋਂ ਵੱਧ ਹਿੱਸਾ ਪਾਉਣ। ਜਿਸ ਤਰ੍ਹਾਂ ਤੁਸੀਂ ਯਤੀਮ ਬੱਚਿਆਂ ਵਾਸਤੇ ਪਹਿਲਾਂ ਜੋ 20,000 ਰੁਪਏ ਦਿਤੇ ਜਾਂਦੇ ਸਨ, ਜਦੋਂ ਮੇਰੇ ਸ਼ਹਿਰ ਵਿੱਚ ਟੈਰੋਰਿਸਟਾ ਨੇ 18 ਬੰਦੇ ਮਾਰ ਦਿੱਤੇ ਜਿਸਦੇ ਵਿੱਚ 11 ਬੰਦੇ ਐਟ ਦੀ ਸਪਾਟ ਖਤਮ ਹੋ ਗਏ ਅਤੇ ਬਾਕੀ ਸਾਰੇ ਜ਼ਖਮੀਆਂ ਨੂੰ ਹਸਪਤਾਲ ਵਿੱਚ ਲੈ ਗਏ ਅਤੇ ਉਨ੍ਹਾਂ ਵਿਚੋਂ ਸਿਰਫ 6 ਬਚੇ ਅਤੇ ਉਸ ਵਕਤ ਜੋ ਪਾਲਿਸੀ ਸੀ 20 ਹਜਾਰ ਰੁਪਏ ਦੇਣ ਦੀ, ਲੇਕਿਨ ਪੰਜਾਬ ਦੇ ਦੁਖਾਂ ਨੂੰ ਵੇਖਣ ਵਾਲੇ, ਪੰਜਾਬ ਦੇ ਦੁਖਾਂ ਨੂੰ ਦੂਰ ਕਰਨ ਵਾਲੇ ਸ਼ੇਰੇ ਪੰਜਾਬ ਸਾਡੇ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਜੀ ਨੇ 20 ਹਜਾਰ ਦੀ ਥਾਂ ਇੱਕ ਲੱਖ ਰੁਪਿਆ ਅਨਾਊਂਸ ਕੀਤਾ ਸੀ ਔਰ ਜਿਨ੍ਹਾਂ ਦੇ ਕੋਈ ਲੜਕਾ ਨਹੀਂ ਹੈ, ਉਸਦੇ ਮਾਂ ਬਾਪ ਲਈ ਵੀ ਪੂਰੀ ਗਰਾਂਟ ਦਿਤੀ ਜਾਂਦੀ ਹੈ ਔਰ ਉਨ੍ਹਾਂ ਦੇ ਮਾਂ ਬਾਪ ਨੂੰ ਵੀ ਪੈਨਸ਼ਨ ਦਿਤੀ ਜਾਂਦੀ ਹੈ ਔਰ ਲੱਖ ਰੁਪਏ ਦੇ ਨਾਲ ਹੀ ਫੈਮਲੀ ਦੇ ਇੱਕ ਲੜਕੇ ਨੂੰ ਜਾਂ ਲੜਕੀ ਨੂੰ ਨੌਕਰੀ ਵੀ ਦਿੱਤੀ ਜਾਂਦੀ ਹੈ (ਥੰਪਿੰਗ) ਇਸਦੇ ਬਾਵਜੂਦ ਜਿਹੜੇ ਨੌਜਵਾਨ ਬੱਚੇ ਆਪਣੇ ਮਾਂ-ਬਾਪ ਤੋਂ ਚਲੇ ਜਾਂਦੇ ਹਨ, ਉਨ੍ਹਾਂ ਦੇ ਮਾਂ-ਬਾਪ ਨੂੰ ਵੀ 100 ਰੁਪਏ ਦੀ ਜਗ੍ਹਾ 300 ਰੁਪਏ ਪੈਨਸ਼ਨ ਦੇਣੀ ਸ਼ੁਰੂ ਕਰ ਦਿਤੀ ਹੈ। ਇਹ ਸਾਰਾ ਕੁੱਝ ਇਨ੍ਹਾਂ ਦੀ ਬਹਾਦਰੀ ਕਰਕੇ ਹੈ ਜਿਸ ਨੂੰ ਸਾਰਾ ਪੰਜਾਬ ਜਾਣਦਾ ਹੈ ਔਰ ਪੰਜਾਬ ਇਹ ਸੋਚਦਾ ਹੈ ਕਿ ਸਰਦਾਰ ਬੇਅੰਤ ਸਿੰਘ ਜੀ ਨੇ ਉਨ੍ਹਾਂ ਦੇ ਦੁਖ ਦੂਰ ਕੀਤੇ ਹਨ। ਮੇਰੇ ਹਲਕੇ ਵਿਚ ਵੀ ਵਾਕਿਆ ਹੋਇਆ ਸੀ ਅਤੇ ਪੈਸੇ ਲੋਕਾਂ ਨੂੰ ਮਿਲੇ ਹਨ। ਮੇਰੇ ਸ਼ਹਿਰ ਵਿਚ ਤਿੰਨ ਵਾਰ ਵਾਕਿਆ ਹੋਇਆ ਔਰ ਸਰਦਾਰ ਬੇਅੰਤ ਸਿੰਘ ਜੀ ਨੇ ਤਿੰਨੇ ਵਾਰੀ ਲੋਕਾਂ ਦੇ ਦੁਖ ਸ਼ੇਅਰ ਕੀਤੇ।

ਸ੍ਰੀ ਸਭਾਪਤੀ : ਵਾਈਂਡ ਅੱਪ ਕਰੋ ਜੀ।

ਸਰਦਾਰਨੀ ਸੁਰਜੀਤ ਕੌਰ ਕਲਕਟ : ਇੰਨੇ ਸ਼ਬਦ ਕਹਿ ਕੇ ਮੈਂ ਤੁਹਾਡਾ ਸਾਰਿਆਂ ਦਾ ਧੰਨਵਾਦ ਕਰਦੀ ਹਾਂ। ਅਗਰ ਮਾਂ ਬਾਪ ਦੇ ਪੈਨਸ਼ਨ ਵਧਾਉਣ ਬਾਰੇ ਆਪ ਜੀ ਦੇ ਵਿਚਾਰ ਅਧੀਨ ਕੋਈ ਤੱਤ ਹੋਵੇ ਤਾਂ ਵਿਚਾਰ ਕਰਨੀ ਅਤੇ ਮੀਟਿੰਗ ਕਰਨੀ। ਮੇਰਾ ਆਪਣੇ ਵਿਚਾਰ ਮੁਤਾਬਿਕ ਗੱਲਬਾਤ ਹੋਈ ਸੀ ਜੇ ਕਿਸੇ ਮਾਂ-ਬਾਪ ਦਾ ਇਕਲੌਤਾ ਬੇਟਾ ਮਰ ਗਿਆ ਤਾਂ ਉਸ ਨੂੰ 1500 ਰੁਪਏ ਪੈਨਸ਼ਨ ਦੇਵਾਂਗੇ।

ਮੈਨੂੰ ਪੂਰਨ ਆਸ਼ ਹੈ ਕਿ ਸਾਡੇ ਬੱਚਿਆਂ ਅਤੇ ਇਸਤਰੀਆਂ ਵਾਸਤੇ ਸਰਦਾਰ ਬੇਅੰਤ ਸਿੰਘ ਜੀ ਹਾਲਾਤ ਨੂੰ ਮੱਦੇ ਨਜ਼ਰ ਰੱਖਕੇ ਉਨ੍ਹਾਂ ਦੀ ਜ਼ਰੂਰਤ ਪੂਰੀ ਕਰਨਗੇ ਅਤੇ ਅਤਿਵਾਦ ਪੀੜਿਤਾਂ ਨੂੰ ਨੌਕਰੀਆਂ ਵਿਚ ਪਹਿਲ ਦਿੱਤੀ ਜਾਵੇਗੀ। ਉਨ੍ਹਾਂ ਨੇ ਵੱਡੀ ਇੰਡਸਟਰੀ ਲਗਾਉਣ ਲਈ ਸੈਂਟਰ ਕੋਲ ਅਪੀਲ ਕੀਤੀ ਹੈ ਅਤੇ ਵੱਡੀ ਇੰਡਸਟਰੀ ਖੋਲ੍ਹਣ ਦੇ ਇਲਾਵਾ ਜਿਹੜੇ ਨੌਜਵਾਨਾਂ ਨੇ ਆਤਮ ਸਮਰਪਣ ਕੀਤਾ ਹੈ, ਉਨ੍ਹਾਂ ਨੂੰ ਨੌਕਰੀ ਵਿਚ ਪਹਿਲ ਦਿੱਤੀ ਜਾਵੇ ਤਾਂਕਿ ਉਹ ਮਿਹਨਤ ਕਰ ਸਕਣ ਅਤੇ ਉਨ੍ਹਾਂ ਦੀਆਂ ਮਾਵਾਂ ਵੀ ਆਪਣੇ ਬੱਚਿਆਂ ਦੀ ਕਮਾਈ ਤੇ ਜੀ ਸਕਣ। ਇੰਨੇ ਸ਼ਬਦਾਂ ਨਾਲ ਮੈਂ ਤੁਹਾਡਾ ਧੰਨਵਾਦ ਕਰਦੀ ਹਾਂ।

ਸਰਦਾਰ ਅਵਤਾਰ ਸਿੰਘ ਕਰੀਮਪੁਰੀ (ਮਾਹਿਲਪੁਰ, ਐਸ. ਸੀ.): ਮਾਨਯੋਗ ਸਭਾਪਤੀ ਸਾਹਿਬਾ, ਜਿਹੜਾ ਮਤਾ ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਜੀ ਨੇ ਲਿਆਂਦਾ ਹੈ, ਮੈਂ ਉਸ ਦਾ ਵੈਲਕੰਮ ਕਰਦਾ ਹਾਂ ਔਰ ਲਗਦਾ ਹੈ ਕਿ ਸਰਕਾਰ ਦੀ ਨੀਅਤ ਕਾਫੀ ਸਾਫ ਹੈ ਕਿਉਂਕਿ ਔਰਤਾਂ ਦੀ ਭਲਾਈ ਵਾਸਤੇ ਜਦੋਂ ਇਸ ਮਤੇ ਤੇ ਬਹਿਸ ਚੱਲ ਰਹੀ ਹੈ ਤਾਂ ਸਾਡੀ ਸਭਾਪਤੀ ਵੀ ਇਕ ਔਰਤ ਨੂੰ ਲਗਾਇਆ ਗਿਆ ਹੈ। ਧੰਨਵਾਦ (ਥੰਪਿੰਗ) ਅਸੀਂ ਅੱਜ ਔਰਤਾਂ ਬਾਰੇ ਗੱਲਬਾਤ ਕਰ ਰਹੇ ਹਾਂ ਕਿਉਂਕਿ ਸਾਡੇ ਸਾਹਮਣੇ ਇੱਕ ਬਹੁਤ ਵੱਡਾ ਚੈਲਿੰਜ ਹੈ ਔਰ ਮੈਂ ਇਹ ਮਹਿਸੂਸ ਕਰਦਾ ਹਾਂ ਕਿ ਜਿਹੜੀਆਂ ਧਾਰਮਿਕ ਰਵਾਇਤਾਂ ਬਣ ਚੁੱਕੀਆਂ ਹਨ, ਜਿਹੜੀਆਂ ਸਾਡੇ ਦਿਲ ਅੰਦਰ ਘਰ ਕਰ ਚੁੱਕੀਆਂ ਹਨ, ਉਨ੍ਹਾਂ ਨੂੰ ਦੂਰ ਕਰੀਏ। ਜੇ ਅਸੀਂ ਸਹੀ ਮਹਿਨਿਆਂ ਵਿਚ ਨਾਰੀ ਦਾ ਸ਼ੋਸ਼ਲ ਸਟੇਟਸ ਅਪ ਕਰਨਾ ਚਾਹੁੰਦੇ ਹਾਂ, ਉਸਦਾ ਬਣਦਾ ਮਾਣ-ਸਤਕਾਰ ਦੇਣ ਦੀ ਇੱਛਾ ਰਖਦੇ ਹਾਂ ਤਾਂ ਇਹ ਜ਼ਰੂਰੀ ਹੈ ਕਿ ਅਸੀਂ ਉਨ੍ਹਾਂ ਰਵਾਇਤਾਂ ਨੂੰ ਕੰਡੈਮ ਕਰੀਏ।

ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਫਰਮਾਇਆ ਹੈ :--

"ਜਦ ਮੈਂ ਛੋੜ ਚਲੀ ਚੰਦਰਾਵਲੀ,
ਕਾਹਨ ਕ੍ਰਿਸ਼ਨ ਯਾਦਵ ਪਾਇਆ।
ਪਾਰਜਾਤ ਗੋਪੀ ਲਾਇਆ,
ਬਿੰਦਰਾਬਨ ਮੈਂ ਰੰਗ ਕੀਆ।"

ਇਸ ਤੋਂ ਬਿਨਾਂ ਇੱਕ ਹੋਰ ਕੁਟੇਸ਼ਨ ਵੀ ਹੈ :

"ਢੋਰ, ਗੰਵਾਰ, ਸੂਦਰ, ਪਸ਼ੂ, ਨਾਰੀ,
ਯੇਹ ਸਭ ਤਾੜਨ ਕੇ ਅਧਿਕਾਰੀ।"

ਜਾਂ ਕ੍ਰਿਸ਼ਨ ਜੀ ਨੇ ਕਿਹਾ ਕਿ "ਸ਼ੂਦਰ ਔਰ ਔਰਤ ਪਾਪ ਕੀ ਜੂਨੀ ਹਨ"। ਇਸ ਤਰ੍ਹਾਂ ਦੀਆਂ ਧਾਰਮਿਕ ਰਵਾਇਤਾਂ ਜੋ ਸਾਡੇ ਦਿਲ ਵਿਚ ਘਰ ਕਰ ਚੁੱਕੀਆਂ ਹਨ, ਜਦ ਤਕ ਅਸੀਂ ਇਨ੍ਹਾਂ ਨੂੰ ਕੰਡੈਮ ਨਹੀਂ ਕਰਦੇ, ਉਦੋਂ ਤੱਕ ਕੁਝ ਨਹੀਂ ਹੋ ਸਕਦਾ। ਬਾਬਾ ਸਾਹਿਬ ਡਾਕਟਰ ਭੀਮ ਰਾਵ ਅੰਬੇਦਕਰ ਜੀ ਨੇ ਨਾਰੀ ਵਾਸਤੇ ਸੋਸ਼ਲ ਸਟੇਟਸ ਅਪ ਕਰਨ ਲਈ, ਨਾਰੀ ਨੂੰ ਹਿਊਮਨ ਰਾਇਟਸ ਦਿਵਾਉਣ ਲਈ ਹਿੰਦੂ ਬਿਲ ਤਿਆਰ ਕੀਤਾ ਔਰ ਉਨ੍ਹਾਂ ਨੇ ਕਿਹਾ ਇਨ੍ਹਾਂ ਪਰੰਪਰਾਵਾਂ ਵਿਰੁੱਧ ਸਾਨੂੰ ਚੁੱਪ ਨਹੀਂ ਰਹਿਣਾ ਚਾਹੀਦਾ ਸਗੋਂ ਗੁਰੂ ਨਾਨਕ ਦੇਵ ਜੀ ਵਾਂਗ ਕੰਡੈਮ ਕਰਨਾ ਚਾਹੀਦਾ ਹੈ।

[ਸਰਦਾਰ ਅਵਤਾਰ ਸਿੰਘ ਕਰੀਮਪੁਰੀ]

ਸਤੀ ਪ੍ਰਥਾ ਦੀ 2 ਸਤੰਬਰ, 1987 ਨੂੰ ਦੁਰਾਲਾ ਵਿੱਚ ਜੋ ਘਟਨਾ ਵਾਪਰੀ ਉਸ ਦੇ ਲਈ ਸ਼ੰਕਰਾਚਾਰੀਆ ਨੇ ਕਿਹਾ ਕਿ ਹਿੰਦੂ ਧਰਮ ਦਾ ਰਵਾਇਤ ਹੈ ਇਸ ਕਰਕੇ ਕਾਨੂੰਨ ਸਾਨੂੰ ਚੈਲੰਜ ਨਹੀਂ ਕਰ ਸਕਦਾ। ਭਾਵੇਂ ਕਿਤਨਾ ਵੀ ਵੱਡਾ ਆਦਮੀ ਕਿਉਂ ਨਾ ਹੋਵੇ ਜਿਹੜਾ ਕਾਨੂੰਨ ਨੂੰ ਤੋੜਦਾ ਹੈ ਉਸਨੂੰ ਸਖਤ ਤੋਂ ਸਖਤ ਸਜ਼ਾ ਦੇਣੀ ਚਾਹੀਦੀ ਹੈ। ਜਿਹੜਾ ਦਾਜ ਵਿਰੋਧੀ ਕਾਨੂੰਨ ਬਣਾਇਆ ਹੈ ਉਹ ਕਾਗਜ਼ਾਂ ਤਕ ਹੀ ਸੀਮਤ ਹੈ, ਉਸਨੂੰ ਅਮਲੀ ਜਾਮਾ ਨਹੀਂ ਪਹਿਨਾਇਆ ਜਾ ਰਿਹਾ। ਅਸੀਂ ਦੇਖਦੇ ਹਾਂ ਕਿ ਰੋਜ਼ਾਨਾ ਵਿਆਹ ਹੋ ਰਹੇ ਹਨ ਔਰ ਵਿਆਹ ਵਿਚ 100-100, 200-200, 300-300 ਬਰਾਤੀ ਆਉਂਦੇ ਹਨ ਔਰ ਦਾਜ ਦਿਤਾ ਜਾ ਰਿਹਾ ਹੈ ਔਰ ਮੰਗਿਆ ਜਾ ਰਿਹਾ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਕਾਨੂੰਨ ਨੂੰ ਸਖਤੀ ਦੇ ਨਾਲ ਲਾਗੂ ਕਰਨਾ ਚਾਹੀਦਾ ਹੈ। ਇਸ ਤੋਂ ਬਿਨਾਂ ਜੋ ਤਲਾਕਸ਼ੁਦਾ ਔਰਤਾਂ ਹਨ ਉਨ੍ਹਾਂ ਨੂੰ ਜੋ ਖਰਚਾ ਮਿਲਦਾ ਹੈ ਉਸ ਖਰਚੇ ਨੂੰ ਪ੍ਰਾਪਤ ਕਰਨ ਵਾਸਤੇ ਉਨ੍ਹਾਂ ਨੂੰ ਬੜੀਆਂ ਮੁਸ਼ਕਲਾਂ ਆਉਂਦੀਆਂ ਹਨ ਔਰ ਇਸ ਦੇ ਵਾਸਤੇ ਬੜਾ ਲੰਮਾ ਅਰਸਾ ਕੇਸ ਲੜਨਾ ਪੈਂਦਾ ਹੈ। ਕੇਸ ਜਿੱਤਣ ਤੋਂ ਬਾਅਦ ਜੋ ਉਸਨੂੰ ਖਰਚਾ ਮਿਲਦਾ ਹੈ ਕੋਰਟ ਵਲੋਂ ਉਹ ਖਰਚਾ ਉਸ ਨੂੰ ਵਕਤ ਸਿਰ ਨਹੀਂ ਮਿਲਦਾ ਔਰ ਦੁਬਾਰਾ ਫਿਰ ਔਰਤਾਂ ਨੂੰ ਖਰਚਾ ਲੈਣ ਦੇ ਵਾਸਤੇ ਕੋਰਟ ਦੇ ਵਿੱਚ ਜਾਣਾ ਪੈਂਦਾ ਹੈ ਫਿਰ ਜਾ ਕੇ ਉਸ ਨੂੰ ਖਰਚਾ ਮਿਲਦਾ ਹੈ ਔਰ ਜਿੰਨਾ ਖਰਚਾ ਮਿਲਦਾ ਹੈ ਉਤਨਾ ਵਕੀਲਾਂ ਦੇ ਮੂੰਹ ਵਿਚ ਚਲਾ ਜਾਂਦਾ ਹੈ. ਉਤਨਾ ਖਰਚਾ ਲੈਣ ਵਾਸਤੇ ਉਸ ਦਾ ਉਤਨਾ ਖਰਚਾ ਫਿਰ ਹੋ ਜਾਂਦਾ ਹੈ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਉਸ ਖਰਚੇ ਨੂੰ ਪ੍ਰਾਪਤ ਕਰਨ ਵਾਸਤੇ ਸਰਕਾਰ ਨੂੰ ਕੋਈ ਪਰੋਵੀਜ਼ਨ ਕਰਨਾ ਚਾਹੀਦਾ ਹੈ ਜਿਤਨਾ ਖਰਚਾ ਤਲਾਕ ਤੋਂ ਬਾਅਦ ਲਗ ਜਾਵੇ ਉਹ ਉਸ ਨੂੰ ਰੈਗੂਲਰ ਮਿਲਣਾ ਚਾਹੀਦਾ ਹੈ ਔਰ ਜਿਹੜਾ ਆਦਮੀ ਇਹ ਖਰਚਾ ਨਹੀ ਭੇਜਦਾ ਉਸ ਨੂੰ ਸਜ਼ਾ ਮਿਲਣੀ ਚਾਹੀਦੀ ਹੈ। ਕੋਈ ਫ਼ਾਈਨ ਦਾ ਪਰੋਵੀਜ਼ਨ ਕਰਨਾ ਚਾਹੀਦਾ ਹੈ ਤਾਂ ਕਿ ਇਸ ਕਾਨੂੰਨ ਦੀ ਪਾਲਣਾ ਹੋ ਸਕੇ।

ਇਸ ਤੋਂ ਅਗਲੀ ਗੱਲ ਮੈਂ ਸਤੀ ਪ੍ਰਥਾ ਬਾਰੇ ਕਰਨਾ ਚਾਹੁੰਦਾ ਹਾਂ ਕਿ ਸਤੀ ਪ੍ਰਥਾ ਜਿਹੜੀ ਹੈ ਇਹ ਕੰਡੈਮ ਕਰਨੀ ਚਾਹੀਦੀ ਹੈ, ਇਸ ਨੂੰ ਰੋਕਣ ਲਈ ਜਦੋਂ ਜਹਿਦ ਕਰਨੀ ਚਾਹੀਦੀ ਹੈ। ਇਕ ਗੱਲ ਜਿਹੜੀ ਮਹਾਤਮਾ ਜੋਤੀ ਵਾ ਰਾਇ ਫੂਲੇ ਜੋ ਸਾਡੇ ਦੇਸ਼ ਦੇ ਮਹਾਨ ਨੇਤਾ ਹੋਏ ਹਨ ਉਨ੍ਹਾਂ ਦੀ ਧਰਮ ਪਤਨੀ ਸ੍ਰੀਮਤੀ ਸਵਿਤਰੀ ਰਾਇ ਫੂਲੇ ਨੇ ਦੇਸ਼ ਵਿੱਚ ਸਮਾਜਿਕ ਪ੍ਰੀਵਰਤਨ ਲਿਆਂਦਾ। ਮਹਾਤਮਾ ਜੋਤੀ ਵਾ ਰਾਇ ਫੂਲੇ ਨੇ ਉਨ੍ਹਾਂ ਨੂੰ ਪੜ੍ਹਾਇਆ ਔਰ ਸ੍ਰੀਮਤੀ ਸਵਿਤਰੀ ਰਾਇ ਫੂਲੇ ਸਾਰੇ ਦੇਸ਼ ਭਰ ਵਿੱਚ ਪਹਿਲੀ ਇਸਤਰੀ ਅਧਿਆਪਕ ਹੈ ਔਰ ਜਦੋਂ ਮਹਾਤਮਾ ਜੋਤੀ ਵਾ ਰਾਇ ਫੂਲੇ ਅਤੇ ਸ੍ਰੀਮਤੀ ਸਵਿਤਰੀ ਰਾਇ ਫੂਲੇ ਪੜ੍ਹਾਉਣ ਵਾਸਤੇ ਜਾਂਦੇ ਸਨ, ਕਿਉਂਕਿ ਕੋਈ ਸਮਾਂ ਸੀ ਜਦੋਂ ਦੇਸ਼ ਦੇ ਇੱਕ ਵੱਡੇ ਹਿੱਸੇ ਤੇ ਇਸ ਗੱਲ ਤੇ ਪਾਬੰਦੀ ਸੀ ਕਿ ਨਾ ਉਹ ਪੜ੍ਹਨਗੇ, ਨਾ ਕੋਈ ਸੁਣਨਗੇ ਅਤੇ ਨਾ ਕੋਈ ਚੰਗੇ ਕੰਮ ਕਰਨਗੇ, ਜਦੋਂ ਉਹ ਪੜ੍ਹਾਉਣ ਵਾਸਤੇ ਜਾਂਦੇ ਸਨ ਤਾਂ ਲੋਕੀ ਉਨ੍ਹਾਂ ਨੂੰ ਪੱਥਰ ਮਾਰਦੇ ਸਨ। ਅੱਜ ਸਾਨੂੰ ਸ੍ਰੀਮਤੀ ਸਵਿਤਰੀ ਰਾਇ ਫੂਲੇ ਜੀ ਦੀ ਯਾਦ ਵਿੱਚ ਕੋਈ ਮੈਮੋਰੀਅਲ ਬਣਾਉਣਾ ਚਾਹੀਦਾ ਹੈ, ਕੋਈ ਭਵਨ ਬਣਾਉਣਾ ਚਾਹੀਦਾ ਹੈ ਤਾਂ ਕਿ ਇਸਤਰੀ ਜਾਤੀ ਨੂੰ ਇਸ ਗੱਲ ਦਾ ਮਾਣ ਹੋਵੇ ਕਿ ਜਿਨ੍ਹਾਂ ਨੇ ਇਤਨੀਆਂ ਦੁੱਖ ਮੁਸੀਬਤਾਂ ਨੂੰ ਝੱਲ ਕੇ ਸਮਾਜਿਕ ਪ੍ਰੀਵਰਤਨ ਲਿਆਉਣ ਲਈ ਕੰਮ ਕੀਤਾ ਉਨ੍ਹਾਂ ਨੂੰ ਆਉਣ ਵਾਲੀ ਪੀੜ੍ਹੀ ਸਦਾ ਯਾਦ ਰਖੇਗੀ।

ਆਂਗਨਵਾੜੀਆਂ ਵਿੱਚ ਕੰਮ ਕਰਨ ਵਾਲੀਆਂ ਵਰਕਿੰਗ ਲੇਡੀਜ਼ ਦੇ ਬਾਰੇ ਮੈਂ ਗੱਲ ਕਰਨਾ ਚਾਹੁੰਦਾ ਹਾਂ ਕਿ ਇਹ ਉਨ੍ਹਾਂ ਦੇ ਨਾਲ ਇਕ ਕਿਸਮ ਦਾ ਖਿਲਵਾੜ ਹੈ ਕਿ ਉਹ ਸਾਰਾ ਸਾਰਾ ਦਿਨ ਬੱਚਿਆਂ ਨੂੰ ਪੜ੍ਹਾਉਂਦੀਆਂ ਹਨ ਪਰ ਉਸ ਦੇ ਬਦਲੇ ਜੋ ਉਨ੍ਹਾਂ ਨੂੰ ਅਲਾਊਂਸ ਮਿਲਦਾ ਹੈ ਉਹਨਾਂ

ਮਾਤਰ ਮਿਲਦਾ ਹੈ। ਇਹ ਉਨ੍ਹਾਂ ਦਾ ਅਲਾਊਂਸ ਵਧਾਉਣਾ ਚਾਹੀਦਾ ਹੈ। ਲੜਕੀਆਂ ਵਿੱਚ ਐਜੂਕੇਸ਼ਨ ਹੋਰ ਪ੍ਰਫੁਲਤ ਕਰਨ ਲਈ ਸਾਨੂੰ ਘਟੋ-ਘਟ ਹਰ ਸਬ-ਡਿਵੀਜ਼ਨ ਤੇ ਲੜਕੀਆਂ ਦਾ ਕਾਲਜ ਖੋਲ੍ਹਣਾ ਚਾਹੀਦਾ ਹੈ, ਸੀਨੀਅਰ ਸੈਕੰਡਰੀ ਸਕੂਲ ਥੋੜ੍ਹੇ ਥੋੜ੍ਹੇ ਪਿੰਡਾਂ ਵਿੱਚ ਖੁਲ੍ਹਣੇ ਚਾਹੀਦੇ ਹਨ। ਬਹੁਤ ਸਾਰੇ ਪਰੀਵਾਰ ਐਸੇ ਹਨ, ਬਹੁਤ ਸਾਰੇ ਪੇਰੈਂਟਸ ਐਸੇ ਹਨ ਜਿਹੜੇ ਲੜਕੀਆਂ ਨੂੰ ਦੂਰ ਭੇਜ ਕੇ ਖੁਸ਼ ਨਹੀਂ ਹੁੰਦੇ। ਸਾਨੂੰ 5-5, 7-7 ਪਿੰਡਾਂ ਵਿੱਚ ਸੈਕੰਡਰੀ ਸਕੂਲ ਖੋਲ੍ਹਣੇ ਚਾਹੀਦੇ ਹਨ ਤਾਂ ਕਿ ਔਰਤਾਂ ਵਿੱਚ ਐਜੂਕੇਸ਼ਨ ਵਡੇ ਪੈਮਾਨੇ ਤੇ ਆ ਸਕੇ।

ਇਕ ਮੈਂ ਖਾਸ ਸੁਝਾ ਦੇਣਾ ਚਾਹੁੰਦਾ ਹਾਂ ਕਿ ਜਦੋਂ ਅਸੀਂ ਇਥੇ ਨਾਰੀ ਦੀ ਬੇਹਤਰੀ ਦੀ ਗਲ ਕਰਦੇ ਹਾਂ, ਜਦੋਂ ਕੋਈ ਮੋਸ਼ਨ ਲਿਆਉਂਦੇ ਹਾਂ ਤਾਂ ਸਭ ਤੋਂ ਪਹਿਲਾਂ ਸਾਨੂੰ ਆਪਣੇ ਤੋਂ ਇੰਪਲੀਮੈਂਟੇਸ਼ਨ ਕਰਨੀ ਚਾਹੀਦੀ ਹੈ। ਸਭਾਪਤੀ ਸਾਹਿਬ, ਸਾਡੀ ਸਰਕਾਰ ਦੇ ਅੰਦਰ ਔਰਤਾਂ ਦੀ ਗਿਣਤੀ ਨਾਮ ਮਾਤਰ ਨਜ਼ਰ ਆਉਂਦੀ ਹੈ। ਜਿਨ੍ਹੀਆਂ ਸਾਡੀਆਂ ਬੀਬੀਆਂ ਹੋਰ ਹਨ ਉਨ੍ਹਾਂ ਨੂੰ ਵੀ ਮਨਿਸਟਰੀ ਵਿਚ ਨੁਮਾਇੰਦਗੀ ਦਿੱਤੀ ਜਾਵੇ ਤਾਂ ਕਿ ਨਾਰੀਆਂ ਦੀ ਗਿਣਤੀ ਜਿਨੀ ਵੱਧ ਸਕੇ ਉਤਨੀ ਅੱਛੀ ਹੈ ਔਰ ਉਨ੍ਹਾਂ ਵਿਚੋਂ ਹੀਨ ਭਾਵਨਾ ਖਤਮ ਹੋਵੇ।

ਆਖਿਰ ਵਿਚ ਜੋ ਬੱਚਿਆਂ ਦੇ ਬਾਰੇ ਗਲ ਹੈ ਬੱਚਿਆਂ ਦੇ ਲਈ ਸਰਕਾਰ ਦੇ ਕਾਗਜ਼ਾਂ ਵਿਚ ਕਾਫੀ ਸਕੀਮਾਂ ਹਨ, ਪਰੰਤੂ ਬਾਲ ਮਜ਼ਦੂਰੀ ਸਾਡੇ ਸਾਹਮਣੇ ਇਕ ਬਹੁਤ ਵੱਡਾ ਚੈਲੰਜ ਹੈ। ਅਸੀਂ ਕੁਝ ਸਮਾਂ ਪਹਿਲਾਂ ਇਸ ਹਾਊਸ ਵਿਚ ਇਕ ਗਲ ਰਖੀ ਸੀ ਔਰ ਸਰਕਾਰ ਵਲੋਂ ਇਹ ਕਿਹਾ ਗਿਆ ਸੀ ਕਿ ਕਿਸੇ ਕਾਰਖਾਨੇ ਵਿਚ ਜਾਂ ਕਿਸੇ ਹੋਟਲ ਵਿਚ ਕੋਈ ਬੱਚਾ ਕੰਮ ਨਹੀਂ ਕਰਦਾ। ਇਥੋਂ ਚਲਕੇ ਗੜ੍ਹ ਸ਼ੰਕਰ ਜਾਂ ਹੁਸ਼ਿਆਰਪੁਰ ਪਹੁੰਚਣਾ ਹੋਵੇ ਤਾਂ ਹਰ ਥਾਂ ਤੇ ਬੱਚੇ ਚਾਹ ਬਣਾਉਂਦੇ ਜਾਂ ਭਾਡੇ ਧੋਂਦੇ ਨਜ਼ਰ ਆਉਂਦੇ ਹਨ। ਇਹ ਠੀਕ ਹੈ ਕਿ ਗਰੀਬੀ ਦੇ ਕਾਰਣ ਉਹ ਨਾਬਾਲਗ ਅਵਸਥਾ ਵਿਚ ਕੰਮ ਕਰਨ ਲਈ ਮਜਬੂਰ ਹੁੰਦੇ ਹਨ। ਸਰਕਾਰ ਨੂੰ ਚਾਹੀਦਾ ਹੈ ਕਿ ਉਨ੍ਹਾਂ ਲਈ ਸਪੈਸ਼ਲ ਸਕੀਮਾ ਬਣਾਉਣ, ਕਿਉਂਕਿ ਉਨ੍ਹਾਂ ਦੇ ਮਾਂ ਬਾਪ ਉਨ੍ਹਾਂ ਦੀ ਪੜ੍ਹਾਈ ਲਈ ਖਰਚਾ ਬਰਦਾਸ਼ਤ ਨਹੀਂ ਕਰ ਸਕਦੇ। ਉਨ੍ਹਾਂ ਬੱਚਿਆਂ ਨੂੰ ਹਰ ਕਿਸਮ ਦੀਆਂ ਸਹੂਲਤਾਂ ਦੇ ਕੇ, ਚਾਹੇ ਕਪੜਾ ਹੋਵੇ, ਰੋਟੀ ਹੋਵੇ, ਫਰੀ ਕਿਤਾਬਾਂ ਹੋਣ, ਤਾਂ ਕਿ ਸਾਡਾ ਆਉਣ ਵਾਲਾ ਭਵਿਖ ਸੁਨੈਹਿਰੀ ਬਣ ਸਕੇ।

ਜਿਥੋਂ ਤਕ ਔਰਤਾਂ ਦੇ ਸੋਸ਼ਲ ਸਟੇਟੱਸ ਦਾ ਸੁਆਲ ਹੈ ਉਨ੍ਹਾਂ ਨੂੰ ਸਵੈਮਾਨ ਤਾਂ ਹੀ ਮਿਲ ਸਕਦਾ ਹੈ ਜੇ ਘੱਟ ਘੱਟ 50 ਪ੍ਰਤੀਸ਼ਤ ਸੀਟਾਂ ਉਨ੍ਹਾਂ ਲਈ ਆਬਾਦੀ ਦੇ ਲਿਹਾਜ਼ ਨਾਲ ਹਰ ਡਿਪਾਰਟਮੈਂਟ ਵਿਚ ਰਿਜ਼ਰਵ ਰਖੀਆ ਜਾਣ। ਦੇਸ਼ ਵਿਚ ਵੀ ਅਤੇ ਪੰਜਾਬ ਵਿਚ ਵੀ ਉਨ੍ਹਾਂ ਦੀ ਆਬਾਦੀ 50 ਪ੍ਰਤੀਸ਼ਤ ਹੈ। ਉਨ੍ਹਾਂ ਨੂੰ ਆਪਣਾ ਹਿੱਸਾ ਦਿਓ ਤਾਂ ਕਿ ਉਹ ਅੱਗੇ ਵੱਧ ਸਕਣ। ਜਿਹੜੀਆਂ ਭੈਣ ਵਿਧਵਾ ਹੋ ਜਾਵੇ, ਉਨ੍ਹਾਂ ਨੂੰ ਜਿਹੜੀ ਜੌਬ ਦਿਤੀ ਜਾਂਦੀ ਹੈ ਉਹ ਉਸ ਦੇ ਘਰ ਦੇ ਨਜ਼ਦੀਕ ਹੋਣੀ ਚਾਹੀਦੀ ਹੈ ਤਾਂ ਕਿ ਉਹ ਆਪਣੇ ਬੱਚੇ ਦੀ ਸਹੀ ਤਰੀਕੇ ਨਾਲ ਦੇਖਭਾਲ ਕਰ ਸਕੇ। ਜਿਹੜੀਆਂ ਤਲਾਕਸ਼ੁਦਾ ਔਰਤਾਂ ਹਨ ਉਨ੍ਹਾਂ ਨੂੰ ਲਗਾਤਾਰ ਖਰਚਾ ਮਿਲਦਾ ਰਹੇ। ਕਾਨੂੰਨੀ ਰੂਹ ਨਾਲ ਜਦੋਂ ਵਿਧਵਾ ਦਾ ਬੱਚਾ ਬਾਲਗ ਹੋ ਜਾਂਦਾ ਹੈ ਤਾਂ ਉਸ ਦੀ ਪੈਨਸ਼ਨ ਬੰਦ ਕਰ ਦਿਤੀ ਜਾਂਦੀ ਹੈ। ਇਸ ਤਰ੍ਹਾਂ ਦੀਆਂ ਰਵਾਇਤਾਂ ਨੂੰ ਖਤਮ ਕਰਨਾ ਚਾਹੀਦਾ ਹੈ ਕਿਉਂਕਿ ਬਾਲਗ ਹੋਣ ਨਾਲ ਹੀ ਤਾਂ ਉਸ ਦਾ ਰੋਜ਼ਗਾਰ ਨਹੀਂ ਲਗ ਜਾਂਦਾ, ਦੂਸਰੇ ਜ਼ਰੂਰੀ ਨਹੀਂ ਕਿ ਉਹ ਬੱਚਾ ਮਾਂ ਦਾ ਪਾਲਣ ਪੋਸ਼ਣ ਕਰ ਸਕੇ। ਇਸ ਲਈ ਜੇ ਉਸ ਵਿਧਵਾ ਨੂੰ ਪੈਨਸ਼ਨ ਜ਼ਿੰਦਗੀ ਭਰ ਮਿਲਦੀ ਰਹੇਗੀ ਤਾਂ ਉਸਦਾ ਆਤਮਬਲ ਬਣਿਆ ਰਹੇਗਾ। ਇੰਨਾ ਕਹਿ ਕੇ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

'ਜੈ ਭੀਮ, ਜੈ ਭਾਰਤ।'

ਸ਼੍ਰੀ ਸੰਤੋਖ ਸਿੰਘ ਚੌਧਰੀ (ਫਿਲੌਰ,ਐਸ.ਸੀ) : ਮਾਨਯੋਗ ਚੇਅਰਮੈਨ ਸਾਹਿਬਾ, ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਜੀ ਦਾ ਮਤਾ ਜੋ ਅੱਜ ਇਸ ਹਾਊਸ ਵਿਚ ਰਖਿਆ ਗਿਆ ਹੈ ਜਿਸ ਵਿਚ ਔਰਤਾਂ ਖਾਸ ਕਰਕੇ ਤਲਾਕਸ਼ੁਦਾ/ਅਲੱਗ ਕੀਤੀਆਂ ਹੋਈਆਂ ਅਤੇ ਤਿਆਗੀਆਂ ਹੋਈਆਂ ਲਈ ਅਤੇ ਬੱਚਿਆਂ ਦੀ ਭਲਾਈ ਲਈ ਮੌਜੂਦਾ ਸਕੀਮਾਂ ਨੂੰ ਨਵਾਂ ਰੂਪ ਦੇਣ ਲਈ ਅਤੇ ਨਵੀਆਂ ਸਕੀਮਾਂ ਤਿਆਰ ਕਰਨ ਲਈ ਜ਼ਿਕਰ ਕੀਤਾ ਹੈ, ਮੈਂ ਉਸ ਮੱਤੇ ਦਾ ਸਮਰਥਨ ਕਰਦਾ ਹਾਂ। ਮੇਰੇ ਤੋਂ ਪਹਿਲਾਂ ਬੋਲਣ ਵਾਲੇ ਮਾਨਯੋਗ ਮੈਂਬਰ ਸਾਹਿਬਾਨ ਨੇ ਬਹੁਤ ਤਫਸੀਲ ਵਿਚ ਨਾਰੀ ਦਾ ਔਰਤ ਜਾਤੀ ਦਾ ਮਹੱਤਵ ਇਸ ਧਰਤੀ ਤੇ, ਇਸ ਸਰਿਸ਼ਟੀ ਤੇ ਜੋ ਹੈ ਉਸ ਦਾ ਜ਼ਿਕਰ ਕੀਤਾ ਹੈ। ਅਗਰ ਇਤਿਹਾਸ ਵੇਖੀਏ ਤਾਂ ਬਹੁਤ ਸਾਰੇ ਐਸੇ ਸਮੇਂ ਆਉਂਦੇ ਹਨ ਜਦੋਂ ਭਾਰਤ ਦੀ ਨਾਰੀ ਨੇ ਇਥੇ ਦੇ ਜੋ ਪੁਰਸ਼ ਹਨ ਉਨ੍ਹਾਂ ਤੋਂ ਵੀ ਅਗੇ ਵੱਧ ਕੇ ਕੰਮ ਕੀਤੇ ਹਨ। ਮਹਾਰਾਣੀ ਝਾਂਸੀ ਜੀ ਦਾ ਨਾਂ ਸਾਡੇ ਇਤਿਹਾਸ ਵਿਚ ਸੁਨੈਹਿਰੀ ਅਖਰਾਂ ਵਿਚ ਜ਼ਿਕਰ ਆਉਂਦਾ ਹੈ। ਕਿਸ ਤਰ੍ਹਾਂ ਉਨ੍ਹਾਂ ਨੇ ਉਸ ਵਕਤ ਜ਼ੁਲਮ ਐਸ ਤਸ਼ਦੱਦ ਦੇ ਖਿਲਾਫ ਔਰ ਉਸ ਵਕਤ ਦੇ ਜ਼ਾਲਮਾਂ ਦੇ ਖਿਲਾਫ ਜੰਗ ਦੇ ਮੈਦਾਨ ਵਿਚ ਆਪਣਾ ਯੋਗਦਾਨ ਪਾ ਕੇ ਨਾਰੀ ਜਾਤੀ ਦਾ ਨਾਮ ਉਚਾ ਕੀਤਾ ਹੈ । ਭਗਤੀ ਦੇ ਖੇਤਰ ਵਿਚ ਮੀਰਾਂ ਬਾਈ ਜੀ ਦਾ ਨਾਮ ਸੁਨੈਹਿਰੀ ਅੱਖਰਾਂ ਵਿਚ ਲਿਖਿਆ ਹੈ ਕਿ ਉਨ੍ਹਾਂ ਨੇ ਕਿਸ ਤਰ੍ਹਾਂ ਪਰਮਾਤਮਾਂ ਦੀ ਭਗਤੀ ਲਹਿਰ ਵਿਚ ਨਾਰੀ ਜਾਤੀ ਦਾ ਸਿਰ ਉਚਾ ਕੀਤਾ ਔਰ ਭਗਤੀ ਦਾ ਸੰਦੇਸ਼ ਸਾਡੇ ਇਸ ਮੁਲਕ ਨੂੰ ਦਿੱਤਾ। ਮੇਰੇ ਸਾਥੀ ਨੇ ਕਿਹਾ ਕਿ ਬਹੁਤ ਅਰਸਾਂ ਪਹਿਲਾਂ ਹਿੰਦੋਸਤਾਨ ਦੀ ਧਰਤੀ ਉਤੇ ਔਰਤਾਂ ਦੀ ਜੋ ਹਾਲਾਤ ਸੀ, ਜੋ ਸਟੇਟਸ ਸੀ, ਉਹ ਬਹੁਤ ਨੀਚਾ ਸੀ। ਠੀਕ ਹੈ, ਬਹੁਤ ਅਰਸਾ ਇਸ ਤਰ੍ਹਾਂ ਰਿਹਾ ਪਰ ਮੈਂ ਧੰਨਵਾਦ ਕਰਾਂਗਾ ਔਰ ਕੰਪਲੀਮੈਂਟਸ ਪੇਸ਼ ਕਰਾਂਗਾ ਭਾਰਤ ਸਰਕਾਰ ਨੂੰ ਔਰ ਉਸ ਮਹਾਨ ਸ਼ਖਸ਼ੀਅਤ ਡਾਕਟਰ ਅੰਬੇਦਕਰ ਜੀ ਨੂੰ ਜਿਨ੍ਹਾਂ ਨੇ ਹਿੰਦੂ ਕੋਡ ਬਿੱਲ ਬਣਾ ਕੇ ਨਾਰੀ ਦੇ ਸਟੇਟਸ ਨੂੰ ਉਚਾ ਕਰਨ ਦਾ ਯਤਨ ਕੀਤਾ। ਇਸ ਦੇ ਨਾਲ ਮੈਂ ਇਹ ਵੀ ਕਹਾਂਗਾ ਕਿ ਆਜ਼ਾਦੀ ਤੋਂ ਬਾਅਦ ਜਦੋਂ ਸੰਵਿਧਾਨ ਬਣਿਆ, ਉਸ ਵਕਤ ਸੰਵਿਧਾਨ ਵਿਚ ਫੰਡੇਮੈਂਟਲ ਰਾਈਟਸ ਰੱਖੇ ਔਰ ਨਾਰੀ ਨੂੰ ਪੁਰਖ ਦੇ ਬਰਾਬਰ ਦਾ ਦਰਜਾ ਦਿਤਾ ਇਹ ਸ਼ਲਾਘਾਯੋਗ ਕੰਮ ਹੈ ਇਸ ਤਰ੍ਹਾਂ ਬਹੁਤ ਸਾਰੀਆਂ ਸਕੀਮਾਂ/ਅੱਜ ਮੇਰੇ ਮਾਨਯੋਗ ਸਾਹਿਬਾਨ ਨੇ ਜ਼ਿਕਰ ਕੀਤਾ ਹੈ ਪਰ ਇਸ ਤੋਂ ਪਹਿਲਾਂ ਮੈਂ ਸਰ ਸਵਰਗੀ ਸ਼੍ਰੀਮਤੀ ਇੰਦਰਾ ਗਾਂਧੀ ਜੀ ਦਾ ਜ਼ਿਕਰ ਕਰਨਾ ਆਪਣਾ ਭਾਰੀ ਕਰਤੱਵ ਸਮਝਾਂਗਾਂ ਕਿਉਂਕਿ ਸ਼੍ਰੀਮਤੀ ਇੰਦਰਾ ਗਾਂਧੀ ਜੀ ਨੇ ਹਿੰਦੋਸਤਾਨ ਦੀ ਨਾਰੀ ਦਾ ਹੀ ਨਹੀਂ ਬਲਕਿ ਇੰਟਰਨੈਸ਼ਨਲ ਪੱਧਰ ਉਤੇ ਨਾਰੀ ਦਾ ਨਾਮ ਉੱਚਾ ਕੀਤਾ ਹੈ। ਉਨ੍ਹਾਂ ਦੇ ਜੀਵਨ ਕਾਲ ਵਿਚ ਆਪਣੀ ਪ੍ਰਧਾਨ ਮੰਤਰੀ ਦੇ ਟੈਨਿਊਅਰ ਵਿਚ, ਜੋ ਹਿੰਦੁਸਤਾਨ ਦੀ ਹਿਸਟਰੀ ਵਿਚ ਉਨ੍ਹਾਂ ਨੇ ਲੋਕਾਂ ਦਾ ਔਰ ਦੇਸ਼ ਦਾ ਨਾਮ ਉੱਚਾ ਕੀਤਾ ਉਹ ਵੀ ਸੁਨੈਹਿਰੀ ਅੱਖਰਾਂ ਨਾਲ ਲਿਖਿਆ ਜਾਵੇਗਾ। ਹਿੰਦੋਸਤਾਨ ਦੇ ਇਤਿਹਾਸ ਨੂੰ ਉਨ੍ਹਾਂ ਨੇ ਬਣਾਇਆ ਹੈ। ਅੱਜ ਮੈਂ ਸਮਝਦਾ ਹਾਂ ਕਿ ਭਾਰਤਵਰਸ਼ ਵਿਚ 50 ਪ੍ਰਤੀਸ਼ਤ ਪਾਪੂਲੇਸ਼ਨ ਜੋ ਹੈ ਉਹ ਨਾਰੀ ਜਾਤੀ ਦੀ ਹੈ। ਇਹ ਵੀ ਮੈਂ ਸਮਝਦਾ ਹਾਂ ਕਿ ਸਾਡੇ ਸਾਰਿਆਂ ਦਾ ਫਰਜ਼ ਬਣਦਾ ਹੈ ਸਰਕਾਰ ਦਾ ਔਰ ਸਮਾਜ ਦਾ ਵੀ ਕਿ ਹਿੰਦੋਸਤਾਨ ਦੀ ਨਾਰੀ ਦੀ ਪਰਗਤੀ ਵਾਸਤੇ, ਤਰੱਕੀ ਵਾਸਤੇ, ਉਨ੍ਹਾਂ ਦੇ ਸਟੇਟਸ ਨੂੰ ਬਹਾਲ ਕਰਨ ਵਾਸਤੇ, ਇਕ ਜੁੱਟ ਹੋਈਏ। ਜ਼ਿਕਰ ਆਇਆ ਕਿ ਹਾਲੇ ਵੀ ਕੁਝ ਸਟੇਟਾਂ ਹਨ ਜਿਥੇ ਸਤੀ-ਪਰਥਾ ਲਾਗੂ ਹੈ। ਐਸੀਆਂ ਵੀ ਸਟੇਟਾ, ਹਨ, ਪ੍ਰਾਂਤ ਹਨ ਜਿੱਥੇ ਹਾਲੇ ਵੀ ਪਰਦਾ ਸਿਸਟਮ ਡਾਮੀਨੇਟ ਕਰਦਾ ਹੈ। ਹਾਲੇ ਵੀ ਬਹੁਤ ਸਾਰੈ ਸਥਾਨ ਹਨ ਜਿਥੇ ਨਾਰੀ ਨੂੰ ਬਰਾਬਰ ਦੇ ਹੱਕ ਨਹੀਂ ਦਿੱਤੇ ਜਾਂਦੇ ਔਰ ਬਰਾਬਰ ਨਹੀਂ ਸਮਝਿਆ ਜਾਂਦਾ। ਪੰਜਾਬ ਦਾ ਜ਼ਿਕਰ ਆਇਆ। ਮੇਰੇ ਤੋਂ ਪਹਿਲਾ ਬੋਲਣ ਵਾਲਿਆਂ ਨੇ, ਮੇਰੀ ਭੈਣ ਨੇ ਜ਼ਿਕਰ ਕੀਤਾ ਸੀ ਕਿ ਸੰਨ 1947 ਵਿਚ ਜਲੰਧਰ ਵਿਚ ਗਾਂਧੀ ਵੰਤਾ

ਆਸ਼ਰਮ ਬਣਾਇਆ ਸੀ। ਉਹ ਬਣਿਆ ਸੀ ਉਨ੍ਹਾਂ ਔਰਤਾਂ ਲਈ ਜਿਹੜੀਆਂ ਪਾਕਿਸਤਾਨ ਵਿਚੋਂ ਉਜੜਕੇ, ਬੇਸਹਾਰਾ ਹੋਕੇ ਇਥੇ ਆਈਆਂ ਸਨ। ਉਹ ਸਥਾਨ ਉਸ ਵੇਲੇ ਬਣਾਇਆ ਸੀ। ਜੇਕਰ ਅੰਕੜੇ ਵੇਖੀਏ ਤਾਂ ਪਤਾ ਲਗਦਾ ਹੈ ਕਿ ਜਿਹੜੀਆਂ ਮਾਤਾਵਾਂ ਭੈਣਾਂ ਨੇ ਉਥੇ ਆਸਰਾ ਲਿਆ ਸੀ ਉਹ ਤਾਂ ਨਹੀਂ ਰਹੀਆਂ ਪਰ ਹੁਣ ਹੋਰ ਸਾਡੀਆਂ ਭੈਣਾ ਉਥੇ ਹਨ ਜਿਹੜੀਆਂ ਕਿ ਉਥੇ ਸਿੱਖਿਆ ਲੈਂਦੀਆਂ ਹਨ। ਜਿਸ ਤਰ੍ਹਾਂ ਅੰਕੜਿਆਂ ਵਿਚੋਂ ਜ਼ਾਹਿਰ ਹੁੰਦਾ ਹੈ ਕਿ ਇਸ ਵੇਲੇ 191 ਸਾਡੀਆਂ ਭੈਣਾ ਉਥੇ ਸਿੱਖਿਆ ਲੈ ਰਹੀਆਂ ਹਨ ਔਰ ਉਨ੍ਹਾਂ ਉਤੇ 5.90 ਲੱਖ ਰੁਪਿਆ ਖਰਚਾ ਹੁੰਦਾ ਹੈ।

12.59,P.M. (ਇਸ ਸਮੇਂ ਸ੍ਰੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ)

ਮੈਂ ਸਮਝਦਾ ਹਾਂ ਕਿ ਇਸ ਸਥਾਨ ਵਿਚ ਜੋ ਔਰਤਾਂ ਨੂੰ 225 ਰੁਪਏ ਮਾਸਿਕ ਦਿੱਤੇ ਜਾਂਦੇ ਹਨ, ਅੱਜ ਦੇ ਸਮੇਂ ਵਿਚ ਬਹੁਤ ਘੱਟ ਹਨ। ਇਸ ਲਈ, ਸਪੀਕਰ ਸਾਹਿਬ ਮੈਂ ਤੁਹਾਡੇ ਰਾਹੀਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਰਕਮ ਨੂੰ ਵਧਾਇਆ ਜਾਵੇ। ਇਸ ਦੇ ਨਾਲ ਹੀ ਇਹ ਵੀ ਕਹਾਂਗਾ ਕਿ ਉਥੇ ਸਿਰਫ ਇਸ ਵੇਲੇ ਸਿਲਾਈ ਕਢਾਈ ਦਾ ਕੰਮ ਹੁੰਦਾ ਹੈ ਹੋਰ ਇਸ ਤਰ੍ਹਾਂ ਦੇ ਲਾਈਟ ਕੰਮ ਹੁੰਦੇ ਹਨ ਮੈਂ ਬੇਨਤੀ ਕਰਨੀ ਚਾਹਵਾਂਗਾ ਕਿ ਉਥੇ ਕੋਈ ਇਸ ਤਰ੍ਹਾਂ ਦੀ ਵਰਕਸ਼ਾਪ ਬਣਾਈ ਜਾਵੇ ਜਾਂ ਕੋਈ ਟਰੇਨਿੰਗ ਸੈਂਟਰ ਖੋਲੇ ਜਾਣ ਜਿਸ ਵਿਚ ਔਰਤਾਂ ਨੂੰ ਆਧੁਨਿਕ ਤਕਨੀਕੀ ਸਿੱਖਿਆ ਮਿਲੇ ਜਿਵੇਂ ਕਿ ਕੰਪਿਊਟਰ ਆਦਿ ਦੀ ਟਰੇਨਿੰਗ ਹੈ, ਉਨ੍ਹਾਂ ਨੂੰ ਉਹ ਮਿਲ ਸਕੇ ਔਰ ਉਹ ਔਰਤਾਂ ਵੀ ਅੱਛਾ ਰੋਜ਼ਗਾਰ ਹਾਸਲ ਕਰ ਸਕਣ।

ਇਸੇ ਤਰ੍ਹਾਂ ਇਕ ਸ਼ਾਰਟ ਸਟੇਅ ਹੋਮ ਬਣਾਉਣ ਦਾ ਜਿਹੜਾ ਸਰਕਾਰ ਨੇ ਉਪਰਾਲਾ ਕੀਤਾ ਹੈ, ਇਹ ਬੜੀ ਅੱਛੀ ਗਲ ਹੈ। ਸਵੇਰਾ ਨਾਂ ਦਾ ਇਕ ਹੋਸਟਲ ਮੋਹਾਲੀ ਵਿਖੇ ਬਣਾਇਆ ਔਰ ਇਕ ਸੰਜੀਵਨੀ ਨਾਂ ਦਾ ਹੋਸਟਲ ਜਲੰਧਰ ਵਿਖੇ ਵੀ ਬਣਾਇਆ ਹੈ। ਇਸ ਦੇ ਨਾਲ ਮੈਂ ਇਹ ਬੇਨਤੀ ਕਰਨੀ ਚਾਹਵਾਂਗਾ ਕਿ ਇਹ ਜਿਹੜੇ ਸ਼ਾਰਟ ਸਟੇਅ ਹੋਮਜ਼ ਹਨ ਇਹ ਸਾਰੇ ਡਿਸਟ੍ਰਿਕਟਸ ਵਿਚ ਖੋਲੇ ਜਾਣੇ ਚਾਹੀਦੇ ਹਨ ਔਰ ਜਿਹੜੇ ਹੋਰ ਇਸ ਤਰ੍ਹਾਂ ਦੇ ਇਨਟੀਚਿਊਸ਼ਨਜ਼ ਹਨ ਜਿਸ ਵਿਚ ਡੈਸਟੀਚਿਊਟ ਵਿਮੈਨ ਔਰ ਸੈਪਰੇਟਿਡ ਵਿਮੈਨ ਦਾਖਲ ਹੁੰਦੀਆਂ ਹਨ ਉਨ੍ਹਾਂ ਇੰਸਟੀਚਿਊਸ਼ਨਜ਼ ਵਿਚ ਵੀ ਸਰਕਾਰ ਕੁਝ ਸਹਾਇਤਾ ਦੇ ਕੇ ਉਥੇ ਪ੍ਰਾਇਮਰੀ ਸਕੂਲਜ਼ ਔਰ ਡਿਸਪੈਂਸਰੀਜ਼ ਆਦਿ ਖੋਲੇ ਜਾਣੇ ਚਾਹੀਦੇ ਹਨ।

ਇਹ ਬੜੀ ਖੁਸ਼ੀ ਦੀ ਗਲ ਹੈ ਕਿ ਸਰਕਾਰ ਔਰਤਾਂ ਲਈ ਇਕ ਐਸ.ਐਚ.ਆਰਗੇਨਾਈਜੇਸ਼ਨ ਖੋਲਣ ਲਈ ਉਪਰਾਲਾ ਕਰ ਰਹੀ ਹੈ ਔਰ ਇਸ ਵਾਸਤੇ ਰਾਜਪੁਰੇ ਵਿਖੇ ਇਸ ਲਈ ਜ਼ਮੀਨ ਵੀ ਲੈ ਕੇ ਦੇਣੀ ਹੈ। ਇਹ ਬੜਾ ਅੱਛਾ ਉਪਰਾਲਾ ਹੈ। ਇਸ ਤਰ੍ਹਾਂ ਮੈਂ ਸਮਝਦਾ ਹਾਂ ਕਿ, ਜਿਹੜੀਆਂ ਭੈਣਾਂ ਟੈਰੋਰਿਸਟ ਅਫੈਕਟਿਡ ਹਨ ਉਨ੍ਹਾਂ ਦੇ ਬੱਚਿਆਂ ਨੂੰ ਵੀ ਉਥੇ ਦਾਖਲਾ ਪੜ੍ਹਨ ਵਾਸਤੇ ਦਿੱਤਾ ਜਾਣਾ ਚਾਹੀਦਾ ਹੈ ਇਹੋ ਜਿਹੇ ਜਿਹੜੇ ਇੰਸਟੀਚਿਊਸ਼ਨਜ਼ ਹੋਰ ਵੀ ਚਲ ਰਹੇ ਹਨ ਉਨ੍ਹਾਂ ਨੂੰ ਸਰਕਾਰ ਵਲੋਂ ਉਤਸਾਹਿਤ ਕਰਨਾ ਚਾਹੀਦਾ ਹੈ।

ਮੈਨੂੰ ਖੁਸ਼ੀ ਹੈ ਕਿ ਪੰਜਾਬ ਸਰਕਾਰ ਨੇ ਵੈਲਫੇਅਰ ਡਿਪਾਰਟਮੈਂਟ ਦੀਆਂ ਭਲਾਈ ਸਕੀਮਾਂ ਵਾਸਤੇ ਕੋਈ 36 ਕਰੋੜ ਰੁਪਏ ਦੇ ਕਰੀਬ ਰਖਿਆ ਹੈ। ਇਸ ਵਿਚ 8.12 ਕਰੋੜ ਰੁਪਿਆ ਤਾਂ ਬਚਿਆ ਦੀ ਭਲਾਈ ਵਾਸਤੇ ਹੈ ਔਰ ਸਿਕਓਰਿਟੀ ਆਫ ਸੋਸ਼ਲ ਡਿਫੈਂਸ ਵਾਸਤੇ 12.58 ਕਰੋੜ ਰੁਪਏ ਹੈ ਔਰ

[ਸ੍ਰੀ ਸੰਤੋਖ ਸਿੰਘ ਚੌਧਰੀ]

ਇਸੇ ਤਰ੍ਹਾਂ 15.50 ਕਰੋੜ ਹੋਰ ਸਕੀਮਾ ਵਾਸਤੇ ਰਖਿਆ ਹੈ। ਇਹ ਬੜੀ ਸ਼ਲਾਘਾਯੋਗ ਗਲ ਹੈ ਪਰ ਮੈਂ ਇਸ ਦੇ ਨਾਲ ਬੇਨਤੀ ਕਰਨਾ ਚਾਹਵਾਂਗਾ ਕਿ ਇਹ ਜਿਹੜਾ ਪੈਸਾ ਭਲਾਈ ਸਕੀਮਾਂ ਵਾਸਤੇ ਰਖਿਆ ਹੈ ਇਸ ਨੂੰ ਵੱਧਾ ਕੇ 100 ਕਰੋੜ ਰੁਪਿਆ ਕਰਨਾ ਚਾਹੀਦਾ ਹੈ ਤਾਂ ਕਿ ਉਨ੍ਹਾਂ ਦੀ ਬੇਹਤਰੀ ਵਾਸਤੇ ਹੋਰ ਜ਼ਿਆਦਾ ਕੰਮ ਹੋ ਸਕਣ।

ਬਸ ਜੀ ਮੈਂ ਆਖਰ ਵਿਚ ਇਕ ਬੇਨਤੀ ਇਹ ਕਰਨੀ ਚਾਹਵਾਂਗਾ ਕਿ ਜਿਹੜੀਆਂ ਸਾਡੀਆਂ ਭੈਣਾਂ ਦੀ ਲਿਟੀਗੇਸ਼ਨ ਚਲਦੀ ਹੈ, ਡਾਇਵੋਰਸ ਦੇ ਮੁਕਦਮੇਂ ਚਲਦੇ ਹਨ ਜਾਂ ਸੈਪਰੇਸ਼ਨ ਦੇ ਮੁਕੱਦਮੇਂ ਚਲਦੇ ਹਨ, ਉਨ੍ਹਾਂ ਦਾ ਕਚਹਿਰੀਆਂ ਵਿਚ ਮਾੜਾ ਹਾਲ ਹੁੰਦਾ ਹੈ ਇਸ ਲਈ ਮੈਂ ਬੇਨਤੀ ਕਰਨੀ ਚਾਹਵਾਂਗਾ ਕਿ ਇਹ ਠੀਕ ਹੈ ਕਿ ਸਰਕਾਰ ਨੇ ਲੀਗਲ ਸੈਲ ਕਾਇਮ ਕੀਤਾ ਹੈ ਪਰ ਮੇਰੀ ਬੇਨਤੀ ਹੈ ਕਿ ਅਜਿਹੀ ਔਰਤਾਂ ਵਾਸਤੇ ਇਕ ਸਪੈਸ਼ਲ ਲੀਗਲ ਸੈਲ ਖੋਲਣਾ ਚਾਹੀਦਾ ਹੈ ਤਾਂ ਕਿ ਉਨ੍ਹਾਂ ਨੂੰ ਜਿਹੜੀ ਪਰੇਸ਼ਾਨੀ ਹੁੰਦੀ ਹੈ ਉਹ ਨਾ ਹੋਵੇ। ਆਖਿਰ ਵਿਚ ਮੈਂ ਇਹ ਬੇਨਤੀ ਕਰਨੀ ਹੈ ਕਿ ਪਨਵਾਇਰ ਵਿਚ ਪਿਛੇ ਜਿਹੇ ਸਰਕਾਰ ਨੇ ਉਪਰਾਲਾ ਕਰਕੇ ਔਰਤਾਂ ਨੂੰ ਰੋਜ਼ਗਾਰ ਦੇਣ ਵਾਸਤੇ ਇਕ ਸਕੀਮ ਚਲਾਈ ਸੀ ਪਰ ਹੁਣ ਸਰਕਾਰ ਨੇ ਉਸ ਸਕੀਮ ਨੂੰ ਸਕੈਪ ਕਰ ਦਿੱਤਾ ਹੈ। ਇਸ ਸਬੰਧ ਵਿਚ ਮੈਂ ਬੇਨਤੀ ਕਰਨੀ ਚਾਹਵਾਂਗਾ ਕਿ ਉਸ ਸਕੀਮ ਨੂੰ ਮੁੜ ਕੇ ਬਹਾਲ ਕਰਨਾ ਚਾਹੀਦਾ ਹੈ ਤਾਂ ਕਿ ਜਿਹੜੀਆਂ ਭੈਣਾਂ ਹਨ ਉਹ ਰੋਜ਼ਗਾਰ ਪ੍ਰਾਪਤ ਕਰ ਸਕਣ ਔਰ ਹੋਰ ਸਹੂਲਤਾ ਪ੍ਰਾਪਤ ਕਰ ਸਕਣ।

ਇਸੇ ਤਰ੍ਹਾਂ ਹੀ ਬੱਚਿਆਂ ਦੇ ਵਾਸਤੇ ਜਿਹੜਾ ਅਮਿਊਨੀਜੇਸ਼ਨ ਦਾ ਪ੍ਰੋਗਰਾਮ ਹੈ ਸਰਕਾਰ ਨੇ ਉਪਰਾਲਾ ਕਰਕੇ ਡਿਸਪੈਂਸਰੀਆਂ ਵਿਚ ਇਸ ਦਾ ਕੰਮ ਸ਼ੁਰੂ ਕੀਤਾ ਹੈ ਮੇਰੀ ਬੇਨਤੀ ਹੈ ਕਿ ਇਹ ਜਿਹੜੀਆਂ ਅਮਿਊਨੀਜੇਸ਼ਨ ਵਾਸਤੇ ਡਿਸਪੈਂਸਰੀਆ ਹਨ ਇਹ ਪਿੰਡਾਂ ਦੇ ਲੈਵਲ ਤੇ ਖੋਲ੍ਹੀਆਂ ਜਾਣੀਆਂ ਚਾਹੀਦੀਆਂ ਹਨ।

ਸਪੀਕਰ ਸਾਹਿਬ, ਮੈਂ ਇਕ ਬਹੁਤ ਵੱਡੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅੱਜ ਦਾ ਜੋ ਮਾਹੌਲ ਬਣਾਇਆ ਹੋਇਆ ਹੈ ਅਤੇ ਜੋ ਸਾਡੇ ਬੱਚੇ ਫਿਲਮਾਂ ਦੇ ਰਾਹੀਂ ਵੀਡੀਓਜ਼ ਦੇ ਰਾਹੀਂ ਘਰਾਂ ਵਿਚ ਵੇਖ ਰਹੇ ਹਨ ਉਹ ਫਿਲਮਾਂ ਦੇ ਵਿਚ ਐਕਸ਼ਨ ਆਫ ਕਰਾਈਮ ਹੈ ਇਸ ਨੂੰ ਰੋਕਣ ਲਈ ਸਰਕਾਰ ਵਲੋਂ ਕੋਈ ਉਪਰਾਲੇ ਕਰਨੇ ਚਾਹੀਦੇ ਹਨ। ਆਉਣ ਵਾਲੀ ਜਨਰੇਸ਼ਨ ਤੇ ਐਕਸ਼ਨ ਆਫ ਕਰਾਈਮਜ਼ ਦਾ ਅਸਰ ਪੈਂਦਾ ਹੈ। ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਦੇ ਮਤੇ ਉਤੇ ਬੋਲਣ ਦਾ ਮੌਕਾ ਦਿੱਤਾ ਅਤੇ ਮੈਂ ਇਸ ਮਤੇ ਦਾ ਸਮਰਥਨ ਕਰਦਾ ਹਾਂ।

ਸ੍ਰੀ ਜਗਦੀਸ਼ ਸਾਹਨੀ (ਬਟਾਲਾ): ਸਪੀਕਰ ਸਾਹਿਬ, ਜਿਹੜਾ ਮਤਾ ਸਰਕਾਰ ਤ੍ਰਿਪਤ ਰਾਜਿੰਦਰ ਸਿੰਘ ਜੀ ਨੇ ਇਸ ਹਾਊਸ ਵਿਚ ਰਖਿਆ ਹੈ ਉਹ ਮਤਾ ਬਹੁਤ ਹੀ ਅੱਛਾ ਮਤਾ ਹੈ। ਅੱਜ ਤੱਕ ਜਿੰਨੇ ਵੀ ਸਰਕਾਰ ਨੇ ਮਤੇ ਇਥੇ ਹਾਊਸ ਵਿਚ ਇਸ ਸਬੰਧ ਵਿਚ ਰਖੇ ਹਨ ਉਸ ਉਤੇ ਅਮਲੀਜਾਮਾ ਬਹੁਤ ਹੀ ਘੱਟ ਹੋਇਆ ਹੈ। ਜਿਸ ਤਰ੍ਹਾਂ ਆਂਗਨਵਾੜੀਆਂ ਦੇ ਲਈ ਸਰਕਾਰ ਵਲੋਂ ਇਕ ਪ੍ਰੋਗਰਾਮ ਆਇਆ ਪਰ ਉਸ ਦੀ ਇੰਮਪਲੀਮੈਂਟੇਸ਼ਨ ਕੋਈ ਅੱਛੇ ਤਰੀਕੇ ਨਾਲ ਨਹੀਂ ਹੋਈ ਜਿਸ ਕਰਕੇ ਇਸ ਸਕੀਮ ਨੂੰ ਕੋਈ ਅੱਛਾ ਹੁੰਗਾਰਾ ਨਹੀਂ ਮਿਲਿਆ ਹੈ। ਇਸੇ ਤਰ੍ਹਾਂ ਨੌਕਰੀ ਪੇਸ਼ਾ ਔਰਤਾਂ ਜਿਹੜੀਆਂ ਪਿੰਡਾਂ ਵਿਚੋਂ ਨਿਕਲ ਕੇ ਸ਼ਹਿਰਾਂ ਦੇ ਵਿਚ ਰੁਜ਼ਗਾਰ ਦੀ ਖਾਤਰ ਆਉਂਦੀਆਂ ਹਨ ਉਨ੍ਹਾਂ ਨੂੰ ਇਥੇ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਨ੍ਹਾਂ ਔਰਤਾਂ ਨੂੰ ਉਨ੍ਹਾ ਦੇ ਘਰ ਤੋਂ ਦੂਰ ਲਗਾਉਣ ਕਰਕੇ ਬੜੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਾਡੇ ਸਮਾਜ ਵਿਚ ਔਰਤਾਂ ਘਰਾਂ ਵਿਚ ਪ੍ਰਧਾਨ ਰਹੀਆਂ

ਹਨ। ਪਰ ਜਿਸ ਤਰ੍ਹਾਂ ਅਹਿਸਤਾ ਅਹਿਸਤਾ ਸਮੇਂ ਵਿਚ ਬਦਲਾਵ ਆਉਂਦਾ ਗਿਆ, ਪੁਰਸ਼ਾ ਦੇ ਸਮਾਜ ਵਿਚ ਕੁਰੀਤੀਆਂ ਆਈਆਂ ਅਤੇ ਬਹੁਤ ਜ਼ਿਆਦਾ ਕੁਰੀਤੀਆਂ ਔਰਤਾਂ ਵਿਚ ਵੀ ਆਈਆਂ। ਜਿਸ ਤਰ੍ਹਾਂ ਸਾਡੇ ਕਰੀਮੀਨਲ ਲਾਅ ਵਿਚ ਹਰ ਬੰਦੇ ਦੇ ਲਈ ਇਕ ਕੋਡ ਹੈ ਚਾਹੇ ਉਹ ਹਿੰਦੂ, ਸਿੱਖ, ਮੁਸਲਮ ਈਸਾਈ ਕੋਈ ਇਸੇ ਤਰ੍ਹਾਂ ਔਰਤਾਂ ਦੇ ਲਈ ਇੱਕ ਕੋਡ ਹੋਣਾ ਚਾਹੀਦਾ ਹੈ ਪਰ ਇਥੇ ਵੱਖਰਾ ਵੱਖਰਾ ਹੈ। ਚਾਹੇ ਇਸ ਨੂੰ ਸੈਂਟਰਲ ਪੱਧਰ ਤੇ ਜਾਂ ਫਿਰ ਸਟੇਟ ਪੱਧਰ ਤੇ ਕਾਨੂੰਨ ਬਨਾਓ ਪਰ ਉਹ ਕਾਮਨ ਕੋਡ ਹੋਵੇ ਜਿਸ ਤਰ੍ਹਾਂ ਕੋਈ ਵੀ ਬੰਦਾ ਚਾਹੇ ਕਿਸੇ ਧਰਮ ਦੇ ਨਾਲ ਸਬੰਧ ਰੱਖਦਾ ਹੋਵੇ ਅਗਰ ਉਸ ਨੇ ਕਤਲ ਕੀਤਾ ਹੈ ਤਾਂ ਉਸ ਨੂੰ ਉਸੇ ਕਰੀਮੀਨਲ ਕੋਡ ਦੇ ਮੁਤਾਬਿਕ ਸਜ਼ਾ ਮਿਲੇਗੀ ਪਰ ਔਰਤਾਂ ਦੇ ਲਈ ਵੱਖਰਾ ਕਾਨੂੰਨ ਹੈ, ਹਿੰਦੂ ਦੇ ਲਈ ਹੋਰ ਹੈ ਸਿੱਖ ਦੇ ਲਈ ਹੋਰ ਹੈ ਫਾਰਸੀ ਦੇ ਲਈ ਹੋਰ ਹੈ ਅਤੇ ਮੁਸਲਮ ਦੇ ਲਈ ਹੋਰ ਹੈ। ਸਾਡੀ ਸਰਕਾਰ ਨੂੰ ਸੈਂਟਰਲ ਗੋਰਮਿੰਟ ਦੀ ਅਪਰੂਵਲ ਨਾਲ ਪੰਜਾਬ ਵਿਚ ਕਾਮਨ ਸਿਵਲ ਕੋਡ ਲਾਗੂ ਕਰ ਦੇਣੇ ਚਾਹੀਦੇ ਹਨ ਔਰ ਔਰਤਾਂ ਨੂੰ ਹੱਕ ਦੇਣੇ ਚਾਹੀਦੇ ਹਨ। ਜਿਸ ਤਰ੍ਹਾਂ ਇਥੇ ਕਿਹਾ ਗਿਆ ਕਿ ਇੰਪਲੀਮੈਂਟੇਸ਼ਨ ਬਹੁਤ ਘੱਟ ਹੁੰਦੀ ਹੈ। ਇਸ ਲਈ ਮੈਂ ਕਹਿੰਦਾ ਹਾਂ ਕਿ ਤੁਸੀਂ ਔਰਤਾਂ ਨੂੰ ਕੰਮ ਦਿਓ, ਉਨ੍ਹਾਂ ਨੂੰ ਪਿੰਡਾਂ ਦੇ ਵਿਚ ਮਾਲ ਤਿਆਰ ਕਰਨ ਲਈ ਆਰਡਰ ਦਿੱਤੇ ਜਾਣ ਅਤੇ ਉਨ੍ਹਾਂ ਦੇ ਮਾਲ ਸਰਕਾਰ ਖੁਦ ਚੁੱਕੇ ਅਤੇ ਵੇਚੇ। ਉਨ੍ਹਾਂ ਦੇ ਮਾਲ ਦੀ ਕੁਆਲਟੀ ਇਤਨੀ ਅੱਛੀ ਨਹੀਂ ਹੋ ਸਕਦੀ ਕਿਉਂਕਿ ਉਨ੍ਹਾਂ ਨੂੰ ਇਸ ਬਾਰੇ ਬਹੁਤੀ ਜਾਣਕਾਰੀ ਨਹੀਂ ਹੋਵੇਗੀ ਪਰ ਟਰੇਨਿੰਗ ਦੇਣ ਨਾਲ ਇਹ ਕੁਆਲਿਟੀਜ਼ ਦੀ ਕਮੀ ਦੂਰ ਹੋ ਸਕਦੀ ਹੈ। ਇਸੇ ਤਰ੍ਹਾਂ ਇਨ੍ਹਾਂ ਦੇ ਲਈ ਪਿੰਡਾਂ ਦੇ ਵਿਚ, ਤਹਿਸੀਲਾਂ ਦੇ ਵਿਚ, ਸ਼ਹਿਰਾਂ ਦੇ ਵਿਚ, ਮਾਹਿਲਾ ਆਰਗੇਨਾਈਜੇਸ਼ਨਾਂ ਬਣਾ ਦਿੱਤੀਆਂ ਜਾਣ, ਉਸ ਦਾ ਇਨਚਾਰਜ ਡੀ.ਸੀ ਨੂੰ ਲਗਾ ਦਿੱਤਾ ਜਾਵੇ ਔਰ ਉਨ੍ਹਾਂ ਵਲੋਂ ਤਿਆਰ ਕੀਤਾ ਗਿਆ ਮਾਲ ਸਰਕਾਰੀ ਪੱਧਰ ਤੇ ਖਰੀਦ ਲਿਆ ਜਾਵੇ ਤਾਂ ਕਿ ਉਨ੍ਹਾਂ ਔਰਤਾਂ ਦੀ ਹੌਸਲਾ ਅਫਜਾਈ ਹੋ ਸਕੇ

ਪੈਨਸ਼ਨ ਦੇ ਲਈ ਔਰਤਾਂ ਨੂੰ ਹਰ ਮਹੀਨੇ ਇਕ ਜਗ੍ਹਾਂ ਤੋਂ ਦੂਜੀ ਜਗ੍ਹਾਂ ਜਾਣਾ ਪੈਂਦਾ ਹੈ ਕਦੇ ਉਨ੍ਹਾਂ ਨੂੰ ਐਸ.ਡੀ.ਐਮ. ਦੇ ਦਫਤਰ ਅਤੇ ਕਦੇ ਉਨ੍ਹਾਂ ਨੂੰ ਪੈਨਸ਼ਨ ਲਗਵਾਉਣ ਲਈ ਡੀ.ਸੀ ਦੇ ਦਫਤਰ ਚੱਕਰ ਕਟਣੇ ਪੈਂਦੇ ਹਨ । ਇਨ੍ਹਾਂ ਦੀ ਇਸ ਮੁਸ਼ਕਲ ਵੱਲ ਧਿਆਨ ਦੇਣਾ ਚਾਹੀਦਾ ਹੈ । ਸਪੀਕਰ ਸਾਹਿਬ, ਜੋ ਵਿਡੋਜ਼ ਔਰਤਾਂ ਹਨ ਉਨ੍ਹਾਂ ਨੂੰ ਜੋ ਪੈਨਸ਼ਨ ਮਿਲਦੀ ਹੈ ਜਦੋਂ ਉਨ੍ਹਾਂ ਦੇ ਬੱਚੇ ਜਵਾਨ ਹੋ ਜਾਂਦੇ ਹਨ ਤਾਂ ਉਨ੍ਹਾਂ ਔਰਤਾਂ ਦੀ ਪੈਨਸ਼ਨ ਬੰਦ ਕਰ ਦਿਤੀ ਜਾਂਦੀ ਹੈ।

ਸ੍ਰੀ ਸਪੀਕਰ : ਤੁਸੀਂ ਵਾਈਂਡ ਅੱਪ ਕਰੋ।

ਸ੍ਰੀ ਜਗਦੀਸ ਸਾਹਨੀ : ਸਪੀਕਰ ਸਾਹਿਬ, ਮੈਂ ਵਾਈਂਡ ਅਪ ਕਰਦਾ ਹਾਂ। ਜਦੋਂ ਵਿਡੋਜ਼ ਔਰਤਾਂ ਦੇ ਬੱਚੇ ਜਵਾਨ ਹੋ ਜਾਂਦੇ ਹਨ ਤਾਂ ਉਨ੍ਹਾਂ ਔਰਤਾਂ ਦੀ ਪੈਨਸ਼ਨ ਬੰਦ ਹੋ ਜਾਂਦੀ ਹੈ। ਉਹ ਲੜਕੇ ਆਪਣਾ ਇੰਡੀਪੈਂਡੈਂਟ ਕੰਮ ਕਰਦੇ ਹਨ ਅਤੇ ਅਲਗ ਅਪਣਾ ਘਰ ਵਸਾਉਂਦੇ ਹਨ। ਵਿਡੋ ਔਰਤ ਕੋਲ ਸਿਰਫ ਲੜਕੀ ਹੀ ਰਹਿ ਜਾਂਦੀ ਹੈ ਇਸ ਲਈ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਨ੍ਹਾਂ ਦੀ ਪੈਨਸ਼ਨ ਜਾਰੀ ਰਖੇ ਅਤੇ ਕੋਈ ਕਾਮਨ ਸਿਵਲ ਕੋਡ ਇਨ੍ਹਾਂ ਵਾਸਤੇ ਬਣਾਉਣਾ ਚਾਹੀਦਾ ਹੈ ਅੰਤ ਵਿੱਚ ਮੈਂ ਇਸ ਮਤੇ ਦਾ ਸਮਰਥਨ ਕਰਦਾ ਹਾਂ।

ਮੁੱਖ ਮੰਤਰੀ (ਸਰਦਾਰ ਬੇਅੰਤ ਸਿੰਘ): ਸਪੀਕਰ ਸਾਹਿਬ, ਸਾਡੀ ਪਾਰਟੀ ਦੇ ਐਮ.ਐਲ.ਏ. ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਅੱਜ ਜਿਹੜਾ ਰੈਜ਼ੋਲਿਊਸ਼ਨ ਰਖਿਆ ਹੈ, ਇਸ ਤੇ ਹਾਊਸ ਵਿਚ ਬੜੀ ਬਹਿਸ ਹੋਈ ਹੈ। ਮੈਂ ਸਪੀਕਰ ਸਾਹਿਬ, ਸਮਝਦਾ ਹਾਂ ਕਿ ਜੋ ਇਸਤਰੀ ਜਾਤੀ ਦੀ ਇਜ਼ਤ ਸਮਾਜ ਵਿਚ ਹੋਣੀ ਚਾਹੀਦੀ ਹੈ ਉਹ ਪੂਰੀ ਨਹੀਂ ਹੋ ਰਹੀ। ਬੜੀ ਕੋਸ਼ਿਸ਼ ਦੇ ਬਾਵਜੂਦ ਮੈਂ ਸਮਝਦਾ ਹਾਂ ਕਿ ਅਜੇ ਪੂਰੀ ਤਰ੍ਹਾਂ ਇਜਤ ਨਹੀਂ ਹੋ ਰਹੀ। ਇਸ ਮਤੇ ਦੇ ਅੰਦਰ ਕਿਹਾ ਗਿਆ ਹੈ ਕਿ ਔਰਤਾਂ ਦੀ ਭਲਾਈ ਲਈ ਮੌਜੂਦਾ ਸਕੀਮਾ ਨੂੰ ਨਵਾਂ ਰੂਪ ਦੇਵੇ ਅਤੇ ਨਵੀਆਂ ਸਕੀਮਾਂ ਤਿਆਰ ਕਰਨ ਬਾਰੇ ਸੋਚਣਾ ਚਾਹੀਦਾ ਹੈ। ਇਸਤਰੀ ਜਾਤੀ ਦੀ ਬਹੁਤ ਜ਼ਿਆਦਾ ਮਾਨਤਾ ਮੰਨੀ ਜਾਵੇ ਔਰ ਇਹ ਮੰਨਿਆ ਜਾਵੇ ਕਿ ਔਰਤਾਂ ਮਰਦਾਂ ਦੇ ਬਰਾਬਰ ਹਨ। ਇਸਤਰੀ ਜਾਤੀ ਸਮਾਜ ਦਾ ਇੱਕ ਬੜਾ ਭਾਰੀ ਅੰਗ ਹਨ। ਇਸ ਲਈ ਇਸ ਦਾ ਪੂਰਾ ਸਤਿਕਾਰ ਹੋਣਾ ਚਾਹੀਦਾ ਹੈ। ਸੰਸਾਰ ਦੇ ਅੰਦਰ ਜੇ ਨਾਰੀ ਬਾਰੇ ਸਾਰੇ ਇਤਿਹਾਸ ਨੂੰ ਘੋਖਿਆ ਜਾਵੇ ਤਾਂ ਇਹ ਮਾਲੂਮ ਹੁੰਦਾ ਹੈ ਕਿ ਨਾਰੀ ਜਗਤ ਨਾਲ ਪਹਿਲਾਂ ਤੋਂ ਹੀ ਭਾਰੀ ਬੇਇਨਸਾਫੀ ਹੁੰਦੀ ਰਹੀ ਹੈ। ਹਿੰਦੁਸਤਾਨ ਦੀ ਗੱਲ ਕਰੀਏ ਤਾਂ ਵੀ ਇਸਤਰੀ ਜਾਤੀ ਦੇ ਨਾਲ ਭੈੜਾ ਸਲੂਕ ਹੁੰਦਾ ਰਿਹਾ ਹੈ ਅਤੇ ਇਸਤਰੀ ਜਾਤੀ ਦੀ ਬੁਰੀ ਹਾਲਤ ਰਹੀ ਹੈ। ਸਪੀਕਰ ਸਾਹਿਬ, ਮਾਤਾ ਸੀਤਾ ਅਤੇ ਦਰੋਪਤੀ ਨੇ ਸਾਨੂੰ ਦਿਸ਼ਾ ਦਿਤੀ ਹੈ ਕਿ ਕਿਸ ਤਰੀਕੇ ਦੇ ਨਾਲ ਸਾਡੀ ਸੋਚ ਹੋਣੀ ਚਾਹੀਦੀ ਹੈ। ਸਾਡੀਆਂ ਜੋ ਪੁਰਾਤਨ ਬੁਕਸ ਹਨ ਅਤੇ ਜੋ ਸਾਡੇ ਇਤਿਹਾਸ ਵਿਚ ਆਉਂਦਾ ਹੈ, ਹਿੰਦੁਸਤਾਨ ਦੇ ਅੰਦਰ ਅਤੇ ਖਾਸ ਕਰਕੇ ਪੰਜਾਬ ਦੇ ਅੰਦਰ ਜੋ ਪਿਛੇ ਵਾਪਰਿਆ ਹੈ ਉਸ ਨੂੰ ਵੇਖ ਕੇ ਬਹੁਤ ਅਫਸੋਸ ਹੁੰਦਾ ਹੈ। ਕੁਝ ਸਮਾਂ ਪਹਿਲਾਂ ਜੇਕਰ ਕਿਸੇ ਦੇ ਘਰ ਲੜਕੀ ਪੈਦਾ ਹੁੰਦੀ ਸੀ ਤਾਂ ਉਸ ਨੂੰ ਮਾਰ ਦਿਤਾ ਜਾਂਦਾ ਸੀ। ਪੰਜਾਬ ਦੇ ਵਿਚ ਵੀ ਕੁਝ ਐਸੇ ਘਰ ਸਨ ਜਿਥੇ ਕਿ ਲੜਕੀ ਅਤੇ ਲੜਕੇ ਵਿਚ ਫਰਕ ਸਮਝਿਆ ਜਾਂਦਾ ਸੀ। ਲੜਕੇ ਨੂੰ ਘਿਓ ਦੇ ਨਾਲ ਚੋਪੜ ਕੇ ਰੋਟੀ ਦਿਤੀ ਜਾਂਦੀ ਸੀ ਅਤੇ ਲੜਕੀ ਨੂੰ ਲਸੀ ਨਾਲ ਰੋਟੀ ਦਿਤੀ ਜਾਂਦੀ ਸੀ। ਮੈਂ ਦੇਖਦਾ ਹਾਂ ਕਿ ਹਾਲੇ ਵੀ ਸਮਾਜ ਅੰਦਰ ਲੜਕੀ ਨੂੰ ਲੜਕੇ ਦੇ ਬਰਾਬਰ ਨਹੀਂ ਸਮਝਿਆ ਜਾਂਦਾ। ਸਾਡਾ ਇਕ ਸਮਾਜ ਹੈ ਅਤੇ ਉਸ ਦੇ ਕੁਝ ਰਿਵਾਜ਼ ਹਨ। ਇਨ੍ਹਾਂ ਰਿਵਾਜ਼ਾਂ ਨੂੰ ਸਪੀਕਰ ਸਾਹਿਬ ਅੱਜ ਬਦਲਣ ਦੀ ਜ਼ਰੂਰਤ ਹੈ। ਸਾਨੂੰ ਸਭ ਨੂੰ ਪਤਾ ਹੈ ਕਿ ਅੱਜ ਅਗਰ ਕਿਸੇ ਦੇ ਘਰ ਲੜਕਾ ਜੰਮਦਾ ਹੈ ਤਾਂ ਕਿਹਾ ਜਾਂਦਾ ਹੈ ਕਿ ਲੋਹੜੀ ਹੈ ਅਤੇ ਜੇ ਲੜਕੀ ਹੋ ਜਾਵੇ ਤਾਂ ਲੋਹੜੀ ਕੋਈ ਮਨਾਉਂਦਾ ਹੀ ਨਹੀਂ। ਮੈਂ ਇਸ ਗੱਲ ਤੋਂ ਹੈਰਾਨ ਹਾਂ ਕਿ ਸਾਡਾ ਸਮਾਜ ਕਿਧਰ ਨੂੰ ਜਾ ਰਿਹਾ ਹੈ। ਲੜਕਾ ਜੰਮੇ ਤਾਂ ਬੜੀਆਂ ਪਾਰਟੀਆਂ, ਬੜੀਆਂ ਦਾਅਵਤਾਂ ਹੁੰਦੀਆਂ ਹਨ। ਲੜਕੀ ਵਿਚਾਰੀ ਜਦੋਂ ਪੈਦਾ ਹੁੰਦੀ ਹੈ ਤਾਂ ਕੋਈ ਖੁਸ਼ੀ ਨਹੀਂ ਕਰਦਾ। ਕਈ ਜਗ੍ਹਾਂ ਤੇ ਮੈਂ ਦੇਖਿਆ ਹੈ, ਮੈਂ ਸਪੀਕਰ ਸਾਹਿਬ, ਹਕੀਕਤ ਨਾਲ ਗੱਲ ਕਰ ਰਿਹਾ ਹਾਂ ਕਿ ਕਈ ਜਗ੍ਹਾਂ ਜਦੋਂ ਲੜਕੀਆਂ ਪੈਦਾ ਹੁੰਦੀਆਂ ਹਨ, ਜਿਸ ਬੀਬੀ ਦੇ ਘਰ ਹੁੰਦੀਆਂ ਹਨ, ਉਸ ਨੂੰ ਹੀ ਸਮਾਜ ਦੇ ਅੰਦਰ ਦਰਕਾਰਿਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਇਸਦੇ ਤਾਂ ਲੜਕੀਆਂ ਹੀ ਪੈਦਾ ਹੁੰਦੀਆਂ ਹਨ। ਕਈ ਵਾਰੀ ਐਸੀ ਗੱਲ ਵੀ ਹੋਈ ਹੈ ਕਿ ਇਕ ਲੜਕਾ ਪੈਦਾ ਕਰਨ ਦੀ ਖਾਤਰ ਸਾਡੇ ਦੋਸਤ ਦੂਸਰਾ ਵਿਆਹ ਵੀ ਕਰਾ ਲੈਂਦੇ ਹਨ। ਕਿੰਨੀ ਮਾੜੀ ਗੱਲ ਹੈ। ਲੜਕੀਆਂ ਦਾ ਸਨਮਾਨ ਨਹੀਂ ਕਰਨਾ, ਸਾਡੇ ਸਮਾਜ ਵਿੱਚ ਕਈ ਭੈੜੀਆਂ ਕੁਰੀਤੀਆਂ ਵਿਚੋਂ ਇਕ ਹੈ। ਸਪੀਕਰ ਸਾਹਿਬ, ਇਸਦੇ ਬਾਵਜੂਦ ਮੈਂ ਫੇਰ ਵੀ ਕਹਿਣਾ ਚਾਹੁੰਦਾ ਹਾਂ ਕਿ ਸਾਡੀਆਂ ਰਵਾਇਤਾਂ, ਸਾਡੀਆਂ ਟਰਡੀਸ਼ਨਜ਼, ਸਾਡਾ ਵਿਰਸਾ, ਜਿਥੋਂ ਤੱਕ ਅਸੀਂ ਸੋਚ ਰਹੇ ਹਾਂ, ਇਸਤਰੀ ਜਾਤੀ ਬਾਰੇ ਬੜਾ ਰਿਚ ਹੈ ਔਰ ਇਸ ਰਿਚ ਵਿਰਸੇ ਤੋਂ ਹੀ ਸਾਨੂੰ ਬੜੀਆਂ ਚੰਗੀਆਂ ਗੱਲਾਂ ਮਿਲਦੀਆਂ ਹਨ। ਪੁਰਾਤਨ ਸਮੇਂ ਦੇ ਅੰਦਰ ਇਸਤਰੀ ਜਾਤੀ ਦਾ ਬੜਾ ਸਨਮਾਨ ਹੁੰਦਾ ਰਿਹਾ ਹੈ। ਉਸਦੀ ਬੜੀ ਭਾਰੀ ਕੰਟਰੀਬਿਊਸ਼ਨ

ਹਿੰਦੁਸਤਾਨ ਦੀ ਸਭਿਅਤਾ ਨੂੰ ਕਾਇਮ ਰਖਣ ਲਈ, ਜਿਸ ਦੀਆਂ ਸਾਡੇ ਸਾਹਮਣੇ ਕਈ ਮਿਸਾਲਾਂ ਹਨ, ਮੈਂ ਇਹ ਜ਼ਿਕਰ ਨਹੀਂ ਕਰਦਾ ਕਿ ਉਹ ਕਿਹੜੀ ਜਾਤੀ ਦੀ ਸੀ, ਕਿਹੜੇ ਮਜ਼ਹਬ ਦੀ ਸੀ : ਇਥੇ ਹਿੰਦੁਸਤਾਨ ਉਤੇ ਰਜ਼ੀਆਂ ਬੇਗਮ ਨੇ ਵੀ ਰਾਜ ਕੀਤਾ। ਉਹ ਕਿਹੜੇ ਖਾਨਦਾਨ ਦੀ ਸੀ, ਗੁਲਾਮਾਂ ਦੇ ਖਾਨਦਾਨ ਦੀ ਸੀ। ਜਦੋਂ ਮੁਗਲੀਆਂ ਖਾਨਦਾਨ ਦਾ ਰਾਜ ਆਇਆ, ਸਪੀਕਰ ਸਾਹਿਬ, ਜਹਾਂਗੀਰ ਬਾਦਸ਼ਾਹ ਜੋ ਹਮੇਸ਼ਾਂ ਸ਼ਰਾਬ ਪੀ ਕੇ ਪਿਆ ਰਹਿੰਦਾ ਸੀ, ਜਿਸਨੂੰ ਆਪਣੀ ਸੁੱਧਬੁੱਧ ਨਹੀਂ ਸੀ, ਜਦੋਂ ਉਸਦੇ ਘਰ ਨੂਰਜਹਾਂ ਬੇਗਮ ਆ ਗਈ, ਉਸਨੇ ਉਸਨੂੰ ਇਨਸਾਫ ਦੇਣ ਵਾਲੇ ਬਾਦਸ਼ਾਹ ਦੇ ਰੂਪ ਵਿੱਚ ਸਥਾਪਿਤ ਕੀਤਾ। ਇਥੇ ਮੈਂ ਇਕ ਗੱਲ, ਸਪੀਕਰ ਸਾਹਿਬ, ਇਹ ਕਹਿਣੀ ਚਾਹੁੰਦਾ ਹਾਂ ਕਿ ਪੁਰਾਤਨ ਸਮੇਂ ਤੋਂ ਹੀ ਕਈ ਗੱਲਾਂ ਐਸੀਆਂ ਹੁੰਦੀਆਂ ਰਹੀਆਂ ਹਨ ਜਿਨ੍ਹਾਂ ਵਿੱਚ ਔਰਤ ਦੀ ਬੇਇੱਜ਼ਤੀ ਵੀ ਹੁੰਦੀ ਰਹੀ ਹੈ। ਸ਼ੇਰ ਅਫਗਾਨ ਦੀ ਘਰਵਾਲੀ ਨੂਰਜਹਾਂ ਇਕ ਖੂਬਸੂਰਤ ਲੜਕੀ ਸੀ। ਉਹ ਬਾਦਸ਼ਾਹ ਜਹਾਂਗੀਰ ਦੀਆਂ ਨਜ਼ਰਾਂ ਵਿੱਚ ਆ ਗਈ। ਮੈਨੂੰ ਇਹ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਬਾਦਸ਼ਾਹ ਜਹਾਂਗੀਰ ਨੇ ਸ਼ੇਰ ਅਫਗਾਨ ਨੂੰ ਮਰਵਾ ਦਿੱਤਾ ਅਤੇ ਨੂਰਜਹਾਂ ਨੂੰ ਆਪਣੇ ਮਹਿਲਾਂ ਵਿੱਚ ਲੈ ਗਿਆ। ਕਿੰਨੀ ਗਲਤ ਗੱਲ ਸੀ, ਇਸ ਤਰ੍ਹਾਂ ਨਹੀਂ ਸੀ ਹੋਣਾ ਚਾਹੀਦਾ। ਫਿਰ ਜਹਾਂਗੀਰ ਬਾਦਸ਼ਾਹ ਦੇ ਘਰ ਜਾ ਕੇ ਬੇਗਮ ਨੂਰਜਹਾਂ ਨੇ ਬੜਾ ਇਨਸਾਫ ਦੇਣਾ ਸ਼ੁਰੂ ਕੀਤਾ। ਬਾਦਸ਼ਾਹ ਨੂੰ ਸੁਧਾਰਿਆ ਵੀ ਅਤੇ ਮਹਿਲਾ ਦੇ ਬਾਹਰ ਇਕ ਘੰਟੀ ਵੀ ਲਗਵਾਈ ਜਿਸਨੂੰ ਇਨਸਾਫ ਲੈਣ ਵਾਸਤੇ ਕੋਈ ਵੀ ਖੜਕਾਉਂਦਾ ਸੀ ਤਾਂ ਜਹਾਂਗੀਰ ਬਾਦਸ਼ਾਹ ਆਪ ਉਠ ਕੇ ਜਾਂਦਾ ਸੀ ਅਤੇ ਇਨਸਾਫ ਦਿੰਦਾ ਸੀ। ਮੈਂ ਸਮਝਦਾ ਹਾਂ ਕਿ ਇਹ ਅਮਲ ਦੀ ਘੰਟੀ ਸੀ, ਜੇ ਅਗਰ ਨੂਰਜਹਾਂ ਬੇਗਮ ਮਹਿਲਾਂ ਵਿਚ ਨਾ ਜਾਂਦੀ ਤਾਂ ਨਾਂ ਹੀ ਉਹ ਲਗਦੀ ਅਤੇ ਨਾ ਕੋਈ ਇਨਸਾਫ ਮਿਲਦਾ ਅਤੇ ਨਾ ਹੀ ਜਹਾਂਗੀਰ ਬਾਦਸ਼ਾਹ ਦਾ ਕੋਈ ਨਾਂ ਲੈਂਦਾ।

ਸਪੀਕਰ ਸਾਹਿਬ, ਫਿਰ ਮੈਂ ਅੱਗੇ ਜਾ ਕੇ ਮੁਮਤਾਜ਼ ਬੇਗਮ ਦੀ ਗੱਲ ਕਰਦਾ ਹਾਂ। ਉਹ ਬਾਦਸ਼ਾਹ ਸ਼ਾਹਜਹਾਂ ਦੀ ਬੇਗਮ ਸੀ। ਉਸਨੇ ਬੜੇ ਨੇਕ ਕੰਮਾਂ ਦੇ ਨਾਲ ਉਸਨੂੰ ਪੜਾਈ ਵੀ ਕਰਾਈ। ਸ਼ਾਹਜਹਾਂ ਨੇ ਮਦਰਸਾ ਖੋਲ੍ਹਿਆ ਹੋਇਆਂ ਸੀ। ਉਸਨੇ ਆਪਣੀਆਂ ਬੜੀਆਂ ਖੂਬਸੂਰਤ ਲੜਕੀਆਂ, ਆਪਣੀਆਂ ਬੇਟੀਆਂ ਰੌਸ਼ਨ ਆਰਾ ਅਤੇ ਜਹਾਂ ਆਰਾ ਨੂੰ ਉਸ ਮੁਮਤਾਜ਼ ਮਹਿਲ ਨੇ ਤਾਲੀਮ ਦਿੱਤੀ। ਉਸਦੇ ਏਨੇ ਚੰਗੇ ਕੰਮਾਂ ਤੋਂ ਬਾਦਸ਼ਾਹ ਕਨਵਿੰਸ ਹੋ ਗਿਆ ਅਤੇ ਉਸਨੇ ਉਸਦੀ ਯਾਦਗਾਰ ਬਣਵਾਈ ਅਤੇ ਅੱਜ ਉਸਦੀ ਉਹੀ ਯਾਦਗਾਰ ਆਗਰਾ ਵਿੱਚ ਕਾਇਮ ਹੈ ਜਿਸਦੇ ਦੂਰੋਂ ਦੂਰੋਂ ਲੋਕ ਆ ਕੇ ਦਰਸ਼ਨ ਕਰਦੇ ਹਨ, ਉਹ ਤਾਜਮਹਿਲ ਦੇ ਨਾਂ ਨਾਲ ਮਸ਼ਹੂਰ ਹੈ। ਸਾਡੀਆਂ ਬੜੀਆਂ ਭਾਰੀਆਂ ਰਵਾਇਤਾਂ ਹਨ ਪਰ ਅਸੀਂ ਉਨ੍ਹਾਂ ਤੇ ਚਲਣ ਦੀ ਕੋਸ਼ਿਸ਼ ਨਹੀਂ ਕਰਦੇ। ਮੈਂ ਬੇਨਤੀ ਕਰਦਾ ਹਾਂ ਕਿ ਹਰ ਮਜ਼ਹਬ ਵਿੱਚ ਜਿੰਨੀਆਂ ਮਰਜ਼ੀ ਮਿਸਾਲਾਂ ਲੱਭ ਲਓ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇਥੇ ਬੀਬੀ ਸੁਰਜੀਤ ਕੌਰ ਨੇ ਜ਼ਿਕਰ ਵੀ ਕੀਤਾ ਹੈ ਬੀਬੀ ਭਾਗੋ ਦਾ, ਮੈਂ ਇਹ ਜ਼ਰੂਰ ਕਹਾਂਗਾ ਕਿ ਜੋ ਕੁਰਬਾਨੀਆਂ ਕੋਈ ਵੀ ਇਨਸਾਨ ਕਰਦਾ ਹੈ ਜਾਂ ਕੋਈ ਵੀ ਆਦਮੀ ਵੱਡਾ ਬਣਦਾ ਹੈ ਤਾਂ ਉਸ ਦੇ ਪਿਛੇ ਕਿਸੇ ਨਾ ਕਿਸੇ ਇਸਤਰੀ ਦਾ ਹੱਥ ਹੁੰਦਾ ਹੈ। ਅਗਰ ਗੁਰੂ ਤੇਗ ਬਹਾਦਰ ਜੀ ਨੇ ਕੁਰਬਾਨੀ ਦਿੱਤੀ ਤਾਂ ਉਸ ਦੇ ਪਿਛੇ ਉਨ੍ਹਾਂ ਦੀ ਧਰਮ ਪਤਨੀ ਮਾਤਾ ਗੁਜਰੀ ਦਾ ਬੜਾ ਭਾਰੀ ਹੱਥ ਸੀ। ਉਹੀ ਮਾਤਾ ਗੁਜਰੀ ਅਗਰ ਆਪਣੇ ਛੋਟੇ ਸਾਹਿਬਜ਼ਾਦਿਆਂ, ਆਪਣੇ ਪੋਤਿਆਂ ਨੂੰ ਲੇ ਕੇ ਠੰਡੇ ਬੁਰਜ ਦੇ ਅੰਦਰ, ਫਤਹਿਗੜ੍ਹ ਸਾਹਿਬ ਦੇ ਅੰਦਰ' ਨਾ ਬੈਠਦੀ ਤਾਂ ਮੈਂ ਸਮਝਦਾ ਹਾਂ ਕਿ ਸ਼ਾਇਦ ਹਿਸਟਰੀ ਅੱਜ ਕੁਝ ਹੋਰ ਹੁੰਦੀ। ਉਹ ਛੋਟੇ ਸਾਹਿਬਜ਼ਾਦੇ ਜੋ ਸ਼ਹੀਦ ਹੋਏ ਹਨ, ਉਨ੍ਹਾਂ ਨੂੰ ਬੜਾ ਭਾਰੀ ਸ਼ਹੀਦ ਮੰਨਿਆ

[ਮੁੱਖ ਮੰਤਰੀ]

ਗਿਆ ਹੈ । ਜੇ ਮਾਤਾ ਗੁਜਰੀ ਦੀ ਪਰੇਰਨਾ ਉਨ੍ਹਾਂ ਸਾਹਿਬਜ਼ਾਦਿਆਂ ਨੂੰ ਨਾਂ ਹੁੰਦੀ ਤਾਂ ਸ਼ਾਇਦ ਇਹ ਸ਼ਹੀਦੀ ਨਾ ਦੇ ਸਕਦੇ। ਇਹ ਸਭ ਸਾਡੇ ਹਿੰਦੁਸਤਾਨ ਦੇ ਇਤਿਹਾਸ ਦੀਆਂ ਗੱਲਾਂ ਹਨ ਲੇਕਿਨ ਇਸ ਦੇ ਨਾਲ ਹੀ ਸਾਡੇ ਕੁਝ ਐਸੇ ਵੀ ਲੋਕ ਹਨ ਜਿਨ੍ਹਾਂ ਨੂੰ ਇਸ ਗੱਲ ਦੀ ਕੋਈ ਸਮਝ ਨਹੀਂ ਕਿ ਕਿਸ ਤਰ੍ਹਾਂ ਔਰਤਾਂ ਦੀ, ਇਸਤਰੀ ਜਾਤੀ ਦੀ ਇਜ਼ਤ ਕਰਨੀ ਹੈ। ਫਿਰ ਵੀ ਇਸ ਮਾਡਰਨ ਜ਼ਮਾਨੇ ਵਿਚ ਵੀ ਸਾਡੀਆਂ ਭੈਣਾਂ ਨੇ, ਸਾਡੀਆਂ ਬੇਟੀਆਂ ਨੇ ਬੜੀਆਂ ਕੁਰਬਾਨੀਆਂ ਕੀਤੀਆਂ। ਤੁਹਾਡੇ ਸਾਹਮਣੇ ਸਰੋਜਨੀ ਨਾਇਡੂ ਦੀ ਮਿਸਾਲ ਹੈ। ਉਨ੍ਹਾਂ ਬਹੁਤ ਮਸ਼ਹੂਰੀ ਪਾਈ ਹੈ। ਕਿਸ ਤਰੀਕੇ ਨਾਲ ਉਹ ਆਜ਼ਾਦੀ ਵਾਸਤੇ ਲੜਦੇ ਰਹੇ: ਆਜ਼ਾਦੀ ਤੋਂ ਬਾਅਦ ਉਨ੍ਹਾਂ ਦਾ ਬੜਾ ਭਾਰੀ ਮਕਬਰਾ ਇਥੇ ਬਣਿਆ ਅਤੇ ਮਕਬਰਾ ਬਣਨ ਤੋਂ ਬਾਅਦ ਉਸ ਨੂੰ ਨਾਈਟਿੰਗੇਲ ਵੀ ਕਿਹਾ ਗਿਆ। ਬਾਦ ਵਿਚ ਉਨ੍ਹਾਂ ਦੀ ਲੜਕੀ ਨੂੰ ਗਵਰਨਰ ਵੀ ਬਣਾਇਆ ਗਿਆ।

ਸਪੀਕਰ ਸਾਹਿਬ, ਕਾਂਗਰਸ ਪਾਰਟੀ ਨੇ ਹਮੇਸ਼ਾਂ ਇਸਤਰੀ ਜਾਤੀ ਨੂੰ ਬੜਾ ਭਾਰੀ ਅਤੇ ਬੜਾ ਉਚਾ ਦਰਜਾ ਦਿੱਤਾ ਹੈ (ਥੰਪਿੰਗ) ਇਸ ਦੀ ਇਕ ਮਿਸਾਲ ਮੈਂ ਇਥੇ ਦੇਣੀ ਚਾਹੁੰਦਾ ਹਾਂ। ਪੰਡਿਤ ਜਵਾਹਰ ਲਾਲ ਨਹਿਰੂ ਪੁਲੀਟੀਕਲ ਸੀਨ ਤੇ ਪਹਿਲੋਂ ਆ ਗਏ ਸਨ, ਉਨ੍ਹਾਂ ਦੇ ਪਿਤਾ ਪੰਡਿਤ ਮੋਤੀ ਲਾਲ ਨਹਿਰੂ ਬਾਅਦ ਵਿਚ ਆਏ, ਆਪਣੇ ਲੜਕੇ ਨੂੰ ਵੇਖ ਕੇ, ਪੰਡਿਤ ਮੋਤੀ ਲਾਲ ਨਹਿਰੂ ਜੀ ਦੀ ਬੜੀ ਭਾਰੀ ਪਰੈਕਟਿਸ ਚਲਦੀ ਸੀ। ਉਸ ਵੇਲੇ ਵਿਚ ਵੀ ਉਹ ਆਪਣੇ ਕੇਸ ਦਾ ਇਕ ਲੱਖ ਰੁਪਿਆ ਲੈਂਦੇ ਸਨ। ਉਨ੍ਹਾਂ ਨੇ ਇਹ ਸਭ ਕੁਝ ਛੱਡ ਦਿੱਤਾ ਪਰ ਮਨ ਵਿਚ ਕਈ ਵਾਰੀ ਲਾਲਚ ਵੀ ਆ ਜਾਂਦਾ ਹੈ । ਇਕ ਵਾਰ ਇਕ ਬੜਾ ਭਾਰੀ ਕਲਾਇੰਟ ਪੰਡਿਤ ਮੋਤੀ ਲਾਲ ਨਹਿਰੂ ਦੇ ਕੋਲ ਆਇਆ ਅਤੇ ਕਿਹਾ ਕਿ ਮੈਂ ਇਕ ਲੱਖ ਰੁਪਿਆ ਤੁਹਾਨੂੰ ਫੀਸ ਦਿੰਦਾ ਹਾਂ, ਤੁਸੀਂ ਮੇਰਾ ਕੇਸ ਲੜ ਦਿਓ। ਇਕ ਲੱਖ ਰੁਪਿਆ ਉਸ ਵੇਲੇ ਕੋਈ ਛੋਟੀ ਰਕਮ ਨਹੀਂ ਸੀ। ਉਹ ਬੜੇ ਸ਼ਸ਼ੋਪੰਜ ਵਿਚ ਪੈ ਗਏ ਅਤੇ ਸੋਚਣ ਲੱਗੇ ਕਿ ਕੀ ਕਰਾਂ? ਉਨ੍ਹਾਂ ਨੂੰ ਹੋਰ ਕੋਈ ਉਸ ਵੇਲੇ ਮਿਲਿਆ ਨਹੀਂ। ਉਨ੍ਹਾਂ ਦੀ ਛੋਟੀ ਲੜਕੀ ਕ੍ਰਿਸ਼ਨਾ ਹੀ ਉਸ ਵੇਲੇ ਉਨ੍ਹਾਂ ਦੇ ਕੋਲ ਸੀ। ਉਸ ਦੀ ਉਮਰ ਉਸ ਵੇਲੇ ਬਹੁਤ ਛੋਟੀ ਸੀ। ਸ਼ਾਇਦ 7 ਕੁ ਸਾਲ ਦੀ ਉਹ ਹੋਵੇਗੀ। ਪੰਡਿਤ ਜੀ ਨੇ ਉਸ ਕੋਲੋਂ ਪੁਛਿਆ ਕਿ ਮੈਂ ਇਹ ਕੇਸ ਲੈ ਲਵਾਂ? ਉਸ ਨੇ ਅੱਗੋਂ ਕਿਹਾ ਕਿ ਨਹੀਂ, ਤੁਸੀਂ ਇਸ ਚੀਜ਼ ਦਾ ਤਿਆਗ ਕਰ ਚੁੱਕੇ ਹੋ। ਹੁਣ ਤੁਸੀਂ ਇਹ ਕੇਸ ਬਿਲਕੁਲ ਨਹੀਂ ਲੈਣਾ। ਪੰਡਿਤ ਜੀ ਨੇ ਇਹ ਗੱਲ ਸੁਣ ਕੇ ਉਸ ਮਹਾਰਾਜੇ (ਕਲਾਇੰਟ) ਨੂੰ ਜਵਾਬ ਦੇ ਦਿੱਤਾ। ਇਸੇ ਤਰ੍ਹਾਂ ਹੀ ਵਿਜੇ ਲਕਸ਼ਮੀ ਪੰਡਿਤ ਦੀ ਗੱਲ ਹੈ। ਉਨ੍ਹਾਂ ਨੇ ਵੀ ਬੜਾ ਨਾਮਣਾ ਖੱਟਿਆ । ਅੱਜ ਮੈਂ ਸਮਝਦਾ ਹਾਂ ਕਿ ਸਭ ਤੋਂ ਵੱਡੇ ਵੱਡੇ ਅਦਾਰਿਆਂ ਵਿਚ ਅਤੇ ਵੱਡੇ ਵੱਡੇ ਆਹੁਦਿਆਂ ਤੇ ਸਾਡੀਆਂ ਬੀਬੀਆਂ ਬਿਰਾਜਮਾਨ ਹਨ ਲੇਕਿਨ ਇਨ੍ਹਾਂ ਵਿਚੋਂ ਸ੍ਰੀਮਤੀ ਇੰਦਰਾ ਗਾਂਧੀ ਦਾ ਨਾਂ ਜਿੰਨਾ ਚਿਰ ਇਹ ਸੰਸਾਰ ਰਹੇਗਾ, ਮੌਜੂਦ ਰਹੇਗਾ। ਉਨਾਂ ਨੇ 17 ਸਾਲ ਇਸ ਮੁਲਕ ਤੇ ਰਾਜ ਕੀਤਾ ਔਰ ਰਾਜ ਵੀ ਕੋਈ ਐਵੇਂ ਨਹੀਂ ਡੈਮੋਕਰੇਟਿਕ ਤਰੀਕੇ ਨਾਲ ਕੀਤਾ। ਹਿੰਦੁਸਤਾਨ ਦੀ ਬਹੁਤ ਵੱਡੀ ਡੈਮੋਕਰੇਸੀ ਵਿਚ ਉਨ੍ਹਾਂ ਰਾਜ ਕੀਤਾ। ਸਪੀਕਰ ਸਾਹਿਬ, ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ ਅਤੇ ਇਹ ਕਿਤਾਬ ਪੜ੍ਹੀ ਵੀ ਹੋਵੇਗੀ-ਲੈਟਰਜ਼ ਫਰਾਮ ਦੀ ਫਾਦਰ ਟੂ ਡਾਟਰ। ਇੰਦਰਾ ਗਾਂਧੀ ਉਸ ਵੇਲੇ ਛੋਟੀ ਉਮਰ ਵਿਚ ਹੀ ਸੀ। ਪੰਡਿਤ ਜਵਾਹਰ ਲਾਲ ਨਹਿਰੂ ਨੇ ਇਹ ਲੈਟਰ ਉਸ ਨੂੰ ਲਿਖੇ ਔਰ ਇਹ ਉਹੀ ਲੈਟਰਜ਼ ਸਨ ਜਿਨ੍ਹਾਂ ਨੂੰ ਪੜ੍ਹ ਕੇ ਸ੍ਰੀਮਤੀ ਇੰਦਰਾ ਗਾਂਧੀ ਦਾ ਬੜਾ ਭਾਰੀ ਕਰੈਕਟਰ ਬਣ ਗਿਆ। ਇੰਦਰਾ ਗਾਂਧੀ ਦੀ ਮਦਰ, ਉਸਦੀ ਵਾਲਦਾਹ ਮਾਤਾ ਸ੍ਰੀਮਤੀ ਕਮਲਾ ਨਹਿਰੂ ਬਹੁਤ ਛੋਟੀ ਉਮਰ ਵਿੱਚ ਹੀ ਗੁਜ਼ਰ ਗਈ ਸੀ ਲੇਕਿਨ ਇੰਦਰਾ ਗਾਂਧੀ ਕਿਉਂਕਿ ਉਸ ਦੇ ਅੰਦਰ ਕਰੈਕਟਿਕਸ ਸਨ ਜਿਹੜੀਆਂ ਕਿ ਸਾਡੇ ਹਿੰਦੁਸਤਾਨ ਦੀਆਂ ਮਾਵਾਂ, ਬੀਬੀਆਂ ਵਿੱਚ ਹਨ ਜਿੰਨ੍ਹਾਂ ਨੂੰ ਕਦੇ ਕਿਸੇ ਨੂੰ ਪਛਾਣਿਆ ਸੀ,

ਇੰਦਰਾ ਗਾਂਧੀ ਨੇ ਉਹ ਸਿਫਤਾਂ ਲੈ ਕੇ, ਲੋਕਾਂ ਦਾ ਮਨ ਜਿੱਤ ਕੇ ਇਸ ਹਿੰਦੁਸਤਾਨ ਤੇ ਰਾਜ ਕੀਤਾ। ਸੋ ਮੈਂ ਕਹਿਣਾ ਚਾਹੁੰਦਾ ਹਾਂ ਕਿ ਅੱਜ ਲੋੜ ਹੈ ਇਸ ਗੱਲ ਦੀ ਕਿ ਅਸੀਂ ਬੀਬੀਆਂ ਨੂੰ ਜ਼ਿਆਦਾ ਅਹਿਮੀਅਤ ਦੇਈਏ ਔਰ ਜ਼ਿਆਦਾ ਅਹਿਮੀਅਤ ਦੇ ਕੇ ਅਸੀਂ ਇਹ ਵੀ ਕਹੀਏ ਕਿ ਹਿੰਦੁਸਤਾਨ ਦੇ ਅੰਦਰ ਜੋ ਸਾਡੇ ਆਦਮੀ ਹਨ, ਔਰ ਸਾਡੀਆਂ ਜੋ ਭੈਣਾ ਹਨ ਇਹ ਸਾਰੀਆਂ ਮਹਾਨ ਹਨ। ਇਥੇ, ਸਪੀਕਰ ਸਾਹਿਬ, ਬੜੀਆਂ ਅੱਛੀਆਂ ਅੱਛੀਆਂ ਸੁਜੈਸ਼ਨਜ਼ ਆਈਆਂ ਹਨ, ਖਾਸ ਕਰਕੇ ਸਾਡੀਆਂ ਆਪੋਜੀਸ਼ਨ ਵਿੱਚ ਬੈਠੀਆਂ ਦੋ ਬੀਬੀਆਂ ਵੱਲੋਂ। ਮੈਂ ਇਨ੍ਹਾਂ ਦੀ ਪਰਸੰਸਾ ਕੀਤੇ ਬਗੈਰ ਨਹੀਂ ਰਹਿ ਸਕਦਾ ਕਿਉਂਕਿ ਇਨ੍ਹਾਂ ਨੇ ਬੜੇ ਕਨਸਟਰੈਕਟਿਵ ਸੁਝਾਅ ਦਿੱਤੇ ਹਨ। ਸਪੀਕਰ ਸਾਹਿਬ, ਅੱਜ ਇਕ ਹੋਰ ਬੜੀ ਅੱਛੀ ਗੱਲ ਹੋਈ ਹੈ ਕਿ ਪੈਨਲ ਆਫ ਚੇਅਰਮੈਨ ਤੇ ਵੀ ਇਕ ਬੀਬੀ ਡਾਕਟਰ (ਮਿਸਜ਼) ਮਾਲਤੀ ਥਾਪਰ ਨੂੰ ਲੈ ਆਂਦਾ ਹੈ। ਅੱਜ ਜਦੋਂ ਮੈਂ ਉਨ੍ਹਾਂ ਨੂੰ ਚੇਅਰਮੈਨ ਦੀ ਕੁਰਸੀ ਤੇ ਬੈਠੇ ਦੇਖਿਆ ਤਾਂ ਮੈਨੂੰ ਬੜੀ ਖੁਸ਼ੀ ਹੋਈ, ਬੜੇ ਅੱਛੇ ਲੱਗ ਰਹੇ ਸਨ। ਲੇਕਿਨ, ਸਪੀਕਰ ਸਾਹਿਬ; ਮੈਂ ਗੱਲ ਕਹਿਣਾ ਚਾਹੁੰਦਾ ਹਾਂ ਕਿ ਸਾਡੀਆਂ ਬੀਬੀਆਂ ਡਾਕਟਰ ਬਣੀਆਂ ਹਨ, ਟੀਚਰਜ਼ ਵੀ ਬਣੀਆਂ ਹਨ ਔਰ ਸਾਰਿਆਂ ਨਾਲੋਂ ਵੱਡੀ ਗੱਲ ਇਹ ਹੈ ਕਿ ਹਸਪਤਾਲਾਂ ਦੇ ਵਿੱਚ ਡਾਕਟਰ ਮਰੀਜ਼ਾਂ ਦਾ ਆਪਰੇਸ਼ਨ ਕਰਕੇ ਚਲੇ ਜਾਂਦੇ ਹਨ ਲੇਕਿਨ ਮਗਰੋਂ ਉਸ ਮਰੀਜ਼ ਨੂੰ ਸੰਭਾਲਣ ਵਾਲਾ ਜੋ ਹੁੰਦਾ ਹੈ ਉਹ ਨਰਸ ਹੁੰਦੀ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਹਸਪਤਾਲਾਂ ਦੇ ਵਿੱਚ ਨਰਸਾਂ ਨਾ ਹੋਣ, ਵਾਰਡ ਵਿੱਚ ਨਰਸਾਂ ਨਾ ਹੋਣ ਤਾਂ ਮਰੀਜ਼ ਜਲਦੀ ਹੀ ਮਰ ਜਾਵੇ। ਸਪੀਕਰ ਸਾਹਿਬ ਨਰਸਿੰਗ ਦੇ ਕੰਮ ਵਿੱਚ ਇਨ੍ਹਾਂ ਦਾ ਬਹੁਤ ਮਹੱਤਵਪੂਰਨ ਰੋਲ ਹੁੰਦਾ ਹੈ। ਇਹ ਸਾਡੀਆਂ ਬੀਬੀਆਂ, ਭੈਣਾਂ ਹੀ ਹਨ ਜੋ ਮਰੀਜ਼ ਨੂੰ ਸੰਭਾਲ ਕੇ ਰੱਖ ਨਰਸਿੰਗ ਦਾ ਕੰਮ ਕਰਦੀਆਂ ਹਨ।

ਸਪੀਕਰ ਸਾਹਿਬ, ਸਾਡੀ ਸਰਕਾਰ ਨੇ ਇਸ ਵਾਰ ਤਿੰਨ ਪਾਲੀਟੈਕਨਿਕ ਖੋਲ੍ਹਣ ਦਾ ਫੈਸਲਾ ਕੀਤਾ ਹੈ। ਇਨ੍ਹਾਂ ਵਿੱਚ ਨਿਰੋਲ ਲੜਕੀਆਂ ਹੀ ਬੈਠਣਗੀਆਂ ਅਸੀਂ ਲੜਕੀਆਂ ਨੂੰ ਵੀ ਇਨ੍ਹਾਂ ਦੀ ਟਰੇਨਿੰਗ ਦੇਣੀ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਨੂੰ ਦਹੇਜ਼ ਦੇ ਬਾਰੇ ਬੜੀ ਸੋਚ ਸਮਝ ਕੇ ਗੱਲ ਕਰਨੀ ਚਾਹੀਦੀ ਹੈ। ਜਿੱਥੇ ਕੁਝ ਸਰਦਾ ਪੁੱਜਦਾ ਹੈ ਇਕ ਘਰ ਖੇਤੀ ਚੰਗੀ ਕਰਦਾ ਹੈ ਜਾਂ ਇੰਡਸਟਰੀ ਚੰਗੀ ਹੈ ਜਾਂ ਜ਼ਮੀਨ ਚੰਗੀ ਹੈ ਤਾਂ ਫਿਰ ਲੜਕੀ ਨੂੰ ਜੇ ਕੁਝ ਦੇ ਵੀ ਦੇਵੇ ਤਾਂ ਦਹੇਜ਼ ਕਾਹਨੂੰ ਵਿੱਚ ਅੜਦਾ ਹੈ। ਲੜਕੇ ਨੇ ਤਾਂ ਸਾਰਾ ਕੁਝ ਬਾਅਦ ਵਿੱਚ ਲੈ ਹੀ ਲੈਣਾ ਹੈ। ਸਾਡਾ ਕਾਨੂੰਨ ਹੀ ਅਜਿਹਾ ਹੈ ਸਪੀਕਰ ਸਾਹਿਬ, ਕਈ ਵਾਰ ਮੈਂ ਦੇਖਿਆ ਹੈ ਕਿ ਜਦੋਂ ਬਰਾਬਰ ਦਾ ਹੱਕ ਪ੍ਰਾਪਰਟੀ ਦੇ ਵਿੱਚ ਦੇਣ ਲਗਦੇ ਹਾਂ ਤਾਂ ਫਿਰ ਲੜਾਈ ਹੋ ਜਾਂਦੀ ਹੈ ਅਤੇ ਇਸ ਨਾਲ ਭੈਣਾਂ, ਭਰਾਵਾਂ ਵਿੱਚ ਆਪਸੀ ਨਫਰਤ ਪੈਦਾ ਹੋ ਜਾਂਦੀ ਹੈ। ਭਰਾ ਕਹਿੰਦੇ ਹਨ ਕਿ ਲੜਕੀ ਨੂੰ ਹਿੱਸਾ ਕਿਉਂ ਦਿੱਤਾ ਜਾ ਰਿਹਾ ਹੈ। ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਸਾਨੂੰ ਸਮਾਜ ਨੂੰ ਹੀ ਦਰੁਸਤ ਕਰਨਾ ਪੈਣਾ ਹੈ। ਜਿੰਨੀ ਵੀ ਮਰਜ਼ੀ ਅਸੀਂ ਇਸ ਬਾਰੇ ਕੰਮ ਕਰੀਏ ਸਾਨੂੰ ਨਵੇਂ ਸਿਰਿਓਂ ਸਾਰਾ ਕੰਮ ਕਰਨਾ ਪਵੇਗਾ। ਮੈਂ ਤਲਾਕ ਦੀ ਗੱਲ ਕਰਨੀ ਚਾਹੁੰਦਾ ਸੀ ਪਰ ਤੁਸੀਂ ਮੈਨੂੰ ਇਸ ਗੱਲ ਦੀ ਇਥੇ ਆਗਿਆ ਨਹੀਂ ਦੇਣੀ ਸਪੀਕਰ ਸਾਹਿਬ, ਦੂਸਰੇ ਮੁਲਕਾਂ ਦੇ ਵਿੱਚ ਧੜਾ ਧੜ ਤਲਾਕ ਹੁੰਦੇ ਜਾ ਰਹੇ ਹਨ ਔਰ ਸਾਡੇ ਇਥੇ ਅਜਿਹਾ ਘੱਟ ਹੀ ਹੁੰਦਾ ਹੈ। ਬੀਬੀਆਂ ਆਪਣੇ ਪਤੀ, ਮਾਂ-ਪਿਉ ਦੀ ਅਤੇ ਸੋਹਰਿਆਂ ਦੀ ਖੂਬ ਸੇਵਾ ਕਰਦੀਆਂ ਹਨ। ਪਰ ਕਈ ਵਾਰ ਅਸੀਂ ਦੇਖਦੇ ਹਾਂ ਕਿ ਬੜੇ ਨਜ਼ਦੀਕੀ ਰਿਸ਼ਤੇਦਾਰ ਸਸ, ਨੂਹ, ਨਨਾਣ ਭਰਜਾਈ ਦਾ ਰੌਲਾ ਪੈ ਜਾਂਦਾ ਹੈ। ਪਤਾ ਨਹੀਂ ਇਹ ਰੌਲੇ ਕਦੋਂ ਮੁੱਕਣਗੇ। ਇੰਨਾਂ ਨੂੰ ਤਾਂ ਸਮਾਜ ਹੀ ਮੁਕਾਏਗਾ। ਕੋਰਟਾਂ ਤੋਂ ਤਾਂ ਸ਼ਾਇਦ ਇਹ ਮੁੱਕ ਨਹੀਂ ਸਕਦੇ। ਸੋ ਸਪੀਕਰ ਸਾਹਿਬ, ਕੋਰਟਾਂ ਵੀ ਅਸੀਂ ਬਣਾਈਆਂ ਹਨ, ਜਿਹੜੀਆਂ ਇਸ ਗੱਲ ਦੇ ਵਿੱਚ ਜਲਦੀ ਫੈਸਲੇ ਕਰਨ, ਲੰਮੇ ਝੱਜਟਾਂ ਵਿੱਚ

[ਮੁੱਖ ਮੰਤਰੀ]

ਨਾ ਪੈਣ। ਉਹ ਕੋਰਟ ਜਲਦੀ ਫੈਸਲੇ ਕਰਨਗੀਆਂ। ਸਪੀਕਰ ਸਾਹਿਬ, ਮੈਂ ਮਹਿਸੂਸ ਕਰ ਰਿਹਾ ਕਿ ਅਸੀਂ ਨਰਸਿੰਗ ਦਾ ਪਰੋਗਰਾਮ ਵੀ ਬਣਾਇਆ ਹੈ। ਪਾਲੀਟੈਕਨਿਕ ਵੀ ਖੋਲ੍ਹੇ ਹਨ। ਇਸ ਵਕਤ 46 ਆਈ.ਟੀ.ਆਈ ਚੱਲ ਰਹੇ ਹਨ ਜਿਨ੍ਹਾਂ ਵਿਚੋਂ ਲੜਕੀਆਂ ਟਰੇਨਿੰਗ ਲੈ ਕੇ ਹੱਥੀ ਕੰਮ ਕਰਦੀਆਂ ਹਨ ਅੌਰ ਉਹ ਬੜਾ ਅੱਛਾ ਕੰਮ ਕਰਦੀਆਂ ਹਨ। ਕਢਾਈ ਚੰਗੀ ਕਰਦੀਆਂ ਹਨ, ਇਲੈਕਟਰੋਨਿਕ ਵਿਚ ਦੇਖ ਲਓ, ਕੋਮਨੀਕੇਸ਼ਨ ਵਿੱਚ ਦੇਖ ਲਓ, ਕੰਪਿਊਟਰ ਦੇ ਖੇਤਰ ਵਿਚ ਦੇਖ ਲਓ। ਸਪੀਕਰ ਸਾਹਿਬ, ਮੈਂ ਬੱਸ ਇਕ ਗੱਲ ਕਹਿ ਕੇ ਖਿਮਾ ਮੰਗਾਂਗਾ। ਅਸੀਂ ਪੈਨਸ਼ਨ ਦੇ ਵਾਸਤੇ ਕੋਈ ਤਕਰੀਬਨ 11 ਕਰੋੜ ਰੁਪਏ ਰੱਖੇ ਹਨ। 5 ਕਰੋੜ ਰੱਖੇ ਹਨ ਅਪਾਹਜ ਬੱਚਿਆਂ ਵਾਸਤੇ ਤੇ ਦੂਸਰੇ ਬੱਚਿਆਂ ਦੇ ਅੌਰ ਦੂਸਰੀਆਂ ਸਕੀਮਾਂ ਵਾਸਤੇ 25 ਕਰੋੜ ਰੁਪਏ ਰੱਖੇ ਹਨ, ਜਿਹੜੀਆਂ ਨਾਨ-ਪਲਾਨ ਦੀਆਂ ਸਕੀਮਾਂ ਹਨ। ਸਪੀਕਰ ਸਾਹਿਬ, ਪਰਸੋਂ ਮੈਂ ਦੇਵ ਸਮਾਜ ਕਾਲਜ ਫਿਰੋਜ਼ਪੁਰ ਵਿਖੇ ਇਕ ਕਾਨਵੋਕੇਸ਼ਨ ਤੇ ਗਿਆ। ਮੈਂ ਉਥੇ ਦੇਖਿਆ ਲੜਕੀਆਂ ਬਹੁਤ ਅੱਛੀਆਂ ਸਨ ਕਿਉਂਕਿ ਲੜਕੀਆਂ ਦਾ ਜ਼ਿਕਰ ਆਇਆ ਹੈ। ਮੈਂ ਉਥੇ ਇਹ ਗੱਲ ਕਹਿ ਬੈਠਾ ਕਿ ਲੜਕੀਆਂ ਅੱਜ ਲੜਕਿਆਂ ਨਾਲੋਂ ਅੱਗੇ ਜਾ ਰਹੀਆਂ ਹਨ। ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਰੈਜ਼ੂਲਿਊਸ਼ਨ ਨੂੰ ਟਾਕ-ਆਊਟ ਨਾ ਕੀਤਾ ਜਾਵੇ, ਇਸ ਨੂੰ ਪਾਸ ਕੀਤਾ ਜਾਵੇ ਇਹ ਮੇਰੀ ਬੇਨਤੀ ਹੈ।

Mr. Speaker: Question is—

> This House Recommends to the State Government to streamline the present schemes and formulate new schemes for the welfare of women, particularly divorced/separated and deserted children.

The motion was carried unanimously.

Mr. Speaker: The House stands adjourned till 9.00 A.M. on Fri day the 12th March, 1993.

*1.30 P.M.

(*The Sabha then adjourned* till* 9.00 *A.M. on Friday, the* 12*th March*, 1993.)

7209 PVS—Govt. Press, (U.T.), Chd.

Published under the authority of Punjab Vidhan Sabha and Printed by the Controller, Printing and Stationery Department, U. T., Chandigarh.

12

Punjab Vidhan Sabha Debates

12th *March*, 1993

Vol. IV—No. 12

OFFICIAL REPORT

CONTENTS

Friday, the 12th March, 1993

Punjab Vidhan Sabha Secretariat, Chandigarh.

Price : Rs.

PUNJAB VIDHAN SABHA

Friday, the 12th March, 1993

The Vidhan Sabha met in the Punjab Vidhan Sabha Hall, Vidhan Bhavan Sector 1, Chandigarh, at 9.00 A. M. Mr. Speaker (Sardar Harcharn Singh Ajnala) in the Chair.

STARRED QUESTIONS AND ANSWERS

ਪੰਜਾਬ ਰੋਡਵੇਜ਼, ਅੰਮ੍ਰਿਤਸਰ ਡਿਪੂ ਨੰ: 2 ਦੇ ਸਟੋਰ ਤੇ ਛਾਪੇ

*872 1. ਕਾਮਰੇਡ ਗੁਰਨਾਮ ਸਿੰਘ ਧੀਰੋਵਾਲ
2. ਕਾਮਰੇਡ ਅਜਾਇਬ ਸਿੰਘ
3. ਸ਼੍ਰੀਮਤੀ ਵਿਮਲਾ ਡਾਂਗ
: ਕੀ ਟ੍ਰਾਂਸਪੋਰਟ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪੰਜਾਬ ਰੋਡਵੇਜ਼, ਅੰਮ੍ਰਿਤਸਰ ਦੇ ਡਿਪੂ ਨੰ: 2 ਦੇ ਜਨਰਲ ਮੈਨੇਜਰ ਨੇ 1992 ਦੇ ਦੂਜੇ ਅੱਧ ਵਿੱਚ ਕਿਸੇ ਸਮੇਂ ਕੀਤੀ ਗਈ ਆਪਣੇ ਡਿਪੂ ਦੀ ਚੈਕਿੰਗ ਦੇ ਦੌਰਾਨ ਲੱਖਾਂ ਰੁਪਇਆਂ ਦੇ ਡੀਜ਼ਲ/ਮੋਬਿਲ ਆਇਲ ਦੀ ਚੋਰੀ ਫੜੀ ਅਤੇ ਉਥੇ ਨਕਲੀ ਰਿੰਗ ਅਤੇ ਫਿਲਟਰ ਵੀ ਲੱਭੇ; ਜੇਕਰ ਅਜਿਹਾ ਹੋਵੇ, ਉਸ ਦਾ ਵੇਰਵਾ ਕੀ ਹੈ ਅਤੇ ਉਕਤ ਚੋਰੀ ਵਿੱਚ ਸ਼ਾਮਲ ਵਿਅਕਤੀਆਂ ਵਿਰੁੱਧ ਕੀ ਕਾਰਵਾਈ ਕੀਤੀ ਗਈ ?

ਮਾਸਟਰ ਜਾਗੀਰ ਸਿੰਘ : ਮਿਤੀ 22 ਅਕਤੂਬਰ, 1992 ਨੂੰ ਵਰਕਸ ਮੈਨੇਜਰ ਪੰਜਾਬ ਰੋਡਵੇਜ਼, ਅੰਮ੍ਰਿਤਸਰ ਡਿਪੂ ਨੰ: 2 ਨੇ ਡਿਪੂ ਦੇ ਡੀਜ਼ਲ ਪੰਪ ਦੀ ਆਮ ਚੈਕਿੰਗ ਦੌਰਾਨ ਸ੍ਰੀ ਗੁਰਦਿਆਲ ਸਿੰਘ, ਡੀਜ਼ਲ ਪੰਪ ਅਟੈਂਡੈਂਟ ਵਲੋਂ ਡੀਜ਼ਲ ਰਜਿਸਟਰ ਦੇ ਰਿਕਾਰਡ ਵਿੱਚ ਜੋੜ-ਤੋੜ ਕਰਕੇ 128 ਲੀਟਰ ਡੀਜ਼ਲ ਬਾਬਤ ਰੁਪਏ 780.80 ਪੈਸੇ ਚੋਰੀ ਕਰਨ ਦੀ ਭਾਵਨਾ ਨਾਲ ਵਾਧੂ ਕਰਕੇ ਰੱਖਿਆ, ਪਕੜਿਆ। ਸ੍ਰੀ ਗੁਰਦਿਆਲ ਸਿੰਘ, ਡੀ.ਪੀ.ਏ. ਨੂੰ ਮੁਅੱਤਲ ਕਰ ਦਿੱਤਾ ਗਿਆ ਹੈ ਅਤੇ ਉਸ ਵਿਰੁੱਧ ਵਿਭਾਗੀ ਕਾਰਵਾਈ ਕੀਤੀ ਜਾ ਰਹੀ ਹੈ।

2. ਮਿਤੀ 28 ਨਵੰਬਰ, 1992 ਨੂੰ ਜਨਰਲ ਮੈਨੇਜਰ ਪੰਜਾਬ ਰੋਡਵੇਜ਼, ਅੰਮ੍ਰਿਤਸਰ-2 ਡਿਪੂ ਵਲੋਂ ਸਟੋਰ ਵਿਚੋਂ 2 ਸੈਟ ਪਿਸਟਨ ਰਿੰਗ ਨਕਲੀ ਪਕੜੇ ਗਏ। ਇਸ ਪ੍ਰਤੀ ਜ਼ਿੰਮੇਂਵਾਰ ਡਿਪੂ ਦੇ ਮੁੱਖ ਸਟੋਰ ਕੀਪਰ ਸ੍ਰੀ ਰਮੇਸ਼ ਚੰਦਰ ਭੱਲਾ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ ਅਤੇ ਇਸ ਵਿਰੁੱਧ ਕਾਰਵਾਈ ਕੀਤੀ ਜਾ ਰਹੀ ਹੈ।

ਕਾਮਰੇਡ ਗੁਰਨਾਮ ਸਿੰਘ ਧੀਰੋਵਾਲ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਇਹ ਗੱਲ ਪੁੱਛਣੀ ਚਾਹੁੰਦਾ ਹਾਂ ਕਿ ਇਹ ਠੀਕ ਹੈ ਕਿ ਵਰਕਸ ਮੈਨੇਜਰ ਨੇ ਆਮ ਚੈਕਿੰਗ ਦੌਰਾਨ ਦੋ ਬੰਦਿਆਂ ਨੂੰ ਦੋਸ਼ੀ ਪਾਇਆ ਗਿਆ ਅਤੇ ਉਨ੍ਹਾਂ ਦੋਹਾਂ ਨੂੰ ਮੁਅੱਤਲ ਕਰ ਦਿੱਤਾ ਗਿਆ ਨੂੰ ਪਰ ਇਹ ਛੋਟੇ ਮੁਲਾਜ਼ਮਾਂ ਤੇ ਭਾਰ ਪਾਇਆ ਗਿਆ ਹੈ। ਉਥੇ ਲੱਖਾਂ ਰੁਪਏ ਦਾ ਸਕੈਂਡਲ ਹੈ।............

ਸ੍ਰੀ ਸਪੀਕਰ : ਧੀਰੋਵਾਲ ਜੀ, ਤੁਸੀਂ ਆਪਣੀ ਓਪੀਨੀਅਨ ਦਾ ਇਜ਼ਹਾਰ ਨਾ ਕਰੋ। ਕੇਵਲ ਸਪਲੀਮੈਂਟਰੀ ਪੁੱਛੋ।

ਕਾਮਰੇਡ ਗੁਰਨਾਮ ਸਿੰਘ ਧੀਰੋਂਵਾਲ : ਮੈਂ ਸਪਲੀਮੈਂਟਰੀ ਹੀ ਪੁੱਛਣ ਲੱਗਾ ਹਾਂ ਜੀ। ਕੀ ਮੰਤਰੀ ਜੀ ਉਥੇ ਕੋਈ ਹਾਈ ਪਾਵਰਡ ਕਮੇਟੀ ਬਣਾਉਣਗੇ ਅਤੇ ਉਹ ਕਮੇਟੀ ਪੜਤਾਲ ਕਰੇਗੀ ਕਿ ਇਥੇ ਕੋਈ ਵੱਡਾ ਸਕੈਂਡਲ ਤਾਂ ਨਹੀਂ ਹੈ ਜਿਸ ਵਿੱਚ ਕਿ ਵੱਡੇ ਆਦਮੀ ਸ਼ਾਮਲ ਹਨ। ਕੀ ਮੰਤਰੀ ਜੀ ਇਸ ਬਾਰੇ ਕੋਈ ਐਸ਼ਿਓਰੈਂਸ ਦੇਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਸਾਹਿਬ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਮਿਤੀ 22 ਅਕਤੂਬਰ, 1972 ਨੂੰ ਵਰਕਸ ਮੈਨੇਜਰ, ਡਿਪੂ ਨੰ: 2 ਨੇ ਆਮ ਚੈਕਿੰਗ ਦੇ ਦੌਰਾਨ ਵੇਖਿਆ ਕਿ ਸ੍ਰੀ ਗੁਰਦਿਆਲ ਸਿੰਘ, ਡੀਜ਼ਲ ਪੰਪ ਅਟੈਂਡੈਂਟ ਨੇ ਆਪਣੇ ਰਜਿਸਟਰ ਵਿੱਚ ਕੋਈ ਹੇਰਾਫੇਰੀ ਕੀਤੀ। ਉਸ ਨੇ ਆਪਣੇ ਰਜਿਸਟਰ ਵਿਚ 3704405 ਟਰ ਦਾ ਇੰਦਰਾਜ ਕੀਤਾ ਹੋਇਆ ਸੀ ਜਦੋਂ ਕਿ ਮੀਟਰ ਦੀ ਅਸਲ ਰੀਡਿੰਗ 3704319 ਸੀ। ਇਸ ਤਰ੍ਹਾਂ ਉਸ ਨੇ 86 ਲੀਟਰ ਘੱਟ ਰਿਕਾਰਡ ਕੀਤਾ। ਇਸੇ ਤਰ੍ਹਾਂ ਇਕ ਹਰ ਗੱਡੀ ਤੇਲ ਪਵਾਉਣ ਨਹੀਂ ਸੀ ਆਈ ਪਰ ਉਸ ਦਾ ਵੀ 42 ਲੀਟਰ ਡੀਜ਼ਲ ਪਾਉਣ ਦਾ ਰਿਕਾਰਡ ਰਜਿਸਟਰ ਵਿੱਚ ਦਰਜ ਕੀਤਾ ਹੋਇਆ ਸੀ। ਇਸ ਤਰ੍ਹਾਂ ਕੁੱਲ 128 ਲੀਟਰ ਡੀਜ਼ਲ ਦੀ ਉਸ ਨੇ ਰਿਕਾਰਡ ਦੇ ਮੁਤਾਬਕ ਚੋਰੀ ਕੀਤੀ ਅੌਰ ਜਦੋਂ ਉਸ ਨੂੰ ਵਰਕਸ ਮੈਨੇਜਰ ਨੇ ਪਕੜਿਆ ਤਾਂ ਉਸੇ ਵੇਲੇ ਹੀ ਕਾਰਵਾਈ ਕਰਕੇ ਉਸ ਨੂੰ ਮੁਅੱਤਲ ਕਰ ਦਿੱਤਾ ਗਿਆ।

ਮਿਤੀ 28 ਨਵੰਬਰ, 1992 ਨੂੰ ਜੀ.ਐਮ. ਅੰਮ੍ਰਿਤਸਰ ਡਿਪੂ-2 ਵਲੋਂ ਸਟੋਰ ਦੀ ਚੈਕਿੰਗ ਕੀਤੀ ਗਈ ਅਤੇ ਦੋ ਸੈਟ ਪਿਸਟਨ ਡੁਪਲੀਕੇਟ ਪਕੜੇ ਗਏ ਅੌਰ ਉਸ ਦਾ ਜਿਹੜਾ ਸਟੋਰ ਕੀਪਰ ਮੁੱਖ ਇੰਚਾਰਜ ਸੀ ਉਸ ਨੂੰ ਮੁਅੱਤਲ ਕਰ ਦਿੱਤਾ ਗਿਆ।

ਮਿਤੀ 10 ਅਕਤੂਬਰ, 1992 ਨੂੰ ਵਰਕਸ ਮੈਨੇਜਰ ਨੇ ਜੀ.ਐਮ. ਦੇ ਧਿਆਨ ਵਿੱਚ ਲਿਆਂਦਾ ਕਿ ਜਿਹੜੇ ਫਿਲਟਰ ਮਾੜੇ ਹਨ ਉਨ੍ਹਾਂ ਨਾਲ ਗੱਡੀਆਂ ਦੇ ਇੰਜਣਾਂ ਦਾ ਨੁਕਸਾਨ ਹੋਇਆ ਹੈ। ਜਨਰਲ ਮੈਨੇਜਰ ਦੀ ਜੋ ਰਿਪੋਰਟ ਸਾਡੇ ਡਾਇਰੈਕਟਰ, ਟਰਾਂਸਪੋਰਟ, ਪੰਜਾਬ ਦੇ ਦਫਤਰ ਵਿਚ ਮਿਤੀ 23 ਦਸੰਬਰ, 1992 ਨੂੰ ਪ੍ਰਾਪਤ ਹੋਈ ਤਾਂ ਉਨ੍ਹਾਂ ਨੇ ਮਕੈਨੀਕਲ ਆਟੋਮੋਬਾਇਲ ਇੰਜਨੀਅਰ, ਜਿਹੜਾ ਮੁੱਖ ਦਫਤਰ ਵਿੱਚ ਹੈ, ਨੂੰ ਮਿਤੀ 12 ਜਨਵਰੀ, 1993 ਨੂੰ ਇਸ ਸਬੰਧੀ ਪੜਤਲ ਕਰਨ ਲਈ ਹਦਾਇਤ ਕੀਤੀ। ਮਕੈਨੀਕਲ ਆਟੋਮੋਬਾਇਲ ਇੰਜਨੀਅਰ ਨੇ ਆਪਣੀ ਰਿਪੋਰਟ ਦਾ ਸਿੱਟਾ ਇਹ ਕੱਢਿਆ ਹੈ ਕਿ ਜੋ ਫਿਲਟਰ ਚੋਕ ਹੋਏ ਹਨ ਉਨ੍ਹਾਂ ਦੇ ਚੋਕ ਹੋਣ ਦਾ ਕਾਰਨ ਮੋਬਿਲ-ਆਇਲ ਘਟੀਆ ਕਿਸਮ ਦਾ ਹੋਣਾ ਸੀ ਜਾਂ ਮੋਬਿਲ-ਆਇਲ ਦੀ ਦਿਤੇ ਗਏ ਨਾਰਮ ਨਾਲੋਂ ਵੱਧ ਵਰਤੋਂ ਕੀਤੀ ਗਈ ਸੀ। ਫਿਰ ਵੀ ਉਨ੍ਹਾਂ ਦੇ ਚੋਕ ਹੋਣ ਦੇ ਕਾਰਨ/ਜੈਨੂਅਨ ਹੋਣ ਸਬੰਧੀ ਇਹ ਫਿਲਟਰ ਬਣਾਉਣ ਵਾਲੀਆਂ ਕੰਪਨੀਆਂ ਦੀ ਰਿਪੋਰਟ ਮੰਗੀ ਜਾ ਰਹੀ ਹੈ।

ਕਾਮਰੇਡ ਗੁਰਨਾਮ ਸਿੰਘ ਧੀਰੋਂਵਾਲ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਇਹ ਜਾਅਲੀ ਫਿਲਟਰ ਫੜੇ ਗਏ ਹਨ ਜੋ ਕਿ ਦਫਤਰ ਵਿੱਚ ਪਏ ਸਨ, ਕੀ ਇਨ੍ਹਾਂ ਦੀ ਪੜਤਾਲ ਕਰਵਾਈ ਗਈ ਹੈ ਕਿ ਇਹ ਕਿਤਨੀ ਮਾਤਰਾ ਵਿਚ ਖਰੀਦੇ ਗਏ ਹਨ ? ਇਸ ਸਬੰਧ ਵਿੱਚ ਕੇਵਲ ਇੱਕ ਕਲਰਕ ਨੂੰ ਸਸਪੈਂਡ ਕੀਤਾ ਗਿਆ ਹੈ। ਕੀ ਇਹ ਵੀ ਪੜਤਾਲ ਕਰਵਾਈ ਗਈ ਸੀ ਕਿ ਕੀ ਉਸ ਤੋਂ ਇਲਾਵਾ ਹੋਰ ਉਚ ਅਧਿਕਾਰੀ ਵੀ ਇਸ ਵਿੱਚ ਸ਼ਾਮਲ ਸਨ ? ਕੀ ਸਬੰਧਤ ਫਰਮ ਤੋਂ ਪੁਛ-ਪੜਤਾਲ ਕੀਤੀ ਗਈ ਹੈ ਕਿ ਇਸ ਜਾਅਲੀ ਫਿਲਟਰਾਂ ਦੀ ਪਰਚੇਜ਼ ਵਿੱਚ ਟਰਾਂਸਪੋਰਟ ਵਿਭਾਗ ਦੇ ਕਿਹੜੇ-ਕਿਹੜੇ ਅਫਸਰ ਸ਼ਾਮਿਲ ਸਨ ? ਇਸ ਸਬੰਧ ਵਿੱਚ ਮੰਤਰੀ ਜੀ ਦੱਸਣ ਦੀ ਖੇਚਲ ਕਰਨ।

ਸ੍ਰੀ ਸਪੀਕਰ : ਧੀਰੋਵਾਲ ਜੀ, ਮਾਸਟਰ ਜੀ ਨੇ ਆਪਣਾ ਜਵਾਬ ਬੜਾ ਕਲੀਅਰ ਦੇ ਦਿਤਾ ਹੈ ਅਤੇ ਉਨ੍ਹਾਂ ਨੇ ਦੱਸਿਆ ਹੈ ਕਿ ਕਸੂਰਵਾਰ ਨੂੰ ਸਜ਼ਾ ਦੇ ਦਿੱਤੀ ਗਈ ਹੈ। ਜੇ ਕੋਈ ਹੋਰ ਸਪਲੀਮੈਂਟਰੀ ਪੁਛਣੀ ਹੈ ਤਾਂ ਸਪੈਸੇਫਿਕ ਕੁਐਸਚਨ ਪੁੱਛੋਂ ਤੁਹਾਡੀ ਸਪਲੀਮੈਂਟਰੀ ਬੜੀ ਲੰਮੀ ਹੋ ਜਾਂਦੀ ਹੈ।

ਕਾਮਰੇਡ ਗੁਰਨਾਮ ਸਿੰਘ ਧੀਰੋਵਾਲ : ਸਪੀਕਰ ਸਾਹਿਬ, ਸ਼ਾਇਦ ਮੈਂ ਠੀਕ ਤਰੀਕੇ ਨਾਲ ਨਹੀਂ ਦੱਸ ਸਕਿਆ, ਮੇਰੇ ਸਵਾਲ ਦਾ ਮਤਲਬ ਇਹ ਹੈ ਕਿ ਜਦੋਂ ਜਾਅਲੀ ਫਿਲਟਰ ਫੜੇ ਗਏ ਸੀ ਤਾਂ ਕੀ ਇਸ ਦੀ ਪੜਤਾਲ ਕਰਵਾਈ ਗਈ ? ਕੀ ਅਜਿਹੀ ਕੋਈ ਏਜੰਸੀ ਸੀ ਜਿਸ ਤੋਂ ਇਹ ਦਰਿਆਫਤ ਕੀਤਾ ਗਿਆ ਹੋਵੇ ਕਿ ਇਹ ਜਾਅਲੀ ਫਿਲਟਰਾਂ ਦੀ ਪਰਚੇਜ਼ ਵਿੱਚ ਉਸ ਕਲਰਕ ਤੋਂ ਇਲਾਵਾ ਕੀ ਹੋਰ ਅਧਿਕਾਰੀ ਵੀ ਸ਼ਾਮਿਲ ਸਨ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਨੂੰ ਦਸਣਾ ਚਾਹੁੰਦਾ ਹਾਂ ਕਿ 12 ਜਨਵਰੀ, 1993 ਨੂੰ ਜਦੋਂ ਇਹ ਰਿਪੋਰਟ ਦਫਤਰ ਵਿੱਚ ਪੁੱਜੀ ਤਾਂ ਉਸੇ ਵੇਲੇ ਮਕੈਨੀਕਲ ਆਟੋਮੋਬਾਇਲ ਇੰਜੀਨੀਅਰ ਨੂੰ ਇਨਕੁਆਰੀ ਕਰਨ ਲਈ ਹਦਾਇਤ ਕੀਤੀ ਗਈ ਅਤੇ ਮਕੈਨੀਕਲ ਆਟਮਬਾਇਲ ਇੰਜਨੀਅਰ ਨੇ ਪੰਜਾਬ ਰੋਡਵੇਜ਼, ਅੰਮ੍ਰਿਤਸਰ-2 ਡਿਪੂ ਦਾ ਦੌਰਾ ਕੀਤਾ ਅਤੇ ਉਸ ਦੀ ਰਿਪੋਰਟ ਦੇ ਆਧਾਰ ਤੇ ਹੀ ਲੋੜੀਂਦੀ ਕਾਰਵਾਈ ਕੀਤੀ ਜਾ ਰਹੀ ਹੈ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ 260 ਦੇ ਕਰੀਬ ਨਕਲੀ ਫਿਲਟਰ ਫੜੇ ਗਏ ਅਤੇ ਜਿੱਥੇ ਸਟੋਰ ਵਿਚੋਂ ਫੜੇ ਗਏ ਉਸ ਸਟੋਰ-ਕੀਪਰ ਨੂੰ ਸਜ਼ਾ ਦਿੱਤੀ ਗਈ, ਸਸਪੈਂਡ ਕਰ ਦਿਤਾ ਗਿਆ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਪਰਚੇਜ਼ ਕੀਤੀ ਗਈ ਸੀ, ਉਸ ਦੇ ਵਿੱਚ ਸਟੋਰ ਕੀਪਰ ਦੀ ਜ਼ਿੰਮੇਵਾਰੀ ਸੀ ਜਾਂ ਪਰਚੇਜ਼ ਹੋਰ ਕੋਈ ਉਚ ਅਧਿਕਾਰੀ ਕਰਦੇ ਹਨ ਅਤੇ ਕਿਸੇ ਹੋਰ ਅਥਾਰਟੀਦੀ ਜ਼ਿੰਮੇਵਾਰੀ ਸੀ ? ਜੇ ਸਟੋਰ ਕੀਪਰ ਖਰੀਦ ਕਰਨ ਲਈ ਜ਼ਿੰਮੇਵਾਰ ਨਹੀ ਸੀ ਤਾਂ ਉਸ ਨੂੰ ਕਿਉ ਸਜ਼ਾ ਦਿਤੀ ਗਈ ? ਅਸਲ ਦੋਸ਼ੀ ਕਿਉਂ ਨਹੀਂ ਫੜਿਆ ?

ਰਾਜ ਮੰਤਰੀ : ਸਪੀਕਰ ਸਾਹਿਬ, ਜੋ ਇਨ੍ਹਾਂ ਨੇ ਸਵਾਲ ਕੀਤਾ ਹੈ ਇਸ ਸਬੰਧ ਵਿਚ ਮੈਂ ਪਹਿਲਾਂ ਹੀ ਕਾਫੀ ਡੀਟੇਲਡ ਵਿੱਚ ਉੱਤਰ ਦੇ ਚੁਕਿਆ ਹਾਂ, ਇਹ ਵੱਖਰਾ ਸਵਾਲ ਭੇਜ ਦੇਣ, ਅਸੀਂ ਦੋਬਾਰਾ ਪੜਤਾਲ ਕਰਵਾ ਲਵਾਂਗੇ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਕਿਉਂਕਿ ਮੰਤਰੀ ਜੀ ਨੇ ਕਿਹਾ ਹੈ ਕਿ ਕਲਰਕ ਨੂੰ ਸਸਪੈਂਡ ਕਰ ਦਿਤਾ ਹੈ। ਸਪੀਕਰ ਸਾਹਿਬ, ਸਟੋਰ ਕੀਪਰ ਦਾ ਕੰਮ ਹੁੰਦਾ ਹੈ ਸਟੋਰ ਰੱਖਣਾ ਨਾ ਕਿ ਪਰਚੇਜ਼, ਕਰਨਾ। ਜੇਕਰ ਉਸਨੇ ਪਰਚੇਜ਼ ਕੀਤਾ ਫੇਰ ਤਾਂ ਠੀਕ ਹੈ ਪਰ ਜੇਕਰ ਕਿਸੇ ਹੋਰ ਹਾਇਰ ਅਥਾਰਟੀ ਨੇ ਪਰਚੇਜ਼ ਕੀਤੀ ਹੈ ਤਾਂ ਉਸ ਵਿਰੁੱਧ ਕਾਰਵਾਈ ਹੋਣੀ ਚਾਹੀਦੀ ਹੈ ਨਾ ਕਿ ਉਸ ਸਟੋਰ ਕੀਪਰ ਦੇ ਵਿਰੁੱਧ ?

ਸ੍ਰੀ ਸਪੀਕਰ : ਅਰਸ਼ੀ ਜੀ, ਮਾਸਟਰ ਜੀ ਨੇ ਉੱਤਰ ਬੜਾ ਕਲੀਅਰ ਦਿੱਤਾ ਹੈ। ਤੁਸੀਂ ਹੋਰ ਨੋਟਿਸ ਦੇ ਦੇਵੋ ਇਹ ਮੁੜ ਕੇ ਪੜਤਾਲ ਕਰਵਾ ਦੇਣਗੇ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਜੇ ਉਸ ਨੇ ਪਰਚੇਜ਼ ਹੀ ਨਹੀਂ ਕੀਤੀ ਤਾਂ ਉਸਨੂੰ ਸਜ਼ਾ ਕਿਉਂ ਦਿਤੀ ਗਈ ?

ਸ੍ਰੀ ਸਪੀਕਰ : ਅਰਸ਼ੀ ਜੀ, ਮਾਸਟਰ ਜੀ ਨੇ ਜਬਾਬ ਬੜਾ ਕਲੀਅਰ ਦੇ ਦਿਤਾ ਹੈ।
Now we come to the next question.

ਜ਼ਿਲ੍ਹਾ ਲੁਧਿਆਣਾ ਵਿਚ ਮਿੰਨੀ ਬਸਾਂ ਲਈ ਰੂਟ ਪਰਮਿਟ ਜਾਰੀ ਕਰਨਾ

*862. **ਕਾਮਰੇਡ ਤਰਸੇਮ ਜੋਧਾਂ** : ਕੀ ਟ੍ਰਾਂਸਪੋਰਟ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਜਨਵਰੀ, 1991 ਤੋਂ ਹੁਣ ਤਕ ਦੇ ਸਮੇਂ ਦੇ ਦੌਰਾਨ ਜ਼ਿਲ੍ਹਾ ਲੁਧਿਆਣਾ ਵਿੱਚ ਮਿੰਨੀ ਬੱਸਾਂ ਲਈ ਕਿੰਨੇ ਰੂਟ ਪਰਮਿਟ ਦਿਤੇ ਗਏ ਅਤੇ ਇਨ੍ਹਾਂ ਦੇ ਵੇਰਵੇ ਕੀ ਹਨ ;

(ਅ) ਉਪਰੋਕਤ ਭਾਗ (ੳ) ਵਿਚੋਂ ਵਰਣਿਤ ਵਿਚੋਂ ਕਿੰਨੇ-ਕਿੰਨੇ ਪਰਮਿਟ ਵੱਖ-ਵੱਖ ਅਨੁਸੂਚਿਤ ਜਾਤੀਆਂ ਦੇ ਵਿਅਕਤੀਆਂ, ਦੰਗਾ ਪੀੜਤਾਂ ਅਤੇ ਅੱਤਵਾਦੀਆਂ ਦਾ ਸ਼ਿਕਾਰ ਪਰਿਵਾਰਾਂ ਨੂੰ ਦਿਤੇ ਗਏ ?

Master Jagir Singh : (a) 71 Details enclosed. (Annexure-A)

(b) (i) Schedule Castes-14.

(ii) Riot affected families-6.

(iii) Terrorist Victim families-2.

ANNEXURE-A

Sr. No.	Name of the permit holder	Name of the route
1	Gurdev Singh s/o Shri Amar Singh, r/o Hassanpur, District Ludhiana. (Riot affected)	Mullanpur—Hambran *via* Dhat, Morekrishan, Talwandi Kalan, Sabadhi, Bharowal, Bhudri Bhatta dua, route.
2	Gurdev Singh, s/o Jaswant Singh, r/o Assi Kalan District Ludhiana (Riot affected)	Dellon—Bhanohar More *via* Qila Raipur, Assi Kalan, Lohgarh, Baurangwal, Jodha Ratna, Chhonkre Pamali, Hassanpur, route.
3	Shri Darshan Singh, s/o Gurmukh Singh, r/o Sabhadi Kalan, Teh. Jagron, Distt. Ludhiana	Mullanpur—Kambran *via* Dhat, More-kishan Talwandi Kalan, Sabadi, Bharowal Kalan, Bhudri Bhatta dua route.
4	Amarjit Singh s/o Niranjan Singh, r/o Sarabha District Ludhiana (Riot affected)	Mullanpur to Daad *via* Jangpur, Mohi, Dhopai, Gurdnag Jodha, Manshuha, Lalton Kalan.

Sr. No.	Name of the permit holder	Name of the route
5	Paramjit Singh, s/o Jagvir Singh, r/o Hamampura District Ludhiana (S. C.)	Sahnewal—Rara Sahib *Via* Jashar, Khanpur, Dashong, Jharkhar, Sarih, Kabadi, Bhutta, Katari.
6	Nasseem Akhtar d/o Mohamad Sadiq H. No. 558 Gali No. 7 Dashmesh Nagar, Ludhiana.	Khanna—Rampur *via* Bhatian Gari, Dodpur, Chak sabi, Dehru, Harbanspura, Chawa Rupalon, Sultanpura etc.
7	Amrik Singh Aliwal, s/o Nahar Singh, r/o Aliwal Teh. Jagraon District Ludhiana	Jagraon—Bhundri *via* Malikpur, Cheema etc.
8	Surinderpal Singh, s/o Sarwan Singh, r/o Tusse District Ludhiana	Sudhar—Qila Raipur *via* Ghuman, Maholi, Mohi, Khandur etc.
9	Inderjit Kaur, w/o Shri Mohan Singh, V. Mukandpur, District Ludhiana	Dehlon—Rara Sahib *via* Rurka, Bhutari, siar etc.
10	Shri Manmohan Singh, s/o Mohinder Singh, r/o Mubarkpur, Teh. Samrala, District Ludhiana	Machhiwara—Chak Lohat *via* Mehdipur, Chakliadal, Tanda Banashgarh Sherian etc.
11	Pritam Singh, Prem Chand and Gurpreet Singh, c/o G. S. Stationery Mart., Khanna, District Ludhiana (S. C., E-man & U. E.)	Kanjari—Khanna *via* Ladpur, Shamashpur, Khanian, Chehala Raipur, (Route Partly in Ldh. & Partly Patiala.
12	Sukhdev Singh, Amrik Singh, c/o Sukhdev Singh, V. Lalheri, Teh. Khanna	Ditto
13	Shri Parminder Singh, s/o Ujagar Singh, V. &. P. O. Madhopur, District Ludhiana	Macchiwara—Behrampur Bet *via* Gari bet, Sherian, Loharian, Akalgarh, Partly in Ropar and Partly in Ludhiana District.
14	Shri Major Singh, Jagjit Singh, r/o Palla Aluna, District Ludhiana (One S. C.)	Ahemadgarh—Rurki *via* Chhanna, Nathumajra, Ramgarh Sardara, Maloud Dial, Uksi route. Partly in SGR. and Partly in Ludhiana District.
15	Capt. Amritpal Singh Gill, s/o Joginder Singh, 140, Nihal Chand Road, Ludhiana	Ditto
16	Karnail Singh, Devinder Singh, V. & P. O. Dhandra, District Ludhiana	Ahemadgarh—Lalton Kalan *via* Delon Raipur, Assi Kalan, Naurangwal Jodha, Route Partly falls in Sangrur District and Ludhiana

[ਰਾਜ ਮੰਤਰੀ, ਟ੍ਰਾਂਸਪੋਰਟ]

Sr. No.	Name of the permit holder	Name of the route
17	Sarabjit Singh, s/o Ajmer Singh, V. & P. O. Jartauli, District Ludhiana	Ditto
18	Dalbara Singh, s/o Sada Singh, V. & P. O. Banapur, P. O. Malaud	Malerkotla—Rara Sahib *via* Batari Mor, Siar, Rasiana, Rampura, Sardara Kupp, Jogiwal Route Partly falls in Ludhiana District and partly in Sangrur District.
19	Harbans Singh. & Nirmal Singh, Village Palla Aluna, Teh. Khanna & District Ludhiana	Ditto
20	Shri Mastan Singh, s/o Lachhman Singh, V. Khokhar, P. O. Behrampur, District Ropar	Manomajra—Machhiwara *via* Jatana Hafijabad, Behrampur bet (Route partly falls in Ropar and partly in Ludhiana District)
21	Avtar Singh, s/o Gurdial Singh, V. & P. O. Mukrana Khurd, Teh. & District Ropar (S. C.)	Ditto
22	Shri Darshan Lal, s/o Girdhari Lal, V. & P. O. Behrampur Bet.	Behrampur Bet—Samrala *via* Mehta Behlolpur, Jhar Sahib Route partly falls in Ropar and Partly in Ludhiana.
23	Shri Harwinder Singh, s/o Surat Singh, V. & P. O. Powat, Teh. Samrala District Ludhiana	Ditto
24	Shri Ranjit Singh, s/o Kahar Singh, c/o Jaswant Singh, H. No. 80, W. No. 2, Macchiwara District Ludhiana. (S. C. and Riot affected)	Khamano—Bala *via* Sandhwa Pipal Majra, Chamkaur Sahib Route partly falls in Ludhiana and partly in Ropar.
25	Sukhmani Bus Service, H. No. 1164, Phase-IV, Mohali (S.C.)	Khamano-Bela *via* Sandhwa, Pipal Majra, Chamkaur Sahib, (Route partly falls in Ludhiana and partly in Ropar)
26	Atma Singh, Narinder Pal Singh, Bachan Singh, V. Burajlitan, Tehsil Ludhiana (One S.C. One Riot effected)	Ahemadgarh-Halwara *via* Chhanna Glar, Mehtana Khurd, Mehran Kalan, Rashin (Route Partly in Sangrur and partly in Ludhiana)
27	Gurjinder Singh, son of Gurdial Singh, Village Manoke Tehsil Jagraon, Distirst Ludhiana	Bassian-Bilaspur *via* Jhoraran, Acharwal, Pheururian Sadowal, Hathur Rama (Route partly, falls in Ludhiana District and partly in Faridkot District)
28	Smt. Labh Kaur, W/o Darshan Singh, V. & P. O. Nangal Tehsil Barnala	Ditto

Sr. No.	Name of the permit holders	Name of the route
29	Amarjit Singh, son of Nikka Singh, Village Kular, District Ludhiana	Bilashpur-Raikot *via* Rama, Jhorara Hathur, Lakha, Bassian (Route partly falls in Ludhiana District and partly in Faridkot District)
30	Paramjit Kaur, Salwinder Singh, Village Julajan, Tehsil Khanna	Ditto
31	Balraj Singh, Jatinder Singh, Gurmail Singh, Harbhajan Singh, 14-D, Model Town, Patiala (Two S.C.)	Jodha-Ahemedgarh *via* Balawal Gujarwal, Lohgarh, Majra, Kalak, Dhurkot (Partly falls in Sangrur district and partly in Ludhiana)
32	Hardial Singh, son of Ujaggar Singh, V. & P.O. Ayali Kalan, District Ludhiana	Ditto
33	Balraj Singh, son of Santokh Singh, C/o Jaswant Singh, Kothejang, P.O. Sherpur Kalan Tehsil Jagraon, District Ludhiana	Bassian-Badhi *via* Jhorara, Manoke Mallan, Lopo (Route partly falls in Faridkot District and Ludhiana)
34	Jagtar Singh and Sukhdev Singh, V. & P.O. Sadoke, Tehsil Moga	Ditto
35	Major Singh, son of Surjit Singh, V. & P. O. Khatra, Charam, District Ludhiana (S.C.)	Ditto
36	Mohinder Kaur, W/o Late Randhir Singh, (Rokekalan, Tehsil Moga, Terrorist victim)	Ditto
37	Ex-MLA, Harnek Singh, son of Hoshiar Singh, Gur Sach Kaooke, Ludhiana	Jagraon-Danuwala *via* Sherpur Khurd Shekhodaolat, Garh Emurad, Ran Singh Galab, Talwandi
38	Bir Inder Singh, son of Balbir Singh near Punjab Roadways Workshop, Sidhwan Bet	Jagraon-Danuwala *via* Sherpur Khurd, Shekhodoulat, Garh Emurad, Ran Singh Galab, Talwandi
39	Hakam Singh, son of Malkiat Singh, V. Mallan, Tehsil Jagraon	Badhate-Hathur, *via* Bhadaur, Majuke Himatpura, Kalan, Machhike (Route Partly falls in Sangrur District and partly in Ludhiana)
40	Sukhwinder Singh, son of Shri Baldev Singh, village Madhopur, Tehsil Sirhind	Malerkotla-Rara Sahib *via* Saroud Doud, Dadal, Malaud, (Route partly falls in Sangrur and partly in Lndhiana)
41	Sukhraj Singh, son of Kesher Singh, Village Sekhupura, Tehsil Sirhind	Malerkotla-Dhamaut *via* Saraud, daud, Dudal, Uksi, Daulatpur, Rahon (Route partly falls in Ludhiana and Sangrur)

[ਰਾਜ ਮੰਤਰੀ, ਟ੍ਰਾਂਸਪੋਰਟ]

Sr. No.	Name of the permit holders	Name of the route
42	Gurbaj Singh, son of Ajit Singh Village Todarwal Tehsil, Nabha	Jorepul-Ahemadgarh *via* Bhurthala,, Rurki, Lashoy, Moranwali, Malaud Ramgarh, Sardaran, Nathumajra Akabarpur (Route partly falls in Sangrur and Ludhiana District)
43	Sarup Singh, son of Gurnam Singh, R/o Railway Road, Malerkotla (S.C.)	Lasara-Malerkotla *via* Lashoy Dodal, Moranwali, Uksi, Daud, Malewa Saraud (Route partly falls in Ludhiana and Sangrur)
44	Shri Bant Singh, son of Nachhatar Singh, R/o Madhpur, Tehsil, Samrala	Samarla-Bhuma *via* Bharthal Pyal majra Jalal Majra, Garhir, Ranwa etc.
45	Shri Ranjit Singh, son of Kehar Singh, C/o Gurdial Singh, H. No. 630/60, Gali No. 8, Bhagwan Road, Janta Nagar, Ludhiana (S.C. & Riot affected)	Samrala-Mangat Colony *via* Bhagwanpura, Madhpur, lopo Chaki Thuhi, Chak Jatana
46	Santa Singh, son of Bachan Singh, Village Umaidpur, Tehsil Ludhiana	Doraha-Malaud, *via* Jaipur Chanko Shahpur, Maksudra, Rara Sahib Dul Kalap, Jiram, Lehal, Goshlan, etc.
47	Jagjit Singh, son of Gurnam Singh, Village Lalta, Kalana (S.C.)	Dehlon-Ludhiana *via* Dulo, Jashowal, Jhameri
48	Hakam Singh, Sudagar Singh, Rajesh Kumar, Village Lisara Polewal	Khanna-Dhamaut *via* Ikolsha Kotla Chak, Rajgarh, Isru, Tola Aluna, Myana Palla
49	Ravinderjit Singh, son of Surat Singh, Village Hassanpur, District Ludhiana	Kohara-Machhiwara *via* Partapgarh Ram Bet, Panjaman, Sangowal, Rakhpur, etc.
50	Nirmal Singh, son of Dalip Singh, Village Malsian Baja, District Ludhiana	Jagraon-Shekh *via* Lilan Sidhwan Kiri Bhamal, Mananpura Bhaini
51	Jora Singh, son of Raghbir Singh, V. & P. Tihara	Ditto
52	Rajinderpal Singh, son of Gurdas Ram, V.&P.O. Assi Kalan, District Ludhiana (Riot affected)	Delon-Bhanour Maur, *Via* Qila Raipur, Assi Kalan, Naurangwal, Mehma Singwala, Naurang Kalan, Jodhan, Pama Pemali, etc.
53	Paramjit Singh, son of Jagir Singh, R/o Hiran, District Ludhiana	Ludhiana-Tibha *via* Campa Cola Chowk Gill, Sangowal, Jaspal Bangar, Harnpura, etc.
54	Himat Singh, son of Jawala Singh, Vill. Lale Kalan, Ludhiana	Samrala Chowk, Ludhiana-Kohara *via* Jail, Tajpur, Bhamri, Dhananshu, Balwal, etc.
55	Jarnail Singh, son of Sajjan Singh, V. & P.O. Jolajan, Tehsil Khanna, District Ludhiana	Ditto

Sr. No.	Name of the permit holders	Name of the route
56	Shinder Pal Singh, son of Gurdas Mal, C/o Rattan Printing Press, 7/12, Jawahar Nagar, Ludhiana (Terrorist Victim)	Bus Stand Ludhiana- Hambran, *via* Session Court, Chowk, Purana Dya Nand Hospital, Rajpura Road, Radha-Swami, Satsang, Partap Singhwal, Malikpur, Nurpur Bet, Khera
57	Gurbachan Singh son of Mehar Singh R/o 1756, Court Road, Jagraon	Ditto
58	Darshan Singh, son of Kirpal Singh, 2982/72, Agwar Lodhian, Jagraon (Riot affected)	Jagraon-Railway crossing to Chakkar *via* Agwar, Lopo Rashulpur, Mallan
59	Amarbir Singh son of Jagdish Singh, C/o Mahinder Singh, Kothe Sherjang Jagron	Ditto
60	Sr. Manjinder Singh, son of Darshan Singh Village Ayali Kalan, District Ludhiana	Dhelo-Gujarwal *via* Nauran Mehma Singh Wala, Jartoli, Ghargrana, etc.
61	Bhag Singh, son of Hazura Singh, V. & P.O. Bopa Rai Kalan, District Ludhiana	Sudhar-Jagraon *Via* Jashowal Kular, Pabbian, Sohian
62	Surjit Singh son of Mohinder Singh, Bhogal House, Dhelon	Kohara-Ghuman *via* Bhagpur, Karor, Kubhkalan Rattangarh, Boothgarh, Fatehgarh
63	Gurcharan Singh, son of Harnek Singh, House No. 132, W. No. 12, Mandi Ahemadgarh	Sahnewal-Ahemadgarh *via* Umedpur Tibba, Pati Pul Ghubadi Chowk, Dhelo, Pohir (partly falls in Sangrur and Ludhiana)
64	Iqbal Singh son of Harbans Singh, Village Jatiwal, Tehsil Malerkotla	Ditto
65	Smt. Surinder Kaur, wife of Balwinder Singh village Fatehgarh, Tehsil Malerkotla District Sangrur	Panjgarhian-Raikot *via* Dasaund Singh Wala, Bapla, Kashba, Loha Baddi, (partly falls in Sangrur and Ludhiana)
66	Jagjit Singh Hakam Singh, Nachhatar Singh, Baljit Singh, Shamsher Singh, V. P.O. Julajan	Ditto
67	Gurmail Roadways, Regd. Bahadurgarh H.O. Lohat Baddi (Sangrur) (S. C.)	Ahemadgarh-Halwara *via* Chhanna, Glar, Mehrana Khurd, Mehran Kale Rashin (Route partly falls in Ludhiana and Sangrur)
68	Nachhatar Singh, Jagtar Singh, V. & P.O. Ayali Kalan District Ludhiana (One S.C.)	Malerkotla-Berkalan *via* Sarau Naro-Majra, Sekhan, Malaud, etc. (Route partly falls in Sangrur and partly in Ludhiana)
69	Jaswant Singh, son of Mal Singh, C/o M/s. Palle Trading Co., 44/8, Dana Mandi Khanna (One S. C.)	Ditto
70	M/s. Ram Kishan Singh, Teja Singh, C/o Ram Kishan, son of Bachan Singh, R/o Malodaud, District Ludhiana (Riot affected)	Ahemdadgarh-Dasaunda Singhwala *via* Chhoar Rashin, Lohat Baddi, Jalwana Kaspa (partly falls in Ludhiana and Sangrur District)
71	Balbir Singh, son of Pritam Singh, and Jaswant Singh, son of Sukhdev Singh Bus Stand, Barnala	Mullanpur-Malerkotla *via* Jorepul, Bhurthla, Mandaur, Delapur, Narike and Vidake

ਕਾਮਰੇਡ ਤਰਸੇਮ ਜੋਧਾਂ : ਸਪੀਕਰ ਸਾਹਿਬ, ਜਿਹੜੇ ਇਹ ਰੂਟ ਪਰਮਿਟ ਦਿੱਤੇ ਜਾ ਰਹੇ ਹਨ, ਇਨ੍ਹਾਂ ਵਿਚ ਸ਼ਡਿਊਲਡ ਕਾਸਟਸ, ਰਾਇਅਟ ਅਫੈਕਟਿਡ ਫੈਮਿਲੀਜ਼ ਜਾਂ ਟੈਰੋਰਿਸਟ ਵਿਕਟਿਮ ਫੈਮਿਲੀਜ਼ ਲਈ ਕਿੰਨੇ ਪਰਸੈਂਟ ਰਿਜ਼ਰਵੇਸ਼ਨ ਕੋਟਾ ਰੱਖਿਆ ਗਿਆ ਹੈ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜੇ ਮਿਨੀ ਬੱਸ ਪਰਮਿਟ ਦਿੱਤੇ ਗਏ ਹਨ, ਇਹ 1988 ਦੀ ਸੈਕਸ਼ਨ 72 ਥੱਲੇ ਦਿੱਤੇ ਗਏ ਹਨ। ਰੀਜ਼ਨਲ ਟਰਾਂਸਪੋਰਟ ਅਥਾਰਟੀ ਨੇ ਮੋਟਰ ਗੱਡੀ ਐਕਟ, 1988 ਦੀ ਸੈਕਸ਼ਨ 68(5) ਅਤੇ ਪੰਜਾਬ ਮੋਟਰ ਗੱਡੀ ਨਿਯਮ, 1989 ਦੇ ਰੂਲ 122 ਅਧੀਨ ਮਿਤੀ 28 ਦਸੰਬਰ, 1989 ਨੂੰ ਪਾਵਰਾਂ ਡਿਵੀਜ਼ਨਲ ਕਮਿਸ਼ਨਰਾਂ ਅਤੇ ਡਿਪਟੀ ਕਮਿਸ਼ਨਰਾਂ ਨੂੰ ਦਿੱਤੀਆਂ। ਇਸ ਅਧਾਰ ਤੇ 1988 ਦਾ ਆਲ ਇੰਡੀਆ ਐਕਟ ਬਣਿਆ ਹੋਇਆ ਹੈ। ਉਸ ਥੱਲੇ ਉਨ੍ਹਾਂ ਨੇ ਪਰਮਿਟ ਦਿੱਤੇ ਪਰ ਕੁੱਝ ਚਿਰ ਬਾਅਦ ਕਮਿਸ਼ਨਰਾਂ ਜਾਂ ਡਿਪਟੀ ਕਮਿਸ਼ਨਰਾਂ ਤੋਂ ਉਨ੍ਹਾਂ ਦੀਆਂ ਪਾਵਰਾਂ ਲੈ ਲਈਆਂ ਗਈਆਂ ਅਤੇ ਡੈਲੀਗੇਟ ਕੀਤੀਆਂ ਗਈਆਂ। ਉਸ ਤੋਂ ਬਾਅਦ ਸਟੇਟ ਟਰਾਂਸਪੋਰਟ ਕਮਿਸ਼ਨਰ ਨੂੰ ਇਹ ਪਾਵਰਾਂ ਦਿੱਤੀਆਂ ਗਈਆਂ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਜਿਹੜਾ 1988 ਦਾ ਐਕਟ ਬਣਿਆ ਹੈ, ਉਹ ਇਨ੍ਹਾਂ ਨੂੰ ਪੜ੍ਹ ਕੇ ਸੁਣਾ ਦਿੰਦਾ ਹਾਂ।

ਸ਼੍ਰੀ ਸਪੀਕਰ : ਮਾਸਟਰ ਜੀ, ਇਨ੍ਹਾਂ ਨੇ ਪ੍ਰਸ਼ਨ ਸਿਰਫ ਇੰਨਾ ਹੀ ਕੀਤਾ ਹੈ ਕਿ ਰਿਜ਼ਰਵੇਸ਼ਨ ਕਿੰਨੀ ਰੱਖੀ ਹੋਈ ਹੈ ਜਾਂ ਕੋਈ ਸ਼ਡਿਊਲਡ ਕਾਸਟਸ, ਰਾਇਅਟ ਅਫੈਕਟਿਡ ਫੈਮੀਲੀਜ਼ ਜਾਂ ਟੈਰੋਰਿਸਟ ਵਿਕਟਿਮ ਫੈਮੀਲੀਜ਼ ਲਈ ਪਰਸੈਂਟੇਜ ਹੈ, ਉਹ ਉਨ੍ਹਾਂ ਨੂੰ ਦੱਸ ਦਿਓ ?

ਰਾਜ ਮੰਤਰੀ : ਮੈਨੂੰ ਲੱਗਦਾ ਹੈ ਕਿ ਇਨ੍ਹਾਂ ਨੇ ਲੁਧਿਆਣਾ ਜ਼ਿਲ੍ਹੇ ਦਾ ਪੁੱਛਿਆ ਹੈ, ਉਹ ਮੈਂ ਦੱਸਦਾ ਹਾਂ : ਸ਼ਡਿਊਲਡ ਕਾਸਟ ਲਈ 14, ਰਾਇਅਟ ਅਫੈਕਟਿਡ ਫੈਮਿਲੀਜ਼ ਲਈ 6, ਟੈਰੋਰਿਸਟ ਵਿਕਟਿਮ ਫੈਮਿਲੀਜ਼ ਲਈ ਹੈ।

ਕਾਮਰੇਡ ਤਰਸੇਮ ਜੋਧਾਂ : ਕਿੰਨੀ ਪਰਸੈਂਟੇਜ ਰਿਜ਼ਰਵੇਸ਼ਨ ਰਾਇਟ ਅਫੈਕਟਿਡ ਲਈ ਰੱਖੀ ਹੋਈ ਹੈ।

ਸ਼੍ਰੀ ਸਪੀਕਰ : ਕੋਈ ਰਿਜ਼ਰਵੇਸ਼ਨ ਹੈ ?

ਰਾਜ ਮੰਤਰੀ : ਮੈਂ, ਸਪੀਕਰ ਸਾਹਿਬ, ਦੱਸਣ ਲੱਗਾ ਸੀ ਪਰ ਤੁਸੀਂ ਰੋਕ ਦਿੱਤਾ ਹੈ। 1988 ਵਿਚ ਆਲ ਇੰਡੀਆ ਐਕਟ ਬਣਿਆ ਅਤੇ ਉਹ ਸਾਰੇ ਹਿੰਦੁਸਤਾਨ ਵਿਚ ਲਾਗੂ ਕੀਤਾ ਗਿਆ। ਪੰਜ ਲੱਖ ਤੋਂ ਜ਼ਿਆਦਾ ਆਬਾਦੀ ਵਾਲੀਆਂ ਸਟੇਟਾਂ ਵਿਚ ਰਿਜ਼ਰਵੇਸ਼ਨ ਰੱਖੀ ਪਰ ਦੂਜੀਆਂ ਸਟੇਟ ਵਿਚ ਪਰਮਿਟ ਦੇ ਰਹੇ ਹਨ ਅਤੇ ਪਰਮਿਟ ਦਿੱਤੇ ਹੋਏ ਹਨ। ਉਸ ਤੇ ਕੋਈ ਬਾਰ ਨਹੀਂ। ਸ਼ਡਿਊਲਡ ਕਾਸਟਸ ਤੇ ਕੋਈ ਬਾਰ ਨਹੀਂ, ਐਕਸ-ਸਰਵਿਸਮੈਨ ਤੇ ਕੋਈ ਬਾਰ ਨਹੀਂ, ਗਰੀਬ ਲੋਕਾਂ ਤੇ ਕੋਈ ਬਾਰ ਨਹੀਂ। ਇਨ੍ਹਾਂ ਨੂੰ ਲਿਬਰਲੀ ਦੇ ਰਹੇ ਹਾਂ।

ਡਾਕਟਰ (ਸ਼੍ਰੀਮਤੀ) ਮਾਲਤੀ ਥਾਪਰ : ਸਪੀਕਰ, ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦੀ ਹਾਂ ਕਿ ਜਿਹੜੀ ਇਨ੍ਹਾਂ ਨੇ ਰਿਜ਼ਰਵੇਸ਼ਨ ਰੱਖੀ ਹੈ, ਉਸ ਵਿਚ ਲੇਡੀਜ਼ ਲਈ ਕਿੰਨੀ ਰਿਜ਼ਰਵੇਸ਼ਨ ਹੈ ?

ਰਾਜ ਮੰਤਰੀ : ਅਸੀਂ ਲੇਡੀਜ਼ ਨੂੰ ਪ੍ਰੈਫਰ ਕਰਦੇ ਹਾਂ। ਮੇਰੇ ਵਲੋਂ ਭਾਵੇਂ ਸਾਰੀਆਂ ਲੇਡੀਜ਼ ਹੀ ਲੱਗ ਜਾਣ (ਹਾਸਾ)।

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਟਰਾਂਸਪੋਰਟ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਇਨ੍ਹਾਂ ਨੇ ਅੱਗੇ ਜਵਾਬ ਦਿੱਤਾ ਹੈ, ਉਹ ਪੂਰਾ ਨਹੀਂ, ਅਧੂਰਾ ਹੈ ਮਗਰ ਮੈਂ ਪੁੱਛਣਾ ਚਾਹੁੰਦਾ ਹਾਂ ਕਿ 1988 ਦੇ ਐਕਟ ਦਾ ਜਿਹੜਾ ਹਵਾਲਾ ਦੇ ਰਹੇ ਹਨ, ਉਸ ਵਿਚ ਰਿਜ਼ਰਵੇਸ਼ਨ ਹੈ ਜਾਂ ਵਿਚਾਰ ਕਰ ਰਹੇ ਹਨ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ, ਇਹ ਮੈਂਬਰ ਬੜੇ ਲਾਇਕ ਹਨ, ਟੋਟਲ 1940 ਪਰਮਿਟ ਮਿਨੀ ਬਸਾਂ ਦੇ ਹੁਣ ਤਕ ਦਿੱਤੇ ਗਏ ਜਿਨ੍ਹਾਂ ਵਿਚੋਂ ਸ਼ਡਿਊਲਡ ਕਾਸਟਸ ਨੂੰ 231 ਦਿੱਤੇ ਗਏ ਹਨ, ਰਾਇਅਟ ਅਫੈਕਟਿਡ ਨੂੰ 82 ਦਿੱਤੇ ਗਏ ਹਨ ਔਰ ਟੈਰੋਰਿਸਟ ਵਿਕਟਮਜ਼ ਨੂੰ 48 ਦਿੱਤੇ ਗਏ ਹਨ ਜੀ (ਥੰਪਿੰਗ)।

Mr. Speaker : Next question. (ਇਸ ਵਕਤ ਮਾਨਯੋਗ ਮੈਂਬਰ ਸਾਹਿਬਾ ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ ਸਪਲੀਮੈਂਟਰੀ ਕਰਨ ਲਈ ਖੜੇ ਸਨ)

ਸ੍ਰੀ ਸਪੀਕਰ : ਕਾਫੀ ਸਪਲੀਮੈਂਟਰੀ ਹੋ ਚੁੱਕੇ ਹਨ। I have called upon the next question.

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਮੈਂ 3-4 ਵਾਰੀ ਸਪਲੀਮੈਂਟਰੀ ਕਰਨ ਲਈ ਖੜੀ ਹੋਈ ਹਾਂ।

Mr. Speaker : I am so sorry. I could not see you. Next question.

Starred Question No. 884*

Mr. Speaker : I have granted extension for the Question No. 884.

Starred Question No. 792

Mr. Speaker : Next Question No. 792 is of Comrade Surjan Singh Joga. He is not present in the House and there is no authorisation from his side also.

(This question was not put as the Hon. Member concerned was not present in the House.)

Next Question No. 847 is from Shri Faqir Chand Sharma.

ਬਿਨਾਂ ਨਕਸ਼ਾ ਪਾਸ ਕਰਵਾਏ ਇਮਾਰਤਾਂ ਦੀ ਉਸਾਰੀ

*847. **ਸ੍ਰੀ ਫਕੀਰ ਚੰਦ** : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਸਰਕਾਰ ਨੂੰ ਇਸ ਬਾਰੇ ਪਤਾ ਹੈ ਕਿ ਅੰਮ੍ਰਿਤਸਰ ਸ਼ਹਿਰ ਵਿਚ ਬਹੁਤ ਸਾਰੀਆਂ ਇਮਾਰਤਾਂ ਸਮਰੱਥ ਅਧਿਕਾਰੀਆਂ ਤੋਂ ਨਕਸ਼ੇ ਪਾਸ ਕਰਵਾਏ ਬਿਨਾਂ ਹੀ ਬਣਾਈਆਂ ਗਈਆਂ ਹਨ; ਜੇਕਰ ਅਜਿਹਾ ਹੈ, ਤਾਂ ਅਜਿਹੇ ਕੇਸਾਂ ਵਿੱਚ ਸਰਕਾਰ ਦੀ ਕੀ ਕਾਰਵਾਈ ਕਰਨ ਦੀ ਤਜਵੀਜ਼ ਹੈ ;

---

*For Starred Question No. 884 and reply thereto, please *see* P.V.S. Debates dated 6th April, 1993.

[ਸ੍ਰੀ ਫਕੀਰ ਚੰਦ]

(ਅ) ਕੀ ਸਰਕਾਰ ਨੇ ਕੋਈ ਉਪ ਨਿਯਮ ਬਣਾਏ ਹਨ ਜਿਨ੍ਹਾਂ ਅਧੀਨ ਉਪਰੋਕਤ ਭਾਗ (ੳ) ਵਿਚ ਵਰਣਿਤ ਕਸੂਰਵਾਰ ਵਿਅਕਤੀਆਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾ ਸਕੇ ; ਜੇਕਰ ਅਜਿਹਾ ਹੈ, ਤਾਂ ਉਸਦੇ ਵੇਰਵੇ ਕੀ ਹਨ ?

Doctor Kewal Krishan: (a) Yes. Action under Section 269 (i) and 270 (i) of the Punjab Municipal Corporation Act, 1976 has been initiated in such cases, by Municipal Corporation, Amritsar.

(b) Yes. Section 269 and 270 of the Punjab Municipal Corporation Act, 1976 give vast powers to the Municipal Corporations to deal with cases of unauthorised construction including stoppage of construction work and demolition of unauthorised construction. Failure to demolish building eracted without sanction or eraction of building in contravention of conditions of sanction or order to stop construction can ential fine of Rs. 2,000 with daily fine of Rs. 100 for continuing offence on conviction by the Judicial Magistrate. Municipal Corporation, Amritsar is also following the building Bye-laws of the erstwhile Municipal Committee, Amritsar which, are applicable to Municipal Corporation by virture of Section 425 of the Punjab Municipal Corporation Act, 1976. These Bye-laws lay down procedure for submitting application for building construction and various provisions to be kept in view at the time of eraction of a building and provides a fine of Rs. 50 with a further fine of Rs. 5 per day for continued breach of bye-laws.

ਸ੍ਰੀ ਫਕੀਰ ਚੰਦ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਬਾਈ-ਲਾਜ਼ ਇਹ ਕਹਿੰਦੇ ਹਨ ਕਿ ਕਾਰਪੋਰੇਸ਼ਨ ਵਿੱਚ ਐਗਜ਼ਿਜਟ ਕਰਦੇ ਹਨ ਇਹ ਬਾਈ-ਲਾਜ਼ ਕਵਰ ਨਹੀਂ ਕਰਦੇ ਜਿਸ ਦੇ ਨਾਲ ਡਿਸਅਲਾਓ ਕੀਤੀ ਜਾਵੇ। ਜਿਹੜੀ ਐਨਕਰੋਚਮੈਂਟ ਹੈ, ਮੇਰੀ ਪਲੀਅ ਸਿਰਫ ਇਤਨੀ ਹੈ ਜੋ ਡੀਪਾਰਟਮੈਂਟ ਵਾਸਤੇ, ਗੌਰਮਿੰਟ ਵਾਸਤੇ ਬਿਹਤਰ ਹੋਵੇਗੀ ਕਿ ਬਾਈ-ਲਾਜ਼, ਇਲਲੀਗਲ ਕੰਨਸਟ੍ਰਕਸ਼ਨ ਵਾਸਤੇ ਅਪਲਾਈ ਕੀਤੇ ਜਾਣ ਇਸ ਦੇ ਵਿੱਚ ਅਪੀਲ ਨਹੀਂ ਹੋਣੀ ਚਾਹੀਦੀ ਸਿੱਧੀ ਪਨਿਸ਼ਮੈਂਟ ਹੋ ਜਾਵੇ ?

Mr. Speaker : You can seek information. ਪੰਡਿਤ ਜੀ ਤੁਸੀਂ ਇਨਫਰਮੇਸ਼ਨ ਲੈ ਸਕਦੇ ਹੋ। I have not allowed that.

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਮਹੋਦਯ ਜੀ ਤੋਂ ਪੁੱਛਣਾ ਚਾਹੁੰਦੀ ਹਾਂ ਕਿ ਅੰਮ੍ਰਿਤਸਰ ਦੇ ਵਿੱਚ ਜਿਹੜੀਆਂ ਬਿਲਡਿੰਗਾਂ ਬਿਨਾਂ ਨਕਸ਼ੇ ਤੋਂ ਬਣੀਆਂ ਹਨ ਕੀ ਉਨ੍ਹਾਂ ਵਿੱਚ ਕੋਈ ਐਸੇ ਕੇਸਿਜ਼ ਹਨ ਜਿਨ੍ਹਾਂ ਵਿੱਚ ਕੋਈ ਇਨਕੁਆਰੀ ਕੀਤੀ ਗਈ ਹੋਵੇ ?

ਮੰਤਰੀ : ਸਪੀਕਰ ਸਾਹਿਬ, ਇਨਕੁਆਰੀ ਨਹੀਂ ਕੀਤੀ ਗਈ ਬਲਕਿ 1 ਅਪ੍ਰੈਲ, 1992 ਤੋਂ 28 ਫਰਵਰੀ, 1993 ਤਕ 3005 ਅਨਆਥੋਰਾਈਜ਼ਡ ਕੰਸਟਰੱਕਸ਼ਨਜ਼ ਹੋਈਆਂ ਜਿਨ੍ਹਾਂ ਵਿਚੋਂ 1462 ਰੈਗੂਲੇਰਾਈਜ਼ ਕਰ ਦਿਤੀਆਂ ਗਈਆਂ ਔਰ ਉਨ੍ਹਾਂ ਤੋਂ 32 ਲੱਖ ਰੁਪਿਆ ਜੁਰਮਾਨਾ ਵਸੂਲ ਕੀਤਾ ਗਿਆ। 280 ਗਿਰਾ ਦਿਤੀਆਂ ਗਈਆਂ, 35 ਕੇਸਿਜ਼ ਵਿੱਚ ਲੋਕੀਂ ਕੋਰਟ ਵਿਚੋਂ ਸਟੇਅ ਲੈ ਗਏ ਔਰ 215 ਕੇਸਿਜ਼ ਪੈਂਡਿੰਗ ਹਨ ਕਿਉਂਕਿ ਉਨ੍ਹਾਂ ਨੇ ਕੋਈ ਲੈਂਡ ਯੂਜ਼ ਦੀ ਵਾਇਓਲੇਸ਼ਨ ਦੇ ਸਿਲਸਿਲੇ ਵਿੱਚ ਕੋਈ ਵਾਇਲੇਸ਼ਨ ਕੀਤੀ

ਸੀ। 840 ਕੇਸਿਜ਼ ਜਿਹੜੇ ਹਨ, ਉਹ ਜਿਹੜੇ ਮਾਈਗਰੈਂਟਸ ਆ ਗਏ ਸਨ ਉਨ੍ਹਾਂ ਨੇ ਇਹੋ ਜਿਹੇ ਨਾਜ਼ੁਕ ਹਾਲਾਤ ਵਿਚ ਮਕਾਨ ਬਣਾ ਲਏ ਸਨ, 173 ਕੇਸਿਜ਼ ਪੈਂਡਿੰਗ ਹਨ। ਅਸੀਂ ਪੂਰੀ ਸਖ਼ਤੀ ਨਾਲ ਜਿਹੜਾ ਐਕਟ ਹੈ ਉਸ ਦੀਆਂ ਧਾਰਾਵਾਂ ਨੂੰ ਲਾਗੂ ਕਰਨ ਦਾ ਨਿਸ਼ਚੇ ਕੀਤਾ ਹੋਇਆ ਹੈ। ਪੰਜਾਬ ਸਰਕਾਰ ਚਾਹੁੰਦੀ ਹੈ ਕਿ ਕੋਈ ਵੀ ਅਨਆਥੋਰਾਈਜ਼ਡ ਕੰਨਸਟਰਕਸ਼ਨ ਨਾ ਹੋਵੇ। ਅਸੀਂ ਤਿੰਨ ਸਟੈਪਸ ਲੈਣਾ ਚਾਹੁੰਦੇ ਹਾਂ। ਇਕ ਕੰਨਸਰਡ ਆਫੀਸਰ ਦੇ ਖਿਲਾਫ਼ ਜਿਸ ਦੀ ਦੇਖਰੇਖ ਵਿਚ ਅਗਰ ਕੋਈ ਅਨਆਥੋਰਾਈਜ਼ਡ ਕਨਸਟਰੱਕਸ਼ਨ ਕਰਦਾ ਹੈ, ਦੂਸਰੇ ਜਿਹੜੇ ਬੇਲੇਬਲ ਓਫੈਨਸਿਜ਼ ਹਨ ਉਨ੍ਹਾਂ ਨੂੰ ਨਾਨ-ਬੇਲੇਬਲ ਕਰਨਾ ਚਾਹੁੰਦੇ ਹਾਂ, ਤੀਸਰੇ, ਮੈਜਿਸਟਰੇਟ ਲਾਉਣਾ ਚਾਹੁੰਦੇ ਹਾਂ ਤਾਂ ਕਿ ਸਪੀਡੀ ਐਕਸ਼ਨ ਹੋ ਸਕੇ।

ਸ੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਮੰਤਰੀ ਜੀ ਨੇ ਦਸਿਆ ਹੈ ਕਿ 1400 ਤੋਂ ਵੱਧ ਕੇਸਿਜ਼ ਰੈਗੂਲਰਾਈਜ਼ਡ ਕਰ ਦਿਤੇ ਹਨ ਅਤੇ 268 ਤੋਂ ਵੱਧ ਗਿਰਾ ਦਿਤੇ ਹਨ। ਜਿਹੜੇ 1400 ਕੇਸਿਜ਼ ਤੋਂ ਵਧ ਰੈਗੂਲਰਾਈਜ਼ ਕੀਤੇ ਹਨ ਉਹ ਬੜੇ ਇਨਫਲੂਐਂਸ਼ਲ ਲੋਕ ਹਨ ਔਰ ਉਨ੍ਹਾਂ ਨੇ ਬੜੀਆਂ ਕਾਸਟਲ ਬਿਲਡਿੰਗਜ਼ ਬਣਾਈਆ ਹੋਈਆਂ ਹਨ, ਉਨ੍ਹਾਂ ਕੋਲੋਂ ਥੋੜੇ ਪੈਸੇ ਲੈ ਕੇ ਉਨ੍ਹਾਂ ਦੀਆਂ ਅਨਆਥੋਰਾਈਜ਼ਡ ਕਨਸਟਰਕਸ਼ਨਜ਼ ਰੈਗੂਲਰਾਈਜ਼ਡ ਕਰ ਦਿਤੀਆਂ ਔਰ ਜਿਹੜੇ ਗਰੀਬ ਲੋਕ ਹਨ ਉਨ੍ਹਾਂ ਦੀਆਂ ਢਾਹ ਦਿਤੀਆਂ ਮੈਂ ਅਸ਼ੋਰੈਂਸ ਚਾਹੁੰਦਾ ਹਾਂ ਕਿ ਕੀ ਇਸ ਗੱਲ ਦੀ ਪੜਤਾਲ ਕਰਾਈ ਜਾਵੇਗੀ ਅਤੇ ਇਸ ਤਰ੍ਹਾਂ ਨਹੀਂ ਹੋਣ ਦਿਤਾ ਜਾਏਗਾ ?

Mr. Speaker : This is not a specific question. You are talking in general terms. You can give a separate question on this account and he will answer it.

Shri Madan Mohan Mittal : Sir, I only want an assurance......

Mr. Speaker : I don't allow.

Shri Madan Mohan Mittal ; Sir, I only want; the Minister has only to see that no wrong person has gone scot free.

Mr. Speaker : No, No, I do not allow.

Starred Question No. 791

Next Question No. 791 is of Comrade Surjan Singh Joga. He is not present in the House and there is no authorisation from his side also.

(This question was not put as the hon'ble Member concerned was not present in the House)

Mr. Speaker : Next question.

ਰਾਜ ਵਿਚ ਬਿਜਲੀ ਦੀਆਂ ਵਸਤਾਂ ਦੇ ਉਤਪਾਦਨ ਤੇ ਟੈਕਸ

*846. ਸ੍ਰੀ ਫਕੀਰ ਚੰਦ : ਕੀ ਆਬਕਾਰੀ ਅਤੇ ਕਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਰਾਜ ਵਿਚ ਵਧੇਰੇ ਸਾਧਨ ਜੁਟਾਉਣ ਲਈ ਬਿਜਲੀ ਦੀਆਂ ਚੀਜ਼ਾਂ ਜਿਵੇਂ ਪੱਖੇ, ਕਪੜੇ ਧੋਣ ਦੀਆਂ ਮਸ਼ੀਨਾਂ, ਕੂਲਰਾਂ ਆਦਿ ਦੇ ਉਤਪਾਦਨ ਦੇ ਮੁੱਢ ਤੇ ਹੀ ਵਿਕਰੀ ਟੈਕਸ ਲਗਾਉਣ ਲਈ ਕੋਈ ਨੀਤੀ ਅਪਨਾਉਣ ਦਾ ਵਿਚਾਰ ਰੱਖਦੀ ਹੈ, ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕਦੋਂ ਤਕ ਲਾਗੂ ਕੀਤੇ ਜਾਣ ਦੀ ਸੰਭਾਵਨਾ ਹੈ ?

Sardar Shamsher Singh Dullo : Levy of Sales Tax on Electric items at the first stage of sale is under consideration of the Government. A decision in this regard is likely to be taken shortly.

ਸ੍ਰੀ ਫਕੀਰ ਚੰਦ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦ ਹਾਂ ਕਿ ਇਸ ਵੇਲੇ ਫੈਨਜ਼, ਕੂਲਰਜ਼ ਅਤੇ ਬਾਕੀ ਇਲੈਕਟ੍ਰਾਨਿਕਸ ਗੁਡਜ਼ ਦਾ ਸੀਜ਼ਨ ਆ ਗਿਆ ਹੈ। ਕੀ ਇਹ ਇਸ ਤੇ ਜਲਦੀ ਕੋਈ ਐਕਸ਼ਨ ਲੈਣਗੇ ਤਾਂ ਕਿ ਸਾਡੀ ਸਟੇਟ ਨੂੰ ਫ਼ਾਇਦਾ ਹੋ ਸਕੇ ਅਤੇ ਵੱਧ ਰੈਵਿਨਿਊ ਆਵੇ ?

ਮੰਤਰੀ : ਸਪੀਕਰ ਸਾਹਿਬ, 66 ਆਈਟਮਜ਼ ਤੇ ਤਾਂ ਪਹਿਲਾਂ ਹੀ ਸੇਲਜ਼ ਟੈਕਸ ਫ਼ਸਟ ਸਟੇਜ ਤੇ ਲੱਗਾ ਹੋਇਆ ਹੈ, ਬਾਕੀਆਂ ਬਾਰੇ ਸਰਕਾਰ ਜਲਦੀ ਫ਼ੈਸਲਾ ਕਰ ਰਹੀ ਹੈ। ਜੋ ਮੈਂਬਰ ਸਾਹਿਬ ਨੇ ਕਿਹਾ ਹੈ ਉਸ ਬਾਰੇ ਜਲਦੀ ਫ਼ੈਸਲਾ ਕਰਕੇ ਜਲਦੀ ਹੀ ਲਾਗੂ ਕਰਾਂਗੇ।

ਸ੍ਰੀ ਗੁਰੂ ਤੇਗ ਬਹਾਦਰ ਹਸਪਤਾਲ, ਅੰਮ੍ਰਿਤਸਰ ਦੇ ਆਰਥੋਪੈਡਿਕ ਵਾਰਡਾਂ ਵਿਚ ਇੰਡੋਰ ਮਰੀਜ਼ਾਂ ਦੀ ਸਮਰਥਾ

*863. **ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਇੰਡੋਰ ਮਰੀਜ਼ਾਂ ਨੂੰ ਰੱਖਣ ਲਈ ਸ੍ਰੀ ਗੁਰੂ ਤੇਗ ਬਾਹਦਰ ਹਸਪਤਾਲ, ਅੰਮ੍ਰਿਤਸਰ ਦੇ ਆਰਥੋਪੈਡਿਕ ਵਾਰਡਾਂ ਦੀ ਇਸ ਸਮੇਂ ਕਿੰਨੀ ਸਮਰੱਥਾ ਹੈ;

(ਅ) ਸਾਲ 1992–93 ਦੇ ਕਿਹੜੇ ਮਹੀਨੇ ਵਿਚ ਉਕਤ ਵਾਰਡਾਂ ਵਿਚ ਵੱਧ ਤੋਂ ਵੱਧ ਮਰੀਜ਼ ਦਾਖਲ ਹੋਏ ?

Sardar Lal Singh : (a) The sanctioned strength of Orthopaedic Wards of Sri Guru Teg Bahadur Hospital, Amritsar is 75 beds.

(b) Till now, the maximum number of 471 patients were admitted in month of July, 1992, during the year 1992-93.

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਮੇਰਾ ਸਪਲੀਮੈਂਟਰੀ ਇਹ ਹੈ ਕਿ ਸਦਨ ਦੇ ਸਾਹਮਣੇ ਜਦੋਂ ਇਹ ਆ ਗਿਆ ਕਿ 75 ਮਰੀਜ਼ਾਂ ਦੀ ਜਗ੍ਹਾ ਤੇ 471 ਮਰੀਜ਼ ਰਖੇ ਗਏ, ਮੈਂ ਆਪ ਜੀ ਦੇ ਦੁਆਰਾ ਸਵਾਸਥ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦੀ ਹਾਂ ਕਿ ਇਹ ਕਿਸ ਤਰ੍ਹਾਂ ਸੰਭਵ ਹੋ ਗਿਆ ਕਿ 75 ਮਰੀਜ਼ਾਂ ਦੀ ਥਾਂ 471 ਰਖੇ ਗਏ ਔਰ ਕੀ ਇਨ੍ਹਾਂ ਵਾਸਤੇ ਡਾਕਟਰਜ਼ ਔਰ ਨਰਸਾਂ ਹੋਰ ਰੱਖੀਆਂ ਗਈਆਂ ਸਨ ?

ਮੰਤਰੀ : ਸਪੀਕਰ ਸਾਹਿਬ, ਇਹ ਗਿਣਤੀ ਸਾਰੇ ਮਹੀਨੇ ਦੀ ਦਸੀ ਹੈ। 471 ਮਰੀਜ਼ਾਂ ਦਾ ਇਲਾਜ ਮਾਂਹ ਜੁਲਾਈ ਵਿਚ ਕੀਤਾ ਗਿਆ। ਐਵਰੇਜ ਜਿਹੜੀ ਦਾਖਲੇ ਦੀ ਹੈ ਉਹ 90 ਤੋਂ 130 ਦੇ ਦਰਮਿਆਨ ਹੈ। ਜਿੱਥੋਂ ਤਕ ਡਾਕਟਰਾਂ ਅਤੇ ਨਰਸਾਂ ਦਾ ਸਵਾਲ ਹੈ, ਸਪੀਕਰ ਸਾਹਿਬ, ਇਨ੍ਹਾਂ ਨੂੰ ਤਾਂ ਸ਼ਾਬਾਸ਼ ਦੇਣੀ

ਚਾਹੀਦੀ ਹੈ ਉਨ੍ਹਾਂ ਡਾਕਟਰਾਂ ਅਤੇ ਨਰਸਾਂ ਨੂੰ ਜਿਹੜੇ ਕਿ ਆਪਣੀ ਸਮਰੱਥਾ ਤੋਂ ਵੱਧ ਲੋਕਾਂ ਦੀ ਸੇਵਾ ਕਰਦੇ ਹਨ। ਜਿੱਥੋਂ ਤਕ ਬੈਡਜ਼ ਦਾ ਸਵਾਲ ਹੈ, ਐਕਸਟਰਾ ਬੈਡਜ਼ ਦਾ ਪ੍ਰਬੰਧ ਕੀਤਾ ਹੋਇਆ ਹੈ।

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਮੇਰਾ ਇਕ ਹੋਰ ਸਪਲੀਮੈਂਟਰੀ ਹੈ ਜੀ। ਸਪੀਕਰ ਸਾਹਿਬ, ਵਜ਼ੀਰਾਂ ਨੂੰ ਇਹ ਤਾਂ ਕਹਿ ਦਿਓ ਕਿ ਕਮ-ਸੇ-ਕਮ ਉਹ ਸਦਨ ਵਿਚ ਗਲਤ ਗੱਲ ਤਾਂ ਨਾ ਕਿਹਾ ਕਰਨ। ਉਥੇ ਬਿਸਤਰਿਆਂ ਦਾ ਪ੍ਰਬੰਧ ਸਰਕਾਰ ਵਲੋਂ ਨਹੀਂ ਹੈ। ਪੰਜ ਰੁਪਏ ਰੋਜ਼ ਮੰਜੀ ਦੇ ਔਰ ਪੰਜ ਰੁਪਏ ਰਜਾਈ ਦੇ ਪ੍ਰਾਈਵੇਟ ਤੌਰ ਤੇ ਲਏ ਜਾਂਦੇ ਹਨ। ਸਪੀਕਰ ਸਾਹਿਬ, ਕਿਉਂਕਿ ਅੰਮ੍ਰਿਤਸਰ ਹਸਪਤਾਲ ਵਿਚ ਹੱਡੀਆਂ ਦੇ ਮਰੀਜ਼ਾਂ ਦੀ ਸੰਖਿਆ ਜ਼ਿਆਦਾ ਹੈ, ਦੂਸਰਿਆਂ ਮਰੀਜ਼ਾਂ ਦੇ ਮੁਕਾਬਲੇ ਹੱਡੀਆਂ ਵਾਲਾ ਮਰੀਜ਼ ਜ਼ਿਆਦਾ ਦੇਰ ਹਸਪਤਾਲ ਵਿਚ ਰਹਿੰਦਾ ਹੈ, ਇਸ ਲਈ ਕੀ ਮੰਤਰੀ ਮਹੋਦਿਯਾ ਉਥੇ ਆਰਥੋਪੈਡ ਦਾ ਹੋਰ ਯੂਨਿਟ ਵਧਾਉਣ ਲਈ ਸੋਚ ਸਕਦੇ ਹਨ ?

ਮੰਤਰੀ : ਸਪੀਕਰ ਸਾਹਿਬ, ਸ੍ਰੀ ਗੁਰੂ ਤੇਗ ਬਹਾਦਰ ਹਸਪਤਾਲ ਵਿਚ 951 ਬਿਸਤਰਿਆਂ ਦਾ ਮਨਜ਼ੂਰ ਸ਼ੁਦਾ ਹਸਪਤਾਲ ਹੈ ਔਰ ਉਥੇ 1500 ਤੋਂ 1600 ਤਕ ਬਿਸਤਰਿਆਂ ਦਾ ਇੰਤਜ਼ਾਮ ਹੈ। 951 ਤੋਂ ਵਧ ਜੋ ਮਰੀਜ਼ ਆਉਂਦੇ ਹਨ ਉਨ੍ਹਾਂ ਨੂੰ ਵੀ ਪੂਰੀ ਸੁਵਿਧਾ ਦਿੱਤੀ ਜਾਂਦੀ ਹੈ। ਜਿੱਥੋਂ ਤਕ ਵਾਰਡ ਵਧਾਉਣ ਦਾ ਸਵਾਲ ਹੈ, ਮੈਂ ਪਹਿਲਾਂ ਵੀ ਸਦਨ ਵਿਚ ਕਹਿ ਚੁਕਾ ਹਾਂ ਕਿ ਉਥੇ 100 ਬਿਸਤਰਿਆਂ ਦਾ ਹਸਪਤਾਲ ਸ਼ੁਰੂ ਕੀਤਾ ਗਿਆ ਹੈ, 100 ਬਿਸਤਰਿਆਂ ਦਾ ਟੀ.ਬੀ. ਹਸਪਤਾਲ ਚਲ ਰਿਹਾ ਹੈ।

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਮੇਰਾ ਸਵਾਲ ਤਾਂ ਆਰਥੋਪੈਡ ਵਾਰਡ ਦੇ ਬਾਰੇ ਹੈ ਜੀ।

ਸ੍ਰੀ ਸਪੀਕਰ : ਸਰਦਾਰ ਲਾਲ ਸਿੰਘ ਜੀ, ਤੁਸਾਂ ਇਨਡੋਰ ਪੇਸ਼ੈਂਟਸ ਬਾਰੇ ਦੱਸਿਆ ਹੈ, ਟੋਟਲ ਕਪੈਸਿਟੀ ਦੱਸੀ ਹੈ ਪਰ ਆਰਥੋਪੈਡ ਵਾਰਡ ਬਾਰੇ ਨਹੀਂ ਦੱਸਿਆ।

ਮੰਤਰੀ : ਸਪੀਕਰ ਸਾਹਿਬ, ਜਿੱਥੋਂ ਤਕ ਆਰਥੋਪੈਡ ਦਾ ਸਵਾਲ ਹੈ ਉਥੇ 75 ਬਿਸਤਰਿਆਂ ਦਾ ਪ੍ਰਬੰਧ ਹੈ ਔਰ ਜਿੱਥੋਂ ਤਕ ਹੋਰ ਫੈਸਿਲਿਟੀਜ਼ ਦਾ ਸਵਾਲ ਹੈ, ਉਹ ਤਾਂ ਸਾਰਿਆਂ ਤਰ੍ਹਾਂ ਦੇ ਪੇਸ਼ੈਂਟਸ ਦੀ ਸਮੱਸਿਆ ਹੈ ਔਰ ਸਾਰਿਆ ਵਾਰਡਾਂ ਵਾਸਤੇ ਐਕਸਟਰਾ ਬੈੱਡਜ਼ ਦਾ ਪ੍ਰਬੰਧ ਕੀਤਾ ਹੋਇਆ ਹੈ। ਵੈਸੇ ਅਜੇ ਹੱਡੀਆਂ ਦੇ ਪੇਸ਼ੈਂਟਸ ਲਈ ਵਾਰਡ ਵਧਾਉਣ ਦੀ ਕੋਈ ਤਜ਼ਵੀਜ਼ ਨਹੀਂ ਹੈ।

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਸਪੀਕਰ ਸਾਹਿਬ, ਆਰਥੋਪੈਡ ਦਾ ਮਰੀਜ਼ ਜੋ ਬਿਮਾਰੀ ਤੋਂ ਗ੍ਰਿਹਸਤ ਹੁੰਦਾ ਹੈ, ਮੈਂ ਇਹ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਉਹ ਮਰੀਜ਼ ਹਸਪਤਾਲ ਵਿਚ ਦਾਖਲ ਹੁੰਦਾ ਹੈ ਤਾਂ ਉਸ ਨੂੰ ਠੀਕ ਹੁੰਦਿਆਂ ਕਿਤਨੀ ਦੇਰ ਲਗਦੀ ਹੈ ? ਦੂਸਰਾ ਮੇਰਾ ਸਪਲੀਮੈਂਟਰੀ ਹੈ ਕਿ ....

ਸ੍ਰੀ ਸਪੀਕਰ : ਨਹੀਂ, ਸਾਥੀ ਜੀ, ਇਹ ਸਪਲੀਮੈਂਟਰੀ ਮੈਂ ਅਲਾਓ ਨਹੀਂ ਕਰਦਾ।

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਸਪੀਕਰ ਸਾਹਿਬ, ਜੋ ਮੇਰੀ ਜਾਣਕਾਰੀ ਹੈ ਉਹ ਮੈਂ ਦੱਸਦਾ ਹਾਂ.........

ਸ੍ਰੀ ਸਪੀਕਰ : ਨਹੀਂ, ਤੁਹਾਡੀ ਜਾਣਕਾਰੀ ਠੀਕ ਨਹੀਂ ਹੈ। ਤੁਹਾਡਾ ਪਹਿਲਾ ਸਪਲੀਮੈਂਟਰੀ ਮੈਂ ਡਿਸਅਲਾਓ ਕੀਤਾ ਹੈ, ਦੂਸਰਾ ਪੁੱਛਣਾ ਹੈ ਤਾਂ ਪੁੱਛੋ।

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਸਪੀਕਰ ਸਾਹਿਬ, ਮੇਰੇ ਦੂਸਰੇ ਸਪਲੀਮੈਂਟਰੀ ਦੇ ਜਵਾਬ ਵਿਚ ਇਹ ਦਸ ਦੇਣ, ਇਨ੍ਹਾਂ ਨੇ ਕਿਹਾ ਹੈ ਕਿ ਡਾਕਟਰ ਔਰ ਨਰਸਾਂ ਬੜੀ ਮਿਹਨਤ ਨਾਲ ਕੰਮ ਕਰਦੇ ਹਨ, ਮਰੀਜ਼ਾਂ ਨੂੰ ਵੇਖਦੇ ਹਨ, ਜੇਕਰ ਸਰਕਾਰ ਇਸ ਗੱਲ ਦੀ ਸ਼ਲਾਘਾ ਕਰਦੀ ਹੈ ਤਾਂ ਕਿਆ ਉਨ੍ਹਾਂ ਦੇ ਵਾਸਤੇ ਕੋਈ ਫੰਡਜ਼, ਕੋਈ ਹੋਰ ਸਹੂਲਤ ਦੇਣ ਬਾਰੇ ਕੁਝ ਕੀਤਾ ਹੈ ?

ਮੰਤਰੀ : ਸਪੀਕਰ ਸਾਹਿਬ, ਉਨ੍ਹਾਂ ਨੇ ਐਸੀ ਡਿਮਾਂਡ ਨਹੀਂ ਕੀਤੀ, ਜੇਕਰ ਡਿਮਾਂਡ ਕਰਨਗੇ ਤਾਂ ਵਿਚਾਰ ਕਰ ਲਵਾਂਗੇ ।

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਸਪੀਕਰ ਸਾਹਿਬ, ਉਨ੍ਹਾਂ ਨੇ ਸਟਰਾਈਕ ਕੀਤੀ ਹੋਈ ਹੈ......

ਮੰਤਰੀ : ਸਪੀਕਰ ਸਾਹਿਬ, ਉਨ੍ਹਾਂ ਦੀ ਸਟਰਾਈਕ ਨਹੀਂ ਹੈ ਜੀ ।

ਸ੍ਰੀਮਤੀ ਵਿਮਲਾ ਡਾਂਗ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਮਹੋਦਯ ਨੂੰ ਪੁੱਛਣਾ ਚਾਹਵਾਂਗੀ ਕਿ ਅਸੀਂ ਵੀ ਸਰਕਾਰ ਨੂੰ ਇਕ ਮੈਮੋਰੈਂਡਮ ਦਿੱਤਾ ਹੋਇਆ ਹੈ ਕਿ ਉਥੇ ਅੰਮ੍ਰਿਤਸਰ ਹਸਪਤਾਲ ਵਿਚ ਆਰਥੋਪੈਡਕ ਦਾ ਵਾਰਡ ਇਕ ਹੋਰ ਬਣਾਉਣਾ ਚਾਹੀਦਾ ਹੈ । ਇਹ ਗੱਲ ਨਹੀਂ ਹੈ ਕਿ ਮਰੀਜ਼ਾਂ ਦਾ ਖਿਆਲ ਨਹੀਂ ਕਰਦੇ । ਉਥੇ ਸਿਕਿਉਰਿਟੀ ਦੇ ਬੰਦੇ, ਔਰਤਾਂ, ਬੱਚੇ ਜਿਨ੍ਹਾਂ ਦੀਆਂ ਹੱਡੀਆਂ ਟੁੱਟੀਆਂ ਹੋਈਆਂ ਹੁੰਦੀਆਂ ਹਨ ਉਹ ਆਉਂਦੇ ਹਨ ਔਰ ਜ਼ਮੀਨ ਉਤੇ ਹੀ ਲੇਟੇ ਰਹਿੰਦੇ ਹਨ ਔਰ ਇਸ ਤਰ੍ਹਾਂ ਪ੍ਰਾਪਰਲੀ ਇਲਾਜ ਨਹੀਂ ਹੁੰਦਾ । ਇਸ ਲਈ ਅਸੀਂ ਮੰਗ ਕੀਤੀ ਹੋਈ ਹੈ ਕਿ ਉਥੇ ਇਕ ਹੋਰ ਆਰਥੋਪੈਡਕ ਵਾਰਡ ਸਥਾਪਤ ਕੀਤਾ ਜਾਵੇ । ਇਸ ਬਾਰੇ ਵਜ਼ੀਰ ਸਾਹਿਬ ਦੱਸਣ ।

ਮੰਤਰੀ : ਸਪੀਕਰ ਸਾਹਿਬ, ਸੁਝਾਓ ਚੰਗਾ ਹੈ, ਹਮਦਰਦੀ ਨਾਲ, ਗੰਭੀਰਤਾ ਨਾਲ ਵਿਚਾਰ ਕਰਾਂਗੇ ।

ਤਹਿਸੀਲ ਗੜ੍ਹਸ਼ੰਕਰ ਵਿਚ ਮੁੱਢਲੇ ਸਿਹਤ ਕੇਂਦਰਾਂ ਵਿਚ ਖਾਲੀ ਆਸਾਮੀਆਂ ਨੂੰ ਭਰਨਾ

*874. **ਸਰਦਾਰ ਅਵਤਾਰ ਸਿੰਘ ਕਰੀਮਪੁਰੀ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਤਹਿਸੀਲ ਗੜ੍ਹਸ਼ੰਕਰ ਜਿਲ੍ਹਾ ਹੁਸ਼ਿਆਰਪੁਰ ਵਿਚ ਇਸ ਵੇਲੇ ਮੁੱਢਲੇ ਸਿਹਤ ਕੇਂਦਰਾਂ ਦੀ ਕੁੱਲ ਗਿਣਤੀ ਕਿੰਨੀ ਹੈ:

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਮੁਢਲੇ ਸਿਹਤ ਕੇਂਦਰਾਂ ਵਿਚ ਕੰਮ ਕਰਦੇ ਅਮਲੇ ਦੇ ਵੇਰਵੇ ਕੀ ਹਨ ਅਤੇ ਉਨ੍ਹਾਂ ਵਿਚ ਖਾਲੀ ਪਈਆਂ ਆਸਾਮੀਆਂ ਦੇ ਵੇਰਵੇ ਕੀ ਹਨ ਅਤੇ ਉਕਤ ਖਾਲੀ ਆਸਾਮੀਆਂ ਦੇ ਕਦੋਂ ਤੱਕ ਭਰੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਲਾਲ ਸਿੰਘ : (ੳ) ਤਹਿਸੀਲ ਗੜ੍ਹਸ਼ੰਕਰ, ਜਿਲ੍ਹਾ ਹੁਸ਼ਿਆਰਪੁਰ, ਵਿਖੇ ਇਸ ਵੇਲੇ 2 ਮੁੱਢਲੇ ਸਿਹਤ ਕੇਂਦਰ ਹਨ (1) ਮੁੱਢਲਾ ਸਿਹਤ ਕੇਂਦਰ, ਪੋਸੀ ਅਤੇ (2) ਮੁੱਢਲਾ ਸਿਹਤ ਕੇਂਦਰ, ਪਾਲਦੀ ;

(ਅ) ਉਪ੍ਰੋਕਤ ਭਾਗ (ੳ) ਵਿਚ ਵਰਣਿਤ ਮੁੱਢਲੇ ਸਿਹਤ ਕੇਂਦਰਾਂ ਵਿਚ ਕੰਮ ਕਰਦੇ ਅਮਲੇ ਦੇ ਵੇਰਵੇ ਅਤੇ ਉਨ੍ਹਾਂ ਵਿਚ ਖਾਲੀ ਪਈਆਂ ਆਸਾਮੀਆਂ ਦੇ ਵੇਰਵੇ, ਨੱਥੀ ਕੀਤੇ ਅਨੁਸਾਰ, ਸਦਨ ਦੀ ਮੇਜ਼ ਤੇ ਰੱਖੇ ਜਾਂਦੇ ਹਨ। ਖਾਲੀ ਆਸਾਮੀਆਂ ਨੂੰ, ਜਿੰਨਾ ਛੇਤੀ ਸੰਭਵ ਹੋ ਸਕਿਆ, ਭਰ ਲਿਆ ਜਾਵੇਗਾ।

ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ਮੁਢਲਾ ਸਿਹਤ ਕੇਂਦਰ, ਪੋਸੀ ਅਤੇ ਮੁਢਲਾ ਸਿਹਤ ਕੇਂਦਰ, ਪਾਲਦੀ ਵਿਚ ਕੰਮ ਕਰਦੇ ਅਮਲੇ ਦਾ ਵੇਰਵਾ ਅਤੇ ਖਾਲੀ ਪਈਆਂ ਅਸਾਮੀਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :—

ਲੜੀ ਨੰ:	ਆਸਾਮੀ ਦਾ ਨਾਂ		ਕੰਮ ਕਰ ਰਹੇ ਅਮਲੇ ਦੀ ਗਿਣਤੀ	ਖਾਲੀ ਆਸਾਮੀਆਂ ਦੀ ਗਿਣਤੀ
(1) ਮੁਢਲਾ ਸਿਹਤ ਕੇਂਦਰ, ਪੋਸੀ:—				
1	ਸੀਨੀਅਰ ਮੈਡੀਕਲ ਅਫ਼ਸਰ	...	1	...
2	ਮੈਡੀਕਲ ਅਫ਼ਸਰ	...	15	...
3	ਡੈਂਟਲ ਡਾਕਟਰ	...	...	1
4	ਡਰਾਈਵਰ	...	1	...
5	ਫਾਰਮਾਸਿਸਟ	...	19	3
6	ਏ.ਐਨ.ਐਮ.	...	32	...
7	ਐਲ.ਐਚ.ਵੀ.	...	5	...
8	ਅਪਥਾਲਮਿਕ ਸਹਾਇਕ	..	...	1
9	ਕੰਪਿਊਟਰ	...	1	...
10	ਕਲਰਕ	...	1	...
11	ਸਟੈਨੋਟਾਈਪਿਸਟ	...	1	...
12	ਸਹਾਇਕ-ਕਮ-ਲੇਖਾਕਾਰ	...	1	...
13	ਬੀ.ਈ.ਈ. (ਬਲਾਕ ਐਕਸਟੈਨਸ਼ਨ ਐਜੂਕੇਟਰ)		1	...

[ਸਿਹਤ ਅਤੇ ਪਰਿਵਾਰ ਭਲਾਈ ਮੰਤਰੀ]

ਲੜੀ ਨੰ:	ਆਸਾਮੀ ਦਾ ਨਾਂ		ਕੰਮ ਕਰ ਰਹੇ ਅਮਲੇ ਦੀ ਗਿਣਤੀ	ਖਾਲੀ ਆਸਾਮੀਆਂ ਦੀ ਗਿਣਤੀ
14	ਦਰਜਾ-4	...	58	...
15	ਐਮ.ਪੀ. ਡਬਲਯੂ (ਮੇਲ)	...	30	2
16	ਐਮ.ਪੀ.ਐਸ. (ਮੇਲ)	...	5	...
17	ਸਟਾਫ ਨਰਸਾਂ	...	7	5
18	ਨਰਸਿੰਗ ਸਿਸਟਰ	...	2	...
19	ਐਲ.ਟੀ.	...	1	...
20	ਐਲ.ਏ. (ਮਲੇਰੀਆ)	...	3	1
21	ਐਲ.ਏ. (ਮੈਡੀਕਲ)	...	2	1
(2)	ਮੁਢਲਾ ਸਿਹਤ ਕੇਂਦਰ, ਪਾਲਦੀ:—			
1	ਸੀਨੀਅਰ ਮੈਡੀਕਲ ਅਫਸਰ	...	1	...
2	ਮੈਡੀਕਲ ਅਫ਼ਸਰ	...	15	6
3	ਡੈਂਟਲ ਡਾਕਟਰ	...	2	...
4	ਡਰਾਈਵਰ	...	1	...
5	ਸਟਾਫ ਨਰਸਾਂ	...	6	2
6	ਫਾਰਮਾਸਿਸਟ	...	18	3
7	ਏ.ਐਨ.ਐਮ.	...	31	...
8	ਐਲ.ਐਚ.ਵੀ.	...	7	...
9	ਦਰਜਾ-4	...	63	...
10	ਅਪਥਾਲਮਿਕ ਸਹਾਇਕ	...	2	...

ਲੜੀ ਨੰ:	ਆਸਾਮੀ ਦਾ ਨਾਂ		ਕੰਮ ਕਰ ਰਹੇ ਅਮਲੇ ਦੀ ਗਿਣਤੀ	ਖਾਲੀ ਆਸਾਮੀਆਂ ਦੀ ਗਿਣਤੀ
11	ਕੰਪਿਊਟਰ	...	2	...
12	ਕਲਰਕ	...	1	...
13	ਸਟੈਨੋਟਾਈਪਿਸਟ	...	1	...
14	ਸਹਾਇਕ-ਕਮ-ਲੇਖਾਕਾਰ	...	1	...
15	ਰੇਡੀਓਗਰਾਫਰ	...	...	1
16	ਬੀ.ਈ.ਈ.	...	2	...
17	ਐਮ.ਪੀ.ਡਬਲਯੂ. (ਮੇਲ)	...	24	2
18	ਐਮ.ਪੀ.ਐਸ. (ਮੇਲ)	...	5	...
19	ਐਲ.ਟੀ.	...	...	1
20	ਐਲ.ਏ. (ਮਲੇਰੀਆ)	...	2	2
21	ਐਲ.ਏ. (ਮੈਡੀਕਲ)	...	2	2
22	ਜੂਨੀਅਰ ਅਪਰੇਸ਼ਨ ਥੀਏਟਰ ਸਹਾਇਕ	...	1	..

ਸਰਦਾਰ ਅਵਤਾਰ ਸਿੰਘ ਕਰੀਮਪੁਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਅਸਾਮੀਆਂ ਜਿਹੜੀਆਂ ਖਾਲੀ ਪਈਆਂ ਹਨ ਕਿੰਨੇ ਸਮੇਂ ਵਿਚ ਭਰ ਲਈਆਂ ਜਾਣਗੀਆਂ, ਕੋਈ ਟਾਈਮ ਬਾਊਂਡ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਇਹ ਜਿਹੜੇ ਦੋਨੋਂ ਪ੍ਰਾਇਮਰੀ ਹੈਲਥ ਸੈਂਟਰਜ਼ ਹਨ ਇਨ੍ਹਾਂ ਵਿਚ 404 ਅਸਾਮੀਆਂ ਮਨਜ਼ੂਰ ਹੋਈਆਂ ਸਨ ਔਰ ਉਨ੍ਹਾਂ ਵਿਚੋਂ ਇਸ ਵੇਲੇ 33 ਖਾਲੀ ਪਈਆਂ ਹਨ। ਇਨ੍ਹਾਂ ਨੂੰ ਛੇਤੀ ਹੀ ਭਰਨ ਦਾ ਪ੍ਰਬੰਧ ਕੀਤਾ ਜਾਵੇਗਾ।

ਸਰਦਾਰ ਅਵਤਾਰ ਸਿੰਘ ਕਰੀਮਪੁਰੀ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਦਸਿਆ ਹੈ ਕਿ 404 ਪੋਸਟਾਂ ਵਿਚੋਂ ਸਿਰਫ 33 ਪੋਸਟਾਂ ਖਾਲੀ ਪਈਆਂ ਹਨ। ਇਹ ਘੱਟ ਨਹੀਂ ਹਨ, ਕੋਈ ਲਗਭਗ 8 ਪ੍ਰਤੀਸ਼ਤ ਐਵਰਜ ਬਣਦੀ ਹੈ।

[ਸਰਦਾਰ ਅਵਤਾਰ ਸਿੰਘ ਕਰੀਮਪੁਰੀ]

ਦੂਜਾ ਸਵਾਲ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜੂਨੀਅਰ ਓਪਰੇਸ਼ਨ ਥੀਏਟਰ ਸਹਾਇਕ ਦੀ ਪੋਸਟ ਮੁਦਲਾ ਸਹਾਇਕ ਕੇਂਦਰ, ਪੋਸੀ ਵਿਖੇ ਨਹੀਂ ਹੈ ਕੀ ਇਹ ਪੋਸਟ ਵੀ ਕਰੀਏਟ ਕਰਕੇ ਭਰਨ ਦਾ ਭਰੋਸਾ ਦਿਵਾਉਣਗੇ ?

ਮੰਤਰੀ : ਸਪੀਕਰ ਸਹਿਬ, ਜਿੰਨੀਆਂ ਵੀ ਪੋਸਟਾਂ ਖਾਲੀ ਪਈਆਂ ਹਨ ਉਨ੍ਹਾਂ ਵਾਸਤੇ ਐਡਵਰ-ਟਾਈਜ਼ਮੈਂਟ ਕੀਤੀ ਹੈ ਔਰ ਇੰਟਰਵਿਊ ਕੀਤੀਆਂ ਜਾ ਰਹੀਆਂ ਹਨ, ਜਲਦੀ ਹੀ ਭਰ ਲਈਆਂ ਜਾਣਗੀਆਂ।

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੇ ਸਮੇਂ ਵਿਚ ਪੰਜਾਬ ਦੇ ਵਿਚ ਮਾੜੇ ਹਾਲਾਤ ਹੋਣ ਕਾਰਣ ਕੁਝ ਡਾਕਟਰ ਅਤੇ ਹੋਰ ਲੋਕ ਵੀ ਇਥੋਂ ਛੱਡ ਕੇ ਬਾਹਰ ਚਲੇ ਗਏ ਸਨ ਪਰ ਹੁਣ ਉਹ ਵਾਪਸ ਆ ਰਹੇ ਹਨ, ਜਿਨ੍ਹਾਂ ਨੇ ਦਰਖ਼ਾਸਤਾਂ ਦਿੱਤੀਆਂ ਹਨ ਕੀ ਉਨ੍ਹਾਂ ਨੂੰ ਵਾਪਸ ਲੈ ਲਿਆ ਜਾਵੇਗਾ ?

ਸ੍ਰੀ ਸਪੀਕਰ : ਸਾਥੀ ਜੀ, ਇਹ ਸਪੈਸਿਫਿਕ ਰੈਲੇਵੈਂਟ ਸਪਲੀਮੈਂਟਰੀ ਨਹੀਂ ਹੈ।

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਮੇਰਾ ਸਵਾਲ ਹੈ ਕਿ ਜਿਹੜੇ ਡਾਕਟਰ ਛੱਡ ਕੇ ਗਏ ਹਨ ਕੀ ਉਹ ਵਾਪਸ ਲੈ ਲਏ ਜਾਣਗੇ ?

Mr. Speaker : I have not allowed. I am sorry.

ਸਰਦਾਰ ਅਵਤਾਰ ਸਿੰਘ ਕਰੀਮਪੁਰੀ : ਸਪੀਕਰ ਸਾਹਿਬ, ਇਹ ਜਿਹੜੇ ਦੋ ਹੈਲਥ ਸੈਂਟਰ ਦਸੇ ਹਨ ਇਨ੍ਹਾਂ ਵਿਚੋਂ ਇਕ ਹੈਲਥ ਸੈਂਟਰ ਪੋਸੀ ਵਿਖੇ ਜੂਨੀਅਰ ਓਪਰੇਸ਼ਨ ਥੀਏਟਰ ਸਹਾਇਕ ਦੀ ਪੋਸਟ ਕਰੀਏਟ ਹੀ ਨਹੀਂ ਕੀਤੀ, ਕੀ ਇਹ ਪੋਸਟ ਵੀ ਉਥੇ ਕਰੀਏਟ ਕਰਕੇ ਭਰਨ ਦੀ ਕੋਸ਼ਿਸ਼ ਕਰਨਗੇ ?

ਸ੍ਰੀ ਸਪੀਕਰ : ਹਾਂ ਜੀ, ਮੰਤਰੀ ਸਾਹਿਬ, ਇਕ ਹੈਲਥ ਸੈਂਟਰ ਵਿਚ ਪੋਸਟ ਹੈ ਔਰ ਇਕ ਹੈਲਥ ਸੈਂਟਰ ਵਿਚ ਨਹੀਂ ਹੈ।

ਮੰਤਰੀ : ਸਪੀਕਰ ਸਾਹਿਬ, ਮੈਨੂੰ ਇਸ ਬਾਰੇ ਪੂਰੀ ਤਰ੍ਹਾਂ ਪਤਾ ਨਹੀਂ ਹੈ ਪਰ ਮੈਂ ਇਹ ਦਸਿਆ ਹੈ ਕਿ ਜਿਥੇ ਵੀ ਪੋਸਟਾਂ ਖਾਲੀ ਪਈਆਂ ਹਨ ਉਹ ਭਰ ਲਈਆਂ ਜਾਣਗੀਆਂ। ਜਿਸ ਬਾਰੇ ਇਨ੍ਹਾਂ ਨੇ ਕਿਹਾ ਹੈ ਇਹ ਮੈਂ ਪਤਾ ਕਰ ਲਵਾਂਗਾ।

———

ਅੱਤਵਾਦ ਦਾ ਸ਼ਿਕਾਰ ਵਿਅਕਤੀਆਂ ਦੇ ਆਸ਼ਰਿਤਾਂ ਨੂੰ ਰਾਹਤ ਦੇਣ ਲਈ ਪੈਂਡਿੰਗ ਪਏ ਕੇਸ

*871. **ਸਰਦਾਰ ਗੁਰਬਿੰਦਰ ਸਿੰਘ ਅਟਵਾਲ :** ਕੀ ਰਾਹਤ ਅਤੇ ਪੁਨਰਵਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਅੱਤਵਾਦੀਆਂ ਦੁਆਰਾ ਮਾਰੇ ਗਏ ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਨਾਲ ਸਬੰਧ ਰੱਖਣ ਵਾਲੇ ਵਿਅਕਤੀਆਂ ਦੇ ਆਸ਼ਰਿਤਾਂ ਨੂੰ ਰਾਹਤ ਦੇਣ ਲਈ ਇਸ ਸਮੇਂ ਅਧਿਕਾਰੀਆਂ ਕੋਲ ਕਿੰਨੇ ਕੇਸ ਪੈਂਡਿੰਗ ਪਏ ਹਨ ;

(ਅ) ਕੀ ਸਰਕਾਰ ਦਾ ਉਪਰੋਕਤ ਭਾਗ (ੳ) ਵਿਚ ਵਰਣਿਤ ਕੇਸਾਂ ਦਾ ਨਿਧਟਾਰਾ ਕਰਨ ਵਿਚ ਦੇਰੀ ਲਈ ਜ਼ਿੰਮੇਵਾਰ ਅਫਸਰਾਂ ਵਿਰੁੱਧ ਕੋਈ ਕਾਰਵਾਈ ਸ਼ੁਰੂ ਕਰਨ ਦਾ ਵਿਚਾਰ ਹੈ ?

ਸ਼੍ਰੀ ਬਾਲ ਮੁਕੰਦ ਸ਼ਰਮਾ : (ੳ) 7 (ਸੱਤ)

(ਅ) ਨਹੀਂ ਜੀ ।

ਤਿੰਨ ਕੇਸਾਂ ਵਿਚ ਮ੍ਰਿਤਕਾਂ ਦੇ ਵਾਰਸ ਨਾ-ਬਾਲਗ ਬੱਚੇ ਹਨ ਅਤੇ ਉਨਾਂ ਦੇ ਕੇਸ ਕਾਨੂੰਨੀ ਵਾਰਸਾਂ ਦੀ ਘੋਸ਼ਣਾ ਹਿੱਤ ਕੋਰਟ ਵਿਚ ਲੰਬਿਤ ਹਨ। ਬਾਕੀ ਦੇ ਚਾਰ ਕੇਸ ਅਦਾਇਗੀ ਸਬੰਧੀ ਕਾਰਵਾਈ ਅਧੀਨ ਹਨ।

ਸਰਦਾਰ ਗੁਰਬਿੰਦਰ ਸਿੰਘ ਅਟਵਾਲ : ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ 7 ਕੇਸਾਂ ਵਿਚੋਂ ਇਕ ਕੇਸ ਸਰਦਾਰ ਕੇਹਰ ਸਿੰਘ ਦਾ ਵੀ ਹੈ, ਜਿਹੜਾ ਕਿ ਯੂਥ ਕਾਂਗਰਸ ਦਾ ਵਰਕਰ ਸੀ ਔਰ ਉਹ ਹਰ ਸਾਲ ਖੂਨਦਾਨ ਦਾ ਕੈਂਪ ਲਗਾਇਆ ਕਰਦਾ ਸੀ, 30 ਸਾਲ ਦੀ ਉਮਰ ਵਿਚ ਉਹ ਮਰ ਗਿਆ ਕੀ ਉਸ ਦਾ ਨਾਂ ਵੀ ਇਸ ਵਿਚ ਸ਼ਾਮਲ ਹੈ ?

ਮੰਤਰੀ : ਸਪੀਕਰ ਸਾਹਿਬ, ਕੀ ਇਹ ਕੇਸ ਦਾ ਨਾਂ ਦੱਸ ਸਕਦੇ ਹਨ ?

ਸਰਦਾਰ ਗੁਰਬਿੰਦਰ ਸਿੰਘ ਅਟਵਾਲ : ਮੈਂ ਸਰਦਾਰ ਕੇਹਰ ਸਿੰਘ ਦਾ ਨਾਂ ਦੱਸਿਆ ਹੈ ।

ਮੰਤਰੀ : ਸਪੀਕਰ ਸਾਹਿਬ, ਤਿੰਨ ਕੇਸਾਂ ਵਿਚ ਮ੍ਰਿਤਕਾਂ ਦੇ ਵਾਰਸ ਨਾ-ਬਾਲਗ ਬੱਚੇ ਹਨ ਔਰ ਉਨ੍ਹਾਂ ਦੇ ਕੇਸ ਕਾਨੂੰਨੀ ਵਾਰਸਾਂ ਦੀ ਘੋਸ਼ਣਾ ਲਈ ਕੋਰਟ ਵਿਚ ਚਲ ਰਹੇ ਹਨ ਅਤੇ ਬਾਕੀ ਦੇ 4 ਕੇਸਿਜ਼ ਸਬੰਧੀ ਕਾਰਵਾਈ ਚਲ ਰਹੀ ਹੈ। ਇਹ ਚਾਰ ਕੇਸਿਜ਼ ਇਸ ਤਰ੍ਹਾਂ ਹਨ (1) ਸੱਤਪਾਲ, ਸਪੁਤਰ ਮੰਗਾ ਸਿੰਘ, (2) ਇੰਦਰਜੀਤ ਸਿੰਘ, ਸਪੁੱਤਰ ਗੁਰਦਿਆਲ ਸਿੰਘ, ਪਿੰਡ ਰਾਮਪੁਰਾ, (3) ਗੁਰਮੇਜ ਸਿੰਘ, ਸਪੁੱਤਰ ਸਵਰਣ ਸਿੰਘ, (4) ਜਗਬੀਰ ਚੰਦ, ਸਪੱਤਰ ਬਾਲੀ ਰਾਮ।

ਇਹ 4 ਕੇਸਿਜ਼ ਹਨ ਜਿਨ੍ਹਾਂ ਦੇ ਵਿਚ ਕੁਝ ਪੁਲਿਸ ਰਿਪੋਰਟ ਲੇਟ ਆਉਣ ਕਰਕੇ ਕੇਸ ਡੀਲੇਅ ਹੋ ਗਿਆ ਹੈ। ਮੈਂ ਮੈਂਬਰ ਸਾਹਿਬ ਨੂੰ ਐਸ਼ੋਰੈਂਸ ਦਿਵਾਉਂਦਾ ਹਾਂ ਕਿ ਵਿਦਇਨ ਏ ਵੀਕ ਇਨ੍ਹਾਂ ਨੂੰ ਪੇਮੈਂਟ ਹੋ ਜਾਵੇਗੀ ।

ਸਰਦਾਰ ਗੁਰਬਿੰਦਰ ਸਿੰਘ ਅਟਵਾਲ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੂੰ ਪਤਾ ਹੈ ਕਿ ਸਰਦਾਰ ਕੇਹਰ ਸਿੰਘ ਯੂਥ ਕਾਂਗਰਸ ਪ੍ਰੈਜ਼ੀਡੈਂਟ ਦਾ ਕਤਲ ਅਪ੍ਰੈਲ ਵਿਚ ਹੋਇਆ ਸੀ ਅਤੇ ਪੰਜਾਬ ਸਰਕਾਰ ਨੇ ਉਸ ਦੀ ਪਤਨੀ ਨੂੰ ਨੌਕਰੀ ਵੀ ਦਿੱਤੀ ਹੈ। ਉਸ ਦੇ ਬੱਚੇ ਦੋ ਵਾਰ ਬੀਮਾਰ ਹੋ ਗਏ ਸਨ ਉਨ੍ਹਾਂ ਨੂੰ ਉਹ ਲੈ ਕੇ ਹਸਪਤਾਲ ਫਿਰਦੀ ਰਹੀ। ਇਸ ਦੇ ਕੇਸ ਬਾਰੇ ਕੋਈ ਜਾਣਕਾਰੀ ਦੇਣਗੇ ?

ਸ਼੍ਰੀ ਸਪੀਕਰ : ਅਟਵਾਲ ਸਾਹਿਬ, ਤੁਸੀਂ ਵੱਖਰਾ ਨੋਟਿਸ ਦੇ ਦਿਓ, ਮਨਿਸਟਰ ਸਾਹਿਬ ਜਵਾਬ ਦੇ ਦੇਣਗੇ ।

ਕਾਮਰੇਡ ਤਰਸੇਮ ਜੋਧਾਂ: ਸਪੀਕਰ ਸਾਹਿਬ, ਜਿਹੜੇ ਅੱਤਵਾਦੀਆਂ ਦੀਆਂ ਗੋਲੀਆਂ ਦੇ ਨਾਲ ਲੋਕ ਫਟੜ ਹੋ ਗਏ ਹਨ ਅਤੇ ਕੰਮ ਕਰਨ ਦੇ ਯੋਗ ਨਹੀਂ ਰਹੇ । ਕੀ ਉਨ੍ਹਾਂ ਨੂੰ ਸਰਕਾਰ ਸਹਾਇਤਾ ਦੇਵੇਗੀ ਅਤੇ ਜਿਹੜੇ ਹੈਂਡੀਕੈਪ ਹੋ ਗਏ ਹਨ ਕੀ ਉਨ੍ਹਾਂ ਨੂੰ ਤਰਜੀਹ ਦੇ ਅਧਾਰ ਤੇ ਸਰਕਾਰ ਸਹਾਇਤਾ ਕਰਨ ਲਈ ਵਿਚਾਰ ਕਰੇਗੀ ?

ਮੰਤਰੀ: ਸਪੀਕਰ ਸਾਹਿਬ, ਸਵਾਲ ਤਾਂ ਇਨ੍ਹਾਂ ਦਾ ਬਣਦਾ ਨਹੀਂ ਹੈ। ਜਿਹੜੇ ਹੈਂਡੀਕੈਪ ਹੋ ਜਾਂਦੇ ਹਨ ਉਨ੍ਹਾਂ ਨੂੰ ਹੈਂਡੀਕੈਪ ਪ੍ਰਤਿਸ਼ਤ ਦੇ ਆਧਾਰ ਤੇ ਸਹਾਇਤਾ ਦਿੱਤੀ ਜਾਂਦੀ ਹੈ ਅਤੇ ਹੈਂਡੀਕੈਪ ਕੋਟੇ ਵਿਚੋਂ ਇਨ੍ਹਾਂ ਨੂੰ ਨੌਕਰੀਆਂ ਦੇਣ ਵਿਚ ਐਡਜਸਟ ਕੀਤਾ ਜਾਂਦਾ ਹੈ।

ਕਾਮਰੇਡ ਤਰਸੇਮ ਜੋਧਾਂ: ਸਪੀਕਰ ਸਾਹਿਬ, ਜਿਨ੍ਹਾਂ ਨੂੰ ਰਾਹਤ ਨਹੀਂ ਦਿੱਤੀ ਜਾ ਰਹੀ ਉਸ ਬਾਰੇ ਦੱਸ ਦੇਣ ।

ਸ੍ਰੀ ਸਪੀਕਰ: ਤੁਸੀਂ ਵੱਖਰਾ ਨੋਟਿਸ ਦੇ ਦਿਓ, ਜਵਾਬ ਦੇ ਦੇਣਗੇ।

ਜ਼ਿਲਾ ਅੰਮ੍ਰਿਤਸਰ ਵਿਚ ਸਰਕਾਰੀ ਸਹਾਇਤਾ ਪ੍ਰਾਪਤ ਪ੍ਰਾਈਵੇਟ ਸਕੂਲਾਂ ਨੂੰ ਗਰਾਂਟਾਂ ਦੇਣੀਆਂ

*856. **ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ:** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਜ਼ਿਲ੍ਹਾ ਅੰਮ੍ਰਿਤਸਰ ਵਿਚ ਇਸ ਸਮੇਂ ਪ੍ਰਾਈਵੇਟ ਸੰਸਥਾਵਾਂ ਦੁਆਰਾ ਚਲਾਏ ਜਾ ਰਹੇ ਸਰਕਾਰੀ ਸਹਾਇਤਾ ਪ੍ਰਾਪਤ ਪ੍ਰਾਇਮਰੀ ਜਾਂ ਮਿਡਲ ਸਕੂਲਾਂ ਦੀ ਸ਼੍ਰੇਣੀਵਾਰ ਗਿਣਤੀ ਕਿੰਨੀ ਕਿੰਨੀ ਹੈ ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਸਕੂਲਾਂ ਨੂੰ ਸਾਲ 1992-93 ਲਈ ਗਰਾਂਟਾਂ ਦੇ ਦਿੱਤੀਆਂ ਗਈਆਂ ਹਨ ?

ਸ੍ਰੀ ਹਰਨਾਮ ਦਾਸ ਜੌਹਰ: (ੳ) (1) ਸਰਕਾਰੀ ਸਹਾਇਤਾ ਪ੍ਰਾਪਤ ਪ੍ਰਾਇਮਰੀ ਸਕੂਲਾਂ ਦੀ ਗਿਣਤੀ ... 29

(2) ਸਰਕਾਰੀ ਸਹਾਇਤਾ ਪ੍ਰਾਪਤ ਮਿਡਲ ਸਕੂਲਾਂ ਦੀ ਗਿਣਤੀ ... 8

(ਅ) 19 ਪ੍ਰਾਇਮਰੀ ਸਕੂਲਾਂ ਅਤੇ 3 ਮਿਡਲ ਸਕੂਲਾਂ ਨੂੰ ਸਾਲ 1992-93 ਦੀਆਂ ਗਰਾਂਟਾਂ ਜਾਰੀ ਕੀਤੀਆਂ ਜਾ ਚੁੱਕੀਆਂ ਹਨ।

ਸਪੀਕਰ ਸਾਹਿਬ, ਮੈਂ ਇਸ ਜਵਾਬ ਤੋਂ ਇਲਾਵਾ ਹੋਰ ਜਾਣਕਾਰੀ ਹਾਊਸ ਵਿਚ ਦੇਣਾ ਚਾਹੁੰਦਾ ਹਾਂ ਕਿ ਸਰਕਾਰੀ ਸਹਾਇਤਾ ਪ੍ਰਾਪਤ ਪ੍ਰਾਇਮਰੀ ਸਕੂਲ 29 ਸਨ ਇਨ੍ਹਾਂ ਵਿਚੋਂ 19 ਨੂੰ ਗ੍ਰਾਂਟ ਪੇਡ ਕਰ ਦਿਤੀ ਹੈ। ਬਾਕੀ ਦੇ 10 ਸਕੂਲਾਂ ਵਿਚੋਂ 7 ਸਕੂਲਾਂ ਨੇ ਕਲੇਮਜ਼ ਨਹੀਂ ਭੇਜੇ ਔਰ 3 ਸਕੂਲਾਂ ਦੇ ਖਿਲਾਫ ਸ਼ਿਕਾਇਤਾਂ ਆਈਆਂ ਹੋਈਆਂ ਹਨ ਜਿਸ ਕਰਕੇ ਪੇਮੈਂਟਸ ਨਹੀਂ ਹੋਈਆਂ। ਇਸੇ ਤਰ੍ਹਾਂ ਮਿਡਲ ਸਕੂਲਾਂ ਵਿਚ 8 ਸਕੂਲ ਸਨ ਜਿਨ੍ਹਾਂ ਵਿਚੋਂ 3 ਨੂੰ ਪੇਮੈਂਟ ਕਰ ਦਿੱਤੀ ਹੈ ਅਤੇ ਬਾਕੀ ਰਹਿੰਦੇ 5 ਸਕੂਲਾਂ ਵਿਚੋਂ 4 ਨੂੰ ਪਾਰਸ਼ਲੀ ਪੇਮੈਂਟ ਕਰ ਦਿੱਤੀ ਹੈ ਅਤੇ ਬਾਕੀ ਰਹਿੰਦੇ ਇਕ ਸਕੂਲ ਦੇ ਖਿਲਾਫ ਸ਼ਿਕਾਇਤ ਹੋਣ ਦੇ ਕਾਰਨ ਗ੍ਰਾਂਟ ਨਹੀਂ ਦਿੱਤੀ ਗਈ ਹੈ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਮੇਰੀ ਪਹਿਲੀ ਸ਼ਿਕਾਇਤ ਇਹ ਹੈ ਕਿ ਜਿਹੜਾ ਜਵਾਬ ਮੈਨੂੰ ਹਾਊਸ ਵਿਚ ਦਿੱਤਾ ਗਿਆ ਹੈ ਉਹ ਇਨ੍ਹਾਂ ਦੇ ਹੁਣ ਦੇ ਜਵਾਬ ਨਾਲੋਂ ਵੱਖਰਾ ਹੈ। ਇਨ੍ਹਾਂ ਨੇ ਆਪਣੇ ਜਵਾਬ ਵਿਚ ਕਿਹਾ ਹੈ ਕਿ ਪਾਰਸ਼ਲੀ ਪੇਮੈਂਟ ਕਰ ਦਿੱਤੀ ਹੈ, ਇਸ ਦਾ ਜ਼ਿਕਰ ਪਹਿਲੇ ਜਵਾਬ ਵਿਚ ਬਿਲਕੁਲ ਨਹੀਂ ਹੈ। ਸਪੀਕਰ ਸਾਹਿਬ, ਚੂੰਕਿ 1992-93 ਦਾ ਸਾਲ ਮੁਕੰਮਲ ਹਣ ਵਿਚ ਕੁਝ ਦਿਨ ਬਾਕੀ ਹਨ, ਮੈਂ ਜਾਣਨਾ ਚਾਹੁੰਦੀ ਹਾਂ ਕਿ ਜਿਹੜੇ ਬਾਕੀ ਦੇ ਸਕੂਲ ਰਹਿ ਗਏ ਹਨ ਕੀ ਉਨ੍ਹਾਂ ਨੂੰ ਗ੍ਰਾਂਟ 31 ਮਾਰਚ ਤੋਂ ਪਹਿਲੇ ਦੇ ਦੇਣਗੇ ? ਕੀ ਇਸ ਦੇ ਪਿਛੇ delay breeds the corruption ਵਾਲੀ ਥੀਊਰੀ ਤਾਂ ਨਹੀਂ ਹੈ। 3 ਸਕੂਲਾਂ ਨੂੰ ਗ੍ਰਾਂਟ ਬਿਲਕੁਲ ਨਹੀਂ ਦਿੱਤੀ ਗਈ ਇਸ ਦੇ ਕੀ ਕਾਰਨ ਹਨ ?

ਮੰਤਰੀ : ਸਪੀਕਰ ਸਾਹਿਬ, 7 ਸਕੂਲਾਂ ਦੇ ਕਲੇਮਜ਼ ਹੀ ਰਿਸੀਵ ਨਹੀਂ ਹੋਏ ਹਨ ਅਤੇ 3 ਸਕੂਲਾਂ ਦੇ ਖਿਲਾਫ ਸ਼ਿਕਾਇਤਾਂ ਆਈਆਂ ਹੋਈਆਂ ਹਨ। ਸ਼ਿਕਾਇਤਾਂ ਦੀ ਬਿਨਾ ਤੇ ਘੋਖ ਹੋ ਰਹੀ ਹੈ ਔਰ ਜਿਸ ਵੇਲੇ ਪ੍ਰੋਸੈਸ ਖ਼ਤਮ ਹੋ ਜਾਵੇਗਾ ਉਸ ਤੋਂ ਬਾਅਦ ਸਹਾਇਤਾ ਦੇ ਦਿਤੀ ਜਾਵੇਗੀ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਜਿਨ੍ਹਾਂ ਟੀਚਰਾਂ ਨੂੰ ਤਨਖਾਹ ਨਹੀਂ ਮਿਲ ਰਹੀ ਹੈ ਉਨ੍ਹਾਂ ਬਾਰੇ ਤੁਸੀਂ ਆਪ ਹੀ ਅੰਦਾਜ਼ਾ ਲਗਾ ਸਕਦੇ ਹੋ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦੀ ਹਾਂ ਕਿ ਜਿਨ੍ਹਾਂ ਸਕੂਲਾਂ ਨੂੰ ਗਰਾਂਟ ਨਹੀਂ ਮਿਲੀ ਅਤੇ ਟੀਚਰਾਂ ਨੂੰ ਤਨਖਾਹਾਂ ਨਹੀਂ ਮਿਲੀਆਂ ਕੀ ਉਨ੍ਹਾਂ ਨੂੰ 31 ਮਾਰਚ ਤਕ ਮਿਲ ਜਾਣਗੀਆਂ ?

ਸ਼੍ਰੀ ਸਪੀਕਰ : ਉਨ੍ਹਾਂ ਨੇ ਕਿਹਾ ਹੈ ਕਿ ਕੁਝ ਆਬਜੇਕਸ਼ਨਜ਼ ਹਨ ਜਿਨ੍ਹਾਂ ਨੂੰ ਅਸੀਂ ਦੇਖ ਰਹੇ ਹਾਂ। ਪਰ ਕੀ ਸਿਖਿਆ ਮੰਤਰੀ ਜੀ ਇਸ ਬਾਰੇ ਕੋਈ ਡੇਟ ਫਿਕਸ ਹੋ ਸਕਦੀ ਹੈ ?

ਮੰਤਰੀ : ਸਪੀਕਰ ਸਾਹਿਬ ਪ੍ਰੋਸੈਸ ਤੇ ਤਾਂ ਟਾਈਮ ਫਿਕਸ ਨਹੀਂ ਕੀਤਾ ਜਾ ਸਕਦਾ ਕਿਉਂਕਿ ਉਨ੍ਹਾਂ ਦੇ ਖਿਲਾਫ ਸ਼ਿਕਾਇਤਾਂ ਆਈਆਂ ਹਨ। ਕਿਸੇ ਦੀ ਸ਼ਿਕਾਇਤ ਹੈ ਸਰਟੀਫਿਕੇਟ ਨਹੀਂ ਆਇਆ ਕਿਸੇ ਸਕੂਲ ਵਿਚ ਟ੍ਰੇਂਡ ਟੀਚਰਜ਼ ਨਹੀਂ ਹਨ ਅਤੇ ਤੀਸਰਾ, ਪ੍ਰਾਈਵੇਟ ਸਕੂਲਾਂ ਵਿਚ ਫੀਸ ਠੀਕ ਚਾਰਜ ਨਹੀਂ ਕਰਦੇ, ਸਪੀਕਰ ਸਾਹਿਬ 12 ਰੁਪਏ ਔਰ 15 ਰੁਪਏ ਚਾਰਜ ਕਰ ਰਹੇ ਹਨ। ਇਸ ਸਾਰੀ ਚੀਜ਼ ਦੀ ਘੋਖ ਹੋ ਰਹੀ ਹੈ। ਮੈਂ ਪ੍ਰਾਰਥਨਾ ਕੀਤੀ ਹੈ ਕਿ ਜਿਤਨੀ ਜਲਦੀ ਹੋ ਸਕੇਗਾ ਘੋਖ ਕਰਕੇ ਜਲਦੀ ਤੋਂ ਜਲਦੀ ਤਨਖਾਹਾਂ ਟੀਚਰਾਂ ਨੂੰ ਦਿਵਾਵਾਂਗੇ ਔਰ ਇਸ ਸਬੰਧੀ ਸਰਕਾਰ ਨੂੰ ਚਿੰਤਾ ਹੈ।

ਗੰਡੀਵਿੰਡ ਅਤੇ ਤਰਨ ਤਾਰਨ ਬਲਾਕਾਂ ਵਿਚ ਅਧਿਆਪਕਾਂ/ਮੁੱਖ ਅਧਿਆਪਕਾਂ ਦੀਆਂ ਖਾਲੀ ਆਸਾਮੀਆਂ ਭਰਨੀਆਂ

*822. **ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਗੰਡੀਵਿੰਡ ਅਤੇ ਤਰਨ ਤਾਰਨ ਬਲਾਕਾਂ, ਜ਼ਿਲਾ ਅੰਮ੍ਰਿਤਸਰ ਵਿਚ ਪ੍ਰਾਇਮਰੀ, ਮਿਡਲ, ਹਾਈ ਅਤੇ ਸੀਨੀਅਸ ਸੈਕੰਡਰੀ ਸਕੂਲਾਂ ਦੀ ਬਲਾਕਵਾਰ ਵੱਖ ਵੱਖ ਗਿਣਤੀ ਕਿੰਨੀ ਕਿੰਨੀ ਹੈ ;

[ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ]

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਸਕੂਲਾਂ ਵਿਚੋਂ ਉਨ੍ਹਾਂ ਸਕੂਲਾਂ ਦਾ ਵੇਰਵਾ ਕੀ ਹੈ, ਜਿਨ੍ਹਾਂ ਵਿਚ ਮੁੱਖੀਆਂ ਅਤੇ ਵੱਖ-ਵੱਖ ਵਿਸ਼ਿਆਂ ਦੇ ਟੀਚਰਜ਼ ਦੀਆਂ ਆਸਾਮੀਆਂ ਇਸ ਸਮੇਂ ਖਾਲੀ ਪਈਆਂ ਹਨ ਅਤੇ ਇਹ ਆਸਾਮੀਆਂ ਕਿਸ ਤਰੀਕ ਤੋਂ ਖਾਲੀ ਪਈਆਂ ਹਨ ;

(ੲ) ਉਪਰੋਕਤ ਭਾਗ (ਅ) ਵਿਚ ਵਰਣਿਤ ਖਾਲੀ ਆਸਾਮੀਆਂ ਨੂੰ ਭਰਨ ਲਈ ਕੀ ਕਾਰਵਾਈ ਕੀਤੀ ਜਾ ਰਹੀ ਹੈ ?

ਸ਼੍ਰੀ ਹਰਨਾਮ ਦਾਸ ਜੌਹਰ : (ੳ) ਗੰਡੀਵਿੰਡ ਅਤੇ ਤਰਨਤਾਰਨ ਬਲਾਕ ਜ਼ਿਲ੍ਹਾ ਅੰਮ੍ਰਿਤਸਰ ਵਿਚ ਮਿਡਲ, ਹਾਈ, ਸੀਨੀਅਰ ਸੈਕੰਡਰੀ ਅਤੇ ਪ੍ਰਾਇਮਰੀ ਸਕੂਲਾਂ ਦੀ ਬਲਾਕਵਾਰ ਗਿਣਤੀ ਹੇਠ ਦਿਤੇ ਅਨੁਸਾਰ ਹੈ :—

ਬਲਾਕ ਦਾ ਨਾਂ	ਸੀਨੀਅਰ ਸੈਕੰਡਰੀ ਸਕੂਲ	ਹਾਈ ਸਕੂਲ	ਮਿੱਡਲ ਸਕੂਲ	ਪ੍ਰਾਇਮਰੀ ਸਕੂਲ
ਗੰਡੀਵਿੰਡ	3	13	11	81
ਤਰਨਤਾਰਨ	4	15	9	96

(ਅ) ਉਪਰੋਕਤ (ੳ) ਵਿੱਚ ਵਰਣਿਤ ਸਕੂਲਾਂ ਵਿਚੋਂ ਉਨ੍ਹਾਂ ਸਕੂਲਾਂ ਦਾ ਵੇਰਵਾ ਜਿਨ੍ਹਾਂ ਵਿੱਚ ਮੁੱਖੀਆਂ ਅਤੇ ਅਧਿਆਪਕਾਂ ਦੀਆਂ ਆਸਾਮੀਆਂ ਖਾਲੀ ਪਈਆਂ ਹਨ :—

ਸ਼੍ਰੇਣੀਵਾਰ ਅਧਿਆਪਕਾਂ ਦੀਆਂ ਖਾਲੀ ਪੋਸਟਾਂ ਦੀ ਗਿਣਤੀ

ਬਲਾਕ ਦਾ ਨਾਂ	ਪ੍ਰਿੰਸੀਪਲਜ਼	ਹੈਡ ਮਾਸਟਰਜ਼	ਲੈਕਚਰਾਰਜ	ਮਾਸਟਰ/ ਹੈਡ/ਮਿਸਟ੍ਰੈਸ	ਹੈਡ ਟੀਚਰ	ਜੇ.ਬੀ.ਟੀ. ਟੀਚਰਜ਼
ਗੰਡੀਵਿੰਡ ...	1	4	24	15	10	3
ਤਰਨਤਾਰਨ ...	..	5	17	18	4	1

ਅਜਿਹੇ ਸਕੂਲਾਂ ਸਬੰਧੀ ਵਿਸਥਾਰ ਪੂਰਵਕ ਸੂਚਨਾ ਅਤੇ ਮਿਤੀਆਂ, ਜਦੋਂ ਤੋਂ ਇਹ ਆਸਾਮੀਆਂ ਖਾਲੀ ਹਨ, ਅਲੱਗ ਅਲੱਗ ਵਿਸ਼ੇ ਦਰਸਾਉਂਦੇ ਹੋਏ ਸੂਚਨਾ ਸੱਦਨ ਦੇ ਮੇਜ਼ ਤੇ ਰੱਖੀ ਜਾਂਦੀ ਹੈ।

(ੲ) ਇਨ੍ਹਾਂ ਖਾਲੀ ਆਸਾਮੀਆਂ ਨੂੰ ਸਿੱਧੀ ਭਰਤੀ ਅਤੇ ਤਰੱਕੀਆਂ ਰਾਹੀਂ ਭਰਨ ਸਬੰਧੀ ਕੰਮ ਕਾਰਵਾਈ ਅਧੀਨ ਹੈ।

ਸੂਚਨਾ

ਬਲਾਕਵਾਰ ਖਾਲੀ ਪਈਆਂ ਪ੍ਰਿੰਸੀਪਲਜ਼/ਹੈਡਮਾਸਟਰਜ਼ ਦੀਆਂ ਪੋਸਟਾਂ ਦਾ ਮਿਤੀਵਾਰ ਵੇਰਵਾ

ਬਲਾਕ ਗੰਡੀਵਿੰਡ

ਲੜੀ ਨੰ:	ਸਕੂਲ ਦਾ ਨਾਂ	ਮਿਤੀ	
1	ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਭਕਨਾ ਕਲਾਂ	18-12-92	(ਪ੍ਰਿੰਸੀਪਲ)
2	ਸਰਕਾਰੀ ਹਾਈ ਸਕੂਲ, ਨੌਸ਼ਹਿਰਾ ਚੀਮਾ	1-9-91	(ਹੈਡਮਾਸਟਰ)
3	ਸਰਕਾਰੀ ਹਾਈ ਸਕੂਲ ਭਕਨਾ ਖੁਰਦ (ਗ)	31-10-92	"
4	ਸਰਕਾਰੀ ਹਾਈ ਸਕੂਲ, ਢੰਡ	31-10-92	"
5	ਸਰਕਾਰੀ ਹਾਈ ਸਕੂਲ, ਸੋਹਲ	9-9-92	"
	ਬਲਾਕ ਤਰਨਤਾਰਨ		
1	ਸਰਕਾਰੀ ਹਾਈ ਸਕੂਲ, ਪਖੋਕੇ	1-4-87	"
2	ਸਰਕਾਰੀ ਹਾਈ ਸਕੂਲ, ਬਾਠ	21-8-90	"
3	ਸਰਕਾਰੀ ਹਾਈ ਸਕੂਲ, ਮਾਨੋਚਾਹਲ ਕਲਾਂ	31-5-91	"
4	ਸਰਕਾਰੀ ਹਾਈ ਸਕੂਲ, ਠੱਠੀਆਂ ਮਹੰਤਾਂ	1-5-91	"
5	ਸਰਕਾਰੀ ਹਾਈ ਸਕੂਲ, ਠਰੂ	4-9-92	"

ਲੈਕਚਰਾਰਾਂ ਦੀਆਂ ਖਾਲੀ ਪਈਆਂ ਪੋਸਟਾਂ ਦਾ ਮਿਤੀਵਾਰ ਵੇਰਵਾ

ਬਲਾਕ ਗੰਡੀਵਿੰਡ

ਲੜੀ ਨੰ:	ਸਕੂਲ ਦਾ ਨਾਂ	ਆਸਾਮੀ ਦਾ ਵਿਸ਼ਾ	ਜਿਨੀਆਂ ਅਸਾਮੀਆਂ ਖਾਲੀ ਹਨ	ਜਿਸ ਮਿਤੀ ਤੋਂ ਖਾਲੀ ਹਨ
1	ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਭਕਨਾ ਕਲਾਂ	1. ਅੰਗਰੇਜ਼ੀ	1	17-8-92
		2. ਪੰਜਾਬੀ	1	"
		3. ਇਕਨਾਮਿਕਸ	1	"
		4. ਫਿਜ਼ਿਕਸ	1	"
		5. ਬਾਇਲੋਜੀ	1	"

[ਸਿੱਖਿਆ ਮੰਤਰੀ]

ਲੜੀ ਨੰ:	ਸਕੂਲ ਦਾ ਨਾ	ਆਸਾਮੀ ਦਾ ਵਿਸ਼ਾ	ਜਿਨੀਆਂ ਆਸਾਮੀਆਂ ਖਾਲੀ ਹਨ	ਜਿਸ ਮਿਤੀ ਤੇ ਖਾਲੀ ਹਨ
		6. ਕਾਮਰਸ	2	17-8-92
		7. ਪੋਲੀਟੀਕਲ ਸਾਇੰਸ	1	,,
			8	
2	ਸਰਕਾਰੀ ਸੀਨੀਅਰ ਸੈਕੰਡਰੀ, ਸਕੂਲ, ਗਗੇਬੂਆ	1. ਅੰਗਰੇਜ਼ੀ	1	17-8-92
		2. ਪੰਜਾਬੀ	1	,,
		3. ਫਿਜਿਕਸ	1	,,
		4. ਮੈਥ	1	,,
		5. ਇਕਨਾਮਿਕਸ	1	,,
		6. ਕੈਮਿਸਟਰੀ	1	,,
		7. ਬਾਇਲੌਜੀ	1	,,
		8. ਕਾਮਰਸ	2	,,
		9. ਪੋਲੀਟੀਕਲ	1	,,
		10. ਸਾਇੰਸ	1	
		11. ਹਿਸਟਰੀ	1	,,
			11	
3	ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਅਟਾਰੀ	1. ਅੰਗਰੇਜ਼ੀ	1	14-6-91
		2. ਫਿਜਿਕਸ	1	,,
		3. ਕਾਮਰਸ	2	,,
		4. ਪੰਜਾਬੀ	1	
			5	

ਬਲਾਕ ਤਰਨਤਾਰਨ

ਲੜੀ ਨੰ:	ਸਕੂਲ ਦਾ ਨਾਂ	ਅਸਾਮੀ ਦਾ ਵਿਸ਼ਾ	ਜਿੰਨੀਆਂ ਆਸਾਮੀਆਂ ਖਾਲੀ ਹਨ	ਜਿਸ ਮਿਤੀ ਤੋਂ ਖਾਲੀ ਹਨ
1	ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤਰਨਤਾਰਨ (ਲੜਕੇ)	1. ਫਿਜਿਕਸ	1	1-7-90
		2. ਕਾਮਰਸ	1	14-6-91
2	ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤਰਨਤਾਰਨ ((ਲੜਕੀਆਂ)	1. ਕਾਮਰਸ	2	14-6-91
3	ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸ਼ਾਹਬਾਜਪੁਰ	1. ਅੰਗਰੇਜ਼ੀ	1	9-6-91
		2. ਬਾਇਲੋਜੀ	1	9-6-91
		3. ਮੈਥ	1	1-1-93
		4. ਇਕਨਾਮਿਕਸ	1	9-6-91
		5. ਹਿਸਟਰੀ	1	"
		6. ਕੈਮਿਸਟਰੀ	1	"
		7. ਫਿਜ਼ਿਕਸ	1	"
		8. ਕਾਮਰਸ	2	"
		9. ਪੋਲੀਟੀਕਲ ਸਾਇੰਸ	1	"
			10	
4	ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਝਬਾਲ	1. ਕਾਮਰਸ	1	14-6-91
		2. ਪੋਲੀਟੀਕਲ ਸਾਇੰਸ	1	20-11-92
		3. ਪੰਜਾਬੀ	1	1-7-90
			3	

[ਸਿੱਖਿਆ ਮੰਤਰੀ]

ਮਾਸਟਰ/ਮਿਸਟ੍ਰੈਸ ਦੀਆਂ ਖਾਲੀ ਪਈਆਂ ਪੋਸਟਾਂ ਦਾ ਵੇਰਵਾ

ਗੰਡੀਵਿੰਡ ਬਲਾਕ :

ਲੜੀ ਨੰ:	ਸਕੂਲ ਦਾ ਨਾਂ		ਜਿਸ ਮਿਤੀ ਤੋਂ ਪੋਸਟ ਖਾਲੀ ਹੈ
	ਐਸ.ਐਸ. ਮਿਸਟ੍ਰੈਸ/ਮਾਸਟਰ		
1	ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਭਕਨਾ ਕਲਾਂ	..	31-7-92
2	ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਅਟਾਰੀ	..	31-1-91
3	ਸਰਕਾਰੀ ਹਾਈ ਸਕੂਲ, ਨੌਸ਼ਹਿਰਾ ਢਾਲਾ	...	30-6-91
4	ਸਰਕਾਰੀ ਹਾਈ ਸਕੂਲ, ਨੌਸ਼ਹਿਰਾ ਢੀਮਾ	...	31-7-92
5	ਸਰਕਾਰੀ ਹਾਈ ਸਕੂਲ, ਭੂਚਰ ਸੋਹਲ (2)	...	26-6-78
6	ਸਰਕਾਰੀ ਮਿਡਲ ਸਕੂਲ, ਬੁਰਜ ਰਾਜਾਤਾਲ	...	17-1-92
	ਸਾਇੰਸ ਮਾਸਟਰ/ਮਿਸਟ੍ਰੈਸ		
1	ਸਰਕਾਰੀ ਮਿਡਲ ਸਕੂਲ, ਭੂਸੇ	...	31-12-92
2	ਸਰਕਾਰੀ ਹਾਈ ਸਕੂਲ, ਸੋਹਲ	...	30-11-91
3	ਸਰਕਾਰੀ ਹਾਈ ਸਕੂਲ, ਨੌਸ਼ਹਿਰਾ ਢਾਲਾ	...	31-7-92
	ਪੰਜਾਬੀ ਵਿਸ਼ਾ		
1	ਸਰਕਾਰੀ ਮਿਡਲ ਸਕੂਲ, ਮਹਾਵਾ	...	31-8-92
2	ਸਰਕਾਰੀ ਮਿੱਡਲ ਸਕੂਲ, ਭੂਸੇ	...	17-7-92
3	ਸਰਕਾਰੀ ਮਿੱਡਲ ਸਕੂਲ, ਜਠੌਲ	...	9-7-91
4	ਸਰਕਾਰੀ ਹਾਈ ਸਕੂਲ, ਨੌਸ਼ਹਿਰਾ ਢਾਲਾ	...	14-8-90
5	ਸਰਕਾਰੀ ਹਾਈ ਸਕੂਲ, ਰਾਣੀਕੇ	...	1-11-91

ਤਰਨਤਾਰਨ ਬਲਾਕ :

ਲੜੀ ਨੰ:	ਸਕੂਲ ਦਾ ਨਾਂ		ਜਿਸ ਮਿਤੀ ਤੋਂ ਪੋਸਟ ਖਾਲੀ ਹੈ
	ਐਸ.ਐਸ. ਮਿਸਟ੍ਰੈਸ/ਮਾਸਟਰ		
1	ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਕੰਗ	...	31-7-92
2	ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸ਼ਾਹਬਾਜ਼ਪੁਰ	...	8-5-92
3	ਸਰਕਾਰੀ ਹਾਈ ਸਕੂਲ, ਲਾਲਪੁਰਾ	...	30-6-90
4	ਸਰਕਾਰੀ ਹਾਈ ਸਕੂਲ, ਪਖੋਕੇ	...	31-8-87
5	ਸਰਕਾਰੀ ਹਾਈ ਸਕੂਲ, ਨਾਗੋਕੇ (3)	...	14-7-92, 15-7-92 ਅਤੇ 3-6-90
6	ਸਰਕਾਰੀ ਹਾਈ ਸਕੂਲ, ਮਾਨੋਚਾਹਲਕਲਾਂ	...	28-2-92
7	ਸਰਕਾਰੀ ਹਾਈ ਸਕੂਲ, ਪੰਡੋਰੀ ਗੋਲਾ	...	9-10-91
8	ਸਰਕਾਰੀ ਮਿਡਲ ਸਕੂਲ, ਝਾਮਕੇ, ਖੁਰਦ	...	15-7-92
	ਸਾਇੰਸ ਵਿਸ਼ਾ :		
1	ਸਰਕਾਰੀ ਹਾਈ ਸਕੂਲ, ਨੌਰੰਗਾਬਾਦ	...	2-12-92
2	ਸਰਕਾਰੀ ਹਾਈ ਸਕੂਲ, ਬਾਠ	...	30-9-91
	ਮੈਥ ਵਿਸ਼ਾ :		
1	ਸਰਕਾਰੀ ਹਾਈ ਸਕੂਲ, ਠੱਠੀਆਂ ਮਹੰਤਾ	...	30-4-91
2	ਸਰਕਾਰੀ ਹਾਈ ਸਕੂਲ, ਨਾਗੋਕੇ	...	23-11-92
	ਹਿੰਦੀ ਵਿਸ਼ਾ :		
1	ਸਰਕਾਰੀ ਹਾਈ ਸਕੂਲ, ਪੰਜਵੜ	...	30-9-92
2	ਸਰਕਾਰੀ ਮਿਡਲ ਸਕੂਲ, ਝਾਮਕੇ ਖੁਰਦ	...	8-10-90
	ਪੰਜਾਬੀ ਵਿਸ਼ਾ		
1	ਸਰਕਾਰੀ ਮਿਡਲ ਸਕੂਲ, ਬਾਗੜੀਆਂ	...	13-7-91
2	ਸਰਕਾਰੀ ਹਾਈ ਸਕੂਲ, ਫਤਿਆਬਾਦ	...	1-3-93

[ਸਿੱਖਿਆ ਮੰਤਰੀ]

ਪ੍ਰਾਇਮਰੀ ਸਿਖਿਆ

ਲੜੀ ਨੰ:	ਬਲਾਕ ਦਾ ਨਾਂ	ਸਕੂਲ ਦਾ ਨਾਂ	ਕਿਸ ਕਾਡਰ ਥਾਂ ਖਾਲੀ	ਗਿਣਤੀ	ਕਿਸ ਮਿਤੀ ਤੋਂ ਖਾਲੀ ਹੈ
1	ਗੰਡੀਵਿੰਡ	ਸ:ਪ੍ਰ:ਸ:	ਹੈਡ ਟੀਚਰ		
		ਕਾਉਂਕੇ	,,	1	2/93
		ਘਨੇਡਾ	,,	1	2/93
		ਕਸੇਲ	,,	1	2/93
		ਨੌਸ਼ਿਹਰਾ	,,	1	10/92
		ਦਲਾ	,,	1	2/93
		ਮੀਆਂਪੁਰ	,,	1	10/92
		ਕਬ-ਬਬੂਆ	,,	1	10/92
		ਘਰਿੰਡੀ	,,	1	10/92
		ਲਦੇਵਾਲ	,,	1	7/92
		ਸ਼ਕਰਚੱਕ	,,	1	9/92
			ਜੇ.ਬੀ.ਟੀ.		
	ਉਕਤ	ਭੂਚਰ ਕਲਾਂ		1	11/92
		ਮੰਦ		2	12/92
			ਹੈਡ ਟੀਚਰ		
2	ਤਰਨਤਾਰਨ	ਬਹਿਰੀ ਬਟੂਆ		1	7/92
		ਭੂਰੇ ਗਿਲ		1	2/92
		ਬਾਲਾ ਚੱਕ		1	10/92
		ਗੋਹਲਵੱੜ		1	10/92
			ਜੇ.ਬੀ.ਟੀ.		
	ਉਕਤ	ਬੱਧਨੀ ਕਲਾਂ		1	9/92

ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ : ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਸਿਖਿਆ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਇਨ੍ਹਾਂ ਨੇ ਗਿਣਤੀ ਪ੍ਰਾਇਮਰੀ, ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੀ ਸਦਨ ਦੀ ਮੇਜ਼ ਤੇ ਰੱਖੀ ਹੈ, ਇਹ ਖਾਲੀ ਆਸਾਮੀਆਂ ਕਿਸ ਤਾਰੀਖ ਤਕ ਭਰ ਲਈਆਂ ਜਾਣਗੀਆਂ ? ਐਜੂਕੇਸ਼ਨ, ਸਪੀਕਰ ਸਾਹਿਬ, ਇੱਕ ਬਹੁਤ ਅਹਿਮ ਅਦਾਰਾ ਹੈ।

ਜਿਨ੍ਹਾਂ ਸਕੂਲਾਂ ਵਿੱਚ ਇੰਨੀਆਂ ਆਸਾਮੀਆਂ ਖਾਲੀ ਪਈਆਂ ਹਨ, ਜਿਨ੍ਹਾਂ ਵਿਚ ਲੈਕਚਰਾਰ, ਹੈਡਮਾਸਟਰ, ਜੇ. ਬੀ. ਟੀ. ਟੀਚਰਾਂ ਦੀਆਂ ਆਸਾਮੀਆਂ ਮਿਡਲ ਸਕੂਲ, ਸੈਕੰਡਰੀ ਸਕੂਲ ਅਤੇ ਹਾਈ ਸਕੂਲਾਂ ਵਿੱਚ ਖਾਲੀ ਪਈਆਂ ਹੋਣ ਉਥੇ ਬੱਚਿਆਂ ਦੀ ਪੜ੍ਹਾਈ ਕਿਸ ਤਰ੍ਹਾਂ ਪੂਰੀ ਹੋ ਸਕਦੀ ਹੈ। ਕੀ ਮੰਤਰੀ ਜੀ ਹਾਊਸ ਵਿੱਚ ਵਿਸ਼ਵਾਸ ਦਿਵਾਉਣਗੇ ਕਿ ਇਹ ਆਸਾਮੀਆਂ ਕਦੋਂ ਤੱਕ ਭਰੀਆਂ ਜਾਣਗੀਆਂ ?

ਮੰਤਰੀ : ਸਪੀਕਰ ਸਾਹਿਬ, ਜਿਸ ਤਰ੍ਹਾਂ ਮੈਂ ਪ੍ਰਾਰਥਨਾ ਕੀਤੀ ਹੈ ਕਿ ਪ੍ਰੋਸੈਸ ਜਾਰੀ ਹੈ ਸਿਲੈਕਸ਼ਨ ਦਾ ਦਾ ਅਤੇ ਜਦੋਂ ਇਹ ਸਿਲੈਕਸ਼ਨ ਕੰਪਲੀਟ ਹੋ ਜਾਵੇਗੀ ਉਸ ਵੇਲੇ ਲਗਾ ਦਿੱਤੇ ਜਾਣਗੇ। ਇਹ ਕੋਈ ਆਸਾਮੀਆਂ ਸਾਡੇ ਵੇਲੇ ਖਾਲੀ ਨਹੀਂ ਹੋਈਆਂ। ਬਲਿਕ ਸਰਦਾਰ ਬੇਅੰਤ ਸਿਘ ਜੀ ਨੇ ਤਾਂ 45 ਕਮੇਟੀਆਂ ਬਣਾ ਦਿੱਤੀਆਂ ਹਨ ਤਾਂਕਿ ਇਹ ਪੋਸਟਾਂ ਜਲਦੀ ਤੋਂ ਜਲਦੀ ਭਰੀਆਂ ਜਾਣ ।

ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ : ਸਪੀਕਰ ਸਾਹਿਬ, ਮੈਂ ਮਾਨਯੋਗ ਵਿਦਿਆ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਹਾ ਹੈ ਕਿ ਪਰੋਸੈਸ ਜਾਰੀ ਹੈ ਪਰ ਇਹ ਪਰੋਸੈਸ ਕਦੋਂ ਤੱਕ ਪੂਰਾ ਹੋ ਜਾਵੇਗਾ। ਪ੍ਰੋਸੈਸ ਜਾਰੀ ਰਹਿਣ ਦੇ ਨਾਲ-ਨਾਲ ਬੱਚਿਆਂ ਦੀ ਪੜ੍ਹਾਈ ਵੀ ਖਰਾਬ ਹੋ ਰਹੀ ਹੈ। ਬੱਚੇ ਜਿਨ੍ਹਾਂ ਨੇ ਕੱਲ੍ਹ ਨੂੰ ਦੇਸ਼ ਦਾ ਭਵਿੱਖ ਬਣ ਕੇ ਨਿਕਲਣਾ ਹੈ ....

Mr Speaker : Sh azpuri Ji, please be specific.

ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ : ਸਪੀਕਰ ਸਾਹਿਬ, ਮੈਂ ਤਾਂ ਇਹੀ ਪੁੱਛਣਾ ਚਾਹੁੰਦਾ ਹਾਂ ਕਿ ਕਿੰਨੀ ਤਾਰੀਖ ਤੱਕ ਇਹ ਪੋਸਟਾਂ ਭਰ ਦਿੱਤੀਆਂ ਜਾਣਗੀਆਂ ? ਇਨ੍ਹਾਂ ਨੇ ਠੀਕ ਦੱਸ ਦਿੱਤਾ ਹੈ ਕਿ 45 ਕਮੇਟੀਆਂ ਬਣਾਈਆਂ ਹਨ ਅਤੇ ਪ੍ਰੋਸੈਸ ਜਾਰੀ ਹੈ। ਇਹ ਪ੍ਰੋਸੈਸ ਕਦੋਂ ਤਕ ਖਤਮ ਹੋਵੇਗਾ ?

ਮੰਤਰੀ : ਸਪੀਕਰ ਸਾਹਿਬ, ਇਹ ਤਾਂ ਐਵੇਂ ਹੀ ਵਾਲ ਦੀ ਖਾਲ ਉਤਾਰ ਰਹੇ ਹਨ। ਮੈਂ ਤਾਂ ਅਰਜ਼ ਕਰ ਚੁੱਕਾ ਹਾਂ ਕਿ ਪ੍ਰੋਸੈਸ ਜਾਰੀ ਹੈ। ਇਸ ਦੀ ਡੇਟ ਕਿਸ ਤਰ੍ਹਾਂ ਫਿਕਸ ਕੀਤੀ ਜਾ ਸਕਦੀ ਹੈ ਕਿਉਂਕਿ ਬਹੁਤ ਸੋਚ ਵਿਚਾਰ ਕਰਕੇ ਠੀਕ ਢੰਗ ਨਾਲ ਲਿਸਟ ਬਣਾ ਕੇ ਉਨ੍ਹਾਂ ਨੂੰ ਨਿਯੁਕਤੀਆਂ ਦੇਣੀਆਂ ਹਨ। ਇਸ ਕੰਮ ਲਈ ਸਮਾਂ ਤਾਂ ਲੱਗੇਗਾ ਹੀ ਪਰ ਇਹ ਦਸਿਆ ਨਹੀਂ ਜਾ ਸਕਦਾ ਕਿ ਕਿੰਨ੍ਹਾ ਸਮਾਂ ਲਗੇਗਾ। ਫੇਰ ਵੀ ਜਲਦੀ ਤੋਂ ਜਲਦੀ ਲਗਾ ਦਿੱਤੇ ਜਾਣਗੇ।

ਸ੍ਰੀ ਸਪੀਕਰ : ਜਿਹੜਾ ਨਵਾਂ ਅਕੈਡਮਿਕ ਸੈਸ਼ਨ ਸ਼ੁਰੂ ਹੋ ਰਿਹਾ ਹੈ, ਉਸ ਤੋਂ ਪਹਿਲਾਂ ਪਹਿਲਾਂ ਇਹ ਪੋਸਟਾਂ ਫਿਲ ਅਪ ਹੋ ਜਾਣਗੀਆਂ ?

ਮੰਤਰੀ : ਇਹ ਜੀ ਸੈਸ਼ਨ ਦੇ ਦੌਰਾਨ ਫਿਲ ਅਪ ਹੋ ਜਾਣਗੀਆਂ। ਅਗਲਾ ਵਿਦਿਅਕ ਸੈਸ਼ਨ, ਅਸੈਂਬਲੀ ਸੈਸ਼ਨ ਨਹੀਂ ਜੀ।

ਸਰਦਾਰ ਅਜਾਇਬ ਸਿੰਘ ਰੌਂਤਾ : ਸਪੀਕਰ ਸਾਹਿਬ, ਮੈਂ ਆਪ ਜੀ ਰਾਹੀਂ ਮਾਨਯੋਗ ਵਿਦਿਆ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਇਲਾਕੇ ਦੀ ਗੱਲ ਚਲ ਰਹੀ ਹੈ, ਅਟਾਰੀ ਦੀ, ਪਿਛਲੇ ਦਿਨੀਂ ਮੰਤਰੀ ਜੀ ਵੀ ਉਥੇ ਗਏ ਸੀ। ਉਥੇ ਬਹੁਤ ਸਾਰੇ ਪਿੰਡਾਂ ਦੇ ਮੁੱਖੀਆਂ ਨੇ ਸਕੂਲਾਂ ਦੇ ਮੁੱਖੀਆਂ ਦੇ ਖਿਲਾਫ ਸ਼ਿਕਾਇਤ ਕੀਤੀ ਸੀ। ਕੀ ਮਾਨਯੋਗ ਮੰਤਰੀ ਜੀ ਹਾਊਸ ਨੂੰ ਭਰੋਸਾ ਦੇਣਗੇ ਕਿ ਉਨ੍ਹਾਂ ਦੇ ਖਿਲਾਫ ਕਾਰਵਾਈ ਹੋਵੇਗੀ ?

ਸ੍ਰੀ ਸਪੀਕਰ: ਅਜਾਇਬ ਸਿੰਘ ਜੀ, ਇਹ ਸਪਲੀਮੈਂਟਰੀ ਇਸ ਸਵਾਲ ਵਿਚੋਂ ਨਹੀਂ ਬਣਦੀ।

ਕਾਮਰੇਡ ਤਰਸੇਮ ਜੋਧਾਂ: ਸਪੀਕਰ ਸਾਹਿਬ, ਮੈਂ ਆਪ ਜੀ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਪੁਛਣਾ ਚਾਹੁੰਦਾ ਹਾਂ ਕਿ ਅਗਲਾ ਵਿਦਿਅਕ ਸੈਸ਼ਨ 31 ਮਾਰਚ ਤੱਕ ਚਲਣਾ ਹੈ। ਇਹ ਬੜਾ ਲੰਬਾ ਟਾਈਮ ਹੈ। ਕੀ ਮੰਤਰੀ ਜੀ ਇਨ੍ਹਾਂ ਪੋਸਟਾਂ ਨੂੰ ਭਰਨ ਬਾਰੇ ਕੋਈ ਸਮਾ ਨਿਸ਼ਚਿਤ ਕਰਨ ਦਾ ਇਰਾਦਾ ਰਖਦੇ ਹਨ ਤਾਂ ਕਿ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਨਾ ਹੋਵੇ ?

ਸ੍ਰੀ ਸਪੀਕਰ: ਜੋਧਾਂ ਜੀ, ਜਿੰਨੀ ਜਾਣਕਾਰੀ ਉਨ੍ਹਾਂ ਨੂੰ ਹੈ, ਉਨ੍ਹਾਂ ਨੇ ਦੇ ਦਿੱਤੀ ਹੈ। ਹੁਣ ਅਗਲਾ ਸਵਾਲ ਲੈਂਦੇ ਹਾਂ।

ਸਰਦਾਰ ਗੁਰਬਿੰਦਰ ਸਿੰਘ ਅਟਵਾਲ : ਸਪੀਕਰ ਸਾਹਿਬ, ਮੇਰੀ ਇਕ ਜ਼ਰੂਰੀ ਸਪਲੀਮੈਂਟਰੀ ਹੈ।

Mr. Speaker : Mr. Atwal, I am so sorry, I have called upon the next question. ਫਿਰ ਵੀ ਜੇਕਰ ਬਹੁਤ ਜ਼ਰੂਰੀ ਹੈ ਤਾਂ ਪੁੱਛ ਲਓ।

ਸਰਦਾਰ ਗੁਰਬਿੰਦਰ ਸਿਘ ਅਟਵਾਲ: ਸਪੀਕਰ ਸਾਹਿਬ, ਇਨ੍ਹਾਂ ਨੇ ਪੋਸਟਾਂ ਭਰਨ ਲਈ 45 ਕਮੇਟੀਆਂ ਬਣਾ ਦਿੱਤੀਆਂ ਹਨ ਪਰ ਜਿਹੜੇ ਹੈਡਮਾਸਟਰ ਪਰਮੋਟ ਕਰਨੇ ਹਨ, ਉਨ੍ਹਾਂ ਲਈ ਤਾਂ ਕੋਈ ਕਮੇਟੀ ਬਨਾਉਣ ਦੀ ਲੋੜ ਨਹੀਂ। ਜਿਹੜੇ ਹੈਡਮਾਸਟਰ ਪਰੋਮੋਟ ਕਰਨੇ ਹਨ, ਉਹ ਕਦੋਂ ਤਕ ਕਰ ਦਿੱਤੇ ਜਾਣਗੇ ?

Mr. Speaker : It does not fall in it.

ਰੋਪੜ- ਗੜ੍ਹਸ਼ੰਕਰ ਸੜਕ ਤੇ ਪੈਂਦੀਆਂ ਖੱਡਾਂ/ਚੋਆਂ ਉੱਪਰ ਪੁਲ ਬਣਾਉਣਾ

*859. **ਡਾਕਟਰ ਰਮੇਸ਼ ਦੱਤ**: ਕੀ ਲੋਕ ਨਿਰਮਾਣ (ਭਵਨ ਤੇ ਸੜਕਾਂ) ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰੋਪੜ-ਗੜ੍ਹਸ਼ੰਕਰ ਸੜਕ, ਬਰਾਸਤਾ ਨੂਰਪੁਰਬੇਦੀ ਤੇ ਪੈਂਦੇ ਚੋਆਂ/ ਖੱਡਾਂ ਤੇ ਸਾਲ 1993-94 ਦੇ ਦੌਰਾਨ ਪੁਲ ਬਣਾਉਣ ਦੀ ਕੋਈ ਰਜਵੀਜ਼ ਹੈ ; ਜੇਕਰ ਹੈ, ਤਾਂ ਪੁਲਾਂ ਦੀ ਗਿਣਤੀ ਕਿੰਨੀ ਹੈ ਅਤੇ ਖਰਚ ਦੇ ਅਨੁਮਾਨਾਂ ਦੇ ਵੇਰਵੇ ਕੀ ਹਨ ਅਤੇ ਇਨ੍ਹਾਂ ਦੇ ਕਦੋਂ ਤੱਕ ਬਣਾਏ ਜਾਣ ਦੀ ਸੰਭਾਵਨਾ ਹੈ ?

ਸਰਦਾਰ ਜੋਗਿੰਦਰ ਸਿੰਘ ਮਾਨ : ਜੀ ਹਾਂ। ਰੋਪੜ ਆਬਿਆਨਾ ਨੂਰਪੁਰ ਬੇਦੀ, ਗੜ੍ਹਸ਼ੰਕਰ ਸੜਕ ਉਤੇ ਪੈਂਦੇ ਚੋਆਂ/ਖੱਡਾਂ ਉਤੇ 6 ਪੁਲ ਉਸਾਰਨ ਦੀ ਸਕੀਮ ਹੈ। ਇਹਨਾਂ ਪੁਲਾਂ ਦਾ ਕੁਲ ਖਰਚਾ ਲਗ-ਭੱਗ 2 ਕਰੋੜ ਰੁਪਏ ਹੋਵੇਗਾ। ਫੰਡ ਉਪਲਬਧ ਹੋਣ ਦੀ ਸੂਰਤ ਵਿੱਚ ਇਹ ਨਾਂ ਪੁਲਾਂ ਨੂੰ ਮੁਕੰਮਲ ਕਰਨ ਲਈ 2 ਸਾਲ ਲੱਗ ਜਾਣਗੇ।

ਡਾਕਟਰ ਰਮਸ਼ ਦੱਤ: ਸਪੀਕਰ ਸਾਹਿਬ ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹੈ ਕਿ ਜਿਹੜੇ 6 ਚੋਆਂ ਅਤੇ ਖੱਡਾਂ ਉਤੇ ਪੁਲ ਬਣਾਉਣ ਦੀ ਯੋਜਨਾ ਇਨ੍ਹਾਂ ਨੇ ਦੱਸੀ ਹੈ ਕੀ ਉਨ੍ਹਾਂ ਵਿਚ ਰਾਏਪੁਰ, ਮੂੰਨੇ, ਸਿੰਘਪੁਰ ਅਤੇ ਪਰਚੰਡੇ ਚੋਅ ਵੀ ਸ਼ਾਮਲ ਹਨ ਜਾਂ ਨਹੀਂ ?

ਰਾਜ ਮੰਤਰੀ : ਸਰ, ਇਹ ਜਿਹੜੀ ਲਿਸਟ ਬਣਾਈ ਹੈ ਅਤੇ ਜਿਨ੍ਹਾਂ ਨੂੰ ਗੌਰਮਿੰਟ ਵੱਲੋਂ ਅਪਰੂਵੱਲ ਵੀ ਮਿਲ ਗਈ, ਹੈ ਉਨ੍ਹਾਂ 12 ਪੁਲਾਂ ਵਿੱਚੋਂ 6 ਪੁਲਾਂ ਬਾਰੇ ਮੈਂ ਮਾਨਯੋਗ ਮੈਂਬਰ ਸਾਹਿਬ ਦੀ ਜਾਣਕਾਰੀ ਵਾਸਤੇ ਪੜ੍ਹ ਦਿੰਦਾਂ ਹੈ :-

1. ਗੜ੍ਹਸ਼ੰਕਰ ਅੰਰ ਨੂਰਪੁਰ ਬੇਦੀ ਸੜਕ ਤੇ ਪੱਖੋਵਾਲ ਚੋਅ ਉੱਤੇ ਹਾਈ ਲੈਵਲ ਪੁਲ ਦੀ ਉਸਾਰੀ : ਲਾਗਤ 50 ਲੱਖ ਰੁਪਏ ।

2. ਰੋਪੜ ਆਬਿਆਨਾ ਨੂਰਪੁਰ ਬੇਦੀ ਸੜਕ ਤੇ ਜੱਸੋਵਾਲ ਚੋਅ ਉੱਤੇ ਹਾਈ ਲੈਵਲ ਪਲ ਦੀ ਉਸਾਰੀ : ਲਾਗਤ ਲਗ-ਭਗ 40 ਲੱਖ ਰੁਪਏ।

3. ਰੋਪੜ ਆਬਿਆਨਾ ਨੂਰਪੁਰ ਬੇਦੀ ਸੜਕ ਉਤੇ ਟਿੱਬਾ ਤਬਸੀਹਾਂ ਖੱਡ ਉਤੇ ਪੁਲ ਦੀ ਉਸਾਰੀ : ਲਾਗਤ 30 ਲੱਖ ਰੁਪਏ।

4. ਗੜ੍ਹਸ਼ੰਕਰ ਨੂਰਪੁਰ ਬੇਦੀ ਸੜਕ ਤੇ ਪੰਚਰੰਡਾ ਚੋਅ ਤੇ ਹਾਈ ਲੈਵਲ ਪੁਲ ਦੀ ਉਸਾਰੀ : ਲਾਗਤ 10 ਲੱਖ ਰੁਪਏ।

(ਬਾਕੀ 2 ਪੁਲਾਂ ਦੀ ਡਿਟੇਲ ਨਹੀਂ ਪੜ੍ਹੀ ਗਈ)।

ਡਾਕਟਰ ਰਮੇਸ਼ ਦੱਤ : ਸਪੀਕਰ ਸਾਹਿਬ, ਕਲ੍ਹ ਵੀ ਮੇਰਾ ਇਹ ਪ੍ਰਸ਼ਨ ਸੀ ਕਿ ਸਾਡਾ ਜਿਹੜਾ ਬਲਾਕ ਹੈ, ਉਥੇ ਆਉਣ ਜਾਣ ਵਾਸਤੇ ਬੜੀ ਤਕਲੀਫ ਹੈ। ਕਿਸੇ ਪਾਸੇ ਨੂੰ ਵੀ ਉਥੇ ਆਲ ਵੈਦਰ ਰੋਡ ਨਹੀਂ ਹੈ । ਇਹ ਸਾਡੀ 40-50 ਸਾਲ ਪੁਰਾਣੀ ਸਮੱਸਿਆ ਹੈ ।

ਸ੍ਰੀ ਸਪੀਕਰ : ਸਪੈਸੇਫਿਕ ਪ੍ਰਸ਼ਨ ਪੁੱਛੋ।

ਡਾਕਟਰ ਰਮੇਸ਼ ਦੱਤ : ਸਪੈਸੇਫਿਕ ਹੀ ਪੁਛਦਾ ਹਾਂ ਜੀ। ਇਸ ਤੋਂ ਬਾਅਦ ਸਿੰਘਪੁਰ ਅਤੇ ਪਚਰੰਡਾ ਚੋਅ ਹਨ। ਇਨ੍ਹਾਂ ਪੁਲਾਂ ਨੂੰ ਬਰਸਾਤ ਤੋਂ ਪਹਿਲਾਂ ਹੀ ਮੰਤਰੀ ਜੀ ਸ਼ੁਰੂ ਕਰ ਦੇਣਗੇ ? ਬਾਕੀ ਵੱਡੇ ਪੁਲ ਜਦੋਂ ਮਰਜ਼ੀ ਬਣਾ ਦੇਣ। ਕੀ ਇਸ ਬਾਰੇ ਸਰਕਾਰ ਕੋਈ ਅਸ਼ੋਰੈਂਸ ਦੇਵੇਗੀ ?

ਰਾਜ ਮੰਤਰੀ : ਸਰ, ਅਸ਼ੋਰੈਂਸ ਤਾਂ ਜਵਾਬ ਵਿਚ ਦਿੱਤੀ ਹੋਈ ਹੈ। 1993-94 ਦੇ ਸਾਲ ਵਿਚ ਪੈਸਾ ਉਪਲਬਧ ਹੋਣ ਤੇ ਇਹ ਕੰਮ ਸ਼ੁਰੂ ਕਰ ਦਿਤਾ ਜਾਵੇਗਾ। ਇਸ ਤੋਂ ਪਹਿਲਾਂ ਹੁਣ ਜੇ ਕੰਮ ਸ਼ੁਰੂ ਕਰ ਵੀ ਦਈਏ ਤਾਂ ਵੀ ਇਨ੍ਹਾਂ ਕੰਮਾਂ ਨੂੰ ਪੂਰਾ ਹੋਣ ਲਈ ਘੱਟੋ ਘੱਟ 2 ਸਾਲ ਦਾ ਸਮਾਂ ਲੱਗੇਗਾ ।

ਸ੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਮੰਤਰੀ ਜੀ ਨੇ ਜੋ ਕਿਹਾ ਹੈ, ਉਸ ਵਿਚ ਸਿੰਘਪੁਰ ਦਾ ਜ਼ਿਕਰ ਨਹੀਂ ਕੀਤਾ। ਪਿਛਲੇ ਸੈਸ਼ਨ ਦੇ ਵਿਚ ਮੰਤਰੀ ਜੀ ਨੇ ਸਿੰਘਪੁਰ ਅਤੇ ਪਚਰੰਡਾ ਚੋਆਂ ਤੇ ਪੁਲ ਬਣਾਉਣ ਦੀ ਅਸ਼ੋਰੈਂਸ ਦਿੱਤੀ ਸੀ। ਮੈਂ ਬੇਨਤੀ ਕਰਾਂਗਾ ਕਿ ਜਿਸ ਤਰ੍ਹਾਂ ਡਾਕਟਰ ਰਮੇਸ਼ ਦੱਤ ਜੀ ਨੇ ਵੀ ਕਿਹਾ ਹੈ, ਕੀ ਮੰਤਰੀ ਜੀ ਇਸ ਗੱਲ ਦਾ ਭਰੋਸਾ ਦਿਵਾਉਣਗੇ ਕਿ ਇਨ੍ਹਾਂ 2 ਪੁਲਾਂ ਨੂੰ ਪਰਾਇਰਟੀ ਦਿੱਤੀ ਜਾਵੇਗੀ ਕਿਉਂਕਿ ਇਸ ਨਾਲ ਨੂਰਪੁਰ ਬੇਦੀ ਬਲਾਕ ਟੋਟਲੀ ਆਲ ਵੈਦਰ ਹਾਈਵੇ ਬਣ ਜਾਵੇਗਾ ਜੇਕਰ ਇਹ ਪੁਲ ਬਣ ਜਾਣ। ਕੀ ਉਹ ਇਨ੍ਹਾਂ ਵਾਸਤੇ ਕਿਸੇ ਹੋਰ ਪਾਸਿਉਂ ਪੈਸਾ ਡਾਈਵਰਟ ਕਰਕੇ ਇਹ ਪੁਲ ਸ਼ੁਰੂ ਕਰਵਾ ਸਕਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਮਿੱਤਲ ਸਾਹਿਬ ਦੀ ਗੱਲ ਨਾਲ ਬਿਲਕੁਲ ਸਹਿਮਤ ਹਾਂ ਲੇਕਿਨ ਸਾਡੇ ਕੋਲ ਫਾਈਨਾਂਸ ਦੀ ਪ੍ਰਾਬਲਮ ਹੈ। ਪਹਿਲਾਂ ਪਹਿਲਾਂ 8 ਕਰੋੜ ਰੁਪਿਆ ਪਲੈਨਿੰਗ ਬਰਡ ਵੱਲੋਂ ਸੈਂਕਸ਼ਨ ਹੋਇਆ ਸੀ ਲੇਕਿਨ ਨੈਕਸਟ ਸੈਸ਼ਨ ਵਿਚ ਫਾਈਨਾਂਸ ਮਨਿਸਟਰ ਦੀ ਸਪੀਚ ਦੇ ਨਾਲ ਇਹ ਰਕਮ 13 ਕਰੋੜ ਰੁਪਏ ਤੱਕ ਵੱਧ ਗਈ ਸੀ ਲੇਕਿਨ ਅਸਲ ਵਿਚ ਜਦ ਪਲੈਨਿੰਗ ਬੋਰਡ ਨੇ ਸੈਂਕਸ਼ਨ ਕੀਤੀ ਤਾਂ ਇਹ ਰਕਮ 4 ਕਰੋੜ ਰੁਪਏ ਰਹਿ ਗਈ। ਸੋ, ਸਾਨੂੰ ਫਾਈਨਾਂਸ ਦੀ ਦਿੱਕਤ ਹੈ। ਇਸ ਕਰਕੇ ਮੈਂ ਇਸ ਹਾਊਸ ਵਿਚ ਅਸ਼ੋਰੈਂਸ ਨਹੀਂ ਦੇ ਸਕਦਾ। Sir, it depends upon the availability of funds.

ਸਰਦਾਰ ਸ਼ਮਸ਼ੇਰ ਸਿੰਘ ਰਾਏ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਕੋਲੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਇਨ੍ਹਾਂ ਪੁਲਾਂ ਤੋਂ ਇਲਾਵਾ ਰੋਪੜ ਵਿਚ ਕਈ ਹੋਰ ਪੁਲ ਉਸਾਰਨ ਦੀ ਵੀ ਤਜਵੀਜ਼ ਹੈ ?

ਸ੍ਰੀ ਸਪੀਕਰ : ਇਹ ਸੈਪਰੇਟ ਸਵਾਲ ਹੈ।

ਸਰਦਾਰ ਅਵਤਾਰ ਸਿੰਘ ਕਰੀਮਪੁਰੀ : ਸਪੀਕਰ ਸਾਹਿਬ, ਗੜ੍ਹਸ਼ੰਕਰ ਤੋਂ ਬੀਨੇਵਾਲ ਰੋਡ ਤੇ ਭੁੰਮੀਆਂ ਚੋਅ ਲਈ ਪੈਸਾ ਮਨਜ਼ੂਰ ਹੋ ਚੁਕਾ ਹੈ ਪਰ ਉਸਦੀ ਪ੍ਰਬੰਧਕੀ ਮਨਜ਼ੂਰੀ ਰਹਿੰਦੀ ਹੈ। ਕੀ ਮੰਤਰੀ ਜੀ ਵਿਸ਼ਵਾਸ ਦਿਵਾਉਣਗੇ ਕਿ ਇਸ ਦੀ ਪ੍ਰਬੰਧਕੀ ਮਨਜ਼ੂਰੀ ਤੋਂ ਬਾਅਦ ਇਸੇ ਸਾਲ ਇਹ ਕੰਮ ਸ਼ੁਰੂ ਕਰਵਾ ਦੇਣਗੇ ?

Mr. Speaker : It needs a separate question. We come to the next question.

ਪੰਜਾਬ ਕਮਿਊਨੀਕੇਸ਼ਨਜ਼ ਲਿਮਟਿਡ, ਮੁਹਾਲੀ ਵਿਰੁੱਧ ਸ਼ਿਕਾਇਤਾਂ

*841. **ਸ੍ਰੀ ਮਦਨ ਮੋਹਨ ਮਿੱਤਲ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਕਿਸੇ ਵਿਧਾਨਕਾਰ ਨੇ ਸਾਲ 1992 ਦੇ ਦੌਰਾਨ ਪੰਜਾਬ ਕਮਿਊਨੀਕੇਸ਼ਨਜ਼ ਲਿਮਟਿਡ, ਮੁਹਾਲੀ ਦੇ ਕੰਮ-ਕਾਰ ਵਿਰੁੱਧ ਕੋਈ ਸ਼ਿਕਾਇਤ ਕੀਤੀ ਸੀ; ਜੇਕਰ ਅਜਿਹਾ ਹੋਵੇ, ਤਾਂ ਉਸ ਦੀ ਇਕ ਕਾਪੀ ਅਤੇ ਉਸ ਤੇ ਕਾਰਵਾਈ, ਜੇਕਰ ਕੋਈ ਕੀਤੀ ਗਈ ਹੋਵੇ, ਸਦਨ ਦੀ ਮੇਜ਼ ਤੇ ਰੱਖੀ ਜਾਵੇ ?

ਸਰਦਾਰ ਬੇਅੰਤ ਸਿੰਘ : ਹਾਂ ਜੀ, ਸ਼ਿਕਾਇਤ ਦੀ *ਕਾਪੀ ਦਾ ਇਕ ਉਤਾਰਾ ਵਿਧਾਨ ਸਭਾ ਦੀ ਮੇਜ਼ ਤੇ ਰੱਖਿਆ ਗਿਆ ਹੈ। ਇਸ ਬਾਰੇ ਮੁੱਢਲੀ ਪੁਛ ਪੜਤਾਲ ਕਰ ਲਈ ਗਈ ਹੈ। ਕੁਝ ਨੁੱਕਤਿਆਂ ਦੀ ਹੋਰ ਜਾਂਚ ਪੜਤਾਲ ਦੀ ਲੋੜ ਹੈ, ਜਿਸ ਦੀ ਵਿਸਥਾਰ ਪੂਰਵਕ ਪੁੱਛ-ਪੜਤਾਲ ਪ੍ਰਗਤੀ ਤੇ ਹੈ।

ਸ੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਜੋ ਕੰਪਲੇਂਟ ਦੀ ਕਾਪੀ ਦਿੱਤੀ ਹੈ ਉਸ ਦੇ ਵਿੱਚ ਬੜੇ ਸੀਰੀਅਸ ਚਾਰਜਿਜ਼ ਹਨ ਅਗੇਂਸਟ ਦੀ ਫੰਕਸ਼ਨਿੰਗ ਆਫ ਪੰਜਾਬ ਕਮਿਊਨੀਕੇਸ਼ਨਜ਼ ਲਿਮਟਿਡ, ਮੁਹਾਲੀ। ਮੈਂ ਮੁੱਖ ਮੰਤਰੀ ਜੀ ਕੋਲੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਗੱਲ ਠੀਕ ਨਹੀਂ ਕਿ ਸ੍ਰੀ ਸੁਧੀਰ ਕਾਲੀਆ ਜਿਸ ਨੇ ਕਿ ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ ਜੋ ਕਿ ਇਸ ਸਦਨ ਦੇ ਮੈਂਬਰ ਹਨ ਉਨ੍ਹਾਂ ਕੋਲ ਆਪਣੀ ਸ਼ਿਕਾਇਤ ਦਿਤੀ ਔਰ ਇਨ੍ਹਾਂ ਨੇ ਅੱਗੇ

---

*Placed in the Library.

ਮੁੱਖ ਮੰਤਰੀ ਜੀ ਨੂੰ ਉਹ ਸ਼ਿਕਾਇਤ ਭੇਜ ਦਿਤੀ ਔਰ ਸ੍ਰੀ ਸੁਧੀਰ ਕਾਲੀਆ ਨੂੰ ਇਸੇ ਕਰਕੇ ਲਿਖਤੀ ਚਾਰਜਸ਼ੀਟ ਦੇ ਦਿੱਤੀ ਗਈ ਕਿ ਉਸ ਨੇ ਬੀ. ਜੇ. ਪੀ. ਦੇ ਵਿਧਾਇਕ ਕੋਲ ਸ਼ਿਕਾਇਤ ਕਿਉਂ ਕੀਤੀ ਹੈ। ਉਸ ਦੀ ਸਰਵਿਸ ਟਰਮੀਨੇਟ ਕਰ ਦਿਤੀ ਗਈ। ਉਸ ਦੇ ਨਾਲ ਦੋ ਹੋਰ ਇੰਪਲਾਈਜ਼ ਵੀ ਹਨ, ਮਿਸਟਰ ਪ੍ਰਦੀਪ ਜੋਸ਼ੀ ਅਤੇ ਸ੍ਰੀ ਗੁਰਇਕਬਾਲ ਸਿੰਘ, ਜੋ ਕਿ ਇਸੇ ਯੂਨਿਟ ਦੇ ਵਿਚ ਇੰਪਲਾਈ ਹਨ, ਉਨ੍ਹਾਂ ਦੀਆਂ ਸਰਵਿਸਿਜ਼ ਵੀ ਟਰਮੀਨੇਟ ਕਰ ਦਿਤੀਆਂ ਗਈਆਂ ਹਨ। ਕਿਉਂ ਕਿ ਉਨ੍ਹਾਂ ਨੇ ਇਹ ਕੰਪਲੇਂਟ ਬਣਾਉਣ ਦੀ ਕੋਸ਼ਿਸ਼ ਕੀਤੀ ਰਿਗਾਰਡਿੰਗ (the mal-practice being done in that Unit) ਕੀ ਮੁੱਖ ਮੰਤਰੀ ਜੀ ਇਸ ਗੱਲ ਦਾ ਭਰੋਸਾ ਦਿਵਾਉਣਗੇ ਕਿ ਉਹ ਕੇਵਲ ਇਸ ਕਰਕੇ ਟਰਮੀਨੇਟ ਕਰ ਦਿੱਤੇ ਗਏ ਹਨ ਕਿਉਂਕਿ ਉਨ੍ਹਾਂ ਨੇ ਸ਼ਿਕਾਇਤ ਦਿਤੀ ਸੀ ਕਿ ਜੋ ਘਪਲੇ ਹੋ ਰਹੇ ਹਨ ਉਹ ਬਾਹਰ ਲਿਆਉਣ ਦੀ ਕੋਸ਼ਿਸ਼ ਕੀਤੀ ਔਰ ਗੌਰਮਿੰਟ ਦਾ ਪੈਸਾ ਬਚਾਉਣ ਦੀ ਕੋਸ਼ਿਸ਼ ਕੀਤੀ ?

ਸ੍ਰੀ ਸਪੀਕਰ : ਮਿੱਤਲ ਸਾਹਿਬ, ਇਸ ਦੇ ਕਾਰਨ ਕੋਈ ਹੋਰ ਵੀ ਤਾਂ ਹੋ ਸਕਦੇ ਹਨ।

ਸ੍ਰੀ ਮਦਨ ਮੋਹਨ ਮਿੱਤਲ : ਨਹੀਂ, ਸਰ, ਉਨ੍ਹਾਂ ਨੇ ਲਿਖਤੀ ਚਾਰਜਸ਼ੀਟ ਦੇ ਵਿਚ ਇਹ ਲਿਖਿਆ ਹੈ। ਸਰ, ਇੰਪਲਾਈਜ਼ ਨੂੰ ਇਸੇ ਕਰਕੇ ਟਰਮੀਨੇਟ ਕਰ ਦਿਤਾ ਗਿਆ ਹੈ।

ਸ੍ਰੀ ਸਪੀਕਰ : ਮਿੱਤਲ ਜੀ, ਇਹ ਤੁਹਾਡੇ ਐਲੀਗੇਸ਼ਨਜ ਹਨ, ਇਸ ਤਰ੍ਹਾਂ ਐਲੀਗੇਸ਼ਨਜ਼ ਲਾਉਣੇ ਠੀਕ ਨਹੀਂ ਹਨ।

ਮੁੱਖ ਮੰਤਰੀ : ਸਪੀਕਰ ਸਾਹਿਬ, ਇਸ ਗੱਲ ਬਾਰੇ ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਹ ਐਲੀਗੇਸ਼ਨ ਤਾਂ ਨਹੀਂ ਹੈ ਕਿ ਉਨ੍ਹਾਂ ਨੇ ਸ਼ਿਕਾਇਤ ਕੀਤੀ ਸੀ ਬੀਬੀ ਚਾਵਲਾ ਜੀ ਨੂੰ ਅਤੇ ਇਸ ਕਰਕੇ ਉਹ ਡਿਸਮਿਸ ਕਰ ਦਿੱਤੇ ਗਏ। ਲੇਕਿਨ ਹੋਰ ਐਲੀਗੇਸ਼ਨ ਜੋ ਹਨ ਕਿ ਉਸ ਸੰਸਥਾ ਦੇ ਵਿਚ ਬੜੀ ਭਾਰੀ ਪਾਰਟੀ-ਬਾਜ਼ੀ ਹੈ। ਮੈਂ ਇਸ ਬਾਰੇ ਬੀਬੀ ਚਾਵਲਾ ਜੀ ਨਾਲ ਇਨਕੰਟੈਕਟ ਹਾਂ। ਮੈਂ ਸਮਝਦਾ ਹਾਂ ਕਿ ਜਦੋਂ ਇਨਕੁਆਇਰੀ ਮੁਕੰਮਲ ਹੋ ਜਾਵੇਗੀ ਇਸ ਦੇ ਰੀਜ਼ਲਟਸ ਕੁਝ ਹੋਰ ਹੀ ਨਿਕਲਣਗੇ।

ਸ੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਮੈਂ ਵਿਦ ਫੁੱਲ ਰਿਸਪਾਂਸਿਬਿਲਟੀ ਗੱਲ ਕਰ ਰਿਹਾ ਹਾਂ, ਉਨ੍ਹਾਂ ਦੇ ਟਰਮੀਨੇਸ਼ਨ ਲੈਟਰ ਵਿੱਚ ਲਿਖਿਆ ਗਿਆ ਹੈ ਕਿ since you have disclosed this matter to a B.J.P. Legislator, your services are therefore terminated.

ਮੁੱਖ ਮੰਤਰੀ : ਸਪੀਕਰ ਸਾਹਿਬ, ਇਸ ਗੱਲ ਬਾਰੇ ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਹ ਐਲੀਗੇਸ਼ਨ ਤਾਂ ਨਹੀਂ ਹੈ ਕਿ ਉਨ੍ਹਾਂ ਨੇ ਸ਼ਿਕਾਇਤ ਕੀਤੀ ਸੀ ਬੀਬੀ ਚਾਵਲਾ ਜੀ ਨੂੰ ਅਤੇ ਇਸ ਕਰਕੇ ਉਹ ਡਿਸਮਿਸ ਕਰ ਦਿੱਤੇ ਗਏ ਲੇਕਿਨ ਹੋਰ ਐਲੀਗੇਸ਼ਨ ਜੋ ਹਨ ਕਿ ਉਸ ਸੰਸਥਾ ਦੇ ਵਿੱਚ ਬੜੀ ਭਾਰੀ ਪਾਰਟੀ-ਬਾਜ਼ੀ ਹੈ। ਮੈਂ ਇਸ ਬਾਰੇ ਇਨਕੰਟੈਕਟ ਹਾਂ, ਬੀਬੀ ਚਾਵਲਾ ਜੀ ਨਾਲ ਵੀ। ਮੈਂ ਸਮਝਦਾ ਹਾਂ ਕਿ ਜਦੋਂ ਇਨਕੁਆਇਰੀ ਮੁਕੰਮਲ ਹੋ ਜਾਵੇਗੀ ਤਾਂ ਇਸ ਦੇ ਰੀਜ਼ਲਟਸ ਕੁਝ ਹੋਰ ਹੀ ਨਿਕਲਣਗੇ।

Mr. Speaker : Next question.

(ਇਸ ਵਕਤ ਮਾਨਯੋਗ ਮੈਂਬਰ ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ ਸਪਲੀਮੈਂਟਰੀ ਦੀ ਮੰਗ ਕਰ ਰਹੇ ਸਨ)

ਸ਼੍ਰੀ ਸਪੀਕਰ : ਹਾਂ ਜੀ, ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਨੂੰ ਤੁਹਾਡੇ ਰਾਹੀਂ ਪੁੱਛਣਾ ਚਾਹੁੰਦੀ ਹਾਂ ਕਿ 17 ਜੁਲਾਈ, 1992 ਨੂੰ ਮੈਂ ਸ਼ਿਕਾਇਤ ਦਿੱਤੀ ਸੀ ਕਿ ਉਨ੍ਹਾਂ ਕਰਮਚਾਰੀਆਂ ਨੂੰ ਟਰਮੀਨੇਟ ਕਰ ਦਿੱਤਾ ਗਿਆ ਹੈ ਔਰ ਮੁੱਖ ਮੰਤਰੀ ਜੀ ਨੂੰ ਮੈਂ ਲਿਖਤੀ ਰੂਪ ਵਿਚ ਕਿਹਾ ਕਿ ਉਸ ਵਿੱਚ ਲਿਖਿਆ ਹੈ ਕਿ ਬੀ. ਜੇ. ਪੀ. ਐਮ. ਐਲ. ਏ. ਨੂੰ ਸ਼ਿਕਾਇਤ ਦੇਣ ਕਾਰਨ ਤੁਹਾਨੂੰ ਟਰਮੀਨੇਟ ਕੀਤਾ ਜਾਂਦਾ ਹੈ ਔਰ ਮੁੱਖ ਮੰਤਰੀ ਜੀ ਨੇ ਪਰਾਮਿਸ ਕੀਤਾ ਸੀ (ਵਿਘਨ) ਮੇਰੀ ਬੇਨਤੀ ਹੈ ਕਿ 17 ਜੁਲਾਈ, 1992 ਨੂੰ ਮੈਂ ਸ਼ਿਕਾਇਤ ਦਿੱਤੀ ਔਰ ਉਸਦੀ ਇਨਕੁਆਇਰੀ ਹੁਣ ਫਰਵਰੀ-ਮਾਰਚ, 1993 ਵਿੱਚ ਸ਼ੁਰੂ ਕੀਤੀ ਜਾ ਰਹੀ ਹੈ, ਇਸ ਨੂੰ ਲੇਟ ਕਰਨ ਦੇ ਕੀ ਕਾਰਨ ਸਨ ?

ਮੁੱਖ ਮੰਤਰੀ : ਇਹ ਇਨਕੁਆਇਰੀ ਜਲਦੀ ਹੀ ਮੁਕੰਮਲ ਕਰਵਾ ਲਈ ਜਾਵੇਗੀ ਜੀ।

ਪੰਜਾਬ ਪੁਲਿਸ ਦੇ ਕਰਮਚਾਰੀਆਂ ਲਈ ਬਹਾਦਰੀ ਦੇ ਅਤੇ ਨਕਦ ਇਨਾਮ

*881. 1. **ਸ਼੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ**
2. **ਕਾਮਰੇਡ ਤਰਸੇਮ ਜੋਧਾਂ** } : ਕੀ ਮੁੱਖ ਮੰਤਰੀ ਉਨ੍ਹਾਂ ਪੁਲਿਸ ਅਫਸਰਾਂ ਅਤੇ ਕਰਮਚਾਰੀਆਂ ਦੇ ਨਾਂ ਅਤੇ ਵੇਰਵੇ ਦੱਸਣਗੇ, ਜਿਨ੍ਹਾਂ ਨੂੰ ਜਨਵਰੀ, 1991 ਤੋਂ ਹੁਣ ਤੱਕ ਦੇ ਦੌਰਾਨ ਉਨ੍ਹਾਂ ਦੀਆਂ ਸ਼ਲਾਘਾਯੋਗ ਸੇਵਾਵਾਂ ਲਈ ਬਹਾਦਰੀ ਦੇ ਇਨਾਮ ਅਤੇ ਨਕਦ ਇਨਾਮ ਦਿੱਤੇ ਗਏ ਹਨ ?

ਸਰਦਾਰ ਬੇਅੰਤ ਸਿੰਘ: ਮਿਤੀ 1 ਜਨਵਰੀ, 1991 ਤੋਂ ਲੈ ਕੇ ਹੁਣ ਤੱਕ 68 ਪੁਲਿਸ ਅਫਸਰਾਂ ਅਤੇ ਕਰਮਚਾਰੀਆਂ ਨੂੰ ਭਾਰਤ ਸਰਕਾਰ ਵਲੋਂ ਸ਼ਲਾਘਾਯੋਗ ਸੇਵਾਵਾਂ ਲਈ ਬਹਾਦਰੀ ਦੇ ਇਨਾਮ ਦਿੱਤੇ ਜਾ ਚੁੱਕੇ ਹਨ। ਸ਼੍ਰੇਣੀਵਾਰ ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ (ਅਨੁਲੱਗ-1)

ਜਨਵਰੀ, 1991 ਤੋਂ ਹੁਣ ਤੱਕ 41,684 ਪੁਲਿਸ ਅਫਸਰਾਂ/ਕਰਮਚਾਰੀਆਂ ਨੂੰ ਇਨਾਮ ਦਿੱਤੇ ਜਾ ਚੁਕੇ ਹਨ। ਸ਼੍ਰੇਣੀਵਾਰ ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ (ਅਨੁਲੱਗ-2)

ਅਨੁਲੱਗ—1

ਪੁਲਿਸ ਵਿਭਾਗ ਦੇ ਅਧਿਕਾਰੀਆਂ/ਕਰਮਚਾਰੀਆਂ ਜਿਨ੍ਹਾਂ ਨੂੰ ਭਾਰਤ ਸਰਕਾਰ ਵਲੋਂ ਬਹਾਦਰੀ ਮੈਡਲ ਦਿੱਤਾ ਗਿਆ ਹੈ, ਦੀ ਸੂਚੀ

1.	ਡਿਪਟੀ ਇੰਸਪੈਕਟਰ, ਜਨਰਲ ਪੁਲਿਸ	...	2
2.	ਸੀਨੀਅਰ ਪੁਲਿਸ ਕਪਤਾਨ	...	6

3.	ਪੁਲਿਸ ਕਪਤਾਨ	...	6
4.	ਸਹਾਇਕ ਪੁਲਿਸ ਕਪਤਾਨ	...	3
5.	ਉਪ-ਪੁਲਿਸ ਕਪਤਾਨ	...	12
6.	ਇੰਸਪੈਕਟਰ	...	11
7.	ਸਬ-ਇੰਸਪੈਕਟਰ	...	8
8.	ਸਹਾਇਕ ਸਬ-ਇੰਸਪੈਕਟਰ	...	3
9.	ਮੁੱਖ ਸਿਪਾਹੀ	...	5
10.	ਸਿਪਾਹੀ	...	12
	ਜੋੜ	...	68

ਅਨੁਲੱਗ—2

ਪੁਲਿਸ ਵਿਭਾਗ ਦੇ ਅਧਿਕਾਰੀਆਂ/ਕਰਮਚਾਰੀਆਂ ਜਿਨ੍ਹਾਂ ਨੂੰ ਨਕਦ ਇਨਾਮ ਦਿੱਤਾ ਗਿਆ ਹੈ, ਦੀ ਸੂਚੀ

1.	ਪੁਲਿਸ ਕਪਤਾਨ	...	12
2.	ਉਪ-ਪੁਲਿਸ ਕਪਤਾਨ	...	22
3.	ਇੰਸਪੈਕਟਰ	...	576
4.	ਸਬ-ਇੰਸਪੈਕਟਰ	...	1,365
5.	ਸਹਾਇਕ ਸਬ-ਇੰਸਪੈਕਟਰ	..	2,875
6.	ਮੁੱਖ ਸਿਪਾਹੀ	..	8,589
7.	ਸਿਪਾਹੀ	..	28,245
	ਜੋੜ	...	41,684

ਸ਼੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਸਪੀਕਰ ਸਾਹਿਬ, ਮੇਰਾ ਸਵਾਲ ਬੜਾ ਸਪੈਸੇਫਿਕ ਸੀ ਕਿ ਕੀ ਮੁੱਖ ਮੰਤਰੀ ਜੀ ਉਨ੍ਹਾਂ ਪੁਲਿਸ ਅਫਸਰਾਂ ਅਤੇ ਕਰਮਚਾਰੀਆਂ ਦੇ ਨਾਂ ਅਤੇ ਵੇਰਵੇ ਦੱਸਣਗੇ ? ਪਰ ਜਿਹੜੀ ਜਾਣਕਾਰੀ ਦਿੱਤੀ ਗਈ ਹੈ ਉਹ ਬਿਲਕੁਲ ਅਧੂਰੀ ਹੈ ਜਿਹੜਾ ਮੈਨੂੰ ਜਵਾਬ ਪ੍ਰਾਪਤ ਹੋਇਆ ਹੈ ਉਹ ਅਧੂਰਾ ਹੈ। ਨਾਂ ਦਸੇ ਨਹੀਂ ਗਏ ਕੇਵਲ ਵੇਰਵੇ ਦਿੱਤੇ ਗਏ ਹਨ ਜਿਹੜੇ ਜਿਹੜੇ ਉਨ੍ਹਾਂ ਨੂੰ ਅਵਾਰਡ ਦਿੱਤੇ ਗਏ। ਮੈਂ ਸਮਝਦਾ ਹਾਂ ਕਿ ਜਾਣਕਾਰੀ ਅਧੂਰੀ ਹੋਣ ਕਰਕੇ ਮੇਰੀ ਸਪਲੀਮੈਂਟਰੀ ਬਣਦੀ ਹੀ ਨਹੀਂ, ਉਹ ਵੀ ਅਧੂਰਾ ਹੀ ਰਹਿ ਜਾਂਦੀ ਹੈ।

ਸ਼੍ਰੀ ਸਪੀਕਰ : ਤੁਸੀਂ ਸਿਰਫ ਨੰਬਰ ਪੁੱਛਿਆ ਹੈ।

ਸ਼੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਨਹੀਂ ਸਰ, ਨਾਂ ਅਤੇ ਵੇਰਵੇ ਪੁੱਛੇ ਗਏ ਹਨ ਜੀ। ਸਪੀਕਰ ਸਾਹਿਬ, ਪੰਜਾਬੀ ਵਿੱਚ ਸਾਫ ਲਿਖਿਆ ਹੈ ਕਿ ਕੀ ਮੁੱਖ ਮੰਤਰੀ ਉਨ੍ਹਾਂ ਪੁਲਿਸ ਅਫਸਰਾਂ ਅਤੇ ਕਰਮਚਾਰੀਆਂ ਦੇ ਨਾਂ ਅਤੇ ਵੇਰਵੇ ਦੱਸਣਗੇ, ਜਿਨ੍ਹਾਂ ਨੂੰ ਜਨਵਰੀ, 1991 ਤੋਂ ਹੁਣ ਤੱਕ ਦੇ ਦੌਰਾਨ ਉਨ੍ਹਾਂ ਦੀਆਂ ਸ਼ਲਾਘਾਯੋਗ ਸੇਵਾਵਾਂ ਲਈ ਬਹਾਦਰੀ ਦੇ ਇਨਾਮ ਅਤੇ ਨਕਦ ਇਨਾਮ ਦਿੱਤੇ ਗਏ ਹਨ ?

ਮੁੱਖ ਮੰਤਰੀ : ਸਪੀਕਰ ਸਾਹਿਬ, ਅਗਰ ਇਹ ਨਾਂ ਵੀ ਪੁੱਛਣਾ ਚਾਹੁੰਦੇ ਹਨ ਤਾਂ ਇਹ ਮੇਰੇ ਚੈਂਬਰ ਵਿੱਚ ਆ ਜਾਣ । ਨਾਂ ਵੀ ਦੱਸ ਦਿਆਂਗਾ ।

Mr. Speaker : Now the question hour is over. The remaining questions shall be deemed to have been answered under Rule 38 of the Rules of Procedure and Conduct of Business in the Punjab Vidhan Sabha (Punjab Legislative Assembly).

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

ਅਟਾਰੀ ਵਿੱਚ ਜਾਂ ਨੇੜੇ ਸਥਿਤ ਸਕੂਲਾਂ ਦੇ ਮੁਖ ਅਧਿਆਪਕਾਂ ਵਿਰੁੱਧ ਸ਼ਿਕਾਇਤਾਂ

*823. **ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਉਨ੍ਹਾਂ ਨੂੰ ਸਾਲ 1992 ਵਿੱਚ ਅਟਾਰੀ ਦੇ ਸਕੂਲਾਂ ਦੇ ਮੁੱਖੀਆਂ ਵਿਰੁੱਧ ਮਾਪੇ-ਅਧਿਆਪਕ ਸੰਗਠਣਾਂ, ਪੰਚਾਇਤਾਂ ਅਤੇ ਇਲਾਕੇ ਦੇ ਵਸਨੀਕਾਂ ਨੇ ਕੋਈ ਸ਼ਿਕਾਇਤਾਂ ਕੀਤੀਆਂ ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉਤਰ ਹਾਂ ਵਿੱਚ ਹੋਵੇ, ਤਾਂ ਸਕੂਲਾਂ ਦੇ ਉਨ੍ਹਾਂ ਮੁੱਖੀਆਂ ਦੇ ਨਾਂ ਕੀ ਹਨ ਜਿਨ੍ਹਾਂ ਵਿਰੁੱਧ ਸ਼ਿਕਾਇਤਾਂ ਪ੍ਰਾਪਤ ਹੋਈਆਂ ਅਤੇ ਸ਼ਿਕਾਇਤਾਂ ਦਾ ਵੇਰਵਾ ਕੀ ਹੈ ਅਤੇ ਉਨ੍ਹਾਂ ਤੇ ਕੀ ਕਾਰਵਾਈ ਕੀਤੀ ਗਈ ?

ਸ਼੍ਰੀ ਹਰਨਾਮ ਦਾਸ ਜੌਹਰ : (ੳ) ਹਾਂ ਜੀ।

(ਅ) ਸ਼੍ਰੀ ਅਜੀਤ ਸਿੰਘ, ਪ੍ਰਿੰਸੀਪਲ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਅਟਾਰੀ ਵਿਰੁੱਧ ਸਕੂਲ ਦੇ ਫੰਡਾਂ ਦੀ ਕੁਵਰਤੋਂ, ਦਰਖਤਾਂ ਦੀ ਵਿਕਰੀ ਅਤੇ ਕੰਟੀਨ ਦੀ ਨਿਲਾਮੀ ਸਬੰਧੀ ਗੜਬੜ

ਕਰਨ ਅਤੇ ਸਕੂਲ ਦੇ ਸਟਾਫ ਨਾਲ ਦੁਰ-ਵਿਹਾਰ ਕਰਨ ਆਦਿ ਸਬੰਧੀ ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ। ਇਨ੍ਹਾਂ ਸ਼ਿਕਾਇਤਾਂ ਦੀ ਪੜਤਾਲ ਜ਼ਿਲ੍ਹਾ ਸਿਖਿਆ ਅਫਸਰ (ਸਕੂਲਜ਼) ਅੰਮ੍ਰਿਤਸਰ ਵਲੋਂ ਕੀਤੀ ਜਾ ਰਹੀ ਹੈ।

ਰਾਜ ਵਿਚ ਸਰਕਾਰੀ ਸਹਾਇਤਾ ਪ੍ਰਾਪਤ ਪ੍ਰਾਈਵੇਟ ਕਾਲਜਾਂ ਦੇ ਟੀਚਰਾਂ ਨੂੰ ਪੈਨਸ਼ਨ ਦੇਣਾ

*882. 1. **ਵਿਜੇ ਕੁਮਾਰ ਸਾਥੀ ਐਡਵੋਕੇਟ**

2. **ਕਾਮਰੇਡ ਤਰਸੇਮ ਜੋਧਾਂ** } : ਕੀ ਸਿੱਖਿਆ

ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿੱਚ ਸਰਕਾਰੀ ਸਹਾਇਤਾ ਪ੍ਰਾਪਤ ਪ੍ਰਾਈਵੇਟ ਕਾਲਜਾਂ ਦੇ ਟੀਚਰਾਂ ਨੂੰ ਪੈਨਸ਼ਨ ਅਤੇ ਗਰੈਚੂਟੀ ਦੇਣ ਸਬੰਧੀ ਸਰਕਾਰ ਦੁਆਰਾ ਜਨਵਰੀ, 1991 ਤੋਂ ਮਿਤੀ ਅੰਤ ਤਕ ਦੇ ਸਮੇਂ ਦੇ ਦੌਰਾਨ ਕੋਈ ਅਧਿਸੂਚਨਾ ਜਾਰੀ ਕੀਤੀ ਗਈ ਹੈ, ਜੇਕਰ ਕੀਤੀ ਗਈ ਹੈ, ਤਾਂ ਉਸਦੀ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਵੇ ?

ਸ੍ਰੀ ਹਰਨਾਮ ਦਾਸ ਜੌਹਰ: ਨਹੀਂ ਜੀ।

ਰਾਜ ਵਿਚ ਹਾਲ ਹੀ ਦੀਆਂ ਪੰਚਾਇਤ ਚੋਣਾਂ ਦੌਰਾਨ ਹਿੰਸਾ ਦੀਆਂ ਵਾਰਦਾਤਾਂ

*794. **ਡਾਕਟਰ ਰਮੇਸ਼ ਦੱਤ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿੱਚ ਹਾਲ ਹੀ ਵਿੱਚ ਹੋਈਆਂ ਪੰਚਾਇਤ ਚੋਣਾਂ ਦੌਰਾਨ ਰਿਪੋਰਟ ਕੀਤੀਆਂ ਗਈਆਂ ਅਤੇ ਰਜਿਸਟਰ ਕੀਤੀਆਂ ਗਈਆਂ ਹਿੰਸਾ ਦੀਆਂ ਵਾਰਦਾਤਾਂ ਦੀ ਜ਼ਿਲ੍ਹਾਵਾਰ ਗਿਣਤੀ ਕਿੰਨੀ ਹੈ ਅਤੇ ਉਕਤ ਚੋਣਾਂ ਦੌਰਾਨ ਮਾਰੇ ਗਏ ਅਤੇ/ਜਾਂ ਜ਼ਖਮੀ ਹੋਏ ਵਿਅੱਕਤੀਆਂ ਦੀ ਜ਼ਿਲ੍ਹਾ-ਵਾਰ ਗਿਣਤੀ ਕਿੰਨੀ ਹੈ ?

ਸਰਦਾਰ ਬੇਅੰਤ ਸਿੰਘ : ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

ਜ਼ਿਲ੍ਹੇਵਾਰ ਸੂਚਨਾ ਹੇਠ ਲਿਖੇ ਅਨੁਸਾਰ ਹੈ :

ਜ਼ਿਲ੍ਹਾ	ਦਰਜ ਕੀਤੀਆਂ ਗਈਆਂ ਹਿੰਸਕ ਘਟਨਾਵਾਂ	ਮਾਰੇ ਗਏ ਵਿਅੱਕਤੀ	ਫੱਟੜ ਹੋਏ ਵਿਅੱਕਤੀ
ਫਿਰੋਜ਼ਪੁਰ	4	2	2
ਫਰੀਦਕੋਟ	1	...	2
ਸੰਗਰੂਰ	1	..	..
ਬਰਨਾਲਾ	1	...	..
ਖੰਨਾ	1	..	...
ਮਾਨਸਾ	1	...	2
ਜੋੜ	9	2	6

ਤਹਿਸੀਲ ਗੜ੍ਹਸ਼ੰਕਰ ਵਿਚ ਹਾਈ ਸਕੂਲਾਂ ਨੂੰ ਅਪਗਰੇਡ ਕਰਨਾ

*875. **ਸਰਦਾਰ ਅਵਤਾਰ ਸਿੰਘ ਕਰੀਮਪੁਰੀ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦਸਣਗੇ ਕਿ ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਵਿਚ 31 ਜਨਵਰੀ, 1993 ਨੂੰ 10+2 ਪੱਧਰ ਦੇ ਸਕੂਲਾਂ ਦੀ ਗਿਣਤੀ ਕਿੰਨੀ ਸੀ ਅਤੇ ਅਗਲੇ ਵਿੱਤੀ ਸਾਲ ਦੇ ਦੌਰਾਨ ਕਿੰਨੇ ਹਾਈ ਸਕੂਲਾਂ ਨੂੰ +2 ਪੱਧਰ ਤੱਕ ਅਪਗਰੇਡ ਕਰਨ ਦੀ ਤਜਵੀਜ਼ ਹੈ ?

ਸ੍ਰੀ ਹਰਨਾਮ ਦਾਸ ਜੌਹਰ : (ੳ) ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ 11 ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਿਤੀ 31 ਜਨਵਰੀ, 1993 ਤੱਕ ਹਨ ।

(ਅ) ਅਗਲੇ ਵਿੱਤੀ ਸਾਲ ਦੌਰਾਨ ਹਾਲੇ ਤੀਕ ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਅਰਪੁਰ ਨੂੰ ਸਕੂਲਾਂ ਦੀ ਵੰਡ ਨਹੀਂ ਕੀਤੀ ਗਈ।

UNSTARRED QUESTIONS AND ANSWERS

ਨਵੀਆਂ ਬੱਸਾਂ ਦੀਆਂ ਬਾਡੀਆਂ ਬਣਾਉਣ ਤੇ ਖਰਚਾ

116. 1. **ਸ੍ਰੀ ਵਿਜੈ ਕੁਮਾਰ ਸਾਥੀ ਐਡਵੋਕੇਟ**
2. **ਕਾਮਰੇਡ ਤਰਸੇਮ ਜੋਧਾਂ** } : ਕੀ ਟ੍ਰਾਂਸਪੋਰਟ ਦੇ

ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਜਨਵਰੀ, 1990 ਤੋਂ ਮਿਤੀ ਅੰਤ ਤੱਕ ਦੇ ਸਮੇਂ ਦੌਰਾਨ ਪੰਜਾਬ ਰੋਡਵੇਜ਼ ਅਤੇ ਪੈਪਸੂ ਰੋਡ ਟ੍ਰਾਂਸਪੋਰਟ ਕਾਰਪੋਰੇਸ਼ਨ ਦੁਆਰਾ ਕ੍ਰਮਵਾਰ ਕੁੱਲ ਕਿੰਨੀਆਂ ਬੱਸਾਂ ਦੀਆਂ ਚੈਸੀਆਂ ਖਰੀਦੀਆਂ ਗਈਆਂ ;

(ਅ) ਉਨ੍ਹਾਂ ਫਰਮਾਂ ਦੇ ਵੇਰਵੇ ਕੀ ਹਨ ਜਿਨ੍ਹਾਂ ਤੋਂ ਉਪਰੋਕਤ ਭਾਗ (ੳ) ਵਿਚ ਵਰਣਿਤ ਬੱਸਾਂ ਦੀਆਂ ਬਾਡੀਆਂ ਬਣਵਾਈਆਂ ਗਈਆਂ ਅਤੇ ਹਰ ਇਕ ਬੱਸ-ਬਾਡੀ ਦੇ ਬਣਾਉਣ ਲਈ ਕੀਤੇ ਗਏ ਖਰਚੇ ਦੇ ਵੇਰਵੇ ਕੀ ਹਨ ?

ਮਾਸਟਰ ਜਾਗੀਰ ਸਿੰਘ : (ੳ) (1) ਪੰਜਾਬ ਰੋਡਵੇਜ਼ ਵੱਲੋਂ ਖਰੀਦ ਕੀਤੀਆਂ ਬੱਸ ਚੈਸੀਆਂ ਦੀ ਗਿਣਤੀ 870

(2) ਪੈਪਸੂ ਰੋਡ ਟਰਾਂਸਪੋਰਟ ਕਾਰ-ਪੋਰੇਸ਼ਨ ਵੱਲੋਂ ਖਰੀਦ ਕੀਤੀਆਂ ਬੱਸ ਚੈਸੀਆਂ ਦੀ ਗਿਣਤੀ 437

(ਅ) ਇਨ੍ਹਾਂ ਬੱਸ ਚੈਸੀਆਂ ਦੀਆਂ ਬਾਡੀਆਂ ਬਨਾਉਣ ਵਾਲੀਆਂ ਫਰਮਾਂ ਦਾ ਵੇਰਵਾ ਅਤੇ ਹਰੇਕ ਬੱਸ ਤੇ ਸਾਲ-ਵਾਈਜ਼ ਆਉਣ ਵਾਲੇ ਖਰਚੇ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :—

(1) ਪੰਜਾਬ ਰੋਡਵੇਜ਼ :

ਲੜੀ ਨੰ:	ਫਰਮ ਦਾ ਨਾਂ	ਸਮਾਂ			
		ਜਨਵਰੀ, 90 ਤੋਂ ਮਾਰਚ, 90	1990-91	1991-92	1992-93
1	2	3	4	5	6
1	ਮੈ: ਸ਼ਾਮ ਸਿੰਘ ਐਂਡ ਸਨਜ਼, ਸਰਹਿੰਦ ..	6	21	11	15
2	ਜੋਗਿੰਦਰ ਸਿੰਘ ਐਂਡ ਸਨਜ਼, ਸਰਹਿੰਦ ..	6	22	10	15
3	ਹਿਮਾਚਲ ਫੈਬਰੀਕੇਟਰ, ਡਮਟਾਲ ..	5	22	33	28
4	ਭਾਰਤ ਇੰਜੀਨੀਅਰਿੰਗ ਵਰਕਸ, ਪਠਾਨਕੋਟ	2	17	32	16
5	ਖਾਲਸਾ ਬਾਡੀ ਬਿਲਡਰ, ਹੁਸ਼ਿਆਰਪੁਰ/ਜਲੰਧਰ	4	22	21	15
6	ਹੇਮ ਰਾਜ ਐਂਡ ਬਰਦਰਜ਼, ਸਰਹਿੰਦ ..	6	21	28	15
7	ਦੋਆਬਾ ਕੋਚ ਬਿਲਡਰ, ਜਲੰਧਰ ..	6	22	32	27
8	ਸਕਾਈਵੇਜ਼ ਕੋਚ ਬਿਲਡਰਜ਼, ਜਲੰਧਰ ..	6	22	20	16
9	ਨਿਊ ਮਾਡਲ ਇੰਡਸਟਰੀਜ਼, ਜਲੰਧਰ ..	4	18	...	..
10	ਗੁਰੂ ਨਾਨਕ ਫੈਬਰੀਕੇਟਰ, ਜਲੰਧਰ ..	6	22	32	16
11	ਅਮਰ ਕੋਚ ਬਿਲਡਰ, ਜਲੰਧਰ ..	1	7	24	28
12	ਐਮ. ਡੀ., ਪੀ. ਆਰ. ਟੀ. ਸੀ., ਪਟਿਆਲਾ ..	...	15	...	...

[ਰਾਜ ਮੰਤਰੀ, ਟਰਾਂਸਪੋਰਟ]

1	2	3	4	5	6
13	ਹਰੀਸ਼ ਇੰਡਸਟਰੀਜ਼, ਮੇਰਠ ..	...	10	..	..
14	ਨਿਊ ਸ਼ਾਲੀਮਾਰ ਬਾਡੀ ਬਿਲਡਰ, ਜਲੰਧਰ ..	...	6	32	15
15	ਗੁਰੂ ਨਾਨਕ ਬਾਡੀ ਬਿਲਡਰ, ਜਲੰਧਰ ..	...	6	33	16
16	ਨੈਸ਼ਨਲ ਕੋਚ ਬਿਲਡਰ, ਸਰਹਿੰਦ ..	..	...	9	15
17	ਸ਼ਾਮ ਸਿੰਘ ਹੇਮ ਰਾਜ ਸਰਹਿੰਦ ..	..	...	...	..
18	ਜੀ. ਐਮ. ਉੱਤਰ ਪਰਦੇਸ਼ ਸਟੇਟ ਰੋਡ ਟਰਾਂਸਪੋਰਟ ਕਾਰਪੋਰੇਸ਼ਨ, ਕਾਨਪੁਰ	...	...	10	..
	ਕੁਲ ...	52	254	327	237

ਜਨਵਰੀ, 1990 ਤੋਂ 1992-93 ਤੱਕ ਬੱਸ ਬਾਡੀ ਬਿਲਡਿੰਗ ਫਰਮਾਂ ਨਾਲ ਅਪਰੂਵ ਕੀਤੇ ਰੇਟਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :—

ਬਾਡੀ ਦੀ ਕਿਸਮ	ਜਨਵਰੀ, 90 ਤੋਂ ਮਈ, 90	1990-91 (1-6-90 ਤੋਂ 31-5-91)	1991-92 (1-6-91 ਤੋਂ 31-5-92)	1992-93 (1-6-92 ਤੋਂ 31-3-93)
210 "ਡਬਲਿਯੂ. ਬੀ. ਲੇਲੈਂਡ ਚੀਤਾ ..	1,20,840	1,20,840	1,43,000	2,02,000
203 "ਡਬਲਿਯੂ. ਬੀ. ਲੇਲੈਂਡ ਚੀਤਾ ..	...	...	1,42,000	2,00,000
205 "ਡਬਲਿਯੂ. ਬੀ. ਟਾਟਾ ..	1'16,040	1,16,040	1,40,000	1,95,850

(ਸੇਲਜ਼ ਟੈਕਸ ਅਤੇ ਐਕਸਾਈਜ਼ ਡਿਊਟੀ ਇਲਾਵਾ)

(2) **ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ :**

ਜਨਵਰੀ, 1990 ਤੋਂ ਹੁਣ ਤੱਕ 433 ਡਿਸਟਰਿਕਟ ਟਾਇਪ ਸਾਧਾਰਨ ਬੱਸ ਬਾਡੀਆਂ, ਬਾਡੀ ਬਰੀਕੇਸ਼ਨ ਸੈਲ ਪੀ. ਆਰ. ਟੀ. ਸੀ., ਪਟਿਆਲਾ ਦੁਆਰਾ ਬਣਾਈਆਂ ਗਈਆਂ। 4 ਡੀਲਕਸ

ਬਸਾਂ ਪ੍ਰਾਈਵੇਟ ਬਾਡੀ ਬਿਲਡਰਜ਼ ਕੋਲੋਂ ਬਣਵਾਈਆਂ ਗਈਆਂ ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:—

ਸਾਲ	ਫਰਮ ਦਾ ਨਾਂ		ਇੱਕ ਬੱਸ ਬਾਡੀ ਦਾ ਖਰਚਾ (ਸਮੇਤ ਸਾਰੇ ਟੈਕਸ)	
1991-92	ਦੁਆਬਾ ਕੋਚ' ਜਲੰਧਰ	....	2,77,875.20	(ਟਾਟਾ)
	ਅਮਰ ਕੋਚ, ਜਲੰਧਰ	...	2,77,875.20	(ਟਾਟਾ)
	ਅਮਰ ਕੋਚ, ਜਲੰਧਰ	..	2,86,038.20	(ਲੇਲੈਂਡ)
	ਗੁਰੂ ਨਾਨਕ ਬਾਡੀ ਬਿਲਡਰਜ਼, ਜਲੰਧਰ	..	2,86,252.80	(ਲੇਲੈਂਡ)

ਬਾਡੀ ਫੈਬਰੀਕੇਸ਼ਨ ਸੈਲ ਪੀ. ਆਰ. ਟੀ. ਸੀ., ਪਟਿਆਲਾ ਵਲੋਂ ਬਣਾਈ ਗਈ ਇਕ ਬੱਸ ਦਾ ਔਸਤ ਖਰਚਾ (ਸਮੇਤ ਐਕਸਾਈਜ਼ ਅਤੇ ਟੈਕਸ) ਹੇਠ ਲਿਖੇ ਅਨੁਸਾਰ ਹੈ:—

ਸਾਲ		ਲੇਲੈਂਡ	ਟਾਟਾ
1989-90 (1-1-90 ਤੋਂ 31-3-90)	...	1,20,926	1,15,603
1990-91	...	1,30,439	1,26,282
1991-92	...	1,27,806	1,23,558
1992-93 (28-2-93 ਤੱਕ)	...	1,35,938	1,33,558

ਸਿੱਖਿਆ ਵਿਭਾਗ ਵਿਚ ਨਵੇਂ ਤਰੱਕੀ ਦਿੱਤੇ ਗਏ ਲੈਕਚਰਾਰ

120. ਕਾਮਰੇਡ ਹਰਦੇਵ ਸਿੰਘ ਅਰਸ਼ੀ: ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਰਾਜ ਵਿੱਚ ਨਵੰਬਰ, 1991 ਦੇ ਦੌਰਾਨ ਸਿੱਖਿਆ ਵਿਭਾਗ ਵਿੱਚ ਮਾਸਟਰਾਂ ਵਿੱਚੋਂ ਕਿਸੇ ਅੰਗਰੇਜ਼ੀ ਲੈਕਚਰਾਰਾਂ ਨੂੰ ਤਰੱਕੀ ਦਿੱਤੀ ਗਈ ਸੀ;

[ਕਾਮਰੇਡ ਹਰਦੇਵ ਸਿੰਘ ਅਰਸ਼ੀ]

(ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਲੈਕਚਰਾਰਾਂ ਵਿਚੋਂ ਅਜਿਹੇ ਲੈਕਚਰਾਰਾਂ ਦੇ ਨਾਂ ਕੀ ਕੀ ਹਨ ਜਿਹੜੇ ਆਪਣੀਆਂ ਨਿਯੁਕਤੀਆਂ ਵਾਲੀਆਂ ਥਾਵਾਂ ਤੇ ਡਿਊਟੀ ਤੇ ਹਾਜ਼ਰ ਹੋ ਗਏ ਹਨ ਅਤੇ ਉਨ੍ਹਾਂ ਦੇ ਨਾਂ ਕੀ ਕੀ ਹਨ ਜਿਨ੍ਹਾਂ ਨੇ ਡਿਊਟੀ ਤੇ ਹਾਜ਼ਰ ਹੋਣ ਲਈ ਸਮੇਂ ਵਿੱਚ ਵਾਧੇ ਦੀ ਮੰਗ ਕੀਤੀ ਹੈ ;

(ੲ) ਉਪਰੋਕਤ ਭਾਗ (ਅ) ਵਿਚ ਵਰਣਿਤ ਵਿਚੋਂ ਅਜਿਹੇ ਲੈਕਚਰਾਰਾਂ ਦੇ ਨਾਂ ਕੀ ਕੀ ਹਨ ਜਿਨ੍ਹਾਂ ਨੂੰ ਡੀ. ਪੀ. ਆਈ. (ਸਕੂਲਜ਼) ਦੁਆਰਾ ਸਮੇਂ ਵਿੱਚ ਵਾਧੇ ਦੀ ਆਗਿਆ ਦੇ ਦਿੱਤੀ ਗਈ ਅਤੇ ਹਰ ਇਕ ਕੇਸ ਵਿਚ ਕਿੰਨਾ ਕਿੰਨਾ ਸਮਾਂ ਵਧਾਇਆ ਗਿਆ ਅਤੇ ਸਮੇਂ ਵਿਚ ਅਜਿਹਾ ਵਾਧਾ ਕਰਨ ਦੇ ਕੀ ਕਾਰਨ ਹਨ ?

ਸ੍ਰੀ ਹਰਨਾਮ ਦਾਸ ਜੌਹਰ : (ੳ) ਰਾਜ ਵਿੱਚ ਨਵੰਬਰ, 1991 ਦੇ ਦੌਰਾਨ ਸਿਖਿਆ ਵਿਭਾਗ ਵਿੱਚ ਮਾਸਟਰਾਂ/ਮਿਸਟਰੈਸਾਂ ਵਿਚੋਂ 132 (68 ਇਸਤਰੀਆਂ+64 ਪੁਰਸ਼) ਨੂੰ ਬਤੌਰ ਲੈਕਚਰਾਰ ਅੰਗਰੇਜ਼ੀ ਤਰੱਕੀ ਦਿੱਤੀ ਗਈ।

(ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਲੈਕਚਰਾਰਾਂ ਵਿਚੋਂ ਜਿਹੜੇ ਲੈਕਚਰਾਰ ਆਪਣੀਆਂ ਨਿਯੁਕਤੀਆਂ ਵਾਲੀਆਂ ਥਾਵਾਂ ਤੇ ਡਿਊਟੀ ਤੇ ਹਾਜ਼ਰ ਹੋ ਗਏ ਹਨ ਉਹਨਾਂ ਦੇ ਨਾਂ ਅਤੇ ਜਿਨ੍ਹਾਂ ਨੇ ਡਿਊਟੀ ਤੇ ਹਾਜ਼ਰ ਹੋਣ ਸਮੇਂ ਵਿੱਚ ਵਾਧੇ ਦੀ ਮੰਗ ਕੀਤੀ ਹੈ ਉਹਨਾਂ ਦੇ ਨਾਂ ਹੇਠਾਂ ਲਿਖੇ ਗਏ ਹਨ।

ਜਿਹੜੇ ਲੈਕਚਰਾਰ ਆਪਣੀਆਂ ਨਿਯੁਕਤੀਆਂ ਵਾਲੀਆਂ ਥਾਵਾਂ ਤੇ ਡਿਊਟੀ ਤੇ ਹਾਜ਼ਰ ਹੋ ਗਏ ਹਨ ਉਨ੍ਹਾਂ ਦੇ ਨਾਂ ਇਸ ਤਰ੍ਹਾਂ ਹਨ :--

ਲੜੀ ਨੰ:	ਕਰਮਚਾਰੀ ਦਾ ਨਾਂ ਅਤੇ ਸਕੂਲ
	ਅੰਮ੍ਰਿਤਸਰ —
1	ਸ੍ਰੀਮਤੀ ਗੁਰਮੀਤ ਕੌਰ, ਸ. ਮ. ਸ. ਸ., ਮਹਿਤਾ ਨੰਗਲ।
2	ਸ੍ਰੀਮਤੀ ਚੰਦਰ ਮੋਹਨੀ, ਸ. ਸ. ਸ. ਸ., ਚਵਿੰਡਾ ਦੇਵੀ।
3	ਸ੍ਰੀਮਤੀ ਮਹਾਮਤਿੰਦਰ ਕੌਰ, ਸ. ਸ. ਸ. ਸ., ਮਹਿਤਾ ਨੰਗਲ।
4	ਸ੍ਰੀ ਰਣਜੀਤ ਸਿੰਘ, ਸ. ਸ. ਸ. ਸ., ਖਡੂਰ ਸਾਹਿਬ।
5	ਸ੍ਰੀ ਪ੍ਰਗਟ ਸਿੰਘ, ਸ. ਸ. ਸ. ਸ., ਭੰਗਾਲੀ।

ਲੜੀ ਨੰ:	ਕਰਮਚਾਰੀ ਦਾ ਨਾਂ ਅਤੇ ਸਕੂਲ
	ਗੁਰਦਾਸਪੁਰ —
1	ਸ੍ਰੀਮਤੀ ਸੁਦਰਸ਼ਨ ਪੰਡੋਹ, ਸ. ਸ. ਸ. ਸ., ਸ਼ਾਹਪੁਰ ਕੰਡੀ।
2	ਸ੍ਰੀ ਮਤੀ ਪ੍ਰਭਾ ਮੋਦਗਿਲ, ਸ. ਸ. ਸ. ਸ., ਗਾਹਲੜੀ।
3	ਸ੍ਰੀਮਤੀ ਗੁਰਮੀਤ ਕੌਰ ਸ. ਸ: ਸ. ਸ., ਮਹਿਤਾ ਨੰਗਲ।
4	ਸ੍ਰੀ ਰਣਜੀਤ ਸਿੰਘ, ਸ. ਸ. ਸ. ਸ., ਜਾਗੋਵਾਲ ਬੇਟ।
5	ਸ੍ਰੀ ਗੁਰਬਖਸ਼ ਸਿੰਘ, ਸ. ਸ. ਸ. ਸ., ਬੇਮਿਆਲ।
6	ਸ੍ਰੀ ਪਰਵੀਨ ਕੁਮਾਰ, ਸ. ਸ. ਸ. ਸ., ਜਫਰਵਾਲ।
7	ਸ੍ਰੀ ਬੰਸੀ ਲਾਲ, ਸ. ਸ. ਸ. ਸ., ਨਰੋਟ ਜੈਮਲ ਸਿੰਘ।
8	ਸ੍ਰੀਮਤੀ ਅਮਿਤਾ ਗਿੱਲ, ਸ. ਸ. ਸ. ਸ., ਘੁਮਣ ਕਲਾਂ।
9	ਸ੍ਰੀਮਤੀ ਵੀਰ ਬਾਲਾ, ਸ. ਸ. ਸ. ਸ., ਕਲਾਨੌਰ।
	ਕਪੂਰਥਲਾ —
1	ਸ੍ਰੀਮਤੀ ਸੁਨੀਤਾ ਸਰੀਨ, ਸ. ਸ. ਸ. ਸ., ਤਲਵਾੜਾ।
	ਜਲੰਧਰ —
1	ਸ੍ਰੀਮਤੀ ਜਸਵੀਰ ਸਹਦੇਵਾ, ਸ. ਸ. ਸ. ਸ., ਮਲਸੀਹਾਂ।
2	ਸ੍ਰੀਮਤੀ ਬਲਵਿੰਦਰ ਕੌਰ, ਸ. ਸ. ਸ. ਸ., ਫਿਲੌਰ।
3	ਸ੍ਰੀਮਤੀ ਨਿਰਮਲ ਕਾਂਤਾ, ਸ. ਸ. ਸ. ਸ., ਰਾਹੋਂ।
4	ਸ੍ਰੀ ਗੁਰਮੁਖ ਸਿੰਘ, ਸ. ਸ. ਸ. ਸ., ਉਧੋਵਾਲ।
5	ਸ੍ਰੀ ਮਨੋਹਰ ਸਿੰਘ, ਸ. ਸ. ਸ. ਸ., ਚੱਕ ਖਿਲਗਾ।
6	ਸ੍ਰੀ ਜੇਤਲ ਰਾਮ, ਸ. ਸ. ਸ. ਸ., ਗੁਰੂ ਹਰ ਸਹਾਏ।
7	ਸ੍ਰੀ ਜੀਤ, ਸ. ਸ. ਸ. ਸ., ਮੇਘਾ ਰਾਏ।
8	ਸ੍ਰੀ ਸੁਦਰਸ਼ਨ ਕੁਮਾਰ ਸ. ਸ. ਸ. ਸ., ਸ਼ਾਹਬਾਜ਼ਪੁਰ।

[ਸਿੱਖਿਆ ਮੰਤਰੀ]

ਲੜੀ ਨੰ:	ਕਰਮਚਾਰੀ ਦਾ ਨਾਂ ਅਤੇ ਸਕੂਲ
9	ਸ਼੍ਰੀ ਰਾਜ ਕੁਮਾਰ ਸ.ਮ.ਮ.ਮ., ਗੋਇੰਦਵਾਲ ਸਾਹਿਬ।
	ਹੁਸ਼ਿਆਰਪੁਰ —
1	ਸ਼੍ਰੀਮਤੀ ਨਿਰਮਲ ਕੌਰ, ਸ.ਮ.ਸ.ਮ., ਮਨਸੂਰ ਪੁਰ।
2	ਸ਼੍ਰੀਮਤੀ ਸੁਰਿੰਦਰਜੀਤ ਕੌਰ, ਸ.ਸ.ਸ.ਸ., ਰੇਲਵੇ ਮੰਡੀ।
3	ਸ਼੍ਰੀ ਬਲਕਾਰ ਸਿੰਘ, ਸ.ਸ.ਸ.ਸ., ਕਮਾਈ ਦੇਵੀ।
4	ਸ਼੍ਰੀ ਦਲੀਪ ਸਿੰਘ, ਸ.ਸ.ਸ.ਸ., ਸਲੇਮਪੁਰ।
5	ਸ਼੍ਰੀ ਜਰਨੈਲ ਸਿੰਘ, ਸ.ਸ.ਸ.ਸ., ਸੜੋਆ।
6	ਸ਼੍ਰੀ ਹਰਬੰਸ ਸਿੰਘ, ਸ.ਸ.ਸ.ਸ., ਜਹੂਰਾ।
7	ਸ਼੍ਰੀ ਬਚਿੱਤਰ ਸਿੰਘ, ਸ.ਸ.ਸ.ਸ., ਬੱਡਲਾ।
8	ਸ਼੍ਰੀ ਵਿਜੈ ਕੁਮਾਰ, ਸ.ਸ.ਸ.ਸ., ਢੋਲਬਾਹਾ।
9	ਸ਼੍ਰੀ ਰਤਨ ਲਾਲ, ਸ.ਸ.ਸ.ਸ., ਭੱਦੀ।
10	ਸ਼੍ਰੀ ਕਾਲੀ ਚਰਨ, ਸ.ਸ.ਸ.ਸ., ਜੱਜੋ ਦੁਆਬਾ।
11	ਸ਼੍ਰੀ ਇੰਦਰਜੀਤ, ਸ.ਸ.ਸ.ਸ., ਭਾਮ।
	ਫਿਰੋਜ਼ਪੁਰ —
1	ਸ਼੍ਰੀਮਤੀ ਰੇਜੂ ਅਰੋੜਾ, ਸ.ਸ.ਸ.ਸ., ਫਤਿਹਗੜ੍ਹ ਸਾਹਿਬ।
2	ਸ਼੍ਰੀ ਮਦਨ ਲਾਲ, ਸ.ਸ.ਸ.ਸ., ਲਾਧੂਕਾ।
3	ਸ਼੍ਰੀ ਅਮਰਜੀਤ ਸਿੰਘ, ਸ.ਸ.ਸ.ਸ., ਆਰਫਕੇ।
4	ਸ਼੍ਰੀ ਦਵਿੰਦਰ ਕੁਮਾਰ, ਸ.ਸ.ਸ.ਸ., ਅਬੋਹਰ।
5	ਸ਼੍ਰੀ ਰਮੇਸ਼ ਕੁਮਾਰ, ਸ.ਸ.ਸ.ਸ., ਜਲਾਲਾਬਾਦ ਵੈਸਟ।
6	ਸ਼੍ਰੀਮਤੀ ਪੁਸ਼ਪਾ ਕਾਂਤਾ, ਸ.ਸ.ਸ.ਸ., ਜ਼ੀਰਾ।

ਲੜੀ ਨੰ :	ਕਰਮਚਾਰੀ ਦਾ ਨਾਂ ਅਤੇ ਸਕੂਲ
	ਪਟਿਆਲਾ
	ਜਿਹੜੇ ਹਾਜ਼ਰ ਹੋਏ
	ਸਰਵਸ੍ਰੀ/ਸ੍ਰੀਮਤੀ :
1	ਊਸ਼ਾ ਵਰਮਾ, ਸ.ਸ.ਸ.ਸ., ਬਾਦਸ਼ਾਹਪੁਰ।
2	ਭੁਪਿੰਦਰ ਕੌਰ, ਸ.ਸ.ਸ.ਸ., ਭਗਵਾਨਪੁਰ ਜੱਟਾਂ।
3	ਮੋਹਨਜੀਤ ਕੌਰ, ਸ.ਸ.ਸ.ਸ., ਫੀਲਖਾਨਾਂ।
4	ਸੁਭਾਸ਼ ਗਾਂਧੀ, ਸ.ਸ.ਸ.ਸ., ਨਾਭਾ।
5	ਸਤਵੀਰ ਕੌਰ, ਸ.ਸ.ਸ.ਸ., ਬੱਸੀ ਪਠਾਨਾ।
	ਲੁਧਿਆਣਾ
1	ਨਿਰਮਲਾ, ਸ.ਸ.ਸ.ਸ., ਸਾਹਨੇਵਾਲ (ਗਰਲਜ਼)।
2	ਦਰਸ਼ਨ ਸਿੰਘ ਰਾਏ, ਸ.ਸ.ਸ.ਸ., ਸਿਆੜ।
3	ਰਾਜਿੰਦਰ ਕੌਰ, ਸ.ਸ.ਸ.ਸ., ਪੰਡੋਰੀ।
4	ਊਸ਼ਾ ਜੈਨ, ਸ.ਸ.ਸ.ਸ., ਜਗਰਾਉਂ।
5	ਰਮੇਸ਼ ਕੋਹਲੀ, ਸ.ਸ.ਸ.ਸ., ਮਲਟੀਪਰਪਜ਼, ਲੁਧਿਆਣਾ।
6	ਗੁਰਦੀਪ ਸਿੰਘ, ਸ.ਸ.ਸ.ਸ., ਕਿਲਾ ਰਾਏਪੁਰ।
7	ਰੇਵਾ ਗੁਪਤਾ, ਸ.ਸ.ਸ.ਸ., ਦੋਰਾਹਾ।
8	ਚਰਨਜੀਤ ਕੌਰ, ਸ.ਸ.ਸ.ਸ., ਸਵਦੀ ਕਲਾਂ।
9	ਅਮਰਜੀਤ ਕੌਰ, ਸ.ਸ.ਸ.ਸ., ਸਿਆੜਾ (ਗ)।
10	ਚਰਨਜੀਤ ਕੌਰ, ਸ.ਸ.ਸ.ਸ., ਹੱਬੋਵਾਲ ਬੇਟ।
11	ਦਿਲਬਾਗ ਸਿੰਘ, ਸ.ਸ.ਸ.ਸ., ਘੁੰਗਰਾਲੀ ਸਿਖਾਂ।
	ਸੰਗਰੂਰ :
1	ਦਰਸ਼ਨ ਸਿੰਘ, ਸ.ਸ.ਸ.ਸ., ਕੰਗਣਵਾਲ।
2	ਦਿਵਾਨ ਸਿੰਘ, ਸ.ਸ.ਸ.ਸ., ਲਹਿਰਾ ਗਾਗਾ।

[ਸਿੱਖਿਆ ਮੰਤਰੀ]

ਲੜੀ ਨੰ:	ਕਰਮਚਾਰੀ ਦਾ ਨਾਂ ਅਤੇ ਸਕੂਲ
3	ਨਰਿੰਦਰ ਜੀਤ ਸਿੰਘ, ਸ.ਸ.ਸ.ਸ., ਚੀਮਾ (ਸੰਗਰੂਰ)।
4	ਰਾਮਜੀ ਦਾਸ, ਸ.ਸ.ਸ.ਸ., ਮੁਲੋਵਾਲ।
5	ਕੰਵਲਜੀਤ ਕੌਰ, ਸ.ਸ.ਸ.ਸ., ਸੰਗਰੂਰ।
6	ਹਰਜੀਤ ਕੌਰ, ਸ.ਸ.ਸ.ਸ., ਠੂਠੀਵਾਲ।
7	ਦਵਿੰਦਰਪਾਲ ਕੌਰ, ਸ.ਸ.ਸ.ਸ., ਭਸੌੜ (ਸੰਗਰੂਰ)।
8	ਨਿਰਮਲ ਗੁਪਤਾ, ਸ.ਸ.ਸ.ਸ., ਦਿੜਬਾ (ਸੰਗਰੂਰ)।
	ਬਠਿੰਡਾ :
9	ਊਸ਼ਾ ਕਪਿਲਾ, ਸਰਕਾਰੀ ਇਨ ਸਰਵਿਸ ਟਰੇਨਿੰਗ ਸੈਂਟਰ, ਬਠਿੰਡਾ
10	ਸੁਰਿੰਦਰ ਕੌਰ, ਸ.ਸ.ਸ.ਸ., ਬਹਿਮਣ ਦਿਵਾਨਾ।
11	ਆਸ਼ਾ ਰਾਣੀ, ਸ.ਸ.ਸ.ਸ., ਮੌੜ ਮੰਡੀ।
12	ਹਰਪਰੀਤ ਕੌਰ, ਸ.ਸ.ਸ.ਸ., ਲਹਿਰੀ।
13	ਸੁਖਜੀਤ ਸਿੰਘ ਚਹਿਲ, ਸ.ਸ.ਸ.ਸ., ਮਾਨਸਾ।
	ਫਰੀਦਕੋਟ :
14	ਬਿਕਰ ਸਿੰਘ, ਸ.ਸ.ਸ.ਸ. ਢੁਡੀਕੇ, (ਫਰੀਦਕੋਟ)।
15	ਮਨੋਹਰ ਲਾਲ, ਸ.ਸ.ਸ.ਸ. ਲੰਬੀ,।
16	ਜਰਨੈਲ ਸਿੰਘ, ਸ.ਸ.ਸ.ਸ., ਰਣੀਆ।
17	ਹਰਦੇਵ ਸਿੰਘ, ਸ.ਸ.ਸ.ਸ., ਹਰੀਨੌ।
18	ਸਤੋਸ਼ ਕੁਮਾਰੀ, ਸ.ਸ.ਸ.ਸ., ਮਚਾਕੀ ਕਲਾਂ '
19	ਪੁਸ਼ਪਿੰਦਰ ਕੌਰ, ਸ.ਸ.ਸ.ਸ., ਡਰੋਲੀ ਭਾਈ।
	ਰੋਪੜ :
20	ਸੁਰਿੰਦਰ ਸਿੰਘ, ਸ.ਸ.ਸ.ਸ., ਝੱਲੀਆਂ ਕਲਾਂ।
21	ਅਨਿਲ ਪ੍ਰਭਾ, ਸ.ਸ.ਸ.ਸ., ਖਿਜਰਾਬਾਦ।
22	ਪਰਮਜੀਤ ਕੌਰ, ਸ.ਸ.ਸ.ਸ., ਪੂਰਖਾਲੀ।

ਲੜੀ ਨੰ:	ਕਰਮਚਾਰੀ ਦਾ ਨਾਂ ਅਤੇ ਸਕੂਲ

ਜਿਨ੍ਹਾਂ ਨੇ ਡਿਊਟੀ ਤੇ ਹਾਜ਼ਰ ਹੋਣ ਦੇ ਸਮੇਂ ਵਿੱਚ ਵਾਧੇ ਦੀ ਮੰਗ ਕੀਤੀ, ਉਨ੍ਹਾਂ ਦੇ ਨਾਂ ਹੇਠ ਲਿਖੇ ਅਨੁਸਾਰ ਹਨ:--

ਸਰਵਸ਼੍ਰੀ/ਸ਼੍ਰੀਮਤੀ :

1 ਪ੍ਰਿਤਪਾਲ ਸਿੰਘ, ਸ. ਸ. ਸ. ਸ., ਸ਼ੇਰਪੁਰ (ਸੰਗਰੂਰ) ।

2 ਸਤਬੀਰ ਕੌਰ, ਸ. ਸ. ਸ. ਸ., ਬੱਸੀ ਪਠਾਨਾਂ (ਫਤਿਹਗੜ੍ਹ ਸਾਹਿਬ)।

3 ਹਰਪ੍ਰੀਤ ਕੌਰ, ਸ. ਸ. ਸ. ਸ., ਲਹਿਰੀ ।

4 ਕੁੰਦਨ ਕਪੂਰ, ਸ. ਸ. ਸ. ਸ., ਝਬਾਲ (ਅੰਮ੍ਰਿਤਸਰ) ।

5 ਜੀਤ, ਸ. ਸ. ਸ. ਸ., ਮੇਘਾ ਰਾਏ (ਫਿਰੋਜ਼ਪੁਰ) ।

6 ਕਮਲੇਸ਼ ਦੱਤਾ, ਸ. ਸ. ਸ. ਸ., ਫਾਜ਼ਿਲਕਾ (ਫਿਰੋਜ਼ਪੁਰ) ।

7 ਮਧੂ ਸ਼ਰਮਾ, ਸ. ਸ. ਸ. ਸ., ਕੈਰੋਂ ।

8 ਚੰਚਲ ਰਾਮ, ਸ. ਸ. ਸ. ਸ., ਰਾਹੋਂ ।

(ੲ) ਉਪਰੋਕਤ ਭਾਗ (ਅ) ਵਿੱਚ ਵਰਣਿਤ ਵਿਚੋਂ ਅਜਿਹੇ ਲੈਕਚਰਾਰਾਂ ਦੇ ਨਾਂ ਜਿਨ੍ਹਾਂ ਨੂੰ ਡੀ.ਪੀ.ਆਈ. (ਸਕੂਲਜ਼) ਦੁਆਰਾ ਸਮੇਂ ਵਿੱਚ ਵਾਧੇ ਦੀ ਆਗਿਆ ਦੇ ਦਿੱਤੀ ਗਈ। ਉਨ੍ਹਾਂ ਦੇ ਨਾਂ ਅਤੇ ਕਿੰਨਾ ਸਮਾਂ ਵਧਾਇਆ ਅਤੇ ਕਾਰਨ ਹੇਠ ਲਿਖੇ ਅਨੁਸਾਰ ਹਨ:—

1 ਸ਼੍ਰੀ ਪ੍ਰਿਤਪਾਲ ਸਿੰਘ, ਸ. ਸ. ਸ. ਸ., ਸ਼ੇਰ ਪੁਰ (ਸੰਗਰੂਰ) 12-12-91 ਤੱਕ ।

2 ਸ਼੍ਰੀਮਤੀ ਸਤਬੀਰ ਕੌਰ, ਸ. ਸ. ਸ. ਸ., ਬਸੀ ਪਠਾਣਾਂ (ਫਤਿਹਗੜ੍ਹ ਸਾਹਿਬ) 30-12-91 ।

3 ਸ਼੍ਰੀਮਤੀ ਹਰਪ੍ਰੀਤ ਕੌਰ, ਸ. ਸ. ਸ. ਸ. ਲਹਿਰੀ, 20-8-92 ਤਕ ।

4 ਸ਼੍ਰੀ ਕੁੰਦਨ ਕਪੂਰ, ਸ. ਸ. ਸ. ਸ. ਝਬਾਲ 5-2-92 ਤਕ ।

5 ਸ਼੍ਰੀ ਜੀਤ, ਸ. ਸ. ਸ. ਸ., ਮੇਘਾ ਰਾਏ 20-12-91 ਤਕ ।

6 ਸ਼੍ਰੀ ਕਮਲੇਸ਼ ਦੱਤਾ, ਸ. ਸ. ਸ. ਸ., ਫਾਜ਼ਿਲਕਾ 12-12-91 ਤਕ ।

7 ਸ਼੍ਰੀਮਤੀ ਮਧੂ ਸ਼ਰਮਾ, ਸ. ਸ. ਸ. ਸ., ਕੈਰੋਂ 12-12-91 ਤੀਕ ।

8 ਸ਼੍ਰੀ ਚੰਚਲ ਰਾਮ, ਸ. ਸ. ਸ. ਸ., ਰਾਹੋਂ 20-12-91 ਤੀਕ ।

ਉਪਰੋਕਤ ਕਰਮਚਾਰੀਆਂ ਨੂੰ ਘਰੇਲੂ ਅਤੇ ਪ੍ਰਬੰਧਕੀ ਕਾਰਨਾਂ ਕਰਕੇ ਹਾਜ਼ਰੀ ਸਮੇਂ ਵਿਚ ਵਾਧਾ ਦਿੱਤਾ ਗਿਆ।

ਸਿੱਖਿਆ ਵਿਭਾਗ ਵਿਚ ਦਰਜਾ-4 ਕਰਮਚਾਰੀਆਂ ਦੀ ਤਰੱਕੀ

121. **ਕਾਮਰੇਡ ਹਰਦੇਵ ਸਿੰਘ ਅਰਸ਼ੀ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) 1 ਜਨਵਰੀ, 1993 ਨੂੰ ਰਾਜ ਦੇ ਸਿੱਖਿਆ ਵਿਭਾਗ ਵਿਚ ਕੰਮ ਕਰ ਰਹੇ ਦਰਜਾ-4 ਕਰਮਚਾਰੀਆਂ ਦੀ ਜ਼ਿਲ੍ਹਾ-ਵਾਰ ਗਿਣਤੀ ਕਿੰਨੀ ਕਿੰਨੀ ਸੀ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਕਰਮਚਾਰੀਆਂ ਵਿਚੋਂ ਉਨ੍ਹਾਂ ਕਰਮਚਾਰੀਆਂ ਦੀ ਗਿਣਤੀ ਅਤੇ ਨਾਂ ਕੀ ਕੀ ਹਨ ਜੋ ਵੱਖ ਵੱਖ ਗ੍ਰੈਜੂਏਟ ਅਤੇ ਮੈਟ੍ਰਿਕ ਹਨ ;

(ੲ) ਕੀ ਇਸ ਸਮੇਂ ਵਿਦਿਆ ਵਿਭਾਗ ਵਿਚ ਖਾਲੀ ਪਈਆਂ ਕਲਰਕਾਂ ਦੀਆਂ ਆਸਾਮੀਆਂ ਤੇ ਉਪਰੋਕਤ ਭਾਗ (ਅ) ਵਿਚ ਵਰਣਿਤ ਕਰਮਚਾਰੀਆਂ ਨੂੰ ਤਰੱਕੀ ਦੇਣ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ?

ਸ੍ਰੀ ਹਰਨਾਮ ਦਾਸ ਜੌਹਰ : (ੳ) ਜ਼ਿਲ੍ਹਾ-ਵਾਰ 1 ਜਨਵਰੀ, 1993 ਨੂੰ ਦਰਜਾ ਚਾਰ ਕਰਮਚਾਰੀਆਂ ਦੀ ਗਿਣਤੀ ਹੇਠ ਲਿਖੇ ਅਨੁਸਾਰ ਹੈ :—

ਲੜੀ ਨੰ:	ਜ਼ਿਲਾ		ਕੁੱਲ ਗਿਣਤੀ
1	ਅੰਮ੍ਰਿਤਸਰ	...	1045
2	ਬਠਿੰਡਾ	..	518
3	ਫਰੀਦਕੋਟ	...	1162
4	ਫਤਿਹਗੜ੍ਹ ਸਾਹਿਬ	...	258
5	ਫਿਰੋਜ਼ਪੁਰ	...	680
6	ਗੁਰਦਾਸਪੁਰ	...	599
7	ਹੁਸ਼ਿਆਰਪੁਰ	..	829
8	ਜਲੰਧਰ	..	1282
9	ਕਪੂਰਥਲਾ	...	446
10	ਲੁਧਿਆਣਾ	...	1181
11	ਮਾਨਸਾ	...	228
12	ਪਟਿਆਲਾ	...	964
13	ਰੋਪੜ	...	552
14	ਸੰਗਰੂਰ	...	877

(ਅ) 1. ਦਸਵੀਂ ਪਾਸ ਦਰਜਾ ਚਾਰ ਕਰਮਚਾਰੀਆਂ ਦੀ ਗਿਣਤੀ ... 1130

2. ਗ੍ਰੈਜੂਏਟ ਪਾਸ ਦਰਜਾ-ਚਾਰ ਕਰਮਚਾਰੀਆਂ ਦੀ ਗਿਣਤੀ .. 27

ਦਸਵੀਂ ਪਾਸ ਦਰਜਾ-4 ਕਰਮਚਾਰੀਆਂ ਦੇ ਨਾਵਾਂ ਦੀ ਸੂਚੀ* ਅਨੁਲੱਗ (ਏ) ਤੇ ਹੈ ਅਤੇ ਗ੍ਰੈਜੂਏਟ ਪਾਸ ਦਰਜਾ-4 ਕਰਮਚਾਰੀਆਂ ਦੇ ਨਾਵਾਂ ਦੀ ਸੂਚੀ ਅਨੁਲੱਗ (ਬੀ) ਤੇ ਹੈ।

(ੲ) ਦਰਜਾ-4 ਕਰਮਚਾਰੀਆਂ ਨੂੰ ਬਤੌਰ ਕਲਰਕ ਤਰੱਕੀ ਸਰਕਾਰ ਦੀਆਂ ਹਦਾਇਤਾਂ ਨੰ: 4/17/79-1 ਪੀਪੀ. /9973 ਮਿਤੀ 24 ਅਗਸਤ, 1983 ਅਨੁਸਾਰ ਦਿੱਤੀ ਜਾਂਦੀ ਹੈ। ਇਨ੍ਹਾਂ ਹਦਾਇਤਾਂ ਅਨੁਸਾਰ ਖਾਲੀ ਆਸਾਮੀਆਂ ਦਾ 10 ਫੀਸਦੀ ਕੋਟਾ ਹੀ ਦਰਜਾ-4 ਕਰਮਚਾਰੀਆਂ ਨੂੰ ਤਰੱਕੀ ਲਈ ਮਿਲਦਾ ਹੈ, ਜੋ ਪੂਰਾ ਹੈ। ਇਸ ਲਈ ਇਸ ਸਮੇਂ ਕੋਈ ਤਜਵੀਜ਼ ਵਿਚਾਰ ਅਧੀਨ ਨਹੀਂ ਹੈ।

ਨਾਭਾ ਮਿਊਂਨਿਸਪਲ ਕਮਟੀ ਦੇ ਇਲਾਕੇ ਵਿਚ ਆਉਂਦੀਆਂ ਸੜਕਾਂ ਦੀ ਮੁਰੰਮਤ

122. **ਸ਼੍ਰੀ ਰਮੇਸ਼ ਕੁਮਾਰ ਸਿੰਗਲਾ** : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਨਾਭਾ ਮਿਊਂਨਿਸਪਲ ਕਮੇਟੀ ਦੇ ਇਲਾਕੇ ਵਿਚ ਆਉਂਦੀਆਂ ਸੜਕਾਂ ਦੀ ਹਾਲਤ ਬਹੁਤ ਖਸਤਾ ਹੈ; ਜੇਕਰ ਅਜਿਹਾ ਹੋਵੇ ਤਾਂ ਇਨ੍ਹਾਂ ਦੀ ਮੁਰੰਮਤ ਕਰਨ ਲਈ ਕੀ ਕਾਰਵਾਈ ਕੀਤੇ ਜਾਣ ਦੀ ਤਜਵੀਜ਼ ਹੈ ?

ਡਾਕਟਰ ਕੇਵਲ ਕ੍ਰਿਸ਼ਨ : ਹਾਂ ਜੀ, ਇਹ ਸੱਚ ਹੈ ਕਿ ਨਗਰਪਾਲਿਕਾ, ਨਾਭਾ ਦੀਆਂ ਸੜਕਾਂ ਦੀ ਹਾਲਤ ਖਸਤਾ ਹੈ। ਨਗਰਪਾਲਿਕਾ ਦੀਆਂ ਸੜਕਾਂ ਦੇ ਸੁਧਾਰ ਲਈ 38.00 ਲੱਖ ਰੁਪਏ ਦੇ ਤਖਮੀਨੇ ਤਿਆਰ ਕੀਤੇ ਗਏ ਸਨ। ਨਗਰਪਾਲਿਕਾ ਦੀ ਮਾਲੀ ਹਾਲਤ ਕਮਜ਼ੋਰ ਹੈ। ਇਸ ਲਈ ਇਨ੍ਹਾਂ ਸੜਕਾਂ ਦੇ ਸੁਧਾਰ ਲਈ ਕੇਸ ਜ਼ਿਲਾ ਯੋਜਨਾ ਬੋਰਡ, ਪਟਿਆਲਾ ਨੂੰ ਸਾਲ 1992-93 ਲਈ ਨਗਰਪਾਲਿਕਾ ਨੂੰ ਵਿੱਤੀ ਸਹਾਇਤਾ ਦੇਣ ਹਿੱਤ ਭੇਜਿਆ ਗਿਆ ਸੀ।

ਜ਼ਿਲ੍ਹਾ ਯੋਜਨਾ ਬੋਰਡ ਵਲੋਂ ਫਰਵਰੀ 1993 ਵਿੱਚ 16.84 ਲੱਖ ਰੁਪਏ ਸੜਕਾਂ ਦੇ ਸੁਧਾਰ ਲਈ ਮਨਜ਼ੂਰ ਕਰ ਦਿੱਤੇ ਗਏ ਹਨ। ਇਸ ਰਕਮ ਦੇ ਕੰਮ ਅਲਾਟ ਕੀਤੇ ਜਾ ਚੁੱਕੇ ਹਨ ਅਤੇ ਇਹ ਕੰਮ 2 ਮਹੀਨਿਆਂ ਦੇ ਅੰਦਰ ਅੰਦਰ ਮੁਕੰਮਲ ਹੋਣ ਦੀ ਸੰਭਾਵਨਾ ਹੈ। ਨਗਰਪਾਲਿਕਾ, ਨਾਭਾ ਨੂੰ ਅਗਲੇ ਵਿੱਤੀ ਸਾਲ ਵਿੱਚ ਸੜਕਾਂ ਦੀ ਮੁਰੰਮਤ ਲਈ ਹੋਰ ਜ਼ਿਆਦਾ ਫੰਡਜ਼ ਰੱਖਣ ਲਈ ਕਿਹਾ ਜਾਵੇਗਾ।

Shri Satnam Singh Kainth : Sir, on a Point of Order.

Mr. Speaker : Kainth Ji, what is your Point of Order ?

ਸ਼੍ਰੀ ਸਤਨਾਮ ਸਿੰਘ ਕੈਂਥ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਅੱਜ ਕਿਉਂਕਿ ਬੱਜਟ ਤੇ ਡਿਸਕਸ਼ਨ ਹੋਣੀ ਹੈ, ਤੁਸੀਂ ਉਸ ਵਕਤ ਇਹ ਪੁਆਇੰਟ ਰੇਜ਼ ਕਰ ਸਕਦੇ ਹੋ।

*Placed in the Library.
**Expunged as ordered by the Chair.

(ਇਸ ਸਮੇਂ ਬਹੁਜਨ ਸਮਾਜ ਪਾਰਟੀ ਦੇ ਸਾਰੇ ਹਾਜ਼ਰ ਮੈਂਬਰ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਲਗ ਪਏ ਅਤੇ ਸਦਨ ਵਿਚ ਕਾਫੀ ਸ਼ੋਰ ਪੈ ਰਿਹਾ ਸੀ ਜਿਸ ਕਾਰਨ ਕੁਝ ਵੀ ਸਾਫ ਸੁਣਾਈ ਨਹੀਂ ਦਿੱਤਾ ।)

ਸ੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ. . . . (ਵਿਘਨ)

Mr. Speaker : Please one at a time. I have heard him patiently. ਬੱਜਟ ਦੀ ਡਿਸਕਸ਼ਨ ਦੇ ਵਿੱਚ ਤੁਸੀਂ ਇਹ ਪੁਆਇੰਟ ਉਠਾ ਸਕਦੇ ਹੋ ।

ਸਰਦਾਰ ਅਵਤਾਰ ਸਿੰਘ ਕਰੀਮਪੁਰੀ : ਅਸੀਂ ਗਵਰਨਰ ਐਡਰੈਸ ਵਿੱਚ ਵੀ ਇਹ ਮਾਮਲਾ ਉਠਾਇਆ ਸੀ ਪਰ ਕੋਈ ਸਿੱਟਾ ਤਾਂ ਨਿਕਲਿਆ ਨਹੀਂ .... (ਸ਼ੋਰ)

ਸ੍ਰੀ ਸਤਨਾਮ ਸਿੰਘ ਕੈਂਥ : ਕ੍ਰਿਸ਼ੀ ਭਵਨ ਦੇ ਕੋਲ ਕਾਫੀ ਜਗ੍ਹਾ ਖਾਲੀ ਪਈ ਹੈ, ਉਸ ਨੂੰ ਉਥੇ ਬਣਾਇਆ ਜਾਣਾ ਚਾਹੀਦਾ ਸੀ ਨਾ ਕਿ ਸ਼ਡਿਊਲਡ ਕਾਸਟ ਲੋਕਾਂ ਨੂੰ ਉਜਾੜ ਕੇ ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਹੱਕਾਂ ਤੋਂ ਵਾਂਝਿਆਂ ਕਰਕੇ। ਜਦੋਂ ਸੀ.ਐਮ. ਸਾਹਿਬ ਨੇ ਅਸ਼ੋਰੈਂਸ ਦਿੱਤੀ ਸੀ ......(ਸ਼ੋਰ)

ਸ੍ਰੀ ਸਪੀਕਰ : ਜੇਕਰ ਤੁਸੀਂ ਕੋਈ ਫਰਦਰ ਪੁੱਛਣਾ ਚਾਹੁੰਦੇ ਹੋ ਤਾਂ ਮੇਰੇ ਚੈਂਬਰ ਵਿੱਚ ਆ ਜਾਣਾ, ਉਥੇ ਸਾਰੀ ਗੱਲ ਡਿਸਕਸ ਕਰ ਲਵਾਂਗੇ, ਅਸੀਂ ਸਾਰੇ ਐਂਗਲ ਤੋਂ ਡਿਸਕਸ ਕਰ ਲਵਾਂਗੇ। (ਇਸ ਸਮੇਂ ਵੀ ਬੀ.ਐਸ.ਪੀ. ਦੇ ਸਾਰੇ ਹਾਜ਼ਰ ਮੈਂਬਰ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਸਨ ਅਤੇ ਹਾਊਸ ਵਿਚ ਕਾਫੀ ਸ਼ੋਰ ਸੀ ')

Minister for Parliamentary Affairs : Rule 93 of the Rules of procedure and conduct of Business says :—

(1) The matter of every speech shall be strictly relevant to the matter before the House.

Its part (iv) further says that a Member while speaking, shall not refer to a matter of fact on which a judicial decision is pending.

ਮੇਰੀ ਗੁਜ਼ਾਰਿਸ਼ ਹੈ ਕਿ ਜਿਹੜਾ ਕੋਰਟ ਵਿਚ ਮਸਲਾ ਹੈ ਉਸ ਸਬ-ਜੁਡਿਸ ਹੁੰਦਾ ਹੈ । ਮੈਂਬਰ ਸਾਹਿਬਾਨ ਕੋਰਟ ਵਿੱਚ ਕੋਈ ਕੇਸ ਚਲ ਰਿਹਾ ਹੈ ਜਾਂ ਨਹੀਂ, ਉਸ ਬਾਰੇ ਲਿਖ ਕੇ ਪੁੱਛ ਸਕਦੇ ਹਨ।

(ਇਸ ਸਮੇਂ ਬੀ.ਐਸ.ਪੀ. ਦੇ ਮਾਨਯੋਗ ਮੈਂਬਰ ਵੈਲ-ਆਫ-ਦੀ ਹਾਊਸ ਵਿੱਚ ਆ ਕੇ ਨਾਹਰੇ ਮਾਰ ਰਹੇ ਸਨ ** ** **)

Mr. Speaker : It is not the way. The rule is flouted. (Interruption and noise)

ਸੰਸਦੀ ਮਾਮਲਿਆਂ ਦੇ ਮੰਤਰੀ : ਮੇਰੀ ਦੂਜੀ ਗੁਜ਼ਾਰਿਸ਼ ਇਹ ਹੈ ਕਿ......

ਸਰਦਾਰ ਨਿਰਮਲ ਸਿੰਘ ਨਿੰਮਾ : ** ** **

---

*Expunged as ordered by the Chair.

Mr. Speaker : I am not going to change my ruling at all. Do not address anybody. ਮੈਂ ਤੁਹਾਨੂੰ ਕਿਹਾ ਹੈ ਕਿ ਤੁਸੀਂ ਮੇਰੇ ਚੈਂਬਰ ਵਿੱਚ ਆ ਜਾਣਾ, ਉੱਥੇ ਡਿਸਕਸ ਕਰ ਲਵਾਂਗੇ।

ਸਰਦਾਰ ਨਿਰਮਲ ਸਿੰਘ (ਨਿੰਮਾ) : ** ** **

Mr. Speaker : I have not allowed it. This is no point of order. (ਇਸ ਸਮੇਂ ਬੀ.ਐਸ.ਪੀ. ਦੇ ਸਾਰੇ ਮੈਂਬਰ ਸਾਹਿਬਾਨ ਵੈਲ-ਆਫ-ਦੀ ਹਾਊਸ ਵਿੱਚ ਨਾਹਰੇ ਮਾਰ ਰਹੇ ਸਨ ਅਤੇ ਕੁਝ ਵੀ ਸਾਫ ਸੁਣਾਈ ਨਹੀਂ ਸੀ ਦੇ ਰਿਹਾ ** **)

Mr. Speaker : Nothing is forming part of the record (**Interruption** and noise). No slogans should be recorded. This is not the way......I am sorry, this is not the way.

ਹੁਣ ਅਸੀਂ ਅਗਲੀ ਆਈਟਮ ਕਾਲ ਅਟੈਨਸ਼ਨ ਨੋਟਿਸ ਤੇ ਆਉਂਦੇ ਹਾਂ।

CALL ATTENTION NOTICE UNDER RULE 66
(*Serial No 49*)
(Read in Punjabi)

Sardar Dhanwant Singh : Sir, I beg to draw the attention of the Government towards a matter of urgent public importance, namely, non-payment of sugarcane cost to the farmers by Bhagwanpura Sugar Mill. The price of Sugarcane supplied by the farmers to the Bhagwanpura Sugar Mill during the last season in 1992 has not so far been made in certain cases nor the interest on the said amount has been paid. There is a great resentment amongst the farmers of this area on this issue. I, therefore, request the Government to make a statement on this subject on the Floor of the House.

ਖੇਤੀਬਾੜੀ ਅਤੇ ਵਣ ਮੰਤਰੀ (ਸਰਦਾਰ ਦਿਲਬਾਗ ਸਿੰਘ ਨਵਾਂਸ਼ਹਿਰ) : ਸਪੀਕਰ ਸਾਹਿਬ, ਭਗਵਾਨਪੁਰਾ ਸੂਗਰ ਮਿੱਲ ਵਿਚ 1991-92 ਵਿਚ ਕੀਮਤ ਸੱਤ ਕਰੋੜ ਬੱਤੀ ਲੱਖ ਬਣਦੀ ਸੀ ਜਿਹੜੀ ਸਾਰੀ ਦੀ ਸਾਰੀ ਦਿੱਤੀ ਜਾ ਚੁੱਕੀ ਹੈ। ਉਸ ਦਾ ਜਿਹੜਾ ਗਿਆਰਾਂ ਲੱਖ ਤਰਾਸੀ ਹਜ਼ਾਰ ਸੱਤ ਸੌ ਤੇਹਤਰ ਰੁਪਏ ਦਾ ਵਿਆਜ ਹੈ, ਉਹ ਰਿਕਵਰੀ ਦੇ ਸਰਟੀਫਿਕੇਟ ਇਸ਼ੂ ਹੋ ਚੁੱਕੇ ਹਨ। ਇਹ 21 ਅਕਤੂਬਰ 1992 ਨੂੰ ਇਸ਼ੂ ਹੋਏ ਹਨ।

ਸਰਦਾਰ ਧਨਵੰਤ ਸਿੰਘ : ਇਹ ਧੂਰੀ ਭਗਵਾਨਪੁਰਾ ਸੂਗਰ ਮਿਲ ਦੀ ਹਿਸਟਰੀ ਹੈ। ਜਦੋਂ ਸੂਗਰ ਮਿਲ ਬੰਦ ਹੋਣ ਵਿਚ ਤਕਰੀਬਨ ਇਕ ਡੇਢ ਮਹੀਨਾ ਰਹਿ ਜਾਂਦਾ ਹੈ ਤਾਂ ਪੇਮੈਂਟ ਬੰਦ ਕਰ ਦਿੰਦੇ ਹਨ। ਹੁਣ ਕੱਲ੍ਹ 11 ਮਾਰਚ, 1993 ਨੂੰ ਪੇਮੈਂਟ ਹੋਈ ਹੈ ਅਤੇ ਇਹ ਪੇਮੈਂਟ ਇਕ ਫਰਵਰੀ ਦੀ ਸੀ। ਫਿਰ ਇੱਕ-ਦੋ ਦਿਨਾਂ ਵਿਚ ਸੂਗਰ ਮਿੱਲ ਬੰਦ ਹੋ ਜਾਵੇਗੀ ਤੇ ਬਾਕੀ ਪੇਮੈਂਟ ਨਹੀਂ ਮਿਲੇਗੀ। ਇਹ ਸਿਲਸਿਲਾ 5-6 ਸਾਲ ਤੋਂ ਚਲਿਆ ਆ ਰਿਹਾ ਹੈ। ਇਹ ਸੀਜ਼ਨਲ ਫੈਕਟਰੀ ਹੈ ਅਤੇ ਇੱਕ ਸੀਜ਼ਨ ਵਿਚ ਦੋ ਕੰਮ ਕਰਦੇ ਹਨ। ਜਿੰਨੀ ਦੇਰ ਤੱਕ ਸੀਜ਼ਨ ਚਲਾਉਣਾ ਹੁੰਦਾ ਹੈ ਉਤਨੀ ਦੇਰ ਤਕ ਤਾਂ ਜੀ.ਐਮ. ਹੋਰ ਹੁੰਦਾ ਹੈ। (ਵਿਘਨ) ਗੰਨਾ ਲਿਆਂਦੇ ਹਨ। ਜਦੋਂ ਸੀਜ਼ਨ ਆਫ ਹੋ ਜਾਂਦਾ ਹੈ ਤਾਂ ਸਾਰੇ ਮੁਲਾਜ਼ਮ ਤੇ ਸਾਰੀ ਮਨੇਜਮੈਂਟ ਸੂਗਰ ਮਿੱਲ ਤੇ ਇੱਕ ਕੰਮ ਤੇ ਲਗਾ ਦਿੱਤੀ ਜਾਂਦੀ ਹੈ। ਜਿਹੜੇ ਪੈਸੇ ਸੂਗਰ ਮਿਲ

**Expunged/Not recorded as ordered by the Chair.

[ਸਰਦਾਰ ਧਨਵੰਤ ਸਿੰਘ]
ਵੱਲੋਂ ਕਿਸਾਨਾਂ ਨੂੰ ਦੇਣੇ ਰਹਿੰਦੇ ਹਨ ਉਹ ਵੇਖਦੇ ਹਨ ਕਿ ਉਹ ਪੈਸੇ ਕਿਵੇਂ ਨਾ ਕਿਵੇਂ ਕਿਸਾਨਾਂ ਨੂੰ ਨਾ ਦਿੱਤੇ ਜਾਣ । ਨਾਲ ਹੀ ਮੈਂ ਮਾਨਯੋਗ ਮਨਿਸਟਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਸ਼ੂਗਰ ਕੇਨ ਐਕਟ ਤਹਿਤ 14 ਦਿਨਾਂ ਵਿਚ ਪੇਮੈਂਟ ਕਰਨੀ ਹੁੰਦੀ ਹੈ ਅਤੇ ਉਸ ਤੋਂ ਬਾਅਦ ਇੰਟਰੈਸਟ ਨਾਲ ਕਰਨੀ ਹੁੰਦੀ ਹੈ। ਇਹ ਹੁਣ ਬੈਂਕ ਇੰਟਰੈਸਟ ਦੇ ਰਹੇ ਹਨ ਪਰ ਜਦੋਂ ਕਿਸਾਨਾਂ ਨੂੰ ਪੈਸੇ ਦੀ ਲੋੜ ਹੁੰਦੀ ਹੈ ਤਾਂ ਬੈਂਕ ਤੋਂ ਇੰਟਰੈਸਟ ਨਹੀਂ ਮਿਲਦਾ। ਆੜ੍ਹਤੀ ਸਾਹਿਬਾਨਾਂ ਤੋਂ ਪੈਸੇ ਲੈਣੇ ਪੈਂਦੇ ਹਨ। ਇਹ ਇੰਟਰੈਸਟ ਦੋ-ਢਾਈ ਰੁਪਏ ਸੈਂਕੜਾ ਤੋਂ 30—35 ਪਰਸੈਂਟ ਜਾ ਬਣਦਾ ਹੈ। ਕੀ ਮਨਿਸਟਰ ਸਾਹਿਬ ਇਸ ਗੱਲ ਦਾ ਭਰੋਸਾ ਦੇਣਗੇ ਕਿ ਕਿਸਾਨਾਂ ਨੂੰ ਉਸ ਹਿਸਾਬ ਨਾਲ ਇੰਟਰੈਸਟ ਮਿਲੇਗਾ ਜਿਸ ਹਿਸਾਬ ਨਾਲ ਕਿਸਾਨਾਂ ਨੂੰ ਪੈਸਾ ਮਿਲਦਾ ਹੈ ਅਤੇ ਨਾਲ ਹੀ ਇਹ ਵੀ ਭਰੋਸਾ ਦੇਣਗੇ ਕਿ ਇਸ ਸੀਜ਼ਨ ਦੀ ਪੇਮੈਂਟ ਕਦੋਂ ਕਰਵਾਉਣਗੇ?

ਮੰਤਰੀ : ਸਪੀਕਰ ਸਾਹਿਬ, 7 ਫਰਵਰੀ, 1992 ਨੂੰ ਦੋ ਕਰੋੜ ਚੁਰਾਸੀ ਲੱਖ ਬਾਨਵੇਂ ਹਜ਼ਾਰ ਰੁਪਿਆ ਸ਼ੂਗਰ ਮਿੱਲ ਵੱਲੋਂ ਕਿਸਾਨਾਂ ਦਾ ਦੇਣਾ ਬਾਕੀ ਸੀ ਜਿਹੜਾ ਕਿ ਅਸੀਂ ਸਾਰੇ ਦਾ ਸਾਰਾ ਇਸ ਗੌਰਮਿੰਟ ਨੇ ਜ਼ੋਰ ਪਾ ਕੇ ਉਨ੍ਹਾਂ ਨੂੰ ਦਿਲਾ ਦਿਤਾ। ਉਨ੍ਹਾਂ ਚਿਰ ਗੰਨਾ ਅਲਾਟ ਨਹੀਂ ਕੀਤਾ ਜਦੋਂ ਤਕ ਕਿਸਾਨਾਂ ਨੂੰ ਸਾਰੇ ਪੈਸੇ ਦੇ ਨਹੀਂ ਦਿੱਤੇ ਜਾਂਦੇ। ਸਾਰੇ ਦੇ ਸਾਰੇ ਪੈਸੇ ਕਿਸਾਨਾਂ ਨੂੰ ਮਿਲ ਚੁੱਕੇ ਹਨ। ਉਸ ਤੋਂ ਬਾਅਦ ਉਨ੍ਹਾਂ ਨੂੰ ਹੋਰ ਇਨਸ਼ੋਅਰ ਕਰਨ ਵਾਸਤੇ 9 ਜਨਵਰੀ ਨੂੰ 'ਅਜੀਤ' ਅਖ਼ਬਾਰ ਵਿਚ ਇਸ਼ਤਿਹਾਰ ਦਿੱਤਾ ਗਿਆ ਕਿ ਕਿਸੇ ਕਿਸਾਨ ਦਾ ਧੂਰੀ ਮਿਲ ਵੱਲ ਕੋਈ ਬਕਾਇਆ ਤਾਂ ਨਹੀਂ ਰਹਿੰਦਾ; ਜੇ ਰਹਿੰਦਾ ਹੈ ਤਾਂ ਉਹ ਆ ਕੇ ਲੈ ਲਵੇ।

ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ .... (ਵਿਘਨ-ਸ਼ੋਰ) ।

ਸ੍ਰੀ ਸਪੀਕਰ : ਪਲੀਜ਼, ਦੇਖੋ, ਕੈਂਥ ਜੀ, ਸੀ.ਐਮ. ਸਾਹਿਬ ਕੁਝ ਕਹਿਣਾ ਚਾਹੁੰਦੇ ਹਨ । ਆਪਣੀਆਂ ਆਪਣੀਆਂ ਸੀਟਾਂ ਤੇ ਚਲੇ ਜਾਓ। ਇਹ ਮੇਰੀ ਰਿਕੁਐਸਟ ਹੈ। ਸਾਥੀ ਜੀ । ਤੁਸੀਂ ਬੈਠ ਜਾਓ। ਮੈਂ ਤੁਹਾਡਾ ਪੁਆਇੰਟ ਆਫ ਆਰਡਰ ਸੁਣ ਲਿਆ ਹੈ। (ਇਸ ਸਮੇਂ ਬੀ.ਐਸ.ਪੀ. ਦੇ ਮੈਂਬਰਜ਼ ਆਪਣੀਆਂ ਆਪਣੀਆਂ ਸੀਟਾਂ ਤੇ ਚਲੇ ਗਏ)

———

STATEMENT BY THE CHIEF MINISTER RE. RAISING OF KRISHI BHAWAN IN VILLAGE BAHUWAL

ਮੁੱਖ ਮੰਤਰੀ (ਸਰਦਾਰ ਬੇਅੰਤ ਸਿੰਘ) : ਸਪੀਕਰ ਸਾਹਿਬ, ਬੜੀ ਅਫਸੋਸ ਦੀ ਗੱਲ ਹੈ ਕਿ ਮੈਂ ਅੱਗੇ ਵੀ ਬੇਨਤੀ ਕੀਤੀ ਸੀ ਕਿ ਜ਼ੀਰੋ ਆਵਰ ਅਸਲ ਵਿਚ ਨਹੀਂ ਹੁੰਦਾ ਪਰ ਚਲੋ ਰਵਾਇਤ ਬਣ ਗਈ ਹੈ। ਇਸ ਤਰ੍ਹਾਂ ਅਨ-ਰੂਲਿੰਗ ਤਰੀਕੇ ਨਾਲ ਹਾਊਸ ਨੂੰ ਡਿਸਟਰਬ ਕਰਨਾ ਕੋਈ ਚੰਗੀ ਗੱਲ ਨਹੀਂ ਪਰ ਮੈਂ ਫਿਰ ਵੀ ਕਹਿਣਾ ਚਾਹੁੰਦਾ ਹਾਂ ਕਿ ਇਹ ਜੋ ਮਸਲਾ ਹੈ, ਉਹ ਬੜਾ ਇੰਪਾਰਟੈਂਟ ਮਸਲਾ ਨਹੀਂ ਹੈ। ਮੈਂ ਪਹਿਲਾਂ ਵੀ ਜਵਾਬ ਦੇ ਚੁੱਕਾ ਹਾਂ। ਜਿਹੜਾ ਬਾਹੂਵਲ ਪਿੰਡ ਗੜ੍ਹਸ਼ੰਕਰ ਦੇ ਅੰਦਰ ਹੈ ਉਸ ਦੇ ਵਿੱਚ ਰਿਸਰਚ ਸੈਂਟਰ ਬਣ ਰਿਹਾ ਹੈ ਔਰ ਇਹ ਐਗਰੀਕਲਚਰਲ ਯੂਨੀਵਰਸਿਟੀ ਬਣਾ ਰਹੀ ਹੈ। ਮੈਂ ਸਮਝਦਾ ਹਾਂ ਕਿ ਉਸ ਪਿੰਡ ਨੂੰ ਇਸ ਦਾ ਬੜਾ ਫਾਇਦਾ ਹੋਇਆ ਹੈ ਔਰ ਜੋ ਜ਼ਮੀਨ ਸੀ, ਮੈਂ ਅੱਗੇ ਵੀ ਕਹਿ ਚੁੱਕਾ ਹਾਂ, ਹੁਣ ਫਿਰ ਕਹਿਣਾ ਚਾਹੁੰਦਾ ਹਾਂ ਕਿ ਉਹ ਜ਼ਮੀਨ ਜਿਹੜੀ ਸੀ ਉਹ ਮੁਵਾਇਸ਼ੀ ਸੀ, ਕੈਟਲ ਚਰਾਉਣ ਵਾਸਤੇ ਰੱਖੀ ਗਈ ਸੀ, ਉਸ ਦੇ ਵਿੱਚ ਬੜੀ ਅੱਛੀ ਗੱਲ ਹੋਈ ਹੈ ਕਿ ਯੂਨੀਵਰਸਿਟੀ ਨੇ ਆਪਣਾ

ਸੈਂਟਰ ਕਾਇਮ ਕੀਤਾ। ਇਕ ਆਦਮੀ ਇਸ ਦੇ ਲਈ ਕੋਰਟ ਵਿੱਚ ਵੀ ਗਿਆ ਸੀ ਜਿਸ ਦੀ ਗੱਲ ਮੰਨੀ ਨਹੀਂ ਗਈ। ਅਗਰ ਇਨ੍ਹਾਂ ਕੋਲ ਕੋਈ ਹਾਈ ਕੋਰਟ ਦੀ ਸਟੇਅ ਹੈ ਤਾਂ ਮੇਰੇ ਨਾਲ ਗੱਲ ਕਰ ਸਕਦੇ ਹਨ। ਮੈਂ ਇਹ ਇਨ੍ਹਾਂ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਮੇਰੇ ਕੋਲ ਆ ਜਾਣ, ਮੇਰੇ ਕੋਲ ਆ ਕੇ ਟਾਈਮ ਮੁਕੱਰਰ ਕਰ ਲੈਣ, ਮੇਰੇ ਨਾਲ ਬਹਿਸ ਕਰ ਲੈਣ ਜਾਂ ਡਿਸਕਸ਼ਨ ਕਰ ਲੈਣ ਔਰ ਜੋ ਵੀ ਗੱਲ ਉਸ ਇਲਾਕੇ ਦੀ ਬਿਹਤਰੀ ਵਾਸਤੇ ਹੈ, ਅਸੀਂ ਕਰਾਂਗੇ। (ਥੰਪਿੰਗ) ਜਿਸ ਤਰ੍ਹਾਂ ਇਹ ਕਰਦੇ ਹਨ ਇਸ ਤਰ੍ਹਾਂ ਨਾ ਤਾਂ ਕੋਈ ਡੈਮੋਕਰੇਸੀ ਚਲਦੀ ਹੈ ਅਤੇ ਹਾਊਸ ਦਾ ਸਮਾਂ ਨਸ਼ਟ ਹੁੰਦਾ ਹੈ, ਸਾਨੂੰ ਸਾਰੀਆਂ ਪਾਰਟੀਆਂ ਨੂੰ ਸੋਚਣਾ ਚਾਹੀਦਾ ਹੈ ਕਿ ਕਿਸ ਤਰ੍ਹਾਂ ਇਸ ਹਾਊਸ ਨੂੰ ਚਲਾਉਣਾ ਹੈ। ਬੀ.ਐਸ.ਪੀ. ਦੇ ਮੈਂਬਰ ਸਾਹਿਬਾਨ ਜੋ ਹਨ, ਲੀਡਰ ਆਫ ਅਪੋਜ਼ੀਸ਼ਨ ਬੜੇ ਜ਼ਿੰਮੇਵਾਰ ਹਨ। ਆਉ, ਰਲ ਕੇ, ਬੈਠ ਕੇ ਅਸੀਂ ਗੱਲ ਕਰ ਲਈਏ। ਵੈਸੇ ਮੈਂ, ਸਪੀਕਰ ਸਾਹਿਬ ਇਨਵੈਸਟੀਗੇਟ ਕੀਤਾ ਹੈ, ਸਾਰੀ ਗੱਲ ਦਾ ਮੈਨੂੰ ਪਤਾ ਹੈ, ਕਿਸੇ ਦਾ ਕੋਈ ਨੁਕਸਾਨ ਨਹੀਂ ਹੁੰਦਾ ਬਲਕਿ ਸੈਂਟਰ ਬਣਨ ਦੇ ਨਾਲ ਪਬਲਿਕ ਦਾ ਫਾਇਦਾ ਹੁੰਦਾ ਹੈ। ਅਗਰ ਇਨ੍ਹਾਂ ਦੇ ਕੋਲ ਕੋਈ ਕੋਰਟ ਦੀ ਸਟੇਅ ਹੈ ਤਾਂ ਮੇਰੇ ਕੋਲ ਚੈਂਬਰ ਵਿੱਚ ਆ ਕੇ ਸਟੇਅ ਦਿਖਾ ਦੇਣ ਮੈਂ ਉਸ ਤੇ ਵਿਚਾਰ ਕਰ ਲਵਾਂਗਾ।

ਸ੍ਰੀ ਸਤਨਾਮ ਸਿੰਘ ਕੈਂਥ : ਸਪੀਕਰ ਸਾਹਿਬ, ਅਸੀ ਸੀ.ਐਮ. ਸਾਹਿਬ ਦੀ ਇਸ ਗੱਲ ਨਾਲ ਸਹਿਮਤ ਨਹੀਂ ਕਿ ਰੂਲਾਂ ਦੇ ਵਿੱਚ ਜ਼ੀਰੋ ਆਵਰ ਜੋ ਹੈ ਉਹ ਨਹੀਂ ਹੈ। ਡੈਮੋਕਰੇਸੀ ਦੇ ਵਿੱਚ.........

Mr. Speaker : We should be on the point.

ਸ੍ਰੀ ਸਤਨਾਮ ਸਿੰਘ ਕੈਂਥ : ਬਹੁਤ ਸਾਰੀਆਂ ਕਨਵੈਨਸ਼ਨਜ਼ ਹਨ ਔਰ ਡੈਮੋਕਰੇਸੀ ਜੋ ਚਲਦੀ ਹੈ ਉਹ ਕਨਵੈਨਸ਼ਨਜ਼ ਤੇ ਚਲਦੀ ਹੈ।

ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਕਿਹਾ ਸੀ ਔਰ ਅੱਜ ਵੀ ਕਹਿੰਦਾ ਹਾਂ ਕਿ ਅਸੀਂ ਸੈਂਟਰ ਬਣਾਉਣ ਦੇ ਵਿਰੁਧ ਨਹੀਂ, ਇਹ ਹੁਸ਼ਿਆਰਪੁਰ ਵਿੱਚ ਬਣਨਾ ਚਾਹੀਦਾ ਹੈ। ਜਿਹੜਾ ਲੀਗਲ ਪੁਆਇੰਟ ਹੈ ਉਹ ਇਹ ਹੈ ਕਿ ਉਥੇ ਉਹ ਮਨਜ਼ੂਰ ਨਹੀਂ ਹੋਇਆ, ਜਿਥੇ ਉਹ ਮਨਜ਼ੂਰ ਹੋਇਆ ਹੈ ਉਹ ਬਲਾਂਵਾੜ ਸੈਂਕੜੀ ਬਲਾਚੌਰ ਵਿੱਚ ਹੋਇਆ ਹੈ, ਜਿਥੇ ਹੁਣ ਹੈ ਉਥੇ ਉਹ ਸੈਂਟਰ ਧੱਕੇ ਨਾਲ ਰਖਿਆ ਹੈ। ਜਿਹੜੀ ਜ਼ਮੀਨ ਹੈ ਉਹ ਸ਼ਡਿਊਲਡ ਕਾਸਟਸ ਦੀ ਹੈ। ਕੋਰਟ ਦਾ 1988 ਵਿੱਚ ਉਨ੍ਹਾਂ ਦੇ ਹੱਕ ਵਿੱਚ ਫੈਸਲਾ ਹੋ ਚੁੱਕਾ ਹੈ। ਸਪੀਕਰ ਸਾਹਿਬ, ਉਥੇ ਇਕ ਬੰਨ੍ਹਾਂ ਛੱਡ ਕੇ ਦੂਸਰੀ ਜ਼ਮੀਨ ਵਿਹਲੀ ਪਈ ਹੈ ਉਥੇ ਇਹ ਬਣਾਇਆ ਜਾ ਸਕਦਾ ਹੈ।

ਸ੍ਰੀ ਸਪੀਕਰ : ਕੈਂਥ ਸਹਿਬ, ਸੀ.ਐਮ. ਸਾਹਿਬ ਨੇ ਆਪਣੇ ਭਾਸ਼ਣ ਵਿੱਚ ਪੋਜ਼ੀਸ਼ਨ ਬੜੀ ਸਾਫ਼ ਕਰ ਦਿੱਤੀ ਹੈ। ਜੇ ਤੁਹਾਡੇ ਕੋਲ ਲੀਗਲ ਡਾਕੂਮੈਂਟਸ ਹਨ ਉਹ ਲੈ ਕੇ ਤੁਸੀਂ ਉਨ੍ਹਾਂ ਦੇ ਚੈਂਬਰ ਵਿੱਚ ਚਲੇ ਜਾਉ ਅਤੇ ਸਾਰੀ ਗੱਲ ਡਿਸਕਸ ਕਰ ਲਓ। ਬੈਠ ਕੇ ਕੋਈ ਵੇ-ਆਊਟ ਨਿਕਲ ਆਵੇਗਾ। He has to help you. ਉਹ ਸਾਰੀ ਚੀਜ਼ ਦੀ ਮੈਰਿਟ ਦੇਖ ਲੈਣਗੇ ਅਤੇ ਤੁਹਾਡੇ ਨਾਲ ਬੈਠ ਕੇ ਵਿਚਾਰ ਕਰ ਲੈਣਗੇ। ਬਾਕੀ ਕਾਰਵਾਈ ਦੇ ਬਾਰੇ ਮੈਂ ਵੀ ਸੀ.ਐਮ. ਸਾਹਿਬ ਨਾਲ ਸਹਿਮਤ ਹਾਂ ਕਿ ਇਸ ਤਰੀਕੇ ਨਾਲ ਤੁਸੀਂ ਵੀ ਪਸੰਦ ਨਹੀਂ ਕਰੋਗੇ ਕਿ ਹਾਊਸ ਦਾ ਟਾਈਮ ਵੇਸਟ ਹੋਵੇ। ਮਿੱਤਲ ਸਾਹਿਬ

ਸ੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ......।

ਸ੍ਰੀ ਸਤਨਾਮ ਸਿੰਘ ਕੈਂਥ : ਸਪੀਕਰ ਸਾਹਿਬ, ਸਾਡੇ ਮੈਂਬਰ ਸਾਹਿਬਾਨ ਨੇ ਡਾਕੂਮੈਂਟ ਪਹਿਲਾਂ ਹੀ ਦਿੱਤੇ ਹੋਏ ਹਨ। ਇਸ ਦੇ ਲਈ ਟਾਈਮ ਬਾਊਂਡ ਕਰ ਦਿਉ।

ਸ੍ਰੀ ਸਪੀਕਰ : ਉਨ੍ਹਾਂ ਨੇ ਤਾਂ ਕਿਹਾ ਹੈ ਕਿ ਆ ਜਾਉ । ਅੱਜ ਜਾਂ ਕੱਲ ਜਦੋਂ ਤੁਹਾਡੀ ਮਰਜ਼ੀ ਹੈ ਉਨ੍ਹਾਂ ਕੋਲ ਚਲੇ ਜਾਓ। ਉਨ੍ਹਾਂ ਨੇ ਕਹਿ ਦਿੱਤਾ ਹੈ ਕਿ ਤੁਸੀਂ ਮੇਰੇ ਕੋਲ ਆ ਜਾਉ । Now it is your option.

ਸ੍ਰੀ ਸਤਨਾਮ ਸਿੰਘ ਕੈਂਥ : ਸਪੀਕਰ ਸਾਹਿਬ, ਐਸ਼ੋਰੈਂਸ ਦੇਣੀ ਚਾਹੀਦੀ ਹੈ ਕਿ ਕਿੰਨੇ ਚਿਰ ਵਿੱਚ ਇੰਪਲੀਮੈਂਟ ਕਰ ਦੇਣਗੇ ।

ਸ੍ਰੀ ਸਪੀਕਰ : ਉਨ੍ਹਾਂ ਨੇ ਬੜਾ ਕਲੀਅਰ ਕਹਿ ਦਿੱਤਾ ਹੈ। ਹੁਣ ਤੁਸੀਂ ਉਨ੍ਹਾਂ ਦੇ ਚੈਂਬਰ ਵਿੱਚ ਜਾ ਕੇ ਡਿਸਕਸ ਕਰ ਲਉ ।

ਸ੍ਰੀ ਸਤਨਾਮ ਸਿੰਘ ਕੈਂਥ : ਅਸੀਂ ਹੁਣ ਵੀ ਕਹਿ ਦਿੱਤਾ ਹੈ ਔਰ ਅਸੀਂ ਸੀ.ਐਮ. ਸਾਹਿਬ ਨੂੰ ਰਿਟਨ ਵੀ ਦੇਵਾਂਗੇ। ਸਾਨੂੰ ਇਹ ਤਾਂ ਦੱਸਿਆ ਜਾਵੇ ਕਿ ਕਿੰਨੇ ਚਿਰ ਵਿੱਚ ਇੰਪਲੀਮੈਂਟ ਕੀਤਾ ਜਾਵੇਗਾ ?

ਸ੍ਰੀ ਸਪੀਕਰ : ਉਨ੍ਹਾਂ ਵੱਲੋਂ ਕੋਈ ਦੇਰੀ ਨਹੀਂ ਹੋਣੀ ।

ਸ੍ਰੀ ਸਤਨਾਮ ਸਿੰਘ ਕੈਂਥ : ਸਪੀਕਰ ਸਾਹਿਬ, ਅਸੀਂ ਆਪ ਹਾਊਸ ਦੀ ਕਾਰਵਾਈ ਨੂੰ ਰੋਕਣਾ ਨਹੀਂ ਚਾਹੁੰਦੇ । ਅਸੀਂ ਕੁਐਸਚਨ ਦਿਤਾ, ਕਾਲ ਅਟੈਨਸ਼ਨ ਦਿਤੀ, ਸਭ ਡਿਸਅਲਾਉ ਕਰ ਦਿਤੀਆਂ (ਵਿਘਨ) (ਸ਼ੋਰ) ।

ਸ੍ਰੀ ਸਪੀਕਰ : ਕੈਂਥ ਸਾਹਿਬ, ਜਦੋਂ ਉਨ੍ਹਾਂ ਨੇ ਤੁਹਾਨੂੰ ਰਿਕੁਐਸਟ ਕਰ ਦਿਤੀ ਹੈ ਕਿ ਤੁਸੀ ਉਨ੍ਹਾਂ ਕੋਲ ਚਲੇ ਜਾਵੋ, ਉਹ ਵੇਖ ਲੈਣਗੇ ਕਿ ਤੁਹਾਡੀ ਗੱਲ ਮੰਨੀ ਜਾਣ ਵਾਲੀ ਹੈ ਜਾਂ ਨਹੀਂ, ਫਿਰ ਇਥੇ ਡਿਸਕਸ਼ਨ ਦੀ ਕੋਈ ਲੋੜ ਨਹੀਂ ਰਹਿ ਜਾਂਦੀ (ਵਿਘਨ) (ਸ਼ੋਰ)..... It is in the interest of the House.

ਸ੍ਰੀ ਸਤਨਾਮ ਸਿੰਘ ਕੈਂਥ : ਅਸੀਂ ਲੈਟਰ ਲਿਖ ਕੇ ਦੇ ਦਿੰਦੇ ਹਾਂ ਔਰ ਸੀ.ਅਮ. ਸਾਹਿਬ ਕਹਿ ਦੇਣ ਕਿ ਇੰਨੇ ਚਿਰ ਵਿਚ ਇੰਪਲੀਮੈਂਟ ਕਰ ਦਿਆਂਗੇ।

ਸ੍ਰੀ ਸਪੀਕਰ : ਤੁਸੀਂ ਜਾਓ ਤਾਂ ਸਹੀ । (ਵਿਘਨ) (ਸ਼ੋਰ)

ਸ੍ਰੀ ਸਤਨਾਮ ਸਿੰਘ ਕੈਂਥ : ਸਪੀਕਰ ਸਾਹਿਬ, ਅਸੀਂ ਕੁਐਸਚਨ ਦਿਤਾ, ਕਾਲ ਅਟੈਨਸ਼ਨ ਦਿਤੀ ਉਹ ਸਭ ਤੁਸੀਂ ਡਿਸਅਲਾਉ ਕਰ ਦਿਤੀ......(ਵਿਘਨ) (ਸ਼ੋਰ)

ਸ੍ਰੀ ਸਪੀਕਰ : ਜੋ ਮਸਲਾ ਸਬਜੁਡਿਸ ਹੋਵੇਗਾ ਉਹ ਤਾਂ ਡਿਸਅਲਾਉ ਹੀ ਹੋਣਾ ਹੈ (ਵਿਘਨ) (ਸ਼ੋਰ) ...... ।
Please sit down. ਮਿੱਤਲ ਜੀ, ਤੁਹਾਡਾ ਕੀ ਪੁਆਇੰਟ ਆਫ਼ ਆਰਡਰ ਹੈ? (ਵਿਘਨ) (ਸ਼ੋਰ) ।

ਸ੍ਰੀਮਤੀ ਵਿਮਲਾ ਡਾਂਗ : ਸਪੀਕਰ ਸਾਹਿਬ, ਮੈਂ ਪਹਿਲਾਂ ਖੜੀ ਸੀ......(ਵਿਘਨ) (ਸ਼ੋਰ) ।

ਸ੍ਰੀ ਸਪੀਕਰ : ਜਦੋਂ ਮੈਂ ਉਨ੍ਹਾਂ ਨੂੰ ਕਾਲ ਅਪਾਨ ਕਰ ਲਿਆ, ਤੁਹਾਨੂੰ ਬੈਠ ਜਾਣਾ ਚਾਹੀਦਾ ਸੀ। (ਵਿਘਨ) (ਸ਼ੋਰ) .... ।

ਸ੍ਰੀ ਮਦਨ ਮੋਹਨ ਮਿੱਤਲ : ** ** **

*Not recorded as ordered by the Chair.

ਸ੍ਰੀ ਸਪੀਕਰ : ਤੁਸੀਂ ਆਪਣਾ ਪੁਆਇੰਟ ਆਫ ਆਰਡਰ ਦੱਸੋ ?

ਸ੍ਰੀ ਮਦਨ ਮੋਹਨ ਮਿਤਲ : ** ** **

Mr Speaker : I have not allowed this Point of Order.

ਸ੍ਰੀ ਮਦਨ ਮੋਹਨ ਮਿਤਲ : ਸਪੀਕਰ ਸਾਹਿਬ, ਰਿਪਲਾਈ ਲੈਣ ਲਈ ਫਿਰ ਉਹੀ ਤਰੀਕਾ ਐਡਾਪਟ ਕਰੀਏ... (ਵਿਘਨ) (ਸ਼ੋਰ)

ਸ੍ਰੀ ਸਪੀਕਰ : ਤੁਹਾਡੀ ਮਰਜ਼ੀ ਹੈ ।

Shri Madan Mohan Mittal : We do not want to set up wrong precedents. I am very clear.

ਕਿ ਅਸੀਂ ਤੁਹਾਡੇ ਹੁਕਮ ਦੀ ਤਾਲੀਮ ਤਾਂ ਕਰਨੀ ਹੈ। ਮੈਂ ਰਿਜ਼ਿਸਟ ਨਹੀਂ ਕਰਨਾ ਚਾਹੁੰਦਾ (ਵਿਘਨ) ਇਹ ਰੌਂਗ ਪ੍ਰੈਸੀਡੈਂਟ ਹੋ ਜਾਵੇਗਾ ।

ਸ੍ਰੀ ਸਪੀਕਰ : ਤੁਸੀਂ ਪੁਰਾਣੇ ਪਾਰਲੀਮੈਂਟਰੀਅਨ ਹੋ, ਤੁਹਾਨੂੰ ਤਾਂ ਪਤਾ ਹੀ ਹੈ......

Shri Madan Mohan Mittal : We want to set up good precedents.

ਸੰਸਦੀ ਮਾਮਲਿਆਂ ਦੇ ਮੰਤਰੀ : ਜੋ ਵੀ ਇਨ੍ਹਾਂ ਨੇ ਕਿਹਾ ਅਸੀਂ ਵੇਖ ਲਵਾਂਗੇ......(ਵਿਘਨ)

ਸ੍ਰੀ ਸਪੀਕਰ : ਮੈਂ ਤਾਂ ਤੁਹਾਨੂੰ ਜਵਾਬ ਦੇਣ ਲਈ ਆਖਿਆ ਹੀ ਨਹੀਂ, ਤੁਸੀਂ ਐਵੇਂ ਹੀ ਜਵਾਬ ਦੇਣ ਲਗ ਪਏ ।

ਸ੍ਰੀਮਤੀ ਵਿਮਲਾ ਡਾਂਗ : ** ** **

Mr Speaker : This is no Point of Order. I have not allowed it.

WALK-OUT (S)

(ਇਸ ਸਮੇਂ ਸਦਨ ਵਿਚ ਸੀ.ਪੀ.ਆਈ. ਦੇ ਸਾਰੇ ਹਾਜ਼ਰ ਮੈਂਬਰ ਸਾਹਿਬਾਨ ਵਾਕ ਆਊਟ ਕਰ ਗਏ)

ਕਾਮਰੇਡ ਤਰਸੇਮ ਜੋਧਾਂ : ** ** **

Mr Speaker : It is no Point of Order.

ਕਾਮਰੇਡ ਤਰਸੇਮ ਜੋਧਾਂ ** ** **

Mr Speaker : I have not allowed it.

(ਇਸ ਸਮੇਂ ਮਾਨਯੋਗ ਮੈਂਬਰ ਕਾਮਰੇਡ ਤਰਸੇਮ ਜੋਧਾਂ (ਸੀ.ਪੀ.ਆਈ (ਐਮ) ਅਤੇ ਮਾਨਯੋਗ ਮੈਂਬਰ ਸ੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ (ਜਨਤਾ ਦਲ) ਨਾਹਰੇ ਲਗਾਉਂਦੇ ਹੋਏ ਸਦਨ ਤੋਂ ਬਾਹਰ ਚਲੇ ਗਏ। (ਵਿਘਨ)

(ਇਸ ਸਮੇਂ ਮਾਨਯੋਗ ਮੈਂਬਰ ਸਰਦਾਰ ਧਨਵੰਤ ਸਿੰਘ ਖੜੇ ਸਨ)

**Expunged as ordered by the Chair.

ਸ੍ਰੀ ਸਪੀਕਰ : ਨਾਹਰੇ ਰਿਕਾਰਡ ਨਾ ਕੀਤੇ ਜਾਣ (ਵਿਘਨ) ਸਰਦਾਰ ਦਿਲਬਾਗ ਸਿੰਘ ਜੀ, ਤੁਸਾਂ ਧੂਰੀ ਸਾਹਿਬ ਦੇ ਸਵਾਲ ਦਾ ਜਵਾਬ ਦੇਣਾ ਸੀ। ਧੂਰੀ ਸਾਹਿਬ, ਤੁਸੀਂ ਆਪਣਾ ਸਵਾਲ ਦੁਬਾਰਾ ਦੱਸ ਦਿਓ।

CALL ATTENTION NOTICE UNDER RULE 66 (*Resumption*)

ਸਰਦਾਰ ਧਨਵੰਤ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਐਗਰੀਕਲਚਰਲ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਸੀ ਕਿ ਧੂਰੀ ਵਿਚ ਪ੍ਰਾਈਵੇਟ ਸ਼ੂਗਰ ਮਿੱਲ ਹੈ, ਉਸ ਦਾ ਨਾਉਂ ਹੈ "ਦੀ ਭਗਵਾਨਪੁਰਾ ਸ਼ੂਗਰ ਮਿੱਲ"। ਉਥੇ ਪੰਜ-ਸੱਤ ਸਾਲਾਂ ਤੋਂ ਵਿਵਾਦਿਤ ਚਲੀ ਆਉਂਦੀ ਹੈ ਕਿ ਮਿੱਲ ਬੰਦ ਹੋਣ ਤੇ ਤਿੰਨ ਤਿੰਨ, ਚਾਰ-ਚਾਰ ਕਰੋੜ ਰੁਪਿਆ ਕਿਸਾਨਾਂ ਦਾ ਰੱਖ ਲੈਂਦੇ ਹਨ। ਇਹ ਸੀਜ਼ਨਲ ਫੈਕਟਰੀ ਹੈ। ਦੋ ਕੰਮ ਕਰਦੇ ਹਨ। ਇਕ ਸੀਜ਼ਨ ਵਿਚ ਗੰਨਾ ਖਰੀਦਦੇ ਹਨ ਅੌਰ ਦੂਸਰੇ ਵਿਚ ਫਿਰ ਇਹ ਵੇਖਦੇ ਹਨ ਕਿ ਕਿਸਾਨਾਂ ਦਾ ਪੈਸਾ ਕਿਸ ਤਰ੍ਹਾਂ ਰਖਿਆ ਜਾਵੇ। ਇਸ ਤਰ੍ਹਾਂ ਕਿਸਾਨਾਂ ਦੀ ਪੇਮੈਂਟ ਨਹੀਂ ਕਰਦੇ ਅੌਰ ਕਦੇ ਸਰਕਾਰ ਤੋਂ ਲੋਨ ਲੈਣ ਦਾ ਬਹਾਨਾ ਕਦੇ ਕੋਈ ਬਹਾਨਾ। ਮੈਂ ਮਾਨਯੋਗ ਮਨਿਸਟਰ ਸਾਹਿਬ ਦਾ ਸ਼ੁਕਰ-ਗੁਜ਼ਾਰ ਹਾਂ ਕਿ ਇਨ੍ਹਾਂ ਨੇ ਕੁਝ ਪੈਸਾ ਜੋ ਕਿਸਾਨਾਂ ਦਾ ਪਿਛਲੇ ਸਾਲਾਂ ਦਾ ਰਹਿੰਦਾ ਸੀ ਉਹ ਦਿਵਾਇਆ ਹੈ। ਅਸੂਲ ਦੇ ਮੁਤਾਬਿਕ ਪੈਸੇ 14 ਦਿਨਾਂ ਦੇ ਅੰਦਰ-ਅੰਦਰ ਦੇਣੇ ਹੁੰਦੇ ਹਨ ਪਰ ਇਸ ਸਾਲ ਫਰਵਰੀ ਦੇ ਪੈਸੇ ਦੇਣੇ ਹਨ, ਹੁਣ ਇਕ ਦੋ-ਦਿਨਾਂ ਵਿਚ ਮਿੱਲ ਬੰਦ ਹੋ ਜਾਣੀ ਹੈ। ਉਥੇ ਨਵਾਂ ਪ੍ਰੋਸੀਜਰ ਹੈ। ਹੁਣ ਉਥੋਂ ਦੇ ਜੀ.ਐਮ. ਨੂੰ ਬਦਲ ਦਿੱਤਾ ਜਾਵੇਗਾ। ਪਟਿਆਲੇ ਇਨ੍ਹਾਂ ਦਾ ਹੈਡ ਆਫਿਸ ਹੈ ਅੌਰ ਮਾਲਕ ਦਿੱਲੀ ਰਹਿੰਦੇ ਹਨ। ਜਦੋਂ ਕਿਸਾਨ ਆਪਣੇ ਪੈਸੇ ਲੈਣ ਜਾਂਦੇ ਹਨ ਤਾਂ ਮਿਲ ਵਾਲੇ ਕਹਿ ਦਿੰਦੇ ਹਨ ਕਿ ਪਟਿਆਲੇ ਹੈਡ ਆਫਿਸ ਜਾਓ, ਜਦੋਂ ਉਥੇ ਕਿਸਾਨ ਜਾਂਦੇ ਹਨ ਤਾਂ ਉਹ ਕਹਿੰਦੇ ਹਨ ਕਿ ਦਿੱਲੀ ਜਾਓ। ਇਕ ਇਕ ਸਾਲ ਪੈਸਾ ਨਹੀਂ ਦਿੱਤਾ ਜਾਂਦਾ ਇਸ ਬਾਰੇ ਵਜ਼ੀਰ ਸਾਹਿਬ ਦੱਸਣ ਕਿ ਸਰਕਾਰ ਕਦੋਂ ਤਕ ਕਿਸਾਨਾਂ ਨੂੰ ਪੈਸਾ ਦਿਵਾ ਦੇਵੇਗੀ ?

ਖੇਤੀਬਾੜੀ ਅਤੇ ਵਣ ਮੰਤਰੀ : ਸਪੀਕਰ ਸਾਹਿਬ, ਉਸ ਵੇਲੇ ਬੜਾ ਰੌਲਾ ਸੀ ਅੌਰ ਮੈਂ ਬੜੇ ਡਿਟੇਲ ਨਾਲ ਜਵਾਬ ਦਿੱਤਾ ਹੈ। ਸਾਡੇ ਆਉਣ ਤੋਂ ਪਹਿਲਾ ਸੰਨ 1991-92 ਵਿਚ ਜੋ ਰੁਪਿਆ ਦੇਣਾ ਸੀ ਉਹ ਸੀ 7 ਕਰੋੜ 32 ਲੱਖ। ਇਹ ਸਾਰਾ ਦਿਵਾ ਦਿੱਤਾ ਹੈ। ਲੇਟ ਦਿੱਤਾ ਹੈ ਜੋ ਉਸ ਦਾ ਇੰਟਰਰੈਸਟ ਸੀ ਉਹ ਸੀ 11 ਲੱਖ 83 ਹਜ਼ਾਰ 775 ਰੁਪਏ, ਉਸ ਬਾਰੇ ਰਿਕਵਰੀ ਸਰਟੀਫਿਕੇਟ ਲੈ ਕੇ ਸੰਗਰੂਰ ਦੇ ਡਿਪਟੀ ਕਮਿਸ਼ਨਰ ਨੂੰ ਭੇਜ ਦਿੱਤੀ ਹੈ ਤਾਂ ਕਿ ਉਹ ਜੇਕਰ ਨਾ ਦੇਣ ਤਾਂ ਅਸੈਟਸ ਕੁਰਕ ਕਰਕੇ ਜ਼ਿਮੀਂਦਾਰਾਂ ਨੂੰ ਪੈਸੇ ਦਿੱਤੇ ਜਾਣ (ਥੰਪਿੰਗ)।

ਸਰਦਾਰ ਧਨਵੰਤ ਸਿੰਘ : ਸਪੀਕਰ ਸਾਹਿਬ, ਉਹ ਗੱਲ ਤਾਂ ਫਿਰ ਰਹਿ ਗਈ ਹੈ ਜੀ।

ਮੰਤਰੀ : ਸਪੀਕਰ ਸਾਹਿਬ, ਕੁਝ ਪੈਸੇ ਸਾਡੇ ਆਉਣ ਤੋਂ ਪਹਿਲਾਂ ਦੇ ਸਨ, ਕੋਈ ਦੋ ਕਰੋੜ ਰੁਪਏ ਦੇ ਕਰੀਬ ਰਹਿੰਦੇ ਸੀ। ਅਸੀਂ ਉਸ ਮਿੱਲ ਨੂੰ ਉਤਨੀ ਦੇਰ ਗੰਨਾ ਨਹੀਂ ਦਿੱਤਾ ਜਿਤਨਾ ਚਿਰ ਉਸ ਨੇ ਪੈਸੇ ਨਹੀਂ ਦਿੱਤੇ। ਉਹ ਪੈਸੇ ਦੇ ਕੇ ਫਿਰ ਗੰਨਾ ਲੈਣ ਦਿੱਤਾ ਹੈ। ਸਪੀਕਰ ਸਾਹਿਬ ਇਸ ਤੋਂ ਪਤਾ ਲਗਦਾ ਹੈ ਕਿ ਇਹ ਸਰਕਾਰ ਕਿਸ ਤਰ੍ਹਾਂ ਕਿਸਾਨ ਦੇ ਪਿੱਛੇ ਰਹਿੰਦੀ ਹੈ ਕਿ ਕਿਸਾਨ ਦਾ ਪੈਸਾ ਜੇਕਰ ਕਿਸੇ ਵੱਲ ਰਹਿੰਦਾ ਹੈ ਤਾਂ ਉਸ ਤੋਂ ਪੈਸਾ ਲੈ ਕੇ ਕਿਸਾਨ ਨੂੰ ਦਿਵਾਉਂਦੀ ਹੈ। ਇਸ ਲਈ ਇਨ੍ਹਾਂ ਨੂੰ ਫਿਕਰ ਨਹੀਂ ਕਰਨਾ ਚਾਹੀਦਾ। ਸਾਡਾ ਫਰਜ਼ ਹੈ ਕਿ ਕਿਸਾਨ ਦੀ ਮਦਦ ਕਰਨਾ। ਇਹ ਕਿਸਾਨਾਂ ਦੀ ਗੌਰਮਿੰਟ ਹੈ :

"ਉਪਰ ਜੱਟ, ਥੱਲੇ ਜੱਟ,
ਕਿਸਾਨ ਦਾ ਕੰਮ ਕਰੀਏ ਫਟਾ ਫੱਟ"। (ਥੰਪਿੰਗ) (ਵਿਘਨ)

ਸਰਦਾਰ ਧਨਵੰਤ ਸਿੰਘ : ਸਪੀਕਰ ਸਾਹਿਬ, ਗੱਲ ਕਲੀਅਰ ਨਹੀਂ ਹੋਈ ਜੀ। ਜੋ ਮੈਂ ਪੁੱਛਣਾ ਚਾਹੁੰਦਾ ਹਾਂ ਉਹ ਮਨਿਸਟਰ ਸਾਹਿਬ ਦੱਸ ਨਹੀਂ ਸਕੇ ਜੀ। ਮੈਂ ਕਹਿੰਦਾ ਹਾਂ ਕਿ ਪੁਰਾਣੀ ਪੇਮੈਂਟ ਦੀ ਗੱਲ ਠੀਕ ਹੈ, ਉਸ ਵਿਚੋਂ ਵੀ ਪੇਮੈਂਟ ਰਹਿੰਦੀ ਹੈ। ਮੈਂ ਕਹਿੰਦਾ ਹਾਂ ਕਿ ਜਿਹੜੀ ਹੁਣ ਪੇਮੈਂਟ ਰਹਿੰਦੀ ਹੈ 1 ਫਰਵਰੀ ਤਕ ਦੇ ਰਹੇ ਹਨ, ਬਾਕੀ ਜਿਹੜੀ ਕੋਈ ਡੇਢ ਮਹੀਨੇ ਦੀ ਗੰਨੇ ਦੀ ਪੇਮੈਂਟ ਹੈ ਉਹ ਇਕ ਕਰੋੜ ਰਪਏ ਤੋਂ ਉਪਰ ਦੀ ਰਹਿੰਦੀ ਹੈ, ਉਸ ਬਾਰੇ ਦੱਸਣ ਕਿ ਸਰਕਾਰ ਕੀ ਕਰ ਰਹੀ ਹੈ ?

ਮੰਤਰੀ · ਸਪੀਕਰ ਸਾਹਿਬ, ਮੈਂ ਬੇਨਤੀ ਕੀਤੀ ਹੈ ਕਿ ਪਿਛਲੇ ਸਾਲ ਲੇਟ ਪੇਮੈਂਟ ਕੀਤੀ ਸੀ ਔਰ ਅਸੀਂ ਰਿਕਵਰੀ ਸਰਟੀਫਿਕੇਟ ਉਸ ਦੀ ਜਾਇਦਾਦ ਕੁਰਕ ਕਰਨ ਵਾਸਤੇ ਬਣਾ ਕੇ ਭੇਜਿਆ ਹੈ। ਜੋ ਹੁਣ ਰਹਿ ਜਾਵੇਗੀ, ਮਿੱਲ ਦੀ ਕੁਰਕੀ ਕਰਕੇ ਜ਼ਿਮੀਂਦਾਰਾਂ ਦੇ ਪੈਸੇ ਦਿਵਾਵਾਂਗੇ। ਇਹ ਸਾਡਾ ਕੰਮ ਹੈ।

PRESENTATION OF SECOND REPORT OF THE BUSINESS ADVISORY COMMITTEE

Mr. Speaker : I have to present to the House the Second Report of the Business Advisory Committee which reads as under ;—

After some discussion, the committee recommended that the following business be transacted at the sittings of the Vidhan Sabha from 17th March, 1993 to 19th March, 1993 :—

Wednesday, the 17th March, 1993 (9.00 A.M.)	Discussion and Voting of Demands for Grants in respect of Education and Social Welfare relating to Budget Estimates for the year, 1993-94.
Thursday, the 18th March, 1993 (9.00 A.M. to 1.30 P.M.) (Morning Sitting)	Discussion and Voting of Demands for Grants in respect of Irrigation & Power and Rural Development & Panchayats relating to Budget Estimates for the year 1993-94 : and guillotine will be applied in respect of the remaining Demands for Grants under the Rules.
Thursday, the 18th March, 1993 (2.30 P.M. to 7.00 P.M.) (afternoon Sitting)	Non-Official Business.
Friday, the 19th March, 1993 (9.00 A.M.)	Appropriation Bill in respect of the Budget Estimates for the year 1993-94.

If any rule/rules of the Rules of Procedure and Conduct of Business in the Punjab Vidhan Sabha (Punjab Legislative Assembly) is/are inconsistent with the above recommendations, those rules/those rules will stand suspended to that extent.

Minister For Parliamentary Affairs (Sardar Umrao Singh) : Sir, I beg to move—

That this House agrees with the recommendations contained in the Second Report of the Business Advisory Committee.

Mr. Speaker : Motion moved—

That this House agrees with the recommendations contained in the Second Report of the Business Advisory Committee.

Mr. Speaker : Question is—

That this House agrees with the recommendations contained in the Second Report of the Business Advisory Committee.

The Motion was carried unanimously.

PRESENTATION OF TWENTY THIRD REPORT OF THE COMMITTEE ON SUBORDINATE LEGISLATION

Chairman, Committee on Subordinate Legislation (Sardar Jasbir Singh) : Sir, I beg to present the Twenty-third Report of the Committee on Subordinate Legislation for the year 1992-93.

LEGISLATIVE BUSINESS

THE PUNJAB HOMOEOPATHIC PRACTITIONERS (AMENDMENT) BILL, 1993

Health and Family Welfare Minister (Sardar Lal Singh) : Sir, I beg to move for leave to introduce the Punjab Homoeopathic Practitioners (Amendment) Bill.

Mr. Speaker : Motion moved—

That leave be granted to introduce the Punjab Homoeopathic Practitioner (Amendment) Bill.

Mr. Speaker : Question is—

That leave be granted to introduce the Punjab Homoeopathic Practitioners (Amendment) Bill.

The motion was carried unanimously.

Health and Family Welfare Minister (Sardar Lal Singh) : Sir, I beg to introduce the Punjab Homoeopathic Practitioners (Amendment) Bill.

THE PUNJAB CO-OPERATIVE SOCIETIES (AMENDMENT) BILL, 1993

Co-operation Minister (Shri Sajjan Kumar Jakhar) : Sir, I beg to move to leave for introduce the Punjab Co-operative Societies (Amendment) Bill.

Mr. Speaker : Motion moved—

That leave be granted to introduce the Punjab Co-operative Societies (Amendment) Bill.

Mr. Speaker : Question is—

That leave be granted to introduce the Punjab Co-operative Societies (Amendment) Bill.

The Motion was carried.

Co-operation Minister (Shri Sajjan Kumar Jakhar) : Sir, I beg to introduce the Punjab Co-operative Societies (Amendment) Bill.

MOTION RE. COMMITTEES

Minister for Parliamentary Affairs (Sardar Umrao Singh) : Sir, I beg to move that—

"WHEREAS the election to the:—

1. Committee on Public Accounts;
2. Committee on Estimates;
3. Committee on Public Undertakings ; and
4. Committee on the Welfare of Scheduled Castes, Scheduled Tribes and Backward Classes.

for the year 1993-94, are to be held before the 31st March, 1993 ; and

WHEREAS the time left at the disposal of the House is extremely short and it is not possible to conduct, in the normal course, the election to these Committees;

Now, therefore, this House authorises the Speaker, Punjab Vidhan Sabha, to nominate the members of the aforesaid Committees for the aforesaid year, keeping in view the proprotionate strength of various parties/groups in the House;

This House further resolves that for the above purpose, the Rules of Procedure and Conduct of Business in the Punjab Vidhan Sabha (Punjab Legislative Assembly) relating to the elections to the said Committees for the year, 1993-94 which are in consistent with or contrary to the above resolution , shall stand suspended."

Mr. Speaker : Motion moved —

"WHEREAS the election to the:—

1. Committee on Public Accounts ;
2. Committee on Estimates ;
3. Committee on Public Undertakings ; and
4. Committee on the Welfare of Scheduled Castes, Scheduled Tribes and Backward Classes,

for the year 1993-94, are to be held before the 31st March, 1993 ; and

WHEREAS the time left at the disposal of the House is extremely short and it is not possible to conduct, in the normal course, the election to these Committees;

Mr. Speaker

Now, therefore, this House authorises the Speaker, Punjab Vidhan Sabha, to nominate the members of the aforesaid Committees for the aforesaid year, keeping in view the proportionate strength of various parties/groups in the House;

This House further resolves that for the above purpose, the Rules of Procedure and Conduct of Business in the Punjab Vidhan Sabha (Punjab Legislative Assembly) relating to the elections to the said Committees for the year 1993-94 which are inconsistent with or contrary to the above resolution, shall stand suspended."

Mr. Speaker : Question is—

"WHEREAS the election to the :—

1. Committee on Public Accounts;
2. Committee on Estimates ;
3. Committee on Public Undertakings ; and
4. Committee on the Welfare of Scheduled Castes, Scheduled Tribes Backward Classes

for the year, 1993-94, are to be held before the 31st March, 1993 ; and

WHEREAS the time left at the disposal of the House is extremely short and it is not possible to conduct, in the normal course, the election to these Committees;

Now, therefore, this House authorises the Speaker, Punjab Vidhan Sabha, to nominate the members of the aforesaid Committees for the aforesaid year, keeping in view the proportionate strength of various parties/groups in the House;

This House further resolves that for the above purpose, the Rules of Procedure and Conduct of Business in the Punjab Vidhan Sabha (Punjab Legislative Assembly) relating to the elections to the said Committees for the year 1993-94, which are inconsistent with or contrary to the above resolution, shall stand suspended.'

The Motion was carried unanimously.

Mr. Speaker : Now the House will take up the general discussion on the Budget Estimates for the year 1993-94. Kainth Ji, who will be the first speaker? (Voice : Nimma Ji)

Yes, Nimma Ji.

GENERAL DISCUSSION ON THE BUDGET ESTIMATES FOR THE YEAR 1993-94

ਸਰਦਾਰ ਨਿਰਮਲ ਸਿੰਘ ਨਿੰਮਾਂ (ਭਦੌੜ, ਐਸ.ਸੀ.) : ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਮਹਾਨ ਸਦਨ ਵਿਚ ਜੋ ਬਜਟ ਵਿੱਤ ਮੰਤਰੀ ਜੀ ਨੇ 1993-94 ਦੇ ਲਈ 10 ਮਾਰਚ, 1993 ਨੂੰ ਪੇਸ਼ ਕੀਤਾ ਹੈ ਉਸ ਉਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਇਸ ਬਜਟ ਦੇ ਨਾਲ ਸਹਿਮਤ ਨਹੀਂ ਹਾਂ। ਇਹ ਜੋ ਬਜਟ ਪੇਸ਼ ਕੀਤਾ ਗਿਆ ਇਹ ਮਜ਼ਦੂਰ ਅਤੇ ਕਿਸਾਨ ਮਾਰੂ ਬਜਟ ਹੈ। 85 ਫੀਸਦੀ ਪੰਜਾਬ ਦੀ ਅਬਾਦੀ ਪਿੰਡਾਂ ਦੇ ਵਿਚ ਰਹਿੰਦੀ ਹੈ ਜਿਹੜੇ ਕਿਸਾਨ ਅਤੇ ਖੇਤ ਮਜ਼ਦੂਰਾਂ ਦੇ ਨਾਲ ਸਬੰਧਤ ਹੈ। ਉਨ੍ਹਾਂ ਗਰੀਬ ਕਿਸਾਨਾਂ ਲਈ ਅਤੇ ਖੇਤ ਮਜ਼ਦੂਰਾਂ ਦੇ ਲਈ ਬਜਟ

ਵਿਚ ਕੋਈ ਰਾਹਤ ਨਹੀਂ ਦਿੱਤੀ ਗਈ ਹੈ। ਇਹ ਬਜਟ ਸਿਰਫ 15 ਫੀਸਦੀ ਲੋਕ ਜੋ ਸ਼ਹਿਰਾਂ ਦੇ ਵਿਚ ਰਹਿੰਦੇ ਹਨ ਉਨ੍ਹਾਂ ਨੂੰ ਰਾਹਤ ਦੇਣ ਲਈ ਪੇਸ਼ ਕੀਤਾ ਗਿਆ ਹੈ । ਇਸ ਬਜਟ ਰਾਹੀਂ ਸਰਕਾਰ ਨੇ ਵੱਡੇ ਵੱਡੇ ਧਨਾਢਾਂ, ਸਰਮਾਏਦਾਰਾਂ ਅਤੇ ਕਾਰਖਾਨੇਦਾਰਾਂ ਨੂੰ ਰਾਹਤ ਦਿੱਤੀ ਹੈ ਅਤੇ ਟਰੈਕਟਰਾਂ, ਰੈਫਰੀਜੀਰੇਸ਼ਨ ਵਿਚ ਟੈਕਸ ਛੋਟ ਦਿੱਤੀ ਹੈ। ਸਰਮਾਏਦਾਰਾਂ ਦੇ ਲਈ ਰਸਤੇ ਖੋਲ੍ਹ ਦਿੱਤੇ ਹਨ, ਇਸ ਲਈ ਇਹ ਬਜਟ ਕਿਸਾਨ ਅਤੇ ਖੇਤ ਮਜ਼ਦੂਰ ਮਾਰੂ ਹੈ। ਇਸ ਦੇ ਨਾਲ ਗਰੀਬੀ ਦੀ ਰੇਖਾ ਵਿਚ ਰਹਿਣ ਵਾਲੇ ਹੋਰ ਗਰੀਬੀ ਰੇਖਾ ਤੋਂ ਨੀਚੇ ਚਲੇ ਜਾਣਗੇ ਔਰ ਸਰਮਾਏਦਾਰ ਜੁੰਡਲੀ ਨੂੰ ਉਤਸ਼ਾਹ ਮਿਲੇਗਾ । ਸਪੀਕਰ ਸਾਹਿਬ, ਕਿਸੇ ਦੇਸ਼ ਦੀ ਇਕਾਨੌਮੀ ਨੂੰ ਦੇਖਣਾ ਹੋਵੇ ਤਾਂ ਉਸ ਦੇਸ਼ ਦੀ ਇਨਕਮ ਟੈਕਸ ਕੁਲੈਕਸ਼ਨ ਫਰਾਮ ਦਾ ਕਾਰਖਾਨੇਦਾਰਾਂ ਅਤੇ ਸਰਮਾਏਦਾਰਾਂ ਤੋਂ ਪਤਾ ਚਲਦੀ ਹੈ ਪਰ ਇਹ ਬਜਟ ਲੋਕਾਂ ਦਾ ਬਜਟ ਨਹੀਂ ਕਿਹਾ ਜਾ ਸਕਦਾ ਹੈ। ਬਹੁਤ ਸਾਰੇ ਰਾਜਨੀਤਿਕ ਲੋਕਾਂ ਨੇ ਸ਼ਹਿਰਾਂ ਦੇ ਵਿਚ ਪੈਟਰੋਲ ਪੰਪਾਂ ਅਤੇ ਗੈਸ ਏਜੰਸੀਆਂ ਉਤੇ ਕਬਜ਼ਾ ਕਰ ਲਿਆ ਹੈ। ਸਪੀਕਰ ਸਾਹਿਬ, ਜੋ ਧਨਾਢ ਲੋਕ ਹਨ, ਸਰਮਾਏਦਾਰ ਲੋਕ ਹਨ ਜਿਨ੍ਹਾਂ ਦੀ ਗਿਣਤੀ 15 ਫੀ ਸਦੀ ਹੈ ਉਨ੍ਹਾਂ ਵਾਸਤੇ ਇਹ ਬਜਟ ਪੇਸ਼ ਕੀਤਾ ਗਿਆ ਹੈ। ਉਨ੍ਹਾਂ ਅਮੀਰ ਅਤੇ ਧਨਾਢ ਲੋਕਾਂ ਉਤੇ ਟੈਕਸ ਨਾ ਲਗਾ ਕੇ ਉਨ੍ਹਾਂ ਨੂੰ ਹੋਰ ਅਮੀਰ ਬਣਾਉਣ ਦਾ ਰਸਤਾ ਖੋਲ੍ਹਿਆ ਗਿਆ ਹੈ। ਗਰੀਬ ਅਤੇ ਕਿਸਾਨਾਂ ਵਾਸਤੇ ਕੋਈ ਰਿਆਇਤ ਇਸ ਬਜਟ ਵਿਚ ਨਹੀਂ ਦਿਤੀ ਗਈ। ਛੋਟੇ ਕਿਸਾਨ ਔਰ ਮਜ਼ਦੂਰ ਜੋ 56 ਫੀਸਦੀ ਗਰੀਬੀ ਤੋਂ ਥੱਲੇ ਰਹਿੰਦੇ ਹਨ ਉਨ੍ਹਾਂ ਵਾਸਤੇ ਸਰਕਾਰ ਨੇ ਕੁਝ ਨਹੀਂ ਰਖਿਆ । 1954 ਤੋਂ ਲੈ ਕੇ ਅੱਜ ਤਕ ਉਨ੍ਹਾਂ ਪਿੰਡਾਂ ਦੀਆਂ ਬਸਤੀਆਂ ਦਾ ਕੋਈ ਪ੍ਰਬੰਧ ਨਹੀਂ ਕੀਤਾ ਗਿਆ । ਛੋਟੇ ਛੋਟੇ ਪਲਾਟ ਪਿੰਡਾਂ ਤੋਂ ਬਾਹਰ ਦੇ ਕੇ ਉਨ੍ਹਾਂ ਨੂੰ ਅਲੱਗ ਬਾਹਰ ਰੱਖਿਆ ਗਿਆ ਹੈ। ਉਨ੍ਹਾਂ ਗਰੀਬ ਲੋਕਾਂ ਵਾਸਤੇ ਗੰਦੇ ਪਾਣੀ ਦੇ ਨਿਕਾਸ ਦਾ ਵੀ ਕੋਈ ਪ੍ਰਬੰਧ ਨਹੀਂ ਕੀਤਾ ਗਿਆ ਹੈ। ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਵਰਗ ਦੇ ਲੋਕਾਂ ਨੂੰ ਬਰਾਬਰ ਦਾ ਦਰਜਾ ਨਹੀਂ ਦਿਤਾ ਜਾ ਰਿਹਾ। ਬਜਟ ਵਿਚ ਉਨ੍ਹਾਂ ਲੋਕਾਂ ਵਾਸਤੇ ਕੋਈ ਪ੍ਰਬੰਧ ਨਹੀਂ ਕੀਤਾ। ਅਜ਼ਾਦੀ ਮਿਲਣ ਤੋਂ ਬਾਅਦ ਉਨ੍ਹਾਂ ਲੋਕਾਂ ਦੀ ਗਿਣਤੀ ਵੱਧੀ ਹੈ। ਉਨ੍ਹਾਂ ਦੇ ਘਰਾਂ ਵਿਚ ਗੰਦੇ ਪਾਣੀ ਦੇ ਨਿਕਾਸ ਦਾ ਕੋਈ ਪ੍ਰਬੰਧ ਨਹੀਂ ਕੀਤਾ ਗਿਆ। ਉਨ੍ਹਾਂ ਦੀਆਂ ਗਲੀਆਂ ਨਾਲੀਆਂ ਅਤੇ ਬਸਤੀਆਂ ਦਾ ਸੁਧਾਰ ਨਾ ਕਰਨ ਲਈ ਬਜਟ ਵਿਚ ਕੋਈ ਪ੍ਰਬੰਧ ਨਹੀਂ ਕੀਤਾ ਗਿਆ। ਵਿਸ਼ਵ ਬੈਂਕ ਕੋਲੋਂ ਕਰੋੜਾਂ ਰੁਪਏ ਦੇ ਕਰਜ਼ੇ ਲਿਤੇ ਗਏ ਹਨ ਪਰ 37 ਸਾਲ ਬੀਤ ਜਾਣ ਦੇ ਬਾਵਜੂਦ ਵੀ ਉਨ੍ਹਾਂ ਗਰੀਬ ਲੋਕਾਂ ਦੀਆਂ ਕਲੋਨੀਆਂ ਪਿੰਡਾਂ ਤੋਂ ਬਾਹਰ ਬਣਾ ਦਿਤੀਆਂ ਗਈਆਂ ਹਨ। ਇਕ ਕਮਰੇ ਦਾ ਮਕਾਨ ਬਣਾਇਆ ਗਿਆ ਹੈ ਔਰ ਉਨ੍ਹਾਂ ਮਕਾਨਾਂ ਵਿਚ ਅਨੁਸੂਚਿਤ ਜਾਤੀਆਂ ਦੇ ਲੋਕਾਂ ਨੂੰ ਰਹਿਣ ਲਈ ਕਿਹਾ ਗਿਆ ਹੈ। ਉਹ ਮਕਾਨ ਰਹਿਣ ਦੇ ਕਾਬਲ ਨਹੀਂ ਹੈ । ਉਨ੍ਹਾਂ ਦਾ ਉਥੇ ਗੁਜ਼ਾਰਾ ਨਹੀਂ ਹੋ ਸਕਦਾ। ਉਨ੍ਹਾਂ ਗਰੀਬ ਲੋਕਾਂ ਨੂੰ ਜਾਤ ਪਾਤ ਤੋਂ ਉਪਰ ਚੁੱਕਣਾ ਚਾਹੀਦਾ ਹੈ। ਸਪੀਕਰ ਸਾਹਿਬ, ਜਿਹੜੀਆਂ ਬਸਤੀਆਂ ਪਿੰਡਾਂ ਤੋਂ ਬਾਹਰ ਉਸਾਰੀਆਂ ਗਈਆਂ ਹਨ, ਉਥੇ ਕਿਸੇ ਚੀਜ਼ ਦਾ ਕੋਈ ਪ੍ਰਬੰਧ ਨਹੀਂ ਹੈ। ਉਨ੍ਹਾਂ ਕਲੋਨੀਆਂ ਵਿਚ ਡੰਗਰ, ਪਸ਼ੂ ਅਤੇ ਕੁੱਤਾ ਵੀ ਨਹੀਂ ਰਹਿ ਸਕਦਾ। ਉਨ੍ਹਾਂ ਮਕਾਨਾਂ ਵਿਚ ਸੂਰ ਪਾਲੇ ਜਾ ਰਹੇ ਹਨ। ਸਪੀਕਰ ਸਾਹਿਬ, ਬਜਟ ਵਿਚ ਕਾਗਜ਼ੀ ਦਾਅਵਾ ਕੀਤਾ ਜਾਂਦਾ ਹੈ ਕਿ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਵਾਸਤੇ ਇਹ ਕੁਝ ਕਰ ਰਹੇ ਹਾਂ। ਇਹ ਸਿਰਫ ਕਾਗਜ਼ੀ ਹੀ ਹੈ। ਜੋ ਅਨੁਸੂਚਿਤ ਜਾਤੀਆਂ ਵਾਸਤੇ ਪੈਸਾ ਰਖਿਆ ਜਾਂਦਾ ਹੈ, ਜੋ ਜ਼ਿਲ੍ਹਾ ਭਲਾਈ ਅਫਸਰ ਹਨ, ਉਨ੍ਹਾਂ ਅਫਸਰਾਂ ਦੀ ਲਾਬੀ ਵਲੋਂ ਲਿਸਟਾਂ ਨਾ ਬਣਾਕੇ ਉਨ੍ਹਾਂ ਦੇ ਕਲੇਮਾਂ ਨੂੰ ਸਮੇਂ ਸਿਰ ਲਾਗੂ ਨਹੀਂ ਕੀਤਾ ਜਾਂਦਾ । ਉਨ੍ਹਾਂ ਕੈਟਾਗਰੀਜ਼ ਵਾਸਤੇ ਜੋ ਪੈਸਾ ਰੱਖਿਆ ਹੁੰਦਾ ਹੈ, ਉਸ ਨੂੰ ਜਨਰਲ ਕੈਟਾਗਰੀ ਵੱਲ ਲਗਾ ਦਿਤਾ ਜਾਂਦਾ

[ਸਰਦਾਰ ਨਿਰਮਲ ਸਿੰਘ ਨਿੰਮਾ]

ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਦੱਸਣਾ ਚਾਹੁੰਦਾ ਹਾਂ ਕਿ ਪਿੰਡਾਂ ਨਾਲੋਂ ਅਰਬਨ ਏਰੀਆ ਵਿਚ ਪਾਣੀ ਦੀ ਸਪਲਾਈ ਵੱਧ ਕੀਤੀ ਜਾਂਦੀ ਹੈ। ਜੋ ਅਨੁਸੂਚਿਤ ਜਾਤੀਆਂ ਦੇ 85 ਫੀ ਸਦੀ ਲੋਕ ਹਨ, ਜੋ ਗਰੀਬ ਲੋਕ ਪਿੰਡਾਂ ਵਿਚ ਰਹਿੰਦੇ ਹਨ, ਉਨ੍ਹਾਂ ਵਾਸਤੇ ਪਾਣੀ ਦੀ ਸਪਲਾਈ ਦਾ ਠੀਕ ਪ੍ਰਬੰਧ ਸਰਕਾਰ ਨੂੰ ਕਰਨਾ ਚਾਹੀਦਾ ਹੈ। ਪਿੰਡਾਂ ਦੀ ਡਿਵੈਲਪਮੈਂਟ ਵਾਸਤੇ ਕੋਈ ਪ੍ਰਬੰਧ ਨਹੀਂ ਕੀਤਾ ਗਿਆ। ਸ਼ਹਿਰਾਂ ਵਿਚ ਜੋ ਸਕੀਮਾਂ ਚਲਦੀਆਂ ਹਨ ਉਨ੍ਹਾਂ ਵੱਲ ਜ਼ਿਆਦਾ ਧਿਆਨ ਸਰਕਾਰ ਵਲੋਂ ਦਿਤਾ ਜਾਦਾ ਹੈ। ਦੇਸ਼ ਦੇ ਮਾਨ ਸਨਮਾਨ ਲਈ, ਦੇਸ਼ ਦੀ ਤਰੱਕੀ ਲਈ ਔਰ ਹਰ ਇਕ ਪੱਖ ਤੋਂ ਦੇਸ਼ ਨੂੰ ਉਚਾ ਚੁੱਕਣ ਵਿਚ ਪਿੰਡਾਂ ਦੇ ਲੋਕਾਂ ਦਾ ਅਤੇ ਔਰਤਾਂ ਦਾ ਬਹੁਤ ਯੋਗਦਾਨ ਹੁੰਦਾ ਹੈ। ਸਵਰਨ ਜਾਤੀ ਦੇ ਲੋਕਾਂ ਨੇ, ਸਪੀਕਰ ਸਾਹਿਬ, ਪਿੰਡਾਂ ਵਿਚ ਜਨਮ ਲੈ ਕੇ ਦੇਸ਼ ਦਾ ਨਾਂ, ਭਾਰਤ ਦਾ ਨਾਂ ਬਾਹਰਲੇ ਮੁਲਕਾਂ ਵਿਚ ਉਚਾ ਕੀਤਾ ਹੈ। ਜਿਹੜੀਆਂ ਇਸਤਰੀਆਂ ਪਿੰਡਾਂ ਵਿਚ ਰਹਿੰਦੀਆਂ ਹਨ ਅਤੇ ਪੰਜਾਬ ਦੀ ਤਰੱਕੀ ਵਾਸਤੇ, ਭਾਰਤ ਦੀ ਤਰੱਕੀ ਵਾਸਤੇ ਕੰਮ ਕਰਦੀਆਂ ਹਨ ਪਰ ਇਸ ਦੇ ਬਾਰੇ ਸਰਕਾਰ ਨੇ ਇਸ ਵਿੱਚ ਕੁਝ ਨਹੀਂ ਦੱਸਿਆ। ਇਹ ਜਿਹੜਾ ਬਜਟ ਹੈ, ਇਹ ਫੋਕੀ ਸ਼ੋਹਰਤ ਪ੍ਰਾਪਤ ਕਰਨ ਵਾਲਾ ਬਜਟ ਹੈ। ਇਹ ਸਿਰਫ ਕਾਇਦੇ ਕਾਨੂੰਨ ਵਿੱਚ ਬੱਝ ਕੇ ਰਹਿ ਚੁੱਕਾ ਹੈ।

ਬਾਕੀ ਇਨਕਮ ਟੈਕਸ ਦੀ ਜਿਹੜੀ ਬਜਟ ਵਿੱਚ ਪ੍ਰੋਵੀਜ਼ਨ ਬਣਾਈ ਗਈ ਹੈ, ਇਹ ਥੋਥੀ ਹੈ। ਜਿਹੜੇ ਮੁਲਾਜ਼ਮਾਂ ਤੇ, ਅਫਸਰਾਂ ਤੇ ਇਨਕਮ ਟੈਕਸ ਲਗਦਾ ਹੈ, ਉਨ੍ਹਾਂ ਦੀ ਤਨਖਾਹ ਤਾਂ ਪਹਿਲਾਂ ਫਿਕਸ ਹੁੰਦੀ ਹੈ। ਉਨ੍ਹਾਂ ਤੇ ਹੀ ਇਨਕਮ ਟੈਕਸ ਲਗਾਇਆ ਜਾਂਦਾ ਹੈ। ਉਨ੍ਹਾਂ ਦੀ ਤਨਖਾਹ ਦਾ ਬੈਲੈਂਸ ਦੇਖਣਾ ਚਾਹੀਦਾ ਹੈ। ਅੱਜ ਦੀ ਮਹਿੰਗਾਈ ਦੇ ਯੁਗ ਵਿੱਚ ਕੀ ਉਨ੍ਹਾਂ ਕੋਲ ਕੋਈ ਪੈਸਾ ਬਚਾਇਆ ਵੀ ਰਹਿੰਦਾ ਹੈ, ਇਹ ਨਹੀਂ ਦੇਖਿਆ ਜਾਂਦਾ। ਦੂਜੇ ਪਾਸੇ ਉਹ ਸਰਮਾਏਦਾਰ ਲੋਕ ਜਿਨ੍ਹਾਂ ਨੇ ਹਰੇਕ ਪ੍ਰਾਪਰਟੀ ਤੇ ਕਬਜ਼ਾ ਕਰ ਰੱਖਿਆ ਹੈ, ਰਾਜਭਾਗ ਤੇ ਕਬਜ਼ਾ ਕਰ ਰਖਿਆ ਹੈ, ਉਨ੍ਹਾਂ ਨੂੰ ਇਸ ਟੈਕਸ ਤੋਂ ਰਾਹਤ ਦਿੱਤੀ ਹਈ ਹੈ। ਉਹ ਮੁਲਾਜ਼ਮ ਜਿਹੜੇ ਲੋਕਾਂ ਦੇ ਘਰ ਘਰ ਜਾ ਕੇ ਉਨ੍ਹਾਂ ਦੀਆਂ ਦੁੱਖ ਤਕਲੀਫਾਂ ਸੁਣਦੇ ਹਨ, ਉਨ੍ਹਾਂ ਨੂੰ ਤਨਖਾਹ ਵੀ ਪੇ-ਕਮਿਸ਼ਨਾਂ ਰਾਹੀਂ ਸੋਧ ਕਰਕੇ ਫਿਕਸ ਦਿੱਤੀ ਜਾਂਦੀ ਹੈ ਅਤੇ ਫੇਰ ਇਨਕਮ ਟੈਕਸ ਪੇਅਈ ਬਣਾ ਦਿਤਾ ਜਾਂਦਾ ਹੈ। ਉਨ੍ਹਾਂ ਨੂੰ ਟੈਕਸ ਤੋਂ ਕਿਉਂ ਨਹੀਂ ਰਾਹਤ ਦਿੱਤੀ ਗਈ। ਮੈਂ ਕਲਾਸ 3 ਅਤੇ ਕਲਾਸ 4 ਦੇ ਮੁਲਾਜ਼ਮਾਂ ਬਾਰੇ ਦੱਸਣਾ ਚਾਹੁੰਦਾ ਹਾਂ ਕਿ ਉਨ੍ਹਾਂ ਦੇ ਜੋ ਬੱਚੇ ਹਨ, ਜੋ ਸਕੂਲਾਂ ਦੇ ਅੰਦਰ ਪੜ੍ਹਦੇ ਹਨ, ਉਨ੍ਹਾਂ ਨੂੰ ਸਰਟੀਫਿਕੇਟ ਇਨਕਮ ਦਾ ਨਾਲ ਲਾਉਣਾ ਪੈਂਦਾ ਹੈ। ਉਸਦੀ ਹੱਦ ਬਹੁਤ ਘੱਟ ਰਖੀ ਗਈ ਹੈ। ਜਿਹੜਾ ਦਰਜਾ 4 ਕਰਮਚਾਰੀ ਦਾ ਬਚਾ ਸਕੂਲ ਪੜ੍ਹ ਰਿਹਾ ਹੈ, ਉਸ ਨੂੰ ਵੀ ਵਜ਼ੀਫਾ, ਮੁਆਵਜ਼ਾ ਸਹੀ ਤਰੀਕੇ ਨਾਲ ਨਹੀਂ ਮਿਲ ਸਕਦਾ। ਇਸ ਕਰਕੇ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜੋ ਅਰਬਨ ਅਤੇ ਪੇਂਡੂ ਐਜੂਕੇਸ਼ਨ ਦਾ ਮਾਧਿਅਮ ਹੈ, ਉਸ ਵਿੱਚ ਏਨਾ ਅੰਤਰ ਕਿਉਂ ਰੱਖਿਆ ਗਿਆ ਹੈ। ਜਿਹੜੀ ਐਜੂਕੇਸ਼ਨ ਸ਼ਹਿਰਾਂ ਵਿੱਚ ਦਿੱਤੀ ਜਾਣੀ ਹੈ, ਉਹ ਪਿੰਡਾਂ ਨਾਲੋਂ ਫਰਕ ਰੱਖ ਕੇ ਕਿਉਂ ਦਿੱਤੀ ਜਾਂਦੀ ਹੈ। ਹਰੇਕ ਵਰਗ ਦੇ ਲੋਕਾਂ ਦਾ ਦਿਮਾਗ ਤਾਂ ਇਹੋ ਜਿਹਾ ਹੀ ਹੁੰਦਾ ਹੈ। ਇਸ ਲਈ ਐਜੂਕੇਸ਼ਨ ਦੇ ਮਾਧਿਅਮ ਨੂੰ ਉਚਾ ਚੱਕਣ ਲਈ ਸ਼ਹਿਰਾਂ ਅਤੇ ਪਿੰਡਾਂ ਵਿੱਚ ਇਕੋ ਜਿਹੀ ਐਜੂਕੇਸ਼ਨ ਦਿੱਤੀ ਜਾਵੇ ਤਾਂਕਿ ਪੇਂਡੂ ਲੋਕ ਵੀ ਸਿਆਸਤ ਵਿੱਚ, ਪ੍ਰਸ਼ਾਸਨ ਵਿੱਚ, ਬਰਾਬਰ ਪਹੁੰਚ ਸਕਣ ਤਾਂ ਕਿ ਹਰੇਕ ਨੂੰ ਬਰਾਬਰ ਸਹੂਲਤਾਂ ਮਿਲ ਸਕਣ। ਪਰ ਇਸ ਬਜਟ ਵਿੱਚ ਕਾਗਜ਼ੀ ਕਾਰਵਾਈ ਤੋਂ ਵੱਧ ਕੁਝ ਨਹੀਂ ਦੱਸਿਆ ਗਿਆ।

ਸਪੀਕਰ ਸਾਹਿਬ, ਬਿਜਲੀ ਦੀ ਸਪਲਾਈ ਸ਼ਹਿਰਾਂ ਵਿੱਚ 24 ਘੰਟੇ ਦਿੱਤੀ ਜਾਂਦੀ ਹੈ। ਪਿੰਡਾਂ ਵਿੱਚ ਵੀ ਉਹੀ ਲੋਕ ਵਸਦੇ ਹਨ ਜਿਨ੍ਹਾਂ ਨੇ ਆਪਣੀਆਂ ਵੱਧ ਤੋਂ ਵੱਧ ਵੋਟਾਂ ਪਾ ਕੇ ਪੰਜਾਬ ਸਰਕਾਰ ਬਣਾਈ

ਹੈ, ਭਾਰਤ ਵਰਸ਼ ਦੀ ਸਰਕਾਰ ਬਣਾਈ ਹੈ। ਉਹ ਲੋਕ ਜਿਨ੍ਹਾਂ ਦੀ ਗਿਣਤੀ ਪਿੰਡਾਂ ਵਿੱਚ 85 ਫੀ ਸਦੀ ਹੈ, ਉਹਨਾਂ ਲਈ ਸ਼ਹਿਰਾਂ ਦੇ ਬਰਾਬਰ ਬਿਜਲੀ ਸਪਲਾਈ ਕਿਉਂ ਨਹੀਂ ਕੀਤੀ ਜਾਂਦੀ। ਜਿਹੜੇ ਸਨਅਤਕਾਰ ਹਨ, ਇੰਡਸਟਰੀਅਲਿਸਟ ਹਨ, ਉਨ੍ਹਾਂ ਲਈ ਬਿਜਲੀ ਦਾ ਰੇਟ ਨਹੀਂ ਵਧਾਇਆ ਗਿਆ ਪਰ ਕਿਸਾਨਾਂ ਦੀਆਂ ਮੋਟਰਾਂ ਲਈ ਰੇਟ ਵਧਾਏ ਗਏ ਹਨ। ਜਦ ਕਿ ਇੰਡਸਟਰੀਅਲਿਸਟਾਂ ਤੋਂ ਵੱਧ ਤੋਂ ਵੱਧ ਰੇਟ ਵਸੂਲ ਕੀਤਾ ਜਾਣਾ ਚਾਹੀਦਾ ਸੀ ਪਰ ਉਹ ਨਹੀਂ ਕੀਤਾ ਗਿਆ। ਕਿਸਾਨਾਂ ਦੀਆਂ ਬਿਜਲੀ ਦਰਾਂ ਵਧਾ ਕੇ ਉਨ੍ਹਾਂ ਤੇ ਬੋਝ ਪਾਇਆ ਗਿਆ ਹੈ। ਇਥੇ ਮੰਤਰੀ ਜੀ ਨੇ ਆਪਣੇ ਭਾਸ਼ਣ ਵਿੱਚ ਦੱਸਿਆ ਸੀ ਕਿ ਜਦ ਅਸੀਂ ਬੱਸਾਂ ਦੇ ਕਿਰਾਏ ਅਤੇ ਬਿਜਲੀ ਦੀਆਂ ਦਰਾਂ ਵਧਾਈਆਂ ਸਨ ਤਾਂ ਲੋਕਾਂ ਨੇ ਉਨ੍ਹਾਂ ਨੂੰ ਖੁਸ਼ੀ ਖੁਸ਼ੀ ਸਵੀਕਾਰ ਕੀਤਾ। ਪਰ ਮੈਂ ਕਹਿੰਦਾ ਹਾਂ ਕਿ ਬੱਸਾਂ ਦੇ ਕਿਰਾਏ ਅਤੇ ਬਿਜਲੀ ਦੀਆਂ ਵਧੀਆਂ ਦਰਾਂ ਨੂੰ ਲੋਕਾਂ ਨੇ ਸਵੀਕਾਰ ਨਹੀਂ ਕੀਤਾ। ਉਹ ਲੋਕ ਜਿਹੜੇ ਕਾਫੀ ਸਮੇਂ ਤੋਂ ਪੀੜਤ ਸਨ, ਉਨ੍ਹਾਂ ਨੂੰ ਇਸ ਸਰਕਾਰ ਤੋਂ ਕਈ ਆਸਾਂ ਸਨ ਕਿ ਇਹ ਸਰਕਾਰ ਸਾਨੂੰ ਰਾਹਤ ਦੇਵੇਗੀ। ਜਿਹੜੇ ਲੋਕ ਪਹਿਲਾਂ ਹੀ ਦੁੱਖੀ ਵਸ ਰਹੇ ਸਨ ਉਹ ਬੱਸਾਂ ਦੇ ਵਧੇ ਕਿਰਾਏ ਤੋਂ ਬਾਅਦ ਰਾਹਤ ਕਿਵੇਂ ਮਹਿਸੂਸ ਕਰ ਸਕਦੇ ਹਨ, ਉਨ੍ਹਾਂ ਨੇ ਤਾਂ ਚੁੱਪ ਵੱਟੀ ਰੱਖੀ ਪਰ ਸਰਕਾਰ ਨੇ ਸਮਝ ਲਿਆ ਕਿ ਲੋਕਾਂ ਨੇ ਵਧੇ ਟੈਕਸਾਂ ਨੂੰ ਸਵੀਕਾਰ ਕਰ ਲਿਆ ਹੈ। ਪਰ ਉਹ ਸਰਮਾਏਦਾਰ ਅਤੇ ਧਨਾਢ ਲੋਕ ਜਿਨ੍ਹਾਂ ਨੇ ਬਿਜਲੀ ਦੀ ਖਪਤ ਵੀ ਜ਼ਿਆਦਾ ਕਰਨੀ ਹੈ ਅਤੇ ਅਫਸਰ ਲਾਬੀ ਨਾਲ ਰਲ ਕੇ ਦੋ ਨੰਬਰ ਦੇ ਕੁਨੈਕਸ਼ਨ ਜੋੜ ਕੇ ਦੁਰਵਰਤੋਂ ਵੀ ਕਰਨੀ ਹੈ, ਉਨ੍ਹਾਂ ਨੂੰ ਨੱਥ ਪਾ ਕੇ ਬਿਜਲੀ ਦੀ ਕਾਜ਼ੰਪਸ਼ਨ ਨੂੰ ਹਟਾਇਆ ਜਾ ਸਕਦਾ ਹੈ। ਉਨ੍ਹਾਂ ਸਰਮਾਏਦਾਰ ਲੋਕਾਂ ਦੇ ਖਾਤੇ ਵਿਚੋਂ ਪੇਂਡੂ ਲੋਕਾਂ ਨੂੰ ਵੱਧ ਰਾਹਤ ਦਿੱਤੀ ਜਾ ਸਕਦੀ ਹੈ। ਇਕੱਲੇ ਟੈਕਸ ਵਧਾਉਣ ਨਾਲ ਬਿਜਲੀ ਦਾ ਘਾਟਾ ਪੂਰਾ ਨਹੀਂ ਹੋ ਸਕਦਾ। ਬਿਜਲੀ ਦੀਆਂ ਦਰਾਂ ਵਧਾਉਣ ਕਰਕੇ ਬਿਜਲੀ ਮਹਿਕਮੇ ਦਾ ਖਰਚਾ ਤਦ ਤਕ ਪੂਰਾ ਨਹੀਂ ਹੋ ਸਕਦਾ ਜਦ ਤਕ ਵੱਡੇ ਉਦਯੋਗਪਤੀਆਂ ਨੂੰ., ਵੱਡੇ ਵੱਡੇ ਧਨਾਢਾਂ ਨੂੰ ਨੱਥ ਨਹੀਂ ਪਾਈ ਜਾਂਦੀ। ਬਿਜਲੀ ਦਾ ਮਹਿਕਮਾ ਤੱਕ ਘਾਟੇ ਵਿਚ ਜਾਂਦਾ ਰਹੇਗਾ ਇਹ ਜਿਹੜੀ ਕੁਰੱਪਸ਼ਨ ਮਿਲ ਮਿਲਾ ਕੇ ਅਤੇ ਜਾਅਲੀ ਕੁਨੈਕਸ਼ਨ ਲੈ ਦੇ ਕੇ ਕੀਤੀ ਜਾਂਦੀ ਹੈ, ਜਦ ਤੱਕ ਇਸ ਨੂੰ ਰੋਕਿਆ ਨਹੀਂ ਜਾਂਦਾ ਤਦ ਤੱਕ ਬਿਜਲੀ ਦੀ ਸਪਲਾਈ ਅਤੇ ਇਸ ਦੀ ਮਾਲੀ ਹਾਲਤ ਵਿਚ ਸੁਧਾਰ ਨਹੀਂ ਹੋ ਸਕਦਾ, ਤਦ ਤੱਕ ਇਹ ਮਹਿਕਮਾ ਘਾਟੇ ਵਿਚ ਹੀ ਜਾਂਦਾ ਰਹੇਗਾ। ਅਸੀਂ ਥਰਮਲ ਪਲਾਂਟਾਂ ਵਿਚ ਜਾ ਕੇ ਦੇਖਿਆ ਹੈ, ਭਾਵੇਂ ਉਹ ਬਠਿੰਡੇ ਵਾਲਾ ਹੈ ਜਾਂ ਰੋਪੜ ਵਾਲਾ ਹੈ,ਅਤੇ ਸਾਨੂੰ ਇਸ ਗੱਲ ਦਾ ਪਤਾ ਹੈ ਕਿ ਇਕ ਟਨ ਕੋਲੇ ਤੋਂ ਉਨੀ ਬਿਜਲੀ ਦੀ ਪੈਦਾਇਸ਼ੀ ਨਹੀਂ ਹੁੰਦੀ, ਜਿੰਨੀ ਉਸ ਦੀ ਢੋਆ ਢੁਆਈ ਤੇ ਖਰਚਾ ਆ ਜਾਂਦਾ ਹੈ। ਸਾਡੇ ਥਰਮਲ ਪਲਾਟਾਂ ਦੀ ਬਿਜਲੀ ਨਾ ਸਿਰਫ ਪੰਜਾਬ ਵਿਚ ਹੀ, ਬਲਕਿ ਦੂਸਰੇ ਰਾਜਾਂ ਵਿਚ ਜਾਂਦੀ ਹੈ, ਸੈਂਟਰ ਨੂੰ ਵੀ ਜਾਂਦੀ ਹੈ। ਇਸ ਕਰਕੇ ਸਾਨੂੰ ਸੈਂਟਰ ਸਰਕਾਰ ਨੂੰ ਸਿਫਾਰਸ਼ ਕਰਨੀ ਚਾਹੀਦੀ ਹੈ ਕਿ ਜਿਹੜਾ ਕੋਲਾ ਸਾਡੇ ਥਰਮਲ ਪਲਾਂਟਾਂ ਵਾਸਤੇ ਇਥੇ ਭੇਜਿਆ ਜਾਂਦਾ ਹੈ, ਉਸ ਦੇ ਰੇਲ ਦੇ ਕਿਰਾਏ ਖ਼ਤਮ ਕਰ ਦਿੱਤੇ ਜਾਣ ਤਾਂ ਕਿ ਬਿਜਲੀ ਸਸਤੀ ਪੈਦਾ ਕੀਤੀ ਜਾ ਸਕੇ। ਇਸ ਨਾਲ ਨਾ ਸਿਰਫ ਪੰਜਾਬ ਨੂੰ ਬਲਕਿ ਦੂਸਰੇ ਰਾਜਾਂ ਨੂੰ ਵੀ ਫਾਇਦਾ ਹੋਵੇਗਾ, ਉਨ੍ਹਾਂ ਨੂੰ ਸਸਤੇ ਰੇਟ ਤੇ ਬਿਜਲੀ ਦਿੱਤੀ ਜਾ ਸਕੇਗੀ। ਇਸ ਵੇਲੇ 8 ਲੱਖ ਰੁਪਿਆ ਕੋਲੇ ਦੀ ਇਕ ਵੈਗਨ ਤੇ ਕਿਰਾਏ ਦਾ ਕੇਂਦਰ ਸਰਕਾਰ ਨੂੰ ਜਾਂਦਾ ਹੈ। ਇਸ ਰੇਲ ਦੇ ਬਹੁਤ ਜ਼ਿਆਦਾ ਭਾੜੇ ਕਰਕੇ ਸਾਨੂੰ ਬਿਜਲੀ ਦੀ ਪਰੋਡਕਸ਼ਨ ਬਹੁਤ ਮਹਿੰਗੀ ਪੈਂਦੀ ਹੈ। ਇਸ ਕਰਕੇ ਸੈਂਟਰ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਰੇਲ ਦੇ ਭਾੜੇ ਨੂੰ ਘਟ ਕਰ ਦੇਵੇ ਜਾਂ ਖ਼ਤਮ ਕਰ ਦੇਵੇ ਤਾਂ ਕਿ ਬਿਜਲੀ ਦੀ ਪੈਦਾਇਸ਼ ਸਸਤੀ ਕੀਤੀ ਜਾ ਸਕੇ। ਇਸ ਤਰ੍ਹਾਂ ਦੇ ਵਾਧੂ ਖਰਚਿਆਂ ਨੂੰ ਨੱਥ ਪਾ ਕੇ ਜਿਹੜਾ ਸਾਡਾ ਬਿਜਲੀ ਦਾ ਮਹਿਕਮਾ ਹੈ, ਉਸ ਨੂੰ ਲਾਹੇਵੰਦ ਬਣਾਇਆ ਜਾ ਸਕਦਾ ਹੈ ਅਤੇ ਲੋਕਾਂ ਨੂੰ ਖਾਸ ਕਰਕੇ ਪੇਂਡੂ ਲੋਕਾਂ ਨੂੰ ਸਸਤੇ ਰੇਟ ਤੇ

[ਸਰਦਾਰ ਨਿਰਮਲ ਸਿੰਘ ਨਿੰਮਾ]

ਬਿਜਲੀ ਦਿੱਤੀ ਜਾ ਸਕਦੀ ਹੈ। ਇਹ ਪੇਂਡੂ ਲੋਕ ਸਮੇਂ ਸਿਰ ਬਿਲਾਂ ਦੀ ਪੇਮੈਂਟ ਕਰਦੇ ਹਨ ਅਤੇ ਡਰਦੇ ਰਹਿੰਦੇ ਹਨ ਕਿ ਜੇ ਕਿਤੇ ਬਿਲਾਂ ਦੀ ਪੇਮੈਂਟ ਵਿਚ ਦੇਰੀ ਹੋ ਗਈ ਤਾਂ ਕਿਤੇ ਸਾਡੇ ਕੁਨੈਕਸ਼ਨ ਹੀ ਨਾ ਕੱਟ ਦਿੱਤੇ ਜਾਣ। ਉਨ੍ਹਾਂ ਵਲੋਂ ਵੇਲੇ ਸਿਰ ਕੀਤੀਆਂ ਜਾਂਦੀਆਂ ਪੇਮੈਂਟਾਂ ਕਾਰਨ ਸਰਕਾਰ ਦੇ ਖਜ਼ਾਨੇ ਵਿਚ ਪੈਸਾ ਵੇਲੇ ਸਿਰ ਪਹੁੰਚਦਾ ਹੈ। ਇਹ ਪੇਂਡੂ ਲੋਕ ਹੀ ਹਨ ਜਿਹੜੇ ਬਿਜਲੀ ਦੀ ਖਪਤ ਵੀ ਘੱਟ ਕਰਦੇ ਹਨ ਪਰ ਬਿਲਾਂ ਦੀ ਪੇਮੈਂਟ ਵੀ ਵੇਲੇ ਸਿਰ ਕਰਦੇ ਹਨ। ਇਸ ਦੇ ਉਲਟ ਸ਼ਹਿਰੀ ਅਤੇ ਉਦਯੋਗ-ਪਤੀ ਲੋਕ ਬਿਜਲੀ ਦੀ ਖ਼ਪਤ ਵੀ ਜ਼ਿਆਦਾ ਕਰਦੇ ਹਨ ਅਤੇ ਮਿਲ ਮਿਲਾ ਕੇ ਘਾਲਾ/ਮਾਲਾ ਵੀ ਜ਼ਿਆਦਾ ਕਰਦੇ ਹਨ। ਇਸ ਕਰਕੇ ਇਸ ਸਿਸਟਮ ਨੂੰ ਠੀਕ ਕਰਨਾ ਚਾਹੀਦਾ ਹੈ! ਇਨ੍ਹਾਂ ਘਾਲੇ ਮਾਲਿਆਂ ਨੂੰ ਰੋਕ ਕੇ ਹੀ ਬਿਜਲੀ ਦਾ ਖਰਚਾ ਘਟਾਇਆ ਜਾ ਸਕਦਾ ਹੈ। ਜਿਥੇ ਬਿਜਲੀ ਦੀ ਸਪਲਾਈ ਦੇ ਸਿਸਟਮ ਨੂੰ ਠੀਕ ਕਰਨ ਦੀ ਲੋੜ ਹੈ ਉਥੇ ਨਾਲ ਹੀ ਸਾਨੂੰ ਸੈਂਟਰ ਦੀ ਸਰਕਾਰ ਨੂੰ ਇਹ ਸਿਫਾਰਿਸ਼ ਵੀ ਕਰਨੀ ਚਾਹੀਦੀ ਹੈ ਕਿ ਬਿਜਲੀ ਪੈਦਾ ਕਰਨ ਵਾਲੀਆਂ ਚੀਜ਼ਾਂ ਹਨ, ਜਿਵੇਂ ਕੋਇਲਾ ਹੈ ਜਾਂ ਰੇਲ ਦਾ ਭਾੜਾ ਹੈ, ਉਨ੍ਹਾਂ ਦੇ ਰੇਟ ਘੱਟ ਕੀਤੇ ਜਾਣ ਤਾਂ ਕਿ ਅਸੀਂ ਆਪਣੇ ਲੋਕਾਂ ਨੂੰ ਠੀਕ ਅਤੇ ਸਸਤੇ ਰੇਟ ਤੇ ਬਿਜਲੀ ਦੇ ਸਕੀਏ।

ਦਿਹਾਤੀ ਇਲਾਕਿਆਂ ਬਾਰੇ ਦਸਿਆ ਗਿਆ ਹੈ ਕਿ "ਉਨਤ ਗਰਾਮ ਪ੍ਰਾਜੈਕਟ" ਅਧੀਨ 12,998 ਪਿੰਡਾਂ ਵਿਚੋਂ 8,696 ਪਿੰਡਾਂ ਵਿਚ ਗਲੀਆਂ ਪੱਕੀਆਂ ਕਰਨ, ਨਾਲੀਆਂ ਬਣਾਉਣ, ਗੰਦੇ ਪਾਣੀ ਦਾ ਨਿਪਟਾਰਾ ਕਰਨ ਆਦਿ ਨੂੰ ਪਰਮ ਅਗੇਤ ਦਿੱਤੀ ਜਾਵੇਗੀ ਅਤੇ ਇਨ੍ਹਾਂ ਕੰਮਾਂ ਲਈ ਸਾਲ 1992-93 ਦੌਰਾਨ 117.60 ਕਰੋੜ ਖਰਚ ਕੀਤੇ ਜਾ ਰਹੇ ਹਨ ਪਰ ਇਸ ਸਬੰਧ ਵਿਚ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਕੰਮਾਂ ਵਾਸਤੇ ਪਿੰਡਾਂ ਵਿਚ ਜਿਹੜਾ ਪੈਸਾ ਖਰਚ ਕੀਤਾ ਜਾਂਦਾ ਹੈ, ਉਸ ਵਿਚੋਂ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੀਆਂ ਬਸਤੀਆਂ ਵਿਚ ਬਹੁਤ ਘੱਟ ਪੈਸਾ ਖਰਚ ਕੀਤਾ ਜਾਂਦਾ ਹੈ।

(ਇਸ ਵਕਤ ਹਾਊਸ ਦੇ ਸਾਊਂਡ ਸਿਸਟਮ ਵਿਚ ਕੁਝ ਖਰਾਬੀ ਆ ਗਈ ਸੀ। ਅਵਾਜ਼ ਕਦੇ ਬਹੁਤ ਘੱਟ ਅਤੇ ਕਦੇ ਬਹੁਤ ਜ਼ਿਆਦਾ ਹੋ ਜਾਂਦੀ ਸੀ ਜਿਸ ਕਰਕੇ ਸਾਫ ਸੁਣਾਈ ਨਹੀਂ ਸਾਂ ਦੇ ਰਿਹਾ)

ਸ੍ਰੀ ਸਪੀਕਰ : ਆਵਾਜ਼ ਠੀਕ ਕਰੋ।

ਸਰਦਾਰ ਨਿਰਮਲ ਸਿੰਘ ਨਿੰਮਾਂ : ਪਿੰਡਾਂ ਵਿਚ ਜਾ ਕੇ ਅਸੀਂ ਦੇਖਦੇ ਹਾਂ, ਗੰਦਗੀ ਐਨੀ ਜ਼ਿਆਦਾ ਹੁੰਦੀ ਹੈ ਜੋ ਕਿ ਆਵਾਜਾਈ ਦੇ ਸਾਧਨਾਂ ਵਿਚ ਬੜੀ ਮੁਸ਼ਕਲ ਪੈਦਾ ਕਰਦੀ ਹੈ। ਪਿੰਡਾਂ ਵਿਚ ਦਵਾਈਆਂ ਛਿੜਕਣ ਵਾਲੇ ਵੀ ਉਦੋਂ ਹੀ ਜਾਂਦੇ ਹਨ ਜਦੋਂ ਕਿ ਦਵਾਈਆਂ ਛਿੜਕਣ ਦਾ ਸੀਜ਼ਨ ਲੰਘ ਗਿਆ ਹੁੰਦਾ ਹੈ। ਪਿੰਡਾਂ ਵਿਚ ਮੱਛਰਾਂ ਦੀ ਮਾਰ ਥੱਲੇ ਆ ਕੇ ਅੱਧੇ ਤੋਂ ਜ਼ਿਆਦਾ ਲੋਕ, ਖਾਸ ਕਰਕੇ ਬੱਚੇ ਹਸਪਤਾਲਾਂ ਵਿਚ ਚਲੇ ਜਾਂਦੇ ਹਨ। ਇਸ ਕਰਕੇ ਪਿੰਡਾਂ ਦੀ ਸਫਾਈ ਵਾਸਤੇ ਜਿਹੜਾ ਪੈਸਾ ਰੱਖਿਆ ਜਾਂਦਾ ਹੈ, ਉਸ ਨੂੰ ਖਰਚਣ ਵੇਲੇ ਪਿੰਡਾਂ ਅਤੇ ਸ਼ਹਿਰਾਂ ਵਿਚਲੀਆਂ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੀਆਂ ਬਸਤੀਆਂ ਵੱਲ ਖਾਸ ਧਿਆਨ ਰੱਖਿਆ ਜਾਣਾ ਚਾਹੀਦਾ ਹੈ ਜਿਹੜੇ ਲੋਕ ਸਫਾਈ ਦਾ ਕੰਮ ਕਰਦੇ ਹਨ, ਉਹ ਸਫਾਈ ਕਰਨ ਵਾਲੇ ਲੋਕ ਆਪ ਗੰਦੀਆਂ ਥਾਵਾਂ ਤੇ ਰਹਿ ਰਹੇ ਹਨ। ਉਨ੍ਹਾਂ ਦੇ ਦਿਮਾਗ ਗੰਦਗੀ ਦੀ ਬਦਬੂ ਨਾਲ ਮਾਰੇ ਜਾਂਦੇ ਹਨ। ਇਸ ਕਰਕੇ ਇਨ੍ਹਾਂ ਦੇ ਲਈ ਵਧੀਆ ਸਫਾਈ ਦੇ ਸਾਧਨ/ਮਾਧਿਅਮ ਕਾਇਮ ਕਰਨ ਦੇ ਲਈ ਸ਼ਹਿਰਾਂ ਅਤੇ ਪਿੰਡਾਂ ਤੋਂ ਬਾਹਰ ਯੂਨਿਟ ਬਣਾਏ ਜਾਣ ਅਤੇ ਗੰਦਗੀ ਦੇ ਢੇਰਾਂ ਦਾ ਉਚਿਤ ਪ੍ਰਬੰਧ ਕੀਤਾ ਜਾਵੇ ਤਾਂ ਕਿ ਪਿੰਡਾਂ ਅਤੇ ਸ਼ਹਿਰਾਂ ਦੇ ਵਿੱਚ ਬਰਾਬਰ ਦੀ ਸਫ਼ਾਈ ਹੋ ਸਕੇ।

ਨਵੇਂ ਜ਼ਿਲ੍ਹੇ ਬਣਾਉਣ ਬਾਰੇ ਜੋ ਪੈਸਾ ਬਜਟ ਦੇ ਵਿੱਚ ਰੱਖਿਆ ਗਿਆ ਹੈ ਉਹ ਕਾਫੀ ਘੱਟ ਹੈ ਉਸ ਦੇ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਮਾਨਸਾ ਅਤੇ ਫਤਹਿਗੜ੍ਹ ਸਾਹਿਬ ਨਵੇਂ ਜ਼ਿਲ੍ਹੇ ਬਣਾਏ ਗਏ

ਹਨ । ਮੈਂ ਇਨ੍ਹਾਂ ਦੀ ਇਸ ਕਰਕੇ ਵਿਰੋਧਤਾ ਨਹੀਂ ਕਰਾਂਗਾ ਕਿ ਇਹ ਨਵੇਂ ਜ਼ਿਲ੍ਹੇ ਕਿਉਂ ਬਣਾਏ ਗਏ ਹਨ ਲੇਕਿਨ ਇਸ ਕਰਕੇ ਵਿਰੋਧਤਾ ਕਰਦਾ ਹਾਂ ਕਿ ਇਕ ਪਾਸੇ ਤਾਂ ਨਵੇਂ ਜ਼ਿਲ੍ਹੇ ਬਣਾਏ ਜਾ ਰਹੇ ਹਨ ਪਰ ਦੂਜੇ ਪਾਸੇ ਕਿਸੇ ਦਫਤਰ ਪਾਸ ਆਪਣੀ ਕੋਈ ਬਿਲਡਿੰਗ ਨਹੀਂ ਹੈ ਅਤੇ ਨਾ ਹੀ ਪਰਾਪਰ ਸਾਧਨ ਹਨ । ਸਾਰੀਆਂ ਬਿਲਡਿੰਗਾਂ ਨਵੀਆਂ ਬਣਾਉਣੀਆਂ ਪੈਣੀਆਂ ਹਨ ਔਰ ਨਵੀਂ ਭਰਤੀ ਕੀਤੀ ਜਾਣੀ ਹੈ । ਜ਼ਿਲ੍ਹੇ ਬਣਾਉਣ ਵੇਲੇ ਕੋਈ ਮਾਪ-ਦੰਡ ਜ਼ਰੂਰ ਰੱਖਿਆ ਜਾਣਾ ਚਾਹੀਦਾ ਸੀ ਕਿਉਂ ਕਿ ਬਰਨਾਲਾ ਪਹਿਲਾਂ ਵੀ ਕਾਫੀ ਦੇਰ ਜ਼ਿਲ੍ਹਾ ਰਿਹਾ ਹੈ ਜਿਸ ਦੇ ਵਿੱਚ ਬਿਲਡਿੰਗਾਂ ਦਾ ਪ੍ਰਬੰਧ ਮੌਜੂਦ ਸੀ ਅਤੇ ਇਹ ਪੁਲਿਸ ਜ਼ਿਲ੍ਹਾ ਵੀ ਹੈ ਪਰ ਉਸ ਨੂੰ ਹਾਲੇ ਤੱਕ ਜ਼ਿਲ੍ਹਾ ਨਹੀਂ ਬਣਾਇਆ ਗਿਆ । ਜਿੱਥੇ ਜ਼ਿਲ੍ਹੇ ਬਣਾਏ ਗਏ ਹਨ ਉਥੇ ਸਾਰੇ ਪਰਬੰਧ ਨਵੇਂ ਕਰਨੇ ਪੈਣਗੇ ਜਿਸ ਤੇ ਕਾਫੀ ਪੈਸਾ ਖਰਚ ਆਵੇਗਾ । ਇਹ ਨਵੇਂ ਜ਼ਿਲ੍ਹੇ ਬਣਾਉਣ ਲਈ ਕੇਵਲ ਉਹ ਸ਼ਹਿਰ ਹੀ ਚੁਣੇ ਗਏ ਹਨ, ਉਹ ਸਿਰਫ ਇਸ ਕਰਕੇ ਬਣਾਏ/ਚੁਣੇ ਗਏ ਹਨ ਤਾਂ ਕਿ ਵਡੀ ਲਾਬੀ ਨੂੰ ਖੁਸ਼ ਕੀਤਾ ਜਾ ਸਕੇ ਅਤੇ ਜੋ ਨਵੇਂ ਐਮ.ਐਲ.ਏ. ਜਿੱਤ ਕੇ ਆਏ ਉਨ੍ਹਾਂ ਨੂੰ ਖੁਸ਼ ਕਰਨ ਲਈ ਇਹ ਕੰਮ ਕੀਤਾ ਗਿਆ ਹੈ । ਅਸੀਂ ਬਰਨਾਲੇ ਨੂੰ ਜ਼ਿਲ੍ਹਾ ਬਣਾਉਣ ਦੀ ਆਸ ਤਾਂ ਕੀ ਰੱਖਣੀ ਸੀ ਸਗੋਂ ਇਸ ਦੇ ਵਿੱਚੋਂ ਕੁਝ ਪਿੰਡਾਂ ਨੂੰ ਕੱਢ ਕੇ ਨਵਾਂ ਬਲਾਕ ਰਾਏਕੋਟ ਸਬ-ਡਿਵੀਜ਼ਨ ਬਣਾ ਕੇ ਇਸ ਦੇ ਵਿੱਚ ਜੋੜੇ ਜਾ ਰਹੇ ਹਨ । ਇਸ ਨਾਲ ਤਾਂ ਸਾਡੀਆਂ ਆਸਾਂ ਤੇ ਪਾਣੀ ਫਿਰ ਗਿਆ ਸੀ । ਸਰਕਾਰ ਨੂੰ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਜਦੋਂ ਇਸ ਤਰ੍ਹਾਂ ਜ਼ਿਲ੍ਹੇ ਬਣਾਏ ਜਾਣ ਤਾਂ ਉਸ ਵਾਸਤੇ ਪੈਸੇ ਕਿੱਥੋਂ ਆਉਣੇ ਹਨ ਅਤੇ ਕਿੱਥੇ ਖਰਚ ਕਰਨੇ ਹਨ । ਜਿੱਥੇ ਘੱਟ ਤੋਂ ਘੱਟ ਖਰਚਾ ਹੁੰਦਾ ਹੋਵੇ ਪਹਿਲਾਂ ਉਸ ਨੂੰ ਜ਼ਿਲ੍ਹਾ ਬਣਾਉਣਾ ਚਾਹੀਦਾ ਸੀ । ਇਸ ਕਰਕੇ ਮੈਂ ਕਹਿੰਦਾ ਹਾਂ ਕਿ ਨਵੇਂ ਜ਼ਿਲ੍ਹੇ, ਨਵੀਆਂ ਤਹਿਸੀਲਾਂ ਨਵੀਆਂ ਸਬ-ਡਿਵੀਜ਼ਨਾਂ ਲੱਖ ਵਾਰੀ ਬਣਾਓ ਪਰ ਕੋਈ ਕਰਾਇਟੇਰੀਆ ਰੱਖ ਕੇ ਬਣਾਉਣੇ ਚਾਹੀਦੇ ਹਨ । ਜਿਹੜਾ ਮਾਲਵੇ ਦਾ ਇਹ ਖੇਤਰ ਪਛੜਿਆ ਹੋਇਆ ਹੈ ਇਸ ਦਾ ਨਾਂ ਕੇਵਲ ਪੰਜਾਬ ਤੱਕ ਹੀ ਨਹੀਂ ਸਗੋਂ ਇਸ ਦਾ ਨਾਂ ਦੇਸ਼ ਦੇ ਕੋਨੇ ਕੋਨੇ ਤੱਕ ਫੈਲਿਆ ਹੋਇਆ ਹੈ ਇਸ ਕਰਕੇ ਇਸ ਦੇ ਵਿੱਚ ਸਬ-ਡਿਵੀਜ਼ਨਾਂ ਨਿਹਾਲ ਸਿੰਘ ਵਾਲਾ ਅਤੇ ਰਾਏਕੋਟ ਨੂੰ ਜੋੜ ਕੇ ਇਸ ਨੂੰ ਤੁਰੰਤ ਨਵਾਂ ਜ਼ਿਲ੍ਹਾ ਬਣਾਉਣਾ ਚਾਹੀਦਾ ਹੈ ਤਾਂ ਜੋ ਸੰਗਰੂਰ ਜ਼ਿਲ੍ਹਾ ਉਸ ਬਾਰਡਰ ਦੇ ਲੋਕਾਂ ਨੂੰ ਬਹੁਤ ਦੂਰ ਪੈਂਦਾ ਹੈ ਜਿੱਥੇ ਜਾ ਕੇ ਅੱਜ ਸਾਡਾ ਨਾਤਾ ਟੁੱਟਿਆ ਪਿਆ ਹੈ ਕਿਉਂਕਿ ਰੈਵੀਨਿਊ ਡਿਸਟ੍ਰਿਕਟ ਸੰਗਰੂਰ ਹੈ, ਪੁਲਿਸ ਡਿਸਟ੍ਰਿਕਟ ਬਰਨਾਲਾ ਹੈ ਸਰਕਾਰ ਤੇ ਵੀ ਬੋਝ ਬਹੁਤ ਵੱਧ ਗਿਆ ਹੈ ਅਤੇ ਜਿਸ ਨਾਲ ਲੋਕਾਂ ਦੀਆਂ ਮੁਸ਼ਕਲਾਂ ਵਿੱਚ ਵੀ ਬਹੁਤ ਵਾਧਾ ਹੁੰਦਾ ਹੈ ਕਦੇ ਉਨ੍ਹਾਂ ਨੂੰ ਸੰਗਰੂਰ ਜਾਣਾ ਪੈਂਦਾ ਹੈ ਕਦੇ ਬਰਨਾਲੇ ਜਾਣਾ ਪੈਂਦਾ ਹੈ, ਇਸ ਤਰ੍ਹਾਂ ਆਉਣ ਜਾਣ ਨਾਲ ਲੋਕਾਂ ਤੇ ਵਿੱਤੀ ਬੋਝ ਵੀ ਬਹੁਤ ਪੈਂਦਾ ਹੈ । ਇਸ ਲਈ ਬਜਟ ਦੇ ਵਿੱਚ ਜਿਹੜੇ ਪੈਸੇ ਰੱਖੇ ਗਏ ਹਨ ਉਹ ਵੱਧ ਤੋਂ ਵੱਧ ਲੋਕਾਂ ਦੇ ਹਿਤ ਲਈ ਖਰਚਣੇ ਚਾਹੀਦੇ ਹਨ ।

ਬੁਢਾਪਾ ਪੈਨਸ਼ਨ, ਵਿਧਵਾ ਪੈਨਸ਼ਨ ਯਾਂ ਜੋ ਨਕਾਰਾ ਲੋਕਾਂ ਲਈ ਪੈਨਸ਼ਨ ਰੱਖੀ ਗਈ ਹੈ, ਇਸ ਬਾਰੇ ਦੱਸਿਆ ਗਿਆ ਹੈ ਕਿ 100 ਰੁਪਏ ਤੋਂ ਵਧਾ ਕੇ 150 ਰੁਪਏ ਅਤੇ ਨਕਾਰਾ ਲਈ 50 ਰੁਪਏ ਤੋਂ 150 ਰੁਪਏ ਕਰ ਦਿੱਤੀ ਗਈ ਹੈ । ਇਹ ਵਾਧਾ ਬਹੁਤ ਘੱਟ ਹੈ । ਇਹ ਘੱਟ ਤੋਂ ਘੱਟ 300 ਰੁਪਏ ਹੋਣੀ ਚਾਹੀਦੀ ਸੀ ਕਿਉਂਕਿ ਜਿਹੜੇ ਲੋਕ ਨਕਾਰਾ ਹਨ ਜੋ ਆਪ ਕੰਮ ਨਹੀਂ ਕਰ ਸਕਦੇ ਜਿਨ੍ਹਾ ਕੋਲ ਕਮਾਈ ਦੇ ਸਾਧਨ ਨਹੀਂ ਹਨ ਜਾਂ ਜਿਹੜੀਆਂ ਲੇਡੀਜ਼ ਵਿਧਵਾ ਹਨ ਜਾਂ ਜਿਹੜੇ ਬੁੱਢੇ ਮਾਂ-ਪਿਓ ਹਨ ਜਿਨ੍ਹਾਂ ਨੇ ਆਪਣੇ ਬੱਚਿਆਂ ਨੂੰ ਪੜ੍ਹਾ ਲਿਖਾ ਕੇ, ਵੱਡਾ ਕੀਤਾ ਹੈ, ਕੋਈ ਬੱਚਾ ਵੱਡਾ ਹੋ ਕੇ ਸਿਆਸਤ ਵਿੱਚ ਆ ਗਿਆ, ਕੋਈ ਅਫਸਰ-ਸ਼ਾਹੀ ਵਿੱਚ ਪਹੁੰਚ ਗਿਆ ਪਰ ਉਨ੍ਹਾਂ ਬੁੱਢੇ ਮਾਂ-ਪਿਓ ਲਈ, ਉਨ੍ਹਾਂ ਦੀ ਦੇਖ-ਰੇਖ ਲਈ ਕੋਈ ਪੈਸਾ ਉਨ੍ਹਾਂ ਕੋਲ ਨਹੀਂ ਹੈ । ਅੱਜ ਦੀ ਮਹਿੰਗਾਈ ਦੇ ਅੰਦਰ ਪੰਜ ਰੁਪਏ ਰੋਜ਼ਾਨਾਂ ਦੇ ਵਿੱਚ ਇਕ ਬੁੱਢੇ

[ਸਰਦਾਰ ਨਿਰਮਲ ਸਿੰਘ ਨਿੰਮਾ]

ਦਾ ਦਿਨ ਦਾ ਗੁਜ਼ਾਰਾਂ ਹੋਣਾ ਬਹੁਤ ਮੁਸ਼ਕਲ ਹੈ। ਇਸ ਲਈ ਸਰਕਾਰ ਨੇ ਜੋ ਇਸ ਪਾਸੇ ਪੈਨਸ਼ਨਾਂ ਵਿਚ ਵਾਧਾ ਕੀਤਾ ਹੈ ਉਹ ਬਹੁਤ ਹੀ ਘੱਟ ਹੈ। ਇਹ ਚੀਜ਼ ਕੇਵਲ ਸ਼ੌਹਰਤ ਪ੍ਰਾਪਤ ਕਰਨ ਲਈ ਕਾਗਜ਼ੀ ਕਾਰਵਾਈ ਹੀ ਕੀਤੀ ਗਈ ਹੈ। ਜਦੋਂ ਨਵੀਂ ਸਰਕਾਰ ਬਣੀ ਸੀ ਤਾਂ ਉਸ ਵੇਲੇ ਪਰੋਵੀਜ਼ਨ ਕੀਤਾ ਗਿਆ ਸੀ ਪਰ ਉਹ ਲਾਗੂ ਨਹੀਂ ਹੋ ਸਕਿਆ ਉਸ ਤੋਂ ਬਾਅਦ ਬਲਾਕ ਪੱਧਰ ਤੇ, ਜ਼ਿਲ੍ਹਾ ਪੱਧਰ ਤੇ ਅਤੇ ਤਹਿਸੀਲ ਪੱਧਰ ਤੇ ਕੈਂਪ ਲਗਾਏ ਗਏ ਜੋ ਕਿ ਨਿਰੇ ਡਰਾਮੇ ਹੀ ਕੀਤੇ ਗਏ। ਕਿਤੇ ਬੀ.ਡੀ.ਓ. ਨਹੀਂ ਆਇਆ, ਕਿਤੇ ਮਨਿਸਟਰ ਨਹੀਂ ਪਹੁੰਚਿਆ, ਲੋਕੀਂ ਵਿਚਾਰੇ ਆਪਣੀਆਂ ਪੈਨਸ਼ਨ ਦੀਆਂ ਫਾਈਲਾਂ ਚੁਕੀ ਬੱਸਾਂ ਵਿੱਚ ਦੋ ਦੋ ਦਿਨ ਧੱਕੇ ਖਾਂਦੇ ਰਹੇ, ਉਨ੍ਹਾਂ ਵਿਚਾਰਿਆਂ ਨੂੰ ਬਹੁਤ ਹਰਾਸਮੈਂਟ ਹੋਈ ਹੈ। ਲੋਕਾਂ ਨੇ 15–15, 20–20 ਰੁਪਏ ਆਪਣੀਆਂ ਫਾਈਲਾਂ ਬਣਾਉਣ ਅਤੇ ਕਾਗਜ਼ ਪੱਤਰ ਇਕੱਠੇ ਕਰਨ ਵਿੱਚ ਹੀ ਖਰਾਬ ਕਰ ਦਿੱਤੇ ਪਰ ਜਿਹੜੀਆਂ ਸਕੀਮਾਂ ਬਣਾਈਆਂ ਜਾਂਦੀਆਂ ਹਨ ਉਹ ਲਾਗੂ ਨਹੀਂ ਹੁੰਦੀਆਂ। ਮੈਨੂੰ ਲਗਦਾ ਹੈ ਕਿ ਲੋਕਾਂ ਨਾਲ ਇਸ ਤਰ੍ਹਾਂ ਦੇ ਪ੍ਰੋਗਰਾਮ ਬਣਾ ਕੇ ਝੂਠੇ ਦਾਅਵੇ/ਵਾਅਦੇ ਅਤੇ ਥੋਥੀਆਂ ਸਕੀਮਾਂ ਬਣਾ ਕੇ ਦਿੰਦੇ ਰਹਿੰਦੇ ਹਨ ਅਤੇ ਇਹ ਆਉਣ ਵਾਲੇ ਸਮੇਂ ਵਿੱਚ ਸਾਡੇ ਲਈ ਇਨ੍ਹਾਂ ਕੋਲ ਕੁਝ ਕਰਨ ਲਈ ਸਹੀ ਨੀਤੀ ਨਹੀਂ ਲਗਦੀ।

ਬੱਸਾਂ ਦੇ ਕਿਰਾਏ ਵਿੱਚ ਵਾਧੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਕਿਹਾ ਜਾਂਦਾ ਹੈ ਕਿ ਕਾਰਪੋਰੇਸ਼ਨ ਘਾਟੇ ਵਿੱਚ ਜਾ ਰਹੀ ਹੈ, ਰੋਡਵੇਜ਼ ਘਾਟੇ ਵਿੱਚ ਜਾਂਦੀ ਹੈ। ਮੈਂ ਇਸ ਵਿੱਚ ਦਸਣਾ ਚਾਹੁੰਦਾ ਹਾਂ ਕਿ ਸਾਡੇ ਕੋਲ ਜੋ ਬੱਸਾਂ ਹਨ ਉਨ੍ਹਾਂ ਦੀਆਂ ਬਾਡੀਆਂ ਬਾਹਰੋਂ ਪ੍ਰਾਈਵੇਟ ਬਾਡੀ ਬਿਲਡਰਾਂ ਤੋਂ ਬਣਵਾਈਆਂ ਜਾਂਦੀਆਂ ਹਨ। ਪੀ.ਆਰ.ਟੀ.ਸੀ. ਵਾਲੇ ਬੱਸਾਂ ਦੀਆਂ ਬਾਡੀਆਂ ਆਪ ਬਣਾਉਂਦੇ ਹਨ। ਸਾਡੇ ਗੁਆਂਢੀ ਰਾਜ ਹਰਿਆਣਾ ਵਾਲਿਆਂ ਨੇ ਵੀ ਕੁਝ ਬੱਸਾਂ ਦੀਆਂ ਬਾਡੀਆਂ ਪੀ.ਆਰ.ਟੀ.ਸੀ. ਵਾਲਿਆਂ ਕੋਲੋਂ ਬਣਵਾਈਆਂ ਹਨ ਅਤੇ ਉਹ ਇਕ ਸਰਟੀਫਿਕੇਟ ਦਿੰਦੇ ਹਨ ਕਿ ਬੱਸਾਂ ਦੀਆਂ ਬਾਡੀਆਂ ਵਧੀਆ ਲਗਵਾਈਆਂ ਗਈਆਂ ਹਨ ਪ੍ਰੰਤੂ ਜਿਹੜੇ ਸਾਡੇ ਰੋਡਵੇਜ਼ ਵਾਲੇ ਹਨ ਇਹ ਪਤਾ ਨਹੀਂ ਕਿਉਂ ਬਾਡੀਆਂ ਬਣਾਉਣ ਦਾ ਆਪਣਾ ਯੂਨਿਟ ਨਹੀਂ ਲਗਵਾਉਂਦੇ ? ਇਹ ਪ੍ਰਾਈਵੇਟ ਕੰਪਨੀਆਂ ਵਾਲਿਆਂ ਕੋਲੋਂ ਕਿਉਂ ਬਾਡੀਆਂ ਬਣਵਾਂਦੇ ਹਨ ? ਰੋਡਵੇਜ਼ ਦਾ ਜਿਹੜਾ ਬੱਜਟ ਹੈ, ਉਸ ਨੂੰ ਵਧਾਇਆ ਜਾਣਾ ਚਾਹੀਦਾ ਹੈ। ਜਿਹੜੀ ਨਿਲਾਮੀ ਦਾ ਸਿਸਟਮ ਹੈ, ਇਸ ਨੂੰ ਠੀਕ ਕੀਤਾ ਜਾਣਾ ਚਾਹੀਦਾ ਹੈ। ਨੀਲਾਮ ਕੀਤੇ ਜਾਣ ਵਾਲੇ ਪੁਰਜ਼ੇ, ਟਾਇਰ ਆਦਿ ਜਾਂ ਬਾਹਰੋਂ ਖਰੀਦੇ ਜਾਣ ਵਾਲੇ ਪੁਰਜ਼ੇ, ਟਾਇਰ ਆਦਿ ਵਾਸਤੇ ਇਕ ਚੰਗੇ ਅਫਸਰਾਂ ਦੀ ਕਮੇਟੀ ਬਣਾਉਣੀ ਚਾਹੀਦੀ ਹੈ ਜਿਹੜੀ ਕਿ ਇਸ ਨਿਲਾਮੀ ਦੇ ਸਿਸਟਮ ਨੂੰ ਚੰਗੀ ਤਰ੍ਹਾਂ ਛਾਣਬੀਣ ਕਰਨ ਉਪਰੰਤ ਹੀ ਨੀਲਾਮੀ ਕਰਿਆ ਕਰੇ। ਕਈ ਵਾਰੀ ਇੰਝ ਵੀ ਹੁੰਦਾ ਹੈ ਕਿ ਪੁਰਾਣੇ ਟਾਇਰ ਇਕ ਵਾਰੀ ਨਿਲਾਮੀ ਵਿਚ ਰੱਖ ਕੇ ਫਿਰ ਦੁਬਾਰਾ ਉਹੀ ਸਟੋਰ ਵਿੱਚ ਰੱਖ ਲਏ ਜਾਂਦੇ ਹਨ ਅਤੇ ਉਨ੍ਹਾਂ ਨੂੰ ਫਿਰ ਨਿਲਾਮ ਕਰ ਦਿੱਤਾ ਜਾਂਦਾ ਹੈ। ਇਸ ਕਰਕੇ ਰੋਡਵੇਜ਼ ਘਾਟੇ ਵਿੱਚ ਜਾਂਦੀ ਹੈ। ਇਹ ਜਿਹੜਾ ਇੰਸਪੈਕਟਰੀ ਰਾਜ ਖਤਮ ਕੀਤਾ ਹੈ ਮੈਂ ਤਾਂ ਕਹਿੰਦਾ ਹਾਂ ਕਿ ਇਹ ਅਫਸਰਾਂ ਦੀ ਲਾਬੀ ਵਾਸਤੇ ਇਕ ਕਿਸਮ ਦਾ ਰਸਤਾ ਖੋਲ੍ਹਿਆ ਹੈ ਜਿਹੜੇ ਕਿ ਕੁਰੱਪਸ਼ਨ ਕਰਨ ਵਾਲੇ ਹਨ ਉਨ੍ਹਾਂ ਦੇ ਵਾਸਤੇ ਸਿੱਧਾ ਰਸਤਾ ਖੋਲ੍ਹਿਆ ਗਿਆ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਸ ਬੱਜਟ ਦੇ ਵਿੱਚ ਜਿਹੜੀਆਂ ਵੀ ਸਕੀਮਾਂ ਵਿੱਚ ਪੈਸਾ ਰੱਖਿਆ ਗਿਆ ਹੈ ਉਹ ਪੈਸਾ ਬੜਾ ਘੱਟ ਰੱਖਿਆ ਗਿਆ ਹੈ ਕਿਉਂਕਿ ਸਾਡੇ ਪੰਜਾਬ ਦੇ ਅੰਦਰ ਕਾਫੀ ਸਮੇਂ ਤੋਂ ਹਾਲਾਤ ਖਰਾਬ ਸਨ ਜਿਹੜੇ ਕਿ ਹੁਣ ਬਦਲਦੇ ਜਾ ਰਹੇ ਹਨ। ਇਸ ਲਈ ਇਹ ਜਿਹੜਾ ਪੈਸਾ ਹੈ ਇਸ ਨੂੰ ਪੰਜਾਬ ਦੇ ਲੋਕਾਂ ਦੇ ਵਾਸਤੇ ਹੀ ਖਰਚ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਸਰਕਾਰ ਦੇ ਖਜ਼ਾਨੇ ਵਿੱਚ ਜਿੰਨਾ ਵੀ ਪੈਸਾ ਆਉਂਦਾ ਹੈ ਉਹ ਸਾਡੇ ਲੋਕਾਂ ਕੋਲੋਂ ਹੀ ਟੈਕਸ ਦੇ ਰੂਪ ਵਿੱਚ ਵਸੂਲਿਆ ਜਾਂਦਾ ਹੈ। ਭਾਵੇਂ ਕੋਈ ਗਰੀਬ ਹੈ ਜਾਂ ਮਜ਼ਦੂਰ ਹੈ ਜਾਂ ਕੋਈ ਹੋਰ ਉਨ੍ਹਾਂ ਪਾਸੋਂ

ਕਿਸੇ ਵੀ ਤਰੀਕੇ ਨਾਲ ਸਿੱਧੇ ਜਾਂ ਅਸਿੱਧੇ ਤਰੀਕੇ ਨਾਲ ਟੈਕਸਾਂ ਦੇ ਰੂਪ ਵਿੱਚ ਪੈਸਾ ਇਕੱਠਾ ਕੀਤਾ ਜਾਂਦਾ ਹੈ ਜਾਂ ਵਸੂਲਿਆ ਜਾਂਦਾ ਹੈ। ਇਸ ਕਰਕੇ ਇਹ ਜਿਹੜਾ ਬੱਜਟ ਵਿੱਚ ਸਕੀਮਾਂ ਵਿੱਚ ਪੈਸਾ ਰੱਖਿਆ ਹੈ ਇਸ ਨੂੰ ਪੂਰੇ ਸਹੀ ਤਰੀਕੇ ਦੇ ਨਾਲ ਲੋਕਾਂ ਦੇ ਵਿਕਾਸ ਦੇ ਕੰਮ ਉਤੇ ਖਰਚ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਲੋਕਾਂ ਨੂੰ ਰਾਹਤ ਮਿਲ ਸਕੇ।

ਪਸ਼ੂ ਪਾਲਣ ਦੇ ਬਾਰੇ ਕਿਹਾ ਗਿਆ ਹੈ ਕਿ ਨਵੀਆਂ ਡਿਸਪੈਂਸਰੀਆਂ ਖੋਲ੍ਹੀਆਂ ਜਾਣੀਆਂ ਹਨ ਜਾਂ ਕੁਝ ਡਿਸਪੈਂਸਰੀਆਂ ਨੂੰ ਅੱਪ-ਗਰੇਡ ਕਰਕੇ ਹਸਪਤਾਲ ਖੋਲ੍ਹੇ ਜਾਣੇ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ ਨਵੀਆਂ ਡਿਸਪੈਂਸਰੀਆਂ ਖੋਲ੍ਹਣ ਵਾਸਤੇ ਪਿੰਡਾਂ ਵਿੱਚ ਲੋਕਾਂ ਨੇ ਜ਼ਮੀਨ ਦਿੱਤੀ ਹੋਈ ਹੈ ਅਤੇ ਸਰਕਾਰ ਨੇ ਉਹ ਜ਼ਮੀਨ ਕਾਫੀ ਚਿਰ ਤੋਂ ਰੱਖੀ ਹੋਈ ਹੈ ਪਰ ਉਥੇ ਸਰਕਾਰ ਡਿਸਪੈਂਸਰੀਆਂ ਬਣਾ ਕੇ ਦੇਣ ਨੂੰ ਤਿਆਰ ਨਹੀਂ। ਕੀ ਸਰਕਾਰ ਦਾ ਫਰਜ਼ ਨਹੀਂ ਬਣਦਾ ਕਿ ਉਥੇ ਪਹਿਲ ਦੇ ਆਧਾਰ ਤੇ ਡਿਸਪੈਂਸਰੀਆਂ ਖੋਲ੍ਹੀਆਂ ਜਾਣ ? ਲੋਕ ਤਾਂ ਡਿਸਪੈਂਸਰੀਆਂ ਵਾਸਤੇ ਬਿਲਡਿੰਗਾਂ ਬਣਾ ਕੇ ਦੇਣ ਨੂੰ ਵੀ ਤਿਆਰ ਹਨ। ਸਰਕਾਰ ਨੇ ਕੇਵਲ ਉਥੇ ਫਾਰਮਾਸਿਸਟ ਅਤੇ ਵੈਟਰਨਰੀ ਡਾਕਟਰ ਹੀ ਲਗਾਉਣੇ ਹਨ। ਇਸ ਤਰ੍ਹਾਂ ਸਰਕਾਰ ਦਾ ਕਾਫੀ ਬੋਝ ਘੱਟਦਾ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਥੇ ਲੋਕਾਂ ਨੇ ਜ਼ਮੀਨ ਦਿੱਤੀ ਹੋਈ ਹੈ ਅਤੇ ਉਹ ਬਿਲਡਿੰਗ ਬਣਾ ਕੇ ਦੇਣ ਨੂੰ ਤਿਆਰ ਹਨ ਤਾਂ ਉਥੇ ਸਰਕਾਰ ਇਸ ਮਾਧਿਅਮ ਦੇ ਰਾਹੀਂ ਲੋਕਾਂ ਨੂੰ ਉਤਸ਼ਹਿਤ ਕਿਉਂ ਨਹੀਂ ਕਰਦੀ, ਉਥੇ ਡਿਸਪੈਂਸਰੀਆਂ ਕਿਉਂ ਨਹੀਂ ਖੋਲ੍ਹਦੀ ਅਤੇ ਲੋਕਾਂ ਨੂੰ ਰਾਹਤ ਕਿਉਂ ਨਹੀਂ ਪਹੁੰਚਾਉਂਦੀ ?

ਸ਼ਹਿਰੀ ਵਿਕਾਸ ਅਤੇ ਤਕਨੀਕੀ ਸਿੱਖਿਆ ਦੇ ਬਾਰੇ ਮੈਂ ਪਹਿਲਾਂ ਵੀ ਗਵਰਨਰ ਸਾਹਿਬ ਦੇ ਭਾਸ਼ਣ ਉਤੇ ਬੋਲਿਆ ਹਾਂ। ਸਾਡੀਆਂ ਤਕਨੀਕੀ ਸਿੱਖਿਆ ਸੰਸਥਾਵਾਂ ਵਿੱਚ ਜਿਹੜੇ ਪ੍ਰਿੰਸੀਪਲ ਹਨ ਉਨ੍ਹਾਂ ਨੂੰ ਡੀ.ਡੀ.ਓ. ਦੀਆਂ ਪਾਵਰਾਂ ਨਹੀਂ ਦਿੱਤੀਆਂ ਹੋਈਆਂ ਜਿਨ੍ਹਾਂ ਦੇ ਨਾਲ ਸਾਡੀਆਂ ਆਈ.ਟੀ.ਆਈਜ਼ ਅਤੇ ਪੋਲੀਟੈਕਨਿਕ ਸੰਸਥਾਵਾਂ ਵਿੱਚ ਸਿੱਖਿਆ ਲੈ ਰਹੇ ਸਿਖਿਆਰਥੀਆਂ ਨੂੰ ਸਮੇਂ ਸਿਰ ਸਮਾਨ ਨਹੀਂ ਮਿਲਦਾ ਮਸ਼ੀਨਰੀ ਵੇਲੇ ਸਿਰ ਨਹੀਂ ਪਹੁੰਚਦੀ ਅਤੇ ਉਨ੍ਹਾਂ ਦਾ ਨੁਕਸਾਨ ਹੁੰਦਾ ਹੈ। ਜਦੋਂ ਉਹ ਆਪਣੇ ਡੀ.ਡੀ.ਓ. ਤੋਂ ਦਸਖਤ ਕਰਾਉਣ ਜਾਂਦੇ ਹਨ ਤਾਂ ਬੱਜਟ ਵਿਚੋਂ ਸਹੀ ਤਰੀਕੇ ਨਾਲ ਖਰੀਦੋ-ਫਰੋਖਤ ਨਹੀਂ ਹੁੰਦੀ। ਸਕੀਮਾਂ ਬਣਾਉਣ ਲਈ ਸਮਾਂ ਲਗ ਜਾਂਦਾ ਹੈ, ਸਕੀਮ ਬਣ ਕੇ ਫਿਰ ਪਲਾਨਿੰਗ ਬੋਰਡ ਵਿੱਚ ਆਉਂਦੀ ਹੈ। ਫਿਰ ਉਥੇ ਸਕੀਮ ਪਾਸ ਹੁੰਦੀ ਹੈ ਤਾਂ ਫਿਰ ਕਿਹਾ ਜਾਂਦਾ ਹੈ ਕਿ ਤੁਸੀਂ ਆਪਣੇ ਡੀ.ਡੀ.ਓ. ਕੋਲੋਂ ਖਰਚੇ ਦੀ ਮਨਜ਼ੂਰੀ ਲੈ ਕੇ ਪੈਸੇ ਨੂੰ ਛੇਤੀ ਖਰਚ ਕਰ ਲਓ। ਇਨ੍ਹਾਂ ਕੰਮਾਂ ਵਿੱਚ ਇੰਨ੍ਹਾ ਸਮਾਂ ਜ਼ਾਇਆ ਹੋ ਜਾਂਦਾ ਹੈ ਕਿ ਸਰਕਾਰ ਦੁਬਾਰਾ ਬੱਜਟ ਬਣਾਉਣ ਵਾਸਤੇ ਵੀ ਤਿਆਰ ਹੋ ਜਾਂਦੀ ਹੈ ਪਰ ਪਹਿਲੇ ਪੈਸੇ ਖਰਚਣ ਲਈ ਯੋਗ ਸਮਾਂ ਹੀ ਨਹੀਂ ਮਿਲਦਾ। ਜੇਕਰ ਸਮੇਂ ਸਿਰ ਪੈਸਾ ਦਿੱਤਾ ਜਾਵੇ, ਸਮੇਂ ਸਿਰ ਔਜ਼ਾਰ ਜਾਂ ਜਿਹੜੀ ਮਸ਼ੀਨਰੀ ਚਾਹੀਦੀ ਹੈ, ਉਹ ਖ਼ਰੀਦੀ ਜਾਵੇ ਤਾਂ ਸਿਖਿਆਰਥੀਆਂ ਦਾ ਕਾਫੀ ਭਲਾ ਹੋ ਸਕਦਾ ਹੈ। ਹੁੰਦਾ ਕੀ ਹੈ ਕਿ ਮਿਲੀ - ਭੁਗਤ ਨਾਲ ਸਿਖਿਆਰਥੀਆਂ ਨੂੰ ਸਰਟੀਫਿਕੇਟ ਤਾਂ ਦੇ ਦਿੱਤੇ ਜਾਂਦੇ ਹਨ ਪਰ ਉਨ੍ਹਾਂ ਨੂੰ ਟੈਕਨੀਕਲ ਟਰੇਨਿੰਗ ਸਹੀ ਤੌਰ ਤੇ ਨਹੀਂ ਦਿੱਤੀ ਗਈ ਹੁੰਦੀ, ਮਸ਼ੀਨਾਂ ਤੇ ਕੰਮ ਨਹੀਂ ਕਰਵਾਇਆ ਹੁੰਦਾ ਕਿਉਂਕਿ ਮਸ਼ੀਨਾਂ ਤਾਂ ਖਰੀਦੀਆਂ ਹੀ ਨਹੀਂ ਗਈਆਂ ਹੁੰਦੀਆਂ। ਫਿਰ ਉਨ੍ਹਾਂ ਨੂੰ ਨੌਕਰੀਆਂ ਵਾਸਤੇ ਸਰਟੀਫਿਕੇਟ ਦੀ ਮਾਨਤਾ ਹੀ ਮੰਨੀ ਜਾਂਦੀ ਹੈ, ਇਹ ਨਹੀਂ ਵੇਖਿਆ ਜਾਂਦਾ ਕਿ ਉਸ ਨੂੰ ਕੰਮ ਕਰਨਾ ਵੀ ਆਉਂਦਾ ਹੈ ਜਾਂ ਨਹੀਂ। ਇਸ ਤਰ੍ਹਾਂ ਉਹ ਫੈਕਟਰੀਆਂ ਵਿੱਚ ਸਹੀ ਢੰਗ ਨਾਲ ਮਸ਼ੀਨਰੀ ਤੇ ਕੰਮ ਨਹੀਂ ਕਰ ਸਕਦੇ ਅਤੇ ਅਜਿਹੇ ਯੂਨਿਟਾਂ ਨੂੰ ਚਾਲੂ ਕਰਾਉਣ ਵਾਸਤੇ ਬਾਹਰੋਂ ਬੰਦੇ ਮੰਗਵਾਉਣੇ ਪੈਂਦੇ ਹਨ, ਖਰਚਾ ਵੱਧ ਹੁੰਦਾ ਹੈ ਅਤੇ ਸਾਡੀਆਂ ਫੈਕਟਰੀਆਂ ਘਾਟੇ ਵਿੱਚ ਜਾਂਦੀਆ ਹਨ।

[ਸਰਦਾਰ ਨਿਰਮਲ ਸਿੰਘ ਨਿੰਮਾ]

ਸਪੀਕਰ ਸਾਹਿਬ, ਸੜਕਾਂ ਅਤੇ ਪੁਲਾਂ ਦੀ ਉਸਾਰੀ ਲਈ ਜਿਹੜਾ ਪੈਸਾ ਰੱਖਿਆ ਗਿਆ ਹੈ ਮੈਂ ਤੁਹਾਡੇ ਰਾਹੀਂ ਮੰਗ ਕਰਦਾ ਹਾਂ ਕਿ ਜਿੱਥੇ ਵੀ ਪੰਜਾਬ ਦੇ ਅੰਦਰ ਪੁਲ ਬਣਾਏ ਜਾ ਰਹੇ ਹਨ ਜਿੱਥੇ ਰੇਲਵੇ ਦੀਆਂ ਲਾਈਨਾਂ ਕਰਾਸ ਕਰਦੀਆਂ ਹਨ ਉਥੇ ਪੁਲ ਬਣਾਏ ਜਾਣੇ ਚਾਹੀਦੇ ਹਨ, ਜਿੱਥੇ ਭਾਰੀ ਰੱਸ਼ ਰਹਿੰਦਾ ਹੈ ਉਥੇ ਪੁੱਲ ਹਰ ਹਾਲਤ ਵਿੱਚ ਬਣਾਏ ਜਾਣੇ ਚਾਹੀਦੇ ਹਨ ਕਿਉਂਕਿ ਇਸ ਦੇ ਨਾਲ ਲੋਕਾਂ ਨੂੰ ਭਾਰੀ ਰਾਹਤ ਮਿਲੇਗੀ। ਕਾਫ਼ੀ ਕਾਫ਼ੀ ਸਮਾਂ ਫਾਟਕ ਬੰਦ ਰਹਿੰਦੇ ਹਨ ਜਿਸ ਕਾਰਨ ਲੋਕਾਂ ਦਾ ਕਾਫ਼ੀ ਸਮਾਂ ਨਸ਼ਟ ਹੁੰਦਾ ਹੈ' ਮੁਲਾਜ਼ਮ ਡਿਊਟੀ ਤੋਂ ਲੇਟ ਹੋ ਜਾਂਦੇ ਹਨ, ਹੋਰ ਲੋਕਾਂ ਦਾ ਵੀ ਕਾਫੀ ਨੁਕਸਾਨ ਹੁੰਦਾ ਹੈ, ਇਸ ਲਈ ਇਸ ਪਾਸੇ ਵੱਲ ਵੱਧ ਤੋਂ ਵੱਧ ਫੰਡਜ਼ ਰੱਖ ਕੇ ਇਨ੍ਹਾਂ ਨੂੰ ਮੁਕੰਮਲ ਕਰਾਇਆ ਜਾਣਾ ਚਾਹੀਦਾ ਹੈ।

ਸੜਕਾਂ ਦੀ ਉਸਾਰੀ ਲਈ, ਸਪੀਕਰ ਸਾਹਿਬ, ਲੱਖਾਂ ਨਹੀਂ ਬਲਕਿ ਕਰੋੜਾਂ ਰੁਪਿਆ ਖਰਚ ਕੀਤਾ ਜਾ ਰਿਹਾ ਹੈ ਪਰ ਪਿੰਡਾਂ ਵਿੱਚ ਅੱਜ ਵੀ ਦੋ-ਦੋ, ਚਾਰ-ਚਾਰ ਕਿਲੋਮੀਟਰ ਦੇ ਟੋਟੇ ਕੱਚੇ ਪਏ ਹਨ ਜਿਹੜੇ ਕਿ ਇੱਕ ਦੂਜੇ ਪਿੰਡਾਂ ਨੂੰ ਨਾਲ ਜੋੜਦੇ ਹਨ ਪਰੰਤੂ ਉਨ੍ਹਾਂ ਟੋਟਿਆਂ ਨੂੰ ਪੱਕਿਆਂ ਕਰਨ ਲਈ ਕੋਈ ਕੋਸ਼ਿਸ਼ ਨਹੀਂ ਕੀਤੀ ਗਈ ਜਦ ਕਿ ਉਨ੍ਹਾਂ ਨੂੰ ਪੱਕਾ ਕਰਨ ਲਈ ਦੋ ਦੋ ਮਨਿਸਟਰਜ਼ ਨੇ ਨੀਂਹ ਪੱਥਰ ਵੀ ਰਖੇ। ਪਹਿਲਾਂ ਅਕਾਲੀ ਮਨਿਸਟਰੀ ਦੇ ਮਨਿਸਟਰ ਸਾਹਿਬ ਆਏ ਤਾਂ ਨੀਂਹ ਪੱਥਰ ਰੱਖ ਗਏ ਫਿਰ ਕਾਂਗਰਸ ਦੀ ਮਨਿਸਟਰੀ ਆਈ ਤਾਂ ਉਨ੍ਹਾਂ ਨੇ ਅਕਾਲੀ ਮਨਿਸਟਰ ਸਾਹਿਬ ਦਾ ਰੱਖਿਆ ਨੀਂਹ ਪੱਥਰ ਪੁਟਵਾ ਕੇ ਸੁਟਵਾ ਦਿੱਤਾ ਅਤੇ ਆਪਣਾ ਨਵਾਂ ਨੀਂਹ ਪੱਥਰ ਰੱਖ ਦਿੱਤਾ। ਇਸ ਤਰ੍ਹਾਂ ਨੀਂਹ ਪੱਥਰ ਰੱਖ ਕੇ ਲੋਕਾਂ ਨੂੰ ਗੁੰਮਰਾਹ ਕੀਤਾ ਜਾਂਦਾ ਹੈ ਲੇਕਿਨ ਕੀਤਾ ਕੱਖ ਵੀ ਨਹੀਂ ਜਾਂਦਾ। ਇਸ ਲਈ ਪਿੰਡਾਂ ਨੂੰ ਜੋੜਿਆ ਜਾਣਾ ਚਾਹੀਦਾ ਹੈ ਅਤੇ ਛੇਤੀ ਤੋਂ ਛੇਤੀ ਇਹ ਕੰਮ ਨੇਪਰੇ ਚਾੜ੍ਹਿਆ ਜਾਣਾ ਚਾਹੀਦਾ ਹੈ।

ਸਪੀਕਰ ਸਾਹਿਬ; ਅੱਗੇ ਆਉਂਦਾ ਹੈ ਖੇਡਾਂ ਅਤੇ ਯੁਵਕ ਸੇਵਾਵਾਂ। ਸਪੀਕਰ ਸਾਹਿਬ, ਪੰਜਾਬ ਸਾਡਾ ਹੱਸਦਾ ਖੇਡਦਾ ਅਤੇ ਖੁਸ਼ਹਾਲ ਪੰਜਾਬ, ਜਿਸ ਦੇ ਲੋਕਾਂ ਤੇ ਨੌਜਵਾਨਾਂ ਤੇ ਸਾਨੂੰ ਹਮੇਸ਼ਾ ਮਾਣ ਰਿਹਾ ਹੈ ਪਰ ਇਸ ਮੱਦ ਅਧੀਨ ਵੀ ਫੰਡਜ਼ ਬਹੁਤ ਘੱਟ ਰੱਖੇ ਗਏ ਹਨ ਕਿਉਂਕਿ ਸਾਡੇ ਪੰਜਾਬੀਆਂ ਨੇ ਆਪਣੇ ਦੇਸ਼ ਵਿੱਚ ਹੀ ਨਹੀਂ ਬਲਕਿ ਵਿਦੇਸ਼ਾਂ ਵਿੱਚ ਵੀ ਲੋਕਾਂ ਦੇ ਦਿਲਾਂ ਨੂੰ ਜਿੱਤਿਆ। ਸਪੀਕਰ ਸਾਹਿਬ, ਇਸ ਲਈ ਸਪੋਰਟਸ ਦੇ ਸਬੰਧ ਵਿੱਚ ਪਿੰਡਾਂ ਵਿੱਚ ਸਟੇਡੀਅਮ ਬਣਾਏ ਜਾਣੇ ਚਾਹੀਦੇ ਹਨ ਤਾਂ ਕਿ ਪਿੰਡਾਂ ਦੇ ਸਡੌਲ ਨੌਜਵਾਨ ਵੱਧ ਤੋਂ ਵੱਧ ਖੇਡਾਂ ਵਿੱਚ ਭਾਗ ਲੈ ਕੇ ਦੇਸ਼ ਦਾ ਨਾਂ ਰੋਸ਼ਨ ਕਰ ਸਕਣ, ਇਸ ਦੇ ਨਾਲ ਹੀ ਲੜਕੀਆਂ ਨੂੰ ਖੇਡਾਂ ਵੱਲ ਉਤਸ਼ਾਹਿਤ ਕਰਨਾ ਚਾਹੀਦਾ ਹੈ। ਲੜਕੀਆਂ ਜਿੱਥੇ ਇਸ ਦੇਸ਼ ਦੇ ਰਾਜਭਾਗ ਵਿਚ ਹਿੱਸਾ ਪਾ ਸਕਦੀਆਂ ਹਨ, ਜਿੱਥੇ ਉਹ ਮਾਵਾਂ, ਭੈਣਾਂ ਬੱਚਿਆਂ ਨੂੰ ਜਨਮ ਦੇ ਕੇ ਦੇਸ਼ ਦੇ ਅੰਦਰ ਵਾਗ-ਡੋਰ ਸੰਭਾਲ ਸਕਦੀਆਂ ਹਨ, ਫੌਜ ਦੇ ਮਾਧਿਅਮ ਵਿੱਚ ਵੀ ਉਹ ਕਿਸੇ ਨਾਲੋਂ ਪਿੱਛੇ ਨਹੀਂ, ਇਸ ਲਈ ਉਨ੍ਹਾਂ ਦੇ ਸਡੌਲ ਸਰੀਰ ਦੇ ਲਈ, ਉਨ੍ਹਾਂ ਸਾਡੀਆਂ ਪੰਜਾਬਣ ਭੈਣਾਂ ਦੇ ਲਈ ਵੀ ਖੇਡਾਂ ਵਿੱਚ ਰੁਚੀ ਪੈਦਾ ਕਰਨ ਲਈ ਵੀ ਵਿਸ਼ੇਸ਼ ਧਿਆਨ ਦਿਤਾ ਜਾਣਾ ਚਾਹੀਦਾ ਹੈ। ਵੇਖਿਆ ਜਾਵੇ ਤਾਂ ਪੰਜਾਬ ਵਿੱਚ ਕਈ ਥਾਵਾਂ ਤੇ ਟੂਰਨਾਮੈਂਟ ਕਰਵਾਏ ਜਾਂਦੇ ਹਨ, ਇਸ ਤੋਂ ਵੀ ਜ਼ਿਆਦਾ ਦੋ-ਦੋ, ਚਾਰ-ਚਾਰ, ਪਿੰਡਾਂ ਦੇ ਬੱਚਿਆਂ ਦੇ ਟੂਰਨਾਮੈਂਟ ਕਰਵਾਏ ਜਾਣੇ ਚਾਹੀਦੇ ਹਨ ਅਤੇ ਬੱਚਿਆਂ ਵਿਚ ਖੇਡਾਂ ਪ੍ਰਤੀ ਉਤਸ਼ਾਹ ਪੈਦਾ ਕਰਨ ਲਈ ਉਨ੍ਹਾਂ ਨੂੰ ਇਨਾਮ ਵੀ ਦਿਤੇ ਜਾਣੇ ਚਾਹੀਦੇ ਹਨ, ਇਹ ਸਭ ਹੀ ਤਾਂ ਹੋ ਸਕਦਾ ਹੈ ਜੇ ਇਸ ਸਬੰਧ ਵਿੱਚ ਫੰਡਜ਼ ਮਹੱਈਆ ਕੀਤੇ ਜਾਣ। ਕਈ ਪਿੰਡ

ਅਜਿਹੇ ਹਨ ਜਿਹੜੇ ਕਿ ਸਟੇਡੀਅਮ ਬਣਾਉਣ ਲਈ ਜ਼ਮੀਨ ਦੇਣ ਲਈ ਵੀ ਤਿਆਰ ਹਨ, ਕਈ ਪਿੰਡਾਂ ਦੇ ਨੇੜੇ 10+2 ਦੇ ਸਕੂਲ ਵੀ ਪੈਂਦੇ ਹਨ ਅਤੇ ਹੋਰ ਸਕੂਲ ਵੀ ਪੈਂਦੇ ਹਨ, ਇਸ ਲਈ ਅਜਿਹੇ ਪਿੰਡਾਂ ਵਿਚ ਜਿੱਥੇ ਪਿੰਡ ਜ਼ਮੀਨ ਦੇਣ ਲਈ ਤਿਆਰ ਹੈ, ਸਟੇਡੀਅਮ ਜ਼ਰੂਰ ਬਣਾਏ ਜਾਣੇ ਚਾਹੀਦੇ ਹਨ ਤਾਂ ਕਿ ਬੱਚਿਆਂ ਵਿੱਚ ਖੇਡਾਂ ਪ੍ਰਤੀ ਉਤਸ਼ਾਹ ਪੈਦਾ ਹੋ ਸਕੇ।

ਇਸ ਤੋਂ ਅੱਗੇ ਗੱਲ ਆਉਂਦੀ ਹੈ ਮੈਡੀਕਲ ਅਤੇ ਜਨ-ਸਿਹਤ ਦੀ। ਸਪੀਕਰ ਸਾਹਿਬ, ਪਿੰਡਾਂ ਵਿੱਚ ਜੋ ਪ੍ਰਾਇਮਰੀ ਹੈਲਥ ਸੈਂਟਰ ਖੋਲ੍ਹੇ ਹੋਏ ਹਨ ਉਨ੍ਹਾਂ ਨੂੰ 25 ਬਿਸਤਰਿਆਂ ਦੇ ਹਸਪਤਾਲਾਂ ਵਿੱਚ ਅੱਪ-ਗਰੇਡ ਕੀਤਾ ਜਾਣਾ ਚਾਹੀਦਾ ਹੈ। ਮੈਂ ਸਰਕਾਰ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ, ਗੱਲ ਸਰਕਾਰ ਦੇ ਬਜਟ ਦੀ ਚਲ ਰਹੀ ਹੈ ਕਿਉਂਕਿ ਸਰਕਾਰ ਨੇ ਦੱਸਿਆ ਹੈ ਕਿ ਇਤਨਾ ਬਜਟ ਰੱਖਿਆ ਗਿਆ ਹੈ, ਇਸ ਦੀ ਵਰਤੋਂ ਕਿਵੇਂ ਹੋਣੀ ਹੈ, ਇਹ ਘਾਟੇ ਵਿੱਚ ਜਾਂਦਾ ਹੈ। ਮੈਂ ਦੱਸਣਾ ਚਾਹੁੰਦਾ ਕਿ ਕਈ ਪਿੰਡ ਅਜਿਹੇ ਹਨ ਜਿਹੜੇ ਕਿ ਹਸਪਤਾਲਾਂ ਲਈ; ਡਿਸਪੈਂਸਰੀਆਂ ਲਈ ਅਤੇ ਸਕੂਲਾਂ ਲਈ ਬਿਲਡਿੰਗਾਂ ਬਣਾ ਕੇ ਦੇਣ ਲਈ ਵੀ ਤਿਆਰ ਹਨ। ਸਿਰਫ ਸਰਕਾਰ ਨੇ ਉਥੇ ਮੁਲਾਜ਼ਮ ਲਗਾ ਕੇ ਉਸ ਨੂੰ ਚਾਲੂ ਕਰਾਉਣਾ ਹੈ। ਮੇਰੀ ਬੇਨਤੀ ਹੈ ਕਿ ਉਨ੍ਹਾਂ ਨੂੰ ਵੱਧ ਤੋਂ ਵੱਧ ਮਾਨਤਾ ਦਿਤੀ ਜਾਣੀ ਚਾਹੀਦੀ ਹੈ। ਇਸ ਤਰਾਂ ਸਰਕਾਰ ਤੇ ਜ਼ਿਆਦਾ ਮਾਲੀ ਬੋਝ ਵੀ ਨਹੀਂ ਪੈਂਦਾ ਅਤੇ ਜਨਤਾ ਨੂੰ ਮੈਡੀਕਲ ਸਹੂਲਤਾਂ ਵੀ ਉਪਲਬਧ ਹੋ ਜਾਣਗੀਆਂ। ਪੰਜਾਬ ਸਰਕਾਰ ਨੇ ਇਸ ਸਬੰਧੀ ਕਿਸੇ ਕਿਸਮ ਦੀ ਕੋਈ ਪ੍ਰੋਵੀਜ਼ਨ ਨਹੀਂ ਰਖੀ। ਬਜਟ ਵਿੱਚ ਬਿਲਡਿੰਗਾਂ ਬਣਾਉਣ ਲਈ ਕਿਹਾ ਗਿਆ ਹੈ ਜੇ ਇੱਕ ਕਮਰਾ ਬਣਾਉਣ ਲਈ 50 ਹਜ਼ਾਰ ਰੁਪਏ ਰੱਖਿਆ ਜਾਂਦਾ ਹੈ ਜੋ ਉਸ ਦੀ ਲਾਗਤ ਦੇਖੀਏ ਤਾਂ ਠੇਕੇਦਰਾਂ ਸਿਸਟਮ ਦੇ ਰਾਹੀਂ ਉਸ ਤੇ ਸਿਰਫ 30-35 ਹਜ਼ਾਰ ਰੁਪਏ ਖਰਚ ਆਉਂਦਾ ਹੈ। ਜਦੋਂ ਲੋਕਾਂ ਨੇ ਪਿੰਡਾਂ ਵਿੱਚ ਬਿਲਡਿੰਗ ਉਸਾਰੀਆਂ ਹੋਈਆਂ ਹਨ ਅਤੇ ਉਸ ਇਲਾਕੇ ਵਿੱਚ ਹਸਪਤਾਲਾਂ ਅਤੇ ਡਿਸਪੈਂਸਰੀਆਂ ਦੀ ਜ਼ਰੂਰਤ ਵੀ ਹੈ ਤਾਂ ਸਰਕਾਰ ਨੂੰ ਜ਼ਰੂਰ ਇਸ ਵੱਲ ਧਿਆਨ ਦੇਣਾ ਚਾਹੀਦਾ ਹੈ ਅਤੇ ਉਥੇ ਡਿਸਪੈਂਸਰੀਆਂ ਅਤੇ ਸਕੂਲਾਂ ਨੂੰ ਜ਼ਰੂਰ ਅੱਪ-ਗਰੇਡ ਕੀਤਾ ਜਾਣਾ ਚਾਹੀਦਾ ਹੈ।

ਫੌਜੀਆਂ ਦੀ ਭਲਾਈ ਬਾਰੇ ਵੀ ਕੁਝ ਨਹੀਂ ਰੱਖਿਆ ਗਿਆ। ਸਪੀਕਰ ਸਾਹਿਬ, ਜਿਨ੍ਹਾਂ ਫੌਜੀਆਂ ਨੇ ਇਸ ਦੇਸ਼ ਦੀ ਰੱਖਿਆ ਲਈ ਯੋਗਦਾਨ ਪਾਇਆ ਅਤੇ ਜਿਨ੍ਹਾਂ ਨੇ ਹੱਦਾਂ ਤੇ ਦੇਸ਼ ਦੀ ਰਾਖੀ ਕਰਕੇ ਦੇਸ਼ ਦਾ ਨਾਮ ਉੱਚਾ ਕੀਤਾ ਹੈ ਜਦੋਂ ਉਹ ਰਿਟਾਇਰ ਹੋ ਕੇ ਘਰ ਵਾਪਸ ਆਉਂਦੇ ਹਨ ਤਾਂ ਉਨ੍ਹਾਂ ਦੀ ਪੈਨਸ਼ਨ ਕਾਫੀ ਨਹੀਂ ਹੁੰਦੀ। ਜਿਨ੍ਹਾਂ ਨੇ ਆਪਣੇ ਦੇਸ਼ ਦੀ ਖਾਤਰ ਸਾਰਾ ਖੂਨ-ਪਸੀਨਾ ਲਗਾਇਆ ਸਾਰੀ ਜਵਾਨੀ ਲਗਾ ਦਿੱਤੀ, ਉਨ੍ਹਾਂ ਨੂੰ ਪੈਨਸ਼ਨ ਬਹੁਤ ਘੱਟ ਦਿੱਤੀ ਜਾਂਦੀ ਹੈ। ਜੇਕਰ ਉਨ੍ਹਾਂ ਨੂੰ ਰਾਹਤ ਵਜੋਂ ਕਿਸੇ ਹੋਰ ਮਹਿਕਮੇ ਵਿਚ ਨੌਕਰੀ ਮਿਲਦੀ ਹੈ ਤਾਂ ਜਿਹੜੇ ਸੂਬੇਦਾਰ ਰਿਟਾਇਰ ਹੁੰਦੇ ਹਨ ਉਨ੍ਹਾਂ ਨੂੰ ਚੌਕੀਦਾਰ ਦੀ ਨੌਕਰੀ ਲਈ ਕਤਾਰਾਂ ਵਿਚ ਖੜ੍ਹਾ ਹੋਣਾ ਪੈਂਦਾ ਹੈ, ਜਿਸ ਸੂਬੇਦਾਰ ਨੇ ਪਹਿਲਾਂ ਦੋ-ਦੋ ਸਟਾਰ ਲਗਾਏ ਹੁੰਦੇ ਹਨ, ਦੇਸ਼ ਦੀ ਸੇਵਾ ਕੀਤੀ ਹੁੰਦੀ ਹੈ, ਉਹ ਜਦੋਂ ਪਿੰਡ ਵਿਚ ਆਪਣੇ ਘਰ ਆ ਜਾਂਦੇ ਹਨ ਜਾਂ ਤਾਂ ਪਿੰਡ ਦੀਆਂ ਫਿਰਨੀਆਂ ਵਿਚ ਉਨ੍ਹਾਂ ਨੇ ਘਾਹ ਦੀ ਪੰਡ ਚੁੱਕੀ ਹੁੰਦੀ ਹੈ ਅਤੇ ਜਾਂ ਫਿਰ ਪਾਣੀ ਪਿਲਾਉਣ ਜਾਂ ਚੌਕੀਦਾਰ ਦੀ ਨੌਕਰੀ ਲਈ ਅਪਲਾਈ ਕੀਤਾ ਹੁੰਦਾ ਹੈ। ਇਸ ਵਿਚ ਸਾਡੀ ਸਰਕਾਰ ਦੀ ਘਾਟ ਹੈ। ਜਿਨ੍ਹਾਂ ਲੋਕਾਂ ਨੇ ਦੇਸ਼ ਦੀ ਖਾਤਰ ਜਵਾਨੀ ਢਾਲੀ ਹੁੰਦੀ ਹੈ, ਉਨ੍ਹਾਂ ਵੱਲ ਵੱਧ ਤੋਂ ਵੱਧ ਧਿਆਨ ਦਿੱਤਾ ਜਾਵੇ ਅਤੇ ਫੰਡ ਦਿਤੇ ਜਾਣ। ਇਸ ਕਰਕੇ, ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਸ ਬਜਟ ਵਿਚ ਦੱਸਣਾ ਚਾਹੁੰਦਾ ਹਾਂ ਕਿ ਜੋ ਸਕੀਮਾਂ ਬਣਾਈਆਂ ਗਈਆਂ ਹਨ, ਇਹ ਥੋਥੀਆਂ ਹਨ

[ਸਰਦਾਰ ਨਿਰਮਲ ਸਿੰਘ ਨਿੰਮਾ]

ਅਤੇ ਇਹ ਸੱਭ ਡਰਾਮੇਬਾਜ਼ੀ ਹੈ। ਗਰਾਂਟਾਂ ਸਮੇਂ ਸਿਰ ਪਲਾਨਿੰਗ ਬੋਰਡ ਵਿਚ ਨਹੀਂ ਪਹੁੰਚਦੀਆਂ ਅਤੇ ਮੇਂ ਸਿਰ ਮਨਜ਼ੂਰ ਨਹੀ ਹੁੰਦੀਆਂ ਜਿਸ ਕਰਕੇ ਸਮੇਂ ਸਿਰ ਖਰਚ ਨਹੀਂ ਕੀਤੀਆਂ ਜਾਂਦੀਆਂ।

ਇਸ ਉਪਰੰਤ ਸਮੇਂ ਆਪਣੇ ਇਲਾਕੇ ਦੀ ਉਨਤੀ ਲਈ ਦੱਸਦਾ ਹਾਂ। ਮੇਰਾ ਇਲਾਕਾ ਭਦੌੜ ਹਲਕਾ ਹੈ ਜੋ ਸੰਗਰੂਰ ਜ਼ਿਲ੍ਹੇ ਵਿਚ ਹੈ ਅਤੇ ਇਹ ਬਹੁਤ ਹੀ ਪਛੜਿਆ ਹੋਇਆ ਹੈ। ਇਸ ਨਾਲ ਸੱਤ ਸੀਟਾਂ ਹੋਰ ਲਗਦੀਆਂ ਹਨ, ਸੱਤ ਐਮ.ਐਲ. ਏਜ਼, ਦੀਆਂ ਸੀਟਾਂ ਜੁੜੀਆਂ ਹੋਈਆਂ ਹਨ ਅਤੇ ਜਿਥੋਂ ਦੇ ਐਮ.ਐਲ.ਏਜ਼. ਇਸ ਸਮੇਂ ਸਰਕਾਰ ਵਿਚ ਮੌਜੂਦ ਹਨ। ਇਸ ਇਲਾਕੇ ਵਿਚ ਅੱਜ ਤਕ ਆਜ਼ਾਦੀ ਤੋਂ ਬਾਅਦ ਕਿਸੇ ਵੀ ਸਰਕਾਰ ਨੇ ਕੋਈ ਧਿਆਨ ਨਹੀਂ ਦਿੱਤਾ ਕਿ ਇਸ ਦੀ ਤਰੱਕੀ ਵੱਲ ਧਿਆਨ ਦੇਣਾ ਚਾਹੀਦਾ ਹੈ। ਉਥੇ ਕੋਈ ਵੀ ਸਨਅਤੀ ਯੂਨਿਟ ਨਹੀਂ ਲਗਾਇਆ ਗਿਆ ਤਾਂਕਿ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਮਿਲ ਸਕੇ ਅਤੇ ਇਲਾਕੇ ਦੀ ਤਰੱਕੀ ਹੋ ਸਕੇ। ਇਸ ਤਰੀਕੇ ਨਾਲ ਉਥੋਂ ਖੰਡ ਮਿੱਲ ਜਾਂ ਕਪਾਹ ਮਿੱਲ ਲਗਾ ਕੇ ਹਲਕੇ ਦੀ ਤਰੱਕੀ ਕੀਤੀ ਜਾਵੇ ਤਾਂ ਕਿ ਉਥੋਂ ਦੇ ਟਰਾਂਸਪੋਰਟਰਾਂ ਨੂੰ, ਜਿਹੜੀਆਂ ਉਨ੍ਹਾਂ ਦੀਆਂ ਟਰੱਕ ਯੂਨੀਅਨਾਂ ਬਣੀਆਂ ਹੋਈਆਂ ਹਨ, ਉਨ੍ਹਾਂ ਨੂੰ ਰਾਹਤ ਮਿਲ ਸਕੇ ਅਤੇ ਮਜ਼ਦੂਰਾਂ ਨੂੰ ਵੀ ਰਾਹਤ ਮਿਲ ਸਕੇ। ਪਿੰਡਾਂ ਵਿਚ ਇਸ ਤੋਂ ਇਲਾਵਾ ਸਕੂਲਾਂ ਨੂੰ ਅਪਗਰੇਡ ਕੀਤਾ ਜਾਵੇ। ਕਈ ਬਿਲਡਿੰਗਾਂ ਤਿਆਰ ਕੀਤੀਆਂ ਜਾ ਰਹੀਆਂ ਹਨ ਜਾਂ ਪੰਚਾਇਤ ਨੇ ਭਰੋਸਾ ਦਿਵਾਇਆ ਹੈ ਕਿ ਕੁੱਝ ਬਿਲਡਿੰਗਾਂ ਬਣ ਚੁੱਕੀਆਂ ਹਨ, ਉਨ੍ਹਾਂ ਨੂੰ ਅਪਗਰੇਡ ਕੀਤਾ ਜਾਵੇ। 5--7 ਕਿਲੋਮੀਟਰ ਤੱਕ ਸਾਡੀਆਂ ਬੱਚੀਆਂ ਨੂੰ ਜਾਣਾ ਪੈਂਦਾ ਹੈ। ਕਈ ਵਾਰ ਡਰਾਈਵਰ ਅਤੇ ਕੰਡਕਟਰ ਉਨ੍ਹਾਂ ਨੂੰ ਚੜ੍ਹਾਉਂਦੇ ਨਹੀਂ, ਬੱਸਾਂ ਵੀ ਕਈ ਵਾਰ ਨਹੀਂ ਰੋਕਦੇ। ਕਈ ਪਿੰਡ ਸੜਕ ਤੋਂ ਦੂਰ ਪੈਂਦੇ ਹਨ। ਜਿਹੜੀਆਂ ਬੱਚੀਆਂ ਪੰਜਵੀਂ ਜਮਾਤ ਤੋਂ ਬਾਅਦ ਸਕੂਲ ਇੰਨੀ ਦੂਰ ਨਹੀਂ ਜਾ ਸਕਦੀਆਂ, ਉਨ੍ਹਾਂ ਵਿਚੋਂ ਕਿਸੇ ਦੇ ਪੈਰ ਮਿੱਧੇ ਜਾਂਦੇ ਹਨ, ਕਿਸੇ ਦੀ ਚੁੰਨੀ ਲਿਤਾੜੀ ਜਾਂਦੀ ਹੈ, ਕਿਸੇ ਦੀ ਸ਼ਾਲ ਮਿੱਧੀ ਜਾਂਦੀ ਹੈ। ਕਿਸੇ ਦਾ ਬਸਤਾ ਡਿਗਿਆ ਹੁੰਦਾ ਹੈ।

Mr Speaker: Try to wind up.

ਸਰਦਾਰ ਨਿਰਮਲ ਸਿੰਘ ਨਿੰਮਾ: ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਆਪਣੇ ਹਲਕੇ ਤੇ ਚਲਾ ਗਿਆ ਹਾਂ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਇਹੋ ਜਿਹੇ ਸਕੂਲ ਕਾਫੀ ਗਿਣਤੀ ਵਿਚ ਨਹੀਂ ਹਨ। ਮੈਂ ਚਾਹੁੰਦਾ ਹਾਂ ਕਿ ਨਵੇਂ ਸਕੂਲ ਅਪਗਰੇਡ ਕੀਤੇ ਜਾਣੇ ਹਨ, ਬੇਸ਼ਕ ਨਾ ਕੀਤੇ ਜਾਣ। ਅਸੀਂ ਪਹਿਲ ਦੇ ਆਧਾਰ ਤੇ ਮੰਗ ਨਹੀਂ ਕਰਦੇ। ਜਿਹੜੀਆਂ ਬਿਲਡਿੰਗਾਂ ਤਿਆਰ ਕੀਤੀਆਂ ਹੋਈਆਂ ਹਨ, ਅਸੀਂ ਉਨ੍ਹਾਂ ਨੂੰ ਆਪਣੇ ਵਲੋਂ, ਪੰਚਾਇਤਾਂ ਵਲੋਂ ਸਰਕਾਰ ਦੇ ਖਜ਼ਾਨੇ ਵਿਚ ਤਨਖਾਹ ਦੇਣ ਨੂੰ ਤਿਆਰ ਹਾਂ। ਜ਼ਮੀਨ ਦੇ ਕੇ, ਆਪਣੀਆਂ ਪਸ਼ੂ ਡਿਸਪੈਂਸਰੀਆਂ ਵੀ ਉਸਾਰਨ ਨੂੰ ਤਿਆਰ ਹਾਂ। ਇਸ ਕਰਕੇ ਲੋਕ ਇਹੋ ਜਿਹਾ ਬਜਟ ਆਪਣੇ ਆਪ ਤਿਆਰ ਕਰਨਗੇ। ਸਰਕਾਰ ਕੋਲ ਜਿਹੜਾ ਟੈਕਸ ਪੈਸੇ ਵੱਜੋਂ ਸਰਕਾਰੀ ਖਜ਼ਾਨੇ ਵਿਚ ਚਲਾ ਜਾਂਦਾ ਹੈ, ਉਹ ਪੈਸਾ ਲੋਕਾਂ ਲਈ ਖਰਚ ਨਹੀਂ ਕੀਤਾ ਜਾਂਦਾ ਜਾਂ ਉਨ੍ਹਾਂ ਦੇ ਵਿਕਾਸ ਕੰਮਾਂ ਲਈ, ਐਜੂਕੇਸ਼ਨ ਲਈ, ਹੈਲਥ ਲਈ ਪੈਸਾ ਖਰਚ ਨਹੀਂ ਕੀਤਾ ਜਾਂਦਾ। ਸਮਾਂ ਆਵੇਗਾ ਜਦੋਂ ਲੋਕ ਆਪਣਾ ਕੰਮ ਆਪ ਕਰਨ ਲੱਗ ਜਾਣਗੇ ਤਾਂ ਸਰਕਾਰ ਤੇ ਬਿਪਤਾ ਖੜ੍ਹੀ ਹੋ ਜਾਵੇਗੀ ਜਦੋਂ ਉਨ੍ਹਾਂ ਨੇ ਸਰਕਾਰ ਨੂੰ ਟੈਕਸ ਨਾ ਦਿੱਤਾ ਤਾਂ ਉਹ ਆਪਣਾ ਕੰਮ ਸ਼ੁਰੂ ਕਰ ਦੇਣਗੇ ਤਾਂ ਤੁਸੀਂ ਲੋਕਾਂ ਤੋਂ ਟੈਕਸ ਕਿਸ ਤਰੀਕੇ ਨਾਲ ਲਾਉਗੇ। ਇਸ ਲਈ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਮਾਨਤਾ ਦੇ ਕੇ, ਇਨ੍ਹਾਂ ਪਿੰਡਾਂ ਨੂੰ ਮਾਨਤਾ ਦੇ ਕੇ, ਉਨ੍ਹਾਂ ਦੀਆਂ ਸਹੂਲਤਾਂ ਵੱਲ ਧਿਆਨ ਦਿੱਤਾ ਜਾਵੇ। ਬੱਸ ਸਹੂਲਤ ਦਿੱਤੀ ਜਾਵੇ। ਪਿੰਡਾਂ ਨੂੰ ਸੜਕਾਂ ਨਾਲ ਜੋੜਿਆ ਜਾਵੇ। ਸਿਖਿਆ ਦਾ ਮਿਆਰ ਉਚਾ

ਕੀਤਾ ਜਾਵੇ। ਸਿਹਤ ਸੇਵਾਵਾਂ ਵਿਚ ਲੋਕਾਂ ਨੂੰ ਰਾਹਤ ਦਿੱਤੀ ਜਾਵੇ ਅਤੇ ਸਿਸਟਮ ਲਾਗੂ ਕੀਤਾ ਜਾਵੇ। ਮੈਂ, ਸਪੀਕਰ ਸਾਹਿਬ, ਦੱਸਣਾ ਚਾਹੁੰਦਾ ਹਾਂ ਕਿ ਇਹ ਜੋ ਬਜਟ ਪੇਸ਼ ਕੀਤਾ ਹੈ, ਉਸ ਵਿਚ ਅਨੁਸੂਚਿਤ ਜਾਤੀਆਂ ਦੇ ਲੋਕਾਂ ਲਈ ਅਤੇ 85 ਪ੍ਰਤੀਸ਼ਤ ਲੋਕ ਜਿਹੜੇ ਪਿੰਡਾਂ ਵਿਚ ਰਹਿੰਦੇ ਹਨ, ਉਨ੍ਹਾਂ ਲਈ ਕੁੱਝ ਨਹੀਂ ਰੱਖਿਆ ਗਿਆ। ਇਸ ਵਿਚ ਧਨਾਢਾਂ ਲਈ ਅਤੇ ਸਰਮਾਏਦਾਰਾਂ ਲਈ ਰਸਤਾ ਖੋਲ੍ਹਿਆ ਗਿਆ ਹੈ। ਇੰਸਪੈਕਟਰੀ ਰਾਜ ਖਤਮ ਕਰਕੇ ਤੇ ਦੂਸਰਾ ਨਾਲ ਜੋ ਇਨਕਮ ਟੈਕਸ ਹੈ, ਟਰੈਕਟਰਾਂ ਅਤੇ ਕਾਰਾਂ ਵਗੈਰਾ ਤੇ, ਉਸ ਨੂੰ ਖੋਲ੍ਹਿਆ ਜਾਵੇ ਕਿਉਂਕਿ ਗਰੀਬ ਲੋਕ ਖਰਚ ਨਹੀਂ ਕਰ ਸਕਦੇ। ਇਸ ਕਰਕੇ ਇਹ ਟੈਕਸ ਅਮੀਰ ਲੋਕਾਂ ਤੇ ਲਗਣੇ ਸੀ ਔਰ ਉਨ੍ਹਾਂ ਤੇ ਟੈਕਸ ਲਾ ਕੇ ਵਸੂਲੇ ਟੈਕਸ 85 ਪ੍ਰਤੀਸ਼ਤ ਤੇ ਖ਼ਰਚ ਕੀਤੇ ਜਾਣੇ ਚਾਹੀਦੇ ਸੀ। ਇਸ ਕਰਕੇ' ਸਪੀਕਰ ਸਾਹਿਬ, ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵੱਲੋਂ ਇਸ ਬਜਟ ਦੀ ਪੂਰਨ ਤੌਰ ਤੇ ਵਿਰੋਧਤਾ ਕਰਦਾ ਹਾਂ ਅਤੇ ਦੱਸਦਾ ਹਾਂ ਕਿ ਇਹ ਬਜਟ ਥੋਥਾ ਹੈ ਅਤੇ ਨਾ ਹੀ ਇਸ ਦੇ ਵਿੱਚ ਲੋਕਾਂ ਨੂੰ ਰਾਹਤ ਦੇਣ ਵਾਸਤੇ ਸਹੀ ਸਕੀਮਾਂ ਬਣਾਉਣ ਦਾ ਕੁੱਝ ਦਸਿਆ ਹੈ ਜਿਨ੍ਹਾਂ ਦੇ ਨਾਲ ਲੋਕਾਂ ਨੂੰ ਕੋਈ ਲਾਭ ਹੋ ਸਕੇ। ਇਤਨਾ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ। ਜੈ ਭੀਮ ਜੈ ਭਾਰਤ।

ਸ਼੍ਰੀ ਸਪੀਕਰ : ਸਰਦਾਰ ਜਸਬੀਰ ਸਿੰਘ। ਮੈਂ ਰਿਕੁਐਸਟ ਕਰਾਂਗਾ, ਡਾਕਟਰ ਸਾਹਿਬ ਕਿ ਜਿਹੜੇ ਪੁਆਇੰਟਸ ਮੈਂਬਰ ਸਾਹਿਬਾਨ ਰੇਜ਼ ਕਰ ਰਹੇ ਹਨ ਉਹ ਨੋਟ ਹੋਦੇ ਜਾਣ ਤਾ ਕਿ ਜਦੋਂ ਤੁਸੀਂ ਰਿਪਲਾਈ ਦੇਣਾ ਹੈ, ਉਹ ਆ ਜਾਣ।

Finance Minister : I am on the job, Sir.

ਸਰਦਾਰ ਜਸਬੀਰ ਸਿੰਘ (ਸੰਗਰੂਰ) : ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਇਸ ਮਹਾਨ ਸਦਨ ਵਿੱਚ ਜਿਹੜਾ ਬਜਟ ਸਾਡੇ ਮਾਨਯੋਗ ਖਜ਼ਾਨਾ ਮੰਤਰੀ, ਡਾਕਟਰ ਕੇਵਲ ਕ੍ਰਿਸ਼ਨ ਜੀ ਨੇ 10 ਮਾਰਚ, 1993 ਨੂੰ ਇਸ ਮਹਾਨ ਸਦਨ ਵਿੱਚ ਪੇਸ਼ ਕੀਤਾ ਸੀ ਉਸ ਤੇ ਬਹਿਸ ਵਿੱਚ ਬੋਲਣ ਲਈ ਸਮਾਂ ਦਿੱਤਾ ਹੈ। ਮੈਂ ਆਪ ਜੀ ਦਾ ਬਹੁਤ ਧੰਨਵਾਦ ਕਰਦਾ ਹਾਂ। ਮਾਨਯੋਗ ਸਪੀਕਰ ਸਾਹਿਬ, ਇਸ ਤੋਂ ਪਹਿਲਾਂ ਕਿ ਮੈਂ ਬਜਟ ਦੇ ਬਾਰੇ ਆਪਣੇ ਵਿਚਾਰ ਇਸ ਮਹਾਨ ਸਦਨ ਵਿੱਚ ਰਖਾਂ ਮੈਂ ਉਸ ਬੈਕ ਗਰਾਊਂਡ ਵਿੱਚ, ਉਸ ਪਿੱਠ ਭੂਮੀ ਵਿੱਚ ਆਪ ਦਾ ਧਿਆਨ ਕੇਂਦਰਿਤ ਕਰਨ ਦੀ ਕੋਸ਼ਿਸ਼ ਕਰਾਂਗਾ ਜਿਸ ਦਾ ਵੇਰਵਾ ਬੜੇ ਵਿਸਥਾਰ ਨਾਲ ਡਾਕਟਰ ਕੇਵਲ ਕ੍ਰਿਸ਼ਨ ਜੀ ਨੇ ਆਪਣੀ ਬਜਟ ਸਪੀਚ ਵਿੱਚ ਦਿੱਤਾ ਹੈ। ਮੈਂ ਇਸ ਬਜਟ ਦਾ, ਮਿਸਟਰ ਸਪੀਕਰ, ਸਵਾਗਤ ਕਰਦਾ ਹਾਂ ਕਿ ਇਹ ਬਜਟ ਵਾਕਿਆਈ ਕਮਪ੍ਰੀਹੈਂਸਿਵ ਹੈ ਅਤੇ ਰੀਆਲਿਸਟਿਕ ਬਜਟ ਹੈ। ਮੈਂ ਇਸ ਦੀ ਪ੍ਰਸ਼ੰਸਾ ਵੀ ਕਰਦਾ ਹਾਂ, ਸ਼ਲਾਘਾ ਵੀ ਕਰਦਾ ਹਾਂ ਕਿ ਇਹ ਬੜਾ ਅੱਛਾ ਦਸਤਾਵੇਜ਼ ਹੈ। ਮਾਨਯੋਗ ਸਪੀਕਰ ਸਾਹਿਬ, ਇਸ ਸਦਨ ਵਿੱਚ ਗਵਰਨਰ ਸਾਹਿਬ ਦੇ ਐਡਰੈਸ ਤੇ ਬੋਲਦਿਆਂ ਸਾਡੇ ਇਕ ਮਿੱਤਰ ਅਤੇ ਵਿਧਾਇਕ, ਸਰਦਾਰ ਮਲਕੀਅਤ ਸਿੰਘ ਨੇ ਡਾਕਟਰ ਕੇਵਲ ਕ੍ਰਿਸ਼ਨ ਜੀ ਨੂੰ ਇਕ ਨਿਪੁੰਨ ਅਰਥਸ਼ਾਸਤਰੀ ਕਿਹਾ ਸੀ ਅਤੇ ਜਦੋਂ ਮੈਂ ਇਹ ਬਜਟ ਦੇਖਿਆ, ਜੋ ਡਾਕਟਰ ਸਾਹਿਬ ਨੇ ਇਸ ਸਦਨ ਵਿੱਚ ਪੇਸ਼ ਕੀਤਾ ਹੈ, ਤਾਂ ਮੈਂ ਸੋਚਿਆ ਕਿ ਵਾਕਿਆਈ ਜੋ ਸਰਦਾਰ ਮਲਕੀਅਤ ਸਿੰਘ ਨੇ ਕਿਹਾ ਹੈ ਉਹ ਬਿਲਕੁਲ ਸੱਚ ਹੈ ਅਤੇ ਜੋ ਬਜਟ ਡਾਕਟਰ ਕੇਵਲ ਕ੍ਰਿਸ਼ਨ ਜੀ ਨੇ ਪੇਸ਼ ਕੀਤਾ ਹੈ ਉਹ ਦੱਸਦਾ ਹੈ ਕਿ ਉਹ ਵਾਕਿਆਈ ਹੀ ਬੜੇ ਨਿਪੁੰਨ ਅਰਥ ਸ਼ਾਸਤਰੀ ਹਨ। (ਥੰਪਿੰਗ) ਜਿਨ੍ਹਾਂ ਨੇ ਇਤਨਾ ਵਧੀਆ ਬਜਟ ਪੰਜਾਬ ਦੇ ਲੋਕਾਂ ਦੇ ਭਲੇ ਲਈ ਪੇਸ਼ ਕੀਤਾ ਹੈ। ਮਾਨਯੋਗ ਸਪੀਕਰ ਸਾਹਿਬ,

[ਸਰਦਾਰ ਜਸਬੀਰ ਸਿੰਘ]

ਇਹ ਤਾਂ ਸਾਨੂੰ ਸਾਰਿਆਂ ਨੂੰ ਪਤਾ ਹੈ ਕਿ 19 ਫਰਵਰੀ, 1992 ਨੂੰ ਵਿਧਾਨ ਸਭਾ ਅਤੇ ਲੋਕ ਸਭਾ ਦੀਆਂ ਚੋਣਾਂ ਹੋਈਆਂ ਸਨ, 25 ਫਰਵਰੀ, 1992 ਨੂੰ ਪੰਜਾਬ ਦੀ ਸਰਕਾਰ ਨੇ ਸਰਦਾਰ ਬੇਅੰਤ ਸਿੰਘ ਜੀ, ਮੁੱਖ ਮੰਤਰੀ ਦੀ ਰਹਿਨੁਮਾਈ ਵਿੱਚ ਹਲਫ਼ ਲਿਆ। ਉਹ ਹਾਲਾਤ ਕਿਹੋ ਜਿਹੇ ਸਨ, ਉਹ ਕਿਹੋ ਜਿਹੇ ਦਿਨ ਸਨ ਜਦੋਂ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਜੀ ਨੇ ਇਸ ਸੂਬੇ ਦੀ ਵਾਗ ਡੋਰ ਸੰਭਾਲੀ। ਮਾਨਯੋਗ ਸਪੀਕਰ ਸਾਹਿਬ, ਮੈਂ ਪੂਰੀ ਜ਼ਿਮੇਵਾਰੀ ਨਾਲ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਭਾਰਤ ਦੇ ਕਿਸੇ ਵੀ ਮੁੱਖ ਮੰਤਰੀ ਨੂੰ ਉਨ੍ਹਾਂ ਚਿਤਾਵਨੀਆਂ ਦਾ, ਉਨ੍ਹਾਂ ਵੰਗਾਰਾਂ ਦਾ, ਉਨ੍ਹਾਂ ਚੈਲੈਂਜਿਜ਼ ਦਾ ਮੁਕਾਬਲਾ ਨਹੀਂ ਸੀ ਕਰਨਾ ਪਿਆ ਜਿਨ੍ਹਾਂ ਵੰਗਾਰਾਂ, ਜਿਨ੍ਹਾਂ ਚੈਲੈਂਜਿਜ਼ ਦਾ ਸਾਹਮਣਾ ਸਰਦਾਰ ਬੇਅੰਤ ਸਿੰਘ ਜੀ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਕਰਨਾ ਪਿਆ ਸੀ। ਇਹ ਬੜੇ ਅਸਾਧਾਰਣ ਹਾਲਾਤ ਸਨ। ਕਿਹੋ ਜਿਹਾ ਪੰਜਾਬ ਸੀ ਜਦੋਂ ਸਰਦਾਰ ਬੇਅੰਤ ਸਿੰਘ ਪੰਜਾਬ ਦੇ ਮੁੱਖ ਮੰਤਰੀ ਬਣੇ ਔਰ ਇਸ ਸਰਕਾਰ ਨੇ ਆਪਣਾ ਕੰਮ ਸ਼ੁਰੂ ਕੀਤਾ ਸੀ। ਲਾਸ਼ਾਂ ਦੇ ਢੇਰ ਤੋਂ ਲੰਘ ਕੇ ਆਏ ਸਨ। ਸਾਰੇ ਸਾਥੀਆਂ ਨੇ ਇਨ੍ਹਾਂ ਨੂੰ ਵੋਟਾਂ ਪਾਈਆਂ। ਸਪੀਕਰ ਸਾਹਿਬ, ਇਕ ਬੜੀ ਭਾਰੀ ਸਾਜ਼ਿਸ਼ ਸੀ ਹਿੰਦੁਸਤਾਨ ਨੂੰ ਤੋੜਨ ਦੀ, ਪੰਜਾਬ ਨੂੰ ਤੋੜਨ ਦੀ ਇਸ ਦੇਸ਼ ਵਿਚ। ਮਾਨਯੋਗ ਸਪੀਕਰ ਸਾਹਿਬ, ਇਕ ਐਸੀ ਸ਼ਕਤੀ ਸੀ ਜੋ ਪੰਜਾਬ ਨੂੰ ਕਈ ਪੱਖਾਂ ਤੋਂ ਬਰਬਾਦ ਕਰਨਾ ਚਾਹੁੰਦੀ ਸੀ। ਉਸ ਤਾਕਤ ਨੇ ਪੰਜਾਬ ਦੇ ਲੋਕਾਂ ਨੂੰ ਮਾਰਨ ਲਈ, ਪੰਜਾਬ ਨੂੰ ਤਬਾਹ ਕਰਨ ਲਈ ਇਕ ਬਹੁਤ ਵੱਡੀ ਸਾਜ਼ਸ਼ ਕੀਤੀ ਸੀ It was deep-routed conspiracy to destabilise Punjab politically as well as economically. ਸਪੀਕਰ ਸਾਹਿਬ, ਇਕ ਇਹੋ ਜਿਹਾ ਪੰਜਾਬ ਸੀ ਜਦੋਂ ਸਰਦਾਰ ਬੇਅੰਤ ਸਿੰਘ ਜੀ ਮੁੱਖ ਮੰਤਰੀ ਬਣੇ। ਨਾ ਲੋਕਾਂ ਨੇ ਸੜਕਾਂ ਮੰਗੀਆਂ, ਨਾ ਹਸਪਤਾਲ ਮੰਗੇ, ਨਾ ਪੁਲ ਮੰਗੇ ਨਾ ਕੁੱਝ ਹੋਰ ਮੰਗਿਆ। ਸਾਰਾ ਪੰਜਾਬ ਬੜੀ ਉਮੀਦ ਨਾਲ ਸਰਦਾਰ ਬੇਅੰਤ ਸਿੰਘ ਵਲ ਵੇਖ ਰਿਹਾ ਸੀ ਔਰ ਲੋਕਾਂ ਨੇ ਇਕ ਗੱਲ ਕਹੀ ਸੀ ਕਿ ਅਸੀਂ ਕੁਝ ਨਹੀਂ ਮੰਗਦੇ ਪਰ ਸਾਡਾ ਰੰਗਲਾ ਪੰਜਾਬ ਮੋੜ ਦਿਉ ਜਿਹੜਾ ਰੰਗਲਾ ਪੰਜਾਬ ਲੋਕਾਂ ਕੋਲੋਂ ਖੁਸ ਗਿਆ ਸੀ। ਸਰਦਾਰ ਬੇਅੰਤ ਸਿੰਘ ਜੀ ਨੇ ਫ਼ੈਸਲਾ ਕੀਤਾ ਕਿ ਉਹ ਰੰਗਲਾ ਪੰਜਾਬ ਲੋਕਾਂ ਦਾ ਮੋੜ ਕੇ ਦੇਣਾ ਹੈ। ਸਪੀਕਰ ਸਾਹਿਬ, ਜੋ ਇਥੇ ਅਮਨ ਤੇ ਕਾਨੂੰਨ ਦੀ ਹਾਲਤ ਵਿਗੜੀ ਹੋਈ ਸੀ ਉਸ ਨੂੰ ਠੀਕ ਕੀਤਾ ਅਤੇ ਉਹ ਅਮਨ ਅਤੇ ਕਾਨੂੰਨ ਵਾਪਸ ਲਿਆਂਦਾ। ਅੱਜ ਮੈਨੂੰ ਸਦਨ ਵਿਚ ਇਸ ਗੱਲ ਦੀ ਬੜੀ ਖੁਸ਼ੀ ਹੋ ਰਹੀ ਹੈ ਕਿ ਸਰਦਾਰ ਬੇਅੰਤ ਸਿੰਘ ਜੀ ਨੇ ਲੋਕਾਂ ਨਾਲ ਜੋ ਵਾਇਦੇ ਕੀਤੇ ਉਨ੍ਹਾਂ ਤੇ ਪੂਰੇ ਉਤਰੇ ਔਰ ਜੋ ਕੁਝ ਹੋਇਆ ਪੰਜਾਬ ਵਿਚ ਉਹ ਸਾਰਾ ਪੰਜਾਬ ਹੀ ਨਹੀਂ ਸਾਰੀ ਦੁਨੀਆਂ ਜਾਣਦੀ ਹੈ। ਪੰਜਾਬ ਦੇ ਹਾਲਾਤ ਬਦਲੇ ਔਰ ਕਾਨੂੰਨ ਔਰ ਅਮਨ ਦੀ ਹਾਲਤ ਇਸ ਤਰ੍ਹਾਂ ਬਦਲੀ ਕਿ ਪਹਿਲਾਂ ਜਦੋਂ ਕੋਈ ਛੋਟਾ ਜਿਹਾ ਅੱਤਵਾਦੀ ਮਾਰਿਆ ਜਾਂਦਾ ਤਾਂ ਸੱਤ ਸੱਤ ਦਿਨ, ਦਸ ਦਸ ਦਿਨ ਪੰਜਾਬ ਬੰਦ ਰਹਿੰਦਾ ਸੀ, ਹੁਣ ਜਦੋਂ ਦੇ ਸਰਦਾਰ ਬੇਅੰਤ ਸਿੰਘ ਜੀ ਮੁੱਖ ਮੰਤਰੀ ਬਣੇ, ਇਕ ਬਹੁਤ ਵੱਡਾ ਅੱਤਵਾਦੀ ਜਿਹੜਾ ਜਰਨੈਲ ਸੀ, ਸਪੀਕਰ ਸਾਹਿਬ, ਤੁਹਾਡੇ ਜ਼ਿਲ੍ਹੇ ਵਿਚ ਤਰਨਤਾਰਨ ਤਹਿਸੀਲ ਵਿਚ, ਬਾਬਾ ਗੁਰਬਚਨ ਸਿੰਘ ਮਾਨੋਚਹਿਲ ਜਦੋਂ ਮਾਰਿਆ ਤਾਂ ਇਕ ਪੱਤਾ ਵੀ ਨਹੀਂ ਸੀ ਹਿਲਿਆ। ਸਪੀਕਰ ਸਾਹਿਬ, ਅਗਰ ਉਹ ਸਰਦਾਰ ਬੇਅੰਤ ਸਿੰਘ ਦੇ ਰਾਜ ਤੋਂ ਪਹਿਲਾਂ ਮਰਦਾ ਤਾਂ ਤਰਨਤਾਰਨ ਵਿਚ ਇਕ ਮਹੀਨੇ ਦਾ ਬੰਦ ਰਹਿਣਾ ਸੀ। ਸਰਦਾਰ ਬੇਅੰਤ ਸਿੰਘ ਜੀ ਨੇ ਪੰਜਾਬ ਦਾ ਅਮਨ ਠੀਕ ਕੀਤਾ। ਪਹਿਲਾਂ ਇਹ ਅਮਨ ਠੀਕ ਕੀਤਾ ਅਤੇ ਹੁਣ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਫੈਸਲਾ ਲਿਆ ਹੈ ਕਿ ਹੁਣ ਪੰਜਾਬ ਦੇ ਅੰਦਰ ਵਿਕਾਸ ਵਰ੍ਹਾ ਸ਼ੁਰੂ ਕਰਨਾ ਹੈ। ਮੈਨੂੰ ਖੁਸ਼ੀ ਹੈ ਕਿ ਇਸ ਵਰ੍ਹੇ ਨੂੰ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਵਿਕਾਸ ਵਰ੍ਹੇ ਨਾਲ ਸ਼ੁਰੂ ਕੀਤਾ ਹੈ। ਮੈਨੂੰ ਖੁਸ਼ੀ ਹੈ ਇਸ ਗੱਲ ਦੀ ਸਪੀਕਰ ਸਾਹਿਬ, ਸਾਡੀ ਸਰਕਾਰ ਨੇ ਤਾਰੀਖ਼ੀ ਗੱਲਾਂ ਕੀਤੀਆਂ ਹਨ, ਲਗਦੀਆਂ ਛੋਟੀਆਂ ਹਨ

ਪਰ ਪ੍ਰਭਾਵਸ਼ਾਲੀ ਹਨ, ਜਿਨ੍ਹਾਂ ਦੇ ਨਤੀਜੇ ਬੜੇ ਦੂਰਦਰਸ਼ੀ ਹੋਣਗੇ। ਇਥੇ ਪੰਜਾਬ ਦੀਆਂ ਸਰਕਾਰਾਂ ਬਣੀਆਂ। ਅਕਾਲੀ ਦਲ ਦੀ 6 ਵਾਰੀ ਸਰਕਾਰ ਬਣੀ। ਉਨ੍ਹਾਂ ਨੇ ਬੜਾ ਵਾਅ ਵੇਲਾ ਕੀਤਾ ਕਿ ਉਹ ਪਿੰਡਾਂ ਦੀ ਭਲਾਈ ਕਰਦੇ ਹਨ ਔਰ ਉਨ੍ਹਾਂ ਨੇ ਦੋਹਰਾਇਆ ਕਿ ਉਨ੍ਹਾਂ ਨੇ ਪਿੰਡਾਂ ਦੇ ਨਕਸ਼ੇ ਬਦਲ ਦਿੱਤੇ। ਉਨ੍ਹਾਂ ਨੇ ਪਿੰਡਾਂ ਦੇ ਨਾਮ ਤੇ, ਲੋਕਾਂ ਦੀ ਭਲਾਈ ਦੇ ਨਾਂ ਤੇ ਵੋਟਾਂ ਮੰਗੀਆਂ ਮਗਰ ਸੰਵਾਰਿਆ ਕੁੱਝ ਨਹੀਂ। ਸਪੀਕਰ ਸਾਹਿਬ, ਮੈਂ ਆਪ ਦੇ ਰਾਹੀਂ ਡਾਕਟਰ ਕੇਵਲ ਕ੍ਰਿਸ਼ਨ ਜੀ ਨੂੰ, ਪੰਜਾਬ ਦੇ ਖਜ਼ਾਨਾ ਮੰਤਰੀ ਜੀ ਨੂੰ ਮੁਬਾਰਕਬਾਦ ਦੇਣੀ ਚਾਹੁੰਦਾ ਹਾਂ ਜਿਹੜਾ ਸੋਹਣਾ ਬਜਟ ਉਨ੍ਹਾਂ ਨੇ ਪੇਸ਼ ਕੀਤਾ ਹੈ। ਸਪੀਕਰ ਸਾਹਿਬ, ਲੰਬਰਦਾਰਾਂ ਦਾ ਕੰਮ ਲੈ ਲਵੋ। ਇੰਨੀਆਂ ਸਰਕਾਰਾਂ ਆਈਆਂ ਕਿਸੇ ਨੇ ਕੁਝ ਨਹੀਂ ਕੀਤਾ। ਸਾਰੀ ਦੁਨੀਆਂ ਦੇ ਉਹ ਕੰਮ ਕਰਦਾ ਹੈ, ਕਚਿਹਰੀਆਂ ਦੇ ਕੰਮ ਕਰਦਾ ਹੈ ਪਿੰਡ ਦੇ ਕੰਮ ਕਰਦਾ ਹੈ, ਸਰਕਾਰ ਦੇ ਕੰਮ ਕਰਦਾ ਹੈ, ਪਰ ਹੁਣ ਤਕ ਉਸ ਨੂੰ ਸਿਰਫ ਪੰਜੋਤਰਾ ਮਿਲਦਾ ਹੈ। ਹੁਣ ਇਸ ਸਰਦਾਰ ਬੇਅੰਤ ਸਿੰਘ ਜੀ ਦੀ ਸਰਦਾਰ ਨੇ ਫ਼ੈਸਲਾ ਕੀਤਾ ਹੈ ਔਰ ਉਸ ਪੰਜੋਤਰੇ ਨੂੰ ਦਸ ਫ਼ੀਸਦੀ ਕਰਕੇ ਇਕ ਬਹੁਤ ਵੱਡੀ ਗੱਲ ਕੀਤੀ ਹੈ। ਸਪੀਕਰ ਸਾਹਿਬ, ਮੇਰੇ ਦੋਸਤ ਨੇ ਇਥੇ ਗਰੀਬਾਂ ਦੀ ਗੱਲ ਕੀਤੀ ਹੈ। ਮੈਂ ਇਹ ਗੱਲ, ਸਪੀਕਰ ਸਾਹਿਬ, ਬੜੀ ਖੁਸ਼ੀ ਨਾਲ ਕਹਿਣਾ ਚਾਹੁੰਦਾ ਹਾਂ ਅਤੇ ਫਿਰ ਇਕ ਵਾਰੀ ਪੰਜਾਬ ਦੀ ਸਰਕਾਰ ਨੂੰ ਮੁਬਾਰਕਬਾਦ ਦੇਣਾ ਚਾਹੁੰਦਾ ਹਾਂ ਕਿ ਇਸ ਬਜਟ ਵਿਚ ਬੜੀ ਦੇਰ ਤੋਂ ਬਾਅਦ ਉਨ੍ਹਾਂ ਗਰੀਬ ਆਦਮੀਆਂ ਲਈ, ਵਿਸ਼ੇਸ਼ ਤੌਰ ਤੇ ਜਿਹੜੇ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਸਨ ਚੌਕੀਦਾਰਾਂ ਦਾ ਕੰਮ ਕਰਦੇ ਸਨ, ਛੋਟਾ ਅਫ਼ਸਰ ਚਲਾ ਜਾਵੇ ਵੱਡਾ ਅਫ਼ਸਰ ਚਲਾ ਜਾਵੇ ਉਸ ਦੀ ਤਨਖਾਹ ਵੱਲ, ਉਸ ਦੇ ਭੱਤੇ ਵੱਲ ਕਿਸੇ ਨੇ ਧਿਆਨ ਨਹੀਂ ਸੀ ਦਿੱਤਾ। ਮੈਂ ਇਕ ਵਾਰੀ ਫੇਰ ਪੰਜਾਬ ਸਰਕਾਰ ਦੀ, ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਦੀ ਆਪ ਦੇ ਰਾਹੀਂ ਸ਼ਲਾਘਾ ਕਰਨੀ ਚਾਹੁੰਦਾ ਹਾਂ, ਮੁਬਾਰਿਕਬਾਦ ਦੇਣੀ ਚਾਹੁੰਦਾ ਹਾਂ ਕਿ ਜਿਹੜਾ ਭੱਤਾ, ਜਿਹੜੀ ਤਨਖਾਹ ਪਹਿਲਾਂ ਇਕ ਗਰੀਬ ਚੌਕੀਦਾਰ ਨੂੰ 200 ਰੁਪਏ ਮਿਲਦੀ ਸੀ ਉਹ ਵਧਾ ਕੇ 250 ਰੁਪਏ ਕਰ ਦਿੱਤੀ ਹੈ। ਮੈਨੂੰ ਇਸ ਦੀ ਖੁਸ਼ੀ ਹੁੰਦੀ ਹੈ ਔਰ ਮੈਂ ਪ੍ਰਸ਼ੰਸਾ ਵੀ ਕਰ ਦਾ ਹਾਂ (ਥੰਪਿੰਗ)।

ਇਸ ਤੋਂ ਇਲਾਵਾ, ਸਪੀਕਰ ਸਾਹਿਬ, ਪੰਜਾਬ ਸਰਕਾਰ ਦੀਆਂ ਜੋ ਆਂਗਣਵਾੜੀਆਂ ਵਿਚ ਕੰਮ ਕਰਦੀਆਂ ਭੈਣਾਂ ਔਰ ਹੈਲਪਰ ਹਨ ਉਨ੍ਹਾਂ ਦੀਆਂ ਤਨਖਾਹਾਂ ਵਿਚ ਵਾਧਾ ਕੀਤਾ ਹੈ। ਫਿਰ ਸੁਤੰਤਰਤਾ ਸੰਗਰਾਮੀਆਂ ਜਿਨ੍ਹਾਂ ਨੇ ਆਪਣੀਆਂ ਜਾਨਾਂ ਦੇਸ਼ ਦੀ ਆਜ਼ਾਦੀ ਲਈ ਵਾਰੀਆਂ, ਕੁਰਬਾਨੀਆਂ ਕੀਤੀਆਂ, ਉਨ੍ਹਾਂ ਦੀਆਂ ਪੈਨਸ਼ਨਾਂ ਵਧਾ ਕੇ ਔਰ ਦੂਜਾ ਭੱਤਾ ਵਧਾ ਕੇ ਬਹੁਤ ਹੀ ਪ੍ਰਸ਼ੰਸਾਯੋਗ ਕੰਮ ਕੀਤਾ ਹੈ।

ਸਪੀਕਰ ਸਾਹਿਬ, ਮੈਂ ਹੋਰ ਗੱਲ ਕਹਿਣੀ ਚਾਹੁੰਦਾ ਹਾਂ। ਕੁਝ ਦਿਨ ਹੋਏ ਮੈਨੂੰ ਸਰਦਾਰ ਬੇਅੰਤ ਸਿੰਘ ਜੀ ਮੁੱਖ ਮੰਤਰੀ ਦੇ ਨਾਲ ਜ਼ਿਲ੍ਹਾ ਫਰੀਦਕੋਟ ਦੇ ਗਿੱਦੜਬਾਹਾ ਇਲਾਕੇ ਵਿਚ ਜਾਣ ਦਾ ਮੌਕਾ ਮਿਲਿਆ। ਮੈਂ ਅਫਸੋਸ ਨਾਲ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਮੈਂ ਵੀ ਬੜਾ ਨਾਮ ਸੁਣਿਆ ਸੀ ਗਿੱਦੜਬਾਹੇ ਦਾ, ਉਥੋਂ ਦੇ ਲੀਡਰ ਸਾਹਿਬ, ਜਿਹੜੇ ਕਿ ਦੋ ਵਾਰੀ ਮੁੱਖ ਮੰਤਰੀ ਵੀ ਬਣੇ, ਪੰਜਾਬ ਦੇ ਵਿਕਾਸ ਮੰਤਰੀ ਵੀ ਬਣੇ ਰਹੇ, ਉਸ ਇਲਾਕੇ ਗਿੱਦੜਬਾਹੇ ਦਾ ਕੀ ਹਾਲ ਹੈ? ਸਪੀਕਰ ਸਾਹਿਬ, ਮੈਨੂੰ ਉਮੀਦ ਸੀ ਕਿ ਗਿਦੜਬਾਹੇ ਦਾ ਇਲਾਕਾ ਪੰਜਾਬ ਦੇ ਦੂਜੇ ਪਿੰਡਾਂ ਨਾਲੋਂ ਜਿੱਥੋਂ ਦਾ ਲੀਡਰ ਦੋ ਵਾਰੀ ਮੁੱਖ ਮੰਤਰੀ ਬਣਿਆ ਹੋਵੇ, ਉਹ ਇਲਾਕਾ ਬਹਿਸ਼ਤ ਬਣਿਆ ਹੋਇਆ ਹੋਵੇਗਾ, ਹੋਰ ਪੇਂਡੂ ਇਲਾਕਿਆਂ ਨਾਲੋਂ ਉਹ ਵਧੀਆ ਹੋਵਗਾ ਸੋਹਣਾ ਹੋਵੇਗਾ ਪਰ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਜੇਕਰ ਮੈਂ ਕਦੇ ਕੋਈ ਸੱਭ ਤੋਂ ਪਛੜਿਆ ਹੋਇਆ ਇਲਾਕਾ ਵੇਖਿਆ ਹੈ ਤਾਂ ਉਹ ਸੀ ਗਿੱਦੜਬਾਹੇ ਦਾ। ਮੈਂ ਮੁਬਾਰਿਕਬਾਦ ਦੇਣੀ ਚਾਹੁੰਦਾ ਹਾਂ ਪੰਜਾਬ ਦੀ ਸਰਕਾਰ ਨੂੰ, ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੂੰ ਔਰ ਡਾਕਟਰ ਸਾਹਿਬ ਨੂੰ ਕਿ 200 ਕਰੋੜ ਰੁਪਿਆ ਆਉਂਦੇ ਵਰ੍ਹੇ ਵਿਚ ਪੰਜਾਬ ਦੇ ਪਿੰਡਾਂ ਦੀ

[ਸਰਦਾਰ ਜਸਬੀਰ ਸਿੰਘ]

ਖੁਸ਼ਹਾਲੀ ਵਾਸਤੇ, ਪਿੰਡਾਂ ਦੀਆਂ ਸੜਕਾਂ ਬਣਾਉਣ ਵਾਸਤੇ, ਪਿੰਡਾਂ ਦੀ ਉਨਤੀ ਵਾਸਤੇ ਖਰਚ ਕੀਤਾ ਜਾਵੇਗਾ (ਥੰਪਿੰਗ) ਸਪੀਕਰ ਸਾਹਿਬ, ਛੇ ਵਾਰੀ ਅਕਾਲੀ ਦਲ ਦੀਆਂ ਸਰਕਾਰਾਂ ਆਈਆਂ ਪਰ ਇਹ ਕੰਮ ਪਿੰਡਾਂ ਦੀ ਉਨਤੀ ਦਾ, ਪਿੰਡਾਂ ਦੀ ਖੁਸ਼ਹਾਲੀ ਦਾ ਕੋਈ ਨਾ ਕਰ ਸਕੀ । ਜਿਥੇ ਵੀ ਅਸੀਂ ਗਏ ਅਸੀਂ ਵੇਖਿਆ ਕਿ ਕਿਸੇ ਵੀ ਪਿੰਡ ਦੀ ਕੋਈ ਸੜਕ ਠੀਕ ਨਹੀਂ ਹੈ। ਕੋਈ ਐਸੀ ਸੜਕ ਵਿਖਾਈ ਨਹੀਂ ਦਿੱਤੀ ਜਿਹੜੀ ਵਧੀਆ ਹੋਵੇ ।

ਸਪੀਕਰ ਸਾਹਿਬ, ਪਸ਼ੂਆਂ ਦੀਆਂ ਡਿਸਪੈਂਸਰੀਆਂ ਬਾਰੇ ਕਹਿਣਾ ਚਾਹੁੰਦਾ ਕਿ ਪਿੰਡਾਂ ਵਿਚ ਪਸ਼ੂ ਡਿਸਪੈਂਸਰੀਆਂ ਨਹੀਂ ਹਨ। ਮੈਂ ਪੰਜਾਬ ਸਰਕਾਰ ਦੀ ਸ਼ਲਾਘਾ ਕਰਦਾ ਹਾਂ ਔਰ ਡਾਕਟਰ ਸਾਹਿਬ ਨੂੰ ਮੁਬਾਰਕਬਾਦ ਦੇਣੀ ਚਾਹੁੰਦਾ ਹਾਂ ਕਿ ਪੰਜਾਬ ਦੀ ਸਰਕਾਰ ਨੇ 200 ਪਸ਼ੂਆਂ ਦੀਆਂ ਡਿਸਪੈਂਸਰੀਆਂ ਖੋਲ੍ਹਣ ਦਾ ਫੈਸਲਾ ਲਿਆ ਹੈ। ਇਹ ਮੈਂ ਸਮਝਦਾ ਹਾਂ ਕਿ ਇਹ ਤਾਰੀਖੀ ਫੈਸਲਾ ਹੈ। ਇਸ ਦੇ ਨਾਲ ਪਿੰਡਾਂ ਦੀ ਨੁਹਾਰ ਬਦਲੇਗੀ। ਪਿੰਡਾਂ ਵਿਚ ਕਈ ਥਾਂਈ ਡਿਸਪੈਂਸਰੀਆਂ ਨਹੀਂ, ਸਕੂਲ ਨਹੀਂ, ਕਾਲਜ ਨਹੀਂ। ਸਪੀਕਰ ਸਾਹਿਬ, ਅਸੀਂ ਲੰਬੀ ਦੇ ਇਲਾਕੇ ਵਿਚ ਗਏ। ਉਥੇ ਦੇ ਲੋਕਾਂ ਨੇ ਦੱਸਿਆ ਕਿ ਸਾਡੀਆਂ ਤਾਂ ਗਲੀਆਂ ਵੀ ਪੱਕੀਆਂ ਨਹੀਂ ਹੋਈਆਂ, ਸਾਡੇ ਪਿੰਡਾਂ ਦੀਆਂ ਸੜਕਾਂ ਵੀ ਨਹੀਂ ਬਣੀਆਂ, ਉਨਤ ਗਰਾਮ ਦੀ ਕੀ ਗੱਲ ਕਰਦੇ ਹੋ। ਮੈਨੂੰ ਖੁਸ਼ੀ ਹੈ ਕਿ ਸਰਦਾਰ ਬੇਅੰਤ ਸਿੰਘ ਜੀ ਨੇ ਇਨ੍ਹਾਂ ਕੰਮਾਂ ਵਾਸਤੇ ਦੋ ਸੌ ਕਰੋੜ ਰੁਪਿਆ ਰੱਖਿਆ ਹੈ। ਪਿੰਡਾਂ ਦੀ ਉਨਤੀ ਵਾਸਤੇ ਇਹ ਬਹੁਤ ਵਧੀਆ ਫੈਸਲਾ ਹੈ।

ਇਕ ਮੈਂ ਹੋਰ ਗੱਲ ਕਹਿਣੀ ਚਾਹੁੰਦਾ ਹਾਂ, ਮਾਨਯੋਗ ਸਪੀਕਰ ਸਾਹਿਬ, ਤੁਸੀਂ ਬੜੇ ਚੰਗੇ ਇਨਸਾਨ ਹੋ ਜਿਨ੍ਹਾਂ ਦਾ ਪਿੰਡਾਂ ਅਤੇ ਸ਼ਹਿਰਾਂ ਨਾਲ ਵਾਸਤਾ ਰਹਿੰਦਾ ਹੈ ਤੁਸੀਂ ਵੀ ਇਕ ਗੀਤ ਸੁਣਿਆ ਹੋਣਾ ਹੈ। ਬੜਾ ਸੋਹਣਾ ਗੀਤ ਹੈ:--

'ਬੰਦ ਪਿਆ ਦਰਵਾਜ਼ਾ
ਜਿਉਂ ਫਾਟਕ ਕੋਟਕਪੂਰੇ ਦਾ' ।

ਸਾਰਾ ਦਿਨ ਉਥੇ ਰੇਲਵੇ ਦਾ ਫਾਟਕ ਬੰਦ ਰਹਿੰਦਾ ਸੀ। ਲੀਡਰ ਲੋਕਾਂ ਨੇ ਗੀਤ ਸੁਣ ਲਿਆ ਪਰ ਕੀਤਾ ਕੁਝ ਨਾ। ਕਈ ਵਾਰੀ ਅਕਾਲੀ ਦਲ ਦੀਆਂ ਸਰਕਾਰਾਂ ਆਈਆਂ, ਉਨ੍ਹਾਂ ਦੇ ਵਜ਼ੀਰ ਉਥੇ ਵੀ ਗਏ ਹੋਣਗੇ, ਫਾਟਕ ਉਤੇ ਕਈ ਕਈ ਘੰਟੇ ਖੜ੍ਹੇ ਵੀ ਰਹੇ ਹੋਣਗੇ ਲੇਕਿਨ ਲੋਕਾਂ ਦੀ ਤਕਲੀਫ ਵੱਲ ਕਦੇ ਧਿਆਨ ਨਹੀਂ ਦਿੱਤਾ। ਮੈਂ ਡਾਕਟਰ ਸਾਹਿਬ ਨੂੰ ਇਸ ਗੱਲ ਦੀ ਮੁਬਾਰਿਕਬਾਦ ਦੇਣੀ ਚਾਹੁੰਦਾ ਹਾਂ, ਤੁਸੀਂ ਗੀਤ ਸੁਣਿਆ ਹੋਵੇਗਾ, ਤੁਸੀਂ ਫੈਸਲਾ ਕੀਤਾ ਹੈ ਕਿ ਉਥੇ ਕੋਟ ਕਪੂਰੇ ਓਵਰ ਫਲਾਈ ਬ੍ਰਿਜ ਬਣਾਉਣਾ ਹੈ (ਥੰਪਿੰਗ) ਨਹੀਂ ਤਾਂ ਹਰ ਤਾਂ ਗੀਤ ਹੀ ਸੁਣਦੇ ਰਹੇ ਸਨ ਪਰ ਲੋਕਾਂ ਦੀ ਤਕਲੀਫ ਵਲ ਕਿਸੇ ਨੇ ਧਿਆਨ ਨਹੀਂ ਸੀ ਦਿੱਤਾ। ਹੁਣ ਉਹ ਫਲਾਈ ਓਵਰ ਬ੍ਰਿਜ ਨਾਲ ਫਾਟਕ ਵੀ ਖੁਲ੍ਹ ਜਾਵੇਗਾ। ਦੂਸਰੀ ਗੱਲ ਹੈ ਕਿ ਸਰਕਾਰ ਨੇ ਵੱਡਾ ਫੈਸਲਾ ਲਿਆ ਹੈ, ਦਰਬਾਰ ਸਾਹਿਬ ਨੂੰ 13 ਅਪਰੈਲ, 1993 ਤੱਕ ਗੈਲਰੀ ਸਕੀਮ ਥੱਲੇ ਖੂਬਸੂਰਤ ਬਣਾਉਣ ਦਾ ਫੈਸਲਾ ਲਿਆ ਹੈ। ਸਰਕਾਰ ਨੇ ਇਹ ਬੜਾ ਅੱਛਾ ਫੈਸਲਾ ਲਿਆ ਹੈ ਕਿ 13 ਅਪ੍ਰੈਲ, 1993 ਤਕ ਦਰਬਾਰ ਸਾਹਿਬ ਦੀ ਸਕੀਮ ਦਾ ਕੰਮ ਜਿਹੜਾ ਅੱਧਾ ਪਚੱਧਾ ਪਿਆ ਹੈ ਇਸ ਨੂੰ ਮੁਕੰਮਲ ਕਰਕੇ ਇਸ ਦਰਬਾਰ ਸਾਹਿਬ ਦੀ ਖੂਬਸੂਰਤੀ ਨੂੰ ਹੋਰ ਵੀ ਵਧਾਉਣਾ ਹੈ।

ਇਸ ਬਜਟ ਸਪੀਚ ਵਿਚ ਮੈਨੂੰ ਇਕ ਹੋਰ ਵੀ ਬੜੀ ਅੱਛੀ ਗੱਲ ਪੜ੍ਹਨ ਦਾ ਮੌਕਾ ਮਿਲਿਆ। ਜਿਵੇਂ ਕਿ ਇਥੇ ਕਈ ਪਾਰਟੀਆਂ ਨੇ ਗੁਰੂਆਂ ਦੇ ਨਾਂ ਤੇ ਔਰ ਧਰਮ ਦੇ ਨਾਂ ਤੇ ਲੋਕਾਂ ਦਾ ਬੇਵਕੂਫ

ਬਣਾ ਕੇ ਸੱਤਾ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਪਰ ਸਾਡੀ ਸਰਕਾਰ ਨੇ, ਮੈਂ ਸਰਦਾਰ ਬੇਅੰਤ ਸਿੰਘ ਜੀ ਨੂੰ ਮੁਬਾਰਕਬਾਦ ਦਿੰਦਾ ਹਾਂ ਕਿ ਉਨ੍ਹਾਂ ਨੇ ਆਪਣੇ ਆਪ ਹੀ, ਕਿਸੇ ਵੱਲੋਂ ਕੋਈ ਮੰਗ ਵੀ ਨਹੀਂ ਸੀ, ਉਸ ਸਥਾਨ ਨੂੰ ਜਿਥੇ ਸਾਹਿਬਜ਼ਾਦੇ ਦੀਵਾਰ ਵਿਚ ਚਿਣੇ ਗਏ ਸਨ ਅੌਰ ਮਾਤਾ ਗੁਜਰੀ ਜੀ ਸ਼ਹੀਦ ਹੋਏ ਸੀ ਉਸ ਧਾਰਮਿਕ ਅਸਥਾਨ ਫਤਿਹਗੜ੍ਹ ਸਾਹਿਬ ਨੂੰ ਜ਼ਿਲ੍ਹਾ ਬਣਾਕੇ ਬੜਾ ਵੱਡਾ ਕੰਮ ਕੀਤਾ ਹੈ ਅੌਰ ਇਸ ਦੇ ਨਾਲ ਹੀ ਮਾਨਸਾ ਨੂੰ ਵੀ ਜ਼ਿਲ੍ਹਾ ਬਣਾ ਕੇ ਬਹੁਤ ਅੱਛਾ ਕੰਮ ਕੀਤਾ ਹੈ। ਇਹ ਫੈਸਲਾ ਲੈ ਕੇ ਸਰਕਾਰ ਨੇ ਆਪਣਾ ਸਿਰ ਉਚਾ ਕੀਤਾ ਹੈ, ਕਾਂਗਰਸ ਪਾਰਟੀ ਨੇ ਕਦੇ ਵੀ ਧਰਮ ਦੇ ਨਾਂ ਤੇ ਜਾਂ ਗੁਰੂਆਂ ਦਾ ਨਾਂ ਲੈਕੇ ਸੱਤਾ ਹਾਸਲ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਬਲਕਿ ਸੱਤਾ ਮਿਲਣ ਤੋਂ ਬਾਅਦ ਹੀ ਗੁਰੂਆਂ ਦੀ ਨਗਰੀ ਨੂੰ ਰੌਸ਼ਨ ਕੀਤਾ ਹੈ।

ਮਾਨਯੋਗ ਸਪੀਕਰ ਸਾਹਿਬ, ਇਸ ਤੋਂ ਅੱਗੇ ਇਸ ਬਜਟ ਸਪੀਚ ਵਿਚ ਮੈਨੂੰ ਇਕ ਹੋਰ ਵੀ ਬਹੁਤ ਅੱਛੀ ਗੱਲ ਪੜ੍ਹਨ ਨੂੰ ਮਿਲੀ ਹੈ ਜੋ ਇਨ੍ਹਾਂ ਨੇ ਤਕਨੀਕੀ ਸਿਖਿਆ ਦੇ ਬਾਰੇ ਫੈਸਲਾ ਲਿਆ ਹੈ। ਸਪੀਕਰ ਸਾਹਿਬ, ਮੈਂ ਇਥੇ ਇਹ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਮੁੱਖ ਮੰਤਰੀ ਸਾਹਿਬ ਨੂੰ ਆਉਣ ਵਾਲਾ ਯੁਗ ਯਾਦ ਕਰੇਗਾ ਜੋ ਇਨ੍ਹਾਂ ਨੇ ਤਕਨੀਕੀ ਸਿਖਿਆ ਬੋਰਡ ਬਣਾਉਣ ਦਾ ਫੈਸਲਾ ਕੀਤਾ ਹੈ। ਸਰਦਾਰ ਪ੍ਰਤਾਪ ਸਿੰਘ ਕੈਰੋਂ ਨੇ ਲੁਧਿਆਣਾ ਵਿਖੇ ਖੇਤੀਬਾੜੀ ਯੂਨੀਵਰਸਿਟੀ ਦੀ ਨੀਂਹ ਰੱਖੀ ਸੀ ਅੌਰ ਉਸ ਕਾਰਨ ਹੀ ਅੱਜ ਇਥੇ ਹਰਾ ਇਨਕਲਾਬ ਆਇਆ ਹੈ ਜਿਸ ਕਰਕੇ ਉਨ੍ਹਾਂ ਨੂੰ ਯਾਦ ਕੀਤਾ ਜਾਂਦਾ ਹੈ। ਉਸੇ ਤਰ੍ਹਾਂ ਹੀ ਸਾਡੇ ਮੁੱਖ ਮੰਤਰੀ ਸਾਹਿਬ ਨੇ ਇਹ ਅੱਜ ਤਕਨੀਕੀ ਸਿਖਿਆ ਬਾਰੇ ਫੈਸਲਾ ਲਿਆ ਹੈ ਜਦ ਕਿ ਤਕਨੀਕੀ ਸਿਖਿਆ ਵਿਚ ਅਸੀਂ ਬਹੁਤ ਪਛੜੇ ਹੋਏ ਸੀ, ਮੈਨੂੰ ਅੱਜ ਇਹ ਕਹਿਣ ਵਿਚ ਖੁਸ਼ੀ ਹੋ ਰਹੀ ਹੈ ਕਿ ਸਰਕਾਰ ਨੇ ਇਹ ਬਹੁਤ ਹੀ ਅੱਛਾ ਕੰਮ ਕੀਤਾ ਹੈ। ਤੁਹਾਨੂੰ ਪਤਾ ਹੈ ਕਿ ਕੁਝ ਸ਼ਕਤੀਆਂ ਨੇ ਪੰਜਾਬ ਦੇ ਨੌਜਵਾਨਾਂ ਦੇ ਹੱਥਾਂ ਵਿਚ ਏ. ਕੇ. 47 ਫੜਾਈ ਸੀ ਲੇਕਿਨ ਅੱਜ ਸਾਡੇ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਜੀ ਨੇ ਇਹ ਤਕਨੀਕੀ ਸਿਖਿਆ ਬੋਰਡ ਦਾ ਫੈਸਲਾ ਲੈ ਕੇ ਉਨ੍ਹਾਂ ਨੌਜਵਾਨਾਂ ਦੇ ਹੱਥਾਂ ਵਿਚ ਅੌਜ਼ਾਰ ਫੜਾਇਆ ਹੈ ਅੌਰ ਇਸ ਵਾਸਤੇ ਉਨ੍ਹਾਂ ਨੇ ਪੰਜਾਬ ਦੇ ਅੰਦਰ ਦੋ ਇੰਜੀਨੀਅਰਿੰਗ ਕਾਲਜ ਇਕ ਗੁਰਦਾਸਪੁਰ ਅੌਰ ਇਕ ਫਿਰੋਜ਼ਪੁਰ ਵਿਖੇ ਖੋਲ੍ਹਣ ਦਾ ਫੈਸਲਾ ਲਿਆ ਹੈ। ਇਸ ਨਾਲ ਸਾਡੇ ਨੌਜਵਾਨ ਤਰੱਕੀ ਕਰਨਗੇ; ਸਾਡਾ ਪੰਜਾਬ ਤਰੱਕੀ ਕਰੇਗਾ ਅੌਰ ਸਾਡਾ ਹਿੰਦੁਸਤਾਨ ਤਰੱਕੀ ਕਰੇਗਾ ਅੌਰ ਮੈਨੂੰ ਉਮੀਦ ਹੈ ਕਿ ਜਿਸ ਤਰ੍ਹਾਂ ਇਹ ਤਕਨੀਕੀ ਸਿਖਿਆ ਬੋਰਡ ਦਾ ਫੈਸਲਾ ਲਿਆ ਹੈ ਹੌਲੀ ਹੌਲੀ ਇਹ ਤਕਨੀਕੀ ਯੂਨੀਵਰਸਿਟੀ ਵੀ ਬਣ ਜਾਵੇਗੀ। ਇਸ ਵਾਸਤੇ ਸਰਕਾਰ ਨੇ 34 ਕਰੋੜ ਰੁਪਿਆ ਰੱਖਿਆ ਹੈ ਅੱਜ ਦੇ ਸਮੇਂ ਦੇ ਮੁਤਾਬਿਕ ਤਾਂ ਇਹ ਜ਼ਿਆਦਾ ਹੈ ਪਰ ਇਹ ਬਹੁਤ ਅਛਾ ਹੋਵੇਗਾ, ਇੱਥੇ ਵਿੱਤ ਮੰਤਰੀ ਸਾਹਿਬ ਬੈਠੇ ਹਨ, ਜੇ ਇਸ ਪੈਸੇ ਨੂੰ ਹੋਰ ਵਧਾਇਆ ਜਾ ਸਕਦਾ ਹੈ ਤਾਂ ਇਹ ਜ਼ਰੂਰ ਵਧਾ ਦੇਣਾ ਚਾਹੀਦਾ ਹੈ। ਇਹ ਬਹੁਤ ਅੱਛੀ ਗੱਲ ਹੋਵੇਗੀ।

ਸਪੀਕਰ ਸਾਹਿਬ, ਹੁਣ ਮੈਂ ਕੁਝ ਗੱਲਾਂ ਆਪਣੇ ਹਲਕੇ ਦੇ ਬਾਰੇ ਵੀ ਕਹਿਣਾ ਚਾਹੁੰਦਾ ਹਾਂ। ਸੰਗਰੂਰ ਪਛੜਿਆ ਹੋਇਆ ਜ਼ਿਲ੍ਹਾ ਹੈ, ਇਸ ਲਈ ਮੈਂ ਬੇਨਤੀ ਕਰਾਂਗਾ ਕਿ ਇਸ ਦੀ ਤਰੱਕੀ ਵਾਸਤੇ ਇਸ ਵੇਲੇ ਘੱਟੋ ਘੱਟ ਇਕ ਲੜਕੀਆਂ ਲਈ ਪੌਲੀਟੈਕਨਿਕ ਕਾਲਜ ਜ਼ਰੂਰ ਖੋਲ੍ਹਣਾ ਚਾਹੀਦਾ ਹੈ। ਇਸ ਦੇ ਨਾਲ ਹੀ ਇਕ ਭਵਾਨੀ ਗੜ੍ਹ ਸਬ-ਤਹਿਸੀਲ ਹੈ ਉਥੇ ਇਕ 25 ਬਿਸਤਰਿਆਂ ਦੇ ਹਸਪਤਾਲ ਦੀ ਬਹੁਤ ਜ਼ਰੂਰਤ ਹੈ। ਇਸ ਲਈ ਮੈਂ ਪੰਜਾਬ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਜਿਥੇ ਹੋਰ ਨਵੇਂ ਹਸਪਤਾਲ ਖੋਲ੍ਹੇ ਜਾ ਰਹੇ ਹਨ ਉਥੇ ਇਹ 25 ਬਿਸਤਰਿਆਂ ਦਾ ਹਸਪਤਾਲ

[ਸਰਦਾਰ ਜਸਬੀਰ ਸਿੰਘ]

ਵੀ ਖੋਲ੍ਹ ਦੇਣਾ ਚਾਹੀਦਾ ਹੈ। ਸਪੀਕਰ ਸਾਹਿਬ, ਭਵਾਨੀਗੜ੍ਹ ਵਿਚ ਟੈਕਨੀਕਲ, ਪੌਲੀਟੈਕਨਿਕ ਅਤੇ ਜਲੰਧਰ ਵਿਚ ਇਕ ਨਵਾਂ ਮੈਡੀਕਲ ਕਾਲਜ ਖੋਲ੍ਹਣਾ ਹੈ। ਜਿਸ ਦੀ ਪ੍ਰਸ਼ੰਸਾ ਸਾਰੇ ਪੰਜਾਬ ਨੇ ਕੀਤੀ ਹੈ। ਇਸੇ ਤਰ੍ਹਾਂ ਭਵਾਨੀਗੜ੍ਹ ਦੇ ਅੰਦਰ ਛੇਤੀ ਹੀ ਇਕ 25 ਬਿਸਤਰਿਆਂ ਦਾ ਹਸਪਤਾਲ ਸ਼ੁਰੂ ਕਰਨ ਦੀ ਕਿਰਪਾਲਤਾ ਕੀਤੀ ਜਾਵੇ। ਸਪੀਕਰ ਸਾਹਿਬ, ਮੈਂ ਡਾਕਟਰ ਸਾਹਿਬ ਨੂੰ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ ਬਜਟ ਟੈਕਸ-ਮੁਕਤ ਪੇਸ਼ ਕੀਤਾ ਹੈ ਜਿਸ ਦੀ ਸਾਰੇ ਪਾਸੋਂ ਪ੍ਰਸ਼ੰਸਾ ਕੀਤੀ ਗਈ ਹੈ। ਪੰਜਾਬ ਸਰਕਾਰ ਨੇ ਵੱਡੇ ਸਨਅੱਤਕਾਰਾਂ ਨੂੰ ਪੰਜਾਬ ਵਿਚ ਇੰਡਸਟਰੀ ਲਗਾਉਣ ਲਈ ਉਤਸਾਹਿਤ ਕੀਤਾ ਹੈ। ਇਸੇ ਤਰ੍ਹਾਂ ਛੋਟੀਆਂ ਬੱਚਤ ਯੋਜਨਾਵਾਂ ਦੇ ਵਿਚ ਲੋਕਾਂ ਨੂੰ ਧਨ ਜਮ੍ਹਾਂ ਕਰਵਾਉਣ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ ਤਾਂਕਿ ਇਸ ਧਨ ਦਾ ਇਸਤੇਮਾਲ ਰਾਜ ਵਿਚ ਤਰੱਕੀ ਦੇ ਕੰਮਾਂ ਵਿਚ ਹੋ ਸਕੇ। ਇਸ ਵਿਚੋਂ ਸਾਨੂੰ 25 ਸਾਲਾਂ ਲੋਨ ਵੀ ਪ੍ਰਾਪਤ ਹੋ ਸਕਦਾ ਹੈ।

ਸਪੀਕਰ ਸਾਹਿਬ, ਖੇਡਾਂ ਦੇ ਵਿਚ ਨੌਜਵਾਨਾਂ ਨੂੰ ਉਤਸ਼ਾਹਿਤ ਕਰਨ ਲਈ ਮੇਰੀ ਪੰਜਾਬ ਸਰਕਾਰ ਨੇ ਕਾਫੀ ਉਚੇਰੇ ਕਦਮ ਚੁੱਕੇ ਹਨ ਅਤੇ ਕਾਫੀ ਮਾਤਰਾ ਵਿਚ ਰਕਮ ਰੱਖੀ ਹੈ। ਇਸ ਖੇਤਰ ਵਿਚ ਪੰਜਾਬ ਸਰਕਾਰ ਨੇ ਸ਼ਲਾਘਾਯੋਗ ਕਦਮ ਉਠਾਏ ਹਨ ਕਿਉਂਕਿ ਖੇਡਾਂ ਦੇ ਨਾਲ ਸਭਿਆਚਾਰਕ ਦਾ ਵਿਕਾਸ ਹੋਵੇਗਾ ਅਤੇ ਪੰਜਾਬ ਦੀ ਜਾਨ ਸਭਿਆਚਾਰਕ ਵਿਰਸਾ ਹੈ। ਜਦੋਂ ਪੰਜਾਬ ਦੇ ਅੰਦਰੋਂ ਖੇਡਾਂ ਮੁੱਕ ਜਾਣਗੀਆਂ ਗੀਤ ਮੁੱਕ ਜਾਣਗੇ। ਪੰਜਾਬ ਵਿਚ ਪਿਛਲੇ 10 ਸਾਲਾਂ ਤੋਂ ਇਹ ਸਾਜਿਸ਼ ਕੀਤੀ ਗਈ ਕਿ ਪੰਜਾਬ ਵਿਚੋਂ ਖੇਡਾਂ ਅਤੇ ਗੀਤਾਂ ਨੂੰ ਖਤਮ ਕੀਤਾ ਜਾਵੇ ਤਾਂਕਿ ਜਿਹੜਾ ਸਭਿਆਚਾਰਕ ਵਿਰਸਾ ਪੰਜਾਬੀਆਂ ਦਾ ਹੈ ਉਹ ਹਮੇਸ਼ਾ ਹਮੇਸ਼ਾ ਦੇ ਲਈ ਮੁਕ ਜਾਵੇ ਪਰ ਜਦੋਂ ਦੀ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਇਥੇ ਆਈ ਹੈ ਇਸ ਨੇ ਖੇਡਾਂ ਦੇ ਖੇਤਰ ਵਿਚ ਅਤੇ ਸਭਿਆਚਾਰ ਮਾਮਲਿਆਂ ਦੇ ਖੇਤਰ ਵਿਚ ਤਰੱਕੀ ਕਰਨ ਲਈ ਕਾਫੀ ਉਚੇਰੇ ਕਦਮ ਚੁੱਕੇ ਹਨ। ਮੈਨੂੰ ਖੁਸ਼ੀ ਹੈ ਕਿ ਸਰਕਾਰ ਨੇ ਕਿਲਾ ਰਾਏਪੁਰ ਜਿਸ ਨੂੰ ਅਸੀਂ ਮਿਨੀ ਉਲੰਪਿਕ ਗੇਮਜ਼ ਦੇ ਲਈ ਮਸ਼ਹੂਰ ਮੰਨਦੇ ਹਾਂ, ਉਥੇ ਖੇਡਾਂ ਬੰਦ ਕਰਵਾਉਣ ਲਈ ਪਿਛੇ ਜੋ ਸਾਜਿਸ਼ ਕੀਤੀ ਗਈ ਸੀ ਤਾਂਕਿ ਇਥੇ ਖੇਡਾਂ ਨਾ ਹੋ ਸਕਣ, ਉੱਥੇ ਅੱਤਵਾਦੀਆਂ ਨੇ ਕਿਲਾ ਰਾਏਪੁਰ ਵਿਚ ਰੇਲਵੇ ਸਟੇਸ਼ਨ ਤੇ ਗੱਡੀ ਖੜ੍ਹੀ ਕਰਕੇ ਲੋਕਾਂ ਨੂੰ ਜਿਹੜੇ ਇਕ ਫਿਰਕੇ ਨਾਲ ਸਬੰਧ ਰਖਦੇ ਸਨ, ਉਹ ਤਕਰੀਬਨ 75 ਬੰਦਿਆਂ ਨੂੰ ਗੋਲੀਆਂ ਦਾ ਸ਼ਿਕਾਰ ਬਣਾਇਆ ਅਤੇ ਗੁਰਦੁਆਰੇ ਦੇ ਬਾਹਰ ਲੋਕਾਂ ਨੂੰ ਲਾਈਨ ਵਿਚ ਖੜ੍ਹੇ ਕਰਕੇ ਅੱਤਵਾਦੀਆਂ ਨੇ ਆਪਣੀ ਗੋਲੀ ਦਾ ਸ਼ਿਕਾਰ ਬਣਾਇਆ ਤਾਂਕਿ ਲੋਕ ਇਥੇ ਖੇਡਾਂ ਖੇਡਣ ਦੀ ਕੋਈ ਜੁਰੱਤ ਨਾ ਕਰ ਸਕਣ। ਇਸ ਪੰਜਾਬ ਸਰਕਾਰ ਨੇ ਸਰਦਾਰ ਬੇਅੰਤ ਸਿੰਘ ਦੀ ਰਹਿਨੁਮਾਈ ਵਿਚ ਫਿਰ ਕਿੱਲਾ ਰਾਏਪੁਰ ਵਿਚ ਖੇਡਾਂ ਕਰਵਾਈਆਂ ਜਿਥੇ ਇਕ ਲੱਖ ਤੋਂ ਵੱਧ ਲੋਕਾਂ ਨੇ ਹਿੱਸਾ ਲਿਆ ਜਿਹੜਾ ਕਿ ਇਕ ਨਵਾਂ ਰਿਕਾਰਡ ਸੀ, ਇਸ ਤੋਂ ਪਹਿਲਾਂ ਕਦੇ ਵੀ ਇਤਨੀ ਗਿਣਤੀ ਵਿਚ ਉਥੇ ਇਤਨੇ ਲੋਕ ਇਕੱਠੇ ਨਹੀਂ ਸਨ ਹੋਏ। ਇਸ ਦੇ ਲਈ ਸਰਦਾਰ ਬੇਅੰਤ ਸਿੰਘ ਮੁਬਾਰਕਬਾਦ ਦੇ ਪਾਤਰ ਹਨ। ਇਸੇ ਤਰ੍ਹਾਂ ਪੰਜਾਬ ਸਰਕਾਰ ਨੇ ਪਿੰਡਾਂ ਦੇ ਵਿਚ ਪੇਂਡੂ ਖੇਡਾਂ ਸ਼ੁਰੂ ਕਰਵਾਈਆਂ ਅਤੇ ਸਭਿਆਚਾਰਕ ਪ੍ਰੋਗਰਾਮ ਨੂੰ ਪਿੰਡਾਂ ਵਿਚ ਫਿਰ ਸ਼ੁਰੂ ਕਰਵਾਇਆ। ਹੁਣ ਲੋਕ ਪਿੰਡਾਂ ਵਿਚ ਸਾਰੀ ਸਾਰੀ ਰਾਤ ਗੀਤ ਸੁਣ ਸਕਦੇ ਹਨ ਅਤੇ ਗੀਤ ਗਾਉਂਦੇ ਹਨ। ਇਸ ਦੇ ਲਈ ਮੈਂ ਸਰਦਾਰ ਬੇਅੰਤ ਸਿੰਘ ਜੀ ਨੂੰ ਵਧਾਈ ਦਿੰਦਾ ਹਾਂ।

Mr Speaker: Wind up please.

ਸਰਦਾਰ ਜਸਬੀਰ ਸਿੰਘ : ਸਪੀਕਰ ਸਾਹਿਬ, ਬੱਸ ਮੈਂ ਵਾਈਂਡ ਅੱਪ ਕਰਨ ਵਾਲਾ ਹਾਂ। ਇਸ ਦੇ ਨਾਲ ਹੀ ਮੈਂ ਦੱਸਣਾ ਚਾਹੁੰਦਾ ਹਾਂ ਕਿ ਅਨੁਸੂਚਿਤ ਜਾਤੀਆਂ ਦੀ ਭਲਾਈ ਵਾਸਤੇ ਜਿਹੜੀ ਕਾਰ

ਪੋਰੇਸ਼ਨ ਬਣਾਈ ਗਈ ਹੈ ਅਤੇ ਦੂਜੀ ਬੈਕਵਰਡ ਕਲਾਸਿਜ਼ ਫਾਈਨਾਂਸ ਐਂਡ ਡਿਵੈਲਪਮੈਂਟ ਕਾਰਪੋਰੇਸ਼ਨ ਬਣੀ ਹੋਈ ਹੈ ਇਸ ਦੇ ਨਾਲ ਸਿਰਫ 40 ਪ੍ਰਤੀਸ਼ਤ ਲੋਕ ਹੀ ਕਵਰ ਹੁੰਦੇ ਹਨ। ਮੈਂ ਖਜ਼ਾਨਾ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਕਾਰਪੋਰੇਸ਼ਨਾਂ ਦੀ ਰਕਮ ਹੋਰ ਵਧਾ ਦਿੱਤੀ ਜਾਵੇ ਖਾਸ ਕਰਕੇ ਬੈਕ-ਵਰਡ ਕਲਾਸਿਜ਼ ਫਾਈਨਾਂਸ ਡਿਵੈਲਪਮੈਂਟ ਕਾਰਪੋਰੇਸ਼ਨ ਦੀ ਰਕਮ ਵਿਚ ਵਾਧਾ ਕੀਤਾ ਜਾਣਾ ਚਾਹੀਦਾ ਹੈ ਤਾਂਕਿ ਜ਼ਿਆਦਾ ਲੋਕ ਕਵਰ ਹੋ ਸਕਣ। ਸਪੀਕਰ ਸਾਹਿਬ, ਇਸ ਵਿਚ ਪਛੜੀਆਂ ਸ਼੍ਰੇਣੀਆਂ ਦੇ ਲੋਕ ਆਉਂਦੇ ਹਨ, ਜਿਹੜੇ ਇਕਨੌਮੀਕਲੀ ਵੀਕ ਹਨ ਉਹ ਵੀ ਇਸ ਵਿਚ ਆਉਂਦੇ ਹਨ, ਇਹ ਬਹੁਤ ਵੱਡੀ ਤਾਦਾਦ ਵਿਚ ਹੋ ਜਾਂਦੇ ਹਨ ਲੇਕਿਨ ਪੰਜਾਬ ਸਰਕਾਰ ਵਲੋਂ ਜਿਹੜੀ ਇਸ ਵਾਸਤੇ ਰਕਮ ਰਖੀ ਗਈ ਹੈ ਉਹ ਰਕਮ ਹੋਰ ਵਧਾਉਣੀ ਚਾਹੀਦੀ ਹੈ। ਮੈਂ ਸਪੀਕਰ ਸਾਹਿਬ, ਆਪਣੇ ਵਿਚਾਰ ਸਮਾਪਤ ਕਰਦਾ ਹੋਇਆ ਆਪ ਦੇ ਰਾਹੀਂ ਪੰਜਾਬ ਸਰਕਾਰ ਨੂੰ ਮੁਬਾਰਕਬਾਦ ਦਿੰਦਾ ਹਾਂ ਅਤੇ ਬਜਟ ਦੀ ਸ਼ਲਾਘਾ ਕਰਦਾ ਹਾਂ। ਜੈ ਹਿੰਦ।

ਸ੍ਰੀ ਮਦਨ ਮੋਹਨ ਮਿੱਤਲ (ਨੰਗਲ): ਸਪੀਕਰ ਸਾਹਿਬ, ਜੋ ਬਜਟ ਵਿੱਤ ਮੰਤਰੀ ਜੀ ਨੇ 10 ਮਾਰਚ, 1993 ਨੂੰ ਪੇਸ਼ ਕੀਤਾ ਹੈ। ਮੈਂ ਆਪਣੇ ਅਤੇ ਆਪਣੀ ਪਾਰਟੀ ਵੱਲੋਂ ਕਹਿਣਾ ਚਾਹੁੰਦਾ ਹਾਂ ਕਿ ਇਸ ਬਜਟ ਵਿਚ ਜੋ ਮੈਨੂੰ ਵੇਖਣ ਨੂੰ ਮਿਲਿਆ ਹੈ ਮੈਂ ਸਮਝਦਾ ਹਾਂ ਕਿ ਇਹ ਬਜਟ ਪੰਜਾਬ ਦੇ ਹਿੱਤ ਵਿਚ ਨਹੀਂ ਹੈ। ਜੋ ਵੀ ਕਿਸੇ ਸਟੇਟ ਦਾ ਬਜਟ ਹੁੰਦਾ ਹੈ ਉਹ ਸਰਕਾਰ ਦੇ ਉਸਾਰੂ ਇਕਨਾਮਿਕ ਅਤੇ ਜੋ ਹੋਰ ਸਭ ਗੱਲਾਂ ਦਾ ਢਾਂਚਾ ਹੁੰਦਾ ਹੈ, ਔਰ ਸੋਸ਼ਲ ਇਕਨਾਮਿਕ ਸਟਰੱਕਚਰ ਬਾਰੇ ਹੁੰਦਾ ਹੈ। ਇਹ ਸਾਰੀਆਂ ਗੱਲਾਂ ਬਜਟ ਵਿਚ ਅੰਕਿਤ ਨਹੀਂ ਹਨ। ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਇਸ ਬਜਟ ਵਿਚ ਬਹੁਤ ਸਾਰੀਆਂ ਗੱਲਾਂ ਰਹਿ ਗਈਆਂ ਹਨ ਔਰ ਕੁਝ ਗੱਲਾਂ ਠੀਕ ਵੀ ਹੋਣਗੀਆਂ ਸਪੀਕਰ ਸਾਹਿਬ, ਇਸ ਬਜਟ ਵਿਚ ਜੋ ਡੈਫੀਸਿਟ ਵਿਖਾਇਆ ਗਿਆ ਹੈ ਇਸ ਡੈਫੀਸਿਟ ਨੂੰ ਕਿਸ ਤਰੀਕੇ ਦੇ ਨਾਲ ਪੂਰਾ ਕੀਤਾ ਜਾਵੇਗਾ ਉਸ ਦਾ ਜ਼ਿਕਰ ਨਹੀਂ ਹੈ। ਇਹ ਟੈਕਸ ਫਰੀ ਬਜਟ ਹੈ। ਇਹ ਬੜੀ ਖੁਸ਼ੀ ਦੀ ਗੱਲ ਹੈ ਕਿ ਵਿੱਤ ਮੰਤਰੀ ਡਾਕਟਰ ਕੇਵਲ ਕ੍ਰਿਸ਼ਨ ਨੇ ਟੈਕਸ-ਫਰੀ ਬਜਟ ਦਿੱਤਾ ਹੈ ਪਰ ਇਹ ਆਸਵਾਸ਼ਨ ਨਹੀਂ ਦਿਤਾ ਗਿਆ ਕਿ ਆਉਣ ਵਾਲੇ ਸਮੇਂ ਵਿਚ ਵੀ ਕੋਈ ਟੈਕਸ ਲੋਕਾਂ ਤੇ ਨਹੀਂ ਲਗਾਇਆ ਜਾਵੇਗਾ। ਇਹ ਖਦਸ਼ਾ ਲਗਦਾ ਹੈ ਕਿ ਪਿਛਲੇ ਸਾਲ ਦੀ ਤਰ੍ਹਾਂ ਐਤਕੀਂ ਵੀ ਸਰਕਾਰ ਟੈਕਸ ਲਾਵੇਗੀ ਜੋ ਕਿਸਾਨ ਹੈ ਉਸ ਦਾ ਮੇਨ ਕਿੱਤਾ ਖੇਤੀਬਾੜੀ ਦਾ ਹੁੰਦਾ ਹੈ। ਖੇਤੀਬਾੜੀ ਵਿੱਚ ਕਿਸਾਨ ਸਭ ਤੋਂ ਵੱਧ ਅਨਾਜ ਦੇ ਰਿਹਾ ਹੈ। ਉਹ ਸੈਂਟਰਲ ਪੂਲ ਵਿਚ ਵੀ ਸਭ ਤੋਂ ਵੱਧ ਯੋਗਦਾਨ ਦੇ ਰਿਹਾ ਹੈ। ਇਸ ਬਜਟ ਵਿਚ ਅੰਗਰੇਜ਼ੀ ਦੀ ਕਿਤਾਬ ਵਿਚ ਪੇਜ 20 ਤੇ ਲਿਖਿਆ ਗਿਆ ਹੈ ਕਿ ਜੋ ਰੀਸੈਂਟਲੀ ਨੈਸ਼ਨਲ ਕਾਨਫਰੰਸ ਆਫ ਪਾਵਰ ਮਨਿਸਟਰਜ਼ ਦੀ ਹੋਈ ਹੈ ਉਸ ਵਿਚ ਕਿਹਾ ਗਿਆ ਹੈ ਕਿ ਐਗਰੀਕਲਚਰਿਸਟ ਤੋਂ 11.50 ਪੈਸੇ ਪਰ ਯੂਨਿਟ ਚਾਰਜ ਕਰਦੇ ਹਾਂ। ਡੋਮੈਸਟਿਕ ਕਨਜ਼ਿਊਮਰ ਤੋਂ 84 ਪੈਸੇ ਪਰ ਯੂਨਿਟ ਚਾਰਜ ਕਰਦੇ ਹਾਂ ਪਰ ਜੋ ਕਾਸਟ ਹੈ ਉਹ 121 ਪੈਸੇ ਪਰ ਯੂਨਿਟ ਹੈ। ਸਪੀਕਰ ਸਾਹਿਬ, ਨੀਚੇ ਜਾ ਕੇ ਰਿਕੁਮੈਂਡੇਸ਼ਨ ਹੈ, ਜੋ ਰੀਸੈਂਟਲੀ ਨੈਸ਼ਨਲ ਕਾਨਫਰੰਸ ਆਫ ਪਾਵਰ ਮਨਿਸਟਰਾਂ ਦੀ ਹੋਈ ਹੈ। ਉਸ ਵਿਚ ਮੈਨੂੰ ਇਸ ਤਰ੍ਹਾਂ ਲਗਦਾ ਹੈ ਕਿ ਪੰਜਾਬ ਸਰਕਾਰ ਬਜਟ ਸੈਸ਼ਨ ਤੋਂ ਬਾਅਦ ਕਿਸੇ ਵਕਤ ਵੀ ਰੇਟ ਵਿਚ ਵਾਧਾ ਕਰ ਸਕਦੀ ਹੈ, 0.50 ਪੈਸੇ ਪਰ ਯੂਨਿਟ ਰਿਕੁਮੈਂਡੇਸ਼ਨ ਕੀਤੀ ਗਈ ਹੈ ਜੋ ਕਿ ਐਗਰੀਕਲਚਰਿਸਟ ਤੋਂ ਚਾਰਜ ਕਰਨੇ ਹਨ। ਪੰਜਾਬ ਦਾ ਕਿਸਾਨ ਪਹਿਲਾਂ ਹੀ ਬਹੁਤ ਮਿਹਨਤ ਕਰ ਰਿਹਾ ਹੈ ਔਰ ਸੈਂਟਰਲ ਪੂਲ ਵਿਚ ਸਭ ਤੋਂ ਵੱਧ ਉਤਪਾਦਨ ਪੈਦਾ ਕਰਕੇ ਦੇ ਰਿਹਾ ਹੈ। ਰੇਟ ਨਾ ਵਧਾਉਣ ਬਾਰੇ ਸਰਕਾਰ ਵਲੋਂ ਕੋਈ ਜ਼ਿਕਰ

[ਸ਼੍ਰੀ ਮਦਨ ਮੋਹਨ ਮਿੱਤਲ]

ਨਹੀਂ ਕੀਤਾ ਗਿਆ। ਇਸ ਦਾ ਮੈਨੂੰ ਸਪੀਕਰ ਸਾਹਿਬ ਖਦਸ਼ਾ ਹੈ ਕਿ ਰੇਟ ਸਰਕਾਰ ਵਲੋਂ ਬਾਅਦ ਵਿੱਚ ਵਧਾਏ ਜਾਣਗੇ, ਇਸ ਲਈ, ਸਪੀਕਰ ਸਾਹਿਬ, ਪੰਜਾਬ ਸਰਕਾਰ ਹਾਊਸ ਵਿਚ ਵਿਸ਼ਵਾਸ ਦਿਵਾਏ ਕਿ ਰੇਟ ਨਹੀਂ ਵੱਧਣਗੇ। ਪੰਜਾਬ ਦੇ ਲੋਕਾਂ ਦੇ ਮਨਾਂ ਵਿਚ ਪੰਜਾਬ ਦੇ ਕਿਸਾਨਾਂ ਦੇ ਮਨਾਂ ਵਿਚ ਖਦਸ਼ਾ ਪੈਦਾ ਹੋ ਗਿਆ ਹੈ ਜੋ ਇਹ ਗੱਲ ਕਹਿ ਦਿੱਤੀ ਹੈ ਕਿ It is very much possible that this rate will further increase the price of inputs. It will lead to hardhsip to the farmers. ਸਪੀਕਰ ਸਾਹਿਬ, ਮੇਰੀ ਡਾਕਟਰ ਕੇਵਲ ਕ੍ਰਿਸ਼ਨ, ਵਿੱਤ ਮੰਤਰੀ, ਜੀ ਨੂੰ ਇਸ ਬਾਰੇ ਬੇਨਤੀ ਹੈ ਕਿ ਉਹ ਹਾਊਸ ਨੂੰ ਵਿਸ਼ਵਾਸ ਦਿਵਾਉਣ ਕਿ ਅਸੀਂ ਕੋਈ ਟੈਕਸ ਨਹੀਂ ਲਗਾਵਾਂਗੇ। ਇਹ ਬੜੀ ਹੀ ਚੰਗੀ ਗੱਲ ਹੈ ਅਤੇ ਜੇਕਰ ਸਰਕਾਰ ਕੋਈ ਟੈਕਸ ਨਾ ਲਗਾਵੇ ਤਾਂ ਇਸ ਦੇ ਲਈ ਮੈਂ ਵਿੱਤ ਮੰਤਰੀ ਜੀ ਨੂੰ ਵਧਾਈ ਦਿੰਦਾ ਹਾਂ। (ਥੰਪਿੰਗ) ਕਿਉਂ ਕਿ ਆਮ ਤੌਰ ਤੇ ਇਹੀ ਦੇਖਿਆ ਗਿਆ ਹੈ ਕਿ ਕਾਂਗਰਸ ਪਾਰਟੀ ਐਜ਼ ਏ ਰੂਲਿੰਗ ਪਾਰਟੀ ਬਣ ਕੇ ਜਦ ਵੀ ਆਈ ਹੈ, ਇਸ ਦੀ ਕਲਚਰ ਰਹੀ ਹੈ ਕਿ ਬਜਟ ਵਿੱਚ ਕੋਈ ਟੈਕਸ ਨਹੀਂ ਲਗਾਇਆ ਜਾਂਦਾ ਪਰ ਜਦੋਂ ਬਜਟ ਸੈਸ਼ਨ ਖਤਮ ਹੋ ਜਾਂਦਾ ਹੈ, ਤਾਂ ਉਸ ਤੋਂ 2–3 ਮਹੀਨੇ ਬਾਅਦ ਐਡਮਨਿਸਟਰੇਟਿਵ ਮਈਯਰਜ਼ ਅਡਾਪਟ ਕਰਕੇ ਨਵੇਂ ਟੈਕਸ ਲਗਾਏ ਜਾਂਦੇ ਹਨ। ਕਿਉਂਕਿ ਅਗਰ ਬਜਟ ਵਿਚ ਟੈਕਸ ਲਗਾ ਦਿੱਤੇ ਜਾਣ ਤਾਂ ਉਨ੍ਹਾਂ ਦੀ ਇਥੇ ਬਹੁਤ ਚਰਚਾ ਹੁੰਦੀ ਹੈ ਔਰ ਉਸ ਕ੍ਰਿਟਿਸਿਜ਼ਮ ਨੂੰ ਅਵਾਇਡ ਕਰਨ ਵਾਸਤੇ ਐਡਮਨਿਸਟਰੇਟਿਵ ਮਈਯਰਜ਼ ਲੈ ਕੇ ਟੈਕਸ ਲਗਾਏ ਜਾਂਦੇ ਹਨ। ਅੱਜ ਪੰਜਾਬ ਦੀ ਜਨਤਾ ਨੂੰ ਵਿੱਤ ਮੰਤਰੀ ਵਲੋਂ ਗਰੰਟੀ ਚਾਹੀਦੀ ਹੈ ਕਿ ਉਹ ਆਉਣ ਵਾਲੇ ਸਾਲ ਵਿੱਚ ਵੀ ਕੋਈ ਟੈਕਸ ਨਹੀਂ ਲਗਾਉਣਗੇ। ਰੂਲਿੰਗ ਪਾਰਟੀ ਵਾਲੇ ਮੈਂਬਰ ਸਾਹਿਬਾਨ ਨੂੰ ਵੀ ਇਹ ਗੱਲ ਮੰਨਵਾਉਣੀ ਚਾਹੀਦੀ ਸੀ ਕਿ ਵਿੱਤ ਮੰਤਰੀ ਐਸਾ ਨਹੀਂ ਕਰਨਗੇ।

ਸਪੀਕਰ ਸਾਹਿਬ, ਸਾਨੂੰ ਸਾਰਿਆਂ ਨੂੰ ਪਤਾ ਹੈ ਕਿ ਸੈਸ਼ਨ ਸ਼ੁਰੂ ਹੋਣ ਤੋਂ ਪਹਿਲਾਂ ਬੱਸਾਂ ਦੇ ਕਿਰਾਏ ਵਧਾ ਦਿੱਤੇ, ਬਿਜਲੀ ਦੇ ਰੇਟ ਵਧਾ ਦਿੱਤੇ। ਇਸ ਦੇ ਨਾਲ ਹੀ ਜੋ ਪਾਣੀ ਦੇ ਰੇਟ ਹਨ, ਸੀਵਰੇਜ ਦੇ ਰੇਟ ਹਨ, ਉਹ ਵੀ ਡਿਊਢੇ ਕਰ ਦਿੱਤੇ ਗਏ। ਇਥੇ ਇਕ ਨਵੀਂ ਪਰੋਪੋਜ਼ਲ ਦੀ ਚਰਚਾ ਵੀ ਹੋਈ ਹੈ। ਵਿੱਤ ਮੰਤਰੀ ਜੀ ਨੇ ਵੀ ਸਟੇਟਮੈਂਟ ਦਿੱਤੀ ਸੀ ਕਿ 2 ਪੈਸੇ ਪਰ ਯੂਨਿਟ ਜੋ ਬਿਜਲੀ ਖੱਪਤ ਹੋ ਰਹੀ ਹੈ, ਕੰਜ਼ਿਊਮ ਹੋ ਰਹੀ ਹੈ ਹਰ ਸ਼ਹਿਰ ਵਿੱਚ, ਉਥੇ ਆਕਟਰਾਏ ਲਗਾਇਆ ਜਾਵੇਗਾ ਅਤੇ ਉਹ ਪੈਸੇ ਮਿਊਂਸਪਲ ਕਮੇਟੀ ਦੀ ਆਮਦਨ ਵਿੱਚ ਦਿੱਤੇ ਜਾਣਗੇ। ਕੀ ਉਹ ਟੈਕਸ ਨਹੀਂ ਹੋਵੇਗਾ, ਜਿਸਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ। ਮੇਰਾ ਨਿਵੇਦਨ ਹੈ ਕਿ ਜੋ ਗੱਲ ਇਥੇ ਨਹੀਂ ਕੀਤੀ ਗਈ, ਉਸ ਬਾਰੇ ਆਸਵਾਸ਼ਨ ਹੋਣਾ ਚਾਹੀਦਾ ਹੈ ਕਿ ਉਹ ਟੈਕਸ ਅਗੋਂ ਨੂੰ ਵੀ ਨਹੀਂ ਲਗਣਗੇ ਬਾਕੀ ਜਿਹੜੀ ਇਹ 2 ਪੈਸੇ ਪਰ ਯੂਨਿਟ ਆਕਟਰਾਏ ਲਗਾਉਣ ਦੀ ਪਾਲਿਸੀ ਹੈ, ਇਸ ਦੀ ਨਾ ਲੌਗਲ ਤੁਕ ਹੈ ਅਤੇ ਨਾ ਹੀ ਕੋਈ ਸਮਾਜਿਕ ਤੁੱਕ ਹੈ। ਬਿਜਲੀ ਤਾਂ ਬਿਜਲੀ ਮਹਿਕਮਾ ਸਪਲਾਈ ਕਰਦਾ ਹੈ। ਇਹ ਟੋਟਲੀ ਉਸਦੀ ਸਰਵਿਸ ਹੈ। ਇਸ ਵਿੱਚ ਮਿਊਂਸਪਲ ਕਮੇਟੀ ਦੀ ਕੋਈ ਸਰਵਿਸ ਨਹੀਂ, ਕੋਈ ਕੰਟਰੀਬਿਊਸ਼ਨ ਨਹੀਂ ਹੈ। ਅਸੀਂ ਸੋਸ਼ਲ ਵੈਲਫੇਅਰ ਸਟੇਟ ਸਥਾਪਿਤ ਕਰਨ ਦਾ ਦਾਅਵਾ ਕਰਦੇ ਹਾਂ। ਉਸ ਵਿੱਚ ਅਸੀਂ ਲੋਕਾਂ ਦੇ ਰਹਿਣ ਸਹਿਣ ਦਾ ਮਿਆਰ ਉਚਾ ਕਰਨ ਵਾਸਤੇ, ਦੁਨੀਆਂ ਦੇ ਦੂਸਰੇ ਮੁਲਕਾਂ ਨਾਲ ਉਨ੍ਹਾਂ ਨੂੰ ਸ਼ਾਮਿਲ ਕਰਨ ਵਾਸਤੇ ਇਹ ਜੋ ਹੈਲਥ ਸਰਵਿਸਿਜ਼ ਹਨ, ਐਜੂਕੇਸ਼ਨ ਹੈ ਅਤੇ ਬਿਜਲੀ ਦੀ ਸਪਲਾਈ ਹੈ, ਉਹ ਸਭ ਉਸ ਵੈਲਫੇਅਰ ਸਟੇਟ ਦੇ ਅੰਤਰਗਤ ਦੇ ਰਹੇ ਹਨ। ਪਰ ਇਹ ਜਿਹੜੀ ਅਸੀਂ ਬਿਜਲੀ ਦੀ ਸਪਲਾਈ ਕਰ ਰਹੇ ਹਾਂ, ਇਹ ਤਾਂ ਸੇਲ ਨਹੀਂ ਕਰ ਰਹੇ ਹਾਂ ਘਰਾਂ ਨੂੰ ਅਤੇ ਇੰਡਸਟਰੀ ਨੂੰ। ਇਸ ਵਾਸਤੇ ਇਹ ਆਕਟਰਾਏ ਲਗਾਉਣਾ ਉਚਿਤ ਨਹੀਂ ਹੈ, ਅਤੇ

ਕਾਨੂੰਨ ਦੇ ਤਹਿਤ ਵੀ ਨਹੀਂ ਹੈ ਸਮਾਜਿਕ ਤੌਰ ਤੇ ਵਾਜਬ ਨਹੀਂ ਹੈ। ਕੀ ਇਸ ਪਰੋਪੋਜ਼ਲ ਦੇ ਤਹਿਤ ਵਿੱਤ ਮੰਤਰੀ ਜੀ ਭਰੋਸਾ ਦਿਵਾਉਣਗੇ ਕਿ ਕੋਈ ਇਸ ਤਰ੍ਹਾਂ ਦਾ ਟੈਕਸ ਨਹੀਂ ਲਗੇਗਾ।

ਅੱਗੇ ਸਪੀਕਰ ਸਾਹਿਬ, ਇਸ ਬਜਟ ਵਿੱਚ ਕੋਈ ਆਸਵਾਸ਼ਨ ਨਹੀਂ ਕਿ ਜੋ ਅਨ-ਇੰਪਲਾਇਡ ਯੂਥ ਹੈ, ਉਸ ਬਾਰੇ ਕੀ ਸੋਚਿਆ ਗਿਆ ਹੈ। ਇਥੇ ਪਿਛਲੀ ਸਰਕਾਰ ਦੀ ਕਾਫੀ ਦੁਹਾਈ ਦਿੱਤੀ ਗਈ ਹੈ। ਸਰਦਾਰ ਪਰਕਾਸ਼ ਸਿੰਘ ਬਾਦਲ ਦਾ ਨਾਂ ਵੀ ਲਿਆ ਗਿਆ ਹੈ ਹੁਣ ਇਥੇ ਧਰਮਪਾਲ ਜੀ ਮੰਤਰੀ ਬੈਠੇ ਹਨ, ਇਹ ਜਨਤਾ ਸਰਕਾਰ ਵੇਲੇ ਵੀ ਲੇਬਰ ਐਂਡ ਇੰਪਲਾਇਮੈਂਟ ਮੰਤਰੀ ਸਨ, ਉਸ ਵੱਕਤ ਪਹਿਲੀ ਵਾਰ ਅਨ-ਇਪਲਾਇਮੈਂਟ ਯੂਥ ਵਾਸਤੇ ਇਕ ਅਲਾਊਂਸ ਦੀ ਪਰੋਵੀਜ਼ਨ ਕੀਤੀ ਗਈ ਸੀ, ਉਸ ਦੇ ਬਾਰੇ ਇਸ ਬਜਟ ਵਿੱਚ ਕੋਈ ਐਸ਼ੋਰੈਂਸ ਨਹੀਂ ਦਿਤੀ ਗਈ। ਅਜ ਕਾਸਟ ਆਫ ਲਿਵਿੰਗ ਏਨੀ ਵੱਧ ਗਈ ਹੈ, ਇਹ ਚੰਗੀ ਗੱਲ ਹੈ ਕਿ ਲੰਬਰਦਾਰਾਂ ਦਾ ਕਮਿਸ਼ਨ ਵਧਾ ਦਿੱਤਾ ਗਿਆ ਹੈ, ਚੌਕੀਦਾਰਾਂ ਦੇ ਮਥਲੀ ਵੇਜਿਜ਼ 200 ਰੁਪਏ ਤੋਂ ਵਧਾ ਕੇ 250 ਰੁਪਏ ਕਰ ਦਿੱਤੇ ਗਏ ਹਨ, ਮੈਂ ਤਾਂ ਕਹਿੰਦਾ ਹਾਂ ਕਿ 250 ਰੁਪਏ ਨਾਲ ਵੀ ਕੁਝ ਨਹੀਂ ਬਣਦਾ, ਪਰ ਉਸ ਯੂਥ ਵਾਸਤੇ ਜਿਸਨੂੰ ਅਸੀਂ ਪੜ੍ਹਾ ਵੀ ਦਿੱਤਾ, ਟਰੇਨਿਗ ਵੀ ਦੇ ਦਿੱਤੀ, ਉਸਦੇ ਅਲਾਊਂਸ ਵਾਸਤੇ ਕੋਈ ਚਰਚਾ ਨਹੀਂ ਕੀਤੀ ਗਈ। ਇਸ ਬਾਰੇ ਪੰਜਾਬ ਦੇ ਯੂਥ ਵਿੱਚ ਰੋਸ ਹੈ। ਵਿੱਤ ਮੰਤਰੀ ਜੀ ਨੇ ਇਸ ਗੱਲ ਵਲ ਧਿਆਨ ਨਹੀਂ ਦਿੱਤਾ ਜਦ ਕਿ ਧਿਆਨ ਦੇਣਾ ਚਾਹੀਦਾ ਸੀ।

ਸਪੀਕਰ ਸਾਹਿਬ, ਫਿਰ ਇਥੇ ਸਪੈਸ਼ਲ ਟਰਮ ਲੋਨ ਦਾ ਜ਼ਿਕਰ ਹੈ। ਇਸ ਬਾਰੇ ਪਿਛਲੀ ਵਾਰ ਵੀ ਚਰਚਾ ਆਈ ਸੀ ਕਿ ਇਸ ਨੂੰ ਸੈਂਟਰ ਕੋਲੋਂ ਮੁਆਫ ਕਰਾਉਣ ਵਾਸਤੇ ਕੋਸ਼ਿਸ਼ ਕਰਾਂਗੇ। ਮੈਂ ਕਹਿੰਦਾ ਹਾਂ ਕਿ ਅਸੀਂ ਕਿਉਂ ਨਾ ਇਥੇ ਰੈਜ਼ੋਲਿਊਸ਼ਨ ਪਾਸ ਕਰੀਏ ਕਿ ਪੰਜਾਬ ਨੇ ਆਤੰਕਵਾਦ ਦੇ ਖਿਲਾਫ਼ ਏਨੀ ਲੜਾਈ ਲੜੀ ਹੈ। ਇਹ ਇਕੱਲੇ ਪੰਜਾਬ ਦੀ ਸੁਰੱਖਿਆ ਦੀ ਹੀ ਗੱਲ ਨਹੀਂ ਸੀ, ਇਸ ਕਰਕੇ ਸਾਰੇ ਦੇਸ਼ ਦੀ ਏਕਤਾ ਅਤੇ ਅਖੰਡਤਾ ਦਾਅ ਤੇ ਲਗੀ ਹੋਈ ਸੀ, ਔਰ ਉਸ ਏਕਤਾ ਔਰ ਅਖੰਡਤਾਂ ਨੂੰ ਕਾਇਮ ਰੱਖਣ ਵਾਸਤੇ ਸਾਰੇ ਪੰਜਾਬ ਨੇ ਲੜਾਈ ਲੜੀ, ਇਕੱਲੀ ਕਿਸੇ ਪਾਰਟੀਕੂਲਰ ਪਾਰਟੀ ਨੇ ਹੀ ਨਹੀਂ ਲੜੀ। ਇਸ ਦੇ ਵਿਚ ਸਾਰੀਆਂ ਪਾਰਟੀਆਂ ਦੇ ਲੋਕਾਂ ਨੇ ਆਪਣਾ ਹਿੱਸਾ ਪਾਇਆ ਇੰਨਾ ਅੱਤਵਾਦ ਅਤੇ ਆਤੰਕਵਾਦ ਹੋਣ ਦੇ ਬਾਵਜੂਦ ਜਿਹੜੇ ਲੋਕ ਪੰਜਾਬ ਵਿਚ ਰਹਿੰਦੇ ਰਹੇ, ਚਾਹੇ ਉਹ ਕਿਸਾਨ ਸੀ, ਮਜ਼ਦੂਰ ਸੀ, ਇੰਡਸਟਰੀਲਿਸਟ ਸੀ ਜਾਂ ਕੋਈ ਕਰਮਚਾਰੀ ਸੀ, ਉਨ੍ਹਾਂ ਸਾਰਿਆਂ ਨੇ ਇਸ ਦਾ ਸਾਹਮਣਾ ਕੀਤਾ ਅਤੇ ਇਸ ਲੜਾਈ ਵਿਚ ਆਪੋ ਆਪਣਾ ਹਿੱਸਾ ਪਾਇਆ। ਇਹ ਇਕੱਲੇ ਪੰਜਾਬ ਨੇ ਆਪਣੇ ਵਾਸਤੇ ਹੀ ਨਹੀਂ, ਸਾਰੇ ਦੇਸ਼ ਵਾਸਤੇ ਲੜਾਈ ਲੜੀ ਔਰ ਇਸ ਲੜਾਈ ਕਾਰਣ ਸਾਡੇ ਬਜਟ ਤੇ ਬੋਝ ਪਿਆ ਹੈ, ਇਸ ਲੜਾਈ ਕਾਰਣ ਪੰਜਾਬ ਨੂੰ ਜਿਹੜਾ ਕੇਂਦਰ ਤੋਂ ਟਰਮ ਲੋਨ ਲੈਣਾ ਪਿਆ, ਮੈਂ ਸਮਝਦਾ ਹਾਂ ਹਾਂ ਕਿ ਕੇਂਦਰ ਸਰਕਾਰ ਨੂੰ ਉਹ ਮੁਆਫ ਕਰ ਦੇਣਾ ਚਾਹੀਦਾ ਸੀ। ਇਹ ਲੜਾਈ ਸਾਡੇ ਗੁਆਂਢੀ ਮੁਲਕ ਅਤੇ ਵਿਦੇਸ਼ੀ ਸ਼ਕਤੀਆਂ ਦੇ ਇਸ਼ਾਰੇ ਤੇ ਕੰਮ ਕਰ ਰਹੀਆਂ ਏਜੰਸੀਆਂ ਦੇ ਖਿਲਾਫ ਲੜੀ ਗਈ ਸੀ, ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਬਚਾਉਣ ਦੀ ਖਾਤਰ। ਸਾਡਾ ਗੁਆਂਢੀ ਮੁਲਕ ਬਦਲੇ ਦੀ ਭਾਵਨਾ ਨਾਲ ਇਹ ਕੰਮ ਕਰ ਰਿਹਾ ਸੀ। ਉਹ ਸਾਡੇ ਕੋਲੋਂ ਬੰਗਲਾ ਦੇਸ਼ ਬਣਨ ਦਾ ਬਦਲਾ ਲੈਣਾ ਚਾਹੁੰਦਾ ਸੀ ਹਾਲਾਂਕਿ ਬੰਗਲਾ ਦੇਸ਼ ਸਾਡੇ ਕਾਰਨ ਨਹੀਂ, ਉਨ੍ਹਾਂ ਦੀਆਂ ਆਪਣੀਆਂ ਮਜ਼ਬੂਰੀਆਂ ਕਾਰਨ ਬਣਿਆ ਸੀ। ਇਸ ਕਰਕੇ ਇਹ ਟਰਮ ਲੋਨ ਕੇਂਦਰ ਸਰਕਾਰ ਨੂੰ ਮੁਆਫ ਕਰਨਾ ਚਾਹੀਦਾ ਸੀ। ਪਿਛਲੇ ਬਜਟ ਵਿਚ ਅਸੀਂ 1100 ਕਰੋੜ ਰੁਪਏ ਦੀ ਡਿਵੈਲਪਮੈਂਟ ਦਾ ਟੀਚਾ ਰੱਖਿਆ ਸੀ ਜਿਸ ਵਿਚੋਂ 900 ਕਰੋੜ ਰੁਪਿਆ ਸੈਂਟਰ ਨੇ ਸਾਨੂੰ ਦੇਣਾ ਸੀ ਲੇਕਿਨ ਉਸ ਵਿਚੋਂ ਸਿਰਫ 600 ਕਰੋੜ ਰੁਪਿਆ ਹੀ

[ਸ਼੍ਰੀ ਮਦਨ ਮੋਹਨ ਮਿੱਤਲ]

ਉਸ ਨੇ ਸਾਨੂੰ ਦਿੱਤਾ ਹੈ। ਭਾਵੇਂ ਐਫ.ਐਮ. ਸਾਹਿਬ ਨੇ ਆਪਣੇ ਕਰਮਚਾਰੀਆਂ ਦੇ ਸਹਿਯੋਗ ਨਾਲ ਇਹ ਡਿਫਰੈਂਸ ਪੂਰਾ ਕਰਕੇ ਦਿਖਾ ਦਿੱਤਾ, ਚਾਹੇ ਉਹ ਐਗਰੀਕਲਚਰ ਡਿਪਾਰਟਮੈਂਟ ਵਿਚੋਂ ਕੀਤਾ ਹੈ ਜਾਂ ਕਿਸੇ ਹੋਰ ਪਾਸਿਉਂ ਕੀਤਾ ਹੈ ਪਰ ਕੇਂਦਰ ਸਰਕਾਰ ਦਾ ਪੰਜਾਬ ਵੱਲ ਜਿਹੜਾ ਵਾਧੂ ਰਜੂਹ ਹੋਣਾ ਚਾਹੀਦਾ ਸੀ, ਉਹ ਨਹੀਂ ਹੋਇਆ। ਮੈਂ ਸਮਝਦਾ ਹਾਂ ਕਿ ਇਸ ਦੇ ਵਾਸਤੇ ਸਾਡੀ ਪੰਜਾਬ ਸਰਕਾਰ ਨੂੰ ਲੜਾਈ ਸੈਂਟਰ ਦੀ ਸਰਕਾਰ ਨਾਲ ਲੜਨੀ ਚਾਹੀਦੀ ਸੀ। ਇਸ ਤੋਂ ਇਲਾਵਾ, ਕੇਂਦਰ ਦੀ ਸਰਕਾਰ ਨੇ ਜਿਹੜਾ ਆਪਣਾ ਬਜਟ ਪੇਸ਼ ਕੀਤਾ ਹੈ, ਉਸ ਵਿਚ ਉਸ ਨੇ ਕੁਝ ਰਾਜਾਂ ਨੂੰ ਇੰਡਸਟਰੀ ਦੇ ਪੱਖੋਂ ਟੈਕਸ-ਫਰੀ ਜਾਂ ਟੈਕਸ-ਹੋਲੀਡੇਅ ਰਾਜ ਕਰਾਰ ਦਿੱਤਾ ਹੈ ਜਿਸ ਵਿਚ ਜੇ. ਐਂਡ ਕੇ. ਅਤੇ ਹਿਮਾਚਲ ਪ੍ਰਦੇਸ਼ ਵੀ ਸ਼ਾਮਲ ਸਨ। ਸਪੀਕਰ ਸਾਹਿਬ, ਪੰਜਾਬ ਦੇ ਦਸਤਕਾਰ ਨੇ., ਇੰਡਸਟਰੀਲਿਸਟ ਨੇ ਅੱਤਵਾਦ ਦੇ ਖਿਲਾਫ ਲੜਾਈ ਲੜੀ ਹੈ ਅਤੇ ਉਸ ਨੂੰ ਬਹੁਤ ਨੁਕਸਾਨ ਉਠਾਉਣਾ ਪਿਆ ਹੈ। ਇਸ ਕਰਕੇ ਮੈਂ ਸਮਝਦਾ ਹਾਂ ਕਿ ਜਿਥੇ ਸੈਂਟਰ ਨੇ ਇਸ ਸਕੀਮ ਵਿਚ ਕੁਝ ਦੂਸਰੇ ਰਾਜਾਂ ਨੂੰ ਛੋਟ ਦਿੱਤੀ ਹੈ, ਉਸੇ ਤਰ੍ਹਾਂ ਹੀ ਪੰਜਾਬ ਨੂੰ ਵੀ ਇਸ ਲਿਸਟ ਵਿਚ ਇਨਕਲੂਡ ਕਰਨਾ ਚਾਹੀਦਾ ਸੀ ਲੇਕਿਨ ਸਾਡੇ ਇਸ ਬਜਟ ਵਿਚ ਇਸ ਗੱਲ ਦਾ ਕੋਈ ਜ਼ਿਕਰ ਨਹੀਂ ਹੈ ਕਿ ਪੰਜਾਬ ਸਰਕਾਰ ਵੀ ਇਸ ਚੀਜ਼ ਵਾਸਤੇ ਕੇਂਦਰ ਸਰਕਾਰ ਨਾਲ ਕੋਈ ਗਲਬਾਤ ਕਰ ਰਹੀ ਹੈ ਅਤੇ ਇਹ ਮੁਦਾ ਉਠਾ ਰਹੀ ਹੈ ਜਾਂ ਕੇਂਦਰ ਤੇ ਕੋਈ ਦਬਾਅ ਪਾ ਰਹੀ ਹੈ। ਜਿਸ ਰਾਜ ਦੀ ਇੰਡਸਟਰੀ ਨੇ ਅਤਵਾਦ ਦੇ ਖ਼ਿਲਾਫ਼ ਇੰਨੀ ਲੰਮੀ ਲੜਾਈ ਲੜੀ ਹੈ, ਉਸ ਰਾਜ ਦੀ ਇੰਡਸਟਰੀ ਵਾਸਤੇ ਇਥੇ ਪੰਜਾਬ ਵਿਚ ਟੈਕਸ ਹੋਲੀਡੇਅ ਕਿਉਂ ਨਹੀਂ ਦਿੱਤਾ ਜਾ ਸਕਦਾ ? ਇਹ ਰਿਆਇਤ ਇਥੇ ਵੀ ਦਿੱਤੀ ਜਾਣੀ ਚਾਹੀਦੀ ਸੀ ਜਿਸ ਨਾਲ ਇਥੋਂ ਦਾ ਜੋ ਦਸਤਕਾਰ ਹੈ, ਇੰਡਸਟਰੀਲਿਸਟ ਹੈ, ਉਸ ਦਾ ਹੌਸਲਾ ਵੱਧਦਾ।

ਇਸ ਬਜਟ ਵਿਚ ਇੰਡਸਟਰੀ ਵਾਸਤੇ ਜਿਹੜਾ ਪੈਸਾ ਰਖਿਆ ਗਿਆ ਹੈ, ਉਸ ਵਿਚੋਂ ਕਾਟੇਜ਼ ਅਤੇ ਸਮਾਲ ਸਕੇਲ ਇੰਡਸਟਰੀ ਵਾਸਤੇ ਬਹੁਤ ਥੋੜ੍ਹਾ ਪੈਸਾ ਰਖਿਆ ਗਿਆ ਹੈ। ਜੇ ਦੇਖਿਆ ਜਾਵੇ ਤਾਂ ਪੈਸਾ ਤਾਂ ਲਾਰਜ ਅਤੇ ਮੀਡੀਅਮ ਸਕੇਲ ਇੰਡਸਟਰੀ ਵਾਸਤੇ ਵੀ ਘੱਟ ਹੈ ਲੇਕਿਨ ਜਿਸ ਤਰ੍ਹਾਂ ਦੀ ਪੰਜਾਬ ਦੀ ਅੱਜ ਹਾਲਤ ਹੈ, ਜੇ ਕਾਟੇਜ਼ ਅਤੇ ਸਮਾਲ ਸਕੇਲ ਇੰਡਸਟਰੀ ਨੂੰ ਤਰਜੀਹ ਨਾ ਦਿੱਤੀ ਗਈ, ਉਨ੍ਹਾਂ ਦੀ ਆਮਦਨੀ ਵਧਾਉਣ ਵਾਸਤੇ ਜ਼ਿਆਦਾ ਸਹੂਲਤਾਂ ਨਾ ਦਿੱਤੀਆਂ ਗਈਆਂ, ਅਨੁਸੂਚਿਤ ਜਾਤੀਆਂ, ਪਛੜੀਆਂ ਸ਼੍ਰੇਣੀਆਂ ਅਤੇ ਇਸਤਰੀਆਂ ਨੂੰ ਇਸ ਮਾਮਲੇ ਵਿਚ ਤਰਜੀਹ ਨਾ ਦਿੱਤੀ ਗਈ ਤਾਂ ਟੋਟਲ ਸਮਾਜ ਦੀ ਜੋ ਉਨਤੀ ਹੈ, ਉਹ ਨਹੀਂ ਹੋ ਸਕਦੀ। ਖਾਸ ਕਰਕੇ ਜਦ ਤੱਕ ਪਿੰਡਾਂ ਵਿਚ ਇਸ ਤਰ੍ਹਾਂ ਦੀ ਤਰਜੀਹ ਨਹੀਂ ਦਿੱਤੀ ਜਾਂਦੀ ਉਨਾ ਚਿਰ ਅਸੀਂ ਤਰੱਕੀ ਨਹੀਂ ਕਰ ਸਕਦੇ। ਅਸੀਂ ਪਿੰਡਾਂ ਦੇ ਜੀਵਨ ਸਤਰ ਨੂੰ ਉਚਾ ਕਰਨ ਦੀ ਗੱਲ ਆਮ ਕਰਕੇ ਕਰਦੇ ਹਾਂ। ਇਥੇ ਇਸ ਸਿਲਸਿਲੇ ਵਿਚ ਉਨਤ ਗਰਾਮ ਸਕੀਮ ਲਾਗੂ ਕਰਨ ਦੀ ਗੱਲ ਵੀ ਕੀਤੀ ਗਈ ਹੈ ਲੇਕਿਨ ਜਦ ਤਕ ਪਿੰਡਾਂ ਦੇ ਆਰਥਿਕ ਪਹਿਲੂ ਨੂੰ ਉਚਾ ਨਹੀਂ ਚੁਕਿਆ ਜਾਂਦਾ, ਉਨਾ ਚਿਰ ਸਾਡੇ ਪਿੰਡਾਂ ਦਾ ਅਤੇ ਸਮੁੱਚੇ ਪੰਜਾਬ ਦਾ ਵਿਕਾਸ ਨਹੀਂ ਹੋ ਸਕਦਾ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਿੱਤ ਮੰਤਰੀ ਜੀ ਦਾ ਧਿਆਨ ਇਸ ਗੱਲ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਇਨ੍ਹਾਂ ਵਾਸਤੇ ਹੋਰ ਪੈਸਾ ਰਖਿਆ ਜਾਣਾ ਚਾਹੀਦਾ ਹੈ। ਅਗਰ ਤੁਹਾਡੇ ਕੋਲ ਪੈਸਾ ਘੱਟ ਹੈ ਤਾਂ ਕਿਸੇ ਹੋਰ ਪਾਸਿਉਂ ਖਰਚੇ ਘਟਾ ਕੇ ਇਨ੍ਹਾਂ ਨੂੰ ਦਿਉ। ਇਥੇ ਕਿਹਾ ਗਿਆ ਹੈ ਕਿ ਬਿਉਰੋਕਰੇਸੀ, ਸਾਡੀ ਰਿਕੁਆਇਰਮੈਂਟ ਤੋਂ ਜ਼ਿਆਦਾ ਹੈ, ਇਸ ਨੂੰ ਘਟਾਉਣ ਅਤੇ ਐਡਮਨਿਸਟਟਿਵ ਐਕਸਪੈਂਡੀਚਰ ਨੂੰ ਘਟਾਉਣ ਬਾਰੇ ਵੀ ਇਥੇ ਕਿਹਾ ਗਿਆ ਹੈ। ਇਹ ਚੰਗੀ ਗੱਲ ਹੈ ਲੇਕਿਨ ਇਹ ਜਿਹੜਾ ਡੇਫੀਸਿਟ ਦਾ ਬਜਟ ਹੈ, ਇਸ ਨੂੰ ਕਿਸ ਤਰੀਕੇ ਨਾਲ ਪੂਰਾ ਕੀਤਾ

ਜਾਵੇਗਾ, ਇਹ ਦੱਸਿਆ ਨਹੀਂ ਗਿਆ। ਹਾਲੇ ਤਾਂ ਕਾਰਪੋਰੇਸ਼ਨਾਂ ਦੇ ਚੇਅਰਮੈਨ ਵੀ ਬਣਨੇ ਹਨ ਜਿਸ ਵਾਸਤੇ ਬੜੀ ਲੰਮੀ ਲਾਈਨ ਲੱਗੀ ਹੋਈ ਹੈ। ਫਿਰ ਲੈਜਿਸਲੇਟਿਵ ਕੌਂਸਲ ਨੂੰ ਰਿਵਾਈਜ਼ ਕਰਨ ਦੀ ਗੱਲ ਵੀ ਕੀਤੀ ਜਾ ਰਹੀ ਹੈ। ਉਸ ਨਾਲ ਵੀ 100 ਕਰੋੜ ਰੁਪਏ ਦਾ ਖਰਚਾ ਹੋਰ ਵਧੇਗਾ। ਇਨ੍ਹਾਂ ਗੱਲਾਂ ਨਾਲ ਤਾਂ ਖਰਚਾ ਘਟਣ ਦੀ ਬਜਾਏ ਹੋਰ ਵਧੇਗਾ। ਕੀ ਇਨ੍ਹਾਂ ਚੀਜ਼ਾਂ ਨਾਲ ਪੰਜਾਬ ਦੀ ਆਮ ਜਨਤਾ ਤੇ ਹੋਰ ਬੋਝ ਨਹੀਂ ਪਵੇਗਾ ?

ਸਰਦਾਰ ਗੁਰਬਿਦਰ ਸਿੰਘ ਅਟਵਾਲ : ਪੁਆਇੰਟ ਆਫ ਆਰਡਰ, ਸਪੀਕਰ ਸਾਹਿਬ।

ਸ੍ਰੀ ਸਪੀਕਰ : ਹਾਂ ਜੀ, ਅਟਵਾਲ ਜੀ, ਤੁਹਾਡਾ ਪੁਆਇੰਟ ਆਫ ਆਰਡਰ ਕੀ ਹੈ ਜੀ ?

ਸਰਦਾਰ ਗੁਰਬਿੰਦਰ ਸਿੰਘ ਅਟਵਾਲ : ** ** **

Mr. Speaker : This is no point of Order. No interruption. I do not want any interruption, please.

ਸ੍ਰੀ ਮਦਨ ਮੋਹਨ ਮਿੱਤਲ : ਸਰ, ਮੈਂ ਅਰਜ਼ ਕਰ ਰਿਹਾ ਸੀ ਕਿ ਆਫਟਰ ਆਲ ਪੰਜਾਬ ਦੀ ਜਨਤਾ ਨੂੰ ਇਹ ਹੱਕ ਹੈ, ਹੁਣ ਪੰਜਾਬ ਦੇ ਵਿੱਚ ਪਾਪੂਲਰ ਗੌਰਮਿੰਟ ਹੈ **This is the only difference between the popular Government and bureaucratic set up** ਇਸ ਬਾਰੇ ਜਾਣਨ ਦਾ ਪੰਜਾਬ ਦੀ ਜਨਤਾ ਨੂੰ ਹੱਕ ਹੈ ਕਿ ਕੀ ਇਸ ਦਾ ਬੋਝ ਕਿਤੇ ਸਾਡੇ ਤੇ ਤਾਂ ਨਹੀਂ ਪਾਇਆ ਜਾ ਰਿਹਾ ? ਇਸ ਵਾਸਤੇ ਐਸ਼ੋਰੈਂਸ ਆਉਣੀ ਚਾਹੀਦੀ ਸੀ ਕਿ ਨਹੀਂ ? ਇਸ ਕਾਰਨ ਕਰਕੇ ਜਨਤਾ ਦੇ ਵਿੱਚ ਕਾਫੀ ਹਿਲਜੁਲ ਹੈ। ਮੈਂ, ਸਰ, ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜੋ ਅਨਇੰਪਲਾਇਡ ਯੂਥ ਹੈ ਉਸ ਦੇ ਵਾਸਤੇ ਨਵੇਂ ਐਵੀਨਿਊ ਦੀ ਗੱਲ ਇਸ ਬਜਟ ਦੇ ਵਿੱਚ ਨਹੀਂ ਕੀਤੀ ਗਈ। ਠੀਕ ਹੈ, ਇਨ੍ਹਾਂ ਨੇ ਕਿਹਾ ਸੀ ਕਿ ਟ੍ਰੇਨਿੰਗ ਦਿਆਂਗੇ ਪਰ ਟ੍ਰੇਨਿੰਗ ਦੇਣ ਤੋਂ ਬਾਅਦ ਉਨ੍ਹਾਂ ਨੂੰ ਇੰਪਲਾਇਮੈਂਟ ਦੇਣ ਵਾਸਤੇ ਜੋ ਅਦਾਰੇ ਹੋਣੇ ਚਾਹੀਦੇ ਸੀ ਉਸ ਬਾਰੇ ਇਨ੍ਹਾਂ ਨੇ ਕੁਝ ਨਹੀਂ ਕਿਹਾ। ਬਜਟ ਸਪੀਚ ਵਿੱਚ ਕਿਹਾ ਗਿਆ ਹੈ ਕਿ ਅਸੀਂ ਤਿੰਨ ਪਾਲੀਟੈਕਨਿਕ ਇੰਸਟੀਚਿਊਟ ਖੋਲਾਂਗੇ, ਬੜੇ ਅਫਸੋਸ ਦੀ ਗੱਲ ਹੈ ਕਿ 1992-93 ਦੀ ਬਜਟ ਸਪੀਚ ਦੇ ਸਫਾ ਨੰ: 50 ਤੇ ਵੀ ਇਹ ਤਿੰਨ ਇੰਸਟੀਚਿਊਟ ਖੋਲ੍ਹਣ ਬਾਰੇ ਕਿਹਾ ਗਿਆ ਔਰ ਹੁਣ ਵੀ ਇਹ ਲਿਖਿਆ ਗਿਆ ਹੈ। ਇਸ ਤੋਂ ਸਾਫ ਪਤਾ ਲਗਦਾ ਹੈ ਕਿ ਅਸੀਂ ਜੋ ਪਹਿਲਾਂ ਪਿਛਲੇ ਵਾਰ ਕੁਮਿਟਮੈਂਟ ਕੀਤੀ ਸੀ ਉਸ ਨੂੰ ਪੂਰਾ ਨਹੀਂ ਕਰ ਰਹੇ। ਕੀ ਅਸੀਂ ਹੁਣ ਇਹ ਸੋਚ ਸਕਾਂਗੇ ਕਿ ਜੋ ਸਰਕਾਰ ਨੇ ਇਸ ਵਿੱਚ ਕਿਹਾ ਹੈ ਆਉਣ ਵਾਲੇ ਸਮੇਂ ਵਿੱਚ ਉਸਨੂੰ ਉਹ ਪੂਰਾ ਕਰੇਗੀ ਔਰ ਲੋਕਾਂ ਨੂੰ ਕੋਈ ਪ੍ਰਾਪਤੀ ਹੋ ਸਕੇਗੀ।

ਸਰ, ਨਗਰ ਨਿਗਮਾਂ ਦੀਆਂ ਬੱਸਾਂ ਘਾਟੇ ਵਿੱਚ ਚੱਲ ਰਹੀਆਂ ਹਨ। ਇਸ ਬਾਰੇ ਸਾਨੂੰ ਸਭ ਨੂੰ ਪਤਾ ਹੈ ਔਰ ਮੰਤਰੀ ਜੀ ਨੂੰ ਵੀ ਇਸ ਬਾਰੇ ਪੂਰਾ ਪਤਾ ਹੈ ਪਰ ਬੜੇ ਅਫਸੋਸ ਦੀ ਗੱਲ ਹੈ ਕਿ ਇਸ ਦੇ ਬਾਵਜੂਦ ਵੀ ਇਥੇ ਇਹ ਕਿਹਾ ਗਿਆ ਹੈ ਕਿ ਇਹ ਬੱਸਿਜ਼ ਨੂੰ ਸਰਕਾਰ ਸੰਭਾਲ ਲਵੇਗੀ। ਪੰਜਾਬ ਰੋਡਵੇਜ਼ ਅਤੇ ਪੰਜਾਬ ਦੀਆਂ ਹੋਰ ਵੀ ਜੋ ਅੰਡਰਟੇਕਿੰਗਜ਼ ਹਨ ਉਹ ਪਹਿਲਾਂ ਹੀ ਘਾਟੇ ਦੇ ਵਿੱਚ ਚੱਲ ਰਹੀਆਂ ਹਨ। ਮੇਰਾ ਔਰ ਮੇਰੀ ਪਾਰਟੀ ਦਾ ਇਹ ਮਤ ਹੈ, ਸ਼ਾਇਦ ਸਰਕਾਰ ਵੀ ਇਸ ਨਾਲ

**Expunged as ordered by the Chair.

[ਸ਼੍ਰੀ ਮਦਨ ਮੋਹਨ ਮਿੱਤਲ]

ਸਹਿਮਤ ਹੋਵੇ ਕਿ ਜਿਨੇ ਵੀ ਬੇਰੋਜ਼ਗਾਰ ਹਨ, ਐਕਸ ਸਰਵਿਸਮੈਨ ਹਨ ਜਾਂ ਟੈਰੋਰਿਸਟ ਵਿਕਟਮਜ਼ ਹਨ ਜਾਂ ਅਨੁਸੂਚਿਤ ਜਾਤੀਆਂ ਦੇ ਹਨ ਉਨ੍ਹਾਂ ਨੂੰ ਅਸੀਂ ਇਹ ਪ੍ਰਾਈਵੇਟ ਪਰਮਿੱਟ ਦੇ ਦੇਈਏ। ਇਸ ਦੇ ਵਿੱਚ ਸ਼ਡਿਊਲਡ ਕਾਸਟਸ ਦੇ ਨੁਮਾਇੰਦੇ ਵੀ ਸ਼ਾਮਲ ਕੀਤੇ ਜਾਣ। ਉਨ੍ਹਾਂ ਨੂੰ ਇਹ ਪਰਮਿਟ ਦੇ ਕੇ, ਰੇਟ ਫਿਕਸ ਕਰਕੇ ਕੰਪਟੀਸ਼ਨ ਤੇ ਇਨ੍ਹਾਂ ਨੂੰ ਚਲਵਾਇਆ ਜਾਵੇ। ਇਸ ਨਾਲ ਲੋਕਾਂ ਨੂੰ ਅੱਛੀ ਬਸ ਸਰਵਿਸ ਮਿਲੇਗੀ ਔਰ ਟਰਾਂਸਪੋਰਟ ਦੇ ਕੰਮ ਵਿੱਚ ਸੁਧਾਰ ਵੀ ਹੋਵੇਗਾ। ਦਿੱਲੀ ਵਿੱਚ ਵੀ ਪਹਿਲਾਂ ਡੀ.ਟੀ.ਯੂ. ਦੀਆਂ ਬੱਸਾਂ ਚਲਦੀਆਂ ਸਨ ਪਰ ਜਦੋਂ ਉਨ੍ਹਾਂ ਨੇ ਦੇਖਿਆ ਕਿ ਅਸੀਂ ਇਹ ਸਰਵਿਸ ਪੂਰੀ ਤਰ੍ਹਾਂ ਨਹੀਂ ਕਰ ਸਕਦੇ ਤਾਂ ਉਨ੍ਹਾਂ ਨੇ ਪ੍ਰਾਈਵੇਟ ਲੋਕਾਂ ਨੂੰ ਕੰਪਟੀਸ਼ਨ ਤੇ ਬੱਸ ਸਰਵਿਸ ਚਲਾਉਣ ਵਾਸਤੇ ਪਰਮਿਸ਼ਨ ਦੇ ਦਿੱਤੀ ਔਰ ਅੱਜ ਦਿੱਲੀ ਦੇ ਵਿੱਚ ਪ੍ਰਾਈਵੇਟ ਬੱਸ ਸਰਵਿਸ ਬੜੀ ਅੱਛੀ ਸਰਵਿਸ ਦੇ ਰਹੀ ਹੈ। ਰੇਟ ਸਰਕਾਰ ਫਿਕਸ ਕਰ ਦਿੰਦੀ ਹੈ ਔਰ ਇਸ ਤਰ੍ਹਾਂ ਅਨਇੰਪਲਾਇਡ ਲੋਕਾਂ ਨੂੰ ਇੰਪਲਾਇਮੈਂਟ ਦੇ ਰਹੀ ਹੈ। ਚੀਫ਼ ਮਨਿਸਟਰ ਸਾਹਿਬ ਅਤੇ ਟਰਾਂਸਪੋਰਟ ਮੰਤਰੀ ਜੀ ਇਸ ਗੱਲ ਨੂੰ ਵੀ ਦੇਖਣ ਕਿ ਬਸਾਂ ਦੇ ਕਿਰਾਏ ਹੋਰ ਨਾ ਵਧਾਏ ਜਾਣ. ਇਸ ਨਾਲ ਲੋਕਾਂ ਤੇ ਐਕਸਟਰਾ ਬਰਡਨ ਪੈਂਦਾ ਹੈ।

ਸਪੀਕਰ ਸਾਹਿਬ, ਪਬਲਿਕ ਡਿਸਟਰੀਬਿਊਸ਼ਨ ਸਿਸਟਮ ਬਾਰੇ ਵੀ ਬਜਟ ਵਿੱਚ ਕੁਝ ਨਹੀਂ ਕਿਹਾ ਗਿਆ। ਜੋ ਗਰੀਬ ਆਦਮੀ ਹੈ, ਜਿਸ ਦੀ ਆਮਦਨੀ ਘੱਟ ਹੈ ਜੋ ਕਿ ਡੇਲੀ ਵੇਜਿਜ਼ ਤੇ ਕੰਮ ਕਰਦਾ ਹੈ ਅਤੇ ਜਿਸ ਦੇ ਆਮਦਨੀ ਦੇ ਸਾਧਨ ਵੀ ਬਹੁਤ ਘਟ ਹਨ ਉਸ ਨੂੰ ਹੋਰ ਅਛਾ ਬਣਾਉਣ ਦੇ ਸਰਕਾਰ ਵੱਲੋਂ ਕੀ ਉਪਰਾਲੇ ਕੀਤੇ ਜਾਣਗੇ? ਇਸ ਦੇ ਬਾਰੇ ਬਜਟ ਵਿੱਚ ਕੁਝ ਨਹੀਂ ਲਿਖਿਆ ਗਿਆ। **we have left it to the wind.** ਲੋੜ ਇਹ ਸੀ ਕਿ ਉਨ੍ਹਾਂ ਗਰੀਬ ਆਦਮੀਆਂ ਨੂੰ ਖਾਣ-ਪੀਣ ਵਾਲੇ ਪ੍ਰਦਾਰਥ ਜੋ ਮਿਲਦੇ ਹਨ ਉਨ੍ਹਾਂ ਦੀ ਮਿਕਦਾਰ ਵਿੱਚ ਵਾਧਾ ਕੀਤਾ ਜਾਂਦਾ ਔਰ ਚੀਜ਼ਾਂ ਦੇ ਰੇਟ ਘਟਾਏ ਜਾਂਦੇ। ਗੌਰਮਿੰਟ ਆਪਣੇ ਖਜ਼ਾਨੇ ਵਿੱਚੋਂ ਸਬਸੀਡਾਈਜ਼ ਕਰਕੇ ਚੀਜ਼ਾਂ ਦੇ ਰੇਟ ਘਟਾਉਂਦੀ ਕਿਉਂਕਿ ਪਲਸਿਜ਼ ਦੇ ਰੇਟ ਵੱਧ ਗਏ ਹਨ, ਖਾਣ ਵਾਲੀਆਂ ਹਰ ਵਸਤਾਂ ਦੇ ਰੇਟ ਵੱਧ ਗਏ ਹਨ, ਇਸ ਕਰਕੇ ਸਰਕਾਰ ਨੂੰ ਚਾਹੀਦਾ ਹੈ ਕਿ ਜੋ ਲੋਕ ਪਬਲਿਕ ਡਿਸਟਰੀਬਿਊਸ਼ਨ ਸਿਸਟਮ ਤੋਂ ਸਾਮਾਨ ਲੈਂਦੇ ਹਨ ਉਨ੍ਹਾਂ ਨੂੰ ਹੈਲਪ ਕਰਨ ਵਾਸਤੇ ਕੋਈ ਉਪਰਾਲਾ ਕਰਦੀ ਪਰ ਬਜਟ ਦੇ ਵਿੱਚ ਇਸ ਬਾਰੇ ਕੋਈ ਜ਼ਿਕਰ ਤਕ ਨਹੀਂ ਕੀਤਾ ਗਿਆ ਹੈ। ਇਸ ਤਰ੍ਹਾਂ ਨਾ ਕਰਨ ਦੇ ਨਾਲ ਸੋਸਾਇਟੀ ਦੇ ਵਿੱਚ ਅਸੰਤੁਲਨ ਪੈਦਾ ਹੋ ਜਾਏਗਾ। How will they be able to meet their two times meal ਔਰ ਇਸ ਨਾਲ ਬਹੁਤ ਵੱਡਾ ਖਲਾਅ ਪੈਦਾ ਹੋ ਜਾਏਗਾ।

ਸਪੀਕਰ ਸਾਹਿਬ, ਇਰੀਗੇਸ਼ਨ ਦੇ ਬਾਰੇ ਕਿਹਾ ਗਿਆ ਹੈ ਕਿ ਅਸੀਂ 90 ਪ੍ਰਤੀਸ਼ਤ ਤੋਂ ਵੱਧ ਜ਼ਮੀਨ ਇਰੀਗੇਸ਼ਨ ਦੇ ਅੰਡਰ ਲਿਆਂਦੀ ਹੈ। ਲੇਕਿਨ ਰੋਪੜ ਔਰ ਹੁਸ਼ਿਆਰਪੁਰ ਜ਼ਿਲ੍ਹੇ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਇਸ ਵਿੱਚ ਜੋ ਜ਼ਮੀਨ ਅੰਡਰ ਇਰੀਗੇਸ਼ਨ ਆਈ ਹੈ ਉਹ 60 ਪੁਆਇੰਟ ਕੁਝ ਹੈ। ਮੰਤਰੀ ਜੀ ਵੀ ਖੁਦ ਹੁਸ਼ਿਆਰਪੁਰ ਨੂੰ ਬੀਲੌਂਗ ਕਰਨ ਹਨ ਔਰ ਮੇਰਾ ਆਪਣਾ ਹਲਕਾ ਵੀ ਨਾਲ ਲਗਦਾ ਹੈ। ਮੈਂ ਬੇਨਤੀ ਕਰਾਂਗਾ ਕਿ ਦੋਨੋਂ ਜ਼ਿਲ੍ਹੇ ਅਜਿਹੇ ਹਨ ਜਿਨ੍ਹਾਂ ਨੇ ਬਿਜਲੀ ਦੇ ਉਤਪਾਦਨ ਵਾਸਤੇ ਸਭ ਤੋਂ ਵੱਧ ਹਿੱਸਾ ਪਾਇਆ। ਅੱਜ ਤੋਂ ਨਹੀਂ, ਜਦੋਂ ਤੋਂ ਹਿੰਦੁਸਤਾਨ ਵਿੱਚ ਬਿਜਲੀ ਪੈਦਾ ਕਰਨ ਦਾ ਰੈਵੋਲਿਊਸ਼ਨ ਸ਼ੁਰੂ ਹੋਇਆ ਹੈ, ਪੰਜਾਬ ਵਿੱਚ ਸਭ ਤੋਂ ਵੱਧ ਹਿੱਸਾ ਦੋ ਜ਼ਿਲ੍ਹਿਆਂ ਨੇ ਪਾਇਆ ਹੈ। ਇਨ੍ਹਾਂ ਨੇ ਸਭ ਤੋਂ ਵੱਧ ਜ਼ਮੀਨ ਦਿੱਤੀ, ਦੋ ਜ਼ਿਲ੍ਹਿਆਂ ਨੇ ਵੱਧ ਮਿਹਨਤ ਕੀਤੀ, ਕੁਰਬਾਨੀ ਵੀ ਦਿੱਤੀ ਲੇਕਿਨ ਫਿਰ ਵੀ ਅੱਜ ਸਾਡੇ ਇਹ ਦੋਨੋਂ ਜ਼ਿਲ੍ਹੇ 30 ਪ੍ਰਤੀਸ਼ਤ ਘੱਟ ਜ਼ਮੀਨ ਨੂੰ ਇਰੀਗੇਟ ਕਰ

ਰਹੇ ਹਨ। ਸਾਡੇ ਉਨ੍ਹਾਂ ਲੋਕਾਂ ਦੇ ਮਨਾਂ ਵਿਚ ਖਦਸ਼ਾ ਹੈ ਕਿ ਅਸੀਂ ਮੈਨ-ਪਾਵਰ ਵੀ ਵੱਧ ਲਗਾਈ, ਜ਼ਮੀਨ ਵੀ ਦਿੱਤੀ, ਲੋਕਾਂ ਨੇ ਕੁਰਬਾਨੀਆਂ ਵੀ ਦਿੱਤੀਆਂ ਜਦੋਂ ਬਲਾਸਟ ਵਗੈਰਾ ਹੁੰਦੇ ਸਨ why the Government has not paid extra attention towards the area? ਜ਼ਿਲ੍ਹਾ ਰੋਪੜ ਅਤੇ ਕੰਢੀ ਏਰੀਏ ਵਿੱਚ ਡੀਪ ਟਿਊਬਵੈਲ ਲਗਾਉਣ ਦੀ ਸਕੀਮ ਸ਼ੁਰੂ ਹੋਈ ਪਰ ਉਥੇ ਜਿਸ ਜ਼ੋਰ ਨਾਲ ਇਸ ਸਕੀਮ ਨੂੰ ਲਾਗੂ ਕਰਨਾ ਚਾਹੀਦਾ ਸੀ, ਉਸ ਤਰੀਕੇ ਨਾਲ ਲਾਗੂ ਨਹੀਂ ਹੋਈ। ਹਾਲੇ ਵੀ ਬਹੁਤ ਸਾਰੇ ਟਿਊਬਵੈਲਾਂ ਦੀ ਡਿਮਾਂਡ ਉਥੇ ਹੈ। ਮੈਂ ਨਿਵੇਦਨ ਕਰਨਾ ਚਾਹੁੰਦਾ ਹਾਂ ਕਿ ਜੇਕਰ ਸਰਕਾਰ ਉਥੇ ਉਪਰਾਲੇ ਕਰਕੇ ਇਰੀਗੇਸ਼ਨ ਦੇ ਵੱਧ ਸਾਧਨ ਜੁਟਾ ਕੇ ਵੱਧ ਤੋਂ ਵੱਧ ਜ਼ਮੀਨ ਇਰੀਗੇਟ ਕਰ ਲਵੇ ਤਾਂ ਮੇਰਾ ਇਹ ਨਿੱਜੀ ਨਿਸ਼ਚਾ ਹੈ ਕਿ ਜਿਹੜੇ ਸਾਡੇ ਨੌਜਵਾਨਾਂ ਵਿੱਚ ਬੇਰੁਜ਼ਗਾਰੀ ਦੀ ਏਡੀ ਵੱਡੀ ਲਾਈਨ ਲੱਗੀ ਹੋਈ ਹੈ, ਉਸ ਨੂੰ ਘੱਟ ਕੀਤਾ ਜਾ ਸਕਦਾ ਹੈ। ਜੇਕਰ ਇਰੀਗੇਸ਼ਨ ਰਾਹੀਂ ਅਸੀਂ ਉਸ ਜ਼ਮੀਨ ਨੂੰ ਡਿਵੈਲਪ ਕਰ ਲਈਏ ਤਾਂ ਉਸ ਨਾਲ ਅਸੀਂ ਇੰਪਲਾਇਮੈਂਟ ਵੀ ਡਿਵੈਲਪ ਕਰ ਸਕਾਂਗੇ। ਉਥੇ ਨੌਜਵਾਨ ਪਸ਼ੂ ਪਾਲਣ ਦਾ ਕੰਮ ਚਲਾ ਸਕਦੇ ਹਨ। ਉਸ ਵਾਸਤੇ ਚਾਰਾ ਵਗੈਰਾ ਚਾਹੀਦਾ ਹੈ ਅਤੇ ਚਾਰੇ ਵਾਸਤੇ ਪਾਣੀ ਜ਼ਰੂਰ ਚਾਹੀਦਾ ਹੈ ਜੇਕਰ ਪਾਣੀ ਹੀ ਨਹੀਂ ਤਾਂ ਕੁਝ ਨਹੀਂ ਹੋ ਸਕਦਾ। ਸਾਨੂੰ ਜਿੰਨੀ ਜਲਦੀ ਹੋ ਸਕੇ ਉਸ ਏਰੀਏ ਨੂੰ ਡਿਵੈਲਪ ਕਰਨ ਵਾਸਤੇ ਉਥੇ ਟਿਊਬਵੈਲਾਂ ਦੀ ਗਿਣਤੀ ਨੂੰ ਹੋਰ ਵਧਾਉਣਾ ਚਾਹੀਦਾ ਹੈ। ਜਿਹੜੀ ਵਰਲਡ ਬੈਂਕ ਦੀ ਸਕੀਮ ਅਧੀਨ ਪੈਸਾ ਆਉਣਾ ਸੀ, ਉਹ ਪੈਸਾ ਪੂਰਾ ਨਹੀਂ ਆਇਆ। ਉਸ ਦੇ ਨਾਲ ਕੀ ਹੋਇਆ ਕਿ ਜਿੰਨੀਆਂ ਵੀ ਟਿਊਬਵੈਲ ਲਗਾਉਣ ਦੀਆਂ ਸਕੀਮਾਂ ਸਨ, ਉਹ ਸਾਰੀਆਂ ਸਟੈਂਡ-ਸਟਿੱਲ ਹੋ ਗਈਆਂ। ਰੋਪੜ ਜ਼ਿਲ੍ਹੇ ਵਿੱਚ 73 ਟਿਊਬਵੈਲ ਲਗਾਉਣ ਦੀ ਸਕੀਮ ਡਿਕਲੇਅਰ ਹੋਈ ਸੀ ਪਰ ਡੇਢ ਸਾਲ ਪੈਸਾ ਆਉਣਾ ਹੀ ਡਿਲੇਅ ਹੋ ਗਿਆ। ਮੈਂ ਵਿੱਤ ਮੰਤਰੀ ਜੀ ਨੂੰ ਕਹਾਂਗਾ ਕਿ ਅਗਰ ਵਰਲਡ ਬੈਂਕ ਦੀ ਸਕੀਮ ਵਿੱਚ ਪੈਸਾ ਆਉਣਾ ਡਿਲੇਅ ਹੋ ਗਿਆ ਹੈ ਤਾਂ ਉਨ੍ਹਾਂ ਨੂੰ ਇਸ ਪਾਸੇ ਵੱਲ ਹੋਰ ਪੈਸਾ ਵਧਾਉਣਾ ਚਾਹੀਦਾ ਹੈ ਪਰ ਬੱਜਟ ਦੇ ਵਿੱਚ ਇਸ ਤਰ੍ਹਾਂ ਦਾ ਕੋਈ ਵੀ ਜ਼ਿਕਰ ਨਹੀਂ ਹੈ।

ਸਪੀਕਰ ਸਾਹਿਬ, ਇਕ ਮੇਰੇ ਸਾਥੀ ਨੇ ਐਗਰੀਕਲਚਰ ਦਾ ਜ਼ਿਕਰ ਕੀਤਾ ਹੈ। ਅਸੀਂ ਖੇਤੀਬਾੜੀ ਵਿੱਚ ਗਰੀਨ ਰੈਵੋਲਿਊਸ਼ਨ ਲਿਆਂਦਾ ਹੈ ਅਤੇ ਇਸ ਰੈਵੋਲਿਊਸ਼ਨ ਨੂੰ ਲਿਆਉਣ ਵਿੱਚ ਸਾਡੀ ਐਗਰੀ-ਕਲਚਰਲ ਯੂਨੀਵਰਸਿਟੀ ਦਾ ਬੜਾ ਵੱਡਾ ਯੋਗਦਾਨ ਰਿਹਾ ਹੈ। ਇਸ ਯੂਨੀਵਰਸਿਟੀ ਦਾ ਜੋ ਸਟੇਟੱਸ ਹੈ ਉਹ ਕਾਇਮ ਰਹਿਣਾ ਚਾਹੀਦਾ ਹੈ। ਲੇਕਿਨ ਅੱਜ ਕੱਲ ਜੋ ਕੁਝ ਉਥੇ ਹੋ ਰਿਹਾ ਹੈ ਉਹ ਬੜਾ ਅਲਾਰਮਿੰਗ ਹੈ। ਉਥੇ ਯੂਨੀਵਰਸਿਟੀ ਵਿੱਚ ਪਾਲਿਟਿਕਸ ਚਲ ਰਹੀ ਹੈ ਅਤੇ ਮੈਨੇਜਮੈਂਟ ਦੇ ਵਿੱਚ ਗਰੁੱਪਬੰਦੀ ਬਣੀ ਹੋਈ ਹੈ। ਸਾਡੀ ਯੂਨੀਵਰਸਿਟੀ ਵਿੱਚ ਬੜੇ ਟੇਲੈਂਟਿਡ ਲੋਕ ਹਨ। ਕਿਤੇ ਇਸ ਤਰ੍ਹਾਂ ਨਾ ਹੋਵੇ ਕਿ ਜਿਵੇਂ ਇਕ ਮੈਥੇਮੇਟੀਸ਼ੀਅਨ, ਜਿਸ ਬਾਰੇ ਤੁਸੀਂ ਵੀ ਪੜ੍ਹਿਆ ਹੋਵੇਗਾ, ਬੜਾ ਟੇਲੈਂਟਿਡ ਸੀ ਪਰ ਉਸ ਦੇ ਟੇਲੈਂਟ ਨੂੰ ਸਹੀ ਤਰ੍ਹਾਂ ਰਿਕੋਗਨਾਈਜ਼ਡ ਨਹੀਂ ਸੀ ਕੀਤਾ ਗਿਆ ਜਿਸ ਕਾਰਨ ਉਹ ਫਰੱਸਟਰੇਟ ਹੋ ਕੇ ਹੁਣ ਮੈਂਟਲ ਹੋ ਗਿਆ। ਇਸ ਤਰ੍ਹਾਂ ਸਾਡੀ ਯੂਨੀਵਰਸਿਟੀ ਦੇ ਟੇਲੈਂਟਿਡ ਲੋਕਾਂ ਨਾਲ ਨਾ ਹੋਵੇ। ਇਸ ਯੂਨੀਵਰਸਿਟੀ ਦਾ ਨਾਂ ਕੇਵਲ ਸਾਡੇ ਹਿੰਦੁਸਤਾਨ ਵਿੱਚ ਹੀ ਨਹੀਂ ਸਗੋਂ ਸਾਰੇ ਏਸ਼ੀਆ ਵਿੱਚ ਹੈ ਪਰ ਜਿਸ ਤਰੀਕੇ ਨਾਲ ਉਥੋਂ ਦਾ ਪ੍ਰਸ਼ਾਸਨ ਟੀਚਰਾਂ ਨਾਲ ਵਿਤਕਰਾ ਕਰ ਰਿਹਾ ਹੈ ਪਰਮੋਸ਼ਨਾਂ ਆਦਿ ਵਿਚ, ਇਸ ਕਾਰਨ ਅਜਿਹਾ ਨਾ ਹੋਵੇ ਕਿ ਜਿਹੜਾ ਸਾਡਾ ਖੇਤੀਬਾੜੀ ਦੇ ਵਿਕਾਸ ਦਾ ਟੀਚਾ ਹੈ ਉਸ ਉਤੇ ਕੋਈ ਅਸਰ ਪਵੇ। ਮੈਂ ਕਹਿਣਾ ਚਾਹੁੰਦਾ ਹਾਂ ਉਨ੍ਹਾਂ ਦੀਆਂ ਡਿਮਾਂਡਾਂ ਤਾਂ ਬਹੁਤ ਸਨ ਪਰ ਉਨ੍ਹਾਂ ਵਿਚੋਂ ਮੁੱਖ ਡਿਮਾਂਡਾਂ ਚਾਰ ਸਨ। ਉਨ੍ਹਾਂ ਨੇ ਸਟਰਾਈਕ ਕੀਤੀ। ਫਿਰ ਐਗਰੀਕਲਚਰਲ ਮੇਲਾ ਆ ਗਿਆ ਤਾਂ ਉਨ੍ਹਾਂ ਨੂੰ ਕਿਹਾ ਗਿਆ ਕਿ ਤੁਸੀਂ ਸਟਰਾਈਕ ਬੰਦ ਕਰ ਦਿਓ,

[ਸ਼੍ਰੀ ਮਦਨ ਮੋਹਨ ਮਿੱਤਲ]

ਤੁਹਾਡੀਆਂ ਜੈਨੂਅਨ ਡਿਮਾਂਡਾਂ ਅਸੀਂ ਪੂਰੀਆਂ ਕਰਾਂਗੇ ਅਤੇ ਉਨ੍ਹਾਂ ਨੇ in the interest of the state and the interest of the administration. ਆਪਣੀ ਐਜੀਟੇਸ਼ਨ ਸਸਪੈਂਡ ਕਰ ਦਿੱਤੀ ਲੇਕਿਨ ਹੁਣ ਤੱਕ ਉਨ੍ਹਾਂ ਦੀਆਂ ਡਿਮਾਂਡਾਂ ਮੰਨੀਆਂ ਨਹੀਂ ਗਈਆਂ ਸਪੀਕਰ ਸਾਹਿਬ, ਉਨ੍ਹਾਂ ਦੇ ਯੂ.ਜੀ.ਸੀ. ਦੇ ਗਰੇਡ ਦੀ ਕਲੀਅਰੈਂਸ, ਪਰਮੋਸ਼ਨ ਅਤੇ ਜਿਹੜਾ ਏਰੀਅਰ ਜਨਵਰੀ, 1973 ਤੋਂ ਜੁਲਾਈ 1983, ਤੱਕ ਦਾ ਬਣਦਾ ਸੀ, ਉਹ ਅਜੇ ਤੱਕ ਕਲੀਅਰ ਨਹੀਂ ਕੀਤਾ ਗਿਆ। ਮੈਂ ਸਮਝਦਾ ਹਾਂ ਕਿ ਉਨ੍ਹਾਂ ਦੀਆਂ ਇਨ੍ਹਾਂ ਛੋਟੀਆਂ ਛੋਟੀਆਂ ਮੰਗਾਂ ਨੂੰ ਜਲਦੀ ਤੋਂ ਜਲਦੀ ਇੰਟਰੈਸਟ ਲੈ ਕੇ ਹੱਲ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਸ਼੍ਰੀ ਸਪੀਕਰ: ਮਿੱਤਲ ਜੀ, ਇਹ ਯੂਨੀਵਰਸਿਟੀ ਦਾ ਇੰਟਰਨਲ ਮਾਮਲਾ ਹੈ, ਤੁਸੀਂ ਬਜਟ ਤੇ ਬੋਲੋ।

ਸ਼੍ਰੀ ਮਦਨ ਮੋਹਨ ਮਿੱਤਲ: ਇਹ ਬੜੀ ਖੁਸ਼ੀ ਦੀ ਗੱਲ ਹੈ ਕਿ ਚੋਣਾਂ ਦਾ ਬਜਟ ਵਿੱਚ ਜ਼ਿਕਰ ਹੈ। ਮਿਊਂਸਪਲ ਕਮੇਟੀਆਂ ਦੀਆਂ ਚੋਣਾਂ ਵੀ ਹੋ ਗਈਆਂ ਹਨ, ਪੰਚਾਇਤਾਂ ਦੀਆਂ ਚੋਣਾਂ ਵੀ ਹੋ ਗਈਆਂ ਹਨ ਅਤੇ ਅਸੀਂ ਗਰਾਸ ਰੂਟ ਲੈਵਲ ਤੇ ਡੈਮੋਕਰੇਸੀ ਵੀ ਲੈ ਕੇ ਗਏ ਹਾਂ। ਸਰਕਾਰ ਦਾ ਨਿਸ਼ਚਾ ਹੈ ਕਿ ਅੱਤਵਾਦ ਦੇ ਖਿਲਾਫ਼ ਜੋ ਲੜਾਈ ਲੜ ਰਹੇ ਹਾਂ ਉਸ ਦੇ ਵਾਸਤੇ ਸਰਕਾਰ ਨੇ ਜੋ ਇੱਥੇ ਕਿਹਾ ਹੈ ਕਿ ਐਸ.ਪੀ.ਓ. ਅਤੇ ਹੋਮ ਗਾਰਡਜ਼ ਭਰਤੀ ਕੀਤੇ ਗਏ, ਜਿਹੜੇ ਐਸ.ਪੀ.ਓਜ਼. ਹਨ, ਕੁਝ ਡਾਇਰੈਕਟ ਪੁਲਿਸ ਕੰਸਟੇਬਲ ਵੀ ਭਰਤੀ ਕੀਤੇ ਗਏ ਹਨ, ਉਹ ਰੈਗੂਲਰ ਹੋ ਗਏ ਹਨ, ਲੇਕਿਨ ਜਿਹੜੇ ਐਸ.ਪੀ.ਓ. ਭਰਤੀ ਕੀਤੇ ਗਏ ਹਨ, ਬਜਟ ਸਪੀਚ ਦੇ ਪੰਨਾ 4 ਤੇ ਲਿਖਿਆ ਹੈ:

> "(9) In strengthening of the law and order machinery, 4,500 youngmen have been inducted directly in the Police force; 35,000 more were deployed as Home Guards and as Special Police Officers."

ਸਰ, ਇਹ ਜਿਹੜੇ ਲੋਕ ਹੋਮ ਗਾਰਡ ਅਤੇ ਐਸ.ਪੀ.ਓ. ਡਿਪਲਾਏ ਕੀਤੇ ਗਏ ਹਨ ਇਨ੍ਹਾਂ ਦੀ ਵੀ ਤਿੰਨ ਤਿੰਨ, ਚਾਰ-ਚਾਰ ਸਾਲ ਦੀ ਸਰਵਿਸ ਹੋ ਗਈ ਹੈ ਜੇਕਰ ਇਨ੍ਹਾਂ ਨੂੰ ਅਬਜ਼ਾਰਵ ਨਾ ਕੀਤਾ ਗਿਆ ਤਾਂ ਇਨ੍ਹਾਂ ਦਾ ਫਿਊਚਰ ਡਾਰਕ ਵਿੱਚ ਹੈ। ਸਰ, ਆਫੀਸਰਜ਼ ਗੈਲਰੀ ਖਾਲ੍ਹੀ ਪਈ ਹੈ। There is no officer in the Officer's Gallery. ਸੋ, ਸਰ, ਜੇ ਇਨ੍ਹਾਂ ਨੂੰ ਅਬਜ਼ਾਰਵ ਨਾ ਕੀਤਾ ਗਿਆ ਅਤੇ ਛਾਂਟੀ ਕਰ ਦਿੱਤੀ ਗਈ after the situation has improved ਤਾਂ ਬੜੀ ਭਿਆਨਕ ਸਥਿਤੀ ਪੈਦਾ ਹੋ ਸਕਦੀ ਹੈ।

ਸ਼੍ਰੀ ਸਪੀਕਰ: ਬਜਟ ਦੇ ਬੜੇ ਅਹਿਮ ਮਸਲੇ ਤੇ ਡਿਸਕਸ਼ਨ ਹੋ ਰਹੀ ਹੈ Budget is a very important document.

The officer's should make their presence in the Officers' Gallery.

ਸ਼੍ਰੀ ਮਦਨ ਮੋਹਨ ਮਿੱਤਲ: ਸਰ, ਜਿਹੜੇ 45 ਹਜ਼ਾਰ ਲੋਕ ਐਸ.ਪੀ.ਓ. ਅਤੇ ਹੋਮ ਗਾਰਡ ਹਨ ਉਨ੍ਹਾਂ ਦੀ ਸਰਵਿਸ ਦਾ ਕੀ ਬਣੇਗਾ ਕਿਉਂਕਿ ਸਥਿਤੀ ਚੇਂਜ ਹੋ ਰਹੀ ਹੈ। ਕੀ ਉਨ੍ਹਾਂ ਨੂੰ ਰੈਗੂਲਰ ਕੀਤਾ ਜਾਵੇਗਾ ?

ਸ਼੍ਰੀ ਸਪੀਕਰ: ਵੈਸੇ ਮਿੱਤਲ ਜੀ, ਤੁਹਾਡੇ ਸਾਰੇ ਪੁਆਇੰਟ ਡਾਕਟਰ ਸਾਹਿਬ ਨੋਟ ਕਰ ਰਹੇ ਹਨ।

ਸ੍ਰੀ ਮਦਨ ਮੋਹਨ ਮਿੱਤਲ: ਸਰ, ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਬੜੀ ਪ੍ਰੋਗਰੈਸਿਵ ਸਟੇਟ ਹੈ। ਲੋਕ ਪੜ੍ਹਨ ਲਿਖਣ ਵਿੱਚ ਵੀ ਅੱਗੇ ਹਨ। ਲਾਲਾ ਹਰਦਿਆਲ, ਐਮ.ਏ., ਜੈਸੇ ਲੋਕ ਵੀ ਇੱਥੇ ਹੀ ਪੈਦਾ ਹੋਏ, ਹੋਰ ਵੀ ਬੁੱਧੀਜੀਵੀ ਲੋਕ ਹਨ ਜੋ ਇੱਥੇ ਪੈਦਾ ਹੋਏ ਹਨ। ਮੈਂ ਕਹਿੰਦਾ ਹਾਂ ਕਿ ਸਾਡੀ ਯੂਨੀਵਰਸਿਟੀ ਵਿੱਚ ਵੀ ਅੱਤਵਾਦ ਦਾ ਕਾਫੀ ਪ੍ਰਭਾਵ ਰਿਹਾ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਜੋ ਪੰਜਾਬੀ ਯੂਨੀਵਰਸਿਟੀ ਹੈ ਜੋ ਕਿ ਨਵੀਆਂ ਉਮੀਦਾਂ ਪੂਰੀਆਂ ਕਰਨ ਲਈ ਬਣਾਈ ਗਈ ਸੀ, ਇਕ ਸਮਾਂ ਤਾਂ ਐਸਾ ਆ ਗਿਆ ਸੀ ਕਿ ਨਾਮੀ ਟੈਰੋਰਿਸਟ ਇਸ ਯੂਨੀਵਰਸਿਟੀ ਵਿੱਚ ਆ ਕੇ ਠਹਿਰਦੇ ਸਨ। ਇਕ ਮਿਸਿਜ਼ ਕਾਂਤਾ ਜਿਹੜੀ ਕਿ ਡਾ: ਪੀ.ਐਸ. ਜੰਮੂ ਦੀ ਪਤਨੀ ਸੀ, ਉਸ ਨੂੰ ਟੈਰੋਰਿਸਟਾਂ ਨੇ ਮਾਰ ਦਿੱਤਾ, ਕਿਉਂਕਿ ਉਸਨੇ ਉਨ੍ਹਾਂ ਦੀ ਕੋਈ ਗੱਲ ਨਹੀਂ ਸੀ ਮੰਨੀ ਅਤੇ ਉਸਨੇ ਸੰਸਕਾਰ ਘਰ ਵਿੱਚ ਜਾਣ ਵਾਸਤੇ ਯੂਨੀਵਰਸਿਟੀ ਦੀ ਬੱਸ ਮੰਗੀ ਤਾਂ ਯੂਨੀਵਰਸਿਟੀ ਦੇ ਉਚ ਅਧਿਕਾਰੀਆਂ ਨੇ ਨਾਂਹ ਕਰ ਦਿਤੀ under the fear of the terrorists. ਸਪੀਕਰ ਸਾਹਿਬ, ਇਕ ਨਾਮੀ ਟੈਰੋਰਿਸਟ ਮਾਰਿਆ ਗਿਆ ਅਤੇ ਉਸ ਦਾ ਭੋਗ ਵੀ ਉਥੇ ਯੂਨੀਵਰਸਿਟੀ ਵਿੱਚ ਹੀ ਪਾਇਆ ਗਿਆ। ਪਿਛੇ ਜਹੇ ਸੁੱਖਾ ਅਤੇ ਜਿੰਦਾ ਬਾਰੇ ਇੱਕ ਲੈਟਰ ਜਿਸ ਵਿੱਚ ਜਨਰਲ ਵੈਦਿਆ ਦੇ ਕਤਲ ਨੂੰ ਸਹੀ ਦਰਸਾਇਆ ਗਿਆ ਸੀ, ਉਹ ਵੀ ਇੱਥੇ ਹੀ ਲਿਖਿਆ ਗਿਆ। ਸਪੀਕਰ ਸਾਹਿਬ, ਜੇਕਰ ਅਸੀਂ ਇੱਥੇ ਦਾ ਐਟਮਾਸਫੀਅਰ ਠੀਕ ਨਹੀਂ ਕਰਾਂਗੇ ਤਾਂ ਆਉਣ ਵਾਲੇ ਸਮੇਂ ਵਿੱਚ ਭਾਵੇਂ ਅਸੀਂ ਸਾਰੇ ਪੰਜਾਬ ਦਾ ਮਾਹੌਲ ਠੀਕ ਕਰ ਲਈਏ ਪਰ ਫਿਰ ਵੀ ਇੱਥੇ ਅੱਤਵਾਦ ਦਾ ਪ੍ਰਭਾਵ ਜਾਰੀ ਰਹੇਗਾ। ਇਸ ਲਈ ਇਸ ਯੂਨੀਵਰਸਿਟੀ ਦਾ ਐਟਮਾਸਫੀਅਰ ਠੀਕ ਕਰਨ ਵੱਲ ਵੀ ਧਿਆਨ ਦੇਣਾ ਬਹੁਤ ਜ਼ਰੂਰੀ ਹੈ।

ਸ੍ਰੀ ਸਪੀਕਰ: ਮੈਂ ਫੇਰ ਬੇਨਤੀ ਕਰਾਂਗਾ ਕਿ there is no senior responsible officer sitting in the Officers' Gallery. Please make their presence.

Finance Minister: Two officers are sitting there.

Mr. Speaker: Is that number sufficient, Dr. Sahib?

Finance Minister: I think it is not sufficient.

ਸ੍ਰੀ ਮਦਨ ਮੋਹਨ ਮਿੱਤਲ: ਸਰ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸਾਡੇ ਮੰਤਰੀ ਜੀ ਇਥੇ ਸਦਨ ਵਿੱਚ ਕਹਿੰਦੇ ਹਨ ਕਿ 'ਨੀਚੇ ਵੀ ਜੱਟ ਤੇ ਉਪਰ ਵੀ ਜੱਟ ਅਤੇ ਭੋਲਾ ਵੀ ਜੱਟ', ਇਹ ਗੱਲ ਮੈਨੂੰ ਸਮਝ ਨਹੀਂ ਆਈ। ਐਗਰੀਕਲਚਰਲ ਮਨਿਸਟਰ ਸਾਹਿਬ ਇਹ ਬੜੇ ਜ਼ੋਰ ਨਾਲ ਕਹਿੰਦੇ ਹਨ। ਐਸ.ਵਾਈ.ਐਲ. ਪੰਜਾਬ ਵਿੱਚ ਬਣ ਗਈ, ਕਰੋੜਾਂ ਰੁਪਏ ਇਸ ਤੇ ਖਰਚ ਕੀਤੇ ਗਏ। ਜੋ ਕੋਈ ਇੰਟਰ ਸਟੇਟ ਡਿਸਪਿਊਟ ਹੈ, ਉਹ ਤਾਂ ਪਤਾ ਨਹੀਂ ਕਦੋਂ ਸੋਲਵ ਹੋਣਾ ਹੈ, ਉਹ ਤਾਂ ਮੁੱਖ ਮੰਤਰੀਆਂ ਨੇ ਕਰਨਾ ਹੈ ਜਾਂ ਸੈਂਟਰ ਗੌਰਮਿੰਟ ਨੇ ਕਰਨਾ ਹੈ, ਲੇਕਿਨ ਮੈਂ ਕਹਿੰਦਾ ਹਾਂ ਕਿ ਪੰਜਾਬ ਦੇ ਵਿੱਚ ਇਸ ਕੈਨਾਲ ਦੇ ਚਲਣ ਨਾਲ 2 ਪਾਵਰ ਹਾਊਸ ਬਣਨੇ ਸੀ ਅਤੇ ਪੰਜਾਬ ਦੇ ਕਿਸਾਨ ਨੂੰ ਇਸ ਨਹਿਰ ਦਾ ਪਾਣੀ ਸਿੰਚਾਈ ਲਈ ਮਿਲਣਾ ਸੀ, ਜਦੋਂ ਤੱਕ ਸਾਡੇ ਇੰਟਰ ਸਟੇਟ ਦੇ ਮਸਲੇ ਹੱਲ ਨਹੀਂ ਹੁੰਦੇ ਤਾਂ ਮੈਂ ਕਹਿੰਦਾ ਹਾਂ ਕਿ ਘੱਟੋ ਘੱਟ ਇਸ ਨੂੰ ਪੰਜਾਬ ਦੇ ਇਲਾਕੇ ਵਿੱਚ ਤਾਂ ਚਾਲੂ ਕਰ ਦੇਣਾ ਚਾਹੀਦਾ ਹੈ। Why you are allowing the whole construction being wasted? ਤੁਸੀਂ ਬਾਹਰ ਜਾ ਕੇ ਦੇਖੋ ਤਾਂ ਪਤਾ ਲੱਗੇਗਾ ਕਿ ਉਥੇ ਤਾਂ ਛੱਪੜੀਆਂ ਬਣ ਗਈਆਂ ਹਨ ਅਤੇ ਦੀਵਾਰਾਂ ਵਿਚ ਗਿਰ ਗਈਆਂ ਹਨ। ਇਹ ਦੁਬਾਰਾ ਕਦੋਂ ਤੱਕ ਠੀਕ ਹੋਣਗੀਆਂ। ਜਿੰਨਾ ਖਰਚਾ ਬਣਾਉਣ ਤੇ ਨਹੀਂ ਆਉਂਦਾ ਉਨਾਂ ਰਿਪੇਅਰ ਤੇ ਆ ਜਾਂਦਾ ਹੈ। ਸਰਕਾਰ ਨੇ ਬਜਟ ਵਿਚ ਜ਼ਿਕਰ ਨਹੀਂ ਕੀਤਾ ਕਿ ਇਸ ਨਹਿਰ ਦੀ ਯੂਟੇਲਾਈਜ਼ੇਸ਼ਨ ਕਰਨੀ ਹੈ ਜਾਂ

[ਸ਼੍ਰੀ ਮਦਨ ਮੋਹਨ ਮਿੱਤਲ]

ਨਹੀਂ। ਮੈਨੂੰ ਲਗਦਾ ਹੈ ਕਿ ਇਹ ਸਰਕਾਰ ਹੀ ਪੁਲੀਟੀਕਲ ਥੀਮ ਹੈ, ਉਸ ਬਾਰੇ ਸਰਕਾਰ ਦੀ ਸੋਚ ਬਣੀ ਹੈ। ਜੋ ਗੱਲ ਕਹੀ ਗਈ ਹੈ ਕਿ ਲਾਅ ਐਂਡ ਆਰਡਰ ਤੇ ਕਾਬੂ ਪਾਉਣ ਦੀ ਕੋਸ਼ਿਸ਼ ਕਰ ਰਹੇ ਹਾਂ, ਸਹਿਮਤ ਹਾਂ, ਅਸੀਂ ਸਰਕਾਰ ਦਾ ਸਮੱਰਥਨ ਕੀਤਾ ਹੈ ਪਰ ਜੋ ਪੁਲੀਟੀਕਲ ਗੱਲਾਂ ਹਨ ਜਿਸ ਕਾਰਨ ਦੇਸ਼ ਦਾ ਢਾਂਚਾ ਵਿਗੜਿਆ ਹੋਇਆ ਹੈ, ਕੀ ਸਰਕਾਰ ਦਾ ਉਸ ਵੱਲ ਧਿਆਨ ਹੈ ਜਾਂ ਨਹੀਂ। ਮੈਂ ਸਦਨ ਵਿਚ ਰਾਜੀਵ-ਲੌਂਗੋਵਾਲ ਅਕਾਰਡ ਦੀ ਸ਼ਲਾਘਾ ਕੀਤੀ ਹੈ। ਮੈਨੂੰ ਖੁਸ਼ੀ ਹੈ ਕਿ ਕਮ ਸੇ ਕਮ ਪੰਜਾਬ ਸਰਕਾਰ ਨੇ ਪਹਿਲੀ ਵਾਰ ਇਹ ਗੱਲ ਪਬਲੀਕਲੀ ਤੌਰ ਤੇ ਕਹੀ। ਅਨੰਦਪੁਰ ਸਾਹਿਬ ਦੇ ਰੈਜ਼ੋਲਿਊਸ਼ਨ ਦਾ ਵਿਰੋਧ ਕਰਦੇ ਹਾਂ ਅਤੇ ਚੀਫ ਮਨਿਸਟਰ ਸਾਹਿਬ ਨੇ ਅਨੰਦਪੁਰ ਸਾਹਿਬ ਵਿਖੇ ਇਸ ਰੈਜ਼ੋਲਿਊਸ਼ਨ ਤੇ ਲੋਕਾਂ ਦੇ ਹੱਥ ਖੜੇ ਕਰਾਏ ਕਿ ਇਸ ਦਾ ਵਿਰੋਧ ਕੀਤਾ ਜਾਵੇ। ਸਾਨੂੰ ਪਤਾ ਹੈ ਕਿ ਜਦੋਂ 1984 ਵਿਚ ਚੋਣ ਲੜੀ ਗਈ ਤਾਂ ਰਾਜੀਵ ਗਾਂਧੀ ਨੇ ਬਾਕੀ ਪਾਰਟੀਆਂ ਨੂੰ ਇਸ ਰੈਜ਼ੋਲਿਊਸ਼ਨ ਦਾ ਸਮੱਰਥਕ ਕਹਿਕੇ ਦੇਸ਼ ਧਰੋਹੀ ਕਿਹਾ ਸੀ। ਇਨ੍ਹਾਂ ਨੇ ਇਮੋਸ਼ਨਲ ਵੇਵ ਖੜੀ ਕਰਕੇ ਇਹ ਇਲੈਕਸ਼ਨ ਜਿਤਾਇਆ ਸੀ। ਮੇਰੀ ਪਾਰਟੀ ਬੀ.ਜੇ.ਪੀ. ਉਸ ਸਮੇਂ ਵੀ ਇਸ ਰੈਜ਼ੋਲਿਊਸ਼ਨ ਦਾ ਵਿਰੋਧ ਕਰਦੀ ਸੀ ਪਰ 1984 ਵਿਚ ਮੇਰੀ ਪਾਰਟੀ ਨੇ ਇਸ ਦਾ ਸਮੱਰਥਨ ਨਹੀਂ ਕੀਤਾ। 24 ਜੁਲਾਈ, 1985 ਦਾ ਦਿਨ ਹਿਸਟੋਰੀਕਲ ਡੇਅ ਸੀ ਜਦੋਂ ਦਸਤਖਤ ਹੋਏ between the Prime Minister and the Chief of the Akali Party. ਉਸ ਵਿਚ ਡਿਮਾਂਡਸ ਕੰਸੀਡਰ ਕੀਤੀਆਂ ਗਈਆਂ ਅਤੇ ਦਰਜ ਹੈ:

> The accord of the memorandum of understanding envisages the transfer of Chandigarh to Punjab; referring cf the portion of the Anandpur Sahib Resolution relating to centre-state relations to the Sarkaria Commission; referring of the river water disputes for edjudication to a Supreme Court Judge, with the assurance that each state will continue to get water not less than what it was getting from the Ravi-Beas system on July, 1, 1985; rehabilitation of the army deserters by providing them gainful employment; compensation to the innocent persons killed in agitation; and extending the judicial enquiry into Delhi riots to Bokaro and Kanpur.

ਅਤੇ ਇਸ ਰੈਜ਼ੋਲਿਊਸ਼ਨ ਨੂੰ ਸਮਝੌਤੇ ਵਿਚ ਦਰਜ਼ ਕਰਕੇ ਰਾਜੀਵ ਗਾਂਧੀ ਨੇ ਖੁਦ ਮਾਨਤਾ ਦਿੱਤੀ। ਇਹ ਦੋਹਰੀ ਨੀਤੀ ਕਿਉਂ ? ਦੋਹਰੇ ਮਾਪ ਦੰਡ ਕਿਉਂ ? ਸੋ ਮੈਂ, ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਹ ਬੜੀ ਚੰਗੀ ਗੱਲ ਹੈ। ਅਸੀਂ ਪਬਲੀਕਲੀ ਡਿਨਾਊਂਸ ਕਰਦੇ ਹਾਂ। ਇਥੇ ਵੀ ਡਿਨਾਊਂਸ ਕਰੀਏ ਇਹ ਕੋਈ ਮਾੜੀ ਗੱਲ ਨਹੀਂ। ਇਸ ਰੈਜ਼ੋਲਿਊਸ਼ਨ ਨਾਲ ਏਕਤਾ ਨਹੀਂ ਆ ਸਕਦੀ। ਇਸ ਵਿਚ ਜੋ ਗੱਲਾਂ ਕਹੀਆਂ ਗਈਆਂ, ਅਫਸੋਸ ਹੈ ਕਿ ਇਸ ਨੇ ਦੇਸ਼ ਵਿਚ ਇਕ ਅਜਿਹਾ ਵਾਤਾਵਰਨ ਪੈਦਾ ਕੀਤਾ। This resolution is the document of disintegration. ਉਸ ਰੈਜ਼ੋਲਿਊਸ਼ਨ ਨੂੰ ਭਾਰਤ ਸਰਕਾਰ ਰੀਕੂਗਨਾਈਜ਼ ਕਰ ਰਹੀ ਹੈ। ਸਰਕਾਰੀਆ ਕਮਿਸ਼ਨ ਆਉਣ ਦੇ ਬਾਵਜੂਦ ਵੀ ਇਹ ਜਿੰਦਾ ਹੈ ਅਤੇ ਸਰਕਾਰ ਕੋਈ ਕਦਮ ਨਹੀਂ ਉਠਾ ਸਕੀ। ਅੱਜ ਇਸ ਤੇ ਬਹਿਸ ਚਲਦੀ ਹੈ। ਸਰਕਾਰ ਦਾ ਜੋ ਦ੍ਰਿੜ੍ਹ ਨਿਸਚਾ ਹੈ, ਉਸ ਦਾ ਪ੍ਰਗਟਾਵਾ ਨਹੀਂ। ਸਪੀਕਰ ਸਾਹਿਬ, ਇਸ ਲਈ ਮੇਰਾ ਨਿਵੇਦਨ ਹੈ ਕਿ ਪੰਜਾਬ ਵਿਚ ਜਦੋਂ ਆਤੰਕਵਾਦੀਆਂ ਨੂੰ ਪਾਕਿਸਤਾਨੀਆਂ ਨੇ ਸ਼ਹਿ ਦਿੱਤੀ, ਇਥੇ ਵੀ ਕੁਝ ਤਾਕਤਾਂ ਸਨ ਜਿਨ੍ਹਾਂ ਨੇ ਉਨ੍ਹਾਂ ਨੂੰ ਉਤਸ਼ਾਹਿਤ ਕੀਤਾ, ਉਨ੍ਹਾਂ ਵਿਚੋਂ ਕੁੱਝ ਲੋਕ ਮੁਖਾਲਫਿਤ ਪਾਰਟੀ ਦੇ ਸਨ ਅਤੇ ਕੁੱਝ ਰੂਲਿੰਗ ਪਾਰਟੀ ਦੇ ਸਨ। ਅਸੀਂ ਇਹ ਗੱਲ ਕਹਿ ਕੇ ਹੀ ਖ਼ਤਮ ਕਰ ਦਈਏ ਕਿ ਜਦੋਂ 1982-83 ਵਿਚ ਸਰਕਾਰ ਛੱਡੀ ਸੀ ਤਾਂ ਉਦੋਂ ਬਜਟ ਸਰਪਲੱਸ ਦਿੱਤਾ ਸੀ ਪਰ ਇਹ ਗੱਲ ਠੀਕ ਨਹੀਂ। ਸਰਕਾਰ ਉਸ ਸਮੇਂ ਇਸੀ ਕਰਕੇ ਡਿਸਮਿਸ ਹੋਈ ਕਿਉਂਕਿ ਆਤੰਕਵਾਦੀਆਂ ਤੇ ਕਾਬੂ ਨਹੀਂ

ਪਾ ਸਕੇ ਸਨ। ਕੀ ਗੱਲ ਠੀਕ ਨਹੀਂ ਕਿ ਉਸ ਸਮੇਂ ਲਾਅ ਐਂਡ ਆਰਡਰ ਦੀ ਸਥਿਤੀ ਠੀਕ ਨਹੀਂ ਸੀ? ਕਾਂਸਟੀਚਿਊਸ਼ਨ ਬਰੇਕ ਡਾਊਨ ਹੋ ਗਿਆ। ਲੋਕਾਂ ਨੂੰ ਬੱਸਾਂ ਵਿਚੋਂ ਕੱਢ-ਕੱਢ ਕੇ ਮਾਰਿਆ ਗਿਆ ਪ੍ਰਸ਼ਾਸਨ ਕੰਟਰੋਲ ਨਹੀਂ ਕਰ ਸਕਿਆ। Govt. showed inability to handle it. ਇਸ ਕਰਕੇ ਗਵਰਨਰੀ ਰਾਜ ਲਾਗੂ ਕੀਤਾ ਗਿਆ। Same party was ruling through the Governor. ਇਸ ਦੌਰਾਨ ਜੋ ਕੁੱਝ ਹੋਇਆ, ਉਸ ਕਾਰਨ ਖਰਚੇ ਵੱਧੇ ਹਨ ਅਤੇ ਬਜਟ ਵਧਿਆ ਹੈ। ਇਹ ਖਰਚੇ ਲਾਅ ਐਂਡ ਆਰਡਰ ਨੂੰ ਮੇਨਟੇਨ ਕਰਨ ਵਾਸਤੇ ਵੱਧੇ ਹਨ। ਇੱਥੇ ਕਿਹਾ ਗਿਆ ਹੈ ਕਿ ਪੰਚਾਇਤ ਇਲੈਕਸ਼ਨਾਂ ਨਹੀਂ ਹੋਈਆਂ ਪਰ ਮੈਂ ਨਿਵੇਦਨ ਕਰਦਾ ਹਾਂ ਕਿ 1982-83 ਵਿੱਚ ਜਦੋਂ ਦਰਬਾਰਾ ਸਿੰਘ ਮੁੱਖ ਮੰਤਰੀ ਸਨ ਤਾਂ ਪੰਚਾਇਤ ਇਲੈਕਸ਼ਨਾਂ ਹੋਈਆਂ। 1978 ਦੇ ਵਿੱਚ ਸਰਦਾਰ ਪ੍ਰਕਾਸ਼ ਸਿੰਘ ਜੀ ਮੁੱਖ ਮੰਤਰੀ ਸਨ ਉਦੋਂ ਬਾਦਲ ਸਾਹਿਬ ਦੇ ਵੇਲੇ ਮਿਊਂਸਪਲ ਇਲੈਕਸ਼ਨ ਹੋਏ। ਉਸ ਦੇ ਬਾਵਜੂਦ ਗਵਰਨਰ ਰੂਲ ਹੋ ਗਿਆ। ਗਵਰਨਰ ਰੂਲ ਵਿੱਚ ਜਿਹੜੇ ਲੋਕ ਸੈਂਟਰ ਵਿੱਚ ਹਨ ਉਹੀ ਰੂਲ ਕਰਦੇ ਰਹੇ ਪਰ ਉਹ ਚੁਣਾਉ ਨਹੀਂ ਕਰਵਾ ਸਕੇ। ਪਰ ਨਾਲ ਦੀ ਨਾਲ ਸਾਨੂੰ ਇਸ ਹਾਰਡ ਰਿਆਲਿਟੀ ਤੋਂ ਡਿਨਾਈ ਨਹੀਂ ਕਰਨਾ ਚਾਹੀਦਾ ਕਿ ਜਦੋਂ ਵੀ ਗਵਰਨਰ ਇਨ ਕੌਂਸਲ ਦੀ ਜਾਂ ਆਲ ਪਾਰਟੀਜ਼ ਮੀਟਿੰਗ ਹੁੰਦੀ ਰਹੀ ਹੈ ਉਨ੍ਹਾਂ ਵਿੱਚ ਕਿਆ ਜੋ ਅੱਜ ਦੀ ਰੂਲਿੰਗ ਪਾਰਟੀ ਹੈ ਉਹ ਉਨ੍ਹਾਂ ਮੀਟਿੰਗਜ਼ ਵਿੱਚ ਐਨਡੋਰਸ ਨਹੀਂ ਕਰਦੀ ਰਹੀ ਕਿ ਚੁਣਾਉ ਕਰਵਾਉਣ ਦਾ ਅੱਜ ਵਾਤਾਵਰਣ ਨਹੀਂ ਹੈ। ਇਹ ਅਸੀਂ ਕਹੀਏ ਕਿ ਵਾਤਾਵਰਣ ਨੂੰ ਇਮਪਰੂਵ ਕਰਕੇ ਚੁਣਾਉ ਕਰਾਏ। ਪਿਛੇ ਚੁਣਾਉ ਨਹੀਂ ਹੋ ਸਕੇ ਪਰ ਇਸ ਦੇ ਵਾਸਤੇ ਉਸ ਵਕਤ ਦੇ ਪ੍ਰਸ਼ਾਸਨ ਨੂੰ ਦੋਸ਼ੀ ਕਹੀਏ ਤਾਂ ਮੈਂ ਸਮਝਦਾ ਹਾਂ ਕਿ ਇਹ ਗੱਲ ਕੋਈ ਵਾਜ਼ੇ ਨਹੀਂ ਹੈ। ਚੁਣਾਉ ਨੂੰ ਕਰਵਾਉਣ ਵਾਸਤੇ ਐਟਮਾਸਫੀਅਰ ਕਰੀਏਟ ਅਸੀਂ ਕੀਤਾ ਹੈ ਅਤੇ ਕਰ ਰਹੇ ਹਾਂ This we can say and we must say ਤੁਸੀਂ ਚੁਣਾਉ ਕਰਵਾਉਣ ਵਾਸਤੇ ਵਾਤਾਵਰਣ ਕਰੀਏਟ ਕੀਤਾ ਹੈ ਪਰ ਕਿਆ ਇਹ ਦੇ ਚੁਣਾਉ ਫੇਅਰ ਹੋਏ? ਹਾਲੀਂ ਵੀ ਕਈ ਮਿਊਂਸਪਲ ਕਮੇਟੀਆਂ ਐਸੀਆਂ ਹਨ ਜਿਥੇ ਪ੍ਰਧਾਨ ਨਹੀਂ ਚੁਣੇ ਗਏ। ਉਥੇ ਕੋਆਪਰੇਸ਼ਨ ਨਹੀਂ ਹੋ ਰਹੀ। ਮੈਂ ਪੰਚਾਇਤਾਂ ਦਾ ਵੀ ਜ਼ਿਕਰ ਕੀਤਾ ਹੈ ਕਈ ਮੇਰੇ ਦੋਸਤ ਸਵਾਲ ਕਰ ਚੁੱਕੇ ਹਨ ਕਿ ਪੰਚਾਇਤਾਂ ਦੇ ਚੁਣਾਉ ਵਿੱਚ ਕਈ ਕਰਾਈਮਜ਼ ਵੀ ਕੁਮਿਟ ਹੋਏ। ਅਗਰ ਕਿਸੇ ਨੇ ਸ਼ਿਕਾਇਤ ਕਰ ਦਿੱਤੀ ਤਾਂ ਪ੍ਰੀਜ਼ਾਈਡਿੰਗ ਅਫਸਰ ਉਸ ਦਾ ਕੋਈ ਨਿਪਟਾਰਾ ਨਹੀਂ ਕਰ ਸਕੇ। ਉਥੇ ਕਈ ਥਾਂ ਤੇ ਲੇਡੀਜ਼ ਖੜੀਆਂ ਔਰ ਉਹ ਲੇਡੀਜ਼ ਇਲੈਕਟ ਹੋਈਆਂ, ਓਥ ਹੋ ਗਈ ਔਰ ਫਿਰ ਉਥੇ ਦਾ ਸੈਕਟਰੀ ਅੰਡਰ ਪੋਲੀਟੀਕਲ ਪ੍ਰੈਸ਼ਰ ਇਹ ਕਹੇ ਕਿ ਅਸੀਂ ਇਨ੍ਹਾਂ ਨੂੰ ਦੁਬਾਰਾ ਕੋਆਪਟ ਕਰਾਂਗੇ। ਜਿਹੜੀਆਂ ਲੇਡੀਜ਼ ਖੜੀਆਂ and those who were declared elected, had been administered oath. ਉਨ੍ਹਾਂ ਨੂੰ ਐਡਮਿਟ ਹੀ ਨਹੀਂ ਕੀਤਾ ਜਾ ਰਿਹਾ।

ਸ੍ਰੀ ਸਪੀਕਰ: ਮਿੱਤਲ ਸਾਹਿਬ, ਗਵਰਨਰ ਸਾਹਿਬ ਦੇ ਐਡਰੈਸ ਤੇ ਇਸ ਬਾਰੇ ਤੁਸੀਂ ਕਾਫੀ ਕੁਝ ਕਹਿ ਚੁੱਕੇ ਹੋ।

Shri Madan Mohan Mittal: These issues, I have not taken in the Governor's Address. ਮੈਂ ਅੱਜ ਹੀ ਲੈ ਰਿਹਾ ਹਾਂ, ਮੈਂ ਕਾਲ ਅਟੈਨਸ਼ਨ ਮੋਸ਼ਨ ਦਿੱਤੀ ਸੀ ਉਸ ਵੇਲੇ ਤੁਸੀਂ ਕਿਹਾ ਸੀ ਕਿ ਜਨਰਲ ਗੱਲ ਕਰ ਲੈਣਾ, ਇਹ ਮੈਂ ਇਸ ਕਰਕੇ ਕਰ ਰਿਹਾ ਹਾਂ।

ਸੋ, ਸਰ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਕੇਵਲ ਪਾਰਟੀ ਦੇ ਇਨਟ੍ਰਸਟ ਨੂੰ ਨਾ ਲੈ ਕੇ ਚੱਲੀਏ। ਅਸੀਂ ਚੁਣਾਵ ਕਰਵਾ ਦਿੱਤੇ, ਇਕ ਅੱਛੀ ਅਚੀਵਮੈਂਟ ਹੈ ਲੇਕਿਨ ਅਗਰ ਕੋਈ ਹੋਰ ਪਾਰਟੀ ਦੇ ਲੋਕ ਜਿੱਤ ਕੇ ਆਉਂਦੇ ਹਨ ਤਾਂ We should have open mind. We should

[ਸ੍ਰੀ ਮਦਨ ਮੋਹਨ ਮਿੱਤਲ]
accept that after all everybody who is participating in the elections is also encouraging the establish ment of democracy. ਸੋ, ਮੈਂ ਨਿਵੇਦਨ ਕਰਨਾ ਚਾਹੁੰਦਾ ਹਾਂ ਕਿ ਅਸਾਂ ਆਪਣਾ ਦ੍ਰਿਸ਼ਟੀਕੋਨ ਸਾਫ ਕਰੀਏ। ਅਗੇ ਸਰ, ਮੈਂ ਅਨੰਦਪੁਰ ਸਾਹਿਬ ਦੇ ਰੈਜ਼ੋਲਿਊਸ਼ਨ ਦੀ ਗੱਲ ਕਰ ਰਿਹਾ ਸੀ।

ਸ੍ਰੀ ਸਪੀਕਰ: ਮਿੱਤਲ ਸਾਹਿਬ, ਟਾਈਮ ਦਾ ਵੀ ਖਿਆਲ ਰੱਖੋ।

ਸ੍ਰੀ ਮਦਨ ਮੋਹਨ ਮਿੱਤਲ: ਸਰ, ਅਨੰਦਪੁਰ ਸਾਹਿਬ ਦੇ ਰੈਜ਼ੋਲਿਊਸ਼ਨ ਨੂੰ ਇਹ ਹਾਊਸ ਹੋਲ ਵਿਦ ਵਨ ਵੁਆਇਸ ਰਿਜੈਕਟ ਕਰੇ ਲੇਕਿਨ ਇਹ ਨਾ ਹੋਵੇ ਕਿ ਅੱਜ ਅਨੰਦਪੁਰ ਸਾਹਿਬ ਦੇ ਰੈਜ਼ੋਲਿਊਸ਼ਨ ਨੂੰ ਬਾਹਰ ਤਾਂ ਕਨਡੈਮ ਕਰਾਏ ਪਰ ਦਰਪਰਦਾ ਕੋਈ ਗੱਲਬਾਤ ਹੋ ਰਹੀ ਹੋਵੇ। ਜਿਸ ਤਰੀਕੇ ਨਾਲ 1985 ਵਿੱਚ ਵਿਦਆਊਟ ਪ੍ਰੈਸ ਅੰਡਰ ਗਰਾਊਂਡ ਗੱਲਾਂ ਹੁੰਦੀਆਂ ਰਹੀਆਂ/ਪੰਜਾਬ ਦੀ ਸਮੱਸਿਆ ਟੇਕ ਅੱਪ ਕੀਤੀ ਜਾ ਰਹੀ ਹੈ, ਦੋਨੋਂ ਸਟੇਟਾਂ ਦੇ ਮੁੱਖ ਮੰਤਰੀਆਂ ਨੇ ਬੜੇ ਸਟਿਫ ਸਟੈਂਡ ਲੈ ਲਏ। ਦੋਨਾਂ ਦੇ ਆਪਣੇ ਆਪਣੇ ਬਿਆਨ ਮੁਖਤਲਿਫ ਆਏ। It seems they are bailing out Central Government. ਕੀ ਇਹ ਤਾਂ ਨਹੀਂ ਕਿ ਸੈਂਟਰ ਹਾਲੀਂ ਆਪਣੇ ਆਪ ਨੂੰ ਅਸਮਰਥ ਮਹਿਸੂਸ ਕਰ ਰਿਹਾ ਹੈ ਇਸ ਸਮੱਸਿਆ ਦਾ ਸਮਾਧਾਨ ਕਰਨ ਵਾਸਤੇ। ਸੈਂਟਰਲ ਗੌਰਮਿੰਟ ਦੀ ਕਮਿਟਮੈਂਟ ਸੀ ਕਿ ਚੁਨਾਉ ਤੋਂ ਬਾਅਦ ਤੁਰੰਤ ਹੀ ਇਹ ਮਸਲਾ ਹੱਲ ਕਰਾਂਗੇ। ਪਿਛਲੀ ਵਾਰ ਇਸੇ ਸਦਨ ਵਿੱਚ ਇਹ ਵੀ ਗੱਲ ਹੋਈ ਕਿ ਵਿਸਾਖੀ ਤੇ ਕੋਈ ਪੈਕੇਜ ਅਨਾਊਂਸ ਹੋਵੇਗਾ ਪਰ ਵਿਸਾਖੀ ਤੋਂ ਕੇਵਲ ਦੋ ਨਵੇਂ ਜ਼ਿਲ੍ਹੇ ਅਨਾਊਂਸ ਹੋਏ। ਇਥੇ ਕਿਹਾ ਗਿਆ ਸੀ ਕਿ ਪੈਕੇਜ ਅਨਾਊਂਸ ਕੀਤਾ ਜਾਵੇਗਾ ਪਰ ਪੈਕੇਜ ਦੀ ਪਤਾ ਨਹੀਂ ਕਿਧਰ ਚਲਾ ਗਿਆ। ਸਰ, ਮੇਰਾ ਖਿਆਲ ਹੈ ਕਿ ਪੰਜਾਬ ਦੀ ਸਮੱਸਿਆ ਦਾ ਸਮਾਧਾਨ ਕਰਨ ਵਾਸਤੇ ਕੇਂਦਰ ਦੀ ਸਰਕਾਰ ਦੇ ਏਜੰਡੇ ਤੇ ਹੀ ਕੋਈ ਗੱਲ ਨਹੀਂ ਹੈ। ਮੈਂ ਕੇਵਲ ਇਸ ਸਰਕਾਰ ਦੀ ਗੱਲ ਨਹੀਂ ਕਰਦਾ। ਮੈਂ ਪਿਛਲੀਆਂ ਸਰਕਾਰਾਂ ਦੀ ਵੀ ਗੱਲ ਕਰਨੀ ਚਾਹੁੰਦਾ ਹਾਂ ਸਪੀਕਰ ਸਾਹਿਬ, ਮੈਂ ਖੁਦ 1990 ਵਿਚ ਉਸ ਵੇਲੇ ਦੇ ਪ੍ਰਧਾਨ ਮੰਤਰੀ ਸਾਹਿਬ ਨੂੰ ਮਿਲਿਆ ਔਰ ਜੋ ਲੋਕ ਉਥੇ ਦਿੱਲੀ ਰਹਿੰਦੇ ਹਨ ਪੰਜਾਬ ਸਮੱਸਿਆ ਦੇ ਐਕਸਪਰਟ ਸਮਝਦੇ ਹਨ। They call themeselves D.-Lit and Ph. Ds on Punjab problem. ਮੈਂ ਉਥੇ ਜਾ ਕੇ ਪ੍ਰਧਾਨ ਮੰਤਰੀ, ਸ੍ਰੀ ਵੀ. ਪੀ. ਸਿੰਘ ਜੀ ਨੂੰ ਕਿਹਾ ਕਿ ਪ੍ਰਧਾਨ ਮੰਤਰੀ ਜੀ ਤੁਸੀਂ ਇਸ ਤਰ੍ਹਾਂ ਕਰੋ ਕਿ ਪੰਜਾਬ ਦੇ ਤੁਹਾਡੇ ਇਥੇ ਜੋ ਐਕੇਡੈਮੀਸ਼ੀਅਨਜ਼ ਹਨ, ਡਿਸਕਸ਼ਨ ਕਰਨ ਵਾਲੇ ਲੋਕ ਹਨ ਜਿਹੜੇ ਕਿ ਇਥੇ ਤੁਹਾਨੂੰ ਆਕੇ ਰੋਜ਼ ਨਵੇਂ ਤੋਂ ਨਵੇਂ ਫਾਰਮੂਲੇ ਦਿੰਦੇ ਹਨ ਉਨ੍ਹਾਂ ਨੂੰ ਤੁਸੀਂ ਦੋ ਦੋ ਮਹੀਨੇ ਪੰਜਾਬ ਵਿਚ ਭੇਜੋ ਤਾਂ ਕਿ they should know the ground realities I will bear their boarding and lodging expenses. ਉਨ੍ਹਾਂ ਨੇ ਕਿਹਾ ਕਿ ਉਹ ਇਥੇ ਹੀ ਨਹੀਂ ਲੱਭਦੇ, ਫਾਰਨ ਟੂਰ ਤੇ ਹੀ ਲੱਗੇ ਰਹਿੰਦੇ ਹਨ, ਪੰਜਾਬ ਵਿੱਚ ਮੈਂ ਉਨ੍ਹਾਂ ਨੂੰ ਕਿਵੇਂ ਭੇਜਦਿਆਂ। ਉਸ ਤੋਂ ਬਾਅਦ ਨਵੇਂ ਪ੍ਰਧਾਨ ਮੰਤਰੀ ਬਣੇ 59 ਮੈਂਬਰ ਸਨ ਔਰ 59 ਹੀ ਮੰਤਰੀ, ਕਾਂਗਰਸ ਪਾਰਟੀ ਦੇ ਸਮਰਥਨ ਨਾਲ ਉਨ੍ਹਾਂ ਦੀ ਸਰਕਾਰ ਬਣ ਗਈ। ਉਨ੍ਹਾਂ ਨੇ ਫਰੀ ਪਾਈਪ ਲਾਈਨ ਹੀ ਦੇ ਦਿੱਤੀ। ਸਪੀਕਰ ਸਾਹਿਬ, ਇਸ ਤਰ੍ਹਾਂ ਦੇ ਫੀਲਰ ਦੇ ਕਰਕੇ ਅੰਡਰ ਕਰਟਨ ਅਸੀਂ ਜੇਕਰ ਗਲਾਂ ਕਰਦੇ ਰਹਾਂਗੇ ਤਾਂ ਲੋਕਾਂ ਦੇ ਸਾਹਮਣੇ ਦ੍ਰਿੜ ਨਿਸਚਾ ਨਹੀਂ ਆਉਂਦਾ ਸੋ, ਮੈਂ ਨਿਵੇਦਨ ਕਰਨਾ ਚਾਹੁੰਦਾ ਹਾਂ, ਮੈਂ ਪੰਜਾਬ ਸਰਕਾਰ ਦੀ ਗੱਲ ਕਰਦਾ ਹਾਂ ਕਿ ਅਸੀਂ ਇਸ ਗੱਲ ਲਈ ਤੁਹਾਡਾ ਸਮਰਥਨ ਕਰਾਂਗੇ ਕਿ ਦ੍ਰਿੜ੍ਹ ਨਿਸਚੇ ਨਾਲ ਤੁਸੀਂ ਫਾਰਮੂਲਾ ਲੈ ਕੇ ਕੇਂਦਰ ਦੀ

ਸਰਕਾਰ ਕੋਲ ਜਾਏ । My party will join you and support you. ਆਫਟਰ ਆਲ ਅਸੀਂ ਇਕ ਸਾਲ ਲੜਾਈ ਲੜੀ ਹੈ ਔਰ ਕੁਝ ਨਾ ਕੁਝ ਵਾਤਾਵਰਣ ਸੁਧਰਿਆ ਹੈ। ਅਸੀਂ ਇਸ ਨੂੰ ਕਨਸੋਲੀਡੇਟ ਕਰ ਸਕੀਏ ਜੋ ਕੁਝ ਅਸੀਂ ਅਚੀਵ ਕੀਤਾ ਹੈ। ਕਿਉਂ ਨਾ ਅਸੀਂ ਕੇਂਦਰ ਦੀ ਸਰਕਾਰ ਤੇ ਦਬਾਅ ਪਾਈਏ ਕਿ ਇਹ ਕੁਝ ਲਟਕਦੇ ਮਾਮਲੇ ਹਨ। ਨਾਲ ਦੇ ਗਵਾਂਢੀ ਰਾਜ ਵਿਚ ਵੀ ਇਕ ਹੀ ਪਾਰਟੀ ਦਾ ਰਾਜ ਹੈ, ਕਿਉਂ ਨਹੀਂ ਸੈਂਟਰ ਕੋਈ ਡਾਇਰੈਕਸ਼ਨ ਦਿੰਦਾ ਕਿ ਮਾਮਲਾ ਹੱਲ ਕੀਤਾ ਜਾਵੇ। ਹਰਿਆਣਾ ਦੀ ਅਸੈਂਬਲੀ ਵਿਚ ਸੀ.ਐਮ. ਸਾਹਿਬ ਨੂੰ ਕੁਐਸਚਨ ਕੀਤਾ ਗਿਆ ਕਿ ਕੀ ਕੇਂਦਰ ਦੇ ਮੰਤਰੀ ਤੋਂ ਕੋਈ ਚਿੱਠੀ ਚੰਡੀਗੜ੍ਹ ਦੇ ਮਸਲੇ ਦੇ ਹੱਲ ਬਾਰੇ ਆਈ ਹੈ, ਤਾਂ ਉਨ੍ਹਾਂ ਨੇ ਉਸ ਦਾ ਕੋਈ ਨੋਟਿਸ ਨਹੀਂ ਲਿਆ। ਇਸ ਤੋਂ ਪਤਾ ਲਗਦਾ ਹੈ ਕਿ things are not proper

Mr Speaker : Mittal ji, please wind up.

ਸ੍ਰੀ ਮਦਨ ਮੋਹਨ ਮਿੱਤਲ: ਅਗਰ ਅਸੀਂ ਇਸ ਗੱਲ ਨੂੰ ਨਹੀਂ ਲਵਾਂਗੇ ਜਦ ਅਸੀਂ ਪੰਜਾਬ ਦੀਆਂ ਸਮੱਸਿਆਵਾਂ ਹੱਲ ਕਰਨ ਜਾ ਰਹੇ ਹਾਂ ਤਾਂ ਸਾਡੇ ਵਿਰੋਧੀ ਹੋਰ ਐਕਸਪਲਾਇਟ ਕਰਨਗੇ। ਮੇਰੇ ਕਹਿਣ ਦਾ ਭਾਵ ਇਹ ਹੈ ਕਿ ਲਾਅ ਐਂਡ ਆਰਡਰ ਦੇ ਬਾਅਦ ਹੋਰ ਵੀ ਕਈ ਮਸਲੇ ਹਨ ਜਿਨ੍ਹਾਂ ਨੂੰ ਹੱਲ ਕਰਨਾ ਜ਼ਰੂਰੀ ਹੈ। ਪੰਜਾਬ ਦੀ ਸਥਾਈ ਸ਼ਾਂਤੀ ਲਈ। ਇਥੇ ਦੀ ਯੂਥ ਡਿਸਸੈਟਿਸਫਾਈਡ ਹੈ। ਉਸ ਦੇ ਬਾਰੇ ਸਾਨੂੰ ਕੋਈ ਸਕੀਮਜ਼ ਤਿਆਰ ਕਰਨੀਆਂ ਚਾਹੀਦੀਆਂ ਹਨ। ਸਪੀਕਰ ਸਾਹਿਬ, ਇਨ੍ਹਾਂ ਗੱਲਾਂ ਬਾਰੇ ਇਸ ਬਜਟ ਵਿਚ ਕੋਈ ਡਾਇਰੈਕਸ਼ਨ ਨਹੀਂ ਹੈ, ਇਸ ਬਜਟ ਵਿਚ ਕੋਈ ਕਮਿਟਮੈਂਟ ਨਹੀਂ ਹੈ।

ਹੁਣ ਮੈਂ, ਸਪੀਕਰ ਸਾਹਿਬ, ਆਪਣੇ ਖੇਤਰ ਦੀਆਂ ਦੋ ਤਿੰਨ ਗੱਲਾਂ ਤੁਹਾਡੇ ਮਾਰਫਤ ਰੱਖਣਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਨੰਗਲ ਵਿਚ ਇਕ ਕੈਨਾਲ ਹਸਪਤਾਲ ਹੈ ਜਿਸ ਤੇ ਬੀ. ਬੀ. ਐਮ. ਬੀ. ਦਾ ਕੰਟਰੋਲ ਹੈ। ਕੁਝ ਪੈਸੇ ਸਾਡੀ ਸਰਕਾਰ ਉਸ ਵਿਚ ਪਾਉਂਦੀ ਹੈ ਅਤੇ ਕੁਝ ਬੀ. ਬੀ. ਐਮ. ਬੀ. ਵਾਲੇ ਪਾਉਂਦੇ ਹਨ। ਜਿਹੜੇ ਨਾਨ-ਬੀ. ਬੀ. ਐਮ. ਬੀ. ਜਾਂ ਨਾਨ ਇਮਪਲਾਈਜ਼ ਉਥੇ ਜਾਂਦੇ ਹਨ ਉਨ੍ਹਾਂ ਲਈ ਬੜੇ ਹੈਵੀ ਚਾਰਜਿਜ਼ ਹਨ। ਉਥੇ ਪੰਜਾਬ ਸਰਕਾਰ ਦਾ ਆਪਣਾ ਕੋਈ ਹਸਪਤਾਲ ਨਹੀਂ, ਛੋਟੀ ਮੋਟੀ ਕੋਈ ਡਿਸਪੈਂਸਰੀ ਭਾਵੇਂ ਹੋਵੇ ਜਿਹੜੀ ਕਿ ਪਰਪਜ਼ ਹੱਲ ਨਹੀਂ ਕਰ ਸਕਦੀ। ਉਹ ਬੜਾ ਡਿਵੈਲਪਿੰਗ ਟਾਊਨ ਹੈ ਉਸ ਵਿਚ ਪੰਜਾਬ ਸਰਕਾਰ ਦਾ ਇਕ ਹਸਪਤਾਲ ਜ਼ਰੂਰ ਹੋਣਾ ਚਾਹੀਦਾ ਹੈ। ਮੈਂ ਅਪੀਲ ਕਰਦਾ ਹਾਂ ਕਿ ਉਥੇ ਇਕ ਸਰਕਾਰੀ ਹਸਪਤਾਲ ਜ਼ਰੂਰ ਬਣਾਇਆ ਜਾਵੇ। ਜਿਸ ਤਰ੍ਹਾਂ ਡਾਕਟਰ ਸਾਹਿਬ ਨੇ ਮਿਹਰਬਾਨੀ ਕੀਤੀ ਹੈ ਉਥੇ ਦੇ ਕਾਲਜ ਨੂੰ ਟੇਕ ਓਵਰ ਕੀਤਾ ਹੈ। ਮੈਂ ਜੋ ਗੱਲਾਂ ਕਹੀਆਂ ਹਨ ਉਹ ਇਸ ਬਜਟ ਵਿਚ ਇਨਕਲੂਡ ਕਰ ਲਈਆਂ ਜਾਣ ਔਰ ਇਸ ਬਜਟ ਵਿਚ ਜੋ ਖਾਮੀਆਂ ਹਨ ਉਨ੍ਹਾਂ ਲਈ ਮੈਂ ਇਸ ਦੀ ਵਿਰੋਧਤਾ ਕਰਦਾ ਹਾਂ। ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਸ ਬਜਟ ਤੇ ਬੋਲਣ ਦਾ ਸਮਾਂ ਦਿੱਤਾ ਹੈ।

श्री बाबू राम चावला (बलूआना, ऐस. सी.) : आदरणीय अध्यक्ष महोदय, मैं सबसे पहले तो आपका आभारी हूं कि आपने मुझे इस पावन हाऊस में बोलने का वक्त दिया है। आज पंजाब सरकार के वित्त मंत्री डाक्टर केवल कृष्ण ने जो बजट रखा है मैं उनकी इस बात की सराहना करता हूं कि यह बजट टैक्स रहित है, गांवों के लोगों के हित में है, इसके साथ मैं अपने कुछ सुझाव भी देना चाहता हूं, जैसे पंजाब सरकार वित्तीय मामलों की मुशकलातों से गुजर रही है उसके बावजूद भी डाक्टर साहिब ने ऐसा

[श्री बाबू राम चावला]

बजट रखा है जो लोगों के हित के लिये है व दिहाती लोगों के हित के लिये है। मैं इसमें कुछ सुझाव देना चाहता हूं। टैक्निकल शिक्षा के विषय को आठवीं जमात तक जरूरी घोषित कर देना चाहिये ताकि जो लड़का स्कूल से निकले उसे नौकरी या काम धन्धा मिल जाये। दूसरे सरकार ने 200 प्राईमरी स्कूल अपग्रेड करने हैं, 100 स्कूल मिडल अपग्रेड करने हैं और 70 हाई स्कूल अपग्रेड करने हैं। मेरी अपनी छोटी सी राय में यह स्कूल बहुत कम हैं और कुछ ज्यादा रखे जायें। अनुसूचित जातियों के लोगों के 5000 रुपये के कर्जे माफ किये गये हैं इस सम्बन्ध में सरकार ने कोआप्रेटिव सोसाईटियों, कोआप्रेटिव बैंकों के बारे में नोटिफिकेशन जारी किया है, लेकिन मैं यह मांग करता हूं कि कमर्शीयल बैंकों से भी जिन शडयूल्ड कास्टस ने पांच हजार रुपये तक कर्जे लिये हुये हैं उनको भी माफ किया जाये।

मैं अपने इलाके की एक बात कहूंगा। मेरे इलाका अरनीवाला के आस पास चार शहर हैं जो कि 20-20, 30-30 किलोमीटर पर हैं जैसे कि अबोहर है, फाजिल्का है या मलौट आदि हैं। अरनीवाला में कोई कालेज नहीं है। इस लिए मैं आप के द्वारा सरकार से आग्रह करूंगा कि अरनीवाला में एक कालेज खोला जाये क्योंकि विद्यार्थियों को और सभी कालेज दूर-दूर पड़ते हैं।

इस के साथ ही सरकार को मैं मुबारिकबाद देता हूं कि उन्होंने क्लास फोर के आदमी को जो चौकीदार है, जो सरकारी मुलाजिम भी माना जाता है, 24 घंटे सर्विस है उस की, जब भी कोई अफसर जाता है गांव में तो सब से पहले वह चौकीदार को बुलाएगा और उस के बाद वह आगे की कार्यवाही शुरु करता है, यह खुशी की बात है कि उस चौकीदार को तनखाह भत्ता 200 रुपये से बढ़ा कर 250 रुपये किया हैं। मैं सरकार से आग्रह करूंगा कि यह कम-अज़-कम 500 रुपया कर दिया जाए।

रिज़र्वेशन के लिये सरदार बेअन्त सिंह जी की सरकार ने बहुत कुछ किया है। मैं धन्यवादी हूं लेकिन इस के बीच में जो हमारी पालिसीज़ हैं वह अफसरशाही की नीति से, अफसरशाही के द्वारा या उन की वजह से लोगों तक नहीं पहुंचती। इस लिए मैं बेनती करूंगा कि रिज़र्वेशन पालिसी प्रभावी ढंग से लागू की जाये ताकि जो बैकलाग पूरा नहीं हुआ वह पूरा किया जा सके।

बुढ़ापा पैन्शन और विधवा पैन्शन के लिये सरकार ने 100 रुपये से 150 रुपये किया है। इस के लिये मैं धन्यवादी हूं लेकिन इस का जो प्रोसीजर है, जो तरीका है वह बहुत लम्बा है। आदमी बूढ़ा है या विधवा औरत है उन को बहुत चक्कर लगाने पड़ते हैं पैन्शन के लिये। इस लिये कोई आसान तरीका इख्तयार किया जाये जिस से उन को पैन्शन जल्दी मिल सके।

ट्रांसपोर्ट के बारे में भी कुछ प्रोग्राम बनाया गया है लेकिन मैं सरकार से आग्रह करूंगा कि इस में रिज़र्वेशन शडल्यूड कास्टस के लिये रखी जाये और रिज़र्वेशन पालिसी के मुताबिक शडल्यूड कास्ट नौजवानों को रूट परमिट दिये जायें।

पंजाब के लोग आतंकवाद से 10 सालों से निपट रहे थे, जूझ रहे थे। मैं पंजाब सरकार और सरदार बेअंत सिंह जी को मुबारकबाद देता हूं कि उन्होंने 10 सालों के बाद लोगों को राहत दी है और आतंकवाद से बाहर निकाल लाए हैं और म्यूनिस्पल कमेटियों के चुनाव और साढ़े ग्यारह हजार पंचायतों के चुनाव हुए जो कि इस बात का प्रतीक है।

अब मैं सरकार की वित्ती नीति के बारे में कहूंगा कि वित्त मुशकलों को देखते हुये मैं अपनी तरफ से आहिद करता हूं कि मुझे या मैंबर साहिबान को 450 लिटर पैट्रोल पर मन्थ मिलता है मैं आहिद करता हूं कि --------(विघ्न)

ਸ੍ਰੀ ਸਪੀਕਰ ; ਚਾਵਲਾ ਜੀ ਬੱਜਟ ਊਪਰ ਬਾਤ ਕਰੋ।

श्री बाबू राम चावला . इसके साथ ही मैं बजट का स्वागत करता हूं। इसकी सराहना करता हूं और साथ में आप का फिर धन्यवाद करता हूं। जय हिन्द।

ਸ੍ਰੀਮਤੀ ਵਿਮਲਾ ਡਾਂਗ (ਅੰਮ੍ਰਿਤਸਰ ਪੱਛਮੀ): ਮਾਨਯੋਗ ਸਪੀਕਰ ਸਾਹਿਬ, ਬਜਟ ਦੇ ਬਾਰੇ ਵਿਚ ਸਾਡੀ ਇਹ ਰਾਏ ਹੈ ਕਿ ਪੰਜਾਬ ਵਿਚ ਇਹ ਇਕ ਫਾਈਨਾਂਸ਼ੀਅਲ ਕਰਾਈਸਿਜ਼ ਦਾ ਬਜਟ ਹੈ। ਇਸ ਵਿੱਚ ਕੁਝ ਅੱਛੀ ਪਰਪੋਜ਼ਲਜ਼ ਵੀ ਹਨ ਜਿਹੜੀਆਂ ਪੌਜ਼ਿਟਿਵ ਹਨ ਜਿਨ੍ਹਾਂ ਨੂੰ ਅਸੀਂ ਵੈਲਕਮ ਕਰਦੇ ਹਾਂ। ਲੇਕਿਨ ਜਿੱਥੋਂ ਤੱਕ ਗਰੀਬ ਜਨਤਾ ਦਾ ਸਬੰਧ ਹੈ, ਭਾਵੇਂ ਉਹ ਇੰਡਸਟਰੀਅਲ ਵਰਕਰ ਹੈ, ਭਾਵੇਂ ਗਰੀਬ ਕਿਸਾਨ ਹੈ, ਭਾਵੇਂ ਖੇਤ ਮਜ਼ਦੂਰ ਹੈ ਤੇ ਭਾਵੇਂ ਮੁਲਾਜ਼ਮ ਹੈ, ਇਹਨਾਂ ਨੂੰ ਬਜਟ ਦੇ ਵਿਚ ਕੋਈ ਰਾਹਤ ਦੇਣ ਦੀ ਪਰੋਵੀਜ਼ਨ ਨਹੀਂ ਕੀਤੀ ਗਈ। ਇਸ ਗੱਲ ਦਾ ਸਾਨੂੰ ਬੜਾ ਦੁੱਖ ਵੀ ਹੈ। ਸਭ ਤੋਂ ਪਹਿਲਾਂ ਮੈਂ ਇਹ ਕਹਿਣਾ ਚਾਹੁੰਦੀ ਹਾਂ ਕਿ ਪੰਜਾਬ ਵਿਚ ਪਿਛੇ ਕੁਝ ਹਾਲਾਤ ਸੁਧਰੇ ਹਨ ਇਸ ਲਈ ਸਾਰੀਆਂ ਪਾਰਟੀਆਂ ਨੇ ਮੁਤਫਿਕ ਰਾਏ ਨਾਲ ਸਰਕਾਰ ਨੂੰ ਇਸ ਗੱਲ ਲਈ ਵਧਾਈ ਵੀ ਦਿੱਤੀ ਹੈ ਲੇਕਿਨ ਅਸੀਂ ਸਮਝਦੇ ਹਾਂ ਕਿ ਅਤਿਵਾਦ ਨੂੰ ਕੰਟਰੋਲ ਕਰਨ ਤੇ ਕਾਫੀ ਖਰਚ ਸਾਡੇ ਬਜਟ ਦਾ ਹੋ ਰਿਹਾ ਹੈ। ਇਸ ਲਈ ਸੈਂਟਰ ਨੂੰ ਪੰਜਾਬ ਦੀ ਜ਼ਿਆਦਾ ਮਦਦ ਕਰਨੀ ਚਾਹੀਦੀ ਹੈ ਔਰ ਇਹ ਮੰਗ ਠੀਕ ਹੈ ਕਿ ਲੋਨਜ਼ ਜਿਹੜੇ ਹਨ ਇਹ ਰਾਈਟ ਆਫ ਹੋਣੇ ਚਾਹੀਦੇ ਹਨ। ਅਸੀਂ ਸਮਝਦੇ ਹਾਂ ਕਿ ਅਤਿਵਾਦ ਨੂੰ ਕਮਜ਼ੋਰ ਕੀਤੇ ਬਿਨਾਂ ਪੰਜਾਬ ਦੀ ਡਿਵੈਲਪਮੈਂਟ ਨਹੀਂ ਹੋ ਸਕਦੀ, ਇਸ ਕਰਕੇ ਪੁਲਿਸ ਤੇ ਜਿਹੜਾ ਖਰਚ ਹੈ ਇਹ ਕਰਨਾ ਜ਼ਰੂਰੀ ਹੈ ਔਰ ਵਾਜਬ ਹੈ। ਲੇਕਿਨ ਜਿਸ ਤਰੀਕੇ ਨਾਲ ਇਥੇ ਆਈ. ਜੀ. ਔਰ ਡੀ. ਆਈ. ਜੀ. ਵਗੈਰਾ ਦੀ ਗਿਣਤੀ ਵਿਚ ਵਾਧਾ ਕੀਤਾ ਜਾ ਰਿਹਾ ਹੈ, ਇਸ ਸਬੰਧ ਵਿਚ ਐਕਸਪਰਟਸ ਦੀ ਇਹ ਰਾਏ ਹੈ ਕਿ ਇਸਦੇ ਨਾਲ ਐਫੀਸ਼ੈਂਸੀ ਵਧਣੀ ਨਹੀਂ ਘੱਟ ਜਾਣੀ ਹੈ। ਇਸ ਲਈ ਸਰਕਾਰ ਨੂੰ ਇਸ ਬਾਰੇ ਗੰਭੀਰਤਾ ਨਾਲ ਵਿਚਾਰ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ ਇਥੇ ਮੁੱਖ ਮੰਤਰੀ ਸਾਹਿਬ ਨੇ ਬਿਆਨ ਵੀ ਪਿਛਲੇ ਸੈਸ਼ਨ ਵਿਚ ਦਿਤਾ ਸੀ ਔਰ ਅਸੀਂ ਇਹ ਮੰਗ ਵੀ ਕੀਤੀ ਸੀ ਕਿ ਜਿਸ ਤਰ੍ਹਾਂ ਅਤਿਵਾਦੀਆਂ ਨੇ ਗੈਰ-ਕਾਨੂੰਨੀ ਤਰੀਕੇ ਨਾਲ ਜਾਇਦਾਦਾਂ ਬਣਾਈਆਂ ਹਨ ਉਹ ਜ਼ਬਤ ਹੋਣੀਆਂ ਚਾਹੀਦੀਆਂ ਹਨ। ਇਸ ਬਾਰੇ ਸੀ. ਐਮ. ਸਾਹਿਬ ਨੇ ਪਰੈਸ ਸਟੇਟਮੈਂਟ ਵੀ ਦਿੱਤੀ ਸੀ, ਮੈਂ ਸਮਝਦੀ ਹਾਂ ਕਿ ਇਸ ਤਰ੍ਹਾਂ ਕਰਨ ਨਾਲ ਜਿਹੜਾ ਸਾਡੇ ਬਜਟ ਦਾ ਘਾਟਾ ਹੈ ਉਸ ਨੂੰ ਪੂਰਾ ਕਰਨ ਵਿਚ ਕਾਫੀ ਮੱਦਦ ਮਿਲੇਗੀ। ਇਸ ਤਰ੍ਹਾਂ ਕਰਨ ਨਾਲ ਜੋ ਵਾਇਦਾ ਕੀਤਾ ਗਿਆ ਹੈ ਉਹ ਪੂਰਾ ਵੀ ਹੋਵੇਗਾ ਔਰ ਅਸੀਂ ਮੰਗ ਕਰਦੇ ਹਾਂ ਕਿ ਅਤਿਵਾਦੀਆਂ ਨੇ ਲੁੱਟ ਦੇ ਨਾਲ ਜਿਹੜੀ ਲੱਖਾਂ ਕਰੋੜਾਂ ਰੁਪਏ ਦੇ ਨਾਲ ਜਾਇਦਾਦ ਬਣਾਈ ਹੈ ਉਹ ਜ਼ਬਤ ਹੋਣੀ ਚਾਹੀਦੀ ਹੈ।

[ਸ਼੍ਰੀਮਤੀ ਵਿਮਲਾ ਡਾਂਗ]

ਇਸੇ ਤਰੀਕੇ ਨਾਲ ਸਿਕਿਉਰਿਟੀ ਤੇ ਜਿਹੜਾ ਖਰਚ ਹੋ ਰਿਹਾ ਹੈ, ਇਹ ਰੈਸ਼ਨੇਲਾਈਜ਼ ਹੋਣਾ ਚਾਹੀਦਾ ਹੈ। ਪੁਲੀਟੀਕਲ ਲੀਡਰਾਂ ਦੇ ਸਬੰਧ ਵਿਚ ਵੀ ਵਿਚਾਰ ਕਰਨਾ ਚਾਹੀਦਾ ਹੈ ਅੌਰ ਸਿਕਿਉਰਿਟੀ ਫੰਡ ਜਿਹੜਾ ਵੀ. ਆਈ. ਪੀ. ਦੇ ਰਿਲੇਸ਼ਨ ਦੇ ਵਾਸਤੇ ਹੈ, ਇਸ ਤੇ ਫਿਰ ਵਿਚਾਰ ਕਰਨਾ ਚਾਹੀਦਾ ਹੈ ਅੌਰ ਇਸ ਕਿਸਮ ਦੇ ਖਰਚ ਨੂੰ ਘਟਾਉਣਾ ਚਾਹੀਦਾ ਹੈ ।

ਮਿੱਤਲ ਸਾਹਿਬ ਨੇ ਇਸ ਸਬੰਧ ਵਿਚ ਆਉਣ ਵਾਲੇ ਸਮੇਂ ਵਿਚ ਐਸ. ਪੀ. ਓਜ਼ ਅੌਰ ਹੋਮ ਗਾਰਡਜ਼ ਦੇ ਬਾਰੇ ਕਿਹਾ ਹੈ। ਗਵਰਨਰ ਸਾਹਿਬ ਦੇ ਭਾਸ਼ਣ ਤੇ ਵੀ ਜਿਸ ਵੇਲੇ ਬਹਿਸ ਹੋ ਰਹੀ ਸੀ ਤਾਂ ਉਸ ਵੇਲੇ ਵੀ ਇਸ ਗੱਲ ਦਾ ਯਕੀਨ ਦਿਵਾਇਆ ਗਿਆ ਸੀ ਕਿ ਰਿਟਰੈਂਚਮੈਂਟ ਨਹੀਂ ਹੋਵੇਗੀ। ਇਸ ਪਾਸੇ ਸਰਕਾਰ ਨੂੰ ਧਿਆਨ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ ਜਿਹੜੀ ਤਨਖਾਹ ਇਨ੍ਹਾਂ ਐਸ. ਪੀ. ਓਜ਼. ਨੂੰ ਮਿਲਦੀ ਹੈ ਉਹ ਵੀ ਕਈ ਕਈ ਮਹੀਨੇ ਨਹੀਂ ਮਿਲਦੀ। ਸਾਡੇ ਅੰਮ੍ਰਿਤਸਰ ਵਿਚ 5–6 ਮਹੀਨੇ ਤੋਂ ਤਨਖਾਹ ਐਸ. ਪੀ. ਓਜ਼ ਨੂੰ ਨਹੀਂ ਮਿਲ ਰਹੀ ਅੌਰ ਹੋਮ ਗਾਰਡਜ਼ ਦਾ ਵੀ ਇਸ ਕਿਸਮ ਦਾ ਹਸ਼ਰ ਹੋ ਰਿਹਾ ਹੈ। ਇਸ ਲਈ ਮੈਂ ਸਰਕਾਰ ਨੂੰ ਬੇਨਤੀ ਕਰਾਂਗੀ ਕਿ ਇਹ ਵੀ ਪੰਜਾਬ ਦਾ ਗਰੀਬ ਸੈਕਸ਼ਨ ਹੈ ਜਿਹੜਾ ਕਿ ਪੰਜਾਬ ਦੇ ਵਾਸਤੇ ਇਤਨੀਆਂ ਕੁਰਬਾਨੀਆਂ ਕਰ ਰਿਹਾ ਹੈ। ਕਿਉਂਕਿ ਇਹ ਕਨਫਰਮ ਨਹੀਂ, ਇਸ ਲਈ ਉਨ੍ਹਾਂ ਨੂੰ ਬਾਕੀ ਪੁਲਿਸ ਵਾਂਗ ਸਹੂਲਤਾਂ ਨਹੀਂ ਮਿਲ ਰਹੀਆਂ। ਇਸ ਕਰਕੇ ਮੈਂ ਸਮਝਦੀ ਹਾਂ ਕਿ ਭਵਿਖ ਵਿਚ ਇਨ੍ਹਾਂ ਦੀ ਸਹਾਇਤਾ ਹੋਣੀ ਚਾਹੀਦੀ ਹੈ। ਅੌਰ ਇਨ੍ਹਾਂ ਨੂੰ ਪੁਲਿਸ ਵਿਚ ਐਬਜ਼ਾਰਬ ਕਰ ਲੈਣਾ ਚਾਹੀਦਾ ਹੈ ।

ਜਿਸ ਤਰੀਕੇ ਨਾਲ ਅੱਤਵਾਦੀਆਂ ਨੂੰ ਕਮਜ਼ੋਰ ਕਰਨ ਲਈ ਸਰਕਾਰ ਵੱਲੋਂ ਕਦਮ ਚੁੱਕੇ ਜਾ ਰਹੇ ਹਨ ਇਸ ਦੇ ਨਾਲ ਹੀ ਪੰਜਾਬ ਸਮੱਸਿਆ ਦਾ ਰਾਜਸੀ ਹੱਲ ਵੀ ਲੱਭਣਾ ਚਾਹੀਦਾ ਹੈ। ਇਸ ਦੇ ਬਾਰੇ ਪੁਲੀਟੀਕਲ ਪਾਰਟੀਜ਼ ਜ਼ੋਰ ਦੇ ਰਹੀਆਂ ਹਨ ਕਿ ਧਰਮ ਨੂੰ ਰਾਜਨੀਤੀ ਤੋਂ ਅੱਡ ਕੀਤਾ ਜਾਵੇ। ਮੈਨੂੰ ਖੁਸ਼ੀ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਨੇ ਇਸ ਤਰਫ ਪਹਿਲ-ਕਦਮੀ ਕਰਨ ਦੀ ਮੁਹਿੰਮ ਚਲਾਈ ਹੈ। ਪਿਛਲੇ ਇਕ ਮਹੀਨੇ ਤੋਂ ਜਦ ਦਾ ਇਥੇ ਸੈਸ਼ਨ ਚਲ ਰਿਹਾ ਹੈ ਅੌਰ ਮੁੱਖ ਮੰਤਰੀ ਨੇ ਇਸ ਸਬੰਧ ਵਿਚ ਇਨੀਸ਼ੀਏਟਿਵ ਲਿਆ ਹੈ ਸਰਕਾਰ ਨੂੰ ਚਾਹੀਦਾ ਹੈ ਕਿ ਕੋਈ ਵੀ ਪਾਰਟੀ ਰਾਜਨੀਤੀ ਨੂੰ ਗੁਰਦੁਆਰੇ ਅਤੇ ਮੰਦਰਾਂ ਵਿਚੋਂ ਨਾ ਚਲਾਏ ਅਤੇ ਇਥੇ ਇਨ੍ਹਾਂ ਦੇ ਅੱਡੇ ਨਾ ਬਣਨ ਦੇਵੇ। ਕਿਸੇ ਧਰਮ ਅਸਥਾਨ ਵਿਚ ਕਿਸੇ ਵੀ ਪਾਰਟੀ ਦੇ ਦਫਤਰ ਨਹੀਂ ਹੋਣੇ ਚਾਹੀਦੇ। ਇਸ ਸਬੰਧ ਵਿਚ ਇਸ ਸਦਨ ਵਿਚ ਸੁਜੈਸ਼ਨਾਂ ਲੈਣੀਆਂ ਚਾਹੀਦੀਆਂ ਹਨ। ਜਿਸ ਤਰ੍ਹਾਂ ਅਕਾਲੀਆਂ ਨੇ ਪਿਛੇ ਜਿਹੇ ਅਨੰਦਪੁਰ ਸਾਹਿਬ ਅਲੱਗਵਾਦ ਦਾ ਮਤਾ ਪਾਸ ਕੀਤਾ ਉਸ ਨੂੰ ਸਰਦਾਰ ਬੇਅੰਤ ਸਿੰਘ ਨੇ ਆਨੰਦਪੁਰ ਸਾਹਿਬ ਦੇ ਸਿਖ ਭਾਈਚਾਰੇ ਦੇ ਭਾਰੀ ਇਕੱਠ ਵਿਚ ਰਿਜੈਕਟ ਕਰਵਾਇਆ ਹੈ। (ਤਾੜੀਆਂ) ਇਸ ਨਾਲ ਮੈਨੂੰ ਬੜੀ ਖੁਸ਼ੀ ਹੋਈ ਹੈ। ਇਹ ਇਕ ਪ੍ਰੋਗਰੈਸਿਵ ਸਟੈਪ ਸੀ। ਸੀ. ਪੀ. ਆਈ. ਅਤੇ ਸੀ. ਪੀ. ਐਮ. ਨੇ ਆਨੰਦਪੁਰ ਸਾਹਿਬ ਦੇ ਮਤੇ ਦੇ ਖਿਲਾਫ ਰਾਏ ਪ੍ਰਗਟ ਕੀਤੀ ਸੀ ਅਤੇ ਇਸ ਨੂੰ ਪਹਿਲੇ ਹੀ ਰਿਜੈਕਟ ਕੀਤਾ ਸੀ ਅਤੇ ਕਿਹਾ ਸੀ ਕਿ ਇਹ ਮਤਾ ਇਕ ਸੀਸੈਸ਼ਨਿਸਟ ਮਤਾ ਹੈ ਜਿਸ ਵਿਚ ਅਲਗਾਵਾਦ ਦੀ ਬੂ ਆਉਂਦੀ ਹੈ। ਇਸ ਦੇ ਨਾਲ ਮੈਂ ਆਪਣੀ ਪਾਰਟੀ ਵੱਲੋਂ ਇਹ ਗੱਲ ਕਹਿੰਦੀ ਹਾਂ ਕਿ ਸਟੇਟਾਂ ਨੂੰ ਵੱਧ ਅਧਿਕਾਰ ਮਿਲਣੇ ਚਾਹੀਦੇ ਹਨ ਅਤੇ ਇਸ ਸਬੰਧ ਵਿਚ ਪੰਜਾਬ ਸਰਕਾਰ ਨੂੰ ਪਹਿਲੇ ਮੁਹਿੰਮ ਚਲਾਣੀ ਚਾਹੀਦੀ ਹੈ। ਫਿਸਕਲ ਪਾਵਰਜ਼ ਪ੍ਰਾਂਤਾਂ ਨੂੰ ਮਿਲਣੀਆਂ ਚਾਹੀਦੀਆਂ ਹਨ ।

ਸਾਡੇ ਮੁੱਖ ਮੰਤਰੀ ਨੇ ਦਿੱਲੀ ਵਿਚ ਜਿਹੜੀ ਚੀਫ ਮਨਿਸਟਰਜ਼ ਕਾਨਫਰੰਸ ਵਿਚ ਪੰਜਾਬ ਦੇ ਲਈ ਫਿਸਕਲ ਪਾਵਰਜ਼ ਦੀ ਡੀਮਾਂਡ ਕੀਤੀ ਉਹ ਚੰਗੀ ਗੱਲ ਹੈ ਅਤੇ ਸਟੇਟਾਂ ਨੂੰ ਵੱਧ ਅਧਿਕਾਰ ਦੀ ਗੱਲ

ਜ਼ੋਰਦਾਰ ਤਰੀਕੇ ਨਾਲ ਕਰਨੀ ਚਾਹੀਦੀ ਹੈ ਤਾਂ ਕਿ ਅਕਾਲੀ ਪਾਰਟੀ ਦੇ ਲੀਡਰਾਂ ਨੂੰ ਇਹ ਕਹਿਣ ਦਾ ਮੌਕਾ ਨਾ ਮਿਲੇ ਕਿ ਸਟੇਟਸ ਨੂੰ ਵੱਧ ਅਧਿਕਾਰ ਸੈਂਟਰ ਦੀ ਸਰਕਾਰ ਦੇਣਾ ਨਹੀਂ ਚਾਹੁੰਦੀ ਔਰ ਸਾਰੀ ਦੀ ਸਾਰੀ ਤਾਕਤ ਸੈਂਟਰਲ ਗੌਰਮਿੰਟ ਆਪਣੇ ਕੋਲ ਕੇਂਦਰਿਤ ਕਰਨਾ ਚਾਹੁੰਦੀ ਹੈ ਅਤੇ ਉਹ ਅਕਾਲੀ ਪਾਰਟੀ ਦੇ ਲੀਡਰ ਇਸ ਪੁਆਇੰਟ ਨੂੰ ਐਕਸਪਲਾਇਟ ਕਰਕੇ ਲੋਕਾਂ ਵਿਚ ਪ੍ਰਚਾਰ ਨਾ ਕਰ ਸਕਣ। ਮੇਰੀ ਰਾਏ ਵਿਚ ਪ੍ਰਾਂਤਾਂ ਨੂੰ ਵੱਧ ਅਧਿਕਾਰ ਦੇਣ ਦੀ ਗੱਲਬਾਤ ਬਹੁਤ ਮਹੱਤਵ ਰੱਖਦੀ ਹੈ। ਮੈਂ ਬੇਨਤੀ ਕਰਾਂਗੀ ਕਿ ਜਿਸ ਤਰ੍ਹਾਂ ਬਜਟ ਪੇਸ਼ ਕਰਨ ਤੋਂ ਪਹਿਲਾਂ ਫਾਈਨੈਂਸ ਮਨਿਸਟਰੀ ਬਜਟ ਨੂੰ ਫਾਈਨੇਲਾਈਜ਼ ਕਰਨ ਤੋਂ ਪਹਿਲਾਂ ਇਕਨੌਮਿਸਟਸ, ਇਨਟਲੈਕਚੂਅਲਜ਼ ਇੰਡਸਟਰੀਲਿਸਟਾਂ ਦੀ, ਟਰੇਡ ਯੂਨੀਅਨਿਸਟਾਂ ਦੀਆਂ ਸੁਜਸ਼ਨਾਂ ਲੈਂਦੀ ਹੈ ਉਸੇ ਤਰ੍ਹਾਂ ਪੰਜਾਬ ਸਰਕਾਰ ਨੂੰ ਵੀ ਬਜਟ ਤਿਆਰ ਕਰਨ ਵੇਲੇ ਇਨ੍ਹਾਂ ਸੈਕਸ਼ਨਾਂ ਦੇ ਲੋਕਾਂ ਦੇ ਨਾਲ ਵਿਚਾਰ ਵਟਾਂਦਰਾ ਕਰਨਾ ਚਾਹੀਦਾ ਹੈ ਅਤੇ ਇਨ੍ਹਾਂ ਦੀਆਂ ਸੁਜੈਸ਼ਨਾਂ ਨੂੰ ਮੱਦੇ ਨਜ਼ਰ ਰਖਦੇ ਹੋਏ ਆਪਣਾ ਬਜਟ ਤਿਆਰ ਕਰਨਾ ਚਾਹੀਦਾ ਹੈ ਤਾਂਕਿ ਬਜਟ ਬੇਹਤਰ ਬਣ ਸਕੇ। ਜਿਸ ਤਰ੍ਹਾਂ ਕੱਲ ਦੂਰਦਰਸ਼ਨ ਤੇ ਕਿਹਾ ਗਿਆ ਕਿ ਪੰਜਾਬ ਦਾ ਬਜਟ ਟੈਕਸ ਮੁਕਤ ਹੈ, ਕੋਈ ਟੈਕਸ ਨਹੀਂ ਲਗਾਇਆ ਗਿਆ, ਬੜੀ ਖੁਸ਼ੀ ਦੀ ਗੱਲ ਹੈ। ਮੈਂ ਸਮਝਦੀ ਹਾਂ ਕਿ ਪੰਜਾਬ ਦਾ ਬਜਟ 83.40 ਕਰੋੜ ਘਾਟੇ ਦਾ ਬਜਟ ਹੈ। ਇਸ ਗੱਲ ਦੀ ਡਾਕਟਰ ਸਾਹਿਬ ਹਾਊਸ ਵਿਚ ਗਰੰਟੀ ਦੇਣ ਕਿ ਇਸ ਘਾਟੇ ਨੂੰ ਪੂਰਾ ਕਰਨ ਲਈ ਸਰਕਾਰ ਆਉਣ ਵਾਲੇ ਸਮੇਂ ਵਿਚ ਕੋਈ ਟੈਕਸ ਨਹੀਂ ਲਗਾਏਗੀ। ਇਸ ਤਰ੍ਹਾਂ ਦੀ ਗਰੰਟੀ ਖਜ਼ਾਨਾ ਮੰਤਰੀ ਵਲੋਂ ਹਾਊਸ ਵਿਚ ਆਉਣੀ ਚਾਹੀਦੀ ਹੈ।

ਸਪੀਕਰ ਸਾਹਿਬ, ਬਜਟ ਵਿਚ ਕਿਹਾ ਗਿਆ ਹੈ ਕਿ ਟੈਕਸ ਕੋਈ ਨਹੀਂ ਲਗਾਇਆ ਗਿਆ ਪਰ ਤੁਸੀ ਤਾਂ ਪੰਜਾਬ ਵਿਚ ਪਹਿਲਾਂ ਹੀ ਟੈਕਸ ਲਗਾ ਦਿਤੇ ਹਨ। ਖੰਡ, ਬਿਜਲੀ, ਪਾਣੀ, ਸੀਵਰੇਜ ਦੇ ਰੇਟ ਵਧਾ ਦਿਤੇ ਹਨ ਔਰ ਹੋਰ ਬਹੁਤ ਸਾਰੇ ਟੈਕਸ ਪਹਿਲਾਂ ਹੀ ਲਗਾ ਦਿਤੇ ਹਨ। ਮੈਂ, ਸਪੀਕਰ ਸਾਹਿਬ, ਇਸ ਗੱਲ ਦੇ ਨਾਲ ਸਹਿਮਤ ਨਹੀਂ ਹਾਂ ਕਿ ਪਬਲਿਕ ਇਸ ਬਜਟ ਦਾ ਸਮੱਰਥਨ ਕਰਦੀ ਹੈ। ਪਬਲਿਕ ਇਸ ਦਾ ਸਮੱਰਥਨ ਨਹੀਂ ਕਰਦੀ। ਪੰਜਾਬ ਵਿਚ ਜ਼ਿਆਦਾ ਗਰੀਬ ਲੋਕ ਵਸਦੇ ਹਨ ਔਰ ਸਾਡੀ ਪਾਰਟੀ ਗਰੀਬ ਵਰਗ ਨੂੰ ਹੀ ਰੀਪ੍ਰੈਜ਼ੈਂਟ ਕਰਦੀ ਹੈ। ਪੰਜਾਬ ਦੀ ਗਰੀਬ ਜਨਤਾ ਇਸ ਬਜਟ ਦੇ ਖਿਲਾਫ ਬੋਲ ਰਹੀ ਹੈ। ਇਸ ਦੇ ਖਿਲਾਫ ਆਵਾਜ਼ ਉਠਾਈ ਜਾ ਰਹੀ ਹੈ। ਪੈਟਰੋਲ ਦੀਆਂ ਕੀਮਤਾਂ ਵਿਚ ਵੀ ਪਿਛੇ ਸੈਂਟਰ ਦੀ ਸਰਕਾਰ ਨੇ ਅਨਪ੍ਰੈਸੀਡੈਂਟਿਡ ਵਾਧਾ ਕੀਤਾ ਸੀ। ਲੈਵੀ ਸ਼ੂਗਰ ਜੋ ਡਿਪੂਆਂ ਤੇ ਮਿਲਦੀ ਹੈ ਉਸ ਦੇ ਰੇਟ ਵਿਚ ਵੀ ਵਾਧਾ ਕਰ ਦਿੱਤਾ ਗਿਆ ਹੈ। ਕੈਰੋਸੀਨ ਵਿਚ ਵੀ ਵਾਧਾ ਹੋਣ ਦੀ ਆਸ ਹੈ। ਸਿਲੰਡਰ ਪਹਿਲਾਂ ਹੀ 95 ਰੁਪਏ ਦਾ ਮਿਲਦਾ ਹੈ ਅਤੇ ਹੁਣ ਖ਼ਦਸ਼ਾ ਹੈ ਕਿ ਇਸ ਦਾ ਰੇਟ ਵੀ ਵਧੇਗਾ, ਔਰ ਸਿਲੰਡਰ 132 ਰੁਪਏ ਦਾ ਹੋ ਜਾਏਗਾ। ਸਪੀਕਰ ਸਾਹਿਬ, ਬਜਟ ਸੈਸ਼ਨ ਵੇਲੇ ਸਰਕਾਰ ਟੈਕਸ ਨਹੀਂ ਲਗਾਉਂਦੀ ਪਰ ਬਜਟ ਸੈਸ਼ਨ ਤੋਂ ਪਹਿਲਾਂ ਹੀ ਸਰਕਾਰ ਨੇ ਬਹੁਤ ਸਾਰੇ ਟੈਕਸ ਲਗਾ ਦਿਤੇ ਹਨ ਅਤੇ ਬਾਅਦ ਵਿਚ ਵੀ ਗਰੀਬ ਲੋਕਾਂ ਤੇ ਟੈਕਸ ਲਗਣ ਦਾ ਖ਼ਦਸ਼ਾ ਹੈ। ਇਹ ਵਾਜਬ ਗੱਲ ਨਹੀਂ ਹੈ। ਗਰੀਬ ਵਰਗ ਦੀ ਮੈਜਾਰਿਟੀ ਪੰਜਾਬ ਵਿੱਚ ਹੈ ਔਰ ਸਾਰੇ ਦੇਸ਼ ਵਿਚ ਗਰੀਬ ਵਰਗ ਦੀ ਮੈਜਾਰਿਟੀ ਹੁੰਦੀ ਹੈ। ਬਜਟ ਦਾ ਅਸਰ ਗਰੀਬ ਵਰਗ ਤੇ ਅੱਛਾ ਨਹੀਂ ਪਿਆ। ਇਸ ਦਾ ਅਸਰ ਪੰਜਾਬ ਦੇ ਲੋਕਾਂ ਤੇ ਅੱਛਾ ਨਹੀਂ ਪਿਆ, ਇਸ ਦਾ ਅਸਰ ਦੇਸ਼ ਤੇ ਅੱਛਾ ਨਹੀਂ ਪਿਆ। ਬਾਕੀ ਜੋ ਬਜਟ ਵਿਚ ਪਾਜ਼ਟਿਵ ਗੱਲਾਂ ਹਨ ਜਿਸ ਤਰ੍ਹਾਂ ਪਿੰਡਾਂ ਨੂੰ 24 ਘੰਟੇ ਬਿਜਲੀ ਦੇਣੀ ਹੈ, ਇਸ ਨੂੰ ਸਾਡੀ ਪਾਰਟੀ ਵੈਲਕਮ ਕਰਦੀ ਹੈ। ਕੰਢੀ ਇਲਾਕੇ ਵਾਸਤੇ 2 ਕਰੋੜ ਰੁਪਏ ਦਾ ਪ੍ਰੋਵੀਜ਼ਨ ਰਖਿਆ ਗਿਆ ਹੈ। ਸਪੀਕਰ ਸਾਹਿਬ, ਕੰਪਿਊਟਰਾਈਜ਼ੇਸ਼ਨ ਹੋਵੇ, ਅਸੀਂ ਇਸ ਦੇ ਖਿਲਾਫ਼ ਨਹੀਂ ਹਾਂ ਪਰ ਕੋਈ ਰੀਟਰੈਂਚਮੈਂਟ ਨਾ ਹੋਵੇ, ਕੋਈ ਮੁਲਾਜ਼ਮਾਂ ਦੀ ਛਾਂਟੀ ਨਾ ਹੋਵੇ। ਇਮਪਲਾਇਮੈਂਟ ਪੋਟੈਨਸ਼ਲ ਵਿਚ ਵਾਧਾ ਹੋਣਾ ਚਾਹੀਦਾ ਹੈ। ਸਰਕਾਰ ਨੂੰ ਇਸ ਤਰੀਕੇ ਦੀਆਂ ਨਵੀਆਂ ਪਰਪੋਜ਼ਲਾਂ ਬਣਾਉਣੀਆਂ ਚਾਹੀਦੀਆਂ ਹਨ।

[ਸ੍ਰੀਮਤੀ ਵਿਮਲਾ ਡਾਂਗ]

ਫਸਾਦਾਂ ਨਾਲ ਪ੍ਰਭਾਵਿਤ ਜੋ ਸਟੂਡੈਂਟਸ ਹਨ ਉਨ੍ਹਾਂ ਨੂੰ ਵੀ ਐਨਕਰਜ ਕਰਨ ਦੀ ਲੋੜ ਹੈ। ਇਨ੍ਹਾਂ ਵਾਸਤੇ ਵੀ ਘੱਟ ਪੈਸਾ ਰਖਿਆ ਗਿਆ ਹੈ। ਸਪੀਕਰ ਸਾਹਿਬ, ਡਾਕਟਰ ਸਾਹਿਬ ਨੂੰ ਪਤਾ ਹੈ ਕਿ ਸਾਡਾ ਇੱਕ ਛੋਟਾ ਜਿਹਾ ਟਰੱਸਟ ਹੈ। ਵਿੱਤ ਮੰਤਰੀ ਜੀ ਨੇ 25,000 ਰੁਪਿਆ ਡੋਨੇਸ਼ਨ ਦਾ ਦਿੱਤਾ ਹੈ। ਅਸੀਂ ਆਤੰਕ-ਪੀੜਿਤ ਪਰਿਵਾਰਾ ਦੇ ਬੱਚਿਆਂ ਦੀ ਪੜ੍ਹਾਈ ਤੇ ਲਗਭਗ 6 ਲੱਖ ਰੁਪਿਆ ਹਰ ਸਾਲ ਖਰਚਦੇ ਹਾਂ । ਸਾਡੀ ਤਾਂ ਇਕ ਸਮਾਜ ਸੇਵੀ ਸੰਸਥਾ ਹੈ। ਫਸਾਦਾਂ ਨਾਲ ਪੀੜਤ ਬਚਿਆਂ ਵਾਸਤੇ ਪੰਜਾਬ ਸਰਕਾਰ ਵਲੋਂ ਸਿਰਫ 6 ਲੱਖ ਰੁਪਿਆ ਰਖਿਆ ਗਿਆ ਹੈ ਜੋ ਕਿ ਬਹੁਤ ਹੀ ਘੱਟ ਪੈਸਾ ਹੈ ਔਰ ਇਹ ਰਕਮ ਜ਼ਿਆਦਾ ਹੋਣੀ ਚਾਹੀਦੀ ਹੈ ।

ਮੈਂ, ਸਪੀਕਰ ਸਾਹਿਬ, ਮਿੱਤਲ ਸਾਹਿਬ ਦੀ ਇਸ ਗੱਲ ਦੇ ਨਾਲ ਸਹਿਮਤ ਨਹੀਂ ਹਾਂ ਕਿ ਨਗਰਨਿਗਮ ਦੀਆਂ ਬੱਸਾਂ ਮੁੜ ਕੇ ਪ੍ਰਾਈਵੇਟ ਹੱਥਾਂ ਵਿਚ ਕਰ ਦਿਉ । ਸ੍ਰੀ ਮਦਨ ਮੋਹਨ ਮਿੱਤਲ ਨੇ ਕਿਹਾ ਹੈ ਕਿ ਇਹ ਬੱਸਾਂ ਨਗਰ ਨਿਗਮ ਦੀਆਂ ਪ੍ਰਾਈਵੇਟ ਹਥਾਂ ਵਿਚ ਕਰ ਦਿਉ। ਮੈਂ ਔਰ ਮੇਰੀ ਪਾਰਟੀ ਇਸ ਨਾਲ ਬਿਲਕੁਲ ਸਹਿਮਤ ਨਹੀਂ ਹੈ । ਇਹ ਨਗਰਨਿਗਮ ਦੀਆਂ ਬੱਸਾਂ ਮੁੜ ਕੇ ਟਰਾਂਸਪੋਰਟ ਡਿਪਾਰਟਮੈਂਟ ਨੂੰ ਦੇਣੀਆਂ ਚਾਹੀਦੀਆਂ ਹਨ। (ਥੰਪਿੰਗ) ਅਸੀਂ ਇਸ ਗੱਲ ਦਾ ਫੈਸਲਾ ਪਹਿਲਾਂ ਵੀ ਲਿਆ ਸੀ। ਮਿਉਂਸਪਲ ਕਾਰਪੋਰੇਸ਼ਨਾਂ ਜਲੰਧਰ, ਅੰਮ੍ਰਿਤਸਰ, ਲੁਧਿਆਣਾ ਦੀਆਂ ਜੋ ਬੱਸਾਂ ਹਨ ਉਨ੍ਹਾਂ ਬਾਰੇ ਸੈਮੀਨਾਰ ਵਿਚ ਇਹ ਗੱਲ ਡਿਸਕਸ ਕੀਤੀ ਗਈ ਸੀ ਅਤੇ ਮਿਉਂਸਪਲ ਕਾਰਪੋਰੇਸ਼ਨਾਂ ਦੇ ਮੁਲਾਜ਼ਮ ਵੀ ਇਸ ਗੱਲ ਦੇ ਹੱਕ ਵਿਚ ਹਨ ਕਿ ਨਗਰ-ਨਿਗਮ ਦੀਆਂ ਬੱਸਾਂ ਟਰਾਂਸਪੋਰਟ ਨੂੰ ਦੇਣੀਆਂ ਚਾਹੀਦੀਆਂ ਹਨ । ਇਹ ਬੱਸਾਂ ਟਰਾਂਸਪੋਰਟ ਵਿਭਾਗ ਚਲਾਵੇ ।

ਸਪੀਕਰ ਸਾਹਿਬ, ਇਕ ਪਾਲਿਟੈਕਨਿਕ ਕਾਲਜ, ਅੰਮ੍ਰਿਤਸਰ 1992-93 ਵਿਚ ਖੋਲ੍ਹਣ ਦਾ ਫੈਸਲਾ ਸਰਕਾਰ ਵਲੋਂ ਕੀਤਾ ਗਿਆ ਸੀ। ਇਸ ਵਾਸਤੇ 2 ਕਰੋੜ ਰੁਪਿਆ ਰਖਿਆ ਗਿਆ ਸੀ ਪਰ ਕਾਲਜ ਵਾਸਤੇ ਇਕ ਪੈਸਾ ਵੀ ਖਰਚ ਨਹੀਂ ਕੀਤਾ ਗਿਆ ਅਤੇ ਸਕੀਮ ਨੂੰ ਡਰਾਪ ਕਰ ਦਿੱਤਾ ਗਿਆ। ਇਹ ਬਹੁਤ ਮਾੜੀ ਗੱਲ ਹੈ। ਇਸ ਨੂੰ ਮੁੜ ਕੇ ਚਾਲੂ ਕਰਨਾ ਚਾਹੀਦਾ ਹੈ। ਗੁਰੂ ਨਾਨਕ ਦੇਵ ਹਸਪਤਾਲ ਅੰਮ੍ਰਿਤਸਰ ਹੈ ਔਰ ਜਿਹੜੀ ਉਥੇ ਹਸਪਤਾਲ ਵਿਚ ਰਸੋਈ ਬਣੀ ਹੋਈ ਹੈ ਉਸ ਨੂੰ ਪੀ.ਜੀ.ਆਈ. ਵਾਂਗ ਇਮਪਰੂਵ ਕਰਨਾ ਚਾਹੀਦਾ ਹੈ। ਇਥੇ ਡਾਇਟੀਸ਼ਨਜ਼ ਦਾ ਪ੍ਰਬੰਧ ਠੀਕ ਢੰਗ ਦੇ ਨਾਲ ਨਹੀਂ ਹੁੰਦਾ ਤਾਂ ਜੋ ਪੇਸ਼ੈਂਟ ਨੂੰ ਠੀਕ ਡਾਈਟ ਮਿਲੇ। ਇਸ ਲਈ ਮੈਂ ਸਿਹਤ ਮੰਤਰੀ ਸਰਦਾਰ ਲਾਲ ਸਿੰਘ ਜੀ ਨੂੰ ਸਪੀਕਰ ਸਾਹਿਬ, ਤੁਹਾਡੇ ਰਾਹੀਂ ਕਹਾਂਗੀ ਕਿ ਉਹ ਇਸ ਗੱਲ ਵੱਲ ਜ਼ਰੂਰ ਧਿਆਨ ਦੇਣ। ਹੋਮਿਓਪੈਥਿਕ ਕਾਲਜ ਐਂਡ ਰਿਸਰਚ ਸੈਂਟਰ ਖੋਲ੍ਹਣ ਦਾ ਜਿਹੜਾ ਫੈਸਲਾ ਹੈ, ਉਸ ਨੂੰ ਅਸੀਂ ਵੈਲਕਮ ਕਰਦੇ ਹਾਂ। ਵਿਡੋ ਅਤੇ ਓਲਡ ਏਜ ਪੈਨਸ਼ਨਾਂ ਅਤੇ ਬੱਚਿਆਂ ਦੇ ਸਬੰਧ ਵਿੱਚ ਏਡ ਕਾਫੀ ਵਧੀ ਹੈ। ਅਸੀਂ ਇਸ ਗੱਲ ਤੇ ਖੁਸ਼ੀ ਦਾ ਪ੍ਰਗਟਾਵਾ ਕਰਦੇ ਹੋਏ ਇਸ ਗੱਲ ਦੀ ਮੰਗ ਕਰਾਂਗੇ ਕਿ ਜਿਹੜੇ ਨਵੇਂ ਰੂਲਜ਼ ਹਨ, ਉਨ੍ਹਾਂ ਦੇ ਸਬੰਧ ਵਿੱਚ, ਉਨ੍ਹਾਂ ਦਾ ਨੋਟੀਫਿਕੇਸ਼ਨ ਤੁਰੰਤ ਜਾਰੀ ਹੋਣਾ ਚਾਹੀਦਾ ਹੈ। ਜਿਹੜੀ ਮੌਜੂਦਾ ਵਿਡੋ ਔਰ ਓਲਡ ਏਜ ਨੂੰ ਪੈਨਸ਼ਨ ਦੇਣ ਦੀ ਪ੍ਰਣਾਲੀ ਹੈ, ਉਸ ਨਾਲ ਲੋਕਾਂ ਨੂੰ ਰਿਲੀਫ ਨਹੀਂ ਮਿਲਦਾ। ਇਨਕਮ ਦੀ ਹੱਦ ਬੜੀ ਥੋੜ੍ਹੀ ਹੈ। 30 ਰੁਪਏ ਨਾਲ ਕੀ ਬਣਦਾ ਹੈ ਪਰ ਇਸ ਆਮਦਨ ਦੀ ਵਿਧਵਾ ਦੀ ਐਪਲੀਕੇਸ਼ਨ ਕੈਂਸਲ ਹੋ ਜਾਂਦੀ ਹੈ। ਇਸੇ ਤਰ੍ਹਾਂ ਬੁੱਢੇ ਬੁੱਢੀ ਦੀ 10-15 ਰੁਪਏ ਦੀ ਉਹੀ ਪੁਰਾਣੀ ਲਿਮਿਟ ਚਲੀ ਆਉਂਦੀ ਹੈ। ਮੈਂ ਡਾਕਟਰ ਸਾਹਿਬ ਨੂੰ ਅਤੇ ਸਮਾਜ ਭਲਾਈ ਮੰਤਰੀ ਜੋ ਕਿ ਇਥੇ ਬੈਠੇ ਨਹੀਂ, ਉਨ੍ਹਾਂ ਨੂੰ ਅਪੀਲ ਕਰਾਂਗੀ ਕਿ ਨਵੇਂ ਰੂਲਜ਼ ਬਾਰੇ ਨੋਟੀਫਿਕੇਸ਼ਨ ਬਹੁਤ ਜਲਦੀ ਜਾਰੀ ਹੋਣਾ ਚਾਹੀਦਾ ਹੈ ।

ਇਸ ਬਜਟ ਵਿੱਚ ਪੰਜਾਬੀ ਭਾਸ਼ਾ ਨੂੰ ਐਨਕਰੇਜ ਕਰਨ ਲਈ, ਪ੍ਰਫੁੱਲਤ ਕਰਨ ਲਈ, ਮੇਰਾ ਖਿਆਲ ਹੈ ਕਿ ਜ਼ਿਆਦਾ ਪ੍ਰੋਵੀਜ਼ਨ ਦਿੱਤਾ ਗਿਆ ਹੈ। ਅਸੀਂ ਇਹ ਪੜ੍ਹਿਆ ਹੈ ਕਿ ਮਰਦਮਸ਼ੁਮਾਰੀ ਵਿਚ 80 ਫੀਸਦੀ ਲੋਕਾਂ ਨੇ ਆਪਣੀ ਮਾਤ ਭਾਸ਼ਾ ਪੰਜਾਬੀ ਹੀ ਲਿਖਾਈ ਹੈ ਅਤੇ ਕੁਝ ਉਹ ਲੋਕ ਜਿਹੜੇ ਪੰਜਾਬੀ ਨੂੰ ਮਾਤਰੀ ਭਾਸ਼ਾ ਮੰਨਣ ਤੋਂ ਮੁਨਕਰ ਸਨ, ਉਹ ਵੀ ਸਿੱਧੇ ਰਸਤੇ ਤੇ ਆ ਗਏ ਹਨ। ਮੈਂ ਕਹਾਂਗੀ ਕਿ ਇਹ ਤਾਂ ਠੀਕ ਹੀ ਹੈ ਕਿ ਧਰਮ ਔਰ ਰਾਜਨੀਤੀ ਨੂੰ ਅੱਡ ਰਖਣਾ ਚਾਹੀਦਾ ਹੈ ਪਰ ਇਸ ਦੇ ਨਾਲ ਭਾਸ਼ਾ ਨੂੰ ਵੀ ਧਰਮ ਨਾਲ ਨਹੀਂ ਜੋੜਨਾ ਚਾਹੀਦਾ ਅਤੇ ਡੀਲਿੰਕ ਕਰਨਾ ਚਾਹੀਦਾ ਹੈ (ਥੰਪਿੰਗ) ਆਉਣ ਵਾਲੇ ਸਮੇਂ ਵਿੱਚ ਸਰਕਾਰ ਨੂੰ ਤਕੜੇ ਸਟੈਪਸ ਲੈਣੇ ਚਾਹੀਦੇ ਹਨ। ਮੈਂ ਜਿਸ ਕਮੇਟੀ ਦੀ ਮੈਂਬਰ ਹਾਂ ਜਾਂ ਜਿਨ੍ਹਾਂ ਕਮੇਟੀਆਂ ਵਿੱਚ ਮਨਿਸਟਰਾਂ ਅਤੇ ਅਫਸਰਾਂ ਨਾਲ ਬੈਠਦੀ ਹਾਂ, ਮੈਂ ਇਹ ਦੇਖਿਆ ਹੈ ਕਿ ਉਹ ਅੰਗਰੇਜ਼ੀ ਬੋਲੀ ਬੋਲਣ ਵਿੱਚ ਮਾਣ ਸਮਝਦੇ ਹਨ। ਉਨ੍ਹਾਂ ਦੀ ਸਾਰੀ ਕਨਵਰਸੇਸ਼ਨ ਅੰਗਰੇਜ਼ੀ ਵਿੱਚ ਹੁੰਦੀ ਹੈ। ਇਹ ਰੀਤ ਸਾਨੂੰ ਤੋੜਨੀ ਚਾਹੀਦੀ ਹੈ। ਸਾਰੇ ਡਾਕੂਮੈਂਟਸ ਜਿਹੜੇ ਹਨ, ਇਹ ਠੀਕ ਹੈ ਕਿ ਏਨੀ ਜਲਦੀ ਪੰਜਾਬੀ ਵਿਚ ਟਰਾਂਸਲੇਟ ਨਹੀਂ ਹੋ ਸਕਦੇ ਅਤੇ ਡਿਫੀਕਲਟੀ ਵੀ ਜ਼ਰੂਰ ਹੋਵੇਗੀ ਪਰ ਉਨ੍ਹਾਂ ਨੂੰ ਟ੍ਰਾਂਸਲੇਟ ਕਰਨਾ ਚਾਹੀਦਾ ਹੈ। ਇਸ ਗੱਲ ਵੱਲ ਸਰਕਾਰ ਨੂੰ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ।

ਚੌਂਕੀਦਾਰਾਂ ਦੀ ਤਨਖਾਹ 200 ਰੁਪਏ ਤੋਂ ਵਧਾ ਕੇ 250 ਰੁਪਏ ਜਿਹੜੀ ਕੀਤੀ ਹੈ, ਇਹ ਥੋੜ੍ਹੀ ਵਧਾਈ ਹੈ। ਫਰੀਡਮ ਫਾਈਟਰ ਦੀ ਪੈਨਸ਼ਨ ਵਿੱਚ ਵਾਧਾ ਕੀਤਾ ਹੈ, ਇਹ ਚੰਗੀ ਗੱਲ ਹੈ। ਪਰ ਚੌਂਕੀਦਾਰ ਬਹੁਤ ਗਰੀਬ ਲੋਕ ਹਨ। ਉਨ੍ਹਾਂ ਦੀ ਡਿਮਾਂਡ 500 ਰੁਪਏ ਦੀ ਸੀ ਜਿਸ ਨੂੰ 250 ਰੁਪਏ ਕੀਤਾ ਗਿਆ ਹੈ। ਇਸ ਨੂੰ ਹੋਰ ਜ਼ਰੂਰ ਵਧਾਉਣਾ ਚਾਹੀਦਾ ਹੈ।

ਐਜੂਕੇਸ਼ਨ ਵਿਚ ਜਿਹੜਾ ਪ੍ਰੋਵੀਜ਼ਨ ਕੀਤਾ ਹੈ, ਉਸ ਵਿੱਚ ਲਗਾਤਾਰ ਵਾਧਾ ਹੋਇਆ ਹੈ। ਪਰ ਮੈਂ ਤੁਹਾਨੂੰ ਦੱਸਣਾ ਚਾਹੁੰਦੀ ਹਾਂ ਕਿ ਬੜੇ ਅਫਸੋਸ ਦੀ ਗੱਲ ਹੈ ਕਿ ਐਜੂਕੇਸ਼ਨ ਦੇ ਮਹਿਕਮੇ ਵਿੱਚ ਸਕੂਲਾਂ ਦੇ 300 ਸਵੀਪਰ ਹਨ ਇਕੱਲੇ ਸੰਗਰੂਰ ਜ਼ਿਲ੍ਹੇ ਦੇ ਵਿੱਚ ਜਿਨ੍ਹਾਂ ਨੂੰ ਪਿਛਲੇ 17 ਮਹੀਨਿਆਂ ਤੋਂ ਤਨਖਾਹ ਨਹੀਂ ਮਿਲਦੀ। ਇਸ ਪਾਸੇ ਵੀ ਧਿਆਨ ਦੇਣਾ ਚਾਹੀਦਾ ਹੈ। ਜਿਹੜੇ ਲੋਕ ਮਿੱਟੀ ਨਾਲ ਮਿੱਟੀ ਹੋ ਕੇ ਸਕੂਲਾਂ ਦੀਆਂ ਬਿਲਡਿੰਗਾਂ ਦੀ ਸਫਾਈ ਕਰਦੇ ਹਨ, ਉਨ੍ਹਾਂ ਨੂੰ 17 ਮਹੀਨੇ ਤੋਂ ਤਨਖਾਹ ਨਹੀਂ ਮਿਲੀ ਸੰਗਰੂਰ ਦੇ ਜ਼ਿਲ੍ਹੇ ਵਿੱਚ, ਇਹ ਗੱਲ ਠੀਕ ਨਹੀਂ।

ਹੋਰ ਬੱਚਿਆਂ ਲਈ ਔਰ ਦੂਸਰੇ ਸੈਕਸ਼ਨਜ਼ ਲਈ ਕੁਝ ਚੰਗੀਆਂ ਪਰੋਪੋਜ਼ਲਜ਼ ਇਸ ਬਜਟ ਵਿੱਚ ਹਨ, ਜਿਨ੍ਹਾਂ ਨੂੰ ਅਸੀਂ ਵੈਲਕਮ ਕਰਦੇ ਹਾਂ।

ਹੁਣ ਮੈਂ ਕੁਝ ਨੈਗੇਟਿਵ ਗੱਲਾਂ ਵੱਲ ਵੀ ਸਰਕਾਰ ਦਾ ਧਿਆਨ ਦਿਵਾਉਣਾ ਚਾਹੁੰਦੀ ਹਾਂ। ਇਨ੍ਹਾਂ ਸਾਰੇ ਫੀਚਰਜ਼ ਦੇ ਬਾਵਜੂਦ ਐਕਸਟੈਂਟ ਆਫ ਪਬਲਿਕ ਡੈਟ ਜਿਹੜਾ ਹੈ, ਉਹ ਜ਼ਿਆਦਾ ਹੈ। ਉਹ 1502 ਕਰੋੜ ਰੁਪਏ ਹੈ ਅਤੇ ਕੇਵਲ ਸੂਦ ਹੀ ਜਿਹੜਾ ਹੈ ਉਹ 942 ਕਰੋੜ ਰੁਪਏ ਹੈ। ਜਿਹੜੇ ਤਕੜੇ ਤਕੜੇ ਲੈਂਡ ਲਾਰਡਜ਼ ਹਨ, ਪੀਜ਼ੈਂਟਸ ਹਨ, ਵੱਡੇ ਵੱਡੇ ਜ਼ਮੀਨਾਂ ਦੇ ਮਾਲਕ ਹਨ ਔਰ ਅਮੀਰ ਹਨ ਉਨ੍ਹਾਂ ਤੇ ਕੋਈ ਐਗਰੀਕਲਚਰਲ ਇਨਕਮ ਟੈਕਸ ਨਹੀਂ ਲਗਾਇਆ ਗਿਆ। ਉਨ੍ਹਾਂ ਨੂੰ ਵੀ ਸਰਕਾਰ ਦਾ ਖਰਚ ਸ਼ੇਅਰ ਕਰਨਾ ਚਾਹੀਦਾ ਹੈ। ਅਰਬਨ ਇਲਾਕਿਆਂ ਵਿੱਚ ਇਨਕਮ ਟੈਕਸ ਸਿਟੀਜ਼ ਦੇ ਲੋਕ ਪੇ ਕਰਦੇ ਹਨ। ਜਿਹੜਾ ਗਰੀਬ ਕਿਸਾਨ ਹੈ, ਉਸ ਨੂੰ ਰਾਹਤ ਬੇਸ਼ੱਕ ਦਿਓ ਲੇਕਿਨ ਜਿਹੜੇ ਵੱਡੇ ਵੱਡੇ ਜ਼ਿਮੀਂਦਾਰ ਹਨ, ਲੈਂਡ ਲਾਰਡਜ਼ ਹਨ, ਉਨ੍ਹਾਂ ਤੇ ਐਗਰੀਕਲਚਰ ਟੈਕਸ ਲੱਗਣਾ ਚਾਹੀਦਾ ਹੈ ਅਤੇ ਐਸਟੇਟ ਡਿਊਟੀ ਵੀ ਲਗਣੀ ਚਾਹੀਦੀ ਹੈ। ਇਹ ਸਾਡੀ ਰਾਏ ਹੈ। ਇਸ ਤੋਂ

[ਸ੍ਰੀਮਤੀ ਵਿਮਲਾ ਡਾਂਗ]

ਇਲਾਵਾ ਮੈਂ ਸਮਝਦੀ ਹਾਂ ਕਿ ਇਸ ਬਜਟ ਵਿਚ ਖਾਦੀ ਬੋਰਡ ਵਾਸਤੇ ਕੋਈ ਪ੍ਰੋਵੀਜ਼ਨ ਨਹੀਂ ਰੱਖੀ ਗਈ। ਕੁਝ ਨੈਗੇਟਿਵ ਫੀਚਰ ਇਸ ਬਜਟ ਦੇ ਹੋਰ ਵੀ ਹਨ ਜਿਸ ਤਰ੍ਹਾਂ ਕਿ ਨਿਟਵੀਅਰ ਹੈ। ਉਸ ਦੇ ਵਾਸਤੇ ਵੀ ਕੋਈ ਪ੍ਰੋਵੀਜ਼ਨ ਨਹੀਂ ਰੱਖੀ ਗਈ ਹੈ। ਪਨਵੈਕ ਅਤੇ ਇਸ ਤਰ੍ਹਾਂ ਦੇ ਜਿਹੜੇ ਹੋਰ ਨੀਮ ਸਰਕਾਰੀ ਅਦਾਰੇ ਹਨ, ਉਨ੍ਹਾਂ ਦੀ ਮਾਲੀ ਹਾਲਤ ਵੀ ਚੰਗੀ ਨਹੀਂ। ਉਨ੍ਹਾਂ ਦੀ ਮਦਦ ਕਰਨ ਲਈ ਵੀ ਕੋਈ ਪ੍ਰੋਵੀਜ਼ਨ ਇਸ ਬਜਟ ਵਿਚ ਨਹੀਂ ਰੱਖੀ ਗਈ ਹੈ। ਇਨਡਾਇਰੈਕਟ ਟੈਕਸ ਪਰ ਕੈਪੀਟਾ 1047 ਹੈ ਔਰ ਡਾਇਰੈਕਟ ਟੈਕਸ ਹੈ 53.23 ਪੈਸੇ। ਇਨਡਾਇਰੈਕਟ ਟੈਕਸਾਂ ਦਾ ਬੋਝ ਜਿਹੜਾ ਹੈ, ਇਹ ਗਰੀਬ ਲੋਕਾਂ ਤੇ ਜ਼ਿਆਦਾ ਪੈਂਦਾ ਹੈ। ਇਸ ਕਰਕੇ ਇਸ ਵੱਲ ਧਿਆਨ ਦੇਣ ਦੀ ਲੋੜ ਹੈ। ਇਸ ਗੱਲ ਵੱਲ ਵੀ ਬੜੀ ਵਾਰ ਧਿਆਨ ਦਿਵਾਇਆ ਹੈ ਕਿ ਟਾਪ ਹੈਵੀ ਐਡਮਨਿਸਟ੍ਰੇਸ਼ਨ ਕੱਟ ਕਰਨਾ ਚਾਹੀਦਾ ਹੈ। ਸਾਡੀ ਜਿਹੜੀ ਕੌਂਸਲ ਆਫ ਮਨਿਸਟਰਜ਼ ਹੈ, ਉਸ ਵਿਚ 27 ਵਜ਼ੀਰ ਹਨ। ਇਸ ਦੇ ਵਾਸਤੇ ਪਹਿਲਾਂ 2,32,49,000 ਪ੍ਰੋਵਾਈਡਿਡ ਸੀ, ਫਿਰ 31 ਮਾਰਚ ਤੱਕ ਰਿਵਾਈਜ਼ ਹੋ ਕੇ ਇਹ 3,36,00,000 ਹੋ ਗਿਆ ਅਤੇ ਅਗਲੇ ਸਾਲ ਵਾਸਤੇ ਇਹ 3,94,00,000 ਯਾਨੀ ਲਗਭਗ 4 ਕਰੋੜ ਰੁਪਿਆ ਹੈ। ਇਹ ਤਕਰੀਬਨ 50 ਪ੍ਰਤੀਸ਼ਤ ਰਾਈਜ਼ ਹੈ। ਇਸ ਤੋਂ ਪਤਾ ਲਗਦਾ ਹੈ ਕਿ ਕੌਂਸਲ ਆਫ ਮਨਿਸਟਰਜ਼ ਦਾ ਕਿੰਨਾ ਖਰਚਾ ਹੈ: ਜਦ ਕਿ ਸਟੇਟ ਲੈਜਿਸਲੇਚਰ ਵਾਸਤੇ ਸਾਲ 1992-93 ਵਾਸਤੇ 2,78,29,000 ਹੈ, ਰਿਵਾਈਜ਼ ਹੋ ਕੇ ਇਹ 3,09,00,000 ਹੋ ਗਿਆ ਅਤੇ ਹੁਣ 3,93,00,000 ਯਾਨੀ ਤਕਰੀਬਨ 4 ਕਰੋੜ ਰੁਪਏ ਬਣਦਾ ਹੈ। ਇਹ ਖਰਚਾ ਕਾਫੀ ਘਟ ਕਰਨਾ ਚਾਹੀਦਾ ਸੀ। ਇਹ ਖਰਚਾ ਵਾਜਬ ਨਹੀਂ ਹੈ, ਗੈਰ ਵਾਜਬ ਹੈ। ਸਪੀਕਰ ਸਾਹਿਬ, ਪੈਸਾ ਕਮਾਉਣ ਦਾ ਇਕ ਨਵਾਂ ਅਤੇ ਵਧੀਆ ਤਰੀਕਾ ਹੈ ਕਿ ਸ਼ਰਾਬ ਵੇਚੀ ਜਾਓ। ਪਿਛੇ ਜਿਹੇ ਅਖ਼ਬਾਰਾਂ ਵਿਚ ਖਬਰ ਲਗੀ ਸੀ, ਸੁਰਖੀਆਂ ਲੱਗੀਆਂ ਸਨ, ਪੜ੍ਹ ਕੇ ਸਾਨੂੰ ਬੜੀ ਹੈਰਾਨੀ ਹੋਈ। ਅਸੀਂ ਔਰਤਾਂ ਜਾਣਦੀਆਂ ਹਾਂ ਕਿ ਸ਼ਰਾਬ ਕਿਤਨਾ ਨੁਕਸਾਨ ਕਰਦੀ ਹੈ। ਇਹ ਲੋਕਾਂ ਦੀ ਸਿਹਤ ਅਤੇ ਪਰਿਵਾਰਿਕ ਜੀਵਨ ਦਾ ਨੁਕਸਾਨ ਕਰਦੀ ਹੈ। ਸਾਨੂੰ ਸਾਰਿਆਂ ਨੂੰ ਇਸ ਗੱਲ ਦਾ ਪਤਾ ਹੈ। ਇਸ ਕਰਕੇ ਅਸੀਂ ਸਰਕਾਰ ਦੇ ਇਸ ਫੈਸਲੇ ਨਾਲ ਸਹਿਮਤ ਨਹੀਂ ਜਿਹੜਾ ਸਰਕਾਰ ਨੇ ਸ਼ਰਾਬ ਦੇ ਮੁਤੱਲਿਕ ਕੀਤਾ ਹੈ। ਇਸ ਫੈਸਲੇ ਬਾਰੇ "ਟ੍ਰਿਬਿਊਨ" ਅਤੇ ਹੋਰਨਾਂ ਅਖ਼ਬਾਰਾਂ ਵਿਚ ਵੀ ਸੁਰਖੀਆਂ ਲਗੀਆਂ ਸਨ ਅਤੇ ਅਸੀਂ ਗੌਰਮਿੰਟ ਦੇ ਇਸ ਫੈਸਲੇ ਦੇ ਖ਼ਿਲਾਫ ਪਰਿਵਿਲੇਜ ਮੋਸ਼ਨ ਵੀ ਦਿੱਤਾ ਸੀ ਕਿ ਐਕਸਾਈਜ਼ ਮਨਿਸਟਰ ਨੇ ਡਿਸਕਸ਼ਨ ਤੋਂ ਪਹਿਲਾਂ ਹੀ ਇਹ ਸਾਰਾ ਕੁਝ ਕਿਵੇਂ ਕਰ ਦਿੱਤਾ।

ਸਪੀਕਰ ਸਾਹਿਬ, ਇਹ ਗੱਲ ਵਿਚਾਰ ਕਰਨ ਵਾਲੀ ਹੈ ਕਿ 1984 ਤੋਂ ਲੈ ਕੇ ਪਲਾਨ ਤੇ 3 ਗੁਣਾਂ ਐਕਸਪੈਂਡੀਚਰ ਵਧਿਆ ਹੈ ਅਤੇ ਨਾਨ-ਪਲੈਨ ਡਿਵੈਲਪਮੈਂਟ ਐਕਸਪੈਂਡੀਚਰ 4 ਗੁਣਾਂ ਵਧਿਆ ਹੈ। ਇਹ ਫਿਗਰਜ਼ ਆਪਣੇ ਕੋਲ ਮੌਜੂਦ ਹਨ। ਇਹ ਫਿਗਰਜ਼ ਵੇਖਣ ਤੋਂ ਪਤਾ ਲਗਦਾ ਹੈ ਕਿ ਡਿਵੈਲਪਮੈਂਟ ਦਾ ਪਲੈਨ ਦਾ ਖਰਚਾ 3 ਗੁਣਾਂ ਵਧਿਆ ਹੈ ਅਤੇ ਨਾਨ-ਪਲੈਨ ਦਾ ਖਰਚਾ ਤਕਰੀਬਨ $4\frac{1}{2}$ ਗੁਣਾ ਵਧਿਆ ਹੈ।

ਹੁਣ ਮੈਂ ਕੁਝ ਪਬਲਿਕ ਅੰਡਰਟੇਕਿੰਗਜ਼ ਬਾਰੇ ਕਹਿਣਾ ਚਾਹੁੰਦੀ ਹਾਂ। ਇਨ੍ਹਾਂ ਬਾਰੇ ਵਿੱਤ ਮੰਤਰੀ ਜੀ ਨੇ ਆਪਣੀ ਤਕਰੀਰ ਅਤੇ ਰਿਟਨ ਭਾਸ਼ਣ ਵਿਚ ਇਹ ਗੱਲ ਕਹੀ ਹੈ:

> "....that public undertakings have in general not fulfiled the acid test of performance in terms of efficiency, profitability and public good....."

ਐਕਸਪਲੇਨੇਟਰੀ ਮੀਮੋ (ਬੀ. 22-23) ਨੂੰ ਪੜ੍ਹੀਏ ਤਾਂ ਪਤਾ ਲਗਦਾ ਹੈ ਕਿ ਪਬਲਿਕ ਅੰਡਰਟੇਕਿੰਗਜ਼ ਸਾਰੀਆਂ ਮਿਲਾ ਕੇ 29 ਹਨ ਅਤੇ ਫਿਗਰਜ਼/ਫੀਚਰਜ਼ ਵੇਖੀਏ ਤਾਂ ਇਨ੍ਹਾਂ ਵਿਚੋਂ 25 ਪਾਜ਼ੇਟਿਵ ਹਨ ਅਤੇ

ਕੇਵਲ 4 ਨੈਗੇਟਿਵ ਹਨ। ਇਨ੍ਹਾਂ ਦੇ ਵਿੱਚ ਪੰਜਾਬ ਪੋਲਟਰੀ, ਪੰਜਾਬ ਰੋਡਵੇਜ਼, ਟੂਰਿਜ਼ਮ, ਵੂਮੈਨ ਐਂਡ ਚਿਲਡਰਨ ਵੈਲਫੇਅਰ ਕਾਰਪੋਰੇਸ਼ਨ ਘਾਟੇ ਵਿਚ ਹਨ। ਇਨਾਂ ਵਿਚੋਂ ਵੋਮੈਨ ਐਂਡ ਚਿਲਡਰਨ ਵੈਲਫੇਅਰ ਕਾਰਪੋਰੇਸ਼ਨ ਕਮੱਰਸ਼ਲ ਅਦਾਰੇ ਨਹੀਂ। ਇਸ ਨੂੰ ਤਾਂ ਸਗੋਂ ਸਰਕਾਰ ਨੂੰ ਆਪਣੇ ਕੋਲੋਂ ਪੈਸੇ ਦੇਣੇ ਚਾਹੀਦੇ ਹਨ। ਮੈਂ ਸਮਝਦੀ ਹਾਂ ਕਿ ਜ਼ਿੰਦਗੀ ਨੇ ਇਹ ਗੱਲ ਸਾਬਤ ਕੀਤੀ ਹੈ ਕਿ ਇਹ ਵੀ ਅੰਡਰਸਟੈਂਡਿੰਗ ਗਲਤ ਹੈ ਕਿ ਪਬਲਿਕ ਸੈਕਟਰ ਦੇ ਵਿੱਚ ਸਾਰਾ ਕੁਝ ਲਾਏ ਚਲੇ ਜਾਓ ਅਤੇ ਇਹ ਵੀ ਅੰਡਰਸਟੈਂਡਿੰਗ ਗਲਤ ਹੈ ਕਿ ਮਾਰਕੀਟ ਨੂੰ ਬਿਲਕੁਲ ਖੁੱਲ੍ਹ ਦੇ ਦਿਓ ਕਿ ਉਹ ਇਸ ਤਰੀਕੇ ਦੇ ਨਾਲ ਗਰੀਬ ਜਨਤਾ ਤੇ ਜ਼ਿਆਦਾ ਤੋਂ ਜ਼ਿਆਦਾ ਬੋਝ ਪਾਵੇ। ਇਸ ਕਰਕੇ ਪਬਲਿਕ ਅੰਡਰਟੇਕਿੰਗ ਦੇ ਸਬੰਧ ਵਿੱਚ ਮੈਂ ਇਹ ਗੱਲ ਕਹਿਣਾ ਚਾਹਾਂਗੀ ਕਿ ਜਿਹੜੀ ਤੁਹਾਡੀ ਪਬਲਿਕ ਅੰਡਰਟੇਕਿੰਗਜ਼ ਕਮੇਟੀ ਹੈ ਪੰਜਾਬ ਵਿਧਾਨ ਸਭਾ ਦੀ ਉਸ ਦੀ ਰਾਏ ਔਰ ਮਸ਼ਵਰੇ ਤੋਂ ਬਗੈਰ ਕੋਈ ਵੀ ਪਬਲਿਕ ਅੰਡਰਟੇਕਿੰਗ ਨਹੀਂ ਬੰਦ ਹੋਣੀ ਚਾਹੀਦੀ। ਸਰਕਾਰ ਨੂੰ ਇਸ ਸੁਜੈਸ਼ਨ ਤੇ ਹਮਦਰਦਾਨਾ ਤੌਰ ਤੇ ਗੌਰ ਕਰਨੀ ਚਾਹੀਦੀ ਹੈ। ਇਹ ਤਾਂ ਬਲਕਿ ਗੌਰਮਿੰਟ ਦੀ ਅੰਡਰਟੇਕਿੰਗ ਕਮੇਟੀ ਹੈ ਸਗੋਂ ਟਰੇਡ ਯੂਨੀਅਨਜ਼ ਦੀ ਰਾਏ ਤੋਂ ਬਗੈਰ ਕੋਈ ਵੀ ਪਬਲਕਿ ਅੰਡਰਟੇਕਿੰਗ ਬੰਦ ਨਹੀਂ ਕੀਤੀ ਜਾਣੀ ਚਾਹੀਦੀ।

ਸਪੀਕਰ ਸਾਹਿਬ, ਜਿਹੜਾ ਤੁਹਾਡਾ ਇਕਨਾਮਿਕ ਸਰਵੇ ਹੈ ਪੰਜਾਬ ਦਾ 1992-93 ਦਾ ਉਸ ਦੇ ਵਿੱਚ ਪੇਜ 48 ਤੇ ਐਡਮਿੱਟ ਕੀਤਾ ਗਿਆ ਹੈ ਕਿ ਮਾਲੀ ਸਿਚੂਏਸ਼ਨ ਕਾਫੀ ਕਠਿਨ ਹੈ ਔਰ ਖ਼ਰਾਬ ਹੈ। ਇਹ ਗੱਲ ਤੁਹਾਡੀ ਜਿਹੜੀ ਪੰਜਾਬ ਦੀ ਪੁਜ਼ੀਸ਼ਨ ਹੈ ਉਸ ਤੋਂ ਵੀ ਕਾਫੀ ਕਲੀਯਰ ਹੁੰਦੀ ਹੈ। ਮੈਂ ਇਕ ਗੱਲ ਤੇ ਜ਼ੋਰ ਦੇਣਾ ਚਾਹਾਂਗੀ ਔਰ ਮੈਨੂੰ ਇਹ ਫਿਗਰਜ਼ ਦੇਖ ਕੇ ਹੈਰਾਨੀ ਹੋਈ ਜੇਕਰ ਡਾਕਟਰ ਸਾਹਿਬ ਦੇ ਭਾਸ਼ਣ ਨੂੰ ਪੜ੍ਹੀਏ ਤਾਂ ਇਹ ਇੰਪਰੈਸ਼ਨ ਪੈਦਾ ਹੁੰਦਾ ਹੈ ਕਿ ਬਹੁਤ ਸਾਰੇ ਲੋਕਾਂ ਨੂੰ ਰੋਜ਼ਗਾਰ ਦੇ ਦਿੱਤਾ ਹੈ ਪਰ ਅਸਲੀਅਤ ਇਹ ਹੈ ਕਿ 1992 ਵਿੱਚ ਸਰਕਾਰ ਬਣੀ ਤੋਂ ਲੈ ਕੇ ਸਤੰਬਰ, 1992 ਤੱਕ ਦੋ ਲਾਰਜ ਯੂਨਿਟ ਲਗਾਏ ਗਏ ਜਿਸ ਦੇ ਵਿੱਚ 383 ਲੋਕਾਂ ਨੂੰ ਰੋਜ਼ਗਾਰ ਮਿਲਿਆ ਸਮਾਲ ਸਕੇਲ ਸੈਕਟਰ ਦੇ ਵਿੱਚ 2194 ਯੂਨਿਟ ਲਗਾਏ ਗਏ ਅਤੇ ਇਨ੍ਹਾਂ ਵਿੱਚ 9076 ਨੂੰ ਇੰਪਲਾਇਮੈਂਟ ਦਿਤੀ ਗਈ। ਇਹ ਜਿਹੜੀ ਇੰਪਲਾਇਮੈਂਟ ਦੀ ਪਰਾਬਲਮ ਹੈ ਇਹ ਇਤਨੀ ਜਲਦੀ ਹੱਲ ਹੋਣ ਵਾਲੀ ਨਹੀਂ ਹੈ ਔਰ ਕਿਸੇ ਨੂੰ ਵੀ ਇਸ ਗੱਲ ਦਾ ਕੋਈ ਭੁਲੇਖਾ ਨਹੀਂ ਹੋਣਾ ਚਾਹੀਦਾ ਹੈ ਪਰ ਮੈਂ ਇਸ ਗੱਲ ਤੇ ਜ਼ੋਰ ਦੇਣਾ ਚਾਹੁੰਦੀ ਹਾਂ ਕਿ ਇਕਨਾਮਿਕ ਸਰਵੇ ਪੰਜਾਬ ਦੇ ਪੰਨਾ 35 ਤੇ ਲਿਖਿਆ ਗਿਆ ਹੈ ਕਿ ਮਾਰਚ, 1985 ਤੱਕ 5 ਲੱਖ 73 ਹਜ਼ਾਰ ਅਨਇੰਪਲਾਇਡ ਸਨ, 1990 ਵਿੱਚ 6 ਲੱਖ 22 ਹਜ਼ਾਰ ਅਨ-ਇੰਪਲਾਇਡ ਸਨ, 1991 ਵਿੱਚ 6 ਲੱਖ, 92 ਹਜ਼ਾਰ ਅਨਇੰਪਲਾਇਡ ਸਨ ਔਰ 3 ਜੂਨ, 1992 ਤਕ 7 ਲੱਖ 61 ਹਜ਼ਾਰ ਅਨ-ਇੰਪਲਾਇਡ ਔਰ ਇਹ ਗੱਲ ਕੇਵਲ ਇੰਪਲਾਇਮੈਂਟ ਐਕਸਚੇਂਜਾਂ ਦੇ ਰਜਿਸਟਰਾਂ ਵਿੱਚ ਹੀ ਹੈ ਬਹੁਤ ਸਾਰੇ ਸਾਡੇ ਲੋਕ ਜਿਹੜੇ ਬੇ ਰੋਜ਼ਗਾਰ ਹਨ ਉਹ ਆਪਣੇ ਨਾਂ ਰਜਿਸਟਰ ਵੀ ਨਹੀਂ ਕਰਵਾਉਂਦੇ। ਮੈਂ ਇਸ ਦੀ ਡੀਟੇਲ ਦੇ ਵਿੱਚ ਨਹੀਂ ਜਾਣਾ ਚਾਹੁੰਦੀ ਕਿ ਇੰਪਲਾਇਮੈਂਟ ਵਧੀ ਹੈ ਜਾਂ ਘਟੀ ਹੈ ਪਰ ਨੈੱਟ ਫਿਗਰਜ਼ ਦੱਸ ਕੇ ਮੈਂ ਇਹ ਬੇਨਤੀ ਕਰਨਾ ਚਾਹੁੰਦੀ ਹਾਂ ਕਿ ਜਿਹੜੇ ਬੇਸਿਕ ਇਕਨਾਮਿਕ ਰੀਫਾਰਮਜ਼ ਹਨ ਜਿਵੇਂ ਕਿ ਜ਼ਮੀਨੀ ਸੁਧਾਰ 70 ਪ੍ਰਤੀਸ਼ਤ ਲੋਕ ਸਾਡੇ ਪਿੰਡਾਂ ਦੇ ਵਿੱਚ ਰਹਿੰਦੇ ਹਨ, ਸਾਡੀ ਸਰਕਾਰ ਨੇ ਉਹਦੇ ਵਿੱਚ ਕੋਈ ਇਕਨਾਮਿਕ ਰੀਫਾਰਮ ਨਹੀਂ ਕੀਤਾ ਕਿਉਂਕਿ ਸੈਂਟਰਲ ਗੌਰਮਿੰਟ ਦੀਆਂ ਜਿਹੜੀਆਂ ਸਕੀਮਾਂ ਹਨ, ਜਿਹੜੀ ਪਾਲਿਸੀ ਹੈ ਉਹ ਇੰਟਰਨੈਸ਼ਨਲ ਮਾਨੇਟਰੀ ਫੰਡ ਅਥਾਰਟੀ ਦੇ ਦਬਾਅ ਹੇਠ ਚਲਦੀਆਂ ਹਨ। ਜੇਕਰ ਤੁਸੀਂ ਆਪਣੀਆਂ ਨੀਤੀਆਂ ਨੂੰ ਮਜ਼ਬੂਤੀ ਨਾਲ ਨਹੀਂ ਚਲਾਉਗੇ, ਸਗੋਂ ਉਲਟ ਚੱਲੋਗੇ ਤਾਂ ਮੈਂ ਸਮਝਦੀ ਹਾਂ ਕਿ ਗਰੀਬ ਲੋਕਾਂ ਦੀਆਂ ਸਮੱਸਿਆਵਾਂ, ਮੈਜਾਰਟੀ ਆਫ ਦੀ ਟੋਆਇਲਿੰਗ ਪੀਪਲ ਹਲ ਨਹੀਂ ਹੋਣਗੀਆਂ। ਸਪੀਕਰ ਸਾਹਿਬ, ਪਰਾਮਿੱਸ ਜ਼ਰੂਰ ਹੁੰਦੇ ਹਨ ਸਾਲ ਗੁਜ਼ਰ ਗਿਆ ਹੈ ਲੇਕਿਨ ਲੋਕਾਂ ਦੇ ਲੋਨਜ਼ ਮੁਆਫ ਨਹੀਂ ਹੋਏ।

[ਸ਼੍ਰੀਮਤੀ ਵਿਮਲਾ ਡਾਂਗ]

ਪੰਜਾਬ ਦੇ ਵਿੱਚ ਪਰ ਕੈਪੀਟਾ ਇਨਕਮ ਸਭ ਤੋਂ ਵੱਧ ਹੈ। ਦੂਸਰੀਆਂ ਸਟੇਟਸ ਦੇ ਵਿਚ ਤੁਸੀਂ ਦੇਖੋ ਇੰਪਲਾਈਜ਼ ਦੇ ਪੇਅ ਸਕੇਲ ਅਤੇ ਗਰੇਡਜ਼ ਕੀ ਹਨ। ਪਰ ਬਜਟ ਸਪੀਚ ਦੇ ਵਿੱਚ ਕਿਹਾ ਗਿਆ ਹੈ ਕਿ ਪੰਜਾਬ ਦੇ ਇੰਪਲਾਈਜ਼ ਦੇ ਪੇਅ ਸਕੇਲ ਸਭ ਤੋਂ ਵੱਧ ਹਨ ਪਰ ਇਹ ਠੀਕ ਨਹੀਂ ਹੈ। ਮੈਂ ਸਰਕਾਰ ਨੂੰ ਪੁੱਛਣਾ ਚਾਹਾਂਗੀ ਕਿ ਜਿਹੜੇ ਉਸ ਨੇ ਆਪ ਐਗਰੀਮੈਂਟ ਕੀਤੇ ਮੁਲਾਜ਼ਮਾਂ ਦੇ ਨਾਲ, ਕਲਾਸ ਫੋਰ ਇੰਪਲਾਈਜ਼ ਨਾਲ, ਮਨਿਸਟੀਰੀਅਲ ਸਟਾਫ ਦੇ ਨਾਲ, ਯੂਨੀਵਰਸਿਟੀ ਟੀਚਰਜ਼ ਦੀ ਪੈਨਸ਼ਨ ਦੇ ਸਵਾਲ ਤੇ, ਮਿਉਂਸਪਲ ਕਮੇਟੀ ਦੇ ਮੁਲਾਜ਼ਮਾਂ ਦੀ ਪੈਨਸ਼ਨ ਦੇ ਸਵਾਲ ਤੇ, ਅਨਾਮਲੀਜ਼ ਦੂਰ ਕਰਨ ਦੇ ਸਵਾਲ ਤੇ, ਸਰਕਾਰ ਨੇ ਜੋ ਆਪ ਪਰਾਮਿਸਿਜ਼ ਕੀਤੇ ਹਨ, ਉਨ੍ਹਾਂ ਨੂੰ ਤੁਸੀਂ ਕਿਉਂ ਨਾ ਪੂਰਾ ਕਰੋ। ਜਿਹੜੇ ਜੂਨੀਅਰ ਡਾਕਟਰ ਹਨ ਉਨ੍ਹਾਂ ਦੇ ਪੇਅ ਸਕੇਲ ਹਰਿਆਣਾ ਤੋਂ ਘੱਟ ਹਨ। ਉਨ੍ਹਾਂ ਨੂੰ ਕਿਹਾ ਗਿਆ ਕਿ ਤੁਸੀਂ ਆਪਣੀ ਐਜੀਟੇਸ਼ਨ ਸਸਪੈਂਡ ਕਰ ਦਿਓ। ਮੰਤਰੀ ਜੀ ਨੇ ਅਸ਼ੋਰੈਂਸ ਦਿਲਾਈ ਸੀ ਕਿ ਉਨ੍ਹਾਂ ਦੀਆਂ ਡਿਮਾਂਡਾਂ ਪ੍ਰਤੀ ਹਮਦਰਦਾਨਾ ਤੌਰ ਤੇ ਵਿਚਾਰ ਕੀਤਾ ਜਾਵੇਗਾ।

Mr. Speaker : Please try to wind up.

ਸ਼੍ਰੀਮਤੀ ਵਿਮਲਾ ਡਾਂਗ : ਮੇਰੇ ਥੋੜ੍ਹੇ ਜਿਹੇ ਪੁਆਇੰਟ ਰਹਿੰਦੇ ਹਨ ਜਿਨ੍ਹਾਂ ਤੇ ਮੈਂ ਬੋਲਣਾ ਹੈ। I will try to be brief. I have not taken much time. ਵੈਟਰਨਰੀ ਫਾਰਮਾਸਿਸਟਾਂ ਦੀ ਐਜੀਟੇਸ਼ਨ ਚਲ ਰਹੀ ਹੈ। ਇੰਡਸਟਰੀਅਲ ਵਰਕਰਜ਼ ਦੀ ਵੇਜਿਜ਼ ਦਾ ਮਸਲਾ ਹੈ। ਮੈਂ ਇਹ ਕਹਿਣਾ ਚਾਹੁੰਦੀ ਹਾਂ ਕਿ ਮਿਨੀਮਮ ਵੇਜਿਜ਼ ਰਿਵਾਈਜ਼ ਨਹੀਂ ਹੋਈਆਂ। ਮਜ਼ਦੂਰਾਂ ਵਿੱਚ ਬੜਾ ਰੋਸ ਹੈ। ਇੰਡਸਟਰੀਅਲ ਵਰਕਰਜ਼ ਬਾਰੇ ਗਵਰਨਰ ਸਾਹਿਬ ਦੀ ਤਕਰੀਰ ਵਿੱਚ ਵੀ ਇਕ ਸ਼ਬਦ ਨਹੀਂ ਸੀ। ਡਾਕਟਰ ਸਾਹਿਬ ਦੇ ਭਾਸ਼ਣ ਵਿੱਚ ਇਸ ਰਿਵੀਜ਼ਨ ਦੇ ਬਾਰੇ ਮਿਨੀਮਮ ਵੇਜਿਜ਼ ਦੀ ਕੋਈ ਗੱਲ ਨਹੀਂ ਕਹੀ ਗਈ। ਇਸ ਸਬੰਧ ਵਿੱਚ ਮੈਂ ਕਹਿਣਾ ਚਾਹੁੰਦੀ ਹਾਂ ਕਿ ਕਨਜ਼ਿਊਮਰ ਪ੍ਰਾਈਸ ਇੰਡੈਕਸ 1990-91 ਵਿਚ 11.11 ਪ੍ਰਤੀਸ਼ਤ ਵਧਿਆ ਸੀ ਲੇਕਿਨ ਸਕਿਲੱਡ ਵਰਕਰ ਦੀ ਤਨਖਾਹ ਜਿਹੜੀ ਪਹਿਲਾਂ 54.75 ਰੁਪਏ ਸੀ ਉਹ ਹੁਣ 57.63 ਰੁਪਏ ਹੈ। ਇਹ 60 ਰੁਪਏ ਹੋਣੀ ਚਾਹੀਦੀ ਸੀ ਇਹ ਠੀਕ ਨਹੀਂ ਕਿ they are best paid. ਸਾਡੇ ਲੇਬਰ ਮਨਿਸਟਰ ਸਾਹਿਬ ਨੇ ਵੀ ਇਥੇ ਇਹੋ ਹੀ ਕਿਹਾ ਸੀ। ਜੇਕਰ ਹੇਠਲੇ ਪਾਸਿਉਂ ਦੇਖੀਏ ਤਾਂ 28 ਸਟੇਟਾਂ ਵਿਚੋਂ ਪੰਜਾਬ ਦੇ ਮਜ਼ਦੂਰਾਂ ਦੀ ਔਸਤ ਉਜਰਤ ਦਾ ਦੂਸਰਾ ਜਾਂ ਤੀਸਰਾ ਨੰਬਰ ਆਉਂਦਾ ਹੈ। ਇਸੇ ਤਰੀਕੇ ਨਾਲ ਪਲਾਨ ਐਕਸੀਪੈਂਡੀਚਰ ਦੇ ਪੇਜ 18 ਵਿਚ ਇਹ ਗੱਲ ਲਿਖੀ ਹੈ ਕਿ ਰੂਰਲ ਡਿਵੈਲਪਮੈਂਟ ਵਿੱਚ ਰਖੀ ਰਕਮ ਕੁਲ ਬਜਟ ਦੀ 3.11 ਪ੍ਰਤੀਸ਼ਤ ਤੋਂ 3.77 ਪ੍ਰਤੀਸ਼ਤ ਘੱਟ ਕੇ ਰਹਿ ਗਈ ਹੈ। ਐਨਰਜੀ ਵਿੱਚ 38.77 ਤੋਂ ਘੱਟ ਕੇ 36.93, ਇੰਡਸਟਰੀਅਲ ਅਤੇ ਮਿਨਰਲਜ਼ ਵਿਚ 6.44 ਪ੍ਰਤੀਸ਼ਤ ਤੋਂ ਘੱਟ ਕੇ 4.68 ਪ੍ਰਤੀਸ਼ਤ ਹੈਲਥ ਵਿੱਚ 3.50 ਤੋਂ 3.40 ਪ੍ਰਤੀਸ਼ਤ ਰਹਿ ਗਈ ਹੈ। What is very shocking is that ਲੇਬਰ ਅਤੇ ਇੰਪਲਾਇਮੈਂਟ ਵਿੱਚ 0.74 ਤੋਂ ਲੈ ਕੇ 0.60 ਹੀ ਕੇਵਲ ਰਹਿ ਗਈ ਹੈ।

ਅਖ਼ੀਰ ਵਿੱਚ ਮੈਂ ਦੋ ਚਾਰ ਗੱਲਾਂ ਕਰਨੀਆਂ ਹਨ। ਅਰਸ਼ੀ ਸਾਹਿਬ ਨੇ ਇਕ ਮਤਾ ਰੱਖਿਆ ਐਂਟੀ-ਟੈਰੋਰਿਸਟ ਮਾਰਟਾਇਰਜ਼ ਦੇ ਬਾਰੇ। ਬਿਜ਼ਨੈਸ ਐਡਵਾਈਜ਼ਰੀ ਕਮੇਟੀ ਵਿੱਚ ਵੀ ਅਸੀਂ ਇਹ ਮਾਮਲਾ ਉਠਾਇਆ ਸੀ। ਇਹ ਇਕ ਨਾਨ-ਕੰਟਰੋਵਰਸ਼ੀਅਲ ਮਸਲਾ ਸੀ। ਜੇਕਰ ਰੂਲਿੰਗ ਪਾਰਟੀ ਚਾਹੁੰਦੀ ਤਾਂ ਕੋਈ ਵਾਖਿਆ-ਮੋਡੀਆ ਕੱਢ ਕੇ ਇਸ ਨੂੰ ਪਾਸ ਕੀਤਾ ਜਾ ਸਕਦਾ ਸੀ ਲੇਕਿਨ ਇਹ ਪਾਸ ਨਹੀਂ ਹੋਇਆ। ਇਸ ਗੱਲ ਦਾ ਸਾਨੂੰ ਬੜਾ ਦੁੱਖ ਹੈ ਕਿਉਂਕਿ ਐਂਟੀ ਟੈਰੋਰਿਸਟ ਮਾਰਟਾਇਰਜ਼ ਵਿੱਚ ਸਾਰੀਆਂ ਪਾਰਟੀਆਂ ਦੇ ਮੈਂਬਰ ਆਉਂਦੇ ਹਨ ਅਤੇ ਉਨ੍ਹਾਂ ਦੀ ਯਾਦ ਵਿੱਚ ਮੈਮੋਰੀਅਲ ਬਣਨੇ ਚਾਹੀਦੇ ਹਨ। ਸਰਕਾਰ ਨੂੰ ਇਸ ਕੰਮ ਵਾਸਤੇ ਕੋਈ ਪ੍ਰੋਵੀਜ਼ਨ ਜ਼ਰੂਰ ਕਰਨੀ ਚਾਹੀਦੀ ਹੈ। ਕੱਲ ਇਥੇ ਵੂਮੈਨ

ਸਟੇਟੱਸ ਅਤੇ ਵੂਮੈਨ ਕਮਿਸ਼ਨ ਬਾਰੇ ਗੱਲ ਹੋਈ ਕਿ ਇਹ ਸੂਬਾ ਪੱਧਰ ਤੇ ਕੰਸਟੀਚਿਊਟ ਹੋਣਾ ਚਾਹੀਦਾ ਹੈ। ਡਾਕਟਰ ਮਾਲਤੀ ਥਾਪਰ ਨੇ ਵੀ ਸਪੋਰਟ ਕੀਤੀ, ਸੁਰਜੀਤ ਕੌਰ ਨੇ ਵੀ ਕੀਤੀ। ਮੈਂ ਕੁਝ ਡਿਸ-ਕਸ਼ਨ ਮਿਸ ਕਰ ਗਈ, ਹੋਰਾਂ ਨੇ ਵੀ ਕੀਤੀ ਹੋਣੀ ਹੈ ਲੇਕਿਨ Punjab should not lag behind. ਮੈਂ ਔਰਤਾਂ ਦੇ ਬਾਰੇ ਜ਼ਿਆਦਾ ਗੱਲਾਂ ਨਹੀਂ ਕਰਨੀਆਂ ਕਿਉਂਕਿ ਕੱਲ ਦਾ ਸੈਸ਼ਨ ਇਸ ਸਬੰਧ ਵਿੱਚ ਹੀ ਲਗਾਇਆ ਗਿਆ ਸੀ। ਅਖੀਰ ਵਿੱਚ ਮੈਂ ਇਕ ਗੱਲ ਕਹਿਣਾ ਚਾਹੁੰਦੀ ਹਾਂ ਕਿ ਪੁਲੀਟੀਕਲ ਕੁਰੱਪਸ਼ਨ ਵਧੀ ਹੈ। ਇਸ ਬਾਰੇ ਐਲੀਗੇਸ਼ਨ ਪ੍ਰੈਸ ਵਿੱਚ ਵੀ ਲਗਦੇ ਹਨ। ਇਕ ਪਰਮਾਨੈਂਟ ਇੰਸਟੀਚਿਊਸ਼ਨ ਐਂਟੀ ਕੁਰੱਪਸ਼ਨ ਟ੍ਰਿਬਿਊਨਲ ਹੋਣਾ ਚਾਹੀਦਾ ਹੈ। ਜਿਥੇ ਕੋਈ ਵੀ ਸਿਟੀਜਨ ਜਾਂ ਸਾਧਾਰਨ ਆਦਮੀ ਜਾ ਕੇ ਰੀਜ਼ਨੇਬਲ ਸਿਕਿਊਰਟੀ ਜਮ੍ਹਾਂ ਕਰਵਾ ਕੇ ਕਿਸੇ ਵੀ ਮਨਿਸਟਰ ਜਾਂ ਕਲਾਸ-1 ਅਫ਼ਸਰ ਦੇ ਬਾਰੇ ਜੋ ਕੁਝ ਕਹਿਣਾ ਚਾਹਵੇ ਉਹ ਕਹਿ ਸਕੇ, ਉਸ ਨੂੰ ਐਗਜ਼ਾਮਿਨ ਕਰਨਾ ਚਾਹੀਦਾ ਹੈ। ਹਰ ਐਮ.ਐਲ.ਏ. ਅਤੇ ਹਰ ਮਨਿਸਟਰ ਅਤੇ ਹਰ ਕਲਾਸ-1 ਅਫਸਰ ਆਪਣੇ ਅਸੈਟਸ ਡਿਕਲੇਅਰ ਕਰੇ ਅਤੇ ਸਦਨ ਦੇ ਸਾਹਮਣੇ ਰੱਖੇ। ਅਗਰ ਕੁਰੱਪਸ਼ਨ ਨੂੰ ਬੰਦ ਕਰਨਾ ਹੈ ਤਾਂ ਜਿਹੜੇ ਮੈਡੀਕਲ ਕਾਲਜ ਜਾਂ ਇੰਜ਼ੀਨੀਅਰਿੰਗ ਕਾਲਜ ਹਨ, ਉਨ੍ਹਾਂ ਵਿੱਚ ਨੋਮੀਨੇਸ਼ਨ ਦੇ ਦਾਖਲੇ ਬੰਦ ਹੋਣੇ ਚਾਹੀਦੇ ਹਨ। ਜਿਹੜੀ ਗੱਲ ਨਰਸਿਜ਼ ਦੀ ਟਰੇਨਿੰਗ ਲਈ ਐਂਟਰੀ ਟੈਸਟ ਬੰਦ ਕੀਤੇ ਹਨ, ਉਹ ਵੀ ਠੀਕ ਨਹੀਂ ਹੈ।

ਅਖ਼ੀਰ ਵਿੱਚ ਮੈਂ ਬੇਨਤੀ ਕਰਨੀ ਚਾਹਾਂਗੀ ਕਿ ਅਗਰ ਕੁਰੱਪਸ਼ਨ ਬੰਦ ਕਰਨੀ ਹੈ, ਪੰਜਾਬ ਦੇ ਚੰਗੇ ਕੰਮ ਜਿਹੜੇ ਹਨ, ਉਨ੍ਹਾਂ ਨੂੰ ਪੂੰਝਾ ਨਹੀਂ ਫੇਰਨਾ ਤਾਂ ਸਰਕਾਰ ਨੂੰ ਤਕੜੇ ਹੋ ਕੇ ਜੁਰੱਅਤ ਨਾਲ ਐਕਸ਼ਨ ਲੈਣਾ ਚਾਹੀਦਾ ਹੈ, ਇਕੱਲਾ ਕਰਮਚਾਰੀਆਂ ਦੇ ਉਪਰ ਨਹੀਂ ਬਲਕਿ ਵੱਡੇ ਅਫਸਰ ਵੀ ਜਿਹੜੇ ਇਨਵਾਲਵ ਹੁੰਦੇ ਹਨ ਅਤੇ ਜੇ ਕੈਬਨਿਟ ਤੱਕ ਵੀ ਗੱਲ ਜਾਂਦੀ ਹੈ ਤਾਂ ਗੁਰੇਜ਼ ਨਹੀਂ ਕਰਨਾ ਚਾਹੀਦਾ ਬੋਲਡ ਐਕਸ਼ਨ ਲੈਣਾ ਚਾਹੀਦਾ ਹੈ, ਇਹ ਮੇਰੀ ਪ੍ਰਪੋਜ਼ਲ ਹੈ, ਬੇਨਤੀ ਹੈ।

ਸਰਦਾਰ ਗੁਲਜ਼ਾਰ ਸਿੰਘ (ਕਪੂਰਥਲਾ): ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬਜਟ ਸੈਸ਼ਨ ਦੇ ਵਿੱਚ ਬੋਲਣ ਲਈ ਮੌਕਾ ਦਿਤਾ ਹੈ। ਮੈਂ ਤੁਹਾਡੀ ਅੱਖ ਦੀ ਤਾਰੀਫ ਕਰੇ ਬਗੈਰ ਵੀ ਨਹੀਂ ਰਹਿ ਸਕਦਾ ਕਿਉਂਕਿ ਤੁਹਾਡੀ ਅੱਖ ਦਾ ਹਾਲ ਤਾਂ ਇਹ ਹੈ ਕਿ:

'ਨਜ਼ਰ ਉਠ ਜਾਏ ਤੋ ਦੁਆ ਹੋਤੀ ਹੈ,
ਨਜ਼ਰ ਝੁਕ ਜਾਏ ਤੋ ਹਯਾ ਹੋਤੀ ਹੈ।
ਨਜ਼ਰ ਤਿਰਛੀ ਹੋ ਤੋ ਅਦਾ ਹੋਤੀ ਹੈ,
ਨਜ਼ਰ ਫਿਰ ਜਾਏ ਤੋਂ ਕਜ਼ਾ ਹੋਤੀ ਹੈ। ,

ਇਸ ਤੇ ਬੋਲਣ ਤੋਂ ਪਹਿਲਾਂ ਸਾਡੇ ਅਰਥ-ਸ਼ਾਸਤਰੀ ਜੀ ਨੇ ਜੋ ਜ਼ਿੰਦਾ ਦੇਸ਼ ਭਗਤ ਹਨ ਅਤੇ ਜ਼ਿੰਦਾ ਸ਼ਹੀਦ ਵੀ ਹਨ ਅਤੇ ਕੁਝ ਲੋਕਾਂ ਨੇ ਉਨ੍ਹਾਂ ਤੇ ਕਿੰਤੂ ਪਰੰਤੂ ਵੀ ਕੀਤੇ ਸੀ, ਅੱਜ ਬੀ.ਐਸ.ਪੀ. ਵਾਲੇ ਬੈਠੇ ਨਹੀਂ, ਉਨ੍ਹਾਂ ਨੇ ਕਿਹਾ ਸੀ ਕਿ ਜਿੰਦਾ ਸ਼ਹੀਦ ਕਿਵੇਂ ਹਨ। 'ਜਿਸ ਤਨ ਲਾਗੇ ਸੋ ਤਨ ਜਾਨੇ, ਜਿਸ ਨੂੰ ਗੋਲੀ ਲੱਗੀ ਹੋਵੇ ਸਪੀਕਰ ਸਾਹਿਬ ਅਤੇ ਉਹ ਫਿਰ ਵੀ ਬਚ ਜਾਵੇ, ਉਸ ਨੂੰ ਜਿੰਦਾ ਸ਼ਹੀਦ ਕਿਸ ਤਰ੍ਹਾਂ ਨਾ ਕਿਹਾ ਜਾਵੇ। ਮਿੱਤਲ ਸਾਹਿਬ ਨੂੰ ਬੜਾ ਫਿਕਰ ਲਗਾ ਰਿਹਾ ਉਨ੍ਹਾਂ ਦੀ ਇਕ ਮਹਿਲਾ ਪਧ ਕੁਆਪਟ ਨਹੀਂ ਹੋਈ। ਮੈਂ ਸਮਝਦਾ ਹਾਂ ਕਿ ਇਹ ਬਜਟ ਤੇ ਐਸੀ ਗੱਲ ਹੈ:

"ਰੋਂਦੀ ਯਾਰਾਂ ਨੂੰ ਲੈਲੈ ਨਾਮ ਭਰਾਵਾਂ ਦੇ।"

ਕੁਆਪਸ਼ਨ ਦਾ ਇਕ ਸਿਸਟਮ ਹੈ, ਉਹ ਉਸ ਵਿੱਚ ਨਹੀਂ ਆਉਂਦੀ ਹੋਵੇਗੀ ਜਾਂ ਕੋਈ ਕੋਰਟ ਵਿੱਚ ਚਲਾ ਗਿਆ ਹੋਵੇਗਾ। ਮੇਰੇ ਖਿਆਲ ਵਿੱਚ ਇਸ ਤੋਂ ਵੱਧ ਹੋਰ ਕੋਈ ਗੱਲ ਨਹੀਂ ਹੋ ਸਕਦੀ। ਸਾਬੀਓ ਇਹ ਸਾਰਾ ਸਦਨ ਹੀ ਇੱਕ ਤਰ੍ਹਾਂ ਦੇ ਨਾਲ ਵਿਸ਼ੇਸ਼ਤਾ ਰੱਖਦਾ ਹੈ ਕਿਉਂਕਿ ਇਸ ਸਦਨ ਦਾ ਹਰ

[ਸਰਦਾਰ ਗੁਲਜ਼ਾਰ ਸਿੰਘ]

ਮੈਂਬਰ ਜਿਹੜਾ ਹੈ ਉਹ ਹਿੱਟ ਲਿਸਟ ਤੇ ਹੈ ਅੋਰ ਮੈਂ ਸਮਝਦਾ ਹਾਂ ਕਿ ਸਾਰੇ ਲੋਕ ਜਿਹੜੇ ਇਸ ਸਦਨ ਦੇ ਵਿੱਚ ਜਿੱਤ ਕੇ ਪੁੱਜੇ ਹਨ, ਇਸ ਲਈ ਵੀ ਇਹ ਸਦਨ ਇਤਿਹਾਸਕ ਹੈ। ਸਰਦਾਰ ਬੇਅੰਤ ਸਿੰਘ ਜੀ ਨੇ ਜਿਨ੍ਹਾਂ ਦੀ ਲੰਮੀ ਉਮਰ ਦੀ ਮੈਂ ਕਾਮਨਾ ਕਰਦਾ ਹਾਂ:

"ਤੁਮ ਸਲਾਮਤ ਰਹੋ ਕਿਆਮਤ ਤੱਕ,
ਖੁਦਾ ਕਰੇ ਕਿ ਕਿਆਮਤ ਨਾ ਹੋ।"

ਇਨ੍ਹਾਂ ਨੇ ਆਪਣੇ ਬਹੁਤ ਸਾਰੇ ਸਾਥੀ ਸ਼ਹੀਦ ਕਰਕੇ ਸਾਨੂੰ ਇੱਥੇ ਲਿਆਉਣ ਵਿੱਚ ਜ਼ੋਰ ਲਾਇਆ ਹੈ ਅੋਰ ਕਾਮਯਾਬ ਹੋਏ ਹਨ। ਮੈਂ ਸਮਝਦਾ ਹਾਂ ਕਿ ਇਨ੍ਹਾਂ ਦੇ ਤਕਰੀਬਨ 105 ਦੇ ਕਰੀਬ ਸਾਥੀ ਮਾਰੇ ਗਏ ਹਨ। (ਵਿਘਨ)

ਸ਼੍ਰੀ ਸਪੀਕਰ : ਮਿੱਤਲ ਜੀ, ਜਦੋਂ ਤੁਸੀਂ ਬੋਲ ਰਹੇ ਸੀ ਤਾਂ ਮੈਂ ਕਿਸੇ ਨੂੰ ਇੰਟਰਪਸ਼ਨ ਨਹੀਂ ਸੀ ਕਰਨ ਦਿਤੀ, ਹੁਣ ਤੁਸੀਂ ਇਹ ਫੁਲਝੜੀਆਂ ਜਿਹੀਆਂ ਨਾ ਛੱਡੋ।

ਸ਼੍ਰੀ ਮਦਨ ਮੋਹਨ ਮਿੱਤਲ : ਸਰ, ਮੈਂ ਤਾਂ ਕਿਆਮਤ ਦੀ ਤਾਰੀਫ ਕਰ ਰਿਹਾ ਹਾਂ।

ਸ਼੍ਰੀ ਸਪੀਕਰ : ਜਿਹੜਾ ਇਨ੍ਹਾਂ ਨੇ ਪਹਿਲਾਂ ਕਿਹਾ ਸੀ ਉਹ ਤਾਂ ਠੀਕ ਸੀ ?

ਸਰਦਾਰ ਗੁਲਜ਼ਾਰ ਸਿੰਘ : ਸਪੀਕਰ ਸਾਹਿਬ, ਮਿੱਤਲ ਸਾਹਿਬ ਤਾਂ ਬੜੇ ਸਮਝਦਾਰ ਹਨ ਚੰਗੀ ਗੱਲ ਦੀ ਪਰੇਜ਼ ਕਰਦੇ ਰਹਿੰਦੇ ਹਨ। ਸਰਦਾਰ ਬੇਅੰਤ ਸਿੰਘ ਇਕ ਉਹ ਇਨਸਾਨ ਹੈ ਜਿਸ ਨੇ ਪੰਜਾਬ ਨੂੰ ਮੁੜ ਪਹਿਲੀਆਂ ਲੀਹਾਂ ਤੇ ਲੈ ਆਉਂਦਾ ਹੈ। ਮੈਂ ਤਾਂ ਕਹਾਂਗਾ ਕਿ ਸਰਦਾਰ ਬੇਅੰਤ ਸਿੰਘ ਜੀ :

'ਤੁਮ ਕੋ ਖੁਦਾ ਕਹੂੰ ਕਿ ਖੁਦਾ ਕੋ ਖੁਦਾ ਕਹੂੰ
ਦੋਨੋਂ ਕੀ ਸੂਰਤ ਏਕ ਹੈ, ਕਿਸ ਕੋ ਖੁਦਾ ਕਹੂੰ।'

Shri Vijay Kumar Sathi Advocate : On a point of order, Sir.

Mr. Speaker : I won't allow any interruption. No Point of Order. Please sit down.

ਸ਼੍ਰੀ ਵਿਜੇ ਕੁਮਾਰ ਸਾਥੀ ਐਡਵੋਕੇਟ : ਮੇਰਾ ਪੁਆਇੰਟ ਬੜਾ ਅਹਿਮ ਹੈ ਜੀ।

Mr. Speaker : Please sit down.

ਸਰਦਾਰ ਗੁਲਜ਼ਾਰ ਸਿੰਘ : ਸਪੀਕਰ ਸਾਹਿਬ ਇਨ੍ਹਾਂ ਦਾ ਪ੍ਰੋਗਰਾਮ ਰੌਲੇ-ਰੱਪੇ ਦਾ ਹੀ ਹੁੰਦਾ ਹੈ ਜੀ। ਅਸੀਂ ਧੰਨਵਾਦੀ ਹਾਂ ਅਰਥ-ਸ਼ਾਸਤਰੀ ਡਾਕਟਰ ਕੇਵਲ ਕ੍ਰਿਸ਼ਨ ਜੀ ਦੇ ਜਿਨ੍ਹਾਂ ਨੇ ਸਾਨੂੰ ਟੈਕਸ ਰਹਿਤ ਬਜਟ ਦਿੱਤਾ।

ਕੁਝ ਲੋਕਾਂ ਨੇ ਕਿੰਤੂ ਕੀਤਾ, ਵਿਸ਼ੇਸ਼ ਤੌਰ ਤੇ ਮਿੱਤਲ ਸਾਹਿਬ ਨੇ ਕਿ ਤਰਾਸੀ ਕਰੋੜ ਚਾਲੀ ਲੱਖ ਰੁਪਏ ਕਿਵੇਂ ਪੂਰੇ ਕੀਤੇ ਜਾਣਗੇ। ਮੈਂ ਸਮਝਦਾ ਹਾਂ ਕਿ ਸਾਡੇ ਨੌਜਵਾਨ ਐਕਸਾਈਜ਼ ਮਨਿਸਟਰ ਸਾਹਿਬ ਨੇ ਹੀ ਇਹ ਘਾਟਾ ਪੂਰਾ ਕਰ ਦੇਣਾ ਹੈ। (ਥੰਪਿੰਗ)। ਕੱਲ੍ਹ ਜਲੰਧਰ ਵਿਚ ਆਕਸ਼ਨ ਹੋਈ ਹੈ। ਉਸ ਵਿਚ ਤੇਰਾਂ ਕਰੋੜ ਰੁਪਿਆ ਪਿਛਲੇ ਸਾਲ ਨਾਲੋਂ ਵੱਧ ਆਕਸ਼ਨ ਤੇ ਗਿਆ ਹੈ।

ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਇਮਾਨਦਾਰੀ ਨਾਲ ਚੱਲ ਰਹੀ ਹੈ ਅਤੇ ਇਹ ਬਜਟ ਪੂਰਾ ਹੋ ਜਾਣਾ ਹੈ। ਮੈਂ ਕਹਿ ਰਿਹਾ ਸੀ ਕਿ ਅਕਾਲੀ ਵੀਰ ਅਨੰਦਪੁਰ ਸਾਹਿਬ ਦੇ ਮਤੇ ਬਾਰੇ ਬੜਾ ਰੌਲਾ ਪਾਉਂਦੇ ਹਨ। ਪਿਛਲੇ ਹੋਲੇ-ਮਹੱਲੇ ਵਿਚ ਹੀ ਉਥੇ ਕਾਨਫਰੰਸ ਕਰਕੇ ਸਰਦਾਰ ਬੇਅੰਤ ਸਿੰਘ ਜੀ ਦੀ ਅਗਵਾਈ ਥੱਲੇ ਇਸ ਨੂੰ ਰਿਜੈਕਟ ਕੀਤਾ ਅਤੇ ਇੱਕ ਲੱਖ ਤੋਂ ਵੱਧ ਲੋਕਾਂ ਨੇ ਹੱਥ ਖੜ੍ਹੇ ਕੀਤੇ ਕਿ ਇਹ ਸਾਨੂੰ ਮਨਜ਼ੂਰ ਨਹੀਂ। (ਥੰਪਿੰਗ) ਅਨੰਦਪੁਰ ਦਾ ਮਤਾ ਵੱਖਵਾਦੀ ਹੈ। ਇੰਟਰੋਡਕਟਰੀ ਨੋਟ ਵਿਚ ਇਹ ਕਿਹਾ ਗਿਆ ਹੈ ਕਿ ਭਾਰਤ ਦੇ ਨਾਰਥ ਵਿਚ ਇਕ ਅਜਿਹਾ ਖਿੱਤਾ ਬਣਾਉਣ ਦੀ ਗੱਲ ਕਹੀ ਗਈ ਹੈ ਜਿਸ ਵਿਚ ਸਿੱਖਾਂ ਦਾ ਬੋਲ-ਬਾਲਾ ਹੋਵੇ ਅਤੇ ਕਿ ਅਲੱਗ ਵਿਧਾਨ, ਅਲੱਗ ਪ੍ਰਧਾਨ ਅਤੇ ਅਲੱਗ ਨਿਸ਼ਾਨ ਦੀ ਗੱਲ ਕਹੀ ਗਈ ਹੈ। ਇਹ ਆਨੰਦਪੁਰ ਸਾਹਿਬ ਦੀ ਗੱਲ ਕਰਦੇ ਹਨ ਪਰ ਇਨ੍ਹਾਂ ਨੇ ਆਨੰਦਪੁਰ ਸਾਹਿਬ ਦੀ ਡਿਵੈਲਪਮੈਂਟ ਲਈ ਕੁਝ ਨਹੀਂ ਕੀਤਾ। ਅਨੰਦਪੁਰ ਸਾਹਿਬ ਦੀ ਡਿਵੈਲਪਮੈਂਟ ਲਈ ਜੋ ਬੋਰਡ ਬਣਾਇਆ ਹੈ, ਉਹ ਸਰਦਾਰ ਬੇਅੰਤ ਸਿੰਘ ਜੀ ਨੇ ਬਣਾਇਆ। (ਥੰਪਿੰਗ) ਇਸੇ ਤਰ੍ਹਾਂ ਹੀ ਕੇਸਗੜ੍ਹ ਸਾਹਿਬ ਤੋਂ ਨੰਗਲ ਤੱਕ ਇਕ ਫਲਾਈ ਓਵਰ ਬਣਨਾ ਹੈ। ਇਹ ਸਾਡੀ ਸਰਕਾਰ ਨੇ ਬਣਾਇਆ ਅਤੇ ਅਨੰਦਪੁਰ ਸਾਹਿਬ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਕਰਾਰ ਦਿੱਤਾ। ਅਕਾਲੀ ਵੀਰਾਂ ਨੇ ਕੁਝ ਨਹੀਂ ਕੀਤਾ। ਮੇਰੇ ਸਾਥੀ ਸਰਦਾਰ ਜਸਬੀਰ ਸਿੰਘ ਜੀ ਗੱਲ ਕਰ ਰਹੇ ਸਨ।

Doctor Ramesh Dutt : Point of Order, Sir.

Mr. Speaker : No Point of Order, I have not allowed you. Sardar Gulzar Singh, carry on.

ਸਰਦਾਰ ਗੁਲਜ਼ਾਰ ਸਿੰਘ : ਸਪੀਕਰ ਸਾਹਿਬ, ਮੇਰੇ ਜ਼ਿਲ੍ਹੇ ਵਿਚ ਵੀ 3-3 ਅਕਾਲੀ ਵਜ਼ੀਰ ਰਹੇ ਹਨ। ਜੇ ਉਮਰਾਨੰਗਲ ਨੂੰ ਵੀ ਆਪਣੇ ਜ਼ਿਲ੍ਹੇ ਵਿਚ ਲੈ ਲਵਾਂ ਕਿਉਂਕਿ ਉਨ੍ਹਾਂ ਦਾ ਪਿੰਡ ਕਪੂਰਥਲੇ ਜ਼ਿਲ੍ਹੇ ਵਿਚ ਪੈਂਦਾ ਸੀ, ਤਾਂ 4 ਵਜ਼ੀਰ ਬਣਦੇ ਹਨ। ਜ਼ਿਲ੍ਹਾ ਕਪੂਰਥਲਾ ਵਿਚ ਸੁਲਤਾਨਪੁਰ ਬਾਬੇ ਦੀ ਨਗਰੀ ਹੈ ਜਿਸ ਨੂੰ ਅਸੀਂ ਨਵਾਂ ਨਨਕਾਣਾ ਕਹਿੰਦੇ ਹਾਂ। ਗੁਰੂ ਨਾਨਕ ਦੇਵ ਜੀ ਉਥੇ ਚੌਦਾਂ ਸਾਲ ਰਹੇ, ਉਥੇ ਹੀ ਉਨ੍ਹਾਂ ਨੂੰ ਗਿਆਨ ਪ੍ਰਾਪਤ ਹੋਇਆ ਅਤੇ ਉਥੇ ਹੀ ਉਨ੍ਹਾਂ ਨੇ ਉਪਦੇਸ਼ ਦਿਤਾ :

"ਸਭੇ ਸਾਂਝੀਵਾਲ ਸਦਾਇਨ......॥"
"ਨਾ ਕੋਈ ਹਿੰਦੂ ਨਾ ਮੁਸਲਮਾਨ॥"

ਇਹ ਗੱਲ ਵੀ ਇਨ੍ਹਾਂ ਨੇ ਇੱਥੇ ਹੀ ਕਹੀ ਪਰ ਇਨ੍ਹਾਂ ਨੇ ਕੁਝ ਨਹੀਂ ਕੀਤਾ। ਉਥੇ ਇਕ ਬੇਬੇ ਨਾਨਕੀ ਮਾਰਗ ਬਣਾਇਆ ਗਿਆ ਹੈ। ਬੇਬੇ ਨਾਨਕੀ ਗੁਰੂ ਨਾਨਕ ਦੇਵ ਜੀ ਦੀ ਭੈਣ ਸੀ ਅਤੇ ਸੁਲਤਾਨਪੁਰ ਉਨ੍ਹਾਂ ਦਾ ਸਹੁਰਾ ਘਰ ਸੀ। ਇਹ ਮਾਰਗ ਸਰਦਾਰ ਬੇਅੰਤ ਸਿੰਘ ਜੀ ਨੇ 40 ਲੱਖ ਰੁਪਿਆ ਲਗਾ ਕੇ ਬਣਾਇਆ (ਥੰਪਿੰਗ)। ਲਾਈਟਾਂ ਦਾ ਪ੍ਰਬੰਧ ਵੀ ਕੀਤਾ ਅਤੇ ਚਾਰ ਲੱਖ ਰੁਪਿਆ ਇਨ੍ਹਾਂ ਲਾਈਟਾਂ ਤੇ ਲਗਾਇਆ ਹੈ। ਅੱਜ ਇਹ ਜਗਮਗਾਉਂਦੀਆਂ ਹਨ। ਇਸੇ ਤਰ੍ਹਾਂ ਹੀ ਸਰਕੂਲਰ ਰੋਡ ਬਣਾਈ ਗਈ ਹੈ ਤਾਂ ਕਿ ਪਵਿੱਤਰ ਸਥਾਨ ਦੀ ਮਹੱਤਤਾ ਨੂੰ ਕਾਇਮ ਰੱਖਿਆ ਜਾ ਸਕੇ। ਇਸੇ ਤਰ੍ਹਾਂ ਹੀ ਮੇਰੇ ਸਾਥੀ ਨਿੰਮਾ ਜੀ ਨੇ ਕਿਹਾ, ਉਨ੍ਹਾਂ ਨੂੰ ਹੋਰ ਕੁਝ ਤਾਂ ਨਜ਼ਰ ਨਹੀਂ ਆਇਆ।

** ** "ਹਰਾ ਹਰਾ ਦਿਖਾਈ ਦੇਤਾ ਹੈ।"

ਸ੍ਰੀ ਸਪੀਕਰ। ** ** ਸ਼ਬਦ ਐਕਸਪੰਜ ਕੀਤੇ ਜਾਂਦੇ ਹਨ। ਤੁਸੀਂ ਹੋਰ ਗੱਲ ਕਰੋ।

Sardar Gulzar Singh : Sorry, Sir.

**Ex punged as Ordered by the Chair.

[ਸਰਦਾਰ ਗੁਲਜ਼ਾਰ ਸਿੰਘ]

ਡਿਵੈਲਪਮੈਂਟ ਦਾ ਕੰਮ ਬੜੇ ਜ਼ੋਰਾਂ ਤੇ ਚੱਲ ਰਿਹਾ ਹੈ। ਰੋਡ ਰੋਲਰਜ਼ ਦਾ ਧੂੰਆਂ ਚਿਮਨੀ ਵਿਚੋਂ ਨਿਕਲਦਾ ਦਿਖਾਈ ਦੇ ਰਿਹਾ ਹੈ। ਜੁਲਾਈ, 1993 ਤੱਕ ਜਿਹੜਾ ਹਰ ਲਿੰਕ ਸੜਕ ਤੇ ਪ੍ਰੀਮਿਕਸ ਲਗਾਉਣ ਦਾ ਨਿਸ਼ਾਨਾ ਸੀ, ਉਹ ਪੂਰਾ ਹੋਣ ਵੱਲ ਜਾ ਰਿਹਾ ਹੈ। ਟੈਕਨੀਕਲ ਐਜੂਕੇਸ਼ਨ ਦੇ ਸਬੰਧ ਵਿਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਵਜ਼ੀਰ ਰੰਧਾਵਾ ਜੀ ਨੇ ਸਰਦਾਰ ਪ੍ਰਤਾਪ ਸਿੰਘ ਕੈਰੋਂ ਦੇ ਚਰਨਾਂ ਵਿਚ ਬੈਠ ਕੇ ਟਰੇਨਿੰਗ ਲਈ ਅਤੇ ਕੈਰੋਂ ਜੀ ਨੂੰ ਸ਼ੌਕ ਸੀ ਕਿ ਪੜ੍ਹੇ ਲਿਖੇ ਹੀ ਪਾਲੀਟਿਕਸ ਵਿਚ ਆਉਣ। ਇਸੇ ਕੜੀ ਵਿਚ ਹੀ ਸਰਦਾਰ ਰੰਧਾਵਾ ਜੀ ਪਾਲੀਟਿਕਸ ਵਿਚ ਆਏ ਔਰ ਗਾਂਧੀਅਨ ਵੇ ਆਫ ਲਾਈਫ ਨਾਲ ਆਪਣਾ ਜੀਵਨ ਸ਼ੁਰੂ ਕੀਤਾ। ਉਦੋਂ ਐਮ. ਏ. ਪਾਸ ਬਹੁਤ ਘੱਟ ਹੁੰਦੇ ਸਨ। ਕੈਰੋਂ ਸਾਹਿਬ ਨੇ ਹੀ ਪੰਜਾਬ ਵਿਚ ਆਈ. ਟੀ. ਆਈਜ਼ ਬਣਵਾਈਆਂ ਅਤੇ ਇਸ ਕੜੀ ਵਿਚ ਹੀ ਟੈਕਨੀਕਲ ਐਜੂਕੇਸ਼ਨ ਬੋਰਡ ਬਣਿਆ। ਟੈਕਨੀਕਲ ਬੋਰਡ ਨੂੰ ਯੂਨੀਵਰਸਿਟੀ ਦਾ ਰੂਪ ਦਿੱਤਾ ਜਾ ਸਕਦਾ ਹੈ।

ਇਸ ਤੋਂ ਬਾਅਦ, ਸਪੀਕਰ ਸਾਹਿਬ, ਮੈਂ ਬਿਜਲੀ ਦੇ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਇਸ ਦੇ ਲਈ ਸਭ ਤੋਂ ਐਮਬੀਸ਼ੀਅਸ ਪ੍ਰੋਜੈਕਟ ਜੋ ਹੈ ਉਹ ਰਣਜੀਤ ਸਾਗਰ ਪ੍ਰੋਜੈਕਟ ਹੈ ਜੋ 1996-97 ਵਿੱਚ ਕੰਪਲੀਟ ਹੋ ਜਾਣਾ ਹੈ ਔਰ ਉਸ ਦੇ ਕੰਪਲੀਟ ਹੋ ਜਾਣ ਦੇ ਨਾਲ ਬਿਜਲੀ ਦੀ ਜੋ ਕਮੀ ਹੈ ਉਹ ਪੂਰੀ ਹੋ ਸਕੇਗੀ ਅਤੇ ਅੰਦਾਜ਼ੇ ਨਾਲ ਮੈਂ ਕਹਿ ਸਕਦਾ ਹਾਂ ਕਿ 5 ਹਜ਼ਾਰ ਕਰੋੜ ਰੁਪਏ ਆਮਦਨ ਵਿੱਚ ਵਾਧਾ ਹੋ ਜਾਣਾ ਹੈ।

ਬੈਕਵਰਡ ਕਲਾਸਿਜ਼ ਦੇ ਸਬੰਧ ਵਿੱਚ ਮੈਂ, ਸਪੀਕਰ ਸਾਹਿਬ, ਬੇਨਤੀ ਕਰਨੀ ਚਾਹੁੰਦਾ ਹਾਂ ਕਿ ਮੰਡਲ ਕਮਿਸ਼ਨ ਨੇ ਇਨ੍ਹਾਂ ਦੇ ਲਈ 27% ਰਿਜ਼ਰਵੇਸ਼ਨ ਕੀਤੀ ਹੈ ਪਰ ਸਾਡੇ ਪੰਜਾਬ ਵਿਚ ਬੈਕਵਰਡ ਕਲਾਸਿਜ਼ ਦੀ 5% ਰਿਜ਼ਰਵੇਸ਼ਨ ਹੈ। ਹਰਿਆਣਾ ਸਰਕਾਰ ਨੇ ਉਸ ਰਿਪੋਰਟ ਦੇ ਆਧਾਰ ਤੇ 10% ਰਿਜ਼ਰਵੇਸ਼ਨ ਕਰ ਦਿਤੀ ਹੈ ਸਟਰੇਟਵੇਅ, ਮੈਂ ਪੰਜਾਬ ਸਰਕਾਰ ਨੂੰ ਅਪੀਲ ਕਰਾਂਗਾ ਕਿ ਉਹ ਵੀ ਮੰਡਲ ਕਮਿਸ਼ਨ ਦੀ ਰਿਪੋਰਟ ਦੇ ਮੁਤਾਬਿਕ 27% ਰਿਜ਼ਰਵੇਸ਼ਨ ਜੋ ਹੈ ਉਹ ਕਰੇ ਔਰ ਜਿਸ ਤਰ੍ਹਾਂ ਸ਼ਡਿਊਲਡ ਕਾਸਟਸ ਦੀ ਕੋਈ ਇਨਕਮ ਬਾਰ ਨਹੀਂ ਹੈ ਇਸੇ ਤਰ੍ਹਾਂ ਬੈਕਵਰਡ ਕਲਾਸਿਜ਼ ਦੇ ਲਈ ਵੀ ਇਨਕਮ ਬਾਰ ਨਹੀਂ ਹੋਣੀ ਚਾਹੀਦੀ।

ਦਿਹਾਤੀ ਵਿਕਾਸ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਸਾਲ 117 ਕਰੋੜ ਰੁਪਿਆ ਜੋ ਇਸ ਦੇ ਲਈ ਰਖਿਆ ਸੀ ਜਿਸ ਦੇ ਨਾਲ ਪਿੰਡਾਂ ਵਿਚ ਵਿਕਾਸ ਦੇ ਕੰਮ ਹੋ ਰਹੇ ਹਨ, ਇਹ ਵਧੀਆ ਗੱਲ ਹੈ। ਸਾਲ 1993-94 ਵਿਚ ਇਸ ਦਿਹਾਤੀ ਵਿਕਾਸ ਵਾਸਤੇ 200 ਕਰੋੜ ਰੁਪਿਆ ਰੱਖਿਆ ਗਿਆ ਹੈ, ਇਸ ਦੇ ਨਾਲ ਪਿੰਡਾਂ ਦੀ ਨੁਹਾਰ ਬਦਲੇਗੀ।

ਲਾਅ ਐਂਡ ਆਰਡਰ ਦੇ ਬਾਰੇ, ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਮੈਡਮ ਨੇ ਕਿਹਾ ਹੈ ਕਿ ਲੋਕਾਂ ਨੂੰ ਘੱਟ ਰੁਜ਼ਗਾਰ ਮਿਲਿਆ ਹੈ। ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ 4500 ਵਿਅਕਤੀ ਪੁਲਿਸ ਵਿਚ ਭਰਤੀ ਕੀਤੇ ਗਏ ਹਨ ਔਰ ਇਸ ਦੇ ਵਿਚ 35,000 ਹੋਮ ਗਾਰਡ ਦੇ ਅਤੇ ਐਸ. ਪੀ. ਓ. ਭਰਤੀ ਕੀਤੇ ਗਏ ਹਨ, ਇਹ ਬਹੁਤ ਵੱਡੀ ਗੱਲ ਹੈ। ਜਿਹੜੇ ਬਹਾਦਰੀ ਦਾ ਕੰਮ ਕਰਦੇ ਹਨ ਉਨ੍ਹਾਂ ਨੂੰ ਇਨਾਮ

ਦੇਣ ਵਾਸਤੇ ਵੀ ਗੱਲ ਕੀਤੀ ਗਈ। ਸੁਰੱਖਿਆ ਬਲਾਂ ਨੂੰ 32.50 ਲੱਖ ਰੁਪਿਆ ਦਿਤਾ ਗਿਆ ਹੈ। ਸਪੀਕਰ ਸਾਹਿਬ, ਸਰਵਿਸ ਵਿੱਚ ਕਿਧਰੇ ਇਹ ਨਹੀਂ ਲਿਖਿਆ ਗਿਆ ਕਿ ਜੋ ਬਹਾਦੁਰੀ ਦੇ ਐਸੇ ਕੰਮ ਕਰਨਗੇ ਉਨ੍ਹਾਂ ਨੂੰ ਇਨਾਮ ਮਿਲਣਗੇ। ਜਿਨ੍ਹਾਂ ਦੇ ਵਾਸਤੇ ਇਨਾਮ ਰੱਖੇ ਗਏ ਸੀ ਉਹ ਚੋਰ ਲੁਟੇਰੇ ਸਨ, ਜਿਨ੍ਹਾਂ ਦਾ ਕੋਈ ਆਦਰਸ਼ ਨਹੀਂ ਸੀ। ਉਨ੍ਹਾਂ ਲੋਕਾਂ ਤੇ ਲੱਖਾਂ ਰੁਪਏ ਦਾ ਇਨਾਮ ਰੱਖਿਆ ਗਿਆ। ਬਾਬਾ ਮਾਨੋਚਾਹਲ ਮਾਰਿਆ ਗਿਆ ਹੈ। ਕਹਿੰਦੇ ਹਨ ਕਿ 25-30 ਲੱਖ ਰੁਪਏ ਦਾ ਇਨਾਮ ਰਖਿਆ ਗਿਆ ਸੀ। ਬਾਬਾ ਮਾਨੋਚਾਹਲ ਦੇ ਬਾਰੇ ਇਤਲਾਹ ਪੁਲਿਸ ਨੂੰ ਮੁਖ਼ਬਰ ਨੇ ਦਿੱਤੀ ਸੀ। ਕਪੂਰਥਲਾ ਦੀ ਪੁਲਿਸ ਨੂੰ ਜਿਸ ਮੁਖਬਰ ਨੇ ਇਤਲਾਹ ਦਿੱਤੀ ਉਹ ਮੁਖਬਰ ਕਪੂਰਥਲਾ ਪੁਲਿਸ ਕੋਲ ਹੀ ਸੀ। ਆਈ. ਜੀ. ਸਾਹਿਬ ਨੇ ਐਲਾਨ ਕੀਤਾ ਕਿ ਨਰਿੰਦਰਪਾਲ ਐਸ. ਐਸ. ਪੀ. ਜੋ ਹੈ he was just there to witness the encounter. ਉਹ 350 ਅਨਕਾਊਂਟਰਸ ਦੇ ਵਿੱਚ ਸ਼ਾਮਲ ਹੋਇਆ। 650 ਦੇ ਕਰੀਬ ਪੰਜਾਬ ਦੇ ਵਿੱਚ ਕੁਲ ਐਨਕਾਊਂਟਰਸ ਹੋਏ ਔਰ 350 ਐਨਕਾਊਂਟਰਸ ਵਿੱਚ ਉਹ ਸ਼ਾਮਲ ਹੋਇਆ। 2 ਵਾਰ ਉਹ ਜ਼ਖਮੀ ਵੀ ਹੋਇਆ। ਐਸ. ਐਸ. ਪੀ. ਕਪੂਰਥਲਾ ਬਹਾਦੁਰ ਅਫਸਰ ਹਨ। ਉਹ ਇਨਾਮ ਦੀ ਇਸ ਰਕਮ ਦੇ ਹੱਕਦਾਰ ਬਣਦੇ ਹਨ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਇਨਾਮ ਦੀ ਰਕਮ ਪੁਲਿਸ ਅਫਸਰਾਂ ਨੂੰ ਨਹੀਂ ਦਿੱਤੀ ਜਾਣੀ ਚਾਹੀਦੀ। ਜਿਹੜਾ ਬੰਦਾ ਡਿਜ਼ਰਵ ਕਰਦਾ ਹੈ ਉਸ ਤਕ ਇਹ ਰਕਮ ਨਹੀਂ ਪਹੁੰਚਦੀ, ਅਫਸਰ ਆਪ ਹੀ ਖਾ ਜਾਂਦੇ ਹਨ। ਇਹ ਰਕਮ ਬਚਾਉਣੀ ਚਾਹੀਦੀ ਹੈ ਔਰ ਪੁਲਿਸ ਵੈਲਫੇਅਰ ਫੰਡ ਵਿੱਚ ਜਾਣੀ ਚਾਹੀਦੀ ਹੈ। ਮਾਨੋਚਾਹਲ ਨੂੰ ਮਾਰਨ ਦਾ ਕਰੈਡਿਟ ਕਪੂਰਥਲਾ ਪੁਲਿਸ ਨੂੰ ਜਾਂਦਾ ਹੈ।

ਸਪੀਕਰ ਸਾਹਿਬ, 14 ਇੰਡਸਟਰੀਅਲ ਫੋਕਲ ਪੁਆਇੰਟ ਦਿੱਤੇ ਜਾ ਰਹੇ ਹਨ। ਇਸ ਦੇ ਲਈ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕਪੂਰਥਲਾ ਦੇ ਵਿਚ ਰੇਲ ਕੋਚ ਫੈਕਟਰੀ ਹੈ ਪਰ ਭੁਲੱਥ ਦੇ ਏਰੀਏ ਵਿੱਚ ਕੋਈ ਇੰਡਸਟਰੀ ਨਹੀਂ ਹੈ। ਇਕ ਫੋਕਲ ਪੁਆਇੰਟ ਲਖਣ ਕਲਾਂ ਹਮੀਰੇ ਵਿੱਚ ਬਣਨਾ ਚਾਹੀਦਾ ਹੈ ਜਿਥੇ ਇਸ ਦੀ ਬਹੁਤ ਜ਼ਰੂਰਤ ਹੈ।

ਇਸ ਤੋਂ ਇਲਾਵਾ, ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਕਪੂਰਥਲਾ ਵਿੱਚ ਸਰਦਾਰ ਪ੍ਰਤਾਪ ਸਿੰਘ ਕੈਰੋਂ ਨੇ ਉਥੇ ਧੁਸੀ ਬੰਧ ਬਣਾਇਆ ਸੀ। ਅੱਜ ਵੀ ਅਸੀਂ ਉਨ੍ਹਾਂ ਨੂੰ ਸਤਿਕਾਰ ਨਾਲ ਯਾਦ ਕਰਦੇ ਹਾਂ। ਉਥੇ ਇਸ ਵੇਲੇ ਐਡਵਾਂਸ ਬੰਧ ਬਣਾਉਣ ਦੀ ਬੜੀ ਜ਼ਰੂਰਤ ਹੈ। ਜਦੋਂ ਹੜ੍ਹ ਆਉਂਦਾ ਹੈ ਤਾਂ ਫਸਲਾਂ ਤਬਾਹ ਹੋ ਜਾਂਦੀਆਂ ਹਨ। ਲੋਕਾਂ ਨੂੰ ਇਸ ਦੇ ਲਈ ਮੁਆਵਜ਼ਾ ਵੀ ਕੋਈ ਨਹੀਂ ਮਿਲਦਾ ਅਤੇ ਬੀਮਾ ਸਕੀਮ ਵੀ ਨਹੀਂ ਹੈ। ਇਸ ਕਰਕੇ ਇਕ ਐਡਵਾਂਸ ਧੁਸੀ ਬੰਧ ਦੀ ਬਹੁਤ ਲੋੜ ਹੈ। ਇਹ ਤਿੰਨ ਹਲਕਿਆਂ ਨੂੰ ਸਰਵ ਕਰੇਗੀ ਸੁਲਤਾਨਪੁਰ, ਕਪੂਰਥਲਾ ਅਤੇ ਭੁਲੱਥ। ਇਸ ਦਾ 7 ਕਰੋੜ ਰੁਪਏ ਦਾ ਅਨੁਮਾਨ ਹੈ। ਹਰ ਦੋ ਤਿੰਨ ਸਾਲਾਂ ਬਾਅਦ 5 ਕਰੋੜ ਰੁਪਏ ਦੀ ਫਸਲ ਮਰ ਜਾਂਦੀ ਹੈ। ਮੇਰੀ ਬੇਨਤੀ ਹੈ ਕਿ ਇਹ ਜਿਹੜਾ ਐਡਵਾਂਸ ਬੰਧ ਧੁਸੀ ਬੰਧ ਦੇ ਨਾਲ ਹੈ ਇਹ ਬਣਾਇਆ ਜਾਣਾ ਚਾਹੀਦਾ ਹੈ।

ਇਕ ਮੇਰੀ ਬੇਨਤੀ ਇਹ ਹੈ ਕਿ ਕਪੂਰਥਲਾ ਇੰਡਸਟਰੀਅਲੀ ਬੈਕਵਰਡ ਕਰਾਰ ਦਿੱਤਾ ਜਾਣਾ ਚਾਹੀਦਾ ਹੈ। ਹੁਣ ਜਿਹੜੀ ਰੀਆਰਗੇਨਾਈਜ਼ੇਸ਼ਨ ਜ਼ਿਲ੍ਹਿਆਂ ਦੀ ਹੋਣੀ ਹੈ ਉਸ ਦੇ ਵਿਚ ਮੈਨੂੰ ਪਤਾ ਹੈ ਕਿ ਫਗਵਾੜਾ ਸਾਡੇ ਨਾਲ ਰਹਿਣਾ ਨਹੀਂ ਅਤੇ ਇੰਡਸਟਰੀ ਦੇ ਪੱਖੋਂ ਸਾਡਾ ਜ਼ਿਲ੍ਹਾ ਪੱਛੜ ਜਾਣਾ ਹੈ। ਇਸ ਲਈ ਇਸ ਨੂੰ ਇੰਡਸਟਰੀਅਲੀ ਬੈਕਵਰਡੀ ਕਰਾਰ ਦਿਤਾ ਜਾਣਾ ਚਾਹੀਦਾ ਹੈ ਤਾਂ ਕਿ

[ਸਰਦਾਰ ਗੁਲਜ਼ਾਰ ਸਿੰਘ]
ਬੈਕਵਰਡ ਵਾਲੀਆਂ ਸਾਰੀਆਂ ਸਹੂਲਤਾਂ ਇਸ ਨੂੰ ਮਿਲ ਸਕਣ ਅਤੇ ਇਹ ਇੰਡਸਟਰੀਅਲੀ ਡਿਵੈਲਪ ਹੋ ਸਕੇ।

ਇਸ ਦੇ ਨਾਲ ਹੀ ਕੁਝ ਆਈ. ਟੀ. ਆਈ. ਖੋਲ੍ਹੇ ਜਾ ਰਹੇ ਹਨ। ਜਿਹੜਾ ਕਪੂਰਥਲੇ ਵਿਚ ਆਈ. ਟੀ. ਆਈ. ਹੈ ਇਸ ਨੂੰ ਅਪਗਰੇਡ ਕਰਕੇ ਪਾਲੀਟੈਕਨੀਕ ਕਾਲਜ ਬਣਾਇਆ ਜਾਵੇ ਔਰ ਭੁਲੱਥ ਵਿਚ ਕੋਈ ਆਈ. ਟੀ. ਆਈ. ਨਹੀਂ ਹੈ ਉਥੇ ਇਕ ਆਈ. ਟੀ. ਆਈ. ਖੋਲ੍ਹਿਆ ਜਾਵੇ ਅਤੇ ਉਥੇ ਜਿਹੜੇ ਡਿਸਿਪਲ ਹਨ ਉਹ ਰੇਲ ਕੋਚ ਫੈਕਟਰੀ ਵਿਚ ਕੰਮ ਆਉਣ ਵਾਲੇ ਚਾਹੀਦੇ ਹਨ ਤਾਂ ਕਿ ਉਹ ਲੋਕ ਰੇਲ ਕੋਚ ਫੈਕਟਰੀ ਵਿਚ ਐਬਜ਼ੌਰਬ ਹੋ ਸਕਣ।

ਸਪੀਕਰ ਸਾਹਿਬ, ਉਥੇ ਸਾਡੇ 1160 ਏਕੜ ਜ਼ਮੀਨ ਸਰਕਾਰ ਨੇ ਲਈ ਹੈ ਔਰ ਵਾਇਦਾ ਕੀਤਾ ਸੀ ਕਿ ਤੁਹਾਨੂੰ ਨੌਕਰੀਆਂ ਦਿਆਂਗੇ। ਮੈਨੂੰ ਅਫਸੋਸ ਦੇ ਨਾਲ ਕਹਿਣਾ ਪੈਂਦਾ ਹੈ ਕਿ ਇਸ ਕਮਿਟਮੈਂਟ ਦੇ ਬਾਵਜੂਦ ਵੀ ਉਥੇ ਦੇ ਲੋਕਾਂ ਨੂੰ ਪ੍ਰਾਪਰ ਨੌਕਰੀਆਂ ਨਹੀਂ ਦਿਤੀਆਂ ਜਾ ਰਹੀਆਂ। ਮੈਂ ਜੀ. ਐਮ. ਸਾਹਿਬ ਦਾ ਲੈਟਰ ਵੀ ਇਥੇ ਕੋਟ ਕਰ ਸਕਦਾ ਹਾਂ ਜਿਸ ਦੇ ਵਿੱਚ ਕਿਹਾ ਸੀ ਕਿ the farmer whose land is under consideration for being acquired by the Rail Coach Factory-List No. I comprises names of those land-owners who had given their willingness for a job in Rail Coach Factory and they would be considered for Class III posts if they were found fit for the same. ਇਸ ਦੇ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਕਲਾਸ ਤਿੰਨ ਦੀ ਕੋਈ ਵੀ ਪੋਸਟ ਨਹੀਂ ਦਿਤੀ ਗਈ। ਕਲਾਸ ਫੋਰ ਦੀ ਆਫਰ ਕਰਦੇ ਹਨ। ਮੇਰੇ ਪਾਸ ਇਕ ਐਪਲੀਕੇਸ਼ਨ ਹੈ। ਉਹ ਲੜਕਾ ਐਮ. ਕਾਮ. ਸੈਕੰਡ ਕਲਾਸ ਹੈ ਉਸ ਨੂੰ ਖਲਾਸੀ ਦੀ ਨੌਕਰੀ ਆਫਰ ਕੀਤੀ ਹੈ। ਜਿਨ੍ਹਾਂ ਲੋਕਾਂ ਨੇ ਐਡੀ ਵੱਡੀ 1160 ਏਕੜ ਜ਼ਮੀਨ ਦਿਤੀ ਹੈ ਉਸ ਦਾ ਫਾਇਦਾ ਉਨ੍ਹਾਂ ਨੂੰ ਮਿਲਣਾ ਚਾਹੀਦਾ ਹੈ। ਅੱਤਵਾਦ ਕਰਕੇ ਪੰਜਾਬ ਦੇ ਹਾਲਾਤ ਐਸੇ ਹੋ ਗਏ ਸਨ ਕਿ ਪੜ੍ਹਾਈ ਦਾ ਸਟੈਂਡਰਡ ਬਹੁਤ ਘੱਟ ਗਿਆ ਜਿਸ ਕਰਕੇ ਰੇਲ ਕੋਚ ਫੈਕਟਰੀ ਵਿਚ ਬੱਚੇ ਕੰਪੀਟੀਸ਼ਨ ਵਿਚ ਸਿਲੈਕਸ਼ਨ ਵਿਚ ਨਹੀਂ ਆ ਸਕਦੇ। ਕਲਾਸ ਤਿੰਨ ਵਿਚ ਪੋਸਟਾਂ ਦੇਣ ਲਈ ਸਾਡੀ ਸਰਕਾਰ ਰੇਲਵੇ ਮਨਿਸਟਰੀ ਨਾਲ ਗੱਲ ਬਾਤ ਕਰੇ।

ਸਪੀਕਰ ਸਾਹਿਬ, ਕਪੂਰਥਲੇ ਹਵਾਈ ਅੱਡਾ ਬਣਾਇਆ ਜਾਣਾ ਹੈ। ਇਸ ਦੇ ਲਈ ਜ਼ਮੀਨ ਵੀ ਐਕੁਆਇਰ ਕੀਤੀ ਗਈ ਹੈ। ਇਹ ਜਿਹੜੀ ਇੰਟਰਨੈਸ਼ਨਲ ਅੱਡੇ ਦੀ ਗੱਲ ਮੰਨੀ ਹੈ ਇਹ ਬਹੁਤ ਹੀ ਅੱਛੀ ਗੱਲ ਹੈ ਕਿਉਂਕਿ ਸਾਰੇ ਦੁਆਬੇ ਨੂੰ ਦਿੱਲੀ ਉਤਰਨਾ ਪੈਂਦਾ ਹੈ ਅਤੇ ਦਿੱਲੀ ਤੋਂ ਆਉਣ ਲਈ ਹਰਿਆਣਾ ਵਿਚੋਂ ਲੰਘਣਾ ਪੈਂਦਾ ਹੈ ਹਰਿਆਣਾ ਦੀ ਪੁਲਿਸ ਉਨ੍ਹਾਂ ਨੂੰ ਖਾਹਮਖਾਹ ਤੰਗ ਕਰਦੀ ਹੈ।

ਮਾਰਕਫੈਡ ਵਲੋਂ ਬਣਨ ਵਾਲਾ 500 ਬੈਡ ਦਾ ਹਸਪਤਾਲ ਕਪੂਰਥਲੇ ਤਹਿ ਹੋਇਆ ਹੈ। ਮੇਰੀ ਬੇਨਤੀ ਹੈ ਕਿ ਉਹ ਹਸਪਤਾਲ ਕਪੂਰਥਲੇ ਦੇ ਆਸ ਪਾਸ ਹੋਣਾ ਚਾਹੀਦਾ ਹੈ ਕਿਤੇ ਇਧਰ ਉਧਰ ਨਾ ਚਲਾ ਜਾਏ। ਇਥੇ ਹੋਣ ਕਰਕੇ ਮਖੂ, ਜ਼ੀਰਾ, ਗੋਇੰਦਵਾਲ, ਟਾਂਡਾ ਆਦਿ ਦੇ ਲੋਕ ਉਥੇ ਡਾਕਟਰੀ ਸਹੂਲਤਾਂ ਪ੍ਰਾਪਤ ਕਰ ਸਕਣਗੇ।

ਮੈਂ ਸਰਕਾਰ ਦਾ ਇਸ ਗੱਲ ਦਾ ਵੀ ਧੰਨਵਾਦ ਕਰਦਾ ਹਾਂ ਕਿ ਇਸ ਨੇ ਹਰੀਜਨਾਂ ਵਾਸਤੇ ਬਹੁਤ ਕੁਝ ਕੀਤਾ ਹੈ। ਇਹ ਸਾਹਮਣੇ ਬੈਠੇ ਮੇਰੇ ਦੋਸਤ ਕਹਿੰਦੇ ਰਹਿੰਦੇ ਹਨ ਕਿ ਕੁਝ ਨਹੀਂ ਕੀਤਾ

ਅਤੇ ਬਾਬਾ ਅੰਬੇਦਕਰ ਜੀ ਦਾ ਨਾਂ ਵੀ ਲੈਂਦੇ ਰਹਿੰਦੇ ਹਨ। ਸਰਕਾਰ ਨੇ 200 ਧਰਮਸ਼ਾਲਾਵਾਂ ਲਈ ਜੋ 50 ਹਜ਼ਾਰ ਰੁਪਏ ਪ੍ਰਤੀ ਧਰਮਸ਼ਾਲਾ ਦੀ ਗ੍ਰਾਂਟ ਦੇਣ ਦਾ ਫੈਸਲਾ ਕੀਤਾ ਹੈ ਇਹ ਬੜੀ ਪ੍ਰਸ਼ੰਸਨੀਏ ਹੈ।

ਇਸ ਦੇ ਨਾਲ ਹੀ ਡਾ: ਬੀ. ਆਰ. ਅੰਬੇਦਕਰ ਭਵਨਾਂ ਦੀ ਉਸਾਰੀ ਲਈ 2 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ, ਬੜੀ ਸ਼ਲਾਘਾਯੋਗ ਗੱਲ ਹੈ।

ਮੈਂ ਇਕ ਗੱਲ ਆਪਣੀ ਸਰਕਾਰ ਨੂੰ ਇਹ ਕਹਿਣੀ ਚਾਹੁੰਦਾ ਹਾਂ ਕਿ ਧਰਮਸ਼ਾਲਾਵਾਂ ਦੀ ਰਿਪੇਅਰਜ਼ ਵਾਸਤੇ ਕੁਝ ਹੋਰ ਰੁਪਿਆ ਰਖਿਆ ਜਾਣਾ ਚਾਹੀਦਾ ਹੈ।

ਖੇਡਾਂ ਦੇ ਸਬੰਧ ਵਿਚ, ਸਪੀਕਰ ਸਾਹਿਬ, ਇਕ ਵਿਸ਼ੇਸ਼ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਬਾਰ-ਸੀਲੋਨਾ ਓਲੰਪਿਕ ਵਿਚ ਖੇਡਾਂ ਦੇ ਗਿਰ ਰਹੇ ਮਿਆਰ ਨੂੰ ਧਿਆਨ ਵਿਚ ਰਖਦਿਆਂ, ਜੋ ਉਥੇ ਪੁਜੀਸ਼ਨ ਸੀ ਅਫਸੋਸਜਨਕ ਸੀ, ਉਸ ਤੋਂ ਰੋਸ਼ਨੀ ਲੈਂਦਿਆਂ ਸਰਦਾਰ ਬੇਅੰਤ ਸਿੰਘ ਜੀ ਨੇ ਇਕ ਬਹੁਤ ਵਧੀਆ ਖਿਡਾਰੀ ਕਰਨਲ ਰਮਿੰਦਰ ਸਿੰਘ ਨੂੰ ਸਪੋਰਟਸ ਡਿਪਾਰਟਮੈਂਟ ਦਾ ਡਾਇਰੈਕਟਰ ਲਗਾਇਆ ਹੈ। ਇਸ ਇੰਟਰਨੈਸ਼ਨਲ ਲੈਵਲ ਦੇ ਖਿਡਾਰੀ ਨੂੰ ਸਪੋਰਟਸ ਵਿਚ ਇਨਵਾਲਵ ਕੀਤਾ ਹੈ, ਇਹ ਬਹੁਤ ਚੰਗੀ ਗੱਲ ਹੈ। ਮੈਂ ਇਹ ਵੀ ਕਹਾਂਗਾ ਕਿ ਹੋਰ ਵੀ ਜਿਹੜੇ ਓਲੰਪੀਅਨ ਹਨ, ਉਨ੍ਹਾਂ ਨੂੰ ਸਪੋਰਟਸ ਡਿਪਾਰਟਮੈਂਟ ਵਿਚ ਐਬਜ਼ਾਰਬ ਕਰਨਾ ਚਾਹੀਦਾ ਹੈ। ਸਪੀਕਰ ਸਾਹਿਬ, ਟੈਰੋਰਿਸਟ ਹਿਟ ਫੈਮਿਲੀਜ਼ ਵਾਸਤੇ 100 ਕਰੋੜ ਰੁਪਿਆ ਰੱਖਿਆ ਗਿਆ ਹੈ। ਇਹ ਚੰਗੀ ਗੱਲ ਹੈ। ਚੌਕੀਦਾਰ ਜੋ ਹਨ ਉਨ੍ਹਾਂ ਦਾ ਚੌਕੀਦਾਰਾ 200 ਰੁਪਏ ਤੋਂ ਵਧਾ ਕੇ 250 ਰੁਪਏ ਕੀਤਾ ਹੈ। ਇਹ ਵੀ ਸ਼ਲਾਘਾ-ਯੋਗ ਗੱਲ ਹੈ। ਨੰਬਰਦਾਰਾਂ ਲਈ ਪੰਜੋਤਰਾ 10% ਕੀਤਾ ਹੈ ਜੋ ਕਿ ਬਹੁਤ ਜ਼ਰੂਰੀ ਸੀ। ਇਸ ਸਬੰਧੀ ਮੈਂ ਇਕ ਹੋਰ ਬੇਨਤੀ ਕਰਨੀ ਚਾਹਵਾਂਗਾ ਕਿ ਜੇਕਰ ਉਨ੍ਹਾਂ ਨੂੰ ਐਕਸ-ਆਫੀਸ਼ੀਓ ਮੈਂਬਰ ਪੰਚਾਇਤ ਬਣਾ ਲਿਆ ਜਾਵੇ ਤਾਂ ਵੀ ਕੋਈ ਫਰਕ ਨਹੀਂ ਪਵੇਗਾ। ਇਹ ਨੰਬਰਦਾਰਾਂ ਦੀ ਟੀਮ ਜੋ ਪਿੰਡਾਂ ਵਿਚ ਬਹੁਤ ਸੇਵਾ ਦਾ ਮਾਦਾ ਰਖਦੀ ਹੈ, ਉਸ ਨੂੰ ਮੈਂਬਰ ਬਨਾਉਣ ਨਾਲ ਸਰਕਾਰ ਦੀ ਵਾਹ ਵਾਹ ਹੋਵੇਗੀ।

ਸਪੀਕਰ ਸਾਹਿਬ, ਸੰਨ 1993-94 ਦੇ ਬਜਟ ਵਿਚ ਫਰੀਡਮ ਫਾਈਟਰਜ਼ ਲਈ ਪੈਨਸ਼ਨ ਵਧਾ ਕੇ 400 ਰੁਪਏ ਤੋਂ 500 ਰੁਪਏ ਕਰਨ ਦਾ ਸਰਕਾਰ ਨੇ ਫੈਸਲਾ ਕੀਤਾ ਹੈ। ਇਸ ਦੇ ਵਾਸਤੇ ਮੈਂ ਇਨ੍ਹਾਂ ਦਾ ਧੰਨਵਾਦੀ ਹਾਂ, ਇਹ ਸ਼ਲਾਘਾ ਯੋਗ ਕੰਮ ਹੈ। ਮੈਂ ਨਾਲ ਹੀ ਇਹ ਵੀ ਕਹਾਂਗਾ ਕਿ ਇਸ ਵੇਲੇ ਫਰੀਡਮ ਫਾਈਟਰਜ਼ ਬੜੇ ਥੋੜ੍ਹੇ ਰਹਿ ਗਏ ਹਨ। ਜੇਕਰ ਉਨ੍ਹਾਂ ਵਿਚੋਂ ਵੀ ਜੈਨੂਅਨ ਔਰ ਇਨਜੈਨੂਅਨ ਵੇਖੀਏ ਤਾਂ ਲਿਸਟ ਉਨ੍ਹਾਂ ਦੀ ਹੋਰ ਥੋੜ੍ਹੀ ਰਹਿ ਜਾਂਦੀ ਹੈ। ਇਸ ਲਈ ਮੈਂ ਇਹ ਕਹਾਂਗਾ ਕਿ ਜੋ ਮੈਡੀਕਲ ਦੇ 40 ਰੁਪਏ ਰਖੇ ਹਨ ਉਹ ਬਹੁਤ ਥੋੜ੍ਹੇ ਹਨ। ਮੈਂ ਬੇਨਤੀ ਕਰਦਾ ਹਾਂ ਕਿ ਉਨ੍ਹਾਂ ਦਾ ਮੈਡੀਕਲ ਭੱਤਾ ਜ਼ਿਆਦਾ ਹੋਣਾ ਚਾਹੀਦਾ ਹੈ। ਉਨ੍ਹਾਂ ਨੇ ਆਪਣਾ ਜੀਵਨ ਦੇਸ਼ ਦੀ ਆਜ਼ਾਦੀ ਵਾਸਤੇ ਕੁਰਬਾਨ ਕੀਤਾ, ਇਸ ਲਈ ਉਨ੍ਹਾਂ ਨੂੰ ਇਹ ਰਾਹਤ ਮਿਲਣੀ ਚਾਹੀਦੀ ਹੈ। ਇਹ ਬਹੁਤ ਜ਼ਰੂਰੀ ਹੈ।..........

Mr. Speaker : Please try to wind up.

ਸਰਦਾਰ ਗੁਲਜ਼ਾਰ ਸਿੰਘ : ਸਪੀਕਰ ਸਾਹਿਬ, ਸਾਡਾ ਜ਼ਿਲ੍ਹਾ ਜਿਹੜਾ ਹੈ, ਇਹ ਮੰਡ ਦੇ ਏਰੀਏ ਨਾਲ ਲਗਦਾ ਹੈ ਔਰ ਇਹ ਜ਼ਿਲ੍ਹਾ ਤਿੰਨ ਬਾਰਡਰ ਦੇ ਜ਼ਿਲ੍ਹਿਆਂ ਨਾਲ ਘਿਰਿਆ ਹੋਇਆ

[ਸਰਦਾਰ ਗੁਲਜ਼ਾਰ ਸਿੰਘ]

ਹੈ। ਇਕ ਪਾਸੇ ਫਿਰੋਜ਼ਪੁਰ ਹੈ, ਦੂਸਰੇ ਪਾਸੇ ਅੰਮ੍ਰਿਤਸਰ ਹੈ ਅਤੇ ਤੀਸਰੇ ਪਾਸੇ ਗੁਰਦਾਸਪੁਰ ਹੈ। ਇਸ ਲਈ ਸਾਰਾ ਐਂਟੀਸੋਸ਼ਲ ਐਲੀਮੈਂਟ ਜੋ ਹੈ ਉਹ ਸਾਡੇ ਜ਼ਿਲ੍ਹੇ ਵਿਚ ਆ ਵੜਦਾ ਹੈ ਜਿਸ ਨਾਲ ਸਾਡਾ ਨੁਕਸਾਨ ਹੁੰਦਾ ਹੈ ਪਰ ਇਸ ਗੱਲ ਲਈ ਕੋਈ ਰਾਹਤ ਨਹੀਂ ਦਿੱਤੀ ਜਾਂਦੀ। ਇਸ ਕਰਕੇ ਮੈਂ ਬੇਨਤੀ ਕਰਾਂਗਾ ਕਿ ਉਥੇ ਰਾਅ ਮੈਟੀਰੀਅਲ ਬਹੁਤ ਮਿਲ ਸਕਦਾ ਹੈ, ਇਸ ਲਈ ਉਥੇ ਇੰਡਸਟਰੀ ਜ਼ਿਆਦਾ ਤੋਂ ਜ਼ਿਆਦਾ ਲਗਾਉਣੀ ਚਾਹੀਦੀ ਹੈ। ਗੱਤੇ ਔਰ ਕਾਗਜ਼ ਦੇ ਕਾਰਖਾਨੇ ਲਈ ਰਾਅ ਮੈਟੀਰੀਅਲ ਬਹੁਤ ਵਧੀਆ ਮਿਲ ਸਕਦਾ ਹੈ। ਉਥੇ ਅਟਾਮਿਕ ਪਾਵਰ ਪਲਾਂਟ ਵੀ ਲਗ ਸਕਦਾ ਹੈ। ਇਤਨੇ ਸ਼ਬਦ ਕਹਿੰਦਾ ਹੋਇਆ ਮੈਂ ਆਪ ਦਾ ਧੰਨਵਾਦ ਕਰਦਾ ਹਾਂ ਔਰ ਖਿਮਾ ਚਾਹਵਾਂਗਾ ਔਰ ਇਹ ਜੋ ਬਜਟ ਹੈ ਇਸ ਦੀ ਮੈਂ ਸਪੋਰਟ ਕਰਦਾ ਹਾਂ।

ਸਰਦਾਰ ਗੁਰਬਿੰਦਰ ਸਿੰਘ ਅਟਵਾਲ (ਨੂਰ ਮਹਿਲ): ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦਾ ਧੰਨਵਾਦ ਕਰਦਾ ਹਾਂ ਕਿ ਤੁਸਾਂ ਮੈਨੂੰ ਪੰਜਾਬ ਦੇ ਬਜਟ ਉਤੇ ਬੋਲਣ ਦਾ ਮੌਕਾ ਦਿੱਤਾ ਹੈ।

ਸਪੀਕਰ ਸਾਹਿਬ, ਬਜਟ ਬਾਰੇ ਕੋਈ ਗਲ ਕਹਿਣ ਤੋਂ ਪਹਿਲਾਂ ਮੈਂ ਉਸ ਮਹਾਨ ਇਨਸਾਨ ਬਾਰੇ ਜ਼ਿਕਰ ਕਰਨਾ ਜ਼ਰੂਰੀ ਸਮਝਾਂਗਾ ਜਿਸ ਨੇ ਕਿ ਪੰਜਾਬ ਦਾ ਮਸੀਹਾ ਬਣ ਕੇ ਪੰਜਾਬ ਦੇ ਹਲਾਤ ਨੂੰ ਸੁਧਾਰਨ ਵਿਚ ਵੱਧ ਤੋਂ ਵੱਧ ਯੋਗਦਾਨ ਪਾਇਆ ਹੈ। ਮੇਰੀ ਮੁਰਾਦ ਹੈ ਸਰਦਾਰ ਬੇਅੰਤ ਸਿੰਘ ਜੀ ਤੋਂ ਜਿਨ੍ਹਾਂ ਨੂੰ ਕਈ ਲੋਕਾਂ ਨੇ ਸ਼ੇਰੇ ਪੰਜਾਬ ਕਿਹਾ ਹੈ, ਕਈਆਂ ਨੇ ਮਹਾਰਾਜਾ ਰਣਜੀਤ ਸਿੰਘ ਨਾਲ ਮਿਲਾਇਆ ਹੈ, ਕਈਆਂ ਨੇ ਸਰਦਾਰੇ ਹਿੰਦ ਕਿਹਾ ਹੈ। ਹਰ ਇਕ ਨੇ ਆਪਣੇ ਆਪਣੇ ਹਿਸਾਬ ਨਾਲ, ਜਿਸ ਤਰ੍ਹਾਂ ਕਿਸੇ ਨੂੰ ਚੰਗਾ ਲੱਗਾ, ਸਰਦਾਰ ਬੇਅੰਤ ਸਿੰਘ ਜੀ ਨੂੰ ਅਪਣਾਇਆ ਔਰ ਸਾਰਾ ਪੰਜਾਬ ਸਰਦਾਰ ਬੇਅੰਤ ਸਿੰਘ ਜੀ ਨੂੰ ਪਿਆਰ ਕਰਦਾ ਹੈ।

ਸਪੀਕਰ ਸਾਹਿਬ, ਇਸ ਤੋਂ ਪਹਿਲਾਂ ਕਿ ਮੈਂ ਅਗੇ ਚਲਾਂ ਇਕ ਗੱਲ ਜ਼ਰੂਰ ਆਪ ਜੀ ਨਾਲ ਇਸ ਸਦਨ ਦੇ ਮੈਂਬਰ ਸਾਹਿਬਾਨ ਨਾਲ ਸਾਂਝੀ ਕਰਨੀ ਚਾਹਵਾਂਗਾ ਕਿ 25 ਫਰਵਰੀ ਨੂੰ ਪੰਜਾਬ ਦੀ ਸਰਕਾਰ ਨੂੰ ਇਕ ਸਾਲ ਪੂਰਾ ਹੋਇਆ ਅਤੇ ਲੁਧਿਆਣਾ ਸ਼ਹਿਰ ਵਿਚ ਇਕ ਬਹੁਤ ਵੱਡਾ ਇਕੱਠ ਹੋਇਆ ਲੱਖਾਂ ਦੀ ਤਾਦਾਦ ਵਿਚ ਪੰਜਾਬ ਦੇ ਲੋਕ, ਸਰਕਾਰ ਦੇ ਵਜ਼ੀਰ ਆਪਣੇ ਮਹਿਬੂਬ ਨੇਤਾ ਸਰਦਾਰ ਬੇਅੰਤ ਸਿੰਘ ਜੀ ਨੂੰ ਸੁਣਨ ਲਈ ਆਏ। ਉਸ ਸਟੇਜ ਦੇ ਨਜ਼ਦੀਕੀਏ, ਸਾਡੇ ਕਪੂਰ ਸਾਹਿਬ ਦੇ ਮਹਿਕਮੇਂ ਨੇ ਇਕ ਬੰਬਈ ਤੋਂ ਬਹੁਤ ਵੱਡੇ ਬੀਬਾ ਦਿਲਰਾਜ ਕੌਰ (ਇਕ ਆਵਾਜ਼ ਦਿਲਸ਼ਾਦ ਕੌਰ) ਜਾਂ ਉਨ੍ਹਾਂ ਦਾ ਨਾਂ ਦਿਲਸ਼ਾਦ ਕੌਰ ਸੀ, ਉਨ੍ਹਾਂ ਨੇ ਸਰਦਾਰ ਬੇਅੰਤ ਸਿਘ ਜੀ ਤੋਂ ਪਹਿਲਾਂ ਜਦੋਂ ਬਾਕੀ ਸਾਰੇ ਮਨਿਸਟਰ ਸਾਹਿਬਾਨ ਆਪਣੇ ਆਪਣੇ ਭਾਸ਼ਣ ਕਰ ਹਟੇ ਤਾਂ ਉਨ੍ਹਾਂ ਨੇ ਬੀਬੀ ਦਿਲਸ਼ਾਦ ਕੌਰ ਨੂੰ ਕਿਹਾ ਕਿ ਜੋ ਕੁਝ ਉਨ੍ਹਾਂ ਨੇ ਬੋਲਣਾ ਸੀ ਸ਼ਬਦ ਜਾਂ ਗੀਤ ਜੋ ਕੁਝ ਵੀ ਸੀ, ਉਨ੍ਹਾਂ ਨੂੰ ਗਾਉਣ ਲਈ ਕਿਹਾ ਲੇਕਿਨ ਲੋਕੀ ਉਠ ਕੇ ਤੁਰਨ ਲਗ ਪਏ ਜਦ ਨੂੰ ਪੰਜਾਬ ਦਾ ਸ਼ੇਰ ਸਰਦਾਰ ਬੇਅੰਤ ਸਿੰਘ ਉਠ ਕੇ ਸਟੇਜ ਉਤੇ ਆ ਗਿਆ ਇਹ ਬੜੀ ਖੁਸ਼ੀ ਔਰ ਗੌਰਵ ਦੀ ਗੱਲ ਹੈ ਕਿ ਲੱਖਾਂ ਦੀ ਤਾਦਾਦ ਵਿਚ ਸਰਦਾਰ ਬੇਅੰਤ ਸਿੰਘ ਜੀ ਨੂੰ ਸੁਣਨ ਲਈ ਲੋਕ ਫਿਰ ਬੈਠ ਗਏ ਔਰ ਬੀਬਾ ਦਿਲਸ਼ਾਦ ਕੌਰ ਵਿਚਾਰੀ ਬੜੀ ਦੁਖੀ ਹੋਈ। ....

Mr. Speaker : Sardar Gurbinder Singh Atwal will be on his legs on 15th March, 1993.

The House stands adjourned till 2.00 P.M. on Monday, the 15th March, 1993.

*1.30 P.M.

(*The Sabha then adjourned** *till* 2.00 *P.M. on Monday, the* 15*th March*, 1993.)

6822 PVS—Govt. Press, U.T., Chd.

Published under the authority of the Punjab Vidhan Sabha and printed by the Controller, Govt. Press (U.T.), Chandigarh.

ਸੈਂਚਜ਼ਾ - ਫਾਲ ਕਵਰ

(ਵਿਚਾਰਨ ਨਾ ਕੀਤੇ ਫੁਟਕਲ ਕਾਗਜ਼ਾਂ ਲਈ)